☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਸਤਾਰਵਾਂ ਭਾਗ















http://nehklankharshabad.com/

## ✪ ਤਤਕਰਾ ✪





| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੦ ਜੇਠ ੨੦੨੧ ਬਿਕ੍ਰਮੀ | ਗਿਆਨ ਚੰਦ ਦੇ ਗ੍ਰਹਿ | ਖ਼ੈਰੋਵਾਲੀ | ਜੰਮੂ | ੦੧ |
| ੨੧ ਜੇਠ ੨੦੨੧ ਬਿਕ੍ਰਮੀ | ਬੀਬੀ ਰਾਮ ਕੌਰ | ਛੰਬ ਖ਼ੈਰੋਵਾਲੀ | ਜੰਮੂ | ੦੯ |
| ੨੧ ਜੇਠ ੨੦੨੧ ਬਿਕ੍ਰਮੀ | ਦੌਲਤ ਸਿੰਘ, ਗਿਆਨ ਸਿੰਘ, ਮਾਈ ਸ਼ਾਹਣੀ ਦੇ ਗ੍ਰਹਿ | ਨਵਾਂ ਚੱਕ | ਜੰਮੂ | ੧੧ |
| ੨੧ ਜੇਠ ੨੦੨੧ ਬਿਕ੍ਰਮੀ | ਭਾਗ ਸਿੰਘ ਦੇ ਗ੍ਰਹਿ | ਮਲਕ ਕੈਂਪ | ਜੰਮੂ | ੧੩ |
| ੨੧ ਜੇਠ ੨੦੨੧ ਬਿਕ੍ਰਮੀ | ਬੀਬੀ ਸ਼ਾਹਣੀ ਦੇ ਗ੍ਰਹਿ | ਮਲਕ ਕੈਂਪ | ਜੰਮੂ | ੧੭ |
| ੨੧ ਜੇਠ ੨੦੨੧ ਬਿਕ੍ਰਮੀ | ਫਰੰਗੀ ਰਾਮ ਦੇ ਗ੍ਰਹਿ | ਝੰਡੇ | ਜੰਮੂ | ੧੮ |
| ੨੨ ਜੇਠ ੨੦੨੧ ਬਿਕ੍ਰਮੀ | ਛੁੱਮਣ ਸਿੰਘ ਦੇ ਗ੍ਰਹਿ | ਝੰਡੇ | ਜੰਮੂ | ੨੬ |
| ੨੨ ਜੇਠ ੨੦੨੧ ਬਿਕ੍ਰਮੀ | ਪ੍ਰੇਮੀ ਦੇਵੀ ਦੇ ਗ੍ਰਹਿ | ਝੰਡੇ | ਜੰਮੂ | ੨੬ |
| ੨੨ ਜੇਠ ੨੦੨੧ ਬਿਕ੍ਰਮੀ | ਰਸਾਲ ਸਿੰਘ ਦੇ ਗ੍ਰਹਿ | ਮਨਾਵਰ | ਜੰਮੂ | ੨੭ |
| ੨੨ ਜੇਠ ੨੦੨੧ ਬਿਕ੍ਰਮੀ | ਹੰਸ ਰਾਜ ਦੇ ਗ੍ਰਹਿ | ਨਗਿਆਲ | ਜੰਮੂ | ੩੨ |
| ੨੨ ਜੇਠ ੨੦੨੧ ਬਿਕ੍ਰਮੀ | ਈਸ਼ਰ ਸਿੰਘ ਦੇ ਗ੍ਰਹਿ | ਦੜ | ਜੰਮੂ | ੩੩ |
| ੨੩ ਜੇਠ ੨੦੨੧ ਬਿਕ੍ਰਮੀ | ਧਨਾ ਰਾਮ ਝਮਾਂ ਹਰਨਾਮ ਸਿੰਘ | ਚੜ੍ਹਦਾ ਗਰਾਂ | ਜੰਮੂ | ੪੨ |
| ੨੩ ਜੇਠ ੨੦੨੧ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਸੀੜ | ਜੰਮੂ | ੪੭ |
| ੨੪ ਜੇਠ ੨੦੨੧ ਬਿਕ੍ਰਮੀ | ਰਣੀਆ ਰਾਮ ਪ੍ਰੀਤਮ ਸਿੰਘ ਦੇ ਗ੍ਰਹਿ | ਕਲੋਏ | ਜੰਮੂ | ੫੩ |
| ੨੪ ਜੇਠ ੨੦੨੧ ਬਿਕ੍ਰਮੀ | ਮੁਨਸ਼ੀ ਰਾਮ ਦੇ ਗ੍ਰਹਿ | ਬਿਦੀ ਪੁਰ | ਜੰਮੂ | ੫੫ |
| ੨੪ ਜੇਠ ੨੦੨੧ ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੫੭ |
| ੨੪ ਜੇਠ ੨੦੨੧ ਬਿਕ੍ਰਮੀ | ਮਾਨ ਕੌਰ ਦੇ ਗ੍ਰਹਿ | ਸੀੜ | ਜੰਮੂ | ੫੯ |
| ੨੪ ਜੇਠ ੨੦੨੧ ਬਿਕ੍ਰਮੀ | ਰਾਜਿੰਦਰ ਸਿੰਘ ਦੇ ਗ੍ਰਹਿ | ਸੀੜ | ਜੰਮੂ | ੬੧ |
| ੨੪ ਜੇਠ ੨੦੨੧ ਬਿਕ੍ਰਮੀ | ਦੇਵੀ ਸਿੰਘ ਦੇ ਗ੍ਰਹਿ | ਮਘੋਵਾਲੀ | ਜੰਮੂ | ੬੨ |





1 ੧੭




| | | | |
|---|---|---|---|
| ੨੫ ਜੇਠ ੨੦੨੧ ਬਿਕ੍ਰਮੀ ਸੁੰਦਰ ਸਿੰਘ, ਸੇਵਾ ਸਿੰਘ ਕੀਰ | ਮਘੋਵਾਲੀ | ਜੰਮੂ | ੬੭ |
| ੨੫ ਜੇਠ ੨੦੨੧ ਬਿਕ੍ਰਮੀ ਪਰਕਾਸ਼ ਚੰਦ, ਭਗਤ ਸਿੰਘ ਕੀਰ | ਮਘੋਵਾਲੀ | ਜੰਮੂ | ੬੯ |
| ੨੫ ਜੇਠ ੨੦੨੧ ਬਿਕ੍ਰਮੀ ਅੰਗਰੇਜ ਸਿੰਘ, ਰਸੀਆ ਰਾਮ ਬਦੀ ਪੁਰ, ਜਸਬੀਰ ਕੌਰ ਕੋਠੇ ਨਿਹਾਲ ਸਿੰਘ | ਮਘੋਵਾਲੀ | ਜੰਮੂ | ੭੪ |
| ੨੬ ਜੇਠ ੨੦੨੧ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਹਿ | ਮਘੋਵਾਲੀ | ਜੰਮੂ | ੮੩ |
| ੨੬ ਜੇਠ ੨੦੨੧ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਹਿ | ਊਧਮਪੁਰ | ਜੰਮੂ | ੮੭ |
| ੨੭ ਜੇਠ ੨੦੨੧ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਹਿ | ਊਧਮਪੁਰ | ਜੰਮੂ | ੯੯ |
| ੨੭ ਜੇਠ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ | ਊਧਮਪੁਰ | ਜੰਮੂ | ੧੦੧ |
| ੨੯ ਜੇਠ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੧੦੩ |
| ਪਹਿਲੀ ਹਾੜ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੬ |
| ੦੨ ਹਾੜ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੪ |
| ੧੭ ਹਾੜ ੨੦੨੧ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੧੭ |
| ੧੮ ਹਾੜ ੨੦੨੧ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੩੦ |
| ੨੦ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਢਿਲਵਾਂ | ਕਪੂਰਥਲਾ | ੧੪੫ |
| ੨੧ ਹਾੜ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਹਿ | ਦਾਊਦ ਪੁਰ | | ੧੫੫ |
| ੨੧ ਹਾੜ ੨੦੨੧ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਹਿ | ਮੰਗੂਪੁਰ | | ੧੫੯ |
| ੨੨ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਹਿ | ਹੇਰ | ਜਲੰਧਰ | ੧੬੭ |
| ੨੩ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਹਿ | ਹੇਰ | ਜਲੰਧਰ | ੧੭੪ |
| ੨੩ ਹਾੜ ੨੦੨੧ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਹਿ | ਬੋਪਾ ਰਾਇ | ਜਲੰਧਰ | ੧੭੭ |
| ੨੩ ਹਾੜ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ | ਲਲੀਆਂ ਕਲਾਂ | ਜਲੰਧਰ | ੧੮੨ |
| ੨੩ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਧੰਨੋਵਾਲੀ | ਜਲੰਧਰ | ੧੮੬ |
| ੨੪ ਹਾੜ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੧੯੩ |







| | | | |
|---|---|---|---|
| ੨੪ ਹਾੜ ੨੦੨੧ ਬਿਕ੍ਰਮੀ ਬੀਬੀ ਚਰਨ ਕੌਰ ਦੇ ਗ੍ਰਿਹਿ | ਫਰਾਲਾ | ਜਲੰਧਰ | ੧੯੬ |
| ੨੪ ਹਾੜ ੨੦੨੧ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਫਰਾਲਾ | ਜਲੰਧਰ | ੧੯੮ |
| ੨੪ ਹਾੜ ੨੦੨੧ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਿਹਿ | ਫਰਾਲਾ | ਜਲੰਧਰ | ੧੯੯ |
| ੨੫ ਹਾੜ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ | ਫਰਾਲਾ | ਜਲੰਧਰ | ੨੦੨ |
| ੨੫ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਡਲੇਵਾਲ | ਜਲੰਧਰ | ੨੦੪ |
| ੨੫ ਹਾੜ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੦੭ |
| ੨੬ ਹਾੜ ੨੦੨੧ ਬਿਕ੍ਰਮੀ ਗਰਦਾਵਰ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੧੪ |
| ੨੬ ਹਾੜ ੨੦੨੧ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੧੬ |
| ੨੬ ਹਾੜ ੨੦੨੧ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੧੭ |
| ੨੬ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਜੰਡਿਆਲਾ | ਜਲੰਧਰ | ੨੧੮ |
| ੨੬ ਹਾੜ ੨੦੨੧ ਬਿਕ੍ਰਮੀ ਸਵਰਨ ਸਿੰਘ, ਚਰਨ ਸਿੰਘ ਦੇ ਗ੍ਰਿਹਿ ਝੰਗੀ | | | ੨੨੫ |
| ੨੭ ਹਾੜ ੨੦੨੧ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | | ੨੩੧ |
| ਪਹਿਲੀ ਸਾਵਣ ੨੦੨੧ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੩੨ |
| ੪ ਸਾਵਣ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੩੮ |
| ੬ ਸਾਵਣ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੨੪੦ |
| ੬ ਸਾਵਣ ੨੦੨੧ ਬਿਕ੍ਰਮੀ ਰਾਜ ਸਿੰਘ ਦੇ ਗ੍ਰਿਹਿ | ਹੇਮਰਾਜ ਪੁਰਾ | ਗੁਰਦਾਸਪੁਰ | ੨੪੨ |
| ੬ ਸਾਵਣ ੨੦੨੧ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹਿ | ਹੇਮਰਾਜ ਪੁਰ | ਗੁਰਦਾਸਪੁਰ | ੨੫੧ |
| ੭ ਸਾਵਣ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ ਪਿੰਡ | ਸਦਾ | ਗੁਰਦਾਸਪੁਰ | ੨੫੬ |
| ੭ ਸਾਵਣ ੨੦੨੧ ਬਿਕ੍ਰਮੀ ਬੀਬੀ ਗੇਜੋ ਦੇ ਗ੍ਰਿਹਿ ਪਿੰਡ | ਕਠਿਆਲੀ | ਗੁਰਦਾਸਪੁਰ | ੨੬੧ |
| ੭ ਸਾਵਣ ੨੦੨੧ ਬਿਕ੍ਰਮੀ ਬੀਬੀ ਚੰਨੋ ਦੇ ਗ੍ਰਿਹਿ ਪਿੰਡ | ਖੁਸ਼ੀਪੁਰ | ਗੁਰਦਾਸਪੁਰ | ੨੬੪ |
| ੭ ਸਾਵਣ ੨੦੨੧ ਬਿਕ੍ਰਮੀ | ਬਾਬੂ ਪੁਰ | ਗੁਰਦਾਸਪੁਰ | ੨੬੬ |
| ੮ ਸਾਵਣ ੨੦੨੧ ਬਿਕ੍ਰਮੀ | ਬਾਬੂ ਪੁਰ | ਗੁਰਦਾਸਪੁਰ | ੨੭੩ |





3 ੧੭

4 ੧੭





| | | | |
|---|---|---|---|
| ੮ ਸਾਵਣ ੨੦੨੧ ਬਿਕ੍ਰਮੀ ਬੀਬੀ ਬਾਜੀ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੭੮ |
| ੮ ਸਾਵਣ ੨੦੨੧ ਬਿਕ੍ਰਮੀ ਬੀਬੀ ਬਾਵੀ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੮੧ |
| ੮ ਸਾਵਣ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੮੩ |
| ੮ ਸਾਵਣ ੨੦੨੧ ਬਿਕ੍ਰਮੀ ਬਲਾਕਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੮੪ |
| ੮ ਸਾਵਣ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੨੮੫ |
| ੮ ਸਾਵਣ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੨੮੭ |
| ੧੭ ਸਾਵਣ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹਿ | ਚੰਬਲ | | ੨੯੨ |
| ੧੮ ਸਾਵਣ ੨੦੨੧ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹਿ | ਬਾਬਾ ਚੰਬਲ | | ੩੦੩ |
| ੧੮ ਸਾਵਣ ੨੦੨੧ ਬਿਕ੍ਰਮੀ ਤਾਰਾ ਸਿੰਘ ਦੇ ਘਰ | ਚੰਬਲ | | ੩੦੫ |
| ੧੮ ਸਾਵਣ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ | ਚੰਬਲ | | ੩੦੭ |
| ੧੮ ਸਾਵਣ ੨੦੨੧ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਚੰਬਲ | | ੩੦੮ |
| ੧੮ ਸਾਵਣ ੨੦੨੧ ਬਿਕ੍ਰਮੀ | ਚੰਬਲ | | ੩੦੮ |
| ੧੮ ਸਾਵਣ ੨੦੨੧ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਿਹਿ | ਜੱਟਾ | | ੩੦੮ |
| ੧੮ ਸਾਵਣ ੨੦੨੧ ਬਿਕ੍ਰਮੀ ਚੰਨਣ ਸਿੰਘ ਦੇ ਗ੍ਰਿਹਿ | ਚੰਬਲ | | ੩੧੦ |
| ੧੮ ਸਾਵਣ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | | ੩੧੧ |
| ੧੯ ਸਾਵਣ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | | ੩੨੮ |
| ੧੯ ਸਾਵਣ ੨੦੨੧ ਬਿਕ੍ਰਮੀ ਬੀਬੀ ਸ਼ਾਮ ਕੌਰ ਦੇ ਗ੍ਰਿਹਿ | ਮੋਗਾ | | ੩੩੯ |
| ੧੯ ਸਾਵਣ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ | ਨਾਬੇਵਾਲ | | ੩੪੨ |
| ੨੦ ਸਾਵਣ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ | ਨਾਬੇਵਾਲ | | ੩੪੭ |
| ੨੦ ਸਾਵਣ ੨੦੨੧ ਬਿਕ੍ਰਮੀ ਸੁਦਾਗਰ ਸਿੰਘ ਦੇ ਗ੍ਰਿਹਿ | ਨਾਬੇਵਾਲ | | ੩੪੯ |
| ੨੦ ਸਾਵਣ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ ਛਾਉਣੀ | | ੩੫੧ |
| ਪਹਿਲੀ ਭਾਦਰੋਂ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੦ |





4 ੧੭

| | | | | |
|---|---|---|---|---|
| ੨ ਭਾਦਰੋਂ ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੭੬ |
| ੩ ਭਾਦਰੋਂ ੨੦੨੧ ਬਿਕ੍ਰਮੀ | ਮਿਸਤਰੀ ਪਾਲਾ ਰਾਮ ਦੇ ਗ੍ਰਿਹਿ | ਅੰਮ੍ਰਿਤਸਰ ਨਵਾਂ ਕੋਟ, | | |
| | ਟਿੱਕਾ ਰਾਮ ਸਿੰਘ ਨਾਲ | ਬਾਬਰਪੁਰ | ਅੰਬਾਲਾ | ੩੭੯ |
| ੫ ਭਾਦਰੋਂ ੨੦੨੧ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਧੰਨੋ ਵਾਲੀ | | ੩੮੬ |
| ੫ ਭਾਦਰੋਂ ੨੦੨੧ ਬਿਕ੍ਰਮੀ | ਦਰਬਾਰੀ ਲਾਲ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੩੮੮ |
| ੬ ਭਾਦਰੋਂ ੨੦੨੧ ਬਿਕ੍ਰਮੀ | ਅਜਮੇਰ ਸਿੰਘ ਦੇ ਗ੍ਰਿਹਿ | ਘਗਰਾਣਾ | | ੩੯੮ |
| ੬ ਭਾਦਰੋਂ ੨੦੨੧ ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਿਹਿ | ਸੇਵਕ ਕਾਲੋਨੀ ਪਟਿਆਲਾ | | ੪੦੧ |
| ੮ ਭਾਦਰੋਂ ੨੦੨੧ ਬਿਕ੍ਰਮੀ | ਦਿੱਲੀ ਦਰਬਾਰ | ਦਿੱਲੀ | | ੪੧੦ |
| ੯ ਭਾਦਰੋਂ ੨੦੨੧ ਬਿਕ੍ਰਮੀ | ਸਰੂਪ ਸਿੰਘ ਦੇ ਗ੍ਰਿਹਿ | ਦਿੱਲੀ | | ੪੧੮ |
| ੯,-੧੦ ਭਾਦਰੋਂ ੨੦੨੧ ਬਿਕ੍ਰਮੀ | ਰਤਨ ਸਿੰਘ ਦਿੱਲੀ, ਕਰਤਾਰ ਸਿੰਘ ਸ਼ਕੂਰ ਬਸਤੀ ਦਿੱਲੀ | | | ੪੧੯ |
| ੧੧ ਭਾਦਰੋਂ ੨੦੨੧ ਬਿਕ੍ਰਮੀ | ਰਾਜਾ ਰਾਮ ਦੇ ਗ੍ਰਿਹਿ | ਦਿੱਲੀ | | ੪੨੩ |
| ੧੨ ਭਾਦਰੋਂ ੨੦੨੧ ਬਿਕ੍ਰਮੀ | ਰਮੇਸ਼ ਸਿੰਘ ਦੇ ਗ੍ਰਿਹਿ | ਮੇਰਟ ਛਾਉਣੀ | | ੪੨੫ |
| ੧੪ ਭਾਦਰੋਂ ੨੦੨੧ ਬਿਕ੍ਰਮੀ | ਹਜ਼ੂਰਾ ਸਿੰਘ ਦੇ ਘਰ | ਗੁਰਾਇਆ | ਜਲੰਧਰ | ੪੩੪ |
| ੨੦ ਭਾਦਰੋਂ ੨੦੨੧ ਬਿਕ੍ਰਮੀ | ਭਾਗ ਸਿੰਘ ਦੇ ਘਰ | ਮਹਾਵਾ | | ੪੪੧ |
| ੨੦ ਭਾਦਰੋਂ ੨੦੨੧ ਬਿਕ੍ਰਮੀ | ਸੁਰਜਨ ਸਿੰਘ ਦੇ ਘਰ | ਭਰੋਭਾਲ | | ੪੪੩ |
| ੨੧ ਭਾਦਰੋਂ ੨੦੨੧ ਬਿਕ੍ਰਮੀ | ਹਰੀ ਸਿੰਘ, ਪੂਰਨ ਸਿੰਘ ਦੇ ਗ੍ਰਿਹਿ ਸੋਹਲ | | | ੪੫੪ |
| ੨੧ ਭਾਦਰੋਂ ੨੦੨੧ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਗਗੋਬੂਆ | ਅੰਮ੍ਰਿਤਸਰ | ੪੫੮ |
| ੨੧ ਭਾਦਰੋਂ ੨੦੨੧ ਬਿਕ੍ਰਮੀ | ਗੁਰਬਖ਼ਸ਼ ਦੇ ਘਰ | ਗੱਗੋਬੂਆ | ਅੰਮ੍ਰਿਤਸਰ | ੪੬੫ |
| ੨੨ ਭਾਦਰੋਂ ੨੦੨੧ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਭੋਜੀਆਂ | ਅੰਮ੍ਰਿਤਸਰ | ੪੬੯ |
| ੨੩ ਭਾਦਰੋਂ ੨੦੨੧ ਬਿਕ੍ਰਮੀ | ਪ੍ਰੀਤਮ ਸਿੰਘ, ਮਨੀ ਰਾਮ ਦੇ ਗ੍ਰਿਹਿ ਨਾਰਲਾ ਅੰਮ੍ਰਿਤਸਰ | | | ੪੭੯ |
| ੨੩ ਭਾਦਰੋਂ ੨੦੨੧ ਬਿਕ੍ਰਮੀ | ਸਮੁੰਦ ਸਿੰਘ ਦੇ ਗ੍ਰਿਹਿ | ਮਾੜੀ ਮੇਘਾ | ਅੰਮ੍ਰਿਤਸਰ | ੪੮੬ |
| ੨੪ ਭਾਦਰੋਂ ੨੦੨੧ ਬਿਕ੍ਰਮੀ | ਮਿਲਖਾ ਸਿੰਘ ਦੇ ਗ੍ਰਿਹਿ | ਮਾੜੀ | ਅੰਮ੍ਰਿਤਸਰ | ੪੯੯ |


5 ੧੭

6 ੧੭




| | | | |
|---|---|---|---|
| ੨੪ ਭਾਦਰੋਂ ੨੦੨੧ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਹਿ | ਦਰਾਜਕੇ | ਅੰਮ੍ਰਿਤਸਰ | ੫੦੦ |
| ੨੪ ਭਾਦਰੋਂ ੨੦੨੧ ਬਿਕ੍ਰਮੀ ਬੀਬੀ ਦੀਪੋ ਦੇ ਗ੍ਰਹਿ | ਬਾਸਰਕੇ | ਅੰਮ੍ਰਿਤਸਰ | ੫੦੧ |
| ੨੪ ਭਾਦਰੋਂ ੨੦੨੧ ਬਿਕ੍ਰਮੀ ਬੀਬੀ ਜੀਤੋ ਦੇ ਗ੍ਰਹਿ | ਬਾਸਰਕੇ | ਅੰਮ੍ਰਿਤਸਰ | ੫੦੮ |
| ੨੪ ਭਾਦਰੋਂ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ | ਭਗਵਾਨਪੁਰਾ | ਅੰਮ੍ਰਿਤਸਰ | ੫੧੨ |
| ੨੫ ਭਾਦਰੋਂ ੨੦੨੧ ਬਿਕ੍ਰਮੀ ਪ੍ਰਤਾਪ ਸਿੰਘ ਦੇ ਗ੍ਰਹਿ | ਸੁੱਗਾ | ਅੰਮ੍ਰਿਤਸਰ | ੫੨੧ |
| ੨੫ ਭਾਦਰੋਂ ੨੦੨੧ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਹਿ | ਮਨਿੱਲਾ | | ੫੨੬ |
| ੨੫ ਭਾਦਰੋਂ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ | ਵਰਨਾਲਾ | | ੫੨੮ |
| ੨੬ ਭਾਦਰੋਂ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ | ਵਰਨਾਲਾ | | ੫੩੭ |
| ੨੬ ਭਾਦਰੋਂ ੨੦੨੧ ਬਿਕ੍ਰਮੀ ਬਲੀ ਸਿੰਘ ਦੇ ਗ੍ਰਹਿ | ਕੈਰੋਂ | | ੫੪੪ |
| ੨੭ ਭਾਦਰੋਂ ੨੦੨੧ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਹਿ | ਕੈਰੋਂ | | ੫੫੨ |
| ੨੭ ਭਾਦਰੋਂ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਚੌਲਾ ਕਲਾਂ | | ੫੫੫ |
| ੨੭ ਭਾਦਰੋਂ ੨੦੨੧ ਬਿਕ੍ਰਮੀ | ਚੌਲਾ ਖ਼ੁਰਦ | | ੫੬੧ |
| ੨੭ ਭਾਦਰੋਂ ੨੦੨੧ ਬਿਕ੍ਰਮੀ ਅਮਰ ਸਿੰਘ ਦੇ ਗ੍ਰਹਿ | ਵਰਪਾਲ | | ੫੬੪ |
| ੨੯ ਭਾਦਰੋਂ ੨੦੨੧ ਬਿਕ੍ਰਮੀ ਮੁਨੇਸ਼ਵਰਾ ਨੰਦ ਨਾਲ ਹਰਿ ਭਗਤ ਦਵਾਰ ਜੇਠੂਵਾਲ | | | ੫੭੧ |
| ਪਹਿਲੀ ਅੱਸੂ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੭੩ |
| ੦੨ ਅੱਸੂ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੮੬ |
| ੦੨ ਅੱਸੂ ੨੦੨੧ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ | ਮੁਧਲ | ਅੰਮ੍ਰਿਤਸਰ | ੫੮੬ |
| ੦੨ ਅੱਸੂ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੯੨ |
| ੦੩ ਅੱਸੂ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੬੦੦ |
| ੦੩ ਅੱਸੂ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੬੦੫ |
| ੦੩ ਅੱਸੂ ੨੦੨੧ ਬਿਕ੍ਰਮੀ ਸੰਤੋਖ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੬੦੯ |
| ੦੩ ਅੱਸੂ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੬੧੧ |







| | | | |
|---|---|---|---|
| ੦੩ ਅੱਸੂ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੬੧੫ |
| ੦੩ ਅੱਸੂ ੨੦੨੧ ਬਿਕ੍ਰਮੀ ਬੀਬੀ ਬੰਤੀ ਦੇ ਗ੍ਰਿਹਿ | ਧਾਰੜ | ਅੰਮ੍ਰਿਤਸਰ | ੬੧੬ |
| ੦੩ ਅੱਸੂ ੨੦੨੧ ਬਿਕ੍ਰਮੀ ਬੂਟਾ ਸਿੰਘ ਦੇ ਗ੍ਰਿਹਿ | ਏਕਲਗੱਡਾ | ਅੰਮ੍ਰਿਤਸਰ | ੬੧੯ |
| ੦੩ ਅੱਸੂ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹਿ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੬੨੩ |
| ੦੪ ਅੱਸੂ ੨੦੨੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਭਲਾਈ ਪੁਰ ਡੋਗਰਾ | | | ੬੩੩ |
| ੦੪ ਅੱਸੂ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹਿ ਭਲਾਈ ਪੁਰ ਡੋਗਰਾ | | | ੬੩੮ |
| ੦੪ ਅੱਸੂ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੬੪੩ |
| ੦੪ ਅੱਸੂ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੬੪੪ |
| ੦੪ ਅੱਸੂ ੨੦੨੧ ਬਿਕ੍ਰਮੀ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੬੪੫ |
| ੦੪ ਅੱਸੂ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੬੪੭ |
| ੦੪ ਅੱਸੂ ੨੦੨੧ ਬਿਕ੍ਰਮੀ ਧਰਮਵੀਰ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੬੫੦ |
| ੦੫ ਅੱਸੂ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ | ਰਾਮਪੁਰਾ | ਅੰਮ੍ਰਿਤਸਰ | ੬੫੯ |
| ੦੫ ਅੱਸੂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੬੬ |
| ੦੬ ਅੱਸੂ ੨੦੨੧ ਬਿਕ੍ਰਮੀ ਸੁਖਦੇਵ ਰਾਜ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੭੪ |
| ੦੬ ਅੱਸੂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੭੮ |
| ੦੬ ਅੱਸੂ ੨੦੨੧ ਬਿਕ੍ਰਮੀ ਗੁਰਬਖਸ਼ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੭੯ |
| ੦੬ ਅੱਸੂ ੨੦੨੧ ਬਿਕ੍ਰਮੀ ਰੂੜ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੦ |
| ੦੬ ਅੱਸੂ ੨੦੨੧ ਬਿਕ੍ਰਮੀ ਦਾਰਾ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੧ |
| ੦੬ ਅੱਸੂ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੩ |
| ੦੬ ਅੱਸੂ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੩ |
| ੦੬ ਅੱਸੂ ੨੦੨੧ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੪ |
| ੦੬ ਅੱਸੂ ੨੦੨੧ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੫ |





7 ੧੭





| | | | | | | | |
|---|---|---|---|---|---|---|---|
| ੦੬ | ਅੱਸੂ | ੨੦੨੧ | ਬਿਕ੍ਰਮੀ | ਸਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੭ |
| ੦੬ | ਅੱਸੂ | ੨੦੨੧ | ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੯ |
| ੦੬ | ਅੱਸੂ | ੨੦੨੧ | ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੮੯ |
| ੦੬ | ਅੱਸੂ | ੨੦੨੧ | ਬਿਕ੍ਰਮੀ | ਨਰੈਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੬੮੯ |
| ੦੭ | ਅੱਸੂ | ੨੦੨੧ | ਬਿਕ੍ਰਮੀ | ਮਾਨ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੬੯੮ |
| ੦੭ | ਅੱਸੂ | ੨੦੨੧ | ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੬੯੯ |
| ੦੭ | ਅੱਸੂ | ੨੦੨੧ | ਬਿਕ੍ਰਮੀ | ਕੁੰਦਨ ਸਿੰਘ ਦੇ ਗ੍ਰਿਹਿ | ਮਾਲਚੱਕ | ਅੰਮ੍ਰਿਤਸਰ | ੭੦੧ |
| ੦੭ | ਅੱਸੂ | ੨੦੨੧ | ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਿਹਿ | ਮਾਲਚੱਕ | ਅੰਮ੍ਰਿਤਸਰ | ੭੦੭ |
| ੦੭ | ਅੱਸੂ | ੨੦੨੧ | ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਬਾਠ | ਅੰਮ੍ਰਿਤਸਰ | ੭੦੭ |
| ੦੭ | ਅੱਸੂ | ੨੦੨੧ | ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੦੮ |
| ੦੮ | ਅੱਸੂ | ੨੦੨੧ | ਬਿਕ੍ਰਮੀ | ਮੱਖਣ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੧੮ |
| ੦੮ | ਅੱਸੂ | ੨੦੨੧ | ਬਿਕ੍ਰਮੀ | ਦਾਰਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੭੨੩ |
| ੦੮ | ਅੱਸੂ | ੨੦੨੧ | ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਿਹਿ | ਪੰਡੋਰੀ ਗੋਲਾ | ਅੰਮ੍ਰਿਤਸਰ | ੭੨੫ |
| ੦੮ | ਅੱਸੂ | ੨੦੨੧ | ਬਿਕ੍ਰਮੀ | ਦੀਦਾਰ ਸਿੰਘ ਦੇ ਗ੍ਰਿਹਿ | ਸ਼ਫੀਪੁਰ | ਅੰਮ੍ਰਿਤਸਰ | ੭੩੦ |
| ੦੯ | ਅੱਸੂ | ੨੦੨੧ | ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੩੯ |
| ੦੯ | ਅੱਸੂ | ੨੦੨੧ | ਬਿਕ੍ਰਮੀ | ਸ਼ਿਵ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੨ |
| ੦੯ | ਅੱਸੂ | ੨੦੨੧ | ਬਿਕ੍ਰਮੀ | ਬੁੱਢਾ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੩ |
| ੦੯ | ਅੱਸੂ | ੨੦੨੧ | ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੪ |
| ੦੯ | ਅੱਸੂ | ੨੦੨੧ | ਬਿਕ੍ਰਮੀ | ਤਰਲੋਕ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੫ |
| ੦੯ | ਅੱਸੂ | ੨੦੨੧ | ਬਿਕ੍ਰਮੀ | ਵਧਾਵਾ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੬ |
| ੦੯ | ਅੱਸੂ | ੨੦੨੧ | ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੭੪੯ |
| ੧੨ | ਅੱਸੂ | ੨੦੨੧ | ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੪੯ |









| | | | |
|---|---|---|---|
| ੧੩ ਅੱਸੂ ੨੦੨੧ ਬਿਕ੍ਰਮੀ ਮਾਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੭੫੧ |
| ੩੦ ਅੱਸੂ ੨੦੨੧ ਬਿਕ੍ਰਮੀ ਰਾਜ ਨਰੈਣ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੭੫੪ |
| ਪਹਿਲੀ ਕੱਤਕ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੫੭ |
| ੦੨ ਕੱਤਕ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਨਾਨਕਪੁਰਾ | ਅੰਮ੍ਰਿਤਸਰ | ੭੭੦ |
| ੦੩ ਕੱਤਕ ੨੦੨੧ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਿਹਿ | ਨਾਨਕਪੁਰਾ | ਅੰਮ੍ਰਿਤਸਰ | ੭੮੦ |
| ੦੩ ਕੱਤਕ ੨੦੨੧ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਿਹਿ | ਨਾਨਕਪੁਰਾ | ਅੰਮ੍ਰਿਤਸਰ | ੭੮੨ |
| ੦੩ ਕੱਤਕ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹਿ | ਨਾਨਕਪੁਰਾ | ਅੰਮ੍ਰਿਤਸਰ | ੭੮੪ |
| ੧੦ ਕੱਤਕ ੨੦੨੧ ਬਿਕ੍ਰਮੀ ਬਲਵੰਤ ਸਿੰਘ ਨਾਲ | ਤਰਸਿਕਾ | ਅੰਮ੍ਰਿਤਸਰ | ੭੯੦ |
| ੧੫ ਕੱਤਕ ੨੦੨੧ ਬਿਕ੍ਰਮੀ ਬਾਹਰ ਰਾਸਤੇ ਵਿਚ | ਅੱਲੜਪਿੰਡੀ | ਅੰਮ੍ਰਿਤਸਰ | ੭੯੭ |
| ੧੫ ਕੱਤਕ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਅੰਮ੍ਰਿਤਸਰ | ੮੦੪ |
| ੧੬ ਕੱਤਕ ੨੦੨੧ ਬਿਕ੍ਰਮੀ ਹਰਿ ਸੰਗਤ ਨਵਿਤ | ਅੱਲੜਪਿੰਡੀ | ਅੰਮ੍ਰਿਤਸਰ | ੮੧੫ |
| ੧੬ ਕੱਤਕ ੨੦੨੧ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੮੨੩ |
| ੧੭ ਕੱਤਕ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੮੨੪ |
| ੧੭ ਕੱਤਕ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਨਇਆ ਸ਼ਾਲਾ | ਗੁਰਦਾਸਪੁਰ | ੮੨੯ |
| ੧੭ ਕੱਤਕ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹਿ | ਬੁੱਟਰ ਕਲਾ | ਗੁਰਦਾਸਪੁਰ | ੮੩੨ |
| ੧੮ ਕੱਤਕ ੨੦੨੧ ਬਿਕ੍ਰਮੀ ਪਰੀਤਮ ਕੌਰ ਦੇ ਗ੍ਰਿਹਿ | ਠੀਕਰੀ | ਗੁਰਦਾਸਪੁਰ | ੮੪੧ |
| ੧੯ ਕੱਤਕ ੨੦੨੧ ਬਿਕ੍ਰਮੀ ਦੀਵਾਲੀ ਦਿਵਸ ਤੇ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੪੨ |
| ਪਹਿਲੀ ਮੱਘਰ ੨੦੨੧ ਬਿਕ੍ਰਮੀ ਲਾਲ ਸਿੰਘ | ਹੇਰਾਂ ਜੇਠੂਵਾਲ | ਅੰਮ੍ਰਿਤਸਰ | ੮੪੪ |
| ੦੨ ਮੱਘਰ ੨੦੨੧ ਬਿਕ੍ਰਮੀ | ਜੇਠੂਵਾਲ | ਅੰਮ੍ਰਿਤਸਰ | ੮੬੬ |
| ੦੨ ਮੱਘਰ ੨੦੨੧ ਬਿਕ੍ਰਮੀ | ਇੰਦਰਪ੍ਰਸਤ ਮਾਰਗ | ਅੰਮ੍ਰਿਤਸਰ | ੮੬੮ |
| ੦੨ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੭੧ |





9 ੧੭




| | | | |
|---|---|---|---|
| ੦੩ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੭੪ |
| ੦੩ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੭੯ |
| ੦੩ ਮੱਘਰ ੨੦੨੧ ਬਿਕ੍ਰਮੀ ਅਮਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੮੮੫ |
| ੦੪ ਮੱਘਰ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੮੮੯ |
| ੦੫ ਮੱਘਰ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੯੦੦ |
| ੦੬ ਮੱਘਰ ੨੦੨੧ ਬਿਕ੍ਰਮੀ ਗੁਰਦਾਸ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੯੦੯ |
| ੦੬ ਮੱਘਰ ੨੦੨੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੯੧੪ |
| ੦੬ ਮੱਘਰ ੨੦੨੧ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੯੧੭ |
| ੦੭ ਮੱਘਰ ੨੦੨੧ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੯੩੧ |
| ੦੭ ਮੱਘਰ ੨੦੨੧ ਬਿਕ੍ਰਮੀ ਮਹਿੰਦਰ ਕੌਰ ਦੇ ਗ੍ਰਿਹਿ | ਸ਼ਾਹ ਵਾਲਾ | ਫਿਰੋਜਪੁਰ | ੯੩੭ |
| ੦੭ ਮੱਘਰ ੨੦੨੧ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹਿ | ਚੜ੍ਹਦੀ ਤਲਵੰਡੀ | ਫਿਰੋਜਪੁਰ | ੯੪੧ |
| ੦੮ ਮੱਘਰ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾਂ | ਫਿਰੋਜਪੁਰ | ੯੪੯ |
| ੦੮ ਮੱਘਰ ੨੦੨੧ ਬਿਕ੍ਰਮੀ ਗੁਰਦਿਆਲ ਸਿੰਘ ਤੇ ਚੰਦ ਕੌਰ ਦੇ ਗ੍ਰਿਹਿ | ਨਵਾਂ ਰਾਮੂਵਾਲਾ | ਫਿਰੋਜਪੁਰ | ੯੫੩ |
| ੦੮ ਮੱਘਰ ੨੦੨੧ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜਪੁਰ | ੯੫੬ |
| ੦੮ ਮੱਘਰ ੨੦੨੧ ਬਿਕ੍ਰਮੀ ਮਾਧੋ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜਪੁਰ | ੯੫੭ |
| ੦੮ ਮੱਘਰ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | ਫਿਰੋਜਪੁਰ | ੯੫੮ |
| ੦੮ ਮੱਘਰ ੨੦੨੧ ਬਿਕ੍ਰਮੀ ਸਰੈਣ ਸਿੰਘ ਦੇ ਗ੍ਰਿਹਿ | ਨਿਧਾਂ ਵਾਲਾ | ਫਿਰੋਜਪੁਰ | ੯੫੯ |
| ੦੯ ਮੱਘਰ ੨੦੨੧ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹਿ | ਡਗਰੂ | ਫਿਰੋਜਪੁਰ | ੯੬੭ |
| ੦੯ ਮੱਘਰ ੨੦੨੧ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਿਹਿ | ਡਗਰੂ | ਫਿਰੋਜਪੁਰ | ੯੬੯ |
| ੦੯ ਮੱਘਰ ੨੦੨੧ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ | ਡਗਰੂ | ਫਿਰੋਜਪੁਰ | ੯੬੯ |
| ੦੯ ਮੱਘਰ ੨੦੨੧ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੯੭੦ |

10
੧੭
10
੧੭




11

੧੭





| | | | |
|---|---|---|---|
| ੧੦ ਮੱਘਰ ੨੦੨੧ ਬਿਕ੍ਰਮੀ ਬੀਬੀ ਪੰਜਾਬ ਕੌਰ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੯੭੫ |
| ੧੦ ਮੱਘਰ ੨੦੨੧ ਬਿਕ੍ਰਮੀ ਜੋਰਾ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੯੭੭ |
| ੧੦ ਮੱਘਰ ੨੦੨੧ ਬਿਕ੍ਰਮੀ ਗੁਰਦਿਆਲ ਸਿੰਘ | ਸਦਾ ਸਿੰਘ ਵਾਲਾ | ਫਿਰੋਜਪੁਰ | ੯੭੯ |
| ੧੦ ਮੱਘਰ ੨੦੨੧ ਬਿਕ੍ਰਮੀ ਗਹਿਣਾ ਸਿੰਘ ਦੇ ਗ੍ਰਿਹਿ | ਕੈਲਾਸ਼ | ਫਿਰੋਜਪੁਰ | ੯੮੧ |
| ੧੦ ਮੱਘਰ ੨੦੨੧ ਬਿਕ੍ਰਮੀ ਸੰਪੂਰਨ ਸਿੰਘ ਦੇ ਗ੍ਰਿਹਿ | ਫਿਰੋਜਸ਼ਾਹ | ਫਿਰੋਜਪੁਰ | ੯੮੧ |
| ੧੧ ਮੱਘਰ ੨੦੨੧ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਿਹਿ | ਫਿਰੋਜਸ਼ਾਹ | ਫਿਰੋਜਪੁਰ | ੯੮੮ |
| ੧੧ ਮੱਘਰ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਿਹਿ | ਬਸਤੀ ਖਲੀਲ | ਫਿਰੋਜਪੁਰ | ੯੯੩ |
| ੧੨ ਮੱਘਰ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ | ਬਸਤੀ ਖਲੀਲ | ਫਿਰੋਜਪੁਰ | ੧੦੦੨ |
| ੧੨ ਮੱਘਰ ੨੦੨੧ ਬਿਕ੍ਰਮੀ ਗੁਰਦੀਪ ਸਿੰਘ ਦੇ ਗ੍ਰਿਹਿ | ਤੂਤਾਂ ਵਾਲੀ | ਫਿਰੋਜਪੁਰ | ੧੦੦੪ |
| ੧੨ ਮੱਘਰ ੨੦੨੧ ਬਿਕ੍ਰਮੀ ਨਿਹਾਲ ਕੌਰ ਦੇ ਗ੍ਰਿਹਿ | ਗੋਲੇ ਵਾਲਾ | ਫਿਰੋਜਪੁਰ | ੧੦੧੦ |
| ੧੩ ਮੱਘਰ ੨੦੨੧ ਬਿਕ੍ਰਮੀ ਕਿਰਪਾਲ ਸਿੰਘ ਦੇ ਗ੍ਰਿਹਿ | ਗੋਲੇ ਵਾਲਾ | ਫਿਰੋਜਪੁਰ | ੧੦੧੭ |
| ੧੩ ਮੱਘਰ ੨੦੨੧ ਬਿਕ੍ਰਮੀ ਸੁੱਲਖਣ ਸਿੰਘ ਦੇ ਗ੍ਰਿਹਿ | ਰੁਕਨਾ ਮੁੰਗਲਾ | ਫਿਰੋਜਪੁਰ | ੧੦੨੧ |
| ੧੩ ਮੱਘਰ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ | ਫਿਰੋਜਪੁਰ ਛਾਉਣੀ | ਫਿਰੋਜਪੁਰ | ੧੦੨੩ |
| ੧੪ ਮੱਘਰ ੨੦੨੧ ਬਿਕ੍ਰਮੀ ਹਰਦੇਵ ਸਿੰਘ ਦੇ ਗ੍ਰਿਹਿ | ਫਿਰੋਜਪੁਰ ਛਾਉਣੀ | ਫਿਰੋਜਪੁਰ | ੧੦੪੩ |
| ੧੪ ਮੱਘਰ ੨੦੨੧ ਬਿਕ੍ਰਮੀ ਅਜਮੇਰ ਸਿੰਘ ਦੇ ਗ੍ਰਿਹਿ | ਡੇਰੀ ਫਾਰਮ | ਫਿਰੋਜਪੁਰ | ੧੦੪੬ |
| ੧੪ ਮੱਘਰ ੨੦੨੧ ਬਿਕ੍ਰਮੀ ਸੁਰਜਨ ਸਿੰਘ ਦੇ ਗ੍ਰਿਹਿ | ਫਿਰੋਜਪੁਰ ਸ਼ਹਿਰ | ਫਿਰੋਜਪੁਰ | ੧੦੫੦ |
| ੧੫ ਮੱਘਰ ੨੦੨੧ ਬਿਕ੍ਰਮੀ ਬਲਬੀਰ ਸਿੰਘ ਦੇ ਗ੍ਰਿਹਿ | ਫਾਜਿਲਕਾ | ਫਿਰੋਜਪੁਰ | ੧੦੫੭ |
| ੧੫ ਮੱਘਰ ੨੦੨੧ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ | ੨੫ ਬੀ੦ ਬੀ੦ | ਰਾਜਸਥਾਨ | ੧੦੬੨ |
| ੧੬ ਮੱਘਰ ੨੦੨੧ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ | ੨੫ ਬੀ੦ ਬੀ੦ | ਰਾਜਸਥਾਨ | ੧੦੭੨ |
| ੧੬ ਮੱਘਰ ੨੦੨੧ ਬਿਕ੍ਰਮੀ ਮਹਾਂ ਸਿੰਘ ਦੇ ਗ੍ਰਿਹਿ | ੨੫ ਬੀ੦ ਬੀ੦ | ਰਾਜਸਥਾਨ | ੧੦੭੫ |
| ੧੭ ਮੱਘਰ ੨੦੨੧ ਬਿਕ੍ਰਮੀ ਜਾਗੀਰ ਸਿੰਘ ਦੇ ਗ੍ਰਿਹਿ | ਰੱਤੇਵਾਲ | ਰਾਜਸਥਾਨ | ੧੦੮੬ |
| ੧੭ ਮੱਘਰ ੨੦੨੧ ਬਿਕ੍ਰਮੀ ਮਲਕੀਅਤ ਸਿੰਘ ਦੇ ਗ੍ਰਿਹਿ | ਬਨਵਾਲਾ | ਗੰਗਾ ਨਗਰ | ੧੦੮੯ |





11

੧੭





| | | | |
|---|---|---|---|
| ੧੮ ਮੱਘਰ ੨੦੨੧ ਬਿਕ੍ਰਮੀ ਬੀਬੀ ਤੇਜ ਕੌਰ ਦੇ ਗ੍ਰਿਹਿ | ਬਣਵਾਲੀ | ਗੰਗਾ ਨਗਰ | ੧੦੯੬ |
| ੧੮ ਮੱਘਰ ੨੦੨੧ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ | ਸੀਡ ਫਾਰਮ | ਅਬੋਹਰ | ੧੦੯੮ |
| ੧੮ ਮੱਘਰ ੨੦੨੧ ਬਿਕ੍ਰਮੀ ਲਾਭ ਸਿੰਘ ਦੇ ਗ੍ਰਿਹਿ ਚਕ | ਫਤਿਹ ਸਿੰਘ ਵਾਲਾ | ਬਠਿੰਡਾ | ੧੧੦੧ |
| ੧੯ ਮੱਘਰ ੨੦੨੧ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਿਹਿ | ਹਰਰਾਏ ਪੁਰ | ਬਠਿੰਡਾ | ੧੧੦੮ |
| ੧੯ ਮੱਘਰ ੨੦੨੧ ਬਿਕ੍ਰਮੀ ਜਾਗੀਰ ਦਾਸ ਦੇ ਗ੍ਰਿਹਿ | ਖਿਆਲੀ ਵਾਲਾ | ਬਠਿੰਡਾ | ੧੧੧੩ |
| ੨੦ ਮੱਘਰ ੨੦੨੧ ਬਿਕ੍ਰਮੀ ਬੁੱਘਰ ਸਿੰਘ ਦੇ ਗ੍ਰਿਹਿ | ਬਰਗਾੜੀ | ਬਠਿੰਡਾ | ੧੧੧੮ |
| ੨੦ ਮੱਘਰ ੨੦੨੧ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ | ਰਾਜੇਆਣਾ | ਬਠਿੰਡਾ | ੧੧੨੩ |
| ੨੦ ਮੱਘਰ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | ਫਿਰੋਜਪੁਰ | ੧੧੨੬ |
| ੨੦ ਮੱਘਰ ੨੦੨੧ ਬਿਕ੍ਰਮੀ ਬੀਬੀ ਸ਼ਾਮ ਕੌਰ ਦੇ ਗ੍ਰਿਹਿ | ਮੋਗਾ | ਫਿਰੋਜ਼ਪੁਰ | ੧੧੨੯ |
| ੨੦ ਮੱਘਰ ੨੦੨੧ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ | ਰਜੀਵਾਲ | ਫਿਰੋਜਪੁਰ | ੧੧੩੦ |
| ੨੧ ਮੱਘਰ ੨੦੨੧ ਬਿਕ੍ਰਮੀ ਮਲ ਸਿੰਘ ਦੇ ਗ੍ਰਿਹਿ | ਰਜੀਵਾਲ | ਫਿਰੋਜਪੁਰ | ੧੧੩੪ |
| ੨੧ ਮੱਘਰ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ | ਮੁੰਡੀ ਜਮਾਲ | ਫਿਰੋਜਪੁਰ | ੧੧੩੬ |
| ੨੧ ਮੱਘਰ ੨੦੨੧ ਬਿਕ੍ਰਮੀ ਬਗੀਚਾ ਸਿੰਘ ਦੇ ਗ੍ਰਿਹਿ | ਮੁੰਡੀ ਜਮਾਲ | ਫਿਰੋਜਪੁਰ | ੧੧੩੮ |
| ੨੧ ਮੱਘਰ ੨੦੨੧ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੧੧੪੧ |
| ੨੧ ਮੱਘਰ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੧੧੪੩ |
| ੨੨ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੫੦ |
| ਪਹਿਲੀ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੫੪ |
| ੦੨ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੬੬ |
| ੦੫ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੭੦ |
| ੦੬ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੭੭ |
| ੦੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੮੧ |
| ੦੮ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੮੫ |






12
੧੨

| | | | | | | |
|---|---|---|---|---|---|---|
| ੦੯ | ਪੋਹ | ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੯੩ |
| ੧੦ | ਪੋਹ | ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੯੭ |
| ੧੧ | ਪੋਹ | ੨੦੨੧ ਬਿਕ੍ਰਮੀ | ਪਾਕਿਸਤਾਨੀ ਮੁਸਲਮਾਨਾਂ ਦੇ ਨਾਲ | ਮਸਾਣੀਆਂ | | ੧੨੦੧ |
| ੧੧ | ਪੋਹ | ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੦੪ |
| ੧੨ | ਪੋਹ | ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੦੮ |
| ੧੩ | ਪੋਹ | ੨੦੨੧ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੧੪ |
| ੧੩ | ਪੋਹ | ੨੦੨੧ ਬਿਕ੍ਰਮੀ | ਬਖਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੨੧੭ |
| ੧੪ | ਪੋਹ | ੨੦੨੧ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੨੨੫ |
| ੧੪ | ਪੋਹ | ੨੦੨੧ ਬਿਕ੍ਰਮੀ | ਹਰਜੀਤ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੨੨੮ |
| ੧੪ | ਪੋਹ | ੨੦੨੧ ਬਿਕ੍ਰਮੀ | ਬੂੜ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੨੩੦ |
| ੧੪ | ਪੋਹ | ੨੦੨੧ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੨੩੩ |
| ੧੪ | ਪੋਹ | ੨੦੨੧ ਬਿਕ੍ਰਮੀ | ਲੈਫਟੀਨੈਂਟ ਮਹਿੰਦਰ ਸਿੰਘ | ਨਯਾਸ਼ਾਲਾ | ਗੁਰਦਾਸਪੁਰ | ੧੨੩੫ |
| ੧੪ | ਪੋਹ | ੨੦੨੧ ਬਿਕ੍ਰਮੀ | ਰਾਵੀ ਕੰਢੇ ਨਜਦੀਕ ਓਗਰਾ | ਓਗਰਾ | ਗੁਰਦਾਸਪੁਰ | ੧੨੪੨ |
| ੧੫ | ਪੋਹ | ੨੦੨੧ ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਹਿ | ਮਮੀਆਂ | ਗੁਰਦਾਸਪੁਰ | ੧੨੪੬ |
| ੧੫ | ਪੋਹ | ੨੦੨੧ ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਹਿ | ਮਮੀਆਂ | ਗੁਰਦਾਸਪੁਰ | ੧੨੫੧ |
| ੧੫ | ਪੋਹ | ੨੦੨੧ ਬਿਕ੍ਰਮੀ | ਪਿੰਡ ਮਮੀਆਂ ਤੋਂ ਓਗਰੇ ਨੂੰ ਰਸਤੇ ਵਿਚ | | ਗੁਰਦਾਸਪੁਰ | ੧੨੫੪ |
| ੧੫ | ਪੋਹ | ੨੦੨੧ ਬਿਕ੍ਰਮੀ | ਗਿਆਨ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੨੬੧ |


13 ੧੭



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ੨੦ ਜੇਠ ੨੦੨੧ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹ ਸ਼ੈਰੋਂਵਾਲੀ

ਸਤਿਗੁਰ ਸ਼ਬਦ ਸਚ ਗਿਆਨ, ਆਦਿ ਅੰਤ ਵਡਿਆਈਆ । ਜੁਗ ਚੌਕੜੀ ਦੇਵੇ ਦਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੋਟਨ ਵਿਚੋਂ ਜਨ ਭਗਤ ਕਰੇ ਪਰਵਾਨ, ਜਿਸ ਜਨ ਆਪਣੀ ਦਇਆ ਕਮਾਈਆ । ਦਿਵਸ ਰੈਣ ਇਕ ਧਿਆਨ, ਘੜੀ ਪਲ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਇਕ ਸਮਝਾਈਆ । ਸ਼ਬਦ ਅਨਾਦੀ ਸਤਿਗੁਰ ਮੰਤਰ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਦਏ ਸਮਝਾਈਆ । ਭੇਵ ਚੁਕਾ ਗਗਨ ਗਗਨੰਤਰ, ਗ੍ਰਿਹ ਮੰਡਲ ਖੋਜ ਖੋਜਾਈਆ । ਪੰਜ ਤਤ ਬੁਝਾ ਬਸੰਤਰ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਸਰਬ ਗੁਣਵੰਤ, ਦੇਵੇ ਮਾਣ ਵਡਿਆਈਆ । ਉੱਤਮ ਸ੍ਰੇਸ਼ਟ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁਰਤੀ ਸ਼ਬਦੀ ਮੇਲ ਮਿਲਾਵਾ ਸਾਚੇ ਕੰਤ, ਆਤਮ ਪਰਮਾਤਮ ਪੜਦਾ ਲਾਹੀਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਦਏ ਸਮਝਾਈਆ । ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਭੇਵ ਖੁਲ੍ਹਾਈਆ । ਸਚ ਦਵਾਰ ਬਣੇ ਦਰਵੇਸ਼ ਮੰਗਤ, ਘਰ ਠਾਂਡੇ ਅਲਖ ਜਗਾਈਆ । ਲੇਖਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਸਾਚੀ ਬਣੇ ਧੁਰ ਦੀ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਤਿਗੁਰ ਸ਼ਬਦ ਬੋਧ ਅਗਾਧ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਕੋਟਨ ਕੋਟ ਲੱਭਦੇ ਸੰਤ ਸਾਧ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜੋਗ ਅਭਿਆਸ ਅੰਦਰ ਰਹੇ ਅਰਾਧ, ਡੂੰਘੀ ਕੰਦਰ ਅੰਦਰ ਡੇਰਾ ਸਰਬ ਲਗਾਇੰਦਾ । ਸੁੰਨ ਸਮਾਧੀ ਅੰਦਰ ਹੋ ਵਿਸਮਾਦ, ਜੰਗਲ ਜੂਹ ਉਜਾੜ ਪਹਾੜ ਖੋਜ ਖੋਜਾਇੰਦਾ । ਅੱਠੇ ਪਹਿਰ ਦਿਵਸ ਰੈਣ ਕਰਨ ਯਾਦ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਢੋਲਕ ਛੈਣੇ ਵਜਾਵਣ ਨਾਦ, ਧੁਨ ਆਤਮਕ ਰਾਗ ਸਚ ਨਾ ਕੋਇ ਦ੍ਰਿੜ੍ਹਾਇੰਦਾ । ਮਨ ਵਾਸਨਾ ਰਹੇ ਭਾਜ, ਚਾਰੇ ਕੁੰਟ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਸਵਾਮੀ, ਇਕੋ ਇਕ ਏਕ ਵਡਿਆਈਆ । ਆਦਿ ਜੁਗਾਦਿ ਅੰਤਰਜਾਮੀ, ਜੁਗ ਜੁਗ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਰੇ ਪ੍ਰੇਮ ਦੀ ਬੋਲਣ ਬਾਣੀ, ਧੁਰ

ਦਾ ਰਾਗ ਸੁਣਾਈਆ । ਲੇਖ ਲਿਖਣ ਸ਼ਾਸਤਰ ਸਿਮਰਤ ਵੇਦ ਪੁਰਾਨੀ, ਸਿਮਰਤ ਮੇਰਾ ਨਾਉਂ ਰਹੀ ਜਸ ਗਾਈਆ । ਖੇਲਾਂ ਖੇਲ ਦੋ ਜਹਾਨੀ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਅੱਠ ਦਸ ਪਦ ਨਿਰਬਾਣੀ, ਗੀਤਾ ਗਿਆਨ ਇਕ ਦ੍ਰਿੜਾਈਆ । ਅੰਜੀਲ ਕੁਰਾਨ ਮੇਰੀ ਨਿਸ਼ਾਨੀ, ਅਲਿਫ਼ ਯੇ ਕਰਾਂ ਪੜ੍ਹਾਈਆ । ਪੀਰ ਪੈਗ਼ੰਬਰਾਂ ਦੱਸਾਂ ਖੇਲ ਮਹਾਨੀ, ਮਹਿੰਮਾ ਅਕਥ ਕਥ ਸੁਣਾਈਆ । ਗੁਰ ਅਵਤਾਰਾਂ ਕਰ ਪਰਵਾਨੀ, ਸਚ ਪਰਵਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਗਿਆਨ ਕਹੇ ਮੈਂ ਸੂਰਬੀਰ, ਸਮਰਥ ਇਕ ਅਖਵਾਇੰਦਾ । ਜਨ ਭਗਤਾਂ ਮਾਰਾਂ ਨਿਰਾਲਾ ਤੀਰ, ਅਣਿਆਲਾ ਆਪ ਚਲਾਇੰਦਾ । ਕਾਇਆ ਅੰਦਰ ਸਾਚੇ ਮੰਦਰ ਬਜਰ ਕਪਾਟੀ ਦੇਵਾਂ ਚੀਰ, ਦੂਈ ਦਵੈਤੀ ਡੇਰਾ ਢਾਹਿੰਦਾ । ਨਾਭੀ ਕਵਲੀ ਅੰਮ੍ਰਿਤ ਬਖ਼ਸ਼ਾਂ ਨੀਰ, ਸਾਚਾ ਜਾਮ ਇਕ ਪਿਆਇੰਦਾ । ਮੰਜ਼ਲ ਚਾੜ੍ਹ ਦੇਵਾਂ ਅਖ਼ੀਰ, ਸਾਚੀ ਚੋਟੀ ਆਪ ਬਹਾਇੰਦਾ । ਨਾ ਕੋਈ ਇਸ਼ਟ ਦੇਵ ਸਵਾਮੀ, ਨਾ ਕੋਈ ਤਸਵੀਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜਾਤਾ ਨਜ਼ਰੀ ਆਏ ਗਹਿਰ ਗੰਭੀਰ, ਗੁਣਵੰਤਾ ਸੋਭਾ ਪਾਇੰਦਾ । ਮੇਰੀ ਸਿਫ਼ਤ ਕਰ ਕੇ ਗਏ ਪੀਰ ਫ਼ਕੀਰ, ਔਲੀਆ ਗ਼ੌਸ ਕੁਤਬ ਸਰਬ ਰਸਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਗਿਆਨ ਕਹੇ ਮੈਂ ਵੱਡਾ ਦਾਤਾ, ਦਾਤਿਆਂ ਵਿਚੋਂ ਨਜ਼ਰੀ ਆਈਆ । ਮੇਰਾ ਖੇਲ ਨਾ ਕਿਸੇ ਪਛਾਤਾ, ਨਿਹਕਰਮੀ ਹੋ ਕੇ ਕਰਮ ਕਮਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਾਂ ਸਾਥਾ, ਸਗਲਾ ਸੰਗ ਨਿਭਾਈਆ । ਅੱਖਰਾਂ ਨਾਲ ਜਣਾਵਾਂ ਗਾਥਾ, ਨਿਰਅੱਖਰ ਇਕ ਸਮਝਾਈਆ । ਨਿਤ ਨਵਿਤ ਮੇਟਾਂ ਅੰਧੇਰੀ ਰਾਤਾ, ਸਤਿ ਸਤਿਵਾਦੀ ਸੱਚਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਮੇਰਾ ਗਿਆਨ ਗਹਿਰ ਗੰਭੀਰ, ਕੋਟਨ ਕੋਟਾਂ ਵਿਚੋਂ ਵਿਰਲੇ ਨਜ਼ਰੀ ਆਈਆ । ਮੈਂ ਅਗੰਮ ਅਥਾਹ ਉਚ ਮਹੱਲ ਅਟਲ ਵਸਾਂ ਅਖ਼ੀਰ, ਮੁਕਾਮੇ ਹੱਕ ਡੇਰਾ ਲਾਈਆ । ਮੇਰਾ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਦੇਵਾਂ ਮਾਣ ਸ਼ਾਹ ਹਕੀਰ, ਊਚ ਨੀਚ ਇਕੋ ਰੰਗ ਵਖਾਈਆ । ਮੇਰਾ ਪ੍ਰੇਮੀ ਕਦੇ ਨਾ ਹੋਏ ਦਿਲਗੀਰ, ਦੂਈ ਦਵੈਤ ਰੂਪ ਨਾ ਕੋਇ ਵਟਾਈਆ । ਮੈਂ ਸ਼ਰਅ ਕੱਟਾਂ ਜ਼ੰਜੀਰ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਮੈਂ ਹਉਮੇ ਕੱਢਾਂ ਪੀੜ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸ਼ਬਦ ਗਿਆਨ ਕਹੇ ਮੈਂ ਸਚ ਮਰਦੰਗਾ, ਆਦਿ ਜੁਗਾਦੀ ਇਕ ਵਜਾਇੰਦਾ । ਲੱਖ ਚੁਰਾਸੀ ਘਟ ਘਟ ਅੰਦਰ ਦੇਵਾਂ ਸਤਿ ਅਨੰਦਾ, ਅਨੰਦ ਆਤਮ ਵਿਚੋਂ ਪਰਗਟਾਇੰਦਾ । ਡੂੰਘੀ ਭਵਰੀ ਕਾਇਆ ਕਵਰੀ ਸਚ ਪਰਕਾਸ਼ ਕਰਾਂ ਚੰਦਾ, ਜੋਤੀ ਜਾਤਾ ਡਗਮਗਾਇੰਦਾ । ਭੇਵ ਚੁਕਾਵਾਂ ਖੰਡਾਂ ਪੁਰੀਆਂ ਬ੍ਰਹਿਮੰਡਾਂ, ਲੋਆਂ ਚਰਨਾਂ ਹੇਠ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੜ੍ਹੌਂਦਾ ਰਿਹਾ ਛੰਦਾ, ਸੋਹਲਾ ਢੋਲਾ ਆਪਣਾ ਨਾਉਂ ਵਡਿਆਇੰਦਾ । ਭਾਗ ਲਗੌਂਦਾ ਰਿਹਾ ਪੰਜ ਤਤ ਕਾਇਆ ਮਾਟੀ ਖ਼ਾਕੀ ਬੰਦਾ, ਬੰਦਗੀ ਆਪਣੀ ਇਕ ਜਣਾਇੰਦਾ । ਨੇਤਰ ਪਰਕਾਸ਼ ਕਰਦਾ ਰਿਹਾ ਅੰਧਾ, ਲੋਚਣ ਇਕੋ ਇਕ ਖੁਲ੍ਹਾਇੰਦਾ । ਕਾਇਆ ਚੋਲੀ ਚੜ੍ਹੌਂਦਾ ਰਿਹਾ ਰੰਗਾ, ਦੁਰਮਤ ਮੈਲ ਧੁਆਇੰਦਾ । ਆਦਿ ਜੁਗਾਦਿ ਜੁਗ ਚੌਕੜੀ ਹੋ ਕੇ ਠੰਡਾ, ਅਗਨੀ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ ।

ਗਿਆਨ ਕਹੇ ਮੈਂ ਸਦਾ ਨਿਹਕਰਮੀ, ਕਰਮ ਕਾਂਡ ਵਿਚ ਕਦੇ ਨਾ ਆਈਆ । ਜਨ ਭਗਤ ਸੁਹੇਲੇ ਕਰ ਕਰ ਮੇਲੇ ਮਿਲਾਵਾਂ ਚਰਨੀ, ਚਰਨ ਚਰਨੋਦਕ ਮੁਖ ਚੁਆਈਆ । ਨੇਤਰ ਖੋਲ੍ਹ ਕੇ ਹਰਨੀ ਫਰਨੀ, ਨਿਜ ਲੋਚਣ ਕਰਾਂ ਰੁਸ਼ਨਾਈਆ । ਸਾਚੀ ਦੱਸਾਂ ਜੁਗ ਜੁਗ ਤਰਨੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਈਆ । ਸ਼ਬਦ ਗਿਆਨ ਕਹੇ ਮੇਰਾ ਲੇਖਾ ਅਗੰਮ, ਅਗੋਚਰ ਦੇਵਣਹਾਰ ਵਡਿਆਈਆ । ਨਾ ਮਰਾਂ ਨਾ ਪਵਾ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਪਵਣ ਸਵਾਸ ਨਾ ਕੋਈ ਦਮ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਤ੍ਰਿਸਨਾ ਰੋਗ ਨਾ ਹੋਏ ਤਮ, ਤ੍ਰੈਗੁਣ ਤਤ ਨਾ ਕੋਇ ਵਖਾਈਆ । ਆਪਣਾ ਬੇੜਾ ਆਪੇ ਬੰਨ੍ਹ, ਧੁਰ ਦੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਰ ਸਚ ਰਿਹਾ ਸਮਝਾਈਆ । ਸ਼ਬਦ ਗਿਆਨ ਕਹੇ ਮੇਰਾ ਖੇਲ ਅਵੱਲਾ, ਹਰਿ ਹਜ਼ਰਤ ਆਪ ਕਰਾਇੰਦਾ । ਜੁਗ ਚੌਕੜੀ ਫੜਾਏ ਪੱਲਾ, ਪੱਲੂ ਆਪਣੇ ਨਾਲ ਬੰਧਾਇੰਦਾ । ਸਚ ਸੰਦੇਸ਼ ਨਿਤ ਨਵਿਤ ਘੱਲਾਂ, ਮੰਤਰ ਅੰਤਰ ਨਾਮ ਦ੍ਰਿੜਾਇੰਦਾ । ਪਾਵਾਂ ਸਾਰ ਜਲਾਂ ਥਲਾਂ, ਟਿੱਲੇ ਪਰਬਤ ਫੋਲ ਫੋਲਾਇੰਦਾ । ਦੂਈ ਦਵੈਤੀ ਮੇਟਾਂ ਸਲਾ, ਹਉਮੇ ਰੋਗ ਚੁਕਾਇੰਦਾ । ਜੁਗ ਚੌਕੜੀ ਅਛਲ ਅਛੱਲਾ, ਵਲ ਛਲ ਧਾਰੀ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਇੰਦਾ । ਸ਼ਬਦ ਗਿਆਨ ਕਹੇ ਮੈਂ ਦੱਸਾਂ ਰੀਤ, ਧੁਰ ਦੀ ਆਪ ਜਣਾਈਆ । ਜੁਗ ਚੌਕੜੀ ਖੇਲਾਂ ਖੇਲ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਚਨ ਰਚਾਈਆ । ਗੁਰ ਦਰ ਦੱਸਾਂ ਧਾਮ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਵਖਾਈਆ । ਸ਼ਬਦ ਗਿਆਨ ਕਹੇ ਜੁਗ ਚਾਰ, ਜੀਵਾਂ ਜੰਤਾਂ ਕਰਾਂ ਪੜ੍ਹਾਈਆ । ਅੱਖਰਾਂ ਨਾਲ ਕਰ ਪਿਆਰ, ਲੋਕਮਾਤ ਦਿਆਂ ਵਡਿਆਈਆ । ਗੁਰਮੁਖ ਗੁਰਸਿਖ ਵਿਰਲੇ ਲਵਾਂ ਉਠਾਲ, ਸੁਰਤੀ ਸੁਰਤ ਆਪ ਜਗਾਈਆ । ਅੰਦਰ ਵੜ ਕੇ ਪੁੱਛਾਂ ਹਾਲ, ਕਾਇਆ ਮੰਦਰ ਫੋਲ ਫੋਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਪਿਆਲ, ਰਸ ਇਕੋ ਇਕ ਵਖਾਈਆ । ਸਚ ਪ੍ਰੀਤੀ ਨਿਭਾਵਾਂ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਗੁਰ ਅਵਤਾਰਾਂ ਪੂਰਾ ਕਰਾਂ ਸਵਾਲ, ਪੀਰ ਪੈਗ਼ੰਬਰਾਂ ਪੈਜ ਰਖਾਈਆ । ਨਿਤ ਨਵਿਤ ਚੱਲਾਂ ਅਵੱਲੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਾਕਾਰ ਨਿਰਵੈਰ ਆਪਣੀ ਸੇਵ ਲਗਾਈਆ । ਸ਼ਬਦ ਗਿਆਨ ਕਹੇ ਮੈਂ ਦੱਸਾਂ ਸਚ, ਸਤਿ ਸਤਿ ਦ੍ਰਿੜਾਇੰਦਾ । ਜੁਗ ਚੌਕੜੀ ਖੇਲ ਖੇਲਾਂ ਹੱਸ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਪੰਧ ਮੁਕਾਵਾਂ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਹਰਿਜਨ ਹਿਰਦੇ ਵਸ ਵਸ, ਸਾਚਾ ਮੰਤਰ ਇਕ ਸਮਝਾਇੰਦਾ । ਪ੍ਰੇਮ ਪਿਆਰ ਦਾ ਦੇ ਕੇ ਰਸ, ਨਿਝਰ ਝਿਰਨਾ ਇਕ ਝਿਰਾਇੰਦਾ । ਸੁਰਤੀ ਸ਼ਬਦੀ ਕਰ ਇਕੱਠ, ਸੋਹਣਾ ਮੇਲ ਮਿਲਾਇੰਦਾ । ਨਾਮ ਨਿਧਾਨ ਅਗੰਮੀ ਵੱਜੇ ਨਦ, ਧੁਰ ਦਾ ਰਾਗ ਅਲਾਇੰਦਾ । ਸਾਚੀ ਸੇਜਾ ਚੜ੍ਹਾਂ ਭੱਜ, ਅੰਤਰ ਆਤਮ ਵੇਖ ਵਖਾਇੰਦਾ । ਸਤਿ ਜੈਕਾਰਾ ਬੋਲਾਂ ਗੱਜ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸ਼ਬਦ ਗੁਰੂ ਕਹੇ ਮੇਰੀ ਸਾਚੀ ਸਿਖਿਆ, ਗੁਰਮੁਖ

ਵਿਰਲੇ ਪਾਈਆ । ਜਨ ਭਗਤਾਂ ਦੇਵਾਂ ਧੁਰ ਦੀ ਭਿਛਿਆ, ਸਤਿ ਨਾਮ ਵਰਤਾਈਆ । ਸੰਤਾਂ ਕਰ ਕੇ ਪੂਰਨ ਇਛਿਆ, ਤ੍ਰਿਸਨਾ ਜਗਤ ਬੁਝਾਈਆ । ਲੇਖ (ਚੁਕਾਵਾਂ) ਬਿਧਨਾ ਲਿਖਿਆ, ਅੱਗੇ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਰਿਹਾ ਜਣਾਈਆ । ਸ਼ਬਦ ਗਿਆਨ ਕਹੇ ਮੈਂ ਆਵਾਂ ਜਗ, ਨਿਰਗੁਣ ਨਿਰਵੈਰ ਵੇਸ ਵਟਾਈਆ । ਸੰਤ ਸੁਹੇਲੇ ਸੱਜਣ ਲੱਭ, ਆਪਣਾ ਸੰਗ ਨਿਭਾਈਆ । ਕਰਾਂ ਵਸੇਰਾ ਉਪਰ ਸ਼ਾਹਰਗ, ਨੌਂ ਦਵਾਰੇ ਡੇਰਾ ਢਾਹੀਆ । ਜਨਮ ਕਰਮ ਦੀ ਬੁਝਾਵਾਂ ਅੱਗ, ਹਉਮੇ ਰੋਗ ਜਲਾਈਆ । ਹੰਸ ਬਣਾਵਾਂ ਫੜ ਫੜ ਕੱਗ, ਕਾਗੋਂ ਹੰਸ ਉਡਾਈਆ । ਘਰ ਸੱਜਣ ਸਾਚੇ ਸੱਦ, ਹੋਕਾ ਦੇ ਕੇ ਦਿਆਂ ਸਮਝਾਈਆ । ਬਿਨ ਮੱਕੇ ਕਾਅਬਿਉਂ ਕਰਾ ਕੇ ਹੱਜ, ਹੁਜਰਾ ਹੱਕ ਦਿਆਂ ਵਖਾਈਆ । ਬਿਨ ਮੰਦਰ ਮਸੀਤੋਂ ਜਾਵਾਂ ਲੱਭ, ਕਾਇਆ ਮੰਦਰ ਅੰਦਰ ਪੜਦਾ ਲਾਹੀਆ । ਸਤਿ ਪਰਕਾਸ਼ ਹੋ ਕੇ ਜਾਵਾਂ ਜਗ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਰਿਹਾ ਵਖਾਈਆ । ਸ਼ਬਦ ਗਿਆਨ ਕਹੇ ਮੈਂ ਵੇਖਾਂ ਜੁਗ, ਜੁਗ ਚੌਕੜੀ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਲੁਕ, ਕਲਜੁਗ ਅੰਤਮ ਬੈਠਾ ਨੈਣ ਉਠਾਈਆ । ਅੱਠੇ ਪਹਿਰ ਦਿਵਸ ਰੈਣ ਕੂੜੀ ਕਿਰਿਆ ਸੁੱਖਨਾ ਰਿਹਾ ਸੁੱਖ, ਸਾਚੀ ਕਰੇ ਨਾ ਕੋਇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਲੱਗਾ ਦੁੱਖ, ਹਉਮੇ ਰੋਗ ਨਾ ਕੋਇ ਚੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਰਿਹਾ ਬੁੱਕ, ਉਚੀ ਕੂਕ ਕੂਕ ਸੁਣਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਗ੍ਰਿਹਿ ਗ੍ਰਿਹਿ ਪਈ ਉਠ, ਪੱਤ ਟਾਹਣੀ ਰਹੀ ਸੁਕਾਈਆ । ਠੱਗਾਂ ਚੋਰਾਂ ਯਾਰਾਂ ਪਾਈ ਲੁੱਟ, ਸਤਿ ਸਰੂਪ ਵਿਚ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਪਿਤਾ ਪੁੱਤ, ਨਾਰ ਕੰਤ ਨਾ ਕੋਇ ਵਡਿਆਈਆ । ਸਾਧ ਸੰਤ ਮੰਦਰ ਮਸਜਿਦ ਸ਼ਿਵਦਵਾਲੇ ਰਹੇ ਲੁੱਟ, ਗੁਰ ਦਰ ਬੈਠੇ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸ਼ਬਦ ਗਿਆਨ ਕਹੇ ਕਲਜੁਗ ਪਿਆ ਰੌਲਾ, ਕੂਕੇ ਜਗਤ ਲੋਕਾਈਆ । ਕਿਸੇ ਨਜ਼ਰ ਨਾ ਆਵੇ ਮੌਲਾ, ਬਿਸਮਿਲ ਰੂਪ ਨਾ ਕੋਇ ਵਟਾਈਆ । ਪਾਪਾਂ ਭਾਰ ਕਰੇ ਨਾ ਕੋਈ ਹੌਲਾ, ਸੀਸ ਹੱਥ ਨਾ ਕੋਇ ਟਿਕਾਈਆ । ਨੇਤਰ ਰੋਵੇ ਕੁਰਲਾਵੇ ਧਰਨੀ ਧਰਤ ਧੌਲਾ, ਖੁਲ੍ਹੜੇ ਕੇਸ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਸ਼ਬਦ ਗਿਆਨ ਕਹੇ ਕਲਜੁਗ ਮੰਗੀ ਅਸੀਸ, ਪ੍ਰਭ ਅੱਗੇ ਇਕ ਅਰਜ਼ੋਈਆ । ਕਿਰਪਾ ਕਰ ਸਾਹਿਬ ਜਗਦੀਸ, ਜਗਦੀਸਰ ਦੇਣੀ ਸੱਚੀ ਢੋਈਆ । ਕਿਸੇ ਛਤਰ ਨਾ ਝੁੱਲੇ ਸੀਸ, ਸ਼ਾਹ ਸੁਲਤਾਨ ਰਹੇ ਰੋਈਆ । ਕਰੀਂ ਖੇਲ ਬੀਸ ਬੀਸ ਇਕ ਇਕੀਸ, ਲੇਖਾ ਚੁੱਕੇ ਤ੍ਰੈ ਤ੍ਰੈ ਲੋਈਆ । ਠੀਕ ਰਹੇ ਨਾ ਕਿਸੇ ਨੀਤ, ਨੀਤੀਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰੇ ਆਸ ਰਖਾਈਆ । ਸ਼ਬਦ ਗਿਆਨ ਕਹੇ ਮੈਂ ਊਚਾ, ਅਗੰਮ ਅਥਾਹ ਅਖਵਾਇੰਦਾ । ਕਲਜੁਗ ਗਿਆਨ ਕਹੇ ਮੈਂ ਫਿਰਾ ਚਾਰੇ ਕੂਟਾ, ਦਹਿ ਦਿਸ਼ਾ ਵੇਖ ਵਖਾਇੰਦਾ । ਮੇਰਾ ਨਿਸ਼ਾਨ ਦੋ ਜਹਾਨ ਝੂਟਾ, ਪੁਰੀ ਲੋਅ ਨਾ ਕੋਇ ਹਿਲਾਇੰਦਾ । ਮੈਂ ਘਰ ਘਰ ਕੂੜੀ ਕਿਰਿਆ ਬੀਜਿਆ ਬੂਟਾ, ਜੂਠ ਝੂਠ ਫਲ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਕਲਜੁਗ ਗਿਆਨ ਕਹੇ ਮੈਂ ਬੜਾ ਚੰਗਾ, ਚੰਗੀ ਤਰਾ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਕੀਤਾ ਮੰਦਾ, ਅੰਤਰ

ਆਤਮ ਸਮਝ ਕੋਇ ਨਾ ਪਾਈਆ । ਘਰ ਘਰ ਕੂੜਾ ਦਿਸੇ ਪਖੰਡਾ, ਸਚ ਸੁਚ ਨਾ ਕੋਇ ਸਮਝਾਈਆ । ਸਾਧ ਸੰਤ ਆਤਮ ਰੰਡਾ, ਹਰਿ ਹਰਿ ਕੰਤ ਨਾ ਕੋਇ ਹੰਢਾਈਆ । ਤਟ ਸਰੋਵਰ ਜਲ ਦਿਸੇ ਨਾ ਠੰਡਾ, ਜਗਤ ਅਗਨੀ ਰਹੀ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਲੀਲਾ ਰਿਹਾ ਵਰਤਾਈਆ । ਕਲਜੁਗ ਗਿਆਨ ਕਹੇ ਮੈਂ ਵੱਡਾ ਬਲਵਾਨ, ਬਲਧਾਰੀ ਅਖਵਾਇੰਦਾ । ਘਰ ਘਰ ਖੇਲ ਖਿਲਾਵਾਂ ਜਗਤ ਸ਼ੈਤਾਨ, ਸ਼ਰਅ ਵਿਚ ਲੜਾਇੰਦਾ । ਸ਼ਾਹ ਸੁਲਤਾਨ ਕੀਤੇ ਬੇਈਮਾਨ, ਸਾਚਾ ਅਦਲ ਨਾ ਕੋਇ ਕਮਾਇੰਦਾ । ਮਾਇਆ ਰਾਣੀ ਹੋਈ ਪਰਧਾਨ, ਗ਼ਰੀਬ ਨਿਮਾਣਿਆਂ ਗਲੇ ਨਾ ਕੋਇ ਲਗਾਇੰਦਾ । ਚਾਰੋਂ ਕੁੰਟ ਦਿਸੇ ਵੈਰਾਨ, ਬੂਟਾ ਸਤਿ ਨਾ ਕੋਇ ਲਹਿਰਾਇੰਦਾ । ਸਾਢੇ ਤਿੰਨ ਹੱਥ ਕਾਇਆ ਬੰਕ ਖ਼ਾਲੀ ਦਿਸੇ ਮਕਾਨ, ਵਸਤ ਅਮੋਲਕ ਵਿਚ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਬੱਤੀ ਦੰਦ ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਦੇਣ ਗਿਆਨ, ਅੰਤਰ ਆਤਮ ਪ੍ਰਭੂ ਮੇਲ ਨਾ ਕੋਇ ਮਿਲਾਇੰਦਾ । ਜਗਤ ਵਿਦਿਆ ਖੁਲ੍ਹੀ ਦਿਸੇ ਦੁਕਾਨ, ਚੌਦਾਂ ਹੱਟ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਕਲਜੁਗ ਗਿਆਨ ਕਹੇ ਮੈਨੂੰ ਮਿਲਿਆ ਮੌਕਾ, ਚੌਥੇ ਜੁਗ ਮਿਲੀ ਵਡਿਆਈਆ । ਮੈਂ ਸਭ ਨੂੰ ਦੇਵਾਂ ਧੋਖਾ, ਕੂੜੀ ਕਿਰਿਆ ਵਿਚ ਫਸਾਈਆ । ਕਿਸੇ ਘਰ ਜਗਣ ਨਾ ਦੇਵਾਂ ਦੀਪਕ ਜੋਤਾ, ਅਨਹਦ ਨਾਦ ਨਾ ਕੋਇ ਸ਼ਨਵਾਈਆ । ਸਾਧਾਂ ਸੰਤਾਂ ਡੂੰਘੀ ਭਵਰ ਲਵਾਇਆ ਗੋਤਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਰਿਹਾ ਬਣਾਈਆ । ਕਲਜੁਗ ਗਿਆਨ ਕਹੇ ਮੈਂ ਅਕਲ ਕਲਧਾਰੀ, ਕੁਲਵੰਤਾ ਦਏ ਵਡਿਆਈਆ । ਮੈਂ ਵੇਖਾਂ ਸ੍ਰਿਸ਼ਟੀ ਸਾਰੀ, ਨੌਂ ਖੰਡ ਸੱਤ ਦੀਪ ਫੋਲ ਫੋਲਾਈਆ । ਬਣ ਕੇ ਫਿਰਾਂ ਵਿਚ ਜਵਾਰੀ, ਭੱਜਾਂ ਵਾਹੋ ਦਾਹੀਆ । ਲੱਜਿਆ ਰਹੇ ਨਾ ਕਿਸੇ ਕਵਾਰੀ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਮਾਤ ਪਿਤ ਨਾ ਕੋਇ ਪਿਆਰੀ, ਭੈਣ ਭਾਈ ਸਾਕ ਸੱਜਣ ਨਾਰ ਕੰਤ ਨਾ ਕੋਇ ਵਡਿਆਈਆ । ਵੇਸਵਾ ਰੂਪ ਸ੍ਰਿਸ਼ਟੀ ਸਾਰੀ, ਚਾਰੋਂ ਕੁੰਟ ਹੋਏ ਖੁਆਰੀ, ਸਾਚੀ ਸੇਜ ਨਾ ਕੋਇ ਸੁਹਾਈਆ । ਮੁਖ ਮੋੜਨ ਗੁਰ ਅਵਤਾਰੀ, ਪੀਰ ਪੈਗ਼ੰਬਰ ਪੱਲੂ ਨਾ ਕੋਇ ਫੜਾਈਆ । ਸ਼ਾਸਤਰ ਸਿਮਰਤ ਨਾ ਕਰਨ ਵਿਚਾਰੀ, ਵੇਦ ਪੁਰਾਨ ਨਾ ਕੋਇ ਦ੍ਰਿੜਾਈਆ । ਅੰਜੀਲ ਕੁਰਾਨ ਨਾ ਕੋਇ ਆਧਾਰੀ, ਮਸਲਾ ਹੱਕ ਨਾ ਕੋਇ ਸੁਣਾਈਆ । ਪੀਰ ਫ਼ਕੀਰਾਂ ਹੋਏ ਖੁਆਰੀ, ਕੁਤਬ ਗ਼ੌਸ ਰਹੇ ਕੁਰਲਾਈਆ । ਸਭ ਦੀ ਬਾਜ਼ੀ ਜਾਏ ਹਾਰੀ, ਜਿੱਤ ਰੂਪ ਨਾ ਕੋਇ ਵਟਾਈਆ । ਪ੍ਰਭ ਨਾਲ ਮਿਲਣ ਦੀ ਜੋ ਕਰੇ ਤਿਆਰੀ, ਤਿਸ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਦਿਆਂ ਚਲਾਈਆ । ਸਚ ਨਾਮ ਦੀ ਫੇਰ ਬਹਾਰੀ, ਧੁਰ ਦੀ ਵਸਤ ਅੰਦਰ ਰਹਿਣ ਨਾ ਪਾਈਆ । ਜਿਧਰ ਵੇਖੇ ਕੂੜੀ ਯਾਰੀ, ਕੂੜ ਕੂੜਿਆਂ ਨਾਲ ਪਰਨਾਈਆ । ਹੋਏ ਪਰਕਾਸ਼ ਨਾ ਬਹੱਤਰ ਨਾੜੀ, ਤਿੰਨ ਸੌ ਸੱਠ ਹਾਡੀ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਸਮਝਾਈਆ । ਕਲਜੁਗ ਗਿਆਨ ਕਹੇ ਮੈਂ ਦੱਸਾਂ ਰਾਹ, ਰਹਿਬਰ ਹੋ ਸਮਝਾਈਆ । ਵੇਖਿਓ ਪ੍ਰਭ ਨੂੰ ਕੋਈ ਮਿਲਿਓ ਨਾ, ਨਾਉਂ ਨਿਰੰਕਾਰਾ ਲੈਣ ਕੋਇ ਨਾ ਪਾਈਆ । ਸਦੀ ਚੌਧਵੀਂ ਮੇਰਾ ਮੁਹੰਮਦ ਬਣੇ ਗਵਾਹ, ਚੌਦਾਂ ਤਬਕ ਸ਼ਹਾਦਤ ਦੇਣ ਭੁਗਤਾਈਆ । ਕੂੜੀ ਕਿਰਿਆ ਨਾਲ ਹੋਵੇ ਨਕਾਹ, ਸ਼ਰੀਅਤ ਹੱਕ ਹੱਕ ਸਮਝਾਈਆ । ਮਰਦ ਮਰਦਾਨੇ ਕਰਾਂ ਬੇਵਫ਼ਾ, ਮੁਖ ਸਾਰੇ ਜਾਣ ਭੁਆਈਆ । ਜੋਤੀ ਜੋਤ ਸਰੂਪ ਹਰਿ,


੫ ੧੭

ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਕਲਜੁਗ ਗਿਆਨ ਕਹੇ ਮੇਰਾ ਸਾਚਾ ਪਰਚਾ, ਸਾਧਾਂ ਸੰਤਾਂ ਅੱਗੇ ਦਏ ਟਿਕਾਈਆ । ਪੀਰ ਪੈਗ਼ੰਬਰ ਕਰਨ ਚਰਚਾ, ਮੁਖ਼ਾਤਬ ਹੋ ਕੇ ਰਹੇ ਸੁਣਾਈਆ । ਅੱਗੇ ਜਾਣ ਦਾ ਕਿਸੇ ਕੋਲ ਨਾ ਰਿਹਾ ਖ਼ਰਚਾ, ਖ਼ਾਲੀ ਹੱਥ ਦਿਸੇ ਲੋਕਾਈਆ । ਜੀਵਦਿਆਂ ਜਗ ਕੋਇ ਨਾ ਮਰਦਾ, ਮਰਿਆਂ ਜੀਵਣ ਕੋਇ ਨਾ ਪਾਈਆ । ਸਾਚੇ ਪੌੜੇ ਕੋਇ ਨਾ ਚੜ੍ਹਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਤ੍ਰਿਸਨਾ ਜੀਵ ਜੰਤ ਸੜਦਾ, ਮਾਇਆ ਮਮਤਾ ਕਰੇ ਲੜਾਈਆ । ਤ੍ਰੈਗੁਣ ਅਗਨੀ ਵਿਚ ਸੜਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੀ ਮੇਰੀ ਵੱਡਾ ਛੋਟਾ ਕਰਦਾ, ਤੇਰੀ ਤੂੰ ਗਏ ਸਰਬ ਭੁਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਵੇਖ ਲੈ ਤੇਰੇ ਕੋਲੋਂ ਕੋਈ ਨਾ ਡਰਦਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭੈ ਨਾ ਕੋਇ ਰਖਾਈਆ । ਸਚ ਪ੍ਰੇਮ ਕੋਈ ਨਾ ਕਰਦਾ, ਜਗਤ ਖ਼ਾਹਿਸ਼ ਨਾਲ ਬੈਠੇ ਆਸ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦਿਤਾ ਇਕ ਵਰ, ਜਗ ਲੇਖਾ ਵੇਖ ਵਖਾਈਆ । ਕਲਜੁਗ ਗਿਆਨ ਦੀ ਸੁਣ ਕੇ ਬਾਤ, ਸ਼ਬਦ ਗਿਆਨ ਲਏ ਅੰਗੜਾਈਆ । ਨੇਤਰ ਖੋਲ੍ਹ ਮਾਰੇ ਝਾਤ, ਨੈਣ ਇਕ ਉਠਾਈਆ । ਤੇਰੀ ਕਿਰਪਾ ਤੇਰੇ ਸਾਥ, ਤੇਰੀ ਝੋਲੀ ਪਾਈਆ । ਤੂੰ ਕੂੜ ਕੁੜਿਆਰਾਂ ਦੇਣੀ ਦਾਤ, ਆਪਣੇ ਘਰ ਵਰਤਾਈਆ । ਸਚ ਸੰਦੇਸਾ ਤੁਧ ਨੂੰ ਦੇਵਾਂ ਆਖ, ਇਕੋ ਵਾਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਸ਼ਬਦ ਗਿਆਨ ਕਹੇ ਉਠ ਮਾਰ ਝਾਕੀ, ਕਲਜੁਗ ਗਿਆਨ ਤੈਨੂੰ ਦਿਆਂ ਸਮਝਾਈਆ । ਲੱਖ ਚੁਰਾਸੀ ਵਿਚੋਂ ਥੋੜਿਆਂ ਨਿਕਲੀ ਬਾਕੀ, ਜਿਨ੍ਹਾਂ ਪਾਰਬ੍ਰਹਮ ਪ੍ਰਭ ਲੇਖਾ ਝੋਲੀ ਪਾਈਆ । ਮੈਂ ਅੰਦਰ ਵੜ ਕੇ ਖੋਲ੍ਹੀ ਉਨ੍ਹਾਂ ਤਾਕੀ, ਬਜਰ ਕਪਾਟੀ ਪੜਦਾ ਦਿਤਾ ਹਟਾਈਆ । ਜਾਮ ਪਿਆਇਆ ਬਣ ਕੇ ਸਾਕੀ, ਅੰਮ੍ਰਿਤ ਪਿਆਲਾ ਹੱਥ ਉਠਾਈਆ । ਉਨ੍ਹਾਂ ਆਤਮ ਸਚ ਸਰੋਵਰ ਨਹਾਤੀ, ਦੁਰਮਤ ਮੈਲ ਧੁਆਈਆ । ਕਰ ਪਰਕਾਸ਼ ਦੀਵਾ ਬਾਤੀ, ਇਕੋ ਜੋਤ ਨੂਰ ਰੁਸ਼ਨਾਈਆ । ਸੇਜ ਸੁਹੰਜਣੀ ਸੁਹਾਏ ਪੁਰਖ ਸਮਰਾਥੀ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਚਾਈਂ ਚਾਈਂਆ । ਸ਼ਬਦ ਗਿਆਨ ਕਹੇ ਉਠ ਵੇਖ ਭਗਤ, ਕਲਜੁਗ ਤੈਨੂੰ ਦਿਆਂ ਵਖਾਈਆ । ਜਿਨ੍ਹਾਂ ਦੀ ਲੇਖੇ ਲੱਗੀ ਬੂੰਦ ਰਕਤ, ਪੰਜ ਤਤ ਮਿਲੀ ਵਡਿਆਈਆ । ਪ੍ਰਭ ਅੰਤਰ ਦਿਤੀ ਆਤਮ ਸ਼ਕਤ, ਬਾਹਰੋਂ ਸ਼ਖ਼ਸੀਅਤ ਦਿਤੀ ਬਣਾਈਆ । ਆਪਣੇ ਵਿਚ ਨਾ ਰੱਖਿਆ ਫ਼ਰਕ, ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਕਰਮ ਦਾ ਮਿਟਿਆ ਹਰਖ਼, ਚਿੰਤਾ ਸੋਗ ਨਾ ਕੋਇ ਵਖਾਈਆ । ਆਵਣ ਜਾਵਣ ਹੋਇਆ ਤਰਕ, ਲੱਖ ਚੁਰਾਸੀ ਨਾ ਕੋਇ ਭਵਾਈਆ । ਗੁਰਮੁਖ ਮੁੜ ਕੇ ਆਪਣੇ ਘਰ ਜਾਣ ਪਰਤ, ਜਿਸ ਘਰ ਵਿਚੋਂ ਆਪਣਾ ਆਪ ਲੈ ਕੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ਼ਬਦ ਗੁਰੂ ਕਹੇ ਵੇਖ ਗੁਰਮੁਖ ਤੁਰਦੇ, ਹੌਲੀ ਹੌਲੀ ਆਪਣਾ ਪੰਧ ਮੁਕਾਈਆ । ਕਲਜੁਗ ਤੇਰੇ ਗਿਆਨ ਕੋਲੋਂ ਕਦੇ ਨਾ ਮੁੜਦੇ, ਅੱਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਪ੍ਰੀਤੀ ਸਾਚੀ ਜੁੜਦੇ, ਨਾਤਾ ਜੁੜਿਆ ਬੇਪਰਵਾਹੀਆ । ਇਹੋ ਖੇਲ ਅਗੰਮੇ ਧੁਰ ਦੇ, ਧੁਰ ਮਸਤਕ ਵੇਖ ਵਖਾਈਆ । ਤੇਰੇ ਸੰਗੀ ਸਾਥੀ ਵੇਖ ਵੇਖ ਝੁਰਦੇ, ਹੌਕੇ ਲੈ ਲੈ ਆਪਣਾ ਆਪ ਗਵਾਈਆ । ਜਿਨ੍ਹਾਂ ਗੁਰਮੁਖਾਂ ਅੰਦਰੋਂ ਫੁਰਨੇ ਉਹ ਫੁਰਦੇ, ਜੋ ਫੁਰਨੇ ਸਭ ਦੇ ਬੰਦ ਕਰਾਈਆ । ਉਹ ਜਾਗਤ ਰੂਪ ਕਰੇ ਮੁਰਦੇ, ਮੁਰਦਿਆਂ ਵਿਚੋਂ ਮੁਰੀਦ ਮਿਲੇ ਬੇਪਰਵਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਲੀਲਾ ਰਿਹਾ ਵਖਾਈਆ । ਸ਼ਬਦ ਗਿਆਨ ਕਹੇ ਉਠ ਵੇਖ ਸੰਤ, ਤੇਰੇ ਨੇਤਰ ਦਿਆਂ ਵਖਾਈਆ । ਜਿਨ੍ਹਾਂ ਮਿਲਿਆ ਹਰਿ ਜੂ ਸਵਾਮੀ ਕੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਓਨ੍ਹਾਂ ਦੀ ਆਪ ਬਣਾਏ ਬਣਤ, ਘੜਨ ਭੰਨਣਹਾਰ ਵੇਖ ਵਖਾਈਆ । ਜਗਤ ਨੇਤਰ ਵੇਂਹਦੀ ਰਹਿ ਜਾਏ ਜੰਤ, ਜੀਵ ਸਮਝ ਕੋਇ ਨਾ ਪਾਈਆ । ਖੋਜ ਸਕੇ ਨਾ ਕੋਈ ਪੰਡਤ, ਚੌਦਾਂ ਵਿਦਿਆ ਦਏ ਦੁਹਾਈਆ । ਜਿਨ੍ਹਾਂ ਕਿਰਪਾ ਕਰੇ ਆਪ ਅੰਤ, ਅੰਤਸ਼ਕਰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਸ਼ਬਦ ਗਿਆਨ ਕਹੇ ਵੇਖ ਗੁਰਮੁਖ ਰੰਗ, ਕਲ ਅੰਤਮ ਅੰਤ ਚੜ੍ਹਾਈਆ । ਸਿਫ਼ਤ ਕਰੇ ਨਾ ਕੋਈ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਸਮਝਾਈਆ । ਸਾਚੇ ਸੰਤਾਂ ਕੋਲੋਂ ਪੁੱਛ ਅਨੰਦ, ਕੀ ਸਾਹਿਬ ਦਿਤਾ ਵਖਾਈਆ । ਜਿਨ੍ਹਾਂ ਦੀ ਆਤਮ ਲਈ ਗੰਢ, ਪਰਮਾਤਮ ਜੋੜ ਜੁੜਾਈਆ । ਉਹ ਸੁਹਾਗਣ ਹੋਈ ਰੰਡ, ਦੁਹਾਗਣ ਰੂਪ ਨਾ ਕੋਇ ਵਖਾਈਆ । ਆਸਾ ਮਨਸਾ ਪੂਰੀ ਹੋਈ ਮੰਗ, ਤ੍ਰਿਸਨਾ ਤ੍ਰਿਖਾ ਬੁਝਾਈਆ । ਘਰ ਪਰਕਾਸ਼ ਵੇਖਿਆ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗਿਆਨ ਕਹੇ ਮੇਰਾ ਗਿਆਨ ਗੁੱਝਾ, ਗਿਆਨ ਵਿਚੋਂ ਗਿਆਨ ਪਰਗਟਾਈਆ । ਭੌ ਚੁਕਾਵਾਂ ਏਕਾ ਦੂਜਾ, ਦੂਈ ਦਵੈਤੀ ਡੇਰਾ ਢਾਹੀਆ । ਕਵਲ ਨਾਭ ਕਰਾਂ ਮੂਧਾ, ਊਂਧਾ ਕਰ ਕੇ ਝਿਰਨਾ ਦਿਆਂ ਝਿਰਾਈਆ । ਸਚ ਦੁਆਰ ਗੁਰਮੁਖ ਸੂਝਾ, ਜਿਨ੍ਹਾਂ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗਿਆਨ ਕਹੇ ਆਇਆ ਗਿਆਨ ਗਿਆਨ ਚੰਦ, ਚੰਦ ਚਾਂਦਨੀ ਨੈਣ ਸ਼ਰਮਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬੰਦੀਖ਼ਾਨਾ ਦਿਤਾ ਤੁੜਾਈਆ । ਅੱਗੇ ਪਿਛੇ ਨੰਗੀ ਨਾ ਹੋਵੇ ਕੰਡ, ਏਥੇ ਓਥੇ ਦੋ ਜਹਾਨ ਸਹਾਈਆ । ਪ੍ਰੇਮ ਪਿਆਰ ਦਾ ਬਖ਼ਸ਼ ਅਨੰਦ, ਪ੍ਰੀਤੀ ਇਕੋ ਇਕ ਵਖਾਈਆ । ਜੁਗ ਜਨਮ ਦੀ ਵਿਛੜੀ ਆਤਮ ਪਰਮਾਤਮ ਲਈ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੇ ਤੰਦ ਬੰਧਾਈਆ । ਜਗਤ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਮੇਟ ਪਾਈ ਠੰਡ, ਬੂੰਦ ਸਵਾਂਤੀ ਮੁਖ ਚੁਆਈਆ । ਸਚ ਸਰੋਵਰ ਨੁਹਾਇਆ ਧੁਰ ਦੀ ਗੰਗ, ਜਮਨਾ ਸੁਰਸਤੀ ਗੋਦਾਵਰੀ ਬੈਠੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਗਿਆਨ ਦਿਤਾ ਸਮਝਾਈਆ । ਜਿਸ ਪ੍ਰਭ ਦੇਵੇ ਆਪਣਾ ਗਿਆਨ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਸੋ ਅੰਤਰ ਆਤਮ ਪਰਮਾਤਮ ਕਰੇ ਪਰਵਾਨ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਅੰਮ੍ਰਿਤ ਆਤਮ ਮੰਗੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸ਼ਬਦ ਗਿਆਨ ਜਗਤ ਉਹ, ਜੋ ਜੁਗ ਜੁਗ ਪੜ੍ਹਾਇੰਦਾ । ਕਲਜੁਗ ਅੰਤਮ ਸੋਹੰ ਸੋ, ਸਤਿਜੁਗ ਸੱਚਾ ਰਾਹ ਵਖਾਇੰਦਾ । ਕੂੜੀ ਕਿਰਿਆ ਨਾਲੋਂ ਕਰੇ ਨਿਰਮੋਹ, ਮੁਹਬੱਤ ਇਕੋ ਘਰ ਬੰਧਾਇੰਦਾ । ਸਚ ਪ੍ਰੀਤਮ ਨਾਲ ਜਾਏ ਛੋਹ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਭਗਤ ਭਗਵਾਨ ਇਕੋ ਰੂਪ ਜਾਵਣ ਹੋ, ਦੂਜਾ ਵੇਸ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮੰਤਰ ਇਕ ਸਮਝਾਇੰਦਾ । ਸਾਚਾ ਮੰਤਰ ਧੁਰ ਦਾ ਨੇਮ, ਹਰਿ ਕਰਤਾ ਆਪ ਜਣਾਈਆ । ਜਨ ਭਗਤਾਂ ਦੇਵੇ ਲਹਿਣਾ ਦੇਣ, ਵਸਤ ਅਮੋਲਕ ਝੋਲੀ ਪਾਈਆ । ਠਾਕਰ ਹੋ ਕੇ ਬਣੇ ਸਾਕ ਸੈਣ, ਅਬਿਨਾਸ਼ੀ ਹੋ ਕੇ ਧੁਰ

ਦੀ ਸੇਵ ਕਮਾਈਆ । ਨਾਤਾ ਤੋੜ ਭਾਈ ਭੈਣ, ਲਿਵ ਅੰਤਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਸ਼ਬਦ ਗਿਆਨ, ਲੇਖ ਚੁਕਾਏ ਦੋ ਜਹਾਨ, ਪੈਂਡਾ ਮੁੱਕੇ ਜ਼ਿਮੀਂ ਅਸਮਾਨ, ਗਗਨ ਗਗਨੰਤਰ ਚਰਨਾਂ ਹੇਠ ਰਖਾਈਆ । ਗੁਰ ਕਾ ਗਿਆਨ ਜੋ ਗੁਰਮੁਖ ਪੜ੍ਹਦਾ, ਭਗਤੀ ਸਚ ਕਮਾਈਆ । ਪੌੜੇ ਪੌੜੇ ਆਪਣੇ ਚੜ੍ਹਦਾ, ਪਿਛਲਾ ਪੰਧ ਚੁਕਾਈਆ । ਸੁਖਮਣ ਟੇਢੀ ਬੰਕ ਕਦੇ ਨਾ ਅੜਦਾ, ਈੜਾ ਪਿੰਗਲ ਨੈਣ ਸ਼ਰਮਾਈਆ । ਸਚ ਸਰੋਵਰ ਸਾਚੇ ਤਰਦਾ, ਧੁਰ ਦੀ ਤਾਰੀ ਲਾਈਆ । ਬਜਰ ਕਪਾਟੀ ਪੜਦਾ ਸੜਦਾ, ਦੁਈ ਦਵੈਤੀ ਪਰੇ ਹਟਾਈਆ । ਆਪਣੇ ਘਰ ਵਿਚ ਆਪੇ ਵੜਦਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਦੀਪਕ ਜੋਤੀ ਇਕੋ ਜਗਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਪਲੰਘ ਰੰਗੀਲਾ ਸਾਚਾ ਸਚ ਦਾ, ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਸਾਹਿਬ ਸਤਿਗੁਰ ਬਾਹੋਂ ਫੜਦਾ, ਬਿਨ ਹੱਥਾਂ ਲਏ ਉਠਾਈਆ । ਹਰਿਜਨ ਆਪਣੀ ਗੋਦੀ ਧਰਦਾ, ਫੜ ਬਾਹੋਂ ਗਲੇ ਲਗਾਈਆ । ਲੇਖਾ ਦੱਸੇ ਫੇਰ ਅਗਲੇ ਘਰ ਦਾ, ਦਸਮ ਦਵਾਰੀ ਪਾਰ ਕਰਾਈਆ । ਸੁੰਨ ਅਗੰਮ ਚਰਨਾਂ ਹੇਠ ਰੱਖਦਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਕੁੰਡਾ ਲਾਹ ਕੇ ਥਿਰ ਘਰ ਦਾ, ਸਾਚਾ ਮੰਦਰ ਦਏ ਸੁਹਾਈਆ । ਮੇਲ ਮਿਲਾਏ ਆਪਣੇ ਪਿਰ ਦਾ, ਪ੍ਰੀਤਮ ਵਖਾਏ ਚਾਈਂ ਚਾਈਂਆ । ਜਿਸ ਨਾਲੋਂ ਵਿਛੜਿਆ ਚਿਰ ਦਾ, ਜੁਗ ਚੌਕੜੀ ਕਾਲ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗਿਆਨ ਨਾਲ ਮਿਲਾਈਆ । ਸ਼ਬਦ ਗਿਆਨ ਕਰੇ ਮਿਲਾਵਾ, ਮਿਲਣੀ ਹਰਿ ਜਗਦੀਸ ਕਰਾਇੰਦਾ । ਸ਼ਬਦ ਗੁਰੂ ਦਾ ਸ਼ਬਦੀ ਦਾਅਵਾ, ਝੂਠਾ ਖੇਲ ਨਾ ਕੋਇ ਵਖਾਇੰਦਾ । ਜਨ ਭਗਤਾਂ ਦਰਗਾਹ ਸਾਚੀ ਲਗਾ ਨਾਵਾਂ, ਘਰ ਸਾਚੇ ਆਪ ਬਹਾਇੰਦਾ । ਤਿਨ੍ਹਾਂ ਗੁਰਮੁਖਾਂ ਸਦਾ ਸਦਾ ਸਦ ਬਲ ਬਲ ਜਾਵਾਂ, ਜੋ ਆਪਣਾ ਘਰ ਵੇਖਣ ਆਇੰਦਾ । ਦੋਹਾਂ ਮਿਲਦੀਆਂ ਠੰਡੀਆਂ ਛਾਂਵਾਂ, ਸਾਹਿਬ ਸਵਾਮੀ ਸਿਰ ਆਪਣਾ ਹੱਥ ਟਿਕਾਇੰਦਾ । ਧੰਨ ਜਣੇਦੀਆਂ ਜਗਤ ਮਾਂਵਾਂ, ਜਿਨ ਕੁੱਖੀ ਭਗਤਾਂ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗਿਆਨ ਪਾਰ ਲੰਘਾਇੰਦਾ । ਸ਼ਬਦ ਗਿਆਨ ਉਤਰੇ ਪਾਰ, ਜਨ ਭਗਤ ਰਹੇ ਸੁਣਾਈਆ । ਕਬੀਰ ਜੁਲਾਹਾ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਰਵਦਾਸਾ ਵਾਜਾਂ ਰਿਹਾ ਮਾਰ, ਕੁਲਹੀਣ ਮਿਲੀ ਵਡਿਆਈਆ । ਭਗਤ ਵਛਲ ਗਿਰਵਰ ਗਿਰਧਾਰ, ਬਿਦਰ ਸੁਦਾਮੇ ਪਾਰ ਲੰਘਾਈਆ । ਧ੍ਰੂ ਪ੍ਰਹਿਲਾਦ ਉਤਰਿਆ ਪਾਰ, ਹਰਿ ਜੂ ਪੈਜ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰ, ਕਰਤਾ ਹੋ ਕੇ ਫੇਰਾ ਪਾਈਆ । ਚਾਰੋਂ ਕੁੰਟ ਨੌਂ ਖੰਡ ਸੱਤ ਦੀਪ ਵੇਖੇ ਵਿਗਸੇ ਵੇਖਣਹਾਰ, ਬਿਨ ਅੱਖਾਂ ਵੇਖ ਵਖਾਈਆ । ਕਾਗਦ ਕਲਮ ਨਾ ਲਿਖਣਹਾਰ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਸੰਤ ਸੁਹੇਲੇ ਆਪ ਉਭਾਰ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਦੂਰ ਦੁਰਾਡਾ ਨੇੜਨ ਨੇੜਾ ਕਰੇ ਖੇਲ ਅਪਾਰ, ਅਪਰੰਪਰ ਸਵਾਮੀ ਅੰਤਰ ਜਾਮੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗਿਆਨ ਗੁਰੂ ਗੁਰਦੇਵ ਆਦਿ ਜੁਗਾਦੀ ਅਲਖ ਅਭੇਵ ਆਪਣੇ ਚਰਨਾਂ ਨਾਲ ਰਖਾਈਆ । ਸ਼ਬਦ ਗੁਰੂ ਗੁਰਦੇਵ ਸਾਰੇ ਲੱਭਦੇ, ਲੱਭਿਆਂ ਹੱਥ ਕਿਸੇ ਨਾ ਆਈਆ । ਮੱਕੇ ਕਾਅਬੇ ਕਰਦੇ ਸੱਜਦੇ, ਦੋਏ ਜੋੜ ਵਾਸਤਾ ਪਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੂੰਹ ਦੇ ਭਾਰ ਢੱਠਦੇ, ਮਸਤਕ ਟਿੱਕਾ ਧੂੜੀ ਰਹੇ ਰਮਾਈਆ । ਤਟ ਤੀਰਥ ਸਰੋਵਰ

ਪਾਣੀ ਠਰਦੇ, ਜੰਗਲ ਜੂਹ ਉਜਾੜ ਪਹਾੜ ਆਪਣਾ ਆਪ ਅਗਨੀ ਭੇਟ ਚੜ੍ਹਾਈਆ । ਬਿਨ ਸ਼ਬਦ ਗਿਆਨ ਕੋਈ ਨਾ ਵੇਖੇ ਤਰਦੇ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਵਿਦਿਆਵਾਨ ਵਿਦਿਆ ਵਿਚ ਵੇਖੇ ਰੁੜ੍ਹਦੇ, ਸਾਚੀ ਮੰਜ਼ਲ ਨਾ ਕੋਏ ਚੜ੍ਹਾਈਆ । ਏਹ ਖੇਲ ਅਗੰਮੀ ਗੁਰ ਦੇ, ਜੋ ਧੁਰ ਦੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਗਿਆਨ ਕਹੇ ਮੈਂ ਜੁਗ ਜੁਗ ਤਾਰਾਂ, ਜਨ ਭਗਤਾਂ ਦਿਆਂ ਵਡਿਆਈਆ । ਸ਼ਾਹ ਸੁਲਤਾਨਾਂ ਕੋਲੋਂ ਕਦੀ ਨਾ ਹਾਰਾਂ, ਖੰਡਾ ਖੜਗ ਭੈ ਨਾ ਕੋਇ ਵਖਾਈਆ । ਕਰ ਕਿਰਪਾ ਵਖਾਵਾਂ ਸੱਚਾ ਘਰਬਾਰਾ, ਜਿਸ ਦਰਬਾਰੇ ਬੈਠਾ ਬੇਪਰਵਾਹੀਆ । ਦੀਪਕ ਜੋਤੀ ਇਕ ਉਜਿਆਰਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਕਰ ਸਦਾ ਪਿਆਰਾ, ਪ੍ਰੇਮ ਪ੍ਰੀਤੀ ਵਿਚ ਬੰਧਾਈਆ, ਗਿਆਨਾਂ ਵਿਚੋਂ ਗਿਆਨ ਬਾਹਰਾ, ਧਿਆਨਾਂ ਵਿਚੋਂ ਧਿਆਨ ਜ਼ਾਹਰਾ, ਹਾਜ਼ਰ ਹਜ਼ੂਰ ਹੋ ਕੇ ਦਿਆਂ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਕਾ ਸੁਤ ਦੁਲਾਰਾ, ਦੂਲੋ ਦੂਲ੍ਹਾ ਵੇਖ ਵਖਾਈਆ । ਕਲਜੁਗ ਗਿਆਨ ਕੀ ਕਰੇ ਵਿਚਾਰਾ, ਦੂਰ ਦੁਰਾਡਾ ਬੈਠਾ ਗੁਰਮੁਖਾਂ ਕੋਲੋਂ ਆਪਣਾ ਨੈਣ ਰਿਹਾ ਸ਼ਰਮਾਈਆ । ਜਿਸ ਵੇਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੁਣੇ ਜੈਕਾਰਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪੇ ਆਪਣੀ ਖੇਲ ਵਖਾਈਆ ।


੯ ੧੭

## ੨੧ ਜੇਠ ੨੦੨੧ ਬਿਕ੍ਰਮੀ ਬੀਬੀ ਰਾਮ ਕੌਰ ਛੰਬ ਖ਼ੈਰੋਵਾਲੀ

ਨਿਰਗੁਣ ਰੂਪ ਲੱਭਦੇ ਰਾਮ, ਰਮਤਾ ਹੋਈ ਜਗਤ ਲੋਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਖੋਜਦੇ ਗਰਾਮ, ਗਾਂਵ ਗਾਂਵ ਦੇਣ ਦੁਹਾਈਆ । ਸਰ ਸਰੋਵਰ ਤੀਰਥ ਤਟ ਨਦੀਆਂ ਨਾਲੇ ਕਰਨ ਅਸ਼ਨਾਨ, ਦੂਰ ਦੁਰਾਡੇ ਚਲ ਚਲ ਪਾਂਧੀ ਰਾਹੀਆ । ਰਸਨਾ ਜਿਹਵਾ ਬੱਤੀ ਦੰਦ ਮੰਤਰ ਪੜ੍ਹਨ ਕਲਾਮ, ਦਿਵਸ ਰੈਣ ਧਿਆਨ ਲਗਾਈਆ । ਜੰਗਲ ਜੂਹ ਉਜਾੜ ਪਹਾੜਾਂ ਫਿਰਦੇ ਬੀਆ ਬਾਨ, ਡੂੰਘੀ ਕੰਦਰ ਆਸਣ ਲਾਈਆ । ਅਗਨੀ ਤਪ ਪੂਜਾ ਕਰਦੇ ਪਵਣ ਪਾਣੀ ਮਸਾਣ, ਤਨ ਖ਼ਾਕੀ ਖ਼ਾਕ ਰਮਾਈਆ । ਸਿਲ ਪਾਹਨ ਖੋਜਦੇ ਫਿਰਨ ਭਗਵਾਨ, ਇੱਟਾਂ ਪੱਥਰ ਧਿਆਨ ਲਗਾਈਆ । ਚਾਰੋਂ ਕੁੰਟ ਭੱਜਣ ਅੰਞਾਣ, ਵਿਦਵਾਨ ਨੱਠਣ ਵਾਹੋ ਦਾਹੀਆ । ਪੜ੍ਹ ਪੜ੍ਹ ਥੱਕੀ ਜਗਤ ਜ਼ਬਾਨ, ਜਿਹਵਾ ਆਪਣਾ ਬਲ ਲਗਾਈਆ । ਜਗਤ ਨਿਸ਼ਾਨੇ ਬਣੌਂਦੇ ਗਏ ਸ਼ਾਹ ਸੁਲਤਾਨ, ਮਾਇਆ ਮਮਤਾ ਸੰਗ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਿਨ ਭਗਤਾਂ ਕਿਸੇ ਹੱਥ ਨਾ ਆਇਆ ਰਾਮ, ਨੇਤਰ ਦਰਸ ਕੋਇ ਨਾ ਪਾਈਆ । ਰਾਮ ਲੱਭ ਲੱਭ ਸਾਰੇ ਥੱਕੇ, ਥਕਾਵਟ ਵਿਚ ਲੋਕਾਈਆ । ਪੁਸਤਕ ਪੜ੍ਹ ਪੜ੍ਹ ਸਾਰੇ ਅੱਕੇ, ਰਸਨਾ ਹੋਈ ਹਲਕਾਈਆ । ਪਾਂਧੀ ਬਣ ਬਣ ਫਿਰੇ ਮਦੀਨੇ ਮੱਕੇ, ਸੱਯਦਾ ਕਰ ਕਰ ਸੀਸ ਨਿਵਾਈਆ । ਮੰਦਰ ਮਸਜਿਦ ਸਾਰੇ ਕੀਤੇ ਰੱਟੇ, ਅੰਤਰ ਵੜ ਵੜ ਵੇਖ ਵਖਾਈਆ । ਗੁਰੂਦਵਾਰ ਕਿਸੇ ਨਾ ਲਭੇ, ਉਚੇ ਮੰਦਰ ਦੇਣ ਦੁਹਾਈਆ । ਸਾਰੇ ਵੇਖਣ ਸੱਜੇ ਖੱਬੇ, ਅੱਗੇ ਪਿਛੇ ਧਿਆਨ ਲਗਾਈਆ । ਜਗਤ ਰੀਤੀ ਨਾਲ ਬੱਧੇ, ਸਮਾਜ ਕਰੀ ਕੁੜਮਾਈਆ । ਦਿਵਸ ਰੈਣ ਫਿਰਨ ਭੱਜੇ, ਸੁਖ ਚੈਨ ਨਜ਼ਰ ਨਾ ਆਈਆ ।

ਆਦਿ ਜੁਗਾਦਿ ਜੁਗ ਚੌਕੜੀ ਬਿਨ ਭਗਤਾਂ ਰਾਮ ਕਿਸੇ ਨਾ ਲੱਭੇ, ਸਨਮੁਖ ਹੋ ਕੇ ਦਰਸ ਕੋਏ ਨਾ ਪਾਈਆ । ਲੱਭਦੇ ਫਿਰਦੇ ਅਗੰਮੀ ਰਾਮ, ਅੰਦਰ ਵੜ ਵੜ ਧਿਆਨ ਲਗਾਈਆ । ਭੰਗ ਧਤੂਰਾ ਪੀ ਕੇ ਜਾਮ, ਮਦਿਰਾ ਪਾਨ ਕਰਾਈਆ । ਪੋਸਤ ਭੰਗੀ ਪੀਵਣ ਖਾਣ, ਸੁਰਤੀ ਸੁਰਤ ਭੁਲਾਈਆ । ਨੇਤਰ ਬੰਦ ਕਰ ਕਰਨ ਧਿਆਨ, ਰਸਨਾ ਜਿਹਵਾ ਨਾ ਕੋਏ ਹਿਲਾਈਆ । ਸੁੰਨ ਸਮਾਧੀ ਲਾ ਬਹਿਣ ਅੰਞਾਣ, ਜਗਤ ਪੜਦਾ ਰਹੇ ਪਾਈਆ । ਮਸਲਾ ਪੜ੍ਹ ਪੜ੍ਹ ਅੰਜੀਲ ਕੁਰਾਨ, ਅਸਲਾ ਸਚ ਨਾ ਕੋਇ ਸਮਝਾਈਆ । ਇਸ਼ਟ ਦੇਵ ਲੱਭਦੇ ਫਿਰਨ ਅਮਾਮ, ਈਮਾਨ ਆਪਣਾ ਇਕ ਬਣਾਈਆ । ਧੁਰ ਸੰਦੇਸੇ ਸੁਣਦੇ ਰਹੇ ਪੈਗ਼ਾਮ, ਅੰਦੇਸ਼ਾ ਸਕੇ ਨਾ ਕੋਇ ਚੁਕਾਈਆ । ਨਿਤ ਨਵਿਤ ਬਿਨ ਭਗਤਾਂ ਕਿਸੇ ਨਾ ਮਿਲਿਆ ਰਾਮ, ਘਰ ਸੱਜਣ ਮੇਲ ਨਾ ਕੋਇ ਮਿਲਾਈਆ । ਲੱਭਦੇ ਫਿਰਦੇ ਰਾਮ ਅਬਿਨਾਸ਼ੀ, ਚਾਰੋਂ ਕੁੰਟ ਧਿਆਨ ਲਗਾਈਆ । ਕੋਏ ਨਾ ਬਣੇ ਸੱਚੀ ਦਾਸੀ, ਸੇਵਾ ਹੱਕ ਨਾ ਕੋਇ ਕਮਾਈਆ । ਪੰਡਤ ਪੜ੍ਹ ਪੜ੍ਹ ਥੱਕੇ ਕਾਸ਼ੀ, ਵਿਦਿਆ ਨਾਲ ਵਡਿਆਈਆ । ਮੁੱਲਾ ਮਸਾਇਕ ਸ਼ੇਖ਼ ਕਹਿਣ ਅੰਜੀਲ ਕੁਰਾਸ਼ੀ, ਕੁਰਾਨ ਕੁਤਬ ਦਏ ਬਣਾਈਆ । ਗ੍ਰੰਥੀ ਕਹਿਣ ਰਸਨਾ ਜਿਹਵਾ ਪੜ੍ਹਿਆਂ ਬੰਦ ਖ਼ੁਲਾਸੀ, ਬੰਦੀ ਖ਼ਾਨਾ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਕੋਈ ਨਾ ਮੇਟੇ ਉਦਾਸੀ, ਸਾਂਤਕ ਸਤਿ ਨਾ ਕੋਏ ਵਖਾਈਆ । ਰਾਏ ਧਰਮ ਕੱਟੇ ਕੋਏ ਨਾ ਫਾਸੀ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਸਾਚੇ ਮੰਡਲ ਨਜ਼ਰ ਨਾ ਆਏ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਨਾ ਕੋਏ ਨਚਾਈਆ । ਮਾਇਆ ਮਮਤਾ ਹਉਮੇ ਹੰਗਤਾ ਸਾਧਾਂ ਸੰਤਾਂ ਨਾਤਾ ਬਣਿਆ ਮਾਮੀ ਫੁੱਫੀ ਮਾਸੀ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਪੜਦੇ ਓਹਲੇ ਲੱਭਦੇ ਫਿਰਦੇ ਉਪਰ ਆਕਾਸ਼ੀ, ਆਕਾਸ਼ਾਂ ਵਾਲਾ ਸਮਝ ਕਿਸੇ ਨਾ ਆਈਆ । ਸੰਞ ਸਵੇਰੇ ਦਿਵਸ ਰਾਤੀ ਠੱਗੀ ਚੋਰੀ ਜਗਤ ਕਰਨ ਬਦਮਾਸ਼ੀ, ਬਦੀ ਵਿਚੋਂ ਨੇਕੀ ਰੂਪ ਨਾ ਕੋਏ ਬਦਲਾਈਆ । ਬਿਨ ਹਰਿ ਭਗਤਾਂ ਧੁਰ ਦਾ ਰਾਮ ਕਿਸੇ ਨਾ ਬਣਿਆ ਸਾਥੀ, ਸਗਲਾ ਸੰਗ ਨਾ ਕੋਏ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਸਾਚੀ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਸੱਚਾ ਰਾਮ ਲੱਭਦੇ ਜੰਗਲ ਜੂਹ, ਉਜਾੜ ਪਹਾੜਾਂ ਫੇਰਾ ਪਾਈਆ । ਪੁੱਠੇ ਲਟਕੇ ਵਿਚ ਵੈਰਾਨੀ ਖੂਹ, ਆਪਣਾ ਆਪ ਮਿਟਾਈਆ । ਪਾਕ ਕਰਦੇ ਬੁੱਤ ਰੂਹ, ਰਹਿਮਤ ਇਕ ਤਕਾਈਆ । ਨਾਅਰਾ ਸੁਣਦੇ ਹੱਕ ਹੂ, ਹਕੀਕਤ ਖੋਜ ਖੋਜਾਈਆ । ਨੇਤਰ ਰੋਂਦੇ ਬਾਲ ਧ੍ਰੂ, ਬੈਠੇ ਧਿਆਨ ਲਗਾਈਆ । ਨਾਦ ਵਜੌਂਦੇ ਤੂੰਹੀ ਤੂੰ, ਸੂਫ਼ੀ ਰਾਗ ਅਲਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਚੇ ਭਗਤਾਂ ਉਜਲ ਕਰਕੇ ਮੁਖ ਮੂੰਹ, ਮੁਹੱਬਤ ਆਪਣੇ ਨਾਲ ਰਖਾਈਆ । ਸੱਚਾ ਰਾਮ ਹਰਿਜਨ ਸਾਚੇ ਤੇਰੀ ਕੱਢੇ ਆਪੇ ਸੂਹ, ਖੋਜੀ ਹੋ ਕੇ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੱਚਾ ਰਾਮ ਕਹੇ ਮੈਂ ਲੱਭਿਆਂ ਕਿਸੇ ਨਾ ਲੱਭਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਲੇਖਾ ਜਾਣਾਂ ਲੱਖ ਚੁਰਾਸੀ ਜੀਵ ਜੰਤ ਸਭ ਦਾ, ਭੁੱਲਿਆ ਰਹਿਣ ਕੋਏ ਨਾ ਪਾਈਆ । ਜਿਸ ਵੇਲੇ ਮੇਰਾ ਨਾਮ ਜਗਤ ਜੀਵ ਜਹਾਨ ਭੁੱਲਦਾ, ਹਉਮੇ ਗੜ੍ਹ ਬਣਾਈਆ । ਓਸ ਵੇਲੇ ਮੈਨੂੰ ਚੇਤਾ ਆਵੇ ਆਪਣੀ ਕੁਲ ਦਾ, ਜਿਸ ਕੁਲ ਵਿਚੋਂ ਭਗਤ ਲਵਾਂ ਪਰਗਟਾਈਆ । ਓਥੇ ਲੇਖ ਨਹੀਂ ਕੋਈ ਕੀਮਤ ਮੁੱਲ ਦਾ, ਪੈਸਾ ਟਕਾ ਨਾ ਕੋਏ ਵਡਿਆਈਆ । ਆਪਣੇ ਤੋਲ ਤਰਾਜ਼ੂ ਸਾਚੇ ਤੁਲਦਾ, ਨਾਮ ਕੰਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ

੧੦

ਸਹਾਈਆ । ਰਾਮ ਕਹੇ ਮੈਂ ਸੱਚਾ ਖੋਜੀ, ਜੁਗ ਜੁਗ ਵੇਖ ਵਖਾਇੰਦਾ । ਸਦਾ ਸਦਾ ਮੈਂ ਪ੍ਰੀਤਮ ਚੋਜੀ, ਸੋਹਣੇ ਚੋਜ ਕਰਾਇੰਦਾ । ਬਿਨ ਮੇਰੀ ਕਿਰਪਾ ਮੇਰੀ ਕਿਸੇ ਨਾ ਆਵੇ ਸੋਝੀ, ਸੋਚ ਸਮਝ ਸਭ ਦੀ ਆਪ ਭੁਲਾਇੰਦਾ । ਮੈਨੂੰ ਕੋਈ ਨਾ ਜਾਣੇ ਗਿਆਨੀ ਬੋਧੀ, ਗਿਆਨਵਾਨਾਂ ਮੁਖ ਭਵਾਇੰਦਾ । ਮੈਨੂੰ ਜਾਣੇ ਉਹ ਜੋ ਮੇਰੇ ਪ੍ਰੇਮ ਦਾ ਰੋਗੀ, ਜਿਸ ਦੇ ਅੰਦਰ ਬਿਰਹੋਂ ਦਰਦ ਵਖਾਇੰਦਾ । ਉਹ ਜਗਤ ਬਾਹਰ ਦਾ ਬਣ ਵਜੋਗੀ, ਭਗਤ ਪਿਆਰ ਵਧਾਇੰਦਾ । ਮੈਂ ਉਸ ਦਾ ਧੁਰ ਸੰਜੋਗੀ, ਜੁਗ ਵਿਛੜੇ ਮੇਲ ਮਿਲਾਇੰਦਾ । ਬੇਸ਼ਕ ਲੱਭਦੇ ਕੋਟਨ ਕੋਟੀ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਗੁਰਮੁਖੋ ਵੇਖੋ ਚੜ੍ਹਕੇ ਬੈਠਾ ਚੋਟੀ, ਦਿਵਸ ਰੈਣ ਸੋਭਾ ਪਾਇੰਦਾ । ਜਗਤ ਵਾਸਨਾ ਕੱਢ ਕੇ ਖੋਟੀ, ਅੰਤਰ ਆਤਮ ਸੋਹਲਾ ਸੋਹੰ ਸੋ ਸਮਝਾਇੰਦਾ । ਏਹੋ ਮੇਰੀ ਅਗੰਮੀ ਜੋਤੀ, ਜੋਤਾਂ ਵਿਚੋਂ ਜੋਤ ਗੁਰਮੁਖ ਡਗਮਗਾਇੰਦਾ । ਰਾਮ ਭੁੱਖਾ ਨਹੀਂ ਕਿਸੇ ਦਾਲ ਰੋਟੀ, ਦੇਵਣਹਾਰਾ ਸਰਬ ਅਖਵਾਇੰਦਾ । ਉਸ ਦੀ ਪ੍ਰੀਤ ਸਭ ਤੋਂ ਉੱਤਮ ਸਭ ਤੋਂ ਬਹੁਤੀ, ਸਭ ਤੋਂ ਚੰਗੀ ਆਪ ਸਮਝਾਇੰਦਾ । ਗੁਰਮੁਖ ਸੁਰਤੀ ਰਹੇ ਨਾ ਸੋਤੀ, ਜਿਸ ਸੋਈ ਕਰ ਕਿਰਪਾ ਆਪ ਉਠਾਇੰਦਾ । ਸੱਚਾ ਰਾਮ ਜਨ ਭਗਤ ਬਣਾਏ ਮਾਣਕ ਮੋਤੀ, ਲਾਲ ਜਵਾਹਰ ਇਕੋ ਰੰਗ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਿਨ੍ਹਾਂ ਅੰਦਰੋਂ ਮੈਲ ਧੋਤੀ, ਤਿਨ੍ਹਾਂ ਬਾਹਰੋਂ ਨਜ਼ਰੀ ਆਇੰਦਾ ।



## ✪ ੨੧ ਜੇਠ ੨੦੨੧ ਬਿਕ੍ਰਮੀ ਦੌਲਤ ਸਿੰਘ, ਗਿਆਨ ਸਿੰਘ, ਮਾਈ ਸ਼ਾਹਣੀ ਦੇ ਗ੍ਰਹਿ ਨਵਾਂ ਚੱਕ ✪

ਸਚ ਸਰਨ ਦੇਵੇ ਪ੍ਰਭ ਬਾਲਕ, ਬਚਪਨ ਆਪਣੇ ਲੇਖੇ ਲਾਇੰਦਾ । ਜਨਮ ਕਰਮ ਦਾ ਬਣ ਪ੍ਰਿਤਪਾਲਕ, ਘਰ ਸਾਚੀ ਸੇਵ ਕਮਾਇੰਦਾ । ਕਰਮ ਕਰਮ ਦਾ ਮੇਟ ਕੇ ਆਲਸ, ਨਿੰਦਰਾ ਮੋਹ ਗਵਾਇੰਦਾ । ਆਤਮ ਵਿਚੋਂ ਕੱਢ ਕੇ ਖ਼ਾਲਸ, ਆਪਣੇ ਰੰਗ ਰੰਗਾਇੰਦਾ । ਏਥੇ ਓਥੇ ਬਣ ਕੇ ਸਾਲਸ, ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸੱਚੀ ਸਰਨ ਸਮਝਾਇੰਦਾ । ਸਰਨ ਪੜੇ ਜਨ ਲੋਕਮਾਤ, ਦੇਵੇ ਮਾਣ ਵਡਿਆਈਆ । ਅੱਗੇ ਜਾ ਕੇ ਪੁਛੇ ਵਾਤ, ਸਚਖੰਡ ਨਿਵਾਸੀ ਬੇਪਰਵਾਹੀਆ । ਸਚ ਪ੍ਰੀਤੀ ਬੰਧੇ ਨਾਤ, ਬਖ਼ਸ਼ੇ ਧੁਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਚੀ ਸਰਨ ਮੰਗਦੇ ਗੁਰ ਅਵਤਾਰ, ਪ੍ਰਭ ਅੱਗੇ ਸੀਸ ਨਿਵਾਈਆ । ਸਾਚੀ ਸਰਨ ਭਗਤ ਭੰਡਾਰ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਸਾਚੀ ਸਰਨ ਸਦਾ ਰਹੇ ਜੁਗ ਚਾਰ, ਨਿਤ ਨਵਿਤ ਦੇਵਣਹਾਰਾ ਵੇਸ ਵਟਾਈਆ । ਸਾਚੀ ਸਰਨ ਗੁਰਮੁਖ ਵਿਰਲੇ ਲੱਖ ਚੁਰਾਸੀ ਵਿਚੋਂ ਕਰੇ ਪਾਰ, ਮੰਝਧਾਰ ਨਾ ਕੋਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਚ ਸਰਨ ਦੀ ਸਦਾ ਲੋੜ, ਪਤਿਪਰਮੇਸ਼ਵਰ ਖੇਲ ਬਣਾਈਆ । ਆਤਮ ਪਰਮਾਤਮ ਮੇਲਾ ਲਏ ਜੋੜ, ਧੁਰ ਸੰਜੋਗੀ ਰੂਪ ਵਟਾਈਆ । ਸੰਤ ਸੁਹੇਲਾ ਜਾਏ ਬੌਹੜ, ਗੁਰ ਚੇਲਾ ਵੇਖ ਵਖਾਈਆ । ਜਨਮ ਜਨਮ ਦੀ ਲੱਗੀ ਔੜ, ਦੇ ਦਰਸ ਤ੍ਰਿਸ਼ਨਾ ਭੁੱਖ ਗਵਾਈਆ । ਸਦਾ ਸੁਹੇਲਾ ਹੋ ਕੇ ਵਸੇ ਕੋਲ, ਅੰਦਰੇ ਅੰਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਖੇ ਅਡੋਲ, ਧੀਰਜ ਧਰਵਾਸ ਇਕ ਸਮਝਾਈਆ । ਸਰਨ ਪੜੇ ਦੀ ਰੱਖੇ ਲਜਿਆ, ਸ਼ਾਸਤਰ

ਸਿਮਰਤ ਵੇਦ ਪੁਰਾਨ ਗਏ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫਿਰੇ ਭੱਜਿਆ, ਨਿਰਗੁਣ ਨਿਰਵੈਰ ਫੇਰਾ ਪਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਸਮਰਥ ਹੋ ਕੇ ਸਿਰ ਹੱਥ ਰੱਖਿਆ, ਮਹਿਮਾ ਅਕਥ ਆਪ ਸਮਝਾਈਆ । ਕਵਲ ਨਾਭੀ ਅੰਮ੍ਰਿਤ ਰਸ ਅਗੰਮੀ ਧਾਰਾ ਵਸਿਆ, ਨਿਝਰ ਝਿਰਨਾ ਆਪ ਝਿਰਾਈਆ । ਕੂੜ ਵਿਕਾਰਾ ਹਉਮੇ ਹੰਕਾਰਾ ਗੜ੍ਹ ਢਠਿਆ, ਨਾਤਾ ਤੁਟਾ ਜਗਤ ਲੋਕਾਈਆ । ਸਤਿਗੁਰ ਸੱਜਣ ਆ ਕੇ ਪੁਛਿਆ, ਅੰਦਰੇ ਅੰਦਰ ਪੜਦਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਵਖਾਈਆ । ਸਰਨ ਪਏ ਪ੍ਰਭ ਠਾਕਰ ਏਕ, ਏਕੰਕਾਰ ਦਏ ਵਡਿਆਈਆ । ਜਨਮ ਜਨਮ ਦੀ ਸਾਚੀ ਟੇਕ, ਕਰਮ ਕਰਮ ਦਾ ਰੋਗ ਗਵਾਈਆ । ਬੁੱਧੀ ਕਰੇ ਆਪ ਬਿਬੇਕ, ਮਨ ਮਤ ਰਹਿਣ ਨਾ ਪਾਈਆ । ਤ੍ਰੈਗੁਣ ਤਤ ਨਾ ਮਾਇਆ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਅਗਲਾ ਪਿਛਲਾ ਵੇਖਣਹਾਰਾ ਲੇਖ, ਮਸਤਕ ਰੇਖ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਸਰਨ ਪਏ ਪ੍ਰਭ ਸਾਚੇ ਠਾਕਰ, ਜੋ ਆਦਿ ਜੁਗਾਦੀ ਬਣਤ ਬਣਾਇੰਦਾ । ਪਾਰ ਕਰਾਏ ਡੂੰਘੇ ਸਾਗਰ, ਨਈਆ ਨੌਕਾ ਨਾਮ ਚੜ੍ਹਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਆਦਰ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤਕ ਟਿੱਕਾ ਇਕ ਲਗਾਇੰਦਾ । ਸਰਨ ਪੜੇ ਪ੍ਰਭ ਬਖ਼ਸ਼ੇ ਚਰਨ ਧੂੜ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਸੁਘੜ ਬਣਾਏ ਮੂਰਖ ਮੂੜ੍ਹ, ਚਤਰ ਰੂਪ ਆਪ ਵਖਾਈਆ । ਨਾਤਾ ਤੋੜ ਕੂੜੇ ਕੂੜ, ਸਚ ਸਮਗਰੀ ਇਕ ਸਮਝਾਈਆ । ਸ਼ਬਦ ਗਿਆਨ ਦੇ ਅਗੰਮੀ ਨੂਰ, ਕਰ ਜ਼ਹੂਰ ਕਰੇ ਰੁਸ਼ਨਾਈਆ । ਸਾਚਾ ਤਾਲ ਵਜਾਵੇ ਤੂਰ, ਤੁਰਤ ਆਪਣਾ ਰਾਗ ਅਲਾਈਆ । ਨਾਮ ਭੰਡਾਰਾ ਕਰ ਭਰਪੂਰ, ਪਿਛਲਾ ਲੇਖਾ ਦਏ ਚੁਕਾਈਆ । ਪੰਜ ਤਤ ਦਾ ਕਰੇ ਮੁਆਫ਼ ਕਸੂਰ, ਹਜ਼ੂਰ ਹੋ ਕੇ ਵੇਖ ਵਖਾਈਆ । ਪਾਰ ਉਤਾਰਨਹਾਰਾ ਬੇੜਾ ਪੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰਮੁਖ ਵੇਖੋ ਪੂਰ ਤਰਦਾ, ਤਾਰਨਹਾਰ ਦਇਆ ਕਮਾਇੰਦਾ । ਸਚ ਸਰਨਾਈ ਜੋ ਜਨ ਪੜਦਾ, ਪੜਦਾ ਓਹਲਾ ਆਪ ਚੁਕਾਇੰਦਾ । ਜਗਤ ਜਹਾਨ ਵਿਚੋਂ ਕਦੇ ਨਾ ਮਰਦਾ, ਨਾਮ ਰੋਸ਼ਨ ਸਚ ਮੁਨਾਰਾ ਆਪ ਵਖਾਇੰਦਾ । ਮੰਜ਼ਲ ਅਗੰਮੀ ਪੌੜੇ ਚੜ੍ਹਦਾ, ਜਿਸ ਦਾ ਰਾਹ ਨਜ਼ਰ ਕਿਸੇ ਨਾ ਆਇੰਦਾ । ਸਤਿਗੁਰੂ ਦਵਾਰੇ ਖੜ੍ਹਦਾ, ਦੋਏ ਜੋੜ ਬੰਦਨਾ ਨਿਉਂ ਨਿਉਂ ਸੀਸ ਨਿਵਾਇੰਦਾ । ਓਥੇ ਤੂੰਹੀ ਤੂੰ ਢੋਲਾ ਪੜ੍ਹਦਾ, ਮੈਂ ਮਮਤਾ ਮੋਹ ਚੁਕਾਇੰਦਾ । ਕ੍ਰਿਪਾਲ ਹੋ ਕੇ ਪ੍ਰਭ ਆਪਣੀ ਕਿਰਪਾ ਕਰਦਾ, ਕ੍ਰਿਪਨ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਰਨ ਪੜ੍ਹ ਕੀਤਾ ਧਿਆਨ, ਅੰਤਰ ਬੂਝ ਬੁਝਾਈਆ । ਪਰਮ ਪੁਰਖ ਪ੍ਰਭ ਮਿਲੇ ਆਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਦਵਾਰੇ ਜਿਸ ਦਾ ਮਕਾਨ, ਸਚਖੰਡ ਬੈਠਾ ਡੇਰਾ ਲਾਈਆ । ਹੁਕਮੇ ਅੰਦਰ ਜ਼ਿਮੀਂ ਅਸਮਾਨ, ਮੰਡਲ ਮੰਡਪ ਸੋਭਾ ਪਾਈਆ । ਹੁਕਮੇ ਅੰਦਰ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਰੰਗ ਰੰਗਾਈਆ । ਹੁਕਮੇ ਅੰਦਰ ਆਵਣ ਜਾਣ, ਲੱਖ ਚੁਰਾਸੀ ਗੇੜ ਭੁਆਈਆ । ਹੁਕਮੇ ਅੰਦਰ ਭਗਤਾਂ ਦੇਵੇ ਦਾਨ, ਭਗਵਨ ਪ੍ਰੇਮ ਪ੍ਰੀਤੀ ਝੋਲੀ ਪਾਈਆ । ਹੁਕਮੇ ਅੰਦਰ ਸਖ਼ੀਆਂ ਮਿਲੇ ਕਾਹਨ, ਨਾਮ ਬੰਸਰੀ ਇਕ ਸੁਣਾਈਆ । ਹੁਕਮੇ ਅੰਦਰ ਹੋਵੇ ਜਾਣੀ ਜਾਣ, ਹਰ ਘਟ ਵੇਖੇ ਥਾਉਂ ਥਾਈਆ । ਹੁਕਮੇ ਅੰਦਰ ਮਾਰੇ ਬਾਣ, ਅਣਿਆਲਾ ਤੀਰ ਚਲਾਈਆ । ਹੁਕਮੇ ਅੰਦਰ

ਖੇਲ ਕਰ ਭਗਵਾਨ, ਭਗਵਨ ਭਗਤਾਂ ਹੋਏ ਸਹਾਈਆ । ਹੁਕਮੇ ਅੰਦਰ ਲੇਖੇ ਲਾਏ ਬਾਲ ਅੰਞਾਣ, ਬੁਧ ਬਿਬੇਕੀ ਰੂਪ ਵਟਾਈਆ । ਹੁਕਮੇ ਅੰਦਰ ਕਰੇ ਪਹਿਚਾਨ, ਪੂਰਬ ਜਨਮਾਂ ਖੋਜ ਖੋਜਾਈਆ । ਹੁਕਮੇ ਅੰਦਰ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋ ਜਨ ਸਰਨ ਡਿੱਗੇ ਆਣ, ਤਿਨ੍ਹਾਂ ਸੰਸਾ ਰੋਗ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਨ ਆਤਮਕ ਰਾਗ ਅਲਾਈਆ । ਸਰਨ ਪੜ੍ਹੇ ਪ੍ਰਭ ਪੁਕਾਰ ਸੁਣੀ, ਦੀਨ ਦਿਆਲ ਦਇਆ ਕਮਾਇੰਦਾ । ਜਗਤ ਵਿਦਿਆ ਕੋਈ ਨਾ ਜਾਣੇ ਵੱਡਾ ਗੁਣੀ, ਧਿਆਨ ਵਿਚ ਧਿਆਨ ਨਾ ਕੋਏ ਰਖਾਇੰਦਾ । ਜਿਸ ਦਰਸ ਨੂੰ ਲੱਭਦੇ ਕੋਟਨ ਕੋਟ ਰਿਖੀ ਮੁਨੀ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਸੋ ਸਾਹਿਬ ਸਤਿਗੁਰ ਪੁਰਖ ਅਕਾਲ, ਜਨ ਭਗਤਾਂ ਸੁਣ ਕੇ ਆਤਮ ਧੁਨੀ, ਦੂਰ ਦੁਰਾਡਾ ਨੇੜੇ ਨੇਰਨ ਹੋ ਕੇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਮੰਜ਼ਲ ਪੌੜੇ ਆਪ ਚੜ੍ਹਾਇੰਦਾ ।

## ✪ ੨੧ ਜੇਠ ੨੦੨੧ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹ ਮਲਕ ਕੈਂਪ ✪

ਜੁਗ ਜੁਗ ਪ੍ਰਭ ਕਿਰਪਾ ਕਰਦਾ ਆਪ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਲੱਖ ਚੁਰਾਸੀ ਥਾਪਣ ਥਾਪ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸਾਚੀ ਜੋਤ ਕਰ ਪਰਕਾਸ਼, ਘਟ ਘਟ ਦੀਆ ਬਾਤੀ ਡਗਮਗਾਇੰਦਾ । ਸ਼ਬਦ ਅਨਾਦੀ ਦੇ ਜਾਪ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਪਰਮਾਤਮ ਬੰਨ੍ਹ ਕੇ ਨਾਤ, ਧੁਰ ਦਾ ਨਾਤਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਹੋ ਕੇ ਸਾਥ, ਸਗਲਾ ਸੰਗ ਨਿਭਾਇੰਦਾ । ਰੂਹ ਬੁੱਤ ਕਰ ਕੇ ਪਾਕ, ਮਨ ਵਾਸਨਾ ਮੇਟ ਮਿਟਾਇੰਦਾ । ਬੁਧ ਬਿਬੇਕੀ ਦੇ ਕੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਜਗਤ ਅੰਧੇਰੀ ਮੇਟ ਰਾਤ, ਸੱਚਾ ਚੰਦ ਨੂਰ ਰੁਸ਼ਨਾਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਸਿਰ ਸਿਰ ਆਪਣਾ ਰੰਗ ਰੰਗਾਇੰਦਾ । ਨਿਤ ਨਵਿਤ ਸਾਚੀ ਗਾਥ, ਸੋਹਣਾ ਰਾਗ ਸੁਣਾਇੰਦਾ । ਵੇਖ ਵਖਾਏ ਲਹਿਣਾ ਮਸਤਕ ਮਾਥ, ਪੂਰਬ ਕਰਮਾਂ ਖੋਜ ਖੋਜਾਇੰਦਾ । ਭੇਵ ਚੁਕਾਏ ਸਾਚੇ ਹਾਟ, ਮੰਦਰ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਜੁਗ ਚੌਕੜੀ ਦੇਵੇ ਨਾਮ, ਹਰਿ ਕਰਤਾ ਸਿਫ਼ਤ ਸਾਲਾਹੀਆ । ਭੇਵ ਖੁਲ੍ਹਾਏ ਨਿਰਗੁਣ ਰਾਮ, ਸਰਗੁਣ ਕਰੇ ਪੜ੍ਹਾਈਆ । ਅੰਮ੍ਰਿਤ ਪਿਆਏ ਠਾਂਡਾ ਜਾਮ, ਝਿਰਨਾ ਇਕ ਝਿਰਾਈਆ । ਭਾਗ ਲਗਾਏ ਕਾਇਆ ਗਰਾਮ, ਨਗਰ ਖੇੜਾ ਇਕ ਵਸਾਈਆ । ਸਚ ਸੰਦੇਸਾ ਦਏ ਪੈਗ਼ਾਮ, ਧੁਰ ਦੀ ਧਾਰ ਜਣਾਈਆ । ਕੂੜੀ ਕਿਰਿਆ ਕੱਢੇ ਮੁਕਾਣ, ਸਚ ਸੁੱਚ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਈਆ । ਜੁਗ ਚੌਕੜੀ ਨਾਮ ਅਪਾਰ, ਹਰਿ ਕਰਤਾ ਆਪ ਵਰਤਾਇੰਦਾ । ਸੇਵਾ ਲਾ ਗੁਰੂ ਅਵਤਾਰ, ਧੁਰ ਦੀ ਸਿਖਿਆ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਆਇਆ ਵਾਰੋ ਵਾਰ, ਨਿਤ ਨਵਿਤ ਵੇਸ ਵਟਾਇੰਦਾ । ਕਾਗ਼ਜ਼ ਕਲਮ ਬਣ ਲਿਖਾਰ, ਸ਼ਾਹੀ ਧੁਰ ਦਾ ਰੰਗ ਚੜ੍ਹਾਇੰਦਾ । ਰਸਨਾ ਜਿਹਵਾ ਬੋਲ ਜੈਕਾਰ, ਸਿਫ਼ਤੀ ਢੋਲਾ ਰਾਗ ਅਲਾਇੰਦਾ । ਨਾਦਾਂ ਵਿਚ ਕਰ ਸ਼ੁਮਾਰ, ਬ੍ਰਹਿਮਾਦਾਂ ਵਿਚ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚਾ ਨਾਮ ਲੋਕਮਾਤ, ਹਰਿ ਕਰਤਾ ਆਪ ਪਰਗਟਾਈਆ । ਆਦਿ ਜੁਗਾਦਿ ਸਾਚੀ ਦਾਤ, ਅਗੰਮ ਅਥਾਹ ਵਰਤਾਈਆ । ਨਿਰਗੁਣ ਸਰਗੁਣ ਦਏ ਨਜਾਤ, ਹੋਵੇ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਮ ਕਹੇ ਮੈਂ ਧੁਰ ਦਾ ਮਿਤ, ਪ੍ਰਭ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਆਵਾਂ ਨਿਤ, ਰੂਪ ਅਨੂਪ ਧਰਾਈਆ । ਗੁਰ ਅਵਤਾਰੀ ਮੇਰਾ ਹਿਤ, ਪ੍ਰੀਤੀ ਪ੍ਰੇਮ ਵਧਾਈਆ । ਘਟ ਸਵਾਮੀ ਹੋ ਕੇ ਵਸਾਂ ਚਿਤ, ਗ੍ਰਿਹ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਨਾਮ ਕਹੇ ਮੇਰੀ ਬਣਤ ਅਵੱਲੀ, ਸੋ ਪੁਰਖ ਨਿਰੰਜਣ ਆਪ ਬਣਾਈਆ । ਮੈਂ ਹੋਕਾ ਦੇਵਾਂ ਗਲੀਓ ਗਲੀ, ਲੱਖ ਚੁਰਾਸੀ ਕਾਇਆ ਅੰਦਰ ਵੜ ਵੜ ਆਪ ਸੁਣਾਈਆ । ਸਾਚੀ ਸੇਜਾ ਸਦਾ ਸਦ ਇਕੋ ਮੱਲੀ, ਘਰ ਬੈਠਾ ਡੇਰਾ ਲਾਈਆ । ਬਣਿਆ ਰਹਾਂ ਵਲੀ ਛਲੀ, ਅਛਲ ਛਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਰਚਾਈਆ । ਨਾਮ ਕਹੇ ਮੈਂ ਜੁਗ ਜੁਗ ਚੇਲਾ, ਪੁਰਖ ਅਕਾਲ ਦਿਤੀ ਵਡਿਆਈਆ । ਆਤਮ ਪਰਮਾਤਮ ਕਰ ਕਰ ਮੇਲਾ, ਮਿਲਣੀ ਜਗਦੀਸ ਕਰਾਈਆ । ਗੁਰ ਸਤਿਗੁਰ ਸੁਹਾਵਾਂ ਸੁਹੰਜਣਾ ਵੇਲਾ, ਸੋਹਣੀ ਖ਼ੁਸ਼ੀ ਮਨਾਈਆ । ਸਦਾ ਵਸਾਂ ਧਾਮ ਨਵੇਲਾ, ਨਜ਼ਰ ਕਿਸੇ ਨਾ ਆਈਆ । ਮਿਤਰਾਂ ਵਿਚੋਂ ਸੱਜਣ ਸੁਹੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਬਣਾਈਆ । ਨਾਮ ਕਹੇ ਮੈਂ ਜੁਗ ਚੌਕੜ, ਚਾਰੋਂ ਕੁੰਟ ਵੇਖ ਵਖਾਇੰਦਾ । ਬਿਨ ਮੇਰੇ ਲੱਖ ਚੁਰਾਸੀ ਜਾਏ ਔਤਰ, ਸਾਚੀ ਰੀਤ ਨਾ ਕੋਏ ਬੰਧਾਇੰਦਾ । ਮੈਂ ਸਦਾ ਸਦਾ ਸਦ ਕੱਟਣਹਾਰਾ ਔਕੜ, ਦੁਖੀਆਂ ਦਰਦ ਦਰਦ ਵੰਡਾਇੰਦਾ । ਮੇਰਾ ਲੇਖ ਲਿਖੇ ਨਾ ਕੋਈ ਦੁਲਾਈ ਔਕੜ, ਹੋੜਾ ਹੋਕਾ ਦੇ ਕੇ ਸਰਬ ਸੁਣਾਇੰਦਾ । ਕੋਟਨ ਕੋਟਾਂ ਵਿਚੋਂ ਜਨ ਭਗਤ ਮੇਰੇ ਪਿਆਰ ਤਕ ਪਹੁੰਚਣ, ਬਾਕੀ ਪ੍ਰੇਮ ਨਾ ਕੋਏ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਵੰਡ ਵੰਡਾਇੰਦਾ । ਨਾਮ ਕਹੇ ਮੇਰੀ ਸੋਹਣੀ ਵੰਡ, ਹਰਿ ਕਰਤੇ ਆਪ ਬਣਾਈਆ । ਲੇਖ ਚੁਕਾ ਬ੍ਰਹਿਮੰਡ ਖੰਡ, ਪੁਰੀ ਲੋਅ ਅੰਗ ਨਾ ਕੋਏ ਲਗਾਈਆ । ਧੋਖਾ ਦੇ ਕੇ ਜੇਰਜ ਅੰਡ, ਉਤਭੁਜ ਸੇਤਜ ਆਪਣੀ ਕਾਰ ਕਮਾਈਆ । ਗੁਰ ਅਵਤਾਰ ਸੁਣਾ ਕੇ ਛੰਦ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਕੇ ਕਲਮ ਬੰਦ, ਰਾਗਾਂ ਨਾਦਾਂ ਵਿਚ ਗਾਈਆ । ਮੇਰਾ ਅਗਲਾ ਪਿਛਲਾ ਕਿਸੇ ਨਾ ਜਾਤਾ ਪੰਧ, ਪੈਂਡਾ ਸਕੇ ਨਾ ਕੋਇ ਮੁਕਾਈਆ । ਮੇਰਾ ਸਚ ਸਤਿ ਨਾ ਸਮਝੇ ਕੋਈ ਅਨੰਦ, ਅਨੰਦ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਪ੍ਰਭੂ ਬਖ਼ਸ਼ੰਦ, ਬਖ਼ਸ਼ਿਸ਼ ਮੇਰੀ ਝੋਲੀ ਪਾਈਆ । ਮੈਂ ਦੀਨ ਦਿਆਲ ਹੋ ਕੇ ਜੁਗ ਚੌਕੜੀ ਪਿਛੋਂ ਜਨ ਭਗਤਾਂ ਦੇਵਾਂ ਵੰਡ, ਆਪਣਾ ਹਿੱਸਾ ਥੋੜ੍ਹਾ ਥੋੜ੍ਹਾ ਵਰਤਾਈਆ । ਓਨ੍ਹਾਂ ਗੁਰਮੁਖਾਂ ਪਏ ਠੰਡ, ਅਗਨੀ ਤਤ ਨਾ ਕੋਇ ਜਲਾਈਆ । ਟੁੱਟੀ ਵਾਸਨਾ ਦੇਵਾਂ ਗੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਵਖਾਈਆ । ਨਾਮ ਕਹੇ ਮੇਰਾ ਰੂਪ ਸੋਹੰ ਸੋ, ਸੋ ਪੁਰਖ ਨਿਰੰਜਣ ਬਣਤ ਬਣਾਈਆ । ਜਨ ਭਗਤਾਂ ਸੰਗ ਕਰਾਂ ਸਦ ਮੋਹ, ਗੁਰ ਅਵਤਾਰ ਦੇਣ ਗਵਾਹੀਆ । ਧੁਰਦਾ ਲੈ ਕੇ ਢੋਆ ਢੋ, ਵਸਤ ਅਮੋਲਕ ਇਕ ਵਰਤਾਈਆ । ਅੰਮ੍ਰਿਤ ਆਤਮ ਰਸ ਚੋ, ਸਵਾਂਤੀ ਬੂੰਦ ਇਕ ਵਖਾਈਆ । ਕਰ ਪਰਕਾਸ਼ ਅੰਧੇਰੇ ਲੋ, ਸਾਚਾ ਨੂਰ ਕਰਾਂ ਰੁਸ਼ਨਾਈਆ । ਕੂੜੀ ਕਿਰਿਆ ਅੰਤ ਖੋਹ,

ਸ਼ੌਹ ਦਰਿਆਏ ਦਿਆਂ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਸਮਝਾਈਆ । ਨਾਮ ਕਹੇ ਮੇਰਾ ਰੂਪ ਸੋਹੰ ਸੋਊ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਦੂਜਾ ਅਵਰ ਨਾ ਜਾਣੇ ਕੋਊ, ਭੇਵ ਅਭੇਦ ਨਾ ਕੋਏ ਖੁਲ੍ਹਾਇੰਦਾ । ਆਤਮ ਪਰਮਾਤਮ ਮੇਲਾ ਦੋਊ, ਏਕਾ ਧਾਰਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਆਪੇ ਹੋਊ, ਹੋਕਾ ਦੇ ਕੇ ਹਰਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਨਾਮ ਕਹੇ ਮੈਂ ਸੋਹੰ ਸਚ, ਸਚ ਦਿਆਂ ਵਡਿਆਈਆ । ਮੇਲ ਮਿਲਾ ਕੇ ਕਾਇਆ ਮਾਟੀ ਕਚ, ਕਾਚੀ ਗਗਰੀਆ ਸੋਭਾ ਪਾਈਆ । ਸਾਢੇ ਤਿੰਨ ਕਰੋੜ ਅੰਦਰ ਰਚ, ਲੂੰ ਲੂੰ ਕਰਾਂ ਰੁਸ਼ਨਾਈਆ । ਜਗਤ ਵਿਕਾਰ ਕੋਲੋਂ ਬਚ, ਸਾਚਾ ਮੰਦਰ ਦਿਆਂ ਸੁਹਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ, ਉਚ ਮਹੱਲ ਬੈਠਾ ਡੇਰਾ ਲਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਜਨ ਭਗਤ ਲਵਾਂ ਜਗਾਈਆ । ਸਾਚਾ ਮਾਰਗ ਧੁਰ ਦਾ ਦੱਸ, ਕਰਾਂ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਨਾਮ ਕਹੇ ਮੈਂ ਧੁਰ ਦੀ ਕਰਾਂ ਸੇਵਾ, ਸੇਵਕ ਰੂਪ ਵਟਾਈਆ । ਕਿਰਪਾ ਨਿਧਾਨ ਠਾਕਰ ਮੇਰਾ ਅਲਖ ਅਭੇਵਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਰੂਪ ਸੁਹਾਇਆ ਵਡ ਦੇਵੀ ਦੇਵਾ, ਦੇਵ ਆਤਮ ਵੇਖ ਵਖਾਈਆ । ਸੋ ਵਸੇ ਨਿਹਚਲ ਧਾਮ ਸਦਾ ਨਿਹਕੇਵਾ, ਨਿਹਕਰਮੀ ਕਰਮ ਕਾਂਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਨਾਮ ਕਹੇ ਮੇਰੀ ਸਾਚੀ ਸਿਖਿਆ, ਬਿਨ ਭਗਤਾਂ ਸਮਝ ਕਿਸੇ ਨਾ ਆਈਆ । ਸਾਚੇ ਸੰਤਾਂ ਉਤੇ ਕਰ ਕੇ ਰਛਿਆ, ਰਹਿਮਤ ਅਪਣੀ ਇਕ ਕਮਾਈਆ । ਗੁਰਮੁਖਾਂ ਕਾਇਆ ਮੰਦਰ ਅੰਦਰ ਦਿਸਿਆ, ਬਾਹਰ ਖੋਜਣ ਕੋਇ ਨਾ ਜਾਈਆ । ਗੁਰਸਿਖਾਂ ਵੰਡਿਆ ਸਾਚਾ ਹਿੱਸਿਆ, ਘਰ ਮਿਲਿਆ ਬੇਪਰਵਾਹੀਆ । ਲੇਖਾ ਚੁਕਿਆ ਨੌਂ ਰਸ ਫਿਕਿਆ, ਅੰਮ੍ਰਿਤ ਰਸ ਇਕ ਚਖਾਈਆ । ਜਗਤ ਹਟ ਕਿਸੇ ਨਾ ਵਿਕਿਆ, ਚੌਦਾਂ ਲੋਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੋਹਣਾ ਰੰਗ ਵਖਾਈਆ । ਨਾਮ ਕਹੇ ਮੈਂ ਰੰਗ ਰੰਗੀਲਾ, ਰੰਗ ਰਤੜਾ ਇਕ ਅਖਵਾਇੰਦਾ । ਬਿਨ ਮੇਰੇ ਪ੍ਰਭ ਮਿਲਣ ਦਾ ਨਹੀਂ ਵਸੀਲਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਫੜ ਬਾਹੋਂ ਨਾ ਕੋਇ ਮਿਲਾਇੰਦਾ । ਮੈਂ ਆਦਿ ਜੁਗਾਦੀ ਧੁਰ ਦਾ ਬਣਾਂ ਸਚ ਵਕੀਲਾ, ਅਗਲੀ ਪਿਛਲੀ ਮਿਸਲ ਵੇਖ ਵਖਾਇੰਦਾ । ਮੈਂ ਕਿਸੇ ਹੱਥ ਨਾ ਆਵਾਂ ਨਾਲ ਦਲੀਲਾਂ, ਮਨ ਮਤ ਬੁਧ ਬਾਂਹੋ ਫੜ ਕੋਲ ਨਾ ਕੋਇ ਬਹਾਇੰਦਾ । ਮੈਂ ਜੋਬਨ ਵੰਤਾ ਛੈਲ ਛਬੀਲਾ, ਮਰਦ ਮਰਦਾਨਾ ਵੇਸ ਵਟਾਇੰਦਾ । ਮੈਂ ਵਸਾਂ ਉਚ ਅਗੰਮ ਅਥਾਹ ਸਾਚੇ ਟੀਲਾ, ਚੋਟੀ ਪਰਬਤ ਚਰਨਾਂ ਹੇਠ ਦਬਾਇੰਦਾ । ਮੇਰੀ ਸਮਝ ਨਾ ਪਾਏ ਅੰਬਰ ਧਾਰ ਨੀਲਾ, ਪੁਰੀਆਂ ਲੋਆਂ ਬਾਹਰ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚਾ ਇਕ ਸੁਹਾਇੰਦਾ । ਨਾਮ ਕਹੇ ਮੇਰਾ ਖੇਲ ਸੁਹੰਜਣਾ, ਖ਼ਾਲਕ ਖ਼ਲਕ ਰਿਹਾ ਵਖਾਈਆ । ਮੇਰਾ ਮੇਲਾ ਆਦਿ ਨਿਰੰਜਣਾ, ਜੋਤ ਨਿਰੰਜਣ ਡਗਮਗਾਈਆ । ਮੇਰਾ ਦਾਤਾ ਦਰਦ ਦੁੱਖ ਭੈ ਭੰਜਨਾ, ਪਾਰਬ੍ਰਹਮ ਬੇਅੰਤ ਬੇਪਰਵਾਹ ਅਖਵਾਈਆ । ਮੈਂ ਓਸ ਦੀ ਕਿਰਪਾ ਜਨ ਭਗਤਾਂ ਬਣਾਂ ਸੱਜਣਾ, ਲੋਕਮਾਤ ਨਾਤਾ ਜੋੜ ਜੁੜਾਈਆ । ਨੇਤਰ ਪਾਵਾਂ ਆਪਣਾ ਕਜਲਾ, ਨੈਣ ਅੱਖ ਇਕ ਖੁਲ੍ਹਾਈਆ । ਅੰਮ੍ਰਿਤ ਧਾਰ ਕਰਾਵਾਂ ਮਜਨਾ, ਦੁਰਮਤ ਮੈਲ ਧਵਾਈਆ ।


੧੫

ਸਚ ਨਗਾਰਾ ਹੋ ਕੇ ਵੱਜਣਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਨਾਮ ਕਹੇ ਮੈਂ ਸਦਾ ਬੇਅੰਤ, ਬੇਪਰਵਾਹੀ ਵਿਚ ਸਮਾਇੰਦਾ । ਖੇਲਾਂ ਖੇਲ ਜੁਗਾ ਜੁਗੰਤ, ਜੁਗ ਚੌਕੜੀ ਫੇਰਾ ਪਾਇੰਦਾ । ਜਨ ਭਗਤਾਂ ਲੱਭਾਂ ਆਦਿ ਅੰਤ, ਨਿਤ ਨਵਿਤ ਵੇਖ ਵਖਾਇੰਦਾ । ਕਰਾਂ ਪਿਆਰ ਜਿਉਂ ਨਾਰ ਕੰਤ, ਆਤਮ ਸੇਜਾ ਡੇਰਾ ਲਾਇੰਦਾ । ਸਚ ਸੰਦੇਸਾ ਮਣੀਆਂ ਮੰਤ, ਅਨਮੋਲਾ ਰਾਗ ਅਲਾਇੰਦਾ । ਦੇ ਵਡਿਆਈ ਵਿਚ ਜੀਵ ਜੰਤ, ਜਾਗਰਤ ਦਿਸ਼ਾ ਇਕ ਵਖਾਇੰਦਾ । ਮੇਰੀ ਸਮਝ ਨਾ ਪਾਏ ਕੋਈ ਵਿਦਵਾਨੀ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਮੈਨੂੰ ਲੱਭ ਲੱਭ ਥੱਕੇ ਜੇਰਜ ਅੰਡਜ, ਉਤਭੁਜ ਸੇਤਜ ਭਰਮ ਨਾ ਕੋਇ ਮਿਟਾਇੰਦਾ । ਜਦ ਮਿਲਾਂ ਗੁਰਮੁਖਾਂ ਦੀ ਸਾਚੀ ਸੰਗਤ, ਜਿਨ੍ਹਾਂ ਗੁਰਮੁਖਾਂ ਅੰਦਰ ਹਰਿ ਜੂ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਧੁਰ ਦਾ ਸੰਗ ਨਿਭਾਇੰਦਾ । ਨਾਮ ਕਹੇ ਮੈਂ ਸੱਚਾ ਸੰਗੀ, ਸੋ ਪੁਰਖ ਨਿਰੰਜਣ ਰੂਪ ਵਟਾਈਆ । ਹੰ ਬ੍ਰਹਮ ਰੰਗ ਇਕੋ ਰੰਗੀ, ਰੰਗ ਰੱਤਾ ਦਏ ਚੜ੍ਹਾਈਆ । ਮਿਲਿਆ ਮੇਲ ਵਿਚ ਵਰਭੰਡੀ, ਬ੍ਰਹਿਮੰਡੀ ਡੇਰਾ ਢਾਹੀਆ । ਦੋਹਾਂ ਮਿਲਕੇ ਸੋਹੰ ਬਣਿਆ ਛੰਦੀ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਨਾ ਹੋਏ ਜੁਦਾਈਆ । ਏਹੋ ਖੇਲ ਲਗੀ ਚੰਗੀ ਪੁਰਖ ਅਕਾਲ ਜਨ ਭਗਤਾਂ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਖ਼ੁਸ਼ੀ ਵਿਚੋਂ ਧਾਰ ਨਿਕਲੀ ਠੰਡੀ, ਅੰਮ੍ਰਿਤ ਰਸ ਰਹੀ ਚਖਾਈਆ । ਅੰਮ੍ਰਿਤ ਰਸ ਵਿਚੋਂ ਵਾਸਨਾ ਕੋਈ ਨਾ ਆਵੇ ਗੰਦੀ, ਸਚ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਬਣਾਈਆ । ਨਾਮ ਕਹੇ ਮੈਂ ਸਚ ਦੋਸ਼ਾਲਾ, ਜਨ ਭਗਤਾਂ ਓਢਣ ਨਜ਼ਰੀ ਆਈਆ । ਏਥੇ ਓਥੇ ਬਣਾ ਰਖਵਾਲਾ, ਅੱਗੇ ਪਿਛੇ ਸੇਵ ਕਮਾਈਆ । ਨਾਤਾ ਤੋੜ ਕਾਲ ਮਹਾਂਕਾਲਾ, ਦੀਨ ਦਿਆਲ ਦਿਆਂ ਮਿਲਾਈਆ । ਲਹਿਣਾ ਚੁਕਾਵਾਂ ਤ੍ਰੈਗੁਣ ਮਾਇਆ ਜਗਤ ਜੰਜਾਲਾ, ਜੀਵਣ ਜੁਗਤ ਦਿਆਂ ਸਮਝਾਈਆ । ਆਤਮ ਪਰਮਾਤਮ ਅੰਦਰੇ ਅੰਦਰ ਪਾ ਕੇ ਮਾਲਾ, ਮਨ ਕਾ ਮਣਕਾ ਦਿਆਂ ਭਵਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸੋਹੰ ਦੱਸਿਆ ਰਾਹ ਸੁਖਾਲਾ, ਬਿਨ ਪੜ੍ਹਿਆਂ ਪਾਰ ਲੰਘਾਈਆ । ਏਥੇ ਓਥੇ ਲੇਖਾ ਚੁਕੇ ਸ਼ਾਹ ਕੰਗਾਲਾ, ਊਚ ਨੀਚ ਇਕੋ ਰੰਗ ਸਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਦੇਂਦੇ ਰਹੇ ਹਵਾਲਾ, ਸੋ ਅਹਿਵਾਲ ਵੇਖਣ ਆਪੇ ਆਈਆ । ਜਨ ਭਗਤ ਗੁਰਮੁਖ ਗੁਰ ਧਾਰ ਵਿਚੋਂ ਭਾਲਾ, ਸੰਸਾਰ ਵਿਚੋਂ ਖੋਜ ਖੋਜਾਈਆ । ਸਭ ਤੋਂ ਚੰਗਾ ਸਭ ਤੋਂ ਅੱਛਾ ਲੱਖ ਚੁਰਾਸੀ ਨਾਪਣ ਵਾਲਾ ਆਲਾ, ਨਾਮ ਰੂਪ ਵਟਾਈਆ । ਜਿਸ ਦਾ ਜਗਤ ਵਿਦਿਆ ਵਿਚ ਨਾ ਕੋਇ ਨਿਸ਼ਾਨਾ, ਸਮਝ ਸੋਚ ਸਕੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਸਮਝਾਈਆ । ਨਾਮ ਕਹੇ ਮੈਂ ਭਗਤਾਂ ਜੋਗਾ, ਭਗਵਨ ਮੇਰੀ ਬਣਤ ਬਣਾਈਆ । ਸਦ ਵਸਾਂ ਓਹਲੇ ਕਾਇਆ ਚੋਗਾ, ਆਪਣਾ ਮੁਖ ਛੁਪਾਈਆ । ਭਰਮ ਭੁਲੇਖਾ ਦੇ ਕੇ ਸ੍ਰਿਸ਼ਟ ਸਬਾਈ ਲੋਕਾਂ, ਲੁਕਵੀਂ ਖੇਲ ਰਚਾਈਆ । ਜੁਗ ਚੌਕੜੀ ਆਪਣੇ ਹੁਕਮ ਦਾ ਦੇ ਕੇ ਹੋਕਾ, ਕਰਾਂ ਸਤਿ ਪੜ੍ਹਾਈਆ । ਗੁਰਮੁਖਾਂ ਬਖ਼ਸ਼ਿਸ਼ ਕਰਕੇ ਸਾਚਾ ਮੌਕਾ, ਲੱਖ ਚੁਰਾਸੀ ਵਿਚੋਂ ਮੁਖੀਏ ਦੇਵਾਂ ਉਪਜਾਈਆ । ਬੇਸ਼ਕ ਘਟ ਘਟ ਕਹਿੰਦੇ ਜਗਦੀਆਂ ਜੋਤਾਂ, ਬਿਨ ਸਤਿਗੁਰ ਜੋਤ ਹੋਵੇ ਨਾ ਕਿਤੇ ਰੁਸ਼ਨਾਈਆ । ਕਲਜੁਗ ਅੰਤ ਜਨ ਭਗਤਾਂ ਦਿਤਾ ਨਾਮ ਨਿਧਾਨ ਗਿਆਨ ਸਭ ਤੋਂ ਸੌਖਾ, ਸੋਹੰ ਕਰੀ ਸਚ ਪੜ੍ਹਾਈਆ । ਗੁਰਮੁਖਾਂ ਪੈਰ ਚੁੰਮਦੀ ਫਿਰੇ ਮੁਕਤੀ ਮੋਖਾ, ਮੋਕਸ਼ ਬੈਠੀ ਸੀਸ ਨਿਵਾਈਆ ।

ਜਿਨ੍ਹਾਂ ਪਾਰਬ੍ਰਹਮ ਪ੍ਰਭ ਬਖ਼ਸ਼ੀ ਆਪਣੀ ਓਟਾ, ਸ਼ਬਦ ਨਾਮ ਪੱਟੀ ਇਕ ਸਮਝਾਈਆ । ਸੋ ਗੁਰਸਿਖ ਕਦੇ ਨਾ ਹੋਵੇ ਖੋਟਾ, ਖੋਟਿਆਂ ਵਿਚੋਂ ਖਰਾ, ਖਰਿਆਂ ਵਿਚੋਂ ਪਾਰਸ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਗਾਹਬਾਨ ਹੋ ਕੇ ਹਰਿਜਨ ਰਿਹਾ ਤਰਾਈਆ ।

### ੨੧ ਜੇਠ ੨੦੨੧ ਬਿਕ੍ਰਮੀ ਬੀਬੀ ਸ਼ਾਹਣੀ ਦੇ ਗ੍ਰਿਹ ਮਲਕ ਕੈਂਪ

ਨਾਮ ਕਹੇ ਮੇਰਾ ਲੱਭਦੇ ਸਰੂਪ, ਡੂੰਘੀ ਭਵਰ ਧਿਆਨ ਲਗਾਈਆ । ਨਾਮ ਕਹੇ ਮੈਨੂੰ ਲੱਭਦੇ ਕੂਟ, ਉੱਤਰ ਪੂਰਬ ਪੱਛਮ ਦੱਖਣ ਖੋਜ ਖੋਜਾਈਆ । ਨਾਮ ਕਹੇ ਮੇਰੀ ਪ੍ਰੀਤੀ ਅੰਦਰ ਰਹੇ ਝੂਜ, ਆਪਣਾ ਆਪ ਮਿਟਾਈਆ । ਨਾਮ ਕਹੇ ਮੇਰੀ ਬੁੱਧੀ ਨਾਲ ਪਾਉਂਦੇ ਸੂਝ, ਪੜ੍ਹ ਪੜ੍ਹ ਖੋਜ ਖੋਜਾਈਆ । ਨਾਮ ਕਹੇ ਮੇਰੇ ਪਿਛੇ ਮਿਟੌਂਦੇ ਏਕਾ ਦੂਜ, ਦੋਆ ਭੌ ਨਾ ਕੋਏ ਰਖਾਈਆ । ਕਿਸੇ ਹੱਥ ਨਾ ਆਏ ਮੇਰਾ ਸਤਿ ਸਰੂਪ, ਅਨੂਪ ਸਕੇ ਨਾ ਕੋਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਬਣਾਈਆ । ਨਾਮ ਕਹੇ ਮੈਨੂੰ ਕੋਈ ਨਾ ਸਕੇ ਜਾਣ, ਬੁੱਧੀ ਸਮਝ ਕੋਏ ਨਾ ਆਈਆ । ਨਾ ਬੁੱਢਾ ਨਾ ਬਾਲ ਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਾ ਮੰਦਰ ਵਸਾਂ ਨਾ ਕਿਸੇ ਮਕਾਨ, ਛੱਪਰ ਛੰਨ ਨਾ ਡੇਰਾ ਲਾਈਆ । ਨਾ ਤੀਰਥ ਤਟ ਨਾ ਵਿਕਾਂ ਦੁਕਾਨ, ਕੀਮਤ ਹੱਟ ਨਾ ਕੋਏ ਚੁਕਾਈਆ । ਰੂਪ ਰੰਗ ਨਾ ਕੋਇ ਨਿਸ਼ਾਨ, ਇਸ਼ਾਰੇ ਨਾਲ ਨਾ ਕੋਇ ਵਖਾਈਆ । ਮੈਨੂੰ ਲੱਭਣ ਵਾਲੇ ਸਾਰੇ ਹੋਏ ਅਣਜਾਣ, ਬਾਲੀ ਬੁੱਧ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਨਾਮ ਕਹੇ ਮੈਨੂੰ ਸਾਰੇ ਜਪਦੇ, ਰਸਨਾ ਜਿਹਵਾ ਅੱਖਰਾਂ ਜੋੜ ਜੁੜਾਈਆ । ਬਿਰਹੋਂ ਵਿਛੋੜੇ ਅੰਦਰ ਮਰਦੇ, ਵੈਰਾਗੀ ਰੂਪ ਵਟਾਈਆ । ਅਗਨੀ ਹਵਨ ਤਪ ਤਪ ਸੜਦੇ, ਚੰਮ ਮਾਟੀ ਰਹੇ ਜਲਾਈਆ । ਅੰਦਰ ਬਾਹਰ ਫਿਰਦੇ ਡਰਦੇ, ਭੌ ਭੈ ਸਿਰ ਟਿਕਾਈਆ । ਮਨ ਵਾਸਨਾ ਨਾਲ ਲੜਦੇ, ਆਪਣਾ ਬਲ ਪਰਗਟਾਈਆ । ਡੂੰਘੀ ਕੰਦਰ ਨੀਵੇਂ ਹੋ ਕੇ ਵੜਦੇ, ਟਿੱਲੇ ਪਰਬਤ ਬਹਿ ਬਹਿ ਬੈਠੇ ਧਿਆਨ ਲਗਾਈਆ । ਜਲ ਧਾਰਾ ਠੰਡੇ ਪਾਣੀ ਅੰਦਰ ਠਰਦੇ, ਓਢਣ ਨਜ਼ਰ ਕੋਏ ਨਾ ਆਈਆ । ਸਚ ਪੁੱਛੋ ਏਹ ਸਾਰੇ ਖਪ ਖਪ ਮਰਦੇ, ਮੇਰੀ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਨਾਮ ਕਹੇ ਮੇਰਾ ਰੂਪ ਸਤਿਗੁਰ, ਸਤਿ ਪੁਰਖ ਨਿਰੰਜਣ ਬਣਤ ਬਣਾਈਆ । ਜਿਨ੍ਹਾਂ ਮੇਲ ਮਿਲਾਏ ਆ ਕੇ ਧੁਰ, ਧਰਨੀ ਧਰਤ ਧਵਲ ਦਏ ਵਡਿਆਈਆ । ਉਹ ਬਿਨ ਖੋਜਿਆਂ ਬਿਨ ਲੱਭਿਆਂ ਮੇਰੇ ਨਾਲ ਗਏ ਜੁੜ, ਪ੍ਰੀਤੀ ਸਚ ਸਚ ਰਖਾਈਆ । ਸਤਿਗੁਰ ਫ਼ਰਮਾਨ ਮੇਰੀ ਸੁਰ, ਸਤਿਗੁਰ ਆਸਾ ਧੁਰ ਦਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਚ ਰੂਪ ਸਮਝਾਈਆ । ਮੇਰਾ ਰੂਪ ਸਤਿਗੁਰ ਪ੍ਰੀਤ, ਧੁਰ ਦਾ ਨਾਮ ਰਿਹਾ ਜਣਾਈਆ । ਆਦਿ ਜੁਗਾਦੀ ਏਹੋ ਰੀਤ, ਜਨ ਭਗਤਾਂ ਦਿਤੀ ਸਮਝਾਈਆ । ਓਨ੍ਹਾਂ ਨਾਤਾ ਤੁੱਟੇ ਮੰਦਰ ਮਸੀਤ, ਆਵਣ ਜਾਵਣ ਚੁੱਕੇ ਲੋਕਾਈਆ । ਉਹ ਇਕੋ ਢੋਲਾ ਗੌਂਦੇ ਗੀਤ, ਪਾਰਬ੍ਰਹਮ ਬੇਪਰਵਾਹੀਆ । ਮੈਂ ਓਨ੍ਹਾਂ ਸਦਾ ਮੀਤ, ਜੋ ਸਾਹਿਬ ਮੇਰੇ ਭਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੋਹਣਾ ਰੂਪ ਬਣਾਈਆ । ਮੇਰਾ ਰੂਪ ਸਤਿਗੁਰ ਪ੍ਰੇਮ, ਪ੍ਰੇਮੀਆਂ ਨਜ਼ਰੀ ਆਇੰਦਾ । ਗੋਬਿੰਦ ਦੱਸ ਕੇ ਗਿਆ ਉਤੇ ਹੇਮ, ਕੁੰਟ ਵੰਡ ਨਾ ਕੋਏ ਵੰਡਾਇੰਦਾ । ਜਿਸ ਦਾ ਇਕੋ ਸੱਚਾ ਨੇਮ, ਸਿਰਫ਼ ਪੁਰਖ ਅਕਾਲ ਧਿਆਇੰਦਾ । ਉਸ ਦਾ ਓਹੋ ਆਖ਼ਰ ਨੈਣ, ਜਿਸ ਨੈਣ ਵਿਚੋਂ ਮੇਲ ਮਿਲਾਇੰਦਾ । ਕਬੀਰ ਜੁਲਾਹੇ ਵਰਗੇ ਉਚੇ ਟਿੱਲੇ ਚੜ੍ਹ ਕੇ ਕਹਿਣ, ਧੁਰ ਦਾ ਰਾਗ ਅਲਾਇੰਦਾ । ਜਿਨ੍ਹਾਂ ਮਿਲਿਆ ਪਾਰਬ੍ਰਹਮ ਪ੍ਰਭ ਸਾਕ ਸੱਜਣ ਸੈਣ, ਓਨ੍ਹਾਂ ਅੰਤਰ ਆਪਣਾ ਪ੍ਰੇਮ ਨਾਮ ਰੂਪ ਪਰਗਟਾਇੰਦਾ । ਏਹੋ ਨਾਮ ਸੱਚਾ ਸਾਕ ਸੱਜਨ ਸੈਣ, ਜੋ ਸਤਿਗੁਰ ਬਖ਼ਸ਼ਿਸ਼ ਕਰ ਕੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਨਾਮ ਕਹੇ ਮੈਂ ਪ੍ਰੇਮੀ ਜੋਤ, ਹਰਿ ਸਤਿਗੁਰ ਨੂਰ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਰੂਪ ਰੰਗ ਰੇਖ ਨਾ ਕੋਏ ਵਖਾਈਆ । ਨਾ ਕੋਈ ਨਗਾਰਾ ਨਾ ਕੋਈ ਚੋਟ, ਤਾਲ ਤਲਵਾੜਾ ਨਾ ਕੋਏ ਜਣਾਈਆ । ਨਾ ਕੋਈ ਸਮਝ ਨਾ ਕੋਈ ਸੋਚ, ਇਸ਼ਾਰਾ ਦੇ ਨਾ ਕੋਈ ਉਠਾਈਆ । ਨਾ ਕੋਈ ਪਿੰਡ ਗ੍ਰਿਹਿ ਨਾ ਵਸਾਂ ਕਿਸੇ ਲੋਕ, ਦੋ ਜਹਾਨ ਸਮਝ ਕੋਇ ਨਾ ਪਾਈਆ । ਜਿਸ ਸਾਹਿਬ ਸਤਿਗੁਰ ਜੁਗ ਜੁਗ ਆਪਣਾ ਦੱਸੇ ਸਚ ਸਲੋਕ, ਸੋ ਮੇਰਾ ਰੂਪ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਨਾਮ ਕਹੇ ਮੈਂ ਸਤਿਗੁਰ ਆਸਾ, ਆਸ਼ਾ ਵਿਚੋਂ ਤ੍ਰਿਸਨਾ ਇਕ ਵਧਾਈਆ । ਜਿਨ੍ਹਾਂ ਪ੍ਰਭੂ ਚਰਨ ਕਵਲ ਦੇਵੇ ਭਰਵਾਸਾ, ਧੁਰ ਦੀ ਪ੍ਰੀਤ ਰਖਾਈਆ । ਮੈਂ ਓਨ੍ਹਾਂ ਦਾਸੀ ਦਾਸਾ, ਬਿਨ ਸੱਦਿਆ ਘਰ ਘਰ ਜਾ ਜਾ ਸੇਵ ਕਮਾਈਆ । ਸਚਖੰਡ ਦਾ ਵਖਾਵਾਂ ਸਚ ਤਮਾਸ਼ਾ, ਮੰਡਲ ਰਾਸੀ ਰਾਸ ਰਚਾਈਆ । ਸਚ ਨਾਮ ਜਨ ਭਗਤ ਸਦਾ ਪਛਾਤਾ, ਜਿਨ੍ਹ ਹਰਿ ਜੂ ਬੂਝ ਬੁਝਾਈਆ । ਬਾਕੀ ਸ੍ਰਿਸ਼ਟੀ ਰਸਨਾ ਗੀਤ ਕਰ ਕੇ ਗੌਂਦੀ ਗਾਥਾ, ਰਾਗਾਂ ਨਾਦਾਂ ਵਿਚ ਆਪਣੇ ਮਨ ਦੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਇਕੋ ਜਾਤਾ, ਜਿਸ ਜ਼ਾਤ ਵਿਚੋਂ ਆਪਣੀ ਜ਼ਾਤ ਗੁਰਮੁਖ ਲਏ ਬਣਾਈਆ ।

### ✪ ੨੧ ਜੇਠ ੨੦੨੧ ਬਿਕ੍ਰਮੀ ਫ਼ਰੰਗੀ ਰਾਮ ਦੇ ਗ੍ਰਿਹਿ ਪਿੰਡ ਝੰਡੇ ✪

ਹਰਿ ਨਾਮ ਕਹੇ ਮੈਂ ਧੁਰ ਦਾ ਮੰਤਰ, ਮੰਤਵ ਜੁਗ ਜੁਗ ਹੱਲ ਕਰਾਇੰਦਾ । ਸਰਬ ਜੀਆਂ ਘਟ ਵਸਾਂ ਅੰਤਰ, ਬਿਨ ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਖੇਲਾਂ ਖੇਲ ਗਗਨ ਗਗਨੰਤਰ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਣਾਵਾਂ ਬਣਤਰ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਗਲਾ ਸੰਗ ਨਿਭਾਇੰਦਾ । ਸਾਚਾ ਨਾਮ ਕਹੇ ਮੇਰਾ ਧੁਰ ਸੰਜੋਗ, ਜਨ ਭਗਤਾਂ ਮੇਲ ਮਿਲਾਈਆ । ਨਿਤ ਨਵਿਤ ਕੱਟਾਂ ਹਉਮੇ ਰੋਗ, ਮਾਇਆ ਮੋਹ ਮਿਟਾਈਆ । ਸਚ ਸੁਣਾਵਾਂ ਸਤਿਗੁਰ ਸਲੋਕ, ਅੱਖਰਾਂ ਨਾਲ ਅੱਖਰ ਰੰਗ ਰੰਗਾਈਆ । ਭੇਵ ਚੁਕਾਵਾਂ ਲੋਕ ਪਰਲੋਕ, ਬ੍ਰਹਿਮੰਡ ਖੰਡ ਪੜਦਾ ਆਪ ਉਠਾਈਆ । ਕਰਾਂ ਪਰਕਾਸ਼ ਸਾਚੀ ਜੋਤ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਾਚਾ ਨਾਮ ਕਹੇ



੧੮
੧੨

ਮੈਂ ਗਹਿਰ ਗੰਭੀਰ, ਮੇਰਾ ਅੰਤ ਕੋਇ ਨਾ ਪਾਇੰਦਾ । ਮੈਨੂੰ ਲੱਭਦੇ ਫਿਰਦੇ ਪੀਰ ਫ਼ਕੀਰ, ਸ਼ਾਹ ਸੁਲਤਾਨ ਨੇਤਰ ਨੈਣ ਉਠਾਇੰਦਾ । ਮੈਂ ਚੋਟੀ ਚੜ੍ਹ ਕੇ ਵਸਾਂ ਅਖ਼ੀਰ, ਘਰ ਠਾਂਡੇ ਸੋਭਾ ਪਾਇੰਦਾ । ਗੁਰਮੁਖ ਵਿਰਲੇ ਦੇਵਾਂ ਧੀਰ, ਧੀਰਜ ਆਪਣੇ ਨਾਲ ਬੰਧਾਇੰਦਾ । ਅੰਮ੍ਰਿਤ ਬਖ਼ਸ਼ ਠਾਂਡਾ ਸੀਰ, ਸਾਂਤਕ ਸਤਿ ਸਤਿ ਕਰਾਇੰਦਾ । ਹਉਮੇਂ ਕੱਢ ਦਵੈਤੀ ਪੀੜ, ਕੂੜਾ ਰੋਗ ਗਵਾਇੰਦਾ । ਨੇਤਰ ਖੋਲ੍ਹ ਬੇਨਜ਼ੀਰ, ਅੱਖ ਪਰਤਖ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਇੰਦਾ । ਨਾਮ ਕਹੇ ਮੇਰਾ ਧੁਰ ਮਿਲਾਪ, ਕਰਨੀ ਆਪਣੀ ਆਪ ਜਣਾਈਆ । ਜੁਗ ਚੌਕੜੀ ਸੱਚਾ ਜਾਪ, ਜੋ ਸਤਿਗੁਰ ਦਏ ਸਮਝਾਈਆ । ਕਰਮ ਕਰਮ ਦਾ ਮੇਟੇ ਪਾਪ, ਜਨਮ ਜਨਮ ਦਾ ਲੇਖ ਮੁਕਾਈਆ । ਆਤਮ ਵਸੇ ਸਦਾ ਸਾਥ, ਪਰਮਾਤਮ ਰੰਗ ਰੰਗਾਈਆ । ਏਹੋ ਧੁਰ ਦੀ ਸੱਚੀ ਦਾਤ, ਜਨ ਭਗਤਾਂ ਝੋਲੀ ਪਾਈਆ । ਏਹੋ ਹਰਿ ਦੀ ਕਰਾਮਾਤ, ਜੋ ਭਗਤਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਸਾ ਪੂਰ ਵਖਾਈਆ । ਨਾਮ ਕਹੇ ਮੈਂ ਰਾਜਨ ਰਾਜਾ, ਸ਼ਹਿਨਸ਼ਾਹ ਅਖਵਾਇੰਦਾ । ਜੁਗ ਚੌਕੜੀ ਰਚ ਰਚ ਕਾਜਾ, ਕਰਨੀ ਕਰਤਾ ਆਪ ਸਮਝਾਇੰਦਾ । ਭਗਤਾਂ ਦੇ ਕੇ ਸੱਚਾ ਦਾਜਾ, ਸੰਤਾਂ ਝੋਲੀ ਆਪ ਭਰਾਇੰਦਾ । ਗੁਰਮੁਖਾਂ ਵਜਾਵਾਂ ਅਗੰਮੀ ਵਾਜਾ, ਨਾਦ ਧੁਨ ਸ਼ਨਵਾਇੰਦਾ । ਗੁਰਸਿਖਾਂ ਰੱਖਾਂ ਸਦਾ ਲਾਜਾ, ਅੰਦਰ ਬਾਹਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਇਕ ਸਮਝਾਇੰਦਾ । ਨਾਮ ਕਹੇ ਮੈਂ ਸੇਵਾਦਾਰ, ਸਾਚੀ ਸੇਵ ਕਮਾਈਆ । ਗੁਰਮੁਖਾਂ ਕਰਾਂ ਖ਼ਬਰਦਾਰ, ਜੁਗ ਸੋਏ ਆਪ ਜਗਾਈਆ । ਉਠੋ ਵੇਖੋ ਨੇਤਰ ਖੋਲ੍ਹ ਕਰੋ ਦੀਦਾਰ, ਦਰਸ ਦੇਵੇ ਬੇਪਰਵਾਹੀਆ । ਜਿਸ ਦਾ ਸਚ ਸੱਚਾ ਦਰਬਾਰ, ਦਰਗਾਹ ਬੈਠਾ ਡੇਰਾ ਲਾਈਆ । ਜਿਸ ਦਾ ਹੁਕਮ ਵਰਤੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠਾ ਸੀਸ ਝੁਕਾਈਆ । ਜਿਸ ਨੂੰ ਨਮੋ ਨਮੋ ਕਰਨ ਗੁਰੂ ਅਵਤਾਰ, ਨੇਤਰ ਨੈਣ ਨੈਣ ਸ਼ਰਮਾਈਆ । ਜਿਸ ਦਾ ਪੀਰ ਪੈਗ਼ੰਬਰ ਬਰਖੁਰਦਾਰ, ਬਾਲਕ ਨੱਢਾ ਰੂਪ ਵਟਾਈਆ । ਜਿਸ ਦੀ ਮੰਜ਼ਲ ਪੰਧ ਨਾ ਮੁੱਕੇ ਵਿਚ ਸੰਸਾਰ, ਰਹਿਬਰ ਰਾਹ ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਨਾਮ ਕਹੇ ਮੇਰਾ ਅਵੱਲੜਾ ਭੇਦ, ਅਭੇਦੀ ਰੂਪ ਵਟਾਈਆ । ਮੇਰੀ ਸਿਫ਼ਤ ਕਰਨ ਚਾਰ ਵੇਦ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਗੀਤਾ ਗਿਆਨ ਖੇਲੇ ਖੇਡ, ਮੇਰੀ ਇਕੋ ਓਟ ਤਕਾਈਆ । ਅੰਜੀਲ ਕੁਰਾਨ ਮਾਨਣ ਸੇਜ, ਬਾਲੇ ਨੱਢੇ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਨਾਮ ਕਹੇ ਸੁਣੋ ਸਚ ਸੰਦੇਸਾ, ਧੁਰ ਦੀ ਕਹਾਣੀ ਸਚ ਸੁਣਾਈਆ । ਆਦਿ ਜੁਗਾਦੀ ਮੇਰਾ ਪੇਸ਼ਾ, ਪੁਰਖ ਅਕਾਲ ਦਿਤਾ ਬਣਾਈਆ । ਵੇਖ ਵਖਾਵਾਂ ਲੋਕ ਪਰਲੋਕ ਦੇਸ ਪਰਦੇਸਾਂ, ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਨਿਰਗੁਣ ਸਰਗੁਣ ਦੇਵਾਂ ਭੇਤਾ, ਪੜਦਾ ਓਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਵਡਿਆਈਆ । ਨਾਮ ਕਹੇ ਮੇਰਾ ਨਾਉਂ ਨਿਰੰਕਾਰ, ਨਾਮ ਇਕੋ ਰੂਪ ਸਮਾਈਆ । ਸਿਫ਼ਤ ਸਾਲਾਹੀ ਸਦਾ ਬਾਹਰ, ਕਾਗ਼ਜ਼ ਕਲਮ ਸ਼ਾਹੀ ਬੰਦ ਨਾ ਕੋਇ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਬੋਲਦੇ ਗਏ ਜੈਕਾਰ, ਹੂ ਹੂ ਨਾਅਰਾ ਨਾਦ ਸੁਣਾਈਆ । ਹਰਫ਼ਾਂ ਵਿਚ ਕਰਦੇ ਗਏ ਗੁਫ਼ਤਾਰ, ਅੱਖਰਾਂ ਵਿਚ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਖੇਲ ਅਗੰਮੜੀ ਆਪ ਰਚਾਈਆ । ਨਾਮ ਕਹੇ ਮੇਰਾ ਖੇਲ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਾ ਮਰਾਂ ਨਾ ਪਵਾਂ ਜੰਮ, ਜੀਵਣ ਮਰਨ ਨਾ ਕੋਇ ਰਖਾਇੰਦਾ । ਨਿਤ ਨਵਿਤ ਕਰਾਂ ਆਪਣਾ ਕੰਮ, ਕਰਨੀ ਕਰਤੇ ਕੋਲੋਂ ਝੋਲੀ ਪਾਇੰਦਾ । ਸੰਤ ਸੁਹੇਲੇ ਵੇਖ ਜਨ, ਭਾਂਡਾ ਭਰਮ ਭੌ ਭੰਨਾਇੰਦਾ । ਕਰ ਪਿਆਰ ਕਾਇਆ ਮਾਟੀ ਤਨ, ਘਰ ਮੰਦਰ ਇਕ ਸੁਹਾਇੰਦਾ । ਸਿਖਿਆ ਦੇ ਕੇ ਸਾਚੀ ਮਨ, ਮਨ ਕਾ ਮਣਕਾ ਆਪ ਭਵਾਇੰਦਾ । ਚਰਨ ਪ੍ਰੀਤੀ ਸਤਿਗੁਰ ਨਾਤਾ ਬੰਨ੍ਹ, ਧੁਰ ਸੰਜੋਗੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਨਾਮ ਕਹੇ ਮੈਂ ਸਦਾ ਸਤਿ, ਸਤਿ ਸਤਿ ਮੇਰੀ ਵਡਿਆਈਆ । ਮੇਰੀ ਸਿਖਿਆ ਬ੍ਰਹਮ ਮਤਿ, ਗੁਰਮਤ ਇਕੋ ਰੂਪ ਵਟਾਈਆ । ਮੇਰਾ ਖੇਲ ਨਿਜ ਨੇਤਰ ਅੱਖ, ਦੋਏ ਲੋਚਣ ਬੰਦ ਵਖਾਈਆ । ਮੇਰਾ ਘਰ ਵਿਚ ਘਰ ਸਾਚਾ ਹੱਕ, ਦਸਮ ਦਵਾਰੀ ਡੇਰਾ ਲਾਈਆ । ਮੇਰਾ ਮੰਦਰ ਨਿਰਾਲਾ ਸਭ ਤੋਂ ਅੱਡ, ਜੋਤੀ ਜੋਤ ਜੋਤ ਰੁਸ਼ਨਾਈਆ । ਮੇਰਾ ਖੇਲ ਸੰਗ ਪੁਰਖ ਸਮਰਥ, ਸ਼ਾਹ ਪਾਤਸ਼ਾਹ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਆਪ ਸਮਝਾਈਆ । ਨਾਮ ਕਹੇ ਮੇਰੀ ਸਾਚੀ ਬਣਤ, ਸੋ ਸਤਿਗੁਰ ਆਪ ਬਣਾਇੰਦਾ । ਭੇਵ ਖੁਲ੍ਹਾਏ ਸਾਚੇ ਸੰਤ, ਜਿਸ ਆਪਣਾ ਮੇਲ ਮਿਲਾਇੰਦਾ । ਸਮਝ ਨਾ ਪਾਏ ਕੋਈ ਪੰਡਤ, ਜਗਤ ਵਿਦਿਆ ਸਰਬ ਭੁਲਾਇੰਦਾ । ਸਚ ਪ੍ਰੇਮ ਧੁਰ ਦੀ ਸ਼ਕਤ, ਮਸਤਕ ਲੇਖ ਆਪ ਵਖਾਇੰਦਾ । ਜਿਸ ਦਾ ਫ਼ਿਕਰਾ ਇਕੋ ਫ਼ਕਤ, ਫ਼ੈਸਲਾ ਹੱਕ ਸੁਣਾਇੰਦਾ । ਸੋ ਵਡਿਆਈ ਦੇਵੇ ਜਗਤ, ਜਗ ਜੀਵਣ ਦਾਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਨਾਮ ਆਪ ਸਮਝਾਇੰਦਾ । ਨਾਮ ਕਹੇ ਮੇਰਾ ਪਿਤਾ ਸੋ, ਦੇਵਣਹਾਰ ਵਡਿਆਈਆ । ਸਚ ਪਰਕਾਸ਼ ਕਰ ਕੇ ਲੋ, ਮੇਰਾ ਪੜਦਾ ਦਿਤਾ ਚੁਕਾਈਆ । ਹੰ ਬ੍ਰਹਮ ਆਪੇ ਹੋ, ਨਾਤਾ ਜੋੜਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਸਾਚੀ ਬਣਤ ਬਣਾਈਆ । ਨਾਮ ਕਹੇ ਮੈਂ ਸਤਿ ਸਮਾਇਆ, ਦੂਜਾ ਰੂਪ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਵੇਸ ਵਟਾਇਆ, ਪ੍ਰਭ ਦਿਤੀ ਮਾਣ ਵਡਿਆਈਆ । ਜਿਸ ਨੂੰ ਗੁਰ ਅਵਤਾਰਾਂ ਅੰਦਰੇ ਅੰਦਰ ਗਾਇਆ, ਬਾਹਰ ਕਰੀ ਨਾ ਕੋਏ ਪੜ੍ਹਾਈਆ । ਤਿਸ ਦਾ ਜੰਦਰ ਸਤਿ ਪੁਰਖ ਨਿਰੰਜਣ ਆਣ ਖੁਲ੍ਹਾਇਆ, ਮਿਹਰ ਨਜ਼ਰ ਨੈਣ ਉਠਾਈਆ । ਪਰਗਟ ਕਰ ਕੇ ਮਾਤ ਤਰਾਇਆ, ਹਰ ਘਟ ਦਏ ਸਮਝਾਈਆ । ਸਮਰਥ ਹੋ ਕੇ ਖੇਲ ਖਿਲਾਇਆ, ਅਕਥ ਅਕਥਨੀ ਦਏ ਵਡਿਆਈਆ । ਨਿਰਗੁਣ ਹੋ ਕੇ ਰਥ ਚਲਾਇਆ, ਸਰਗੁਣ ਪੰਧ ਮੁਕਾਈਆ । ਵਸ ਹੋ ਕੇ ਵਾਸਤਾ ਪਾਇਆ, ਆਹਿਸਤਾ ਆਹਿਸਤਾ ਪੜਦਾ ਰਿਹਾ ਉਠਾਈਆ । ਨੱਸ ਨੱਸ ਕੇ ਪੰਧ ਮੁਕਾਇਆ, ਨਵ ਨੌਂ ਚਾਰ ਲੇਖੇ ਲਾਈਆ । ਸੂਰਾ ਸਰਬੰਗ ਹੋ ਕੇ ਦਇਆ ਕਮਾਇਆ, ਸਚ ਮਰਦੰਗ ਇਕ ਸੁਣਾਈਆ । ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇਆ, ਪੁਰੀ ਲੋਅ ਸੀਸ ਨਾ ਕੋਇ ਉਠਾਈਆ । ਸਾਚਾ ਰੰਗ ਇਕ ਰੰਗਾਇਆ, ਰੰਗ ਰੰਗੀਲਾ ਵੇਖ ਵਖਾਈਆ, ਧੁਰ ਦਾ ਅਨੰਦ ਇਕ ਪਰਗਟਾਇਆ, ਜਨ ਭਗਤਾਂ ਦਿਤਾ ਸਮਝਾਈਆ । ਸਾਚਾ ਸੋਹਲਾ ਸੋਹੰ ਛੰਦ ਆਪੇ ਗਾਇਆ, ਕਲਜੁਗ ਸਤਿਜੁਗ ਸ਼ਬਦ ਵਿਚੋਲਾ ਨਾਮ ਬਣਾਈਆ । ਪਰਮਾਨੰਦ ਵਿਚ ਸਮਾਇਆ, ਅਨੰਦ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਮ ਕਹੇ ਮੈਂ ਹੋਇਆ ਪਰਗਟ, ਕਲਜੁਗ ਦਿਤੀ ਮਾਣ ਵਡਿਆਈਆ । ਕਿਰਪਾ ਕਰੇ

ਸਵਾਮੀ ਜੋ ਵਸਿਆ ਹਰ ਘਟ, ਗ੍ਰਿਹਿ ਗ੍ਰਿਹਿ ਬੈਠਾ ਸੋਭਾ ਪਾਈਆ । ਨਾਮ ਨਗਾਰੇ ਲਾਏ ਸੱਟ, ਮੇਰਾ ਧੁਰ ਦਾ ਤਾਲ ਬਣਾਈਆ । ਜਨ ਭਗਤਾਂ ਸਚ ਸੰਦੇਸ਼ਾ ਦੇ ਕੇ ਦਿਤਾ ਦੱਸ, ਦਹਿ ਦਿਸ਼ਾ ਪੰਧ ਮੁਕਾਈਆ । ਸੋ ਮੈਨੂੰ ਗੌਂਦੇ ਹੱਸ ਹੱਸ, ਸੋਹੰ ਹੰਸਾ ਰੂਪ ਵਟਾਈਆ । ਮੈਂ ਅੰਤਰ ਅੰਤਰ ਜਾਵਾਂ ਵਸ, ਜਗਤ ਬਸੰਤਰ ਦਿਆਂ ਬੁਝਾਈਆ । ਤੀਰ ਨਿਰਾਲਾ ਮਾਰਾਂ ਕਸ, ਅਣਿਆਲਾ ਆਪ ਚਲਾਈਆ । ਕੂੜੀ ਕਿਰਿਆ ਖੇੜਾ ਜਾਏ ਢਠ, ਸਾਚੇ ਮੰਦਰ ਹੋਏ ਰੁਸ਼ਨਾਈਆ । ਓਥੇ ਇਕੋ ਧਾਰ ਚਲੇ ਅਜਪਾ ਜਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਨਾਮ ਕਹੇ ਮੈਂ ਸੋਹੰ ਹੋਇਆ, ਹੋਕਾ ਦੇ ਦੇ ਰਿਹਾ ਜਣਾਈਆ । ਨਾ ਜਨਮਾ ਨਾ ਕਦੇ ਮੋਇਆ, ਮਰ ਕੇ ਜੀਵਤ ਰੂਪ ਵਟਾਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਸੋਏ ਸੱਜਣ ਲਵਾਂ ਉਠਾਈਆ । ਹੰਝੂ ਕੇਰ ਕਦੇ ਨਾ ਰੋਇਆ, ਦੁਖੀਆਂ ਦਰਦ ਲਵਾਂ ਵੰਡਾਈਆ । ਲੈ ਕੇ ਆਇਆ ਧੁਰ ਦਾ ਢੋਆ, ਸਚ ਸੰਦੇਸਾ ਇਕ ਸੁਣਾਈਆ । ਵੇਖੋ ਪਰਕਾਸ਼ ਸਾਚਾ ਹੋਆ, ਦੋ ਜਹਾਨ ਡਗਮਗਾਈਆ । ਪੁਰਖ ਅਕਾਲ ਨਵਾਂ ਨਰੋਆ, ਨਿਰਗੁਣ ਨਿਰਵੈਰ ਵੇਸ ਵਟਾਈਆ । ਜਿਸ ਨੇ ਬੀਜ ਮੇਰਾ ਘਰ ਘਰ ਬੋਆ, ਫੁਲ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਾਮ ਕਹੇ ਮੈਂ ਹੋਵਾਂ ਉਤਪਤ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਪੁਰਖ ਅਕਾਲ ਮੇਰੀ ਸੁਹਾਏ ਰੁਤ, ਸਿਰ ਮੇਰੇ ਹੱਥ ਟਿਕਾਇੰਦਾ । ਨਾ ਕੋਈ ਕਾਇਆ ਨਾ ਕੋਈ ਬੁਤ, ਪੰਜ ਤਤ ਨਾ ਕੋਇ ਜਣਾਇੰਦਾ । ਕਿਰਪਾ ਨਿਧਾਨ ਠਾਕਰ ਹੋਏ ਖ਼ੁਸ਼, ਜਿਸ ਵੇਲੇ ਆਪਣੀ ਸਿਫ਼ਤ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਨਾਮ ਕਹੇ ਮੈਂ ਹੁਕਮੇ ਅੰਦਰ, ਮੰਜ਼ਲ ਪੰਧ ਮੁਕਾਈਆ । ਜਨ ਭਗਤ ਕਾਇਆ ਸੋਹਣਾ ਮੰਦਰ, ਬੰਕ ਦਵਾਰ ਸੁਹਾਈਆ । ਭਾਗ ਲਗਾ ਕੇ ਡੂੰਘੀ ਕੰਦਰ, ਸਚ ਸਿੰਘਾਸਣ ਵੇਖ ਵਖਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਤੋੜ ਕੇ ਜੰਦਰ, ਜ਼ਿੰਦਗੀ ਜ਼ਿੰਦਗੀ ਦਿਆਂ ਬਦਲਾਈਆ । ਹੋਣ ਹੈਰਾਨ ਵਿਸ਼ਨ ਬ੍ਰਹਮਾ ਸ਼ਿਵ ਇੰਦਰ, ਗੁਰ ਅਵਤਾਰ ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਨਾਮ ਇਕ ਪਰਗਟਾਈਆ । ਸਾਚਾ ਨਾਮ ਕਹੇ ਮੈਂ ਪ੍ਰਭ ਦਾ ਮਿੱਤਰ, ਧੁਰ ਦਾ ਮੇਲਾ ਸਹਿਜ ਸੁਭਾਈਆ । ਮੇਰਾ ਖੇਲ ਸਦਾ ਬਚਿਤ੍ਰ, ਦੋ ਜਹਾਨਾਂ ਆਪ ਵਖਾਈਆ । ਮੇਰਾ ਨਕਸ਼ਾ ਨਗਾਰ ਸਕੇ ਕੋਈ ਨਾ ਚਿਤ੍ਰ, ਸਾਕਾਰ ਰੂਪ ਨਾ ਕੋਇ ਸਮਝਾਈਆ । ਮੇਰਾ ਪੁਰਖ ਅਕਾਲ ਇਕੋ ਪਿਤ੍ਰ, ਪਤਿਪਰਮੇਸ਼ਵਰ ਬੇਪਰਵਾਹੀਆ । ਉਸ ਦੀ ਧਾਰੋਂ ਆਵਾਂ ਨਿੱਕਲ, ਧੁਨ ਨਾਦ ਨਾਦ ਸ਼ਨਵਾਈਆ । ਜਿਸ ਦਾ ਸਾਰੇ ਕਰਨ ਜ਼ਿਕਰ, ਰਸਨਾ ਜਿਹਵਾ ਰਹੇ ਸੁਣਾਈਆ । ਜਿਸ ਦਾ ਲੇਖ ਲਿਖਾਰੀ ਫ਼ਿਕਰਾ ਬਣੌਂਦੇ ਵਿਚ ਫ਼ਿਕਰ, ਅੱਖਰਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਆਪਣੇ ਹੱਥ ਰੱਖਿਆ ਬੇਪਰਵਾਹੀਆ । ਨਾਮ ਕਹੇ ਮੈਂ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਾਂ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਇੰਦਾ । ਸ਼ਬਦੀ ਹੋ ਕੇ ਦੇਵਾਂ ਸਲਾਹ, ਅੱਖਰੀ ਹੋ ਕੇ ਲੇਖ ਲਿਖਾਇੰਦਾ । ਵੱਖਰਾ ਹੋ ਕੇ ਬੈਠਾਂ ਮੁਖ ਛੁਪਾ, ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤਮ ਪ੍ਰਭ ਕਿਰਪਾ ਕੀਤੀ ਆ, ਆਪ ਆਪਣੇ ਸੰਗ ਲਿਆਇੰਦਾ । ਨਾਤਾ ਜੋੜ ਸਹਿਜ ਸੁਭਾ, ਸੋਹਣੀ

ਬਣਤ ਮਾਤ ਬਣਾਇੰਦਾ । ਤੂੰ ਮੇਰਾ ਮੈਂ ਤੇਰਾ ਢੋਲਾ ਗਾ, ਨਾਤਾ ਆਪਣੇ ਨਾਲ ਜੁੜਾਇੰਦਾ । ਜਨ ਭਗਤਾਂ ਦਿਤਾ ਸਮਝਾ, ਸੋਹੰ ਰੂਪ ਸਤਿ ਸਰੂਪ ਪੁਰਖ ਅਕਾਲ ਆਤਮ ਪਰਮਾਤਮ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸੋਹੰ ਕਹੇ ਮੈਂ ਨਾਮ ਸਤਿ, ਹਰਿ ਸਤਿਗੁਰ ਸ਼ਬਦ ਬਣਾਈਆ । ਹੱਡ ਮਾਸ ਨਾ ਨਾੜੀ ਰਤ, ਲਹੂ ਮਿਝ ਨਾ ਜੋੜ ਜੁੜਾਈਆ । ਮਨ ਵਾਸਨਾ ਨਾ ਕੋਈ ਚਿਤ, ਬੁਧ ਮਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਰਗ ਇਕ ਲਗਾਈਆ । ਨਾਮ ਕਹੇ ਮੇਰਾ ਮਾਰਗ ਏਕ, ਆਦਿ ਜੁਗਾਦਿ ਦਿਆਂ ਸਮਝਾਈਆ । ਸ੍ਰੀ ਭਗਵਾਨ ਰੱਖਣੀ ਟੇਕ, ਧੁਰ ਦਾ ਇਸ਼ਟ ਨੂਰ ਖ਼ੁਦਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਭੇਜ, ਬਾਲੇ ਨੱਢੇ ਰੂਪ ਵਖਾਈਆ । ਜੁਗ ਚੌਕੜੀ ਅੱਖਰੀ ਦੇ ਸੰਦੇਸ਼, ਲੱਖ ਚੁਰਾਸੀ ਕਰੇ ਪੜ੍ਹਾਈਆ । ਅੰਤਮ ਸਭ ਨੂੰ ਲੈ ਕੇ ਜਾਏ ਆਪਣੇ ਦੇਸ, ਲੋਕਮਾਤ ਰਹਿਣ ਕੋਏ ਨਾ ਪਾਈਆ । ਅੰਤਮ ਸੱਯਦਾ ਕਰਕੇ ਜਾਣ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਸਚ ਦੁਆਰਾ ਜਿਸ ਵੇਲੇ ਲੈਣ ਪੇਖ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਸਾਰੇ ਕਹਿਣ ਤੂੰ ਪਾਰਬ੍ਰਹਮ ਨਰ ਨਰੇਸ਼, ਨਰਾਇਣ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਆਏ ਖੇਡ, ਲੋਕਮਾਤ ਫੇਰਾ ਪਾਈਆ । ਤੇਰਾ ਸ਼ਬਦ ਸੰਦੇਸ਼ਾ ਚਾਰੋਂ ਕੁੰਟ ਦਿਤਾ ਭੇਜ, ਹੁਕਮੀ ਹੁਕਮ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਮਿਹਰ ਨਜ਼ਰ ਤੱਕੇ ਭਗਵੰਤ, ਹਰਿ ਕਰਤਾ ਦਇਆ ਕਮਾਇੰਦਾ । ਵੇਖੇ ਖੇਲ ਅਗਲਾ ਅੰਤ, ਬੇਅੰਤ ਆਪ ਦ੍ਰਿੜਾਇੰਦਾ । ਸਾਚਾ ਸਚ ਸੁਣਾਏ ਮੰਤ, ਮੰਤਵ ਸਭ ਦਾ ਹੱਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਵਰਤਾਇੰਦਾ । ਗੁਰ ਅਵਤਾਰ ਅੱਗੇ ਲਓ ਤੱਕ, ਪਿਛਲਾ ਪੰਧ ਮੁਕਾਈਆ । ਕਵਣ ਰੂਪ ਪੁਰਖ ਸਮਰਥ, ਸਚ ਸਿੰਘਾਸਣ ਸੋਭਾ ਪਾਈਆ । ਕਵਣ ਮਾਰਗ ਰਿਹਾ ਦੱਸ, ਰਹਿਬਰ ਹੋ ਕੇ ਰਿਹਾ ਸਮਝਾਈਆ । ਕਵਣ ਦੇਵੇ ਅਗੰਮੀ ਰਸ, ਰਸ ਆਪਣਾ ਇਕ ਚੁਆਈਆ । ਕਵਣ ਹਰ ਘਟ ਰਿਹਾ ਵਸ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਕਵਣ ਨਾਮ ਕਰੇ ਪਰਗਟ, ਕਰੇ ਸਚ ਪੜ੍ਹਾਈਆ । ਕਵਣ ਬੂੰਦ ਕਵਣ ਰਕਤ, ਕਵਣ ਤਤਵ ਤਤ ਕਰੇ ਕੁੜਮਾਈਆ । ਕਵਣ ਮਨ ਬੁਧ ਮਤ, ਕਵਣ ਸਿਖਿਆ ਦਏ ਸਮਝਾਈਆ । ਕਵਣ ਪੂਰੀ ਕਰੇ ਆਸ, ਕਵਣ ਤ੍ਰਿਸਨਾ ਰਿਹਾ ਵਧਾਈਆ । ਕਵਣ ਪਵਣ ਦੇਵੇ ਸਵਾਸ, ਕਵਣ ਸਾਹ ਸਾਹ ਸਮਾਈਆ । ਕਵਣ ਜੋਤ ਕਰੇ ਪਰਕਾਸ਼, ਕਵਣ ਬੈਠਾ ਡੇਰਾ ਲਾਈਆ । ਕਵਣ ਰੂਪ ਪੁਰਖ ਅਬਿਨਾਸ਼, ਕਵਣ ਲੱਖ ਚੁਰਾਸੀ ਜੋਤੀ ਜੋਤ ਕਰੇ ਰੁਸ਼ਨਾਈਆ । ਕਵਣ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਆਪ ਤੁੜਾਈਆ । ਕਵਣ ਪੂਜਾ ਕਵਣ ਪਾਠ, ਕਵਣ ਵਿਦਿਆ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਹਾਥ, ਢਹਿ ਢਹਿ ਪਏ ਸਰਨਾਈਆ । ਸ੍ਰੀ ਭਗਵਾਨ ਇਕੋ ਵਾਰ ਦਿਤਾ ਆਖ, ਸੱਚਾ ਸੋਹਲਾ ਸਚ ਸੁਣਾਈਆ । ਨੇਤਰ ਖੋਲ੍ਹ ਕਰੋ ਜਾਚ, ਪ੍ਰਭ ਪੜਦਾ ਰਿਹਾ ਉਠਾਈਆ । ਸਤਿ ਸਰੂਪ ਪੁਰਖ ਅਬਿਨਾਸ਼, ਜੋਤ ਪਰਕਾਸ਼ ਇਕ ਪਰਗਟਾਈਆ । ਜਿਸ ਦਾ ਲੱਖ ਚੁਰਾਸੀ ਸਦਾ ਧਰਵਾਸ, ਸੋ ਸੋਹੰ ਰੂਪ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੱਚਾ ਨਾਮ ਇਕ ਵਖਾਈਆ । ਸੱਚਾ ਨਾਮ ਸੋਹੰ ਪ੍ਰਸਿੱਧ, ਸਿਦਕ ਸਬੂਰੀ ਨਾਲ ਨਿਭਾਇੰਦਾ । ਆਤਮ ਪਰਮਾਤਮ ਕਰ ਕੇ ਧੁਰ ਦੀ ਬਿਧ, ਨਾਤਾ

ਬਿਧਾਤਾ ਜੋੜ ਜੁੜਾਇੰਦਾ । ਗੁਰਮੁਖ ਗੁਰਸਿਖ ਕਰੇ ਕੋਈ ਨਾ ਜ਼ਿਦ, ਲੱਖ ਚੁਰਾਸੀ ਭਰਮ ਭੁਲਾਇੰਦਾ । ਮਨਮੁਖਤਾ ਵਸਤੂ ਝੋਲੀ ਪਾਏ ਨਿੰਦ, ਹਰਿਜਨ ਸਾਚੇ ਰੰਗ ਚੜ੍ਹਾਇੰਦਾ । ਸਾਚਾ ਨਾਮ ਦੇਵਣਹਾਰਾ ਗੁਣੀ ਗਹਿੰਦ, ਗਹਿਰ ਗੰਭੀਰ ਵੇਖ ਵਖਾਇੰਦਾ । ਭਾਗ ਲਗਾਏ ਜੀਉ ਪਿੰਡ, ਇੰਡ ਬ੍ਰਹਿਮੰਡ ਦਇਆ ਕਮਾਇੰਦਾ । ਬਖ਼ਸ਼ੇ ਧਾਰ ਅੰਮ੍ਰਿਤ ਸਿੰਧ, ਸਾਗਰ ਆਪਣੀ ਲਹਿਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸੋਹੰ ਨਾਮ ਚਲੇ ਜੁਗ ਸਤਿ, ਸਤਿ ਸਤਿਵਾਦੀ ਆਪ ਚਲਾਈਆ । ਕਲਜੁਗ ਗੁਰਮੁਖ ਵਿਰਲਿਆਂ ਖੋਲ੍ਹੇ ਅੱਖ , ਜਿਨ੍ਹਾਂ ਆਖ਼ਰ ਆਪਣਾ ਘਰ ਵਖਾਈਆ । ਬਾਕੀ ਲੱਖ ਚੁਰਾਸੀ ਲੱਖੋਂ ਹੋਈ ਕੱਖ, ਅੱਗੇ ਕੀਮਤ ਕੋਇ ਨਾ ਪਾਈਆ । ਕੂੜੀ ਕਿਰਿਆ ਵਿਕੀ ਹੱਟ, ਰਾਏ ਧਰਮ ਦਏ ਸਜ਼ਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਅੰਤਰ ਆਤਮ ਇਕੋ ਨਾਮ ਰਹੇ ਰਟ, ਰੱਟਾ ਮੁਕੇ ਜਗਤ ਲੋਕਾਈਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਆਪਣਾ ਨਾਮ ਦੇਵੇ ਦੱਸ, ਸੋ ਦਹਿ ਦਿਸ਼ਾ ਖ਼ੁਸ਼ੀ ਮਨਾਈਆ । ਸਤਿਗੁਰ ਪਿਛੋਂ ਰਸਨਾ ਜਿਹਵਾ ਅੱਖਰਾਂ ਵਾਲਾ ਨਾਮ ਸਾਰੇ ਰਹੇ ਰਟ, ਘਰ ਘਰ ਢੋਲਾ ਗਾਈਆ । ਪਰ ਏਹੋ ਜੇਹਾ ਗੁਰਮੁਖਾਂ ਫੇਰ ਨਹੀਂ ਚੜ੍ਹਦਾ ਰੰਗ, ਜੋ ਹਾਜ਼ਰ ਹਜ਼ੂਰ ਹੋ ਕੇ ਦਏ ਚੜ੍ਹਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਕਾਇਆ ਮੰਦਰ ਅੰਦਰ ਲੰਘ, ਸੋਈ ਸੁਰਤੀ ਲਏ ਉਠਾਈਆ । ਪ੍ਰੇਮ ਪਿਆਰ ਦਾ ਦੇ ਕੇ ਅਨੰਦ, ਰਸ ਇਕੋ ਇਕ ਵਖਾਈਆ । ਚਰਨ ਪ੍ਰੀਤੀ ਨਾਤਾ ਗੰਢ, ਅਗਲਾ ਪੰਧ ਦਏ ਚੁਕਾਈਆ । ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸੋਹੰ ਗਾਇਆ ਛੰਦ, ਤਿਨ੍ਹਾਂ ਅੰਦੇਸ਼ਾ ਅੱਗੇ ਰਿਹਾ ਨਾ ਰਾਈਆ ।





## ✪ ੨੨ ਜੇਠ ੨੦੨੧ ਬਿਕ੍ਰਮੀ ਫੁੱਮਣ ਸਿੰਘ ਦੇ ਗ੍ਰਿਹ ਪਿੰਡ ਝੰਡੇ ✪

ਨਾਮ ਕਹੇ ਮੈਂ ਸੇਵਕ ਪਿਰ ਦਾ, ਪਰਮ ਪੁਰਖ ਪ੍ਰਭ ਸੇਵ ਕਮਾਈਆ । ਜੁਗ ਚੌਕੜੀ ਰਿਹਾ ਫਿਰਦਾ, ਫਿਰਤ ਫਿਰਤ ਆਪਣਾ ਪੰਧ ਮੁਕਾਈਆ । ਮਾਰਗ ਦੱਸਦਾ ਰਿਹਾ ਚਿਰ ਦਾ, ਜੁਗ ਚੌਕੜੀ ਰਾਹ ਵਖਾਈਆ । ਲੱਖ ਚੁਰਸੀ ਵੇਖਦਾ ਰਿਹਾ ਗੇੜਾ ਗਿੜਦਾ, ਨਿਤ ਨਵਿਤ ਉਲਟੀ ਲੱਠ ਭੁਆਈਆ । ਸਾਧ ਸੰਤ ਚੋਟੀ ਚੜ੍ਹਦਾ ਵੇਖਿਆ ਡਿਗਦਾ, ਸੰਭਲ ਸਕੇ ਕੋਈ ਨਾ ਰਾਈਆ । ਜੀਵ ਜੰਤ ਵੇਖਿਆ ਘਿਰਦਾ, ਜਗਤ ਮਾਇਆ ਘੇਰਾ ਪਾਈਆ । ਮੁੱਲਾ ਸ਼ੇਖ਼ ਮੁਸਾਇਕ ਵੇਖਿਆ ਰਿੜ੍ਹਦਾ, ਪਾਹਨ ਪਾਥਰ ਟਿਕਣ ਕੋਇ ਨਾ ਪਾਈਆ । ਕੋਟਾਂ ਵਿਚੋਂ ਮੈਂ ਵੇਖਾਂ ਗੁਰਮੁਖ ਹਿਰਦਾ, ਆਪ ਆਪਣੀ ਸੇਵ ਕਮਾਈਆ । ਜਿਥੇ ਅੰਮ੍ਰਿਤ ਸੋਮਾ ਝਿਰਦਾ, ਬੂੰਦ ਰਸਕ ਰਸਕ ਟਪਕਾਈਆ । ਓਸ ਦਵਾਰਿਉਂ ਕਦੇ ਨਾ ਮੁੜਦਾ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਭਗਤ ਪ੍ਰੀਤੀ ਨਾਲ ਜੁੜਦਾ, ਆਪਣਾ ਬੰਧਨ ਇਕ ਰਖਾਈਆ । ਭੇਵ ਖੁਲਾਵਾਂ ਪ੍ਰਭ ਸਾਚੇ ਧੁਰ ਦਾ, ਸਚ ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਰਾਗ ਨਾਦ ਰੂਪ ਮੇਰੀ ਸੁਰ ਦਾ, ਤਾਲ ਤਲਵਾੜਾ ਡੰਕ ਵਜਾਈਆ । ਮੇਰਾ ਪ੍ਰੇਮ ਕਦੇ ਨਾ ਥੁੜਦਾ, ਅਤੋਟ ਅਤੁਟ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਸਮਝਾਈਆ । ਮੇਰੀ ਸੇਵਾ ਸਚ ਵੈਰਾਗ, ਅੰਤਸ਼ਕਰਨ ਵੇਖ ਵਖਾਈਆ । ਜਨ ਭਗਤਾਂ ਸੰਦੇਸਾ ਦੇਵਾਂ ਜਾਓ ਜਾਗ, ਆਲਸ ਨਿੰਦਰਾ ਦੂਰ ਕਰਾਈਆ । ਘਰ ਦੀਪਕ ਵੇਖੋ ਚਰਾਗ਼, ਜੋਤੀ ਜਾਤਾ ਕਰੇ

ਰੁਸ਼ਨਾਈਆ । ਜਗਤ ਤ੍ਰਿਸ਼ਨਾ ਦਿਓ ਤਿਆਗ, ਹਉਮੇ ਰੋਗ ਮਿਟਾਈਆ । ਕੂੜੀ ਕਿਰਿਆ ਬੁਝਾਓ ਆਗ, ਅੰਮ੍ਰਿਤ ਮੇਘ ਰਸ ਚਖਾਈਆ । ਹੰਸ ਬਣੇ ਕਾਗ, ਸੋਹੰ ਢੋਲਾ ਗਾਈਆ । ਜਨਮ ਕਰਮ ਦਾ ਧੋਵੇ ਦਾਗ਼, ਦੁਰਮਤ ਮੈਲ ਰਹਿਣ ਕੋਇ ਨਾ ਪਾਈਆ । ਸਾਚੇ ਬੇੜੇ ਚੜ੍ਹੋ ਜਹਾਜ, ਪਤਣ ਲੈ ਕੇ ਆਇਆ ਬੇਪਰਵਾਹੀਆ । ਸ਼ਬਦ ਸਰੂਪੀ ਸਚ ਰਿਵਾਜ, ਅਗੰਮੀ ਖੇਲ ਰਿਹਾ ਕਰਾਈਆ । ਜੇ ਪਿਛੇ ਸੁਣੀ ਨਹੀਂ ਕਿਸੇ ਆਵਾਜ਼, ਹੁਣ ਸੁਣ ਲਓ ਧਿਆਨ ਲਗਾਈਆ । ਜਿਸ ਦਾ ਉਡਦਾ ਰਿਹਾ ਬਾਜ਼, ਬਾਜ਼ੀਗਰ ਹੋ ਕੇ ਸਵਾਂਗ ਰਚਾਈਆ । ਉਸ ਦੇ ਸੀਸ ਸੋਹੇ ਤਾਜ, ਜਗਦੀਸ਼ ਦਏ ਵਡਿਆਈਆ । ਉਹ ਕਰਨ ਆਇਆ ਕਾਜ, ਕਰਤਾ ਆਪਣਾ ਸੰਗ ਵਖਾਈਆ । ਪ੍ਰੇਮ ਪ੍ਰੀਤੀ ਦਾ ਸਦਾ ਮੁਹਤਾਜ, ਦੂਜੀ ਆਸ ਨਾ ਕੋਇ ਰਖਾਈਆ । ਏਥੇ ਓਥੇ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਭਾਗ ਲਗਾਇਆ ਦੇਸ ਮਾਝ, ਮਜਲਸ ਘਰ ਘਰ ਰਿਹਾ ਵਖਾਈਆ । ਜਿਸ ਦੇ ਹੱਥ ਦੋ ਜਹਾਨਾਂ ਵਾਗ, ਲੱਖ ਚੁਰਾਸੀ ਰਿਹਾ ਭੁਆਈਆ । ਸਦਾ ਸੁਹੇਲਾ ਹੋ ਕੇ ਦੇਵੇ ਸਾਥ, ਸੰਗੀ ਸਾਥੀ ਇਕ ਅਖਵਾਈਆ । ਨਾਮ ਨਿਧਾਨ ਦੱਸੇ ਗਾਥ, ਅੰਤਰ ਮੰਤਰ ਰਿਹਾ ਪੜ੍ਹਾਈਆ । ਨਾਉਂ ਰੱਖ ਪੁਰਖ ਸਮਰਾਥ, ਕਲ ਕਲਕੀ ਵੇਸ ਵਟਾਈਆ । ਪੂਰਬ ਕਦੇ ਨਾ ਭੁੱਲੇ ਯਾਦ, ਅਗਲਾ ਲੇਖਾ ਦਏ ਸਮਝਾਈਆ । ਗ਼ਰੀਬ ਨਿਮਾਣਿਆਂ ਸੁਣ ਫ਼ਰਿਆਦ, ਨਿਰਗੁਣ ਨਿਰਵੈਰ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਨਾਮ ਕਹੇ ਮੇਰਾ ਸੁਣ ਲਓ ਹੋਕਾ, ਹੁਕਮ ਨਾਲ ਸੁਣਾਈਆ । ਮੈਂ ਫਿਰ ਕੇ ਆਇਆ ਚੌਦਾਂ ਲੋਕਾਂ, ਚੌਦਾਂ ਤਬਕ ਖ਼ਬਰ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਣਾਇਆ ਅਗੰਮੀ ਮੌਕਾ, ਮੁਕੰਮਲ ਦਿਤਾ ਆਪ ਜਣਾਈਆ । ਪੁਰਖ ਅਬਿਨਾਸ਼ੀ ਰੂਪ ਅਗੰਮਾ ਧਾਰਿਆ ਛੋਟਾ, ਵੱਡਾ ਨਿੱਕਾ ਆਪਣਾ ਖੇਲ ਵਖਾਈਆ । ਕਰ ਪਰਕਾਸ਼ ਨਰਾਲਮ ਜੋਤਾ, ਆਲਮ ਦਏ ਵਡਿਆਈਆ । ਜਿਸ ਨੇ ਇਕ ਜਣਾਇਆ ਸਚ ਸਲੋਕਾ, ਸੋਹੰ ਕਰੇ ਪੜ੍ਹਾਈਆ । ਜਨ ਭਗਤਾਂ ਨਾਂਵੇਂ ਲਗਾ ਕੇ ਧੁਰ ਦਾ ਕੋਠਾ, ਸਚਖੰਡ ਕੁੰਡਾ ਦਿਤਾ ਲਾਹੀਆ । ਮਾਰਗ ਦੱਸ ਆਪਣਾ ਸੌਖਾ, ਔਖਾ ਪੰਧ ਦਿਤਾ ਚੁਕਾਈਆ । ਜਨ ਭਗਤਾਂ ਨਾਲ ਕਰੇ ਨਾ ਧੋਖਾ, ਧੋਖੇ ਵਿਚ ਸਰਬ ਲੋਕਾਈਆ । ਓਸ ਪ੍ਰਭੂ ਦੇ ਨਾਲ ਕਾਹਦਾ ਰੋਸਾ, ਜੋ ਰੁਸਿਆਂ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਨਾਮ ਕਹੇ ਉਠੋ ਖੋਲੋ ਅੱਖ, ਮੈਂ ਸਚ ਸਚ ਦ੍ਰਿੜਾਇੰਦਾ । ਪਤਿਪਰਮੇਸ਼ਵਰ ਵੇਖੇ ਪ੍ਰਤਖ, ਨਿਰਗੁਣ ਨਿਰਵੈਰ ਨਿਰਾਕਾਰ ਖੇਲ ਖਿਲਾਇੰਦਾ । ਸਭ ਦੀ ਝੋਲੀ ਪਾਏ ਹੱਕ, ਪੂਰਬ ਲਹਿਣਾ ਵੇਖ ਵਖਾਇੰਦਾ । ਆਦਿ ਜੁਗਾਦਿ ਦੇਂਦਿਆ ਕਦੇ ਨਾ ਜਾਏ ਥੱਕ, ਖ਼ੁਸ਼ੀਆਂ ਆਪਣਾ ਰੰਗ ਚੜ੍ਹਾਇੰਦਾ । ਬੇਮੁਖ ਹੋ ਨਾ ਜਾਵੇ ਨੱਠ, ਸਨਮੁਖ ਆਪਣਾ ਦਰਸ ਕਰਾਇੰਦਾ । ਜੋ ਜਨਮ ਕਰਮ ਪੂਰਬ ਪਿਛੇ ਗਏ ਛੱਡ, ਤਿਨ੍ਹਾਂ ਅੱਗੇ ਹੋ ਕੇ ਵੇਖ ਵਖਾਇੰਦਾ । ਡੂੰਘੀ ਭਵਰੀ ਬਾਹਰ ਕੱਢ, ਸਾਚੇ ਮੰਦਰ ਆਪ ਬਹਾਇੰਦਾ । ਪ੍ਰੇਮ ਪ੍ਰੀਤੀ ਕਰੇ ਲਡ, ਸਿਰ ਆਪਣਾ ਹੱਥ ਟਿਕਾਇੰਦਾ । ਪੂਜਾ ਪਾਠ ਦੀ ਚੁੱਕੀ ਹੱਦ, ਮਿਹਰ ਨਜ਼ਰ ਨਾਲ ਤਰਾਇੰਦਾ । ਵਿਸ਼ਵ ਬਣਾ ਆਪਣੀ ਯੱਦ, ਵਿਸ਼ਨੂੰ ਸੇਵਾ ਸਚ ਕਮਾਇੰਦਾ । ਅੰਮ੍ਰਿਤ ਜਾਮ ਪਿਆ ਕੇ ਮਦਿ, ਮਧੁਰ ਧੁਨ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਇੰਦਾ । ਨਾਮ ਕਹੇ ਉਠੋ ਜਨ ਭਾਈ, ਹਰਿ ਭਗਤਾਂ ਸਚ ਸੁਣਾਈਆ । ਸਾਹਿਬ ਸਤਿ ਕਰੋ ਕੁੜਮਾਈ, ਸਤਿਗੁਰ ਬੰਧਨ ਰਿਹਾ ਪਾਈਆ । ਸੁਰਤ ਸ਼ਬਦ ਲਓ ਮਿਲਾਈ, ਘਰ ਮਿਲੇ


੨੪ ੧੨

ਮਾਣ ਵਡਿਆਈਆ । ਇਕੋ ਘਰ ਵਸੇ ਧੀ ਜਵਾਈ, ਸੌਹਰੇ ਪੇਈਏ ਇਕੋ ਰੂਪ ਨਜ਼ਰੀ ਆਈਆ । ਘੜੀ ਸੁਹੰਜਣੀ ਸਦੀ ਸਦੀਵੀ ਖ਼ੁਸ਼ੀ ਮਨਾਈ, ਬੀਸ ਇਕੀਸਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਮ ਕਹੇ ਉਠੋ ਜਨ ਭਗਤ ਕਬੀਲਾ, ਕਾਮਲ ਪੁਰਸ਼ ਦਇਆ ਕਮਾਇੰਦਾ । ਜਿਸ ਦਾ ਮੈਂ ਬਣਦਾ ਰਿਹਾ ਵਸੀਲਾ, ਸੋ ਵਾਸਤਵ ਆਪਣਾ ਘਰ ਵਖਾਇੰਦਾ । ਜਿਸ ਨੂੰ ਕਹਿੰਦੇ ਵਸਦਾ ਉਤੇ ਅੰਬਰ ਨੀਲਾ, ਸੋ ਧਰਨੀ ਧਰਤ ਧਵਲ ਸੋਭਾ ਪਾਇੰਦਾ । ਵੇਲਾ ਵਕਤ ਚੁੱਕਿਆ ਜਗਤ ਦਲੀਲਾਂ, ਆਤਮ ਅੰਤਰ ਇਕੋ ਧਾਰ ਵਖਾਇੰਦਾ । ਸਾਹਿਬ ਬਣ ਕੇ ਦਾਨਾ ਬੀਨਾ, ਦਇਆਵਾਨ ਦਇਆ ਕਮਾਇੰਦਾ । ਮਿਹਰਵਾਨ ਹੋ ਕੇ ਕਰੇ ਠਾਂਡਾ ਸੀਨਾ, ਅਗਨੀ ਅਗ ਬੁਝਾਇੰਦਾ । ਸ੍ਰਿਸ਼ਟ ਸਬਾਈ ਵਾਸਤੇ ਬਣਿਆ ਆਪ ਨਾਬੀਨਾ, ਜਨ ਭਗਤਾਂ ਖ਼ਾਤਰ ਧੁਰ ਦੀ ਅੱਖ ਸਦਾ ਖੁਲ੍ਹਾਇੰਦਾ । ਸਾਚੇ ਹਰਿਜਨ ਆਪ ਬਣਾਏ ਜਗਤ ਨਗੀਨਾ, ਮੋਤੀ ਮਾਣਕ ਰੂਪ ਵਟਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਭਿੰਨੜੀ ਰੈਣ ਨਾਲ ਸਮਝਾਇੰਦਾ । ਆਪ ਬਣ ਕੇ ਅਦਨਾ ਅਧੀਨਾ, ਸੇਵਕ ਹੋ ਕੇ ਸੇਵ ਕਮਾਇੰਦਾ । ਖ਼ਾਲੀ ਕਰ ਮੱਕਾ ਮਦੀਨਾ, ਸ਼ਾਹ ਸ਼ੌਕੀਨਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਬਣਾਇੰਦਾ । ਨਾਮ ਕਹੇ ਆਵੋ ਨੱਠੇ, ਹੋਕਾ ਦੇ ਦੇ ਰਿਹਾ ਜਗਾਈਆ । ਭਗਤ ਸੰਤ ਹੋ ਕੇ ਕੱਠੇ, ਸਾਚਾ ਜਸ ਲੈਣਾ ਗਾਈਆ । ਨਾਮ ਪ੍ਰੀਤੀ ਜਾਓ ਰਤੇ, ਰੰਗ ਵੇਖੋ ਬੇਪਰਵਾਹੀਆ । ਦਰਸ ਕਰੋ ਆਪਣੀ ਅੱਖੇ, ਪੜ੍ਹਨ ਸੁਣਨ ਦੀ ਲੋੜ ਰਹੇ ਨਾ ਰਾਈਆ । ਜਿਸ ਦੇ ਸ਼ਾਸਤਰਾਂ ਵਿਚੋਂ ਸੁਣਦੇ ਰਹੇ ਪਤੇ, ਸੋ ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਨੂੰ ਲੱਭ ਲੱਭ ਸਾਰੇ ਥੱਕੇ, ਬਣ ਬਣ ਪਾਂਧੀ ਰਾਹੀਆ । ਜਿਸ ਨੂੰ ਸੱਜਦਾ ਕਰਦੇ ਮਦੀਨੇ ਮੱਕੇ, ਮਕਬਰਿਆਂ ਵਿਚ ਧਿਆਨ ਲਗਾਈਆ । ਜਿਸ ਦੀ ਪੂਜਾ ਸ਼ਿਵਦਵਾਲੇ ਮੰਦਰ ਮੱਠੇ, ਗੁਰੂਦਵਾਰ ਧਿਆਨ ਲਗਾਈਆ । ਸੋ ਸਾਹਿਬ ਪੁਰਖ ਸਮਰਥੇ, ਸਚ ਸਾਚੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਹਿਰਦੇ ਅੰਦਰ ਵਸੇ, ਘਰ ਮੰਦਰ ਸੋਭਾ ਪਾਈਆ । ਓਸ ਦੀ ਸਿਫ਼ਤ ਜਗਤ ਜੀਵ ਜਹਾਨ ਕੀ ਦੱਸੇ, ਦੱਸਿਆਂ ਸਮਝ ਕਿਸੇ ਨਾ ਆਈਆ । ਓਹ ਸਮਝੇ ਜੋ ਪ੍ਰੇਮ ਪਿਆਰ ਅੰਦਰ ਭੱਜੇ, ਫਾਸੀ ਜਮ ਕੀ ਗਲੋਂ ਤੁੜਾਈਆ । ਸਰਨ ਸਰਨਾਈ ਸਾਚੀ ਢੱਠੇ, ਢਹਿ ਢਹਿ ਖ਼ੁਸ਼ੀ ਮਨਾਈਆ । ਜਨਮ ਕਰਮ ਦੇ ਮਿਟਣ ਰਟੇ, ਝਗੜਾ ਚੁੱਕੇ ਲੋਕਾਈਆ । ਸੱਚਾ ਲਾਹਾ ਸਚ ਦਾ ਖੱਟੇ, ਖੱਟੀਆਂ ਵਿਚੋਂ ਖੱਟੀ ਨਾਮ ਵਸਤ ਅਮੋਲਕ ਝੋਲੀ ਪਾਈਆ । ਨਾਮ ਨਿਧਾਨ ਦੇ ਕੇ ਜਨ ਭਗਤਾਂ ਬਣਾਏ ਆਪਣੇ ਬੱਚੇ, ਬੱਚਿਆਂ ਵਿਚੋਂ ਬਚਤ ਆਪਣੇ ਕੋਲ ਰਖਾਈਆ । ਅਗਲਾ ਘਰ ਇਕੋ ਦੱਸੇ, ਜਿਸ ਘਰ ਵਸੇ ਬੇਪਰਵਾਹੀਆ । ਗੁਰਮੁਖੋ ਖ਼ੁਸ਼ੀਆਂ ਨਾਲ ਜਾਓ ਨੱਸੇ, ਦੋ ਜਹਾਨਾਂ ਪੰਧ ਮੁਕਾਈਆ । ਓਥੇ ਫੇਰ ਕੱਠੇ ਦੇ ਕੱਠੇ, ਅੱਗੇ ਵਿਛੋੜਾ ਨਜ਼ਰ ਕੋਇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਪਟੇਦਾਰੀ ਦੇ ਲਿਖਵਾ ਕੇ ਪਟੇ, ਪਰਵਾਨੇ ਧੁਰ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਸਚ ਵਿਚ ਸਮਾਈਆ ।

੨੫ ੧੨

## ੨੨ ਜੇਠ ੨੦੨੧ ਬਿਕ੍ਰਮੀ ਪ੍ਰੇਮੀ ਦੇਵੀ ਦੇ ਗ੍ਰਹਿ ਝੰਡੇ

ਨਾਮ ਕਹੇ ਮੈਂ ਭਗਤਾਂ ਸਾਥੀ, ਸਗਲਾ ਸੰਗ ਨਿਭਾਇੰਦਾ । ਮਨ ਹੰਕਾਰੀ ਢਾਹਵਾਂ ਹਾਥੀ, ਮੂੰਹ ਦੇ ਭਾਰ ਸੁਟਾਇੰਦਾ । ਉਪਰ ਪਾ ਕੇ ਪਾਖਰ ਕਾਠੀ, ਧੁਰ ਦਾ ਤੰਗ ਕਸਾਇੰਦਾ । ਗੁਰਮੁਖ ਚੜ੍ਹਨ ਮਾਰ ਪਲਾਕੀ, ਚਰਨਾਂ ਹੇਠ ਦਬਾਇੰਦਾ । ਅੱਗੇ ਖੋਲ੍ਹ ਕੇ ਸੱਚੀ ਤਾਕੀ, ਦਰ ਦਵਾਰਾ ਇਕ ਵਖਾਇੰਦਾ । ਜਿਥੇ ਅੰਮ੍ਰਿਤ ਬੂੰਦ ਮਿਲੇ ਸਵਾਂਤੀ, ਨਿਝਰ ਝਿਰਨਾ ਆਪ ਝਿਰਾਇੰਦਾ । ਹੋਵੇ ਪਰਕਾਸ਼ ਬਿਨ ਦੀਆ ਬਾਤੀ, ਜੋਤੀ ਜੋਤ ਡਗਮਗਾਇੰਦਾ । ਮੇਲ ਮਿਲਾਵਾ ਕਮਲਾਪਾਤੀ, ਘਰ ਸਾਚਾ ਇਕ ਸੁਹਾਇੰਦਾ । ਜਿਨ੍ਹਾਂ ਗੁਰਮੁਖਾਂ ਮੰਨੀ ਮੇਰੀ ਆਖੀ, ਤਿਨ੍ਹਾਂ ਆਖ਼ਰ ਓਸੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾਂ ਧੁਰ ਦਾ ਵਰ, ਹਰਿਜਨ ਸਾਚੇ ਸੰਗ ਨਿਭਾਇੰਦਾ । ਜਨ ਭਗਤੋ ਮੈਂ ਤੁਹਾਡਾ ਸੰਗੀ, ਸੱਚਾ ਨਾਮ ਰਿਹਾ ਸਮਝਾਈਆ । ਦਿਆਂ ਵਸਤ ਮੂੰਹੋਂ ਮੰਗੀ, ਜੋ ਹਿਰਦੇ ਹਰਿ ਹਰਿ ਰਹੇ ਧਿਆਈਆ । ਅੰਗੀਕਾਰ ਬਣ ਕੇ ਲਾਵਾਂ ਅੰਗੀ, ਆਪ ਆਪਣੇ ਅੰਗ ਲਗਾਈਆ । ਲੋਕਮਾਤ ਕੰਡ ਹੋਣ ਨਾ ਦੇਵਾਂ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਕਰਮਾਂ ਕਾਂਡਾਂ ਵਾਲੀ ਚੁੱਕੇ ਤੰਗੀ, ਖੁਲ੍ਹਾ ਦਸਤ ਵਖਾਈਆ । ਭੰਡੀ ਪਏ ਨਾ ਵਿਚ ਵਰਭੰਡੀ, ਸਿੱਧਾ ਮਾਰਗ ਦਿਆਂ ਜਣਾਈਆ । ਅੱਖ ਰਹੇ ਨਾ ਕੋਈ ਅੰਧੀ, ਗੁਰਮੁਖ ਨੇਤਰ ਨੂਰ ਨੂਰ ਰੁਸ਼ਨਾਈਆ । ਕੂੜੀ ਵਾਸਨਾ ਰਹੇ ਨਾ ਗੰਦੀ, ਸਚ ਸੁਗੰਧੀ ਦਿਆਂ ਭਰਾਈਆ । ਗੀਤ ਸੁਣਾ ਕੇ ਆਪਣਾ ਛੰਦੀ, ਪਰਮ ਪੁਰਖ ਨਾਲ ਮਿਲਾਈਆ । ਗੁਰਸਿਖ ਨਾਰੀ ਕੋਈ ਨਾ ਦਿਸੇ ਰੰਡੀ, ਜਗਤ ਸੁਹਾਗਣ ਰੂਪ ਵਟਾਈਆ । ਖ਼ਾਨਾ ਤੋੜ ਕੇ ਅਗਲਾ ਬੰਦੀ, ਬੰਦਗੀ ਸਾਚੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਵਖਾਈਆ । ਨਾਮ ਕਹੇ ਮੈਂ ਦੇਵਾਂ ਸੱਦਾ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਪਾਰ ਕਰ ਕੇ ਜਗਤ ਹੱਦਾ, ਹਦੂਦ ਭਗਤਾਂ ਵੇਖ ਵਖਾਇੰਦਾ । ਗੁਣ ਨਿਧਾਨ ਦਾ ਫੜਾ ਕੇ ਡੱਗਾ, ਸੋਹਣਾ ਨਾਦ ਵਜਾਇੰਦਾ । ਆਓ ਸਭ ਦਾ ਸੁਆਰਾਂ ਅੱਗਾ, ਪਿਛਲਾ ਲੇਖ ਮੁਕਾਇੰਦਾ । ਸ਼ਬਦੀ ਧਾਰ ਵਖਾਵਾਂ ਅਸਵ ਬੱਗਾ, ਸ਼ਾਹਸਵਾਰਾ ਉਤੇ ਸੋਭਾ ਪਾਇੰਦਾ । ਜਿਸ ਦਾ ਦੀਪਕ ਇਕੋ ਜਗਾ, ਜਾਗਰਤ ਜੋਤ ਨੂਰ ਰੁਸ਼ਨਾਇੰਦਾ । ਓਸ ਦੇ ਪ੍ਰੇਮ ਪਿਆਰ ਦਾ ਵੇਖੇ ਮਜ਼ਾ, ਬਿਨ ਰਸਨਾ ਜਿਹਵਾ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਅਲਾਇੰਦਾ । ਨਾਮ ਕਹੇ ਮੈਂ ਚੌਕੀਦਾਰ, ਹੋਕਾ ਦੇ ਦੇ ਸਰਬ ਜਗਾਈਆ । ਗੁਰਮੁਖ ਹੋਵੇ ਖ਼ਬਰਦਾਰ, ਬੇਖ਼ਬਰ ਖ਼ਬਰ ਪੁਚਾਈਆ । ਜੁਗ ਚੌਕੜੀ ਪਿਛੋਂ ਮਿਲਿਆ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਜਿਸ ਦਾ ਤੁਟ ਨਾ ਜਾਏ ਪਿਆਰ, ਪਿਛਾ ਦੇ ਨਾ ਮੁਖ ਭਵਾਈਆ । ਅੱਗੇ ਪਿਛੇ ਬਖ਼ਸ਼ੇ ਸਚ ਪਿਆਰ, ਰੁੱਤ ਸੁਹੰਜਣੀ ਨਾਲ ਮਿਲਾਈਆ । ਤੁਸੀਂ ਓਸ ਦੀ ਖਿੜੀ ਗੁਲਜ਼ਾਰ, ਜਿਸ ਗੁਲਸ਼ਨ ਬੂਟਾ ਦਿਤਾ ਲਗਾਈਆ । ਸੋ ਵੇਖਣਹਾਰਾ ਵੇਖੇ ਵਿਚ ਸੰਸਾਰ, ਵਡ ਸੰਸਾਰੀ ਫੇਰਾ ਪਾਈਆ । ਜੁਗ ਚੌਕੜੀ ਬੀਤੇ ਇਕ ਦੋ ਤਿੰਨ ਚਾਰ, ਚੌਥਾ ਜੁਗ ਖ਼ੁਸ਼ੀ ਮਨਾਈਆ । ਨੇਤਰ ਖੋਲ੍ਹ ਕਰੋ ਦੀਦਾਰ, ਨੈਣ ਨੈਣਾਂ ਨਾਲ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਨਾਮ ਕਹੇ ਕਿਉਂ ਕਲਜੁਗ ਸੁੱਤੇ, ਸੁੱਤਿਆਂ ਰੈਣ ਵਿਹਾਈਆ । ਬਿਨ ਪੁਰਖ ਅਕਾਲ ਕੋਈ ਨਾ ਪੁੱਛੇ, ਪੁੱਛਾਂ ਦੇ ਦੇ ਥੱਕੀ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਸਭ ਦੇ ਨਾਲੋਂ ਰੁੱਠੇ, ਬੈਠੇ ਮੁਖ ਭਵਾਈਆ । ਸ੍ਰੀ ਭਗਵਾਨ ਕਰਕੇ ਆਪਣੀ ਗੁੱਠੇ, ਇਕੱਠਿਆਂ ਦਿਤਾ ਸਮਝਾਈਆ । ਸਾਰੇ ਆਪਣੇ ਮੂਧੇ ਕਰ ਦਿਓ ਠੂਠੇ, ਸਚ ਵਸਤ ਮੇਰੀ ਮੇਰੀ ਝੋਲੀ ਪਾਈਆ । ਮਨਮੁਖ ਜੀਵ ਜੋ ਮਾਇਆ ਅੰਦਰ ਭੂਤੇ, ਭੂਤ ਪ੍ਰੇਤ ਬੈਤਾਲ ਰੂਪ ਵਟਾਈਆ । ਰੂਹ ਫਿਰਨ ਬਿਨਾ ਬੁਤ ਜੂਹ ਦੇ, ਜੰਗਲ ਜੂਹ ਉਜਾੜ ਪਹਾੜ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਨਾਮ ਕਹੇ ਮੇਰੀ ਵੇਖੋ ਹਾਲਤ, ਹਲਤ ਪਲਤ ਦੀ ਦਿਆਂ ਸਮਝਾਈਆ । ਕਲਜੁਗ ਜੀਵੋ ਅੰਤ ਛੱਡੋ ਜਹਾਲਤ, ਜ਼ਾਹਰ ਜ਼ਹੂਰ ਫੇਰਾ ਪਾਈਆ । ਜਿਸ ਦੀ ਅੱਖਰਾਂ ਨਾਲ ਲਿਖੀ ਗਈ ਇਬਾਰਤ, ਕਲਮਿਆਂ ਨਾਲ ਕਰੀ ਪੜ੍ਹਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਫ਼ਾਰਸ, ਸਫ਼ਾਰਸ਼ੀ ਹੋ ਕੇ ਸੇਵ ਕਮਾਈਆ । ਸੋ ਸਾਹਿਬ ਸਤਿਗੁਰ ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਆਇਆ ਖ਼ਾਲਸ, ਖ਼ਾਲਸ ਖ਼ਾਲਸ ਦਏ ਜਣਾਈਆ । ਨਿੰਦਰਾ ਨੀਂਦ ਮਿਟਾਓ ਆਲਸ, ਜਗਤ ਦਵਾਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਲੇਖਾ ਲੇਖੇ ਪਾਈਆ । ਨਾਮ ਕਹੇ ਉਠੋ ਭੱਜੋ, ਭੱਜ ਭੱਜ ਪੰਧ ਮੁਕਾਈਆ । ਓਸ ਸਾਹਿਬ ਦੀ ਸਰਨੀ ਲੱਗੋ, ਜੋ ਘਰ ਘਰ ਬੈਠਾ ਡੇਰਾ ਲਾਈਆ । ਮਾਣ ਅਭਿਮਾਨ ਦੋਵੇਂ ਤਜੋ, ਮਮਤਾ ਮੋਹ ਸੰਗ ਨਾ ਕੋਇ ਰਖਾਈਆ । ਪ੍ਰੇਮ ਪ੍ਰੀਤੀ ਅੰਦਰ ਅੱਗੇ ਵਧੋ, ਆਪਣਾ ਕਦਮ ਚੁਕਾਈਆ । ਪ੍ਰੇਮ ਪਿਆਰ ਕਰ ਕੇ ਆਪਣੇ ਘਰ ਸੱਦੋ, ਘਰ ਤੁਹਾਡਾ ਕਾਇਆ ਬੰਕ ਨਜ਼ਰੀ ਆਈਆ । ਆਪਣਾ ਭਾਰ ਓਸੇ ਦੇ ਕੰਧੇ ਲੱਦੋ, ਜਿਸ ਤੁਹਾਡੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਨਾਮ ਕਹੇ ਕੀ ਰਹੀ ਸੋਚ, ਸਮਝ ਚਲੇ ਨਾ ਕੋਇ ਵਡਿਆਈਆ । ਏਥੇ ਕਿਸੇ ਦੀ ਨਹੀਂ ਕੋਈ ਪਹੁਚ, ਪਾਂਧੀ ਬਣ ਕੇ ਪੰਧ ਨਾ ਕੋਇ ਮੁਕਾਈਆ । ਜਿਨ੍ਹਾਂ ਪ੍ਰਭ ਮਿਲਣ ਦਾ ਰੱਖਿਆ ਇਕੋ ਸ਼ੌਕ, ਸ਼ਹਿਨਸ਼ਾਹ ਤਿਨ੍ਹਾਂ ਆਪ ਵੇਖੇ ਆ ਕੇ ਚਾਈਂ ਚਾਈਂਆ । ਤਿਨ੍ਹਾਂ ਲੇਖਾ ਚੁਕਿਆ ਲੋਕ ਪਰਲੋਕ, ਸਾਚੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਸਾਚੇ ਲੇਖੇ ਰਿਹਾ ਪਾਈਆ ।

### ✪ ੨੨ ਜੇਠ ੨੦੨੧ ਬਿਕ੍ਰਮੀ ਰਸਾਲ ਸਿੰਘ ਦੇ ਗ੍ਰਿਹ ਮਨਾਵਰ ✪

ਨਾਮ ਕਹੇ ਮੈਂ ਹਰਿ ਕਾ ਪੁੱਤਰ, ਪਿਤਾ ਪੁਰਖ ਅਕਾਲ ਅਖਵਾਇੰਦਾ । ਸਾਚੀ ਧਾਰੋਂ ਆਵਾਂ ਉਤਰ, ਨਿਰਵੈਰ ਰੂਪ ਵਟਾਇੰਦਾ । ਸੱਚੀ ਗੋਦੀ ਬਹਵਾਂ ਕੁੱਛੜ, ਸੋਹਣਾ ਬੰਕ ਸੁਹਾਇੰਦਾ । ਦਿਵਸ ਰੈਣ ਆਦਿ ਜੁਗਾਦਿ ਕਰਾਂ ਸ਼ੁਕਰ, ਜੋ ਮੇਰੀ ਬਣਤ ਬਣਾਇੰਦਾ । ਓਸ ਦੇ ਹੁਕਮੇ ਅੰਦਰ ਲੁਕ ਜਾਵਾਂ ਡੂੰਘੀ ਨੁੱਕਰ, ਜਗਤ ਨੇਤਰ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਕੋਲੋਂ ਜਾਵਾਂ ਮੁਕਰ, ਸਾਚਾ ਭੇਵ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੈਂ ਖੇਲ ਵਖਾਇੰਦਾ । ਨਾਮ ਕਹੇ ਮੈਂ ਪ੍ਰਭ ਦੀ ਗੋਦੀ, ਸਚ ਸਿੰਘਾਸਣ ਡੇਰਾ ਲਾਈਆ । ਜੁਗ ਚੌਕੜੀ ਮੇਰੇ ਖੋਜੀ, ਗੁਰ ਅਵਤਾਰ ਭੱਜਣ ਵਾਹੋ ਦਾਹੀਆ । ਗਿਆਨੀ ਧਿਆਨੀ ਵੱਡੇ ਬੋਧੀ, ਬੋਧ ਨਾਲ ਰਹੇ ਸਮਝਾਈਆ । ਸਾਚੀ

ਕਿਸੇ ਨਾ ਆਈ ਸੋਝੀ, ਸੁਧ ਸਿਧ ਨਾ ਕੋਇ ਕਰਾਈਆ । ਵਰਨ ਬਰਨ ਬਣ ਕੇ ਰੋਗੀ, ਹਉਮੇ ਹੋਕਾ ਦੇਣ ਦੁਹਾਈਆ । ਰਸਨਾ ਗੌਂਦੇ ਜਿਹਵਾ ਲੋਕੀ, ਬੱਤੀ ਦੰਦ ਕੂਕ ਸੁਣਾਈਆ । ਸਿਫ਼ਤ ਕਰਦੀ ਅੱਖਰ ਕਾਗ਼ਜ਼ਾਂ ਨਾਲ ਪੋਥੀ, ਪੁਸਤਕ ਰਹੀ ਵਡਿਆਈਆ । ਮੇਰੀ ਹੱਥ ਨਾ ਆਈ ਕਿਸੇ ਚੋਟੀ, ਮੰਜ਼ਲ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੈਂ ਰੰਗ ਰੰਗਾਈਆ । ਨਾਮ ਕਹੇ ਮੈਂ ਪ੍ਰਭ ਦੀ ਝੋਲੀ, ਸੋਹਣਾ ਬੈਠਾ ਆਸਣ ਲਾਈਆ । ਉਸ ਦੇ ਕੋਲੋਂ ਸਿਖਾਂ ਅਗੰਮੀ ਬੋਲੀ, ਜਿਸ ਦੀ ਸਮਝ ਕਿਸੇ ਨਾ ਪਾਈਆ । ਜੁਗ ਚੌਕੜੀ ਦੱਸਾਂ ਹੌਲੀ ਹੌਲੀ, ਸਾਚੇ ਭਗਤਾਂ ਨਾਲ ਮਿਲਾਈਆ । ਨਾਲ ਰਲਾ ਕੇ ਅਨਹਦ ਢੋਲੀ, ਸਾਚਾ ਡੰਕਾ ਦਿਆਂ ਵਜਾਈਆ । ਸੁਰਤ ਸਵਾਣੀ ਕਰ ਕੇ ਗੋਲੀ, ਰਮਜ਼ ਇਸ਼ਾਰੇ ਨਾਲ ਉਠਾਈਆ । ਬੁਧ ਬਿਬੇਕ ਆਪਣੇ ਰੰਗ ਮੌਲੀ, ਮੁਹੱਬਤ ਸਾਚੀ ਦੇਵਾਂ ਦ੍ਰਿੜਾਈਆ । ਉਲਟੀ ਕਰ ਕੇ ਨਾਭ ਕਵਲੀ, ਅੰਮ੍ਰਿਤ ਝਿਰਨਾ ਦਿਆਂ ਝਿਰਾਈਆ । ਧਾਰ ਵਖਾ ਕੇ ਸਾਵਲ ਸਵਲੀ, ਜੋਤੀ ਨੂਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਨਾਮ ਕਹੇ ਮੈਂ ਪ੍ਰਭ ਦੇ ਘਰ, ਘਰ ਘਰ ਵਿਚ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਦਿਤਾ ਵਰ, ਮਿਹਰ ਨਜ਼ਰ ਉਠਾਇੰਦਾ । ਸਚ ਦਵਾਰੇ ਵੇਖਾਂ ਖੜ, ਦੋ ਜਹਾਨਾਂ ਰਾਹ ਤਕਾਇੰਦਾ । ਧੁਰ ਅਗੰਮੀ ਚੋਟੀ ਚੜ੍ਹ, ਸੋਹਣਾ ਆਸਣ ਲਾਇੰਦਾ । ਜੁਗ ਚੌਕੜੀ ਨਿਰਵੈਰ ਨਿਰਾਕਾਰ ਰੂਪ ਧਰ, ਅਨੂਪ ਖੇਲ ਖਿਲਾਇੰਦਾ । ਸੰਤ ਸੁਹੇਲੇ ਲਵਾਂ ਵਰ, ਗੁਰਮੁਖ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਨਾਮ ਕਹੇ ਪ੍ਰਭ ਮੇਰਾ ਮੀਤ, ਮੈਂ ਓਸਦੀ ਸੇਵ ਕਮਾਈਆ । ਸਤਿ ਸਤਿਵਾਦੀ ਜਿਸ ਦੀ ਰੀਤ, ਸ਼ਬਦ ਅਨਾਦੀ ਰਾਗ ਸੁਣਾਈਆ । ਜਿਸ ਦਾ ਲੇਖਾ ਹਸਤ ਕੀਟ, ਹਰ ਘਟ ਡੇਰਾ ਲਾਈਆ । ਆਤਮ ਪਰਮਾਤਮ ਜਿਸ ਦਾ ਗੀਤ, ਸੋਹੰ ਸਚ ਸਚ ਸਮਝਾਈਆ । ਪ੍ਰੀਤਮ ਹੋ ਕੇ ਵਸੇ ਚੀਤ, ਪਿਆਰ ਵਿਚੋਂ ਪਿਆਰ ਲਏ ਪਰਗਟਾਈਆ । ਦਾਤਾ ਹੋ ਕੇ ਦੇਵੇ ਭੀਖ, ਭਿਛਿਆ ਇਕ ਵਰਤਾਈਆ । ਲਹਿਣਾ ਦੇਣਾ ਚੁਕਾਏ ਊਚ ਨੀਚ, ਨੀਚਾਂ ਵਿਚੋਂ ਨੀਚ ਨੀਕਨ ਨੀਕਾ ਆਪਣਾ ਨਾਉਂ ਪਰਗਟਾਈਆ । ਮੇਰੀ ਸਿਫ਼ਤ ਕਰਦੇ ਕਲਮੇ ਵਿਚ ਹਦੀਸ, ਕਾਗ਼ਜ਼ ਦੇਣ ਸਫ਼ਾਈਆ । ਮੈਨੂੰ ਰਸਨਾ ਗੌਂਦੀ ਵਿਚ ਸੰਗੀਤ, ਨਾਦਾਂ ਵਿਚ ਵਡਿਆਈਆ । ਮੈਨੂੰ ਧਿਔਂਦੀ ਲੱਖ ਚੁਰਾਸੀ ਜੀਭ, ਜਿਹਵਾ ਖ਼ੁਸ਼ੀ ਮਨਾਈਆ । ਮੇਰਾ ਖੇਲ ਅਜਬ ਅਜੀਬ, ਭੇਵ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਸਾਰੇ ਦੱਸਦੇ ਗਏ ਤਰਕੀਬ, ਤਰਾ ਤਰਾ ਸਮਝਾਈਆ । ਮਾਣਸ ਮਨੁੱਖ ਆਪਣੇ ਬਣੌਂਦੇ ਗਏ ਨਸੀਬ, ਨਿਸਬਤ ਆਪਣੀ ਆਪ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਨਾਮ ਕਹੇ ਮੈਂ ਪ੍ਰਭ ਦਾ ਬੱਚਾ, ਬੱਚਿਆਂ ਵਾਂਗ ਸੇਵ ਕਮਾਈਆ । ਆਦਿ ਜੁਗਾਦੀ ਰਹਾਂ ਸੱਚਾ, ਜੁਗ ਜੁਗ ਝੂਠਾ ਖੇਲ ਨਾ ਕੋਇ ਵਖਾਈਆ । ਆਪਣੀ ਕਰਨੀ ਰਹਾਂ ਪੱਕਾ, ਕਾਰਜ ਕਰਾਂ ਚਾਈਂ ਚਾਈਂਆ । ਸਾਚਾ ਮਾਰਗ ਸਦਾ ਦੱਸਾਂ, ਕਰਾਂ ਸਤਿ ਪੜ੍ਹਾਈਆ । ਨਵ ਨੌਂ ਚਾਰ ਫਿਰਾਂ ਨੱਸਾਂ, ਬਣ ਕੇ ਪਾਂਧੀ ਰਾਹੀਆ । ਸੇਵਕ ਹੋ ਕੇ ਕਦੇ ਨਾ ਥੱਕਾਂ, ਥਕਾਵਟ ਨੇੜ ਕੋਇ ਨਾ ਆਈਆ । ਜਿਥੇ ਜਨ ਭਗਤਾਂ ਲੱਗੇ ਪਤਾ, ਪਤਿਪਰਮੇਸ਼ਵਰ ਰਹੇ ਧਿਆਈਆ । ਓਥੇ ਮੇਰੀਆਂ ਲੱਗਣ ਅੱਖਾਂ, ਅੱਖੀਂ ਨਾਲ ਅੱਖੀਂ ਮਿਲਾਈਆ । ਅੰਦਰ ਵੜ ਕੇ ਹਾਲ ਦੱਸਾਂ, ਪੜਦਾ ਆਪ ਚੁਕਾਈਆ । ਖ਼ੁਸ਼ੀਆਂ ਵਿਚ ਨੱਚਾਂ,

ਸੋਹਣਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦਏ ਸਮਝਾਈਆ । ਨਾਮ ਕਹੇ ਮੈਂ ਪ੍ਰਭ ਦਾ ਪਿਆਰਾ, ਪਿਆਰਿਆਂ ਵਿਚੋਂ ਨਜ਼ਰੀ ਆਈਆ । ਜਿਸ ਨੇ ਲੱਭਿਆ ਇਕ ਸਹਾਰਾ, ਸੋ ਸਾਹਿਬ ਮੀਤਾ ਇਕ ਗੋਸਾਈਆ । ਜਿਸ ਜਾਣਿਆ ਇਕ ਕਿਨਾਰਾ, ਪਰਮ ਪੁਰਖ ਵੱਡੀ ਸਰਨਾਈਆ । ਜਿਸ ਬੁਲਾਇਆ ਇਕ ਜੈਕਾਰਾ, ਤੂੰ ਹੀ ਤੂੰ ਰਾਗ ਅਲਾਈਆ । ਜਿਸ ਮਾਰਿਆ ਇਕੋ ਨਾਅਰਾ, ਵਾਹਦ ਨੂਰ ਖ਼ੁਦਾਈਆ । ਜਿਸ ਕੀਤਾ ਇਕ ਇਸ਼ਾਰਾ, ਦੋ ਜਹਾਨਾਂ ਦਿਤਾ ਸਮਝਾਈਆ । ਜਿਸ ਸੁਣਾਇਆ ਇਕ ਨਗਾਰਾ, ਬ੍ਰਹਿਮੰਡ ਖੰਡ ਉਠਾਈਆ । ਜਿਸ ਬਖ਼ਸ਼ਿਆ ਇਕ ਅਧਾਰਾ, ਲੱਖ ਚੁਰਾਸੀ ਦਏ ਵਡਿਆਈਆ । ਜਿਸ ਜਣਾਇਆ ਸਰਬ ਪਸਾਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜਿਸ ਦ੍ਰਿੜਾਇਆ ਧੁਰ ਦਰਬਾਰਾ, ਪੜਦਾ ਓਹਲਾ ਦਿਤਾ ਚੁਕਾਈਆ । ਜਿਸ ਸ਼ਾਸਤਰ ਸਿਮਰਤ ਵੇਦ ਬਣਾਇਆ ਬਣ ਲਿਖਾਰਾ, ਕਾਤਬ ਹੋ ਕੇ ਕਲਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਿਤੀ ਸਮਝਾਈਆ । ਸ਼ਬਦ ਕਹੇ ਮੈਂ ਪ੍ਰਭ ਦਾ ਨਜ਼ਦੀਕੀ, ਨਾਮ ਇਕੋ ਇਕ ਸਮਝਾਈਆ । ਮੇਰੀ ਓਸੇ ਨਾਲ ਪ੍ਰੀਤੀ, ਜੋ ਪ੍ਰੀਤਮ ਬੇਪਰਵਾਹੀਆ । ਓਸ ਦਾ ਖੇਲ ਲਾਸ਼ਰੀਕੀ, ਸ਼ਰਕਤ ਵਿਚ ਕਦੇ ਨਾ ਆਈਆ । ਓਹ ਲੱਭੇ ਨਾ ਮੰਦਰ ਮਸੀਤੀ, ਘਰ ਘਰ ਬੈਠਾ ਡੇਰਾ ਲਾਈਆ । ਓਸ ਦੀ ਖੇਲ ਨੀਕਨ ਨੀਕੀ, ਜਗਤ ਭਗਤੀ ਗਈ ਸਮਝਾਈਆ । ਕਲਜੁਗ ਯਾਦ ਆਈ ਕਬੀਰੇ ਵਾਲੀ ਚੀਚੀ, ਜਿਸ ਵਿਚ ਕੰਡਾ ਦਿਤਾ ਚੁਭਾਈਆ । ਜਿਸ ਨੇ ਦੱਸੀ ਸੱਚੀ ਰੀਤੀ, ਪੜਦਾ ਓਹਲਾ ਦਿਤਾ ਉਠਾਈਆ । ਉਸ ਦੀ ਭਗਤ ਸਦਾ ਬਗੀਚੀ, ਫੁਲ ਫੁਲਵਾੜੀ ਮਾਤ ਮਹਿਕਾਈਆ । ਓਨ੍ਹਾਂ ਦੀ ਅੰਦਰੋਂ ਬਾਹਰੋਂ ਸਾਫ਼ ਨੀਤੀ, ਕੂੜੀ ਕਿਰਿਆ ਨੇੜ ਨਾ ਆਈਆ । ਵੇਖਣ ਖੇਲ ਇਕ ਅਨਡੀਠੀ, ਅਗੰਮੜੀ ਰਚਨ ਰਚਾਈਆ । ਚੜ੍ਹਿਆ ਰੰਗ ਸਤਿ ਮਜੀਠੀ, ਕਾਇਆ ਚੋਲੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਵਖਾਈਆ । ਨਾਮ ਕਹੇ ਮੈਂ ਪ੍ਰਭ ਦਾ ਫ਼ਕੀਰ, ਫ਼ਕੀਰਾਂ ਵਿਚੋਂ ਨਜ਼ਰੀ ਆਈਆ । ਮੇਰਾ ਤਤ ਤਨ ਨਾ ਕੋਇ ਸਰੀਰ, ਮਾਇਆ ਵੰਡ ਨਾ ਕੋਇ ਵੰਡਾਈਆ । ਮੇਰਾ ਮਨ ਨਾ ਹੋਏ ਦਿਲਗੀਰ, ਮੇਰੀ ਬੁਧੀ ਨਾ ਕੋਇ ਚਤੁਰਾਈਆ । ਮੈਨੂੰ ਸ਼ਰਅ ਨਾ ਕੋਇ ਜ਼ੰਜੀਰ, ਮੇਰੀ ਮਜ਼੍ਹਬ ਨਾ ਕੋਇ ਲੜਾਈਆ । ਮੇਰੀ ਜ਼ਾਤ ਪਾਤ ਨਾ ਵਰਨ ਬਰਨ ਮੈਂ ਚੋਟੀ ਚੜ੍ਹਾਂ ਅਖ਼ੀਰ, ਪੜਦੇ ਓਹਲੇ ਲੁਕ ਕੇ ਆਸਣ ਲਾਈਆ । ਮੈਂ ਨਿਤ ਨਵਿਤ ਜਨ ਭਗਤਾਂ ਹੋਵਾਂ ਬਗ਼ਲਗੀਰ, ਸੂਫ਼ੀਆਂ ਦਸਤਗੀਰ ਅਖਵਾਈਆ । ਮੇਰੀ ਸਿਫ਼ਤ ਦੀ ਚਿੱਟੇ ਉਤੇ ਕਾਲੀ ਪਏ ਲਕੀਰ, ਕਾਗ਼ਜ਼ ਕਲਮ ਸ਼ਾਹੀ ਦਏ ਗਵਾਹੀਆ । ਮੇਰਾ ਖੇਲ ਬੇਨਜ਼ੀਰ, ਜਗ ਨਜ਼ਰ ਕਿਸੇ ਨਾ ਆਈਆ । ਮੈਂ ਬਦਲ ਦੇਵਾਂ ਤਕਦੀਰ, ਸਚ ਤਦਬੀਰ ਆਪ ਸਮਝਾਈਆ । ਮੈਂ ਔਕੜ ਕੱਟਾਂ ਭੀੜ, ਔਝੜ ਰਾਹ ਨਾ ਕੋਇ ਵਖਾਈਆ । ਮੇਰੇ ਹੱਥ ਸੱਚੀ ਸ਼ਮਸ਼ੀਰ, ਤਿੱਖੀ ਧਾਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਵੱਡਾ ਦਏ ਵਡਿਆਈਆ । ਨਾਮ ਕਹੇ ਮੈਂ ਪ੍ਰਭ ਦੀ ਕਰਾਂ ਭਾਲ, ਖੋਜਤ ਖੋਜਤ ਧਿਆਨ ਲਗਾਈਆ । ਸਚਖੰਡ ਨਿਵਾਸੀ ਵਸੇ ਸੱਚੀ ਧਰਮਸਾਲ, ਸਚ ਘਰ ਬੈਠਾ ਡੇਰਾ ਲਾਈਆ । ਮੈਨੂੰ ਥਿਰ ਘਰ ਦਿਤਾ ਬਹਾਲ, ਸੋਹਣੀ ਭੂਮਿਕਾ ਦਿਤੀ ਸਮਝਾਈਆ । ਹੁਕਮੇ ਅੰਦਰ ਫੇਰ ਉਠਾਲ, ਸੱਚੀ ਸੇਵ ਇਕ ਦਰਸਾਈਆ । ਥਾਪਣਾ ਦੇ ਕੇ ਆਪਣੇ ਲਾਲ, ਲਾਲਨ ਰੰਗ ਦਿਤਾ ਚੜ੍ਹਾਈਆ । ਮੈਂ ਮਾਰ ਕੇ ਵੱਡੀ ਛਾਲ, ਲੋਕਮਾਤ

ਫੇਰਾ ਪਾਈਆ । ਜੁਗ ਚੌਕੜੀ ਖੇਲ ਕਰਾਂ ਨਿਰਾਲ, ਅਵੱਲੜੀ ਚਾਲ ਵਖਾਈਆ । ਮੇਰਾ ਨਿਰਗੁਣ ਦਿਸੇ ਅਗੰਮੜਾ ਬੋਲ ਚਾਲ, ਗੁਰ ਅਵਤਾਰਾਂ ਕਰ ਪੜ੍ਹਾਈਆ । ਮੇਰਾ ਮਾਰਗ ਇਕ ਸੁਖਾਲ, ਸੁਖ ਸਾਗਰ ਰੂਪ ਨਜ਼ਰੀ ਆਈਆ । ਜਨ ਭਗਤਾਂ ਬਣ ਦਲਾਲ, ਸੌਦਾ ਵਣਜ ਸਾਚੇ ਹੱਟ ਵਖਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਆਤਮ ਪਰਮਾਤਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕੋ ਇਕ ਦਰਸਾਈਆ । ਨਾਮ ਕਹੇ ਮੈਂ ਦਸਾਂ ਕਹਾਣੀ, ਮਹਿੰਮਾ ਅਕਥ ਕਥ ਸਮਝਾਈਆ । ਮੇਰੀ ਸਿਫ਼ਤ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਹੀ ਗਾਈਆ । ਮੇਰਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਧਾਰ ਚਲਾਈਆ । ਮੇਰਾ ਰਸ ਅੰਮ੍ਰਿਤ ਪਾਣੀ, ਸਰ ਸਰੋਵਰ ਰੂਪ ਵਟਾਈਆ । ਮੇਰਾ ਭਗਤ ਸੱਚੀ ਨਿਸ਼ਾਨੀ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਚੁਕਾਈਆ । ਨਾਮ ਕਹੇ ਮੈਂ ਭਗਵਨ ਵਿਚੋਲਾ, ਵਿਛੜਿਆਂ ਮੇਲ ਕਰਾਇੰਦਾ । ਮੇਰਾ ਕਿਸੇ ਵਿਰਲੇ ਗੁਰਮੁਖ ਸਮਝ ਆਵੇ ਸੋਹਲਾ, ਜਿਸ ਸੋਹਣਾ ਆਪਣੇ ਰੰਗ ਰੰਗਾਇੰਦਾ । ਅੰਦਰ ਵੜ ਚੁਕਾਵਾਂ ਪੜਦਾ ਓਹਲਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਮਨ ਮਨੂਆ ਨਾ ਪਾਵੇ ਰੌਲਾ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਇਕ ਜਣਾ ਸੱਚਾ ਢੋਲਾ, ਸੁਰਤ ਸਵਾਣੀ ਫੜ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਨਾਮ ਕਹੇ ਪ੍ਰਭ ਹੁਕਮ ਵਰਤੰਤਾ, ਸਤਿ ਸਤਿਵਾਦੀ ਆਪ ਜਣਾਈਆ । ਜੁਗ ਚੌਕੜੀ ਖੇਲ ਖਲੰਤਾ, ਖ਼ਾਲਕ ਖ਼ਲਕ ਬੇਪਰਵਾਹੀਆ । ਸਾਚੀ ਸੇਵਾ ਇਕ ਲਗੰਤਾ, ਧੁਰ ਦੀ ਧਾਰ ਬੰਧਾਈਆ । ਜਾ ਕੇ ਮਿਲ ਸਾਚੇ ਸੰਤਾਂ, ਜੋ ਸਤਿ ਸਰੂਪ ਸਮਾਈਆ । ਭਗਤ ਦੁਆਰੇ ਜਾ ਕੇ ਕਰ ਮਿੰਨਤਾਂ, ਹਰਿਜਨ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਨਾਮ ਕਹੇ ਮੈਂ ਪ੍ਰਭ ਦੇ ਕਹਿਣੇ, ਆਇਆ ਵਾਹੋ ਦਾਹੀਆ । ਜਨ ਭਗਤ ਵੇਖਾਂ ਆਪਣੇ ਨੈਣੇ, ਨਿਜ ਨੇਤਰ ਨੈਣ ਉਠਾਈਆ । ਜਿਨ੍ਹਾਂ ਪ੍ਰੇਮ ਪਿਆਰ ਦੇ ਸ਼ਬਦ ਪਾਏ ਗਹਿਣੇ, ਤਨ ਸੋਹਣਾ ਸ਼ਿੰਗਾਰ ਵਖਾਈਆ । ਸਚ ਦੁਆਰੇ ਘਰ ਸਾਚੇ ਬਹਿਣੇ, ਆਪਣਾ ਰੰਗ ਵਖਾਈਆ । ਕੋਟਨ ਕੋਟਾਂ ਵਿਚੋਂ ਥੋੜ੍ਹੇ ਰਹਿਣੇ, ਜਿਨ੍ਹਾਂ ਹੋਏ ਆਪ ਸਹਾਈਆ । ਜੀਵ ਜੰਤ ਕੂੜੀ ਕਿਰਿਆ ਕੂੜੇ ਵਹਿਣ ਵਹਿਣੇ, ਕਲਜੁਗ ਲਏ ਨਾ ਕੋਇ ਬਚਾਈਆ । ਨਾਮ ਕਹੇ ਮੈਂ ਕਦੀ ਨਾ ਸੁਣਾਂ ਢੋਲਕ ਛੈਣੇ, ਤਾਲ ਰਾਗ ਵਿਚ ਨਾ ਰੰਗ ਵਖਾਈਆ । ਜੋ ਹਰਿਜਨ ਹਰਿਭਗਤ ਪ੍ਰਭ ਸ਼ਰਨਾਈ ਢਹਿਣੇ, ਤਿਨ੍ਹਾਂ ਮਿਲ ਮਿਲ ਖ਼ੁਸ਼ੀ ਮਨਾਈਆ । ਓਥੇ ਚੁਕਾਵਾਂ ਲਹਿਣੇ ਦੇਣੇ, ਪਿਛਲਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੱਚਾ ਖੇਲ ਰਿਹਾ ਸਮਝਾਈਆ । ਨਾਮ ਕਹੇ ਮੈਂ ਪ੍ਰਭ ਦੇ ਹੁਕਮ ਦੀ ਕਰਾਂ ਤਾਅਮੀਲ, ਨਿਉਂ ਨਿਉਂ ਸੀਸ ਝੁਕਾਈਆ । ਦੂਜੀ ਮੰਨਾਂ ਨਾ ਕੋਇ ਦਲੀਲ, ਇਕੋ ਖੇਲ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਪੌਂਦੇ ਰਹੇ ਤਾਅਤੀਲ, ਅਗਲਾ ਹੁਕਮ ਨਾਲ ਮਿਲਾਈਆ । ਜਿਸ ਦੀ ਅੱਗੇ ਨੌ ਸੌ ਚੁਰਾਨਵੇ ਚੌਕੜੀ ਦੀ ਇਕੋ ਵਾਰ ਅਪੀਲ, ਸਚ ਸਿੰਘਾਸਣ ਬੈਠਾ ਸੋਭਾ ਪਾਈਆ । ਨਾਮ ਕਹੇ ਮੈਂ ਉਸ ਦਾ ਬਣਾਂ ਵਕੀਲ, ਵੁਕਲਾ ਹੋ ਕੇ ਦਿਆਂ ਸਫ਼ਾਈਆ । ਜਿਨ੍ਹਾਂ ਮਿਲਿਆ ਜਿਸ ਬਸਤਰ ਪਹਿਨੇ ਨੀਲ, ਨੀਲੀ ਧਾਰੋਂ ਪਾਰ ਡੇਰਾ ਲਾਈਆ । ਉਸ ਦੀ ਅਸਲੀਅਤ ਸਭ ਦੇ ਨਾਲੋਂ ਅਸੀਲ, ਅਸਲੀਅਤ ਵਿਚ ਨੂਰ ਖ਼ੁਦਾਈਆ । ਉਸ

ਦੀ ਧਾਰ ਸਦਾ ਮਹੀਨ, ਬਾਰੀਕੀ ਵਿਚ ਤਾਰੀਖ ਸਕੇ ਨਾ ਕੋਇ ਸਮਝਾਈਆ । ਮੈਂ ਵੇਖਿਆ, ਮੈਂ ਤੱਕਿਆ, ਮੈਂ ਜਾਣਿਆ, ਮੈਂ ਬੁਝਿਆ ਓਹ ਭਗਤਾਂ ਹੋ ਕੇ ਅਧੀਨ, ਨਿਰਗੁਣ ਨਿਰਾਕਾਰ ਆਪਣਾ ਅਭਿਮਾਨ ਨਾ ਕੋਇ ਰਖਾਈਆ । ਓਹ ਠੰਡਾ ਹੋ ਕੇ ਭਗਤਾਂ ਵਸੇ ਸੀਨ, ਸਚ ਹਿਰਦੇ ਆਪ ਸਮਾਈਆ । ਜਗਤ ਮਿਸਾਲ ਨਾ ਕੋਈ ਜਲ ਮੀਨ, ਵਡ ਪਰਬੀਨ ਆਪਣੀ ਅਗੰਮੀ ਖੇਲ ਰਚਾਈਆ । ਲੇਖਾ ਚੁਕਾ ਕੇ ਨਰ ਮਦੀਨ, ਗੁਰਸਿਖ ਇਕੋ ਰੂਪ ਸਮਝਾਈਆ । ਓਹ ਦਰਵੇਸ਼ ਬਣ ਮਸਕੀਨ, ਘਰ ਸਾਚੇ ਅਲਖ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਲਏ ਤਰਾਈਆ । ਨਾਮ ਕਹੇ ਪ੍ਰਭ ਮੇਰਾ ਠਾਕਰ, ਜਿਸ ਠੋਕਰ ਇਕ ਲਗਾਈਆ । ਜਿਸ ਦਾ ਦੋ ਜਹਾਨ ਗਹਿਰ ਗੰਭੀਰ ਡੂੰਘਾ ਸਾਗਰ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੁਗ ਜੁਗ ਦੇਂਦਾ ਰਿਹਾ ਆਦਰ, ਸਿਰ ਆਪਣਾ ਹੱਥ ਟਿਕਾਈਆ । ਸਾਰੇ ਕਹਿੰਦੇ ਗਏ ਕਰੀਮ ਕਾਦਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋਧਾ ਸੂਰਬੀਰ ਵਡ ਬਹਾਦਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਸੋ ਕਲਜੁਗ ਅੰਤਮ ਜਨ ਭਗਤਾਂ ਕਰੇ ਕਰਮ ਉਜਾਗਰ, ਨਿਰਮਲ ਰੂਪ ਅਨੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਿਹਾ ਵਖਾਈਆ । ਨਾਮ ਕਹੇ ਮੈਂ ਪ੍ਰਭ ਦਾ ਠੱਗ, ਠੱਗੀ ਕਰਨਾ ਪ੍ਰਭੂ ਸਿਖਾਈਆ । ਮੈਂ ਜੁਗ ਜੁਗ ਸਾਚੀ ਸੇਜ ਵੇਖਾਂ ਭੱਜ, ਆਤਮ ਅੰਤਰ ਸੋਭਾ ਪਾਈਆ । ਜਿਥੋਂ ਕੋਈ ਨਾ ਲਏ ਲੱਭ, ਓਥੇ ਬੈਠਾ ਆਸਣ ਲਾਈਆ । ਕੋਟਨ ਕੋਟ ਮੰਦਰ ਮਸਜਿਦ ਸ਼ਿਵਦਵਾਲਿਆਂ ਅੰਦਰ ਮੈਨੂੰ ਰਹੇ ਸੱਦ, ਉਚੀ ਕੂਕ ਕੂਕ ਰਹੇ ਜਣਾਈਆ । ਤਟ ਸਰੋਵਰ ਤੀਰਥਾਂ ਅੰਦਰ ਰਹੇ ਲੱਭ, ਡੂੰਘੀ ਭਵਰ ਤਾਰੀਆਂ ਲਾਈਆ । ਉਚੇ ਟਿੱਲੇ ਪਰਬਤ ਰਹੇ ਭੱਜ, ਚੋਟੀ ਚੋਟੀ ਲੱਭਣ ਵਾਹੋ ਦਾਹੀਆ । ਚਾਰੋਂ ਕੁੰਟ ਵੱਡੇ ਛੋਟੇ ਨਿਸ਼ਾਨੇ ਰਹੇ ਗੱਡ, ਦਾਅਵਾ ਬੰਨ੍ਹ ਕੇ ਰਹੇ ਸੁਣਾਈਆ । ਅਸੀਂ ਪਾਰ ਕਰ ਕੇ ਵੇਖੀ ਹੱਦ, ਕੂੜੀ ਕਿਰਿਆ ਨਾਲ ਰਲਾਈਆ । ਸੱਚਾ ਨਾਮ ਕਹੇ ਮੈਂ ਸਭ ਤੋਂ ਅੱਡ, ਘਰ ਵੱਖਰਾ ਇਕ ਬਣਾਈਆ । ਜਿਸ ਵੇਲੇ ਮੇਰਾ ਸਾਹਿਬ ਸਤਿਗੁਰ ਮੈਨੂੰ ਲਵੇ ਸੱਦ, ਮੈਂ ਆਵਾਂ ਚਾਈਂ ਚਾਈਂਆ । ਨਿਰਗੁਣ ਨਰ ਨਰਾਇਣ ਨਿਰਵੈਰ ਨਿਰਾਕਾਰ ਅਦਲੀ ਅਦਲ ਅਦਾਲਤ ਕਰੇ ਓਥੇ ਜੱਜ, ਜ਼ਾਹਰ ਜ਼ਹੂਰ ਬੈਠਾ ਸੋਭਾ ਪਾਈਆ । ਓਥੇ ਕੁਦਰਤੀ ਅਗੰਮੀ ਅਨੋਖੀ ਵਾਜ ਜਾਏ ਵੱਜ, ਕੋਟਾਂ ਵਿਚੋਂ ਗੁਰਮੁਖ ਆਪ ਉਠਾਈਆ । ਉਹ ਸਭ ਕੁਛ ਪਿਛਲਾ ਦੇਵੇ ਛੱਡ, ਅੱਗੇ ਇਕ ਧਿਆਨ ਲਗਾਈਆ । ਧਿਆਨ ਅੰਦਰ ਖੁਲ੍ਹੇ ਅੱਖ, ਜਿਸ ਅੱਖ ਵਿਚੋਂ ਬੇਪਰਵਾਹ ਨਜ਼ਰੀ ਆਈਆ । ਬੇਪਰਵਾਹ ਦੀ ਚਰਨੀ ਜਾਏ ਢੱਠ, ਆਪਣਾ ਆਪ ਮਿਟਾਈਆ । ਨੇਤਰ ਰੋ ਦੋਏ ਜੋੜ ਕੇ ਹੱਥ, ਬਿਨ ਰਸਨਾ ਜਿਹਵਾ ਦਏ ਸੁਣਾਈਆ । ਜਿਉਂ ਭਾਵੇ ਤਿਉਂ ਲੈਣਾ ਰਖ, ਪ੍ਰਭ ਤੇਰੀ ਓਟ ਤਕਾਈਆ । ਨਾਮ ਕਹੇ ਮੈਂ ਓਸ ਵੇਲੇ ਹਾਜ਼ਰ ਹੋਵਾਂ ਸਚ, ਬਣ ਵਿਚੋਲਾ ਦਿਆਂ ਮਿਲਾਈਆ । ਹੌਲੀ ਜੇਹੀ ਦੱਸਾਂ ਤੂੰ ਸੋਹੰ ਢੋਲਾ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਅੱਗੇ ਵੇਖ ਪੁਰਖ ਸਮਰਥ, ਨਿਰਗੁਣ ਬੈਠਾ ਜੋਤ ਜਗਾਈਆ । ਤੇਰਾ ਓਸੇ ਕੋਲੋਂ ਪੂਰਾ ਹੋਣਾ ਹੱਕ, ਦੂਜਾ ਲਹਿਣਾ ਝੋਲੀ ਕੋਈ ਨਾ ਪਾਈਆ । ਜਨ ਭਗਤ ਸਾਚੀ ਗੋਦੀ ਬਹੇ ਝਟ, ਨਿਰਭੈ ਹੋ ਕੇ ਡੇਰਾ ਲਾਈਆ । ਸਾਚਾ ਨਾਮ ਕਹੇ ਭਗਵਾਨ ਏਹ ਭਗਤ ਤੇਰੀ ਅੱਖ, ਬਿਨ ਭਗਤਾਂ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਬਿਨ ਏਨ੍ਹਾਂ ਮੈਨੂੰ ਕੋਈ ਨਾ ਲਵੇ ਰਟ, ਅੰਤਰ ਆਤਮ ਨਾ ਕੋਇ ਧਿਆਈਆ । ਤੂੰ ਏਨ੍ਹਾਂ ਅੰਦਰ ਗਿਉਂ ਵਸ, ਏਹ

ਤੇਰੇ ਘਰ ਆਏ ਚਾਈਂ ਚਾਈਂਆ । ਏਨ੍ਹਾਂ ਨੂੰ ਓਥੇ ਜਾ ਕੇ ਰੱਖ, ਜਿਸ ਘਰ ਬੈਠਾ ਡੇਰਾ ਲਾਈਆ । ਅਬਿਨਾਸ਼ੀ ਕਰਤਾ ਪਿਆ ਹੱਸ, ਖ਼ੁਸ਼ੀਆਂ ਨਾਲ ਸਮਝਾਈਆ । ਨਾ ਕੋਈ ਸੂਰਜ ਚੰਦ ਰਵ ਸਸ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਇਕੋ ਨਿਰਗੁਣ ਨੂਰ ਜੋਤ ਮੇਰਾ ਪਰਕਾਸ਼, ਨੂਰੋ ਨੂਰ ਨੂਰ ਵਖਾਈਆ । ਓਸੇ ਵਿਚ ਏਨ੍ਹਾਂ ਦੀ ਮਿਲ ਜਾਏ ਸ਼ਾਖ਼, ਸ਼ਨਾਖ਼ਤ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਲੋਕਮਾਤ ਮੇਰੀ ਫੇਰ ਹੋਏ ਖ਼ਾਹਸ਼, ਨਿਰਗੁਣ ਧਾਰ ਵਿਚੋਂ ਲਵਾਂ ਪਰਗਟਾਈਆ । ਇਹ ਨਾਮ ਸਚ ਤੈਨੂੰ ਦੱਸ ਜਾਚ, ਭਗਤਾਂ ਦਿਤਾ ਸਮਝਾਈਆ । ਜ਼ਬਾਨ ਨਾਲ, ਅੱਖਰਾਂ ਨਾਲ, ਜਿਹਵਾ ਨਾਲ, ਦੰਦਾਂ ਨਾਲ ਕੋਈ ਨਾ ਸਕੇ ਵਾਚ, ਅੰਦਰ ਵੜ ਕੇ ਪ੍ਰੇਮ ਲਗਾਈਆ । ਇਕੋ ਤੈਨੂੰ ਦਿਤਾ ਖ਼ਤਾਬ, ਮੁਖ਼ਾਤਬ ਹੋ ਕੇ ਦਿਤਾ ਸਮਝਾਈਆ । ਓਸੇ ਵੇਲੇ ਸਚ ਨਾਮ ਕੀਤਾ ਆਦਾਬ, ਜਨ ਭਗਤਾਂ ਸੀਸ ਝੁਕਾਈਆ । ਤੁਹਾਨੂੰ ਮਿਲਿਆ ਓਹ ਜਨਾਬ, ਜਾਬਰ ਜਬਰ ਸਦਾ ਅਖਵਾਈਆ । ਉਸ ਦੀ ਵਸੋ ਸਚ ਮਹਿਰਾਬ, ਜਿਸ ਮਹਿਰਾਬ ਅੰਦਰ ਮਹਿਬੂਬ ਡੇਰਾ ਲਾਈਆ । ਏਸੇ ਕਾਰਨ ਉਸ ਨੂੰ ਕਹਿੰਦੇ ਰਹੇ ਸਦਾ ਗੁਰੂ ਮਹਾਰਾਜ, ਰਾਜਨ ਰਾਜ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਰ ਕੇ ਅਵੱਲੜਾ ਕਾਜ, ਕਜ਼ੀਆ ਸਾਰਾ ਦਿਤਾ ਮੁਕਾਈਆ ।



## ✪ ੨੨ ਜੇਠ ੨੦੨੧ ਬਿਕ੍ਰਮੀ ਹੰਸ ਰਾਜ ਦੇ ਗ੍ਰਿਹ ਪਿੰਡ ਨਗਿਆਲ ✪



ਜਨ ਭਗਤ ਸਦ ਤੱਕਦੇ ਰਾਹ, ਜੁਗਾ ਜੁਗੰਤਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਪਤਿਪਰਮੇਸ਼ਵਰ ਹੋਵੇ ਸਹਾਈਆ । ਡੁੱਬਦੇ ਪਾਹਨ ਲਏ ਤਰਾ, ਪਾਥਰ ਆਪਣੇ ਕੰਧ ਉਠਾਈਆ । ਸਾਚਾ ਮਾਰਗ ਦਏ ਵਖਾ, ਰਹਿਬਰ ਧੁਰ ਦਾ ਫੇਰਾ ਪਾਈਆ । ਜਨਮ ਕਰਮ ਦਾ ਰੋਗ ਦਏ ਗਵਾ, ਮਮਤਾ ਮੋਹ ਮਿਟਾਈਆ । ਜਮ ਕੀ ਫਾਸੀ ਦਏ ਤੁੜਾ, ਲੱਖ ਚੁਰਾਸੀ ਗੇੜ ਕਟਾਈਆ । ਸ਼ਬਦ ਅਨਾਦੀ ਦਏ ਸੁਣਾ, ਧੁਰ ਦਾ ਰਾਗ ਸਮਝਾਈਆ । ਕਾਇਆ ਮੰਦਰ ਕਰੇ ਰੁਸ਼ਨਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਸੁਰਤੀ ਸ਼ਬਦੀ ਦਏ ਮਿਲਾ, ਅਪਣਾ ਰੰਗ ਰੰਗਾਈਆ । ਆਤਮ ਸੇਜਾ ਦਏ ਸੁਹਾ, ਸੋਹਣੀ ਬਣਤ ਬਣਾਈਆ । ਆਤਮ ਪਰਮਾਤਮ ਇਕੋ ਘਰ ਦਏ ਵਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਜੁਗ ਜੁਗ ਵੇਖਣ ਨੈਣ, ਨੇਤਰ ਨੈਣ ਖੁਲ੍ਹਾਈਆ । ਕਵਣ ਵੇਲਾ ਪ੍ਰਭ ਮਿਲੇ ਸਾਕ ਸੱਜਣ ਸੈਣ, ਮੀਤ ਪਿਆਰਾ ਦਰ ਘਰ ਫੇਰਾ ਪਾਈਆ । ਜਨਮ ਕਰਮ ਦਾ ਚੁਕਾਏ ਲਹਿਣ ਦੇਣ, ਨਾਮ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਨਾਤਾ ਤੁਟੇ ਮਾਇਆ ਡੈਣ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤ ਸਦਾ ਕਰੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਰ ਕਿਰਪਾ ਮੇਰੇ ਨਿਰੰਕਾਰ, ਨਿਰਗੁਣ ਤੇਰੀ ਓਟ ਤਕਾਈਆ । ਦੋਏ ਜੋੜ ਕਰਾਂ ਨਿਮਸਕਾਰ, ਚਰਨ ਕਵਲ ਕਵਲ ਸਰਨਾਈਆ । ਦਰ ਠਾਂਡਾ ਦੇ ਦਰਬਾਰ, ਘਰ ਅੰਮ੍ਰਿਤ ਮੇਘ ਬਰਸਾਈਆ । ਜੁਗ ਜਨਮ ਦੇ ਵਿਛੜੇ ਮੇਲ ਮਿਲੌਣਾ ਮੇਲਣਹਾਰ, ਮੇਲਾ ਆਪਣੇ ਨਾਲ ਕਰਾਈਆ । ਗੁਰ ਚੇਲਾ ਬਹੀਏ ਇਕ ਦਵਾਰ, ਧੁਰ ਦਰਵਾਜ਼ਾ ਦੇਣਾ

ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਜਨ ਭਗਤ ਰਹੇ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਪਾਰਬ੍ਰਹਮ ਤੇਰੀ ਸਚ ਪ੍ਰੀਤ, ਪ੍ਰੀਤਮ ਸਦਾ ਸਦਾ ਸਦ ਨਜ਼ਰੀ ਆਈਆ । ਦਿਵਸ ਰੈਣ ਗਾਈਏ ਗੀਤ, ਰਸਨਾ ਜਿਹਵਾ ਸੇਵ ਕਮਾਈਆ । ਨਾਤਾ ਛੱਡ ਮੰਦਰ ਮਸੀਤ, ਕਾਇਆ ਅੰਦਰ ਖੋਜ ਖੋਜਾਈਆ । ਹਉਂ ਨੀਕਨ ਨੀਕ, ਤੂੰ ਸਾਹਿਬ ਵੱਡਾ ਵਡ ਤੇਰੀ ਵਡਿਆਈਆ । ਦਰ ਦਵਾਰੇ ਪੌਣੀ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਆਸਾ ਪੂਰ ਕਰਾਈਆ । ਜਨ ਭਗਤ ਸਦਾ ਸਦ ਕਰੇ ਆਸ, ਤ੍ਰਿਸ਼ਨਾ ਆਪਣੀ ਆਪ ਵਧਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਬੁਝਾਏ ਪਿਆਸ, ਅੰਮ੍ਰਿਤ ਮੇਘ ਇਕ ਬਰਸਾਈਆ । ਲਹਿਣਾ ਚੁਕਾ ਪ੍ਰਿਥਮੀ ਆਕਾਸ਼, ਗਗਨ ਮੰਡਲ ਪਾਰ ਨਿਰਗੁਣ ਨੂਰ ਦਏ ਦਰਸਾਈਆ । ਦੂਰ ਦੁਰਾਡਾ ਵਸੇ ਆ ਕੇ ਪਾਸ, ਬਣਕੇ ਪਾਂਧੀ ਪੰਧ ਮੁਕਾਈਆ । ਜਨਮ ਜਨਮ ਦੀ ਪੂਰੀ ਕਰੇ ਖ਼ਾਹਿਸ਼, ਕਰਮ ਕਰਮ ਦਾ ਲੇਖ ਗਵਾਈਆ । ਮਾਣਸ ਜਨਮ ਕਰੇ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਪ੍ਰਭ ਸਾਚਾ ਦਰਸ, ਦਰ ਠਾਂਡੇ ਨਜ਼ਰੀ ਆਈਆ । ਪੂਰਬ ਜਨਮ ਦੀ ਮਿਟੇ ਹਰਸ, ਹਵਸ ਨਾ ਕੋਇ ਵਧਾਈਆ । ਕਿਰਪਾਲ ਹੋ ਕੇ ਕਰਨਾ ਤਰਸ, ਕਿਰਪਨ ਲੈਣਾ ਤਰਾਈਆ । ਆਤਮ ਪਰਮਾਤਮ ਰਹੀ ਤੜਪ, ਅੱਠੇ ਪਹਿਰ ਧਿਆਨ ਲਗਾਈਆ । ਸਚ ਦਵਾਰੇ ਆਉਣਾ ਪਰਤ, ਘਰ ਪਰਮੇਸ਼ਵਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸਹਾਇਕ ਨਜ਼ਰ ਕੋਇ ਨਾ ਆਈਆ ।



## ✪ ੨੨ ਜੇਠ ੨੦੨੧ ਬਿਕ੍ਰਮੀ ਈਸ਼ਰ ਸਿੰਘ ਦੇ ਗ੍ਰਹਿ ਪਿੰਡ ਦੜ ✪

ਸੋ ਪੁਰਖ ਨਿਰੰਜਣ ਸਾਚੀ ਟੇਕ, ਆਦਿ ਜੁਗਾਦਿ ਦਇਆ ਕਮਾਇੰਦਾ । ਸਤਿਗੁਰ ਸ਼ਬਦ ਮੰਨੋ ਸਦਾ ਏਕ, ਜੁਗ ਚੌਕੜੀ ਖੇਲ ਖਿਲਾਇੰਦਾ । ਥਿਰ ਘਰ ਦੇਵੇ ਅਗੰਮੀ ਟੇਕ, ਸਾਚਾ ਮੰਦਰ ਇਕ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਕਰਦੇ ਆਦੇਸ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤ੍ਰੈ ਪੰਜ ਜਿਸ ਦਾ ਅਗੰਮੀ ਭੇਤ, ਅਨਭਵ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਜੋ ਨਿਤ ਨਵਿਤ ਦਏ ਭੇਜ, ਲੋਕਮਾਤ ਵੇਸ ਧਰਾਇੰਦਾ । ਨਿਰਗੁਣ ਸਰਗੁਣ ਜਿਸ ਦੀ ਖੇਡ, ਨਿਰਵੈਰ ਆਪਣੀ ਕਾਰ ਕਮਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਲੇਖ, ਕਲਮ ਸ਼ਾਹੀ ਅੱਖਰਾਂ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸ਼ਬਦ ਗੁਰੂ ਸਦਾ ਸਦ ਸਵਾਮੀ, ਹਰਿ ਕਰਤਾ ਆਪ ਬਣਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਜੁਗ ਜੁਗ ਵੇਖ ਵਖਾਇੰਦਾ । ਬੋਧ ਅਗਾਧ ਜਿਸ ਦੀ ਬਾਣੀ, ਧੁਰ ਦਾ ਰਾਗ ਅਲਾਇੰਦਾ । ਲੇਖਾ ਜਾਣੇ ਦੋ ਜਹਾਨੀ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਸ਼ਬਦ ਗੁਰੂ ਸਦਾ ਬਲਵਾਨ, ਹਰਿ ਕਰਤੇ ਬਣਤ ਬਣਾਈਆ । ਥਿਰ ਘਰ ਜਿਸ ਦਾ ਅਗੰਮ

ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਜਗੇ ਇਕ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਹੁਕਮ ਦੇਵੇ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਦੇਵਤ ਸੁਰ ਨੈਣ ਉਠਾਈਆ । ਰੂਪ ਰੰਗ ਰੇਖ ਸਕੇ ਨਾ ਕੋਇ ਪਹਿਚਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਸ਼ਬਦ ਗੁਰੂ ਪ੍ਰਭ ਦਾ ਰੂਪ, ਨਿਰਵੈਰ ਆਪਣੀ ਕਾਰ ਕਮਾਇੰਦਾ । ਸਤਿ ਸਤਿਵਾਦੀ ਸ਼ਾਹੋ ਭੂਪ, ਸ਼ਹਿਨਸ਼ਾਹ ਅਖਵਾਇੰਦਾ । ਦਏ ਸੰਦੇਸਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇੰਦਾ । ਜੁਗ ਚੌਕੜੀ ਮੇਟੇ ਜੂਠ ਝੂਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਸੰਤ ਸੁਹੇਲੇ ਪਰਗਟਾਏ ਧੁਰ ਦੇ ਪੂਤ, ਗੁਰਮੁਖਾਂ ਗੁਰ ਗੁਰ ਬੂਝ ਬੁਝਾਇੰਦਾ । ਭਾਗ ਲਗਾ ਕਾਇਆ ਪੰਜ ਤਤ ਭੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਸ਼ਬਦ ਗੁਰੂ ਸਰਬ ਦਾ ਪੀਰ, ਪੈਗ਼ੰਬਰਾਂ ਵਿਚੋਂ ਪੈਗ਼ੰਬਰ ਨਜ਼ਰੀ ਆਈਆ । ਲੱਖ ਚੁਰਾਸੀ ਜਿਸ ਦੀ ਧੀਰ, ਧੀਰਜ ਧਰਵਾਸ ਇਕ ਰਖਾਈਆ । ਨਾਮ ਅਣਿਆਲਾ ਜਿਸ ਦਾ ਤੀਰ, ਤਿੱਖੀ ਮੁਖੀ ਪਾਰ ਕਰਾਈਆ । ਜਿਸ ਦਾ ਲੇਖਾ ਬਿਨ ਸ਼ਰਅ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰੂ ਦਏ ਵਡਿਆਈਆ । ਸਚ ਗੁਰੂ ਸ਼ਬਦ ਗੁਰਦੇਵ, ਸੋ ਪੁਰਖ ਨਿਰੰਜਣ ਇਕ ਬਣਾਇੰਦਾ । ਲੱਖ ਚੁਰਾਸੀ ਕਰੇ ਸੇਵ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਨਾਮ ਨਿਧਾਨਾ ਦੇਵੇ ਮੇਵ, ਅੱਖਰ ਵੱਖਰ ਆਪ ਪੜ੍ਹਾਇੰਦਾ । ਮੇਲ ਮਿਲਾਏ ਅਗੰਮ ਅਭੇਵ, ਅਗੰਮ ਅਥਾਹ ਪੜਦਾ ਲਾਹਿੰਦਾ । ਸਿਫ਼ਤ ਕਰਾਏ ਰਸਨਾ ਜਿਹਵ, ਬੱਤੀ ਦੰਦ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗੁਰੂ ਇਕ ਵਡਿਆਇੰਦਾ । ਸ਼ਬਦ ਗੁਰੂ ਪ੍ਰਭ ਸ਼ਬਦੀ ਧਾਰ, ਦੇਵਣਹਾਰ ਵਡਿਆਈਆ । ਜਿਸ ਦਾ ਹੁਕਮ ਰਹੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਨਾਦ ਅਗੰਮੀ ਧੁਨਕਾਰ, ਅਨਹਦ ਨਾਦੀ ਰੂਪ ਵਟਾਈਆ । ਜਿਸ ਦੀ ਸਿਫ਼ਤ ਕਰੇ ਸੰਸਾਰ, ਚੌਦਾਂ ਵਿਦਿਆ ਕਰ ਪੜ੍ਹਾਈਆ । ਜੋ ਚੌਦਾਂ ਲੋਕਾਂ ਵਸੇ ਬਾਹਰ, ਚੌਦਾਂ ਤਬਕਾਂ ਡੇਰਾ ਢਾਹੀਆ । ਮਨ ਮਤ ਬੁਧ ਨਾ ਪਾਏ ਸਾਰ, ਅਨਭਵ ਆਪਣੀ ਕਾਰ ਕਮਾਈਆ । ਜਿਸ ਦਾ ਸੰਦੇਸਾ ਦੇਂਦੇ ਰਹੇ ਗੁਰੂ ਅਵਤਾਰ, ਪੀਰ ਪੈਗ਼ੰਬਰ ਸਚ ਨਾਉਂ ਸੁਣਾਈਆ । ਕਾਗ਼ਜ਼ ਕਲਮ ਸ਼ਾਹੀ ਬਣਦੇ ਰਹੇ ਲਿਖਾਰ, ਕਾਤਬ ਹੋ ਕੇ ਵੰਡ ਵੰਡਾਈਆ । ਸੋ ਸਵਾਮੀ ਹਰ ਘਟ ਵਸਿਆ ਸ਼ਬਦ ਸਰੂਪੀ ਨਰ ਨਿਰੰਕਾਰ, ਨਿਰਗੁਣ ਹੋ ਕੇ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੰਤ ਸੁਹੇਲੇ ਕਰੇ ਖ਼ਬਰਦਾਰ, ਗੁਰ ਚੇਲੇ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਦਾਤਾ ਬੇਪਰਵਾਹੀਆ । ਗੁਰ ਦਾਤਾ ਸ਼ਬਦ ਬੇਪਰਵਾਹ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਨਿਤ ਨਵਿਤ ਬਣੇ ਮਲਾਹ, ਲੋਕਮਾਤ ਫੇਰਾ ਪਾਇੰਦਾ । ਸੱਚਾ ਮਾਰਗ ਦਏ ਸਮਝਾ, ਧੁਰ ਦਾ ਭੇਵ ਖੁਲ੍ਹਾਇੰਦਾ । ਗੁਰਮੁਖ ਗੁਰਸਿਖ ਲਏ ਜਗਾ, ਨੇਤਰ ਲੋਚਣ ਇਕ ਦ੍ਰਿੜਾਇੰਦਾ । ਜਗਤ ਦਵਾਰੇ ਪੰਧ ਮੁਕਾ, ਘਰ ਮੰਦਰ ਇਕ ਵਖਾਇੰਦਾ । ਸੁਖਮਨ ਟੇਢੀ ਬੰਕ ਡੇਰਾ ਢਾਹ, ਈੜਾ ਪਿੰਗਲ ਮੋਹ ਚੁਕਾਇੰਦਾ । ਅਨਹਦ ਨਾਦੀ ਨਾਦ ਵਜਾ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਸਾਚਾ ਜਾਮ ਪਿਆ, ਕਵਲ ਨਾਭ ਉਲਟਾਇੰਦਾ । ਬਜਰ ਕਪਾਟੀ ਕੁੰਡਾ ਲਾਹ, ਸਾਚਾ ਮੰਦਰ ਇਕ ਸੁਹਾਇੰਦਾ । ਜੋਤ ਨਿਰੰਜਣ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਇੰਦਾ । ਸੇਜ ਸੁਹੰਜਣੀ ਇਕ ਵਛਾ, ਆਤਮ ਅੰਤਰ ਖੋਜ ਖੋਜਾਇੰਦਾ ।

ਪਰਮਾਤਮ ਮੇਲਾ ਦਏ ਮਿਲਾ, ਵਿਛੋੜਾ ਨਜ਼ਰ ਕੋਇ ਨਾ ਆਇੰਦਾ । ਸਤਿਗੁਰ ਸ਼ਬਦ ਧੁਰ ਦਾ ਢੋਲਾ ਲਏ ਸੁਣਾ, ਅਨਰਾਗੀ ਰਾਗ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਰਖਾ, ਲੋਕਮਾਤ ਖੇਲ ਖਿਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਇੰਦਾ । ਸ਼ਬਦ ਗੁਰੂ ਸਦਾ ਬਲਵਾਨ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਜਿਸ ਦਾ ਝੁਲਦਾ ਰਹੇ ਨਿਸ਼ਾਨ, ਥਿਰ ਘਰ ਸਾਚੇ ਸੋਭਾ ਪਾਇੰਦਾ । ਜਿਸ ਦਾ ਹੁਕਮ ਸੁੰਞ ਮਸਾਣ, ਡੂੰਘੀ ਭਵਰੀ ਵੇਖ ਵਖਾਇੰਦਾ । ਜਿਸ ਦਾ ਹੁਕਮ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਇੰਦਾ । ਜਿਸ ਦਾ ਖੇਲ ਤ੍ਰੈਗੁਣ ਮਾਇਆ ਪੰਜ ਤਤ ਕਰੇ ਪਰਧਾਨ, ਜ਼ਿਮੀ ਅਸਮਾਨ ਰੂਪ ਬਣਾਇੰਦਾ । ਮੰਡਲ ਮੰਡਪ ਖੋਲ੍ਹ ਦੁਕਾਨ, ਪੁਰੀ ਲੋਅ ਆਕਾਸ਼ ਪਰਕਾਸ਼ ਆਪ ਕਰਾਇੰਦਾ । ਲੇਖਾ ਜਾਣ ਸ੍ਰੀ ਭਗਵਾਨ, ਭੇਵ ਅਭੇਦਾ ਇਕ ਸਮਝਾਇੰਦਾ । ਚਾਰੇ ਖਾਣੀ ਮਾਰੇ ਧਿਆਨ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਲਾਹਿੰਦਾ । ਚਾਰੇ ਬਾਣੀ ਬੋਲੇ ਬਿਨਾ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਢੋਲਾ ਇਕ ਅਲਾਇੰਦਾ । ਚਾਰੇ ਵੇਦਾਂ ਦੇ ਗਿਆਨ, ਚਾਰੇ ਮੁਖ ਸੁਖ ਬੁਝਾਇੰਦਾ । ਚਾਰੇ ਜੁਗ ਕਰ ਨਿਸ਼ਾਨ, ਸਤਿਜੁਗ ਤ੍ਰੇਤਾ ਦੁਆਪਰ ਰੂਪ ਵਟਾਇੰਦਾ । ਕਲਜੁਗ ਖੇਲ ਦੱਸੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਇੰਦਾ । ਤੇਈ ਅਵਤਾਰ ਦੇ ਕੇ ਗਏ ਬਿਆਨ, ਸ਼ਾਸਤਰ ਸਿਮਰਤ ਕਲਮਬੰਦ ਰੂਪ ਵਟਾਇੰਦਾ । ਭਗਤ ਅਠਾਰਾਂ ਮੰਗਦੇ ਗਏ ਦਾਨ, ਭਿੱਖਕ ਹੋ ਕੇ ਝੋਲੀ ਸਰਬ ਵਖਾਇੰਦਾ । ਈਸਾ ਮੂਸਾ ਮੁਹੰਮਦ ਕਰਦੇ ਕਲਾਮ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਸਾਚਾ ਸੱਯਦਾ ਕਰਦੇ ਰਹੇ ਹੱਕ ਮਕਾਮ, ਦਰਗਾਹ ਸਾਚੀ ਸੀਸ ਨਿਵਾਇੰਦਾ । ਪਰਵਰਦਿਗਾਰ ਨੌਜਵਾਨ, ਲਾਸ਼ਰੀਕ ਹਕ ਹਕੀਕਤ ਵੇਖ ਵਖਾਇੰਦਾ । ਸਚ ਸੰਦੇਸਾ ਦਏ ਪੈਗ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਇਕ ਵਡਿਆਇੰਦਾ । ਸ਼ਬਦ ਗੁਰੂ ਸਰਬ ਦਾ ਦਾਤਾ, ਦੀਨ ਦਿਆਲ ਦਇਆ ਕਮਾਈਆ । ਆਦਿ ਜੁਗਾਦੀ ਧੁਰ ਦਾ ਗਿਆਤਾ, ਬੋਧ ਅਗਾਧਾ ਭੇਵ ਖੁਲ੍ਹਾਈਆ । ਜਿਸ ਦੇ ਹੁਕਮੇ ਅੰਦਰ ਖੇਲ ਤਮਾਸ਼ਾ, ਕੋਟਨ ਕੋਟਨ ਗੋਪੀ ਕਾਹਨ ਰਾਸ ਰਚਾਈਆ । ਜਿਸ ਦਾ ਬ੍ਰਹਿਮੰਡ ਖੰਡ ਦਾਸੀ ਦਾਸਾ, ਬਣ ਬਣ ਸੇਵਕ ਸੇਵਾ ਸਚ ਕਮਾਈਆ । ਜਿਸ ਦੀ ਜੁਗ ਚੌਕੜੀ ਰੱਖਦੇ ਸਾਰੇ ਆਸਾ, ਤ੍ਰਿਸਨਾ ਆਪਣੀ ਇਕ ਵਧਾਈਆ । ਜਿਸ ਦਾ ਗੁਰੂ ਦਸ ਦੇਂਦੇ ਗਏ ਭਰਵਾਸਾ, ਖਾਣੀ ਬਾਣੀ ਰਾਗਾਂ ਵਿਚ ਸਮਝਾਈਆ । ਸੋ ਸਾਹਿਬ ਪੁਰਖ ਸਮਰਾਥਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਚੇਲਾ, ਪਿਤਾ ਪਰਮ ਪੁਰਖ ਅਖਵਾਈਆ । ਦੋ ਜਹਾਨਾਂ ਮੇਰਾ ਮੇਲਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਸਾਚੇ ਸੰਤਾਂ ਬਣਾਂ ਸੱਜਣ ਸੁਹੇਲਾ, ਨਿਤ ਨਵਿਤ ਵੇਖ ਵਖਾਈਆ । ਧਾਮ ਵਖਾਵਾਂ ਇਕ ਨਵੇਲਾ, ਜਿਥੇ ਚੰਦ ਸੂਰਜ ਨਜ਼ਰ ਕੋਇ ਨਾ ਆਈਆ । ਜੰਗਲ ਜੂਹ ਉਜਾੜ ਪਹਾੜ ਟਿੱਲਾ ਪਰਬਤ ਨਾ ਕੋਇ ਬੇਲਾ, ਸਮੁੰਦ ਸਾਗਰ ਰੂਪ ਨਾ ਕੋਇ ਵਖਾਈਆ । ਹੋਏ ਪਰਕਾਸ਼ ਸਾਚੇ ਦੀਪਕ ਬਿਨ ਬਾਤੀ ਤੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਿਤੀ ਸਮਝਾਈਆ । ਸ਼ਬਦ ਗੁਰੂ ਕਹੇ ਮੈਂ ਆਦਿ ਅੰਤ, ਜੁਗ ਜੁਗ ਸੇਵ ਕਮਾਇੰਦਾ । ਪ੍ਰਭ ਦੀ ਮਹਿੰਮਾ ਦੱਸਾਂ ਬੇਅੰਤ, ਅਥਾਹ ਰੂਪ ਸਮਝਾਇੰਦਾ । ਭੇਵ ਖੁਲ੍ਹਾ ਕੇ ਗੁਰਮੁਖ ਸੰਤ, ਧੁਰ ਦਾ ਰਾਗ ਅਲਾਇੰਦਾ । ਮੇਲ ਮਿਲਾ ਕੇ ਨਾਰ ਕੰਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ

ਸਿਖਿਆ ਇਕ ਸਮਝਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਪੜਦਾ ਲਾਹਿੰਦਾ । ਲੇਖਾ ਚੁਕਾ ਦੋਜ਼ਖ਼ ਬਹਿਸ਼ਤ ਜੱਨਤ, ਸਵਰਗੀ ਡੇਰਾ ਪਾਰ ਕਰਾਇੰਦਾ । ਮੇਰਾ ਕੋਈ ਨਾ ਜਾਣੇ ਅੰਤ, ਪੁਰਖ ਅਬਿਨਾਸ਼ੀ ਸੱਚਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਵਾਮੀ ਇਕੋ ਨਜ਼ਰੀ ਆਇੰਦਾ । ਸ਼ਬਦ ਗੁਰੂ ਕਹੇ ਮੈਂ ਦਾਤਾ ਸੂਰ, ਪ੍ਰਭ ਸਾਚੀ ਸੇਵਾ ਲਾਈਆ । ਆਦਿ ਜੁਗਾਦਿ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਦਰਸ ਦਿਖਾਈਆ । ਸਰਬ ਕਲਾ ਬਣ ਭਰਪੂਰ, ਵੇਖਣਹਾਰਾ ਥਾਉਂ ਥਾਈਂਆ । ਨਾਤਾ ਤੋੜ ਕੇ ਕੂੜੇ ਕੂੜ, ਸਚ ਸੁੱਚ ਦਿਆਂ ਸਮਝਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਗੁਰਮੁਖ ਸਾਚੇ ਧੰਦੇ ਲਾਈਆ । ਅੰਤਰ ਜੋਤੀ ਬਖ਼ਸ਼ ਕੇ ਨੂਰ, ਅੰਧ ਅੰਧੇਰ ਦਿਆਂ ਮਿਟਾਈਆ । ਪੰਚ ਵਿਕਾਰ ਨਾ ਪਾਏ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਬਰਦਾ, ਸੇਵਕ ਹੋ ਕੇ ਸੇਵ ਕਮਾਈਆ । ਬਣਾਂ ਭਿਖਾਰੀ ਸਾਚੇ ਦਰ ਦਾ, ਦਰ ਦਰ ਅਲਖ ਜਗਾਈਆ । ਪੜਦਾ ਲਾਹਵਾਂ ਸਾਢੇ ਤਿੰਨ ਹੱਥ ਕਾਇਆ ਮੰਦਰ ਘਰ ਵਿਚ ਘਰ ਦਾ, ਦੂਈ ਦਵੈਤੀ ਡੇਰਾ ਢਾਹੀਆ । ਸਚ ਪਿਆਰ ਪ੍ਰੀਤਮ ਹੋ ਕੇ ਕਰਦਾ, ਪ੍ਰੇਮੀ ਆਪਣੇ ਨਾਲ ਮਿਲਾਈਆ । ਮਹੱਲ ਅਟਲ ਉਚ ਮਨਾਰੇ ਸਚ ਦਵਾਰੇ ਖੜਦਾ, ਖ਼ੁਸ਼ੀਆਂ ਇਕੋ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਦੂਜੀ ਸਦ ਨਾ ਕੋਇ ਸੁਣਾਈਆ । ਸੁਰਤ ਸਵਾਣੀ ਸਾਚੀ ਵਰਦਾ, ਧੁਰ ਦਾ ਹਾਣੀ ਬਣ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਾਚਾ ਖੇਲ ਵਖਾਈਆ । ਸ਼ਬਦ ਗੁਰੂ ਕਹੇ ਜੁਗ ਚਾਰ, ਮੈਂ ਅੱਖਰਾਂ ਬਣਤ ਬਣਾਇੰਦਾ । ਨਿਰਅੱਖਰ ਮੇਰੀ ਧਾਰ, ਨਿਰਵੈਰ ਖੇਲ ਵਖਾਇੰਦਾ । ਨਿਰਾਕਾਰ ਮੇਰਾ ਆਧਾਰ, ਅਜੂਨੀ ਰਹਿਤ ਨਾਉਂ ਪਰਗਟਾਇੰਦਾ । ਗੁਰ ਅਵਤਾਰ ਮੇਰਾ ਪਿਆਰ, ਪੀਰ ਪੈਗ਼ੰਬਰ ਧਿਆਨ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਮੇਰਾ ਜੈਕਾਰ, ਗੀਤਾ ਗਿਆਨ ਅੰਜੀਲ ਕੁਰਾਨ ਢੋਲਾ ਸੁਣਾਇੰਦਾ । ਖਾਣੀ ਬਾਣੀ ਮੇਰਾ ਕਿਵਾੜ, ਪੜਦਾ ਓਹਲਾ ਇਕ ਚੁਕਾਇੰਦਾ । ਨਿਰਗੁਣ ਸਰਗੁਣ ਸਚ ਅਧਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਕਰ ਪਰਕਾਸ਼ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਖੋਜ ਖੋਜਾਇੰਦਾ । ਜਨ ਭਗਤ ਸੰਤ ਜੁਗ ਚੌਕੜੀ ਮਾਤ ਉਠਾਲ, ਧੁਰ ਦੀ ਸਿਖਿਆ ਇਕ ਸਮਝਾਇੰਦਾ । ਪਰਮ ਪੁਰਖ ਦੇ ਵੇਖ ਲਾਲ, ਲਾਲ ਗੁਲਾਲਾ ਰੰਗ ਰੰਗਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਵਸਾਇੰਦਾ । ਤ੍ਰੈਗੁਣ ਮਾਇਆ ਨਾ ਰਹੇ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਨਾਮ ਅਮੋਲਕ ਦੇ ਕੇ ਦਾਨ, ਵਸਤ ਅਗੰਮੀ ਝੋਲੀ ਪਾਇੰਦਾ । ਜੁਗ ਜਨਮ ਦੇ ਵਿਛੜੇ ਮੇਲਾਂ ਨਾਲ, ਸ੍ਰੀ ਭਗਵਾਨ ਅਗਲਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਲਗਾਇੰਦਾ । ਸ਼ਬਦ ਗੁਰੂ ਕਹੇ ਮੈਂ ਮੇਲ ਮਿਲੌਂਦਾ, ਮਿਲਣੀ ਜਗਦੀਸ ਕਰਾਈਆ । ਜੁਗ ਚੌਕੜੀ ਵੇਖ ਵਖੌਂਦਾ, ਨਿਰਗੁਣ ਨਿਰਵੈਰ ਵੇਸ ਵਟਾਈਆ । ਭਗਤ ਅਠਾਰਾਂ ਗੰਢ ਬੰਧੌਂਦਾ, ਕਬੀਰ ਜੁਲਾਹਾ ਦਏ ਗਵਾਹੀਆ । ਸਚਖੰਡ ਦਵਾਰੇ ਫੜ ਬਹੌਂਦਾ, ਜਿਸ ਦੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਰਹਿਬਰ ਹੋ ਕੇ ਰਾਹ ਵਖੌਂਦਾ, ਪਾਂਧੀ ਹੋ ਕੇ ਪੰਧ ਮੁਕਾਈਆ । ਸਤਿਗੁਰ ਹੋ ਕੇ ਦਰਸ ਕਰੌਂਦਾ, ਗੁਰ ਗੁਰ ਹੋ ਕੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦਿਤੀ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਵਾਸੀ, ਬਸਤੀ ਸਾਚੀ ਇਕ

੩੬

ਸੁਹਾਈਆ । ਮੇਰਾ ਮੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪਣੇ ਹੁਕਮ ਰਖਾਈਆ । ਮੇਰੀ ਸਮਝ ਨਾ ਆਏ ਕਿਸੇ ਪੰਡਤ ਕਾਸ਼ੀ, ਮੁੱਲਾ ਸ਼ੇਖ਼ ਸਮਝ ਸਕੇ ਨਾ ਰਾਈਆ । ਜਨ ਭਗਤਾਂ ਵਖਾਵਾਂ ਖੇਲ ਸਾਚੀ, ਮੰਡਲ ਰਾਸੀ ਮੰਡਪ ਇਕੋ ਇਕ ਸਮਝਾਈਆ । ਗ੍ਰਿਹ ਮੰਦਰ ਦੀਪਕ ਜੋਤ ਆਦਿ ਪੁਰਖ ਪਰਕਾਸੀ, ਪਰਕਾਸ਼ ਹੋਵੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਮੇਰਾ ਗੌਂਦੇ ਗੀਤ, ਜੀਵ ਜੰਤ ਧਿਆਨ ਲਗਾਈਆ । ਜੁਗ ਚੌਕੜੀ ਵੇਖ ਰੀਤ, ਸਾਰੇ ਬੈਠੇ ਨੈਣ ਸ਼ਰਮਾਈਆ । ਕਦੇ ਕਲਮਾ ਕਦੇ ਹਦੀਸ, ਕਦੇ ਰਾਮ ਨਾਮ ਦਿਆਂ ਸਮਝਾਈਆ । ਕਦੇ ਤੀਰਥ ਤਟ ਵਸਾਂ ਅਤੀਤ, ਕਦੇ ਤ੍ਰੈਗੁਣ ਨਾਤਾ ਤੋੜ ਤੁੜਾਈਆ । ਕਦੇ ਮੰਦਰ ਕਦੇ ਮਸੀਤ, ਕਦੇ ਗੁਰੂਦਵਾਰ ਸੋਭਾ ਪਾਈਆ । ਕਦ ਰਾਜਨ ਰਾਜ ਕਦ ਨੀਚਨ ਨੀਚ, ਉਚੇ ਊਚ ਆਪ ਹੋ ਜਾਈਆ । ਕਦ ਠਾਂਢਾ ਹੋਵਾਂ ਸੀਤ, ਕਦ ਅਗਨੀ ਤਤ ਤਪਾਈਆ । ਕਦ ਕੌੜਾ ਹੋਵਾਂ ਰੀਠ, ਕਦ ਅੰਮ੍ਰਿਤ ਰਸ ਰੂਪ ਵਟਾਈਆ । ਕਦ ਭਿਖਾਰੀ ਹੋ ਕੇ ਮੰਗਾਂ ਭੀਖ, ਕਦ ਸ਼ਾਹ ਪਾਤਸ਼ਾਹ ਹੋ ਸਰਬ ਵਰਤਾਈਆ । ਜੁਗ ਚੌਕੜੀ ਜਾਏ ਬੀਤ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਲਗਾਈਆ । ਮੈਂ ਜੁਗ ਚੌਕੜੀ ਸੇਵਾ ਕਰਦਾ, ਸ਼ਬਦ ਗੁਰੂ ਸਰਬ ਜਣਾਈਆ, ਨਿਰਭੈ ਹੋ ਕਦੇ ਨਾ ਡਰਦਾ, ਭੌ ਸਰਬ ਰਿਹਾ ਵਖਾਈਆ । ਨਿਤ ਨਵਿਤ ਸਾਚੀ ਤਰਨੀ ਤਰਦਾ, ਤਾਰਨਹਾਰਾ ਹੋ ਕੇ ਦਇਆ ਕਮਾਈਆ । ਲੱਖ ਚੁਰਾਸੀ ਘਾੜਨ ਘੜਦਾ, ਘੜ ਘੜ ਵੇਖ ਵਖਾਈਆ । ਸਾਢੇ ਤਿੰਨ ਹੱਥ ਮੰਦਰ ਅੰਦਰ ਵੜਦਾ, ਡੂੰਘੀ ਭਵਰੀ ਡੇਰਾ ਲਾਈਆ । ਮਹੱਲ ਅਟਲ ਅਗੰਮ ਅਥਾਹ ਉਚੇ ਟਿੱਲੇ ਚੜ੍ਹਦਾ, ਮੰਜ਼ਲ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇ ਭਗਵਾਨ, ਪੱਟੀ ਇਕ ਪੜ੍ਹਾਈਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਦੇਣਾ ਦਾਨ, ਵਸਤ ਅਮੋਲਕ ਨਾਮ ਵਰਤਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੇਣਾ ਇਕ ਗਿਆਨ, ਵਿਸਮਾਦੀ ਹੋ ਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵੰਡ ਆਪ ਵੰਡਾਈਆ । ਧੁਰ ਦੀ ਵੰਡ ਵੰਡੀ ਨਿਰੰਕਾਰ, ਪੁਰਖ ਅਕਾਲ ਖੇਲ ਖਿਲਾਇੰਦਾ । ਸੇਵਾ ਲਾ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਮਨਾਇੰਦਾ । ਸੰਦੇਸਾ ਦੇ ਸਚ ਦਰਬਾਰ, ਧੁਰ ਦਾ ਨਾਦ ਇਕ ਵਜਾਇੰਦਾ । ਪੰਜ ਤਤ ਚੇਲਾ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਪਰਗਟਾਇੰਦਾ । ਨਾਤਾ ਜੋੜ ਅਪਰ ਅਪਾਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਮਿਲ ਪਰਮਾਤਮ ਆਤਮ ਹੋਈ ਗੁਰੂ ਅਵਤਾਰ, ਗੁਰ ਗੁਰ ਆਪਣਾ ਖੇਲ ਵਖਾਇੰਦਾ । ਸਚ ਸੰਦੇਸਾ ਦੇ ਵਿਚ ਸੰਸਾਰ, ਅੱਖਰੀ ਨਾਮ ਰੂਪ ਪਰਗਟਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿਣ ਪੁਕਾਰ, ਪੁਨਹ ਪੁਨਹ ਸੀਸ ਸਰਬ ਨਿਵਾਇੰਦਾ । ਸਾਚੀ ਭਿਖਿਆ ਮੰਗਦੇ ਗਏ ਬਣ ਭਿਖਾਰ, ਦਰ ਦਰਵੇਸ਼ ਹੋ ਕੇ ਝੋਲੀ ਅੱਗੇ ਡਾਹਿੰਦਾ । ਪੁਰਖ ਅਕਾਲ ਤੇਰਾ ਸਹਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰੀ ਓਟ ਸਦਾ ਜੁਗ ਚਾਰ, ਸਰਗੁਣ ਤੇਰਾ ਭਰਵਾਸਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਹੁਕਮ ਆਪ ਸਮਝਾਇੰਦਾ । ਸੱਚਾ ਹੁਕਮ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਈਆ । ਖੇਲਾਂ ਖੇਲ ਜੁਗਾ ਜੁਗੰਤ, ਨਿਰਗੁਣ ਸਰਗੁਣ ਰੂਪ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਕਾਰਨ ਕਰਨ ਮਿੰਨਤ, ਨਿਉਂ ਨਿਉਂ ਸੱਜਦਾ

ਸੀਸ ਝੁਕਾਈਆ । ਨਿਰਗੁਣ ਹੋ ਕੇ ਸ਼ਬਦੀ ਤੇਰਾ ਰੂਪ ਇਕ ਬੇਅੰਤ, ਬੇਪਰਵਾਹ ਦਏ ਬਣਾਈਆ । ਦੂਜੇ ਦਰ ਨਾ ਜਾਣਾ ਮੰਗਤ, ਅਤੋਟ ਅਤੁਟ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੇਵ ਅਭੇਦਾ ਦਏ ਖੁਲ੍ਹਾਈਆ । ਸ਼ਬਦ ਗੁਰੂ ਤੂੰ ਰਹਿਣਾ ਤਿਆਰ, ਸਾਹਿਬ ਸਤਿਗੁਰ ਹੁਕਮ ਜਣਾਈਆ । ਬਿਨ ਪੰਜ ਤਤ ਤੇਰਾ ਆਕਾਰ, ਨਿਰਾਕਾਰ ਦਏ ਵਖਾਈਆ । ਸੱਧਰ ਪੂਰੀ ਕਰ ਗੁਰੂ ਅਵਤਾਰ, ਅਦਲੀ ਅਦਲ ਅਦਾਲਤ ਵਿਚੋਂ ਇਕ ਵਖਾਈਆ । ਨੌਜਵਾਨ ਉਠਣਾ ਬਲ ਧਾਰ, ਬਲ ਧਾਰੀ ਤੇਰਾ ਰੂਪ ਪਰਗਟਾਈਆ । ਡੰਕਾ ਵਜੌਣਾ ਦੋ ਜਹਾਨ, ਸ੍ਰੀ ਭਗਵਾਨ ਆਪ ਸਮਝਾਈਆ । ਬ੍ਰਹਿਮੰਡਾਂ ਖੰਡਾਂ ਝੁਲੌਣਾ ਨਿਸ਼ਾਨ, ਸਤਿ ਨਿਸ਼ਾਨਾ ਤੇਰੇ ਹੱਥ ਫੜਾਈਆ । ਕਲਜੁਗ ਅੰਤ ਹੋਣਾ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸੱਜਦਾ ਕਰੇ ਜ਼ਿਮੀ ਅਸਮਾਨ, ਬ੍ਰਹਿਮੰਡ ਖੰਡ ਨੈਣ ਨਾ ਕੋਇ ਉਠਾਈਆ । ਗੁਰ ਅਵਤਾਰ ਖ਼ੁਸ਼ੀ ਮਨਾਣ, ਪੀਰ ਪੈਗ਼ੰਬਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਸਮਝਾਈਆ । ਸ਼ਬਦ ਗੁਰੂ ਤੂੰ ਜਾਣਾ ਜੱਗ, ਕਲਜੁਗ ਅੰਤਮ ਵੇਸ ਵਟਾਈਆ । ਕੂੜੀ ਕਿਰਿਆ ਕਰਨੀ ਪਾਰ ਹੱਦ, ਜੂਠ ਝੂਠ ਪੰਧ ਮੁਕਾਈਆ । ਮਾਰਗ ਲੌਣਾ ਇਕੋ ਸਚ, ਸਚ ਦੇਣੀ ਵਡਿਆਈਆ । ਮਾਟੀ ਭਾਂਡੇ ਵੇਖ ਕੱਚ, ਕਾਚੀ ਗਗਰੀਆ ਖੋਜ ਖੋਜਾਈਆ । ਮਨ ਵਾਸਨਾ ਜੋ ਰਹੇ ਨੱਚ, ਬੁੱਧ ਬਿਬੇਕ ਦੇਣੀ ਕਰਾਈਆ । ਲਹਿਣਾ ਚੁਕੌਣਾ ਸੀਆਂ ਸਾਢੇ ਤਿੰਨ ਹੱਥ, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਦੱਸਣੀ ਗਥ, ਢੋਲਾ ਧੁਰ ਦਾ ਇਕ ਪੜ੍ਹਾਈਆ । ਸਤਿਜੁਗ ਚਲੌਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਜਨ ਭਗਤਾਂ ਖੋਲ੍ਹ ਕੇ ਤੀਜੀ ਅੱਖ, ਨਿਜ ਨੇਤਰ ਦਰਸ ਦੇਣਾ ਵਖਾਈਆ । ਅੰਮ੍ਰਿਤ ਝਿਰਨਾ ਦੇਣਾ ਝੱਟ, ਬੂੰਦ ਸਵਾਂਤੀ ਇਕ ਟਪਕਾਈਆ । ਸੱਚੀ ਜੋਤ ਕਰ ਪਰਕਾਸ਼, ਘਰ ਮੰਦਰ ਕਰੀਂ ਰੁਸ਼ਨਾਈਆ । ਸਾਚੇ ਗ੍ਰਿਹਿ ਕਰ ਨਿਵਾਸ, ਬੰਕ ਦਵਾਰ ਦੇਣਾ ਸੁਹਾਈਆ । ਅਬਿਨਾਸ਼ੀ ਕਰਤਾ ਤੇਰੇ ਸਦਾ ਸਾਥ, ਸਗਲਾ ਸੰਗ ਨਿਭਾਈਆ । ਪੁਰਖ ਅਕਾਲ ਦਾ ਪੂਜਾ ਪਾਠ, ਇਕੋ ਮੰਤਰ ਦੇਣਾ ਦ੍ਰਿੜਾਈਆ । ਦੋ ਜਹਾਨ ਸੁਣਨ ਤੇਰੀ ਆਵਾਜ਼, ਬ੍ਰਹਿਮਾਦ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਸ਼ਬਦ ਗੁਰੂ ਤੇਰਾ ਲੇਖਾ ਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਚੰਦ ਕਰ ਰੁਸ਼ਨਾਈਆ । ਲਹਿਣਾ ਦੇਣਾ ਚੁਕੌਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਜੋ ਨਿਰਗੁਣ ਨਾਨਕ ਸਰਗੁਣ ਗਿਆ ਆਖ, ਗੋਬਿੰਦ ਕਰ ਕੇ ਗਿਆ ਪੜ੍ਹਾਈਆ । ਸਰਬ ਜੀਆਂ ਦਾ ਦਾਤਾ ਪੁਰਖ ਅਬਿਨਾਸ਼, ਸ੍ਰੀ ਭਗਵਾਨ ਬੇਪਰਵਾਹੀਆ । ਲੱਖ ਚੁਰਾਸੀ ਰੱਖੇ ਵਾਸ, ਘਟ ਘਟ ਰਿਹਾ ਸਮਾਈਆ । ਜੀਵ ਜੰਤ ਉਸੇ ਦੀ ਨਜ਼ਰੀ ਆਵੇ ਜ਼ਾਤ, ਨੂਰ ਵਿਚੋਂ ਜ਼ਹੂਰ ਦੇਣਾ ਪਰਗਟਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਗਏ ਕਲਮ ਦਵਾਤ, ਸ਼ਹਾਦਤ ਲੋਕਮਾਤ ਰਖਾਈਆ । ਸੋ ਪੂਰੀ ਕਰਨੀ ਖ਼ਾਹਸ਼, ਖ਼ਾਲਸ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਸ਼ਬਦ ਗੁਰੂ ਉਠ ਵੇਖ ਕਰ ਧਿਆਨ, ਕਲਜੁਗ ਅੰਧੇਰਾ ਛਾਈਆ । ਸਤਿਗੁਰ ਸ਼ਬਦ ਨਾ ਕੋਈ ਮਾਣ, ਚਾਰੇ ਖਾਣੀ ਭਰਮੇ ਭਰਮ ਭੁਲਾਈਆ । ਅੰਤਰ ਆਤਮ ਗੁਰ ਕਾ ਸ਼ਬਦ ਕਰੇ ਨਾ ਕੋਇ ਪਰਵਾਨ, ਰਸਨਾ ਜਿਹਵਾ ਗਾ ਗਾ ਥੱਕੀ ਸਰਬ ਲੋਕਾਈਆ । ਪੰਡਤ ਪਾਂਧੇ ਕਰਨ ਵਖਿਆਨ, ਵੇਖਣ ਵਾਲਾ ਨਜ਼ਰ ਕੋਇ

ਨਾ ਆਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਦਵਾਰੇ ਖੜ੍ਹ ਕੇ ਦਰਸ ਕੋਈ ਨਾ ਪਾਣ, ਸਨਮੁਖ ਹੋ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਤੇਰੀ ਝੋਲੀ ਪਾਈਆ । ਸ਼ਬਦ ਗੁਰੂ ਵੇਖ ਮਾਤਲੋਕ, ਲੋਕਾਈ ਦਏ ਦੁਹਾਈਆ । ਸਾਚਾ ਭੁੱਲਿਆ ਜਗਤ ਸਲੋਕ, ਹਿਰਦੇ ਹਰਿ ਨਾ ਕੋਇ ਵਸਾਈਆ । ਘਰ ਪਰਕਾਸ਼ ਨਾ ਨਿਰਮਲ ਜੋਤ, ਦੀਵੇ ਬਾਤੀ ਜਗਤ ਰਹੇ ਜਗਾਈਆ । ਕਿਸੇ ਭਾਗ ਨਾ ਲੱਗਾ ਕਾਇਆ ਕੋਟ, ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਸਤਿਗੁਰ ਮਿਲ ਨਾ ਆਈ ਹੋਸ਼, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਤਨ ਨਗਾਰੇ ਲੱਗੀ ਨਾ ਚੋਟ, ਦੂਈ ਦਵੈਤ ਡੇਰਾ ਕੋਇ ਨਾ ਢਾਹੀਆ । ਮਨਸਾ ਮਨ ਨਾ ਨਿਕਲਿਆ ਖੋਟ, ਬੁੱਧ ਬਿਬੇਕ ਨਾ ਕੋਇ ਵਖਾਈਆ । ਪੁਰਖ ਅਕਾਲ ਦੀ ਰੱਖੇ ਕੋਈ ਨਾ ਓਟ, ਸਾਧਾ ਸੰਤਾਂ ਮਚੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਲਗਾਈਆ । ਸ਼ਬਦ ਗੁਰੂ ਉਠ ਲੋਕਮਾਤ ਦੌੜ, ਆਪਣਾ ਪੰਧ ਮੁਕਾਈਆ । ਲੱਖ ਚੁਰਾਸੀ ਰੀਠਾ ਹੋਇਆ ਕੌੜ, ਹਰਿ ਕਾ ਨਾਮ ਨਾ ਕੋਇ ਧਿਆਈਆ । ਅੱਠੇ ਪਹਿਰ ਖ਼ਬਰਦਾਰ ਹੋਏ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਾਧਾਂ ਸੰਤਾਂ ਪਾਇਆ ਸ਼ੋਰ, ਉਚੀ ਕੂਕ ਕੂਕ ਰਹੇ ਸੁਣਾਈਆ । ਚਾਰ ਵਰਨਾਂ ਹੱਥ ਪਕੜੇ ਨਾ ਕੋਈ ਡੋਰ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਜਗਤ ਅੰਧੇਰੇ ਤੇਰੀ ਲੋੜ, ਬਿਨ ਸ਼ਬਦ ਗੁਰੂ ਬੇੜਾ ਪਾਰ ਨਾ ਕੋਇ ਕਰਾਈਆ । ਤੇਰਾ ਮੰਤਰ ਫੁਰਨਾ ਫੋਰ, ਫੁਰਨੇ ਸਭ ਦੇ ਬੰਦ ਕਰਾਈਆ । ਤੇਰੇ ਅੱਗੇ ਚਲੇ ਨਾ ਕਿਸੇ ਦਾ ਕੋਈ ਜ਼ੋਰ, ਜੋਰੂ ਜ਼ਰ ਸੀਸ ਨਿਵਾਈਆ । ਚੜ੍ਹ ਕੇ ਵੇਖ ਅਗੰਮੀ ਘੋੜ, ਦਹਿ ਦਿਸ਼ਾ ਫੇਰਾ ਪਾਈਆ । ਚਾਰੋਂ ਕੁੰਟ ਅੰਧੇਰਾ ਘੋਰ, ਕੂੜੀ ਕਿਰਿਆ ਕਰੇ ਲੜਾਈਆ । ਗੁਰਮੁਖ ਕਹਿਣ ਸਤਿਗੁਰ ਪੂਰੇ ਵਾਗਾਂ ਮੋੜ, ਕਿਉਂ ਭੁਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰੇ ਹੱਥ ਫੜਾਈਆ । ਸ਼ਬਦ ਗੁਰ ਉਠ ਕੇ ਚਲ, ਬਣ ਪਾਂਧੀ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਗਈ ਹਲ, ਸਤਿ ਸੰਤੋਖ ਧੀਰਜ ਜਤ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਦਿਸੇ ਨਾ ਕੋਈ ਫਲ, ਸਿੰਮਲ ਰੁੱਖ ਕੂੜੇ ਰਹੇ ਲਹਿਰਾਈਆ । ਸ਼ਿਵਦਵਾਲੇ ਮੱਠ ਵੇਖ ਵੱਜਦੇ ਟੱਲ, ਅਨਹਦ ਨਾਦ ਸੁਣਨ ਕੋਇ ਨਾ ਪਾਈਆ । ਨਗਰ ਨਾ ਵੇਖੇ ਕੋਈ ਅਬਚਲ, ਘਰ ਸਤਿਗੁਰ ਮੇਲ ਨਾ ਕੋਇ ਮਿਲਾਈਆ । ਜਗਤ ਮਾਇਆ ਕਰੇ ਵਲ ਛਲ, ਸਾਧਾਂ ਸੰਤਾਂ ਰਹੀ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਪਦਵੀ ਦੱਸੇ ਅਟਲ, ਤੇਰਾ ਮੰਦਰ ਇਕ ਵਡਿਆਈਆ । ਸਤਿਗੁਰ ਸ਼ਬਦ ਜਾ ਛੇਤੀ, ਨੌ ਖੰਡ ਸੱਤ ਦੀਪ ਵੇਖ ਵਖਾਈਆ । ਤੂੰ ਆਦਿ ਜੁਗਾਦੀ ਸਭ ਦਾ ਭੇਤੀ, ਚੌਦਾਂ ਲੋਕਾਂ ਚੌਦਾਂ ਤਬਕਾਂ ਪੜਦਾ ਦੇਣਾ ਉਠਾਈਆ । ਕੋਟਾਂ ਵਿਚੋਂ ਕਿਸੇ ਦੇ ਅੰਦਰ ਰਹਿ ਨਾ ਗਈ ਨੇਕੀ, ਬਦੀ ਘਰ ਘਰ ਬੈਠੀ ਡੇਰਾ ਲਾਈਆ । ਮਾਇਆ ਮਮਤਾ ਕੂੜੀ ਖੇਡ ਖੇਡੀ, ਜਗਤ ਵਣਜਾਰਨ ਹੋ ਕੇ ਫੇਰਾ ਪਾਈਆ । ਸਾਧਾਂ ਸੰਤਾਂ ਦੁਹਾਗਣ ਨਾਰ ਬਣ ਕੇ ਖੁਲ੍ਹੀ ਮੀਂਢੀ, ਸੋਹਣਾ ਸੀਸ ਨਾ ਕੋਇ ਗੁੰਦਾਈਆ । ਕਾਮ ਕਰੋਧ ਦੀ ਲੱਗੀ ਮਹਿੰਦੀ, ਸਤਿਗੁਰ ਰੰਗ ਨਾ ਕੋਇ ਚੜ੍ਹਾਈਆ । ਮਾਨੁਖਤਾ ਮਾਨੁਖਤਾ ਨਾਲ ਖਹਿੰਦੀ, ਮਾਣਸ ਮਾਣਸਾਂ ਨਾਲੋਂ ਬੈਠੇ ਮੁਖ ਭੁਆਈਆ । ਸਾਚੀ ਸੰਗਤ ਹਰਿ ਮੰਦਰ ਮਿਲ ਕੋਇ ਨਾ ਬਹਿੰਦੀ, ਪ੍ਰਭ ਚਰਨ ਸਰਨ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਸਚ ਸਮਝਾਈਆ । ਸ਼ਬਦ ਗੁਰ ਵੇਖ ਜਾ ਕੇ ਖੇੜਾ,

੩੯

ਲੋਕਮਾਤ ਪਈ ਦੁਹਾਈਆ । ਕਲਜੁਗ ਰੁੜ੍ਹਦਾ ਜਾਂਦਾ ਬੇੜਾ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਦੀਨਾਂ ਮਜ਼੍ਹਬਾਂ ਪਿਆ ਝੇੜਾ, ਜ਼ਾਤ ਪਾਤ ਰਹੀ ਕੁਰਲਾਈਆ । ਕੂੜੀ ਕਿਰਿਆ ਦਿਤਾ ਗੇੜਾ, ਮਾਇਆ ਮਮਤਾ ਲੱਠ ਭੁਆਈਆ । ਸਤਿਗੁਰ ਨਜ਼ਰ ਨਾ ਆਏ ਨੇੜਨ ਨੇੜਾ, ਘਰ ਵਿਚ ਘਰ ਦਰਸ ਕੋਇ ਨਾ ਪਾਈਆ । ਹੱਕ ਹਕੀਕਤ ਕਰੇ ਨਾ ਕੋਈ ਨਿਬੇੜਾ, ਸ਼ਰੀਅਤ ਭਰੀ ਸਰਬ ਲੋਕਾਈਆ । ਸ੍ਰੀ ਭਗਵਾਨ ਦੇ ਨਾਮ ਨੂੰ ਕਰਨ ਬਖੇੜਾ, ਜਗਤ ਬਖ਼ੀਲੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅਗਲਾ ਲੇਖਾ ਦਏ ਵਖਾਈਆ । ਸ਼ਬਦ ਗੁਰੂ ਉਠ ਵੇਖ ਅਗਲਾ ਲੇਖਾ, ਪਿਛਲਾ ਪੰਧ ਮੁਕਾਈਆ । ਕਲਜੁਗ ਕੱਢ ਭਰਮ ਭੁਲੇਖਾ, ਭਾਂਡਾ ਭੌ ਭੰਨਾਈਆ । ਗੁਰ ਗੋਬਿੰਦ ਦਾ ਲਿਖਿਆ ਲੇਖ ਕਰ ਚੇਤਾ, ਜੋ ਕਾਲਾ ਚਿੱਟੇ ਉਪਰ ਗਿਆ ਪਾਈਆ । ਜਿਸ ਕਾਰਨ ਚਾਰੇ ਲਾਲ ਕੀਤੇ ਭੇਟਾ, ਬਾਲੇ ਨੀਹਾਂ ਹੇਠ ਦਬਾਈਆ । ਉਸ ਦਾ ਬਣ ਜਾ ਖੇਵਟ ਖੇਟਾ, ਸੇਵਕ ਹੋ ਕੇ ਸੇਵ ਕਮਾਈਆ । ਭਾਗ ਲਗਾ ਸੰਬਲ ਦੇਸਾ, ਜਿਸ ਦਾ ਲੇਖਾ ਸਮਝ ਕੋਇ ਨਾ ਪਾਈਆ । ਨਿਰਗੁਣ ਹੋ ਕੇ ਬਣ ਨਰੇਸ਼ਾ, ਸਰਗੁਣ ਹੋ ਕੇ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਰਿਹਾ ਵਖਾਈਆ । ਸ਼ਬਦ ਗੁਰੂ ਤੇਰਾ ਅਗਲਾ ਲਹਿਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਕੇ ਨਾ ਕੋਇ ਸਮਝਾਈਆ । ਸਚ ਦਵਾਰੇ ਧੁਰ ਦੇ ਬਹਿਣਾ, ਜਿਸ ਦੀ ਬਾਡੀ ਕਿਸੇ ਨਾ ਬਣਤ ਬਣਾਈਆ । ਪੁਰਖ ਅਕਾਲ ਦਾ ਮੰਨਣਾ ਕਹਿਣਾ, ਨਿਉਂ ਨਿਉਂ ਸੀਸ ਨਿਵਾਈਆ । ਹਕ ਮਕਾਮੇ ਸਦਾ ਰਹਿਣਾ, ਦਰਗਾਹ ਸਾਚੀ ਸੋਭਾ ਪਾਈਆ । ਬਰਖ਼ੁਰਦਾਰ ਹੋ ਕੇ ਭਾਣਾ ਸਹਿਣਾ, ਪੂਤ ਸਪੂਤਾ ਹੋ ਕੇ ਸੇਵ ਕਮਾਈਆ । ਜੁਗ ਚੌਕੜੀ ਦੇਣਾ ਦੇਣਾ, ਲਹਿਣੇਦਾਰ ਤੇਰੇ ਹੱਥ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਸ਼ਬਦ ਗੁਰ ਉਠ ਵੇਖ ਜਗ, ਸਦੀ ਚੌਧਵੀਂ ਧਿਆਨ ਲਗਾਈਆ । ਈਸਾ ਮੂਸਾ ਮੁਹੰਮਦ ਗਏ ਭੱਜ, ਪੱਲੂ ਜਗਤ ਛੁਡਾਈਆ । ਕਲਮਾ ਨਬੀ ਰਸੂਲ ਕੋਈ ਨਾ ਦਸੇ ਸਚ, ਕਾਇਨਾਤ ਹਕ ਨਾ ਕਰੇ ਪੜ੍ਹਾਈਆ । ਉਮਤ ਉਮਤੀ ਖੇੜਾ ਹੋਣਾ ਭੱਠ, ਅੱਲਾ ਰਾਣੀ ਰਹੀ ਕੁਰਲਾਈਆ । ਮੱਕਾ ਕਾਅਬਾ ਸਾਚਾ ਹੁਜਰਾ ਖ਼ਾਲੀ ਦਿਸਣਾ ਹੱਥ, ਦਰੋਹੀ ਦਰੋਹੀ ਕਰ ਕੇ ਰਹੇ ਸੁਣਾਈਆ । ਸਚ ਤੌਫ਼ੀਕ ਖ਼ੁਦਾਵੰਦ ਹੋਏ ਨਾ ਕਿਸੇ ਵਸ, ਬੇਵਸ ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਕਲਮਾ ਅਲਫ਼ ਯੇ ਨਾ ਸਕੇ ਰਟ, ਤੀਸ ਬਤੀਸ ਸਿਫ਼ਤ ਨਾ ਕੋਇ ਸਾਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਕਰ ਇਕੱਠ, ਇਕੋ ਹੁਕਮ ਦੇ ਸੁਣਾਈਆ । ਬੀਸ ਇਕੀਸਾ ਹਰਿ ਜਗਦੀਸਾ ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਉਸ ਦਾ ਹੁਕਮ ਧੁਰ ਦਾ ਸ਼ਬਦ ਹੋਏ ਪਰਗਟ, ਨਾਦ ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੋਹਣੀ ਬਣਤ ਬਣਾਈਆ । ਸ਼ਬਦ ਗੁਰੂ ਉਠ ਵੇਖ ਪੇਖ, ਚੌਥੇ ਜੁਗ ਚਾਰੋਂ ਕੁੰਟ ਚਾਰੇ ਵਰਨ ਬੈਠੇ ਮੁਖ ਭਵਾਈਆ । ਕੋਈ ਨਾ ਮੁੜ ਕੇ ਆਵੇ ਆਪਣੇ ਦੇਸ, ਜਿਸ ਘਰ ਬੈਠਾ ਬੇਪਰਵਾਹੀਆ । ਜਗਤ ਵਾਸਨਾ ਰਹੇ ਖੇਡ, ਮਨ ਮਨਸਾ ਨਾਲ ਮਿਲਾਈਆ । ਸਤਿਗੁਰ ਸ਼ਬਦ ਪੜ੍ਹ ਕੇ ਕਿਸੇ ਨਾ ਪਾਇਆ ਭੇਤ, ਤਾਕੀ ਬੰਦ ਨਾ ਕੋਇ ਖੁਲ੍ਹਾਈਆ । ਸਤਿ ਸਰੂਪ ਸਾਂਤ ਹੋ ਕੇ ਜਿਸ ਸੀਸ ਪਵਾਈ ਰੇਤ, ਸਚ ਸਰੂਪ ਗਿਆ ਸਮਾਈਆ । ਓਸ ਨਾਲ ਕਰੇ ਨਾ ਕੋਇ ਹੇਤ, ਉਸ ਦੀ ਬਾਣੀ ਤੀਰ ਨਿਰਾਲਾ ਬਾਣ ਨਾ ਕੋਇ ਚਲਾਈਆ । ਗੁਰ ਕਾ ਸ਼ਬਦ ਕਾਗ਼ਜ਼

੪੦ ੧੭

ਕਲਮ ਸ਼ਾਹੀ ਨਾਲ ਲਿਖ ਕੇ ਲੇਖ, ਟਕਿਆਂ ਨਾਲ ਕੀਮਤ ਰਹੇ ਪਾਈਆ । ਸਤਿਗੁਰ ਉਤੋਂ ਕੁਰਬਾਨ ਹੋ ਕੇ ਹੋਇਆ ਕੋਈ ਨਾ ਭੇਟ, ਮਨ ਵਾਸਨਾ ਚਰਨਾਂ ਵਿਚ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸਾਚੀ ਸੇਵਾ ਇਕ ਸਮਝਾਈਆ । ਸ਼ਬਦ ਗੁਰੂ ਔਹ ਵੇਖ ਜਗਤ, ਲੋਕਮਾਤ ਨਜ਼ਰੀ ਆਈਆ । ਕਿਸੇ ਅੰਤਰ ਨੂਰ ਨਾ ਧੁਰ ਦੀ ਸ਼ਕਤ, ਸਖ਼ਸ਼ੀਅਤ ਸਾਰੇ ਬੈਠੇ ਗਵਾਈਆ । ਕੂੜੀ ਕਿਰਿਆ ਵਿਚ ਗਵੌਂਦੇ ਵਕਤ, ਵਾਹਦ ਨਾਮ ਨਾ ਕੋਇ ਧਿਆਈਆ । ਪ੍ਰੇਮ ਪਿਆਰ ਦਾ ਕਿਸੇ ਨਾ ਲੱਗਾ ਇਸ਼ਕ, ਲੱਖ ਚੁਰਾਸੀ ਨਾਰੀ ਕੰਤ ਰੂਪ ਵਟਾਈਆ । ਪੈਗ਼ੰਬਰ ਲਾਰਾ ਦੇ ਕੇ ਗਏ ਬਹਿਸ਼ਤ, ਇਸ਼ਾਰਿਆਂ ਨਾਲ ਸਮਝਾਈਆ । ਸਚ ਸਚ ਸਭ ਤੋਂ ਉੱਤਮ ਓਹ ਗੁਰਮੁਖ ਸੱਚਾ ਸੁਤ, ਜੋ ਭਗਵਨ ਉਤੇ ਓਟ ਰਖਾਈਆ । ਉਸ ਦੀ ਲੇਖੇ ਲੱਗੇ ਬੂੰਦ ਰਕਤ, ਪੰਜ ਤਤ ਮਿਲੇ ਮਾਣ ਵਡਿਆਈਆ । ਪੰਚ ਵਿਕਾਰਾ ਨੇੜ ਨਾ ਆਵੇ ਕਟਕ, ਕੂੜੀ ਕਿਰਿਆ ਨਾ ਕੋਇ ਭਰਮਾਈਆ । ਸਤਿਗੁਰ ਪੂਰਾ ਸ਼ਬਦੀ ਸ਼ਬਦ ਖੰਡੇ ਦੇਵੇ ਝਟਕ, ਤਿੱਖੀ ਧਾਰ ਇਕ ਵਖਾਈਆ । ਸਾਚੀ ਮੰਜ਼ਲ ਪਾਂਧੀ ਬਣ ਨਾ ਜਾਏ ਅਟਕ, ਪੈਂਡਾ ਮੁੱਕੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗੁਰੂ ਇਕ ਪਰਗਟਾਈਆ । ਸ਼ਬਦ ਗੁਰੂ ਸਰਬ ਦਾ ਸਾਂਝਾ, ਦੀਨ ਮਜ਼੍ਹਬ ਨਾ ਕੋਇ ਵਖਾਇੰਦਾ । ਭਗਤ ਪ੍ਰੀਤੀ ਢੋਲੇ ਗਾਂਦਾ, ਸੰਤ ਰੀਤੀ ਸਤਿ ਸਮਝਾਇੰਦਾ । ਸਾਚੀ ਧੂੜੀ ਧੁਰ ਦੀ ਨਹਾਂਦਾ, ਅਸ਼ਨਾਨ ਇਕੋ ਇਕ ਵਖਾਇੰਦਾ । ਸਾਚੇ ਮੰਦਰ ਡੇਰਾ ਲਾਂਦਾ, ਜਿਸ ਗ੍ਰਿਹ ਗੁਰਮੁਖ ਸੋਭਾ ਪਾਇੰਦਾ । ਧੁਰ ਦਾ ਨਾਤਾ ਜੋੜ ਜੁੜਾਂਦਾ, ਪੁਰਖ ਬਿਧਾਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਇੰਦਾ । ਸ਼ਬਦ ਗੁਰੂ ਸਭ ਦਾ ਸਤਿਗੁਰ, ਆਦਿ ਅੰਤ ਅਖਵਾਈਆ । ਜੋ ਰਾਓ ਰੰਕ ਉਸ ਦੇ ਨਾਲ ਜਾਏ ਜੁੜ, ਜੋੜੀ ਧੁਰ ਦੀ ਲਏ ਬਣਾਈਆ । ਪ੍ਰੇਮੀ ਪ੍ਰੀਤਮ ਕੋਲੋਂ ਖ਼ਾਲੀ ਕੋਈ ਨਾ ਆਵੇ ਮੁੜ, ਝੋਲੀ ਸਚ ਸਚ ਭਰਾਈਆ । ਫੜ ਬਾਹੋਂ ਚੜ੍ਹਾਏ ਸਾਚੇ ਘੋੜ, ਡੋਰੀ ਆਪਣੇ ਹੱਥ ਰਖਾਈਆ । ਬਾਹਰ ਕਰਾਏ ਅੰਧਘੋਰ, ਸਚ ਮਹੱਲ ਅਟਲ ਦਏ ਟਿਕਾਈਆ । ਓਥੇ ਦੂਜੀ ਰਹੇ ਕੋਈ ਨਾ ਲੋੜ, ਆਸਾ ਤ੍ਰਿਸਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕੋ ਇਕ ਅਖਵਾਈਆ । ਸ਼ਬਦ ਗੁਰੂ ਸਦਾ ਇਕੋ ਏਕ, ਏਕੰਕਾਰ ਅਖਵਾਇੰਦਾ । ਜਿਸ ਦੀ ਸਿਫ਼ਤ ਅੰਦਰ ਜੁਗ ਚੌਕੜੀ ਲਿਖੇ ਲੇਖ, ਖਾਣੀ ਬਾਣੀ ਸਿਫ਼ਤ ਸਾਲਾਹਿੰਦਾ । ਸੋ ਸਦਾ ਸਦਾ ਸਦ ਜਨ ਭਗਤਾਂ ਬਣੇ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਅੰਤਰ ਬੁਧੀ ਕਰੇ ਬਿਬੇਕ, ਬਾਹਰੋਂ ਬਸੰਤਰ ਕੂੜ ਬੁਝਾਇੰਦਾ । ਸਚ ਵਖਾਵੇ ਅਗੰਮੀ ਦੇਸ, ਗ੍ਰਿਹ ਮੰਦਰ ਕੁੰਡਾ ਲਾਹਿੰਦਾ । ਜੋਤੀ ਜੋਤ ਕਰ ਪਰਵੇਸ਼, ਨਰ ਨਰਾਇਣ ਮੇਲ ਮਿਲਾਇੰਦਾ । ਓਥੇ ਕੋਈ ਪੁਜ ਨਾ ਸਕੇ ਮੁੱਲਾਂ ਸ਼ੇਖ਼, ਸ਼ੇਖੀ ਵਾਲਾ ਨਜ਼ਰ ਕੋਇ ਨਾ ਆਇੰਦਾ । ਜਿਸ ਪਰਮ ਪੁਰਖ ਪਰਮਾਤਮ ਆਤਮ ਦੱਸੇ ਆਪਣਾ ਭੇਤ, ਸੋ ਨੇਰਨ ਨੇਰਾ ਹੋ ਕੇ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਿਫ਼ਤ ਸਾਲਾਹਿੰਦਾ । ਸ਼ਬਦ ਗੁਰੂ ਕਹੇ ਮੈਂ ਦੇਵ ਆਤਮ, ਅੰਤਰ ਸਭ ਦੇ ਵੇਖ ਵਖਾਈਆ । ਪ੍ਰਭ ਮਿਲੌਣਾ ਮੇਰਾ ਮਹਾਤਮ, ਮਹੱਤਤਾ ਇਕੋ ਇਕ ਜਣਾਈਆ । ਭੇਵ ਖੁਲ੍ਹੌਣਾ ਜ਼ਾਹਰ ਬਾਤਨ, ਨੇਤਰ ਨੈਣ ਅੱਖ ਰੁਸ਼ਨਾਈਆ । ਨਿਰਗੁਣ ਬਣੌਣਾ ਸਰਗੁਣ ਸਾਕਣ, ਸਗਲਾ ਸੰਗ ਜੁੜਾਈਆ । ਢੋਲਾ ਸੁਣੌਣਾ ਧੁਰ ਦੀ ਗਾਥਨ, ਕਥਨੀ ਕਥ ਇਕ ਦ੍ਰਿੜਾਈਆ । ਮੇਲ ਮਿਲੌਣਾ ਪੁਰਖ ਅਬਿਨਾਸ਼ਨ,


੪੧
੧੨

ਅਬਿਨਾਸ਼ੀ ਕਰਤਾ ਦਿਆਂ ਵਖਾਈਆ । ਮੇਰਾ ਖੇਲ ਪਰਮ ਪੁਰਖ ਪਰਮਾਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਲਾਹੀਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਸੰਗ, ਨਿਤ ਨਵਿਤ ਖੇਲ ਕਰਾਇੰਦਾ । ਸੰਤਾਂ ਚਾੜ੍ਹ ਕੇ ਆਪਣਾ ਰੰਗ, ਕਾਇਆ ਚੋਲਾ ਰੰਗ ਵਖਾਇੰਦਾ । ਗੁਰਮੁਖਾਂ ਦੇ ਕੇ ਇਕ ਅਨੰਦ, ਅਨੰਦ ਆਤਮ ਵਿਚੋਂ ਦ੍ਰਿੜ੍ਹਾਇੰਦਾ । ਗੁਰਸਿਖ ਚਾੜ੍ਹ ਕੇ ਸਾਚੇ ਚੰਦ, ਲੋਕਮਾਤ ਜਗਤ ਰੁਸ਼ਨਾਇੰਦਾ । ਸਦਾ ਸਦਾ ਸਦ ਬਣ ਬਖ਼ਸ਼ੰਦ, ਬਖ਼ਸ਼ਿਸ਼ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਧੁਰ ਦਾ ਵਰ, ਧੁਰ ਦੀ ਸੇਵਾ ਇਕ ਲਗਾਇੰਦਾ ।

## ✪ ੨੩ ਜੇਠ ੨੦੨੧ ਬਿਕ੍ਰਮੀ ਝਮਾਂ ਧੰਨਾ ਰਾਮ ਚੜ੍ਹਦਾ ਗਰਾਂ ਹਰਨਾਮ ਸਿੰਘ ✪

ਪੱਤ ਡਾਲ੍ਹੀ ਖ਼ੁਸ਼ ਮੌਲੀ ਬਨਵਾਲੀ, ਉਚੇ ਮੰਦਰ ਕੰਦਰ ਜੂਹ ਧਿਆਨ ਲਗਾਈਆ । ਟਿੱਲੇ ਪਰਬਤ ਦਰ ਸਵਾਲੀ, ਬਿਰਖ ਬਿਰਛ ਨੈਣ ਉਠਾਈਆ । ਕਿਰਪਾ ਕਰ ਪੁਰਖ ਅਕਾਲੀ, ਅਕਲ ਕਲ ਤੇਰੀ ਵਡਿਆਈਆ । ਅੰਡਜ ਜੇਰਜ ਉਤਭੁਜ ਸੇਤਜ ਤੂੰ ਸਾਹਿਬ ਸਭ ਦਾ ਮਾਲੀ, ਮਾਲਕ ਆਦਿ ਜੁਗਾਦਿ ਅਖਵਾਈਆ । ਬਿਨ ਤੇਰੇ ਨਾਮ ਦਿਸਣ ਖ਼ਾਲੀ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਬਨਾਸਪਤ ਕਹੇ ਮੇਰੇ ਅੰਦਰ ਕਾਸ਼ਟ, ਕਸ਼ਟਾਂ ਵਿਚ ਦੁਹਾਈਆ । ਮੇਰਾ ਤਨ ਮਨ ਸੜਿਆ ਆਤਸ਼, ਅਗਨੀ ਤਤ ਜਲਾਈਆ । ਪ੍ਰੇਮ ਪਿਆਰ ਦੀ ਸਵਾਂਤੀ ਬੂੰਦ ਬਖ਼ਸ਼ੇ ਨਾ ਕੋਈ ਬਾਰਸ਼, ਅੰਮ੍ਰਿਤ ਜਲ ਧਾਰ ਨਾ ਕੋਇ ਵਹਾਈਆ । ਮੇਰੀ ਕਾਨੀ ਬਣਾ ਕੇ ਕਲਮ ਤੇਰੀ ਲਿਖਦੀ ਰਹੀ ਇਬਾਰਤ, ਸਿਫ਼ਤਾਂ ਕਰ ਕਰ ਖ਼ੁਸ਼ੀ ਮਨਾਈਆ । ਤੇਰਾ ਮੰਦਰ ਬਣਾ ਸੋਹਣੀ ਇਮਾਰਤ, ਜੁਗ ਚੌਕੜੀ ਸੇਵ ਕਮਾਈਆ । ਸਚ ਸਿੰਘਾਸਣ ਦੇਵਾਂ ਢਾਰਸ, ਹੇਠਾਂ ਪੈ ਪੈ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬਨਾਸਪਤ ਕਹੇ ਮੇਰਾ ਰੋਵੇ ਅੰਗ, ਅੰਗ ਅੰਗ ਕੁਰਲਾਈਆ । ਜੁਗ ਚੌਕੜੀ ਗਏ ਲੰਘ, ਕੋਟਨ ਕੋਟ ਕਾਲ ਵਿਹਾਈਆ । ਨਿਰਗੁਣ ਹੋ ਕੇ ਸਰਗੁਣ ਦੇਂਦਾ ਰਿਹੋਂ ਸੰਗ, ਸਾਧਾਂ ਸੰਤਾ ਮਾਣ ਵਧਾਈਆ । ਮੇਰੇ ਪਿਆਰ ਅੰਦਰ ਕਦੀ ਨਾ ਬੈਠੋਂ ਸਚ ਪਲੰਘ, ਸੁਣ ਪੁਕਾਰ ਨਾ ਦੁੱਖ ਵੰਡਾਈਆ । ਸੀਨੇ ਸਾਂਤ ਨਾ ਪਾਈ ਠੰਡ, ਅਗਨੀ ਅੱਗ ਨਾ ਕੋਇ ਬੁਝਾਈਆ । ਮੈਂ ਨਿਤ ਨਿਤ ਮੰਗਾਂ ਰਹੀ ਮੰਗ, ਦੋਏ ਜੋੜ ਜੋੜ ਸਰਨਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਸਚ ਸਤਿ ਦੇ ਅਨੰਦ, ਦਰ ਤੇਰੇ ਅਲਖ ਜਗਾਈਆ । ਮੇਰੀ ਪਿਛਲੀ ਖੋਲ੍ਹ ਗੰਢ, ਪੱਲੂ ਦੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬਨਾਸਪਤ ਕਹੇ ਮੇਰਾ ਅੰਤਮ ਤਰਲਾ, ਤੇਰੇ ਅੱਗੇ ਅਰਜ਼ੋਈਆ । ਤੇਰੇ ਬਿਰਹੋਂ ਅੰਦਰ ਮਰਨਾ, ਮਰ ਕੇ ਆਪਣਾ ਆਪ ਗਵਾਈਆ । ਤੇਰੇ ਪ੍ਰੇਮ ਅੰਦਰ ਸੜਨਾ, ਸੋਹਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਨਾਸਪਤ ਕਹੇ ਪ੍ਰਭ ਕਰ ਖ਼ਿਆਲ, ਪੂਰਬ ਲੇਖਾ ਵੇਖ ਵਖਾਈਆ । ਮੇਰੀ ਸੇਵਾ ਸਚ ਕਮਾਲ, ਲੋਕਮਾਤ ਖ਼ੁਸ਼ੀਆਂ ਨਾਲ

ਕਮਾਈਆ । ਮੈਂ ਘਾਲੀ ਧੁਰ ਦੀ ਘਾਲ, ਘੋਲੀ ਘੋਲ ਘੁਮਾਈਆ । ਜਿਸ ਵੇਲੇ ਅਰਜਨ ਤੱਤੀਆਂ ਲੋਹਾ ਉਤੇ ਦਿਤਾ ਬਹਾਲ, ਮੈਂ ਥੱਲੇ ਵੜ ਵੜ ਆਪਣਾ ਆਪ ਭੇਟ ਚੜ੍ਹਾਈਆ । ਓਸ ਦੇ ਅੱਗੇ ਕੀਤਾ ਇਕ ਸਵਾਲ, ਦੋਏ ਜੋੜ ਵਾਸਤਾ ਪਾਈਆ । ਸਾਡੀ ਕੌਣ ਕਰੇ ਸੰਭਾਲ, ਸੰਗੀ ਨਜ਼ਰ ਕੋਇ ਨਾ ਆਈਆ । ਮੇਰਾ ਕਟ ਕੇ ਪੱਤ ਡਾਲ੍ਹ, ਤੇਰੀ ਭੇਟ ਦਿਤਾ ਚੜ੍ਹਾਈਆ । ਤੂੰ ਸੁਣ ਮੇਰਾ ਅਹਿਵਾਲ, ਮੈਂ ਸਚ ਦਿਆਂ ਸੁਣਾਈਆ । ਮੈਂ ਆਈ ਕੇਹੜੇ ਦੇਸਾ, ਪਿਛਾ ਭੁੱਲ ਕਦੀ ਨਾ ਜਾਈਆ । ਤੂੰ ਸ਼ਹਿਨਸ਼ਾਹ ਨਰੇਸ਼ਾ, ਸਤਿ ਪੁਰਖ ਬੇਪਰਵਾਹੀਆ । ਦਰ ਤੇਰਾ ਠਾਂਡਾ ਵੇਖਾ, ਮੇਰੀ ਅਗਨੀ ਅੱਗ ਪੋਹ ਨਾ ਸਕੇ ਰਾਈਆ । ਅੱਗੇ ਮੇਟ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਬਨਾਸਪਤ ਕਹੇ ਮੈਂ ਲੱਕੜੀ ਟੋਟਾ, ਟੁਕੜਾ ਟੁਕੜਾ ਆਪਣਾ ਆਪ ਕਰਾਈਆ । ਏਹ ਮੇਰਾ ਸਾਢੇ ਤਿੰਨ ਹੱਥ ਦਾ ਮੋਛਾ, ਜੋ ਤੇਰੀ ਸੇਵਾ ਕਰਨ ਆਈਆ । ਰੁੜ੍ਹਦਾ ਰੁੜ੍ਹਦਾ ਏਥੇ ਪਹੁੰਚਾ, ਮੈਂ ਸਚ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਲੱਕੜ ਕਹੇ ਮੇਰੇ ਹੋਏ ਟੁਕੜੇ, ਸੋਹਣੀ ਵੰਡ ਵੰਡਾਈਆ । ਮੈਨੂੰ ਕੱਟਣ ਵਾਲੇ ਨਾਸ਼ੁਕਰੇ, ਤੇਰੀ ਸਮਝ ਕਿਸੇ ਨਾ ਆਈਆ । ਲਹਿੰਦੀ ਧਾਰ ਚੜ੍ਹਦੀ ਦਿਸ਼ਾ ਉਤਰੇ, ਚੜ੍ਹਦੇ ਗਰਾਂ ਮੈਨੂੰ ਦਿਤਾ ਰੁੜ੍ਹਾਈਆ । ਮੇਰੇ ਖ਼ਿਆਲ ਕਦੀ ਨਾ ਮੁਕਰੇ, ਦੇਵਾਂ ਸਚ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚੀ ਮੰਗ ਮੰਗਾਈਆ । ਚੜ੍ਹਦੇ ਗਰਾਉਂ ਪਈ ਰੁੜ੍ਹ, ਆਪਣਾ ਪੰਧ ਮੁਕਾਈਆ । ਸਾਢੇ ਤਿੰਨ ਮੀਲ ਤੇ ਕੰਢੇ ਗਈ ਜੁੜ, ਅਗਲਾ ਰਾਹ ਨਜ਼ਰ ਨਾ ਆਈਆ । ਜਗਤ ਮਲਾਹ ਗਿਆ ਬੌਹੜ, ਫੜ ਬਾਹੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਬਾਹਰ ਕੱਢ ਰੱਖਿਆ ਕੰਢੇ, ਚਾਰੋਂ ਕੁੰਟ ਵੇਖ ਵਖਾਈਆ । ਮੇਰੇ ਵੱਡੇ ਛੋਟੇ ਸਾਰੇ ਹਿੱਸੇ ਵੰਡੇ, ਸੋਹਣੀ ਬਣਤ ਬਣਾਈਆ । ਓਥੋ ਚੁੱਕ ਕੇ ਆਪਣੇ ਕੰਧੇ, ਉਤੇ ਖਰ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਓਸ ਖਰ ਦਾ ਦੱਸਾਂ ਟਿਕਾਣਾ, ਸਚ ਸਚ ਸਮਝਾਈਆ । ਚਰਦਾ ਫਿਰੇ ਵਿਚ ਬੀਆਬਾਨਾ, ਮੁਖ ਦੰਦ ਘਾਸ ਲਗਾਈਆ । ਜਿਸ ਗ੍ਰਿਹਿ ਪ੍ਰਭੂ ਤੇਰਾ ਅੱਜ ਟਿਕਾਣਾ, ਭੂਮਿਕਾ ਸੋਹਣੀ ਸਚ ਸੁਹਾਈਆ । ਏਥੇ ਰਹੇ ਗ਼ਰੀਬ ਨਿਮਾਣਾ, ਆਪ ਆਪਣਾ ਝੱਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਮੈਂ ਕਰੀ ਪੁਕਾਰ, ਖਰ ਉਤੇ ਆਸਣ ਲਾਈਆ । ਮੇਰੀ ਓਸੇ ਨਾਲ ਮਿਲ ਗਈ ਸਤਾਰ, ਮੇਰਾ ਹੋ ਕੇ ਮੇਰਾ ਦਰਦ ਵੰਡਾਈਆ । ਉਚੀ ਉਚੀ ਹੀਂਗ ਰੋਇਆ ਜ਼ਾਰੋ ਜ਼ਾਰ, ਨੇਤਰ ਆਪਣੇ ਘਰ ਲਗਾਈਆ । ਮੈਂ ਕਾਹਨੂੰ ਚਲ ਕੇ ਆਇਆ ਦੂਰ ਦਵਾਰ, ਪਿਛਲਾ ਪੰਧ ਮੁਕਾਈਆ । ਮੈਨੂੰ ਚੁੱਕਣਾ ਪਿਆ ਭਾਰ, ਮੰਜ਼ਲ ਅਗੇ ਹੋਰ ਵਧਾਈਆ । ਜੇ ਕੋਈ ਸੁਣਨ ਵਾਲਾ ਹੋਵੇ ਪੁਕਾਰ, ਮੈਂ ਦੇਵਾਂ ਸਚ ਸੁਣਾਈਆ । ਲੱਕੜੀ ਕਿਹਾ ਵਾਹਵਾ ਮੀਤ ਮੁਰਾਰ, ਤੇਰਾ ਅੰਤਰ ਮੈਨੂੰ ਨਜ਼ਰੀ ਆਈਆ । ਸੱਤ ਦਿਨ ਦਾ ਪੈਂਡਾ ਮਾਰ, ਚਲਣਾ ਵਾਹੋ ਦਾਹੀਆ । ਤੇਰਾ ਮਿੱਤਰ ਸੱਜਣ ਦੱਸਾਂ ਵਿਚ ਸੰਸਾਰ, ਜੋ ਸੱਚਾ ਸੰਗੀ ਨਜ਼ਰੀ ਆਈਆ । ਮੈਂ ਵੀ ਵੇਖਣਾ ਚਲ ਉਹਦਾ ਦੀਦਾਰ, ਵਾਹ ਵਾ ਤੇਰਾ ਜੁੜਿਆ ਜੋੜ ਮੇਰੀ ਆਤਮਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਚ ਕਰਨੀ ਕਾਰ ਕਮਾਈਆ । ਖਰ ਕਹੇ ਮੈਂ ਜਾਵਾਂ ਤੁਰਦਾ, ਹੌਲੀ ਹੌਲੀ ਪੰਧ ਮੁਕਾਈਆ । ਮੇਰੇ ਅੰਦਰ ਫੁਰਨਾ ਇਕੋ ਫੁਰਦਾ, ਜਿਸ ਦੀ ਸਮਝ ਕੋਇ ਨਾ ਆਈਆ । ਮੈਂ ਜੀਉਂਦਾ ਜੀਉਂਦਾ ਹੋਇਆ ਮੁਰਦਾ, ਮੁਰਦਿਉਂ ਜੀਵਤ ਰੂਪ ਵਟਾਈਆ । ਅੱਗੇ ਨਜ਼ਾਰਾ ਵੇਖਿਆ ਧੁਰ ਦਾ, ਨੂਰ ਨੁਰਾਨਾ ਨੂਰ ਇਕੋ ਕਰੇ ਰੁਸ਼ਨਾਈਆ । ਜਿਸ ਦੇ ਨਾਲ ਮੇਰਾ ਮਨ ਜੁੜਦਾ, ਭੁੱਲੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਰਿਹਾ ਕਮਾਈਆ । ਲੱਕੜ ਕਹੇ ਮੈਂ ਜਦ ਤੇਰੇ ਉਪਰ ਚੜ੍ਹੀ, ਚੜ੍ਹਦੇ ਗਰਾਂ ਧਿਆਨ ਲਗਾਈਆ । ਉਹ ਯਾਦ ਆਏ ਸੁਲਖਣੀ ਘੜੀ, ਜਿਸ ਵੇਲੇ ਮੈਨੂੰ ਦਿਤਾ ਰੁੜ੍ਹਾਈਆ । ਮੈਂ ਬਨਾਸਪਤ ਵਿਚੋਂ ਹੋ ਕੇ ਬਰੀ, ਜਲ ਧਾਰ ਤਾਰੀਆਂ ਲਾਈਆ । ਤੇਰੇ ਨਾਲ ਲੱਗ ਕੇ ਹੋ ਗਈ ਖਰੀ, ਕੀਮਤ ਕਰਤਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚਲਦੇ ਚਲਦੇ ਅੰਦਰ ਬਾਹਰ ਕਰਨ ਸਲਾਹ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਮੰਜ਼ਲ ਮੰਜ਼ਲ ਪੰਧ ਮੁਕਾ, ਦੋਵੇ ਨੈਣ ਖ਼ੁਸ਼ੀ ਮਨਾਈਆ । ਜਗਤ ਸਰਾਏ ਡੇਰਾ ਲਾ, ਆਪਣਾ ਲੇਖਾ ਰਹੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਖਰ ਦੇ ਮਾਲਕ ਲੱਕੜ ਦਿਤੀ ਉਤਾਰ, ਰਾਵੀ ਕੰਢਾ ਸੋਹਣਾ ਸੁਹਾਈਆ । ਓਧਰ ਬ੍ਰਾਹਮਣ ਕਰਨ ਆਇਆ ਵਪਾਰ, ਆਪਣਾ ਫੇਰਾ ਪਾਈਆ । ਬਾਹੋਂ ਫੜ ਕੇ ਕਹੇ ਘੁਮਿਆਰ, ਮਾਲਕ ਖਰ ਦਾ ਆਪ ਹਲਾਈਆ । ਦੱਸ ਕੀ ਕੁਛ ਲੈਣਾ ਇਸ ਦਾ ਯਾਰ, ਕੀਮਤ ਦਿਆਂ ਚੁਕਾਈਆ । ਸੌਦਾ ਨਕਦ ਨਾ ਕੋਈ ਉਧਾਰ, ਹੱਥੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਕਰਾਈਆ । ਮੇਰਾ ਨਾਮ ਅਸਮੈਲ, ਕਸਮ ਖਾ ਕੇ ਰਿਹਾ ਜਣਾਈਆ । ਨਾ ਏਹ ਚੀਲ ਨਾ ਏਹ ਕੈਲ, ਦਿਆਰ ਦੀਦ ਨਾਲ ਵਖਾਈਆ । ਤੂੰ ਵੇਖ ਕੇ ਹੋਵੇਂ ਮਾਇਲ, ਖ਼ੁਸ਼ੀਆਂ ਖ਼ੁਸ਼ੀ ਬਣਾਈਆ । ਏਹ ਸੋਹਣੀ ਛੈਲ ਗੈਲ, ਗੰਢ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਦਿਤੀ ਬਣਾਈਆ । ਅਸਮੈਲ ਕਹੇ ਏਹਦੀ ਕੀਮਤ ਸਾਢੇ ਤਿੰਨ, ਰੋਕ ਰੁਪਿਆ ਇਕ ਹੱਥ ਲਗਾਈਆ । ਮੇਰੇ ਹੱਥ ਉਤੇ ਰੱਖ ਦੇ ਗਿਣ ਗਿਣ, ਉਧਾਰ ਪਿਛੇ ਨਾ ਕੋਇ ਜਣਾਈਆ । ਲੱਕੜੀ ਮਾਰੀ ਆਵਾਜ਼ ਮੈਨੂੰ ਛੇਤੀ ਨਾਲ ਲਵੋ ਮਿਣ, ਵਾਧ ਘਾਟ ਰਹਿਣ ਕੋਇ ਨਾ ਪਾਈਆ । ਮੇਰੀ ਆਯੂ ਰਹਿੰਦੀ ਸਾਢੇ ਤਿੰਨ ਦਿਨ, ਸ੍ਰੀ ਭਗਵਾਨ ਰਿਹਾ ਸਮਝਾਈਆ । ਮੈਨੂੰ ਪ੍ਰੇਮ ਅੰਗੀਠੇ ਵਿਚ ਦੇਣਾ ਚਿਣ, ਜਿਸ ਦੀ ਸਮਝ ਕੋਇ ਨਾ ਪਾਈਆ । ਮੈਂ ਕਰਾਂ ਪਿਆਰ ਛਿਨ ਛਿਨ, ਸੋਹਣੀ ਰਸਮ ਵਖਾਈਆ । ਮੇਰਾ ਲੇਖਾ ਭਿੰਨ ਭਿੰਨ, ਭਿੰਨੜੀ ਘੜੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਈਆ । ਪੰਡਤ ਕੱਢ ਸਾਢੇ ਤਿੰਨ ਦਾ ਲੇਖਾ, ਰੋਕੜ ਵਹੀ ਉਤੇ ਲਈ ਲਗਾਈਆ । ਇਕ ਦਵਾਨੀ ਘਰ ਸੁੱਟਣ ਦਾ ਠੇਕਾ, ਮੇਰੇ ਨਾਲ ਚੁਕਾਈਆ । ਤੂੰ ਆਇਆ ਚਲ ਕੇ ਕੇਹੜੇ ਦੇਸਾ, ਮੈਨੂੰ ਪਿਛਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਵਣਜ ਰਿਹਾ ਕਰਾਈਆ । ਅਸਮੈਲ ਕਿਹਾ ਮੇਰਾ ਪਿੰਡ ਝਮਾਂ, ਪੱਥਰਾਂ ਰੋੜਿਆ ਵਿਚ ਡੇਰਾ ਲਾਈਆ । ਪੌਣੇ ਦੋ ਮੀਲ ਪਿੰਡ ਚੜ੍ਹਦਾ ਗਰਾਂ, ਆਵਣ ਜਾਵਣ ਖੇਲ ਰਚਾਈਆ । ਅੱਧ ਵਿਚਕਾਰ ਇਕ ਉਚੀ ਟਿਕਰੀ ਜਿਸ ਉਤੇ ਏਸ ਦਰਖ਼ਤ ਦਾ ਨਿਸ਼ਾਨ, ਨਿਸ਼ਾਨਾ ਦੋਹਾਂ ਪਿੰਡਾਂ ਵਿਚੋਂ ਨਜ਼ਰੀ ਆਈਆ । ਇਕ ਦਿਨ ਮੈਂ ਹੇਠਾਂ ਸੁਤਾ

ਆ, ਸੁਤੇ ਹੋਏ ਨੂੰ ਸਚ ਆਵਾਜ਼ ਕਿਸੇ ਸੁਣਾਈਆ । ਅੱਗੇ ਕੋਈ ਨਾ ਮਾਣੇ ਏਸ ਦੀ ਛਾਂ, ਏਹਨੂੰ ਕੱਟ ਦੇ ਕੱਟ ਕੇ ਆਪਣੀ ਸੇਵ ਕਮਾਈਆ । ਸਾਢੇ ਤਿੰਨ ਹੱਥ ਦਾ ਮੋਛਾ ਪਾ, ਵਿਚ ਝਨਾਂ ਦੇਣਾ ਰੁੜ੍ਹਾਈਆ । ਸਾਢੇ ਤਿੰਨ ਮੀਲ ਤੇ ਜਾ ਤਕਾਂ, ਆਪੇ ਕੰਢੇ ਲੱਗੇ ਆਈਆ । ਮੈਨੂੰ ਪਿਛਲਾ ਚੇਤਾ ਭੁੱਲਾ ਨਾ, ਪਿਛਲੇ ਸਾਲ ਅੱਖ ਉਠਾਈਆ । ਜਿਸ ਟਿੱਲੇ ਉਤੇ ਗੁਰਮੁਖਾਂ ਨੂੰ ਭਜਾ ਕੇ ਦਿਤਾ ਚੜ੍ਹਾ, ਮੇਰੇ ਸਾਥੀ ਦਿਤਾ ਬਣਾਈਆ । ਫਿਰ ਪਿਛਾਂਹ ਦਿਤਾ ਭਵਾ, ਮੇਰਾ ਪ੍ਰੇਮ ਹੋਰ ਵਧਾਈਆ । ਚੜ੍ਹਦੇ ਗਰਾਂ ਜਾ ਕੇ ਝਨਾਂ ਵਿਚੋਂ ਦਿਤਾ ਨੁਹਾ, ਆਪਣੇ ਚਰਨਾਂ ਉਤੇ ਜਲ ਪਵਾਈਆ । ਜਿਸ ਪਤਣ ਬ੍ਰਾਹਮਣ ਹੁਕਮ ਦਿਤਾ ਸੁਣਾ, ਨਹਾ ਕੇ ਔਣਾ ਚਾਈਂ ਚਾਈਂਆ । ਓਸ ਮੂਰਖ ਦਿਤਾ ਭੁਲਾ, ਪ੍ਰਭ ਕਾ ਭੇਵ ਸਮਝ ਸਕੇ ਨਾ ਰਾਈਆ । ਏਸੇ ਕਾਰਨ ਦੋ ਸਾਲ ਮੈਂ ਕੱਟੀ ਹੋਰ ਸਜ਼ਾ, ਦੁੱਖ ਸਕਿਆ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦਵਾਨੀ ਦਾ ਲਾਇਆ ਫੇਰਾ, ਸਾਚੇ ਧਾਮ ਦਿਤਾ ਪੁਚਾਈਆ । ਓਥੇ ਸਭ ਨਾਲ ਲੱਗਾ ਝੇੜਾ, ਲੱਕੜੀ ਲੱਕੜੀ ਰਹੀ ਕੁਰਲਾਈਆ । ਦੱਸ ਤੇਰਾ ਮਾਲਕ ਕੇਹੜਾ, ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸੇਵਾ ਇਕ ਵਖਾਈਆ । ਲੱਕੜੀ ਕਹੇ ਸਾਢੇ ਤਿੰਨ ਦਿਨ ਗਏ ਬੀਤ, ਪ੍ਰਭ ਸੋਹਣੀ ਬਣਤ ਬਣਾਈਆ । ਅਰਜਨ ਲੇਖਾ ਮੁੱਕਿਆ ਠੀਕ, ਫ਼ਤਵਾ ਸ਼ਾਹ ਸੁਲਤਾਨ ਲਗਾਈਆ । ਆਪਣੀ ਦੱਸ ਤੌਫ਼ੀਕ, ਇਕੋ ਰਮਜ਼ ਲਗਾਈਆ । ਏਹਨੂੰ ਅਗਨੀ ਉਤੇ ਤਲ ਕੇ ਕਰੋ ਠੀਕ, ਤਨ ਕਬਾਬ ਰੂਪ ਵਟਾਈਆ । ਲੱਕੜੀ ਲਿਆਓ ਬ੍ਰਾਹਮਣ ਦਾ ਟਾਲ ਨਜ਼ਦੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਮੁੱਲਾ ਕਿਹਾ ਬ੍ਰਾਹਮਣ ਉਚੀ ਕੁਲ, ਚੌਂਹ ਵਰਨਾਂ ਵਿਚੋਂ ਨਜ਼ਰੀ ਆਇੰਦਾ । ਓਸੇ ਦੇ ਨਾਲ ਕਰੋ ਮੁੱਲ, ਕਾਫ਼ਰ ਕਾਫ਼ਰਾਂ ਹੱਥ ਵਿਕਾਇੰਦਾ । ਜੇ ਬ੍ਰਾਹਮਣ ਜਵਾਬ ਦੇ ਕੇ ਜਾਵੇ ਭੁੱਲ, ਓਹ ਵੀ ਇਸ ਦੇ ਨਾਲ ਸਜ਼ਾ ਪਾਇੰਦਾ । ਜੇ ਮਜ਼੍ਹਬ ਕਰ ਕੇ ਜਾਏ ਡੁਲ, ਫਿਰ ਦੋਜ਼ਖ਼ ਵਿਚ ਅੱਲਾ ਮੀਆਂ ਆਪ ਸੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸੁਣ ਹੁਕਮ ਉਠੇ ਚੋਬਦਾਰ, ਚੱਲੇ ਪੰਧ ਮੁਕਾਈਆ । ਵਾਹ ਵਾ ਲੱਗਾ ਹੋਣ ਵਿਹਾਰ, ਵਣਜ ਬੇਪਰਵਾਹੀਆ । ਬ੍ਰਾਹਮਣ ਜਾਂਦਿਆਂ ਰੁਪਈਏ ਮੰਗ ਲਏ ਚਾਰ, ਇਕੋ ਆਵਾਜ਼ ਸੁਣਾਈਆ । ਓਨ੍ਹਾਂ ਕੀਤਾ ਅੱਗੇ ਉਧਾਰ, ਦੇਵਣਵਾਲਾ ਸ਼ਹਿਨਸ਼ਾਹੀਆ । ਅਸੀਂ ਚੁੱਕ ਕੇ ਚਲੇ ਵਿਚ ਬਾਜ਼ਾਰ, ਆਪਣਾ ਪੰਧ ਮੁਕਾਈਆ । ਓਧਰ ਬੈਠਾ ਹੋ ਤਿਆਰ, ਤਵੀ ਗੱਡ ਕੇ ਸੀਸ ਨਿਵਾਈਆ । ਹੁਕਮ ਕਰੋ ਮੇਰੀ ਸਰਕਾਰ, ਕੀ ਸੇਵਾ ਮੇਰੀ ਲਾਈਆ । ਕੂੜ ਕੁੜਿਆਰੇ ਦਿਤੀ ਇਕ ਆਵਾਜ਼, ਖ਼ੁਸ਼ੀਆਂ ਨਾਲ ਸੁਣਾਈਆ । ਜੇਹੜਾ ਲੈਂਦਾ ਨਹੀਂ ਮੇਰੀ ਦਾਤ, ਦਾਤਾ ਬਣ ਕੇ ਬੈਠਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਉਠਾਈਆ । ਮਿਲਿਆ ਹੁਕਮ ਸਚ ਫ਼ਰਮਾਨ, ਇਕ ਆਵਾਜ਼ ਸੁਣਾਈਆ । ਅਰਜਨ ਭੁੱਲਿਆ ਜੋ ਨਾਦਾਨ, ਉਸ ਨੂੰ ਉਪਰ ਦਿਓ ਬਠਾਈਆ । ਜੇਹੜੀ ਲਕੜੀ ਖ਼ਰੀਦ ਕੇ ਲਿਆਂਦੀ ਨੌਜਵਾਨ, ਸਨਮੁਖ ਦੇਵੋ ਸੁਟਾਈਆ । ਸੱਦ ਕੇ ਲਿਆਵੋ ਇਕ ਤਰਖਾਣ, ਕੁਹਾੜਾ ਮੋਢੇ ਉਤੇ ਟਿਕਾਈਆ । ਇਹਦੇ ਮੋਛੇ ਪਾਵੇ ਆਣ, ਟੁਕੜੇ ਟੁਕੜੇ ਵੰਡ ਪਵਾਈਆ । ਹੇਠਾਂ ਅਗਨੀ ਬਣੇ ਮਹਾਨ, ਲਾਟਾਂ ਵਾਲੀ ਆਪਣੀ ਲਾਟ ਜਣਾਈਆ । ਇਸ ਦਾ ਮੇਟ ਦਿਓ ਨਿਸ਼ਾਨ, ਪੰਜ ਤਤ ਰੂਪ ਨਜ਼ਰ ਕੋਇ ਨਾ ਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਹੋ ਜਾਈਆ । ਜਿਸ ਵੇਲੇ ਤਰਖਾਣ ਮਾਰੇ ਕੁਹਾੜਾ, ਉਚੀ ਬਾਂਹ ਨਾਲ ਹਿਲਾਈਆ । ਇਕੋ ਵਾਰ ਲੱਕੜੀ ਕੱਢਿਆ ਹਾੜਾ, ਹੌਕਾ ਦੇ ਸੁਣਾਈਆ । ਮੈਂ ਚੱਲ ਕੇ ਆਈ ਵਿਚੋਂ ਜੰਗਲ ਪਹਾੜਾਂ, ਟਿੱਲੇ ਪਰਬਤ ਘਰ ਤਜਾਈਆ । ਮੈਨੂੰ ਵੇਖ ਲੈਣ ਦੇ ਉਹ ਸੱਚਾ ਲਾੜਾ, ਜਿਸ ਕਾਰਨ ਬੈਠੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲਏ ਮਿਲਾਈਆ । ਤਰਖਾਣ ਕਿਹਾ ਮੇਰਾ ਕੁਹਾੜਾ ਤਿੱਖਾ, ਸੋਹਣੀ ਧਾਰ ਰਖਾਇੰਦਾ । ਮੈਂ ਤੇਰਾ ਟੋਟਾ ਕਰਨਾ ਨਿੱਕਾ ਨਿੱਕਾ, ਵੱਡਾ ਰਹਿਣ ਕੋਇ ਨਾ ਪਾਇੰਦਾ । ਮੈਂ ਸਿਖਿਆ ਏਹੋ ਸਿਖਾ, ਵੱਢ ਟੁੱਕ ਕੇ ਅੰਗ ਅੰਗ ਕਟਾਇੰਦਾ । ਤੇਰੀ ਹੁਣ ਚੜ੍ਹਣ ਵਾਲੀ ਭੇਟਾ, ਭਠਿਆਲਾ ਅਗਨੀ ਲੰਬੂ ਲਾਇੰਦਾ । ਕੀ ਕਰਦੀ ਰਹੀ ਪਿਛਲਾ ਚੇਤਾ, ਵੇਲਾ ਗਿਆ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬੰਧਾਇੰਦਾ । ਓਧਰ ਭਠਿਆਲਾ ਹੋ ਤਿਆਰ, ਸ਼ਹਿਨਸ਼ਾਹ ਸੀਸ ਨਿਵਾਈਆ । ਮੈਂ ਹੁਕਮੇ ਅੰਦਰ ਤੇਰਾ ਸੇਵਾਦਾਰ, ਜਲਾਦ ਰੂਪ ਨਾ ਕੋਇ ਵਟਾਈਆ । ਲੱਕੜੀ ਕਾਠ ਅੰਦਰ ਮੇਰਾ ਪਿਆਰ, ਅਗਨੀ ਨੂਰ ਤੇਰਾ ਜੋਤ ਰੁਸ਼ਨਾਈਆ । ਮੈਂ ਦਰਸ਼ਨ ਕਰਾਂ ਸਚ ਦੀਦਾਰ, ਮੌਕਾ ਮਿਲਿਆ ਚਾਈਂ ਚਾਈਂਆ । ਤੂੰ ਬੈਠਾ ਠੰਡਾ ਠਾਰ, ਤੇਰੀ ਠੰਡੀ ਪਵਣ ਮੇਰੀ ਅਗਨ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਭਠਿਆਲੇ ਦੀ ਸੁਣ ਆਵਾਜ਼, ਲੱਕੜੀ ਖ਼ੁਸ਼ੀ ਮਨਾਇੰਦੀ । ਮੈਂ ਸਮਝਿਆ ਏਹਦਾ ਰਾਜ਼, ਇਸ ਦੀ ਆਤਮਾ ਤੂੰ ਹੀ ਤੂੰ ਅਲਾਇੰਦੀ । ਇਹਦਾ ਸੋਹਣਾ ਬਣ ਗਿਆ ਸਾਥ, ਖ਼ੁਸ਼ੀਆਂ ਗੀਤ ਸੁਣਾਇੰਦੀ । ਮੈਨੂੰ ਹੱਥਾਂ ਨਾਲ ਫੜ ਕੇ ਸੜਨ ਦੀ ਦੱਸ ਦੇ ਜਾਚ, ਮੈਂ ਕਿਸ ਬਿਧ ਆਪਣਾ ਆਪ ਭੇਟ ਕਰਾਇੰਦੀ । ਮੇਰੀ ਖ਼ਾਕ ਆਵੇ ਰਾਸ, ਪਾਕ ਰੂਹ ਇਹਦੇ ਵਿਚ ਸਮਾਇੰਦੀ । ਏਹ ਸੁਣ ਅਗੰਮੀ ਬਾਤ, ਗੁਰ ਅਰਜਨ ਧਾਰ ਇਕ ਸੁਣਾਇੰਦੀ । ਮੈਂ ਪਿਛਲੀ ਪੁੱਛਾਂ ਵਾਤ, ਅਗਲੀ ਗੰਢ ਬੰਧਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਸਮਝਾਇੰਦੀ । ਗੁਰ ਅਰਜਨ ਅੰਤਰ ਆਸ, ਦੋਹਾਂ ਵੇਖ ਵਖਾਈਆ । ਸ਼ਬਦੀ ਸ਼ਬਦ ਦੇ ਧਰਵਾਸ, ਸਤਿ ਦਿਤਾ ਸਮਝਾਈਆ । ਜੁਗ ਚੌਕੜੀ ਖੇਲ ਤਮਾਸ਼, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਕਿਹਾ ਤੁਹਾਡੀ ਅਰਦਾਸ ਮਨਜ਼ੂਰ, ਮਨਸਾ ਮੇਰੇ ਵਿਚ ਸਮਾਈਆ । ਮੈਂ ਮਨਸਾ ਕਰਾਂ ਭਰਪੂਰ, ਤ੍ਰਿਸਨਾ ਜਗਤ ਬੁਝਾਈਆ । ਮੇਰਾ ਸਾਹਿਬ ਹਾਜ਼ਰ ਹਜ਼ੂਰ, ਪੁਰਖ ਅਕਾਲ ਦਿਆਂ ਸਮਝਾਈਆ । ਮੈਂ ਉਸੇ ਦਾ ਨੂਰੀ ਨੂਰ, ਜੋਤੀ ਜੋਤ ਡਗਮਗਾਈਆ । ਪੰਜ ਤਤ ਕਾਇਆ ਚੋਲਾ ਕੂੜੋ ਕੂੜ, ਥਿਰ ਰਹਿਣ ਕੋਇ ਨਾ ਪਾਈਆ । ਦੋਹਾਂ ਦਾ ਬਖ਼ਸ਼ ਕੇ ਸਰਬ ਕਸੂਰ, ਕਸਮ ਖਾ ਕੇ ਦਿਆਂ ਸੁਣਾਈਆ । ਤੁਹਾਡਾ ਬੇੜਾ ਭਰਾਂ ਪੂਰ, ਧੁਰ ਦੇ ਕੰਧ ਉਠਾਈਆ । ਸਚ ਪੁੱਛੋ ਪਤਿਪਰਮੇਸ਼ਵਰ ਪਾਰਬ੍ਰਹਮ ਕਲਜੁਗ ਅੰਤ ਨਿਰਗੁਣ ਹੋ ਕੇ ਔਣਾ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਕੋਈ ਨਾ ਜਾਣੇ ਪੈਂਡਾ ਨੇੜਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸੱਚਾ ਹੱਥ ਟਿਕਾਈਆ । ਲੱਕੜੀ ਕਹੇ ਮੈਂ ਦੱਸਾਂ ਸਚ ਕਹਾਣੀ, ਅਗਲੀ ਤੇਰੇ ਅੱਗੇ ਟਿਕਾਈਆ । ਮੈਨੂੰ ਬਖ਼ਸ਼ ਅੰਮ੍ਰਿਤ ਠੰਡਾ ਪਾਣੀ, ਰਸ ਧੁਰ ਦਾ ਮੁਖ ਚੁਆਈਆ । ਮੈਂ ਫੇਰ ਨਾ ਆਵਾਂ ਵਿਚ ਖਾਣੀ, ਮੇਰਾ ਲੇਖਾ ਦੇ ਮੁਕਾਈਆ । ਜਿਸ ਤੇਰਾ ਬਖ਼ਸ਼ਿਆ ਸਚ ਧਿਆਨੀ,

ਆਪਣਾ ਸੰਗ ਨਿਭਾਈਆ । ਓਸ ਦੀ ਸਭ ਤੋਂ ਵੱਡੀ ਕੁਰਬਾਨੀ, ਮੈਂ ਓਸੇ ਦੀ ਮੰਗ ਮੰਗਾਈਆ । ਉਹ ਦੀ ਬੁੱਧੀ ਜਗਤ ਨਾਦਾਨੀ, ਤੇਰੀ ਸਮਝ ਕੋਇ ਨਾ ਆਈਆ । ਸਾਢੇ ਤਿੰਨਾਂ ਨਾਲ ਲੈ ਕੇ ਇਕ ਦਵਾਨੀ, ਗਿਆ ਮੁਖ ਭਵਾਈਆ । ਓਹਨੂੰ ਪੈਸਿਆਂ ਦੀ ਖ਼ੁਸ਼ੀ ਵਿਚ ਲੱਭੀ ਨਾ ਤੇਰੀ ਨਿਸ਼ਾਨੀ, ਮਮਤਾ ਮੋਹ ਨਾ ਕੋਇ ਮਿਟਾਈਆ । ਤੂੰ ਬਖ਼ਸ਼ਣਹਾਰ ਵਾਲੀ ਦੋ ਜਹਾਨੀ, ਮਿਹਰਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੈਣ ਲਿਆ ਉਠਾਈਆ । ਨੈਣ ਉਠਾ ਕੇ ਵੇਖ ਗਹਿਰ ਗੰਭੀਰ, ਦਰ ਤੇਰੇ ਅਲਖ ਜਗਾਈਆ । ਉਹ ਪੰਜ ਤਤ ਕਾਇਆ ਭੁੱਲਾ ਸਰੀਰ, ਬੇਨਜ਼ੀਰ ਤੇਰੀ ਖੇਲ ਨਜ਼ਰ ਨਾ ਆਈਆ । ਮੈਂ ਵੇਖ ਹੋਈ ਦਿਲਗੀਰ, ਏਹ ਕੀ ਰਚਨਾ ਦਿਤੀ ਰਚਾਈਆ । ਮੇਰੀ ਏਹੋ ਬੇਨੰਤੀ ਉਸ ਦੀ ਕੱਟਣੀ ਭੀੜ, ਜਿਸ ਲਿਆ ਕੇ ਤੇਰੀ ਭੇਟ ਚੜ੍ਹਾਈਆ । ਸਾਹਿਬ ਸਤਿਗੁਰ ਹੌਲੀ ਜੇਹੀ ਕਿਹਾ ਪ੍ਰਭ ਮੇਲੇ ਅੰਤ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਦੂਰ ਦੁਰਾਡਾ ਪੈਂਡਾ ਚੀਰ, ਭੱਜੇ ਵਾਹੋ ਦਾਹੀਆ । ਅੰਮ੍ਰਿਤ ਬਰਖ ਠੰਡਾ ਨੀਰ, ਸਾਂਤਕ ਸਤਿ ਕਰਾਈਆ । ਚੋਟੀ ਚੜ੍ਹ ਮੰਜ਼ਲ ਅਖ਼ੀਰ, ਅੰਤਮ ਆਪਣਾ ਮੇਲ ਮਿਲਾਈਆ । ਜਨਮ ਵਿਚੋਂ ਕਰਮ ਨਾ ਹੋਵੇ ਦਲਗੀਰ, ਕਰਮ ਵਿਚੋਂ ਧਰਮ ਦਏ ਬਣਾਈਆ । ਪੰਜ ਤਤ ਕਾਇਆ ਵੇਖ ਸਰੀਰ, ਬੇਨਜ਼ੀਰ ਅਗਲੀ ਪਿਛਲੀ ਮਿਸਲ ਦਏ ਬਣਾਈਆ । ਜਿਸ ਨੂੰ ਸਾਰੇ ਕਹਿੰਦੇ ਧੰਨਾ ਹਕੀਰ, ਹਿਕਮਤ ਨਾਲ ਦਿਤਾ ਤਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਵਡ ਪੀਰਨ ਪੀਰ, ਪੀਰਾਂ ਦਾ ਸੱਚਾ ਮਾਹੀਆ ।



੪੭ ੧੭

## ✪ ੨੩ ਜੇਠ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਸੀੜ ✪

ਸਤਿਗੁਰ ਸ਼ਬਦ ਕਹੇ ਮੇਰਾ ਸੱਚਾ ਦਾਮਨ, ਦਾਮਨਗੀਰ ਇਕੋ ਨਜ਼ਰੀ ਆਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਬਣਾਂ ਜ਼ਾਮਨ, ਸੱਚੀ ਜ਼ਾਮਨੀ ਇਕ ਨਿਭਾਇੰਦਾ । ਮੇਲ ਮਿਲਾਵਾਂ ਵਿਛੜੇ ਰਾਮਨ, ਆਤਮ ਪਰਮਾਤਮ ਜੋੜ ਜੁੜਾਇੰਦਾ । ਲੇਖ ਚੁਕਾਵਾਂ ਛੱਤ੍ਰੀ ਸ਼ੂਦਰ ਵੈਸ਼ ਬ੍ਰਾਹਮਣ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਲੇਖ ਚੁਕਾ ਕੇ ਕਾਮਨੀ ਕਾਮਨ, ਸਾਚੀ ਕਾਮਨਾ ਪੂਰ ਕਰਾਇੰਦਾ । ਸਾਚੇ ਤੀਰਥ ਸੰਤ ਸੁਹੇਲੇ ਨਹਾਵਣ, ਤਾਲ ਸੁਹਾਵਾ ਇਕ ਵਡਿਆਇੰਦਾ । ਗੁਰਮੁਖ ਗੀਤ ਅਗੰਮੀ ਗਾਵਣ, ਬੋਧ ਅਗਾਧਾ ਰਾਗ ਸੁਣਾਇੰਦਾ । ਗੁਰਸਿਖ ਨਿਉਂ ਨਿਉਂ ਸੀਸ ਝੁਕਾਵਣ, ਮਨ ਕਾ ਮੋਹ ਅਭਿਮਾਨ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਗੁਰੂ ਕਹੇ ਮੇਰਾ ਦੇਣਾ ਸਚ, ਲਹਿਣੇਦਾਰ ਗੁਰਮੁਖ ਨਜ਼ਰੀ ਆਈਆ । ਨਿਤ ਨਵਿਤ ਝੋਲੀ ਪਾਵਾਂ ਹੱਕ, ਸਚ ਹਕੀਕਤ ਵੇਖ ਵਖਾਈਆ । ਅੰਡਜ ਜੇਰਜ ਉਤਭੁਜ ਸੇਤਜ ਲਵਾਂ ਤੱਕ, ਖਾਣੀ ਅੰਤਰ ਵੇਖ ਵਖਾਈਆ । ਜੇ ਉਤਭੁਜ ਮੰਗੇ ਮੰਗ, ਆਸਾ ਮਨਸਾ ਪੂਰ ਕਰਾਈਆ । ਜੇ ਸੇਤਜ ਮੰਗੇ ਅਨੰਦ, ਇਕੋ ਰਸ ਚਖਾਈਆ । ਜੇ ਅੰਡਜ ਸਾਚਾ ਨਾਤਾ ਲਏ ਗੰਢ, ਧੁਰ ਦੀ ਗੰਢ ਪਵਾਈਆ । ਜੇ ਜੇਰਜ ਚਾੜ੍ਹੇ ਰੰਗ, ਆਤਮ ਪਰਮਾਤਮ ਦਿਆਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪ ਬਣਾਈਆ । ਸ਼ਬਦ ਕਹੇ ਮੈਂ ਲਹਿਣਾ ਦੇਣਾ, ਜੁਗ ਜੁਗ ਖੇਲ ਕਰਾਇੰਦਾ । ਜਨ ਭਗਤ ਮਨਾਵਾਂ ਆਪਣਾ ਕਹਿਣਾ, ਕਹਿ ਕਹਿ ਹਾਲ ਸੁਣਾਇੰਦਾ । ਸਾਚੇ ਸੰਤ ਦਰਸ ਦਿਖਾਵਾਂ ਨੈਣਾਂ, ਨਿਜ

ਨੇਤਰ ਨੈਣ ਖੁਲ੍ਹਾਇੰਦਾ । ਗੁਰਮੁਖਾਂ ਦੱਸਾਂ ਸਚ ਦਵਾਰੇ ਬਹਿਣਾ, ਘਰ ਵੱਡਾ ਵਡ ਵਡਿਆਇੰਦਾ । ਗੁਰਸਿਖਾਂ ਦੱਸਾਂ ਸਤਿਗੁਰ ਚਰਨੀ ਢਹਿਣਾ, ਧੂੜੀ ਟਿੱਕਾ ਮਸਤਕ ਖ਼ਾਕ ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸ਼ਬਦ ਕਹੇ ਮੈਂ ਜੇਰਜ ਅੰਡ, ਸੇਤਜ ਉਤਭੁਜ ਦਿਆਂ ਵਡਿਆਈਆ । ਜੁਗ ਚੌਕੜੀ ਸਾਰੇ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਧੁਰ ਦੀ ਵਸਤ ਦੇਵਾਂ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਲੇਖਾ ਜਾਣ ਭਾਨ ਚੰਦ, ਭਾਣਾ ਧੁਰ ਦਾ ਦਿਆਂ ਵਖਾਈਆ । ਜਿਸ ਦਾ ਮੰਤਰ ਇਕੋ ਛੰਦ, ਸਚ ਮੰਤਰ ਰਿਹਾ ਗਾਈਆ । ਤੂੰ ਮੇਰਾ ਠਾਕਰ ਸਦਾ ਬਖ਼ਸ਼ੰਦ, ਬੇਅੰਤ ਬੇਪਰਵਾਹੀਆ । ਤੂੰ ਸੂਰਬੀਰ ਸੂਰਾ ਸੈਭੰ, ਸ਼ਾਹ ਪਾਤਸ਼ਾਹ ਨਾਉਂ ਧਰਾਈਆ । ਤੇਰੀ ਕਦੇ ਨੰਗੀ ਨਾ ਹੋਏ ਕੰਡ, ਸਿਰ ਹੱਥ ਨਾ ਕੋਇ ਰਖਾਈਆ । ਤੇਰਾ ਖੇਲ ਸੱਚਾ ਬ੍ਰਹਿਮੰਡ, ਬ੍ਰਹਿਮਾਦ ਖ਼ੁਸ਼ੀ ਮਨਾਈਆ । ਮੈਂ ਦਵਾਰਾ ਵੇਖਿਆ ਲੰਘ, ਪਿਛਲੀ ਮੰਜ਼ਲ ਪੰਧ ਮੁਕਾਈਆ । ਤੂੰ ਲੇਟਾ ਅਗੰਮੀ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਉਥੇ ਸਤਿ ਸਰੂਪੀ ਇਕ ਅਨੰਦ, ਢੋਲਾ ਛੰਦ ਨਾ ਕੋਇ ਸੁਣਾਈਆ । ਪਰਕਾਸ਼ ਹੋਏ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਕਰਾਈਆ । ਸਾਚੀ ਖੇਲ ਕਰੇ ਦੁਲਾਰਾ, ਹੁਕਮੇ ਅੰਦਰ ਸੋਭਾ ਪਾਈਆ । ਜਗਤ ਅਗਨੀ ਤਤ ਵੇਖ ਅੰਗਿਆਰਾ, ਪ੍ਰੇਮ ਪ੍ਰੀਤੀ ਨਾਤਾ ਰਿਹਾ ਬੰਧਾਈਆ । ਅੰਤਰ ਨੇਤਰ ਰੋਵੇ ਭਠਿਆਰਾ, ਹੌਕੇ ਲੈ ਲੈ ਰਿਹਾ ਸੁਣਾਈਆ । ਹਾਹਾਕਾਰ ਕਰੇ ਅੰਗਿਆਰਾ, ਕਾਸ਼ਟ ਬਲ ਬਲ ਦਏ ਦੁਹਾਈਆ । ਮੈਂ ਪ੍ਰੀਤਮ ਦਾ ਵੇਖਿਆ ਪ੍ਰੇਮੀ ਪਿਆਰਾ, ਪਰਮ ਪੁਰਖ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਾਸ਼ਟ ਕਹੇ ਵੇਖ ਮੇਰਾ ਹੁੰਦਾ ਕਾਲ, ਜਗਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਮੈਂ ਆਪਣਾ ਨੂਰ ਤੇਰੇ ਪ੍ਰੇਮ ਵਿਚ ਦਿਤਾ ਬਾਲ, ਤੇਲ ਬਾਤੀ ਸੰਗ ਨਾ ਕੋਇ ਰਖਾਈਆ । ਤੂੰ ਮੇਰੀ ਵੇਖ ਘਾਲੀ ਘਾਲ, ਨੇਤਰ ਨੈਣ ਅੱਖ ਖੁਲ੍ਹਾਈਆ । ਹਉਂ ਬਾਲਕ ਰੂਪ ਅੰਞਾਣ, ਬੁਧ ਬਿਬੇਕ ਨਾ ਕੋਇ ਵਡਿਆਈਆ । ਤੂੰ ਸਾਹਿਬ ਸਤਿਗੁਰ ਮਿਹਰਵਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਤੇਰਾ ਲੇਖਾ ਦੋ ਜਹਾਨ, ਬ੍ਰਹਿਮੰਡ ਖੰਡ ਤੇਰੀ ਸਰਨਾਈਆ । ਤੇਰੀ ਕਲਮ ਵਿਚ ਬਿਆਨ, ਤੇਰਾ ਕਾਗ਼ਜ਼ ਵਿਚ ਧਿਆਨ, ਤੇਰਾ ਅੱਖਰਾਂ ਨਾਲ ਨਿਸ਼ਾਨ, ਜਗਤ ਸ਼ਹਾਦਤ ਦੇਣ ਗਵਾਹੀਆ । ਮੈਂ ਸੜ ਕੇ ਹੋਈ ਵੈਰਾਨ, ਧੂੜੀ ਖ਼ਾਕ ਉਡੇ ਅਸਮਾਨ, ਜ਼ਿਮੀ ਨਾਤਾ ਦਏ ਤੁੜਾਈਆ । ਤੂੰ ਸਮਰਥ ਪੁਰਖ ਮਹਾਨ, ਤੇਰੀ ਮਹਿਮਾ ਅਕਥ ਸ਼ਬਦ ਨਾਦ ਧੁਨਕਾਨ, ਅਨਰਾਗੀ ਹੋ ਕੇ ਆਪਣਾ ਰਾਗ ਸੁਣਾਈਆ । ਮੈਂ ਕੋਝੀ ਕਮਲੀ ਨਿਕੰਮੀ ਤੇਰੇ ਚਰਨੀ ਡਿੱਗੀ ਆਣ, ਤੂੰ ਬਖ਼ਸ਼ਿਸ਼ ਰਹਿਮਤ ਕਰੀਂ ਮੇਰੇ ਮਿਹਰਵਾਨ, ਮੁਹੱਬਤ ਤੇਰੇ ਨਾਲ ਮਿਲਾਈਆ । ਸਦਕੇ ਵਾਰੀ ਘੋਲੀ ਹੋਈ ਕੁਰਬਾਨ, ਆਪਣੀ ਭੇਟ ਕਰਕੇ ਤੇਰਾ ਪੂਰਾ ਕੀਤਾ ਦਾਨ, ਦਾਤੇ ਤੇਰੀ ਝੋਲੀ ਦਿਤੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲੈਣਾ ਲਗਾਈਆ । ਕਾਸ਼ਟ ਕਹੇ ਮੈਂ ਸੜ ਕੇ ਹੋਈ ਸਵਾਹ, ਲੇਖਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਨੂੰ ਮਾਰੇ ਹਾਹ, ਹੌਕੇ ਦੇ ਕੇ ਰਹੀ ਸੁਣਾਈਆ । ਮੇਰੇ ਨੈਣ ਰਹੇ ਸ਼ਰਮਾ, ਅੱਖ ਨਾ ਕੋਇ ਉਠਾਈਆ । ਤੇਰਾ ਸਚ ਗੁਰ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਮੈਂ ਬਾਹੋਂ ਫੜ ਕੇ ਦਿਆਂ ਹਲਾ, ਸੁਰਤੀ ਵਿਚੋਂ ਸੁਰਤ ਜਗਾਈਆ । ਜਿਸ ਦਾ ਮੇਲਾ ਨਾਲ ਸਚ ਖ਼ੁਦਾ, ਰਹਿਬਰ

੪੯
੧੨

ਬਣ ਕੇ ਫੇਰਾ ਪਾਈਆ । ਸਮਾਧੀ ਵਿਚ ਨਾ ਹੋਏ ਜੁਦਾ, ਆਬਾਦੀ ਵਿਚ ਆਪਣੀ ਆਦਤ ਨਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਵਖਾਈਆ । ਸਵਾਹ ਕਹੇ ਮੈਂ ਹੋ ਗਈ ਧੂੜ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਬਾਲ ਅੰਞਾਣੀ ਮੂਰਖ ਮੂੜ੍ਹ, ਚਤੁਰ ਸੁਘੜ ਰੂਪ ਨਾ ਕੋਇ ਵਟਾਈਆ । ਜਗਤ ਤਨ ਸਰੀਰ ਨਾਤਾ ਜਾਣਿਆ ਕੂੜ, ਕੂੜਾ ਕੂੜੇ ਧੰਦੇ ਲੇਖੇ ਲਾਈਆ । ਅਗਨੀ ਵਿਚ ਸੜ ਕੇ ਮਿਲਿਆ ਅਗੰਮੀ ਨੂਰ, ਜਿਸ ਨੂਰ ਵਿਚੋਂ ਨਜ਼ਰੀ ਆਇਆ ਬੇਪਰਵਾਹੀਆ । ਜਿਸ ਦੀ ਧੁਨ ਅਗੰਮੀ ਤੂਰ, ਤੁਰਤ ਆਪਣਾ ਹੁਕਮ ਸੁਣਾਈਆ । ਮੈਂ ਮਿਲਣ ਨੂੰ ਹੋਈ ਮਜਬੂਰ, ਹਾਲਤ ਅਗਲੀ ਪਿਛਲੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਣੀ ਮਾਣ ਵਡਿਆਈਆ । ਧੂੜ ਕਹੇ ਮੈਂ ਉਪਰ ਧਵਲ, ਆਪਣਾ ਆਪ ਲੇਖੇ ਲਾਈਆ । ਮੇਰਾ ਲਹਿਣਾ ਜਿਸ ਦਾ ਰੂਪ ਅਗੰਮੀ ਅਵਲ, ਆਸਰਾ ਸਭ ਨੂੰ ਰਿਹਾ ਵਖਾਈਆ । ਮੈਂ ਓਸੇ ਅੰਤਰ ਜਾਵਾਂ ਮਵਲ, ਬਿਸਮਿਲ ਹੋ ਕੇ ਭੇਟਾ ਆਪਣਾ ਆਪ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲਏ ਉਠਾਈਆ । ਅਗਨੀ ਕਹੇ ਮੈਂ ਤਪ ਕੇ ਅੱਗ, ਅਗਲੀ ਅੱਗ ਬੁਝਾਈਆ । ਪਿਛਲੀ ਲੰਘ ਕੇ ਵੇਖੀ ਹੱਦ, ਪਾਰ ਕਿਨਾਰੇ ਡੇਰਾ ਲਾਈਆ । ਸ਼ਬਦ ਸਵਾਮੀ ਸਤਿਗੁਰ ਪਿਆ ਲੱਭ, ਸਤਿ ਸਰੂਪ ਬੈਠਾ ਡੇਰਾ ਲਾਈਆ । ਅਗਨੀ ਪੋਹ ਨਾ ਸਕੇ ਹੱਡ, ਕਾਇਆ ਮਾਟੀ ਦਾਗ਼ ਨਾ ਕੋਇ ਲਗਾਈਆ । ਵੇਖਦਿਆਂ ਮੋਹੇ ਆਇਆ ਅਨੰਦ, ਖ਼ੁਸ਼ੀਆਂ ਗੀਤ ਸੁਣਾਈਆ । ਵਾਹ ਸਾਹਿਬ ਦੇ ਸਾਚੇ ਚੰਦ, ਚੰਦ ਚਾਂਦਨਾ ਤੇਰਾ ਨੂਰ ਰੁਸ਼ਨਾਈਆ । ਮੇਰੀ ਟੁੱਟੀ ਲੈਣੀ ਗੰਢ, ਤੂੰ ਗੰਢਣਹਾਰ ਅਖਵਾਈਆ । ਸਭ ਦੇ ਸੀਨੇ ਪਾਵੇਂ ਠੰਡ, ਤਤਵ ਤਤ ਨਾ ਕੋਇ ਜਲਾਈਆ । ਮੈਂ ਸੜ ਕੇ ਮਰ ਕੇ ਨਾਤਾ ਛੱਡਿਆ ਜਗ, ਮੋਹ ਤੁਟਾ ਮਾਣ ਲੋਕਾਈਆ । ਕਰਾਂ ਬੰਦਨਾ ਜੋੜ ਕੇ ਹੱਥ, ਨਮੋ ਨਮੋ ਸੀਸ ਝੁਕਾਈਆ । ਮੇਰਾ ਲਹਿਣਾ ਦੇਣਾ ਮੇਰਾ ਹੱਕ, ਵਸਤ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਾਹਿਬ ਸਤਿਗੁਰ ਸ਼ਾਂਤ ਪੁੰਜ, ਸ਼ਬਦੀ ਸ਼ਬਦ ਧਾਰ ਸਮਝਾਇੰਦਾ । ਮੇਰਾ ਭੇਵ ਅਗੰਮੀ ਗੁਝ, ਰਸਨਾ ਜਿਹਵਾ ਨਾ ਕੋਇ ਦ੍ਰਿੜਾਇੰਦਾ । ਵਖਾਵਾਂ ਕੁਛ ਕਰਾਵਾਂ ਕੁਛ, ਕਰਨੀ ਆਪਣੇ ਹੱਥ ਰਖਾਇੰਦਾ । ਕੋਈ ਚਤੁਰਾਈ ਨਾ ਮਨ ਮਤ ਬੁਧ, ਵਿਦਿਆ ਵਿਚ ਵੇਖਣ ਕੋਇ ਨਾ ਪਾਇੰਦਾ । ਮੈਂ ਨਿਤ ਨਵਿਤ ਲਵਾਂ ਪੁਛ, ਜੋ ਧੁਰ ਦਾ ਬਣ ਕੇ ਸੇਵ ਕਮਾਇੰਦਾ । ਪੜਦੇ ਓਹਲੇ ਅੰਦਰ ਰਹਾਂ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਮੇਰਾ ਧਨ ਖ਼ਜ਼ਾਨਾ ਕੋਈ ਨਾ ਸਕੇ ਲੁੱਟ, ਠੱਗ ਚੋਰ ਯਾਰ ਨੇਤਰ ਅੱਖ ਨਾ ਕੋਇ ਉਠਾਇੰਦਾ । ਮੈਂ ਜੁਗ ਚੌਕੜੀ ਭਗਤ ਸੁਹੇਲੇ ਬਣਾ ਕੇ ਆਪਣੇ ਸੁਤ, ਕੋਟ ਜਨਮ ਦੇ ਅਪਰਾਧੀ ਆਪਣੇ ਗਲੇ ਲਗਾਇੰਦਾ । ਦੇਵਾਂ ਵਡਿਆਈ ਵੇਲੇ ਅੰਤ ਤੁਧ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਕਾਸ਼ਟ ਕਹੇ ਮੈਨੂੰ ਮਨਜ਼ੂਰ, ਦੋਏ ਬੰਦਨ ਸੀਸ ਨਿਵਾਈਆ । ਮੇਰਾ ਬਖ਼ਸ਼ ਆਪ ਕਸੂਰ, ਕਸਮ ਖਾ ਕੇ ਦੇਣੀ ਗਵਾਹੀਆ । ਮੈਂ ਤੇਰੇ ਨੂਰ ਦਾ ਨੂਰ, ਨੂਰ ਨੂਰ ਵਿਚੋਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਲੱਕੜੀ ਕਾਸ਼ਟ ਕਹੇ ਮੇਰੀ ਅਗੰਮੀ ਆਸਾ, ਧੁਰ ਦੀ ਧਾਰ ਦਿਆਂ ਜਣਾਈਆ । ਤੂੰ ਪੁਰਖ ਸਮਰਥ ਵੇਖਣਹਾਰ ਤਮਾਸ਼ਾ, ਜੁਗ ਚੌਕੜੀ ਵੇਸ ਵਟਾਈਆ । ਤੂੰ ਆਦਿ ਅੰਤ ਸਦਾ

ਅਬਿਨਾਸ਼ਾ, ਵਿਨਾਸ਼ੀ ਰੂਪ ਨਾ ਕੋਇ ਵਟਾਈਆ । ਕਿਰਪਾ ਕਰ ਦੇਣਾ ਧਰਵਾਸਾ, ਧੁਰ ਦੀ ਧੀਰਜ ਧੀਰ ਬੰਧਾਈਆ । ਸਾਚੇ ਭਗਤਾਂ ਦੇਣਾ ਭਰਵਾਸਾ, ਚਰਨ ਕਵਲ ਕਵਲ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਮੁਕਾਈਆ । ਕਾਸ਼ਟ ਕਹੇ ਮੇਰੀ ਅਰਜ਼ੋਈ, ਆਰਜ਼ੂ ਤੇਰੇ ਅੱਗੇ ਰਖਾਈਆ । ਦੂਜਾ ਨਜ਼ਰ ਨਾ ਆਵੇ ਕੋਈ, ਜਿਸ ਦੇ ਅੱਗੇ ਝੋਲੀ ਦੇਵਾਂ ਡਾਹੀਆ । ਤੂੰ ਸਾਹਿਬ ਸੁਲਤਾਨ ਸਚ ਸਵਾਮੀ ਨਿਰਗੁਣ ਨੂਰੀ ਜੋਤ ਸੋਈ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਤੇਰਾ ਪਰਕਾਸ਼ ਬ੍ਰਹਿਮੰਡ ਖੰਡ ਸਰਬ ਲੋਈ, ਜ਼ਿਮੀਂ ਅਸਮਾਨਾਂ ਆਪ ਰੁਸ਼ਨਾਇੰਦਾ, ਤੇਰੀ ਆਸ਼ਾ ਮਨਸਾ ਕਦੇ ਨਾ ਮੋਈ, ਮਰ ਜੀਵਤ ਰੂਪ ਵਟਾਇੰਦਾ । ਤੇਰੀ ਵਸਤ ਕਿਸੇ ਨਾ ਖੋਹੀ, ਭੈ ਭੌ ਘਟ ਘਟ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਇੰਦਾ । ਤੇਰੇ ਦਰ ਮੰਗ ਏਕ, ਸਤਿਗੁਰ ਓਟ ਤਕਾਈਆ । ਆਪਣਾ ਆਪ ਕਰਕੇ ਭੇਟ, ਲੇਖਾ ਦਿਤਾ ਚੁਕਾਈਆ । ਸਚ ਸੰਦੇਸਾ ਸੁਣ ਨਰੇਸ਼, ਨਰ ਨਿਰੰਕਾਰ ਤੇਰੀ ਵਡਿਆਈਆ । ਤੂੰ ਆਦਿ ਜੁਗਾਦਿ ਰਹੇਂ ਹਮੇਸ਼, ਨਿਤ ਨਵਿਤ ਵੇਸ ਵਟਾਈਆ । ਪੰਜ ਤਤ ਕਾਇਆ ਭੂਤ ਸਰੂਪੀ ਅਰਜਨ ਭੇਸ, ਸ਼ਬਦੀ ਧਾਰ ਬੇਪਰਵਾਹੀਆ । ਮੇਰਾ ਅਗਲਾ ਵੇਖ ਲੇਖ, ਪਿਛਲਾ ਲੇਖਾ ਦਿਤਾ ਮੁਕਾਈਆ । ਤੇਰੇ ਵਿਚ ਮਿਲ ਕੇ ਹੋਈ ਅਭੇਦ, ਆਪਣਾ ਆਪ ਮਿਟਾਈਆ । ਮੈਨੂੰ ਸੋਹਣੀ ਲੱਗੀ ਰੇਤ, ਜੋ ਸੀਸ ਸੇਵ ਰਹੀ ਕਮਾਈਆ । ਤੇਰਾ ਤਨ ਨਾ ਹੋਇਆ ਖੇਤ, ਮਨ ਨਾ ਕੋਇ ਚਤੁਰਾਈਆ । ਤੂੰ ਸੌਂ ਕੇ ਆਪਣੀ ਸੇਜ, ਸੋਹਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਅਗਲਾ ਲੇਖਾ ਤੇਰੇ ਹੱਥ, ਡੋਰੀ ਧੁਰ ਦੀ ਦਿਆਂ ਫੜਾਈਆ । ਮੇਰਾ ਮਿਲ ਗਿਆ ਮੈਨੂੰ ਹਕ, ਅਗਲੀ ਹਕੀਕਤ ਦਿਆਂ ਸੁਣਾਈਆ । ਤੂੰ ਸ਼ਬਦ ਗੁਰੂ ਤੇਰੀ ਮਹਿਮਾ ਅਕਥ, ਰਸਨਾ ਜਿਹਵਾ ਕਹਿਣ ਕੋਇ ਨਾ ਪਾਈਆ । ਸਾਚੀ ਧਾਰ ਮੋਹੇ ਦੱਸ, ਦਰ ਤੇਰੇ ਮੰਗ ਮੰਗਾਈਆ । ਜੋ ਸੰਤ ਸੁਹੇਲੇ ਤੇਰੇ ਚੇਲੇ ਤੇਰਾ ਦਰਸ਼ਨ ਕਰਦੇ ਰਹੇ ਅੱਖ, ਚਰਨਾਂ ਉਪਰ ਸੀਸ ਟਿਕਾਈਆ । ਕੀ ਓਨ੍ਹਾਂ ਜਾਵੇਂ ਛੱਡ, ਪੰਜ ਤਤ ਨਾਤਾ ਜਗਤ ਤੁੜਾਈਆ । ਤੇਰਾ ਇਸ਼ਟ ਕਿਥੋਂ ਲੈਣ ਲੱਭ, ਕਵਣ ਕੂਟੇ ਭੱਜਣ ਵਾਹੋ ਦਾਹੀਆ । ਕਿਸੇ ਕਿਨਾਰਾ ਨਜ਼ਰ ਨਾ ਆਵੇ ਹੱਦ, ਆਰ ਪਾਰ ਤਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਤਿਗੁਰ ਅਰਜਨ ਸ਼ਬਦੀ ਮੀਤ, ਧੁਰ ਦਾ ਰਾਗ ਸ਼ਬਦ ਸੁਣਾਈਆ । ਜੋ ਕਿਛ ਕਿਹਾ ਮੈਂ ਸਮਝਿਆ ਠੀਕ, ਫ਼ਰਕ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਮੇਰੇ ਨਾਲ ਕਰੀ ਪ੍ਰੀਤ, ਤਿਨ੍ਹਾਂ ਵਿਚੋਲਾ ਬਣ ਕੇ ਸ੍ਰੀ ਭਗਵਾਨ ਦਿਆਂ ਮਿਲਾਈਆ । ਮੇਰੇ ਸਾਹਿਬ ਦੀ ਅਚਰਜ ਰੀਤ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਮੈਂ ਕਲਜੁਗ ਅੰਤਮ ਸ਼ਬਦ ਸਰੂਪ ਹੋ ਕੇ ਕਰਾਂ ਤਸਦੀਕ, ਸ਼ਹਾਦਤ ਸਚ ਦੇਵਾਂ ਭੁਗਤਾਈਆ । ਜੋ ਗੁਰਮੁਖ ਪਾਰਬ੍ਰਹਮ ਪ੍ਰਭ ਰਹੇ ਤੈਨੂੰ ਉਡੀਕ, ਤਿਨ੍ਹਾਂ ਮਿਲੌਣਾ ਚਾਈਂ ਚਾਈਂਆ । ਲਹਿਣਾ ਦੇਣਾ ਚੁਕੌਣਾ ਜਗਤ ਸੀਸ, ਜਗਦੀਸ਼ ਹੋਣਾ ਸਹਾਈਆ । ਮੇਰੇ ਅੰਤਰ ਆਤਮ ਪਰਮਾਤਮ ਨਾਲ ਵੱਜੀ ਲੀਕ, ਲਕੀਰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਰਜਨ ਅੰਤਮ ਕਿਹਾ ਬੋਲ, ਸ਼ਬਦੀ ਸ਼ਬਦ ਧਾਰ ਜਣਾਈਆ । ਜੋ ਮੇਰੇ ਸੰਗ ਰਹੇ ਕੋਲ, ਤਿਨ੍ਹਾਂ ਕੌਲ ਇਕਰਾਰ ਦੇ ਕੇ ਦਿਆਂ ਸਮਝਾਈਆ । ਕਲਜੁਗ ਅੰਤ

ਸ੍ਰੀ ਭਗਵੰਤ ਪਰਗਟ ਹੋਵੇ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਜੋਤ ਸਰੂਪੀ ਜਾਏ ਮੌਲ, ਅਵਲ ਅੱਲਾ ਨੂਰ ਖ਼ੁਦਾਈਆ । ਸਾਚੇ ਕੰਡੇ ਤਰਾਜ਼ੂ ਤੋਲੇ ਤੋਲ, ਤੋਲਾ ਬਣ ਕੇ ਫੇਰਾ ਪਾਈਆ । ਓਸ ਵੇਲੇ ਮੈਂ ਬਣ ਕੇ ਸਾਥੀ ਗੁਰਮੁਖਾਂ ਅੰਦਰ ਜਾਵਾਂ ਬੋਲ, ਤੂੰ ਮੇਰਾ ਮੈਂ ਤੇਰਾ ਪਿਛਲਾ ਹਾਲ ਸੁਣਾਈਆ । ਜੋ ਚਰਨ ਪ੍ਰੀਤੀ ਗਏ ਘੋਲੀ ਘੋਲ, ਸੋ ਘੋਲ ਘੁਮਾਈ ਧੁਰ ਦੇ ਲੇਖੇ ਲਾਈਆ । ਹਰਿ ਸੰਤ ਰਹਿਣ ਅਡੋਲ, ਕਲਜੁਗ ਮਾਇਆ ਨਾ ਕੋਇ ਡੁਲਾਈਆ । ਤਿਨ੍ਹਾਂ ਦਵਾਰਾ ਦੇਵਾਂ ਖੋਲ੍ਹ, ਨਰ ਨਿਰੰਕਾਰਾ ਇਕ ਵਖਾਈਆ । ਸੁਰਤੀ ਰਹੇ ਨਾ ਕੋਈ ਅਨਭੋਲ, ਅਕਾਲ ਮੂਰਤੀ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਰਜਨ ਕਿਹਾ ਗੁਰ ਸ਼ਬਦ ਮੇਰਾ ਰੂਪ, ਪੰਜ ਤਤ ਨਾ ਕੋਇ ਵਡਿਆਈਆ । ਆਦਿ ਜੁਗਾਦਿ ਸਮਾਵਾਂ ਸਤਿ ਸਰੂਪ, ਸਤਿ ਸਤਿਵਾਦੀ ਮੇਰਾ ਪਿਤਾ ਮਾਈਆ । ਮੈਂ ਵਸਾਂ ਓਸੇ ਕੂਟ, ਜਿਸ ਦੀ ਕੂਟ ਦੋ ਜਹਾਨ ਚਰਨਾਂ ਹੇਠਾਂ ਨਜ਼ਰੀ ਆਈਆ । ਜੋ ਲੱਖ ਚੁਰਾਸੀ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਸੁਰਪਤ ਸੁਣੇ ਕੂਕ, ਅੱਠੇ ਪਹਿਰ ਧਿਆਨ ਲਗਾਈਆ । ਮੈਂ ਨਿਰਗੁਣ ਹੋ ਕੇ ਓਸੇ ਦਾ ਪੂਤ, ਸਰਗੁਣ ਹੋ ਕੇ ਸ੍ਰਿਸ਼ਟੀ ਵਿਚ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸੰਗ ਸਹਾਈਆ । ਸਾਹਿਬ ਸਤਿਗੁਰ ਮੇਰਾ ਸੰਗੀ, ਪੁਰਖ ਅਕਾਲ ਇਕ ਅਖਵਾਇੰਦਾ । ਮੈਂ ਕਾਸ਼ਟ ਮਨਸਾ ਪੂਰੀ ਕਰਾਂ ਜੋ ਮੰਗ ਮੰਗੀ, ਤ੍ਰਿਸਨਾ ਰੂਪ ਨਜ਼ਰ ਨਾ ਕੋਈ ਆਇੰਦਾ । ਕਲਜੁਗ ਅੰਤ ਖਾ ਸੁਗੰਦੀ, ਧੁਰ ਦਾ ਮੇਲਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਉਠਾਏ ਭਗਵੰਤ, ਆਪਣੀ ਦਇਆ ਕਮਾਈਆ । ਗੁਰਮੁਖ ਵੇਖੇ ਸਾਚੇ ਸੰਤ, ਸੱਜਣ ਲਏ ਜਗਾਈਆ । ਪੂਰਬ ਲੇਖਾ ਜਾਣੇ ਅਗਣਤ, ਮਹਿਮਾ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਪਾਰ ਉਤਾਰਨਹਾਰਾ, ਹਰਿ ਦ੍ਰਿਸ਼ਟੀ ਏਕਾ ਪਾਇੰਦਾ । ਸਤਿਗੁਰ ਸ਼ਬਦ ਬਣ ਵਣਜਾਰਾ, ਜੁਗ ਜੁਗ ਹੱਟ ਚਲਾਇੰਦਾ । ਅਰਜਨ ਆਰਜ਼ੂ ਸੁਣ ਜਿਨ੍ਹਾਂ ਦਿਤਾ ਸਹਾਰਾ, ਸਗਲਾ ਸੰਗ ਨਿਭਾਇੰਦਾ । ਚਨ ਆਬ ਦਾ ਇਕ ਕਿਨਾਰਾ, ਦੋ ਆਬ ਵੇਖ ਵਖਾਇੰਦਾ । ਭਗਤ ਵਛਲ ਜਨ ਭਗਤਾਂ ਬਣ ਪਿਆਰਾ, ਪ੍ਰੇਮ ਪ੍ਰੀਤੀ ਤੋੜ ਨਿਭਾਇੰਦਾ । ਨਾ ਕੋਈ ਜਾਣੇ ਜੀਵ ਜੰਤ ਗਵਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਲੇਖਾ ਜਾਣ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਟਿੱਲੇ ਪਰਬਤ ਵੇਖ ਕੇ ਆਪ, ਆਪਣੀ ਦਇਆ ਕਮਾਈਆ । ਨਿਰਗੁਣ ਰੂਪ ਸਾਖਿਆਤ, ਸ਼ਬਦ ਗੁਰੂ ਦਏ ਗਵਾਹੀਆ । ਜਿਸ ਦਾ ਆਦਿ ਜੁਗਾਦਿ ਕਰਦੇ ਗਏ ਜਾਪ, ਸਮਾਧੀ ਅੰਦਰ ਧਿਆਨ ਲਗਾਈਆ । ਜੋ ਸਦਾ ਸਦਾ ਸਦ ਮੇਟੇ ਰੋਗ ਸੰਤਾਪ, ਹਉਮੇ ਹੰਗਤਾ ਗੜ੍ਹ ਤੁੜਾਈਆ । ਜਿਸ ਨੂੰ ਕਹਿੰਦੇ ਰਸੂਲ ਪਾਕ, ਪਤਤ ਪਾਪੀ ਵੇਖ ਵਖਾਈਆ । ਤਿਸ ਨੂੰ ਸੱਯਦਾ ਇਕ ਅਦਾਬ, ਨਿਉਂ ਨਿਉਂ ਸੀਸ ਝੁਕਾਈਆ । ਓਹ ਹੁਜਰੇ ਵਸੇ ਸਚ ਮਹਿਰਾਬ, ਮਹਿਬੂਬ ਬੈਠਾ ਡੇਰਾ ਲਾਈਆ । ਨਗ਼ਮਾ ਨਾਮ ਸੁਣਾਏ ਆਵਾਜ਼, ਤਰਾਨਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਪ੍ਰਭ ਸਚ ਮਹਿਬੂਬ, ਮੁਹੱਬਤ ਪਿਛਲੀ ਵੇਖ ਵਖਾਇੰਦਾ । ਵਸਣਹਾਰਾ ਅਰਸ਼ ਕੁਰਸ਼ ਉਤੇ ਅਰੂਜ, ਆਅਜ਼ਮ ਆਪਣੀ ਧਾਰ ਜਣਾਇੰਦਾ ।

ਮੁਰੀਦਾਂ ਮੁਰਸ਼ਦ ਰਿਹਾ ਸਦਾ ਮਕਰੂਜ਼, ਜੁਗ ਜੁਗ ਕਰਜ਼ਾ ਅਦਾ ਕਰਾਇੰਦਾ । ਕਲਜੁਗ ਅੰਤਮ ਅਸਲ ਨਾਲ ਦੇਵੇ ਸੂਦ, ਸੌਦਾ ਇਕੋ ਵਾਰ ਚੁਕਾਇੰਦਾ । ਸੰਤ ਸੁਹੇਲੇ ਕਰ ਮਹਿਫੂਜ਼, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਕਿਨਾਰਾ ਪਾਰ ਹਦੂਦ, ਘਰ ਸਾਚਾ ਇਕ ਵਖਾਇੰਦਾ । ਜਿਸ ਮੰਦਰ ਸਵਾਮੀ ਵਸੇ ਮੌਜੂਦ, ਹਾਜ਼ਰ ਹੋ ਕੇ ਸੋਭਾ ਪਾਇੰਦਾ । ਓਥੇ ਤਨ ਨਾ ਕੋਇ ਵਜੂਦ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਜਿਸ ਦੇ ਪਿਛੇ ਅਰਜਨ ਗਿਆ ਝੂਜ, ਸ਼ਬਦ ਸ਼ਬਦੀ ਰੂਪ ਵਟਾਇੰਦਾ । ਚੜ੍ਹ ਕੇ ਵੇਖੇ ਮੰਜ਼ਲ ਮਕਸੂਦ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸਾਹਿਬ ਸਤਿਗੁਰ ਸ਼ਬਦ ਕੁਰਬਾਨੀ, ਸ਼ਹਾਦਤ ਹਰਿ ਹਰਿ ਨਾਮ ਰਖਾਈਆ । ਕਾਸ਼ਟ ਲੱਕੜੀ ਤੇਰਾ ਕਲਮਬੰਦ ਕੀਤਾ ਬਿਆਨੀ, ਬਿਨ ਪੁਰਖ ਅਕਾਲ ਖੋਲ੍ਹ ਸਕੇ ਕੋਇ ਨਾ ਰਾਈਆ । ਜਿਸ ਬ੍ਰਹਿਮਣ ਨੇ ਦਿਤੀ ਇਕ ਦਵਾਨੀ, ਸਾਢੇ ਤਿੰਨਾਂ ਨਾਲ ਮਿਲੀ ਵਡਿਆਈਆ । ਉਸ ਦੀ ਅੰਤ ਵੇਖੋ ਨਿਸ਼ਾਨੀ, ਨਿਸ਼ਾਨਾ ਹਰਿ ਜੂ ਰਿਹਾ ਵਖਾਈਆ । ਜਿਸ ਦਾ ਰਵਦਾਸ ਬਣਿਆ ਬਾਨੀ, ਚਮਾਰਾ ਪੜਦਾ ਦਏ ਉਠਾਈਆ । ਮਿਹਰ ਜੇ ਕਰੇ ਸੁਤ ਭਾਨੀ, ਭਾਂਬੜ ਅਗਨੀ ਦਏ ਬੁਝਾਈਆ । ਚੌਥੇ ਕਹਾਰ ਦੀ ਵੇਖੋ ਚਵਾਨੀ, ਜੋ ਦੁਗਣੀ ਹੋ ਕੇ ਨਜ਼ਰੀ ਆਈਆ । ਜਿਸ ਨੇ ਫੇਰ ਭਵਾਇਆ ਵਿਚ ਖਾਣੀ, ਜੇਰਜ ਜਨਮ ਰੂਪ ਵਟਾਈਆ । ਓਸ ਪ੍ਰਭੂ ਦਾ ਖੇਲ ਮਹਾਨੀ, ਮਹਾਨਤਾ ਵਿਚੋਂ ਸਮਝ ਨਾ ਕਿਸੇ ਸਮਝਾਈਆ । ਕਲਜੁਗ ਅੰਤ ਖੇਲ ਕਰੇ ਹੈਰਾਨੀ, ਹੈਰਤ ਸਭ ਦੇ ਉਤੇ ਛਾਈਆ । ਜਨ ਭਗਤਾਂ ਬਖ਼ਸ਼ ਚਰਨ ਧਿਆਨੀ, ਦੇਵੇ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਵਾਨੀ ਕਹੇ ਮੇਰਾ ਦੀਵਾਨੀ ਦਾਅਵਾ, ਅਰਜ਼ੀ ਪਰਚਾ ਦਿਤਾ ਪਾਈਆ । ਜਿਸ ਦਾ ਪ੍ਰੀਤੀ ਲੱਗਾ ਹਾਵਾ, ਹੌਕੇ ਲੈ ਲੈ ਰਿਹਾ ਸੁਣਾਈਆ । ਅਗਨੀ ਤਤ ਤਪਿਆ ਨਜ਼ਰੀ ਆਵੇ ਆਵਾ, ਭਾਂਬੜ ਮੱਚੇ ਵਾਹੋ ਦਾਹੀਆ । ਸ਼ਬਦ ਗੁਰ ਬੈਠਾ ਮਾਰ ਕੇ ਚੌਕੜ ਪੱਟਾਂ ਉਤੇ ਰੱਖ ਕੇ ਬਾਹਵਾਂ, ਬੌਹੜੀ ਬੌਹੜੀ ਨਾ ਕੋਇ ਸੁਣਾਈਆ । ਓਸ ਦੇ ਪਿਛੇ ਲੱਗਾ ਮੇਰਾ ਨਾਵਾਂ, ਜਿਸ ਦੇ ਨਾਵੇਂ ਵਿਚੋਂ ਨਾਮ ਅਰਜਨ ਰੱਖ ਕੇ ਆਈਆ । ਅੱਗੇ ਜਨ ਭਗਤਾਂ ਕਲਜੁਗ ਅੰਤ ਛੁਡਾਵਾਂ, ਬਣ ਵਿਚੋਲਾ ਸੇਵ ਕਮਾਈਆ । ਫੜ ਕੇ ਬਾਹੋਂ ਸਾਹਿਬ ਸਤਿਗੁਰ ਨਾਲ ਮਿਲਾਵਾਂ, ਵਿਛੜਿਆ ਕੋਇ ਨਜ਼ਰ ਨਾ ਆਈਆ । ਸਚ ਸੰਦੇਸ਼ਾ ਇਕ ਸੁਣਾਵਾਂ, ਧੁਰ ਦਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਬਾਕੀ ਜਗਤ ਸਰਬ ਨਥਾਵਾਂ, ਬਿਨ ਤੇਰੇ ਥਾਨ ਥਨੰਤਰ ਨਜ਼ਰ ਕਿਸੇ ਨਾ ਆਈਆ । ਬੇਸ਼ਕ ਕੋਟਨ ਕੋਟ ਪੁੱਤ ਜੰਮਦੀਆਂ ਮਾਂਵਾਂ, ਪਰ ਭਗਤ ਜੰਮਣ ਵਾਲੀ ਮਾਂ ਵਿਰਲੀ ਨਜ਼ਰੀ ਆਈਆ । ਓਸ ਜਨਨੀ ਸ਼ਬਦ ਗੁਰੂ ਕਹੇ ਮੈਂ ਝੁਕ ਝੁਕ ਸੀਸ ਨਿਵਾਵਾਂ, ਦੇਵਾਂ ਸਦਾ ਮਾਣ ਵਡਿਆਈਆ । ਮਾਤਲੋਕ ਵਿਚੋਂ ਚੁਕ ਸਚਖੰਡ ਬਹਾਵਾਂ, ਜਿਥੇ ਵਸੇ ਬੇਪਰਵਾਹੀਆ । ਤੱਤੀਆਂ ਤਵੀਆਂ ਬਣਨ ਠੰਡੀਆਂ ਛਾਵਾਂ, ਅਗਨੀ ਅੱਗ ਨਾ ਕੋਇ ਜਲਾਈਆ । ਓਥੇ ਬਹਿ ਕੇ ਸਤਿ ਸਰੂਪ ਵਿਚ ਤੇਰੀ ਮਹਿੰਮਾ ਅਨੂਪ ਦਾ ਢੋਲਾ ਗਾਵਾਂ, ਤੂੰ ਮੇਰਾ ਮੈਂ ਤੇਰਾ ਦੋਹਾਂ ਸਰੂਪ ਸੋਹੰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਕਰਾਈਆ । ਲੱਕੜੀ ਕਹੇ ਮੈਂ ਨਾ ਮੰਨਾਂ, ਮੰਨਣ ਮੇਰੇ ਵਿਚ ਨਾ ਆਈਆ । ਜਿੰਨਾ ਚਿਰ ਗੁਰਮੁਖ ਤੇਰੇ ਘਰ ਚੜ੍ਹਦਾ ਨਾ ਵੇਖਾਂ ਚੰਨਾ, ਬਿਨ ਚੰਦੋਂ ਕਰੇ ਰੁਸ਼ਨਾਈਆ । ਜਗਤ ਜਹਾਨ ਦਾ ਪਾਰ ਨਾ ਕਰੇ ਬੰਨਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ ।


੫੨

ਸੋਹਣਾ ਲੱਗੇ ਜਿਸ ਵੇਲੇ ਤੇਰੇ ਮੰਦਰ ਵਸੇ ਬਿਨ ਛੱਪਰ ਛੰਨਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਓਨ੍ਹਾਂ ਦੇ ਚਰਨ ਚੁੰਮੇ ਧੰਨਾ, ਜਿਨ੍ਹਾਂ ਨੂੰ ਧਨ ਵਡਭਾਗੀ ਮਿਲਿਆ ਬੇਪਰਵਾਹੀਆ । ਮੈਨੂੰ ਆਦਤ ਨਹੀਂ ਸੁਣਨ ਦੀ ਨਾਲ ਕੰਨਾਂ, ਬਿਨ ਕੰਨਾਂ ਤੇਰਾ ਨਾਉਂ ਮੇਰੇ ਅੰਤਰ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦੇਣਾ ਸੁਹਾਈਆ । ਅਗਨੀ ਕਹੇ ਮੈਂ ਸੜ ਕੇ ਸੜੀ, ਆਪਣਾ ਆਪ ਤਪਾਇਆ । ਅਰਜਨ ਲੋਹ ਉਤੇ ਬੈਠੇ ਇਕ ਤੁਕ ਪੜ੍ਹੀ, ਮੇਰਾ ਹਿਰਦਾ ਸ਼ਾਂਤ ਕਰਾਇਆ । ਮੈਂ ਓਸੇ ਵੇਲੇ ਉਠ ਕੇ ਖੜ੍ਹੀ, ਚਾਰੋਂ ਕੁੰਟ ਧਿਆਨ ਲਗਾਇਆ । ਨਾ ਕੋਈ ਗੋਰ ਨਾ ਕੋਈ ਮੜ੍ਹੀ, ਨਾ ਕੋਈ ਜਨਾਜ਼ਾ ਰਿਹਾ ਉਠਾਇਆ । ਪੁਰਖ ਅਕਾਲ ਦੀਨ ਦਿਆਲ ਆਪਣੇ ਪ੍ਰੇਮ ਦੀ ਲਾਈ ਝੜੀ, ਪ੍ਰੀਤਮ ਸੋਹਣੀ ਛਹਿਬਰ ਰਿਹਾ ਵਖਾਇਆ । ਮੈਂ ਨਿਮਾਣੀ ਹੋ ਕੇ ਅਰਜ਼ ਕਰੀ, ਨਿਉਂ ਕੇ ਅਪਣਾ ਸੀਸ ਝੁਕਾਇਆ । ਪੁਰਖ ਅਕਾਲ ਸਤਿਗੁਰ ਦਿਆਲ ਓਨ੍ਹਾਂ ਗੁਰਮੁਖਾਂ ਵਰੀਂ, ਜੋ ਤੇਰਾ ਰਾਹ ਤਕਾਇਆ । ਵੇਖੀਂ ਕਲਜੁਗ ਮਾਇਆ ਕੋਲੋਂ ਨਾ ਡਰੀਂ, ਆਪ ਆਪਣਾ ਮੁਖ ਭਵਾਇਆ । ਤੂੰ ਜਾ ਕੇ ਪੁੱਛਣਾ ਘਰੋ ਘਰੀ, ਜਿਨ੍ਹਾਂ ਦਾ ਪੂਰਬ ਲਹਿਣਾ ਨਜ਼ਰੀ ਆਇਆ । ਮੈਂ ਸੜ ਕੇ ਮਰ ਕੇ ਸਵਾਹ ਹੋ ਕੇ ਦੱਸੀ ਕਹਾਣੀ ਖਰੀ, ਖੋਟੇ ਖਰੇ ਲੈਣੇ ਬਣਾਇਆ । ਅਰਜਨ ਦੀ ਸੇਵਾ ਕਰ ਕੇ ਤਰੀ, ਤਾਰਨਹਾਰਾ ਤੂੰ ਬੇਪਰਵਾਹਿਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰੇ ਦੀਦਾਰ ਅੰਦਰ ਪ੍ਰੇਮਣ ਹੋ ਕੇ ਖੜ੍ਹੀ, ਕਾਇਆ ਖਿੜਕੀ ਕੁੰਡਾ ਲਾਹਿਆ । ਤੂੰ ਸਾਹਿਬ ਸਤਿਗੁਰ ਓਨ੍ਹਾਂ ਅੰਤਮ ਕਰ ਕੇ ਬਰੀ, ਬੰਦੀਖ਼ਾਨਾ ਦੇਣਾ ਤੁੜਾਇਆ । ਤੇਰੀ ਜੋਤ ਅੰਤ ਤੇਰੇ ਵਿਚ ਰਲੀ, ਰਲਾ ਕੋਈ ਰਹਿਣ ਨਾ ਪਾਇਆ । ਮੈਂ ਫੇਰ ਸਮਝਾਂ ਮੈਂ ਲੇਖੇ ਲੱਗੀ ਦੇ ਕੇ ਬਲੀ, ਬਲਵਾਨ ਮੇਰਾ ਲਹਿਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੇ ਲੈਣੇ ਮਿਲਾਇਆ ।



## ੨੪ ਜੇਠ ੨੦੨੧ ਬਿਕ੍ਰਮੀ ਰਣੀਆ ਰਾਮ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕਲੋਏ

ਆਤਮ ਪਰਮਾਤਮ ਸੱਚਾ ਜਾਪ, ਸੋਹੰ ਸ਼ਬਦ ਦਏ ਪ੍ਰਭੂ ਵਡਿਆਈਆ । ਜੁਗ ਚੌਕੜੀ ਥਾਪਣ ਥਾਪ, ਨਿਰਗੁਣ ਸਰਗੁਣ ਖੇਲ ਖਿਲਾਈਆ । ਜਨ ਭਗਤਾਂ ਖੋਲ੍ਹ ਬੰਦ ਕਿਵਾੜੀ ਤਾਕ, ਪੜਦਾ ਓਹਲਾ ਦਏ ਉਠਾਈਆ । ਪਾਰਬ੍ਰਹਮ ਬ੍ਰਹਮ ਬੁਝਾਏ ਅਪਣਾ ਆਪ, ਭੇਵ ਅਭੇਦਾ ਦਏ ਜਣਾਈਆ । ਘਰ ਜੋਤ ਨਿਰੰਜਣ ਕਰ ਪਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਸ਼ਬਦੀ ਰਾਗ ਸੱਚਾ ਧੁਨ ਨਾਦ, ਗ੍ਰਹਿ ਮੰਦਰ ਦਏ ਸੁਣਾਈਆ । ਕੂੜੀ ਕਿਰਿਆ ਕਰ ਕੇ ਨਾਸ, ਸਚ ਸੁਚ ਇਕ ਸਮਝਾਈਆ । ਕੋਟਨ ਕੋਟ ਜਨਮ ਦੇ ਉਤਾਰੇ ਪਾਪ, ਮਨ ਕਾ ਮਣਕਾ ਦਏ ਭਵਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਮਾਟੀ ਖ਼ਾਕੀ ਰੰਗ ਚੜ੍ਹਾਈਆ । ਸੱਜਣ ਸੁਹੇਲਾ ਬਣ ਕੇ ਸਾਥ, ਧੁਰ ਦਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਸੋਹੰ ਗੌਂਦੇ ਗਏ ਗਾਥ, ਰਸਨਾ ਜਿਹਵਾ ਬੱਤੀ ਦੰਦ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਵਖਾਈਆ । ਸਤਿ ਧਰਮ ਦਾ ਜਾਪ, ਏਕਾ ਏਕੰਕਾਰ ਦਏ ਵਡਿਆਈਆ । ਸੋਹੰ ਰੂਪ ਪਿਤਾ ਪੂਤ ਬਾਪ, ਨਾਤਾ ਜੁੜੇ ਬੇਪਰਵਾਹੀਆ । ਨਿਜ ਨੇਤਰ ਘਰ ਲੋਚਣ ਖੁਲ੍ਹੇ ਆਖ, ਨਰ ਨਰਾਇਣ ਨਜ਼ਰੀ ਆਈਆ । ਜਗਤ ਕਿਨਾਰਾ ਪਾਰ ਉਤਰੇ ਘਾਟ, ਪਤਣ ਮਿਲੇ ਬੇਪਰਵਾਹੀਆ ।

ਆਵਣ ਜਾਵਣ ਜਨਮ ਮਰਨ ਲੱਖ ਚੁਰਾਸੀ ਮੁੱਕੇ ਵਾਟ, ਮਾਤ ਗਰਭ ਨਾ ਫੇਰਾ ਪਾਈਆ । ਹਉਮੇ ਹੰਗਤਾ ਮਾਇਆ ਮਮਤਾ ਹੋਵੇ ਨਾਸ, ਝੂਠ ਝੂਠ ਡੇਰਾ ਢਾਹੀਆ । ਸਾਚੇ ਮੰਦਰ ਵਖਾਏ ਇਕੋ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸ਼ਬਦ ਇਕ ਸੁਣਾਈਆ । ਸੋਹੰ ਸ਼ਬਦ ਅੰਮ੍ਰਿਤ ਰਸ ਪੀਆ, ਜਨ ਭਗਤ ਖ਼ੁਸ਼ੀ ਮਨਾਇੰਦਾ । ਨਿਰਮਲ ਹੋਇਆ ਮਨ ਮਨੂਆ ਅੰਤਰ ਜੀਆ, ਜੀਵਣ ਜੁਗਤ ਇਕ ਵਖਾਇੰਦਾ । ਲਹਿਣਾ ਚੁੱਕਿਆ ਸਾਢੇ ਤਿੰਨ ਹੱਥ ਸੀਆਂ, ਹਉਮੇ ਰੋਗ ਗਵਾਇੰਦਾ । ਸਾਚਾ ਬੀਜ ਸਚ ਦਵਾਰੇ ਬੀਆ, ਅੰਮ੍ਰਿਤ ਰਸ ਫਲ ਵਖਾਇੰਦਾ । ਪਤਿਪਰਮੇਸ਼ਵਰ ਅੰਤ ਸਵਾਮੀ ਮਿਲੇ ਪੀਆ, ਪਾਰਬ੍ਰਹਮ ਬ੍ਰਹਮ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਜਣਾਇੰਦਾ । ਸੱਚਾ ਮਾਰਗ ਸ਼ਬਦ ਅਥਾਹ, ਸੋਹੰ ਸੋ ਕਰੇ ਪੜ੍ਹਾਈਆ । ਅਬਿਨਾਸ਼ੀ ਕਰਤਾ ਮਿਲੇ ਇਕ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਪਾਰ ਕਿਨਾਰੇ ਦੇਵੇ ਲਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਾਚਾ ਤਟ ਦਏ ਵਖਾ, ਜਿਸ ਦਰ ਬੈਠਾ ਡੇਰਾ ਲਾਈਆ । ਧੁਰ ਦਾ ਹੁਕਮ ਦਏ ਸੁਣਾ, ਸਾਚੀ ਕਰੇ ਪੜ੍ਹਾਈਆ । ਗੁਰਮੁਖ ਗੁਰਸਿਖ ਦੱਸੇ ਸੱਚਾ ਰਾਹ, ਰਹਿਬਰ ਹੋ ਕੇ ਆਪ ਸਮਝਾਈਆ । ਸਭ ਤੋਂ ਉੱਤਮ ਸ੍ਰੇਸ਼ਟ ਆਤਮ ਪਰਮਾਤਮ ਸੱਚਾ ਨਾਂ, ਨਾਉਂ ਨਿਰੰਕਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਦੇਵੇ ਨਾਮ ਨਿਸ਼ਾਨੀ, ਸਚ ਨਿਸ਼ਾਨਾ ਇਕ ਵਖਾਇੰਦਾ । ਤੀਰ ਨਿਰਾਲਾ ਅੰਤਰ ਮਾਰੇ ਕਾਨੀ, ਬਜਰ ਕਪਾਟੀ ਪਾਰ ਕਰਾਇੰਦਾ । ਧੁਰ ਦੀ ਗਾਥ ਸੁਣਾਏ ਸਚ ਕਹਾਣੀ, ਬੋਧ ਅਗਾਧਾ ਰਾਗ ਅਲਾਇੰਦਾ । ਅੰਮ੍ਰਿਤ ਬਖ਼ਸ਼ ਠੰਡਾ ਪਾਣੀ, ਰਸ ਇਕੋ ਇਕ ਚਖਾਇੰਦਾ । ਸ਼ਬਦ ਮਿਲਾਵਾ ਸੁਰਤੀ ਹਾਣੀ, ਸੋਈ ਸਵਾਣੀ ਆਪ ਉਠਾਇੰਦਾ । ਪੰਧ ਮੁਕਾ ਕੇ ਚਾਰੇ ਖਾਣੀ, ਅੰਤਮ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸੱਚਾ ਸੰਗ ਨਿਭਾਇੰਦਾ । ਸਾਚਾ ਸ਼ਬਦ ਹਰਿ ਕਾ ਨਾਉਂ, ਆਤਮ ਪਰਮਾਤਮ ਦਏ ਵਡਿਆਈਆ । ਸੰਤ ਸੁਹੇਲੇ ਸਦਾ ਸਦਾ ਸਦ ਗਾਓ, ਗਹਿਰ ਗੰਭੀਰ ਦਏ ਸਮਝਾਈਆ । ਅੰਦਰ ਬਾਹਰ ਰੱਖੋ ਇਕੋ ਚਾਓ, ਚਾਓ ਘਨੇਰਾ ਦਰ ਸਾਚੇ ਨਜ਼ਰੀ ਆਈਆ । ਪਰਮ ਪੁਰਖ ਪਰਮਾਤਮ ਪਾਓ, ਗ੍ਰਿਹਿ ਬੈਠੇ ਮੇਲ ਮਿਲਾਈਆ । ਨਿਜ ਨੇਤਰ ਨੈਣ ਰਾਹ ਤਕਾਓ, ਦੋਏ ਲੋਚਣ ਬੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਜਪ ਨਾਮ ਸੋਹੰ ਸਤਿ, ਸਤਿ ਮਿਲੇ ਵਡਿਆਈਆ । ਆਤਮ ਦੇਵੇ ਬ੍ਰਹਮ ਮਤ, ਪਰਮਾਤਮ ਬੂਝ ਬੁਝਾਈਆ । ਢੋਲਾ ਸੁਣ ਸਾਚੀ ਗਾਥ, ਵੱਜੇ ਘਰ ਵਧਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਨੂਰ ਕਰ ਰੁਸ਼ਨਾਈਆ । ਪ੍ਰਭ ਚਰਨ ਕਵਲ ਬੰਧਾਏ ਨਾਤ, ਰਿਸ਼ਤਾ ਇਕੋ ਬੇਪਰਵਾਹੀਆ । ਜੋ ਲੇਖ ਲੇਖੇ ਲਾਏ ਜੀਵਤ ਮਰਨ ਤੋ ਬਾਅਦ ਵਫ਼ਾਤ, ਵਫ਼ਾਤ ਵਿਚੋਂ ਮਹਿਤਾਬ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਸਦਾ ਸਦ ਧੁਰ ਦਾ ਵਰ, ਜਿਨ੍ਹਾਂ ਜਨ ਭਗਤਾਂ ਧੁਰ ਮਸਤਕ ਪੂਰਬ ਵੇਖ ਵਖਾਈਆ ।

## ✪ ੨੪ ਜੇਠ ੨੦੨੧ ਬਿਕ੍ਰਮੀ ਮੁਨਸ਼ੀ ਰਾਮ ਦੇ ਗ੍ਰਿਹ ਬਿਦੀ ਪੁਰ ✪

ਸਤਿਗੁਰ ਕਿਰਪਾ ਮਿਟੇ ਦੁੱਖ, ਦੀਨਾਂ ਅਨਾਥਾਂ ਦਇਆ ਕਮਾਇੰਦਾ । ਪੰਜ ਤਤ ਕਾਇਆ ਮਾਟੀ ਆਤਮ ਦੇਵੇ ਸੁਖ, ਸੁਖ ਸਾਗਰ ਰੂਪ ਵਖਾਇੰਦਾ । ਹਉਮੇ ਹੰਗਤਾ ਜਗਤ ਤ੍ਰਿਸਨਾ ਮੇਟੇ ਭੁੱਖ, ਮਮਤਾ ਮਾਇਆ ਮੋਹ ਮਿਟਾਇੰਦਾ । ਸ਼ਬਦ ਸੁਹਾਗੀ ਗੋਦੀ ਆਪਣੀ ਚੁੱਕ, ਹਰਿਜਨ ਬਾਲਕ ਸਾਚੇ ਦਰ ਬਹਾਇੰਦਾ । ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨਮ ਕਰਮ ਦਾ ਮੇਟੇ ਰੋਗ, ਗੁਰ ਸਤਿਗੁਰ ਹੱਥ ਵਡਿਆਈਆ । ਨਾਮ ਨਿਧਾਨਾ ਦੇ ਕੇ ਚੋਗ, ਸੋਹੰ ਅੱਖਰ ਇਕ ਸਮਝਾਈਆ । ਆਤਮ ਪਰਮਾਤਮ ਨਾ ਹੋਏ ਵਿਜੋਗ, ਪਾਰਬ੍ਰਹਮ ਬ੍ਰਹਮ ਨਾ ਕੋਇ ਜੁਦਾਈਆ । ਚਿੰਤਾ ਗ਼ਮ ਨਾ ਰਹੇ ਸੋਗ, ਦੁਖ ਦਰਦ ਨਜ਼ਰ ਕੋਇ ਨਾ ਆਈਆ । ਦਿਵਸ ਰੈਣ ਦੇਵੇ ਦਰਸ ਅਮੋਘ, ਨਿਜ ਨੇਤਰ ਨੂਰ ਚਮਕਾਈਆ । ਸਚ ਪ੍ਰੀਤੀ ਬਖ਼ਸ਼ੇ ਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਦੇਵਣਹਾਰ ਵਡਿਆਈਆ । ਸਤਿਗੁਰ ਕਿਰਪਾ ਉਤਰੇ ਪਾਰ, ਲੱਖ ਚੁਰਾਸੀ ਗੇੜ ਕਟਾਈਆ । ਨਾਤਾ ਤੋੜ ਸਰਬ ਸੰਸਾਰ, ਸੱਜਣ ਵੇਖੇ ਹਰਿ ਰਘੁਰਾਈਆ । ਜਿਸ ਦਾ ਮਹੱਲ ਅਟਲ ਉਚ ਮਨਾਰ, ਸਚ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਜਗੇ ਅਗੰਮ ਅਪਾਰ, ਦੀਆ ਬਾਤੀ ਨਜ਼ਰ ਕੋਇ ਨਾ ਆਈਆ । ਜਿਸ ਦੀ ਆਸ਼ਾ ਰੱਖਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਸੋ ਸਾਹਿਬ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਨਾਉਂ ਨਿਰੰਕਾਰਾ ਇਕ ਪਰਗਟਾਈਆ । ਜਨ ਭਗਤਾਂ ਵੇਖੇ ਮਾਰ ਧਿਆਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਸੰਤ ਸੁਹੇਲੇ ਕਰੇ ਪਰਵਾਨ, ਜਿਸ ਜਨ ਆਪਣੀ ਬੂਝ ਬੁਝਾਈਆ । ਸਾਚਾ ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਕਵਲ ਨਾਭੀ ਮੁਖ ਭਵਾਈਆ । ਅਨਾਦੀ ਸ਼ਬਦ ਸੱਚੀ ਧੁਨਕਾਨ, ਅਨਹਦ ਰਾਗ ਸੁਣਾਈਆ । ਗੁਰਮੁਖ ਕਰ ਚਤਰ ਸੁਜਾਨ, ਮੂਰਖ ਮੂੜ੍ਹੇ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਰੋਗ ਮਿਟਾਈਆ । ਜਨਮ ਕਰਮ ਦਾ ਮਿਟੇ ਸੰਤਾਪ, ਸੰਸਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਨਿਜ ਘਰ ਕਰੇ ਵਾਸ, ਘਰ ਘਰ ਵਿਚ ਆਸਣ ਲਾਈਆ । ਨਾਮ ਜਪਾਵੇ ਪਵਣ ਸਵਾਸ, ਸਾਹ ਸਾਹ ਸਮਾਈਆ । ਸਾਚੇ ਮੰਦਰ ਵਖਾਏ ਰਾਸ, ਸਾਢੇ ਤਿੰਨ ਹੱਥ ਅੰਦਰ ਗੋਪੀ ਕਾਹਨ ਨਚਾਈਆ । ਨਿਰਗੁਣ ਹੋ ਕੇ ਵਸੇ ਪਾਸ, ਸਰਗੁਣ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨਮ ਕਰਮ ਦਾ ਮਿਟੇ ਰੋਗ, ਜਗਤ ਦੁੱਖ ਦਰਦ ਰਹਿਣ ਕੋਇ ਨਾ ਪਾਈਆ । ਮਿਲੇ ਵਡਿਆਈ ਹਰਿਜਨ ਭਗਤ, ਭਗਵਨ ਭਗਤੀ ਇਕੋ ਇਕ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾਏ ਆਪਣੀ ਸ਼ਕਤ, ਸ਼ਕਤੀ ਦਰ ਦਰ ਦਏ ਵਖਾਈਆ । ਅੰਮ੍ਰਿਤ ਮੇਘ ਠਾਂਡੀ ਧਾਰ ਬਰਸ, ਰਸ ਇਕੋ ਇਕ ਚਖਾਈਆ । ਪ੍ਰਭ ਦਰਸ਼ਨ ਜੋ ਜਨ ਰਹੇ ਤਰਸ, ਤਿਨ੍ਹਾਂ ਸਵੱਛ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਦੀਨ ਦਿਆਲ ਹਰਿ ਠਾਕਰ ਸਵਾਮੀ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਿਸ ਦੀ ਮਹਿੰਮਾ ਅਕਥ ਕਹਾਣੀ, ਸ਼ਾਸਤਰ ਸਿਮਰਤ ਵੇਦ ਅੰਤ ਕੋਇ ਨਾ ਪਾਇੰਦਾ । ਜੁਗ ਚੌਕੜੀ ਰਚ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ

ਸੇਤਜ ਵੇਖ ਵਖਾਇੰਦਾ । ਲੇਖਾ ਜਾਣੇ ਚਾਰੇ ਬਾਣੀ, ਸ਼ਬਦ ਅਨਾਦੀ ਰਾਗ ਸੁਣਾਇੰਦਾ । ਵਰੋਲਣਹਾਰਾ ਅਠਸਠ ਤੀਰਥ ਪਾਣੀ, ਤਟ ਕਿਨਾਰਾ ਖੋਜ ਖੋਜਾਇੰਦਾ । ਜਨ ਭਗਤਾਂ ਬਖ਼ਸ਼ਣਹਾਰਾ ਸਚ ਨਿਸ਼ਾਨੀ, ਨਾਉਂ ਨਿਰੰਕਾਰਾ ਇਕ ਵਖਾਇੰਦਾ । ਦਵਾਰ ਵਖਾਏ ਪਦ ਨਿਰਬਾਨੀ, ਥਿਰ ਘਰ ਸਾਚੇ ਸੋਭਾ ਪਾਇੰਦਾ । ਦੀਪਕ ਜੋਤ ਜਗੇ ਨੁਰਾਨੀ, ਨੂਰੋ ਨੂਰ ਡਗਮਗਾਇੰਦਾ । ਸਾਰੀ ਮੁਸ਼ਕਲ ਕਰੇ ਆਸਾਨੀ, ਇਹਸਾਨ ਸਿਰ ਨਾ ਕੋਇ ਰਖਾਇੰਦਾ । ਕੋਈ ਸਮਝ ਨਾ ਸਕੇ ਜਗਤ ਵਿਦਵਾਨੀ, ਗਿਆਨੀ ਗਿਆਨ ਨਾ ਕੋਇ ਦ੍ਰਿੜਾਇੰਦਾ । ਹਰਿਜਨ ਵਿਰਲਾ ਜਾਣੇ ਚਤੁਰ ਸੁਜਾਨੀ, ਜਿਸ ਜਨ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪ ਮਿਲਾਇੰਦਾ । ਮੇਲ ਮਿਲਾਏ ਪੁਰਖ ਸਮਰਥ, ਹਰਿ ਵੱਡਾ ਵੱਡ ਵਡਿਆਈਆ । ਜਨ ਭਗਤਾਂ ਖੋਲ੍ਹ ਆਪਣੀ ਅੱਖ, ਨਿਜ ਨੇਤਰ ਪੜਦਾ ਲਾਹੀਆ । ਸੱਚਾ ਮਾਰਗ ਦੇਵੇ ਦੱਸ, ਰਾਹ ਇਕੋ ਇਕ ਵਖਾਈਆ । ਕੂੜੀ ਕਿਰਿਆ ਕਰੇ ਭੱਠ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਵਸਤ ਅਮੋਲਕ ਹਕੀਕਤ ਵਿਚੋਂ ਦੇਵੇ ਹੱਕ, ਪ੍ਰੇਮ ਪ੍ਰੀਤੀ ਵਿਚ ਵਰਤਾਈਆ । ਜੁਗ ਚੌਕੜੀ ਦੂਰ ਦੁਰਾਡਾ ਨਿਰਗੁਣ ਨਿਰਵੈਰ ਆਵੇ ਨੱਸ, ਬਣ ਪਾਂਧੀ ਪੰਧ ਮੁਕਾਈਆ । ਜਨ ਭਗਤਾਂ ਹਿਰਦੇ ਜਾਏ ਵਸ, ਹਰੀ ਹਰਿ ਕਾ ਰੂਪ ਸਮਾਈਆ । ਸਾਚਾ ਮੰਦਰ ਵਖਾਏ ਸ਼ਿਵਦਵਾਲਾ ਮੱਠ, ਗੁਰੂਦਵਾਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਹਰਿਜਨ ਤੇਰਾ ਮੰਦਰ ਅਪਾਰ, ਸਾਢੇ ਤਿੰਨ ਹੱਥ ਨਜ਼ਰੀ ਆਈਆ । ਘਰ ਵਿਚ ਘਰ ਕੀਤਾ ਤਿਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਸਚ ਸਿੰਘਾਸਣ ਹਰਿ ਨਿਰੰਕਾਰ, ਨਿਰਗੁਣ ਬੈਠਾ ਡੇਰਾ ਲਾਈਆ । ਆਤਮ ਕਰੇ ਪਰਮਾਤਮ ਪਿਆਰ, ਪ੍ਰੇਮ ਪ੍ਰੀਤੀ ਇਕ ਵਧਾਈਆ । ਖ਼ੁਸ਼ੀਆਂ ਅੰਦਰ ਗਾਵੇ ਵਾਰ, ਅਨਹਦ ਨਾਦੀ ਨਾਦ ਸੁਣਾਈਆ । ਮਿਹਰ ਅੰਦਰ ਬਖ਼ਸ਼ੇ ਅੰਮ੍ਰਿਤ ਠਾਂਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਹੁਕਮੇ ਅੰਦਰ ਕਰ ਕੇ ਆਰ ਪਾਰ, ਨੌ ਦਵਾਰ ਪੰਧ ਚੁਕਾਈਆ । ਵੇਖਣਹਾਰ ਸੱਚੀ ਸਰਕਾਰ, ਸ਼ਾਹ ਸੁਲਤਾਨਾ ਅੱਖ ਖੁਲ੍ਹਾਈਆ । ਕੂੜ ਕੁੜਿਆਰਾ ਕਰੇ ਖੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਸਾਚਾ ਮੰਦਰ ਕਾਇਆ ਬੰਕ, ਸਮਰਥ ਪੁਰਖ ਆਪ ਬਣਾਇੰਦਾ । ਇਕੋ ਲੇਖਾ ਰਾਓ ਰੰਕ, ਰਾਜ ਰਾਜਾਨ ਨਾ ਕੋਇ ਵਡਿਆਇੰਦਾ । ਜੋਤੀ ਸ਼ਬਦੀ ਲਾਏ ਤਨਕ, ਬਿਨ ਤੰਦੀ ਤੰਦ ਸਿਤਾਰ ਹਿਲਾਇੰਦਾ । ਵੇਸ ਅਨੇਕਾ ਵਟਾਏ ਵਿਚ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਹਰਿ ਕਾ ਭੇਵ ਕੋਈ ਨਾ ਜਾਣੇ ਪਾਂਧਾ ਪੰਡਤ, ਰਾਸੀਆਂ ਵਿਚ ਬੰਦ ਨਾ ਕੋਇ ਕਰਾਇੰਦਾ । ਸਚ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਬੈਠੇ ਮੰਗਤ, ਖ਼ਾਲੀ ਝੋਲੀ ਸਰਬ ਜਣਾਇੰਦਾ । ਕਲਜੁਗ ਅੰਤਮ ਸਭ ਤੋਂ ਉੱਤਮ ਸ੍ਰੇਸ਼ਟ ਉਹ ਪੁਰਖ ਅਕਾਲ ਦੀ ਸੰਗਤ, ਜਿਨ੍ਹਾਂ ਕਰ ਕਿਰਪਾ ਆਪਣਾ ਰੰਗ ਚੜ੍ਹਾਇੰਦਾ । ਦੂਜੇ ਦਰ ਨਾ ਜਾਵਣ ਮੰਗਤ, ਅਨਮੰਗੀ ਵਸਤ ਆਪ ਵਰਤਾਇੰਦਾ । ਮਾਣਸ ਜਨਮ ਬਣੇ ਬਣਤ, ਘੜਨ ਭੰਨਣਹਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਭੌ ਚੁਕਾਏ ਭੈ ਡਰ, ਹਰਿਜਨ ਸਾਚੇ ਬਾਹੋਂ ਫੜ, ਸ਼ਬਦ ਅਗੰਮੀ ਲਾਏ ਲੜ, ਪੱਲੂ ਪਰਮਾਤਮ ਆਤਮ ਆਪਣੇ ਨਾਲ ਬੰਧਾਇੰਦਾ ।

## ✪ ੨੪ ਜੇਠ ੨੦੨੧ ਬਿਕ੍ਰਮੀ ਪਿੰਡ ਸੀੜ ਗੁਰਨਾਮ ਸਿੰਘ ਦੇ ਗ੍ਰਿਹ ✪

ਸਤਿਗੁਰ ਕਹੇ ਮੈਂ ਸ਼ਬਦੀ ਪਿਤਾ, ਆਦਿ ਜੁਗਾਦਿ ਇਕ ਅਖਵਾਇੰਦਾ । ਵੱਡਿਉਂ ਵੱਡਾ ਤੇ ਨਿਕਿਉਂ ਨਿੱਕਾ, ਵਜੂਦ ਨਜ਼ਰ ਕਿਸੇ ਨਾ ਆਇੰਦਾ । ਮੰਜ਼ਲ ਮਕਾਨ ਕਿਸੇ ਨਾ ਡਿੱਠਾ, ਤਟ ਕਿਨਾਰੇ ਨਾ ਖੋਜ ਖੋਜਾਇੰਦਾ । ਜਨ ਭਗਤਾਂ ਕਰਾਂ ਸਾਚਾ ਹਿਤਾ, ਨਿਤ ਨਿਤ ਮੇਲ ਮਿਲਾਇੰਦਾ । ਤੀਰ ਅਣਿਆਲਾ ਮਾਰਾਂ ਤਿੱਖਾ, ਮੁਖੀ ਆਰ ਪਾਰ ਵਖਾਇੰਦਾ । ਜਿਸ ਦਾ ਲੇਖ ਬਿਨ ਕਲਮ ਸ਼ਾਹੀ ਲਿਖਾ, ਤਿਸ ਲਹਿਣਾ ਝੋਲੀ ਪਾਇੰਦਾ । ਆਪਣਾ ਨਾਮ ਦੇ ਕੇ ਸੱਚਾ ਮਿੱਠਾ, ਰਸ ਬਿਨ ਰਸਨਾ ਇਕ ਚਖਾਇੰਦਾ । ਧਾਮ ਵਖਾ ਅਗੰਮੀ ਅਨਡਿਠਾ, ਘਰ ਮੰਦਰ ਸੋਭਾ ਪਾਇੰਦਾ । ਮੇਰੀ ਸਿਫ਼ਤ ਅੰਦਰ ਜੁਗ ਚੌਕੜੀ ਗੌਂਦੀ ਸਦਾ ਕਿੱਸਾ, ਰਸਨਾ ਜਿਹਵਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਹੱਥ ਦਿਤੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਦਾਤਾ, ਦਇਆਵਾਨ ਅਖਵਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਾਸੀ ਦਾਸਾ, ਗੁਰ ਅਵਤਾਰ ਹੁਕਮ ਮਨਾਇੰਦਾ । ਪੀਰ ਪੈਗ਼ੰਬਰ ਖੋਲ੍ਹਾਂ ਭੇਵ ਖ਼ੁਲਾਸਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਰਗੁਣ ਜੋੜ ਨਿਰਗੁਣ ਨਾਤਾ, ਨਿਰਵੈਰ ਹੋ ਕੇ ਆਪਣੀ ਕਾਰ ਕਮਾਇੰਦਾ । ਨਾਦ ਅਨਾਦ ਧੁਨ ਆਤਮਕ ਦੱਸ ਕੇ ਗਾਥਾ, ਬੋਧ ਅਗਾਧ ਪੜ੍ਹਾਇੰਦਾ । ਲੋਕਮਾਤ ਸਚ ਪ੍ਰੀਤੀ ਜੋੜਾਂ ਨਾਤਾ, ਆਪ ਆਪਣਾ ਬੰਧਨ ਪਾਇੰਦਾ । ਜਨ ਭਗਤਾਂ ਸਦਾ ਸੁਹੇਲਾ ਬਣਾਂ ਰਾਖਾ, ਰੱਖਕ ਹੋ ਕੇ ਸੇਵ ਕਮਾਇੰਦਾ । ਸੰਤਾਂ ਪੂਰੀ ਕਰਾਂ ਆਸਾ, ਆਸਾ ਆਪਣੇ ਵਿਚ ਸਮਾਇੰਦਾ । ਗੁਰਮੁਖਾਂ ਦੇ ਸਚ ਭਰਵਾਸਾ, ਭਾਂਡਾ ਭਰਮ ਭੌ ਭੰਨਾਇੰਦਾ । ਗੁਰਸਿਖਾਂ ਅੰਦਰ ਬਾਹਰ ਵਸਾਂ ਸਾਥਾ, ਸਗਲਾ ਸੰਗ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੁਕਮ ਇਕ ਵਰਤਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਗਹਿਰ ਗੰਭੀਰ, ਗਵਰ ਗਹਿਰ ਗਹਿਰ ਵਡਿਆਈਆ । ਮੇਰੀ ਨਜ਼ਰ ਨਾ ਆਏ ਕਿਸੇ ਤਸਵੀਰ, ਮੁਸੱਵਰ ਬਣਤ ਨਾ ਕੋਇ ਬਣਾਈਆ । ਮੇਰੀ ਮੰਜ਼ਲ ਇਕ ਅਖ਼ੀਰ, ਮੇਰੀ ਚੋਟੀ ਬੇਪਰਵਾਹੀਆ । ਮੇਰਾ ਲੇਖਾ ਤਤ ਸਰੀਰ, ਪੰਜ ਤਤ ਕਰਾਂ ਕੁੜਮਾਈਆ । ਮੇਰਾ ਪ੍ਰੇਮ ਅੰਮ੍ਰਿਤ ਸੀਰ, ਰਸ ਇਕੋ ਦਿਆਂ ਵਖਾਈਆ । ਮੇਰੀ ਮੁਹੱਬਤ ਧੁਰ ਜ਼ੰਜੀਰ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਮੇਰਾ ਸੱਜਣ ਹੋਏ ਨਾ ਕਦੇ ਦਲਗੀਰ, ਹੈਰਾਨੀ ਵਿਚ ਕਦੇ ਨਾ ਆਈਆ । ਮੈਂ ਸ਼ਾਹਾਂ ਦਾ ਸ਼ਾਹ ਹਕੀਰਾਂ ਦਾ ਹਕੀਰ, ਨੀਚਾਂ ਵਿਚੋਂ ਨੀਚ, ਉਚਾਂ ਵਿਚੋਂ ਉਚ ਨਜ਼ਰੀ ਆਈਆ । ਮੈਂ ਪੈਗ਼ੰਬਰਾਂ ਦਾ ਪੈਗ਼ੰਬਰ ਫ਼ਕੀਰਾਂ ਦਾ ਫ਼ਕੀਰ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧੁਰ ਦੀ ਬਣਤ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਗੁਰ, ਜੁਗ ਜੁਗ ਵੇਸ ਵਟਾਈਆ । ਮੇਰੀ ਪੂਜਾ ਕਰਦੇ ਦੇਵਤ ਸੁਰ, ਵਿਸ਼ਨ ਬ੍ਰਹਮਾ ਧਿਆਨ ਲਗਾਈਆ । ਮੇਰੇ ਹੱਥ ਸਭ ਦੀ ਡੋਰ, ਲੱਖ ਚੁਰਾਸੀ ਤੰਦੀ ਤੰਦ ਬੰਧਾਈਆ । ਜੁਗ ਚੌਕੜੀ ਗੁਰ ਅਵਤਾਰਾਂ ਮੇਰੀ ਲੋੜ, ਪੀਰ ਪੈਗ਼ੰਬਰ ਮੇਰੀ ਆਸ ਰਖਾਈਆ । ਮੈਂ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਤਮ ਪਰਮਾਤਮ ਦੇਵਾਂ ਜੋੜ, ਧੁਰ ਦਾ ਮੇਲਾ ਸਚ ਮਿਲਾਈਆ । ਮੈਂ ਕਰਾਂ ਪਰਕਾਸ਼ ਅੰਧੇਰੇ ਘੋਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਮੈਂ ਫੜਾਂ ਠੱਗ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਆਪਣਾ ਬੰਧਨ ਪਾਈਆ । ਮੈਂ ਗੁਰਮੁਖ ਗੁਰਸਿਖ ਸਾਚੇ ਮਾਰਗ ਦੇਵਾਂ ਤੋਰ, ਤੁਰਤ ਆਪਣਾ ਹੁਕਮ ਸੁਣਾਈਆ ।

ਮੈਂ ਜੁਗ ਚੌਕੜੀ ਵੇਖ ਵਖਾਵਾਂ ਹਰਾਮਖੋਰ, ਹੱਕ ਹਲਾਲ ਜਾਣਾ ਥਾਉਂ ਥਾਈਆ । ਮੇਰਾ ਓਢਨ ਕੱਪੜ ਬਸਤਰ ਸਦਾ ਨਵਾਂ ਨਕੋਰ, ਦੁਰਮਤ ਮੈਲ ਨਜ਼ਰ ਕੋਇ ਨਾ ਆਈਆ । ਮੇਰਾ ਮੰਤਰ ਇਕੋ ਫੋਰ, ਫੁਰਨੇ ਸਭ ਦੇ ਬੰਦ ਕਰਾਈਆ । ਮੇਰਾ ਸਚ ਅਗੰਮੀ ਘੋੜ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਾਰੇ ਦਿਤਾ ਲਗਾਈਆ । ਸ਼ਬਦ ਕਹੇ ਮੈਂ ਧੁਰ ਦਾ ਮੇਲਾ, ਜੁਗ ਜੁਗ ਆਪ ਕਰਾਇੰਦਾ । ਜਿਸ ਦਾ ਖੇਲ ਸਦਾ ਸਦਾ ਗੁਰੂ ਗੁਰ ਚੇਲਾ, ਚੇਲਾ ਗੁਰੂ ਗੰਢ ਪਵਾਇੰਦਾ । ਏਥੇ ਓਥੇ ਸੱਜਣ ਸੁਹੇਲਾ, ਧੁਰ ਦਾ ਸੰਗ ਨਿਭਾਇੰਦਾ । ਵਸਣਹਾਰਾ ਧਾਮ ਨਵੇਲਾ, ਘਟ ਘਟ ਸੋਭਾ ਪਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲ੍ਹਾ, ਲੱਖ ਚੁਰਾਸੀ ਫੰਦ ਕਟਾਇੰਦਾ । ਚਾੜ੍ਹਨਹਾਰਾ ਸਗਨ ਤੇਲਾ, ਜੋਤ ਨਿਰੰਜਣ ਘਰ ਰੁਸ਼ਨਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜੀ ਬੇਲਾ, ਸਾਢੇ ਤਿੰਨ ਹੱਥ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਮੇਰੇ ਹੱਥ ਫੜਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਵਸਾਂ ਓਹਲੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਭਾਗ ਲਗਾਵਾਂ ਭਗਤਾਂ ਚੋਲੇ, ਤਨ ਮਾਟੀ ਖ਼ੁਸ਼ੀ ਮਨਾਈਆ । ਅੰਦਰ ਵੜ ਕੇ ਦੱਸਾਂ ਸੋਹਲੇ, ਸੋਹਣਾ ਰਾਗ ਸਮਝਾਈਆ । ਗੁਰਮੁਖ ਸੋਹੰ ਢੋਲਾ ਬੋਲੇ, ਅਨਬੋਲਤ ਕਰੇ ਪੜ੍ਹਾਈਆ । ਮੈਂ ਓਸੇ ਵਕਤ ਆਵਾਂ ਕੋਲੇ, ਦੂਰ ਦੁਰਾਡਾ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਰੱਖਾਂ ਵਿਚ ਰੌਲੇ, ਭਰਮੇ ਵਿਚ ਭੁਲਾਈਆ । ਸਾਚੇ ਕੰਡੇ ਗੁਰਸਿਖ ਤੋਲੇ, ਨਾਮ ਤਰਾਜ਼ੂ ਇਕ ਵਖਾਈਆ । ਓਨ੍ਹਾਂ ਦੀ ਕੀਮਤ ਪਾਈ ਜਿਨ੍ਹਾਂ ਵੇਚੇ ਛੋਲੇ, ਅੰਦਰ ਵੜ ਕੇ ਸੁਰਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸ਼ਬਦ ਸਤਿਗੁਰ ਕਹੇ ਮੇਰਾ ਮੇਲਾ ਅਕਾਲ ਮੂਰਤ, ਮਹੂਰਤ ਸਾਚੀ ਦਿਆਂ ਕਰਾਈਆ । ਮੇਰਾ ਵਸੇਰਾ ਅਗੰਮੀ ਨੂਰਤ, ਨੂਰੋ ਨੂਰ ਕਰਾਂ ਰੁਸ਼ਨਾਈਆ । ਮੇਰਾ ਪਿਆਰ ਜਨ ਭਗਤਾਂ ਆਸਾ ਪੂਰਤ, ਪੂਰੀ ਕਰਕੇ ਦਿਆਂ ਵਖਾਈਆ । ਮੇਰਾ ਨਾਦ ਸਾਚੀ ਤੂਰਤ, ਧੁਰ ਦਾ ਨਾਦ ਵਜਾਈਆ । ਮੈਂ ਚਤੁਰ ਸੁਘੜ ਬਣਾਵਾਂ ਮੂਰਖ ਮੂੜ੍ਹਤ, ਬਾਲ ਅੰਞਾਨਿਆਂ ਦਿਆਂ ਵਡਿਆਈਆ । ਸਾਚੀ ਬਖ਼ਸ਼ਸ਼ਾਂ ਚਰਨ ਧੂੜਤ, ਨਾਮ ਟਿੱਕਾ ਇਕ ਲਗਾਈਆ । ਮਿਹਰਵਾਨ ਹੋ ਕੇ ਗੁਰਮੁਖਾਂ ਵਖਾਵਾਂ ਆਪਣੀ ਸੂਰਤ, ਸੂਰਤ ਵਿਚੋਂ ਆਪਣੀ ਜ਼ਰੂਰਤ ਲਵਾਂ ਪਰਗਟਾਈਆ । ਲੇਖਾ ਚੁਕਾ ਨੇੜ ਦੂਰਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਵਾਸਾ ਉੱਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਖ਼ਾਲੀ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਮੇਰੇ ਹੇਠਾਂ ਵਸਣ, ਅੱਠੇ ਪਹਿਰ ਧਿਆਨ ਲਗਾਈਆ । ਰਵ ਸਸ ਦਿਵਸ ਰੈਣ ਨੱਠਣ, ਭੱਜਣ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗੰਬਰ ਸਿਫ਼ਤ ਦੱਸਣ, ਰਸਨਾ ਜਿਹਵਾ ਨਾਲ ਸਾਲਾਹੀਆ । ਜਨ ਭਗਤ ਮਿਲਣ ਦੀ ਆਸਾ ਰੱਖਣ, ਅੰਦਰ ਬੈਠੇ ਧਿਆਨ ਲਗਾਈਆ । ਸੰਤ ਸੁਹੇਲੇ ਸਰਨ ਢੱਠਣ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਗੁਰਮੁਖ ਗੁਰਸਿਖ ਸਚ ਦਵਾਰੇ ਮਿਲਣ ਦਾ ਕਰਨ ਯਤਨ, ਆਪ ਆਪਣਾ ਪੜਦਾ ਲਾਹੀਆ । ਬਿਨ ਮੇਰੀ ਕਿਰਪਾ ਸਤਿਗੁਰ ਸ਼ਬਦ ਕਹੇ ਕੋਈ ਮੁੜ ਕੇ ਫੇਰ ਨਾ ਆਇਆ ਆਪਣੇ ਵਤਨ, ਬੇਵਤਨ ਦਿਸੇ ਲੋਕਾਈਆ । ਕੋਟਨ ਕੋਟ ਵਾਰ ਲਾੜੀ ਮੌਤ ਕੀਤੇ ਕਤਲ, ਲੱਖ ਚੁਰਾਸੀ ਕਤਲਗਾਹ ਵਖਾਈਆ । ਗਿਣਤੀ ਵਿਚ ਥੋੜੇ ਪ੍ਰੇਮ ਵਿਚ ਬਹੁਤੇ ਗੁਰਮੁਖ ਵਿਰਲੇ ਹੱਸਣ, ਜਿਨ੍ਹਾਂ ਅੰਤਰ ਖ਼ੁਸ਼ੀ ਵਖਾਈਆ । ਬਿਨ ਮਲਾਹੋਂ ਬਿਨ ਬੇੜੀਓਂ ਆਏ


੫੮

ਸਤਿਗੁਰ ਪੱਤਣ, ਬੈਠੇ ਡੇਰਾ ਲਾਈਆ । ਇਕ ਦੂਜੇ ਨੂੰ ਪ੍ਰੇਮ ਪ੍ਰੀਤੀ ਖ਼ੁਸ਼ੀਆਂ ਨਾਲ ਦੱਸਣ, ਬਿਨ ਰਾਗਾਂ ਰਾਗ ਅਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦ ਸਵਾਮੀ ਸਾਨੂੰ ਆਇਆ ਰੱਖਣ, ਬਣ ਸੁਹੇਲਾ ਧੁਰ ਦਾ ਸੱਚਾ ਮਾਹੀਆ । ਕੂੜੀ ਕਿਰਿਆ ਜੜ੍ਹ ਆਇਆ ਪੁੱਟਣ, ਪਟਣੇ ਵਾਲਾ ਸੰਗ ਰਖਾਈਆ । ਇਸਦੇ ਕੋਲੋਂ ਗੁਰਸਿਖ ਲਾਹਾ ਖੱਟਣ, ਬਾਕੀ ਸਭ ਤੋਂ ਕਰੇ ਜੁਦਾਈਆ । ਬੇਸ਼ਕ ਰਸਨਾ ਜਿਹਵਾ ਮਾਲਾ ਮਣਕਿਆਂ ਨਾਲ ਰੱਟਣ, ਬਿਨ ਕਿਰਪਾ ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਜੋ ਹਰਿਜਨ ਸੋਹੰ ਢੋਲਾ ਗਾ ਕੇ ਗੱਜਣ, ਤਿਨ੍ਹਾਂ ਨੂੰ ਵੇਖ ਗਜ ਰਿਹਾ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸ਼ਬਦ ਸਤਿਗੁਰ ਕਹੇ ਮੈਂ ਧੁਰ ਦਾ ਮਿਤਰ, ਮਿਤਰ ਪਿਆਰਾ ਇਕ ਅਖਵਾਈਆ । ਸਾਚੀ ਧਾਰੋਂ ਆਇਆ ਨਿਕਲ, ਨਿਰਵੈਰ ਰੂਪ ਵਟਾਈਆ । ਬੇਸ਼ਕ ਪੰਜ ਤਤ ਖੇਲ ਨਹੀਂ ਬਾਜ਼ਾਂ ਤਿਤਰ, ਤਤ ਸਰੂਪ ਨਾ ਕੋਇ ਵਖਾਈਆ । ਓਨੂੰ ਗੁਰਮੁਖਾਂ ਦਾ ਸਦਾ ਫ਼ਿਕਰ, ਜਿਨ੍ਹਾਂ ਪਿਛੇ ਆਇਆ ਸਮਝਾਈਆ । ਪਹਿਲੋਂ ਅੱਖਰਾਂ ਗ੍ਰੰਥਾਂ ਸ਼ਾਸਤਰਾਂ ਕੀਤਾ ਜ਼ਿਕਰ, ਹੁਣ ਪੁਰਖ ਅਕਾਲ ਦਏ ਵਡਿਆਈਆ । ਬਿਨ ਸਿਕਲਗਰ ਤੋਂ ਕੀਤੇ ਨਿਕਲ, ਨਾਮ ਨਿਧਾਨਾ ਰੰਗ ਚੜ੍ਹਾਈਆ । ਸੋਹਣੀ ਬਣਤ ਨਾਲ ਦਿਤੇ ਚਿਤਰ, ਚਿਤਰਕਾਰ ਬਣਿਆ ਬੇਪਰਵਾਹੀਆ । ਸੇਵਾ ਕਰਨ ਖ਼ਾਤਰ ਆਇਆ ਉਤਰ, ਨਿਰਵੈਰ ਰੂਪ ਵਟਾਈਆ । ਪਿਤਾ ਪੂਤ ਗੋਦ ਸੁਹਾਏ ਲੈ ਕੇ ਪੁੱਤਰ, ਪਤਿਪਰਮੇਸ਼ਵਰ ਹੋਏ ਸਹਾਈਆ । ਸਤਿਗੁਰ ਸ਼ਬਦ ਕਰ ਕੇ ਕੌਲ ਜੁਗ ਚੌਕੜੀ ਕਦੇ ਨਾ ਜਾਏ ਮੁੱਕਰ, ਮੁਕਰਿਆਂ ਲਏ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸਦਾ ਸ਼ੁਕਰ, ਜੋ ਸੰਸੇ ਸ਼ਕ ਵਿਚੋਂ ਬਾਹਰ ਕਢਾਈਆ ।


੫੯

## ੨੪ ਜੇਠ ੨੦੨੧ ਬਿਕ੍ਰਮੀ ਮਾਨ ਕੌਰ ਦੇ ਗ੍ਰਿਹ ਪਿੰਡ ਸੀੜ

ਸਤਿਗੁਰ ਸ਼ਬਦ ਕਹੇ ਮੈਨੂੰ ਧੁਰ ਦੀ ਬਾਣ, ਬਾਣੀ ਖਾਣੀ ਖੇਲ ਖਿਲਾਇੰਦਾ । ਸਚ ਸੰਦੇਸ਼ਾ ਦੇ ਫ਼ਰਮਾਨ, ਜੁਗ ਜੁਗ ਨਾਮ ਪਰਗਟਾਇੰਦਾ । ਜੀਵ ਜੰਤ ਕਰ ਪਹਿਚਾਨ, ਸੰਤ ਸੁਹੇਲੇ ਆਪ ਉਠਾਇੰਦਾ । ਸਚ ਪ੍ਰੀਤੀ ਦੇ ਗਿਆਨ, ਨਾਤਾ ਆਪਣੇ ਨਾਲ ਜੁੜਾਇੰਦਾ । ਘਰ ਵਿਚ ਘਰ ਵਖਾ ਮਕਾਨ, ਕਾਇਆ ਕਾਅਬਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਸ਼ਬਦ ਗੁਰੂ ਕਹੇ ਮੈਂ ਸਦਾ ਸੰਗਾ, ਆਦਿ ਜੁਗਾਦਿ ਸਮਾਈਆ । ਪਰਮਾਨੰਦ ਮੇਰਾ ਅਨੰਦਾ, ਸਤਿ ਚਿਤ ਅਨੰਦ ਰਿਹਾ ਸਮਾਈਆ । ਆਤਮ ਪਰਮਾਤਮ ਮੇਰਾ ਛੰਦਾ, ਸੋਹੰ ਰਾਗ ਅਲਾਈਆ । ਤਨ ਮਾਟੀ ਖ਼ਾਕੀ ਪੰਜ ਤਤ ਮੇਰਾ ਬੰਦਾ, ਮੈਂ ਬੰਦਗੀ ਦਿਆਂ ਦ੍ਰਿੜ੍ਹਾਈਆ । ਦੋ ਜਹਾਨਾਂ ਆਰ ਪਾਰ ਮੇਰਾ ਕੰਢਾ, ਮੰਝਧਾਰ ਫਿਰਾਂ ਚਾਈਂ ਚਾਈਂਆ । ਨਾਮ ਨਿਧਾਨ ਮੇਰਾ ਮਰਦੰਗਾ, ਜੁਗ ਚੌਕੜੀ ਵਜਾਵਾਂ ਥਾਉਂ ਥਾਈਂਆ । ਤਿੱਖੀ ਧਾਰ ਅਗੰਮੀ ਖੰਡਾ, ਨਿਰਗੁਣ ਸਰਗੁਣ ਦਿਆਂ ਚਮਕਾਈਆ । ਮਹੱਲ ਅਟਲ ਅਗੰਮ ਅਥਾਹ ਉਚਾ ਡੰਡਾ, ਮੰਜ਼ਲ ਸਾਚੀ ਆਪ ਲਗਾਈਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਰਹਿਮਤ ਮਾਤ ਕਮਾਈਆ । ਦੇਵਾਂ ਆਧਾਰ ਭੁੱਖਾ ਨੰਗਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕੋਟਾਂ ਵਿਚੋਂ ਲੱਗੇ ਚੰਗਾ, ਜੋ ਅੰਤਰ ਆਤਮ ਰਿਹਾ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੰਦਰ ਰਿਹਾ ਸੁਹਾਈਆ ।

ਸਤਿਗੁਰ ਸ਼ਬਦ ਕਹੇ ਮੈਂ ਸਦਾ ਬਿਬੇਕ, ਵਿਵੇਕੀ ਰੂਪ ਵਟਾਇੰਦਾ । ਅਗੰਮ ਅਥਾਹ ਮੇਰਾ ਲੇਖ, ਲਿਖਿਆ ਲੇਖ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਸ਼ਬਦੀ ਧਾਰ ਦਿਤੇ ਭੇਜ, ਪੀਰ ਪੈਗੰਬਰ ਰੂਪ ਵਖਾਇੰਦਾ । ਬ੍ਰਹਿਮੰਡ ਖੰਡ ਨਿਰਗੁਣ ਸਰਗੁਣ ਖੇਲ ਕੇ ਖੇਡ, ਖ਼ਾਲਕ ਖ਼ਲਕ ਵਿਚੋਂ ਜਣਾਇੰਦਾ । ਜੋਤੀ ਜਲਵਾ ਦੇ ਕੇ ਤੇਜ, ਤਜਰਬਾ ਸਭ ਨੂੰ ਸਚ ਸਮਝਾਇੰਦਾ । ਅੰਦਰ ਵੜ ਕੇ ਦੇਂਦਾ ਭੇਤ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਆਤਮ ਪਰਮਾਤਮ ਕਰਾਵਾਂ ਹੇਤ, ਸੋਹਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਇੰਦਾ । ਸ਼ਬਦ ਗੁਰ ਕਹੇ ਮੈਂ ਬੜਾ ਚਾਲਾਕ, ਮੇਰੀ ਚਾਲਾਕੀ ਸਮਝ ਕਿਸੇ ਨਾ ਆਈਆ । ਦੋ ਜਹਾਨਾਂ ਆਪਣੇ ਅੰਦਰ ਰਖ ਕੇ ਖ਼ਾਹਿਸ਼, ਖ਼ਾਹਿਸ਼ ਵਿਚ ਵਿਸ਼ਨ ਬ੍ਰਹਮਾ ਸ਼ਿਵ ਭਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਸਾਥ, ਤ੍ਰੈਗੁਣ ਮਾਇਆ ਕਰੀ ਕੁੜਮਾਈਆ । ਤ੍ਰੈਗੁਣ ਮਾਇਆ ਰੇ ਕੇ ਦਿਤਾ ਆਖ, ਪੰਜ ਤਤ ਜੋੜ ਜੁੜਾਈਆ । ਪੰਜ ਤਤ ਬਣਾ ਕੇ ਆਪਣੀ ਜ਼ਾਤ, ਸਾਚੀ ਸਿਖਿਆ ਇਕ ਸਮਝਾਈਆ । ਕੱਠੇ ਹੋ ਕੇ ਬਣੋ ਇਕ ਜਮਾਤ, ਸਾਚਾ ਮੇਲ ਮਿਲਾਈਆ । ਤਨ ਮਾਟੀ ਨਜ਼ਰੀ ਆਏ ਖ਼ਾਕ, ਹੱਡ ਮਾਸ ਨਾੜੀ ਰੂਪ ਵਟਾਈਆ । ਅੰਦਰ ਵੜ ਕੇ ਕਰਾਂ ਖੇਲ ਤਮਾਸ਼, ਘਰ ਘਰ ਵਿਚ ਆਪ ਸੁਹਾਈਆ । ਬਜਰ ਕਪਾਟੀ ਲਾਹ ਕੇ ਤਾਕ, ਪੜਦਾ ਦਿਆਂ ਉਠਾਈਆ । ਸਚ ਸਿੰਘਾਸਣ ਬਹਿ ਕੇ ਆਪ, ਮੁਖੜਾ ਲਵਾਂ ਛੁਪਾਈਆ । ਚਰਨ ਕਵਲਾਂ ਵਿਚੋਂ ਬਰਸਾਂ ਆਬੇ ਹਯਾਤ, ਨਿਜ ਘਰ ਅੰਮ੍ਰਿਤ ਰੂਪ ਨਜ਼ਰੀ ਆਈਆ । ਮਾਨਸਰੋਵਰ ਸਚ ਤਾਲਾਬ, ਜੌਹੜ ਦਿਆਂ ਭਰਾਈਆ । ਅਨਹਦ ਮੇਰੇ ਪ੍ਰੇਮ ਦਾ ਵੱਜੇ ਨਾਦ, ਧੁਨ ਮੇਰੀ ਆਸ਼ਾ ਨਜ਼ਰੀ ਆਈਆ । ਸੁਰਤ ਸਵਾਣੀ ਪਕੜ ਕੇ ਵਾਗ, ਸਿੱਧੇ ਰਸਤੇ ਦਿਆਂ ਪਾਈਆ । ਰਾਹ ਵਿਚ ਨਾ ਹੋਏ ਕੋਈ ਅਜ਼ਾਬ, ਦੁੱਖ ਦਰਦ ਨਾ ਲਾਗੇ ਰਾਈਆ । ਨਿਉਂ ਨਿਉਂ ਸੱਜਦਾ ਕਰੇ ਆਦਾਬ, ਦੋਏ ਜੋੜ ਜੋੜ ਸਰਨਾਈਆ । ਕੂੜ ਵਿਕਾਰਾ ਹੋਵੇ ਲਾਜਵਾਬ, ਬਚਨ ਸਕੇ ਨਾ ਕੋਇ ਸੁਣਾਈਆ । ਮਹੱਲ ਅਟਲ ਸੁਹਾ ਮਹਿਰਾਬ, ਮਹਿਬੂਬ ਦਿਆਂ ਮਿਲਾਈਆ । ਏਹ ਮੇਰੇ ਹੱਥ ਖ਼ਤਾਬ, ਸਤਿਗੁਰ ਸ਼ਬਦ ਰਿਹਾ ਸਮਝਾਈਆ । ਸ਼ਾਹ ਨਵਾਬਾਂ ਮੇਟਾਂ ਖ਼ਾਕ, ਹਕੀਰ ਫ਼ਕੀਰਾਂ ਉਪਰ ਗੋਦ ਲਵਾਂ ਬਹਾਈਆ । ਜਿਥੇ ਨੂਰੀ ਚਮਕੇ ਇਕ ਆਫ਼ਤਾਬ, ਸਚ ਜ਼ਹੂਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੋਹਣਾ ਖੇਲ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਵਾਲੀ ਧੁਰ ਦਾ, ਦੋ ਜਹਾਨਾਂ ਵੇਖ ਵਖਾਇੰਦਾ । ਆਪਣੀ ਕਰਨੀਉਂ ਕਦੇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਿਸ ਵੇਲੇ ਮੇਰੇ ਅੰਤਰ ਫੁਰਨਾ ਫੁਰਦਾ, ਮੈਂ ਨਿਰਗੁਣ ਸਰਗੁਣ ਰੂਪ ਵਟਾਇੰਦਾ । ਹੱਥਾਂ ਪੈਰਾਂ ਬਾਹਵਾਂ ਵਾਲਾ ਬੰਦਾ ਬਣਾਂ ਫਿਰਦਾ ਤੁਰਦਾ, ਅੰਦਰ ਨੂਰੋ ਨੂਰ ਡਗਮਗਾਇੰਦਾ । ਜਗਤ ਵਾਸਨਾ ਵਿਚ ਹੋ ਕੇ ਮੁਰਦਾ, ਮੁਰੀਦ ਹੋ ਕੇ ਮੁਰਸ਼ਦ ਰੂਪ ਨਜ਼ਰੀ ਆਇੰਦਾ । ਏਹ ਲੇਖਾ ਓਸ ਵੇਲੇ ਜੁੜਦਾ, ਜਿਸ ਵੇਲੇ ਮੇਰਾ ਸਾਹਿਬ ਪੁਰਖ ਅਕਾਲ ਹੁਕਮ ਸੁਣਾਇੰਦਾ । ਮੈਂ ਵਰ ਪਾਵਾਂ ਲੋੜ ਦਾ, ਹਰਿ ਕੰਤ ਇਕ ਹੰਢਾਇੰਦਾ । ਮੇਰੇ ਖੇਲ ਵਿਚ ਲੇਖਾ ਨਹੀਂ ਕਿਸੇ ਦੇ ਜ਼ੋਰ ਦਾ, ਜੋਰੂ ਜ਼ਰ ਸਭ ਆਪਣੇ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਕਰਨੀ ਵੇਖ ਵਖਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਪਿਆਰਿਆਂ ਵਿਚੋਂ ਪਿਆਰਾ, ਪ੍ਰੀਤਾਂ ਵਿਚੋਂ ਪ੍ਰੀਤਮ ਨਜ਼ਰੀ ਆਈਆ । ਕਵਾਰਿਆਂ ਵਿਚੋਂ ਕਵਾਰਾ, ਵਿਆਹਿਆਂ ਵਿਚੋਂ ਵਿਆਹਿਆ, ਜਿਸ ਦਾ ਕੰਤ ਕਮਲਾਪਤ ਬੇਪਰਵਾਹੀਆ । ਗਵਾਰਾਂ ਵਿਚੋਂ ਗਵਾਰਾ, ਗਿਆਨੀਆਂ ਵਿਚੋਂ ਗਿਆਨੀ, ਦਾਤਾ

ਰੂਪ ਵਟਾਈਆ । ਨਜ਼ਾਰਿਆਂ ਵਿਚੋਂ ਮੇਰਾ ਨਜ਼ਾਰਾ, ਮੁਜ਼ਾਹਰਿਆਂ ਵਿਚੋਂ ਮੇਰਾ ਸ਼ਬਦ ਸਭ ਦਾ ਮਾਲਕ ਨਜ਼ਰੀ ਆਈਆ । ਹਜ਼ਾਰਿਆਂ ਵਿਚੋਂ ਹਜ਼ਾਰਾ, ਦਰੂਦਾਂ ਵਿਚੋਂ ਦਰੂਦ ਇਸਮ ਨੂਰ ਖ਼ੁਦਾਈਆ । ਜੈਕਾਰਿਆਂ ਵਿਚੋਂ ਜੈਕਾਰਾ, ਨਿਰਾਕਾਰਿਆਂ ਵਿਚੋਂ ਨਿਰਾਕਾਰਾ, ਨਿਰਵੈਰ ਖੇਲ ਖਿਲਾਈਆ । ਵਣਜਾਰਿਆਂ ਵਿਚੋਂ ਵਣਜਾਰਾ, ਹੱਟਾਂ ਵਿਚੋਂ ਹੱਟ ਸਚ ਨਾਮ ਚਲਾਈਆ । ਭੰਡਾਰਿਆਂ ਵਿਚੋਂ ਭੰਡਾਰਾ, ਨਾਮ ਵਸਤ ਅਮੋਲਕ ਝੋਲੀ ਦੇਵਾਂ ਪਾਈਆ । ਆਧਾਰਿਆਂ ਵਿਚੋਂ ਆਧਾਰਾ, ਕਿਨਾਰਿਆਂ ਵਿਚੋਂ ਕਿਨਾਰਾ, ਤਟ ਇਕੋ ਇਕ ਸਮਝਾਈਆ । ਲਾੜਿਆਂ ਵਿਚੋਂ ਲਾੜਾ, ਦਰਬਾਰਿਆਂ ਵਿਚੋਂ ਧੁਰ ਦਰਬਾਰਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਆਪ ਆਪਣੀ ਬਣਤ ਬਣਾਈਆ ।

### ✪ ੨੪ ਜੇਠ ੨੦੨੧ ਬਿਕ੍ਰਮੀ ਰਾਜਿੰਦਰ ਸਿੰਘ ਦੇ ਗ੍ਰਿਹ ਸੀੜ ✪

ਸਤਿਗੁਰ ਸ਼ਬਦ ਕਹੇ ਮੈਨੂੰ ਸਦਾ ਡੰਡੌਤ, ਡੰਡਾਵਤ ਜ਼ਿਮੀਂ ਅਸਮਾਨ ਰਹੇ ਕਰਾਈਆ । ਨਿਤ ਨਵਿਤ ਮੇਰੀ ਮਨੌਤ, ਮਨਾਵਣ ਸਰਬ ਥਾਉਂ ਥਾਈਂਆ । ਦੋ ਜਹਾਨ ਖੇਲਣ ਦਾ ਮੈਨੂੰ ਸ਼ੌਕ, ਸ਼ੌਕੀਨ ਭਗਤ ਸੰਤ ਨਾਲ ਰਖਾਈਆ । ਹੁਕਮਰਾਨ ਹੋ ਕੇ ਮਾਰਾਂ ਧੌਂਸ, ਨਾਮ ਜ਼ਬਾਨ ਤੀਰ ਚਲਾਈਆ । ਸਾਚੀ ਰੀਤੀ ਚਲਾਵਾਂ ਰੌਂਸ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਹੁਕਮੇ ਅੰਦਰ ਰੱਖ ਕੇ ਲਾੜੀ ਮੌਤ, ਰਾਏ ਧਰਮ ਦਏ ਵਡਿਆਈਆ । ਵਸਦੇ ਘਰਾਣੇ ਕਰਾਂ ਔਂਤ, ਏਹ ਵੀ ਮੇਰੀ ਚਤੁਰਾਈਆ । ਜਿਥੇ ਕੋਈ ਨਾ ਸਕੇ ਪਹੁੰਚ, ਓਥੇ ਬਹਿ ਕੇ ਵੇਖ ਵਖਾਈਆ । ਜਿਸ ਦੀ ਕੋਈ ਨਾ ਸੋਚੇ ਸੋਚ, ਬੁਧੀ ਸਮਝ ਨਾ ਰਖੇ ਰਾਈਆ । ਓਥੇ ਖੋਲ੍ਹ ਕੇ ਆਪਣਾ ਲੋਚ, ਗੁਰਮੁਖਾਂ ਦਰਸ ਦਿਆਂ ਕਰਾਈਆ । ਗੁਰਸਿਖਾਂ ਦੀ ਕਰ ਕਰ ਖੋਜ, ਖੱਜਲ ਹੁੰਦੇ ਲਵਾਂ ਤਰਾਈਆ । ਤਾਰਨਾ ਉਧਾਰਨਾ ਏਹ ਮੇਰਾ ਧੁਰ ਦਾ ਚੋਜ, ਚੋਜੀ ਹੋ ਕੇ ਵੇਖ ਵਖਾਈਆ । ਚਰਨ ਕਵਲ ਬਖ਼ਸ਼ ਮੌਜ, ਮੁਫ਼ਲਿਸ ਸ਼ਾਹ ਬਣਾਈਆ । ਦੀਨ ਮਜ਼੍ਹਬ ਝਗੜਾ ਜੁਦਾਈ ਅਦਾਈ ਅਦੌਤ, ਅਦਲ ਇਨਸਾਫ਼ ਏਹ ਵੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰਿਹਾ ਫਿਰਾਈਆ । ਸਤਿਗੁਰ ਸ਼ਬਦ ਕਹੇ ਮੇਰੀ ਅਚਰਜ ਕਹਾਣੀ, ਕਹਿਣ ਵਾਲਾ ਨਜ਼ਰ ਕੋਈ ਨਾ ਆਈਆ । ਜੇ ਕੋਈ ਕਹੇ ਮੇਰੀ ਸਿਫ਼ਤ ਦੀ ਬਾਣੀ, ਸਾਫ਼ ਬਿਆਨ ਦਏ ਸਮਝਾਈਆ । ਜੇ ਕੋਈ ਪੀਏ ਮੇਰੇ ਚਰਨ ਦਾ ਠੰਡਾ ਪਾਣੀ, ਅੰਮ੍ਰਿਤ ਕਹਿ ਕਹਿ ਖ਼ੁਸ਼ੀ ਮਨਾਈਆ । ਜੇ ਕੋਈ ਵੇਖੇ ਜੋਤ ਨੂਰ ਨੁਰਾਨੀ, ਜਿਸ ਜੋਤ ਦਾ ਮਾਲਕ ਬੇਪਰਵਾਹੀਆ । ਜੇ ਬਖ਼ਸ਼ਾਂ ਤੇ ਜਾਣੇ ਉਹ ਨਿਸ਼ਾਨੀ, ਜਿਸ ਮਿਹਰਬਾਨੀ ਕਰ ਕੇ ਦਇਆ ਕਮਾਈਆ । ਮੈਂ ਹੱਥ ਨਾ ਆਇਆ ਕਿਸੇ ਅਫ਼ਗ਼ਾਨੀ ਈਰਾਨੀ ਯੁਨਾਨੀ, ਈਸਾ ਮੂਸਾ ਮੁਹੰਮਦ ਮਸੀਹ ਮਸਲਿਆਂ ਵਿਚ ਗਏ ਸੁਣਾਈਆ । ਮੇਰੀ ਸਭ ਤੋਂ ਮੁਸ਼ਕਲ ਦੇਣੀ ਕੁਰਬਾਨੀ, ਕਾਇਆ ਕੱਟ ਕੇ, ਸਿਰ ਵੱਢ ਕੇ, ਕੋਈ ਮਿਲ ਨਾ ਖ਼ੁਸ਼ੀ ਮਨਾਈਆ । ਖ਼ੁਸ਼ੀ ਮਿਲੇ ਸਤਿਗੁਰ ਚਰਨੀ ਢੱਠ ਕੇ, ਢੱਠਿਆਂ ਡਿਗਿਆਂ ਲਏ ਉਠਾਈਆ । ਦੂਰ ਦੁਰਾਡਾ ਆਵੇ ਨੱਸ ਕੇ, ਭੱਜੇ ਬੇਪਰਵਾਹੀਆ । ਹੌਲੀ ਜੇਹੀ ਅੰਦਰ ਵੜੇ ਇਕ ਸ਼ਬਦ ਜਾਏ ਦੱਸ ਕੇ, ਸੋਹੰ ਕਰੇ ਪੜ੍ਹਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਵਸ ਕੇ, ਵਸਲ ਆਪਣਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਤ ਨਸਲ ਅਸਲ ਇਕ

ਪਰਗਟਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਮਾਲਕ, ਮਲਕੀਅਤ ਆਪਣੇ ਹੱਥ ਰਖਾਈਆ । ਜਿਸ ਵੇਲੇ ਬਹਿਵਾਂ ਸਚ ਅਦਾਲਤ, ਅਦਲੀ ਰੂਪ ਵਟਾਈਆ । ਉਥੇ ਕਰੇ ਨਾ ਕੋਈ ਵਕਾਲਤ, ਵੁਕਲਾ ਨਜ਼ਰ ਕੋਇ ਨਾ ਆਈਆ । ਮੈਂ ਹਰ ਘਟ ਬੈਠਾ ਘਰ ਵਿਚ ਘਰੋਂ ਕਰਾਂ ਸਫ਼ਾਰਸ਼, ਸਚ ਸੰਦੇਸ ਸੁਣਾਈਆ । ਜਨ ਭਗਤਾਂ ਦੀ ਜੇ ਲਿਖਣੀ ਤੇ ਲਿਖ ਉਹ ਇਬਾਰਤ, ਜਿਸ ਇਬਾਰਤ ਵਿਚੋਂ ਤੇਰਾ ਤੁਆਰਫ਼ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚੇ ਘਰ, ਜੁਗ ਜੁਗ ਜਨ ਭਗਤਾਂ ਅੰਦਰ ਮੰਦਰ ਆਪਣਾ ਡੇਰਾ ਲਾਈਆ । ਸਤਿਗੁਰ ਸ਼ਬਦ ਕਹੇ ਮੇਰੀ ਖੇਲ ਅਵੱਲੀ, ਅਸਲ ਆਪਣੇ ਵਿਚ ਛੁਪਾਇੰਦਾ । ਜੁਗ ਚੌਕੜੀ ਬਣ ਕੇ ਵਲੀ ਛਲੀ, ਅਛਲ ਛਲ ਧਾਰੀ ਵੇਸ ਵਟਾਇੰਦਾ । ਪਰ ਜਿਸ ਵੇਲੇ ਗੁਰਮੁਖਾਂ ਦੀ ਜਾ ਕੇ ਵੜਾਂ ਗਲੀ, ਕਾਇਆ ਕੂਚਾ ਵੇਖ ਵਖਾਇੰਦਾ । ਉਥੇ ਪ੍ਰੇਮ ਪ੍ਰੀਤ ਪਿਆਰ ਦੀ ਪਾ ਕੇ ਅਗੰਮੀ ਤੇਲ ਪਲੀ, ਜੋਤੀ ਜੋਤ ਜਗਾਇੰਦਾ । ਉਹ ਜੋਤ ਜੋ ਬਿਨ ਵਰਨ ਗੋਤ ਪ੍ਰਭ ਦੇ ਸੰਗ ਰਲੀ, ਰਲਾ ਵਿਚ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਬੈਠੀ ਮੱਲੀ, ਮਲਾਹ ਇਕੋ ਨਜ਼ਰੀ ਆਇੰਦਾ । ਉਸ ਦਵਾਰੇ ਕੋਈ ਨਹੀਂ ਲੋੜ ਦੇਣ ਦੀ ਬਲੀ, ਪੂਜਾ ਭੇਟਾ ਵਾਸਤੇ ਅਗੇ ਝੋਲੀ ਕਦੇ ਨਾ ਡਾਹਿੰਦਾ । ਸਤਿਗੁਰ ਚਰਨ ਕਵਲ ਸਚ ਪ੍ਰੀਤ ਏਹੋ ਸੀਸ ਧਰਨਾ ਤਲੀ, ਜੋ ਗੋਬਿੰਦ ਮੁਖ ਸਾਲਾਹਿੰਦਾ । ਸ਼ਬਦ ਗੁਰੂ ਕਹੇ ਮੈਂ ਉਨ੍ਹਾਂ ਦਾ ਧਨੀ, ਜਿਨ੍ਹਾਂ ਦੀ ਕੰਨੀਂ ਆਪਣਾ ਰਾਗ ਸੁਣਾਇੰਦਾ । ਸਚ ਪੁੱਛੇ ਸਚ ਦਵਾਰਿਉਂ ਸ੍ਰਿਸ਼ਟ ਸਬਾਈ ਅੰਨ੍ਹੀ, ਅੰਨ੍ਹਿਆਂ ਕੋਲ ਸੁਜਾਖਾ ਗੁਰਮੁਖ ਨਜ਼ਰ ਕਿਸੇ ਨਾ ਆਇੰਦਾ । ਕੂਕਾਂ ਦੇ ਦੇ ਚਲਿਆ ਗਿਆ ਸਿੰਘ ਮਨੀ, ਮਨਸਾ ਵਿਚੋਂ ਮਨਸਾ ਇਕ ਪਰਗਟਾਇੰਦਾ । ਜਿਸ ਨੇ ਏਸ ਪ੍ਰਭੂ ਦੀ ਫੜੀ ਕੰਨੀ, ਸੋ ਭਗਤਾਂ ਮੁਕਤੀਆਂ ਵਿਚੋਂ ਬਾਹਰ ਕਢਾਇੰਦਾ । ਜਿਸ ਨੇ ਦੂਰ ਦਰਾਡਿਉਂ ਦੋ ਜਹਾਨਾਂ ਵਾਟ ਭੰਨੀ, ਲੋਕਮਾਤ ਫੇਰਾ ਪਾਇੰਦਾ । ਉਹ ਗੁਰਮੁਖ ਵੇਖੇ ਜਾ ਕੇ ਛੱਪਰ ਛੰਨੀ, ਕੋਝੇ ਕਮਲੇ ਆਪ ਉਠਾਇੰਦਾ । ਸਚ ਸਵਾਣੀ ਪਰਨਾਵੇ ਵੰਨੀ, ਡੋਲੇ ਰਤੜੇ ਪ੍ਰੇਮ ਬਹਾਇੰਦਾ । ਸਤਿਗੁਰ ਸ਼ਬਦ ਕਹੇ ਜਿਨ੍ਹਾਂ ਨਾਲ ਮੇਰੀ ਧੁਰ ਦੀ ਬਣੀ, ਤਿਨ੍ਹਾਂ ਬਣੀ ਬਣਤ ਨਾ ਕੋਇ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੁਰ ਦਾ ਵਲੀ, ਜਿਸ ਨੂੰ ਵਲੀ ਐਲੀ ਸਰਬ ਸੀਸ ਨਿਵਾਇੰਦਾ ।



੬੨
੧੨

### ✪ ੨੪ ਜੇਠ ੨੦੨੧ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹ ਮਘੋਵਾਲੀ ✪

ਸਤਿਗੁਰ ਸ਼ਬਦ ਕਹੇ ਮੇਰੀ ਅਗੰਮੀ ਮਨਸਾ, ਬਿਨ ਮਨ ਮਤ ਬੁਧ ਪਰਗਟਾਈਆ । ਜੁਗ ਚੌਕੜੀ ਨਿਤ ਨਵਿਤ ਵੇਸ ਵਟਾਵਾਂ ਸਹੰਸਾ, ਰੂਪ ਅਨੂਪ ਖੇਲ ਖਿਲਾਈਆ । ਕੋਟਾਂ ਵਿਚੋਂ ਗੁਰਮੁਖ ਪਕੜ ਉਠਾਵਾਂ ਹੰਸਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਨਿਤ ਨਵਿਤ ਦੂਤੀ ਦੁਸ਼ਟ ਸੰਘਾਰਾਂ ਕੰਸਾ, ਰਾਵਣ ਰੂਪ ਨਜ਼ਰ ਕੋਇ ਨਾ ਆਈਆ । ਭਗਤ ਸੁਹੇਲਾ ਬਣ ਕੇ ਸਚ ਉਪਜਾਵਾਂ ਬੰਸਾ, ਬੰਸਰੀ ਧੁਰ ਦੀ ਨਾਮ ਸੁਣਾਈਆ । ਦੇ ਵਡਿਆਈ ਵਿਚ ਜੀਵ ਜੰਤਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਕੂੜੀ ਕਿਰਿਆ ਮੇਟ ਕੇ ਮਮਤਾ, ਮੁਹੱਬਤ ਇਕੋ ਘਰ ਲਗਾਈਆ । ਲੇਖੇ ਲਾ ਕੇ

ਭੁੱਖਾ ਨੰਗਤਾ, ਸਾਜਣ ਹੋ ਕੇ ਸੇਵ ਕਮਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਅੰਤਰ ਆਤਮ ਕਰਾਂ ਪੜ੍ਹਾਈਆ । ਮੇਲ ਮਿਲਾ ਕੇ ਸਾਚੀ
ਸੰਗਤਾ, ਧੁਰ ਦਾ ਜੋੜਾ ਦਿਆਂ ਜੁੜਾਈਆ । ਨਾਤਾ ਤੋੜ ਕੇ ਜੇਰਜ ਅੰਡਤਾ, ਉਤਭੁਜ ਸੇਤਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਉਪਦੇਸ਼, ਉਪਕਾਰੀ ਨਜ਼ਰੀ ਆਇੰਦਾ । ਜਿਸ ਨੂੰ ਵਿਸ਼ਨ
ਬ੍ਰਹਮਾ ਸ਼ਿਵ ਮੰਨੇ ਮਹੇਸ਼, ਦੇਵਤ ਸੁਰ ਸੀਸ ਨਿਵਾਇੰਦਾ । ਪੀਰ ਪੈਗ਼ੰਬਰ ਕਰਨ ਆਦੇਸ, ਗੁਰ ਅਵਤਾਰ ਸ਼ੁਕਰ ਮਨਾਇੰਦਾ । ਸ਼ਾਹ ਸੁਲਤਾਨ
ਝੁਕਣ ਨਰੇਸ਼, ਨੇਤਰ ਨੈਣ ਨਾ ਕੋਇ ਉਠਾਇੰਦਾ । ਸਰਗੁਣ ਵੇਖਾਂ ਨਿਰਗੁਣ ਹੋ ਕੇ ਖੇਡ, ਲੱਖ ਚੁਰਾਸੀ ਫੇਰਾ ਪਾਇੰਦਾ । ਭਗਤ ਸੰਤ ਸੱਜਣ
ਭੇਜ, ਧੁਰ ਦਾ ਹੁਕਮ ਸੁਣਾਇੰਦਾ । ਗੁਰਮੁਖਾਂ ਅੰਤਰ ਮਾਣਾਂ ਸੇਜ, ਬੰਕ ਦਵਾਰੇ ਬਹਿ ਬਹਿ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਖੇਲ ਅਗੰਮ ਅਥਾਹ ਕਰਾਇੰਦਾ । ਸ਼ਬਦ ਸਤਿਗੁਰ ਕਹੇ ਮੈਂ ਸਦਾ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ
ਦਾ ਝੁਲਦਾ ਰਹੇ ਨਿਸ਼ਾਨ, ਦੋ ਜਹਾਨਾਂ ਮਿਲੇ ਵਡਿਆਈਆ । ਜਿਸ ਦੀ ਮੰਨਦੇ ਰਹੇ ਆਨ, ਚਾਰ ਕੁੰਟ ਸੀਸ ਨਿਵਾਈਆ । ਜਿਸ ਦੇ ਸੁਣਦੇ
ਰਹਿਣ ਫ਼ਰਮਾਨ, ਚਾਰੇ ਖਾਣੀ ਚਾਰੇ ਬਾਣੀ ਰਾਗ ਅਲਾਈਆ । ਜਿਸ ਦਾ ਮਹਲ ਅਟਲ ਉਚ ਮਕਾਨ, ਥਿਰ ਘਰ ਬੈਠਾ ਸੋਭਾ ਪਾਈਆ ।
ਸੋ ਸਾਹਿਬ ਸਵਾਮੀ ਧੁਰ ਦਾ ਹੁਕਮਰਾਨ, ਹੁਕਮ ਦੇਵੇ ਥਾਉਂ ਥਾਈਂਆ । ਨਿਤ ਨਵਿਤ ਜੁਗ ਚੌਕੜੀ ਬਖ਼ਸ਼ੇ ਸਤਿ ਈਮਾਨ, ਦੀਨਾਂ ਵਿਚੋਂ ਦੀਨ
ਇਕ ਦ੍ਰਿੜਾਈਆ । ਧਰਮਾਂ ਵਿਚੋਂ ਧਰਮ ਕਰੇ ਪਰਵਾਨ, ਚਰਨਾਂ ਵਿਚੋਂ ਸਤਿਗੁਰ ਚਰਨ ਦਏ ਸਰਨਾਈਆ । ਸ਼ਬਦਾਂ ਵਿਚੋਂ ਸ਼ਬਦ ਗਿਆਨ,
ਜੋ ਨਿਰਅੱਖਰਾਂ ਅੱਖਰ ਬਣਾਈਆ । ਮੰਦਰਾਂ ਵਿਚੋਂ ਮੰਦਰ ਮਹਾਨ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤਾਂ ਵਿਚੋਂ ਜੋਤ ਨਿਸ਼ਾਨ, ਜੋ ਘਟ ਕਰੇ
ਰੁਸ਼ਨਾਈਆ । ਭਗਤਾਂ ਵਿਚੋਂ ਭਗਤ ਬਲਵਾਨ, ਜਿਸ ਮਿਲਿਆ ਬੇਪਰਵਾਹੀਆ । ਸੰਤਾਂ ਵਿਚੋਂ ਸੰਤ ਮਹਾਨ, ਜਿਸ ਸੋਝੀ ਆਪ ਬੁਝਾਈਆ ।
ਗੁਰਮੁਖਾਂ ਵਿਚੋਂ ਗੁਰਮੁਖ ਵੇਖੇ ਵਿਚ ਜਹਾਨ, ਜਿਸ ਜੀਵਣ ਮਰਨ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਉਚ ਅਗੰਮ, ਬੇਅੰਤ ਖੇਲ ਖਿਲਾਇੰਦਾ । ਜ਼ਿਮੀਂ ਅਸਮਾਨ ਰਹਾਏ ਬਿਨ ਥੰਮ, ਆਦਿ
ਅੰਤ ਭੇਵ ਕਿਸੇ ਨਾ ਆਇੰਦਾ । ਨਿਰਗੁਣ ਹੋ ਕੇ ਸਰਗੁਣ ਕਰਾਂ ਕੰਮ, ਲੱਖ ਚੁਰਾਸੀ ਖੇਲ ਖਿਲਾਇੰਦਾ । ਘਟ ਘਟ ਪਵਣ ਸਵਾਸੀ ਦੇ ਕੇ
ਦਮ, ਸਾਹ ਸਾਹ ਆਪਣੀ ਧਾਰ ਬੰਧਾਇੰਦਾ । ਗੁਰਮੁਖ ਸੰਤ ਸੁਹੇਲੇ ਜਣ ਕੇ ਜਨ, ਜਨ ਜਨਨੀ ਮਾਤ ਵਡਿਆਇੰਦਾ । ਭਾਗ ਲਗਾ ਕੇ ਮਾਟੀ
ਤਨ, ਤੰਦ ਸਤਾਰ ਇਕ ਵਜਾਇੰਦਾ । ਵਸਤ ਅਮੋਲਕ ਦੇ ਕੇ ਧਨ, ਨਾਮ ਖ਼ਜ਼ਾਨਾ ਸਚ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਸੱਜਣ, ਵੈਰੀ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ
ਜੁਗ ਚੌਕੜੀ ਰਹਵਾਂ ਮਗਨ, ਸਤਿ ਸਰੂਪ ਸਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਕਰਾਂ ਅਦਲ, ਅਦਾਲਤ ਇਕੋ ਇਕ ਲਗਾਈਆ ।
ਕੂੜੀ ਰੀਤੀ ਦੇਵਾਂ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਗੁਰਮੁਖ ਚੜ੍ਹਾਵਾਂ ਆਪਣੀ ਮੰਜ਼ਲ, ਪਿਛਲਾ ਪੰਧ ਮੁਕਾਈਆ । ਨਾਮ ਨਿਧਾਨ
ਸੁਣਾਵਾਂ ਗ਼ਜ਼ਲ, ਨਗਮਾ ਇਕੋ ਨਾਦ ਅਲਾਈਆ । ਉਨ੍ਹਾਂ ਨੇੜ ਨਾ ਆਵੇ ਅਜ਼ਲ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਨਾ ਦਏ

ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਮੇਰੀ ਸਚ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਪੀਰ ਪੈਗ਼ੰਬਰ ਮੰਨਦੇ ਗਏ ਅਮਾਮ, ਸਿਰ ਅਮਾਮਾਂ ਨਜ਼ਰੀ ਆਈਆ । ਵਾਸ ਵੇਖਾਂ ਹੱਡ ਮਾਸ ਨਾੜੀ ਚਾਮ, ਨਿਰਗੁਣ ਸਰਗੁਣ ਖੇਲ ਖਿਲਾਈਆ । ਲੱਖ ਚੁਰਾਸੀ ਕਰ ਇੰਤਜ਼ਾਮ, ਹੁਕਮ ਇਕੋ ਇਕ ਦ੍ਰਿੜਾਈਆ । ਧੁਰ ਸੰਦੇਸਾ ਦੇ ਪੈਗ਼ਾਮ, ਪੈਗ਼ੰਬਰਾਂ ਦਿਆਂ ਪੜ੍ਹਾਈਆ । ਸਚ ਨਿਸ਼ਾਨਾ ਵੇਖ ਜ਼ਿਮੀਂ ਅਸਮਾਨ, ਚੌਦਾਂ ਤਬਕਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚ ਮਹਿਬੂਬ, ਮੁਹੱਬਤ ਕਰਨ ਵਾਲਾ ਬੇਪਰਵਾਹੀਆ । ਮੇਰਾ ਈਸਾ ਮੂਸਾ ਮੁਹੰਮਦ ਦੇ ਕੇ ਗਏ ਸਬੂਤ, ਸਾਖਿਆਤ ਦਰਸ਼ਨ ਪਾਈਆ । ਮੇਰਾ ਨਾਤਾ ਪੰਜ ਤਤ ਕਾਇਆ ਕਲਬੂਤ, ਰੂਹ ਬੁੱਤ ਜੋੜ ਜੁੜਾਈਆ । ਮੇਰੀ ਮੰਜ਼ਲ ਇਕ ਮਹਿਦੂਦ, ਮੁਕਾਮੇ ਹੱਕ ਸੋਭਾ ਪਾਈਆ । ਭਾਗ ਲਗਾ ਕੇ ਅਰਸ਼ ਅਰੂਜ, ਸੋਹਣਾ ਧਾਮ ਦਿਆਂ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਰੀ ਬਣਤ ਬਣਾਈਆ । ਸ਼ਬਦ ਗੁਰੂ ਕਹੇ ਮੇਰਾ ਕਲਮਾ ਕਾਇਨਾਤ, ਕਲਮ ਸ਼ਾਹੀ ਅੰਤ ਕੋਇ ਨਾ ਪਾਈਆ । ਮੇਰਾ ਪ੍ਰੇਮ ਪਿਆਲਾ ਆਬੇ ਹਯਾਤ, ਰਸ ਇਕੋ ਇਕ ਵਖਾਈਆ । ਮੇਰਾ ਨੂਰ ਨੁਰਾਨਾ ਮੇਟੇ ਅੰਧੇਰੀ ਰਾਤ, ਚੌਦਸ ਚੰਦ ਇਕ ਚਮਕਾਈਆ । ਮੇਰਾ ਧੁਰ ਦਾ ਅੱਖਰ ਅਲਿਫ਼ ਯੇ ਜਾਣੇ ਨਾ ਕੋਈ ਲੁਗ਼ਾਤ, ਸਮਝ ਸਚ ਨਾ ਕੋਇ ਸਮਝਾਈਆ । ਮੇਰਾ ਮੰਦਰ ਕੋਈ ਕਰ ਨਾ ਸਕੇ ਤਲਾਸ਼, ਖੋਜਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਮਰੀਦਾਂ ਮੁਰਸ਼ਦ ਹੋ ਕੇ ਪੂਰੀ ਕਰਾਂ ਖ਼ਾਹਸ਼, ਖ਼ਸੂਸੀਯਤ ਸਭ ਦੀ ਵੇਖ ਵਖਾਈਆ । ਜੋ ਹਿਰਦੇ ਅੰਦਰ ਆਤਮ ਪਰਮਾਤਮ ਪੜ੍ਹਦੇ ਨਿਮਾਜ਼, ਤਿਨ੍ਹਾਂ ਵੇਲਾ ਵਕਤ ਸੁਹਾਈਆ । ਕਰ ਕਿਰਪਾ ਖੋਲ੍ਹਾਂ ਰਾਜ਼, ਰਿਸ਼ਵਤ ਲੈ ਕਰਾਂ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਚ ਇਸ਼ਾਰਾ, ਬਿਨ ਅੱਖਾਂ ਦਿਆਂ ਸਮਝਾਈਆ । ਆਦਿ ਜੁਗਾਦਿ ਮੇਰਾ ਅਗੰਮ ਨਜ਼ਾਰਾ, ਨਜ਼ਰਾਂ ਵਿਚ ਨਾ ਕੋਇ ਰਖਾਈਆ । ਜੁਗ ਚੌਕੜੀ ਮੇਰਾ ਸਚ ਮੁਜ਼ਾਹਰਾ, ਮੁਸ਼ਤਰੀ ਕਰਾਂ ਥਾਉਂ ਥਾਈਂਆ । ਮੇਰਾ ਹੁਕਮ ਚਲੇ ਜੁਗ ਚਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੱਯਦਾ ਕਰੇ ਗੁਰ ਅਵਤਾਰਾ, ਪੀਰ ਪੈਗ਼ੰਬਰ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰਚਨਾ ਦਿਤੀ ਵਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਨੂਰ ਇਲਾਹੀ, ਨੁਰਾਨਾ ਇਕੋ ਇਕ ਵਖਾਇੰਦਾ । ਮੇਰਾ ਲੇਖਾ ਬੇਪਰਵਾਹੀ, ਬੇਅੰਤ ਧਾਰ ਚਲਾਇੰਦਾ । ਜੁਗ ਚੌਕੜੀ ਵੇਖਾਂ ਚਾਈਂ ਚਾਈਂ, ਨਿਤ ਨਵਿਤ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰਾਂ ਗਿਆ ਸਮਝਾਈ, ਵਾਕ ਭਵਿਖਤ ਇਕ ਦ੍ਰਿੜਾਇੰਦਾ । ਸੰਮਤ ਸੰਮਤੀ ਨਾਲ ਮਿਲਾਈ, ਸਦੀ ਸਦੀਵੀ ਰੰਗ ਰੰਗਾਇੰਦਾ । ਲੇਖ ਲਿਖਾ ਕੇ ਕਲਮ ਸ਼ਾਹੀ, ਕਾਗ਼ਜ਼ ਕਾਇਨਾਤ ਪਰਗਟਾਇੰਦਾ । ਰਸਨਾ ਜਿਹਵਾ ਬੱਤੀ ਦੰਦ ਦਿਓ ਦੁਹਾਈ, ਤੋਬਾ ਤੋਬਾ ਸਰਬ ਸਮਝਾਇੰਦਾ । ਕਲਜੁਗ ਅੰਤ ਪਰਵਰਦਿਗਾਰ ਆਵੇ ਨੂਰ ਖ਼ੁਦਾਈ, ਜਲਵਾਗਰ ਫੇਰਾ ਪਾਇੰਦਾ । ਜਿਸ ਦਾ ਲੇਖਾ ਦੋ ਜਹਾਨ ਸੱਚੀ ਦਰਗਾਹ ਵਸੇ ਚਾਈਂ ਚਾਈਂ, ਮਹੱਲ ਅਟਲ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਉਠਾਇੰਦਾ । ਸ਼ਬਦ ਗੁਰੂ ਕਹੇ ਮੇਰਾ ਧੁਰਦਾ ਪੜਦਾ, ਪਰਦਾਨਸ਼ੀਂ ਇਕ ਅਖਵਾਈਆ । ਜੁਗ ਚੌਕੜੀ ਖੇਲ ਕਰਦਾ,

ਨਿਤ ਨਵਿਤ ਵੇਸ ਵਟਾਈਆ । ਜਿਸ ਵੇਲੇ ਭਗਤ ਜਨ ਕੂੜੀ ਅਗਨ ਵੇਖਾਂ ਸੜਦਾ, ਮਾਇਆ ਮਮਤਾ ਤਤ ਜਲਾਈਆ । ਓਸ ਵੇਲੇ ਕਿਰਪਾ ਆਪਣੀ ਕਰਦਾ, ਅੰਮ੍ਰਿਤ ਮੇਘ ਇਕ ਬਰਸਾਈਆ । ਓਹਲਾ ਲਾਹ ਕੇ ਘਰ ਵਿਚ ਘਰ ਦਾ, ਗ੍ਰਹਿ ਮੰਦਰ ਦਿਆਂ ਵਖਾਈਆ । ਜਿਸ ਦਵਾਰੇ ਸਤਿਗੁਰ ਵੜਦਾ, ਤਿਸ ਬੰਕ ਵੱਜੇ ਵਧਾਈਆ । ਜਿਸ ਪੌੜੇ ਚਰਨ ਧਰਦਾ, ਆਪਣਾ ਕਦਮ ਉਠਾਈਆ । ਓਥੇ ਨੂਰ ਅਗੰਮੀ ਕਰਦਾ, ਦੀਵਾ ਬਾਤੀ ਨਾ ਕੋਇ ਜਗਾਈਆ । ਅੰਮ੍ਰਿਤ ਝਿਰਨਾ ਆਪੇ ਝਿਰਦਾ, ਨਾਭੀ ਕਵਲ ਮੁਖ ਭਵਾਈਆ । ਮੇਲਾ ਹੋਏ ਸਾਚੇ ਪਿਰ ਦਾ, ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਰਸ ਮਾਣੇ ਘਰ ਥਿਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਸਚ ਝਕੋਲਾ, ਪਵਣ ਉਣੰਜਾ ਸਾਰ ਨਾ ਪਾਈਆ । ਜਨ ਭਗਤਾਂ ਚੁਕਾਏ ਪਿਛਲਾ ਓਹਲਾ, ਸਨਮੁਖ ਸਾਖਿਆਤ ਦਿਆਂ ਵਖਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਤਮ ਪਰਮਾਤਮ ਬੋਲਣ ਢੋਲਾ, ਸੋਹੰ ਰਾਗ ਅਲਾਈਆ । ਓਸੇ ਵੇਲੇ ਅੰਦਰ ਵੜ ਕੇ ਬਣਾਂ ਵਿਚੋਲਾ, ਸੌਹਰੇ ਪੇਈਏ ਮੇਲ ਮਿਲਾਈਆ । ਮਨ ਵਾਸਨਾ ਰਹੇ ਨਾ ਰੌਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦਏ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਮਾਰਗ ਸਿੱਧਾ, ਸਹਿਜ ਸਹਿਜ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਨਿੱਘਾ, ਸਰਦੀ ਗਰਮੀ ਦੋਹਾਂ ਵਿਚ ਕਦੀ ਨਾ ਆਈਆ । ਓਥੇ ਲੇਖਾ ਨਹੀਂ ਕੋਈ ਨੌਂ ਨਿਧਾ, ਅਠਾਰਾਂ ਸਿਧਾਂ ਚਲੇ ਨਾ ਕੋਇ ਚਤੁਰਾਈਆ । ਜੋ ਗੁਰਮੁਖ ਚਰਨ ਪ੍ਰੀਤੀ ਅੰਦਰ ਭਿੱਜਾ, ਤਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਬਦ ਗੁਰੂ ਕਹੇ ਮੈਂ ਕਰਾਂ ਸਵਾਗਤ, ਜਨ ਭਗਤਾਂ ਵੇਖ ਵਖਾਈਆ । ਸੰਤ ਉਭਾਰਨਾ ਮੇਰੀ ਆਦਤ, ਪਿਛਲੀ ਰੀਤੀ ਸੰਗ ਰਖਾਈਆ । ਨਾਮ ਜਪੌਣਾ ਆਪਣੀ ਇਬਾਦਤ, ਦੂਜੀ ਕਰਾਂ ਨਾ ਕੋਇ ਪੜ੍ਹਾਈਆ । ਧਰਮ ਦਵਾਰਾ ਵਖੌਣਾ ਇਕ ਅਦਾਲਤ, ਜਿਸ ਘਰ ਬੈਠਾ ਹਰਿ ਰਘੁਰਾਈਆ । ਓਥੇ ਏਕਾ ਦੂਆ ਕੋਈ ਨਾ ਕਰੇ ਅਦਾਵਤ, ਝਗੜਾ ਦਿਸੇ ਨਾ ਕੋਇ ਲੋਕਾਈਆ । ਮਨ ਵਾਸਨਾ ਨਾ ਕੋਈ ਬਗ਼ਾਵਤ, ਸਤਿ ਸਤਿਵਾਦੀ ਚਲੇ ਨਾ ਕੋਇ ਚਤੁਰਾਈਆ । ਗੁਰਮੁਖ ਗੁਰਸਿਖ ਨਜ਼ਰੀ ਆਏ ਸਹੀ ਸਲਾਮਤ, ਚਿੰਤਾ ਰੋਗ ਸੋਗ ਨਾ ਕੋਇ ਜਣਾਈਆ । ਕਾਇਆ ਅੰਦਰੋਂ ਆਪਣੀ ਆਤਮ ਲੱਭੇ ਅਮਾਨਤ, ਪਰਮਾਤਮ ਵੇਖ ਵਖਾਈਆ । ਬਰੀ ਕਰਾ ਕੇ ਕਾਇਆ ਚੋਲੇ ਵਿਚੋਂ ਦੇ ਜ਼ਮਾਨਤ, ਜ਼ਿਮਨੀ ਇਕੋ ਵਾਰ ਭਰਾਈਆ । ਬੇਸ਼ਕ ਗੁਰਸਿਖ ਸਿੱਖ ਬਾਲ ਅੰਵਾਣਤ, ਵੇਖਣਹਾਰਾ ਵੱਡਾ, ਵੱਡੀ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਦਏ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਚਾ ਸਾਕ, ਸਾਕੀ ਹੋ ਕੇ ਜਾਮ ਪਿਆਈਆ । ਗੁਰਮੁਖਾਂ ਖੋਲ੍ਹਾਂ ਅੰਦਰੋਂ ਤਾਕ, ਤਰਾ ਤਰਾ ਪੜਦਾ ਲਾਹੀਆ । ਪਿਛਲਾ ਲੇਖਾ ਕਰ ਬੇਬਾਕ, ਅਗਲਾ ਖਾਤਾ ਦਿਆਂ ਖੁਲ੍ਹਾਈਆ । ਰਾਏ ਧਰਮ ਨਾ ਮੰਗੇ ਕੋਈ ਹਿਸਾਬ, ਚਿਤ੍ਰਗੁਪਤ ਨੇੜ ਨਾ ਆਈਆ । ਸ਼ਬਦ ਅਗੰਮੀ ਮਾਰ ਆਵਾਜ਼, ਹਰਿਜਨ ਲਵਾਂ ਜਗਾਈਆ । ਜੋ ਪੂਰਬ ਜਨਮ ਹੋਏ ਗਏ ਨਾਰਾਜ਼, ਕਲਜੁਗ ਅੰਤਮ ਲਵਾਂ ਮਨਾਈਆ । ਪ੍ਰੇਮ ਪਿਆਰ ਦੀ ਬਖ਼ਸ਼ ਕੇ ਦਾਤ, ਨਾਤਾ ਚਰਨਾਂ ਨਾਲ ਜੁੜਾਈਆ । ਸਾਚੇ ਬੇੜੇ ਚਾੜ੍ਹ ਜਹਾਜ਼, ਚੱਪੂ ਧੁਰ ਦਾ ਨਾਮ ਲਗਾਈਆ । ਜੋ ਬੇਮੁਖ ਹੋ ਕੇ ਗਏ ਭਾਗ, ਤਿਨ੍ਹਾਂ ਭਾਗਾਂ ਨਾਲ ਜਨਮ ਜਨਮ ਦੇ ਲੇਖੇ ਨਾਲ

ਮਿਲਾਈਆ । ਜਿਨ੍ਹਾਂ ਸਰਵਣ ਸੁਣ ਲਈ ਸੋਹੰ ਆਵਾਜ਼, ਤਿਨ੍ਹਾਂ ਜਨਮ ਮਰਨ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਲਵਾਂ ਲੱਭ, ਖੋਜੀਆਂ ਵਿਚੋਂ ਖੋਜੀ ਵੱਡਾ ਇਕ ਅਖਵਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਅੰਤਰ ਵੇਖਾਂ ਭੱਜ ਭੱਜ, ਦੂਰ ਦੁਰਾਡਾ ਨੇਰਨ ਨੇਰਾ ਪੰਧ ਮੁਕਾਈਆ । ਜੋ ਪ੍ਰੇਮ ਪ੍ਰੀਤੀ ਆਤਮ ਰੀਤੀ ਧੁਰ ਦਾ ਨਾਤਾ ਗਏ ਛੱਡ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਕਰ ਅੰਦਰ ਵੜ ਤਿਨ੍ਹਾਂ ਗੁਰਮੁਖਾਂ ਕਰਾਵਾਂ ਸਾਚਾ ਹੱਜ, ਹਾਜਤ ਮਨਸਾ ਇਕੋ ਵਾਰ ਪੂਰ ਕਰਾਈਆ । ਜੋ ਕਲਜੁਗ ਜੀਵ ਬਗੜੇ ਬਧ, ਫੜ ਹੰਸ ਰੂਪ ਵਟਾਈਆ । ਸਤਿਗੁਰ ਦਵਾਰਾ ਕਾਗਾਂ ਦਾ ਨਹੀਂ ਸਥ, ਸਥਰ ਯਾਰੜਾ ਇਕ ਵਖਾਈਆ । ਜਨ ਭਗਤਾਂ ਖੋਲ੍ਹ ਕੇ ਆਪਣੀ ਅੱਖ, ਆਖਰ ਆਪਣਾ ਘਰ ਦਰਸਾਈਆ । ਦਿਵਸ ਰੈਣ ਗਾਵਣ ਜਸ, ਰਸਨਾ ਜਿਹਵਾ ਬੱਤੀ ਦੰਦ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਪੰਜ ਤਤ ਪਤ ਲਏ ਰੱਖ, ਰੱਖਿਆ ਕਰੇ ਹਰਿ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿਖਿਆ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੇਰੀ ਧੁਰ ਦੀ ਸਿਖਿਆ, ਚਾਰ ਵਰਨਾਂ ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਪੜ੍ਹਾਈਆ । ਸ੍ਰਿਸ਼ਟ ਸਬਾਈ ਜਾਣੇ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਵਾਕ ਭਵਿਖਤ ਲਿਖਿਆ, ਤਿਸ ਦਾ ਲੇਖਾ ਜਾਣੇ ਬੇਪਰਵਾਹੀਆ । ਜਨ ਭਗਤਾਂ ਪੂਰੀ ਕਰੇ ਇਛਿਆ, ਆਸਾਵੰਤ ਫੇਰਾ ਪਾਈਆ । ਜਗਤ ਨੇਤਰ ਕਿਸੇ ਨਾ ਦਿਸਿਆ, ਗੁਰਮੁਖ ਨੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਿਨਾਸ਼ੀ ਅਚੁਤਿਆ, ਚੇਤਨ ਕਰ ਕੇ ਹਰਿਜਨ ਰਿਹਾ ਜਗਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਾਵਾਂ ਚੇਤਾ, ਚਿਤ ਵਿਤ ਠਗੌਰੀ ਰਹਿਣ ਨਾ ਪਾਈਆ । ਮਾਤ ਗਰਭ ਦਾ ਪਿਛਲਾ ਲੇਖਾ, ਨੌਂ ਅਠਾਰਾਂ ਅਗਨੀ ਤਤ ਤਪਾਈਆ । ਕਰੀ ਬੇਨੰਤੀ ਪ੍ਰਭ ਹੋਏ ਸਚ ਨਰੇਸ਼ਾ, ਅੰਤਰ ਧਿਆਨ ਲਗਾਈਆ । ਮੈਂ ਤੇਰੀ ਸੇਵਾ ਕਰਾਂ ਹਮੇਸ਼ਾ, ਜੀਵਣ ਜੁਗਤ ਨਾ ਕੋਇ ਵਡਿਆਈਆ । ਸਾਚਾ ਚਵਰ ਕਰਾਂ ਨਾਲ ਕੇਸਾਂ, ਧੂੜੀ ਟਿੱਕਾ ਮਸਤਕ ਲਾਈਆ । ਜਨ ਭਗਤਾਂ ਮਿਲਣ ਦਾ ਦੱਸ ਪੇਸ਼ਾ, ਪੇਸ਼ੀਨਗੋਈ ਇਕ ਸੁਣਾਈਆ । ਮੈਂ ਪਰਮ ਪੁਰਖ ਪ੍ਰਭ ਤੇਰਾ ਬਣਾਂ ਬੇਟਾ, ਦੂਜੀ ਵੇਰਾਂ ਮੈਨੂੰ ਜਨਮੇ ਕੋਈ ਨਾ ਮਾਈਆ । ਤੂੰ ਮੇਰਾ ਖੇਵਟ ਖੇਟਾ, ਬੇੜਾ ਪਾਰ ਦੇਣਾ ਕਰਾਈਆ । ਏਥੇ ਓਥੇ ਮੰਗੇ ਕੋਈ ਨਾ ਲੇਖਾ, ਫੜ ਫੜ ਦਏ ਨਾ ਕੋਇ ਸਜ਼ਾਈਆ । ਮੈਂ ਮੰਨਿਆ ਇਕੋ ਨੇਤਾ, ਨਰ ਨਰਾਇਣ ਨੂਰ ਖ਼ੁਦਾਈਆ । ਜਿਸ ਦੇ ਹੁਕਮੇ ਅੰਦਰ ਬ੍ਰਹਮਾ ਵਿਸ਼ਨ ਮਹੇਸ਼ਾ, ਮਹਿਖਾਸੁਰ ਵਰਗੇ ਬੈਠੇ ਮਾਣ ਗਵਾਈਆ । ਅੰਤਰ ਆਪਣਾ ਆਪ ਕਰ ਕੇ ਭੇਟਾ, ਜਿਸ ਦੀ ਵਸਤ ਓਸੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੀ ਗੋਦ ਸੁਹਾਈਆ । ਸਤਿਗੁਰ ਸ਼ਬਦ ਕਹੇ ਸੁਣ ਭਗਤ ਮੀਤ, ਸੰਤ ਜਨ ਸਮਝਾਈਆ । ਗੁਰਮੁਖ ਤੇਰੀ ਅਚਰਜ ਰੀਤ, ਗੁਰਸਿਖ ਵੇਖ ਰੰਗ ਰੰਗਾਈਆ । ਪਰਮ ਪੁਰਖ ਸਾਚੀ ਪ੍ਰੀਤ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਢੋਲਾ ਗੀਤ, ਨਿਤ ਨਵਿਤ ਕਰੇ ਪੜ੍ਹਾਈਆ । ਸਤਿ ਸਤਿਵਾਦੀ ਰੱਖਣਾ ਸਦਾ ਚੀਤ, ਵਿਸਰ ਕਦੇ ਨਾ ਜਾਈਆ । ਸੋ ਠਾਕਰ ਸਾਹਿਬ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਗੁਰਮੁਖਾਂ ਝੋਲੀ ਪਾਈਆ । ਕਾਇਆ ਮਾਟੀ ਕਰੇ ਠੰਡੀ ਸੀਤ, ਅਗਨੀ ਤਤ ਬੁਝਾਈਆ । ਗੁਰਮੁਖ ਜੀਂਵਦਿਆ ਜਗ ਜਾਣਾ ਜੀਤ, ਮਰਿਆਂ ਫੇਰ ਮਾਤਲੋਕ

ਨਾ ਆਈਆ । ਸਚ ਘਰ ਸਾਚੀ ਲੱਗੀ ਇਕ ਪ੍ਰੀਤ, ਪ੍ਰੀਤਮ ਅੰਤਮ ਤੋੜ ਨਿਭਾਈਆ । ਦਰਸ ਵਖਾਏ ਘਰ ਆ ਨਜ਼ਦੀਕ, ਪਾਂਧੀ ਬਣ ਕੇ ਫੇਰਾ ਪਾਈਆ । ਓਸੇ ਵਿਚ ਇਕ ਤੌਫ਼ੀਕ, ਜਿਸ ਦਾ ਰੂਪ ਨੂਰ ਖ਼ੁਦਾਈਆ । ਉਹ ਕਦੇ ਨਾ ਬਣੇ ਕਿਸੇ ਦਾ ਸ਼ਰੀਕ, ਸ਼ਰਕਤ ਵਿਚ ਕਦੇ ਨਾ ਆਈਆ । ਭਗਤਾਂ ਸੰਤਾਂ ਸੂਫ਼ੀਆਂ ਸਚ ਨਾਮ ਦੀ ਪਾਵੇ ਭੀਖ, ਭਿਛਿਆ ਦੇ ਕੇ ਖ਼ੁਸ਼ੀ ਮਨਾਈਆ । ਆਪ ਆਦਿ ਅੰਤ ਸਚਖੰਡ ਦਵਾਰੇ ਬੈਠਾ ਰਹੇ ਅਤੀਤ, ਹਰਿਜਨ ਆਪਣੇ ਚਰਨ ਕਵਲ ਲਏ ਬਹਾਈਆ ।


੬੭ ੧੨

## ✪ ੨੫ ਜੇਠ ੨੦੨੧ ਬਿਕ੍ਰਮੀ ਸੁੰਦਰ ਸਿੰਘ ਕੀਰ ਪਿੰਡ ਸੇਵਾ ਸਿੰਘ ਮਘੋ ਵਾਲੀ ✪

ਸਤਿਗੁਰ ਸ਼ਬਦ ਕਹੇ ਮੈਂ ਟੁੱਟੀ ਗੰਢੀ, ਵਿਛੜੀ ਆਤਮ ਪਰਮਾਤਮ ਰਿਹਾ ਮਿਲਾਈਆ । ਸਾਚੀ ਪਵਣ ਅਗੰਮੀ ਦੇਵਾਂ ਠੰਡੀ, ਪ੍ਰੇਮ ਹੁਲਾਰਾ ਇਕ ਲਗਾਈਆ । ਸਾਚੀ ਡੋਰ ਖਿੱਚ ਕੇ ਤੰਦੀ, ਤਨ ਸਤਾਰ ਰਬਾਬ ਦਿਆਂ ਵਜਾਈਆ । ਵਿਚੋਂ ਕੱਢ ਵਾਸਨਾ ਗੰਦੀ, ਕੂੜੀ ਕਿਰਿਆ ਪਾਰ ਕਰਾਈਆ । ਨਾਮ ਨਿਧਾਨ ਬਖ਼ਸ਼ ਸੁਗੰਧੀ, ਸੋਹਣੀ ਮਹਿਕ ਮਹਿਕਾਈਆ । ਲੇਖ ਚੁਕਾ ਜਗਤ ਨੌ ਖੰਡੀ, ਬ੍ਰਹਿਮੰਡੀ ਪੰਧ ਮੁਕਾਈਆ । ਸੱਚਾ ਮਾਰਗ ਧੁਰ ਦੀ ਡੰਡੀ, ਰਹਿਬਰ ਹੋ ਕੇ ਦਿਆਂ ਸਮਝਾਈਆ । ਜਿਸ ਦਾ ਲੇਖਾ ਸਾਗਰ ਡੂੰਘੇ ਜਗਤ ਧਾਰਾ ਕੰਢੀ, ਮੰਝਧਾਰ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਭੇਖੀ ਭੇਖ ਕਰੇ ਪਖੰਡੀ, ਚਾਰੋਂ ਕੁੰਟ ਵੇਸਵਾ ਰੂਪ ਵਟਾਈਆ । ਫੜ ਫੜ ਪਾਏ ਖਾਨਾ ਬੰਦੀ, ਬੰਦਾ ਬੰਦਗੀ ਵਿਚ ਨਜ਼ਰ ਕੋਇ ਨਾ ਆਈਆ । ਨੇਤਰਹੀਣ ਸ੍ਰਿਸ਼ਟੀ ਅੰਧੀ, ਅੰਧਕਾਰ ਨਾ ਕੋਇ ਚੁਕਾਈਆ । ਤਨ ਕਾਇਆ ਮਾਟੀ ਪੋਚ ਕੇ ਬਣਦੀ ਚੰਗੀ, ਅੰਤਰ ਮੈਲ ਦੁਰਮਤ ਧੋ ਨਾ ਸਾਫ਼ ਕਰਾਈਆ । ਬਾਹਰੋਂ ਪੱਟੀ ਵੌਂਹਦੀ ਕੰਘੀ, ਅੰਦਰ ਮੀਂਢੀ ਸਚ ਨਾ ਕੋਇ ਗੁੰਦਾਈਆ । ਬਾਹਰੋਂ ਲਾਲ ਗੁਲਾਲ ਮਹਿੰਦੀ ਰੰਗ ਰੰਗੀ, ਅੰਤਰ ਪ੍ਰੇਮ ਰੰਗਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਓਟ, ਇਕ ਅਕਾਲ ਜਣਾਈਆ । ਜਿਸ ਦਾ ਨਾਮ ਸਚ ਨਗਾਰੇ ਲਾਏ ਚੋਟ, ਧੁਰ ਦੀ ਸੇਵ ਕਮਾਈਆ । ਓਥੇ ਪਿਛਲੀ ਭੁੱਲੇ ਸੋਚ, ਅੱਗੇ ਚਲੇ ਨਾ ਕੋਇ ਚਤੁਰਾਈਆ । ਮਨ ਮਨਸਾ ਹੋਏ ਖ਼ਾਮੋਸ਼, ਮਤ ਮਤਵਾਲੀ ਨਾ ਕੋਇ ਕੁਰਲਾਈਆ । ਢੋਲਾ ਨਿਕਲੇ ਇਕ ਸਲੋਕ, ਸੋਹੰ ਸਚ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨ ਕਰਾਵਣਹਾਰ ਦਇਆ ਕਮਾਈਆ । ਸ਼ਬਦ ਸਤਿਗੁਰ ਕਹੇ ਮੇਰੀ ਸਚ ਜਵਾਨੀ, ਬਿਰਧ ਬਾਲ ਨਾ ਰੂਪ ਵਟਾਈਆ । ਮੇਰਾ ਖੇਲ ਆਦਿ ਸ਼ਕਤ ਨੂਰ ਨੁਰਾਨੀ, ਦੁਰਗਾ ਅਸ਼ਟਭੁਜ ਸਰਬ ਸਮਝਾਈਆ । ਚਤਰਭੁਜ ਮੇਰੀ ਮਰਦਾਨੀ, ਮਰਦਾਂ ਵਿਚੋਂ ਮਰਦ ਬੇਪਰਵਾਹੀਆ । ਵਿਸ਼ਵ ਵਿਚੋਂ ਵਿਸ਼ਨੂੰ ਇਕ ਨਿਸ਼ਾਨੀ, ਵਾਸਤਾ ਸਭ ਦੇ ਨਾਲ ਜੁੜਾਈਆ । ਪਾਰਬ੍ਰਹਮ ਵਿਚੋਂ ਬ੍ਰਹਮ ਖੇਲ ਮਹਾਨੀ, ਪਤਿਪਰਮੇਸ਼ਵਰ ਰਿਹਾ ਕਰਾਈਆ । ਸ਼ੰਕਰ ਵਿਚੋਂ ਦਿਸੇ ਖੇਲ ਆਸਾਨੀ, ਅਗਲਾ ਪੰਧ ਮੁਕਾਈਆ । ਗੁਰੂਆਂ ਵਿਚੋਂ ਗੁਰ ਸ਼ਬਦ ਸੱਚੀ ਬਾਣੀ, ਅਣਿਆਲਾ ਤੀਰ ਲਗਾਈਆ । ਅਵਤਾਰਾਂ ਵਿਚੋਂ ਅਵਤਾਰ ਸ੍ਰੀ ਭਗਵਾਨੀ, ਭਗਵਨ

ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਬੇਪਰਵਾਹੀ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਭਰਤਾ, ਵਡਭਾਗੀ ਨਜ਼ਰੀ ਆਈਆ । ਜੁਗ ਚੌਕੜੀ ਸਭ ਕਿਛ ਕਰਦਾ, ਕਰਨਹਾਰ ਅਖਵਾਈਆ । ਨਿਰਭੌ ਹੋ ਕਦੇ ਨਾ ਡਰਦਾ, ਭੈ ਸਰਬ ਰਿਹਾ ਜਣਾਈਆ । ਨਾ ਜੀਂਦਾ ਨਾ ਕਦੇ ਮਰਦਾ, ਜਨਮ ਮਰਨ ਨਾ ਕੋਇ ਰਖਾਈਆ । ਨਾ ਡੁੱਬਦਾ ਨਾ ਕਦੇ ਤਰਦਾ, ਤਾਰਨਹਾਰ ਬੇਪਰਵਾਹੀਆ । ਮੰਦਰ ਅੰਦਰ ਕਦੇ ਕਿਸੇ ਨਾ ਵੜਦਾ, ਚਾਰ ਦੀਵਾਰੀ ਬੰਦ ਨਾ ਕੋਇ ਕਰਾਈਆ । ਸ਼ੌਹ ਦਰਿਆ ਕਦੇ ਨਾ ਹੜ੍ਹਦਾ, ਝੂਠੇ ਵਹਿਣ ਨਾ ਕੋਇ ਵਹਾਈਆ । ਅਗਨੀ ਅੱਗ ਕਦੇ ਨਾ ਸੜਦਾ, ਗੋਰ ਵਿਚ ਨਾ ਕੋਇ ਦਬਾਈਆ । ਕੂੜੀ ਕਿਰਿਆ ਕਦੇ ਨਾ ਵਰਦਾ, ਨਾਰ ਦੁਹਾਗਣ ਨਾ ਕੋਇ ਹੰਢਾਈਆ । ਮਾਇਆ ਸੇਜ ਕਦੇ ਨਾ ਚੜ੍ਹਦਾ, ਮਮਤਾ ਅੰਗੀਕਾਰ ਨਾ ਕੋਇ ਕਰਾਈਆ । ਝੂਠ ਦਵਾਰੇ ਕਦੇ ਨਾ ਖੜਦਾ, ਆਪ ਆਪਣਾ ਮੁਖ ਭਵਾਈਆ । ਜਿਸ ਗ੍ਰਿਹਿ ਗੁਰਮੁਖ ਸੋਹੰ ਢੋਲਾ ਪੜ੍ਹਦਾ, ਤਿਸ ਮੰਦਰ ਵੇਖਾਂ ਚਾਈਂ ਚਾਈਆ । ਕੀਤਾ ਕੌਲ ਬਚਨ ਨਾ ਹਰਦਾ, ਹਿਰਦੇ ਵਸ ਵਸ ਖ਼ੁਸ਼ੀ ਵਖਾਈਆ । ਸਚ ਪ੍ਰੇਮੀ ਬਣ ਕੇ ਬਰਦਾ, ਬੰਦੀਖ਼ਾਨਾ ਦਿਆਂ ਤੁੜਾਈਆ । ਲੇਖਾ ਜਾਣਾਂ ਚੋਟੀ ਜੜ੍ਹ ਦਾ, ਚੇਤਨ ਲੇਖਾ ਬੇਪਰਵਾਹੀਆ । ਜਿਸ ਵੇਲੇ ਜਨ ਭਗਤ ਵੇਖਾਂ ਕੂੜੀ ਮਾਇਆ ਸੜਦਾ, ਅੰਮ੍ਰਿਤ ਮੇਘ ਦਿਆਂ ਬਰਸਾਈਆ । ਲੱਖ ਚੁਰਾਸੀ ਕੋਲੋਂ ਰੱਖ ਕੇ ਪੜਦਾ, ਕਾਇਆ ਚੋਲੇ ਵਿਚ ਮੇਲ ਮਿਲਾਈਆ । ਲੇਖ ਚੁਕਾ ਕੇ ਮਜ਼੍ਹਬ ਸ਼ਰਅ ਦਾ, ਸ਼ਰੀਅਤ ਵਿਚੋਂ ਬਾਹਰ ਕਢਾਈਆ । ਰੂਪ ਬਣਾ ਕੇ ਸਾਚੇ ਨਰ ਦਾ, ਨਰ ਨਰਾਇਣ ਦਿਆਂ ਵਖਾਈਆ । ਜੋ ਮਾਰਗ ਪਾਂਧੀ ਬਣ ਕੇ ਚਲਦਾ, ਤਿਸ ਅਗਲਾ ਪੰਧ ਮੁਕਾਈਆ । ਸ਼ਬਦ ਸੰਦੇਸਾ ਇਕੋ ਘਲਦਾ, ਕੀਤੀ ਘਾਲ ਲੇਖੇ ਲਾਈਆ । ਇਸ਼ਾਰਾ ਦੱਸਾਂ ਪ੍ਰਭ ਦੇ ਮਿਲਣ ਦਾ, ਮੇਲ ਮਿਲਾਵਾਂ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਸ਼ਬਦ ਗੁਰੂ ਕਹੇ ਮੈਂ ਦੱਸਾਂ ਸਚ ਡੰਡੌਤ, ਡੰਡਾਵਤ ਇਕ ਦ੍ਰਿੜਾਈਆ । ਜਿਸ ਦੀ ਗੁਰ ਅਵਤਾਰ ਕਰਨ ਮਨੌਤ, ਸੋ ਮੁਹੱਬਤ ਕਰਨੇ ਵਾਲਾ ਦਿਆਂ ਮਿਲਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਦੇ ਖੋਜ, ਸੋ ਖੋਜੀ ਕਰਤਾ ਘਰ ਘਰ ਦਿਆਂ ਵਖਾਈਆ । ਜਿਸ ਦਾ ਪ੍ਰੇਮ ਪਿਆਰ ਕਰਨਾ ਚੋਜ, ਸੋ ਚੋਜੀ ਪ੍ਰੀਤਮ ਹਰਿਜਨ ਸੋਏ ਲਏ ਉਠਾਈਆ । ਮੈਂ ਉਸ ਦੇ ਨਾਲ ਮਿਲਾਵਾਂ ਰੋਜ਼, ਜੋ ਬਿਨਾ ਰੋਜ਼ਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਰੰਗ ਵਖਾਈਆ । ਸ਼ਬਦ ਗੁਰੂ ਕਹੇ ਸਚ ਸਿਖੋ ਮਤ, ਮਤਾ ਸਤਿਗੁਰ ਨਾਲ ਪਕਾਈਆ । ਕੂੜ ਕੁੜਿਆਰ ਮਿਟੇ ਤਤ, ਅਗਨੀ ਅੱਗ ਨਾ ਕੋਇ ਜਲਾਈਆ । ਆਤਮ ਪਰਮਾਤਮ ਗਾਵੇ ਜਸ, ਸਾਚੀ ਸਿਫ਼ਤ ਸਾਲਾਹੀਆ । ਪ੍ਰਭ ਅਬਿਨਾਸ਼ੀ ਚਰਨੀ ਢੱਠ, ਪਿਛਲੀ ਭੁੱਲ ਲਓ ਬਖ਼ਸ਼ਾਈਆ । ਸਚ ਪ੍ਰੀਤੀ ਬੰਧਾ ਕੇ ਨੱਤ, ਬਿਧਾਤਾ ਲਓ ਮਨਾਈਆ । ਓਸ ਦੇ ਮਿਲਣ ਦੀ ਖੋਲ੍ਹ ਕੇ ਅੱਖ, ਪੜਦਾ ਓਹਲਾ ਲਓ ਉਠਾਈਆ । ਸਚ ਦਵਾਰਿਉਂ ਪਏ ਲੱਭ, ਬਾਹਰ ਖੋਜਣ ਕੋਇ ਨਾ ਜਾਈਆ । ਜਨ ਭਗਤਾਂ ਮੁੱਕੇ ਅਗਲੀ ਹੱਦ, ਹੱਜ ਸਾਚਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਬੜਾ ਦਲੇਰ, ਹੌਸਲੇ ਵਾਲਾ ਨਜ਼ਰੀ ਆਈਆ । ਜੁਗ ਚੌਕੜੀ ਪਿਛੋਂ ਪਿਛਲੇ ਵਿਛੜੇ ਲਿਆਵਾਂ ਘੇਰ, ਘੇਰਾ ਆਪਣਾ ਇਕ ਰਖਾਈਆ । ਜਨਮ ਕਰਮ ਦਾ ਕੱਟਕੇ ਗੇੜ, ਗੇੜਾ

ਗੇੜੇ ਵਿਚੋਂ ਭਵਾਈਆ । ਮੁਹੱਬਤ ਅੰਦਰ ਕਰ ਕੇ ਮਿਹਰ, ਮਿਹਰ ਅੰਦਰ ਮਹਿਬੂਬ ਦਿਆਂ ਮਿਲਾਈਆ । ਜਿਸ ਮਿਹਰਵਾਨ ਨੂੰ ਆਦਿ ਜੁਗਾਦਿ ਸਾਰੇ ਕਹਿੰਦੇ ਸ਼ੇਰ, ਸ਼ੇਰ ਸ਼ਹਿਨਸ਼ਾਹ ਰੂਪ ਵਟਾਈਆ । ਉਸ ਦਾ ਲੇਖਾ ਸਦਾ ਬਿਨ ਜ਼ਬਰ ਜ਼ੇਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਕਰ ਕਰ ਹੇਰ ਫੇਰ, ਭਰਮੀ ਭਰਮਾਂ ਵਿਚ ਭੁਲਾਈਆ । ਗੁਰਮੁਖ ਗੁਰਸਿਖ ਸ਼ਬਦ ਦੁਸ਼ਾਲੇ ਲਏ ਲਪੇਟ, ਸਾਚਾ ਓਢਨ ਇਕੋ ਉਪਰ ਪਾਈਆ । ਦੋ ਜਹਾਨਾਂ ਬਣ ਕੇ ਖੇਵਟ ਖੇਟ, ਬੇੜਾ ਪਾਰ ਕਿਨਾਰੇ ਦਏ ਲਗਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੱਚਾ ਸੁੱਚਾ ਹੋਇਆ ਨੇਕ, ਜਿਸ ਦੀ ਨੇਕੀ ਬਦੀਆਂ ਵਿਚੋਂ ਬਾਹਰ ਨਜ਼ਰੀ ਆਈਆ । ਬੰਦਗੀ ਬੰਦਾ ਕਰਕੇ ਬਣੇ ਬਿਬੇਕ, ਬੰਦਗੀ ਉਹ ਜੋ ਬੰਦਨਾ ਪ੍ਰਭੂ ਸਿਖਾਈਆ । ਜਿਨ੍ਹਾਂ ਸਾਹਿਬ ਸਤਿਗੁਰ ਉਪਰ ਰੱਖੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਸੋ ਸਚ ਦਵਾਰੇ ਖ਼ੁਸ਼ੀਆਂ ਅੰਦਰ ਅੰਤਮ ਲੈਣ ਖੇਡ, ਜਗਤ ਖੇਲ ਪਿਛਲੀ ਪਿਛੇ ਦੇਣ ਤਜਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਅਬਿਨਾਸ਼ੀ ਕਰਤਾ ਸੰਤ ਸੁਹੇਲੇ ਹੌਲੀ ਹੌਲੀ ਸਚ ਦਵਾਰੇ ਰਿਹਾ ਭੇਜ, ਜਿਥੇ ਭਜਨ ਬੰਦਗੀ ਇਕੋ ਨਜ਼ਰੀ ਆਈਆ । ਨਿਗਾਹਬਾਨ ਹੋ ਕੇ ਆਪ ਰਿਹਾ ਵੇਖ, ਦੂਜੇ ਹੱਥ ਡੋਰ ਨਾ ਕਿਸੇ ਫੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਹੇਤ, ਹਿਤਕਾਰੀ ਹੋ ਕੇ ਹੱਤਿਆ ਤੋਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗ ਰਤਿਆਂ ਵਿਚੋਂ ਰੰਗ ਆਪਣਾ ਨਾਮ ਚੜ੍ਹਾਈਆ ।



## ੨੫ ਜੇਠ ੨੦੨੧ ਬਿਕ੍ਰਮੀ ਪਰਕਾਸ਼ ਚੰਦ ਮਘੋ ਵਾਲੀ ਭਗਤ ਸਿੰਘ ਕੀਰ ਪਿੰਡ

ਸਤਿਗੁਰ ਸ਼ਬਦ ਕਹੇ ਮੈਂ ਸਦਾ ਇਕੱਲਾ, ਆਦਿ ਜੁਗਾਦਿ ਜੁਗ ਚੌਕੜੀ ਖੇਲ ਖਿਲਾਇੰਦਾ । ਉਚ ਅਗੰਮ ਅਥਾਹ ਮੇਰਾ ਮਹੱਲਾ, ਨਿਰਗੁਣ ਹੋ ਕੇ ਸਚ ਸਿੰਘਾਸਣ ਆਸਣ ਲਾਇੰਦਾ । ਥਿਰ ਘਰ ਸਾਚਾ ਇਕੋ ਮੱਲਾ, ਛੱਪਰ ਛੰਨ ਚਾਰ ਦੀਵਾਰ ਬਣਤ ਨਾ ਕੋਇ ਬਣਾਇੰਦਾ । ਪੁਰਖ ਅਕਾਲ ਦੀਨ ਦਿਆਲ ਫੜਾਇਆ ਪੱਲਾ, ਪੱਲੂ ਆਪਣੇ ਨਾਲ ਰਖਾਇੰਦਾ । ਸਤਿ ਸਤਿਵਾਦੀ ਸਾਚਾ ਦੇ ਤਸੱਲਾ, ਸਿਰ ਮੇਰੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਏਕੋ ਏਕ, ਏਕੰਕਾਰ ਬਣਤ ਬਣਾਈਆ । ਸਚ ਦਵਾਰੇ ਵਸਾਂ ਧੁਰ ਦੇ ਦੇਸ, ਮਹੱਲ ਅਟਲ ਸੋਭਾ ਪਾਈਆ । ਜੁਗ ਚੌਕੜੀ ਧਾਰਾਂ ਭੇਖ, ਰੂਪ ਅਨੂਪ ਵਟਾਈਆ । ਸਚ ਸਤਿ ਦੇ ਸੰਦੇਸ, ਕਰਾਂ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਸੇਵ ਲਗਾਈਆ । ਸਤਿਗੁਰ ਸ਼ਬਦ ਕਹੇ ਮੈਂ ਬਣਾਵਾਂ ਬਣਤ, ਘੜਨ ਭੰਨਣਹਾਰ ਮੇਰੀ ਸੇਵ ਲਗਾਈਆ । ਖੇਲ ਖੇਲਾਂ ਆਦਿ ਅੰਤ, ਜੁਗ ਚੌਕੜੀ ਵੇਸ ਵਟਾਈਆ । ਨਾਮ ਦ੍ਰਿੜ੍ਹਾਵਾਂ ਸੱਚਾ ਮੰਤ, ਵਿਸ਼ਨ ਬ੍ਰਹਮਾ ਸ਼ਿਵ ਕਰ ਪੜ੍ਹਾਈਆ । ਸੰਗ ਰਖਾਵਾਂ ਲੱਖ ਚੁਰਾਸੀ ਜੀਵ ਜੰਤ, ਤ੍ਰੈਗੁਣ ਮਾਇਆ ਪੰਜ ਤਤ ਕਰਾਂ ਕੁੜਮਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਵਿਦਿਆ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਰਗ ਇਕ ਦਰਸਾਈਆ । ਸਤਿਗੁਰ ਸ਼ਬਦ ਕਹੇ ਮੇਰਾ ਮਾਰਗ ਸਤਿ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਲੱਖ ਚੁਰਾਸੀ ਵੇਖ ਤਤ, ਤਤਵ ਤਤ

ਖੋਜ ਖੋਜਾਇੰਦਾ । ਪੰਜ ਤਤ ਕਾਇਆ ਦੇ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਘਰ ਦੀਪਕ ਇਕ ਜਗਾਇੰਦਾ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਇੰਦਾ । ਸ਼ਬਦ ਅਨਾਦੀ ਸਾਚੀ ਗਾਥ, ਅਨਹਦ ਰਾਗ ਸੁਣਾਇੰਦਾ । ਪ੍ਰੇਮ ਪਿਆਰ ਦੀ ਬਖ਼ਸ਼ ਦਾਤ, ਵਸਤ ਅਮੋਲਕ ਇਕ ਵਰਤਾਇੰਦਾ । ਸਚ ਸੰਦੇਸਾ ਜਾਵਾਂ ਆਖ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਮਨਾਇੰਦਾ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਪਾਰ, ਅਪਰੰਪਰ ਰਚਨ ਰਚਾਈਆ । ਪਰਗਟ ਕਰ ਗੁਰੂ ਅਵਤਾਰ, ਪੀਰ ਪੈਗ਼ੰਬਰ ਰਾਗ ਸੁਣਾਈਆ । ਸਚ ਸੁਨੇਹੜਾ ਸ਼ਬਦੀ ਜੈਕਾਰ, ਢੋਲਾ ਰਾਗ ਨਾਦ ਸ਼ਨਵਾਈਆ । ਸ੍ਰਿਸ਼ਟ ਸਬਾਈ ਦੇ ਅਧਾਰ, ਇਸ਼ਟ ਦੇਵ ਇਕ ਵਖਾਈਆ । ਸਾਚੇ ਮੰਦਰ ਖੋਲ੍ਹ ਕਿਵਾੜ, ਕਾਇਆ ਬੰਕ ਪੜਦਾ ਲਾਹੀਆ । ਘਰ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਦਿਆਂ ਮਿਲਾਈਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਸੁਣਾਈਆ । ਨਿਜ ਨੇਤਰ ਦਰਸ ਦੀਦਾਰ, ਲੋਚਣ ਨੈਣ ਮਿਲੇ ਵਡਿਆਈਆ । ਜਨਮ ਜਨਮ ਦਾ ਰੋਗ ਨਿਵਾਰ, ਕਰਮ ਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਮੀਤਾ, ਸੱਜਣ ਇਕੋ ਬੇਪਰਵਾਹੀਆ । ਸ੍ਰਿਸ਼ਟ ਸਬਾਈ ਵੇਖਾਂ ਤਪਦਾ ਅੰਗੀਠਾ, ਤ੍ਰੈਗੁਣ ਅਗਨੀ ਅੱਗ ਜਲਾਈਆ । ਅੰਮ੍ਰਿਤ ਬਖ਼ਸ਼ ਠਾਂਡਾ ਸੀਤਾ, ਧਾਰ ਇਕੋ ਇਕ ਚੁਆਈਆ । ਲੇਖ ਚੁਕਾ ਊਚਾਂ ਨੀਚਾਂ, ਰਾਓ ਰੰਕਾ ਦਿਆਂ ਸਮਝਾਈਆ । ਪਰਮ ਪੁਰਖ ਦੀ ਸਚ ਪ੍ਰੀਤਾ, ਪ੍ਰੇਮੀ ਪ੍ਰੇਮਕਾ ਰੂਪ ਲਏ ਵਟਾਈਆ । ਹਰਿ ਨਜ਼ਰੀ ਆਏ ਨੀਕਨ ਨੀਕਾ, ਵਡ ਵੱਡਾ ਹੋਏ ਸਹਾਈਆ । ਲੇਖਾ ਜਾਣੇ ਜੀਵ ਜੀ ਕਾ, ਲੱਖ ਚੁਰਾਸੀ ਖੋਜ ਖੋਜਾਈਆ । ਆਪਣੇ ਮਿਲਣ ਦਾ ਸਚ ਤਰੀਕਾ, ਜਨ ਭਗਤਾਂ ਦਏ ਸਮਝਾਈਆ । ਮਿੱਠਾ ਕਰ ਕੇ ਕੌੜਾ ਰੀਠਾ, ਅੰਮ੍ਰਿਤ ਰਸ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਅੰਦਰ ਵੜਦਾ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਨੌਂ ਦਵਾਰੇ ਖ਼ਾਲੀ ਕਰਦਾ, ਜਗਤ ਵਾਸਨਾ ਮੇਟ ਮਿਟਾਇੰਦਾ । ਸੁਖਮਨ ਟੇਢੀ ਬੰਕ ਪਰਕਾਸ਼ ਧਰਦਾ, ਅੰਧ ਅੰਧੇਰਾ ਦੂਰ ਕਰਾਇੰਦਾ । ਈੜਾ ਪਿੰਗਲ ਆਪੇ ਫੜਦਾ, ਬਲ ਅਵਰ ਨਾ ਕੋਇ ਰਖਾਇੰਦਾ । ਅਨਹਦ ਨਾਦੀ ਸ਼ਬਦ ਸੇਵਾ ਕਰਦਾ, ਧੁਨ ਆਤਮਕ ਰਾਗ ਅਲਾਇੰਦਾ । ਅੰਮ੍ਰਿਤ ਝਿਰਨਾ ਇਕੋ ਝਿਰਦਾ, ਨਾਭੀ ਕਵਲ ਉਲਟਾਇੰਦਾ । ਬਜਰ ਕਪਾਟੀ ਪੜਦਾ ਖੁਲ੍ਹਦਾ, ਦੂਈ ਦਵੈਤੀ ਰੂਪ ਨਾ ਕੋਇ ਵਖਾਇੰਦਾ । ਲੇਖਾ ਜਾਣਾਂ ਭਗਤਾਂ ਕੁਲ ਦਾ, ਭਗਵਨ ਹੋ ਕੇ ਵੇਖ ਵਖਾਇੰਦਾ । ਕੀਮਤ ਪਾਵਾਂ ਜੋ ਗੁਰਮੁਖ ਸਾਚੇ ਤੋਲ ਤੁਲਦਾ, ਨਾਮ ਤਰਾਜ਼ੂ ਇਕ ਵਖਾਇੰਦਾ । ਲੇਖ ਚੁਕਾਵਾਂ ਰਸਨਾ ਜਿਹਵਾ ਗਾਇਆ ਬੱਤੀ ਦੰਦ ਬੁੱਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਸਤਿਗੁਰ ਸ਼ਬਦ ਕਹੇ ਮੇਰੀ ਅੰਤਰ ਝਾਕੀ, ਨਿਰਗੁਣ ਹੋ ਕੇ ਵੇਖ ਵਖਾਈਆ । ਕਿਰਪਾ ਕਰ ਕੇ ਖੋਲ੍ਹਾਂ ਬੰਦ ਤਾਕੀ, ਪੜਦਾ ਪੜਦਾ ਦਿਆਂ ਉਠਾਈਆ । ਪੂਰਬ ਜਨਮ ਦਾ ਲਹਿਣਾ ਬਾਕੀ, ਕਰਮ ਕਾਂਡ ਝੋਲੀ ਪਾਈਆ । ਆਤਮ ਪਰਮਾਤਮ ਬਣਾਵਾਂ ਸਾਥੀ, ਧੁਰ ਦਾ ਮੇਲ ਮਿਲਾਈਆ । ਸੁਰਤੀ ਸ਼ਬਦੀ ਹੋਏ ਮਿਲਾਵਾਂ ਪ੍ਰੇਮ ਪਿਆਰ ਦੀ ਪਹਿਲੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਚ ਪਰਕਾਸ਼ ਘਰ ਵਿਚ ਘਰ ਦੀਵਾ ਬਾਤੀ, ਜੋਤ ਨਿਰੰਜਣ ਡਗਮਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਦਏ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਘਰ ਸੁਹੰਦਾ, ਤਨ ਮੰਦਰ ਸੋਭਾ ਪਾਈਆ । ਸਚ ਸਿੰਘਾਸਣ ਇਕ ਵਖੰਦਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਨਿਰਗੁਣ ਹੋ ਕੇ ਉਤੇ ਬਹੰਦਾ, ਬਹਿ ਬਹਿ ਖ਼ੁਸ਼ੀ ਮਨਾਈਆ । ਸਾਚਾ ਢੋਲਾ ਇਕੋ ਗੌਂਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਸਚ ਵਧੌਂਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਭਗਵਨ ਨਾਲ ਮਿਲੌਂਦਾ, ਜਗਤ ਵਿਛੋੜਾ ਦੂਰ ਕਰਾਈਆ । ਸਚ ਘਰ ਇਕ ਵਸੌਂਦਾ, ਜਿਸ ਘਰ ਏਕੋ ਏਕ ਏਕੰਕਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਈਆ । ਸਤਿਗੁਰ ਸ਼ਬਦ ਕਹੇ ਮੈਂ ਅੰਤਰ ਸੰਗੀ, ਸਾਚਾ ਸੰਗ ਨਿਭਾਈਆ । ਜਨ ਭਗਤਾਂ ਪਿਠ ਹੋਣ ਨਾ ਦੇਵਾਂ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਲਹਿਣਾ ਦੇਣਾ ਚੁਕਾ ਖੰਡ ਬ੍ਰਹਿਮੰਡੀ, ਬ੍ਰਹਿਮਾਂਡ ਪੰਧ ਮੁਕਾਈਆ । ਲੇਖ ਚੁਕਾ ਸੂਰਜ ਚੰਦੀ, ਰਵ ਸਸ ਨਾ ਕੋਇ ਰੁਸ਼ਨਾਈਆ । ਨਾਤਾ ਤੋੜ ਖ਼ਾਨਾ ਬੰਦੀ, ਲੱਖ ਚੁਰਾਸੀ ਫਾਸੀ ਨਾ ਕੋਇ ਲਟਕਾਈਆ । ਮਮਤਾ ਮਾਣ ਗਵਾ ਘਮੰਡੀ, ਹਉਮੇ ਹੰਗਤਾ ਦਿਆਂ ਚੁਕਾਈਆ । ਸੁਰਤ ਸੁਹਾਗਣ ਕਰਾਂ ਰੰਡੀ, ਧੁਰ ਸੰਜੋਗੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਅੱਖ ਖੁਲ੍ਹਾਈਆ । ਸ਼ਬਦ ਗੁਰੂ ਕਹੇ ਮੇਰਾ ਅੰਤਰ ਮਿਲਾਵਾ, ਮਿਲਣੀ ਹਰਿ ਜਗਦੀਸ ਕਰਾਇੰਦਾ । ਭਗਤਾਂ ਰੱਖਿਆ ਧੁਰ ਦਾ ਦਾਅਵਾ, ਦਾਅਵੇਦਾਰ ਆਪ ਬਣਾਇੰਦਾ । ਦਰਗਾਹ ਸੱਚਾ ਲਗੇ ਨਾਵਾਂ, ਮਹਿਬੂਬ ਮੁਹੱਬਤ ਵਿਚ ਵੇਖ ਵਖਾਇੰਦਾ । ਫੜ ਗੋਦ ਉਠਾਏ ਜਿਉਂ ਬਾਲਕ ਪੁੱਤਰ ਮਾਵਾਂ, ਪਿਤਾ ਪੂਤ ਆਪਣੇ ਘਰ ਵਸਾਇੰਦਾ । ਜਨ ਭਗਤਾਂ ਮਿਲ ਕੇ ਸਾਚਾ ਨਾਮ ਇਕੋ ਗਾਵਾਂ, ਦੂਜਾ ਰਾਗ ਨਾ ਕੋਇ ਅਲਾਇੰਦਾ । ਦਰਗਾਹ ਸਾਚੀ ਜਨ ਭਗਤਾਂ ਵੇਖ ਖ਼ੁਸ਼ੀ ਮਨਾਵਾਂ, ਸਚਖੰਡ ਸਾਚੇ ਸੋਭਾ ਪਾਇੰਦਾ । ਗੁਰਮੁਖ ਗੁਰਸਿਖ ਰਹੇ ਨਾ ਕੋਈ ਨਥਾਵਾਂ, ਸਚ ਮਹੱਲੇ ਉਚ ਅਟਲੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਸਮਝਾਇੰਦਾ । ਸਤਿਗੁਰ ਸ਼ਬਦ ਕਹੇ ਮੇਰਾ ਮੇਲਾ ਸਚ ਦਵਾਰ, ਸਾਚੇ ਸੰਤਾਂ ਮਾਤ ਕਰਾਈਆ । ਮੇਰਾ ਹੁਕਮ ਚਲੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੀ ਸਿਫ਼ਤ ਕਰਨ ਗੁਰੂ ਅਵਤਾਰ, ਪੀਰ ਪੈਗ਼ੰਬਰ ਢੋਲਾ ਸਚ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਅੰਜੀਲ ਕੁਰਾਨ ਤੀਸ ਬਤੀਸ ਰਹੀ ਦ੍ਰਿੜਾਈਆ । ਖਾਣੀ ਬਾਣੀ ਸਦਾ ਆਧਾਰ, ਅੰਮ੍ਰਿਤ ਪਾਣੀ ਜਾਮ ਦਿਆਂ ਪਿਲਾਈਆ । ਨਿਤ ਨਵਿਤ ਵੇਖਾਂ ਵਿਗਸਾਂ ਪਾਵਾਂ ਸਾਰ, ਨਿਰਗੁਣ ਸਰਗੁਣ ਰੂਪ ਧਰਾਈਆ । ਭਗਤ ਵਛਲ ਬਣ ਗਿਰਧਾਰ, ਲੋਕਮਾਤ ਵੇਖਾਂ ਚਾਈਂ ਚਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਵਾਂ ਉਭਾਰ, ਫੜ ਬਾਹੋਂ ਬਾਹਰ ਕਢਾਈਆ । ਗੁਰਮੁਖਾਂ ਖੋਲ੍ਹ ਕਿਵਾੜ, ਘਰ ਵਿਚ ਘਰ ਕਰਾਂ ਰੁਸ਼ਨਾਈਆ । ਗੁਰਸਿਖਾਂ ਮੇਲ ਸਚ ਦਰਬਾਰ, ਦਰ ਦਰਵਾਜ਼ਾ ਦਿਆਂ ਖੁਲ੍ਹਾਈਆ । ਜਿਥੇ ਨਾ ਕੋਈ ਸੱਜਣ ਮੀਤ ਮੁਰਾਰ, ਭੈਣ ਭਾਈ ਸਾਕ ਸੈਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੰਦਰ ਧੁਰ ਦਾ ਦਿਆਂ ਵਖਾਈਆ । ਸਾਚਾ ਮੰਦਰ ਵਖੌਣਾ ਇਕ, ਏਕੰਕਾਰ ਬਣਤ ਬਣਾਈਆ । ਜੋ ਪਰਮ ਪੁਰਖ ਪਰਮਾਤਮ ਦਾ ਬਣਿਆ ਸੱਚਾ ਸਿਖ, ਸਿਖਿਆ ਆਪਣੀ ਝੋਲੀ ਪਾਈਆ । ਤਿਸ ਦੀ ਤ੍ਰਿਸਨਾ ਮਿਟੇ ਜਗਤ ਤ੍ਰਿਖ, ਹਉਮੇ ਰੋਗ ਨਾ ਕੋਇ ਸਤਾਈਆ । ਸੋ ਸਚ ਦਵਾਰੇ ਸਚਖੰਡ ਬੈਠਾ ਵਿਚ, ਅਧਵਿਚਕਾਰ ਨਾ ਕੋਇ ਅਟਕਾਈਆ ।

੭੨

ਸ੍ਰੀ ਭਗਵਾਨ ਸਦਾ ਭਗਤਾਂ ਮਿਤ, ਮਿਤਰ ਪਿਆਰਾ ਬਣ ਕੇ ਸੰਗ ਨਿਭਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਚਿਤ, ਮਨ ਚਿਤ ਠਗੌਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਦਏ ਵਖਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਪੈਂਡਾ ਮੁੱਕੇ ਦੂਰ, ਦੂਰ ਦੁਰਾਡਾ ਨੇਰਨ ਨੇਰ ਦਏ ਵਖਾਈਆ । ਆਸਾ ਮਨਸਾ ਕਰ ਪੂਰ, ਤ੍ਰਿਸ਼ਨਾ ਦੇਵੇ ਜਗਤ ਗਵਾਈਆ । ਸਤਿ ਸਵਾਮੀ ਹੋਏ ਹਾਜ਼ਰ ਹਜ਼ੂਰ, ਮੁਰੀਦ ਮੁਰਸ਼ਦ ਆਪਣੇ ਰੰਗ ਰੰਗਾਈਆ । ਜੋਤੀ ਜਲਵਾ ਦੇ ਕੇ ਨੂਰ, ਜ਼ਹੂਰ ਕਰੇ ਰੁਸ਼ਨਾਈਆ । ਨਾਤਾ ਤੋੜ ਕੂੜੇ ਕੂੜ, ਸਚ ਸਮਗਰੀ ਇਕੋ ਝੋਲੀ ਪਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਨਾਮ ਕਾਰੇ ਆਪੇ ਲਾਈਆ । ਮਨ ਮਨੂਆ ਦਹਿ ਦਿਸ਼ਾ ਨਾ ਪਾਏ ਫ਼ਤੂਰ, ਚਾਰ ਕੁੰਟ ਨਾ ਉਠ ਉਠ ਧਾਈਆ । ਹਉਮੇ ਹੰਗਤਾ ਗੜ੍ਹ ਤੁਟੇ ਗ਼ਰੂਰ, ਜਿਨ੍ਹਾਂ ਅੰਤਰ ਆਤਮ ਆਪਣਾ ਦਰਸ ਵਖਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੀ ਮੰਜ਼ਲ ਚੜ੍ਹਨ ਜ਼ਰੂਰ, ਅਗਲਾ ਪਿਛਲਾ ਪੰਧ ਮੁਕਾਈਆ । ਓਥੇ ਲਹਿਣਾ ਦੇਣਾ ਚੁੱਕੇ ਮਨਸੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਕਰੇ ਸਚ ਦੀਦਾਰ, ਦੀਦ ਈਦ ਨੂਰ ਰੁਸ਼ਨਾਈਆ । ਦਰਗਾਹ ਸਾਚੀ ਖੇਲ ਅਪਾਰ, ਅਪਰੰਪਰ ਸਵਾਮੀ ਦਏ ਸਮਝਾਈਆ । ਨਾਤਾ ਤੁੱਟੇ ਸਰਬ ਸੰਸਾਰ, ਸਗਲ ਸ੍ਰਿਸ਼ਟੀ ਸੰਗ ਨਾ ਕੋਇ ਵਖਾਈਆ । ਸਾਚਾ ਮੰਦਰ ਇਕ ਅਪਾਰ, ਪਾਰਬ੍ਰਹਮ ਪ੍ਰਭ ਪੜਦਾ ਲਾਹੀਆ । ਬਿਨ ਭਗਤਾਂ ਦੂਜਾ ਕੋਈ ਨਾ ਵਸਣਹਾਰ, ਬਿਨ ਸੰਤਾਂ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਬਿਨ ਗੁਰਮੁਖਾਂ ਬੋਲਣਹਾਰਾ ਨਾ ਕੋਇ ਜੈਕਾਰ, ਬਿਨ ਗੁਰਸਿਖਾਂ ਰਾਗ ਨਾ ਕੋਇ ਸੁਣਾਈਆ । ਬਿਨ ਸਖੀਆਂ ਕੰਤ ਨਾ ਕਰੇ ਪਿਆਰ, ਸੁਹਾਗੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਭੇਖੀ, ਭੇਖਾਧਾਰੀ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਬਣਿਆ ਰਹਾਂ ਪਰਦੇਸੀ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਲੱਖ ਚੁਰਾਸੀ ਅੰਦਰ ਵੜਕੇ ਸਭ ਦਾ ਹੋਵਾਂ ਭੇਤੀ, ਰੂਪ ਰੰਗ ਰੇਖ ਸਮਝ ਨਾ ਕੋਇ ਪਾਈਆ । ਜਨ ਭਗਤਾਂ ਨਾਲ ਨਿਤ ਨਵਿਤ ਕਰਾਂ ਨੇਕੀ, ਨਿਕਿਉਂ ਵੱਡੇ ਦਿਆਂ ਬਣਾਈਆ । ਜੁਗ ਚੌਕੜੀ ਲੰਘ ਕੇ ਜਾਣ ਛੇਤੀ ਛੇਤੀ, ਨੌਂ ਸੌ ਚੁਰਾਨਵੇ ਆਪਣਾ ਪੰਧ ਮੁਕਾਈਆ । ਜਿਸ ਦਵਾਰੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਪ੍ਰਭੂ ਅੱਗੇ ਹੋਈ ਪੇਸ਼ੀ, ਪਿਛਲਾ ਲੇਖਾ ਸਾਰੇ ਰਹੇ ਸੁਣਾਈਆ । ਓਥੇ ਲੇਖਾ ਮੁੱਕਦਾ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ੀ, ਕਰੋੜ ਤੇਤੀਸ ਸੁਰਪਤ ਇੰਦ ਬੈਠਾ ਸੀਸ ਨਿਵਾਈਆ । ਆਦਿ ਪੁਰਖ ਅਪਰੰਪਰ ਸਵਾਮੀ ਖੇਲ ਅਗੰਮੀ ਖੇਡੀ, ਖ਼ਾਲਕ ਖ਼ਲਕ ਦਏ ਜਣਾਈਆ । ਨਿਰਗੁਣ ਜੋਤ ਜਲਵਾ ਨੂਰ ਕੀਤਾ ਤੇਜੀ, ਤਜਰਬਾ ਆਪਣਾ ਅਵਰ ਨਾ ਕਿਸੇ ਜਣਾਈਆ । ਕੋਈ ਸਿਫ਼ਤ ਕਰ ਨਾ ਸਕੇ ਹਿੰਦੀ ਉਰਦੂ ਫ਼ਾਰਸੀ ਅੰਗਰੇਜ਼ੀ, ਅੱਖਰਾਂ ਵਿਚ ਬਣਤ ਨਾ ਕੋਇ ਬਣਾਈਆ । ਕਿਸੇ ਹੱਟ ਨਾ ਵਿਕੇ ਫ਼ਾਰਮੇਸੀ, ਕੀਮਤ ਲੋਕਮਾਤ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਰਹੇ ਲੰਘ, ਆਪਣਾ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਗਏ ਮੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਪਣੀ ਝੋਲੀ ਡਾਹੀਆ । ਕਵਣ ਵੇਲਾ ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਕਲ ਵਰਤਾਈਆ । ਸ਼ਬਦ ਸਤਿਗੁਰ

ਦਮਾਮਾ ਵਜਾਏ ਮਰਦੰਗ, ਪੰਜ ਤਤ ਨਾ ਕੋਇ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਲੰਘ, ਜ਼ਿਮੀਂ ਅਸਮਾਨਾਂ ਖੋਜ ਖੋਜਾਈਆ । ਲੋਕ ਪਰਲੋਕ ਲੇਖਾ ਜਾਣੇ ਜਗਤ ਵਰਭੰਡ, ਦਹਿ ਦਿਸ਼ਾ ਚਾਰੇ ਕੁੰਟ ਪੜਦਾ ਲਾਹੀਆ । ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਸਚ ਸੰਦੇਸਾ ਸੁਣਾਏ ਢੋਲਾ ਛੰਦ, ਇਕੋ ਰਾਗ ਸਮਝਾਈਆ । ਲੇਖਾ ਜਾਣੇ ਰਸਨਾ ਜਿਹਵਾ ਬੱਤੀ ਦੰਦ, ਪਵਣ ਸਵਾਸਾਂ ਖੋਜ ਖੋਜਾਈਆ । ਭੇਵ ਚੁਕਾਏ ਅੰਤਰ ਆਤਮ ਪਰਮਾਨੰਦ, ਨਿਜਾਨੰਦ ਵੇਖਣਹਾਰਾ ਥਾਉਂ ਥਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਭਰਮਾਂ ਢਾਹੇ ਕੰਧ, ਸਤਿ ਸਰੂਪ ਇਕੋ ਇਕ ਦਏ ਦ੍ਰਿੜਾਈਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ, ਦੂਜੀ ਵਾਰ ਉਤਰ ਕਦੇ ਨਾ ਜਾਈਆ । ਨਾਮ ਸੁਨੇਹੜਾ ਸੁਣਾਏ ਮਰਦੰਗ, ਮਧਰ ਧੁਨ ਰਾਗ ਅਲਾਈਆ । ਤ੍ਰੈਗੁਣ ਮਾਇਆ ਅਗਨੀ ਤਤ ਬੁਝਾ ਕੇ ਪਾਏ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਘਰ ਪਰਮਾਨੰਦ ਦੀਪਕ ਚਾੜ੍ਹੇ ਚੰਦ, ਜੋਤੀ ਨੂਰ ਨੂਰ ਰੁਸ਼ਨਾਈਆ । ਸਚ ਦਵਾਰਾ ਵੇਖੇ ਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਹਾਵਾਂ ਹੁਜਰਾ, ਮੁਕਾਮੇ ਹੱਕ ਮੇਲ ਮਿਲਾਈਆ । ਪੀਰ ਪੈਗ਼ੰਬਰਾਂ ਨਾਲ ਕਰਾਵਾਂ ਧੁਰ ਦਾ ਮੁਜਰਾ, ਨਾਅਰਾ ਸਚ ਸਚ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਵਾਂ ਨਾਸ਼ੁਕਰਾ, ਸ਼ੁਕਰੀਏ ਵਿਚ ਕਦੇ ਨਾ ਆਈਆ । ਵਾਕ ਭਵਿਖਤ ਦੇ ਕਦੇ ਨਾ ਮੁਕਰਾ, ਮੁਕੰਮਲ ਆਪਣੀ ਕਾਰ ਕਮਾਈਆ । ਬਿਨ ਰੂਹ ਬੁਤ ਦੇ ਜੋਤੀ ਨੂਰ ਅਗੰਮੀ ਉਤਰਾ, ਮਹਾਂਬਲੀ ਹੋ ਕੇ ਫੇਰਾ ਪਾਈਆ । ਭਗਤ ਸੁਹੇਲੇ ਵੇਖਾਂ ਆਪਣੇ ਪੁੱਤਰਾਂ, ਪਿਤਾ ਪੂਤ ਖੋਜੇ ਚਾਈਂ ਚਾਈਆ । ਲੁਕਿਆ ਰਹੇ ਨਾ ਕਿਸੇ ਨੁਕਰਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਪੜਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਸਦਾ ਵੈਰਾਗੀ, ਵੈਰਾਗ ਇਕੋ ਇਕ ਉਪਜਾਈਆ । ਜਨ ਭਗਤਾਂ ਬਣਾਵਾਂ ਸਚ ਤਿਆਗੀ, ਤਿਆਗ ਕੂੜੀ ਕਿਰਿਆ ਦਿਆਂ ਵਖਾਈਆ । ਨਾਦ ਸੁਣਾ ਕੇ ਧੁਰ ਦਾ ਨਾਦੀ, ਅਨਾਦੀ ਰੂਪ ਵਟਾਈਆ । ਕਰਮ ਕਟ ਕੇ ਨਿਹਕਰਮੀ ਬਣਾਵਾਂ ਵਡ ਭਾਗੀ, ਭਾਗ ਆਪਣਾ ਝੋਲੀ ਪਾਈਆ । ਦੁਰਮਤ ਮੈਲ ਧੋਵਾਂ ਦਾਗ਼ੀ, ਸਵੱਛ ਸਰੂਪ ਦਿਆਂ ਵਖਾਈਆ । ਹੰਸ ਉਡਾਵਾਂ ਫੜ ਕੇ ਕਾਗੀ, ਸੋਹੰ ਹੰਸਾ ਜਾਪ ਜਪਾਈਆ । ਸੁਰਤ ਸ਼ਬਦ ਹੋਵੇ ਵਿਸਮਾਦੀ, ਬਿਸਮਿਲ ਆਪਣਾ ਰੂਪ ਵਖਾਈਆ । ਤ੍ਰੈਗੁਣ ਮਾਇਆ ਨਾ ਡੱਸੇ ਨਾਗੀ, ਨਾਗਣ ਆਪਣਾ ਮੁਖ ਭਵਾਈਆ । ਗੁਰਮੁਖ ਪੰਧ ਮੁਕਾਵਣ ਆਪਣਾ ਪਾਂਧੀ, ਮੰਜ਼ਲ ਆਖ਼ਰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚਾ ਇਕ ਵਖਾਈਆ । ਸਾਚਾ ਘਰ ਵਖਾਏ ਆਪ, ਹਰਿ ਸਤਿਗੁਰ ਦਇਆ ਕਮਾਇੰਦਾ । ਜਿਥੇ ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਜਾਪ, ਸਵਾਸਾਂ ਨਾਲ ਨਾ ਕੋਇ ਸਾਲਾਹਿੰਦਾ । ਨਾ ਕੋਈ ਪੁੰਨ ਨਾ ਕੋਈ ਪਾਪ, ਪਤਤ ਪੁਨੀਤ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਮਾਈ ਨਾ ਕੋਈ ਬਾਪ, ਪਿਤਾ ਪੂਤ ਗੋਦ ਨਾ ਕੋਇ ਸੁਹਾਇੰਦਾ । ਨਾ ਕੋਈ ਸੱਜਣ ਨਾ ਕੋਈ ਸਾਕ, ਨਾਰ ਕੰਤ ਸੇਜ ਨਾ ਕੋਇ ਹੰਢਾਇੰਦਾ । ਨਾ ਕੋਈ ਦੀਪਕ ਤੇਲ ਬਾਤੀ ਚਰਾਗ਼, ਹਵਨੀ ਹਵਨ ਨਾ ਕੋਇ ਵਖਾਇੰਦਾ । ਨਾ ਕੋਈ ਆਸਾ ਤ੍ਰਿਸਨਾ ਉਪਜੇ ਵੈਰਾਗ, ਤਿਆਗੀ ਰੂਪ ਨਾ ਕੋਇ ਪਰਗਟਾਇੰਦਾ । ਨਾ ਕੋਈ ਸ਼ਬਦ ਨਾਦ ਧੁਨ ਮਾਰੇ ਆਵਾਜ਼, ਸੁਰ ਤਾਲ ਨਾ ਕੋਇ ਰਖਾਇੰਦਾ । ਨਾ ਕੋਈ ਬੇੜੀ ਪਤਣ ਦਿਸੇ ਜਹਾਜ਼, ਖੇਵਟ ਖੇਟਾ ਸੰਗ ਨਾ ਕੋਇ ਨਿਭਾਇੰਦਾ । ਨਾ ਕੋਈ ਨਗਰ ਖੇੜਾ

ਦਿਸੇ ਆਬਾਦ, ਲੱਖ ਚੁਰਾਸੀ ਸੋਭਾ ਕੋਇ ਨਾ ਪਾਇੰਦਾ । ਸਚਖੰਡ ਦਵਾਰੇ ਇਕੋ ਇਕ ਸਤਿ ਸਰੂਪ ਸ਼ਾਹ ਪਾਤਸ਼ਾਹ ਪੁਰਖ ਅਕਾਲ ਦੀਨ ਦਿਆਲ ਨਜ਼ਰੀ ਆਇੰਦਾ । ਜਨ ਭਗਤ ਸਾਚੇ ਸੰਤ ਅੰਤਮ ਵਸਣ ਓਸ ਧਰਮਸਾਲ, ਜਿਸ ਅੰਦਰ ਸ਼ਾਹ ਕੰਗਾਲ, ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਧੁਰ ਦਾ ਸਾਥੀ ਆਪੇ ਲਏ ਸੰਭਾਲ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਜਿਨ੍ਹਾਂ ਗੁਰਮੁਖਾਂ ਸਤਿਗੁਰ ਸ਼ਬਦ ਵਿਚੋਲਾ ਮਿਲਿਆ ਆਣ, ਤਿਨ੍ਹਾਂ ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸੱਜਣ ਲਏ ਵਰ, ਘਰ ਇਕੋ ਏਕ ਮੇਲ ਮਿਲਾਇੰਦਾ ।

✪ ੨੫ ਜੇਠ ੨੦੨੧ ਬਿਕ੍ਰਮੀ ਅੰਗਰੇਜ਼ ਸਿੰਘ ਮਘੋਵਾਲੀ, ਰਸੀਆ ਰਾਮ ਬਦੀਪੁਰ, ਜਸਬੀਰ ਕੌਰ ਕੋਠੇ ਨਿਹਾਲ ਪੁਰ ਸਿੰਬਲ, ਮਘੋਵਾਲੀ ✪

ਸਤਿ ਪੁਰਖ ਨਿਰੰਜਣ ਕਹੇ ਮੇਰਾ ਖੇਲ ਅਪਾਰ, ਸ਼ਬਦੀ ਸੁਤ ਇਕ ਪਰਗਟਾਇੰਦਾ । ਸ਼ਬਦ ਸੁਤ ਕਹੇ ਮੇਰਾ ਅਗੰਮ ਵਿਹਾਰ, ਵਿਸ਼ਨੂੰ ਵਿਸ਼ਵ ਧਾਰ ਚਲਾਇੰਦਾ । ਵਿਸ਼ਨ ਕਹੇ ਮੇਰਾ ਸਚ ਪਿਆਰ, ਬ੍ਰਹਮ ਆਪਣੇ ਰੰਗ ਰੰਗਾਇੰਦਾ । ਬ੍ਰਹਮਾ ਕਹੇ ਮੈਂ ਹੋ ਉਜਿਆਰ, ਸ਼ੰਕਰ ਧੁਰ ਦਾ ਸੰਗ ਬਣਾਇੰਦਾ । ਸ਼ੰਕਰ ਕਹੇ ਮੈਂ ਖੋਲ੍ਹ ਕਿਵਾੜ, ਤ੍ਰੈਗੁਣ ਮਾਇਆ ਪੜਦਾ ਲਾਹਿੰਦਾ । ਤ੍ਰੈਗੁਣ ਮਾਇਆ ਕਹੇ ਮੇਰਾ ਨਾਤਾ ਨਿਰਾਕਾਰ, ਪੰਜ ਤਤ ਲੇਖਾ ਮੂਲ ਚੁਕਾਇੰਦਾ । ਪੰਜ ਤਤ ਕਹੇ ਮੇਰਾ ਰੂਪ ਸਾਕਾਰ, ਸਾਚੀ ਕਰਨੀ ਇਕ ਕਮਾਇੰਦਾ । ਲੱਖ ਚੁਰਾਸੀ ਬਣ ਠਠਿਆਰ, ਘਾੜਤ ਘੜ ਵੇਖ ਵਖਾਇੰਦਾ । ਤਨ ਮਾਟੀ ਲੇਖਾ ਖ਼ਾਕੀ ਛਾਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਪੁਰਖ ਅਕਾਲ ਕਹੇ ਮੇਰਾ ਖੇਲ ਅਥਾਹ, ਇਕ ਇਕੱਲਾ ਆਪ ਕਰਾਇੰਦਾ । ਸ਼ਬਦੀ ਸ਼ਬਦ ਬਣਾਂ ਮਲਾਹ, ਬੇੜਾ ਧੁਰ ਦੇ ਕੰਧ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਰਗਟਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਰਜੋ ਤਮੋ ਸਤੋ ਮੇਲ ਮਿਲਾ, ਸਾਚਾ ਸੰਗੀ ਇਕ ਵਖਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾ, ਖ਼ਾਲਕ ਖ਼ਲਕ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾ, ਰੰਗ ਰੰਗੀਲਾ ਵੇਖ ਵਖਾਇੰਦਾ । ਬੋਧ ਅਗਾਧਾ ਸ਼ਬਦ ਸੁਣਾ, ਪਰਾ ਪਸੰਤੀ ਮਧਮ ਬੈਖਰੀ ਧੁਨ ਆਤਮਕ ਆਪਣਾ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਕਹੇ ਮੇਰਾ ਸਚ ਦਰਬਾਰਾ, ਸਚਖੰਡ ਵਜੇ ਸਚ ਵਧਾਈਆ । ਸੁਤ ਸ਼ਬਦ ਕਹੇ ਮੇਰਾ ਥਿਰ ਘਰ ਨਿਆਰਾ, ਨਿਰਗੁਣ ਬਣਤ ਆਪ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਸਾਡਾ ਮਹੱਲ ਅਟਲ ਸਚ ਮੁਨਾਰਾ, ਪ੍ਰਭ ਸਰਨ ਮਿਲੀ ਸਰਨਾਈਆ । ਤ੍ਰੈਗੁਣ ਕਹੇ ਮੇਰਾ ਮੇਲਾ ਪੰਜ ਤਤ ਅਖਾੜਾ, ਮਿਲ ਕੇ ਸੋਹਣੀ ਵੰਡ ਵੰਡਾਈਆ । ਚਾਰੇ ਖਾਣੀ ਚਾਰੇ ਬਾਣੀ ਮਿਲ ਕੇ ਬੋਲੇ ਇਕ ਜੈਕਾਰਾ, ਧੁਰ ਦਾ ਸੋਹਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਅਬਿਨਾਸ਼ੀ ਕਰਤਾ ਕਹੇ ਮੇਰਾ ਖੇਲ ਅਨੂਪ, ਮਹਿਮਾ ਕਹਿਣ ਵਿਚ ਨਾ ਆਈਆ । ਸ਼ਬਦ ਕਹੇ ਮੇਰਾ

੭੫

ਵਾਸਾ ਦਹਿ ਦਿਸ਼ਾ ਚਾਰੇ ਕੂਟ, ਹਰ ਘਟ ਆਪਣਾ ਡੇਰਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਸੇਵਾ ਕਰੀਏ ਬਣ ਸਪੂਤ, ਪਿਤਾ ਪੁਰਖ ਅਕਾਲ ਮਨਾਈਆ । ਤ੍ਰੈ ਪੰਜ ਕਹੇ ਸਾਡਾ ਮਾਰਗ ਨੀਕ, ਹਰਿ ਜੂ ਸੋਹਣੀ ਵੰਡ ਵੰਡਾਈਆ । ਖਾਣੀ ਬਾਣੀ ਕਹੇ ਤੇਰੀ ਅਚਰਜ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਬਣਾਈਆ । ਸ੍ਰੀ ਭਗਵੰਤ ਕਹੇ ਮੈਂ ਸਚ ਸਹਾਰਾ, ਆਦਿ ਜੁਗਾਦੀ ਇਕ ਅਖਵਾਇੰਦਾ । ਸ਼ਬਦੀ ਗੁਰ ਨਿਤ ਅਵਤਾਰਾ, ਨਵਿਤ ਆਪਣਾ ਵੇਸ ਵਟਾਇੰਦਾ । ਵਿਸ਼ਨੂੰ ਹੱਥ ਸਚ ਭੰਡਾਰਾ, ਬ੍ਰਹਮਾ ਬ੍ਰਹਮ ਵੇਤਾ ਨਾਉਂ ਪਰਗਟਾਇੰਦਾ । ਸ਼ੰਕਰ ਅੰਤ ਕਰੇ ਸੰਘਾਰਾ, ਜੋ ਘੜਿਆ ਭੰਨ ਵਖਾਇੰਦਾ । ਤ੍ਰੈਗੁਣ ਮੇਲਾ ਪੰਜ ਤਤ ਚੇਲਾ ਪ੍ਰਕਿਰਤੀ ਲੱਗੇ ਅਖਾੜਾ, ਹਰਿ ਕਰਤਾ ਖੇਲ ਖਿਲਾਇੰਦਾ । ਨਾਦ ਅਨਾਦੀ ਸ਼ਬਦ ਧੁਨਕਾਰਾ, ਬੋਧ ਅਗਾਧਾ ਆਪ ਸੁਣਾਇੰਦਾ । ਸਾਚੀ ਸਿਖਿਆ ਧੁਰ ਜੈਕਾਰਾ, ਬ੍ਰਹਮਾ ਵੇਤਾ ਬੋਲ ਜੈਕਾਰ ਚਾਰੇ ਵੇਦਾਂ ਭੇਵ ਚੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਖੇਲ ਰਚੇ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਕੋਈ ਨਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਈਆ । ਸਤਿ ਸਤਿਵਾਦੀ ਸਾਚਾ ਸੰਤ, ਇਕੋ ਨਾਮ ਦਏ ਵਡਿਆਈਆ । ਧੁਰ ਦਰਗਾਹੀ ਬਣ ਕੇ ਪੰਡਤ, ਸਾਚੀ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਖਾਣੀ ਬਣ ਕੇ ਦਾਤਾ, ਦਇਆਵਾਨ ਦਇਆ ਕਮਾਇੰਦਾ । ਚਾਰੇ ਬਾਣੀ ਬਣ ਕੇ ਗਿਆਤਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਕਰੇ ਖੇਲ ਤਮਾਸ਼ਾ, ਨਿਰਾਕਾਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਜੋਤ ਪਰਕਾਸ਼ਾ, ਅਨਭਵ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਇੰਦਾ । ਧੁਰ ਦਾ ਹੁਕਮ ਸਚ ਸੰਦੇਸ਼ਾ, ਸ਼ਬਦ ਦਏ ਵਡਿਆਈਆ । ਪਾਰਬ੍ਰਹਮ ਦਾ ਇਕ ਉਪਦੇਸ਼ਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਸ਼ਾਹ ਪਾਤਸ਼ਾਹ ਬਣ ਨਰ ਨਰੇਸ਼ਾ, ਤਖ਼ਤ ਨਿਵਾਸੀ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਆਦੇਸਾ, ਨਿਉਂ ਨਿਉਂ ਸੀਸ ਨਿਵਾਈਆ । ਆਪ ਸੁਹਾਵਣ ਵਾਲਾ ਬਾਸ਼ਕ ਸੇਜਾ, ਸਹੰਸਰ ਮੁਖ ਦਏ ਵਡਿਆਈਆ । ਸਾਂਗੋ ਪਾਂਗ ਹੋ ਕੇ ਖੇਡੇ ਖੇਡਾ, ਖੇਲਣਹਾਰਾ ਨਜ਼ਰ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਸਰਗੁਣ ਕਰੇ ਵੇਸਾ, ਵੇਸ ਅਵੱਲੜਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇੱਛਾ ਲਏ ਪਰਗਟਾਈਆ । ਆਪਣੀ ਇਛਿਆ ਪਾਰਬ੍ਰਹਮ, ਪਤਿਪਰਮੇਸ਼ਵਰ ਆਪ ਪਰਗਟਾਇੰਦਾ । ਸਚ ਦਵਾਰੇ ਸਾਚਾ ਕਰਮ, ਨਿਹਕਰਮੀ ਆਪ ਕਰਾਇੰਦਾ । ਆਦਿ ਅਨਾਦੀ ਬਣਾਏ ਧਰਮ, ਸਚ ਸੁਚ ਆਪ ਸਮਝਾਇੰਦਾ । ਸਤਿ ਸਤਿਵਾਦੀ ਆਪਣੀ ਲੈ ਕੇ ਆਪੇ ਸਰਨ, ਸਰਨਗਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰੇ ਬੈਠ ਸ੍ਰੀ ਭਗਵਾਨ, ਹਰਿ ਕਰਤਾ ਖੇਲ ਖਿਲਾਈਆ । ਆਪਣੀ ਇਛਿਆ ਕਰ ਬਲਵਾਨ, ਭਿਛਿਆ ਇਕੋ ਝੋਲੀ ਪਾਈਆ । ਸਾਚਾ ਮੰਦਰ ਵੇਖ ਮਕਾਨ, ਦੀਆ ਬਾਤੀ ਜੋਤੀ ਜੋਤ ਜੋਤ ਰੁਸ਼ਨਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਹਿਨਸ਼ਾਹ ਬੈਠਾ ਡੇਰਾ ਲਾਈਆ । ਸੁਤ ਦੁਲਾਰਾ ਇਕ ਬਲਵਾਨ, ਬਲਧਾਰੀ ਇਕ ਉਪਜਾਈਆ । ਕਰ ਕੇ ਸਾਚਾ ਹੁਕਮਰਾਨ, ਹੁਕਮ ਇਕੋ ਵਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਕਰਨੀ ਕਾਰ ਕਮਾਈਆ । ਸੁਤ ਸ਼ਬਦ ਸੁਣ ਮੀਤ, ਹਰਿ ਸੱਜਣ ਆਪ ਜਣਾਇੰਦਾ । ਬ੍ਰਹਿਮੰਡ ਖੰਡ ਚਲੌਣੀ ਰੀਤ, ਜ਼ਿਮੀ ਅਸਮਾਨ ਗਗਨ ਗਗਨੰਤਰ ਤੇਰੀ ਧਾਰ ਬੰਧਾਇੰਦਾ । ਰਵ ਸਸ ਉਪਜੌਣਾ ਠੀਕ, ਜੋਤੀ ਨੂਰ ਨੂਰ ਚਮਕਾਇੰਦਾ । ਅੰਤਰ ਬਖ਼ਸ਼ ਸਰਬ ਪ੍ਰੀਤ, ਪੀਆ ਪ੍ਰੀਤਮ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਇੰਦਾ । ਧੁਰ ਦਾ ਭੇਵ ਖੋਲ੍ਹੇ ਪਾਰਬ੍ਰਹਮ, ਦੇਵੇ ਸਚ ਵਡਿਆਈਆ । ਸ਼ਬਦੀ ਕਰਨਾ ਸੱਚਾ ਕਰਮ, ਨਿਹਕਰਮੀ ਦਿਤਾ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਖ਼ਸ਼ਾਂ ਸਾਚੀ ਸਰਨ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਨਾਮ ਨਿਧਾਨਾ ਸਾਰੇ ਪੜ੍ਹਨ, ਸਿਖਿਆ ਇਕ ਸਮਝਾਈਆ । ਨਾ ਕੋਈ ਗੋਤ ਨਾ ਕੋਈ ਵਰਨ, ਰੂਪ ਰੰਗ ਰੇਖ ਤੇਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਤ ਦੁਲਾਰੇ, ਹਰਿ ਕਰਤਾ ਆਪ ਜਣਾਈਆ । ਚਾਰੇ ਜੁਗ ਤੇਰੇ ਵਣਜਾਰੇ, ਚੌਕੜੀ ਬੰਧਨ ਇਕੋ ਪਾਈਆ । ਚਾਰੇ ਵੇਦ ਤੇਰੇ ਸਹਾਰੇ, ਚਾਰੋਂ ਕੁੰਟ ਕਰਨ ਰੁਸ਼ਨਾਈਆ । ਚਾਰੇ ਮੁਖ ਬ੍ਰਹਮਾ ਪਿਆਰੇ, ਪਰਮ ਪੁਰਖ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਦੁਲਾਰੇ ਤੇਰਾ ਮਾਣ, ਹਰਿ ਕਰਤਾ ਆਪ ਰਖਾਇੰਦਾ । ਤੇਰਾ ਲੇਖਾ ਦੋ ਜਹਾਨ, ਬ੍ਰਹਿਮੰਡ ਖੰਡ ਤੇਰੇ ਜ਼ੇਰ ਕਰਾਇੰਦਾ । ਤੇਰਾ ਹੁਕਮ ਸੱਚਾ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤੇਰਾ ਲੇਖਾ ਜ਼ਿਮੀਂ ਅਸਮਾਨ, ਗਗਨ ਮੰਡਲ ਸੋਭਾ ਪਾਇੰਦਾ । ਰਵ ਸਸ ਸੀਸ ਝੁਕਾਣ, ਨੇਤਰ ਅੱਖ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਇੰਦਾ । ਧੁਰ ਦਾ ਹੁਕਮ ਸੱਚੀ ਸਰਕਾਰ, ਸਤਿ ਸਤਿਵਾਦੀ ਆਪ ਜਣਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਪੰਜ ਤਤ ਕਾਇਆ ਦਏ ਵਡਿਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਤ ਨਵਿਤ ਲਏ ਅਵਤਾਰ, ਵੇਸ ਅਨੇਕਾ ਰੂਪ ਵਟਾਈਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਧੁਰ ਦੀ ਖ਼ਬਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚ ਵਡਿਆਈ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਦਏ ਸਾਥ, ਸਗਲਾ ਸੰਗ ਬਣਾਇੰਦਾ । ਆਤਮ ਪਰਮਾਤਮ ਦੱਸਣੀ ਗਾਥ, ਸੋਹੰ ਢੋਲਾ ਇਕ ਪੜ੍ਹਾਇੰਦਾ । ਤੂੰ ਮੇਰਾ ਮੈਂ ਤੇਰੀ ਜ਼ਾਤ, ਦੂਜਾ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਬ੍ਰਹਮ ਖੇਲੇ ਖੇਲ ਤਮਾਸ਼, ਲੱਖ ਚੁਰਾਸੀ ਖ਼ਾਲਕ ਖ਼ਲਕ ਵਿਚ ਸਮਾਇੰਦਾ । ਸੇਵਾ ਲਾਏ ਦਿਵਸ ਰਾਤ, ਘੜੀ ਪਲ ਵੰਡ ਵੰਡਾਇੰਦਾ । ਲੇਖਾ ਜਾਣੇ ਕਾਇਨਾਤ, ਲੋਕ ਪਰਲੋਕ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਇੰਦਾ । ਧੁਰ ਫ਼ਰਮਾਨਾ ਜੁਗ ਚੌਕੜੀ ਚਾਰ, ਚਾਰੋਂ ਕੁੰਟ ਦਏ ਸਮਝਾਈਆ । ਸਤਿਜੁਗ ਸਾਚੇ ਲੈ ਅਵਤਾਰ, ਵਾਰ ਅਠਾਰਾਂ ਰੂਪ ਵਟਾਈਆ । ਤ੍ਰੇਤੇ ਕਰੇ ਸਚ ਪਿਆਰ, ਦੋਏ ਦੋਏ ਆਪਣਾ ਖੇਲ ਖਿਲਾਈਆ । ਦੁਆਪਰ ਨੂਰ ਕਰੇ ਉਜਿਆਰ, ਦੋਹਰੀ ਧਾਰ ਦਏ ਸਮਝਾਈਆ । ਕਲਜੁਗ ਵੇਸ ਕਰੇ ਨਿਰੰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੁਕਾਮੇ ਹਕ ਹੋ ਉਜਿਆਰ, ਦਰਗਾਹ ਸਾਚੀ ਸੋਭਾ ਪਾਈਆ । ਈਸਾ ਮੂਸਾ ਮੁਹੰਮਦ ਕਰ ਕੇ ਖ਼ਬਰਦਾਰ, ਖ਼ਾਲਸ ਆਪਣਾ ਹੁਕਮ ਜਣਾਈਆ । ਬੋਧ ਅਗਾਧੀ ਸ਼ਬਦੀ ਧਾਰ, ਕਲਮੇ ਨਬੀ ਰਸੂਲ ਪੜ੍ਹਾਈਆ । ਨਾਨਕ

ਨਿਰਗੁਣ ਕਰ ਪਿਆਰ, ਨਾਮ ਸਤਿ ਦਏ ਸਮਝਾਈਆ । ਗੋਬਿੰਦ ਬੋਲ ਇਕ ਜੈਕਾਰ, ਡੰਕਾ ਫ਼ਤਿਹ ਦਏ ਵਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੱਠੇ ਕਰ ਕੇ ਜੁਗ ਚਾਰ, ਧੁਰ ਦਾ ਹੁਕਮ ਦਏ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਨਾਲ ਮਿਲਾਈਆ । ਅੰਜੀਲ ਕੁਰਾਨਾ ਦੇ ਆਧਾਰ, ਤੀਸ ਬਤੀਸਾ ਕਰੇ ਪੜ੍ਹਾਈਆ । ਖਾਣੀ ਬਾਣੀ ਬੋਲ ਜੈਕਾਰ, ਚਾਰੇ ਕੁੰਟ ਕਰੇ ਸ਼ਨਵਾਈਆ । ਮੰਦਰ ਮੱਠ ਕਰ ਤਿਆਰ, ਸ਼ਿਵਦਵਾਲੇ ਸੋਭਾ ਪਾਈਆ । ਤੀਰਥ ਤਟ ਵੇਖ ਕਿਨਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਲ ਮਿਲਾਈਆ । ਗੁਰ ਦਰ ਵੇਖੇ ਵਾਰੋ ਵਾਰ, ਬੰਦ ਕਿਵਾੜੀ ਕੁੰਡਾ ਲਾਹੀਆ । ਮਸੀਤ ਮਸਜਿਦ ਵੇਖੇ ਵੇਖਣਹਾਰ, ਹੁਜਰੇ ਹਕ ਸੋਭਾ ਪਾਈਆ । ਸਚ ਤੌਫ਼ੀਕ ਪਰਵਰਦਿਗਾਰ, ਮਹਿਬਾਨ ਬੀਦੋ ਕਰੇ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਭੇਵ ਖੁਲ੍ਹਾਈਆ । ਸੁਤ ਸ਼ਬਦ ਸੁਣ ਆਦਿ ਜੁਗਾਦੀ, ਜੁਗ ਚੌਕੜੀ ਭੇਵ ਚੁਕਾਇੰਦਾ । ਤੇਰਾ ਨਾਉਂ ਸਦਾ ਅਨਾਦੀ, ਨਾਦ ਧੁਰ ਦਾ ਇਕ ਵਜਾਇੰਦਾ । ਤੇਰੀ ਖੇਲ ਸਦਾ ਬ੍ਰਹਿਮਾਦੀ, ਬ੍ਰਹਿਮੰਡ ਖੰਡ ਖੋਜ ਖੋਜਾਇੰਦਾ । ਤੇਰਾ ਰਾਗ ਅਗੰਮੀ ਰਾਗੀ, ਸੁਰ ਤਾਲ ਵਿਚ ਕਿਸੇ ਨਾ ਆਇੰਦਾ । ਤੇਰਾ ਇਸ਼ਕ ਨਾ ਹਕੀਕੀ ਨਾ ਮਜਾਜ਼ੀ, ਮਜਲਸ ਬਹਿ ਨਾ ਡੇਰਾ ਲਾਇੰਦਾ । ਤੇਰਾ ਪੁੰਨ ਨਾ ਕੋਇ ਸਵਾਬੀ, ਕੂੜੀ ਕਿਰਿਆ ਨਾ ਰੂਪ ਵਖਾਇੰਦਾ । ਤੇਰਾ ਜਲਵਾ ਨੂਰ ਮਹਿਤਾਬੀ, ਮਹਿਬੂਬ ਆਪਣੇ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲੇਖਾ ਆਪ ਜਣਾਇੰਦਾ । ਚਾਰ ਜੁਗ ਦਾ ਲੇਖਾ ਸਮਝ, ਸਮਝਾਵਣਹਾਰ ਦਏ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰੇ ਰਮਜ਼, ਇਸ਼ਾਰੇ ਨਾਲ ਕਰ ਪੜ੍ਹਾਈਆ । ਚੌਦਾਂ ਲੋਕਾਂ ਦੇਵੇ ਸਬਕ, ਚੌਦਾਂ ਤਬਕਾਂ ਤਾਅਲੀਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਤ ਸ਼ਬਦ ਸੁਣ ਖੇਲ ਅਥਾਹ, ਹਰਿ ਕਰਤਾ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਵਿਹਾ, ਨਵ ਨੌਂ ਚਾਰ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਗੁਰ ਅਵਤਾਰ ਪੀਰ ਪੈਗ਼ੰਬਰ ਬਣਨ ਗਵਾਹ, ਲਹਿਣਾ ਦੇਣਾ ਖਾਣੀ ਬਾਣੀ ਇਕ ਭੁਗਤਾਈਆ । ਜਨ ਭਗਤਾਂ ਭਗਵੰਤ ਨਿਤ ਨਵਿਤ ਮਿਲੇ ਆ, ਨਿਰਵੈਰ ਆਪਣਾ ਫੇਰਾ ਪਾਈਆ । ਸਾਚੇ ਸੰਤ ਲਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖ ਗੁਰ ਗੁਰ ਲਏ ਮਿਲਾ, ਬੰਦ ਕਿਵਾੜੀ ਕੁੰਡਾ ਲਾਹੀਆ । ਗੁਰਸਿਖ ਗੋਦ ਲਏ ਬਹਾ, ਫੜ ਬਾਹੋਂ ਗਲੇ ਲਗਾਈਆ । ਤੈਨੂੰ ਸਚ ਦਿਆਂ ਦ੍ਰਿੜਾ, ਨਿਰਅੱਖਰ ਇਕ ਪੜ੍ਹਾਈਆ । ਜਿਸ ਦਾ ਵਜੂਦ ਸਕੇ ਨਾ ਕੋਇ ਬਣਾ, ਸਬੂਤ ਦੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਪਾਰਬ੍ਰਹਮ, ਪਰਮ ਪੁਰਖ ਬੇਪਰਵਾਹੀਆ । ਜੁਗ ਚੌਕੜੀ ਵੇਖਣਾ ਕਰਮ, ਨਿਹਕਰਮੀ ਦਏ ਸਮਝਾਈਆ । ਝਗੜਾ ਪਵੇ ਚਾਰ ਵਰਨ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਲੜਾਈਆ । ਗੁਰ ਕਾ ਸ਼ਬਦ ਨਾ ਕੋਇ ਪੜ੍ਹਨ, ਰਸਨਾ ਜਿਹਵਾ ਬੱਤੀ ਦੰਦ ਹੋਵੇ ਹਲਕਾਈਆ । ਸਾਚੇ ਮੰਦਰ ਮੂਲ ਨਾ ਖੜ੍ਹਨ, ਸੀਸ ਜਗਦੀਸ ਨਾ ਕੋਇ ਝੁਕਾਈਆ । ਸਾਚੀ ਕਰਨੀ ਮੂਲ ਨਾ ਕਰਨ, ਕੂੜੀ ਕਿਰਿਆ ਖੇਹ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਿਸ਼ਾ ਦਏ ਦ੍ਰਿੜਾਈਆ । ਸਾਚੀ ਦਿਸ਼ਾ ਦੱਸੇ ਜੁਗ ਚਾਰ, ਕਲਜੁਗ ਅੰਤ ਮਿਲੇ ਵਡਿਆਈਆ । ਸ਼ਾਸਤਰ ਸਿਮਰਤ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ ।


੭੭

ਤੇਈ ਅਵਤਾਰ ਕਰਨ ਇਜ਼ਹਾਰ, ਧੁਰ ਦਾ ਢੋਲਾ ਰਾਗ ਅਲਾਈਆ । ਪੀਰ ਪੈਗ਼ੰਬਰ ਸੁਣਾਵਣ ਵਾਰੋ ਵਾਰ, ਸੱਯਦਾ ਕਰ ਕਰ ਸੀਸ ਨਿਵਾਈਆ । ਗੁਰ ਗੁਰ ਬੋਲਣ ਇਕ ਜੈਕਾਰ, ਜੈਕਾਰਾ ਨਾਮ ਸੁਣਾਈਆ । ਕਲਜੁਗ ਅੰਤ ਸ੍ਰਿਸ਼ਟੀ ਭੁੱਲੇ ਵਿਚ ਸੰਸਾਰ, ਦ੍ਰਿਸ਼ਟੀ ਸਕੇ ਨਾ ਕੋਇ ਖੁਲ੍ਹਾਈਆ । ਅੰਤਰ ਆਤਮ ਨਾ ਕੋਇ ਪਿਆਰ, ਪਰਮਾਤਮ ਮਿਲਣ ਕੋਇ ਨਾ ਪਾਈਆ । ਘਰ ਵਿਚ ਘਰ ਨਾ ਹੋਏ ਉਜਿਆਰ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਆਤਮ ਸੱਚਾ ਨਾ ਕੋਇ ਆਧਾਰ, ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਅਨਹਦ ਸ਼ਬਦ ਨਾ ਕੋਇ ਧੁਨਕਾਰ, ਧੁਨ ਨਾਦ ਨਾ ਕੋਇ ਸੁਣਾਈਆ । ਅੰਮ੍ਰਿਤ ਮੇਘ ਨਾ ਠੰਡਾ ਠਾਰ, ਕਵਲ ਨਾਭ ਨਾ ਕੋਇ ਉਲਟਾਈਆ । ਗੜ੍ਹ ਤੋੜੇ ਨਾ ਕੋਇ ਹੰਕਾਰ, ਮਮਤਾ ਮੋਹ ਨਾ ਕੋਇ ਮਿਟਾਈਆ । ਕਲਜੁਗ ਨਾਤਾ ਜੁੜੇ ਕੂੜ ਕੁੜਿਆਰ, ਸਚ ਸੁੱਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਸੰਦੇਸਾ ਦੇ ਕੇ ਏਕ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਕਲਜੁਗ ਅੰਤ ਰੱਖਣੀ ਟੇਕ, ਸ਼ਾਹ ਪਾਤਸ਼ਾਹ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਜਾਣ ਸੰਦੇਸ, ਵਾਕ ਭਵਿਖਤ ਇਕ ਸਮਝਾਈਆ । ਜਿਸ ਦਾ ਅਗਲਾ ਕੋਈ ਨਾ ਜਾਣੇ ਲੇਖ, ਅਲਖ ਅਗੋਚਰ ਬੇਪਰਵਾਹੀਆ । ਆਦਿ ਅੰਤ ਜੁਗਾ ਜੁਗੰਤ ਕੋਟਨ ਕੋਟ ਲੱਭਦੇ ਗਏ ਭੇਤ, ਅੰਦਰ ਵੜ ਵੜ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਕਰਨੀ ਰਖੇ ਆਪਣੇ ਹੱਥ, ਕਰਨਹਾਰ ਅਖਵਾਇੰਦਾ । ਕਲਜੁਗ ਅੰਤ ਹੋ ਪਰਗਟ, ਨਿਰਗੁਣ ਆਪਣਾ ਵੇਸ ਵਟਾਇੰਦਾ । ਖੇਲੇ ਖੇਲ ਪੁਰਖ ਸਮਰਥ, ਮਹਿੰਮਾ ਅਕਥ ਇਕ ਦ੍ਰਿੜਾਇੰਦਾ । ਦੋ ਜਹਾਨਾਂ ਰਿਹਾ ਨੱਸ, ਬਣ ਕੇ ਪਾਂਧੀ ਪੰਧ ਮੁਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਚ ਦਵਾਰੇ ਕਰ ਇਕੱਠ, ਸਚਖੰਡ ਸਾਚੇ ਮੇਲ ਮਿਲਾਇੰਦਾ । ਆਪਣੀ ਆਪਣੀ ਵਾਰਤਾ ਦਿਓ ਦੱਸ, ਚਾਰ ਜੁਗ ਦਾ ਲੇਖਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਲੋਕਮਾਤ, ਹਰਿ ਕਰਤਾ ਆਪ ਜਣਾਈਆ । ਸ਼ਬਦ ਅਗੰਮੀ ਜੀਵਾਂ ਜੰਤਾਂ ਜੋ ਦੇ ਕੇ ਆਏ ਦਾਤ, ਹਿਰਦੇ ਹਰਿ ਨਾ ਕੋਇ ਵਸਾਈਆ । ਸਚ ਪ੍ਰੀਤੀ ਬੰਨ੍ਹੇ ਨਾ ਕੋਈ ਨਾਤ, ਜਗਤ ਨੀਤੀ ਪੰਜਾਂ ਵਿਚ ਸਮਾਈਆ । ਸੁਰਤੀ ਸ਼ਬਦੀ ਮਿਲ ਕੇ ਗੋਪੀ ਕਾਹਨ ਕੋਈ ਨਾ ਪਾਏ ਰਾਸ, ਮੰਡਲ ਮੰਡਪ ਖ਼ੁਸ਼ੀ ਨਾ ਕੋਇ ਮਨਾਈਆ । ਸੀਤਾ ਸੁਰਤੀ ਸਾਚੇ ਰਾਮ ਨਾ ਵਸੇ ਪਾਸ, ਸੇਜ ਸੁਹੰਜਣੀ ਬਹਿ ਕੇ ਅੰਗੀਕਾਰ ਨਾ ਕੋਇ ਕਰਾਈਆ । ਸੁਗੰਧੀ ਸਚ ਨਾ ਪਵਣ ਸਵਾਸ, ਦੁਰਗੰਧੀ ਘਟ ਘਟ ਨਜ਼ਰੀ ਆਈਆ । ਨੇਤਰ ਵੇਖੋ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਮਨਸਾ ਦਰ ਦਰ ਫਿਰੇ ਨਾਰ ਕਮਜ਼ਾਤ, ਲੱਖ ਚੁਰਾਸੀ ਰਹੀ ਪਰਨਾਈਆ । ਕਾਇਆ ਮੰਦਰ ਅੰਦਰ ਕਿਸੇ ਨਾ ਲੱਗਾ ਭਾਗ, ਭਗਵਨ ਬੈਠਾ ਨਜ਼ਰ ਕਿਸੇ ਨਾ ਆਈਆ । ਜ਼ਾਹਰ ਬਾਤਨ ਕਰੇ ਨਾ ਕੋਈ ਬਾਤ, ਸ਼ਬਦੀ ਨਾਦ ਨਾ ਕੋਇ ਸ਼ਨਵਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰਨ ਲੜਾਈਆ । ਜੋ ਲਿਖ ਕੇ ਆਏ ਸ਼ਾਹੀ ਨਾਲ ਕਲਮ ਦਵਾਤ, ਕਾਗ਼ਜ਼ਾਂ ਉਪਰ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਨੂੰ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਕੇ ਲਓ ਤੱਕ, ਧਰਨੀ ਧਰਤ ਧਵਲ ਧਿਆਨ ਲਗਾਈਆ । ਕਿਸੇ ਨਾ ਮਿਲੇ ਆਪਣਾ

ਹਕ, ਹਕੀਕਤ ਬੈਠੀ ਮੁਖ ਛੁਪਾਈਆ । ਕੂੜ ਕੁੜਿਆਰਾ ਚਾਰੋਂ ਕੁੰਟ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਅੰਤਰ ਮੰਤਰ ਹਰਿ ਕਾ ਨਾਉਂ ਕੋਈ ਨਾ ਰਿਹਾ ਰਟ, ਮਨ ਕਾ ਰੱਟਾ ਸਕੇ ਨਾ ਕੋਈ ਮਿਟਾਈਆ । ਪੜਦਾ ਖੁੱਲਾ ਕਿਸੇ ਨਾ ਹੱਟ, ਵਣਜ ਵਣਜਾਰਾ ਸੱਚਾ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੰਗੇ ਥਾਈਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰੋਂ ਕੁੰਟ ਕਰਨ ਧਿਆਨ, ਦਹਿ ਦਿਸ਼ਾ ਅੱਖ ਖੁਲ੍ਹਾਈਆ । ਸ੍ਰਿਸ਼ਟੀ ਭੁੱਲੀ ਹਰਿ ਕਾ ਗਿਆਨ, ਸਾਚੇ ਮੰਦਰ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਸਾਧ ਸੰਤ ਜੀਵ ਜੰਤ ਧੀਆਂ ਭੈਣਾਂ ਤਕਾਣ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਸਾਚਾ ਮਿਲੇ ਕਿਸੇ ਨਾ ਮਾਣ, ਅਭਿਮਾਨ ਘਰ ਘਰ ਬੈਠਾ ਡੇਰਾ ਲਾਈਆ । ਇਸ਼ਟ ਦੇਵ ਨਾ ਕੋਇ ਭਗਵਾਨ, ਸਿਲ ਪੂਜਸ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਤੇਈ ਅਵਤਾਰ ਦੱਸਣ ਹਾਲ, ਹਾਲਤ ਸਭ ਦੀ ਰਹੇ ਜਣਾਈਆ । ਕਲਜੁਗ ਚਾਰੋਂ ਕੁੰਟ ਕੂਕੇ ਸਿਰ ਤੇ ਕਾਲ, ਜਗਤ ਨਗਾਰਾ ਰਿਹਾ ਵਜਾਈਆ । ਈਸਾ ਮੂਸਾ ਮੁਹੰਮਦ ਕਹੇ ਸਦੀ ਚੌਧਵੀਂ ਸਾਡਾ ਪੂਰਾ ਹੋਏ ਸਵਾਲ, ਸਵਾਲੀ ਬਣ ਕੇ ਸੀਸ ਨਿਵਾਈਆ । ਨਾਨਕ ਗੋਬਿੰਦ ਕਹੇ ਬੀਸ ਇੱਕੀਸਾ ਖੇਲ ਕਰੇ ਕਮਾਲ, ਪੁਰਖ ਅਕਾਲ ਵਡੀ ਵਡਿਆਈਆ । ਧਰਨੀ ਕਹੇ ਮੇਰੇ ਦੀਨ ਦਿਆਲ, ਮੈਂ ਤੇਰੀ ਓਟ ਤਕਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜ੍ਹੇ ਰਹਿ ਗਏ ਲਾਲ, ਕੋਟਨ ਕੋਟਾਂ ਵਿਚੋਂ ਭਗਤ ਵਿਰਲਾ ਨਜ਼ਰੀ ਆਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਕਲਜੁਗ ਡੰਕਾ ਵੱਜੇ ਕੂੜਾ ਤਾਲ, ਨਗਾਰਾ ਚਾਰੋਂ ਕੁੰਟ ਸੁਣਾਈਆ । ਪੱਤ ਦਿਸੇ ਨਾ ਕਿਸੇ ਡਾਲ੍ਹ, ਟਹਿਣੀ ਸਚ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਆਪਣੀ ਧਾਰ ਬੰਧਾਈਆ । ਪੀਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਆਖ਼ਰ ਆਪ ਜਣਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਹੋਏ ਵੱਖ, ਕਲਮਾ ਹੱਕ ਨਾ ਕੋਇ ਸੁਣਾਇੰਦਾ । ਹਕੀਕਤ ਵਿਚੋਂ ਸਚ ਸਕੇ ਨਾ ਕੋਈ ਲੱਭ, ਤੌਫ਼ੀਕ ਵਿਚ ਨਜ਼ਰ ਕੋਇ ਨਾ ਆਇੰਦਾ । ਜਗਤ ਵਾਸਨਾ ਰਹੇ ਨੱਠ, ਨੌ ਦਵਾਰੇ ਪੰਧ ਨਾ ਕੋਇ ਚੁਕਾਇੰਦਾ । ਸਾਚੇ ਹੁਜਰੇ ਕੋਇ ਨਾ ਸਕੇ ਲੱਭ, ਮਹਿਬੂਬ ਮਿਲਣ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਭੇਵ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਪੁਰਖ ਅਕਾਲ ਤੇਰੀ ਵਡਿਆਈਆ । ਅਸੀਂ ਫਿਰ ਫਿਰ ਆਏ ਉੱਤਰ ਪੂਰਬ ਪੱਛਮ ਦੱਖਣ ਚੜ੍ਹਦੇ ਲਹਿੰਦੇ, ਲਹਿਣੇਦਾਰ ਕੋਈ ਨਜ਼ਰ ਨਾ ਆਈਆ । ਕੂੜੀ ਕਿਰਿਆ ਹਉਮੇ ਹੰਗਤਾ ਕੱਠੇ ਹੋ ਕੇ ਬਹਿੰਦੇ, ਕਾਮ ਕਰੋਧ ਲੋਭ ਮੋਹ ਹੰਕਾਰ ਖ਼ੁਸ਼ੀ ਮਨਾਈਆ । ਤੇਰੀ ਸਰਨਾਈ ਗੁਰਮੁਖ ਵਿਰਲੇ ਢਹਿੰਦੇ, ਜਿਨ੍ਹਾਂ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਤੋਬਾ, ਤੋਬਾ ਤੋਬਾ ਰਹੇ ਸੁਣਾਈਆ । ਸਾਚਾ ਰਖੇ ਨਾ ਕੋਈ ਰੋਜ਼ਾ, ਈਦ ਦੀਦ ਚੰਦ ਨਾ ਕੋਇ ਰੁਸ਼ਨਾਈਆ । ਜਗਤ ਵੇਖਿਆ ਕੋਨਾ ਕੋਨਾ, ਚੌਦਾਂ ਤਬਕ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਚਲਣਾ ਤੇਰੀ ਰਜ਼ਾਈਆ । ਪੀਰ ਪੈਗ਼ੰਬਰ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਾਡਾ ਅੰਤਮ ਰਿਹਾ ਹੋ, ਹੌਕਾ ਲੈ ਕੇ ਰਹੇ ਸੁਣਾਈਆ ।

ਸਦੀ ਚੌਧਵੀਂ ਅੰਤਮ ਸਭ ਕੁਛ ਲੈਣਾ ਖੋਹ, ਖ਼ਾਲਕ ਤੇਰੀ ਖ਼ਲਕ ਤੇਰੀ ਝੋਲੀ ਪਾਈਆ । ਪਿਛਲੇ ਕਲਮੇ ਚੁੱਕਣਾ ਮੋਹ, ਮੁਹੱਬਤ ਇਕੋ ਘਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰ ਮਹਿਬੂਬ, ਮਿਹਰਵਾਨ ਤੇਰੀ ਸਰਨਾਈਆ । ਤੇਰਾ ਉਚਾ ਅਰਸ਼ ਅਰੂਜ, ਕੁਰਸ਼ ਤੇਰੀ ਵਡਿਆਈਆ । ਤੇਰੀ ਮਨਜ਼ਲ ਸਚ ਮਕਸੂਦ, ਦਰਗਾਹ ਸਾਚੀ ਸੋਭਾ ਪਾਈਆ । ਨਾ ਕੋਈ ਅਲਿਫ਼ ਯੇ ਨਾ ਕੋਈ ਪੜ੍ਹੇ ਹਜ਼ਾਰਾ ਦਰੂਦ, ਇਸਮ ਆਅਜ਼ਮ ਨਾ ਕੋਇ ਵਖਾਈਆ । ਨਾ ਕੋਈ ਤਤਵ ਤਤ ਤਨ ਵਜੂਦ, ਰੂਹ ਬੁੱਤ ਨਾ ਕੋਇ ਪਰਗਟਾਈਆ । ਨਾ ਕੋਈ ਆਫ਼ਤਾਬ ਹੋਏ ਗ਼ਰੂਬ, ਨਵਚੰਦੀ ਚੰਦ ਨਾ ਕੋਇ ਚਮਕਾਈਆ । ਤੇਰਾ ਦੇਵੇ ਨਾ ਕੋਇ ਸਚ ਸਬੂਤ, ਸਾਬਤ ਸੂਰਤ ਨਜ਼ਰ ਕਿਸੇ ਨਾ ਆਈਆ । ਮੱਕੇ ਕਾਅਬੇ ਹਾਜ਼ਰ ਨਾ ਦਿਸੇ ਮੌਜੂਦ ਮੁਫ਼ਲਿਸ ਹੋਈ ਲੋਕਾਈਆ । ਸਚ ਦਵਾਰੇ ਅੰਦਰ ਹੁਜਰੇ ਹਕ ਬੈਠੋਂ ਹਦੂਦ, ਨਿਰਗੁਣ ਆਪਣਾ ਨੂਰ ਛੁਪਾਈਆ । ਉਮਤ ਉਮਤੀ ਹੋਈ ਮਕਰੂਜ਼, ਕਰਜ਼ਾ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਹੋ ਸਹਾਈਆ । ਪੀਰ ਪੈਗ਼ੰਬਰ ਕਹਿਣ ਮੇਰੇ ਪਰਵਰਦਿਗਾਰ, ਦੀਦ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਸਾਂਝਾ ਯਾਰ, ਰਹਿਮਤ ਇਕ ਕਮਾਈਆ । ਹਉਂ ਸੇਵਕ ਤੇਰੇ ਬਰਖ਼ੁਰਦਾਰ, ਅਜ਼ੀਜ਼ ਰੂਪ ਵਟਾਈਆ । ਸਦੀ ਚੌਧਵੀਂ ਤੇਰਾ ਤੱਕਣਾ ਇਕ ਦੀਦਾਰ, ਨੇਤਰ ਲੋਚਣ ਨੈਣ ਦਰਸਨ ਪਾਈਆ । ਪੈਗ਼ੰਬਰਾਂ ਵਿਚੋਂ ਪੈਗ਼ੰਬਰ ਸਰਦਾਰ, ਪੀਰਾਂ ਵਿਚੋਂ ਪੀਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਦੇਣਾ ਚੁਕਾਈਆ । ਪੀਰ ਪੈਗ਼ੰਬਰਾਂ ਸੁਣ ਕੇ ਬਾਤ, ਕਲਜੁਗ ਲਏ ਅੰਗੜਾਈਆ । ਸੋਹਣੀ ਸੁਹੰਜਣੀ ਮੇਰੀ ਰਾਤ, ਜਗਤ ਅੰਧੇਰਾ ਰਹੀ ਵਖਾਈਆ । ਪਰਮ ਪੁਰਖ ਨੇ ਦਿਤੀ ਸੁਗਾਤ, ਸਦੀ ਚੌਧਵੀਂ ਮੇਰੀ ਝੋਲੀ ਪਾਈਆ । ਜਿਸ ਵਿਚੋਂ ਮੈਨੂੰ ਮਿਲਣੀ ਨਜਾਤ, ਨਛਾਵਰ ਆਪਣਾ ਆਪ ਕਰਾਈਆ । ਲੇਖਾ ਵਖਾਏ ਕੱਢ ਉਹ ਕਿਤਾਬ, ਜਿਸ ਉਪਰ ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਮਸਲਾ ਦੱਸਿਆ ਹਕ ਜਨਾਬ, ਜਨਾਬੇ ਆਲੀ ਦਿਤਾ ਸਮਝਾਈਆ । ਮੈਨੂੰ ਉਸ ਤੋਂ ਮਿਲਿਆ ਖ਼ਤਾਬ, ਜੋ ਸਭ ਦੀ ਖ਼ਤਾ ਮੁਆਫ਼ ਕਰਾਈਆ । ਸੱਯਦਾ ਸੀਸ ਕਰਾਂ ਆਦਾਬ, ਨਿਉਂ ਨਿਉਂ ਲਾਗਾਂ ਪਾਈਆ । ਉਮਤ ਉਮਤੀ ਜਿਸ ਨੇ ਬਾਗ਼ ਲਗਾਇਆ ਸੋ ਵੇਖਣਹਾਰਾ ਬਾਗ਼ਾਤ, ਬਾਗ਼ਬਾਨ ਬੇਪਰਵਾਹੀਆ । ਉਸ ਦੀ ਸਿਫ਼ਤ ਕੀ ਕਰਦੇ ਰਹੇ ਵਿਚ ਲੁਗ਼ਾਤ, ਅਲਿਫ਼ ਯੇ ਕਰ ਪੜ੍ਹਾਈਆ । ਅੰਤਮ ਉਸੇ ਦੇ ਸਰਬ ਮਤਾਹਿਤ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਕਿਰਪਾ ਕਰਕੇ ਜੇ ਕਰੇ ਆਪ ਅਨਾਇਤ, ਮਿਹਰ ਨਜ਼ਰ ਉਠਾਈਆ । ਬੀਸ ਇੱਕੀਸਾ ਹਰਿ ਜਗਦੀਸਾ ਪਿਛਲੀ ਮੇਟੇ ਸਰਬ ਸ਼ਰਾਇਤ, ਸ਼ਰੀਅਤ ਵਿਚ ਸ਼ਰਅ ਰਹਿਣ ਨਾ ਪਾਈਆ । ਅੱਗੇ ਕਰੇ ਇਕ ਹਦਾਇਤ, ਧੁਰ ਦਾ ਹੁਕਮ ਸੁਣਾਈਆ । ਚਾਰ ਵਰਨ ਬਣਨਾ ਇਕ ਜਮਾਇਤ, ਜ਼ਾਤ ਪਾਤ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਵੇਖਾਂ ਲਾਇਕ, ਜੋ ਅੰਤਰ ਆਤਮ ਬੈਠਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਪੀਰ ਪੈਗ਼ੰਬਰ ਕਹਿਣ ਸਾਨੂੰ ਮਨਜ਼ੂਰ, ਸੱਯਦਾ ਇਕੋ ਦਰ ਸੀਸ ਨਿਵਾਈਆ । ਪਰਵਰਦਿਗਾਰ ਹਾਜ਼ਰ ਹਜ਼ੂਰ, ਹਜ਼ਰਤ ਦਿਸੇ ਬੇਪਰਵਾਹੀਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਗ਼ਰੂਰ, ਫ਼ਤਵਾ ਲੱਗੇ ਨਾ ਕੋਇ ਲੋਕਾਈਆ । ਜਗਤ ਉਮਤ ਤੇਰੀ ਮਸ਼ਕੂਰ, ਸ਼ੁਕਰੀਆ ਕਰ ਕੇ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਬਖ਼ਸ਼ ਦੇਣਾ ਕਸੂਰ,

ਮਫ਼ਰੂਰ ਹੋ ਕੇ ਬੈਠੇ ਮੁਖ ਛੁਪਾਈਆ । ਕੂੜਾ ਕੱਢ ਦੇਣਾ ਗ਼ਰੂਰ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਤੇਰੇ ਬਰਦੇ ਬਣੀਏ ਮਜ਼ਦੂਰ, ਘਰ ਸਾਚੇ ਸੇਵ ਕਮਾਈਆ । ਤੇਰਾ ਨਾਉਂ ਨਿਰੰਕਾਰ ਹੋਵੇ ਮਸ਼ਹੂਰ, ਮੁਸ਼ਕਲ ਸਭ ਦੀ ਹੱਲ ਕਰਾਈਆ । ਗੁਰ ਅਵਤਾਰ ਤੇਰੇ ਹਜ਼ੂਰ, ਹਾਜ਼ਰ ਹੋ ਕੇ ਰਹੇ ਜਸ ਗਾਈਆ । ਕਲਜੁਗ ਅਗਨੀ ਵੇਖ ਤੰਦੂਰ, ਚਾਰੋਂ ਕੁੰਟ ਅੰਧੇਰਾ ਛਾਈਆ । ਕਲਮਾ ਨਾਮ ਭੁੱਲ ਕੇ ਸਭ ਨੇ ਪਾਇਆ ਫ਼ਤੂਰ, ਸਿਰ ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇਣਾ ਸਮਝਾਈਆ । ਪੀਰ ਪੈਗ਼ੰਬਰ ਸੁਣੋ ਲਾ ਕਰ ਕੰਨ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਲੱਗਣਾ ਅੰਤਮ ਡੰਨ, ਡੰਕਾ ਹਰਿ ਜੂ ਇਕ ਵਜਾਇੰਦਾ । ਕੂੜ ਕੁੜਿਆਰਾ ਦੇਣਾ ਭੰਨ, ਸਤਿ ਸਚ ਇਕ ਪਰਗਟਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੰਜ ਤਤ ਮਾਟੀ ਤਨ, ਤਤਵ ਇਕੋ ਰੰਗ ਰੰਗਾਇੰਦਾ । ਅੰਤਰ ਸਭ ਦੇ ਬੁਧ ਮਤ ਮਨ, ਮਨਸਾ ਮਨਸਾ ਵਿਚੋਂ ਪਰਗਟਾਇੰਦਾ । ਪਵਣ ਸਵਾਸ ਹਰ ਘਟ ਰਿਹਾ ਚਲ, ਘਰ ਘਰ ਸੇਵ ਕਮਾਇੰਦਾ । ਦੀਪਕ ਜੋਤ ਇਕੋ ਦੀਵਾ ਰਿਹਾ ਜਲ, ਨੂਰ ਨੁਰਾਨਾ ਡਗਮਗਾਇੰਦਾ । ਦੂਈ ਦਵੈਤੀ ਮੇਟੇ ਸਲ, ਸਾਲਸ ਇਕੋ ਨਜ਼ਰੀ ਆਇੰਦਾ । ਊਚ ਨੀਚ ਵਰਨ ਬਰਨ ਖੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜਾਈਏ ਰਲ, ਦੂਜਾ ਵਿਚ ਨਜ਼ਰ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਦਰ ਤੇਰੇ ਸੀਸ ਸਰਬ ਝੁਕਾਇੰਦਾ । ਦਰ ਤੇਰੇ ਸੀਸ ਗਿਆ ਝੁਕ, ਸਾਹਿਬ ਸਤਿਗੁਰ ਤੇਰੀ ਓਟ ਸਰਬ ਤਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਲੋਂ ਦੀਨ ਮਜ਼੍ਹਬ ਪੈਂਡਾ ਜਾਏ ਮੁਕ, ਜ਼ਾਤ ਪਾਤ ਵੰਡ ਨਾ ਕੋਇ ਵੰਡਾਇੰਦਾ । ਸ਼ਰਅ ਸ਼ਰਾਇਤੀ ਬੰਧਨ ਜਾਏ ਛੁਟ, ਛੁਟਕਾਰਾ ਘਰ ਤੇਰੇ ਨਜ਼ਰੀ ਆਇੰਦਾ । ਜੋ ਕਲਜੁਗ ਕਿਰਿਆ ਕਰਨੀ ਕਰ ਕੇ ਗਏ ਰੁਠ, ਤਿਨ੍ਹਾਂ ਤੇਰਾ ਸੁਖ ਇਕੋ ਲਿਆਇੰਦਾ । ਤੂੰ ਸਾਹਿਬ ਸਤਿਗੁਰ ਅੰਦਰ ਵੜ ਕੇ ਪੁਛ, ਘਰ ਘਰ ਵਿਚ ਖੋਜ ਖੋਜਾਇੰਦਾ । ਆਤਮ ਮੌਲੇ ਤੇਰੀ ਰੁਤ, ਪਰਮਾਤਮ ਤੇਰਾ ਸੁਹੰਜਣਾ ਰੰਗ ਸੋਭਾ ਪਾਇੰਦਾ । ਕਰੇ ਪਰਕਾਸ਼ ਨਿਰੰਜਣ ਜੋਤ, ਅੰਧ ਅੰਧੇਰ ਚੁਕਾਇੰਦਾ । ਭਾਗ ਲਗੇ ਸਾਚੇ ਕੋਟ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਸੁਣੀਏ ਤੇਰਾ ਸਚ ਸਲੋਕ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਇੰਦਾ । ਹਰ ਘਟ ਤੇਰੀ ਇਕੋ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਪਰਮ ਪੁਰਖ ਪਰਮਾਤਮ ਆਦਿ ਜੁਗਾਦਿ ਇਕ ਅਖਵਾਇੰਦਾ । ਕਲਜੁਗ ਚੌਥੇ ਜੁਗ ਡੂੰਘੀ ਕੰਦਰ ਸੁੱਟ, ਖਾਤਾ ਜਿਥੋਂ ਬਾਹਰ ਨਾ ਕੋਈ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਜਣਾਇੰਦਾ । ਦਰ ਘਰ ਸਾਚਾ ਸੁਣੋ ਅਖ਼ੀਰ, ਆਖ਼ਰ ਹਰਿ ਜਣਾਈਆ । ਪੰਜ ਤਤ ਸਭ ਦਾ ਜਗਤ ਸਰੀਰ, ਤ੍ਰੈਗੁਣ ਖੇਲ ਵਖਾਈਆ । ਆਤਮ ਪਰਮਾਤਮ ਦੇਵੇ ਧੀਰ, ਧੀਰਜਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਰਗ ਇਕ ਪਰਗਟਾਈਆ । ਸਭ ਦਾ ਮਾਰਗ ਸਤਿਜੁਗ ਸੱਚਾ, ਸੋ ਸਤਿਗੁਰ ਆਪ ਸੁਣਾਈਆ । ਲੱਖ ਚੁਰਾਸੀ ਪੁਰਖ ਅਕਾਲ ਦਾ ਬੱਚਾ, ਸ੍ਰਿਸ਼ਟ ਸਬਾਈ ਇਕੋ ਪਿਤਾ ਮਾਈਆ । ਜਿਸ ਦਾ ਸਚਖੰਡ ਦਵਾਰਾ ਧੁਰ ਦਾ ਪਤਾ, ਪਤਿਪਰਮੇਸ਼ਵਰ ਰਿਹਾ ਸੋਭਾ ਪਾਈਆ । ਉਹ ਨਜ਼ਰ ਨਾ ਆਏ ਦੋਹਾਂ ਅੱਖਾਂ, ਨਿਜ ਨੇਤਰ ਮਿਲੇ ਚਾਈਂ ਚਾਈਆ । ਜਿਨ੍ਹਾਂ ਗੁਰਮੁਖਾਂ ਧੁਰ ਦਾ ਅੰਮ੍ਰਿਤ ਚੱਖਾ, ਰਸ ਅੰਤਰ ਲਿਆ ਪਰਗਟਾਈਆ । ਓਨ੍ਹਾਂ ਮੁਰੀਦਾਂ ਭੁੱਲ ਗਿਆ ਮਦੀਨਾ ਮੱਕਾ, ਕਾਅਬਾ ਘਰ ਵਿਚ ਸੋਭਾ ਪਾਈਆ । ਜਿਨ੍ਹਾਂ ਭਗਤਾਂ ਮਿਲਿਆ ਪੁਰਖ ਸਮਰਥਾ,

੮੧

ਸੋ ਅਠਸਠਾਂ ਬੈਠੇ ਪੰਧ ਮੁਕਾਈਆ । ਜਿਨ੍ਹਾਂ ਚਰਨ ਪ੍ਰੀਤੀ ਬੱਧਾ ਨਾਤਾ, ਸੋ ਜਗਤ ਨਾਤੇ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਈਆ । ਸਾਚੀ ਸਿਖਿਆ ਸਤਿ ਸਤਿਵੰਤ, ਸਤਿ ਸਤਿਵਾਦੀ ਆਪ ਜਣਾਇੰਦਾ । ਜਿਸ ਲੱਖ ਚੁਰਾਸੀ ਬਣਾਈ ਬਣਤ, ਸੋ ਆਦਿ ਅੰਤ ਵੇਖ ਵਖਾਇੰਦਾ । ਪਰਗਟ ਹੋ ਕੇ ਕਲਜੁਗ ਅੰਤ, ਸਤਿਜੁਗ ਦੱਸੇ ਮਣੀਆਂ ਮੰਤ, ਸ਼ਬਦ ਅਨਮੋਲਾ ਧੁਰ ਦਾ ਢੋਲਾ ਆਪ ਸੁਣਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਨਾਰ ਕੰਤ, ਆਤਮ ਸੇਜ ਸੁਹਾਏ ਬਸੰਤ, ਸੋਭਾਵੰਤ ਵੇਖ ਵਖਾਇੰਦਾ । ਨਾਤਾ ਤੁੱਟੇ ਦੋਜ਼ਖ਼ ਬਹਿਸ਼ਤ ਜਨਤ, ਨਰਕ ਸੁਰਗ ਚਰਨਾਂ ਹੇਠ ਦਬਾਇੰਦਾ । ਧੰਨ ਵਡਿਆਈ ਗੁਰਮੁਖ ਸਾਚੇ ਸੰਤ, ਜਿਨ੍ਹਾਂ ਪਰਮ ਹੰਸ ਰੂਪ ਵਖਾਇੰਦਾ । ਪੰਜ ਤਤ ਕਾਇਆ ਬਣਾ ਕੇ ਬਣਤ, ਦੇ ਵਡਿਆਈ ਵਿਚੋਂ ਜੀਵ ਜੰਤ, ਲੱਖ ਚੁਰਾਸੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖਣ ਆਇਆ, ਨਿਰਗੁਣ ਦਾਤਾ ਹਰਿ ਕਰਤਾਰ । ਜਨ ਭਗਤਾਂ ਦੇਵੇ ਧੁਰ ਦੀ ਛਾਇਆ, ਸਮਰਥ ਪੁਰਖ ਅਗੰਮ ਅਪਾਰ । ਮੇਟ ਮਿਟਾਏ ਤ੍ਰੈਗੁਣ ਝੂਠੀ ਮਾਇਆ, ਪੰਜ ਤਤ ਕਰੇ ਆਕਾਰ । ਸੋਈ ਸੁਰਤੀ ਲਏ ਜਗਾਇਆ, ਸ਼ਬਦ ਹਲੂਣਾ ਇਕੋ ਮਾਰ । ਆਲਸ ਨਿੰਦਰਾ ਦਏ ਗਵਾਇਆ, ਸਚ ਸਰੋਵਰ ਇਕ ਨੁਹਾਲ । ਮਨ ਕਾ ਮਣਕਾ ਦਏ ਭਵਾਇਆ, ਸਾਚੀ ਸਿਖਿਆ ਸਚ ਸਿਖਾਲ । ਸਾਚੀ ਧਰਮਸਾਲ ਦਏ ਬਹਾਇਆ, ਜਿਥੇ ਦੀਵਾ ਬਾਤੀ ਜਗੇ ਅਗੰਮ ਅਪਾਰ । ਸੂਰਜ ਚੰਦ ਨਾ ਕੋਇ ਰੁਸ਼ਨਾਇਆ, ਮੰਡਲ ਮੰਡਪ ਨਾ ਕੋਇ ਆਕਾਰ । ਸਾਚਾ ਮੰਦਰ ਇਕ ਵਡਿਆਇਆ, ਜਿਸ ਗ੍ਰਿਹਿ ਵਸੇ ਆਪ ਨਿਰੰਕਾਰ । ਅੰਦਰ ਵੜ ਕੇ ਜੰਦਰ ਦਏ ਤੁੜਾਇਆ, ਕੁਫ਼ਲ ਖੋਲ੍ਹੇ ਖੋਲ੍ਹਣਹਾਰ । ਸਾਚੀ ਮੰਜ਼ਲ ਦਏ ਪੁਚਾਇਆ, ਅਗਲਾ ਪਿਛਲਾ ਪੰਧ ਨਿਵਾਰ । ਹਰ ਦਿਲ ਹੋਏ ਸੇਵ ਕਮਾਇਆ, ਸੰਤ ਸੁਹੇਲੇ ਕਰ ਪਿਆਰ । ਗੁਰ ਚੇਲੇ ਇਕੋ ਘਰ ਵਸਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਲ । ਮਿਹਰ ਨਜ਼ਰ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਸੱਚਾ ਜਾਪ, ਆਤਮ ਪਰਮਾਤਮ ਦਏ ਸਮਝਾਈਆ । ਰੂਹ ਬੁਤ ਦੋਵੇਂ ਹੋਵਣ ਪਾਕ, ਸੁਰਤੀ ਸ਼ਬਦ ਹੋਵੇ ਕੁੜਮਾਈਆ । ਘਰ ਤਾਕੀ ਖੁਲ੍ਹੇ ਬੰਦ ਕਿਵਾੜੀ ਤਾਕ, ਪੜਦਾ ਦੂਈ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪੂਰਾ ਕਰ ਕੇ ਭਵਿਖਤ ਵਾਕ, ਵਾਕਿਆ ਅਗਲਾ ਦਏ ਸਮਝਾਈਆ । ਵੇਦ ਵਿਆਸਾ ਲਿਖ ਕੇ ਗਿਆ ਉਪਰ ਕਿਤਾਬ, ਪੂਤ ਸਪੂਤਾ ਬ੍ਰਹਿਮਣ ਗੌੜਾ ਫੇਰਾ ਪਾਈਆ । ਈਸਾ ਕਰ ਕੇ ਗਿਆ ਆਦਾਬ, ਮੇਰਾ ਪਿਤਾ ਆਵੇ ਚਾਈਂ ਚਾਈਆ । ਮੁਹੰਮਦ ਦੱਸ ਕੇ ਗਿਆ ਜਨਾਬ, ਹਜ਼ਰਤ ਆਪਣਾ ਵੇਸ ਵਟਾਈਆ । ਅਮਾਮਾਂ ਸਿਰ ਜਿਸ ਦਾ ਵੱਡਾ ਖ਼ਤਾਬ, ਮਿਹਬਾਨ ਨੂਰ ਰੁਸ਼ਨਾਈਆ । ਨਾਨਕ ਗੋਬਿੰਦ ਲਾ ਕੇ ਸਚ ਹਿਸਾਬ, ਬਿਨ ਅੰਕੜਿਆਂ ਦਿਤਾ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਪੁਰਖ ਅਕਾਲ, ਜਿਸ ਦਾ ਪਿਤਾ ਨਾ ਕੋਇ ਮਾਈਆ । ਸੰਬਲ ਨਗਰ ਲਏ ਸੁਰਤ ਸੰਭਾਲ, ਸ਼ਬਦ ਅਗੰਮੀ ਵੱਜੇ ਤਾਲ, ਤਲਵਾੜਾ ਇਕੋ ਇਕ ਜਣਾਈਆ । ਸਾਢੇ ਤਿੰਨ ਹੱਥ ਵਖਾਏ ਸੱਚੀ ਧਰਮਸਾਲ, ਮੰਦਰ ਸ਼ਿਵਦਵਾਲਾ ਮੱਠ ਵਖਾਏ ਕਮਾਲ, ਮਸੀਤ ਮਸਜਿਦ ਜਲਵਾ ਨੂਰ ਰੁਸ਼ਨਾਈਆ । ਆ ਕੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਹਲ ਕਰੇ ਸਵਾਲ, ਸਦੀ ਸਦੀਵੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ

ਦੱਸੇ ਸਚ ਅਹਿਵਾਲ, ਅਹਿਲ ਆਪਣਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ, ਅਬਿਨਾਸ਼ੀ ਅਚੁਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ ।

✪ ੨੯ ਜੇਠ ੨੦੨੧ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਿਹ ਮਘੋਵਾਲੀ ✪

ਜਨ ਭਗਤਾਂ ਸਦਾ ਵੱਡੀ ਸ਼ਾਨ, ਜੁਗ ਚੌਕੜੀ ਸ਼ਹਿਨਸ਼ਾਹ ਆਪ ਬਣਾਇੰਦਾ । ਸਚ ਦਵਾਰੇ ਦੇ ਕੇ ਮਾਣ, ਅਭਿਮਾਨ ਮੋਹ ਮਿਟਾਇੰਦਾ । ਅੰਤਰ ਆਤਮ ਬਖ਼ਸ਼ ਗਿਆਨ, ਅਨਭਵ ਭੇਵ ਖੁਲਾਇੰਦਾ । ਚਰਨ ਪ੍ਰੀਤੀ ਇਕ ਨਿਸ਼ਾਨ, ਸਚ ਦਵਾਰ ਸੁਹਾਇੰਦਾ । ਠਾਂਡਾ ਅੰਮ੍ਰਿਤ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇੰਦਾ । ਘਰ ਸਵਾਮੀ ਮਿਲੇ ਆਣ, ਪੁਰਖ ਅਬਿਨਾਸ਼ੀ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਹਰਿਜਨ ਵੇਖ ਬਾਲ ਨਾਦਾਨ, ਅਣਜਾਣ ਗੋਦ ਉਠਾਇੰਦਾ । ਲੇਖਾ ਚੁੱਕੇ ਜਮ ਕੀ ਕਾਣ, ਆਪਣੀ ਕਲਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਦਇਆ ਕਮਾਇੰਦਾ । ਆਦਿ ਜੁਗਾਦੀ ਸ਼ਾਨ ਭਗਤ, ਭਗਵਨ ਆਪ ਬਣਾਈਆ । ਦੇ ਵਡਿਆਈ ਲੋਕਮਾਤ ਜਗਤ, ਜਗ ਜੀਵਣ ਦਏ ਦ੍ਰਿੜਾਈਆ । ਪ੍ਰੇਮ ਪਿਆਰ ਦੀ ਸਾਚੀ ਸ਼ਕਤ, ਸ਼ਖ਼ਸੀਅਤ ਵਿਚ ਰਖਾਈਆ । ਆਪਣੇ ਮਿਲਣ ਦਾ ਦੱਸ ਕੇ ਵਕਤ, ਵੇਲਾ ਦਏ ਸੁਹਾਈਆ । ਆਤਮ ਪਰਮਾਤਮ ਰਹੇ ਨਾ ਫ਼ਰਕ, ਫ਼ੈਸਲਾ ਪੰਧ ਦਏ ਚੁਕਾਈਆ । ਮਿਹਰਵਾਨ ਹੋ ਕੇ ਮਰਦਾਨਾ ਮਰਦ, ਮਰਦਾਨਗੀ ਇਕ ਕਮਾਈਆ । ਨਿਰਗੁਣ ਸਰਗੁਣ ਵੰਡੇ ਦਰਦ, ਦਰਦ ਦੁੱਖ ਭੈ ਭੰਜਨ ਬੇਪਰਵਾਹੀਆ । ਜਨਮ ਜਨਮ ਦੀ ਮੰਜ਼ੂਰ ਕਰ ਕੇ ਅਰਜ਼, ਆਰਜ਼ੂ ਆਪਣੇ ਲੇਖੇ ਲਾਈਆ । ਕਰੇ ਖੇਲ ਸਾਹਿਬ ਅਸਚਰਜ, ਅਚਰਜ ਲੀਲਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਵੱਡੀ ਸ਼ਾਨ ਲੋਕਮਾਤ, ਸਾਹਿਬ ਸਤਿਗੁਰ ਦਏ ਵਡਿਆਈਆ । ਜਿਨ੍ਹਾਂ ਮਿਲ ਗਈ ਨਾਮ ਦਾਤ, ਸਾਚੀ ਝੋਲੀ ਇਕ ਭਰਾਈਆ । ਰੰਗ ਰੱਤੇ ਦਿਵਸ ਰਾਤ, ਅੱਠੇ ਪਹਿਰ ਖ਼ੁਸ਼ੀ ਮਨਾਈਆ । ਸਾਚੀ ਮਿਲ ਗਈ ਆਤਮ ਜ਼ਾਤ, ਪਰਮਾਤਮ ਵਿਚ ਸਮਾਈਆ । ਘਰ ਮੰਦਰ ਹੋਇਆ ਪਰਕਾਸ਼, ਅੰਧ ਅੰਧੇਰ ਮਿਟਾਈਆ । ਪੂਰਬ ਪੂਰਬ ਪੂਰੀ ਆਸ, ਕਰਮ ਕਰਮ ਲੇਖੇ ਲਾਈਆ । ਜਨਮ ਜਨਮ ਦੇ ਧਰਵਾਸ, ਭਰਮ ਭਰਮ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਚ ਸ਼ਾਨ ਜਨ ਭਗਤ ਏਕ, ਹਰਿ ਕਰਤਾ ਦਏ ਵਡਿਆਈਆ । ਜਿਨ੍ਹਾਂ ਲਿਖਿਆ ਧੁਰ ਦਾ ਲੇਖ, ਮਸਤਕ ਮੇਖ ਦਏ ਲਗਾਈਆ । ਜੁਗ ਚੌਕੜੀ ਓਨ੍ਹਾਂ ਦੇਵੇ ਭੇਤ, ਪਰਦਾ ਆਪ ਉਠਾਈਆ । ਮਾਇਆ ਮੋਹ ਨਾ ਲਾਵੇ ਸੇਕ, ਮਮਤਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤਾਂ ਸ਼ਾਨ ਸਭ ਤੋਂ ਵੱਖਰਾ, ਬਸਤਰ ਤਨ ਨਾ ਕੋਇ ਵਡਿਆਈਆ । ਨੇਤਰ ਕੱਜਲ ਨਾ ਕੋਈ ਨਖ਼ਰਾ, ਕੂੜਾ ਨੈਣ ਨਾ ਕੋਇ ਮਟਕਾਈਆ । ਗਿਆਨ ਧਿਆਨ ਦਾ ਪੜ੍ਹੇ ਕੋਈ ਨਾ ਪਤਰਾ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਪੂਜਾ ਭੇਟਾ ਕਰੇ ਕੋਇ ਨਾ ਬੱਕਰਾ, ਛਤਰਾ ਸੀਸ ਨਾ ਕੋਇ ਕਟਾਈਆ । ਭੈ ਭੌ ਨਾ ਕੋਈ ਖ਼ਤਰਾ,

ਭਰਮ ਭਰਮੀ ਨਾ ਕੋਇ ਭੁਲਾਈਆ । ਰਸਨਾ ਜਿਹਵਾ ਗੁਣ ਵਡਿਆਈ ਨਾ ਕੋਈ ਅੱਖਰਾ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਦ੍ਰਿੜਾਈਆ । ਭਗਤਾਂ ਸ਼ਾਨ ਸਭ ਤੋਂ ਉੱਤਮ, ਸੂਚਮ ਸੂਚ ਨਜ਼ਰੀ ਆਈਆ । ਜਿਨ੍ਹਾਂ ਪੈਂਡੇ ਅਗਲੇ ਮੁੱਕਣ, ਪਿਛਲਾ ਲੇਖਾ ਦਿਤਾ ਚੁਕਾਈਆ । ਸੋ ਸੂਰਬੀਰ ਹੋ ਕੇ ਬੁੱਕਣ, ਸੋਹਣੇ ਢੋਲੇ ਗਾਈਆ । ਨੌਜਵਾਨ ਹੋ ਕੇ ਉਠਣ, ਆਪਣਾ ਬਲ ਧਰਾਈਆ । ਪੰਚ ਵਿਕਾਰਾ ਆਪਣੇ ਘਰੋਂ ਪੁੱਟਣ, ਕੂੜੀ ਕਿਰਿਆ ਜੜ੍ਹ ਉਖੜਾਈਆ । ਸ਼ੇਰ ਬਘੇਲੇ ਹੋ ਕੇ ਬੁੱਕਣ, ਇਕੋ ਭਬਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਭਗਤਾਂ ਸ਼ਾਨ ਜਗਤ ਨਿਰਾਲੀ, ਸਾਹਿਬ ਸਤਿਗੁਰ ਆਪ ਸਮਝਾਈਆ । ਜਿਨ੍ਹਾਂ ਕਰੇ ਪੁਰਖ ਅਕਾਲ ਦਲਾਲੀ, ਬਣ ਵਿਚੋਲਾ ਵੇਖ ਵਖਾਈਆ । ਹੋਵੇ ਪਰਕਾਸ਼ ਜੋਤ ਅਕਾਲੀ, ਅਕਲ ਕਲ ਵਡਿਆਈਆ । ਮੇਲ ਮਿਲਾਏ ਸੱਚੀ ਧਰਮਸਾਲੀ, ਧਰਮ ਦਵਾਰਾ ਇਕ ਵਖਾਈਆ । ਭੰਡਾਰੇ ਭਰੇ ਵੇਖ ਕੇ ਖ਼ਾਲੀ, ਅਤੋਟ ਅਤੁਟ ਵਸਤ ਵਰਤਾਈਆ । ਪੂਰਬ ਜਨਮ ਜਿਨ੍ਹਾਂ ਘਾਲ ਘਾਲੀ, ਕੀਤੀ ਘਾਲ ਲੇਖੇ ਲਾਈਆ । ਸਚ ਦਰ ਜੋ ਬਣੇ ਸਵਾਲੀ, ਨਾਮ ਪਦਾਰਥ ਝੋਲੀ ਪਾਈਆ । ਗੁਰਮੁਖ ਬੁਧੀ ਵੇਖ ਬਾਲੀ, ਅੰਞਾਣੀ ਆਪਣੇ ਰੰਗ ਰੰਗਾਈਆ । ਮਸਤਕ ਦੇਵੇ ਸੱਚੀ ਲਾਲੀ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਏਥੇ ਓਥੇ ਬਣ ਕੇ ਵਾਲੀ, ਦੋ ਜਹਾਨਾਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਭਗਤਾਂ ਸ਼ਾਨ ਸਭ ਤੋਂ ਸ੍ਰੇਸ਼ਟ, ਸ੍ਰਿਸ਼ਟੀ ਵਿਚੋਂ ਨਜ਼ਰੀ ਆਈਆ । ਉੱਤਮ ਗਿਆਨ ਸਦਾ ਅਨਲੇਖਤ, ਲਿਖਤੀ ਲਿਖਤ ਨਾ ਕੋਇ ਸਮਝਾਈਆ । ਪੰਜ ਤਤ ਚੋਲਾ ਜਗਤ ਭੇਖਤ, ਭੇਖੀਆਂ ਵਿਚੋਂ ਭੇਖ ਅਵੱਲੜਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸ਼ਾਨ ਕਹੇ ਮੈਂ ਭਗਤਾਂ ਜੋਗੀ, ਜੋਗੀ ਜੋਗੀਸ਼ਰ ਜੁਗ ਜੁਗ ਧਿਆਨ ਲਗਾਈਆ । ਮੇਰੇ ਪਿਛੇ ਕੋਟਨ ਕੋਟ ਫਿਰਨ ਵਿਜੋਗੀ, ਘਰ ਬਾਰ ਬੈਠੇ ਤਜਾਈਆ । ਮੇਰੇ ਪ੍ਰੇਮ ਦੇ ਬਣ ਕੇ ਰੋਗੀ, ਹੌਕਾ ਲੈ ਲੈ ਰਹੇ ਸੁਣਾਈਆ । ਮੇਰੇ ਲੱਭਣ ਦੇ ਬਣਕੇ ਖੋਜੀ, ਬਨਖੰਡ ਫੇਰਾ ਰਹੇ ਪਾਈਆ । ਮੇਰੇ ਜਾਨਣ ਦੇ ਗਿਆਨੀ ਬੋਧੀ, ਵਿਦਿਆ ਨਾਲ ਕਰਨ ਲੜਾਈਆ । ਮੇਰਾ ਮਾਣ ਲੱਭਦੇ ਵਿਚੋਂ ਲੋਕੀਂ, ਲੋਕਾਈ ਵਿਚੋਂ ਨਜ਼ਰ ਕਿਸੇ ਨਾ ਆਈਆ । ਮੇਰੀ ਮੰਜ਼ਲ ਸਭ ਤੋਂ ਔਖੀ, ਕੋਟਨ ਕੋਟ ਪਾਂਧੀ ਬੈਠੇ ਮੁਖ ਭਵਾਈਆ । ਮੇਰੇ ਸੰਦੇਸ਼ ਦੀ ਪੜ੍ਹੇ ਕੋਇ ਨਾ ਪੋਥੀ, ਪੁਸਤਕ ਵਾਚ ਖ਼ੁਸ਼ੀ ਨਾ ਕੋਇ ਮਨਾਈਆ । ਮੇਰੇ ਪਰਕਾਸ਼ ਦੀ ਲੱਭੇ ਕਿਸੇ ਨਾ ਜੋਤੀ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਵੱਖਰੀ ਸ਼ਾਨ ਬਣਾਈਆ । ਸ਼ਾਨ ਕਹੇ ਮੇਰਾ ਮੇਲਾ ਦੂਰ, ਦੂਰ ਦੁਰਾਡਾ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਖੇਲੇ ਖੇਲ ਕਿਰਿਆ ਕੂੜ, ਕੁਕਰਮਾਂ ਵਿਚ ਸਮਾਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਮੁਗਧ ਰੂਪ ਵਟਾਈਆ । ਅੰਤਰ ਭਰਿਆ ਜਗਤ ਗ਼ਰੂਰ, ਹੰਕਾਰ ਕਰੀ ਮਾਤ ਕੁੜਮਾਈਆ । ਮਨ ਵਾਸਨਾ ਹੋ ਮਜ਼ਦੂਰ, ਅੱਠੇ ਪਹਿਰ ਸੇਵ ਕਮਾਈਆ । ਸੱਚਾ ਮਿਲਿਆ ਨਾ ਕਿਸੇ ਨੂਰ, ਅੰਧ ਅੰਧੇਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਸ਼ਾਨ ਕਹੇ ਮੈਂ ਸ਼ਾਨ ਸਭ ਦੀ, ਲੱਖ ਚੁਰਾਸੀ ਖੋਜ ਖੋਜਾਈਆ । ਬਿਨ ਭਗਤਾਂ ਦੂਜੇ ਦਵਾਰੇ ਕਦੇ ਨਾ ਫਬਦੀ, ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮੈਨੂੰ ਕਸਮ

੮੪
੧੨

ਓਸੇ ਪਰਮਾਤਮਾ ਰੱਬ ਦੀ, ਜਿਸ ਮੇਰੀ ਬਣਤ ਬਣਾਈਆ । ਮੈਂ ਗੁਰਮੁਖਾਂ ਨਾਲ ਮਿਲ ਕੇ ਓਹਨੂੰ ਲੱਭਦੀ, ਖੋਜਣ ਬਣ ਕੇ ਖੋਜ ਖੋਜਾਈਆ । ਸਚ ਦਵਾਰ ਇਕੋ ਲੰਘਦੀ, ਆਪਣਾ ਪੰਧ ਮੁਕਾਈਆ । ਦਰਵੇਸ਼ ਹੋ ਕੇ ਵਸਤ ਇਕੋ ਮੰਗਦੀ, ਖ਼ਾਲੀ ਹੱਥ ਅਲਖ ਜਗਾਈਆ । ਬਖ਼ਸ਼ਿਸ਼ ਕਰ ਆਪਣੇ ਅਨੰਦ ਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਪ੍ਰੀਤੀ ਦੱਸ ਗੁਰਮੁਖ ਚੰਦ ਦੀ, ਚੰਦ ਚਾਂਦਨਾ ਰਿਹਾ ਚਮਕਾਈਆ । ਮੈਂ ਨਾਤਾ ਓਸੇ ਨਾਲ ਗੰਢਦੀ, ਜੋ ਤੇਰਾ ਦਰਸ਼ਨ ਪਾਈਆ । ਮੈਨੂੰ ਪੌਣ ਆਵੇ ਠੰਡ ਦੀ, ਅਗਨੀ ਤਤ ਬੁਝਾਈਆ । ਮੈਂ ਚੋਲੀ ਆਪਣੀ ਰੰਗਦੀ, ਰੰਗ ਰੰਗੀਲਾ ਇਕ ਚੜ੍ਹਾਈਆ । ਭਗਤ ਦਵਾਰ ਕਦੇ ਨਾ ਸੰਗਦੀ, ਮੁਖ ਘੁੰਗਟ ਰਹੀ ਉਠਾਈਆ । ਸ਼ਾਨ ਕਹੇ ਮੈਂ ਸ਼ਾਨਾਂ ਵਿਚੋਂ ਹੋਈ ਭਗਤਾਂ ਵੰਡ ਦੀ, ਵੰਡ ਹੋਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲਜਿਆ ਲੈਣੀ ਰਖਾਈਆ । ਸ਼ਾਨ ਕਹੇ ਮੈਂ ਹੋਵਾਂ ਮਸ਼ਹੂਰ, ਮਸ਼ਵਰਾ ਭਗਤਾਂ ਨਾਲ ਪਕਾਈਆ । ਜਿਨ੍ਹਾਂ ਮਿਲਿਆ ਆਪ ਹਜ਼ੂਰ, ਹਜ਼ਰਤ ਹੋ ਕੇ ਦਰਸ ਦਿਖਾਈਆ । ਮੇਰੀ ਮਨਸਾ ਹੋਵੇ ਪੂਰ, ਮਮਤਾ ਮੋਹ ਮਿਟਾਈਆ । ਮੈਂ ਉਤਰਾਂ ਪਹਿਲੇ ਪੂਰ, ਬੇੜੇ ਚੜ੍ਹ ਕੇ ਖ਼ੁਸ਼ੀ ਮਨਾਈਆ । ਮੈਂ ਦਰਸ ਕਰਾਂ ਜ਼ਰੂਰ, ਜ਼ਰੂਰਤ ਆਪਣੀ ਝੋਲੀ ਪਾਈਆ । ਮੈਂ ਭਗਤਾਂ ਹੋ ਮਸ਼ਕੂਰ, ਸ਼ੁਕਰੀਆ ਕਰ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਸਾਹਿਬ ਮਿਲਿਆ ਸਰਬ ਕਲਾ ਭਰਪੂਰ, ਪੂਰ ਰਿਹਾ ਸਰਬ ਠਾਈਂਆ । ਮੈਂ ਮੰਗਾਂ ਚਰਨ ਧੂੜ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਦਏ ਬਣਾਈਆ । ਸ਼ਾਨ ਕਹੇ ਮੇਰਾ ਲੱਭੇ ਸਾਕ, ਸੱਜਣ ਗੁਰਮੁਖ ਨਜ਼ਰੀ ਆਈਆ । ਪਿਛਲਾ ਪੂਰਾ ਹੋਵੇ ਭਵਿਖਤ ਵਾਕ, ਅਗਲੀ ਸਮਝ ਦਏ ਸਮਝਾਈਆ । ਅੰਦਰ ਵੜ ਕੇ ਖੋਲ੍ਹੇ ਤਾਕ, ਬਾਹਰੋਂ ਪੜਦਾ ਦਏ ਉਠਾਈਆ । ਸਦਾ ਸਦਾ ਸਦ ਦੇਵੇ ਸਾਥ, ਸਗਲਾ ਸੰਗੀ ਬਣ ਕੇ ਨਜ਼ਰੀ ਆਈਆ । ਮੈਂ ਓਸੇ ਨਾਲ ਮਿਲ ਕੇ ਜਗਤ ਜਹਾਨ ਲਵਾਂ ਸ਼ਾਬਾਸ, ਮਿਲੇ ਮਾਣ ਵਡਿਆਈਆ । ਬਿਨ ਭਗਤਾਂ ਮੇਰੀ ਸ਼ਾਨ ਕੋਇ ਨਾ ਖ਼ਾਸ, ਕੋਟਨ ਕੋਟ ਰਾਜ ਰਾਜਾਨ ਸ਼ਾਹ ਸੁਲਤਾਨ ਸ਼ਾਨਾਂ ਵਾਲੇ ਮਿਲ ਗਏ ਖ਼ਾਕ, ਮਿੱਟੀ ਕੰਮ ਕਿਸੇ ਨਾ ਆਈਆ । ਜਨ ਭਗਤ ਸੁਹੇਲੇ ਸਚ ਦਵਾਰੇ ਪਰਮ ਪੁਰਖ ਦੇ ਵਸਣ ਪਾਸ, ਸਾਚੇ ਮੰਦਰ ਸੋਭਾ ਪਾਈਆ । ਓਨ੍ਹਾਂ ਨਾਲ ਮਿਲਕੇ ਮੈਂ ਵੀ ਹੋਵਾਂ ਦਾਸੀ ਦਾਸ, ਸੇਵਕ ਬਣ ਕੇ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਮੁਕਾਈਆ । ਸ਼ਾਨ ਕਹੇ ਮੈਂ ਮਿਲ ਗਈ ਨਾਲ ਸ਼ਮਸ, ਤਬਰੇਜ਼ ਦਿਤੀ ਵਡਿਆਈਆ । ਮੈਂ ਭਗਤਾਂ ਜਾਣਾਂ ਰਮਜ਼, ਸੂਫ਼ੀਆਂ ਹਾਲ ਸੁਣਾਈਆ । ਮੈਨੂੰ ਓਸੇ ਦੀ ਸੱਚੀ ਕਸਮ, ਜੋ ਕਾਸਮ ਆਅਜ਼ਮ ਬੇਪਰਵਾਹੀਆ । ਮੇਰੀ ਲੇਖੇ ਲੱਗੀ ਭਸਮ, ਆਪਣਾ ਰੂਪ ਵਟਾਈਆ । ਮੈਂ ਵੇਖਾਂ ਆਪਣਾ ਵਤਨ, ਬੇਵਤਨ ਦਿਆਂ ਦੁਹਾਈਆ । ਬਿਨ ਭਗਤਾਂ ਕੰਮ ਕਿਸੇ ਨਾ ਆਵੇ ਯਤਨ, ਜੋਗੀ ਜਤੀ ਤਪੀ ਸਤੀ ਹਠੀ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਜਿਆ ਲਏ ਰਖਾਈਆ । ਸ਼ਾਨ ਕਹੇ ਮੈਂ ਕਰਾਂ ਸ਼ੁਕਰ, ਤੇਰਾ ਨਾਮ ਧਿਆਈਆ । ਜਨ ਭਗਤ ਮਿਲਾ ਦੇ ਆਪਣੇ ਪੁੱਤਰ, ਪਤਾ ਦੇ ਸਮਝਾਈਆ । ਏਥੇ ਓਥੇ ਦੋ ਜਹਾਨ ਮੇਰੇ ਨਾਲ ਜਾਣ ਨਾ ਮੁਕਰ, ਆਪਣਾ ਮੁਖ ਭਵਾਈਆ । ਮੈਂ ਕਰਾਂ ਗੁਜ਼ਾਰਾ ਉਨ੍ਹਾਂ ਨਾਲ ਖਾ ਕੇ ਰੁੱਖਾ ਟੁੱਕਰ, ਟੁਕੜਿਆਂ ਵਿਚੋਂ ਤੇਰਾ ਪਿਆਰ ਨਜ਼ਰੀ ਆਈਆ । ਸਾਚੀ ਧਾਰੋਂ ਔਣਾ ਉਤਰ, ਨਿਰਗੁਣ ਨੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸ਼ਾਨ ਕਹੇ ਮੈਂ ਵੇਖੀ ਸ਼ਾਨ ਬਣਦੀ, ਗ਼ਰੀਬ ਨਿਮਾਣਿਆਂ ਮਿਲੇ ਵਡਿਆਈਆ । ਤੇਰੇ ਦਰ ਲੋੜ ਨਹੀਂ ਕਿਸੇ ਮਾਲ ਧਨ ਦੀ, ਪ੍ਰੇਮ ਪ੍ਰੀਤੀ ਇਕੋ ਨਜ਼ਰੀ ਆਈਆ । ਖੇਲ ਵੇਖੀ ਛੱਪਰ ਛੰਨ ਦੀ, ਮਹੱਲ ਅਟਲ ਨਾ ਕੋਇ ਵਡਿਆਈਆ । ਜਨ ਭਗਤਾਂ ਪ੍ਰੀਤੀ ਆਤਮ ਪਰਮਾਤਮ ਨਾਲ ਰਲਦੀ, ਮਿਲ ਕੇ ਬੈਠੀ ਸੱਚੀ ਥਾਈਂਆ । ਮੈਂ ਉਡੀਕਾਂ ਕਰਦੀ ਰਹੀ ਅੱਜ ਕੱਲ ਦੀ, ਜੁਗ ਚੌਕੜੀ ਧਿਆਨ ਲਗਾਈਆ । ਹੱਥਾਂ ਪੈਰਾਂ ਤਲੀਆਂ ਰਹੀ ਮਲਦੀ, ਗਟੀਆਂ ਗਿਣ ਗਿਣ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਰੰਗ ਚੜ੍ਹਾਈਆ । ਸ਼ਾਨ ਕਹੇ ਮੈਂ ਭਗਤਾਂ ਵੇਖਿਆ ਰੰਗ ਰੰਗੀਲਾ, ਰੰਗਣ ਵਾਲਾ ਰੰਗ ਰੰਗਾਈਆ । ਨਿਰਗੁਣ ਬਣ ਕੇ ਜਗਤ ਵਸੀਲਾ, ਵਾਸਤਾ ਆਪਣੇ ਨਾਲ ਰਖਾਈਆ । ਜਨ ਭਗਤ ਬਣਾਏ ਕਬੀਲਾ, ਕਾਮਲ ਮੁਰਸ਼ਦ ਦਏ ਵਡਿਆਈਆ । ਮੈਂ ਵੀ ਉਠ ਉਠ ਕਰਾਂ ਹੀਲਾ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਨੇ ਰੰਗ ਵਖਾਇਆ ਲਾਲ ਕੰਚਨ ਸੂਹਾ ਚਿੱਟਾ ਪੀਲਾ, ਨੀਲਾ ਕਾਲਾ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਸਹਾਈਆ । ਸ਼ਾਨ ਕਹੇ ਮੈਂ ਵੇਖੀ ਸ਼ਾਨ, ਸਚਖੰਡ ਨਿਵਾਸੀ ਸਾਚੀ ਦਇਆ ਕਮਾਈਆ । ਥਿਰ ਘਰ ਵਾਸੀ ਸੁਣਾਈ ਧੁਨਕਾਨ, ਅਗੰਮੀ ਨਾਦ ਵਜਾਈਆ । ਸੁੰਨ ਸਮਾਧੀ ਹੋਈ ਹੈਰਾਨ, ਅੰਤਰ ਅੰਤਰ ਲਏ ਅੰਗੜਾਈਆ । ਦਸਮ ਦਵਾਰੇ ਕਰ ਪਰਵਾਨ, ਨਿਗਾਹਬਾਨ ਧਿਆਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਾਨ ਕਹੇ ਮੈਂ ਅੰਦਰ ਵੜ ਗਈ, ਆਪਣਾ ਕਦਮ ਉਠਾਈਆ । ਭਗਤ ਦਵਾਰੇ ਜਾ ਕੇ ਖੜ੍ਹ ਗਈ, ਆਪਣਾ ਪੰਧ ਮੁਕਾਈਆ । ਦਰਸ਼ਨ ਕਰ ਕੇ ਉਨ੍ਹਾਂ ਨਾਲ ਤਰ ਗਈ, ਬੇੜਾ ਪਾਰ ਕਰਾਈਆ । ਮੰਜ਼ਲ ਅਗੰਮੀ ਇਕੋ ਵਾਰ ਚੜ੍ਹ ਗਈ, ਅਧਵਿਚਕਾਰ ਨਾ ਕੋਇ ਅਟਕਾਈਆ । ਬਿਨ ਅਲਿਫ਼ ਯੇ ਦੇ ਢੋਲਾ ਪੜ੍ਹ ਗਈ, ਸੋਹੰ ਰਾਗ ਇਕ ਵਡਿਆਈਆ । ਮੈਂ ਜੀਂਵਦਿਆਂ ਜਗ ਐਵੇਂ ਮਰ ਗਈ, ਮੁਫ਼ਤ ਪ੍ਰਭ ਦੀ ਭੇਟਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਚੁਕਾਈਆ । ਸ਼ਾਨ ਕਹੇ ਮੈਂ ਸ਼ਾਨ ਨਾਲ ਵੇਖੇ ਜਗਦੇ, ਗੁਰਮੁਖ ਦੀਪਕ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਸੋਹਣੇ ਲੱਗਦੇ, ਥਾਉਂ ਥਾਈਂ ਡਗਮਗਾਈਆ । ਤੇਲ ਬਾਤੀ ਵਿਚ ਕੋਇ ਨਾ ਰੱਖਦੇ, ਜੋਤੀ ਨੂਰ ਹੋਵੇ ਰੁਸ਼ਨਾਈਆ । ਦਿਵਸ ਰੈਣ ਕਦੇ ਨਾ ਅੱਕਦੇ, ਸ਼ਮਅ ਸਕੇ ਨਾ ਕੋਇ ਬੁਝਾਈਆ । ਅੱਠੇ ਪਹਿਰ ਦੂਣ ਸਵਾਏ ਮਘਦੇ, ਲਾਟ ਲਲਾਟ ਵਿਚੋਂ ਰੁਸ਼ਨਾਈਆ । ਇਕ ਦੂਜੇ ਨੂੰ ਵੇਖ ਵੇਖ ਹੱਸਦੇ, ਖ਼ੁਸ਼ੀਆਂ ਰੰਗ ਰੰਗਾਈਆ । ਧੁਰ ਦਾ ਹਾਲ ਪ੍ਰੀਤਮ ਦੱਸਦੇ, ਪਰਮ ਪੁਰਖ ਸਿਫ਼ਤ ਸਾਲਾਹੀਆ । ਵੇਖੋ ਖੇਲ ਪੁਰਖ ਸਮਰਥ ਦੇ, ਮਹਿਮਾ ਅਕਥ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦਏ ਚੁਕਾਈਆ । ਸ਼ਾਨ ਕਹੇ ਮੈਂ ਲਿਆ ਤੱਕ, ਤਕਵਾ ਇਕ ਰਖਾਈਆ । ਜਨ ਭਗਤਾਂ ਮਿਲਦਾ ਵੇਖਿਆ ਹੱਕ, ਪੂਰਬ ਲਹਿਣਾ ਝੋਲੀ ਪਾਈਆ । ਜੋ ਸਰਨਾਈ ਗਏ ਢੱਠ, ਫੜ ਬਾਹੋਂ ਗਲੇ ਲਗਾਈਆ । ਜਿਨ੍ਹਾਂ ਜਨਮ ਭੋਗੇ ਪਿਛੇ ਅੱਠ, ਨਾਵੇਂ ਜਨਮ ਲਿਆ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਾਨ ਕਹੇ ਮੈਂ ਵੇਖਿਆ ਬ੍ਰਾਹਮਣ, ਠੱਗੀ ਚੋਰੀ ਯਾਰੀ ਜਿਸ ਨੂੰ ਭਾਈਆ । ਜਗਤ ਤ੍ਰਿਸਨਾ ਕੂੜੀ ਕਾਮਨ, ਦਿਵਸ ਰੈਣ ਰਹੇ ਹਲਕਾਈਆ । ਕਲਜੁਗ ਅੰਤਮ ਖੇਲ ਮਹਾਨਨ, ਪਾਰਬ੍ਰਹਮ

ਦਇਆ ਕਮਾਈਆ । ਸ਼ਬਦ ਸਰੂਪੀ ਹੋ ਕੇ ਜ਼ਾਮਨ, ਲੇਖਾ ਰਿਹਾ ਚੁਕਾਈਆ । ਲਾਲੋ ਨਾਲ ਫੜਾ ਕੇ ਦਾਮਨ, ਪੱਲੂ ਗੰਢ ਬੰਧਾਈਆ । ਕਿਸੇ ਦਾ ਮੇਟ ਨਿਸ਼ਾਨਨ, ਹਿੱਸਾ ਕਿਸੇ ਦਾ ਝੋਲੀ ਪਾਈਆ । ਏਹੋ ਖੇਲ ਮਹਾਨਨ, ਪੜਦੇ ਵਿਚ ਰਖਾਈਆ । ਪੰਝੀ ਮੱਘਰ ਦਾ ਦਿਤਾ ਚਾਨਣ, ਚੰਦ ਫੇਰ ਲਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਨ ਭਗਤਾਂ ਭਗਤਾਂ ਸੰਗ ਰਖਾਈਆ ।

### ✪ ੨੬ ਜੇਠ ੨੦੨੧ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਿਹ ਊਧਮਪੁਰ ✪

ਸੋ ਪੁਰਖ ਨਿਰੰਜਣ ਠਾਂਡਾ ਦਰਬਾਰਾ, ਹਰਿ ਕਰਤਾ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ, ਆਪ ਆਪਣਾ ਭੇਵ ਚੁਕਾਇੰਦਾ । ਏਕੰਕਾਰ ਪਾਵੇ ਸਾਰਾ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਸਚ ਦੁਆਰਾ ਇਕ ਸੁਹਾਇੰਦਾ । ਸ੍ਰੀ ਭਗਵਾਨ ਬਣ ਮੀਤ ਮੁਰਾਰਾ, ਆਪਣਾ ਸੰਗ ਆਪ ਨਿਭਾਇੰਦਾ । ਪਾਰਬ੍ਰਹਮ ਪ੍ਰਭ ਬੰਨ੍ਹੇ ਧਾਰਾ, ਪਤਿਪਰਮੇਸ਼ਵਰ ਖੇਲ ਖਿਲਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰਾ, ਆਪਣਾ ਨੂਰ ਪਰਗਟਾਇੰਦਾ । ਦਰਗਾਹ ਸਾਚੀ ਵਸਣਹਾਰਾ, ਲਾਸ਼ਰੀਕ ਨਾਉਂ ਪਰਗਟਾਇੰਦਾ । ਮਹੱਲ ਅਟਲ ਉਚ ਮਨਾਰਾ, ਸਚਖੰਡ ਸਾਚਾ ਖੇਲ ਵਖਾਇੰਦਾ । ਛੱਪਰ ਛੰਨ ਨਾ ਕੋਇ ਦੀਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੜਦਾ ਆਪ ਉਠਾਇੰਦਾ । ਸਚਖੰਡ ਨਿਵਾਸੀ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਏਕੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ ਸਾਚਾ ਦੀਪਕ ਬਲਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪਣੀ ਧਾਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਪਕੜੇ ਪੱਲਾ, ਨਿਰਗੁਣ ਆਪਣੀ ਗੰਢ ਬੰਨ੍ਹਾਇੰਦਾ । ਪਾਰਬ੍ਰਹਮ ਸਚ ਦਵਾਰੇ ਆਪੇ ਖਲਾ, ਸੋਭਾਵੰਤ ਸੋਭਾ ਪਾਇੰਦਾ । ਨੂਰ ਇਲਾਹੀ ਇਕੋ ਅੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਡਿਆਇੰਦਾ । ਸਚ ਦੁਆਰ ਸਾਹਿਬ ਸਤਿ, ਸਤਿ ਸਤਿਵਾਦੀ ਆਪ ਪਰਗਟਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਪਰਗਟ, ਨੂਰੋ ਨੂਰ ਕਰੇ ਰੁਸ਼ਨਾਈਆ । ਨਾਉਂ ਧਰ ਪੁਰਖ ਸਮਰਥ, ਬੇਪਰਵਾਹ ਆਪ ਅਖਵਾਈਆ । ਸਚ ਮਹੱਲੇ ਆਪੇ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਮਹੱਲਾ ਏਕੰਕਾਰ, ਹਰਿ ਕਰਤਾ ਆਪ ਪਰਗਟਾਇੰਦਾ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜਲਵਾ ਇਕ ਵਖਾਇੰਦਾ । ਸਾਚੇ ਧਾਮ ਪਰਵਰਦਿਗਾਰ, ਬੇਪਰਵਾਹ ਸੋਭਾ ਪਾਇੰਦਾ । ਨਾ ਕੋਈ ਮੀਤ ਨਾ ਮੁਰਾਰ, ਸੱਜਣ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰਾ ਸੋਭਾਵੰਤ, ਸਚਖੰਡ ਵੱਜੇ ਇਕ ਵਧਾਈਆ । ਪਾਰਬ੍ਰਹਮ ਬੈਠਾ ਇਕ ਇਕੰਤ, ਨਿਰਗੁਣ ਨਿਰਵੈਰ ਨਿਰਾਕਾਰ ਰੂਪ ਸਮਾਈਆ । ਘਾੜਤ ਘੜ ਬਣਾਏ ਬਣਤ, ਰੂਪ ਰੰਗ

ਰੇਖ ਨਾ ਕੋਇ ਜਣਾਈਆ । ਨਾ ਕੋਈ ਨਾਦ ਸ਼ਬਦ ਧੁਨ ਮੰਤ, ਰਾਗ ਨਾਦ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਸੋਭਾ ਪਾਈਆ । ਸਚਖੰਡ ਬੈਠ ਸ੍ਰੀ ਭਗਵਾਨ, ਸਾਚੇ ਤਖ਼ਤ ਸੋਭਾ ਪਾਈਆ । ਸਤਿ ਸਤਿਵਾਦੀ ਝੁਲਾਏ ਇਕ ਨਿਸ਼ਾਨ, ਨਿਸ਼ਾਨਾ ਆਪਣਾ ਆਪ ਪਰਗਟਾਈਆ । ਖੇਲੇ ਖੇਲ ਆਪ ਮਹਾਨ, ਮਹਿੰਮਾ ਕੋਈ ਕਥ ਨਾ ਸਕੇ ਰਾਈਆ । ਨਾ ਕੋਈ ਜ਼ਿਮੀਂ ਨਾ ਅਸਮਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਮੰਡਲ ਮੰਡਪ ਪੁਰੀ ਲੋਅ ਨਾ ਕੋਇ ਮਕਾਨ, ਇੱਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਘਰ ਦਏ ਵਡਿਆਈਆ । ਸਾਚਾ ਘਰ ਸਚ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਆਦਿ ਨਿਰੰਜਣਾ, ਨਿਰਾਕਾਰ ਵੇਸ ਵਟਾਇੰਦਾ । ਜੋਤੀ ਧਾਰ ਸਚ ਪਰਵੇਸ਼ ਆਪੇ ਜਗਣਾ, ਦੀਪਕ ਨਜ਼ਰ ਕੋਇ ਨਾ ਆਇੰਦਾ । ਆਪਣੀ ਪ੍ਰੇਮ ਪ੍ਰੀਤੀ ਅੰਦਰ ਆਪੇ ਰਹੇ ਮਗਨਾ, ਅੰਤਰ ਆਪਣਾ ਖੇਲ ਖਲਾਇੰਦਾ । ਆਪੇ ਜਾਣੇ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਆਪੇ ਰਵ ਸਸ ਪਰਕਾਸ਼ ਨੂਰੀ ਚੰਦਨਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬਹਿ ਖ਼ੁਸ਼ੀ ਮਨਾਇੰਦਾ । ਸਚਖੰਡ ਦਵਾਰੇ ਮੰਦਰ ਚੜ੍ਹਿਆ, ਨਿਰਵੈਰ ਖ਼ੁਸ਼ੀ ਮਨਾਈਆ । ਮਹੱਲ ਅਟਲ ਅਗੰਮ ਅਥਾਹ ਉਚੇ ਮੰਦਰ ਖੜਿਆ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਸਤਿ ਸੁਹੰਜਣਾ ਸੁਹਾਏ ਇਕੋ ਦਰਿਆ, ਦਰ ਦਰਵਾਜ਼ਾ ਆਪਣੇ ਵਿਚ ਛੁਪਾਈਆ । ਕਰਤਾ ਪੁਰਖ ਕਰਨੀ ਕਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਥਾਨ ਥਨੰਤਰ ਰਿਹਾ ਖੋਜ, ਹਰਿ ਵੱਡਾ ਵਡ ਵਡਿਆਈਆ । ਪਰਮ ਪੁਰਖ ਦਾ ਅਗੰਮੀ ਚੋਜ, ਸੋਚ ਸਮਝ ਸਮਝ ਵਿਚ ਕਿਸੇ ਨਾ ਆਈਆ । ਕਰ ਪਰਕਾਸ਼ ਅਗੰਮੜੀ ਜੋਤ, ਅਗੰਮ ਰੂਪ ਸਮਾਈਆ । ਸਚਖੰਡ ਦਵਾਰ ਸਾਚੀ ਦਰਗਾਹ ਮੁਕਾਮੇ ਹਕ ਕਿਲਾ ਕੋਟ, ਪਰਵਰਦਿਗਾਰ ਬੈਠਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਹੋ ਕੇ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਚਖੰਡ ਦਵਾਰੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਪਤਿਪਰਮੇਸ਼ਵਰ ਬੇਪਰਵਾਹ, ਪੁਰਖ ਅਕਾਲ ਹੁਕਮ ਵਰਤਾਇੰਦਾ । ਸੋ ਪੁਰਖ ਨਿਰੰਜਣ ਲਏ ਉਠਾ, ਹਰਿ ਪੁਰਖ ਨਿਰੰਜਣ ਅੱਖ ਖੁਲ੍ਹਾਇੰਦਾ । ਏਕੰਕਾਰ ਇਸ਼ਾਰੇ ਨਾਲ ਦਏ ਜਣਾ, ਆਦਿ ਨਿਰੰਜਣ ਜੋਤੀ ਜੋਤ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਦੱਸੇ ਰਾਹ, ਸ੍ਰੀ ਭਗਵਾਨ ਰਹਿਬਰ ਹੋ ਕੇ ਦਇਆ ਕਮਾਇੰਦਾ । ਪਾਰਬ੍ਰਹਮ ਪ੍ਰਭ ਦਏ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਰਾਇੰਦਾ । ਧੁਰ ਦੀ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਖੇਲ ਅਗੰਮ ਅਪਾਰ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜਿਸ ਦਾ ਸੁਤ ਦੁਲਾਰਾ ਸ਼ਬਦੀ ਨਾਉਂ ਧਰਾਏ ਨਿਰੰਕਾਰ, ਨਿਰਗੁਣ ਦਏ ਮਾਣ ਵਡਿਆਈਆ । ਥਿਰ ਘਰ ਸਾਚੇ ਦਏ ਵਾੜ, ਸੋਹਣੀ ਬਣਤ ਬਣਾਈਆ । ਆਪੇ ਹੋਏ ਪਿਛੇ ਅਗਾੜ, ਸਦਾ ਸਹਾਇਕ ਬੇਪਰਵਾਹੀਆ । ਹੁਕਮੇ ਅੰਦਰ ਹੁਕਮ ਕਰੇ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਥਿਰ ਘਰ ਸੁਹਾਇਆ ਸ਼ਬਦੀ ਸੁਤ, ਪ੍ਰਭ ਦੇਵੇ ਮਾਣ ਵਡਿਆਈਆ । ਵੇਖਣਹਾਰ ਅਬਿਨਾਸ਼ੀ ਅਚੁਤ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਸੁਹੰਜਣੀ ਸੁਹਾਵੇ ਰੁਤ, ਰੁਤ ਰੁਤੜੀ ਆਪਣੇ ਨਾਲ ਮਹਿਕਾਈਆ । ਅੰਦਰ

ਬਾਹਰ ਗੁਪਤ ਜ਼ਾਹਰ ਨਿਰਗੁਣ ਨਿਰਗੁਣ ਲਏ ਪੁਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੁਤ ਦੁਲਾਰੇ ਉਠ ਕੇ ਵੇਖ, ਸੋ ਸਾਹਿਬ ਰਿਹਾ ਦ੍ਰਿੜਾਈਆ । ਤੇਰਾ ਅਗੰਮੜਾ ਇਕੋ ਦੇਸ, ਧੁਰ ਦਰਬਾਰ ਦਿਤਾ ਸਮਝਾਈਆ । ਨਿਰਗੁਣ ਜੋਤ ਨੂਰ ਪਰਵੇਸ਼, ਸ਼ਬਦੀ ਧਾਰ ਇਕ ਪਰਗਟਾਈਆ । ਜਿਸ ਦਾ ਰੂਪ ਨਾ ਕੋਇ ਰੇਖ, ਰੰਗ ਰਤਾ ਬੇਪਰਵਾਹੀਆ । ਉਸ ਦਾ ਦੇਣਾ ਸਚ ਸੰਦੇਸ, ਸੋਹਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦਏ ਵਡਿਆਈਆ । ਆਦਿ ਪੁਰਖ ਅਪਰੰਪਰ ਸਵਾਮੀ, ਸੋ ਸਾਹਿਬ ਖੇਲ ਸਮਝਾਇੰਦਾ । ਸੁਤ ਦੁਲਾਰੇ ਅੰਤਰਜਾਮੀ, ਤੇਰਾ ਅੰਤਰ ਪੜਦਾ ਲਾਹਿੰਦਾ । ਗੁਣਵੰਤਾ ਹਰਿ ਗੁਣ ਨਿਧਾਨੀ, ਗਹਿਰ ਗੰਭੀਰ ਵੇਖ ਵਖਾਇੰਦਾ । ਸਚਖੰਡ ਦੀ ਸਚ ਨਿਸ਼ਾਨੀ, ਥਿਰ ਘਰ ਤੇਰਾ ਨਾਦ ਵਜਾਇੰਦਾ । ਹੁਕਮੇ ਅੰਦਰ ਕਰੇ ਫ਼ਰਮਾਨੀ, ਫ਼ਰਮਾਨਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਰਬਾਰਾ ਆਪ ਲਗਾਇੰਦਾ । ਸਚ ਦਰਬਾਰ ਲਗਾਇਆ ਏਕ, ਹਰਿ ਕਰਤਾ ਖੇਲ ਕਰਾਈਆ । ਸੁਤ ਸ਼ਬਦ ਤੇਰੀ ਸਾਚੀ ਟੇਕ, ਸਤਿਗੁਰ ਰੂਪ ਦਏ ਸਮਝਾਈਆ । ਉਠ ਜਾ ਕੇ ਵੇਖ, ਬ੍ਰਹਿਮੰਡ ਖੰਡ ਪੁਰੀ ਲੋਅ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੁਤ ਦੁਲਾਰੇ ਉਠ ਕੇ ਝਾਕ, ਅਬਿਨਾਸ਼ੀ ਕਰਤਾ ਰਿਹਾ ਉਠਾਈਆ । ਜੁਗ ਚੌਕੜੀ ਦਾ ਪੂਰਾ ਹੋਵੇ ਵਾਕ, ਵਾਕਿਆ ਅੱਖੀਂ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗੰਬਰ ਜੋ ਗਏ ਆਖ, ਅੱਖਰਾਂ ਨਾਲ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਰਿਹਾ ਸੁਣਾਈਆ । ਸਚ ਸੁਨੇਹੜਾ ਦੇਵੇ ਭਗਵੰਤ, ਭਗਵਨ ਆਪ ਜਣਾਈਆ । ਤੇਰਾ ਖੇਲ ਜੁਗਾ ਜੁਗੰਤ, ਜੁਗ ਚੌਕੜੀ ਹੁਕਮ ਵਰਤਾਈਆ । ਨਿਰਗੁਣ ਸਰਗੁਣ ਬਣਾਈ ਬਣਤ, ਲੱਖ ਚੁਰਾਸੀ ਵੰਡ ਵੰਡਾਈਆ । ਮੇਲ ਮਿਲਾਏ ਆਤਮ ਪਰਮਾਤਮ ਜੀਵ ਜੰਤ, ਸਾਧ ਸੰਤ ਕਰਨ ਕੁੜਮਾਈਆ । ਤ੍ਰੈਗੁਣ ਮਾਇਆ ਪੰਜ ਤਤ ਸੋਭਾਵੰਤ, ਮਨ ਮਤ ਬੁਧ ਕਰੀ ਰੁਸ਼ਨਾਈਆ । ਗੜ੍ਹ ਬਣਾ ਕੇ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਦਿਤਾ ਜੁੜਾਈਆ । ਬੋਧ ਅਗਾਧਾ ਬਣ ਕੇ ਪੰਡਤ, ਘਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਆਲਸ ਨਿੰਦਰਾ ਰਿਹਾ ਮੁਕਾਈਆ । ਸੁਤ ਦੁਲਾਰੇ ਉਠ ਕੇ ਜਾਗ, ਜਾਗਣ ਵੇਲਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨੱਠ ਨੱਠ ਭਾਗ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਚਾਰੋਂ ਕੁੰਟ ਕੂੜੀ ਕਿਰਿਆ ਤਨ ਆਗ, ਤਤਵ ਤਤ ਰਹੀ ਜਲਾਈਆ । ਨਾਤਾ ਤੁਟਿਆ ਆਤਮ ਪਰਮਾਤਮ ਸਾਕ, ਘਰ ਸੱਜਣ ਮਿਲਣ ਕੋਇ ਨਾ ਪਾਈਆ । ਗੁਰ ਕਾ ਸ਼ਬਦ ਸਚ ਸੁਨੇਹੜਾ ਸਭ ਨੂੰ ਭੁੱਲਿਆ ਵਾਕ, ਵਾਤਾਵਰਣ ਕਲਜੁਗ ਰਿਹਾ ਬਦਲਾਈਆ । ਬੰਦ ਕਿਵਾੜੀ ਕੋਈ ਨਾ ਖੋਲ੍ਹੇ ਤਾਕ, ਘਰ ਵਿਚ ਘਰ ਨਾ ਕੋਇ ਰੁਸ਼ਨਾਈਆ । ਮਿਲੇ ਮੇਲ ਨਾ ਕਮਲਾਪਾਤ, ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਬੂੰਦ ਪੀਵੇ ਨਾ ਕੋਈ ਸਵਾਂਤ, ਉਲਟਾ ਨਾਭ ਨਾ ਕੋਇ ਕਰਾਈਆ । ਅਨਹਦ ਸ਼ਬਦ ਸੁਣੇ ਨਾ ਕੋਈ ਨਾਦ, ਧੁਨ ਆਤਮਕ ਰਾਗ ਨਾ ਕੋਇ ਸ਼ਨਵਾਈਆ । ਹੰਸ ਬੁਧੀ ਹੋਏ ਕਾਗ, ਰਸਨਾ ਕਾਗ ਵਾਂਗ ਕੁਰਲਾਈਆ । ਗੁਰ ਕਾ ਸ਼ਬਦ ਨਾ ਕੋਇ ਵੈਰਾਗ, ਤਿਆਗੀ ਰੂਪ ਨਾ ਕੋਇ ਬਣਾਈਆ । ਨਾਰੀ


੮੯
੧੭

ਮਿਲੇ ਨਾ ਕੰਤ ਸੁਹਾਗ, ਜਗਤ ਦੁਹਾਗਣ ਬੈਠੀ ਡੇਰਾ ਲਾਈਆ । ਸਾਚੇ ਮੰਦਰ ਸੁਣੇ ਨਾ ਕੋਈ ਆਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਦ੍ਰਿੜਾਈਆ । ਸ਼ਬਦ ਸੁਤ ਉਠ ਕੇ ਵੇਖ ਤੱਕ, ਨੌਂ ਖੰਡ ਸੱਤ ਦੀਪ ਧਿਆਨ ਲਗਾਈਆ । ਕਿਸੇ ਨਾ ਲੱਭੇ ਹਕੀਕਤ ਹਕ, ਖੋਜ ਖੋਜ ਥੱਕੀ ਸਰਬ ਲੋਕਾਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਰਹੀ ਨੱਠ, ਮਤ ਮਤਵਾਲੀ ਨਾਲ ਰਲਾਈਆ । ਬੁਧ ਬਿਬੇਕੀ ਕੋਈ ਨਾ ਸਕੇ ਰੱਖ, ਅੱਖ ਪ੍ਰਤਖ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਨਾਲੋਂ ਹੋਈ ਵੱਖ, ਮਾਇਆ ਮਮਤਾ ਵਿਚ ਫਸਾਈਆ । ਪਰਕਿਰਤੀ ਚਾਰੋਂ ਕੁੰਟ ਰਹੀ ਨੱਠ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਕਲਮਾ ਨਗ਼ਮਾ ਨਾਮ ਰਹੇ ਰਟ, ਗੀਤ ਸੰਗੀਤ ਸਰਬ ਸੁਣਾਈਆ । ਹਿਰਦੇ ਹਰਿ ਕਿਸੇ ਨਾ ਗਿਆ ਵਸ, ਵਾਸਤਾ ਵਸਲ ਬਿਨ ਵਜੂਦੋਂ ਹਕ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਜਣਾਈਆ । ਉਠ ਸੁਤ ਸ਼ਬਦ ਵੇਖ ਚਾਰੇ ਵੇਦ, ਚਾਰੇ ਖਾਣੀ ਰਹੇ ਸਮਝਾਈਆ । ਚਾਰੇ ਬਾਣੀ ਖੋਲ੍ਹੇ ਭੇਦ, ਪਰਾ ਪਸੰਤੀ ਮਧਮ ਬੈਖਰੀ ਧੁਨ ਵਜਾਈਆ । ਤੇਈ ਅਵਤਾਰ ਜੋ ਦਿਤੇ ਭੇਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੂਪ ਵਟਾਈਆ । ਪੀਰ ਪੈਗ਼ੰਬਰ ਜੋ ਆਏ ਖੇਡ, ਈਸਾ ਮੂਸਾ ਮੁਹੰਮਦ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਨਾਨਕ ਗੋਬਿੰਦ ਦੇ ਕੇ ਆਏ ਤੇਜ, ਜਲਵਾ ਜੋਤ ਕਰ ਰੁਸ਼ਨਾਈਆ । ਚੌਦਾਂ ਵਿਦਿਆ ਲਿਖ ਲਿਖ ਲੇਖ, ਕਾਤਬ ਬਣ ਕੇ ਕਲਮ ਚਲਾਈਆ । ਭਗਤ ਅਠਾਰਾਂ ਦੇ ਕੇ ਆਏ ਸੰਦੇਸ, ਧੁਰ ਦਾ ਢੋਲਾ ਇਕ ਸੁਣਾਈਆ । ਸਰਬ ਜੀਆਂ ਦਾ ਮਾਲਕ ਖ਼ਾਲਕ ਪਰਵਰਦਿਗਾਰ ਰਹੇ ਹਮੇਸ਼, ਪਤਿਪਰਮੇਸ਼ਵਰ ਨਾ ਮਰੇ ਨਾ ਜਾਈਆ । ਜੋਤੀ ਜਾਤਾ ਪੁਰਖ ਬਿਧਾਤਾ ਲੱਖ ਚੁਰਾਸੀ ਹਰ ਘਟ ਅੰਤਰ ਹੋ ਪਰਵੇਸ਼, ਸ਼ਬਦੀ ਡੰਕ ਨਾਦ ਸ਼ਨਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਧਾਰੇ ਵੇਸ, ਪੰਜ ਤਤ ਕਾਇਆ ਚੋਲਾ ਜਗ ਹੰਢਾਈਆ । ਖਾਣੀ ਬਾਣੀ ਲਿਖ ਕੇ ਧੁਰ ਦਾ ਲੇਖ, ਜੀਵ ਜੰਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਸਮਝਾਈਆ । ਸੁਤ ਸ਼ਬਦ ਵੇਖ ਮਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚੀ ਦਿਸੇ ਨਾ ਕੋਈ ਜਮਾਤ, ਹਰਫ਼ ਇਕ ਨਾ ਕੋਇ ਪੜ੍ਹਾਈਆ । ਵਰਨਾਂ ਬਰਨਾਂ ਤੁੱਟਾ ਸਾਥ, ਚਾਰੋਂ ਕੁੰਟ ਪਈ ਲੜਾਈਆ । ਕੋਈ ਨਾ ਉਤਰੇ ਧੁਰ ਦੇ ਘਾਟ, ਘਾਟੇ ਵਿਚ ਸਰਬ ਲੋਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਪੜ੍ਹੇ ਨਾ ਕੋਈ ਗਾਥ, ਰਸਨਾ ਜਿਹਵਾ ਬੱਤੀ ਦੰਦ ਰਹੇ ਸੁਣਾਈਆ । ਰੂਹ ਦਿਸੇ ਨਾ ਕੋਈ ਪਾਕ, ਬੁੱਤ ਖ਼ਾਕੀ ਨਾ ਕੋਇ ਵਡਿਆਈਆ । ਮਿਟੇ ਕਿਸੇ ਨਾ ਕੂੜੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਸਮਾਈਆ । ਦੀਨ ਮਜ਼੍ਹਬ ਨਾ ਕੋਇ ਇਤਫ਼ਾਕ, ਮੁਹੱਬਤ ਰੂਪ ਨਾ ਕੋਇ ਵਟਾਈਆ । ਲਹਿਣਾ ਦੇਣਾ ਕਰੇ ਨਾ ਕੋਈ ਬੇਬਾਕ, ਲੇਖਾ ਸਕੇ ਨਾ ਕੋਇ ਮੁਕਾਈਆ । ਮਨ ਮਨੂਆ ਘਟ ਘਟ ਅੰਦਰ ਰਿਹਾ ਨਾਚ, ਨਟੂਆ ਹੋ ਕੇ ਸਾਂਗ ਵਰਤਾਈਆ । ਜੁਗ ਚੌਕੜੀ ਗੁਰ ਅਵਤਾਰ ਜੋ ਗਏ ਆਖ, ਪੀਰ ਪੈਗ਼ੰਬਰ ਸਿਫ਼ਤਾਂ ਸਿਫ਼ਤ ਸਾਲਾਹੀਆ । ਸੋ ਨੂਰ ਜ਼ਹੂਰ ਦਿਸੇ ਨਾ ਕਾਇਨਾਤ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਮਾਇਆ ਮਮਤਾ ਹੋਏ ਮੁਹਤਾਜ, ਮਹਿਬੂਬ ਮੁਹੱਬਤ ਸਚ ਨਾ ਕੋਇ ਕਮਾਈਆ । ਪਰਮਾਤਮ ਦੇਵੇ ਨਾ ਕੋਈ ਸਾਥ, ਆਤਮ ਨਾਤਾ ਨਾ ਕੋਇ ਜੁੜਾਈਆ । ਚਾਰੋਂ ਕੁੰਟ ਦਿਸੇ ਅੰਧੇਰੀ ਰਾਤ, ਅੰਧ ਆਤਮ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਲਾ ਰਿਹਾ ਵਖਾਈਆ । ਕਲਜੁਗ

ਵੇਲਾ ਵੇਖ ਸ਼ਬਦ ਗੁਰ, ਤੇਰੇ ਹੱਥ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਗਈ ਭੁੱਲ, ਇਸ਼ਟ ਨਜ਼ਰ ਕਿਸੇ ਨਾ ਆਈਆ । ਝਗੜਾ ਪਿਆ ਵੱਡੀ ਛੋਟੀ ਉਚੀ ਹੀਣੀ ਕੁੱਲ, ਕੁਲਵੰਤਾ ਰੂਪ ਸਚ ਨਾ ਕੋਇ ਸਮਾਈਆ । ਮਾਇਆ ਮਮਤਾ ਕੀਮਤ ਪਾਇਆ ਮੁੱਲ, ਅਨਮੁਲੜਾ ਰੰਗ ਸਕੇ ਨਾ ਕੋਇ ਰੰਗਾਈਆ । ਅੰਤਰ ਆਤਮ ਸਭ ਦੇ ਗਿਆ ਡੁੱਲ੍ਹ, ਅੰਮ੍ਰਿਤ ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਰਿਹਾ ਵਖਾਈਆ । ਕਲਜੁਗ ਅੰਤਮ ਵੇਖ ਅਦਾਲਤ, ਸਾਹਿਬ ਸਾਚਾ ਇਕ ਦ੍ਰਿੜਾਇੰਦਾ । ਚਾਰੋਂ ਕੁੰਟ ਦਿਸੇ ਜਹਾਲਤ, ਸਤਿ ਧਰਮ ਨਜ਼ਰ ਕੋਇ ਨਾ ਆਇੰਦਾ । ਵੁਕਲਾ ਕਰੇ ਨਾ ਕੋਇ ਵਕਾਲਤ, ਸ਼ਹਾਦਤ ਹਕ ਨਾ ਕੋਇ ਭੁਗਤਾਇੰਦਾ । ਆਤਮ ਬਣੇ ਨਾ ਸਚ ਅਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਇੰਦਾ । ਸਾਚਾ ਪੜਦਾ ਸਾਹਿਬ ਸਤਿਗੁਰ ਚੁੱਕ, ਸ਼ਬਦੀ ਸ਼ਬਦ ਦਏ ਜਣਾਈਆ । ਚਾਰੋਂ ਕੁੰਟ ਵੇਖ ਉਠ, ਆਪਣੀ ਅੱਖ ਖੁਲ੍ਹਾਈਆ ਸਾਚਾ ਦਿਸੇ ਨਾ ਕੋਈ ਪੁੱਤ, ਸੁਤ ਦੁਲਾਰਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕੋਲੋਂ ਸਾਰੇ ਬੈਠੇ ਰੁੱਠ, ਆਪਣਾ ਆਪਣਾ ਮੁਖ ਭਵਾਈਆ । ਅੰਦਰ ਵੜਕੇ ਸਾਚੇ ਪੌੜੇ ਚੜ੍ਹ ਕੇ ਦਸਮ ਦਵਾਰੀ ਖੜ੍ਹ ਕੇ ਕੋਈ ਨਾ ਲਏ ਪੁਛ, ਦੋਏ ਜੋੜ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਵਖਾਈਆ । ਉਠ ਵੇਖ ਕਲਜੁਗ ਰੀਤ, ਸਦੀ ਚੌਧਵੀਂ ਦਏ ਦੁਹਾਈਆ । ਮੁੱਲਾ ਸ਼ੇਖ਼ ਮੁਸਾਇਕ ਸਾਚਾ ਵੜੇ ਨਾ ਕੋਇ ਮਸੀਤ, ਮਸੱਲਾ ਹਕ ਨਾ ਕੋਇ ਵਿਛਾਈਆ । ਪਰਵਰਦਿਗਾਰ ਨਗ਼ਮਾ ਨਾਉਂ ਗਾਏ ਨਾ ਕੋਇ ਗੀਤ, ਕਲਮਾ ਕਲਾਮ ਨਾ ਕੋਇ ਸੁਣਾਈਆ । ਸਚ ਦਵਾਰੇ ਉਚ ਮਹਿਰਾਬੇ ਮਹਿਬੂਬ ਨਾਲ ਨਾ ਹੋਏ ਪ੍ਰੀਤ, ਅਤੀਤ ਨਜ਼ਰ ਕੋਇ ਨਾ ਆਈਆ । ਈਸਾ ਮੂਸਾ ਮੁਹੰਮਦ ਜੋ ਕਰ ਕੇ ਗਏ ਨਸੀਹਤ, ਵਲੀ ਗੌਂਸ ਜਗਤ ਸਮਝਾਈਆ । ਅੱਖਰਾਂ ਨਾਲ ਲਿਖੀ ਵਸੀਅਤ, ਅਲਫ਼ ਯੇ ਜੋੜ ਜੁੜਾਈਆ । ਉਮਤ ਉਮਤੀ ਕਲਜੁਗ ਅੰਤਮ ਸਭ ਦੀ ਬਦਲੀ ਤਬੀਅਤ, ਤਬਾ ਸਕੇ ਨਾ ਕੋਇ ਬਦਲਾਈਆ । ਨੂਰ ਖ਼ੁਦਾ ਜਾਣੇ ਨਾ ਕੋਈ ਅਸਲੀਅਤ, ਅਸਲ ਵਿਚ ਨਾ ਕੋਇ ਸਮਾਈਆ । ਕੂੜੀ ਕਿਰਿਆ ਨਾ ਕੋਈ ਅਹਿਮੀਅਤ, ਅਹਿਮਕ ਬੈਠੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਮੇਰਾ ਸਚ ਪੈਗ਼ਾਮ, ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦਿਤਾ ਦ੍ਰਿੜਾਈਆ । ਕਲਜੁਗ ਅੰਤਮ ਸਾਚਾ ਦਿਸੇ ਕਿਸੇ ਨਾ ਰਾਮ, ਸੁਰਤੀ ਸਚ ਨਾ ਕੋਇ ਕੁੜਮਾਈਆ । ਸਾਧ ਸੰਤ ਕਰਨ ਹਰਾਮ, ਧੀਰਜ ਜਤ ਨਾ ਕੋਇ ਰਖਾਈਆ । ਮਾਇਆ ਮਮਤਾ ਹੋਏ ਗ਼ੁਲਾਮ, ਦੂਈ ਦਵੈਤੀ ਤਨ ਕੜੀ ਰਹੇ ਬੰਧਾਈਆ । ਹਿਰਦੇ ਵਸੇ ਨਾ ਸੱਚਾ ਨਾਮ, ਨੌਬਤ ਇਕ ਨਾ ਕੋਇ ਵਜਾਈਆ । ਬਾਹਰੋਂ ਕਰਦੇ ਸਰਬ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧੁਆਈਆ । ਅੰਤਰ ਮਿਲੇ ਕਿਸੇ ਨਾ ਜਾਮ, ਮਧ ਪਿਆਲਾ ਹੱਥ ਨਾ ਕੋਇ ਫੜਾਈਆ । ਆਤਮ ਸੇਜਾ ਚੜ੍ਹ ਕੇ ਕਰੇ ਨਾ ਕੋਇ ਬਿਸਰਾਮ, ਜਗਤ ਕੁਟੀਆ ਬਹਿ ਬਹਿ ਨੀਂਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦਿਸ਼ਾ ਰਿਹਾ ਸਮਝਾਈਆ । ਕਲਜੁਗ ਕਹੇ ਸਾਚਾ ਦਿਸੇ ਕਿਸੇ ਨਾ ਕਾਹਨ, ਸੁਰਤੀ ਗੋਪੀ ਨਾ ਕੋਇ ਪਰਨਾਈਆ । ਨਾਮ ਨਿਰਾਲਾ ਮਾਰੇ ਕੋਈ ਨਾ ਬਾਣ, ਅਣਿਆਲਾ ਤੀਰ ਚਲਾਈਆ । ਸਚ ਸੰਦੇਸਾ ਸੁਣਾਏ ਨਾ ਕੋਈ ਬਿਨ ਕਾਨ, ਧੁਰ ਦੀ ਧਾਰ ਜਣਾਈਆ । ਕਾਇਆ ਮੰਦਰ ਅੰਦਰ ਦਿਸੇ ਵੈਰਾਨ, ਵੈਰਾਗੀ ਰੂਪ

ਨਾ ਕੋਇ ਵਖਾਈਆ । ਮਸਤਕ ਤਿਲਕ ਸਰਬ ਲਗਾਣ, ਤ੍ਰਿਸੂਲ ਧਾਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਕਾਇਨਾਤ, ਇਕੋ ਇਕ ਜਣਾਈਆ । ਬਗ਼ਲੇ ਰੱਖਣ ਸਰਬ ਕਿਤਾਬ, ਤੁਲਬਾ ਤਾਲਬ ਬਣ ਕੇ ਫੇਰਾ ਪਾਈਆ । ਅਗਲਾ ਜਾਣੇ ਨਾ ਕੋਈ ਹਿਸਾਬ, ਲੇਖਾ ਸਕੇ ਨਾ ਕੋਇ ਜਣਾਈਆ । ਅੰਤਰ ਪੜਦਾ ਲੱਥੇ ਨਾ ਮੁਖ ਨਕਾਬ, ਨਿਜ ਨੇਤਰ ਨਾ ਨੂਰ ਰੁਸ਼ਨਾਈਆ । ਨਜ਼ਰ ਆਏ ਨਾ ਹੱਕ ਮਹਿਰਾਬ, ਮਹਿਬੂਬ ਮਿਲੇ ਨਾ ਬੇਪਰਵਾਹੀਆ । ਝਗੜਾ ਚੁੱਕੇ ਨਾ ਪੁੰਨ ਸਵਾਬ, ਦੋਜ਼ਖ਼ ਬਹਿਸ਼ਤ ਪੰਧ ਨਾ ਕੋਇ ਮੁਕਾਈਆ । ਜਿਨ੍ਹਾਂ ਪਰਵਰਦਿਗਾਰ ਸਹੀ ਸਲਾਮਤ ਧੁਰ ਦਾ ਮਾਲਕ ਮਿਲ ਗਿਆ ਆਪ, ਤਿਨ੍ਹਾਂ ਨਰਕ ਸੁਰਗ ਦੋਜ਼ਖ਼ ਬਹਿਸ਼ਤ ਦੋਹਾਂ ਵਿਚੋਂ ਫੜ ਕੇ ਬਾਹਰ ਕਢਾਈਆ । ਬਣ ਕੇ ਧੁਰ ਦਰਗਾਹੀ ਸੱਚਾ ਬਾਪ, ਪਿਤਾ ਪੂਤ ਗੋਦ ਉਠਾਈਆ । ਹੌਲੀ ਹੌਲੀ ਦੱਸੇ ਆਪਣਾ ਵਾਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਤੇਰੇ ਵਿਚ ਜ਼ਾਤ, ਤੇਰੀ ਜ਼ਾਤ ਮੇਰਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਜੋ ਗੁਰੂ ਅਵਤਾਰ ਦੇ ਕੇ ਗਏ ਉਪਦੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੀ ਪੜ੍ਹਾਈਆ । ਬੋਧ ਅਗਾਧੀ ਸ਼ਬਦ ਅਨਾਦੀ ਸੁਣਾ ਕੇ ਗਏ ਸੰਦੇਸ਼, ਕਲਮ ਸ਼ਾਹੀ ਲਿਖ ਲਿਖ ਸ਼ਹਾਦਤ ਇਕ ਭੁਗਤਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੁਰੀਦ ਮੁਰਸ਼ਦ ਲੈਣ ਪੇਖ, ਨਿਜ ਨੇਤਰ ਕਰ ਰੁਸ਼ਨਾਈਆ । ਮਨ ਵਾਸਨਾ ਕਰਨੀ ਭੇਟ, ਤਨ ਵਜੂਦ ਨਾ ਕੋਇ ਵਡਿਆਈਆ । ਪੰਜ ਤਤ ਨਾ ਕਰਨਾ ਹੇਤ, ਤ੍ਰੈਗੁਣ ਨਾ ਕੋਇ ਚਤੁਰਾਈਆ । ਸਾਹਿਬ ਸਤਿਗੁਰ ਬਿਨ ਅੱਖਾਂ ਲਏ ਵੇਖ, ਨਿਜ ਨੇਤਰ ਕਰ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਸੰਤ ਭਗਤ ਗੁਰਮੁਖ ਗੁਰਸਿਖ ਸੂਫ਼ੀ ਮੁੱਲਾ ਸ਼ੇਖ਼ ਮੁਸਾਇਕ ਓਸੇ ਦੀ ਖੇਲ, ਖ਼ਾਲਕ ਖ਼ਲਕ ਰਿਹਾ ਖਿਲਾਈਆ । ਆਤਮ ਪਰਮਾਤਮ ਨਿਰਗੁਣ ਸਰਗੁਣ ਪਾਰਬ੍ਰਹਮ ਨਿਹਕਰਮੀ ਕਰਮ ਜੋਤੀ ਜਾਤਾ ਪੁਰਖ ਬਿਧਾਤਾ ਨਿਰਵੈਰ ਹੋ ਪਰਵੇਸ਼, ਸ਼ਬਦ ਅਨਾਦ ਧੁਨ ਬ੍ਰਹਿਮਾਦ, ਲੇਖਾ ਜਾਣੇ ਆਦਿ ਜੁਗਾਦਿ, ਜੁਗ ਚੌਕੜੀ ਖੇਲ ਵਖਾਈਆ । ਗੁਰ ਅਵਤਾਰਾਂ ਦੇ ਕੇ ਦਾਦ, ਸਚ ਸੁਣਾਏ ਧੁਰ ਦਾ ਰਾਗ, ਸਤਿ ਸਰੂਪ ਹੋ ਵਿਸਮਾਦ, ਬਿਸਮਲ ਆਪਣੀ ਧਾਰ ਬੰਧਾਈਆ । ਜੁਗ ਚੌਕੜੀ ਕਰੇ ਤਿਆਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਕੜੇ ਵਾਗ, ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਬਣੇ ਸੱਜਣ ਸਾਕ, ਨਾਤਾ ਸਭ ਦੇ ਨਾਲ ਰਖਾਈਆ । ਬੋਧ ਅਗਾਧਾ ਦੱਸ ਵਾਕ, ਭਵਿਖਤ ਦਵਾਰੇ ਖੋਲ੍ਹੇ ਤਾਕ, ਆਪਣੇ ਮਿਲਣ ਦਾ ਦੱਸੇ ਇਤਫ਼ਾਕ, ਭੇਵ ਅਭੇਦਾ ਦਏ ਜਣਾਈਆ । ਦੋ ਜਹਾਨਾਂ ਬਣ ਕੇ ਸਿਰਤਾਜ, ਭੂਪਤ ਭੂਪ ਰਾਜਨ ਰਾਜ, ਦੋ ਜਹਾਨ ਸੁਆਰੇ ਕਾਜ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣਾ ਹੁਕਮ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਕੇ ਵੰਡ, ਨਿਤ ਨਵਿਤ ਧੁਰ ਸੰਦੇਸਾ ਸ਼ਬਦ ਅਨਾਦੀ ਪਾਵੇ ਠੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਚਖੰਡ ਦਵਾਰਾ ਦਏ ਜਣਾਈਆ । ਸਚਖੰਡ ਨਿਵਾਸੀ ਦਰ ਦਰਵਾਜ਼ਾ, ਸੋ ਪੁਰਖ ਨਿਰੰਜਣ ਇਕ ਖੁਲ੍ਹਾਇੰਦਾ । ਹਰਿ ਪੁਰਖ ਨਿਰੰਜਣ ਗ਼ਰੀਬ ਨਿਵਾਜਾ, ਮਿਹਰਵਾਨ ਰੂਪ ਧਰਾਇੰਦਾ । ਏਕੰਕਾਰਾ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪ ਅਖਵਾਇੰਦਾ । ਆਦਿ ਨਿਰੰਜਣ ਸਚ ਦਵਾਰੇ ਕਰੇ ਆਪਣਾ ਕਾਜਾ, ਕਰਨੀ ਆਪਣੇ ਹੱਥ ਰਖਾਇੰਦਾ । ਅਬਿਨਾਸ਼ੀ

ਕਰਤਾ ਸ੍ਰੀ ਭਗਵਾਨ ਦੇਵੇ ਸਾਥਾ, ਪਾਰਬ੍ਰਹਮ ਪੁਰਖ ਸਮਰਾਥਾ, ਆਪਣੀ ਖੇਲ ਵਖਾਇੰਦਾ । ਸ਼ਬਦੀ ਸੁਤ ਮਾਰ ਆਵਾਜ਼ਾ, ਚਾਰ ਜੁਗ ਦੇ ਵਿਛੜੇ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਰਬਾਰੀ ਖੇਲ ਕਰਾਇੰਦਾ । ਧੁਰ ਦਰਬਾਰੀ ਖੇਲ ਅਪਾਰਾ, ਅਪਰੰਪਰ ਸਵਾਮੀ ਆਪ ਕਰਾਈਆ । ਸਚਖੰਡ ਦਵਾਰੇ ਲਾ ਇਕ ਦਰਬਾਰਾ, ਬੀਸ ਇਕੀਸਾ ਰੰਗ ਚੜ੍ਹਾਈਆ । ਸੁਤ ਦੁਲਾਰੇ ਸ਼ਬਦ ਕੱਠੇ ਕਰ ਗੁਰੂ ਅਵਤਾਰਾ, ਮੇਲਾ ਹੋਏ ਏਕਾ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਇਕ ਹੁਲਾਰਾ, ਦੂਜੀ ਧਾਰ ਨਾ ਕੋਇ ਬੰਧਾਈਆ । ਤ੍ਰੈਗੁਣ ਮਾਇਆ ਦੇ ਸਹਾਰਾ, ਪੰਜ ਤਤ ਭੇਵ ਚੁਕਾਈਆ । ਲੱਖ ਚੁਰਾਸੀ ਜੋ ਦੇਂਦਾ ਰਿਹਾ ਲਾਰਾ, ਨਿਤ ਨਵਿਤ ਹੁਕਮ ਸੁਣਾਈਆ । ਸ਼ਬਦੀ ਸ਼ਬਦ ਕਰਦਾ ਰਿਹਾ ਇਸ਼ਾਰਾ, ਬਿਨ ਅੱਖਾਂ ਅੱਖਾਂ ਨਾਲ ਦ੍ਰਿੜਾਈਆ । ਭਗਤਾਂ ਦੱਸਦਾ ਰਿਹਾ ਉਚ ਮਨਾਰਾ, ਮਹੱਲ ਅਟਲ ਬੇਪਰਵਾਹੀਆ । ਸੋ ਵੇਲਾ ਵਕਤ ਸੁਹੰਜਣਾ ਬਿਨ ਹਰਿ ਨਾ ਕਿਸੇ ਵਿਚਾਰਾ, ਆਦਿ ਅੰਤ ਸਮਝ ਕਿਸੇ ਨਾ ਪਾਈਆ । ਉਠ ਸੇਵਾ ਕਰ ਵਿਚ ਸੰਸਾਰਾ, ਚਾਕਰ ਹੋ ਕੇ ਫੇਰਾ ਪਾਈਆ । ਤੇਰੀ ਮਦਦ ਕਰੇ ਨਿਰੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਰਿਹਾ ਵਖਾਈਆ । ਸ਼ਬਦ ਸੁਤ ਮਾਰੀ ਆਵਾਜ਼, ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਲਏ ਕਰਾਈਆ । ਆਓ ਵੇਖੋ ਸ਼ਾਹ ਨਵਾਬ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਕਾਜ, ਕਰਤਾ ਕਰਨੀ ਵਿਚ ਰਖਾਈਆ । ਉਸ ਦਾ ਭੇਵ ਖੋਲ੍ਹੋ ਆਜ, ਪੜਦਾ ਦਿਓ ਉਠਾਈਆ । ਜੋ ਨਾਮ ਬਾਣੀ ਚਲਾ ਕੇ ਆਏ ਜਹਾਜ਼, ਲੱਖ ਚੁਰਾਸੀ ਜੀਵਾਂ ਜਗਤ ਸਮਝਾਈਆ । ਜੋ ਕਲਮਾ ਦਸ ਕੇ ਆਏ ਨਮਾਜ਼, ਵੁਜ਼ੂ ਕਰਨਾਂ ਸਚ ਸਮਝਾਈਆ । ਓਨ੍ਹਾਂ ਵਿਚੋਂ ਵੇਖੋ ਕੇਹੜਾ ਦਿਸੇ ਪਾਕ, ਪਲੀਤ ਰੂਪ ਨਾ ਕੋਇ ਵਟਾਈਆ । ਕਵਨ ਤਨ ਮਾਟੀ ਹੋਇਆ ਮੁਮਤਾਜ, ਮੁਹੱਬਤ ਰੱਖੇ ਨੂਰ ਖ਼ੁਦਾਈਆ । ਕਵਣ ਝੁਕ ਝੁਕ ਸੱਜਦਾ ਕਰੇ ਪੁਰਖ ਸਮਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਵਿਛੜੇ ਹੋਏ ਇਕੱਠੇ, ਹਰਿ ਕਰਤਾ ਅੰਤ ਕਰਾਈਆ । ਪਿਛਲੇ ਹਾਲ ਕਾਲ ਮਹਾਂਕਾਲ ਦੀਨ ਦਿਆਲ ਲੱਖ ਚੁਰਾਸੀ ਦੱਸੇ, ਪੜਦਾ ਓਹਲਾ ਇਕ ਉਠਾਈਆ । ਜਾ ਕੇ ਵੇਖੋ ਪਾਠਸ਼ਾਲਾ ਮੰਦਰ ਮਸਜਦ ਸ਼ਿਵਦਵਾਲੇ ਮਕਤਬ ਮਦਰਸੇ, ਲੋਕਮਾਤ ਧਿਆਨ ਲਗਾਈਆ । ਅੰਤਰ ਆਤਮ ਨੂਰ ਖ਼ੁਦਾਈ ਆਬੇ ਹਯਾਤ ਕਿਸੇ ਨਾ ਮਿਲੇ ਰਸੇ, ਸੀਤਲ ਧਾਰ ਨਾ ਕੋਇ ਵਹਾਈਆ । ਮਾਇਆ ਮਮਤਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਸ਼ਰਅ ਸ਼ੈਤਾਨ ਸਾਰੇ ਫਸੇ, ਸ਼ਰੀਅਤ ਸਮਝ ਕਿਸੇ ਨਾ ਆਈਆ । ਜਗਤ ਕਿਤਾਬਾਂ ਜਗਤ ਹਿਸਾਬਾਂ ਬੱਧੇ ਬਸਤੇ, ਅਗਲਾ ਲੇਖਾ ਸਕੇ ਨਾ ਕੋਇ ਸਮਝਾਈਆ । ਦੀਨ ਮਜ਼੍ਹਬਾਂ ਜ਼ਾਤਾਂ ਪਾਤਾਂ ਉਚਾਂ ਨੀਚਾਂ ਰਾਓ ਰੰਕਾਂ ਪਏ ਰੱਟੇ, ਰੱਟਾ ਸਕੇ ਨਾ ਕੋਇ ਮੁਕਾਈਆ । ਸਾਚਾ ਲਾਹਾ ਧੁਰ ਦਰਗਾਹਾ ਸਚ ਦਵਾਰੇ ਕੋਈ ਨਾ ਖੱਟੇ, ਕੂੜੀ ਕਿਰਿਆ ਘਰ ਘਰ ਝੋਲੀ ਬੈਠੇ ਭਰਾਈਆ । ਆਤਮ ਅੰਤਰ ਪ੍ਰੇਮ ਪ੍ਰੀਤੀ ਸਾਚੇ ਰੰਗ ਕੋਈ ਨਾ ਰਤੇ, ਕਸੁੰਭੜਾ ਰੰਗ ਚਾਰੋਂ ਕੁੰਟ ਨਜ਼ਰੀ ਆਈਆ । ਭਾਗ ਲੱਗਾ ਨਾ ਕਿਸੇ ਕਾਇਆ ਮਟੇ, ਪੰਜ ਤਤ ਤਨ ਰਬਾਬ ਨਾ ਕੋਇ ਵਜਾਈਆ । ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਸਦੀ ਚੌਧਵੀਂ ਸਬਕ ਸਾਰੇ ਪੜ੍ਹ ਪੜ੍ਹ ਅੱਕੇ, ਮਨ ਆਕੀ ਨੀਵਾਂ ਸਕੇ ਨਾ ਕੋਇ ਕਰਾਈਆ । ਕੋਟਨ ਕੋਟ ਫਿਰ ਕੇ ਆਏ ਮਦੀਨੇ ਮੱਕੇ, ਕਾਇਆ ਮਕਬਰਾ ਖੋਜ ਨਾ ਕੋਇ ਖੋਜਾਈਆ । ਜਿਥੇ ਸਚ ਧਾਮ ਅੱਠੇ ਪਹਿਰ ਵਸੇ, ਦਿਵਸ ਰੈਣ ਸੋਭਾ ਪਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਗਿਆ ਤਕਵਾ, ਚਾਰੋਂ ਤਰਫ਼ ਸਤਿ ਨਜ਼ਰ ਕੋਇ ਨਾ ਆਈਆ । ਸਭ ਦੇ ਉਤੇ ਸਾਦਰ ਕਰ ਦੇ ਫ਼ਤਵਾ, ਫ਼ੈਸਲਾ ਇਕੋ ਵਾਰ ਸੁਣਾਈਆ । ਜਨ ਭਗਤ ਗੁਰਮੁਖ ਤੇਰੇ ਵਿਰਲੇ ਜੋ ਤੇਰੇ ਨੂਰ ਦਾ ਤੱਕਦੇ ਜਲਵਾ, ਜ਼ਾਹਰ ਜ਼ਹੂਰ ਤੇਰਾ ਦਰਸ਼ਨ ਪਾਈਆ । ਜੋ ਖਾਵਣਹਾਰੇ ਪੂੜੀ ਕੜਾਹ ਹਲਵਾ, ਹਾਲਤ ਉਨ੍ਹਾਂ ਦੀ ਦੇ ਬਦਲਾਈਆ । ਜਿਨ੍ਹਾਂ ਦੇ ਅੰਦਰ ਮਨ ਨੇ ਪਾਇਆ ਬਲਵਾ, ਨੌਂ ਦਵਾਰੇ ਮਚੀ ਦੁਹਾਈਆ । ਉਹ ਕਾਹਨੂੰ ਪੜ੍ਹਦੇ ਤੇਰਾ ਕਲਮਾ, ਅਲਿਫ਼ ਯੇ ਕੰਮ ਕਿਸੇ ਨਾ ਆਈਆ । ਉਹ ਵੇਸਵਾ ਕੋਲੋਂ ਸੁਣਦੇ ਨਗ਼ਮਾ, ਜੋ ਮਨਮਤ ਅੰਦਰ ਬੈਠੀ ਡੇਰਾ ਲਾਈਆ । ਉਨ੍ਹਾਂ ਕਲਜੁਗ ਕੋਲੋਂ ਮੰਗਣਾ ਤਗ਼ਮਾ, ਹਜ਼ੂਰੀ ਹੋ ਕੇ ਸੀਸ ਨਿਵਾਈਆ । ਤੇਰਾ ਨਾਮ ਉਨ੍ਹਾਂ ਦੇ ਅੰਦਰ ਕਦੀ ਨਾ ਲੰਘਣਾ, ਜੋ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਬੈਠੇ ਪ੍ਰੀਤ ਲਗਾਈਆ । ਤੇਰਾ ਦੀਪ ਕਦੇ ਨਾ ਜਗਣਾ, ਜਿਨ੍ਹਾਂ ਕੂੜ ਕੁੜਿਆਰਾ ਅੰਦਰ ਲਿਆ ਵਸਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਲੱਭਣਾ, ਜਿਸ ਅੰਤਰ ਆਤਮ ਕੀਤੀ ਪ੍ਰਭੂ ਰੁਸ਼ਨਾਈਆ । ਮਿਲੇ ਮੁਕੰਦ ਮਨੋਹਰ ਲਖਮੀ ਨਰਾਇਣ ਸਾਚੇ ਮਦਨਾ, ਮਧ ਸੂਦਨ ਆਪਣੇ ਘਰ ਵਸਾਈਆ । ਆਤਮ ਸੇਜ ਸੁਹਾਏ ਪਲੰਘਨਾ, ਚਤਰਭੁਜ ਵੇਖੇ ਚਾਈਂ ਚਾਈਂਆ । ਆਦਿ ਸ਼ਕਤ ਪਾਏ ਸਗਨਾ, ਸੋਹਣਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਦਰ, ਜਿਸ ਘਰ ਤੇਰੀ ਵੱਜੇ ਇਕ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਪਏ ਬੋਲ, ਅਨਬੋਲਤ ਪ੍ਰਭੂ ਸੁਣਾਈਆ । ਚਾਰੋਂ ਕੁੰਟ ਵੇਖਿਆ ਖੋਲ੍ਹ, ਗਠੜੀ ਨਾਮ ਹੱਥ ਕਿਸੇ ਨਾ ਆਈਆ । ਪੰਜ ਤਤ ਕਾਇਆ ਖ਼ਾਲੀ ਦਿਸਿਆ ਢੋਲ, ਹਉਮੇ ਹੰਗਤਾ ਵਿਚ ਸਮਾਈਆ । ਗੁਰਮੁਖ ਸੰਤ ਸੁਹੇਲੇ ਹਰਿ ਭਗਤ ਥੋੜ੍ਹੇ ਉਤਰੇ ਤੇਰੇ ਤੋਲ, ਜਿਨ੍ਹਾਂ ਨਾਮ ਤਰਾਜ਼ੂ ਕੰਡੇ ਦਿਤਾ ਚੜ੍ਹਾਈਆ । ਬਾਹਰੋਂ ਭਰੇ ਤੇ ਅੰਦਰੋਂ ਪੋਲ, ਖ਼ਾਲੀ ਬੁੱਤ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਹੋਣਾ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਇਕੋ ਵਾਰ ਸੁਣਾਈਆ । ਸ੍ਰੀ ਭਗਵਾਨ ਉੱਤਰ ਪੂਰਬ ਪੱਛਮ ਦੱਖਣ ਅਸੀਂ ਵੇਖ ਕੇ ਆਏ ਚੜ੍ਹਦੇ ਲਹਿੰਦੇ, ਸ਼ਮਾਲ ਜਨੂਬ ਤੇਰਾ ਰਾਹ ਨਾ ਕੋਇ ਤਕਾਈਆ । ਮੁੱਲਾ ਸ਼ੇਖ਼ ਮੁਸਾਇਕ ਮਸੀਤੇ ਕੱਠੇ ਹੋ ਹੋ ਬਹਿੰਦੇ, ਮਨ ਹੰਕਾਰ ਨਾਲ ਮਿਲਾਈਆ । ਪੰਡਤ ਪਾਂਧੇ ਸਾਚੇ ਠਾਕਰ ਅੱਗੇ ਕੋਈ ਨਾ ਢਹਿੰਦੇ, ਠੋਕਰ ਸਭ ਨੂੰ ਰਹੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲੈਣਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਸਮਰਥ, ਹੱਥ ਤੇਰੇ ਵਡਿਆਈਆ । ਜੁਗ ਚੌਕੜੀ ਚਲਾਵੇਂ ਰਥ, ਬਣ ਰਥਵਾਹੀ ਸੇਵ ਕਮਾਈਆ । ਕਲਜੁਗ ਅੰਤਮ ਸਭ ਕੁਛ ਤੇਰਾ ਹਕ, ਹਕੀਕਤ ਤੇਰੀ ਝੋਲੀ ਪਾਈਆ । ਅਸੀਂ ਨਾਮ ਕਲਮਾ ਦੱਸ ਕੇ ਆਏ ਥੱਕ, ਸਾਡਾ ਸੰਗ ਨਾ ਕੋਇ ਨਿਭਾਈਆ । ਦੂਰ ਦੁਰਾਡੇ ਪ੍ਰੀਤੀ ਬਿਨਾਂ ਗਏ ਨੱਠ, ਨੇੜੇ ਹੋ ਕੇ ਦਸਤ ਨਾ ਕੋਇ ਮਿਲਾਈਆ । ਅਸੀਂ ਅਪਣੀ ਬਦਲ ਲਈ ਆਪੇ ਕਰਵਟ, ਪਿਛਾ ਦੇ ਕੇ ਮੁਖ ਭਵਾਈਆ । ਕੋਟਾਂ ਵਿਚੋਂ ਥੋੜ੍ਹੇ ਜਿਹੜੇ ਤੇਰੇ ਪ੍ਰੇਮ ਦਾ ਮਾਨਣ ਰਸ, ਅੰਤਰ ਆਤਮ ਬੈਠੇ ਇਕ ਧਿਆਨ ਲਗਾਈਆ । ਤੂੰ ਉਨ੍ਹਾਂ ਨਾਲ ਜਾ ਕੇ ਵਸ, ਵਾਸਤਾ ਆਪਣੇ ਨਾਲ ਬੰਧਾਈਆ । ਬਾਕੀ ਖੇੜਾ ਕਰ ਦੇ ਭੱਠ, ਕਲਜੁਗ ਜੀਵਾਂ ਦੇ ਸਜ਼ਾਈਆ । ਜਿਨ੍ਹਾਂ ਭੁੱਲੀ ਧੁਰ ਦੀ ਮਤ, ਮਨਮਤ ਕਰੀ ਕੁੜਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇ ਲੈਣਾ ਚਲਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਕਰੋ ਤਸਦੀਕ, ਹਰਿ ਕਰਤਾ ਅੰਤ ਜਣਾਇੰਦਾ । ਸਦੀ ਚੌਧਵੀਂ ਵੇਲਾ ਅੰਤ ਅਖ਼ੀਰ ਨਜ਼ਦੀਕ, ਨੇਰਨ ਨੇਰਾ ਵੇਖ ਵਖਾਇੰਦਾ । ਪਰਵਰਦਿਗਾਰ ਸਾਂਝਾ ਯਾਰ ਲਾਸ਼ਰੀਕ, ਸਚ ਤੌਫ਼ੀਕ ਇਕ ਵਖਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੀ ਰੱਖ ਕੇ ਬੈਠੇ ਉਡੀਕ, ਨੇਤਰ ਲੋਚਣ ਨੈਣ ਸਰਬ ਉਠਾਇੰਦਾ । ਵੇਖਣਹਾਰਾ ਹਸਤ ਕੀਟ, ਊਚ ਨੀਚ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਇੰਦਾ । ਪੀਰ ਪੈਗ਼ੰਬਰ ਕਹਿਣ ਅਸੀਂ ਦੇਈਏ ਸ਼ਹਾਦਤ, ਸ਼ਹਿਨਸ਼ਾਹ ਇਕੋ ਵਾਰ ਸੁਣਾਈਆ । ਸਚ ਸਭ ਨੂੰ ਭੁੱਲੀ ਤੇਰੀ ਇਬਾਦਤ, ਆਬਰੂ ਆਪਣੀ ਬੈਠੇ ਗਵਾਈਆ । ਤੇਰੀ ਰੂਹ ਤੇਰੇ ਕੀਤੀ ਨਾ ਕਿਸੇ ਅਮਾਨਤ, ਖਿਆਨਤ ਵਿਚ ਸਰਬ ਲੋਕਾਈਆ । ਅਸੀਂ ਦੇਈਏ ਨਾ ਕਿਸੇ ਜ਼ਮਾਨਤ, ਅਗੇ ਹੋ ਨਾ ਬਰੀ ਕਰਾਈਆ । ਤੇਰਾ ਹੁਕਮ ਸਾਹਿਬ ਸਹੀ ਸਲਾਮਤ, ਸਿਰ ਸਿਰ ਸਾਰੇ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਅਸੀਂ ਦੇਈਏ ਲਿਖ, ਲੇਖਾ ਲਿਖੀਏ ਬਿਨ ਕਲਮ ਸ਼ਾਹੀਆ । ਸਾਡਾ ਅੱਖਰ ਬਿਨ ਤੇਰੇ ਕਿਸੇ ਨਾ ਆਏ ਦਿਸ, ਜਗ ਨੇਤਰ ਸਮਝ ਕੋਇ ਨਾ ਪਾਈਆ । ਤੇਰੇ ਕਲਮੇ ਵਿਚੋਂ ਕਲਮਾ ਮਿਲੀ ਭਿਖ, ਭਿਛਿਆ ਲੋਕਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪਣੀ ਝੋਲੀ ਪਾਈਆ । ਲਹਿਣਾ ਦੇਣਾ ਪੌਣਾ ਝੋਲੀ, ਝਲਕ ਅਪਣੀ ਇਕ ਦਸਾਈਆ । ਹਉਂ ਬਰਦੇ ਬਰਖ਼ੁਰਦਾਰ ਸੇਵਕ ਤੇਰੀ ਗੋਲੀ, ਖ਼ਾਕਸਾਰ ਨਜ਼ਰੀ ਆਈਆ । ਸਾਚੀ ਧਾਰ ਸੁਣਾਈ ਸੱਚੀ ਬੋਲੀ, ਅਗੰਮੀ ਰਾਗ ਅਲਾਈਆ । ਅੱਲਾ ਆਲਮੀਨ ਵਿਚ ਵਿਚੋਲੀ, ਮਿਹਬਾਨ ਬੀਦੋ ਬੀ ਖ਼ੈਰ ਯਾ ਇਲਾਹੀ ਨੂਰ ਇਕ ਸਮਝਾਈਆ । ਪੀਰ ਪੈਗ਼ੰਬਰ ਦਸਤਗੀਰ ਦਸਤਯਾਬ ਤੇਰੇ ਪ੍ਰੇਮ ਦੀ ਖੇਲਣ ਹੋਲੀ, ਰੰਗ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਵਰ ਦਾਤੇ ਬੇਪਰਵਾਹੀਆ । ਗੁਰ ਅਵਤਾਰ ਸਾਰੇ ਕਹਿਣ, ਪ੍ਰਭੂ ਤੇਰੀ ਵਡ ਵਡਿਆਈਆ । ਅਸੀਂ ਵੇਖਿਆ ਸਾਚੇ ਨੈਣ, ਨੇਤਰ ਆਪਣੇ ਨਾਲ ਤਕਾਈਆ । ਕਲਜੁਗ ਜੀਵ ਨਾਤਾ ਤੁਟਾ ਭਾਈ ਭੈਣ, ਪਿਤਾ ਮਾਤ ਪੂਤ ਸੇਜ ਹੰਢਾਈਆ । ਮਾਇਆ ਮਮਤਾ ਹੋਈ ਡਾਇਣ, ਸ਼ਾਹ ਸੁਲਤਾਨਾਂ ਰਹੀ ਖਾਈਆ । ਕੋਈ ਫ਼ਰਕ ਨਾ ਜਾਣੇ ਨੁਕਤਾ ਐਨ ਗ਼ੈਨ, ਜ਼ੇਰ ਜ਼ਬਰ ਨਾ ਕੋਇ ਸਮਝਾਈਆ । ਪਰਵਰਦਿਗਾਰ ਬਣਿਆ ਤਰਫ਼ੈਨ, ਤੁਆਰਫ਼ ਸਕੇ ਨਾ ਕੋਇ ਜਣਾਈਆ । ਡੂੰਘੀ ਧਾਰ ਸਾਰੇ ਵਹਿਣ, ਦੋਜ਼ਖ਼ ਕਰਨ ਕੁੜਮਾਈਆ । ਓਨ੍ਹਾਂ ਵਲੀ ਅੱਲਾ ਕੋਈ ਨਾ ਆਵੇ ਲੈਣ, ਬਾਹੋਂ ਫੜ ਨਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹੀ ਦੇਣੀ ਸਮਝਾਈਆ । ਬੇਪਰਵਾਹੀ ਦੱਸ ਦੇ ਮੌਲਾ, ਤੇਰੇ ਅੱਗੇ ਅਰਜ਼ੋਈਆ । ਸਦੀ ਸਦੀਵੀ ਪੂਰਾ ਕੌਲਾ, ਇਕਰਾਰਾ ਗਿਆ ਆਈਆ । ਤੇਰੇ ਨਾਮ ਦਾ ਗਾਇਆ ਢੋਲਾ, ਮੇਰੇ ਢੋਲ ਸੱਚੇ ਮਾਹੀਆ । ਤੂੰ ਅੰਤਮ ਬਣਨਾ ਇਕ ਵਿਚੋਲਾ, ਵੇਖਣਹਾਰਾ ਥਾਉਂ ਥਾਈਂਆ । ਤੇਰੇ ਕੋਲ ਕਾਹਦਾ ਪੜਦਾ ਓਹਲਾ, ਤੂੰ ਸਭ ਦੀ ਬਣਤ ਬਣਾਈਆ । ਤੂੰ ਆਦਿ ਜੁਗਾਦੀ ਤੋਲਾ, ਕੰਡਾ ਰੱਖਿਆ ਹੱਥ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਅਬਿਨਾਸ਼ੀ ਕਰਤੇ ਸਚ ਦਵਾਰ ਖੋਲ੍ਹਾ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਇਸ਼ਾਰੇ, ਇਕੋ

ਵਾਰ ਸਮਝਾਈਆ । ਪੁਰਖ ਅਬਿਨਾਸ਼ੀ ਆਪਣੇ ਲੱਭ ਲੈ ਭਗਤ ਦੁਲਾਰੇ, ਲੱਖ ਚੁਰਾਸੀ ਵਿਚੋਂ ਖੋਜ ਖੋਜਾਈਆ । ਪਰਵਰਦਿਗਾਰ ਮੁਰੀਦ ਮੁਰਸ਼ਦਾਂ ਸਦਾ ਪਿਆਰੇ, ਪ੍ਰੇਮ ਪ੍ਰੀਤੀ ਸਚ ਲਗਾਈਆ । ਤੇਰਾ ਰਾਹ ਤੱਕਣ ਮੀਤ ਮੁਰਾਰੇ, ਸਚ ਦਵਾਰੇ ਸੋਭਾ ਪਾਈਆ । ਰਲ ਮਿਲ ਇਕੋ ਬੋਲਣ ਜੈਕਾਰੇ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰਾ ਨੂਰ ਪਰਵਰਦਿਗਾਰੇ, ਪਤਿਪਰਮੇਸ਼ਵਰ ਤੇਰੇ ਵਿਚੋਂ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਦੇਂਦੇ ਗਏ ਲਾਰੇ, ਅਗਲਾ ਲੇਖਾ ਮਾਤ ਬਣਾਈਆ । ਪਰਗਟ ਹੋਵੇ ਕਲ ਕਲਕੀ ਅਵਤਾਰੇ, ਜੋਤੀ ਜਾਤਾ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰੇ, ਸੋਭਾਵੰਤ ਆਪ ਸੁਹਾਈਆ । ਸ਼ਬਦੀ ਸ਼ਬਦ ਖੇਲ ਅਪਾਰੇ, ਦੋ ਜਹਾਨਾਂ ਵੇਖ ਵਖਾਈਆ । ਬੈਠਾ ਰਹੇ ਸੱਚੇ ਦਰਬਾਰੇ, ਦਰਗਾਹ ਸਾਚੀ ਆਸਣ ਲਾਈਆ । ਚਾਰ ਜੁਗ ਬਣੇ ਵਣਜਾਰੇ, ਨਿਤ ਨਵਿਤ ਹੱਟ ਚਲਾਈਆ । ਅੰਤਮ ਵੇਖੇ ਵੇਖਣਹਾਰੇ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹੋਵੇ ਰੁਸ਼ਨਾ, ਲੋਕਮਾਤ ਕਰੇ ਰੁਸ਼ਨਾਈਆ । ਪਰਗਟ ਹੋਏ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸ਼ਬਦ ਸਰੂਪੀ ਬਣ ਮਲਾਹ, ਲੱਖ ਚੁਰਾਸੀ ਬੇੜਾ ਕੰਧ ਉਠਾਈਆ । ਭਗਤ ਭਗਵੰਤ ਲਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਉਠਾ, ਸਤਿ ਸਤਿਵਾਦੀ ਕਰ ਪੜ੍ਹਾਈਆ । ਗੁਰਮੁਖ ਸੱਚਾ ਲਏ ਮਿਲਾ, ਆਤਮ ਪਰਮਾਤਮ ਜੋੜ ਜੁੜਾਈਆ । ਗੁਰਸਿਖ ਗੋਦੀ ਲਏ ਬਹਾ, ਫੜ ਬਾਹੋਂ ਆਪ ਉਠਾਈਆ । ਨੌਂ ਦਵਾਰੇ ਪੰਧ ਦਏ ਮੁਕਾ, ਜਗਤ ਵਾਸਨਾ ਡੇਰਾ ਢਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਸੁਖਮਨ ਟੇਢੀ ਬੰਕ ਪਾਰ ਦਏ ਲੰਘਾ, ਈੜਾ ਪਿੰਗਲ ਸੀਸ ਨਿਵਾਈਆ । ਅਨਹਦ ਧੁਨ ਨਾਦ ਦਏ ਸੁਣਾ, ਘਰ ਵੱਜੇ ਨਾਮ ਸ਼ਨਵਾਈਆ । ਅੰਮ੍ਰਿਤ ਜਾਮ ਦਏ ਪਿਆ, ਕਵਲ ਨਾਭੀ ਆਪ ਉਲਟਾਈਆ । ਬਜਰ ਕਪਾਟੀ ਦਏ ਤੁੜਾ, ਤ੍ਰੈਗੁਣ ਲੇਖਾ ਦਏ ਮੁਕਾਈਆ । ਦਸਮ ਦਵਾਰੀ ਦਏ ਸੁਹਾ, ਸੋਭਾਵੰਤ ਕਰੇ ਰੁਸ਼ਨਾਈਆ । ਸਚ ਸਿੰਘਾਸਣ ਦਏ ਵਿਛਾ, ਪਾਵਾ ਚੂਲ ਨਾ ਕੋਇ ਬਣਾਈਆ । ਦੀਪਕ ਜੋਤੀ ਦਏ ਜਗਾ, ਤੇਲ ਬਾਤੀ ਨਾ ਕੋਇ ਟਿਕਾਈਆ । ਸੁਰਤੀ ਸ਼ਬਦ ਲਏ ਮਿਲਾ, ਆਤਮ ਪਰਮਾਤਮ ਹੋਏ ਕੁੜਮਾਈਆ । ਅਗਲਾ ਮਾਰਗ ਦਏ ਵਖਾ, ਸ਼ਬਦ ਇਸ਼ਾਰੇ ਵਿਚ ਉਠਾਈਆ । ਸੁੰਨ ਅਗੰਮੋਂ ਬਾਹਰ ਕਢਾ, ਲਹਿਣਾ ਦੇਣਾ ਦਏ ਮੁਕਾਈਆ । ਥਿਰ ਘਰ ਸਾਚਾ ਦਏ ਵਖਾ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਸਚਖੰਡ ਦਵਾਰੇ ਦਏ ਬਹਾ, ਜਿਸ ਘਰ ਵਸੇ ਬੇਪਰਵਾਹੀਆ । ਨੂਰੋ ਨੂਰ ਲਏ ਮਿਲਾ, ਅਲਖ ਨਿਰੰਜਣ ਨੂਰ ਖ਼ੁਦਾਈਆ । ਲੇਖਾ ਜਾਣੇ ਅਗੰਮ ਅਥਾਹ, ਸਤਿ ਪੁਰਖ ਵੱਡੀ ਵਡਿਆਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਸਚ ਦਰਬਾਰਾ ਰਿਹਾ ਲਗਾ, ਜਿਸ ਦਾ ਪਿਤਾ ਨਾ ਕੋਈ ਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦਰ ਰਿਹਾ ਬਹਾ, ਤ੍ਰੈਗੁਣ ਮੇਲਾ ਪੰਜ ਤਤ ਚੇਲਾ ਨਾਲ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰੱਖੇ ਨਾਲ ਗਵਾਹ, ਸ਼ਹਾਦਤ ਸਭ ਦੀ ਰਿਹਾ ਜਣਾਈਆ । ਜੀਵ ਜੰਤ ਸਾਧ ਸੰਤ ਜੋ ਕਲਮਾ ਨਬੀ ਰਸੂਲ ਨਾਮ ਸਤਿਗੁਰ ਗਏ ਭੁਲਾ, ਇਸ਼ਟ ਦੇਵ ਆਤਮ ਪਰਮਾਤਮ ਨਜ਼ਰ ਕਿਸੇ ਨਾ ਆਈਆ । ਕੂੜ ਕੁੜਿਆਰਾ ਹਉਮੇ ਹੰਕਾਰਾ ਮਾਇਆ ਮਮਤਾ ਭਰਿਆ ਗੁਨਾਹ, ਸਤਿ ਧਰਮ ਨਿਹਕਰਮ ਕਰਮ ਕਾਂਡ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ

ਬੇਪਰਵਾਹੀਆ । ਵੇਖਣਹਾਰਾ ਹੋਇਆ ਪ੍ਰਭ ਆਪ, ਆਪਣੀ ਦਇਆ ਕਮਾਇੰਦਾ । ਜਿਸ ਨੂੰ ਈਸਾ ਮਨਿਆ ਬਾਪ, ਨੂਰ ਖ਼ੁਦਾਈ ਨਜ਼ਰੀ ਆਇੰਦਾ ।
ਜਿਸ ਨੂੰ ਮੁਹੰਮਦ ਕਿਹਾ ਪਾਕ, ਪਤਤ ਉਧਾਰੀ ਨਾਉਂ ਧਰਾਇੰਦਾ । ਜਿਸ ਦਾ ਵੇਦ ਵਿਆਸਾ ਲਿਖਿਆ ਵਾਕ, ਭਵਿਖਤ ਆਪਣਾ ਰਾਗ ਅਲਾਇੰਦਾ ।
ਸੋ ਪੂਤ ਸਪੂਤਾ ਬ੍ਰਹਿਮਣ ਗੌੜਾ ਕਿਸੇ ਵਿਚ ਨਾ ਆਏ ਜ਼ਾਤ, ਵਰਨ ਬਰਨ ਨਾ ਕੋਇ ਰਖਾਇੰਦਾ । ਜਿਸ ਨੂੰ ਨਾਨਕ ਮਹਾਂਬਲੀ ਗਿਆ ਆਖ,
ਮਾਤ ਪਿਤ ਗੋਦ ਨਾ ਕੋਇ ਉਠਾਇੰਦਾ । ਜਿਸ ਦਾ ਗੋਬਿੰਦ ਲਿਖ ਕੇ ਗਿਆ ਭਵਿਖਤ ਵਾਕ, ਪੁਰਖ ਅਕਾਲ ਵੇਸ ਵਟਾਇੰਦਾ । ਕਲ ਕਲਕੀ
ਕਿਸੇ ਅੰਦਰ ਰਹੇ ਨਾ ਦਸ ਦਸ ਮਾਸ, ਅਗਨੀ ਹਵਨ ਨਾ ਕੋਇ ਤਪਾਇੰਦਾ । ਸੋ ਭਗਤਾਂ ਪੂਰੀ ਕਰੇ ਆਸ, ਸੰਤ ਸੁਹੇਲੇ ਮੇਲ ਮਿਲਾਇੰਦਾ ।
ਗੁਰਮੁਖਾਂ ਆਤਮ ਜੋਤ ਕਰ ਪਰਕਾਸ਼, ਦੂਈ ਦਵੈਤੀ ਪੜਦਾ ਲਾਹਿੰਦਾ । ਗੁਰਸਿਖਾਂ ਕਰ ਕੇ ਦਾਸੀ ਦਾਸ, ਸੇਵਕ ਸੇਵਾ ਇਕ ਸਮਝਾਇੰਦਾ ।
ਮੁਰੀਦਾਂ ਮੁਰਸ਼ਦ ਰਖੇ ਪਾਸ, ਜਗਤ ਵਿਛੋੜਾ ਪੰਧ ਮੁਕਾਇੰਦਾ । ਸੂਫ਼ੀਆਂ ਦੇ ਕੇ ਆਪਣੀ ਦਾਤ, ਸੁਫ਼ਨ ਸਖੋਪਤ ਖੇਲ ਵਖਾਇੰਦਾ । ਚਾਰ ਵਰਨਾਂ
ਇਕੋ ਜਾਪ, ਬਰਨ ਅਠਾਰਾਂ ਆਪ ਸਮਝਾਇੰਦਾ । ਸੋ ਪੁਰਖ ਨਿਰੰਜਣ ਹੋ ਕੇ ਸਾਥ, ਹੰ ਬ੍ਰਹਮ ਮੇਲ ਮਿਲਾਇੰਦਾ । ਬੰਦ ਕਿਵਾੜੀ ਖੋਲ੍ਹ ਕੇ
ਤਾਕ, ਤਕਵਾ ਆਪਣਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਦਇਆ ਕਮਾਇੰਦਾ । ਸ਼ਬਦ
ਗੁਰੂ ਸਰਬ ਸਵਾਮੀ, ਚਾਰ ਜੁਗ ਰਹੇ ਜਸ ਗਾਈਆ । ਜਿਸ ਦੀ ਸਿਫ਼ਤ ਗਾਵੇ ਚਾਰੇ ਬਾਣੀ, ਚਾਰੇ ਖਾਣੀ ਦਏ ਵਡਿਆਈਆ । ਜਿਸ ਦਾ
ਕਲਮਾ ਸਦਾ ਮਹਾਨੀ, ਜਿਸ ਦਾ ਨਾਮ ਦੋ ਜਹਾਨਾਂ ਨਜ਼ਰੀ ਆਈਆ । ਜਿਸ ਦਾ ਕਾਮ ਸਦਾ ਆਸਾਨੀ, ਸੁਲਹਕੁਲ ਦਏ ਸਮਝਾਈਆ । ਜਿਸ
ਦਾ ਹੁਕਮ ਇਤਮੀਨਾਨੀ, ਅੰਤਰ ਆਤਮ ਧੀਰ ਧਰਾਈਆ । ਜਿਸ ਦਾ ਲੇਖਾ ਚੁੱਕੇ ਪੇਸ਼ਾਨੀ, ਪੇਸ਼ਤਰ ਆਪਣਾ ਭੇਵ ਚੁਕਾਈਆ । ਜਿਸ ਦੇ
ਹੁਕਮੇ ਅੰਦਰ ਨਦੀ ਨੂਹ ਤੁਗ਼ਿਆਨੀ, ਕਿਆਮਤ ਬੈਠੀ ਸੀਸ ਝੁਕਾਈਆ । ਜਿਸ ਦੇ ਹੁਕਮੇ ਅੰਦਰ ਮੇਲਾ ਆਲਮੇ ਜਾਬਦਾਨੀ, ਘਰ ਸਾਚੇ ਮਿਲੇ
ਵਡਿਆਈਆ । ਸੋ ਮਹਿਬੂਬ ਮੁਹੱਬਤ ਅੰਦਰ ਕਰੇ ਆਪ ਮਿਹਰਬਾਨੀ, ਮਹਿਵਖ਼ਾਨਾ ਇਕ ਵਖਾਈਆ । ਜਿਸ ਦੀ ਨਜ਼ਰ ਨਾ ਆਏ ਨਿਸ਼ਾਨੀ,
ਨਿਸ਼ਾਨਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ
ਜਗਾਈਆ । ਸੰਤ ਸੁਹੇਲੇ ਖੋਜੇ ਖੋਜ, ਖੋਜਣਹਾਰ ਵੱਡੀ ਵਡਿਆਈਆ । ਜੋ ਅੰਤਰ ਦਰਸ਼ਨ ਰਹੇ ਲੋਚ, ਤਿਨ੍ਹਾਂ ਲੋਚਾ ਪੂਰ ਕਰਾਈਆ । ਤਿਨ੍ਹਾਂ
ਭੈ ਚੁੱਕੇ ਲਾੜੀ ਮੌਤ, ਮਰਨ ਵਿਚੋਂ ਜੀਵਣ ਦਏ ਬਦਲਾਈਆ । ਉਹ ਕਦੀ ਨਾ ਹੋਏ ਫ਼ੌਤ, ਮਾਟੀ ਖ਼ਾਕ ਗੋਰ ਨਾ ਕੋਇ ਦਬਾਈਆ । ਤਿਨ੍ਹਾਂ
ਸਦਾ ਮੇਲਾ ਹਸ਼ਰੇ ਰੋਜ਼, ਰਹਿਮਤ ਆਪਣੀ ਇਕ ਕਮਾਈਆ । ਉਹ ਦੋਜ਼ਖ਼ ਬਹਿਸ਼ਤੋਂ ਬਾਹਰ ਪਰਵਰਦਿਗਾਰ ਨਾਲ ਮਾਨਣ ਮੌਜ, ਮੌਜੂਦਾ ਹੋ
ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਏ ਵਡਿਆਈਆ । ਗੁਰਮੁਖ ਸਾਚੇ ਲਾਵੇ
ਭਾਗ, ਭਗਤੀ ਇਕੋ ਨਾਮ ਦ੍ਰਿੜਾਇੰਦਾ । ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਆਪ ਅਖਵਾਇੰਦਾ । ਕੂੜੀ ਕਿਰਿਆ ਕਰੇ ਤਿਆਗ, ਤਾਕਤਵਰ
ਆਪਣਾ ਹੁਕਮ ਚਲਾਇੰਦਾ । ਸੋਈ ਸੁਰਤੀ ਜਾਏ ਜਾਗ, ਗੁਰ ਸਤਿਗੁਰ ਆਪ ਉਠਾਇੰਦਾ । ਘਰ ਦੀਪਕ ਜਗਾਏ ਚਰਾਗ਼, ਜੋਤੀ ਨੂਰ ਡਗਮਗਾਇੰਦਾ ।
ਤ੍ਰੈਗੁਣ ਮਾਇਆ ਲੱਗੀ ਬੁਝਾਏ ਆਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਫੜ ਕੇ ਹੰਸ ਬਣਾਏ ਕਾਗ, ਸੋਹੰ ਹੰਸਾ ਜਾਪ ਜਪਾਇੰਦਾ । ਦੇ

ਵਡਿਆਈ ਲੋਕਮਾਤ, ਮਾਤਰ ਭੂਮੀ ਪੰਧ ਮੁਕਾਇੰਦਾ । ਆਤਮ ਪਰਮਾਤਮ ਬਣਾ ਕੇ ਸਾਕ, ਸੱਜਣ ਇਕੋ ਵੇਖ ਵਖਾਇੰਦਾ । ਅੰਤਮ ਚਾੜ੍ਹ ਕੇ ਆਪਣੇ ਘਾਟ, ਘਾਟਾ ਪਿਛਲਾ ਪੂਰ ਕਰਾਇੰਦਾ । ਸਤਿ ਸਵਾਮੀ ਮਿਲ ਕੇ ਸਾਥ, ਅੰਤਰ ਜਾਮੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਨਾਥਾਂ ਨਾਥ, ਸਮਰਥ ਆਪਣਾ ਖੇਲ ਕਰਾਇੰਦਾ । ਗੁਰਸਿਖ ਸਤਿਗੁਰ ਗੁਰੂ ਜਾਏ ਉਠ, ਗੁਰ ਮੰਤਰ ਇਕ ਦ੍ਰਿੜਾਈਆ । ਪ੍ਰੇਮ ਪ੍ਰੀਤੀ ਅੰਦਰ ਪਤਿਪਰਮੇਸ਼ਵਰ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਭਾਗ ਲਗਾ ਕੇ ਪੰਜ ਤਤ ਕਾਇਆ ਬੁੱਤ, ਸੁਤ ਅਨਾਦੀ ਲਏ ਬਣਾਈਆ । ਨਿਰਗੁਣ ਸਰਗੁਣ ਨਾਲ ਮਿਲ ਕੇ ਹੋਵੇ ਖ਼ੁਸ਼, ਖ਼ੁਸ਼ੀਆਂ ਵਿਚ ਆਪਣਾ ਘਰ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਦੇਵਾਂ ਮੁਬਾਰਕ, ਜੋ ਹਿਰਦੇ ਹਰਿ ਵਸਾਈਆ । ਓਨ੍ਹਾਂ ਦੇ ਅੰਦਰ ਲਿਖੀ ਉਹ ਇਬਾਰਤ, ਜਿਸ ਦਾ ਭੇਵ ਜਾਣੇ ਨਾ ਕਲਮ ਸ਼ਾਹੀਆ । ਬਿਨ ਕਲਮਿਉਂ ਕਰੇ ਸਫਾਰਸ਼, ਧੁਰ ਦੀ ਢਾਰਸ ਇਕ ਬੰਧਾਈਆ । ਨਿਰਗੁਣ ਨਾਲ ਨਿਰਗੁਣ ਕਰਾਏ ਇਕ ਤੁਆਰਫ਼, ਸਚ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਰਬ ਜੀਆਂ ਦਾ ਇਕ ਭਗਵਾਨ, ਹਰਿ ਕਰਤਾ ਆਪ ਅਖਵਾਇੰਦਾ । ਸਰਬ ਜੀਆਂ ਦਾ ਇਕ ਦਾਨ, ਹਰਿ ਕਰਤਾ ਆਪ ਵਰਤਾਇੰਦਾ । ਸਰਬ ਜੀਆਂ ਦਾ ਇਕ ਨਾਮ, ਹਰਿ ਕਰਤਾ ਆਪ ਜਪਾਇੰਦਾ । ਸਰਬ ਜੀਆਂ ਦਾ ਇਕ ਨਿਸ਼ਾਨ, ਹਰਿ ਕਰਤਾ ਆਪ ਵਖਾਇੰਦਾ । ਸਰਬ ਜੀਆਂ ਦਾ ਇਕ ਮਕਾਨ, ਹਰਿ ਕਰਤਾ ਆਪ ਬੁਝਾਇੰਦਾ । ਸਰਬ ਜੀਆਂ ਦਾ ਇਕ ਈਮਾਨ, ਹਰਿ ਕਰਤਾ ਇਸ਼ਟ ਵਖਾਇੰਦਾ । ਸਰਬ ਜੀਆਂ ਦਾ ਇਕ ਪੈਗ਼ਾਮ, ਹਰਿ ਕਲਮਾ ਆਪ ਪੜ੍ਹਾਇੰਦਾ । ਸਰਬ ਜੀਆਂ ਦਾ ਇਕ ਅਮਾਮ, ਹਰਿ ਨੂਰੀ ਨਜ਼ਰੀ ਆਇੰਦਾ । ਸਰਬ ਜੀਆਂ ਦਾ ਇਕ ਇਸਲਾਮ, ਇਸਮ ਆਅਜ਼ਮ ਆਪ ਸਮਝਾਇੰਦਾ । ਸਰਬ ਜੀਆਂ ਦਾ ਇਕ ਮੈਦਾਨ, ਜਿਸ ਮੈਦਾਨ ਅੰਦਰ ਸ਼ਾਹ ਪਾਤਸ਼ਾਹ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਰਬ ਜੀਆਂ ਦਾ ਇਕ ਮਹਿਬੂਬ, ਮੁਹੱਬਤ ਵਿਚ ਦਏ ਵਡਿਆਈਆ । ਸਰਬ ਜੀਆਂ ਦਾ ਇਕ ਅਰੂਜ, ਅਰਸ਼ ਕੁਰਸ਼ ਦਏ ਵਖਾਈਆ । ਸਰਬ ਜੀਆਂ ਦਾ ਇਕ ਮੰਜ਼ਲੇ ਮਕਸੂਦ, ਦਰ ਇਕੋ ਇਕ ਸੁਹਾਈਆ । ਸਰਬ ਜੀਆਂ ਦਾ ਇਕ ਅਰੂਜ, ਊਚੋ ਊਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਨਿਤ ਨਵਿਤ ਕਰ ਕਰ ਹਿਤ, ਜਨ ਭਗਤਾਂ ਦਏ ਵਡਿਆਈਆ । ਸਰਬ ਜੀਆਂ ਦਾ ਇਕ ਭਗਵੰਤ, ਭਗਵਨ ਨਜ਼ਰੀ ਆਈਆ । ਸਰਬ ਜੀਆਂ ਦਾ ਇਕ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਸਰਬ ਜੀਆਂ ਦਾ ਇਕ ਮੰਤ, ਮੰਤਰ ਮੰਤਵ ਇਕ ਦ੍ਰਿੜਾਈਆ । ਸਰਬ ਜੀਆਂ ਦਾ ਰੂਪ ਇਕ ਸੰਗਤ, ਵਰਨ ਬਰਨ ਨਾ ਕੋਇ ਲੜਾਈਆ । ਸਰਬ ਜੀਆਂ ਦਾ ਬੋਧ ਅਗਾਧ ਪਤਿਪਰਮੇਸ਼ਵਰ ਵੱਡਾ ਪੰਡਤ, ਜਿਸ ਧੁਰ ਦੀ ਵਿਦਿਆ ਸਰਬ ਪੜ੍ਹਾਈਆ । ਸਰਬ ਜੀਆਂ ਦਾ ਰੂਪ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਸਰਬ ਜੀਆਂ ਦਾ ਇਕ ਦਾਤਾ ਘਰ ਘਰ ਬੈਠਾ ਮੰਗਤ, ਪ੍ਰੇਮ ਪਿਆਰ ਅੱਗੇ ਝੋਲੀ ਆਪਣੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਤੋੜ ਗੜ੍ਹ, ਹਉਮੇ ਹੰਗਤ

ਦਏ ਮਿਟਾਈਆ । ਸਰਬ ਜੀਆਂ ਕਾ ਏਕਾ ਰੂਪ, ਆਤਮ ਪਰਮਾਤਮ ਬੂਝ ਬੁਝਾਇੰਦਾ । ਸਰਬ ਜੀਆਂ ਦਾ ਵਾਸਾ ਏਕਾ ਕੂਟ, ਗ੍ਰਿਹਿ ਮੰਦਰ ਇਕ ਜਣਾਇੰਦਾ । ਸਰਬ ਜੀਆਂ ਦਾ ਨਾਤਾ ਤੁਟ ਜਾਏ ਜੂਠ ਝੂਠ, ਜੋ ਪੁਰਖ ਅਕਾਲ ਧਿਆਇੰਦਾ । ਸਰਬ ਜੀਆਂ ਦਾ ਦਾਤਾ ਸਭ ਦੇ ਉਤੇ ਜਾਏ ਤੁਠ, ਵੈਰੀ ਨਜ਼ਰ ਕੋਇ ਨਾ ਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਰਨ ਬਰਨ ਸਾਰੇ ਦਿਸੇ ਇਕ ਮੁੱਠ, ਰੁੱਠਿਆ ਰੂਪ ਨਾ ਕੋਇ ਵਖਾਇੰਦਾ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣੇ ਆਪ ਕੋਲੋਂ ਲਓ ਪੁੱਛ, ਘਰ ਘਰ ਵਿਚ ਫ਼ੈਸਲਾ ਆਪ ਸੁਣਾਇੰਦਾ । ਜੇਹੜਾ ਨਿਰਗੁਣ ਹੋ ਕੇ ਬੈਠਾ ਲੁਕ, ਉਹ ਆਪੇ ਹੋਏ ਤੁਹਾਡੇ ਸਨਮੁਖ, ਪੜਦਾ ਓਹਲਾ ਵਿਚੋਂ ਚੁਕਾਇੰਦਾ । ਜ਼ਾਤ ਪਾਤ ਦਾ ਮਿਟ ਜਾਏ ਦੁੱਖ, ਜਿਸ ਵੇਲੇ ਅੰਤਰ ਆਤਮਾ ਨਜ਼ਰੀ ਆਇੰਦਾ । ਮਾਣਸ ਮਾਨੁਖ ਮਨੁਸ਼ ਸਭ ਦੀ ਮੰਗੋ ਸੁਖ, ਸੁਖ ਸਾਗਰ ਤੁਹਾਡੇ ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਕੂੜੀ ਕਿਰਿਆ ਜਗਤ ਮੇਟੋ ਤ੍ਰਿਸਨਾ ਭੁੱਖ, ਆਤਮ ਸੁਖ ਸਾਹਿਬ ਸਤਿਗੁਰ ਸ੍ਰੀ ਭਗਵਾਨ ਇਕ ਉਪਜਾਇੰਦਾ । ਜਨਨੀ ਕਰੇ ਸੁਫਲ ਕੁੱਖ, ਭਗਤਾਂ ਭਗਤੀ ਰੰਗ ਰੰਗਾਇੰਦਾ । ਸਚ ਦਵਾਰ ਹਰਿ ਨਿਰੰਕਾਰ ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਦੀਨ ਦਿਆਲ ਸਦ ਕ੍ਰਿਪਾਲ ਸਦਾ ਜਾਓ ਝੁਕ, ਜੋ ਝੁਕਿਆਂ ਗਲੇ ਲਗਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਜਗਤ ਲੱਖ ਚੁਰਾਸੀ ਜੀਵ ਜੰਤ ਸਭ ਦਾ ਪੈਂਡਾ ਜਾਏ ਮੁਕ, ਪੁਰਖ ਅਕਾਲ ਅਟਲ ਮਹੱਲ ਇਕੋ ਸੋਭਾ ਪਾਇੰਦਾ । ਆਦਿ ਜੁਗਾਦਿ ਨਿਤ ਨਵਿਤ ਜੁਗ ਚੌਕੜੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਰਵ ਸਸ ਦੇਵਤ ਸੁਰ ਗਣ ਗੰਧਰਬ ਸੁਰ ਨਰ ਮੁਨ ਜਨ ਵਿਸ਼ਨ ਬ੍ਰਹਮਾ ਸ਼ਿਵ ਗੁਰੂ ਅਵਤਾਰ ਪੀਰ ਪੈਗ਼ੰਬਰ ਓਸੇ ਦੀ ਮੌਲੀ ਰੁਤ, ਰੁਤ ਰੁਤੜੀ ਵਿਚ ਸਮਾਇੰਦਾ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਜੀਵ ਜੰਤ ਸਾਧ ਸੰਤ ਚਾਰੇ ਖਾਣੀ ਓਸੇ ਦੇ ਸਾਰੇ ਸੁਤ, ਪਿਤਾ ਪੁਤ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਆਪਣੀ ਕਾਰ ਕਮਾਇੰਦਾ ।



### ੨੭ ਜੇਠ ੨੦੨੧ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਿਹਿ ਊਧਮ ਪੁਰ

ਜਨ ਭਗਤਾਂ ਪੂਰੀ ਕਰੇ ਸਧਰ, ਸਧਨਾ ਵੇਖ ਵੇਖ ਸੀਸ ਨਿਵਾਇੰਦਾ । ਤਕਦੀਰ ਤਦਬੀਰ ਨਾਲ ਦੇਵੇ ਬਦਲ, ਪੂਰਬ ਬਦਲਾ ਮੂਲ ਚੁਕਾਇੰਦਾ । ਹੋਏ ਹੈਰਾਨ ਵੇਖ ਕੇ ਬਿਦਰ, ਪ੍ਰਭੂ ਕਿਸ ਬਿਧ ਦਇਆ ਕਮਾਇੰਦਾ । ਕੇਹੜੀ ਧਾਰੋਂ ਆਵੇ ਨਿੱਕਲ, ਕਵਣ ਦਵਾਰੇ ਸੋਭਾ ਪਾਇੰਦਾ । ਕਿਸ ਪ੍ਰੇਮ ਵਿਚ ਬਣਿਆ ਮਿਤਰ, ਸਚ ਪ੍ਰੀਤੀ ਕਿਉਂ ਨਿਭਾਇੰਦਾ । ਕਵਣ ਚੋਟੀ ਚੜ੍ਹ ਕੇ ਬੈਠਾ ਸ਼ਿਖ਼ਰ, ਆਖ਼ਰ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨਾਉਂ ਧਰਾਇੰਦਾ । ਜਨ ਭਗਤਾਂ ਆਸਾ ਕਹੇ ਮੇਰਾ ਪੂਰਾ ਹੱਕ, ਹਾਕਮ ਮਿਲਿਆ ਬੇਪਰਵਾਹੀਆ । ਜਿਸ ਨੂੰ ਜੁਗ ਚੌਕੜੀ ਲੱਭਦੇ ਗਏ ਥੱਕ, ਸੋ ਆਪਣਾ ਪੜਦਾ ਰਿਹਾ ਉਠਾਈਆ । ਜਿਸ ਦੇ ਪਿਛੇ ਚਾਰੇ ਖਾਣੀ ਰਹੀ ਭੱਜ, ਸੋ ਦੂਰ ਦੁਰਾਡਾ ਨੇੜੇ ਆਈਆ । ਜਿਸ ਦੀ ਮਹਿਮਾ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਦੱਸ, ਸੋ ਦਾਸੀ ਹੋ ਕੇ ਸੇਵ ਕਮਾਈਆ । ਜਿਸ ਦਾ ਦੋ ਜਹਾਨ ਗੌਂਦੇ ਸਦਾ ਜਸ, ਸੋ ਜਨ ਭਗਤਾਂ ਸਿਫ਼ਤਾਂ ਕਰੇ ਸਾਲਾਹੀਆ । ਜਿਸ ਦਾ ਜੁਗ ਚੌਕੜੀ ਚਲਦਾ ਰਿਹਾ ਰਥ, ਸੋ ਰਥਵਾਹੀ ਬਣ ਕੇ

ਫੇਰਾ ਪਾਈਆ । ਜਿਸ ਦਾ ਸ਼ਿਵਦਵਾਲਾ ਮੰਦਰ ਮਸਜਿਦ ਮਠ, ਸੋ ਜਨ ਭਗਤਾਂ ਸਨਮੁਖ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਦਾ ਬ੍ਰਹਿਮੰਡ ਖੰਡ ਚੌਦਾਂ ਲੋਕ ਹੱਟ, ਸੋ ਬਣ ਵਣਜਾਰਾ ਵਸਤ ਅਮੋਲਕ ਇਕ ਵਿਕਾਈਆ । ਜਿਸ ਦੀ ਅੰਮ੍ਰਿਤ ਧਾਰ ਤੀਰਥ ਕਿਨਾਰਾ ਤਟ, ਸੋ ਸਰੋਵਰ ਫੜ ਕੇ ਸਾਚੇ ਨਹਾਵਣ ਰਿਹਾ ਨੁਹਾਈਆ । ਜੋ ਆਦਿ ਜੁਗਾਦਿ ਨਿਤ ਨਵਿਤ ਵਸੇ ਘਟ ਘਟ, ਸੋ ਗ੍ਰਹਿ ਮੰਦਰ ਸਚ ਸਵਾਮੀ ਸੋਭਾ ਪਾਈਆ । ਜਿਸ ਦਾ ਰੂਪ ਅਨੂਪ ਸਕੇ ਨਾ ਕੋਈ ਲਖ, ਸੋ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਏ ਵਡਿਆਈਆ । ਅੰਦਰ ਬਾਹਰ ਜਿਸ ਨੂੰ ਧਿਔਂਦਾ ਜਗਤ, ਜੁਗਤੀ ਨਾਲ ਧਿਆਨ ਲਗਾਈਆ । ਜਿਸ ਨੂੰ ਆਦਿ ਭਵਾਨੀ ਮੰਨਦੇ ਸ਼ਕਤ, ਚਤਰਭੁਜ ਖੇਲ ਖਿਲਾਈਆ । ਜਿਸ ਨੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੀਤਾ ਪ੍ਰਸਿੱਧ, ਪੜਦਾ ਓਹਲਾ ਇਕ ਚੁਕਾਈਆ । ਜਿਸ ਦੇ ਹੁਕਮੇ ਅੰਦਰ ਮਾਇਆ ਮੋਹ ਨਵ ਅਠਾਰਾਂ ਰਿਧ ਸਿਧ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਜਿਸ ਨੂੰ ਕਹਿੰਦੇ ਭਗਤਾਂ ਮੀਤ, ਸੋ ਭਗਵਨ ਦਇਆ ਕਮਾਈਆ । ਜਿਸ ਦੀ ਲੱਭਦੇ ਅਚਰਜ ਰੀਤ, ਸੋ ਅਸਚਰਜ ਖੇਲ ਵਖਾਈਆ । ਜਿਸ ਦਾ ਗੌਂਦੇ ਰਸਨਾ ਗੀਤ, ਸੋ ਸੋਹਲੇ ਰਿਹਾ ਸੁਣਾਈਆ । ਜਿਸ ਨੂੰ ਕਹਿੰਦੇ ਨੀਕਨ ਨੀਕ, ਸੋ ਊਚੋ ਊਚਾ ਨਜ਼ਰੀ ਆਈਆ । ਜਿਸ ਦਵਾਰਿਉਂ ਮੰਗਦੇ ਰਹੇ ਭੀਖ, ਸੋ ਭਿਛਿਆ ਭਿਖਿਆ ਆਪਣੀ ਇਕ ਵਰਤਾਈਆ । ਜਿਸਦੀ ਸਦਾ ਸਦਾ ਸਦ ਕਰਦੇ ਰਹੇ ਉਡੀਕ, ਚਾਰੋਂ ਕੁੰਟ ਅੱਖ ਉਠਾਈਆ । ਸੋ ਸਾਹਿਬ ਸੁਲਤਾਨ ਜਨ ਭਗਤਾਂ ਮਿਲਿਆ ਠੀਕ, ਠੀਕਰ ਕੂੜਾ ਭੰਨ ਵਖਾਈਆ । ਕਾਇਆ ਮੰਦਰ ਸੁਹਾਏ ਸਚ ਮਸੀਤ, ਗੁਰੂਦਵਾਰ ਇਕੋ ਦਏ ਵਡਿਆਈਆ । ਜਿਥੇ ਬੈਠਾ ਰਹੇ ਅਤੀਤ, ਤ੍ਰੈਗੁਣ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਿਸ ਨੂੰ ਕਹਿੰਦੇ ਹਰ ਘਟ ਰਵਿਆ, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਨੂੰ ਕਹਿੰਦੇ ਆਤਮ ਸੇਜਾ ਸਵਿਆ, ਸੋਭਾਵੰਤ ਸਾਚਾ ਡੇਰਾ ਲਾਈਆ । ਜਿਸ ਨੂੰ ਕਹਿੰਦੇ ਰਾਗਾਂ ਨਾਦਾਂ ਗਵਿਆ, ਗੀਤ ਗੋਬਿੰਦ ਦ੍ਰਿੜਾਈਆ । ਜਿਸ ਨੂੰ ਕਹਿੰਦੇ ਅਵਣ ਗਵਣ ਦੋ ਜਹਾਨ ਭਵਿਆ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਅਖਵਾਈਆ । ਜਿਸ ਨੂੰ ਕਹਿੰਦੇ ਕਾਇਆ ਓਹਲੇ, ਪੜਦੇ ਅੰਦਰ ਬੈਠਾ ਬੇਪਰਵਾਹੀਆ । ਜਿਸ ਨੂੰ ਕਹਿੰਦੇ ਨੂਰੀ ਧਾਰ ਮੌਲੇ, ਮੌਲਾ ਰੂਪ ਵਟਾਈਆ । ਜਿਸ ਨੂੰ ਕਹਿੰਦੇ ਆਦਿ ਜੁਗਾਦਿ ਸਚ ਦਵਾਰਾ ਖੋਲ੍ਹੇ, ਬੰਦ ਕਿਵਾੜੀ ਕੁੰਡਾ ਲਾਹੀਆ । ਜਿਸ ਨੂੰ ਕਹਿੰਦੇ ਧੁਰਦਰਗਾਹੀ ਬੋਲੇ ਢੋਲੇ, ਸੱਚਾ ਰਾਗ ਸੁਣਾਈਆ । ਜਿਸ ਨੂੰ ਕਹਿੰਦੇ ਅੰਦਰ ਵੜ ਕੇ ਵਸੇ ਕੋਲੇ, ਜਿਨ੍ਹਾਂ ਮੰਦਰ ਡੇਰਾ ਲਾਈਆ । ਜਿਸ ਨੂੰ ਕਹਿੰਦੇ ਕਿਸੇ ਹੱਥ ਨਾ ਆਵੇ ਪੰਡਤ ਪਾਂਧੇ ਰੌਲੇ, ਰੌਲਾ ਪਾਵੇ ਸਰਬ ਲੋਕਾਈਆ । ਸੋ ਸਾਹਿਬ ਸਤਿਗੁਰ ਜਨ ਭਗਤਾਂ ਸਦਾ ਮੌਲੇ, ਸਚ ਪ੍ਰੀਤੀ ਇਕ ਨਿਭਾਈਆ । ਜਿਸ ਨੂੰ ਕਹਿੰਦੇ ਆਦਿ ਜੁਗਾਦੀ ਖ਼ੁਦਾਵੰਦ, ਖ਼ੁਦੀ ਵਿਚ ਕਦੇ ਨਾ ਆਈਆ । ਚਾਰ ਦੀਵਾਰੀ ਨਾ ਹੋਵੇ ਬੰਦ, ਹੁਜਰੇ ਵਿਚ ਨਾ ਕੋਇ ਛੁਪਾਈਆ । ਜਿਸ ਦਾ ਕਲਮਾ ਅਗੰਮੀ ਛੰਦ, ਧੁਰ ਦਾ ਰਾਗ ਅਲਾਈਆ । ਜਿਸ ਦਾ ਸਦਾ ਅਵੱਲੜਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦਾ ਪਰਕਾਸ਼ ਨੂਰੀ ਚੰਦ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਕਿਸੇ ਲੱਭੇ ਰੂਪ ਰੇਖ ਨਾ ਰੰਗ, ਰੰਗ ਰੱਤਾ ਬੇਪਰਵਾਹੀਆ । ਜਿਸ ਦਾ ਨਾਦ ਅਗੰਮੀ ਮਰਦੰਗ,

੧੦੦

ਬਿਨ ਸੁਰ ਤਾਲ ਰਿਹਾ ਵਜਾਈਆ । ਜਿਸ ਦਾ ਖੇਲ ਵਿਚ ਬ੍ਰਹਿਮੰਡ, ਵਰਭੰਡ ਖੋਜ ਖੋਜਾਈਆ । ਕਿਰਪਾ ਕਰ ਸੁਰਾ ਸਰਬੰਗ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਪਾਏ ਧੁਰ ਦੀ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਜੁਗ ਵਿਛੜਿਆਂ ਜਗ ਲਏ ਗੰਢ, ਸੁਰਤੀ ਸ਼ਬਦ ਇਕੋ ਗੰਢ ਰਖਾਈਆ । ਨਾਮ ਜਣਾਏ ਭੇਵ ਖੁਲ੍ਹਾਏ ਹੰ, ਸੋ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਈਆ । ਜਿਸ ਨੂੰ ਕਹਿੰਦੇ ਭਗਤ ਪਿਆਰਾ, ਭਗਵਨ ਨਾਉਂ ਧਰਾਇੰਦਾ । ਸੋ ਸਾਹਿਬ ਕਲ ਕਲਕੀ ਲੈ ਅਵਤਾਰਾ, ਨਰ ਨਰਾਇਣ ਵੇਸ ਵਟਾਇੰਦਾ । ਜਿਸ ਦਾ ਡੰਕ ਸ਼ਬਦ ਅਪਾਰਾ, ਦੋ ਜਹਾਨ ਸੁਣਾਇੰਦਾ । ਜਿਸ ਦਾ ਕਾਗ਼ਜ਼ ਕਲਮ ਲਿਖਾਰਾ, ਗੁਰ ਅਵਤਾਰ ਸਿਫ਼ਤੀ ਸਿਫ਼ਤ ਸਿਫ਼ਤ ਦ੍ਰਿੜਾਇੰਦਾ । ਜਿਸ ਦਾ ਵਡ ਵੱਡਾ ਭੰਡਾਰਾ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਭਰਾਇੰਦਾ । ਜਿਸ ਦਾ ਆਦਿ ਜੁਗਾਦਿ ਵਿਹਾਰਾ, ਤ੍ਰੈ ਪੰਜ ਆਪਣਾ ਹੁਕਮ ਵਰਤਾਇੰਦਾ । ਜਿਸ ਦਾ ਮਹਲ ਅਟਲ ਉਚ ਮਨਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸੋ ਸਵਾਮੀ ਆਏ ਜਨ ਭਗਤਾਂ ਦਵਾਰਾ, ਦਵਾਰਿਆਂ ਵਿਚੋਂ ਦਵਾਰਾ ਇਕੋ ਇਕ ਸੁਹਾਇੰਦਾ । ਜਿਸ ਗ੍ਰਿਹਿ ਜਿਸ ਮੰਦਰ ਗੁਰਮੁਖ ਵਸੇ ਪਿਆਰਾ, ਪ੍ਰੀਤੀ ਪਰਮਾਤਮ ਨਾਲ ਰਖਾਇੰਦਾ । ਉਨ੍ਹਾਂ ਦਾ ਅੱਗੇ ਪਿਛੇ ਦਾ ਬਣ ਸਹਾਰਾ, ਆਰ ਪਾਰ ਕਿਨਾਰਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਜਣਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜੈ ਜੈ ਸਦਾ ਸਦਾ ਕਰਾਇੰਦਾ ।



## ✪ ੨੭ ਜੇਠ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ ਊਧਮ ਪੁਰ ✪

ਗੁਰਮੁਖ ਤੇਰੀ ਆਸਾ ਗੰਗਾ, ਅੰਮ੍ਰਿਤ ਧਾਰ ਵਿਚੋਂ ਨਜ਼ਰੀ ਆਈਆ । ਜਿਸ ਦਾ ਨਜ਼ਰ ਨਾ ਆਏ ਕਿਸੇ ਰੰਗਾ, ਰੰਗਤ ਰੂਪ ਨਾ ਕੋਇ ਵਖਾਈਆ । ਨੇਤਰ ਵੇਖ ਨਿਹਾਲ ਹੋਏ ਸਾਗਰ ਸਿੰਧਾ, ਆਪਣੀ ਖ਼ੁਸ਼ੀ ਮਨਾਈਆ । ਜਿਨ੍ਹਾਂ ਦੀਨ ਦਿਆਲ ਪ੍ਰਭੂ ਮਿਲਿਆ ਬਖ਼ਸ਼ੰਦਾ, ਮਿਹਰਵਾਨ ਹੋਏ ਸਹਾਈਆ । ਕਿਰਪਾ ਨਿਧਾਨ ਠਾਕਰ ਗੁਣੀ ਗਹਿੰਦਾ, ਗਹਿਰ ਗੰਭੀਰ ਵੇਖ ਵਖਾਈਆ । ਤਿਨ੍ਹਾਂ ਦਾ ਉਜਲ ਜੀਉ ਪਿੰਡਾ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਜੁਗ ਚੌਕੜੀ ਸਦਾ ਜ਼ਿੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਣਾ ਹੱਥ ਟਿਕਾਈਆ । ਗੁਰਸਿਖ ਆਸਾ ਕਹੇ ਮੇਰੀ ਸੱਚੀ ਤਾਂਘ, ਨਿਤ ਧਿਆਨ ਲਗਾਈਆ । ਮੇਰੇ ਅੰਦਰ ਸਦਾ ਆਵਾਜ਼ ਇਕ ਬਾਂਗ, ਹੂ ਹੂ ਕਰ ਕੇ ਰਹੀ ਜਗਾਈਆ । ਮੇਰੇ ਅੰਦਰ ਪ੍ਰੇਮ ਪਿਆਰ ਦੀ ਵੱਡੀ ਕਾਂਗ, ਜੋ ਲਹਿਰ ਨਾਲ ਲਹਿਰ ਰਹੀ ਟਕਰਾਈਆ । ਮੈਂ ਉਸ ਦੀ ਸੁਣ ਆਵਾਜ਼, ਆਪਣੀ ਲਈ ਅੰਗੜਾਈਆ । ਕਵਣ ਕੂਟੇ ਖੋਲ੍ਹੇ ਰਾਜ਼, ਪੜਦਾ ਓਹਲਾ ਦਏ ਚੁਕਾਈਆ । ਕਵਣ ਦਵਾਰੇ ਰੱਖੇ ਲਾਜ, ਹੋਵੇ ਸਦਾ ਸਹਾਈਆ । ਕਵਣ ਸੀਸ ਜਗਦੀਸ਼ ਸੋਹੇ ਤਾਜ, ਤਾਜਰ ਬਣਿਆ ਬੇਪਰਵਾਹੀਆ । ਕਵਣ ਚੜ੍ਹਾਏ ਧੁਰ ਜਹਾਜ਼, ਨਈਆ ਨੌਕਾ ਨਾਮ ਵਖਾਈਆ । ਮਾਣਸ ਜਨਮ ਸੁਆਰ ਕਾਜ, ਸਾਚੀ ਸਰਨੀ ਲਏ ਲਗਾਈਆ । ਆਤਮ ਉਪਜਾਏ ਇਕ ਵੈਰਾਗ, ਵੈਰਾਗੀ ਰੂਪ ਦਏ ਵਖਾਈਆ । ਦੁਰਮਤ ਮੈਲ ਧੋ ਕੇ ਦਾਗ਼, ਸਵੱਛ ਸਰੂਪ ਪਰਗਟਾਈਆ । ਹੰਸ ਬਣਾਏ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਆਪਣੇ ਮਿਲਣ ਦੀ ਦੱਸ

ਕੇ ਜਾਚ, ਆਪਣੇ ਸੰਗ ਰਖਾਈਆ । ਮੇਰੇ ਜਨਮ ਕਰਮ ਨੂੰ ਆਪੇ ਲਏ ਵਾਚ, ਮੇਰੀ ਬੁੱਧੀ ਨਾ ਕੋਇ ਵਡਿਆਈਆ । ਗੁਰਮੁਖ ਕਹੇ ਪ੍ਰਭੂ ਮੈਂ ਤੇਰਾ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਮੇਰੀ ਮਨਸਾ ਵਿਚ ਤੇਰੀ ਖ਼ਾਹਸ਼, ਤੇਰੀ ਖ਼ਾਹਸ਼ ਵਿਚ ਮੇਰੀ ਆਸਾ ਨਜ਼ਰੀ ਆਈਆ । ਤੇਰੀ ਆਸਾ ਵਿਚ ਮੇਰਾ ਸਵਾਸ, ਮੇਰੇ ਸਵਾਸ ਵਿਚ ਤੇਰੀ ਪਵਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਹੋਣਾ ਆਪ ਸਹਾਈਆ । ਗੁਰਮੁਖ ਕਹੇ ਮੇਰੀ ਆਸਾ ਠੰਡੀ, ਪ੍ਰਭ ਤੇਰਾ ਦਰਸ਼ਨ ਪਾਈਆ । ਜਗਤ ਦੁਹਾਗਣ ਹੋਏ ਨਾ ਰੰਡੀ, ਸਦ ਸੁਹਾਗਣ ਰੂਪ ਵਟਾਈਆ । ਖ਼ਾਨਾ ਰਹੇ ਨਾ ਕੋਈ ਬੰਦੀ, ਲੱਖ ਚੁਰਾਸੀ ਡੇਰਾ ਢਾਹੀਆ । ਵਾਸਨਾ ਦੇਣੀ ਸਚ ਸੁਗੰਧੀ, ਕੂੜੀ ਕਿਰਿਆ ਮੇਟ ਮਿਟਾਈਆ । ਨੇਤਰਹੀਣ ਰਹੇ ਨਾ ਅੰਧੀ, ਕਰਨੀ ਸਚ ਰੁਸ਼ਨਾਈਆ । ਭੌਂਦੀ ਫਿਰੇ ਨਾ ਬਨਖੰਡੀ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਔਝੜ ਦਿਸੇ ਨਾ ਕੋਈ ਡੰਡੀ, ਮਾਰਗ ਇਕੋ ਦੇ ਵਖਾਈਆ । ਪ੍ਰਭੂ ਤੇਰੇ ਪ੍ਰੇਮ ਦੀ ਇਕੋ ਕਰਾਂ ਬੰਦਗੀ, ਬੰਦਾ ਹੋ ਕੇ ਬਦਨੀ ਸੇਵ ਨਾ ਕੋਇ ਕਮਾਈਆ । ਮੇਰੀ ਆਤਮ ਲਾ ਅੰਗੀ, ਅੰਗੀਕਾਰ ਅਖਵਾਈਆ । ਮੈਂ ਸੀਸ ਮੀਂਢੀ ਵਾਹੀ ਕੰਘੀ, ਸੋਹਣਾ ਸ਼ਿੰਗਾਰ ਬਣਾਈਆ । ਬਿਨ ਪਾਵੇ ਚੂਲ ਖਾਟ ਵਿਛਾਈ ਮੰਜੀ, ਉਤੇ ਮਜਲਸ ਵੇਖਾਂ ਬੇਪਰਵਾਹੀਆ । ਤੇਰੀ ਜੋਤ ਨੂਰਾਨੀ ਲੱਗੀ ਚੰਗੀ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਮੇਰੀ ਆਸਾ ਏਹੋ ਮੰਗ ਮੰਗੀ, ਪੁਰਖ ਅਕਾਲ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ ਆਸਾ ਕਹੇ ਮੈਂ ਕਮਲੀ ਕੋਝੀ, ਬੁਧ ਸੁਧ ਨਾ ਕੋਇ ਰਖਾਈਆ । ਤੇਰਾ ਭੇਵ ਨਾ ਜਾਣਾ ਗੋਝੀ, ਅੰਦਰ ਵੜ ਦਰਸ ਨਾ ਪਾਈਆ । ਸਾਚੇ ਘਰ ਨਾ ਆਈ ਸੋਝੀ, ਸਮਝ ਸੋਚ ਨਾ ਕੋਇ ਰਖਾਈਆ । ਪੜ੍ਹ ਪੜ੍ਹ ਥੱਕੀ ਜਗਤ ਪੋਥੀ, ਪੁਸਤਕਾਂ ਫੋਲ ਫੁਲਾਈਆ । ਤੇਰੇ ਪ੍ਰੇਮ ਪਿਆਰ ਦੀ ਕਿਸੇ ਨਾ ਲਾਈ ਸੋਟੀ, ਸੋਈ ਸੁਰਤੀ ਦਏ ਉਠਾਈਆ । ਘਰ ਵਖਾਇਆ ਨਾ ਉਪਰ ਚੋਟੀ, ਪਰਦਾ ਪਰੇ ਨਾ ਕੋਇ ਹਟਾਈਆ । ਮੈਂ ਅੰਤਮ ਇਕੋ ਇਕ ਸੋਚੀ, ਢਹਿ ਪਵਾਂ ਪ੍ਰਭੂ ਸਰਨਾਈਆ । ਜਿਸ ਦਾ ਸੰਗੀ ਰਵਦਾਸਾ ਮੋਚੀ, ਸੋਹਣਾ ਲੇਖਾ ਰਿਹਾ ਲਿਖਾਈਆ । ਉਹਦੀ ਨਜ਼ਰ ਨਾ ਆਵੇ ਪਾਟੀ ਧੋਤੀ, ਚੀਥੜ ਵੇਸ ਨਾ ਕੋਇ ਵਟਾਈਆ । ਇਕੋ ਪਾਰਬ੍ਰਹਮ ਨਾਲ ਮਿਲ ਗਈ ਅੰਤਰ ਆਤਮ ਜੋਤੀ, ਪਰਮਾਤਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਗਤ ਲਏ ਬਣਾਈਆ । ਗੁਰਮੁਖ ਆਸਾ ਕਹੇ ਮੈਂ ਮੰਗਾਂ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਸਾਹਿਬ ਸਤਿਗੁਰ ਦੇਵਣਹਾਰ, ਮਿਹਰਵਾਨ ਤੇਰੀ ਵਡਿਆਈਆ । ਕਰਮਾਂ ਵਾਲਾ ਖੇਲ ਪਿਛੇ ਰਹਿ ਗਿਆ ਬਾਹਰ, ਅੰਦਰ ਜਨਮ ਧਰਮ ਨਜ਼ਰ ਕੋਇ ਨਾ ਆਈਆ । ਪਿਛਲੇ ਲੇਖੇ ਉਤੇ ਮਾਰ ਲਕਾਰ, ਲਕੀਰ ਨਾਲ ਤਕਦੀਰ ਦੇ ਬਦਲਾਈਆ । ਸਚ ਕਰਾ ਵਣਜ ਵਪਾਰ, ਹਟ ਆਪਣਾ ਇਕ ਖੁਲ੍ਹਾਈਆ । ਬੇਪਰਵਾਹ ਹੋ ਕੇ ਕਿਉਂ ਕਰੇ ਖ਼ੁਆਰ, ਅੰਦਰ ਲੁਕ ਕੇ ਮੁਖ ਛੁਪਾਈਆ । ਪਰਤੱਖ ਹੋ ਕੇ ਮਿਲ ਯਾਰ, ਲੁਕਿਆਂ ਖ਼ੁਸ਼ੀ ਨਾ ਕੋਇ ਵਖਾਈਆ । ਪਿਛਲਾ ਚੁੱਕਿਆ ਪਿਛੇ ਉਧਾਰ, ਅੱਗੇ ਸੌਦਾ ਨਕਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਵਸੌਣਾ ਸੱਚੇ ਘਰ, ਜਿਸ ਘਰ ਵਸੇਂ ਡੇਰਾ ਲਾਈਆ । ਭਗਤ ਆਸਾ ਕਹੇ ਮੇਰੀ ਚੁੱਕੇ ਮਨਸਾ, ਮੋਹ ਮਾਇਆ ਰਹਿਣ ਨਾ ਪਾਈਆ । ਮੈਂ ਤੇਰਾ ਬਣਾਂ ਧੁਰ ਦਾ ਬੰਸਾ, ਸੱਚਾ ਸੰਗ ਰਖਾਈਆ । ਮਨ ਹੰਕਾਰੀ ਮਾਰਨਾ ਕੰਸਾ, ਪੰਚ ਵਿਕਾਰਾ

ਦੁਸ਼ਟ ਖਪਾਈਆ । ਪ੍ਰੇਮੀ ਹੋ ਕੇ ਬਣਨਾ ਕੰਤਾ, ਨਾਰ ਸੁਹਾਗਣ ਲੈਣਾ ਬਣਾਈਆ । ਦਰ ਦਵਾਰੇ ਤੇਰੇ ਮੰਗਤਾ, ਘਰ ਸੱਚੇ ਅਲਖ ਜਗਾਈਆ । ਹਉਮੇ ਰਹੇ ਨਾ ਕੂੜੀ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਮੇਲ ਮਿਲਾ ਦੇ ਸਾਚੀ ਸੰਗਤਾ, ਜਿਸ ਸੰਗਤ ਅੰਦਰ ਆਪਣਾ ਨੂਰ ਰਖਾਈਆ । ਦੋਏ ਜੋੜ ਚਰਨ ਸਰਨਾਈ ਕਰਾਂ ਮਿੰਨਤਾਂ, ਨਿਮਸਕਾਰ ਕਰ ਕਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਜਿਸ ਦਾ ਲੇਖਾ ਧੁਰਦਰਗਾਹੀਆ ।

## ✪ ੨੯ ਜੇਠ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਹਿ ਜੇਠੂਵਾਲ ✪

ਲੱਖ ਚੁਰਸੀ ਹਰਿ ਕਾ ਜੀਆ, ਘਟ ਘਟ ਜੋਤ ਜਗਾਇੰਦਾ । ਆਦਿ ਜੁਗਾਦੀ ਧੁਰ ਦਾ ਪੀਆ, ਪਤਿਪਰਮੇਸ਼ਵਰ ਇਕ ਅਖਵਾਇੰਦਾ । ਗੁਰਮੁਖ ਬਣਾਏ ਸਾਚੀ ਤ੍ਰਿਆ, ਤ੍ਰਿਸ਼ਨਾ ਤ੍ਰਿਪਤ ਕਰਾਇੰਦਾ । ਲੇਖ ਚੁਕਾਏ ਸਾਢੇ ਤਿੰਨ ਹੱਥ ਸੀਆਂ, ਸਿਰ ਆਪਣਾ ਹੱਥ ਰਖਾਇੰਦਾ । ਬੀਜ ਬੀਜੇ ਧੁਰ ਦਾ ਬੀਆ, ਅੰਮ੍ਰਿਤ ਫਲ ਲਗਾਇੰਦਾ । ਆਤਮ ਪਰਮਾਤਮ ਬਣ ਕੇ ਸਾਚਾ ਸਈਆ, ਸਗਲਾ ਸੰਗ ਨਿਭਾਇੰਦਾ । ਨਿਰਗੁਣ ਸਰਗੁਣ ਪਕੜੇ ਬਹੀਆ, ਸਾਚੀ ਦਇਆ ਕਮਾਇੰਦਾ । ਲੇਖ ਚੁਕਾਏ ਧਰਮ ਰਾਏ ਦੀ ਵਹੀਆ, ਗੁਪਤ ਚਿਤ੍ਰ ਨਾ ਹਿਸਾਬ ਵਖਾਇੰਦਾ । ਗੁਰਮੁਖਾਂ ਗੁਰਸਿਖਾਂ ਦੇਵੇ ਸਾਚਾ ਹੀਆ, ਹਿਰਦੇ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਲੱਖ ਚੁਰਾਸੀ ਹਰਿ ਕਾ ਰੂਪ, ਹਰ ਘਟ ਹਰਿ ਜੂ ਨਜ਼ਰੀ ਆਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਸਤਿ ਸਰੂਪ, ਅਜੂਨੀ ਰਹਿਤ ਖੇਲ ਖਿਲਾਇੰਦਾ । ਸਚ ਸਿੰਘਾਸਣ ਬੈਠ ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਦੋ ਜਹਾਨ ਫੋਲ ਫੁਲਾਇੰਦਾ । ਲੱਖ ਚੁਰਾਸੀ ਹਰ ਘਟ ਮੌਲੇ ਰੁੱਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਰਹਿਮਤ ਕਰ ਰੂਹ ਬੁੱਤ, ਸਹਿਮਤ ਆਪਣੇ ਨਾਲ ਕਰਾਇੰਦਾ । ਮਿਹਰਵਾਨ ਹੋ ਅਬਿਨਾਸ਼ੀ ਅਚੁਤ, ਚੇਤਨ ਸਤਾ ਸਤਿ ਪਰਗਟਾਇੰਦਾ । ਜਨ ਭਗਤਾਂ ਕਰ ਉਜਲ ਮੁਖ, ਮੁਫ਼ਤ ਆਪਣਾ ਨਾਮ ਝੋਲੀ ਪਾਇੰਦਾ । ਜਨਮ ਕਰਮ ਦੀ ਮੇਟ ਭੁੱਖ, ਮਾਇਆ ਮਮਤਾ ਤ੍ਰਿਸਨਾ ਰੋਗ ਗਵਾਇੰਦਾ । ਗੋਦ ਬਹਾ ਕੇ ਸਾਚੇ ਸੁਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਲੱਖ ਚੁਰਾਸੀ ਹਰਿ ਕਾ ਅੰਗ, ਨਿਰਗੁਣ ਸਰਗੁਣ ਦਏ ਵਡਿਆਈਆ । ਆਤਮ ਸੇਜ ਬੈਠ ਪਲੰਗ, ਵੇਖਣਹਾਰਾ ਨੂਰ ਖ਼ੁਦਾਈਆ । ਨਾਮ ਨਿਧਾਨ ਵਜਾਏ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਮਹਲ ਅਟਲ ਉਚ ਮੁਨਾਰ ਵੇਖੇ ਲੰਘ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਸਚ ਦਵਾਰੇ ਬਖ਼ਸ਼ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਗੀਤ ਸੁਹਾਗੀ ਗਾ ਛੰਦ, ਸੋਹਲਾ ਧੁਰ ਦਾ ਕਰੇ ਪੜ੍ਹਾਈਆ । ਗੁਰਮੁਖਾਂ ਪੂਰੀ ਕਰਕੇ ਮੰਗ, ਮੰਗਲਾਚਾਰ ਦਏ ਜਣਾਈਆ । ਮਿਹਰਵਾਨ ਹੋ ਸੂਰਾ ਸਰਬੰਗ, ਸ਼ਹਿਨਸ਼ਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਲੱਖ ਚੁਰਾਸੀ ਹਰਿ ਕੀ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਲੇਖਾ ਜਾਣ ਬ੍ਰਹਿਮੰਡ ਖੰਡ ਪੁਰੀ ਲੋਅ ਅਕਾਰ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਦੇਵੇ ਸਾਰ,

ਸਤਿ ਸਤਿਵਾਦੀ ਵੇਖ ਵਖਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਘਰ ਘਰ ਗੀਤ ਗੋਬਿੰਦ ਅਲਾਇੰਦਾ । ਅੰਤਰ ਆਤਮ ਬਖ਼ਸ਼ ਪਿਆਰ, ਪ੍ਰੇਮ ਪ੍ਰੀਤੀ ਇਕ ਦ੍ਰਿੜਾਇੰਦਾ । ਸੋਈ ਸੁਰਤੀ ਸ਼ਬਦ ਉਠਾਲ, ਅਕਾਲ ਮੂਰਤੀ ਵੇਖ ਵਖਾਇੰਦਾ । ਗੁਰਮੁਖ ਗੁਰਸਿਖ ਸੱਚੇ ਲਾਲ, ਲਾਲਨ ਅਪਣਾ ਰੰਗ ਰੰਗਾਇੰਦਾ । ਆਲਸ ਨਿੰਦਰਾ ਵਿਚੋਂ ਲਏ ਉਠਾਲ, ਨਿਜ ਨੇਤਰ ਅੱਖ ਖੁਲ੍ਹਾਇੰਦਾ । ਲੇਖਾ ਚੁਕਾ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸ਼ਬਦ ਸਵਾਮੀ ਬਣ ਦਲਾਲ, ਸੱਚਾ ਲੇਖਾ ਮੂਲ ਮੁਕਾਇੰਦਾ । ਕਾਇਆ ਮੰਦਰ ਅੰਦਰ ਸੁਹਾਏ ਧਰਮਸਾਲ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਦੀਵਾ ਬਾਤੀ ਕਮਲਾਪਾਤੀ ਅਗੰਮਾ ਬਾਲ, ਅੰਧ ਅੰਧੇਰ ਗਵਾਇੰਦਾ । ਧੁਰ ਦਾ ਨਾਦ ਵਜਾਏ ਤਾਲ, ਸੁਰ ਤਾਲ ਨਾ ਕੋਇ ਰਖਾਇੰਦਾ । ਕਿਰਪਾ ਕਰ ਦੀਨ ਦਿਆਲ, ਦੀਨਾ ਨਾਥਾਂ ਵੇਖ ਵਖਾਇੰਦਾ । ਪਰਮ ਪੁਰਖ ਹੋ ਕਿਰਪਾਲ, ਕਿਰਪਨ ਆਪਣੇ ਗਲੇ ਲਗਾਇੰਦਾ । ਜਨ ਭਗਤਾਂ ਹੱਲ ਕਰੇ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੱਚਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਲੱਖ ਚੁਰਾਸੀ ਹਰਿ ਕੀ ਜੋਤ, ਘਟ ਘਟ ਕਰੇ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਵਖਾਈਆ । ਨਾ ਕੋਈ ਸਮਝ ਨਾ ਕੋਈ ਸੋਚ, ਬੇਪਰਵਾਹ ਵੱਡੀ ਵਡਿਆਈਆ । ਨਾ ਕੋਈ ਆਸਾ ਮਨਸਾ ਲੋਚ, ਤ੍ਰਿਸਨਾ ਅਵਰ ਨਾ ਕੋਇ ਵਖਾਈਆ । ਨਾ ਕੋਈ ਕਿਲਾ ਬੰਕ ਦਵਾਰਾ ਕੋਟ, ਚਾਰ ਦੀਵਾਰ ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਬ੍ਰਹਿਮੰਡ ਖੰਡ ਲੋਕ ਪਰਲੋਕ, ਜ਼ਿਮੀਂ ਅਸਮਾਨ ਨਾ ਗਣਤ ਗਣਾਈਆ । ਨਾ ਕੋਈ ਖਾਣੀ ਬਾਣੀ ਨਾਦ ਧੁਨ ਸ਼ਬਦ ਸਲੋਕ, ਨਾ ਕੋਈ ਅੱਖਰਾਂ ਕਰੇ ਪੜ੍ਹਾਈਆ । ਨਾ ਕੋਈ ਈਦ ਹੁਜਰਾ ਨਾ ਮੁਸੱਲਾ ਨਾ ਕੋਈ ਰੋਜ਼, ਕਾਅਬਾ ਰੂਪ ਨਾ ਕੋਇ ਪਰਗਟਾਈਆ । ਨਾ ਕੋਈ ਲੇਖ ਅਲੇਖ ਫ਼ਿਕਰਾ ਅਭਿਆਸ ਜੋਗ, ਘਰ ਬਾਰ ਨਾ ਕੋਇ ਤਜਾਈਆ । ਨਾ ਕੋਈ ਚਿੰਤਾ ਹਰਖ਼ ਸੋਗ, ਗ਼ਮ ਰੂਪ ਨਾ ਕੋਇ ਵਟਾਈਆ । ਆਦਿ ਜੁਗਾਦਿ ਜਨ ਭਗਤਾਂ ਦੇਵੇ ਆਪਣੀ ਮੌਜ, ਮੌਜੂਦਾ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਪ੍ਰਭੂ ਸਹਾਰਾ, ਪਾਰਬ੍ਰਹਮ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਜਾਣੇ ਪਾਰ ਕਿਨਾਰਾ, ਮੰਝਧਾਰ ਸਰਬ ਨਜ਼ਰੀ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਨਿਮਸਕਾਰਾ, ਸੱਯਦਾ ਸੀਸ ਸਰਬ ਝੁਕਾਇੰਦਾ । ਰਸਨਾ ਜਿਹਵਾ ਬੱਤੀ ਦੰਦ ਬੋਲਣ ਸਰਬ ਜੈਕਾਰਾ, ਸਿਫ਼ਤ ਸਾਲਾਹੀ ਢੋਲਾ ਗਾਇੰਦਾ । ਨੌਂ ਖੰਡ ਸੱਤ ਦੀਪ ਬ੍ਰਹਿਮੰਡ ਜ਼ਿਮੀਂ ਅਸਮਾਨ ਲੋਕ ਪਰਲੋਕ ਤਬਕ ਲੈਣ ਸਹਾਰਾ, ਆਸ ਆਸਾ ਵਿਚ ਪਰਗਟਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਹਰ ਘਟ ਰਵਿਆ ਸਭ ਤੋਂ ਰਹੇ ਨਿਆਰਾ, ਨਿਰਗੁਣ ਨਿਰਵੈਰ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਸਤਿ ਸਰੂਪ ਜਨ ਭਗਤ ਆਏ ਦਵਾਰਾ, ਦੂਜਾ ਦਰ ਨਾ ਵੇਖਣ ਪਾਇੰਦਾ । ਜੀਵ ਜੰਤ ਸਾਧ ਸੰਤ ਜਗਤ ਵਿਚਾਰ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਵਖਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੋਹੰ ਸ਼ਬਦ ਬੋਲਣ ਜੈਕਾਰਾ, ਜੈ ਜੈਕਾਰ ਘਰ ਘਰ ਵਿਚ ਨਜ਼ਰੀ ਆਇੰਦਾ । ਏਹੋ ਖੇਲ ਅਗੰਮ ਅਪਾਰਾ, ਵੇਦ ਪੁਰਾਨ ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਸੇਵ ਨਾ ਕੋਇ ਕਮਾਇੰਦਾ । ਲਿਖਣ ਪੜ੍ਹਨ ਤੋਂ ਸਦਾ ਬਾਹਰਾ, ਗੁਪਤ ਜ਼ਾਹਰਾ ਅਪਣੀ ਕਾਰ ਕਮਾਇੰਦਾ । ਜਨ ਭਗਤਾਂ ਸਦਾ ਸਦਾ ਸਦ ਮੇਲਣਹਾਰਾ, ਮਿਲਣੀ ਜਗਦੀਸ਼ ਸਦ ਆਪਣੇ ਨਾਲ ਕਰਾਇੰਦਾ । ਆਤਮ

ਪਰਮਾਤਮ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਵਖਾਇੰਦਾ । ਨਾਮ ਨਿਧਾਨ ਬਖ਼ਸ਼ ਠੰਡਾ ਠਾਰਾ, ਅੰਮ੍ਰਿਤ ਰਸ ਚੁਆਇੰਦਾ । ਘਰ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਜਣ ਸੁਹੇਲੇ ਆਪ ਉਠਾਇੰਦਾ । ਲੱਖ ਚੁਰਾਸੀ ਹਰਿ ਕੀ ਤਾਂਘ, ਨੇਤਰ ਲੋਚਣ ਨੈਣ ਸਰਬ ਉਠਾਈਆ । ਨਿਰਵੈਰ ਪੁਰਖ ਨਿਰਾਕਾਰ ਸਵਾਂਗੀ ਵਖਾਏ ਸਵਾਂਗ, ਸਤਿ ਸਰੂਪੀ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਕਲਜੁਗ ਵੇਖੇ ਕਾਂਗ, ਚਾਰੋਂ ਕੁੰਟ ਕੁੰਟ ਲਹਿਰਾਈਆ । ਜੀਵ ਜੰਤ ਰਹੇ ਭਾਜ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਚ ਸੁਣੇ ਨਾ ਕੋਇ ਆਵਾਜ਼, ਸੁਰਤੀ ਸ਼ਬਦ ਨਾ ਕੋਇ ਉਠਾਈਆ । ਘਰ ਘਰ ਹੁੰਦੇ ਦਿਸਣ ਕਾਜ, ਲੋਕਮਾਤ ਜਗਤ ਕੁੜਮਾਈਆ । ਮਾਇਆ ਮਮਤਾ ਦੇਂਦੇ ਦਾਜ, ਧਨ ਦੌਲਤ ਖ਼ਜ਼ਾਨਾ ਰੂਪ ਵਖਾਈਆ । ਅੰਤਮ ਸਾਰੇ ਹੁੰਦੇ ਵੇਖੇ ਨਾਸ, ਸ਼ਾਹ ਸੁਲਤਾਨ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਿਆ ਬਾਪ, ਪਰਮ ਪੁਰਖ ਫੇਰਾ ਪਾਈਆ । ਤਿਨ੍ਹਾਂ ਗੁਰਮੁਖਾਂ ਜਣਾਏ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਦੂਜੀ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਬੰਧਾਏ ਸਾਕ, ਸੱਜਣ ਇਕੋ ਨਜ਼ਰੀ ਆਈਆ । ਬੰਦ ਕਿਵਾੜੀ ਖੋਲ੍ਹ ਤਾਕ, ਤਸਵੀਰ ਬੇਨਜ਼ੀਰ ਦਏ ਵਖਾਈਆ । ਓਥੇ ਕੋਈ ਨਾ ਦਿਸੇ ਆਫ਼ਤਾਬ, ਜੋਤੀ ਜਲਵਾ ਨੂਰ ਰੁਸ਼ਨਾਈਆ । ਇੱਟਾਂ ਪੱਥਰ ਬਣੀ ਨਾ ਕੋਈ ਮਹਿਰਾਬ, ਮਹਿਬੂਬ ਬੈਠਾ ਜਲਵਾਗਰ ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਨੂੰ ਆਦਿ ਜੁਗਾਦਿ ਸੱਜਦਾ ਕਰਨ ਸ਼ਾਹ ਨਵਾਬ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਮੇਲ ਮਿਲਾਈਆ । ਲੱਖ ਚੁਰਾਸੀ ਹਰਿ ਕਾ ਬੇਟਾ, ਪਿਤਾ ਪੂਤ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਬਣ ਕੇ ਖੇਵਟ ਖੇਟਾ, ਬੇੜਾ ਅਪਣੇ ਕੰਧ ਉਠਾਇੰਦਾ । ਪੂਰਬ ਜਨਮ ਕਰਮ ਕਦੇ ਨਾ ਭੁਲੇ ਚੇਤਾ, ਅਭੁਲ ਆਪਣਾ ਨਾਉਂ ਪਰਗਟਾਇੰਦਾ । ਭਗਤ ਸੰਤ ਕਰੇ ਸੱਚਾ ਹੇਤਾ, ਹਿਤਕਾਰੀ ਆਪਣਾ ਮੇਲ ਮਿਲਾਇੰਦਾ । ਦੋ ਜਹਾਨਾਂ ਬਣ ਕੇ ਨੇਤਾ, ਨੇਤਰ ਲੋਚਣ ਅੱਖ ਖੁਲ੍ਹਾਇੰਦਾ । ਵੇਖਣਹਾਰਾ ਮੂੰਡ ਮੁੰਡਾਏ ਧਾਰੀ ਕੇਸਾ, ਜ਼ਾਤ ਪਾਤ ਵਰਨ ਬਰਨ ਦੀਨ ਮਜ਼੍ਹਬ ਊਚ ਨੀਚ ਨਾ ਕੋਇ ਜਣਾਇੰਦਾ । ਲੇਖਾ ਜਾਣੇ ਪੀਰ ਪੈਗ਼ੰਬਰ ਮੁਲਾ ਸ਼ੇਖ਼, ਸ਼ਖ਼ਸੀਅਤ ਅਸਲੀਅਤ ਪੜਦਾ ਆਪ ਉਠਾਇੰਦਾ । ਗੁਰਮੁਖਾਂ ਬਦਲ ਦੇਵੇ ਪਿਛਲੀ ਰੇਖ, ਲੇਖਾ ਆਪਣੇ ਹੱਥ ਰਖਾਇੰਦਾ । ਸਚ ਵਖਾਵੇ ਧੁਰ ਦਾ ਦੇਸ, ਜਿਸ ਮੰਦਰ ਬਹਿ ਬਹਿ ਸੋਭਾ ਪਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਲੱਖ ਚੁਰਾਸੀ ਹਰਿ ਕਾ ਪੁੱਤਰ, ਪਿਤਾ ਪੂਤ ਦਏ ਵਡਿਆਈਆ । ਜੋਤੀ ਧਾਰੋਂ ਆਏ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚੁੱਕੇ ਕੁੱਛੜ, ਬਾਲ ਨੱਢੇ ਆਪ ਉਠਾਈਆ । ਧੁਰਦਰਗਾਹੀ ਦੇਵੇ ਹੁਕਮ, ਸਚ ਸੰਦੇਸ਼ਾ ਇਕ ਸੁਣਾਈਆ । ਏਸੇ ਕਾਰਨ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗ੍ਰੰਥ ਲਿਖਾਇਆ, ਫੇਰ ਕੋਈ ਨਾ ਜਾਏ ਮੁੱਕਰ, ਮੁਖ ਸਕੇ ਨਾ ਕੋਇ ਭਵਾਈਆ । ਭਗਤ ਭਗਵਾਨ ਚਲਾਏ ਧਾਰ ਦੁਤਰ, ਦੁਤੀਆ ਪਾਰ ਕਰਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਗੁਰ ਗੁਰ ਚੇਲੇ ਸ਼ਬਦੀ ਢੋਲਾ ਬੁੱਕਣ, ਉਚੀ ਉਚੀ ਰਾਗ ਸੁਣਾਈਆ । ਮਨਮੁਖ ਮੁਗਧ ਅੰਞਾਣ ਸਾਹਿਬ ਸਤਿਗੁਰ ਕੋਲੋਂ ਲੁਕਣ, ਮੁਖ ਆਪਣਾ

ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਜਿਸ ਨਾਮ ਰਾਮ ਰਾਮ ਨਾਮ ਆਪਣਾ ਰੂਪ ਦਰਸਾਈਆ ।

## ਪਹਿਲੀ ਹਾੜ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਤਖ਼ਤ ਨਿਵਾਸੀ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਸੋਭਾ ਪਾਇੰਦਾ । ਸ਼ਾਹੋ ਭੂਪ ਵਡ ਸਿਕਦਾਰ, ਸ਼ਹਿਨਸ਼ਾਹ ਆਦਿ ਜੁਗਾਦਿ ਅਖਵਾਇੰਦਾ । ਜੋਤੀ ਜਾਤਾ ਅਗੰਮ ਅਪਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸੋ ਮਹਲ ਅਟਲ ਉਚ ਮਨਾਰ, ਦਰਗਾਹ ਸਾਚੀ ਸੋਭਾ ਪਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਨੂਰੋ ਨੂਰ ਨੂਰ ਰੁਸ਼ਨਾਇੰਦਾ । ਮੁਕਾਮੇ ਹਕ ਪਰਵਰਦਿਗਾਰ, ਜਲਵਾ ਇਕੋ ਇਕ ਦਰਸਾਇੰਦਾ । ਲੇਖਾ ਜਾਣ ਸਚ ਘਰ ਬਾਰ, ਸਚਖੰਡ ਸਾਚੇ ਮਾਣ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦ ਅਪਣੇ ਹੱਥ ਰਖਾਇੰਦਾ । ਸਾਚੇ ਤਖ਼ਤ ਬੈਠ ਕਰਤਾਰ, ਹਰਿ ਕਰਤਾ ਖੇਲ ਵਖਾਇੰਦਾ । ਖੋਲ੍ਹੇ ਭੇਵ ਅਪਰ ਅਪਾਰ, ਅਭੇਦ ਆਪ ਜਣਾਇੰਦਾ । ਸੁਤ ਦੁਲਾਰਾ ਕਰੇ ਨਿਮਸਕਾਰ, ਸ਼ਬਦੀ ਸ਼ਬਦ ਸੀਸ ਝੁਕਾਇੰਦਾ । ਸਚ ਬੇਨੰਤੀ ਸਚ ਦਰਬਾਰ, ਇਕ ਇਕੱਲਾ ਇਕੋ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਇੰਦਾ । ਸਚ ਬੇਨੰਤੀ ਸ਼ਬਦੀ ਧਾਰ, ਘਰ ਸਾਚੇ ਆਪ ਕਰਾਈਆ । ਸਚ ਬੇਨੰਤੀ ਵਿਸ਼ਨੂੰ ਆਧਾਰ, ਵਿਸ਼ਵ ਬਹਿ ਬਹਿ ਵਾਸਤਾ ਪਾਈਆ । ਸਚ ਬੇਨੰਤੀ ਬ੍ਰਹਮਾ ਚਰਨ ਕਵਲ ਮੰਗੇ ਪਿਆਰ, ਖ਼ਾਲੀ ਝੋਲੀ ਅਗੇ ਡਾਹੀਆ । ਸਚ ਬੇਨੰਤੀ ਸ਼ੰਕਰ ਨੇਤਰ ਨੈਣਾਂ ਰੋਵੇ ਜ਼ਾਰੋ ਜ਼ਾਰ, ਭੋਲਾ ਨਾਥ ਦਏ ਦੁਹਾਈਆ । ਸਚ ਬੇਨੰਤੀ ਤ੍ਰੈਗੁਣ ਮਾਇਆ ਉਚੀ ਕੂਕ ਕੂਕ ਕਰੇ ਪੁਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਪੰਜ ਤਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਇਕ ਅਖਵਾਈਆ । ਸਚ ਬੇਨੰਤੀ ਸਚ ਦਰਬਾਰ, ਹਰਿ ਕਰਤਾ ਆਪ ਜਣਾਇੰਦਾ । ਸਚ ਬੇਨੰਤੀ ਅਗੰਮੀ ਧਾਰ, ਸ਼ਬਦੀ ਰਾਗ ਨਾਦ ਸੁਣਾਇੰਦਾ । ਸਚ ਬੇਨੰਤੀ ਦੱਸੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਸਚ ਬੇਨੰਤੀ ਭਗਤ ਵਛਲ ਜਨ ਭਗਤਾਂ ਦਏ ਸਿਖਾਲ, ਅੰਤਰ ਆਤਮ ਬੂਝ ਬੁਝਾਇੰਦਾ । ਸਚ ਬੇਨੰਤੀ ਸੰਤ ਸੁਹੇਲੇ ਮੰਗਣ ਦਾਨ, ਦਾਤਾ ਦਾਨੀ ਵੇਖ ਵਖਾਇੰਦਾ । ਸਚ ਬੇਨੰਤੀ ਗੁਰਮੁਖ ਸਚ ਦਵਾਰ ਸੁਣਾਣ, ਸੁਣਨਹਾਰਾ ਇਕ ਅਖਵਾਈਆ । ਸਚ ਬੇਨੰਤੀ ਗੁਰਸਿਖ ਅੰਤਰ ਆਤਮ ਰਾਗ ਧੁਨ ਗਾਣ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਵਡ ਵਡਿਆਈਆ । ਸਚ ਬੇਨੰਤੀ ਧੁਰ ਦੀ ਕੂਕ, ਹਰਿ ਕਰਤਾ ਆਪ ਜਣਾਇੰਦਾ । ਸਚ ਬੇਨੰਤੀ ਸੁਣੇ ਪਿਤਾ ਪੂਤ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਸਚ ਬੇਨੰਤੀ ਫਿਰੇ ਦਰੋਹੀ ਚਾਰੇ ਕੂਟ, ਚਾਰੇ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੋਏ ਜੋੜ ਸੀਸ ਝੁਕਾਇੰਦਾ । ਸਚ ਬੇਨੰਤੀ ਚਾਰੇ ਖਾਣੀ ਚਾਰੇ ਬਾਣੀ ਕਰਨ ਦਰ ਸਾਚੇ ਊਚੋ ਊਚ, ਅਗੰਮ ਅਥਾਹ ਬੇਪਰਵਾਹ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਚ ਬੇਨੰਤੀ ਕਰੇ ਚਾਰ ਜੁਗ, ਚੌਕੜ ਆਪਣਾ ਧਿਆਨ ਲਗਾਈਆ । ਸਚ ਬੇਨੰਤੀ

ਕਦੇ ਨਾ ਜਾਏ ਮੁਕ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਆਸ ਤਕਾਈਆ । ਸਚ ਬੇਨੰਤੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮੰਗੇ ਸੁਖ, ਸੁਖਦਾਇਕ ਆਪਣਾ ਰੂਪ ਵਟਾਈਆ । ਸਚ ਬੇਨੰਤੀ ਉਜਲ ਕਰੇ ਮਾਤ ਮੁਖ, ਨਿਰਗੁਣ ਸਰਗੁਣ ਦਏ ਵਡਿਆਈਆ । ਸਚ ਬੇਨੰਤੀ ਆਦਿ ਜੁਗਾਦਿ ਜੁਗ ਚੌਕੜੀ ਜਨਮ ਕਰਮ ਦੀ ਮੇਟੇ ਭੁੱਖ, ਦੂਈ ਦਵੈਤੀ ਤ੍ਰਿਸਨਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਬੇਨੰਤੀ ਆਦਿ ਜੁਗਾਦਿ, ਹਰਿ ਕਰਤਾ ਆਪ ਦ੍ਰਿੜਾਇੰਦਾ । ਸਚ ਬੇਨੰਤੀ ਬ੍ਰਹਮ ਬ੍ਰਹਿਮਾਦ, ਬ੍ਰਹਮਾਵੇਤਾ ਆਪ ਸੁਣਾਇੰਦਾ । ਸਚ ਬੇਨੰਤੀ ਬਿਸਮਲ ਰੂਪ ਹੋ ਵਿਸਮਾਦ, ਨਿਰਾਕਾਰ ਸਾਕਾਰ ਆਪ ਦ੍ਰਿੜਾਇੰਦਾ । ਸਚ ਬੇਨੰਤੀ ਦੋ ਜਹਾਨਾਂ ਕਰੇ ਆਜ਼ਾਦ, ਬੰਦੀਖ਼ਾਨਾ ਨਾ ਕੋਇ ਵਖਾਇੰਦਾ । ਸਚ ਬੇਨੰਤੀ ਸੁਣੇ ਸਚ ਮਹਿਰਾਬ, ਮਹਿਬੂਬ ਅਪਣਾ ਪੜਦਾ ਲਾਹਿੰਦਾ । ਸਚ ਬੇਨੰਤੀ ਧੁਰ ਦੀ ਆਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚ ਬੇਨੰਤੀ ਜੇਰਜ ਅੰਡਜ ਸੇਤਜ ਉਤਭੁਜ, ਚਾਰੇ ਖਾਣੀ ਰਹੀ ਕਰਾਈਆ । ਸਚ ਬੇਨੰਤੀ ਚਾਰੇ ਬਾਣੀ ਰਹੀ ਲੱਭ, ਪਰਾ ਪਸੰਤੀ ਮਧਮ ਬੈਖਰੀ ਖੋਜ ਖੋਜਾਈਆ । ਸਚ ਬੇਨੰਤੀ ਕਿਸੇ ਨਾ ਆਈ ਹੱਦ, ਹਦੂਦ ਸਮਝ ਕੋਇ ਨਾ ਪਾਈਆ । ਸਚ ਬੇਨੰਤੀ ਕਰ ਕੇ ਕੋਈ ਨਾ ਸਕਿਆ ਰੱਜ, ਸਾਂਤ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਬੇਨੰਤੀ ਕਰੇ ਅਸ਼ਟਭੁਜ, ਬਿਨ ਨੇਤਰ ਨੈਣ ਧਿਆਨ ਲਗਾਈਆ । ਜਿਸ ਨੇ ਮੇਰਾ ਭੇਵ ਖੁਲ੍ਹਾਇਆ ਗੁਝ, ਆਦਿ ਸ਼ਕਤ ਦਿਤੀ ਵਡਿਆਈਆ । ਉਸ ਦੀ ਨਾ ਕੋਈ ਮਨ ਮਤ ਬੁਧ, ਜਗਤ ਜੁਗਤ ਨਾ ਕੋਇ ਚਤੁਰਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਬੈਠਾ ਲੁਕ, ਦੋ ਜਹਾਨਾਂ ਨਜ਼ਰ ਕਿਸੇ ਨਾ ਆਈਆ । ਜਿਸ ਦੀ ਖੇਲ ਕਦੇ ਨਾ ਜਾਏ ਮੁਕ, ਭੇਵ ਅਭੇਦ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਚ ਬੇਨੰਤੀ ਆਦਿ ਸ਼ਕਤ ਭਵਾਨੀ, ਹਰਿ ਕਰਤਾ ਆਪ ਜਣਾਇੰਦਾ । ਪਰਮ ਪੁਰਖ ਦੀ ਇਕ ਨਿਸ਼ਾਨੀ, ਨਿਰਗੁਣ ਨਿਰਵੈਰ ਨਿਰਾਕਾਰ ਆਪ ਦ੍ਰਿੜਾਇੰਦਾ । ਜੁਗ ਚੌਕੜੀ ਜਿਸ ਦੀ ਸਿਫ਼ਤ ਦੀ ਚਲੇ ਜਗਤ ਕਹਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨਾਲ ਮਿਲਾਇੰਦਾ । ਜਿਸ ਦੀ ਚਰਨ ਧੂੜ ਅਠਸਠ ਸਰੋਵਰ ਪਾਣੀ, ਤੀਰਥ ਤਟ ਰਾਹ ਤਕਾਇੰਦਾ । ਜਿਸ ਦਾ ਖੇਲ ਦੋ ਜਹਾਨੀ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜਿਸ ਦਾ ਨੂਰ ਆਦਿ ਨੁਰਾਨੀ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਜਿਸ ਦਾ ਮਹੱਲ ਅਟਲ ਉਚ ਲਾਸਾਨੀ, ਲਾਸ਼ਰੀਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਜਣਾਇੰਦਾ । ਸਚ ਬੇਨੰਤੀ ਜੁਗ ਚੌਕੜੀ ਕਰਦੇ, ਕਰ ਕਰ ਧਿਆਨ ਲਗਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਡਰਦੇ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਕਲਮਾ ਨਬੀ ਰਸੂਲ ਪੜ੍ਹਦੇ, ਸੋਹਲਾ ਢੋਲਾ ਰਾਗ ਅਲਾਈਆ । ਨਿਉਂ ਨਿਉਂ ਸੀਸ ਸੱਯਦੇ ਕਰਦੇ, ਨੇਤਰ ਅੱਖ ਨਾ ਕੋਇ ਉਠਾਈਆ । ਚਰਨ ਕਵਲਾਂ ਉਪਰ ਸੀਸ ਧਰਦੇ, ਆਪ ਆਪਣਾ ਮੋਹ ਚੁਕਾਈਆ । ਤੂੰ ਮੇਰਾ ਮੈਂ ਤੇਰਾ ਇਕੋ ਰਾਗ ਵਾਹਵਾ ਕਰਦੇ, ਵੱਜੇ ਸਚ ਸਚ ਵਧਾਈਆ । ਕੋਟਨ ਕੋਟਾਂ ਵਿਚੋਂ ਸਚ ਬੇਨੰਤੀ ਗੁਰਮੁਖ ਵਿਰਲੇ ਕਰਦੇ, ਜਿਨ੍ਹਾਂ ਅੰਤਰ ਆਤਮ ਪਰਮਾਤਮ ਆਪਣੇ ਨਾਲ ਮਿਲਾਈਆ । ਸਚ ਦਵਾਰੇ ਸਤਿ ਸਵਾਮੀ

੧੦੭ ੧੭

ਹੋਵਣ ਬਰਦੇ, ਬੰਦੀਖ਼ਾਨਾ ਦੇਣ ਤੁੜਾਈਆ । ਸਾਚੀ ਮੰਜ਼ਲ ਬਿਨ ਪੌੜੀਉਂ ਚੜ੍ਹਦੇ, ਦਸਮ ਦਵਾਰੀ ਅਧ ਵਿਚਕਾਰ ਬੈਠੀ ਰਾਹ ਤਕਾਈਆ । ਗੁਰਸਿਖ ਇਸ ਤੋਂ ਅਗਲਾ ਘਰ ਮੱਲਦੇ, ਜਿਥੇ ਵਸੇ ਬੇਪਰਵਾਹੀਆ । ਓਥੇ ਖੇਲ ਅਛਲ ਅਛੱਲ ਦੇ, ਸਮਝ ਸਕੇ ਕੋਈ ਨਾ ਰਾਈਆ । ਓਥੇ ਲੇਖੇ ਨਹੀਂ ਘੜੀ ਪਲ ਦੇ, ਛਿਨ ਭੰਗਰ ਆਪਣਾ ਰੰਗ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਦੇ ਨਾ ਹਲਦੇ, ਦੋ ਜਹਾਨ ਲੇਖਾ ਸਕੇ ਨਾ ਕੋਇ ਮੁਕਾਈਆ । ਬਿਨ ਭਗਤਾਂ ਬੂਟੇ ਕਦੇ ਨਾ ਫਲਦੇ, ਲੱਖ ਚੁਰਾਸੀ ਸਿੰਮਲ ਰੂਪ ਨਜ਼ਰੀ ਆਈਆ । ਬਿਨ ਸੰਤਾਂ ਦੀਪਕ ਕਿਸੇ ਘਰ ਨਾ ਜਗਦੇ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਬੇਨੰਤੀ ਜੋ ਕਰੇ ਪ੍ਰੀਤਮ, ਪ੍ਰੀਤੀਵਾਨ ਦਏ ਦ੍ਰਿੜਾਈਆ । ਕਾਇਆ ਮਾਟੀ ਠਾਂਡੀ ਹੋਵੇ ਸੀਤਲ, ਅਗਨੀ ਤਤ ਨਾ ਕੋਇ ਤਪਾਈਆ । ਕੰਚਨ ਸੋਨਾ ਬਣੇ ਪੀਤਲ, ਪਾਰਸ ਆਪਣਾ ਨਾਮ ਇਕ ਲਗਾਈਆ । ਸਚ ਬੇਨੰਤੀ ਕਰਨ ਗੁਰ ਅਵਤਾਰ ਪੀਰ ਪੈਗ਼ੰਬਰ ਉਡੀਕਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਰਾਹ ਤਕਾਈਆ । ਲੱਖ ਚੁਰਾਸੀ ਅੰਦਰ ਜੀਵ ਜੰਤ ਚੀਕਣ, ਉਚੀ ਕੂਕ ਕੂਕ ਰਹੇ ਸੁਣਾਈਆ । ਕਵਣ ਵੇਲਾ ਪ੍ਰਭ ਮਿਲੇ ਲਾਸ਼ਰੀਕਨ, ਸ਼ਰਕਤ ਸਭ ਦੀ ਦਏ ਗਵਾਈਆ । ਸਾਚੀ ਦੱਸੇ ਇਕ ਤਾਰੀਖਨ, ਪਿਛਲੀ ਤਾਰੀਖ਼ ਦਏ ਮਿਟਾਈਆ । ਵਸਤ ਅਮੋਲਕ ਪਾਵੇ ਭੀਖਣ, ਭਿਛਿਆ ਇਕੋ ਇਕ ਵਰਤਾਈਆ । ਭਗਤ ਭਗਵੰਤ ਮਿਲ ਕੇ ਲੇਖਾ ਚੁਕਾਵਣ ਊਚ ਨੀਚਨ, ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਇਕ ਦੂਜੇ ਦੇ ਅੰਦਰ ਵੜ ਕੇ ਪੌੜੇ ਚੜ੍ਹ ਕੇ ਜਗਤ ਨੇਤਰ ਦੋਵੇਂ ਵੇਖਣ, ਨਿਜ ਨੇਤਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਨੰਤੀ ਕਰ ਕਰ ਗਏ ਚਾਰ ਜੁਗ, ਨਿਤ ਨਵਿਤ ਸੀਸ ਨਿਵਾਈਆ । ਕਵਣ ਵੇਲਾ ਵਕਤ ਜਾਏ ਪੁਗ, ਲੇਖਾ ਸਭ ਦਾ ਮਿਲੇ ਥਾਉਂ ਥਾਈਆ । ਨੌਂ ਖੰਡ ਸੱਤ ਦੀਪ ਜ਼ਿਮੀਂ ਅਸਮਾਨ ਸੁੱਖਣਾ ਰਹੇ ਸੁੱਖ, ਰਵ ਸਸ ਬੈਠੇ ਧਿਆਨ ਲਗਾਈਆ । ਬ੍ਰਹਿਮੰਡ ਖੰਡ ਵੇਖਣ ਉਠ, ਪੁਰੀ ਲੋਅ ਨੇਤਰ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਸੀਸ ਜਗਦੀਸ ਇਕ ਝੁਕਾਈਆ । ਕਵਣ ਵੇਲਾ ਪ੍ਰਭ ਸੁਣ ਬੇਨੰਤੀ ਸਾਚੇ ਸੁਤ, ਸੁਤ ਸ਼ਬਦ ਇਕੋ ਨਜ਼ਰੀ ਆਈਆ । ਜਿਸ ਦੀ ਕਾਇਆ ਨਾ ਕੋਈ ਬੁਤ, ਰਕਤ ਬੂੰਦ ਮੇਲ ਨਾ ਕੋਇ ਮਿਲਾਈਆ । ਕਿਰਪਾਲ ਹੋ ਕੇ ਜਾਵੇ ਤੁਠ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਸਚ ਦਵਾਰੇ ਆ ਕੇ ਲਏ ਪੁਛ, ਦੂਰ ਦੁਰਾਡਾ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਬੇਨੰਤੀ ਕਰ ਕਰ ਸਾਰੇ ਰੋਵਣ, ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਜੁਗ ਮੂਲ ਨਾ ਸੋਵਣ, ਚਾਰੇ ਖਾਣੀ ਨੀਂਦ ਸਚ ਨਾ ਆਈਆ । ਅੱਠ ਸੱਠ ਤੀਰਥ ਜਲਧਾਰਾ ਸਰਬ ਵਰੋਲਣ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰਹੀ ਕੁਰਲਾਈਆ । ਲੱਖ ਚੁਰਾਸੀ ਜੇਰਜ ਅੰਡਜ ਉਤਭੁਜ ਸੇਤਜ ਰਸਨਾ ਜਿਹਵਾ ਬੱਤੀ ਦੰਦ ਸਾਰੇ ਬੋਲਣ, ਬੋਲ ਬੋਲ ਰਾਗ ਸੁਣਾਈਆ । ਕਵਣ ਵੇਲਾ ਪ੍ਰਭ ਸੁਣ ਬੇਨੰਤੀ ਸਚ ਦਵਾਰਾ ਆਵੇ ਖੋਲ੍ਹਣ, ਖ਼ਾਲਕ ਖ਼ਲਕ ਦਏ ਸਮਝਾਈਆ । ਧੁਰ ਦੇ ਕੰਡੇ ਆਵੇ ਤੋਲਣ, ਨਾਮ ਤਰਾਜ਼ੂ ਹੱਥ ਉਠਾਈਆ । ਸਚ ਪ੍ਰੀਤੀ ਆਵੇ ਘੋਲਨ, ਘੋਲੀ ਘੋਲ ਘੁਮਾਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਚ ਬੇਨੰਤੀ ਕਰ ਕਰ ਥੱਕੇ, ਚਾਰੋਂ ਕੁੰਟ ਧਿਆਨ ਲਗਾਈਆ । ਜੀਵ ਜੰਤ ਸਾਧ ਸੰਤ

ਅੱਕੇ, ਕਲਜੁਗ ਅੰਤਮ ਬੈਠੇ ਹੌਸਲਾ ਢਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਲਭੱਦੇ ਫਿਰੇ ਮਦੀਨੇ ਮੱਕੇ, ਕਾਇਆ ਕਾਅਬਾ ਹੁਜਰਾ ਹੱਕ ਖੋਲ੍ਹ ਨਾ ਵੇਖ ਵਖਾਈਆ । ਕੂੜੀ ਕਿਰਿਆ ਜਗਤ ਵਿਕਾਰ ਸੱਥਰ ਲੱਥੇ, ਯਾਰੜਾ ਸੇਜ ਨਾ ਕੋਇ ਹੰਢਾਈਆ । ਮਨ ਵਾਸਨਾ ਸਾਰੇ ਫਿਰਦੇ ਨੱਠੇ, ਮਨ ਕਾ ਮਣਕਾ ਨਾ ਕੋਇ ਭੁਆਈਆ । ਜਗਤ ਵਾਸਨਾ ਸਾਰੇ ਰੱਟੇ, ਰੱਟਾ ਮੁੱਕੇ ਨਾ ਕੂੜ ਲੋਕਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪ੍ਰਭੂ ਪ੍ਰੇਮ ਪਿਆਰ ਤੀਰ ਨਿਸ਼ਾਨੇ ਫਟੇ, ਘਾਉ ਲਗਾ ਇਕੋ ਥਾਈਆ । ਉਹ ਸੰਤ ਸੁਹੇਲੇ ਚਰਨ ਕਵਲਾਂ ਉਪਰ ਢੱਠੇ, ਆਪ ਆਪਣਾ ਮਾਣ ਅਭਿਮਾਨ ਤਜਾਈਆ । ਓਨ੍ਹਾਂ ਪਤ ਆਪੇ ਰੱਖੇ, ਨਿਰਗੁਣ ਹੋ ਕੇ ਸਰਗੁਣ ਦਏ ਸਮਝਾਈਆ । ਪਰਮ ਪੁਰਖ ਅਕਾਲ ਪਤਿਪਰਮੇਸ਼ਵਰ ਗੁਰਮੁਖ ਜਾਣੇ ਆਪਣੇ ਬੱਚੇ, ਗੁਰਸਿਖ ਆਪਣੀ ਗੋਦ ਉਠਾਈਆ । ਬੇਨੰਤੀ ਕਰਨ ਵਾਲੇ ਉਹ ਸੱਚੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਨੌ ਦਵਾਰੇ ਕੂੜੀ ਵਾਸਨਾ ਸਾਰੇ ਨੱਚੇ, ਵਾਂਗ ਨਟੂਆ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਹਰਿ ਸੱਚਾ ਮੌਲਾ, ਮੌਜੂਦਾ ਆਪਣਾ ਖੇਲ ਕਰਾਇੰਦਾ । ਨਾ ਕੋਈ ਪੜਦਾ ਨਾ ਕੋਈ ਓਹਲਾ, ਦੂਈ ਦਵੈਤ ਨਾ ਕੋਇ ਜਣਾਇੰਦਾ । ਨਾ ਕੋਈ ਝਗੜਾ ਨਾ ਕੋਈ ਰੌਲਾ, ਸਿੱਧਾ ਮਾਰਗ ਸਚ ਸਮਝਾਇੰਦਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰਦਾ ਆਇਆ ਕੌਲਾ, ਸੋ ਬੇਨੰਤੀ ਪੂਰ ਕਰਾਇੰਦਾ । ਪਰਗਟ ਹੋ ਕੇ ਉਪਰ ਧਵਲ, ਕਲ ਕਲਕੀ ਵੇਸ ਵਟਾਇੰਦਾ । ਜਿਸ ਦਾ ਨੂਰ ਇਲਾਹੀ ਅਵਲ, ਆਲਮੀਨ ਵੇਖ ਵਖਾਇੰਦਾ । ਹਰ ਘਟ ਸਵਾਮੀ ਰਿਹਾ ਮਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਚ ਬੇਨੰਤੀ ਕੀਤੀ ਵਿਸ਼ਨ ਬ੍ਰਹਮ ਸ਼ਿਵ ਪੁਕਾਰ, ਤ੍ਰੈ ਪੰਜ ਨਾਲ ਮਿਲਾਈਆ । ਤੇਈ ਅਵਤਾਰ ਮੰਗਦੇ ਗਏ ਅਧਾਰ, ਦਰ ਠਾਂਡੇ ਸੀਸ ਝੁਕਾਈਆ । ਮੂਸਾ ਡਿੱਗ ਕੇ ਮੂੰਹ ਦੇ ਭਾਰ, ਝੋਲੀ ਇਕੋ ਇਕ ਵਖਾਈਆ । ਈਸਾ ਕਹੇ ਮੇਰਾ ਯਾਰ, ਪਰਵਰਦਿਗਾਰ ਨੂਰ ਇਲਾਹੀਆ । ਮੁਹੰਮਦ ਕਹੇ ਮੇਰੀ ਸੁਣੇ ਪੁਕਾਰ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਮਿਹਰ ਨਜ਼ਰ ਇਕ ਉਠਾਈਆ । ਨਾਨਕ ਗੋਬਿੰਦ ਸ੍ਰਿਸ਼ਟ ਸਬਾਈ ਦੱਸ ਕੇ ਗਏ ਜਹਾਨ, ਜੀਵ ਜੰਤ ਜਗਤ ਜਣਾਈਆ । ਸਰਬ ਬੇਨੰਤੀ ਸੁਣੇ ਸ੍ਰੀ ਭਗਵਾਨ, ਪਤਿਪਰਮੇਸ਼ਵਰ ਸਭ ਦਾ ਪਿਤਾ ਮਾਈਆ । ਜੁਗ ਚੌਕੜੀ ਨਿਤ ਨਵਿਤ ਸਭ ਨੂੰ ਦੇਵੇ ਦਾਨ, ਦਾਤਾ ਇਕੋ ਇਕ ਅਖਵਾਈਆ । ਸਚਖੰਡ ਨਿਵਾਸੀ ਲੱਖ ਚੁਰਾਸੀ ਨਜ਼ਰੀ ਆਏ ਇਕੋ ਕਾਹਨ, ਬੰਸਰੀ ਸਾਚਾ ਨਾਮ ਸੁਣਾਈਆ । ਸ਼ਬਦ ਸਰੂਪੀ ਨੌਜਵਾਨ, ਨਾ ਮਰੇ ਨਾ ਜਾਈਆ । ਜੋਤ ਸਰੂਪੀ ਨੂਰ ਮਹਾਨ, ਲੱਖ ਚੁਰਾਸੀ ਡਗਮਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਆਣ, ਬੇਪਰਵਾਹ ਵੇਸ ਵਟਾਈਆ । ਸਚ ਸੰਦੇਸਾ ਦੇ ਫ਼ਰਮਾਨ, ਧੁਰ ਦੀ ਧਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਬੇਨੰਤੀ ਕਰੀ ਅਸ਼ਟਭੁਜ ਦੁਰਗਾ, ਕਵਲ ਨੈਨ ਨੈਨ ਨਾਲ ਮਿਲਾਈਆ । ਤੇਰਾ ਖੇਲ ਆਦਿ ਜੁਗਾਦਿ ਸਚ ਦਵਾਰੇ ਧੁਰ ਦਾ, ਭੇਵ ਅਭੇਦ ਨਾ ਕੋਇ ਜਣਾਈਆ । ਤੇਰਾ ਹੁਕਮ ਕਦੇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਮੰਤਰ ਇਕੋ ਫੁਰਦਾ, ਫੁਰਨੇ ਅੰਦਰ ਖੇਲ ਸਬਾਈਆ । ਤੇਰਾ ਨੂਰ ਕਦੇ ਨਾ ਹੋਵੇ ਮੁਰਦਾ, ਮੜ੍ਹੀ ਗੋਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੁਰਗਾ ਕਹੇ

ਮੇਰਾ ਧੁਰ ਦਾ ਇਸ਼ਟ, ਅਸ਼ਟਭੁਜ ਆਪ ਸਮਝਾਈਆ । ਜਿਸ ਦਾ ਲੇਖਾ ਬਾਹਰ ਦ੍ਰਿਸ਼ਟ, ਦ੍ਰਿਸ਼ਟੀ ਮਾਲਕ ਬੇਪਰਵਾਹੀਆ । ਜਿਸ ਦਾ ਰੂਪ ਵੇਖ ਕੇ ਸ੍ਰਿਸ਼ਟ, ਨਿਰਾਕਾਰ ਸਾਕਾਰ ਖੇਲ ਕਰਾਈਆ । ਜਿਸ ਨੇ ਮੇਰੀ ਆਸ਼ਾ ਪਰਗਟਾ ਹਿਰਸ, ਹਵਸ ਨਾਲ ਵਧਾਈਆ । ਆਪਣੀ ਖੇਲ ਵਿਚੋਂ ਕਰ ਕੇ ਥੋੜ੍ਹੀ ਕਿਰਸ, ਮੇਰੀ ਬਣਤ ਦਿਤੀ ਬਣਾਈਆ । ਮੈਂ ਚਲ ਕੇ ਆਈ ਉਪਰ ਧਰਤ, ਧਰਨੀ ਧਵਲ ਸੋਭਾ ਪਾਈਆ । ਉਹ ਮੇਰਾ ਅਗੰਮੜਾ ਮਰਦ, ਮਰਦਾਨਾ ਇਕ ਅਖਵਾਈਆ । ਜਿਸ ਨੂੰ ਪ੍ਰੇਮ ਪਿਆਰ ਦਾ ਇਕੋ ਦਰਦ, ਦੂਜਾ ਦੁੱਖ ਨਾ ਕੋਇ ਰਖਾਈਆ । ਸਦਾ ਸਦਾ ਸਦ ਖੇਲ ਕਰੇ ਅਸਚਰਜ, ਅਚਰਜ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਇਕੋ ਇਕ ਇਕ ਵੱਡੀ ਵਡਿਆਈਆ । ਅਸ਼ਟਭੁਜ ਕਹੇ ਮੇਰਾ ਤਤ ਸਰੀਰ, ਇਸ਼ਾਰਿਆਂ ਨਾਲ ਪਰਗਟਾਈਆ । ਖੰਡਾ ਖੜਗ ਹੱਥ ਸ਼ਮਸ਼ੀਰ, ਸੰਖ ਚੱਕਰ ਗਦਾ ਨਾਲ ਮਿਲਾਈਆ । ਆਪਣੇ ਨਾਲ ਮੇਲ ਤਾਸੀਰ, ਤਸਵੀਰ ਸੋਹਣੀ ਦਿਤੀ ਵਖਾਈਆ । ਉਹ ਸਾਹਿਬ ਬੇਨਜ਼ੀਰ, ਮਿਹਰ ਨਜ਼ਰ ਇਕ ਉਠਾਈਆ । ਜਿਸ ਨੇ ਕੱਟਣੀ ਸਭ ਦੀ ਭੀੜ, ਸੁੰਭ ਨਸੁੰਭ ਦਏ ਮਿਟਾਈਆ । ਉਹ ਮੇਰਾ ਮਦਦਗੀਰ, ਜਿਸ ਮੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਚੁਕਾਈਆ । ਅਸ਼ਟਭੁਜ ਸਿੰਘ ਅਸਵਾਰ, ਸੋਹਣਾ ਵੇਸ ਵਟਾਈਆ । ਜੰਗਲ ਜੂਹ ਵਿਚ ਪਹਾੜ, ਬਨਖੰਡ ਖੋਜ ਖੋਜਾਈਆ । ਕਿਰਪਾ ਕਰ ਆਪਣੀ ਧਾਰ, ਸਚ ਦਿਤਾ ਸਮਝਾਈਆ । ਅਗੰਮੀ ਵੱਜੀ ਇਕ ਲਕਾਰ, ਰੇਖ ਨਜ਼ਰ ਕਿਸੇ ਨਾ ਆਈਆ । ਅੱਠੇ ਬਾਹਵਾਂ ਝੁਕ ਕੇ ਕਰਨ ਨਿਮਸਕਾਰ, ਹੱਥ ਉਲਟੇ ਕਰ ਵਖਾਈਆ । ਤੇਰਾ ਖੇਲ ਅਪਰ ਅਪਾਰ, ਅਪਰੰਪਰ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਹੋ ਦਿਆਲ ਸਾਚੀ ਸਿਖਿਆ ਦਿਤੀ ਸਿਖਾਲ, ਧੁਰ ਸੰਦੇਸ ਸੁਣਾਈਆ । ਤੇਰੀ ਸ਼ਕਤ ਵਿਚ ਜਹਾਨ, ਤੇਰਾ ਭਗਤ ਇਕ ਈਮਾਨ, ਤੇਰਾ ਦਸਤ ਇਕ ਕਮਾਨ, ਤੇਰਾ ਨਾਉਂ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੇ ਨਾਲ ਮਿਲ ਕੇ ਚਲੌਣੀ ਦੁਕਾਨ, ਲੋਕਮਾਤ ਹੱਟ ਵਖਾਈਆ । ਅੰਤਮ ਖੇਲ ਕਰੇ ਸ੍ਰੀ ਭਗਵਾਨ, ਪੁਰਖ ਅਕਾਲ ਵੱਡੀ ਵਡਿਆਈਆ । ਨੂਰ ਧਰੇ ਮਹਾਨ, ਜੋਤੀ ਜਾਤਾ ਫੇਰਾ ਪਾਈਆ । ਪਿਛਲੀ ਸਭ ਦੀ ਕੀਤੀ ਵੇਖੇ ਆਣ, ਓਹਲਾ ਰਹਿਣ ਕੋਇ ਨਾ ਪਾਈਆ । ਸਾਚਾ ਮਾਰਗ ਦੱਸੇ ਵਿਚ ਜਹਾਨ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਦਿਤਾ ਜਣਾਈਆ । ਅਸ਼ਟਭੁਜ ਕਿਹਾ ਮਨਜ਼ੂਰ, ਮੰਜ਼ਲ ਤੇਰੀ ਨਜ਼ਰੀ ਆਈਆ । ਕਲਜੁਗ ਅੰਤਮ ਸਾਰੇ ਹੋਈਏ ਮਜਬੂਰ, ਮਜਬੂਰੀ ਤੇਰੀ ਝੋਲੀ ਪਾਈਆ । ਪੁਰਖ ਅਕਾਲ ਕਹੇ ਮੇਰਾ ਦਸਤੂਰ, ਕੋਟਨ ਕੋਟ ਕਾਲ ਦਿਤੇ ਵਿਹਾਈਆ । ਸਰਗੁਣ ਉਪਜਾਵਾਂ ਆਪਣਾ ਨੂਰ, ਪੰਜ ਤਤ ਦਿਆਂ ਵਡਿਆਈਆ । ਅੰਤਮ ਅੰਤ ਆਪਣਾ ਖਿੱਚ ਆਪ ਸਰੂਰ, ਸਤਿ ਸਤਿ ਵਿਚ ਸਮਾਈਆ । ਤੁਹਾਡੀ ਸਿਫ਼ਤ ਦੀ ਵੱਜੇ ਨਾਦ ਤੂਰ, ਜਗਤ ਮਿਲੇ ਵਡਿਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਅੰਤਮ ਆਵੇ ਆਪ ਹਜ਼ੂਰ, ਹਜ਼ਰਤ ਦਾਤਾ ਬੇਪਰਵਾਹੀਆ । ਆਪ ਸਭ ਦੀ ਬੇਨੰਤੀ ਕਰੇ ਮੰਜ਼ੂਰ, ਜੋ ਆਦਿ ਤੋਂ ਕਰ ਕਰ ਬੈਠੇ ਧਿਆਨ ਲਗਾਈਆ । ਕੋਈ ਲੱਖ ਚੁਰਾਸੀ ਵਿਚੋਂ ਹੋ ਨਾ ਜਾਏ ਮਫ਼ਰੂਰ, ਡੂੰਘੀ ਕੰਦਰ ਵਿਚੋਂ ਖੋਜ ਖੋਜਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦਏ ਸਮਝਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਨਾਮ ਧੰਦੇ ਦਏ ਲਗਾਈਆ । ਹਉਮੇ ਹੰਗਤਾ ਗੜ੍ਹ ਤੋੜ

ਗ਼ਰੂਰ, ਗੁਰਮੁਖ ਸਾਚੇ ਲਏ ਬਣਾਈਆ । ਨਿਰਗੁਣ ਨਿਰਵੈਰ ਕਲ ਕਲਕੀ ਹੋਵੇ ਮਸ਼ਹੂਰ, ਮਸ਼ਵਰਾ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਸਮਝਾਈਆ । ਉਹ ਭਗਤਾਂ ਦਾ ਹੋਏ ਆਪ ਮਸ਼ਕੂਰ, ਮੁਸ਼ਕਲ ਸਭ ਦੀ ਹਲ ਕਰਾਈਆ । ਅੰਤਰ ਦੇ ਕੇ ਸਾਚਾ ਨੂਰ, ਜਗਤ ਬਸੰਤਰ ਦਏ ਬੁਝਾਈਆ । ਉਹ ਬੇਆਸ ਕਿਨਾਰਿਉਂ ਪਾਰ ਉਤਾਰੇ ਗੁਰਮੁਖਾਂ ਪੂਰ, ਵੰਝ ਮੁਹਾਣਾ ਖੇਵਟ ਖੇਟਾ ਆਪਣਾ ਇਕ ਉਠਾਈਆ । ਓਸ ਵਾਸਤੇ ਢਿਲਵਾਂ ਨਹੀਂ ਦੂਰ, ਜੋ ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਬੇਨੰਤੀ ਫੇਰ ਹੋਵੇ ਮਨਜ਼ੂਰ, ਜੋ ਮਨ ਕਾ ਮਣਕਾ ਲਏ ਭੁਆਈਆ । ਜੇ ਬਾਹਰੋਂ ਸਮਝੇ ਸਚ ਤੇ ਅੰਦਰੋਂ ਸਮਝੇ ਕੂੜ, ਕੂੜਿਆਂ ਵਿਚ ਕੂੜਾ ਹੋ ਕੇ ਝੱਟ ਲੰਘਾਈਆ । ਵੇਖੇ ਥੋੜ੍ਹਿਆਂ ਬਖ਼ਸ਼ੀ ਚਰਨ ਧੂੜ, ਜਿਨ੍ਹਾਂ ਅੰਦਰ ਬਾਹਰ ਰੰਗ ਦਿਤਾ ਰੰਗਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਹਾਜ਼ਰ ਹਜ਼ੂਰ, ਪੜਦਾ ਓਹਲਾ ਦਿਤਾ ਉਠਾਈਆ । ਗ਼ੁੱਸੇ ਵਿਚ ਆ ਕੇ ਲਵੇ ਘੂਰ, ਸ਼ਬਦ ਵਿਚ ਪ੍ਰੇਮ ਪਿਆਰ ਵਧਾਈਆ । ਜਨ ਭਗਤਾਂ ਕੋਲ ਆਵੇ ਸਦਾ ਜ਼ਰੂਰ, ਜ਼ਰੂਰਤ ਭਗਤਾਂ ਨਾਲ ਆਪਣੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਦਿ ਸ਼ਕਤ ਜਗਤ ਭਵਾਨੀ ਸਭ ਦੀ ਮਈਆ, ਮਾਤਾ ਕਹਿ ਕੇ ਜਗਤ ਮਨਾਈਆ । ਪ੍ਰਭ ਓਸ ਵੱਡੇ ਦੇ ਹੱਥ ਸਭ ਦੀ ਨਈਆ, ਜਿਸ ਦੋ ਜਹਾਨ ਰਚਨ ਰਚਾਈਆ । ਉਸ ਦਾ ਲੇਖਾ ਬਿਨ ਕਾਗ਼ਜ਼ ਵਹੀਆ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਉਹ ਸੱਜਣਾਂ ਦਾ ਸੱਜਣ ਭਈਆਂ ਦਾ ਭਈਆ, ਮਿੱਤਰਾਂ ਦਾ ਮਿਤਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਰ ਬੇਨੰਤੀ ਜੇ ਲੱਭੇ ਦਸਮ ਦਵਾਰ, ਏਹ ਮੰਜ਼ਲ ਸਤਿਗੁਰ ਸੱਚੇ ਕਦੇ ਨਾ ਭਾਈਆ । ਜਿਨ੍ਹਾਂ ਨਾਲ ਕੀਤਾ ਪਿਆਰ, ਤਿਨ੍ਹਾਂ ਸ਼ਬਦ ਵਿਚ ਸਮਾਈਆ । ਜਿਨ੍ਹਾਂ ਦਿਤਾ ਚਰਨ ਅਧਾਰ, ਤਿਨ੍ਹਾਂ ਜੋਤੀ ਜੋਤ ਮਿਲਾਈਆ । ਜਿਨ੍ਹਾਂ ਦਰਸ ਦਿਤਾ ਦਿਖਾਲ, ਤਿਨ੍ਹਾਂ ਕਾਲ ਮਹਾਂਕਾਲ ਨੇੜ ਨਾ ਆਈਆ । ਜਿਨ੍ਹਾਂ ਦੀ ਕਰੀ ਆਪ ਸੰਭਾਲ, ਸੰਬਲ ਨਗਰ ਬਹਿ ਕੇ ਖ਼ੁਸ਼ੀ ਮਨਾਈਆ । ਓਨ੍ਹਾਂ ਦਾ ਗੁਰ ਗੋਬਿੰਦ ਬਣ ਦਲਾਲ, ਸੌਦਾ ਇਕੋ ਹੱਟ ਕਰਾਈਆ । ਏਹ ਖੇਲ ਅਵੱਲੜੀ ਚਾਲ, ਜੇਹੜੀ ਸਮਝ ਕਿਸੇ ਨਾ ਪਾਈਆ । ਜੀਵ ਜੰਤ ਸਾਧ ਸੰਤ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚੋਂ ਕਰਦੇ ਭਾਲ, ਅੱਖਰਾਂ ਅੰਦਰ ਧਿਆਨ ਲਗਾਈਆ । ਕਾਇਆ ਮੰਦਰ ਕੋਈ ਨਾ ਦੱਸੇ ਧੁਰ ਦੀ ਸੱਚੀ ਧਰਮਸਾਲ, ਜਿਸ ਘਰ ਵਸੇ ਬੇਪਰਵਾਹੀਆ । ਬੇਆਸ ਕਿਨਾਰਿਉਂ ਅਗਲਾ ਕਵਣ ਜਾਣੇ ਹਾਲ, ਅਹਿਵਾਲ ਦੇ ਨਾ ਕੋਇ ਸਮਝਾਈਆ । ਓਨ੍ਹਾਂ ਕੋਲੋਂ ਪੁਛ ਜੋ ਲਾਲ ਸਿੰਘ ਵਰਗੇ ਬਣ ਗਏ ਲਾਲ, ਦਵਾਬੇ ਵਾਲੇ ਪਿਛਲੇ ਅਗਲੇ ਨਾਲ ਮਿਲਾਈਆ । ਫੇਰ ਸੂਤ ਆ ਜਾਏ ਤੇਰੀ ਚਾਲ, ਚਾਲਾਕੀ ਪਿਛਲੀ ਦਏ ਗਵਾਈਆ । ਨਸੀਬ ਸਿੰਘ ਨਾਲ ਤੇਰੇ ਨਸੀਬ ਲਏ ਉਠਾਲ, ਕਿਸਮਤ ਵਿਚੋਂ ਕਿਸਮਤ ਦਏ ਬਦਲਾਈਆ । ਗੁਰਮੇਜ ਸਿੰਘ ਨਾਲ ਰਲਾਏ ਅਗਲਾ ਜਨਮ ਦਏ ਵਖਾਲ, ਜਿਸ ਵਿਚ ਜਨਮ ਮਰਨ ਰਹਿਣ ਨਾ ਪਾਈਆ । ਓਥੇ ਗ਼ਰੀਬ ਘਰਾਨੇ ਦਾ ਪ੍ਰੀਤਮ ਸਿੰਘ ਇਕ ਜਵਾਨ, ਅੱਠੇ ਪਹਿਰ ਭੱਜੇ ਵਾਹੋ ਦਾਹੀਆ । ਜੋ ਸਾਰੀ ਸੰਗਤ ਦੀ ਕਰ ਲਏ ਪਛਾਣ, ਦੋ ਜਹਾਨ ਘਰ ਵਿਚ ਨਜ਼ਰੀ ਆਈਆ । ਪ੍ਰੀਤਮ ਨਾਲ ਮਿਲ ਕੇ ਪ੍ਰੀਤਮ ਕਰੇ ਪਰਵਾਨ, ਪ੍ਰੀਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬਿਆਸ ਕਿਨਾਰਿਉਂ ਪਾਰ ਵਸਿਆ ਢਿਲਮ ਖੇੜਾ, ਸਿਫ਼ਤ ਨਾਲ ਵਡਿਆਈਆ । ਗੁਰਮੁਖ ਜਿਥੇ

ਮਨਮਤ ਨਾ ਹੋਵੇ ਝੇੜਾ, ਸੋ ਮੰਦਰ ਸੋਭਾ ਪਾਈਆ । ਓਥੇ ਅਸ਼ਟਭੁਜ ਦੁਰਗਾ ਆਪਣਾ ਆਸਣ ਦੱਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵੇ ਆਪ ਸਹਾਈਆ । ਪਿੰਡਾਂ ਵਿਚੋਂ ਪਿੰਡ ਪ੍ਰਭੂ ਦਾ, ਸਾਢੇ ਤਿੰਨ ਹੱਥ ਨਜ਼ਰੀ ਆਇੰਦਾ । ਏਹ ਖੇਲ ਚੇਲਾ ਗੁਰੂ ਦਾ, ਗੁਰ ਚੇਲਾ ਵੇਖ ਵਖਾਇੰਦਾ । ਏਹੋ ਦੇਸ ਆਦਿ ਜੁਗਾਦਿ ਜੁਗ ਚੌਕੜੀ ਸ਼ੁਰੂ ਦਾ, ਭਗਵੰਤ ਭਗਤਾਂ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਉਠੌਂਦਾ ਏ । ਦੀਨ ਦਿਆਲ ਦਇਆ ਕਮੌਂਦਾ ਏ । ਭਗਤ ਸੁਹੇਲੇ ਵੇਖ ਵਖੌਂਦਾ ਏ । ਆਰ ਪਾਰ ਕਿਨਾਰਾ ਨਾ ਕੋਇ ਜਣੌਂਦਾ ਏ । ਸਚ ਦਵਾਰਾ ਇਕ ਵਸੌਂਦਾ ਏ । ਜਿਸ ਗ੍ਰਿਹਿ ਅਪਣਾ ਚਰਨ ਟਿਕੌਂਦਾ ਏ । ਗੁਰਮੁਖ ਸੱਜਣ ਨਾਲ ਰਲੌਂਦਾ ਏ । ਚਰਨ ਧੂੜੀ ਦੇ ਕੇ ਮਜਨ, ਦੁਰਮਤ ਮੈਲ ਧਵੌਂਦਾ ਏ । ਕੂੜੀ ਕਿਰਿਆ ਭਾਂਡੇ ਭੱਜਣ, ਹਉਮੇ ਹੰਗਤਾ ਰੋਗ ਮਿਟੌਂਦਾ ਏ । ਸੋ ਗੁਰਮੁਖ ਗੁਰਸਿਖ ਜਗਤ ਦਵਾਰੇ ਲੰਘਣ, ਮੰਦਰ ਇਕੋ ਇਕ ਵਖੌਂਦਾ ਏ । ਸ਼ਬਦ ਅਨਾਦ ਧੁਨ ਵੱਜਣ, ਰਾਗ ਇਕੋ ਇਕ ਸੁਣੌਂਦਾ ਏ । ਕਰ ਪਰਕਾਸ਼ ਜੋਤ ਨਿਰੰਜਣ, ਅਦਿ ਨਿਰੰਜਣ ਮੇਲ ਮਿਲੌਂਦਾ ਏ । ਆਤਮ ਸੇਜਾ ਬਹਿ ਕੇ ਸਜਣ, ਸੁਰਤੀ ਸ਼ਬਦੀ ਜੋੜ ਜੁੜੌਂਦਾ ਏ । ਅੰਗੀਕਾਰ ਕਰ ਕੇ ਲਾਏ ਅੰਗਨ, ਸਚ ਦਵਾਰੇ ਆਪ ਵਡਿਔਂਦਾ ਏ । ਕਰ ਬੇਨੰਤੀ ਸਾਰੇ ਮੰਗਣ, ਮਾਂਗਤ ਗੁਰਮੁਖ ਵਿਰਲਾ ਨਜ਼ਰੀ ਔਂਦਾ ਏ । ਜਿਨ੍ਹਾਂ ਅੰਤਰ ਰਸ ਮਿਲਿਆ ਅਨੰਦ ਅਨੰਦਨ, ਅਨੰਦ ਇਕੋ ਇਕ ਚਾਹੁੰਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸੰਗ ਰਖੌਂਦਾ ਏ । ਸਦਾ ਸੰਗ ਰੱਖੇ ਪ੍ਰਭ ਆਪ, ਹਰਿ ਕਰਤਾ ਦਇਆ ਕਮਾਇੰਦਾ । ਜਿਥੇ ਪਿਤਾ ਪੁਰਖ ਬਣ ਜਾਏ ਬਾਪ, ਓਥੇ ਆਦਿ ਸ਼ਕਤ ਮਾਤਾ ਆਪੇ ਨਾਲ ਰਲਾਇੰਦਾ । ਸਚ ਦਵਾਰੇ ਖੋਲ੍ਹ ਕੇ ਤਾਕ, ਪੜਦਾ ਓਹਲਾ ਆਪ ਉਠਾਇੰਦਾ । ਆਪਣੀ ਜ਼ਾਤ ਨਾਲ ਮਿਲਾ ਕੇ ਆਪਣੀ ਜ਼ਾਤ, ਅਜ਼ਾਤੀ ਰੂਪ ਵਖਾਇੰਦਾ । ਗੁਰਮੁਖਾਂ ਨਾਲ ਕਰ ਕੇ ਬਾਤਨ ਬਾਤ, ਜ਼ਾਹਰ ਆਪਣੀ ਕਲ ਧਰਾਇੰਦਾ । ਜੇਹੜੀ ਨਿਰਗੁਣ ਨਾਨਕ ਸੁਹਾਗਾਂ ਵਾਲੀ ਗਾਈ ਇਕ ਰਾਤ, ਸੋ ਰਾਤ ਸਤਿਗੁਰ ਗੁਰਸਿਖਾਂ ਆਪ ਵਖਾਇੰਦਾ । ਓਹੋ ਜੇਹੀ ਫੇਰ ਕਿਸੇ ਹੱਥ ਨਾ ਆਏ ਪਰਭਾਤ, ਕੋਟਨ ਪਰਭਾਤੀ ਰਾਗ ਅਲਾਇੰਦਾ । ਬਿਆਸ ਕਿਨਾਰਾ ਕੇਹੜਾ ਘਾਟ, ਜਗਤ ਪਤਣ ਜਗਤ ਰੂਪ ਵਟਾਇੰਦਾ । ਜੇ ਭਗਤ ਬਣ ਕੇ ਭਗਵਾਨ ਬਣਾ ਲਏ ਸੱਜਣ ਸਾਕ, ਪਿਛਲਾ ਸਾਕਾ ਸਰਬ ਮਿਟਾਇੰਦਾ । ਬਿਨ ਲੱਭਿਆਂ ਬਿਨ ਸੱਦਿਆਂ ਬਿਨ ਖੋਜਿਆਂ ਬਿਨ ਪੁਛਿਆਂ ਖੁਲ੍ਹ ਜਾਏ ਤਾਕ, ਦਰ ਦਵਾਰਾ ਇਕੋ ਇਕ ਵਖਾਇੰਦਾ । ਓਥੇ ਨਜ਼ਰੀ ਆਏ ਓਹੋ ਪਿਤਾ ਓਹੋ ਮਾਤ, ਜਿਸ ਦਾ ਬਾਪ ਗੋਦ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਇੰਦਾ । ਪ੍ਰੀਤਮ ਪ੍ਰੀਤਮ ਪ੍ਰੀਤਮ ਸੱਦਣਾ ਔਖਾ, ਔਖਿਆਂ ਵਿਚੋਂ ਔਖਾ ਨਜ਼ਰੀ ਆਈਆ । ਪ੍ਰੀਤਮ ਪ੍ਰੀਤਮ ਪ੍ਰੀਤਮ ਸੱਦਣਾ ਸੌਖਾ, ਸੁਖਾਂ ਵਿਚੋਂ ਇਕੋ ਸੁਖ ਦਏ ਵਖਾਈਆ । ਪ੍ਰੀਤਮ ਪ੍ਰੀਤਮ ਪ੍ਰੀਤਮ ਨਾਲ ਨਹੀਂ ਕੋਈ ਧੋਖਾ, ਕੂੜੀ ਕਿਰਿਆ ਡੇਰਾ ਢਾਹੀਆ । ਲੱਖ ਚੁਰਾਸੀ ਵਿਚੋਂ ਜੇ ਮਾਣਸ ਜਨਮ ਮਿਲ ਗਿਆ ਮੌਕਾ, ਮੁਫ਼ਤ ਆਪਣਾ ਆਪ ਲਓ ਤਰਾਈਆ । ਹੁਣ ਵੇਲਾ ਨਹੀਂ ਗਨਕਾ ਵਾਂਗ ਦੇਣ ਦਾ ਤੋਤਾ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਕੇਹੜੀ ਗੱਲ ਦਸਮ ਦਵਾਰੀ ਕੋਠਾ, ਸਚਖੰਡ ਬੈਠਾ ਬੇਪਰਵਾਹੀਆ । ਉਸ ਦਾ ਆਦਿ ਸ਼ਕਤ ਨਾਲ ਨਹੀਂ ਕੋਈ ਰੋਸਾ, ਫ਼ਕਤ ਆਪਣਾ ਹੁਕਮ

ਵਰਤਾਈਆ । ਜਨ ਭਗਤਾਂ ਪੂਰੀ ਕਰੇ ਲੋਚਾ, ਲੋਚਣ ਆਪਣੇ ਨਾਲ ਮਿਲਾਈਆ । ਇਸ ਦੀਆਂ ਕਿਆ ਕੋਈ ਕਰੇ ਸੋਚਾਂ, ਸੋਚ ਸਮਝ ਸਕੇ ਨਾ ਕੋਇ ਰਾਈਆ । ਆਪਣੀ ਕਿਰਪਾ ਨਾਲ ਖਰਾ ਕਰੇ ਖੋਟਾ, ਖੋਟਿਓ ਖਰਾ ਦੇਵੇ ਬਣਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਦਾ ਨਰਾਲਮ ਜੋਤਾ, ਆਲਸ ਵਿਚ ਸਮਾਈਆ । ਉਸ ਨੂੰ ਮਿਲਣਾ ਸਭ ਤੋਂ ਸੌਖਾ, ਜੇ ਆਪ ਆ ਕੇ ਹੋਏ ਸਹਾਈਆ । ਲੇਖਾ ਚੁੱਕੇ ਲੋਕ ਪਰਲੋਕਾ, ਚੌਦਾਂ ਲੋਕ ਚੌਦਾਂ ਵਿਦਿਆ ਚੌਦਸ ਚੰਦ ਬੈਠੇ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ੇ ਸਦਾ ਇਕੋ ਓਟਾ, ਓਟ ਅਕਾਲ ਇਕ ਸਮਝਾਈਆ । ਪ੍ਰੀਤਮ ਪ੍ਰੀਤ ਲਗੌਣੀ ਸਿੱਖ, ਸਿੱਖੀ ਸਿਖਿਆ ਵਿਚੋਂ ਪਰਗਟਾਈਆ । ਜੋ ਕੁਛ ਬਾਹਰੋਂ ਰਿਹਾ ਦਿਸ, ਇਸ ਤੋਂ ਵੱਖਰਾ ਅੰਦਰ ਨੂਰ ਇਲਾਹੀਆ । ਜਗਤ ਨੇਤਰ ਸਦਾ ਅਨਡਿੱਠ, ਨਿਜ ਨੇਤਰ ਆਪਣਾ ਦਰਸ ਦਏ ਦਰਸਾਈਆ । ਕਰਵਟ ਲੈ ਬਦਲੇ ਪਿੱਠ, ਸਨਮੁਖ ਹੋ ਕੇ ਨਜ਼ਰੀ ਆਈਆ ਪਤਿਪਰਮੇਸ਼ਵਰ ਬਣ ਕੇ ਪਿਤ, ਭਗਤ ਭਗਵੰਤ ਗੋਦ ਉਠਾਈਆ । ਆਤਮ ਪਰਮਾਤਮ ਕਰੇ ਹਿਤ, ਹਿਤਕਾਰੀ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਆਪਣੀ ਦਇਆ ਕਮਾਈਆ । ਆਦਿ ਸ਼ਕਤ ਮਿਲੇ ਮਾਤਾ, ਮਤਲਬ ਸਭ ਦਾ ਹਲ ਕਰਾਈਆ । ਅੱਖਰਾਂ ਨਾਲ ਕਰੇ ਗਿਆਤਾ, ਛੰਦਾਂ ਬੰਦਾਂ ਵਿਚ ਪੜ੍ਹਾਈਆ । ਨਾਦਾਂ ਨਾਲ ਸੁਣਾਏ ਰਾਗਾ, ਰਾਗਨੀ ਮਿਲ ਮਿਲ ਖ਼ੁਸ਼ੀ ਮਨਾਈਆ । ਜਗਤ ਤਾਲ ਵਜਾਵੇ ਸਾਜਾ, ਸੋਹਣੀ ਬਣਤ ਬਣਾਈਆ । ਕਰੇ ਖੇਲ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਭਗਤ ਭਗਵਾਨ ਸਮਾਜਾ, ਦੂਜਾ ਸਮਝ ਸਕੇ ਨਾ ਕੋਇ ਰਾਈਆ । ਬੇਸ਼ਕ ਨਿਰਗੁਣ ਸਰਗੁਣ ਖੇਲ ਕਰੇ ਵਿਚ ਮਾਝਾ, ਦੁਆਬਾ ਦੂਰ ਨਾ ਕੋਇ ਰਖਾਈਆ । ਓਨ੍ਹਾਂ ਦਾ ਕਰੇ ਲਾਗਾ, ਜਿਨ੍ਹਾਂ ਦੀ ਲਾਗਤ ਪਿਛੇ ਦਿਤੀ ਚੁਕਾਈਆ । ਫਿਰ ਆਪੇ ਆਪਨੜੇ ਘਰ ਆਵੇ ਭਾਜਾ, ਭਗਤਾਂ ਘਰ ਆਪਣਾ ਘਰ ਬਣਾਈਆ । ਉਹ ਭਗਤਾਂ ਦਾ ਮੁਹਤਾਜਾ, ਪ੍ਰੇਮ ਪਿਆਰ ਦਾ ਭੁੱਖਾ ਭੱਜੇ ਵਾਹੋ ਦਾਹੀਆ । ਰਾਤੀਂ ਸੁੱਤਿਆਂ ਮਾਰੇ ਵਾਜਾਂ, ਘਰ ਘਰ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਆਪਣੇ ਨਾਲ ਮਿਲਾਈਆ । ਸਾਚਾ ਮੇਲ ਕਰੇ ਮਿਲਾਪ, ਮਿਲਨੀ ਹਰਿ ਜਗਦੀਸ਼ ਕਰਾਇੰਦਾ । ਕੋਟ ਜਨਮ ਦੇ ਉਤਾਰ ਪਾਪ, ਦੁਰਮਤ ਮੈਲ ਧਵਾਇੰਦਾ । ਜੋ ਆਦਿ ਭਵਾਨੀ ਗਈ ਆਖ, ਤਿਸ ਦਾ ਲੇਖਾ ਮੂਲ ਚੁਕਾਇੰਦਾ । ਜੋ ਦੁਰਗਾ ਕੀਤਾ ਪਾਠ, ਓਅੰ ਸੋਹੰ ਸਚ ਸਮਝਾਇੰਦਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣਿਆ ਭਵਿਖਤ ਵਾਕ, ਤਿਨ੍ਹਾਂ ਦੀ ਬੇਨੰਤੀ ਆਪਣੀ ਝੋਲੀ ਪਾਇੰਦਾ । ਬੇਨੰਤੀ ਅੰਦਰ ਹੋ ਕੇ ਦਾਸੀ ਦਾਸ, ਸੇਵਕ ਆਪਣੀ ਸੇਵ ਕਮਾਇੰਦਾ । ਪ੍ਰਭੂ ਦਾ ਏਹੋ ਖੇਲ ਖ਼ਾਸ, ਖ਼ਾਹਿਸ਼ ਭਗਤਾਂ ਪੂਰ ਕਰਾਇੰਦਾ । ਚਲਾਕੀ ਵਿਚ ਬੰਦਾ ਖ਼ਾਕੀ ਜੇ ਕੋਈ ਬਣੇ ਬਦਮਾਸ਼, ਬਦੀ ਮੇਟ ਨੇਕੀ ਵਿਚ ਬਦਲਾਇੰਦਾ । ਓਹਦਾ ਲੇਖੇ ਲਾਵੇ ਸਾਸ ਸਵਾਸ, ਜੋ ਬੇਨੰਤੀ ਅਰਦਾਸ ਵਿਚ ਵਟਾਇੰਦਾ । ਓਨ੍ਹਾਂ ਸੰਗ ਸਤਿਗੁਰ ਕਿਉਂ ਨਾ ਵਸੇ ਸਾਥ, ਜੋ ਸੱਜਣ ਹੋ ਕੇ ਆਪਣੇ ਘਰ ਬੁਲਾਇੰਦਾ । ਬਿਆਸ ਕਿਨਾਰਾ ਕੇਹੜਾ ਘਾਟ, ਜਿਸ ਘਾਟ ਉਤੇ ਘਾਟਾ ਨਾ ਪੂਰ ਕਰਾਇੰਦਾ । ਗੁਰਮੁਖ ਗੁਰਮੁਖਾਂ ਮਿਲੇ ਜਮਾਤ, ਸਾਹਿਬ ਸਤਿਗੁਰ ਪੱਟੀ ਆਪਣਾ ਨਾਮ ਪੜ੍ਹਾਇੰਦਾ । ਸਾਚੀ ਦੇ ਇਕ ਹਦਾਇਤ, ਹਾਸਲ ਹੱਕ ਆਪ ਸਮਝਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕਫ਼ਾਇਤ, ਸੋਹਣੀ ਵੰਡ ਵੰਡਾਇੰਦਾ । ਮੁਰਸ਼ਦ ਮੁਰੀਦਾਂ ਉਤੇ ਕਰ ਅਨਾਇਤ, ਮਿਹਰ

੧੧੩

ਨਜ਼ਰ ਉਠਾਇੰਦਾ । ਸੋ ਫ਼ਕੀਰ ਕਹੀਏ ਲਾਇਕ, ਜੋ ਫ਼ਿਕਰਾ ਇਕੋ ਅੱਖਰ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸੰਗ ਧੁਰ ਦਾ ਆਪ ਬਣਾਇੰਦਾ । ਸਚ ਬੇਨੰਤੀ ਲਏ ਮੰਨ, ਮਨਸਾ ਪੂਰ ਕਰਾਈਆ । ਸਚ ਦਵਾਰੇ ਸਾਚਾ ਚੰਨ, ਚੰਦ ਕਰੇ ਰੁਸ਼ਨਾਈਆ । ਕੂੜ ਕੁੜਿਆਰਿਆਂ ਦੇਵੇ ਡੰਨ, ਖੰਡਾ ਖੜਗ ਨਾਮ ਚਮਕਾਈਆ । ਲੇਖੇ ਲਾਏ ਭਗਤ ਸੁਹੇਲੇ ਜਨ, ਜਨ ਜਨਨੀ ਦਏ ਵਡਿਆਈਆ । ਜਨ ਭਗਤ ਦਵਾਰੇ ਸਦਾ ਸਦਾ ਸਦ ਧੰਨ, ਧੰਨ ਧੰਨ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲੀ ਬੁਧ ਨਹੀਂ ਅੰਞਾਣ, ਖੇਲ ਕਰੇ ਵਿਸ਼ਨੂੰ ਭਗਵਾਨ, ਭਗਤ ਸੁਹੇਲੇ ਲਏ ਪਹਿਚਾਨ, ਸ਼ਬਦ ਏਲਾਨ ਨਾਲ ਉਠਾਈਆ ।

## ✪ ੨ ਹਾੜ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਜਨ ਭਗਤ ਬੇਨੰਤੀ ਸਦਾ ਇਕ, ਆਖਰ ਮੰਜ਼ਲ ਪੰਧ ਮੁਕਾਇੰਦਾ । ਨਿਜ ਨੇਤਰ ਨਿਰਗੁਣ ਨਿਰਵੈਰ ਪਏ ਦਿਸ, ਪੰਜ ਤਤ ਕਾਇਆ ਚੋਲਾ ਸੋਭਾ ਪਾਇੰਦਾ । ਕਰਵਟ ਲੈ ਬਦਲੇ ਪਿਠ, ਸਨਮੁਖ ਸਵੱਛ ਸਰੂਪੀ ਰੂਪ ਧਰਾਇੰਦਾ । ਪ੍ਰੇਮ ਪ੍ਰੀਤੀ ਅੰਦਰ ਕਰੇ ਹਿਤ, ਹੇਤ ਸੱਚਾ ਸਚ ਲਗਾਇੰਦਾ । ਬਿਨ ਲੇਖਿਓਂ ਲੇਖਾ ਦੇਵੇ ਲਿਖ, ਪੂਰਬ ਲਹਿਣਾ ਮੇਲ ਮਿਲਾਇੰਦਾ । ਸਵਾਮੀ ਹੋ ਕੇ ਧੁਰ ਦਾ ਪਿਤ, ਪੁੱਤਰ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਭਗਤਾਂ ਬੇਨੰਤੀ ਸੁਣੀ ਪ੍ਰਭ ਆਪ, ਕਲਜੁਗ ਅੰਤ ਦਿਤੀ ਵਡਿਆਈਆ । ਇਕੋ ਸਿਮਰਨ ਦੱਸ ਕੇ ਪੂਜਾ ਪਾਠ, ਸਾਂਤਕ ਸਤਿ ਦਿਤਾ ਕਰਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਨੂਰ ਚਮਕਾਈਆ । ਸ਼ਬਦ ਅਮੋਲਕ ਦੇ ਕੇ ਦਾਤ, ਖ਼ਜ਼ੀਨਾ ਘਰ ਭਰਾਈਆ । ਸਚ ਮਿਲਾ ਜਨ ਜਮਾਤ, ਜਨ ਜਨਨੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਏ ਸਹਾਈਆ । ਭਗਤ ਬੇਨੰਤੀ ਸਦਾ ਪ੍ਰਭ ਪਾਸ, ਦੂਸਰ ਇਸ਼ਟ ਨਾ ਕੋਇ ਮਨਾਈਆ । ਬੰਦਨ ਜੋੜ ਕਰੇ ਅਰਦਾਸ, ਆਰਜ਼ੂ ਆਪਣੀ ਇਕ ਸੁਣਾਈਆ । ਮੈਨੂੰ ਤੇਰੇ ਮਿਲਣ ਦੀ ਖ਼ਾਹਿਸ਼, ਦੂਜੀ ਆਸ ਨਾ ਕੋਇ ਵਖਾਈਆ । ਹਉਂ ਸੇਵਕ ਬਾਲਾ ਨੱਢਾ ਦਾਸ, ਘੋਲੀ ਘੋਲ ਘੁਮਾਈਆ । ਮਾਣਸ ਜਨਮ ਕਰ ਰਾਸ, ਰਹਿਰਾਸ ਤੇਰੀ ਇਕੋ ਭਾਈਆ । ਜਿਸ ਗ੍ਰਿਹਿ ਚਲੇ ਸਵਾਸ, ਤਿਸ ਮੰਦਰ ਦੇ ਵਡਿਆਈਆ । ਦੀਆ ਬਾਤੀ ਕਰ ਪਰਕਾਸ਼, ਜੋਤੀ ਜੋਤ ਰੁਸ਼ਨਾਈਆ । ਆਤਮ ਸੇਜਾ ਸੌਣਾ ਖਾਟ, ਪਲੰਘ ਸੁਹਾਵਾ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਜਨ ਭਗਤ ਬੇਨੰਤੀ ਸੁਣੇ ਪ੍ਰਭ ਮੀਤ, ਠਾਕਰ ਵੱਡਾ ਵਡ ਵਡਿਆਈਆ । ਬਿਨ ਭਗਤ ਨਾ ਚਲੇ ਰੀਤ, ਮਾਰਗ ਸਚ ਨਾ ਕੋਇ ਵਖਾਈਆ । ਲੇਖਾ ਚੁੱਕੇ ਨਾ ਊਚ ਨੀਚ, ਜ਼ਾਤ ਪਾਤ ਡੇਰਾ ਕੋਇ ਨਾ ਢਾਹੀਆ । ਦਵਾਰਾ ਸਚ ਵੇਖੇ ਨਾ ਕੋਇ ਦਹਿਲੀਜ਼, ਅੰਦਰ ਬਾਹਰ ਕਦਮ ਨਾ ਕੋਇ ਟਿਕਾਈਆ । ਆਤਮ ਪਰਮਾਤਮ ਪ੍ਰੇਮ ਪ੍ਰੀਤੀ ਅੰਦਰ ਜਾਏ ਸੀਜ, ਸੋਹਣੀ ਕਮਲੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ

ਟਿਕਾਈਆ । ਭਗਤ ਬੇਨੰਤੀ ਸਦ ਨੀਕਨ ਨੀਕੀ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਜਿਸ ਦੀ ਧਾਰ ਅਨਡਿਠ ਬਾਰੀਕੀ, ਪਤਿਪਰਮੇਸ਼ਵਰ ਆਪ ਰਖਾਈਆ । ਜਿਸ ਦਾ ਬਣੇ ਨਾ ਕੋਇ ਸ਼ਰੀਕੀ, ਸ਼ਿਰਕਤ ਵਿਚ ਨਾ ਕੋਇ ਰਖਾਈਆ । ਜਿਸ ਦੀ ਸਾਰ ਇਸ਼ਕ ਨਾ ਪਾਏ ਮਜਾਜ਼ੀ ਹਕੀਕੀ, ਆਸ਼ਕਾਂ ਪਰੇ ਹਰਿਜਨ ਡੇਰਾ ਬੈਠਾ ਲਾਈਆ । ਓਥੇ ਸਿਫ਼ਤ ਨਾ ਕੋਇ ਤਾਰੀਫ਼ੀ, ਕਲਮਿਆਂ ਨਾਲ ਨਾ ਕੋਇ ਪੜ੍ਹਾਈਆ । ਮਹਿਰਾਬ ਨਜ਼ਰ ਨਾ ਆਏ ਮਸੀਤੀ, ਮਸਲਾ ਮੁੱਲਾ ਨਾ ਕੋਇ ਸੁਣਾਈਆ । ਨੂਰ ਖ਼ੁਦਾਏ ਇਕ ਤੌਫ਼ੀਕੀ, ਦੂਜਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਭਗਤ ਬੇਨੰਤੀ ਕਰੇ ਸਦ, ਨਿਤ ਨਵਿਤ ਧਿਆਨ ਲਗਾਈਆ । ਅਬਿਨਾਸ਼ੀ ਕਰਤੇ ਘਰ ਔਣਾ ਭੱਜ, ਨਿਰਗੁਣ ਬਣ ਕੇ ਪਾਂਧੀ ਰਾਹੀਆ । ਮੇਰੀ ਸੇਜ ਸੁਹੰਜਣੀ ਬਹਿਣਾ ਸਜ, ਧੁਰ ਦਾ ਰੂਪ ਵਖਾਈਆ । ਮੇਰਾ ਪੂਰਾ ਕਰੌਣਾ ਸਚਾ ਹੱਜ, ਹਾਜਤ ਅਵਰ ਨਾ ਕੋਇ ਜਣਾਈਆ । ਲੋਕਮਾਤ ਕਰਨਾ ਕਾਜ, ਕਰਤੇ ਪੁਰਖ ਹੋ ਸਹਾਈਆ । ਆਪਣੇ ਨਾਲ ਬਖ਼ਸ਼ਣਾ ਇਤਫ਼ਾਕ, ਨਫ਼ਾਕ ਨਜ਼ਰ ਕੋਇ ਨਾ ਆਈਆ । ਮਹਿਬੂਬ ਮੈਂ ਤੇਰਾ ਮੁਸ਼ਤਾਕ, ਮੁਸ਼ਕਲ ਸਾਰੀ ਹਲ ਕਰਵਾਈਆ । ਤੇਰਾ ਮਿਤਰ ਪਿਆਰਾ ਬਣ ਅਹਿਬਾਬ, ਰਬਾਬ ਤਨ ਸ਼ਨਵਾਈਆ । ਸਚ ਦਵਾਰ ਇਕ ਅਰਦਾਸ, ਬੇਨੰਤੀ ਸਚ ਦ੍ਰਿੜਾਈਆ । ਜਗਤ ਵਿਛੋੜਾ ਕੱਟ ਅਜ਼ਾਬ, ਦੋਹਰਾ ਆਪਣਾ ਮੇਲ ਮਿਲਾਈਆ । ਮੁਖ ਪੜਦਾ ਖੋਲ੍ਹ ਨਕਾਬ, ਚਸ਼ਮੇ ਦੀਦ ਕਰ ਰੁਸ਼ਨਾਈਆ । ਜਗਤ ਭੁੱਲੇ ਹੁਜਰਾ ਮਹਿਰਾਬ, ਮਹੱਲਾ ਇਕੋ ਸੋਭਾ ਪਾਈਆ । ਜਿਸ ਗ੍ਰਿਹ ਪਰਵਰਦਿਗਾਰ ਵਸੇ ਆਪ, ਆਪਣਾ ਡੇਰਾ ਲਾਈਆ । ਓਸ ਦਵਾਰੇ ਲੈ ਜਾ ਸਾਥ, ਧੁਰ ਦਾ ਸੰਗ ਬਣਾਈਆ । ਮੇਰੀ ਕਾਇਨਾਤ ਵਾਲੀ ਨਹੀਂ ਗਾਥ, ਰਸਨਾ ਨਾਲ ਨਾ ਕੋਇ ਪੜ੍ਹਾਈਆ । ਜਨ ਭਗਤ ਕਹੇ ਮੈਂ ਇਕੋ ਵਾਰ ਕਿਹਾ ਤੂੰ ਮੇਰਾ ਬਾਪ, ਪਿਤਾ ਪੂਤ ਹੋਏ ਨਾ ਕਦੇ ਜੁਦਾਈਆ । ਤੇਰੀ ਧਾਰੋਂ ਤੇਰੀ ਉਪਜੀ ਸ਼ਾਖ਼, ਤੁਧ ਬਿਨ ਸ਼ਨਾਖ਼ਤ ਕਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਜੋੜ ਪਿਆ ਸਰਨਾਈਆ । ਭਗਤ ਬੇਨੰਤੀ ਅੰਤਰ ਅੰਤਰ, ਸਮਝ ਸਕੇ ਕੋਇ ਨਾ ਰਾਈਆ । ਪੜ੍ਹ ਪੜ੍ਹ ਥੱਕੇ ਜਗਤ ਜਗ ਮੰਤਰ, ਨਿਰੰਤਰ ਬ੍ਰਹਮ ਮੇਲ ਨਾ ਕੋਇ ਮਿਲਾਈਆ । ਦੀਨ ਦਿਆਲ ਪ੍ਰਭ ਜਿਸ ਬਣਾਏ ਬਣਤਰ, ਠਾਕਰ ਹੋ ਕੇ ਠਾਕਰ ਲਏ ਪਰਗਟਾਈਆ । ਵੇਖ ਖੇਲ ਗਗਨ ਗਗਨੰਤਰ, ਗ੍ਰਿਹ ਮੰਦਰ ਖੋਜ ਖੋਜਾਈਆ । ਸੀਸ ਨਿਵਾਏ ਵਿਸ਼ਨ ਬ੍ਰਹਮਾ ਸ਼ੰਕਰ, ਨਿਉਂ ਨਿਉਂ ਲਾਗੇ ਪਾਈਆ । ਕਿੰਗਰਾ ਕਿੰਗਰਾ ਵੱਜੇ ਮਰਦੰਗ ਕੰਕਰ, ਚਾਰ ਕੁੰਟ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਸਹਿਜ ਸੁਖਦਾਈਆ । ਭਗਤ ਬੇਨੰਤੀ ਅੱਗੇ ਸਾਚੇ ਪੀਆ, ਪ੍ਰੀਤਮ ਤੇਰੀ ਇਕ ਸਰਨਾਈਆ । ਨਿਰਮਲ ਨਿਰਵੈਰ ਕਰ ਜੀਆ, ਜੀਵਣ ਜੁਗਤ ਦੇ ਸਮਝਾਈਆ । ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਆਂ, ਰਾਏ ਧਰਮ ਨਾ ਦਏ ਸਜ਼ਾਈਆ । ਆਪਣੇ ਮਿਲਣ ਦਾ ਬਖ਼ਸ਼ ਹੀਆ, ਹਰਿ ਹਰਿ ਤੇਰੀ ਓਟ ਤਕਾਈਆ । ਸਤਿ ਧਰਮ ਦੀ ਲਾ ਦੇ ਨੀਂਹਾ, ਜੜ੍ਹ ਸਕੇ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਭਗਤ ਕਹੇ ਸਿਰ ਰਖ ਹੱਥ, ਬੇਨੰਤੀ ਇਕੋ ਵਾਰ ਸੁਣਾਈਆ । ਨੇਤਰ ਖੋਲ੍ਹ ਵੇਖ ਅੱਖ, ਪ੍ਰਤਖ ਰੂਪ ਗੋਸਾਈਆ । ਪੂਰਬ ਲੇਖਾ ਦੇ ਦੇ ਹੱਕ, ਧੁਰ ਦੀ ਮੰਗ ਮੰਗਾਈਆ । ਜੇ ਭਗਤਾਂ ਕੋਲੋਂ ਗਿਆ ਅੱਕ, ਜੁਗ ਜੁਗ ਸੇਵ ਕਮਾਈਆ । ਅੱਗੇ ਵਾਸਤੇ ਆਪਣੀ ਸ੍ਰਿਸ਼ਟੀ


੧੧੫
੧੨

ਕਰ ਕੇ ਬੱਸ, ਬਸਤੇ ਗੰਢ ਪਵਾਈਆ । ਸ੍ਰੀ ਭਗਵਾਨ ਪਿਆ ਹੱਸ, ਸ਼ਬਦੀ ਸ਼ਬਦ ਸ਼ਨਵਾਈਆ । ਬਿਨ ਭਗਤਾਂ ਮੇਰੀ ਕੀਮਤ ਪਏ ਨਾ ਕੱਖ, ਜਗਤ ਮਿਲੇ ਨਾ ਕੋਇ ਵਡਿਆਈਆ । ਕਲਜੁਗ ਅੰਤਮ ਕਰ ਕਿਰਪਾ ਦਿਤਾ ਹੱਕ, ਮਿਹਰ ਨਜ਼ਰ ਇਕ ਉਠਾਈਆ । ਜਿਨ੍ਹਾਂ ਸੱਚਾ ਨਾਮ ਲਿਆ ਜਪ, ਓਟ ਪੁਰਖ ਅਕਾਲ ਤਕਾਈਆ । ਤਿਨ੍ਹਾਂ ਮੇਟ ਰੋਗ ਸੰਤਾਪ ਤਪ, ਤਪਸ਼ ਅਗਨੀ ਦਏ ਬੁਝਾਈਆ । ਸਾਚੀ ਦੇ ਕੇ ਗੁਰਮਤ, ਮਨਮਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵੇ ਸਦਾ ਸਹਾਈਆ । ਬੇਨੰਤੀ ਕਹੇ ਮੈਂ ਪ੍ਰਭ ਤੋਂ ਡਰਦੀ, ਨੇਤਰ ਨੈਣ ਨੈਣ ਸ਼ਰਮਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹੇ ਗੁਰਮੁਖਾਂ ਘਰ ਵੜਦੀ, ਜੋੜ ਜੋੜ ਆਪਣਾ ਵਾਸਤਾ ਪਾਈਆ । ਮੈਂ ਸੇਵਕ ਧੁਰ ਦੀ ਬਰਦੀ, ਨਿਤ ਨਵਿਤ ਸੇਵਾ ਸਚ ਕਮਾਈਆ । ਮੈਂ ਹਾਲਤ ਵੇਖੀ ਓਸ ਘਰ ਦੀ, ਜਿਸ ਗ੍ਰਿਹਿ ਵਸੇ ਬੇਪਰਵਾਹੀਆ । ਨਾ ਗਰਮੀ ਨਾ ਸਰਦੀ, ਰੁਤੜੀ ਰੁਤ ਨਾ ਕੋਇ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰੂਹ ਵੇਖੀ ਕੋਈ ਨਾ ਪੜ੍ਹਦੀ, ਬੁਤਖ਼ਾਨਾ ਨਜ਼ਰ ਕੋਇ ਨਾ ਆਈਆ । ਜਿਧਰ ਵੇਖਣ ਇਕੋ ਨਜ਼ਰ ਆਏ ਦਰਦੀ, ਜੋ ਦਰ ਬੈਠਿਆਂ ਦਰਦ ਵੰਡਾਈਆ । ਬੇਪਰਵਾਹ ਹੋ ਕੇ ਵਰਤੇ ਆਪਣੀ ਮਰਜ਼ੀ, ਸਦ ਮਜ਼ਲੂਮਾਂ ਲਏ ਛੁਡਾਈਆ । ਏਹੋ ਖੇਲ ਓਹਦੀ ਅਸਚਰਜੀ, ਅਚਰਜ ਬਣਤ ਬਣਾਈਆ । ਜੋ ਆਤਮ ਪਰਮਾਤਮ ਸਰਨੀ ਪੜਦੀ, ਦਰ ਠਾਂਡਾ ਦਏ ਜਣਾਈਆ । ਪੌੜੀ ਚੜ੍ਹਾਏ ਸਾਚੇ ਹਰਿ ਦੀ, ਮੰਜ਼ਲ ਪੰਧ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬੇਨੰਤੀ ਕਹੇ ਮੈਂ ਜੁਗ ਚੌਕੜੀ ਰਹੀ ਸੁੱਤੀ, ਮੇਰੀ ਅੱਖ ਨਾ ਕਿਸੇ ਖੁਲ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਘਰ ਕਰਦੀ ਰਹੀ ਬੁੱਤੀ, ਡੂਮਣੀ ਹੋ ਕੇ ਸੇਵ ਕਮਾਈਆ । ਸਿਫ਼ਤਾਂ ਵਿਚ ਬਣ ਕੇ ਵੱਡੀ ਉਚੀ, ਭੱਜਾਂ ਵਾਹੋ ਦਾਹੀਆ । ਘਰ ਸਵਾਣੀ ਘਟ ਘਟ ਵੇਖੀ ਲੁਕੀ, ਮੁਖ ਘੁੰਗਟ ਨਾ ਕੋਇ ਉਠਾਈਆ । ਹਰਿ ਕਾ ਨਾਉਂ ਗੌਂਦੇ ਸ਼ਬਦੀ ਰਾਗੀ ਤੁਕੀਂ, ਤਰਜ਼ਾਂ ਨਾਲ ਸੁਣਾਈਆ । ਸਚ ਪੁਛੋ ਓਨ੍ਹਾਂ ਦੀ ਬੇਨੰਤੀ ਅੰਤਮ ਮੁਕੀ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਬਾਕੀ ਸਭ ਤੋਂ ਦਵਾਏ ਛੁੱਟੀ, ਛੁਟਕਾਰਾ ਦਏ ਕਰਾਈਆ । ਜੁਗ ਜਨਮ ਦੀ ਆਤਮ ਰੁੱਠੀ, ਪਰਮਾਤਮ ਲਏ ਮਨਾਈਆ । ਏਹ ਰਮਜ਼ ਅਨੋਖੀ ਗੁਰਮੁਖ ਵਿਰਲੇ ਬੁਝੀ, ਜਿਸ ਬੁਝਾਰਤ ਆਪਣੀ ਆਪ ਸਮਝਾਈਆ । ਸਚ ਦਵਾਰੇ ਲਾ ਕੇ ਰੁਚੀ, ਸੁੱਚੀ ਸੋਹਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬੇਨੰਤੀ ਕਹੇ ਮੇਰਾ ਧੁਰ ਦਾ ਚਾਅ, ਚਾਉ ਘਨੇਰਾ ਇਕ ਸਮਝਾਈਆ । ਪ੍ਰਭ ਮਿਲਿਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਨ ਭਗਤਾਂ ਬਣ ਮਲਾਹ, ਬੇੜਾ ਕੰਧ ਉਠਾਈਆ । ਸਤਿ ਧਰਮ ਦੀ ਦੇ ਸਲਾਹ, ਸਾਚੀ ਸਿਖਿਆ ਇਕ ਜਣਾਈਆ । ਧੁਰ ਦਾ ਨਾਤਾ ਲਓ ਜੁੜਾ, ਸੱਚਾ ਬੰਧਨ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਬੇਨੰਤੀ ਕਹੇ ਮੈਂ ਵੇਖਿਆ ਵੱਡਾ, ਵੱਡਿਆਂ ਵਿਚੋਂ ਵੱਡਾ ਨਜ਼ਰੀ ਆਇੰਦਾ । ਜਿਸ ਦਾ ਮੰਦਰ ਉਚ ਦਵਾਰਾ ਸਚਖੰਡਾ, ਖੰਡਾ ਖੜਗ ਨਾ ਕੋਇ ਚਮਕਾਇੰਦਾ । ਜਿਸ ਦਾ ਆਦਿ ਜੁਗਾਦੀ ਇਕੋ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜਿਸ ਦਾ ਸਦਾ ਸਦਾ ਸਦ ਸਾਚਾ ਚੰਦਾ, ਜੋਤੀ ਨੂਰ ਡਗਮਗਾਇੰਦਾ । ਜਿਸ ਦਾ ਲੱਖ ਚੁਰਾਸੀ ਚਾਰੇ ਖਾਣੀ ਧੰਦਾ, ਧੁਰ ਦਾ ਸੇਵਕ ਇਕੋ ਨਜ਼ਰੀ ਆਇੰਦਾ । ਸੋ ਸਾਹਿਬ ਗੁਰਮੁਖ ਬਣਾਏ ਆਪਣਾ ਬੰਦਾ, ਬੰਦਗੀ ਆਪਣਾ ਨਾਮ ਦ੍ਰਿੜ੍ਹਾਇੰਦਾ । ਮਨ ਵਿਕਾਰ ਰਹੇ

ਨਾ ਗੰਦਾ, ਕੂੜ ਹੰਕਾਰ ਪੰਧ ਮੁਕਾਇੰਦਾ । ਜਨ ਭਗਤਾਂ ਸੁਣਾਇਆ ਸੋਹੰ ਛੰਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕੋ ਨਾਮ ਦ੍ਰਿੜਾਇੰਦਾ । ਸੋ ਗੁਰਮੁਖ ਗੁਰਸਿਖ ਸੰਤ ਭਗਤ ਏਥੇ ਓਥੇ ਦੋ ਜਹਾਨ ਹੋਵੇ ਨਾ ਰੰਡਾ, ਧੁਰ ਦਾ ਮੇਲਾ ਆਪਣੇ ਹੱਥ ਰਖਾਇੰਦਾ । ਪ੍ਰੇਮ ਪਿਆਰ ਦੀ ਸਗਨੀ ਬੰਨ੍ਹੇ ਗੰਢਾ, ਪੱਲੂ ਆਪਣੇ ਨਾਲ ਜੁੜਾਇੰਦਾ । ਸਚ ਦਵਾਰ ਵਖਾ ਕੇ ਠੰਡਾ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਬੇਨੰਤੀ ਕਹੇ ਮੈਂ ਵੇਖਿਆ ਖੇਲ, ਖ਼ਾਲਕ ਖ਼ਲਕ ਕਰਾਈਆ । ਨਿਰਗੁਣ ਨਾਲ ਨਿਰਗੁਣ ਮੇਲ, ਸਰਗੁਣ ਸਰਗੁਣ ਨਾਲ ਜੁੜਾਈਆ । ਸੱਜਣਾਂ ਨਾਲ ਸੱਜਣ ਸੁਹੇਲ, ਮਿਤਰਾਂ ਨਾਲ ਮੀਤ ਪਿਆਰਾ ਰੂਪ ਵਟਾਈਆ । ਗੁਰਮੁਖ ਗੁਰਸਿਖ ਨਾਰ ਬਣੇ ਨਾ ਕੋਈ ਧਰੇਲ, ਕੰਤ ਸੁਹਾਗੀ ਘਰ ਸਾਚੇ ਆਪ ਪਰਨਾਈਆ । ਬੰਦੀਖ਼ਾਨਾ ਤੋੜ ਕੇ ਜੇਲ, ਸਚ ਦਵਾਰੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬੇਨੰਤੀ ਕਹੇ ਪ੍ਰਭੂ ਕਿਰਪਾ ਕਰਦਾ, ਦੀਨਨ ਦਇਆ ਕਮਾਇੰਦਾ । ਲੇਖਾ ਜਾਣੇ ਆਪਣੇ ਘਰ ਦਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਸਾਚੀ ਮੰਜ਼ਲ ਪੌੜੀ ਚੜ੍ਹਦਾ, ਡੰਡਾ ਇਕੋ ਇਕ ਵਖਾਇੰਦਾ । ਕਰੇ ਖੇਲ ਨਰ ਹਰਿ ਦਾ, ਨਰਾਇਣ ਫੇਰਾ ਪਾਇੰਦਾ । ਲੇਖਾ ਜਾਣੇ ਚੋਟੀ ਜੜ੍ਹਦਾ, ਮਧ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਬੇਨੰਤੀ ਕਹੇ ਮੈਂ ਮਿਲਦਾ ਵੇਖਿਆ ਜਗਦੀਸ, ਜਗਦੀਸ਼ਰ ਫੇਰਾ ਪਾਈਆ । ਜਿਸ ਦਾ ਆਦਿ ਜੁਗਾਦਿ ਛਤਰ ਝੁਲੇ ਸੀਸ, ਸਚ ਦਵਾਰ ਵਜੇ ਵਧਾਈਆ । ਸਾਚਾ ਢੋਲਾ ਸੁਣਾਏ ਗੀਤ, ਸੋਹੰ ਕਰੇ ਪੜ੍ਹਾਈਆ । ਚਾਰ ਵਰਨ ਦੀ ਸਾਚੀ ਰੀਤ, ਮਸਲਾ ਹਕ ਜਣਾਈਆ । ਦੂਰ ਦੁਰਾਡਾ ਹੋ ਨਜ਼ਦੀਕ, ਨੇੜਨ ਨੇੜਾ ਪੜਦਾ ਲਾਹੀਆ । ਚਰਨ ਕਵਲ ਬਖ਼ਸ਼ ਪ੍ਰੀਤ, ਪ੍ਰੀਤੀਵਾਨ ਹੋਏ ਸਹਾਈਆ । ਭਗਤ ਭਗਵੰਤ ਗ੍ਰਿਹ ਵਸਣ ਸਾਚੇ ਠੀਕ, ਮਹੱਲ ਅਟਲ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਬੇਪਰਵਾਹੀਆ ।

## ✪ ੧੭ ਹਾੜ ੨੦੨੧ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਨਿਰਗੁਣ ਸਰਗੁਣ ਖੇਲ ਜ਼ੀਰੋ, ਸਮਝ ਕੋਇ ਨਾ ਪਾਇੰਦਾ । ਨਿਰਵੈਰ ਪੁਰਖ ਧੁਰ ਦਾ ਹੀਰੋ, ਹਰਿ ਜੂ ਆਪਣਾ ਵੇਸ ਵਟਾਇੰਦਾ । ਕੱਠੇ ਕਰ ਗੁਰ ਅਵਤਾਰ ਪੈਗ਼ੰਬਰ ਪੀਰੋ, ਪਾਰਬ੍ਰਹਮ ਪ੍ਰਭ ਸਚ ਜਣਾਇੰਦਾ । ਵੇਖੇ ਖੇਲ ਬੇਨਜ਼ੀਰੋ, ਨਿਗਾਹਬਾਨ ਆਪ ਦ੍ਰਿੜਾਇੰਦਾ । ਜਿਸ ਦੀ ਆਦਿ ਜੁਗਾਦਿ ਕਿਸੇ ਹੱਥ ਨਾ ਆਈ ਤਸਵੀਰੋ, ਮੁਸੱਵਰ ਤਸੱਵਰ ਨਾ ਕੋਇ ਕਰਾਇੰਦਾ । ਏਕਾ ਖੇਲ ਅੰਤ ਅਖ਼ੀਰੋ, ਹਰਿ ਕਰਤਾ ਕਾਰ ਕਮਾਇੰਦਾ । ਲੱਖ ਚੁਰਾਸੀ ਜੀਵ ਜੰਤ ਕਟਾਏ ਜੋ ਜ਼ੰਜੀਰੋ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਹੋਇਆ ਸਿਫ਼ਰਾ, ਖੇਲ ਬੇਪਰਵਾਹੀਆ । ਜਿਸ ਦਾ ਅਲਿਫ਼ ਯੇ ਨਾ ਲਿਖੇ ਕੋਈ ਫ਼ਿਕਰਾ, ਕਾਗ਼ਜ਼ ਕਲਮ ਨਾ ਵੰਡ ਵੰਡਾਇੰਦਾ । ਸੋ ਸਾਹਿਬ ਸੁਲਤਾਨ ਆਦਿ ਜੁਗਾਦੀ ਧੁਰ ਦਾ ਮਿਤਰਾ, ਪ੍ਰੇਮੀ ਪਿਆਰਾ ਇਕ ਅਖਵਾਇੰਦਾ । ਅਗੰਮੀ ਧਾਰੋਂ ਆਪੇ

ਨਿਤਰਾ, ਨਿਰਵੈਰ ਵੇਸ ਵਟਾਇੰਦਾ । ਚੋਟੀ ਚੜ੍ਹ ਕੇ ਵੇਖੇ ਸਿਖ਼ਰਾ, ਦੋ ਜਹਾਨਾਂ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਨਿਰਗੁਣ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਜ਼ੀਰੋ ਫੜਾਏ ਦੂਆ ਪੱਲਾ, ਦੂਆ ਏਕਾ ਰੰਗ ਵਟਾਈਆ । ਏਕਾ ਏਕੰਕਾਰ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਸਿੰਘਾਸਣ ਧੁਰ ਦਾ ਮੱਲਾ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਨਿਰਗੁਣ ਸਰਗੁਣ ਜ਼ੀਰੋ ਦੂਆ ਏਕਾ, ਏਕੰਕਾਰ ਦਏ ਵਡਿਆਈਆ । ਦੋ ਜਹਾਨ ਜਿਸ ਦੀ ਰਖਦੇ ਗਏ ਟੇਕਾ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਖਾਣੀ ਬਾਣੀ ਜਿਸ ਦਾ ਲਿਖਦੇ ਗਏ ਲੇਖਾ, ਸੰਦੇਸਾ ਭਵਿਖਤ ਵਾਕ ਸੁਣਾਈਆ । ਏਥੇ ਓਥੇ ਮੰਨਦੇ ਗਏ ਨੇਤਾ, ਸ਼ਾਹ ਪਾਤਸ਼ਾਹ ਇਕ ਸ਼ਹਿਨਸ਼ਾਹੀਆ । ਕਾਗ਼ਜ਼ਾਂ ਕਲਮਾਂ ਨਾਲ ਜਿਸ ਦਾ ਕਰੌਂਦੇ ਰਹੇ ਚੇਤਾ, ਠੋਕਰ ਨਾਮ ਲਗਾਈਆ । ਸੋ ਖੇਲਣ ਆਇਆ ਖੇਡਾ, ਬਣ ਖਿਲਾਰੀ ਫੇਰਾ ਪਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਗੁਰ ਅਵਤਾਰ ਪੀਰ ਪੈਗ਼ੰਬਰ ਭੇਜਾ, ਭਜਨ ਬੰਦਗੀ ਮਾਤ ਸੁਣਾਈਆ । ਜਿਸ ਨੇ ਜੋਤੀ ਨੂਰ ਦਿਤਾ ਤੇਜਾ, ਸ਼ਬਦੀ ਧਾਰ ਡੰਕ ਵਜਾਈਆ । ਜਿਸ ਆਤਮ ਪਰਮਾਤਮ ਸੁਹਾਈ ਸੇਜਾ, ਬ੍ਰਹਮ ਪਾਰਬ੍ਰਹਮ ਦ੍ਰਿੜਾਈਆ । ਜਿਸ ਮਜਾਜ਼ੀ ਹਕੀਕੀ ਨਿਰਗੁਣ ਨਿਰਗੁਣ ਹੋ ਕੇ ਪੇਖਾ, ਪੜਦਾ ਓਹਲਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਸਾਚੀ ਖੇਲ ਵਖਾਵਣਹਾਰਾ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦੀ ਜਿਸ ਦਾ ਖੇਲ ਨਿਆਰਾ, ਸਮਝ ਸਕੇ ਕੋਇ ਨਾ ਰਾਈਆ । ਜੁਗ ਚੌਕੜੀ ਵੇਖਣਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਨਾ ਪਾਈਆ । ਸ਼ਬਦ ਅਗੰਮੀ ਸੁਣਾਵਣਹਾਰ ਜੈਕਾਰਾ, ਨਾਅਰਾ ਇਕ ਅਲਾਈਆ । ਜੋਤੀ ਜਲਵਾ ਕਰਨਹਾਰ ਉਜਿਆਰਾ, ਨੂਰੋ ਨੂਰ ਰੁਸ਼ਨਾਈਆ । ਨਾਉਂ ਧਰਾਵਣਹਾਰਾ ਪਰਵਰਦਿਗਾਰਾ, ਹਰਿ ਨਿਰੰਕਾਰ ਵੱਡੀ ਵਡਿਆਈਆ । ਸਰਗੁਣ ਦੇਂਦਾ ਰਿਹਾ ਲਾਰਾ, ਨਿਰਗੁਣ ਹੁਕਮ ਮਨਾਈਆ ਸੋ ਵੇਖਣਹਾਰਾ ਆਪ ਨਜ਼ਾਰਾ, ਨਜ਼ਰ ਵਿਚ ਕਿਸੇ ਨਾ ਆਈਆ । ਖੇਲੇ ਖੇਲ ਗੁਪਤ ਜ਼ਾਹਰਾ, ਪਰਗਟ ਆਪਣੀ ਕਲ ਧਰਾਈਆ । ਸਾਚਾ ਮੰਦਰ ਕਰ ਤਿਆਰਾ, ਅੰਦਰ ਬੈਠਾ ਡੇਰਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵਸਿਆ ਬਾਹਰਾ, ਚਾਰੇ ਖਾਣੀ ਬਾਣੀ ਸਮਝ ਕਿਸੇ ਨਾ ਆਈਆ । ਜਿਸ ਨੂੰ ਸਾਧ ਸੰਤ ਭਗਤ ਭਗਵੰਤ ਮੰਨ ਕੇ ਕਰਦੇ ਰਹੇ ਨਿਮਸਕਾਰਾ, ਮੁੱਲਾ ਸ਼ੇਖ਼ ਮੁਸਾਇਕ ਝੁਕ ਝੁਕ ਸੀਸ ਨਿਵਾਈਆ । ਤਿਸ ਦਾ ਅਗੰਮ ਅਥਾਹ ਬੇਪਰਵਾਹ ਬਿਵਹਾਰਾ, ਵਿਵਹਾਰੀ ਹੋ ਕੇ ਧਾਰ ਚਲਾਈਆ । ਲੋਕਮਾਤ ਲੈ ਅਵਤਾਰਾ, ਕਲ ਕਲਕੀ ਫੇਰਾ ਪਾਈਆ । ਧੁਰ ਦਰਗਾਹੀ ਬਣ ਕੇ ਲਾੜਾ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਸਾਚੀ ਸਖ਼ੀਆਂ ਇਕ ਅਖਾੜਾ, ਗ੍ਰਿਹ ਮੰਦਰ ਆਪ ਸੁਹਾਈਆ । ਸਤਿ ਸਤਿਵਾਦੀ ਦੱਸ ਜੈਕਾਰਾ, ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਮਿਹਰਵਾਨ ਖੇਲ ਖ਼ਾਲਕ, ਹਰਿ ਕਰਤਾ ਆਪ ਕਰਾਇੰਦਾ । ਪਰਮ ਪੁਰਖ ਪਰਮਾਤਮ ਬਣ ਕੇ ਸਾਚਾ ਪ੍ਰਿਤਪਾਲਕ, ਨਿਰਗੁਣ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਸਾਚਾ ਸਾਲਸ, ਸਚ ਅਦਾਲਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਉਠਾਵੇ ਇਕ, ਏਕੰਕਾਰ ਵੱਡੀ ਵਡਿਆਈਆ ।

੧੧੯

ਚਾਰ ਜੁਗ ਜੋ ਲੇਖਾ ਗਿਆ ਲਿਖ, ਵਾਕ ਭਵਿਖਤ ਇਕ ਸਮਝਾਈਆ । ਸੋ ਸਾਹਿਬ ਸੁਲਤਾਨ ਕਰਵਟ ਲੈ ਬਦਲੇ ਪਿਠ, ਸਨਮੁਖ ਇਕੋ ਨਜ਼ਰੀ ਆਈਆ । ਜਿਸ ਦੇ ਆਦਿ ਜੁਗਾਦੀ ਹੱਥ ਜਿੱਤ, ਹਾਰ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਬਣ ਕੇ ਧੁਰ ਦਾ ਪਿਤ, ਪਤਿਪਰਮੇਸ਼ਵਰ ਖ਼ੁਸ਼ੀ ਵਖਾਈਆ । ਜਨ ਭਗਤਾਂ ਦੇਵਣਹਾਰਾ ਭਿਖ, ਵਸਤ ਅਮੋਲਕ ਇਕ ਵਰਤਾਈਆ । ਕਰੇ ਖੇਲ ਸਾਹਿਬ ਅਨਡਿਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਕਹੇ ਮੈਂ ਸਰਗੁਣ ਹੋਆ, ਦੋਆ ਰੂਪ ਵਟਾਈਆ । ਦੋਆ ਕਹੇ ਮੈਂ ਤੱਤਾਂ ਵਿਚ ਮੂਆ, ਸਿਫ਼ਰਾ ਰੂਪ ਸਮਾਈਆ । ਸਿਫ਼ਰਾ ਕਹੇ ਮੈਂ ਧੁਰ ਦਾ ਬਣ ਕੇ ਸੂਹਾ, ਮਾਟੀ ਹਾਟੀ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਵੰਡ ਵੰਡਾਈਆ । ਦੂਆ ਸਿਫ਼ਰਾ ਬਣ ਕੇ ਮਾਤ, ਹੰ ਲਏ ਅੰਗੜਾਈਆ । ਹੰ ਕਹੇ ਮੈਂ ਉਸ ਦਾ ਨਾਤ, ਸੋ ਰੂਪ ਜੋ ਅਖਵਾਈਆ । ਜਿਸ ਦਾ ਲੇਖਾ ਲੱਭੇ ਨਾ ਵਿਚੋਂ ਕਿਸੇ ਕਿਤਾਬ, ਸਮਝ ਸਕੇ ਨਾ ਕੋਈ ਰਾਈਆ । ਹਿੰਦਸਿਆਂ ਵਿਚ ਨਾ ਆਏ ਹਿਸਾਬ, ਅੰਕੜਿਆਂ ਵਿਚ ਨਾ ਕੋਇ ਸਮਝਾਈਆ । ਹੱਥ ਆਵੇ ਨਾ ਕਿਸੇ ਮਹਿਰਾਬ, ਮੰਦਰਾਂ ਵਿਚ ਨਾ ਸੋਭਾ ਪਾਈਆ । ਸਾਰ ਪਾਏ ਨਾ ਕੋਇ ਰਬਾਬ, ਤੰਬੂਰ ਸਕੇ ਨਾ ਕੋਇ ਸਮਝਾਈਆ । ਹੱਥ ਆਏ ਨਾ ਇਸ਼ਕ ਮਜਾਜ਼, ਹਕੀਕੀ ਹਕ ਨਾ ਕੋਇ ਦ੍ਰਿੜਾਈਆ । ਲੱਭ ਸਕੇ ਨਾ ਕੋਈ ਨਾਥ, ਸਿਧਾਂ ਸਾਰ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛੋਟਾ ਜੇਹਾ ਨੁਕਤਾ ਗਏ ਆਖ, ਹੌਲੀ ਜੇਹੀ ਸਮਝਾਈਆ । ਈਸਾ ਮੂਸਾ ਮੁਹੰਮਦ ਕਹਿ ਕੇ ਗਿਆ ਸਾਡਾ ਬਾਪ, ਪਰਵਰਦਿਗਾਰ ਬੇਪਰਵਾਹੀਆ । ਨਾਨਕ ਕਿਹਾ ਮੈਨੂੰ ਸਾਚੀ ਦੱਸੀ ਜਿਸ ਨੇ ਜਾਚ, ਜਾਚਕ ਹੋ ਕੇ ਸੇਵ ਕਮਾਈਆ । ਗੋਬਿੰਦ ਕਹੇ ਜੋ ਮੇਰੀ ਪਤ ਰਿਹਾ ਰਾਖ, ਰੱਖਣਹਾਰਾ ਇਕ ਅਖਵਾਈਆ । ਜੁਗ ਚੌਕੜੀ ਜਿਸ ਦੇ ਦਾਸ, ਦਾਸੀ ਬਣ ਕੇ ਸੇਵ ਕਮਾਈਆ । ਸਾਰੇ ਓਸੇ ਦੀ ਤੱਕਦੇ ਰਹੇ ਆਸ, ਆਸਾਵੰਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਆਸਾ ਵਿਚ ਰਹੇ ਤੱਕਦੇ, ਨੇਤਰ ਨੈਣ ਉਠਾਇਆ । ਪ੍ਰੇਮ ਪ੍ਰੀਤੀ ਅੰਦਰ ਰਹੇ ਨੱਸਦੇ, ਸੋਹਣਾ ਰੰਗ ਚੜ੍ਹਾਇਆ । ਕਾਗ਼ਜ਼ ਕਲਮ ਸ਼ਾਹੀ ਨਾਲ ਲਿਖ ਲਿਖ ਰਹੇ ਦੱਸਦੇ, ਅੱਖਰਾਂ ਵੰਡ ਵੰਡਾਇਆ । ਅਸੀਂ ਓਸੇ ਦੇ ਚਰਨਾਂ ਵਿਚ ਵਸਦੇ, ਜੋ ਸਚਖੰਡ ਬੈਠਾ ਡੇਰਾ ਲਾਇਆ । ਓਹਦੇ ਹੁਕਮ ਅੰਦਰ ਨੱਸਦੇ, ਜੁਗ ਜੁਗ ਫੇਰਾ ਪਾਇਆ । ਪ੍ਰੇਮ ਪ੍ਰੀਤੀ ਅੰਦਰ ਢੱਠਦੇ, ਧੂੜੀ ਟਿੱਕਾ ਮਸਤਕ ਲਾਇਆ । ਕਵਣ ਵੇਲਾ ਆਵਣ ਸਾਚੇ ਇਕੱਠ ਦੇ, ਜੁਗ ਜੁਗ ਦੇ ਝਗੜੇ ਦਏ ਮੁਕਾਇਆ । ਪੀਰ ਪੈਗ਼ੰਬਰ ਜਿਸ ਦਾ ਨਾਮ ਰਟਦੇ, ਰੱਟਾ ਸਭ ਦਾ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਇਆ । ਸਾਚਾ ਖੇਲ ਵੇਖ ਭਗਵੰਤ, ਦੋ ਜਹਾਨ ਵੱਜੀ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਨਿਰਗੁਣ ਕੰਤ, ਨਿਰਵੈਰ ਬੇਪਰਵਾਹੀਆ । ਜਿਸ ਦੀ ਮਹਿੰਮਾ ਸਿਫ਼ਤ ਕਰਦੇ ਸੰਤ, ਸਤਿਗੁਰ ਕਹਿ ਕੇ ਸੀਸ ਨਿਵਾਈਆ । ਜਿਸ ਦਾ ਲੇਖਾ ਆਦਿ ਅੰਤ, ਜੁਗ ਚੌਕੜੀ ਖੇਲ ਰਚਾਈਆ । ਜਿਸ ਦਾ ਬੋਧ ਅਗਾਧਾ ਮੰਤ, ਮੰਤਰ ਸਰਬ ਦ੍ਰਿੜਾਈਆ । ਜਿਸ ਦਾ ਲੇਖਾ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਮੰਗਤ, ਇਕੋ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਬੇਪਰਵਾਹੀਆ । ਬੇਪਰਵਾਹੀ ਖੇਲ ਵੇਖ, ਦੋ ਜਹਾਨ ਲੈਣ ਅੰਗੜਾਈਆ । ਚਲੋ ਚਲੀਏ ਓਸ ਦੇਸ, ਜਿਥੇ ਵਸੇ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਦਰਵੇਸ਼, ਘਰ ਸਾਚੇ ਅਲਖ ਜਗਾਈਆ । ਕਰ ਕਿਰਪਾ ਜੇ ਸਾਡੇ ਵੱਲ ਲਏ ਵੇਖ, ਨੇਤਰ ਨੈਣ ਅੱਖ ਖੁਲ੍ਹਾਈਆ । ਅਸੀਂ ਚੌਰ ਕਰੀਏ ਨਾਲ ਕੇਸ, ਸੋਹਣੀ ਸੇਵ ਕਮਾਈਆ । ਜਿਸ ਦਾ ਨਾਤਾ ਜੁੜਿਆ ਨਾਲ ਦਸਮੇਸ, ਪਿਤਾ ਪੁਰਖ ਇਕੋ ਘਰ ਬੈਠਾ ਡੇਰਾ ਲਾਈਆ । ਓਸ ਦਵਾਰੇ ਕਰੀਏ ਚਲ ਆਦੇਸ, ਸੱਜਦਾ ਸੀਸ ਨਿਵਾਈਆ । ਜੇ ਉਪਰ ਤੱਕੀਏ ਨਜ਼ਰੀ ਆਵੇ ਇਕ ਨਰੇਸ਼, ਵਾਲੀ ਦੋ ਜਹਾਨਾਂ ਬੇਪਰਵਾਹੀਆ । ਜੇ ਚਾਰ ਕੁੰਟ ਵੇਖੀਏ ਨਜ਼ਰੀ ਆਵੇ ਉਹਦੀ ਖੇਡ, ਖਿਲਾਰੀ ਹੋ ਕੇ ਰਿਹਾ ਖਿਲਾਈਆ । ਜਿਸ ਨੇ ਸਾਨੂੰ ਦਿਤਾ ਭੇਜ, ਲੋਕਮਾਤ ਸੇਵ ਲਗਾਈਆ । ਕਲਜੁਗ ਅੰਤਮ ਜਨ ਭਗਤਾਂ ਅੰਦਰ ਵਿਛਾ ਕੇ ਆਪਣੀ ਸੇਜ, ਪ੍ਰਭ ਜੀ ਬੈਠਾ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਕਹਿਣ ਚਲੋ ਚਲੀਏ ਸਾਚੀ ਮੰਜ਼ਲ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਕਹਿਣ ਪ੍ਰਭ ਪਿਆਰਾ ਸਦਾ ਹਰ ਦਿਲ, ਹਰ ਘਟ ਰਿਹਾ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਓਹਦੇ ਸੀਸ ਧਰੀਏ ਬਾਹਰ ਸਰਦਲ, ਧੂੜੀ ਟਿੱਕਾ ਖ਼ਾਕ ਰਮਾਈਆ । ਦਰਸ਼ਨ ਪਾਈਏ ਜੋਧੇ ਮਰਦਨ, ਜੋ ਸਚ ਮਰਦਾਨਗੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਚਲੋ ਵੇਖੀਏ ਖੇਲ ਕਰਤਾਰ, ਸਾਰੇ ਮਤਾ ਪਕਾਈਆ । ਜਿਸ ਵਸਾਇਆ ਇਕ ਦਵਾਰ, ਭਗਤ ਦਏ ਵਡਿਆਈਆ । ਓਥੇ ਦੂਜਾ ਨਾ ਕੋਇ ਵਿਹਾਰ, ਤੀਜੀ ਸਲਾਹ ਨਾ ਕੋਇ ਰਲਾਈਆ । ਚੌਥਾ ਦਿਸੇ ਨਾ ਕੋਈ ਯਾਰ, ਪੰਚਮ ਬਣਿਆ ਬੇਪਰਵਾਹੀਆ । ਛੇ ਘਰ ਰਿਹਾ ਵਖਾਲ, ਸੱਤਵੇਂ ਸਤਿ ਸਤਿਵਾਦੀ ਸੋਭਾ ਪਾਈਆ । ਅਠਾਂ ਤੱਤਾਂ ਆਪ ਉਠਾਲ, ਨੌਂ ਦਰ ਡੇਰਾ ਦਿਤਾ ਢਾਹੀਆ । ਦਸਮ ਦਵਾਰੀ ਸੱਚੀ ਧਰਮਸਾਲ, ਗੁਰਮੁਖਾਂ ਘਰ ਘਰ ਬਣਾਈਆ । ਰਾਤੀਂ ਸੁਤਿਆਂ ਦਰਸ ਦਿਖਾਲ, ਅਗਲੀ ਪਿਛਲੀ ਮਨਜ਼ਲ ਆਪ ਚੁਕਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆ ਕੇ ਵੇਖਿਆ ਮੁਰੀਦਾਂ ਹਾਲ, ਮੁਰਸ਼ਦ ਫੇਰਾ ਪਾਈਆ । ਅੰਦਰ ਵੜ ਕੇ ਚਲਿਆ ਨਾਲ ਨਾਲ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਗੁਰਮੁਖ ਬਣਾਏ ਸਾਚੇ ਲਾਲ, ਹਰਿਜਨ ਸਾਚੇ ਗੋਦ ਉਠਾਈਆ । ਕਰੇ ਖੇਲ ਆਪ ਕਮਾਲ, ਕਰਨੀ ਕਰਤਾ ਰਿਹਾ ਕਮਾਈਆ । ਚਲੇ ਜਗ ਅਵੱਲੜੀ ਚਾਲ, ਚੌਕੜ ਡੇਰਾ ਰਿਹਾ ਢਾਹੀਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਣਜ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਚਲੋ ਚਲ ਕੇ ਤੱਕੀਏ, ਤਕਵਾ ਇਕ ਰਖਾਈਆ । ਪੰਧ ਵਿਚ ਕਦੇ ਨਾ ਥੱਕੀਏ, ਹਿਰਦੇ ਹਰਿ ਜੂ ਨਾਲ ਵਸਾਈਆ । ਸੀਸ ਉਹਦੇ ਚਰਨਾਂ ਉਪਰ ਸੱਟੀਏ, ਜਿਸ ਸਾਡੀ ਬਣਤ ਬਣਾਈਆ । ਸੱਚਾ ਲਾਹਾ ਇਕੋ ਖਟੀਏ, ਓਥੇ ਏਥੇ ਮਿਲੇ ਵਡਿਆਈਆ । ਜਨ ਭਗਤਾਂ ਵਿਚ ਬਹਿਕੇ ਫ਼ਬੀਏ, ਫ਼ਰੇਬੀ ਨਜ਼ਰ ਕੋਇ ਨਾ ਆਈਆ । ਏਨ੍ਹਾਂ ਦੇ ਅੰਦਰੋਂ ਓਹਨੂੰ ਲੱਭੀਏ, ਜਿਸ ਦਾ ਨੂਰ ਜ਼ਹੂਰ ਰੁਸ਼ਨਾਈਆ । ਬਾਕੀ ਖਹਿੜਾ ਸਭ ਦਾ ਛੱਡੀਏ, ਛੁੱਟੇ ਸਰਬ ਲੋਕਾਈਆ । ਪ੍ਰੇਮ ਪ੍ਰੀਤੀ ਅੰਦਰ ਬੱਝੀਏ, ਲੱਗੀ ਸਕੇ ਨਾ ਕੋਈ ਤੁੜਾਈਆ । ਦੀਨ ਮਜ਼੍ਹਬ ਦੇ ਮੁੱਕਣ ਕਜ਼ੀਏ, ਕਜ਼ਾ ਮੌਤ ਨਾ ਨਜ਼ਰੀ ਆਈਆ । ਪਿਛਲੀ ਕੀਤੀ ਸਾਰੀ ਰਦੀਏ, ਅਗਲਾ ਇਕੋ ਹੁਕਮ ਚਲਾਈਆ । ਉਸ ਦੀ ਪਈਏ ਸਾਚੀ ਡੰਡੀਏ,

ਜੋ ਡੰਡਾ ਨਾਮ ਰਿਹਾ ਵਖਾਈਆ । ਜੁਗ ਚੌਕੜੀ ਦੀ ਤੁਟੀ ਗੰਢੀਏ, ਅੱਗੇ ਤੋੜ ਸਕੇ ਕੋਇ ਨਾ ਰਾਈਆ । ਸਚ ਪਿਆਰ ਇਕੋ ਵੰਡੀਏ, ਵਸਤ ਅਮੋਲਕ ਇਕ ਵਖਾਈਆ । ਨਾਰ ਬਣੇ ਕੋਈ ਨਾ ਰੰਡੀਏ, ਰੰਡੇਪਾ ਦੇਣਾ ਜਗਤ ਗਵਾਈਆ । ਪੁਰਖ ਅਕਾਲ ਨਾਲ ਹੰਢੀਏ, ਜੋ ਆਦਿ ਜੁਗਾਦਿ ਸੱਚਾ ਮਾਹੀਆ । ਵਸਤ ਇਕੋ ਓਹੋ ਮੰਗੀਏ, ਜੋ ਹਰ ਘਟ ਦਏ ਸਮਝਾਈਆ । ਸਚ ਦਵਾਰ ਚਲ ਕੇ ਲੰਘੀਏ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਦੀ ਧਾਰ ਤਿੱਖੀ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜਿਸ ਦੀ ਖੇਲ ਜਾਨਣ ਵਿਚ ਨਿੱਕੀ, ਸਮਝਣ ਵਿਚ ਵੱਡੀਉਂ ਵੱਡੀ ਸਮਝ ਕਿਸੇ ਨਾ ਆਈਆ । ਪੀਰ ਪੈਗ਼ੰਬਰੋ ਗੁਰ ਅਵਤਾਰੋ ਸਾਧੋ ਸੰਤੋ ਪਿਛਲੇ ਲੇਖ ਉਸ ਦੇ ਵੇਖੀਏ ਬਣ ਕੇ ਸਖ਼ੀ, ਜਿਸ ਸਖ਼ੀ ਵਿਚੋਂ ਸਿਖਿਆ ਇਕੋ ਨਜ਼ਰੀ ਆਈਆ । ਜਿਸ ਦੀ ਗੋਬਿੰਦ ਹੱਥ ਫੜੀ ਚਿੱਠੀ, ਮਾਛੂਵਾੜਾ ਯਾਦ ਕਰਾਈਆ । ਬਿਨ ਕਲਮ ਸ਼ਾਹੀ ਲਿਖੀ, ਬਿਨ ਕਾਗ਼ਜ਼ ਦਿਤੀ ਫੜਾਈਆ । ਕੋਈ ਸਮਝ ਨਾ ਸਕਿਆ ਮੁਨੀ ਰਿਖੀ, ਸਾਧ ਸੰਤ ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਗੁਰ ਅਵਤਾਰ ਕਹਿਣ ਪੀਰ ਪੈਗ਼ੰਬਰ ਓਹ ਆਈ ਇੱਕੀ, ਜਿਸ ਨੂੰ ਸਦੀ ਬੀਸ ਵਡਿਆਈਆ । ਜਿਸ ਦੀ ਖੇਲ ਪ੍ਰਭ ਆਪ ਨਜਿੱਠੀ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਅੱਖਰਾਂ ਵਿਚ ਸਮਝਾਈਆ । ਦੋ ਅੱਖਰ ਬਣੇ ਨਿਰਅੱਖਰ, ਆਖ਼ਰ ਆਪਣੀ ਖੇਲ ਕਰਾਇੰਦਾ । ਜਿਸ ਦੀ ਧਾਰ ਸਭ ਤੋਂ ਵੱਖਰ, ਵੱਖਰੀ ਕਾਰ ਕਮਾਇੰਦਾ । ਜਿਸ ਦਾ ਸੰਦੇਸ਼ਾ ਅਗੰਮੀ ਪੱਤਰ, ਪਾਤੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਚਲੋ ਚਲੀਏ ਉਸ ਦਵਾਰ, ਦਰਵਾਜ਼ਾ ਜਿਸ ਦਾ ਇਕੋ ਨਜ਼ਰੀ ਆਈਆ । ਜਾ ਕੇ ਵੇਖੀਏ ਖੇਲ ਸੱਚੀ ਸਰਕਾਰ, ਸ਼ਹਿਨਸ਼ਾਹ ਕੀ ਕੀ ਕਾਰ ਕਮਾਈਆ । ਦੂਰ ਦੁਰਾਡੇ ਜਾਈਏ ਪੰਧ ਮਾਰ, ਮੰਜ਼ਲ ਆਪਣੀ ਆਪ ਮੁਕਾਈਆ । ਨੇਤਰ ਖੋਲ੍ਹ ਵੇਖੀਏ ਉਘਾੜ, ਅੱਖੀਆਂ ਨਾਲ ਅੱਖ ਮਿਲਾਈਆ । ਅੱਗੇ ਸੋਹਣੇ ਦਿਸਣ ਲਾਲ, ਜਿਨ੍ਹਾਂ ਲਾੜੀ ਮੌਤ ਦਿਤੀ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਦਰ, ਦੂਰੋਂ ਵੇਖ ਖ਼ੁਸ਼ੀ ਮਨਾਈਆ । ਚਾਰ ਜੁਗ ਦਾ ਦਿਤਾ ਵਰ, ਸਾਡਾ ਪੂਰਾ ਆਪ ਕਰਾਈਆ । ਭਗਤ ਭਗਵੰਤ ਲਏ ਫੜ, ਵਿਛੜੇ ਲਏ ਮਿਲਾਈਆ । ਸਚ ਦਵਾਰੇ ਮੰਦਰ ਚੜ੍ਹ, ਸੋਹਣਾ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀ ਇੱਕੀ, ਇੱਕੀ ਇੱਕੀਆਂ ਵਿਚੋਂ ਇਕੋ ਨਜ਼ਰੀ ਆਈਆ । ਜਿਸ ਦੀ ਗੋਬਿੰਦ ਲਿਖ ਕੇ ਗਿਆ ਵੀਹ ਸੌ ਇੱਕੀ ਮਿਤੀ, ਮਿਤਰ ਪਿਆਰਾ ਬੇਪਰਵਾਹੀਆ । ਤਿਸ ਦੀ ਜੋਤ ਨਿਰਾਲੀ ਇੱਕੋ ਡਿੱਠੀ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਆਏ ਇੱਕੀ ਸਿੱਖ, ਇੱਕੀ ਇੱਕੀਆਂ ਧਿਆਨ ਲਗਾਈਆ । ਪ੍ਰਭ ਤੇਰੇ ਹੱਥ ਜਿੱਤ, ਹਾਰ ਸਭ ਨੂੰ ਰਿਹਾ ਵਖਾਈਆ । ਸਾਡੀ ਪੂਰੀ ਹੋਈ ਸਿਕ, ਪਿਛਲੀ ਤ੍ਰਿਸ਼ਨਾ ਮੇਟ ਮਿਟਾਈਆ । ਆਪਣਾ ਕੀਤਾ ਲਿਆ ਨਜਿਠ,

ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸ੍ਰੀ ਭਗਵਾਨ ਕਹੇ ਗੁਰ ਅਵਤਾਰੋ, ਅੱਗੇ ਹੋ ਕੇ ਦਰਸ਼ਨ ਲਓ ਪਾਈਆ । ਵੇਖੋ ਗੁਰਮੁਖ ਗੁਰਸਿਖ ਸੱਚੇ ਜਿਨ੍ਹਾਂ ਮੇਲਾ ਧੁਰ ਦਰਬਾਰੇ, ਧੁਰ ਦੀ ਸਾਚੀ ਬਣਤ ਬਣਾਈਆ । ਸਾਚੇ ਰੰਗਾਂ ਨਾਲ ਕੀਤੇ ਆਪ ਸ਼ਿੰਗਾਰੋ, ਸੀਸ ਜਗਦੀਸ ਛਤਰ ਝੁਲਾਈਆ । ਏਹ ਗੋਬਿੰਦ ਵਾਲਾ ਕਰਿਆ ਓਹ ਵਿਹਾਰੋ, ਜਿਸ ਦੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਪ੍ਰਭ ਸਾਨੂੰ ਨਹੀਂ ਕੋਈ ਇਲਮ, ਤੇਰੀ ਸਮਝ ਕੋਇ ਨਾ ਪਾਈਆ । ਪੀਰ ਪੈਗ਼ੰਬਰ ਕਹਿਣ ਸਾਡੀ ਉਮਤ ਪੀਵੇ ਚਿਲਮ, ਹੁੱਕਾ ਨੜੀ ਹੱਥ ਰਖਾਈਆ । ਗੋਬਿੰਦ ਕਹੇ ਮੇਰੇ ਸਿੱਖਾਂ ਦੀ ਵੇਖੋ ਸੱਚੀ ਫ਼ਿਲਮ, ਜਿਸ ਦਾ ਫੈਸਲਾ ਅੰਤਮ ਦਿਤਾ ਕਰਾਈਆ । ਪੁਰਖ ਅਕਾਲ ਆਇਆ ਮਿਲਣ, ਮਿਲਣੀ ਸਚ ਦਵਾਰ ਕਰਾਈਆ । ਏਹ ਲਾੜੇ ਸੋਹਣੇ ਓਸ ਧਾਰੋਂ ਨਿਕਲਣ, ਜਿਸ ਦਾ ਮਾਲਕ ਇਕ ਅਖਵਾਈਆ । ਲੱਖ ਚੁਰਾਸੀ ਰਹੇ ਨਾ ਕੋਈ ਤਿਲਕਣ, ਸਾਚੇ ਮਾਰਗ ਦਿਤੇ ਲਗਾਈਆ । ਜੀਵ ਜੰਤ ਸਾਰੇ ਵਿਲਕਣ, ਚਾਰੋਂ ਕੁੰਟ ਆਪਣੇ ਨੇਤਰ ਨੈਣਾਂ ਨੀਰ ਵਹਾਈਆ । ਗੋਬਿੰਦ ਹੀਰੇ ਸਾਰੇ ਲਿਸ਼ਕਣ, ਪੁਰਖ ਅਕਾਲ ਰੰਗ ਚੜ੍ਹਾਈਆ । ਜਿਧਰ ਵੇਖੋ ਇਕੋ ਜਿਹੇ ਦਿਸਣ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਕੂੜ ਕੁੜਿਆਰੇ ਸਾਰੇ ਪਿਟਣ, ਹੌਕੇ ਵਿਚ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਰਹੇ ਤੱਕ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਸਭ ਦਾ ਇਕੋ ਜਿਹਾ ਹੱਕ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਵੀਹ ਸੌ ਇੱਕੀ ਬਿਕ੍ਰਮੀ ਉਹ ਬੂਟਾ ਗਿਆ ਪੱਕ, ਜਿਸ ਦੀ ਗੋਬਿੰਦ ਜੜ੍ਹ ਲਗਾਈਆ । ਉਹ ਵਿਕਿਆ ਇਕੋ ਹੱਟ, ਕੀਮਤ ਕਰਤਾ ਆਪੇ ਪਾਈਆ । ਅੰਦਰ ਵੜ ਕੇ ਦਿਤਾ ਰਸ, ਬਾਹਰੋਂ ਦੁਰਮਤ ਮੈਲ ਧਵਾਈਆ । ਭਗਵਨ ਹੋ ਕੇ ਗਾਵੇ ਜਸ, ਸ਼ਹਿਨਸ਼ਾਹ ਹੋ ਕੇ ਸੇਵ ਕਮਾਈਆ । ਮਿਹਰਵਾਨ ਹੋ ਕੇ ਆਇਆ ਨੱਠ, ਦਇਆਵਾਨ ਹੋ ਕੇ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰੋ ਅੱਜ ਵੇਖੋ ਉਹ ਇਕੱਠ, ਜਿਸ ਦੀ ਮਿਸਲ ਗਏ ਬਣਾਈਆ । ਤੁਸੀਂ ਮੈਥੋਂ ਨਾ ਹੋਏ ਵੱਖ, ਮੈਂ ਵੱਖਰਾ ਭਗਤ ਰਹਿਣ ਨਾ ਦੇਣਾ ਰਾਈਆ । ਮੇਰੇ ਕੋਲ ਇਕੋ ਵੇਖਣ ਦੀ ਅੱਖ, ਦੂਜੀ ਅੱਖ ਨਾ ਕੋਇ ਬਣਾਈਆ । ਜੋ ਗੋਬਿੰਦ ਗਿਆ ਦੱਸ, ਘਰ ਘਰ ਹੁਕਮ ਸੁਣਾਈਆ । ਮੈਂ ਹੋ ਕੇ ਉਹਦੇ ਵਸ, ਘਰ ਘਰ ਆਪਣਾ ਫੇਰਾ ਪਾਈਆ । ਜੇ ਮਨ ਕਰ ਕੇ ਜਾਓ ਨੱਸ, ਆਤਮ ਕਰਕੇ ਲਵਾਂ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਖ਼ੁਸ਼, ਖ਼ੁਸ਼ੀਆਂ ਹਾਲ ਸੁਣਾਈਆ । ਪਾਰਬ੍ਰਹਮ ਅਸੀਂ ਹੋ ਗਏ ਚੁੱਪ, ਤੇਰੀ ਖੇਲ ਬੇਪਰਵਾਹੀਆ । ਕਿਉਂ ਏਨ੍ਹਾਂ ਵੱਲ ਕੀਤਾ ਰੁਖ਼, ਜੋ ਸਨਮੁਖ ਏਥੇ ਨਜ਼ਰੀ ਆਈਆ । ਤੂੰ ਬਣ ਕੇ ਪਿਓ ਜਨ ਭਗਤ ਬਣਾਏ ਪੁਤ, ਅਚਰਜ ਰੀਤ ਚਲਾਈਆ । ਬਿਨ ਸੱਦਿਆਂ ਪੁੱਛਿਆਂ ਗੋਦੀ ਲਏ ਚੁੱਕ, ਸੋਹਣੀ ਸੇਜ ਸੁਹਾਈਆ । ਦਰੋਹੀ ਖ਼ੁਦਾ ਦੀ ਹੁਣ ਨਹੀਂ ਕੋਈ ਲੁਕ, ਪੜਦਾ ਓਹਲਾ ਦਿਤਾ ਉਠਾਈਆ । ਜੁਗ ਚੌਕੜੀ ਦੀ ਸਾਡੀ ਮਿਟੀ ਭੁੱਖ, ਤ੍ਰਿਸ਼ਨਾ ਦਿਤੀ ਗਵਾਈਆ । ਤੇਰੇ ਪਿਆਰ ਅੰਦਰ ਹੁਣ ਕੋਈ ਨਾ ਜਾਵੇ ਰੁਕ, ਹਰਿਜਨ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ

੧੨੨

ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੂੰ ਵਲੀਆ, ਵਲ ਤੇਰਾ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਰਿਹੋਂ ਛਲੀਆ, ਅਛਲ ਛਲ ਆਪਣਾ ਖੇਲ ਕਰਾਈਆ । ਅਸੀਂ ਹੁਣ ਵੇਖਣ ਆਏ ਤੇਰਾ ਚੋਲਾ ਚੁਰਾਸੀ ਕਲੀਆਂ, ਜੋ ਸੱਤ ਰੰਗ ਦਿਤਾ ਰੰਗਾਈਆ । ਕੋਈ ਉਠੇ ਲਿਆਵੇ ਗੁਰਮੁਖ ਬਲੀਆ, ਪ੍ਰਭ ਤਨ ਦੇਵੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਤੱਕੀਏ ਚੁਰਾਸੀ ਚੋਲਾ, ਜਿਸ ਚੋਲਾ ਦਿਤਾ ਬਦਲਾਈਆ । ਜਿਸ ਪੜਦਾ ਲਾਹਿਆ ਓਹਲਾ, ਲੁਕਵੀਂ ਖੇਲ ਜਣਾਈਆ । ਜਿਸ ਭਗਤਾਂ ਮਿਲ ਕੇ ਗਾਇਆ ਢੋਲਾ, ਸੋਹੰ ਨਾਦ ਵਜਾਈਆ । ਜੋ ਸਰਗੁਣ ਬਣ ਵਿਚੋਲਾ, ਨਿਰਗੁਣ ਵੇਖ ਵਖਾਈਆ । ਜੋ ਦੋ ਜਹਾਨਾਂ ਬਣਕੇ ਤੋਲਾ, ਸਾਚਾ ਕੰਡਾ ਨਾਮ ਹੱਥ ਉਠਾਈਆ । ਓਹੋ ਮਿਲ ਗਿਆ ਇਕੋ ਮੌਲਾ, ਜੋ ਹਰ ਘਟ ਨਜ਼ਰੀ ਆਈਆ । ਜਿਸ ਦਾ ਰੂਪ ਰੇਖ ਰੰਗ ਨਜ਼ਰ ਨਾ ਆਏ ਕੋਈ ਸੌਲਾ, ਚਿੱਟੀ ਧਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਇੱਕੀ ਦੀ ਉਡੀਕ, ਸਾਰੇ ਬਹਿ ਬਹਿ ਵਕਤ ਲੰਘਾਈਆ । ਚੌਦਾਂ ਸਦੀਆਂ ਮਾਰਦੇ ਰਹੇ ਚੀਕ, ਚੌਦਾ ਤਬਕ ਦਿਤੀ ਦੁਹਾਈਆ । ਗੁਰ ਅਵਤਾਰ ਬਣ ਕੇ ਨੀਕਨ ਨੀਕ, ਨਿਜ ਨੇਤਰ ਧਿਆਨ ਲਗਾਈਆ । ਕਵਣ ਵੇਲਾ ਸਮਰਥ ਸਵਾਮੀ ਸਭ ਦੇ ਆਏ ਬੀਚ, ਸਾਂਝਾ ਡੇਰਾ ਇਕ ਲਗਾਈਆ । ਅੰਤਰ ਆਤਮ ਲਏ ਜੀਤ, ਪਰਮਾਤਮ ਖ਼ੁਸ਼ੀ ਮਨਾਈਆ । ਇਕੋ ਵਾਰ ਸਭ ਦੇ ਉਤੇ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਨਾਲ ਰਲਾਈਆ । ਆਪਣੇ ਤਾਜ ਧਰ ਕੇ ਸੀਸ, ਸੀਸ ਸਭ ਦੇ ਆਪਣੇ ਸੀਸ ਟਿਕਾਈਆ । ਏਹੋ ਇਕੋ ਇਕ ਜਗਦੀਸ਼, ਜਿਸ ਦੀ ਗੋਬਿੰਦ ਓਟ ਤਕਾਈਆ । ਧੁਰ ਦਰਗਾਹੀ ਧੁਰ ਦਾ ਮੀਤ, ਘਰ ਆਇਆ ਬੇਪਰਵਾਹੀਆ । ਗੁਰਮੁਖਾਂ ਨੂੰ ਦਿਸੇ ਨਜ਼ਦੀਕ, ਬੇਮੁਖ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਵੇਖਿਆ ਤੇਰਾ ਦਿੱਲੀ ਤਖ਼ਤ, ਤਖ਼ਤ ਨਿਵਾਸੀ ਇਕ ਅਖਵਾਈਆ । ਅਸੀਂ ਮੰਨਿਆ ਤੇਰਾ ਹੁਕਮ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਤੂੰ ਪ੍ਰੇਮੀਆਂ ਦਾ ਪ੍ਰੇਮੀ, ਤੂੰ ਜ਼ਾਲਮਾਂ ਉਤੇ ਸਖ਼ਤ, ਸੋਹਣਾ ਹੁਕਮ ਵਰਤਾਈਆ । ਨੈਣ ਤਕਦਿਆਂ ਆਇਆ ਉਹ ਵਕਤ, ਜਿਸ ਦਾ ਬੈਠੇ ਧਿਆਨ ਲਗਾਈਆ । ਤੇਰੇ ਭਗਤਾਂ ਦੀ ਜਗਤ ਨਾਲ ਲੱਗੀ ਸ਼ਰਤ, ਸੰਸੇ ਵਿਚ ਲੋਕਾਈਆ । ਪੰਦਰਾਂ ਕੱਤਕ ਕੋਈ ਨਾ ਹੋਇਆ ਗ਼ਰਕ, ਤਾਅਨੇ ਦੇ ਸੁਣਾਈਆ । ਗੋਬਿੰਦ ਉਠ ਕੇ ਕਿਹਾ ਨਹੀਂ ਰਿਹਾ ਕੋਈ ਫ਼ਰਕ, ਬਿਨ ਗੁਰਮੁਖਾਂ ਜਨ ਭਗਤਾਂ ਸਾਚੇ ਦਰ ਕੋਈ ਨਾ ਜਾਈਆ । ਲੱਖ ਚੁਰਾਸੀ ਪੈ ਗਈ ਕੁੰਭੀ ਨਰਕ, ਅੱਗੇ ਸਕੇ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਦਿੱਲੀ ਨਿਵਾਸੀ, ਤੇਰਾ ਨਿਵਾਸ ਸਮਝ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਕਰੇ ਹਾਸੀ, ਤੇਰੀ ਹਸਤੀ ਵਿਚ ਨਾ ਕੋਇ ਸਮਾਈਆ । ਤੇਰੀ ਖੇਲ ਪ੍ਰਭ ਅਬਿਨਾਸ਼ੀ, ਖ਼ਾਲਕ ਖ਼ਲਕ ਕਵਣ ਵਡਿਆਈਆ । ਮੰਜ਼ਲ ਦਿਸੇ ਨਾ ਕੋਈ ਘਾਟੀ, ਰਹਿਬਰ ਪੰਧ ਨਾ ਕੋਇ ਮੁਕਾਈਆ । ਸੰਦੇਸਾ ਦੇਵੇ ਨਾ ਕੋਈ ਪਾਤੀ, ਸੁਨੇਹੜਾ ਸਚ ਨਾ ਕੋਇ ਸੁਣਾਈਆ । ਗੁਰ ਅਵਤਾਰ ਸਾਰੇ ਗਏ ਆਖੀ, ਵੀਹ ਸੌ ਇੱਕੀ ਬਿਕ੍ਰਮੀ ਖੇਲ ਵਰਤਾਈਆ । ਥੋੜ੍ਹੀ ਥੋੜ੍ਹੀ ਜਿਨ੍ਹਾਂ ਭਾਖੀ, ਭਾਖਿਆ ਗਏ ਸਮਝਾਈਆ ।

ਪ੍ਰਭ ਦੀ ਖੇਲ ਕਿਸੇ ਨਾ ਵਾਚੀ, ਵਾਚਣ ਵਾਲਾ ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਜੋ ਦੇਵਣਹਾਰਾ ਬਾਕੀ, ਲੇਖਾ ਆਪਣੇ ਹੱਥ ਰਖਾਈਆ । ਤੱਤਾਂ ਵਿਚੋਂ ਤਤ ਨਾ ਮੱਤਾਂ ਵਿਚੋਂ ਮਤ ਨਾ ਜਾਤੀ, ਰਾਜਾਂ ਵਿਚੋਂ ਰਾਜ ਨਜ਼ਰ ਨਾ ਆਈਆ । ਜੇ ਵੇਖੇ ਤੇ ਸਾਖਿਆਤੀ, ਸੋਹਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਦਿਲੀ ਤਖ਼ਤ ਦਾ ਸੁਣ ਲਓ ਹਾਲ, ਹਰਿ ਕਰਤਾ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਖਾਧਾ ਕਾਲ, ਕਲ ਨਜ਼ਰ ਕੋਇ ਨਾ ਆਇੰਦਾ । ਲੇਖਾ ਜਾਣੇ ਦੀਨ ਦਿਆਲ, ਦੂਜਾ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਆਪ ਵਖਾਇੰਦਾ । ਪੂਰਬ ਲਹਿਣਾ ਦਿੱਲੀ ਦਰਬਾਰ, ਧੁਰ ਦਰਬਾਰੀ ਆਪ ਵਖਾਈਆ । ਵੀਹ ਸੌ ਇੱਕੀ ਬਿਕ੍ਰਮੀ ਦਾ ਸਚ ਵਿਹਾਰ, ਹਾੜ ਸਤਾਰਾਂ ਦਏ ਸਮਝਾਈਆ । ਰਾਸ਼ਟਰਪਤੀ ਨਾ ਰਿਹਾ ਯਾਰ, ਰਾਜਿੰਦਰ ਨਜ਼ਰ ਕੋਇ ਨਾ ਆਈਆ । ਨਹਿਰੂ ਹੋ ਕੇ ਅੰਤ ਖ਼ੁਆਰ, ਚਰਨ ਡਿੱਗਾ ਧੁਰ ਦੇ ਜਾਈਆ । ਉਂਗਲੀ ਫੜ ਕੇ ਦਿਤਾ ਵਖਾਲ, ਚਾਰੋਂ ਕੁੰਟ ਭਵਾਈਆ । ਬਿਨ ਭਗਤ ਦਵਾਰੇ ਦੂਜੀ ਦਿਸੇ ਨਾ ਕੋਈ ਧਰਮਸਾਲ, ਸਾਚਾ ਘਰ ਨਜ਼ਰ ਕੋਇ ਨਾ ਆਈਆ । ਉਠੋ ਵੇਖੋ ਗੁਰਮੁਖ ਸ਼ਾਹ ਬਣੇ ਕੰਗਾਲ, ਜਿਨ੍ਹਾਂ ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਡਿਆਈਆ । ਪੰਡਤ ਕਹੇ ਰਾਜਿੰਦਰ ਪ੍ਰਸ਼ਾਦ, ਵਾਸਤਾ ਗਲ ਵਿਚ ਪਾਈਆ । ਸਾਡੀ ਏਸ ਅੱਗੇ ਫ਼ਰਿਆਦ, ਜਿਸ ਅੰਤ ਸਿਰ ਦਿਤਾ ਹੱਥ ਟਿਕਾਈਆ । ਵੀਹ ਸੌ ਅਠਾਰਾਂ ਦੀ ਉਹੋ ਯਾਦ, ਪਹਿਲੀ ਚੇਤਰ ਨਜ਼ਰੀ ਆਈਆ । ਛੱਡ ਕੇ ਗਏ ਜਗਤ ਦਾ ਰਾਜ, ਸ਼ਹਿਨਸ਼ਾਹ ਅੱਗੇ ਸੀਸ ਨਿਵਾਈਆ । ਜਿਸ ਦਾ ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਸਮਾਜ, ਲੱਖ ਚੁਰਾਸੀ ਜੀਵ ਜੰਤ ਸੇਵਕ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਅਲਫ਼ੀ ਕਹੇ ਸੁਣ ਜਨ ਭਗਤ, ਸਚ ਦਿਆਂ ਸੁਣਾਈਆ । ਕੋਈ ਵਡਿਆਈ ਨਹੀਂ ਵਿਚ ਜਗਤ, ਕੋਟਨ ਕੋਟ ਗੱਦੀਆਂ ਗਏ ਹੰਢਾਈਆ । ਬ੍ਰਹਿਮੰਡ ਖੰਡ ਜਿਸ ਦਾ ਤੱਕਣ ਦਰਸ, ਸੋ ਤੁਹਾਡੀ ਹਰਸ ਮਿਟਾਈਆ । ਇਸ ਦੇ ਚਰਨਾਂ ਹੇਠ ਕੋਟਨ ਅਰਸ਼, ਫ਼ਰਸ਼ ਬੈਠੇ ਸੀਸ ਨਿਵਾਈਆ । ਏਹ ਲੱਖ ਚੁਰਾਸੀ ਦਿਲੀ ਦਵਾਰਿਆਂ ਦਾ ਮਰਦਾਨਾ ਬਣ ਕੇ ਬੈਠਾ ਮਰਦ, ਸੂਰਬੀਰ ਇਕ ਅਖਵਾਈਆ । ਇਸ ਦਾ ਖੇਲ ਅਗੰਮੀ ਅਚਰਜ, ਅਚਰਜ ਰੀਤੀ ਰਿਹਾ ਵਖਾਈਆ । ਜਿਸ ਨੇ ਕਲਜੁਗ ਪੁੱਠੀ ਕਰਨੀ ਨਰਦ, ਸਤਿਜੁਗ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਮੈਂ ਦੱਸਾਂ ਓਹ, ਜੇਹੜਾ ਲੇਖ ਨਾ ਕੋਇ ਲਿਖਾਈਆ । ਜਿਸ ਵੇਲੇ ਮੇਰਾ ਮੇਰੇ ਨਾਲ ਗਿਆ ਛੋਹ, ਸੋਹਣਾ ਆਪਣੇ ਵਿਚ ਮਿਲਾਈਆ । ਮੈਂ ਓਸੇ ਵਰਗਾ ਗਿਆ ਹੋ, ਦੂਜਾ ਫ਼ਰਕ ਰਿਹਾ ਨਾ ਰਾਈਆ । ਜਨ ਭਗਤਾਂ ਲੈ ਕੇ ਆਇਆ ਢੋਆ ਢੋ, ਧੁਰ ਦੀ ਵਸਤ ਝੋਲੀ ਪਾਈਆ । ਸਚ ਦਵਾਰੇ ਸਾਚੀ ਕਰਾਂ ਲੋ, ਪਰਕਾਸ਼ ਪਰਕਾਸ਼ ਨਾਲ ਰੁਸ਼ਨਾਈਆ । ਪ੍ਰੇਮ ਪਿਆਰ ਦਾ ਪਾ ਕੇ ਮੋਹ, ਮੁਹੱਬਤ ਇਕੋ ਇਕ ਜੁੜਾਈਆ । ਜਨ ਭਗਤੋ ਤੁਹਾਡੀ ਵਸਤ ਕੋਈ ਨਾ ਸਕੇ ਖੋਹ, ਦੂਜਾ ਲੈਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦਿੱਲੀ ਤਖ਼ਤ ਦਾ ਏਕਾ ਮਾਲਕ, ਗਹਿਰ ਗੰਭੀਰ ਅਖਵਾਇੰਦਾ । ਪਰਮ ਪੁਰਖ ਪਰਮਾਤਮ ਖ਼ਾਲਕ, ਖ਼ਲਕ ਆਪਣੀ ਧਾਰ

ਪਰਗਟਾਇੰਦਾ । ਨਾ ਕੋਈ ਨਿੰਦਰਾ ਦਿਸੇ ਆਲਸ, ਜੋਤੀ ਜਾਤਾ ਡਗਮਗਾਇੰਦਾ । ਨਿਰਗੁਣ ਸਰਗੁਣ ਬਣ ਕੇ ਸਾਲਸ, ਸੋਹਣੀ ਸੇਵ ਕਮਾਇੰਦਾ । ਏਹ ਗੋਬਿੰਦ ਲਿਖੀ ਪੂਰੀ ਇਬਾਰਤ, ਹਰਫ਼ ਹਰੂਫ਼ ਵੇਖ ਵਖਾਇੰਦਾ । ਕਲਜੁਗ ਕੂੜੀ ਰਹਿਣ ਨਾ ਦੇਵੇ ਸ਼ਰਾਰਤ, ਸ਼ਰਅ ਨਾਤਾ ਤੋੜ ਤੁੜਾਇੰਦਾ । ਗੁਰਮੁਖਾਂ ਰੱਖੀ ਇਕੋ ਆਸ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚ ਪੁਛੋ ਤੁਸੀਂ ਸਾਰੇ ਬਣ ਗਏ ਪਾਰਸ, ਪਾਰਸ ਤੁਹਾਡੇ ਚਰਨਾ ਵਿਚ ਬਹਿ ਬਹਿ ਸੀਸ ਝੁਕਾਇੰਦਾ । ਹੁਣ ਲੋੜ ਨਹੀਂ ਰਹੀ ਕਿਸੇ ਦੀ ਮੰਗਣੀ ਪਏ ਸਫ਼ਾਰਸ਼, ਸ਼ਾਸਤਰ ਸਿਮਰਤ ਵੇਦ ਪੁਰਾਨ ਤੁਹਾਡਾ ਰਾਹ ਤਕਾਇੰਦਾ । ਕਿਸੇ ਦਵਾਰੇ ਨਾ ਦੇਣੀ ਆੜ੍ਹਤ, ਮਸੂਲ ਵਾਲਾ ਮਸੂਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਲ ਮਿਲਾਇੰਦਾ । ਗੋਬਿੰਦ ਕਹੇ ਮੇਲਾ ਮਿਲਾ ਸਿੱਧਾ, ਏਹੋ ਤੇਰੀ ਵਡਿਆਈਆ । ਇੱਕੀਆਂ ਨਾਲ ਇੱਕੀ ਮਿਲ ਕੇ ਪਾਇਆ ਗਿੱਧਾ, ਸੋਹਣੀ ਜੋੜੀ ਜਗਤ ਜੁੜਾਈਆ । ਮੈਂ ਨਾ ਜਾਣਾਂ ਤੇਰਾ ਭਗਤ ਵੱਡਾ ਕਿੱਡਾ, ਜੋ ਜਗਤ ਦਵਾਰੇ ਬੈਠਾ ਡੇਰਾ ਲਾਈਆ । ਏਨ੍ਹਾਂ ਦਾ ਸਭ ਤੋਂ ਵੱਡਾ ਹਿੱਸਾ, ਜੋ ਬਾਹਰ ਬੈਠੇ ਸੇਵ ਕਮਾਈਆ । ਅੰਦਰ ਵਾਲਿਆਂ ਦਾ ਸਭ ਤੋਂ ਸੋਹਣਾ ਕਿੱਸਾ, ਕਿਸਮਤ ਸਭ ਦੀ ਦਿਤੀ ਬਦਲਾਈਆ । ਗੁਰਸਿਖੋ ਪਿਛਲਾ ਯਾਦ ਕਰੋ ਨਾ ਪਿਛਾ, ਅੱਗੇ ਮੇਲਾ ਬੇਪਰਵਾਹੀਆ । ਤੁਹਾਡੇ ਮਿਲਣ ਦੀ ਏਸ ਨੂੰ ਖਿੱਚਾ, ਜੋ ਦੂਰ ਦੁਰਾਡਾ ਚੱਲ ਕੇ ਆਇਆ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਂਝਾ ਯਾਰ ਇਕ ਅਖਵਾਈਆ । ਗੋਬਿੰਦ ਕਹੇ ਤੂੰ ਯਾਰ ਸਾਂਝਾ, ਸੱਜਣਾਂ ਮੇਲ ਮਿਲਾਇੰਦਾ । ਪੀਰ ਪੈਗ਼ੰਬਰ ਤੈਨੂੰ ਗਾਂਦਾ, ਤੇਰਾ ਰਾਗ ਸੁਣਾਇੰਦਾ । ਜੁਗ ਜੁਗੰਤ ਥੱਕਾ ਮਾਂਦਾ, ਆਸਣ ਬਹਿ ਬਹਿ ਏਹੋ ਧਿਆਨ ਲਗਾਇੰਦਾ । ਕਲਜੁਗ ਜੀਵ ਤੈਥੋਂ ਸ਼ਰਮਾਂਦਾ, ਨੇਤਰ ਦਰਸ ਕੋਇ ਨਾ ਪਾਇੰਦਾ । ਤੇਰੀ ਬੋਲੀ ਦੱਸ ਨਾ ਸਕੇ ਪਾਂਧਾ, ਹਿਸਾਬ ਕਿਤਾਬ ਕੰਮ ਕਿਸੇ ਨਾ ਆਇੰਦਾ । ਮੈਂ ਵੇਖਿਆ ਰਵਦਾਸ ਜੋ ਜੁੱਤੀਆਂ ਲਾਏ ਗਾਂਢਾ, ਟੁੱਟੀ ਨਾਲ ਜੋੜ ਜੁੜਾਇੰਦਾ । ਏਹ ਸਾਰਾ ਵਸਦਾ ਆਂਡ ਗਵਾਂਢਾ, ਬੈਠਾ ਨਜ਼ਰੀ ਆਇੰਦਾ । ਤੇਰਾ ਨਾਮ ਇਕ ਧਿਆਂਦਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੋਬਿੰਦ ਕਹੇ ਪ੍ਰਭ ਵਖਾਲ ਗੁਰਸਿਖ, ਜਿਨ੍ਹਾਂ ਤੇਰੀ ਮਿਲੇ ਵਡਿਆਈਆ । ਉਠ ਬੱਚੇ ਵੇਖ ਪਿਤ, ਸਚ ਦਿਆਂ ਸਮਝਾਈਆ । ਮੈਂ ਵਸਿਆ ਇਨ੍ਹਾਂ ਚਿਤ, ਅਬਿਨਾਸ਼ੀ ਹੋ ਕੇ ਡੇਰਾ ਲਾਈਆ । ਸੋਹਣੇ ਧੁਰਦਰਗਾਹੀ ਪੁੱਤ, ਪੂਤ ਸਪੂਤਾ ਗੋਦ ਸੁਹਾਈਆ । ਤੂੰ ਲੇਖਾ ਗਿਆ ਲਿਖ, ਮੈਂ ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੋਬਿੰਦ ਵੇਖ ਆਪਣੇ ਲਾਲ, ਹਰਿ ਲਾਲਨ ਆਪ ਰੰਗਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਘਰ ਸਾਚੇ ਸਚ ਸੁਹਾਇੰਦਾ । ਜਿਨ੍ਹਾਂ ਅੰਦਰ ਵੱਜੇ ਤਾਲ, ਸੋਹਣਾ ਰਾਗ ਅਲਾਇੰਦਾ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਫਲ ਲਗਾ ਸਾਚੇ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਏਹ ਰਹੇ ਨਹੀਂ ਕੰਗਾਲ, ਸ਼ਹਿਨਸ਼ਾਹ ਆਪਣੀ ਗੋਦ ਸੁਹਾਇੰਦਾ । ਤੇਰਾ ਪੂਰਾ ਕੀਤਾ ਸਵਾਲ, ਸੋਹਣੀ ਬਣਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਗੋਬਿੰਦ ਵੇਖ ਆਪਣੇ ਸੂਰਬੀਰ, ਬੀਰਤਾ ਰਹੇ ਜਣਾਈਆ । ਜਿਨ੍ਹਾਂ ਨੂੰ ਹਿਰਦੇ ਲਗਾ ਤੀਰ, ਨਿਸ਼ਾਨ ਇਕੋ ਇਕ ਜਣਾਈਆ । ਤਿਨ੍ਹਾਂ ਪੁਰਖ ਅਕਲ ਮੇਲਾ ਅਖ਼ੀਰ, ਆਖ਼ਰ ਤੇਰਾ ਜੋੜ ਜੁੜਾਈਆ । ਸਚ ਦਵਾਰ ਦੇ ਕੇ ਧੀਰ,


੧੨੫

ਧੀਰਜ ਆਪਣਾ ਨਾਮ ਦਿਵਾਈਆ । ਏਨ੍ਹਾਂ ਦੀ ਚਾਰ ਜੁਗ ਰਹੇ ਤਸਵੀਰ, ਰੂਪ ਅਨੂਪ ਦਏ ਵਖਾਈਆ । ਬਣੇ ਸ਼ਹਿਨਸ਼ਾਹ ਸ਼ਾਹ ਹਕੀਰ, ਫ਼ੱਕਰ ਫ਼ਕੀਰ ਗਲੇ ਲਗਾਈਆ । ਚਲ ਕੇ ਆਇਆ ਧੁਰ ਦਾ ਪੀਰ, ਪਰਵਰਦਿਗਾਰ ਫੇਰਾ ਪਾਈਆ । ਜਿਸ ਦੇ ਸਚ ਦਵਾਰੇ ਆ ਕੇ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਕੱਢਣ ਲਕੀਰ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰ, ਹਰਿ ਕਰਤਾ ਆਪ ਸੁਣਾਈਆ । ਮੇਰੇ ਭਗਤ ਖ਼ਬਰਦਾਰ, ਸੋਹਣਾ ਹੁਕਮ ਇਕ ਦ੍ਰਿੜਾਈਆ । ਨਾ ਕੋਈ ਤੀਰ ਨਾ ਕੋਈ ਤਲਵਾਰ, ਸਚ ਹਥਿਆਰ ਇਕ ਵਖਾਈਆ । ਜਿਸ ਦਾ ਅੰਦਰੇ ਅੰਦਰ ਵਿਵਹਾਰ, ਬਾਹਰੋਂ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਭ ਦਾ ਝੁਕਿਆ ਇਕੋ ਸਿਰ, ਸਰੋਤੇ ਘੋਲੀ ਘੋਲ ਘੁਮਾਈਆ । ਪ੍ਰਭ ਤੇਰੀ ਮਿਲ ਗਈ ਧਿਰ, ਧੁਰ ਦੀ ਵਜੀ ਵਧਾਈਆ । ਉਲਟਾ ਗੇੜਾ ਗਿਆ ਗਿੜ, ਚਾਰ ਕੁੰਟ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੈਨੂੰ ਆਵੇ ਹਾਸਾ, ਖ਼ੁਸ਼ੀਆਂ ਨਾਲ ਜਣਾਇੰਦਾ । ਅਚਰਜ ਤੇਰਾ ਵੇਖਾਂ ਤਮਾਸ਼ਾ, ਪਰਮ ਪੁਰਖ ਤੇਰਾ ਨੂਰ ਨਜ਼ਰੀ ਆਇੰਦਾ । ਭਗਤਾਂ ਅੰਦਰ ਤੇਰਾ ਵਾਸਾ, ਆਤਮ ਸਾਚੇ ਡੇਰਾ ਲਾਇੰਦਾ । ਸਾਚਾ ਨੂਰ ਕਰੇ ਪਰਕਾਸ਼ਾ, ਜੋਤੀ ਜੋਤ ਡਗਮਗਾਇੰਦਾ । ਤੇਰੀ ਕਿਸੇ ਸਮਝ ਨਾ ਆਈ ਭਾਸ਼ਾ, ਚੌਦਾਂ ਵਿਦਿਆ ਰਾਗ ਜਗਤ ਅਲਾਇੰਦਾ । ਤੇਰਾ ਲੇਖਾ ਉਪਰ ਆਕਾਸ਼ਾ, ਪ੍ਰਿਥਮੀ ਧਰਤ ਧਵਲ ਆਪ ਸਮਝਾਇੰਦਾ । ਮੈਂ ਗੋਬਿੰਦ ਤੇਰਾ ਦਾਸਾ, ਪੂਤ ਹੋ ਕੇ ਸੇਵ ਕਮਾਇੰਦਾ । ਤੂੰ ਮੇਰੀ ਪੂਰੀ ਕੀਤੀ ਆਸਾ, ਮੈਂ ਖ਼ੁਸ਼ੀਆਂ ਗੀਤ ਅਲਾਇੰਦਾ । ਮੈਨੂੰ ਤੇਰੇ ਉਤੇ ਭਰਵਾਸਾ, ਤੇਰਾ ਭਰਵਾਸਾ ਭਗਤਾਂ ਸਰਬ ਸਮਝਾਇੰਦਾ । ਇਹ ਪਰਮ ਪੁਰਖ ਧੁਰ ਦਾ ਦੇਵੇ ਸਾਥਾ, ਅਧਵਿਚਕਾਰ ਨਾ ਕਿਸੇ ਅਟਕਾਇੰਦਾ । ਤੁਸੀਂ ਮੰਨ ਲਓ ਇਕੋ ਆਖਾ, ਅੱਖੀਆਂ ਵਿਚੋਂ ਅੱਖੀਆਂ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਚੁਕਾਇੰਦਾ । ਗੋਬਿੰਦ ਕਹੇ ਮੈਂ ਵੇਖ ਕੇ ਸੰਗਤ, ਖ਼ੁਸ਼ੀਆਂ ਵਿਚ ਸਮਾਈਆ । ਜਿਨ੍ਹਾਂ ਦੇ ਮਸਤਕ ਇਕੋ ਰੰਗਤ, ਕਰਵਟ ਸਾਰੇ ਗਏ ਬਦਲਾਈਆ । ਫੇਰ ਕਿਸੇ ਦੇ ਨਹੀਂ ਬਣਦੇ ਮੰਗਤ, ਮੰਗਿਆ ਦਾਤਾ ਬੇਪਰਵਾਹੀਆ । ਘਰ ਬੈਠਿਆਂ ਮਿਲ ਗਿਆ ਪੰਡਤ, ਸਾਚੀ ਵਿਦਿਆ ਗਿਆ ਪੜ੍ਹਾਈਆ । ਲਹਿਣਾ ਚੁਕ ਗਿਆ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਸਾਰੇ ਬਣਕੇ ਇਕੋ ਸੰਗਤ, ਚਾਰ ਵਰਨ ਖ਼ੁਸ਼ੀ ਮਨਾਈਆ । ਸਚ ਪ੍ਰੇਮ ਪਿਆਰ ਵਖਾਏ ਧੁਰ ਦੀ ਪੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁੱਕਾਇਆ ਥਾਉਂ ਥਾਈਂਆ । ਗੋਬਿੰਦ ਕਹੇ ਮੈਂ ਉਠ ਕੇ ਤੱਕਾਂ, ਨੇਤਰ ਨੈਣ ਨੈਣ ਉਠਾਈਆ । ਗੁਰਮੁਖ ਵੇਖ ਕਦੇ ਨਾ ਅੱਕਾਂ, ਚਾਰੋਂ ਕੁੰਟ ਫਿਰਾਂ ਚਾਈਂ ਚਾਈਂਆ । ਪਿਛਲਾ ਹਾਲ ਦੱਸਾਂ, ਬੋਲ ਬੋਲ ਸਮਝਾਈਆ । ਹੁਣ ਫੇਰ ਕਦੀ ਨਾ ਨੱਸਾਂ, ਸਰਸੇ ਵਾਲਾ ਫੇਰ ਕਦੇ ਨਾ ਕਰੇ ਜੁਦਾਈਆ । ਪ੍ਰੇਮ ਪ੍ਰੀਤੀ ਅੰਦਰ ਵਸਾਂ, ਫ਼ੈਸਲਾ ਧੁਰ ਦਾ ਦਿਆਂ ਕਰਾਈਆ । ਤੇਰੀ ਪ੍ਰੀਤੀ ਅੰਦਰ ਢੱਠਾਂ, ਨਿਉਂ ਨਿਉਂ ਸੀਸ ਝੁਕਾਈਆ । ਪਿਛਲੀਆਂ ਸਭ ਦੀਆਂ ਵੇਖਾਂ ਵੱਟਾਂ, ਜ਼ਾਤ ਪਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਤੱਕੇ ਸਿੱਖ, ਸਿੱਖੀ ਇਕੋ ਨਜ਼ਰੀ ਆਈਆ । ਜਿਨ੍ਹਾਂ ਪ੍ਰਭੂ ਮਿਲਣ

ਦੀ ਸਿਕ, ਅੰਤਰ ਬੈਠੇ ਧਿਆਨ ਲਗਾਈਆ । ਓਨ੍ਹਾਂ ਮਿਲਦੀ ਵੇਖੀ ਭਿਛ, ਪ੍ਰਭ ਭਿਖਿਆ ਰਿਹਾ ਵਰਤਾਈਆ । ਸਚ ਦਵਾਰੇ ਲਿਆਂਦੇ ਖਿੱਚ, ਦਰ ਦਰਵਾਜ਼ੇ ਆਪ ਲੰਘਾਈਆ । ਨਿਰਗੁਣ ਅੰਦਰ ਹੋ ਕੇ ਵੜਿਆ ਵਿੱਚ, ਸਰਗੁਣ ਦੇਵੇ ਮਾਣ ਵਡਿਆਈਆ । ਗੋਬਿੰਦ ਮਿਲਿਆ ਪਿਤਾ ਪੁਰਖ ਅਕਾਲ ਕਰੇ ਹਿਤ, ਹਰਿਜਨ ਸਾਚੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੋਬਿੰਦ ਕਹੇ ਮੇਰੇ ਅੰਦਰ ਖ਼ੁਮਾਰੀ, ਸਾਚੀ ਸਚ ਜਣਾਈਆ । ਜਿਨ੍ਹਾਂ ਜੋਤ ਮਿਲੀ ਨਿਰੰਕਾਰੀ, ਨਿਰਗੁਣ ਦਾਤਾ ਬੇਪਰਵਾਹੀਆ । ਮੇਰੀ ਉਨ੍ਹਾਂ ਨਾਲ ਯਾਰੀ, ਜੋ ਸੱਜਣ ਚਲ ਕੇ ਆਏ ਆਪਣਾ ਪੰਧ ਮੁਕਾਈਆ । ਦਾਅਵੇ ਨਾਲ ਅੱਗੇ ਰਹਿਣ ਨਾ ਦਿਆਂ ਖ਼ੁਆਰੀ, ਰਾਏ ਧਰਮ ਨਾ ਦਏ ਸਜ਼ਾਈਆ । ਮੇਰੀ ਓਹ ਪੱਕੀ ਯਾਰੀ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਏਥੇ ਓਥੇ ਬਣ ਪਿਆਰੀ, ਮਹੱਲਾ ਦੱਸਾਂ ਬੇਪਰਵਾਹੀਆ ਜਗਤ ਭਗਤੀ ਤੁਹਾਡੀ ਪਨਿਹਾਰੀ, ਤੁਹਾਡੇ ਦਰ ਤੇ ਸੇਵ ਕਮਾਈਆ । ਤੁਹਾਡੇ ਅੰਦਰ ਵੜ ਕੇ ਫੇਰੀ ਬਹਾਰੀ, ਕੂੜਾ ਕਰਕਟ ਕੂੜਾ ਬਾਹਰ ਦਿਤਾ ਕਢਾਈਆ । ਤੁਸੀਂ ਬਣਕੇ ਸੋਹਣੀ ਨਾਰੀ, ਪੁਰਖ ਅਕਾਲ ਇਕੋ ਲਿਆ ਪਰਨਾਈਆ । ਗੁਰਸਿਖ ਕੋਈ ਨਾ ਰਹੇ ਕੰਨਿਆ ਕਵਾਰੀ, ਸੇਜ ਸੁਹੰਜਣੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਕਰ ਕੇ ਸੱਜਦਾ, ਦੋਏ ਦੋਏ ਸੀਸ ਨਿਵਾਈਆ । ਅਸਾਂ ਪੈਂਡਾ ਵੇਖਿਆ ਮੁਕਦਾ, ਦਰ ਤੇਰੇ ਦਰਸ਼ਨ ਪਾਈਆ । ਜੁਗ ਚੌਕੜੀ ਸਭ ਦੀ ਜੜ੍ਹ ਪੁਟਦਾ, ਗੁਰ ਅਵਤਾਰ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਸ੍ਰੀ ਭਗਵਾਨ ਹੋ ਕੇ ਪੁਛਦਾ, ਮਿਹਰਵਾਨ ਹੋ ਕੇ ਆਪਣੀ ਗੋਦ ਉਠਾਈਆ । ਸਚ ਵੇਖਿਆ ਨਾਤਾ ਜੁੜਿਆ ਪਿਓ ਪੁਤ ਦਾ, ਮੂਸਾ ਈਸਾ ਨੈਣਾਂ ਨੀਰ ਵਹਾਈਆ । ਤੂੰ ਪਰਵਰਦਿਗਾਰ ਮਿਲਿਆ ਜੇਹੜਾ ਕਦੀ ਨਾ ਰੁਸਦਾ, ਰੁਸਿਆਂ ਲਏਂ ਮਨਾਈਆ । ਏਸੇ ਕਰਕੇ ਸੀਸ ਤੇਰੇ ਅੱਗੇ ਝੁਕਦਾ, ਧੂੜੀ ਟਿਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇਣਾ ਚੁਕਾਈਆ । ਅਵਤਾਰ ਕਹਿਣ ਤੂੰ ਧੁਰ ਅਵਤਾਰੀ, ਸਦ ਇਕੋ ਨਜ਼ਰੀ ਆਇੰਦਾ । ਤੇਰਾ ਮਹੱਲ ਵੇਖੀ ਮਨਾਰੀ, ਭੇਵ ਅਭੇਦ ਕੋਇ ਨਾ ਪਾਇੰਦਾ । ਤੇਰਾ ਲੇਖਾ ਨਾੜੀ ਨਾੜੀ, ਬਹੱਤਰ ਨਾੜੀ ਖੋਜ ਖੋਜਾਇੰਦਾ । ਅਸੀਂ ਹੋਏ ਹੈਰਾਨ ਵੇਖ ਕੇ ਵੀਹ ਸੌ ਇੱਕੀ ਹਾੜੀ, ਹਾੜਾ ਕੱਢ ਕੇ ਸਰਬ ਵਾਸਤਾ ਪਾਇੰਦਾ । ਤੇਰੇ ਹੱਥ ਸਰਬ ਮੁਖਤਿਆਰੀ, ਤੂੰ ਮੁਫ਼ਤ ਆਪਣਾ ਨਾਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰੇ ਖੇਲ ਵਖਾਇੰਦਾ । ਭਗਤ ਦਵਾਰਾ ਅੰਦਰ ਲੰਘ, ਸਾਚੀ ਖੇਲ ਵਖਾਈਆ । ਗੁਰਮੁਖਾਂ ਦੇ ਅੰਦਰ ਸੋਹਣਾ ਪਲੰਘ, ਹਰਿ ਸਾਚੀ ਸੇਜ ਬਣਾਈਆ । ਪ੍ਰੇਮ ਪ੍ਰੀਤੀ ਦੇ ਕੇ ਅਨੰਦ, ਅਨੰਦ ਇਕੋ ਦਿਤਾ ਵਖਾਈਆ । ਪੀਰ ਪੈਗ਼ੰਬਰੋ ਵੇਖੋ ਗੁਜਰੀ ਚੰਦ, ਜਿਸ ਦਾ ਚੰਦ ਚੌਧਵੀਂ ਕਰੇ ਰੁਸ਼ਨਾਈਆ । ਓਸ ਦੇ ਪਿਛੇ ਕੋਈ ਨਾ ਮਾਰੇ ਪੰਧ, ਜੇਹੜਾ ਲੱਭਿਆਂ ਲੱਭ ਸਕੇ ਕੋਇ ਨਾ ਰਾਈਆ । ਓਹ ਗੁਰਮੁਖਾਂ ਨਾਲ ਪਾਵੇ ਆਪਣੀ ਗੰਢ, ਨਾਤਾ ਧੁਰ ਦਾ ਜੋੜ ਜੁੜਾਈਆ । ਜਨ ਭਗਤਾਂ ਵੇਖੋ ਪਈ ਠੰਡ, ਸੀਤਲ ਧਾਰ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਏਹ ਇੱਕੀ ਸਿਰ ਬੱਧੇ ਦਸਤਾਰ, ਦੋਸਤ ਪ੍ਰਭ ਦੇ ਨਜ਼ਰੀ ਆਈਆ । ਧੰਨ ਧੰਨ ਤੂੰ ਮੇਰੀ ਸੁਣੀ ਪੁਕਾਰ, ਪਤਿਪਰਮੇਸ਼ਵਰ ਦਇਆ ਕਮਾਈਆ । ਮੈਂ ਤੇਰਾ ਸੱਥਰ ਹੰਢਾਇਆ ਯਾਰ, ਤੂੰ ਮੇਰੀ ਸੇਜ ਹੰਢਾਈਆ । ਮੈਂ ਗੁਰਮੁਖਾਂ ਅੰਦਰ

ਸੋਵਾਂ ਪੈਰ ਪਸਾਰ, ਸੋਹਣੇ ਆਸਣ ਡੇਰਾ ਲਾਈਆ । ਓਥੇ ਗਾ ਗਾ ਅਗੰਮੀ ਵਾਰ, ਗੁਰ ਅਵਤਾਰ ਸੁਣਾਈਆ । ਗੁਰਮੁਖ ਮੈਂ ਤੇਰਾ ਤੂੰ ਮੇਰਾ ਯਾਰ, ਯਾਰੀ ਸਭ ਦੇ ਨਾਲੋਂ ਤੁੜਾਈਆ । ਏਹ ਫੇਰ ਨਹੀਂ ਲੱਭਣੀ ਬਹਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੈਠੇ ਨੈਣਾਂ ਨੀਰ ਵਹਾਈਆ । ਵੀਹ ਸੌ ਇੱਕੀ ਦਾ ਇਹ ਦਿੱਲੀ ਦਰਬਾਰ, ਜਿਸ ਦਰਬਾਰ ਅੰਦਰ ਕੋਝੇ ਕਮਲੇ ਗ਼ਰੀਬ ਨਿਮਾਣੇ ਸਾਰੇ ਦਿਤੇ ਤਰਾਈਆ । ਜਿਸ ਨੂੰ ਸਜ਼ਾ ਦੇਵੇ ਨਾ ਕੋਈ ਕਰ ਗ੍ਰਿਫ਼ਤਾਰ, ਰਾਏ ਧਰਮ ਨਾ ਬੰਧਨ ਪਾਈਆ । ਸੋ ਗੁਰਮੁਖੋ ਤੁਹਾਡਾ ਸੱਚਾ ਜੈਕਾਰ, ਨਾਅਰਾ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਗੋਬਿੰਦ ਕਹੇ ਇੱਕੀਆਂ ਰੰਗ ਅਨੋਖਾ, ਵੱਖਰੀ ਖੇਲ ਖਿਲਾਈਆ । ਮੈਂ ਪੜ੍ਹਨਾ ਨਹੀਂ ਹੁਣ ਪੋਥਾ, ਕੂੜੀ ਕਿਰਿਆ ਦਿਤੀ ਮਿਟਾਈਆ । ਮੈਂ ਕੂਕ ਕੇ ਦੱਸਾਂ ਜਨ ਭਗਤਾਂ ਇਹ ਮਾਰਗ ਦਿਤਾ ਸੌਖਾ, ਰੀਤੀ ਸਤਿ ਬਣਾਈਆ । ਮੈਂ ਏਸੇ ਕਰਕੇ ਦੱਸ ਕੇ ਗਿਆ ਪੁਰਖ ਅਕਾਲ ਦੇਵੇ ਮੌਕਾ, ਮਿਹਰਵਾਨ ਹੋ ਕੇ ਫੇਰਾ ਪਾਈਆ । ਓ ਪੰਡਿਓ ਫੇਰ ਪੋਚਣਾ ਪਏ ਨਾ ਚੌਂਕਾ, ਗੋਬਰ ਹੱਥ ਨਾ ਕੋਇ ਉਠਾਈਆ । ਲੱਭਣਾ ਪਏ ਨਾ ਪਟਣਾ ਪੌਂਟਾ, ਘਰ ਬੈਠਾ ਬੇਪਰਵਾਹੀਆ । ਜਿਸ ਨੇ ਢਈਆ ਲਾਇਆ ਢੌਂਕਾ, ਆਪਣੀ ਅੱਖ ਖੁਲ੍ਹਾਈਆ । ਸੋ ਫਿਰੇ ਗੁਰਮੁਖਾਂ ਵਿਚ ਆਪ ਨਾਲ ਸ਼ੌਂਕਾ, ਸ਼ੌਕੀਨ ਹੋ ਕੇ ਫੇਰਾ ਪਾਈਆ । ਪੁਰਖ ਅਕਾਲ ਨਾਲ ਮੇਰਾ ਇਕਰਾਰ ਗੋਬਿੰਦ ਕਦੇ ਨਾ ਜਾਵੇ ਔਂਤਾ, ਔਂਤਰਾ ਰੂਪ ਨਾ ਕੋਇ ਵਟਾਈਆ । ਬਿਨ ਮੇਰੇ ਪਰਸਾਦ ਪੁਰਖ ਅਕਾਲ ਕਿਸੇ ਨਾ ਪਹੁੰਚਾ, ਜਿਸ (ਚਾਹਵਾਂ) ਦੇਵਾਂ ਸਚ ਵਡਿਆਈਆ । ਮੈਂ ਬਾਹਰੋਂ ਫੜ ਕੇ ਪੌਚਾ, ਅੰਦਰ ਵੜ ਕੇ ਗਲਵਕੜੀ ਲਈ ਪਾਈਆ । ਮੈਨੂੰ ਲੈਣ ਨਾ ਦੇਵੇ ਹੌਕਾ, ਹੌਕੇ ਵਿਚ ਮਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਅਖਵਾਈਆ । ਗੋਬਿੰਦ ਕਹੇ ਇੱਕੀ ਚੰਗੀ, ਚੰਗੀ ਤਰਾ ਬਣਾਈਆ । ਜਿਸ ਦੇ ਚਰਨ ਧੋਵੇ ਜਮਨਾ ਗੋਦਾਵਰੀ ਸੁਰਸਤੀ ਮਾਤ ਗੰਗੀ, ਗੰਗਾ ਸਾਗਰ ਹੱਥ ਉਠਾਈਆ । ਪਾਟੇ ਚੀਥੜ ਪੈਰੀਂ ਆਵੇ ਨੰਗੀ, ਆਪਣਾ ਪੰਧ ਮੁਕਾਈਆ । ਮੈਂ ਸਵਾਣੀ ਬਣ ਕੇ ਸੀਸ ਨਾ ਵਾਹੀ ਕੰਘੀ, ਨੇਤਰ ਕਜਲਾ ਧਾਰ ਨਾ ਕੋਇ ਵਖਾਈਆ । ਸੋਹਣੀ ਤਨ ਨਾ ਪਾਈ ਅੰਗੀ, ਸਾਲੂ ਸਚ ਨਾ ਕੋਇ ਰੰਗਾਈਆ । ਅੰਮ੍ਰਿਤ ਧਾਰ ਨਾ ਦਿਸੇ ਠੰਡੀ, ਅਗਨੀ ਤਤ ਤਪਾਈਆ । ਨਾਲੇ ਰੋਵਾਂ ਨਾਲੇ ਕੁਰਲਾਵਾਂ ਮੈਂ ਭਗਵਨ ਬਿਨਾਂ ਰੰਡੀ, ਕੰਤ ਸੁਹਾਗੀ ਨਜ਼ਰ ਕੋਇ ਨਾ ਆਈਆ । ਉਹ ਪੰਦਰਾਂ ਕੱਤਕ ਬੈਠ ਮੇਰੀ ਕੰਢੀ, ਚਿੱਟੀ ਚਾਦਰ ਸੇਜ ਵਿਛਾਈਆ । ਮੈਂ ਓਸੇ ਵੇਲੇ ਮੰਗ ਮੰਗੀ, ਦੋਏ ਜੋੜ ਵਾਸਤਾ ਪਾਈਆ । ਜੇ ਬ੍ਰਾਹਮਣ ਦਾ ਲੇਖਾ ਹੁੰਦਾ ਨਾ ਵਿਚ ਪਖੰਡੀ, ਪ੍ਰਭ ਕਿਰਪਾ ਕਰਕੇ ਔਂਦਾ ਓਦੋਂ ਮਾਹੀਆ । ਮੈਂ ਨਿਕਰਮਣ ਭਾਗਾਂ ਮੰਦੀ, ਬੈਠੀ ਰਹੀ ਰਾਹ ਤਕਾਈਆ । ਅੱਜ ਰੁੱਤ ਸੁਹੰਜਣੀ ਲੱਗੀ ਚੰਗੀ, ਵੀਹ ਸੌ ਇੱਕੀ ਬਿਕ੍ਰਮੀ ਖ਼ੁਸ਼ੀ ਮਨਾਈਆ । ਜਨ ਭਗਤਾਂ ਮਿਲਿਆ ਸੂਰਾ ਸਰਬੰਗੀ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵੇਖਣਹਾਰਾ ਅੰਦਰ ਵੜਿਆ ਨਜ਼ਰ ਕਿਸੇ ਨਾ ਆਈਆ । ਗੰਗਾ ਕਹੇ ਸੁਣ ਜਮਨਾ ਭੈਣ, ਸੁਰਸਤੀ ਤੈਨੂੰ ਦਿਆਂ ਸਮਝਾਈਆ । ਗੋਦਾਵਰੀ ਕੀ ਆਈ ਕਹਿਣ, ਆਪਣਾ ਬੋਲ ਅਲਾਈਆ । ਜਿਨ੍ਹਾਂ ਮਿਲੇ ਪ੍ਰਭ ਇਕੋ ਸੈਣ, ਸੱਜਣ ਬੇਪਰਵਾਹੀਆ । ਓਸ ਦੇ ਦਰ ਤੇ ਪਾਈਏ ਵੈਣ, ਨੇਤਰ ਨੈਣ ਨੀਰ ਵਹਾਈਆ । ਸਾਨੂੰ ਕੋਈ ਨਾ ਆਇਆ ਲੈਣ, ਧੁਰ ਦਾ ਲਾੜਾ ਰੂਪ ਵਟਾਈਆ । ਨਾਤਾ ਤੁਟ ਗਿਆ ਸੱਜਣ ਸੈਣ, ਸਾਕ ਰੂਪ ਨਾ ਕੋਇ ਵਖਾਈਆ । ਕਲਜੁਗ

ਕੂੜੇ ਸਾਧ ਸੰਤ ਸਾਡੇ ਉਤੇ ਬਹਿਣ, ਨੰਗੇ ਰਹੇ ਤਾਰੀਆਂ ਲਾਈਆ । ਸਾਡੇ ਕੋਇ ਨਾ ਸੁਣੇ ਵੈਣ, ਖੁਲ੍ਹੀ ਮੀਂਢੀ ਨਾ ਕੋਇ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦਏ ਮੁਕਾਈਆ । ਆਓ ਰਲ ਕੇ ਚਾਰੋ ਸਖ਼ੀਆਂ, ਹਰਿ ਸੱਚਾ ਸਚ ਦ੍ਰਿੜਾਇੰਦਾ । ਮੇਰੇ ਭਗਤਾਂ ਵੇਖੋ ਇੱਕੀਆਂ, ਜਿਨ੍ਹਾਂ ਆਪਣੀ ਦਇਆ ਕਮਾਇੰਦਾ । ਸਚ ਪ੍ਰੇਮ ਪ੍ਰੀਤੀ ਵਿਚ ਰਤੀਆਂ, ਰੱਤੀ ਰਤ ਨਾ ਕੋਇ ਰਖਾਇੰਦਾ । ਏਹ ਸਤੀਆਂ ਨਾਲੋਂ ਸਤੀਆਂ, ਸਤਿ ਆਪਣੇ ਨਾਲ ਜੁੜਾਇੰਦਾ । ਏਨ੍ਹਾਂ ਦਾ ਪਿਆਰ ਨਾ ਵਿਕੇ ਕਿਸੇ ਹੱਟੀਆਂ, ਵਣਜਾਰਾ ਵਣਜ ਨਾ ਕੋਇ ਵਖਾਇੰਦਾ । ਕੀਮਤ ਪਾਏ ਨਾ ਤੋਲੇ ਰਤੀਆਂ, ਮਾਸ਼ਾ ਖੇਲ ਨਾ ਕੋਇ ਖਿਲਾਇੰਦਾ । ਤੁਸੀਂ ਹੱਥ ਵਿਚ ਫੜ ਲਓ ਪੱਖੀਆਂ, ਪ੍ਰਭ ਸਾਚਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਵਰਤਾਇੰਦਾ । ਚਾਰੇ ਆਵਣ ਅੱਗੇ ਭੱਜ, ਆਪਣਾ ਪੰਧ ਮੁਕਾਈਆ । ਚਰਨ ਦਵਾਰੇ ਬਹੀਏ ਸਜ, ਮਿਲੇ ਮਾਣ ਵਡਿਆਈਆ । ਦਰਸ਼ਨ ਕਰੀਏ ਤੇਰਾ ਰੱਜ, ਨੇਤਰ ਖ਼ੁਸ਼ੀ ਵਖਾਈਆ । ਪੜਦਾ ਸਾਡਾ ਲੈਣਾ ਕੱਜ, ਪ੍ਰਭੂ ਓਟ ਤਕਾਈਆ । ਸਾਨੂੰ ਦੱਸਣਾ ਸਾਚਾ ਚੱਜ, ਸਾਚੀ ਸਿਖਿਆ ਦ੍ਰਿੜਾਈਆ । ਗੰਗਾ ਕਹੇ ਮੇਰੇ ਵਿਚ ਉਹ ਮਨੁਸ਼ਾਂ ਦੇ ਸੁੱਟ ਸੁੱਟ ਹੱਡ, ਮੇਰਾ ਆਪਣਾ ਰੂਪ ਦਿਤਾ ਗਵਾਈਆ । ਮੈਂ ਓਦੋਂ ਦੀ ਹੋ ਗਈ ਏਨ੍ਹਾਂ ਨਾਲੋਂ ਅੱਡ, ਜਿਸ ਵੇਲੇ ਰਿਸ਼ੀ ਕੇਸ਼ ਗੋਵਰਧਨ ਦਿਤੀ ਮਾਣ ਵਡਿਆਈਆ । ਪੰਧ ਮੁਕਦਿਆਂ ਮੁਕਦਿਆਂ ਹੁਣ ਲੱਭੀ ਹੱਦ, ਹਦੂਦ ਦਿਤੀ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦਏ ਮੁਕਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਮੇਟ ਹਦੂਦ, ਹੱਦ ਭਗਤ ਦਵਾਰਾ ਨਜ਼ਰੀ ਆਈਆ । ਅੱਗੇ ਤੁਹਾਨੂੰ ਮਿਲਾਵਾਂ ਏਨ੍ਹਾਂ ਨਾਲ ਜ਼ਰੂਰ, ਜੋ ਬੈਠੇ ਆਸਣ ਲਾਈਆ । ਏਨ੍ਹਾਂ ਅੰਦਰ ਪ੍ਰਭ ਦਾ ਨੂਰ, ਬਾਹਰੋਂ ਪੰਜ ਤਤ ਵਡਿਆਈਆ । ਏਨ੍ਹਾਂ ਦੇ ਚਰਨ ਧੋਵੋ ਜ਼ਰੂਰ, ਸਾਚੀ ਸੇਵਾ ਇਕ ਸਮਝਾਈਆ । ਇਹ ਇੱਕੀਆਂ ਦਾ ਸੋਹਣਾ ਪੂਰ, ਪ੍ਰਭ ਭਰਿਆ ਬੇਪਰਵਾਹੀਆ । ਮੈਂ ਇਨ੍ਹਾਂ ਪਿਛੇ ਹੋ ਕੇ ਮਜਬੂਰ, ਨਿਰਗੁਣ ਰੂਪ ਵੇਸ ਵਟਾਈਆ । ਜਨ ਭਗਤਾਂ ਕਿਰਪਾ ਤੁਹਾਡੇ ਬਖ਼ਸ਼ਾਂ ਸਰਬ ਕਸੂਰ, ਕਸਰ ਕੋਇ ਰਹਿਣ ਨਾ ਪਾਈਆ । ਉਹ ਦੂਰ ਦੂਰ ਨਹੀਂ ਨੇੜੇ ਆਇਆ ਜੋ ਵਸੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੇ ਅੰਦਰ ਰੱਖਿਆ ਗ਼ਰੂਰ, ਦੇਵਾਂ ਬਾਹਰ ਕਢਾਈਆ । ਚਾਰੇ ਕਹਿਣ ਅਸੀਂ ਮਸ਼ਕੂਰ, ਸਾਡੀ ਮੁਸ਼ਕਲ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਕੀ ਇੱਕੀ ਚਰਨ ਦੋਵੇਂ ਲਓ ਰੱਖ, ਸੋਹਣਾ ਆਸਣ ਲਾਈਆ । ਗੰਗਾ ਗੋਦਾਵਰੀ ਸੁਰਸਤੀ ਆਈਆਂ ਨੱਸ, ਆਪਣਾ ਪੰਧ ਮੁਕਾਈਆ । ਪ੍ਰਭੂ ਦੇ ਚਰਨਾਂ ਦਾ ਲੈ ਕੇ ਰਸ, ਮਸਤਕ ਟਿੱਕਾ ਲਾਈਆ । ਗੰਗਾ ਸਾਗਰ ਲੈ ਕੇ ਹੱਥ, ਆਪਣਾ ਲਹਿੰਗਾ ਲਿਆ ਕਸਾਈਆ । ਨੀਵੀ ਵੇਖਣ ਹੌਲੀ ਹੌਲੀ ਅੱਖ, ਜਨ ਭਗਤਾਂ ਮੁਖ ਤਕਾਈਆ । ਏਨ੍ਹਾਂ ਦੇ ਕਿਸ ਤਰ੍ਹਾ ਹੋ ਗਿਆ ਵਸ, ਵਡ ਦਾਤਾ ਬੇਪਰਵਾਹੀਆ । ਸਾਡੇ ਕੋਲੋਂ ਆਇਆ ਭੱਜ, ਪਿਛਾ ਦੇ ਨਾ ਮੁਖ ਵਖਾਈਆ । ਅਸੀਂ ਸੇਵਾ ਕਰੀਏ, ਨੱਕ ਹੋਏ ਸਾਡੇ ਨੱਥ, ਬਲਾਕਾਂ ਵਾਲੀ ਡੋਰੀ ਤੰਦ ਬੰਧਾਈਆ । ਦੇ ਵਡਿਆਈ ਪੁਰਖ ਸਮਰਥ, ਸਿਰ ਆਪਣਾ ਹੱਥ ਰਖਾਈਆ । ਗੰਗਾ ਕਹੇ ਮੈਂ ਬੜੀ ਛੇਤੀ ਵੇਖੇ ਅੰਦਰ ਗੌਂਦੇ ਏਹਦਾ ਜਸ, ਬਾਹਰੋਂ ਬੈਠੇ ਚੌਂਕੜਾ ਲਾਈਆ । ਜਮਨਾ ਕਹੇ ਮੈਂ ਚਰਨੀ ਜਾਵਾਂ ਢੱਠ, ਆਪਣਾ ਮਾਣ ਮਿਟਾਈਆ । ਗੋਦਾਵਰੀ ਕਹੇ ਮੈਨੂੰ ਓਹੋ ਗੋਬਿੰਦ ਦਾ ਦਿਸੇ ਇਕੱਠ, ਜਿਸ ਇਕੱਠ ਵਿਚੋਂ ਆਪਣਾ ਕੱਠਾ ਰੂਪ

੧੨੯

ਦਰਸਾਈਆ । ਸੁਰਸਤੀ ਕਹੇ ਮੈਂ ਓਸੇ ਅੰਦਰ ਗਈ ਵਸ, ਜੋ ਵਾਸਤਾ ਆਪਣੇ ਨਾਲ ਰਖਾਈਆ । ਪ੍ਰੇਮ ਪ੍ਰੀਤੀ ਅੰਦਰ ਫਸ, ਪਿਛਲੀ ਫਾਸੀ ਦਿਤੀ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੰਗਾ ਕਹੇ ਉਠੋ ਫੜੋ ਪਾਣੀ, ਨੀਰ ਨੀਰਾਂ ਵਿਚੋਂ ਨਜ਼ਰੀ ਆਈਆ । ਜਿਸ ਦੀ ਪੰਡਤ ਪਾਂਧੇ ਮੇਰੇ ਤੱਟਾਂ ਉਤੇ ਬਹਿ ਕੇ ਪੜ੍ਹਦੇ ਬਾਣੀ, ਓਅੰ ਸੋਹੰ ਤਤਵ ਸਵਾਹਾ ਕਹਿ ਕੇ ਝੱਟ ਲੰਘਾਈਆ । ਸੋ ਆਇਆ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਨ ਭਗਤਾਂ ਦਾ ਲੇਖਾ ਜੀਵ ਪ੍ਰਾਣੀ, ਆਤਮ ਪਰਮਾਤਮ ਮੇਲ ਮਿਲਾਈਆ । ਏਹ ਸੋਹਣਾ ਲੱਭਾ ਧੁਰ ਦਾ ਹਾਣੀ, ਹਾਣੀ ਹਾਣੀਆਂ ਨਾਲ ਰਖਾਈਆ । ਸਾਡੀ ਭੁੱਲੇ ਤਰਲ ਜਵਾਨੀ, ਜੋਬਨ ਰਤੀ ਆਪਣੇ ਅੰਗ ਲਗਾਈਆ । ਦਰ ਬਹੀਏ ਇਕ ਨਿਮਾਣੀ, ਨਾਲ ਨਿਮਾਣਿਆਂ ਦੇਵੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਗਾਹੀਆ । ਗੰਗਾ ਗੋਦਾਵਰੀ ਕਹੇ ਜਨ ਭਗਤਾਂ ਚਰਨ ਧੋਤੇ, ਸੋਹਣਾ ਨੀਰ ਵਹਾਈਆ । ਏਨ੍ਹਾਂ ਨਾਲ ਮਿਲੇ ਸੋਹਣੇ ਮੌਕੇ, ਮੁੱਕਿਆ ਪੰਧ ਜੁਦਾਈਆ । ਸੁਣੇ ਧੁਰ ਦੇ ਸਚ ਸਲੋਕੇ, ਢੋਲਾ ਇਕੋ ਗਾਈਆ । ਏਨ੍ਹਾਂ ਦੇ ਪੈਂਡੇ ਵੇਖੇ ਸੌਖੇ, ਸੋਹਣਾ ਝੱਟ ਲੰਘਾਈਆ । ਏਨ੍ਹਾਂ ਨੂੰ ਪੜ੍ਹਨੇ ਪਏ ਨਾ ਪੋਥੇ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਕਿਸੇ ਰੱਖਣੇ ਪਏ ਨਾ ਰੋਜ਼ੇ, ਫ਼ਾਕਿਆਂ ਵਿਚ ਨਾ ਜਾਨ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸਚ ਵਡਿਆਈ ਵੇਖਾਂ ਦੇਂਦਾ, ਦਇਆਨਿਧ ਦਇਆ ਕਮਾਈਆ । ਜਿਸ ਨੇ ਭਗਤਾਂ ਦਿਤਾ ਨੇਂਦਾ, ਘਰ ਸਦੇ ਚਾਈਂ ਚਾਈਂਆ । ਉਹ ਸੁਹਾਵੇ ਸੁਹੰਜਣੀ ਸੇਜਾ, ਸੋਹਣਾ ਆਸਣ ਲਾਈਆ । ਨਾਮ ਸੰਦੇਸਾ ਇਕੋ ਭੇਜਾ, ਭਜਨ ਬੰਦਗੀ ਇਕ ਦ੍ਰਿੜਾਈਆ । ਆਵਣ ਜਾਵਣ ਚੁਕਾਇਆ ਲੇਖਾ, ਲਿਖਤ ਆਪਣੇ ਹੱਥ ਰਖਾਈਆ । ਪਰਗਟ ਹੋ ਕੇ ਮਾਝੇ ਦੇਸਾ, ਸੰਬਲ ਸੋਹਣੀ ਰੁੱਤ ਸੁਹਾਈਆ । ਨਰ ਨਰਾਇਣ ਬਣ ਨਰੇਸ਼ਾ, ਸ਼ਹਿਨਸ਼ਾਹ ਇਕ ਅਖਵਾਈਆ । ਕਲ ਕਲਕੀ ਧਰਿਆ ਭੇਸਾ, ਨਿਹਕਲੰਕ ਵੱਜੀ ਵਧਾਈਆ । ਵੀਹ ਸੌ ਇੱਕੀ ਖੇਲੇ ਖੇਡਾਂ, ਖੇਡਣਹਾਰਾ ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਾ ਗੁਰਮੁਖ ਫੜਿਆ ਨੇਜ਼ਾ, ਸਚ ਦਵਾਰੇ ਸੋਭਾ ਪਾਈਆ । ਜਿਸ ਦਾ ਡੱਲੇ ਨਾਲ ਲੇਖਾ, ਤੋੜੇਦਾਰ ਬੰਦੂਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਰਘੁਰਾਈਆ । ਚਾਰੇ ਕਹਿਣ ਲਹਿਣਾ ਵੇਖਿਆ ਮੁੱਕਿਆ, ਖ਼ੁਸ਼ੀਆ ਹਾਲ ਸੁਣਾਈਆ । ਜਨ ਭਗਤਾਂ ਆ ਕੇ ਪੁੱਛਿਆ, ਪਿਛਲੀ ਗੱਲ ਸਮਝਾਈਆ । ਫੜ ਬਾਹੋਂ ਗੋਦੀ ਚੁੱਕਿਆ, ਚੁੱਕ ਚੁੱਕ ਗਲੇ ਲਗਾਈਆ । ਏਨ੍ਹਾਂ ਪਿਛਲਾ ਪੈਂਡਾ ਅੱਗੇ ਤਕ ਮੁੱਕਿਆ, ਜਿਥੋਂ ਤਕ ਸੰਗ ਨਾ ਕੋਇ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਿਸ਼ਾਨੇ ਕਦੇ ਨਾ ਉਕਿਆ, ਲਾ ਕੇ ਨਿਸ਼ਾਨਾ ਤੀਰ ਅਗੰਮ ਚਲਾਈਆ ।

### ੧੮ ਹਾੜ ੨੦੨੧ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ

ਬੀਸ ਇਕੀਸਾ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਕਰਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਸੰਦੇਸਾ ਜੋ ਗਿਆ ਦੱਸ, ਵਾਕ ਭਵਿਖਤ ਦ੍ਰਿੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾ ਕੇ ਗਿਆ ਰਥ, ਰਥਵਾਹੀ ਹੋ ਕੇ ਖੇਲ ਖਿਲਾਇੰਦਾ । ਅੰਤਮ ਨਿਰਗੁਣ

ਜੋਤ ਕਰ ਪਰਗਟ, ਜੋਤੀ ਜਾਤਾ ਵੇਸ ਵਟਾਇੰਦਾ । ਸਚ ਦਵਾਰੇ ਜਨ ਭਗਤਾਂ ਖੋਲ੍ਹ ਅੱਖ, ਨਿਜ ਨੇਤਰ ਪੜਦਾ ਲਾਹਿੰਦਾ । ਸਰਨ ਸਰਨਾਈ ਧੁਰ ਦੀ ਸੱਦ, ਸੱਦਾ ਆਪਣਾ ਨਾਮ ਸੁਣਾਇੰਦਾ । ਕਲਜੁਗ ਕੂੜੀ ਕਿਰਿਆ ਮਿਟੇ ਹੱਦ, ਭਾਂਡਾ ਭਰਮ ਭੌ ਭੰਨਾਇੰਦਾ । ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਕਾਇਆ ਹੁਜਰਾ ਇਕ ਸੁਹਾਇੰਦਾ । ਸ਼ਬਦ ਅਨਾਦ ਵਜਾਏ ਨੱਦ, ਧੁਨ ਆਤਮਕ ਰਾਗ ਅਲਾਇੰਦਾ । ਕੂੜੀ ਕਿਰਿਆ ਵਿਚੋਂ ਕੱਢ, ਦਰ ਸਾਚੇ ਮੇਲ ਮਿਲਾਇੰਦਾ । ਚਾਰ ਵਰਨ ਬਣਾ ਕੇ ਵਿਸ਼ਵ ਯਦ, ਸਾਚੀ ਸਿਖਿਆ ਇਕ ਸਮਝਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਦੀ ਮੁਕੀ ਹੱਦ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਵੀਹ ਸੌ ਇੱਕੀ ਖੇਲ ਅਖ਼ੀਰ, ਹਰਿ ਕਰਤਾ ਆਪ ਕਰਾਈਆ । ਦੋ ਜਹਾਨਾਂ ਕੱਟ ਸ਼ਰਅ ਜ਼ੰਜੀਰ, ਸ਼ਖ਼ਸੀਅਤ ਇਕੋ ਦਏ ਸਮਝਾਈਆ । ਸਚ ਦਰਸਾਏ ਅਗੰਮੀ ਤਸਵੀਰ, ਤਸੱਵਰ ਬਣ ਕੇ ਬੇਪਰਵਾਹੀਆ । ਜੋਤੀ ਜਲਵਾ ਨੂਰ ਪਰਗਟਾਏ ਧੁਰ ਦਾ ਪੀਰ, ਪਰਵਰਦਿਗਾਰ ਫੇਰਾ ਪਾਈਆ । ਜਿਸ ਦੀ ਕਾਗ਼ਜ਼ ਕਲਮ ਸ਼ਾਹੀ ਨਾਲ ਮਾਰਦੇ ਗਏ ਲਕੀਰ, ਅੱਖਰਾਂ ਹਿੰਦਸਿਆਂ ਵਿਚ ਵੰਡ ਵੰਡਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਬਣਦੇ ਗਏ ਤਦਬੀਰ, ਸਾਚੀ ਸਿਖਿਆ ਇਕੋ ਇਕ ਸਮਝਾਈਆ । ਸੋ ਕਰਤਾ ਕਰੀਮ ਕਾਦਰ ਕਰੇ ਖੇਲ ਬਿਨ ਸਰੀਰ, ਬੇਨਜ਼ੀਰ ਧਾਰ ਚਲਾਈਆ । ਦਾਤਾ ਜੋਧਾ ਬਣਕੇ ਸੂਰਬੀਰ, ਬੇਪਰਵਾਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਵੀਹ ਸੌ ਇੱਕੀ ਸਾਚੀ ਸਿਖਿਆ, ਹਰਿ ਕਰਤਾ ਆਪ ਦ੍ਰਿੜਾਇੰਦਾ । ਗੁਰ ਅਵਤਾਰਾਂ ਭਵਿਖਤ ਲਿਖਿਆ, ਲੇਖਾ ਅੰਤਮ ਪੂਰ ਵਖਾਇੰਦਾ । ਲੱਖ ਚੁਰਾਸੀ ਦਿਸੇ ਮਿਥਿਆ, ਥਿਰ ਰਹਿਣ ਕੋਇ ਨਾ ਪਾਇੰਦਾ । ਗੋਬਿੰਦ ਲੇਖਾ ਉਪਰ ਕਾਗ਼ਜ਼ ਚਿਟਿਆ, ਪੁਰਖ ਅਕਾਲ ਆਪ ਫੜਾਇੰਦਾ । ਜਿਸ ਦਾ ਨਿਸ਼ਾਨ ਕਦੇ ਨਾ ਮਿਟਿਆ, ਆਦਿ ਜੁਗਾਦਿ ਜੁਗ ਚੌਕੜੀ ਇਕੋ ਨਜ਼ਰੀ ਆਇੰਦਾ । ਜਿਸ ਦਾ ਆਤਮ ਕਦੇ ਨਾ ਜਾਵੇ ਭਿਟਿਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਹਰਿ ਭਗਵੰਤ, ਨਿਰਗੁਣ ਸਰਗੁਣ ਸਰਬ ਰਿਹਾ ਸਮਝਾਈਆ । ਆਦਿ ਜੁਗਾਦਿ ਧੁਰ ਦਾ ਕੰਤ, ਪਤਿਪਰਮੇਸ਼ਵਰ ਸੱਚਾ ਮਾਹੀਆ । ਵਸਣਹਾਰਾ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਬਣਾਈ ਬਣਤ, ਪੰਜ ਤਤ ਦੇਵਣਹਾਰ ਵਡਿਆਈਆ । ਸੋ ਸਵਾਮੀ ਨਿਰਗੁਣ ਨਿਰਵੈਰ ਸਾਚਾ ਕੰਤ, ਕੰਤੂਹਲ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਵੀਹ ਸੌ ਇੱਕੀ ਕਹੇ ਮੋਹੇ ਲੱਗਾ ਭਾਗ, ਭਗਵਨ ਦਇਆ ਕਮਾਈਆ । ਸਚ ਦਵਾਰੇ ਜਗਿਆ ਚਰਾਗ਼, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮਿਲਿਆ ਕੰਤ ਸੁਹਾਗ, ਅੰਤਰ ਆਤਮ ਲਈ ਪਰਨਾਈਆ । ਜਨਮ ਜਨਮ ਦਾ ਧੋ ਦਾਗ਼, ਦੁਰਮਤ ਮੈਲ ਗਵਾਈਆ । ਅੰਤਰ ਸੁਣਾ ਸੱਚਾ ਰਾਗ, ਅਨਹਦ ਨਾਦ ਵਜਾਈਆ । ਹੰਸ ਬਣਾ ਫੜ ਫੜ ਕਾਗ, ਸੋਹੰ ਹੰਸਾ ਜਾਪ ਜਪਾਈਆ । ਨਜ਼ਰੀ ਆਇਆ ਰਸੂਲ ਪਾਕ, ਪਰਵਰਦਿਗਾਰ ਨੂਰ ਇਲਾਹੀਆ । ਪਤਿਪਰਮੇਸ਼ਵਰ ਬਣਿਆ ਸਾਕ, ਸੱਜਣ ਸ਼ਹਿਨਸ਼ਾਹ ਅਖਵਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰ ਤਾਕ, ਬਜਰ ਕਪਾਟੀ ਦਿਤੀ ਤੁੜਾਈਆ । ਸਚ ਵਖਾਇਆ ਮੰਦਰ ਹਾਟ, ਘਰ ਘਰ ਵਿਚ

ਪੜਦਾ ਲਾਹੀਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧਿਆਰ ਦਿਤਾ ਗਵਾਈਆ । ਆਤਮ ਸੇਜਾ ਭੋਗ ਬਲਾਸ, ਸੋਹਣੀ ਰੁਤੜੀ ਰੁੱਤ ਵਡਿਆਈਆ । ਲਹਿਣਾ ਚੁੱਕਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਨਿਰਵੈਰ ਹੋ ਕੇ ਵਸੇ ਪਾਸ, ਨਿਰਾਕਾਰ ਨਜ਼ਰੀ ਆਈਆ । ਚੌਥੇ ਜੁਗ ਪੂਰੀ ਕਰੇ ਖ਼ਾਹਿਸ਼, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਦਾਤਾ ਬੇਪਰਵਾਹੀਆ । ਸਾਹਿਬ ਦਾਤਾ ਹਰਿ ਦਾਤਾਰ, ਦਇਆਵਾਨ ਅਖਵਾਇੰਦਾ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਵਰਤਾਇੰਦਾ । ਥਿਰ ਘਰ ਲੇਖਾ ਜਾਣੇ ਆਪ ਅਪਰ ਅਪਾਰ, ਅਪਰੰਪਰ ਆਪਣੀ ਖੇਲ ਖਿਲਾਇੰਦਾ । ਸੁਤ ਦੁਲਾਰਾ ਲਏ ਉਠਾਲ, ਸ਼ਬਦੀ ਸ਼ਬਦ ਜਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖ ਹਾਲ, ਹਾਲਤ ਸਭ ਦੀ ਆਪ ਬਦਲਾਇੰਦਾ । ਤ੍ਰੈਗੁਣ ਮਾਇਆ ਕਰ ਬੇਹਾਲ, ਪੰਜ ਤਤ ਤਤ ਕੁਰਲਾਇੰਦਾ । ਲੱਖ ਚੁਰਾਸੀ ਕੂੜ ਜੰਜਾਲ, ਮਾਇਆ ਮਮਤਾ ਸੰਗ ਨਿਭਾਇੰਦਾ । ਸਚ ਦਿਸੇ ਨਾ ਕੋਈ ਧਰਮਸਾਲ, ਧਰਮ ਦਵਾਰਾ ਨਜ਼ਰ ਕੋਇ ਨਾ ਆਇੰਦਾ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਖੋਜ ਖੋਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪਾਵੇ ਸਾਰ, ਗੀਤਾ ਗਿਆਨ ਪੜਦਾ ਲਾਹਿੰਦਾ । ਅੰਜੀਲ ਕੁਰਾਨਾ ਦਏ ਹੁਲਾਰ, ਖਾਣੀ ਬਾਣੀ ਭੇਵ ਚੁਕਾਇੰਦਾ । ਤਟ ਕਿਨਾਰਾ ਵੇਖੇ ਵੇਖਣਹਾਰ, ਸਰ ਸਰੋਵਰ ਖੋਜ ਖੋਜਾਇੰਦਾ । ਜਿਸ ਦੀ ਸਿਫ਼ਤ ਕਰਦੇ ਰਹੇ ਜੁਗ ਚਾਰ, ਚਾਰੇ ਖਾਣੀ ਚਾਰੇ ਬਾਣੀ ਰੰਗ ਰੰਗਾਇੰਦਾ । ਜਿਸ ਨੂੰ ਲੱਖ ਚੁਰਾਸੀ ਮੰਨਿਆ ਕੰਤ ਭਤਾਰ, ਨਾਰੀ ਰੂਪ ਸਰਬ ਦਰਸਾਇੰਦਾ । ਜਿਸ ਦਾ ਮੰਦਰ ਅਗੰਮ ਅਪਾਰ, ਮਨਜ਼ਲ ਸਾਚੀ ਸੋਭਾ ਪਾਇੰਦਾ । ਜਿਸ ਦਾ ਹੁਜਰਾ ਸੋਹੇ ਸਚ ਦਵਾਰ, ਪਰਵਰਦਿਗਾਰ ਆਪ ਅਖਵਾਇੰਦਾ । ਰੂਪ ਰੇਖ ਤੇ ਵਸਿਆ ਬਾਹਰ, ਜੋਤੀ ਜਲਵਾ ਡਗਮਗਾਇੰਦਾ । ਆਦਿ ਜੁਗਾਦਿ ਖੇਲ ਅਪਾਰ, ਜੁਗ ਚੌਕੜੀ ਵੰਡ ਵੰਡਾਇੰਦਾ । ਕਲਜੁਗ ਅੰਤਮ ਸਭ ਦਾ ਪਿਛਲਾ ਲਾਹੇ ਉਧਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਪਿਛਲਾ ਕਰਜ਼ਾ ਦੇਵੇ ਲਾਹ, ਹਰਿ ਕਰਤਾ ਵਡ ਵਡਿਆਈਆ । ਸਚਖੰਡ ਨਿਵਾਸੀ ਬਣ ਮਲਾਹ, ਪੁਰਖ ਅਬਿਨਾਸ਼ੀ ਬੇੜਾ ਰਿਹਾ ਤਰਾਈਆ । ਜਨ ਭਗਤਾਂ ਦੇ ਕੇ ਸਚ ਸਲਾਹ, ਸਾਚੀ ਸਲਾਹ ਇਕ ਸਮਝਾਈਆ । ਪੁਰਖ ਅਕਾਲ ਬਣਾਓ ਪਿਤਾ ਮਾਂ, ਨਾਤਾ ਤੋੜ ਜਗਤ ਲੋਕਾਈਆ । ਏਕੋ ਸਿਮਰੋ ਸਾਚਾ ਨਾਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਆਪੇ ਪਕੜੇ ਬਾਂਹ, ਪਿਤਾ ਪੂਤ ਗੋਦ ਉਠਾਈਆ । ਸਚ ਦਵਾਰੇ ਬਖ਼ਸ਼ੇ ਸਰਬ ਗੁਨਾਹ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਵੀਹ ਸੌ ਇੱਕੀ ਕਹੇ ਵੇਖੋ ਅਵਤਾਰ, ਤੇਈਆਂ ਸਚ ਸੁਣਾਈਆ । ਨੇਤਰ ਖੋਲ੍ਹੋ ਭਗਤ ਦਵਾਰ, ਭਗਵਨ ਅੱਖ ਪ੍ਰਤਖ ਜਣਾਈਆ । ਈਸਾ ਮੂਸਾ ਮੁਹੰਮਦ ਹੋਵੋ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਨਾਨਕ ਗੋਬਿੰਦ ਦਰ ਖੜ੍ਹੇ ਤਿਆਰ, ਤ੍ਰੈਗੁਣ ਬੈਠੇ ਡੇਰਾ ਢਾਹੀਆ । ਖ਼ਾਲੀ ਦਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰ, ਸਾਚਾ ਰੰਗ ਨਾ ਕੋਇ ਰੰਗਾਈਆ । ਸਾਚਾ ਮੰਦਰ ਸੋਹੇ ਨਾ ਕੋਈ ਨਿਰਮਲ ਦੀਆ ਨਾ ਹੋਏ ਉਜਿਆਰ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਰਸਨਾ ਪੜ੍ਹ ਪੜ੍ਹ ਖਾਣੀ ਬਾਣੀ ਢੋਲੇ ਰਾਗ ਨਾਦਾਂ ਵਿਚ ਰਹੇ ਉਚਾਰ, ਭੇਵ ਅਭੇਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁਤ ਸੁਹੰਜਣੀ

ਇਕ ਸੁਹਾਈਆ । ਵੀਹ ਸੌ ਇੱਕੀ ਬਿਕ੍ਰਮੀ ਸੁਹੰਜਣੀ ਰੁਤ, ਹਰਿ ਰੁਤੜੀ ਆਪ ਮਹਿਕਾਇੰਦਾ । ਗੁਰਮੁਖ ਬਣਾਏ ਸਾਚੇ ਸੁਤ, ਹਰਿ ਸਤਿਗੁਰ ਦਇਆ ਕਮਾਇੰਦਾ । ਨਿਰਗੁਣ ਹੋ ਕੇ ਰਿਹਾ ਪੁਛ, ਸਰਗੁਣ ਪੜਦਾ ਲਾਹਿੰਦਾ । ਨੀਵਾਂ ਹੋ ਕੇ ਵੇਖੇ ਝੁਕ, ਜਗਤ ਹੰਕਾਰ ਨਾ ਕੋਇ ਜਣਾਇੰਦਾ । ਜੋ ਅੰਦਰ ਬੈਠਾ ਲੁਕ, ਸੋ ਪੜਦਾ ਆਪ ਉਠਾਇੰਦਾ । ਨਿਰਵੈਰ ਹੋਏ ਸਨਮੁਖ, ਸਵੱਛ ਸਰੂਪੀ ਦਰਸ ਦਿਖਾਇੰਦਾ । ਕੂੜੀ ਕਿਰਿਆ ਦੇਵੇ ਜੜ੍ਹ ਪੁੱਟ, ਮਾਇਆ ਮਮਤਾ ਮੋਹ ਮਿਟਾਇੰਦਾ । ਜੋ ਸੰਤ ਸੁਹੇਲੇ ਗੁਰੂ ਗੁਰ ਚੇਲੇ ਪੂਰਬ ਜਨਮ ਗਏ ਰੁਠ, ਕਰਮ ਕਾਂਡ ਡੇਰਾ ਢਾਹਿੰਦਾ । ਸਾਚੀ ਗੋਦੀ ਲਏ ਚੁੱਕ, ਆਪ ਆਪਣੇ ਗਲੇ ਲਗਾਇੰਦਾ । ਓਨ੍ਹਾਂ ਅਗਲਾ ਪਿਛਲਾ ਪੈਂਡਾ ਜਾਏ ਮੁੱਕ, ਪਤਿਪਰਮੇਸ਼ਵਰ ਜਿਸ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁਤ ਸੁਹੰਜਣੀ ਆਪ ਵਖਾਇੰਦਾ । ਰੁਤ ਸੁਹੰਜਣੀ ਮੌਲੀ ਜਗ, ਪੱਤ ਡਾਲ੍ਹੀ ਮਾਤ ਮਹਿਕਾਈਆ । ਕਿਰਪਾ ਕਰੀ ਸੂਰੇ ਸਰਬੱਗ, ਸ਼ਹਿਨਸ਼ਾਹ ਦਇਆ ਕਮਾਈਆ । ਭਗਤ ਭਗਵਾਨ ਸੱਜਣ ਲੱਭ, ਘਰ ਸਾਚੇ ਮੇਲ ਮਿਲਾਈਆ । ਕੂੜੀ ਕਿਰਿਆ ਬੁਝਾਈ ਅੱਗ, ਤ੍ਰਿਖਾ ਤ੍ਰਿਸਨਾ ਦਿਤੀ ਜਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਘਰ ਸਾਚੇ ਜੋੜ ਜੁੜਾਈਆ । ਆਤਮ ਸੇਜਾ ਚੜ੍ਹਿਆ ਭੱਜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਧੁਨ ਵਜਾਇਆ ਅਗੰਮੀ ਨਦ, ਸੁਰ ਤਾਲ ਨਾ ਕੋਇ ਵਖਾਈਆ । ਦਰਸ਼ਨ ਦੇ ਕੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਵੀਹ ਸੌ ਇੱਕੀ ਬਿਕ੍ਰਮੀ ਕਹੇ ਲੇਖਾ ਚੁੱਕਿਆ, ਚਾਰ ਜੁਗ ਬੈਠੇ ਨੈਣ ਸ਼ਰਮਾਈਆ । ਜਨ ਭਗਤਾਂ ਪੈਂਡਾ ਮੁੱਕਿਆ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਨਾ ਕਰੇ ਪੁੱਛਿਆ, ਲੇਖਾ ਸਕੇ ਨਾ ਕੋਇ ਵਖਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤਿਆ, ਚੇਤਨ ਧਾਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵੀਹ ਸੌ ਇੱਕੀ ਕਰੇ ਨਜ਼ਰ ਮਿਹਰ, ਮਹਿਬੂਬ ਵਡ ਗੋਸਾਈਆ । ਪਰਗਟ ਹੋਇਆ ਦਾਤਾ ਜੋਧਾ ਸੂਰ ਕਿਹਰ, ਗਰਜ ਆਪਣਾ ਨਾਮ ਵਖਾਈਆ । ਜਿਸ ਦੀ ਉਡੀਕ ਰਹੀ ਜਗ ਦੇਰ, ਜੁਗ ਚੌਕੜੀ ਬੈਠੀ ਧਿਆਨ ਲਗਾਈਆ । ਸੋ ਸ਼ਬਦੀ ਪਰਗਟ ਹੋਇਆ ਸ਼ੇਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਲਏ ਘੇਰ, ਬਚਿਆ ਨਜ਼ਰ ਕੋਇ ਨਾ ਪਾਈਆ । ਸਭ ਦਾ ਲਹਿਣਾ ਦਏ ਨਬੇੜ, ਲੇਖਾ ਦੇਵੇ ਥਾਉਂ ਥਾਈਆ । ਦੀਨ ਮਜ਼੍ਹਬ ਦਾ ਨਾ ਰਹੇ ਝੇੜ, ਜ਼ਾਤ ਪਾਤ ਨਾ ਕਰੇ ਲੜਾਈਆ । ਸਚ ਵਸਾਏ ਧੁਰ ਦਾ ਖੇੜ, ਕਾਇਆ ਖਿੜਕੀ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਦੇਵੇ ਵਡਿਆਈ ਸਰਬ ਸਭ, ਹਰਿ ਕਰਤਾ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਸੱਜਣ ਲੱਭ, ਲੱਖ ਚੁਰਾਸੀ ਵਿਚੋਂ ਖੋਜ ਖੋਜਾਇੰਦਾ । ਨੌਂ ਦਵਾਰੇ ਕਰ ਕੇ ਪਾਰ ਹੱਦ, ਘਰ ਸਾਚਾ ਇਕ ਸਮਝਾਇੰਦਾ । ਡੂੰਘੀ ਨਾੜ ਸੁਖਮਨ ਟੇਢੀ ਜਾਏ ਲੰਘ, ਈੜਾ ਪਿੰਗਲ ਅਧਵਿਚਕਾਰ ਨਾ ਕੋਇ ਅਟਕਾਇੰਦਾ । ਧੁਨ ਸ਼ਬਦ ਨਾਦ ਪਿਛੇ ਜਾਏ ਛੱਡ, ਜੋਤ ਨਿਰੰਜਣ ਪੰਧ ਮੁਕਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਨਿਰਵੈਰ ਬਹੇ ਸਜ, ਸੋਹਣੀ ਸੇਜਾ ਆਪ ਹੰਢਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਨਿਰਵੈਰ ਕਰ ਪਰਕਾਸ਼, ਪ੍ਰਿਥਮੀ ਆਕਾਸ਼ ਪੰਧ ਮੁਕਾਇੰਦਾ । ਬਣ ਗੋਪੀ ਕਾਹਨ ਪਾਏ ਰਾਸ, ਸਾਚਾ ਮੰਡਲ ਆਪ ਸੁਹਾਇੰਦਾ । ਸ਼ਬਦ ਸਵਾਮੀ ਵਸੇ ਪਾਸ, ਸੋਹਣਾ ਸੰਗ

ਜਣਾਇੰਦਾ । ਜਨ ਭਗਤਾਂ ਇਕ ਸੁਨੇਹੜਾ ਜਾਏ ਆਖ, ਧੁਰ ਦਾ ਭੇਵ ਖੁਲ੍ਹਾਇੰਦਾ । ਪਰਮ ਪੁਰਖ ਪਰਮਾਤਮਾ ਪਰਵਰਦਿਗਾਰ ਸੱਚਾ ਬਾਪ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਿਸ ਦੇ ਕੋਲ ਅਗੰਮੀ ਦਾਤ, ਜੁਗ ਚੌਕੜੀ ਮਾਤ ਵਰਤਾਇੰਦਾ । ਸੋ ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਸਦੀ ਚੌਧਵੀਂ ਵੇਖ ਵਖਾਇੰਦਾ । ਈਸਾ ਮੂਸਾ ਮੁਹੰਮਦ ਦੱਸੇ ਨਾ ਕੋਇ ਪਰਭਾਤ, ਜੋਤੀ ਨੂਰ ਨਾ ਕੋਇ ਚਮਕਾਇੰਦਾ । ਜਿਸ ਦੀ ਉਪਜੇ ਸਾਰੀ ਸ਼ਾਖ਼, ਸੋ ਸ਼ਨਾਖ਼ਤ ਕਰਨ ਆਪੇ ਆਇੰਦਾ । ਸਚ ਦਵਾਰ ਖੋਲ੍ਹ ਕੇ ਹਾਟ, ਚਾਰ ਵਰਨ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੁੱਤ ਆਪ ਸੁਹਾਇੰਦਾ । ਵੀਹ ਸੌ ਇੱਕੀ ਬਿਕ੍ਰਮੀ ਸਚ ਸੰਦੇਸਾ, ਹਰਿ ਕਰਤਾ ਆਪ ਜਣਾਈਆ । ਪੁਰਖ ਅਕਾਲ ਅਗੰਮਾ ਨਰੇਸ਼ਾ, ਨਰ ਨਿਰੰਕਾਰ ਨਜ਼ਰੀ ਆਈਆ । ਕਲਜੁਗ ਅੰਤਮ ਧਰਿਆ ਵੇਸਾ, ਜੋਤੀ ਜਾਤਾ ਨੂਰ ਇਲਾਹੀਆ । ਕੋਈ ਨਾ ਸਮਝੇ ਇਸ ਦਾ ਭੇਸਾ, ਭੇਖਾਧਾਰੀ ਆਪਣੇ ਵਿਚ ਰਖੇ ਵਡਿਆਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਈ ਠੇਕਾ, ਜ਼ਾਤ ਪਾਤ ਡੇਰਾ ਢਾਹੀਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਰੇ ਬੁਧ ਬਿਬੇਕਾ, ਸਾਚੀ ਸਿਖਿਆ ਇਕ ਸਮਝਾਈਆ । ਪੁਰਖ ਅਕਾਲ ਦੀ ਦੱਸੇ ਟੇਕਾ, ਦੂਜਾ ਇਸ਼ਟ ਨਾ ਕੋਇ ਜਣਾਈਆ । ਜਿਸ ਦਾ ਰੂਪ ਨਜ਼ਰ ਨਾ ਆਏ ਰੇਖਾ, ਲੇਖਾ ਜਾਣੇ ਥਾਉਂ ਥਾਈਂਆ । ਲਹਿਣਾ ਚੁੱਕੇ ਪੀਰ ਪੈਗ਼ੰਬਰ ਮੁਸਾਇਕ ਮੁੱਲਾ ਸ਼ੇਖ਼ਾ, ਸਯਦ ਸੰਗ ਨਾ ਕੋਇ ਨਿਭਾਈਆ । ਪੰਡਤ ਪਾਂਧਾ ਮੰਗੇ ਕੋਈ ਨਾ ਭੇਟਾ, ਪਤਰੀ ਖੋਲ੍ਹ ਨਾ ਕੋਇ ਵਖਾਈਆ । ਜਗਤ ਕੁੜਿਆਰ ਕੋਈ ਨਾ ਬਣੇ ਸਤਿ ਪੁਰਖ ਦਾ ਬੇਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਦ੍ਰਿੜਾਈਆ । ਧੁਰ ਸੰਦੇਸਾ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਇੰਦਾ । ਵੀਹ ਸੌ ਇੱਕੀ ਬਿਕ੍ਰਮੀ ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਮਾਰ ਧਿਆਨ, ਪਿਛਲੀ ਕੀਤੀ ਸਰਬ ਵਖਾਇੰਦਾ । ਸ਼ਾਸਤਰ ਸਿਮਰਤ ਭੁੱਲਿਆ ਸਰਬ ਗਿਆਨ, ਵਿਦਵਾਨ ਵਿਦਿਆ ਵਿਚੋਂ ਵਿਦਤ ਨਜ਼ਰ ਕੋਇ ਨਾ ਆਇੰਦਾ । ਚੌਦਾਂ ਲੋਕ ਹੋਏ ਅੰਞਾਣ, ਚੌਦਾਂ ਤਬਕ ਨਾ ਕੋਇ ਸਮਝਾਇੰਦਾ । ਸ਼ਰਅ ਬਦਲੀ ਵਿਚ ਜਹਾਨ, ਅੰਜੀਲ ਕੁਰਾਨ ਢੋਲਾ ਕੋਈ ਨਾ ਗਾਇੰਦਾ । ਮਸਲਾ ਹਕ ਕਰੇ ਨਾ ਕੋਈ ਬਿਆਨ, ਸਚ ਅਮਾਮ ਨਾ ਕੋਇ ਮਨਾਇੰਦਾ । ਮਿਲੇ ਕਿਸੇ ਨਾ ਹਕ ਮੁਕਾਮ, ਮਹਿਬੂਬ ਨਜ਼ਰ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਵਖਾਇੰਦਾ । ਨੇਤਰ ਖੋਲ੍ਹੋ ਅਵਤਾਰ ਗੁਰ, ਹਰਿ ਕਰਤਾ ਆਪ ਜਣਾਇੰਦਾ । ਲੋਕਮਾਤ ਵੇਖੋ ਮੁੜ, ਪਿਛਲੀ ਕੀਤੀ ਸਰਬ ਸਮਝਾਇੰਦਾ । ਸਾਚੀ ਨਿਭੀ ਨਾ ਕਿਸੇ ਤੋੜ, ਸਗਲਾ ਸੰਗ ਨਾ ਕੋਇ ਜਣਾਇੰਦਾ । ਜਿਸ ਕਿਰਿਆ ਕੋਲੋਂ ਗਏ ਹੋੜ, ਕਲਜੁਗ ਜੀਵ ਬਚਿਆ ਨਜ਼ਰ ਕੋਇ ਨਾ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਗੜ੍ਹ ਹੰਕਾਰੀ ਸਕੇ ਨਾ ਕੋਇ ਤੋੜ, ਮਨ ਕਾ ਮਣਕਾ ਨਾ ਕੋਇ ਭਵਾਈਆ । ਅੰਤਰ ਆਤਮ ਮਿਲੇ ਨਾ ਕੋਈ ਬੌਹੜ, ਪਰਮਾਤਮ ਸੰਗ ਨਾ ਕੋਇ ਰਖਾਈਆ । ਸੁਰਤ ਸ਼ਬਦ ਸਕੇ ਨਾ ਕੋਈ ਜੋੜ, ਸਾਧ ਸੰਤ ਕੋਟਨ ਕੋਟ ਬੈਠੇ ਧਿਆਨ ਲਗਾਈਆ । ਗੋਬਿੰਦ ਕਹਿ ਕੇ ਗਿਆ ਪੁਰਖ ਅਕਾਲ ਹੱਥ ਸਭ ਦੀ ਡੋਰ, ਲੱਖ ਚੁਰਾਸੀ ਆਪਣੇ ਤੰਦ ਬੰਧਾਈਆ । ਲੇਖਾ ਚੁਕਾਏ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪਾਏ ਨਾ ਕੋਈ ਸ਼ੋਰ, ਤ੍ਰੈਗੁਣ ਮਾਇਆ ਆਪਣੀ ਧਾਰ ਨਾ ਕਇ ਜਣਾਈਆ । ਓਸ ਸਾਹਿਬ ਦੀ ਕਲਜੁਗ ਅੰਤਮ ਪਈ ਲੋੜ, ਲੋਕ ਪਰਲੋਕ ਧਿਆਨ ਲਗਾਈਆ । ਜੋ ਲੇਖ ਚੁਕਾਏ ਮੇਰ ਤੋਰ, ਤੇਰਾ ਮੇਰਾ ਇਕੋ ਦਏ ਸਮਝਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਰਿਹਾ ਸਮਝਾਈਆ । ਸਚ ਦਵਾਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਖੇਲੇ ਖੇਲ ਦਰਦ ਦੁੱਖ ਭੈ ਭੰਜਨਾ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰ ਬਣ ਕੇ ਧੁਰ ਦਾ ਸੱਜਣਾ, ਘਰ ਸਾਚੇ ਮੇਲ ਮਿਲਾਇੰਦਾ । ਆਦਿ ਨਿਰੰਜਣ ਨੂਰ ਪਰਕਾਸ਼ ਇਕੋ ਰੱਖਣਾ, ਦੀਪਕ ਦੀਆ ਨਾ ਕੋਇ ਜਗਾਇੰਦਾ । ਅਬਿਨਾਸ਼ੀ ਕਰਤਾ ਘਰ ਬਹਿ ਸਾਚੇ ਸਜਣਾ, ਮਹਲ ਅਟਲ ਆਪ ਵਡਿਆਇੰਦਾ । ਸ੍ਰੀ ਭਗਵਾਨ ਮਾਰਗ ਧੁਰ ਦਾ ਦੱਸਣਾ, ਲੇਖ ਅਲੇਖ ਨਾ ਕੋਇ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਸਾਚੀ ਵੰਡਨਾ, ਹਿੱਸਾ ਆਪਣੇ ਹੱਥ ਰਖਾਇੰਦਾ । ਗੀਤ ਸੁਹਾਗੀ ਸੁਣਾਏ ਛੰਦਨਾ, ਧੁਰ ਦਾ ਰਾਗ ਅਲਾਇੰਦਾ । ਦੂਜਾ ਦਰ ਕਿਸੇ ਨਾ ਮੰਗਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗਣਾ, ਰੰਗ ਮਜੀਠੀ ਕੰਮ ਕਿਸੇ ਨਾ ਆਇੰਦਾ । ਆਤਮ ਦੇਵੇ ਇਕ ਅਨੰਦਨਾ, ਪਰਮਾਤਮ ਆਪਣਾ ਖੇਲ ਵਖਾਇੰਦਾ । ਸਾਚਾ ਨੂਰ ਚੜ੍ਹੇ ਚੰਦਨਾ, ਚੰਦ ਚਾਂਦਨੀ ਡੇਰਾ ਢਾਹਿੰਦਾ । ਜਨ ਭਗਤਾਂ ਪਾਰ ਕਰਾਏ ਕੋਟਨ ਕੋਟ ਬ੍ਰਹਿਮੰਡ ਖੰਡਨਾ, ਨੀਕਨ ਨੀਕਾ ਆਪਣਾ ਖੇਲ ਕਰਾਇੰਦਾ । ਭੌ ਮੁਕਾਏ ਜੇਰਜ ਅੰਡਨਾ, ਉਤਭੁਜ ਸੇਤਜ ਪੰਧ ਮੁਕਾਇੰਦਾ । ਸੱਚੀ ਸਮਝਾਏ ਇਕੋ ਬੰਦਨਾ, ਡੰਡੌਤ ਪ੍ਰਭ ਦੇ ਚਰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਅੱਖ, ਕਲਜੁਗ ਅੰਤਮ ਆਪ ਜਣਾਈਆ । ਕਾਇਆ ਮਾਟੀ ਭਾਂਡੇ ਸਖ, ਵਸਤ ਸਚ ਨਜ਼ਰ ਨਾ ਆਈਆ । ਕੋਈ ਨਾ ਜਾਣੇ ਹਕੀਕਤ ਹੱਕ, ਅਠੋਤਰੀ ਸਾਰ ਕਿਸੇ ਨਾ ਪਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਕਰ ਪੜ੍ਹਾਈਆ । ਪੰਜ ਤਤ ਕਾਇਆ ਚੋਲਾ ਛੱਡ ਗਏ ਨੱਠ, ਅੰਤਮ ਪੰਧ ਮੁਕਾਈਆ । ਪਰਤ ਕੇ ਕਿਸੇ ਨਾ ਵੇਖਿਆ ਵਤ, ਚੌਦਾਂ ਲੋਕ ਚੌਦਾਂ ਤਬਕ ਦੇਣ ਦੁਹਾਈਆ । ਸਾਰੇ ਕਹਿ ਕੇ ਗਏ ਪੁਰਖ ਸਮਰਥ, ਪਤਿਪਰਮੇਸ਼ਵਰ ਹੋਏ ਸਹਾਈਆ । ਸਦੀ ਚੌਧਵੀਂ ਹੋ ਕੇ ਸਭ ਤੋਂ ਵੱਖ, ਵੱਖਰੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਕੇ ਨੈਣ, ਦਰਸ਼ਨ ਇਕੋ ਵਾਰ ਪਾਈਆ । ਬਿਨ ਰਸਨਾ ਜਿਹਵਾ ਸਾਰੇ ਕਹਿਣ, ਤੂੰ ਹੀ ਤੂੰ ਤੇਰੀ ਵਡਿਆਈਆ । ਸਰਨ ਸਰਨਾਈ ਸਾਚੀ ਢਹਿਣ, ਸੀਸ ਜਗਦੀਸ ਝੁਕਾਈਆ । ਤੂੰ ਕਰਤਾ ਕਾਦਰ ਕਰੀਮ ਸਾਕ ਸੈਣ, ਸੱਜਣ ਇਕੋ ਇਕ ਅਖਵਾਈਆ । ਸਾਡਾ ਲੇਖਾ ਚੁਕਾ ਅਲਫ਼ ਯੇ ਨਾ ਪੜ੍ਹੇ ਐਨ ਗ਼ੈਨ, ਅਕਲ ਵਿਚ ਨਾ ਕੋਇ ਖ਼ੁਦਾਈਆ । ਮਜ਼੍ਹਬਾਂ ਵਿਚ ਨਾ ਕੋਇ ਤਰਫ਼ੈਨ, ਸ਼ਰਅ ਵਿਚ ਕਰੀ ਲੜਾਈਆ । ਕਲਜੁਗ ਅੰਤ ਸ੍ਰਿਸ਼ਟ ਸਬਾਈ ਨਾਤਾ ਤੁਟਾ ਭਾਈ ਭੈਣ, ਮਾਤ ਪਿਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਤੁਹਾਡਾ ਸਭ ਨੂੰ ਭੁੱਲਿਆ ਗਿਆਨ, ਆਤਮ ਗਿਆਨੀ ਨਜ਼ਰ ਕੋਇ ਨਾ ਆਇੰਦਾ । ਸਚ ਸਰੋਵਰ ਕਰੇ ਨਾ ਕੋਈ ਅਸ਼ਨਾਨ, ਅਠਸਠ ਤੀਰਥ ਜਗਤ ਨਹਾਇੰਦਾ । ਸ਼ਬਦ ਨਾਦ ਸੁਣੇ ਨਾ ਕੋਈ ਗਾਨ, ਰਸਨਾ ਜਿਹਵਾ ਪੜ੍ਹ ਪੜ੍ਹ ਸਾਧ ਸੰਤ ਸਰਬ ਕੁਰਲਾਇੰਦਾ । ਕਿਸੇ ਨਜ਼ਰ ਨਾ ਆਇਆ ਇਸ਼ਟ ਸ੍ਰੀ ਭਗਵਾਨ, ਗ੍ਰੰਥਾਂ ਪੰਥਾਂ ਸੀਸ ਸਰਬ ਝੁਕਾਇੰਦਾ । ਜਿਸ ਦਾ ਲੇਖਾ ਆਦਿ ਅੰਤ ਮਹਾਨ, ਮਹਿੰਮਾ ਅਕਥ ਕਥ


੧੩੫ ੧੨

ਸਮਝਾਇੰਦਾ । ਜਿਸ ਦਾ ਤੀਰ ਨਿਰਾਲਾ ਬਾਣ, ਅਣਿਆਲਾ ਆਪ ਚਲਾਇੰਦਾ । ਜਿਸ ਨੂੰ ਗੋਬਿੰਦ ਕਿਹਾ ਪੁਰਖ ਅਕਾਲ, ਪ੍ਰਿਤਪਾਲ ਸਾਚੀ ਸੇਵ ਕਮਾਇੰਦਾ । ਜੋ ਸੰਤ ਸੁਹੇਲੇ ਗੁਰ ਗੁਰ ਚੇਲੇ ਬਣਾਏ ਆਪਣੇ ਲਾਲ, ਲਾਲਨ ਆਪਣੀ ਗੋਦ ਉਠਾਇੰਦਾ । ਕਾਇਆ ਅੰਦਰ ਸਾਚਾ ਮੰਦਰ ਵਖਾਏ ਧਰਮਸਾਲ, ਘਰ ਘਰ ਵਿਚ ਡੇਰਾ ਲਾਇੰਦਾ । ਦੀਆ ਬਾਤੀ ਜੋਤ ਜਗਾਏ ਬੇਮਿਸਾਲ, ਮਿਸਲ ਭਗਤਾਂ ਆਪ ਬਣਾਇੰਦਾ । ਓਥੇ ਲੇਖਾ ਚੁੱਕੇ ਸ਼ਾਹ ਕੰਗਾਲ, ਵੱਡਾ ਛੋਟਾ ਨਜ਼ਰ ਕੋਇ ਨਾ ਆਇੰਦਾ । ਜਿਸ ਮੁਰੀਦਾਂ ਪੁੱਛਿਆ ਆ ਕੇ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਓਹ ਸਭ ਦਾ ਹਲ ਕਰੇ ਸਵਾਲ, ਖ਼ਾਲੀ ਮੁੜ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਲਾਸ਼ਰੀਕ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਸਾਂਝਾ ਯਾਰ, ਆਲਮੀਨ ਤੇਰੀ ਵਡਿਆਈਆ । ਤੇਰੇ ਸੱਜਦਾ ਕਰੀਏ ਸਚ ਦਵਾਰ, ਦਰਗਾਹ ਸਾਚੀ ਸੀਸ ਨਿਵਾਈਆ । ਤੇਰਾ ਜਲਵਾ ਨੂਰ ਜ਼ਹੂਰ ਕਿਸੇ ਬੰਦ ਨਾ ਹੋਵੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਪਾਈਆ । ਤੇਰੀ ਸਿਫ਼ਤ ਕਰੇ ਨਾ ਕੋਈ ਵਿਚ ਸੰਸਾਰ, ਬੇਅੰਤ ਤੇਰੀ ਵਡਿਆਈਆ । ਈਸਾ ਮੂਸਾ ਮੁਹੰਮਦ ਨਿੱਕੇ ਨੰਨ੍ਹੇ ਬੱਚੇ ਲੋਕਮਾਤ ਹੋਏ ਖ਼ਬਰਦਾਰ, ਤੇਰਾ ਢੋਲਾ ਰਾਗ ਅਲਾਈਆ । ਤੂੰ ਕਲਮਿਆਂ ਵਿਚੋਂ ਵਸੇਂ ਬਾਹਰ, ਇਲਮਾਂ ਵਾਲਿਆਂ ਦਾ ਬਣੇ ਨਾ ਕੋਈ ਯਾਰ, ਆਲਮ ਭੇਵ ਕੋਇ ਨਾ ਪਾਈਆ । ਜਿਸ ਉਪਰ ਰਹਿਮਤ ਆਪੇ ਕਰੇਂ ਨਿਰੰਕਾਰ, ਮਹਿਬੂਬ ਹੋ ਕੇ ਕਰੇਂ ਸਚ ਪਿਆਰ, ਕਾਇਆ ਹੁਜਰਾ ਇਕ ਸਮਝਾਈਆ । ਤਬੀਬ ਹੋ ਕੇ ਵੇਖਿਆ ਬੀਮਾਰ, ਕਰੀਬ ਹੋ ਕੇ ਪਾਵੇਂ ਸਾਰ, ਅਜੀਬ ਆਪਣੀ ਖੇਲ ਕਰਾਈਆ । ਤੇਰੀ ਤਾਰੀਫ਼ ਕਰੇ ਨਾ ਕੋਇ ਸੰਸਾਰ, ਹਦੀਸ ਵਿਚ ਲੇਖ ਅਪਾਰ, ਲੇਖਾ ਲੇਖੇ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ, ਦੋਏ ਜੋੜ ਜੋੜ ਸਰਨਾਈਆ । ਤੂੰ ਸਵਾਮੀ ਸਰਬ ਭਰਤੰਬਰ, ਹਰ ਘਟ ਰਿਹਾ ਸਮਾਈਆ । ਜੁਗ ਚੌਕੜੀ ਵੇਖਿਆ ਤੇਰਾ ਸਵੰਬਰ, ਨਾਰੀ ਭਗਤ ਸਰਬ ਪਰਨਾਈਆ । ਜੁਗ ਚੌਕੜੀ ਕਿਰਿਆ ਵੇਖ ਅਡੰਬਰ, ਕਿਉਂ ਬੈਠਾ ਮੁਖ ਛੁਪਾਈਆ । ਭਾਗ ਦਿਸੇ ਨਾ ਲੱਗਾ ਕਿਸੇ ਕੰਦਰ, ਡੂੰਘੀ ਗਾਰ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਰਸਨਾ ਕਹਿੰਦੇ ਵੜੀਏ ਅੰਦਰ, ਅੰਦਰ ਵੜ ਕੇ ਮੰਦਰ ਨਾ ਕੋਇ ਸੁਹਾਈਆ । ਮਨ ਵਾਸਨਾ ਬੰਨ੍ਹੇ ਕੋਈ ਨਾ ਬੰਦਰ, ਦਹਿ ਦਿਸ਼ ਉਠ ਉਠ ਭਜੇ ਵਾਹੋ ਦਾਹੀਆ । ਬਜਰ ਕਪਾਟੀ ਤੁਟੇ ਨਾ ਜੰਦਰ, ਹੰਕਾਰੀ ਗੜ੍ਹ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਲੇਖਾ ਦਏ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਚ ਰਸੂਲ, ਮਹਿਬੂਬ ਤੇਰੀ ਸਰਨਾਈਆ । ਤੇਰਾ ਹੁਕਮ ਸਾਨੂੰ ਕਬੂਲ, ਹੁਕਮੇ ਵਿਚ ਤੇਰੀ ਲੋਕਾਈਆ । ਉਮਤ ਉਮਤੀ ਗਏ ਭੂਲ, ਅਭੁਲ ਤੇਰੀ ਸਾਰ ਕਿਸੇ ਨਾ ਪਾਈਆ । ਨਾ ਕੋਈ ਜਾਣੇ ਸਚ ਅਸੂਲ, ਅਸਲੀਅਤ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਢੋਲਾ ਗੌਂਦੇ ਫ਼ਜ਼ੂਲ, ਫ਼ੈਸਲਾ ਅੰਦਰ ਨਾ ਕੋਇ ਕਰਾਈਆ । ਜਗਤ ਵਿਦਿਆ ਵਿਚ ਹੋ ਮਜਬੂਰ, ਅਲਫ਼ ਪੇ ਨਾਲ ਕਰਨ ਲੜਾਈਆ । ਆਪਣਾ ਜਾਣੇ ਨਾ ਕੋਇ ਕਸੂਰ, ਕਸਰ ਇਸ਼ਾਰੀਏ ਨਾਲ ਜਗਤ ਦੇਣ ਉਡਾਈਆ । ਘਰ ਘਰ ਕੂੜੀ ਕਿਰਿਆ ਪਾਇਆ ਫ਼ਤੂਰ, ਫ਼ਤਵਾ ਦੇ ਨਾ ਦੇਵੇ ਕੋਇ ਸਜ਼ਾਈਆ । ਪਰਵਰਦਿਗਾਰ ਹੋਵੇ ਨਾ ਕੋਇ ਮਸ਼ਕੂਰ, ਮੁਸ਼ਕਲ ਹਲ ਨਾ ਕੋਇ ਕਰਾਈਆ । ਦਰੋਹੀ ਖ਼ੁਦਾਏ ਦੀ ਸਾਡਾ ਰਿਹਾ

ਨਾ ਕੋਇ ਦਸਤੂਰ, ਦਸਤ ਨਾਲ ਦਸਤ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਮੇਰੇ ਮਹਿਬੂਬ, ਈਸਾ ਮੂਸਾ ਮੁਹੰਮਦ ਦਏ ਜਣਾਈਆ । ਤੇਰਾ ਵੇਖਿਆ ਇਕ ਅਰੂਜ, ਅਰਸ਼ਾਂ ਉਤੇ ਬੈਠਾ ਸੋਭਾ ਪਾਈਆ । ਤੇਰਾ ਘਰ ਸਦਾ ਮਹਿਫ਼ੂਜ਼, ਮਹਿਫ਼ਲ ਇਕੋ ਇਕ ਵਖਾਈਆ । ਕਲਜੁਗ ਅੰਤਮ ਵੇਖ ਆਪਣੀ ਕੂਟ, ਸਦੀ ਚੌਧਵੀਂ ਰਹੀ ਕੁਰਲਾਈਆ । ਮੁਲਾ ਸ਼ੇਖ਼ ਮਾਰਨ ਝੂਠ, ਝੂਠੀ ਬਗ਼ਲ ਕੁਰਾਨ ਉਠਾਈਆ । ਜਗਤ ਮਿਟੇ ਨਾ ਤ੍ਰਿਸ਼ਨਾ ਭੁਖ, ਮਾਇਆ ਮਮਤਾ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਪਾ ਗੁਣੀ ਗਹੀਰ, ਗਹਿਰ ਗੰਭੀਰ ਤੇਰੀ ਸਰਨਾਈਆ । ਕਲਜੁਗ ਕੱਟ ਸ਼ਰਅ ਜ਼ੰਜੀਰ, ਸ਼ਰੀਅਤ ਆਪਣੀ ਦੇ ਸਮਝਾਈਆ । ਭਰਮੇ ਭੁੱਲਾ ਜਗਤ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਤੇਰੀ ਨਜ਼ਰ ਨਾ ਆਵੇ ਸਚ ਤਸਵੀਰ, ਤਸਬੀ ਮਾਲਾ ਗਲ ਰਹੇ ਲਟਕਾਈਆ । ਰੋਜ਼ਿਆਂ ਵਿਚ ਹੋਵੇ ਜੋ ਭੀੜ, ਮਸਜਦਾਂ ਵਿਚ ਕਾਅਬੇ ਕਰ ਕਰ ਮੁਖ ਰਹੇ ਕੁਰਲਾਈਆ । ਕੋਈ ਤੱਕੇ ਨਾ ਜਾ ਕੇ ਤੈਨੂੰ ਨਜ਼ੀਰ, ਨਜ਼ਰੀਆ ਤੇਰੇ ਨਾਲ ਮਿਲਾਈਆ । ਝੂਠਾ ਦਿਸੇ ਪੰਜ ਤਤ ਸਰੀਰ, ਖ਼ਾਕੀ ਬੁਤ ਕੂੜਾ ਨਜ਼ਰੀ ਆਈਆ । ਪੜਦਾ ਚੁੱਕਿਆ ਨਾ ਸ਼ਾਹ ਹਕੀਰ, ਹਕੀਕਤ ਹੱਕ ਨਾ ਕੋਇ ਵਖਾਈਆ । ਚੋਟੀ ਚੜ੍ਹਿਆ ਨਾ ਕੋਇ ਅਖ਼ੀਰ, ਫ਼ਰੀਦ ਕੂਕੇ ਦਏ ਦੁਹਾਈਆ । ਉਚੀ ਬਾਂਹ ਕੱਢ ਕੇ ਕਹੇ ਕਬੀਰ, ਕਬਰਾਂ ਵਿਚ ਸੁਣ ਕੇ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਅੰਤਮ ਸਾਰੇ ਹੋਏ ਦਿਲਗੀਰ, ਦਿਲਦਾਰ ਮਿਲੇ ਨਾ ਸੱਚਾ ਮਾਹੀਆ । ਕੂੜੀ ਦਿਸੇ ਮਿਲਖ ਜਾਗੀਰ, ਸ਼ਹਿਨਸ਼ਾਹ ਸ਼ਹਿਨਸ਼ਾਹੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦਏ ਮੁਕਾਈਆ । ਸਾਡਾ ਲਹਿਣਾ ਦਏ ਆਪ ਖ਼ੁਦਾ, ਖ਼ਾਲਕ ਤੇਰੇ ਹੱਥ ਵਡਿਆਈਆ । ਤੇਰੇ ਨਾਲੋਂ ਤੇਰੇ ਹੋਏ ਜੁਦਾ, ਜੁਜ਼ ਨਾਲ ਜੁਜ਼ ਨਾ ਕੋਇ ਮਿਲਾਈਆ । ਕਿਰਪਾ ਕਰ ਮੇਰੇ ਮਿਹਰਬਾਂ, ਮਹਿਬੂਬ ਤੇਰੀ ਸ਼ਰਨਾਈਆ । ਤੇਰੇ ਨਾਮ ਦਰੋਹੀ ਅਸੀਂ ਹੋਏ ਹੈਰਾਂ, ਹੈਰਾਨੀ ਸਾਡੇ ਉਤੇ ਛਾਈਆ । ਸਦੀ ਚੌਧਵੀਂ ਅੰਤ ਹੋਣਾ ਫ਼ਨਾਹ, ਬਚਿਆ ਕੋਇ ਰਹਿਣ ਨਾ ਪਾਈਆ । ਉਮਤ ਭਰੀ ਦਿਸੇ ਗੁਨਾਹ, ਅੱਲਾ ਰਾਣੀ ਨੈਣ ਸ਼ਰਮਾਈਆ । ਖ਼ਾਵੰਦ ਪਕੜੇ ਨਾ ਕਿਸੇ ਬਾਂਹ, ਬੀਵੀ ਭੱਜੇ ਵਾਹੋ ਦਾਹੀਆ । ਕਲਮਾ ਸਕੇ ਨਾ ਕੋਈ ਸੁਣਾ, ਨਾਅਰਾ ਹੱਕ ਨਾ ਕੋਇ ਜਣਾਈਆ । ਫ਼ਤਵਾ ਸਭ ਤੇ ਦੇਵੇ ਲਾ, ਲਾਸ਼ਰੀਕ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਰੱਖ ਹੱਥ ਮੇਰੇ ਮਿਹਰਵਾਨ, ਤੇਰੀ ਓਟ ਤਕਾਈਆ । ਤੇਰਾ ਦੇ ਕੇ ਗਏ ਬਿਆਨ, ਅੱਖਰਾਂ ਵਿਚ ਸਮਝਾਈਆ । ਤੇਰਾ ਭੇਵ ਨਾ ਪਾਇਆ ਕਿਸੇ ਅੰਜੀਲ ਕੁਰਾਨ, ਕਾਅਬੇ ਵਿਚੋਂ ਹੱਥ ਕਿਸੇ ਨਾ ਆਈਆ । ਢੋਲੇ ਗੌਂਦਾ ਜਗਤ ਜਹਾਨ, ਬੱਤੀ ਦੰਦ ਸਿਫ਼ਤ ਸਾਲਾਹੀਆ । ਤੇਰਾ ਮਿਲਿਆ ਨਾ ਕਿਸੇ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਪਾਈਆ । ਵੇਲਾ ਵਕਤ ਏਹ ਪਹਿਚਾਨ, ਬੇਪਛਾਣ ਫੇਰਾ ਪਾਈਆ । ਨਿਰਗੁਣ ਹੋ ਕੇ ਸਰਗੁਣ ਦਵਾਰੇ ਬਣ ਮਹਿਮਾਨ, ਮੰਦਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੌਫ਼ੀਕ ਤੇਰੀ ਨਜ਼ਰੀ ਆਈਆ । ਸਚ ਤੌਫ਼ੀਕ ਦਿਸੇ ਤੇਰੇ ਹੱਥ, ਰਹਿਮਤ ਇਕੋ ਨਜ਼ਰੀ ਆਈਆ । ਰਫ਼ੀਕ ਸਾਰੇ ਗਏ ਨੱਠ, ਸੱਜਣ ਸੁਹੇਲੇ ਮੁਖ ਭਵਾਈਆ । ਸ਼ਰੀਕ ਹੋ ਕੇ ਕਰਾਂ ਝੱਟ, ਝਗੜਾ ਪਿਆ ਲੋਕਾਈਆ ।

ਸਤਿ ਸੰਤੋਖ ਧੀਰਜ ਰਿਹਾ ਨਾ ਹਠ, ਸਾਂਤਕ ਸਤਿ ਨਾ ਕੋਇ ਵਰਤਾਈਆ । ਤੇਰੇ ਮਿਲਣ ਦੀ ਖੋਲ੍ਹੇ ਕੋਈ ਨਾ ਅੱਖ, ਦੋਏ ਲੋਚਣ ਵੇਖਣ ਜਗਤ ਲੋਕਾਈਆ । ਮਨਸੂਰ ਸੂਲੀ ਚੜ੍ਹ ਕੇ ਬੋਲਿਆ ਹਕ, ਨਾਅਰਾ ਤੇਰਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਮਾਣ ਵਡਿਆਈਆ । ਵਡਿਆਈ ਦੇਵਣ ਵਾਲੀ ਵੀਹ ਸੌ ਇੱਕੀ, ਹਰਿ ਇੱਕੀਸਾ ਧਿਆਨ ਲਗਾਈਆ । ਜਿਸ ਦੀ ਖੇਲ ਸਦਾ ਅਨਡੀਠੀ, ਕਲਜੁਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਨੇ ਗੋਬਿੰਦ ਦਿਤੀ ਚਿੱਠੀ, ਮਾਛੂਵਾੜੇ ਬਿਨ ਅੱਖਰਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸਮਝਾਈਆ । ਚਿੱਠੀ ਅੰਦਰ ਗੋਬਿੰਦ ਪਿਆਰ, ਹਰਿ ਕਰਤਾ ਆਪ ਜਣਾਇੰਦਾ । ਵੀਹ ਸੌ ਇੱਕੀ ਬਿਕ੍ਰਮੀ ਸਤਾਰਾਂ ਹਾੜ, ਪਿਛਲਾ ਲੇਖਾ ਆਪ ਜਣਾਇੰਦਾ । ਜੋਧੇ ਸੂਰੇ ਉਠ ਲਾਲ, ਪੂਤ ਸਪੂਤੇ ਆਪ ਉਠਾਇੰਦਾ । ਤੇਰਾ ਸੋਹੇ ਇਕ ਦਵਾਰ, ਸੰਬਲ ਡੇਰਾ ਲਾਇੰਦਾ । ਨਾ ਕੋਈ ਮੰਦਰ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਾਢੇ ਤਿੰਨ ਹੱਥ ਅੰਦਰ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਦੀਆ ਬਾਤੀ ਕਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਧੁਰ ਦਾ ਰਾਗ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਕੇ ਖ਼ਬਰਦਾਰ, ਬ੍ਰਹਿਮੰਡ ਖੰਡ ਉਠਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਦਏ ਸਹਾਰ, ਧੁਰ ਦਾ ਹੁਕਮ ਜਣਾਇੰਦਾ । ਕੱਠੇ ਕਰ ਤੇਈ ਅਵਤਾਰ, ਭਗਤ ਅਠਾਰਾਂ ਜੋੜ ਜੁੜਾਇੰਦਾ । ਈਸਾ ਮੂਸਾ ਮੁਹੰਮਦ ਰੱਖੇ ਨਾਲ ਨਾਲ, ਸ਼ਬਦ ਇਸ਼ਾਰੇ ਨਾਲ ਵਡਿਆਇੰਦਾ । ਨਾਨਕ ਗੋਬਿੰਦ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਉਤਰੇ ਪਾਰ, ਕਲਜੁਗ ਵੇਲਾ ਵਕਤ ਸੁਹਾਇੰਦਾ । ਸਦੀ ਚੌਧਵੀਂ ਹੋਵੇ ਖ਼ੁਆਰ, ਖ਼ੁਆਰੀ ਘਰ ਘਰ ਆਪ ਪਵਾਇੰਦਾ । ਚੌਦਾਂ ਵਿਦਿਆ ਗਈ ਹਾਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਇੰਦਾ । ਪੰਡਤ ਪਾਂਧਾ ਤਿਲਕ ਲਲਾਟ ਲਾ ਲਾ ਹੋਏ ਗਵਾਰ, ਜੋਤੀ ਜੋਤ ਨਾ ਕੋਇ ਰੁਸ਼ਨਾਇੰਦਾ । ਮੁਲਾ ਸ਼ੇਖ਼ ਮਸਲਾ ਲਏ ਨਾ ਕੋਇ ਵਿਚਾਰ, ਤਾਅਰੀਫ਼ ਤਰਫ਼ ਨਾ ਕੋਇ ਦ੍ਰਿੜਾਇੰਦਾ । ਗ੍ਰੰਥੀ ਪੰਥੀ ਕਰੇ ਨਾ ਕੋਈ ਸਚ ਵਪਾਰ, ਵਣਜਾਰਾ ਰੂਪ ਨਾ ਕੋਇ ਵਟਾਇੰਦਾ । ਸਚ ਸਰੋਵਰ ਕੋਈ ਨਾ ਸਕੇ ਨੁਹਾਲ, ਅਠਸਠ ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਕਿਨਾਰਾ ਜਗਤ ਵੇਖ ਵਖਾਇੰਦਾ । ਦੀਨ ਮਜ਼੍ਹਬ ਹੋਏ ਬੇਹਾਲ, ਸੁਰ ਤਾਲ ਨਾ ਕੋਇ ਵਜਾਇੰਦਾ । ਨੇਤਰ ਰੋਵਣ ਸ਼ਾਹ ਕੰਗਾਲ, ਸ਼ਹਿਨਸ਼ਾਹ ਸੁਖ ਵਿਚ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਕਰਦੇ ਸਾਰੇ ਭਾਲ, ਤੂੰ ਭਾਲਿਆਂ ਹੱਥ ਕਿਸੇ ਨਾ ਆਇੰਦਾ । ਧੰਨ ਭਾਗ ਕਲਜੁਗ ਅੰਤਮ ਕਿਰਪਾ ਕੀਤੀ ਦੀਨ ਦਿਆਲ, ਦਇਆ ਨਿਧ ਹੋ ਕੇ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਜਨ ਭਗਤ ਲਏ ਉਠਾਲ, ਉਠ ਉਠ ਆਪਣੀ ਗੋਦ ਬਹਾਇੰਦਾ । ਗੁਰਸਿਖ ਵੇਖ ਸਾਚੇ ਲਾਲ, ਲੜੀ ਆਪਣੇ ਨਾਮ ਪਰੋਇੰਦਾ । ਅੰਦਰ ਵੜ ਕੇ ਪੁਛੇਂ ਹਾਲ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਪ੍ਰੇਮ ਪ੍ਰੀਤੀ ਅੰਦਰ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਵੀਹ ਸੌ ਇੱਕੀ ਬਿਕ੍ਰਮੀ ਹਾੜ ਸਤਾਰਾਂ ਬਣੇ ਦਲਾਲ, ਦਲਾਲੀ ਧੁਰ ਦੀ ਆਪ ਕਮਾਇੰਦਾ । ਲੇਖਾ ਜਾਣੇ ਹਕ ਹਲਾਲ, ਹਕ ਹਕ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਦਰ ਤੇਰੇ ਸੀਸ ਸਰਬ ਨਿਵਾਇੰਦਾ । ਸਰਬ ਨਿਵਾਇਆ ਸੀਸ ਜਗਦੀਸ, ਜਗਦੀਸ਼ਰ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੱਕੀ ਲਈ

ਪੀਸ, ਪੀਸਣ ਪੀਸ ਸੇਵ ਲਈ ਕਮਾਈਆ । ਕਲਮਿਆਂ ਦੱਸੀ ਹਦੀਸ, ਹਜ਼ਰਤ ਹੋ ਕੇ ਕਰੀ ਪੜ੍ਹਾਈਆ । ਨਾਨਕ ਨਿਰਗੁਣ ਗਾਇਆ ਨਰ ਨਿਰੰਕਾਰਾ ਗੀਤ, ਤੰਦ ਸਤਾਰ ਰਬਾਬ ਵਜਾਈਆ ਗੋਬਿੰਦ ਕਲਗੀ ਤੋੜਾ ਧਰ ਸੀਸ, ਸਾਹਿਬ ਸਤਿਗੁਰ ਵੇਖੇ ਚਾਈਂ ਚਾਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਦੇ ਕੇ ਗਿਆ ਅਸੀਸ, ਢੋਲਾ ਰਾਗ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਆਪ ਸਚ ਬਖ਼ਸ਼ੀਸ਼, ਬਖ਼ਸ਼ਿਸ਼ ਆਪਨੀ ਝੋਲੀ ਪਾਈਆ । ਚਾਰ ਜੁਗ ਦੀ ਮੇਟ ਕੇ ਰੀਤ, ਕੂੜੀ ਕਿਰਿਆ ਡੇਰਾ ਢਾਹੀਆ । ਨਾਤਾ ਤੋੜ ਮੰਦਰ ਮਸੀਤ, ਘਰ ਵਿਚ ਘਰ ਦਏ ਵਖਾਈਆ । ਮੇਲ ਮਿਲਾ ਕੇ ਊਚ ਨੀਚ, ਰਾਓ ਰੰਕ ਦਏ ਜੁੜਾਈਆ । ਸਾਚਾ ਕਲਮਾ ਦੱਸ ਹਦੀਸ, ਸੋਹਣੀ ਕਰੇ ਪੜ੍ਹਾਈਆ । ਵੱਜੇ ਵਧਾਈ ਬੀਸ ਇਕੀਸ, ਏਕੰਕਾਰ ਹੁਕਮ ਵਰਤਾਈਆ । ਲੇਖਾ ਚੁੱਕੇ ਹਸਤ ਕੀਟ, ਹਸਤ ਕੀਟ ਇਕੋ ਰੂਪ ਦੇਵੇ ਵਖਾਈਆ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਕਰਵਟ ਆਪਨੀ ਲਏ ਬਦਲਾਈਆ । ਚਾਰ ਵਰਨਾਂ ਝੋਲੀ ਪਾਵੇ ਭੀਖ, ਨਾਮ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਹੁਕਮ ਦਏ ਸੁਣਾਈਆ । ਸਾਚਾ ਹੁਕਮ ਦਏ ਸੰਦੇਸਾ, ਧੁਰ ਦੀ ਧਾਰ ਜਣਾਈਆ । ਸਤਿਜੁਗ ਸਾਚਾ ਇਕੋ ਹੋਏ ਨਰੇਸ਼ਾ, ਰਾਜ ਰਾਜਾਨ ਬੇਪਰਵਾਹੀਆ । ਜਿਸ ਦਾ ਭਗਤ ਉਧਾਰਨਾ ਧੁਰ ਦਾ ਪੇਸ਼ਾ, ਪੇਸ਼ੀਨਗੋਈ ਸਰਬ ਸੁਣਾਈਆ । ਜਿਸ ਹੁਕਮ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਗਣੇਸ਼ਾ ਸੇਵ ਕਮਾਈਆ । ਜਿਸ ਦੀ ਸੁਰਪਤ ਇੰਦ ਤੇਤੀਸ ਕਰੋੜ ਕਰੇ ਉਡੀਕਾ, ਨਿਤ ਨਿਤ ਧਿਆਨ ਲਗਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਸਦਾ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਜਿਸ ਦੀ ਸਿਫ਼ਤ ਅੰਦਰ ਨਾਮ ਗਾਇਆ ਚਾਰ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਤੀਸ ਬਤੀਸਾ ਮਸਲਿਆਂ ਵਿਚ ਸਮਝਾਈਆ । ਨਾਨਕ ਗੋਬਿੰਦ ਦੱਸੀ ਉਸ ਦੀ ਰੀਤਾ, ਰੀਤੀਵਾਨ ਬੇਪਰਵਾਹੀਆ । ਕਿਸੇ ਹੱਥ ਨਾ ਆਵੇ ਵਿਚੋਂ ਮੰਦਰ ਮਸੀਤਾ, ਕਾਇਆ ਅੰਦਰ ਬੈਠਾ ਡੇਰਾ ਲਾਈਆ । ਜਾਣੇ ਭੇਵ ਜੀਵ ਜੀਅ ਕਾ, ਜਾਨਣਹਾਰਾ ਆਪ ਹੋ ਜਾਈਆ । ਰਵਦਾਸ ਚਮਾਰਾ ਕਹਿ ਕੇ ਗਿਆ ਉਸ ਦਾ ਮੇਲ ਸਾਢੇ ਤਿੰਨ ਹੱਥ ਸੀਂ ਕਾ, ਨਾਤਾ ਪੰਜ ਤਤ ਵਖਾਈਆ । ਓਹ ਕਦੇ ਬਣੇ ਨਾ ਸਕਾ ਪੁੱਤਰ ਧੀ ਕਾ, ਜਨ ਭਗਤਾਂ ਦਇਆ ਕਮਾਈਆ । ਰਸ ਪੀਣ ਨਾ ਦੇਵੇ ਫੀਕਾ, ਅੰਮ੍ਰਿਤ ਰਸ ਇਕ ਜਣਾਈਆ । ਸਦੀ ਬੀਸਵੀਂ ਹੋਏ ਨੀਕਨ ਨੀਕਾ, ਨੇਰਨ ਨੇਰਾ ਹੋ ਕੇ ਫੇਰਾ ਪਾਈਆ । ਜਿਸ ਦੀ ਗੋਬਿੰਦ ਰੱਖ ਕੇ ਗਿਆ ਉਡੀਕਾ, ਉਹ ਢਈਆ ਸੁੱਤਾ ਸੋਹਣੀ ਸੇਜ ਹੰਢਾਈਆ । ਸੋ ਸਾਹਿਬ ਪੁਰਖ ਅਕਾਲ ਸਦਾ ਜੀਤਾ, ਜਨਮ ਮਰਨ ਵਿਚ ਨਾ ਆਈਆ । ਆਦਿ ਜੁਗਾਦੀ ਸਦ ਪਾਕ ਕਦੀ ਨਾ ਹੋਏ ਪਲੀਤਾ, ਪਤਤ ਪਾਪੀ ਦਏ ਤਰਾਈਆ । ਏਥੇ ਓਥੇ ਸੱਜਣ ਮੀਤਾ, ਸਗਲਾ ਸੰਗ ਨਿਭਾਈਆ । ਸ਼ਾਹ ਸੁਲਤਾਨਾਂ ਕਰੇ ਖ਼ਾਲੀ ਖ਼ੀਸਾ, ਦਰ ਦਰ ਘਰ ਘਰ ਦਏ ਫਿਰਾਈਆ । ਲੇਖ ਚੁਕਾਏ ਊਚਾਂ ਨੀਚਾਂ, ਨੀਚੋਂ ਊਚ ਦਏ ਵਖਾਈਆ । ਗੁਰਮੁਖ ਵੇਖੇ ਗੋਬਿੰਦ ਸਚ ਬਾਗ਼ੀਚਾ, ਫਲ ਫਲਵਾੜੀ ਅੰਤ ਮਹਿਕਾਈਆ । ਚਰਨ ਪ੍ਰੀਤੀ ਬਖ਼ਸ਼ ਪ੍ਰੀਤਾ, ਮੇਲ ਮਿਲਾਵਾ ਸਹਿਜ ਸੁਭਾਈਆ । ਕੌੜਾ ਰਹਿਣ ਨਾ ਦੇਵੇ ਰੀਠਾ, ਮਿਠੜਾ ਰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਲਜੁਗ ਅੰਤਮ ਹੋਏ ਸਹਾਈਆ । ਕਲਜੁਗ ਅੰਤ ਸਹਾਈ ਹੋਵੇ ਆਪ, ਆਪਨੀ ਦਇਆ ਕਮਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰਾਂ ਮੰਨਿਆ ਬਾਪ, ਸੋ ਪਿਤਾ ਪੁਰਖ ਅਕਾਲ ਆਪ ਅਖਵਾਇੰਦਾ । ਸੋ ਸਾਹਿਬ ਸਿੱਧਾ ਦੱਸੇ ਆਪਨਾ ਜਾਪ, ਆਤਮ

ਪਰਮਾਤਮ ਜੋੜ ਜੁੜਾਇੰਦਾ । ਕੂੜੀ ਕਿਰਿਆ ਕਰ ਕੇ ਪਾਕ, ਪਤਤ ਪਾਪੀ ਪਾਰ ਤਰਾਇੰਦਾ । ਪਾਰਬ੍ਰਹਮ ਬ੍ਰਹਮ ਨਾਤਾ ਜੋੜ ਕੇ ਸਾਕ, ਸੱਜਣ ਹੋ ਕੇ ਵੇਖ ਵਖਾਇੰਦਾ । ਅੰਦਰ ਵੜ ਕੇ ਖੋਲ੍ਹ ਤਾਕ, ਪੜਦਾ ਦੂਈ ਚੁਕਾਇੰਦਾ । ਗੁਰਮੁਖਾਂ ਦੇ ਕੇ ਸਾਥ, ਸਗਲਾ ਸੰਗ ਨਿਭਾਇੰਦਾ । ਇਸ਼ਾਰਾ ਦੇਵੇ ਬਿਨਾਂ ਹਾਥ, ਬਿਨਾਂ ਅੱਖਾਂ ਰੂਪ ਸਮਝਾਇੰਦਾ । ਓਸ ਪ੍ਰੀਤਮ ਵੱਲ ਲਓ ਝਾਕ, ਜੋ ਪ੍ਰੀਤਮ ਤੁਹਾਡੇ ਅੰਦਰ ਡੇਰਾ ਲਾਇੰਦਾ । ਜਿਸ ਦੇ ਸੀਸ ਸੋਹੇ ਤਾਜ, ਜਗਦੀਸ਼ ਖੇਲ ਖਿਲਾਇੰਦਾ । ਓਸ ਦਾ ਦੋ ਜਹਾਨਾਂ ਰਾਜ, ਸ਼ਾਹ ਸੁਲਤਾਨਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਦੇਵੇ ਦਾਤ, ਰਹਿਮਤ ਆਪ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚੜ੍ਹਾਈਆ । ਜਨ ਭਗਤਾਂ ਸੁਣਾਏ ਸਾਚੀ ਗਾਥ, ਮੇਲ ਮਿਲਾ ਕੇ ਪਿਤਾ ਬਾਪ, ਪੂਤ ਸਪੂਤਾ ਗੋਦ ਸੁਹਾਈਆ । ਆਪਣੇ ਮਿਲਣ ਦੀ ਆਪੇ ਦੱਸ ਕੇ ਜਾਚ, ਮਾਰਗ ਪਾਂਧੀ ਦੇਵੇ ਪਾਈਆ । ਮਨ ਮਨੂਆ ਨਾ ਕਰੇ ਨਾਚ, ਮਤ ਮਤਵਾਲੀ ਪਰੇ ਹਟਾਈਆ । ਗੁਰਮੁਖੋ ਤੁਹਾਡੀ ਸੇਵਾ ਕਰੇ ਬਣਕੇ ਸੱਚਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਘਰ ਘਰ ਦਏ ਚੁਕਾਈਆ । ਲੇਖਾ ਘਰ ਘਰ ਅੰਤ ਚੁੱਕੌਣਾ ਏ । ਕਲਜੁਗ ਅਗਲਾ ਪੰਧ ਮੁਕੌਣਾ ਏ । ਕੂੜੀ ਕਿਰਿਆ ਬੁਰਜ ਢੌਣਾ ਏ । ਮਾਇਆ ਮਮਤਾ ਮੋਹ ਮਿਟੌਣਾ ਏ । ਹਉਮੇ ਹੰਗਤਾ ਗੜ੍ਹ ਤੁੜੌਣਾ ਏ । ਭੁੱਖਾ ਨੰਗਤਾ ਗਲੇ ਲਗੌਣਾ ਏ । ਚਾਰ ਵਰਨ ਸੰਗਤ ਵਿਚ ਮਿਲੌਣਾ ਏ । ਸ਼ੱਤਰੀ ਸ਼ੂਦਰ ਵੈਸ਼ ਬ੍ਰਹਿਮਣ ਰਹਿਣ ਕੋਈ ਨਾ ਪੌਣਾ ਏ । ਸਾਚਾ ਮੰਤਰ ਨਾਮ ਦ੍ਰਿੜੌਣਾ ਏ । ਚਾਰ ਜੁਗ ਦਾ ਝਗੜਾ ਮੁਕੌਣਾ ਏ । ਪੂਜਾ ਪਾਠ ਇਕ ਸਮਝੌਣਾ ਏ । ਜੋਗ ਅਭਿਆਸ ਇਕ ਬੁਝੌਣਾ ਏ । ਤੀਰਥ ਤਟ ਇਕ ਬਣੌਣਾ ਏ । ਸਾਚਾ ਹਟ ਇਕ ਖੁਲ੍ਹੌਣਾ ਏ । ਦੂਈ ਦਵੈਤ ਮੇਟ ਕੇ ਫਟ, ਪਟੀ ਨਾਮ ਸਚ ਬੰਧੌਣਾ ਏ । ਕੱਠੇ ਕਰੇ ਝੀਵਰ ਜੱਟ, ਛੀਂਬੇ ਨਾਈ ਰੰਗ ਚੜ੍ਹੌਣਾ ਏ । ਗੁਰਸਿਖਾਂ ਖੋਲ੍ਹ ਕੇ ਅੰਦਰ ਅੱਖ, ਦਰ ਆਇਆਂ ਆਪਣਾ ਦਰਸ ਵਖੌਣਾ ਏ । ਜਗਤ ਨਾਲੋਂ ਕਰਕੇ ਵਖ, ਵਖਰੇ ਮੰਦਰ ਆਪ ਬਹੌਣਾ ਏ । ਪੂਰਬ ਜਨਮ ਦਾ ਦੇ ਕੇ ਹੱਕ, ਲਹਿਣਾ ਸਰਸੇ ਵਾਲਾ ਚੁੱਕੌਣਾ ਏ । ਜੋ ਖ਼ਜਾਨਾ ਰੱਖਿਆ ਢਕ, ਸੋ ਸਭਨਾਂ ਝੋਲੀ ਪੌਣਾ ਏ । ਕਰਕੇ ਖੇਲ ਅਗੰਮੀ ਨਟ, ਸਵਾਂਗੀ ਆਪਣਾ ਸਵਾਂਗ ਵਖੌਣਾ ਏ । ਹਰਿ ਸੰਗਤ ਲੇਖੇ ਲਾਏ ਰਤ, ਰਤੀ ਰਤ ਰੰਗ ਰੰਗੌਣਾ ਏ । ਸਾਚੀ ਦੇ ਕੇ ਆਤਮ ਮਤ, ਵਿਦਿਆ ਬ੍ਰਹਮ ਇਕ ਪੜ੍ਹੌਣਾ ਏ । ਤ੍ਰੈਗੁਣ ਪਏ ਨਾ ਕੋਈ ਰਟ, ਪੰਚਮ ਅੱਗ ਨਾ ਕੋਇ ਲਗੌਣਾ ਏ । ਭਾਂਡੇ ਭਰੇ ਜੋ ਹੋਏ ਸਖ, ਵਿਚ ਸੋਹਣੀ ਵਸਤ ਟਿਕੌਣਾ ਏ । ਭਗਤਾਂ ਦਾ ਗਾ ਕੇ ਆਪ ਪਹਿਲੋਂ ਜਸ, ਫੇਰ ਆਪਣਾ ਨਾਮ ਸਮਝੌਣਾ ਏ । ਨਿਰਗੁਣ ਹੋ ਕੇ ਸਰਗੁਣ ਵਸ, ਸਰਗੁਣ ਫੇਰ ਮਾਤ ਵਡਿਔਣਾ ਏ । ਸਰਗੁਣ ਬਾਹਰੋਂ ਦਿਸੇ ਜੱਟ, ਅੰਦਰ ਪੁਰਖ ਸਮਰਥ ਡੇਰਾ ਲੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਇੱਕੀਸ ਵਕਤ ਸੁਹੌਣਾ ਏ । ਬੀਸ ਇੱਕੀਸ ਜਗਤ ਜਣੌਂਦਾ ਏ । ਹਰਿ ਭਗਤ ਪ੍ਰਭ ਉਠੌਂਦਾ ਏ । ਸਾਚਾ ਵਕਤ ਆਪ ਸਮਝੌਂਦਾ ਏ । ਨਿਰਗੁਣ ਦਰਸ ਦੀਦਾਰ ਕਰੌਂਦਾ ਏ । ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਸਰਬ ਗਵੌਂਦਾ ਏ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਫ਼ਰਸ਼ੋਂ ਚੁੱਕ ਅਰਸ਼ਾਂ ਉਪਰ ਬਹੌਂਦਾ ਏ । ਪੁਰਖ ਅਕਾਲ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪੌਂਦਾ ਏ । ਜਿਸ ਇੱਕੀ ਦੀ ਗੋਬਿੰਦ ਲਾ ਕੇ ਗਿਆ ਸ਼ਰਤ, ਤਿਸ ਨੂੰ

ਸਹੀ ਸਲਾਮਤ ਗੋਦ ਉਠੌਂਦਾ ਏ । ਕਰੇ ਖੇਲ ਆਪ ਨਧੜਕ, ਭੈ ਭੌ ਨਾ ਕੋਇ ਜਣੌਂਦਾ ਏ । ਦੋ ਜਹਾਨ ਨਾ ਜਾਏ ਅਟਕ, ਮਨਜ਼ਲ ਪੰਧ ਆਪ ਮੁਕੌਂਦਾ ਏ । ਜੋ ਪਿਛੇ ਰਹਿ ਗਿਆ ਫ਼ਰਕ, ਹੁਣ ਫ਼ੈਸਲਾ ਠੀਕ ਕਰੌਂਦਾ ਏ । ਇਸ ਉਤੇ ਕਿਸੇ ਦਾ ਕੋਈ ਨਹੀਂ ਹਰਖ਼, ਜੋ ਗੁਰ ਅਵਤਾਰਾਂ ਲੋਕਮਾਤ ਘਲੌਂਦਾ ਏ । ਜਿਸ ਦਾ ਨਾਮ ਸੱਚਾ ਖੜਗ, ਖੰਡਾ ਇਕੋ ਹੱਥ ਚਮਕੌਂਦਾ ਏ । ਇਸ ਦੀ ਸਚ ਦਵਾਰੇ ਚੜ੍ਹਤ, ਮੰਦਰ ਆਪਣਾ ਆਸਣ ਲੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰੋ ਆਪਣੀ ਅੱਖਰਾਂ ਨਾਲ ਲਿਖੀ ਵੇਖੋ ਪੜ੍ਹਤ, ਕਲਮ ਸ਼ਾਹੀ ਲੇਖ ਫੇਰ ਸਮਝੌਂਦਾ ਏ । ਪ੍ਰਭ ਦੇ ਨਾਮ ਦਾ ਨਾ ਲਏ ਕੋਈ ਧੜਤ, ਧੜੇ ਬਾਜ਼ੀ ਖ਼ਤਮ ਕਰੌਂਦਾ ਏ । ਗੁਰਮੁਖਾਂ ਲੇਖਾ ਚੁਕਿਆ ਨਰਕ ਸਵਰਗ, ਦੋਜ਼ਖ਼ ਬਹਿਸ਼ਤ ਦੋਹਾਂ ਤੋਂ ਪਾਰ ਕਰੌਂਦਾ ਏ । ਜਿਥੇ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਵਖੌਂਦਾ ਏ । ਬਣ ਕੇ ਜੋਧਾ ਸੂਰਬੀਰ ਮਰਦ, ਮਰਦਾਨਗੀ ਇਕ ਕਮੌਂਦਾ ਏ । ਗੁਰਸਿਖੋ ਤੁਹਾਡੇ ਨਾਲ ਵੰਡੇ ਦਰਦ, ਤੁਹਾਡਾ ਦੁੱਖ ਆਪਣੀ ਝੋਲੀ ਪੌਂਦਾ ਏ । ਤੁਹਾਡਾ ਪਿਛਲਾ ਲਾਹਿਆ ਕਰਜ਼, ਮਕਰੂਜ਼ ਆਪਣਾ ਹੌਲਾ ਭਾਰ ਕਰੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁਤ ਸੁਹੰਜਣੀ ਆਪ ਸੁਹੌਂਦਾ ਏ । ਹਾੜ ਸਤਾਰਾਂ ਸੁਹੰਜਣੀ ਰੁਤੀ, ਰੁੱਤਾਂ ਵਿਚੋਂ ਬਦਲ ਕੇ ਆਈਆ । ਗੋਬਿੰਦ ਭਾਗ ਲਗਾ ਪੁੱਤੀ, ਗੁਰਮੁਖ ਸੋਹਣੇ ਨਜ਼ਰੀ ਆਈਆ । ਉਜਲ ਹੋਈ ਪੁਰਖ ਅਕਾਲ ਦੀ ਕੁੱਖੀ, ਜੋਤ ਅਕਾਲਨ ਖ਼ੁਸ਼ੀ ਮਨਾਈਆ । ਏਨ੍ਹਾਂ ਅਗਨ ਨਾ ਵੇਖਣੀ ਫੇਰ ਲਟਕ ਕੇ ਪੁੱਠੀ, ਮਾਤ ਗਰਭ ਨਾ ਫੇਰਾ ਪਾਈਆ । ਮਨ ਵਾਸਨਾ ਕੋਲ ਰਹੇ ਨਾ ਲੁੱਚੀ, ਕੂੜੀ ਕਿਰਿਆ ਦੇਵੇ ਗਵਾਈਆ । ਚਾਰ ਵਰਨਾਂ (ਵਿਚੋਂ) ਗੁਰਮੁਖੋ ਤੁਹਾਡੀ ਆਤਮਾ ਕਰੇ ਸੁੱਚੀ, ਮਾਣਕ ਮੋਤੀ ਦਏ ਬਣਾਈਆ । ਜਿਸ ਨੇ ਤੁਹਾਡੀ ਸੁਰਤ ਉਠਾਈ ਸੁੱਤੀ, ਸ਼ਬਦ ਹਲੂਣਾ ਇਕ ਲਗਾਈਆ । ਹੁਣ ਵੇਲਾ ਨਹੀਂ ਗੋਬਿੰਦ ਹੱਥ ਰੱਖੇ ਉਤੇ ਕੁੱਜੀ, ਪੜਦਾ ਥੋੜ੍ਹਾ ਥੋੜ੍ਹਾ ਚੁਕਾਈਆ । ਪੁਰਖ ਅਕਾਲ ਦੀ ਰਮਜ਼ ਇਕੋ ਸੁਝੀ, ਸੋਝੀ ਸਭ ਨੂੰ ਦੇਵੇ ਪਾਈਆ । ਮਿਹਰ ਨਜ਼ਰ ਕਰ ਕੇ ਸਭ ਦੀ ਬਦਲ ਦੇਵੇ ਬੁੱਧੀ, ਬੁਧੂ ਰਹਿਣ ਕੋਇ ਨਾ ਪਾਈਆ । ਜੇ ਨਾਮੇ ਬਣਾਈ ਝੁੱਗੀ, ਤੁਹਾਡਾ ਭਗਤ ਦਵਾਰਾ ਦਿਤਾ ਸੁਹਾਈਆ । ਏਹੋ ਮਿਸਲ ਮਸ਼ਹੂਰ ਜਗ ਰਹਿ ਜਾਏ ਉਘੀ, ਚਾਰ ਕੁੰਟ ਢੋਲਾ ਗਾਈਆ । ਦੀਨ ਮਜ਼੍ਹਬ ਦੀ ਚੜ੍ਹੀ ਰਹਿਣ ਨਾ ਦੇਣੀ ਕੋਈ ਗੁੱਡੀ, ਡੋਰ ਸਭ ਦੀ ਰਿਹਾ ਕਟਾਈਆ । ਸ਼ਰਅ ਸ਼ਰੀਅਤ ਕਰਕੇ ਡੁੱਡੀ, ਅੰਤਮ ਮੂੰਹ ਦੇ ਭਾਰ ਸੁਟਾਈਆ । ਕਲਜੁਗ ਔਧ ਵੇਖੇ ਪੁੱਗੀ, ਲੇਖਾ ਜਾਣੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਰਿਹਾ ਕਮਾਈਆ । ਰਹਿਮਤ ਕਮਾਏ ਆਪ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਸਾਬਤ ਨਜ਼ਰ ਨਾ ਆਏ ਕਿਸੇ ਈਮਾਨ, ਅਮਲਾਂ ਵਿਚ ਦਿਸੇ ਨਾ ਕੋਇ ਲੋਕਾਈਆ । ਮੰਦਰ ਮਸਜਿਦ ਸ਼ਿਵਦਵਾਲਿਆਂ ਮੱਠਾਂ ਅੰਦਰ ਬੈਠੇ ਹੋਏ ਬੇਈਮਾਨ, ਗੁਰੂਦਵਾਰ ਗੁਰ ਇਸ਼ਟ ਨਾ ਕੋਇ ਜਣਾਈਆ । ਦਿਨੇ ਜਾਗਦਿਆਂ ਅੱਖਾਂ ਨਾਲ ਰਾਤੀ ਕੂੜਾ ਕਰਨ ਹਰਾਮ, ਸਚ ਸੁਚ ਸਮਝ ਕੋਇ ਨਾ ਪਾਈਆ । ਅੰਦਰ ਵੜ ਕੇ ਕਹਿਣ ਸਾਡਾ ਤੇਰੇ ਉਤੇ ਮਾਣ, ਤੇਰੀ ਸੇਵ ਕਮਾਈਆ । ਕਾਗ਼ਜ਼ਾਂ ਵਿਚੋਂ ਬੋਲ ਕੇ ਕੁਛ ਨਾ ਕਹੇ ਭਗਵਾਨ, ਸਿਫ਼ਤਾਂ ਵਿਚ ਬੈਠਾ ਆਪਣਾ ਆਸਣ ਲਾਈਆ । ਓਹ ਵੇਖਣਹਾਰਾ ਵਾਲੀ ਦੋ ਜਹਾਨ, ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੂਰ ਦਿਤਾ ਦਰਸਾਈਆ । ਓਹ ਪਕੜਨਹਾਰਾ ਜੀਵ ਜਹਾਨ, ਲੱਖ ਚੁਰਾਸੀ ਖੋਜ ਖੋਜਾਈਆ । ਏਸੇ ਕਰਕੇ ਗੋਬਿੰਦ ਦੇ ਕੇ ਗਿਆ ਬਿਆਨ, ਵੀਹ ਸੌ ਇੱਕੀ ਧਿਆਨ ਲਗਾਈਆ । ਦਾਤਾ

ਆਵੇ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ । ਕੋਟਨ ਕੋਟਾਂ ਵਿਚੋਂ ਥੋੜ੍ਹੇ ਕਰੇ ਪਰਵਾਨ, ਜਿਨ੍ਹਾਂ ਗੋਬਿੰਦ ਪਰਵਾਨੇ ਹੱਥ ਗਿਆ ਫੜਾਈਆ । ਮੁਹੰਮਦ ਦੀ ਚਾਰ ਯਾਰੀ ਮਾਰ ਕੇ ਆਪ ਧਿਆਨ, ਫੜ ਉਂਗਲਾਂ ਨਾਲ ਹਿਲਾਈਆ । ਮੂਸੇ ਦਾ ਇਕੋ ਸੁਣ ਪੈਗ਼ਾਮ, ਤਿੰਨਾਂ ਰੰਗ ਚੜ੍ਹਾਈਆ । ਈਸੇ ਦਾ ਸੁਣ ਕੇ ਅਗਲਾ ਪਿਛਲਾ ਪੈਗ਼ਾਮ, ਸੱਤਾਂ ਸੋਝੀ ਹੋਰ ਦਵਾਈਆ । ਸੱਤ ਤਿੰਨ ਦਸ ਦਾ ਖੇਲ ਮਹਾਨ, ਚਾਰ ਚੌਦਸ ਲੋਕ ਵੇਖ ਵਖਾਈਆ । ਚੌਦਾਂ ਤਬਕਾਂ ਵੇਖੇ ਮਾਰ ਧਿਆਨ, ਚੌਧਵੀਂ ਚੰਦ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਦ੍ਰਿੜਾਈਆ । ਭੇਵ ਅਭੇਦਾ ਵੇਖ ਖੁਲ੍ਹਦਾ, ਹਰਿ ਖ਼ਾਲਕ ਖ਼ਲਕ ਖੁਲ੍ਹਾਈਆ । ਗੋਬਿੰਦ ਦਾ ਬਾਗ਼ੀਚਾ ਵੇਖੋ ਫੁਲਦਾ, ਪੱਤ ਡਾਲ੍ਹੀ ਆਪ ਮਹਿਕਾਈਆ । ਵੇਖੇ ਹਾਲ ਵਿਸ਼ਵ ਕੁਲ ਦਾ, ਚਾਰ ਵਰਨ ਮਿਲੇ ਸਰਨਾਈਆ । ਕੋਈ ਤੋਲ ਨਾ ਸਾਚੇ ਤੁਲਦਾ, ਤੋਲਣ ਹਾਰਾ ਜਨ ਭਗਤਾਂ ਆਪਣੇ ਕੰਡੇ ਲਏ ਚੜ੍ਹਾਈਆ । ਪਤਿਪਰਮੇਸ਼ਵਰ ਆਦਿ ਜੁਗਾਦਿ ਕਦੇ ਨਾ ਭੁਲਦਾ, ਅਭੁਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਵੇਖੇ ਭਗਤ, ਜੋ ਤੇਰੇ ਵਿਚ ਸਮਾਈਆ । ਉਹ ਛੱਡ ਕੇ ਸਾਰਾ ਜਗਤ, ਜੀਵਣ ਤੇਰੀ ਝੋਲੀ ਪਾਈਆ । ਬਿਨ ਝਟਕਾਇਉਂ ਗਏ ਝਟਕ, ਬਿਨ ਕਸਾਈਉਂ ਛੁਰੀ ਦਿਤੀ ਵਖਾਈਆ । ਉਹ ਪੈ ਕੇ ਸਿੱਧੀ ਸੜਕ, ਗੋਬਿੰਦ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੁਤ ਰਿਹਾ ਵਡਿਆਈਆ । ਗੋਬਿੰਦ ਨਾਲ ਕਰ ਕੇ ਮੇਲਾ, ਮਿਲ ਮਿਲ ਖ਼ੁਸ਼ੀ ਮਨਾਈਆ । ਹੋਇਆ ਸਚ ਵਕਤ ਸੁਹੇਲਾ, ਸੁਹੰਜਣਾ ਰੰਗ ਰੰਗਾਈਆ । ਭਾਗ ਲਗਾ ਗੁਰੂ ਗੁਰ ਚੇਲਾ, ਚੇਲਾ ਗੁਰ ਨਜ਼ਰੀ ਇਕੋ ਆਈਆ । ਲੱਖ ਚੁਰਾਸੀ ਨਾਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਵੇਹਲਾ, ਖ਼ਾਲੀ ਹੱਥ ਚਰਨਾਂ ਵਿਚ ਲਿਆ ਬਹਾਈਆ । ਤੁਹਾਡੀ ਭੇਟਾ ਜੋ ਚੜ੍ਹਦਾ ਰਿਹਾ ਬੱਕਰਾ ਲੇਲਾ ਛੇਲਾ, ਛੁਰੀ ਗਊਆਂ ਘਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਤੁਹਾਡੀ ਕਰਨੀ ਹੁੰਦਾ ਰਿਹਾ ਝਟਕਾ, ਜਗਤ ਸੀਸ ਕਟਾਈਆ । ਤੁਹਾਡੇ ਭਰਦੇ ਰਹੇ ਕਾਇਆ ਮਟਕਾ, ਮਾਟੀ ਖ਼ਾਕ ਖ਼ੁਸ਼ੀ ਮਨਾਈਆ । ਹੁਣ ਵੇਲਾ ਆਇਆ ਉਹ ਵਕਤਾ, ਜਿਸ ਦੀ ਸਮਝ ਕਿਸੇ ਨਾ ਪਾਈਆ । ਲੱਖ ਚੁਰਾਸੀ ਹਾਲ ਹੋਵੇ ਖ਼ਸਤਾ, ਖ਼ਾਲਸ ਗੁਰਮੁਖ ਤੇਰੇ ਨਜ਼ਰੀ ਆਈਆ । ਪ੍ਰਭੂ ਦਾ ਨਾਮ ਜਿਨ੍ਹਾਂ ਲਾਇਆ ਸਸਤਾ, ਕੌਡੀਆਂ ਉਤੋਂ ਹੱਟ ਵਿਕਾਈਆ । ਏਨ੍ਹਾਂ ਰਖੇ ਕੁੰਭੀ ਨਰਕਾ, ਬਾਹਰ ਸਕੇ ਨਾ ਕੋਇ ਕਢਾਈਆ । ਜਿਨ੍ਹਾਂ ਪੜ੍ਹ ਕੇ ਵਰਕਾ ਵਰਕਾ, ਫੇਰ ਸਤਿਗੁਰ ਦਿਤਾ ਭੁਲਾਈਆ । ਤਿਨ੍ਹਾਂ ਅੰਤ ਲੱਭੇ ਕੋਈ ਨਾ ਪਟਕਾ, ਖ਼ਾਲੀ ਹੱਥ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੁਕਾਈਆ । ਜੋ ਪੜ੍ਹਦਾ ਰਿਹਾ ਨਾਲ ਮਸਲਾ, ਜਿਹਵਾ ਨਾਲ ਸੁਣਾਈਆ । ਉਸ ਦਾ ਨਜ਼ਰ ਨਾ ਆਇਆ ਅਸਲਾ, ਅਸਲੀਅਤ ਸਕੇ ਨਾ ਕੋਇ ਸਮਝਾਈਆ । ਉਹ ਖਰ ਦੀ ਜੂਨੇ ਪਏ ਨਸਲਾ, ਪੀਠ ਭਾਰ ਉਠਾਈਆ । ਸਾਚਾ ਮਿਲੇ ਕੋਈ ਨਾ ਵਸਲਾ, ਮਹਿਬੂਬ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਸਮਝਾਈਆ । ਜੋ ਰਸਨਾ ਪੜ੍ਹ ਪੜ੍ਹ ਦੱਸਦੇ ਰਹੇ ਜਗ, ਅਮਲ ਆਪਣਾ ਨਾ ਕੋਇ ਕਮਾਈਆ । ਉਹ ਜੂਨਾਂ ਵਿਚੋਂ ਜੂਨ ਭੋਗਣ ਕੱਗ, ਕਾਗਾਂ ਵਿਚ ਉਹ ਕਾਗ ਜੋ ਵਿਸ਼ਟੇ ਵਿਚ ਸਮਾਈਆ । ਢੋਰਾਂ ਦੇ ਖਾਵਣ ਹੱਡ,

ਚੰਮ ਦ੍ਰਿਸ਼ਟੀ ਚਰਮ ਨਾਲ ਮਿਲਾਈਆ । ਪੜ੍ਹਿਆ ਲਿਖਿਆ ਏਥੇ ਜਾਣਾ ਛੱਡ, ਬਿਨ ਸਤਿਗੁਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਜੋ ਰਸਨਾ ਪੜ੍ਹ ਪੜ੍ਹ ਦੱਸਦੇ ਰਹੇ ਗੀਤ, ਬੱਤੀ ਦੰਦ ਚਤੁਰਾਈਆ । ਤਿਨ੍ਹਾਂ ਅੰਦਰ ਨਾ ਮਿਲਿਆ ਮੀਤ, ਭਰਮੇ ਭੁੱਲੇ ਫਿਰਦੇ ਰਹੇ ਵਿਚ ਲੋਕਾਈਆ । ਸੋ ਅੰਤਮ ਨੀਚਾਂ ਵਿਚੋਂ ਨੀਚ, ਕੁਕਰਮੀ ਨਜ਼ਰੀ ਆਈਆ । ਸਾਚੇ ਦਰ ਨਾ ਮਿਲੇ ਭੀਖ, ਭਿਛਿਆ ਨਾਮ ਨਾ ਕੋਇ ਪਾਈਆ । ਧਰ ਭੁੰਨੇ ਉਪਰ ਸੀਖ, ਕਬਾਬ ਸੋਹਣਾ ਦਏ ਬਣਾਈਆ । ਜਿਸ ਵੇਲੇ ਏਨ੍ਹਾਂ ਦੀ ਨਿਕਲੇ ਚੀਕ, ਸੁਣਨ ਵਾਲੇ ਜਾਣ ਕੁਰਲਾਈਆ । ਜਿੰਨਾ ਚਿਰ ਸਾਹਿਬ ਸਤਿਗੁਰ ਸ਼ਬਦੀ ਆਪ ਨਾ ਮਿਲੇ ਜਿਸਦੀ ਸਦਾ ਉਡੀਕ, ਨਿਜ ਘਰ ਆਪਣਾ ਫੇਰਾ ਪਾਈਆ । ਬਾਕੀ ਸਭ ਦੀ ਝੂਠੀ ਪ੍ਰੀਤ, ਲੱਗੀ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੁਰ ਅਵਤਾਰ ਸੁਣ ਕੇ ਕਲਾਮ, ਉਂਗਲਾਂ ਕੰਨਾਂ ਵਿਚ ਪਾਈਆ । ਬੌਹੜੀ ਕੀ ਖੇਲ ਕਰੇ ਅਮਾਮ, ਅਮਲ ਸਭ ਦੇ ਵੇਖ ਵਖਾਈਆ । ਜਿਨ੍ਹਾਂ ਹੁਜਰਿਆਂ ਵਿਚ ਕੀਤਾ ਹਰਾਮ, ਤਿਨ੍ਹਾਂ ਫੜ ਫੜ ਲਏ ਉਠਾਈਆ । ਜਿਨ੍ਹਾਂ ਮੰਦਰਾਂ ਵਿਚ ਨਾਲ ਰੱਖਿਆ ਸ਼ੈਤਾਨ, ਕਾਮ ਕਰੋਧ ਲੜਾਈਆ । ਜਿਨ੍ਹਾਂ ਗੁਰਦਵਾਰਿਆਂ ਵਿਚ ਅੱਖਾਂ ਨਾਲ ਕੀਤਾ ਨਿਸ਼ਾਨ, ਧੀਆਂ ਭੈਣਾਂ ਲੈਣ ਤਕਾਈਆ । ਸੋ ਸਾਰੇ ਹੋਏ ਬੇਈਮਾਨ, ਬੇਵਾ ਰੂਪ ਨਜ਼ਰੀ ਆਈਆ । ਅੰਤ ਰੁੜ੍ਹਾਏ ਓਸ ਤੁਫ਼ਾਨ, ਜਿਸ ਵਿਚੋਂ ਸਕੇ ਨਾ ਕੋਇ ਬਚਾਈਆ । ਗ੍ਰੰਥੀਆਂ ਕਿਸੇ ਕੰਮ ਨਾ ਆਏ ਗਿਆਨ, ਪੰਡਤਾਂ ਦੀ ਵਿਦਿਆ ਸਮਝ ਨਾ ਕੋਇ ਰਖਾਈਆ । ਮੁਲਾਂ ਦਾ ਮਸਲਾ ਨਾ ਸਕੇ ਪਛਾਣ, ਅਲਫ਼ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬੀਸ ਇਕੀਸਾ ਵੇਖਣ ਆਈਆ । ਬੀਸ ਇਕੀਸਾ ਕਹੇ ਮੇਰੀ ਰੁਤ ਸੁਹੇਲੀ, ਸੁਹੰਜਣਾ ਸੰਗ ਨਿਭਾਈਆ । ਜੋਬਨ ਰਤੜੀ ਵਡ ਅਲਬੇਲੀ, ਭੱਜੇ ਵਾਹੋ ਦਾਹੀਆ । ਪ੍ਰੀਤੀ ਕਹੇ ਮੈਂ ਗੋਬਿੰਦ ਚੇਲੀ, ਚੇਲਿਆਂ ਵਿਚੋਂ ਨਜ਼ਰੀ ਆਈਆ । ਭਗਤ ਦਵਾਰੇ ਆ ਕੇ ਵੇਖੀਂ ਮੇਰੀ ਸੰਗਤ ਸੁਹੇਲੀ, ਸੱਜਣਾਂ ਵਿਚੋਂ ਸੱਜਣ ਬਣਕੇ ਸੰਗ ਨਿਭਾਈਆ । ਜਗਤ ਸ਼ਰੀਅਤ ਨਾਲੋਂ ਹੋ ਕੇ ਵੇਹਲੀ, ਵੇਲਾ ਵਕਤ ਰਹੀ ਸੁਹਾਈਆ । ਏਨ੍ਹਾਂ ਮਿਲਿਆ ਧੁਰ ਦਾ ਬੇਲੀ, ਕਲਜੁਗ ਬੇਲੇ ਵਿਚੋਂ ਬਾਹਰ ਕਢਾਈਆ । ਉਹ ਵਸੇ ਸਦਾ ਨਵੇਲੀ, ਘਰ ਸੱਚੇ ਸੋਭਾ ਪਾਈਆ । ਜਿਥੇ ਦੀਪਕ ਜਗੇ ਨਾ ਕੋਈ ਤੇਲੀ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਅਚਰਜ ਖੇਲ ਪ੍ਰਭ ਕਲ ਖੇਲੀ, ਖ਼ਾਲਸ ਖ਼ਾਲਸਾ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਆਪਣੇ ਲਾਈਆ । ਹਰਿਜਨ ਕਹਿਣ ਉਠੋ ਸਾਰੇ, ਸਚ ਦਿਓ ਸੁਣਾਈਆ । ਪ੍ਰਭੂ ਜੋ ਤੇਰੇ ਬਿਨਾ ਰਹੇ ਕਵਾਰੇ, ਕੰਤ ਮਾਤ ਨਾ ਕੋਇ ਪਰਨਾਈਆ । ਬੇਸ਼ਕ ਮਾਂ ਪਿਓ ਸਾਡੇ ਮੁਖ ਨੂੰ ਲਾਏ ਛੁਹਾਰੇ, ਪੰਜ ਤਤ ਵਾਲੀ ਨਾਰੀ ਦਿਤੀ ਪਰਨਾਈਆ । ਸੁਖ ਆਸਣ ਸੇਜਾ ਕੋਈ ਨਾ ਚਾੜ੍ਹੇ, ਭੋਗ ਬਲਾਸ ਕਰੇ ਲੋਕਾਈਆ । ਏਸੇ ਕਰ ਕੇ ਗੋਬਿੰਦ ਤੇਰੇ ਅੱਗੇ ਕੱਢੇ ਹਾੜੇ, ਤੂੰ ਵੇਖੀਂ ਮੇਰੇ ਗੁਰਮੁਖ ਸੋਹਣੇ ਲਾੜੇ, ਜਿਨ੍ਹਾਂ ਦੀ ਲੜੀ ਤੇਰੇ ਨਾਲ ਜੁੜਾਈਆ । ਉਹ ਵੇਲਾ ਵਕਤ ਉਹ ਰੁੱਤ ਵੀਹ ਸੌ ਇੱਕੀ ਬਿਕ੍ਰਮੀ ਸਤਾਰਾਂ ਹਾੜੇ, ਹਰਿ ਜੂ ਆਪਣਾ ਰੰਗ ਰੰਗਾਈਆ । ਉਹ ਚਲ ਕੇ ਆਏ ਤੇਰੇ ਦਵਾਰੇ, ਦਵਾਰਕਾ ਬੈਠੀ ਮੁਖ ਸ਼ਰਮਾਈਆ । ਜੇਹੜੇ ਮੂਸੇ ਮਿਲ ਨਾ ਸਕੇ ਨਜ਼ਾਰੇ, ਤੇਰਾ ਨਜ਼ਾਰਾ ਤੱਕ ਤੱਕ ਖ਼ੁਸ਼ੀ ਮਨਾਈਆ । ਤੂੰ ਪ੍ਰਭ ਪ੍ਰੇਮ ਚਾੜ੍ਹੇਂ ਆਪਣੇ ਖਾਰੇ, ਵਟਣਾ

ਸੋਹਣਾ ਨਾਮ ਲਗਾਈਆ । ਹੁਣ ਵੇਲਾ ਨਹੀਂ ਸਿਰਫ਼ ਪੰਜ ਤਾਰੇ, ਪੰਜ ਪਿਆਰੇ ਇੱਕੀਆਂ ਨਾਲੋਂ ਸਾਚੀ ਸਿੱਖੀ ਦਿਤੀ ਬਣਾਈਆ । ਸਤਿਗੁਰ ਕੋਈ ਨਹੀਂ ਕੀਤਾ ਟੱਟੂ ਭਾੜੇ, ਜੋ ਬੁਤੀਆਂ ਨਾਲ ਮਨਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਹੋ ਕੇ ਆਪੇ ਤਾਰੇ, ਫੜ ਬਾਹੋਂ ਗਲੇ ਲਗਾਈਆ । ਉਚੇ ਮੰਦਰ ਓਸ ਚਾੜ੍ਹੇ, ਜਿਸ ਮੰਜ਼ਲ ਬੈਠਾ ਬੇਪਰਵਾਹੀਆ । ਪੁੱਤਰਾਂ ਵਾਂਗ ਕਰੇ ਪਿਆਰੇ, ਧੀਆਂ ਵਾਂਗ ਗੋਦੀ ਲਏ ਬਠਾਈਆ । ਅੱਖੀਂ ਵੇਖੇ ਆਪ ਦੁਲਾਰੇ, ਨੇਤਰ ਲੋਚਣ ਅੱਖ ਖੁਲ੍ਹਾਈਆ । ਗੁਰਮੁਖੋ ਤੁਸੀਂ ਤਰ ਗਏ ਸਾਰੇ, ਸਾਰੀ ਸੰਗਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਉਠੋ ਭਾਈ, ਭੈਣਾਂ ਦਿਓ ਸਲਾਹੀਆ । ਜੁਗਾਂ ਪਿਛੋਂ ਰੁਤ ਸੁਹੰਜਣੀ ਆਈ, ਪ੍ਰਭ ਦਇਆ ਆਪ ਕਮਾਈਆ । ਨਿਰਗੁਣ ਹੋ ਕੇ ਆਇਆ ਮਾਹੀ, ਸਰਗੁਣ ਲਏ ਜਗਾਈਆ । ਜਿਸ ਵੇਲੇ ਗੋਬਿੰਦ ਬੂਟਾ ਪੁਟਿਆ ਕਾਹੀ, ਧਿਆਨ ਇਕ ਵਿਚ ਟਿਕਾਈਆ । ਬੇਸ਼ਕ ਮੈਨੂੰ ਸ੍ਰਿਸ਼ਟ ਕਹੇ ਸ਼ੁਦਾਈ, ਮੇਰੇ ਗੁਰਸਿਖਾਂ ਦੇਵੀਂ ਵਡਿਆਈਆ । ਤੂੰ ਧੁਰ ਦਾ ਸੱਚਾ ਮਾਹੀ, ਮੈਂ ਤੇਰੀ ਆਸ ਤਕਾਈਆ । ਮੈਂ ਮਾਛੂਵਾੜੇ ਦਾ ਰਾਹੀ, ਪਾਂਧੀ ਬਣ ਕੇ ਚਲਾਂ ਚਾਈਂ ਚਾਈਂਆ । ਤੂੰ ਸੱਚਾ ਸਚ ਗੋਸਾਈਂ, ਸਚਖੰਡ ਆਪਣਾ ਡੇਰਾ ਲਾਈਆ । ਮੈਂ ਤੇਰੀ ਸੇਵ ਕਮਾਈ, ਬੱਚੇ ਨੀਹਾਂ ਹੇਠ ਦਬਾਈਆ । ਮੈਂ ਤੇਰਾ ਦਰਸ਼ਨ ਗੁਰਮੁਖਾਂ ਦਿਆਂ ਕਰਾਈ, ਮੈਨੂੰ ਲੋੜ ਰਹੀ ਨਾ ਰਾਈਆ । ਮੇਰਿਆਂ ਸਿੱਖਾਂ ਦੀ ਧੋਣੀ ਸ਼ਾਹੀ, ਦੁਰਮਤ ਮੈਲ ਮਿਟਾਈਆ । ਮੈਂ ਆਪਣੇ ਤਨ ਦੀ ਖ਼ਾਕ ਢੇਰੀ ਅਜੇ ਤੱਕ ਨਾ ਉਠਾਈ, ਨਦੇੜ ਵਿਚ ਦਿਤੀ ਟਿਕਾਈਆ । ਉਹ ਵੇਲਾ ਆਵੇ ਗੁਰਮੁਖੋ ਜਿਸ ਵੇਲੇ ਆਪਣੀ ਖੇਲ ਦਏ ਸਮਝਾਈ, ਲੱਖ ਚੁਰਾਸੀ ਦਏ ਚੁਕਾਈਆ । ਏਸ ਵੀਹ ਸੌ ਇੱਕੀ ਦੀ ਸਾਰਿਆਂ ਪਏ ਦੁਹਾਈ, ਦੋ ਜਹਾਨ ਜਾਣ ਕੁਰਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਨਾਲ ਮਿਲਕੇ ਗੁਰਮੁਖਾਂ ਦੇਣ ਆਇਆ ਵਧਾਈ, ਵਾਧਾ ਤੁਹਾਡੀ ਕੁਲ ਵਿਚ ਪਾਈਆ । ਵਾਧਾ ਹੋਵੇ ਗੁਰਮੁਖ ਕੁਲ, ਕੁਲਵੰਤਾ ਆਪ ਜਣਾਇੰਦਾ । ਕਰਤਾ ਕੀਮਤ ਨਾ ਲਾਏ ਕੋਈ ਮੁੱਲ, ਮਿਹਰ ਨਜ਼ਰ ਇਕ ਉਠਾਇੰਦਾ । ਏਹ ਸੋਹਣੀ ਫੁਲਵਾੜੀ ਅਗੰਮੜਾ ਫੁੱਲ, ਲੋਕਮਾਤ ਵੇਖ ਵਖਾਇੰਦਾ । ਜੋ ਸਚ ਪ੍ਰੀਤੀ ਗਿਆ ਘੁਲ, ਆਪ ਆਪਣੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਵੇਖੇ ਭਗਤ ਸੋਹਣੇ ਸੁਚੱਜੇ, ਸੰਮਤ ਇਕੋ ਨਜ਼ਰੀ ਆਈਆ । ਭਗਵਾਨ ਵੱਲ ਆਵਣ ਭੱਜੇ, ਭਗਤ ਰੂਪ ਵਟਾਈਆ । ਜਿਸ ਵੇਲੇ ਪੁਰਖ ਅਕਾਲ ਏਨ੍ਹਾਂ ਵਲ ਤੱਕੇ, ਬਿਨ ਅੱਖਾਂ ਅੱਖ ਖੁਲ੍ਹਾਈਆ । ਗੋਬਿੰਦ ਕਹੇ ਮੇਰੇ ਬੱਚੇ, ਜੋ ਬੈਠੇ ਡੇਰਾ ਲਾਈਆ । ਪ੍ਰੇਮ ਅੰਦਰ ਸੱਚੇ, ਪਿਆਰ ਅੰਦਰ ਕੁਰਬਾਨੀ ਰਹੇ ਕਰਾਈਆ । ਏਨ੍ਹਾਂ ਨੂੰ ਲੋੜ ਰਹੀ ਨਾ ਮਦੀਨੇ ਮੱਕੇ, ਗੁਰਦਵਾਰਿਆਂ ਦਾ ਘਰ ਨਾ ਕੋਇ ਬਣਾਈਆ । ਏਸੇ ਕਰ ਕੇ ਜਗਤ ਜਹਾਨ ਵੇਂਹਦੇ ਹੋਏ ਹੱਕੇ ਬੱਕੇ, ਹਕੀਕਤ ਏਨ੍ਹਾਂ ਦੀ ਝੋਲੀ ਪਾਈਆ । ਏਹ ਕਿਉਂ ਗਾਣ ਅੱਖਰਾਂ ਵਾਲੇ ਟੱਪੇ, ਜਿਨ੍ਹਾਂ ਅੰਮ੍ਰਿਤ ਛਕਿਆ ਬੇਪਰਵਾਹੀਆ । ਏਹ ਕਿਉਂ ਕਰਨ ਜੋਗ ਅਭਿਆਸ ਵਾਲੇ ਰੱਟੇ, ਜਿਨ੍ਹਾਂ ਦਾ ਜੋਗ ਅਭਿਆਸ ਦਿਤਾ ਕਟਾਈਆ । ਏਹ ਕਿਉਂ ਤਨ ਭਬੂਤ ਮਲਣ ਘੱਟੇ, ਜਲ ਧਾਰਾ ਸੀਸ ਕਰਾਈਆ । ਏਹ ਕਿਉਂ ਤੀਰਥ ਤੱਟਾਂ ਉਤੇ ਫਿਰਨ ਨੱਠੇ, ਬਣ ਪਾਂਧੀ ਫੇਰਾ ਪਾਈਆ । ਓਹ ਜਿਨ੍ਹਾਂ ਨੂੰ ਘਰ ਬੈਠਿਆਂ ਮਿਲਿਆ ਪ੍ਰਭ ਸਮਰਥੇ, ਦਾਤਾ ਦਾਨੀ ਹੋਏ ਸਹਾਈਆ । ਪਹਿਲੋਂ ਦਏ ਆਪਣੀ ਅੱਖੇ, ਆਖ਼ਰ ਆਪਣਾ ਮੇਲ ਮਿਲਾਈਆ । ਏਹ ਹੁਣ ਨਹੀਂ

ਰਹੇ ਕੱਚੇ, ਕਚਿੱਆਂ ਤੋਂ ਪੱਕੇ ਦਏ ਬਣਾਈਆ । ਸਚ ਦਵਾਰੇ ਹੋਏ ਸਚੇ, ਸਚ ਦਿਤੀ ਵਡਿਆਈਆ । ਏਨ੍ਹਾਂ ਨੂੰ ਧੁਰ ਸੰਦੇਸੇ ਮਿਲੇ ਪਤੇ, ਪਤਿਪਰਮੇਸ਼ਵਰ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਹਿਣ ਕੌਣ ਸੁਣੌਂਦਾ, ਧੁਰ ਦਾ ਰਾਗ ਜਣਾਈਆ । ਸਾਚੇ ਸੰਤ ਕਹਿਣ ਕੌਣ ਮਨੌਂਦਾ, ਰੁਠੜੇ ਗਲੇ ਲਗਾਈਆ । ਗੁਰਮੁਖ ਕਹਿਣ ਕੌਣ ਗੋਦ ਸੁਹੌਂਦਾ, ਦੁਰਮਤ ਮੈਲ ਧਵਾਈਆ । ਗੁਰਸਿਖ ਕਹਿਣ ਕੌਣ ਜਗੌਂਦਾ, ਜੋ ਨੇਤਰ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪੁਰਖ ਅਕਾਲ ਫੇਰਾ ਪੌਂਦਾ, ਨਿਰਗੁਣ ਹੋ ਕੇ ਵੇਖਣ ਆਈਆ । ਪਿਛਲਾ ਲੇਖਾ ਸਾਡਾ ਮੁਕੌਂਦਾ, ਅੱਗੇ ਤੁਹਾਨੂੰ ਦਏ ਵਡਿਆਈਆ । ਸਾਡੇ ਸਾਰਿਆਂ ਵਿਚੋਂ ਗੁਰਮੁਖ ਕਹਿਣ ਗੋਬਿੰਦ ਏਹੋ ਚਾਹੁੰਦਾ, ਮੇਰੇ ਗੁਰਸਿਖਾਂ ਮਿਲੇ ਵਡਿਆਈਆ । ਦੂਜੀ ਬਣਤ ਨਾ ਕੋਇ ਬਣੌਂਦਾ, ਦਲੀਲਾਂ ਵਿਚ ਨਾ ਵਕਤ ਲੰਘਾਈਆ । ਇਕੋ ਢੋਲਾ ਪੁਰਖ ਅਕਾਲ ਦਾ ਗੌਂਦਾ, ਗਾ ਗਾ ਗੁਰਸਿਖਾਂ ਰਿਹਾ ਸੁਣਾਈਆ । ਗੁਰਸਿਖੋ ਤੁਹਾਡੇ ਨਾਲ ਪ੍ਰੇਮ ਕਰੇ ਪ੍ਰਭੂ ਮਨ ਭੌਂਦਾ, ਤੁਹਾਡਾ ਮਨ ਆਪਣੇ ਵਿਚ ਛੁਪਾਈਆ । ਤੁਹਾਡੀ ਸੇਜਾ ਉਤੇ ਸੌਂਦਾ, ਸੋਹਣੀ ਆਪ ਵਿਛਾਈਆ । ਜਿਸ ਵੇਲੇ ਪ੍ਰੇਮ ਪਿਆਰ ਅੰਦਰ ਗੁਰਮੁਖ ਗੌਂਦਾ, ਸੋਹਣਾ ਰਾਗ ਅਲਾਈਆ । ਏਹੋ ਵੇਲਾ ਵਕਤ ਸੁਹੰਜਣਾ ਆਪ ਸੁਹੌਂਦਾ, ਰੁਤ ਰੁਤੜੀ ਮਾਤ ਮਹਿਕਾਈਆ । ਵੀਹ ਸੌ ਇੱਕੀ ਬਿਕ੍ਰਮੀ ਜਨ ਭਗਤਾਂ ਨਾਲ ਸੁਹੌਂਦਾ, ਭਿੰਨੜੀ ਰੈਣ ਦਏ ਗਵਾਹੀਆ । ਅਗਲਾ ਪੈਂਡਾ ਸਭ ਦਾ ਆਪ ਮੁਕੌਂਦਾ, ਲੱਖ ਚੁਰਾਸੀ ਨਾਤਾ ਦਿਤਾ ਤੁੜਾਈਆ । ਭਗਤ ਦਵਾਰੇ ਆਪ ਰਖੌਂਦਾ, ਜਿਸ ਦਵਾਰੇ ਬੈਠਾ ਡੇਰਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਅਖਵੌਂਦਾ, ਜਿਸ ਦਾ ਪੰਜ ਤਤ ਰੂਪ ਨਜ਼ਰ ਕੋਇ ਨਾ ਆਈਆ ।


੧੪੫

### ੨੦ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਢਿਲਵਾਂ ਜ਼ਿਲਾ ਕਪੂਰਥਲਾ

ਬੇ ਆਸ ਕਿਨਾਰੇ ਸ੍ਰਿਸ਼ਟ ਸਬਾਈ ਜਗ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਲੱਗੀ ਅੱਗ, ਕਲਜੁਗ ਅੰਤ ਨਾ ਕੋਇ ਬੁਝਾਇੰਦਾ । ਮਾਣਸ ਮਾਨੁਸ਼ ਹੋਏ ਕੱਗ, ਹੰਸ ਰੂਪ ਨਾ ਕੋਇ ਵਟਾਇੰਦਾ । ਸਚ ਦਵਾਰਾ ਸਕੇ ਕੋਈ ਨਾ ਲੰਘ, ਮੰਜ਼ਲ ਪੰਧ ਨਾ ਕੋਇ ਮੁਕਾਇੰਦਾ । ਘਰ ਸੁਣੇ ਨਾ ਕੋਈ ਨਦ, ਅਨਹਦ ਰਾਗ ਨਾ ਕੋਇ ਅਲਾਇੰਦਾ । ਕਾਇਆ ਭਵਰੀ ਡੂੰਘੀ ਖੱਡ, ਸਚ ਨੂਰ ਨਾ ਕੋਇ ਚਮਕਾਇੰਦਾ । ਕੂੜੀ ਕਿਰਿਆ ਕਿਸੇ ਨਾ ਮੁੱਕੇ ਹੱਦ, ਮਾਇਆ ਮਮਤਾ ਮੋਹ ਨਾ ਕੋਇ ਮਿਟਾਇੰਦਾ । ਕਾਇਆ ਮਾਟੀ ਖ਼ਾਲੀ ਦਿਸਣ ਹੱਡ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਸਚ ਦਵਾਰੇ ਬਿਨ ਸਤਿਗੁਰ ਪੂਰੇ ਕੋਈ ਨਾ ਆਵੇ ਛੱਡ, ਮੰਝਧਾਰ ਨਾ ਪਾਰ ਕਰਾਇੰਦਾ । ਆਤਮ ਪਰਮਾਤਮ ਘਰ ਲਏ ਨਾ ਕੋਈ ਸੱਦ, ਸਾਹਿਬ ਸੱਜਣ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਆਸ ਕਿਨਾਰਾ ਵੇਖ ਵਖਾਇੰਦਾ । ਬੇ ਆਸ ਕਿਨਾਰਾ ਲੱਖ ਚੁਰਾਸੀ, ਜੀਵ ਜੰਤ ਤਰਨ ਨਾ ਪਾਈਆ । ਚਾਰੋਂ ਕੁੰਟ ਖੇਲ ਤਮਾਸ਼ੀ, ਹਰਿ ਕਰਤਾ ਵੇਖ ਵਖਾਈਆ । ਮੰਡਲ ਮੰਡਪ ਬ੍ਰਹਿਮੰਡ ਖੰਡ ਪੁਰੀ ਲੋਅ ਵੇਖੇ ਰਾਸੀ, ਨਿਰਗੁਣ ਨਿਰਵੈਰ ਨਿਰਾਕਾਰ ਵੇਸ ਵਟਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸੀ, ਗਗਨ ਗਗਨੰਤਰ ਖੋਜ ਖੋਜਾਈਆ । ਹਰ ਘਟ ਅੰਤਰ ਵੇਖਣਹਾਰਾ ਨਾਮ ਉਦਾਸੀ, ਗਹਿਰ ਗੰਭੀਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਲੇਖਾ ਜਾਣੇ ਬੇਪਰਵਾਹੀਆ । ਬੇ ਆਸ ਕਿਨਾਰੇ ਸ੍ਰਿਸ਼ਟੀ ਸੁੱਤੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਗਤ ਵਾਸਨਾ ਲੱਗੀ ਰੁਚੀ, ਆਤਮਕ ਰੰਗ ਨਾ ਕੋਇ ਰੰਗਾਈਆ । ਕੂੜ ਵਿਕਾਰ ਹੋਈ ਭੁੱਖੀ, ਤ੍ਰਿਸਨਾ ਜਗਤ ਵਧਾਈਆ । ਉਜਲ ਨਾ ਕਰੇ ਕੋਇ ਮੁਖੀ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਹਾਰ ਵਡਿਆਈਆ । ਦੇਵੇ ਵਡਿਆਈ ਹਰਿ ਦੀਨ ਦਿਆਲਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਆਦਿ ਜੁਗਾਦੀ ਬਣ ਪ੍ਰਿਤਪਾਲਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਹੋ ਰਖਵਾਲਾ, ਘਰ ਸਾਚੇ ਮੇਲ ਮਿਲਾਇੰਦਾ । ਆਦਿ ਨਿਰੰਜਣ ਜੋਤ ਉਜਾਲਾ, ਦੀਆ ਬਾਤੀ ਆਪ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਵਖਾਏ ਸੱਚੀ ਧਰਮਸਾਲਾ, ਘਰ ਘਰ ਵਿਚ ਪੜਦਾ ਆਪ ਉਠਾਇੰਦਾ । ਸ੍ਰੀ ਭਗਵਾਨ ਏਕਾ ਦੇਵੇ ਨਾਮ ਅਧਾਰਾ, ਗ੍ਰਿਹਿ ਸਾਚੇ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਮੇਲਣਹਾਰਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚਖੰਡ ਦਵਾਰ ਸੱਚੀ ਧਰਮਸਾਲਾ, ਗ੍ਰਿਹਿ ਮੰਦਰ ਇਕ ਵਖਾਇੰਦਾ । ਥਿਰ ਘਰ ਵੇਖੇ ਵੇਖਣਹਾਰਾ, ਸੁੰਨ ਅਗੰਮੀ ਖੋਜ ਖੋਜਾਇੰਦਾ । ਦਸਮ ਦਵਾਰੀ ਨਾ ਕੋਈ ਦੂਰ ਕਿਨਾਰਾ, ਨੇਰਨ ਨੇਰਾ ਇਕੋ ਇਕ ਹੋ ਜਾਇੰਦਾ । ਜਿਨ੍ਹਾਂ ਪਰਮ ਪੁਰਖ ਪਰਮਾਤਮ ਘਰ ਸੱਜਣ ਮਿਲਿਆ ਮੀਤ ਮੁਰਾਰਾ, ਸੋ ਗੁਰਮੁਖ ਗੁਰਸਿਖ ਸੁਖਆਸਣ ਬਹਿ ਬਹਿ ਖ਼ੁਸ਼ੀ ਮਨਾਇੰਦਾ । ਸੋ ਲੇਖਾ ਜਾਣੇ ਆਰ ਪਾਰ ਕਿਨਾਰਾ, ਬੇ ਆਸ ਕਿਨਾਰਾ ਆਪਣਾ ਮੁਖ ਛੁਪਾਇੰਦਾ । ਅੰਮ੍ਰਿਤ ਬਖ਼ਸ਼ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਉਠਾਏ ਨਿਰੰਕਾਰ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਜਿਸ ਦਾ ਸ਼ਬਦੀ ਸੁਤ ਇਕ ਅਪਾਰ, ਅਪਰੰਪਰ ਰੂਪ ਵਟਾਈਆ । ਜਿਸ ਦਾ ਖੇਲ ਵਿਸ਼ਨ ਬ੍ਰਹਮਾ ਸ਼ਿਵ ਧਾਰ, ਸੋ ਆਪਣੀ ਕਰਨੀ ਆਪਣੇ ਹੱਥ ਰਖਾਈਆ । ਜਿਸ ਦਾ ਲੇਖਾ ਤ੍ਰੈਗੁਣ ਮਾਇਆ ਪੰਜ ਤਤ ਅਖਾੜ, ਅੱਠ ਤਤ ਮੇਲਾ ਸਹਿਜ ਸੁਭਾਈਆ । ਜਿਸ ਦਾ ਲੇਖਾ ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਵੰਡੇ ਭੰਡਾਰ, ਧਰਤ ਧਵਲ ਆਕਾਸ਼ ਪਰਕਾਸ਼ ਬ੍ਰਹਿਮੰਡ ਖੰਡ ਆਪਣੀ ਰਚਨ ਰਚਾਈਆ । ਜਿਸ ਦਾ ਨਾਦ ਸ਼ਬਦ ਧੁਨਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਰਿਹਾ ਦ੍ਰਿੜਾਈਆ । ਜਿਸ ਦਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਵਰਤੇ ਵਿਚ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਪ੍ਰਿਤਪਾਲਕ ਇਕ ਅਖਵਾਈਆ । ਪ੍ਰਿਤਪਾਲਕ ਹਰਿ ਗਹਿਰ ਗੰਭੀਰ, ਕਰਤਾ ਪੁਰਖ ਇਕ ਅਖਵਾਇੰਦਾ । ਜੋਤੀ ਖੇਲ ਬਿਨ ਤਤ ਸਰੀਰ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਚੋਟੀ ਮਨਜ਼ਲ ਚੜ੍ਹ ਕੇ ਬੈਠਾ ਅਖ਼ੀਰ, ਮੁਕਾਮੇ ਹਕ ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਇਕ ਹੋ ਜਾਇੰਦਾ । ਤਾਰਨਹਾਰਾ ਹੋਏ ਆਪ, ਪਾਰਬ੍ਰਹਮ ਪ੍ਰਭ ਵੱਡੀ ਵਡਿਆਈਆ । ਜੁਗ ਚੌਕੜੀ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਨਿਰਗੁਣ ਸਰਗੁਣ ਖੇਲੇ ਖੇਲ ਤਮਾਸ਼, ਲੱਖ ਚੁਰਾਸੀ ਰੰਗ ਰੰਗਾਈਆ । ਗੁਰ ਅਵਤਾਰਾਂ ਦੇ ਦੇ ਦਾਤ, ਪੀਰ ਪੈਗ਼ੰਬਰਾਂ ਝੋਲੀ ਆਪ ਭਰਾਈਆ । ਸਤਿ ਸਰੂਪੀ ਸਾਖਿਆਤ, ਸਤਿ ਸਤਿਵਾਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਲੇਖ ਅਵੱਲਾ, ਸਮਝ ਕੋਇ ਨਾ ਪਾਇੰਦਾ । ਨਿਤ ਨਵਿਤ ਇਕ ਇਕੱਲਾ, ਏਕੰਕਾਰ ਖੇਲ ਖਿਲਾਇੰਦਾ । ਸ਼ਬਦ ਸੰਦੇਸਾ ਸਦਾ ਸਦਾ ਸਦ ਘੱਲਾ, ਲੋਕਮਾਤ ਆਪ

ਦ੍ਰਿੜਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਭਗਵਨ ਆਪਣਾ ਰੰਗ ਰੰਗਾਇੰਦਾ । ਕਾਇਆ ਮੰਦਰ ਵੇਖ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਦੀਪਕ ਜੋਤੀ ਆਪੇ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦੀ ਧਾਰ ਨਿਰਵੈਰ ਹੋ ਕੇ ਰਲਾ, ਨਿਰਾਕਾਰ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬੇਨੰਤੀ ਸੁਣਨਹਾਰ ਆਪ ਅਖਵਾਇੰਦਾ । ਸਚ ਬੇਨੰਤੀ ਸੁਣੇ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਜਿਸ ਵਿਸ਼ਨੂੰ ਦਿਤਾ ਵਿਸ਼ਵ ਦਾਨ, ਵਾਸਤਾ ਆਪਣੇ ਨਾਲ ਰਖਾਈਆ । ਜਿਸ ਬ੍ਰਹਮੇ ਕੀਤਾ ਬ੍ਰਹਮ ਪਰਧਾਨ, ਬ੍ਰਹਮ ਵਿਦਿਆ ਇਕ ਦ੍ਰਿੜਾਈਆ । ਜਿਸ ਸ਼ੰਕਰ ਵਖਾਇਆ ਇਕ ਨਿਸ਼ਾਨ, ਸੰਸਾ ਰਹਿਣ ਕੋਇ ਨਾ ਪਾਈਆ । ਜਿਸ ਤ੍ਰੈਗੁਣ ਮਾਇਆ ਰਜੋ ਤਮੋ ਸਤੋ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲਿਆ ਖੇਲ ਜਹਾਨ, ਤਤਵ ਤਤ ਤਤ ਜਣਾਈਆ । ਜਿਸ ਆਤਮ ਬਖ਼ਸ਼ਿਆ ਦਾਨ, ਕਾਇਆ ਮਾਟੀ ਹਾਡੀ ਜੋੜ ਜੁੜਾਈਆ । ਜਿਸ ਨੇ ਤੇਈ ਅਵਤਾਰ ਕੀਤੇ ਪਰਵਾਨ, ਭਗਤ ਅਠਾਰਾਂ ਖੋਜ ਖੋਜਾਈਆ । ਜਿਸ ਨੇ ਈਸਾ ਮੂਸਾ ਮੁਹੰਮਦ ਦੱਸੀ ਕਲਾਮ, ਕਲਮਾ ਨਬੀ ਰਸੂਲ ਜਣਾਈਆ । ਜਿਸ ਨੂੰ ਮੰਨਿਆ ਸਰਬ ਅਮਾਮ, ਲਾਸ਼ਰੀਕ ਨੂਰ ਇਲਾਹੀਆ । ਜਿਸ ਦਾ ਲੋਕ ਪਰਲੋਕ ਸੁਣੇ ਪੈਗ਼ਾਮ, ਨਾਦ ਧੁਨ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਬੇਨੰਤੀ ਸੁਣਨਹਾਰ ਬੇਪਰਵਾਹੀਆ । ਬੇਨੰਤੀ ਸੁਣੇ ਪ੍ਰਭ ਸਾਚਾ ਜਗਤ, ਪੁਰਖ ਅਕਾਲ ਵੱਡੀ ਵਡਿਆਈਆ । ਲੱਖ ਚੁਰਸੀ ਵਿਚੋਂ ਵੇਖੇ ਭਗਤ, ਭਗਵਾਨ ਆਪਣੀ ਖੋਜ ਖੋਜਾਈਆ । ਅੰਤਰ ਆਤਮ ਦੇਵੇ ਸ਼ਕਤ, ਸ਼ਖ਼ਸੀਅਤ ਦਏ ਮਿਲਾਈਆ । ਲੇਖੇ ਲਾ ਕੇ ਬੂੰਦ ਰਕਤ, ਰਤੀ ਰੰਗ ਆਪਣੇ ਰੰਗ ਨਾਲ ਰੰਗਾਈਆ । ਸੁਹੇਲਾ ਜਾਣੇ ਵੇਲਾ ਵਕਤ, ਭਗਤ ਦਵਾਰ ਦਏ ਸੁਹਾਈਆ । ਗੁਰਮੁਖਾਂ ਕਰੇ ਸਦਾ ਮਸਤ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਲੇਖ ਮੁਕਾਏ ਕੀਟ ਹਸਤ, ਹਉਮੇ ਹੰਗਤਾ ਗੜ੍ਹ ਤੁੜਾਈਆ । ਮੇਲ ਮਿਲਾਏ ਅਪਣਾ ਦਸਤ, ਦਸਤਗੀਰ ਆਪ ਅਖਵਾਈਆ । ਓਥੇ ਲੇਖਾ ਨਾ ਹਕੀਕੀ ਨਾ ਮਜਾਜ਼ੀ ਇਸ਼ਕ, ਆਸ਼ਕ ਮਾਸ਼ੂਕ ਦੋਹਾਂ ਡੇਰਾ ਢਾਹੀਆ । ਪਰਮ ਪੁਰਖ ਆਪਣੇ ਪ੍ਰੇਮ ਦਾ ਕੱਢੇ ਆਪੇ ਅਰਥ, ਅਥਵਾ ਆਪੇ ਦਏ ਸਮਝਾਈਆ । ਜਿਸ ਦੀ ਧਾਰ ਕੋਈ ਨਾ ਸਕੇ ਪਰਖ, ਪਾਰਖੂ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਿਹਰਵਾਨ ਮਿਹਰ ਅੰਮ੍ਰਿਤ ਦੇਵੇ ਬਰਖ਼, ਬਿਨ ਬਾਦਲ ਦਏ ਬਰਸਾਈਆ । ਜਨ ਭਗਤਾਂ ਨਾਤਾ ਤੋੜ ਸੋਗ ਹਰਖ਼, ਚਿੰਤਾ ਗ਼ਮ ਦਏ ਚੁਕਾਈਆ । ਬੇ ਆਸ ਕਿਨਾਰਿਉਂ ਪਾਰ ਕਰਾਏ ਬੇਧੜਕ, ਜਗਤ ਧਾਰ ਨਾ ਕੋਇ ਵਹਾਈਆ । ਅਧਵਿਚਕਾਰ ਨਾ ਜਾਏ ਅਟਕ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬੇਨੰਤੀ ਆਪਣੀ ਝੋਲੀ ਪਾਈਆ । ਸਚ ਬੇਨੰਤੀ ਸੁਣੇ ਗੁਝ, ਅਨਭਵ ਖੇਲ ਖਿਲਾਇੰਦਾ । ਅੰਤਰ ਆਤਮ ਲਏ ਬੁੱਝ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜਨ ਭਗਤਾਂ ਦੇ ਕੇ ਅਗੰਮੀ ਸੁਧ, ਮਨ ਮਤ ਬੁੱਧ ਡੇਰਾ ਢਾਹਿੰਦਾ । ਨਿਰਗੁਣ ਧਾਰੋਂ ਸ਼ਬਦੀ ਉਠ, ਸੁਰਤੀ ਸੁਰਤ ਜਗਾਇੰਦਾ । ਅੰਮ੍ਰਿਤ ਜਾਮ ਪਿਆ ਕੇ ਘੁਟ, ਰਸ ਇਕੋ ਇਕ ਵਖਾਇੰਦਾ । ਠਾਕਰ ਹੋ ਕੇ ਜਾਵੇ ਤੁਠ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਜੋਤ ਪਰਕਾਸ਼ੇ ਨਿਰਮਲ ਨੂਰ ਅਸ਼ਟਭੁਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਅਸ਼ਟਭੁਜ ਆਦਿ ਸ਼ਕਤ ਭਵਾਨੀ, ਭੇਵ ਅਭੇਦਾ ਆਪ ਖੁਲ੍ਹਾਈਆ । ਜਿਸ ਦਾ ਨੂਰ ਓਹੋ ਨੁਰਾਨੀ, ਨਰ ਨਰਾਇਣ ਵੱਡੀ ਵਡਿਆਈਆ । ਸੁੰਭ ਨਸੁੰਭ ਜਗਤ ਕਹਾਣੀ, ਰਸਨਾ

ਕਹਿ ਕਹਿ ਥੱਕੀ ਲੋਕਾਈਆ । ਸਾਚੇ ਮੰਦਰ ਮੰਜ਼ਲ ਚੜ੍ਹਿਆ ਨਾ ਕੋਇ ਮਹਾਨੀ, ਨੇਤਰ ਦਰਸ ਕੋਇ ਨਾ ਪਾਈਆ । ਜਲ ਧਾਰਾ ਪੀਤਾ ਨਾ ਠੰਡਾ ਪਾਣੀ, ਅਗਨੀ ਤਤ ਨਾ ਕੋਇ ਬੁਝਾਈਆ । ਜਿਨ੍ਹਾਂ ਕਿਰਪਾ ਕਰੇ ਸ਼ਹਿਨਸ਼ਾਹ ਆਪ ਸੁਲਤਾਨੀ, ਸੁਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਪੁਰਖ ਅਕਾਲ, ਹਰਿ ਕਰਤਾ ਦਇਆ ਕਮਾਇੰਦਾ । ਸਚਖੰਡ ਨਿਵਾਸੀ ਵੇਖਣਹਾਰਾ ਸਚ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹਰਿ ਭਗਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਘਰ ਵਿਚ ਘਰ ਦਏ ਵਖਾਲ, ਮੰਦਰ ਸੋਹਣਾ ਇਕ ਵਡਿਆਇੰਦਾ । ਦੀਵਾ ਬਾਤੀ ਕਮਲਾਪਾਤੀ ਇਕੋ ਬਾਲ, ਮਹੱਲ ਅਟਲ ਰੁਸ਼ਨਾਇੰਦਾ । ਅੰਮ੍ਰਿਤ ਆਤਮ ਜਾਮ ਪਿਆਲ, ਤ੍ਰਿਸਨਾ ਭੁੱਖ ਬੁਝਾਇੰਦਾ । ਨਾਤਾ ਤੋੜ ਕਾਲ ਮਹਾਕਾਲ, ਦੂਈ ਦਵੈਤੀ ਡੇਰਾ ਢਾਹਿੰਦਾ । ਅਨਹਦ ਸ਼ਬਦ ਵਜਾਏ ਤਾਲ, ਤਲਵਾੜਾ ਇਕੋ ਇਕ ਵਖਾਇੰਦਾ । ਭਗਤ ਨਿਸ਼ਾਨੀ ਭਗਵਨ ਆਪ ਬਣਾਏ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਇੰਦਾ । ਸੁਣੇ ਬੇਨੰਤੀ ਦੀਨਾਂ ਨਾਥ, ਹਰਿ ਵੱਡਾ ਵਡ ਵਡਿਆਈਆ । ਜਿਸ ਨੇ ਗੁਰ ਅਵਤਾਰਾਂ ਦਿਤਾ ਸਾਥ, ਪੀਰ ਪੈਗ਼ੰਬਰਾਂ ਹੋਇਆ ਸਹਾਈਆ । ਜਿਸ ਦੀ ਨਿਰਗੁਣ ਸਰਗੁਣ ਗਾਏ ਗਾਥ, ਢੋਲਾ ਰਾਗ ਅਲਾਈਆ । ਜਿਸ ਦਾ ਸਿਮਰਨ ਪੂਜਾ ਪਾਠ, ਜੋਗ ਅਭਿਆਸ ਜਗਤ ਸਮਝਾਈਆ । ਜਿਸ ਦਾ ਗੋਪੀ ਕਾਹਨ ਖੇਲ ਮੰਡਲ ਰਾਸ, ਸੋਹਣੀ ਸਖੀਆਂ ਸੰਗ ਬਣਾਈਆ । ਜਿਸ ਦਾ ਦੋ ਜਹਾਨਾਂ ਤਾਕ, ਬ੍ਰਹਿਮੰਡ ਖੰਡ ਬੰਦ ਕਰਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਵਾਟ, ਬੇ ਆਸ ਬੈਠੀ ਸਰਬ ਲੋਕਾਈਆ । ਜਿਸ ਦਾ ਪਤਣ ਇਕੋ ਘਾਟ, ਸ਼ਹਿਨਸ਼ਾਹ ਦਾਤਾ ਹਰਿ ਅਖਵਾਈਆ । ਜਿਸ ਦਾ ਆਤਮ ਸਾਚੀ ਜ਼ਾਤ, ਪਰਮਾਤਮ ਰੂਪ ਸਮਝਾਈਆ । ਜਿਸ ਦੀ ਭਗਤ ਧੁਰ ਦੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਜਿਸ ਤੋਂ ਆਦਿ ਸ਼ਕਤ ਭਵਾਨੀ ਮੰਗੇ ਦਾਤ, ਸਿੰਘ ਅਸਵਾਰ ਬੈਠੀ ਡੇਰਾ ਲਾਈਆ । ਜਿਸ ਦਾ ਲੇਖਾ ਬਾਹਰ ਕਲਮ ਦਵਾਤ, ਸ਼ਾਹੀ ਕਾਗ਼ਜ਼ ਨਾ ਕੋਇ ਸਮਝਾਈਆ । ਜਿਸ ਦਾ ਬੋਧ ਅਗਾਧ ਅਗੰਮੀ ਵੱਜੇ ਨਾਦ, ਸਾਰੰਗ ਸਰੰਗਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਤਾਰਨਹਾਰਾ ਬੇਪਰਵਾਹੀਆ । ਤਾਰਨਹਾਰਾ ਜਾਣੋ ਏਕ, ਏਕੰਕਾਰ ਹਰਿ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਸਰਬ ਉਡੀਕ, ਨੇਤਰ ਨੈਣ ਸਰਬ ਉਠਾਇੰਦਾ । ਸੋ ਸਾਹਿਬ ਸਤਿਗੁਰ ਦੀਨ ਦਿਆਲ ਸ਼ਬਦ ਸਰੂਪੀ ਪਾਵਣਹਾਰਾ ਭੀਖ, ਭਿਖਿਆ ਆਪਣਾ ਨਾਮ ਵਰਤਾਇੰਦਾ । ਸਾਚਾ ਕਲਮਾ ਦੱਸੇ ਹਦੀਸ, ਹਜ਼ਰਤ ਇਕੋ ਨਾਮ ਸਮਝਾਇੰਦਾ । ਭਗਤ ਉਧਾਰੀ ਬਣ ਜਗਦੀਸ, ਜਗਦੀਸ਼ਰ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਤਸਦੀਕ, ਸੋ ਤਸੱਵਰ ਮੁਸੱਵਰ ਆਪਣਾ ਆਪ ਜਣਾਇੰਦਾ । ਸ਼ਬਦ ਸਰੂਪੀ ਧੁਰ ਦਾ ਮੀਤ, ਮਿਤਰ ਪਿਆਰਾ ਫੇਰਾ ਪਾਇੰਦਾ । ਲੇਖ ਚੁਕਾਏ ਊਚ ਨੀਚ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਰੰਗ ਵਖਾਇੰਦਾ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਕਰਵਟ ਬਦਲ ਆਪਣਾ ਮੁਖ ਸਨਮੁਖ ਆਪ ਕਰਾਇੰਦਾ । ਕਲਜੁਗ ਅੰਤਮ ਬਦਲੇ ਰੀਤ, ਰੀਤੀਵਾਨ ਫੇਰਾ ਪਾਇੰਦਾ । ਫਿਰੀ ਦਰੋਹੀ ਜਗਤ ਮਸੀਤ, ਮੁਲਾ ਸ਼ੇਖ਼ ਮੁਸਾਇਕ ਸਰਬ ਕੁਰਲਾਇੰਦਾ । ਪੰਡਤ ਪਾਂਧਾ

ਮਾਰੇ ਚੀਕ, ਸ਼ਿਵਦਵਾਲਾ ਮੱਠ ਨਾ ਕੋਇ ਸੁਹਾਇੰਦਾ । ਗੁਰੁਦਵਾਰ ਕੂੜੀ ਕਿਰਿਆ ਬਦਲੀ ਨੀਤ, ਗੁਰ ਕਾ ਸ਼ਬਦ ਨਾ ਕੋਇ ਕਮਾਇੰਦਾ । ਬੇਆਸ ਕਿਨਾਰੇ ਜਿਨ੍ਹਾਂ ਸਹਿਬ ਸਤਿਗੁਰ ਮਿਲਿਆ ਠੀਕ, ਪੱਤਣ ਬੇੜਾ ਇਕ ਵਖਾਈਆ । ਤਿਨ੍ਹਾਂ ਲੱਗੇ ਸਚ ਪ੍ਰੀਤ, ਪ੍ਰੀਤੀਵਾਨ ਤੋੜ ਨਿਭਾਈਆ । ਮਾਣਸ ਜਨਮ ਜਗ ਜੀਵਦਿਆਂ ਜਾਵਣ ਜੀਤ, ਮਰਿਆਂ ਮਿਲੇ ਬੇਪਰਵਾਹੀਆ । ਸਾਚਾ ਧਾਮ ਦੱਸੇ ਅਨਡੀਠ, ਜਿਸ ਦਾ ਨਕਸ਼ਾ ਸਕੇ ਨਾ ਕੋਇ ਸਮਝਾਈਆ । ਓਥੇ ਇਕੋ ਇਕ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਕੂੜ ਦਵਾਰਿਉਂ ਕਰੇ ਪਾਰ, ਬੇਆਸ ਆਸ ਵਿਚ ਬਦਲਾਇੰਦਾ । ਜਿਸ ਵਿਚ ਅੰਮ੍ਰਿਤ ਠੰਡਾ ਠਾਰ, ਧਾਰਾ ਇਕੋ ਇਕ ਵਹਾਇੰਦਾ । ਜਿਸ ਦਾ ਰੂਪ ਨਜ਼ਰ ਨਾ ਆਏ ਵਿਚ ਸੰਸਾਰ, ਬਿਨ ਸਤਿਗੁਰ ਪੜਦਾ ਕੋਇ ਨਾ ਲਾਹਿੰਦਾ । ਉਹ ਖੇੜਾ ਅਗੰਮ ਅਪਾਰ, ਜੇਹੜਾ ਪਰਮ ਪੁਰਖ ਬਣਾਇੰਦਾ । ਚੰਦ ਸੂਰਜ ਨਾ ਕੋਇ ਉਜਿਆਰ, ਤਾਰਾ ਮੰਡਲ ਨਾ ਕੋਇ ਸੁਹਾਇੰਦਾ । ਭਾਈ ਭੈਣ ਸਾਕ ਸੈਣ ਨਾ ਕੋਇ ਮਿਤਰ ਯਾਰ, ਪਿਤਾ ਪੂਤ ਨਾ ਗੋਦ ਉਠਾਇੰਦਾ । ਸੇਜ ਸੁਹੰਜਣੀ ਨਾ ਕੋਈ ਨਾਰ, ਕੰਤ ਕੰਤੂਹਲ ਨਾ ਕੋਇ ਬਣਾਇੰਦਾ । ਕੂੜੀ ਸਖ਼ੀਆਂ ਕੋਈ ਨਾ ਮੰਗਲਾਚਾਰ, ਜਗਤ ਗੀਤ ਨਾ ਕੋਇ ਸੁਣਾਇੰਦਾ । ਸਾਚੇ ਮੰਦਰ ਖੇਲ ਕਰੇ ਆਪ ਨਿਰੰਕਾਰ, ਨਿਰਗੁਣ ਨਿਰਵੈਰ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਪਰਗਟਾਇੰਦਾ । ਸਚ ਦਵਾਰਾ ਦੱਸੇ ਕਾਇਆ ਅੰਦਰ ਆਪ, ਆਪਣੀ ਦਇਆ ਕਮਾਈਆ । ਜਿਸ ਦੀ ਸਾਗਰਾਂ ਵਿਚੋਂ ਕਿਸੇ ਨਾ ਆਈ ਹਾਥ, ਟਿਲਿਆਂ ਪਰਬਤਾਂ ਉਤੋਂ ਸਮਝ ਕੋਇ ਨਾ ਪਾਈਆ । ਜਿਸ ਦੀ ਜਗਤ ਵਿਦਿਆ ਦੱਸੇ ਨਾ ਕੋਈ ਜਾਚ, ਚੌਦਾਂ ਵਿਦਿਆ ਰਹੀ ਕੁਰਲਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਆਖ ਕੇ ਗਏ ਸਾਖ਼ਿਆਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੋ ਸਾਹਿਬ ਸਤਿਗੁਰ ਸ਼ਬਦ ਸਵਾਮੀ ਵਸੇ ਸਾਚੇ ਘਾਟ, ਘਰ ਪੱਤਣ ਡੇਰਾ ਲਾਈਆ । ਸੋ ਗੁਰਮੁਖ ਕਹੇ ਨੌਂ ਦਵਾਰ ਮੁਕਾ ਕੇ ਵਾਟ, ਕੂੜੀ ਕਿਰਿਆ ਪੰਧ ਚੁਕਾਈਆ । ਨਿਰਗੁਣ ਹੋ ਕੇ ਸਰਗੁਣ ਦੇਵੇ ਸਾਥ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਅਖਵਾਈਆ । ਕਾਇਆ ਮੰਦਰ ਅੰਦਰ ਤਟ ਕਿਨਾਰਾ, ਹਰਿ ਸਤਿਗੁਰ ਆਪ ਜਣਾਇੰਦਾ । ਜਿਸ ਦਾ ਜਾਣੇ ਨਾ ਕੋਈ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜਿਥੇ ਨਈਆ ਨੌਕਾ ਦੇਵੇ ਨਾ ਕੋਇ ਸਹਾਰਾ, ਖੇਵਟ ਖੇਟਾ ਰੂਪ ਨਾ ਕੋਇ ਧਰਾਇੰਦਾ । ਜਿਥੇ ਕਰੇ ਨਾ ਕੋਇ ਪਿਆਰਾ, ਪ੍ਰੇਮ ਪ੍ਰੀਤੀ ਗੋਦ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਸ ਕਿਨਾਰੇ ਡੇਰਾ ਲਾਇੰਦਾ । ਬੇਆਸ ਕਿਨਾਰਾ ਡੂੰਘਾ ਸਾਗਰ, ਕਲਜੁਗ ਪਾਰ ਨਾ ਕੋਇ ਕਰਾਈਆ । ਕੋਟਾਂ ਵਿਚੋਂ ਗੁਰਮੁਖ ਤਰਿਆ ਕਾਇਆ ਗਾਗਰ, ਪੰਧ ਆਪਣਾ ਲਏ ਮੁਕਾਈਆ । ਸਚ ਦਵਾਰੇ ਸਤਿ ਸਵਾਮੀ ਹੋ ਕੇ ਹਾਜ਼ਰ, ਸਾਚੇ ਬੇੜੇ ਲਏ ਚੜ੍ਹਾਈਆ । ਜਿਸ ਨੂੰ ਕਹਿੰਦੇ ਧੁਰ ਦਾ ਠਾਕਰ, ਸੋ ਠੋਕਰ ਸਚ ਲਗਾਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਸਤਿ ਬਣਾਵੇ ਇਕ ਸੌਦਾਗਰ, ਸੋਹਣਾ ਵਣਜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਾਰ ਕਿਨਾਰਾ ਲੰਘੇ ਪੂਰ, ਪੂਰੀ ਲੋਅ ਪਾਰ ਕਰਾਈਆ । ਬ੍ਰਹਿਮੰਡ ਖੰਡ ਪੈਂਡਾ ਪਿਛੇ ਰਹਿ

ਜਾਏ ਦੂਰ, ਦੂਰ ਦੁਰਾਡਾ ਨੇੜੇ ਨਜ਼ਰੀ ਆਈਆ । ਜਿਸ ਹਰਿਜਨ ਹਰਿ ਕਰਤਾ ਮਿਲਿਆ ਆਪ ਜ਼ਰੂਰ, ਜ਼ਰੂਰਤ ਪੂਰੀ ਦਏ ਕਰਾਈਆ । ਆਪਣਾ ਦੱਸ ਸਚ ਦਸਤੂਰ, ਸਾਚੀ ਸਿਖਿਆ ਦਏ ਸਮਝਾਈਆ । ਜਨ ਭਗਤਾਂ ਨਾਲ ਭਗਵੰਤ ਹੋਏ ਮਸ਼ਹੂਰ, ਬਿਨ ਭਗਤਾਂ ਭਗਵਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਚੁਕਾਏ ਬੇਪਰਵਾਹੀਆ । ਲੇਖ ਚੁਕਾਏ ਬੇਪਰਵਾਹ, ਬੇਅੰਤ ਦਇਆ ਕਮਾਇੰਦਾ । ਸਤਿਗੁਰ ਸ਼ਬਦ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਸੱਚੀ ਮਈਆ ਦਏ ਮਿਲਾ, ਪੁਰਖ ਅਕਾਲ ਅੱਖ ਖੁਲ੍ਹਾਇੰਦਾ । ਪਿਛਲਾ ਲੇਖਾ ਵਹੀਆ ਤੋਂ ਦਏ ਮਿਟਾ, ਸੱਚਾ ਸਈਆ ਰੰਗ ਇਕ ਰੰਗਾਇੰਦਾ । ਲਹਿਣਾ ਦੇਣਾ ਡੂੰਘੇ ਖਾਤੇ ਦੇਵੇ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਮਈਆ ਜੇ ਦਰਸ਼ਨ ਪੌਣਾ, ਦੁਰਗਾ ਅਸ਼ਟਭੁਜ ਨਜ਼ਰੀ ਆਈਆ । ਪਰਮ ਪੁਰਖ ਪਰਮਾਤਮ ਇਕ ਮਨੌਣਾ, ਜਿਸ ਮਿਲਿਆ ਮਿਲਾਵਾ ਹੋਵੇ ਹਰ ਘਟ ਥਾਈਆ । ਆਤਮ ਪਰਮਾਤਮ ਢੋਲਾ ਸਾਚਾ ਗੌਣਾ, ਨਿਰਗੁਣ ਨਿਰਵੈਰ ਕਰੇ ਪੜ੍ਹਾਈਆ । ਕਾਇਆ ਮੰਦਰ ਇਕ ਸੁਹੌਣਾ, ਘਰ ਵਿਚ ਘਰ ਸੋਭਾ ਪਾਈਆ । ਆਦਿ ਸ਼ਕਤ ਨਿਰਮਲ ਜੋਤੀ ਨੂਰ ਜਗੌਣਾ, ਦੀਵਾ ਬਾਤੀ ਕਮਲਾਪਾਤੀ ਇਕੋ ਇਕ ਟਿਕਾਈਆ । ਆਤਮ ਸੇਜਾ ਸਚ ਸਿੰਘਾਸਣ ਇਕ ਵਿਛੌਣਾ, ਸੋਹਣੀ ਸੇਜ ਸੁਹਾਈਆ । ਕਮਲਾਪਾਤੀ ਇਕ ਮਨੌਣਾ, ਦੋਏ ਜੋੜ ਬਿਨ ਹੱਥਾਂ ਢਹਿ ਪੈਣਾ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਮੇਲਣ ਹਾਰਾ ਸਾਚੇ ਘਰ, ਦੂਰ ਨੇੜਾ ਪੰਧ ਮੁਕਾਈਆ । ਦੂਰ ਨੇੜਾ ਚੁੱਕੇ ਪੰਧ, ਪਾਂਧੀ ਨਜ਼ਰ ਕੋਇ ਨਾ ਆਈਆ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਿਸ ਉਪਰ ਸਤਿਗੁਰ ਆਪ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਜਨਮ ਕਰਮ ਦੀ ਟੁੱਟੀ ਲਏ ਗੰਢ, ਪੂਰਬ ਲੇਖਾ ਵੇਖ ਵਖਾਈਆ । ਭੇਵ ਖੁਲ੍ਹਾਏ ਆਤਮ ਪਰਮਾਤਮ ਹੰ, ਬ੍ਰਹਮ ਪੜਦਾ ਦਏ ਚੁਕਾਈਆ । ਪੂਰੀ ਕਰੇ ਆਸਾ ਮੰਗ, ਤ੍ਰਿਸਨਾ ਰੋਗ ਮਿਟਾਈਆ । ਘਰ ਸੱਜਣ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਸਚ ਸੁਣਾਏ ਧੁਰ ਦਾ ਛੰਦ, ਕਰੇ ਇਕ ਪੜ੍ਹਾਈਆ । ਖ਼ੁਸ਼ੀ ਵਖਾਏ ਬੰਦ ਬੰਦ, ਬੰਦਨਾ ਇਕੋ ਇਕ ਸੁਣਾਈਆ । ਸਾਢੇ ਤਿੰਨ ਹੱਥ ਚਾੜ੍ਹੇ ਰੰਗ, ਕਾਇਆ ਚੋਲੀ ਦਏ ਰੰਗਾਈਆ । ਕਿਰਪਾ ਕਰ ਸੂਰਾ ਸਰਬੰਗ, ਸਿਰ ਆਪਣਾ ਹੱਥ ਟਿਕਾਈਆ । ਓਸ ਦਵਾਰੇ ਅਸ਼ਟਭੁਜ ਆਪੇ ਮੰਗਾਂ ਰਹੀ ਮੰਗ, ਦੋਏ ਜੋੜ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਸ਼ਟਭੁਜ ਕਹੇ ਮੇਰੀ ਤਰਲ ਜਵਾਨੀ, ਨੂਰ ਨੂਰਾਂ ਵਿਚੋਂ ਨਜ਼ਰੀ ਆਈਆ । ਸਿੰਘ ਅਸਵਾਰ ਮੇਰਾ ਸ਼ੇਰ ਸ਼ੇਰਵਾਨੀ, ਸ਼ਹਿਨਸ਼ਾਹ ਦਿਤੀ ਮਾਣ ਵਡਿਆਈਆ । ਖੰਡਾ ਚੱਕਰ ਧੁਜ ਮੇਰਾ ਲਾਸਾਨੀ, ਜਿਸ ਦੀ ਸਮਝ ਕੁਛ ਨਾ ਪਾਈਆ । ਗੁਰਮੁਖ ਵਿਰਲਾ ਭਗਤ ਮੇਰੀ ਭੇਟਾ ਦੇਵੇ ਕੁਰਬਾਨੀ, ਬਿਨ ਕਾਇਆ ਬਿਨ ਤਤ ਬਿਨ ਰਤ ਆਪਣਾ ਆਪ ਭੇਟ ਚੜ੍ਹਾਈਆ । ਮੈਂ ਹੋਵਾਂ ਉਸ ਦੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸ਼ਬਦ ਰੰਗੀਲਾ ਸਾਚਾ ਰਥ, ਰਥਵਾਹੀ ਵੇਖਾਂ ਬੇਪਰਵਾਹੀਆ । ਮੇਰੇ ਰੰਗੀਲੇ ਅੱਠੇ ਹੱਥ, ਅੱਠਾਂ ਤੱਤਾਂ ਦਿਆਂ ਵਡਿਆਈਆ । ਜਿਸ ਧਾਰ ਵਿਚੋਂ ਆਈ ਨੱਠ, ਪਰਗਟ ਹੋ ਕੇ ਲੋਕਮਾਤ ਵੇਸ ਵਟਾਈਆ । ਅੰਤਮ ਓਸੇ ਵਿਚ ਜਾਣਾ ਰਚ, ਆਪ ਆਪਣਾ ਅੰਤ ਛੁਪਾਈਆ । ਸਚ ਸੰਦੇਸਾ ਜਣਾਵਾਂ ਸੁਚ ਸਚ, ਸੱਦਾ ਇਕ ਦ੍ਰਿੜਾਈਆ । ਜਿਸ ਵੇਲੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਜਾਏ ਨੱਚ,

ਬਣ ਨਟੂਆ ਆਪਣਾ ਸਾਂਗ ਵਰਤਾਈਆ । ਹਰਿ ਕਾ ਨਾਮ ਭੁੱਲੇ ਜੀਵ ਜੰਤ ਕਾਇਆ ਮਾਟੀ ਕੱਚ, ਸਾਚਾ ਮੰਦਰ ਨਾ ਕੋਇ ਸੁਹਾਈਆ । ਓਸ ਵੇਲੇ ਪਰਮ ਪੁਰਖ ਪਰਮਾਤਮ ਨਿਰਗੁਣ ਨਿਰਵੈਰ ਸਾਹਿਬ ਸਮਰਥ, ਲੋਕਮਾਤ ਵੇਖ ਵਖਾਈਆ । ਜਨ ਭਗਤਾਂ ਖੋਲ੍ਹ ਕੇ ਆਪਣੀ ਅੱਖ, ਨਿਜ ਨੇਤਰ ਦਰਸ਼ਨ ਦਏ ਕਰਾਈਆ । ਬਾਕੀ ਲੱਭ ਲੱਭ ਜਾਣ ਥੱਕ, ਲੱਭਿਆਂ ਹੱਥ ਕਿਸੇ ਨਾ ਆਈਆ । ਇਕ ਦਵਾਰ ਸੋਹੇ ਤੀਰਥ ਤਟ, ਜਿਥੇ ਬੇ ਆਸ ਬੈਠਣ ਡੇਰਾ ਲਾਈਆ । ਬੇ ਆਸ ਕਿਨਾਰਾ ਬਣੇ ਸਾਹਿਬ ਦਾ ਹੱਟ, ਜਿਥੇ ਹਰਿ ਕਾ ਨਾਮ ਵਰਤਾਈਆ । ਜਨ ਭਗਤਾਂ ਪਿਛੇ ਭਗਵਨ ਨੱਠ, ਪਾਂਧੀ ਹੋ ਕੇ ਖੋਜ ਖੋਜਾਈਆ । ਪੂਰਬ ਲੇਖਾ ਪੂਰੀ ਕਰੇ ਆਸ, ਆਸਾਵੰਤ ਵੇਖ ਵਖਾਈਆ । ਹਰਿ ਕਾ ਭਗਤ ਕਦੇ ਨਾ ਹੋਵੇ ਨਰਾਸ, ਨਰਾਸਿਆਂ ਵਿਚੋਂ ਆਪਣੀ ਆਸ ਬਦਲਾਈਆ । ਦਰਸ਼ਨ ਦੇਕੇ ਪੂਰੀ ਕਰੇ ਖ਼ਾਹਿਸ਼, ਖ਼ਾਲਸ ਆਪਣਾ ਰੂਪ ਜਣਾਈਆ । ਜਨ ਭਗਤ ਬਣਾਏ ਜਗਤ ਬਦਮਾਸ਼, ਬਦਮਾਸ਼ੀ ਵਿਚੋਂ ਦਿਤੀ ਕਢਾਈਆ । ਸੋ ਸਾਹਿਬ ਸਤਿਗੁਰ ਸੂਰਾ ਸਰਬੰਗ ਚਰਨ ਪ੍ਰੀਤ ਬੰਧਾਏ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਗੁਰਮੁਖ ਲੱਖ ਚੁਰਾਸੀ ਉਤਰੇ ਪਾਰ ਘਾਟ, ਘਾਟਾ ਕੋਇ ਨਜ਼ਰ ਨਾ ਆਈਆ । ਭਗਤ ਭਗਵਾਨ ਮਿਲਣ ਦੀ ਪਹਿਲੀ ਸੁਹਾਗੀ ਰਾਤ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰੀਏ ਬਾਤ, ਬਾਤਨ ਆਪਣੀ ਖ਼ੁਸ਼ੀ ਵਖਾਈਆ । ਸਚ ਕਿਨਾਰੇ ਲੱਗੇ ਭਾਗ, ਭਾਗ ਗੁਰਮੁਖਾਂ ਝੋਲੀ ਪਾਈਆ । ਦੀਪਕ ਜੋਤ ਜਗਾਏ ਚਰਾਗ਼, ਤੇਲ ਬਾਤੀ ਨਾ ਕੋਇ ਵਖਾਈਆ । ਅੰਤਰ ਆਤਮ ਉਪਜਾਏ ਇਕ ਵੈਰਾਗ, ਵੈਰਾਗੀ ਆਪਣੀ ਧਾਰ ਪਰਗਟਾਈਆ । ਸ਼ਬਦ ਅਗੰਮੀ ਵੱਜੇ ਨਾਦ, ਢੋਲਕ ਛੈਣਾ ਨਾ ਕੋਇ ਖੜਕਾਈਆ । ਫੜ ਕੇ ਹੰਸ ਬਣਾਏ ਕਾਗ, ਕਾਗ ਹੰਸ ਰੂਪ ਵਟਾਈਆ । ਧੰਨ ਭਾਗ ਜੋ ਬਿਆਸ ਕਿਨਾਰੇ ਗਏ ਜਾਗ, ਹਰਿ ਜਾਗਰਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰਨਹਾਰਾ ਬੇਪਰਵਾਹੀਆ । ਤਾਰਨਹਾਰਾ ਪਰਵਰਦਿਗਾਰ, ਬੇਪਰਵਾਹ ਅਖਵਾਇੰਦਾ । ਆਦਿ ਜੁਗਾਦੀ ਸਾਂਝਾ ਯਾਰ, ਮਜਲਸ ਇਕ ਵਖਾਇੰਦਾ । ਹੱਕ ਮੁਕਾਮੇ ਹੋ ਤਿਆਰ, ਦਰਗਾਹ ਸਾਚੀ ਸੋਭਾ ਪਾਇੰਦਾ । ਲਾਸ਼ਰੀਕ ਖੇਲ ਅਪਾਰ, ਸ਼ਰੀਅਤ ਆਪਣੀ ਇਕ ਦ੍ਰਿੜਾਇੰਦਾ । ਕਲਮਾ ਬੋਲ ਜੈਕਾਰ, ਨਗ਼ਮਾ ਨਾਮ ਸੁਣਾਇੰਦਾ । ਕਾਇਨਾਤ ਕਰੇ ਖ਼ਬਰਦਾਰ, ਸਚ ਪੈਗ਼ਾਮ ਇਕ ਅਲਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੇ ਖੜ੍ਹੇ ਦਵਾਰ, ਦਰ ਦਰਬਾਰੀ ਸੋਭਾ ਪਾਇੰਦਾ । ਸਦੀ ਚੌਧਵੀਂ ਜਿਸ ਦੀ ਕਰੇ ਪੁਕਾਰ, ਅੱਲਾ ਰਾਣੀ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇ ਆਸ ਕਿਨਾਰਾ ਵੇਖ ਵਖਾਇੰਦਾ । ਬੇ ਆਸ ਕਿਨਾਰਾ ਕਹੇ ਮੁਹੰਮਦ, ਵੇਲਾ ਅੰਤ ਵਿਹਾਈਆ । ਜਿਸ ਰਹੀਮ ਮਾਰੀ ਰਮਜ਼, ਰਹਿਮਤ ਨਾਲ ਸਮਝਾਈਆ । ਜਿਸ ਖੱਲ ਲੁਹਾਈ ਸ਼ਮਸ, ਮਨਸੂਰ ਸੂਲੀ ਦਿਤਾ ਚੜ੍ਹਾਈਆ । ਤਿਸ ਦੀ ਸੋਹਣੀ ਦਿਸੇ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਸੋ ਸਦੀ ਚੌਧਵੀਂ ਵੇਖੇ ਅੰਤ, ਚੌਦਾਂ ਤਬਕਾਂ ਫੋਲ ਫੁਲਾਈਆ । ਮੇਰੀ ਓਸੇ ਅੱਗੇ ਮਿੰਨਤ, ਦੋਏ ਜੋੜ ਅਰਜ਼ੋਈਆ । ਪਰਵਰਦਿਗਾਰ ਮੇਰੀ ਰਹੀ ਕੋਈ ਨਾ ਹਿੰਮਤ, ਹੌਸਲਾ ਬੈਠਾ ਢਾਹੀਆ । ਮੇਰੀ ਉਮਤ ਕਰੇ ਇਲਤ, ਆਲਮ ਇਲਮ ਪੜ੍ਹ ਪੜ੍ਹ ਥਕੀ ਲੋਕਾਈਆ । ਮੁਸਲਮ ਸੁੰਨੀ ਸਭ ਦੀ ਦਿਸੇ ਜ਼ਿੱਲਤ, ਖੁਆਰੀ ਅੰਤਮ ਸਿਰ ਤੇ ਛਾਈਆ । ਸਚ ਪਿਆਰ ਪ੍ਰੇਮ ਨਾ ਕੋਈ ਮਿਲਤ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਲੇਖਾ ਚੁੱਕਿਆ ਬਹਿਸ਼ਤ ਜੰਨਤ, ਦੋਜ਼ਖ਼ ਇਕੋ ਨਜ਼ਰੀ ਆਈਆ । ਨਾਰ ਪਰਨਾਏ ਨਾ ਕੋਇ ਬਣ ਕੇ ਕੰਤ, ਕਰਤਾ

੧੫੧

ਅੰਗ ਨਾ ਕੋਇ ਲਗਾਈਆ । ਮੁੱਲਾ ਸ਼ੇਖ਼ ਮੁਸਾਇਕ ਭਰਮੇ ਭੁੱਲੇ ਸੰਤ, ਸਾਬਤ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਜਗਤ ਵੇਖੇ ਮਹੰਤ, ਮਹਿੰਮਾ ਹਰਿ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਥਾਉਂ ਥਾਈਆ । ਲੇਖਾ ਦੇਵਣਹਾਰ ਪੁਰਖ ਸਮਰਥ, ਹਰਿ ਕਰਤਾ ਆਪ ਦ੍ਰਿੜਾਈਆ । ਕਲਜੁਗ ਅੰਤਮ ਹੋਏ ਸਰਬ ਬੇਵਸ, ਜ਼ੋਰ ਸਕੇ ਨਾ ਕੋਇ ਚਲਾਈਆ । ਮਿਹਰਵਾਨ ਦੀਨ ਦਿਆਲ ਜਨ ਭਗਤਾਂ ਖੋਲ੍ਹੇ ਇਕੋ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਦੂਰ ਦੁਰਾਡਾ ਆਵੇ ਨੱਠ, ਬ੍ਰਹਿਮੰਡ ਖੰਡ ਡੇਰਾ ਢਾਹੀਆ । ਸੰਤ ਸੁਹੇਲੇ ਲਏ ਰੱਖ, ਰੱਖਿਆ ਕਰੇ ਥਾਉਂ ਥਾਈਆ । ਨਾਮ ਪਦਾਰਥ ਦੇ ਕੇ ਵੱਥ, ਕਾਇਆ ਭਾਂਡਾ ਦਏ ਭਰਾਈਆ । ਅੰਦਰ ਵੜ ਕੇ ਗਾਵੇ ਜਸ, ਧੁਰ ਦਾ ਸੋਹਲਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਿਲਾਵਾ ਦਏ ਮਿਲਾਈਆ । ਸਚ ਪ੍ਰੀਤਮ ਪ੍ਰੀਤ, ਬਿਨ ਪ੍ਰੀਤਮ ਸਚ ਨਾ ਕੋਇ ਕਮਾਈਆ । ਜਨ ਭਗਤ ਅਵੱਲੜੀ ਰੀਤ, ਰੀਤੀਵਾਨ ਆਪ ਵਖਾਈਆ । ਕਾਇਆ ਕਾਅਬਾ ਮੰਦਰ ਮਸੀਤ, ਸੋਹਣਾ ਹੁਜਰਾ ਦਏ ਸੁਹਾਈਆ । ਸਾਢੇ ਤਿੰਨ ਹੱਥ ਮੰਦਰ ਅਨਡੀਠ, ਘਰ ਵਿਚ ਘਰ ਦਏ ਵਡਿਆਈਆ । ਗੁਰੂਦਵਾਰ ਦੱਸੇ ਅਤੀਤ, ਜਿਥੇ ਤ੍ਰੈਗੁਣ ਨਜ਼ਰ ਕੋਇ ਨਾ ਆਈਆ । ਪੰਚ ਵਿਕਾਰ ਰਹੇ ਨਾ ਨੀਚ, ਊਚੋ ਊਚ ਇਕ ਅਖਵਾਈਆ । ਓਸ ਦਵਾਰੇ ਗੁਰਮੁਖ ਲੰਘੇ ਠੀਕ, ਕੂੜਾ ਠੀਕਰ ਭੰਨ ਵਖਾਈਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਨਾਲ ਲਾਈ ਪ੍ਰੀਤ, ਸੋ ਭਗਤ ਰੂਪ ਵਟਾਈਆ । ਬਾਕੀ ਸਾਰੇ ਸਾਹਿਬ ਕੋਲੋਂ ਮੰਗਦੇ ਭੀਖ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭਗਤਨ ਮੀਤਾ ਇਕ ਅਤੀਤਾ ਤ੍ਰੈਗੁਣ ਲੇਖਾ ਦਏ ਚੁਕਾਈਆ । ਸਚ ਪ੍ਰੀਤੀ ਸਤਿਗੁਰ ਧਾਰ, ਹਰਿ ਕਰਤਾ ਆਪ ਜਣਾਇੰਦਾ । ਕਰ ਕੇ ਗਏ ਬ੍ਰਹਮਾ ਸੁਤ ਚਾਰ, ਸੰਤ ਕੁਮਾਰ ਨਾਲ ਵਡਿਆਇੰਦਾ । ਬਰਾਹ ਬਖ਼ਸ਼ ਕੇ ਇਕ ਆਧਾਰ, ਯਗੈ ਪੁਰਸ਼ ਰੰਗ ਰੰਗਾਇੰਦਾ । ਹਾਵ ਗ਼ਰੀਵ ਕਿਰਪਾ ਧਾਰ, ਨਰ ਨਰਾਇਣ ਜੋੜ ਜੁੜਾਇੰਦਾ । ਕਪਲ ਮੁਨ ਕਰ ਪਿਆਰ, ਦਰ ਦਰਵਾਜ਼ਾ ਇਕ ਵਖਾਇੰਦਾ । ਰਿਖਵ ਦੇਵ ਨੈਣ ਉਘਾੜ, ਸਤਵੇਂ ਆਪਣੇ ਵਿਚ ਛੁਪਾਇੰਦਾ । ਪਿਰਥੂ ਦੇ ਕੇ ਅਗੰਮੀ ਧਾਰ, ਮਤਸ ਧਾਰਾ ਵਿਚ ਡੁਬਾਇੰਦਾ । ਕਛਪ ਚੁਕਾ ਕੇ ਸਿਰ ਤੇ ਭਾਰ, ਧਨੰਤਰ ਆਪਣਾ ਪੜਦਾ ਲਾਹਿੰਦਾ । ਮੋਹਣੀ ਰੂਪ ਜਿਸ ਕਰਾਇਆ ਨਿਰੰਕਾਰ, ਹੰਸਾ ਆਪਣਾ ਰੰਗ ਵਖਾਇੰਦਾ । ਨਰ ਸਿੰਘ ਜਿਸ ਨੇ ਲਿਆ ਅਵਤਾਰ, ਬਾਵਨ ਆਪਣਾ ਵੇਸ ਵਟਾਇੰਦਾ । ਜਿਸ ਨੇ ਹਰੀ ਹਰਿ ਕੀਤਾ ਖੇਲ ਅਪਾਰ, ਨਰ ਨਰਾਇਣ ਕਲ ਵਖਾਇੰਦਾ । ਜਿਸ ਨੇ ਪਰਸ ਰਾਮ ਪਾਸਾ ਦਿਤਾ ਹਾਰ, ਰਾਮ ਰਾਮ ਰੂਪ ਪਰਗਟਾਇੰਦਾ । ਜਿਸ ਵੇਦ ਵਿਆਸਾ ਬਣਾਇਆ ਜਗਤ ਲਿਖਾਰ, ਕਾਹਨ ਕ੍ਰਿਸ਼ਨ ਮੁਕੰਦ ਮਨੋਹਰ ਲਖਮੀ ਨਰਾਇਣ ਸਾਚੀ ਸਖ਼ੀਆਂ ਮੰਗਲ ਗਾਇੰਦਾ । ਜਿਸ ਬੋਧ ਅਗਾਧ ਦਿਤੀ ਧਾਰ, ਜਿਸ ਮੂਸਾ ਜਲਵਾ ਕੀਤਾ ਉਜਿਆਰ, ਜਿਸ ਈਸਾ ਬਣਾਇਆ ਬਰਖ਼ੁਰਦਾਰ, ਮੁਹੰਮਦ ਦੇ ਕੇ ਚਾਰ ਯਾਰ, ਯਾਰੀ ਯਾਰਾਂ ਨਾਲ ਰਖਾਇੰਦਾ । ਜਿਸ ਨਾਨਕ ਨਿਰਗੁਣ ਜੋਤ ਕਰੀ ਉਜਿਆਰ, ਪੰਜ ਤਤ ਚੋਲਾ ਸੋਭਾ ਪਾਇੰਦਾ । ਜਿਸ ਗੋਬਿੰਦ ਖੰਡਾ ਕਰ ਤਿਆਰ, ਸ਼ਬਦ ਖੜਗ ਹੱਥ ਫੜਾਇੰਦਾ । ਜਿਸ ਲੇਖ ਭਵਿਖਤ ਲਿਖਾਏ ਵਾਰੋ ਵਾਰ, ਚਾਰੇ ਵੇਦਾਂ ਵਕਤ ਨਾਲ ਪੜ੍ਹਾਇੰਦਾ । ਜਿਸ ਸ਼ਾਸਤਰ ਸਿਮਰਤ ਪੁਰਾਨ ਦਿਤਾ ਆਧਾਰ, ਅੱਠ ਦਸ ਖੋਜ ਖੋਜਾਇੰਦਾ । ਜਿਸ ਅੰਜੀਲ ਕੁਰਾਨ ਕੀਤਾ ਪਸਾਰ, ਤੀਸ ਬਤੀਸਾ ਢੋਲਾ ਗਾਇੰਦਾ ।


੧੫੨ ੧੨

ਜਿਸ ਖਾਣੀ ਬਾਣੀ ਕਰ ਪ੍ਰਚਾਰ, ਪਰਚਾ ਸਭ ਦੇ ਅੱਗੇ ਪਾਇੰਦਾ । ਜਿਸ ਧ੍ਰੂ ਪ੍ਰਹਿਲਾਦ ਲਾਇਆ ਪਾਰ, ਬਲ ਬਾਵਨ ਖੇਲ ਵਖਾਇੰਦਾ । ਜਿਸ ਅਮਰੀਕ ਦਿਤਾ ਆਧਾਰ, ਜਨਕ ਆਪਣਾ ਰੰਗ ਰੰਗਾਇੰਦਾ । ਜਿਸ ਬਿਦਰ ਸੁਦਾਮਾ ਸਧਨਾ ਨਾਮ ਦੇਓ ਦਰਸ਼ਨ ਦਿਤਾ ਦਿਖਾਲ, ਜੈ ਦੇਓ ਆਪਣੀ ਸੇਵ ਲਗਾਇੰਦਾ । ਜਿਸ ਡੁੱਬਦੇ ਪਾਥਰ ਲਾਏ ਪਾਰ, ਬੈਣੀ ਪੜਦਾ ਆਪ ਚੁਕਾਇੰਦਾ । ਜਿਸ ਪਾਣਾ ਗੰਢਿਆ ਨਾਲ ਰਵਦਾਸ ਚਮਾਰ, ਜਿਸ ਕਬੀਰ ਜੁਲਾਹੇ ਆਪਣਾ ਘਰ ਵਖਾਇੰਦਾ । ਜਿਸ ਗਨਕਾ ਦਿਤੀ ਸਿਖਾਲ, ਜਿਸ ਬੱਧਕ ਦਿਤਾ ਉਠਾਲ, ਜਿਸ ਅਜਾਮਲ ਆਪਣਾ ਨਾਮ ਦ੍ਰਿੜਾਇੰਦਾ । ਸੋ ਕਰਤਾ ਪੁਰਖ ਕਰਨੇਹਾਰ, ਕਲਜੁਗ ਅੰਤਮ ਨਿਰਗੁਣ ਨਿਰਵੈਰ ਲਏ ਅਵਤਾਰ, ਕਲ ਕਲਕੀ ਵੇਸ ਵਟਾਇੰਦਾ । ਸੰਬਲ ਵਸੇ ਧਾਮ ਨਿਆਰ, ਮਹੱਲ ਅਟਲ ਡੇਰਾ ਲਾਇੰਦਾ । ਦੀਵਾ ਬਾਤੀ ਜਗਾਏ ਅਪਾਰ, ਤੇਲ ਸੰਗ ਨਾ ਕੋਇ ਰਖਾਇੰਦਾ । ਖਾਣੀ ਬਾਣੀ ਵਸਿਆ ਬਾਹਰ, ਸ਼ਾਸਤਰ ਸਿਮਰਤ ਵੇਦ ਪੁਰਾਨ ਨਜ਼ਰ ਕਿਸੇ ਨਾ ਆਇੰਦਾ । ਭਗਤ ਵਛਲ ਬਣ ਗਿਰਧਾਰ, ਗਿਰਵਰ ਸੰਤ ਸੁਹੇਲੇ ਵੇਖ ਵਖਾਇੰਦਾ । ਚਤਰਭੁਜ ਜਿਸ ਕੀਤਾ ਆਕਾਰ, ਅਸ਼ਟਭੁਜ ਜੋੜ ਜੁੜਾਇੰਦਾ । ਕਾਲਕਾ ਕੀਤਾ ਕਾਲ ਸ਼ੰਗਾਰ, ਸੋਹਣਾ ਰੰਗ ਰੰਗਾਇੰਦਾ । ਸੋ ਸਾਹਿਬ ਸਤਿਗੁਰ ਸਭ ਦਾ ਪਾਲਣ ਹਾਰ, ਪਰਮ ਪੁਰਖ ਵੇਖ ਵਖਾਇੰਦਾ । ਬੇਆਸ ਕਿਨਾਰੇ ਜੋ ਬੈਠੇ ਰਾਹ ਵਿਚਾਰ, ਤਿਨ੍ਹਾਂ ਰਹਿਬਰ ਹੋ ਕੇ ਮੇਲ ਮਿਲਾਇੰਦਾ । ਪ੍ਰੀਤਮ ਪ੍ਰੀਤਮ ਪ੍ਰੀਤ ਆਪਣੀ ਦਏ ਸਿਖਾਲ, ਜਿਸ ਪ੍ਰੀਤ ਵਿਚੋਂ ਪ੍ਰੀਤਮ ਨਜ਼ਰੀ ਆਇੰਦਾ । ਲੱਭਿਆਂ ਕੋਇ ਨਾ ਸਕੇ ਭਾਲ, ਖੋਜਿਆਂ ਖੋਜ ਨਾ ਕੋਇ ਖੋਜਾਇੰਦਾ । ਜਿਸ ਉਤੇ ਸਤਿਗੁਰ ਸ਼ਬਦ ਹੋਵੇ ਦਿਆਲ, ਤਿਸ ਆਪਣੇ ਘਰ ਮਿਲਾਇੰਦਾ । ਸਚ ਦਵਾਰ ਵਖਾ ਸੱਚੀ ਧਰਮਸਾਲ, ਮੰਦਰ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਪੜਦਾ ਆਪ ਉਠਾਇੰਦਾ । ਪੜਦਾ ਉਠਾਏ ਬੇਆਸ ਕਿਨਾਰੇ, ਬੇਵਸ ਦਿਸੇ ਲੋਕਾਈਆ । ਪੂਜਾ ਕਰ ਕਰ ਜੋ ਜਨ ਹਾਰੇ, ਤਿਨ੍ਹਾਂ ਲੇਖਾ ਲੇਖੇ ਪਾਈਆ । ਘਰ ਵਿਚ ਖੋਲ੍ਹ ਬਜਰ ਕਿਵਾੜੇ, ਦੂਈ ਦਵੈਤੀ ਡੇਰਾ ਢਾਹੀਆ । ਕਰ ਪਰਕਾਸ਼ ਬਹੱਤਰ ਨਾੜੇ, ਜੋਤੀ ਜੋਤ ਕਰੇ ਰੁਸ਼ਨਾਈਆ । ਲੇਖੇ ਲਾਏ ਕੱਢੇ ਹਾੜੇ, ਹਾੜ ਹਾੜ ਵਿਚ ਮਿਲੇ ਵਡਿਆਈਆ । ਪਰਮ ਪੁਰਖ ਦੇ ਜੋ ਗੁਰਮੁਖ ਚੜ੍ਹ ਗਿਆ ਖਾਰੇ, ਸੋਹਣਾ ਸਗਨ ਮਨਾਈਆ । ਸੋ ਉਤਰੇ ਪਾਰ ਕਿਨਾਰੇ, ਅਧਵਿਚਕਾਰ ਨਾ ਕੋਇ ਅਟਕਾਈਆ । ਅਸ਼ਟਭੁਜ ਬਣ ਸਵਾਣੀ ਅੱਗੇ ਪਾਣੀ ਵਾਰੇ, ਕਲਸ ਅੰਮ੍ਰਿਤ ਹੱਥ ਉਠਾਈਆ । ਭਗਤ ਭਗਵਾਨ ਦੇ ਸਚ ਦੁਲਾਰੇ, ਜੋ ਦੂਲ੍ਹੇ ਬਣ ਕੇ ਫੇਰਾ ਪਾਈਆ । ਮੰਜ਼ਲ ਚੜ੍ਹਨ ਓਸ ਚੁਬਾਰੇ, ਜਿਸ ਦਾ ਤਾਕ ਕੁੰਡਾ ਨਜ਼ਰ ਕਿਸੇ ਨਾ ਆਈਆ । ਢੋਲਾ ਗਾਵਣ ਗੁਰ ਅਵਤਾਰੇ, ਪੀਰ ਪੈਗ਼ੰਬਰ ਨਾਅਰੇ ਸਚ ਲਗਾਈਆ । ਰਸਨਾ ਬਿਨ ਰਸਨਾ ਕਹਿਣ ਵਾਹ ਵਾ ਨਰ ਨਿਰੰਕਾਰੇ, ਤੇਰੇ ਹੱਥ ਵੱਡੀ ਵਡਿਆਈਆ । ਕਲਜੁਗ ਅੰਤਮ ਕੋਟਾਂ ਵਿਚੋਂ ਥੋੜ੍ਹੇ ਤਾਰੇ, ਜਿਨ੍ਹਾਂ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਧੁਰ ਦਾ ਲੇਖਾ ਮੁੱਕੇ ਮਾਤ, ਜਗਤ ਜੀਵ ਰਹਿਣ ਨਾ ਪਾਈਆ । ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਸਾਚਾ ਚੰਦ ਇਕ ਵਖਾਈਆ । ਜਨ ਭਗਤਾਂ ਨਾਤਾ ਜੁੜੇ ਪਿਤਾ ਪੂਤ ਬਾਪ, ਪੁਰਖ ਅਕਾਲ ਅੰਗ ਲਗਾਈਆ । ਸਚ ਦਵਾਰੇ ਲੈ ਕੇ ਜਾਵੇ ਸਾਥ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਢੋਲਾ ਗੌਂਦੇ ਸੋਹੰ ਗਾਥ, ਤੂੰ ਮੇਰਾ ਮੈਂ ਤੇਰਾ ਦੋਹਾਂ ਹੋਵੇ ਨਾ ਕਦੇ ਜੁਦਾਈਆ । ਮਿਲਿਆ ਮੇਲ ਪੁਰਖ ਸਮਰਾਥ,

ਦਰਗਾਹ ਸਾਚੀ ਦਏ ਵਡਿਆਈਆ । ਜਿਥੇ ਇਕੋ ਜੋਤ ਨੂਰ ਪਰਕਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੰਜ਼ਲ ਦਏ ਚੁਕਾਈਆ । ਮੰਜ਼ਲ ਪੈਂਡਾ ਜਾਏ ਮੁਕ, ਵਾਟ ਰਹਿਣ ਕੋਇ ਨਾ ਪਾਈਆ । ਭਗਤਾਂ ਮੇਲ ਮਿਲਿਆ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਸਤਿਜੁਗ ਵਖਾਏ ਸਾਚੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁੱਟ, ਜੂਠ ਝੂਠ ਡੇਰਾ ਢਾਹੀਆ । ਨਾਮ ਪਦਾਰਥ ਦੇਵੇ ਸਚ ਸੁੱਚ, ਸੋਹਣੀ ਵਸਤ ਝੋਲੀ ਪਾਈਆ । ਜੋ ਕਾਇਆ ਮੰਦਰ ਅੰਦਰ ਬੈਠਾ ਲੁਕ, ਸੋ ਸਵੱਛ ਸਰੂਪੀ ਹੋ ਕੇ ਨਜ਼ਰੀ ਆਈਆ । ਅੱਗੇ ਦਾ ਪੈਂਡਾ ਜਾਏ ਮੁੱਕ, ਪਿਛੇ ਦੀ ਲੋੜ ਰਹੇ ਨਾ ਰਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਰਾਏ ਧਰਮ ਨਾ ਦਏ ਸਜ਼ਾਈਆ । ਮਾਤ ਗਰਭ ਫੇਰ ਨਾ ਲਏ ਚੁੱਕ, ਦਸ ਦਸ ਮਾਸ ਨਾ ਅਗਨ ਤਪਾਈਆ । ਭਗਵਾਨ ਕਹੇ ਭਗਤ ਆ ਮੇਰੇ ਸੁਤ, ਸੁਤ ਦੁਲਾਰੇ ਤੈਨੂੰ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਾਂ ਹੋਏ ਸਹਾਈਆ । ਜਨ ਭਗਤ ਲੱਖ ਚੁਰਾਸੀ ਵਿਚੋਂ ਥੋੜੇ, ਜਿਨ੍ਹਾਂ ਦੇਵੇ ਮਾਣ ਵਡਿਆਈਆ । ਬਹੁਤੇ ਢੋਲੇ ਸੋਹਲੇ ਗੌਂਦੇ ਦੋਹਰੇ, ਰਸਨਾ ਜਿਹਵਾ ਤਾਲ ਵਜਾਈਆ । ਮਨ ਵਾਸਨਾ ਕੂੜੀ ਕਿਰਿਆ ਗੁਰਮੁਖ ਵਿਰਲਾ ਹੋੜੇ, ਹੋੜਾ ਸੱਸੇ ਉਪਰ ਲਗਾਈਆ । ਆਤਮ ਪਰਮਾਤਮ ਨਾਲ ਜੋੜੇ, ਹੰ ਬ੍ਰਹਮ ਪਾਰਬ੍ਰਹਮ ਵਿਚ ਸਮਾਈਆ । ਜੁਗ ਜਨਮ ਦੀ ਟੁੱਟੀ ਪ੍ਰਭ ਫੜ ਕੇ ਵਾਗਾਂ ਮੋੜੇ, ਅੰਦਰੇ ਅੰਦਰ ਦਏ ਭਵਾਈਆ । ਤਿਨ੍ਹਾਂ ਗੁਰਮੁਖਾਂ ਕਾਰਜ ਸੌਰੇ, ਜਿਨ੍ਹਾਂ ਸਾਰ ਹਰਿ ਜੂ ਪਾਈਆ । ਕਿਰਪਾ ਕਰ ਗੰਭੀਰ ਗਵਰੇ, ਗਹਿਰ ਪੜਦਾ ਦਿਤਾ ਖੁਲ੍ਹਾਈਆ । ਕੂੜੀ ਕਿਰਿਆ ਨਾ ਹੋਣ ਬਵਲੇ, ਬਦਲ ਦੇਵੇ ਜਗਤ ਲੋਕਾਈਆ । ਉਲਟਾ ਕਰ ਕੇ ਨਾਭੀ ਕਵਲੇ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਮੇਲ ਮਿਲਾ ਕੇ ਸਾਵਲ ਸਵਲੇ, ਸੁਰਤੀ ਸ਼ਬਦ ਕਾਹਨ ਨਾਲ ਜੁੜਾਈਆ । ਨੂਰ ਵੇਖੀਏ ਆਲਮੀਨ ਅਵਲੇ, ਇਲਾਹੀ ਇਕੋ ਇਕ ਦਰਸਾਈਆ । ਪੰਚ ਵਿਕਾਰ ਨਾ ਕਰੇ ਹਮਲੇ, ਹੌਲਾ ਭਾਰ ਦਏ ਕਰਾਈਆ । ਜਨ ਭਗਤਾਂ ਲੋੜ ਰਹੇ ਨਾ ਵਜੌਣ ਦੀ ਤਬਲੇ, ਜਿਨ੍ਹਾਂ ਅੰਦਰ ਅੱਠੇ ਪਹਿਰ ਅਨਹਦ ਧੁਨ ਦਏ ਜਣਾਈਆ । ਓਨ੍ਹਾਂ ਨੂੰ ਜਗਤ ਕਹੇ ਪਗ਼ਲੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਓਨ੍ਹਾਂ ਦੇ ਲੇਖੇ ਮੁੱਕੇ ਸਗਲੇ, ਸੰਗੀ ਪਾਇਆ ਹਰਿ ਰਘੁਰਾਈਆ । ਉਹ ਬੈਠੇ ਕਾਇਆ ਮੰਦਰ ਸਚ ਬੰਗਲੇ, ਘਰ ਘਰ ਵਿਚ ਡੇਰਾ ਲਾਈਆ । ਓਥੇ ਲੋੜ ਨਾ ਸੂਰਜ ਚੰਦ ਰੇ, ਜੋਤੀ ਨੂਰ ਨੂਰ ਰੁਸ਼ਨਾਈਆ । ਭਗਤ ਭਗਵਾਨ ਇਕ ਅਨੰਦ ਲਏ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਦ੍ਰਿੜਾਈਆ । ਭਗਤ ਭਗਵਾਨ ਮਾਰਗ ਅਨੋਖਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਦੇ ਵਿਚ ਕਦੇ ਨਾ ਧੋਖਾ, ਕੂੜੀ ਕਿਰਿਆ ਨਾ ਕੋਇ ਰੁਲਾਈਆ । ਜੁਗ ਚੌਕੜੀ ਪਿਛੋਂ ਮਿਲੇ ਮੌਕਾ, ਜਿਨ੍ਹਾਂ ਆਪਣਾ ਭੇਵ ਖੁਲ੍ਹਾਈਆ । ਬਾਕੀ ਜੀਵ ਜੰਤ ਸਾਧ ਸੰਤ ਕਲਜੁਗ ਨੀਂਦ ਸੁੱਤੇ ਗੂੜ੍ਹੀ ਲਾ ਕੇ ਢੌਂਕਾ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਗੁਰਮੁਖ ਵਿਰਲਾ ਪ੍ਰਭ ਮਿਲਣ ਦਾ ਰੱਖੇ ਸ਼ੌਂਕਾ, ਸ਼ਾਸਤਰ ਸਿਮਰਤ ਵੇਦ ਪੁਰਾਨ ਖਹਿੜਾ ਲਿਆ ਛੁਡਾਈਆ । ਪੰਡਤ ਹੋ ਕੇ ਆਪਣੀ ਕਾਇਆ ਅੰਦਰ ਦੇਵੇ ਪ੍ਰੇਮ ਪਿਆਰ ਦਾ ਚੌਂਕਾ, ਸੋਹਣਾ ਠਾਕਰ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣ ਹਾਰ ਹੋ ਜਾਈਆ । ਭਗਤ ਭਗਵਾਨ ਦੇਵੇ

ਲੇਖਾ, ਲਿਖਤ ਸਕੇ ਨਾ ਕੋਇ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਾਕ ਕਰੌਂਦੇ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਕਲਜੁਗ ਅੰਤਮ ਪਰਮ ਪੁਰਖ ਪਰਮਾਤਮ ਆਵੇ ਏਕਾ, ਏਕੰਕਾਰਾ ਫੇਰਾ ਪਾਈਆ । ਜਿਸ ਦੀ ਸਾਰੇ ਰੱਖਦੇ ਟੇਕਾ, ਨੇਤਰ ਨੈਣ ਨੈਣ ਉਠਾਈਆ । ਸੋ ਜਨ ਭਗਤਾਂ ਕਰੇ ਬੁੱਧ ਬਿਬੇਕਾ, ਵਿਵੇਕੀ ਆਪਣੀ ਧਾਰ ਸਮਝਾਈਆ । ਮੇਲ ਮਿਲਾਵੇ ਗੁਰਮੁਖ ਜਿਉਂ ਪਿਤਾ ਪਿਆਰ ਬੇਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਨਜ਼ਰ ਉਠਾਈਆ । ਨੇਤਰ ਨਜ਼ਰ ਪ੍ਰਭੂ ਉਠੌਂਦਾ ਏ । ਜੁਗ ਜੁਗ ਆਪਣੀ ਦਇਆ ਕਮੌਂਦਾ ਏ । ਕਲਜੁਗ ਅੰਤਮ ਵੇਖਣ ਔਂਦਾ ਏ । ਬਿਆਸ ਕਿਨਾਰਾ ਇਕ ਸੁਹੌਂਦਾ ਏ । ਨਗਰ ਖੇੜਾ ਪੜਦਾ ਲੌਂਹਦਾ ਏ । ਢਿਲਵੀਂ ਢਿੱਲਾ ਹੋ ਕੇ ਡੇਰਾ ਲੌਂਦਾ ਏ । ਜਿਸ ਦਾ ਰੰਗ ਕੋਈ ਸਮਝ ਨਾ ਸਕੇ ਲਾਲ ਕੰਚਨ ਸੂਹਾ ਪੀਲਾ ਚਿੱਟੀ ਧਾਰ ਨੀਲਾ ਕਾਲਾ ਸੱਜਣ ਸੁਹੇਲ, ਆਪਣਾ ਖੇਲ ਵਖੌਂਦਾ ਏ । ਜਿਸ ਦਾ ਦੋ ਜਹਾਨ ਇਕ ਪਰਾਂਤ, ਦੂਰ ਦੁਰਾਡਾ ਨਾ ਕੋਇ ਦ੍ਰਿੜੌਂਦਾ ਏ । ਨੌਂ ਖੰਡ ਸੱਤ ਦੀਪ ਲੱਖ ਚੁਰਾਸੀ ਜਿਸ ਦੀ ਸ਼ਾਖ਼, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਆਪ ਸਮਝੌਂਦਾ ਏ । ਚਾਰੇ ਬਾਣੀ ਜਿਸ ਦੀ ਆਵਾਜ਼, ਪਰਾ ਪਸੰਤੀ ਮਧਮ ਬੈਖਰੀ ਢੋਲਾ ਰਾਗ ਅਲੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਸਚ ਸਮਾਜ, ਸਮੱਗਰੀ ਸਾਚੀ ਨਾਮ ਹੱਥ ਫੜੌਂਦਾ ਏ । ਭਗਤ ਸੰਤ ਜਿਸ ਦੇ ਸੇਵਕ ਦਾਸੀ ਦਾਸ, ਗੁਰਮੁਖ ਗੁਰਸਿਖ ਗੋਦ ਉਠੌਂਦਾ ਏ । ਵਾਕ ਭਵਿਖਤ ਜੋ ਕਲਮ ਸ਼ਾਹੀ ਨਾਲ ਗਏ ਆਖ, ਆਖ਼ਰ ਓਨ੍ਹਾਂ ਵੇਖ ਵਖੌਂਦਾ ਏ । ਚੱਲ ਕੇ ਆਵੇ ਆਪਣੇ ਘਾਟ, ਪੱਤਣ ਬਹਿ ਕੇ ਖ਼ੁਸ਼ੀ ਮਨੌਂਦਾ ਏ । ਜਿਨ੍ਹਾਂ ਗੁਰਮੁਖਾਂ ਦੇ ਹਿੱਸੇ ਆਈ ਅੱਜ ਦੀ ਰਾਤ, ਤਿਨ੍ਹਾਂ ਰੁਤੜੀ ਰੁੱਤ ਨਾਲ ਵਡਿਔਂਦਾ ਏ । ਜਗਤ ਜਗ ਨਹੀਂ ਕੋਈ ਬਾਤ, ਗਾਥਾ ਧੁਰ ਦੀ ਆਪ ਸੁਣੌਂਦਾ ਏ । ਪ੍ਰੀਤਮ ਪ੍ਰੇਮ ਪ੍ਰੀਤੀ ਪਾ ਕੇ ਪ੍ਰਭ ਦਾ ਬਣਨਾ ਸਾਕ, ਸੱਜਣ ਇਕੋ ਇਕ ਅਖਵੌਂਦਾ ਏ । ਕਿਸੇ ਕੰਮ ਨਾ ਔਣਾ ਪੰਜ ਤਤ ਚੋਲਾ ਕਾਇਆ ਮਾਟੀ ਖ਼ਾਕ, ਅੰਤਮ ਮੜ੍ਹੀ ਗੋਰ ਦਬੌਣਾ ਏ । ਕਿਸੇ ਨਾ ਪੁੱਛਣੀ ਜ਼ਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡੌਣਾ ਏ । ਜਿਨ੍ਹਾਂ ਮਿਲ ਗਿਆ ਪ੍ਰਭ ਕਮਲਾਪਾਤ, ਤਿਸ ਕਮਲੀ ਰਮਲੀ ਆਪਣੇ ਘਰ ਵਸੌਣਾ ਏ । ਬੇਆਸ ਕਿਨਾਰਾ ਛੱਡਣਾ ਪਏ ਤਾਟ, ਆਸਾ ਵਿਚੋਂ ਧੁਰ ਦੀ ਆਸ ਪੁਚੌਣਾ ਏ । ਏਸ ਪਿੰਡ ਦੀ ਸਭ ਦੀ ਮੁਕਣੀ ਵਾਟ, ਅਗਲਾ ਪੈਂਡਾ ਬੀਤਿਆ ਫੇਰ ਕਿਸੇ ਨਾ ਢੋਣਾ ਏ । ਜਿਥੇ ਵਸੇ ਪੁਰਖ ਸਮਰਾਥ, ਸਵਾਮੀ ਇਕੋ ਨਜ਼ਰੀ ਔਣਾ ਏ । ਏਥੇ ਜੂਠੇ ਝੂਠੇ ਸੱਜਣ ਸਾਕ, ਮਿੱਤਰ ਸੰਗ ਨਾ ਕੋਇ ਨਿਭੌਣਾ ਏ । ਜਿਸ ਦਾ ਉਪਾਸ਼ਕ ਓਸੇ ਨੂੰ ਬਣੌਣਾ ਮਾਤ, ਦੂਜੀ ਮਈਆ ਨਾ ਕੋਇ ਵਖੌਣਾ ਏ । ਜਿਸ ਮਈਆ ਦਾ ਕੰਤ ਸੁਹਾਗ, ਪੁਰਖ ਅਕਾਲ ਇਕ ਵਡਿਔਣਾ ਏ । ਜੇ ਨਹੀਂ ਜਾਗਿਆ ਅੱਗੇ ਜਾਣਾ ਜਾਗ, ਗੁਰ ਸ਼ਬਦੀ ਅੱਖ ਖੁਲ੍ਹੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ ਸਚ ਪ੍ਰੀਤਾ, ਪ੍ਰੀਤਮ ਪ੍ਰੇਮ ਪਿਆਰ ਪਰਮਾਤਮ ਆਤਮ, ਆਤਮ ਪਰਮਾਤਮ ਆਪ ਰਖਾਈਆ ।



## ✪ ੨੧ ਹਾੜ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹਿ ਦਾਊਦ ਪੁਰ ✪

ਲੱਖ ਚੁਰਾਸੀ ਓਨ੍ਹਾਂ ਮੁਕੇ, ਆਵਣ ਜਾਵਣ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਜਿਨ੍ਹਾਂ ਪੁਛੇ, ਨਿਰਗੁਣ ਸਰਗੁਣ ਵੇਖ ਵਖਾਈਆ ।

ਲੁਕਿਆ ਰਹਿਣ ਨਾ ਦੇਵੇ ਜਗਤ ਗੁੱਠੇ, ਪੜਦਾ ਓਹਲਾ ਆਪ ਉਠਾਈਆ । ਮਨ ਵਾਸਨਾ ਜੋ ਰਹੇ ਰੁਠੇ, ਆਤਮ ਕਰ ਕੇ ਲਏ ਮਿਲਾਈਆ । ਰਾਏ ਧਰਮ ਨਾ ਫੜ ਫੜ ਕੁੱਠੇ, ਚਿਤਰ ਗੁਪਤ ਨਾ ਲੇਖ ਵਖਾਈਆ । ਓਨ੍ਹਾਂ ਭਾਗ ਜਾਗਣ ਸੁੱਤੇ, ਜਿਨ੍ਹਾਂ ਸੁਤਿਆਂ ਲਏ ਜਗਾਈਆ । ਭਗਤ ਭਗਵਾਨ ਦੇ ਬਣੇ ਪੁੱਤੇ, ਪੂਤ ਸਪੂਤੇ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਲੱਖ ਚੁਰਾਸੀ ਮੁੱਕੇ ਪੰਧ, ਸੋ ਸਾਹਿਬ ਸਤਿਗੁਰ ਆਪ ਮੁਕਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਰਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਸ਼ਬਦੀ ਡੋਰੀ ਤੰਦ ਬੰਧਾਇੰਦਾ । ਗੁਰਮੁਖਾਂ ਮਨਸਾ ਪੂਰੀ ਕਰ ਕੇ ਮੰਗ, ਆਸਾ ਆਪਣੇ ਨਾਲ ਰਖਾਇੰਦਾ । ਘਰ ਪਰਕਾਸ਼ ਚਾੜ੍ਹ ਕੇ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਸਚ ਸਵਾਮੀ ਬਣ ਕੇ ਸੰਗ, ਸਗਲਾ ਸੰਗ ਰਖਾਇੰਦਾ । ਗ੍ਰਿਹ ਮੰਦਰ ਦੇਵੇ ਅਨੰਦ, ਮੰਗਲ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਚੁੱਕੇ ਝੇੜਾ, ਝਗੜਾ ਅੰਤ ਰਹਿਣ ਨਾ ਪਾਈਆ । ਪਰਮ ਪੁਰਖ ਆਤਮ ਪਰਮਾਤਮ ਵੇਖੇ ਵਸਿਆ ਖੇੜਾ, ਕਾਇਆ ਖਿੜਕੀ ਆਪ ਖੁਲ੍ਹਾਈਆ । ਨਿਰਗੁਣ ਹੋ ਕੇ ਨਿਰਵੈਰ ਦੇਵੇ ਗੇੜਾ, ਚਾਰੋਂ ਕੁੰਟ ਆਪ ਭਵਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਸਵੱਛ ਸਰੂਪੀ ਰੂਪ ਵਖਾਈਆ । ਮਿਹਰਵਾਨ ਹੋ ਕੇ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਏ ਆਪ ਸਹਾਈਆ । ਹਰਿਜਨ ਕਹੇ ਮੇਰੀ ਕਟੇ ਲੱਖ ਚੁਰਾਸੀ, ਦੋਏ ਜੋੜ ਜੋੜ ਸਰਨਾਈਆ । ਅੱਗੇ ਦੇਵੇ ਨਾ ਕੋਈ ਫਾਸੀ, ਫਾਹੀ ਗਲ ਨਾ ਕੋਇ ਪਾਈਆ । ਚਿੰਤਾ ਰਹੇ ਨਾ ਕੋਈ ਉਦਾਸੀ, ਹਉਮੇ ਰੋਗ ਨਾ ਕੋਇ ਸਤਾਈਆ । ਫੇਰਾ ਪਾਏ ਨਾ ਮੰਡਲ ਰਾਸੀ, ਪੁਰੀਆਂ ਲੋਆਂ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਮੁਕਾਈਆ । ਹਰਿਜਨ ਕਹੇ ਲੇਖਾ ਮੁੱਕੇ ਚੁਰਾਸੀ ਲੱਖ, ਜਨਮ ਜਨਮ ਨਾ ਕੋਇ ਭਵਾਈਆ । ਸਾਹਿਬ ਸਤਿਗੁਰ ਪਤ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਜੁਗ ਜੁਗ ਭਗਤਾਂ ਦੇਵੇ ਹਕ, ਹਕੀਕਤ ਸਾਚੀ ਝੋਲੀ ਪਾਈਆ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਹੋਏ ਸਹਾਈਆ । ਮੇਲ ਮਿਲਾਏ ਹੱਸ ਹੱਸ, ਪ੍ਰੇਮ ਪ੍ਰੀਤੀ ਇਕ ਵਖਾਈਆ । ਜਨਮ ਕਰਮ ਦੀ ਪੂਰੀ ਆਸ, ਆਸਾਵੰਤ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਬੇਪਰਵਾਹੀਆ । ਜਨ ਭਗਤ ਕਹੇ ਆਵਣ ਜਾਵਣ, ਲੱਖ ਚੁਰਾਸੀ ਵੰਡ ਨਾ ਕੋਇ ਵੰਡਾਈਆ । ਮਿਲੇ ਮੇਲ ਪਤਤ ਪਾਵਨ, ਪਤਿਪਰਮੇਸ਼ਵਰ ਹੋਏ ਸਹਾਈਆ । ਜਿਸ ਨੇ ਗੜ੍ਹ ਤੋੜਿਆ ਲੰਕਾ ਰਾਵਣ, ਸ਼ਬਦੀ ਡੰਕ ਵਜਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ, ਰਾਗਾਂ ਨਾਦਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤ ਕਹੇ ਮੇਰੇ ਭਗਵੰਤ, ਤੇਰੀ ਸਚ ਸਰਨਾਈਆ । ਕੂੜਾ ਨਾਤਾ ਜੀਵ ਜਗਤ, ਜੁਗਤ ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਲੱਭੇ ਮੁਕਤ, ਨੇਤਰ ਨੈਣ ਰਹੀ ਉਠਾਈਆ । ਬਿਨ ਸਤਿਗੁਰ ਪੂਰੇ ਕਿਸੇ ਨਾ ਆਵੇ ਸੁਰਤ, ਸੋਈ ਸੁਰਤ ਨਾ ਕੋਇ ਉਠਾਈਆ । ਨਜ਼ਰ ਨਾ ਆਏ ਅਕਾਲ ਮੂਰਤ, ਸਚ ਨੂਰ ਨਾ ਕੋਇ ਰੁਸ਼ਨਾਈਆ । ਨਾਮ ਵੱਜੇ ਨਾ ਧੁਰ ਦੀ ਤੂਰਤ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਵੇਲੇ ਅੰਤ

੧੫੬

ਸਾਚੀ ਕਰੇ ਨਾ ਕੋਇ ਮਹੂਰਤ, ਮੁਹੱਬਤ ਸਚ ਨਾ ਕੋਇ ਵਖਾਈਆ । ਨਾਤਾ ਦਿਸੇ ਨਾ ਕੂੜੋ ਕੂੜਤ, ਕੂੜੀ ਕਿਰਿਆ ਪਰਦਾ ਦਏ ਚੁਕਾਈਆ । ਬਖ਼ਸ਼ੇ ਚਰਨ ਨਾ ਸੱਚੀ ਧੂੜਤ, ਟਿੱਕਾ ਨਾਮ ਨਾ ਕੋਇ ਲਗਾਈਆ । ਕਲਜੁਗ ਜੀਵ ਮੂਰਖ ਮੂੜ੍ਹਤ, ਹਉਮੇ ਹੰਗਤਾ ਭਰੀ ਲੋਕਾਈਆ । ਬਿਨ ਸ਼ਬਦ ਗਿਆਨ ਹੋਏ ਮੂਰਖ, ਮਨਮਤ ਨਾ ਕੋਇ ਚਤੁਰਾਈਆ । ਜਨ ਭਗਤਾਂ ਪ੍ਰਭ ਨੂੰ ਪਈ ਜ਼ਰੂਰਤ, ਜ਼ਰੂਰੀ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਬਣਿਆ ਮੀਤਾ ਮਿਤਰ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਚੋਟੀ ਚੜ੍ਹ ਕੇ ਵੇਖੇ ਸ਼ਿਖ਼ਰ, ਸਚ ਦਵਾਰੇ ਡੇਰਾ ਲਾਈਆ । ਨਿਰਗੁਣ ਧਾਰੋਂ ਆਵੇ ਨਿੱਕਲ, ਨਿਰਵੈਰ ਬੇਪਰਵਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗਾ ਗਾ ਬਣੌਂਦੇ ਮਿਸਲ, ਮਸਲਾ ਹਕ ਕੁਰਾਨ ਸੁਣਾਈਆ । ਉਸ ਦਾ ਲੇਖਾ ਆਦਿ ਜੁਗਾਦੀ ਅਸਲ, ਅਸਲੀਅਤ ਸਚ ਦਏ ਪਰਗਟਾਈਆ । ਸਚ ਸਤਿ ਕਰਾਏ ਵਸਲ, ਮਹਿਬੂਬ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਰੰਗ ਵੇਖ ਚੜ੍ਹਦਾ, ਘਰ ਸਾਚੇ ਖ਼ੁਸ਼ੀ ਵਖਾਈਆ । ਨਾਤਾ ਤੁਟੇ ਝੂਠ ਜੜ੍ਹ ਦਾ, ਗੜ੍ਹ ਹਉਮੇ ਰਹਿਣ ਨਾ ਪਾਈਆ । ਅਗਨੀ ਤਤ ਆਪੇ ਸੜਦਾ, ਅੰਮ੍ਰਿਤ ਮੇਘ ਇਕ ਬਰਸਾਈਆ । ਕਰੇ ਖੇਲ ਨਰਾਇਣ ਨਰ ਦਾ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤਾਂ ਦੇਵੇ ਧੁਰ ਦਾ ਮਾਣ, ਹਰਿ ਕਰਤਾ ਦਇਆ ਕਮਾਈਆ । ਸ਼ਬਦ ਸੰਦੇਸ਼ਾ ਸਚ ਫ਼ਰਮਾਨ, ਧੁਰ ਦਾ ਰਾਗ ਜਣਾਈਆ । ਕਾਇਆ ਮੰਦਰ ਸੁਹਾਏ ਮਕਾਨ, ਗ੍ਰਹਿ ਸਾਚੀ ਖ਼ੁਸ਼ੀ ਵਖਾਈਆ । ਅੰਮ੍ਰਿਤ ਰਸ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਈਆ । ਹੱਥ ਫੜਾ ਧਰਮ ਨਿਸ਼ਾਨ, ਦੋ ਜਹਾਨਾਂ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਰਖਾਈਆ । ਭਗਤ ਜਨ ਵੱਡੀ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਸਾਚੇ ਘਰ ਹੋਈ ਕੁੜਮਾਈ, ਸੱਜਣ ਇਕੋ ਨਜ਼ਰੀ ਆਇੰਦਾ । ਮੇਲ ਮਿਲਾਵਾ ਚਾਈਂ ਚਾਈਂ, ਚਾਉ ਘਨੇਰਾ ਇਕ ਰਖਾਇੰਦਾ । ਜਗਤ ਵਿਛੋੜਾ ਹੋਵੇ ਨਾਹੀਂ, ਦੋਹਰਾ ਆਪਣਾ ਸਾਕ ਬਣਾਇੰਦਾ । ਪੀਆ ਪ੍ਰੀਤਮ ਪਕੜੇ ਬਾਹੀਂ, ਅੰਗਣ ਗੋਦੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਇੰਦਾ । ਜਨ ਭਗਤਾਂ ਫੜਦਾ ਵੇਖੋ ਬਾਂਹ, ਕਲਜੁਗ ਅੰਤ ਦਇਆ ਕਮਾਇੰਦਾ । ਧੁਰ ਸੰਦੇਸ ਸੱਚਾ ਨਾਂ, ਸੋਹੰ ਢੋਲਾ ਆਪ ਪੜ੍ਹਾਇੰਦਾ । ਹੋਏ ਸਹਾਈ ਥਾਉਂ ਥਾਂ, ਥਾਨ ਥਨੰਤਰ ਖੋਜ ਖੋਜਾਇੰਦਾ । ਲੇਖੇ ਲਾਏ ਜਨਨੀ ਮਾਂ, ਪਿਤਾ ਪੂਤ ਨਾਲ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਭਗਤ ਜਨਨੀ ਜਗਤ ਮਾਤ, ਪ੍ਰਭ ਦੇਵਣਹਾਰ ਵਡਿਆਈਆ । ਕਲਜੁਗ ਮਿਟੀ ਅੰਧੇਰੀ ਰਾਤ, ਕੂੜੀ ਕਿਰਿਆ ਡੇਰਾ ਢਾਹੀਆ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਪੁਰਖ ਹੋਏ ਸਹਾਈਆ । ਵੇਲੇ ਅੰਤਮ ਲਏ ਰਾਖ, ਰੱਖਿਆ ਕਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਂਆ । ਭਗਤ ਜਨ ਜਗ ਤੇਰੀ ਮਈਆ, ਪੰਜ ਤਤ ਕਾਇਆ ਚੋਲਾ ਵੇਖ ਵਖਾਈਆ । ਸ਼ਬਦ ਸਵਾਮੀ ਚਾੜ੍ਹੇ ਆਪਣੀ ਨਈਆ, ਨੌਕਾ ਇਕੋ ਨਾਮ ਬਣਾਈਆ । ਮੇਲ ਮਿਲਾਵਾ ਸਾਚੇ ਸਈਆ, ਸਾਹਿਬ ਸਤਿਗੁਰ ਹੋਏ ਸਹਾਈਆ । ਰਾਏ ਧਰਮ ਨਾ ਕੱਢੇ ਵਹੀਆ,

ਚਿਤ੍ਰਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਪਕੜੇ ਬਹੀਆ, ਝੂਠਾ ਨਾਤਾ ਦਿਤਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦਾ ਦੇਵੇ ਮਾਣ ਵਡਿਆਈਆ । ਭਗਤ ਕਹੇ ਉਹ ਮੇਰੀ ਅੰਮੀ, ਅਮਲਾਂ ਵਿਚ ਸਮਝ ਕਿਸੇ ਨਾ ਆਈਆ । ਜਿਸ ਦੀ ਧਾਰੋਂ ਮੇਰੀ ਧਾਰ ਜੰਮੀਂ, ਤਤਵ ਤਤ ਮਿਲੀ ਵਡਿਆਈਆ । ਮੈਂ ਉਸ ਦਾ ਨਾਮ ਸੁਣਾਂ ਕੰਨੀਂ, ਦੋਵੇਂ ਸਰਵਣ ਵੇਖ ਵਖਾਈਆ । ਉਹ ਚਾਰੋਂ ਕੁੰਟ ਫਿਰੇ ਭੰਨੀ, ਉੱਤਰ ਪੂਰਬ ਪੱਛਮ ਦੱਖਣ ਨੱਠੇ ਵਾਹੋ ਦਾਹੀਆ । ਜਗਤ ਨੇਤਰ ਹੋਈ ਅੰਨ੍ਹੀ, ਨਿਜ ਨੇਤਰ ਸਤਿਗੁਰ ਸਚ ਸੁਚ ਰੁਸ਼ਨਾਈਆ । ਓਸ ਇਕ ਗੱਲ ਮੇਰੀ ਥੋੜ੍ਹਾ ਸਮਾਂ ਮੰਨੀ, ਹੌਲੀ ਹੌਲੀ ਜੇਹੀ ਜਣਾਈਆ । ਮੈਂ ਬਹਿ ਕੇ ਪੈਂਦ ਉਤੇ ਮੰਜੀ, ਮਜਲਸ ਅਗਲੀ ਦਿਤੀ ਸਮਝਾਈਆ । ਕਲਜੁਗ ਅੰਤ ਪਰਮ ਪੁਰਖ ਪਰਮਾਤਮ ਮੇਰਾ ਦਾਤਾ ਸੂਰਾ ਧਨੀ, ਗਹਿਰ ਗੰਭੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਪੂਤ ਕਹੇ ਮੇਰੇ ਜਾਗਣ ਭਾਗ, ਭਗਵਨ ਦਇਆ ਕਮਾਈਆ । ਆਪਣੇ ਹੱਥ ਪਕੜੇ ਵਾਗ, ਡੋਰੀ ਸ਼ਬਦੀ ਤੰਦ ਜੁੜਾਈਆ । ਕੁਲ ਵਿਚੋਂ ਜਿਸ ਦਾ ਬੁਝਦਾ ਜਾਏ ਚਰਾਗ਼, ਤਿਸ ਦਾ ਜੋਤੀ ਦੀਪ ਹੋਵੇ ਰੁਸ਼ਨਾਈਆ । ਜਾ ਕੇ ਮਿਲੇ ਭਗਤਾਂ ਵਿਚ ਸਮਾਜ, ਸੋਹਣਾ ਬੰਸ ਸੁਹਾਈਆ । ਸਤਿ ਸ਼ਬਦ ਦੀ ਪਏ ਆਵਾਜ਼, ਧੁਨ ਰਾਗ ਜਣਾਈਆ । ਪ੍ਰੇਮ ਪਿਆਰ ਅੰਦਰ ਹੋ ਵਿਸਮਾਦ, ਬਿਸਮਿਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਲਹਿਣਾ ਦੇਣਾ ਦਏ ਮੁਕਾਈਆ । ਲਹਿਣਾ ਦੇਣਾ ਮੁਕਿਆ ਅੰਤ, ਲੋਕਮਾਤ ਰਹਿਣ ਨਾ ਪਾਈਆ । ਭਗਤ ਸੁਹੇਲਾ ਵੇਖ ਸੰਤ, ਸੱਜਣ ਦਇਆ ਕਮਾਈਆ । ਅੰਦਰੇ ਅੰਦਰ ਮੰਨ ਕੇ ਮਿੰਨਤ, ਮਨਸਾ ਮਨਸਾ ਨਾਲ ਸਮਝਾਈਆ । ਜਿਸ ਕਾਰਨ ਕਰਦਾ ਰਿਹਾ ਹਿੰਮਤ, ਹੌਸਲਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਮਦੂਤ ਜਗਤ ਨੇਤਰ ਜਗ ਸਰਪ, ਕਾਲੀ ਧਾਰ ਨਜ਼ਰੀ ਆਈਆ । ਜਨ ਭਗਤ ਅਗਲਾ ਪਿਛਲਾ ਕੱਢਕੇ ਫ਼ਰਕ, ਫ਼ੈਸਲਾ ਦਿਤਾ ਵਖਾਈਆ । ਜਿਸ ਖੰਡੇ ਨਾਲ ਦਿਤਾ ਝਟਕ, ਸੋ ਖੰਡਾ ਦਏ ਦ੍ਰਿੜਾਈਆ । ਜਿਸ ਵੇਲੇ ਬਟਵਾਰੇ ਮਿਲਿਆ ਰਾਮ ਪਰਤ, ਪ੍ਰੇਮ ਪਿਆਰ ਦਿਤਾ ਜਣਾਈਆ । ਓਸ ਵੇਲੇ ਪਾਈ ਇਕ ਸ਼ਰਤ, ਬਿਨ ਦੋਹਾਂ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਖੰਡਾ ਖੜਗ ਉਹ ਤਲਵਾਰ, ਮਾਣਸ ਮਾਰ ਲਾਲ ਰੰਗ ਰੰਗਾਇੰਦਾ । ਰਾਮ ਨਾਲ ਕਿਹਾ ਪਿਆਰ, ਪ੍ਰੇਮ ਪ੍ਰੀਤੀ ਵਿਚ ਸਮਝਾਇੰਦਾ । ਜਾ ਕੇ ਪੁੱਛ ਸੱਜਣ ਯਾਰ, ਪੁੱਤਰ ਧੀ ਕਵਣ ਸੰਗ ਰਖਾਇੰਦਾ । ਕਵਣ ਹੋਏ ਮੀਤ ਮੁਰਾਰ, ਅਗਨੀ ਅੱਗ ਕਵਣ ਲਗਾਇੰਦਾ । ਅੰਤ ਵੇਲੇ ਕਵਣ ਸਹਾਰ, ਸਗਲਾ ਸੰਗ ਕਵਣ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸੁਣ ਬਟਵਾਰਾ ਮੱਲੇ ਰਾਹ, ਬਣੇ ਪਾਂਧੀ ਰਾਹੀਆ । ਅਗੇ ਖੇਲ ਬੇਪਰਵਾਰ, ਪਰਮ ਪੁਰਖ ਆਪ ਕਰਾਈਆ । ਸਾਢੇ ਤਿੰਨ ਹੱਥ ਸਰੂਪ ਦਿਤਾ ਬਣਾ, ਬਲ ਜ਼ੋਰ ਇਕ ਜਣਾਈਆ । ਜਿਸ ਅਧਵਿਚਕਾਰ ਲਿਆ ਅਟਕਾ, ਰਸਤਾ ਰਹਿਣ ਕੋਇ ਨਾ ਪਾਈਆ । ਓਸ ਵੇਲੇ ਖੰਡਾ ਲਿਆ ਖਿਚਾ, ਖੜਗ ਇਕ ਚਮਕਾਈਆ । ਮਾਰਨ ਤੋਂ ਪਹਿਲੋਂ ਮੂੰਹ ਪਰਨੇ ਡਿੱਗਾ, ਆਪਣਾ ਆਪ ਹਿਲਾਈਆ । ਮੁਖੋਂ ਰਾਮ ਲਿਆ ਧਿਆ, ਤੇਰੀ ਇਕ ਸਰਨਾਈਆ । ਸਾਖਿਆਤ ਹੋ ਕੇ ਨਜ਼ਰੀ ਗਿਆ ਆ, ਸਿਰ ਆਪਣਾ ਹੱਥ ਟਿਕਾਇਆ ।

ਬਖ਼ਸ਼ਿਸ਼ ਕੀਤੀ ਬੇਪਰਵਾਹ, ਮਿਹਰਵਾਨ ਦਇਆ ਕਮਾਈਆ । ਨਾਤਾ ਝੂਠਾ ਭੈਣ ਭਰਾ, ਸੱਜਣ ਸਾਕ ਸੰਗ ਨਾ ਕੋਇ ਵਖਾਈਆ । ਅਗਲਾ ਲੇਖਾ ਦਿਆਂ ਸਮਝਾ, ਮੀਤ ਮੁਰਾਰਾ ਆਪਣਾ ਭੇਵ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਾਲ ਜੋੜ ਦੇਵਾਂ ਜੁੜਾ, ਜੋੜ ਜੁੜੇ ਸਾਚੇ ਥਾਈਆਂ । ਤੇਰਾ ਬੰਸ ਸਰਬੰਸ ਦਿਆਂ ਤਰਾ, ਅੰਸ ਆਪਣੀ ਆਪ ਬਣਾਈਆ । ਕਲਜੁਗ ਕੂੜਾ ਨਾਗ ਜਮ ਕਾ ਰੂਪ ਦਿਆਂ ਮਿਟਾ, ਤਿੱਖੀ ਧਾਰ ਨਾਲ ਕਟਾਈਆ । ਟੁਕੜੇ ਟੁਕੜੇ ਦਿਆਂ ਵਖਾ, ਜੋੜ ਸਕੇ ਨਾ ਕੋਇ ਜੁੜਾਈਆ । ਜਿਸ ਨੇ ਤੇਰਾ ਜੀਂਵਦਿਆਂ ਦਰਸ਼ਨ ਲਿਆ ਪਾ, ਤਿਸ ਦਾ ਅੰਤ ਲੇਖਾ ਆਪਣੇ ਹੱਥ ਰਖਾਈਆ । ਇਕ ਨਹੀਂ ਤਾਰਨੀ ਤੇਰੀ ਮਾਂ, ਵੱਡੇ ਛੋਟੇ ਪਾਰ ਲੰਘਾਈਆ । ਬੇਸ਼ਕ ਤੇਰਾ ਸਮਝੇ ਨਾ ਸਚ ਭਰਾ, ਸੱਜਣ ਲੱਭੇ ਨਾ ਬੇਪਰਵਾਹੀਆ । ਜਿਸ ਵੇਲੇ ਚਾਰ ਆਪਣੇ ਕੰਧ ਲੈਣ ਉਠਾ, ਅੱਗੇ ਪਿਛੇ ਮੁਖ ਭਵਾਈਆ । ਓਸ ਵੇਲੇ ਹੋਵੇ ਆਪ ਸਹਾ, ਦੂਰ ਦੁਰਾਡਾ ਨੇਰਾ ਇਕ ਵਖਾਈਆ । ਸੰਤਾਂ ਸੰਗ ਕੰਤ ਗੰਢਾਂ ਰਿਹਾ ਪਾ, ਟੁੱਟੀ ਗੰਢ ਵਖਾਈਆ । ਏਹ ਨਜ਼ਾਰਾ ਓਹ ਮੁਜ਼ਾਹਰਾ ਏਹ ਇਸ਼ਾਰਾ ਓਹ ਦਵਾਰਾ ਦੋਹਾਂ ਦਾ ਵਿਚੋਲਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਬੱਚਿਆਂ ਬਾਲਿਆਂ ਦਏ ਸਮਝਾ, ਸ਼ਬਦ ਅਗੰਮੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਸਭ ਦਾ ਲੇਖੇ ਪਾਈਆ ।



## ✪ ੨੧ ਹਾੜ ੨੦੨੧ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਿਹਿ ਪਿੰਡ ਮੰਗੂਪੁਰ ✪

੧੫੯

ਸਤਿ ਕਹੇ ਪ੍ਰਭ ਬਖ਼ਸ਼ ਸਤਿ, ਸਤਿ ਸਤਿ ਤੇਰੀ ਸਰਨਾਈਆ । ਲੱਖ ਚੁਰਾਸੀ ਦੇ ਮਤ, ਵਿਦਿਆ ਸਚ ਪੜ੍ਹਾਈਆ । ਮੇਟ ਮਿਟਾ ਅਗਨੀ ਤੱਤ, ਕੂੜੀ ਕਿਰਿਆ ਡੇਰਾ ਢਾਹੀਆ । ਅੰਮ੍ਰਿਤ ਪਿਆ ਸੱਚਾ ਰਸ, ਨਿਝਰ ਝਿਰਨਾ ਆਪ ਝਿਰਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਚਾਰ ਵਰਨਾਂ ਮਾਰਗ ਦੱਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਲੜਾਈਆ । ਸਾਚਾ ਮੰਦਰ ਗੁਰੂਦਵਾਰ ਵੇਖਣ ਮੱਠ, ਕਾਇਆ ਕਾਅਬਾ ਪੜਦਾ ਲਾਹੀਆ । ਇਕੋ ਨਾਮ ਢੋਲਾ ਤੇਰਾ ਲੈਣ ਰਟ, ਰੱਟਾ ਜਗਤ ਰਹਿਣ ਨਾ ਪਾਈਆ । ਪ੍ਰੇਮ ਪ੍ਰੀਤੀ ਸਚ ਪਿਆਰ ਤੇਰਾ ਨਾਮ ਗਾਵਣ ਜਸ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਕਹੇ ਪ੍ਰਭ ਦੇ ਦਾਤ, ਦਰ ਠਾਂਡੇ ਇਕ ਅਰਜ਼ੋਈਆ । ਆਪਣੇ ਨਾਲ ਮਿਲਾ ਮੇਰੀ ਜ਼ਾਤ, ਅਜ਼ਾਤੀ ਰੂਪ ਨਜ਼ਰ ਨਾ ਆਈਆ । ਸਚ ਵਖਾ ਸੱਚੀ ਪਰਭਾਤ, ਪਰਮ ਪੁਰਖ ਆਪਣਾ ਨੂਰ ਕਰ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰ ਭਵਿਖਤ ਵਾਕ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਲਿਖਾਈਆ । ਕਲਜੁਗ ਅੰਤ ਸ਼ਬਦ ਅਗੰਮੀ ਘੋੜੇ ਚੜ੍ਹ ਰਾਕ, ਪੁਰੀਆਂ ਲੋਆਂ ਖੋਜ ਖੋਜਾਈਆ । ਨਿਰਗੁਣ ਸਰਗੁਣ ਦੇ ਸਾਥ, ਸਗਲਾ ਸੰਗ ਨਿਭਾਈਆ । ਉਚਾਂ ਨੀਚਾਂ ਰਾਉ ਰੰਕਾਂ ਬਣਾ ਸਚ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਲੇਖਾ ਲਿਖ ਦੇ ਬਿਨ ਕਲਮ ਦਵਾਤ, ਕਾਗ਼ਜ਼ ਲੋੜ ਰਹੇ ਨਾ ਰਾਈਆ । ਸ੍ਰਿਸ਼ਟ ਸਬਾਈ ਬੱਝੇ ਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਕਹੇ ਪ੍ਰਭ ਬਖ਼ਸ਼ ਜੋਤ, ਨਿਰਗੁਣ ਨਿਰਵੈਰ ਤੇਰੀ ਸਰਨਾਈਆ । ਭਾਗ ਲਗਾ ਕਾਇਆ ਕੋਟ, ਸਾਢੇ ਤਿੰਨ

੧੬੦

ਹੱਥ ਸੋਭਾ ਪਾਈਆ । ਸ਼ਬਦ ਅਗੰਮੀ ਵੱਜੇ ਚੋਟ, ਅਨਹਦ ਨਾਦੀ ਨਾਦ ਸੁਣਾਈਆ । ਸੁਰਤ ਸਵਾਣੀ ਕਰੇ ਹੋਸ਼, ਨੇਤਰ ਨੈਣ ਅੱਖ ਖੁਲ੍ਹਾਈਆ । ਮਨ ਮਤ ਬੁਧ ਰਹੇ ਨਾ ਸੋਚ, ਸਾਚੀ ਸਮਝ ਦੇ ਸਮਝਾਈਆ । ਦਰਸ ਤੇਰੇ ਨੂੰ ਰਹੇ ਲੋਚ, ਆਸਾ ਮਨਸਾ ਪੂਰ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਹੋਏ ਮਦਹੋਸ਼, ਨਾਮ ਖ਼ੁਮਾਰੀ ਇਕ ਚੜ੍ਹਾਈਆ । ਲੇਖਾ ਚੁੱਕੇ ਚੌਦਾਂ ਲੋਕ, ਚੌਦਾਂ ਤਬਕ ਪੰਧ ਮੁਕਾਈਆ । ਬ੍ਰਹਿਮੰਡ ਖੰਡ ਪੜ੍ਹਨ ਤੇਰਾ ਸਚ ਸਲੋਕ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਹੋ ਸਹਾਈਆ । ਸਤਿ ਕਹੇ ਮੇਰੇ ਗ਼ਰੀਬ ਨਿਵਾਜ, ਪਰਮ ਪੁਰਖ ਤੇਰੀ ਸਰਨਾਈਆ । ਸਚ ਦਵਾਰੇ ਰਚ ਰਚ ਕਾਜ, ਕਰਨੀ ਕਰਤਾ ਰਿਹਾ ਕਮਾਈਆ । ਜੁਗ ਚੌਕੜੀ ਲੱਗਦਾ ਵੇਖਿਆ ਭਾਗ, ਭਗਵਨ ਆਪਣਾ ਹੁਕਮ ਵਰਤਾਈਆ । ਨਿਤ ਨਵਿਤ ਜਗਦਾ ਰਿਹਾ ਚਰਾਗ਼, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮਿਲਦਾ ਰਿਹਾ ਕੰਤ ਸੁਹਾਗ, ਪਤਿਪਰਮੇਸ਼ਵਰ ਬੇਪਰਵਾਹੀਆ । ਆਤਮ ਪਰਮਾਤਮ ਦੇਂਦਾ ਰਿਹਾ ਦਾਜ, ਵਸਤ ਅਮੋਲਕ ਝੋਲੀ ਪਾਈਆ । ਸੁਰਤੀ ਸ਼ਬਦੀ ਰਚਦਾ ਰਿਹਾ ਕਾਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ਬਦ ਅਗੰਮੀ ਮਾਰਦਾ ਰਿਹਾ ਆਵਾਜ਼, ਧੁਨ ਆਤਮਕ ਰਾਗ ਸੁਣਾਈਆ । ਸਚ ਪਿਆਲਾ ਅੰਮ੍ਰਿਤ ਦੇਂਦਾ ਰਿਹਾ ਸਾਥ, ਰਸ ਇਕੋ ਇਕ ਵਖਾਈਆ । ਸਿਮਰਨ ਮੰਤਰ ਪੂਜਾ ਦੱਸਦਾ ਰਿਹਾ ਪਾਠ, ਅੱਖਰਾਂ ਨਾਲ ਵੱਜੀ ਵਧਾਈਆ । ਸਚ ਦਵਾਰਾ ਖੋਲ੍ਹਦਾ ਰਿਹਾ ਹਾਟ, ਬਣ ਵਣਜਾਰਾ ਸੇਵ ਕਮਾਈਆ । ਆਤਮ ਸੇਜਾ ਸੁਹੌਂਦਾ ਰਿਹਾ ਖਾਟ, ਸੇਜ ਸੁਹੰਜਣੀ ਡੇਰਾ ਲਾਈਆ । ਜੁਗ ਚੌਕੜੀ ਕੱਟਦਾ ਰਿਹਾ ਵਾਟ, ਬਣ ਪਾਂਧੀ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਸੰਦੇਸੇ ਗਿਆ ਆਖ, ਆਖ਼ਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸਤਿ ਕਹੇ ਮੇਰੇ ਪਾਰਬ੍ਰਹਮ, ਦੀਨ ਦਿਆਲ ਤੇਰੀ ਵਡਿਆਈਆ । ਸੱਚਾ ਦੱਸ ਇਕ ਧਰਮ, ਜ਼ਾਤ ਪਾਤ ਰਹਿਣ ਨਾ ਪਾਈਆ । ਧੁਰ ਦਾ ਦੱਸ ਆਪਣਾ ਕਰਮ, ਨਿਹਕਰਮੀ ਕਰਮ ਕਮਾਈਆ । ਨਾਤਾ ਤੁੱਟੇ ਵਰਨ ਬਰਨ, ਊਚ ਨੀਚ ਰਹਿਣ ਕੋਇ ਨਾ ਪਾਈਆ । ਸਚ ਦਵਾਰ ਬਖ਼ਸ਼ ਸਾਚੀ ਸਰਨ, ਸਰਨਗਤ ਤੇਰੇ ਹੱਥ ਵੱਡੀ ਵਡਿਆਈਆ । ਸਾਚਾ ਢੋਲਾ ਜੀਵ ਜੰਤ ਸਾਧ ਸੰਤ ਗੁਰਮੁਖ ਸਾਰੇ ਪੜ੍ਹਨ, ਅੰਤਰ ਆਤਮ ਇਕ ਆਵਾਜ਼ ਸੁਣਾਈਆ । ਸਾਚੇ ਪੌੜੇ ਸਾਚੇ ਮੰਦਰ ਸੰਤ ਸੁਹੇਲੇ ਚੜ੍ਹਨ, ਬਣ ਪਾਂਧੀ ਪੰਧ ਮੁਕਾਈਆ । ਗੁਰਮੁਖ ਗੁਰਸਿਖ ਦਰਸ ਅਗੰਮੀ ਕਰਨ, ਸਵੱਛ ਸਰੂਪੀ ਨਜ਼ਰੀ ਆਈਆ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਸਮਝਾਈਆ । ਸਤਿ ਕਹੇ ਮੇਰੇ ਭਗਵੰਤ, ਦਰ ਤੇਰੇ ਮੰਗ ਮੰਗਾਈਆ । ਤੂੰ ਆਦਿ ਜੁਗਾਦੀ ਸਾਚਾ ਕੰਤ, ਨਿਰਵੈਰ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਖਲੋਤੇ ਮੰਗਤ, ਗੁਰ ਅਵਤਾਰ ਝੋਲੀ ਡਾਹੀਆ । ਤੇਰਾ ਭੇਵ ਨਾ ਪਾਏ ਕੋਈ ਪਾਂਧਾ ਪੰਡਤ, ਮੁੱਲਾ ਸ਼ੇਖ਼ ਮੁਸਾਇਕ ਸਮਝ ਕੋਇ ਨਾ ਆਈਆ । ਦਰ ਤੇਰੇ ਮੇਰੀ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਸਾਚੀ ਬਖ਼ਸ਼ ਸਤਿਵਾਦੀ ਹਿੰਮਤ, ਹੌਸਲਾ ਦੇ ਵਧਾਈਆ । ਜਨ ਭਗਤਾਂ ਹੋਏ ਕਦੇ ਨਾ ਜ਼ਿੱਲਤ, ਖੁਆਰੀ ਸਭ ਦੀ ਦੇ ਮਿਟਾਈਆ । ਤੇਰਾ ਢੋਲਾ ਗਾਵਣ ਸਿਫ਼ਤ, ਨਾਉਂ ਨਿਰੰਕਾਰਾ ਇਕ ਸੁਣਾਈਆ । ਤੇਰੇ ਪ੍ਰੇਮ ਅੰਦਰ ਹੋਵਣ ਗਰਿਫ਼ਤ, ਬੰਧਨ ਦੂਜਾ ਰਹਿਣ ਕੋਇ ਨਾ ਪਾਈਆ । ਨਾਤਾ ਤੋੜ ਸਵਰਗ ਬਹਿਸ਼ਤ, ਚਰਨ ਕਵਲ ਬਖ਼ਸ਼ ਸਰਨਾਈਆ ।

ਤੇਰਾ ਨਜ਼ਰੀ ਆਏ ਇਕੋ ਇਸ਼ਟ, ਪੁਰਖ ਅਕਾਲ ਸਚ ਸਰੂਪ ਦੇ ਸਮਝਾਈਆ । ਜੀਵਾਂ ਜੰਤਾਂ ਖੋਲ੍ਹ ਦ੍ਰਿਸ਼ਟ, ਦ੍ਰਿੜ ਵਿਸ਼ਵਾਸ਼ ਇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਕਹੇ ਮੇਰੇ ਸਾਹਿਬ ਸੁਲਤਾਨ, ਸਤਿ ਸਤਿਵਾਦੀ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦੀ ਮਿਹਰਵਾਨ, ਮੁਹੱਬਤ ਹਰ ਘਟ ਰਿਹਾ ਰਖਾਈਆ । ਹਉਂ ਬਾਲਕ ਦਰਵੇਸ਼ ਦਰ ਮੰਗਾਂ ਦਾਨ, ਸਾਚੀ ਇਕੋ ਅਲਖ ਜਗਾਈਆ । ਵਸਤ ਅਮੋਲਕ ਦੇਵੀਂ ਆਣ, ਅਨਮੁਲੜੀ ਆਪ ਵਰਤਾਈਆ । ਤੂੰ ਬਣ ਕੇ ਧੁਰ ਦਾ ਕਾਹਨ, ਮੰਡਲ ਸਾਚੀ ਰਾਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦੇ ਜਣਾਈਆ । ਸਤਿ ਕਹੇ ਮੇਰੇ ਨਿਰੰਕਾਰ, ਨਿਰਗੁਣ ਤੇਰਾ ਖੇਲ ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਲੇਖਾ ਲਿਖ ਕੇ ਗਏ ਤੇਈ ਅਵਤਾਰ, ਭਗਤ ਅਠਾਰਾਂ ਧਿਆਨ ਲਗਾਈਆ । ਈਸਾ ਮੂਸਾ ਮੁਹੰਮਦ ਕਰਦੇ ਰਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਨਾਨਕ ਗੋਬਿੰਦ ਬਣ ਲਿਖਾਰ, ਧੁਰ ਦਾ ਲੇਖਾ ਗਏ ਲਿਖਾਈਆ । ਦੋਏ ਜੋੜ ਕਰਦੇ ਗਏ ਨਿਮਸਕਾਰ, ਸੱਯਦਾ ਸੀਸ ਜਗਦੀਸ਼ ਇਕ ਝੁਕਾਈਆ । ਕਲਜੁਗ ਅੰਤਮ ਖੇਲੇ ਖੇਲ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੁਗ ਚੌਕੜੀ ਵੇਖਣਹਾਰ, ਵੇਖੇ ਵਿਗਸੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਹਿਜ ਸੁਖਦਾਈਆ । ਸਤਿ ਕਹੇ ਮੇਰੇ ਸਵਾਮੀ, ਸੋਭਾਵੰਤ ਇਕੋ ਨਜ਼ਰੀ ਆਇੰਦਾ । ਸਤਿ ਸਰੂਪੀ ਅੰਤਰ ਜਾਮੀ, ਅੰਤਰ ਗਤ ਸਰਬ ਵੇਖ ਵਖਾਇੰਦਾ । ਏਥੇ ਓਥੇ ਖੇਲੇ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਬੋਧ ਅਗਾਧ ਬੋਲੇ ਸ਼ਬਦ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਆਪ ਲਿਖਾਇੰਦਾ । ਜਨ ਭਗਤਾਂ ਦੇਵੇ ਪਦ ਨਿਰਬਾਨੀ, ਸੰਤ ਸੁਹੇਲੇ ਸਾਚੇ ਗ੍ਰਿਹਿ ਵਸਾਇੰਦਾ । ਗੁਰਮੁਖਾਂ ਬਖ਼ਸ਼ ਅੰਮ੍ਰਿਤ ਠੰਡਾ ਪਾਣੀ, ਸਤਿ ਸਰੋਵਰ ਇਕ ਸੁਹਾਇੰਦਾ । ਗੁਰਸਿਖਾਂ ਦੇ ਕੇ ਚਰਨ ਧਿਆਨੀ, ਧੂੜੀ ਟਿਕਾ ਖ਼ਾਕ ਰਮਾਇੰਦਾ । ਕਲਜੁਗ ਅੰਤਮ ਤੇਰੀ ਇਕੋ ਸਚ ਨਿਸ਼ਾਨੀ, ਸ਼ਬਦ ਅਣਿਆਲਾ ਤੀਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਸਤਿ ਕਹੇ ਮੇਰੇ ਬਲਕਾਰ, ਬਲਕਾਰੀ ਤੂੰ ਹੀ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਸੱਚੇ ਸੁਲਤਾਨ, ਤਖ਼ਤ ਨਿਵਾਸੀ ਤੇਰੀ ਵਡ ਵਡਿਆਈਆ । ਨਿਰਗੁਣ ਵੇਖ ਮਾਰ ਧਿਆਨ, ਸਰਗੁਣ ਪੜਦਾ ਦੇ ਚੁਕਾਈਆ । ਕਲਜੁਗ ਕੂੜੀ ਕਿਰਿਆ ਹੋਈ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਜੀਵ ਜੰਤ ਬੇਈਮਾਨ, ਬੇਵਾ ਰੂਪ ਸਰਬ ਵਟਾਈਆ । ਚਾਰੋਂ ਕੁੰਟ ਦਿਸੇ ਹਰਾਮ, ਧੀਰਜ ਸਤਿ ਨਾ ਕੋਇ ਰਖਾਈਆ । ਮਿਲੇ ਮੇਲ ਨਾ ਗੋਪੀ ਕਾਹਨ, ਸਾਚੀ ਸਖ਼ੀ ਰੂਪ ਨਾ ਕੋਇ ਵਟਾਈਆ । ਹਿਰਦੇ ਜਪੇ ਨਾ ਕੋਈ ਨਾਮ, ਰਸਨਾ ਜਿਹਵਾ ਬੱਤੀ ਦੰਦ ਸਾਰੇ ਰਹੇ ਗਾਈਆ । ਸੁਰਤੀ ਸੁਣੇ ਨਾ ਕੋਇ ਕਲਾਮ, ਕਲਮਾ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਨਜ਼ਰ ਆਏ ਨਾ ਕਿਸੇ ਅਮਾਮ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਸੱਯਦਾ ਕਰੇ ਨਾ ਕੋਇ ਸਲਾਮ, ਸੀਸ ਜਗਦੀਸ ਨਾ ਕੋਇ ਝੁਕਾਈਆ । ਨਾਦ ਧੁਨ ਨਾ ਕੋਇ ਪੈਗ਼ਾਮ, ਅਲਿਫ਼ ਧੇ ਜਗਤ ਵਡਿਆਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਸਤਿ ਵਸਤ ਦੇ ਮਹਾਨ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ

ਕਹੇ ਪ੍ਰਭ ਬਖ਼ਸ਼ ਧੂੜ, ਟਿੱਕਾ ਮਸਤਕ ਨਾਮ ਲਗਾਈਆ । ਕਲਜੁਗ ਲੇਖਾ ਚੁੱਕੇ ਕੂੜ, ਕੂੜੀ ਕਿਰਿਆ ਦੇ ਗਵਾਈਆ । ਬਖ਼ਸ਼ਿਸ਼ ਕਰ ਜੋਧੇ ਸੂਰ, ਸੂਰਬੀਰ ਤੇਰੀ ਸਰਨਾਈਆ । ਮੰਜ਼ਲ ਵਖਾ ਆਪਣੀ ਇਕ ਜ਼ਰੂਰ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਜਲਵਾ ਸੱਚਾ ਨੂਰ, ਜ਼ਾਹਰ ਜ਼ਹੂਰ ਤੇਰੀ ਰੁਸ਼ਨਾਈਆ । ਕਿਉਂ ਮਿਹਰਵਾਨ ਹੋ ਕੇ ਹੋਇਉਂ ਮਫ਼ਰੂਰ, ਬੈਠਾ ਆਪਣਾ ਮੁਖ ਛੁਪਾਈਆ । ਤੇਰਾ ਆਦਿ ਜੁਗਾਦਿ ਸੱਚਾ ਦਸਤੂਰ, ਜਨ ਭਗਤਾਂ ਦਸਤ ਬਦਸਤ ਲਏਂ ਉਠਾਈਆ । ਪਰਵਰਦਿਗਾਰ ਹਾਜ਼ਰ ਹਜ਼ੂਰ, ਹਜ਼ਰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੈਂ ਸਭ ਨੂੰ ਦਿਆਂ ਸਮਝਾਈਆ । ਸਤਿ ਕਹੇ ਮੈਂ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਗਿਆ ਹਾਰ, ਮੇਰੀ ਚਲੇ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਕੂੜ ਪਰਧਾਨ, ਜੂਠ ਝੂਠ ਭੱਜੇ ਵਾਹੋ ਦਾਹੀਆ । ਸ਼ਰਅ ਵਿਚ ਲੜੇ ਸ਼ੈਤਾਨ, ਸ਼ਰੀਅਤ ਆਪਣੀ ਰਿਹਾ ਬਣਾਈਆ । ਸਖੀਆਂ ਬਣਿਆ ਧੁਰ ਦਾ ਕਾਹਨ, ਝੂਠੀ ਮੰਡਲ ਰਾਸ ਰਚਾਈਆ । ਸੁਰਤੀ ਸੀਤਾ ਮਿਲੇ ਨਾ ਸ਼ਬਦੀ ਰਾਮ, ਬੰਸਰੀ ਕਾਹਨ ਨਾ ਕੋਇ ਸੁਣਾਈਆ । ਮੰਜ਼ਲ ਹੋਵੇ ਨਾ ਕਿਸੇ ਆਸਾਨ, ਪਾਂਧੀ ਪੰਧ ਨਾ ਕੋਇ ਚੁਕਾਈਆ । ਕਲਜੁਗ ਜੀਵ ਜਗਤ ਅੰਞਾਣ, ਮੂਰਖ ਮੁੜ੍ਹੇ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦੇ ਦ੍ਰਿੜਾਈਆ । ਸਤਿ ਕਹੇ ਪ੍ਰਭ ਦੱਸ ਲੇਖਾ, ਲਿਖਣਹਾਰਾ ਤੂੰ ਅਖਵਾਇੰਦਾ । ਕਲਜੁਗ ਅੰਤਮ ਮਿਟੇ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਸਤਿ ਸਵਾਮੀ ਧਾਰੇ ਭੇਸਾ, ਨਿਰਗੁਣ ਨਿਰਵੈਰ ਰੂਪ ਵਟਾਇੰਦਾ । ਇਕੋ ਵਸੇ ਸੰਬਲ ਦੇਸਾ, ਮਹੱਲ ਅਟਲ ਡੇਰਾ ਲਾਇੰਦਾ । ਨਰ ਨਰਾਇਣ ਬਣ ਨਰੇਸ਼ਾ, ਨਰ ਨਿਰੰਕਾਰ ਸੋਭਾ ਪਾਇੰਦਾ । ਜੁਗ ਚੌਕੜੀ ਪੂਰਬ ਕਰਾਏ ਸਭ ਨੂੰ ਚੇਤਾ, ਚੇਤਨ ਧਾਰ ਆਪ ਵਖਾਇੰਦਾ । ਦੋ ਜਹਾਨਾਂ ਬਣ ਕੇ ਨੇਤਾ, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਆਪ ਖੁਲ੍ਹਾਇੰਦਾ । ਗੁਰ ਅਵਤਾਰਾਂ ਖੋਲ੍ਹ ਕੇ ਭੇਤਾ, ਪੀਰ ਪੈਗ਼ੰਬਰ ਪੜਦਾ ਲਾਹਿੰਦਾ । ਕਲਜੁਗ ਅੰਤਮ ਦੀਨ ਮਜ਼੍ਹਬ ਦਾ ਰਹੇ ਕੋਈ ਨਾ ਠੇਕਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਇੰਦਾ । ਸਭ ਦੀ ਬੁਧ ਕਰੇ ਬਿਬੇਕਾ, ਵਿਵੇਕੀ ਆਪਣੀ ਕਾਰ ਕਮਾਇੰਦਾ । ਇਕ ਵਖਾਏ ਸਾਚਾ ਦੇਸਾ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਸਤਿ ਕਹੇ ਪ੍ਰਭ ਮੰਨ ਅਰਜ਼, ਦਰ ਤੇਰੇ ਅਰਜ਼ੋਈਆ । ਕਲਜੁਗ ਅੰਤਮ ਪੂਰਾ ਕਰ ਫ਼ਰਜ਼, ਸਾਹਿਬ ਸਤਿਗੁਰ ਆਪਣੀ ਸੇਵ ਕਮਾਈਆ । ਕੂੜੀ ਕਿਰਿਆ ਵੇਖ ਅਸਚਰਜ, ਹੈਰਾਨੀ ਸਭ ਦੇ ਮੁਖ ਤੇ ਛਾਈਆ । ਮਾਇਆ ਮਮਤਾ ਚੱਲੇ ਕਰਦ, ਜਗਤ ਕਸਾਈ ਰੂਪ ਵਟਾਈਆ । ਭਾਈ ਭਾਈਆਂ ਨਾਲ ਵੰਡੇ ਕੋਈ ਨਾ ਦਰਦ, ਪਿਤਾ ਪੂਤ ਨਾ ਕੋਇ ਸਹਾਈਆ । ਮਨ ਮਤੀ ਵਿਚ ਅੰਤਰ ਆਤਮ ਕੀਤਾ ਹਰਜ, ਕੂੜੇ ਧੰਦੇ ਲੱਗੀ ਜਗਤ ਲੋਕਾਈਆ । ਸੂਰਬੀਰ ਦਿਸੇ ਨਾ ਕੋਈ ਮਰਦ, ਮਰਦਾਨਾ ਰੂਪ ਨਾ ਕੋਇ ਵਟਾਈਆ । ਪੂਰਬ ਲੇਖਾ ਕੱਢ ਕੇ ਵੇਖ ਫ਼ਰਦ, ਜੋ ਵਾਕ ਭਵਿਖਤ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਕਹੇ ਪ੍ਰਭ ਸੰਦੇਸਾ ਭੇਜ, ਸ਼ਬਦੀ ਹੁਕਮ ਵਡਿਆਈਆ । ਮੈਂ ਕਰਾਂ ਉਡੀਕ ਅੰਤਰ ਸੇਜ, ਸੋਹਣਾ ਆਸਣ ਇਕ ਵਖਾਈਆ । ਜਿਥੇ ਜਲਵਾ ਜੋਤੀ ਨੂਰੀ ਤੇਜ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਛਿਆਨਵੇਂ ਕਰੋੜ ਨਾ ਬਰਸੇ ਮੇਘ, ਅੰਮ੍ਰਿਤ ਧਾਰ ਇਕ ਵਹਾਈਆ । ਓਥੇ ਲੱਭ ਸਕੇ ਨਾ ਕੋਈ ਮੁੱਲਾ ਸ਼ੇਖ਼, ਪੰਡਤ ਪਾਂਧਾ ਸਾਰ ਕੋਇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਆਪਣਾ ਰੰਗ ਰੰਗਾਈਆ । ਸਤਿ ਕਹੇ ਪ੍ਰਭ ਦੇ ਦੇ ਰੰਗ, ਰੰਗਣਹਾਰ ਇਕ ਅਖਵਾਇੰਦਾ । ਕਲਜੁਗ ਅੰਤਮ ਮੇਰੀ ਮੰਗ, ਸਤਿਜੁਗ ਤੇਰਾ ਰਾਹ ਤਕਾਇੰਦਾ । ਕੂੜੀ ਕਿਰਿਆ ਮੇਟ ਭੇਖ ਪਖੰਡ, ਮਾਇਆ ਮਮਤਾ ਮੋਹ ਡੇਰਾ ਢਾਹਿੰਦਾ । ਜਨ ਭਗਤਾਂ ਦੇ ਓਹ ਅਨੰਦ, ਜਿਸ ਅਨੰਦ ਵਿਚੋਂ ਤੇਰਾ ਪਿਆਰ ਨਜ਼ਰੀ ਆਇੰਦਾ । ਅਬਿਨਾਸ਼ੀ ਕਰਤੇ ਢੋਲਾ ਧੁਰ ਦਾ ਦੱਸ ਛੰਦ, ਜਿਸ ਦਾ ਸੰਸਾ ਲੋਕਮਾਤ ਨਾ ਕੋਇ ਵਖਾਇੰਦਾ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੁਧ ਬਿਨ ਦੂਜਾ ਸੰਗ ਨਾ ਕੋਇ ਨਿਭਾਇੰਦਾ । ਤੈਥੋਂ ਵਿਛੜੀ ਜਗਤ ਦੁਹਾਗਣ ਸੁਰਤ ਸਵਾਣੀ ਹੋਈ ਰੰਡ, ਕੰਤ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਇੰਦਾ । ਸਤਿ ਕਹੇ ਮੇਰੇ ਸਾਚੇ ਸਤਿਗੁਰ, ਗੁਰ ਸ਼ਬਦ ਤੇਰੀ ਸਰਨਾਈਆ । ਦਰ ਖ਼ਾਲੀ ਤੇਰੇ ਨਾ ਜਾਏ ਕੋਈ ਮੁੜ, ਬੇ ਆਸ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਲੇਖਾ ਅਗਲਾ ਪਿਛਲਾ ਦੱਸ ਧੁਰ, ਧੁਰ ਮਸਤਕ ਲੇਖਾ ਦੇ ਵਖਾਈਆ । ਨਾਮ ਨਿਧਾਨ ਆਪਣਾ ਤਾਲ ਦੇ ਸੁਰ, ਧੁਨ ਇਕੋ ਇਕ ਸ਼ਨਵਾਈਆ । ਤੇਰਾ ਮੰਤਰ ਫੁਰਨਾ ਪਏ ਫੁਰ, ਮਨ ਮਨਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਮੇਲ ਮਿਲਾਈਆ । ਸਤਿ ਕਹੇ ਮੈਂ ਕਰੀ ਉਡੀਕ, ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਵਣ ਵੇਲਾ ਮੇਰੀ ਆਏ ਤਰੀਕ, ਜੁਗ ਚੌਕੜੀ ਬੈਠੇ ਮੁਖ ਭਵਾਈਆ । ਸਤਿ ਧਰਮ ਦਾ ਮਾਰਗ ਚਲੇ ਠੀਕ, ਕੂੜੀ ਕਿਰਿਆ ਪੰਧ ਮੁਕਾਈਆ । ਦੂਜਾ ਦਿਸੇ ਨਾ ਕੋਇ ਸ਼ਰੀਕ, ਸ਼ਿਰਕਤ ਨਜ਼ਰ ਕੋਇ ਨਾ ਆਈਆ । ਰਲ ਮਿਲ ਚਾਰੇ ਵਰਨ ਗਉਣ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਧੁਰ ਦਾ ਮੇਲਾ ਮਿਲਿਆ ਬੇਪਰਵਾਹੀਆ । ਸਚ ਦਵਾਰ ਨਜ਼ਰੀ ਆਏ ਮੰਦਰ ਮਸੀਤ, ਗੁਰੂਦਵਾਰ ਇਕੋ ਇਕ ਸਮਝਾਈਆ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਨਾ ਕੋਇ ਦਰਸਾਈਆ । ਮਿੱਠਾ ਕਰੇ ਕਲਜੁਗ ਕੌੜਾ ਰੀਠ, ਸਤਿਜੁਗ ਸਾਚਾ ਰਸ ਭਰਾਈਆ । ਜਨ ਭਗਤ ਸੁਹੇਲਾ ਬਣ ਕੇ ਮੀਤ, ਗੁਰ ਚੇਲਾ ਲਏ ਤਰਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਦਿਵਸ ਰੈਣ ਵਸੇ ਚੀਤ, ਚਿਤ ਵਿਤ ਠਗੌਰੀ ਅਵਰ ਨਾ ਕੋਇ ਪਾਈਆ । ਸਾਚਾ ਕਲਮਾ ਦੱਸੇ ਹਦੀਸ, ਮੰਤਰ ਇਕੋ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਮੇਰਾ ਦੇ ਦੇ ਸੰਗ, ਸੰਗੀ ਇਕੋ ਇਕ ਅਖਵਾਇੰਦਾ । ਆਪਣਾ ਨਾਮ ਦੇ ਮਰਦੰਗ, ਮਰਦੰਗਾ ਦੋ ਜਹਾਨ ਸੁਣਾਇੰਦਾ । ਨਿਰਗੁਣ ਸਰਗੁਣ ਅੰਦਰ ਵੇਖ ਲੰਘ, ਪੜਦਾ ਓਹਲਾ ਤੇਰੇ ਕੋਲੋਂ ਉਠਾਇੰਦਾ । ਜਨ ਭਗਤਾਂ ਪੂਰੀ ਕਰ ਮੰਗ, ਮਨਸਾ ਤੇਰੇ ਵਿਚ ਸਮਾਇੰਦਾ । ਸਾਚਾ ਢੋਲਾ ਸੁਣਾ ਛੰਦ, ਸੋਹੰ ਰਾਗ ਇਕੋ ਮੋਹੇ ਭਾਇੰਦਾ । ਅੰਤਰ ਉਪਜੇ ਪਰਮਾਨੰਦ, ਨਿਜਾਨੰਦ ਵਿਚ ਰਖਾਇੰਦਾ । ਦੂਈ ਦਵੈਤੀ ਢਾਹ ਦੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਕਲਜੁਗ ਕਿਰਿਆ ਕਲਜੁਗ ਨਾਲ ਜਾਏ ਹੰਢ, ਅਗਲਾ ਸੰਗ ਨਾ ਕੋਇ ਬਣਾਇੰਦਾ । ਸਤਿਜੁਗ ਮੈਂ ਸਤਿ ਧਰਮ ਦੀ ਦਾਤ ਦੇਵਾਂ ਵੰਡ, ਘਰ ਘਰ ਝੋਲੀ ਆਪ ਭਰਾਇੰਦਾ । ਆਤਮ ਸੇਜਾ ਦੱਸਾਂ ਪਲੰਘ, ਬਿਨ ਪਾਵਾ ਚੂਲ ਸੁਹਾਇੰਦਾ । ਮੇਲ ਮਿਲਾ ਸੂਰੇ ਸਰਬੰਗ, ਸ਼ਹਿਨਸ਼ਾਹ ਸਾਚਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੀਸ ਨਿਵਾਇੰਦਾ । ਸਤਿ ਕਹੇ ਮੇਰੇ ਸਾਹਿਬ ਸੂਰੇ, ਸਮਰਥ ਤੇਰੀ ਸਰਨਾਈਆ । ਨਾਤੇ ਤੋੜ ਪਿਛਲੇ

ਕੂੜੇ, ਸਾਚਾ ਮਾਰਗ ਦੇ ਲਗਾਈਆ । ਘਰ ਘਰ ਸੁਣੇ ਨਾਦ ਤੂਰੇ, ਅਨਹਦ ਨਾਦ ਇਕ ਸ਼ਨਵਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹੇ, ਜੋ ਬੈਠੇ ਤੈਨੂੰ ਭੁਲਾਈਆ । ਸਾਚੀ ਬਖ਼ਸ਼ ਚਰਨ ਧੂੜੇ, ਟਿੱਕਾ ਮਸਤਕ ਨਾਮ ਛੁਹਾਈਆ । ਹਉਮੇ ਹੰਗਤਾ ਗੜ੍ਹ ਤੁਟੇ ਗ਼ਰੂਰੇ, ਗ਼ੁਰਬਤ ਸਭ ਦੀ ਦੇ ਚੁਕਾਈਆ । ਮੈਂ ਬਾਲਾ ਨੱਢਾ ਦਰ ਤੇਰੇ ਮਸ਼ਕੂਰੇ, ਮੁਸ਼ਕਲ ਮੇਰੀ ਹਲ ਕਰਾਈਆ । ਤੇਰੇ ਭੰਡਾਰ ਸਦਾ ਭਰਪੂਰੇ, ਦੇਂਦਿਆਂ ਤੋਟ ਕੋਇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੇ ਬਣਦੇ ਗਏ ਮਜ਼ਦੂਰੇ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਕਹੇ ਮੇਰੇ ਸਾਹਿਬ ਵਡ ਦੇਵੀ ਦੇਵਾ, ਦੇਵ ਆਤਮ ਤੇਰੀ ਮੰਗ ਮੰਗਾਈਆ । ਪੁਰਖ ਅਗੰਮੜੇ ਅਲਖ ਅਭੇਵਾ, ਅਗੋਚਰ ਤੇਰੀ ਇਕ ਸਰਨਾਈਆ । ਮਹੱਲ ਅਟਲ ਤੇਰਾ ਸਦਾ ਨਿਹਕੇਵਾ, ਨਿਹਚਲ ਬੈਠਾ ਡੇਰਾ ਲਾਈਆ । ਨਾਮ ਪਦਾਰਥ ਜਨ ਭਗਤਾਂ ਦੇਵੇ ਮੇਵਾ, ਫਲ ਇਕੋ ਇਕ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਚੁਕਾਈਆ । ਸਤਿ ਕਹੇ ਮੈਨੂੰ ਬਖ਼ਸ਼ ਸ਼ਾਂਤ, ਅਗਨੀ ਤਤ ਬੁਝਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਨਜ਼ਰੀ ਆਏ ਤੇਰਾ ਇਕ ਪਰਾਂਤ, ਦੂਜੀ ਵੰਡ ਨਾ ਕੋਇ ਵੰਡਾਈਆ । ਸਭ ਨੂੰ ਬਖ਼ਸ਼ ਅੰਮ੍ਰਿਤ ਬੂੰਦ ਸਵਾਂਤ, ਧੁਰ ਦੀ ਧਾਰ ਇਕ ਟਪਕਾਈਆ । ਤੇਰੇ ਪ੍ਰੇਮ ਦੀ ਮਿਲ ਕੇ ਕਰਨ ਬਾਤ, ਕੂੜੀ ਕਰੇ ਨਾ ਕੋਇ ਲੜਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਚੰਦ ਹੋਵੇ ਰੁਸ਼ਨਾਈਆ । ਭਿੰਨੜੀ ਰੈਣ ਬਦਲੇ ਪਰਭਾਤ, ਪਰਭਾਤੀ ਸੋਹਲਾ ਇਕੋ ਗਾਈਆ । ਗੁਰ ਅਵਤਾਰਾਂ ਪੂਰਾ ਹੋਏ ਵਾਕ, ਵਾਕਿਆ ਭਵਿਖਤ ਗਏ ਦ੍ਰਿੜਾਈਆ । ਸ੍ਰਿਸ਼ਟ ਸਬਾਈ ਬੱਝੇ ਨਾਤ, ਬਿਧਾਤਾ ਆਪਣਾ ਜੋੜ ਜੁੜਾਈਆ । ਪੁਰਖ ਅਕਾਲ ਨਜ਼ਰੀ ਆਏ ਪਿਤਾ ਮਾਤ, ਧੁਰ ਦਾ ਦਾਤਾ ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਦੇ ਖੁਲ੍ਹਾਈਆ । ਸਤਿ ਦਵਾਰ ਸਾਹਿਬ ਖੋਲ੍ਹ, ਖ਼ਾਲਕ ਖ਼ਲਕ ਤੇਰੀ ਓਟ ਤਕਾਈਆ । ਜਿਸ ਘਰ ਵਸੇਂ ਸਦਾ ਅਡੋਲ, ਡੁਲ ਕਦੇ ਨਾ ਜਾਈਆ । ਹਰਿਜਨ ਉਠਾ ਆਪਣੇ ਅਨਭੋਲ, ਭੋਲੇ ਭਾਲੇ ਗਲੇ ਲਗਾਈਆ । ਨਾਮ ਤਰਾਜ਼ੂ ਸਾਚੇ ਤੋਲ, ਕੰਡਾ ਇਕੋ ਹੱਥ ਉਠਾਈਆ । ਨਾਮ ਮਰਦੰਗਾ ਵਜਾ ਢੋਲ, ਦੋ ਜਹਾਨ ਲੈਣ ਅੰਗੜਾਈਆ । ਅੰਮ੍ਰਿਤ ਬਖ਼ਸ਼ ਸਾਚੀ ਪਾਹੁਲ, ਰਸ ਇਕੋ ਇਕ ਚਖਾਈਆ । ਗੋਬਿੰਦ ਨਾਲ ਕੀਤਾ ਕਰ ਪੂਰਾ ਕੌਲ, ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਭਾਗ ਲਗੇ ਉਪਰ ਧੌਲ, ਧਰਨੀ ਧਰਤ ਧਵਲ ਸੋਭਾ ਪਾਈਆ । ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਬੁਧੀ ਸਮਝ ਸਕੇ ਨਾ ਰਾਈਆ । ਜਨ ਭਗਤਾਂ ਵਸਣਾਂ ਸਦਾ ਕੋਲ, ਬੰਦ ਕਿਵਾੜੀ ਕੁੰਡਾ ਲਾਹੀਆ । ਨਿਰਗੁਣ ਹੋ ਕੇ ਜਾਣਾ ਮੌਲ, ਮੌਲਾ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਣੀ ਸਚ ਵਡਿਆਈਆ । ਸਤਿ ਕਹੇ ਮੈਂ ਤੇਰਾ ਪੁੱਤ, ਛੋਟਾ ਬਾਲਾ ਨੰਨ੍ਹਾਂ ਨਜ਼ਰੀ ਆਈਆ । ਤੂੰ ਮਿਹਰਵਾਨ ਹੋ ਸੁਹੌਣੀ ਮੇਰੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰੇ ਕੋਲ ਨਹੀਂ ਕੁਛ, ਸਭ ਕੁਛ ਤੇਰੀ ਝੋਲੀ ਮੈਨੂੰ ਨਜ਼ਰੀ ਆਈਆ । ਮੇਰੇ ਘਰ ਵਸਾ ਦੇ ਸਚ ਸੁਚ, ਜੂਠ ਝੂਠ ਪਰੇ ਹਟਾਈਆ । ਸਾਚੇ ਮੰਦਰ ਪੈਣਾ ਉਠ, ਨਿਰਗੁਣ ਨੂਰ ਕਰ ਰੁਸ਼ਨਾਈਆ । ਦਿਆਲ ਹੋ ਕੇ ਜਾਣਾ ਤੁਠ, ਮਿਹਰਵਾਨ ਹੋ ਕੇ ਸੇਵ ਕਮਾਈਆ । ਕਲਜੁਗ ਪੈਂਡਾ ਰਿਹਾ ਮੁਕ, ਅੰਤਮ ਮੇਰੀ ਵਾਰੀ ਮੈਨੂੰ ਨਜ਼ਰੀ ਆਈਆ । ਚਾਰੋਂ ਕੁੰਟ ਦਿਸੇ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਤਿ ਕਹੇ ਸੁਣ ਮੇਰੇ ਸੱਜਣ, ਗਹਿਰ ਗੰਭੀਰ ਤੂੰ ਹੀ ਨਜ਼ਰੀ ਆਇੰਦਾ । ਕਲਜੁਗ ਜੂਠੇ ਝੂਠੇ ਭਾਂਡੇ ਭੱਜਣ, ਸ਼ਬਦ ਠਠਿਆਰ ਵੇਖ ਵਖਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹਰਿ ਕਾ ਕਰੇ ਨਾ ਕੋਈ ਸਾਚਾ ਭਜਨ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਸਚ ਪ੍ਰੀਤੀ ਅੰਦਰ ਹੋਏ ਕੋਈ ਨਾ ਮਗਨ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਹਲਕਾਇੰਦਾ । ਕੂੜੀ ਕਿਰਿਆ ਲੱਗੀ ਅਗਨ, ਤਤਵ ਤਤ ਨਾ ਕੋਇ ਬੁਝਾਇੰਦਾ । ਮਿਲੇ ਮੇਲ ਨਾ ਗੋਪਾਲ ਮੂਰਤ ਮਦਨ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਸ੍ਰਿਸ਼ਟ ਸਬਾਈ ਚਾਰੋਂ ਕੁੰਟ ਦਿਸੇ ਨਗਨ, ਓਢਨ ਸੀਸ ਨਾ ਕੋਇ ਟਿਕਾਇੰਦਾ । ਦਹਿ ਦਿਸ਼ਾ ਉਠ ਉਠ ਸਾਰੇ ਭੱਜਣ, ਮਨ ਵਾਸਨਾ ਬੰਦ ਨਾ ਕੋਇ ਵਖਾਇੰਦਾ । ਨਾਮ ਨਿਧਾਨ ਚਾੜ੍ਹੇ ਨਾ ਕੋਇ ਰੰਗਣ, ਤਨ ਭਬੂਤੀ ਖ਼ਾਕ ਸਰਬ ਰਮਾਇੰਦਾ । ਸਾਚੀ ਗੋਦ ਲਏ ਕੋਈ ਨਾ ਅੰਗਨ, ਪਿਤਾ ਪੂਤ ਨਾ ਕੋਇ ਉਠਾਇੰਦਾ । ਮਸਤਕ ਟਿੱਕਾ ਲੱਗੇ ਨਾਮ ਨਾ ਚੰਦਨ, ਤ੍ਰਿਸੂਲੀ ਤੀਰ ਨਾ ਕੋਇ ਚਲਾਇੰਦਾ । ਪ੍ਰਭ ਚਰਨ ਕਵਲ ਸਾਚੀ ਕਰੇ ਕੋਈ ਨਾ ਬੰਦਨ, ਡੰਡੌਤ ਵਿਚ ਆਪਣਾ ਆਪ ਭੇਟ ਨਾ ਕੋਇ ਚੜ੍ਹਾਇੰਦਾ । ਜਗਤ ਵਾਸਨਾ ਸਾਰੇ ਮੰਗਣ, ਨਿਰਇਛਤ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਤਿਜੁਗ ਤੇਰਾ ਰਾਹ ਤਕਾਇੰਦਾ । ਸਤਿ ਕਹੇ ਮੇਰੇ ਅਕਾਲ ਪੁਰਖ, ਪੁਰਖੋਤਮ ਬੇਪਰਵਾਹੀਆ । ਨਾ ਕੋਈ ਸੋਗ ਨਾ ਕੋਈ ਹਰਖ਼, ਹਿਰਸ ਹਵਸ ਨਾ ਕੋਇ ਵਧਾਈਆ । ਠਾਕਰ ਹੋ ਕੇ ਅੰਤਮ ਪਰਖ, ਸਵਾਮੀ ਹੋ ਕੇ ਹੋ ਸਹਾਈਆ । ਨਿਰਗੁਣ ਹੋ ਕੇ ਦੇ ਦਰਸ, ਸਰਗੁਣ ਬੈਠਾ ਓਟ ਤਕਾਈਆ । ਤੇਰੀ ਚਾਲ ਅਗੰਮੀ ਮਟਕ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਕੋਟਾਂ ਵਿਚੋਂ ਗੁਰਮੁਖ ਲੱਭੇ ਭਗਤ, ਭਗਵਨ ਆਪੇ ਹੋ ਸਹਾਈਆ । ਦੇ ਵਡਿਆਈ ਵਿਚ ਜਗਤ, ਜਾਗਰਤ ਜੋਤ ਕਰੇਂ ਰੁਸ਼ਨਾਈਆ । ਅੰਤਰ ਆਤਮ ਪਰਮਾਤਮ ਦਰਸ, ਬ੍ਰਹਮ ਪਾਰਬ੍ਰਹਮ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟੇਂ ਕਟਕ, ਕਾਇਆ ਕੱਪੜਾ ਦਏਂ ਬਦਲਾਈਆ । ਜਗਤ ਵਿਕਾਰਾ ਦੇਵੇਂ ਝਟਕ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇਂ ਮਾਣ ਵਡਿਆਈਆ । ਸਤਿ ਕਹੇ ਤੂੰ ਸਾਹਿਬ ਸਾਬਰ, ਸਬਰ ਸਬੂਰੀ ਵਿਚ ਸਮਾਇੰਦਾ । ਜ਼ੋਰਾਵਰ ਧੁਰ ਦਾ ਜਾਬਰ, ਜਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਦਰ ਦੁਆਰ ਸੀਸ ਨਿਵਾਇੰਦਾ । ਤੂੰ ਕਰੀਮ ਕਰਤਾ ਕਾਦਰ, ਕੁਦਰਤ ਤੇਰਾ ਰੂਪ ਨਜ਼ਰੀ ਆਇੰਦਾ । ਤੂੰ ਆਦਿ ਜੁਗਾਦੀ ਲੱਖ ਚੁਰਾਸੀ ਬਣੇਂ ਸੌਦਾਗਰ, ਘਟ ਘਟ ਅੰਦਰ ਵਣਜ ਕਰਾਇੰਦਾ । ਤੂੰ ਲੇਖਾ ਜਾਣੇਂ ਕਾਇਆ ਗਾਗਰ, ਸਾਢੇ ਤਿੰਨ ਹੱਥ ਫੋਲ ਫਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਨਜ਼ਰੀ ਆਇੰਦਾ । ਸਤਿ ਕਹੇ ਤੇਰੀ ਮਿਹਰ ਨਜ਼ਰ, ਬੇਨਜ਼ੀਰ ਨਜ਼ਰੀ ਆਈਆ । ਤੇਰੀ ਰਹਿਮਤ ਸੱਚਾ ਫ਼ਜ਼ਲ, ਫ਼ੈਸਲਾ ਹਕ ਦਏ ਸੁਣਾਈਆ । ਪੀਰ ਪੈਗੰਬਰ ਗੁਰ ਅਵਤਾਰ ਮਿਲ ਕੇ ਗਾਵਣ ਇਕੋ ਗ਼ਜ਼ਲ, ਢੋਲਾ ਨਗਮਾ ਨਾਮ ਸੁਣਾਈਆ । ਸਭ ਦੀ ਦਿਸੇ ਸੱਚੀ ਮਨਜ਼ਲ, ਪਾਂਧੀ ਬੈਠੇ ਪੰਧ ਮੁਕਾਈਆ । ਪ੍ਰਭ ਕਲਜੁਗ ਕੂੜੀ ਕਿਰਿਆ ਦੇ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਤਖ਼ਤ ਨਿਵਾਸੀ ਕਰ ਅਦਲ, ਅਦਾਲਤ ਇਕੋ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਰਹੇ ਨਾ ਕੋਈ ਗਦਰ, ਜ਼ਾਤ ਪਾਤ ਨਾ ਕੋਇ ਲੜਾਈਆ । ਆਤਮ ਪਰਮਾਤਮ ਵੰਡੇ ਦਰਦ, ਦਰਦੀ ਹੋ ਕੇ ਦਰਵੇਸ਼ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਤਿ ਕਹੇ ਮੋਹੇ ਦੇਣਾ ਵਰ, ਜਿਸ ਵਿਚ ਤੇਰਾ ਰੂਪ ਨਜ਼ਰੀ ਆਈਆ । ਸਤਿ ਕਹੇ ਮੇਰੇ ਸਾਹਿਬ ਸਤਿ ਸੰਗੀ, ਦਰ ਤੇਰਾ ਨਜ਼ਰੀ ਆਈਆ । ਇਕੋ ਵਸਤ ਅਮੋਲਕ ਮੰਗੀ, ਘਰ ਠਾਂਡੇ ਝੋਲੀ ਡਾਹੀਆ । ਜਨ ਭਗਤਾਂ ਕੱਟ ਦੇ ਮਸ਼ਕੂਲ ਤੰਗੀ, ਮਸ਼ਕੂਰ ਹੋ ਕੇ ਸੇਵ ਕਮਾਈਆ । ਅੰਦਰ ਰਹੇ ਨਾ ਵਾਸਨਾ ਗੰਦੀ, ਸਚ ਸੁਗੰਧੀ ਦੇ ਭਰਾਈਆ । ਗੁਰਮੁਖ ਨਾਰ ਦਿਸੇ ਕੋਈ ਨਾ ਨੰਗੀ, ਸ਼ਬਦ ਦੋਸ਼ਾਲਾ ਓਢਨ ਇਕ ਸੁਹਾਈਆ । ਪ੍ਰੇਮ ਪਿਆਰ ਦੀ ਸੀਸ ਵੌਹਣੀ ਕੰਘੀ, ਦੁਰਮਤ ਮੈਲ ਧਵਾਈਆ । ਸਾਚਾ ਭੂਸ਼ਨ ਦੇਣਾ ਅੰਗੀ, ਬਸਤਰ ਇਕ ਪਹਿਨਾਈਆ । ਮਾਰਗ ਦੱਸਣਾ ਧੁਰ ਦੀ ਡੰਡੀ, ਅਧਵਿਚਕਾਰ ਨਾ ਕੋਇ ਅਟਕਾਈਆ । ਸੰਗੀ ਦਿਸੇ ਨਾ ਕੋਇ ਪਖੰਡੀ, ਕੂੜਾ ਸੱਜਣ ਨਜ਼ਰ ਕੋਇ ਨਾ ਆਈਆ । ਕਲਜੁਗ ਵਾਂਗ ਸਾਧਾਂ ਦੀ ਲੱਗੀ ਰਹੇ ਨਾ ਮੰਡੀ, ਪੁਰਖ ਅਕਾਲ ਇਕੋ ਤੇਰੀ ਓਟ ਤਕਾਈਆ । ਚਾਹੇ ਚੰਗੀ ਚਾਹੇ ਮੰਦੀ, ਗੁਰਮੁਖ ਨਾਰ ਲੈ ਪਰਨਾਈਆ । ਲੱਖ ਚੁਰਾਸੀ ਟੁੱਟੇ ਬੰਦੀ, ਬੰਦੀਖ਼ਾਨਾ ਦੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇਣਾ ਬਹਾਈਆ । ਸਤਿ ਕਹੇ ਤੇਰਾ ਘਰ ਸੁਹੰਜਣਾ, ਸੋਹਣਾ ਨਜ਼ਰੀ ਆਈਆ । ਦੀਪਕ ਜਗੇ ਆਦਿ ਨਿਰੰਜਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਪਰਮ ਪੁਰਖ ਮਿਲੇ ਸਾਚਾ ਸੱਜਣਾ, ਪਤਿਪਰਮੇਸ਼ਵਰ ਸਹਿਜ ਸੁਖਦਾਈਆ । ਨੇਤਰ ਪਾਵੇ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਦਾਤਾ ਹੋਵੇ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਨਾਮ ਚੜ੍ਹਾਏ ਆਪਣੀ ਰੰਗਨਾ, ਰੰਗ ਰੰਗੀਲਾ ਮਾਧਵ ਬੇਪਰਵਾਹੀਆ । ਸਚ ਵਜਾਏ ਸਤਿ ਮਰਦੰਗਨਾ, ਨਾਮ ਧੁਨ ਇਕ ਸ਼ਨਵਾਈਆ । ਕੂੜੀ ਕਿਰਿਆ ਡੇਰਾ ਭੱਜਣਾ, ਜੂਠ ਝੂਠ ਬੈਠੇ ਮੁਖ ਛੁਪਾਈਆ । ਭਗਤ ਭਗਵਾਨ ਸਚ ਦਵਾਰੇ ਬਹਿ ਬਹਿ ਸਜਣਾ, ਬਿਨ ਨੇਤਰ ਲੋਚਣ ਨੈਣ ਇਕ ਦੂਜੇ ਦਰਸ਼ਨ ਪਾਈਆ । ਬਿਨ ਮੱਕੇ ਕਾਅਬਿਉਂ ਕਰਨਾ ਹਜਨਾ, ਬਿਨ ਹੁਜਰਿਉਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਜੁਗ ਸਤਿ, ਜੁਗਤੀ ਦਿਆਂ ਜਣਾਈਆ । ਤੇਰਾ ਨਾਤਾ ਜੋੜ ਨਾਲ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਅੰਮ੍ਰਿਤ ਮੇਘ ਇਕੋ ਬਰਖ, ਅਗਨੀ ਤਤ ਬੁਝਾਈਆ । ਕੂੜੀ ਕਿਰਿਆ ਮੇਟ ਹਰਸ, ਸਾਂਤਕ ਸਤਿ ਦਏ ਵਰਤਾਈਆ । ਲੇਖ ਚੁਕਾ ਅਰਸ਼ ਫ਼ਰਸ਼, ਗਗਨ ਗਗਨੰਤਰ ਡੇਰਾ ਢਾਹੀਆ । ਤੇਰੇ ਉਤੇ ਰਹਿਮਤ ਕਰੇ ਤਰਸ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤ ਸ੍ਰੀ ਭਗਵਾਨ ਨਿਰਗੁਣ ਨਿਰਵੈਰ ਨਿਰਾਕਾਰ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਦਾ ਲੇਖਾ ਬੀਸ ਬਰਖ, ਇਕੀਸ ਹਰਖ਼ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸਤਿ ਧਰਮ ਦਏ ਲਗਾਈਆ । ਸਤਿਜੁਗ ਤੇਰਾ ਸਾਚਾ ਵਸੇ ਖੇੜਾ, ਹਰਿ ਖਿੜਕੀ ਆਪ ਖੁਲ੍ਹਾਇੰਦਾ । ਲੋਕਮਾਤ ਬੰਨ੍ਹੇ ਬੇੜਾ, ਫੜ ਆਪਣੇ ਕੰਧ ਉਠਾਇੰਦਾ । ਦੂਰ ਦੁਰਾਡਾ ਆਵੇ ਨੇਰਾ, ਨੇਰਨ ਨੇਰਾ ਹੋ ਕੇ ਨਜ਼ਰੀ ਆਇੰਦਾ । ਕੂੜੀ ਕਿਰਿਆ ਮੇਟੇ ਝੇੜਾ, ਸਚ ਸੁਚ ਝੋਲੀ ਪਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮਾਰਿਆ ਫੇਰਾ, ਜਗਤ ਫ਼ਰੇਬ ਨਾ ਕੋਇ ਜਣਾਇੰਦਾ । ਨਾਮ ਜਪਾ ਕੇ ਤੇਰਾ ਮੇਰਾ, ਸੋਹੰ ਢੋਲਾ ਇਕ ਸਮਝਾਇੰਦਾ । ਕਲਜੁਗ ਦੇ ਕੇ ਧੁਰ ਦਾ ਗੇੜਾ, ਚਾਰੋਂ ਕੁੰਟ ਆਪ ਭਵਾਇੰਦਾ । ਸਤਿਜੁਗ ਤੇਰੇ ਉਤੇ ਕਰ ਕੇ ਮਿਹਰਾ, ਮੁਹੱਬਤ ਆਪਣੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ

ਦੇਵੇ ਸਤਿ, ਹਰ ਘਟ ਉਪਜੇ ਬ੍ਰਹਮ ਮਤ, ਮਤ ਮਤਵਾਲੀ ਪੰਧ ਮੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਵੱਲ ਮਿਹਰ ਨਜ਼ਰ ਕਰ ਕੇ ਲਿਆ ਤੱਕ, ਤਿਸ ਦਾ ਤਖ਼ਤਾ ਜ਼ਿਮੀਂ ਅਸਮਾਨ ਨਾ ਕੋਇ ਉਲਟਾਇੰਦਾ ।

✪ ੨੨ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ ✪

੧੬੭ ਕਿਰਪਾ ਕਰੇ ਪੁਰਖ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿ ਪੁਰਖ ਨਿਰੰਜਣ ਮਿਹਰਵਾਨ, ਦੀਨ ਦਿਆਲ ਦਇਆ ਕਮਾਈਆ । ਦਰਸ ਦੀਦਾਰ ਭਗਤ ਭਗਵਾਨ, ਜਗਤ ਵਿਛੋੜਾ ਪੰਧ ਮੁਕਾਈਆ । ਗ੍ਰਿਹ ਸੁਹਾਏ ਸਚਖੰਡ ਮਕਾਨ, ਮਹੱਲ ਅਟਲ ਕਰੇ ਰੁਸ਼ਨਾਈਆ । ਦੀਆ ਬਾਤੀ ਜਗੇ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਨਾਦ ਸੱਚੀ ਧੁਨਕਾਨ, ਅਗੰਮੀ ਰਾਗ ਸੁਣਾਈਆ । ਕਿਰਪਾ ਕਰ ਨੌਜਵਾਨ, ਮਰਦ ਮਰਦਾਨਾ ਹੋਏ ਸਹਾਈਆ । ਲੇਖਾ ਜਾਣ ਜੀਵ ਨਾਦਾਨ, ਜਗਤ ਰੀਤੀ ਦਏ ਦ੍ਰਿੜਾਈਆ । ਅੰਤਰ ਆਤਮ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਰਸ ਅੰਮ੍ਰਿਤ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਮਾਰ ਧਿਆਨ, ਨੇਤਰ ਲੋਚਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਖੇਲ ਸ੍ਰੀ ਭਗਵੰਤ, ਹਰਿ ਕਰਤਾ ਆਪ ਕਰਾਇੰਦਾ । ਮੇਲ ਮਿਲਾਵਾ ਹਰਿਜਨ ਸਾਚੇ ਸੰਤ, ਸਾਹਿਬ ਸਤਿਗੁਰ ਗੋਦ ਉਠਾਇੰਦਾ । ਨਾਤਾ ਜੋੜ ਧੁਰ ਦਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਅੰਤਰ ਦੇ ਕੇ ਆਪਣਾ ਮੰਤ, ਸਾਚੀ ਸਿਖਿਆ ਇਕ ਸਮਝਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਸਮਝਾਇੰਦਾ । ਲੇਖ ਚੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਇੰਦਾ । ਸਚ ਦਵਾਰ ਬਣਾ ਕੇ ਬਣਤ, ਘੜਣ ਭੰਨਣਹਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸ਼ਬਦ ਪਿਆਰ, ਹਰਿ ਸਤਿਗੁਰ ਆਪ ਜਣਾਈਆ । ਨਿਜ ਨੇਤਰ ਗੁਰਮੁਖ ਕਰ ਦੀਦਾਰ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਕਾਇਆ ਮਾਟੀ ਖੋਲ੍ਹ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਰਾਗ ਸੁਣਾਏ ਅਗੰਮੀ ਧਾਰ, ਤਾਲ ਤਲਵਾੜਾ ਇਕ ਜਣਾਈਆ । ਕਰ ਪਰਕਾਸ਼ ਬਹੱਤਰ ਨਾੜ, ਨੂਰ ਜ਼ਹੂਰ ਦਏ ਦਰਸਾਈਆ । ਭਾਗ ਲਗਾ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਖੋਜ ਖੋਜਾਈਆ । ਖੁਸ਼ੀਆਂ ਨਾਲ ਤੱਕਣ ਗੁਰੂ ਅਵਤਾਰ, ਪੀਰ ਪੈਗ਼ੰਬਰ ਵੇਖ ਵਖਾਈਆ । ਨਿਉਂ ਨਿਉਂ ਸੱਜਦੇ ਕਰਨ ਸੱਚੀ ਸਰਕਾਰ, ਦੋਏ ਜੋੜ ਜੋੜ ਸਰਨਾਈਆ । ਉਚੀ ਬੋਲਣ ਸਤਿ ਜੈਕਾਰ, ਤੂੰ ਹੀ ਤੂੰ ਰਾਗ ਅਲਾਹੀਆ । ਦੋ ਜਹਾਨਾਂ ਕਰਨ ਖ਼ਬਰਦਾਰ, ਬ੍ਰਹਿਮੰਡ ਖੰਡ ਰਹੇ ਹਿਲਾਈਆ । ਕਰੋੜ ਤੇਤੀਸਾ ਦਏ ਹੁਲਾਰ, ਸੁਰਪਤ ਇੰਦ ਬੂਝ ਬੁਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰਿਆ ਵਿਚ ਸੰਸਾਰ, ਲੋਕਮਾਤ ਫੇਰਾ ਪਾਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਵੱਡੀ ਵਡਿਆਈਆ । ਸਚ ਸੰਦੇਸਾ ਦੇਵੇ ਆਣ, ਧੁਰ ਦਾ ਰਾਗ ਜਣਾਈਆ । ਨਰ ਨਰੇਸ਼ਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਗਿਆਨ, ਖਾਣੀ ਬਾਣੀ ਢੋਲਾ

ਰਹੀ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭਗਤਨ ਦੇਵੇ ਆਪ ਪਹਿਚਾਨ, ਜਿਸ ਪਹਿਚਾਨ ਵਿਚੋਂ ਆਪਣਾ ਦਰਸ ਦਏ ਦਿਖਾਈਆ । ਭਗਤ ਭਗਵਾਨ ਧੁਰ ਦਾ ਦਰਸ, ਅਨਡਿਠੜੀ ਧਾਰ ਜਣਾਇੰਦਾ । ਜਨਮ ਜਨਮ ਦੀ ਮੇਟ ਹਰਸ, ਦੂਈ ਦਵੈਤੀ ਪੰਧ ਮੁਕਾਇੰਦਾ । ਲੈਣਾ ਚੁਕਾ ਅਰਸ਼ ਫ਼ਰਸ਼, ਸਾਚਾ ਮੰਦਰ ਇਕ ਸੁਹਾਇੰਦਾ । ਜਨਮ ਕਰਮ ਦੀ ਮੇਟ ਹਰਸ, ਮਿਹਰ ਨਜ਼ਰ ਇਕ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਦਸੇ ਅਸਚਰਜ, ਅਚਰਜ ਲੀਲਾ ਆਪ ਜਣਾਇੰਦਾ । ਸਾਚਾ ਦਰਸ ਪੁਰਖ ਸਮਰਥ, ਦੀਦਾਰ ਇਕੋ ਨਜ਼ਰੀ ਆਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਮਿਲੇ ਅੱਖ, ਜਿਸ ਨੇਤਰ ਇਕ ਖੁਲ੍ਹਾਈਆ । ਨਜ਼ਰੀ ਆਏ ਸਾਹਿਬ ਪ੍ਰਤਖ, ਸਾਖਿਆਤ ਬੇਪਰਵਾਹੀਆ । ਘਰ ਮੰਦਰ ਖੁਲ੍ਹੇ ਹੱਟ, ਗ੍ਰਿਹਿ ਵੱਜੇ ਨਾਮ ਵਧਾਈਆ । ਦੀਆ ਬਾਤੀ ਜਗੇ ਲਟ ਲਟ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਗੰਮੀ ਵੱਜੇ ਸੱਟ, ਸੋਈ ਸੁਰਤੀ ਦਏ ਉਠਾਈਆ । ਦੁਰਮਤ ਮੈਲ ਦੇਵੇ ਕੱਟ, ਉਜਲ ਮੁਖ ਆਪ ਵਖਾਈਆ । ਲੇਖੇ ਲਾਏ ਰਤੀ ਰਤ, ਰੁੱਤ ਰੁਤੜੀ ਆਪ ਮਹਿਕਾਈਆ । ਸਾਚੀ ਦੇ ਕੇ ਬ੍ਰਹਮ ਮਤ, ਚੌਦਾਂ ਵਿਦਿਆ ਪੰਧ ਮੁਕਾਈਆ । ਝੋਲੀ ਪਾਏ ਧੁਰ ਦਾ ਹਕ, ਸਚ ਹਕੀਕਤ ਦਏ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਬਦਲ ਆਪ ਕਰਵਟ, ਸਨਮੁਖ ਹੋ ਕੇ ਨਜ਼ਰੀ ਆਈਆ । ਦੂਰ ਦੁਰਾਡਾ ਨੇਰਨ ਨੇਰਾ ਆਵੇ ਨੱਠ, ਦੋ ਜਹਾਨਾਂ ਪੰਧ ਮੁਕਾਈਆ । ਜਨ ਭਗਤ ਸੁਹੇਲਾ ਇਕੋ ਦੇਵੇ ਅੰਤਰ ਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਚ ਦੀਦਾਰ ਗੁਰ ਸ਼ਬਦੀ ਦੀਦ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਮੰਦਰ ਅੰਦਰ ਸਾਚੇ ਕਾਅਬੇ ਇਕੋ ਈਦ, ਮਹਿਰਾਬ ਮਹੱਲ ਅੱਟਲ ਇਕ ਸੁਹਾਇੰਦਾ । ਨਗਮਾ ਨਾਮ ਨਿਧਾਨ ਪੈਗ਼ਾਮ ਸੱਚਾ ਗੀਤ, ਰਹਿਬਰ ਹੋ ਕੇ ਆਪ ਜਣਾਇੰਦਾ । ਸਤਿ ਸਵਾਮੀ ਸਚ ਅਤੀਤ, ਤ੍ਰੈ ਗੁਣ ਲੇਖਾ ਪੰਧ ਮੁਕਾਇੰਦਾ । ਭਗਤ ਭਗਵਾਨ ਦੀ ਵੱਖਰੀ ਰੀਤ, ਮਨ ਮਤ ਬੁੱਧ ਸਮਝ ਨਾ ਕੋਇ ਰਖਾਇੰਦਾ । ਵੇਖਣਹਾਰਾ ਊਚ ਨੀਚ, ਰਾਓ ਰੰਕ ਖੋਜ ਖੋਜਾਇੰਦਾ । ਬਿਨ ਸਾਚੇ ਸੰਤ ਕਿਸੇ ਅੰਦਰ ਲੰਘੇ ਨਾ ਕੋਇ ਦਹਿਲੀਜ਼, ਨੌ ਦਵਾਰ ਪੰਧ ਨਾ ਕੋਇ ਮੁਕਾਇੰਦਾ । ਜਨ ਭਗਤਾਂ ਜੁਗ ਜੁਗ ਕਰਾਏ ਰੀਝ, ਸਮਰਥ ਪੁਰਖ ਮਹਿਮਾ ਅਕਥ ਆਪ ਦ੍ਰਿੜਾਇੰਦਾ । ਸਾਚਾ ਕਲਮਾ ਦੱਸੇ ਇਕ ਹਦੀਸ, ਨਾਮ ਇਕੋ ਇਕ ਸਮਝਾਇੰਦਾ । ਛਤਰ ਵਖਾਵੇ ਸਾਚੇ ਸੀਸ, ਦੂਜਾ ਇਸ਼ਟ ਨਾ ਕੋਇ ਦ੍ਰਿੜਾਇੰਦਾ । ਪਰਮ ਪੁਰਖ ਪਰਮਾਤਮ ਆਤਮ ਨਾਲ ਲਾ ਕੇ ਪ੍ਰੀਤ, ਪ੍ਰੀਤੀਵਾਨ ਵੇਖ ਵਖਾਇੰਦਾ । ਜਨ ਭਗਤਾਂ ਕਾਇਆ ਮੰਦਰ ਵਖਾਏ ਸਚ ਮਸੀਤ, ਗੁਰੂਦਵਾਰਾ ਇਕੋ ਇਕ ਵਡਿਆਇੰਦਾ । ਜਿਸ ਘਰ ਸਵਾਮੀ ਬੈਠਾ ਰਹੇ ਬੀਠਲੋ ਬੀਠ, ਦਿਵਸ ਰੈਣ ਅੱਠੇ ਪਹਿਰ ਘੜੀ ਪਲ ਵੰਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਸਚ ਦੀਦਾਰ ਆਤਮ ਅੰਤਰ, ਜਨ ਭਗਤ ਭਗਵਾਨ ਆਪ ਕਰਾਇੰਦਾ । ਕੂੜੀ ਕਿਰਿਆ ਬੁਝਾ ਬਸੰਤਰ, ਅਗਨੀ ਤਤ ਗੁਆਈਆ । ਨਾਉਂ ਨਿਰੰਕਾਰਾ ਦੱਸ ਕੇ ਇਕੋ ਮੰਤਰ, ਮੰਤਵ ਸਾਚਾ ਹਲ ਕਰਾਈਆ । ਜੋਤ ਜਗਾ ਕੇ ਬ੍ਰਹਮ ਨਿਰੰਤਰ, ਨਿਰਵੈਰ ਖ਼ੁਸ਼ੀ ਜਣਾਈਆ । ਪੰਧ ਮੁਕਾ ਕੇ ਗਗਨ ਗਗਨੰਤਰ, ਪੁਰੀ ਲੋਅ ਆਕਾਸ਼ ਚਰਨਾਂ ਹੇਠ ਰਖਾਈਆ । ਸਚ ਦਵਾਰੇ ਚਾੜ੍ਹ ਆਪਣੀ ਮੰਜ਼ਲ, ਬੰਕ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਜਨ ਭਗਤਾਂ ਦਏ ਵਡਿਆਈਆ । ਜਨ ਭਗਤ

੧੬੮ ੧੨

ਦੀਦਾਰ ਸਤਿਗੁਰ ਸਤਿ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਕੇ ਵਸ, ਏਕੰਕਾਰ ਰੰਗ ਚੜ੍ਹਾਇੰਦਾ । ਆਦਿ ਨਿਰੰਜਣ ਜੋਤ ਪਰਕਾਸ਼, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਹੋ ਕੇ ਸਾਥ, ਦੋ ਜਹਾਨਾਂ ਸੰਗ ਵਖਾਇੰਦਾ । ਸ੍ਰੀ ਭਗਵਾਨ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਕਮਲਾਪਾਤ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਬ੍ਰਹਮ ਲੇਖਾ ਜਾਣੇ ਆਪਣੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਨਿਰਗੁਣ ਸਤਿਗੁਰ ਵੇਖੇ ਖੇਲ ਤਮਾਸ਼, ਖ਼ਾਲਕ ਆਪਣਾ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਭਗਤ ਲੱਭੇ ਸਚ ਜਮਾਤ, ਜਿਨ੍ਹਾਂ ਅੱਖਰ ਇਕ ਪੜ੍ਹਾਇੰਦਾ । ਲੇਖਾ ਚੁੱਕੇ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਵੰਡ ਵੰਡਾਇੰਦਾ । ਅੰਤਰ ਆਤਮ ਦੇ ਕੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਸਚ ਸੁਨੇਹੜਾ ਜਾਏ ਆਖ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਸਾਚਾ ਮੰਤਰ ਦੱਸੇ ਪਾਠ, ਪੂਜਾ ਸਿਮਰਨ ਇਕੋ ਵਾਰ ਸਮਝਾਇੰਦਾ । ਸਚ ਸਰੋਵਰ ਤੀਰਥ ਨੁਹਾਏ ਤਾਟ, ਜਲ ਧਾਰਾ ਇਕ ਵਹਾਇੰਦਾ । ਬੋਧ ਅਗਾਧ ਸ਼ਬਦ ਅਨਾਦ ਧੁਨ ਆਤਮਕ ਸੁਣਾਏ ਰਾਗ, ਰਾਗ ਰਾਗਣੀ ਨੈਣ ਸ਼ਰਮਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਰੇ ਤਿਆਗ, ਨਾਤਾ ਸਚ ਸੁਚ ਆਪ ਬੰਧਾਇੰਦਾ । ਜੂਠ ਝੂਠ ਕੂੜੀ ਬੁਧੀ ਰਹੇ ਨਾ ਕਾਗ, ਕਾਗ ਹੰਸ ਰੂਪ ਵਟਾਇੰਦਾ । ਤ੍ਰੈਗੁਣ ਮਾਇਆ ਡੱਸੇ ਨਾ ਡੱਸਣੀ ਨਾਗ, ਸ਼ਬਦ ਖੰਡਾ ਹੱਥ ਫੜਾਇੰਦਾ । ਬਿਰਹੋਂ ਵਿਛੋੜੇ ਅੰਦਰ ਉਪਜੇ ਇਕ ਵੈਰਾਗ, ਗੁਰਮੁਖ ਵੈਰਾਗੀ ਸੱਚਾ ਨਜ਼ਰੀ ਆਇੰਦਾ । ਜਿਸ ਦੀ ਸੋਈ ਸੁਰਤੀ ਗਈ ਜਾਗ, ਸੋ ਜਾਗਰਤ ਦਿਸ਼ਾ ਭਗਵਨ ਆਪਣੇ ਦਰਸ਼ਨ ਪਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਕੂੜੀ ਕਿਰਿਆ ਪਰੇ ਹਟਾਇੰਦਾ । ਲੇਖੇ ਲਾਏ ਕਾਇਆ ਮਾਟੀ ਪੰਜ ਤਤ ਕਾਇਆ ਹਾਟ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਦਰਸ ਕਰਾਇੰਦਾ । ਭਗਤ ਦੀਦਾਰ ਕਰੇ ਘਰ ਸਾਚੇ, ਸਚ ਮਿਲੇ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਰਾਤੇ, ਰੰਗ ਰਤੜਾ ਮਿਲੇ ਮਾਹੀਆ । ਜਿਸ ਦੀ ਬ੍ਰਹਮ ਉਪਜਿਆ ਜ਼ਾਤੇ, ਸੋ ਪਾਰਬ੍ਰਹਮ ਮਿਲਾਈਆ । ਥਿਰ ਘਰ ਵੇਖੇ ਸਾਰੇ ਗਾਥੇ, ਗਹਿਰ ਗੰਭੀਰ ਕਰੇ ਪੜ੍ਹਾਈਆ । ਸਾਚਾ ਨਾਮ ਗੁਰਮੁਖ ਵਿਰਲਾ ਵਾਚੇ, ਹਿਰਦੇ ਹਰਿ ਵਸਾਈਆ । ਲੱਖ ਚੁਰਾਸੀ ਭਾਂਡੇ ਕਾਚੇ, ਤਤਵ ਤਤ ਕਰੇ ਲੜਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਵਿਰਲਾ ਵੜੇ ਸਤਿਗੁਰ ਹਾਤੇ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਕਰ ਬੰਦਨਾ ਤੂੰ ਮੇਰਾ ਮੈਂ ਤੇਰਾ ਸਾਚਾ ਸ਼ਬਦ ਇਕੋ ਆਖੇ, ਆਖਰ ਆਪਣਾ ਆਪ ਤਜਾਈਆ । ਪਤਿਪਰਮੇਸ਼ਵਰ ਸਾਹਿਬ ਸਤਿਗੁਰ ਪਤ ਆਪ ਰਾਖੇ, ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦੇ ਪੂਰੇ ਕਰੇ ਘਾਟੇ, ਵਸਤ ਅਮੋਲਕ ਨਾਮ ਝੋਲੀ ਪਾਈਆ । ਅੰਤਮ ਮੰਜ਼ਲ ਰਹੇ ਨਾ ਅਧਵਾਟੇ, ਰਾਹ ਵਿਚ ਨਾ ਕੋਇ ਅਟਕਾਈਆ । ਜਨ ਭਗਤ ਵਿਸ਼ਨ ਬ੍ਰਹਮਾ ਸ਼ਿਵ ਟੇਕਣ ਮਾਥੇ, ਦੋਏ ਜੋੜ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਖੇਲ ਪੁਰਖ ਸਮਰਾਥੇ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੀਦਾਰ ਦਏ ਜਣਾਈਆ । ਪ੍ਰਭ ਦੀਦਾਰ ਸੱਚਾ ਦਰਦ, ਹਰਿ ਦਰਦੀਆਂ ਦਰਦ ਵੰਡਾਇੰਦਾ । ਸੋ ਗੁਰਮੁਖ ਜੋਧਾ ਸੂਰਬੀਰ ਮਰਦ, ਮਰਦ ਮਰਦਾਨਾ ਆਪਣੇ ਨਾਲ ਮਿਲਾਇੰਦਾ । ਕੂੜੀ ਕਿਰਿਆ ਕਲਜੁਗ ਦੇਵੇ ਵਰਜ, ਮਾਇਆ ਮਮਤਾ ਮੋਹ ਚੁਕਾਇੰਦਾ । ਮਾਣਸ ਜਨਮ ਪੁੱਠੀ ਕਦੇ ਨਾ ਪਵੇ ਨਰਦ, ਹਾਰ ਜਿੱਤ ਵਿਚ ਪਰਗਟਾਇੰਦਾ । ਜਨ ਭਗਤਾਂ ਪਿਛੇ ਪੂਰਾ ਕਰੇ ਫ਼ਰਜ਼,

ਨਿਰਗੁਣ ਸਰਗੁਣ ਹੋ ਕੇ ਫੇਰਾ ਪਾਇੰਦਾ । ਇਹੋ ਖੇਲ ਸਦਾ ਅਸਚਰਜ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਨਮੁਖ ਆਪਣਾ ਰੂਪ ਦਰਸਾਇੰਦਾ । ਜਨ ਭਗਤ ਦੀਦਾਰ ਕਰੇ ਪ੍ਰਭ ਏਕਾ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਜੁਗ ਚੌਕੜੀ ਜਿਸ ਦੀ ਟੇਕਾ, ਦੋ ਜਹਾਨ ਸੀਸ ਨਿਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਲੇਖਾ, ਕਲਮ ਸ਼ਾਹੀ ਮਿਲੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਬਣ ਕੇ ਆਉਂਦੇ ਰਹੇ ਨੇਤਾ, ਨਿਜ ਨੇਤਰ ਦਰਸ਼ਨ ਪਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਪਿਛੇ ਜੁਗ ਜੁਗ ਧਾਰੇ ਭੇਖਾ, ਨਿਰਗੁਣ ਸਰਗੁਣ ਭੇਸ ਵਟਾਈਆ । ਕਲਜੁਗ ਅੰਤ ਪੂਰਬ ਭੁੱਲਿਆ ਅਜੇ ਨਾ ਚੇਤਾ, ਚੇਤਨ ਹੋ ਕੇ ਰਿਹਾ ਜਗਾਈਆ । ਸੰਤ ਸੁਹੇਲਾ ਸਾਚਾ ਬੇਟਾ, ਪਿਤਾ ਪੂਤ ਗੋਦ ਉਠਾਈਆ । ਸਤਿਗੁਰ ਬਣ ਕੇ ਖੇਵਟ ਖੇਟਾ, ਬੇੜਾ ਆਪਣੇ ਕੰਧ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਦਾਰ ਜਿਨ੍ਹਾਂ ਦਰਸਾਈਆ । ਸਚ ਦੀਦਾਰ ਜਿਨ੍ਹਾਂ ਜਗ ਪਾਇਆ, ਅੰਤਰ ਵੱਜੀ ਨਾਮ ਵਧਾਈਆ । ਤ੍ਰੈਗੁਣ ਮਾਇਆ ਪੜਦਾ ਲਾਹਿਆ, ਪੰਜ ਤਤ ਨਾ ਕਰੇ ਲੜਾਈਆ ਹਉਮੇ ਹੰਗਤਾ ਰੋਗ ਗਵਾਇਆ, ਮਾਇਆ ਮਮਤਾ ਪਰੇ ਹਟਾਈਆ । ਸਾਚਾ ਮੰਗਤਾ ਬਣ ਕੇ ਦਰ ਤੇ ਆਇਆ, ਖ਼ਾਲੀ ਝੋਲੀ ਲਏ ਭਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਸਵਾਮੀ ਅੰਤਰਜਾਮੀ ਸਾਚੀ ਬਣਤਾ ਦਏ ਬਣਾਇਆ, ਘੜਨ ਭੰਨਣਹਾਰ ਇਕ ਅਖਵਾਈਆ । ਸੁਰਤ ਸਵਾਣੀ ਸ਼ਬਦ ਹਾਣੀ ਧੁਰ ਦਾ ਕੰਤ ਦਏ ਮਿਲਾਇਆ, ਆਤਮ ਸੇਜਾ ਸੋਭਾ ਪਾਈਆ । ਮੰਗਲ ਗੀਤ ਰਾਗ ਅਗੰਮੀ ਇਕ ਸੁਣਾਇਆ, ਕਾਇਆ ਠਾਂਡੀ ਸੀਤ ਕਰਾਈਆ । ਤ੍ਰੈਗੁਣ ਅਗਨੀ ਤਤ ਨਾ ਕੋਇ ਜਲਾਇਆ, ਏਥੇ ਓਥੇ ਹੋਏ ਸਹਾਈਆ । ਲੱਖ ਚੁਰਾਸੀ ਪੰਧ ਮੁਕਾਇਆ, ਜਮ ਕੀ ਫਾਂਸੀ ਦਏ ਤੁੜਾਈਆ । ਮਾਤ ਗਰਭ ਨਾ ਡੇਰਾ ਲਾਇਆ, ਦਸ ਦਸ ਮਾਸ ਨਾ ਅਗਨ ਤਪਾਈਆ । ਕੁੰਭੀ ਨਰਕ ਨਾ ਕੋਇ ਭਵਾਇਆ, ਚਿਤ੍ਰਗੁਪਤ ਨਾ ਲੇਖ ਵਖਾਈਆ । ਰਾਏ ਧਰਮ ਨਾ ਦਏ ਸਜ਼ਾਇਆ, ਲਾੜੀ ਮੌਤ ਨਾ ਅੰਤ ਪਰਨਾਈਆ । ਜਿਨ੍ਹਾਂ ਸਾਹਿਬ ਸਤਿਗੁਰ ਸੱਚੇ ਦਰਸ਼ਨ ਪਾਇਆ, ਏਥੇ ਓਥੇ ਦੋ ਜਹਾਨ ਸਚਖੰਡ ਦਵਾਰੇ ਵੱਜੇ ਇਕ ਵਧਾਈਆ । ਦੀਦਾਰ ਕੀਤਾ ਜਿਸ ਪੁਰਖ ਅਗੰਮ, ਅਗੰਮੜੀ ਖੇਲ ਕਰਾਇੰਦਾ । ਲੇਖੇ ਲਾਵੇ ਪਵਣ ਸਵਾਸੀ ਦਮ, ਸਾਹ ਸਾਹ ਖੋਜ ਖੋਜਾਇੰਦਾ । ਲਹਿਣਾ ਦੇਣਾ ਚੁਕਾਏ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਡੇਰਾ ਢਾਇੰਦਾ । ਸਾਚਾ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਇੰਦਾ । ਭਗਤ ਭਗਵਾਨ ਚਾੜ੍ਹੇ ਚੰਨ, ਚੰਦ ਚਾਂਦਨਾ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਦਾਰ ਇਕੋ ਇਕ ਕਰਾਇੰਦਾ । ਸਚ ਦੀਦਾਰ ਜਗਤ ਜੁਗ ਕਰਨਾ, ਸਤਿਗੁਰ ਦੇਵਣਹਾਰ ਵਡਿਆਈਆ । ਗੁਰਮੁਖ ਖੁਲ੍ਹੇ ਹਰਨਾ ਫਰਨਾ, ਘਰ ਬੈਠਿਆਂ ਦੋ ਜਹਾਨ ਵਾਲੀ ਨਜ਼ਰੀ ਆਈਆ । ਅੰਤਮ ਚੁੱਕੇ ਮਰਨਾ ਡਰਨਾ, ਆਵਣ ਜਾਵਣ ਰਹਿਣ ਨਾ ਪਾਈਆ । ਲੇਖਾ ਮੁਕੇ ਵਰਨਾਂ ਬਰਨਾਂ, ਚਾਰ ਅਠਾਰਾਂ ਨਾ ਕੋਇ ਲੜਾਈਆ । ਪਰਮ ਪੁਰਖ ਦੀ ਸਾਚੀ ਸਰਨਾ, ਸਰਨਗਤ ਇਕ ਸਮਝਾਈਆ । ਪੱਲੂ ਪਰਮਾਤਮ ਇਕੋ ਫੜਨਾ, ਜੋ ਤੁਟੀ ਗੰਢ ਬੰਧਾਈਆ । ਸਾਚੀ ਮੰਜ਼ਲ ਪੌੜੇ ਚੜ੍ਹਨਾ, ਅਧਵਿਚਕਾਰ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਪੜ੍ਹਨਾ, ਸੋਹੰ ਰਾਗ ਅਲਾਈਆ । ਸਚ ਦਵਾਰੇ ਸਾਚੇ ਵੜਨਾ, ਜਿਸ ਘਰ ਬੈਠਾ ਬੇਪਰਵਾਹੀਆ । ਨੇਤਰ

੧੭੦

ਲੋਚਣ ਨੈਣ ਬਿਨਾ ਦਰਸ਼ਨ ਕਰਨਾ, ਜੋਤੀ ਜੋਤ ਜੋਤ ਡਗਮਗਾਈਆ । ਉਸ ਸਾਹਿਬ ਦੀ ਸਰਨੀ ਪੜਨਾ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਮਝ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੀਦਾਰ ਦਏ ਵਖਾਈਆ । ਦਰਸ ਦੀਦਾਰ ਜੋ ਜਨ ਕਰਦਾ, ਸਚ ਦਵਾਰੇ ਸੀਸ ਨਿਵਾਈਆ । ਆਦਿ ਜੁਗਾਦਿ ਕਦੇ ਨਾ ਮਰਦਾ, ਜੁਗ ਚੌਕੜੀ ਦੇਵੇ ਨਾ ਕੋਇ ਸਜ਼ਾਈਆ । ਨਿਰਭੈ ਹੋ ਕਦੇ ਨਾ ਡਰਦਾ, ਭੌ ਸੀਸ ਨਾ ਕੋਇ ਰਖਾਈਆ । ਦੂਜੇ ਦਰ ਨਾ ਹੋਵੇ ਬਰਦਾ, ਪੁਰਖ ਮੰਨੇ ਇਕੋ ਬੇਪਰਵਾਹੀਆ । ਲੱਖ ਚੁਰਾਸੀ ਕੋਲੋਂ ਕਦੇ ਨਾ ਹਰਦਾ, ਜਿੱਤ ਆਪਣੀ ਗੰਢ ਬੰਧਾਈਆ । ਮੰਜ਼ਲ ਇਕ ਅਗੰਮੀ ਚੜ੍ਹਦਾ, ਜਿਸ ਦਾ ਰਹਿਬਰ ਨੂਰ ਖ਼ੁਦਾਈਆ । ਕਲਮਾ ਮਹਿਬੂਬ ਇਕੋ ਪੜ੍ਹਦਾ, ਮੁਹੱਬਤ ਜਿਸ ਦੇ ਨਾਲ ਰਖਾਈਆ । ਦਰਗਾਹ ਸਾਚੀ ਵੜਦਾ, ਮੁਕਾਮੇ ਹਕ ਸੋਭਾ ਪਾਈਆ । ਜਿਥੇ ਨੂਰ ਪਰਕਾਸ਼ ਇਕੋ ਕਰਦਾ, ਤਖ਼ਤ ਬਤਖ਼ਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਦਾਰ ਦਏ ਵਖਾਈਆ । ਸਚ ਦੀਦਾਰ ਤੇਰਾ ਪ੍ਰਭ ਯਾਰ, ਇਕੋ ਇਕ ਨਜ਼ਰੀ ਆਈਆ । ਜਿਸ ਦੇ ਨਾਲ ਅਗੰਮੀ ਕਰੀਏ ਗੁਫ਼ਤਾਰ, ਬਾਤਨ ਵੇਖ ਖ਼ੁਸ਼ੀ ਮਨਾਈਆ । ਨਾ ਕੋਈ ਤਬਲਾ ਤੰਦ ਦਿਸੇ ਸਤਾਰ, ਸਾਰੰਗ ਹੱਥ ਨਾ ਕੋਇ ਉਠਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਬੋਲੇ ਜੈਕਾਰ, ਰਾਗ ਰਾਗਨੀ ਨਾ ਕੋਇ ਵਡਿਆਈਆ । ਸਚ ਮਹਿਰਾਬੇ ਵਡ ਨਵਾਬੇ ਤੇਰਾ ਦਰਸ ਅਪਾਰ, ਜਲਵਾਗਰ ਤੇਰੀ ਰੁਸ਼ਨਾਈਆ । ਤੂੰ ਪਰਵਰਦਿਗਾਰ, ਮਿਹਰਵਾਨ ਬੇਪਰਵਾਹੀਆ । ਮੈਂ ਤੇਰੇ ਕਰਕੇ ਦਰਸ ਦੀਦਾਰ, ਤੇਰਾ ਹੁਜਰਾ ਦਿਤਾ ਸੁਹਾਈਆ । ਪੀਰ ਪੈਗ਼ੰਬਰ ਦੇਖਣ ਨਜ਼ਰ ਉਠਾਣ, ਈਸਾ ਮੂਸਾ ਮੁਹੰਮਦ ਧਿਆਨ ਲਗਾਈਆ । ਚੌਦਾਂ ਤਬਕ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਇਹ ਕੀ ਖੇਲ ਕਰੇ ਭਗਵਾਨ, ਜਨ ਭਗਤਾਂ ਦਏ ਵਡਿਆਈਆ । ਕਲਜੁਗ ਸਿੱਧਾ ਮਿਲਿਆ ਆਣ, ਸਾਡੀ ਲੋੜ ਰਹੇ ਨਾ ਰਾਈਆ । ਮਸਲਾ ਪੜ੍ਹਿਆ ਨਾ ਕੋਈ ਕੁਰਾਨ, ਕਾਇਆ ਕਾਅਬਾ ਖੋਜ ਖੋਜਾਈਆ । ਨਜ਼ਰੀ ਆਇਆ ਇਕ ਅਮਾਮ, ਜੋ ਪੈਗ਼ਾਮ ਰਿਹਾ ਸੁਣਾਈਆ । ਉਸਦਾ ਵੇਖ ਕੇ ਸਚ ਨਿਸ਼ਾਨ, ਮੁਰਸ਼ਦ ਮੁਰੀਦ ਦੋਵੇਂ ਖ਼ੁਸ਼ੀ ਮਨਾਈਆ । ਸਾਚੀ ਮੰਜ਼ਲ ਹੋਈ ਆਸਾਨ, ਪਾਂਧੀ ਬਣਕੇ ਪੰਧ ਮੁਕਾਈਆ । ਅਲਫ਼ ਯੇ ਰਿਹਾ ਨਾ ਕੋਈ ਗਾਨ, ਬਿਨ ਹਰਫ਼ੋਂ ਕਰੇ ਪੜ੍ਹਾਈਆ । ਤੁਆਰਫ਼ ਦੱਸੇ ਨਾ ਕੋਈ ਜਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਗਤਾਂ ਮਿਲਿਆ ਭਗਵਨ ਆਣ, ਭਾਂਡਾ ਭਰਮ ਭਉ ਭੰਨਾਈਆ । ਦਾਤਾ ਦਾਨੀ ਗੁਣ ਨਿਧਾਨ, ਦਇਆਵੰਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਦਾਰ ਦਏ ਕਰਾਈਆ । ਕਰ ਦੀਦਾਰ ਹੋਵੇ ਜਨ ਖ਼ੁਸ਼, ਖ਼ੁਸ਼ੀਆਂ ਨਾਲ ਸੁਣਾਈਆ । ਸੁੰਨ ਸਮਾਧੀ ਅੰਦਰ ਹੋ ਕੇ ਚੁਪ, ਆਪਣਾ ਆਪ ਗਵਾਈਆ । ਸੁਖ ਲਏ ਪਿਤਾ ਦੀ ਗੋਦੀ ਬਹਿਕੇ ਪੁਤ, ਦੁੱਖ ਨਜ਼ਰ ਕੋਇ ਨਾ ਆਈਆ । ਜਨਨੀ ਸੋਹੇ ਸਾਚੀ ਕੁਖ, ਲੋਕਮਾਤ ਵੱਜੇ ਵਧਾਈਆ । ਮਿਹਰਵਾਨ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਆਪ ਕਰਾਈਆ । ਤਨ ਸੁਹੰਜਣੀ ਮੌਲੇ ਰੁਤ, ਰੁਤ ਰੁਤੜੀ ਨਾਲ ਮਹਿਕਾਈਆ । ਜਨ ਭਗਤਾਂ ਭਗਵਨ ਲਏ ਪੁਛ, ਨਿਤ ਨਵਿਤ ਵੇਸ ਵਟਾਈਆ । ਜੇ ਕਿਸੇ ਦੇ ਕੋਲ ਨਹੀਂ ਕੁਛ, ਨਾਮ ਪਦਾਰਥ ਝੋਲੀ ਪਾਈਆ । ਨਿਰਗੁਣ ਹੋ ਕੇ ਅੰਦਰੋਂ ਪਏ ਉਠ, ਸ਼ਬਦੀ ਡੰਕ ਵਜਾਈਆ । ਜੋਤੀ ਜਾਤਾ ਹੋ ਕੇ ਜਾਏ ਤੁਠ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਉਜਲ ਕਰਕੇ ਮਾਤ ਕੁਖ, ਮੁਖੜਾ ਦਏ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਭਗਤ ਸੁਹੇਲਾ ਠਾਂਡਾ ਮੀਤਾ, ਭਗਵਨ ਇਕੋ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਉਡੀਕਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਜਿਸ ਦੀ ਸਾਚੀ ਦਿਸੇ ਹਦੀਸਾ, ਹਜ਼ਰਤ ਹੋ ਕੇ ਆਪ ਪੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜੋ ਪਰਖਣਹਾਰਾ ਨੀਤਾ, ਘਟ ਘਟ ਅੰਦਰ ਵੇਖ ਵਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜੋ ਖ਼ਾਲੀ ਕਰਨਹਾਰਾ ਖ਼ੀਸਾ, ਸ਼ਾਹੋ ਖ਼ਾਕ ਬਣਾਇੰਦਾ । ਜੋ ਦੇਵਣਹਾਰਾ ਮਾਣ ਊਚਾਂ ਨੀਚਾਂ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਸੋ ਜੁਗ ਜੁਗ ਜਨ ਭਗਤਾਂ ਅੰਦਰ ਲੰਘੇ ਦਹਿਲੀਜ਼ਾ, ਦਲੀਲਾਂ ਵਿਚ ਹੱਥ ਕਿਸੇ ਨਾ ਆਇੰਦਾ । ਵੇਖਣ ਵਾਲਾ ਨੀਕਨ ਨੀਕਾ, ਨੇਰਨ ਨੇਰਾ ਖੇਲ ਖਿਲਾਇੰਦਾ । ਭੇਵ ਅਭੇਦ ਜਾਣੇ ਜੀਵ ਜੀ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਪ੍ਰਭ ਦੀਦਾਰ ਕਰੇ ਬੇਹਾਲ, ਸੁਰਤੀ ਜਗਤ ਸੁਰਤ ਰਹਿਣ ਨਾ ਪਾਈਆ । ਜਨ ਭਗਤ ਆਪਣਾ ਆਪ ਨਾ ਸਕੇ ਸੰਭਾਲ, ਮਨ ਮਤ ਬੁਧ ਚਲੇ ਨਾ ਕੋਈ ਚਤੁਰਾਈਆ । ਆਪਣੀ ਛੱਡ ਕੇ ਪਿਛਲੀ ਘਾਲ, ਅਗਲਾ ਲੇਖਾ ਸਤਿਗੁਰ ਹੱਥ ਫੜਾਈਆ । ਤੂੰ ਨਿਰਗੁਣ ਦਾਤਾ ਚਲਣਾ ਮੇਰੇ ਨਾਲ, ਸੋਹਣਾ ਸੰਗ ਬਣਾਈਆ । ਮੈਂ ਵੇਖਾਂ ਤੇਰੀ ਧਰਮਸਾਲ, ਜਿਸ ਘਰ ਬੈਠਾ ਡੇਰਾ ਲਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਨਿਭਾਈਆ । ਕਰ ਦੀਦਾਰ ਹੋਏ ਬੇਹੋਸ਼, ਹੋਸ਼ ਜਗਤ ਰਹਿਣ ਨਾ ਪਾਈਆ । ਉਥੇ ਸਮਝ ਨਾ ਕੋਈ ਸੋਚ, ਸੋਚ ਸਮਝ ਸਕੇ ਕੋਇ ਨਾ ਰਾਈਆ । ਕੰਮ ਕਰੇ ਨਾ ਨੇਤਰ ਲੋਚ, ਅੱਖੀਆਂ ਅੱਖ ਨਾ ਕੋਇ ਮਿਲਾਈਆ । ਦੀਵਾਰਾਂ ਦਿਸੇ ਨਾ ਕਿਲਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਦੀਪ ਜਲੇ ਨਿਰਮਲ ਜੋਤ, ਤੇਲ ਬਾਤੀ ਨਾ ਕੋਇ ਟਿਕਾਈਆ । ਸ਼ਬਦ ਨਾਦ ਧੁਨ ਵਜੇ ਅਗੰਮੀ ਚੋਟ, ਡੰਕਾ ਡੌਰੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰਸ ਦਏ ਕਰਾਈਆ । ਜਨ ਭਗਤ ਦਰਸ ਦੀਦਾਰ ਕਰੇ ਵਿਚੋਂ ਪੜਦਾ, ਪੜਦਾ ਓਹਲਾ ਆਪ ਉਠਾਈਆ । ਸਤਿਗੁਰ ਠੰਡਾ ਠਾਰ ਕਰੇ ਸੜਦਾ, ਸੜਦਾ ਅਗਨੀ ਅੱਗ ਲਏ ਬਚਾਈਆ । ਭੇਵ ਖੁਲ੍ਹਾਏ ਆਪਣੇ ਘਰ ਦਾ, ਘਰ ਵਿਚ ਘਰ ਦਏ ਸਮਝਾਈਆ । ਜਿਥੇ ਦੀਪ ਇਕੋ ਬਲਦਾ, ਇਕੋ ਨੂਰ ਹੋਵੇ ਰੁਸ਼ਨਾਈਆ । ਓਥੇ ਖੇਲ ਅਛਲ ਛਲ ਦਾ, ਦੂਜਾ ਰਹਿਣ ਕੋਇ ਨਾ ਪਾਈਆ । ਜੋ ਆਤਮ ਸੇਜਾ ਮੱਲਦਾ, ਪਰਮਾਤਮ ਹੋ ਕੇ ਵੇਖ ਵਖਾਈਆ । ਜੋ ਜੋਤੀ ਧਾਰ ਰਲਦਾ, ਸ਼ਬਦੀ ਡੰਕ ਸ਼ਨਵਾਈਆ । ਜੋ ਖੇਲ ਖੇਲੇ ਮਹੱਲ ਅਟਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਕਰਿਆ ਦੀਦਾਰ ਹਰਿ ਸਤਿਗੁਰ ਠਾਕਰ, ਜਿਸ ਠੋਕਰ ਨਾਮ ਲਗਾਈਆ । ਲੇਖਾ ਚੁੱਕਿਆ ਕਾਇਆ ਗਾਗਰ, ਗਹਿਰ ਗੰਭੀਰ ਨਜ਼ਰੀ ਆਈਆ । ਸਚ ਦਵਾਰੇ ਮਿਲਿਆ ਆਦਰ, ਹਰਿ ਜੂ ਆ ਦਰਸ਼ਨ ਇਕੋ ਦਿਤਾ ਵਖਾਈਆ । ਜਨਮ ਕਰਮ ਦਾ ਹੋਇਆ ਆਦਲ, ਅਦਲੀ ਇਕੋ ਬੇਪਰਵਾਹੀਆ । ਅੰਦਰੋਂ ਬਾਹਰੋਂ ਦਿਤਾ ਬਦਲ, ਬਦਲਾ ਪਿਛਲਾ ਦਿਤਾ ਚੁਕਾਈਆ । ਸਚ ਵਖਾਈ ਉਹ ਮੰਜ਼ਲ, ਜੋ ਕਬੀਰ ਗਿਆ ਸਾਲਾਹੀਆ । ਨੇਤਰ ਪਾ ਕੇ ਨਾਮ ਕੱਜਲ, ਕਜੀਆ ਕੂੜਾ ਦਿਤਾ ਮਿਟਾਈਆ । ਅੰਤਮ ਨੇੜ ਨਾ ਆਵੇ ਅਜ਼ਲ, ਲੇਖਾ ਲੇਖੇ ਲਿਆ ਪਾਈਆ । ਰਹਿਮਤ ਕਰ ਕੇ ਕਰੇ ਫ਼ਜ਼ਲ, ਫ਼ੈਸਲਾ ਇਕੋ ਹਕ ਸੁਣਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਦ ਈਦ ਚੰਦ ਰੁਸ਼ਨਾਈਆ । ਕਰ ਦੀਦਾਰ ਹੋਇਆ ਘਰ ਚਾਨਣ, ਚਮਕੀਲਾ ਨੂਰ ਅਲਾਹੀਆ । ਪੜਦਾ ਲਾਹਿਆ ਸਾਚੇ ਰਾਮਨ, ਰਮਈਆ ਮਿਲਿਆ ਬੇਪਰਵਾਹੀਆ । ਦਰਸ ਪਾਇਆ ਧੁਰ ਦੇ ਕਾਹਨਣ, ਜਿਸ ਬੰਸਰੀ ਨਾਮ ਸੁਣਾਈਆ । ਕਲਮਾ ਸੁਣਿਆ ਸਚ ਅਮਾਮਣ, ਜਿਸ ਕਾਇਨਾਤ ਦਿਤੀ ਵਡਿਆਈਆ । ਨਾਮ ਸਤਿ ਜਾਣਿਆ ਗਾਨਣ, ਨਾਨਕ ਨਿਰਗੁਣ ਸਰਗੁਣ ਰਾਗ ਅਲਾਈਆ । ਗੋਬਿੰਦ ਡੰਕਾ ਸੁਣਿਆ ਦੋ ਜਹਾਨਣ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਜਨ ਭਗਤਾਂ ਆ ਕੇ ਮਿਲਣ ਸ੍ਰੀ ਭਗਵਾਨਣ, ਜੁਗ ਜੁਗ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਖੇਲ ਕੀਤਾ ਮਹਾਨਣ, ਮਹਿਮਾ ਕਥ ਸਕੇ ਨਾ ਕੋਇ ਦ੍ਰਿੜਾਈਆ । ਕਿਰਪਾ ਕਰ ਗੁਣ ਨਿਧਾਨਣ, ਜਗਤ ਨਾਦਾਨੇ ਲਏ ਜਗਾਈਆ । ਸ਼ਬਦ ਨਿਰਾਲਾ ਮਾਰ ਕੇ ਬਾਨਣ, ਤੀਰ ਅਣਿਆਲਾ ਇਕ ਵਖਾਈਆ । ਨਾਮ ਸੁਣਾ ਕੇ ਸਾਚੇ ਕਾਨਣ, ਕੂੜੀ ਕਿਰਿਆ ਦਿਤੀ ਗਵਾਈਆ । ਦਾਮਨਗੀਰ ਹੋ ਕੇ ਪਕੜਿਆ ਦਾਮਨ, ਦਸਤ ਆਪਣੇ ਨਾਲ ਮਿਲਾਈਆ । ਘਰ ਸਾਚੇ ਆ ਕੇ ਬਣਿਆ ਜ਼ਾਮਨ, ਧੁਰ ਦੀ ਜ਼ਾਮਨੀ ਦਏ ਜਣਾਈਆ । ਭਗਤ ਭਗਵਾਨ ਦਰਸ ਕਰਨ ਆਹਮਣੇ ਸਾਹਮਣ, ਪੜਦਾ ਨਜ਼ਰ ਕੋਇ ਨਾ ਆਈਆ । ਜਿਸ ਦਾ ਭੇਵ ਕੋਇ ਨਾ ਪਾਵੇ ਸ਼ੂਦਰ ਵੈਸ਼ ਸ਼ੱਤਰੀ ਬ੍ਰਾਹਮਣ, ਪਾਰਬ੍ਰਹਮ ਪ੍ਰਭ ਆਪਣਾ ਖੇਲ ਵਖਾਈਆ । ਸਤਿ ਧਰਮ ਝੁਲਾ ਨਿਸ਼ਾਨਣ, ਨਿਸ਼ਾਨਾ ਇਕੋ ਇਕ ਦ੍ਰਿੜਾਈਆ । ਚਾਰ ਵਰਨ ਜਿਸ ਨੂੰ ਮਾਨਣ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਸੋ ਖੇਲ ਕਰੇ ਨੌਜਵਾਨਣ, ਬਿਰਧ ਬਾਲ ਨਾ ਰੂਪ ਜਣਾਈਆ । ਜਨ ਭਗਤਾਂ ਆਇਆ ਆਪ ਪਹਿਚਾਨਣ, ਨਿਰਾਕਾਰ ਵੇਸ ਵਟਾਈਆ । ਗੁਰਮੁਖਾਂ ਵਿਚੋਂ ਗੁਰਮੁਖ ਲਾਲਣ, ਲਾਲ ਰੰਗੀਲਾ ਮੋਹਣ ਮਾਧੋ ਆਪਣੇ ਰੰਗ ਰੰਗਾਈਆ । ਜਿਸ ਨੂੰ ਜੂਹਾਂ ਜੰਗਲਾਂ ਉਜਾੜਾਂ ਵਿਚ ਚੜ੍ਹਦੇ ਭਾਲਣ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਰੀ ਦੇਖਣ ਚਾਈਂ ਚਾਈਂਆ । ਸੋ ਸਾਹਿਬ ਕਰਤਾ ਦੀਨ ਦਿਆਲ ਆਇਆ ਆਨਨ ਫ਼ਾਨਨ, ਨਿਰਵੈਰ ਨਿਰਾਕਾਰ ਆਪਣਾ ਫੇਰਾ ਪਾਈਆ । ਗੁਰਮੁਖ ਬਣਾਏ ਚਤੁਰ ਸੁਘੜ ਸੁਜਾਨਣ, ਮੂਰਖ ਮੂੜ੍ਹੇ ਲਏ ਤਰਾਈਆ । ਸਚ ਦਵਾਰੇ ਸੁਖ ਸੱਚਾ ਮਾਨਣ, ਸਚਖੰਡ ਮਿਲੇ ਮਾਣ ਵਡਿਆਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਵਾਰ ਥਿਤ ਦਰਸ ਕਰਨ ਭਗਵਾਨਣ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਰ ਇਕ ਵਖਾਈਆ । ਕਰ ਦੀਦਾਰ ਘਰ ਸਚ ਵਸੇਰਾ, ਵਸਲ ਇਕੋ ਇਕ ਜਣਾਇੰਦਾ । ਮਹਿਬੂਬ ਮਿਲਿਆ ਹੋਏ ਚਾਉ ਘਨੇਰਾ, ਅਰੂਜ ਸਾਚਾ ਸੋਭਾ ਪਾਇੰਦਾ । ਕੂੜੀ ਕਿਰਿਆ ਰਹੇ ਕੋਈ ਨਾ ਡੇਰਾ, ਝਗੜਾ ਦੀਨ ਮਜ਼੍ਹਬ ਨਾ ਕੋਇ ਜਣਾਇੰਦਾ । ਭਗਤ ਭਗਵਾਨ ਦਾ ਖੁੱਲ੍ਹਾ ਵੇਹੜਾ, ਜ਼ਾਤ ਪਾਤ ਵਿਚ ਕਦੇ ਨਾ ਆਇੰਦਾ । ਇਕੋ ਨਾਤਾ ਜੋੜ ਕੇ ਤੇਰਾ ਮੇਰਾ, ਆਦਿ ਜੁਗਾਦਿ ਸਦਾ ਸਦ ਸੋਹੰ ਰੂਪ ਸਮਾਇੰਦਾ । ਗੁਰਮੁਖ ਵਸੇ ਕਾਇਆ ਖੇੜਾ, ਕਾਇਆ ਖਿੜਕੀ ਆਪ ਖੁਲ੍ਹਾਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਨਿਜ ਘਰ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੀਦਾਰ ਇਕ ਵਖਾਇੰਦਾ । ਦਰਸ ਦੀਦਾਰ ਦਏ ਵਖਾਲ, ਵਿਆਖਿਆ ਆਪਣੀ ਨਾਲ ਜਣਾਈਆ । ਕਿਰਪਾ ਕਰ ਦੀਨ ਦਿਆਲ, ਦੀਨਨ ਲਏ ਉਠਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਮੰਦਰ ਸੱਚੀ ਧਰਮਸਾਲ, ਕਾਇਆ ਕਾਅਬਾ ਦਏ ਪਰਗਟਾਈਆ । ਆ ਕੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਵ

ਨੌ ਚਾਰ ਦਾ ਪੂਰਾ ਕਰੇ ਸਵਾਲ, ਮਿਹਰਵਾਨ ਦਇਆ ਕਮਾਈਆ । ਸੰਤ ਸੁਹੇਲੇ ਸੱਜਣ ਭਾਲ, ਗੁਰਮੁਖ ਲਏ ਉਠਾਈਆ । ਉਨ੍ਹਾਂ ਵਿਚੋਂ ਸੋਹਣਾ ਲਾਲ, ਲਾਲ ਸਿੰਘ ਲਾਲ ਨਜ਼ਰੀ ਆਈਆ । ਜਿਸ ਦੀ ਦੇਵਤ ਸੁਰ ਕਰਦੇ ਭਾਲ, ਮੁਨੀ ਮੁਨੀਸ਼ਰ ਖੋਜਣ ਜਾਈਆ । ਜਿਸ ਦਾ ਖਾਣੀ ਬਾਣੀ ਦਏ ਅਹਿਵਾਲ, ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਖੇਲ ਕਰੇ ਪੁਰਖ ਅਕਾਲ, ਕਰਤਾ ਬੇਪਰਵਾਹੀਆ । ਜਨ ਭਗਤ ਲਏ ਉਠਾਲ, ਸੁਤਿਆਂ ਅੱਖ ਖੁਲ੍ਹਾਈਆ । ਉਠੋ ਗੁਰਮੁਖੋ ਮੇਰੇ ਚਲੋ ਨਾਲ, ਬਣ ਕੇ ਸਚਖੰਡ ਦੇ ਪਾਂਧੀ ਰਾਹੀਆ । ਤੁਹਾਡਾ ਮੇਲਾ ਓਸ ਸ੍ਰੀ ਭਗਵਾਨ, ਜਿਸ ਦੇ ਭਾਣੇ ਅੰਦਰ ਡਰਦਾ ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਓਸ ਦਾ ਝੁੱਲੇ ਸਦਾ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਈਆ । ਸੋ ਮਿਹਰਵਾਨ ਹੋ ਕੇ ਹਰਿਜਨ ਸਾਚੇ ਮਿਲੇ ਆਣ, ਮਿਲਣੀ ਆਪਣੇ ਨਾਲ ਕਰਾਈਆ । ਦਰਸ ਦੀਦਾਰ ਦੇ ਕੇ ਦੋ ਜਹਾਨ, ਜੀਵਤ ਜੀਵਤ ਜੀਵਣ ਦਏ ਬਦਲਾਈਆ । ਅੰਦਰ ਵੜ ਕੇ ਦਏ ਪਛਾਣ, ਆਪਣਾ ਨੂਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਧੁਰ ਦਾ ਮਿੱਤਰ, ਹਰਿ ਕਰਤਾ ਆਪ ਅਖਵਾਇੰਦਾ । ਸਾਚੇ ਘਰ ਵਿਚੋਂ ਆਏ ਨਿਕਲ, ਕਾਇਆ ਪੜਦਾ ਪਰੇ ਉਠਾਇੰਦਾ । ਚੋਟੀ ਚੜ੍ਹ ਕੇ ਬੈਠਾ ਸਿਖਰ, ਸਚ ਸਿੰਘਾਸਣ ਡੇਰਾ ਲਾਇੰਦਾ । ਪੂਰਬ ਲਹਿਣਾ ਵੇਖ ਕੇ ਮਿਸਲ, ਜਨਮ ਕਰਮ ਫੋਲ ਫੋਲਾਇੰਦਾ । ਭਗਤ ਭਗਵਾਨ ਆਦਿ ਜੁਗਾਦਿ ਸਾਚੀ ਨਸਲ, ਵੱਖਰੀ ਧਾਰ ਬੰਧਾਇੰਦਾ । ਜਿਨ੍ਹਾਂ ਵਿਚੋਂ ਲੱਭੇ ਅਸਲ, ਅਸਲੀਅਤ ਵੰਡ ਵੰਡਾਇੰਦਾ । ਓਨਾਂ ਨਾਲ ਮਿਲ ਕੇ ਕਰੇ ਵਸਲ, ਵਾਸਤਾ ਆਪਣੇ ਨਾਲ ਜੁੜਾਇੰਦਾ । ਸਾਚੇ ਭਗਤ ਜਗਤ ਕੀ ਕੁਛ ਦੱਸਣ, ਦੱਸਣ ਵਾਲਾ ਭੇਤ ਸਮਝ ਕਿਸੇ ਨਾ ਆਇੰਦਾ । ਓਹ ਜਾਨਣ ਜੋ ਸਾਹਿਬ ਨਾਲ ਵਸਣ, ਜਿਨ੍ਹਾਂ ਮਿਲ ਕੇ ਖ਼ੁਸ਼ੀ ਮਨਾਇੰਦਾ । ਦਰਸ ਦੀਦਾਰ ਦੇ ਕੇ ਪੁਰਖ ਸਮਰਥਨ, ਸਮੱਸਿਆ ਆਪਣੀ ਫੇਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਜਗਤ ਆਏ ਰੱਖਣ, ਰਾਖਾ ਹੋ ਕੇ ਸੇਵ ਕਮਾਇੰਦਾ ।



### ✪ ੨੩ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ ਹੇਰ ✪

ਵਡਭਾਗੀ ਵਡ ਹੋਇਆ ਭਾਗ, ਭਗਵਨ ਭਾਗ ਇਕ ਵੰਡਾਇੰਦਾ । ਵਡਭਾਗੀ ਵਡਭਾਗ ਗਏ ਜਾਗ, ਹਰਿ ਕਰਤਾ ਜਾਗ ਖੁਲ੍ਹਾਇੰਦਾ । ਵਡਭਾਗੀ ਵਡਭਾਗ ਮਿਲਿਆ ਦਾਜ, ਹਰਿ ਭਾਗੀ ਝੋਲੀ ਆਪ ਟਿਕਾਇੰਦਾ । ਵਡਭਾਗੀ ਵਡਭਾਗ ਮਿਲਿਆ ਇਕ ਸਵਾਦ, ਸਤਿ ਸਤਿਵਾਦ ਹਰਿ ਜੂ ਆਪਣਾ ਨਾਮ ਵਖਾਇੰਦਾ । ਵਡਭਾਗੀ ਵਡਭਾਗ ਹੋਇਆ ਲੋਕਮਾਤ, ਪੁਰਖ ਅਬਿਨਾਸ਼ ਦਇਆ ਕਮਾਇੰਦਾ । ਜਨ ਭਗਤਾਂ ਦੱਸ ਆਪਣੀ ਜ਼ਾਤ, ਜਗਤ ਵਫ਼ਾਤ ਡੇਰਾ ਢਾਹਿੰਦਾ । ਜਨਮ ਕਰਮ ਦੇ ਬਦਲ ਹਾਲਾਤ, ਹਾਸਲ ਆਪਣਾ ਅੰਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੰਡਣਹਾਰਾ ਸਾਚਾ ਭਾਗ, ਜਗਾਵਣਹਾਰਾ ਸਚ ਚਰਾਗ਼, ਬੁਝਾਵਣਹਾਰਾ ਜਗਤ ਆਗ, ਉਪਜਾਵਣਹਾਰਾ ਪ੍ਰੇਮ ਵੈਰਾਗ, ਧਵਾਵਣਹਾਰਾ ਦੁਰਮਤ ਦਾਗ਼, ਉਡਾਵਣਹਾਰਾ ਹੰਸ ਕਾਗ, ਮਿਲਾਵਣਹਾਰਾ ਕੰਤ ਸੁਹਾਗ, ਚੜ੍ਹਾਵਣਹਾਰਾ ਅਗੰਮ ਜਹਾਜ਼, ਬਖ਼ਸ਼ਣਹਾਰਾ ਚਰਨ ਪ੍ਰੀਤੀ ਸੱਚਾ ਰਾਜ, ਬਣਾਵਣਹਾਰਾ ਨਿਰਗੁਣ ਸਰਗੁਣ ਸਮਾਜ, ਚੁਕਾਵਣਹਾਰਾ ਲੇਖਾ ਆਦਿ ਜੁਗਾਦਿ, ਦਰਸਾਵਣਹਾਰਾ ਡੇਰਾ ਪਾਰਬ੍ਰਹਮ ਬ੍ਰਹਿਮਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸੱਚਾ ਇਕ ਸੁਹਾਈਆ । ਭਾਗ ਹੋਇਆ ਦਰ ਮਿਲਿਆ ਸੋਹਣਾ, ਸੋਹਣੀ ਨਗਰੀ

ਨਜ਼ਰੀ ਆਈਆ । ਜਿਥੇ ਨਾ ਹੱਸਣਾ ਨਾ ਰੋਣਾ, ਖ਼ੁਸ਼ੀ ਗ਼ਮੀ ਨਾ ਕੋਇ ਜਣਾਈਆ । ਨਾ ਨਿੰਦਰਾ ਨਾ ਸੌਣਾ, ਜਾਗਰਤ ਵੰਡ ਨਾ ਕੋਇ ਵਖਾਈਆ । ਨਾ ਰਸਨਾ ਨਾ ਗੌਣਾ, ਧੁਨ ਆਵਾਜ਼ ਨਾ ਕੋਇ ਸ਼ਨਵਾਈਆ । ਨਾ ਘੜੌਣਾ ਨਾ ਢੌਣਾ, ਬਣਾਵਣ ਵਾਲਾ ਰੂਪ ਨਾ ਕੋਇ ਵਖਾਈਆ । ਸਚ ਦਵਾਰਾ ਇਕੋ ਸੋਭਾ ਪੌਣਾ, ਜਿਸ ਗ੍ਰਿਹਿ ਬਹਿ ਕੇ ਗੁਰਮੁਖ ਖ਼ੁਸ਼ੀ ਮਨਾਈਆ । ਦੀਪਕ ਦੀਆ ਇਕੋ ਨਜ਼ਰੀ ਔਣਾ, ਨਿਰਵੈਰ ਨੂਰ ਰੁਸ਼ਨਾਈਆ । ਸੋ ਹਿੱਸਾ ਜਨ ਭਗਤਾਂ ਝੋਲੀ ਪੌਣਾ, ਭਾਗ ਵਿਚੋਂ ਭਾਗ ਧੁਰ ਦੀ ਵੰਡ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਰਨਾਈਆ । ਵੰਡਿਆ ਹਿੱਸਾ ਪੁਰਖ ਅਗੰਮ, ਭਾਗਾਂ ਭਰਿਆ ਝੋਲੀ ਪਾਈਆ । ਜਿਸ ਦੀ ਕੀਮਤ ਨਾ ਕੋਈ ਦਮ, ਦਮੜੀ ਮੁੱਲ ਨਾ ਕੋਇ ਰਖਾਈਆ । ਕਿਰਪਾ ਕਰ ਸ੍ਰੀ ਭਗਵਨ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਲੇਖ ਚੁਕਾ ਕੇ ਛੱਪਰ ਛੰਨ, ਸਾਚਾ ਮੰਦਰ ਦਏ ਸੁਹਾਈਆ । ਜੋ ਗੁਰਮੁਖ ਗਿਆ ਮੰਨ, ਤਿਨ੍ਹਾਂ ਮਨਸਾ ਪੂਰ ਕਰਾਈਆ । ਲੋਕਮਾਤ ਚਾੜ੍ਹ ਕੇ ਚੰਨ, ਸਚਖੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋਏ ਸਹਾਈਆ । ਭਾਗ ਕਹੇ ਮੈਂ ਭਾਗਾਂ ਭਰਿਆ, ਭਰਮੀਆਂ ਹੱਥ ਕਦੇ ਨਾ ਆਇੰਦਾ । ਗੁਰਮੁਖ ਵਿਰਲੇ ਫੜਿਆ ਲੜਿਆ, ਸਚ ਪ੍ਰੀਤੀ ਇਕ ਜੁੜਾਇੰਦਾ । ਜਿਸ ਨੇ ਅੱਖਰ ਧੁਰ ਦਾ ਪੜ੍ਹਿਆ, ਤਿਸ ਆਪਣਾ ਮੇਲ ਮਿਲਾਇੰਦਾ । ਮੈਂ ਹੱਥ ਨਾ ਆਵਾਂ ਪਾਣੀ ਠਰਿਆਂ, ਅਗਨੀ ਤਤ ਸੜਿਆਂ ਅੰਗ ਨਾ ਕੋਇ ਲਗਾਇੰਦਾ । ਮੈਂ ਨਜ਼ਰ ਨਾ ਆਵਾਂ ਮੰਦਰ ਵੜਿਆਂ, ਗੁਰੂਦਵਾਰ ਫੜ ਬਾਹੋਂ ਕੋਲ ਨਾ ਕੋਇ ਬਹਾਇੰਦਾ । ਮੈਂ ਲੱਭ ਨਾ ਸਕਾਂ ਪਰਬਤ ਚੋਟੀ ਚੜ੍ਹਿਆਂ, ਡੂੰਘੇ ਸਾਗਰ ਪਲੂ ਨਾ ਕੋਇ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹਿੱਸਾ ਆਪਣੇ ਹਿੱਸੇ ਇਕ ਰਖਾਇੰਦਾ । ਭਾਗ ਕਹੇ ਮੈਂ ਹਿੱਸੇਦਾਰ, ਸਾਂਝੀ ਧੁਰ ਦਾ ਨਜ਼ਰੀ ਆਈਆ । ਜਨ ਭਗਤਾਂ ਨਾਲ ਮੇਰਾ ਵਿਹਾਰ, ਬਿਵਹਾਰੀ ਹੋ ਕੇ ਸੰਗ ਨਿਭਾਈਆ । ਜਿਸ ਵੇਲੇ ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਗੁਣ ਹੋਏ ਸਹਾਈਆ । ਜੋਤੀ ਜਾਤਾ ਹੋ ਉਜਿਆਰ, ਸਵੱਛ ਸਰੂਪ ਰੂਪ ਵਟਾਈਆ । ਮੈਨੂੰ ਲੈ ਕੇ ਆਵੇ ਨਾਲ, ਆਪਣੀ ਉਂਗਲੀ ਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵਿਚੋਂ ਦਏ ਵਖਾਲ, ਗੁਰਮੁਖ ਸੱਜਣ ਭਾਈਆ । ਹਰਿਜਨ ਬਣਾਏ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਵਖਾਈਆ । ਭਾਗ ਕਹੇ ਮੇਰਾ ਹਿੱਸਾ ਅੱਧ, ਅਧਵਿਚਕਾਰ ਵੇਖ ਵਖਾਇੰਦਾ । ਮੇਰੀ ਨੌ ਦਵਾਰਿਉਂ ਪਾਰ ਹੱਦ, ਹਦੂਦ ਇਕੋ ਇਕ ਵਡਿਆਇੰਦਾ । ਜਿਥੇ ਵੱਜੇ ਅਗੰਮੀ ਨੱਦ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਜਿਥੇ ਨਾ ਕੋਈ ਸੂਰਜ ਚੰਦ, ਜੋਤੀ ਨੂਰ ਡਗਮਗਾਇੰਦਾ । ਜਿਥੇ ਨਾ ਕੋਈ ਗੀਤ ਛੰਦ, ਰਸਨਾ ਜਿਹਵਾ ਨਾ ਸਿਫ਼ਤ ਸਾਲਾਹਿੰਦਾ । ਜਿਥੇ ਕੋਈ ਨਾ ਸਕੇ ਲੰਘ, ਸਚ ਸਿੰਘਾਸਣ ਸੋਭਾ ਕੋਇ ਨਾ ਪਾਇੰਦਾ । ਸਾਹਿਬ ਸਤਿਗੁਰ ਬੈਠਾ ਆਪ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਓਥੇ ਜਨ ਭਗਤਾਂ ਮੇਰਾ ਹਿੱਸਾ ਦੇਵੇ ਵੰਡ, ਭਾਗ ਅਭਾਗੀ ਆਪਣੇ ਘਰ ਬਣਾਇੰਦਾ । ਸਤਿ ਬਖ਼ਸ਼ ਕੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੋਹਣੀ ਬਣਤ ਬਣਾਇੰਦਾ । ਭਾਗ ਕਹੇ ਮੈਂ ਭਗਤਾਂ ਜੋਗਾ, ਜੁਗਤੀ ਪ੍ਰਭ ਨੇ ਆਪ ਬਣਾਈਆ । ਮੈਂ ਹੱਥ ਨਾ ਆਵਾਂ ਲੋਕਾਂ, ਲੱਭਣ ਵਿਚ ਲੋਕਾਈਆ । ਮੈਂ ਸਚ ਦਵਾਰੇ ਦੇ ਕੇ ਹੋਕਾ, ਆਪਣੀ

ਸੇਵ ਕਮਾਈਆ । ਜਿਸ ਵੇਲੇ ਪ੍ਰਭੂ ਜਨ ਭਗਤਾਂ ਅੰਦਰ ਜਗਾਵਣ ਲੱਗੇ ਜੋਤਾ, ਅੱਗੇ ਹੋ ਕੇ ਸੀਸ ਨਿਵਾਈਆ । ਏਹੋ ਸੁਹੰਜਣਾ ਮੇਰਾ ਮੌਕਾ, ਹਰਿਜਨ ਮਿਲ ਕੇ ਆਪਣਾ ਮੇਲ ਮਿਲਾਈਆ । ਕਾਇਆ ਮੰਦਰ ਅੰਦਰ ਵੇਖ ਸੋਹਣਾ ਕੋਠਾ, ਸਚ ਸਿੰਘਾਸਣ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਬੇਪਰਵਾਹੀਆ । ਭਾਗ ਕਹੇ ਮੈਂ ਸੁਣਾਵਾਂ ਕੀ, ਕਹਿਣ ਵਿਚ ਕੁਛ ਨਾ ਆਈਆ । ਜਿਸ ਵੇਲੇ ਪ੍ਰਭੂ ਜਨ ਭਗਤਾਂ ਕਰੇ ਨਿਰਮਲ ਜੀ, ਜੀਵਣ ਜੁਗਤ ਦਏ ਸਮਝਾਈਆ । ਓਸੇ ਵੇਲੇ ਚਰਨ ਕਵਲਾਂ ਜਾਵਾਂ ਥੀ, ਆਪਣਾ ਆਪ ਮਿਟਾਈਆ । ਘਰ ਵੇਖਿਆ ਸਾਢੇ ਤਿੰਨ ਹੱਥ ਸੀਂ, ਬੰਕ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਾਗ ਕਹੇ ਜਿਸ ਵੇਲੇ ਪ੍ਰਭ ਕਰੇ ਮਿਹਰ, ਮਿਹਰ ਨਜ਼ਰ ਉਠਾਇੰਦਾ । ਭਗਤ ਭਗਵਾਨ ਲਏ ਘੇਰ, ਘੇਰਾ ਸ਼ਬਦੀ ਇਕ ਜਣਾਇੰਦਾ । ਪਿਛਲਾ ਲਹਿਣਾ ਦਏ ਨਬੇੜ, ਅਗਲਾ ਪੰਧ ਮੁਕਾਇੰਦਾ । ਭਾਗ ਲਾਵੇ ਕਾਇਆ ਖੇੜ, ਖਿੜਕੀ ਕੁੰਡਾ ਆਪ ਖੁਲ੍ਹਾਇੰਦਾ । ਓਸ ਵੇਲੇ ਮੈਂ ਚਰਨ ਕਵਲਾਂ ਆਵਾਂ ਨੇੜ, ਨੇਰਨ ਹੋ ਕੇ ਸੀਸ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਰਖਾਇੰਦਾ । ਭਾਗ ਕਹੇ ਮੈਂ ਨੇਤਰ ਖੋਲ੍ਹਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਬੌਹੜੀ ਬੌਹੜੀ ਕਰ ਕੇ ਬੋਲਾਂ, ਦਰੋਹੀ ਦਰੋਹੀ ਨੂਰ ਖ਼ੁਦਾਈਆ । ਸਾਚਾ ਰਾਗ ਗਾਵਾਂ ਇਕੋ ਸੋਹਲਾ, ਤੂੰ ਮਿਹਰਵਾਨ ਮੇਰਾ ਸੱਚਾ ਮਾਹੀਆ । ਜਨ ਭਗਤਾਂ ਨਾਲ ਬਣਾਂ ਵਿਚੋਲਾ, ਮੇਰਾ ਮੇਲਾ ਦੇਣਾ ਮਿਲਾਈਆ । ਅੰਦਰ ਰਹੇ ਨਾ ਪੜਦਾ ਓਹਲਾ, ਸੱਜਣ ਸਾਖਿਆਤ ਨਜ਼ਰੀ ਆਈਆ । ਜਿਸ ਵੇਲੇ ਜਨ ਭਗਤ ਤੇਰਾ ਸੋਹੰ ਗਾਵਣ ਢੋਲਾ, ੧੭੬
ਮੈਂ ਸੁਣ ਸੁਣ ਖ਼ੁਸ਼ੀ ਮਨਾਈਆ । ਮੈਂ ਵਸਾਂ ਸਦਾ ਕਾਇਆ ਚੋਲਾ, ਚੋਲੀ ਤੇਰਾ ਰੰਗ ਵੇਖ ਵਖਾਈਆ । ਦਰ ਦਰਵੇਸ਼ ਬਣਾਂ ਗੋਲਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਦਿਤੀ ਸਮਝਾਈਆ । ਭਾਗ ਕਹੇ ਮੇਰੀ ਵੰਡ ਅਵੱਲੀ, ਅਵੱਲ ਅੱਲਾ ਆਪ ਕਰਾਇੰਦਾ । ਮੈਂ ਹੋਕਾ ਦੇਵਾਂ ਗਲੀਓ ਗਲੀ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਪਰਮ ਪੁਰਖ ਆਦਿ ਜੁਗਾਦੀ ਵਲੀ ਛਲੀ, ਵਲ ਛਲ ਧਾਰੀ ਹੱਥ ਕਿਸੇ ਨਾ ਆਇੰਦਾ । ਜੋਧਾ ਸੂਰਬੀਰ ਵੱਡਾ ਬਲੀ, ਬਲ ਬਾਵਨ ਖੇਲ ਖਿਲਾਇੰਦਾ । ਜਿਸ ਨੇ ਲੇਖੇ ਲਾਏ ਈਸਾ ਮੂਸਾ ਮੁਹੰਮਦ ਅਲੀ, ਅੱਲਾ ਹੂ ਨੂਰ ਆਪ ਅਖਵਾਇੰਦਾ । ਜਿਸ ਦੇ ਪਿਛੇ ਗੋਬਿੰਦ ਸੀਸ ਰੱਖਿਆ ਤਲੀ, ਦੋ ਜਹਾਨਾਂ ਨੈਣ ਉਠਾਇੰਦਾ । ਜਿਸ ਦੀ ਚਰਨ ਧੂੜ ਆਦਿ ਜੁਗਾਦਿ ਭਗਤਾਂ ਮੰਗੀ, ਖ਼ਾਲੀ ਝੋਲੀ ਸਰਬ ਭਰਾਇੰਦਾ । ਜਿਸ ਦੀ ਖੇਲ ਸਾਚੇ ਸੰਤਾਂ ਲੱਗੇ ਚੰਗੀ, ਹਰਿਜਨ ਚੰਗੀ ਤਰਾ ਸਮਝਾਇੰਦਾ । ਜੋ ਗੁਰਮੁਖਾਂ ਕੂੜੀ ਕਿਰਿਆ ਕੱਟੇ ਤੰਗੀ, ਤੰਗ ਦਸਤ ਨਾ ਕੋਇ ਵਖਾਇੰਦਾ । ਜੋ ਗੁਰਸਿਖਾਂ ਲਾਵੇ ਅੰਗੀ, ਅੰਗੀਕਾਰ ਆਪ ਹੋ ਜਾਇੰਦਾ । ਅੰਦਰੋਂ ਵਾਸਨਾ ਕੱਢੇ ਮੰਦੀ, ਕੂੜੀ ਕਿਰਿਆ ਡੇਰਾ ਢਾਇੰਦਾ । ਸਾਚੀ ਦੇਵੇ ਨਾਮ ਸੁਗੰਧੀ ਸੋਹਣਾ ਰੂਪ ਵਖਾਇੰਦਾ । ਮਾਰਗ ਦੱਸਕੇ ਧੁਰ ਦੀ ਡੰਡੀ, ਰਹਿਬਰ ਇਸ਼ਾਰੇ ਨਾਲ ਸਮਝਾਇੰਦਾ । ਪੰਧ ਮੁਕਾ ਕੇ ਖੰਡ ਬ੍ਰਹਿਮੰਡੀ, ਬ੍ਰਹਿਮਾਂਡ ਡੇਰਾ ਢਾਇੰਦਾ । ਜਿਸ ਵੇਲੇ ਜਨ ਭਗਤਾਂ ਸੁਣਾਵੇ ਆਪਣਾ ਸੋਹੰ ਛੰਦੀ, ਇਹੋ ਭਾਗ ਜੋ ਗੁਰਮੁਖਾਂ ਝੋਲੀ ਪਾਇੰਦਾ । ਇਹੋ ਜੇਹੀ ਵੰਡ ਕਦੇ ਨਾ ਵੰਡੀ, ਜੋ ਸਿੱਧਾ ਜਨ ਭਗਤਾਂ ਝੋਲੀ ਆਪ ਭਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਤੋਂ ਉੱਤਮ ਸ੍ਰੇਸ਼ਟ ਰੀਤੀ ਇਹੋ ਲੱਗੀ ਚੰਗੀ, ਆਪਣੀ ਮਿਹਰ ਨਾਲ ਪਾਰ ਕਰਾਇੰਦਾ ।

## ✪ ੨੩ ਹਾੜ ੨੦੨੧ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹਿ ਪਿੰਡ ਬੋਪਾ ਰਾਇ ✪

ਕਿਰਪਾ ਕਰ ਸ੍ਰੀ ਭਗਵਾਨ, ਸਮਰਥ ਪੁਰਖ ਤੇਰੀ ਸਰਨਾਈਆ । ਸਤਿ ਨਾਮ ਮੰਗੇ ਦਾਨ, ਝੋਲੀ ਆਪਣੀ ਇਕ ਵਖਾਈਆ । ਕਲਜੁਗ ਹੋਇਆ ਮੈਂ ਹੈਰਾਨ, ਹੈਰਾਨੀ ਮੇਰੇ ਉਤੇ ਛਾਈਆ । ਸ੍ਰਿਸ਼ਟ ਸਬਾਈ ਘਰ ਘਰ ਦਿਸੇ ਸ਼ੈਤਾਨ, ਕੂੜੀ ਸ਼ਰਅ ਕਰੇ ਲੜਾਈਆ । ਕਲਜੁਗ ਰਹੇ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਸੋਹਣਾ ਲੱਗੇ ਨਾ ਕੋਇ ਮਕਾਨ, ਮਕਬਰੇ ਕੂੜੇ ਨਜ਼ਰੀ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਚੜ੍ਹਿਆ ਤੂਫ਼ਾਨ, ਅੱਠੇ ਪਹਿਰ ਚਲੇ ਵਾਹੋ ਦਾਹੀਆ । ਕੂੜੀ ਕਿਰਿਆ ਜਗਤ ਕਰ ਹਰਾਮ, ਹਰਾਮੀ ਰੂਪ ਸ੍ਰਿਸ਼ਟ ਸਬਾਈਆ । ਮਿਲੇ ਮੇਲ ਨਾ ਸੱਚੇ ਰਾਮ, ਰਮਈਆ ਸਾਰੇ ਬੈਠੇ ਭੁਲਾਈਆ । ਨਜ਼ਰ ਆਏ ਨਾ ਕਿਸੇ ਕਾਹਨ, ਘਨ੍ਹਈਆ ਸੰਗ ਨਾ ਕੋਇ ਰਖਾਈਆ । ਪੜਦਾ ਚੁੱਕੇ ਨਾ ਕੋਇ ਅਮਾਮ, ਨੌਬਤ ਹੱਕ ਨਾ ਕੋਇ ਸੁਣਾਈਆ । ਸਾਚਾ ਦੇਵੇ ਨਾ ਕੋਇ ਪੈਗ਼ਾਮ, ਪੈਗ਼ੰਬਰ ਕਰੇ ਨਾ ਕੋਇ ਪੜ੍ਹਾਈਆ । ਸਤਿ ਦਿਸੇ ਨਾ ਕੋਇ ਇਸਲਾਮ, ਇਸਮ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਪੀਏ ਕੋਈ ਨਾ ਜਾਮ, ਮਧ ਰਸ ਨਾ ਕੋਇ ਰਖਾਈਆ । ਕਲਜੁਗ ਅੰਤਮ ਮੈਂ ਹੋਇਆ ਬਾਲ ਅੰਞਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਸਮਝਾਈਆ । ਸਤਿ ਨਾਮ ਮਾਰੇ ਧਾਹ, ਦੋ ਜਹਾਨਾਂ ਰਿਹਾ ਜਨਾਈਆ । ਪਰਮ ਪੁਰਖ ਮੇਰੇ ਮਿਹਰਬਾਂ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਥਿਰ ਘਰ ਛੱਡਿਆਂ ਅੱਗੇ ਮਿਲੇ ਕੋਈ ਨਾ ਥਾਂ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਕਲਜੁਗ ਜੀਵ ਹੰਸ ਬੁਧੀ ਹੋਏ ਕਾਂ, ਰਸਨਾ ਕਾਗ ਵਾਂਗ ਕੁਰਲਾਈਆ । ਕੋਈ ਖਾਵੇ ਸੂਰ ਕੋਈ ਖਾਵੇ ਗਾਂ, ਸ਼ਰਅ ਕੂੜੀ ਕਰੇ ਲੜਾਈਆ । ਤੇਰਾ ਕਰੇ ਨਾ ਕੋਈ ਧਿਆਨ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਚਾ ਮੰਦਰ ਮਿਲੇ ਨਾ ਵਿਚ ਜਹਾਨ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਸਤਿ ਕਹੇ ਮੈਂ ਭੱਜਾਂ ਜਗ, ਨਾਮ ਆਪਣਾ ਸਤਿ ਸੁਣਾਈਆ । ਸ੍ਰਿਸ਼ਟ ਸਬਾਈ ਵੇਖੀ ਲੱਗੀ ਅੱਗ, ਤਤਵ ਤਤ ਰਿਹਾ ਤਪਾਈਆ । ਸਚ ਦਵਾਰ ਵੇਖੇ ਕੋਈ ਨਾ ਹੱਦ, ਕੂੜੀ ਕਿਰਿਆ ਫਿਰੇ ਲੋਕਾਈਆ । ਸਾਚੇ ਹੁਜਰੇ ਮਿਲੇ ਕਿਸੇ ਨਾ ਹੱਜ, ਕਾਅਬਾ ਰੂਪ ਨਾ ਕੋਇ ਵਟਾਈਆ । ਆਬੇਹਯਾਤ ਪਿਆਲਾ ਪੀਵੇ ਕੋਈ ਨਾ ਮਦਿ, ਮਧਰ ਸੱਚੀ ਨਾ ਕੋਇ ਵਖਾਈਆ । ਕੂੜੀ ਕਿਰਿਆ ਜਗਤ ਵਿਹਾਰ ਗਏ ਫਸ, ਫਾਸੀ ਗਲ ਨਾ ਕੋਇ ਕਟਾਈਆ । ਅੰਤਰ ਆਤਮ ਪੂਰੀ ਕਰੇ ਕੋਈ ਨਾ ਆਸ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਨਿਰਮਲ ਦੀਆ ਜੋਤ ਨਾ ਕੋਇ ਪਰਕਾਸ਼, ਘਰ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਦ੍ਰਿੜਾਈਆ । ਸਤਿ ਨਾਮ ਕਹੇ ਮੈਂ ਹੋਇਆ ਦੂਰ, ਸਚ ਘਰ ਡੇਰਾ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਜੀਵਾਂ ਕੋਲੋਂ ਹੋ ਮਫ਼ਰੂਰ, ਦੂਰ ਦੁਰਾਡਾ ਮੁਖ ਛੁਪਾਇੰਦਾ । ਕਿਸੇ ਮੰਦਰ ਨਾ ਹਾਜ਼ਰ ਹਜ਼ੂਰ, ਮੱਠ ਸ਼ਿਵਦਵਾਲਾ ਨਾ ਕੋਇ ਵਡਿਆਇੰਦਾ । ਚਾਰੋਂ ਕੁੰਟ ਲੇਖਾ ਵੇਖਿਆ ਕੂੜੋ ਕੂੜ, ਸਚ ਸੁਚ ਨਾ ਕੋਇ ਪਰਨਾਇੰਦਾ । ਹਉਮੇ ਹੰਗਤਾ ਭਰਿਆ ਗ਼ਰੂਰ, ਮਮਤਾ ਮੋਹ ਘਰ ਘਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚਾ ਵੇਖ ਵਖਾਇੰਦਾ । ਸਤਿ ਕਹੇ ਮੈਂ ਦੱਸਾਂ ਕੀ, ਕਹਿਣ ਵਿਚ ਕਿਛ ਨਾ ਆਈਆ । ਨਿਰਮਲ ਦਿਸੇ ਨਾ ਕੋਇ ਜੀ,

ਜੀਵਣ ਜੁਗਤ ਮਿਲੇ ਨਾ ਕੋਇ ਵਡਿਆਈਆ । ਨਾਤਾ ਤੁਟਾ ਪਿਤਾ ਧੀ, ਭੈਣ ਭਾਈ ਸੰਗ ਨਾ ਕੋਇ ਬਣਾਈਆ । ਫਿਰੀ ਦਰੋਹੀ ਸਾਢੇ ਤਿੰਨ ਹੱਥ ਸੀਂ, ਸਚ ਸੁਚ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਨਾਮ ਕਹੇ ਮੈਂ ਲੱਭਾਂ ਜਨ, ਚਾਰੋਂ ਕੁੰਟ ਖੋਜ ਖੋਜਾਈਆ । ਭਾਗ ਲਗਾਵਾਂ ਕਿਸ ਤਨ, ਤਤਵ ਤਤ ਵੇਖ ਵਖਾਈਆ । ਕੂੜ ਵਾਸ਼ਨਾ ਬੰਨ੍ਹਾਂ ਮਨ, ਮਮਤਾ ਮੋਹ ਚੁਕਾਈਆ । ਭਰਮ ਭੁਲੇਖਾ ਕੱਢਾਂ ਜਨ, ਹਉਮੇ ਗੜ੍ਹ ਤੁੜਾਈਆ । ਪੰਚ ਵਿਕਾਰੇ ਦੇਵਾਂ ਡੰਨ, ਸਾਚਾ ਖੰਡਾ ਇਕ ਚਮਕਾਈਆ । ਗੜ੍ਹ ਹੰਕਾਰੀ ਦੇਵਾਂ ਭੰਨ, ਠੀਕਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਚੁਕਾਈਆ । ਸਤਿ ਨਾਮ ਕਹੇ ਮੇਰੀ ਆਸਾ ਮਨਸਾ ਹੋਈ ਕੂੜ, ਸਚ ਨਜ਼ਰ ਕੋਇ ਨਾ ਆਇੰਦਾ । ਕਲਜੁਗ ਜੀਵ ਮੂਰਖ ਮੂੜ੍ਹ, ਮੇਰਾ ਸੰਗ ਨਾ ਕੋਇ ਨਿਭਾਇੰਦਾ । ਕੂੜੀ ਕਿਰਿਆ ਵਕਤ ਲੰਘਾਣ ਫ਼ਜ਼ੂਲ, ਫ਼ਜ਼ਲ ਰਹਿਮਤ ਮੇਰੀ ਝੋਲੀ ਕੋਇ ਨਾ ਪਾਇੰਦਾ । ਪਿਛਲਾ ਦੱਸਿਆ ਭੁੱਲ ਗਏ ਅਸੂਲ, ਅਗਲਾ ਲੇਖਾ ਹੱਥ ਕਿਸੇ ਨਾ ਆਇੰਦਾ । ਕੂੜੀ ਕਿਰਿਆ ਵਿਚ ਹੋਏ ਮਜਬੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲ ਨਾ ਕੋਇ ਮਿਲਾਇੰਦਾ । ਸਤਿਨਾਮ ਕਹੇ ਮੈਂ ਸਾਧਾਂ ਕੋਲੋਂ ਡਰਦਾ, ਕਲਜੁਗ ਬੈਠਾ ਮੁਖ ਛੁਪਾਈਆ । ਸਾਧ ਸੰਤ ਜੋ ਮੈਨੂੰ ਰਸਨਾ ਨਾਲ ਪੜ੍ਹਦਾ, ਅੰਤਰ ਧਿਆਨ ਨਾ ਕੋਇ ਲਗਾਈਆ । ਮਾਇਆ ਮਮਤਾ ਅੰਦਰ ਸੜਦਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਲੜਾਈਆ । ਸਾਚੀ ਮੰਜ਼ਲ ਕੋਈ ਨਾ ਚੜ੍ਹਦਾ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਈਆ । ਸਚ ਦਵਾਰੇ ਕੋਈ ਨਾ ਖੜ੍ਹਦਾ, ਸਨਮੁਖ ਹੋ ਨਾ ਦਰਸ਼ਨ ਪਾਈਆ । ਜੀਂਵਦਿਆਂ ਜਗ ਕੋਇ ਨਾ ਮਰਦਾ, ਮਰਦ ਮਰਦਾਨਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਦਵਾਰੇ ਲਹਿਣਾ ਦੇ ਚੁਕਾਈਆ । ਸਤਿ ਨਾਮ ਕਹੇ ਮੈਂ ਛੱਡਿਆ ਚੋਲਾ, ਕਾਇਆ ਚੋਲੀ ਬੈਠਾ ਨਾ ਸੋਭਾ ਪਾਈਆ । ਕਲਜੁਗ ਜੀਵ ਹੋਇਆ ਗੋਲਾ, ਹੋਛੀ ਮੱਤ ਬਣਾਈਆ । ਕੋਈ ਨਾ ਗਾਵੇ ਅੰਤਰ ਆਤਮ ਸਾਚਾ ਬੋਲਾ, ਅਨਬੋਲਤ ਰਾਗ ਅਲਾਈਆ । ਕੋਈ ਨਾ ਸੁਣਾਵੇ ਧੁਰ ਦਾ ਢੋਲਾ, ਅਗੰਮੀ ਨਾਦ ਵਜਾਈਆ । ਕੋਈ ਨਾ ਬਣਾਵੇ ਮੈਨੂੰ ਦੋ ਜਹਾਨਾਂ ਸਚ ਵਿਚੋਲਾ, ਨਿਰਗੁਣ ਸਰਗੁਣ ਸੰਗ ਵਖਾਈਆ । ਕਲਜੁਗ ਜੀਵ ਕੂੜੀ ਕਿਰਿਆ ਅੰਦਰ ਰੱਖਿਆ ਓਹਲਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਸਤਿਨਾਮ ਕਹੇ ਮੇਰਾ ਗਿਆ ਹੱਠ, ਹੌਕਾ ਲੈ ਕੇ ਰਿਹਾ ਸੁਣਾਈਆ । ਮੈਂ ਵੇਖਿਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੋਜ ਖੋਜਾਈਆ । ਸਭ ਨੂੰ ਭੁੱਲੀ ਸਤਿਗੁਰ ਮੱਤ, ਮਨਮਤ ਕਰੀ ਕੁੜਮਾਈਆ । ਪ੍ਰਭੂ ਦੇ ਮਿਲਣ ਦੀ ਕਿਸੇ ਨਾ ਖੋਲ੍ਹੀ ਅੱਖ, ਜਗ ਨੇਤਰ ਨੈਣ ਨੈਣ ਸ਼ਰਮਾਈਆ । ਵਣਜ ਹੋਇਆ ਨਾ ਧੁਰ ਦੇ ਹੱਟ, ਬਣ ਵਣਜਾਰਾ ਸਾਚੀ ਵਸਤ ਮੰਗ ਨਾ ਕੋਇ ਮੰਗਾਈਆ । ਜਗਤ ਤ੍ਰਿਸਨਾ ਅੰਦਰ ਨੱਠ, ਭਾਵਨਾ ਵੇਖੀ ਜਗਤ ਲੋਕਾਈਆ । ਮਣਕਿਆਂ ਨਾਲ ਮੈਨੂੰ ਰਹੇ ਰਟ, ਰੱਟਾ ਮਨ ਨਾ ਕੋਇ ਚੁਕਾਈਆ । ਮੈਨੂੰ ਗੌਂਦੇ ਉਤੇ ਤੀਰਥ ਤੱਟ, ਘਰ ਸਰੋਵਰ ਬਹਿ ਨਾ ਕੋਇ ਨਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਤਿ ਨਾਮ ਕਹੇ ਮੇਰੇ ਸੂਰੇ ਸਰਬੰਗਾ, ਸਾਹਿਬ ਤੇਰੀ ਸਰਨਾਈਆ । ਆਪਣਾ ਬਖ਼ਸ਼ ਇਕ ਅਨੰਦਾ, ਅਨੰਦ ਅਨੰਦ ਦੇ ਪਰਗਟਾਈਆ ।

ਤੇਰਾ ਖ਼ਾਕਾ ਸਮਝੇ ਕੋਈ ਨਾ ਖ਼ਾਕੀ ਬੰਦਾ, ਖ਼ਾਲਸ ਰੂਪ ਨਾ ਕੋਇ ਜਣਾਈਆ । ਸਦੀ ਬੀਸਵੀਂ ਹੋਇਆ ਅੰਧਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੇਰਜ ਅੰਡਜ ਬਣਿਆ ਗੰਦਾ, ਕੂੜੀ ਕਿਰਿਆ ਡੇਰਾ ਲਾਈਆ । ਮਨ ਵਾਸਨਾ ਭੇਖ ਪਾਖੰਡਾ, ਹਉਮੇ ਹੰਗਤਾ ਸੋਭਾ ਪਾਈਆ । ਲੇਖਾ ਜਾਣੇ ਨਾ ਖ਼ਾਕੀ ਬੰਦਾ, ਬੰਦਗੀ ਹੱਕ ਨਾ ਕੋਇ ਕਮਾਈਆ । ਤੇਰੇ ਨਾਲੋਂ ਕਰ ਵਿਛੋੜਾ ਹੋਇਆ ਰੰਡਾ, ਸੁਹਾਗੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਉਠਾਈਆ । ਸਤਿ ਨਾਮ ਕਹੇ ਮੈਂ ਦੱਸਾਂ ਸਚ, ਸ਼ਬਦ ਕਹਾਣੀ ਨਾਲ ਜਣਾਈਆ । ਸ੍ਰਿਸ਼ਟ ਸਬਾਈ ਵੇਖਿਆ ਨੱਸ ਨੱਸ, ਨਵ ਸੱਤ ਫੇਰਾ ਪਾਈਆ । ਲੱਖ ਚੁਰਾਸੀ ਕਾਇਆ ਮਾਟੀ ਕੱਚ, ਘਰ ਘਰ ਫੋਲਾਂ ਚਾਈਂ ਚਾਈਂਆ । ਕੂੜੀ ਕਿਰਿਆ ਜਗਤ ਵਾਸਨਾ ਸਾਰੇ ਰਹੇ ਹੱਸ, ਹਸਤੀ ਤੇਰੇ ਨਾਲ ਨਾ ਕੋਇ ਮਿਲਾਈਆ । ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਨੇ ਕੀਤੀ ਬਸ, ਬਸਤੇ ਸਾਰੇ ਰਹੇ ਬੰਧਾਈਆ । ਕਿਰਪਾ ਕਰ ਪੁਰਖ ਸਮਰਥ, ਧੁਰ ਦੀ ਮੰਗ ਇਕ ਮੰਗਾਈਆ । ਸਦੀ ਚੌਧਵੀਂ ਆਉਣਾ ਨੱਠ, ਖ਼ਾਲਕ ਖ਼ਲਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਵੇਸ ਵਟਾਈਆ । ਸਤਿ ਨਾਮ ਕਹੇ ਪ੍ਰਭ ਛੇਤੀ ਆ, ਸ਼ਹਿਨਸ਼ਾਹ ਤੇਰੀ ਇਕ ਸ਼ਰਨਾਈਆ । ਮੈਂ ਵੀ ਬਣਾਂ ਅੰਤ ਗਵਾਹ, ਸ਼ਹਾਦਤ ਸਾਚੀ ਦਿਆਂ ਭੁਗਤਾਈਆ । ਚਾਰ ਵਰਨ ਤੈਨੂੰ ਗਏ ਭੁਲਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਨਾਉਂ ਨਾ ਕੋਇ ਧਿਆਈਆ । ਦੀਨ ਮਜ਼੍ਹਬ ਝਗੜਾ ਰਹੇ ਪਾ, ਜ਼ਾਤ ਪਾਤ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਚਾ ਜਪੇ ਨਾ ਕੋਇ ਨਾਂ, ਨਾਉਂ ਨਿਰੰਕਾਰਾ ਨਾ ਕੋਇ ਸੁਣਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪਕੜੇ ਕੋਇ ਨਾ ਬਾਂਹ, ਸ਼ਾਹ ਸੁਲਤਾਨ ਬੈਠੇ ਮੁਖ ਭਵਾਈਆ । ਮੁੱਲਾ ਸ਼ੇਖ਼ ਮੁਸਾਇਕ ਕਰਨ ਹਰਾਮ, ਉਮਤੀ ਉਮਤ ਰੂਪ ਨਾ ਕੋਇ ਵਖਾਈਆ । ਸਾਚਾ ਕਲਮਾ ਨਾ ਕੋਇ ਕਲਾਮ, ਸਿਫ਼ਤੀ ਸਿਫ਼ਤ ਨਾ ਕੋਇ ਸੁਣਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਿਹਬਾਨ ਬੀਦੋ ਤੇਰੀ ਓਟ ਤਕਾਈਆ । ਸਤਿ ਧਰਮ ਦਾ ਮਿਟਿਆ ਨਿਸ਼ਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਮੰਤਰ ਇਕੋ ਦੇ ਗਿਆਨ, ਲੱਖ ਚੁਰਾਸੀ ਕਰ ਪੜ੍ਹਾਈਆ । ਇਸ਼ਟ ਦੇਵ ਦੋ ਜਹਾਨ, ਸਰਗੁਣ ਨਿਰਗੁਣ ਦੇ ਵਖਾਈਆ । ਨਜ਼ਰੀ ਔਣਾ ਬਣ ਕੇ ਰਾਮ, ਕਾਹਨ ਹੋ ਕੇ ਬੰਸਰੀ ਸਤਿ ਵਜਾਈਆ । ਅਮਾਮ ਹੋ ਕੇ ਦੇਣਾ ਇਕ ਪੈਗ਼ਾਮ, ਨਾਨਕ ਹੋ ਕੇ ਨਾਮ ਸਮਝਾਈਆ । ਗੋਬਿੰਦ ਹੋ ਕੇ ਡੰਕਾ ਵਜੌਣਾ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਸੋਇਆ ਕੋਇ ਰਹਿਣ ਨਾ ਪਾਈਆ । ਸਾਚਾ ਮੰਦਰ ਸਹੌਣਾ ਮਕਾਨ, ਸਾਢੇ ਤਿੰਨ ਹੱਥ ਦੇ ਵਡਿਆਈਆ । ਸੰਬਲ ਬੈਠ ਕਰੇਂ ਆਰਾਮ, ਸੇਜ ਸੁਹੰਜਣੀ ਸੋਭਾ ਪਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਹਉਂ ਬਾਲਕ ਬਾਲ ਅੰਞਾਣ, ਤੇਰਾ ਸਿਫ਼ਤੀ ਸਿਫ਼ਤ ਢੋਲਾ ਜਗਤ ਸੁਣਾਈਆ । ਕਲਜੁਗ ਅੰਤਮ ਲੇਖ ਲਿਖਣਾ ਆਣ, ਬਾਕੀ ਕੋਇ ਰਹਿਣ ਨਾ ਪਾਈਆ । ਤੂੰ ਦਾਤਾ ਦਾਨੀ ਦੇਵਣਹਾਰਾ ਦਾਨ, ਅਨਮੁਲੜੀ ਵਸਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਮੁਕਾਈਆ । ਸਤਿ ਨਾਮ ਕਹੇ ਕਲਜੁਗ ਗਿਆ ਸਤਿ, ਸਤਿਵਾਦੀ ਨਜ਼ਰ ਕੋਇ ਨਾ ਆਇੰਦਾ । ਸਾਚੀ ਦਿਸੇ ਨਾ ਬ੍ਰਹਮਮੱਤ, ਵਿਦਿਆ ਬ੍ਰਹਮ ਨਾ ਕੋਇ ਪੜ੍ਹਾਇੰਦਾ । ਸਚ ਦਵਾਰਿਉਂ ਸਾਰੇ ਗਏ ਨੱਠ, ਮੰਦਰ ਹੱਕ ਸੋਭਾ ਕੋਈ ਨਾ ਪਾਇੰਦਾ । ਰਸਨਾ ਜਿਹਵਾ ਮਣਕਾ ਮਣਕਾ ਨਾਮ ਰਹੇ ਰਟ, ਮਨਸਾ ਮਨ ਨਾ ਕੋਇ ਮਿਟਾਇੰਦਾ । ਤੀਰਥ

੧੨੯

ਤਟਾਂ ਉਤੇ ਰਹੇ ਨੱਠ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਇੰਦਾ । ਸਤਿ ਨਾਮ ਕਹੇ ਮੇਰੀ ਮੰਜ਼ਲ ਮੁੱਕੀ, ਪੈਂਡਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਆਤਮਾ ਸਰਬ ਸੁੱਤੀ, ਸੁਤਿਆਂ ਅੱਖ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਤੇਰੇ ਨਾਲੋਂ ਰੁੱਠੀ, ਰੁਸਿਆਂ ਸਕੇ ਨਾ ਕੋਇ ਮਨਾਈਆ । ਕਲਜੁਗ ਮਤ ਦਿਤੀ ਪੁੱਠੀ, ਉਲਟੀ ਕਰੀ ਪੜ੍ਹਾਈਆ । ਜਗਤ ਵਾਸਨਾ ਧੀਆਂ ਪੁੱਤੀਂ, ਪਿਤਾ ਪੁਰਖ ਅਕਾਲ ਨਾ ਕੋਇ ਮਿਲਾਈਆ । ਅੰਤਰ ਆਤਮਾ ਪਰਮਾਤਮਾ ਕਦੇ ਨਾ ਝੁਕੀ, ਬਾਹਰੋਂ ਸੀਸ ਸਰਬ ਝੁਕਾਈਆ । ਬੁਧੀ ਹੋਈ ਨਾ ਬਿਬੇਕ ਸੁੱਚੀ, ਦੁਰਮਤ ਮੈਲ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਸਤਿ ਨਾਮ ਕਹੇ ਮੇਰਾ ਬਣੇ ਕੋਇ ਨਾ ਮੀਤ, ਮਿਤਰ ਪਿਆਰਾ ਨਜ਼ਰ ਕੋਇ ਨਾ ਆਇੰਦਾ । ਜਗਤ ਕਾਰਨੇ ਗੌਂਦੇ ਗੀਤ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਭੱਜੇ ਫਿਰਦੇ ਮੰਦਰ ਮਸੀਤ, ਕਾਇਆ ਕਾਅਬਾ ਨਾ ਕੋਇ ਵਡਿਆਇੰਦਾ । ਝਗੜਾ ਪਿਆ ਉਚ ਨੀਚ, ਜ਼ਾਤ ਪਾਤ ਲੇਖ ਨਾ ਕੋਇ ਗਵਾਇੰਦਾ । ਮਿਲ ਸਾਹਿਬ ਸਤਿਗੁਰ ਕਾਇਆ ਕਰੇ ਨਾ ਕੋਏ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਇੰਦਾ । ਸਚ ਦਵਾਰਿਉਂ ਮੰਗੇ ਕੋਇ ਨਾ ਭੀਖ, ਭੇਖਾ ਧਾਰੀ ਘਰ ਘਰ ਫੇਰਾ ਪਾਇੰਦਾ । ਮਿਲੇ ਮੇਲ ਨਾ ਸਾਹਿਬ ਅਤੀਤ, ਤ੍ਰੈਗੁਣ ਡੇਰਾ ਕੋਈ ਨਾ ਢਾਇੰਦਾ । ਲੇਖਾ ਚੁੱਕੇ ਨਾ ਹਸਤ ਕੀਟ, ਰਾਜ ਰਾਜਾਨ ਸ਼ਾਹ ਸੁਲਤਾਨ ਸੰਸਾ ਰੋਗ ਨਾ ਕੋਇ ਮਿਟਾਇੰਦਾ । ਪਰਮ ਪੁਰਖ ਪਰਮਾਤਮ ਅੰਤਰ ਆਤਮ ਆਪ ਕਰ ਬਖ਼ਸ਼ੀਸ਼, ਬਖ਼ਸ਼ਣਹਾਰਾ ਇਕ ਅਖਵਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੋ ਜਹਾਨ ਸਾਚੀ ਦੇ ਇਕ ਹਦੀਸ, ਵਰਨ ਬਰਨ ਸਾਚਾ ਕਲਮਾ ਨਗ਼ਮਾ ਨਾਮ ਇਕ ਸੁਣਾਇੰਦਾ । ਹਰ ਘਟ ਵਸੇਂ ਸਦਾ ਚੀਤ, ਚੇਤਨ ਸੁਰਤੀ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਇੰਦਾ । ਸਤਿ ਨਾਮ ਕਹੇ ਤੂੰ ਸਤਿਗੁਰ ਸੋ, ਸੋਭਾਵੰਤ ਤੇਰੀ ਵਡਿਆਈਆ । ਨਿਰਗੁਣ ਸਰਗੁਣ ਆਪੇ ਹੋ, ਅਚਰਜ ਖੇਲ ਰਚਾਈਆ । ਸਚ ਪਰਕਾਸ਼ ਕਰਕੇ ਲੋ, ਜੋਤੀ ਜੋਤ ਡਗਮਗਾਈਆ । ਆਤਮ ਪਰਮਾਤਮ ਬਖ਼ਸ਼ ਕੇ ਮੋਹ, ਮੁਹੱਬਤ ਆਪਣੇ ਨਾਲ ਵਖਾਈਆ । ਅੰਮ੍ਰਿਤ ਆਤਮ ਸਾਚਾ ਚੋ, ਨਿਝਰ ਝਿਰਨਾ ਇਕ ਝਿਰਾਈਆ । ਆਪਣੇ ਜੇਹਾ ਆਪੇ ਹੋ, ਹੰ ਬ੍ਰਹਮ ਰੂਪ ਵਟਾਈਆ । ਧੁਰ ਦਾ ਢੋਆ ਦੇਵੇਂ ਢੋ, ਨਿਤ ਨਵਿਤ ਫੇਰਾ ਪਾਈਆ । ਤੇਰਾ ਭੇਵ ਨਾ ਜਾਣੇ ਕੋ, ਅਗੰਮ ਅਥਾਹ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਦੇ ਵਰਤਾਈਆ । ਸਚ ਵਸਤ ਦੇ ਸਤਿ ਸਰੂਪ, ਸਤਿ ਸਤਿਵਾਦੀ ਤੇਰੇ ਹੱਥ ਵਡਿਆਈਆ । ਤੇਰਾ ਨਾਮ ਨਗਾਰਾ ਵੱਜੇ ਚਾਰੇ ਕੂਟ, ਦਹਿ ਦਿਸ਼ਾ ਕਰੇ ਸ਼ਨਵਾਈਆ । ਨਾਤਾ ਤੋੜ ਝੂਠ ਝੂਠ, ਕੂੜੀ ਕਿਰਿਆ ਦੇ ਗਵਾਈਆ । ਆਤਮ ਪਰਮਾਤਮ ਤੇਰਾ ਤਾਣਾ ਪੇਟਾ ਸੂਤ, ਧੁਰ ਦਾ ਮੇਲਾ ਲੈ ਮਿਲਾਈਆ । ਪਰਮ ਪੁਰਖ ਆਪਣੀ ਗੋਦੀ ਚੁੱਕ ਪੂਤ, ਪਿਤਾ ਹੋ ਕੇ ਸੇਵ ਕਮਾਈਆ । ਕਲਜੁਗ ਭਰਮੇ ਭੁੱਲਾ ਪੰਜ ਭੂਤ, ਪੰਚ ਨਾਦ ਸ਼ਬਦ ਨਾ ਕੋਇ ਸ਼ਨਵਾਈਆ । ਕਿਰਪਾ ਨਿਧਾਨ ਸਚ ਦਵਾਰਾ ਦੱਸ ਉਚ, ਅਗੰਮ ਅਥਾਹ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਜਾਂਦੇ ਕਰਕੇ ਕੂਚ, ਅੰਤਮ ਆਪਣਾ ਆਸਣ ਲਾਈਆ । ਓਥੇ ਨਾ ਸਮਝ ਨਾ ਕੋਈ ਸੂਝ, ਸੋਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ

ਹੋ ਸਹਾਈਆ । ਸਤਿ ਨਾਮ ਕਹੇ ਤੇਰਾ ਸੋਹੰ ਰੰਗ, ਆਦਿ ਜੁਗਾਦੀ ਨਜ਼ਰੀ ਆਈਆ । ਸਚਖੰਡ ਸੁਹਾਏ ਤੇਰਾ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਥਿਰ ਘਰ ਵੱਜੇ ਸ਼ਬਦ ਅਨੰਦ, ਅਨਰਾਗੀ ਰਾਗ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਕੇ ਵੰਡ, ਤ੍ਰੈਗੁਣ ਮਾਇਆ ਮੇਲ ਮਿਲਾਈਆ । ਪੰਜ ਤਤ ਚਾੜ੍ਹ ਕੇ ਚੰਦ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਰਚਾਈਆ । ਲੱਖ ਚੁਰਾਸੀ ਗਾ ਕੇ ਛੰਦ, ਸੋਹੰ ਢੋਲਾ ਦਿਤਾ ਦ੍ਰਿੜਾਈਆ । ਕਰ ਵਸੇਰਾ ਜੇਰਜ ਅੰਡ, ਉਤਭੁਜ ਸੇਤਜ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰ ਸੂਰੇ ਸਰਬੰਗ, ਸਿਫ਼ਤੀ ਨਾਮ ਦਿਤੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਬਣਾਈਆ । ਸਾਚਾ ਨਾਮ ਦੇ ਇਕ, ਏਕੰਕਾਰ ਤੇਰੀ ਸਰਨਾਈਆ । ਸਚ ਦਵਾਰਿਉਂ ਮਿਲੇ ਭਿਖ, ਭਿਛਿਆ ਦੇ ਵਰਤਾਈਆ । ਅਗਲਾ ਲੇਖਾ ਦੇਣਾ ਲਿਖ, ਪਿਛਲਾ ਪੰਧ ਚੁਕਾਈਆ । ਆਤਮ ਪਰਮਾਤਮ ਹੋਵੇ ਹਿਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਦਿਆਲ ਹੋ ਕੇ ਵਸੀਂ ਚਿਤ, ਚੇਤਨ ਸੁਰਤੀ ਆਪ ਕਰਾਈਆ । ਪੁਰਖ ਅਕਾਲ ਬਣਨਾ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਆਸਣ ਲੌਣਾ ਕਾਇਆ ਵਿਚ, ਸਾਢੇ ਤਿੰਨ ਹੱਥ ਘਰ ਘਰ ਵਿਚ ਸੋਭਾ ਪਾਈਆ । ਤੇਰੀ ਸਾਰ ਨਾ ਪਾਏ ਕੋਈ ਮੁਨ ਰਿਖ, ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਢੋਲਾ ਜਸ ਰਹੇ ਗਾਈਆ । ਕਲਜੁਗ ਅੰਤਮ ਕਰਵਟ ਲੈ ਬਦਲ ਲੈ ਪਿਠ, ਆਪ ਆਪਣਾ ਪੜਦਾ ਲਾਹੀਆ । ਖੇਲ ਵਖਾ ਇਕ ਅਣਡਿਠ, ਜਿਸ ਦੀ ਸਮਝ ਕੋਇ ਨਾ ਆਈਆ । ਜਨ ਭਗਤਾਂ ਕਰ ਸਾਚਾ ਹਿਤ, ਮਿਤਰ ਬਣ ਕੇ ਮੇਲ ਮਿਲਾਈਆ । ਤੇਰੇ ਮਿਲਣ ਦੀ ਇਕੋ ਸਿਕ, ਦੂਜੀ ਆਸ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਰਨ ਨੇਰਾ ਹੋ ਕੇ ਪੜਦਾ ਦੇਣਾ ਚੁਕਾਈਆ । ਨੇਰਨ ਨੇਰਾ ਹੋ ਕਰੀਬ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਮਾਰਗ ਵੇਖਾਂ ਅਜੀਬ, ਅਜਬ ਤਰਾ ਦੇ ਸਮਝਾਈਆ । ਮੈਂ ਜਨਮ ਕਰਮ ਦਾ ਤੇਰਾ ਮਰੀਜ਼, ਬਣ ਤਬੀਬ ਲੈ ਬਚਾਈਆ । ਤੇਰੀ ਛੋਹ ਚਰਨ ਬਦਲੇ ਮੇਰੇ ਨਸੀਬ, ਨਿਸਬਤ ਆਪਣੀ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਰੱਖ ਹੱਥ ਸਮਰਥ, ਮਹਿਮਾ ਅਕਥ ਤੇਰੀ ਵਡਿਆਈਆ । ਨਾਮ ਜੈਕਾਰਾ ਦੱਸ ਅਲੱਖ, ਅਲੱਖ ਨਿਰੰਜਣ ਤੇਰਾ ਢੋਲਾ ਇਕੋ ਗਾਈਆ । ਵਸਤ ਅਮੋਲਕ ਦੇਦੇ ਅਗੰਮੀ ਵਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਇਆ ਝੋਲੀ ਦੇ ਭਰਾਈਆ । ਆਤਮ ਪਰਮਾਤਮ ਨਿਜ ਘਰ ਦਰਸ ਕਰੌਣਾ ਹੱਸ ਹੱਸ, ਹਸਤੀ ਮਸਤੀ ਨਾਮ ਖ਼ੁਮਾਰੀ ਦੇ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮਿਲ ਕੇ ਚਲੇ ਇਕੋ ਰਥ, ਰਥ ਰਥਵਾਹੀ ਤੂੰ ਹੀ ਨਜ਼ਰੀ ਆਈਆ । ਤੇਰਾ ਨਾਮ ਨਿਧਾਨ ਮੇਰਾ ਪੂਜਾ ਪਾਠ, ਸਿਮਰਨ ਇਕੋ ਦੇ ਦ੍ਰਿੜਾਈਆ । ਤੇਰਾ ਨੂਰ ਜ਼ਹੂਰ ਮੇਰੇ ਘਰ ਜੋਤ ਪਰਕਾਸ਼, ਅੰਧ ਅੰਧੇਰ ਦੇ ਚੁਕਾਈਆ । ਤੂੰ ਸਾਹਿਬ ਸਵਾਮੀ ਮੈਂ ਵਸਾਂ ਤੇਰੇ ਸਾਥ, ਜਗਤ ਵਿਛੋੜਾ ਰਹਿਣ ਨਾ ਪਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੁਰੀ ਲੋਅ ਭੱਜੇਂ ਵਾਹੋ ਦਾਹੀਆ । ਮੈਂ ਮੰਗਾਂ ਚਰਨ ਕਵਲ ਸਚ ਨਿਵਾਸ, ਸਚਖੰਡ ਦਵਾਰੇ ਵੱਜੇ ਤੇਰੇ ਨਾਮ ਵਧਾਈਆ । ਮੇਰਾ ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਵਿਚੋਂ ਤੇਰਾ ਰੂਪ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਪੂਰੀ ਹੋਵੇ ਖ਼ਾਹਿਸ, ਖ਼ਾਲਸ ਹੋ ਕੇ ਇਕ ਦੂਜੇ ਸੰਗ ਨਿਭਾਈਆ । ਤੂੰ ਦਾਤਾ ਗਹਿਰ ਗੰਭੀਰ ਸਰਬ ਗੁਣਤਾਸ, ਦਾਤਾ ਦਾਨੀ ਦਇਆਵਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕੋ ਦੇਣਾ ਸਾਚਾ ਵਰ, ਧੁਰ ਦਾ ਮੰਤਰ ਇਕ ਸਮਝਾਈਆ । ਧੁਰ ਦਾ ਦੱਸ ਸਾਚਾ ਮੰਤਰ, ਚਾਰ ਵਰਨ ਪੜ੍ਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਵੇਖ ਵਖਾਈਆ । ਨਿਰਮਲ ਜੋਤ ਜਗੇ ਨਿਰੰਤਰ, ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਤਨ ਕਾਇਆ ਮਾਟੀ ਬੁਝੇ ਬਸੰਤਰ, ਅਗਨੀ ਤਤ ਨਾ ਕੋਇ ਜਲਾਈਆ । ਹੋਏ ਪਰਕਾਸ਼ ਗਗਨ ਗਗਨੰਤਰ, ਦੀਵਾ ਬਾਤੀ ਕਮਲਾਪਾਤੀ ਇਕੋ ਇਕ ਰੁਸ਼ਨਾਈਆ । ਜਨ ਭਗਤਾਂ ਚੋਲਾ ਤਨ ਬਦਲਾ ਬਸਤਰ, ਭੂਸ਼ਨ ਓਡਨ ਇਕੋ ਇਕ ਵਖਾਈਆ । ਨਾਮ ਖੰਡਾ ਬਖ਼ਸ਼ ਸ਼ਸਤਰ, ਕੂੜੀ ਕਿਰਿਆ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਲੇਖੇ ਲਾਈਆ । ਹਰਿਜਨ ਲੇਖੇ ਜਾਏ ਲੱਗ, ਤੇਰੀ ਓਟ ਤਕਾਈਆ । ਸ੍ਰਿਸ਼ਟ ਸਬਾਈ ਨਾਲੋਂ ਹੋ ਕੇ ਅੱਡ, ਦਰ ਠਾਂਡੇ ਸੀਸ ਝੁਕਾਈਆ । ਨਾਤਾ ਤੋੜ ਕਾਇਆ ਮਾਟੀ ਕਾਚੇ ਹੱਡ, ਹੱਦ ਤੇਰੀ ਵੇਖ ਖ਼ੁਸ਼ੀ ਮਨਾਈਆ । ਮੇਲ ਮਿਲਕੇ ਵਿਸ਼ਵ ਯੱਦ, ਵਿਸ਼ਵ ਆਪਣਾ ਰੂਪ ਜਣਾਈਆ । ਸਤਿ ਸਰਨਾਈ ਸਾਹਿਬ ਢੱਠ, ਹਉਮੇ ਰੋਗ ਮਿਟਾਈਆ । ਲੇਖ ਚੁਕਾਕੇ ਤਤ ਅੱਠ, ਨੌ ਦਰ ਡੇਰਾ ਢਾਹੀਆ । ਦਸਵੇਂ ਘਰ ਤੇਰੇ ਸੰਗ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸਾਚਾ ਨੂਰ ਕਰ ਪਰਕਾਸ਼, ਅਨਹਦ ਨਾਦੀ ਨਾਦ ਸੁਣਾਈਆ । ਸ਼ਬਦ ਸਵਾਮੀ ਰੱਖਣਾ ਪਾਸ, ਨਿਹਕਾਮੀ ਆਪਣਾ ਕਰਮ ਕਮਾਈਆ । ਤੂੰ ਮੇਰਾ ਮੈਂ ਤੇਰਾ ਦਾਸ, ਦਾਸ ਸੇਵਕ ਦੋਵੇਂ ਮਿਲਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰ ਆਸ, ਆਸਾ ਮਨਸਾ, ਮਨਸਾ ਤ੍ਰਿਸਨਾ, ਤ੍ਰਿਸਨਾ ਤ੍ਰਿਖਾ ਆਪਣੇ ਵਿਚ ਮਿਲਾਈਆ ।



੧੮੨

## ✪ ੨੩ ਹਾੜ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ ਲਲੀਆਂ ਕਲਾਂ ✪

ਭਗਤ ਭਗਵਾਨ ਮੇਲਾ ਮਾਤ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਆਪਣੀ ਦੱਸ ਕੇ ਸਾਚੀ ਜ਼ਾਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਾਮ ਦੇ ਕੇ ਸਤਿ ਸੁਗਾਤ, ਸਾਚੀ ਵਿਦਿਆ ਬ੍ਰਹਮ ਦ੍ਰਿੜਾਇੰਦਾ । ਚਰਨ ਪ੍ਰੀਤੀ ਬੰਨ੍ਹ ਕੇ ਨਾਤ, ਸਚ ਸਰਨਾਈ ਇਕ ਵਖਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚਮਕਾਇੰਦਾ । ਲਹਿਣਾ ਦੇਣਾ ਚੁਕਾ ਕੇ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਇੰਦਾ । ਮਾਨਸ ਜਨਮ ਕਰਾਏ ਰਾਸ, ਤਤਵ ਤਤ ਖੋਜ ਖੋਜਾਇੰਦਾ । ਲੇਖ ਮੁਕਾ ਕੇ ਦਸ ਦਸ ਮਾਸ, ਮਾਤ ਗਰਭ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਜੁਗ ਜੁਗ ਮੇਲਾ ਭਗਤ ਭਗਵਾਨ, ਵੱਜੇ ਲੋਕਮਾਤ ਵਧਾਈਆ । ਨਿਰਗੁਣ ਸਰਗੁਣ ਮਿਲੇ ਆਣ, ਨਿਰਵੈਰ ਪੁਰਖ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਕਰੇ ਪਹਿਚਾਨ, ਹਰਿਜਨ ਸਾਚੇ ਖੋਜ ਖੋਜਾਈਆ । ਆਤਮ ਪਰਮਾਤਮ ਸਚ ਪ੍ਰੀਤੀ ਬਖ਼ਸ਼ੇ ਚਰਨ ਧਿਆਨ, ਕਵਲ ਇਕੋ ਇਕ ਵਖਾਈਆ । ਕੂੜੀ ਕਿਰਿਆ ਮੇਟੇ ਜਗਤ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਮੰਦਰ ਵਖਾਏ ਇਕ ਧਰਮਸਾਲ, ਧਰਮ ਦਵਾਰਾ ਕਾਇਆ ਹੱਟ ਜਣਾਈਆ । ਦੀਵਾ ਜੋਤੀ ਜਗੇ ਮਹਾਨ, ਕਮਲਾਪਾਤੀ ਕਰੇ ਰੁਸ਼ਨਾਈਆ । ਅਨਹਦ

ਸ਼ਬਦ ਸੱਚੀ ਧੁਨਕਾਨ, ਅਗੰਮੀ ਰਾਗ ਸੁਣਾਈਆ । ਅੰਮ੍ਰਿਤ ਦੇਵੇ ਪੀਣ ਖਾਣ, ਝਿਰਨਾ ਨਿਝਰ ਆਪ ਝਿਰਾਈਆ । ਜਨਮ ਕਰਮ ਦਾ ਦੁੱਖ ਮੇਟੇ ਆਣ, ਸੁਖ ਸਾਗਰ ਰੂਪ ਵਖਾਈਆ । ਮੇਲ ਮਿਲਾਏ ਦੋ ਜਹਾਨ, ਜਗਤ ਵਿਛੋੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਭਗਤ ਭਗਵਾਨ ਲੇਖਾ ਧੁਰ, ਦਰਗਾਹ ਸਾਚੀ ਦਇਆ ਕਮਾਇੰਦਾ । ਆਤਮ ਪਰਮਾਤਮ ਜੋ ਜਨ ਗਏ ਜੁੜ, ਸੁਰਤੀ ਸ਼ਬਦੀ ਜੋੜੀ ਆਪ ਜੁੜਾਇੰਦਾ । ਕੂੜੀ ਕਿਰਿਆ ਜਗਤ ਵਹਿਣ ਨਾ ਜਾਇਣ ਰੁੜ੍ਹ, ਸ਼ੌਹ ਦਰਿਆ ਨਾ ਕੋਇ ਸੁਟਾਇੰਦਾ । ਸਾਚਾ ਮੰਤਰ ਫੁਰਨਾ ਜਾਏ ਫੁਰ, ਅੱਖਰ ਵੱਖਰ ਆਪ ਪੜ੍ਹਾਇੰਦਾ । ਅੰਤ ਭਗਵੰਤ ਹਰਿ ਕੰਤ ਜਾਏ ਬਹੁੜ, ਮਿਹਰਵਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਇੰਦਾ । ਭਗਤ ਭਗਵਾਨ ਮਾਰਗ ਦੱਸੇ, ਆਦਿ ਜੁਗਾਦਿ ਦਇਆ ਕਮਾਇੰਦਾ । ਹਿਰਦੇ ਅੰਦਰ ਸਾਚੇ ਵਸੇ, ਮੰਦਰ ਗ੍ਰਿਹਿ ਸੋਭਾ ਪਾਇੰਦਾ । ਪ੍ਰੇਮ ਪਿਆਰ ਪ੍ਰੀਤੀ ਅੰਦਰ ਹੱਸੇ, ਸੋਹੰ ਹੰਸਾ ਰਾਗ ਅਲਾਇੰਦਾ । ਕੂੜੀ ਕਿਰਿਆ ਮੇਟ ਰੈਣ ਅੰਧੇਰੀ ਮੱਸੇ, ਸਤਿਗੁਰ ਸਾਚਾ ਚੰਦ ਚਮਕਾਇੰਦਾ । ਗਲੋਂ ਕੱਟ ਚੁਰਾਸੀ ਰੱਸੇ, ਜਮ ਕੀ ਫਾਸੀ ਫਾਹ ਕਟਾਇੰਦਾ । ਚਰਨ ਕਵਲ ਜਨ ਸੀਸ ਰੱਖ ਟੇਕੇ ਮੱਥੇ, ਤਿਨ੍ਹਾਂ ਮਸਤਕ ਭਾਗ ਆਪ ਬਣਾਇੰਦਾ । ਸੱਜਣ ਸਾਕਾਂ ਵਾਂਗ ਕਦੇ ਨਾ ਅੱਕੇ, ਦੁਖੀਆਂ ਦਰਦੀਆਂ ਆਪਣਾ ਦਰਦ ਵੰਡਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਸਚ ਪ੍ਰੇਮ ਅੰਦਰ ਨੱਠੇ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਕਰਮ ਕਾਂਡ ਜਗਤ ਵੇਖੇ ਮਾਇਆ ਮਮਤਾ ਮੋਹ ਲੱਗੇ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਤੱਤੀ ਵਾਉ ਅੰਤ ਪੋਹ ਨਾ ਸਕੇ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹੱਥੇ, ਹੱਥ ਸਮਰਥ ਸਿਰ ਆਪ ਟਿਕਾਇੰਦਾ । ਦਰਸ ਦਿਖਾਏ ਤੀਜੀ ਅੱਖੇ, ਦੋਏ ਲੋਚਣ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਸਚ ਮਿਲਾਇੰਦਾ । ਭਗਤ ਭਗਵਾਨ ਕਰੇ ਮਿਲਾਪ, ਮਿਲਨੀ ਆਪਣੇ ਨਾਲ ਕਰਾਈਆ । ਜਿਨ੍ਹਾਂ ਜਪਿਆ ਸਾਚਾ ਜਾਪ, ਜਗ ਜੀਵਣ ਗਏ ਬਦਲਾਈਆ । ਰੂਹ ਬੁਤ ਦੋਵੇਂ ਪਾਕ, ਖ਼ਾਕੀ ਖ਼ਾਕ ਮਿਲੇ ਵਡਿਆਈਆ । ਸ਼ਾਹ ਪਾਤਸ਼ਾਹ ਪ੍ਰਭ ਸੱਚਾ ਸਾਕ, ਸਗਲਾ ਸੰਗ ਬਣਾਈਆ । ਰੋਗ ਸੋਗ ਚਿੰਤਾ ਦੁਖ ਜਗਤ ਕਰੇ ਵਿਨਾਸ, ਅਬਿਨਾਸ਼ੀ ਆਪਣਾ ਰੰਗ ਰੰਗਾਈਆ । ਸੱਜਣ ਸੁਹੇਲਾ ਹੋ ਕੇ ਵਸੇ ਪਾਸ, ਗੁਰ ਚੇਲਾ ਗੋਦ ਉਠਾਈਆ । ਅੰਤਮ ਪਤ ਲਏ ਰਾਖ, ਰਾਖਾ ਹੋ ਕੇ ਸੇਵ ਕਮਾਈਆ । ਇਹੋ ਵਡਿਆਈ ਪੁਰਖ ਸਮਰਾਥ, ਹਰਿਜਨ ਸਾਚੇ ਗੋਦ ਉਠਾਈਆ । ਪਾਰ ਲੰਘਾਏ ਆਪਣੇ ਘਾਟ, ਪੱਤਣ ਬਹਿ ਕੇ ਖ਼ੁਸ਼ੀ ਮਨਾਈਆ । ਜਨਮ ਜਨਮ ਦੀ ਮੇਟੇ ਵਾਟ, ਕਰਮ ਕਰਮ ਦਾ ਰੋਗ ਮਿਟਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸ਼ਬਦੀ ਧਾਰ ਜਾਏ ਆਖ, ਆਖਰ ਆਪਣਾ ਘਰ ਵਖਾਈਆ । ਸਚ ਦਵਾਰੇ ਖੋਲ੍ਹ ਤਾਕ, ਪੜਦਾ ਓਹਲਾ ਦਏ ਚੁਕਾਈਆ । ਆਪਣੇ ਮਿਲਣ ਦੀ ਆਪੇ ਦੱਸ ਕੇ ਜਾਚ, ਧੁਰ ਦੀ ਕਰੇ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਗੋਦ ਉਠਾਈਆ । ਹਰਿਜਨ ਗੋਦੀ ਚੁੱਕੇ ਅੰਤ, ਅੰਤਸ਼ਕਰਨ ਵੇਖ ਵਖਾਇੰਦਾ । ਕ੍ਰਿਪਾਲ ਠਾਕਰ ਸਵਾਮੀ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਦੇ ਵਡਿਆਈ ਵਿਚੋਂ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਮਾਨਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਹਰਿਜਨ ਲੇਖਾ ਸਾਚੇ ਸੰਤ, ਸਾਹਿਬ ਸਤਿਗੁਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣੇ ਘਰ ਵਸਾਇੰਦਾ । ਸਾਚੇ ਘਰ ਭਗਤ ਵਸੇਰਾ, ਵਿਸ਼ਵ ਇਕੋ ਨਜ਼ਰੀ ਆਈਆ । ਮੇਲ ਮੇਲੇ ਗੁਰੂ ਚੇਰਾ, ਚੇਰਾ ਗੁਰੂ ਰੂਪ ਸਮਾਈਆ । ਸੋਹਣਾ ਲੱਗੇ ਇਕੋ ਖੇੜਾ, ਜਿਸ ਘਰ ਬੈਠਾ ਬੇਪਰਵਾਹੀਆ । ਆਵਣ ਜਾਵਣ ਚੁੱਕੇ ਝੇੜਾ, ਝਗੜਾ ਕੋਇ ਰਹਿਣ ਨਾ ਪਾਈਆ । ਨਾਤਾ ਜੋੜੇ ਤੇਰਾ ਮੇਰਾ, ਸੋਹੰ ਰੂਪ ਸਮਾਈਆ । ਸੋਹਣਾ ਲੱਗੇ ਭਗਤਾਂ ਡੇਰਾ, ਭਗਵਨ ਵੇਖ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਈਆ । ਸਾਚਾ ਸੰਗ ਨਿਭਾਏ ਸਾਹਿਬ, ਪੁਰਖ ਸਮਰਥ ਵੱਡੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਗ਼ਾਇਬ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਕਰਦਾ ਰਹੇ ਹਦਾਇਤ, ਧੁਰ ਸੰਦੇਸ਼ਾ ਨਾਮ ਸੁਣਾਈਆ । ਪਰਮ ਪੁਰਖ ਦੀ ਸਚ ਰਵਾਇਤ, ਰਹਿਬਰ ਬਣ ਕੇ ਰਿਹਾ ਸਮਝਾਈਆ । ਨਾਮ ਨਿਧਾਨ ਵਸਤ ਕਰੇ ਅਨਾਇਤ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਪਿਛਲਾ ਦਏ ਸਮਝਾਈਆ । ਜਨ ਭਗਤ ਮੰਗੇ ਮੰਗ ਏਕ, ਦੋਏ ਜੋੜ ਸਰਨਾਈਆ । ਚਰਨ ਕਵਲ ਪ੍ਰਭ ਤੇਰੀ ਟੇਕ, ਦੂਜੀ ਓਟ ਨਾ ਕੋਇ ਤਕਾਈਆ । ਪੂਰਬ ਜਨਮ ਚੁੱਕੇ ਲੇਖ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਸਚ ਦਵਾਰੇ ਲੈ ਚਲ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਤਖ਼ਤ ਨਿਵਾਸੀ ਇਕ ਨਰੇਸ਼, ਨਰ ਨਿਰੰਕਾਰ ਨਜ਼ਰੀ ਆਈਆ । ਓਥੇ ਭਗਤ ਭਗਵਾਨ ਦਵਾਰੇ ਰਹੇ ਖੇਲ, ਸੋਹਣੀ ਸਾਚੀ ਖ਼ੁਸ਼ੀ ਮਨਾਈਆ । ਓਸੇ ਮੰਜ਼ਲ ਦੇਣਾ ਭੇਜ, ਅਧਵਿਚਕਾਰ ਨਾ ਕੋਇ ਅਟਕਾਈਆ । ਤੇਰਾ ਦਰਸ਼ਨ ਲਈਏ ਪੇਖ, ਪੇਖ ਪੇਖ ਖ਼ੁਸ਼ੀ ਮਨਾਈਆ । ਲੇਖਾ ਛੁੱਟ ਜਾਏ ਰੂਪ ਰੇਖ, ਰੰਗ ਰਹਿਣ ਕੋਇ ਨਾ ਪਾਈਆ । ਸਚ ਦਵਾਰੇ ਰਹੀਏ ਹਮੇਸ਼, ਜਨਮ ਮਰਨ ਪੰਧ ਮੁਕਾਈਆ । ਸੰਗ ਨਿਭਾਈਏ ਦਸ ਦਸਮੇਸ਼, ਦਹਿ ਦਿਸ਼ਾ ਖ਼ੁਸ਼ੀ ਵਖਾਈਆ । ਅੰਤਮ ਆਪਣਾ ਦੱਸਣਾ ਭੇਤ, ਪੜਦਾ ਓਹਲਾ ਇਕ ਉਠਾਈਆ । ਤੇਰੀ ਕਿਰਪਾ ਤੇਰੀ ਮਿਹਰ ਤੇਰਾ ਪਿਆਰ ਕਰੇ ਬੁਧ ਬਿਬੇਕ, ਸੁਰਤੀ ਸ਼ਬਦ ਕਰੇ ਕੁੜਮਾਈਆ । ਤੇਰਾ ਚਰਨ ਸਾਚੀ ਟੇਕ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਸੌਣਾ ਬੇਪਰਵਾਹੀਆ । ਜਨ ਭਗਤ ਕਹੇ ਪ੍ਰਭ ਖੋਲ੍ਹ ਦਰਵਾਜ਼ਾ, ਦਰਗਾਹ ਸਾਚੀ ਕੁੰਡਾ ਲਾਹੀਆ । ਹਰਿਜਨ ਤੇਰਾ ਤੂੰ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗੋਦ ਉਠਾਈਆ । ਕੋਟਨ ਕੋਟ ਜਨਮ ਪਿਛੋਂ ਪਰਮ ਪੁਰਖ ਪ੍ਰਭ ਸੱਜਣ ਲਾਧਾ, ਮਿਲਿਆ ਬੇਪਰਵਾਹੀਆ । ਜਿਸ ਨੂੰ ਮਿਲ ਕੇ ਰਾਏ ਧਰਮ ਦਏ ਨਾ ਸਜ਼ਾ, ਲੱਖ ਚੁਰਾਸੀ ਨਾ ਕੋਇ ਭਵਾਈਆ । ਕਾਇਆ ਮਾਟੀ ਨਾਤਾ ਛੁੱਟੇ ਹੱਡਾਂ, ਮੜ੍ਹੀ ਗੋਰ ਰਹਿਣ ਕੋਇ ਨਾ ਪਾਈਆ । ਮੈਂ ਓਸ ਦਵਾਰੇ ਉਠ ਉਠ ਭੱਜਾਂ, ਜਿਸ ਘਰ ਵਸੇ ਸੱਚਾ ਮਾਹੀਆ । ਭਗਤਾਂ ਅੰਦਰ ਬਹਿ ਕੇ ਸਜਾਂ, ਦੂਜੀ ਜਮਾਤ ਨਜ਼ਰ ਕੋਇ ਨਾ ਪਾਈਆ । ਤੇਰਾ ਨਾਮ ਲੈ ਕੇ ਤੈਨੂੰ ਪ੍ਰਭੂ ਸੱਦਾਂ, ਹੋਕਾ ਦੇ ਕੇ ਦਿਆਂ ਜਣਾਈਆ । ਤੇਰਾ ਪ੍ਰੇਮ ਪਿਆਰ ਦਾ ਚੱਖਾਂ ਮਜ਼ਾ, ਮਜਲਸ ਆਪਣਾ ਪੰਧ ਮੁਕਾਈਆ । ਦਰਸ਼ਨ ਪੇਖ ਕੇ ਬਿਨ ਅੱਖਾਂ, ਆਖਰ ਤੇਰਾ ਨੂਰ ਤੇਰੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੇਖੇ ਲੌਣੀ ਸੇਵਾ ਕੀਤੀ ਹੱਥਾਂ, ਹਾਜ਼ਰ ਹੋ ਕੇ ਦਇਆ ਕਮਾਈਆ । ਭਗਤ ਕਹੇ ਮੈਂ ਤੇਰਾ ਨੱਢਾ, ਬਚਪਨ ਵਿਚੋਂ ਬਚਪਨ ਇਕ ਜਣਾਇੰਦਾ । ਤੂੰ ਸਾਹਿਬ ਸਤਿਗੁਰ ਸਭ ਤੋਂ ਵੱਡਾ, ਬੇਅੰਤ ਬੇਅੰਤ ਬੇਅੰਤ ਅਖਵਾਇੰਦਾ । ਮੈਂ ਲੁਕਿਆ ਕਾਇਆ ਹੱਡਾਂ, ਤੂੰ ਸਚਖੰਡ ਸੋਭਾ

ਪਾਇੰਦਾ । ਮੇਰਾ ਪ੍ਰੇਮ ਤੇਰੇ ਪਿਆਰ ਨਾਲ ਬੱਧਾ, ਪ੍ਰੀਤਮ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਮੈਂ ਸਤਿ ਸਵਾਮੀ ਤੈਨੂੰ ਦੇਵਾ ਸੱਦਾ, ਸੁਨੇਹੁੜਾ ਇਕੋ ਇਕ ਜਣਾਇੰਦਾ । ਤੂੰ ਠਾਕਰ ਆਵੇਂ ਭੱਜਾ, ਬਣ ਪਾਂਧੀ ਪੰਧ ਮੁਕਾਇੰਦਾ । ਜਿਸ ਵੇਲੇ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਗਤ ਰੋਗ ਨਾਲ ਡਿੱਗਾ ਵੇਖੇਂ ਉਪਰ ਮੰਜਾ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਭਗਵੰਤ ਕਹੇ ਮੇਰੇ ਭਗਤ, ਸਦ ਦਿਆਂ ਵਡਿਆਈਆ । ਔਖੀ ਘੜੀ ਨਾ ਦਿਸੇ ਜਗਤ, ਜੁਗਤ ਅੰਦਰੇ ਅੰਦਰ ਦਿਆਂ ਸਮਝਾਈਆ । ਤੇਰੇ ਚਰਨਾਂ ਹੇਠਾਂ ਰੱਖ ਕੇ ਮੁਕਤ, ਉਤੋਂ ਦੋਹਰਾ ਭਾਰ ਦਬਾਈਆ । ਆਪਣੇ ਮਿਲਣ ਦੀ ਦੇ ਕੇ ਸਾਚੀ ਸੁਰਤ, ਸੁਰਤ ਸ਼ਬਦ ਨਾਲ ਜੁੜਾਈਆ । ਕਰ ਪਰਕਾਸ਼ ਅਕਾਲ ਮੂਰਤ, ਮੂਰਤ ਵਿਚੋਂ ਸੂਰਤ ਦਏ ਬਦਲਾਈਆ । ਸ਼ਬਦ ਨਾਦ ਵਜਾਏ ਤੂਰਤ, ਤੁਰਤ ਆਪਣਾ ਹੁਕਮ ਸੁਣਾਈਆ । ਜਨ ਭਗਤਾਂ ਨਾਲ ਜੁਗ ਜੁਗ ਕਰੇ ਮਹੂਰਤ, ਮਿਹਰਵਾਨ ਆਪਣਾ ਫੇਰਾ ਪਾਈਆ । ਨਾਤਾ ਤੋੜ ਕੂੜੇ ਕੂੜਤ, ਸਤਿ ਸਚ ਲਏ ਜੁੜਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੁੜ੍ਹਤ, ਆਪ ਆਪਣਾ ਰੰਗ ਰੰਗਾਈਆ । ਆਸਾ ਮਨਸਾ ਸਦਾ ਸਦਾ ਸਦ ਪੂਰਤ, ਪੂਰੀ ਇਛਿਆ ਆਪ ਕਰਾਈਆ । ਜਨ ਭਗਤਾਂ ਪ੍ਰਭ ਨੂੰ ਸਦਾ ਜ਼ਰੂਰਤ, ਬਿਨ ਭਗਤਾਂ ਪ੍ਰਭ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਗੋਦ ਉਠਾਈਆ । ਹਰਿਜਨ ਗੋਦੀ ਲਏ ਚੁੱਕ, ਚੁੱਕਣਹਾਰ ਦਇਆ ਕਮਾਇੰਦਾ । ਲੋਕਮਾਤ ਪੈਂਡਾ ਜਾਏ ਮੁਕ, ਪਾਂਧੀ ਆਪਣਾ ਪੰਧ ਗਵਾਇੰਦਾ । ਅੱਗੇ ਮੇਲ ਅਬਿਨਾਸ਼ੀ ਅਚੁਤ, ਚੇਤਨ ਧਾਰ ਇਕ ਸਮਝਾਇੰਦਾ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਇੰਦਾ । ਸਚ ਦਵਾਰੇ ਸਾਚਾ ਸੁਖ, ਸੁਖ ਆਤਮ ਪਰਮਾਤਮ ਨਾਲ ਮਿਲਾਇੰਦਾ । ਕਾਇਆ ਮਾਟੀ ਹੱਡਾਂ ਕੂੜਾ ਦਿਤਾ ਦੁੱਖ, ਰਕਤ ਬੂੰਦ ਅੰਤਮ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਨਿਰਗੁਣ ਧਾਰ ਆਪਣੇ ਵਿਚ ਰਲਾਇੰਦਾ । ਰਲੀ ਨਿਰਮਲ ਧਾਰ ਰਲੀ, ਰਲਾ ਰਹਿਣ ਕੋਇ ਨਾ ਪਾਈਆ । ਕਾਇਆ ਮਾਟੀ ਤਨ ਤਤ ਸੀਸ ਜਗਦੀਸ਼ ਕਰਕੇ ਭੇਟ ਬਲੀ, ਬਲ ਆਪਣਾ ਗਈ ਵਧਾਈਆ । ਮਾਰੇ ਕੂਕ ਸਚ ਦਵਾਰ ਸਚਖੰਡ ਸਾਚੀ ਗਲੀ, ਹੋਕਾ ਦੇ ਕੇ ਰਹੀ ਸੁਣਾਈਆ । ਸਚ ਸਿੰਘਾਸਣ ਪੁਰਖ ਅਬਿਨਾਸਣ ਬੈਠਾ ਮੱਲੀ, ਬੇਅੰਤ ਬੇਪਰਵਾਹ ਡੇਰਾ ਲਾਈਆ । ਗੁਰਮੁਖ ਓਸ ਬਾਗ਼ ਦੀ ਮਹਿਕਦੀ ਕਲੀ, ਜਿਸ ਕਲੀ ਦਾ ਬੂਟਾ ਗੋਬਿੰਦ ਆਇਆ ਲਾਈਆ । ਅੰਮ੍ਰਿਤ ਰਸ ਨਾਲ ਪਲੀ, ਪੱਤ ਡਾਲ੍ਹੀ ਸ਼ਾਖ਼ ਲੋਕਮਾਤ ਮਹਿਕਾਈਆ । ਸੋਹਣੇ ਫਲ ਫੁਲੀ ਫਲੀ, ਚਾਰੋਂ ਕੁੰਟ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਿਤਾ ਮੁਕਾਈਆ । ਲਹਿਣਾ ਮੁਕਾਇਆ ਮਿਲਿਆ ਆਪ, ਆਪਣੀ ਦਇਆ ਕਮਾਈਆ । ਸਾਚਾ ਦੱਸ ਕੇ ਅਗੰਮਾ ਜਾਪ, ਅਗੰਮੜੀ ਖੇਲ ਵਖਾਈਆ । ਪੂਰਬ ਜਨਮ ਰਿਹਾ ਨਾ ਕੋਈ ਪਾਪ, ਅੱਗੇ ਰੋਗ ਸੰਤਾਪ ਸੰਗ ਨਾ ਕੋਇ ਵਖਾਈਆ । ਪਰਮ ਪੁਰਖ ਪ੍ਰਭ ਦੇ ਕੇ ਸੱਚੀ ਦਾਤ, ਖਾਲੀ ਝੋਲੀ ਦਿਤੀ ਭਰਾਈਆ । ਜਨ ਭਗਤਾਂ ਮਿਲਿਆ ਸਾਥ, ਸੋਹਣਾ ਸੰਗ ਨਿਭਾਈਆ । ਮੈਂ ਵਸਾਂ ਚਰਨਾਂ ਪਾਸ, ਸਰਨ ਮਿਲੀ ਸਰਨਾਈਆ । ਨਜ਼ਰੀ ਆਏ ਪੁਰਖ ਅਬਿਨਾਸ਼, ਨਰ ਨਰਾਇਣ ਧੁਰ ਦਰਗਾਹੀਆ । ਲੇਖਾ ਚੁਕਿਆ ਪ੍ਰਿਥਮੀ ਆਕਾਸ਼, ਗਗਨ ਮੰਡਲ ਮੁਖ ਛੁਪਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਜੋਤ ਜੋਤ ਨੂਰ ਪਰਕਾਸ਼,

੧੮੫

ਸੂਰਜ ਚੰਦ ਦੀਵਾ ਬੱਤੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖੇ ਲਾ ਕੇ ਸਵਾਸ ਸਵਾਸ, ਸਵਾਰਥ ਪਰਮਾਰਥ ਇਕੋ ਘਰ ਵਖਾਈਆ ।

## ੨੩ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ ਧੰਨੋਵਾਲੀ

ਖੇਲੇ ਖੇਲ ਪੁਰਖ ਸਮਰਾਥ, ਸਾਹਿਬ ਦਾਤਾਰ ਦਇਆ ਕਮਾਇੰਦਾ । ਗੋਪੀ ਕਾਹਨ ਮਿਲ ਮਿਲ ਪਾਵੇ ਰਾਸ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਚ ਸੁਨੇਹੜਾ ਸ਼ਬਦ ਸਵਾਸ, ਪਵਣ ਪਵਣਾਂ ਨਾਲ ਮਿਲਾਇੰਦਾ । ਜਨ ਭਗਤਾਂ ਪੂਰੀ ਕਰੇ ਖ਼ਾਹਿਸ਼, ਖ਼ਾਲਸ ਆਪਣਾ ਦਰਸ ਕਰਾਇੰਦਾ । ਸੰਤ ਸੁਹੇਲੇ ਕਰ ਕਰ ਪੂਰੀ ਆਸ, ਗੁਰ ਚੇਲੇ ਮੇਲ ਮਿਲਾਇੰਦਾ । ਗੁਰਮੁਖਾਂ ਚਰਨ ਕਵਲ ਦੇ ਧਰਵਾਸ, ਧਰਨੀ ਧਰਤ ਧਵਲ ਵਡਿਆਇੰਦਾ । ਗੁਰਸਿਖਾਂ ਜਣਾਏ ਆਪਣੀ ਜ਼ਾਤ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਇੰਦਾ । ਦੇ ਵਡਿਆਈ ਲੋਕਮਾਤ, ਮਤਲਬ ਪਿਛਲਾ ਹੱਲ ਕਰਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਵੈਰ ਸੱਚਾ ਚੰਦ ਚਮਕਾਇੰਦਾ । ਆਤਮ ਪਰਮਾਤਮ ਬਣਾ ਕੇ ਸੱਚਾ ਸਾਕ, ਸੱਜਣ ਇਕੋ ਇਕ ਦਰਸਾਇੰਦਾ । ਲੇਖਾ ਜਾਣੇ ਕਾਇਆ ਮਾਟੀ ਖ਼ਾਕ, ਬੰਦ ਕਿਵਾੜੀ ਤਾਕ ਆਪ ਖੁਲ੍ਹਾਇੰਦਾ । ਸਾਚਾ ਵਣਜ ਕਰਾਏ ਅਗੰਮੇ ਹਾਟ, ਚੌਦਾਂ ਲੋਕ ਚੌਦਾਂ ਤਬਕ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਚ ਕਰਨੀ ਕਰੇ ਕਰਤਾਰ, ਕੁਦਰਤ ਆਪਣਾ ਖੇਲ ਖਿਲਾਈਆ । ਵੇਖੇ ਵਿਗਸੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਧਾਰ ਬੰਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਖ਼ਬਰਦਾਰ, ਧੁਰ ਸੰਦੇਸਾ ਇਕ ਦ੍ਰਿੜਾਈਆ । ਮੇਲ ਮਿਲਾਏ ਗੁਰ ਅਵਤਾਰ, ਪੀਰ ਪੈਗ਼ੰਬਰ ਧੁਰ ਦਾ ਸੰਗ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਉਚਾਰ, ਗੀਤਾ ਗਿਆਨ ਦਏ ਦ੍ਰਿੜਾਈਆ । ਅੰਜੀਲ ਕੁਰਾਨਾਂ ਖੋਲ੍ਹ ਕਿਵਾੜ, ਨੇਤਰ ਲੋਚਣ ਨੈਣ ਅੱਖ ਸਮਝਾਈਆ । ਖਾਣੀ ਬਾਣੀ ਦੇ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਜਾਣ ਅਗੰਮ ਅਪਾਰ, ਅਗੋਚਰ ਆਪਣੀ ਕਾਰ ਕਮਾਈਆ । ਸੋਚ ਸਮਝ ਤੋਂ ਵਸਣਹਾਰਾ ਬਾਹਰ, ਮਨ ਮਤ ਬੁਧ ਨਾ ਕੋਇ ਵਡਿਆਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਚੁੱਕੇ ਜਗਤ ਸ਼ਾਹੀਆ । ਸਾਹਿਬ ਸਤਿਗੁਰ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਏਕੰਕਾਰ ਇਕ ਹੋ ਜਾਈਆ । ਵਸਣਹਾਰਾ ਸਚਖੰਡ ਸਚ ਮਕਾਨ, ਉਚ ਮਹਿਰਾਬ ਡੇਰਾ ਲਾਈਆ । ਮੁਕਾਮੇ ਹੱਕ ਹੋ ਹੁਕਮਰਾਨ, ਦਰਗਾਹ ਸਾਚੀ ਇਕੋ ਹੁਕਮ ਸੁਣਾਈਆ । ਲਾਸ਼ਰੀਕ ਨੌਜਵਾਨ, ਮਰਦ ਮਰਦਾਨਾ ਵਡ ਵਡਿਆਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਨਿਤ ਨਵਿਤ ਫੇਰਾ ਪਾਈਆ । ਅੰਡਜ ਜੇਰਜ ਉਤਭੁਜ ਸੇਤਜ ਦੇਵਣਹਾਰਾ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਚਾਰੇ ਬਾਣੀ ਬੋਲੇ ਬਿਨਾਂ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਧੁਰ ਦਾ ਰਾਗ ਸੁਣਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਸੁਹੇਲੇ ਵੇਖੇ ਆਣ, ਸੰਤ ਸਾਜਣ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੰਤ ਸੱਜਣ ਲਏ ਲੱਭ ਲੱਖ ਚੁਰਾਸੀ ਖੋਜ ਖੋਜਾਇੰਦਾ । ਕੂੜੀ ਕਿਰਿਆ ਕਰ ਕੇ ਪਾਰ ਹੱਦ, ਨੌ ਦਵਾਰੇ ਡੇਰਾ ਢਾਇੰਦਾ । ਸ਼ਬਦ ਅਗੰਮੀ ਵਜਾ

ਨਦ, ਅਨਹਦ ਨਾਦੀ ਰਾਗ ਸੁਣਾਇੰਦਾ । ਡੂੰਘੀ ਭਵਰੀ ਆਪੇ ਲੰਘ, ਸਾਚੀ ਮੰਜ਼ਲ ਪੰਧ ਮੁਕਾਇੰਦਾ । ਸ਼ਬਦ ਅਨਾਦ ਸੁਣਾਵੇ ਛੰਦ, ਧੁਰ ਦਾ ਤਾਲ ਵਜਾਇੰਦਾ । ਆਤਮ ਸੇਜ ਸੁਹੰਜਣੀ ਪਲੰਘ, ਘਰ ਮੰਦਰ ਆਪ ਵਡਿਆਇੰਦਾ । ਸੁਰਤੀ ਸ਼ਬਦੀ ਪੂਰੀ ਕਰੇ ਮੰਗ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣੀ ਕਲ ਧਰਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ, ਜੁਗ ਚੌਕੜੀ ਵੇਖ ਵਖਾਈਆ । ਸਰਬ ਵਿਆਪੀ ਦੇਵਣਹਾਰਾ ਧੁਰ ਦਾ ਮੰਤਰ, ਸ਼ਬਦ ਅਗੰਮੀ ਰਾਗ ਸੁਣਾਈਆ । ਲੱਖ ਚੁਰਾਸੀ ਹਰ ਘਟ ਜਾਣੇ ਅੰਤਰ, ਚਾਰੇ ਖਾਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਚੌਕੜੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਆਪਣੀ ਕਾਰ ਕਮਾਇੰਦਾ । ਪੁਰੀ ਲੋਅ ਵਜਾਏ ਨਾਦ, ਧੁਰ ਦਾ ਰਾਗ ਆਪ ਸੁਣਾਇੰਦਾ । ਸਚ ਪ੍ਰੀਤੀ ਅੰਦਰ ਹੋ ਵਿਸਮਾਦ, ਬਿਸਮਿਲ ਆਪਣਾ ਆਪ ਜਣਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਦਾਤ, ਸਚ ਭੰਡਾਰਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਮਾਤ, ਮਤਾ ਆਪਣੇ ਨਾਲ ਪਕਾਈਆ । ਜਨ ਭਗਤਾਂ ਦੇਵੇ ਸਾਚੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਚਰਨ ਕਵਲ ਬੰਧਾਏ ਨਾਤ, ਬਿਧਾਤਾ ਆਪਣਾ ਰੰਗ ਵਖਾਈਆ । ਨਜ਼ਰੀ ਆਏ ਇਕ ਇਕਾਂਤ, ਸਵੱਛ ਸਰੂਪੀ ਬੈਠਾ ਸੋਭਾ ਪਾਈਆ । ਜਨ ਭਗਤ ਦਵਾਰਾ ਸਚ ਪਰਾਂਤ, ਸੋਹਣਾ

੧੮੭ ਹਿੱਸਾ ਦਏ ਸਮਝਾਈਆ । ਜਿਥੇ ਲੱਭ ਨਾ ਸਕਣ ਜਗਤ ਜੀਵ ਕਰ ਕਰ ਲੰਮੇ ਹਾਥ, ਖੋਜਿਆਂ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ੧੮੭

੧੭ ੧੭

ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਦ ਵਡਿਆਈ ਦੇਵੇ ਭਗਤ, ਭਗਵਨ ਆਪਣੀ ਦਇਆ ਕਮਾਇੰਦਾ । ਅੰਤਰ ਆਤਮ ਸਾਚੀ ਸ਼ਕਤ, ਸ਼ਹਿਨਸ਼ਾਹ ਇਕੋ ਇਕ ਸਮਝਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਵੇ ਪਰਤ, ਨਿਰਾਧਾਰ ਸਾਕਾਰ ਰੂਪ ਵਡਿਆਇੰਦਾ । ਕਰ ਪਰਕਾਸ਼ ਉਪਰ ਧਰਤ, ਧਰਨੀ ਧਰਤ ਧਵਲ ਸੁਹਾਇੰਦਾ । ਵੇਖਣਹਾਰਾ ਫ਼ਰਸ਼ ਅਰਸ਼, ਦਹਿ ਦਿਸ਼ਾ ਖੋਜ ਖੋਜਾਇੰਦਾ । ਜਨ ਭਗਤਾਂ ਉਤੇ ਕਰਕੇ ਆਪਣਾ ਤਰਸ, ਮਿਹਰ ਨਜ਼ਰ ਇਕ ਉਠਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਝਿਰਨਾ ਨਿਝਰ ਆਪ ਝਿਰਾਇੰਦਾ । ਜਨਮ ਕਰਮ ਦੀ ਮੇਟੇ ਭਟਕ, ਕੂੜੀ ਕਿਰਿਆ ਡੇਰਾ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਅੰਤਰ ਆਤਮ ਕਿਸ ਵੈਰਾਗ, ਕਵਣ ਵੈਰਾਗੀ ਨੇਤਰ ਨੈਣਾਂ ਨੀਰ ਵਹਾਇੰਦਾ । ਸੁਰਤ ਸਵਾਣੀ ਕਿਸ ਦਵਾਰੇ ਗਈ ਜਾਗ, ਆਲਸ ਨਿੰਦਰਾ ਡੇਰਾ ਢਾਇੰਦਾ । ਕਵਣ ਮੰਦਰ ਲੱਗਾ ਭਾਗ, ਦੀਆ ਬਾਤੀ ਕਮਲਾਪਾਤੀ ਇਕੋ ਇਕ ਰੁਸ਼ਨਾਇੰਦਾ । ਕਵਣ ਹੰਸ ਹੋਇਆ ਕਾਗ, ਕਾਗ ਹੰਸ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਵੇਖ ਵਖਾਇੰਦਾ । ਨਿਤ ਨਵਿਤ ਵੇਖਣ ਆਇਆ, ਹਰਿ ਕਰਤਾ ਵਡ ਵਡਿਆਈਆ । ਜਨ ਭਗਤਾਂ ਰੱਖੇ ਠੰਡੀ ਛਾਇਆ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮੇਟੇ ਕੂੜੀ ਮਾਇਆ, ਮਮਤਾ ਮੋਹ ਚੁਕਾਈਆ । ਨਾਮ ਪਦਾਰਥ ਝੋਲੀ ਪਾਇਆ,

ਖ਼ਾਲੀ ਭਾਂਡਾ ਦਏ ਭਰਾਈਆ । ਪੂਰਬ ਜਨਮ ਮਨੋਰਥ ਪੂਰ ਦਏ ਕਰਾਇਆ, ਆਸਾ ਮਨਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਜਣਾਈਆ । ਜਨ ਭਗਤਾਂ ਭੇਵ ਖੋਲ੍ਹੇ ਅੱਖ, ਨਿਝ ਨੇਤਰ ਕਰੇ ਰੁਸ਼ਨਾਈਆ । ਸਾਚਾ ਮਾਰਗ ਇਕੋ ਦੱਸ, ਅਗੰਮ ਅਥਾਹ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਚਲਾ ਕੇ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਆਖ਼ਰ ਆਪਣਾ ਜੋੜ ਜੁੜਾਈਆ । ਸਚ ਦਵਾਰ ਦਰਸਾਏ ਹੱਟ, ਬਣ ਬਣਜਾਰਾ ਆਪਣੀ ਕਿਰਤ ਕਾਰ ਕਮਾਈਆ । ਲੇਖ ਚੁਕਾਏ ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਗੁਰੂਦਵਾਰ ਇਕੋ ਇਕ ਕਾਇਆ ਮੰਦਰ ਅੰਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਸਮਝਾਈਆ । ਜਨ ਭਗਤ ਜਣਾਏ ਧੁਰ ਦਾ ਠਾਕਰ, ਠੇਕਰ ਆਪਣਾ ਨਾਮ ਲਗਾਈਆ । ਭੇਵ ਚੁਕਾਏ ਕਾਇਆ ਗਾਗਰ, ਡੂੰਘੀ ਭਵਰੀ ਡੇਰਾ ਢਾਹੀਆ । ਪਾਰ ਕਰਾ ਕੇ ਅਗੰਮੀ ਸਾਗਰ, ਸਾਚੀ ਨਈਆ ਨੌਕਾ ਨਾਮ ਦ੍ਰਿੜਾਈਆ । ਸਚ ਦਵਾਰੇ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਕਿਰਪਾ ਕਰੇ ਕਰੀਮ ਕਾਦਰ, ਕਰਨਹਾਰ ਵੱਡੀ ਵਡਿਆਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਆਪ ਪ੍ਰਭ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਚਾਰੇ ਖਾਣੀ ਵੇਖ ਵਖਾਇੰਦਾ । ਨਾਮ ਨਿਧਾਨ ਅੰਮ੍ਰਿਤ ਚੁਆ ਕੇ ਉਲਟੀ ਕਵਲ ਨਭ, ਗੇੜਾ ਗੇੜੇ ਵਿਚ ਫਿਰਾਇੰਦਾ । ਸ਼ਬਦ ਅਗੰਮ ਵਜਾਏ ਨਦ, ਧੁਨ ਆਤਮਕ ਰਾਗ ਸੁਣਾਇੰਦਾ । ਜਗਤ ਵਿਕਾਰਾ ਪਾਰ ਹੱਦ, ਘਰ ਮੰਦਰ ਸੋਭਾ ਪਾਇੰਦਾ । ਨਿਰਮਲ ਨੂਰ ਦੀਆ ਦੀਪਕ ਰਿਹਾ ਜਗ, ਜੋਤੀ ਜਾਤਾ ਆਪ ਰੁਸ਼ਨਾਇੰਦਾ । ਆਤਮ ਅੰਤਰ ਪਰਮਾਤਮ ਬਹੇ ਸਜ, ਸਚ ਸਿੰਘਾਸਣ ਡੇਰਾ ਲਾਇੰਦਾ । ਧਰਮ ਨਿਸ਼ਾਨਾ ਦੇਵੇ ਗੱਡ, ਦੋ ਜਹਾਨਾਂ ਜੜ੍ਹ ਨਾ ਕੋਇ ਉਖੜਾਇੰਦਾ । ਪਿਛਲੀ ਕਰਨੀ ਕਰਤਾ ਪੁਰਖ ਕਰਤਾਰ ਜੁਗ ਚੌਕੜੀ ਦੇਵੇ ਛੱਡ, ਅਗਲਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਅਗਲਾ ਮਾਰਗ ਦੇਵੇ ਸੱਚਾ, ਜੁਗ ਚੌਕੜੀ ਭੇਵ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਆਪਣਾ ਬੱਚਾ, ਸਾਚਾ ਬਚਪਨ ਝੋਲੀ ਦੇਵੇ ਪਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚਾ, ਤਤਵ ਤਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਨਾਤਾ ਜੁੜੇ ਪਿਉ ਪੁੱਤ ਸਕਾ, ਪਿਤਾ ਪੂਤ ਗੋਦੀ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਚ ਸਰਨਾਈ ਦੇਵੇ ਸਰਨਗਤ, ਸਰਬ ਸਵਾਮੀ ਖੇਲ ਕਰਾਇੰਦਾ । ਜੁਗ ਚੌਕੜੀ ਮਹਿਮਾ ਅਕਥ, ਕਥਨੀ ਕਥ ਸਮਝ ਕੋਇ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵਣਹਾਰਾ ਰਥ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਸੁਹੇਲਾ ਇਕ ਇਕੇਲਾ ਗੁਰ ਚੇਲਾ ਮਾਰਗ ਦੱਸ, ਰਹਿਬਰ ਆਪਣਾ ਰਾਹ ਵਖਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਹੱਸ ਹੱਸ, ਹਸਤੀ ਆਪਣੇ ਰੰਗ ਰੰਗਾਇੰਦਾ । ਜਨ ਭਗਤਾਂ ਅੰਦਰ ਹੋ ਕੇ ਵਸ, ਵਾਸਤਾ ਵਸਲ ਅਪਣਾ ਇਕ ਜਣਾਇੰਦਾ । ਨਿਰਗੁਣ ਰੂਪ ਹੋ ਪ੍ਰਤਖ, ਸਵੱਛ ਸਰੂਪੀ ਸਾਖਿਆਤ ਜੋਤੀ ਜਾਤਾ ਡਗਮਗਾਇੰਦਾ । ਸਾਚੇ ਸੰਤਾਂ ਦੇ ਕੇ ਹੱਕ, ਹਕ ਹਕੀਕਤ ਖੋਜ ਖੋਜਾਇੰਦਾ । ਜੁਗ ਚੌਕੜੀ ਪੰਧ ਮੁਕਾਏ ਨੱਠ ਨੱਠ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਆਪਣਾ ਫੇਰਾ ਪਾਇੰਦਾ । ਜਨ ਭਗਤ ਤੇਰੀ ਸਾਚੀ ਰੀਤ, ਰੀਤੀਵਾਨ ਆਪ ਬਣਾਈਆ । ਚਾਰ ਵਰਨ ਲੇਖਾ ਚੁੱਕੇ ਹਸਤ ਕੀਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਆਤਮ ਪਰਮਾਤਮ ਮਿਲ ਕੇ ਸਖੀਆਂ ਗਾਵੇ ਗੀਤ, ਬੰਸਰੀ ਕਾਹਨਾ ਨਾਮ ਵਜਾਈਆ । ਰਾਮ ਰਹੀਮ ਬੈਠ ਅਤੀਤ, ਤ੍ਰੈਗੁਣ ਲੇਖ ਦਏ ਮੁਕਾਈਆ । ਕਾਇਆ ਤਤ ਕਰੇ ਠਾਂਡਾ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚੇ ਚਰਨ ਕਵਲ ਬੰਧਾਏ ਪ੍ਰੀਤ, ਪ੍ਰੀਤਮ ਆਪਣਾ ਜੋੜ ਜੁੜਾਈਆ । ਸ਼ਬਦ ਅਗੰਮੀ ਸੁਣਾਏ ਗੀਤ, ਗਹਿਰ ਗੰਭੀਰ ਕਰੇ ਸ਼ਨਵਾਈਆ । ਕਲਜੁਗ ਅੰਤਮ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਸਾਚੀ ਰੰਗਣ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਕਲਜੁਗ ਥੋੜੇ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਪਰਮ ਪੁਰਖ ਨਾਲ ਜਿਨ੍ਹਾਂ ਨਾਤੇ ਜੋੜੇ, ਲੇਖਾ ਮੁਕਿਆ ਜਗਤ ਲੋਕਾਈਆ । ਸ਼ਬਦ ਅਗੰਮੀ ਚੜ੍ਹੇ ਘੋੜੇ, ਦੋ ਜਹਾਨਾਂ ਭੱਜਣ ਵਾਹੋ ਦਾਹੀਆ । ਉਹਨਾਂ ਦੇ ਲੇਖ ਉਤੇ ਕਾਗ਼ਜ਼ ਕੋਰੇ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਸੋ ਗੁਰਮੁਖ ਪਰਮ ਪੁਰਖ ਦੇ ਬਾਂਕੇ ਛੋਹਰੇ, ਪਰਵਰਦਿਗਾਰ ਵੇਖੇ ਚਾਈਂ ਚਾਈਂਆ । ਅੱਖਰਾਂ ਨਾਲ ਨਾ ਗਾਵੇ ਦੋਹਰੇ, ਕਲਮੇ ਨਾਲ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਸਚ ਮਹਿਬੂਬ, ਮਿਹਰਵਾਨ ਇਕ ਅਖਵਾਇੰਦਾ । ਵਸਣਹਾਰਾ ਧਾਮ ਵੱਡ ਅਰੂਜ, ਅਰਸ਼ ਫ਼ਰਸ਼ ਖੇਲ ਖਿਲਾਇੰਦਾ । ਜਿਸ ਦੀ ਮੰਜ਼ਲ ਅਗੰਮ ਅਥਾਹ ਮਕਸੂਦ, ਮਹਿਫ਼ਲ ਆਪਣਾ ਨਾਮ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਚੌਦਾਂ ਤਬਕ ਸਮਝ ਨਾ ਸਕੇ ਹਦੂਦ, ਪੀਰ ਪੈਗ਼ੰਬਰ ਵੰਡ ਨਾ ਕੋਇ ਵੰਡਾਇੰਦਾ । ਸੋ ਸਾਹਿਬ ਸੁਲਤਾਨ ਮੁਰੀਦ ਮੁਰਸ਼ਦ ਲੇਖ ਚੁਕਾਏ ਏਕ ਦੂਜ, ਦੂਆ ਏਕਾ ਇਕੋ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਪਾਰਬ੍ਰਹਮ, ਬ੍ਰਹਮ ਆਪਣੇ ਰੰਗ ਰੰਗਾਈਆ । ਨਿਹਕਰਮੀ ਕਰੇ ਸਚ ਕਰਮ, ਕਰਮ ਕਾਂਡ ਡੇਰਾ ਢਾਹੀਆ । ਸਾਚਾ ਦੱਸੇ ਇਕੋ ਧਰਮ, ਧਰਮ ਆਤਮ ਪਰਮਾਤਮਾ ਨਾਲ ਜੁੜਾਈਆ । ਪਰਮ ਪੁਰਖ ਦੀ ਸਾਚੀ ਸਰਨ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਕਾਰ ਕਮਾਈਆ । ਜਨ ਭਗਤ ਖੋਲ੍ਹ ਕੇ ਨੇਤਰ ਹਰਨ ਫਰਨ, ਆਪਣਾ ਦਰਸ ਦਏ ਦਿਖਾਈਆ । ਸੋ ਮੰਜ਼ਲ ਪੌੜੇ ਸਾਚੇ ਚੜ੍ਹਣ, ਚੌਥੇ ਪੌੜੇ ਬਹਿ ਬਹਿ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਚਾ ਪੜ੍ਹਨ, ਅਲਿਫ਼ ਯੇ ਲੇਖਾ ਰਹਿਣ ਕੋਇ ਨਾ ਪਾਈਆ । ਤੂੰਹੀ ਤੂੰਹੀ ਇਕੋ ਕਰਨ, ਕਰਤਾ ਪੁਰਖ ਤੇਰੀ ਸਰਨਾਈਆ । ਜੀਵਦਿਆਂ ਦਰ ਤੇਰੇ ਮਰਨ, ਮਰ ਕੇ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਵੇਖੇ ਚਾਈਂ ਚਾਈਂਆ । ਭਗਤ ਵੇਖਣ ਦਾ ਚਾਓ ਘਨੇਰਾ, ਸ੍ਰੀ ਭਗਵਾਨ ਨਿਰਗੁਣ ਸਰਗੁਣ ਫੇਰਾ ਪਾਇੰਦਾ । ਦੂਰ ਦੁਰਾਡਾ ਚਲ ਕੇ ਆਏ ਨੇਰਨ ਨੇਰਾ, ਨਿਜ ਘਰ ਆਪਣਾ ਡੇਰਾ ਲਾਇੰਦਾ । ਪ੍ਰੇਮ ਪ੍ਰੀਤੀ ਅੰਦਰ ਕਰੇ ਮਿਹਰਾ, ਮਿਹਰਵਾਨ ਹੋ ਮਹਿਬੂਬ ਮੁਹੱਬਤ ਇਕ ਸਮਝਾਇੰਦਾ । ਅੰਦਰ ਆਤਮ ਦੇਵੇ ਗੇੜਾ, ਮਨ ਕਾ ਮਣਕਾ ਆਪ ਭਵਾਇੰਦਾ । ਜਗਤ ਵਾਸਨਾ ਚੁੱਕੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਈ ਹਲਕਾਇੰਦਾ । ਜਨ ਭਗਤ ਵਸਾਵੇ ਸਾਚਾ ਖੇੜਾ, ਸਾਢੇ

ਤਿੰਨ ਹੱਥ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਨਰਾਇਣ, ਨਰ ਹਰਿ ਵੱਡੀ ਵਡਿਆਈਆ । ਰਸਨਾ ਜਿਹਵਾ ਬੁੱਧੀ ਕੁਛ ਨਾ ਸਕੇ ਕਹਿਣ, ਸੋਚ ਸਮਝ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਫੜ ਮੇਲੇ ਆਪਣੇ ਨੈਣ, ਦੋਏ ਲੋਚਣ ਨੈਣ ਬੰਦ ਕਰਾਈਆ । ਨੁਕਤਾ ਨਜ਼ਰ ਨਾ ਆਏ ਗ਼ੈਨ, ਐਨ ਆਪਣਾ ਘਰ ਵਖਾਈਆ । ਅਲਿਫ਼ ਯੇ ਸਾਕ ਸੈਣ, ਸੱਜਣ ਬਣੇ ਬੇਪਰਵਾਹੀਆ । ਦੇਵਣਹਾਰ ਧੁਰ ਦਾ ਦੇਣ, ਵਸਤ ਅਗੰਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਕਰਤਾ ਆਪਣੀ ਖੇਲ ਖਿਲਾਈਆ । ਹਰਿ ਕਰਤਾ ਖੇਲ ਖਿਲੌਂਦਾ ਏ । ਨਿਰਗੁਣ ਨਿਰਵੈਰ ਨਿਰਾਕਾਰ ਵੇਸ ਵਟਾਉਂਦਾ ਏ । ਜੋਤੀ ਜਾਤਾ ਭੇਵ ਖੁਲ੍ਹਾਉਂਦਾ ਏ । ਪੁਰਖ ਬਿਧਾਤਾ ਹੋ ਕੇ ਨਜ਼ਰੀ ਆਉਂਦਾ ਏ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸੱਚਾ ਚੰਦ ਚਮਕਾਉਂਦਾ ਏ । ਚਾਰ ਵਰਨ ਦੀ ਇਕੋ ਗਾਥਾ, ਸੋਹੰ ਢੋਲਾ ਆਪ ਪੜ੍ਹਾਉਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਸਾਥਾ, ਸਗਲਾ ਸੰਗ ਜਣੈਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਉਂਦਾ ਏ । ਸਚ ਕਰਨੀ ਕਾਰ ਕਮਾਉਂਦਾ ਏ । ਘਟ ਘਟ ਵਾਸੀ ਸੋਭਾ ਪੌਂਦਾ ਏ । ਭਗਤ ਉਦਾਸੀ ਦੂਰ ਕਰੌਂਦਾ ਏ । ਸ਼ਬਦ ਸਵਾਸੀ ਪਵਣ ਚਲੌਂਦਾ ਏ । ਅੰਧੇਰੀ ਰਾਤੀ ਮੇਟ ਮਿਟੌਂਦਾ ਏ । ਬੰਦ ਤਾਕੀ ਆਪ ਖੁਲ੍ਹਾਉਂਦਾ ਏ । ਸ਼ਬਦ ਅਨਾਦੀ ਨਾਦ ਵਜੌਂਦਾ ਏ । ਬ੍ਰਹਮ ਬ੍ਰਹਿਮਾਦੀ ਖੋਜ ਖੁਜੌਂਦਾ ਏ । ਵਿਸਮਾਦੀ ਆਪਣਾ ਫੇਰਾ ਪੌਂਦਾ ਏ । ਬੋਧ ਅਗਾਧੀ ਆਪ ਪੜ੍ਹੌਂਦਾ ਏ । ਸਚ ਵੈਰਾਗੀ ਨਜ਼ਰੀ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਰ ਵਖੌਂਦਾ ਏ । ਸਚ ਕਰਨੀ ਕਰ ਵਖੌਂਦਾ ਏ । ਨਿਰਗੁਣ ਨਿਰਵੈਰ ਵੇਸ ਵਟੌਂਦਾ ਏ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਇਕ ਅਲੌਂਦਾ ਏ । ਸੰਤ ਸੁਹੇਲੇ ਲਏ ਉਠਾਲ, ਗੁਰਮੁਖ ਗੁਰ ਗੁਰ ਮੇਲ ਮਿਲੌਂਦਾ ਏ । ਧਰਮ ਦਵਾਰੇ ਲਏ ਬਹਾਲ, ਰਾਏ ਧਰਮ ਨੇੜ ਨਾ ਔਂਦਾ ਏ । ਅੰਦਰ ਬਾਹਰ ਗੁਪਤ ਜ਼ਾਹਰ, ਏਥੇ ਓਥੇ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਉਂਦਾ ਏ । ਤ੍ਰੈ ਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਰੁਸ਼ਨੌਂਦਾ ਏ । ਸਦਾ ਸੁਹੇਲਾ ਇਕ ਇਕੇਲਾ ਨਿਰਗੁਣ ਚਲੇ ਨਾਲ ਨਾਲ, ਸਰਗੁਣ ਅਗਲਾ ਪੰਧ ਮੁਕੌਂਦਾ ਏ । ਪੂਰਬ ਜਨਮ ਕੀਤੀ ਘਾਲ, ਹਰਿ ਖ਼ਾਲਕ ਝੋਲੀ ਆਪੇ ਪੌਂਦਾ ਏ । ਸ਼ਬਦ ਸਵਾਮੀ ਬਣ ਦਲਾਲ, ਜਗਤ ਵਿਚੋਲਾ ਵੇਖ ਵਖੌਂਦਾ ਏ । ਭਗਤ ਸੁਹੇਲੇ ਸੱਚੇ ਲਾਲ, ਲਾਲਨ ਆਪਣੀ ਗੋਦ ਉਠੌਂਦਾ ਏ । ਅੰਤ ਨੇੜ ਨਾ ਆਵੇ ਕਾਲ, ਮਹਾਂਕਾਲ ਦਰ ਦੁਰਕਾਉਂਦਾ ਏ । ਸਚ ਦਵਾਰੇ ਦਏ ਬਹਾਲ, ਜਿਸ ਮੰਦਰ ਅੰਦਰ ਹਰਿਜੂ ਸੋਭਾ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਗਤੀ ਮਾਰਗ ਇਕ ਸਮਝੌਂਦਾ ਏ । ਭਗਤੀ ਮਾਰਗ ਲਾਵੇ ਜਗ, ਚਾਰ ਵਰਨ ਦ੍ਰਿੜਾਈਆ । ਕੂੜੀ ਕਿਰਿਆ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਕਾਇਆ ਕਾਅਬੇ ਅੰਦਰ ਕਰਾਏ ਹਜ, ਹਜ਼ਰਤ ਸੱਚਾ ਨਜ਼ਰੀ ਆਈਆ । ਦੀਪਕ ਜੋਤ ਜਗਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਦਰ ਦਰਵਾਜ਼ਾ ਵੇਖੇ ਲੰਘ, ਬਜਰ ਕਪਾਟੀ ਕੁੰਡਾ ਲਾਹੀਆ । ਬੋਧ ਅਗਾਧ ਸੁਣਾ ਕੇ ਨਦ, ਸਾਚੀ ਧੁਨ ਕਰੇ ਸ਼ਨਵਾਈਆ । ਭਗਤ ਭਗਵਾਨ ਇਕ ਦੂਜੇ ਨਾਲ ਪ੍ਰੇਮ ਪ੍ਰੀਤੀ ਅੰਦਰ ਜਾਵਣ ਬੱਝ, ਨਾਤਾ ਸਕੇ

ਨਾ ਕੋਇ ਤੁੜਾਈਆ । ਲੇਖਾ ਚੁੱਕੇ ਬਪੜਾ ਬਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਸ੍ਰੀ ਭਗਵੰਤ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦੀ ਧੁਰ ਦਾ ਕੰਤ, ਕੰਤ ਕੰਤੂਹਲ ਵੇਖ ਵਖਾਇੰਦਾ । ਗੁਰਮੁਖ ਸੱਜਣ ਲੱਭੇ ਸੰਤ, ਲੱਖ ਚੁਰਾਸੀ ਵੇਖ ਵਖਾਇੰਦਾ । ਨਾਮ ਨਿਧਾਨਾ ਦੇਵੇ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਇੰਦਾ । ਸਚ ਦਵਾਰੇ ਬਣ ਕੇ ਪੰਡਤ, ਧੁਰ ਦੀ ਵਿਦਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਵਖਾਇੰਦਾ । ਹਰਿਜਨ ਵਖਾਏ ਆਪਣਾ ਖੇਲ, ਗਹਿਰ ਗੰਭੀਰ ਵੱਡੀ ਵਡਿਆਈਆ । ਕਰੇ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਘਰ ਸੱਜਣ ਮਿਲੇ ਸੁਹੇਲ, ਸਾਹਿਬ ਆਪਣਾ ਪੜਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਤਸ਼ਕਰਨ ਵੇਖਣਹਾਰਾ ਥਾਉਂ ਥਾਈਆ । ਥਾਨ ਥਨੰਤਰ ਲਏ ਫੋਲ, ਚਾਰੇ ਖਾਣੀ ਖੋਜ ਖੋਜਾਇੰਦਾ । ਚਾਰੇ ਬਾਣੀ ਬੋਲ ਕੇ ਬੋਲ, ਅਗੰਮੀ ਰਾਗ ਆਪ ਪਰਗਟਾਇੰਦਾ । ਸਾਚੇ ਕੰਡੇ ਤੋਲ ਕੇ ਤੋਲ, ਤੋਲਣਹਾਰਾ ਆਪਣਾ ਅੰਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਉਤਰੇ ਪਾਰ ਕਿਨਾਰਾ, ਨਈਆ ਨੌਕਾ ਨਾਮ ਚੜ੍ਹਾਈਆ । ਕੂੜੀ ਕਿਰਿਆ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਜੂਠ ਝੂਠ ਕਰੇ ਹਾਹਾਕਾਰਾ, ਹਉਮੇ ਹੰਗਤਾ ਉਚੀ ਕੂਕ ਕੂਕ ਸੁਣਾਈਆ । ਨੌਂ ਖੰਡ ਸੱਤ ਦੀਪ ਧੀਰਜ ਮਿਲੇ ਨਾ ਵਿਚ ਸੰਸਾਰਾ, ਸਾਂਤਕ ਸਤਿ ਨਾ ਕੋਇ ਕਰਾਈਆ । ਤੀਰਥ ਤਟ ਨਾ ਕੋਇ ਸਹਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਅੱਖ ਖੁਲ੍ਹਾਈਆ । ਚਾਰੇ ਵੇਦ ਕਰਨ ਪੁਕਾਰਾ, ਚਾਰੋਂ ਕੁੰਟ ਕਰਨ ਸ਼ਨਵਾਈਆ । ਸਿਮਰਤ ਕੋਈ ਨਾ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਜੋੜ ਜੁੜਾਈਆ । ਜਨ ਭਗਤਾਂ ਜੋੜ ਜੁੜੇ ਏਕ, ਏਕੰਕਾਰਾ ਮੇਲ ਮਿਲਾਈਆ । ਪਤਿਪਰਮੇਸ਼ਵਰ ਤੇਰੀ ਟੇਕ, ਦੂਜਾ ਇਸ਼ਟ ਨਾ ਕੋਇ ਜਣਾਈਆ । ਤ੍ਰੈਗੁਣ ਲੱਗੇ ਨਾ ਕੋਇ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਬੁਧੀ ਕਰ ਆਪ ਬਿਬੇਕ, ਵਿਵੇਕੀ ਆਪਣੀ ਖੇਲ ਵਖਾਈਆ । ਨਜ਼ਰੀ ਔਣਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਕਰਾਂ ਹੇਤ, ਹਿਤਕਾਰੀ ਮੇਰੇ ਸਚ ਗੁਸਾਂਈਆ । ਨਿਰਗੁਣ ਸਰਗੁਣ ਖੇਲੇ ਖੇਡ, ਖ਼ਾਲਕ ਖ਼ਲਕ ਰੂਪ ਵਟਾਈਆ । ਆਪਣਾ ਦੇ ਸਚ ਸੰਦੇਸ਼, ਧੁਰ ਦਾ ਹੁਕਮ ਅਲਾਈਆ । ਤੂੰ ਦਾਤਾ ਨਰ ਨਰੇਸ਼, ਨਰ ਹਰਿ ਇਕੋ ਇਕ ਨਜ਼ਰੀ ਆਈਆ । ਤੇਰਾ ਸ਼ਬਦ ਅਗੰਮੜਾ ਭੇਸ, ਜੋਤੀ ਨੂਰ ਤੇਰਾ ਰੁਸ਼ਨਾਈਆ । ਤੂੰ ਵਸੇਂ ਸਚਖੰਡ ਸਾਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਕੜੀ ਤੇਰੀ ਟੇਕ, ਟਿੱਕਾ ਮਸਤਕ ਦੇਣਾ ਨਾਮ ਲਗਾਈਆ । ਟਿੱਕਾ ਮਸਤਕ ਲਾ ਲਲਾਟ, ਆਪਣੀ ਦਇਆ ਕਮਾਈਆ । ਨਿਰਮਲ ਜੋਤ ਹੋਵੇ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਤੇਰਾ ਦਰਸ ਕਰੀਏ ਸਾਖਿਆਤ, ਘਰ ਬਹਿ ਕੇ ਖ਼ੁਸ਼ੀ ਮਨਾਈਆ । ਓਥੇ ਲੇਖ ਲਿਖਿਆ ਨਾ ਜਾਏ ਨਾਲ ਕਲਮ ਦਵਾਤ, ਕਲਮਾ ਕੰਮ ਕੋਇ ਨਾ ਆਈਆ । ਲਹਿਣਾ ਚੁੱਕੇ ਆਬੇ ਹਯਾਤ, ਅੰਮ੍ਰਿਤ ਮੁਖ ਨਾ ਕੋਇ ਚੁਆਈਆ । ਸੰਗ ਦਿਸੇ ਨਾ ਕੋਈ ਅਹਿਬਾਬ, ਰਬਾਬ ਸਤਾਰ ਨਾ ਕੋਇ ਸੁਣਾਈਆ । ਨਜ਼ਰੀ ਆਏ ਇਕੋ ਸ਼ਹਿਨਸ਼ਾਹ ਨਵਾਬ, ਨੌਬਤ ਆਪਣਾ ਨਾਮ ਵਜਾਈਆ । ਜਿਸ ਦਵਾਰੇ ਗੁਰ ਅਵਤਾਰ ਪੀਰ

੧੯੨

ਪੈਗੰਬਰ ਸਰਬ ਮੁਹਤਾਜ, ਦਰ ਬੈਠੇ ਅਲੱਖ ਜਗਾਈਆ । ਸੋ ਕਰਤਾ ਪੁਰਖ ਜਨ ਭਗਤਾਂ ਰਚੇ ਕਾਜ, ਜੁਗ ਚੌਕੜੀ ਵੇਖ ਵਖਾਈਆ । ਚਾਰ ਵਰਨ ਜਿਸ ਦਾ ਸਚ ਸਮਾਜ, ਜ਼ਾਤ ਪਾਤ ਊਚ ਨੀਚ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਭਗਤ ਸੁਹੇਲਾ ਜਾਏ ਉਠ, ਨੇਤਰ ਲੋਚਣ ਅੱਖ ਖੁਲ੍ਹਾਈਆ । ਸ੍ਰੀ ਭਗਵੰਤ ਜਾਏ ਤੁਠ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਜਾਮ ਪਿਆਏ ਘੁਟ, ਰਸ ਇਕੋ ਇਕ ਚਖਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁਟ, ਜੂਨੀ ਜੂਨ ਨਾ ਕੋਇ ਭਵਾਈਆ । ਆਤਮ ਪਰਮਾਤਮ ਮਿਲ ਕੇ ਮੌਲੇ ਰੁਤ, ਰੁੱਤ ਰੁਤੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵਰ, ਸੰਤ ਸੁਹੇਲਾ ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਆਪਣੇ ਨੇਤਰ, ਜਗ ਲੋਚਣ ਨਜ਼ਰ ਕੋਇ ਨਾ ਆਈਆ । ਰੁੱਤ ਮੌਲੇ ਬਸੰਤੀ ਚੇਤਰ, ਫੁੱਲ ਫੁਲਵੜੀ ਆਪ ਮਹਿਕਾਈਆ । ਮਸਤਕ ਟਿੱਕਾ ਲਾਏ ਮੇਖਨ, ਜੋਤ ਲਲਾਟ ਕਰੇ ਰੁਸ਼ਨਾਈਆ । ਆਤਮ ਪਰਮਾਤਮ ਬਣ ਕੇ ਭੇਤਨ, ਦੂਈ ਦਵੈਤੀ ਪੜਦਾ ਦਏ ਚੁਕਾਈਆ । ਭਗਤ ਭਗਵਾਨ ਕਾਇਆ ਮੰਦਰ ਅੰਦਰ ਇਕ ਦੂਜੇ ਨੂੰ ਵੇਖਣ, ਨਿਰਗੁਣ ਨਿਰਗੁਣ ਰੂਪ ਨਜ਼ਰੀ ਆਈਆ । ਆਤਮ ਸੇਜਾ ਬਹਿ ਬਹਿ ਸਾਚੀ ਖੇਲ ਖੇਡਣ, ਕਾਇਆ ਖਿੜਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਹਿਜ ਸੁਭਾਈਆ । ਹਰਿਜਨ ਵੇਖੇ ਸਹਿਜ ਸੁਭਾਓ, ਗਹਿਰੀ ਅੱਖ ਨਾ ਕੋਇ ਬਦਲਾਇੰਦਾ । ਪ੍ਰੇਮ ਪਿਆਰ ਅੰਦਰ ਪਕੜੇ ਬਾਹੋਂ, ਪ੍ਰੀਤਮ ਆਪਣੀ ਗੋਦ ਉਠਾਇੰਦਾ । ਸਾਚਾ ਦੱਸੇ ਨਿਰੰਕਾਰਾ ਨਾਉਂ, ਨਾਮ ਨਿਧਾਨ ਇਕ ਦ੍ਰਿੜਾਇੰਦਾ । ਸੋ ਪੁਰਖ ਨਿਰੰਜਣ ਦੇਵੇ ਠੰਡੀ ਛਾਉਂ, ਹੰ ਬ੍ਰਹਮ ਪੜਦਾ ਆਪੇ ਪਾਇੰਦਾ । ਲੇਖਾ ਜਾਣੇ ਜਿਉਂ ਬਾਲਕ ਪਿਤਾ ਮਾਉਂ, ਪੂਤ ਸਪੂਤੇ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਗਲੇ ਲਗਾਇੰਦਾ । ਹਰਿਜਨ ਗਲ ਪਾਏ ਗਲਵਕੜੀ, ਆਪਣਾ ਮਾਣ ਰਖਾਈਆ । ਪਰਮ ਪੁਰਖ ਪ੍ਰਭ ਟੇਕ ਤੇਰੀ ਇਕੋ ਪਕੜੀ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਮੈਂ ਨਾਮ ਨਹੀਂ ਪੜ੍ਹਨਾ ਅੱਖਰੀ, ਨਿਰਅੱਖਰ ਦੇ ਸਮਝਾਈਆ । ਜੁਗ ਜੁਗ ਭਗਤਾਂ ਚਾਲ ਵੱਖਰੀ, ਜਗਤ ਜੀਵਾਂ ਸਾਰ ਕਿਸੇ ਨਾ ਆਈਆ । ਮੈਂ ਸੁੱਤਾ ਤੇਰੀ ਸੇਜ ਸਥਰੀ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਅੰਦਰ, ਪੜਦਾ ਓਹਲਾ ਦੇ ਚੁਕਾਈਆ । ਭਾਗ ਲੱਗੇ ਸਾਢੇ ਤਿੰਨ ਹੱਥ ਮੰਦਰ, ਰਵਦਾਸ ਚਮਾਰਾ ਦਏ ਗਵਾਹੀਆ । ਜਗਤ ਵਿਕਾਰਾ ਟੁੱਟੇ ਜੰਦਰ, ਜ਼ਿੰਦਗੀ ਵਿਚੋਂ ਜ਼ਿੰਦਗੀ ਦੇ ਬਦਲਾਈਆ । ਮਨ ਵਾਸਨਾ ਦਹਿ ਦਿਸ਼ਾ ਉਠ ਨਾ ਜਾਏ ਬੰਦਰ, ਬੰਦਗੀ ਆਪਣੀ ਇਕ ਦ੍ਰਿੜਾਈਆ । ਦੀਪਕ ਜਗੇ ਅੰਧੇਰੀ ਕੰਦਰ, ਸਾਚਾ ਨੂਰ ਹੋਵੇ ਰੁਸ਼ਨਾਈਆ । ਤੇਰੇ ਨਾਮ ਦਾ ਸੁਣਾਂ ਮੰਗਲ, ਘਰ ਵਜੇ ਸਚ ਵਧਾਈਆ । ਕੂੜੀ ਕਿਰਿਆ ਸ਼ਰਅ ਦਾ ਟੁੱਟੇ ਸੰਗਲ, ਜ਼ੰਜੀਰੀ ਰਹਿਣ ਕੋਇ ਨਾ ਪਾਈਆ । ਤੇਰੀ ਧੂੜ ਦਾ ਲਾਵਾਂ ਚੰਦਨ, ਟਿੱਕਾ ਨਾਮ ਵਖਾਈਆ । ਭਗਤ ਭਗਵਾਨ ਤੇਰੇ ਦਵਾਰੇ ਮੰਗਣ, ਮਾਂਗਤ ਹੋ ਕੇ ਅਲਖ ਜਗਾਈਆ । ਤੂੰ ਚਾੜ੍ਹ ਆਪਣਾ ਰੰਗਣ, ਕਿਉਂ ਬੈਠਾ ਮੁਖ ਛੁਪਾਈਆ । ਕਲਜੁਗ ਅੰਤ ਸਦੀ ਚੌਧਵੀਂ ਹੁੰਦੀ ਦਿਸੇ ਭੰਗਣ, ਬੀਸ ਇਕੀਸ ਰਿਹਾ ਕੁਰਲਾਈਆ । ਕਿਸੇ ਰਸ ਨਾ ਆਵੇ ਪਰਮਾਨੰਦਨ, ਨਿਜਾਨੰਦ ਕਰੇ ਨਾ ਕੋਇ ਰਸਾਈਆ । ਕਲਜੁਗ ਜੀਵ ਹੋਏ ਪਖੰਡਨ, ਸਾਧ ਸੰਤ ਕਾਮ ਕਰੋਧ ਲੋਭ ਮੋਹ ਹੰਕਾਰ

੧੯੨

ਹਲਕਾਈਆ । ਆਤਮ ਦਿਸੇ ਸਭ ਦੀ ਰੰਡਨ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਗੌਂਦੇ ਗੀਤ ਛੰਦਨ, ਹਿਰਦੇ ਸਚ ਨਾ ਕੋਇ ਵਸਾਈਆ । ਦੋਏ ਜੋੜ ਡੰਡਾਵਤ ਕਰਦੇ ਬੰਦਨ, ਬੰਦੀਖਾਨਾ ਸਕੇ ਨਾ ਕੋਇ ਤੁੜਾਈਆ । ਗੁਰੂਦਵਾਰੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਲੰਘਣ, ਘਰ ਵਿਚ ਘਰ ਅੰਦਰ ਵੜ ਤੇਰਾ ਦਰਸ ਕੋਇ ਨਾ ਪਾਈਆ । ਕਿਰਪਾ ਕਰ ਸੂਰੇ ਸਰਬੰਗਨ, ਸ਼ਹਿਨਸ਼ਾਹ ਤੇਰੀ ਸਰਨਾਈਆ । ਜਨ ਭਗਤ ਤੇਰਾ ਦਵਾਰਾ ਆਦਿ ਜੁਗਾਦਿ ਜੁਗ ਚੌਕੜੀ ਮੰਗਣ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਕੰਤ ਸੁਹਾਗੀ ਬਣ ਕੇ ਲੈਣਾ ਅੰਗਣ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਭਗਤ ਭਗਵਨ ਤੇਰੇ ਨਾਲ ਹੰਢਨ, ਲੋਕਮਾਤ ਜਗਤ ਹੋਵੇ ਜੁਦਾਈਆ ।

### ✪ ੨੪ ਹਾੜ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ ਫਰਾਲਾ ✪

ਸਾਚਾ ਰੰਗ ਜੀਵ ਜਹਾਨ ਲੱਭਣ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਆਤਮ ਪਰਮਾਤਮ ਮਿਲੇ ਕਿਸੇ ਨਾ ਰੰਗਣ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ ਉਠ ਉਠ ਨੱਸਣ, ਬਣ ਬਣ ਪਾਂਧੀ ਪੰਧ ਮੁਕਾਈਆ । ਆਤਮ ਮਿਲੇ ਨਾ ਸਾਚਾ ਰਸਨ, ਰਸੀਆ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਅਚਰਜ ਖੇਲ ਆਪ ਵਰਤਾਈਆ । ਲੱਖ ਚੁਰਾਸੀ ਰਹੀ ਖੋਜ, ਖੋਜਤ ਖੋਜਤ ਧਿਆਨ ਲਗਾਈਆ । ਘਰ ਵਿਚ ਘਰ ਮਿਲੇ ਕਿਸੇ ਨਾ ਮੌਜ, ਮੌਜੂਦਾ ਹੋ ਕੇ ਦਰਸ ਕੋਇ ਨਾ ਪਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਕੋਈ ਨਾ ਹੋਏ ਮਦਹੋਸ਼, ਖ਼ੁਮਾਰੀ ਨਾਮ ਨਾ ਕੋਇ ਚੜ੍ਹਾਈਆ । ਚਾਰ ਕੁੰਟ ਸਾਰੇ ਰਹੇ ਸੋਚ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸਾਚਾ ਰੰਗ ਨਾ ਲੱਭੇ ਜਗ, ਸ੍ਰਿਸ਼ਟੀ ਭੱਜੇ ਵਾਹੋ ਦਾਹੀਆ । ਜਗਤ ਤ੍ਰਿਸ਼ਨਾ ਲੱਗੀ ਅੱਗ, ਕੂੜੀ ਤ੍ਰਿਖਾ ਨਾ ਕੋਇ ਬੁਝਾਈਆ । ਨੌਂ ਦਵਾਰ ਨਾ ਮੁੱਕੇ ਹੱਦ, ਪਾਂਧੀ ਪੰਧ ਨਾ ਕੋਇ ਚੁਕਾਈਆ । ਸਾਚਾ ਮੰਦਰ ਵੇਖੇ ਕੋਈ ਨਾ ਲੰਘ, ਪੜਦਾ ਓਹਲਾ ਨਾ ਕੋਇ ਉਲਟਾਈਆ । ਕਲਜੁਗ ਅੰਧੇਰਾ ਦਿਸੇ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਸਤਿਗੁਰ ਸ਼ਬਦ ਭੁੱਲਿਆ ਛੰਦ, ਰਸਨਾ ਜਿਹਵਾ ਹੋਈ ਹਲਕਾਈਆ । ਅੰਤਰ ਮਿਲੇ ਨਾ ਕੋਇ ਅਨੰਦ, ਬਸੰਤਰ ਤਤ ਨਾ ਕੋਇ ਗਵਾਈਆ । ਨਾਮ ਪਦਾਰਥ ਪੂਰੀ ਕਰੇ ਕੋਈ ਨਾ ਮੰਗ, ਸੂਰਾ ਸਰਬੰਗ ਨਜ਼ਰ ਕਿਸੇ ਨਾ ਆਈਆ । ਲੇਖਾ ਚੁੱਕੇ ਨਾ ਨਾਰ ਦੁਹਾਗਣ ਰੰਡ, ਸੁਹਾਗੀ ਕੰਤ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਰੰਗ ਨਾ ਮਿਲੇ ਮਿਤ, ਜਗ ਮੀਤਾ ਨਜ਼ਰ ਕੋਇ ਨਾ ਆਇੰਦਾ । ਘਰ ਸਵਾਮੀ ਕਰੇ ਨਾ ਸੱਚਾ ਹਿਤ, ਹਿਤਕਾਰੀ ਆਪਣੇ ਅੰਗ ਨਾ ਕੋਇ ਲਗਾਇੰਦਾ । ਨਿਜ ਨੇਤਰ ਪਏ ਨਾ ਕਿਸੇ ਦਿਸ, ਦੋਏ ਲੋਚਣ ਬੰਦ ਵਖਾਇੰਦਾ । ਕਰਵਟ ਲੈ ਨਾ ਬਦਲੇ ਪਿਠ, ਸਨਮੁਖ ਰੂਪ ਨਾ ਕੋਇ ਧਰਾਇੰਦਾ । ਵਸਣਹਾਰਾ ਧਾਮ ਅਨਡਿਠ, ਅਵੱਲੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਡੇਰਾ ਲਾਇੰਦਾ । ਸ੍ਰਿਸ਼ਟ ਸਬਾਈ ਲੱਭ ਲੱਭ ਥੱਕੀ, ਥਕਾਵਟ ਸਭ ਦੇ ਉਪਰ ਛਾਈਆ । ਚਾਰੋਂ ਕੁੰਟ ਭੱਜੀ ਨੱਠੀ, ਦਹਿ ਦਿਸ਼ਾ

ਫੋਲ ਫੋਲਾਈਆ । ਸਰੋਵਰ ਵੇਖੇ ਕਿਨਾਰੇ ਤਟੀ, ਅਠਸਠ ਪੰਧ ਮੁਕਾਈਆ । ਅੰਦਰ ਵੜ ਕੇ ਹੱਥ ਨਾ ਆਇਆ ਸ਼ਿਵਦਵਾਲੇ ਮੱਠੀ, ਮੰਦਰ ਦੇਣ ਦੁਹਾਈਆ । ਬੁਧ ਮਤ ਮਨ ਚਤੁਰਾਈ ਚਲੀ ਨਾ ਰਤੀ, ਰਤੀ ਰਤ ਨਾ ਕੋਇ ਸੁਕਾਈਆ । ਪਿਰ ਕਾ ਦਰਸ ਨਾ ਪਾਇਆ ਅੱਖੀ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਗ੍ਰਿਹਿ ਬਣੀ ਨਾ ਸਾਚੀ ਸਖ਼ੀ, ਮੰਗਲਾਚਾਰ ਨਾ ਕੋਇ ਸੁਣਾਈਆ । ਦੀਵਾ ਜਗਿਆ ਨਾ ਕੋਇ ਬੱਤੀ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਸਚ ਸ਼ਿੰਗਾਰ ਨਾ ਕੀਤਾ ਸੀਸ ਪੱਟੀ, ਜਗਦੀਸ਼ ਜਗਤ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਬੈਠਾ ਮੁਖ ਛੁਪਾਈਆ । ਸ੍ਰਿਸ਼ਟ ਸਬਾਈ ਵੇਖੇ ਕੁੰਟ ਚਾਰ, ਚਾਰ ਵਰਨ ਧਿਆਨ ਲਗਾਈਆ । ਕਿਸੇ ਹੱਥ ਨਾ ਆਏ ਸਾਂਝਾ ਯਾਰ, ਮਹਿਬੂਬ ਮੁਹੱਬਤ ਕਰੇ ਨਾ ਬੇਪਰਵਾਹੀਆ । ਮੁੱਲਾ ਸ਼ੇਖ਼ ਮੁਸਾਇਕ ਗਏ ਹਾਰ, ਪੰਡਤ ਪਾਂਧੇ ਦੇਣ ਦੁਹਾਈਆ । ਨੇਤਰ ਨੈਣ ਖੁਲ੍ਹਿਆ ਨਾ ਕਿਸੇ ਕਿਵਾੜ, ਤਾਕੀ ਬੰਦ ਨਾ ਕੋਇ ਖੁਲ੍ਹਾਈਆ । ਜਗੇ ਜੋਤ ਨਾ ਬਹੱਤਰ ਨਾੜ, ਘਰ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਲੱਭ ਲੱਭ ਥੱਕੀ ਜਗਤ ਸ੍ਰਿਸ਼ਟੀ, ਸਹਿਜ ਸਹਿਜ ਧਿਆਨ ਲਗਾਈਆ । ਅੰਤਰ ਖੁਲ੍ਹੀ ਨਾ ਕਿਸੇ ਦ੍ਰਿਸ਼ਟੀ, ਪੜਦਾ ਸਕੇ ਨਾ ਕੋਇ ਚੁਕਾਈਆ । ਲੇਖਾ ਵੇਂਹਦੇ ਪਿਛਲਾ ਲਿਖਤੀ, ਭਵਿਖਤ ਸਕੇ ਨਾ ਕੋਇ ਸਮਝਾਈਆ । ਖੇਲ ਖੇਲਦੇ ਸੁਰਤੀ ਨਿਰਤੀ, ਨਿਰਵੈਰ ਰੰਗ ਨਾ ਕੋਇ ਰੰਗਾਈਆ । ਸੁਰਤ ਸਵਾਣੀ ਥੱਕੀ ਫਿਰਦੀ ਫਿਰਦੀ, ਫੜ ਬਾਹੋਂ ਗੋਦ ਨਾ ਕੋਇ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਲੱਭ ਲੱਭ ਥੱਕਾ ਜਗਤ ਜਗ, ਜੁਗਤ ਹੱਥ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਘਰ ਘਰ ਲਗੀ ਅੱਗ, ਅੰਮ੍ਰਿਤ ਮੇਘ ਨਾ ਕਿਸੇ ਬਰਸਾਈਆ । ਕਰ ਕਰ ਥੱਕੇ ਮੱਕੇ ਕਾਅਬੇ ਹੱਜ, ਹੁਜਰਾ ਹਕ ਨਾ ਕੋਇ ਸੁਹਾਈਆ । ਪਰਵਰਦਿਗਾਰ ਨਾ ਆਇਆ ਹੱਥ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਮੁਰਸ਼ਦ ਮੁਰੀਦ ਨਾ ਹੋਇਆ ਵਸ, ਵਸਲ ਸਚ ਨਾ ਕੋਇ ਕਰਾਈਆ । ਘਰ ਨੂਰ ਨਾ ਹੋਇਆ ਪਰਕਾਸ਼, ਧੁਆਂਧਾਰ ਨਾ ਕੋਇ ਮਿਟਾਈਆ । ਫਿਰੀ ਦਰੋਹੀ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰਿਹਾ ਕੁਰਲਾਈਆ । ਚੌਦਾਂ ਲੋਕ ਦਿਸਣ ਉਦਾਸ, ਚੌਦਾਂ ਤਬਕ ਧੀਰ ਨਾ ਕੋਇ ਵਖਾਈਆ । ਚੌਦਾਂ ਵਿਦਿਆ ਵਸਤ ਨਾ ਕੋਈ ਪਾਸ, ਖ਼ਾਲੀ ਰੋਵੇ ਮਾਰੇ ਧਾਈਆ । ਚੌਦਾਂ ਰਤਨ ਨਾ ਕੋਈ ਰਾਸ, ਸਾਚੀ ਵੰਡ ਝੋਲੀ ਕੋਈ ਨਾ ਪਾਈਆ । ਇਕੋ ਭੁੱਲਿਆ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਮੁਖ ਛੁਪਾਈਆ । ਸਾਚੀ ਪੂੰਜੀ ਘਰ ਦਿਸੇ ਕਿਸੇ ਨਾ ਰਾਸ, ਜਗਤ ਵਣਜਾਰੇ ਖ਼ਾਲੀ ਹੱਥ ਵਖਾਈਆ । ਗੋਪੀ ਕਾਹਨ ਕੋਈ ਨਾ ਪਾਵੇ ਰਾਸ, ਸਖ਼ੀਆਂ ਮੰਗਲ ਕੋਇ ਨਾ ਗਾਈਆ । ਸਤਿਗੁਰ ਸ਼ਬਦ ਵਸੇ ਕਿਸੇ ਨਾ ਪਾਸ, ਸੁੰਞੀਂ ਸੇਜ ਨਜ਼ਰੀ ਆਈਆ । ਕਲਜੁਗ ਜੀਵ ਜੰਤ ਲੇਖੇ ਲਗੇ ਨਾ ਕੋਈ ਸਵਾਸ, ਸਾਹ ਸਾਹ ਨਾ ਕੋਇ ਸਮਾਈਆ । ਕੂੜੀ ਕਿਰਿਆ ਮਾਇਆ ਮਮਤਾ ਲੱਖ ਚੁਰਾਸੀ ਫਾਸ, ਫਾਸੀ ਜਮ ਨਾ ਕੋਇ ਤੁੜਾਈਆ । ਸਾਚੀ ਦਿਸੇ ਨਾ ਕੋਈ ਪਰਭਾਤ, ਰੈਣ ਅੰਧੇਰੀ ਸਿਰ ਤੇ ਛਾਈਆ । ਆਤਮ ਪਰਮਾਤਮ ਸਭ ਨੂੰ ਭੁੱਲੀ ਗਾਥ, ਗਹਿਰ ਗੰਭੀਰ ਰਾਗ ਨਾ ਕੋਇ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਸਰਗੁਣ ਹੋ ਕੇ ਗਏ ਆਖ, ਨਿਰਗੁਣ ਭੇਵ ਖੁਲ੍ਹਾਈਆ । ਸੋ ਸਾਹਿਬ ਸਤਿਗੁਰ ਪਰਗਟ ਹੋਵੇ ਸਾਖਿਆਤ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਜਨ ਭਗਤਾਂ ਬੰਧਾਏ ਚਰਨ ਨਾਤ, ਗੁਰਮੁਖ

ਵਿਰਲੇ ਅੰਗ ਲਗਾਈਆ । ਮੁਰਸ਼ਦ ਮੁਰੀਦਾਂ ਦੇਵੇ ਆਬੇਹਯਾਤ, ਹਯਾਤੀ ਅਗਲੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਭਿਆਂ ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਲੱਭੇ ਲੋਕਮਾਤ, ਧਰਨੀ ਧਰਤ ਧਵਲ ਖੋਜ ਖੋਜਾਈਆ । ਪਰਮ ਪੁਰਖ ਪਰਮਾਤਮ ਸੱਜਣ ਮਿਲੇ ਨਾ ਧੁਰ ਦਾ ਸਾਕ, ਸੰਗੀ ਸੰਗ ਨਾ ਕੋਇ ਰਖਾਈਆ । ਕਰ ਕਰ ਥੱਕੇ ਪੂਜਾ ਪਾਠ, ਸਿਮਰਨ ਜੋਗ ਅਭਿਆਸ ਨਾਲ ਮਿਲਾਈਆ । ਬੰਦ ਕਿਵਾੜੀ ਖੁਲ੍ਹੇ ਕਿਸੇ ਨਾ ਤਾਕ, ਤਖ਼ਤਾ ਸਕੇ ਨਾ ਕੋਇ ਉਲਟਾਈਆ । ਨਿਰਮਲ ਜੋਤ ਨਾ ਜਗੇ ਲਲਾਟ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਪ੍ਰਭ ਮਿਲਣ ਦੀ ਖੁਲ੍ਹੇ ਕਿਸੇ ਨਾ ਆਂਖ, ਆਖ਼ਰ ਜੋੜ ਨਾ ਕੋਇ ਜੁੜਾਈਆ । ਬਾਤਨ ਕਰੇ ਕੋਈ ਨਾ ਬਾਤ, ਜ਼ਾਹਰ ਰੂਪ ਨਾ ਕੋਇ ਵਖਾਈਆ । ਭਰਮੇ ਭੁੱਲੀ ਕਾਇਨਾਤ, ਕਲਮਾ ਹੱਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਲੱਭਿਆਂ ਪ੍ਰਭ ਹੱਥ ਕਿਸੇ ਨਾ ਔਂਦਾ, ਨਿਰਗੁਣ ਆਪਣਾ ਮੁਖ ਛੁਪਾਈਆ । ਜਗਤ ਜਹਾਨ ਫਿਰੇ ਭੌਂਦਾ, ਚਾਰੋਂ ਕੁੰਟ ਫੇਰਾ ਪਾਈਆ । ਰਸਨਾ ਜੇਹਵਾ ਜੀਵ ਜੰਤ ਗੌਂਦਾ, ਬੱਤੀ ਦੰਦ ਨਾਲ ਮਿਲਾਈਆ । ਸਾਰੰਗ ਸਰੰਗਾ ਜਗਤ ਤੰਬੂਰ ਨਾਦ ਵਜੌਂਦਾ, ਅਨਹਦ ਰਾਗ ਨਾ ਕੋਇ ਉਪਜਾਈਆ । ਮਨ ਵਾਸਨਾ ਜਗਤ ਹੰਕਾਰੀ ਬੁਰਜ ਬਣੌਂਦਾ ਢਾਹੁੰਦਾ, ਮਨ ਕਾ ਮਣਕਾ ਨਾ ਕੋਇ ਭਵਾਈਆ । ਅੱਖਰੀ ਨਾਮ ਸਿਫ਼ਤਾਂ ਵਿਚ ਸਲਾਹੁੰਦਾ, ਵੱਖਰੀ ਸੇਵ ਨਾ ਕੋਇ ਕਮਾਈਆ । ਆਤਮ ਅੰਤਰ ਪਰਮਾਤਮ ਭੇਟ ਨਾ ਕੋਇ ਚੜ੍ਹੌਂਦਾ, ਸੀਸ ਜਗਦੀਸ ਝੋਲੀ ਕੋਇ ਨਾ ਪਾਈਆ । ਜੀਵਦਿਆਂ ਜਗ ਮਰਨ ਕੋਈ ਨਾ ਚਾਹੁੰਦਾ, ਮਰਿਆਂ ਜੀਵਤ ਰੂਪ ਵਟਾਈਆ । ਕਲਜੁਗ ਕੂੜ ਕੁੜਿਆਰ ਕੂੜੀ ਕਿਰਿਆ ਵਿਚ ਭਰਮੌਂਦਾ, ਭਰਮੇ ਭੁੱਲੀ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰਸ ਕੋਇ ਨਾ ਪੌਂਦਾ, ਨਿਜ ਨੇਤਰ ਸਨਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪੜਦਾ ਆਪ ਉਠਾਈਆ । ਸ੍ਰਿਸ਼ਟ ਸਬਾਈ ਲੱਭੇ ਸਰਗੁਣ ਤੇਰੀ ਧਾਰ, ਨਿਰਗੁਣ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਵਿਚਾਰ, ਗੀਤਾ ਗਿਆਨ ਨਾਲ ਮਿਲਾਈਆ । ਅੰਜੀਲ ਕੁਰਾਨ ਕਰ ਪੁਕਾਰ, ਬੋਧ ਅਗਾਧ ਖਾਣੀ ਬਾਣੀ ਭੇਵ ਸਮਝਾਈਆ । ਬਿਨ ਸਾਹਿਬ ਸਤਿਗੁਰ ਕੋਈ ਨਾ ਬਣੇ ਸਾਂਝਾ ਯਾਰ, ਸਗਲਾ ਸੰਗ ਨਾ ਕੋਇ ਰਖਾਈਆ । ਸਰਬ ਜੀਆਂ ਦਾ ਮਿੱਤਰ ਯਾਰ, ਪਰਵਰਦਿਗਾਰ ਇਕ ਅਖਵਾਈਆ । ਜਿਸ ਨੂੰ ਲੱਭਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਸੋ ਸਚਖੰਡ ਨਿਵਾਸੀ ਨਿਰਮਲ ਨੂਰ ਜੋਤ ਉਜਿਆਰ, ਤਤਵ ਤਤ ਨਾ ਕੋਇ ਦਰਸਾਈਆ । ਬਿਨ ਭਗਤਾਂ ਕਿਸੇ ਹੱਥ ਨਾ ਆਇਆ ਵਿਚ ਸੰਸਾਰ, ਲੱਖ ਚੁਰਾਸੀ ਅੰਗ ਨਾ ਕੋਇ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਿਗਸੇ ਵਾਰੋ ਵਾਰ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰ ਕਿਰਪਾ ਲਏ ਉਠਾਲ, ਆਲਸ ਨਿੰਦਰਾ ਦੂਰ ਕਰਾਈਆ । ਗੁਰਮੁਖ ਗੁਰਸਿਖ ਸਾਚੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਕੂੜੀ ਕਿਰਿਆ ਤੋੜ ਜੰਜਾਲ, ਤ੍ਰੈਗੁਣ ਡੇਰਾ ਢਾਹੀਆ । ਸਚ ਦਵਾਰਾ ਵਖਾ ਸੱਚੀ ਧਰਮਸਾਲ, ਮੰਦਰ ਇਕੋ ਇਕ ਰੁਸ਼ਨਾਈਆ । ਹਰਿਜਨ ਸੱਚੇ ਲਏ ਬਹਾਲ, ਦੂਜਾ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸੰਤ ਸੁਹੇਲੇ ਵੇਖ ਵਖਾਈਆ । ਜੁਗ ਚੌਕੜੀ ਖੋਜਤ ਲੋਕ, ਪਰਲੋਕ ਧਿਆਨ ਲਗਾਈਆ । ਜੀਵ ਜੰਤ

ਗਾ ਗਾ ਸਲੋਕ, ਢੋਲਿਆਂ ਸੋਹਲਿਆਂ ਨਾਲ ਮਨਾਈਆ । ਟੱਲਾਂ ਉਤੇ ਲਗਾ ਕੇ ਚੋਟ, ਨੌਬਤ ਡੰਡਿਆਂ ਨਾਲ ਖੜਕਾਈਆ । ਬੁਧੀ ਨਾਲ ਕਰਕੇ ਸੋਚ, ਅਥਵਾ ਭੇਵ ਰਹੇ ਸਮਝਾਈਆ । ਕਿਸੇ ਨਜ਼ਰ ਨਾ ਆਏ ਨਿਰਮਲ ਜੋਤ, ਜੋਤੀ ਜਾਤਾ ਬੈਠਾ ਮੁਖ ਛੁਪਾਈਆ । ਝਗੜਾ ਪਾ ਕੇ ਵਰਨ ਗੋਤ, ਦੀਨ ਮਜ਼੍ਹਬ ਰਿਹਾ ਲੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਥੋੜਾ ਥੋੜਾ ਚੁੱਕਿਆ ਬੋਝ, ਅੰਤਮ ਬੈਠੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਚਾਰ ਕੁੰਟ ਲੱਭਣ ਨੇਤਰ, ਨੈਣ ਨਜ਼ਰ ਕਿਸੇ ਨਾ ਆਇੰਦਾ । ਨਵ ਨੌਂ ਚਾਰ ਵੇਖਣ ਖੇਤਰ, ਦ੍ਰਿਸ਼ਟ ਇਸ਼ਟ ਵਿਚ ਰਖਾਇੰਦਾ । ਪਰਮ ਪੁਰਖ ਪਰਮਾਤਮ ਕਿਸੇ ਨਾ ਬਣੇ ਹੇਤਣ, ਹਿਤਕਾਰੀ ਰੂਪ ਨਾ ਕੋਇ ਧਰਾਇੰਦਾ । ਸਾਚੀ ਮਿਲੇ ਨਾ ਕਿਸੇ ਰੇਖਣ, ਰੂਪ ਨਜ਼ਰ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਵਖਾਇੰਦਾ । ਪੜਦਾ ਓਹਲਾ ਰੱਖੇ ਜਗ, ਜੀਵ ਜੰਤ ਨਜ਼ਰ ਕਿਸੇ ਨਾ ਆਇੰਦਾ । ਭਗਤ ਭਗਵਾਨ ਆਪੇ ਲੱਭ, ਜੁਗ ਜੁਗ ਮਾਤ ਉਠਾਇੰਦਾ । ਸਾਚੀ ਦੇ ਕੇ ਬ੍ਰਹਮ ਮਤ, ਵਿਦਿਆ ਇਕੋ ਇਕ ਪੜ੍ਹਾਇੰਦਾ । ਲੇਖ ਚੁਕਾ ਕੇ ਜਗਤ ਤਤ, ਤਤਵ ਇਕੋ ਇਕ ਸਮਝਾਇੰਦਾ । ਘਰ ਸਵਾਮੀ ਠਾਕਰ ਵਸ, ਅੰਤਰਜਾਮੀ ਪੜਦਾ ਲਾਹਿੰਦਾ । ਸਚ ਪ੍ਰੇਮ ਪ੍ਰੀਤੀ ਅੰਤਰ ਹੋ ਕੇ ਵਸ, ਮੰਤਰ ਇਕੋ ਇਕ ਦ੍ਰਿੜਾਇੰਦਾ । ਸਚ ਜੈਕਾਰਾ ਬੋਲ ਅਲੱਖ, ਨਾਅਰਾ ਇਕੋ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਜਗਤ ਲੱਭਿਆਂ ਹੱਥ ਨਾ ਔਂਦਾ, ਭਰਮੇ ਭੁੱਲੀ ਸਰਬ ਲੋਕਾਈਆ । ਜਨ ਭਗਤਾਂ ਪਿਛੇ ਫੇਰਾ ਪੌਂਦਾ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਤ ਨਵਿਤ ਫੜ ਫੜ ਬਾਹੋਂ ਗਲੇ ਲਗੌਂਦਾ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਜਗਤ ਜਹਾਨ ਪਰੇ ਤਜੌਂਦਾ, ਲੋਕਲਾਜ ਨਾ ਕੋਇ ਵਡਿਆਈਆ । ਸੰਤ ਸੁਹੇਲੇ ਵਿਛੜੇ ਆਪ ਮਿਲੌਂਦਾ, ਰੁਸੜੇ ਲਏ ਮਿਲਾਈਆ । ਸਾਚਾ ਮੰਤਰ ਇਕ ਸਖਾਉਂਦਾ, ਧੁਰ ਦੀ ਕਰੇ ਪੜ੍ਹਾਈਆ । ਬੰਦਾ ਬੰਦਗੀ ਵਿਚ ਲੌਂਦਾ, ਬੰਦਨਾ ਇਕ ਦਰਸਾਈਆ । ਕੂੜੀ ਕਿਰਿਆ ਪਰੇ ਹਟੌਂਦਾ, ਸਚ ਸੁੱਚ ਵਸਤ ਝੋਲੀ ਪਾਈਆ । ਦੀਵਾ ਬਾਤੀ ਇਕ ਜਗੌਂਦਾ, ਅਗਿਆਨ ਅੰਧੇਰ ਚੁਕਾਈਆ । ਅੰਮ੍ਰਿਤ ਆਤਮ ਜਾਮ ਪਿਔਂਦਾ, ਤ੍ਰਿਸਨਾ ਭੁੱਖ ਮਿਟਾਈਆ । ਸੇਜ ਸੁਹੰਜਣੀ ਸੋਭਾ ਪੌਂਦਾ, ਸਤਿ ਸਤਿਵਾਦੀ ਡੇਰਾ ਲਾਈਆ । ਸ਼ਬਦ ਅਨਾਦੀ ਰਾਗ ਸੁਣੌਂਦਾ, ਅਨਹਦ ਨਾਦ ਵਜਾਈਆ । ਬ੍ਰਹਮ ਬ੍ਰਹਿਮਾਦੀ ਵੇਖ ਵਖੌਂਦਾ, ਬ੍ਰਹਿਮੰਡ ਖ਼ੁਸ਼ੀ ਜਣਾਈਆ । ਕੋਟਨ ਕੋਟ ਵਿਚੋਂ ਭਗਤ ਭਗਵਾਨ ਭਾਗਵਾਨ ਬਣੌਂਦਾ, ਭਗਤੀ ਭਾਗ ਆਪਣਾ ਝੋਲੀ ਪਾਈਆ । ਜਾਗਤ ਸੋਵਤ ਦ੍ਰਿਸ਼ਟ ਅਨਦ੍ਰਿਸ਼ਟ ਆਪਣਾ ਦਰਸ ਦਖੌਂਦਾ, ਹਰਸ ਜਨਮ ਕਰਮ ਪੂਰਬ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਉਪਰ ਤਰਸ ਕਮੌਂਦਾ, ਤਿਨ੍ਹਾਂ ਤਰਸੇਵਾਂ ਅਗਲਾ ਪਿਛਲਾ ਦਏ ਚੁਕਾਈਆ ।



### ✪ ੨੪ ਹਾੜ ੨੦੨੧ ਬਿਕ੍ਰਮੀ ਬੀਬੀ ਚਰਨ ਕੌਰ ਦੇ ਗ੍ਰਿਹ ਪਿੰਡ ਫਰਾਲਾ ✪

ਕਰ ਕਿਰਪਾ ਜਿਨ੍ਹਾਂ ਪ੍ਰਭ ਆਪ ਲੱਭਿਆ, ਬਨ ਖੋਜਣ ਕੋਇ ਨਾ ਜਾਈਆ । ਸੁੱਤਿਆਂ ਜਾਗਦਿਆਂ ਘਰ ਸਾਚੇ ਸੱਦਿਆ, ਧੁਰ ਸੰਦੇਸ਼ ਨਾਮ ਜਣਾਈਆ । ਪ੍ਰੇਮ ਪਿਆਰ ਪ੍ਰੀਤੀ ਨਾਲ ਬਧਿਆ, ਸ਼ਰਅ ਜ਼ੰਜੀਰ ਦਿਤਾ ਤੁੜਾਈਆ । ਮਾਨਸ ਜਨਮ ਰੱਖ ਕੇ ਲੱਜਿਆ, ਸਿਰ ਆਪਣਾ ਹੱਥ

ਟਿਕਾਈਆ । ਰਸ ਪਿਆ ਕੇ ਆਤਮ ਮਧਿਆ, ਨਾਮ ਖ਼ੁਮਾਰ ਚੜ੍ਹਾਈਆ । ਬੇਪਰਵਾਹ ਹੋ ਕੇ ਪੜਦਾ ਕਜਿਆ, ਸਿਰ ਆਪਣਾ ਹੱਥ ਟਿਕਾਈਆ । ਜਗਤ ਦਵਾਰ ਪਾਰ ਕਰਾ ਕੇ ਹੱਦਿਆ, ਘਰ ਸੱਚਾ ਇਕ ਵਖਾਈਆ । ਜਿਸ ਦਵਾਰੇ ਸਾਹਿਬ ਸਤਿਗੁਰ ਸਜਿਆ, ਅਬਿਨਾਸ਼ੀ ਕਰਤਾ ਡੇਰਾ ਲਾਈਆ । ਸ਼ਬਦ ਵੱਜੇ ਅਗੰਮੀ ਨੱਦਿਆ, ਇਕੋ ਰਾਗ ਸ਼ਨਵਾਈਆ । ਵਿਰਲਾ ਗੁਰਮੁਖ ਜਾਣੇ ਪ੍ਰਭ ਦਾ ਸੱਚਾ ਮਜ਼ਿਆ, ਜਿਸ ਦੀ ਮੰਜ਼ਲ ਮੁੱਕੀ ਚੁਕਿਆ ਪੰਧ ਲੋਕਾਈਆ । ਨੇਤਰ ਦਰਸ ਕਰ ਦੀਦਾਰ ਰੱਜਿਆ, ਦੀਦ ਈਦ ਚੰਦ ਰੁਸ਼ਨਾਈਆ । ਲੇਖਾ ਚੁਕਿਆ ਮਦੀਨਾ ਮੱਕਾ ਹੱਜਿਆ, ਹਾਜਤ ਅੰਤਰ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਕਰਿਆ ਚਾਈਂ ਚਾਈਆ । ਜਿਨ੍ਹਾਂ ਠਾਕਰ ਲੱਭੇ ਆਪ, ਆਪਣੀ ਦਇਆ ਕਮਾਇੰਦਾ । ਬੱਚੇ ਗੋਦ ਉਠਾਏ ਬਣ ਕੇ ਬਾਪ, ਪਿਤਾ ਪੁਰਖ ਅਕਾਲ ਅਖਵਾਇੰਦਾ । ਜਗਤ ਜਹਾਨ ਮੇਟ ਕੇ ਤਾਪ, ਤ੍ਰੈਗੁਣ ਡੇਰਾ ਢਾਇੰਦਾ । ਰੂਹ ਬੁੱਤ ਦੋਵੇਂ ਕਰ ਕੇ ਪਾਕ, ਪਤਤ ਪੁਨੀਤ ਵਖਾਇੰਦਾ । ਆਤਮ ਪਰਮਾਤਮ ਦੱਸ ਕੇ ਗਾਥ, ਸੋਹਣਾ ਰਾਗ ਸਮਝਾਇੰਦਾ । ਦੂਰ ਦੁਰਾਡਾ ਸਦ ਵਸੇ ਪਾਸ, ਸਗਲਾ ਸੰਗ ਨਿਭਾਇੰਦਾ । ਆਪਣੇ ਨਾਲ ਮਿਲਾਏ ਜਨ ਭਗਤਾਂ ਜ਼ਾਤ, ਦੂਈ ਦਵੈਤੀ ਡੇਰਾ ਢਾਇੰਦਾ । ਸਨਮੁਖ ਨਜ਼ਰੀ ਆਵੇ ਸਾਖਿਆਤ, ਸੱਜਣ ਸਾਹਿਬ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੱਭਣ ਦੀ ਆਪਣੇ ਵਿਚ ਛੁਪਾਏ ਜਾਚ, ਬਿਨ ਯਾਚਕ ਹੱਥ ਕਿਸੇ ਨਾ ਆਇੰਦਾ । ਜਿਨ੍ਹਾਂ ਲੱਭੇ ਪੜਦੇ ਓਹਲੇ, ਨੇਤਰ ਨੈਣ ਅੱਖ ਖੁਲ੍ਹਾਈਆ । ਭਾਗ ਲੱਗੇ ਕਾਇਆ ਚੋਲੇ, ਚੋਲੀ ਦਏ ਬਦਲਾਈਆ । ਅੰਤਰ ਵੜ ਕੇ ਆਪੇ ਬੋਲੇ, ਧੁਰ ਦਾ ਰਾਗ ਸੁਣਾਈਆ । ਸੋ ਗੁਰਮੁਖ ਗਾਉਂਦੇ ਢੋਲੇ, ਤੂੰ ਮੇਰਾ ਮੈਂ ਤੇਰਾ ਨਾਤਾ ਜੁੜਿਆ ਏਕਾ ਥਾਈਂਆ । ਉਹਨਾਂ ਲੋੜ ਰਹੇ ਨਾ ਕਿਸੇ ਵਿਚੋਲੇ, ਵਿਚਲਾ ਪੜਦਾ ਦਏ ਉਠਾਈਆ । ਸਾਚੇ ਕੰਡੇ ਫੜਕੇ ਤੋਲੇ, ਤਰਾਜ਼ੂ ਨਾਮ ਹੱਥ ਉਠਾਈਆ । ਅੰਦਰ ਵੜ ਕੇ ਕੁੰਡਾ ਖੋਲ੍ਹੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸੁਰਤੀ ਸ਼ਬਦੀ ਰੰਗ ਮੌਲੇ, ਮੌਲਾ ਹੋਵੇ ਬੇਪਰਵਾਹੀਆ । ਅੰਮ੍ਰਿਤ ਝਿਰਨਾ ਝਿਰਾਏ ਸਾਚੇ ਕਵਲੇ, ਕਵਲ ਨਾਭ ਆਪ ਉਲਟਾਈਆ । ਦੇਵੇ ਵਡਿਆਈ ਉਪਰ ਧੌਲੇ, ਧਰਨੀ ਧਰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਵਿਚ ਰਖਾਈਆ । ਜਿਨ੍ਹਾਂ ਲੱਭੇ ਸ੍ਰੀ ਭਗਵਾਨ, ਭਗਤਾਂ ਜੋੜ ਜੁੜਾਈਆ । ਤਿਨ੍ਹਾਂ ਨਜ਼ਰੀ ਆਏ ਸਾਚਾ ਕਾਹਨ, ਗੋਪੀ ਸਖ਼ੀ ਮੀਤ ਮਿੱਤਰ ਮਿਲ ਕੇ ਖ਼ੁਸ਼ੀ ਮਨਾਈਆ । ਇਕੋ ਮੰਦਰ ਸੋਭਾ ਪਾਣ, ਘਰ ਘਰ ਵਿਚ ਸੇਜ ਹੰਢਾਈਆ । ਇਕੋ ਦੀਵਾ ਬਾਤੀ ਜੋਤੀ ਦੀਪ ਜਗਾਣ, ਸਚ ਸੁਚ ਕਰਨ ਰੁਸ਼ਨਾਈਆ । ਏਕੋ ਢੋਲਾ ਮੰਤਰ ਮਿਲ ਕੇ ਗਾਣ, ਸੋਹੰ ਕਰਨ ਪੜ੍ਹਾਈਆ । ਭਗਤਾਂ ਜੁਗ ਜੁਗ ਲੱਭਣ ਆਏ ਭਗਵਾਨ, ਦਰ ਦਰ ਘਰ ਘਰ ਖੋਜ ਖੋਜਾਈਆ । ਬਾਕੀ ਹੱਥ ਨਾ ਆਏ ਕਿਸੇ ਜਹਾਨ, ਜਗਤ ਜੀਵ ਨੇਤਰ ਰੋਵਣ ਮਾਰਨ ਧਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਲਏ ਪਹਿਚਾਨ, ਪੂਰਬ ਲੇਖ ਚੁਕਾਈਆ । ਬਿਨਾਂ ਸੱਦਿਆਂ ਮਿਲੇ ਆਣ, ਬਿਨਾਂ ਪੁਛਿਆਂ ਪਿਛਲਾ ਲੇਖਾ ਝੋਲੀ ਪਾਈਆ । ਕਿਰਪਾ ਕਰ ਦੇਵੇ ਦਾਨ, ਦੌਲਤ ਨਾਮ ਖ਼ਜ਼ਾਨਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਉਠਾਏ ਫੜ ਫੜ ਬਾਹੀਆਂ ।

## ੨੪ ਹਾੜ ੨੦੨੧ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਪਿੰਡ ਫਰਾਲਾ

ਜਨ ਭਗਤਾਂ ਬਾਂਹ ਲਏ ਪਕੜ, ਬਿਨ ਹੱਥਾਂ ਹੱਥ ਮਿਲਾਇੰਦਾ । ਸਚ ਦਵਾਰ ਦਾ ਦੇਵੇ ਫ਼ਖ਼ਰ, ਪੀਰ ਫ਼ਕੀਰ ਨੈਣ ਸ਼ਰਮਾਇੰਦਾ । ਨਾਮ ਨਿਧਾਨ ਪੜ੍ਹਾ ਕੇ ਆਪਣਾ ਅੱਖਰ, ਆਖ਼ਰ ਚੋਟੀ ਆਪ ਚੜ੍ਹਾਇੰਦਾ । ਕੂੜੀ ਕਿਰਿਆ ਸੁੱਟ ਕੇ ਸੱਥਰ, ਯਾਰੜਾ ਸੱਥਰ ਇਕ ਸਮਝਾਇੰਦਾ । ਬਜਰ ਕਪਾਟੀ ਤੋੜ ਕੇ ਪੱਥਰ, ਪੜਦਾ ਓਹਲਾ ਆਪ ਚੁਕਾਇੰਦਾ । ਲੱਖ ਚੁਰਾਸੀ ਵਿਚੋਂ ਕਰਕੇ ਵੱਖਰ, ਵੱਖਰਾ ਰਾਹ ਜਣਾਇੰਦਾ । ਧੁਰ ਦਾ ਪ੍ਰੀਤਮ ਬਣ ਕੇ ਮਿੱਤਰ, ਪ੍ਰੀਤੀ ਇਕੋ ਇਕ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਆਪਣੇ ਰੰਗ ਰੰਗਾਇੰਦਾ । ਬਾਂਹ ਪਕੜੇ ਪ੍ਰੇਮ ਬਾਜ਼ੂ, ਮਿਹਰ ਨਜ਼ਰ ਉਠਾਈਆ । ਨਾਮ ਕੰਡੇ ਤੋਲ ਤਰਾਜ਼ੂ, ਕੀਮਤ ਕਰਤਾ ਦਏ ਚੁਕਾਈਆ । ਸੋ ਗੁਰਮੁਖ ਲੋਕਮਾਤ ਬਣਿਆ ਸੱਚਾ ਸਾਧੂ, ਜਿਸ ਸਿੱਧਾ ਮਿਲਿਆ ਬੇਪਰਵਾਹੀਆ । ਦੋ ਜਹਾਨ ਧੁਰ ਦਾ ਆਗੂ, ਆਪਣੀ ਆਗਿਆ ਵਿਚ ਲਏ ਚਲਾਈਆ । ਬਿਨ ਭਗਤਾਂ ਭਗਵਾਨ ਕਦੇ ਨਾ ਹੋਇਆ ਵਾਧੂ, ਹਰ ਘਟ ਵਸਿਆ ਬਿਨ ਗੁਰਮੁਖਾਂ ਨਜ਼ਰ ਕਿਸੇ ਨਾ ਆਈਆ । ਪਰਮ ਪੁਰਖ ਦਾ ਅਗੰਮੜਾ ਜਾਦੂ, ਜਿਸ ਦੀ ਸਾਰ ਕੋਇ ਨਾ ਪਾਈਆ । ਇਸ ਦਾ ਭੇਤ ਥੋੜਾ ਜਿਹਾ ਗੋਬਿੰਦ ਦੱਸਿਆ ਦਾਦੂ, ਦਿਉਰੇ ਅੰਦਰ ਡੇਰਾ ਲਾਈਆ । ਓਸ ਨੇ ਆਪਣੇ ਗੁਟਣੇ ਹੇਠ ਲੁਕਾ ਤਮਾਕੂ, ਤਮਾਂ ਕੂੜੀ ਦਿਤੀ ਤਜਾਈਆ । ਨੈਣ ਤੱਕ ਵੇਖਿਆ ਪ੍ਰੇਮ ਪਿਆਰ ਦਾ ਨਜ਼ਰੀ ਆਇਆ ਬਾਪੂ, ਪਿਤਾ ਕਹਿ ਕੇ ਸ਼ੁਕਰ ਮਨਾਈਆ । ਗੋਬਿੰਦ ਆਪਣੀ ਕਟਾਰ ਨਾਲੋਂ ਖੋਲ੍ਹ ਕੇ ਚਾਕੂ, ਚਾਰ ਕੁੰਟ ਲਕੀਰ ਵਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਬਣੇ ਵੱਡਾ ਨਾਢੂ, ਨੱਢੇ ਬਾਲੇ ਗੁਰ ਅਵਤਾਰ ਪੀਰ ਪੈਗੰਬਰ ਆਪਣੀ ਉਂਗਲੀ ਲਾਈਆ । ਜਨ ਭਗਤਾਂ ਹੋਵੇ ਆਪ ਆਗੂ, ਅੱਗੇ ਹੋ ਹੋ ਦਏ ਸਮਝਾਈਆ । ਓਸ ਵੇਲੇ ਕੋਟਾਂ ਵਿਚੋਂ ਵਿਰਲਾ ਜਾਗੂ, ਜਿਸ ਜਗ ਜੀਵਣ ਦਾਤਾ ਆਪ ਜਗਾਈਆ । ਇਕੋ ਅਕਾਲ ਪੁਰਖ ਹਿਰਦੇ ਅੰਤਰ ਆਤਮ ਅਰਾਧੂ, ਅਵਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਜਨ ਭਗਤਾਂ ਪਕੜ ਕੇ ਆਪੇ ਬਾਂਹ, ਬਾਲੇ ਆਪਣੀ ਗੋਦ ਉਠਾਈਆ । ਦੋ ਜਹਾਨਾਂ ਬਣ ਕੇ ਪਿਤਾ ਮਾਂ, ਸਗਲਾ ਸੰਗ ਨਿਭਾਈਆ । ਸਾਚਾ ਨਾਮ ਨਿਧਾਨਾ ਦਏ ਜਣਾ, ਧੁਰ ਦਾ ਢੋਲਾ ਇਕ ਸੁਣਾਈਆ । ਜਿਸ ਗੁਰਮੁਖ ਇਕ ਵੇਰ ਹਾਂ ਵਿਚ ਮਿਲਾਈ ਹਾਂ, ਹੌਕਿਆ ਵਿਚ ਕਦੇ ਨਾ ਆਈਆ । ਉਸ ਨੂੰ ਦੇਵੇ ਅਗੰਮੜਾ ਸੱਚਾ ਥਾਂ, ਸਚ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਬਾਂਹ ਪਕੜ ਨਾ ਦੇਵੇ ਪਿਛਾ, ਪਿਛਲਾ ਲੇਖਾ ਰਿਹਾ ਚੁਕਾਈਆ । ਕਿਰਪਾਲ ਹੋ ਕੇ ਕਰੇ ਰਿੱਛਾ, ਰੱਛਕ ਬਣਿਆ ਬੇਪਰਵਾਹੀਆ । ਗੋਬਿੰਦ ਆਸਾ ਵੱਡੀ ਇੱਛਾ, ਇਛਿਆ ਪੂਰ ਪਤਿਪਰਮੇਸ਼ਵਰ ਹੋਏ ਸਹਾਈਆ । ਜਨ ਭਗਤਾਂ ਦੇਵਣ ਆਇਆ ਆਪ ਸਿਖਾ, ਸਿਖਿਆ ਅਵਰ ਨਾ ਕੋਈ ਪੜ੍ਹਾਈਆ । ਜੋ ਪਿਛੇ ਲੇਖਾ ਲਿਖਾ, ਸੋ ਅੰਤਮ ਵੇਖੇ ਚਾਈਂ ਚਾਈਂਆ । ਬਿਨ ਭਗਤਾਂ ਭਗਵਾਨ ਕਿਸੇ ਨਾ ਦਿਸਾ, ਜਗਤ ਨੇਤਰ ਹੀਣ ਦਿਸੇ ਲੋਕਾਈਆ । ਸਭ ਨੂੰ ਸੁੱਤਾ ਦੇ ਕਰ ਪਿੱਠਾ, ਆਪਣੀ ਕਰਵਟ ਨਾ ਲਏ ਬਦਲਾਈਆ । ਜਨ ਭਗਤਾਂ ਪ੍ਰੇਮ ਪਿਆਰ ਦੇਵੇ ਮਿੱਠਾ, ਰਸ ਇਕੋ ਮੁਖ ਚੁਆਈਆ । ਜਿਨ੍ਹਾਂ ਦਾ ਲੇਖ ਕੀਤਾ ਚਿੱਟਾ, ਕਾਲੀ ਦੁਰਮਤ ਮੈਲ ਧੋਤੀ ਸ਼ਾਹੀਆ । ਉਹਨਾਂ ਦੇ ਦਵਾਰੇ ਬਿਨ ਕੀਮਤੋਂ ਆਪ ਵਿਕਾ, ਵਿਕਰੀ

ਘਰ ਘਰ ਰਿਹਾ ਵਖਾਈਆ । ਭਗਤਾਂ ਪਾਵਣ ਆਇਆ ਝੋਲੀ ਅਪਣਾ ਹਿੱਸਾ, ਹਿੱਸੇਦਾਰ ਰਿਹਾ ਬਣਾਈਆ । ਅੰਦਰੋਂ ਕੱਢ ਕੇ ਕੂੜ ਰਸ ਫਿਕਾ, ਅੰਮ੍ਰਿਤ ਅੰਮਿਉਂ ਰਸ ਮੁਖ ਚੁਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣ ਸ਼ਬਦੀ ਧਾਰ ਪਿਤਾ, ਪਾਤਰ ਦੇ ਕੇ ਸ਼ਬਦ ਸੁਨੇਹੜਾ ਰਿਹਾ ਘਲਾਈਆ ।

## ✪ ੨੪ ਹਾੜ ੨੦੨੧ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਹਿ ਪਿੰਡ ਫਰਾਲਾ ✪

ਜਨ ਭਗਤਾਂ ਭੇਵ ਖੁਲ੍ਹਾਏ ਪ੍ਰਭ ਨਿਝਰ, ਨਿਜਾਨੰਦ ਕਰੇ ਰੁਸ਼ਨਾਈਆ । ਲੇਖਾ ਚੁਕਾਏ ਪੂਰਬ ਬਿਦਰ, ਬਿਧ ਆਪਣੀ ਇਕ ਦ੍ਰਿੜਾਈਆ । ਸਾਚੀ ਧਾਰੋਂ ਆਵੇ ਨਿੱਕਲ, ਨਿਰਵੈਰ ਰੂਪ ਪਰਗਟਾਈਆ । ਬਿਨ ਅੱਖਾਂ ਆਪੇ ਨਿਰਗੁਣ ਰੂਪ ਹੋ ਕੇ ਦਿਸਣ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਸੰਤ ਸੁਹੇਲਾ ਬਣ ਕੇ ਆਵੇ ਮਿਲਣ, ਮਿਲਣੀ ਸਾਚੇ ਘਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਪ੍ਰਭ ਸਦਾ ਮਿਲਦਾ, ਮਿਲ ਮਿਲ ਖ਼ੁਸ਼ੀ ਮਨਾਈਆ । ਲੇਖਾ ਜਾਣੇ ਅੰਤਰ ਦਿਲ ਦਾ, ਪੜਦਾ ਆਪ ਚੁਕਾਈਆ । ਸਾਚਾ ਖੇਲ ਇਕੋ ਖੇਲਦਾ, ਖੇਲਣਹਾਰ ਵਡ ਵਡਿਆਈਆ । ਦੀਵਾ ਬਾਲ ਅਗੰਮੀ ਤੇਲ ਦਾ, ਘਰ ਸਾਚੇ ਕਰੇ ਰੁਸ਼ਨਾਈਆ । ਲੇਖਾ ਚੁਕਾ ਕੂੜੀ ਜੇਲ ਦਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵਣਹਾਰ ਸਦਾ ਸਹਾਈਆ । ਸਦਾ ਸਹਾਇਕ ਹੋਵੇ ਪ੍ਰਭ, ਪਰਮ ਪੁਰਖ ਦਇਆ ਕਮਾਇੰਦਾ । ਜਗਤ ਜੁਗ ਦੀ ਪਾਰ ਕਰ ਕੇ ਹੱਦ, ਘਰ ਸੱਚਾ ਇਕ ਵਖਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਅੰਮ੍ਰਿਤ ਪਿਆ ਕੇ ਨਾਮ ਮਧ, ਨਾਮ ਖ਼ੁਮਾਰੀ ਘਰ ਚੜ੍ਹਾਇੰਦਾ । ਭਾਗ ਲਗਾ ਕੇ ਕਾਇਆ ਹੱਦ, ਤਤਵ ਤਤ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਾਚੇ ਘਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਦੇ ਕੇ ਵਰ, ਭਗਤ ਸੁਹੇਲੇ ਲਏ ਉਠਾਈਆ । ਏਕੰਕਾਰਾ ਕਿਰਪਾ ਕਰ, ਮੇਲ ਮਿਲਾਏ ਚਾਈਂ ਚਾਈਂਆ । ਆਦਿ ਨਿਰੰਜਣ ਨੂਰ ਧਰ, ਦੀਵਾ ਬਾਤੀ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਾਹੋਂ ਫੜ, ਜਗਤ ਵਿਛੋੜਾ ਪੰਧ ਮੁਕਾਈਆ । ਸ੍ਰੀ ਭਗਵਾਨ ਪੌੜੇ ਚੜ੍ਹ, ਮਹੱਲ ਅੱਟਲ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਦੇਵੇ ਵਰ, ਬ੍ਰਹਮ ਵਿਦਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਪਾਰਬ੍ਰਹਮ ਬ੍ਰਹਮ ਲਾਹੇ ਪੜਦਾ, ਅਨਭਵ ਖੇਲ ਜਣਾਇੰਦਾ । ਗੁਰਮੁਖ ਉਠਾਵੇ ਅਗਨੀ ਸੜਦਾ, ਅੰਮ੍ਰਿਤ ਧਾਰ ਬਰਸਾਇੰਦਾ । ਲੇਖ ਚੁਕਾ ਕੇ ਪਿਛਲੇ ਘਰ ਦਾ, ਅਗਲਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਮਿਹਰਵਾਨ ਦਇਆ ਨਿਧ, ਹਰਿ ਕਰਤਾ ਵਡ ਵਡਿਆਈਆ । ਜਨ ਭਗਤਾਂ ਕਾਰਜ ਕਰ ਕੇ ਸਿਧ, ਸਿੱਧਾ ਆਪਣੇ ਨਾਲ ਮਿਲਾਈਆ । ਭੇਵ ਚੁਕਾ ਕੇ ਨੌ ਨਿਧ, ਅਠਾਰਾਂ ਅੱਠ ਦਸ ਨਾ ਕੋਇ ਚਤੁਰਾਈਆ । ਭਾਗ ਲਗਾ ਕੇ ਜੀਓ ਪਿੰਡ, ਬ੍ਰਹਿਮੰਡਾਂ ਖੇਲ ਖਿਲਾਈਆ । ਧਾਰ ਵਗਾ ਕੇ ਸਾਚੀ ਸਿੰਧ, ਅੰਮ੍ਰਿਤ ਰਸ ਭਰਾਈਆ । ਜਨ ਭਗਤ ਬਣਾ ਕੇ ਆਪਣੀ ਬਿੰਦ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤ ਕਹੇ ਮੈਂ ਪਾਇਆ ਭਗਵਾਨ, ਘਰ ਵੱਜੀ ਨਾਮ ਵਧਾਈਆ । ਲੇਖਾ ਚੁੱਕਿਆ ਜਗਤ ਜਹਾਨ, ਨਾਤਾ ਤੁਟਾ ਮੋਹ ਲੋਕਾਈਆ । ਦਰਸ਼ਨ ਕੀਤਾ ਨੌਜਵਾਨ, ਘਰ ਵੱਜੀ ਇਕ ਵਧਾਈਆ । ਪਤਿਪਰਮੇਸ਼ਵਰ ਮਿਲਿਆ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਸੋਹੰ ਢੋਲਾ ਦੱਸ ਕੇ ਗਾਣ, ਜੀਵਣ ਜੁਗਤ ਦਿਤੀ ਬਦਲਾਈਆ । ਦਰਗਾਹ ਸਾਚੀ ਦੇ ਕੇ ਮਾਣ, ਅਭਿਮਾਣ ਦਿਤਾ ਤੁੜਾਈਆ । ਸਚ ਸੰਦੇਸ਼ਾ ਦੇ ਫ਼ਰਮਾਨ, ਫੁਰਨਾ ਪਿਛਲਾ ਬੰਦ ਕਰਾਈਆ । ਸਾਚਾ ਮੰਦਰ ਦੱਸ ਮੁਕਾਮ, ਮਹੱਲ ਅਟਲ ਕੀਤੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਹਰਿ ਰਘੁਰਾਈ ਰਘੁਪਤ, ਰਘੁਨਾਥ ਦਇਆ ਕਮਾਇੰਦਾ । ਜਨ ਭਗਤ ਸੁਹੇਲੇ ਲਏ ਰੱਖ, ਰੱਖਕ ਹੋ ਕੇ ਫੇਰਾ ਪਾਇੰਦਾ । ਨਾਮ ਪਦਾਰਥ ਦੇ ਕੇ ਵੱਥ, ਵਸਲ ਇਕੋ ਇਕ ਜਣਾਇੰਦਾ । ਨਿਜ ਨੇਤਰ ਖੋਲ੍ਹ ਕੇ ਅੱਖ, ਪੜਦਾ ਦੂਈ ਮਿਟਾਇੰਦਾ । ਸਚ ਦਵਾਰ ਸਮਝਾ ਕੇ ਹੱਟ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਸੰਗ ਰਖਾਇੰਦਾ । ਸਦਾ ਸੁਹੇਲਾ ਪ੍ਰਭ ਜੂ ਸੰਗੀ, ਸਗਲਾ ਸੰਗ ਬਣਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਸੂਰਾ ਸਰਬੰਗੀ, ਸੂਰਬੀਰ ਆਪਣੇ ਹੱਥ ਰੱਖੇ ਵਡਿਆਈਆ । ਕੂੜੀ ਕਿਰਿਆ ਵਾਸ਼ਨਾ ਕੱਢੇ ਗੰਦੀ, ਸਚ ਸੁਗੰਧੀ ਇਕ ਭਰਾਈਆ । ਲੇਖਾ ਚੁਕਾ ਕੇ ਬੱਤੀ ਦੰਦੀ, ਅਜਪਾ ਜਾਪ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਮੇਲ ਮਿਲਾਏ ਸਹਿਜ ਸੁਭਾਈਆ । ਘਰ ਵਿਚ ਘਰ ਹੋਏ ਮਿਲਾਪ, ਹਰਿ ਸੱਜਣ ਮੇਲ ਮਿਲਾਈਆ । ਕੋਟ ਜਨਮ ਦੇ ਕੱਟ ਕੇ ਪਾਪ, ਦੁਰਮਤ ਮੈਲ ਧੁਆਈਆ । ਸਚ ਪ੍ਰੀਤੀ ਜੋੜ ਕੇ ਨਾਤ, ਵਿਧਾਤਾ ਵੇਖ ਵਖਾਈਆ । ਜਨਮ ਜਨਮ ਦੀ ਪੂਰੀ ਕਰ ਕੇ ਖ਼ਾਹਿਸ਼, ਮਰਨ ਮਰਨ ਦਾ ਲੇਖ ਮਿਟਾਈਆ । ਅੱਗੇ ਪਿਛੇ ਹੋ ਕੇ ਸਾਥ, ਸੋਹਣਾ ਸੰਗ ਨਿਭਾਈਆ । ਡੇਰਾ ਢਾਹ ਕੇ ਪ੍ਰਿਥਮੀ ਆਕਾਸ਼, ਗਗਨਾਂ ਉਪਰ ਗਗਨ, ਮੰਡਲਾਂ ਉਪਰ ਮੰਡਲ, ਬ੍ਰਹਿਮੰਡਾਂ ਉਪਰ ਬ੍ਰਹਿਮਾਂਡ ਇਕੋ ਇਕ ਜਣਾਈਆ । ਜਿਸ ਘਰ ਸਾਹਿਬ ਸਤਿਗੁਰ ਦਾ ਇਕੋ ਹੋਵੇ ਮੰਗਲ, ਇਕੋ ਰਾਗ ਧੁਨ ਸ਼ਨਵਾਈਆ । ਨਾ ਕੋਈ ਜੂਹ ਉਜਾੜ ਪਹਾੜ ਦਿਸੇ ਜੰਗਲ, ਸਮੁੰਦ ਸਾਗਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਜੋਤੀ ਧਾਰ ਬੈਠਾ ਮਗਨ, ਸਤਿ ਸਰੂਪ ਸਮਾਈਆ । ਸਤਿ ਸਰੂਪ ਸ੍ਰੀ ਭਗਵੰਤ, ਹਰਿ ਕਰਤਾ ਸੋਭਾ ਪਾਇੰਦਾ । ਜਨ ਭਗਤਾਂ ਵੇਖੇ ਜੁਗਾਂ ਜੁਗੰਤ, ਜੁਗ ਚੌਕੜੀ ਖੋਜ ਖੋਜਾਇੰਦਾ । ਨਾਮ ਪਦਾਰਥ ਦੇ ਕੇ ਮਣੀਆ ਮੰਤ, ਮਨ ਮਨਸਾ ਮੇਟ ਮਿਟਾਇੰਦਾ । ਮਿਹਰ ਨਜ਼ਰ ਨਾਲ ਬਣਾਏ ਸਾਚੇ ਸੰਤ, ਸਾਧਨਾ ਇਕੋ ਇਕ ਦ੍ਰਿੜਾਇੰਦਾ । ਸਤਿ ਸੰਦੇਸ਼ ਦੇਵੇ ਬਣ ਕੇ ਪੰਡਤ, ਬ੍ਰਹਮ ਵੇਤਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਪਾਰ ਲੰਘਾਇੰਦਾ । ਹਰਿਜਨ ਪਾਰ ਜਾਏ ਲੰਘ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਕਿਰਪਾ ਕਰੇ ਸੂਰਾ ਸਰਬੰਗ, ਸੂਰਬੀਰ ਹੋਏ ਸਹਾਈਆ । ਸੇਜ ਸੁਹੰਜਣੀ ਵਖਾਏ ਪਲੰਘ, ਜਿਸ ਉਪਰ ਬੈਠਾ ਡੇਰਾ ਲਾਈਆ । ਆਦਿ ਜੁਗਾਦਿ ਇਕੋ ਆਨੰਦ, ਆਨੰਦ ਅਨੰਦ ਵਿਚੋਂ ਦਰਸਾਈਆ । ਸਾਚਾ ਢੋਲਾ ਸੁਣਾਏ ਛੰਦ, ਗੁਰਮੁਖ ਲਏ ਮਨਾਈਆ । ਨਾਤਾ ਤੋੜ ਕੇ ਬੰਦੀਖ਼ਾਨਾ ਬੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਲੋਚਣ ਇਕੋ ਦਰ ਬੁਝਾਈਆ । ਦਰ ਸਾਚਾ


੨੦੦ ੧੨

ਸਚ ਬੁਝੌਂਦਾ ਏ । ਜਨ ਭਗਤਾਂ ਅੱਖ ਖੁਲੌਂਦਾ ਏ । ਪ੍ਰਤਖ ਪ੍ਰਭੂ ਘਰ ਸਾਚੇ ਨਜ਼ਰੀ ਔਂਦਾ ਏ । ਸਮਰਥ ਹੋ ਕੇ ਖੇਲ ਖਲੌਂਦਾ ਏ । ਜੁਗ ਚੌਕੜੀ ਮਾਰਗ ਦੱਸ, ਰਹਿਬਰ ਰਾਹ ਦ੍ਰਿੜਾਉਂਦਾ ਏ । ਜਨ ਭਗਤਾਂ ਪ੍ਰੇਮ ਪਿਆਰ ਦੀ ਪਾ ਕੇ ਨੱਥ, ਡੋਰੀ ਤੰਦ ਬਧੌਂਦਾ ਏ । ਅੰਤਰ ਧੀਰਜ ਦੇ ਕੇ ਹੱਠ, ਸਤਿ ਸੰਤੋਖ ਇਕ ਵਖੌਂਦਾ ਏ । ਕਰਮ ਕਾਂਡ ਦਾ ਲੇਖਾ ਕੱਟ, ਸਚ ਸੁੱਚ ਵਸਤ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖੌਂਦਾ ਏ । ਧੁਰ ਦਾ ਲੇਖਾ ਵੇਖ ਵਖੌਂਦਾ ਏ । ਪੁਰਖ ਅਬਿਨਾਸ਼ੀ ਫੇਰਾ ਪੌਂਦਾ ਏ । ਲੋਕਮਾਤ ਖੇਲ ਖਲੌਂਦਾ ਏ । ਨਿਰਗੁਣ ਜੋਤੀ ਜੋਤ ਡਗਮਗੌਂਦਾ ਏ । ਕਿਲਾ ਕੋਟ ਬੰਕ ਸਹੌਂਦਾ ਏ । ਸ਼ਬਦ ਚੋਟ ਨਗਾਰੇ ਇਕ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸੌਂਦਾ ਏ । ਹਰਿਜਨ ਸਾਚੇ ਘਰ ਵਸਦਾ ਏ । ਇਕੋ ਨਾਮ ਪ੍ਰਭੂ ਦਾ ਜਪਦਾ ਏ । ਚਰਨ ਕਵਲ ਸਰਨਾਈ ਸਾਚੀ ਢੱਠਦਾ ਏ । ਬਿਨ ਬੱਤੀ ਦੰਦਾਂ ਖ਼ੁਸ਼ੀਆਂ ਨਾਲ ਆਪੇ ਹੱਸਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਵਰ ਦਾਤਾ ਆਪਣਾ ਭੇਵ ਘਰ ਆ ਕੇ ਸੱਜਣ ਲਖਦਾ ਏ । ਆਪਣਾ ਭੇਵ ਆਪ ਖੁਲ੍ਹੌਂਦਾ ਏ । ਦੇਵੀ ਦੇਵ ਨਜ਼ਰੀ ਔਂਦਾ ਏ । ਅਲੱਖ ਅਭੇਵ ਪੜਦਾ ਲੌਂਹਦਾ ਏ । ਜਨ ਭਗਤਾਂ ਕਰ ਕੇ ਸਾਚੀ ਸੇਵ, ਜੁਗ ਜੁਗ ਅਪਣੀ ਖ਼ੁਸ਼ੀ ਮਨੌਂਦਾ ਏ । ਵਸਣਹਾਰਾ ਧਾਮ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਰ ਕੇ ਖੇਡ, ਸਚ ਖਿਲਾਰੀ ਫੇਰਾ ਪੌਂਦਾ ਏ । ਗੁਰ ਅਵਤਾਰ ਪੈਗੰਬਰ ਭੇਜ, ਪੀਰ ਪੀਰਾਂ ਸਿਰ ਆਪ ਅਖਵੌਂਦਾ ਏ । ਜੋਤੀ ਜਲਵਾ ਦੇ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗੌਂਦਾ ਏ । ਨਿਰਗੁਣ ਹੋ ਕੇ ਮਾਣੇ ਸੇਜ, ਸਰਗੁਣ ਸੋਹਣਾ ਬੰਕ ਸੁਹੌਂਦਾ ਏ । ਬਿਨ ਨੈਣਾ ਲਏ ਵੇਖ, ਬਿਨ ਅੱਖਾਂ ਵੇਖ ਵਖੌਂਦਾ ਏ । ਜਨ ਭਗਤਾਂ ਕਰਕੇ ਹੇਤ, ਹਿਤਕਾਰੀ ਮੇਲ ਮਿਲੌਂਦਾ ਏ । ਨਜ਼ਰੀ ਆਵੇ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪੌਂਦਾ ਏ । ਆਦਿ ਜੁਗਾਦਿ ਰਹੇ ਹਮੇਸ਼, ਜੁਗ ਜੁਗ ਆਪਣਾ ਨਾਮ ਦ੍ਰਿੜੌਂਦਾ ਏ । ਵਸਣਹਾਰਾ ਸਚਖੰਡ ਸਾਚੇ ਦੇਸ, ਸਚ ਸਿੰਘਾਸਣ ਇਕੋ ਇਕ ਵਡਿਔਂਦਾ ਏ । ਕਲਜੁਗ ਅੰਤਮ ਬਣ ਕੇ ਨਰ ਨਰੇਸ਼, ਨਰ ਨਰਾਇਣ ਹੁਕਮ ਸੁਣੌਂਦਾ ਏ । ਕੂੜੀ ਕਿਰਿਆ ਮਿਟਣਾ ਭੇਖ, ਜੂਠ ਝੂਠ ਪੰਧ ਮੁਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਗੋਦ ਬਹੌਂਦਾ ਏ । ਹਰਿਜਨ ਗੋਦੀ ਚੁੱਕਦਾ, ਹਰਿ ਕਰਤਾ ਬੇਪਰਵਾਹ । ਸਾਚੇ ਸੰਤਾਂ ਪੈਂਡਾ ਮੁਕਦਾ, ਲਹਿਣਾ ਚੁਕੇ ਦੋ ਜਹਾਂ । ਗੁਰਮੁਖਾਂ ਗੁਰ ਸਤਿਗੁਰ ਆ ਕੇ ਪੁੱਛਦਾ, ਸਤਿ ਸਵਾਮੀ ਬਣ ਮਲਾਹ । ਗੁਰਸਿਖ ਗੁਰ ਕੀ ਧਾਰੋਂ ਉਠਦਾ, ਗੁਰੂ ਗੁਰ ਹੋਵੇ ਆਪ ਸਹਾ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਆ ਕੇ ਝੁਕਦਾ, ਦੂਰ ਦੁਰਾਡਾ ਪੰਧ ਮੁਕਾ । ਨਾਤਾ ਜੋੜ ਪਿਓ ਪੁਤ ਦਾ, ਗੰਢ ਅਗੰਮੀ ਲਏ ਪਾ । ਇਹੋ ਖੇਲ ਅਬਿਨਾਸ਼ੀ ਅਚੁਤ ਦਾ, ਜੋ ਜੁਗ ਜੁਗ ਰਿਹਾ ਕਰਾ । ਲੱਖ ਚੁਰਾਸੀ ਵਿਚੋਂ ਮਾਣ ਰੱਖੇ ਮਾਣਸ ਮਨੁੱਖ ਦਾ, ਮਾਨਵ ਆਪਣਾ ਰੰਗ ਰੰਗਾ । ਸਾਂਝੀਵਾਲ ਹੋਵੇ ਜਨ ਭਗਤ ਤੇਰੇ ਦੁੱਖ ਦਾ, ਬਣ ਦਰਦੀ ਦਰਦ ਲਏ ਵੰਡਾ । ਡੇਰਾ ਢਾਹਵੇ ਕੂੜੀ ਭੁੱਖ ਦਾ, ਆਸਾ ਤ੍ਰਿਸ਼ਨਾ ਦਏ ਮਿਟਾ । ਆਵਣ ਜਾਵਣ ਚੁੱਕੇ ਉਲਟੇ ਰੁੱਖ ਦਾ, ਲੱਖ ਚੁਰਾਸੀ ਗੇੜਾ ਦਏ ਮੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਸਾ । ਸਾਚੇ ਮੰਦਰ ਗੁਰਮੁਖ ਵਸਣਾ, ਮਹਲ ਅਟਲ ਇਕ ਦਰਸਾਈਆ । ਜਨ ਭਗਤਾਂ ਮਿਲ ਮਿਲ ਖ਼ੁਸ਼ੀਆ

ਨਾਲ ਹੱਸਣਾ, ਸੋਹੰ ਹੰਸਾ ਗੀਤ ਸੁਣਾਈਆ । ਅਗਲਾ ਪਿਛਲਾ ਹਾਲ ਦੱਸਣਾ, ਬੀਤੀ ਕਹਾਣੀ ਇਕ ਦ੍ਰਿੜਾਈਆ । ਕਿਰਪਾ ਕੀਤੀ ਜਿਸ ਭਾਗ ਲਗਾਇਆ ਪਟਣਾ, ਪਤਿਪਰਮੇਸ਼ਵਰ ਦਿਤਾ ਅੰਤ ਮਿਲਾਈਆ । ਉਸ ਦੀ ਕੋਈ ਨਾ ਜਾਣੇ ਘਟਣਾ, ਘਾਟੇ ਵਿਚ ਸਰਬ ਲੋਕਾਈਆ । ਜਿਸ ਗੁਰਮੁਖ ਵਿਰਲਾ ਰੱਖਣਾ, ਰੱਖਕ ਹੋ ਕੇ ਸੇਵ ਕਮਾਈਆ । ਲੱਖ ਚੁਰਾਸੀ ਵਿਚੋਂ ਸੰਤ ਵਰੋਲੇ ਗੁਰਮੁਖ ਮੱਖਣਾ, ਛਾਛ ਕੰਮ ਕਿਸੇ ਨਾ ਆਈਆ । ਬਿਨ ਹਰਿ ਕਿਰਪਾ ਚਾਰਾ ਚਲੇ ਕੋਈ ਨਾ ਯਤਨਾ, ਯਥਾ ਯੁਗਤ ਸਮਝ ਸਕੇ ਕੋਇ ਨਾ ਰਾਈਆ । ਕੋਈ ਨਾ ਪਰਤੇ ਆਪਣੇ ਵਤਨਾ, ਮੁੜ ਕੇ ਘਰ ਕੋਇ ਨਾ ਜਾਈਆ । ਕਿਰਪਾ ਕਰੇ ਪ੍ਰਭੂ ਸਮਰਥਨਾ, ਪੁਰਖ ਅਕਾਲ ਹੋਏ ਸਹਾਈਆ । ਜਨ ਭਗਤਾਂ ਦਵਾਰਾ ਇਕੋ ਦੱਸਣਾ, ਜਿਸ ਘਰ ਬੈਠਾ ਡੇਰਾ ਲਾਈਆ । ਲੋਕਮਾਤ ਕਲਜੁਗ ਅੰਤਮ ਲਾਹਾ ਇਕੋ ਖੱਟਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਵਸਾਈਆ । ਸਾਚੇ ਮੰਦਰ ਜਾਣਾ ਵਸ, ਨਾਤਾ ਤੋੜ ਜਗਤ ਲੋਕਾਈਆ । ਪਰਮਾਤਮ ਦੇਵੇ ਇਕੋ ਰਸ, ਰਸ ਰਸੀਆ ਰਸ ਚੁਆਈਆ । ਭੇਵ ਅਭੇਦਾ ਖੋਲ੍ਹ ਕੇ ਦੇਵੇ ਦੱਸ, ਪੜਦਾ ਓਹਲਾ ਆਪ ਉਠਾਈਆ । ਸਚ ਦਵਾਰੇ ਭਗਤ ਭਗਵਾਨ ਸੋਹਣਾ ਗੌਂਦੇ ਜਸ, ਜਸ ਸਿਫ਼ਤਾਂ ਨਾਲ ਸਾਲਾਹੀਆ । ਮੇਲ ਮਿਲਾ ਕੇ ਮਹਿੰਮਾ ਦੱਸੇ ਅਕਥ, ਕਥਨੀ ਕਰੇ ਨਾ ਕੋਇ ਪੜ੍ਹਾਈਆ । ਪਿਛਲਾ ਲੇਖਾ ਪਿਛੇ ਜਾਣ ਛੱਡ, ਅੱਗੇ ਇਕੋ ਦਾਤਾ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਦੇ ਕੇ ਦਾਨ, ਜਨ ਭਗਤ ਕੀਤੇ ਅੱਡ, ਅੱਡਰਾ ਆਪਣਾ ਘਰ ਵਸਾਈਆ ।



## ✪ ੨੫ ਹਾੜ ੨੦੨੧ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹ ਪਿੰਡ ਫਰਾਲਾ ✪

ਭਗਤ ਕਹੇ ਤੇਰੇ ਨਾਮ ਮੁੰਦਰਾ, ਨੈਣ ਮੂੰਦ ਨਜ਼ਰੀ ਆਇੰਦਾ । ਪੜਦਾ ਚੁਕਾਵੇ ਗਹਿਰਾ ਧੁੰਦਲਾ, ਅੰਧ ਅੰਧੇਰ ਮਿਟਾਇੰਦਾ । ਉਲਟੀ ਉਲਝੀ ਖੋਲ੍ਹੇ ਗੁੰਝਲਾ, ਅਨਡਿਠੜੀ ਕਾਰ ਕਮਾਇੰਦਾ । ਭੇਵ ਖੁਲਾਵੇ ਆਦਿ ਮੁਢਲਾ, ਪਰਦਾ ਪਰੇ ਹਟਾਇੰਦਾ । ਦੇਵੇ ਇਸ਼ਾਰਾ ਬਿਨ ਹੱਥਾਂ ਉਂਗਲਾਂ, ਸੈਨਤ ਅੱਖ ਨਾ ਕੋਇ ਲਗਾਇੰਦਾ । ਲੇਖ ਚੁਕਾਏ ਗਾਰ ਡੂੰਘਲਾ, ਸਾਚੀ ਤਰਨੀ ਇਕ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਇਕ ਦ੍ਰਿੜਾਇੰਦਾ । ਭਗਤ ਕਹੇ ਤੇਰਾ ਨਾਮ ਭਬੂਤੀ, ਭਾਵਨੀ ਪੂਰ ਕਰਾਈਆ । ਪ੍ਰੇਮ ਪਿਆਰ ਸਚ ਆਹੂਤੀ, ਭਗਵਨ ਦਏ ਸਮਝਾਈਆ । ਕਰੇ ਪਰਕਾਸ਼ ਕਾਇਆ ਕੂਟੀ, ਦਹਿ ਦਿਸ਼ਾ ਹੋਵੇ ਰੁਸ਼ਨਾਈਆ । ਕਿਰਿਆ ਚੁੱਕੇ ਅੰਦਰੋਂ ਝੂਠੀ, ਸਚ ਮਿਲੇ ਵਡਿਆਈਆ । ਚੇਤ ਬਸੰਤੀ ਮੌਲੇ ਰੁੱਤੀ, ਫੁੱਲ ਫੁਲਵਾੜ ਮਹਿਕਾਈਆ । ਸੁਰਤ ਸਵਾਣੀ ਉਠੇ ਸੁੱਤੀ, ਆਪਣੜੇ ਘਰ ਲਏ ਅੰਗੜਾਈਆ । ਜਗਤ ਜਹਾਨ ਰਹੇ ਨਾ ਰੁੱਠੀ, ਮਿਲ ਪਿਰ ਸਤਿਗੁਰ ਖ਼ੁਸ਼ੀ ਮਨਾਈਆ । ਆਤਮ ਬਦਲ ਜਾਏ ਨਾ ਰੁਚੀ, ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰਖਣਾ ਹੱਥ ਟਿਕਾਈਆ । ਭਗਤ ਕਹੇ ਤੇਰਾ ਨਾਮ ਗਹਿਣਾ, ਗਹਿਰ ਗੰਭੀਰ ਨਜ਼ਰੀ ਆਈਆ । ਤੇਰਾ ਪ੍ਰੇਮ ਪਿਆਰ ਵਸੇ ਨੇਤਰ ਨੈਣਾਂ, ਨਿਜ ਲੋਚਣ ਸੋਭਾ ਪਾਈਆ । ਹੋਏ ਵਸੇਰਾ ਚਰਨਾਂ ਬਹਿਣਾ, ਕਵਲ ਮਿਲੇ ਵਡਿਆਈਆ । ਨਾਮ ਢੋਲਾ ਧੁਰ ਦਾ ਕਹਿਣਾ, ਕਹਿ ਕਹਿ ਖ਼ੁਸ਼ੀ ਮਨਾਈਆ । ਸਮਰਥ ਸਵਾਮੀ ਤੂੰ ਭਗਤਾਂ ਦੇਣਾ, ਦਰ ਦਰ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਸੁਹੰਜਣਾ ਦੇਣਾ ਵਖਾਈਆ । ਭਗਤ ਕਹੇ ਤੇਰਾ ਨਾਮ ਸੋਹਣਾ, ਸਵੱਛ ਸਰੂਪੀ ਨਜ਼ਰੀ ਆਇੰਦਾ । ਆਦਿ ਜੁਗਾਦਿ ਜਗਤ ਜਗ ਮੋਹਣਾ, ਮੋਹਣੀ ਰੂਪ ਵਟਾਇੰਦਾ । ਕਰੇ ਪਰਕਾਸ਼ ਨੇਤਰ ਲੋਇਣਾ, ਲੋਚਣ ਅੱਖ ਖੁਲ੍ਹਾਇੰਦਾ । ਦੁਰਮਤ ਦਾਗ਼ ਫੜ ਫੜ ਧੋਣਾ, ਪਾਪਾਂ ਮੈਲ ਮਿਟਾਇੰਦਾ । ਬੀਜ ਅਗੰਮੀ ਧੁਰ ਦਾ ਬੋਣਾ, ਖੇਤਰ ਹਲ ਚਲਾਇੰਦਾ । ਅੰਮ੍ਰਿਤ ਮੇਘ ਇਕ ਬਰਸੌਣਾ, ਪਵਣ ਸੁਗੰਧੀ ਨਾਲ ਮਿਲਾਇੰਦਾ । ਪੱਤ ਡਾਲ੍ਹੀ ਘਰ ਮਹਿਕੌਣਾ, ਮਿਹਰ ਮੁਹੱਬਤ ਦਇਆ ਕਮਾਇੰਦਾ । ਜਗਤ ਵਿਛੁੰਨੀ ਜੋੜ ਜੁੜੌਣਾ, ਫੜ ਬਾਹੋਂ ਗਲੇ ਲਗਾਇੰਦਾ । ਸਾਚੀ ਕੁੱਲੀ ਭਾਗ ਲਗੌਣਾ, ਛੱਪਰ ਛੰਨ ਡੇਰਾ ਲਾਇੰਦਾ । ਅਨਮੁਲੀ ਵਸਤ ਆਪ ਵਰਤੌਣਾ, ਨਾਮ ਨਿਧਾਨਾ ਝੋਲੀ ਪਾਇੰਦਾ । ਸਚ ਨਿਸ਼ਾਨਾ ਤੀਰ ਲਗੌਣਾ, ਅਣਿਆਲਾ ਹੱਥ ਉਠਾਇੰਦਾ । ਕਰਮ ਕਾਂਡ ਦਾ ਡੇਰਾ ਢੌਣਾ, ਬ੍ਰਹਿਮੰਡ ਖੋਜ ਖੋਜਾਇੰਦਾ । ਰਾਗ ਨਾਦ ਪੰਧ ਮੁਕੌਣਾ, ਧੁਨ ਆਤਮਕ ਆਪ ਸਮਝਾਇੰਦਾ । ਮਾਰ ਆਵਾਜ਼ ਭਗਤ ਉਠੌਣਾ, ਚੋਬਦਾਰ ਸੇਵਕ ਸੇਵਕ ਹੋ ਕੇ ਸੇਵ ਕਮਾਇੰਦਾ । ਸਾਚੇ ਮੰਦਰ ਆਪ ਬਹੌਣਾ, ਜਗਤ ਦਵਾਰਾ ਪੰਧ ਚੁਕਾਇੰਦਾ । ਭੇਵ ਅਭੇਦਾ ਆਪ ਖੁਲੌਣਾ, ਦੂਈ ਦਵੈਤੀ ਪੜਦਾ ਲਾਹਿੰਦਾ । ਦੀਆ ਬਾਤੀ ਡਗਮਗੌਣਾ, ਜੋਤੀ ਜੋਤ ਨੂਰ ਰੁਸ਼ਨਾਇੰਦਾ । ਸੇਜ ਸੁਹੰਜਣੀ ਸੋਭਾ ਪੌਣਾ, ਸਚ ਸਿੰਘਾਸਣ ਬਹਿ ਬਹਿ ਖ਼ੁਸ਼ੀ ਮਨਾਇੰਦਾ । ਨਾਰ ਕੰਤ ਇਕੋ ਰੰਗ ਵਖੌਣਾ, ਆਤਮ ਪਰਮਾਤਮ ਪਰਮਾਤਮ ਆਤਮ ਸੰਗ ਨਿਭਾਇੰਦਾ । ਦਰਸ ਦੀਦਾਰ ਘਰ ਸਾਚੇ ਇਕ ਦਰਸੌਣਾ, ਦੀਦ ਈਦ ਚੰਦ ਰੁਸ਼ਨਾਇੰਦਾ । ਅਗਲਾ ਪਿਛਲਾ ਮੰਜ਼ਲ ਪੰਧ ਮੁਕੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਇੰਦਾ । ਜਨ ਭਗਤ ਕਹੇ ਤੇਰਾ ਨਾਮ ਸੰਗ, ਧੁਰ ਦਾ ਸੰਗ ਬਣਾਈਆ । ਲੋੜ ਰਹੇ ਨਾ ਨਹਾਵਣ ਗੰਗ, ਤੀਰਥ ਤਟ ਨਾ ਕੋਇ ਚਤੁਰਾਈਆ । ਤਾਲ ਵੱਜੇ ਨਾ ਕੋਇ ਮਰਦੰਗ, ਢੋਲਕ ਛੈਣਾ ਨਾ ਕੋਇ ਖੜਕਾਈਆ । ਰਸਨਾ ਜਿਹਵਾ ਨਾ ਕੋਈ ਡੰਡ, ਬੱਤੀ ਦੰਦ ਨਾ ਰਾਗ ਅਲਾਈਆ । ਅੰਤਰ ਆਤਮ ਗਾ ਕੇ ਛੰਦ, ਸੋਹੰ ਰੂਪ ਸਮਾਈਆ । ਤੂੰ ਮੇਰਾ ਮੈਂ ਤੇਰੇ ਨਾਲ ਜਾਵਾਂ ਹੰਡ, ਹਰਿ ਕੰਤ ਤੇਰੀ ਸਰਨਾਈਆ । ਜਗਤ ਵਿਛੋੜਾ ਨਾ ਹੋਵੇ ਰੰਡ, ਬਣ ਸੁਹਾਗਣ ਖ਼ੁਸ਼ੀ ਮਨਾਈਆ । ਅੰਗੀਕਾਰ ਲੌਣਾ ਅੰਗ, ਜਿਉਂ ਅੰਗਦ ਦਿਤੀ ਵਡਿਆਈਆ । ਤੇਰਾ ਭਗਤ ਤੇਰਾ ਚੰਦ, ਤੇਰਾ ਨੂਰ ਕਰੇ ਰੁਸ਼ਨਾਈਆ । ਤੇਰਾ ਦਵਾਰਾ ਤੈਥੋਂ ਲੈਣਾ ਮੰਗ, ਦੂਜੇ ਦਰ ਮੰਗਣ ਨਾ ਜਾਈਆ । ਤੇਰਾ ਪ੍ਰੇਮ ਤੇਰਾ ਅਨੰਦ, ਤੇਰਾ ਤੇਰੇ ਵਿਚੋਂ ਪਰਗਟਾਈਆ । ਤੇਰਾ ਸੋਹਲਾ ਤੇਰਾ ਢੋਲਾ ਤੇਰਾ ਛੰਦ, ਤੇਰਾ ਗੀਤ ਬੇਪਰਵਾਹੀਆ । ਤੇਰੀ ਸੇਜ ਤੇਰਾ ਪਲੰਘ, ਤੇਰਾ ਮੀਤ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਸਾ ਮਨਸਾ ਆਪਣੇ ਨਾਲ ਰਖਾਈਆ । ਜਨ ਭਗਤ ਕਹੇ ਤੇਰਾ ਨਾਮ ਮਿੱਠਾ, ਵਿਖ ਨਜ਼ਰ ਕੋਇ ਨਾ ਆਈਆ । ਚਰਨ ਲੱਗ ਕੇ ਘਰ ਸਾਚੇ ਡਿੱਠਾ, ਜਗਤ ਵਣਜਾਰਾ ਹੱਟ ਨਾ ਕੋਇ ਵਿਕਾਈਆ । ਜਿਸ ਦੇ ਨਾਲ ਪਰਮ ਪੁਰਖ ਅਕਾਲ ਮਿਲਿਆ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਕੋਈ ਸਮਝ ਨਾ ਸਕੇ ਵਾਰ ਥਿਤਾ, ਘੜੀ ਪਲ ਸਾਰ ਕੋਇ ਨਾ ਆਈਆ । ਬਿਨ ਅੱਖਾਂ ਨੇਤਰ ਨੈਣ ਅੰਦਰੇ ਅੰਦਰ ਦਿਸਾ, ਦਿਸ਼ਾ ਆਪਣੀ ਪੜਦਾ ਲਾਹੀਆ । ਵਸਤ ਅਮੋਲਕ ਦੇ ਕੇ ਹਿੱਸਾ, ਹਿੱਸੇਦਾਰ ਲਿਆ ਬਣਾਈਆ । ਲੋੜ ਰਹੀ ਨਾ ਪੜ੍ਹਨ ਦੀ ਚਿੱਠਾ, ਅੱਖਰ ਵੱਖਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ

ਦੱਸ ਕੇ ਨਿੱਕਾ, ਨਿਕਿਉਂ ਵੱਡੇ ਰਿਹਾ ਬਣਾਈਆ । ਭਗਤ ਕਹੇ ਪ੍ਰਭੂ ਤੇਰਾ ਨਾਮ ਨਿੱਕਾ, ਨੀਕਨ ਨੀਕਾ ਨਜ਼ਰੀ ਆਇੰਦਾ । ਜਿਨ੍ਹਾਂ ਲਾਵੇਂ ਧੁਰ ਦਾ ਟਿੱਕਾ, ਮਸਤਕ ਜੋਤ ਜਗਾਇੰਦਾ । ਏਥੇ ਕਦੇ ਨਾ ਦੇਵੇਂ ਪਿਛਾ, ਅੱਗੇ ਆਪਣਾ ਸੰਗ ਨਿਭਾਇੰਦਾ । ਜੁਗ ਚੌਕੜੀ ਕਰੇਂ ਰਿਛਾ, ਰੱਛਕ ਹੋ ਕੇ ਵੇਖ ਵਖਾਇੰਦਾ । ਨਾਮ ਪਦਾਰਥ ਪਾ ਕੇ ਭਿਛਾ, ਖ਼ਾਲੀ ਝੋਲੀ ਆਪ ਭਰਾਇੰਦਾ । ਅੰਤਮ ਮਰਨ ਤੋਂ ਪਹਿਲੋਂ ਜਨਮ ਦਾ ਕੱਢੇਂ ਸਿੱਟਾ, ਸ਼ਿਖ਼ਰ ਚੋਟੀ ਆਪ ਚੜ੍ਹਾਇੰਦਾ । ਏਹੋ ਖੇਲ ਨਿਤ ਨਵਿਤਾ, ਜੁਗ ਜੁਗ ਕਾਰ ਕਮਾਇੰਦਾ । ਜਿਸ ਦਾ ਲੇਖ ਅਲੇਖ ਕਰ ਕੇ ਗੁਰ ਅਵਤਾਰਾਂ ਲਿਖਾ, ਲੇਖ ਲੇਖਣੀ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕ ਵਰ, ਦਰ ਤੇਰਾ ਤੇਰੇ ਵਿਚੋਂ ਨਜ਼ਰੀ ਆਇੰਦਾ । ਜਨ ਭਗਤ ਕਹੇ ਤੇਰਾ ਨਾਮ ਗੂੜ੍ਹਾ, ਲਾਲਨ ਇਕੋ ਰੰਗ ਰੰਗਾਈਆ । ਚਤੁਰ ਸੁਘੜ ਬਣਾ ਕੇ ਮੂੜ੍ਹਾ, ਮੂਰਖ ਮੁਗਧ ਲਏ ਤਰਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚਾ ਦੱਸ ਇਕ ਦਸਤੂਰਾ, ਦੋਸਤ ਸੱਜਣ ਲਏ ਬਣਾਈਆ । ਪ੍ਰੇਮ ਪਿਆਰ ਦਾ ਰੰਗਲਾ ਦੋ ਬਾਹਵਾਂ ਚਾੜ੍ਹ ਕੇ ਚੂੜਾ, ਚੂੜੀ ਕੰਗਣ ਇਕੋ ਇਕ ਪਹਿਨਾਈਆ । ਨਾਤਾ ਤੋੜ ਕੇ ਕਿਰਿਆ ਕੂੜਾ, ਕਿਰਕਟ ਪਰੇ ਦੇਵੇਂ ਹਟਾਈਆ । ਮਮਤਾ ਤੋੜ ਮਾਣ ਗ਼ਰੂਰਾ, ਗ਼ੁਰਬਤ ਦਏਂ ਮੁਕਾਈਆ । ਭਗਤ ਮਿਲਣ ਲਈ ਹੋ ਮਜਬੂਰਾ, ਮੁਫ਼ਲਿਸ ਹੋ ਕੇ ਫੇਰਾ ਪਾਈਆ । ਮੇਲ ਮਿਲਾ ਕੇ ਨਾ ਦਿਸੇਂ ਦੂਰਾ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਏਸੇ ਕਾਰਨ ਤੇਰਾ ਤੇਰੇ ਭਗਤਾਂ ਕੀਤਾ ਨਾਮ ਮਸ਼ਹੂਰਾ, ਮਸ਼ਵਰਾ ਤੇਰੇ ਨਾਲ ਪਕਾਈਆ । ਤੂੰ ਸਾਹਿਬ ਪ੍ਰੇਮ ਪਿਆਰ ਦਾ ਦੇ ਪੰਘੂੜਾ, ਦੋ ਜਹਾਨਾਂ ਹੁਲਾਰਾ ਇਕ ਲਗਾਈਆ । ਜਿਸ ਵੇਲੇ ਸਹਿਜ ਸੁਭਾਓ ਕਾਇਆ ਮੰਦਰ ਅੰਦਰ ਵੜੇਂ ਮਾਰੇਂ ਇਕ ਖੰਘੂਰਾ, ਓਸ ਵੇਲੇ ਅਨਹਦ ਵੱਜੇ ਚਾਈਂ ਚਾਈਆ । ਬਿਨ ਰਾਗ ਤਾਲ ਸਤਾਰ ਉਪਜੇ ਤੂਰਾ, ਤੁਰੀਆ ਮੁਖ ਸ਼ਰਮਾਈਆ । ਓਥੇ ਭਗਤ ਕਹੇ ਮੇਰੀ ਮਨਸਾ ਪੂਰਾ, ਭਗਵਨ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗਾ ਜੁਗੰਤਰ ਜਨ ਭਗਤਾਂ ਨਾਮ ਸੁਣਾਵੇ ਆਪਣਾ ਮੰਤਰ, ਮਤਲਬ ਪਿਛਲਾ ਹਲ ਕਰਾਈਆ ।

### ✪ ੨੫ ਹਾੜ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਪਿੰਡ ਡਲੇਵਾਲ ਜ਼ਿਲਾ ਜਲੰਧਰ ✪

ਚਾਂਦ ਕਹੇ ਮੋਹੇ ਹੋਈ ਹੈਰਾਨੀ, ਭਗਵਨ ਸਚ ਦਿਆਂ ਦ੍ਰਿੜਾਈਆ । ਗੋਬਿੰਦ ਵੇਖ ਸਚ ਨਿਸ਼ਾਨੀ, ਸ਼ਹਿਨਸ਼ਾਹ ਮੇਰੀ ਅੱਖ ਸ਼ਰਮਾਈਆ । ਜਨ ਭਗਤਾਂ ਲੇਖ ਵੇਖਿਆ ਵਿਚ ਪੇਸ਼ਾਨੀ, ਮਸਤਕ ਧਿਆਨ ਲਗਾਈਆ । ਜੋਤ ਜਗੀ ਇਕ ਨੂਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਚੀ ਸੁਣੀ ਅਗੰਮੀ ਬਾਣੀ, ਅਣਿਆਲਾ ਤੀਰ ਰਹੀ ਲਗਾਈਆ । ਚਾਰ ਜੁਗ ਦੀ ਪਿਛਲੀ ਭੁੱਲੀ ਕਹਾਣੀ, ਕਹਿਕਹਾ ਲਾ ਕੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਚੰਦ ਕਹੇ ਮੇਰਾ ਨੈਣ ਮੂੰਦ, ਅੱਖ ਨਾ ਕੋਇ ਉਠਾਈਆ । ਪਾਰਬ੍ਰਹਮ ਮੋਹੇ ਭੁੱਲੀ ਸੂਝ, ਸਮਝ ਰਹੀ ਨਾ ਰਾਈਆ । ਮੇਰਾ ਲੇਖਾ ਮੁਕਿਆ ਦੂਜ, ਤੀਜ ਮਿਲੇ ਨਾ ਕੋਇ ਵਡਿਆਈਆ । ਤੇਰੇ ਭਗਤ ਜੋ ਤੇਰੇ ਪ੍ਰੇਮ ਅੰਦਰ ਰਹੇ ਝੂਜ, ਆਪਣਾ ਆਪ ਮਾਤ ਮਿਟਾਈਆ । ਮੈਂ ਵੇਖਿਆ ਖੁਲ੍ਹਦਾ ਗੂਝ, ਪੜਦਾ ਓਹਲਾ ਨਜ਼ਰ ਨਾ ਆਈਆ । ਸਾਖ਼ਿਆਤ

ਓਨ੍ਹਾਂ ਨਜ਼ਰ ਆਏ ਮਹਿਬੂਬ, ਮੁਹੱਬਤ ਖ਼ਾਨੇ ਬਹਿ ਕੇ ਖ਼ੁਸ਼ੀ ਮਨਾਈਆ । ਸੋਹਣਾ ਰੋਸ਼ਨ ਦਿਸੇ ਅਰੂਜ, ਆਰਫ਼ ਸਿਫ਼ਤ ਨਾ ਕੋਇ ਸੁਣਾਈਆ । ਸਚ ਦਵਾਰ ਹੋ ਮਹਿਦੂਦ, ਮੁਹੱਬਤ ਤੇਰੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇਂ ਮਾਣ ਵਡਿਆਈਆ । ਚੰਦ ਕਹੇ ਮੈਂ ਹੋਇਆ ਚੁੱਪ, ਰਸਨਾ ਕਹਿਣ ਕੁਛ ਨਾ ਪਾਈਆ । ਜਗਤ ਅੰਧੇਰਾ ਵੇਖ ਕੇ ਘੁੱਪ, ਭੈ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਤੇਰਾ ਨਾਤਾ ਗਿਆ ਛੁੱਟ, ਪਲੂ ਗੰਢ ਨਾ ਕੋਇ ਬੰਧਾਈਆ । ਨਵ ਨੌ ਚਾਰ ਹੱਥ ਕਿਸੇ ਨਾ ਕੁਛ, ਜੀਵ ਜੰਤ ਰਹੇ ਕੁਰਲਾਈਆ । ਧੰਨ ਵਡਿਆਈ ਤੂੰ ਭਗਤਾਂ ਲਿਆ ਪੁੱਛ, ਨਿਰਗੁਣ ਹੋ ਕੇ ਵੇਸ ਵਟਾਈਆ । ਕਰ ਪਿਆਰ ਪਰਮ ਪੁਰਖ ਬਣਾਏ ਸੁਤ, ਅਪਰਾਧੀ ਆਪਣੇ ਗਲੇ ਲਗਾਈਆ । ਦੂਰ ਦੁਰਾਡੇ ਨੀਵਾਂ ਹੋ ਕੇ ਵੇਖਿਆ ਝੁਕ, ਮੰਜ਼ਲ ਆਪਣਾ ਪੰਧ ਮੁਕਾਈਆ । ਵਸਤ ਅਮੋਲਕ ਦੇ ਕੇ ਸੁਚ, ਸਚ ਦਿਤਾ ਸਮਝਾਈਆ । ਜੋ ਅੰਦਰ ਬੈਠਾ ਲੁਕ, ਸੋ ਪੜਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਇਆ ਆਪ ਸਹਾਈਆ । ਚੰਦ ਕਹੇ ਮੈਂ ਚੰਦ ਨਵਚੰਦਾ, ਚੌਧਵੀਂ ਰੈਣ ਮਿਲੇ ਨਾ ਕੋਇ ਵਡਿਆਈਆ । ਕਲਜੁਗ ਵੇਖਿਆ ਕੂੜੀ ਕਿਰਿਆ ਗੰਦਾ, ਗੰਦਗੀ ਮਮਤਾ ਵਿਚ ਸਮਾਈਆ । ਲੋਕ ਪਰਲੋਕ ਨਾ ਦਿਸਿਆ ਠੰਡਾ, ਅਗਨੀ ਤਤ ਤਪਾਈਆ । ਗੀਤ ਨਾ ਸੁਣਿਆ ਸਾਚਾ ਛੰਦਾ, ਸੋਹਲਾ ਰਾਗ ਨਾ ਕੋਇ ਅਲਾਈਆ । ਬਿਨ ਤੇਰੇ ਭਗਤਾਂ ਨਜ਼ਰ ਨਾ ਆਇਆ ਬੰਦਾ, ਬੰਦਗੀ ਸਚ ਨਾ ਕੋਇ ਕਮਾਈਆ । ਧੰਨ ਵਡਿਆਈ ਤੂੰ ਸ਼ਬਦ ਅਗੰਮੀ ਫੇਰ ਕੇ ਰੰਦਾ, ਦੁਰਮਤ ਮੈਲ ਦਿਤੀ ਧਵਾਈਆ । ਫੜ ਬਾਹੋਂ ਚੜ੍ਹਾਇਆ ਇਕੋ ਡੰਡਾ, ਜਿਸ ਦਾ ਕਿਨਾਰਾ ਆਪਣੇ ਘਰ ਵਖਾਈਆ । ਮੈਂ ਤੱਕ ਖੰਡ ਬ੍ਰਹਿਮੰਡਾਂ, ਜੇਰਜ ਅੰਡਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਜਨ ਭਗਤਾਂ ਚੁੱਕੇਂ ਆਪਣੇ ਕੰਧਾ, ਸੀਸ ਜਗਦੀਸ ਭਾਰ ਉਠਾਈਆ । ਚੰਦ ਕਹੇ ਮੋਹੇ ਦਿਸੇ ਅੰਧੇਰਾ, ਆਂਧੀ ਚਾਰ ਜੁਗ ਨਜ਼ਰੀ ਆਈਆ । ਕੋਈ ਨਾ ਜਾਣੇ ਸੰਞ ਸਵੇਰਾ, ਸਚ ਪਰਕਾਸ਼ ਨਾ ਕੋਇ ਵਖਾਈਆ । ਮੈਂ ਜੁਗ ਜੁਗ ਵੇਖਿਆ ਗਿੜਦਾ ਗੇੜਾ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਨਿਤ ਨਿਤ ਵੇਖਿਆ ਝਿੜਦਾ ਝੇੜਾ, ਲੱਖ ਚੁਰਾਸੀ ਜਗਤ ਲੜਾਈਆ । ਦਰ ਦਰ ਵੇਖਿਆ ਹੁੰਦਾ ਖੁਲ੍ਹਾ ਵੇਹੜਾ, ਖ਼ਾਲੀ ਹੱਥ ਫਿਰੇ ਲੋਕਾਈਆ । ਬਿਨ ਤੇਰੀ ਕਿਰਪਾ ਕੋਈ ਨਾ ਕਹੇ ਤੇਰਾ ਮੇਰਾ, ਮੇਰਾ ਤੇਰਾ ਇਕੋ ਨਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗੀ ਬਣ ਕੇ ਸੰਗ ਨਿਭਾਈਆ । ਚੰਦ ਕਹੇ ਮੈਂ ਵੇਖੀ ਜਗਤ ਝੁੱਗੀ, ਝੌਂਪੜੇ ਸਾਰੇ ਫੋਲ ਫੋਲਾਈਆ । ਪੰਜ ਤਤ ਕਾਇਆ ਔਧ ਸਭ ਦੀ ਮੁੱਕੀ, ਮੁਕੰਮਲ ਹਾਲ ਨਾ ਕੋਇ ਸੁਣਾਈਆ । ਭਾਗ ਲੱਗਾ ਨਾ ਕਿਸੇ ਕੁੱਖੀ, ਜਨਨੀ ਜਨ ਨਾ ਕੋਇ ਵਖਾਈਆ । ਗੁਰਮੁਖ ਵਿਰਲੇ ਸੁਰਤ ਉਠਾਈ ਸੁੱਤੀ, ਸ਼ਬਦ ਹਲੂਣਾ ਇਕ ਲਗਾਈਆ । ਆਪਣੇ ਨਾਲ ਮਿਲਾਈ ਰੁਚੀ, ਰੁਤ ਰੁਤੜੀ ਨਾਲ ਮਹਿਕਾਈਆ । ਵੇਖ ਵਖਾਏ ਚਾਰੇ ਕੂਟੀ, ਦਿਸ਼ਾ ਆਪਣੀ ਹੱਦ ਸਮਝਾਈਆ । ਵਾਸਨਾ ਰਹਿਣ ਨਾ ਦੇਵੇ ਝੂਠੀ, ਕੂੜੀ ਕਿਰਿਆ ਬਾਹਰ ਕਢਾਈਆ । ਨਾਮ ਨਿਧਾਨ ਅੰਮ੍ਰਿਤ ਰਸ ਪਿਆ ਅਗੰਮੀ ਬੂਟੀ, ਬੂਟਾ ਸਾਚਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚੰਦ ਕਹੇ ਮੈਂ ਵੇਖਿਆ ਤੱਕ, ਨੈਣ ਨੈਣ ਉਠਾਈਆ । ਸ੍ਰਿਸ਼ਟ ਸਬਾਈ ਖੇੜਾ ਦਿਸੇ ਭੱਠ, ਕਲਜੁਗ ਅਗਨੀ ਰਿਹਾ ਤਪਾਈਆ । ਚੌਦਾਂ ਲੋਕ ਖ਼ਾਲੀ ਨਜ਼ਰੀ ਆਏ ਹੱਟ, ਚੌਦਾਂ ਤਬਕ ਵਸਤ ਨਾ ਕੋਇ

੨੦੫
੧੨

ਵਰਤਾਈਆ । ਨੇਤਰ ਰੋਂਦੇ ਵੇਖੇ ਤੀਰਥ ਤਟ, ਅਠਸਠ ਦੇਣ ਦੁਹਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਧੂੰਆਂਧਾਰ ਸਰਬ ਲੋਕਾਈਆ । ਤੇਰਾ ਨਾਮ ਲਏ ਨਾ ਕੋਈ ਰਟ, ਮਣਕਾ ਮਨ ਨਾ ਕੋਇ ਭਵਾਈਆ । ਨਾੜ ਬਹੱਤਰ ਉਬਲੇ ਰਤ, ਘਰ ਘਰ ਦਿਸੇ ਲੜਾਈਆ । ਚਾਰੋਂ ਕੁੰਟ ਵੇਖਿਆ ਨਠ, ਪਾਂਧੀ ਬਣ ਕੇ ਫੇਰਾ ਪਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਤੇਰਾ ਭਗਤ, ਜੋ ਭਗਵਨ ਤੇਰੇ ਚਰਨ ਧਿਆਨ ਲਗਾਈਆ । ਉਸ ਦੀ ਮਹਿਮਾ ਵਿਚ ਜਗਤ, ਤੇਰਾ ਨਾਮ ਨਿਧਾਨ ਸ਼ਬਦ ਅੱਖਰ ਰਿਹਾ ਜਣਾਈਆ । ਮੈਂ ਵੇਖ ਕੇ ਤੇਰਾ ਸੋਹਣਾ ਸੁਹੰਜਣਾ ਵਕਤ, ਵਿਅਕਤੀ ਹੋ ਕੇ ਫੇਰਾ ਪਾਈਆ । ਨਿਜ ਨੇਤਰ ਲੋਚਣ ਨੈਣ ਕਰ ਕੇ ਦਰਸ, ਆਪਣੀ ਹਰਸ ਮਿਟਾਈਆ । ਮੈਨੂੰ ਨਜ਼ਰ ਨਾ ਆਇਆ ਕਦੇ ਉਤੇ ਅਰਸ਼, ਲੋਕਮਾਤ ਆ ਕੇ ਚਰਨ ਕਵਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਾਹ ਵਾ ਤੇਰੇ ਹੱਥ ਵਡਿਆਈਆ । ਚੰਦ ਕਹੇ ਮੈਂ ਵੇਖਿਆ ਚੰਦੂ, ਕਲਜੁਗ ਕੂੜ ਧਿਆਨ ਲਗਾਈਆ । ਦੀਨ ਦਿਆਲ ਮੇਰੇ ਦੀਨਾ ਬੰਧੂ, ਬੰਧਨ ਸਾਰੇ ਦੇ ਕਟਾਈਆ । ਮੇਰੇ ਠਾਕਰ ਮੈਂ ਵੇਖਿਆ ਤੇਰਾ ਗੰਗੂ, ਕੂੜੀ ਕਿਰਿਆ ਨਾਲ ਪਰਨਾਈਆ । ਜਿਸ ਦਾ ਦਰਦ ਵਿਚ ਕੋਈ ਨਾ ਵਗਿਆ ਹੰਝੂ, ਹੌਕਾ ਲੈ ਨਾ ਕੋਇ ਸੁਣਾਈਆ । ਮੈਂ ਸੱਜਣ ਵੇਖਿਆ ਤੇਰਾ ਇਕ ਗੋਬਿੰਦੂ, ਗੋਬਿੰਦ ਤੇਰੇ ਨਾਲ ਕਰੀ ਕੁੜਮਾਈਆ । ਜਿਸ ਦੀ ਧਾਰ ਸਾਗਰ ਸਿੰਧੂ, ਗਹਿਰ ਗੰਭੀਰ ਨਜ਼ਰੀ ਆਈਆ । ਮੇਰਾ ਪਰਕਾਸ਼ ਦੇਵੇ ਸਾਥ ਉਹਦੀ ਸਿਫ਼ਤ ਕਲਮ ਸ਼ਾਹੀ ਨਾਲ ਕਵਣ ਨਿੰਦੂ, ਅੱਖਰਾਂ ਨਾਲ ਕੀ ਸਮਝਾਈਆ । ਤੂੰ ਠਾਕਰ ਸਵਾਮੀ ਦਾਤਾ ਗੁਣੀ ਗਹਿੰਦੂ, ਤੇਰੇ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚੰਦ ਕਹੇ ਮੈਂ ਖੋਲ੍ਹਿਆ ਪੜਦਾ, ਚਾਂਦਨੀ ਨੂਰ ਵਿਚੋਂ ਚਮਕਾਈਆ । ਦਰਵੇਸ਼ ਹੋ ਕੇ ਤੇਰਾ ਬਰਦਾ, ਬੰਦਗੀ ਕਰ ਕੇ ਸੀਸ ਝੁਕਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦਾ, ਵਡ ਮਰਦਾਨਗੀ ਇਕ ਕਮਾਈਆ । ਆਦਿ ਜੁਗਾਦਿ ਕਦੇ ਨਾ ਹਰਦਾ, ਹਰ ਹਿਰਦੇ ਬੈਠਾ ਡੇਰਾ ਲਾਈਆ । ਦੋ ਜਹਾਨਾਂ ਲੱਖ ਚੁਰਾਸੀ ਬ੍ਰਹਿਮੰਡ ਖੰਡ ਆਪੇ ਫਿਰਦਾ, ਨਿਰਗੁਣ ਨਿਰਵੈਰ ਹੋ ਕੇ ਭੱਜੇ ਵਾਹੋ ਦਾਹੀਆ । ਮੈਂ ਜਾਣਾਂ ਤੇਰਾ ਭਗਤਾਂ ਨਾਲ ਲਹਿਣਾ ਚਿਰ ਦਾ, ਕਲਜੁਗ ਅੰਤਮ ਝੋਲੀ ਪਾਈਆ । ਮੈਂ ਵੇਖਾਂ ਗੇੜਾ ਗਿੜਦਾ, ਕਿਸ ਬਿਧ ਦੇਵੇਂ ਲੱਠ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਰਖਾਈਆ । ਚੰਦ ਕਹੇ ਮੈਂ ਵੇਖਿਆ ਚੌਕੜ, ਜੁਗ ਜੁਗ ਨੈਣ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤਾਂ ਉਤੇ ਔਂਦੀ ਰਹੀ ਔਕੜ, ਦੁਖੀਆਂ ਦੁੱਖ ਨਾਲ ਪਰਨਾਈਆ । ਕੋਈ ਨਾ ਜਾਣੇ ਤੇਰਾ ਸਦਕਾ ਤੇਰਾ ਪਹੁਚਣ, ਕਵਣ ਵੇਲੇ ਹੋਏਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਾਚੀ ਸੇਵ ਕਮਾਈਆ । ਚੰਦ ਕਹੇ ਮੈਂ ਵੇਖੇ ਗੌਂਦੇ ਰੈਣ, ਰਾਤੀ ਧਿਆਨ ਲਗਾਈਆ । ਆਪ ਆਪਣਾ ਭੇਟ ਚੜ੍ਹੌਂਦੇ, ਮਾਣ ਮੋਹ ਮਿਟਾਈਆ । ਸੂਲਾਂ ਕੰਡਿਆਂ ਸੇਜ ਹੰਡੌਂਦੇ, ਸੋਹਣਾ ਆਸਣ ਲਾਈਆ । ਨੇਤਰ ਉਠ ਉਠ ਰਾਹ ਤਕੌਂਦੇ, ਲੋਚਣ ਨੈਣ ਬਿਗਸਾਈਆ । ਦੋਏ ਜੋੜ ਵਾਸਤਾ ਪੌਂਦੇ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਜਲ ਧਾਰਾ ਸੀਸ ਵਹੌਂਦੇ, ਅਗਨੀ ਤਤ ਤਪਾਈਆ । ਤਨ ਭਬੂਤੀ ਖ਼ਾਕ ਰਮੌਂਦੇ, ਘਰ ਬਾਰ ਜਾਣ ਤਜਾਈਆ । ਜੰਗਲ ਜੂਹ ਉਜਾੜ ਪਹਾੜ ਡੇਰਾ ਲੌਂਦੇ, ਟਿੱਲੇ ਪਰਬਤ ਸੋਹਣਾ ਆਸਣ ਰਹੇ ਬਣਾਈਆ । ਡੂੰਘੀ ਕੰਦਰ ਵੜ ਵੜ ਮੁਖ ਲੁਕੌਂਦੇ, ਮੇਰਾ ਦਰਸ ਕੋਇ ਨਾ ਪਾਈਆ । ਗਲ

੨੦੬

ਪੱਲੂ ਪਾ ਇਕ ਅਰਜ਼ੋਈ ਸੁਣੌਂਦੇ, ਆਰਜ਼ੂ ਤੇਰੇ ਅੱਗੇ ਟਿਕਾਈਆ । ਘਲ ਸੁਨੇਹੁੜਾ ਤੈਨੂੰ ਦਰ ਮੰਗੌਂਦੇ, ਸੱਦਾ ਦੇਵਣ ਵਾਹੋ ਦਾਹੀਆ । ਤਨ ਪਿੰਜਰ ਲਕੜੀ ਵਾਂਗ ਸੁਕੌਂਦੇ, ਕਾਇਆ ਮਾਟੀ ਹਾਡੀ ਭੇਟ ਚੜ੍ਹਾਈਆ । ਕੋਟਾਂ ਵਿਚੋਂ ਥੋੜੇ ਫਿਰ ਵੀ ਤੇਰਾ ਦਰਸ਼ਨ ਪੌਂਦੇ, ਜਿਨ੍ਹਾਂ ਉਪਰ ਤੇਰੀ ਮਿਹਰ ਨਜ਼ਰ ਬੇਨਜ਼ੀਰ ਨਜ਼ਰੀ ਆਈਆ । ਕਲਜੁਗ ਵੇਖ ਮੋਹੇ ਆਈ ਹੈਰਾਨੀ ਜੋ ਤੇਰਾ ਨਾਮ ਪੰਜ ਵਾਰ ਗੌਂਦੇ, ਤਿਨ੍ਹਾਂ ਮਿਲੇਂ ਚਾਈਂ ਚਾਈਆ । ਫਿਰ ਵੀ ਤੇਰਾ ਸ਼ੁਕਰ ਮਨੌਂਦੇ, ਸਾਕਾਰ ਹੋ ਕੇ ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖੌਣਾ ਇਕ ਘਰ, ਜਿਸ ਘਰ ਤੇਰਾ ਨੂਰ ਰੁਸ਼ਨਾਈਆ । ਚਾਂਦ ਕਹੇ ਮੇਰਾ ਮਿਟਿਆ ਪਸ਼ਚਾਤਾਪ, ਸਚ ਸਚ ਦਿਆਂ ਸੁਣਾਈਆ । ਜਿਸ ਵੇਲੇ ਜਨ ਭਗਤਾਂ ਕੋਲੋਂ ਸੁਣਿਆ ਤੇਰਾ ਜਾਪ, ਸੋਹੰ ਢੋਲਾ ਬੇਪਰਵਾਹੀਆ । ਮੈਨੂੰ ਭੁੱਲ ਗਿਆ ਆਪਣਾ ਆਪ, ਸੁਧ ਬੁਧ ਰਹੀ ਨਾ ਰਾਈਆ । ਨੇਤਰ ਵੇਖਿਆ ਸਭ ਦੇ ਉਤਰਦੇ ਦਿਸੇ ਪਾਪ, ਪਤਤ ਪੁਨੀਤ ਰੂਪ ਵਟਾਈਆ । ਸੱਜਣ ਬਣਦਾ ਵੇਖਿਆ ਸਾਕ, ਸਾਹਿਬ ਸਚ ਗੋਸਾਈਆ । ਖੋਲ੍ਹਦਾ ਵੇਖਿਆ ਤਾਕ, ਕਾਇਆ ਖਿੜਕੀ ਕੁੰਡਾ ਲਾਹੀਆ । ਪੂਰਾ ਕਰਦਾ ਵੇਖਿਆ ਭਵਿਖਤ ਵਾਕ, ਲੇਖਾ ਜਾਣੇ ਥਾਉਂ ਥਾਈਆ । ਆਪਣੇ ਨਾਲ ਮਿਲਾ ਕੇ ਭਗਤਾਂ ਜ਼ਾਤ, ਜ਼ਾਤ ਪਾਤ ਦਿਤੀ ਚੁਕਾਈਆ । ਸ਼ਬਦ ਅਗੰਮੀ ਦੇ ਕੇ ਦਾਤ, ਦਾਤਾਰ ਮਿਲਿਆ ਚਾਈਂ ਚਾਈਆ । ਸ਼ਬਦ ਘੋੜੇ ਚਾੜ੍ਹ ਰਾਕ, ਰਕਬਾ ਸਾਰਾ ਚਰਨਾਂ ਹੇਠ ਦਬਾਈਆ । ਗੋਬਿੰਦ ਕਰ ਪੂਰਾ ਭਵਿਖਤ ਵਾਕ, ਵਕਤ ਵੇਲਾ ਰਿਹਾ ਸੁਹਾਈਆ । ਧੰਨ ਵਡਿਆਈ ਤੇਰੀ ਪੁਰਖ ਸਮਰਾਥ, ਸਮਰਥ ਤੇਰੀ ਸ਼ਰਨਾਈਆ । ਚੰਦ ਕਹੇ ਮੇਰੀ ਭਗਤਾਂ ਵੱਲ ਲੱਗੀ ਅੱਖ, ਜੋ ਆਖ਼ਰ ਤੇਰਾ ਦਰਸ਼ਨ ਪਾਈਆ । ਓਨ੍ਹਾਂ ਦਾ ਪਿਛਲਾ ਮਿਲਿਆ ਹੱਕ, ਹਕੀਕਤ ਵੇਖ ਖ਼ੁਸ਼ੀ ਮਨਾਈਆ । ਮੈਂ ਵੀ ਮਿਲ ਕੇ ਗਾਵਾਂ ਜਸ, ਸਿਫ਼ਤੀ ਢੋਲਾ ਸਿਫ਼ਤਾਂ ਨਾਲ ਸਾਲਾਹੀਆ । ਮੇਰੀ ਪੂਰੀ ਹੋਈ ਆਸ, ਆਸਮਾਨ ਵੱਜੇ ਵਧਾਈਆ । ਕਿਰਪਾ ਕਰ ਜੇ ਮੈਨੂੰ ਰੱਖੇਂ ਆਪਣੇ ਪਾਸ, ਪਾਸਾ ਮੇਰਾ ਦਏਂ ਬਦਲਾਈਆ । ਮੈਂ ਹੋ ਕੇ ਰਹਾਂ ਦਾਸੀ ਦਾਸ, ਦਰ ਸਾਚੀ ਸੇਵ ਕਮਾਈਆ । ਏਹੋ ਜੇਹਾ ਸੁਖ ਮੈਨੂੰ ਨਹੀਂ ਮਿਲਦਾ ਵਿਚ ਆਕਾਸ਼, ਜੋ ਤੇਰੇ ਚਰਨਾਂ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵਸਾ ਆਪਣੇ ਘਰ ਜਿਥੇ ਪੈਂਦੀ ਵੇਖਾਂ ਰਾਸ, ਗੋਪੀ ਕਾਹਨ ਤੇਰਾ ਰੂਪ ਨਜ਼ਰੀ ਆਈਆ ।

## ✪ ੨੫ ਹਾੜ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ ਰੁੜਕਾ ਕਲਾਂ ✪

ਸੱਚੇ ਭਗਤ ਤੇਰਾ ਇਸ਼ਕ ਹਕੀਕੀ, ਹਕੀਕਤ ਵਿਚੋਂ ਹੱਕ ਦ੍ਰਿੜਾਇੰਦਾ । ਜਿਸ ਦੀ ਧਾਰ ਆਦਿ ਜੁਗਾਦਿ ਬਾਰੀਕੀ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਲੇਖਾ ਮਿਲੇ ਨਾ ਵਿਚ ਤਾਰੀਖ਼ੀ, ਤਵਾਰੀਖ਼ ਵਿਚ ਨਾ ਕੋਇ ਸਮਝਾਇੰਦਾ । ਪੁਰਖ ਅਕਾਲ ਜਿਸ ਦੇ ਆਪ ਹੋਵੇ ਨਜ਼ਦੀਕੀ, ਨੇਰਨ ਨੇਰ ਸਚ ਸਮਝਾਇੰਦਾ । ਆਤਮ ਪਰਮਾਤਮ ਜੋੜ ਪ੍ਰੀਤੀ, ਪ੍ਰੀਤਮ ਆਪਣਾ ਰੰਗ ਵਖਾਇੰਦਾ । ਜਗਤ ਜਹਾਨ ਅਵੱਲੜੀ ਰੀਤੀ, ਵੇਦ ਕਤੇਬ ਨਾ ਕੋਇ ਸਮਝਾਇੰਦਾ । ਕਾਇਆ ਕਰੇ ਠੰਡੀ ਸੀਤੀ, ਅੰਮ੍ਰਿਤ ਮੇਘ ਬਰਸਾਇੰਦਾ । ਪ੍ਰੇਮ ਪਿਆਰ ਦੀ ਗੰਢ ਜਾਏ ਪੀਚੀ, ਦੋ ਜਹਾਨ ਨਾ ਕੋਇ ਖੁਲ੍ਹਾਇੰਦਾ । ਸਾਚਾ ਕਲਮਾ ਨਾਮ ਦੱਸੇ ਹਦੀਸੀ, ਹਜ਼ਰਤ ਆਪ ਸਿਖਾਇੰਦਾ । ਹਰਿਜਨ ਵੇਖੇ ਚੜ੍ਹਕੇ ਸਿਖ਼ਰ ਟੀਸੀ, ਮਹੱਲ ਅਟਲ

ਇਕ ਵਡਿਆਇੰਦਾ । ਜਿਥੇ ਕੋਈ ਜਾਣ ਨਾ ਸਕੇ ਨੀਤੀ, ਨੀਤੀਵਾਨ ਇਕੋ ਨਜ਼ਰੀ ਆਇੰਦਾ । ਪਿਛਲੀ ਖੇਲ ਜਾਣੇ ਬੀਤੀ, ਦੋ ਜਹਾਨਾਂ ਖੋਜ ਖੋਜਾਇੰਦਾ । ਸਾਹਿਬ ਸੁਲਤਾਨ ਕਰੇ ਖੇਲ ਅਗੰਮ ਅਨਡੀਠੀ, ਅਨਡਿਠੜੀ ਕਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜਨ ਭਗਤ ਤੇਰਾ ਇਸ਼ਕ ਮਹਿਬੂਬ, ਮੁਹੱਬਤ ਇਕੋ ਘਰ ਜਣਾਈਆ । ਵੇਖ ਚੜ੍ਹ ਮੰਜ਼ਲ ਮਕਸੂਦ, ਪਰਦਾ ਆਪਣਾ ਪਰੇ ਹਟਾਈਆ । ਲੇਖਾ ਚੁੱਕੇ ਹਜ਼ਾਰਾ ਦਰੂਦ, ਜਗਤ ਕਰੇ ਨਾ ਕੋਇ ਪੜ੍ਹਾਈਆ । ਮੁਰਸ਼ਦ ਮੁਰੀਦਾਂ ਬੈਠਾ ਘਰ ਮਹਿਫੂਜ਼, ਮਜਲਸ ਆਪਣੇ ਘਰ ਲਗਾਈਆ । ਕੋਈ ਸਮਝ ਨਾ ਸਕੇ ਹਦੂਦ, ਆਰ ਪਾਰ ਕਦਮ ਨਾ ਕੋਇ ਟਿਕਾਈਆ । ਚਰਨ ਕਵਲ ਕਰ ਮਹਿਦੂਦ, ਵੇਖਣਹਾਰਾ ਚਾਈਂ ਚਾਈਆ । ਸੋਹਣਾ ਸੁਹੰਜਣਾ ਸੁਹਾਏ ਅਰੂਜ, ਅਰਸ਼ ਕੁਰਸ਼ ਦੋਵੇਂ ਨੈਣ ਸ਼ਰਮਾਈਆ । ਕਰੇ ਸਿਫ਼ਤ ਕੀ ਮਾਸ਼ੂਕ, ਮਸਲਾ ਜਗਤ ਨਾ ਕੋਇ ਵਡਿਆਈਆ । ਸਚ ਖ਼ੁਦਾਏ ਇਕ ਤੌਫ਼ੀਕ, ਮਿਹਰਵਾਨ ਬੇਪਰਵਾਹੀਆ । ਆਦਿ ਜੁਗਾਦੀ ਬਣ ਰਫ਼ੀਕ, ਰਫ਼ਾਕਤ ਆਪਣੇ ਨਾਲ ਬਣਾਈਆ । ਆਪਣੇ ਮਿਲਣ ਦੀ ਆਪਣੇ ਘਰ ਦੱਸੇ ਆਪ ਤਮੀਜ਼, ਤਮਾਂ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਚ ਖ਼ੁਦਾਏ ਰਹਿਮਤੇ ਆਸ਼ਕ, ਮਸ਼ਕੂਕ ਨਜ਼ਰੀ ਆਇੰਦਾ । ਪਰਵਰਦਿਗਾਰੇ ਸਹੀ ਸਲਾਮਤ, ਸਦ ਨਗ਼ਮਾ ਨਾਮ ਜਣਾਇੰਦਾ । ਅਗੰਮ ਅਥਾਹ ਦੱਸ ਇਬਾਦਤ, ਨਾਅਰਾ ਹਕ ਹਕ ਪੜ੍ਹਾਇੰਦਾ । ਬਣ ਸਵਾਮੀ ਕਰ ਹਿਫ਼ਾਜ਼ਤ, ਸਿਰ ਆਪਣਾ ਹੱਥ ਰਖਾਇੰਦਾ । ਮਨ ਵਾਸਨਾ ਕਰੇ ਨਾ ਕੋਈ ਬਗ਼ਾਵਤ, ਖੰਡਾ ਖੰਜਰ ਖੜਗ ਹੱਥ ਉਠਾਇੰਦਾ । ਕੂੜੀ ਕਿਰਿਆ ਕਰ ਮਮਾਨਤ, ਮਿਹਮਾਨਖ਼ਾਨੇ ਇਕ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਅੰਦਰ ਰਖ ਅਮਾਨਤ, ਅਮਲ ਆਪਣੇ ਵਿਚ ਲਿਆਇੰਦਾ । ਸਚ ਖ਼ੁਦਾ ਇਸ਼ਕ ਅਥਾਹ, ਰਹਿਬਰ ਸਚ ਜਣਾਈਆ । ਨਗ਼ਮਾ ਨਜ਼ਮ ਢੋਲਾ ਗਾ, ਧੁਰ ਦਾ ਰਾਗ ਵਡਿਆਈਆ । ਪੜਦਾ ਓਹਲਾ ਦਏ ਚੁਕਾ, ਮੁਖ ਘੁੰਗਟ ਰਹਿਣ ਕੋਇ ਨਾ ਪਾਈਆ । ਨੇਤਰ ਨੈਣ ਲਏ ਮਟਕਾ, ਕਰਵਟ ਆਪਣੀ ਲਏ ਬਦਲਾਈਆ । ਸੋਹਣਾ ਢੋਲਾ ਲਏ ਗਾ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਬਣ ਵਿਚੋਲਾ ਮੇਲਾ ਲਏ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਕਰੇ ਮਸ਼ਕ, ਮਸਲਾ ਜੁਗ ਜੁਗ ਹਲ ਕਰਾਇੰਦਾ । ਵੇਖਣਹਾਰਾ ਉਪਰ ਫ਼ਲਕ, ਦੂਰ ਦੁਰਾਡਾ ਨਜ਼ਰੀ ਆਇੰਦਾ । ਲੇਖਾ ਜਾਣੇ ਸ੍ਰਿਸ਼ਟ ਸਬਾਈ ਖ਼ਲਕ, ਖ਼ਾਲਕ ਆਪਣਾ ਖੇਲ ਕਰਾਇੰਦਾ । ਕੋਈ ਸਮਝ ਨਾ ਸਕੇ ਘੜੀ ਪਲਕ, ਜਗਤ ਵੰਡ ਨਾ ਕੋਇ ਵਖਾਇੰਦਾ । ਧੁਰ ਦਰਗਾਹੀ ਬਣ ਕੇ ਮਲਕ, ਮੌਲਾ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਰਾਇੰਦਾ । ਇਸ਼ਕ ਅੰਦਰ ਮਿਹਰ ਆਰਾਮ, ਮਿਹਬਾਨ ਦਏ ਸਮਝਾਈਆ । ਬਿਨ ਕਲਮਿਉਂ ਦੇ ਕਲਾਮ, ਬਿਨ ਕਾਅਬਿਉਂ ਕਾਅਬਾ ਦਏ ਵਖਾਈਆ । ਬਿਨ ਸਿੰਘਾਸਣ ਕਰੇ ਬਿਸਰਾਮ, ਬਿਨ ਸੇਜਾ ਡੇਰਾ ਲਾਈਆ । ਬਿਨ ਹਾਕਮ ਕਰੇ ਨਜ਼ਾਮ, ਨੌਬਤ ਆਪਣਾ ਨਾਮ ਸੁਣਾਈਆ । ਬਿਨ ਅੱਖਰਾਂ ਦਏ ਪੈਗ਼ਾਮ, ਸੰਦੇਸਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਰਿਹਾ ਉਠਾਈਆ । ਸੱਚਾ ਆਸ਼ਕ ਧੁਰ ਝੁੱਗੀ, ਸੋਹਣੀ ਮੰਜ਼ਲ ਡੇਰਾ ਲਾਈਆ । ਜਿਸ ਦੀ ਔਧ ਅੰਤਮ ਪੁੱਗੀ, ਪੂੰਜੀ ਸਾਰੀ

੨੦੮ ੧੨

ਰਿਹਾ ਲੁਟਾਈਆ । ਲੋਕਮਾਤ ਰਹੇ ਨਾ ਗੁੱਝੀ, ਗੋਝ ਗਿਆਨ ਰਿਹਾ ਸਮਝਾਈਆ । ਸੁਰਤੀ ਕੋਈ ਨਾ ਰਹੇ ਸੁੱਤੀ, ਸੁਤਿਆਂ ਰਿਹਾ ਜਗਾਈਆ । ਪ੍ਰੇਮ ਪਿਆਰ ਅੰਦਰ ਬੰਨ੍ਹ ਕੇ ਆਪਣੀ ਰੁਚੀ, ਰੋਸ਼ਨ ਜ਼ਮੀਰ ਕਰੇ ਸਚ ਰੁਸ਼ਨਾਈਆ । ਮੰਜ਼ਲ ਦੱਸਕੇ ਧੁਰ ਦੀ ਉਚੀ, ਅਗੰਮ ਅਥਾਹ ਦਏ ਵਡਿਆਈਆ । ਗੁਰਮੁਖ ਆਤਮ ਕਰਕੇ ਸੁੱਚੀ, ਸੋਹਣੇ ਮੰਦਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਇਸ਼ਕ ਅੰਦਰ ਲੱਭੇ ਪਿਆਰ, ਪਿਆਰ ਅੰਦਰ ਯਾਰ ਨਜ਼ਰੀ ਆਈਆ । ਯਾਰ ਅੰਦਰ ਗ਼ਮਖ਼ਾਰ, ਗ਼ਮਖ਼ਾਰ ਅੰਦਰ ਧਾਰ, ਧਾਰ ਜੋਤ ਨੂਰ ਰੁਸ਼ਨਾਈਆ । ਜੋਤ ਨੂਰ ਨੂਰ ਉਜਿਆਰ, ਮੱਹਲ ਅੱਟਲ ਸੋਭਾ ਪਾਈਆ । ਮਹੱਲ ਅਟਲ ਠਾਂਡਾ ਦਰਬਾਰ, ਦਰਗਾਹ ਸਾਚੀ ਨਾਉਂ ਧਰਾਈਆ । ਦਰਗਾਹ ਸਾਚੀ ਮੁਕਾਮੇ ਹੱਕ ਅਖਾੜ, ਪਰਵਰਦਿਗਾਰ ਵੇਖੇ ਚਾਈਂ ਚਾਈਆ । ਪਰਵਰਦਿਗਾਰ ਕਰੇ ਪਿਆਰ, ਵਿਚ ਸੰਸਾਰ ਆਪਣਾ ਫੇਰਾ ਪਾਈਆ । ਸੱਜਣ ਸੁਹੇਲੇ ਲਏ ਉਠਾਲ, ਫੜ ਬਾਹੋਂ ਗੋਦ ਬਹਾਈਆ । ਚਰਵਾਹਾ ਨਹੀਂ ਮਹੀਂਵਾਲ, ਅਹਿਵਾਲ ਆਪਣਾ ਦਏ ਦ੍ਰਿੜਾਈਆ । ਜਿਸ ਮੰਦਰ ਅੰਦਰ ਸਾਹਿਬ ਮਹਿਬੂਬ ਸਤਿਗੁਰ ਮਿਲੇ ਆਣ, ਸਾਖਿਆਤ ਸਵੱਛ ਸਰੂਪੀ ਨਜ਼ਰੀ ਆਈਆ । ਉਸ ਦਾ ਆਦਿ ਜੁਗਾਦਿ ਜੁਗ ਚੌਕੜੀ ਲੋਕਮਾਤ ਰਹੇ ਮਾਣ, ਅਭਿਮਾਨ ਸੰਗ ਨਾ ਕੋਇ ਰਖਾਈਆ । ਸਤਿ ਸੰਦੇਸਾ ਨਰ ਨਰੇਸ਼ਾ ਨਿਰਗੁਣ ਦੇਵੇ ਆਣ, ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬਾਲ ਅੰਜਾਣ, ਹਰਿਜਨ ਆਪਣੇ ਅੰਗ ਲਗਾਈਆ । ਉਠ ਭਗਤ ਧੁਰ ਦੇ ਬੱਚੂ, ਬਚਪਨ ਸਚ ਦਿਆਂ ਦ੍ਰਿੜਾਈਆ । ਜਲ ਧਾਰ ਜਿਸ ਨੂੰ ਲੱਭਦੇ ਗਏ ਮਛ ਕਛੂ, ਕਛ ਕਛ ਪੈਂਡਾ ਭੱਜਣ ਵਾਹੋ ਦਾਹੀਆ । ਸੋ ਸਾਹਿਬ ਸਤਿਗੁਰ ਘਰ ਦੱਸਣ ਆਇਆ ਢੋਲਾ ਇਕੋ ਸੱਚੂ, ਸਚ ਸੁੱਚ ਸਮਝਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਵਿਰਲੇ ਰੱਖੂ, ਜਿਸ ਸਿਰ ਆਪਣਾ ਹੱਥ ਟਿਕਾਈਆ । ਬਾਕੀ ਸਭ ਦਾ ਬੰਨ੍ਹ ਕੇ ਮੱਕੂ, ਰਾਏ ਧਰਮ ਹੱਥ ਫੜਾਈਆ । ਓਢਣ ਸੀਸ ਨਾ ਦਿਸਣਾ ਕਿਸੇ ਪੱਟੂ, ਸੁਹਾਗਣ ਨਜ਼ਰ ਕੋਇ ਨਾ ਆਈਆ । ਵੀਹਵੀਂ ਸਦੀ ਸਾਰੇ ਹੋਏ ਮਨਖਟੂ, ਬਿਨ ਸਤਿਗੁਰ ਸੇਵਾ ਲੱਖ ਚੁਰਾਸੀ ਦੌਲਤ ਧਨ ਕੰਮ ਕਿਸੇ ਨਾ ਆਈਆ । ਰਾਏ ਧਰਮ ਅਗਨੀ ਦੋਜ਼ਖ਼ ਵਿਚ ਸੱਟੂ, ਸ਼ੌਹ ਦਰਿਆ ਰੁੜ੍ਹਾਈਆ । ਓਨਾਂ ਵਿਚੋਂ ਕੋਇ ਨਾ ਬਚੂ, ਜਿਨ੍ਹਾਂ ਪ੍ਰਭੂ ਦੇਵੇ ਆਪ ਸਜ਼ਾਈਆ । ਦੋ ਜਹਾਨ ਨਾਮ ਮਧਾਣੇ ਨਾਲ ਮਥੂ, ਭਗਤ ਪਿਆਰ ਨੇਤਰਾ ਇਕ ਉਠਾਈਆ । ਤੁਹਾਡੇ ਵੇਂਹਦਿਆਂ ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਉਪਰ ਢੱਠੂ, ਗੁਰ ਅਵਤਾਰ ਪੀਰ ਪੈਗੰਬਰ ਝੁਕ ਝੁਕ ਸੀਸ ਨਿਵਾਈਆ । ਧਰਤੀ ਧਵਲ ਧਰਨੀ ਭਵਾਏ ਵਾਂਗ ਲੱਟੂ, ਲਾਟੂ ਮਧਾਣੀਆ ਥਲ ਅਸਗਾਹ ਉਸ ਦੇ ਨਾਲ ਰਲਾਈਆ । ਬਿਨ ਪੁਰਖ ਅਕਾਲ ਕੇਹੜਾ ਪਤ ਰੱਖੂ, ਰੱਖਣਹਾਰਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਕਿਧਰ ਨੱਠੂ, ਚਾਰੋਂ ਕੁੰਟ ਗੋਬਿੰਦ ਧੱਕਾ ਰਿਹਾ ਲਾਈਆ । ਕਲਜੁਗ ਸਦੀ ਚੌਧਵੀਂ ਭਾੜੇ ਕੀਤਾ ਟੱਟੂ, ਕਲਜੁਗ ਜੀਵਾਂ ਭਾਰ ਉਠਾ ਕੇ ਨੇਤਰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰਿਹਾ ਜਗਾਈਆ । ਹਰਿਜਨ ਸਾਚੇ ਛੇਤੀ ਉਠ, ਉਠਦਿਆਂ ਦੇਰ ਲੱਗਣ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਚੁੱਪ, ਹੌਲੀ ਹੌਲੀ ਆਪਣਾ ਰਾਗ ਸੁਣਾਈਆ । ਦੋ ਜਹਾਨਾਂ ਵੇਖ ਕੇ ਸੁਹੰਜਣੀ ਗੁੱਠ, ਸੰਤ ਸੁਹੇਲੇ ਮੇਲੇ ਬੇਪਰਵਾਹੀਆ । ਦਿਆਲ ਹੋ ਕੇ ਗਿਆ ਤੁੱਠ, ਕ੍ਰਿਪਾਲ ਹੋ ਕੇ ਅੱਖ ਖੁਲ੍ਹਾਈਆ । ਮਿਹਰਵਾਨ

੨੧੦

ਹੋ ਕੇ ਜੇ ਅਗਲਾ ਲੇਖਾ ਗਿਆ ਹੋਵੇ ਮੁੱਕ, ਮੁੱਕਿਆ ਲੇਖਾ ਫੇਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਅਖਵਾਈਆ । ਉਠ ਭਗਤ ਕਿਉਂ ਰਿਹਾ ਸੁੱਤਾ, ਸੁਤਿਆਂ ਜੁਗ ਚੌਕੜੀ ਗਏ ਵਿਹਾਈਆ । ਕੋਟਨ ਕੋਟ ਘਰਾਨੇ ਛੱਡ ਕੇ ਗਏ ਜਗਤ ਖ਼ਜ਼ਾਨੇ ਪੁੱਤਾਂ, ਸੰਗੀ ਸੰਗ ਨਾ ਕੋਇ ਨਿਭਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਕੱਢਦੇ ਗਏ ਗ਼ੁੱਸਾ, ਤੀਰ ਕਮਾਨ ਹੱਥ ਉਠਾਈਆ । ਸੂਰਬੀਰਾਂ ਜਗਤ ਕਿਸੇ ਨਾ ਦਿਸਾ, ਲੋਚਣ ਵੇਖਣ ਮਾਤ ਲੋਕਾਈਆ । ਜੁਗ ਚੌਕੜੀ ਜਨ ਭਗਤਾਂ ਝੋਲੀ ਪਾਏ ਆਪਣਾ ਹਿੱਸਾ, ਹਿੱਸੇਦਾਰ ਲਏ ਬਣਾਈਆ । ਕਰਵਟ ਬਦਲ ਬਦਲੇ ਪਿੱਠਾ, ਸਨਮੁਖ ਸੋਹਣਾ ਸਤਿ ਸਵਾਮੀ ਨਜ਼ਰੀ ਆਈਆ । ਅੰਤ ਵੇਲੇ ਜੋ ਮਹੀਂਵਾਲ ਹਿਰਦੇ ਅੰਦਰ ਲਿਖਿਆ ਚਿੱਠਾ, ਬਿਨ ਕਲਮ ਸ਼ਾਹੀ ਕਰੇ ਪੜ੍ਹਾਈਆ । ਤੂੰ ਸਾਹਿਬ ਸੁਲਤਾਨ ਸਭ ਦਾ ਪਿਤਾ, ਤੂੰ ਮੇਰੀ ਕੀਤੀ ਹੱਕ ਨਾ ਸਚ ਕੁੜਮਾਈਆ । ਜਗਤ ਕਹਾਣੀ ਮੇਰਾ ਪਿਛੇ ਰਹਿ ਜਾਏ ਕਿੱਸਾ, ਕਿਸਮਤ ਤੇਰੀ ਝੋਲੀ ਪਾਈਆ । ਬੇਸ਼ਕ ਮੈਂ ਬੁਧੀ ਵਿਚ ਨਿੱਕਾ, ਪ੍ਰੇਮ ਪਿਆਰ ਅੰਦਰ ਵੱਡਾ ਨਜ਼ਰੀ ਆਈਆ । ਮੈਂ ਜਗਤ ਰਸ ਵੇਖ ਕੇ ਫਿਕਾ, ਫ਼ਿਤਰਤ ਆਪਣੀ ਦਿਤੀ ਗਵਾਈਆ । ਇਸ਼ਕ ਹਕੀਕੀ ਜਾਣ ਮਿੱਠਾ, ਮਿਸਲ ਸਾਚੀ ਦਿਤੀ ਲਿਖਾਈਆ । ਓਸ ਦਵਾਰੇ ਵਿਕਾ, ਜਿਸ ਦੀ ਕੀਮਤ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਮੁਕਾਈਆ । ਉਠ ਭਗਤ ਆ ਜਾ ਨੇੜੇ, ਕਿਉਂ ਬੈਠਾ ਮੁਖ ਛੁਪਾਈਆ । ਪ੍ਰਭ ਵਸਿਆ ਤੇਰੇ ਖੇੜੇ, ਕਾਇਆ ਖਿੜਕੀ ਰਿਹਾ ਖੁਲ੍ਹਾਈਆ । ਕੂੜ ਵਿਕਾਰਾ ਚੁੱਕੇ ਝੇੜੇ, ਝਗੜਾ ਝੂਠਾ ਦਏ ਗਵਾਈਆ । ਜੋਤ ਪਰਕਾਸ਼ ਕਰੇ ਅੰਧੇਰੇ, ਹਰਿ ਮੰਦਰ ਰੂਪ ਵਟਾਈਆ । ਨਾਦ ਸ਼ਬਦ ਗਾਏ ਬਥੇਰੇ, ਬਹੁ ਭਾਂਤੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਵਖਾਈਆ । ਆਸ਼ਕ ਕਹੇ ਮੇਰੇ ਸ਼ਾਹ ਸੁਲਤਾਨ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਕਰੇਂ ਹੈਰਾਨ, ਆਪਣੀ ਕਲ ਜਣਾਈਆ । ਵਸਦੇ ਘਰ ਕਰੇਂ ਵੈਰਾਨ, ਵੈਰੀ ਹੋ ਕੇ ਘਰ ਘਰ ਫੇਰਾ ਪਾਈਆ । ਕੀ ਤੈਨੂੰ ਏਸ ਵਿਚੋਂ ਮਿਲੇ ਭਗਵਾਨ, ਭਾਵੀ ਸਭ ਦੇ ਉਤੇ ਟਿਕਾਈਆ । ਆਸ਼ਕ ਮਾਸ਼ੂਕ ਵੈਰਾਗ ਅੰਦਰ ਦੋਵੇਂ ਕੁਰਲਾਣ, ਕੂਕ ਕੂਕ ਦੇਣ ਦੁਹਾਈਆ । ਤੂੰ ਬੈਠਾ ਰਹੇਂ ਬਣ ਅੰਞਾਣ, ਆਪਣਾ ਆਪ ਛੁਪਾਈਆ । ਕਿ ਏਹ ਤੈਨੂੰ ਆਦਿ ਜੁਗਾਦਿ ਧੁਰ ਦੀ ਬਾਣ, ਸੁਖ ਦੁੱਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਾਹਿਬ ਕਹੇ ਉਠ ਵੇਖ ਅੱਖ, ਬਿਨ ਨੈਣਾ ਨੈਣ ਮਿਲਾਇੰਦਾ । ਜਿਸ ਦਾ ਨੂਰ ਸਦਾ ਪ੍ਰਤਖ, ਜ਼ਹੂਰ ਵਿਚ ਸਮਾਇੰਦਾ । ਸੋ ਸਾਹਿਬ ਸਚ ਮਾਰਗ ਦੇਵੇ ਦੱਸ, ਰਹਿਬਰ ਇਕੋ ਇਕ ਅਖਵਾਇੰਦਾ । ਜੇ ਪ੍ਰੇਮ ਕਰਨ ਤੋਂ ਪਹਿਲੋਂ ਮੇਰੇ ਹੋਵੇਂ ਵਸ, ਵਾਸਤਾ ਆਪਣੇ ਨਾਲ ਜੁੜਾਇੰਦਾ । ਤੈਨੂੰ ਵਸਲ ਦੇਵਾਂ ਹੱਕ, ਹਕੀਕਤ ਵਿਚੋਂ ਹਕੀਕੀ ਇਸ਼ਕ ਆਪ ਪਰਗਟਾਇੰਦਾ । ਓਥੇ ਆਸ਼ਕ ਮਾਅਸ਼ੂਕ ਦੋਵੇਂ ਰਹੇ ਵਸ, ਝਗੜਾ ਜਗਤ ਨਾ ਕੋਇ ਜਣਾਇੰਦਾ । ਨਾ ਕੋਈ ਰਵ ਨਾ ਕੋਈ ਸਸ, ਸੂਰਜ ਚੰਦ ਨਾ ਕੋਇ ਜਣਾਇੰਦਾ । ਨਾ ਕੋਈ ਤਤਵ ਨਾ ਕੋਈ ਤਤ, ਨੱਕ ਮੂੰਹ ਹੱਥ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਦੁਖੜਾ ਇਕ ਦੂਜੇ ਨੂੰ ਸਕੇ ਦੱਸ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਨਾ ਕੋਈ ਇਸ਼ਾਰਾ ਕਰੇ ਅੱਖ, ਨਾ ਕੋਈ ਫੁਰਨਾ ਕਾਇਆ ਮੰਦਰ ਅੰਦਰ ਮਨ ਦੇ ਨਾਲ ਪਰਨਾਇੰਦਾ । ਸਾਚਾ ਮੰਦਰ ਵਖਾਵਾਂ ਧੁਰ ਦਾ ਹੱਟ, ਜਿਸ ਗ੍ਰਿਹ ਬਹਿ ਬਹਿ ਵਣਜ ਕਰਾਇੰਦਾ । ਆਸ਼ਕ

ਮਾਅਸ਼ੂਕ ਦੋਵੇਂ ਇਕੋ ਆਸ ਰਹੇ ਰੱਖ, ਪਰਵਰਦਿਗਾਰ ਚਰਨ ਧਿਆਨ ਲਗਾਇੰਦਾ । ਜਗਤ ਜਹਾਨ ਹੋ ਕੇ ਬੇਵਸ, ਬਿਸਮਿਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਤਿਸ ਮੰਜ਼ਲ ਪੰਧ ਮੁਕਾਇੰਦਾ । ਆਸ਼ਕ ਕਹੇ ਮੇਰੇ ਮਾਅਸ਼ੂਕ ਰੱਬੀ, ਰਹਿਮਤ ਤੇਰੀ ਨਜ਼ਰੀ ਆਈਆ । ਤੇਰੀ ਪ੍ਰੇਮ ਪ੍ਰੀਤੀ ਬੱਧੀ, ਬੰਧਨ ਸਾਰੇ ਦਏ ਕਟਾਈਆ । ਮੈਂ ਵੇਖਾਂ ਜਗਤ ਅਖ਼ੀਰੀ ਸਦੀ, ਸਦਕਾ ਤੇਰੇ ਉਤੇ ਆਪਣਾ ਆਪ ਟਿਕਾਈਆ । ਮੇਰੀ ਵਾਸਨਾ ਤੇਰੇ ਦਵਾਰੇ ਆਵੇ ਭੱਜੀ, ਭੱਜ ਭੱਜ ਪੰਧ ਮੁਕਾਈਆ । ਤੇਰੀ ਵੇਖਾਂ ਸਚਖੰਡ ਨਿਵਾਸੀ ਧੁਰ ਦੀ ਗੱਦੀ, ਗਦਾਗਰ ਹੋ ਕੇ ਫੇਰਾ ਪਾਈਆ । ਜਨ ਭਗਤਾਂ ਘਰ ਬਹੇਂ ਉਪਰ ਮੰਜੀ, ਮਜਲਸ ਗ਼ਰੀਬ ਨਿਮਾਣਿਆਂ ਨਾਲ ਰਖਾਈਆ । ਪਿਛਲੀ ਕੀਤੀ ਹੋ ਜਾਏ ਰੱਦੀ, ਰੰਗ ਆਪਣਾ ਇਕ ਚੜ੍ਹਾਈਆ । ਪ੍ਰੇਮ ਪਿਆਰ ਦੀ ਚਾੜ੍ਹ ਕੇ ਸਾਚੀ ਗੱਡੀ, ਗਾੜੀਬਾਨ ਹੋ ਕੇ ਸੇਵ ਕਮਾਈਆ । ਜਨ ਭਗਤਾਂ ਲੇਖੇ ਲਾਏ ਇਕ ਇਕ ਹੱਡੀ, ਸੂਰਾ ਸਰਬਗੀ ਹੋ ਕੇ ਵੇਖ ਵਖਾਈਆ । ਤੇਰੀ ਜੋਤ ਨਿਰਮਲ ਨੂਰ ਵਿਚੋਂ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੈਣਾ ਬੀਸਵੀਂ ਸਦੀ, ਸੱਦਾ ਦੇ ਕੇ ਆਪਣੇ ਘਰ ਬਹਾਈਆ । ਵਾਹ ਆਸ਼ਕ ਮੇਰੇ ਮੁਮਤਾਜ, ਮਿਹਰਵਾਨ ਰਿਹਾ ਜਣਾਈਆ । ਤੇਰਾ ਅੰਦਰੋਂ ਖੋਲ੍ਹਾਂ ਰਾਜ਼, ਪੜਦਾ ਓਹਲਾ ਪਰੇ ਹਟਾਈਆ । ਤੇਰੀ ਲੇਖੇ ਲਗੇ ਨਮਾਜ਼, ਸੱਜਦਾ ਝੁਕੇ ਬੇਪਰਵਾਹੀਆ । ਤੇਰਾ ਖੋਲ੍ਹ ਕੇ ਦੱਸਾਂ ਆਗ਼ਾਜ਼, ਆਖਰ ਆਪਣਾ ਮੇਲ ਮਿਲਾਈਆ । ਤੇਰਾ ਅੰਤਰ ਨਾ ਹੋਵੇ ਉਦਾਸ, ਬਾਹਰੋਂ ਬਸੰਤਰ ਦਿਆਂ ਬੁਝਾਈਆ । ਚਲ ਕੇ ਆਵਾਂ ਤੇਰੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਨਾ ਜਾਣੇ ਮੇਰਾ ਕੇਹੜਾ ਸੱਜਣ ਸਾਕ, ਸੋਹਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਈਆ । ਕੀ ਪਰਵਰਦਿਗਾਰ, ਰਹਿਮਤ ਰਹਿਮ ਕਮਾਵੇਂਗਾ । ਹੁਣ ਵਹਾ ਕੇ ਜਲ ਧਾਰ, ਫਿਰ ਆਪਣਾ ਰੰਗ ਚੜ੍ਹਾਵੇਂਗਾ । ਕੀ ਮਜਲਸ ਵਸੇਂ ਦਰਬਾਰ, ਦਰਗਾਹ ਸਾਚੀ ਸੋਭਾ ਪਾਵੇਂਗਾ । ਨਾਮ ਸਤਿ ਦੇ ਖ਼ੁਮਾਰ, ਗ਼ਮੀ ਖ਼ੁਸ਼ੀ ਇਕੋ ਘਰ ਵਖਾਵੇਂਗਾ । ਵਿਛੜਿਆਂ ਫੇਰ ਮਿਲਾ ਕੇ ਯਾਰ, ਯਾਰੀ ਯਾਰਾਂ ਨਾਲ ਹੰਢਾਵੇਂਗਾ । ਤੇਰਾ ਲੇਖ ਲਿਖਿਆ ਨਾ ਜਾਏ ਵਿਚ ਕਿਸੇ ਇਸ਼ਤਿਹਾਰ, ਇਸ਼ਕ ਮਾਅਸ਼ੂਕ ਕਿਸ ਦਵਾਰੇ ਜੋੜ ਜੁੜਾਵੇਂਗਾ । ਤੇਰਾ ਅੰਤ ਨਾ ਪਾਰਾਵਾਰ, ਪਰਬਤ ਚੋਟੀ ਕਿਸ ਬਿਧ ਵੇਖ ਵਖਾਵੇਂਗਾ । ਪੁਰਖ ਅਕਾਲ ਦੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਆਪਣੇ ਹੱਥ ਰਖਾਵੇਂਗਾ । ਲਹਿਣਾ ਦੇਣਾ ਹੱਥ ਰਸੂਲ, ਰਸਵਾ ਇਕੋ ਇਕ ਨਜ਼ਰੀ ਆਇੰਦਾ । ਤੂੰ ਮੇਰਾ ਕਾਅਬਾ ਕਰਨਾ ਕਬੂਲ, ਮਾਅਕੂਲ ਹੁਕਮ ਇਕੋ ਇਕ ਸੁਣਾਇੰਦਾ । ਤੇਰਾ ਕਹਿਣਾ ਕਦੇ ਨਾ ਸਕਾਂ ਅਦੂਲ, ਦੂਲ੍ਹਾ ਹੋ ਕੇ ਨਜ਼ਰੀ ਆਇੰਦਾ । ਮੇਰਾ ਆਦਿ ਜੁਗਾਦਿ ਸਚ ਅਸੂਲ, ਅਸਲ ਵਿਚੋਂ ਅਸਲੀਅਤ ਆਪ ਪਰਗਟਾਇੰਦਾ । ਲੱਖ ਚੁਰਸੀ ਨਾਲ ਝਗੜਾ ਕਰਾਂ ਫ਼ਜ਼ੂਲ, ਫ਼ਜ਼ਲ ਰਹਿਮਤ ਭਗਤਾਂ ਉਪਰ ਕਮਾਇੰਦਾ । ਸੇਵਕ ਬਣ ਦਰ ਮਜ਼ਦੂਰ, ਸੀਸ ਖਾਰੀ ਆਪ ਉਠਾਇੰਦਾ । ਦੂਰ ਦੁਰਾਡਾ ਹਾਜ਼ਰ ਹੋ ਕੇ ਹਜ਼ੂਰ, ਕਾਇਆ ਹੁਜਰੇ ਬਹਿ ਕੇ ਖ਼ੁਸ਼ੀ ਮਨਾਇੰਦਾ । ਜੇ ਭਗਤਾਂ ਜਨਮ ਕਰਮ ਕਰ ਕੇ ਕੀਤਾ ਹੋਏ ਕਸੂਰ, ਕਸੂਰ ਕਸਰ ਇਸ਼ਾਈਏ ਨਾਲ ਪਰੇ ਹਟਾਇੰਦਾ । ਜਨ ਭਗਤਾਂ ਮਿਲਣ ਵਾਸਤੇ ਹੋਵਾਂ ਮਜਬੂਰ, ਮਜਬੂਰੀ ਆਪਣੀ ਤੁਹਾਡੀ ਝੋਲੀ ਪਾਇੰਦਾ । ਦੱਸਣ ਵਖੌਣ ਨੂੰ ਸਦਾ ਦੂਰ, ਮਿਲਣ ਵਾਸਤੇ ਅੰਦਰੇ ਅੰਦਰ ਮੇਲ

ਮਿਲਾਇੰਦਾ । ਆਵਾਂ ਜਾਵਾਂ ਸਦਾ ਬਾਦਸਤੂਰ, ਅਦਲ ਬਦਲ ਆਪਣਾ ਖੇਲ ਖਿਲਾਇੰਦਾ । ਭਗਤਾਂ ਨਾਲ ਮਿਲ ਕੇ ਹੋਵਾਂ ਮਸ਼ਹੂਰ, ਮਸ਼ਵਰਾ ਆਪਣਾ ਨਾਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਜਨ ਭਗਤ ਉਠ ਛੇਤੀ, ਆਲਸ ਨਿੰਦਰਾ ਦਏ ਚੁਕਾਈਆ । ਤੇਰੀ ਯਾਦ ਆਵੇ ਪਿਛਲੀ ਨੇਕੀ, ਨਿਕਿਉਂ ਵੱਡੇ ਦਏ ਬਣਾਈਆ । ਪ੍ਰਭ ਸਰਬ ਜੀਆਂ ਦਾ ਭੇਤੀ, ਭੁਲਿਆ ਕੋਇ ਰਹਿਣ ਨਾ ਪਾਈਆ । ਏਸੇ ਕਰ ਕੇ ਗੁਰਮੁਖ ਵਿਰਲੇ ਜਾਏ ਵੇਖੀ, ਬਾਕੀ ਛੱਡੀ ਜਾਏ ਲੋਕਾਈਆ । ਆਪ ਬਣ ਕੇ ਧੁਰ ਦਾ ਬਿਬੇਕੀ, ਭਗਵਨ ਆਇਆ ਵੇਸ ਵਟਾਈਆ । ਏਹ ਖੇਲ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛੇ ਖੇਡੀ, ਕਿਉਂ ਲੇਖਾ ਗਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਉਠ ਭਗਤ ਆ ਅਖਾੜੇ, ਪ੍ਰਭ ਸੋਹਣਾ ਖੇਲ ਖਿਲਾਈਆ । ਦਰਵੇਸ਼ ਹੋ ਕੇ ਆਇਆ ਤੇਰੇ ਵਾੜੇ, ਵਾਰੀ ਆਪਣੀ ਫੇਰਾ ਪਾਈਆ । ਜਿਸ ਨੇ ਕੋਟਨ ਕੋਟ ਜੁਗ ਚੌਕੜੀ ਉਜਾੜੇ, ਚੌਕੜੀਆਂ ਖ਼ਾਕ ਨਾਲ ਮਿਲਾਈਆ । ਲੋਕਮਾਤ ਪਰਗਟ ਕਰ ਗੁਰ ਅਵਤਾਰੇ, ਪੀਰ ਪੈਗ਼ੰਬਰ ਹੁਕਮ ਸੁਣਾਈਆ । ਲੱਖ ਚੁਰਾਸੀ ਕਰ ਖੇਲ ਨਿਆਰੇ, ਨਿਰਾਕਾਰ ਵੇਖ ਵਖਾਈਆ । ਸੋ ਸਵਾਮੀ ਅੰਤਰਜਾਮੀ ਨਿਹਕਾਮੀ ਆਇਆ ਜਨ ਭਗਤ ਦਵਾਰੇ, ਦਵਾਰਕਾ ਮਿਲੇ ਨਾ ਕੋਇ ਵਡਿਆਈਆ । ਅਯੁਧਿਆ ਰਾਮ ਨਾ ਕੋਇ ਪਸਾਰੇ, ਸੁਰਤ ਸਵਾਣੀ ਫੜ ਨਾ ਕੋਇ ਉਠਾਲੇ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਗੁਰਮੁਖ ਗੁਰਸਿਖ ਉਹ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹਿਣ ਕਵਾਰੇ, ਬਿਨ ਸ੍ਰੀ ਭਗਵੰਤ ਨਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਦਏ ਸਮਝਾਈਆ । ਸਚ ਪਿਆਰ ਸਚ ਪ੍ਰਿਯ, ਪ੍ਰੀਤਮ ਵਖਾਈਆ । ਜੋ ਏਥੇ ਓਥੇ ਦੋ ਜਹਾਨ ਰਹੇ, ਜੀਂਵਦਿਆਂ ਮਰਦਿਆਂ ਇਕੋ ਰੰਗ ਵਖਾਈਆ । ਅਗਨੀ ਵਿਚ ਨਾ ਹੋਵੇ ਲੈ, ਮੜ੍ਹੀ ਗੋਰ ਨਾ ਕੋਇ ਦਬਾਈਆ । ਸੋ ਪਰਮ ਪੁਰਖ ਸਚ ਅਗੰਮ ਸਚ ਕਹਾਣੀ ਕਹੇ, ਕਹਿ ਕਹਿ ਰਿਹਾ ਸੁਣਾਈਆ । ਜਨ ਭਗਤ ਤੇਰਾ ਦਵਾਰਾ ਜਿਸ ਘਰ ਸਵਾਮੀ ਠਾਕਰ ਆ ਕੇ ਬਹੇ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਪਿਆਰ ਵਿਚੋਂ ਪਿਆਰ ਪ੍ਰੇਮ ਵਿਚੋਂ ਪ੍ਰੇਮ ਇਕ ਪਰਗਟਾਈਆ । ਭਗਤ ਕਹੇ ਕੀ ਤੇਰਾ ਪ੍ਰੇਮ, ਪ੍ਰੇਮਿਕਾ ਰੂਪ ਵਟਾਈਆ । ਕੀ ਪ੍ਰਭੂ ਤੇਰਾ ਸੱਚਾ ਨੇਮ, ਸਚ ਦੇ ਸਮਝਾਈਆ । ਭਗਵਨ ਕਿਹਾ ਸਚ ਪੁਛੇ ਗੋਬਿੰਦ ਕੋਲੋਂ ਜਿਸ ਕਮਾਇਆ ਹੇਮ, ਕੁੰਟ ਆਪਣਾ ਡੇਰਾ ਲਾਈਆ । ਸੋ ਮੇਰੇ ਨਾਲ ਮਿਲ ਕੇ ਤੁਹਾਨੂੰ ਆਇਆ ਕਹਿਣ, ਕਹਿ ਕਹਿ ਰਿਹਾ ਸਮਝਾਈਆ । ਪ੍ਰਭ ਦਾ ਪ੍ਰੇਮ ਕਿਸੇ ਨਜ਼ਰ ਨਾ ਆਵੇ ਨੈਣ, ਨਿਜ ਆਤਮ ਦੇਵੇ ਸਚ ਸਚ ਸਮਝਾਈਆ । ਰਸਨਾ ਕੂੜ ਨਾ ਸਕੇ ਕਹਿਣ, ਲਿਖਤ ਲੇਖ ਨਾ ਕੋਇ ਵਡਿਆਈਆ । ਜਿਸ ਪ੍ਰੇਮ ਪਿਆਰ ਅੰਦਰ ਭਗਤ ਭਗਵਾਨ ਇਕੋ ਸੇਜਾ ਬਹਿਣ, ਖ਼ੁਸ਼ੀਆਂ ਅੰਦਰ ਖ਼ੁਸ਼ੀ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਘਰ, ਜਿਸ ਘਰ ਵੱਜੇ ਇਕ ਸ਼ਨਵਾਈਆ । ਸ਼ਨਵਾਈ ਕਹੇ ਮੇਰਾ ਤਾਲ ਘਨਘੋਰ, ਸੋਹਣਾ ਰੰਗ ਵਖਾਈਆ । ਮੈਂ ਪ੍ਰਭੂ ਠਾਕਰ ਸਤਿਗੁਰ ਵੇਖਿਆ ਚੋਰ, ਜੋ ਚੋਰੀ ਚੋਰੀ ਗੁਰਮੁਖਾਂ ਅੰਦਰ ਆਈਆ । ਹੌਲੀ ਜੇਹੀ ਫੜ ਕੇ ਸਰਨ ਆਪਣੇ ਨਾਲ ਲਏ ਜੋੜ, ਜੋੜੀ ਧੁਰ ਦੀ ਲਏ ਬਣਾਈਆ । ਲਾ ਪ੍ਰੀਤ ਨਿਭਾਵੇ ਤੋੜ, ਅਧਵਿਚਕਾਰ ਨਾ ਕੋਇ ਅਟਕਾਈਆ । ਓਥੇ ਹੋਰ ਕਿਸੇ ਦੀ ਰਹੇ ਨਾ ਲੋੜ, ਸਾਂਝੀਵਾਲ

੨੧੨

ਹਿੱਸਾ ਨਾ ਕੋਇ ਵੰਡਾਈਆ । ਇਕੋ ਵਾਰ ਭਗਤ ਭਗਵਾਨ ਆਪਣੇ ਹੱਥ ਵਿਚ ਫੜ ਲਏ ਡੋਰ, ਡੋਰੀ ਤੰਦ ਆਪਣੇ ਨਾਲ ਬੰਧਾਈਆ । ਜਿਸ ਮਾਣਸ ਜਨਮ ਵਿਚ ਸਤਿਗੁਰ ਮਿਲ ਕੇ ਇਕ ਵਾਰ ਹੱਥ ਦਿਤੇ ਜੋੜ, ਜਗਤ ਜਹਾਨ ਦੋਵੇਂ ਪਾਰ ਕਰਾਈਆ । ਸਚ ਦਵਾਰੇ ਲੈ ਕੇ ਜਾਏ ਨਾਲ ਗੌਰ, ਗਹਿਰ ਗੰਭੀਰ ਹੋਵੇ ਆਪ ਸਹਾਈਆ । ਸਚਖੰਡ ਦਵਾਰ ਬਹਾ ਕੇ ਆਪਣੇ ਹੱਥੀਂ ਕਰੇ ਚੌਰ, ਚੋਬਦਾਰ ਨਜ਼ਰ ਕੋਇ ਨਾ ਆਈਆ । ਏਥੇ ਹੋਰ ਓਥੇ ਹੋਰ, ਪੰਜ ਤਤ ਵਿਚੋਂ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਸੂਫ਼ੀਆਂ ਗਾਇਆ ਧੁਰ ਦਾ ਮਾਹੀ ਢੋਲ, ਢੋਲਾ ਸੁਣਾਵੇ ਚਾਈਂ ਚਾਈਂਆ । ਜਿਸ ਦੀ ਨਿਆਜ਼ ਦੇਂਦੇ ਰਹੇ ਚੌਲ, ਸੱਤ ਰੰਗ ਰੰਗ ਰੰਗਾਈਆ । ਜਿਸ ਦੀ ਗੋਬਿੰਦ ਬਖ਼ਸ਼ ਕੇ ਗਿਆ ਪਾਹੁਲ, ਅੰਮ੍ਰਿਤ ਜਾਮ ਪਿਆਈਆ । ਜਿਸ ਨੂੰ ਪੰਡਤ ਪਾਂਧੇ ਅੰਕੜਿਆਂ ਵਿਚ ਦੱਸਦੇ ਰਹੇ ਰੌਲ, ਰੌਲਾ ਪਾ ਕੇ ਲੁੱਟਣ ਜਗਤ ਲੋਕਾਈਆ । ਸੋ ਸਾਹਿਬ ਸਤਿਗੁਰ ਨਿਰਗੁਣ ਹੋ ਕੇ ਆਇਆ ਉਪਰ ਧੌਲ, ਧੌਲਾਂ ਮਾਰ ਕੇ ਗੁਰਮੁਖ ਰਿਹਾ ਜਗਾਈਆ । ਫੜ ਕੇ ਬਾਹੋਂ ਕਰੇ ਭਾਰ ਹੌਲ, ਗਠੜੀ ਆਪਣੇ ਸਿਰ ਟਿਕਾਈਆ । ਕਲਜੁਗ ਕੂੜੀ ਕਿਰਿਆ ਦਿਸੇ ਜੌਹੜ, ਛਲੀਂ ਨੀਰ ਦੋਵੇਂ ਦੇਣ ਦੁਹਾਈਆ । ਬਿਨ ਸਤਿਗੁਰ ਪ੍ਰੇਮ ਸਭ ਨੂੰ ਲੱਗੀ ਔੜ, ਅੰਮ੍ਰਿਤ ਬੂੰਦ ਸਵਾਂਤ ਮੁਖ ਨਾ ਕੋਇ ਚੁਆਈਆ । ਚਾਰੋਂ ਕੁੰਟ ਜੀਵ ਜੰਤ ਸਾਧ ਸੰਤ ਸਾਰੇ ਲਾਵਣ ਜ਼ੋਰ, ਜ਼ੋਰੂ ਜ਼ਰ ਦੋਵੇਂ ਦੇਣ ਦੁਹਾਈਆ । ਸਚ ਦਰਬਾਰ ਕੋਈ ਨਾ ਸਕੇ ਬੌਹੜ, ਡੰਡਾ ਹੱਥ ਨਾ ਕੋਇ ਫੜਾਈਆ । ਜਨ ਭਗਤਾਂ ਪ੍ਰਭ ਮਿਲਣ ਆਵੇ ਚੜ੍ਹ ਕੇ ਸਚ ਅਗੰਮੀ ਘੋੜ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸੰਗ ਰਖਾਈਆ । ਜਨ ਭਗਤ ਕਹੇ ਪ੍ਰਭ ਡਿੱਠਾ ਇਸ਼ਕ ਆਰਜ਼ੀ, ਸੁਣਿਆ ਵਿਚ ਲੋਕਾਈਆ । ਤੂੰ ਕਲਮਾ ਦੱਸਿਆ ਵਿਚ ਫ਼ਾਰਸੀ, ਅਰਬੀ ਨਾਲ ਕੁੜਮਾਈਆ । ਤੂੰ ਮੰਦਰਾਂ ਵਿਚ ਦੱਸੀ ਆਰਤੀ, ਸ਼ਿਵਦਵਾਲਿਆਂ ਵਿਚ ਹਵਨ ਕਰਾਈਆ । ਤੂੰ ਨਾਮ ਨਿਸ਼ਾਨਾ ਲਿਖਿਆ ਇਬਾਰਤੀ, ਨਾਤਾ ਜੋੜ ਕਲਮ ਸ਼ਾਹੀਆ । ਤੂੰ ਗੁਰ ਅਵਤਾਰਾਂ ਦੇ ਰੂਪ ਵਿਚ ਬਣਿਆ ਰਿਹੋ ਸਫ਼ਾਰਸ਼ੀ, ਥੋੜੇ ਥੋੜੇ ਆਪਣੇ ਨਾਲ ਜੁੜਾਈਆ । ਤੂੰ ਪੈਸਿਆਂ ਟਕਿਆਂ ਵਿਚ ਬਣਿਆ ਰਿਹੋਂ ਆੜ੍ਹਤੀ, ਆਪਣਾ ਹੱਟ ਬਣਾਈਆ । ਦੀਨ ਮਜ਼੍ਹਬ ਤੇਰੀ ਖੇਲ ਵੇਖੀ ਧਾਰ ਦੀ, ਜ਼ਾਤ ਪਾਤ ਕਰੇ ਲੜਾਈਆ । ਸਚ ਪੁੱਛੇਂ ਤੇਰੀ ਖੇਲ ਪੰਜ ਤਤ ਕਾਇਆ ਏਹੋ ਆਈ ਸਾੜਦੀ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸਮਝਾਈਆ । ਤੇਰੇ ਹੱਥ ਰਮਜ਼ ਨਾੜ ਨਾੜ ਦੀ, ਕਿਉਂ ਸ਼ਮਸ ਪੁੱਠੀ ਖੱਲ ਲੁਹਾਈਆ । ਏਹ ਪ੍ਰੀਤੀ ਬਣੀ ਸੋਹਣੇ ਯਾਰ ਦੀ, ਤੱਤੀਆਂ ਤਵੀਆਂ ਉਤੇ ਬਹਾਈਆ । ਮਨਸੂਰ ਅਨਲਹੱਕ ਪੁਕਾਰ ਦੀ, ਕੂਕਾਂ ਦੇ ਜਣਾਈਆ । ਅਸੀਂ ਮੰਗਦੇ ਪ੍ਰੀਤੀ ਉਹ ਪਿਆਰ ਦੀ, ਘਰ ਬੈਠਿਆਂ ਨਜ਼ਰੀ ਆਈਆ । ਤੇਰੀ ਖੇਲ ਸ਼ਬਦ ਘਨਘਾਰ ਦੀ, ਰਸਨਾ ਜਿਹਵਾ ਨਾ ਕੋਇ ਪੜ੍ਹਾਈਆ । ਮੰਜ਼ਲ ਉਤੋਂ ਤੇਰੀ ਮਾਅਸ਼ੂਕ ਕਦੀ ਨਾ ਹਾਰਦੀ, ਮਹਿਬੂਬ ਵੇਖਾਂ ਚਾਈਂ ਚਾਈਂਆ । ਏਹ ਖੇਲ ਗੁਰਸਿਖ ਕੰਨਿਆ ਕਵਾਰ ਦੀ, ਜਿਸ ਤੇਰੀ ਓਟ ਤਕਾਈਆ । ਵਾਟ ਨੇੜੇ ਵੇਖ ਧੁਰ ਦਰਬਾਰ ਦੀ, ਭੱਜੀ ਆਈ ਚਾਈਂ ਚਾਈਂਆ । ਤੇਰੀ ਕਿਰਪਾ ਸਭ ਦੇ ਕਾਰਜ ਸੁਆਰ ਦੀ, ਸੁਰਤ ਸਵਾਣੀ ਖ਼ੁਸ਼ੀਆਂ ਢੋਲਾ ਗਾਈਆ । ਏਹ ਸੰਗਤ ਭੁੱਖੀ ਤੇਰੇ ਦਰਸ ਦੀਦਾਰ ਦੀ, ਦੁਖੀਆਂ ਦੁੱਖ ਦਰਦ ਰਿਹਾ ਵੰਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਭੁੱਖ ਤੇਰੇ ਸਚ ਪਿਆਰ ਦੀ, ਪਿਆਰ ਵਿਚੋਂ ਸੁਖ ਆਤਮ ਨਜ਼ਰੀ ਆਈਆ ।

## ✪ ੨੬ ਹਾੜ ੨੦੨੧ ਬਿਕ੍ਰਮੀ ਗਰਦਾਵਰ ਸਿੰਘ ਦੇ ਗ੍ਰਿਹ ਰੁੜਕਾ ਕਲਾਂ ✪

ਜਨ ਭਗਤਾਂ ਪ੍ਰਭ ਬਣੇ ਸੰਗੀ, ਮੀਤ ਮੁਰਾਰਾ ਇਕ ਅਖਵਾਇੰਦਾ । ਨਾਮ ਪਦਾਰਥ ਕਟੇ ਤੰਗੀ, ਵਸਤ ਇਕੋ ਝੋਲੀ ਪਾਇੰਦਾ । ਸੁਰਤ ਸਵਾਣੀ ਕਰੇ ਨੰਗੀ, ਕੂੜੀ ਕਿਰਿਆ ਪਰੇ ਹਟਾਇੰਦਾ । ਸਰ ਸਰੋਵਰ ਨਹਾਏ ਸਾਚੇ ਗੰਗੀ, ਅੰਮ੍ਰਿਤ ਸਰ ਇਕ ਵਖਾਇੰਦਾ । ਪ੍ਰੇਮ ਪਿਆਰ ਅੰਦਰ ਜਾਏ ਰੰਗੀ, ਰੰਗ ਰੰਗੀਲਾ ਰੰਗ ਚੜ੍ਹਾਇੰਦਾ । ਆਤਮ ਦੇਵੇ ਸਚ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਸਤਿਗੁਰ ਸ਼ਬਦ ਧੁਰ ਦਾ ਛੰਦੀ, ਸੋਹਲਾ ਢੋਲਾ ਰਾਗ ਸੁਣਾਇੰਦਾ । ਨਾਤਾ ਤੋੜੇ ਖ਼ਾਨਾਬੰਦੀ, ਲੱਖ ਚੁਰਾਸੀ ਪੰਧ ਮੁਕਾਇੰਦਾ । ਕਰਤਾ ਪੁਰਖ ਲਾ ਕੇ ਅੰਗੀ, ਅੰਗੀਕਾਰ ਆਪ ਕਰਾਇੰਦਾ । ਕੂੜੀ ਕਿਰਿਆ ਕੱਢੇ ਵਾਸਨਾ ਮੰਦੀ, ਨਾਮ ਸੁਗੰਧੀ ਵਿਚ ਭਰਾਇੰਦਾ । ਜੋਤ ਨਿਰਗੁਣ ਚਾੜ੍ਹ ਚੰਦ ਨੌਚੰਦੀ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਸਦਾ ਦੇਵੇ ਸਾਥ, ਹਰਿ ਸੰਗੀ ਇਕ ਅਖਵਾਈਆ । ਕਿਰਪਾ ਕਰ ਪੁਰਖ ਸਮਰਾਥ, ਮਿਹਰ ਨਜ਼ਰ ਇਕ ਉਠਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਸ਼ਬਦੀ ਨਾਦ ਵਜਾਏ ਅਨਹਦ, ਧੁਨੀ ਰਾਗ ਸੁਣਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਸਚ ਨੀਰ ਮੁਖ ਚੁਆਈਆ । ਦੂਈ ਦਵੈਤੀ ਮੇਟ ਫੱਟ, ਪੱਟੀ ਆਪਣਾ ਨਾਮ ਬੰਧਾਈਆ । ਸਚ ਵਖਾਏ ਧੁਰ ਦਾ ਹੱਟ, ਮੰਦਰ ਇਕੋ ਸੋਭਾ ਪਾਈਆ । ਜੋਤ ਜਗਾਏ ਲਟ ਲਟ, ਦਿਵਸ ਰੈਣ ਕਰੇ ਰੁਸ਼ਨਾਈਆ । ਸੇਜ ਸੁਹੰਜਣੀ ਸੋਭਾ ਪਾਏ ਖਾਟ, ਖਟੀਆ ਇਕੋ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲਾ ਸਹਿਜ ਸੁਭਾਈਆ । ਜਨ ਭਗਤਾਂ ਪ੍ਰਭ ਦੱਸੇ ਰਾਹ, ਰਹਿਬਰ ਇਕੋ ਨਜ਼ਰੀ ਆਇੰਦਾ । ਸ਼ਬਦ ਸਰੂਪੀ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਵਖਾਇੰਦਾ । ਸਾਚਾ ਮੰਤਰ ਦ੍ਰਿੜ੍ਹਾਏ ਨਾਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਸਚ ਦਵਾਰਾ ਦਏ ਖੁਲ੍ਹਾ, ਖ਼ਾਲਕ ਖ਼ਲਕ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣਾ ਭੇਵ ਖੁਲ੍ਹਾਇੰਦਾ । ਜਨ ਭਗਤਾਂ ਪ੍ਰਭ ਸਦ ਭੇਵ ਖੋਲ੍ਹੇ, ਪੜਦਾ ਰਹਿਣ ਕੋਇ ਨਾ ਪਾਈਆ । ਅੰਤਰ ਆਤਮ ਨਿਰਗੁਣ ਹੋ ਕੇ ਬੋਲੇ, ਸੱਚਾ ਬੋਲਾ ਦਏ ਸਮਝਾਈਆ । ਪੜਦਾ ਲਾਹਵੇ ਆਪਣਾ ਓਹਲੇ, ਸਨਮੁਖ ਇਕੋ ਨਜ਼ਰੀ ਆਈਆ । ਬਣ ਸਵਾਮੀ ਵਸੇ ਕੋਲੇ, ਦੂਰ ਦੁਰਾਡਾ ਪੰਧ ਮੁਕਾਈਆ । ਸਚ ਸੁਣਾਏ ਆਪਣੇ ਢੋਲੇ, ਧੁਰ ਦਾ ਰਾਗ ਅਲਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਮੌਲੇ, ਮੌਲਾ ਆਪਣੀ ਕਾਰ ਕਮਾਈਆ । ਉਲਟਾ ਕਰੇ ਨਾਭ ਕੌਲੇ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਦੇਵੇ ਵਡਿਆਈ ਉਪਰ ਧੌਲੇ, ਧਰਨੀ ਧਰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਲਏ ਤਰਾਈਆ । ਹਰਿ ਸੱਜਣ ਸਾਹਿਬ ਸਤਿਗੁਰ ਤਾਰੇ, ਤਾਰਨਹਾਰ ਦਇਆ ਕਮਾਇੰਦਾ । ਲੇਖਾ ਜਾਣੇ ਜੁਗ ਚਾਰੇ, ਚੌਕੜੀ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਗੁਰ ਅਵਤਾਰੇ, ਪੀਰ ਪੈਗ਼ੰਬਰ ਸੇਵਾ ਲਾਇੰਦਾ । ਸੇਵਾ ਕਰਨ ਵਿਚ ਸੰਸਾਰੇ, ਲੱਖ ਚੁਰਾਸੀ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੋਜ ਖੋਜਾਇੰਦਾ । ਜਨ ਭਗਤਾਂ ਪ੍ਰਭ ਸਦਾ ਸੁਹੇਲਾ, ਧੁਰ ਦਾ ਸੰਗੀ ਨਜ਼ਰੀ ਆਈਆ । ਨਿਰਗੁਣ ਹੋ ਕੇ ਕਰੇ ਮੇਲਾ, ਸਰਗੁਣ ਜੋੜ ਜੁੜਾਈਆ । ਰੂਪ ਬਣਾ ਗੁਰੂ


੨੧੪

ਗੁਰ ਚੇਲਾ, ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਜੋਤ ਨਿਰਜੰਣ ਚਾੜ੍ਹ ਤੇਲਾ, ਸਾਚਾ ਸਗਨ ਇਕ ਸਮਝਾਈਆ । ਨਿਤ ਨਵਿਤ ਅਚਰਜ ਖੇਲ ਪਤਿਪਰਮੇਸ਼ਵਰ ਆਪੇ ਖੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਵੱਡਾ ਵਡ ਵਡਿਆਈਆ । ਭਗਤ ਸੁਹੇਲਾ ਵੱਡਾ ਮੀਤ, ਮਿਤਰ ਪਿਆਰਾ ਇਕ ਅਖਵਾਇੰਦਾ । ਕਲਜੁਗ ਅੰਤ ਅਵੱਲੜੀ ਰੀਤ, ਹਰਿ ਕੰਤ ਆਪ ਜਣਾਇੰਦਾ । ਜਨ ਭਗਤਾਂ ਦੱਸ ਕੇ ਧੁਰ ਦਾ ਗੀਤ, ਸੋਹੰ ਢੋਲਾ ਆਪ ਪੜ੍ਹਾਇੰਦਾ । ਮਿਹਰਵਾਨ ਹੋ ਹਰਿ ਜਗਦੀਸ਼, ਜਗਦੀਸ਼ਰ ਆਪਣੇ ਰੰਗ ਰੰਗਾਇੰਦਾ । ਲੇਖ ਚੁਕਾਏ ਹਸਤ ਕੀਟ, ਊਚਾਂ ਨੀਚਾਂ ਰਾਓ ਰੰਕਾਂ ਇਕੋ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਉਧਾਰੀ ਦਇਆ ਕਮਾਇੰਦਾ । ਭਗਤ ਉਧਾਰਨ ਆਪ ਪ੍ਰਭ, ਨਿਤ ਨਵਿਤ ਜੁਗਾਂ ਜੁਗੰਤਰ ਵੇਖ ਵਖਾਈਆ । ਕੋਟਨ ਕੋਟ ਵਿਚੋਂ ਸੰਤ ਸੁਹੇਲੇ ਲਏ ਲੱਭ, ਦਰ ਦਰ ਘਰ ਘਰ ਘਟ ਘਟ ਆਪਣਾ ਪੜਦਾ ਲਾਹੀਆ । ਜਗਤ ਦਵਾਰ ਕਰ ਕੇ ਪਾਰ ਹੱਦ, ਸਾਚਾ ਮੰਦਰ ਦਏ ਵਖਾਈਆ । ਜਿਥੇ ਵਸੇ ਪੁਰਖ ਸਮਰਥ, ਮਹਿਮਾ ਅਕਥ ਰਿਹਾ ਦ੍ਰਿੜਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਵੱਜੇ ਨਦ, ਧੁਨ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਦੀ ਪਿਆ ਕੇ ਮਦਿ, ਰਸ ਖ਼ੁਮਾਰੀ ਦਏ ਚੜ੍ਹਾਈਆ । ਰਸ ਖ਼ੁਮਾਰੀ ਦੇਵੇ ਨਾਮ, ਹਰਿ ਕਰਤਾ ਦਇਆ ਕਮਾਇੰਦਾ । ਇਕੋ ਵਾਰ ਪਿਆ ਕੇ ਜਾਮ, ਜ਼ਾਮਨ ਹੋ ਕੇ ਪਾਰ ਲੰਘਾਇੰਦਾ । ਸਚ ਫੜਾਏ ਆਪਣਾ ਦਾਮ, ਦਾਮਨਗੀਰ ਦਇਆ ਕਮਾਇੰਦਾ । ਮੇਲ ਮਿਲਾਵਾ ਸਾਚੇ ਰਾਮ, ਸੋਈ ਸੁਰਤੀ ਆਪ ਉਠਾਇੰਦਾ । ਕਾਇਆ ਮੰਦਰ ਇਕ ਗਰਾਮ, ਗ੍ਰਿਹਿ ਸਾਚੇ ਸੋਭਾ ਪਾਇੰਦਾ । ਜਿਥੇ ਝੁੱਲੇ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਦੀਵਾ ਬਾਤੀ ਜਗੇ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਕੂੜੀ ਕਿਰਿਆ ਨਾ ਕੋਈ ਬੇਈਮਾਨ, ਬੇਵਾ ਰੂਪ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਿਲੇ ਆਪੇ ਆਣ, ਆਨਨ ਫ਼ਾਨਨ ਆਪਣਾ ਮੇਲ ਮਿਲਾਇੰਦਾ । ਭਗਤ ਸੁਹੇਲਾ ਸਾਹਿਬ ਸਤਿਗੁਰ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਲੇਖਾ ਆਦਿ ਜੁਗਾਦੀ ਧੁਰ, ਧੁਰ ਮਸਤਕ ਵੇਖ ਵਖਾਈਆ । ਲਹਿਣਾ ਦੇਣਾ ਚੁਕਾ ਕੇ ਦੇਵਤ ਸੁਰ, ਮੁਨ ਜਨ ਡੇਰਾ ਰਿਹਾ ਢਾਹੀਆ । ਗੁਰਮੁਖ ਗੁਰਸਿਖ ਸੋਹਣੀ ਸਚ ਪ੍ਰੀਤੀ ਜਾਵਣ ਜੁੜ, ਨਾਤਾ ਆਪਣੇ ਨਾਲ ਬੰਧਾਈਆ । ਕਰੇ ਪਰਕਾਸ਼ ਅੰਧੇਰੇ ਘੋਰ, ਅਗਿਆਨ ਅੰਧੇਰ ਚੁਕਾਈਆ । ਪੰਜ ਤਤ ਨਾ ਪਾਵੇ ਸ਼ੋਰ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਮਨ ਮਤ ਬੁਧ ਨਾ ਚਲੇ ਕੋਇ ਜ਼ੋਰ, ਜਾਬਰ ਮਿਲਿਆ ਬੇਪਰਵਾਹੀਆ । ਸੰਤ ਸੁਹੇਲੇ ਸ਼ਬਦ ਇਸ਼ਾਰੇ ਨਾਲ ਲਏ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਜਾਏ ਬੌਹੜ, ਦੂਰ ਦੁਰਾਡਾ ਪੰਧ ਮੁਕਾਈਆ । ਜਿਨ੍ਹਾਂ ਗੁਰਮੁਖਾਂ ਪੂਰਬ ਜਨਮ ਦੀ ਪ੍ਰਭੂ ਮਿਲਣ ਦੀ ਲੱਗੀ ਔੜ, ਤਿਨ੍ਹਾਂ ਅੰਤਰ ਆਤਮ ਸਾਂਤਕ ਸਤਿ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦੀ ਲਾ ਕੇ ਮੋਹਰ, ਮੋਰਾ ਤੋਰਾ ਦਏ ਚੁਕਾਈਆ ।



੨੧੫ ੧੨

## ੨੯ ਹਾੜ ੨੦੨੧ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹ ਰੁੜਕਾ ਕਲਾਂ



ਕਿਰਪਾ ਕਰੇ ਸ੍ਰੀ ਭਗਵਾਨ, ਜਨ ਭਗਤਾਂ ਜੁਗ ਜੁਗ ਦਇਆ ਕਮਾਇੰਦਾ । ਸਚਖੰਡ ਦਵਾਰਾ ਦੱਸ ਮਕਾਨ, ਮਹੱਲ ਅਟਲ ਇਕ ਵਖਾਇੰਦਾ । ਸਤਿ ਸਤਿਵਾਦੀ ਝੁੱਲੇ ਨਿਸ਼ਾਨ, ਦੋ ਜਹਾਨਾਂ ਆਪ ਲਹਿਰਾਇੰਦਾ । ਧੁਰ ਸੰਦੇਸ਼ਾ ਦੇ ਫ਼ਰਮਾਨ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਜੋਧੇ ਸੂਰਬੀਰ ਬਣੇ ਬਲਵਾਨ, ਬਲ ਧਾਰੀ ਬਲ ਵਖਾਇੰਦਾ । ਨੇਤਰ ਪਰਸੇ ਇਕੋ ਰਾਮ, ਜੋ ਰਮਈਆ ਹਰ ਘਟ ਨਜ਼ਰੀ ਆਇੰਦਾ । ਦਰਸ਼ਨ ਕਰੇ ਸਾਚੇ ਕਾਹਨ, ਜੋ ਘਰ ਘਰ ਬੰਸਰੀ ਨਾਮ ਵਜਾਇੰਦਾ । ਸ਼ਬਦ ਸੁਣੇ ਸਾਚਾ ਸੱਚੀ ਧੁਨਕਾਨ, ਅਨਹਦ ਨਾਦ ਨਾਲ ਮਿਲਾਇੰਦਾ । ਅੰਮ੍ਰਿਤ ਰਸ ਪੀਓ ਸੱਚਾ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਆਪਣੀ ਆਪ ਕਰੇ ਪਛਾਣ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਇੰਦਾ । ਕਾਇਆ ਮੰਦਰ ਅੰਦਰ ਵੇਖੇ ਮਾਰ ਧਿਆਨ, ਨਿਰਗੁਣ ਨਿਰਵੈਰ ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੇਵ ਚੁਕਾਇੰਦਾ । ਦਇਆਵਾਨ ਸ੍ਰੀ ਭਗਵੰਤ, ਭਗਤਾਂ ਏਕਾ ਬੂਝ ਬੁਝਾਈਆ । ਉਠੋ ਵੇਖੋ ਸਾਚੇ ਸੰਤ, ਸਾਹਿਬ ਸਤਿਗੁਰ ਪੜਦਾ ਲਾਹੀਆ । ਘਰ ਮਿਲਾਵਾ ਨਾਰ ਕੰਤ, ਸੁਹੰਜਣੀ ਸੇਜ ਸੋਭਾ ਪਾਈਆ । ਨਾਮ ਨਿਧਾਨਾ ਮਣੀਆ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਰਿਹਾ ਸਮਝਾਈਆ । ਦੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰ ਅੱਖਰ ਕਰ ਪੜ੍ਹਾਈਆ । ਮੇਲ ਮਿਲਾਵੇ ਸਾਚੀ ਸੰਗਤ, ਹਰਿ ਭਗਤ ਧੁਰ ਦਾ ਜੋੜ ਜੁੜਾਈਆ । ਲੇਖਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਹਰਿ ਭਗਤ ਦੂਜੇ ਦਰ ਨਾ ਜਾਏ ਮੰਗਤ, ਦੇਵਣਹਾਰਾ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਜਨ ਸਾਚੇ ਰਿਹਾ ਜਗਾਈਆ । ਸਾਹਿਬ ਸਤਿਗੁਰ ਪੁਰਖ ਅਕਾਲ, ਅਕਲ ਕਲ ਵੱਡੀ ਵਡਿਆਈਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਚੌਕੜੀ ਬੇਪਰਵਾਹੀਆ । ਭਗਤ ਸੁਹੇਲੇ ਉਠਾਏ ਲਾਲ, ਬਾਲੇ ਆਪਣੀ ਗੋਦ ਬਹਾਈਆ । ਸਾਚਾ ਮਾਰਗ ਦਏ ਵਖਾਲ, ਰਹਿਬਰ ਬਣ ਕੇ ਪੜਦਾ ਲਾਹੀਆ । ਸਾਚਾ ਮੰਤਰ ਦਏ ਸਿਖਾਲ, ਧੁਰ ਦੀ ਕਰੇ ਸਚ ਪੜ੍ਹਾਈਆ । ਨਿਰਗੁਣ ਹੋ ਕੇ ਬਣੇ ਦਲਾਲ, ਸਰਗੁਣ ਮੇਲਾ ਸਹਿਜ ਸੁਭਾਈਆ । ਭਾਗ ਲਗਾ ਕੇ ਕਾਇਆ ਮਾਟੀ ਖਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਸਾਹਿਬ ਸਤਿਗੁਰ ਪੁਰਖ ਅਥਾਹ, ਹਰਿ ਕਰਤਾ ਆਪ ਅਖਵਾਇੰਦਾ । ਗੁਰਮੁਖ ਸੱਜਣ ਲਏ ਜਗਾ, ਨੇਤਰ ਲੋਚਣ ਅੱਖ ਖੁਲ੍ਹਾਇੰਦਾ । ਸਾਚਾ ਮੇਲਾ ਲਏ ਮਿਲਾ, ਵਿਛੋੜਾ ਪੰਧ ਮੁਕਾਇੰਦਾ । ਅੰਤਰ ਆਤਮ ਸਾਂਤਕ ਸਤਿ ਦਏ ਕਰਾ, ਅਗਨੀ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਮਤ ਇਕ ਦ੍ਰਿੜਾਇੰਦਾ । ਜਨ ਭਗਤਾਂ ਦੇਵੇ ਬ੍ਰਹਮ ਮਤ, ਪਾਰਬ੍ਰਹਮ ਵੱਡੀ ਵਡਿਆਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਆਖ਼ਰ ਆਪਣਾ ਘਰ ਦਏ ਸਮਝਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਸੱਦ, ਸੱਦਾ ਦੇਵੇ ਚਾਈਂ ਚਾਈਂਆ । ਹਰਿਜਨ ਹਰਿਭਗਤ ਜਗਤ ਦਵਾਰ ਲੰਘ ਕੇ ਵੇਖੋ ਅੱਗੇ ਮਿਲੇ ਪੁਰਖ ਸਮਰਥ, ਗਹਿਰ ਗੰਭੀਰ

ਸਚ ਸਰੀਰ ਡੇਰਾ ਲਾਈਆ । ਜਿਸ ਆਤਮ ਦਿਤੀ ਵਥ, ਸੋ ਪਰਮਾਤਮ ਆਪਣੇ ਖਾਤੇ ਲਏ ਘਤ, ਲੇਖ ਚੁਕਾਵੇ ਚਾਈਂ ਚਾਈਂਆ । ਓਸ ਸੱਜਣ ਨਾਲ ਜਾਓ ਵਸ, ਜਿਸ ਤੋਂ ਵਿਛੜ ਲੱਖ ਚੁਰਾਸੀ ਵਿਚ ਫੇਰਾ ਪਾਈਆ । ਜਨਮ ਜਨਮ ਜਨਮ ਪਿਛੋਂ ਪੂਰੀ ਹੋਵੇ ਆਸ, ਤਰਾਸ ਤਰਾਸ ਤਰਾਸ ਕਰਕੇ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਡਰਾਈਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਘਰ ਆਤਮ ਵਸਿਆ ਪਾਸ, ਸੋ ਆਪਣਾ ਪਾਸਾ ਗਏ ਉਲਟਾਈਆ । ਅੰਤਮ ਮਿਲ ਜੋਤ ਅਬਿਨਾਸ਼, ਅਬਿਨਾਸ਼ੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵਖਾਏ ਸਾਚੀ ਮੰਡਲ ਰਾਸ, ਜਿਸ ਘਰ ਗੋਪੀ ਕਾਹਨ ਪ੍ਰਭ ਇਕੋ ਨਜ਼ਰੀ ਆਈਆ ।

## ✪ ੨੬ ਹਾੜ ੨੦੨੧ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ ਰੁੜਕਾ ਕਲਾਂ ✪

ਪੁਰਖ ਅਕਾਲ ਕਿਰਪਾ ਕਰਿਆ, ਕਿਰਪਾਨਿਧ ਦਇਆ ਕਮਾਈਆ । ਭਗਤ ਸੁਹੇਲਾ ਆਇਆ ਘਰਿਆ, ਗ੍ਰਹਿ ਮੰਦਰ ਵੱਜੀ ਵਧਾਈਆ । ਗੁਰਮੁਖ ਸੱਜਣ ਜਿਸ ਵੇਲੇ ਪੌੜੀ ਡੰਡੇ ਚੜ੍ਹਿਆ, ਚਰਨ ਆਪਣਾ ਉਪਰ ਟਿਕਾਈਆ । ਕਾਠ ਕਹੇ ਮੇਰਾ ਤਨ ਮਨ ਠਰਿਆ, ਅਗਨੀ ਅੱਗ ਬੁਝਾਈਆ । ਸਤਿ ਸਰਨਾਈ ਸਾਚੀ ਪੜਿਆ, ਰੋ ਰੋ ਪਿਛਲਾ ਹਾਲ ਸੁਣਾਈਆ । ਕੋਟਨ ਵਾਰ ਜੰਮਿਆ ਮਰਿਆ, ਜਨਮ ਮਰਨ ਤੇਰੀ ਖੇਲ ਨਜ਼ਰੀ ਆਈਆ । ਪਤਿਪਰਮੇਸ਼ਵਰ ਤੇਰਾ ਤੇਰੇ ਭਗਤਾਂ ਸੰਗ ਦਰਸ ਕਦੇ ਨਾ ਕਰਿਆ, ਦੀਦ ਈਦ ਨਾ ਕੋਇ ਰੁਸ਼ਨਾਈਆ । ਪਹਿਲੀ ਵਾਰ ਦਰ ਦਵਾਰੇ ਮੰਗੇ ਵਰਿਆ, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਪੌੜੀ ਡੰਡਾ ਕਰੇ ਪੁਕਾਰ, ਹੌਲੀ ਹੌਲੀ ਰਿਹਾ ਜਣਾਈਆ । ਵਾਹ ਵਾਹ ਮੇਰੀ ਸਰਕਾਰ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਮੈਂ ਦਰਸ ਕਰ ਕੇ ਹੋਇਆ ਨਿਹਾਲ, ਬਿਨ ਅੱਖਾਂ ਖ਼ੁਸ਼ੀ ਮਨਾਈਆ । ਜਿਸ ਵੇਲੇ ਤੇਰੇ ਗੁਰਮੁਖ ਵੇਖੇ ਤੇਰੇ ਨਾਲ, ਤੇਰੇ ਨਾਲੋਂ ਸੋਹਣੇ ਮੇਰੇ ਮਨ ਭਾਈਆ । ਓਨ੍ਹਾਂ ਅੰਦਰ ਪ੍ਰੇਮ ਬੇਮਿਸਾਲ, ਜਿਸ ਦੀ ਮਿਸਲ ਸਕੇ ਨਾ ਕੋਇ ਬਣਾਈਆ । ਜਿਨ੍ਹਾਂ ਦੀ ਮੁਹੱਬਤ ਜਗਤ ਕਾਗ਼ਜ਼ਾਂ ਉਤੇ ਸਕੇ ਨਾ ਕੋਇ ਵਖਾਲ, ਸਿਫ਼ਤ ਵਿਚ ਨਾ ਕੋਇ ਵਡਿਆਈਆ । ਜਿਨ੍ਹਾਂ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਭੇ ਤੇਰੇ ਨਾਲ, ਦੂਜਾ ਸੰਗੀ ਨਾ ਕੋਇ ਬਣਾਈਆ । ਮੈਂ ਨਾ ਸਮਝਾਂ ਕੇਹੜੀ ਕੂਟੋਂ ਲਿਆਂਦੇ ਭਾਲ, ਲੱਖ ਚੁਰਾਸੀ ਵਿਚੋਂ ਖੋਜ ਖੋਜਾਈਆ । ਕਰ ਕਿਰਪਾ ਜਿਸ ਮੰਨਿਆ ਧੁਰ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਮੁਕਾਈਆ । ਡੰਡਾ ਕਹੇ ਜਿਸ ਵੇਲੇ ਮੇਰੇ ਉਤੇ ਆਇਆ ਚਰਨ, ਮਿਹਰਵਾਨ ਦਇਆ ਕਮਾਈਆ । ਮੇਰਾ ਜੀਂਵਦਿਆਂ ਬਦਲ ਗਿਆ ਮਰਨ, ਮਰਨ ਵਿਚੋਂ ਜੀਵਣ ਨਜ਼ਰੀ ਆਈਆ । ਮੇਰਾ ਖੁਲ੍ਹ ਗਿਆ ਹਰਨ ਫਰਨ, ਬਿਨ ਅੱਖਾਂ ਆਖ਼ਰ ਇਕੋ ਵੇਖਾਂ ਚਾਈਂ ਚਾਈਂਆ । ਜਿਸ ਵੇਲੇ ਸੰਤ ਸੁਹੇਲੇ ਉਪਰ ਚੜ੍ਹਨ, ਕਦਮ ਆਪਣਾ ਆਪ ਉਠਾਈਆ । ਹਿਰਦੇ ਅੰਦਰ ਤੇਰਾ ਮੇਰਾ ਢੋਲਾ ਪੜ੍ਹਨ, ਦੂਜਾ ਇਸ਼ਟ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੌੜੀ ਕਹੇ ਮੇਰਾ ਇਕੋ ਪੌੜਾ, ਪਰਮ ਪੁਰਖ ਆਪ ਲਗਾਇਆ । ਧੰਨ ਭਾਗ ਘਰ ਮੇਰੇ ਬੌਹੜਾ, ਬੌਹੜੀ ਸੁਣੀ ਹਾਲ ਦੁਹਾਇਆ । ਸ਼ਬਦੀ ਛੱਡ ਅਗੰਮੀ ਘੋੜਾ, ਚਰਨ ਕਵਲ ਇਕ ਟਿਕਾਇਆ ।

ਮੈਂ ਦਰਸਨ ਕੀਤਾ ਵਕਤ ਥੋੜਾ, ਥੋੜੇ ਵਿਚੋਂ ਬਹੁਤਾ ਨਜ਼ਰੀ ਆਇਆ । ਜੋ ਪਿਛੇ ਵੇਖਿਆ ਭਗਤਾਂ ਨਾਲ ਜੋੜਾ, ਜੋੜੀ ਆਪਣੀ ਆਪ ਸਮਝਾਇਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਦੋਹਰਾ, ਰਾਗ ਨਾਦ ਸਿਫ਼ਤ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇਆ । ਪੌੜੀ ਕਹੇ ਜਾਂ ਮੈਂ ਵੇਖਿਆ ਚੜ੍ਹਦਾ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਮੇਰਾ ਤਨ ਮਨ ਜਾਏ ਠਰਦਾ, ਅਗਨੀ ਤਤ ਬੁਝਾਈਆ । ਜਨ ਭਗਤਾਂ ਸ਼ਬਦ ਇਸ਼ਾਰੇ ਕਰਦਾ, ਹੌਲੀ ਹੌਲੀ ਰਿਹਾ ਦ੍ਰਿੜਾਈਆ । ਆਓ ਵੇਖੋ ਖੇਲ ਨਰ ਹਰਿ ਦਾ, ਨਰ ਨਰਾਇਣ ਆਪ ਦ੍ਰਿੜਾਈਆ । ਜਿਸ ਦਵਾਰੇ ਗੁਰਮੁਖ ਵਸਦਾ, ਮਹੱਲ ਅਟਲ ਸੋਭਾ ਪਾਈਆ । ਓਥੇ ਪੁਰਖ ਅਕਾਲ ਸਚ ਸਿੰਘਾਸਣ ਬਹਿ ਕੇ ਸਜਦਾ, ਸੋਭਾਵੰਤ ਡੇਰਾ ਲਾਈਆ । ਏਹ ਖੇਲ ਨਹੀਂ ਅੱਜ ਦਾ, ਜੁਗ ਜੁਗ ਰੀਤੀ ਆਪਣੇ ਨਾਲ ਨਿਭਾਈਆ । ਉਹ ਡੰਡਾ ਕਦੇ ਨਾ ਭੱਜਦਾ, ਜਿਸ ਉਪਰ ਚਰਨ ਟਿਕਾਈਆ । ਉਹ ਸੱਜਣ ਸੱਚੇ ਸੱਦਦਾ, ਹੋਕਾ ਦੇ ਉਠਾਈਆ । ਜਿਨ੍ਹਾਂ ਨਾਲ ਪ੍ਰੀਤਮ ਵਸਦਾ, ਪ੍ਰੇਮ ਪ੍ਰੀਤੀ ਅੰਦਰ ਰੰਗ ਰੰਗਾਈਆ । ਸੋ ਗੁਰਮੁਖ ਖ਼ੁਸ਼ੀਆਂ ਵਿਚ ਹੱਸਦਾ, ਗ਼ਮੀ ਚਿੰਤਾ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੌੜੀ ਕਹੇ ਮੈਂ ਭਗਤ ਸਹਾਰੇ, ਭਗਵਨ ਦਿਤੀ ਵਡਿਆਈਆ । ਮੇਰੀ ਸੇਵਾ ਮੈਂ ਸਦ ਬਲਹਾਰੇ, ਬਲਹਾਰੀ ਆਪਣਾ ਗੁਰ ਮਨਾਈਆ । ਛੋਟਿਆਂ ਵੱਡਿਆਂ ਫੜ ਕੇ ਚਾੜ੍ਹ ਦੇਵਾਂ ਓਸ ਚਬਾਰੇ, ਜਿਸ ਚੁਬਾਰੇ ਵਿਚ ਵਸੇ ਬੇਪਰਵਾਹੀਆ । ਜਿਸ ਦੀ ਮੰਜ਼ਲ ਵਿਚ ਕੋਟਨ ਕੋਟ ਸਾਧ ਸੰਤ ਹਾਰੇ, ਪਾਂਧੀ ਪੰਧ ਨਾ ਕੋਇ ਮੁਕਾਈਆ । ਕਰ ਕਿਰਪਾ ਪਤਿਪਰਮੇਸ਼ਵਰ ਮੇਰਾ ਲਹਿਣਾ ਦੇਣਾ ਚੁਕਾਇਆ ਵਿਚ ਸੰਸਾਰੇ, ਸੰਸਾ ਰੋਗ ਦਿਤਾ ਮਿਟਾਈਆ । ਜਨ ਭਗਤ ਲਗੇ ਓਸ ਕਿਨਾਰੇ, ਜਿਸ ਕਿਨਾਰੇ ਜਗਤ ਨਈਆ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਦੇ ਸਚ ਸਹਾਰੇ, ਸਿਹਰਾ ਆਪਣੇ ਸੀਸ ਬੰਧਾਈਆ । ਜਿਸ ਵੇਲੇ ਮੈਂ ਸੁਣੇ ਸਚ ਜੈਕਾਰੇ, ਸੋਹੰ ਢੋਲਾ ਰਹੇ ਗਾਈਆ । ਚਰਨ ਕਵਲ ਕਵਲ ਚਰਨ ਬਲਹਾਰੇ, ਨਿਮਸਕਾਰੇ ਨਿਉਂ ਨਿਉਂ ਸੀਸ ਝੁਕਾਈਆ । ਜਿਸ ਆਪਣੇ ਮੰਦਰ ਹਰਿਜਨ ਆਪ ਵਾੜੇ, ਵਾਰਸ ਹੋ ਕੇ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਠ ਲੇਖਾ ਪਾਰ ਉਤਾਰੇ, ਉਧਾਰ ਪਿਛਲਾ ਦਿਤਾ ਚੁਕਾਈਆ ।


੨੧੮

✪ ੨੬ ਹਾੜ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਜੰਡਿਆਲਾ ਜ਼ਿਲਾ ਜਲੰਧਰ ✪

ਵੇਦ ਕਹੇ ਮੇਰਾ ਸਚ ਵੇਦਾਂਤ, ਵਿਦਿਆ ਬ੍ਰਹਮ ਪੜ੍ਹਾਈਆ । ਮਨ ਬੁਧੀ ਕਰੇ ਸ਼ਾਂਤ, ਸਾਂਤਕ ਸਤਿ ਵਰਤਾਈਆ । ਅੰਤਰ ਆਤਮ ਕਰੇ ਇਕਾਂਤ, ਦਰ ਦਵਾਰ ਖ਼ੁਸ਼ੀ ਮਨਾਈਆ । ਸਚ ਦਵਾਰੇ ਖੋਲ੍ਹੇ ਤਾਕ, ਪੜਦਾ ਓਹਲਾ ਉਠਾਈਆ । ਆਤਮ ਪਰਮਾਤਮ ਕਰਾਏ ਬਾਤ, ਬਾਤਨ ਹੁਕਮ ਵਰਤਾਈਆ । ਜੁਗ ਚੌਕੜੀ ਮੇਟੇ ਅੰਧੇਰੀ ਰਾਤ, ਸਚ ਨੂਰ ਰੁਸ਼ਨਾਈਆ । ਅੱਖਰਾਂ ਨਾਲ ਦੱਸ ਕੇ ਗਾਥ, ਸ਼ਬਦੀ ਵੰਡ ਵੰਡਾਈਆ । ਭੇਵ ਚੁਕਾਏ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਰਜੋ ਤਮੋ ਸਤੋ ਸੋਭਾ ਪਾਈਆ । ਸਚ ਦਵਾਰਾ ਖੋਲ੍ਹ ਕੇ ਹਾਟ, ਵਣਜ ਵਣਜਾਰਾ

ਦਏ ਸਮਝਾਈਆ । ਪਤਣ ਵਖਾਏ ਅਗੰਮਾ ਘਾਟ, ਸਰੋਵਰ ਇਕੋ ਇਕ ਦ੍ਰਿੜਾਈਆ । ਅਗਲੀ ਪਿਛਲੀ ਮੁਕਾਏ ਵਾਟ, ਪਾਂਧੀ ਪੰਧ ਨਾ ਕੋਇ ਰਖਾਈਆ । ਸਚ ਸਮਝਾਏ ਨਿਰਗੁਣ ਜ਼ਾਤ, ਸਰਗੁਣ ਬੂਝ ਬੁਝਾਈਆ । ਲੇਖਾ ਲਿਖਿਆ ਮੇਰਾ ਨਾਲ ਕਲਮ ਦਵਾਤ, ਸ਼ਾਹੀ ਸੋਹਣੀ ਬਣਤ ਬਣਾਈਆ । ਕਾਗ਼ਜ਼ਾਂ ਉਤੇ ਖੋਲ੍ਹਕੇ ਮੇਰਾ ਆਗ਼ਾਜ਼, ਹਾਲ ਧੁਰ ਦਾ ਦਿਤਾ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਰਿਹਾ ਸਾਥ, ਸੱਚਾ ਸੰਗ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਕਰਦੇ ਰਹੇ ਬਾਤ, ਹੌਲੀ ਹੌਲੀ ਮਾਤ ਜਣਾਈਆ । ਗੋਬਿੰਦ ਸੂਰਾ ਕਲਜੁਗ ਅੰਤਮ ਇਕੋ ਗਿਆ ਆਖ, ਸਚ ਸੁਨੇਹੜਾ ਇਕ ਦ੍ਰਿੜਾਈਆ । ਪਰਗਟ ਹੋਵੇ ਪਰਮ ਪੁਰਖ ਧੁਰ ਦਾ ਬਾਪ, ਪਤਿਪਰਮੇਸ਼ਵਰ ਫੇਰਾ ਪਾਈਆ । ਸਤਿ ਸਤਿਵਾਦੀ ਸਾਚਾ ਦੱਸੇ ਇਕੋ ਜਾਪ, ਧੁਰ ਦੀ ਕਰੇ ਪੜ੍ਹਾਈਆ । ਮੇਰਾ ਕੋਈ ਨਾ ਜਾਣੇ ਪਾਠ, ਪੂਜਾ ਸਿਮਰਨ ਮੁਖ ਭਵਾਈਆ । ਸੋ ਵਕਤ ਸੁਹੇਲਾ ਸੋਹੇ ਵਿਚ ਲੋਕਮਾਤ, ਬ੍ਰਹਿਮੰਡ ਖੰਡ ਖ਼ੁਸ਼ੀ ਮਨਾਈਆ । ਮੈਂ ਨੇਤਰ ਤੱਕਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੋਜਾਈਆ । ਕੀ ਸਚ ਪ੍ਰਭ ਨਿਰਗੁਣ ਜੋਤ ਕਰੇ ਪਰਕਾਸ਼, ਜੋਤੀ ਜਾਤਾ ਵੇਸ ਵਟਾਈਆ । ਜਨ ਭਗਤਾਂ ਮਿਲੇ ਖ਼ਾਸ, ਖ਼ਾਹਿਸ਼ ਆਪਣੇ ਨਾਲ ਰਖਾਈਆ । ਸਾਚੀ ਬਖ਼ਸ਼ ਕੇ ਧੁਰ ਦੀ ਦਾਤ, ਦੌਲਤਮੰਦ ਦਏ ਬਣਾਈਆ । ਆਪਣੇ ਹੱਥ ਵਿਚ ਪਕੜ ਵਾਗ, ਵਾਰਤਾ ਆਪਣੀ ਦਏ ਸਮਝਾਈਆ । ਬਿਰਹੋਂ ਪ੍ਰੇਮ ਉਪਜਾ ਵੈਰਾਗ, ਜਗਤ ਤਿਆਗ ਦਏ ਕਰਾਈਆ । ਮੇਲ ਮਿਲਾਏ ਕੰਤ ਸੁਹਾਗ, ਸੁਹੰਜਣੀ ਸੇਜਾ ਦਏ ਵਡਿਆਈਆ । ਦੀਪਕ ਜੋਤ ਜਗਾ ਚਰਾਗ਼, ਘਰ ਮੰਦਰ ਕਰੇ ਰੁਸ਼ਨਾਈਆ । ਕਰਮ ਕਾਂਡ ਦੀ ਮੇਟ ਕੇ ਆਗ, ਅਗਲਾ ਘਰ ਦਏ ਵਖਾਈਆ । ਜਿਥੇ ਸਾਹਿਬ ਸਤਿਗੁਰ ਰਿਹਾ ਜਾਗ, ਹਰਿਜਨ ਸੋਏ ਆਪ ਜਗਾਈਆ । ਓਥੇ ਇਕੋ ਇਕ ਵਿਭਾਗ, ਦੂਜਾ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਜਨ ਭਗਤਾਂ ਧੋ ਕੇ ਦੁਰਮਤ ਦਾਗ਼, ਨਿਰਮਲ ਨਿਰਵੈਰ ਰਿਹਾ ਬਣਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਮਾਰੇ ਇਕ ਆਵਾਜ਼, ਸੋਹੰ ਢੋਲਾ ਨਾਦ ਸੁਣਾਈਆ । ਗੁਰਮੁਖਾਂ ਖੋਲ੍ਹੇ ਅਨਭਵ ਆਪਣਾ ਰਾਜ਼, ਰਹਿਮਤ ਸਾਚੀ ਸਚ ਕਮਾਈਆ । ਓਸ ਵੇਲੇ ਚਾਰੇ ਵੇਦ ਹੋਣ ਉਦਾਸ, ਉਦਾਸੀ ਸਭ ਦੇ ਮੁਖ ਤੇ ਛਾਈਆ । ਸਾਡਾ ਕੋਈ ਨਾ ਕਰੇ ਪਾਠ, ਪਾਠਸ਼ਾਲਾ ਨਾ ਕੋਇ ਵਡਿਆਈਆ । ਪਰਮ ਪੁਰਖ ਸਮਰਥ ਸਵਾਮੀ ਜਨ ਭਗਤਾਂ ਹੋ ਕੇ ਦਾਸ, ਗ੍ਰਿਹਿ ਸੇਵਕ ਰੂਪ ਵਟਾਈਆ । ਅੰਤਮ ਚਲੀਏ ਉਸ ਦੇ ਪਾਸ, ਜੋ ਪਾਸਾ ਸਭ ਦਾ ਰਿਹਾ ਪਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਅੱਠ ਦਸ ਅਠਾਰਾਂ ਕਹਿਣ ਪੁਰਾਣ, ਪੁਨਹ ਪੁਨਹ ਸੀਸ ਨਿਵਾਈਆ । ਸਾਡਾ ਲੇਖਾ ਲਿਖਤ ਮਹਾਨ, ਅੱਖਰ ਵੱਖਰ ਵੰਡ ਵੰਡਾਈਆ । ਸਾਡਾ ਸੰਦੇਸਾ ਧੁਰ ਫ਼ਰਮਾਨ, ਜੀਵ ਜੰਤ ਰਿਹਾ ਜਗਾਈਆ । ਸਾਡਾ ਦਾਤਾ ਹੁਕਮਰਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਅਸੀਂ ਸਰਗੁਣ ਨਿਰਗੁਣ ਦੇ ਬਿਆਨ, ਇਬਾਰਤ ਧੁਰ ਦੀ ਰਹੇ ਬਣਾਈਆ । ਅਸੀਂ ਮੰਦਰ ਦੱਸੀਏ ਸਚ ਮਕਾਨ, ਜਿਸ ਘਰ ਬੈਠਾ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਰਸਨਾ ਬੋਲੇ ਸ਼ਾਸਤਰ ਛੇ, ਕੂਕ ਕੂਕ ਸੁਣਾਈਆ । ਪ੍ਰਭੂ ਭਗਤਾਂ ਸੰਗ ਲਗਾਇਆ ਨੇਹ, ਪੱਲੂ ਆਪਣੇ ਨਾਲ ਬੰਧਾਈਆ । ਅੰਮ੍ਰਿਤ ਆਤਮ ਬਰਖੇ ਮੇਂਹ, ਤ੍ਰਿਸ਼ਨਾ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਛੇ ਸ਼ਾਸਤਰ ਪਏ ਬੋਲ, ਦੋਏ

ਜੋੜ ਜੋੜ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭੂ ਤੇਰੇ ਨਾਮ ਦਾ ਵਜਾਇਆ ਢੋਲ, ਜਗਤ ਜੀਵ ਜਹਾਨ ਜਣਾਈਆ । ਚਾਰ ਕੁੰਟ ਦਵਾਰੇ ਦਿਤੇ ਖੋਲ੍ਹ, ਧੁਰ ਦਾ ਪੜਦਾ ਆਪ ਉਠਾਈਆ । ਤੇਰਾ ਨਾਮ ਸੰਦੇਸਾ ਦੇਂਦੇ ਰਹੇ ਅਨਮੋਲ, ਅਨਮੁਲੜੀ ਸੇਵ ਕਮਾਈਆ । ਤੇਰੇ ਉਤੋਂ ਆਪਾ ਆਪ ਘੋਲੀ ਦਿਤਾ ਘੋਲ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਤੇਰੇ ਕੰਡੇ ਤੁਲ ਕੇ ਤੋਲ, ਆਪਣਾ ਆਪ ਤੱਕੜ ਲਿਆ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ਼ਾਸਤਰ ਛੇ ਰਹੇ ਦੱਸ, ਆਪਣਾ ਹਾਲ ਸੁਣਾਈਆ । ਪ੍ਰਭੂ ਹੋ ਗਿਆ ਭਗਤਾਂ ਵਸ, ਸਾਡੀ ਚਲੇ ਨਾ ਕੋਇ ਚਤੁਰਾਈਆ । ਬੌਹੜੀ ਕਿਧਰ ਜਾਈਏ ਨੱਠ, ਚਾਰੋਂ ਕੁੰਟ ਰਾਹ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਜਨ ਭਗਤਾਂ ਦੇ ਕੇ ਆਪਣੀ ਬ੍ਰਹਮ ਮਤ, ਸਾਚੀ ਵਿਦਿਆ ਦਿਤੀ ਪੜ੍ਹਾਈਆ । ਸਾਡੇ ਵੱਲ ਕਰੇ ਕੋਈ ਨਾ ਅੱਖ, ਨੇਤਰ ਨੈਣ ਨਾ ਕੋਇ ਮਿਲਾਈਆ । ਇਕੋ ਢੋਲਾ ਗੌਂਦੇ ਪੁਰਖ ਸਮਰਥ, ਤੂੰ ਮੇਰਾ ਮੈਂ ਤੇਰਾ ਦੋਹਾਂ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਨੇਤਰ ਖੋਲ੍ਹ ਪੁਕਾਰੇ ਗੀਤਾ, ਅਠਾਰਾਂ ਧਿਆਏ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਏਹ ਕੀ ਕੀਤਾ, ਕਰਨਹਾਰ ਤੇਰੀ ਵਡਿਆਈਆ । ਨਿਰਗੁਣ ਸਰਗੁਣ ਪਰਖੀ ਨੀਤਾ, ਦਰ ਦਰ ਘਰ ਘਰ ਫੇਰਾ ਪਾਈਆ । ਜਨ ਭਗਤਾਂ ਅੰਤਰ ਕੀਤਾ ਠਾਂਡਾ ਸੀਤਾ, ਅੰਮ੍ਰਿਤ ਮੇਘ ਸਤਿ ਬਰਸਾਈਆ । ਰੰਗ ਰੰਗਾਇਆ ਊਚਾਂ ਨੀਚਾਂ, ਰਾਓ ਰੰਕਾਂ ਦਿਤੀ ਵਡਿਆਈਆ । ਭਗਤ ਫੁਲਵਾੜੀ ਲਾਇਆ ਸਚ ਬਾਗ਼ੀਚਾ, ਪੱਤ ਡਾਲ੍ਹੀ ਆਪ ਮਹਿਕਾਈਆ । ਮਿੱਠਾ ਕੀਤਾ ਕੌੜਾ ਰੀਠਾ, ਵਿਖ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨਾਂ ਕੀਤਾ ਖ਼ਾਲੀ ਖ਼ੀਸਾ, ਮਾਇਆ ਰਾਣੀ ਦਏ ਦੁਹਾਈਆ । ਤੇਰੇ ਭਗਤਾਂ ਨਾਮ ਨਿਧਾਨ ਇਕੋ ਪੀਤਾ, ਸਚ ਖ਼ੁਮਾਰੀ ਤਨ ਚੜ੍ਹਾਈਆ । ਜੀਂਵਦਿਆਂ ਜਗ ਜੀਤਾ, ਮਰਿਆਂ ਮਰਨ ਵਿਚ ਕਦੇ ਨਾ ਆਈਆ । ਕਾਇਆ ਤਪੇ ਨਾ ਤਤ ਅੰਗੀਠਾ, ਅਗਨੀ ਅੱਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਵੇਖ, ਦਰ ਤੇਰੇ ਇਕ ਅਰਜ਼ੋਈਆ । ਗੀਤਾ ਕਹੇ ਮੈਂ ਦੱਸਾਂ ਗਿਆਨ, ਗੋਝ ਭੇਵ ਚੁਕਾਈਆ । ਮੇਰਾ ਲੇਖਾ ਕ੍ਰਿਸ਼ਨ ਕਾਹਨ, ਬੰਸਰੀ ਧੁਰ ਦੀ ਇਕ ਸੁਣਾਈਆ । ਭਗਤਾਂ ਸੰਗ ਮੇਲ ਮਹਾਨ, ਅਰਜਨ ਅਰਜ਼ ਝੋਲੀ ਪਾਈਆ । ਚੁਪਕੇ ਹੌਲੀ ਓਸ ਵੇਲੇ ਦਿਤਾ ਇਕ ਬਿਆਨ, ਜਿਸ ਦੀ ਕਲਮ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤਮ ਸਾਹਿਬ ਸਾਹਿਬਾਂ ਵਿਚੋਂ ਹੋਏ ਪਰਧਾਨ, ਜਿਸ ਸਾਹਿਬ ਦੀ ਸਤਿ ਸਰਨਾਈਆ । ਸੋ ਭਗਤ ਕੱਠੇ ਕਰੇ ਆਣ, ਜੁਗ ਵਿਛੜੇ ਮੇਲ ਮਿਲਾਈਆ । ਆਪਣਾ ਦੇ ਕੇ ਸੱਚਾ ਨਾਮ, ਸਚ ਦਵਾਰੇ ਲਏ ਬਹਾਈਆ । ਅੰਮ੍ਰਿਤ ਪਿਆ ਕੇ ਧੁਰ ਦਾ ਜਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਸੰਦੇਸਾ ਦਿਤਾ ਇਕ, ਸਤਿ ਸਤਿ ਦ੍ਰਿੜ੍ਹਾਈਆ । ਗੀਤਾ ਅਰਜਨ ਝੋਲੀ ਭਿਖ, ਨੇਤਾ ਧੁਰ ਦਾ ਬੇਪਰਵਾਹੀਆ । ਕਲਜੁਗ ਅੰਤ ਉਧਾਰੇ ਗੁਰਮੁਖ ਸਿੱਖ, ਸੰਤ ਭਗਤ ਆਪਣੀ ਗੋਦ ਬਹਾਈਆ । ਪਤਿਪਰਮੇਸ਼ਵਰ ਬਣ ਕੇ ਪਿਤ, ਪੀਤ ਪੀਤੰਬਰ ਸੀਸ ਸੁਹਾਈਆ । ਚਾਰ ਕੁੰਟ ਦਹਿ ਦਿਸ਼ਾ ਆਏ ਦਿਸ, ਘਰ ਮੰਦਰ ਡੇਰਾ ਲਾਈਆ । ਆਤਮ ਪਰਮਾਤਮ ਹੋ ਕੇ ਕਰੇ ਹਿਤ, ਹਿਤਕਾਰੀ ਵੇਖ ਵਖਾਈਆ । ਸਵਾਮੀ ਹੋ ਕੇ ਵਸੇ ਚਿਤ, ਠਗੌਰੀ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਲਏ ਜਿੱਤ, ਹਾਰ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੀਤਾ ਕਹੇ ਮੇਰੀ ਇਕੋ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਜਨ ਭਗਤਾਂ ਮਿਲਣ ਦੀ ਤੈਨੂੰ ਮਰਜ਼, ਮਰੀਜ਼ ਜੁਗ ਜੁਗ ਵੇਖੇਂ ਚਾਈਂ ਚਾਈਂਆ । ਧੁਰ ਦਰਗਾਹੀ ਤੇਰਾ ਫ਼ਰਜ਼, ਤੇਰੇ ਹੱਥ ਸਰਬ ਵਡਿਆਈਆ । ਜੋਧੇ ਸੂਰਬੀਰ ਮਰਦਾਨੇ ਮਰਦ, ਮਰਦਾਨਗੀ ਇਕੋ ਨਜ਼ਰੀ ਆਈਆ । ਕਲਜੁਗ ਖੇਲ ਕੀਆ ਅਸਚਰਜ, ਅਚਰਜ ਆਪਣਾ ਵੇਸ ਵਟਾਈਆ । ਗ਼ਰੀਬ ਨਿਮਾਣਿਆਂ ਨਾਲ ਵੰਡੇਂ ਦਰਦ, ਦਰਦੀ ਹੋ ਕੇ ਦਇਆ ਕਮਾਈਆ । ਛੁਰੀ ਕਸਾਈ ਨਾ ਚਲੇ ਕਰਦ, ਰਾਏ ਧਰਮ ਨਾ ਦਏ ਸਜ਼ਾਈਆ । ਪੂਰਬ ਜਨਮ ਦੀ ਖੋਲ੍ਹ ਕੇ ਸਭ ਦੀ ਫ਼ਰਦ, ਲੇਖਾ ਵੇਖਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਲੇਖਾ ਦਿਤਾ ਦ੍ਰਿੜਾਈਆ । ਗੀਤਾ ਕਹੇ ਮੈਂ ਦੱਸਾਂ ਕੀ, ਰਸਨਾ ਕਹਿਣ ਕੁਝ ਨਾ ਪਾਈਆ । ਜਨ ਭਗਤਾਂ ਲੇਖਾ ਚੁਕਾ ਕੇ ਸਾਢੇ ਤਿੰਨ ਹਥ ਸੀਂ, ਰਵਦਾਸ ਚਮਾਰੇ ਜੋੜ ਦਿਤਾ ਜੁੜਾਈਆ । ਅਗੰਮ ਅਥਾਹ ਪ੍ਰੇਮ ਪਿਆਰ ਦਾ ਬਰਖ ਕੇ ਮੀਂਹ, ਰੁੱਤ ਰੁਤੜੀ ਆਪ ਮਹਿਕਾਈਆ । ਵੱਡੇ ਛੋਟੇ ਬੁੱਢੇ ਨੱਢੇ ਬਣਾ ਕੇ ਪੁੱਤਰ ਧੀ, ਆਪਣੀ ਗੋਦ ਲਏ ਬਹਾਈਆ । ਪ੍ਰੇਮ ਪਿਆਰ ਅੰਦਰ ਇਕ ਦੂਜੇ ਨੂੰ ਕਹਿੰਦੇ ਜੀ, ਜੀਵ ਜੀਵਤ ਜੀਵਣ ਜੁਗਤ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੀਤਾ ਕਹੇ ਮੈਂ ਵੇਖਿਆ ਹਾਲ, ਚਾਰੋਂ ਕੁੰਟ ਧਿਆਨ ਲਗਾਈਆ । ਜਨ ਭਗਤਾਂ ਵਸੇ ਸਦਾ ਨਾਲ, ਵਿਛੋੜਾ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਦਿਤੀ ਸਮਝਾਈਆ । ਲੇਖ ਮੁਕਾ ਕੇ ਕਾਲ ਮਹਾਂਕਾਲ, ਦੀਨ ਦਿਆਲ ਹੋਇਆ ਸਹਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਸਚ ਦਵਾਰਾ ਦਿਤਾ ਪਰਗਟਾਈਆ । ਆ ਕੇ ਵੇਖਿਆ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਭਾਲ, ਹਰਿਜਨ ਆਪਣੇ ਆਪ ਉਠਾਈਆ । ਨਿਰਗੁਣ ਸਰਗੁਣ ਬਣ ਦਲਾਲ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਉਠਾਲ, ਗੁਰਮੁਖ ਗੁਰ ਗੁਰ ਗੋਦ ਬਹਾਈਆ । ਅੰਜੀਲ ਕੁਰਾਨ ਮਾਰੇ ਨਾਅਰਾ, ਹੋਕਾ ਦੇ ਸੁਣਾਈਆ । ਤੇਰਾ ਖੇਲ ਪਰਵਰਦਿਗਾਰਾ, ਸਮਝ ਕੋਇ ਨਾ ਪਾਈਆ । ਈਸਾ ਮੂਸੇ ਨੈਣ ਉਘਾੜਾ, ਮੁਹੰਮਦ ਅੱਖ ਖੁਲ੍ਹਾਈਆ । ਬੇਐਬ ਖ਼ੁਦਾਈ ਸਾਂਝਾ ਯਾਰਾ, ਜਲਵਾਗਰ ਵੇਸ ਵਟਾਈਆ । ਮੁਰੀਦਾਂ ਮੁਰਸ਼ਦ ਦਏ ਦੀਦਾਰਾ, ਦੀਦ ਈਦ ਚੰਦ ਚੜ੍ਹਾਈਆ । ਤੀਸ ਬਤੀਸ ਨਾ ਕੋਇ ਪਿਆਰਾ, ਕਲਮਾ ਕਲਾਮ ਨਾ ਕੋਇ ਸੁਣਾਈਆ । ਕਾਇਨਾਤ ਨਾ ਕੋਇ ਅਖਾੜਾ, ਜਗਤ ਮਲੰਗ ਨਾ ਕੋਇ ਨਚਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਿਆ ਮਿਲਾਈਆ । ਅੰਜੀਲ ਕੁਰਾਨ ਰਹੀ ਕੂਕ, ਹੋਕਾ ਦੇ ਸੁਣਾਈਆ । ਸ੍ਰਿਸ਼ਟ ਸਬਾਈ ਸੁੱਤੀ ਘੂਕ, ਚੌਦਾਂ ਤਬਕ ਲਏ ਨਾ ਕੋਇ ਅੰਗੜਾਈਆ । ਉਮਤ ਉਮਤੀ ਨਾਤਾ ਜੁੜਿਆ ਜੂਠ ਝੂਠ, ਸਚ ਸੁੱਚ ਨਾ ਕੋਇ ਵਡਿਆਈਆ । ਪਰਵਰਦਿਗਾਰ ਬੇਪਰਵਾਹ ਸੁਹਾਈ ਸਾਚੀ ਰੁੱਤ, ਸਦੀ ਚੌਧਵੀਂ ਖ਼ੁਸ਼ੀ ਮਨਾਈਆ । ਹਰਿਜਨ ਬਣਾ ਕੇ ਆਪਣੇ ਸੁਤ, ਪਿਤਾ ਪੂਤ ਗੋਦ ਉਠਾਈਆ । ਨਾਮ ਦ੍ਰਿੜਾ ਕੇ ਇਕੋ ਮੁਖ, ਸੋਹੰ ਢੋਲਾ ਦਿਤਾ ਸਮਝਾਈਆ । ਧਰਨੀ ਖ਼ਾਕ ਖ਼ਾਕੀ ਉਤੋਂ ਚੁੱਕ, ਖ਼ਾਲਸ ਆਪਣੇ ਵਿਚ ਸਮਾਈਆ । ਸਚ ਨਿਸ਼ਾਨਿਉਂ ਕਦੇ ਨਾ ਗਿਆ ਉਕ, ਤੀਰ ਅੰਦਾਜ਼ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਜਨ ਭਗਤਾਂ ਵਖਾਇਆ ਇਕ ਘਰ, ਜਿਸ ਘਰ ਬੈਠਾ ਖ਼ੁਸ਼ੀ ਮਨਾਈਆ । ਖਾਣੀ ਬਾਣੀ ਮਾਰੀ ਚੀਕ, ਬੌਹੜੀ ਬੌਹੜੀ ਕਰ ਸੁਣਾਈਆ । ਜਿਸ ਦੀ ਜੁਗ ਚੌਕੜੀ ਰੱਖਦੇ ਗਏ ਉਡੀਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਅੰਜੀਲ ਕੁਰਾਨ ਦੱਸੇ ਤਾਰੀਖ਼, ਤਰੀਕਾ ਸਮਝ ਕੋਇ ਨਾ ਪਾਈਆ । ਸੋ ਸਮਰਥ ਸਵਾਮੀ ਕਲਜੁਗ ਅੰਤਮ ਆਇਆ ਨਜ਼ਦੀਕ, ਨੇਰਨ ਨੇਰਾ ਹੋ ਕੇ ਵੇਖ ਵਖਾਈਆ । ਜਨ ਭਗਤਾਂ ਧੁਰ ਦਾ ਨਾਮ ਪਾਏ ਭੀਖ, ਭਿਛਿਆ ਸਤਿ ਸਤਿ ਵਰਤਾਈਆ । ਸਤਿ ਸਤਿਵਾਦੀ ਸਚ ਚਲਾਈ ਰੀਤ, ਰੀਤੀਵਾਨ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਰਿਹਾ ਮੁਕਾਈਆ । ਖਾਣੀ ਬਾਣੀ ਕਹੇ ਸਾਡਾ ਮੁਕਿਆ ਪੰਧ, ਅਬਿਨਾਸ਼ੀ ਕਰਤਾ ਅੰਤ ਮੁਕਾਈਆ । ਸੱਚਾ ਦੱਸ ਕੇ ਆਪਣਾ ਛੰਦ, ਧੁਰ ਦਾ ਢੋਲਾ ਰਿਹਾ ਪੜ੍ਹਾਈਆ । ਬੰਦੀਖ਼ਾਨਾ ਕੱਟ ਕੇ ਬੰਦ, ਬੰਦਨਾ ਇਕੋ ਇਕ ਵਖਾਈਆ । ਨਿਜ ਆਤਮ ਦੇ ਕੇ ਅਨੰਦ, ਪਰਮਾਨੰਦ ਵਿਚ ਸਮਾਈਆ । ਸੁਰਤੀ ਸ਼ਬਦੀ ਜੋੜਾ ਗੰਢ, ਧੁਰ ਦੀ ਬਣਤ ਵਖਾਈਆ । ਭਰਮ ਭੌ ਕੂੜੀ ਕਿਰਿਆ ਢਾਹ ਕੇ ਕੰਧ, ਸਾਚਾ ਮੰਦਰ ਇਕ ਸੁਹਾਈਆ । ਜਿਥੇ ਖੇਲ ਸਦਾ ਬਹੁ ਰੰਗ, ਰੰਗ ਰਤੜਾ ਆਪ ਕਰਾਈਆ । ਪ੍ਰੇਮ ਰੰਗੀਲਾ ਸਚ ਪਲੰਘ, ਪਾਵਾ ਚੂਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਚਾਰੇ ਬਾਣੀ ਕਰ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤਮ ਮਿਲਿਆ ਸਾਂਝਾ ਯਾਰ, ਸਾਂਝੀ ਵਾਰਤਾ ਆਪ ਬਣਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਪ੍ਰੀਤਮ ਹੋ ਕੇ ਪ੍ਰੇਮ ਕਮਾਈਆ । ਸੱਜਣ ਹੋ ਕੇ ਦਏ ਬਹਾਰ, ਫੜ ਬਾਹੋਂ ਗਲੇ ਲਗਾਈਆ । ਸਤਿਗੁਰ ਹੋ ਕੇ ਦਏ ਦੀਦਾਰ, ਸਤਿ ਸਰੂਪੀ ਨਜ਼ਰੀ ਆਈਆ । ਮੁਰਸ਼ਦ ਹੋ ਕੇ ਕਰੇ ਖ਼ਬਰਦਾਰ, ਸੁਤਿਆਂ ਆਪ ਉਠਾਈਆ । ਦਾਤਾ ਹੋ ਕੇ ਕਿਰਪਾ ਕਰੇ ਦਾਤਾਰ, ਵਸਤ ਅਮੋਲਕ ਝੋਲੀ ਪਾਈਆ । ਕਰਤਾ ਹੋ ਕੇ ਕਿਰਪਾ ਦਏ ਧਾਰ, ਧਰਨੀ ਧਰਤ ਧਵਲ ਨਾਲ ਮਿਲਾਈਆ । ਕਾਹਨ ਹੋ ਕੇ ਸਾਚੀ ਸਖ਼ੀਆਂ ਕਰੇ ਮੰਗਲਾਚਾਰ, ਧੁਰ ਦਾ ਗੀਤ ਅਗੰਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਸਾਰੇ ਕਹਿਣ ਸਾਡਾ ਲੇਖ ਮੁੱਕਦਾ, ਜਨ ਭਗਤ ਰਹੇ ਮੁਕਾਈਆ । ਵੇਖੋ ਸਾਨੂੰ ਕੋਈ ਨਾ ਝੁਕਦਾ, ਸ੍ਰੀ ਭਗਵਾਨ ਚਰਨ ਕਵਲ ਤੱਕੀ ਇਕ ਸਰਨਾਈਆ । ਸਾਡਾ ਹਾਲ ਕੋਈ ਨਾ ਪੁੱਛਦਾ, ਮਿਤਰ ਪਿਆਰੇ ਮਿਲ ਮਿਲ ਖ਼ੁਸ਼ੀ ਮਨਾਈਆ । ਨਾਤਾ ਜੁੜਿਆ ਪਿਓ ਪੁੱਤ ਦਾ, ਪਿਤਾ ਪੁਰਖ ਅਕਾਲ ਧੁਰ ਦਾ ਸੰਗ ਨਿਭਾਈਆ । ਹਰਿਜਨ ਬੂਟਾ ਕਦੇ ਨਾ ਸੁੱਕਦਾ, ਪੱਤ ਡਾਲ੍ਹੀ ਮਾਤ ਲਹਿਰਾਈਆ । ਓਨ੍ਹਾਂ ਮੰਜ਼ਲ ਪੈਂਡਾ ਮੁੱਕਦਾ, ਜਿਨ੍ਹਾਂ ਦਰ ਘਰ ਆ ਕੇ ਹੋਏ ਸਹਾਈਆ । ਏਹੋ ਖੇਲ ਅਬਿਨਾਸ਼ੀ ਅਚੁਤ ਦਾ, ਚੇਤਨ ਸੁਰਤੀ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਵੇਦ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਰਹੇ ਰੋ, ਰੋਸਾ ਪ੍ਰਭ ਦੇ ਨਾਲ ਰਖਾਈਆ । ਕਲਜੁਗ ਅੰਤਮ ਏਹ ਕੀ ਗਿਆ ਹੋ, ਹੋਕਾ ਦੇ ਕੇ ਰਹੇ ਸੁਣਾਈਆ । ਆਪਣਾ ਨਾਮ ਰੱਖ ਕੇ ਸੋ, ਹੰ ਬ੍ਰਹਮ ਲਿਆ ਮਿਲਾਈਆ । ਸਤਿ ਸਤਿਵਾਦੀ ਬੀਜ ਬੋ, ਫਲ ਇਕੋ ਇਕ ਪਰਗਟਾਈਆ । ਸਾਡੇ ਕੋਲੋਂ ਆਪਣੀ ਵਸਤ ਖੋਹ, ਜਨ ਭਗਤਾਂ ਅੰਦਰ ਦਿਤੀ ਟਿਕਾਈਆ । ਆਪਣੇ ਨਾਲ ਪਾ ਕੇ ਮੁਹਬੱਤ ਮੋਹ, ਨਿਰਮੋਹ ਸਾਡੇ ਨਾਲੋਂ ਦਿਤੇ ਕਰਾਈਆ । ਜੋ ਤੇਰੇ ਨਾਲ ਇਕ ਵਾਰ ਗਿਆ ਛੋਹ, ਸੋ ਸ਼ਹਿਨਸ਼ਾਹ ਤੇਰੇ ਵਿਚ ਸਮਾਈਆ ।

ਨਾਤਾ ਤੁਟਿਆ ਮੜ੍ਹੀ ਗੋ, ਖ਼ਾਕੀ ਖ਼ਾਕ ਨਾ ਕੋਇ ਸਮਾਈਆ । ਘਰ ਪਰਕਾਸ਼ ਹੋਈ ਲੋ, ਅੰਧ ਅੰਧੇਰ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਸ਼ਾਸਤਰ ਸਿਮਰਤ ਪਿਛਲਾ ਹਾਲ ਦੱਸਣ, ਵਾਹਵਾ ਤੇਰੀ ਵਡਿਆਈਆ । ਤੇਰੇ ਵੈਰਾਗ ਅੰਦਰ ਸਾਰੇ ਨੱਠਣ, ਤੇਰੇ ਪਿਆਰ ਅੰਦਰ ਦੁਹਾਈਆ । ਤੂੰ ਕਿਧਰੋਂ ਆਇਓਂ ਜਨ ਭਗਤਾਂ ਰੱਖਣ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਾਡੀ ਜੜ੍ਹ ਆਇਓਂ ਪੁੱਟਣ, ਆਪਣੇ ਹੱਥੀਂ ਬੂਟਾ ਲਾਈਆ । ਜਿਸ ਕਾਹਨ ਘਰ ਗਵਾਲਿਆਂ ਖਾਧਾ ਮੱਖਣ, ਗੋਪੀਆਂ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੇ ਹੱਥ ਰੱਖੀ ਵਡਿਆਈਆ । ਸ਼ਾਸਤਰ ਸਿਮਰਤ ਕੱਠੇ ਹੋ ਕੇ ਕਹਿੰਦੇ, ਸਚ ਸਚ ਦ੍ਰਿੜਾਈਆ । ਅਸੀਂ ਤੇਰੇ ਦਵਾਰੇ ਢਹਿੰਦੇ, ਢਹਿ ਢਹਿ ਸੀਸ ਨਿਵਾਈਆ । ਤੇਰਾ ਭਾਣਾ ਜੁਗ ਜੁਗ ਸਹਿੰਦੇ, ਚੌਕੜੀ ਸੇਵ ਕਮਾਈਆ । ਕਲਜੁਗ ਅੰਤ ਗੁਰਸਿਖ ਤੇਰੇ ਸਾਡਾ ਨਾਮ ਮੂਲ ਨਾ ਲੈਂਦੇ, ਨੈਣ ਅੱਖ ਸਾਡੀ ਸ਼ਰਮਾਈਆ । ਜਿਸ ਵੇਲੇ ਤੇਰੇ ਚਰਨਾਂ ਕੋਲ ਬਹਿੰਦੇ, ਤੇਰੇ ਵਰਗੇ ਨਜ਼ਰੀ ਆਈਆ । ਪ੍ਰਭੂ ਤੂੰ ਉਨ੍ਹਾਂ ਦੇ ਕਦੇ ਸਰ੍ਹਾਣੇ ਕਦੇ ਪੈਂਦੇ, ਸੁਤਿਆਂ ਨਾ ਕਦੇ ਜਗਾਈਆ । ਉਹ ਤੇਰੀ ਗੋਦ ਸੁੱਖਾਂ ਵਿਚ ਰਹਿੰਦੇ, ਸੁਖ ਆਸਣ ਦਿਤਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਏਹ ਕੀ ਬਣਤ ਬਣਾਈਆ । ਅੰਜੀਲ ਕੁਰਾਨ ਕੱਢੇ ਹਾੜਾ, ਦਰੋਹੀ ਦਰੋਹੀ ਨਾਮ ਖ਼ੁਦਾਈਆ । ਤੇਰੇ ਪਿਛੇ ਰੁਲਦੇ ਰਹੇ ਜੰਗਾਲਾਂ ਵਿਚ ਪਹਾੜਾਂ, ਉਚੇ ਟਿੱਲੇ ਪਰਬਤਾਂ ਫੇਰਾ ਪਾਈਆ । ਲੁਕਦੇ ਰਹੇ ਵਿਚ ਗ਼ਾਰਾਂ, ਆਪਣਾ ਆਪ ਛੁਪਾਈਆ । ਕਲਜੁਗ ਅੰਤਮ ਤੇਰਾ ਵੇਖਿਆ ਖੇਲ ਨਿਆਰਾ, ਨਿਰਗੁਣ ਦਾਤੇ ਬੇਪਰਵਾਹੀਆ । ਤੂੰ ਕੋੜਿਆਂ ਕਮਲਿਆਂ ਬਣ ਕੇ ਯਾਰਾ, ਯਾਰੀ ਮਿੱਤਰਾਂ ਨਾਲੋਂ ਚੰਗੀ ਦਿਤੀ ਬਣਾਈਆ । ਹਰਿਜਨ ਹਰਿਭਗਤ ਪ੍ਰੇਮ ਪ੍ਰੀਤੀ ਨਾਲ ਸ਼ਿੰਗਾਰਾ, ਅਲਫ਼ੀ ਸੋਹਣੀ ਤਨ ਛੁਹਾਈਆ । ਕਾਗਦ ਕਲਮ ਨਾ ਲਿਖਣਹਾਰਾ, ਨੇਤਰ ਰੋਵੇ ਜਗਤ ਸ਼ਾਹੀਆ । ਜਿਨ੍ਹਾਂ ਮਿਲਿਆ ਪਰਵਰਦਿਗਾਰਾ, ਠਾਂਡੇ ਦਰਬਾਰਾ ਬਹਿ ਬਹਿ ਖ਼ੁਸ਼ੀ ਮਨਾਈਆ । ਕਿਸੇ ਦਾ ਸੱਜਦਾ ਸੀਸ ਨਾ ਝੁਕੇ ਪੰਜ ਵਾਰਾ, ਜਗਤ ਨਮਾਜ਼ ਨਾ ਕੋਇ ਪੜ੍ਹਾਈਆ । ਸਨਮੁਖ ਹੋ ਕੇ ਦੀਆ ਦੀਦਾਰਾ, ਇਕੋ ਨੂਰ ਜ਼ਹੂਰ ਕੀਤਾ ਰੁਸ਼ਨਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਵਡਿਆਈਆ । ਕੀ ਸਚ ਸਦੀ ਚੌਧਵੀਂ ਦਾ ਏਹ ਕਿਨਾਰਾ, ਨਈਆ ਸਭ ਦੀ ਰਿਹਾ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇ ਇਸ਼ਾਰਾ, ਆਸ਼ੀਆਨੇ ਵਿਚੋਂ ਸਾਰੇ ਬਾਹਰ ਕਢਾਈਆ । ਅਬਿਨਾਸ਼ੀ ਕਰਤਾ ਕਹੇ ਕੀ ਦਿਤਾ ਬਿਆਨ, ਸਭ ਨੂੰ ਦਰ ਬੁਲਾਈਆ । ਨੇਤਰ ਖੋਲ੍ਹ ਕਰੋ ਧਿਆਨ, ਅੱਖਾਂ ਵਿਚੋਂ ਅੱਖ ਉਠਾਈਆ । ਜਿਸ ਦੀ ਕਲਮਿਆਂ ਨਾਲ ਕਰਦੇ ਰਹੇ ਕਲਿਆਣ, ਨਾਮ ਨਾਲ ਸਿਫ਼ਤੀ ਕਰ ਵਡਿਆਈਆ । ਜਿਸ ਨੂੰ ਮੰਨਦੇ ਰਹੇ ਭਗਵਾਨ, ਨਿਰਗੁਣ ਨਿਰਵੈਰ ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋ ਆਦਿ ਜੁਗਾਦੀ ਸਭ ਦਾ ਸਾਹਿਬ ਸੱਚਾ ਸੁਲਤਾਨ, ਤਖ਼ਤ ਨਿਵਾਸੀ ਇਕ ਅਖਵਾਈਆ । ਜਿਸ ਦਾ ਹੁਕਮ ਚੱਲੇ ਵਿਚ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਰ ਤੋਂ ਮੰਗਦੇ ਗਏ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਸਾਚਾ ਦੇਂਦੇ ਗਏ ਨਿਸ਼ਾਨ, ਨਿਸ਼ਾਨਾ ਇਕੋ ਇਕ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਜੁਗ ਚੌਕੜੀ ਜਗਤ ਮਹਿਮਾਨ, ਮਹਿਮਾਨੀ ਘਰ ਘਰ ਰਹੇ ਖਾਈਆ । ਜਿਸ ਵੇਲੇ ਸਾਹਿਬ ਸੂਰਾ ਆਵੇ ਬਲੀ ਬਲਵਾਨ, ਸਾਰੇ ਬੈਠਣ ਮੁਖ ਛੁਪਾਈਆ ।

ਅੰਦਰੇਂ ਅੰਦਰ ਹੋਣ ਹੈਰਾਨ, ਬਾਹਰੋਂ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਕਲ ਆਪ ਧਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰੋ ਨਾ ਰੋਸਾ, ਪ੍ਰਭ ਰੁੱਸਿਆਂ ਰਿਹਾ ਮਨਾਈਆ । ਅਠਸਠ ਪਾਣੀ ਤੁਹਾਡੇ ਨਹਾਵਣ ਨੂੰ ਹੋਇਆ ਕੋਸਾ, ਅਗਨੀ ਤਤ ਤਪਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮਠ ਪਾਕ ਰਿਹਾ ਨਾ ਕੋਈ ਕੋਠਾ, ਪਵਿਤ ਰੂਪ ਨਾ ਕੋਇ ਵਟਾਈਆ । ਨਾਮ ਨਗਾਰਾ ਵੱਜਿਆ ਨਾ ਕਿਤੇ ਚੋਟਾ, ਧੁਨ ਨਾਦ ਨਾ ਕੋਇ ਸ਼ਨਵਾਈਆ । ਤੁਹਾਨੂੰ ਪੜ੍ਹਦਿਆਂ ਸੁਣਦਿਆਂ ਕਲਜੁਗ ਜੀਵ ਹੋ ਗਿਆ ਖੋਟਾ, ਖੋਟੀ ਮਤ ਨਾ ਕਿਸੇ ਗਵਾਈਆ । ਘਰ ਜਗੇ ਨਾ ਨੂਰੀ ਜੋਤ ਜੋਤਾ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਏਸੇ ਕਰ ਕੇ ਜਨ ਭਗਤਾਂ ਰਾਹ ਦਿਤਾ ਸੌਖਾ, ਆਪਣਾ ਨਾਮ ਦਿਤਾ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ ਥੋੜ੍ਹਿਆਂ ਮਿਲਿਆ ਮੌਕਾ, ਜਿਨ੍ਹਾਂ ਨੂੰ ਮਲਕੁਲਮੌਤ ਕੋਲੋਂ ਦਿਤਾ ਛੁਡਾਈਆ । ਓਨ੍ਹਾਂ ਦੇ ਅੰਦਰ ਮਾਰ ਕੇ ਗੋਤਾ, ਸੋਹੰ ਮਾਣਕ ਮੋਤੀ ਹੰਸਾ ਬਾਹਰ ਕਢਾਈਆ । ਨਾਮ ਛੋਟਾ ਭਾਗ ਬਹੁਤਾ, ਵਿਛੜਿਆਂ ਸੁਹਾਗ ਕੰਤ ਦਿਤਾ ਮਿਲਾਈਆ । ਜੀਂਵਦਿਆਂ ਜੀਂਵਦਿਆਂ ਬਦਲ ਦਿਤਾ ਚੋਗਾ, ਚੋਲੀ ਤਨ ਆਪਣਾ ਰੰਗ ਰੰਗਾਈਆ । ਸਤਿ ਸਤਿਵਾਦ ਸੁਣਾ ਕੇ ਸਲੋਕਾ, ਚਿੰਤਾ ਸੋਗ ਦਿਤਾ ਗਵਾਈਆ । ਨੇਤਰ ਉਠਾ ਵੇਖਣ ਲੋਕ ਪਰਲੋਕਾ, ਦੋ ਜਹਾਨ ਧਿਆਨ ਲਗਾਈਆ । ਜਿਸ ਵੇਲੇ ਸ਼ਾਸਤਰ ਸਿਮਰਤ ਵੇਦ ਪੁਰਾਨ ਹੋਇਆ ਥੋਥਾ, ਥਰ ਥਰ ਕੰਬੇ ਬਲਹੀਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰ ਜਗਾਏ ਅਗੰਮੀ ਜੋਤਾ, ਜੋਤੀ ਜੋਤ ਜੋਤ ਵਿਚੋਂ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਪ੍ਰਭੂ ਤੇਰੇ ਭਗਤ ਚੰਗੇ, ਨੇਤਰ ਵੇਖ ਖ਼ੁਸ਼ੀ ਮਨਾਈਆ । ਸ੍ਰਿਸ਼ਟੀ ਵਿਚ ਸ੍ਰਿਸ਼ਟੀ ਵਰਗੇ ਬੰਦੇ, ਦ੍ਰਿਸ਼ਟੀ ਵਿਚ ਤੇਰਾ ਰੂਪ ਨਜ਼ਰੀ ਆਈਆ । ਜਿਨ੍ਹਾਂ ਅੰਦਰ ਪ੍ਰੇਮ ਪਿਆਰ ਵਜਣ ਮਰਦੰਗੇ, ਮਦਦ ਕਰਨ ਵਾਲਾ ਇਕੋ ਬੇਪਰਵਾਹੀਆ । ਉਹ ਮੰਜ਼ਲ ਪੰਧ ਆਪਣੀ ਲੰਘੇ, ਪੈਂਡਾ ਬੈਠੇ ਮੁਕਾਈਆ । ਗ਼ਰੀਬ ਨਿਮਾਣੇ ਪੈਰੀਂ ਨੰਗੇ, ਸਿਰ ਓਢਨ ਨਾਮ ਟਿਕਾਈਆ । ਪਰਮ ਪੁਰਖ ਉਨ੍ਹਾਂ ਦੀ ਟੁੱਟੀ ਗੰਢੇ, ਜਿਨ੍ਹਾਂ ਗੋਬਿੰਦ ਰਿਹਾ ਮਿਲਾਈਆ । ਉਹ ਮੰਦਿਉਂ ਹੋਏ ਚੰਗੇ, ਚੰਗੀ ਤਰ੍ਹਾਂ ਰਿਹਾ ਸਮਝਾਈਆ । ਰਾਏ ਧਰਮ ਦੇ ਕਦੇ ਨਾ ਆਵਣ ਵਿਚ ਸ਼ਕੰਜੇ, ਚਿਤਰ ਗੁਪਤ ਲੇਖਾ ਨਾ ਕੋਇ ਵਖਾਈਆ । ਬੇਸ਼ਕ ਭਾਵੇਂ ਤੇਜਾ ਸਿੰਘ ਵਰਗੇ ਗੰਜੇ, ਗੰਜ ਅੰਬਾਰ ਸਚ ਪ੍ਰੇਮ ਦੇ ਦੇਣ ਵਖਾਈਆ । ਉਹ ਪ੍ਰਭੂ ਦੇ ਨਾਲ ਪ੍ਰੇਮੀ ਕਰ ਕੇ ਹੰਢੇ, ਪ੍ਰੀਤਮ ਵਿਚੋਂ ਪ੍ਰੀਤ ਇਕ ਹੰਢਾਈਆ । ਪਾਰ ਕਿਨਾਰੇ ਉਤਰੇ ਆਪਣੇ ਕੰਢੇ, ਜਿਸ ਘਾਟ ਦਾ ਮਾਲਕ ਇਕ ਅਖਵਾਈਆ । ਓਥੇ ਬਹਿ ਕੇ ਗਾਵਣ ਧੁਰ ਦੇ ਛੰਦੇ, ਸੋਹੰ ਰਾਗ ਅਲਾਈਆ । ਅਬਿਨਾਸ਼ੀ ਕਰਤਾ ਆਪ ਲਗਾਏ ਆਪਣੇ ਅੰਗੇ, ਅੰਗੀਕਾਰ ਆਪ ਹੋ ਜਾਈਆ । ਨਾਤਾ ਛੱਡ ਜਗਤ ਵਰਭੰਡੇ, ਬ੍ਰਹਿਮੰਡੇ ਲੇਖਾ ਜਾਣ ਮੁਕਾਈਆ । ਸਚਖੰਡ ਦਵਾਰੇ ਉਹ ਵਸੰਦੇ, ਜਿਨ੍ਹਾਂ ਦਿਤਾ ਪਰਮਾਨੰਦੇ, ਨਿਰਗੁਣ ਚੰਦੇ ਚੰਦ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦੀ ਟੁੱਟੀ ਗੰਢੇ, ਪਿਤਾ ਪੂਤ ਸਤਿ ਸਪੂਤ ਸਚ ਆਪਣਾ ਜੋੜ ਜੁੜਾਈਆ ।

## ✪ ੨੬ ਹਾੜ ੨੦੨੧ ਬਿਕ੍ਰਮੀ ਸਵਰਨ ਸਿੰਘ, ਚਰਨ ਸਿੰਘ ਦੇ ਗ੍ਰਿਹ ਝੰਗੀ ✪

ਸੋ ਪੁਰਖ ਨਿਰੰਜਣ ਸਚ ਨਰੇਸ਼ਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਨਿਰਮਲ ਨੂਰ ਜੋਤ ਪਰਕਾਸ਼ ਸਾਚੇ ਦੇਸਾ, ਸਚਖੰਡ ਦਵਾਰਾ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਬੈਠਾ ਰਹੇ ਨਿਰਗੁਣ ਧਾਰ ਏਕਾ, ਏਕੰਕਾਰ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸ ਦਾ ਰਿਹੋਂ ਲੇਖਾ, ਬੋਧ ਅਗਾਧ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਸ਼ਬਦੀ ਧਾਰ ਖੋਲ੍ਹ ਆਪਣਾ ਭੇਤਾ, ਅਨਭਵ ਸਚ ਦਏਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਤੇਰੀ ਕਰਤਾਰ, ਹਰਿ ਕਰਤੇ ਨਜ਼ਰ ਕਿਸੇ ਨਾ ਆਈਆ । ਸਚ ਸੰਦੇਸਾ ਸਦਾ ਰਹੇ ਜੁਗ ਚਾਰ, ਨਿਤ ਨਵਿਤ ਹੁਕਮ ਵਰਤਾਈਆ । ਲਿਖ ਲਿਖ ਲੇਖਾ ਲੇਖ ਬਣਾਇਆ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਉਂ ਧਰਾਈਆ । ਅੱਠ ਦੱਸ ਭਰ ਭੰਡਾਰ, ਗੀਤਾ ਗਿਆਨ ਵੱਜੀ ਵਧਾਈਆ । ਅੰਜੀਲ ਕੁਰਾਨ ਖੋਲ੍ਹ ਕਿਵਾੜ, ਪੜਦਾ ਦਿਤਾ ਉਠਾਈਆ । ਖਾਣੀ ਬਾਣੀ ਭਰ ਭੰਡਾਰ, ਵਸਤ ਅਮੋਲਕ ਸਚ ਵਰਤਾਈਆ । ਖੇਲ ਖਿਲੌਂਦਾ ਰਿਹੋਂ ਨੌ ਸੌ ਚੁਰਾਨਵੇ ਚੌਕੜੀ ਜੁਗ ਵਿਚ ਸੰਸਾਰ, ਜੁਗਤੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਧੁਰ ਦੀ ਕਰਨੀ ਪੁਰਖ ਸਮਰਥ, ਹੱਥ ਤੇਰੇ ਨਜ਼ਰੀ ਆਈਆ । ਆਦਿ ਜੁਗਾਦਿ ਮਹਿੰਮਾ ਅਕਥ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਹੋਏ ਸਹਾਈਆ । ਗੁਰ ਅਵਤਾਰ ਮਾਰਗ ਦੱਸ, ਪੀਰ ਪੈਗ਼ੰਬਰ ਹੁਕਮ ਮਨਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਅੱਖ, ਘਰ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਦੱਸ ਕੇ ਜਸ, ਢੋਲਾ ਧੁਰ ਦਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਤੇਰਾ ਲੇਖਾ ਥਾਨ ਥਨੰਤਰ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਨਾਮ ਨਿਧਾਨਾ ਚਲੇ ਮੰਤਰ, ਦੋ ਜਹਾਨ ਸਦਾ ਜਸ ਗਾਈਆ । ਸਰਬ ਜੀਆਂ ਬਿਧ ਜਾਣੇਂ ਅੰਤਰ, ਘਟ ਘਟ ਰਿਹਾ ਸਮਾਈਆ । ਕਰੇਂ ਪਰਕਾਸ਼ ਗਗਨ ਗਗਨੰਤਰ, ਜੋਤੀ ਜੋਤ ਜੋਤ ਰੁਸ਼ਨਾਈਆ । ਦਵਾਰ ਚੜ੍ਹ ਕੇ ਵੇਖੇਂ ਮੰਜ਼ਲ, ਮਹਿਬੂਬ ਹੋ ਬੇਪਰਵਾਹੀਆ । ਭਾਗ ਲਗਾਏਂ ਅਗੰਮੇ ਮੰਦਰ, ਮਹੱਲ ਅਟਲ ਕਰੇ ਰੁਸ਼ਨਾਈਆ । ਕਰ ਪਰਕਾਸ਼ ਅੰਦਰੇ ਅੰਦਰ, ਦੀਵਾ ਬਾਤੀ ਇਕ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਂਆ । ਲੇਖਾ ਜਾਣੇ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਤੇਰੇ ਹੱਥ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਤੇਰਾ ਦੇਣ ਬਿਆਨ, ਸ਼ਹਾਦਤ ਇਕੋ ਵਾਰ ਭੁਗਤਾਈਆ । ਅੰਜੀਲ ਕੁਰਾਨ ਉਚੀ ਕੂਕ ਕੂਕ ਸੁਣਾਣ, ਕਲਮਾ ਹਕ ਹਕ ਦ੍ਰਿੜਾਈਆ । ਧੁਰ ਸੰਦੇਸਾ ਦੇਣਾ ਪੈਗ਼ਾਮ, ਸਚ ਸੰਦੇਸਾ ਬੇਪਰਵਾਹੀਆ । ਨਾਉਂ ਨਿਰੰਕਾਰਾ ਤੇਰਾ ਇਕ ਨਿਧਾਨ, ਨਾਮ ਸਤਿ ਨਜ਼ਰੀ ਆਈਆ । ਜੁਗ ਚੌਕੜੀ ਵੰਡਦਾ ਰਿਹੋਂ ਦਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀ ਆਪ ਭਰਾਈਆ । ਤੇਰਾ ਭੇਵ ਜਾਣੇ ਨਾ ਕੋਇ ਸ੍ਰੀ ਭਗਵਾਨ, ਪੜਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲੇ ਨੱਢੇ ਅੰਞਾਣ, ਦਰ ਸੇਵਕ ਰੂਪ ਸਾਚੀ ਸੇਵ ਕਮਾਈਆ । ਵਾਕ ਭਵਿਖਤ ਸੁਣੌਂਦੇ ਰਹੇ ਫ਼ਰਮਾਨ, ਫੁਰਨਾ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ

ਸਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਰਹੇ ਗੀਤ, ਅੱਖਰਾਂ ਨਾਲ ਕਰ ਪੜ੍ਹਾਈਆ । ਨਾਤਾ ਜੁੜੌਂਦੇ ਰਹੇ ਸ਼ਿਵਦਵਾਲੇ ਮਠ ਮੰਦਰ ਮਸੀਤ, ਗੁਰਦਵਾਰੇ ਗੁਰ ਗੁਰ ਬੁਝ ਬੁਝਾਈਆ । ਪਤਿਪਰਮੇਸ਼ਵਰ ਤੇਰੀ ਅੰਤਰ ਜਾਣੇ ਕੋਈ ਨਾ ਰੀਤ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜਨ ਭਗਤਾਂ ਆਪਣਾ ਖੇਲ ਦੱਸੇਂ ਅਨਡੀਠ, ਅਨਡਿਠੜਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਪੜਦਾ ਓਹਲਾ ਜਾਏ ਉਠ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਿਸ ਉਪਰ ਗੋਪਾਲ ਸਵਾਮੀ ਜਾਏ ਤੁਠ, ਮਿਹਰ ਨਜ਼ਰ ਟਿਕਾਈਆ । ਸੋ ਸੰਤ ਸੁਹੇਲਾ ਤੇਰਾ ਸੁਤ, ਘਰ ਸਾਚੇ ਸੋਭਾ ਪਾਈਆ । ਸਚ ਸੁਹੰਜਣੀ ਮੌਲੇ ਰੁੱਤ, ਪੱਤ ਡਾਲ੍ਹੀ ਇਕ ਮਹਿਕਾਈਆ । ਜਨਮ ਕਰਮ ਦੀ ਮੇਟ ਕੇ ਭੁੱਖ, ਤ੍ਰਿਸਨਾ ਦੁੱਖ ਦਏ ਗਵਾਈਆ । ਅੰਤਰ ਆਤਮ ਉਪਜੇ ਇਕ ਸੁਖ, ਪਰਮਾਤਮ ਮੇਲਾ ਸਹਿਜ ਸੁਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੀਸ ਨਿਵਾਵਣ ਝੁਕ, ਦੋਏ ਜੋੜ ਜੋੜ ਢਹਿ ਪੈਣ ਸਰਨਾਈਆ । ਕਲਜੁਗ ਅੰਤ ਸਭ ਦਾ ਭੰਡਾਰਾ ਰਿਹਾ ਮੁਕ, ਪਾਂਧੀ ਹੋ ਕੇ ਅਲਖ ਜਗਾਈਆ । ਤੇਰਾ ਭਾਣਾ ਸਾਹਿਬ ਸੁਲਤਾਨ ਅਬਿਨਾਸ਼ੀ ਕਰਤੇ ਕਦੀ ਨਾ ਜਾਵੇ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਵੇਲਾ ਰਿਹਾ ਢੁਕ, ਪੀਰ ਪੈਗ਼ੰਬਰ ਦੇਣ ਗਵਾਹੀਆ । ਈਸਾ ਮੂਸਾ ਮੁਹੰਮਦ ਲਾਸ਼ਰੀਕ ਕੋਲੋਂ ਰਹੇ ਪੁੱਛ, ਪਰਵਰਦਿਗਾਰ ਇਕੋ ਓਟ ਤਕਾਈਆ । ਗੁਰ ਅਵਤਾਰ ਸੱਜਦਾ ਕਰਨ ਝੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਤੇਰਾ ਅਦਬ, ਆਦਾਬ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਗੁਰ ਅਵਤਾਰ ਹੈਰਾਨ ਹੋਏ ਵੇਖ ਕਲਜੁਗ ਮਜ਼੍ਹਬ, ਦੀਨ ਕਰੇ ਲੜਾਈਆ । ਦਰੋਹੀ ਖ਼ੁਦਾਏ ਹੋਇਆ ਗ਼ਜ਼ਬ, ਸਤਿ ਸਚ ਨਾ ਕੋਇ ਸਮਝਾਈਆ । ਕੂੜੀ ਧਾਰ ਦੇਵੇ ਕੋਈ ਨਾ ਬਦਲ, ਮਮਤਾ ਮੋਹ ਨਾ ਕੋਇ ਮਿਟਾਈਆ । ਸਾਚਾ ਕਰੇ ਨਾ ਕੋਈ ਅਦਲ, ਅਦਾਲਤ ਹਕ ਨਾ ਕੋਇ ਕਰਾਈਆ । ਲੇਖਾ ਚੁੱਕੇ ਨਾ ਮਕਤੂਲ ਕਾਤਲ, ਕਤਲਗਾਹ ਰਹੀ ਕੁਰਲਾਈਆ । ਸੂਫ਼ੀ ਸੰਤ ਚੜ੍ਹੇ ਨਾ ਕੋਇ ਆਪਣੀ ਮੰਜ਼ਲ, ਪਾਂਧੀ ਅਧਵਿਚਕਾਰ ਬੈਠੇ ਡੇਰਾ ਲਾਈਆ । ਤੇਰੇ ਨਾਮ ਦਾ ਨਗ਼ਮਾ ਸਚ ਸੁਣਾਏ ਨਾ ਕੋਈ ਗ਼ਜ਼ਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਰ ਤੇਰੇ ਮੰਗ ਮੰਗਾਈਆ । ਤੇਰੇ ਦਰ ਮੰਗੀ ਮੰਗ, ਅੰਜੀਲ ਕੁਰਾਨ ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਸਤਰ ਸਿਮਰਤ ਬੈਠੇ ਸੀਸ ਝੁਕਾਈਆ । ਕਿਰਪਾ ਕਰ ਸੂਰੇ ਸਰਬੰਗ, ਤੇਰਾ ਵਜੇ ਨਾਮ ਮਰਦੰਗ, ਦੋ ਜਹਾਨਾਂ ਇਕੋ ਇਕ ਕਰ ਸ਼ਨਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਲੰਘ, ਜੇਰਜ ਅੰਡ ਉਤਭੁਜ ਸੇਤਜ ਫੋਲ ਫੋਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਹੋਇਆ ਨੰਗ, ਸਾਚਾ ਓਢਨ ਸੀਸ ਨਾ ਕੋਇ ਟਿਕਾਈਆ । ਦਰ ਦਰ ਘਰ ਘਰ ਕੂੜੀ ਕਿਰਿਆ ਹਉਮੇ ਹੰਗਤਾ ਭਰਿਆ ਘਮੰਡ, ਮਾਇਆ ਮਮਤਾ ਪਰੇ ਨਾ ਕੋਇ ਹਟਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰੇ ਪ੍ਰੇਮ ਦਾ ਗਾਏ ਕੋਈ ਨਾ ਛੰਦ, ਜੈ ਜੈਕਾਰ ਨਾ ਕੋਇ ਸੁਣਾਈਆ । ਸਾਚਾ ਮਿਲੇ ਨਾ ਕਿਸੇ ਅਨੰਦ, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਈਆ । ਚਾਰ ਕੁੰਟ ਭੇਖ ਪਖੰਡ, ਜੂਠ ਝੂਠ ਭੱਜੇ ਵਾਹੋ ਦਾਹੀਆ । ਸੁਰਤ ਸਵਾਣੀ ਬਿਨ ਸ਼ਬਦ ਹਾਣੀ ਹੋਈ ਰੰਡ, ਕੰਤ ਕੰਤੂਹਲ ਮੇਲ ਨਾ ਕੋਇ ਮਿਲਾਈਆ । ਸਾਚੀ ਦਿਸੇ ਨਾ ਕੋਇ ਸੁਗੰਧ, ਦੁਰਗੰਧ ਬਾਹਰ ਨਾ ਕੋਇ ਕਢਾਈਆ । ਨੂਰ ਪਰਕਾਸ਼ ਨਾ ਸੱਚਾ ਚੰਦ, ਜਗਤ ਅੰਧੇਰ ਨਾ ਕੋਇ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ

ਸਾਰੇ ਗੌਂਦੇ ਤੇਰਾ ਛੰਦ, ਹਿਰਦੇ ਨਾਮ ਨਾ ਕੋਇ ਵਸਾਈਆ । ਜਨ ਭਗਤਾਂ ਪੂਰੀ ਕਰ ਇਕ ਉਮੰਗ, ਮਾਂਗਤ ਬੈਠੇ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਆਤਮ ਦੇ ਇਕ ਅਨੰਦ, ਨਿਜਾਨੰਦ ਕਰ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗਏ ਹਾਰ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਕੂੜੀ ਕਿਰਿਆ ਜਗਤ ਕਰੇ ਵਿਭਚਾਰ, ਦੁਸ਼ਟ ਦੁਰਾਚਾਰ ਨਜ਼ਰੀ ਆਈਆ । ਸਾਚੀ ਸਿਖਿਆ ਕਰੇ ਨਾ ਕੋਇ ਪਿਆਰ, ਭਿਖਿਆ ਨਾਮ ਨਾ ਕੋਇ ਪਾਈਆ । ਦਹਿ ਦਿਸ਼ਾ ਹੋਈ ਖੁਆਰ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਦਰਸ ਮਿਲੇ ਨਾ ਸਾਂਝੇ ਯਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਕਾਇਆ ਮੰਦਰ ਖੋਲ੍ਹੇ ਨਾ ਕੋਇ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਪੰਚ ਵਿਕਾਰ ਨਾ ਮਿਟੇ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਲੇਖਾ ਚੁੱਕੇ ਨਾ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਪੰਧ ਨਾ ਕੋਇ ਮੁਕਾਈਆ । ਦੀਆ ਬਾਤੀ ਸਚ ਨਾ ਹੋਏ ਉਜਿਆਰ, ਕਮਲਾਪਾਤੀ ਕਰੇ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਮਿਲੇ ਨਾ ਠੰਡੀ ਠਾਰ, ਅਗਨੀ ਤਤ ਨਾ ਕੋਇ ਬੁਝਾਈਆ । ਤੇਰਾ ਦਰਸ ਨਿਜ ਨੇਤਰ ਕਿਸੇ ਨਜ਼ਰ ਨਾ ਆਏ ਵਿਚ ਸੰਸਾਰ, ਦੋਏ ਲੋਚਣ ਬੰਦ ਨਾ ਕੋਇ ਕਰਾਈਆ । ਜਨ ਭਗਤ ਅੰਦਰੇ ਅੰਦਰ ਉਚੀ ਕੂਕਣ ਧਾਹਾਂ ਰਹੇ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਘਰ, ਜਿਸ ਘਰ ਤੇਰਾ ਨੂਰ ਨਜ਼ਰੀ ਆਈਆ । ਸਾਚਾ ਘਰ ਪ੍ਰਭ ਦੱਸ ਏਕ, ਏਕੰਕਾਰ ਤੇਰੀ ਸਰਨਾਈਆ । ਚਾਰ ਵਰਨ ਮਿਲੇ ਟੇਕ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਊਚ ਨੀਚ ਨਾ ਕੋਇ ਭੇਖ, ਜ਼ਾਤ ਪਾਤ ਨਾ ਕੋਇ ਰਖਾਈਆ । ਬੁਧੀ ਹੋਏ ਸਤਿ ਬਿਬੇਕ, ਮਨ ਮਣਕਾ ਦਏ ਭਵਾਈਆ । ਸਾਹਿਬ ਮਿਲੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਆਤਮ ਪਰਮਾਤਮ ਦੱਸੇ ਸਾਚੀ ਖੇਡ, ਮਾਰਗ ਇਕੋ ਇਕ ਸਮਝਾਈਆ । ਬੁਧ ਬਿਬੇਕੀ ਸੁਰਤੀ ਕਰੇ ਚੇਤਨ ਚੇਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਸਚ ਦਵਾਰੇ ਖੋਲ੍ਹੇ ਭੇਤ, ਪੜਦਾ ਓਹਲਾ ਦਏ ਚੁਕਾਈਆ । ਨਜ਼ਰੀ ਆਵੇ ਨੇਤਨ ਨੇਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਸਚ ਦਵਾਰੇ ਲਏ ਪੇਖ, ਘਰ ਸੱਜਣ ਬੇਪਰਵਾਹੀਆ । ਆਪਣਾ ਆਪ ਕਰ ਕੇ ਭੇਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਤੇਰੇ ਦਰ ਝੁਕੇ ਸੀਸ, ਦਰ ਠਾਂਡਾ ਨਜ਼ਰੀ ਆਈਆ । ਜੁਗ ਚੌਕੜੀ ਪੀਸਣ ਲਿਆ ਪੀਸ, ਕਲਜੁਗ ਅੰਤਮ ਵੇਖ ਵਖਾਈਆ । ਸ੍ਰਿਸ਼ਟ ਸਬਾਈ ਕਲਮਾ ਪੜ੍ਹੇ ਨਾ ਕੋਈ ਹਦੀਸ, ਹਿਰਦੇ ਨਾਮ ਨਾ ਕੋਇ ਵਸਾਈਆ । ਮਿੱਠਾ ਹੋਏ ਨਾ ਕੌੜਾ ਰੀਠ, ਅੰਮ੍ਰਿਤ ਧਾਰ ਨਾ ਕੋਇ ਵਹਾਈਆ । ਲੇਖਾ ਚੁੱਕੇ ਨਾ ਊਚ ਨੀਚ, ਸ਼ਰਅ ਮੁੱਕੇ ਨਾ ਕੋਇ ਜੁਦਾਈਆ । ਸਦੀ ਵੀਹਵੀਂ ਰਹੀ ਬੀਤ, ਚੌਦਾਂ ਲੋਕ ਬੈਠੇ ਨੈਣ ਉਠਾਈਆ । ਚੌਦਾਂ ਤਬਕ ਗੌਂਦੇ ਗੀਤ, ਮਸਲਾ ਹੱਕ ਹੱਕ ਸੁਣਾਈਆ । ਕਰਵਟ ਬਦਲ ਆਪਣੀ ਪੀਠ, ਪਰਵਰਦਿਗਾਰ ਤੇਰੀ ਓਟ ਤਕਾਈਆ । ਮੁਰੀਦ ਮੁਰਸ਼ਦ ਮਿਲ ਕੇ ਹੋਵੇ ਠਾਂਡਾ ਸੀਤ, ਕਾਇਆ ਕਾਅਬਾ ਸਚ ਮਸੀਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖੌਣਾ ਇਕ ਦਰ, ਜਿਸ ਘਰ ਬੈਠਾ ਡੇਰਾ ਲਾਈਆ । ਜਿਸ ਘਰ ਵਸਿਆ ਆਪ ਸਵਾਮੀ, ਪੁਰਖ ਅਕਾਲ ਸੋਭਾ ਪਾਈਆ । ਆਦਿ ਜੁਗਾਦਿ ਜੁਗਾ ਜੁਗੰਤ ਤੇਰਾ ਨਾਮ ਨਿਧਾਨਾ ਚਲੇ ਬਾਣੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਿਰਗੁਣ ਨਿਰਵੈਰ


੨੨੭ ੧੨

ਨਿਰਮਲ ਜੋਤ ਜਗੇ ਮਹਾਨੀ, ਦੀਵਾ ਬਾਤੀ ਸਕੇ ਨਾ ਕੋਇ ਟਿਕਾਈਆ । ਓਥੇ ਲੇਖਾ ਚੁੱਕੇ ਚਾਰੇ ਖਾਣੀ, ਚਾਰੇ ਬਾਣੀ ਰੂਪ ਨਾ ਕੋਇ ਪਰਗਟਾਈਆ । ਮੰਜ਼ਲ ਦੱਸ ਇਕ ਲਾਸਾਨੀ, ਲਾਸ਼ਰੀਕ ਤੇਰੇ ਹੱਥ ਵਡਿਆਈਆ । ਤੇਰਾ ਪ੍ਰੇਮ ਕਰੇ ਕੁਰਬਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖੌਣਾ ਇਕ ਘਰ, ਜਿਸ ਘਰ ਆਪਣਾ ਰੰਗ ਰੰਗਾਈਆ । ਜਿਸ ਘਰ ਹੋਵੇ ਤੇਰਾ ਰੰਗ, ਰੰਗ ਰਤਾ ਇਕੋ ਨਜ਼ਰੀ ਆਈਆ । ਜਨ ਭਗਤ ਮੰਗ ਰਹੇ ਮੰਗ, ਅੰਤਰ ਆਤਮ ਧਿਆਨ ਲਗਾਈਆ । ਸ਼ਬਦ ਅਨਾਦ ਵਜੇ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਹੋਵੇ ਪਰਕਾਸ਼ ਅਗੰਮੇ ਚੰਦ, ਰਵ ਸਸ ਨੈਣ ਸ਼ਰਮਾਈਆ । ਕੂੜੀ ਕਿਰਿਆ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਪੰਧ ਮੁੱਕੇ ਬ੍ਰਹਿਮੰਡ ਖੰਡ, ਜੇਰਜ ਅੰਡ ਰਹਿਣ ਨਾ ਪਾਈਆ । ਤੇਰਾ ਢੋਲਾ ਸੁਣਾਂ ਇਕੋ ਛੰਦ, ਜਿਸ ਦੀ ਘੜਤ ਅੱਖਰਾਂ ਵਿਚ ਨਜ਼ਰ ਕਿਸੇ ਨਾ ਆਈਆ । ਮੰਜ਼ਲ ਉਤੋਂ ਮੰਜ਼ਲ ਚੁੱਕੇ ਪੰਧ, ਪੰਧ ਵਿਚੋਂ ਪਾਂਧੀ ਲੈਣਾ ਬਚਾਈਆ । ਤੂੰ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਹਰਿ ਗਵਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇਣਾ ਜਣਾਈਆ । ਸਾਚਾ ਘਰ ਦੱਸਣਾ ਖ਼ਾਲਕ, ਮਿਹਰਵਾਨ ਤੇਰੀ ਓਟ ਤਕਾਈਆ । ਜਨ ਭਗਤ ਤੇਰਾ ਨੱਢਾ ਬਾਲਕ, ਮੁਰੀਦ ਹੋ ਕੇ ਮੁਰਦਾ ਰੂਪ ਵਖਾਈਆ । ਤੇਰਾ ਪ੍ਰੇਮ ਅਗੰਮੀ ਖ਼ਾਲਸ, ਖ਼ਾਲਸ ਤੇਰਾ ਨੂਰ ਜੋਤ ਰੁਸ਼ਨਾਈਆ । ਕੂੜੀ ਕਿਰਿਆ ਰਹੇ ਨਾ ਆਲਸ, ਜਗਤ ਨਿੰਦਰਾ ਨਾਤਾ ਦੇਣਾ ਤੁੜਾਈਆ । ਸ਼ਬਦ ਸਵਾਮੀ ਬਣ ਕੇ ਸਾਲਸ, ਸਾਚਾ ਫ਼ੈਸਲਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਪੜਦਾ ਦੇਣਾ ਉਠਾਈਆ । ਘਰ ਉਠੌਣਾ ਪੜਦਾ ਆਪ, ਮਿਹਰਵਾਨ ਦਇਆ ਕਮਾਈਆ । ਸਚ ਦ੍ਰਿੜੌਣਾ ਇਕੋ ਜਾਪ, ਜਿਸ ਵਿਚ ਤੇਰਾ ਰੂਪ ਨਜ਼ਰੀ ਆਈਆ । ਰੂਹ ਬੁੱਤ ਦੋਵੇਂ ਕਰਨੇ ਪਾਕ, ਖ਼ਾਕੀ ਖ਼ਾਕ ਮਿਲੇ ਵਡਿਆਈਆ । ਨਿਰਗੁਣ ਨਿਰਗੁਣ ਬਣਨਾ ਸਾਕ, ਸਰਗੁਣ ਸਰਗੁਣ ਲੈਣਾ ਉਠਾਈਆ । ਬੰਦ ਕਵਾੜੀ ਖੋਲ੍ਹ ਕੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਘਰ ਵਿਚ ਘਰ ਵਖੌਣਾ ਹਾਟ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਨਿਰਮਲ ਜੋਤ ਜੋਤ ਪਰਕਾਸ਼, ਅੰਧ ਅੰਧਿਆਰ ਮਿਟਾਈਆ । ਲੇਖਾ ਜਾਣੇ ਪਵਣ ਸਵਾਸ, ਸਾਹ ਸਾਹ ਸਮਝਾਈਆ । ਅੰਮ੍ਰਿਤ ਜਾਮ ਪਿਆ ਬੁਝੌਣੀ ਪਿਆਸ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮ ਵੱਜੇ ਨਾਦ, ਧੁਨ ਆਪਣੇ ਨਾਲ ਮਿਲਾਈਆ । ਕਾਇਆ ਮੰਦਰ ਅੰਦਰ ਵੜ ਕੇ ਪ੍ਰਭੂ ਖੋਲ੍ਹਣਾ ਆਪਣਾ ਰਾਜ਼, ਰਾਜ਼ਕ ਰਹੀਮ ਸਰਨ ਸਰਨਾਈਆ । ਪੜਦਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਤੇਰਾ ਭਗਤ ਤੇਰੀ ਸੁਣੇ ਇਕ ਆਵਾਜ਼, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇਣੀ ਜਣਾਈਆ । ਸਾਚੀ ਸਿਖਿਆ ਦੇਣੀ ਸਚ, ਸਤਿ ਸਤਿਵਾਦ ਤੇਰਾ ਨਾਉਂ ਨਜ਼ਰੀ ਆਈਆ । ਭਾਗ ਲਗੌਣਾ ਕਾਇਆ ਮਾਟੀ ਕੱਚ, ਪੰਜ ਤਤ ਵੱਜੇ ਨਾਮ ਵਧਾਈਆ । ਸਾਢੇ ਤਿੰਨ ਕਰੋੜ ਅੰਦਰ ਜਾਣਾ ਰਚ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਝੋਲੀ ਪੌਣਾ ਪਿਛਲਾ ਹਕ, ਹਕੀਕਤ ਤੇਰੇ ਹੱਥ ਵੇਖੀ ਬੇਪਰਵਾਹੀਆ । ਆਤਮ ਪਰਮਾਤਮ ਮੇਲ ਮਿਲਣਾ ਸਤਿ, ਸਤਿ ਸਤਿਵਾਦੀ ਹੋਣਾ ਸਹਾਈਆ । ਆਪਣਾ ਦੱਸਣਾ ਸੱਚਾ ਜਸ, ਧੁਰ ਦਾ ਢੋਲਾ ਰਾਗ ਸਮਝਾਈਆ । ਆਪਣੇ ਮਿਲਣ ਦੀ ਦੇਣੀ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਦੂਈ ਦਵੈਤੀ ਖੇੜਾ ਕਰਨਾ ਭੱਠ, ਭਾਂਡਾ ਭਰਮ ਭੌ ਭੰਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਨ ਭਗਤ ਸਾਚੀ ਮੰਗ ਮੰਗਾਈਆ । ਸਚ ਭਗਤ ਕਹੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਤੂੰ ਮੇਰਾ ਨੱਢਾ ਬਾਲ ਅੰਞਾਣ, ਬਾਲੀ ਬੁਧ ਦਿਆਂ ਸਮਝਾਈਆ । ਸਚ ਸੰਦੇਸਾ ਦੇਵਾਂ ਆਣ, ਧੁਰ ਦੀ ਧਾਰ ਜਣਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਗੌਣਾ ਗਾਨ, ਸੋਹੰ ਇਕ ਪੜ੍ਹਾਈਆ । ਭਾਗ ਲੱਗੇ ਕਾਇਆ ਮੰਦਰ ਮਕਾਨ, ਕਾਅਬਾ ਇਕੋ ਦਿਆਂ ਵਖਾਈਆ । ਦੀਆ ਬਾਤੀ ਜਗੇ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਨਾਦ ਵੱਜੇ ਧੁਨਕਾਨ, ਅਨਹਦ ਸੇਵਾ ਲਾਈਆ । ਅੰਮ੍ਰਿਤ ਠੰਡਾ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਕੂੜੀ ਕਿਰਿਆ ਮਿਟੇ ਨਿਸ਼ਾਨ, ਸਚ ਸੁੱਚ ਦਿਆਂ ਪਰਗਟਾਈਆ । ਸਾਢੇ ਤਿੰਨ ਹੱਥ ਦੇ ਕੇ ਸੱਚਾ ਦਾਨ, ਮਹਿੰਮਾ ਅਕਥ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਸਮਰਥ, ਦੀਨ ਦਿਆਲ ਹੋਏ ਸਹਾਈਆ । ਦੀਨ ਦਿਆਲ ਸਾਹਿਬ ਸਵਾਮੀ, ਹਰਿ ਕਰਤਾ ਦਇਆ ਕਮਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਸੰਤ ਸੁਹੇਲੇ ਵੇਖ ਵਖਾਇੰਦਾ । ਲੇਖ ਚੁਕਾਵੇ ਆਵਣ ਜਾਵਣ ਚਾਰੇ ਖਾਣੀ, ਚਾਰੇ ਬਾਣੀ ਇਕੋ ਰਾਗ ਅਲਾਇੰਦਾ । ਸਾਚੀ ਮੰਜ਼ਲ ਦੇ ਕੇ ਪਦ ਨਿਰਬਾਨੀ, ਨਿਰਬਾਣ ਪਦ ਇਕ ਵਖਾਇੰਦਾ । ਸਚ ਦਵਾਰ ਦੀ ਸਚ ਨਿਸ਼ਾਨੀ, ਸਤਿ ਸਤਿਵਾਦੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਕੇ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਇੰਦਾ । ਧੁਰ ਮਸਤਕ ਲੇਖਾ ਜਾਏ ਬਣ, ਹਰਿ ਦਾਤਾ ਦਇਆ ਕਮਾਈਆ । ਏਕਾ ਰਾਗ ਸੁਣਾਏ ਕੰਨ, ਧੁਰ ਦਾ ਨਾਦ ਵਜਾਈਆ । ਮਨ ਕਾ ਮਣਕਾ ਫੇਰੇ ਮਨ, ਮਮਤਾ ਮੋਹ ਮਿਟਾਈਆ । ਭਾਗ ਲਗਾ ਕੇ ਕਾਇਆ ਤਨ, ਤਤਵ ਤਤ ਦਏ ਸਮਝਾਈਆ । ਨਾਮ ਪਦਾਰਥ ਦੇ ਕੇ ਧਨ, ਸਚ ਖ਼ਜ਼ੀਨਾ ਦਏ ਭਰਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਜੋਤੀ ਜੋਤ ਕਰ ਰੁਸ਼ਨਾਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਇਕੋ ਇਕ ਜਣਾਈਆ । ਕੂੜੀ ਕਿਰਿਆ ਭਾਂਡਾ ਦੇਵੇ ਭੰਨ, ਗੜ੍ਹ ਹੰਕਾਰ ਆਪ ਤੁੜਾਈਆ । ਵੇਖਣਹਾਰਾ ਛੱਪਰ ਛੰਨ, ਮਹੱਲ ਅਟਲ ਸੋਭਾ ਪਾਈਆ । ਕਲਜੁਗ ਅੰਤ ਸੂਰਾ ਸਰਬੰਗ, ਸ੍ਰੀ ਭਗਵੰਤ ਵੇਸ ਵਟਾਈਆ । ਸਚ ਦਵਾਰਾ ਵੇਖੇ ਲੰਘ, ਮੰਜ਼ਲ ਆਪਣਾ ਪੰਧ ਮੁਕਾਈਆ । ਜਨ ਭਗਤਾਂ ਸੇਜ ਸੁਹੰਜਣੀ ਪਲੰਘ, ਆਤਮ ਅੰਤਰ ਸੋਹਣਾ ਰੂਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਚਾਈਂ ਚਾਈਆ । ਹਰਿਜਨ ਮਿਲੌਣਾ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਮੰਜ਼ਲ ਮੰਜ਼ਲ ਜਾਣਾ ਚੜ੍ਹ, ਪੌੜੀ ਡੰਡੇ ਪੰਧ ਮੁਕਾਈਆ । ਸਤਿ ਦਵਾਰੇ ਜਾਣਾ ਖੜ, ਸਾਹਿਬ ਸਤਿਗੁਰ ਹੁਕਮ ਮਨਾਈਆ । ਸਵੱਛ ਸਰੂਪੀ ਸ਼ਾਹੋ ਭੂਪੀ ਕਿਰਪਾ ਦਏ ਕਰ, ਕਿਰਪਾ ਨਿਧਾਨ ਬੇਪਰਵਾਹੀਆ । ਜੋਤੀ ਜਾਤਾ ਨੂਰ ਧਰ, ਜ਼ਹੂਰ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਮਿਲਾਈਆ । ਜਨ ਭਗਤ ਮੇਲਾ ਉਚ ਅਟਾਰੀ, ਮੰਜ਼ਲ ਇਕੋ ਇਕ ਦਰਸਾਈਆ । ਜਿਥੇ ਜੋਤ ਜਗੇ ਨਿਰੰਕਾਰੀ, ਨਿਰਗੁਣ ਬੈਠਾ ਡੇਰਾ ਲਾਈਆ । ਸਾਹਿਬ ਸਤਿਗੁਰ ਮੀਤ ਮੁਰਾਰੀ, ਸੱਜਣ ਇਕੋ ਇਕ ਅਖਵਾਈਆ । ਵੇਖਣਹਾਰਾ ਪਿਛਾ ਅਗਾੜੀ, ਚਾਰੋਂ ਕੁੰਟ ਖੋਜ ਖੋਜਾਈਆ । ਦਹਿ ਦਿਸ਼ਾ ਪਾਏ ਸਾਰੀ, ਪੜਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਤਮ ਕਰੇ ਪਿਆਰੀ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਪ੍ਰੀਤਮ ਹੋ ਕੇ ਕਰੇ ਮਿਲਾਪ, ਪਰਮ ਪੁਰਖ ਦਇਆ

ਕਮਾਇੰਦਾ । ਇਕੋ ਦੱਸੇ ਧੁਰ ਦਾ ਪਾਠ, ਸਾਚਾ ਸੋਹਲਾ ਰਾਗ ਸਮਝਾਇੰਦਾ । ਆਤਮ ਪਰਮਾਤਮ ਧੁਰ ਦੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਗੁਪਤ ਜ਼ਾਹਰ ਬਾਤਨ ਕਰੇ ਬਾਤ, ਸਚ ਸੰਦੇਸ਼ਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਵਾਕ ਭਵਿਖਤ ਗਏ ਆਖ, ਆਖ਼ਰ ਲੇਖਾ ਸਰਬ ਮੁਕਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਇੰਦਾ । ਸ੍ਰਿਸ਼ਟ ਸਬਾਈ ਇਕੋ ਨਾਤ, ਬਿਧਾਤਾ ਆਪਣੇ ਨਾਲ ਜੁੜਾਇੰਦਾ । ਚਾਰ ਵਰਨ ਬਣੇ ਸਚ ਜਮਾਤ, ਧੁਰ ਦਾ ਨਾਮ ਆਪ ਪੜ੍ਹਾਇੰਦਾ । ਡੇਰਾ ਢੱਠੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਸਤਿ ਸਤਿ ਦੀ ਸਚ ਕਿਤਾਬ, ਸਾਹਿਬ ਸਤਿਗੁਰ ਆਪਣਾ ਨਾਮ ਸਮਝਾਇੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਪਾਕ, ਪਵਿਤ ਆਪਣੇ ਨਾਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਸੁਹਾਇੰਦਾ । ਸਾਚਾ ਦਰ ਸੁਹੰਜਣਾ, ਜਨ ਭਗਤ ਦਏ ਵਡਿਆਈਆ । ਨੇਤਰ ਪਾ ਕੇ ਨਾਮ ਅੰਜਣਾ, ਅਗਿਆਨ ਅੰਧੇਰ ਚੁਕਾਈਆ । ਚਰਨ ਧੂੜੀ ਸੱਚਾ ਮਜਨਾ, ਦੁਰਮਤ ਮੈਲ ਧਵਾਈਆ । ਸਚ ਨਗਾਰਾ ਇਕੋ ਵੱਜਣਾ, ਕਲਜੁਗ ਅੰਤਮ ਦਏ ਸਮਝਾਈਆ । ਲੱਖ ਚੁਰਾਸੀ ਭਾਂਡਾ ਭੱਜਣਾ, ਥਿਰ ਕੋਇ ਰਹਿਣ ਨਾ ਪਾਈਆ । ਕੋਟਾਂ ਵਿਚੋਂ ਜਨਭਗਤ ਭਗਤ ਦਵਾਰੇ ਬਹਿ ਕੇ ਸਜਣਾ, ਮੁਰੀਦ ਮੁਰਸ਼ਦ ਲਏ ਮਿਲਾਈਆ । ਇਕੋ ਦੇਵੇ ਪਰਮਾਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਗੌਣਾ ਸਾਚਾ ਛੰਦਨਾ, ਸੰਸਾ ਰੋਗ ਰਹੇ ਨਾ ਰਾਈਆ । ਆਤਮ ਪਰਮਾਤਮ ਟੁੱਟੀ ਆਪੇ ਗੰਢਣਾ, ਗੰਢਣਹਾਰ ਇਕ ਗੋਸਾਂਈਆ । ਜਨ ਭਗਤ ਤੇਰੀ ਪੂਰੀ ਆਸਾ ਮਨਸਾ ਹੋਵੇ ਮੰਗਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਰਹਿਮਤ, ਰਹਿਮਾਨ ਦਇਆ ਕਮਾਈਆ । ਪਰਵਰਦਿਗਾਰ ਹੋ ਕੇ ਸਹਿਮਤ, ਸਹਿਮ ਕੂੜਾ ਦਏ ਚੁਕਾਈਆ । ਗੁਰਮੁਖ ਬਣੇ ਨਾ ਕੋਈ ਅਹਿਮਕ, ਸਾਚੀ ਸਿਖਿਆ ਇਕ ਵਖਾਈਆ । ਸ਼ਬਦ ਇਸ਼ਾਰਾ ਦੇਵੇ ਸੈਨਤ, ਸਚ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੱਚਾ ਮਾਰਗ ਇਕ ਲਗਾਈਆ । ਸੱਚਾ ਮਾਰਗ ਭਗਤ ਭਗਵਾਨ, ਹਰਿ ਕਲਜੁਗ ਅੰਤ ਲਗਾਇੰਦਾ । ਚਾਰ ਵਰਨਾਂ ਇਕ ਗਿਆਨ, ਬਰਨ ਅਠਾਰਾਂ ਆਪ ਸਮਝਾਇੰਦਾ । ਜਿਸ ਦੀ ਸਿਫ਼ਤ ਕਰਦੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਰਾਗ ਅਲਾਇੰਦਾ । ਜਿਸ ਦਾ ਨਾਅਰਾ ਲੌਂਦੇ ਅੰਜੀਲ ਕੁਰਾਨ, ਤੀਸ ਬਤੀਸਾ ਵੰਡ ਵੰਡਾਇੰਦਾ । ਜਿਸ ਦੀ ਖਾਣੀ ਬਾਣੀ ਦੱਸੇ ਪਹਿਚਾਨ, ਪਰਾ ਪਸੰਤੀ ਮਧਮ ਬੈਖਰੀ ਧੁਰ ਦਾ ਨਾਦ ਸੁਣਾਇੰਦਾ । ਸੋ ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਮਹਾਨ, ਮਹਿੰਮਾ ਕਥ ਨਾ ਕੋਇ ਦ੍ਰਿੜਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਪਰਗਟ ਹੋਵੇ ਵਾਲੀ ਦੋ ਜਹਾਨ, ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਚੌਦਸ ਚੰਦ ਖੋਜ ਖੋਜਾਇੰਦਾ । ਲੱਖ ਚੁਰਾਸੀ ਅੰਦਰ ਬਾਹਰ ਗੁਪਤ ਜ਼ਾਹਰ ਵੇਖੇ ਸਤਿ ਈਮਾਨ, ਸਿਦਕ ਸਬੂਰੀ ਭੇਵ ਅਭੇਦਾ ਆਪ ਖੁਲ੍ਹਾਇੰਦਾ । ਲੇਖਾ ਜਾਣੇ ਸਾਚੇ ਰਾਮ, ਰਮਈਆ ਹੋ ਕੇ ਕਾਰ ਕਮਾਇੰਦਾ । ਭੁਲੇਖਾ ਕੱਢੇ ਧੁਰ ਦਾ ਕਾਹਨ, ਘਨਈਆ ਹੋ ਕੇ ਆਪਣਾ ਖੇਲ ਵਖਾਇੰਦਾ । ਹਜ਼ਰਤ ਹੋ ਕੇ ਦਏ ਪੈਗ਼ਾਮ, ਹਾਜ਼ਰ ਹੋ ਕੇ ਪੜਦਾ ਲਾਹਿੰਦਾ । ਭਗਵੰਤ ਹੋ ਕੇ ਬਦਲੇ ਨਜ਼ਾਮ, ਨੌਬਤ ਆਪਣਾ ਨਾਮ ਸੁਣਾਇੰਦਾ । ਸੱਚਾ ਮਾਰਗ ਦੱਸੇ ਆਪ ਮਿਹਰਵਾਨ, ਮਿਹਬਾਨ ਬੀਦੋ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ

ਸੰਗ ਨਿਭਾਇੰਦਾ । ਸਾਚਾ ਸੰਗ ਨਿਭਾਏ ਜਗ, ਜਗ ਜੀਵਣ ਦਾਤਾ ਵੱਡੀ ਵਡਿਆਈਆ । ਸਚ ਦਵਾਰ ਕਰਾਏ ਹੱਜ, ਹਾਜਤ ਸਭ ਦੀ ਪੂਰ ਵਖਾਈਆ । ਜਨ ਭਗਤ ਕਾਇਆ ਮੰਦਰ ਅੰਦਰ ਵਿਚੋਂ ਲਏ ਲੱਭ, ਬਾਹਰ ਖੋਜਣ ਕੋਇ ਨਾ ਜਾਈਆ । ਸ਼ਬਦ ਸਵਾਮੀ ਪਾਰ ਕਿਨਾਰਾ ਦੱਸੇ ਹੱਦ, ਹਦੂਦ ਅਪਣੀ ਦਏ ਦ੍ਰਿੜਾਈਆ । ਭੇਵ ਖੁਲ੍ਹਾ ਕੇ ਵਿਸ਼ਵ ਯੱਦ, ਵਾਸਤਾ ਆਪਣੇ ਨਾਲ ਰਖਾਈਆ । ਇਕੋ ਦੇ ਕੇ ਅਮਰਾ ਪਦ, ਅਗਲੀ ਪਿਛਲੀ ਮੰਜ਼ਲ ਦਏ ਮੁਕਾਈਆ । ਸੰਤ ਸੁਹੇਲੇ ਸੱਜਣ ਸੱਦ, ਸਾਧਨਾ ਸਾਚੀ ਦਏ ਦ੍ਰਿੜਾਈਆ । ਨਾਮ ਨਿਧਾਨ ਅੰਮ੍ਰਿਤ ਰਸ ਪੀਓ ਮਦਿ, ਸਚ ਖੁਮਾਰੀ ਇਕ ਚੜ੍ਹਾਈਆ । ਜੁਗ ਚੌਕੜੀ ਕੋਟਨ ਕੋਟ ਲੋਕਮਾਤ ਗਏ ਲੱਦ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਫੇਰੀਆਂ ਪਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਸਚਖੰਡ ਦਵਾਰ ਕੋਈ ਨਾ ਬਹੇ ਸਜ, ਸ਼ਾਹ ਸੁਲਤਾਨ ਭੂਪਤ ਭੂਪ ਰਾਜ ਰਾਜਾਨ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਹਰਿ ਭਗਤ ਸੁਹੇਲੇ ਲਏ ਲੱਭ, ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਘਟ ਘਟ ਅੰਦਰ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਧਾਰ ਬੰਧਾਈਆ ।

### ੨੭ ਹਾੜ ੨੦੨੧ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ

ਸਾਹਿਬ ਸਤਿਗੁਰ ਸਾਚੀ ਕਿਰਪਾ, ਕਿਰਪਨ ਲਏ ਤਰਾਈਆ । ਜਨਮ ਕਰਮ ਦੀ ਕੱਟੇ ਬਿਪਤਾ, ਰੋਗ ਸੋਗ ਮਿਟਾਈਆ । ਹਰਿ ਸੰਤ ਸੁਹੇਲੇ ਵੇਖਣ ਆਈ ਮਾਤਾ ਤ੍ਰਿਪਤਾ, ਨਾਨਕ ਗੋਦੀ ਜੋ ਟਿਕਾਈਆ । ਜਿਨ੍ਹਾਂ ਪਰਮ ਪੁਰਖ ਦਾ ਇਕੋ ਇਸ਼ਟਾ, ਦੂਜਾ ਸੀਸ ਨਾ ਕੋਇ ਝੁਕਾਈਆ । ਵਾਰ ਥਿਤ ਘੜੀ ਵੇਖੇ ਸਤਿ ਪਰਵਿਸ਼ਟਾ, ਦਿਵਸ ਰੈਣ ਖ਼ੁਸ਼ੀ ਮਨਾਈਆ । ਸਾਹਿਬ ਸਤਿਗੁਰ ਉਤੇ ਜਿਨ੍ਹਾਂ ਪੂਰਬ ਨਿਸਚਾ, ਸਚ ਪ੍ਰਤੀਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਹੋ ਜਾਈਆ । ਸਾਹਿਬ ਸਤਿਗੁਰ ਕਿਰਪਾ ਨਿਧਾਨ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦੀ ਇਕ ਧਿਆਨ, ਜੁਗ ਚੌਕੜੀ ਵੇਖ ਵਖਾਈਆ । ਜਿਸ ਦਾ ਸੁਤ ਦੁਲਾਰਾ ਗੋਬਿੰਦ ਨੌਜਵਾਨ, ਬਲਧਾਰੀ ਇਕ ਅਖਵਾਈਆ । ਜਿਸ ਦਾ ਨਾਮ ਖੰਡਾ ਤੇਜ਼ ਕਿਰਪਾਨ, ਖੜਗ ਸਾਚੀ ਹੱਥ ਚਮਕਾਈਆ । ਜਿਸ ਨੂੰ ਸੱਜਦਾ ਕਰੇ ਜ਼ਿਮੀਂ ਅਸਮਾਨ, ਲੋਕ ਪਰਲੋਕ ਸੀਸ ਝੁਕਾਈਆ । ਜਿਸ ਦਾ ਸਤਿ ਸਤਿਵਾਦੀ ਇਕ ਈਮਾਨ, ਧਰਮ ਇਕੋ ਇਕ ਦ੍ਰਿੜਾਈਆ । ਜਿਸ ਦਾ ਝੁਲਦਾ ਸਚ ਨਿਸ਼ਾਨ, ਸ਼ਾਹ ਸੁਲਤਾਨ ਸਿਰ ਨਾ ਕੋਇ ਉਠਾਈਆ । ਜਿਸ ਦਾ ਮੰਦਰ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਈਆ । ਦੀਵਾ ਬਾਤੀ ਜੋਤ ਮਹਾਨ, ਘਟ ਘਟ ਅੰਦਰ ਕਰੇ ਰੁਸ਼ਨਾਈਆ । ਜਿਸ ਦਾ ਅੰਮ੍ਰਿਤ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਗਵਾਈਆ । ਜਿਸ ਦਾ ਨਾਮ ਨਿਧਾਨਾ ਨਿਰਾਲਾ ਬਾਣ, ਸ਼ਬਦ ਅਣਿਆਲਾ ਤੀਰ ਚਲਾਈਆ । ਜਿਸ ਦਾ ਖੇਲ ਜੁਗ ਜੁਗ ਜਨ ਭਗਤਾਂ ਮਿਲਣਾ ਆਣ, ਮੇਲ ਮਿਲੌਣਾ ਸਹਿਜ ਸੁਭਾਈਆ । ਸੋ ਸਮਰਥ ਪੁਰਖ ਸ੍ਰੀ ਭਗਵਾਨ, ਹਰਿ ਕਰਤਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸੱਚਾ ਵਰ, ਵਡ ਦਾਤਾ ਬੇਪਰਵਾਹੀਆ । ਬੇਪਰਵਾਹ ਗਹਿਰ ਗੰਭੀਰ, ਹਰਿ ਕਰਤਾ ਆਪ ਅਖਵਾਇੰਦਾ । ਕਰੇ ਖੇਲ ਬੇਨਜ਼ੀਰ, ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਦੱਸ ਸਚ ਤਸਵੀਰ, ਤਸੱਵਰ ਆਪਣਾ ਇਕ ਦ੍ਰਿੜਾਇੰਦਾ । ਜਨਮ ਕਰਮ ਦੀ ਕੱਢ ਕੇ ਭੀੜ, ਔਝੜ ਰਾਹ ਪੰਧ ਮੁਕਾਇੰਦਾ । ਮੰਜ਼ਲ ਦੱਸ ਕੇ ਇਕ ਅਖ਼ੀਰ, ਆਖ਼ਰ ਆਪਣੇ ਘਰ ਵਸਾਇੰਦਾ । ਜਿਥੇ ਲੇਖਾ ਚੁੱਕੇ ਸ਼ਾਹ ਫ਼ਕੀਰ, ਰਾਓ ਰੰਕ ਨਾ ਕੋਇ ਵਡਿਆਇੰਦਾ । ਜਿਥੇ ਮਨ ਮਤ ਬੁਧ ਚਤੁਰਾਈ ਚਲੇ ਨਾ ਕੋਇ ਤਦਬੀਰ, ਤਜਵੀਜ਼ ਆਪਣੀ ਇਕ ਸਮਝਾਇੰਦਾ । ਜਿਸ ਦਰ ਝੁਕਦੇ ਸ਼ਾਹ ਪੈਗ਼ੰਬਰ ਪੀਰ, ਸ਼ਹਿਨਸ਼ਾਹ ਇਕੋ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਘਰ ਸਾਚੇ ਸੋਭਾ ਪਾਇੰਦਾ । ਸੋਭਾਵੰਤ ਸ੍ਰੀ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਚੌਕੜੀ ਆਪਣਾ ਵੇਸ ਵਟਾਈਆ । ਨਾਉਂ ਨਿਰੰਕਾਰ ਪਰਗਟਾਏ ਮਹਿਮਾ ਜਣਾਏ ਅਗਣਤ, ਲੇਖਾ ਲਿਖਤ ਨਾ ਕੋਇ ਸਮਝਾਈਆ । ਹਰਿਜਨ ਮੇਲੇ ਧੁਰ ਦੇ ਸੰਤ, ਸੱਜਣ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਅੱਖ ਖੁਲ੍ਹਾਈਆ । ਨੇਤਰ ਨੈਣ ਅੱਖ ਖੋਲ੍ਹੇ ਖ਼ਾਲਕ, ਖ਼ਲਕ ਦਏ ਸਮਝਾਈਆ । ਜਨ ਭਗਤਾਂ ਬਣੇ ਆਪ ਪ੍ਰਿਤਪਾਲਕ, ਸੇਵਕ ਹੋ ਕੇ ਸੇਵ ਕਮਾਈਆ । ਨਿਰਗੁਣ ਸਰਗੁਣ ਭੇਵ ਚੁਕਾਏ ਇਕੋ ਸਾਲਸ, ਸਚ ਅਦਾਲਤ ਇਕ ਸਮਝਾਈਆ । ਕਲਜੁਗ ਅੰਤ ਕਿਸੇ ਦੀ ਮੰਨੇ ਨਾ ਕੋਇ ਸਫ਼ਾਰਸ਼, ਇਬਾਰਤ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਜ਼ਮਾਨਤ, ਜ਼ਾਮਨੀ ਆਪਣੀ ਇਕ ਰਖਾਈਆ । ਜ਼ਾਮਨ_ਬਣੇ ਧੁਰ ਦਾ ਮੀਤ, ਹਰਿ ਕਰਤਾ ਖੇਲ ਕਰਾਇੰਦਾ । ਸਤਿਜੁਗ ਸਾਚੀ ਬੰਨ੍ਹੇ ਰੀਤ, ਰਹਿਬਰ ਇਕੋ ਰਾਹ ਵਖਾਇੰਦਾ । ਮੰਦਰ ਵਖਾਏ ਅਗੰਮ ਮਸੀਤ, ਅਥਾਹ ਨਜ਼ਰੀ ਆਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨੀਕਨ ਨੀਕ, ਵਡ ਵੱਡਾ ਫੇਰਾ ਪਾਇੰਦਾ । ਲੱਖ ਚੁਰਾਸੀ ਆਤਮ ਜੀਤ, ਪਰਮਾਤਮ ਭੇਵ ਖੁਲ੍ਹਾਇੰਦਾ । ਜਨ ਭਗਤ ਕਾਇਆ ਕਰ ਠੰਡੀ ਸੀਤ, ਸਾਂਤਕ ਸਤਿ ਕਰਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਡੇਰਾ ਢਾਇੰਦਾ । ਲੇਖ ਚੁਕਾਕੇ ਨੀਚੋ ਨੀਚ, ਊਚੋ ਊਚ ਆਪ ਬਣਾਇੰਦਾ । ਨਾਮ ਪਦਾਰਥ ਪਾ ਕੇ ਭੀਖ, ਝੋਲੀ ਆਪ ਭਰਾਇੰਦਾ । ਜਿਨ੍ਹਾਂ ਗੁਰਮੁਖਾਂ ਜਨਮ ਜਨਮ ਦੀ ਲੱਗੀ ਰਹੀ ਉਡੀਕ, ਤਿਨ੍ਹਾਂ ਨੇਤਰ ਲੋਚਣ ਦਰਸਨ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵਾਮੀ ਹੋ ਕੇ ਕਰੇ ਪ੍ਰੀਤ, ਨਿਹਕਾਮੀ ਹੋ ਕੇ ਨਿਹਕਰਮਣ ਗਲੇ ਲਗਾਇੰਦਾ ।

## ✪ ਪਹਿਲੀ ਸਾਵਣ ੨੦੨੧ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਸੋ ਪੁਰਖ ਨਿਰੰਜਣ ਤੇਰਾ ਆਦਿ ਜੁਗਾਦਿ, ਮਧ ਭੇਵ ਕੋਇ ਨਾ ਪਾਇੰਦਾ । ਸਚਖੰਡ ਦਵਾਰ ਰਹੇ ਵਿਸਮਾਦ, ਬਿਸਮਿਲ ਰੂਪ ਆਪ ਸਮਾਇੰਦਾ । ਜੁਗ ਚੌਕੜੀ ਦੇਵੇ ਦਾਦ, ਵਸਤ ਅਮੋਲਕ ਸਚ ਵਰਤਾਇੰਦਾ । ਸਤਿ ਸਤਿ ਵਜਾ ਅਗੰਮੀ ਨਾਦ, ਸ਼ਬਦੀ ਰਾਗ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਦਾਦ, ਧੁਰ ਦੀ ਧਾਰ ਆਪ ਸਮਝਾਇੰਦਾ । ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਆਪਣਾ ਹੁਕਮ ਵਰਤਾਇੰਦਾ । ਰਵ ਸਸ ਨੂਰ ਦੇ ਸੂਰਜ ਚਾਂਦ, ਮੰਡਲ ਮੰਡਪ ਆਪ ਰੁਸ਼ਨਾਇੰਦਾ । ਧਰਤ ਧਵਲ ਪ੍ਰਿਥਮੀ ਆਕਾਸ਼ ਦੇ ਸਾਥ, ਸਗਲਾ ਸੰਗ ਨਿਭਾਇੰਦਾ । ਨਿਰਮਲ ਦੀਆ

ਬਾਤੀ ਕਰ ਪਰਕਾਸ਼, ਦੋ ਜਹਾਨਾਂ ਡਗਮਗਾਇੰਦਾ। ਸਤਿ ਸਵਾਮੀ ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ। ਹਰਿ ਪੁਰਖ ਨਿਰੰਜਣ ਤੇਰਾ ਖੇਲ ਤਮਾਸ਼, ਏਕੰਕਾਰੇ ਭੇਵ ਕੋਇ ਨਾ ਆਇੰਦਾ। ਅਬਿਨਾਸ਼ੀ ਕਰਤੇ ਤੇਰਾ ਮਹੱਲ ਅੱਟਲ ਉਚ ਮਨਾਰ ਸੋਭੇ ਉਪਰ ਆਕਾਸ਼, ਆਕਾਸ਼ ਆਕਾਸ਼ਾਂ ਚਰਨਾਂ ਹੇਠ ਰਖਾਇੰਦਾ। ਪਾਰਬ੍ਰਹਮ ਪਤਿਪਰਮੇਸ਼ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪਣੇ ਹੱਥ ਰਖਾਇੰਦਾ। ਧੁਰ ਦਾ ਲੇਖਾ ਸਚ ਸਵਾਮੀ, ਤੇਰਾ ਸਮਝ ਕੋਇ ਨਾ ਪਾਈਆ। ਤੂੰ ਕਰਤਾ ਪੁਰਖ ਆਦਿ ਜੁਗਾਦਿ ਅੰਤਰਜਾਮੀ, ਵੇਖਣਹਾਰਾ ਘਟ ਘਟ ਥਾਈਂਆ। ਬੋਧ ਅਗਾਧ ਅਗੰਮ ਅਥਾਹ ਸ਼ਬਦ ਨਾਦ ਤੇਰੀ ਬਾਣੀ, ਅਣਿਆਲਾ ਤੀਰ ਬਾਣ ਲਗਾਈਆ। ਜੁਗ ਚੌਕੜੀ ਨਿਰਗੁਣ ਸਰਗੁਣ ਤੇਰੀ ਅਕਥ ਕਹਾਣੀ, ਰਸਨਾ ਜਿਹਵਾ ਬੱਤੀ ਦੰਦ ਢੋਲਾ ਸਿਫ਼ਤ ਸਾਲਾਹੀਆ। ਤੇਰਾ ਪਰਵੇਸ਼ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ। ਤੇਰਾ ਨਾਉਂ ਨਿਰੰਕਾਰ ਪਦ ਨਿਰਬਾਣੀ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਰਹੀ ਜਸ ਗਾਈਆ। ਤੇਰਾ ਚਰਨ ਸਰੋਵਰ ਅੰਮ੍ਰਿਤ ਰਸ ਠੰਡਾ ਪਾਣੀ, ਸਾਚਾ ਝਿਰਨਾ ਇਕ ਝਿਰਾਈਆ। ਤੇਰਾ ਨਿਰਮਲ ਨੂਰ ਜੋਤ ਸਚ ਨੂਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਹਿਜ ਸੁਖਦਾਈਆ। ਤੇਰਾ ਖੇਲ ਪੁਰਖ ਅਗੰਮ, ਹਰਿ ਕਰਤੇ ਸਮਝ ਕੋਇ ਨਾ ਪਾਇੰਦਾ। ਨਿਤ ਨਵਿਤ ਖੇਲੇ ਖੇਲ ਸ੍ਰੀ ਭਗਵਨ, ਭਗਵੰਤ ਆਪਣੀ ਕਾਰ ਕਮਾਇੰਦਾ। ਨਿਰਗੁਣ ਸਰਗੁਣ ਚਾੜ੍ਹ ਕੇ ਚੰਨ, ਜੋਤੀ ਜਾਤਾ ਹੋ ਕੇ ਡਗਮਗਾਇੰਦਾ। ਸਚਖੰਡ ਦਵਾਰੇ ਬੇੜਾ ਬੰਨ੍ਹ, ਥਿਰ ਘਰ ਆਪਣਾ ਰੰਗ ਰੰਗਾਇੰਦਾ। ਦਰਗਾਹ ਸਾਚੀ ਆਪੇ ਮੰਨ, ਮੁਕਾਮੇ ਹਕ ਖੇਲ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ। ਸਚ ਕਰਨੀ ਕਾਰ ਕਰੇ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ। ਸਚਖੰਡ ਨਿਵਾਸੀ ਸਿਰਜਨਹਾਰ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ। ਜੁਗ ਚੌਕੜੀ ਲੈ ਅਵਤਾਰ, ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ। ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਤ੍ਰੈਗੁਣ ਮੇਲਾ ਪੰਜ ਤਤ ਚੇਲਾ ਜੋੜ ਜੁੜਾਈਆ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਨਵ ਨੌਂ ਚਾਰ ਪੰਧ ਮੁਕਾਈਆ। ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਕਾਤਬ ਹੋ ਕੇ ਕਲਮ ਸ਼ਾਹੀਆ। ਸ਼ਬਦ ਅਗੰਮੀ ਬੋਲ ਜੈਕਾਰ, ਨਾਦ ਧੁਨ ਕਰੇ ਸ਼ਨਵਾਈਆ। ਅੰਤਰ ਆਤਮ ਸਚ ਪਿਆਰ, ਪ੍ਰੀਤਮ ਪ੍ਰੀਤੀ ਆਪਣੇ ਨਾਲ ਰਖਾਈਆ। ਮਹੱਲ ਅਟਲ ਕਾਇਆ ਮਨਾਰ, ਮੰਦਰ ਇਕੋ ਇਕ ਸੁਹਾਈਆ। ਦੀਵਾ ਬਾਤੀ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ। ਸਾਚੀ ਸੇਜਾ ਕਰ ਪਿਆਰ, ਸੋਭਾਵੰਤ ਵੇਖ ਵਖਾਈਆ। ਕਰਤਾ ਪੁਰਖ ਕਰੇ ਕਰਾਏ ਕਰਨੇਹਾਰ, ਦੂਸਰ ਸੰਗ ਨਾ ਕੋਇ ਰਲਾਈਆ। ਲੇਖਾ ਮੰਗੇ ਗੁਰੂ ਅਵਤਾਰ, ਪੀਰ ਪੈਗੰਬਰ ਹੁਕਮ ਸੁਣਾਈਆ। ਕਲਜੁਗ ਅੰਤ ਹੋਵੇ ਸਾਰੇ ਖ਼ਬਰਦਾਰ, ਬੇਖ਼ਬਰ ਖ਼ਬਰ ਰਿਹਾ ਦ੍ਰਿੜਾਈਆ। ਨੇਤਰ ਖੋਲ੍ਹੋ ਬੰਦ ਕਿਵਾੜ, ਲੋਚਣ ਇਕੋ ਇਕ ਸਮਝਾਈਆ। ਜਿਸ ਦੇ ਨਾਲ ਗੁਫ਼ਤ ਸ਼ਨੀਦ ਕਰਦੇ ਰਹੇ ਗੁਫ਼ਤਾਰ, ਕਲਮਾ ਕਲਾਮ ਨਬੀਆਂ ਰਿਹਾ ਪੜ੍ਹਾਈਆ। ਜਿਸ ਨੂੰ ਮੰਨਦੇ ਰਹੇ ਸਿਕਦਾਰ, ਪਰਵਰਦਿਗਾਰ ਨੂਰ ਇਲਾਹੀਆ। ਸੱਜਦਾ ਕਰ ਕਰ ਝੁਕਦੇ ਰਹੇ ਜੁਗ ਚਾਰ, ਚੌਕੜੀ ਬੈਠੇ ਧਿਆਨ ਲਗਾਈਆ। ਜਿਸ ਦਾ ਕਰਦੇ ਗਏ ਇਜ਼ਹਾਰ, ਰਸਨਾ ਜਿਹਵਾ ਢੋਲਾ ਗਾਈਆ। ਲੇਖਾ ਲਿਖਦੇ ਰਹੇ ਵਿਚ ਸੰਸਾਰ, ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ।

ਜਿਸ ਦੇ ਦਰ ਤੋਂ ਮੰਗਦੇ ਰਹੇ ਬਣ ਭਿਖਾਰ, ਦਰ ਦਰਵੇਸ਼ ਫੇਰਾ ਪਾਈਆ । ਜਿਸ ਨੂੰ ਨਮੋ ਨਮੋ ਕਹਿੰਦੇ ਰਹੇ ਦੋਏ ਜੋੜ ਕਰ ਨਿਮਸਕਾਰ, ਡੰਡੌਤ ਕਰ ਕੇ ਸੀਸ ਝੁਕਾਈਆ । ਸੋ ਲੇਖਾ ਮੰਗੇ ਮੰਗਣਹਾਰ, ਸਮਰਥ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਾਰ ਆਪ ਕਮਾਈਆ । ਕਰਨੀ ਕਰਤਾ ਕਰੇ ਸ਼ਾਹ ਨਵਾਬ, ਸ਼ਹਿਨਸ਼ਾਹ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਝੁਕ ਕੇ ਕਰਨ ਆਦਾਬ, ਸੱਯਦਾ ਇਕੋ ਘਰ ਵਖਾਈਆ । ਅਬਿਨਾਸ਼ੀ ਕਰਤਾ ਸਤਿ ਸਰੂਪੀ ਮਾਰ ਇਕ ਆਵਾਜ਼, ਸ਼ਬਦ ਇਸ਼ਾਰੇ ਨਾਲ ਉਠਾਈਆ । ਪੂਰਬ ਲੇਖਾ ਕੱਢੇ ਕਿਤਾਬ, ਵਰਕਾ ਵਰਕਾ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚੁੱਕੇ ਪੜਦਾ, ਪਰਵਰਦਿਗਾਰ, ਆਪ ਜਣਾਇੰਦਾ । ਮੈਂ ਲੇਖਾ ਜਾਣਾਂ ਘਰ ਘਰ ਦਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅਗਨੀ ਮਾਇਆ ਵਿਚ ਸੜਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਸਾਧ ਸੰਤ ਸਾਚੀ ਮੰਜ਼ਲ ਪੌੜੇ ਕੋਈ ਨਾ ਚੜ੍ਹਦਾ, ਮਹੱਲ ਅਟਲ ਬੈਠ ਘਰ ਦਰਸ ਕੋਇ ਨਾ ਪਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਸੜਦਾ, ਪੰਡਤ ਪਾਂਧਾ ਧੀਰਜ ਧੀਰ ਨਾ ਕੋਇ ਜਣਾਇੰਦਾ । ਸਾਚੇ ਹੁਜਰੇ ਕਾਇਆ ਕਾਅਬੇ ਕੋਇ ਨਾ ਵੜਦਾ, ਮੰਦਰ ਮਸੀਤ ਚਾਰੋਂ ਕੁੰਟ ਫੇਰਾ ਪਾਇੰਦਾ । ਆਤਮ ਸਰੋਵਰ ਸਾਚੀ ਤਾਰੀ ਕੋਈ ਨਾ ਤਰਦਾ, ਅਠਸਠ ਤੀਰਥ ਦੁਰਮਤ ਮੈਲ ਨਾ ਕੋਇ ਧਵਾਇੰਦਾ । ਪਰਮ ਪੁਰਖ ਪਰਮਾਤਮ ਆਤਮ ਪੱਲੂ ਕੋਇ ਨਾ ਫੜਦਾ, ਮਨ ਵਾਸਨਾ ਜਗਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਜਗ, ਕਲਜੁਗ ਚਾਰੋਂ ਕੁੰਟ ਅੰਧੇਰਾ ਛਾਈਆ । ਕਾਇਆ ਮਾਟੀ ਪੰਜ ਤਤ ਘਰ ਘਰ ਲੱਗੀ ਅੱਗ, ਤਤਵ ਤਤ ਰਿਹਾ ਜਲਾਈਆ । ਜੀਵ ਜੰਤ ਹੋਏ ਹੰਸ ਕੱਗ, ਬੁਧੀ ਕਾਗ ਵਾਂਗ ਕੁਰਲਾਈਆ । ਮਨ ਵਾਸਨਾ ਚਾਰੋਂ ਕੁੰਟ ਰਹੇ ਭੱਜ, ਦਹਿ ਦਿਸ਼ਾ ਪੰਧ ਨਾ ਕੋਇ ਮੁਕਾਈਆ । ਸਾਚਾ ਕਰੇ ਕੋਈ ਨਾ ਹੱਜ, ਮੱਕੇ ਕਾਅਬੇ ਪਈ ਦੁਹਾਈਆ । ਪੀਰ ਪੈਗ਼ੰਬਰ ਉਠ ਵੇਖੋ ਆਪਣੀ ਅੱਖ, ਹਰਿ ਆਖ਼ਰ ਦਏ ਵਖਾਈਆ । ਜਿਸ ਦਾ ਲੇਖਾ ਆਏ ਦੱਸ, ਅਲਿਫ਼ ਯੇ ਕਰ ਪੜ੍ਹਾਈਆ । ਜਿਸ ਦੇ ਹੋ ਕੇ ਰਹੇ ਵਸ, ਵਾਸਤਾ ਨਿਰਗੁਣ ਨੂਰ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਲਾਰਾ ਇਕ ਲਗਾਈਆ । ਸਚ ਹੁਲਾਰਾ ਲਗਾਏ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਵੇਖੇ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਸਭ ਨੂੰ ਭੁੱਲਿਆ ਧੁਰ ਦਾ ਮੰਤ, ਮੰਤਰ ਹਰਿ ਨਾ ਕੋਇ ਦ੍ਰਿੜਾਇੰਦਾ । ਨਾਰ ਦੁਹਾਗਣ ਹੋਈ ਬਿਨ ਸਾਚੇ ਕੰਤ, ਨਰ ਹਰਿ ਨਰਾਇਣ ਕੰਤ ਨਾ ਕੋਇ ਹੰਢਾਇੰਦਾ । ਚੋਲੀ ਚੜ੍ਹੇ ਨਾ ਰੰਗ ਕਿਸੇ ਬਸੰਤ, ਫੂਲਨ ਬਰਖਾ ਕੋਇ ਨਾ ਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਕੇ ਗੜ੍ਹ ਤੁੱਟੇ ਨਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਇੰਦਾ । ਨੌਂ ਦਵਾਰੇ ਸ੍ਰਿਸ਼ਟ ਸਬਾਈ ਹੋਈ ਮੰਗਤ, ਸਾਚੀ ਵਸਤ ਝੋਲੀ ਕੋਇ ਨਾ ਪਾਇੰਦਾ । ਲੇਖਾ ਚੁੱਕੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੋ ਯਾਦ, ਯਾਦਦਾਸ਼ਤ ਪਿਛਲੀ ਰਿਹਾ ਕਰਾਈਆ । ਜਿਸ

ਪੰਜ ਤਤ ਕਾਇਆ ਚੋਲਾ ਲੋਕਮਾਤ ਕੀਤਾ ਆਬਾਦ, ਸੋ ਵੇਖਣਹਾਰਾ ਪੜਦਾ ਲਾਹੀਆ । ਜਿਸ ਦਾ ਢੋਲਾ ਨਗ਼ਮਾ ਨਾਮ ਗੌਂਦੇ ਰਹੇ ਗਾਥ, ਅੱਖਰਾਂ ਨਾਲ ਕਰ ਪੜ੍ਹਾਈਆ । ਜਿਸ ਦਾ ਸਿਫ਼ਤ ਸਾਲਾਹੀ ਰੱਖਦੇ ਰਹੇ ਰੋਜ਼ਾ ਨਮਾਜ਼, ਵੁਜ਼ੂ ਕਰ ਕੇ ਵਸਲ ਇਕੋ ਇਕ ਬਣਾਈਆ । ਸੋ ਸਾਹਿਬ ਸਤਿਗੁਰ ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵੇਸ ਵਟਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਨਿਰਗੁਣ ਸਰਗੁਣ ਪੈਂਦੀ ਵੇਖੀ ਰਾਸ, ਘਰ ਘਰ ਨੱਚੇ ਵਾਹੋ ਦਾਹੀਆ । ਸਚ ਮਿਲਿਆ ਨਾ ਕਿਸੇ ਪੁਰਖ ਅਬਿਨਾਸ਼, ਅਬਿਨਾਸ਼ੀ ਰੂਪ ਨਾ ਕੋਇ ਜਣਾਈਆ । ਸਦੀ ਚੌਧਵੀਂ ਚੌਦਾਂ ਤਬਕ ਹੋਏ ਉਦਾਸ, ਹੈਰਾਨੀ ਸਭ ਦੇ ਉਪਰ ਛਾਈਆ । ਹੁਜਰਾ ਹਕ ਨਾ ਜਾਣੇ ਕੋਈ ਮਹਿਰਾਬ, ਮਹਿਬੂਬ ਮਿਲੇ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੇ ਹੁਕਮ, ਹਰਿ ਹਾਕਮ ਆਪ ਜਣਾਇੰਦਾ । ਨੂਰ ਨੁਰਾਨਾ ਵੇਖੇ ਤੁਖ਼ਮ, ਤਾਸੀਰ ਸਭ ਦੀ ਇਕ ਦ੍ਰਿੜਾਇੰਦਾ । ਜਿਸ ਦੀ ਧਾਰੋਂ ਆਏ ਉਤਰ, ਜੋਤੀ ਜਾਤਾ ਵੇਖ ਵਖਾਇੰਦਾ । ਜਿਸ ਬਾਲੇ ਨੰਨ੍ਹੇ ਬੱਚੇ ਬਣਾਏ ਪੁੱਤਰ, ਪਿਤਾ ਪੁਰਖ ਅਕਾਲ ਫੇਰੀ ਪਾਇੰਦਾ । ਕਲਜੁਗ ਅੰਤਮ ਓਸ ਦਾ ਕਰੋ ਸ਼ੁਕਰ, ਜੋ ਸ਼ੁਕਰਾਨਿਆਂ ਵਿਚ ਕਦੇ ਨਾ ਆਇੰਦਾ । ਕੌਲ ਇਕਰਾਰ ਕਰ ਕੇ ਗਿਆ ਨਾ ਮੁੱਕਰ, ਮੁਫ਼ਤ ਆਪਣੀ ਸੇਵ ਕਮਾਇੰਦਾ । ਕਲਜੁਗ ਜੀਵ ਕੂੜੀ ਕਿਰਿਆ ਹੋਏ ਬੁੱਚੜ, ਸ਼ਬਦ ਖੰਡਾ ਹੱਥ ਨਾ ਕੋਇ ਉਠਾਇੰਦਾ । ਪਰਮ ਪੁਰਖ ਪਰਮਾਤਮ ਕਿਸੇ ਨਾ ਚੁੱਕੇ ਆਪਣੇ ਕੁਛੜ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਚਾਰ ਕੁੰਟ ਦਹਿ ਦਿਸ਼ਾ ਲੁਕਿਆ ਰਹਿਣ ਨਾ ਦੇਵੇ ਕੋਇ ਨੁਕਰ, ਨੁਕਤਾ ਸਭ ਦਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਕਾਲੀ ਧਾਰ, ਹਰਿ ਕਰਤਾ ਆਪ ਜਣਾਈਆ । ਸ੍ਰਿਸ਼ਟ ਸਬਾਈ ਰਹੀ ਹਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸੱਜਣ ਮਿਲੇ ਨਾ ਮੀਤ ਮੁਰਾਰ, ਸੰਗੀ ਸੰਗ ਨਾ ਕੋਇ ਜਣਾਈਆ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਦੇਣ ਦੁਹਾਈਆ । ਅਠਸਠ ਤੀਰਥ ਨੇਤਰ ਰੋਵੇ ਜ਼ਾਰੋ ਜ਼ਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਗੁੱਤ ਰਹੀ ਵਖਾਈਆ । ਈਸਾ ਮੂਸਾ ਮੁਹੰਮਦ ਦੋਏ ਜੋੜ ਕਰਨ ਨਿਮਸਕਾਰ, ਅੱਲਾ ਰਾਣੀ ਨੇਤਰ ਨੈਣ ਨੈਣ ਸ਼ਰਮਾਈਆ । ਤੇਈ ਅਵਤਾਰ ਬਰਖ਼ੁਰਦਾਰ, ਬੰਦੇ ਹੋ ਕੇ ਬੰਦਗੀ ਇਕੋ ਇਕ ਜਣਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਦਹਿ ਦਿਸ਼ਾ ਕਰ ਸ਼ਨਵਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਤੇਰਾ ਸੰਦੇਸਾ ਦੇਂਦੇ ਰਹੇ ਜੁਗ ਚਾਰ, ਕਾਗ਼ਜ਼ਾਂ ਉਤੇ ਕਰ ਲਿਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖੇ ਸੰਭਾਲ, ਇਸ਼ਟ ਦੇਵ ਜਗਤ ਬਣਾਈਆ । ਤੇਰਾ ਸੰਗ ਕਿਸੇ ਨਾ ਨਿਭਿਆ ਨਾਲ, ਕੋਟਨ ਕੋਟ ਬੈਠੇ ਮੁਖ ਭਵਾਈਆ । ਦੀਨਾਂ ਬੰਧਪ ਦੀਨ ਦਿਆਲ, ਸਚਖੰਡ ਵੇਖੀ ਤੇਰੀ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਇਕੋ ਬਾਲ, ਕਮਲਾਪਾਤੀ ਖੇਲ ਕਰੇ ਕਮਾਲ, ਕਵਲ ਨੈਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਚ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਅਲੱਖ, ਵਾਹਵਾ ਤੇਰੀ ਵਡ ਵਡਿਆਈਆ । ਤੇਰੇ ਹੁਕਮੇ ਅੰਦਰ ਹੋਏ ਵੱਖ, ਸਰਗੁਣ ਚੋਲਾ ਆਏ ਹੰਢਾਈਆ । ਤੇਰਾ ਨਾਮ ਸੰਦੇਸ਼ਾ ਦੱਸ, ਦਹਿ ਦਿਸ਼ਾ ਕਰੀ ਜਣਾਈਆ ।

ਤੇਰੇ ਮਿਲਣ ਦੀ ਰੱਖ ਕੇ ਆਸ, ਆਸਾ ਤੇਰੇ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਤੇਰੀ ਓਟ ਤੱਕੀ ਏਕ, ਏਕੰਕਾਰ ਤੇਰੀ ਸਰਨਾਈਆ । ਸਚਖੰਡ ਦਵਾਰਾ ਤੇਰਾ ਦੇਸ, ਲੋਕਮਾਤ ਸਾਡੀ ਬਣਤ ਬਣਾਈਆ । ਸ਼ਬਦ ਸੰਦੇਸ਼ਾ ਧੁਰ ਦਾ ਭੇਜ, ਭਜਨ ਬੰਦਗੀ ਦਿਤੀ ਦ੍ਰਿੜਾਈਆ । ਜੋਤੀ ਜਲਵਾ ਦੇ ਕੇ ਤੇਜ, ਆਤਮ ਪਰਮਾਤਮ ਪੜਦਾ ਲਾਹੀਆ । ਸਚ ਸੁਹੰਜਣੀ ਬਖ਼ਸ਼ ਕੇ ਸੇਜ, ਸੋਹਣਾ ਆਸਣ ਦਿਤਾ ਵਿਛਾਈਆ । ਕਰ ਕਿਰਪਾ ਖੋਲ੍ਹ ਕੇ ਆਪਣਾ ਭੇਤ, ਅਨਭਵ ਆਪਣੀ ਧਾਰ ਜਣਾਈਆ । ਧੁਰ ਦਾ ਲਿਖ ਕੇ ਆਏ ਲੇਖ, ਬਿਨ ਕਲਮ ਸ਼ਾਹੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਰੇਸ਼ ਤੇਰੀ ਸਰਨਾਈਆ । ਸਚ ਨਰੇਸ਼ ਪ੍ਰਭੂ ਸੁਲਤਾਨ, ਸਤਿ ਸਤਿਵਾਦੀ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਚਰਨ ਕਵਲ ਕਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਗਾਉਂਦੇ ਤੇਰੇ ਗਾਣ, ਤੂੰ ਹੀ ਤੂੰ ਹੀ ਰਾਗ ਅਲਾਈਆ । ਅੰਮ੍ਰਿਤ ਰਸ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਵਡਿਆਈਆ । ਸਖ਼ੀ ਬਣ ਕੇ ਵੇਖਿਆ ਧੁਰ ਦਾ ਕਾਹਨ, ਗੋਪੀ ਹੋ ਕੇ ਖ਼ੁਸ਼ੀ ਮਨਾਈਆ । ਸੋਝੀ ਦੇ ਕੇ ਮੇਲਿਆ ਆਣ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਚਰਨ, ਸਾਹਿਬ ਸਤਿਗੁਰ ਇਕ ਸਮਝਾਈਆ । ਜਨਮ ਪਿਛੋਂ ਮਿਲਿਆ ਮਰਨ, ਮਰਨ ਪਿਛੋਂ ਕਰਮ ਦਿਤਾ ਬਦਲਾਈਆ । ਨਾਤਾ ਤੋੜ ਕੇ ਜ਼ਾਤ ਪਾਤ ਵਰਨ ਬਰਨ, ਮਜ਼੍ਹਬ ਸ਼ਰਅ ਜ਼ੰਜੀਰ ਨਾ ਕੋਇ ਰਖਾਈਆ । ਸਚ ਦਵਾਰੇ ਸਾਰੇ ਢੋਲਾ ਇਕੋ ਪੜ੍ਹਨ, ਤੂੰ ਸਾਹਿਬ ਸੱਚਾ ਧੁਰ ਦਾ ਮਾਹੀਆ । ਮੰਜ਼ਲ ਮੰਜ਼ਲ ਅਗੰਮੀ ਪੌੜੀ ਚੜ੍ਹਨ, ਬਣ ਪਾਂਧੀ ਪੰਧ ਮੁਕਾਈਆ । ਪਰਮ ਪੁਰਖ ਦੀ ਮਿਲੇ ਸਰਨ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਕਰਤਾਰ, ਹਰਿ ਕਰਨੀ ਸਚ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੇਖਾ ਦੱਸ ਕੇ ਆਏ ਨਾਲ ਵਿਸਥਾਰ, ਵਿਸ਼ਵ ਆਪਣਾ ਹੁਕਮ ਵਰਤਾਇੰਦਾ । ਉਮਤ ਉਮਤੀ ਪਾਏ ਸਾਰ, ਦੀਨਨ ਦੀਨ ਖੋਜ ਖੋਜਾਇੰਦਾ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਕਰੇ ਭਾਲ, ਪੜਦਾ ਓਹਲਾ ਆਪ ਉਠਾਇੰਦਾ । ਕੋਟਨ ਕੋਟਾਂ ਵਿਚੋਂ ਸੰਤ ਸੁਹੇਲੇ ਗੁਰਮੁਖ ਲੱਭੇ ਲਾਲ, ਭਗਤ ਭਗਵਾਨ ਆਪਣਾ ਜੋੜ ਜੁੜਾਇੰਦਾ । ਨਾਮ ਧੰਨ ਖ਼ਜ਼ੀਨਾ ਦੇਵੇ ਮਾਲ, ਅਨਮੁਲੜੀ ਦੌਲਤ ਆਪ ਵਰਤਾਇੰਦਾ ਕੂੜੀ ਕਿਰਿਆ ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਆਪ ਸਮਝਾਇੰਦਾ । ਪਰਵਰਦਿਗਾਰ ਆ ਕੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਸੁਰਤ ਸਵਾਣੀ ਕਰੇ ਸੰਭਾਲ, ਸ਼ਬਦ ਹਾਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਵਖਾਇੰਦਾ । ਧੁਰ ਦਾ ਲੇਖਾ ਦਏ ਵਖਾਲ, ਵਾਸਤਾ ਆਪਣੇ ਨਾਲ ਰਖਾਈਆ । ਪਤਿਪਰਮੇਸ਼ਵਰ ਹੋ ਦਿਆਲ, ਦੀਨ ਦਿਆਲ ਪੜਦਾ ਦਏ ਉਠਾਈਆ । ਸੰਤ ਸੁਹੇਲੇ ਗੁਰ ਚੇਲੇ ਰੱਖੇ ਨਾਲ, ਕੂੜੀ ਨਾਲਸ਼ ਦਏ ਗਵਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਜਿਥੇ ਵਸੇ ਸ਼ਾਹ ਕੰਗਾਲ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜ਼ਾਤ ਪਾਤ ਨਾ ਕੋਇ ਧਿਆਨ, ਊਚ ਨੀਚ ਨਾ ਕੋਇ ਸਮਝਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਉਪਰ ਅੰਬਰ, ਅੰਤਰ ਅੰਤਰ ਆਪ ਜਣਾਈਆ । ਪਰਮ ਪੁਰਖ ਪਰਮਾਤਮ ਆਤਮ ਰਚਿਆ ਸਚ ਸੁਅੰਬਰ, ਸੋਹਣੀ ਜੋੜੀ ਰਿਹਾ ਜੁੜਾਈਆ । ਸਰਬ ਕਲਾ ਹੋ ਭਰਤੰਬਰ, ਘਟ ਘਟ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕ ਇਸ਼ਾਰੇ ਨਾਲ ਸਮਝਾਈਆ । ਗੁਰ ਅਵਤਾਰ ਤੱਕੋ ਇਸ਼ਾਰਾ, ਆਲੀਸ਼ਾਨ ਆਪ ਜਣਾਇੰਦਾ । ਪੀਰ ਪੈਗ਼ੰਬਰ ਵੇਖੋ ਨਜ਼ਾਰਾ, ਬੇਨਜ਼ੀਰ ਆਪ ਦ੍ਰਿੜਾਇੰਦਾ । ਕਲਜੁਗ ਅੰਤ ਲੱਗਾ ਇਕ ਅਖਾੜਾ, ਕਰਤਾ ਪੁਰਖ ਖੇਲ ਖਿਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਵੇਖਿਆ ਸੱਚਾ ਲਾੜਾ, ਸੀਸ ਜਗਦੀਸ ਆਪਣਾ ਹੱਥ ਟਿਕਾਇੰਦਾ । ਸ਼ਬਦ ਅਗੰਮ ਅਥਾਹ ਵਜਾਏ ਨਾਦ ਨਗਾਰਾ, ਨੌਬਤ ਆਪਣਾ ਨਾਮ ਸੁਣਾਇੰਦਾ । ਦੂਜਾ ਨਾ ਕੋਇ ਮਿਤਰ ਪਿਆਰਾ, ਸੱਜਣ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਉਠਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਧੁਰ ਦਾ ਸਾਥ, ਹਰਿ ਸਗਲਾ ਸੰਗ ਨਿਭਾਈਆ । ਜਨ ਭਗਤਾਂ ਦੱਸ ਕੇ ਇਕੋ ਅਗੰਮਾ ਜਾਪ, ਜੀਵਤ ਮੁਕਤ ਦਿਤੇ ਕਰਾਈਆ । ਕੋਟ ਜਨਮ ਦਾ ਲਾਹ ਕੇ ਪਾਪ, ਦੁਰਮਤ ਮੈਲ ਧਵਾਈਆ । ਸਿਮਰਨ ਦੱਸ ਕੇ ਅਗੰਮੀ ਪਾਠ, ਪੂਜਾ ਇਕੋ ਇਕ ਜਣਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਨੂਰ ਕਰੇ ਰੁਸ਼ਨਾਈਆ । ਮਨ ਵਾਸਨਾ ਰੱਖੇ ਨਾ ਨਾਰ ਕਮਜ਼ਾਤ, ਕੁਲਖਣੀ ਦਰ ਤੋਂ ਦਏ ਦੁਰਕਾਈਆ । ਜੋ ਜੁਗ ਜੁਗ ਭਵਿਖਤ ਸੰਦੇਸ਼ਾ ਗਏ ਆਖ, ਸੋ ਆਖਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਨਾਵਣ ਖ਼ੁਸ਼ੀ, ਖ਼ੁਸ਼ੀਆਂ ਹਾਲ ਜਣਾਈਆ । ਧੰਨ ਵਡਿਆਈ ਪ੍ਰਭ ਤੂੰ ਸਾਡੇ ਵੱਲ ਕੀਤੀ ਰੁਚੀ, ਆਪਣਾ ਧਿਆਨ ਲਗਾਈਆ । ਸਾਡੀ ਵਾਸਨਾ ਤੇਰਾ ਪ੍ਰੇਮ ਕਰਕੇ ਉਚੀ, ਊਚੋ ਊਚ ਤੇਰਾ ਦਰਸ਼ਨ ਪਾਈਆ । ਦਰੋਹੀ ਖ਼ੁਦਾਏ ਸਾਡੀ ਔਧ ਅੰਤਮ ਮੁੱਕੀ, ਸਦੀ ਚੌਧਵੀਂ ਚੰਦ ਨੂਰ ਨਾ ਕੋਇ ਚਮਕਾਈਆ । ਉਮਤ ਉਮਤੀ ਗੂੜ੍ਹੀ ਨੀਂਦ ਸੁੱਤੀ, ਆਲਸ ਨਿੰਦਰਾ ਸਕੇ ਨਾ ਕੋਇ ਮਿਟਾਈਆ । ਕਲਜੁਗ ਜੀਵਾਂ ਮਤ ਹੋਈ ਪੁੱਠੀ, ਮਾਰਗ ਸਚ ਨਾ ਕੋਇ ਸਮਝਾਈਆ । ਲੱਖ ਚੁਰਾਸੀ ਵਿਚੋਂ ਪ੍ਰਭ ਤੇਰੇ ਭਗਤ ਇਕੋ ਮੁੱਠੀ, ਬਹੁਤਿਆਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦਾ ਨਾਤਾ ਜੁੜਿਆ ਪਿਆ ਪਿਆਰ ਪਿਓ ਪੁੱਤੀ, ਪਿਤਾ ਪੂਤ ਨਜ਼ਰੀ ਆਈਆ । ਤਿਨ੍ਹਾਂ ਸੁਹਾਉਣੀ ਸਾਚੀ ਰੁੱਤੀ, ਰੁੱਤ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਦਰ ਤੇਰੇ ਮੰਗਣ, ਮਾਂਗਤ ਧੁਰ ਦੇ ਨਜ਼ਰੀ ਆਈਆ । ਗੋਦੀ ਚੁੱਕ ਲਗਾਉਣਾ ਅੰਗਣ, ਇਹੋ ਤੇਰੀ ਵਡਿਆਈਆ । ਨਾਮ ਟਿੱਕਾ ਲਗੌਣਾ ਚੰਦਨ, ਮਸਤਕ ਧੂੜ ਰਮਾਈਆ । ਸਚ ਬੰਦਗੀ ਦਸਣੀ ਬੰਦਨ, ਬੰਦੀਖ਼ਾਨਾ ਦਏਂ ਗਵਾਈਆ । ਪ੍ਰੇਮ ਪਿਆਰ ਦੇਣਾ ਪਰਮਾਨੰਦਨ, ਨਿਜਾ ਨੰਦ ਕਰੇਂ ਰਸਾਈਆ । ਜੇ ਪ੍ਰਭ ਭਗਤਾਂ ਆਇਓਂ ਆਪਣਾ ਨਾਮ ਵੰਡਣ, ਵਸਤ ਅਮੋਲਕ ਆਪਣੇ ਹੱਥ ਉਠਾਈਆ । ਧੁਰ ਦਾ ਢੋਲਾ ਦੱਸਣ ਆਇਓਂ ਛੰਦਨ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦੇਣਾ ਉਠਾਈਆ । ਧੁਰ ਦਾ ਪੜਦਾ ਦੇਣਾ ਖੋਲ੍ਹ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਨਿਰਗੁਣ

ਧਾਰਾ ਵਿਚੋਂ ਸਚ ਜੈਕਾਰਾ ਦੇਣਾ ਬੋਲ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਅਗੰਮੀ ਕੰਡੇ ਤੋਲਣਾ ਸਾਡਾ ਤੋਲ, ਜਗਤ ਤਰਾਜ਼ੂ ਹੱਥ ਨਾ ਕੋਇ ਉਠਾਈਆ । ਸਵਾਮੀ ਹੋ ਕੇ ਜਾਣਾ ਮੌਲ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਪੂਰਬ ਲਹਿਣਾ ਪੂਰਾ ਕਰਨਾ ਕੌਲ, ਗੋਬਿੰਦ ਗਿਆ ਸਮਝਾਈਆ । ਪਰਮ ਪੁਰਖ ਪਰਮਾਤਮ ਕਲ ਕਲਕੀ ਪਰਗਟ ਹੋਵੇ ਉਪਰ ਧੌਲ, ਧਰਨੀ ਧਰਤ ਧਵਲ ਹੌਲਾ ਭਾਰ ਕਰਾਈਆ । ਸਚ ਦਵਾਰਾ ਦੇਵੇ ਖੋਲ੍ਹ, ਚਾਰ ਵਰਨ ਇਕ ਸਰਨਾਈਆ । ਜ਼ਾਤ ਪਾਤ ਦੀਨ ਮਜ਼੍ਹਬ ਕੋਇ ਨਾ ਕਰੇ ਘੋਲ, ਝਗੜਾ ਮੁੱਕੇ ਜਗਤ ਲੋਕਾਈਆ । ਸ਼ਬਦ ਦਮਾਮਾ ਵੱਜੇ ਢੋਲ, ਢੋਲਾ ਗਾਉਣਾ ਬੇਪਰਵਾਹੀਆ । ਲੇਖਾ ਚੁੱਕੇ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਪੂਰ ਵਖਾਈਆ । ਧੁਰ ਦਾ ਲੇਖਾ ਕਰਨਾ ਪੂਰਾ, ਪਰਵਰਦਿਗਾਰ ਤੇਰੀ ਸਰਨਾਈਆ । ਪੀਰ ਪੈਗ਼ੰਬਰ ਮੰਗਦੇ ਤੇਰਾ ਨੂਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਮਸਤਕ ਲਾਉਣਾ ਸਾਚੀ ਧੂੜਾ, ਟਿੱਕਾ ਖ਼ਾਕ ਰਮਾਈਆ । ਕਾਇਆ ਚੋਲੀ ਚਾੜ੍ਹਨਾ ਰੰਗ ਗੂੜ੍ਹਾ, ਉਤਰ ਕਦੇ ਨਾ ਜਾਈਆ । ਲੇਖੇ ਲਾਉਣਾ ਚਤੁਰ ਸੁਘੜ ਬਣਾਉਣਾ ਮੂਰਖ ਮੂੜ੍ਹਾ, ਮਨਮਤ ਡੇਰਾ ਦੇਣਾ ਢਾਹੀਆ । ਤੂੰ ਸਾਹਿਬ ਵੱਡਾ ਸੂਰਾ, ਸੂਰਬੀਰ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਘਰ ਘਰ ਅੰਦਰ ਹਾਜ਼ਰ ਹਜ਼ੂਰਾ, ਹਜ਼ਰਤ ਹੋ ਕੇ ਮੇਲ ਮਿਲਾਈਆ । ਬ੍ਰਹਿਮੰਡ ਖੰਡ ਅੰਦਰ ਨਿਤ ਨਵਿਤ ਰਹੇਂ ਮਫ਼ਰੂਰਾ, ਲੱਭਿਆ ਹੱਥ ਕਿਸੇ ਨਾ ਆਈਆ । ਕਲਜੁਗ ਅੰਤ ਜਨ ਭਗਤਾਂ ਮਿਲੇਂ ਜ਼ਰੂਰਾ, ਜ਼ਰੂਰਤ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਦਰ ਠਾਂਡੇ ਝੁਕਿਆ ਸੀਸ, ਸੰਸਾ ਰੋਗ ਰਹਿਣ ਨਾ ਪਾਈਆ । ਸਚ ਸਵਾਮੀ ਪ੍ਰਭੂ ਜਗਦੀਸ, ਜਗਦੀਸ਼ਰ ਤੇਰੇ ਹੱਥ ਵਡਿਆਈਆ । ਤੇਰਾ ਕਲਮਾ ਸਚ ਹਦੀਸ, ਹਰਫ਼ ਹਰੂਫ਼ ਇਕ ਸਮਝਾਈਆ । ਤੇਰਾ ਚਰਨ ਸੱਚੀ ਪ੍ਰੀਤ, ਪ੍ਰੀਤਮ ਮੇਲਾ ਸਹਿਜ ਸੁਭਾਈਆ । ਤੇਰਾ ਨਾਮ ਨਿਧਾਨਾ ਧੁਰ ਦਾ ਗੀਤ, ਗਹਿਰ ਗੰਭੀਰ ਜਗਤ ਸ਼ਨਵਾਈਆ । ਤੇਰਾ ਨਿਰਗੁਣ ਆਣਾ ਜਾਣਾ ਖੇਲ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਕਿਰਪਾ ਕਰ ਸਚ ਘਰ ਵੇਖਣਾ ਬੈਠ ਅਤੀਤ, ਲੇਖਾ ਸਰਬ ਚੁਕਾਈਆ ।



## ੪ ਸਾਵਣ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਨਾਮ ਖ਼ੁਮਾਰੀ ਧੁਰ ਦੀ ਮਸਤੀ, ਅੰਤਰ ਆਤਮ ਰੰਗ ਰੰਗਾਈਆ । ਮੇਲ ਮਿਲਾਵੇ ਸਾਚੀ ਹਸਤੀ, ਹਸਤ ਕੀਟ ਡੇਰਾ ਢਾਹੀਆ । ਕੀਮਤ ਦੱਸੇ ਸਭ ਤੋਂ ਸਸਤੀ, ਕਰਨੀ ਕਰਤਾ ਆਪ ਦ੍ਰਿੜਾਈਆ । ਭੇਵ ਚੁਕਾਏ ਅਰਸ਼ ਫ਼ਰਸ਼ੀ, ਪੜਦਾ ਓਹਲਾ ਆਪ ਉਠਾਈਆ । ਮਾਣ ਵਡਿਆਈ ਧਰਨ ਧਰਤੀ, ਧਵਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਪਦਾਰਥ ਝੋਲੀ ਪਾਈਆ । ਨਾਮ ਖ਼ੁਮਾਰੀ ਅਗੰਮੀ ਰਸ, ਬਿਨ ਰਸਨਾ ਜਿਹਵਾ ਆਪ ਜਣਾਇੰਦਾ । ਪਰਮ ਪੁਰਖ ਪ੍ਰਭ ਜਨ ਭਗਤਾਂ ਦੇਵੇ ਹੱਥ, ਸਚ ਪਿਆਲਾ ਇਕ ਫੜਾਇੰਦਾ । ਜਿਸ ਦੀ ਸਿਫ਼ਤ ਮਹਿਮਾ ਅਕਥ, ਰਾਗਾਂ ਨਾਦਾਂ ਵਿਚ ਕੋਇ ਨਾ ਗਾਇੰਦਾ । ਜਗਤ ਸੁਰਾਹੀ ਸਕੇ ਨਾ ਕੋਈ ਰਖ, ਵਸਤ ਅਮੋਲਕ ਗ੍ਰਹਿ ਸਾਚੇ ਆਪ

ਟਿਕਾਇੰਦਾ । ਕਿਰਪਾ ਕਰ ਪੁਰਖ ਸਮਰਥ, ਮਿਹਰਵਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖ਼ੁਮਾਰੀ ਇਕ ਚੜ੍ਹਾਇੰਦਾ । ਸਚ ਖ਼ੁਮਾਰੀ ਨਸ਼ਾ ਨਾਮ, ਰਸ ਇਕੋ ਇਕ ਜਣਾਈਆ । ਪ੍ਰੇਮ ਪਿਆਲਾ ਧੁਰ ਦਾ ਜਾਮ, ਮਧੁਰ ਰੂਪ ਵਟਾਈਆ । ਮੁਸ਼ਕਲ ਕਰੇ ਸਚ ਆਸਾਨ, ਅਹਿਸਾਨ ਸਿਰ ਨਾ ਕੋਇ ਰਖਾਈਆ । ਹਰਿਜਨ ਵੇਖ ਬਾਲ ਅੰਞਾਣ, ਬਾਲੀ ਬੁਧ ਦਏ ਸਮਝਾਈਆ । ਸਚ ਪ੍ਰੀਤੀ ਸਚ ਧਿਆਨ, ਗਿਆਨ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਚਾ ਨਾਮ ਧੁਰ ਦਾ ਨਸ਼ਾ, ਨਿਸ਼ਾਨਾ ਇਕੋ ਇਕ ਲਗਾਇੰਦਾ । ਭੰਗ ਪੋਸਤ ਅਫ਼ੀਮ ਨਾਲੋਂ ਅੱਛਾ, ਸ਼ਰਾਬ ਆਬ ਨਾ ਕੋਇ ਵਡਿਆਇੰਦਾ । ਮਿਹਰਵਾਨ ਹੋ ਕੇ ਕਰੇ ਜਿਸ ਦੀ ਰੱਛਾ, ਪ੍ਰਿਤਪਾਲਕ ਹੋ ਕੇ ਦਇਆ ਕਮਾਇੰਦਾ । ਸੋ ਗੁਰਮੁਖ ਉਤਰੇ ਪਾਰ ਧੁਰ ਦਾ ਬੱਚਾ, ਬਚਪਨ ਆਪਣੀ ਗੋਦ ਰਖਾਇੰਦਾ । ਕੂੜੀ ਕਿਰਿਆ ਨਾਤਾ ਤੋੜ ਕੱਚਾ, ਚਰਨ ਪ੍ਰੀਤੀ ਧੁਰ ਦਾ ਮੇਲ ਮਿਲਾਇੰਦਾ । ਸਚ ਦਵਾਰ ਦਾ ਦੇ ਕੇ ਪਤਾ, ਪਤਿਪਰਮੇਸ਼ਵਰ ਭੇਵ ਖੁਲ੍ਹਾਇੰਦਾ । ਦਰਸ ਕਰ ਕੇ ਨਿਜ ਨੇਤਰ ਅੱਖਾ, ਆਖ਼ਰ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਨਾਮ ਨਿਧਾਨ ਸੱਚਾ ਪੋਸਤ , ਪਰਮ ਪੁਰਖ ਇਕ ਦ੍ਰਿੜ੍ਹਾਈਆ । ਸਤਿਗੁਰ ਪ੍ਰੀਤੀ ਬਣਾ ਕੇ ਧੁਰ ਦਾ ਦੋਸਤ, ਦਸਤਗੀਰ ਇਕ ਅਖਵਾਈਆ । ਲੇਖੇ ਲਾਏ ਕਾਇਆ ਮਾਟੀ ਗੋਸ਼ਤ, ਗੋਸ਼ਾ ਕੋਨਾ ਵੇਖ ਵਖਾਈਆ । ਹੁਕਮ ਸੰਦੇਸ਼ਾ ਦੇਵੇ ਸਦਾ ਅਨਬੋਲਤ, ਅਨਰਾਗੀ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਨਾਮ ਖ਼ੁਮਾਰੀ ਸਚ ਅਫ਼ੀਮ, ਅਫ਼ਿਊਨ ਇਕੋ ਇਕ ਜਣਾਈਆ । ਜਿਸ ਦਾ ਨੁਸਕਾ ਦੱਸੇ ਨਾ ਕੋਇ ਹਕੀਮ, ਹਿਕਮਤ ਵਿਚ ਕਦੇ ਨਾ ਆਈਆ । ਤੁਲਬਾ ਪੜ੍ਹ ਸਮਝਾਏ ਨਾ ਕੋਇ ਤਾਲੀਮ, ਤੁਆਰਫ਼ ਕਰੇ ਨਾ ਕੋਇ ਲੋਕਾਈਆ । ਮਿਹਰਵਾਨ ਪਰਵਰਦਿਗਾਰ ਸ਼ਾਨ ਅਜ਼ੀਮ, ਆਜ਼ਮ ਆਪਣਾ ਖੇਲ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਹੋਵੇ ਆਪ ਸਹਾਈਆ । ਸੱਚਾ ਨਾਮ ਸਚ ਖ਼ੁਮਾਰੀ, ਖ਼ਾਲਸ ਇਕੋ ਇਕ ਦ੍ਰਿੜ੍ਹਾਇੰਦਾ । ਪਰਮ ਪੁਰਖ ਨਿਭਾ ਕੇ ਯਾਰੀ, ਯਾਰੜਾ ਇਕੋ ਨਜ਼ਰੀ ਆਇੰਦਾ । ਦੇਵੇ ਦਰਸ ਸਚ ਅਪਾਰੀ, ਦਿਵਸ ਰੈਣ ਰੰਗ ਰੰਗਾਇੰਦਾ । ਅੰਤਰ ਆਤਮ ਬਖ਼ਸ਼ ਅਧਾਰੀ, ਮਨ ਮਮਤਾ ਮੋਹ ਮਿਟਾਇੰਦਾ । ਨਾਮ ਪਦਾਰਥ ਬਣ ਭੰਡਾਰੀ, ਵਸਤ ਅਮੋਲਕ ਆਪ ਵਰਤਾਇੰਦਾ । ਤਨ ਮਾਟੀ ਖ਼ਾਕ ਨਾ ਹੋਏ ਖ਼ੁਆਰੀ, ਝੂਠੀ ਖੇਹ ਨਾ ਕੋਇ ਉਡਾਇੰਦਾ । ਮਮਤਾ ਰੋਗ ਨਾ ਲੱਗੇ ਬੀਮਾਰੀ, ਹਉਮੇ ਹੰਗਤਾ ਗੜ੍ਹ ਚੁਕਾਇੰਦਾ । ਨਿਰਗੁਣ ਸਰਗੁਣ ਕਰ ਤਿਆਰੀ, ਪ੍ਰੀਤਮ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਨਾਮ ਨਸ਼ਾ ਚੜ੍ਹੇ ਤਨ, ਤਤਵ ਰੰਗ ਰੰਗਾਈਆ । ਜਗਤ ਵਾਸਨਾ ਬੰਨ੍ਹੇ ਮਨ, ਮਨ ਮਣਕਾ ਆਪ ਭਵਾਈਆ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਭਾਗ ਲਗਾਵੇ ਕਾਇਆ ਛੰਨ, ਛੱਪਰ ਸਾਚਾ ਸੋਭਾ ਪਾਈਆ । ਵਸਤ ਅਮੋਲਕ ਦੇ ਕੇ ਧਨ, ਖ਼ਜ਼ੀਨਾ ਇਕ ਵਰਤਾਈਆ । ਪ੍ਰਕਾਸ਼ ਅਗੰਮੀ ਚਾੜ੍ਹ ਕੇ ਚੰਨ, ਅਗਿਆਨ ਅੰਧੇਰ ਮਿਟਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਨਾਮ ਅਪਾਰਾ,

ਅਪਰੰਪਰ ਆਪ ਜਣਾਇੰਦਾ । ਜਿਸ ਦਾ ਲੇਖਾ ਨਾ ਕਿਸੇ ਵਿਚਾਰਾ, ਵਿਸ਼ਾ ਵੰਡ ਨਾ ਕੋਇ ਵੰਡਾਇੰਦਾ । ਜਿਸ ਦਾ ਭੇਵ ਨਾ ਵਿਚ ਸੰਸਾਰਾ, ਪੜ੍ਹਦਾ ਓਹਲਾ ਨਾ ਕੋਇ ਰਖਾਇੰਦਾ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਹੁਕਮ ਵਰਤਾਇੰਦਾ । ਜਿਸ ਦਾ ਨਾਉਂ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਤਾ ਡਗਮਗਾਇੰਦਾ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰਾ, ਕਰੋੜ ਤੇਤੀਸਾ ਸੀਸ ਝੁਕਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਚਾ ਯਾਰਾ, ਸਚ ਤੌਫ਼ੀਕ ਇਕ ਵਖਾਇੰਦਾ । ਜਿਸ ਨੂੰ ਭਗਤਾਂ ਕਿਹਾ ਸਚ ਪਿਆਰਾ, ਪ੍ਰੇਮੀ ਪ੍ਰੀਤਮ ਪਿਆਰਾ ਇਕ ਅਖਵਾਇੰਦਾ । ਤਿਸ ਸਾਜਣ ਸਦਾ ਸਦਾ ਸਦ ਬਲਹਾਰਾ, ਬਲਹਾਰੀ ਘੋਲੀ ਘੋਲ ਘੁਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਵਸਤ ਅਮੋਲਕ ਨਾਮ ਵਟਾ ਕੇ, ਵਟਾ ਇਕੋ ਇਕ ਜਣਾਈਆ । ਖ਼ੁਮਾਰੀ ਵਿਚ ਨਸ਼ਾ ਬਦਲਾ ਕੇ, ਅੱਛਾ ਆਪਣੀ ਦਇਆ ਕਮਾਈਆ । ਦੀਨ ਦਿਆਲ ਹੋ ਕੇ ਰਛਿਆ ਆਪਣੇ ਹੱਥ ਰਖਾ ਕੇ, ਭਿਛਿਆ ਧੁਰ ਦੀ ਝੋਲੀ ਪਾਈਆ । ਜਨਮ ਕਰਮ ਦਾ ਲੇਖ ਲਿਖਿਆ ਆਪ ਮਿਟਾ ਕੇ, ਕਰਮ ਕਾਂਡ ਡੇਰਾ ਢਾਹੀਆ । ਸਾਚੀ ਸਿਖਿਆ ਇਕ ਸਮਝਾ ਕੇ, ਬੋਧ ਅਗਾਧ ਸ਼ਬਦ ਪੜ੍ਹਾਈਆ । ਨਾਮ ਪਿਆਲਾ ਹੱਥ ਫੜਾ ਕੇ, ਰਸ ਇਕੋ ਇਕ ਜਣਾਈਆ । ਦੀਨ ਦਿਆਲ ਵੇਖਣਾ ਆ ਕੇ, ਲੋਕਮਾਤ ਫੇਰਾ ਪਾਈਆ । ਸਾਚੀ ਧਰਮਸਾਲਾ ਹਰਿ ਧਰਮ ਦਵਾਰ ਆਪ ਵਡਿਆ ਕੇ, ਜਿਸ ਗ੍ਰਿਹ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਰਬ ਜੀਆਂ ਬਣ ਰਖਵਾਲਾ, ਨਿਤ ਨਵਿਤ ਵੇਖ ਵਖਾ ਕੇ, ਜੁਗ ਚੌਕੜੀ ਫੇਰਾ ਪਾਈਆ । ਕਲਜੁਗ ਅੰਤ ਮਾਰਗ ਦੱਸੇ ਸੁਖਾਲਾ, ਸੋਹੰ ਢੋਲਾ ਇਕ ਦ੍ਰਿੜਾਈਆ । ਗੁਰਮੁਖਾਂ ਦੇ ਕੇ ਜਾਮ ਪਿਆਲਾ, ਸਚ ਖ਼ੁਮਾਰੀ ਦਏ ਚੜ੍ਹਾਈਆ । ਕੂੜੀ ਕਿਰਿਆ ਟੁੱਟੇ ਜੰਜਾਲਾ, ਜੀਵਨ ਜੁਗਤ ਇਕ ਵਖਾਈਆ । ਨਾਮ ਅਗੰਮ ਦੇ ਕੇ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਸ ਇਕੋ ਇਕ ਵਖਾਈਆ ।



## ੬ ਸਾਵਣ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ

ਮੇਰਾ ਨਾਉਂ ਅਗਲੀ ਅਲਖ, ਇਲਮੀ ਇਲਮੇਈਅਤ ਸਮਝ ਕੋਇ ਨਾ ਪਾਈਆ । ਮੇਰਾ ਵੇਖੇ ਕੋਈ ਨਾ ਹਰਫ਼, ਰੂਪ ਰੰਗ ਰੇਖ ਸ਼ਕਲ ਨਜ਼ਰ ਕਿਸੇ ਨਾ ਆਈਆ । ਮੇਰਾ ਮੁਕਾਮ ਹਕ ਯਕ ਤਰਫ਼, ਮਹਿਬੂਬ ਅਰੂਜ ਸੁਹਾਈਆ । ਮੇਰਾ ਲਾਸ਼ਰੀਕ ਨਾਲ ਤੁਅਲਕ, ਦੂਜਾ ਸੰਗ ਨਾ ਕੋਇ ਬੰਧਾਈਆ । ਮੇਰਾ ਵਸੇਰਾ ਉਪਰ ਫ਼ਲਕ, ਅਰਸ਼ ਮਿਲੇ ਨਾ ਕੋਇ ਵਡਿਆਈਆ । ਮੇਰਾ ਕੋਇ ਨਾ ਪਾਵੇ ਦਰਸ, ਦੀਦ ਵਿਚ ਨਾ ਕੋਇ ਟਿਕਾਈਆ । ਜੁਗ ਚੌਕੜੀ ਮੈਂ ਆਦਿ ਇਕੇਲੀ ਰਹੀ ਤੜਪ, ਆਪਣਾ ਆਪ ਪਰਗਟਾਈਆ । ਮੈਨੂੰ ਕੋਇ ਨਾ ਮਿਲਿਆ ਜੋਧਾ ਸੂਰਬੀਰ ਮਰਦ, ਮਰਦਾਨਾ ਆਪਣੇ ਸੰਗ ਲਿਆਈਆ । ਬਿਰਹੋਂ ਵਿਛੁੰਨੀ ਅਜੇ ਨਾ ਮਿਟੀ ਦਰਦ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਸਾਹਿਬ ਸੁਲਤਾਨ ਮਿਹਰਵਾਨ ਅੱਗੇ ਕੀਤੀ ਅਰਜ਼, ਆਰਜ਼ੂ ਆਪਣੀ ਇਕ ਸੁਣਾਈਆ । ਮੈਂ ਤੇਰੇ ਪ੍ਰੇਮ ਦਾ ਨਿਭਾਵਾਂ ਪੂਰਾ ਫ਼ਰਜ਼, ਸੇਵਕ ਹੋ ਕੇ ਸੇਵ ਕਮਾਈਆ । ਕਰ ਖੇਲ ਅਸਚਰਜ, ਅਚਰਜ ਲੀਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਧੁਰ ਦਾ

ਸੰਗ ਜਣਾਈਆ । ਅਲਖ ਕਹੇ ਮੇਰਾ ਹਿੱਸਾ ਅਗਲਾ, ਅਗੋਚਰ ਸਮਝ ਕੋਇ ਨਾ ਪਾਇੰਦਾ । ਜਿਥੇ ਰਾਗ ਨਾਦ ਧੁਨ ਕੋਇ ਨਾ ਮੰਗਲਾ, ਕਲਮਾ ਨਬੀ ਰਸੂਲ ਨਾ ਕੋਇ ਸੁਣਾਇੰਦਾ । ਰਵ ਸਸ ਸੂਰੀਆ ਨਾ ਕੋਇ ਚੰਦਨਾ, ਪਰਕਾਸ਼ ਪਰਕਾਸ਼ ਨਾ ਕੋਇ ਵਡਿਆਇੰਦਾ । ਨਾ ਕੋਇ ਡੰਡਾਵਤ ਨਾ ਕੋਇ ਬੰਦਨਾ, ਸੱਜਦਾ ਸੀਸ ਨਾ ਕੋਇ ਝੁਕਾਇੰਦਾ । ਨਾ ਕੋਇ ਮਹੱਲ ਅਟਲ ਚਾਰ ਦੀਵਾਰ ਦਿਸੇ ਬੰਗਲਾ, ਅਰਸ਼ ਫ਼ਰਸ਼ ਰੂਪ ਨਾ ਕੋਇ ਵਟਾਇੰਦਾ । ਢੋਲ ਨਗਾਰਾ ਨਾ ਕੋਇ ਮਰਦੰਗਨਾ, ਰਾਗੀ ਰਾਗ ਨਾ ਕੋਇ ਅਲਾਇੰਦਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਮੇਰੇ ਨਾਲ ਰਖਾਇੰਦਾ । ਅਲਿਫ਼ ਕਹੇ ਮੈਂ ਖੇਲ ਦੱਸਾਂ ਅਗਲੀ, ਆਗਮਣ ਵਿਚ ਧਿਆਨ ਲਗਾਈਆ । ਜਿਹੜਾ ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜ ਕਿਸੇ ਮੰਡਲੀ, ਬ੍ਰਹਿਮੰਡ ਖੰਡ ਉਪਰ ਸਮਝ ਕੋਇ ਨਾ ਪਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜੇਰਜ ਅੰਡਜ ਉਤਭੁਜ ਸੇਤਜ ਸੇਜ ਸੁਹਾਵੇ ਰੰਗਲੀ, ਰੰਗਰਾਤਾ ਬੇਪਰਵਾਹੀਆ । ਜਿਸ ਦੀ ਨਿਤ ਨਵਿਤ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਬੰਦਗੀ, ਸਿਫ਼ਤਾਂ ਨਾਲ ਜਗਤ ਵਡਿਆਈਆ । ਮੈਂ ਉਸ ਦਵਾਰੇ ਸਾਹਿਬ ਸਤਿ ਦੀ ਇਕ ਮੁਛੰਦਗੀ, ਮੂਸਾ ਈਸਾ ਮੁਹੰਮਦ ਨਾਤਾ ਨਾ ਕੋਇ ਜੁੜਾਈਆ । ਮੇਰੇ ਇਸ਼ਾਰੇ ਦੀ ਲੋਕਮਾਤ ਇਕ ਅਲਿਫ਼ ਆਈ ਵੰਨਗੀ, ਜਿਸ ਚਾਰੋਂ ਤਰਫ਼ ਚਤੁਰ ਸੁਘੜ ਆਲਮ ਦਿਤੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਆਪਣੇ ਵਿਚ ਛੁਪਾਈਆ । ਅਗਲੀ ਅਲਿਫ਼ ਕਹੇ ਮੇਰਾ ਲੇਖਾ ਅਲਾਹ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਮੇਰੀ ਪਰਮ ਪੁਰਖ ਨਾਲ ਸਲਾਹ, ਪਰਵਰਦਿਗਾਰ ਮਿਲ ਕੇ ਖ਼ੁਸ਼ੀ ਮਨਾਈਆ । ਮੇਰਾ ਵਸੇਰਾ ਸੱਚੀ ਦਰਗਾਹ, ਸਚ ਦਵਾਰੇ ਸੋਭਾ ਪਾਈਆ । ਮੇਰਾ ਨੂਰ ਨੁਰਾਨਾ ਨਿਰਵੈਰ ਰਿਹਾ ਚਮਕਾ, ਜੋਤੀ ਜੋਤ ਕਰ ਰੁਸ਼ਨਾਈਆ । ਮੇਰੀ ਧਾਰੋਂ ਖੇਲ ਦਏ ਕਰਾ, ਅਨਭਵ ਆਪਣਾ ਖੇਲ ਚੁਕਾਈਆ । ਸ਼ਬਦ ਦੁਲਾਰਾ ਸਹਿਜ ਸੁਭਾ ਲਏ ਪ੍ਰਗਟਾ, ਪੂਤ ਸਪੂਤਾ ਗੋਦ ਉਠਾਈਆ । ਜਿਸ ਅਲਿਫ਼ ਦਾ ਨਕਸ਼ਾ ਸਕੇ ਨਾ ਕੋਇ ਬਣਾ, ਮਸੱਵਰ ਤਸੱਵਰ ਨਾ ਕੋਇ ਕਰਾਈਆ । ਸੋ ਅਲਿਫ਼ ਜਲਵਾ ਨੂਰ ਖ਼ੁਦਾ, ਨੂਰੋ ਨੂਰ ਵਿਚ ਸਮਾਈਆ । ਉਸ ਦੇ ਵਿਚੋਂ ਨੱਨ੍ਹਾ ਨਿੱਕਾ ਅੰਗ ਹੋ ਜੁਦਾ, ਜਗਤ ਅਲਿਫ਼ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਹਿਨਸ਼ਾਹੀਆ । ਅਲਿਫ਼ ਕਹੇ ਮੇਰਾ ਭੇਵ ਨਾ ਪਾਏ ਕੋਇ ਆਰਫ਼, ਅਲਫ਼ੀ ਵਾਲਾ ਸਮਝ ਕੋਇ ਨਾ ਪਾਈਆ । ਮੇਰਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਕੀਤਾ ਨਾ ਕਿਸੇ ਤੁਆਰਫ਼, ਸਨਮੁਖ ਹੋ ਨਾ ਖ਼ੁਸ਼ੀ ਮਨਾਈਆ । ਮੇਰੀ ਰਸਨਾ ਜਿਹਵਾ ਬੱਤੀ ਦੰਦ ਕਲਮ ਸ਼ਾਹੀ ਲਿਖੀ ਨਾ ਕਿਸੇ ਇਬਾਰਤ, ਨੁਕਤਾ ਸਕਿਆ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਗਤ ਅਲਿਫ਼ ਨਾਲ ਮੇਰੀ ਕਰਦੇ ਰਹੇ ਸਫ਼ਾਰਸ਼, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਮੇਰਾ ਮਹੱਲ ਅਟਲ ਅਗੰਮ ਅਥਾਹ ਨਿਰਾਲੀ ਇਬਾਰਤ, ਅਮਲ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਮੇਰਾ ਲਹਿਣਾ ਆਪਣੇ ਨਾਲ ਰਖਾਈਆ । ਅਲਿਫ਼ ਕਹੇ ਮੈਂ ਸਭ ਤੋਂ ਅੱਗੇ, ਅਗਲਾ ਹਿੱਸਾ ਨਜ਼ਰੀ ਆਈਆ । ਜਿਸ ਸਿੰਘਾਸਣ ਸਾਹਿਬ ਸੂਰਾ ਸ੍ਰੀ ਭਗਵਾਨ ਸਜੇ, ਮੈਂ ਸਨਮੁਖ ਹੋ ਕੇ ਦਰਸ਼ਨ ਪਾਈਆ । ਪ੍ਰੇਮ ਪ੍ਰੀਤੀ ਅੰਦਰ ਜਿਸ ਵੇਲੇ ਸੱਦੇ, ਨਿਉਂ ਨਿਉਂ ਲਾਗਾਂ ਪਾਈਆ । ਦੂਜਾ ਓਥੇ ਕੋਇ ਨਾ ਲੱਭੇ, ਸੰਗੀ ਰੂਪ ਨਾ ਕੋਇ ਧਰਾਈਆ । ਉਸ ਦਵਾਰੇ ਇਕੋ ਨਿਮਾਣੀ ਫਬੇ, ਪ੍ਰੇਮ ਪਾਤੀ ਡੇਰਾ ਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਅਗਲੀ ਅਲਿਫ਼ ਕਹੇ ਮੇਰੀ ਸਚ ਉਮੀਦ, ਆਸ਼ਾ ਵਿਚ ਸਮਾਈਆ । ਮੇਰੀ ਕਰੇ ਨਾ ਕੋਈ ਤਮਹੀਦ, ਲੇਖਾ ਲਿਖਤ ਨਾ ਕੋਇ ਸਮਝਾਈਆ । ਸੱਜਣ ਮਿਲਿਆ ਨਾ ਕੋਇ ਰਫ਼ੀਕ, ਫ਼ਰੀਕ ਸਮਝ ਕਿਸੇ ਨਾ ਆਈਆ । ਹਜ਼ਰਤ ਕਰੀ ਨਾ ਕਿਸੇ ਤਾਰੀਫ਼, ਤੋਬਾ ਤੋਬਾ ਕਰ ਕੇ ਗਏ ਸੁਣਾਈਆ । ਮੇਰਾ ਧਾਮ ਅਨਡਿਠੜਾ ਅਜੀਬ, ਨਿਰਾਲਾ ਇਕੋ ਨਜ਼ਰੀ ਆਈਆ । ਪਰਵਰਦਿਵਾਰ ਮੇਰੇ ਕਰੀਬ, ਸੱਜਣ ਵੱਡਾ ਬੇਪਰਵਾਹੀਆ । ਨਾ ਕੋਇ ਮੁਰਸ਼ਦ ਨਾ ਮੁਰੀਦ, ਸੱਯਦਾ ਸੀਸ ਨਾ ਕੋਇ ਝੁਕਾਈਆ । ਇਕੋ ਇਕ ਮੇਰੀ ਕਰੇ ਦੀਦ, ਨਾ ਦੀਦ ਵਿਚ ਸਮਝਾਈਆ । ਆਦਿ ਮੈਨੂੰ ਕੀਤੀ ਇਕ ਤਾਕੀਦ, ਤਰਾਂ ਤਰਾਂ ਸਮਝਾਈਆ । ਜਿਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਕਰਨ ਉਡੀਕ, ਨੇਤਰ ਲੋਚਣ ਰਾਹ ਤਕਾਈਆ । ਉਸ ਵੇਲੇ ਤੇਰਾ ਸੰਗ ਰਖਾਵਾਂ ਠੀਕ, ਆਪਣਾ ਬੰਧਨ ਪਾਈਆ । ਆਦਿ ਜੁਗਾਦਿ ਮੇਰੀ ਇਕੋ ਤੋਫ਼ੀਕ, ਮਿਹਬਾਨ ਰਿਹਾ ਸਮਝਾਈਆ । ਅਗਲੀ ਅਲਿਫ਼ ਸਦਾ ਲਾਸ਼ਰੀਕ, ਸ਼ਰਕਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਆਪਣੀ ਦੱਸ ਹਦੀਸ, ਹਾਜਤ ਪੂਰੀ ਦਏ ਕਰਾਈਆ ।



### ੬ ਸਾਵਣ ੨੦੨੧ ਬਿਕ੍ਰਮੀ ਰਾਜ ਸਿੰਘ ਦੇ ਗ੍ਰਹਿ ਹੇਮਰਾਜ ਪੁਰਾ

ਨਿਰਗੁਣ ਨਿਰਵੈਰ ਦਵਾਰਾ ਪੁਰਖ ਸਮਰਥ ਦਾ, ਸਚਖੰਡ ਵੱਜੇ ਵਧਾਈਆ । ਜੋਤ ਅਗੰਮੀ ਦੀਪਕ ਜਲਦਾ, ਦੀਵਾ ਬਾਤੀ ਨਾ ਕੋਇ ਟਿਕਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਫਬਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਲਵਾ ਨੂਰ ਅਗੰਮੀ ਰੱਬ ਦਾ, ਹਕ ਮੁਕਾਮੇ ਡੇਰਾ ਲਾਈਆ । ਖੇਲੇ ਖੇਲ ਅਕਥਨਾ ਅਕਥ ਦਾ, ਕਥਨੀ ਕਥ ਨਾ ਸਕੇ ਰਾਈਆ । ਰਥਵਾਹੀ ਬਣੇ ਸਾਚੇ ਰਥ ਦਾ, ਬਣ ਸੇਵਕ ਸੇਵ ਕਮਾਈਆ । ਮਹੱਲ ਅਟਲ ਅਗੰਮੜੇ ਵਸਦਾ, ਸੋਭਨੀਕ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੱਚੀ ਕਰਨੀ ਕਰੇ ਸਮਰਥ, ਹਰਿ ਵੱਡਾ ਵਡ ਵਡਿਆਈਆ । ਸਚ ਦਵਾਰੇ ਆਪੇ ਵਸ, ਨਿਹਚਲ ਬੈਠਾ ਖ਼ੁਸ਼ੀ ਮਨਾਈਆ । ਅਗੰਮੜਾ ਮਾਰਗ ਧੁਰ ਦਾ ਦੱਸ, ਵੇਖਣਹਾਰਾ ਇਕ ਅਖਵਾਈਆ । ਦੂਸਰ ਨਾ ਕੋਈ ਦਿਸੇ ਸਾਥ, ਸੰਗੀ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਧਾਮ ਨਿਆਰੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਅਛਲ ਅਛੱਲਾ, ਵਲ ਛਲ ਧਾਰੀ ਚਾਲ ਵਖਾਇੰਦਾ । ਏਕੰਕਾਰਾ ਜੋਤ ਪਰਕਾਸ਼ ਆਪੇ ਬਲਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਫੜੇ ਧੁਰ ਦਾ ਪੱਲਾ, ਸ੍ਰੀ ਭਗਵਾਨ ਆਪਣੀ ਗੰਢ ਪੁਆਇੰਦਾ । ਪਾਰਬ੍ਰਹਮ ਸਚ ਦਵਾਰਾ ਇਕੋ ਮੱਲਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਚ ਦਵਾਰਾ ਧੁਰ ਦਾ, ਦਰਗਾਹ ਸਾਚੀ ਇਕ ਵਡਿਆਈਆ । ਜਿਥੇ ਖੇਲ ਅਗੰਮੀ ਗੁਰ ਦਾ, ਬੇਪਰਵਾਹ ਵੇਸ ਵਟਾਈਆ ।

ਓਥੇ ਲੇਖਾ ਨਹੀਂ ਦੇਵਤ ਸੁਰ ਦਾ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਚਤੁਰਾਈਆ । ਨਿਰਗੁਣ ਸਰਗੁਣ ਕੋਇ ਨਾ ਜੁੜਦਾ, ਤਤਵ ਤਤ ਨਾ ਕੋਇ ਰਖਾਈਆ । ਲਹਿਣਾ ਕੋਈ ਨਹੀਂ ਤਾਲ ਸੁਰ ਦਾ, ਰਾਗ ਨਾਦ ਨਾ ਕੋਇ ਜਣਾਈਆ । ਮੰਤਰ ਨਾਮ ਨਾ ਕੋਇ ਫੁਰਦਾ, ਫੁਰਨੇ ਵਿਚ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਕਰੇ ਪਰਵਰਦਿਗਾਰ, ਬੇਐਬ ਨੂਰ ਖ਼ੁਦਾਇਆ । ਹਕ ਮੁਕਾਮੇ ਸਾਂਝਾ ਯਾਰ, ਸਚ ਸਿੰਘਾਸਣ ਸੋਭਾ ਪਾਇਆ । ਸਿਫ਼ਤੀ ਤਾਅਰੀਫ਼ੀ ਵਸਿਆ ਬਾਹਰ, ਹਕ ਹਕੀਕਤ ਨਾ ਕੋਇ ਦ੍ਰਿੜਾਇਆ । ਇਸ਼ਕ ਮਾਸ਼ੂਕ ਨਾ ਕੋਇ ਯਾਰ, ਮੁਹੱਬਤ ਰੰਗ ਨਾ ਕੋਇ ਚੜ੍ਹਾਇਆ । ਸ਼ਬਦ ਹਦੀਸੀ ਨਾ ਗੁਫ਼ਤਾਰ, ਕਲਮਾ ਨਬੀ ਨਾ ਕੋਇ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਰਗਾਹ ਡੇਰਾ ਲਾਇਆ । ਸਾਚੀ ਦਰਗਾਹ ਮਹੱਲ ਅਪਾਰਾ, ਅਪਰੰਪਰ ਸੋਭਾ ਪਾਈਆ । ਜਲਵਾਗਰ ਨੂਰ ਉਜਿਆਰਾ, ਜਲਾਲ ਇਕੋ ਇਕ ਦਰਸਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਵੱਡੀ ਵਡਿਆਈਆ । ਘਰ ਮੰਦਰ ਗ੍ਰਿਹ ਕਰ ਪਿਆਰਾ, ਪ੍ਰੇਮ ਆਪਣੇ ਵਿਚੋਂ ਪਰਗਟਾਈਆ । ਪ੍ਰੀਤਮ ਪ੍ਰੀਤੀ ਨਾਲ ਦੇ ਸਹਾਰਾ, ਸਗਲਾ ਸੰਗ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਵਡਿਆਈਆ । ਨਿਰਗੁਣ ਨਿਰਗੁਣ ਕਰੇ ਪਸਾਰਾ, ਨਿਰਵੈਰ ਨਿਰਾਕਾਰ ਆਪਣੀ ਕਾਰ ਕਮਾਈਆ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਭਿਛਿਆ ਝੋਲੀ ਪਾਈਆ । ਅੰਤਰ ਖ਼ਾਹਿਸ਼ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪਣਾ ਨਾਉਂ ਲਿਆ ਪਰਗਟਾਈਆ । ਗ੍ਰਿਹ ਮੰਦਰ ਸੱਚਾ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਇਕ ਦਰਸਾਈਆ । ਇਕੋ ਨਾਉਂ ਹਰਿ ਨਿਰੰਕਾਰ, ਆਦਿ ਪੁਰਖ ਆਪ ਪਰਗਟਾਇਆ । ਸਚਖੰਡ ਦਵਾਰੇ ਬੋਲ ਜੈਕਾਰ, ਜੈ ਜੈ ਜੈਕਾਰ ਆਪ ਅਲਾਇਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਪਿਆਰ, ਆਦਿ ਜੁਗਾਦਿ ਸਕੇ ਨਾ ਕੋਇ ਤੁੜਾਇਆ । ਸਚ ਮਹੱਲ ਅਟਲ ਮਨਾਰ, ਦਰਗਾਹ ਸਾਚੀ ਧਾਮ ਸੁਹਾਇਆ । ਦੀਵਾ ਬਾਤੀ ਜਗੇ ਜੋਤ ਹੋਏ ਉਜਿਆਰ, ਹਵਨ ਦੀਪ ਧੂਪ ਨਾ ਕੋਇ ਵਖਾਇਆ । ਸਤਿ ਪੁਰਖ ਨਿਰੰਜਣ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਜਣਾਇਆ । ਆਦਿ ਪੁਰਖ ਠਾਂਡਾ ਦਰਬਾਰ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਹਰਿ ਪੁਰਖ ਨਿਰੰਜਣ ਵੇਖਣਹਾਰ, ਏਕੰਕਾਰਾ ਖ਼ੁਸ਼ੀ ਮਨਾਇਆ । ਆਦਿ ਨਿਰੰਜਣ ਨੂਰ ਉਜਿਆਰ, ਅਬਿਨਾਸ਼ੀ ਕਰਤਾ ਸੋਭਾ ਪਾਇਆ । ਸ੍ਰੀ ਭਗਵਾਨ ਕਰੇ ਇਜ਼ਹਾਰ, ਪਾਰਬ੍ਰਹਮ ਪ੍ਰਭ ਧੁਰ ਦਾ ਗੀਤ ਅਲਾਇਆ । ਤੂੰ ਮੇਰਾ ਮੈਂ ਤੇਰਾ ਯਾਰ, ਸੱਜਣ ਅਵਰ ਨਾ ਕੋਇ ਵਖਾਇਆ । ਸਤਿ ਪੁਰਖ ਨਿਰੰਜਣ ਸਤਿ ਸਵਾਮੀ ਧੁਰ ਦੀ ਕਰੀ ਇਕ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲਾਇਆ । ਸਾਚਾ ਭੇਵ ਵੇਖੋ ਖੁਲ੍ਹਦਾ, ਗਹਿਰ ਗੰਭੀਰ ਆਪ ਖੁਲ੍ਹਾਈਆ । ਜਿਸ ਦਾ ਤੋਲ ਕੋਇ ਨਾ ਤੁਲਦਾ, ਅਨਤੋਲ ਬੇਪਰਵਾਹੀਆ । ਜਿਸ ਦੀ ਕੀਮਤ ਲੇਖਾ ਜਾਣੇ ਨਾ ਕੋਈ ਮੁੱਲ ਦਾ, ਅਮੁੱਲ ਵੱਡੀ ਵਡਿਆਈਆ । ਜਿਸ ਦਾ ਲਹਿਣਾ ਆਦਿ ਜੁਗਾਦਿ ਨਾ ਜਾਣੇ ਕੋਈ ਅਭੁੱਲ ਦਾ, ਭੁੱਲ ਰੂਪ ਨਾ ਕੋਇ ਵਟਾਈਆ । ਜਿਸ ਦਾ ਬੂਟਾ ਨਿਤ ਨਵਿਤ ਕਦੇ ਨਾ ਹੁਲ ਦਾ, ਧੁਰ ਦੀ ਮਹਿਕ ਇਕ ਮਹਿਕਾਈਆ । ਲੇਖਾ ਜਾਣੇ ਨਾ ਕੋਇ ਆਦਿ ਪੁਰਖ ਅਬਿਨਾਸ਼ੀ ਤੇਰੀ ਕੁਲ ਦਾ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੨੪੪

ਧੁਰ ਦਾ ਲੇਖਾ ਦਏ ਦ੍ਰਿੜਾਈਆ । ਧੁਰ ਦਾ ਲੇਖਾ ਦੱਸੇ ਆਪ, ਹਰਿ ਆਪਣੀ ਦਇਆ ਕਮਾਇੰਦਾ । ਜਿਸ ਦਾ ਨਾ ਕੋਈ ਮਾਈ ਨਾ ਕੋਈ ਬਾਪ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਸਿਮਰਨ ਸੰਗ ਨਾ ਕੋਇ ਨਿਭਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਸਰੋਵਰ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਵਣਜ ਨਾ ਕੋਈ ਹਾਟ, ਵਣਜਾਰਾ ਰੂਪ ਨਾ ਕੋਇ ਵਖਾਇੰਦਾ । ਨਾ ਕੋਈ ਰੂਪ ਰੰਗ ਰੇਖ ਨਾ ਜ਼ਾਤ, ਤਤਵ ਤਤ ਨਾ ਕੋਇ ਸਮਝਾਇੰਦਾ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਕਰੇ ਬਾਤ, ਉਚੀ ਕੂਕ ਨਾ ਕੋਇ ਸੁਣਾਇੰਦਾ । ਨਾ ਕੋਈ ਢੋਲਾ ਗਾਏ ਗਾਥ, ਕਲਮਾ ਕਲਾਮ ਨਾ ਕੋਇ ਸੁਣਾਇੰਦਾ । ਨਾ ਕੋਈ ਪਿਆਲਾ ਆਬੇ ਹਯਾਤ, ਮਧਰ ਰਸ ਨਾ ਕੋਇ ਫੜਾਇੰਦਾ । ਨਾ ਕੋਈ ਲੇਖਾ ਲਿਖੇ ਕਿਤਾਬ, ਕਲਮ ਸ਼ਾਹੀ ਨਾ ਵੰਡ ਵੰਡਾਇੰਦਾ । ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਦਿਸੇ ਮਹਿਰਾਬ, ਮਹਿਬੂਬ ਮੁਹੱਬਤ ਹੱਕ ਨਾ ਕੋਇ ਕਰਾਇੰਦਾ । ਨਾ ਕੋਈ ਸੱਜਦਾ ਸੀਸ ਜਗਦੀਸ ਝੁਕੇ ਆਦਾਬ, ਨਮੋ ਨਮੋ ਨਾ ਕੋਇ ਸੁਣਾਇੰਦਾ । ਨਾ ਕੋਈ ਸੂਰਜ ਚੰਦ ਜੋਤੀ ਨੂਰ ਰੋਸ਼ਨ ਮਹਿਤਾਬ, ਅੰਧ ਅੰਧੇਰ ਨਾ ਕੋਇ ਪਰਗਟਾਇੰਦਾ । ਨਾ ਕੋਈ ਲਹਿਣਾ ਦੇਣਾ ਜਾਣੇ ਹਿਸਾਬ, ਅੱਖਰ ਅੰਕੜੇ ਅੰਤ ਨਾ ਕੋਇ ਲਗਾਇੰਦਾ । ਪੁਰਖ ਅਬਿਨਾਸ਼ੀ ਸਚਖੰਡ ਦਵਾਰੇ ਸਾਹਿਬ ਸੱਚਾ ਮਹਾਰਾਜ, ਸਾਹਿਬਾਨ ਸੋਭਾ ਪਾਇੰਦਾ । ਜੋ ਆਪਣੀ ਇਛਿਆ ਕਰੇ ਆਪਣਾ ਕਾਜ, ਕਰਤਾ ਪੁਰਖ ਆਪਣੀ ਖੇਲ ਵਖਾਇੰਦਾ । ਆਪਣੀ ਕਰਨੀ ਆਪ ਦੇ ਕੇ ਦਾਜ, ਵਸਤ ਅਮੋਲਕ ਆਪ ਭਰਾਇੰਦਾ । ਆਦਿ ਪੁਰਖ ਆਪਣਾ ਚਲਾ ਕੇ ਸਚ ਰਿਵਾਜ, ਰਹਿਬਰ ਹੋ ਕੇ ਵੇਖ ਵਖਾਇੰਦਾ । ਆਪਣੇ ਘਰ ਦੇ ਅਗੰਮੀ ਦਾਤ, ਘਰ ਸਾਚਾ ਇਕ ਸੁਹਾਇੰਦਾ । ਜਨਨੀ ਜਨ ਬਣ ਪੁਰਖ ਅਬਿਨਾਸ਼, ਗੋਦ ਸੁਹੰਜਣੀ ਆਪ ਵਡਿਆਇੰਦਾ । ਸਾਚੇ ਮੰਡਲ ਪਾ ਕੇ ਰਾਸ, ਸੋਹਣੀ ਬਣਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਧੁਰ ਦਾ ਲੇਖਾ ਹਰਿ ਨਿਰੰਕਾਰ, ਇਕੋ ਇਕ ਜਣਾਈਆ । ਜੋਤੀ ਜਾਤਾ ਹੋ ਤਿਆਰ, ਪੁਰਖ ਬਿਧਾਤਾ ਪੜਦਾ ਲਾਹੀਆ । ਜਨਨੀ ਜਨ ਸਿਰਜਣਹਾਰ, ਸਾਹਿਬ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਰੂਪ ਵਖਾਈਆ । ਸਚਖੰਡ ਦਵਾਰਿਉਂ ਖੋਲ੍ਹ ਕਿਵਾੜ, ਪੜਦਾ ਓਹਲਾ ਦਏ ਉਠਾਈਆ । ਚਰਨ ਕਵਲ ਦੇ ਸਹਾਰ, ਥਿਰ ਘਰ ਮੰਦਰ ਇਕ ਸਮਝਾਈਆ । ਪਿਤਾ ਪੂਤ ਚਲੇ ਧਾਰ, ਪੁਰਖ ਅਕਾਲ ਇਕੋ ਹੁਕਮ ਵਰਤਾਈਆ । ਸਚ ਸੰਦੇਸਾ ਦੇਵੇ ਦੇਵਣਹਾਰ, ਨਰ ਨਰੇਸ਼ਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਦਏ ਵਡਿਆਈਆ । ਨਿਰਗੁਣ ਨਿਰਗੁਣ ਉਪਜਿਆ ਪੂਤ, ਪਤਿਪਰਮੇਸ਼ਵਰ ਆਪ ਉਪਾਇੰਦਾ । ਇਕੋ ਤਾਗਾ ਤਾਣਾ ਪੇਟਾ ਸੂਤ, ਦੂਜਾ ਤੰਦ ਨਾ ਕੋਇ ਰਖਾਇੰਦਾ । ਇਕੋ ਦਿਸ਼ਾ ਇਕੋ ਕੂਟ, ਇਕੋ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਸੁਤ ਦੁਲਾਰੇ ਤੇਰਾ ਨਾਉਂ ਗੋਬਿੰਦ, ਹਰਿ ਸ਼ਬਦੀ ਸ਼ਬਦ ਜਣਾਈਆ । ਪੁਰਖ ਅਕਾਲ ਉਪਾਈ ਆਪਣੀ ਬਿੰਦ, ਮਾਤ ਪਿਤ ਨਜ਼ਰ ਕੋਇ ਨਾ ਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਹੋਏ ਸਹਾਈਆ । ਥਿਰ ਘਰ ਦਵਾਰਾ ਤੇਰਾ ਜੀਉ ਪਿੰਡ, ਬ੍ਰਹਿਮੰਡ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੁਤ ਉਪਜਾਇਆ

ਗੋਬਿੰਦ ਏਕ, ਆਦਿ ਪੁਰਖ ਦਿਤੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚੀ ਟੇਕ, ਸਮਰਥ ਦਿਤਾ ਸਮਝਾਈਆ । ਤੇਰਾ ਨੂਰ ਜ਼ਹੂਰ ਸਦਾ ਬਿਬੇਕ, ਗ਼ਰੂਰ ਵਿਚ ਨਾ ਕੋਇ ਰਖਾਈਆ । ਤੇਰਾ ਕਲਮ ਸ਼ਾਹੀ ਲਿਖੇ ਨਾ ਲੇਖ, ਕਾਗ਼ਜ਼ ਦੇਵੇ ਨਾ ਕੋਇ ਵਡਿਆਈਆ । ਤੇਰਾ ਜੀਵ ਜਹਾਨ ਪਾਏ ਨਾ ਭੇਤ, ਅਭੇਵ ਦਏ ਸਮਝਾਈਆ । ਤੇਰਾ ਨਿਰਗੁਣ ਸਰਗੁਣ ਹੋਣਾ ਖੇਡ, ਖ਼ਾਲਕ ਖ਼ਲਕ ਰੂਪ ਵਟਾਈਆ । ਹੁਕਮੇ ਅੰਦਰ ਦੇਵਾਂ ਭੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੁਰਖ ਅਕਾਲ ਕਹੇ ਗੋਬਿੰਦ ਸੁਤ, ਧੁਰ ਦੇ ਸ਼ਬਦ ਤੇਰੀ ਵਡਿਆਈਆ । ਤੇਰਾ ਮੇਲਾ ਅਬਿਨਾਸ਼ੀ ਅਚੁਤ, ਚੇਤਨ ਇਕੋ ਵਾਰ ਕਰਾਈਆ । ਤੇਰਾ ਪੈਂਡਾ ਕਦੇ ਨਾ ਜਾਵੇ ਮੁਕ, ਆਵਣ ਜਾਵਣ ਖੇਲ ਵਖਾਈਆ । ਦੋ ਜਹਾਨ ਮੌਲੇ ਰੁੱਤ, ਰੁਤੜੀ ਤੇਰੇ ਨਾਲ ਮਹਿਕਾਈਆ । ਪ੍ਰੇਮ ਪਿਆਰ ਤੇਰੀ ਭੁੱਖ, ਤ੍ਰਿਸ਼ਨਾ ਆਤਮ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵੇ ਆਪ ਸਹਾਈਆ । ਸਦਾ ਸਹਾਇਕ ਹੋਵੇ ਤੇਰਾ, ਸਚਖੰਡ ਨਿਵਾਸੀ ਆਪ ਜਣਾਇੰਦਾ । ਥਿਰ ਘਰ ਵਸੇ ਧੁਰ ਦਾ ਖੇੜਾ, ਖਿੜਕੀ ਕੁੰਡਾ ਆਪ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਤੇਰਾ ਖੁਲ੍ਹਾ ਵੇਹੜਾ, ਜੇਰਜ ਅੰਡਜ ਉਤਭੁਜ ਸੇਤਜ ਬੰਦ ਨਾ ਕੋਇ ਕਰਾਇੰਦਾ । ਨਵ ਸੱਤ ਤੇਰਾ ਘੇਰਾ, ਲੋਕ ਪਰਲੋਕ ਤੇਰੇ ਚਰਨਾਂ ਹੇਠ ਵਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਕੰਧ ਉਠਾਵੇ ਬੇੜਾ, ਖੇਵਟ ਖੇਟਾ ਤੇਰਾ ਨਾਉਂ ਧਰਾਇੰਦਾ । ਨਾਤਾ ਜੁੜਿਆ ਤੇਰਾ ਮੇਰਾ, ਪਿਤਾ ਪੁਰਖ ਅਕਾਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਪਰਗਟਾਇੰਦਾ । ਧੁਰ ਦਾ ਲੇਖਾ ਸ਼ਬਦ ਗੋਬਿੰਦ, ਨਿਰਗੁਣ ਨਿਰਵੈਰ ਆਪ ਜਣਾਈਆ । ਤੇਰਾ ਪ੍ਰੇਮ ਰਸ ਸਾਗਰ ਸਿੰਧ, ਅੰਮ੍ਰਿਤ ਰੂਪ ਪਰਗਟਾਈਆ । ਤੇਰੀ ਕਿਆ ਕੋਈ ਕਰੇ ਨਿੰਦ, ਨਿੰਦਿਆ ਵਿਚ ਨਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਿਤਾ ਬਹਾਈਆ । ਸਚ ਦਵਾਰਾ ਘਰ ਥਿਰ, ਘਰ ਇਕੋ ਇਕ ਸੁਹਾਈਆ । ਪਰਮ ਪੁਰਖ ਅਬਿਨਾਸ਼ੀ ਕਰਤਾ ਮਿਲਿਆ ਪਿਰ, ਪ੍ਰੀਤੀ ਇਕੋ ਵਾਰ ਜੁੜਾਈਆ । ਤੇਰਾ ਰੂਪ ਨਿਰਵੈਰ ਨਿਰ, ਨਿਰੰਕਾਰ ਦਿਤਾ ਸਮਝਾਈਆ । ਦੋ ਜਹਾਨ ਤੇਰਾ ਪਿੜ, ਸੂਰਬੀਰ ਤੇਰੇ ਹੱਥ ਵਡਿਆਈਆ । ਤੇਰਾ ਪ੍ਰੇਮ ਗ਼ੁੰਚਾ ਗੁਲਸ਼ਨ ਫੁੱਲ ਜਾਏ ਖਿੜ, ਦੋ ਜਹਾਨ ਅਰਸ਼ ਫ਼ਰਸ਼ ਦਏ ਮਹਿਕਾਈਆ । ਜੁਗ ਚੌਕੜੀ ਗੇੜਾ ਜਾਵੇ ਗਿੜ, ਲੱਖ ਚੁਰਾਸੀ ਲੱਠ ਆਪ ਭੁਆਈਆ । ਅਬਿਨਾਸ਼ੀ ਕਰਤਾ ਸਦ ਵਸੇ ਤੇਰੇ ਨੇੜ, ਦੂਰ ਦੁਰਾਡਾ ਪੰਧ ਮੁਕਾਈਆ । ਮੇਲ ਮਿਲਾਵਾ ਗਿਰਵਰ ਗਿਰਧਾਰ ਗਿਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਇਕ ਬਹਾਈਆ । ਸਚ ਦਵਾਰੇ ਸਾਚੇ ਬਹਿਣਾ, ਹਰਿ ਸ਼ਬਦੀ ਗੁਰ ਜਣਾਇੰਦਾ । ਦਰਸ਼ਨ ਕਰਨਾ ਆਪਣੇ ਨੈਣਾ, ਲੋਚਣ ਜਗਤ ਨਾ ਕੋਇ ਵਖਾਇੰਦਾ । ਨਿਤ ਨਵਿਤ ਭਾਣਾ ਸਹਿਣਾ, ਹੁਕਮੇ ਅੰਦਰ ਹੁਕਮ ਮਨਾਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਮੰਨਣਾ ਕਹਿਣਾ, ਕਹਿ ਕਹਿ ਤੇਰਾ ਖੇਲ ਜਣਾਇੰਦਾ । ਸਤਿ ਦਵਾਰੇ ਸਾਚੇ ਬਹਿਣਾ, ਧਾਮ ਭੂਮਿਕਾ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਗੁਰ ਆਪ ਸਮਝਾਇੰਦਾ । ਸ਼ਬਦ ਗੋਬਿੰਦ ਗਿਆ ਸਮਝ, ਆਦਿ ਪੁਰਖ ਸੀਸ ਨਿਵਾਈਆ । ਪੁਰਖ ਅਕਾਲ ਤੇਰੀ ਰਮਜ਼, ਰਹਿਮਾਨ ਮਿਲੀ ਵਡਿਆਈਆ । ਤੇਰਾ ਵਿਛੋੜਾ ਮੇਰਾ ਗ਼ਜ਼ਬ, ਅਦਬ ਵਿਚ ਸੋਭਾ ਪਾਈਆ । ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਧੁਰ ਦਾ ਦਿਸੇ ਅਦਲ, ਅਦਾਲਤ ਇਕੋ ਇਕ ਵਖਾਈਆ ।

੨੪੫ ੧੨

ਤੇਰਾ ਫ਼ਰਮਾਬਰਦਾਰ ਕਦੇ ਨਾ ਜਾਵੇ ਬਦਲ, ਬਦਲੀ ਤੇਰੇ ਹੁਕਮ ਵਿਚ ਰਜ਼ਾਈਆ । ਤੇਰਾ ਦਵਾਰਾ ਧੁਰ ਦੀ ਮੰਜ਼ਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰੱਖੇ ਨਿਰੰਕਾਰ, ਹਰਿ ਕਰਤਾ ਆਪ ਜਣਾਇੰਦਾ । ਉਠ ਵੇਖ ਸੱਚਾ ਦਰਬਾਰ, ਸ਼ਾਹ ਪਾਤਸ਼ਾਹ ਭੇਵ ਖੁਲ੍ਹਾਇੰਦਾ । ਨਿਰਮਲ ਜੋਤ ਜਗੇ ਅਗੰਮ ਅਪਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਅਗੰਮ ਅਥਾਹ ਅਚਰਜ ਲੀਲਾ ਅਪਰ ਅਪਾਰ, ਅਪਰੰਪਰ ਸਵਾਮੀ ਆਪ ਸਮਝਾਇੰਦਾ । ਸੁੱਤ ਦੁਲਾਰੇ ਰਹਿਣਾ ਖ਼ਬਰਦਾਰ, ਬੇਖ਼ਬਰ ਖ਼ਬਰ ਤੇਰੀ ਝੋਲੀ ਆਪ ਭਰਾਇੰਦਾ । ਤੇਰੀ ਸੇਵਾ ਲਾਵਾਂ ਅਪਰ ਅਪਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ, ਰਵ ਸਸ ਮੰਡਲ ਮੰਡਪ ਤੇਰੇ ਰੰਗ ਰੰਗਾਇੰਦਾ । ਤੇਰਾ ਧਾਮ ਨਿਆਰਾ ਚਰਨ ਕਵਲ ਸਚ ਸੱਚੀ ਧਰਮਸਾਲ, ਥਿਰ ਘਰ ਇਕੋ ਬਣਤ ਬਣਾਇੰਦਾ । ਕਿਰਪਾ ਨਿਧਾਨ ਹੋ ਕੇ ਦਿਆਂ ਬਹਾਲ, ਸਿਰ ਆਪਣਾ ਹੱਥ ਟਿਕਾਇੰਦਾ । ਤੇਰੀ ਕਿਸੇ ਨਾ ਆਵੇ ਭਾਲ, ਖੋਜਿਆਂ ਖੋਜ ਨਾ ਕੋਇ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਅਬਿਨਾਸ਼ੀ ਕਰਤਾ ਹੁਕਮ ਦੱਸੇ ਧੁਰ ਰੱਬ ਦਾ, ਸਚ ਸਵਾਮੀ ਦਇਆ ਕਮਾਈਆ । ਗੋਬਿੰਦ ਗੁਰੂ ਸਭ ਦਾ, ਆਦਿ ਜੁਗਾਦਿ ਇਕੋ ਨਜ਼ਰੀ ਆਈਆ । ਪੁਰਖ ਅਕਾਲ ਚਰਨ ਦਵਾਰੇ ਫਬ ਦਾ, ਥਿਰ ਘਰ ਬੈਠਾ ਡੇਰਾ ਲਾਈਆ । ਜਗਤ ਵਿਦਿਆ ਜਗਤ ਨੈਣ ਕਿਸੇ ਨਾ ਲੱਭਦਾ, ਖੋਜ ਖੋਜ ਵੇਖੇ ਸਰਬ ਲੋਕਾਈਆ । ਜੁਗ ਚੌਕੜੀ ਭਾਂਡਾ ਵੇਖੇ ਭੱਜਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥਿਰ ਰਹਿਣ ਕੋਇ ਨਾ ਪਾਈਆ । ਆਰ ਪਾਰ ਕਿਨਾਰਾ ਵੇਖੇ ਲੋਕਮਾਤ ਹੱਦ ਦਾ, ਪਰਲੋਕ ਪੜਦਾ ਆਪ ਉਠਾਈਆ । ਰਾਗ ਸੁਣਾਵੇ ਅਗੰਮੀ ਨਦ ਦਾ, ਅਨਹਦ ਨਾਦੀ ਤਾਲ ਵਜਾਈਆ । ਪੰਜ ਤਤ ਸਰਗੁਣ ਸਰੂਪ ਆਪੇ ਸਜਦਾ, ਘਰ ਘਰ ਡੇਰਾ ਲਾਈਆ । ਜੋਤੀ ਦੀਪਕ ਆਪੇ ਜਗ ਦਾ, ਜੋਤ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਇਕ ਅਖਵਾਈਆ । ਸਾਹਿਬ ਸਤਿਗੁਰ ਗੋਬਿੰਦ ਸੱਚਾ, ਆਦਿ ਪੁਰਖ ਆਪ ਉਪਾਇਆ । ਅਬਿਨਾਸ਼ੀ ਕਰਤੇ ਬਣਾ ਕੇ ਆਪਣਾ ਬੱਚਾ, ਬਚਪਨ ਆਪਣਾ ਇਕ ਸਮਝਾਇਆ । ਪੰਜ ਤਤ ਕਾਇਆ ਮਾਟੀ ਤੇਰਾ ਖੇਲ ਕਰਾਂ ਮਾਟੀ ਭਾਂਡਾ ਕੱਚਾ, ਜੁਗ ਜੁਗ ਵੇਸ ਵਟਾਇਆ । ਸ਼ਬਦ ਸੰਦੇਸ਼ਾ ਇਕੋ ਦੱਸਾਂ, ਧੁਰ ਦਾ ਰਾਗ ਅਲਾਇਆ । ਰਸਨਾ ਜਿਹਵਾ ਬੱਤੀ ਦੰਦ ਮਾਣਸ ਹੋ ਕੇ ਹੱਸਾਂ, ਸੋਹਣਾ ਰੂਪ ਵਟਾਇਆ । ਚਾਰ ਕੁੰਟ ਦਹਿ ਦਿਸ਼ਾ ਪਾਂਧੀ ਹੋ ਕੇ ਨੱਸਾਂ, ਨਿਤ ਨਵਿਤ ਪੰਧ ਮੁਕਾਇਆ । ਗੁਰਮੁਖਾਂ ਹਿਰਦੇ ਹਰਿ ਜੂ ਹੋ ਕੇ ਵਸਾਂ, ਹਰਿਜਨ ਮੇਲ ਮਿਲਾਇਆ । ਗੁਰਮੁਖਾਂ ਅੰਮ੍ਰਿਤ ਦੇ ਕੇ ਰਸਾ, ਰਸਨਾ ਰਸ ਕੂੜਾ ਦੇਵਾਂ ਚੁਕਾਇਆ । ਸਾਚੇ ਸੰਤਾਂ ਖੋਲ੍ਹ ਕੇ ਅਪਣੀਆਂ ਅੱਖਾਂ, ਨਿਜ ਨੇਤਰ ਮੇਲ ਮਿਲਾਇਆ । ਜਨ ਭਗਤਾਂ ਅੰਤਰ ਆਤਮ ਜਾ ਕੇ ਵਸਾਂ, ਪਰਮਾਤਮ ਧੁਰ ਦਾ ਜੋੜ ਜੁੜਾਇਆ । ਕਰਾਂ ਖੇਲ ਬਿਨ ਪੈਰਾਂ ਹੱਥਾਂ, ਤਤਵ ਤਤ ਨਾ ਕੋਇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਬਦ ਦੁਲਾਰਾ ਮੰਗ ਮੰਗਾਇਆ । ਸ਼ਬਦ ਦੁਲਾਰਾ ਮੰਗੇ ਮੰਗ, ਗੋਬਿੰਦ ਆਪਣੀ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਸ਼ਹਿਨਸ਼ਾਹ ਤੇਰੀ ਵਡਿਆਈਆ । ਮੈਂ ਨਿਤ ਨਵਿਤ ਤੇਰਾ ਵਜਾਵਾਂ ਮਰਦੰਗ, ਢੋਲਾ ਧੁਰ ਦਾ ਆਪ ਸੁਣਾਈਆ । ਆਤਮ ਪਰਮਾਤਮ ਨਾਤਾ ਦੇਵਾਂ ਗੰਢ, ਲੱਖ ਚੁਰਾਸੀ ਚਾਰੇ ਖਾਣੀ ਚਾਰੇ ਬਾਣੀ ਇਕੋ ਰਮਜ਼ ਜਣਾਈਆ । ਵਸਤ ਅਮੋਲਕ ਬ੍ਰਹਿਮੰਡ ਖੰਡ ਦੇਵਾਂ ਵੰਡ, ਜੇਰਜ ਅੰਡ

ਪੜਦਾ ਲਾਹੀਆ । ਤੇਰੇ ਪ੍ਰੇਮ ਪਿਆਰ ਦਾ ਗੁਰਮੁਖਾਂ ਬਖ਼ਸ਼ਾਂ ਅਨੰਦ, ਅਨੰਦ ਤੇਰੇ ਨਾਲ ਸਮਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਲੰਘ, ਵੇਲਾ ਵਕਤ ਇਕ ਸੁਹਾਈਆ । ਜਨਨੀ ਜਨ ਪਾ ਕੇ ਠੰਡ, ਸੀਤਲ ਧਾਰਾ ਇਕ ਵਗਾਈਆ । ਨਾਉਂ ਰਖਾ ਕੇ ਗੁਜਰੀ ਚੰਦ, ਜਗਤ ਚੰਦ ਮਾਣ ਮਿਟਾਈਆ । ਦੋ ਜਹਾਨ ਤੋੜ ਕੇ ਬੰਦੀ ਬੰਦ, ਬੰਦਨਾ ਤੇਰੇ ਅੱਗੇ ਇਕੋ ਸੀਸ ਝੁਕਾਈਆ । ਧੁਰ ਦਾ ਢੋਲਾ ਗਾ ਕੇ ਛੰਦ, ਸੋਹਲਾ ਸਾਚਾ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਬਦ ਗੁਰ ਕਹੇ ਮੈਂ ਵੇਖਾਂ ਮਾਤ, ਲੋਕਮਾਤ ਵੇਸ ਵਟਾਈਆ । ਤੇਰਾ ਨਾਮ ਪਦਾਰਥ ਧੁਰ ਦੀ ਦਾਤ, ਅਮੁਲੜੀ ਆਪਣੇ ਹੱਥ ਰਖਾਈਆ । ਸਚ ਸੰਦੇਸ਼ਾ ਦੱਸਾਂ ਗਾਥ, ਅਗੰਮੀ ਇਕ ਪੜ੍ਹਾਈਆ । ਸਰਬ ਜੀਆਂ ਦਾ ਕਮਲਾਪਾਤ, ਪਤਿਪਰਮੇਸ਼ਵਰ ਸੱਚਾ ਮਾਹੀਆ । ਜਿਸ ਨਿਰਗੁਣ ਨਾਨਕ ਦਿਤਾ ਸਾਥ, ਜੋਤੀ ਜੋਤ ਨਾਲ ਮਿਲਾਈਆ । ਜਿਸ ਦੀ ਭਾਖਿਆ ਅਗੰਮੀ ਭਾਖ, ਤ੍ਰੈਲੋਕੀ ਸਲੋਕੀ ਅੱਖਰਾਂ ਅੰਦਰ ਬੰਦ ਕਰਾਈਆ । ਜਿਸ ਸੁਣੀ ਅਗੰਮ ਆਵਾਜ਼, ਦਮਾ ਦਮ ਜਣਾਈਆ । ਜਿਸ ਸਚਖੰਡ ਦਾ ਖੋਲ੍ਹ ਕੇ ਰਾਜ਼, ਥਿਰ ਘਰ ਪੜਦਾ ਦਿਤਾ ਉਠਾਈਆ । ਜਿਸ ਲਹਿਣਾ ਚੁਕਾ ਕੇ ਵੁਜ਼ੂ ਨਮਾਜ਼, ਨਵਾਜ਼ਸ਼ ਇਕੋ ਦਿਤੀ ਜਣਾਈਆ । ਸਾਹਿਬ ਸਤਿਗੁਰ ਸੱਚਾ ਵਖਾ ਕੇ ਗੁਰੂ ਮਹਾਰਾਜ, ਮਹਿਬੂਬ ਘਰ ਘਰ ਦਿਤਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਲੇਖੇ ਲਾਈਆ । ਪੁਰਖ ਅਕਾਲ ਕਹੇ ਸਾਚੇ ਸੂਰੇ, ਸੂਰਬੀਰ ਤੇਰੀ ਵਡਿਆਈਆ । ਆਦਿ ਜੁਗਾਦੀ ਧੁਰ ਦੇ ਨੂਰੇ, ਤੇਰਾ ਨੂਰ ਹੋਏ ਰੁਸ਼ਨਾਈਆ । ਨਾਤਾ ਤੁਟੇ ਕੂੜੀ ਕੂੜੇ, ਸਚ ਸੁੱਚ ਕਰੇਂ ਕੁੜਮਾਈਆ । ਗੁਰਮੁਖਾਂ ਬਖ਼ਸ਼ ਚਰਨ ਧੂੜੇ, ਟਿੱਕਾ ਮਸਤਕ ਨਾਮ ਲਗਾਈਆ । ਚਤੁਰ ਸੁਘੜ ਬਣਾਏਂ ਮੂੜ੍ਹੇ, ਮੂਰਖ ਆਪਣੇ ਧੰਦੇ ਲਾਈਆ । ਦਰਸ ਦਿਖਾਏਂ ਸਨਮੁਖ ਹਜ਼ੂਰੇ, ਹਾਜ਼ਰ ਹੋ ਕੇ ਲਏਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਸਹਿਜ ਸੁਭਾਈਆ । ਗੋਬਿੰਦ ਕਹੇ ਵਾਹ ਮੇਰੇ ਭਗਵੰਤ, ਪੁਰਖ ਅਬਿਨਾਸ਼ੀ ਤੇਰੀ ਵਡਿਆਈਆ । ਤੇਰਾ ਨਾਮ ਸੰਦੇਸਾ ਮੰਤ, ਗੁਰ ਮੰਤਰ ਦਿਆਂ ਜਣਾਈਆ । ਜਿਸ ਆਦਿ ਬਣਾਈ ਬਣਤ, ਸੋ ਜੁਗਾਦਿ ਵੇਖੇ ਚਾਈਂ ਚਾਈਂਆ । ਜਿਸ ਨੂੰ ਨਾਨਕ ਮੰਨਿਆ ਕੰਤ, ਲੱਖ ਚੁਰਾਸੀ ਨਾਰੀ ਰੂਪ ਗਿਆ ਦ੍ਰਿੜਾਈਆ । ਜਿਸ ਦੀ ਮਹਿਮਾ ਸਦਾ ਬੇਅੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਮਝ ਸਕੇ ਨਾ ਰਾਈਆ । ਸੋ ਸਵਾਮੀ ਸਮਰਥ ਮੇਰੀ ਬਣਾਏ ਬਣਤ, ਘਾੜਨ ਘੜਨ ਆਪਣੇ ਹੱਥ ਰਖਾਈਆ । ਦੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਗੋਬਿੰਦ ਮੀਤ, ਮਿਤਰ ਪਿਆਰਾ ਹਰਿ ਜਣਾਇੰਦਾ । ਜੁਗ ਚੌਕੜੀ ਜਿਸ ਦੀ ਰੀਤ, ਰੀਤੀਵਾਨ ਵੇਖ ਵਖਾਇੰਦਾ । ਜਿਸ ਦਾ ਢੋਲਾ ਗੌਂਦੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਾਗ ਅਲਾਇੰਦਾ । ਜਿਸ ਦਾ ਵਸੇਰਾ ਹਸਤ ਕੀਟ, ਊਚ ਨੀਚ ਹਰ ਘਟ ਅੰਦਰ ਬੈਠਾ ਸੋਭਾ ਪਾਇੰਦਾ । ਜਿਸ ਦਾ ਕਲਮਾ ਸਚ ਹਦੀਸ, ਹਜ਼ਰਤ ਹੋ ਕੇ ਆਪ ਪੜ੍ਹਾਇੰਦਾ । ਸੋ ਸਾਹਿਬ ਸਵਾਮੀ ਸਚ ਅੰਤਰਜਾਮੀ ਲੇਖਾ ਜਾਣੇ ਬੀਸ ਇਕੀਸ, ਏਕੰਕਾਰਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸ਼ਬਦ ਗੁਰੂ ਗੋਬਿੰਦ ਗੁਰਦੇਵ, ਦੇਵ ਆਤਮਾ ਵੇਖ ਵਖਾਈਆ । ਆਦਿ ਜੁਗਾਦੀ ਅਲਖ ਅਭੇਵ,

ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਵਸਣਹਾਰਾ ਧਾਮ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਉਸ ਦੀ ਸਿਫ਼ਤ ਕਰੇ ਕੀ ਜਿਹਵ, ਬੱਤੀ ਦੰਦ ਨਾ ਕੋਇ ਸਮਝਾਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਅੰਮ੍ਰਿਤ ਰਸ ਦੇਵੇ ਅਗੰਮੀ ਮੇਵ, ਫਲ ਇਕੋ ਇਕ ਵਖਾਈਆ । ਅੰਦਰ ਵੜ ਕੇ ਖੋਲ੍ਹੇ ਭੇਵ, ਬਾਹਰੋਂ ਪੜਦਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰ ਇਕ ਅਖਵਾਈਆ । ਗੋਬਿੰਦ ਗੁਰ ਇਕੋ ਏਕ, ਆਦਿ ਪੁਰਖ ਆਪ ਜਣਾਇੰਦਾ । ਜਿਸ ਦੀ ਜਗਤ ਸ੍ਰਿਸ਼ਟੀ ਰੱਖੇ ਟੇਕ, ਸਿਰ ਸਭ ਦੇ ਹੱਥ ਟਿਕਾਇੰਦਾ । ਜਿਸ ਦੀ ਦ੍ਰਿਸ਼ਟੀ ਨਾਲ ਬੁਧ ਹੋਵੇ ਬਿਬੇਕ, ਵਸ਼ਿਸ਼ਟੀ ਆਪਣਾ ਮੇਲ ਮਿਲਾਇੰਦਾ । ਸੋ ਸੂਰਾ ਸੂਰਬੀਰ ਰਣਭੂਮੀ ਨਾ ਹੋਵੇ ਖੇਤ, ਖੜਗ ਖੰਡਾ ਕਟਾਰ ਘਾਉ ਨਾ ਕੋਇ ਲਗਾਇੰਦਾ । ਗੁਰਮੁਖਾਂ ਆਪਣਾ ਅੰਤਰ ਖੋਲ੍ਹੇ ਭੇਤ, ਬਸੰਤਰ ਬਾਹਰੋਂ ਅੱਗ ਬੁਝਾਇੰਦਾ । ਸਦਾ ਸੁਹੇਲਾ ਸਚ ਸੁਹੰਜਣੀ ਖੇਲੇ ਖੇਡ, ਜਗਤ ਖਿਲਾਰੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਮੀ ਅੰਤਰਜਾਮੀ ਘਟ ਬੈਠਾ ਵੇਖ ਵਖਾਇੰਦਾ । ਸ਼ਬਦ ਗੁਰੂ ਗੋਬਿੰਦ ਮਰਦੰਗਾ, ਨਾਮ ਨਿਧਾਨ ਵਜਾਈਆ । ਨਮੋ ਨਮੋ ਕਰੇ ਸੂਰਜ ਚੰਦਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਬੇਸ਼ਕ ਪੰਜ ਤਤ ਖ਼ਾਕੀ ਨਜ਼ਰੀ ਆਵੇ ਬੰਦਾ, ਅੰਦਰੋਂ ਬੰਧਨ ਰਿਹਾ ਤੁੜਾਈਆ । ਜਿਸ ਦਾ ਸਚ ਸਿੰਘਾਸਣ ਥਿਰ ਘਰ ਅਗੰਮੀ ਮੰਜਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜਿਸ ਗ੍ਰਿਹਿ ਦਿਵਸ ਰੈਣ ਅੱਠੇ ਪਹਿਰ ਘੜੀ ਪਲ ਇਕ ਅਨੰਦਾ, ਅਨੰਦ ਅਨੰਦ ਵਿਚ ਸਮਾਈਆ । ਜਿਸ ਦਾ ਆਦਿ ਜੁਗਾਦਿ ਪਰਮ ਪੁਰਖ ਦਾ ਸੱਚਾ ਛੰਦਾ, ਮੇਰਾ ਤੇਰਾ ਢੋਲਾ ਗਾਈਆ । ਜਿਸ ਦਾ ਨਾਮ ਫ਼ਰਮਾਨ ਧੁਰ ਦਾ ਡੰਡਾ, ਖੰਡਾ ਖੜਗ ਆਪਣਾ ਹੁਕਮ ਵਰਤਾਈਆ । ਜੋ ਗੁਰਮੁਖਾਂ ਸ਼ਬਦ ਸੰਦੇਸੇ ਦੇਵੇ ਗੰਢਾਂ, ਜੁਗ ਵਿਛੜੇ ਮੇਲ ਮਿਲਾਈਆ । ਨਾਤਾ ਤੋੜ ਕੇ ਜੇਰਜ ਅੰਡਾ, ਉਤਭੁਜ ਸੇਤਜ ਡੇਰਾ ਢਾਹੀਆ । ਮੂਰਖ ਮੁਗਧ ਅੰਞਾਣ ਜੇ ਹੋਵੇ ਮੰਦਾ, ਫੜ ਬਾਂਹੋਂ ਗਲੇ ਲਗਾਈਆ । ਜਗਤ ਵਾਸਨਾ ਮਨ ਹੰਕਾਰੀ ਹੋਵੇ ਗੰਦਾ, ਦੁਰਮਤ ਮੈਲ ਧੁਆਈਆ । ਸਤਿਗੁਰ ਵਿਛੋੜੇ ਆਤਮ ਪਰਮਾਤਮ ਹੋਵੇ ਰੰਡਾ, ਨਾਰ ਕੰਤ ਸੁਹਾਗਣ ਮੇਲ ਨਾ ਕੋਇ ਮਿਲਾਈਆ । ਅੰਗੀਕਾਰ ਲਾਏ ਆਪਣੇ ਅੰਗਾ, ਅੰਗਣ ਇਕੋ ਇਕ ਵਖਾਈਆ । ਹਰਿਜਨ ਚਰਨ ਚੁੰਮਣ ਆ ਕੇ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਿਉਂ ਨਿਉਂ ਲਾਗਣ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਾਵਣ ਆ ਕੇ ਛੰਦਾ, ਸੱਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਗੁਰੂ ਸਭ ਦਾ ਸਾਂਝਾ, ਵੰਡਣ ਵੰਡ ਨਾ ਕੋਇ ਵੰਡਾਇੰਦਾ । ਪ੍ਰੇਮ ਪ੍ਰੀਤੀ ਅੰਦਰ ਬਾਂਧਾ, ਬੰਦਗੀ ਇਕੋ ਨਾਮ ਸਮਝਾਇੰਦਾ । ਪੁਰਖ ਅਕਾਲ ਦੇ ਗੀਤ ਗਾਂਦਾ, ਸ੍ਰੀ ਭਗਵਾਨ ਇਕ ਮਨਾਇੰਦਾ । ਅੰਮ੍ਰਿਤ ਜਾਮ ਗੁਰਮੁਖਾਂ ਦੇ ਕੇ ਗਿਆ ਦੁਸ਼ਾਂਦਾ, ਅੰਦਰ ਬਾਹਰ ਕੂੜੀ ਕਿਰਿਆ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਇੰਦਾ । ਸਤਿਗੁਰ ਮੰਨਿਆ ਨਾਨਕ ਇਕ, ਏਕੰਕਾਰ ਸੀਸ ਨਿਵਾਈਆ । ਰਾਗਾਂ ਨਾਦਾਂ ਵਿਚ ਦਿਤਾ ਲਿਖ, ਸ਼ਬਦੀ ਸ਼ਬਦ ਢੋਲਾ ਗਾਈਆ । ਸ੍ਰਿਸ਼ਟ ਸਬਾਈ ਦੱਸਿਆ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਆਤਮ ਪਰਮਾਤਮ ਕਰੇ ਹਿਤ, ਦੂਜੀ ਸੇਜ ਨਾ ਕੋਇ ਹੰਢਾਈਆ । ਆਵੇ ਜਾਵੇ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਲੱਖ ਚੁਰਾਸੀ ਅੰਦਰ ਵੜਿਆ ਵਿਚ, ਵਿਚੇ ਰਹਿੰਦਿਆਂ ਮਿਲਣ ਕੋਇ ਨਾ ਪਾਈਆ । ਜਿਨ੍ਹਾਂ ਮਨ ਵਾਸਨਾ ਹੋਵੇ ਜਿਚ, ਮਤ ਮਤਵਾਲੀ ਰਹੀ ਕੁਰਲਾਈਆ ।



੨੪੮ ੧੨

ਤਿਨ੍ਹਾਂ ਮੰਜ਼ਲ ਪੰਧ ਨਾ ਮੁੱਕੇ ਸਵਾ ਗਿਠ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਘਰ ਸਵਾਮੀ ਕਰਵਟ ਬਦਲ ਨਾ ਬਦਲੇ ਪਿਠ, ਸਨਮੁਖ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਇਕੋ ਇਕ ਦਰਸਾਈਆ । ਗੋਬਿੰਦ ਕਹੇ ਮੇਰਾ ਪੁਰਖ ਅਕਾਲ, ਪਿਤਾ ਇਕੋ ਨਜ਼ਰੀ ਆਇੰਦਾ । ਜਿਸ ਦਾ ਸੋਹਣਾ ਸੁਹੰਜਣਾ ਲਾਲ, ਲਾਡਾਂ ਵਿਚ ਗੋਦ ਸੁਹਾਇੰਦਾ । ਜੁਗ ਚੌਕੜੀ ਕਦੇ ਨਾ ਹੋਵੇ ਕੰਗਾਲ, ਸ਼ਹਿਨਸ਼ਾਹ ਸ਼ਾਹ ਰੂਪ ਆਪ ਵਖਾਇੰਦਾ । ਨਿਰਗੁਣ ਨਿਰਵੈਰ ਹੋ ਕੇ ਚਲੇ ਨਾਲ, ਧੁਰ ਦਾ ਸੰਗ ਨਿਭਾਇੰਦਾ । ਲੋਕਮਾਤ ਮੇਰਾ ਤਨ ਬਣਾਏ ਸੱਚੀ ਧਰਮਸਾਲ, ਆਤਮ ਸੇਜਾ ਬਹਿ ਬਹਿ ਖ਼ੁਸ਼ੀ ਮਨਾਇੰਦਾ । ਪ੍ਰੇਮ ਪਿਆਰ ਅੰਮ੍ਰਿਤ ਰਸ ਸਚ ਪਿਆਲਾ ਦਏ ਪਿਆਲ, ਦੀਨ ਦਿਆਲਾ ਦਇਆ ਕਮਾਇੰਦਾ । ਜੁਗ ਚੌਕੜੀ ਪਿਛਲਾ ਦੱਸੇ ਅਹਿਵਾਲ, ਭੇਵ ਅਗਲਾ ਆਪ ਖੁਲ੍ਹਾਇੰਦਾ । ਚਰਨਾਂ ਹੇਠ ਰਖਾਏ ਕਾਲ ਮਹਾਂਕਾਲ, ਮਹਾਂਬਲੀ ਹੁਕਮ ਵਰਤਾਇੰਦਾ । ਗੁਰਮੁਖ ਗੁਰਸਿਖ ਸੰਤ ਸੁਹੇਲੇ ਸੱਜਣ ਲਏ ਉਠਾਲ, ਸੋਈ ਸੁਰਤੀ ਆਪ ਜਗਾਇੰਦਾ । ਜਨ ਭਗਤਾਂ ਮਿਲ ਕੇ ਹੋਵੇ ਨਿਹਾਲ, ਨਿਹਾਲੀ ਪੈ ਆਪਣੇ ਰੰਗ ਰੰਗਾਇੰਦਾ । ਆਵਣ ਜਾਵਣ ਜਨਮ ਮਰਨ ਲੱਖ ਚੁਰਾਸੀ ਵਿਚੋਂ ਕਰ ਕੇ ਬਹਾਲ, ਜਮ ਕੀ ਫਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਘਰ ਵਸਾਇੰਦਾ । ਗੁਰਸਿਖ ਗੁਰ ਗੁਰ ਜੁਗ ਜੁਗ ਝਗੜਾ, ਝਗੜੇ ਵਿਚ ਵਸੇ ਬੇਪਰਵਾਹੀਆ । ਨਾਮ ਨਿਧਾਨ ਮਨ ਕਸਵਟੀ ਲਾਏ ਰਗੜਾ, ਰਗੜਾ ਇਕੋ ਇਕ ਜਣਾਈਆ । ਜਗਤ ਵਾਸਨਾ ਰਹੇ ਵੱਖਰਾ, ਤ੍ਰਿਸ਼ਨਾ ਆਪਣੀ ਵੰਡ ਵੰਡਾਈਆ । ਲੱਭਦਾ ਫਿਰੇ ਵਿਚੋਂ ਅੱਖਰਾਂ, ਗੀਤਾਂ ਵਿਚ ਆਪਣਾ ਆਪ ਮਧਰ ਧੁਨ ਕਰੇ ਸ਼ਨਵਾਈਆ । ਖੋਜਦਾ ਫਿਰੇ ਟਿਲੇ ਪਰਬਤ ਪੱਥਰਾਂ, ਸਮੁੰਦ ਸਾਗਰ ਡੂੰਘੀ ਖਾਈਆ । ਸਾਹਿਬ ਸੱਚੇ ਕੋਲ ਹਰਿਜਨ ਤੇਰਾ ਸੋਹਣਾ ਵਿਛਿਆ ਨਜ਼ਰੀ ਆਵੇ ਸਥਰਾ, ਸਥਰ ਯਾਰੜਾ ਇਕੋ ਇਕ ਸਮਝਾਈਆ । ਜਿਸ ਦਾ ਵਰਕਾ ਕਿਸੇ ਨਾ ਪਲਟਿਆ ਪਤਰਾ, ਨਗ਼ਮਾ ਨਾਮ ਨਜ਼ਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਦਾਤਾ ਇਕ ਅਖਵਾਈਆ । ਸਾਹਿਬ ਦਾਤਾ ਸਤਿਗੁਰ ਆਦਿ, ਅੰਤ ਆਪਣੇ ਹੱਥ ਰਖਾਈਆ । ਜਿਸ ਨੂੰ ਗੌਂਦੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਧਿਆਨ ਲਗਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਵਜੌਂਦੇ ਨਾਦ, ਧੁਨ ਆਤਮਕ ਰਾਗ ਸੁਣਾਈਆ । ਜਿਸ ਦਾ ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸੱਜਣ ਸਾਕ, ਸਗਲਾ ਸੰਗ ਇਕੋ ਇਕ ਸਮਝਾਈਆ । ਘਰ ਘਰ ਅੰਦਰ ਬੰਦ ਤਾਕ, ਬਜਰ ਕਪਾਟੀ ਪੜਦਾ ਲਾਈਆ । ਗੋਬਿੰਦ ਗਾਇਆ ਭਵਿਖਤ ਵਾਕ, ਵੇਲਾ ਵਕਤ ਗਿਆ ਸਮਝਾਈਆ । ਜੋ ਨਿਰਵੈਰ ਪੁਰਖ ਨਿਰਾਕਾਰ ਨਿਰੰਕਾਰ ਧੁਰ ਦਾ ਦੇਵੇ ਸਾਥ, ਸਗਲਾ ਸੰਗ ਇਕੋ ਇਕ ਜਣਾਈਆ । ਸੋ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਕਲਜੁਗ ਮੇਟੇ ਅੰਧੇਰੀ ਰਾਤ, ਰੁਤੜੀ ਰੁੱਤ ਨਾਲ ਮਹਿਕਾਈਆ । ਗੋਬਿੰਦ ਵਿਚੋਂ ਗੋਬਿੰਦ ਪਰਗਟ ਜ਼ਾਤ, ਗੁਰਮੁਖ ਗੁਰਮੁਖ ਰੂਪ ਵਟਾਈਆ । ਗੁਰ ਸ਼ਬਦ ਗੁਰ ਨਾਦ ਗੁਰ ਬ੍ਰਹਮ ਗੁਰ ਬ੍ਰਹਿਮਾਦ ਗੁਰ ਅਗੰਮੀ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜਿਸ ਗੋਬਿੰਦ ਦਾ ਲੱਖ ਚੁਰਾਸੀ ਜੀਵ ਜੰਤ ਸਮਾਜ, ਸੋ ਗੋਬਿੰਦ ਸੂਰਾ ਦਾਤਾ ਇਕ ਅਖਵਾਈਆ । ਜਿਸ ਨੂੰ ਗ਼ਰੀਬਾਂ ਮੰਨਿਆ ਗ਼ਰੀਬ ਨਿਵਾਜ਼, ਸੀਸ ਕਲਗੀ ਤੋੜਾ ਇਕ ਚਮਕਾਈਆ । ਜਿਸ ਦਾ ਨੀਲੇ ਸਮਝਿਆ ਰਾਜ਼, ਸ਼ਾਹ ਸਵਾਰ ਚੁੱਕ ਚੁੱਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ,

੨੪੯ ੧੨

ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਸੁਤ ਪੁਰਖ ਅਕਾਲ ਇਕੋ ਇਕ ਵਡਿਆਈਆ । ਗੋਬਿੰਦ ਗੁਰ ਸਭ ਦਾ ਸੱਜਣ, ਲੱਖ ਚੁਰਾਸੀ ਮੀਤ ਨਜ਼ਰੀ ਆਇੰਦਾ । ਊਚਾਂ ਨੀਚਾਂ ਰਾਓ ਰੰਕਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਾਏ ਮਜਨ, ਮਜਲਸ ਆਪਣੇ ਨਾਲ ਰਖਾਇੰਦਾ । ਨਾਨਕ ਨਿਰਗੁਣ ਨਾਮ ਨਿਧਾਨ ਨਗਾਰੇ ਵੱਜਣ, ਤਾਲ ਤਲਵਾੜਾ ਇਕੋ ਇਕ ਵਜਾਇੰਦਾ । ਗੁਰਮੁਖ ਗੁਰਸਿਖ ਚਰਨ ਪ੍ਰੀਤੀ ਕਰ ਕੇ ਮਗਨ, ਅਗਲਾ ਪਿਛਲਾ ਲੇਖਾ ਆਪਣਾ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਨਾ ਜਾਲੇ ਅਗਨ, ਅੰਮ੍ਰਿਤ ਮੇਘ ਬਰਸਾਇੰਦਾ । ਜਿਨ੍ਹਾਂ ਗੁਰਮੁਖਾਂ ਗੁਰ ਅੰਮ੍ਰਿਤ ਲਾਇਆ ਸਗਨ, ਧੁਰ ਦਾ ਨਾਤਾ ਆਪ ਬੰਧਾਇੰਦਾ । ਮਨ ਵਾਸਨਾ ਦੂਰ ਦੁਰਾਡੇ ਭੱਜਣ, ਅੰਤਰ ਆਤਮ ਵਿਛੋੜਾ ਨਾ ਕੋਇ ਕਰਾਇੰਦਾ । ਪਰਮ ਪੁਰਖ ਪਰਮਾਤਮ ਸਭ ਦਾ ਸਵਾਮੀ ਬਣ ਕੇ ਸੱਜਣ, ਸਾਜਣ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਗੁਰ ਗੁਜਰੀ ਚੰਦ ਗੁਰਮੁਖਾਂ ਸੰਗ ਲਗਾਈ ਆਪਣੀ ਲਗਨ, ਦੀਪਕ ਜੋਤ ਲੋਕਮਾਤ ਜਗਣ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਚਾੜ੍ਹ ਕੇ ਰੰਗਣ, ਰੰਗ ਕੂੜਾ ਦਿਤਾ ਮਿਟਾਈਆ ।



ਸਤਾਰਾਂ ਸੌ ਬਿਕ੍ਰਮੀ ਸੱਠ, ਰੁਤੜੀ ਸਾਵਣ ਸਚ ਸੁਹਾਈਆ । ਪੁਰੀ ਅਨੰਦ ਤੋਂ ਮੀਲ ਅੱਠ, ਦੱਖਣ ਦਿਸ਼ਾ ਸੋਭਾ ਪਾਈਆ । ਗੋਬਿੰਦ ਸੰਗਤ ਇਕ ਇਕੱਠ, ਧੁਰ ਦਾ ਜੋੜ ਜੁੜਾਈਆ । ਪ੍ਰੇਮ ਪਿਆਰ ਨਾਲ ਗੁਰਮੁਖਾਂ ਭੁਲੱਥਾ ਰਹੇ ਦੱਸ, ਇਸ਼ਾਰਿਆਂ ਨਾਲ ਸਮਝਾਈਆ । ਹੌਲੀ ਜੇਹੀ ਮਾਰ ਕੇ ਸੱਟ, ਸੁਰਤੀ ਦੇਣ ਖੁਲ੍ਹਾਈਆ । ਗੁਰਸਿਖ ਮਾਰ ਛਾਲ ਪੈਣ ਟੱਪ, ਸੋਹਣਾ ਜੋਸ਼ ਵਖਾਈਆ । ਲਹਿੰਦੀ ਦਿਸ਼ਾ ਆ ਗਿਆ ਰੰਗੜ ਜੱਟ, ਡਾਂਗ ਹੱਥ ਵਿਚ ਲਮਕਾਈਆ । ਗੋਬਿੰਦ ਵੱਲ ਵੇਖ ਕੇ ਰਿਹਾ ਹੱਸ, ਏਹ ਕੀ ਖੇਲ ਰਚਾਈਆ । ਜੇ ਮੈਨੂੰ ਲਵੇਂ ਸੱਦ, ਅੱਗੇ ਹੋ ਕੇ ਹੱਥ ਦਿਆਂ ਵਖਾਈਆ । ਗ਼ੁੱਸੇ ਨਾਲ ਜਿਸ ਵੇਲੇ ਦੋਹਾਂ ਹੱਥਾਂ ਦੀ ਉਤੋਂ ਮਾਰਾਂ ਸੱਟ, ਕਲਗੀ ਤੋੜਾ ਪਰਾਂ ਦੇਵਾਂ ਸੁਟਾਈਆ । ਜਾਣਨਹਾਰ ਸਾਹਿਬ ਸਮਰਥ, ਖੇਲ ਉਸੇ ਵੇਲੇ ਬੰਦ ਕਰਾਈਆ । ਓਹਦੇ ਕੋਲ ਆਏ ਝੱਟ, ਡਾਂਗ ਫੜ ਕੇ ਦਿਤੀ ਉਠਾਈਆ । ਸੂਰਬੀਰੇ ਮੇਰੇ ਵਲ ਵੇਖ ਤੱਕ ਕੇ ਅੱਖ, ਨੇਤਰ ਨੈਣ ਨਾਲ ਮਿਲਾਈਆ । ਮੈਨੂੰ ਮਾਰਿਆਂ ਜੇ ਤੇਰਾ ਹੋਵੇ ਜਸ, ਏਹੋ ਜੇਹੀ ਹੋਰ ਕੇਹੜੀ ਵਡਿਆਈਆ । ਤੂੰ ਪ੍ਰੇਮ ਅੰਦਰ ਏਹੋ ਚਾਅ ਰੱਖ, ਮੈਂ ਗੋਬਿੰਦ ਸੀਸ ਚੋਟ ਲਗਾਈਆ । ਮੈਂ ਸਭ ਦਾ ਦੇਵਾਂ ਹੱਕ, ਮੇਰੀ ਪ੍ਰੇਮ ਨਾਲ ਲੜਾਈਆ । ਓਸੇ ਵੇਲੇ ਰੰਗੜ ਚਰਨਾਂ ਉਤੇ ਢੱਠ, ਬੇਨੰਤੀ ਇਕ ਸੁਣਾਈਆ । ਮੇਰੇ ਅੰਦਰ ਤੇਰਾ ਭਰਿਆ ਆਇਆ ਵੱਟ, ਮੇਰੀ ਨਾ ਕੋਇ ਚਤੁਰਾਈਆ । ਮੇਰੀ ਉਬਲੀ ਕਿਉਂ ਰੱਤ, ਬਹੱਤਰ ਨਾੜ ਦਿਤੀ ਦੁਹਾਈਆ । ਸਾਹਿਬ ਮੇਰੀ ਪਤ ਰੱਖ, ਇਕ ਤੇਰੀ ਓਟ ਤਕਾਈਆ । ਬਾਕੀ ਸੰਗਤ ਕੋਲੋਂ ਉਠ ਕੇ ਰਹੀ ਦੱਸ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਏਹੋ ਜੇਹੇ ਤੂੰ ਝੋਕਣੇ ਵਿਚ ਭੱਠ, ਅਗਨੀ ਲੰਬੂ ਹੇਠਾਂ ਲਾਈਆ । ਜਿਸ ਦੀ ਮਾਰੀ ਗਈ ਮੱਤ, ਤੇਰੀ ਸਾਰ ਕੋਇ ਨਾ ਪਾਈਆ । ਸਾਹਿਬ ਪ੍ਰੇਮ ਪਿਆਰ ਨਾਲ ਲੈ ਕੇ ਉਠਾਏ ਬਗ਼ਲ ਵਿਚ ਕੱਛ, ਉਤੋਂ ਸਿਰ ਦਿਤਾ ਦਬਾਈਆ । ਏਸ ਪਿਆਰ ਅੰਦਰ ਜਾਣਾ ਫਸ, ਬਗਲਗੀਰ ਤੇਰਾ ਮਾਹੀਆ । ਜਿਸ ਵੇਲੇ ਨਿਰਗੁਣ ਰੂਪ ਸ਼ਬਦੀ ਧਾਰ ਆਵਾਂ ਪਲਟ, ਹਟ ਸਾਚਾ ਸਚ ਖੁਲ੍ਹਾਈਆ । ਤੈਨੂੰ ਦੇ ਕੇ ਮਾਣਸ

੨੫੦

ਜਾਮਾ ਆਪਣੇ ਮਿਲਣ ਦੀ ਪਹਿਲੋਂ ਖੋਲ੍ਹ ਕੇ ਅੱਖ, ਅੱਖ ਫੇਰ ਬੰਦ ਕਰਾਈਆ । ਜਿਸ ਵੇਲੇ ਮੈਥੋਂ ਹੋਵੇ ਵੱਖ, ਕੂੜ ਕੁੜਿਆਰ ਹੰਕਾਰ ਸੋਟਾ ਤੇਰੇ ਹੱਥ ਫੜਾਈਆ । ਕੀਤੇ ਕੌਲ ਤੋਂ ਕਦੀ ਨਾਂ ਜਾਵਾਂ ਨੱਠ, ਇਕਰਾਰ ਵਿਚ ਨਾ ਕਰਾਂ ਜੁਦਾਈਆ । ਜਿਸ ਸੰਗਤ ਵਿਚ ਤੈਨੂੰ ਦਿਤਾ ਦੱਸ, ਏਸੇ ਸੰਗਤ ਵਿਚ ਆਪਣੇ ਸੀਸ ਭਾਰ ਉਠਾਈਆ । ਜਿਸ ਵੇਲੇ ਹੰਕਾਰ ਵਿਕਾਰ ਦੀ ਮਾਰੇ ਸੱਟ, ਤੇਰੀ ਸੱਟ ਨਾਲ ਤੇਰਾ ਦੁਰਾਚਾਰ ਗਵਾਈਆ । ਫੇਰ ਏਨ੍ਹਾਂ ਅੱਗੋਂ ਖੁਲ੍ਹ ਜਾਏ ਅੱਖ, ਓਨ੍ਹਾਂ ਨਾਲੋਂ ਹੋਏ ਜੁਦਾਈਆ । ਜਿਨ੍ਹਾਂ ਨਾਲ ਆਪਣਾ ਆਪ ਕੀਤਾ ਖ਼ਰਾਬ, ਆਬੇ ਹਯਾਤ ਮੁਖ ਗਵਾਈਆ । ਏਹ ਡਾਂਗਾਂ ਵਾਲਾ ਸਭ ਤੋਂ ਵੱਡਾ ਸਵਾਬ, ਪੁੰਨਾਂ ਵਿਚੋਂ ਪੁੰਨ ਨਜ਼ਰੀ ਆਈਆ । ਪਿਛਲਾ ਲੇਖਾ ਬਿਧੀ ਨਾਲ ਚੁੱਕੇ ਹਿਸਾਬ, ਮਨ ਮਤ ਬੁਧ ਸਮਝ ਕੋਇ ਨਾ ਪਾਈਆ । ਦੂਰ ਦੁਰਾਡੇ ਤੇਰੀ ਸੁਣਦੀ ਰਹੀ ਆਵਾਜ਼, ਭੱਜੀ ਆਵੇ ਚਾਈਂ ਚਾਈਂਆ । ਸਿੱਖ ਨਹੀਂ ਸੱਖਣਾ ਬਦਮਾਸ਼, ਬਦਮਾਸ਼ੀ ਤੱਤਾਂ ਨਾਲ ਕਮਾਈਆ । ਏਸ ਡਾਂਗ ਦਾ ਉਹ ਸਵਾਦ, ਜਿਸ ਦੀ ਸੱਟ ਲੱਗਿਆਂ ਕਾਇਆ ਮੰਦਰ ਹੱਟ ਨਜ਼ਰੀ ਆਈਆ । ਪਿਛਲਾ ਦੁਰਮਤ ਧੋਤਾ ਦਾਗ਼, ਅਗਨੀ ਅੱਗ ਬੁਝਾਈਆ । ਉਹ ਗੋਬਿੰਦ ਤੇਰਾ ਜਗਾਏ ਚਰਾਗ਼, ਜਿਸ ਗੁਜਰੀ ਚੰਦ ਹੋ ਕੇ ਕੀਤੀ ਰੁਸ਼ਨਾਈਆ । ਉਹ ਨਾਨਕ ਬਣੇ ਸਾਕ, ਜਿਸ ਧੁਰ ਦੀ ਜੋਤ ਅਕਾਲਣ ਇਕ ਪਰਨਾਈਆ । ਸੋ ਸੱਜਣ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਜਿਸ ਡਾਂਗ ਦਾ ਖੋਲ੍ਹਿਆ ਰਾਜ਼, ਸੋ ਡਾਂਗ ਰਜ਼ਾ ਵਿਚ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕੋਲੋਂ ਖਾ ਕੇ ਡਾਂਗਾਂ, ਡੰਗ ਆਪਣਾ ਰਿਹਾ ਟਪਾਈਆ ।



## ✪ ੬ ਸਾਵਣ ੨੦੨੧ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹ ਹੇਮਰਾਜ ਪੁਰ ✪

ਸਚਖੰਡ ਦਵਾਰੇ ਸਚ ਦਰਬਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰ, ਨਮੋ ਨਮੋ ਸਰਬ ਜਣਾਇੰਦਾ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਨਾਅਰਾ ਹੱਕ ਸਰਬ ਦ੍ਰਿੜਾਇੰਦਾ । ਜਨ ਭਗਤ ਚਰਨ ਧੂੜੀ ਮੰਗਣ ਛਾਰ, ਮਸਤਕ ਟਿੱਕਾ ਇਕੋ ਨਜ਼ਰੀ ਆਇੰਦਾ । ਸੰਤ ਸੁਹੇਲੇ ਮੰਗਣ ਦੀਦਾਰ, ਦੀਦ ਈਦ ਚੰਦ ਰੁਸ਼ਨਾਇੰਦਾ । ਗੁਰਮੁਖ ਦਰਵੇਸ਼ ਬਣ ਭਿਖਾਰ, ਘਰ ਸਾਚੇ ਝੋਲੀ ਡਾਹਿੰਦਾ । ਗੁਰਸਿਖ ਦਰ ਦਵਾਰ ਵੇਖ ਠਾਂਡਾ ਦਰਬਾਰ, ਗ੍ਰਿਹ ਮੰਦਰ ਖ਼ੁਸ਼ੀ ਮਨਾਇੰਦਾ । ਪਤਿਪਰਮੇਸ਼ਵਰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਨਰ ਹਰਿ ਨਰਾਇਣ ਹੁਕਮ ਵਰਤਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜੁਗ ਜੁਗ ਦੇਂਦੇ ਗਏ ਗਿਆਨ, ਅੱਠ ਦਸ ਵੰਡ ਵੰਡਾਇੰਦਾ । ਅੰਜੀਲ ਕੁਰਾਨ ਸਿਫ਼ਤ ਸਾਲਾਹੀ ਰਸਨਾ ਜਿਹਵਾ ਬੋਲ ਜ਼ਬਾਨ, ਤੋਹਫ਼ਾ ਤਾਅਰੀਫ਼ ਨਾਲ ਦ੍ਰਿੜਾਇੰਦਾ । ਖਾਣੀ ਬਾਣੀ ਕਰ ਪਰਧਾਨ, ਨਾਮ ਸੰਦੇਸ਼ਾ ਇਕ ਸੁਣਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰ ਸ੍ਰੀ ਭਗਵੰਤ, ਸਚਖੰਡ ਸਾਚੇ ਡੇਰਾ ਲਾਈਆ । ਜਿਸ ਦੀ ਖੇਲ ਆਦਿ ਅੰਤ, ਮਧ ਆਪਣਾ ਹੁਕਮ ਵਰਤਾਈਆ । ਵੇਖ ਵਖਾਏ ਜੁਗਾ ਜੁਗੰਤ, ਜੁਗ ਚੌਕੜੀ ਰੂਪ ਵਟਾਈਆ ।

ਪਕੜ ਉਠਾਏ ਸਾਚੇ ਸੰਤ, ਭਗਤਨ ਮੇਲ ਮਿਲਾਈਆ । ਨਾਮ ਦ੍ਰਿੜਾ ਕੇ ਮਣੀਆ ਮੰਤ, ਮੰਤਰ ਇਕੋ ਇਕ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤ, ਕੂੜੀ ਕਿਰਿਆ ਪੰਧ ਚੁਕਾਈਆ । ਲੇਖ ਸਮਝਾ ਦੋਜ਼ਖ਼ ਬਹਿਸ਼ਤ ਜੱਨਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਬੇਪਰਵਾਹੀਆ । ਸਚਖੰਡ ਨਿਵਾਸੀ ਪੁਰਖ ਅਗੰਮ, ਅਲਖ ਅਗੋਚਰ ਖੇਲ ਕਰਾਇੰਦਾ । ਨਿਤ ਨਵਿਤ ਨਿਰਗੁਣ ਸਰਗੁਣ ਜਾਣੇ ਕੰਮ, ਕਰਨੀ ਆਪਣੇ ਹੱਥ ਰਖਾਇੰਦਾ । ਦੋ ਜਹਾਨਾਂ ਬਣ ਕੇ ਜਨਨੀ ਜਨ, ਲੱਖ ਚੁਰਾਸੀ ਸਾਚੀ ਗੋਦ ਸੁਹਾਇੰਦਾ । ਨਾਮ ਪਦਾਰਥ ਦੇਵਣਹਾਰਾ ਧਨ, ਸਚ ਖ਼ਜ਼ੀਨਾ ਇਕ ਵਰਤਾਇੰਦਾ । ਭਾਗ ਲਗਾਵਣਹਾਰਾ ਕਾਇਆ ਪੰਜ ਤਤ ਤਨ, ਆਤਮ ਪਰਮਾਤਮ ਵੰਡ ਵੰਡਾਇੰਦਾ । ਨਿਰਗੁਣ ਜੋਤ ਨਿਰੰਜਣ ਚਾੜ੍ਹਨਹਾਰਾ ਚੰਦ, ਆਦਿ ਨਿਰੰਜਣ ਖੇਲ ਵਖਾਇੰਦਾ । ਗਹਿਰ ਗੰਭੀਰ ਸੁਣਾਵਣਹਾਰਾ ਧੁਰ ਦਾ ਛੰਦ, ਢੋਲਾ ਸੋਹਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸੱਚਾ ਆਸਣ ਇਕ ਸੁਹਾਇੰਦਾ । ਸਚਖੰਡ ਦਵਾਰ ਧੁਰ ਦਾ ਆਸਣ, ਹਰਿ ਕਰਤਾ ਆਪ ਲਗਾਈਆ । ਤਖ਼ਤ ਨਿਵਾਸੀ ਸੋਹੇ ਸ਼ਾਹੋ ਸ਼ਾਬਾਸਨ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਬਿਨ ਰਸਨਾ ਜਿਹਵਾ ਰਹੇ ਸੁਣਾਈਆ । ਪਤਿਪਰਮੇਸ਼ਵਰ ਜੁਗ ਚੌਕੜੀ ਵੇਖੇ ਖੇਲ ਤਮਾਸ਼ਨ, ਨਿਰਗੁਣ ਸਰਗੁਣ ਵੇਸ ਵਟਾਈਆ । ਭੇਵ ਅਭੇਦਾ ਖੋਲ੍ਹੇ ਜ਼ਾਹਰ ਬਾਤਨ, ਅੰਦਰ ਬਾਹਰ ਆਪਣਾ ਰੰਗ ਵਖਾਈਆ । ਆਪਣੇ ਨਾਮ ਦਾ ਜਾਣੇ ਆਪ ਮਹਾਤਮ, ਦੂਸਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੇ ਹੱਥ ਰੱਖੇ ਵਡਿਆਈਆ । ਮਿਹਰਵਾਨ ਪੁਰਖ ਸਮਰਥ, ਸਚਖੰਡ ਨਿਵਾਸੀ ਇਕੋ ਨਜ਼ਰੀ ਆਇੰਦਾ । ਦਰਗਾਹ ਸਾਚੀ ਰਿਹਾ ਵਸ, ਮੁਕਾਮੇ ਹਕ ਸੋਭਾ ਪਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਦੀਆ ਬਾਤੀ ਨਾ ਕੋਇ ਰੁਸ਼ਨਾਇੰਦਾ । ਸ਼ਬਦ ਅਗੰਮੀ ਵਜਾ ਕੇ ਨਾਦ, ਬੋਧ ਅਗਾਧ ਸੁਣਾਇੰਦਾ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਕਾਰ ਕਮਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵਣਹਾਰਾ ਦਾਦ, ਵਸਤ ਅਮੋਲਕ ਸਚ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਖੋਲ੍ਹ ਕੇ ਰਾਜ਼, ਪੜਦਾ ਓਹਲਾ ਆਪ ਚੁਕਾਇੰਦਾ । ਗੁਰ ਅਵਤਾਰਾਂ ਨਿਰਗੁਣ ਸਰਗੁਣ ਬੰਨ੍ਹ ਕੇ ਨਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਪੀਰ ਪੈਗ਼ੰਬਰਾਂ ਦੇ ਕੇ ਸਾਥ, ਕਲਮਾ ਨਬੀ ਰਸੂਲ ਸਮਝਾਇੰਦਾ । ਅੱਖਰ ਵੱਖਰ ਲੇਖਾ ਲਿਖ ਕੇ ਕਲਮ ਦਵਾਤ, ਸ਼ਾਹੀ ਕਾਗ਼ਜ਼ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਅਰੂਜ, ਮਹਿਬੂਬ ਆਪਣੇ ਘਰ ਸੋਭਾ ਪਾਇੰਦਾ । ਸਚ ਗ੍ਰਿਹ ਵਸੇ ਮਹਿਬੂਬ, ਪਰਵਰਦਿਗਾਰ ਨੂਰ ਇਲਾਹੀਆ । ਮਹੱਲ ਅਟਲ ਉਚ ਅਰੂਜ, ਅਰਸ਼ ਕੁਰਸ਼ ਦੋਵੇਂ ਸੀਸ ਨਿਵਾਈਆ । ਸਾਹਿਬ ਸਵਾਮੀ ਸਦਾ ਮਹਿਫ਼ੂਜ਼, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਦੀ ਜਾਣੇ ਨਾ ਕੋਇ ਹਦੂਦ, ਆਰ ਪਾਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਬਹਿ ਬਹਿ ਹੁਕਮ ਵਰਤਾਈਆ । ਸਚ ਸਿੰਘਾਸਣ ਸ੍ਰੀ ਭਗਵਾਨ, ਹਰਿ ਕਰਤਾ ਸੋਭਾ ਪਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਗੀਤ ਗੋਬਿੰਦ ਇਕੋ ਇਕ ਦ੍ਰਿੜਾਇੰਦਾ । ਨਵ ਨੌ ਚਾਰ ਵੇਖਣਹਾਰਾ ਮਾਰ ਧਿਆਨ, ਦਹਿ ਦਿਸ਼ਾ ਖੋਜ ਖੋਜਾਇੰਦਾ । ਸ਼ਾਸਤਰ ਸਿਮਰਤ ਵੇਦ ਜਿਸ ਦੀ ਦੱਸਦੇ ਗਏ ਪਹਿਚਾਨ, ਬੇਪਹਿਚਾਨ ਨਜ਼ਰ

੨੫੨

ਕਿਸੇ ਨਾ ਆਇੰਦਾ । ਜੁਗ ਚੌਕੜੀ ਨਾਮ ਪਦਾਰਥ ਦੇਵਣਹਾਰਾ ਦਾਨ, ਦਾਤਾ ਦਾਨੀ ਆਪਣਾ ਹੁਕਮ ਵਰਤਾਇੰਦਾ । ਸਚ ਦਵਾਰੇ ਧੁਰ ਦਾ ਕਾਹਨ, ਲੱਖ ਚੁਰਾਸੀ ਗੋਪੀ ਆਪਣੇ ਹੁਕਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਵਡਿਆਇੰਦਾ । ਗ੍ਰਿਹ ਮੰਦਰ ਸਚ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਕਰ ਪਰਕਾਸ਼ ਆਦਿ ਨਿਰੰਜਣਾ, ਨਿਰਗੁਣ ਬੈਠਾ ਜੋਤ ਜਗਾਈਆ । ਨਿਤ ਨਵਿਤ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਮੰਨਦੇ ਸੱਚਾ ਸੱਜਣਾ, ਸਾਖਿਆਤ ਜਲਵਾ ਨੂਰ ਖ਼ੁਦਾਈਆ । ਜਿਸ ਦੇ ਗ੍ਰਿਹ ਇਕੋ ਜੇਹਾ ਆਅਲਾ ਅਦਨਾ, ਊਚ ਨੀਚ ਨਾ ਕੋਇ ਵਡਿਆਈਆ । ਹਰ ਘਟ ਲੱਖ ਚੁਰਾਸੀ ਦੇਵਣਹਾਰਾ ਪਰਮਾਨੰਦਨਾ, ਨਿਜਾਨੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਣਾਏ ਧੁਰ ਦਾ ਛੰਦਨਾ, ਸੰਸਾ ਰੋਗ ਰਹੇ ਨਾ ਰਾਈਆ । ਸਚਖੰਡ ਦਵਾਰੇ ਇਕੋ ਛੰਦ, ਮੁਛੰਦਗੀ ਹੋਰ ਨਾ ਕੋਇ ਰਖਾਇੰਦਾ । ਬਿਨ ਕਲਮ ਸ਼ਾਹੀ ਕਾਗ਼ਜ਼ ਕੀਤਾ ਬੰਦ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਸਿਫ਼ਤ ਜਾਣੇ ਨਾ ਕੋਈ ਜ਼ਬਾਨ ਬੱਤੀ ਦੰਦ, ਰਸਨਾ ਨਾਲ ਨਾ ਕੋਇ ਵਡਿਆਇੰਦਾ । ਬਿਨ ਸਾਹਿਬ ਸਤਿਗੁਰ ਕੋਈ ਨਾ ਸਕੇ ਵੰਡ, ਹਿੱਸਾ ਹੱਥ ਨਾ ਕੋਇ ਫੜਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਇੰਦਾ । ਜੁਗ ਜੁਗ ਜਨ ਭਗਤਾਂ ਦੇ ਕੇ ਆਪਣਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜਨਮ ਕਰਮ ਦੀ ਟੁੱਟੀ ਗੰਢ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਸ਼ਬਦ ਸੰਦੇਸ਼ਾ ਦੇਵੇ ਏਕ, ਏਕੰਕਾਰ ਵੱਡੀ ਵਡਿਆਈਆ । ਗੁਰ ਅਵਤਾਰਾਂ ਜਿਸ ਦੀ ਟੇਕ, ਪੀਰ ਪੈਗ਼ੰਬਰ ਸੀਸ ਝੁਕਾਈਆ । ਜੁਗ ਚੌਕੜੀ ਜਿਸ ਦਾ ਵੇਸ, ਅਨੇਕਾ ਰੂਪ ਵਖਾਈਆ । ਅਨਭਵ ਦੱਸੇ ਆਪਣਾ ਭੇਤ, ਭਵਿਖਤ ਦਏ ਵਡਿਆਈਆ । ਸਦਾ ਸੁਹੇਲਾ ਖੇਲ ਕਰੇ ਅਨੇਕ, ਅਨਕ ਕਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਦੇਸਾ ਇਕੋ ਇਕ ਸੁਣਾਈਆ । ਸਚ ਸੰਦੇਸ਼ਾ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਦੱਸੇ ਜਾਪ, ਜੀਵਣ ਜੁਗਤ ਸਰਬ ਸਮਝਾਇੰਦਾ । ਜਨ ਭਗਤ ਬਜਰ ਕਪਾਟੀ ਖੋਲ੍ਹ ਕੇ ਤਾਕ, ਪੜਦਾ ਓਹਲਾ ਆਪ ਉਠਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਜੋਤ ਨਿਰੰਜਣ ਡਗਮਗਾਇੰਦਾ । ਲੇਖੇ ਲਾ ਪਵਣ ਸਵਾਸ, ਸਵਾਸ ਸਵਾਸਾਂ ਆਪਣਾ ਰੰਗ ਰੰਗਾਇੰਦਾ । ਸਦਾ ਸੁਹੇਲਾ ਵਸੇ ਆਸ ਪਾਸ, ਦੂਰ ਦੁਰਾਡਾ ਪੰਧ ਮੁਕਾਇੰਦਾ । ਗ੍ਰਿਹ ਮੰਦਰ ਘਰ ਵਖਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੋਜਾਇੰਦਾ । ਆਤਮ ਪਰਮਾਤਮ ਸਮਝਾਏ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਜੁਗ ਚੌਕੜੀ ਆਪ ਕਰਾਈਆ । ਜਨ ਭਗਤਾਂ ਮੇਟ ਕੇ ਸੋਗ ਹਰਖ਼, ਚਿੰਤਾ ਗ਼ਮ ਡੇਰਾ ਢਾਹੀਆ । ਨਿਰਗੁਣ ਸਰਗੁਣ ਦੇਵੇ ਦਰਸ, ਜੋਤੀ ਜਾਤਾ ਨਜ਼ਰੀ ਆਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤਤ ਬੁਝਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਪ੍ਰਭ, ਹਰਿ ਵੱਡਾ ਵਡ ਵਡਿਆਈਆ । ਸੰਤ ਸੁਹੇਲੇ ਲਏ ਲੱਭ, ਲੱਖ ਚੁਰਾਸੀ ਖੋਜ ਖੋਜਾਈਆ ।

ਨਾਮ ਪਦਾਰਥ ਦੇਵੇ ਝੱਬ, ਝਲਕ ਜੋਤੀ ਨੂਰ ਰੁਸ਼ਨਾਈਆ । ਨੌ ਦਵਾਰੇ ਪਾਰ ਹੱਦ, ਘਰ ਦਸਵੇਂ ਰੰਗ ਰੰਗਾਈਆ । ਸ਼ਬਦ ਨਗਾਰਾ ਜਾਏ ਵੱਜ, ਧੁਨ ਆਤਮਕ ਰਾਗ ਅਲਾਈਆ । ਅਗਿਆਨ ਅੰਧੇਰਾ ਜਾਏ ਭੱਜ, ਭਾਂਡਾ ਭਰਮ ਭੌ ਭੰਨਾਈਆ । ਅੰਮ੍ਰਿਤ ਜਾਮ ਪਿਲਾਏ ਸਦ, ਸਚ ਪਿਆਲਾ ਇਕ ਵਖਾਈਆ । ਸੁਰਤੀ ਸ਼ਬਦ ਇਕ ਦਵਾਰੇ ਜਾਣ ਵਸ, ਵਸਲ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਚਖੰਡ ਨਿਵਾਸੀ ਇਕ ਇਕੱਲਾ , ਏਕੰਕਾਰ ਦਇਆ ਕਮਾਇੰਦਾ । ਦੋ ਜਹਾਨ ਵੇਖਣਹਾਰ ਮਹੱਲਾ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਪਾਵੇ ਸਾਰ ਜਲਾਂ ਥਲਾਂ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਖੋਜ ਖੋਜਾਇੰਦਾ । ਨਾਮ ਸੰਦੇਸ਼ਾ ਧੁਰ ਦਾ ਘੱਲਾ, ਸ਼ਬਦੀ ਸ਼ਬਦੀ ਰਾਗ ਅਲਾਇੰਦਾ । ਜੋਤੀ ਦੀਪਕ ਆਪੇ ਬਲਾ, ਨੂਰ ਨੁਰਾਨਾ ਡਗਮਗਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਭਗਵਨ ਆਪਣੀ ਗੰਢ ਪੁਆਇੰਦਾ । ਕੂੜੀ ਕਿਰਿਆ ਮੇਟ ਕੇ ਝੂਠਾ ਬੰਨਾ, ਸਚ ਸੁਚ ਇਕ ਸਮਝਾਇੰਦਾ । ਚਾਰ ਵਰਨਾਂ ਦੇਵੇ ਸਾਚੀ ਸਰਨਾ ਇਕੋ ਰਾਗ ਸੁਣਾਏ ਕੰਨਾਂ, ਧੁਰ ਦਾ ਨਾਦ ਅਗੰਮੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਸਚਖੰਡ ਨਿਵਾਸੀ ਮਾਰਗ ਏਕ, ਜੁਗ ਚੌਕੜੀ ਆਪ ਲਗਾਈਆ । ਚਾਰ ਵਰਨ ਸਾਚੀ ਟੇਕ, ਸਮਰਥ ਦਏ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੁਧ ਕਰੇ ਬਿਬੇਕ, ਵਿਵੇਕੀ ਇਕੋ ਧਾਰ ਸਮਝਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਹਿਬ ਸਤਿਗੁਰ ਦਾ ਜਾਣੇ ਭੇਤ, ਪੜਦਾ ਓਹਲਾ ਰਿਹਾ ਉਠਾਈਆ । ਨਿਜ ਨੇਤਰ ਸਾਚੇ ਨੈਣ ਲੈਣਾ ਪੇਖ, ਲੋਚਣ ਇਕੋ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਪੜਦਾ ਓਹਲਾ ਜਾਏ ਉਠ, ਕਾਇਆ ਮੰਦਰ ਰਹਿਣ ਨਾ ਪਾਈਆ । ਹਰਿ ਸਤਿਗੁਰ ਸਵਾਮੀ ਜਾਏ ਤੁਠ, ਮਿਹਰਵਾਨ ਦਇਆ ਕਮਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁੱਟ, ਸਚ ਸੁੱਚ ਪੱਤ ਡਾਲ੍ਹੀ ਆਪ ਮਹਿਕਾਈਆ । ਗੁਰਮੁਖ ਗੁਰਸਿਖ ਗੋਦ ਬਹਾਵੇ ਜਿਉਂ ਬਾਲਕ ਮਾਤ ਪੁੱਤ, ਪਿਤਾ ਪੂਤ ਖ਼ੁਸ਼ੀ ਜਣਾਈਆ । ਹਰਿਜਨ ਤੇਰੀ ਮੌਲੇ ਸਾਚੀ ਰੁੱਤ, ਰੁਤ ਰੁਤੜੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਘਟ ਘਟ ਵਾਸੀ ਵੇਖ ਵਖਾਇੰਦਾ । ਭੇਵ ਚੁਕਾਏ ਗਗਨ ਗਗਨੰਤਰ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾ ਪੜਦਾ ਲਾਹਿੰਦਾ । ਕਲਜੁਗ ਅੰਤ ਸਰਬ ਜੀਆਂ ਸਾਚਾ ਦੱਸੇ ਮੰਤਰ, ਸ਼ਬਦ ਅਗੰਮੀ ਰਾਗ ਅਲਾਇੰਦਾ । ਆਤਮ ਪਰਮਾਤਮ ਬਣਾਏ ਬਣਤਰ, ਜਗਤ ਵਿਛੋੜਾ ਅੰਤ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਇੰਦਾ । ਮਿਹਰਵਾਨ ਵੇਖੇ ਆਪਣੀ ਨਜ਼ਰ, ਮੁਰੀਦ ਮੁਰਸ਼ਦ ਨੈਣ ਉਠਾਈਆ । ਰਹਿਮਤ ਨਾਲ ਕਰੇ ਫ਼ਜ਼ਲ, ਫ਼ਾਜ਼ਲ ਹੋ ਕੇ ਹੁਕਮ ਵਰਤਾਈਆ । ਨਿਰਵੈਰ ਹੋ ਕੇ ਕਰੇ ਅਦਲ, ਅਦਾਲਤ ਇਕੋ ਇਕ ਸਮਝਾਈਆ । ਖੰਡਾ ਖੜਗ ਕਟਾਰ ਕੋਈ ਨਾ ਕਰੇ ਕਤਲ, ਮਕਤੂਲ ਰੂਪ ਨਾ ਕੋਇ ਵਟਾਈਆ । ਘਰ ਵਿਚ ਘਰ ਮਨ ਵਾਸਨਾ ਦੇਵੇ ਬਦਲ, ਬੁਧੀ ਆਪਣੇ ਰੰਗ ਰੰਗਾਈਆ । ਸਾਚੇ ਪੌੜੇ ਚੜ੍ਹਾਏ ਅਗੰਮੀ ਮੰਜ਼ਲ, ਮੰਜ਼ਲ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੰਗ ਵਖਾਈਆ । ਹਰਿਜਨ ਵੇਖ ਰੰਗ ਕਰਤਾਰ, ਹਰਿ ਕਰਤਾ ਆਪ ਜਣਾਇੰਦਾ । ਜਿਸ ਨੂੰ ਸੱਯਦਾ ਕਰਦੇ ਗੁਰ

ਅਵਤਾਰ, ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਜਿਸ ਦਾ ਸਿਫ਼ਤਾਂ ਵਿਚ ਸਾਲਾਹੀ ਲੱਗਾ ਸੰਸਾਰ, ਰਸਨਾ ਜਿਹਵਾ ਢੋਲਾ ਸਰਬ ਗਾਇੰਦਾ । ਸੋ ਸਾਹਿਬ ਵੇਸ ਵਟਾਏ ਆਪ ਨਿਰੰਕਾਰ, ਨਿਰਗੁਣ ਨਿਰਾਕਾਰ ਫੇਰਾ ਪਾਇੰਦਾ । ਵਾਕ ਭਵਿਖਤ ਦ੍ਰਿਸ਼ਟ ਇਸ਼ਟ ਨਾਲ ਵਿਚਾਰ, ਸ੍ਰਿਸ਼ਟ ਮੂਲ ਅੰਤ ਚੁਕਾਇੰਦਾ । ਸਾਚੀ ਨਗਰੀ ਧਾਮ ਉਜਿਆਰ, ਸਮਗਰੀ ਆਪਣੀ ਵਿਚ ਟਿਕਾਇੰਦਾ । ਬੋਧ ਅਗਾਧਾ ਬੋਲ ਜੈਕਾਰ, ਨਾਅਰਾ ਨਾਮ ਨਗ਼ਮਾ ਹੱਕ ਆਪ ਸੁਣਾਇੰਦਾ । ਬੰਦ ਕਿਵਾੜੀ ਖੋਲ੍ਹ ਕਿਵਾੜ, ਸਚ ਦਰਵਾਜ਼ਾ ਵੇਖ ਵਖਾਇੰਦਾ । ਪਰਮ ਪੁਰਖ ਸਾਂਝਾ ਯਾਰ, ਪਰਵਰਦਿਗਾਰ ਫੇਰਾ ਪਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੀ ਦੱਸ ਕੇ ਗਏ ਗੁਫ਼ਤਾਰ, ਸੋ ਗੁਫ਼ਤ ਸ਼ੁਨੀਦ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਜਿਸ ਦਾ ਕਰਦੇ ਗਏ ਪਿਆਰ, ਮੁਹੱਬਤ ਇਕੋ ਘਰ ਸਮਝਾਇੰਦਾ । ਜੋ ਨਿਤ ਨਵਿਤ ਜੁਗ ਚੌਕੜੀ ਜਨ ਭਗਤਾਂ ਲੱਜਿਆ ਰੱਖਦਾ ਰਿਹਾ ਆਣ, ਨਿਰਗੁਣ ਸਰਗੁਣ ਫੇਰਾ ਪਾਇੰਦਾ । ਸੋ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵੇਖ ਖ਼ੁਸ਼ੀ ਮਨਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਏ ਹੈਰਾਨ, ਨਵ ਸੱਤ ਸਮਝ ਕੋਇ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨਾ ਸਕੇ ਪਹਿਚਾਨ, ਖਾਣੀ ਬਾਣੀ ਵੰਡ ਨਾ ਕੋਇ ਵੰਡਾਇੰਦਾ । ਚੌਦਾਂ ਲੋਕ ਚੌਦਾਂ ਤਬਕ ਹੋਏ ਹੈਰਾਨ, ਚੌਦਾਂ ਵਿਦਿਆ ਚੌਦਸ ਚੰਦ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲ ਕਲਕੀ ਫੇਰਾ ਪਾਇੰਦਾ । ਕਲ ਕਲਕੀ ਨਰ ਹਰਿ ਨਰਾਇਣ, ਸਚਖੰਡ ਨਿਵਾਸੀ ਵੇਸ ਵਟਾਈਆ । ਰਸਨਾ ਜਿਹਵਾ ਕੋਈ ਨਾ ਸਕੇ ਕਹਿਣ, ਵਿਦਿਆ ਵਿਚ ਨਾ ਕੋਇ ਸਮਝਾਈਆ । ਅਲਫ਼ ਯੇ ਸਮਝ ਨਾ ਪਾਏ ਐਨ, ਹਮਜਾ ਹੱਕ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਦਾ, ਕੁਦਰਤ ਕਾਦਰ ਵੇਖ ਵਖਾਇੰਦਾ । ਮੁਕਾਮੇ ਹੱਕ ਆਪੇ ਵੜਦਾ, ਲਾਸ਼ਰੀਕ ਨਜ਼ਰ ਕਿਸੇ ਨਾ ਆਇੰਦਾ । ਕਲਮਾ ਅਗੰਮ ਅਥਾਹ ਪੜ੍ਹਦਾ, ਨਾਮ ਨਿਧਾਨ ਸਤਿ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਆਪੇ ਫੜਦਾ, ਸਾਚੀ ਡੋਰੀ ਤੰਦ ਬੰਧਾਇੰਦਾ । ਦੋ ਜਹਾਨ ਬਣਾਏ ਬਰਦਾ, ਸਿਰ ਉਪਰ ਨਾ ਕੋਇ ਉਠਾਇੰਦਾ । ਸਦੀ ਚੌਧਵੀਂ ਕਰਨੀ ਆਪੇ ਕਰਦਾ, ਕੁਦਰਤ ਕਾਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਚਖੰਡ ਨਿਵਾਸੀ ਪਰਵਰਦਿਗਾਰ, ਰਹਿਮਤ ਆਪਣੀ ਆਪ ਕਮਾਈਆ । ਸਾਚਾ ਨਾਮ ਸੰਦੇਸਾ ਦਏ ਦੋ ਜਹਾਨ, ਦੋ ਜਹਾਨਾਂ ਵਾਲੀ ਆਪਣਾ ਹੁਕਮ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੌਂਦਾ ਧੁਰ ਫ਼ਰਮਾਨ, ਮਨ ਕਾ ਮਣਕਾ ਆਪ ਭਵਾਈਆ । ਚਾਰ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਲੜਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਇਸ਼ਟ ਮਨਾਣ, ਪੁਰਖ ਅਕਾਲ ਨੂਰ ਰੁਸ਼ਨਾਈਆ । ਸ਼ਿਵਦਵਾਲੇ ਮਠ ਮੰਦਰ ਮਸੀਤ ਗੁਰੂਦਵਾਰੇ ਇਕੋ ਧਿਆਨ ਲਗਾਣ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਹਿਬਰ ਰਸਤਾ ਇਕੋ ਇਕ ਵਖਾਈਆ । ਸਾਚਾ ਰਹਿਬਰ ਦੱਸੇ ਰਾਹ, ਧੁਰ ਦੀ ਧਾਰ ਜਣਾਈਆ । ਕਲਜੁਗ ਅੰਤ ਆਪ ਉਠਾ, ਨੇਤਰ ਅੱਖ ਖੁਲ੍ਹਾਈਆ । ਸ਼ਬਦ ਅਗੰਮੀ ਨਾਦ ਸੁਣਾ, ਧੁਨ ਇਕ ਉਪਜਾਈਆ । ਮੇਲ ਮਿਲਾ ਕੇ ਸਹਿਜ ਸੁਭਾ, ਪੂਰਬ ਲੇਖਾ ਦਿਤਾ ਮੁਕਾਈਆ । ਜੋਗ ਅਭਿਆਸ ਇਕ ਦ੍ਰਿੜਾ, ਤਟ ਤੀਰਥ ਅਸ਼ਨਾਨ ਇਕੋ

ਵਾਰ ਕਰਾਈਆ । ਦੁਰਮਤ ਮੈਲ ਧੁਆ, ਪਤਤ ਪੁਨੀਤ ਆਪਣੇ ਲੇਖੇ ਪਾਈਆ । ਜਨਮ ਜਨਮ ਦੇ ਬਖ਼ਸ਼ ਗੁਨਾਹ, ਕਰਮ ਕਰਮ ਦਾ ਸੋਗ ਮਿਟਾਈਆ । ਦਰਸ ਦੀਦਾਰ ਇਕ ਕਰਾ, ਦੀਦ ਈਦ ਚੰਦ ਰੁਸ਼ਨਾਈਆ । ਛੁਰੀ ਕਰਦ ਨਾਮ ਹੱਥ ਫੜਾ, ਖੰਡਾ ਖੜਗ ਇਕ ਚਮਕਾਈਆ । ਪੰਚ ਵਿਕਾਰਾ ਦੁਸ਼ਟ ਦੇਣਾ ਮੁਕਾ, ਤਨ ਮੰਦਰ ਅੰਦਰ ਰਹਿਣ ਨਾ ਪਾਈਆ । ਜ਼ਾਤ ਪਾਤ ਦੀਨ ਮਜ਼੍ਹਬ ਝਗੜਾ ਦੇਣਾ ਗਵਾ, ਆਤਮ ਪਰਮਾਤਮ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਸਰਬ ਜੀਆਂ ਦਾ ਇਕ ਖ਼ੁਦਾ, ਪਤਿਪਰਮੇਸ਼ਵਰ ਇਕੋ ਬੇਪਰਵਾਹੀਆ । ਜਿਸ ਤੋਂ ਆਦਿ ਹੋਏ ਜੁਦਾ, ਸੋ ਅੰਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਦੀਨ ਦਿਆਲ, ਹਰਿ ਕਰਤਾ ਆਪ ਜਣਾਇੰਦਾ । ਚਾਰ ਵਰਨਾਂ ਇਕੋ ਧਰਮਸਾਲ, ਕਾਇਆ ਮੰਦਰ ਅੰਦਰ ਆਪ ਵਖਾਇੰਦਾ । ਦੀਵਾ ਬਾਤੀ ਅਗੰਮ ਬਾਲ, ਜੋਤੀ ਜਾਤਾ ਡਗਮਗਾਇੰਦਾ । ਅੰਮ੍ਰਿਤ ਸਰੋਵਰ ਸੱਚਾ ਤਾਲ, ਘਰ ਤੀਰਥ ਇਕ ਵਖਾਇੰਦਾ । ਅਨਹਦ ਸ਼ਬਦ ਵੱਜੇ ਸੱਚੀ ਧੁਨਕਾਨ, ਅਨਾਦ ਅਨਾਦੀ ਰਾਗ ਅਲਾਇੰਦਾ । ਸ਼ਬਦ ਗੁਰੂ ਸਵਾਮੀ ਸਚ ਮਿਲੇ ਆਣ, ਸੁਰਤ ਸਵਾਣੀ ਗੇੜ ਚੁਕਾਇੰਦਾ । ਆਤਮ ਸੇਜਾ ਕਰ ਪਰਵਾਨ, ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਦੇ ਗਿਆਨ, ਅੰਧ ਕੂਪੀ ਡੇਰਾ ਢਾਇੰਦਾ । ਇਕੋ ਇਕ ਪੁਰਖ ਅਕਾਲ ਆਦਿ ਜੁਗਾਦੀ ਦੀਨ ਦਿਆਲ, ਦਇਆ ਨਿਧ ਠਾਕਰ ਸਵਾਮੀ ਆਪਣੀ ਖੇਲ ਖਿਲਾਇੰਦਾ । ਕਲਜੁਗ ਅੰਤ ਸਤਿਜੁਗ ਦੇਵੇ ਦਾਨ, ਦਾਤਾ ਹੋ ਕੇ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਹਰਿ, ਸੰਤ ਸੁਹੇਲੇ ਲਏ ਫੜ, ਕਾਇਆ ਮੰਦਰ ਪੌੜੇ ਚੜ੍ਹ, ਸਚ ਸੁਹੰਜਣਾ ਸੁਹਾਏ ਗੜ੍ਹ, ਦੀਆ ਬਾਤੀ ਕਮਲਾਪਾਤੀ ਇਕੋ ਇਕ ਕਰ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਵਿਚੋਂ ਗੁਰਮੁਖ ਪਾਰ ਕਰਾਈਆ ।

## ✪ ੭ ਸਾਵਣ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ ਪਿੰਡ ਸੱਦਾ ✪

ਜਨ ਭਗਤ ਕਹੇ ਤੇਰਾ ਨਾਮ ਕਿਹੜਾ, ਧੁਰ ਦਾ ਮੇਲ ਮਿਲਾਈਆ । ਕਾਇਆ ਮੰਦਰ ਵਸਾ ਦੇ ਖੇੜਾ, ਖਿੜਕੀ ਤਾਕੀ ਬੰਦ ਖੁਲ੍ਹਾਈਆ । ਪੰਚ ਵਿਕਾਰ ਚੁਕਾਏ ਝੇੜਾ, ਭਾਂਡਾ ਭਰਮ ਭੰਨਾਈਆ । ਮਨ ਮਨੂਆ ਦੇਵੇ ਉਲਟਾ ਗੇੜਾ, ਕੂੜੀ ਕਿਰਿਆ ਪੜਦਾ ਲਾਹੀਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਲੇਖਾ ਚੁੱਕੇ ਤੇਰਾ ਮੇਰਾ, ਮੈਂ ਤੂੰ ਭੇਵ ਰਹੇ ਨਾ ਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਦਏ ਸਮਝਾਈਆ । ਪਾਰਬ੍ਰਹਮ ਤੇਰਾ ਨਾਮ ਕੀ, ਸਚ ਸਚ ਸਮਝਾਈਆ । ਨਿਰਮਲ ਹੋਵੇ ਜੀਆ ਜੀ, ਜੀਵਣ ਜੁਗਤ ਵਡਿਆਈਆ । ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂ, ਧਰਨੀ ਧਰਤ ਧਵਲ ਖ਼ਾਕ ਨਾ ਕੋਇ ਮਿਲਾਈਆ । ਅੰਮ੍ਰਿਤ ਬਰਸੇ ਅਗੰਮੀ ਮੀਂਹ, ਧਾਰ ਇਕੋ ਇਕ ਵਹਾਈਆ । ਨਾਤਾ ਜੋੜੇ ਪੁੱਤਰ ਧੀ, ਪਿਤਾ ਪੁਰਖ ਅਕਾਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਸਮਝਾਈਆ । ਤੇਰਾ ਨਾਮ ਕਵਣ ਰੰਗ, ਰੰਗ ਰਤੜੇ ਦੇ ਸਮਝਾਈਆ । ਕਿਸ ਦਵਾਰੇ ਮੰਗੀਏ ਮੰਗ, ਭਿਛਿਆ ਭਿਖਿਆ

ਕਵਣ ਪਾਈਆ । ਕਵਣ ਵਜਾਏ ਮਰਦੰਗ, ਧੁਰ ਦਾ ਨਾਦ ਜਣਾਈਆ । ਕਵਣ ਦਵਾਰਾ ਵੇਖੀਏ ਲੰਘ, ਕਵਣ ਗ੍ਰਿਹ ਵਜੇ ਵਧਾਈਆ । ਕਵਣ ਸੱਜਣ ਮੀਤ ਹੋਵੇ ਸੰਗ, ਧੁਰ ਦਾ ਸੰਗ ਬਣਾਈਆ । ਕਵਣ ਭੇਵ ਚੁਕਾਏ ਵਿਚ ਵਰਭੰਡ, ਬ੍ਰਹਿਮੰਡ ਦਏ ਵਖਾਈਆ । ਕਵਣ ਬਖ਼ਸ਼ੇ ਨਿਜਾਨੰਦ, ਪਰਮਾਨੰਦ ਵਿਚ ਸਮਾਈਆ । ਕਵਣ ਢੋਲਾ ਧੁਰ ਦਾ ਛੰਦ, ਸੰਸਾ ਰੋਗ ਦਏ ਚੁਕਾਈਆ । ਕਵਣ ਟੁੱਟੀ ਦੇਵੇ ਗੰਢ, ਪੱਲੂ ਆਪਣਾ ਨਾਮ ਬੰਧਾਈਆ । ਕਵਣ ਵਸਤ ਅਮੋਲਕ ਦੇਵੇ ਵੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਦੇ ਵਖਾਈਆ । ਸਚ ਪ੍ਰਭੂ ਤੇਰਾ ਨਾਮ ਕਵਣ, ਕਵਣ ਮਿਲੇ ਵਡਿਆਈਆ । ਸਾਚੀ ਦੇਵੇ ਠੰਡੀ ਪਵਣ, ਅਗਨੀ ਤਤ ਬੁਝਾਈਆ । ਲੇਖਾ ਚੁੱਕੇ ਪੂਜਾ ਪਾਠ ਹਵਨ, ਹਵਸ ਨਾ ਕੋਇ ਵਖਾਈਆ । ਮਨ ਮਮਤਾ ਮਿਟੇ ਹੰਕਾਰੀ ਰਵਣ, ਕੂੜੀ ਕਿਰਿਆ ਲੰਕਾ ਗੜ੍ਹ ਤੁੜਾਈਆ । ਸਾਚੀ ਸੇਜਾ ਮਿਲੇ ਸਵਣ, ਸੁਖ ਆਸਣ ਸੋਭਾ ਪਾਈਆ । ਲੇਖਾ ਚੁੱਕੇ ਅਵਣ ਗਵਣ, ਲੱਖ ਚੁਰਾਸੀ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਦੇ ਸਮਝਾਈਆ । ਸਚ ਪ੍ਰਭੂ ਤੇਰਾ ਨਾਮ ਕੀ ਵਸਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨਾਮ ਖ਼ੁਮਾਰੀ ਚਾੜ੍ਹੇ ਮਸਤ, ਮਸਤੀ ਇਕੋ ਇਕ ਸਮਝਾਈਆ । ਲੇਖ ਚੁਕਾਏ ਕੀਟ ਹਸਤ, ਹਸਤੀ ਸਾਚੀ ਦਏ ਸਮਝਾਈਆ । ਮੇਲ ਮਿਲਾਵਾ ਧੁਰ ਦੇ ਦਸਤ, ਦਸਤਗੀਰ ਹੋਏ ਸਹਾਈਆ । ਲੇਖਾ ਚੁੱਕੇ ਤਤ ਅਸ਼ਟ, ਇਸ਼ਟ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਨਾਮ ਦੇ ਸਮਝਾਈਆ । ਸਚ ਨਾਮ ਤੇਰਾ ਕਵਣ ਦਵਾਰ, ਮੰਦਰ ਸਾਚੇ ਸੋਭਾ ਪਾਈਆ । ਕਿਸੇ ਨਜ਼ਰ ਨਾ ਆਏ ਵਿਚ ਸੰਸਾਰ, ਜਗ ਨੇਤਰ ਦੇਣ ਦੁਹਾਈਆ । ਲੱਭ ਲੱਭ ਥੱਕੇ ਜੀਵ ਗਵਾਰ, ਚਾਰੋਂ ਕੁੰਟ ਭੱਜਣ ਵਾਹੋ ਦਾਹੀਆ । ਦਹਿ ਦਿਸ਼ਾ ਵਾਜਾਂ ਰਹੇ ਮਾਰ, ਉਚੀ ਕੂਕ ਕੂਕ ਸੁਣਾਈਆ । ਰਸਨਾ ਜਿਹਵਾ ਬੱਤੀ ਦੰਦ ਗੌਂਦੇ ਵਾਰ, ਵਾਰਤਾ ਅੱਖਰਾਂ ਵਿਚ ਅਲਾਈਆ । ਕਿਸੇ ਨਾ ਮਿਲਿਆ ਸਚ ਦੀਦਾਰ, ਦੀਦ ਈਦ ਚੰਦ ਨਾ ਕੋਇ ਰੁਸ਼ਨਾਈਆ । ਮੰਜ਼ਲ ਚੜ੍ਹ ਚੜ੍ਹ ਗਏ ਹਾਰ, ਮਹੱਲ ਅਟਲ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਜਣਾਈਆ । ਸਾਚਾ ਲੇਖਾ ਦੱਸਣਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜਪਦੇ ਤੇਰਾ ਜਾਪ, ਦਿਵਸ ਰੈਣ ਧਿਆਨ ਲਗਾਈਆ । ਕਿਸੇ ਨਾ ਉਤਰੇ ਲੋਕਮਾਤ ਪਾਪ, ਪਤਤ ਪੁਨੀਤ ਰੂਪ ਨਾ ਕੋਇ ਵਟਾਈਆ । ਨਾਤਾ ਜੁੜਿਆ ਨਾ ਸੱਜਣ ਸਾਕ, ਆਤਮ ਪਰਮਾਤਮ ਮੇਲ ਨਾ ਕੋਇ ਵਖਾਈਆ । ਦੁਰਮਤ ਮੈਲ ਕੋਈ ਨਾ ਸਕੇ ਕਾਟ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਜਨਮ ਜਨਮ ਦੀ ਮੁੱਕੇ ਨਾ ਕੋਇ ਵਾਟ, ਪਾਂਧੀ ਪੰਧ ਅੰਤ ਨਾ ਕੋਇ ਵਖਾਈਆ । ਚਾਰ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸਾਚੀ ਦੱਸ ਅਗੰਮੀ ਗਾਥ, ਜਿਸ ਵਿਚ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਨਿਧਾਨ ਇਕ ਸਮਝਾਈਆ । ਨਾਮ ਨਿਧਾਨ ਦੱਸ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਏ ਵੇਖ, ਖੋਜ ਖੋਜਿਆ ਜਗਤ ਲੋਕਾਈਆ । ਅਗੰਮ ਅਥਾਹ ਕਿਸੇ ਨਾ ਦੱਸਿਆ ਭੇਤ, ਅਭੇਵ ਸਕਿਆ ਨਾ ਕੋਇ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਸਾਰੇ ਕਰਦੇ ਹੇਤ, ਦੂਰ ਦੁਰਾਡੇ ਸੀਸ ਨਿਵਾਈਆ । ਅਲਖ ਅਗੋਚਰ ਤੇਰੀ ਜਾਣੇ ਕੋਈ ਨਾ ਖੇਡ, ਸਚ ਖਿਲਾਰੀ ਪੜਦਾ ਦੇ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਜੋ ਅੱਖਰੀ ਨਾਮ ਦਿਤਾ ਭੇਜ, ਭਾਜੀ ਘਰ ਘਰ ਆਪ ਵਰਤਾਈਆ । ਕਲਜੁਗ ਅੰਤਮ ਸਾਰੇ ਸੁੱਤੇ ਗੂੜ੍ਹੀ ਸੇਜ, ਲੋਕਮਾਤ ਲਏ ਨਾ ਕੋਇ ਅੰਗੜਾਈਆ । ਮੈਂ ਫਿਰ ਫਿਰ ਲਿਆ ਵੇਖ, ਦਹਿ ਦਿਸ਼ਾ ਧਿਆਨ ਲਗਾਈਆ । ਰੋਂਦੇ ਫਿਰਦੇ ਮੁੱਲਾ ਸ਼ੇਖ਼, ਪੰਡਤ ਪਾਂਧੇ ਰਹੇ ਕੁਰਲਾਈਆ । ਕਿਸੇ ਨਜ਼ਰ ਨਾ ਆਇਆ ਨੇਤਨ ਨੇਤ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇ ਸੁਣਾਈਆ । ਸਾਚਾ ਮੰਤਰ ਦੱਸ, ਦਹਿ ਦਿਸ਼ਾ ਵੱਜੇ ਵਧਾਈਆ । ਪ੍ਰੀਤਮ ਪਿਆਰਾ ਮਿਲੇ ਹੱਸ, ਘਰ ਸੱਜਣ ਸਹਿਜ ਸੁਭਾਈਆ । ਜੁਗ ਚੌਕੜੀ ਪੂਰੀ ਕਰੇ ਆਸ, ਆਸਾ ਆਪਣੀ ਨਾਲ ਰਖਾਈਆ । ਨਿਰਗੁਣ ਹੋ ਕੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਪਰਮਾਤਮ ਹੋ ਕੇ ਦੱਸੇ ਗਾਥ, ਆਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਾਈਆ । ਸਾਚਾ ਨਾਮ ਦੱਸ ਉਪਮਾ, ਉਪਕਾਰੀ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਲੈਂਦੇ ਰਹੇ ਸੁਫ਼ਨਾ, ਭਵਿਖਤ ਲੇਖਾਂ ਵਿਚ ਲਿਖਾਈਆ । ਉਸ ਦਾ ਖੇਲ ਪੈਂਡਾ ਪਿਛਲਾ ਮੁੱਕਣਾ, ਵਾਟ ਦੂਰ ਨੇੜੇ ਆਈਆ । ਧੁਰ ਦਾ ਭਾਣਾ ਕਦੇ ਨਾ ਰੁਕਣਾ, ਰੋਕ ਸਕੇ ਨਾ ਕੋਇ ਲੋਕਾਈਆ । ਸਾਚੀ ਧਾਰੋਂ ਜਿਸ ਉਠਣਾ, ਜੰਮੇ ਮਾਤ ਨਾ ਪਿਤਾ ਮਾਈਆ । ਸ਼ੇਰ ਹੋ ਕੇ ਦੋ ਜਹਾਨਾਂ ਬੁੱਕਣਾ, ਭਬਕ ਆਪਣਾ ਨਾਮ ਲਗਾਈਆ । ਸਾਚਾ ਓਸੇ ਦਾ ਨਾਮ ਪੁੱਛਣਾ, ਜੋ ਪਿਛਲਾ ਲੇਖਾ ਰਿਹਾ ਮੁਕਾਈਆ । ਜਿਸ ਦਾ ਲਹਿਣਾ ਆਦਿ ਜੁਗਾਦਿ ਜੁਗ ਚੌਕੜੀ ਮੁਢਲਾ, ਵੇਖਣਹਾਰਾ ਥਾਉਂ ਥਾਈਂਆ । ਸਾਹਿਬ ਸਵਾਮੀ ਆਪਣੇ ਨਾਮ ਦੀ ਖੋਲ੍ਹ ਕੇ ਦੱਸ ਗੁੰਝਲਾ, ਗੰਢ ਆਪਣੀ ਦੇ ਖੁਲ੍ਹਾਈਆ । ਇਸ਼ਾਰਾ ਕਰੀਂ ਨਾ ਨਾਲ ਉਂਗਲਾ, ਅੱਖਾਂ ਨਾਲ ਨਾ ਕੋਇ ਸਮਝਾਈਆ । ਤਨ ਭਬੂਤੀ ਨਾ ਪੌਣਾ ਕੋਈ ਮੁੰਦਰਾ, ਖ਼ਾਕੀ ਖ਼ਾਕ ਨਾ ਕੋਇ ਰਮਾਈਆ । ਜਲ ਧਾਰ ਨਾ ਵਹਿਣਾ ਡੂੰਘੇ ਧਾਰ ਸਾਗਰ ਸਮੁੰਦਰਾ, ਟਿਲੇ ਪਰਬਤ ਬਹਿ ਨਾ ਖ਼ੁਸ਼ੀ ਵਖਾਈਆ । ਮੁਕੰਦ ਮਨੋਹਰ ਲਖਮੀ ਨਰਾਇਣ ਸਾਚੇ ਸੁੰਦਰਾ, ਸੋਹਣਾ ਤੇਰਾ ਦਰਸ ਇਕੋ ਵਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇਣਾ ਆਪ ਦਰਸਾਈਆ । ਸਾਚਾ ਨਾਮ ਦੱਸ ਭਗਵੰਤ, ਪ੍ਰਭੂ ਤੇਰੇ ਹੱਥ ਵਡਿਆਈਆ । ਹੋਏ ਮਿਲਾਵਾ ਧੁਰ ਦੇ ਕੰਤ, ਸੁਹੰਜਣੀ ਸੇਜ ਸੋਭਾ ਪਾਈਆ । ਲੇਖਾ ਚੁੱਕੇ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੜ੍ਹ ਤੁਟੇ ਹਉਮੇ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਈਆ । ਬੋਧ ਅਗਾਧਾ ਦਿਸੇ ਪੰਡਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਤੇਰੇ ਦਵਾਰੇ ਦਰਵੇਸ਼ ਹੋਏ ਮੰਗਤ, ਖ਼ਾਲੀ ਝੋਲੀ ਰਹੇ ਵਖਾਈਆ । ਲਹਿਣਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਪੰਧ ਚੁਕਾਈਆ । ਚਰਨ ਪ੍ਰੀਤੀ ਚਰਨ ਕਵਲ ਉਪਰ ਧਵਲ ਕਰਦੇ ਮਿਨਤ, ਨਿਉਂ ਨਿਉਂ ਸੀਸ ਨਿਵਾਈਆ । ਜਗ ਰੀਤੀ ਛੱਡ ਗਈ ਆਪਣੀ ਹਿੰਮਤ, ਕਲਜੁਗ ਹੌਸਲਾ ਗਈ ਢਾਹੀਆ । ਚਾਰੋਂ ਕੁੰਟ ਦਿਸੇ ਇੱਲਤ, ਸ਼ਰਅ ਕਰੇ ਲੜਾਈਆ । ਦੀਨ ਮਜ਼੍ਹਬ ਹੋਈ ਜ਼ਿੱਲਤ, ਖ਼ੁਆਰੀ ਘਰ ਘਰ ਬੈਠੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਦੱਸ ਰਾਹ, ਰਹਿਬਰ ਤੇਰੀ ਓਟ ਤਕਾਈਆ । ਚਾਰ ਜੁਗ ਜੋ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਰਹੇ ਸਲਾਹ, ਮਸ਼ਵਰਾ ਤੇਰੇ ਨਾਲ ਪਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣਦੇ ਰਹੇ ਗਵਾਹ, ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਸ਼ਹਾਦਤ ਇਕ ਭੁਗਤਾਈਆ । ਕਲਜੁਗ ਅੰਤ ਸਦੀ ਚੌਧਵੀਂ ਸਾਰੇ ਕਰ ਗਏ ਨਾਂਹ, ਸਿਰ ਸਕੇ

ਨਾ ਕੋਇ ਉਠਾਈਆ । ਮੁਰੀਦ ਮੁਰਸ਼ਦ ਪਕੜੇ ਨਾ ਕੋਈ ਬਾਂਹ, ਸਿਰ ਹੱਥ ਨਾ ਕੋਇ ਰਖਾਈਆ । ਲੇਖਾ ਚੁਕਣਾ ਪੁੱਤਰਾਂ ਮਾਂ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਕਲਜੁਗ ਜੀਵ ਮਾਇਆ ਮਮਤਾ ਲੈਂਦੇ ਤੇਰਾ ਨਾਂ, ਕੂੜੀ ਕਿਰਿਆ ਆਪਣੇ ਅੰਗ ਲਗਾਈਆ । ਪੜ੍ਹਦੇ ਪੜ੍ਹਦੇ ਹੋਏ ਹੰਸ ਕਾਂ, ਬੁਧੀ ਕਾਗ ਵਾਂਗ ਕੁਰਲਾਈਆ । ਬਿਨ ਕਲਮਿਉਂ ਬਿਨ ਸ਼ਰਅ ਬਿਨ ਜ਼ਿਬਹ ਖਾਂਦੇ ਸੂਰ ਗਾਂ, ਛੁਰੀ ਹੱਕ ਹਲਾਲ ਹੱਥ ਨਾ ਕਿਸੇ ਉਠਾਈਆ । ਨਵ ਨੌ ਚਾਰ ਅੰਧੇਰਾ ਗਿਆ ਛਾ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਮੁਖ ਛੁਪਾ, ਸਨਮੁਖ ਨਜ਼ਰ ਕੋਇ ਨਾ ਆਈਆ । ਕੋਟਨ ਕੋਟ ਜੋ ਤੇਰਾ ਨਾਮ ਰਹੇ ਧਿਆ, ਧਿਆਨ ਧਿਆਨ ਵਿਚ ਲਗਾਈਆ । ਸੋ ਸਾਰੇ ਦਰ ਠਾਂਡੇ ਸੀਸ ਰਹੇ ਝੁਕਾ, ਦੋਏ ਜੋੜ ਬੇਨੰਤੀ ਇਕ ਸੁਣਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਕਲਜੁਗ ਅੰਤਮ ਦਿਸੇ ਉਹ ਨਿਸ਼ਾਨ, ਜੋ ਨਿਸ਼ਾਨਾ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਗਾਈਆ । ਖ਼ਾਲੀ ਦਿਸੇ ਮੰਦਰ ਮਕਾਨ, ਸਾਢੇ ਤਿੰਨ ਹੱਥ ਦੀਵਾ ਬਾਤੀ ਕਮਲਾਪਾਤੀ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਸਾਚਾ ਮੰਤਰ ਦੱਸ ਪ੍ਰਭ ਮਿੱਤਰ, ਹਰਿਜਨ ਹਰਿ ਹਰਿ ਮੰਗ ਮੰਗਾਈਆ । ਪਰਮ ਪੁਰਖ ਅਬਿਨਾਸ਼ੀ ਕਰਤੇ ਪਿੱਤਰ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਤੇਰਾ ਨਾਉਂ ਨਿਰੰਕਾਰਾ ਘਰ ਸਾਚੇ ਆਏ ਨਿੱਕਲ, ਨਿਰਵੈਰ ਹੋ ਕੇ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਦੇ ਪ੍ਰਭੂ ਸਚ ਸਿਖਿਆ, ਸਖ਼ਾਵਤ ਤੇਰੇ ਹੱਥ ਨਜ਼ਰੀ ਆਈਆ । ਵਸਤ ਅਮੋਲਕ ਪਾ ਭਿਛਿਆ, ਕੀਮਤ ਕਰਤਾ ਨਾ ਲੋਕਮਾਤ ਵਖਾਈਆ । ਅੰਤਰ ਆਤਮ ਕਰ ਰਛਿਆ, ਪਰਮਾਤਮ ਹੋ ਸਹਾਈਆ । ਤੇਰਾ ਨੂਰ ਜ਼ਹੂਰ ਕਿਤੇ ਨਾ ਦਿਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਕਲਜੁਗ ਰੈਣ ਅੰਧੇਰੀ ਮੱਸਿਆ, ਮਸਤ ਬੈਠੀ ਕੂੜ ਲੋਕਾਈਆ । ਜਨ ਭਗਤ ਵਿਰਲਾ ਤੇਰੇ ਦਵਾਰੇ ਵਸਿਆ, ਵਾਸਤਾ ਤੇਰੇ ਨਾਲ ਰਖਾਈਆ । ਤੂੰ ਧੁਰ ਦਰਗਾਹੀ ਆਵੇਂ ਨੱਠਿਆ, ਬਣ ਕੇ ਪਾਂਧੀ ਰਾਹੀਆ । ਪ੍ਰੇਮ ਪ੍ਰੀਤੀ ਅੰਦਰ ਹੱਸਿਆ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਝੋਲੀ ਪਾਈਆ । ਸਾਚਾ ਲੇਖਾ ਦੇ ਦੇ ਸੋ, ਸੋਭਾਵੰਤ ਤੇਰੀ ਸਰਨਾਈਆ । ਤੇਰੇ ਜੋਗੇ ਗਏ ਹੋ, ਹੋਕਾ ਦਿਤਾ ਵਿਚ ਲੋਕਾਈਆ । ਸ੍ਰਿਸ਼ਟੀ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਕੂੜੀ ਕਿਰਿਆ ਲੈ ਖੋਹ, ਸਚ ਸੁਚ ਇਕ ਵਰਤਾਈਆ । ਪੂਰਬ ਜਨਮ ਜੇ ਤੇਰੇ ਹੁਕਮੇ ਅੰਦਰ ਕੀਤਾ ਧਰੋਹ, ਮੁਖ ਮੁਖੜਾ ਗਏ ਭਵਾਈਆ । ਕਲਜੁਗ ਅੰਤ ਤੇਰੇ ਚਰਨ ਕਵਲ ਛੋਹ, ਸ਼ਹਿਨਸ਼ਾਹ ਦੁਰਮਤ ਮੈਲ ਧੁਆਈਆ । ਅੰਤਰ ਆਤਮ ਨਿਜ ਨੇਤਰ ਰਹੇ ਰੋ, ਨੈਣਾਂ ਨੀਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਾਚਾ ਮੰਤਰ ਸੁਣਾਏ ਸਵਾਮੀ, ਸਾਹਿਬ ਸਚ ਦ੍ਰਿੜਾਈਆ । ਸ਼ਬਦ ਅਗੰਮ ਅੰਤਰਜਾਮੀ, ਆਦਿ ਜੁਗਾਦਿ ਵੇਖ ਵਖਾਈਆ । ਬੋਧ ਅਗਾਧ ਧੁਰ ਦੀ ਬਾਣੀ, ਤੀਰ ਨਿਰਾਲਾ ਬਾਣ ਚਲਾਈਆ । ਜਿਸ ਦਾ ਲੇਖਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦਏ ਵਡਿਆਈਆ । ਜਿਸ ਦਾ ਗੀਤ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਹੀ ਸੁਣਾਈਆ । ਜਿਸ ਦਾ ਮਾਰਗ ਅਠਸਠ ਪਾਣੀ, ਤੀਰਥ ਤਟ ਰੰਗ ਰੰਗਾਈਆ । ਜਿਸ ਦਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਕਾਰ ਕਮਾਈਆ । ਜਿਸ

ਦਾ ਮੰਦਰ ਪਦ ਨਿਰਬਾਣੀ, ਨਿਰਵੈਰ ਹੁਕਮ ਵਰਤਾਈਆ । ਸੋ ਸਾਹਿਬ ਸਤਿਗੁਰ ਸਾਚੀ ਦੇਵੇ ਇਕ ਨਿਸ਼ਾਨੀ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਚਾ ਨਾਮ ਸਚ ਸੰਦੇਸਾ, ਸੱਦਾ ਇਕੋ ਵਾਰ ਜਣਾਈਆ । ਜਿਸ ਨੂੰ ਗੌਂਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਸੁਰਪਤ ਇੰਦ ਕਰੋੜ ਤੇਤੀਸਾ ਧਿਆਨ ਲਗਾਈਆ । ਆਦਿ ਜੁਗਾਦਿ ਜਿਸ ਦਾ ਲੇਖਾ, ਜੁਗ ਚੌਕੜੀ ਵੰਡ ਵੰਡਾਈਆ । ਨਿਰਗੁਣ ਸਰਗੁਣ ਜੋ ਨਿਤ ਨਵਿਤ ਧਾਰੇ ਭੇਖਾ, ਗੁਰ ਅਵਤਾਰ ਪੀਰ ਪੈਗ਼ੰਬਰ ਸੱਚਾ ਹੁਕਮ ਸੁਣਾਈਆ । ਨਾਦ ਸ਼ਬਦ ਧੁਨ ਜਿਸ ਦੀ ਹੁੰਦੇ ਭੇਟਾ, ਆਪਣਾ ਆਪ ਆਪ ਮਿਟਾਈਆ । ਏਥੇ ਓਥੇ ਨਿਰਗੁਣ ਸਰਗੁਣ ਜੋ ਬਣਦਾ ਖੇਵਟ ਖੇਟਾ, ਬਣ ਮਲਾਹ ਆਪਣੇ ਕੰਧ ਬੇੜਾ ਰਿਹਾ ਉਠਾਈਆ । ਜਿਸ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਗੋਬਿੰਦ ਬਣਾਇਆ ਬੇਟਾ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਸੋ ਪੂਰਬ ਜਨਮ ਦਾ ਪਿਛਲਾ ਕਰਾਏ ਚੇਤਾ, ਚੇਤਨ ਹੋ ਕੇ ਆਪ ਸਮਝਾਈਆ । ਲੇਖ ਮੁਕਾਏ ਮਾਛੂਵਾੜੇ ਸੇਜਾ, ਯਾਰੜਾ ਸਥਰ ਆਪ ਹੰਢਾਈਆ । ਸ਼ਬਦੀ ਨਾਮ ਸਮਝਾਏ ਬਿਨ ਅੱਖਾਂ ਵੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚਾ ਨਾਮ ਸਿਖ਼ਰ ਚੋਟੀ, ਮਹੱਲ ਅਟਲ ਆਪ ਵਖਾਈਆ । ਜਿਸ ਗ੍ਰਿਹਿ ਜਗੇ ਇਕੋ ਜੋਤੀ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਜਿਸ ਦੀ ਸੋਚ ਕਿਸੇ ਨਾ ਸੋਚੀ, ਸਮਝ ਨਾਲ ਨਾ ਕੋਇ ਸਮਝਾਈਆ । ਜਿਸ ਦਾ ਲੇਖਾ ਲਿਖੇ ਰਵਦਾਸ ਚਮਾਰਾ ਮੋਚੀ, ਕਲਮ ਕਲਮੇ ਨਾਲ ਮਿਲਾਈਆ । ਸ਼ਬਦ ਇਸ਼ਾਰੇ ਨਾਲ ਸੁਰਤ ਉਠਾਏ ਸੋਤੀ, ਸੁਤਿਆਂ ਅੱਖ ਖੁਲ੍ਹਾਈਆ । ਜਨ ਭਗਤ ਬਣਾਏ ਆਪਣੇ ਗੋਤੀ, ਵਰਨ ਬਰਨ ਜ਼ਾਤ ਪਾਤ ਡੇਰਾ ਰਿਹਾ ਢਾਹੀਆ । ਲੱਖ ਚੁਰਾਸੀ ਵਿਚੋਂ ਹੀਰੇ ਵੇਖ ਮਾਣਕ ਮੋਤੀ, ਕੌਸਤਕ ਮਣੀਆ ਟਿੱਕਾ ਮਸਤਕ ਲਾਈਆ । ਦੇ ਵਡਿਆਈ ਵਿਚੋਂ ਕੋਟਨ ਕੋਟੀ, ਕੋੜਮਾ ਆਪਣਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸੁਣਾਈਆ । ਸਾਚਾ ਮੰਤਰ ਸੁਣਾਏ ਪ੍ਰਭ, ਪਰਮ ਪੁਰਖ ਦਇਆ ਕਮਾਇੰਦਾ । ਅਗਲੀ ਪਿਛਲੀ ਮਿਟਾਏ ਹੱਦ, ਘਰ ਇਕੋ ਇਕ ਵਸਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੱਜ, ਹੁਜਰਾ ਅਵਰ ਨਾ ਕੋਇ ਵਡਿਆਇੰਦਾ । ਗ੍ਰਿਹਿ ਮੰਦਰ ਸਾਚੇ ਸਜ, ਸਿੰਘਾਸਣ ਸੋਭਾ ਇਕੋ ਪਾਇੰਦਾ । ਆਤਮ ਪਰਮਾਤਮ ਮੇਲਾ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਸਾਚੇ ਸੰਤਾਂ ਮਾਰਗ ਦੱਸ, ਮਹਿੰਮਾ ਆਪਣੀ ਆਪ ਸੁਣਾਇੰਦਾ । ਪਰਮ ਪੁਰਖ ਪਰਮਾਤਮ ਹੋ ਕੇ ਵਸ, ਆਤਮ ਆਪਣੇ ਰੰਗ ਰੰਗਾਇੰਦਾ । ਮਿਲ ਕੇ ਦੋਵੇਂ ਗੌਂਦੇ ਜਸ, ਵੇਦ ਪੁਰਾਨ ਨਾ ਸਿਫ਼ਤ ਸਾਲਾਹਿੰਦਾ । ਦੋਹਾਂ ਦੀ ਇਕੋ ਹੋ ਗਈ ਅੱਖ, ਆਖ਼ਰ ਆਪਣਾ ਘਰ ਵਸਾਇੰਦਾ । ਗੁਰਮੁਖਾਂ ਦੇ ਕੇ ਪੂਰਾ ਹੱਕ, ਹਕੀਕਤ ਸਭ ਦੀ ਝੋਲੀ ਪਾਇੰਦਾ । ਅੱਗੇ ਰਹਿਣ ਨਾ ਦੇਵੇ ਵੱਖ, ਵਾਸਤਾ ਆਪਣੇ ਨਾਲ ਜੁੜਾਇੰਦਾ । ਨਾਮ ਨਿਧਾਨਾ ਸੱਚਾ ਦੱਸ, ਦਹਿ ਦਿਸ਼ਾ ਹੁਕਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰ ਇਕੱਠ, ਘਰ ਸਾਚੇ ਸਚ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਮੰਤਰ ਆਪ ਦਰਸਾਇੰਦਾ । ਸੋਹਣਾ ਮੰਤਰ ਸੋਹੰ ਮੇਲਾ, ਆਤਮ ਪਰਮਾਤਮ ਵੱਜੇ ਵਧਾਈਆ । ਇਕੋ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਵਟਾਈਆ । ਪਤਿਪਰਮੇਸ਼ਵਰ ਸੱਜਣ ਸੁਹੇਲਾ, ਸ੍ਰੀ ਭਗਵਾਨ ਹੋਏ ਸਹਾਈਆ । ਵਸਣਹਾਰਾ ਧਾਮ ਨਵੇਲਾ, ਘਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸੁਣਾਈਆ ।


੨੬੦ ੧੨

ਸਾਚਾ ਮੰਤਰ ਤੇਰਾ ਮੇਰਾ, ਸੋਹੰ ਰੂਪ ਸਮਝਾਈਆ । ਆਵਣ ਜਾਵਣ ਚੁਕੇ ਝੇੜਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਅੰਦਰੇ ਅੰਦਰ ਗੇੜੇ ਗੇੜਾ, ਉਲਟੀ ਲੱਠ ਭੁਆਈਆ । ਸਾਢੇ ਤਿੰਨ ਹੱਥ ਵਸੇ ਖੇੜਾ, ਸਾਚੇ ਬੰਕ ਖ਼ੁਸ਼ੀ ਮਨਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਇਕ ਵਖਾਈਆ । ਸਾਚਾ ਮੰਤਰ ਪ੍ਰਭ ਦਾ ਇਕ, ਏਕੰਕਾਰ ਦਏ ਵਡਿਆਈਆ । ਆਤਮ ਪਰਮਾਤਮ ਕਰਨਾ ਹਿਤ, ਬ੍ਰਹਮ ਪਾਰਬ੍ਰਹਮ ਸਮਾਈਆ । ਚਰਨ ਪ੍ਰੀਤੀ ਜਾਣਾ ਵਿਕ, ਕਰਤਾ ਕੀਮਤ ਲਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਾਚਾ ਨਾਮ ਗਹਿਰ ਗੰਭੀਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਇਕ ਤਾਸੀਰ, ਦੂਜਾ ਰੂਪ ਨਾ ਕੋਇ ਦਰਸਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰੇਮ ਦੀ ਬੰਨ੍ਹੇ ਜ਼ੰਜੀਰ, ਸ਼ਰਅ ਵੰਡ ਨਾ ਕੋਇ ਵੰਡਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਸਾਚਾ ਨੀਰ ਮੁਖ ਚੁਆਇੰਦਾ । ਜਨਮ ਜਨਮ ਦੀ ਬਦਲ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਚੋਟੀ ਚਾੜ੍ਹ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਹਰਿ ਭਗਤ ਅੰਤ ਹੋਏ ਨਾ ਕੋਇ ਦਿਲਗੀਰ, ਦਿਲਬਰ ਆਪਣਾ ਸੰਗ ਵਖਾਇੰਦਾ । ਲੇਖ ਚੁਕਾਏ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣੀ ਗੋਦ ਉਠਾਇੰਦਾ । ਸਚ ਵਖਾ ਸਤਿਵਾਦੀ ਤਸਵੀਰ, ਤਸੱਵਰ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਸਾਚਾ ਮੰਤਰ ਦੱਸੇ ਦ੍ਰਿੜ, ਵਿਸ਼ਵਾਸ ਇਕੋ ਇਕ ਜਣਾਈਆ । ਦੇਵੇ ਵਡਿਆਈ ਵਿਚ ਲੋਕਮਾਤ ਪਿੜ, ਸੂਰਬੀਰ ਸੋਭਾ ਪਾਈਆ । ਅਗਲਾ ਖੇਲ ਜੋ ਰਿਹਾ ਛਿੜ, ਛੇਕੜ ਅੰਤ ਦਏ ਕਰਾਈਆ । ਕਰੇ ਖੇਲ ਨਿਰਵੈਰ ਨਿਰ, ਨਿਰਾਕਾਰ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਲੋਕਮਾਤ ਆਈ ਫਿਰ, ਬਣ ਕੇ ਪਾਂਧੀ ਰਾਹੀਆ । ਜਨ ਭਗਤਾਂ ਮਿਲਾਵਣ ਆਈ ਪਿਰ, ਪੀਆ ਪ੍ਰੀਤਮ ਸ਼ਹਿਨਸ਼ਾਹੀਆ । ਗੁਰਮੁਖਾਂ ਅੰਤਰ ਆਤਮ ਕਵਲ ਨਾਭੀ ਫੁੱਲ ਜਾਏ ਖਿੜ, ਪੰਖੜੀਆਂ ਸੋਹਣਾ ਰੰਗ ਵਖਾਈਆ । ਸ਼ਬਦ ਮਿਲਾਵਾ ਘਰ ਥਿਰ, ਦਾਅਵਾ ਇਕੋ ਇਕ ਜਣਾਈਆ । ਸਾਹਿਬ ਸਰਨਾਈ ਜਿਸ ਦਾ ਪ੍ਰੇਮ ਨਾਲ ਝੁਕਿਆ ਸਿਰ, ਸੋ ਸਰ ਕਰ ਕੇ ਗਿਆ ਲੋਕਾਈਆ । ਪਰਮ ਪੁਰਖ ਪਰਮਾਤਮ ਗੁਣ ਨਿਧਾਨ ਕਰੇ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਰਖਾ ਕੇ ਸਿੰਘ ਸ਼ੇਰ, ਸੋਹੰ ਭਗਤ ਭਗਵੰਤ ਰੂਪ ਵਟਾਈਆ ।

## ੭ ਸਾਵਣ ੨੦੨੧ ਬਿਕ੍ਰਮੀ ਬੀਬੀ ਗੇਜੋ ਦੇ ਗ੍ਰਿਹਿ ਪਿੰਡ ਕਠਿਆਲੀ

ਗੁਰਮੁਖ ਆਤਮ ਨਾਮ ਰੰਗ, ਆਦਿ ਜੁਗਾਦਿ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗ, ਪਾਰਬ੍ਰਹਮ ਤੇਰੀ ਸਰਨਾਈਆ । ਧੁਨ ਆਤਮਕ ਵੱਜੇ ਨਾਦ ਸੁਣੇ ਅਗੰਮੀ ਛੰਦ, ਧੁਰ ਦੀ ਧਾਰ ਦੇ ਸਮਝਾਈਆ । ਪੰਜ ਤਤ ਕਾਇਆ ਚੋਲੀ ਚੜ੍ਹੇ ਰੰਗ, ਦੁਰਮਤ ਮੈਲ ਧੁਆਈਆ । ਸਚ ਸਰੋਵਰ ਨਹੌਣਾ ਗੰਗ, ਅੰਮ੍ਰਿਤ ਇਕੋ ਇਕ ਵਖਾਈਆ । ਜਨਮ ਕਰਮ ਦਾ ਕੱਟ ਫੰਦ, ਲੱਖ ਚੁਰਾਸੀ ਗੇੜ ਚੁਕਾਈਆ । ਭੇਵ ਖੁਲ੍ਹਾ ਹੰ ਬ੍ਰਹਮ, ਪੜਦਾ ਓਹਲਾ ਪਰੇ ਹਟਾਈਆ । ਸਾਚਾ ਦੇਣਾ ਨਿਜਾਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪਰਮਾਨੰਦ

ਵਿਚ ਸਮਾਈਆ । ਜਨ ਭਗਤ ਕਹੇ ਪ੍ਰਭ ਤੇਰੀ ਓਟ, ਨਿਤ ਨਵਿਤ ਧਿਆਨ ਲਗਾਈਆ । ਨਾਮ ਨਗਾਰਾ ਲਾ ਚੋਟ, ਸ਼ਬਦੀ ਡੰਕ ਵਜਾਈਆ । ਕੂੜੀ ਕਿਰਿਆ ਕਢ ਖੋਟ, ਜੂਠ ਝੂਠ ਕਰ ਸਫ਼ਾਈਆ । ਸਚ ਪਰਕਾਸ਼ ਬਖ਼ਸ਼ ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਚਿੰਤਾ ਸੋਗ, ਗ਼ਮੀ ਗ਼ਮ ਨਾ ਕੋਇ ਰਖਾਈਆ । ਤੇਰਾ ਨਾਮ ਸੰਦੇਸਾ ਸਤਿ ਸਲੋਕ, ਸੋਈ ਸੁਰਤੀ ਲਏ ਉਠਾਈਆ । ਲਹਿਣਾ ਦੇਣਾ ਚੁਕਾਏ ਲੋਕ ਪਰਲੋਕ, ਬਖ਼ਸ਼ੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹੇ ਪ੍ਰਭ ਬਖ਼ਸ਼ ਸਾਥ, ਸਗਲਾ ਸੰਗ ਨਿਭਾਈਆ । ਪੂਰਬ ਲਹਿਣਾ ਵੇਖ ਮਾਥ, ਮਸਤਕ ਖੋਜ ਖੋਜਾਈਆ । ਸਚ ਪਦਾਰਥ ਦੇ ਦਾਤ, ਨਾਮ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਬਣੇ ਸਾਕ, ਸੱਜਣ ਇਕ ਅਖਵਾਈਆ । ਬੰਦ ਕਵਾੜੀ ਖੋਲ੍ਹ ਤਾਕ, ਬਜਰ ਕਪਾਟੀ ਡੇਰਾ ਢਾਹੀਆ । ਅੰਮ੍ਰਿਤ ਜਾਮ ਪਿਆ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਮੁਖ ਕਹੇ ਪ੍ਰਭ ਤੇਰਾ ਦਰਸ, ਨਿਜ ਨੇਤਰ ਨਜ਼ਰੀ ਆਈਆ । ਜਨਮ ਕਰਮ ਦੀ ਮਿਟੇ ਹਰਸ, ਅਗਲਾ ਪਿਛਲਾ ਪੰਧ ਰਹਿਣ ਨਾ ਪਾਈਆ । ਲੇਖਾ ਚੁੱਕੇ ਅਰਸ਼ ਕੁਰਸ਼, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਰਹਿਮਤ ਕਰ ਕੇ ਤਰਸ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਸੀਰ ਧੁਰ ਦੀ ਧਾਰ ਬਰਖ਼, ਮੇਘ ਇਕੋ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੱਸ ਅਸਚਰਜ, ਅਚਰਜ ਲੀਲਾ ਦਏ ਵਖਾਈਆ । ਜਨ ਭਗਤ ਕਹੇ ਪ੍ਰਭ ਖੋਲ੍ਹ ਪੜਦਾ, ਦੂਈ ਰਹਿਣ ਕੋਇ ਨਾ ਪਾਈਆ । ਬਿਰਹੋ ਵਿਛੋੜੇ ਅੰਦਰ ਮਰਦਾ, ਮਰ ਜੀਵਤ ਰੂਪ ਲਏ ਵਟਾਈਆ । ਤ੍ਰੈਗੁਣ ਅਗਨੀ ਸੜਦਾ, ਤਤਵ ਤਤ ਨਾ ਕੋਇ ਸਮਝਾਈਆ । ਤੇਰੇ ਪੌੜੇ ਬਿਨ ਤੇਰੀ ਕਿਰਪਾ ਕੋਈ ਨਾ ਚੜ੍ਹਦਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਭੇਵ ਖੁਲ੍ਹਾ ਆਪਣੇ ਘਰ ਦਾ, ਘਰ ਘਰ ਵਿਚ ਹੋਏ ਰੁਸ਼ਨਾਈਆ । ਜਿਥੇ ਦੀਪਕ ਜੋਤ ਅਗੰਮੀ ਬਲਦਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਸਾਹਿਬ ਸੁਲਤਾਨ ਸਚ ਸਿੰਘਾਸਣ ਇਕੋ ਮੱਲਦਾ, ਸ਼ਹਿਨਸ਼ਾਹ ਬੈਠਾ ਡੇਰਾ ਲਾਈਆ । ਵੇਖੀਏ ਖੇਲ ਮਹੱਲ ਅਟਲ ਦਾ, ਦਰਗਾਹ ਸਾਚੀ ਵੱਜੇ ਵਧਾਈਆ । ਲੇਖਾ ਚੁੱਕੇ ਜਲ ਥਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹੇ ਪ੍ਰਭ ਤੇਰਾ ਮਿਲਾਪ, ਲੋਕਮਾਤ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਦੱਸਣਾ ਜਾਪ, ਦੂਜੀ ਜਗਤ ਨਾ ਕੋਇ ਪੜ੍ਹਾਈਆ । ਕੂੜੀ ਕਿਰਿਆ ਮੇਟਣਾ ਰੋਗ ਸੰਤਾਪ, ਹਉਮੇ ਹੰਗਤਾ ਦੂਰ ਕਰਾਈਆ । ਨਿਰਗੁਣ ਸਰਗੁਣ ਦੇਣਾ ਸਾਥ, ਸਗਲਾ ਸੰਗ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਹੋਵੇ ਪਾਠ, ਪੂਜਾ ਸਿਮਰਨ ਜੋਗ ਅਭਿਆਸ ਦੇਣਾ ਸਮਝਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਕੂੜ ਅਮਾਵਸ ਡੇਰਾ ਢਾਹੀਆ । ਮਹੱਲ ਅਟਲ ਸਾਢੇ ਤਿੰਨ ਹੱਥ ਮੰਦਰ ਕਰਨੀ ਸੱਚੀ ਬਾਤ, ਬਾਤਨ ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦੇਣਾ ਵਖਾਈਆ । ਜਨ ਭਗਤ ਕਹੇ ਪ੍ਰਭ ਮੇਰੇ ਦਿਆਲ, ਦੀਨਨ ਤੇਰੇ ਹੱਥ ਵਡਿਆਈਆ । ਸਚ ਦਵਾਰ ਤੇਰਾ ਧਰਮਸਾਲ, ਚਰਨ ਕਵਲ ਇਕੋ ਨਜ਼ਰੀ ਆਈਆ । ਜਿਥੇ ਲੇਖਾ ਚੁੱਕੇ ਕਾਲ ਮਹਾਕਾਲ, ਭੈ ਭਿਆਨਕ ਰੂਪ ਨਾ ਕੋਇ ਵਖਾਈਆ ।


੨੯੨

ਤ੍ਰੈਗੁਣ ਮਾਇਆ ਤੁੱਟੇ ਜੰਜਾਲ, ਪੰਚਮ ਪੰਚ ਨਾ ਕੋਇ ਲੜਾਈਆ । ਨਾਮ ਪਦਾਰਥ ਮਿਲੇ ਮਾਲ, ਵਸਤ ਅਮੋਲਕ ਇਕ ਵਰਤਾਈਆ । ਗੁਰਮੁਖ ਗੁਰਸਿਖ ਬਣਾ ਆਪਣੇ ਲਾਲ, ਲਾਲਨ ਇਕੋ ਰੰਗ ਚੜ੍ਹਾਈਆ । ਸ਼ਬਦ ਅਗੰਮੀ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜਗ ਨੇਤਰ ਨੈਣ ਚਾਰੋਂ ਕੁੰਟ ਥੱਕੇ ਭਾਲ, ਦਹਿ ਦਿਸ਼ਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹੇ ਪ੍ਰਭ ਤੇਰੀ ਆਸਾ, ਇਕੋ ਇਕ ਓਟ ਤਕਾਈਆ । ਆਤਮ ਪਰਮਾਤਮ ਸਚ ਭਰਵਾਸਾ, ਧੁਰ ਦੀ ਧਾਰ ਜਣਾਈਆ । ਲੱਖ ਚੁਰਾਸੀ ਵੇਖਿਆ ਖੇਲ ਤਮਾਸ਼ਾ, ਜੇਰਜ ਅੰਡਜ ਉਤਭੁਜ ਸੇਤਜ ਫੇਰਾ ਪਾਈਆ । ਨਿਤ ਨਵਿਤ ਮਾਤ ਗਰਭ ਹੁੰਦਾ ਰਿਹਾ ਵਾਸਾ, ਜੂਨ ਅਜੂਨੀ ਰੂਪ ਵਟਾਈਆ । ਨਰ ਨਿਰੰਕਾਰ ਤੇਰਾ ਮਿਲਿਆ ਨਾ ਕੋਈ ਸਾਥਾ, ਸੰਗੀ ਸੰਗ ਨਾ ਕੋਇ ਨਿਭਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਪੂਜਾ ਪਾਠਾ, ਸਿਲ ਪੂਜਸ ਪਾਹਨ ਸੀਸ ਨਿਵਾਈਆ । ਆਤਮ ਪਰਮਾਤਮ ਸਚ ਜੋੜੇ ਕੋਈ ਨਾ ਨਾਤਾ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਈਆ । ਧਰਮ ਰਾਏ ਦਾ ਲੇਖਾ ਚੁੱਕੇ ਨਾ ਵਿਚੋਂ ਖਾਤਾ, ਖ਼ਾਲਸ ਰੂਪ ਨਾ ਕੋਇ ਵਖਾਈਆ । ਜ਼ਾਤ ਪਾਤ ਝਗੜਾ ਚੁੱਕੇ ਨਾ ਲੋਕਮਾਤਾ, ਊਚ ਨੀਚ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਦੇ ਸਮਝਾਈਆ । ਸਾਚੀ ਮੰਜ਼ਲ ਦੱਸ ਏਕ, ਏਕੰਕਾਰ ਤੇਰੀ ਸਰਨਾਈਆ । ਦੋ ਜਹਾਨਾਂ ਮਿਲੇ ਟੇਕ, ਬ੍ਰਹਿਮੰਡ ਖੰਡ ਭੇਵ ਰਹੇ ਨਾ ਰਾਈਆ । ਆਤਮ ਪਰਮਾਤਮ ਕਰ ਬਿਬੇਕ, ਬੁੱਧੀ ਕਾਗ ਵਾਂਗ ਨਾ ਕੋਇ ਕੁਰਲਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਤਤਵ ਤਤ ਨਾ ਕੋਇ ਜਲਾਈਆ । ਘਰ ਸਵਾਮੀ ਵੇਖ ਸੇਜ, ਸੋਹਣੀ ਸੁਹੰਜਣੀ ਇਕੋ ਇਕ ਵਿਛਾਈਆ । ਜੋਤੀ ਜਲਵਾ ਦੇ ਤੇਜ, ਨੂਰੋ ਨੂਰ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਬਰਸ ਮੇਘ, ਬੂੰਦ ਸਵਾਂਤੀ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋ ਸਹਾਈਆ । ਜਨ ਭਗਤ ਕਹੇ ਪ੍ਰਭ ਮੇਰੇ ਠਾਕਰ, ਜੁਗ ਜੁਗ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਡੂੰਘਾ ਸਾਗਰ, ਜੀਵ ਜੰਤ ਤਰਨ ਨਾ ਪਾਈਆ । ਸੂਰਬੀਰ ਦਿਸੇ ਨਾ ਕੋਈ ਬਹਾਦਰ, ਸਾਧ ਸੰਤ ਬੈਠੇ ਮੁਖ ਛੁਪਾਈਆ । ਪੱਲਾ ਫੜਾਏ ਨਾ ਕਰੀਮ ਕਾਦਰ, ਕਰਤਾ ਸੰਗ ਨਾ ਕੋਇ ਨਿਭਾਈਆ । ਦਰ ਦਰਵੇਸ਼ ਤੇਰੇ ਆਜਜ਼, ਬੰਦਗੀ ਬੰਦਨਾ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਨ ਸਾਜ਼ਸ਼ ਦੇ ਹਟਾਈਆ । ਜਨ ਭਗਤ ਕਹੇ ਪ੍ਰਭ ਆ ਸਵਾਮੀ, ਨੇਤਰ ਨੈਣ ਧਿਆਨ ਲਗਾਈਆ । ਆਦਿ ਪੁਰਖ ਅੰਤਰਜਾਮੀ, ਘਟ ਘਟ ਬੈਠਾ ਸੋਭਾ ਪਾਈਆ । ਗੁਰਮੁਖ ਗੁਰਸਿਖ ਸੁਘੜ ਸੁਚਜੀ ਤੇਰੀ ਰਾਣੀ, ਚਾਰੋਂ ਕੁੰਟ ਬੈਠੀ ਰਾਹ ਤਕਾਈਆ । ਅੰਮ੍ਰਿਤ ਆਤਮ ਬਖ਼ਸ਼ੀਂ ਠੰਡਾ ਪਾਣੀ, ਅਗਨੀ ਤਤ ਬੁਝਾਈਆ । ਬੋਧ ਅਗਾਧ ਸ਼ਬਦ ਅਨਾਦ ਸੁਣਾ ਬਾਣੀ, ਤੀਰ ਨਿਰਾਲਾ ਅਣਿਆਲਾ ਆਪ ਚਲਾਈਆ । ਚੌਥੇ ਜੁਗ ਲੇਖਾ ਚੁੱਕੇ ਚਾਰੇ ਖਾਣੀ, ਚਾਰੋਂ ਕੁੰਟ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਮਿਲੇ ਹਾਣੀ, ਘਰ ਸਾਚੀ ਖ਼ੁਸ਼ੀ ਵਖਾਈਆ । ਗੁਰਮੁਖ ਕਹੇ ਪ੍ਰਭ ਸੱਜਣ ਸਹੇਲੇ, ਸਚ ਤੇਰੀ ਸਰਨਾਈਆ । ਜਨਮ ਕਰਮ ਦੇ ਵਿਛੜੇ ਮੇਲੇ, ਘਰ ਮੇਲਾ ਸਹਿਜ ਸੁਭਾਈਆ । ਏਕਾ ਰੰਗ ਗੁਰੂ ਗੁਰ ਚੇਲੇ, ਚੇਲਾ ਗੁਰੂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਚ ਸੱਚੀ ਸਰਨਾਈਆ । ਦੇਵੇ ਸਰਨਾਈ ਸਾਹਿਬ ਸਤਿ, ਸਤਿ ਸਤਿਵਾਦੀ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਰੱਖ, ਹਰਿਜਨ ਆਪਣੇ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਦਰਸਾਏ ਪ੍ਰਤਖ, ਸਵੱਛ ਸਰੂਪੀ ਆਪ ਪਰਗਟਾਇੰਦਾ । ਜਨਮ ਕਰਮ ਦਾ ਦੇ ਕੇ ਹੱਕ, ਹਕੀਕਤ ਸਭ ਦੀ ਝੋਲੀ ਪਾਇੰਦਾ । ਧੁਰ ਦਾ ਮਾਰਗ ਇਕੋ ਦੱਸ, ਮੰਤਰ ਸਚ ਸਚ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਆਖ਼ਰ ਆਪਣਾ ਮੇਲ ਮਿਲਾਇੰਦਾ ।

## ✪ ੭ ਸਾਵਣ ੨੦੨੧ ਬਿਕ੍ਰਮੀ ਬੀਬੀ ਚੰਨੋ ਦੇ ਗ੍ਰਿਹਿ ਪਿੰਡ ਖ਼ੁਸ਼ੀਪੁਰ ✪

ਲੇਖਾ ਕੱਢ ਰਵਦਾਸ ਚਮਾਰ, ਪੂਰਬ ਲਹਿਣਾ ਰਿਹਾ ਜਣਾਈਆ । ਕਰਮ ਜਨਮ ਦਾ ਜੋ ਕਹਾਰ, ਕਹਾਣੀ ਅਕਥ ਵਡਿਆਈਆ । ਸਚ ਦਵਾਰ ਕਰ ਨਿਮਸਕਾਰ, ਦਰਗਾਹ ਖ਼ੁਸ਼ੀ ਮਨਾਈਆ । ਸ਼ਬਦਾਂ ਵਿਚ ਕੀਤਾ ਆਧਾਰ, ਅੱਖਰਾਂ ਵਿਚ ਸਮਝਾਈਆ । ਸਧਰਾਂ ਵਿਚ ਪਿਆਰ, ਖ਼ੁਸ਼ੀਆਂ ਰੰਗ ਰੰਗਾਈਆ । ਜਨਮ ਵਿਚੋਂ ਜਨਮ ਬਦਲ ਸੰਸਾਰ, ਮਾਨੁਖ ਨਾਰ ਰੂਪ ਪਰਗਟਾਈਆ । ਵੇਖੇ ਵਿਗਸੇ ਵੇਖਣਹਾਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਪਰਮ ਪੁਰਖ ਸਚ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਰਵਦਾਸ ਕੱਢ ਉਹ ਕਿਤਾਬ, ਜਿਸ ਦਾ ਅੱਖਰ ਨਜ਼ਰ ਕਿਸੇ ਨਾ ਆਇੰਦਾ । ਪਰਮ ਪੁਰਖ ਦੇ ਹੱਥ ਹਿਸਾਬ, ਅੰਕੜਿਆਂ ਵਿਚ ਨਾ ਕੋਇ ਸਮਝਾਇੰਦਾ । ਮਹਲ ਅਟਲ ਟਿਕਾ ਕੇ ਉਚ ਮਹਿਰਾਬ, ਮਹਿਬੂਬ ਇਕੋ ਵੇਖ ਵਖਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦਾਬ, ਸਜਦਾ ਸੀਸ ਸਰਬ ਝੁਕਾਇੰਦਾ । ਸੋ ਦੇਵਣਹਾਰਾ ਸਚ ਖ਼ਤਾਬ, ਮੁਖ਼ਾਤਬ ਹੋ ਕੇ ਆਪ ਸੁਣਾਇੰਦਾ । ਦੋ ਜਹਾਨਾਂ ਬਣ ਅਹਿਬਾਬ, ਮਹਿਬੂਬ ਇਕੋ ਖੇਲ ਕਰਾਇੰਦਾ । ਨਿਰਗੁਣ ਸਰਗੁਣ ਪਕੜੇ ਵਾਗ, ਡੋਰੀ ਤੰਦ ਬੰਧਾਇੰਦਾ । ਲੋਕਮਾਤ ਜਗਾਵਣਹਾਰਾ ਚਰਾਗ਼, ਜੋਤੀ ਜਾਤਾ ਜੋਤ ਰੁਸ਼ਨਾਇੰਦਾ । ਜਨਮ ਕਰਮ ਦਾ ਧੋਵਣਹਾਰਾ ਦਾਗ਼, ਅੰਮ੍ਰਿਤ ਆਤਮ ਜਾਮ ਪਿਆਇੰਦਾ । ਹੰਸ ਬਣਾਵਣਹਾਰਾ ਫੜ ਫੜ ਕਾਗ, ਕਾਗੋਂ ਹੰਸ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਰਵਦਾਸ ਚਮਾਰ ਖੋਲ੍ਹ ਗੰਢ, ਪੂਰਬ ਲੇਖਾ ਰਿਹਾ ਸਮਝਾਈਆ । ਸਚ ਦਵਾਰੇ ਦਾਤ ਜੋ ਦਿਤੀ ਵੰਡ, ਦਾਣਾ ਇਕੋ ਇਕ ਮੁਖ ਲਗਾਈਆ । ਪੰਜਾਂ ਪੈ ਗਈ ਸਤਿ ਦਵਾਰੇ ਠੰਡ, ਅਗਨੀ ਤਤ ਬੁਝਾਈਆ । ਪਰਮ ਪੁਰਖ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜਿਸ ਦੀ ਸਿਫ਼ਤ ਕਰੇ ਨਾ ਬੱਤੀ ਦੰਦ, ਰਸਨਾ ਜਿਹਵਾ ਰਾਗ ਨਾ ਕੋਇ ਅਲਾਈਆ । ਆਤਮ ਪਰਮਾਤਮ ਦੇ ਅਨੰਦ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਦਇਆ ਕਮਾਈਆ । ਰਵਦਾਸ ਕਹੇ ਮੈਂ ਕੀ ਦੱਸਾਂ, ਕਹਾਣੀ ਤੇਰੇ ਹੱਥ ਵਡਿਆਈਆ । ਜਨਮ ਜਨਮ ਮੈਂ ਵੇਖਾਂ ਅੱਖਾਂ, ਨਿਜ ਨੇਤਰ ਲੋਚਣ ਕਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥਾ, ਜਗਤ ਉਧਾਰ ਨਾ ਕੋਇ ਰਖਾਈਆ । ਪ੍ਰੇਮ ਪਿਆਰ ਅੰਦਰ ਜਿਸ ਪਰਮ ਪੁਰਖ ਪਰਮਾਤਮ ਤੇਰੇ ਚਰਨ ਕਵਲ ਟੇਕਿਆ ਮੱਥਾ, ਤਿਸ ਮਸਤਕ ਲੇਖ ਦਿਤਾ ਬਦਲਾਈਆ । ਪ੍ਰੇਮ ਪਿਆਰ

ਅੰਦਰ ਜੋ ਦਰ ਦਵਾਰ ਢੱਠਾ, ਫੜ ਬਾਹੋਂ ਗਲੇ ਲਗਾਈਆ । ਨਾਤਾ ਤੋੜ ਕੇ ਤਤ ਅੱਠਾਂ, ਬ੍ਰਹਮ ਮਤ ਇਕ ਸਮਝਾਈਆ । ਸਚ ਸੁਹੰਜਣੀ ਦੇ ਮੱਤਾ, ਮਤਲਬ ਆਪਣਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਰਚਾਈਆ । ਰਵਦਾਸ ਕਹੇ ਤੇਰਾ ਖੇਲ ਅਪਾਰ, ਪ੍ਰਭ ਸਮਝ ਕੋਇ ਨਾ ਆਈਆ । ਮੈਂ ਵੇਖਦਾ ਰਿਹਾ ਸਦਾ ਜੁਗ ਚਾਰ, ਚੌਕੜੀ ਤੇਰੇ ਨਾਲ ਹੰਢਾਈਆ । ਤੂੰ ਨਿਰਗੁਣ ਰੂਪ ਨਿਰਾਕਾਰ, ਮੈਂ ਸਰਗੁਣ ਪੰਜ ਤਤ ਸਮਝ ਨਾ ਪਾਈਆ । ਤੇਰਾ ਅੰਤਰ ਪ੍ਰੇਮ ਪਿਆਰ, ਮੰਤਰ ਇਕੋ ਇਕ ਸਮਝਾਈਆ । ਜੇ ਪਿਛਲਾ ਤੇਰਾ ਦਰਸ ਦੀਦਾਰੀ ਇਕ ਕਹਾਰ, ਚਾਰਾਂ ਵਿਚੋਂ ਚੌਥੇ ਜੁਗ ਖ਼ੁਸ਼ੀ ਮਨਾਈਆ । ਪੰਚਮ ਮੇਲਾ ਵਿਚ ਸੰਸਾਰ, ਵਡ ਸੰਸਾਰੀ ਤੇਰੇ ਹੱਥ ਵਡਿਆਈਆ । ਘਰ ਆਸਾ ਗ੍ਰਿਹਿ ਤ੍ਰਿਸ਼ਨਾ ਮਨ ਮਨਸਾ ਹਉਮੇ ਰੋਗ ਨਿਵਾਰ, ਨਵਿਰਤੀ ਪਰਕਿਰਤੀ ਇਕੋ ਦਰ ਬਹਾਈਆ । ਆਤਮ ਦਰਸੀ ਦੇ ਦੀਦਾਰ, ਅਰਸ਼ੀ ਫ਼ਰਸ਼ੀ ਪੰਧ ਮੁਕਾਈਆ । ਉਸ ਦਾ ਲੇਖਾ ਕਿਆ ਕੋਈ ਲਿਖੇ ਬਣ ਲਿਖਾਰ, ਜਿਸ ਕਾਤਬ ਬਣਿਆ ਬੇਪਰਵਾਹੀਆ । ਮਜਲਸ ਲਗਾਏ ਸਚ ਦਰਬਾਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਕਾਸਦ ਭੇਜ ਸ਼ਬਦ ਬਲਕਾਰ, ਬਲਧਾਰੀ ਆਪਣਾ ਹੁਕਮ ਸੁਣਾਈਆ । ਜੁਗ ਵਿਛੜੇ ਜਗ ਮੇਲੇ ਮੇਲਣਹਾਰ, ਮਿਲਣੀ ਜਗਦੀਸ ਆਤਮ ਪਰਮਾਤਮ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਤਿ ਸਤਿ ਤੇਰੀ ਸਰਨਾਈਆ । ਵੇਖ ਰਵਦਾਸ ਧੁਰ ਦੀ ਧਾਰ, ਹਰਿ ਕਰਤਾ ਆਪ ਜਣਾਇੰਦਾ । ਜਨ ਭਗਤਾਂ ਸੰਗ ਮੇਰਾ ਪਿਆਰ, ਪਰਮ ਪੁਰਖ ਆਪ ਦ੍ਰਿੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਾਂ ਵਾਰੋ ਵਾਰ, ਨਿਤ ਨਵਿਤ ਵੇਸ ਵਟਾਇੰਦਾ । ਛੱਪਰ ਛੰਨ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵਸਾਂ ਬਾਹਰ, ਕਾਗ਼ਜ਼ ਕਲਮ ਬੰਦ ਨਾ ਕੋਇ ਕਰਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਜੋਤੀ ਨੂਰ ਕਰ ਉਜਿਆਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨੂਰ ਪਰਗਟਾਇੰਦਾ । ਗੁਰਮੁਖਾਂ ਗੁਰਸਿਖਾਂ ਲਹਿਣਾ ਦੇਣਾ ਪੂਰਬ ਕਰਮ ਵਿਚਾਰ, ਕਰਜ਼ਾ ਮਕਰੂਜ਼ ਸਭ ਦੀ ਝੋਲੀ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੁਰ ਅਵਤਾਰ ਪੀਰ ਪੈਗ਼ੰਬਰ, ਕੂਕ ਕੂਕ ਸੁਣਾਇੰਦਾ । ਜਿਨ੍ਹਾਂ ਦਾ ਮਿੱਤਰ ਪਰਮ ਪੁਰਖ ਪਰਮਾਤਮ ਬਣਿਆ ਸਾਂਝਾ ਯਾਰ, ਸਗਲਾ ਸੰਗ ਏਥੇ ਓਥੇ ਦੋ ਜਹਾਨ ਆਪ ਨਿਭਾਇੰਦਾ । ਓਥੇ ਕੀ ਕਰੇ ਰਵਦਾਸ ਚਮਾਰ ਚਮਰੇਟਾ, ਖੇਵਟ ਖੇਟਾ ਇਕੋ ਵੇਖ ਪਿਤਾ ਪੂਤ ਬੇਟਾ, ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤੇ ਬਿਨ ਲੇਖ ਲਿਖਿਆਂ ਮੈਨੂੰ ਆਇਆ ਚੇਤਾ, ਚੇਤਨ ਸੁਰਤੀ ਤੇਰੇ ਨਾਲ ਮਿਲਾਇੰਦਾ । ਜਿਸ ਵੇਲੇ ਇਕ ਇਕ ਦਾਣਾ ਕੀਤਾ ਭੇਟਾ, ਵਸਤ ਅਮੋਲਕ ਝੋਲੀ ਪਾਇੰਦਾ । ਓਸ ਵੇਲੇ ਪਿਛਲਾ ਮੁਕਿਆ ਲੇਖਾ, ਅਗਲਾ ਲੇਖਾ ਤੇਰੇ ਨਾਲ ਜੁੜਾਇੰਦਾ । ਨਿਤ ਨਵਿਤ ਤੇਰਾ ਭਗਤ ਉਧਾਰਨਾ ਠੇਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਗ੍ਰਿਹਿ ਮੰਦਰ ਮੰਗ ਮੰਗਾਇੰਦਾ । ਅਬਿਨਾਸ਼ੀ ਕਰਤਾ ਕਹੇ ਸਚ ਰਵਦਾਸ, ਰਵੀ ਇਕੋ ਇਕ ਜਣਾਈਆ । ਨਿਤ ਨਵਿਤ ਮੈਂ ਸੰਤਾਂ ਪਾਸ, ਭਗਤਾਂ ਮੇਲਾ ਸਹਿਜ ਸੁਭਾਈਆ । ਜਨਮ ਜਨਮ ਦੀ ਪੂਰੀ ਕਰਾਂ ਆਸ, ਕਰਮ ਕਰਮ ਦਾ ਰੋਗ ਗਵਾਈਆ । ਘਰ ਦੀਵਾ ਬਾਤੀ ਕਰ ਪਰਕਾਸ਼, ਅੰਧ ਅੰਧਿਆਰ ਦਿਆਂ ਮਿਟਾਈਆ । ਮੰਡਲ ਮੰਡਪ ਬਹਿ ਕੇ ਪਾਵਾਂ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਏਹੋ ਮੇਰਾ ਆਦਿ ਜੁਗਾਦਿ ਖੇਲ ਖ਼ਾਸ, ਖ਼ਾਹਿਸ਼ ਜਨ ਭਗਤਾਂ ਨਾਲ ਰਖਾਈਆ । ਆਪਣਾ ਨਾਉਂ ਰੱਖ ਪੁਰਖ ਅਬਿਨਾਸ਼, ਅਬਿਨਾਸ਼ੀ

ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲੇਖੇ ਰਿਹਾ ਲਗਾਈਆ । ਲੇਖਾ ਲਗੇ ਕਵਲ ਚਰਨ, ਚਰਨ ਕਵਲ ਮਿਲੇ ਵਡਿਆਈਆ । ਜਨ ਭਗਤਾਂ ਖੋਲ੍ਹੇ ਹਰਨ ਫਰਨ, ਨੇਤਰ ਲੋਚਣ ਇਕ ਰੁਸ਼ਨਾਈਆ । ਲਹਿਣਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਸਤਿਗੁਰ ਪੌੜੇ ਸਾਚੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਅੰਤਰ ਆਤਮ ਢੋਲਾ ਪੜ੍ਹਨ, ਸੋਹੰ ਰਾਗ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਵਡਿਆਈ ਉਪਰ ਧਰਨੀ ਧਰਨ, ਧਵਲ ਆਪਣੇ ਲੇਖੇ ਪਾਈਆ । ਰਵਦਾਸ ਕਹੇ ਕੀ ਬਾਤ ਸਚ, ਕਹਾਣੀ ਤੇਰੀ ਤੇਰੇ ਵਿਚੋਂ ਨਜ਼ਰੀ ਆਈਆ । ਮੈਂ ਵੇਖਾਂ ਓਸ ਅੱਖ, ਜਿਸ ਅੱਖ ਤੇਰਾ ਮੇਲ ਸਹਿਜ ਸੁਭਾਈਆ । ਕੋਟਨ ਕੋਟ ਵਾਰ ਕਾਇਆ ਖੇੜਾ ਹੋਇਆ ਭੱਠ, ਜਗਤ ਅਗਨੀ ਤਤ ਤਪਾਈਆ । ਤੇਰਾ ਦਵਾਰਾ ਹਰਿ ਨਿਰੰਕਾਰਾ ਕਿਸੇ ਨਾ ਦੱਸਿਆ ਹੱਸ, ਖ਼ੁਸ਼ੀਆਂ ਨਾਲ ਰਾਹ ਨਾ ਕੋਇ ਪਾਈਆ । ਨੌਂ ਦਵਾਰੇ ਸ੍ਰਿਸ਼ਟੀ ਰਹੀ ਨੱਚ, ਦ੍ਰਿਸ਼ਟੀ ਇਸ਼ਟ ਨਾ ਕੋਇ ਜਣਾਈਆ । ਕਾਇਆ ਮਾਟੀ ਭਾਂਡਾ ਵੇਖ ਕੱਚ, ਕੂੜੀ ਕਿਰਿਆ ਬੈਠੀ ਡੇਰਾ ਲਾਈਆ । ਜਿਨ੍ਹਾਂ ਉਪਰ ਕਿਰਪਾ ਕਰੇ ਆਪ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡਾ ਨਜ਼ਰੀ ਆਈਆ । ਸੁਣ ਰਵਦਾਸ ਰਵੀ ਕਰ ਧਿਆਨ, ਹਰਿ ਕਰਤਾ ਆਪ ਜਣਾਇੰਦਾ । ਜਿਨ੍ਹਾਂ ਨੂੰ ਪਿਛਲੇ ਜਨਮ ਦਿਤਾ ਗਿਆਨ, ਸ਼ਬਦਾਂ ਨਾਲ ਸਮਝਾਇੰਦਾ । ਤਿਨ੍ਹਾਂ ਪਰਮ ਪੁਰਖ ਪ੍ਰਭ ਮਿਲਿਆ ਆਣ, ਆਪ ਆਪਣੀ ਗੋਦ ਬਹਾਇੰਦਾ । ਅੱਗੇ ਚੁੱਕੀ ਜਮ ਕੀ ਕਾਣ, ਝਗੜਾ ਰਾਏ ਧਰਮ ਨਾ ਕੋਇ ਤਕਾਇੰਦਾ । ਤਿਨ੍ਹਾਂ ਮਾਣਸ ਜਨਮ ਲੇਖੇ ਲਾਇਆ ਆਣ, ਮਾਣਸ ਜਨਮ ਮਨੁਖ ਆਪਣਾ ਰੰਗ ਰੰਗਾਇੰਦਾ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਤਰਾਂ ਨਾਲੋਂ ਪਿਤਾ ਸੁਜਾਨ, ਜਿਸ ਦਾ ਨਾਉਂ ਸਦਾ ਮਿਹਰਵਾਨ, ਨਿਗਾਹਬਾਨ ਇਕ ਅਖਵਾਇੰਦਾ ।

## ✪ ੭ ਸਾਵਣ ੨੦੨੧ ਬਿਕ੍ਰਮੀ ਬਾਬੂ ਪੁਰ ✪

ਕਿਰਪਾ ਕਰ ਪਤਤ ਪਾਵਨ, ਕਿਰਪਾਲ ਤੇਰੀ ਸ਼ਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਵਣ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰ ਧਿਆਵਣ, ਚਰਨ ਕਵਲ ਢਹਿ ਪਏ ਸਰਨਾਈਆ । ਕਰੋੜ ਤੇਤੀਸਾ ਸੁਰਪਤ ਗਾਵਣ, ਗਣ ਗੰਧਰਬ ਆਪਣਾ ਰਾਗ ਅਲਾਈਆ । ਭੇਵ ਅਭੇਦ ਜਣਾ ਧੁਰ ਦੇ ਬਾਵਨ, ਬਲ ਧਾਰੀ ਤੇਰੀ ਓਟ ਰਖਾਈਆ । ਜੁਗ ਚੌਕੜੀ ਜਨ ਭਗਤਾਂ ਬਣਦਾ ਰਿਹੋਂ ਜ਼ਾਮਨ, ਦੋ ਜਹਾਨਾਂ ਹੋਏਂ ਸਹਾਈਆ । ਜਿਸ ਦਾ ਰਵਦਾਸ ਨਾਲ ਬੰਧਾਇਆ ਦਾਮਨ, ਦਾਮਨਗੀਰ ਹੋ ਕੇ ਵੇਖ ਵਖਾਈਆ । ਭੌਂਦਿਆਂ ਭੌਂਦਿਆਂ ਲੋਕਮਾਤ ਵਾਰ ਥਿਤ ਵੇਖ ਕੇ ਆਇਆ ਸਾਵਣ, ਸਤਿ ਸਤਿਵਾਦੀ ਆਪਣਾ ਫੇਰਾ ਪਾਈਆ । ਜਨਮ ਕਰਮ ਦਾ ਵਿਛੜਿਆ ਨਾਲ ਮਿਲਾਇਆ ਬਾਹਮਣ, ਬ੍ਰਹਮ ਵਿਦਿਆ ਇਕ ਸਮਝਾਈਆ । ਕੂੜੀ ਕਿਰਿਆ ਮਿਟੇ ਅੰਧੇਰੀ ਸ਼ਾਮਨ, ਸ਼ਾਂਤ ਰੂਪ ਨਾ ਕੋਇ ਵਟਾਈਆ । ਸਾਚਾ ਕਲਮਾ ਦੱਸ

ਕੇ ਕਲਾਮਨ, ਕਾਇਆ ਕਾਅਬੇ ਕੀਤੀ ਰੁਸ਼ਨਾਈਆ । ਧੁਰ ਦਾ ਜਪਾਇਆ ਰਾਮ ਰਾਮਨ, ਰਮਈਆ ਆਪਣਾ ਰੰਗ ਵਖਾਈਆ । ਭੇਵ ਖੁਲ੍ਹਾਇਆ ਧੁਰ ਦੇ ਕਾਹਨਨ, ਬੰਸਰੀ ਸਾਚੀ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਲਹਿਣਾ ਦੇਣਾ ਦੇ ਭਗਵੰਤ, ਹੱਥ ਤੇਰੇ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਚੌਕੜੀ ਆਪਣੀ ਧਾਰ ਚਲਾਈਆ । ਭਗਤ ਉਧਾਰੇਂ ਪੈਜ ਸੁਆਰੇਂ ਸੰਤ, ਗੁਰਮੁਖ ਗੁਰਸਿਖ ਗੋਦ ਬਠਾਈਆ । ਮੇਲ ਮਿਲਾਵੇਂ ਆਤਮ ਪਰਮਾਤਮ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਈਆ । ਨਾਉਂ ਨਿਰੰਕਾਰਾ ਦੱਸੇਂ ਆਪਣਾ ਮੰਤ, ਮੰਤਵ ਇਕੋ ਵਾਰ ਸਮਝਾਈਆ । ਨਿਤ ਨਵਿਤ ਬਣਾਏਂ ਬਣਤ, ਘੜਨ ਭੰਨਣਹਾਰ ਸਮਰਥ ਤੇਰੀ ਵਡਿਆਈਆ । ਲੇਖਾ ਜਾਣੇਂ ਜੀਵ ਜੰਤ, ਲੱਖ ਚੁਰਾਸੀ ਖੋਜ ਖੋਜਾਈਆ । ਜੀਵਤ ਜੀਵਤ ਜਗ ਆਇਆ ਅੰਤ, ਅੰਤਸ਼ਕਰਨ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾ ਕੇ ਤੱਕ, ਤਕਵਾ ਤੇਰਾ ਨਜ਼ਰੀ ਆਈਆ । ਹਕੀਕਤ ਵਿਚੋਂ ਕੱਢ ਆਪਣਾ ਹੱਕ, ਲਾਸ਼ਰੀਕ ਰਹਿਮਤ ਸਚ ਕਮਾਈਆ । ਜੁਗ ਚੌਕੜੀ ਵੇਂਹਦਿਆਂ ਵੇਂਹਦਿਆਂ ਗਏ ਥੱਕ, ਥਕਾਵਟ ਬੈਠੀ ਡੇਰਾ ਲਾਈਆ । ਤੇਰਾ ਰੂਪ ਸਤਿ ਸਰੂਪ ਕਿਸੇ ਨਾ ਆਇਆ ਹੱਥ, ਮੈਂਹਦੀ ਰੰਗਲੇ ਰੰਗ ਸੋਭਾ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਸੁਣਿਆ ਤੇਰਾ ਜਸ, ਸਿਫ਼ਤ ਵੇਦ ਪੁਰਾਨ ਰਹੇ ਜਣਾਈਆ । ਸਾਚੇ ਨੇਤਰ ਧੁਰ ਦੇ ਲੋਚਣ ਮਿਲਿਆ ਮੇਲ ਨਾ ਅਗੰਮੀ ਅੱਖ, ਆਖ਼ਰ ਚੋਟੀ ਮੰਜ਼ਲ ਪੜਦਾ ਕੋਇ ਨਾ ਲਾਹੀਆ । ਸਚ ਪ੍ਰੀਤਮ ਮਾਰਗ ਦੱਸ, ਦਹਿ ਦਿਸ਼ਾ ਨਾਤਾ ਦੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਲਹਿਣਾ ਦੇਣਾ ਝੋਲੀ ਪਾ, ਗ਼ਰੀਬ ਨਿਵਾਜ਼ ਤੇਰੀ ਇਕ ਸਰਨਾਈਆ । ਪੂਰਬ ਜਨਮ ਦੇ ਵਿਛੜੇ ਝੋਲੀ ਰਹੇ ਡਾਹ, ਦੋਏ ਦੋਏ ਨਮੋ ਨਮੋ ਨਿਮਸਕਾਰ ਇਕ ਕਰਾਈਆ । ਸਚ ਸਵਾਮੀ ਸਚ ਦਵਾਰੇ ਸਾਡਾ ਇਕ ਗਵਾਹ, ਸ਼ਹਾਦਤ ਦੇਵੇ ਨਾਮ ਭੁਗਤਾਈਆ । ਜਿਸ ਨੂੰ ਪਿਛਲੇ ਜਨਮ ਰਵਦਾਸ ਚਮਾਰਾ ਕਹਿ ਕੇ ਰਹੇ ਬੁਲਾ, ਪਾਟੇ ਚੀਥੜ ਨਜ਼ਰੀ ਆਈਆ । ਕਲਜੁਗ ਅੰਤਮ ਆਇਆ ਵੇਸ ਵਟਾ, ਚੋਲਾ ਪੰਜ ਤਤ ਹੰਢਾਈਆ । ਘਰ ਠਾਕਰ ਸਵਾਮੀ ਮਿਲਿਆ ਆ, ਗਹਿਰ ਗੰਭੀਰ ਹੋਇਆ ਸਹਾਈਆ । ਤਨ ਸਰੀਰ ਲੇਖੇ ਲਾ, ਸ਼ਰਅ ਜ਼ੰਜੀਰ ਦਿਤੀ ਕਟਾਈਆ । ਸ਼ਾਹ ਹਕੀਰ ਇਕੋ ਘਰ ਵਖਾ, ਪੜਦਾ ਓਹਲਾ ਦਿਤਾ ਮਿਟਾਈਆ । ਜਲਵਾ ਨੂਰੀ ਦਰਸ ਵਖਾ, ਹਿਰਸ ਹਵਸ ਦੋਵੇਂ ਦਿਤੇ ਮਿਟਾਈਆ । ਸਾਡੇ ਉਤੇ ਤੇਰੀ ਰਹਿਮਤ ਨਾਲ ਤਰਸ ਰਿਹਾ ਕਮਾ, ਕੋਝੇ ਕਮਲੇ ਵੇਖ ਵਖਾਈਆ । ਜੁਗ ਚੌਕੜੀ ਤੇਰੀ ਸੱਚੀ ਲੱਗੇ ਸਲਾਹ, ਸਾਹਿਬ ਤੇਰੀ ਸਿਫ਼ਤ ਤੇਰੇ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਹੋ ਸਹਾਇਕ ਸਾਹਿਬ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਚੌਦਾਂ ਲੋਕ ਹੋਏ ਹੈਰਾਨ, ਬ੍ਰਹਿਮੰਡ ਖੰਡ ਬੈਠੇ ਨੈਣ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਬਿਆਨ, ਧੁਰ ਦਾ ਲੇਖਾ ਬਿਨ ਲੇਖਿਉਂ ਰਹੇ ਸਮਝਾਈਆ । ਲਹਿਣਾ ਤੁਟੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਾਤਾ ਗਏ ਤੁੜਾਈਆ । ਸਾਚਾ ਮੰਦਰ ਦਿਸੇ ਤੇਰਾ ਇਕ ਮਕਾਨ, ਮੰਜ਼ਲ ਜ਼ਾਹਰ ਬੇਪਰਵਾਹੀਆ । ਜਿਸ ਘਰ ਵਸੇ ਆਪ ਮਿਹਬਾਨ, ਬੀਦੋ ਆਪਣਾ ਡੇਰਾ ਲਾਈਆ । ਤਿਸ ਦਵਾਰੇ ਸਚ ਸਲਾਮ, ਸੀਸ ਜਗਦੀਸ ਇਕ ਝੁਕਾਈਆ । ਸਦੀ ਚੌਧਵੀਂ ਵੇਖ ਆਣ, ਚੌਦਾਂ ਤਬਕ ਦੇਣ

ਦੁਹਾਈਆ । ਸਾਚਾ ਸਬਕ ਸਿਖੌਣਾ ਇਕ ਮਿਹਰਵਾਨ, ਮੁਹੱਬਤ ਆਪਣੀ ਨਾਲ ਬੰਧਾਈਆ । ਨੇਤਰ ਰੋ ਕੇ ਕਹੇ ਕੁਰਾਨ, ਕਾਇਆ ਕੁਰਹ ਦਏ ਸਮਝਾਈਆ । ਸਿਦਕ ਸਬੂਰੀ ਸਚ ਈਮਾਨ, ਅਮਾਨਤ ਧੁਰ ਦੀ ਲਏ ਬਣਾਈਆ । ਜਨਮ ਕਰਮ ਦੇ ਸਦਾ ਗ਼ੁਲਾਮ, ਫ਼ਰਮਾਬਰਦਾਰ ਹੋ ਕੇ ਸੇਵ ਕਮਾਈਆ । ਤੂੰ ਸ਼ਹਿਨਸ਼ਾਹ ਅਮਾਮ, ਪਾਤਸ਼ਾਹ ਅਖਵਾਈਆ । ਤੇਰੇ ਹੱਥ ਦੋ ਜਹਾਨਾਂ ਨਜ਼ਾਮ, ਨੌਬਤ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦੇ ਪੈਗ਼ਾਮ, ਧੁਰ ਦਾ ਲੇਖਾ ਦੇ ਜਣਾਈਆ । ਧੁਰ ਦਾ ਲੇਖਾ ਦੱਸ ਯਾਰ, ਹਰਿ ਕਰਤੇ ਤੇਰੀ ਓਟ ਰਖਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਹੋ ਕੇ ਖੇਲ ਵਖਾਈਆ । ਕਾਤਬ ਹੋ ਕੇ ਬਣਦਾ ਰਿਹੋਂ ਲਿਖਾਰ, ਕਲਮ ਸ਼ਾਹੀ ਵੰਡ ਵੰਡਾਈਆ । ਨਾਦਾਂ ਵਿਚ ਬੋਲਦਾ ਰਿਹੋਂ ਜੈਕਾਰ, ਰਾਗਾਂ ਵਿਚ ਆਪਣਾ ਨਾਮ ਸਾਲਾਹੀਆ । ਬ੍ਰਹਿਮਾਦਾਂ ਵਿਚ ਦੱਸਦਾ ਰਿਹੋਂ ਨਿਰਗੁਣ ਧਾਰ, ਆਕਾਸ਼ ਅਕਾਸ਼ਾਂ ਉਪਰ ਨਿਰਗੁਣ ਜੋਤ ਨੂਰ ਰੁਸ਼ਨਾਈਆ । ਦਾਸਾਂ ਅੰਦਰ ਹੁੰਦਾ ਰਿਹੋਂ ਗ਼ਮਖ਼ਾਰ, ਖ਼ੁਸ਼ੀ ਗ਼ਮੀ ਇਕੋ ਰੰਗ ਰੰਗਾਈਆ । ਪਿਛਲਾ ਲੇਖਾ ਵੇਖ ਰਵਦਾਸ ਸੱਜਣ ਮੀਤ ਮੁਰਾਰ, ਪੜਦਾ ਓਹਲਾ ਆਪ ਉਠਾਈਆ । ਜਗਤ ਭਗਤੀ ਭਗਤ ਯਾਰ ਸਚ ਕਹਾਰ, ਯਾਰੀ ਚਾਰੋਂ ਨਾਲ ਬੰਧਾਈਆ । ਲਹਿਣਾ ਦੇਣਾ ਅਗੰਮ ਅਪਾਰ, ਕਾਗ਼ਜ਼ ਕਲਮ ਲਿਖ ਨਾ ਸਕੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਰ ਥਿਤ ਆਪ ਵਿਚਾਰ, ਘੜੀ ਪਲ ਤੇਰੇ ਹਿੱਸੇ ਆਈਆ । ਘੜੀ ਪਲ ਵੇਖ ਮਿੰਟ, ਵਕਤ ਤੇਰੇ ਵਿਚ ਸਮਾਈਆ । ਜਿਸ ਦਾ ਲਹਿਣਾ ਆਦਿ ਜੁਗਾਦੀ ਇਕ ਇੱਟ, ਮਿੱਟੀ ਗਾਰਾ ਦਏ ਵਡਿਆਈਆ । ਬਿਨ ਅੱਖਰਾਂ ਰਵਦਾਸ ਦੀ ਕੱਢਕੇ ਵੇਖ ਚਿਟ, ਚਿਟ ਲਿਖੀ ਧੁਰ ਦਰਗਾਹੀਆ । ਜਿਸ ਦੇ ਸਾਥੀ ਦੀ ਸਭ ਨੂੰ ਰਹੇ ਖਿੱਚ, ਭੱਜਿਆ ਆਵੇ ਵਾਹੋ ਦਾਹੀਆ । ਨਿਰਗੁਣ ਹੋ ਕੇ ਵੜੇ ਵਿਚ, ਨੇਤਰ ਨੈਣ ਦਰਸ ਕੋਇ ਨਾ ਪਾਈਆ । ਜਗਤ ਕਸੀਰਾ ਕੌਡੀ ਕਹਿੰਦੇ ਰਿਚ, ਮੌਲੀ ਤੰਦ ਸਗਨਾਂ ਨਾਲ ਬੰਧਾਈਆ । ਪਰਮ ਪੁਰਖ ਪਰਮਾਤਮ ਮਿਤ, ਮਿੱਤਰ ਪਿਆਰਾ ਵੇਖ ਵਖਾਈਆ । ਕਲਜੁਗ ਅੰਤਮ ਕਰੇ ਹਿਤ, ਹਿਤਕਾਰੀ ਫੇਰਾ ਪਾਈਆ । ਜਨਮ ਕਰਮ ਦਾ ਲੇਖਾ ਲਏ ਨਜਿੱਠ, ਵੇਖਣਹਾਰਾ ਥਾਉਂ ਥਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਨੂਰ ਜ਼ਹੂਰ ਕਰੇ ਰੁਸ਼ਨਾਈਆ । ਮਾਣਸ ਜਨਮ ਜਗਤ ਜੀਵ ਜਹਾਨ ਲਏ ਜਿੱਤ, ਜੁਗਤ ਆਪਣੀ ਦਏ ਸਮਝਾਈਆ । ਕੂੜੀ ਕਿਰਿਆ ਲਾਹ ਕੇ ਵਿਖ, ਅੰਮ੍ਰਿਤ ਆਤਮ ਜਾਮ ਪਿਆਈਆ । ਜਿਧਰ ਵੇਖੇ ਓਧਰ ਪਏ ਦਿਸ, ਚਾਰ ਕੁੰਟ ਦਹਿ ਦਿਸ਼ਾ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿ ਕਹੇ ਮੈਂ ਆਇਆ, ਸਾਵਣ ਰੰਗ ਰੰਗਾਈਆ । ਮੇਰਾ ਮਾਲਕ ਦਾਤਾ ਦਾਇਆ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੇ ਖੇਲ ਰਚਾਇਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਨਿਰਗੁਣ ਸਰਗੁਣ ਜਿਸ ਵੰਡ ਵੰਡਾਇਆ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਜੋਤੀ ਨੂਰ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਪੰਜ ਤਤ ਜਿਸ ਹੁਕਮ ਵਰਤਾਇਆ, ਲੱਖ ਚੁਰਾਸੀ ਗੰਢ ਪੁਆਈਆ । ਆਤਮ ਪਰਮਾਤਮ ਜਿਸ ਸੰਗ ਨਿਭਾਇਆ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਨਾਦ ਸੁਣਾਈਆ । ਕਾਗਦ ਕਲਮ ਜਿਸ ਲੇਖ ਲਿਖਾਇਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੇ ਪੜ੍ਹਾਈਆ । ਸਚਖੰਡ ਦਵਾਰ ਜਿਸ ਆਸਣ ਲਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਥਿਰ ਘਰ ਸਾਚੇ

ਸੁਤ ਦੁਲਾਰਾ ਇਕ ਵਸਾਇਆ, ਸ਼ਬਦੀ ਪੂਤ ਦਏ ਵਡਿਆਈਆ । ਜੁਗ ਚੌਕੜੀ ਜਿਸ ਭਗਤਾਂ ਭਗਵਨ ਹੋ ਕੇ ਦਰਸ ਵਖਾਇਆ, ਨਿਜ ਨੇਤਰ ਨੂਰ ਕਰ ਰੁਸ਼ਨਾਈਆ । ਰਵਦਾਸ ਚਮਾਰ ਜਿਸ ਹੁਕਮ ਵਰਤਾਇਆ, ਧੁਰ ਸੰਦੇਸ਼ਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਵੇਖ ਲੇਖ ਪੁਰਖ ਸਮਰਥ, ਦਾਤੇ ਤੇਰੇ ਹੱਥ ਵਡਿਆਈਆ । ਤੇਰੀ ਮਹਿਮਾ ਸਿਫ਼ਤ ਗਾਈਏ ਜਸ, ਢੋਲਾ ਨਾਦ ਇਕ ਸੁਣਾਈਆ । ਸਚ ਸਰਨਾਈ ਚਰਨ ਕਵਲ ਜਾਈਏ ਵਸ, ਵਸਲ ਇਕੋ ਇਕ ਵਖਾਈਆ । ਆਤਮ ਕਰੇ ਪਰਮਾਤਮ ਪੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਰਵਦਾਸ ਕਹੇ ਪ੍ਰਭ ਮਾਰ ਝਾਤ, ਝਾਕੀ ਆਪਣੀ ਇਕ ਵਖਾਈਆ । ਫੜ ਆਪਣੀ ਕਲਮ ਦਵਾਤ, ਤੇਰਾ ਲੇਖਾ ਲਿਖਿਆ ਮੁਕ ਨਾ ਸਕੇ ਰਾਈਆ । ਕਰ ਕਿਰਪਾ ਚਰਨ ਪ੍ਰੀਤੀ ਬਖ਼ਸ਼ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਸਾਚੀ ਦੱਸ ਗਾਥ, ਧੁਰ ਦਾ ਰਾਗ ਇਕ ਸਮਝਾਈਆ । ਪੂਰਬ ਜਨਮ ਜਿਨ੍ਹਾਂ ਬਖ਼ਸ਼ੀ ਦਾਤ, ਤਿਨ੍ਹਾਂ ਵੇਖ ਚਾਈਂ ਚਾਈਂਆ । ਮੈਂ ਵੀ ਓਨ੍ਹਾਂ ਆਇਆ ਆਖ, ਸਚ ਸੰਦੇਸ਼ਾ ਇਕ ਸੁਣਾਈਆ । ਜਿਸ ਵੇਲੇ ਪਰਗਟ ਹੋਵੇ ਮੇਰਾ ਪੁਰਖ ਸਮਰਾਥ, ਲੋਕਮਾਤ ਫੇਰਾ ਪਾਈਆ । ਬਿਨ ਭਗਤੀ ਬੰਦਗੀ ਓਹਦੇ ਨਾਲ ਮਿਲਣ ਦੀ ਦੱਸਾਂ ਜਾਚ, ਹੌਲੀ ਹੌਲੀ ਇਕੋ ਨਾਮ ਦ੍ਰਿੜਾਈਆ । ਉਹ ਪੱਤਣ ਤੇਰੇ ਬੈਠੇ ਘਾਟ, ਭਾਰ ਆਪਣਾ ਸਰਬ ਉਠਾਈਆ । ਤੇਰੇ ਨਾਲੋਂ ਵਿਛੜੀ ਤੇਰੀ ਜ਼ਾਤ, ਅੰਤਮ ਤੇਰਾ ਰਾਹ ਤਕਾਈਆ । ਕਾਇਆ ਮਾਟੀ ਪੰਜ ਤਤ ਪੌਂਦਾ ਰਿਹਾ ਵਫ਼ਾਤ, ਮੜ੍ਹੀ ਗੋਰ ਅਗਨੀ ਹਵਨ ਜਲਾਈਆ । ਜੁਗ ਚੌਕੜੀ ਪਿਛੋਂ ਭਾਗਾਂ ਭਰੀ ਭਿੰਨੜੀ ਸੁਹੰਜਣੀ ਆ ਗਈ ਸਾਵਣ ਰਾਤ, ਸਤਿ ਸਤਿ ਖ਼ੁਸ਼ੀ ਮਨਾਈਆ । ਤੇਰੇ ਨਾਮ ਦੀ ਕਥਾ ਕਹਾਣੀ ਨਾ ਕੋਈ ਜਗਤ ਦਿਸੇ ਬਾਤ, ਬਾਤਨ ਪੜਦਾ ਦੇ ਖੁਲ੍ਹਾਈਆ । ਤੂੰ ਪੁਰਖ ਅਕਾਲ ਤੈਨੂੰ ਗੋਬਿੰਦ ਮੰਨਿਆ ਬਾਪ, ਕਿਉਂ, ਗੋਬਿੰਦ ਗੁਰ ਇਕੋ ਸੀਸ ਨਿਵਾਈਆ । ਜਿਉਂ ਭਾਵੇ ਪਤ ਲੈਣੀ ਰਾਖ, ਰੱਖਿਆ ਕਰਨੀ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਲਹਿਣਾ ਦੇਣਾ ਪਾਵੇ ਮੂਲ, ਮਾਲਕ ਦਾਤਾ ਬੇਪਰਵਾਹੀ ਦਾ । ਤੇਰਾ ਭਗਤਾਂ ਦੱਸਿਆ ਸਚ ਅਸੂਲ, ਓਥੇ ਲੇਖਾ ਨਹੀਂ ਕਿਸੇ ਗਵਾਹੀ ਦਾ । ਤੂੰ ਦਾਤਾ ਨਰ ਹਰਿ ਨਰਾਇਣ ਕੰਤ ਕੰਤੂਹਲ, ਨਾਤਾ ਤੁਟੇ ਧੀ ਜਵਾਈ ਦਾ । ਤੇਰਾ ਪ੍ਰੇਮ ਪਿਆਰ ਅਗੰਮੀ ਬਰਸੇ ਫੂਲ, ਦਿਵਸ ਰੈਣ ਇਕੋ ਰੰਗ ਰੰਗਾਈ ਦਾ । ਹਉਂ ਬਾਲਕ ਦਰ ਗਏ ਭੂਲ, ਤੂੰ ਮਿਹਰਵਾਨ ਬਖ਼ਸ਼ਿਸ਼ ਰਹਿਮਤ ਵਿਚ ਰਹਿਮਾਨ ਇਕ ਸਾਲਾਹੀ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਮੰਗ ਮੰਗਾਈ ਦਾ । ਭਗਵਾਨ ਕਹੇ ਕੀ ਆਇਆ ਵਕਤ, ਜਿਸ ਦੀ ਉਡੀਕ ਦੋ ਜਹਾਨ ਲਗਾਈ ਦਾ । ਰਵਦਾਸ ਕਹੇ ਹੁਣ ਕੁਛ ਨਹੀਂ ਫ਼ਰਕ, ਫ਼ੈਸਲਾ ਹੋਇਆ ਬੇਪਰਵਾਹੀ ਦਾ । ਜਨ ਭਗਤ ਮੰਗਣ ਤੇਰਾ ਦਰਸ, ਲੇਖਾ ਨਹੀਂ ਕੋਈ ਪੁੱਛੇ ਗੁਨਾਹੀ ਦਾ । ਮਿਹਰਵਾਨ ਹੋ ਕੇ ਅੰਮ੍ਰਿਤ ਮੇਘ ਬਰਸ, ਲਹਿਣਾ ਚੁੱਕੇ ਅਗਨ ਤਤ ਤਪਾਈ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡਾ ਘਰ ਸਾਚਾ ਮੰਗ ਮੰਗਾਈ ਦਾ । ਰਵਦਾਸ ਕਹੇ ਸੁਣੋ ਯਾਰੋ, ਪਿਛਲੀ ਕਥਾ ਸੁਣਾਈ ਦਾ । ਮਾਣਸ ਮਨੁਖ ਮਰਦ ਚਾਰ ਕਹਾਰੋ, ਫ਼ਰਦ ਲੇਖਾ ਬੇਪਰਵਾਹੀ ਦਾ । ਪੂਰਬ ਲਹਿਣਾ ਘਰ ਵਿਚਾਰੋ, ਪੜਦਾ ਚੁੱਕੇ ਸ਼ਹਿਨਸ਼ਾਹੀ ਦਾ । ਕਲਜੁਗ ਅੰਤ

ਚਾਰ ਕੁੰਟ ਅੰਧਿਆਰੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀ ਦਾ । ਕਹਾਰ ਕਹਿਣ ਦੱਸੇਂ ਕੀ, ਸਮਝ ਵਿਚ ਨਾ ਆਈਆ । ਕਦੀ ਮਾਪਿਆਂ ਦੇ ਪੁੱਤਰ ਕਦੀ ਮਾਪਿਆਂ ਘਰ ਬਣੇ ਧੀ, ਧੀ ਜਵਾਈ ਨਾਲ ਪਰਨਾਈਆ । ਰਵਦਾਸ ਕੇਹੜਾ ਲੇਖਾ ਸਾਢੇ ਤਿੰਨ ਹੱਥ ਸੀਂ, ਜੋ ਸੀਤਲ ਧਾਰ ਦਏ ਵਹਾਈਆ । ਜਿਸ ਸਹਾਰੇ ਜਗ ਜੀਵਣ ਲਈਏ ਜੀ, ਜੁਗਤ ਜੋਗ ਇਕ ਦ੍ਰਿੜਾਈਆ । ਨਾਮ ਨਿਧਾਨ ਅੰਮ੍ਰਿਤ ਰਸ ਲਈਏ ਪੀ, ਪਿਆਲਾ ਤੇਰੇ ਹੱਥ ਵੇਖੀਏ ਸਚ ਸੁਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਰਵਦਾਸ ਕਹੇ ਸੁਣੋ ਬੱਚੇ, ਬੱਚਿਆਂ ਵਾਂਗ ਸਮਝਾਈਆ । ਤੁਸੀਂ ਓਨ੍ਹਾਂ ਨਾਲੋਂ ਅੱਛੇ, ਜੇਹੜੇ ਅੱਛੇ ਬਣ ਕੇ ਬੈਠੇ ਪ੍ਰਭੂ ਭੁਲਾਈਆ । ਤੁਹਾਨੂੰ ਢਾਲਿਆ ਓਸ ਸੰਚੇ, ਜਿਸ ਸੰਚੇ ਦਾ ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਬੇਸ਼ਕ ਪਿਛੇ ਰਹਿ ਗਏ ਭਾਂਡੇ ਕੱਚੇ, ਅੱਗੇ ਘਮਿਆਰ ਮਿਲਿਆ ਬੇਪਰਵਾਹੀਆ । ਮਾਤ ਗਰਭ ਕਿਸੇ ਤਪਣਾ ਨਾ ਪਏ ਭੱਠੇ, ਅਗਨੀ ਅੱਗ ਨਾ ਕੋਇ ਜਲਾਈਆ । ਪਿਛਲੇ ਜਨਮ ਦੇ ਸਾਰੇ ਕਰ ਇਕੱਠੇ, ਇਕੱਤਰ ਇਕੋ ਘਰ ਵਖਾਈਆ । ਪ੍ਰੇਮ ਪ੍ਰੀਤੀ ਨਾਲ ਰੱਤੇ, ਰਤੀ ਰੱਤ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਬਹਿ ਕੇ ਹਿਰਦੇ ਵਸੇ, ਹਰਿ ਜੂ ਆਪਣਾ ਡੇਰਾ ਲਾਈਆ । ਕਹਾਰ ਕਹਿਣ ਸਚ ਦੀ ਗੱਲ, ਰਵੀ ਸਾਨੂੰ ਦੇ ਸਮਝਾਈਆ । ਤੇਰਾ ਪ੍ਰਭੂ ਪਿਛੇ ਕਰਦਾ ਆਇਆ ਵਲ ਛਲ, ਅਛਲ ਛਲ ਧਾਰੀ ਨਜ਼ਰੀ ਆਈਆ । ਜੇ ਜਨਮ ਬਦਲ ਕੇ ਲੋਕਮਾਤ ਦਿਤਾ ਘੱਲ, ਤਨ ਮਾਟੀ ਖ਼ਾਕ ਸੋਭਾ ਪਾਈਆ । ਕੀ ਤੇਰੇ ਮਿਲਣ ਦਾ ਸਾਨੂੰ ਦੇਵੇ ਫਲ, ਰਸ ਅੰਮ੍ਰਿਤ ਇਕ ਚਖਾਈਆ । ਰਵਦਾਸ ਕਹੇ ਉਹ ਬੈਠਾ ਨਿਹਚਲ ਧਾਮ ਅਟਲ, ਸਚਖੰਡ ਨਿਵਾਸੀ ਸਚ ਦਵਾਰੇ ਸੋਭਾ ਪਾਈਆ । ਕਲਜੁਗ ਅੰਤ ਸਿੱਧਾ ਹੋਇਆ ਭਗਤਾਂ ਵੱਲ, ਦੂਜਾ ਸੰਗ ਨਾ ਕੋਇ ਰਖਾਈਆ । ਜੋ ਮੇਰੇ ਸੰਗ ਗਿਆ ਰਲ, ਤਿਨ੍ਹਾਂ ਮਿਲਣ ਆਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦੀ ਝੋਲੀ ਪਾਈਆ । ਕਹਾਰ ਕਹਿਣ ਕੀ ਲੇਖਾ ਦੇਂਦਾ, ਦੇਵਣਹਾਰ ਫੇਰਾ ਪਾਈਆ । ਕਿ ਐਵੇਂ ਰਸਨਾ ਜਿਹਵਾ ਕਹਿੰਦਾ, ਬਾਲਕ ਬਾਲਿਆਂ ਵਾਂਗ ਵਰਚਾਈਆ । ਰਵਦਾਸ ਕਹੇ ਮੇਰਾ ਪਰਮਾਤਮ ਹਰ ਘਟ ਵੇਂਹਦਾ, ਘਰ ਬੈਠਾ ਸੋਭਾ ਪਾਈਆ । ਨਾਤਾ ਵੇਖੇ ਧੁਰ ਦੇ ਨੇਹੁੰ ਦਾ, ਲੱਗਾ ਨੇਹੁੰ ਨਾ ਕੋਇ ਤੁੜਾਈਆ । ਕਰੇ ਖੇਲ ਪੁੱਤਰ ਪਿਉ ਦਾ, ਪਿਤਾ ਪੁਰਖ ਅਕਾਲ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਰਿਹਾ ਚੁਕਾਈਆ । ਓਧਰੋਂ ਲੇਖਾ ਵੇਖ ਚੁੱਕਦਾ, ਬ੍ਰਾਹਮਣ ਰਿਹਾ ਸਮਝਾਈਆ । ਰਵਦਾਸ ਮੈਨੂੰ ਕਿਉਂ ਨਹੀਂ ਪੁੱਛਦਾ, ਕਿਉਂ ਬੈਠਾ ਮੁਖ ਛੁਪਾਈਆ । ਮੈਂ ਵੀ ਪਿਆਸਾ ਓਸੇ ਦੀ ਤ੍ਰਿਸ਼ਨਾ ਭੁੱਖ ਦਾ, ਜਿਸ ਨੂੰ ਕਹਿੰਦੇ ਬੇਪਰਵਾਹੀਆ । ਖ਼ੁਸ਼ੀ ਗ਼ਮੀ ਵਿਚ ਕਦੇ ਨਾ ਰੁੱਸਦਾ, ਦੁਖੀਆਂ ਨਾਲ ਆਪਣਾ ਦਰਦ ਵੰਡਾਈਆ । ਮੈਂ ਵੀ ਨਾਤਾ ਜੁੜੌਂਦਾ ਉਹਦੇ ਨਾਲ ਪਿਉ ਪੁੱਤ ਦਾ, ਪਿਤਾ ਇਕੋ ਇਕ ਪੁਰਖ ਅਕਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਠਾਂਡਾ ਨਜ਼ਰੀ ਆਈਆ । ਰਵਦਾਸ ਕਹੇ ਉਠ ਪੰਡਤ, ਤੈਨੂੰ ਪਾਂਧੇ ਦਿਆਂ ਸਮਝਾਈਆ । ਜਿਸ ਦਵਾਰੇ ਸਾਰੇ ਮੰਗਤ, ਖ਼ਾਲੀ ਝੋਲੀ ਰਹੇ ਭਰਾਈਆ । ਜਿਸ ਦੇ ਵਣਜਾਰੇ ਜੇਰਜ ਅੰਡਜ, ਉਤਭੁਜ ਸੇਤਜ ਹੱਟ ਚਲਾਈਆ । ਜਿਸ ਦੇ ਨਗਾਰੇ ਬ੍ਰਹਮ ਬ੍ਰਹਿਮੰਡਪ, ਬ੍ਰਹਿਮਾਂਡ ਕਰਨ ਸ਼ਨਵਾਈਆ । ਸੋ ਸਾਹਿਬ ਸਤਿਗੁਰ

ਵੇਖਣ ਆਇਆ ਜਗਤ ਕਿਨਾਰੇ, ਕਲਜੁਗ ਕੰਢੇ ਫੇਰਾ ਪਾਈਆ । ਪੂਰਬ ਜਨਮ ਜਿਨ੍ਹਾਂ ਨੂੰ ਦਿਤੇ ਲਾਰੇ, ਇਸ਼ਾਰਿਆਂ ਨਾਲ ਸਮਝਾਈਆ । ਜਿਨ੍ਹਾਂ ਦਾ ਲੇਖਾ ਨਾਲ ਚਮਿਆਰੇ, ਰਵਦਾਸ ਕਰੇ ਕੁੜਮਾਈਆ । ਫੜ ਕੇ ਬਾਹੋਂ ਪਾਰ ਉਤਾਰੇ, ਸਿਰ ਆਪਣਾ ਹੱਥ ਟਿਕਾਈਆ । ਨਾ ਕੋਈ ਵੇਖੇ ਵਿਆਹੇ ਕਵਾਰੇ, ਦੋਹਾਂ ਇਕੋ ਰੰਗ ਰੰਗਾਈਆ । ਤੂੰ ਵੀ ਤੱਕ ਓਸ ਦੇ ਚਰਨ ਕਵਲਾਰੇ, ਜਿਥੇ ਮਿਲੇ ਮਾਣ ਵਡਿਆਈਆ । ਨਵ ਨੌਂ ਜਨਮ ਬੀਤੇ ਵਿਚ ਸੰਸਾਰੇ, ਸੰਸਾਰ ਸਾਗਰ ਪਾਰ ਨਾ ਕੋਇ ਕਰਾਈਆ । ਜੀਂਵਦਿਆਂ ਜਗ ਕੋਈ ਨਾ ਮਾਰੇ, ਮਰਿਆਂ ਜੀਵਤ ਰੂਪ ਨਾ ਕੋਇ ਵਟਾਈਆ । ਸਾਚਾ ਮੇਲ ਮਿਲੇ ਨਾ ਨਰ ਨਿਰੰਕਾਰੇ, ਨਿਰਾਕਾਰ ਨਾ ਕੋਇ ਸਮਝਾਈਆ । ਸੱਤ ਸਾਵਣ ਦੀ ਉਹ ਸੁਹੰਜਣੀ ਰੈਣ ਜਿਸ ਰਾਤੀ ਰਵਦਾਸ ਦਵਾਰੇ ਪ੍ਰਭ ਦਿਤੇ ਸਚ ਭੰਡਾਰੇ, ਕਿਣਕਾ ਕਿਣਕਾ ਦਾਣਾ ਦਾਣਾ ਇਕ ਵਰਤਾਈਆ । ਉਸੇ ਵੇਲੇ ਰਸਨਾ ਬੋਲੇ ਸਾਰੇ ਜੈਕਾਰੇ, ਤੂੰਹੀ ਤੂੰਹੀ ਰਾਗ ਅਲਾਈਆ । ਤੁਧ ਬਿਨ ਦੂਜਾ ਨਾ ਕੋਇ ਮਿੱਤਰ ਪਿਆਰੇ, ਸੱਜਣ ਸੰਗ ਨਾ ਕੋਇ ਦਰਸਾਈਆ । ਰਵਦਾਸ ਕਿਹਾ ਨਾਲ ਇਸ਼ਾਰੇ, ਇਹੋ ਬੇਪਰਵਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰੇ, ਚੌਕੜੀ ਬੈਠੀ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਦਰ ਪਨਹਾਰੇ, ਪੀਸਣ ਪੀਸ ਕੇ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਨਾਮ ਦੇ ਲੈਂਦੇ ਜੈਕਾਰੇ, ਜੈ ਜੈ ਕਾਰ ਕਰ ਸੁਣਾਈਆ । ਸੋ ਸਾਹਿਬ ਸੁਆਮੀ ਵੰਡਣ ਆਇਆ ਆਪਣੀ ਵਸਤ ਅਪਾਰੇ, ਅਮੋਲਕ ਤੁਹਾਡੀ ਝੋਲੀ ਪਾਈਆ । ਹੁਣ ਤੁਸੀਂ ਬਣ ਕੇ ਜਗਤ ਕਹਾਰੇ, ਜਗਤ ਡੋਲੀ ਕੰਧ ਉਠਾਈਆ । ਕਲਜੁਗ ਅੰਤ ਪੁਰਖ ਅਬਿਨਾਸ਼ੀ ਕਿਰਪਾ ਧਾਰੇ, ਨਿਰਗੁਣ ਨਿਰਵੈਰ ਹੋਏ ਸਹਾਈਆ । ਖੇਵਟ ਖੇਟਾ ਬਣ ਵਿਚ ਸੰਸਾਰੇ, ਬੇੜਾ ਆਪਣੇ ਸੀਸ ਉਠਾਈਆ । ਠੱਗ ਬ੍ਰਾਹਮਣ ਨਾਲ ਤਾਰੇ, ਬ੍ਰਾਹਮਣੀ ਨੈਣਾਂ ਰਾਹ ਤਕਾਈਆ । ਕੋਈ ਡੁੱਬੇ ਨਾ ਵਿਚ ਮੰਝਧਾਰੇ, ਅੱਧ ਵਿਚਕਾਰ ਨਾ ਕੋਇ ਸੁਟਾਈਆ । ਜਿਸ ਫੜਿਆ ਤਿਸ ਲਾਏ ਪਾਰ ਕਿਨਾਰੇ, ਨਈਆ ਨੌਕਾ ਆਪਣੇ ਨਾਮ ਚੜ੍ਹਾਈਆ । ਜਿਸ ਦੇ ਹੱਥ ਨਾ ਆਏ ਕਿਸੇ ਵੰਝ ਮੁਹਾਣੇ, ਸਮੁੰਦ ਸਾਗਰ ਬੈਠੇ ਰਾਹ ਤਕਾਈਆ । ਸੋ ਸਾਹਿਬ ਜਨ ਭਗਤਾਂ ਲਾਏ ਓਸ ਟਿਕਾਣੇ, ਜਿਸ ਘਰ ਟਿੱਕਾ ਲਗੇ ਸੱਚੇ ਸ਼ਹਿਨਸ਼ਾਹੀਆ । ਆਪਣੇ ਚੜ੍ਹਾਏ ਸਤਿ ਬਬਾਣੇ, ਬਬਾਣ ਸ਼ਬਦ ਰੂਪ ਵਟਾਈਆ । ਗੁਰਮੁਖਾਂ ਸਦਾ ਸੁਹੇਲਾ ਖੜ੍ਹਾ ਰਹੇ ਸਰਹਾਣੇ, ਸਿਰ ਪਾਉਂ ਇਕੋ ਰੰਗ ਰੰਗਾਈਆ । ਭੁੱਲ ਨਾ ਜਾਏ ਵੇਖ ਬਾਲੇ ਨੱਢੇ ਜਗਤ ਅੰਞਾਣੇ, ਸੁਘੜ ਸਿਆਣੇ ਆਪ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਵਣ ਸੋਹਣਾ ਰੰਗ ਵਖਾਈਆ । ਸਾਵਣ ਕਹੇ ਮੇਰੀ ਭਿੰਨੜੀ ਰੈਣ, ਸਤਿ ਸਤਿਵਾਦੀ ਦਿਤੀ ਵਡਿਆਈਆ । ਸਾਚੀ ਸਖ਼ੀਆਂ ਆਈ ਕਹਿਣ, ਸੰਦੇਸਾ ਇਕ ਸੁਣਾਈਆ । ਜਗਤ ਉਠੋ ਵੇਖੋ ਮੇਰੀ ਭੈਣ, ਪਰਮ ਪੁਰਖ ਬੇਪਰਵਾਹੀਆ । ਜਿਸ ਨੂੰ ਅਬਿਨਾਸ਼ੀ ਕਰਤਾ ਸਾਰੇ ਕਹਿਣ, ਕਹਿ ਕਹਿ ਰਾਗ ਅਲਾਈਆ । ਸੋ ਪਿਛਲਾ ਲੇਖਾ ਗੁਰਮੁਖਾਂ ਆਇਆ ਦੇਣ, ਦੇ ਦੇ ਖ਼ੁਸ਼ੀ ਮਨਾਈਆ । ਸਾਚੇ ਸੰਤਾਂ ਬਣਕੇ ਸਾਕ ਸੈਣ, ਨਾਤਾ ਜੋੜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਭਿੰਨੜੀ ਰੈਣ ਕਹੇ ਮੈਂ ਆਈ ਦੱਸਣ, ਸਾਵਲ ਸੁੰਦਰ ਰੂਪ ਵਟਾਈਆ । ਗੁਰਮੁਖਾਂ ਹਿਰਦੇ ਆਈ ਵਸਣ, ਦੂਰ ਦੁਰਾਡਾ ਪੰਧ ਚੁਕਾਈਆ । ਮਨਮੁਖਾਂ ਕੋਲੋਂ ਆਈ ਨੱਸਣ, ਪੈਰੀਂ ਪਾਹਨੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਭਿੰਨੜੀ ਰੈਣ ਕਹੇ ਸੁਣੋ ਜਨ ਭਾਈ, ਭਗਤਾਂ ਮਿਲੇ ਮਾਣ

ਵਡਿਆਈਆ । ਵੇਲਾ ਰਖੋ ਯਾਦ ਜਿਸ ਵੇਲੇ ਗੋਬਿੰਦ ਬੂਟਾ ਪੁਟਿਆ ਕਾਹੀ, ਕਲਮਾ ਨਬੀ ਸਾਰੇ ਬੈਠੇ ਭੁਲਾਈਆ । ਕਲਜੁਗ ਜੜ੍ਹ ਦਿਤੀ ਉਖੜਾਈ, ਬੱਚੇ ਨੀਹਾਂ ਹੇਠ ਦਬਾਈਆ । ਓਸ ਵੇਲੇ ਪੁਰਖ ਅਕਾਲ ਨਾਲ ਕੀਤੀ ਸਾਈ, ਮਾਛੂਵਾੜੇ ਸੇਜ ਹੰਢਾਈਆ । ਤੇਰੀ ਮੇਰੀ ਨਾ ਹੋਏ ਜੁਦਾਈ, ਜੁਦਾ ਅੰਗ ਨਾ ਕੋਇ ਜਣਾਈਆ । ਪੁਰਖ ਅਕਾਲ ਦਿਤਾ ਸਮਝਾਈ, ਸ਼ਬਦ ਸੰਦੇਸ਼ਾ ਇਕ ਅਲਾਈਆ । ਮੇਰਾ ਨੂਰ ਤੇਰੀ ਰੁਸ਼ਨਾਈ, ਦੋ ਜਹਾਨਾਂ ਨਜ਼ਰੀ ਆਈਆ । ਮੇਰਾ ਨਾਦ ਤੇਰੀ ਸ਼ਨਵਾਈ, ਤੇਰਾ ਸ਼ਬਦ ਮੇਰੀ ਵਡਿਆਈਆ । ਤੇਰਾ ਮੰਦਰ ਸੋਭਾ ਇਕੋ ਪਾਈ, ਸਾਢੇ ਤਿੰਨ ਹੱਥ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਜਣਾਈਆ । ਭਿੰਨੜੀ ਰੈਣ ਕਹੇ ਮੇਰੀ ਸੱਜਣ ਸਈਓ, ਸ਼ਾਹ ਸਾਚਾ ਦਿਆਂ ਮਿਲਾਈਆ । ਜਿਸ ਦੀ ਪਕੜੀ ਭਗਤ ਕਬੀਰ ਬਈਓ, ਬਾਜ਼ੂ ਆਪਣੀ ਬਗ਼ਲ ਟਿਕਾਈਆ । ਜਿਸ ਦਾ ਲੇਖਾ ਕਿਸੇ ਹਿਸਾਬ ਕਿਤਾਬ ਨਾ ਆਵੇ ਵਹੀਓ, ਕਾਗ਼ਜ਼ ਕਲਮ ਨਾ ਦੇਵੇ ਗਵਾਹੀਆ । ਜੋ ਪਾਰ ਕਰਾਵੇ ਚਾੜ੍ਹ ਕੇ ਸਾਚੀ ਨਾਮ ਨਈਓ, ਨੌਕਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਿੰਨੜੀ ਰੈਣ ਰੰਗ ਵਖਾਈਆ । ਭਿੰਨੜੀ ਰੈਣ ਕਹੇ ਵੇਖੋ ਰੰਗ ਚੜ੍ਹਦਾ, ਹਰਿ ਕਰਤਾ ਆਪ ਰੰਗਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਫੜਦਾ, ਨਿਰਗੁਣ ਹੋ ਕੇ ਭੱਜੇ ਵਾਹੋ ਦਾਹੀਆ । ਗੁਰਮੁਖਾਂ ਭਾਣਾ ਆਪਣੇ ਸੀਸ ਜਰਦਾ, ਜਗਦੀਸ ਖ਼ੁਸ਼ੀ ਵਖਾਈਆ । ਕਰਤਾ ਪੁਰਖ ਹੋ ਕੇ ਕਰਨੀ ਕਰਦਾ, ਕਾਦਰ ਕੁਦਰਤ ਰਿਹਾ ਨਚਾਈਆ । ਸੰਤ ਸੁਹੇਲੇ ਸੱਜਣ ਵਰਦਾ, ਸੋਹਣਾ ਆਪਣਾ ਮੇਲ ਮਿਲਾਈਆ । ਜੋ ਬਿਰਹੋ ਵਿਛੋੜੇ ਅੰਦਰ ਹੋਵੇ ਮਰਦਾ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਭਿੰਨੜੀ ਰੈਣ ਕਹੇ ਮੈਂ ਕੀ ਆਖਾਂ, ਕਹਿਣਾ ਕਹਿਣ ਕੁਛ ਨਾ ਜਾਈਆ । ਸਮਰਥ ਪੁਰਖ ਮੈਂ ਵੇਖਿਆ ਭਗਤਾਂ ਰਾਖਾ, ਘਰ ਘਰ ਹੋਏ ਸਹਾਈਆ । ਓਨ੍ਹਾਂ ਹੋਵੇ ਦਾਸੀ ਦਾਸਾ, ਆਜਜ਼ ਹੋ ਕੇ ਸੇਵ ਕਮਾਈਆ । ਪ੍ਰੇਮ ਪਿਆਰ ਅੰਦਰ ਚਲੇ ਵਿਚ ਸਵਾਸਾ, ਸਾਹ ਸਾਹ ਆਪਣਾ ਨਾਮ ਜਪਾਈਆ । ਸੁਰਤੀ ਸ਼ਬਦੀ ਮਿਲ ਕੇ ਪਾਏ ਰਾਸਾ, ਗੋਪੀ ਕਾਹਨ ਰੂਪ ਵਟਾਈਆ । ਪੰਜਾਂ ਪੂਰੀ ਕਰੇ ਆਸਾ, ਨਾਲ ਬ੍ਰਾਹਮਣ ਰਿਹਾ ਤਰਾਈਆ । ਜਿਸ ਦੀ ਜਗਤ ਜੁਗ ਬਣੀ ਰਹੇ ਗਾਥਾ, ਗਾਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਈਆ । ਪਿਛਲਾ ਲੇਖਾ ਲੇਖੇ ਲੱਗਾ, ਲਗਨ ਆਪਣੀ ਵਿਚ ਜਣਾਈਆ । ਸਭ ਦਾ ਸੌਰਿਆ ਅੱਗੋਂ ਅੱਗਾ, ਅਗਲਾ ਪੰਧ ਮੁਕਾਈਆ । ਹੰਸ ਬਣਿਆ ਬਗਲਾ ਬਪੜਾ ਕੱਗਾ, ਕਾਂਗੋਂ ਹੰਸ ਉਡਾਈਆ । ਨੌਂ ਜਨਮ ਦਾ ਭੁੱਖਾ ਨੰਗਾ, ਗੰਗਾ ਲੇਖਾ ਰਿਹਾ ਮੁਕਾਈਆ । ਚਾਰ ਕਹਾਰਾਂ ਪੂਰੀ ਮੰਗਾ, ਮਾਨੁਖ ਨਾਰੀ ਰੂਪ ਦਰਸਾਈਆ । ਰਵਦਾਸ ਮਿੱਤਰ ਬਣਿਆ ਚੰਗਾ, ਜਿਸ ਨਾਰੀ ਅੱਖ ਉਠਾਈਆ । ਸਭ ਦਾ ਇਕੋ ਬਣਿਆ ਸੰਗਾ, ਸੋਹਣਾ ਜੋੜ ਜੁੜਾਈਆ । ਰਵਦਾਸ ਛੱਡਿਆ ਆਰ ਰੰਬਾ, ਟੁੱਟੀ ਗੰਢ ਵਖਾਈਆ । ਇਨ੍ਹਾਂ ਵਿਚੋਂ ਕੋਈ ਨਾ ਰਿਹਾ ਗੰਦਾ, ਗੰਦਗੀ ਬਾਹਰ ਕਢਾਈਆ । ਪਰਮ ਪੁਰਖ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਇਕ ਚਾੜ੍ਹਨਾ ਚੌਦਸ ਚੰਦਾ, ਜਿਸ ਨੂੰ ਵੇਦ ਵਿਆਸ ਗਿਆ ਗਾਈਆ । ਓਸ ਭਾਣੇ ਨੂੰ ਜਰ ਨਾ ਸਕੇ ਕੋਈ ਬੰਦਾ, ਬੰਦਗੀ ਵਾਲਾ ਇਕੋ ਬੇਪਰਵਾਹੀਆ । ਜਗਤ ਵਿਹਾਰ ਸੀਨਾ ਕਰਕੇ ਠੰਡਾ, ਆਪਣਾ ਭਾਣਾ ਦਿਤਾ ਵਰਤਾਈਆ । ਪੂਤ ਸਪੂਤਾ ਸ਼ਬਦੀ ਚੜ੍ਹੇ ਨਵ ਚੰਦਾ, ਚੰਦ ਚਾਂਦਨੀ ਨੈਣ ਸ਼ਰਮਾਈਆ ।

ਜਲ ਸਾਗਰ ਲੈ ਕੇ ਭੱਜੀ ਆਵੇ ਗੰਗਾ, ਗੰਗੋਤਰੀ ਆਪਣਾ ਫੇਰਾ ਪਾਈਆ । ਜਮਨਾ ਕਹੇ ਮੇਰਾ ਮੇਂਡਾ ਨੰਗਾ, ਓਡਣੀ ਸੀਸ ਨਾ ਕੋਇ ਟਿਕਾਈਆ । ਸੁਰਸਤੀ ਕਹੇ ਮੇਰਾ ਲੇਖ ਭਾਗਾਂ ਮੰਦਾ, ਭਗਵਨ ਸੰਗ ਨਾ ਕੋਇ ਰਖਾਈਆ । ਗੋਦਾਵਰੀ ਕਹੇ ਬਿਨ ਗੋਬਿੰਦ ਮੇਰਾ ਜਲ ਕਰੇ ਨਾ ਕੋਇ ਠੰਡਾ, ਸੀਤਲ ਧਾਰ ਨਾ ਕੋਇ ਵਹਾਈਆ । ਜੇ ਤੱਕੀਏ ਨਜ਼ਰੀ ਆਏ ਇਕੋ ਪੁਰਖ ਅਕਾਲ ਸਰਬ ਬਖ਼ਸ਼ੰਦਾ, ਬਖ਼ਸ਼ਣਹਾਰ ਸਦ ਅਖਵਾਈਆ । ਜੇ ਦਇਆ ਕਮਾਏ ਸਰਗੁਣ ਪਰਗਟ ਹੋਏ ਤਤ ਵਖਾਏ ਬੰਦਾ, ਬੰਦਨ ਵਿਚ ਬੰਦ ਬੰਦ ਨਾ ਕੋਇ ਕਰਾਈਆ । ਜੇ ਅੰਦਰ ਵੜ ਕੇ ਵੇਖੀਏ ਗਾਵੇ ਇਕੋ ਛੰਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੰਜ਼ਲ ਚੜ੍ਹ ਕੇ ਵੇਖੀਏ ਡੰਡਾ, ਅਮਰਾਪਦ ਘਰ ਸਾਚੇ ਸੋਭਾ ਪਾਈਆ । ਉਥੇ ਨਾ ਕੋਇ ਸਾਰੰਗ ਨਾ ਮਰਦੰਗਾ, ਢੋਲਕ ਛੈਣਾ ਨਾ ਕੋਇ ਛਣਕਾਈਆ । ਪਰਮ ਪੁਰਖ ਪਰਮਾਤਮ ਇਕੋ ਬੈਠਾ ਸਭ ਤੋਂ ਚੰਗਾ, ਜਿਸ ਦੇ ਹੱਥ ਚੰਗੀ ਵਡਿਆਈਆ । ਉਹ ਭਗਤ ਅਧਾਰੀ ਪੈਜ ਸਵਾਰੇ, ਪਾਰ ਉਤਾਰੇ ਗੰਦਿਉਂ ਗੰਦਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤ ਬਣ ਤਰਖਾਣ ਜਿਨ੍ਹਾਂ ਉਤੇ ਫੇਰਿਆ ਰੰਦਾ, ਬਿਨ ਹੱਥਾਂ ਆਪ ਦਬਾਈਆ । ਉਨ੍ਹਾਂ ਨੂੰ ਲੋੜ ਨਹੀਂ ਰਹੀ ਨਹਾਵਣ ਦੀ ਗੰਗਾ, ਅਠਸਠ ਫੇਰਾ ਨਾ ਕੋਇ ਪਾਈਆ । ਸਚ ਕਿਨਾਰੇ ਬੈਠੇ ਕੰਢਾ, ਆਪਣਾ ਪੰਧ ਮੁਕਾਈਆ । ਜਿਨ੍ਹਾਂ ਨੂੰ ਰਵਦਾਸ ਦਵਾਰੇ ਮਿਲੀਆਂ ਗੰਢਾਂ, ਦਾਣਾ ਇਕੋ ਇਕ ਵਖਾਈਆ । ਉਨ੍ਹਾਂ ਅੰਤਮ ਦੇਵੇ ਪਰਮਾਨੰਦਾ, ਅਨੰਦ ਅਨੰਦ ਵਿਚ ਸਮਾਈਆ । ਭਗਤ ਭਗਵਾਨ ਰਲ ਮਿਲ ਗੋਪੀ ਕਾਹਨ ਗਾਇਆ ਸੋਹੰ ਛੰਦਾ, ਢੋਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਾਏ ਆਪਣੇ ਅੰਗਾਂ, ਅੰਗੀਕਾਰ ਆਪ ਕਰਾਈਆ ।



## ✪ ੮ ਸਾਵਣ ੨੦੨੧ ਬਿਕ੍ਰਮੀ ਬਾਬੂ ਪੁਰ ✪

ਧਰਮ ਲੇਖਾ ਲਿਖ ਚਮਿਆਰ, ਗੁਰਮੁਖ ਹੱਥ ਵਡਿਆਈਆ । ਕਲਮ ਸ਼ਾਹੀ ਕੂਕ ਕਰੇ ਪੁਕਾਰ, ਕਾਗ਼ਜ਼ ਸੱਯਦਾ ਸੀਸ ਨਿਵਾਈਆ । ਨਮੋ ਨਮੋ ਮੇਰੀ ਨਿਮਸਕਾਰ, ਧਰਮ ਰਿਹਾ ਧਿਆਈਆ । ਕਾਇਆ ਮਾਟੀ ਚੰਮੋਂ ਕੀਤਾ ਬਾਹਰ, ਹਾਡੀ ਮਾਸ ਨਾੜੀ ਜੋੜ ਨਾ ਕੋਇ ਜੁੜਾਈਆ । ਪੂਰਬ ਲਹਿਣਾ ਦੇ ਉਧਾਰ, ਲਹਿਣਾ ਧੁਰ ਦਾ ਦਿਤਾ ਵਖਾਲ, ਅੱਗੇ ਲੇਖਾ ਚੁਕੇ ਸੰਸਾਰ, ਸਮੁੰਦ ਸਾਗਰ ਖਾਈ ਪਾਰ ਕਰਾਈਆ । ਮੰਜ਼ਲ ਪੌੜੇ ਦਿਤਾ ਚਾੜ੍ਹ, ਕੂੜੀ ਕਿਰਿਆ ਹੱਦ ਮੁਕਾਈਆ । ਸਚ ਦਵਾਰੇ ਦਿਤਾ ਵਾੜ, ਬੰਦ ਕਿਵਾੜੀ ਖਿੜਕੀ ਆਪ ਖੁਲ੍ਹਾਈਆ । ਨਾਉਂ ਨਿਰੰਕਾਰ ਦੱਸ ਜੈਕਾਰ, ਸੁਰਤੀ ਸ਼ਬਦ ਧੁੰਨ ਸਮਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਜੋਤ ਕਰੇ ਰੁਸ਼ਨਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਸੁਣਾਈਆ । ਵਿਛੜਿਆਂ ਵਿਛੋੜਾ ਗਿਆ ਮਿਲਿਆ ਪਰਮ ਪੁਰਖ ਕਰਤਾਰ, ਕਰਤਾ ਕਰਨੀ ਆਪ ਕਮਾਈਆ । ਹਰਖ਼ ਸੋਗ ਦਾ ਰੋਗ ਨਿਵਾਰ, ਚਿੰਤਾ ਗ਼ਮ ਰਿਹਾ ਘਟਾਈਆ । ਜਨਣੀ ਜਨ ਪੈਜ ਸਵਾਰ, ਸਮਰਥ ਸਿਰ ਹੱਥ ਰਖਾਈਆ । ਅਗੰਮ ਅਥਾਹ ਕਰ ਵਿਹਾਰ, ਬੋਧ ਅਗਾਧ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਰਵਦਾਸ ਕਹੇ ਲਿਖਾਂ

ਕਿਹੜਾ ਲੇਖ, ਲੇਖੇ ਵਿਚ ਕੁਛ ਨਾ ਆਈਆ । ਪਹਿਲੋਂ ਦੱਸ ਆਪਣਾ ਭੇਤ, ਓਹਲਾ ਪੜਦਾ ਦੇ ਉਠਾਈਆ । ਮੈਂ ਨੇਤਰ ਦਰਸ਼ਨ ਲਵਾਂ ਪੇਖ, ਪੇਖਤ ਖ਼ੁਸ਼ੀ ਮਨਾਈਆ । ਭਗਵਨ ਹੋ ਕੇ ਕਰ ਹੇਤ, ਭਗਤ ਆਪਣੀ ਗੋਦ ਉਠਾਈਆ । ਮਿੱਠਾ ਕਰ ਕੌੜਾ ਰੀਠ, ਅੰਮ੍ਰਿਤ ਰਸ ਭਰਾਈਆ । ਸਦਾ ਰੱਖ ਸਾਇਆ ਹੇਠ, ਮਿਹਰ ਨਜ਼ਰ ਟਿਕਾਈਆ । ਨਜ਼ਰੀ ਆਵੀਂ ਨੇਤਰ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਨਿਮਸਕਾਰ ਕਰੇ ਦਰ ਦਵਾਰੇ ਸ਼ੇਸ਼, ਬਾਸ਼ਕ ਤਸ਼ਕਾ ਸੀਸ ਨਿਵਾਈਆ । ਸਾਂਗੋਂ ਪਾਂਗ ਨਾ ਕੋਇ ਹੇਠ, ਆਸਣ ਸਿੰਘਾਸਣ ਨਾ ਕੋਇ ਸੋਭਾ ਪਾਈਆ । ਨਿਰਗੁਣ ਨਿਰਵੈਰ ਤੇਰੀ ਸੋਹਣੀ ਲੱਗੇ ਖੇਡ, ਬਣ ਖਲਾਰੀ ਆਪ ਖਡਾਈਆ । ਜੇ ਗੁਰਮੁਖ ਗੁਰਸਿਖ ਸੱਜਣ ਦਿਤੇ ਭੇਜ, ਭਜਨ ਬੰਦਗੀ ਅਪਣੀ ਦੇ ਲਗਾਈਆ । ਜੋਤੀ ਜਲਵਾ ਦੇ ਤੇਜ, ਤਜਰਬਾ ਇਕੋ ਦੇ ਸਮਝਾਈਆ । ਔਹ ਵੇਖ ਨੇਤਰ ਨੀਰ ਵਹਾਵੇ ਸ਼ਮਸ ਤਬਰੇਜ਼, ਹੰਝੂਆਂ ਹਾਰ ਪਰੋਈਆ । ਦੂਰ ਦੁਰਾਡਾ ਮਨਸੂਰ ਹੋਇਆ ਪੇਸ਼, ਪੇਸ਼ੀਨਗੋਈ ਰਿਹਾ ਦ੍ਰਿੜਾਈਆ । ਜਿਸ ਨੂੰ ਮੰਨਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਮੈਖਾਸੁਰ ਵਰਗੇ ਸੀਸ ਝੁਕਾਈਆ । ਬ੍ਰਹਿਮੰਡ ਕਰਨ ਆਦੇਸ, ਰਵ ਸਸ ਲਾਗਣ ਪਾਈਆ । ਜਿਸ ਦਾ ਭੇਵ ਨਾ ਪਾਇਆ ਰਿਖੀ ਕੇਸ਼, ਗਵਰਧਨ ਕੂਕ ਕੂਕ ਸੁਣਾਈਆ । ਸੋ ਵਸੇ ਸਾਚੇ ਦੇਸ, ਸਚ ਸਿੰਘਾਸਣ ਡੇਰਾ ਲਾਈਆ । ਕਲਜੁਗ ਅੰਤ ਅਵੱਲੜਾ ਵੇਸ, ਰੂਪ ਅਨੂਪਾ ਹਰਿ ਵਟਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕਿਸੇ ਨ ਆਈਆ । ਸ਼ਬਦੀ ਰੂਪ ਦਸ ਦਸਮੇਸ, ਗੋਬਿੰਦ ਬੈਠਾ ਸਾਚਾ ਮਾਹੀਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਖੂੰਡੀ ਭੂਰੀ ਸਚ ਪ੍ਰੀਤੀ ਮੋਢੇ ਰੱਖੇ ਖੇਸ, ਨਾਨਕ ਨਿਰਗੁਣ ਸਰਗੁਣ ਸਾਚੀ ਕਰਨੀ ਕਾਰ ਕਮਾਈਆ । ਜਨ ਭਗਤਾਂ ਦੇ ਕੇ ਭੇਤ, ਭੇਵ ਅਭੇਦਾ ਦਏ ਖੁਲ੍ਹਾਈਆ । ਸੀਸ ਪਾ ਕੇ ਤੱਤੀ ਰੇਤ, ਤਵੀਆਂ ਤਪਸ਼ ਬੁਝਾਈਆ । ਰਵਦਾਸ ਚਮਾਰ ਦੇ ਕੇ ਟੇਕ, ਚਮਰੇਟਾ ਆਪਣੇ ਰੰਗ ਰੰਗਾਈਆ । ਸ਼ੌਹ ਦਰਿਆਏ ਬਣ ਕੇ ਖੇਵਟ ਖੇਟ, ਬੇੜਾ ਧੁਰ ਦਾ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਇਕ ਸਮਝਾਈਆ । ਉਠ ਰਵਦਾਸ ਫੜ ਕਲਮ, ਹਰਿ ਕਰਤਾ ਸਚ ਦ੍ਰਿੜਾਈਆ । ਜਿਸ ਦਾ ਕਿਸੇ ਨਾ ਆਇਆ ਇਲਮ, ਆਲਮ ਭੇਵ ਕੋਇ ਨਾ ਪਾਈਆ । ਰਸਨਾ ਜਿਹਵਾ ਅੱਖਰਾਂ ਵਿਚ ਨਾ ਪੜ੍ਹੀ ਤਾਲੀਮ, ਨੁਕਤੇ ਵੰਡ ਨਾ ਕੋਇ ਵੰਡਾਈਆ । ਸੋ ਖੇਲ ਕਰੇ ਅਜ਼ੀਮ, ਆਜ਼ਮ ਇਕੋ ਬੇਪਰਵਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਵੱਖਰੀ ਸਭ ਤੋਂ ਤਕਸੀਮ, ਹਿੱਸਾ ਧੁਰ ਦਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਰਵਦਾਸ ਕਹੇ ਕੀ ਲਿਖਾਂ ਲਿਖਤ, ਕਲਮ ਸ਼ਾਹੀ ਸੰਗ ਨਾ ਕੋਇ ਨਿਭਾਈਆ । ਪੁਰਖ ਅਕਾਲ ਕਹੇ ਜੋ ਗੋਬਿੰਦ ਦੱਸਿਆ ਭਵਿਖਤ, ਭਾਖਿਆ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਰਬ ਜੀਆਂ ਦਾ ਇਕੋ ਇਸ਼ਟ, ਪੁਰਖ ਅਕਾਲ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਘਰ ਬੈਠਿਆਂ ਖੇਲ ਦ੍ਰਿਸ਼ਟ, ਦੀਦ ਚੰਦ ਕਰੇ ਰੁਸ਼ਨਾਈਆ । ਨਾਤਾ ਤੋੜ ਦੋਜ਼ਖ਼ ਬਹਿਸ਼ਤ, ਜੰਨਤ ਪੈਰਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦੇਵੇ ਇਸ਼ਕ, ਆਸ਼ਕ ਮਾਸ਼ੂਕ ਇਕੋ ਰੰਗ ਰੰਗਾਈਆ । ਰਵਦਾਸ ਕਹੇ ਕੀ ਦਿਤਾ ਅਹਿਵਾਲ, ਹਾਲਤ ਅਪਣੀ ਦੇ ਸਮਝਾਈਆ । ਮੇਰਾ ਇਕੋ ਦਰ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਜਨ ਭਗਤਾਂ ਵਸਣਾ ਸਦਾ ਨਾਲ, ਧੁਰ ਦਾ

ਸੰਗ ਬਣਾਈਆ । ਓਨ੍ਹਾਂ ਨੇੜ ਨਾ ਆਵੇ ਕਾਲ ਮਹਾਂਕਾਲ, ਜੋ ਤੇਰੀ ਓਟ ਤਕਾਈਆ । ਸਚਖੰਡ ਦਵਾਰਾ ਵੇਖਿਆ ਸੱਚੀ ਧਰਮਸਾਲ, ਘਰ ਮੰਦਰ ਲੈਣਾ ਬਹਾਈਆ । ਤੇਰੇ ਨਾਮ ਦਾ ਵੱਜੇ ਤਾਲ, ਤਲਵਾੜਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਤੇਰੇ ਪ੍ਰੇਮ ਪਿਆਰ ਦੀ ਖਾਧੀ ਦਾਲ, ਦਲਿਦ੍ਰੀਆਂ ਵਿਚੋਂ ਦਲਿਦ੍ਰ ਦਏ ਕਢਾਈਆ । ਇਕ ਚੌਲ ਦੀ ਵਸਤ ਕਮਾਲ, ਕਾਮਲ ਪੁਰਸ਼ ਤੇਰੇ ਦਰ ਤੇ ਨਜ਼ਰੀ ਆਈਆ । ਮੈਂ ਵੇਖਿਆ ਉਹ ਹਾਲ, ਜਿਸ ਵੇਲੇ ਦੇ ਹਾਲ ਦੇਣ ਦੁਹਾਈਆ । ਸ੍ਰਿਸ਼ਟੀ ਵਿਚੋਂ ਕੋਈ ਨਾ ਦਿਸੇ ਨਾਲ, ਗ੍ਰਹਿਸਥੀ ਸੰਗ ਨਾ ਕੋਇ ਨਿਭਾਈਆ । ਦੁਖੀ ਹੋਏ ਵਾਲ ਵਾਲ, ਸਾਢੇ ਤਿੰਨ ਕਰੋੜ ਰੋਮ ਦੇਣ ਦੁਹਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਨਾ ਟੁੱਟੇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਬਿਨ ਭਗਤਾਂ ਸੋਈ ਸੁਰਤੀ ਸਕੇ ਨਾ ਕੋਇ ਉਠਾਲ, ਮੂਰਤ ਅਕਾਲ ਨਜ਼ਰ ਕਿਸੇ ਨਾ ਆਈਆ । ਪੰਜ ਤਤ ਕਾਇਆ ਵਿਚੋਂ ਕਰ ਬਹਾਲ, ਰਹਿਮਤ ਆਪਣੀ ਨਾਲ ਤਰਾਈਆ । ਜਗਤ ਵਿਛੜੇ ਜਨਮ ਕਰਮ ਨਾ ਆਪਣੇ ਸਕਣ ਸੰਭਾਲ, ਸੋਝੀ ਸਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਰਵਦਾਸ ਕੀ ਦਿਤਾ ਆਖ, ਬਿਨ ਅੱਖਰਾਂ ਰਿਹਾ ਜਣਾਈਆ । ਸਚ ਪੁੱਛ ਇਹ ਭਗਤ ਪ੍ਰਭੂ ਦੀ ਧੁਰ ਦੀ ਸਾਖ਼, ਸ਼ਨਾਖ਼ਤ ਵਿਚ ਕਿਸੇ ਨਾ ਆਈਆ । ਜਿਨ੍ਹਾਂ ਆਪਣਾ ਨਾਮ ਨਿਧਾਨ ਦੇਵੇ ਦਾਤ, ਦਾਨੀ ਹੋ ਕੇ ਝੋਲੀ ਦੇਵੇ ਭਰਾਈਆ । ਤਿਨ੍ਹਾਂ ਮਸਤਕ ਲੇਖ ਅੰਕਰੇ ਭਾਗ, ਭਗਵਨ ਮੇਲਾ ਸਹਿਜ ਸੁਭਾਈਆ । ਘਰ ਦੀਪਕ ਜੋਤ ਜਗੇ ਚਰਾਗ਼, ਗ੍ਰਹਿ ਮੰਦਰ ਹੋਏ ਰੁਸ਼ਨਾਈਆ । ਤਿਨ੍ਹਾਂ ਨਾਤਾ ਤੁਟੇ ਕੂੜ ਸਮਾਜ, ਜ਼ਾਤ ਪਾਤ ਡੇਰਾ ਢਾਹੀਆ । ਲੇਖਾ ਚੁੱਕੇ ਪੰਜ ਵਕਤ ਨਮਾਜ਼, ਰੋਜ਼ਾ ਵੁਜ਼ੂ ਬਾਂਗ ਨਾ ਕੋਇ ਸੁਣਾਈਆ । ਇਕੋ ਪਰਵਰਦਿਗਾਰ ਮਿਲਣ ਦੀ ਤਾਂਘ, ਤਸਬੀ ਮਾਲਾ ਨਾ ਕੋਇ ਲਟਕਾਈਆ । ਅੰਦਰੇ ਅੰਦਰ ਨਾਦ ਧੁਨ ਸੁਣਨ ਆਵਾਜ਼, ਸ਼ਬਦ ਸਦ ਨਦ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੜਦਾ ਓਹਲਾ ਰਿਹਾ ਉਠਾਈਆ । ਰਵਦਾਸ ਕਹੇ ਪ੍ਰਭੂ ਤੇਰਾ ਖੇਲ ਚੰਗਾ, ਚੰਗਿਆਂ ਵਿਚੋਂ ਚੰਗਾ ਨਜ਼ਰੀ ਆਈਆ । ਤੇਰਾ ਨਾਮ ਅਗੰਮੀ ਧੁਰ ਦਾ ਚੰਦਾ, ਸਹਿੰਸਾ ਰੋਗ ਚੁਕਾਈਆ । ਬੰਦਗੀ ਵਿਚ ਬੰਦਾ ਲਾ ਚੜ੍ਹਾਏ ਚੰਦਾ, ਚੰਦ ਨੂਰ ਕਰੇ ਰੁਸ਼ਨਾਈਆ । ਜੋ ਬ੍ਰਾਹਮਣ ਭਟਕਿਆ ਉਪਰ ਗੰਗਾ, ਗੰਗੋਤਰੀ ਸੰਗ ਨਾ ਕੋਇ ਰਖਾਈਆ । ਜਨਮ ਕਰਮ ਦਾ ਗੰਦਾ, ਕੂੜੀ ਕਿਰਕਟ ਮੈਲ ਧੁਆਈਆ । ਦੂਰ ਦੁਰਾਡਾ ਕੱਟ ਕੇ ਆਇਆ ਪੰਧਾ, ਪਾਂਧੀ ਹੋ ਕੇ ਫੇਰਾ ਪਾਈਆ । ਸਤਿ ਦਵਾਰਾ ਤੇਰਾ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਤੇਰੇ ਹੱਥ ਵਡਿਆਈਆ । ਮੇਰੀ ਪੁਕਾਰ ਕਰੇ ਆਰ, ਹੋਕਾ ਦੇਵੇ ਰੰਬਾ, ਰੰਬੀ ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ ਤੇਰੀ ਵਡਿਆਈਆ । ਰਵਦਾਸ ਕਿਹੜੀ ਕੀਤੀ ਗੱਲ, ਹਰਿ ਹਰਿਜੂ ਆਪ ਜਣਾਈਆ । ਇਹ ਪ੍ਰਭ ਦਾ ਵਲ ਛਲ, ਅਛਲ ਛਲ ਧਾਰੀ ਖੇਲ ਰਚਾਈਆ । ਜਿਹੜੇ ਠੱਗਦੇ ਰਹੇ ਗੰਗਾ ਜਲ, ਪਾਣੀ ਪਾਣੀਆਂ ਵਿਚੋਂ ਭਰਾਈਆ । ਇਥੇ ਉਨ੍ਹਾਂ ਦਾ ਰਹੇ ਕੋਈ ਨਾ ਬਲ, ਬਲਹੀਣ ਸਰਬ ਕੁਰਲਾਈਆ । ਤਾਰਨ ਲੱਗਿਆਂ ਲੱਗੇ ਨਾ ਘੜੀ ਪਲ, ਪਲਕ ਵਿਚੋਂ ਪਲਕ ਆਪਣੇ ਲੇਖੇ ਪਾਈਆ । ਜੇ ਗੁਰਮੁਖਾਂ ਦਾ ਪੜਦਾ ਖੋਲ੍ਹ ਕੇ ਵੇਖੇ ਸਲ, ਦੁਰਮਤ ਭਰੀ ਲੋਕਾਈਆ । ਜਿਸ ਵੇਲੇ ਮਿਹਰਵਾਨ ਹੋ ਜਾਏ ਭਗਤਾਂ ਵੱਲ, ਸਾਚੀ ਭਗਤੀ ਨਿਉਂ ਨਿਉਂ ਲਾਗੇ

ਪਾਈਆ । ਨਿਰਗੁਣ ਹੋਏ ਸਰਗੁਣ ਅੰਦਰ ਜਾਏ ਰਲ, ਜੋਤੀ ਸ਼ਬਦੀ ਧਾਰ ਸਮਾਈਆ । ਸਚ ਦਵਾਰੇ ਆਪੇ ਖਲ੍ਹ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਹੋਏ ਸਹਾਈਆ । ਰਵਦਾਸ ਕਹੇ ਪ੍ਰਭੂ ਤੂੰ ਵੱਡਾ ਠੱਗ, ਬ੍ਰਾਹਮਣ ਠੱਗੀ ਜਿਸ ਸਮਝਾਈਆ । ਆਪ ਲੁਕ ਕੇ ਓਹਲੇ ਉਪਰ ਸ਼ਾਹ ਰਗ, ਬੈਠੇ ਮੁਖ ਛੁਪਾਈਆ । ਜੀਵਾਂ ਲਾਕੇ ਕੂੜੀ ਅੱਗ, ਰਸਨਾ ਜਿਹਵਾ ਮਨ ਵਾਸਨਾ ਕਾਗ ਵਾਂਗ ਹਲਕਾਈਆ । ਚਾਰੋਂ ਕੁੰਟ ਵਾਂਗ ਸਵਾਨ ਰਹੇ ਭੱਜ, ਦਹਿ ਦਿਸ਼ਾ ਨੱਠਣ ਵਾਹੋ ਦਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਆਪਣੇ ਰਹੇ ਸੱਦ, ਤੇਰਾ ਨਾਮ ਨਾ ਕੋਇ ਧਿਆਈਆ । ਤੇਰੇ ਪ੍ਰੇਮ ਦੀ ਲੰਘ ਕੇ ਹੱਦ, ਕੂੜੀ ਕਿਰਿਆ ਕਰਨ ਲੜਾਈਆ । ਗਾਂ ਸੂਰ ਖਾ ਕੇ ਹੱਡ, ਕਹਿਣ ਮਿਲਿਆ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਬੀਸਵੀਂ ਸਭ ਦਾ ਸੰਗ ਗਏ ਛੱਡ, ਨਾਤਾ ਤੋੜ ਨਾ ਕੋਇ ਨਿਭਾਈਆ । ਮੈਂ ਅੱਖੀ ਵੇਖੇ ਸਭ ਨਾਲੋਂ ਹੋਏ ਅੱਡ, ਘਰ ਤੇਰੇ ਬੈਠੇ ਸੋਭਾ ਪਾਈਆ । ਇਕੋ ਗਾਉਂਦੇ ਸੱਚਾ ਛੰਦ, ਤੂੰ ਮੇਰਾ ਮੈਂ ਤੇਰਾ ਦੋਹਾਂ ਭੇਦ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਆਪ ਰੰਗ, ਜਿਸ ਦਾ ਲਲਾਰੀ ਨਜ਼ਰ ਕੋਇ ਨਾ ਆਈਆ । ਰਵਦਾਸ ਰੰਗ ਚਾੜ੍ਹੇ ਲਲਾਰੀ, ਨਾਮ ਰੰਗਣ ਇਕ ਵਖਾਈਆ । ਲੱਖ ਚੁਰਾਸੀ ਬਿਨ ਹਰਿ ਕੰਤ ਸ੍ਰਿਸ਼ਟ ਕਵਾਰੀ, ਸੋਹਣਾ ਸੁਭਰ ਸੀਸ ਨਾ ਕੋਇ ਟਿਕਾਈਆ । ਚਾਰੋਂ ਕੁੰਟ ਹਉਮੇ ਬੀਮਾਰੀ, ਜਗਤ ਖੁਆਰੀ ਰਹੀ ਸਤਾਈਆ । ਪੰਜ ਤਤ ਨਾਲ ਲਾਉਂਦੀ ਰਹੀ ਯਾਰੀ, ਯਰਾਨਾ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਰਵਦਾਸ ਕਹੇ ਸੁਣ ਸੱਜਣ ਯਾਰ, ਸਚ ਸਚ ਦਿਆਂ ਦ੍ਰਿੜਾਈਆ । ਤੂੰ ਸਭਨਾਂ ਕਰੇਂ ਖ਼ੁਆਰ, ਕੀ ਤੇਰੀ ਵਡਿਆਈਆ । ਕਦੀ ਮੰਜ਼ਲ ਦੇਵੇਂ ਚਾੜ੍ਹ, ਕਦੀ ਖ਼ਾਕ ਵਿਚ ਰੁਲਾਈਆ । ਕਦੀ ਕਰਕੇ ਅੰਦਰ ਗੁਫ਼ਤਾਰ, ਕਦੇ ਬੱਤੀ ਦੰਦ ਮੁਖ ਬੰਦ ਕਰਾਈਆ । ਤੇਰਾ ਕਿਹੋ ਜਿਹਾ ਵਿਹਾਰ, ਮੇਰੀ ਸਮਝ ਵਿਚ ਨਾ ਆਈਆ । ਸ੍ਰੀ ਭਗਵਾਨ ਕਿਹਾ ਨਾਲ ਪਿਆਰ, ਸ਼ਬਦੀ ਇਸ਼ਾਰੇ ਨਾਲ ਉਠਾਈਆ । ਮੈਂ ਨਿਰਗੁਣ ਰੂਪ ਨਿਰਾਕਾਰ, ਨਿਰੰਕਾਰ ਆਪਣੀ ਖੇਲ ਕਰਾਈਆ । ਲੱਖ ਚੁਰਾਸੀ ਵਿਚੋਂ ਹੋ ਕੇ ਬਾਹਰ, ਗੁਰਮੁਖ ਸੱਜਣ ਲਵਾਂ ਜਗਾਈਆ । ਉਨ੍ਹਾਂ ਦਸ ਕੇ ਆਪਣੀ ਧਾਰ, ਧਾਰ ਕਾਇਆ ਦੇਵਾਂ ਬਦਲਾਈਆ । ਬੇਸ਼ਕ ਜਨਮ ਜਨਮ ਦੇ ਗ਼ਰੀਬ ਨਿਮਾਣੇ ਕੋਝੇ ਕਮਲੇ ਕਹਾਰ, ਪੰਧ ਮਾਰਨ ਬਣ ਕੇ ਪਾਂਧੀ ਰਾਹੀਆ । ਉਨ੍ਹਾਂ ਦਾ ਪਰਮ ਪੁਰਖ ਨਾਲ ਵਿਹਾਰ, ਵਿਵਹਾਰੀ ਹੋ ਕੇ ਖੇਲ ਰਚਾਈਆ । ਵੇਖ ਤੇਰਾ ਤਰਦਾ ਯਾਰ ਚਮਿਆਰ, ਤੇਲੀ ਮਿਲੀ ਵਡਿਆਈਆ । ਏਹੋ ਜਿਹੀ ਫੇਰ ਹੱਥ ਨਹੀਂ ਆਉਣੀ ਕਿਸੇ ਬਹਾਰ, ਕੋਟਨ ਕੋਟ ਜੁਗ ਬੀਤੇ ਆਪਣਾ ਰੰਗ ਵਖਾਈਆ । ਇਕ ਘਰ ਇਕ ਦਰ ਇਕ ਵਰ ਇਕ ਹਰਿ ਇਕ ਜ਼ੇਵਰ ਇਕ ਜ਼ਰ, ਕੰਗਣ ਇਕੋ ਹੱਥ ਫੜਾਈਆ । ਇਕ ਜੀਵਤ ਗਏ ਮਰ, ਇਕ ਮਰ ਜੀਵਤ ਰੂਪ ਵਟਾਈਆ । ਗੰਗਾ ਗੋਦਾਵਰੀ ਕੀ ਕਿਸੇ ਨਹੌਣਾ ਸਰ, ਸਰ ਸਰੋਵਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖ ਵਖਾਈਆ । ਰਵਿਦਾਸ ਕਹੇ ਤੂੰ ਬੜਾ ਖ਼ੋਜੀ, ਖੋਜਤ ਖੋਜਤ ਵੇਖੇਂ ਸਰਬ ਲੋਕਾਈਆ । ਭਗਵਾਨ ਕਹੇ ਤੂੰ ਬੜਾ ਬੋਧੀ, ਬੋਧ ਵਿਚ ਵਡਿਆਈਆ । ਰਵਿਦਾਸ ਕਹੇ ਤੇਰੀ ਕਿਰਪਾ ਮੈਨੂੰ ਆਈ ਸੋਝੀ, ਮੇਰੀ ਸਮਝ ਨਾ ਕੋਇ ਚਤੁਰਾਈਆ । ਸ੍ਰੀ ਭਗਵਾਨ ਕਹੇ ਤੂੰ ਭਗਤਾਂ ਬਣਨਾ ਮੋਢੀ, ਆਪਣਾ ਕੰਧਾ ਅੱਗੇ

੨੭੬
੧੨

ਡਾਹੀਆ । ਰਵਿਦਾਸ ਕਹੇ ਮੈਂ ਹੱਥ ਲਾਵਾਂ ਤੇਰੀ ਗੋਡੀਂ, ਅਛਲ ਛਲ ਧਾਰੀ ਤੇਰੀ ਸਮਝ ਕਿਸੇ ਨਾ ਪਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਧੁਰ ਦਾ ਠਾਕਰ ਮੌਜੀ, ਜਨ ਭਗਤਾਂ ਨਾਲ ਖੇਲ ਰਚਾਈਆ । ਰਵਿਦਾਸ ਕਹੇ ਬੇਸ਼ਕ ਤੂੰ ਬਣੇਂ ਚੋਜੀਆਂ ਦਾ ਚੋਜੀ, ਚੋਲਾ ਬਦਲ ਕੇ ਮੁੜ ਮੁੜ ਫੇਰਾ ਪਾਈਆ । ਤੇਰੇ ਭਗਤਾਂ ਨੂੰ ਤੇਰੇ ਨਾਮ ਦੀ ਰੋਜ਼ੀ, ਰਾਜ਼ਕ ਰਹੀਮ ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਕਮਲੀ ਕੋਝੀ, ਪਾਟੇ ਚੀਥੜ ਤਨ ਸ਼ਿੰਗਾਰ ਨਾ ਕੋਇ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦਾ ਅੰਦਰ ਵੜ ਕੇ ਬਣਿਆ ਰੋਗੀ, ਹਉਮੇ ਰੋਗ ਰਿਹਾ ਚੁਕਾਈਆ । ਰਵਿਦਾਸ ਕਹੇ ਮੈਨੂੰ ਵਸਲ ਅਸਲ ਕਰਾ ਹੋ ਮੌਜੂਦੀ, ਮੌਜੂਦਾ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਸਰਨਾਈਆ । ਰਵਿਦਾਸ ਮੰਗੇ ਸਰਨ ਕੇਹੜੀ, ਸਰਨਾਂ ਵਿਚੋਂ ਸਰਨ ਦਏ ਸਮਝਾਈਆ । ਭਗਤ ਕਹੇ ਤੇਰੀ ਪ੍ਰੀਤ ਬਥੇਰੀ, ਦੂਜੀ ਲੋੜ ਰਹੇ ਨਾ ਰਾਹੀਆ । ਭਗਵਾਨ ਕਹੇ ਇਕ ਵਸਤ ਇਸ ਤੋਂ ਹੋਰ ਚੰਗੇਰੀ, ਚੰਗੀ ਤਰਾ ਸਮਝਾਈਆ । ਜੇ ਨਾਰ ਬਣ ਜਾਵੇਂ ਮੇਰੀ, ਪੀਆ ਪ੍ਰੀਤਮ ਆਦਿ ਜੁਗਾਦਿ ਜੁਗ ਚੌਕੜੀ ਇਕੋ ਇਕ ਹੰਢਾਈਆ । ਲੋੜ ਪਏ ਨਾ ਕਪੜਾ ਰੰਗਣ ਦੀ ਨਾਲ ਗੇਰੀ, ਰੰਗ ਮਜੀਠ ਇਕੋ ਦਏ ਵਖਾਈਆ । ਦਰ ਦਰ ਘਰ ਘਰ ਪਾਉਂਣੀ ਪਏ ਨਾ ਫੇਰੀ, ਬਗ਼ਲੀ ਹੱਥ ਨਾ ਕੋਇ ਉਠਾਈਆ । ਪੂਜਣੀ ਪਏ ਨਾ ਜੰਡ ਕਰੀਰ ਬੇਰੀ, ਪਾਹਨ ਸੀਸ ਨਾ ਕੋਇ ਨਿਵਾਈਆ । ਮਸਤਕ ਝੁਕਾਣਾ ਪਏ ਨਾ ਕਿਸੇ ਮੜ੍ਹੀ ਗੋਰ ਢੇਰੀ, ਧੂੜੀ ਖ਼ਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਸਮਝਾਈਆ । ਰਵਿਦਾਸ ਕਹੇ ਪ੍ਰਭੂ ਤੇਰਾ ਸਦਕਾ, ਹਉਂ ਸਦਕੇ ਵਾਰੀ ਘੋਲ ਘੁਮਾਈਆ । ਮੇਰਾ ਲੇਖਾ ਪਿਛਲਾ ਕਦ ਕਾ, ਕਾਦਰ ਕਰਤੇ ਦੇ ਸਮਝਾਈਆ । ਲਹਿਣਾ ਚੁੱਕੇ ਪਿਛਲੀ ਹੱਦ ਕਾ, ਹਦੂਦ ਆਪਣੀ ਦਏ ਬਤਾਈਆ । ਤੂੰ ਲੱਭਿਆਂ ਕਿਸੇ ਨਾ ਲੱਭਦਾ, ਖੋਜਿਆ ਹੱਥ ਕਿਸੇ ਨਾ ਆਈਆ । ਤੂੰ ਮਾਲਕ ਬੇਪਰਵਾਹ ਸਭ ਦਾ, ਸਚ ਤੌਫ਼ੀਕ ਤੇਰੇ ਹੱਥ ਖ਼ੁਦਾਈਆ । ਤੇਰਾ ਨੂਰ ਅਗੰਮੀ ਰੱਬ ਦਾ, ਮੁਕਾਮੇ ਹੱਕ ਡੇਰਾ ਲਾਈਆ । ਤੇਰਾ ਨਗਾਰਾ ਨੌਬਤ ਨਾਮ ਵੱਜਦਾ, ਦੋ ਜਹਾਨਾਂ ਕਰੇ ਸ਼ਨਵਾਈਆ । ਤੇਰਾ ਖੇਲ ਅਨੋਖੇ ਹਜ ਦਾ, ਹਾਜਤ ਪੂਰੀ ਦੇ ਕਰਾਈਆ । ਤੇਰਾ ਪ੍ਰੇਮ ਰਸ ਸਾਚੇ ਮਦਿ ਦਾ, ਖ਼ੁਮਾਰੀ ਇਕੋ ਇਕ ਚੜ੍ਹਾਈਆ । ਲੇਖਾ ਚੁੱਕੇ ਤ੍ਰੈਗੁਣ ਅਗਨੀ ਅੱਗ ਦਾ, ਪੰਚਮ ਪੰਚ ਨਾ ਕੋਇ ਲੜਾਈਆ । ਜੋ ਜਨ ਤੇਰੇ ਚਰਨ ਦਵਾਰ ਢੱਠ ਦਾ, ਮਾਣ ਅਭਿਮਾਨ ਮਿਟਾਈਆ । ਉਸ ਨੂੰ ਮੇਲ ਕਰਾਈਂ ਤੀਜੀ ਅੱਖ ਦਾ, ਦੋ ਲੋਚਨ ਬੰਦ ਕਰਾਈਆ । ਸਚ ਵਸਤ ਇਕੋ ਦਵਾਰੇ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਤਾ ਤੁਟੇ ਜੀਵ ਦੁਹਾਗਣ ਰੰਡ ਦਾ, ਸੁਹਾਗੀ ਕੰਤ ਇਕੋ ਇਕ ਮਿਲਾਈਆ । ਤੂੰ ਮਾਲਕ ਜੀਵ ਜੰਤ ਦਾ, ਸਾਧ ਸੰਤ ਤੇਰੀ ਸਰਨਾਈਆ । ਬ੍ਰਾਹਮਣ ਕਹਾਰ ਤੇਲੀ ਯਾਰ ਲੇਖਾ ਅੰਤ ਦਾ, ਬੇਅੰਤ ਆਪਣੇ ਵਿਚ ਛੁਪਾਈਆ । ਹੋਇਆ ਮੇਲਾ ਧੁਰ ਦੇ ਕੰਤ ਦਾ, ਦੋ ਜਹਾਨ ਨਾ ਕੋਇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਇਆ ਚਾਈਂ ਚਾਈਆ । ਮੇਲ ਮਿਲਾਪ ਪੂਰਬ ਲਹਿਣਾ, ਲਹਿਣੇਦਾਰ ਗੁਰਮੁਖ ਨਜ਼ਰੀ ਆਈਆ । ਭਗਤ ਭਗਵਾਨ ਮੰਨਿਆ ਕਹਿਣਾ, ਦਰ ਸਾਚੇ ਖ਼ੁਸ਼ੀ ਵਖਾਈਆ । ਭਗਤ ਭਗਵੰਤ ਇਕੱਠੇ ਹੋ ਕੇ ਬਹਿਣਾ, ਇਕੋ ਮੰਦਰ ਵੱਜੇ ਵਧਾਈਆ । ਇਕ ਦੂਜੇ ਦਾ ਦਰਸ਼ਨ ਬਿਨ ਨੈਣਾਂ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ

ਸੁਹੇਲਾ ਹੋਏ ਸਹਾਈਆ । ਰਵਿਦਾਸ ਤੇਰੀ ਗਾਥਾ ਚੰਗੀ, ਚਾਰੋਂ ਕੁੰਟ ਨਜ਼ਰੀ ਆਈਆ । ਜਨ ਭਗਤਾਂ ਬਣ ਕੇ ਸੰਗੀ, ਧੁਰ ਦਾ ਸੰਗ ਵਖਾਈਆ । ਤੇਰਾ ਲੇਖਾ ਪੈਰੀਂ ਨੰਗੀ, ਧੂੜੀ ਖ਼ਾਕ ਰਮਾਈਆ । ਤੇਰੀ ਰੰਬੀ ਆਰ ਉਸ ਦਵਾਰ ਟੰਗੀ, ਜਿਥੇ ਟੁਟਿਆਂ ਗੰਢ ਵਖਾਈਆ । ਕੀ ਕਰੇ ਮਾਤਾ ਗੰਗੀ, ਖੁਲ੍ਹੜੇ ਕੇਸ ਦਏ ਦੁਹਾਈਆ । ਜਮਨਾ ਸੁਰਸਤੀ ਹੋਈ ਅੰਧੀ, ਗੋਦਾਵਰੀ ਅੱਖ ਨਾ ਕੋਇ ਮਿਲਾਈਆ । ਬਿਨ ਕੰਤ ਸੁਹਾਗਣ ਹੋਈ ਰੰਡੀ, ਓਡਣ ਸੀਸ ਨਾ ਕੋਇ ਟਿਕਾਈਆ । ਭੱਜੀ ਫਿਰੇ ਵਿਚ ਵਰਭੰਡੀ, ਬ੍ਰਹਿਮੰਡਾਂ ਰਹੀ ਸੁਣਾਈਆ । ਮੇਰਾ ਪਾਟਾ ਚੀਥੜਾ ਲੀਰੋ ਲੀਰ ਅੰਗੀ, ਤਨ ਖ਼ਾਕੀ ਮਿਲੇ ਨਾ ਕੋਇ ਵਡਿਆਈਆ । ਮੈਂ ਕੋਝੀ ਕਮਲੀ ਹੋਈ ਮੰਦੀ, ਭਾਗ ਹੀਣ ਰਹੀ ਸੁਣਾਈਆ । ਮੇਰੇ ਨਾਲੋਂ ਉਨ੍ਹਾਂ ਦੀ ਕੀਮਤ ਚੰਗੀ, ਜਿਨ੍ਹਾਂ ਨੂੰ ਕਸਮ ਖਾ ਕੇ ਰਵਿਦਾਸ ਰਿਹਾ ਮਿਲਾਈਆ । ਕਰ ਇਸ਼ਾਰੇ ਪਾਏ ਡੰਡੀ, ਡੰਡੌਤ ਬੰਦਨਾ ਇਕੋ ਇਕ ਸਮਝਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦੀ, ਬਖ਼ਸ਼ਣਹਾਰ ਬੇਪਰਵਾਹੀਆ । ਮਿਹਰਵਾਨ ਹੋਏ ਲੇਖੇ ਲਾ ਮੰਦੀ ਚੰਗੀ, ਮੰਦਿਉਂ ਚੰਗੀ ਦਏ ਬਣਾਈਆ । ਜਿਸ ਨੇ ਪਿਛਲੀ ਟੁੱਟੀ ਗੰਢੀ, ਅੱਗੇ ਗੰਢਣਹਾਰ ਇਕ ਅਖਵਾਈਆ । ਉਸ ਦੀ ਪ੍ਰੇਮ ਪਿਆਰ ਦੀ ਸੋਹਣੀ ਤੰਦੀ, ਜੋ ਰਵਦਾਸ ਪਾਹਨੇ ਨਾਲ ਰਖਾਈਆ । ਉਸ ਦੇ ਵਿਚੋਂ ਆਵੇ ਉਹ ਸੁਗੰਧੀ, ਜਿਸ ਨੂੰ ਦੇਵਤ ਸੁਰ ਰਹੇ ਕੁਰਲਾਈਆ । ਸਚ ਪੁੱਛੋ ਲੋਕਮਾਤ ਨਿਰਗੁਣ ਨਿਰਵੈਰ ਨਿਰਾਕਾਰ ਸਰਗੁਣ ਧਾਰ ਬੈਠਾ ਉਪਰ ਮੰਜੀ, ਮਜਲਸ ਭਗਤਾਂ ਵਿਚ ਰਖਾਈਆ । ਖਾਨਾ ਤੋੜ ਕੇ ਬੰਦੇ ਬੰਦੀ, ਬੰਦਗੀ ਇਕੋ ਵਾਰ ਜਣਾਈਆ । ਨਾਮ ਜਣਾ ਕੇ ਧੁਰ ਦਾ ਛੰਦੀ, ਸੋਹੰ ਢੋਲਾ ਰਿਹਾ ਗਾਈਆ । ਸਖ਼ੀ ਸੁਹੇਲਾ ਲਾ ਕੇ ਅੰਗੀ, ਆਂਗਣ ਆਪਣੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਤਮ ਕਰ ਕੇ ਠੰਡੀ, ਮਨ ਵਾਸਨਾ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵਨਾ ਅੰਦਰ ਬਣੇ ਸੰਗੀ, ਭਾਓ ਵਿਚ ਮੇਲਾ ਸਹਿਜ ਸੁਭਾਈਆ ।





### ✪ ੮ ਸਾਵਣ ੨੦੨੧ ਬਿਕ੍ਰਮੀ ਬੀਬੀ ਬਾਜੀ ਦੇ ਗ੍ਰਿਹਿ ਬਾਬੂਪੁਰ ✪

ਗੋਲੀ ਨਹੀਂ ਇਹ ਖੇਲ ਅਸਚਰਜ, ਧੁਰ ਸੰਦੇਸ਼ਾ ਰਹੀ ਸੁਣਾਈਆ । ਭਾਈ ਭੈਣ ਰਿਹਾ ਵਰਜ, ਨੇਤਰ ਨੀਰ ਨਾ ਕੋਇ ਵਹਾਈਆ । ਮੈਂ ਮਰਿਆ ਨਹੀਂ ਕਿਸੇ ਮਰਜ਼, ਪ੍ਰਭ ਗੋਦੀ ਲਿਆ ਉਠਾਈਆ । ਹੋਈ ਨਹੀਂ ਕੋਈ ਦਰਦ, ਹਕੀਮ ਹਿਕਮਤ ਨਾ ਕੋਇ ਚਤੁਰਾਈਆ । ਮੇਰਾ ਪਿਛਲਾ ਲੱਥਾ ਕਰਜ਼, ਜੋ ਅਲੀ ਅੱਲਾ ਨਾਲ ਗੰਢ ਵਖਾਈਆ । ਮੇਰਾ ਪੂਰਾ ਹੋਇਆ ਫ਼ਰਜ਼, ਫ਼ਜ਼ਲ ਰਹਿਮਤ ਪ੍ਰਭ ਮਿਹਰ ਨਜ਼ਰ ਉਠਾਈਆ । ਹਰਿ ਸੰਗਤ ਮੇਰੀ ਇਕ ਵਾਰ ਕਰਿਓ ਅਰਜ਼, ਰਵਿਦਾਸ ਬੇਨੰਤੀ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਦਏ ਸੰਦੇਸ਼ਾ ਸੱਚੀ ਗੋਲੀ, ਧੁਰ ਦਾ ਨਾਮ ਜਣਾਈਆ । ਤੂੰ ਭੈਣ ਨਿੱਕੀ ਭਾਲੀ ਭੋਲੀ, ਬਚਪਨ ਵਿਚ ਸਮਝ ਕੋਇ ਨਾ ਆਈਆ । ਜਿਸ ਵੇਲੇ ਚੜ੍ਹ ਕੇ ਜਾਏ ਡੋਲੀ, ਘਰ ਸੌਹਰਿਆਂ ਭਾਗ ਲਗਾਈਆ । ਉਸ ਵੇਲੇ ਹਰਿ ਸੰਗਤ ਵਿਚੋਂ ਪੰਜ ਗੁਰਮੁਖ ਤੈਨੂੰ ਬੰਨ੍ਹਣ

੨੧੯
੧੨

ਤੰਦ ਮੌਲੀ, ਸਾਖ਼ਿਆਤ ਮੇਰਾ ਮਿਲਾਪ ਨਜ਼ਰੀ ਆਈਆ । ਨੇਤਰ ਰੋ ਨਾ ਕਰੀਂ ਬੌਹੜੀ, ਹਾਲ ਕੂਕ ਨਾ ਕੋਇ ਸੁਣਾਈਆ । ਇਹ ਮਿੱਠੀ ਨਹੀਂ ਕੌੜੀ, ਰਸ ਅੰਮ੍ਰਿਤ ਰਹੀ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਗੋਲੀ ਕਹੇ ਮੈਂ ਆਈ ਵਿਚੋਂ ਉਸ ਗੋਲਕ, ਜਿਸ ਦਾ ਮਾਲਕ ਬੇਪਰਵਾਹੀਆ । ਇਹ ਵਸਤ ਜਹਾਨ ਵਿਚੋਂ ਅਮੋਲਕ, ਜੋ ਸ਼ਬਦੀ ਗੁਰ ਹੱਥ ਫੜਾਈਆ । ਜਿਸ ਦੀ ਘਰ ਘਰ ਵੇਖੋ ਰੌਣਕ, ਦਰ ਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਗੋਲੀ ਨਹੀਂ ਏਹ ਸਦਾ ਦਲੀਪ, ਦੀਪਾਂ ਲੋਆਂ ਪਾਰ ਨਜ਼ਰੀ ਆਈਆ । ਕਹੇ ਮੈਂ ਭੈਣ ਬੈਠਾ ਉਸ ਕਰੀਬ, ਜਿਸ ਦਾ ਦਰ ਉਚੋ ਉਚ ਨਜ਼ਰੀ ਆਈਆ । ਉਥੇ ਨਜ਼ਾਰਾ ਵੇਖਿਆ ਅਜੀਬ, ਜਨ ਭਗਤ ਖ਼ੁਸ਼ੀ ਮਨਾਈਆ । ਕੋਈ ਨਾ ਦਿਸਿਆ ਦੂਜਾ ਸ਼ਰੀਕ, ਸ਼ਿਰਕਤ ਵਿਚ ਨਾ ਕਰੇ ਲੜਾਈਆ । ਓਥੇ ਇਕੋ ਪ੍ਰਭੂ ਦੀ ਸੁਣੀ ਤਾਰੀਫ਼, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਧੁਰ ਦਾ ਵਰ, ਘਰ ਸਾਚੇ ਲਿਆ ਬਹਾਈਆ । ਪ੍ਰਭ ਗੋਲੀ ਦਿਤੀ ਨਾਮ ਕੱਟਿਆ ਰੋਗ, ਸਹਿੰਸਾ ਰਿਹਾ ਮਿਟਾਈਆ । ਬਿਨ ਭਗਤੀਉਂ ਮਿਲਿਆ ਜੋਗ, ਜੁਗਤ ਜੁਗੀਸ਼ਰ ਦਿਤੀ ਸਮਝਾਈਆ । ਲੇਖਾ ਚੁੱਕਿਆ ਹਰਖ਼ ਸੋਗ, ਚਿੰਤਾ ਗ਼ਮ ਨੇੜ ਕੋਇ ਨਾ ਆਈਆ । ਮੈਂ ਛੱਡ ਕੇ ਮਾਤਲੋਕ, ਸਚਖੰਡ ਬੈਠਾ ਡੇਰਾ ਲਾਈਆ । ਤੁਸਾਂ ਵੀ ਰੱਖਣੀ ਉਸ ਦੀ ਓਟ, ਜਿਹੜਾ ਮੈਨੂੰ ਗੋਦੀ ਰਿਹਾ ਉਠਾਈਆ । ਆ ਕੇ ਵੇਖਿਆ ਇਕੋ ਨਿਰਮਲ ਜੋਤ, ਨੂਰੋ ਨੂਰ ਰੁਸ਼ਨਾਈਆ । ਮੇਰੀ ਸਿਫ਼ਤ ਕਰਨ ਵਾਲੇ ਨਜ਼ਰ ਨਾ ਆਏ ਹੋਠ, ਜਿਹਵਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਲੀ ਨਹੀਂ ਇਹ ਮਰਜ਼ੇ ਦਵਾ, ਦਾਅਵਤ ਗੁਰਮੁਖਾਂ ਰਹੀ ਜਣਾਈਆ । ਜਿਨ੍ਹਾਂ ਮਿਲਿਆ ਮਿਹਰਵਾਨ ਨੂਰੀ ਖ਼ੁਦਾ, ਖ਼ੁਦੀ ਖ਼ੁਦਗ਼ਰਜ਼ ਦੋਵੇਂ ਦਏ ਮਿਟਾਈਆ । ਉਹ ਮੈਂ ਜਾਂਦਿਆਂ ਜਾਂਦਿਆਂ ਵੇਖੀ ਮਾਈ ਹੱਵਾ, ਆਦਮ ਬੈਠਾ ਸੀਸ ਝੁਕਾਈਆ । ਮੈਂ ਗਿਆ ਰਵਾਂ ਰਵਾਂ, ਰਾਹ ਵਿਚ ਨਾ ਕੋਇ ਅਟਕਾਈਆ । ਇਕੋ ਗੀਤ ਸਾਹਿਬ ਦੇ ਗਾਵਾਂ, ਤੂੰ ਮੇਰਾ ਮੈਂ ਤੇਰਾ ਤੁਧ ਬਿਨ ਓਟ ਨਾ ਕੋਇ ਤਕਾਈਆ । ਪ੍ਰਭ ਚੁੱਕਿਆ ਇਨ੍ਹਾਂ ਬਾਹਵਾਂ, ਗੋਦੀ ਲਿਆ ਉਠਾਈਆ । ਉਥੇ ਮੈਂ ਨਹੀਂ ਦੇਖੀਆਂ ਰੋਂਦੀਆਂ ਮਾਵਾਂ, ਪੁੱਤਰ ਪੁੱਤਰ ਨਾ ਕੋਇ ਦੁਹਾਈਆ । ਜਿਸ ਵੇਲੇ ਤੱਕਿਆ ਗੁਰਮੁਖ ਹੱਥਾਂ ਨਾਲ ਕਰਨ ਠੰਡੀਆਂ ਛਾਵਾਂ, ਸਚ ਸਿੰਘਾਸਣ ਬੈਠੇ ਡੇਰਾ ਲਾਈਆ । ਮੈਂ ਬਲਿਹਾਰੇ ਉਨ੍ਹਾਂ ਰਾਹਾਂ, ਜਿਨ੍ਹਾਂ ਰਾਹਵਾਂ ਪ੍ਰਭ ਮਿਲਿਆ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਜਿਆ ਲਈ ਰਖਾਈਆ । ਗੋਲੀ ਨਹੀਂ ਇਹ ਧੁਰ ਦਾ ਗੋਲਾ, ਸ਼ਬਦੀ ਰੂਪ ਵਟਾਈਆ । ਜਿਸ ਚੁਕਾਇਆ ਪੜਦਾ ਓਹਲਾ, ਨੇਤਰ ਅੱਖ ਖੁਲ੍ਹਾਈਆ । ਜਿਸ ਸੁਣਾਇਆ ਆਪਣਾ ਢੋਲਾ, ਧੁਰ ਦਾ ਰਾਗ ਜਣਾਈਆ । ਮੰਜ਼ਲ ਚੜ੍ਹ ਕੇ ਵੇਖਿਆ ਓਹ ਨਜ਼ਰੀ ਆਇਆ ਮੌਲਾ, ਜੋ ਹਰ ਘਟ ਰਿਹਾ ਸਮਾਈਆ । ਜਿਸ ਗੋਬਿੰਦ ਨਾਲ ਕੀਤਾ ਕੌਲਾ, ਇਕਰਾਰ ਪੂਰਾ ਕਰ ਵਖਾਈਆ । ਮੇਰੇ ਪਿਛੇ ਪਿਛੇ ਕੋਈ ਨਾ ਪਾਇਓ ਰੌਲਾ, ਇਥੇ ਰੌਣਕ ਬੇਪਰਵਾਹੀਆ । ਭੈਣ ਤੇਰਾ ਸੱਖਣਾ ਕਦੀ ਨਾ ਜਾਵੇ ਡੋਲਾ, ਗੁਰਮੁਖ ਦੇਣ ਗਵਾਹੀਆ । ਮੈਂ ਸਚ ਦੱਸਾਂ ਤੇਰਾ ਮੇਰਾ ਪੁਰਖ ਅਕਾਲ ਵਿਚੋਲਾ, ਜਿਸ ਦੇ ਹੱਥ ਦੋ ਜਹਾਨ ਕੁੜਮਾਈਆ । ਆਦਿ ਜੁਗਾਦਿ ਨਵਾਂ ਨਰੋਆ, ਬਿਰਧ ਬਾਲ ਨਾ ਰੂਪ ਵਟਾਈਆ । ਆਲਸ ਨਿੰਦਰਾ ਵਿਚ ਕਦੇ ਨਾ

ਸੋਇਆ, ਜਾਗਤ ਜਾਗੇ ਸ਼ਹਿਨਸ਼ਾਹੀਆ । ਮੈਂ ਦੱਸਾਂ ਉਹ ਭਗਤਾਂ ਜੋਗਾ ਹੋਇਆ, ਹੋਕਾ ਦੇ ਕੇ ਦਿਆਂ ਜਣਾਈਆ । ਜਿਸ ਨੇ ਆਪਣਾ ਆਪ ਸਭ ਕੁਛ ਖੋਹਿਆ, ਪੰਜ ਤਤ ਨਜ਼ਰ ਨਾ ਆਈਆ । ਜੋਤ ਸਰੂਪ ਹੋ ਕੇ ਜਿਨ੍ਹ ਆਤਮਾ ਮੋਹਿਆ, ਪਰਮਾਤਮਾ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਘਰ ਦੇਵਣ ਆਇਆ ਢੋਆ, ਧੁਰ ਦੀ ਵਸਤ ਹੱਥ ਫੜਾਈਆ । ਗੋਲੀ ਕਹੇ ਮੈਂ ਕਿਸੇ ਨਹੀਂ ਜਾਣਾ ਕੂਚਾ ਗਲੀ, ਚਾਰ ਕੁੰਟ ਨਾ ਭੱਜਾਂ ਵਾਹੋ ਦਾਹੀਆ । ਮੈਨੂੰ ਹੁਕਮ ਦਿਤਾ ਇਕੋ ਮਹਾਂਬਲੀ, ਸੂਰਬੀਰ ਗਿਆ ਸਮਝਾਈਆ । ਮੈਂ ਤੈਨੂੰ ਰੱਖਿਆ ਉਸ ਦੀ ਤਲੀ, ਜਿਸ ਦਾ ਵੀਰ ਸੀਸ ਰਖ ਕੇ ਤਲੀ ਮੇਰੀ ਗਲੀ ਗਿਆ ਆਈਆ । ਇਹੋ ਜਿਹਾ ਵੇਲਾ ਹੱਥ ਨਹੀਂ ਆਇਆ ਮੁਹੰਮਦ ਅਲੀ, ਸੀਸ ਨਾਰ ਕੋਲੋਂ ਕਟਾਈਆ । ਇਹੋ ਜੇਹੀ ਨੌ ਸੌ ਚੁਰਾਨਵੇ ਚੌਕੜੀ ਜੁਗ ਕਿਸੇ ਨਾ ਦਿਤੀ ਬਲੀ, ਕੋਟਨ ਕੋਟ ਗਏ ਆਪਣਾ ਆਪ ਭੇਟ ਚੜ੍ਹਾਈਆ । ਸਚ ਭੂਮਿਕਾ ਦਰਗਾਹ ਸਾਚੀ ਕਿਸੇ ਨਾ ਮੱਲੀ, ਜਿਸ ਦਾ ਮਾਲਕ ਇਕ ਅਖਵਾਈਆ । ਇਸੇ ਕਰਕੇ ਇਹ ਗੋਲੀ ਲੋਕਮਾਤ ਘੱਲੀ, ਘਾਲਨ ਵਿਚ ਨਾ ਪਏ ਲੋਕਾਈਆ । ਮੇਰੀ ਮਾਂ ਨਾ ਹੋ ਜਾਏ ਝੱਲੀ, ਰੋ ਰੋ ਨੀਰ ਵਹਾਈਆ । ਮੈਂ ਪੁੱਤਰ ਬਾਝੋਂ ਨਾ ਫਲੀ, ਲੋਕਮਾਤ ਨਾ ਕੋਇ ਵਡਿਆਈਆ । ਮੈਂ ਕਹਾਂ ਤੂੰ ਉਨ੍ਹਾਂ ਵਿਚ ਰਲੀ, ਜਿਨ੍ਹਾਂ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਵਾਸਾ ਜਲੀਂ ਥਲੀਂ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਪਾਈਆ । ਗੋਲੀ ਕਹੇ ਮੈਂ ਪਾਵਾਂ ਗਲਵਕੜੀ, ਸੋਹਣਾ ਸਚ ਪਿਆਰ ਜਣਾਈਆ । ਮੈਨੂੰ ਖਾਧਿਆਂ ਲੇਖਾ ਚੁੱਕ ਜਾਏ ਸ਼ੂਦਰ ਬ੍ਰਾਹਮਣ ਵੈਸ਼ ਖ਼ੱਤਰੀ, ਖ਼ਾਲਸ ਇਕੋ ਨਜ਼ਰੀ ਆਈਆ । ਨਾਤਾ ਜੁੜ ਜਾਏ ਨਾਲ ਬਹੱਤਰੀ, ਸੱਤਰੀ ਖ਼ੁਸ਼ੀ ਵਖਾਈਆ । ਮੁਹੱਬਤ ਹੋ ਜਾਏ ਮਿਹਰ ਚੁਹਤਰੀ, ਚਾਰੋਂ ਕੁੰਟ ਵਜੇ ਵਧਾਈਆ । ਮੈਂ ਕਦੀ ਨਾ ਹੋਈ ਔਤਰੀ ਨਖਤਰੀ, ਜਨ ਭਗਤਾਂ ਨਾਲ ਕੁੜਮਾਈਆ । ਮੇਰੀ ਕੋਈ ਨਾ ਵੇਖੇ ਫੋਲ ਕੇ ਪੱਤਰੀ, ਕੁੰਡਲੀਆਂ ਵਿਚ ਨਾ ਕੋਇ ਸਮਝਾਈਆ । ਮੈਂ ਬੜੀ ਜਿਦ ਖੋਰ ਅਥਰੀ, ਗ਼ੁੱਸੇ ਵਾਲੀ ਨਜ਼ਰੀ ਆਈਆ । ਕਿਸੇ ਕੋਲੋਂ ਨਾ ਜਾਵਾਂ ਪਕੜੀ, ਮੈਨੂੰ ਹੱਥ ਸਕੇ ਨਾ ਕੋਇ ਲਗਾਈਆ । ਮੇਰਾ ਤੋਲ ਤਰਾਜ਼ੂ ਤੋਲੇ ਨਾ ਕੋਇ ਤੱਕੜੀ, ਧੜੀ ਸੇਰ ਮਾਸ਼ਾ ਤੋਲਾ ਰਤੀ ਵੰਡ ਨਾ ਕੋਇ ਵੰਡਾਈਆ । ਮੈਂ ਉਸ ਸਾਹਿਬ ਦੀ ਸੁਹੰਜਣੀ, ਜੋ ਵਿਛੜੇ ਸੱਜਣ ਰਿਹਾ ਮਿਲਾਈਆ । ਮੈਂ ਨਹਾਵਾਂ ਇਕੋ ਮਜਣੀ, ਮਜਲਸ ਵੇਖਾਂ ਬੇਪਰਵਾਹੀਆ । ਮੈਂ ਜਿਸ ਦਵਾਰੇ ਆਵਾਂ ਕਦੇ ਨਾ ਜਾਵਾਂ ਸਖਣੀ, ਸਚ ਪ੍ਰੀਤੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਗੋਲੀ ਕਹੇ ਮੈਂ ਦੇਵਾਂ ਦਲਾਸਾ, ਖ਼ੁਸ਼ੀਆਂ ਹਾਲ ਸੁਣਾਈਆ । ਜਨ ਭਗਤੋ ਇਕੋ ਸਚ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਦੀਨ ਦਿਆਲ ਸਦ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਗੁਰਮੁਖਾਂ ਹੋਣ ਨਾ ਦੇਵੇ ਨਿਰਾਸਾ, ਨਿਰਾਸ ਵਿਚੋਂ ਆਸ ਲਏ ਪਰਗਟਾਈਆ । ਇਹ ਅਵੱਲੜਾ ਅਨੋਖਾ ਸਾਕਾ, ਕਹਾਣੀਆਂ ਵਿਚੋਂ ਕਹਾਣੀ ਲਈ ਬਦਲਾਈਆ । ਵਸਤ ਅਮੋਲਕ ਰੱਖ ਕੇ ਉਪਰ ਹਾਥਾ, ਧੁਰ ਦੀ ਵੰਡ ਹੱਥ ਫੜਾਈਆ । ਸਿਖਿਆ ਦੇ ਕੇ ਪਿਤਾ ਮਾਤਾ, ਵੱਡਿਆਂ ਛੋਟਿਆਂ ਕਰੇ ਜਣਾਈਆ । ਮੈਂ ਬੇਸ਼ਕ ਬੇਜ਼ਬਾਨ ਗੋਲੀ ਮੇਰਾ ਕਾਹਨ ਮੈਨੂੰ ਬਿਨ ਅੱਖਰਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਲੈ ਜਾਏ ਆਪਣੇ ਘਰ, ਜਿਸ

ਗ੍ਰਿਹ ਰੱਖਿਆ ਆਪਣਾ ਵਾਸਾ, ਵਾਸਤਾ ਆਪਣੇ ਨਾਲ ਜਣਾਈਆ । ਇਹੋ ਖੇਲ ਪੁਰਖ ਸਮਰਾਥਾ, ਦੇਵਣਹਾਰ ਸਦ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਧੁਰ ਦਾ ਰਾਖਾ, ਰੱਖਿਆ ਕਰੇ ਥਾਉਂ ਥਾਈਆ ।

✪ ੮ ਸਾਵਣ ੨੦੨੧ ਬਿਕ੍ਰਮੀ ਬੀਬੀ ਬਾਵੀ ਦੇ ਗ੍ਰਿਹ ਬਾਬੂ ਪੁਰ ✪

ਜੁਗ ਚੌਕੜੀ ਖੇਲ ਸਾਚੇ ਗੁਰ ਦੇ, ਸਤਿਗੁਰ ਸ਼ਬਦ ਹੱਥ ਵਡਿਆਈਆ । ਬੇੜੇ ਪਾਰ ਕਰਾਏ ਰੁੜ੍ਹਦੇ, ਸ਼ੌਹ ਦਰਿਆਏ ਨਾ ਕੋਇ ਡੁਬਾਈਆ । ਜੀਵਤ ਰੂਪ ਬਣਾਏ ਮੁਰਦੇ, ਮੁਰੀਦ ਮੁਰਸ਼ਦ ਵੇਖ ਵਖਾਈਆ । ਹਰਿਜਨ ਲੇਖੇ ਲਾਏ ਫਿਰਦੇ ਤੁਰਦੇ, ਤੁਰਤ ਆਪਣਾ ਰੰਗ ਚੜ੍ਹਾਈਆ । ਮੂਰਖ ਮੁਗਧ ਅੰਞਾਣ ਰਹੇ ਝੁਰਦੇ, ਝੂਲਾ ਮਿਲਿਆ ਨਾ ਬੇਪਰਵਾਹੀਆ । ਧੰਨ ਭਗਤ ਜਿਨ੍ਹਾਂ ਦੇ ਅੰਦਰੋ ਫੁਰਨੇ ਫੁਰਦੇ, ਮੰਤਰ ਇਕੋ ਨਾਮ ਦ੍ਰਿੜਾਈਆ । ਸਚ ਪ੍ਰੀਤੀ ਨਾਲ ਜੁੜਦੇ, ਆਤਮ ਮੇਲ ਪਰਮਾਤਮ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਰਿਹਾ ਵਡਿਆਈਆ । ਅਗੰਮੀ ਖੇਲ ਸਾਚੇ ਗੁਰ ਦਾ, ਗੁਰ ਕਰਤਾ ਰੂਪ ਵਟਾਈਆ । ਵੇਖ ਵਖਾਏ ਲੇਖਾ ਧੁਰ ਦਾ, ਘਰ ਮਸਤਕ ਖੋਜ ਖੋਜਾਈਆ । ਜਗਤ ਅਗਨੀ ਸੀਤਲ ਕਰੇ ਸੜਦਾ, ਮੇਘ ਅੰਮ੍ਰਿਤ ਇਕ ਬਰਸਾਈਆ । ਪੰਚ ਵਿਕਾਰਾ ਦੂਰ ਕਰਾਏ , ਘਰ ਹੰਗਤਾ ਗੜ੍ਹ ਤੁੜਾਈਆ । ਸੁਰਤ ਸਵਾਣੀ ਹਾਣੀ ਹੋ ਕੇ ਫੜਦਾ, ਸ਼ਬਦੀ ਫੇਰਾ ਪਾਈਆ । ਮਹੱਲ ਅਟਲ ਸੋਹਣੇ ਮੰਦਰ ਵੜਦਾ, ਬੰਦ ਤਾਕੀ ਕੁੰਡਾ ਲਾਹੀਆ । ਦਰਸ ਦੀਦਾਰ ਬਿਨ ਅੱਖਾਂ ਨੈਣਾਂ ਕਰਦਾ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ । ਪੂਰਾ ਸਤਿਗੁਰ ਸ਼ਬਦ ਸੁਆਮੀ, ਹਰਿ ਕਰਤਾ ਆਪ ਪਰਗਟਾਈਆ । ਜਿਸ ਦਾ ਸੰਦੇਸ਼ਾ ਅਗੰਮੀ ਬਾਣੀ, ਅੱਖਰਾਂ ਨਾਲ ਕੁੜਮਾਈਆ । ਜਿਸ ਦੀ ਸਿਫ਼ਤ ਚਾਰ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਹੀ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਸਦੇ ਗਏ ਨਿਸ਼ਾਨੀ, ਨਿਸ਼ਾਨਾ ਨਾਮ ਤੀਰ ਅਣਿਆਲਾ ਬਾਣ ਚਲਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਦਿਸੇ ਸਾਨੀ, ਅਸਾਨੀ ਆਪਣੀ ਇਕ ਸਮਝਾਈਆ । ਜਿਹੜਾ ਹੱਥ ਨਾ ਆਵੇ ਲੱਭਿਆ ਜ਼ਿਮੀਂ ਅਸਮਾਨੀ, ਚੌਦਾਂ ਲੋਕ ਚੌਦਾਂ ਤਬਕ ਰਹੇ ਕੁਰਲਾਈਆ । ਜਿਸ ਦਾ ਘਰ ਇਕੋ ਪਦ ਨਿਰਬਾਣੀ, ਮਹੱਲ ਅਟਲ ਸੋਭਾ ਪਾਈਆ । ਜਿਸ ਦੀ ਦੇਣੀ ਸਿਖੀ ਨਾ ਕਿਸੇ ਕੁਰਬਾਨੀ, ਕਰਬਲਾ ਵਿਚ ਕੋਟਨ ਬੈਠੇ ਸੀਸ ਕਟਾਈਆ । ਜਿਸ ਦਾ ਨੂਰ ਕਦੇ ਨਾ ਹੋਵੇ ਫ਼ਾਨੀ, ਫ਼ਤਵਾ ਸਕੇ ਨਾ ਕੋਇ ਜਣਾਈਆ । ਸੋ ਮਹਿਬੂਬ ਦੋ ਜਹਾਨਾਂ ਖੇਲ ਕਰੇ ਮਹਾਨੀ, ਮਿਹਰਵਾਨ ਆਪਣੀ ਕਲ ਧਰਾਈਆ । ਧੁਰ ਦਾ ਬਣ ਕੇ ਇਕੋ ਬਾਨੀ, ਬਾਬਲ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਰਿਹਾ ਚੁਕਾਈਆ । ਸਾਚਾ ਖੇਲ ਗੁਰ ਸਾਚਾ ਕਰੇ, ਕਰਨੀ ਆਪਣੇ ਹੱਥ ਰਖਾਇੰਦਾ । ਨਿਰਭੈ ਹੋ ਕਦੇ ਨਾ ਡਰੇ, ਭਉ ਆਪਣਾ ਸਰਬ ਜਣਾਇੰਦਾ । ਸਚ ਦਵਾਰੇ ਮਹੱਲ ਅਟਲ ਆਪੇ ਖੜ੍ਹੇ, ਸਵੱਛ ਸਰੂਪੀ ਰੂਪ ਪਰਗਟਾਇੰਦਾ । ਲੱਖ ਚੁਰਾਸੀ ਵਿਚੋਂ ਵੇਖੇ ਖੋਟੇ ਖਰੇ, ਖਾਲਸ ਆਪਣੇ ਨਾਲ ਮਿਲਾਇੰਦਾ । ਜੁਗ ਚੌਕੜੀ ਜਨ ਭਗਤਾਂ ਦੇ ਆਇਆ ਧੜੇ, ਹਿੱਸਾ ਸਾਚਾ ਝੋਲੀ ਆਪ ਟਿਕਾਇੰਦਾ । ਸੋ ਗੁਰਮੁਖ ਜੀਵਤ

ਜੀਵਤ ਜੀਵਤ ਰੂਪ ਮਰੇ, ਮਰਿਆਂ ਜੀਵਣ ਜੀਵਣ ਵਿਚੋਂ ਬਦਲਾਇੰਦਾ । ਸ਼ਬਦ ਸੁਆਮੀ ਸਤਿਗੁਰ ਸੱਚਾ ਅੰਤਸ਼ਕਰਨ ਅੰਤਰ ਆਤਮ ਬਾਂਹ ਫੜੇ, ਬਿਨ ਹੱਥਾਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਸੱਚਾ ਸਤਿਗੁਰ ਸਰਬ ਸੁਖ ਦਾਤਾ, ਸਤਿ ਸਰੂਪੀ ਨਜ਼ਰੀ ਆਈਆ । ਜਿਸ ਦੀ ਸ਼ਾਤਸਰ ਸਿਮਰਤ ਵੇਦ ਪੁਰਾਨ ਗਾਂਦੇ ਗਾਥਾ, ਗਾ ਗਾ ਰਹੇ ਸੁਣਾਈਆ । ਜਿਸ ਲੋਕਮਾਤ ਪਰਗਟਾਏ ਰਾਮ ਰਾਮਾ, ਕ੍ਰਿਸ਼ਨਾ ਕਾਹਨਾ ਗਾਉਂਦੇ ਗਾਥਾ, ਬੰਸਰੀ ਨਾਮ ਹੱਥ ਫੜਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਦੇ ਧੁਰ ਦਾ ਦਾਤਾ, ਦਇਆਵਾਨ ਹੋਏ ਸਹਾਈਆ । ਜੋ ਜੁਗ ਜੁਗ ਜਨ ਭਗਤਾਂ ਪੂਰੀ ਕਰੇ ਆਸਾ, ਆਸ਼ਾ ਤ੍ਰਿਸ਼ਨਾ ਮੇਟ ਮਿਟਾਈਆ । ਜੋ ਸਾਚੇ ਸੰਤਾਂ ਖ਼ਾਲੀ ਭਰੇ ਕਾਸਾ, ਵਸਤ ਅਮੋਲਕ ਇਕ ਵਰਤਾਈਆ । ਜੋ ਗੁਰਮੁਖਾਂ ਦਏ ਭਰਵਾਸਾ, ਚਰਨ ਕਵਲ ਸੱਚੀ ਸਰਨਾਈਆ । ਜੋ ਗੁਰਸਿਖਾਂ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਜਿਸ ਦਾ ਸਿਮਰਨ ਪੂਜਾ ਪਾਠਾ, ਜੋਗ ਅਭਿਆਸ ਰਹੇ ਜਸ ਗਾਈਆ । ਜਿਸ ਦਾ ਖੇਲ ਤਤ ਆਠਾ, ਅਠਸਠ ਤੀਰਥ ਖੋਜ ਖੋਜਾਈਆ । ਜਿਸ ਨੂੰ ਕਹਿੰਦੇ ਪਿਤਾ ਮਾਤਾ, ਪੁਰਖ ਅਕਾਲ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਮੇਟਣਹਾਰ ਅੰਧੇਰੀ ਰਾਤਾ, ਸਾਚਾ ਸਚ ਨੂਰ ਕਰੇ ਰੁਸ਼ਨਾਈਆ । ਸਤਿਗੁਰ ਸੱਚਾ ਸ਼ਬਦ ਗੁਰਦੇਵ, ਗੁਰੂਆਂ ਵਿਚੋਂ ਸਤਿਗੁਰ ਇਕੋ ਨਜ਼ਰੀ ਆਈਆ । ਜਿਸ ਦਾ ਲੇਖਾ ਅਗੰਮ ਅਥਾਹ ਅਭੇਵ, ਭੇਦ ਸਕੇ ਨਾ ਕੋਇ ਸਮਝਾਈਆ । ਜਿਸ ਦਾ ਆਸਣ ਸਦਾ ਨਿਹਕੇਵ, ਨਿਹਚਲ ਬੈਠਾ ਸੋਭਾ ਪਾਈਆ । ਜਿਸ ਦੀ ਨਾ ਕੋਈ ਰਸਨਾ ਨਾ ਕੋਈ ਜਿਹਵ, ਬੱਤੀ ਦੰਦ ਨਾ ਕੋਇ ਜਣਾਈਆ । ਜਿਸ ਦਾ ਅੰਮ੍ਰਿਤ ਰਸ ਅਗੰਮੀ ਮੇਵ, ਜਨ ਭਗਤਾਂ ਮੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਾਹਿਬ ਬੇਪਰਵਾਹੀਆ । ਸਾਹਿਬ ਸਤਿਗੁਰ ਸ਼ਬਦ ਅਗੰਮਾ, ਅਗੰਮੜੀ ਕਾਰ ਕਮਾਇੰਦਾ । ਨਾ ਮਰਿਆ ਨਾ ਕਦੇ ਜੰਮਾ, ਮਾਤ ਗਰਭ ਨਾ ਡੇਰਾ ਲਾਇੰਦਾ । ਨਾ ਕੋਈ ਪਿਤਰਾ ਨਾ ਕੋਈ ਅੰਮਾ, ਮਾਤ ਪਿਤ ਨਾ ਕੋਇ ਵਖਾਇੰਦਾ । ਨਾ ਕੋਈ ਸੀਰ ਨਾ ਕੋਈ ਮੁੰਮਾ, ਰਸ ਮੁਖ ਨਾ ਕੋਇ ਲਗਾਇੰਦਾ । ਨਾ ਕੋਇ ਨੇਤਰ ਨਾ ਕੋਈ ਅੰਨ੍ਹਾ, ਨਿਧਾਨ ਰੂਪ ਨਾ ਕੋਇ ਵਟਾਇੰਦਾ । ਨਾ ਕੋਇ ਸੂਰਜ ਨਾ ਕੋਇ ਚੰਨਾ, ਚਾਂਦਨੀ ਚੰਨ ਨਾ ਕੋਇ ਰੁਸ਼ਨਾਇੰਦਾ । ਨਾ ਕੋਇ ਹੱਦ ਨਾ ਕੋਇ ਬੰਨਾ, ਹਦੂਦ ਵੰਡ ਨਾ ਕੋਇ ਵੰਡਾਇੰਦਾ । ਨਾ ਘੜਿਆ ਨਾ ਕਿਸੇ ਭੰਨਾ, ਘਾੜਤ ਵਿਚ ਘੜਤ ਨਾ ਕੋਇ ਘੜਾਇੰਦਾ । ਜੁਗ ਚੌਕੜੀ ਕੋਈ ਨਾ ਦੇਵੇ ਡੰਨਾ, ਡੰਕਾ ਆਪਣਾ ਨਾਮ ਸੁਣਾਇੰਦਾ । ਜਨ ਭਗਤ ਦਵਾਰੇ ਆਵੇ ਭੰਨਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਕੀ ਹੋ ਗਿਆ ਜੇ ਪਿਛੇ ਇਕ ਤਾਰਿਆ ਧੰਨਾ, ਧੰਨਿਆਂ ਨਾਲੋਂ ਧਨਾਢ ਇਕੋ ਹਰਿਜਨ ਨਜ਼ਰੀ ਆਇੰਦਾ । ਜਿਸ ਦਵਾਰੇ ਸਾਹਿਬ ਸੁਆਮੀ ਆਪ ਮੰਨਾ, ਮਨਸਾ ਆਸਾ ਪੂਰ ਕਰਾਇੰਦਾ । ਕੀ ਹੋਇਆ ਜੇ ਭਾਗ ਲਗਾਇਆ ਨਾਮੇ ਕਟੋਰਾ ਛੰਨਾ, ਮੋਈ ਗਊ ਫੇਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਜਨ ਭਗਤ ਦਵਾਰੇ ਆਪੇ ਮੰਨਾ, ਮਾਣ ਅਭਿਮਾਣ ਨਾ ਕੋਇ ਜਣਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਉਚਾ ਸੁੱਚਾ, ਕੁਲ ਆਪਣੀ ਇਕ ਦ੍ਰਿੜਾਈਆ । ਮੈਂ ਭਾਗ ਲਗਾਵਾਂ ਗੁਰਮੁਖ ਪੁੱਤਾਂ, ਗੋਬਿੰਦ ਗੋਦ ਸੁਹਾਈਆ । ਸੋਹਣੀ ਸੁਹੰਜਣੀ ਵੇਖਾਂ ਰੁੱਤਾ, ਲੋਕਮਾਤ ਜਗਤ ਮਹਿਕਾਈਆ । ਮੈਂ ਖੇਲ ਕਰਾਂ ਹੁਕਮੇ ਅੰਦਰ ਅਬਿਨਾਸ਼ੀ ਅਚੁਤਾ, ਚੇਤਨ

੨੮੨

ਸੁਰਤੀ ਰਿਹਾ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਰੁੱਠਾ, ਆਪਣੀ ਕਰਵਟ ਨਾ ਕੋਇ ਬਦਲਾਈਆ । ਕਲਜੁਗ ਅੰਤਮ ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜ੍ਹੇ ਲੱਭੇ ਮੁੱਠਾ, ਮੁੱਠੀ ਆਪਣੀ ਵਿਚ ਬੰਦ ਰਖਾਈਆ । ਜਿਨ੍ਹਾਂ ਉਪਰ ਠਾਕਰ ਮੇਰਾ ਤੁਠਾ, ਦੀਨ ਦਿਆਲ ਹੋਇਆ ਸਹਾਈਆ । ਉਹਨਾਂ ਉਤੇ ਕਾਹਦਾ ਗ਼ੁੱਸਾ, ਗਿਲਾ ਵਿਚ ਨਾ ਕੋਇ ਰਖਾਈਆ । ਸੇਵਕ ਹੋ ਕੇ ਕਰੇ ਰਛਾ, ਪ੍ਰਿਤਪਾਲਕ ਹੋ ਕੇ ਹੋਏ ਸਹਾਈਆ । ਜਨ ਭਗਤਾਂ ਦੀ ਇਹੋ ਇੱਛਾ, ਘਰ ਮਿਲੇ ਬੇਪਰਵਾਹੀਆ । ਵੇਖਣ ਵਿਚ ਨਿਕਿਉਂ ਨਿੱਕਾ, ਸੁਣਨ ਵਿਚ ਵੱਡਿਉਂ ਵੱਡਾ, ਵੱਡਾ ਰਹੇ ਜਣਾਈਆ । ਆਖਣ ਵਿਚ ਸਭ ਦਾ ਪਿਤਾ, ਬਾਲਕ ਗੁਰਮੁਖ ਗੋਦ ਉਠਾਈਆ । ਏਥੇ ਓਥੇ ਦੋ ਜਹਾਨ ਨਾ ਦਏ ਪਿਛਾ, ਪਿਛਲੀ ਭੁੱਲ ਦਏ ਬਖ਼ਸ਼ਾਈਆ । ਕਰਮ ਕਾਂਡ ਦੀ ਕੂੜੀ ਕੱਢੇ ਵਿਸਾ, ਵਿਖ ਅੰਮ੍ਰਿਤ ਰੂਪ ਵਟਾਈਆ । ਮਿਹਰਵਾਨ ਹੋ ਕੇ ਪੂਰਬ ਜਨਮ ਦਾ ਕਹਾਰਾਂ ਦਾ ਝੋਲੀ ਪਾਇਆ ਹਿੱਸਾ, ਹਿੱਸੇਦਾਰ ਆਪਣੇ ਨਾਲ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਨਜਿਠਾ, ਦੂਜਾ ਸਕੇ ਨਾ ਕੋਇ ਸਮਝਾਈਆ ।।

## ✪ ੮ ਸਾਵਣ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਬਾਬੂ ਪੁਰ ✪

ਮੰਗਲਾਚਾਰ ਸੁਣ ਕੇ ਆਇਆ ਮੰਗਲ, ਸ਼ਨੀ ਪੱਲੂ ਇਕ ਫੜਾਈਆ । ਵਿਹੜਾ ਸੋਹਣਾ ਵੇਖਿਆ ਅੰਗਣ, ਸ਼ੁੱਕਰ ਸ਼ੁਕਰ ਮਨਾਈਆ । ਨਾਮ ਪ੍ਰੀਤੀ ਚੜ੍ਹੀ ਰੰਗਣ, ਵੀਰ ਵੀਰਾਂ ਮਿਲੇ ਭਾਈਆ । ਸਚ ਪ੍ਰੀਤੀ ਇਕੋ ਮੰਗਣ, ਬੁਧ ਬਿਬੇਕੀ ਰੂਪ ਵਟਾਈਆ । ਧਰਮ ਦਵਾਰਾ ਧੁਰ ਦਾ ਲੰਘਣ, ਸੋਮ ਸੋਮਨਾਥ ਬੈਠਾ ਸੀਸ ਨਿਵਾਈਆ । ਲੇਖਾ ਚੁੱਕੇ ਪਹਾੜ ਜੂਹ ਜੰਗਲ, ਐਤ ਐਤਕੀ ਆਪਣੀ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹੇਲਾ ਦਏ ਵਡਿਆਈਆ । ਮੰਗਲ ਸੁਣਿਆ ਮੰਗਲਚਾਰ, ਮਾਂਗਤ ਦੋ ਜਹਾਨ ਨਜ਼ਰੀ ਆਈਆ । ਭੱਜੇ ਫਿਰਦੇ ਮੁਹੰਮਦ ਯਾਰ, ਚਾਰ ਯਾਰੀ ਵਾਹੋ ਦਾਹੀਆ । ਰਸਨਾ ਕੂਕ ਕਹਿਣ ਪੁਕਾਰ, ਉਚੀ ਉਚੀ ਅਲਾਈਆ । ਤੇਰਾ ਖੇਲ ਪਰਵਰਦਿਗਾਰ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਕਲਮਿਆਂ ਵਿਚੋਂ ਕਲਮਾ ਨਗ਼ਮਿਆਂ ਵਿਚੋਂ ਨਗ਼ਮਾ ਸੁਣੀ ਸਚ ਗੁਫ਼ਤਾਰ, ਨਾਦਾਂ ਵਿਚੋਂ ਨਾਦ ਸੱਚੀ ਸ਼ਨਵਾਈਆ । ਕਾਗ਼ਜ਼ਾਂ ਵਿਚੋਂ ਬਾਹਰ, ਲੇਖਾ ਵਿਚ ਨਾ ਕੋਇ ਇਜ਼ਹਾਰ, ਕਲਮ ਸ਼ਾਹੀ ਦੇਵੇ ਨਾ ਕੋਈ ਇਸ਼ਤਹਾਰ, ਤਾਰੀਖ ਤੋਹਫ਼ਾ ਨਾ ਕੋਇ ਪੁਚਾਈਆ । ਜਿਨ੍ਹਾਂ ਅੰਤਰ ਆਤਮ ਬਖ਼ਸ਼ਿਆ ਸਤਿ ਪਿਆਰ, ਸੋ ਕੂਕਾਂ ਰਹੇ ਮਾਰ, ਤੂੰ ਹੀ ਤੂੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਖ ਵਡਿਆਈ ਮਾਣ ਮਿਲਦਾ, ਦੋ ਜਹਾਨ ਰਹੇ ਸ਼ਰਮਾਈਆ । ਦਿਲਬਰ ਭੇਵ ਜਾਣੇ ਸਾਚੇ ਦਿਲ ਦਾ, ਦਿਲਦਾਰ ਮਿਲਿਆ ਬੇਪਰਵਾਹੀਆ । ਪ੍ਰੇਮ ਪਿਆਰ ਫੁੱਲ ਗ਼ੁੰਚਾ ਖਿਲਦਾ, ਗੁਲਸ਼ਨ ਗੁਰਮੁਖ ਆਪ ਮਹਿਕਾਈਆ । ਏਥੇ ਲੇਖਾ ਨਹੀਂ ਤਿਲ ਦਾ, ਤਿਲਕ ਲਲਾਟੀ ਜੋਤ ਕਰੇ ਰੁਸ਼ਨਾਈਆ । ਲੇਖਾ ਚੁਕਾਵੇ ਬਜਰ ਕਪਾਟੀ ਸਿਲ ਦਾ, ਪਾਹਨ ਪਾਥਰ ਪਰੇ ਹਟਾਈਆ । ਸ਼ਬਦ ਸਵਾਮੀ ਹੋ ਕੇ ਮਿਲਦਾ, ਅੰਤਰਜਾਮੀ ਫੇਰਾ ਪਾਈਆ । ਹੁਣ ਵੇਲਾ ਨਹੀਂ ਢਿਲ ਦਾ, ਢਿਲਿਆਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਠਾਕਰ, ਠੇਕਰਾਂ ਨਾਲ ਜਗਾਇੰਦਾ । ਗੁਰਮੁਖੋ



੨੮੩

ਪਾਰ ਕਰੇ ਕਾਇਆ ਸਾਗਰ, ਸਾਗਰ ਇਕੋ ਇਕ ਜਣਾਇੰਦਾ । ਵਣਜ ਕਰੇ ਬਣ ਸੁਦਾਗਰ, ਸੌਦਾ ਆਪਣੇ ਹੱਟ ਵਿਕਾਇੰਦਾ । ਸੂਰਬੀਰ ਬਣੇ ਬਹਾਦਰ, ਬਲ ਧੁਰ ਦਾ ਆਪ ਸਮਝਾਇੰਦਾ । ਮਿਲੇ ਮੇਲ ਕਰੀਮ ਕਰਤੇ ਕਾਦਰ, ਕਰਤਾ ਨਿਰਗੁਣ ਵੇਖਣ ਆਇੰਦਾ । ਨਾਮ ਦੁਸ਼ਾਲਾ ਓਢਣ ਲਓ ਚਿੱਟੀ ਚਾਦਰ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਬੈਠਿਆਂ ਸਾਰਿਆਂ ਦੇਵੇ ਆਦਰ, ਅਦਲ ਆਪਣੇ ਹੱਥ ਰਖਾਇੰਦਾ । ਅਦਲ ਕਹੇ ਤੂੰ ਧੁਰ ਦਾ ਅਦਲੀ, ਅਦਾਲਤ ਤੇਰੀ ਨਜ਼ਰੀ ਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁੱਕਿਆ ਮੰਜ਼ਲੋ ਮੰਜ਼ਲੀ, ਪੈਂਡਾ ਬੈਠਾ ਮੁਖ ਛੁਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਘਰ ਬੈਠਿਆਂ ਰਾਤੀਂ ਸੁਤਿਆਂ ਦਿਨੇ ਜਾਗਦਿਆਂ ਗੁਰਮੁਖਾਂ ਦੀ ਕਰ ਬਦਲੀ, ਮਨ ਵਾਸਨਾ ਦਏ ਹਟਾਈਆ । ਤੇਰਾ ਲੇਖਾ ਸਦਾ ਨਹੀਂ ਰਹਿਣਾ ਪੰਜ ਤਤ ਕਾਇਆ ਬਦਨੀ, ਬਦਲਾ ਚੁਕਾਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਏਕਾ ਵਰ, ਸਾਹਿਬ ਤੇਰੀ ਸਰਨਾਈਆ । ਉਹ ਸਾਹਿਬ ਸਰਬ ਦੇ ਸੁਆਮੀ, ਜਨ ਭਗਤ ਧਿਆਨ ਲਗਾਈਆ । ਕਿਧਰ ਗਈ ਤੇਰੀ ਪਿਛਲੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਚਲਾਈਆ । ਸੁਰਤ ਨਾ ਮਿਲਿਆ ਸ਼ਬਦ ਹਾਣੀ, ਕਿਉਂ ਬੈਠਾ ਮੁਖ ਛੁਪਾਈਆ । ਰਚਨਾ ਰਚ ਕੇ ਚਾਰ ਖਾਣੀ, ਚਾਰੋਂ ਕੁੰਟ ਵੰਡ ਵੰਡਾਈਆ । ਆਪਣੀ ਆਤਮ ਤੂੰ ਕਿਉਂ ਨਾ ਪਰਨਾਈ ਧੁਰ ਦੀ ਰਾਣੀ, ਰਾਜਨ ਰਾਜ ਸ਼ਾਹੋ ਭੂਪ ਆਪਣਾ ਫੇਰਾ ਪਾਈਆ । ਬਿਨ ਤੇਰੇ ਘਰ ਸੋਹੇ ਨਾ ਸੂਟ ਸਵਾਣੀ, ਜਗਤ ਦੁਹਾਗਣ ਬੈਠੀ ਰਹੀ ਕੁਰਲਾਈਆ । ਅੰਮ੍ਰਿਤ ਬਖ਼ਸ਼ ਠੰਡਾ ਪਾਣੀ, ਮਿਹਰ ਬੂੰਦ ਇਕ ਬਰਸਾਈਆ । ਤੇਰੇ ਨਾਮ ਦੀ ਮਿਲੇ ਉਹ ਨਿਸ਼ਾਨੀ, ਜੋ ਸਿੱਧਾ ਨਿਸ਼ਾਨਾ ਤੇਰਾ ਦਏ ਵਖਾਈਆ । ਆਵਣ ਜਾਵਣ ਚੁੱਕੇ ਕਾਨੀ, ਲੱਖ ਚੁਰਾਸੀ ਡੇਰਾ ਢਾਹੀਆ । ਇਕੋ ਬਖ਼ਸ਼ੇ ਪਦ ਨਿਰਬਾਨੀ, ਚਰਨ ਕਵਲ ਮਿਲੇ ਸਚ ਸਰਨਾਈਆ । ਸ਼ਾਹ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਦਰ ਗ੍ਰਹਿ ਕਰ ਪਰਵਾਨੀ, ਪਰਵਾਨਾ ਆਪਣਾ ਨਾਮ ਜਣਾਈਆ ।

### ✪ ੮ ਸਾਵਣ ੨੦੨੧ ਬਿਕ੍ਰਮੀ ਬਲਾਕਾ ਸਿੰਘ ਦੇ ਗ੍ਰਹਿ ਬਾਬੂ ਪੁਰ ✪

ਪ੍ਰਭ ਤੈਨੂੰ ਲੱਭਦੇ ਪਹਾੜ ਟਿੱਲੇ ਜੰਗਲ ਜੂਹ, ਜਾਗਰਤ ਦਿਸ਼ਾ ਧਿਆਨ ਲਗਾਈਆ । ਸਮੁੰਦ ਸਾਗਰ ਕਿਸੇ ਹੱਥ ਨਾ ਆਇਉਂ ਖਾਈ ਖੂਹ, ਖੋਜ ਥੱਕੀ ਮਾਤ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਇਸ਼ਾਰਿਆਂ ਨਾਲ ਦੱਸਦੇ ਸੂਹ, ਫੜ ਬਾਹੋਂ ਨਾ ਕੋਇ ਮਿਲਾਈਆ । ਬਿਰਹੋਂ ਵਿਛੋੜੇ ਅੰਦਰ ਤੜਫਣ ਬੁੱਤ ਰੂਹ, ਬੁਤਖ਼ਾਨਾ ਦਏ ਦੁਹਾਈਆ । ਕਰਵਟ ਲੈ ਵਖਾ ਆਪਣਾ ਮੂੰਹ, ਮੁਖ ਸਿਫ਼ਤਾਂ ਨਾਲ ਸਾਲਾਹੀਆ । ਗੂੜ੍ਹੀ ਨੀਂਦ ਸੁੱਤੇ ਇਕ ਵਾਰ ਕਹੋ ਹੂੰ, ਹੋਕਾ ਦਏ ਜਣਾਈਆ । ਮੇਰੀ ਧਾਰ ਕਹੇ ਤੂੰ ਹੀ ਤੂੰ, ਗੋਬਿੰਦ ਤਨ ਰਬਾਬ ਵਜਾਈਆ । ਤੇਰੇ ਨਾਲ ਆਤਮ ਜਾਏ ਛੂਹ, ਪਰਮਾਤਮ ਰੂਪ ਵਟਾਈਆ । ਤੇਰਾ ਨੂਰ ਉਹ ਹੂਬਹੂ, ਜਿਸ ਨੂੰ ਪੀਰ ਪੈਗ਼ੰਬਰ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਆਉਣਾ ਚਾਈਂ ਚਾਈਆ । ਪਰਵਰਦਿਗਾਰ ਤੈਨੂੰ ਲੱਭ ਲੱਭ ਥੱਕੇ, ਥਕਾਵਟ ਵਿਚ ਲੋਕਾਈਆ । ਫਿਰਦੇ ਰਹੇ

ਮਦੀਨੇ ਮੱਕੇ, ਮਕਬਰਿਆਂ ਸੀਸ ਨਿਵਾਈਆ । ਸ਼ਰਾਰਤ ਅੰਦਰ ਰਹੇ ਨੱਠੇ, ਸ਼ਰੀਅਤ ਨਾਲ ਕੁੜਮਾਈਆ । ਬੱਤੀ ਦੰਦ ਕਹਿ ਕਹਿ ਥੱਕੇ, ਤੀਸ ਬਤੀਸ ਕਰੇ ਪੜ੍ਹਾਈਆ । ਤੇਰੇ ਸਚ ਨਿਸ਼ਾਨੇ ਕਿਤੋਂ ਨਾ ਮਿਲੇ ਪਤੇ, ਕੋਟਨ ਪਤਰੇ ਦਿਤੇ ਉਲਟਾਈਆ । ਤੇਰੇ ਬਿਰਹੋਂ ਵੈਰਾਗ ਅੰਦਰ ਕੋਟਨ ਕੋਟ ਸੂਫ਼ੀ ਫਟੇ, ਘਾਉ ਡੂੰਘਾ ਇਕ ਲਗਾਈਆ । ਯੂਸਫ਼ ਜਿਹੇ ਵਿਕ ਕੇ ਹੱਟੇ, ਕੀਮਤ ਮਾਤ ਨਾ ਕੋਇ ਰਖਾਈਆ । ਮੂਸਾ ਚੜ੍ਹ ਕੇ ਫਾਸੀ ਫੱਟੇ, ਈਸਾ ਤੰਦੀ ਤਾਰ ਗਲ ਲਟਕਾਈਆ । ਮੁਹੰਮਦ ਤੱਕ ਕੇ ਜਲਵਾ ਅੱਖੇ, ਆਖ਼ਰ ਸੱਯਦਾ ਸੀਸ ਨਿਵਾਈਆ । ਮਨਸੂਰ ਐਹਨੁਲਹੱਕ ਬਕੇ, ਬਕਤਾ ਹੋ ਕੇ ਗਿਆ ਜਣਾਈਆ । ਸ਼ਮਸ ਤਬਰੇਜ਼ ਖੱਲ ਲੁਹਾਈ ਆਪਣੇ ਹੱਥੇ, ਤਨ ਮਾਟੀ ਪ੍ਰੇਮ ਨਾ ਕੋਇ ਰਖਾਈਆ । ਅਰਜਨ ਬਹਿ ਤਵੀ ਤੱਤੇ, ਤਪਦੇ ਹਿਰਦੇ ਸ਼ਾਂਤ ਵਖਾਈਆ । ਗੋਬਿੰਦ ਨੀਹਾਂ ਹੇਠ ਰੱਖੇ ਬੱਚੇ, ਬੱਚੇ ਤੇਰੀ ਝੋਲੀ ਪਾਈਆ । ਇਹ ਗੁਰਮੁਖ ਉਹਨਾਂ ਦੇ ਆਏ ਵੱਟੇ, ਵਟਾਂਦਰਾ ਕਰਿਆ ਬੇਪਰਵਾਹੀਆ । ਸਚ ਦਵਾਰੇ ਲਿਖਣ ਪੜ੍ਹਨ ਦੇ ਨਹੀਂ ਕੋਈ ਰੱਟੇ, ਸੰਸਾ ਸਾਰਾ ਬੈਠੇ ਰਹੇ ਚੁਕਾਈਆ । ਧੰਨੇ ਵਾਂਗ ਲੋੜ ਪਈ ਨਾ ਵਿਚੋਂ ਨਿਕਲਣ ਦੀ ਵੱਟੇ, ਸਾਖਿਆਤ ਬੈਠਾ ਬੇਪਰਵਾਹੀਆ । ਨਿਰਗੁਣ ਸਰਗੁਣ ਹੋ ਕੇ ਚਾਰਦਾ ਰਿਹਾ ਵੱਛੇ, ਵੱਛਿਆਂ ਵਾਲੇ ਸਾਰੇ ਉਂਗਲੀਆਂ ਨਾਲ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਬੀਜੇ ਆਪਣੇ ਵੱਤੇ, ਪੱਤ ਡਾਲ੍ਹੀ ਫੁੱਲ ਮਹਿਕਾਈਆ । ਤੈਨੂੰ ਲੱਭਦੇ ਮੰਦਰ ਮੱਠ, ਸ਼ਿਵਦਵਾਲੇ ਧਿਆਨ ਲਗਾਈਆ । ਅਠ ਸਠ ਤੀਰਥ ਰਹੇ ਨੱਠ, ਭੱਜਣ ਵਾਹੋ ਦਾਹੀਆ । ਰਸਨਾ ਜਿਹਵਾ ਰਹੇ ਰੱਟ, ਢੋਲੇ ਬੱਤੀ ਦੰਦ ਸੁਣਾਈਆ । ਜਗਤ ਵਣਜਾਰੇ ਖੋਲ੍ਹ ਕੇ ਹੱਟ, ਤੇਰਾ ਨਾਮ ਰਹੇ ਵਿਕਾਈਆ । ਦੇ ਵਡਿਆਈ ਆਪਣੀ ਮੱਤ, ਜਗਤ ਰਹੇ ਸੁਣਾਈਆ । ਦੋਏ ਲੋਚਣ ਰਹੇ ਤੱਕ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਤੇਰਾ ਨੂਰ ਸਕਿਆ ਨਾ ਕੋਈ ਲੱਭ, ਪੜਦਾ ਰਿਹਾ ਨਾ ਕੋਇ ਉਠਾਈਆ । ਤੂੰ ਕਿਰਪਾ ਕਰ ਝੱਬ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਕਲਜੁਗ ਮੁਕਦੀ ਵੇਖ ਹੱਦ, ਹਦੂਦ ਆਪਣੀ ਦਏ ਦਰਸਾਈਆ । ਸੰਤ ਸੁਹੇਲੇ ਸੱਜਣ ਰਹੇ ਸੱਦ, ਅੰਤਰ ਆਤਮ ਆਵਾਜ਼ ਲਗਾਈਆ । ਜੇ ਪਿਛੇ ਰਿਹੋਂ ਅੱਡ, ਅੱਗੇ ਮਿਲਣਾ ਚਾਈਂ ਚਾਈਂਆ । ਨਿਤ ਨਵਿਤ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਯੱਦ, ਵਿਸ਼ਵ ਤੇਰੀ ਧਾਰ ਪਲਟਾਈਆ । ਤੂੰ ਸਾਹਿਬ ਪੁਰਖ ਸਮਰਥ, ਬੇਅੰਤ ਤੇਰੀ ਸ਼ਰਨਾਈਆ । ਸਿਰ ਰੱਖਣਾ ਦੇ ਕਰ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਣਾ ਧੁਰ ਦਾ ਘਰ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਈਆ ।

### ੮ ਸਾਵਣ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਬਾਬੂ ਪੁਰ

ਇੱਟ ਕਹੇ ਮੈਂ ਚੜ੍ਹ ਕੇ ਭੱਠੀ, ਭਠਿਆਲਾ ਜਗਤ ਦਿਤਾ ਵਖਾਈਆ । ਆਪਣਾ ਆਪ ਕਰਕੇ ਸਤੀ, ਨਾਤਾ ਸਤਿ ਨਾਲ ਜੁੜਾਈਆ । ਮੈਂ ਯਾਦ ਰਖੀ ਰਵਿਦਾਸ ਮਤੀ, ਜੋ ਮਤਲਬ ਨਾਲ ਦਿਤੀ ਸਮਝਾਈਆ । ਹਿੱਸਾ ਰਖ ਕੇ ਆਪਣੀ ਪੱਤੀ, ਧੁਰ ਦਾ ਜੋੜ ਬਣਾਈਆ । ਸਤਿਜੁਗ ਤ੍ਰੇਤਾ ਦੁਆਪਰ ਜੋ ਫਿਰਦੀ ਰਹੀ ਨੱਠੀ, ਕਲਜੁਗ ਬਣ ਕੇ ਪਾਂਧੀ ਰਾਹੀਆ । ਅੰਤਮ ਉਸ ਦਵਾਰੇ ਢੱਠੀ, ਜਿਥੇ ਮਿਲੇ ਮਾਣ ਵਡਿਆਈਆ ।

੨੮੬

ਅੱਗੇ ਭਰਨੀ ਪਏ ਨਾ ਕੋਇ ਚੱਟੀ, ਡੰਨ ਸਕੇ ਨਾ ਕੋਇ ਲਗਾਈਆ । ਮੈਨੂੰ ਕੁਛ ਹੱਥ ਨਾ ਆਇਆ ਤੀਰਥ ਤਟੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਕੋਟਨ ਦਿਤੇ ਬਣਾਈਆ । ਮੇਰੀ ਪਤ ਕਿਸੇ ਨਾ ਰੱਖੀ, ਸਿਰ ਹੱਥ ਨਾ ਕੋਇ ਟਿਕਾਈਆ । ਪ੍ਰੀਤਮ ਬਣ ਕੇ ਬਣਾਈ ਨਾ ਕਿਸੇ ਸਖ਼ੀ, ਗੋਪੀ ਕਾਹਨ ਨਾ ਕੋਇ ਪਰਨਾਈਆ । ਮੈਂ ਚਾਰ ਜੁਗ ਪੈਂਡਾ ਮੁਕਾਇਆ ਵਹੀਰ ਘੱਤੀ, ਭੱਜੀ ਵਾਹੋ ਦਾਹੀਆ । ਮੇਰਾ ਲੇਖਾ ਰਵਿਦਾਸ ਲਿਖਾਇਆ ਹੱਥੀਂ, ਨਾਤਾ ਜੋੜ ਧੁਰ ਦਰਗਾਹੀਆ । ਜਿਸ ਵੇਲੇ ਲੇਖਾ ਮੁੱਕੇ ਜੁਗ ਛੱਤੀ, ਰਾਗ ਛਤੀਸਾ ਸਿਫ਼ਤ ਸਾਲਾਹੀਆ । ਤੈਨੂੰ ਪ੍ਰਭੂ ਵਖਾਵਾਂ ਅੱਖੀਂ, ਅੱਖਾਂ ਖੋਲ੍ਹ ਨੈਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਇੱਟ ਕਹੇ ਮੈਂ ਵੇਖਿਆ ਘਰ ਅਟਲ, ਬੈਠਾ ਬੇਪਰਵਾਹੀਆ । ਜਿਸ ਦਾ ਸੋਹਣਾ ਸੁੰਦਰ ਮਹੱਲ, ਨਿਰਗੁਣ ਦੀਵਾ ਬਾਤੀ ਕਰੇ ਰੁਸ਼ਨਾਈਆ । ਉਸ ਦਾ ਦਵਾਰਾ ਬੈਠਾ ਮੱਲ, ਆਪਣਾ ਆਪ ਭੇਟ ਕਰਾਈਆ । ਇਹ ਰਵਿਦਾਸ ਨੂੰ ਦੱਸਿਆ ਵਲ, ਵਲ ਪਿਛਲਾ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਵਖਾਈਆ । ਇੱਟ ਕਹੇ ਮੈਂ ਲੱਭੇ ਸੰਗੀ, ਸੋਹਣਾ ਜੋੜ ਜੁੜਾਈਆ । ਜਿਨ੍ਹਾਂ ਦੀ ਆਸਾ ਮਨਸਾ ਇਕੋ ਮੰਗ ਰਹੀ ਮੰਗੀ, ਜੁਗ ਚੌਕੜੀ ਧਿਆਨ ਲਗਾਈਆ । ਹੋਣਾ ਸਹਾਈ ਵਿਚ ਵਰਭੰਡੀ, ਬ੍ਰਹਿਮੰਡੀ ਦੇਣੀ ਵਡਿਆਈਆ । ਸਚ ਵਖਾਉਣੀ ਇਕੋ ਡੰਡੀ, ਰਹਿਬਰ ਹੋ ਕੇ ਦੇਣਾ ਸਮਝਾਈਆ । ਅੰਦਰ ਵਾਸਨਾ ਰਹੇ ਨਾ ਗੰਦੀ, ਦੁਰਮਤ ਮੈਲ ਧੁਆਈਆ । ਮੇਰਾ ਚੁੱਕੇ ਵਿਛੋੜਾ ਅੱਗੇ ਹੋਵਾਂ ਨਾ ਰੰਡੀ, ਸੁਹਾਗੀ ਕੰਤ ਦੇਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਮੈਂ ਲੇਖਾ ਵੇਖਿਆ ਲੇਖੇ ਲੱਗਦਾ, ਲਾਉਣਹਾਰ ਦਇਆ ਕਮਾਇੰਦਾ । ਜਿਸ ਖੇਲ ਰਚਾਇਆ ਜਗ ਦਾ, ਜਗ ਜੀਵਣ ਦਾਤਾ ਵੇਸ ਵਟਾਇੰਦਾ । ਜੋ ਚਾਰ ਕੁੰਟ ਦਹਿ ਦਿਸ਼ਾ ਜੋਤ ਸਰੂਪੀ ਭੱਜਦਾ, ਦੋ ਜਹਾਨਾਂ ਪੰਧ ਮੁਕਾਇੰਦਾ । ਅਨਾਦ ਅਨਾਦੀ ਹੋਏ ਗੱਜਦਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਿਸ ਦੇ ਨਾਮ ਦਾ ਨਗਾਰਾ ਵੱਜਦਾ, ਟੱਲ ਟੱਲੀਆਂ ਦੇਣ ਦੁਹਾਈਆ । ਸੋ ਸਾਹਿਬ ਸੁਲਤਾਨ ਸਚ ਸੰਦੇਸ਼ਾ ਇਕ ਘੱਲਦਾ, ਧੁਰ ਦਾ ਹੁਕਮ ਵਰਤਾਈਆ । ਲੇਖਾ ਚੁੱਕਿਆ ਵਲ ਛਲ ਦਾ, ਅਛਲ ਛਲ ਧਾਰੀ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟੇ ਵਿਛੋੜਾ ਸੱਲ ਦਾ, ਅਸਲ ਆਪਣਾ ਦਏ ਸਮਝਾਈਆ । ਇੱਟ ਕਹੇ ਮੇਰੀ ਨਿਕਲੀ ਅਟਕਣ, ਅੱਗੇ ਪਿਛੇ ਨਾ ਕੋਇ ਅਟਕਾਈਆ । ਜੁਗ ਜਨਮ ਦੀ ਮਿਟੀ ਭਟਕਣ, ਤ੍ਰਿਸਨਾ ਤ੍ਰਿਖਾ ਬੁਝਾਈਆ । ਮੇਰਾ ਮੇਲਾ ਮਿਲਿਆ ਨਾਲ ਭਗਤਨ, ਭਗਵਨ ਜੋੜ ਜੁੜਾਈਆ । ਮੈਂ ਨਿਤ ਨਵਿਤ ਕਰਾਂ ਬਹਿ ਕੇ ਦਰਸ਼ਨ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਚੁਕਾਈਆ । ਮੇਰਾ ਲੇਖਾ ਚੁੱਕਿਆ ਭਗਤ ਦਵਾਰ, ਭਗਵਨ ਆਪ ਚੁਕਾਈਆ । ਜਿਸ ਦੀ ਮੰਜ਼ਲ ਉਤੇ ਮਨਾਰ, ਮਨਾਰ ਅੰਦਰ ਨਿਰੰਕਾਰ ਸੋਭਾ ਪਾਈਆ । ਜਿਸ ਦੀ ਮਹਿਮਾ ਸਿਫ਼ਤ ਸੁਣਦੀ ਰਹੀ ਜੁਗ ਚਾਰ, ਚੌਕੜੀ ਆਪਣਾ ਧਿਆਨ ਲਗਾਈਆ । ਉਸ ਦੇ ਦਰ ਖ਼ਾਦਮ ਹੋ ਕੇ ਬਰਖ਼ੁਰਦਾਰ, ਗ਼ੁਲਾਮ ਹੋ ਕੇ ਸੇਵ ਕਮਾਈਆ । ਫ਼ਰਸ਼ਾਂ ਉਤੇ ਆਪਣਾ ਆਪ ਸੁਆਲ, ਅਰਸ਼ੀ ਪ੍ਰੀਤਮ ਵੇਖਾਂ ਚਾਈਂ ਚਾਈਂਆ । ਜਿਸ ਨਾਲ ਲੱਗੀ ਪ੍ਰੀਤੀ ਨਿਭ ਜਾਏ ਨਾਲ, ਏਥੇ ਓਥੇ ਨਾ ਕੋਇ ਤੁੜਾਈਆ । ਉਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਕੰਗਾਲਾਂ ਦਾ ਕੰਗਾਲ, ਦਲਾਲਾਂ

ਦਾ ਦਲਾਲ, ਦੋ ਜਹਾਨਾਂ ਵਣਜ ਕਰਾਈਆ । ਜਿਸ ਨੀਹਾਂ ਹੇਠ ਦੱਬੇ ਬਾਲ, ਉਤੇ ਗੁਰਮੁਖ ਦਿਤੇ ਸੁਆਲ, ਗੂੜ੍ਹੀ ਨੀਂਦ ਵਖਾਈਆ । ਉਹ ਮੁਰਸ਼ਦ ਮੁਰੀਦਾਂ ਵੇਖਣ ਆਇਆ ਹਾਲ, ਨਿਰਗੁਣ ਨਿਰਾਕਾਰ ਫੇਰਾ ਪਾਈਆ । ਜਿਸ ਦੀ ਤੀਰਥ ਤੱਟਾਂ ਉਤੇ ਕਿਸੇ ਨਾ ਹੋਈ ਭਾਲ, ਸ਼ਿਵਦਵਾਲੇ ਮੱਠ ਕੂਕਣ ਦੇਣ ਦੁਹਾਈਆ । ਸੋ ਸਾਹਿਬ ਭਗਤ ਦਵਾਰੇ ਮਿਲਿਆ ਆਣ, ਉਚ ਚੁਬਾਰੇ ਬਹਿ ਕੇ ਦਰਸ ਦਿਖਾਈਆ । ਮੇਰਾ ਲੇਖਾ ਕੀਤਾ ਪਰਵਾਨ, ਇੱਟ ਇੱਟ ਹੋਈ ਕੁਰਬਾਨ, ਰਵਿਦਾਸ ਚਿਟ ਆਪਣੇ ਨਾਲ ਰਖਾਈਆ । ਜਿਸ ਦਾ ਕਾਗ਼ਜ਼ ਉਤੇ ਨਾ ਕੋਇ ਨਿਸ਼ਾਨ, ਗੋਬਿੰਦ ਖ਼ੂਨ ਲਾਇਆ ਆਣ, ਰੱਤੀ ਰੱਤ ਆਪਣੇ ਰੰਗ ਰੰਗਾਈਆ । ਉਹ ਸਾਖ਼ਿਆਤ ਨਜ਼ਰੀ ਆਇਆ ਭਗਵਾਨ, ਜੋ ਆਦਿ ਜੁਗਾਦੀ ਦੇਵਣਹਾਰਾ ਦਾਨ, ਜਨ ਭਗਤਾਂ ਘਰ ਬਣੇ ਮਹਿਮਾਨ, ਮਹਿਮਾਨੀ ਆਪਣੀ ਆਪੇ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਰਬ ਜਹਾਨ, ਜਹਾਂ ਲੇਖਾ ਤਹਾਂ ਚੁਕਾਈਆ । ਰੱਬ ਰੱਬ ਦੀ ਰੱਬੀ ਬੀਮਾਰੀ, ਤਬੀਬ ਵੇਖਣ ਆਇਆ ਬੇਪਰਵਾਹੀਆ । ਪੁੱਤਰਾਂ ਦੇ ਸਬੱਬ ਨਾਲ ਤੇਰੀ ਲੱਗੀ ਯਾਰੀ, ਯਰਾਨਾ ਧੁਰ ਦਾ ਲਏ ਬਣਾਈਆ । ਪਿਛੇ ਉਮਰ ਬੀਤ ਗਈ ਐਵੇਂ ਸਾਰੀ, ਸੰਸਿਆਂ ਵਿਚ ਲੰਘਾਈਆ । ਅੱਗੇ ਦੇਵੇ ਨਾਮ ਖ਼ੁਮਾਰੀ, ਮਸਤੀ ਇਕ ਚੜ੍ਹਾਈਆ । ਤੇਰੀ ਆਤਮਾ ਪਰਮਾਤਮਾ ਲੈ ਜਾਵੇ ਆਪਣੇ ਨਾਲ ਮਾਰ ਉਡਾਰੀ, ਦੂਰ ਦੁਰਾਡਾ ਪੰਧ ਮੁਕਾਈਆ । ਬਹਾਏ ਉਸ ਵਿਚ ਅਟਾਰੀ, ਜਿਸ ਵਿਚ ਗੁਰਮੁਖ ਬੈਠੇ ਸੋਭਾ ਪਾਈਆ । ਉਥੇ ਕਲਮ ਕੀ ਕਰੇ ਵਿਚਾਰੀ, ਕਾਗ਼ਜ਼ ਸ਼ਾਹੀ ਦਏ ਦੁਹਾਈਆ । ਜਿਨ੍ਹਾਂ ਮਿਲਿਆ ਆਪ ਨਰਾਇਣ ਨਰ ਨਿਰੰਕਾਰੀ, ਲੇਖਾ ਦਿਤਾ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣ ਕੇ ਆਇਆ ਤੇਰਾ ਵਪਾਰੀ, ਬਿਨ ਪੈਸਿਉਂ ਧੇਲਿਉਂ ਤੇਰੀ ਕੀਮਤ ਦਏ ਚੁਕਾਈਆ । ਤੇਰੇ ਲੇਖ ਦੀ ਵੱਡੀ ਤਾਕਤ, ਤੇਰੀ ਲੇਖਣੀ ਵਿਚ ਵਡਿਆਈਆ । ਜਿਸ ਨਾਲ ਤਰਦੇ ਨਿੰਦਕ ਸਾਕਤ, ਦੁਸ਼ਟ ਦੂਤ ਪਾਰ ਕਰਾਈਆ । ਉਨ੍ਹਾਂ ਨੂੰ ਲਿਆ ਕੇ ਵਿਚ ਮਾਰਫ਼ਤ, ਮਹਿਰਮ ਮਿਲਿਆ ਚਾਈਂ ਚਾਈਂਆ । ਸਿਫ਼ਤ ਕਰੇ ਕੀ ਕੋਈ ਆਰਫ਼, ਅਲਿਫ਼ ਯੇ ਨਾ ਕੋਇ ਪੜ੍ਹਾਈਆ । ਤੇਰੀ ਕਲਮ ਗੁਰਮੁਖਾਂ ਕਰਵਾਇਆ ਤੁਆਰਫ਼, ਤਰਾ ਤਰਾ ਸਮਝਾਈਆ । ਇਹ ਧੁਰ ਦਾ ਸਾਹਿਬ ਸੱਚਾ ਪਾਰਸ, ਸੋਨਾ ਕੰਚਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਤੇਰੀ ਅਬਾਰਤ, ਅੱਖਰਾਂ ਨਾਲ ਕਰੇ ਵਡਿਆਈਆ ।



## ੮ ਸਾਵਣ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਹਿ ਅੱਲੜ੍ਹ ਪਿੰਡੀ

ਪ੍ਰਭੂ ਕਹੇ ਵਾਹ ਸ਼ਾਬਾਸ, ਦੱਸ ਕੌਣ ਕੀ ਤੇਰੀ ਵਡਿਆਈਆ । ਅੱਗੋਂ ਬੋਲੀ ਭਗਤਾਂ ਖ਼ਾਹਿਸ਼, ਰੋ ਰੋ ਹਾਲ ਸੁਣਾਈਆ । ਜੁਗ ਚੌਕੜੀ ਮੈਂ ਰੱਖੀ ਆਸ, ਨਿਤ ਨਵਿਤ ਧਿਆਨ ਲਗਾਈਆ । ਦਿਵਸ ਰੈਣ ਰਹੀ ਉਦਾਸ, ਬਿਰਹੋਂ ਰੋਗ ਸਤਾਈਆ । ਫਿਰ ਫਿਰ ਥੱਕੀ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਟਿੱਲੇ ਪਰਬਤ ਖੋਜ ਖੋਜਾਈਆ । ਉਚੀ ਕੂਕ ਕੂਕ ਗਈ ਆਖ, ਦਰੋਹੀ ਦਰੋਹੀ ਰਹੀ ਸੁਣਾਈਆ । ਲੱਖ ਚੁਰਾਸੀ ਵਿਚੋਂ ਕੋਇ ਨਾ ਦੇਵੇ ਸਾਥ, ਸਾਰੇ ਬੈਠੇ ਮੁਖ ਭਵਾਈਆ । ਰਸਨਾ ਜਿਹਵਾ ਬੱਤੀ ਦੰਦ ਕਰਦੇ ਵੇਖੇ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ ।

ਭੱਜੇ ਫਿਰਦੇ ਤੀਰਥ ਤਾਟ, ਆਤਮ ਸਰੋਵਰ ਸਚ ਇਸ਼ਨਾਨ ਨਾ ਕੋਇ ਕਰਾਈਆ । ਝਗੜਾ ਵੇਖਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਵੇਖਿਆ ਖ਼ਾਸ, ਖ਼ੈਰਖ਼ਾਹ ਨਜ਼ਰ ਕੋਇ ਨਾ ਆਈਆ । ਸਾਧ ਸੰਤ ਹੋਏ ਬਦਮਾਸ਼, ਬਦੀ ਘਰ ਘਰ ਡੇਰਾ ਲਾਈਆ । ਪੱਤਨ ਮਿਲਿਆ ਨਾ ਕੋਇ ਘਾਟ, ਬੇੜਾ ਕੰਧ ਨਾ ਕੋਇ ਉਠਾਈਆ । ਪ੍ਰਭੂ ਮੈਂ ਦੂਰ ਦੁਰਾਡੀ ਕੱਟ ਕੇ ਆਈ ਵਾਟ, ਬਣਕੇ ਪਾਂਧੀ ਰਾਹੀਆ । ਜੇ ਕਿਰਪਾ ਕਰੇਂ ਤੇਰੇ ਅੱਗੇ ਕਰਾਂ ਅਰਦਾਸ, ਦੋਏ ਜੋੜ ਸੀਸ ਨਿਵਾਈਆ । ਮੈਂ ਇਕ ਅਨੋਖੀ ਪੁੱਛਣੀ ਬਾਤ, ਜਿਸ ਦੀ ਸਮਝ ਕੋਇ ਨਾ ਪਾਈਆ । ਉਹ ਕਿਹੜੀ ਰਾਤ, ਜਿਸ ਵੇਲੇ ਜਨ ਭਗਤਾਂ ਆਪਣੀ ਗੋਦ ਲਵੇਂ ਉਠਾਈਆ । ਉਹ ਕਿਹੜੀ ਪਰਭਾਤ, ਜਿਸ ਵਿਚ ਪਰਭਾਤੀ ਰਾਗ ਬੈਠਣ ਸੀਸ ਨਿਵਾਈਆ । ਉਹ ਕਿਹੜੀ ਜਾਚ, ਜੋ ਆਪਣੇ ਜਾਚਕਾਂ ਰਿਹਾ ਸਿਖਾਈਆ । ਉਹ ਕਿਹੜੀ ਡਾਕ, ਜਿਹੜੀ ਬਿਨ ਚਿੱਠੀ ਰਸੈਣ ਪੁਚਾਈਆ । ਉਹ ਕਿਹੜੀ ਕਲਮ ਦਵਾਤ, ਜਿਹੜੀ ਹੱਥ ਰਵਦਾਸ ਫੜਾਈਆ । ਉਹ ਕਿਹੜੀ ਵਫ਼ਾਤ, ਜਿਹੜੀ ਮਰਿਆਂ ਪਿਛੋਂ ਤੇਰੇ ਨਾਲ ਮਿਲਾਈਆ । ਮੈਂ ਨਿਮਾਣੀ ਨਿੱਕੀ ਨੱਨ੍ਹੀ ਬੱਚੀ ਉਨ੍ਹਾਂ ਦੀ ਖ਼ਾਹਿਸ਼, ਜਿਨ੍ਹਾਂ ਖ਼ਾਸ ਤੇਰੇ ਮਿਲਣ ਦੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣ ਆਈ ਪਹਿਲੀ ਵਾਰ, ਤੇਰੇ ਘਰ ਦਰ ਆਪਣੀ ਝੋਲੀ ਡਾਹੀਆ । ਪ੍ਰਭੂ ਕਹੇ ਜਨ ਭਗਤਾਂ ਖ਼ਾਹਿਸ਼ ਤੂੰ ਨਿੱਕੀ ਬੱਚੀ, ਬੱਚਿਆਂ ਵਾਂਗ ਨਜ਼ਰੀ ਆਈਆ । ਕੀ ਪੁਛੇਂ ਗੱਲ ਸੱਚੀ, ਸਚ ਕਹਾਣੀ ਦਿਆਂ ਦ੍ਰਿੜਾਈਆ । ਪਹਿਲੋਂ ਵੇਖ ਉਨ੍ਹਾਂ ਨੂੰ ਅੱਖੀਂ, ਜਿਹੜੇ ਅੱਖਾਂ ਮੇਰੇ ਨਾਲ ਮਿਲਾਈਆ । ਉਨ੍ਹਾਂ ਨੂੰ ਪੁੱਛ ਜਿਨ੍ਹਾਂ ਮਿਲਿਆ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਨ੍ਹਾਂ ਮੇਰੇ ਨਾਮ ਦੀ ਪੜ੍ਹੀ ਪੱਟੀ, ਪਲਟਾ ਕਾਇਆ ਵਿਚੋਂ ਗਏ ਖਾਈਆ । ਉਨ੍ਹਾਂ ਦੇ ਅੰਦਰ ਖੁਲ੍ਹੀ ਉਹ ਹੱਟੀ, ਜਿਸ ਹੱਟ ਦਾ ਮਾਲਕ ਇਕ ਅਖਵਾਈਆ । ਬੇਸ਼ਕ ਤੂੰ ਦੂਰ ਦੁਰਾਡੀ ਆਈ ਨੱਠੀ, ਆਪਣਾ ਪੰਧ ਮੁਕਾਈਆ । ਕੀ ਤੈਨੂੰ ਲੋੜ ਪਏ ਕੋਈ ਦੀਵਾ ਬੱਤੀ, ਤੇਰੇ ਹੱਥ ਦਿਆਂ ਫੜਾਈਆ । ਕੀ ਤੈਨੂੰ ਲੋੜ ਬਣਨ ਦੀ ਸਖ਼ੀ, ਤੈਨੂੰ ਜਗਤ ਕਾਹਨ ਦਿਆਂ ਮਿਲਾਈਆ । ਸਚ ਸਚ ਖ਼ਾਹਿਸ਼ ਆਪਣੀ ਹਾਲਤ ਦੱਸੀਂ, ਧੁਰ ਦਾ ਹਾਲ ਸੁਣਾਈਆ । ਵੇਖੀਂ ਹੈਰਾਨ ਨਾ ਹੋਈਂ ਗੁਰਮੁਖ ਬੈਠੇ ਉਤੇ ਕੱਖੀਂ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਤਰਾ ਸਮਝਾਈਆ । ਖ਼ਾਹਿਸ਼ ਕਹੇ ਮੈਂ ਪ੍ਰਭ ਕੀ ਸੋਚਾਂ, ਸੋਚਣ ਵਾਲੀ ਸੋਚ ਰਹੀ ਨਾ ਰਾਈਆ । ਜਿਨ੍ਹਾਂ ਨੂੰ ਜੰਗਲ ਬੇਲੇ ਕਾਹੀ ਵਿਚ ਖੋਜਾਂ, ਲੱਭਾਂ ਥਾਉਂ ਥਾਈਆ । ਉਹ ਵੇਖੇ ਮਾਣਦੇ ਮੌਜਾਂ, ਮਜਲਸ ਤੇਰੇ ਨਾਲ ਲਗਾਈਆ । ਉਨ੍ਹਾਂ ਨੂੰ ਮਿਲ ਗਿਆ ਉਹ ਹੌਦਾ, ਜਿਸ ਅਮਾਰੀ ਵਿਚ ਬੈਠਾ ਬੇਪਰਵਾਹੀਆ । ਮੈਂ ਉਥੇ ਕਿਸ ਤਰ੍ਹਾਂ ਪਹੁੰਚਾਂ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਬਿਨਾਸ਼ੀ ਕਰਤਾ ਕਹੇ ਤੂੰ ਨਿੱਕੀ ਜੇਹੀ ਕੁੜੀ, ਜੋ ਬਿਨ (ਭਗਤੀ) ਨਜ਼ਰੀ ਆਈਆ । ਜੇ ਕਾਸ਼ੀ ਰਾਮ ਹਕੀਮ ਵਰਗੇ ਕੋਲੋਂ ਲੈ ਲਏਂ ਪੁੜੀ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਜਿਨ੍ਹਾਂ ਦੀ ਬੇੜੀ ਕਦੇ ਨਾ ਰੁੜ੍ਹੀ, ਆਪਣੇ ਬੇੜੇ ਲੈਣ ਬਹਾਈਆ । ਬੇਸ਼ਕ ਤੂੰ ਭਰਮਾਂ ਵਿਚ ਬੁਰੀ, ਕਰਮਾਂ ਵਿਚ ਨਿਗੁਰੀ, ਸਤਿਗੁਰ ਦਰਸਨ ਕਦੇ ਨਾ ਪਾਈਆ । ਏਸੇ ਕਰ ਕੇ ਚੰਗੀ ਤੂੰ ਪੈਰੀਂ ਆਈ ਤੁਰੀ, ਨੇਤਰ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਾਈਆ । ਆਸ਼ਾ ਕਹੇ ਮੈਂ ਆਈ ਪੈਰੀਂ ਨੰਗੀ, ਦੂਰ ਦੁਰਾਡਾ ਪੰਧ ਮੁਕਾਈਆ ।

ਸੀਸ ਗੁੰਦਾ ਨਾ ਵਾਹੀ ਕੰਘੀ, ਕੱਜਲ ਨੈਣ ਧਾਰ ਨਾ ਕੋਇ ਜਣਾਈਆ । ਸੋਹਣੀ ਤਨ ਨਾ ਪਾਈ ਅੰਗੀ, ਪਾਟੇ ਚੀਥੜ ਰਹੀ ਵਖਾਈਆ । ਮੇਰੀ ਆਸ਼ਾ ਓਥੇ ਰਹਿ ਗਈ ਟੰਗੀ, ਜਿਥੇ ਲੱਭਣ ਕੋਇ ਨਾ ਜਾਈਆ । ਮੈਂ ਕਲਜੁਗ ਵਿਚ ਹੱਥ ਆ ਗਈ ਸਾਧ ਪਖੰਡੀ, ਜੂਠੇ ਝੂਠਿਆਂ ਆਪਣਾ ਘੇਰਾ ਲਿਆ ਪਾਈਆ । ਮੈਂ ਭੁੱਲ ਗਈ ਤੇਰੀ ਡੰਡੀ, ਮਾਰਗ ਛੱਡਿਆ ਬੇਪਰਵਾਹੀਆ । ਅਚਾਨਕ ਤੇਰੇ ਦਰ ਦੀ ਆਈ ਪਵਣ ਠੰਡੀ, ਹੁਲਾਰਿਆਂ ਨਾਲ ਉਠਾਈਆ । ਉਠ ਸਵਾਣੀ ਜਾ ਰਾਵੀ ਕੰਢੀ, ਕੰਡਿਆਂ ਵਿਚ ਬੈਠਾ ਬੇਪਰਵਾਹੀਆ । ਜੇਹੜਾ ਲੇਖੇ ਲਾਵੇ ਚੰਗੀ ਮੰਦੀ, ਮੰਦਿਉਂ ਚੰਗੇ ਬਣਾਈਆ । ਜੇ ਕੂੜੀ ਕਿਰਿਆ ਰਲ ਕੇ ਹੋ ਗਈ ਗੰਦੀ, ਦੁਰਮਤ ਮੈਲ ਦਏ ਧਵਾਈਆ । ਤੈਨੂੰ ਭਗਤਾਂ ਦੀ ਦੇਵੇ ਉਹ ਸੁਗੰਧੀ, ਜਿਸ ਸੁਗੰਧ ਵਿਚ ਆਪਣਾ ਰੂਪ ਵਟਾਈਆ । ਉਹਦੇ ਕੋਲ ਅਨੋਖੀ ਨਿੱਕੀ ਜੇਹੀ ਬੰਦੀ, ਕਾਇਆ ਮੰਦਰ ਆਪ ਟਿਕਾਈਆ । ਪ੍ਰੇਮ ਪਿਆਰ ਨਾਲ ਜਿਸ ਵੇਲੇ ਹਿਲਾਵੇ ਓਸ ਦੀ ਤੰਦੀ, ਤੂੰ ਹੀ ਤੂੰ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਖ਼ਾਹਸ਼ ਕਹੇ ਮੈਨੂੰ ਆਵੇ ਖ਼ੁਸ਼ੀ, ਖ਼ੁਸ਼ੀਆਂ ਗੀਤ ਅਲਾਈਆ । ਮੇਰੀ ਉਨ੍ਹਾਂ ਨਾਲ ਲੱਗ ਜਾਏ ਰੁਚੀ, ਜਿਨ੍ਹਾਂ ਰੋਜ਼ ਮਿਲੇ ਬੇਪਰਵਾਹੀਆ । ਜੇ ਮੈਂ ਪਿਛੇ ਰਹੀ ਲੁੱਚੀ, ਪਖੰਡੀਆਂ ਨਾਲ ਕਰੀ ਕੁੜਮਾਈਆ । ਮੈਂ ਦੁਹਾਗਣ ਬਣ ਕੇ ਰਹੀ ਸੁੱਤੀ, ਵੈਰਾਗਣ ਰੂਪ ਨਾ ਕੋਇ ਵਟਾਈਆ । ਮੈਂ ਘਰ ਘਰ ਫਿਰਦੀ ਰਹੀ ਸਵਾਨ ਬਣ ਕੇ ਕੁੱਤੀ, ਖ਼ਾਲੀ ਭਾਂਡੇ ਵੇਖ ਭੱਜਾਂ ਵਾਹੋ ਦਾਹੀਆ । ਮੇਰੀ ਹਾਲਤ ਕਿਸੇ ਨਾ ਪੁਛੀ, ਪੜਦਾ ਦਿਤਾ ਨਾ ਕਿਸੇ ਖੁਲ੍ਹਾਈਆ । ਧੰਨ ਭਾਗ ਮੈਂ ਗੁਰਮੁਖਾਂ ਸੰਗਤ ਵੇਖੀ ਸੁੱਚੀ, ਸੁੱਚੇ ਮਾਣਕ ਮੋਤੀ ਨਜ਼ਰੀ ਆਈਆ । ਮੈਂ ਦਰ ਦਰਵਾਜ਼ੇ ਵੜਦਿਆਂ ਹੋ ਗਈ ਅੱਡੀ ਉਚੀ, ਪੱਬਾਂ ਉਤੇ ਖ਼ੁਸ਼ੀਆਂ ਨਾਲ ਕਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਚੁਕਾਈਆ । ਪ੍ਰਭੂ ਕਹੇ ਖ਼ਾਹਸ਼ ਨੰਨ੍ਹੀ, ਬੱਚਿਆਂ ਵਾਂਗ ਸਮਝਾਈਆ । ਤੂੰ ਆ ਭਗਤਾਂ ਕੰਨੀਂ, ਨੇੜੇ ਕਰ ਕੇ ਦਿਆਂ ਸਮਝਾਈਆ । ਦੂਰ ਦੁਰਾਡੀ ਵਾਟ ਭੰਨੀ, ਬਣ ਕੇ ਆਈ ਪਾਂਧੀ ਰਾਹੀਆ । ਵੇਖੀਂ ਹੁਣ ਨਾ ਹੋਵੀਂ ਅੰਨ੍ਹੀ, ਨੇਤਰ ਲੋਚਣ ਨੈਣ ਦੇਵਾਂ ਪੜਦਾ ਲਾਹੀਆ । ਤੂੰ ਏਨ੍ਹਾਂ ਨਾਲ ਮੰਨੀਂ, ਜਿਨ੍ਹਾਂ ਨਾਲ ਮੰਨਿਆ ਸ਼ਹਿਨਸ਼ਾਹੀਆ । ਲੋੜ ਰਹੇ ਨਾ ਰਾਗ ਸੁਣਨ ਦੀ ਕੰਨੀਂ, ਢੋਲਿਆਂ ਵਿਚ ਨਾ ਕੋਇ ਵਡਿਆਈਆ । ਪਰਮ ਪੁਰਖ ਪ੍ਰਭ ਇਕੋ ਮਿਲਿਆ ਧੁਰ ਦਾ ਧਨੀ, ਦਾਤਾ ਦਾਤ ਸਾਚੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਰਖਾਈਆ । ਸੁਣ ਖ਼ਾਹਸ਼ ਵੇਖ ਭਗਤ, ਤੈਨੂੰ ਦਿਆਂ ਸਮਝਾਈਆ । ਏਨ੍ਹਾਂ ਨਾਲ ਮਿਲ ਕੇ ਨਾਤਾ ਛੱਡਣਾ ਪਏ ਜਗਤ, ਜੁਗਤ ਇਕੋ ਵਾਰ ਦ੍ਰਿੜਾਈਆ । ਨੌਂ ਸੌ ਚੁਰਾਨਵੇ ਚੌਕੜੀ ਪਿਛੋਂ ਵੇਲਾ ਮਿਲੇ ਵਕਤ, ਵਾਕਫ਼ ਆਪਣੇ ਨਾਲ ਕਰਾਈਆ । ਗੁਰਸਿਖਾਂ ਨਾਲ ਮਿਲਾ ਕੇ ਤੇਰਾ ਦਸਤ, ਹੱਥ ਨਾਲ ਹੱਥ ਦਏ ਜੁੜਾਈਆ । ਇਹ ਪ੍ਰੇਮ ਨਿਰਾਲਾ ਇਸ਼ਕ, ਆਸ਼ਕਾਂ ਵਿਚੋਂ ਮਾਸ਼ੂਕ, ਮਾਸ਼ੂਕ ਵਿਚੋਂ ਹਕੂਕ ਨਜ਼ਰੀ ਆਈਆ । ਨੇਤਰ ਲੋਚਣ ਨੈਣ ਕਰ ਲੈ ਦਰਸ, ਦਰੇ ਦਰਬਾਰ ਦੀਦਾਰ ਦਿਆਂ ਵਖਾਈਆ । ਤੇਰੀ ਪਿਛਲੀ ਮਿਟੇ ਹਰਸ, ਹਵਸ ਅਗੇ ਨਾ ਕੋਇ ਵਧਾਈਆ । ਜੇ ਇਨ੍ਹਾਂ ਆ ਜਾਵੇ ਤਰਸ, ਤੈਨੂੰ ਪੱਲੂ ਦੇਣ ਫੜਾਈਆ । ਤੂੰ ਉਤੇ ਲੇਟ ਫ਼ਰਸ਼, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਤਾ ਦਏ ਬੰਧਾਈਆ । ਖ਼ਾਹਸ਼ ਕਹੇ ਮੈਂ ਆਜਜ਼ ਨਿਮਾਣੀ, ਨਮੋ ਨਮੋ ਸੀਸ ਝੁਕਾਈਆ । ਲੱਭ ਲੱਭ ਥੱਕੀ ਗੁਰਮੁਖ

ਹਾਣੀ, ਸੱਜਣ ਨਜ਼ਰ ਕੋਇ ਨਾ ਆਈਆ । ਫਿਰ ਫਿਰ ਥੱਕੀ ਅਠਸਠ ਪਾਣੀ, ਸਮੁੰਦ ਸਾਗਰ ਵਰੋਲੇ ਥਾਉਂ ਥਾਈਂਆ । ਖੋਜ ਕੇ ਆਈ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੇਰਾ ਪਾਈਆ । ਸੁਣ ਕੇ ਆਈ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਲੱਖ ਚੁਰਾਸੀ ਜੀਵ ਜੰਤ ਰਿਹਾ ਖ਼ਾਕ ਛਾਣੀ, ਵਸਤ ਅਮੋਲਕ ਹੱਥ ਨਾ ਕੋਇ ਫੜਾਈਆ । ਸਦੀ ਚੌਧਵੀ ਹੋ ਨਿਮਾਣੀ, ਆਪਣਾ ਬਲ ਮਿਟਾਈਆ । ਸੰਦੇਸਾ ਦਿਤਾ ਕਿਸੇ ਰੁਹਾਨੀ, ਬਿਨ ਰੂਹ ਬੁੱਤ ਕਰੀ ਕੁੜਮਾਈਆ । ਵੇਖ ਪੈਗ਼ੰਬਰ ਲਾਸਾਨੀ, ਆਸਾਨੀ ਇਕੋ ਇਕ ਜਣਾਈਆ । ਜਿਸ ਦੀ ਪੀਰ ਪੈਗ਼ੰਬਰ ਦੱਸਦੇ ਗਏ ਨਿਸ਼ਾਨੀ, ਸ਼ਬਦਾਂ ਨਾਲ ਕਰ ਪੜ੍ਹਾਈਆ । ਉਹ ਜਲਵਾ ਨੂਰ ਜਗੇ ਜੋਤ ਨੂਰਾਨੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਖ਼ਾਹਸ਼ ਕਹੇ ਮੈਂ ਭੱਜੀ ਦੌੜੀ, ਦੂਰ ਦੁਰਾਡੀ ਚਲ ਕੇ ਆਈਆ । ਅੱਗੇ ਵੇਖੀ ਗਲੀ ਸੌੜੀ, ਭੀੜਾ ਰਾਹ ਨਾ ਕੋਇ ਲੰਘਾਈਆ । ਮੈਂ ਚਾਰ ਕੁੰਟ ਨੈਣ ਤੱਕ ਕੇ ਕੀਤਾ ਬੌਹੜੀ ਬੌਹੜੀ, ਨੇਤਰ ਰੋ ਰੋ ਦਿਤੀ ਦੁਹਾਈਆ । ਲੱਖ ਚੁਰਾਸੀ ਸ੍ਰਿਸ਼ਟੀ ਦਿਸੀ ਕੌੜੀ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਕਿਸੇ ਆਵਾਜ਼ ਸੁਣਾਈ ਅੰਦਰੋਂ ਹੌਲੀ, ਸਹਿਜ ਨਾਲ ਸਮਝਾਈਆ । ਮੈਂ ਪਿਛਲੇ ਜਨਮ ਦੇ ਕਹਾਰਾਂ ਦੀ ਚੁੱਕੀ ਡੋਲੀ, ਉਹ ਸਭ ਦੀ ਆਸਾ ਪੂਰ ਕਰਾਈਆ । ਉਹਦੇ ਨਾਲ ਰਵਦਾਸ ਚਮਾਰ ਜਿਸ ਦੇ ਕੋਲ ਤੰਦ ਮੌਲੀ, ਘਰ ਘਰ ਗਾਨੇ ਰਿਹਾ ਬੰਧਾਈਆ । ਉਥੇ ਲੋੜ ਨਹੀਂ ਪੌਣ ਦੀ ਰੌਲੀ, ਰੌਣਕ ਭਗਤਾਂ ਨਾਲ ਲਗਾਈਆ । ਉਥੇ ਦੇਵੇ ਸੰਦੇਸਾ ਪਵਣ ਪੌਣੀ, ਆਪਣਾ ਹੁਕਮ ਵਰਤਾਈਆ । ਤੇਰੀ ਮਨਸਾ ਪੂਰੀ ਕਰੇ ਭੌਣੀ, ਭਾਵਨਾ ਤੇਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਰਤਾਈਆ । ਆਸਾ ਕਹੇ ਮੈਂ ਕਮਲੀ ਕੋਝੀ, ਅੰਦਰ ਬਾਹਰ ਨਾ ਕੋਇ ਵਡਿਆਈਆ । ਮੈਨੂੰ ਕਿਸੇ ਦਿਤੀ ਸੋਝੀ, ਸਮਝ ਨਾਲ ਸਮਝਾਈਆ । ਉਹ ਸਭ ਦਾ ਵੱਡਾ ਖੋਜੀ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਆਦਿ ਜੁਗਾਦੀ ਵੱਡਾ ਬੋਧੀ, ਅਗਾਧ ਬੋਧ ਕਰੇ ਪੜ੍ਹਾਈਆ । ਉਸ ਨੂੰ ਮਾਲਕ ਕਹਿੰਦੇ ਲੋਕੀ, ਪਰਲੋਕ ਖ਼ੁਸ਼ੀ ਮਨਾਈਆ । ਉਸ ਦੀ ਸੋਚ ਕਿਸੇ ਨਾ ਸੋਚੀ, ਸੋਚ ਸਮਝ ਨਾ ਕੋਇ ਵਡਿਆਈਆ । ਉਸ ਦਾ ਜੰਞੂ ਨਾ ਕੋਈ ਬੋਦੀ, ਤਿਲਕ ਲਲਾਟ ਨਾ ਕੋਇ ਵਖਾਈਆ । ਹਉਮੇ ਹੰਗਤਾ ਅੰਦਰ ਨਾ ਹੋਏ ਰੋਗੀ, ਮਮਤਾ ਮੋਹ ਨਾ ਕੋਇ ਵਧਾਈਆ । ਨਾ ਸਨਿਆਸੀ ਵੈਰਾਗੀ ਦਿਸੇ ਜੋਗੀ, ਰਿਖ ਮੁਨ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹ ਸਭ ਨੂੰ ਦੇਵੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਖ਼ਾਹਸ਼ ਕਹੇ ਮੈਂ ਹੋਈ ਬੇਸਮਝ, ਸਮਝ ਨਾ ਕੋਇ ਜਣਾਈਆ । ਜਿਸ ਵੇਲੇ ਭਗਤਾਂ ਵੱਜਦੀ ਵੇਖੀ ਰਮਜ਼, ਰਹਿਮਤ ਰਿਹਾ ਕਮਾਈਆ । ਮੈਂ ਓਸੇ ਵੇਲੇ ਖਾ ਲਈ ਕਸਮ, ਬੰਦਨਾ ਸੀਸ ਨਿਵਾਈਆ । ਮੈਂ ਏਨ੍ਹਾਂ ਦੀ ਧੂੜੀ ਟਿੱਕਾ ਲਾਵਾਂ ਮਸਤਕ ਉਹ ਭਸਮ, ਜੇਹੜੀ ਭਸਮ ਨੀਹਾਂ ਹੇਠ ਦਬਾਈਆ । ਜਿਸ ਦਾ ਰਵਾਜ ਅਵੱਲੜੀ ਰਸਮ, ਰਹਿਬਰ ਬੇਪਰਵਾਹੀਆ । ਤਨ ਵਜੂਦ ਨਾ ਕੋਈ ਜਿਸਮ, ਤਤਵ ਤਤ ਨਾ ਕੋਇ ਹੰਢਾਈਆ । ਉਸ ਦਾ ਨੂਰ ਅਗੰਮਾ ਇਸਮ, ਆਅਜ਼ਮ ਇਕੋ ਨੂਰ ਖ਼ੁਦਾਈਆ । ਉਸ ਦਾ ਦਰਸ਼ਨ ਕਰਾਂ ਨਾਲ ਚਸ਼ਮ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਬਣਾਈਆ । ਪ੍ਰਭੂ ਕਹੇ ਸੁਣ ਇਕ ਸੰਦੇਸਾ, ਜੋ ਸੁਤਿਆਂ ਰਿਹਾ ਜਗਾਈਆ । ਪਿਛਲਾ ਚੁਕਾਵੇ ਲੇਖਾ, ਅੱਗੇ ਦਏ ਵਡਿਆਈਆ ।

੨੯੦
੧੨

ਜੇ ਭਗਤਾਂ ਨਾਲ ਪੌਣਾ ਹਿੱਸਾ, ਸੋਹਣੀ ਵੰਡ ਵੰਡਾਈਆ । ਕਮਲੀਏ ਫੇਰ ਨਾ ਤੱਕੀਂ ਆਪਣਾ ਪਿੱਛਾ, ਸਾਧਾਂ ਵਾਲੀ ਰੀਤ ਮੰਦਰ ਮਸੀਤ ਹੱਥ ਨਾ ਕਿਸੇ ਫੜਾਈਆ । ਇਹ ਗੁਰਮੁਖ ਮੇਰੇ ਅਤੀਤ, ਤ੍ਰੈਗੁਣ ਬੈਠੇ ਡੇਰਾ ਢਾਹੀਆ । ਜੀਂਵਦਿਆਂ ਜਗ ਗਏ ਜੀਤ, ਜੀਵਣ ਜੁਗਤ ਇਕੋ ਵਾਰ ਦਿਤਾ ਸਮਝਾਈਆ । ਉਹ ਖ਼ਾਹਸ਼ ਤੇਰੇ ਨਾਲ ਮਿਲ ਕੇ ਹੋਣ ਨਾ ਕਦੇ ਪਲੀਤ, ਪਤਤ ਪੁਨੀਤ ਇਕੋ ਵਾਰ ਕਰਾਈਆ । ਕਿਉਂ ਇਨ੍ਹਾਂ ਦਾ ਮੇਰੇ ਨਾਲ ਸਾਂਝਾ ਗੀਤ, ਸੋਹੰ ਢੋਲਾ ਰਹੇ ਗਾਈਆ । ਮੇਰੀ ਉਲਟੀ ਲੱਗੀ ਪ੍ਰੀਤ, ਪੁੱਠੀ ਸਿੱਧੀ ਦਏ ਕਰਾਈਆ । ਜੋ ਕਿਹਾ ਸੋ ਠੀਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਵੇ ਨਾ ਕੋਇ ਗਵਾਹੀਆ । ਇਨ੍ਹਾਂ ਦੀ ਕੌਣ ਕਰੇ ਰੀਸ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਜਿਨ੍ਹਾਂ ਮਿਲਿਆ ਆਪ ਜਗਦੀਸ, ਜਗਦੀਸ਼ਰ ਫੇਰਾ ਪਾਈਆ । ਆਪਣਾ ਹੱਥ ਰੱਖ ਕੇ ਪੀਠ, ਥਪਕੀਆਂ ਨਾਲ ਸਵਾਈਆ । ਨਾ ਕੋਈ ਊਚ ਨਾ ਕੋਈ ਨੀਚ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਨਾ ਕੋਈ ਹਸਤ ਨਾ ਕੋਈ ਕੀਟ, ਆਤਮ ਪਰਮਾਤਮ ਇਕੋ ਰੰਗ ਰੰਗਾਈਆ । ਨਾਮ ਪਿਆਲਾ ਗੁਰਮੁਖਾਂ ਫੜਾਇਆ ਜੋ ਪੀ ਗਏ ਲਾ ਕੇ ਡੀਕ, ਖ਼ਾਲੀ ਕਟੋਰਾ ਜਗਤ ਵਖਾਈਆ । ਸਾਚਾ ਕਲਮਾ ਪੜ੍ਹ ਕੇ ਹਦੀਸ, ਹਾਜਤ ਆਪਣੀ ਪੂਰ ਕਰਾਈਆ । ਇਨ੍ਹਾਂ ਕੋਲ ਨਾ ਆਏ ਅਬਲੀਸ, ਸ਼ੈਤਾਨ ਫੇਰੀ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਵੇਖਣ ਲਾ ਕੇ ਨੀਝ, ਲੋਚਣ ਪਲਕ ਅੱਖ ਖੁਲ੍ਹਾਈਆ । ਤੇਈ ਅਵਤਾਰ ਕਹਿਣ ਇਹ ਕੀ ਰਹੀ ਬੀਤ, ਪਤਿਪਰਮੇਸ਼ਵਰ ਅਚਰਜ ਖੇਲ ਵਰਤਾਈਆ । ਨਾਨਕ ਗੋਬਿੰਦ ਕਹੇ ਸਤਿਗੁਰ ਗੁਰਮੁਖਾਂ ਨਾਲ ਕਰੇ ਰੀਝ, ਫੜ ਬਾਹੋਂ ਗਲੇ ਲਗਾਈਆ । ਠਾਕਰ ਹੋ ਕੇ ਗਿਆ ਪਤੀਜ, ਪਰਮਾਤਮ ਹੋ ਕੇ ਮੇਲ ਮਿਲਾਈਆ । ਆਪ ਪ੍ਰਭੂ ਬਣ ਕੇ ਨਾਚੀਜ਼, ਗੁਰਮੁਖ ਸਚ ਦਹਿਲੀਜ਼ੋਂ ਬਾਹਰ ਕਰਾਈਆ । ਜਿਥੇ ਬੈਠਾ ਹਰਿ ਜਗਦੀਸ, ਤਾਜ ਸੋਹਣਾ ਸੀਸ ਟਿਕਾਈਆ । ਉਥੇ ਲੇਖਾ ਬੀਸ ਇਕੀਸ, ਇਕੀਸ ਆਪਣੇ ਨਾਲ ਰਖਾਈਆ । ਓਸ ਵੇਲੇ ਖ਼ਾਹਸ਼ ਨੇ ਰੋ ਕੇ ਮਾਰੀ ਚੀਕ, ਬੌਹੜੀ ਬੌਹੜੀ ਦਿਤਾ ਸੁਣਾਈਆ । ਤੇਰੀ ਕਿਰਪਾ ਮੇਰੀ ਭਗਤਾਂ ਨਾਲ ਬਣੇ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰਾ ਸੋਹਣਾ ਸੰਗ ਨਜ਼ਰੀ ਆਈਆ । ਭਗਤਾਂ ਨਾਲ ਜੇ ਕਰਨਾ ਮਿਲਾਪ, ਆਪਣਾ ਜੋੜ ਜੁੜਾਈਆ । ਪਹਿਲੋਂ ਸਿਖ ਇਨ੍ਹਾਂ ਤੋਂ ਉਹ ਜਾਚ, ਜਿਸ ਨਾਲ ਵਿਛੜੇ ਰਿਹਾ ਮਿਲਾਈਆ । ਜਨਮ ਕਰਮ ਦੇ ਧੋ ਕੇ ਪਾਪ, ਪਤਤ ਪੁਨੀਤ ਰਿਹਾ ਬਣਾਈਆ । ਦੋਏ ਜੋੜ ਕੇ ਫੇਰ ਆਖ, ਉਚੀ ਕੂਕ ਸੁਣਾਈਆ । ਮੈਂ ਸੇਵਕ ਤੁਹਾਡੀ ਦਾਸ, ਦਰ ਬਰਦੀ ਰੂਪ ਵਟਾਈਆ । ਨਿਤ ਤੁਹਾਡਾ ਕੂੜਾ ਕਰਾਂ ਸਾਫ, ਝਾੜੂ ਦੇਵਾਂ ਚਾਈਂ ਚਾਈਆ । ਜਿਸ ਵੇਲੇ ਤੁਹਾਡੀ ਆਤਮ ਪਰਮਾਤਮ ਪਵੇ ਰਾਸ, ਘਰ ਸਾਚੇ ਵਜੇ ਵਧਾਈਆ । ਓਸ ਵੇਲੇ ਮੇਰੀ ਖੁਲ੍ਹੀ ਰੱਖਣੀ ਅੱਖ, ਅੱਖੀਂ ਤੱਕਾਂ ਬੇਪਰਵਾਹੀਆ । ਭਗਤਾਂ ਕਿਹਾ ਜੋ ਸਾਡੇ ਨਾਲ ਮਿਲਿਆ ਓਸ ਦਾ ਓਹੋ ਹੱਕ, ਵਾਧ ਘਾਟ ਵਿਚ ਨਾ ਕੋਇ ਰਖਾਈਆ । ਜੇ ਸਾਡੇ ਨਾਲ ਮਿਲ ਕੇ ਤੈਨੂੰ ਪੈ ਗਿਆ ਸ਼ਕ, ਫੜ ਕੇ ਬਾਹੋਂ ਬਾਹਰ ਦੇਈਏ ਧਕਾਈਆ । ਸਾਡਾ ਪ੍ਰੀਤਮ ਸਾਡੇ ਨਾਲ ਮਿਲਾ ਕੇ ਹੱਥ, ਹਥੇਲੀ ਉਤੇ ਹਥੇਲੀ ਗਿਆ ਟਿਕਾਈਆ । ਅੱਗੇ ਪਿਛੇ ਰਿਹਾ ਨੱਠ, ਸੱਜੇ ਖੱਬੇ ਭੱਜੇ ਵਾਹੋ ਦਾਹੀਆ । ਜਿਸ ਵੇਲੇ ਜਨ ਭਗਤਾਂ ਕਰੇ ਇਕੱਠ, ਦੂਰ ਦੁਰਾਡਾ ਆਵੇ ਚਲ ਕੇ ਮਾਹੀਆ । ਆਪਣਾ ਮਾਰਗ ਹੌਲੀ ਹੌਲੀ ਫੇਰ ਦੇਵੇ ਦੱਸ, ਦਹਿ ਦਿਸ਼ਾ ਕਰੇ ਜਣਾਈਆ । ਜਿਸ ਵੇਲੇ ਅਸੀਂ ਉਸ ਦੇ ਗਾਈਏ ਜਸ, ਸੋ ਸਾਡੇ ਢੋਲੇ ਸੁਣਾਏ ਥਾਉਂ ਥਾਈਆ । ਤੇਰੀ ਖ਼ਾਹਸ਼ ਪੂਰੀ

ਆਸ, ਨਿਵਾਸ ਚਰਨ ਇਕ ਗੋਸਾਈਆ । ਜੋ ਸਭ ਦਾ ਮਾਈ ਬਾਪ, ਸਦਾ ਸੁਹੇਲਾ ਵਸੇ ਸਾਥ, ਦੋ ਜਹਾਨਾਂ ਮੇਲਾ ਰਿਹਾ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਮਿਲਿਆ ਆਪ, ਤਿਨ੍ਹਾਂ ਕਰ ਗਿਆ ਪਾਕ, ਬਣ ਕੇ ਸੱਜਣ ਸਾਕ, ਖੋਲ੍ਹ ਕੇ ਬੰਦ ਤਾਕ, ਸਚ ਦਵਾਰੇ ਸਾਚੇ ਘਰ ਸੱਜਣ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ਾਹਸ਼ ਨਾਲ ਜਨ ਭਗਤਾਂ ਅੰਦਰ ਕਰੇ ਨਿਵਾਸ, ਭੂਮਿਕਾ ਇਕੋ ਇਕ ਸੁਹਾਈਆ ।

### ✪ ੧੭ ਸਾਵਣ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਚੰਬਲ ✪

ਕਿਰਪਾ ਕਰੇ ਹਰਿ ਨਿਹਕਰਮੇ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਨੇਤਰ ਖੋਲ੍ਹ ਵਿਸ਼ਨ ਬ੍ਰਹਮੇ, ਪਾਰਬ੍ਰਹਮ ਪ੍ਰਭ ਆਪ ਸਮਝਾਇੰਦਾ । ਲੱਖ ਚੁਰਾਸੀ ਲੱਗੀ ਕੁਕਰਮੇ, ਕਰਮ ਕਾਂਡ ਭੇਵ ਨਾ ਕੋਇ ਚੁਕਾਇੰਦਾ । ਨਵ ਸੱਤ ਨਾ ਕੋਇ ਧਰਮੇ, ਸਾਚੀ ਸਿਖਿਆ ਨਾ ਕੋਇ ਦ੍ਰਿੜਾਇੰਦਾ । ਸਾਧ ਸੰਤ ਪਏ ਭਰਮੇ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਖਾਣੀ ਜੀਵ ਜੰਤ ਜਨਮੇ, ਜਨਮ ਮਰਨ ਨਾ ਕੋਇ ਚੁਕਾਇੰਦਾ । ਝਗੜਾ ਪਿਆ ਵਰਨੇ ਬਰਨੇ, ਜ਼ਾਤ ਪਾਤ ਪੜਦਾ ਨਾ ਕੋਇ ਉਠਾਇੰਦਾ । ਫਿਰੀ ਦਰੋਹੀ ਜੰਗਲ ਜੂਹ ਉਜਾੜ ਪਹਾੜ ਬਨ ਮੇਂ, ਟਿੱਲੇ ਪਰਬਤ ਸਮੁੰਦ ਸਾਗਰ ਸੰਗ ਨਾ ਕੋਇ ਜਣਾਇੰਦਾ । ਹਉਮੇ ਹੰਗਤਾ ਗੜ੍ਹ ਬਣਿਆ ਮਨ ਮੇਂ, ਮਮਤਾ ਮੋਹ ਨਾ ਕੋਇ ਚੁਕਾਇੰਦਾ । ਸ੍ਰਿਸ਼ਟੀ ਲੱਗੀ ਲਾਲਚ ਕੂੜੇ ਧਨ ਮੇਂ, ਨਾਮ ਸਤਿ ਹੱਥ ਨਾ ਕੋਇ ਫੜਾਇੰਦਾ । ਪ੍ਰਭ ਕਾ ਨਾਮ ਜਣੌਂਦੇ ਮਨ ਮੇਂ, ਸਾਖਿਆਤ ਸਤਿ ਸਰੂਪ ਨਜ਼ਰ ਕਿਸੇ ਨਾ ਆਇੰਦਾ । ਜੋਗ ਅਭਿਆਸ ਤਪ ਹਠ ਵੇਖਿਆ ਘਰ ਘਰ ਮੇਂ, ਅੰਤਰ ਆਤਮ ਰੰਗ ਨਾ ਕੋਇ ਰੰਗਾਇੰਦਾ । ਦਰ ਭਿਖਾਰੀ ਫਿਰਦੇ ਮੰਗਦੇ, ਸਚ ਦਰਵੇਸ਼ ਅਲਖ ਨਾ ਕੋਈ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇੰਦਾ । ਵਿਸ਼ਨ ਬ੍ਰਹਮਾ ਉਠ ਵੇਖ, ਹਰਿ ਕਰਤਾ ਆਪ ਜਣਾਈਆ । ਨਵ ਨੌਂ ਚਾਰ ਵਸਦਾ ਰਿਹਾ ਸੱਚਾ ਦੇਸ, ਦਸੰਤਰ ਆਪਣਾ ਹੁਕਮ ਵਰਤਾਈਆ । ਸਰਗੁਣ ਕਰਦਾ ਰਿਹਾ ਵੇਸ, ਰੂਪ ਅਨੂਪ ਵਟਾਈਆ । ਨਾਮ ਸੰਦੇਸਾ ਦੇਂਦਾ ਰਿਹਾ ਸੰਦੇਸ, ਸ਼ਬਦੀ ਢੋਲਾ ਰਾਗ ਅਲਾਈਆ । ਨਿਰਗੁਣ ਸਰਗੁਣ ਜੋਤ ਕਰਦਾ ਰਿਹਾ ਪਰਵੇਸ਼, ਆਤਮ ਪਰਮਾਤਮ ਮੇਲ ਮਿਲਾਈਆ । ਬ੍ਰਹਮ ਪਾਰਬ੍ਰਹਮ ਖੇਲਦਾ ਰਿਹਾ ਖੇਡ, ਬਣ ਖਿਲਾਰੀ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਭੇਜ, ਮੁੱਲਾ ਸ਼ੇਖ਼ ਮੁਸਾਇਕ ਨਾਲ ਰਲਾਈਆ । ਦੇਂਦਾ ਰਿਹਾ ਨਿਰਗੁਣ ਨਿਰਵੈਰ ਨਿਰਾਕਾਰ ਸਚ ਸੰਦੇਸ, ਧੁਰ ਦਾ ਨਗ਼ਮਾ ਨਾਮ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਨਵ ਨੌਂ ਚਾਰ ਰਿਹਾ ਹਮੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਅੰਦਰ ਬਾਹਰ ਗੁਪਤ ਜ਼ਾਹਰ ਹਰ ਘਟ ਰਿਹਾ ਵੇਖ, ਨਿਜ ਨੇਤਰ ਲੋਚਣ ਨੈਣ ਅੱਖ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨ ਬ੍ਰਹਮਾ ਉਠ ਕਰ ਖ਼ਿਆਲ, ਹਰਿ ਕਰਤਾ ਆਪ ਜਣਾਈਆ । ਲੱਖ ਚੁਰਾਸੀ ਦਿਸੇ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਗੁਰ ਕਾ ਸ਼ਬਦ ਨਾ ਕਿਸੇ ਨਾਲ, ਸਤਿਗੁਰ ਸੰਗ ਨਾ ਕੋਇ ਰਖਾਈਆ । ਕੂੜੀ ਕਿਰਿਆ ਵੱਜੇ ਤਾਲ, ਚਾਰੋਂ

ਕੁੰਟ ਨਾਚ ਨਚਾਈਆ । ਸਾਚੀ ਘਾਲਣ ਕੋਈ ਨਾ ਸਕੇ ਘਾਲ, ਜੀਵ ਜੰਤ ਭੱਜਣ ਵਾਹੋ ਦਾਹੀਆ । ਬਿਨ ਪੁਰਖ ਅਕਾਲ ਬਣੇ ਨਾ ਕੋਈ ਦਲਾਲ, ਵਿਚੋਲਾ ਸਚ ਸੰਗ ਨਾ ਕੋਇ ਨਿਭਾਈਆ । ਹਕੀਕਤ ਦਿਸੇ ਨਾ ਹੱਕ ਹਲਾਲ, ਲਾਸ਼ਰੀਕ ਸ਼ਰਕਤ ਨਾ ਕੋਇ ਮਿਟਾਈਆ । ਗੋਦ ਉਠਾਏ ਨਾ ਕੋਈ ਬਾਲ, ਗੋਬਿੰਦ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖ਼ਬਰ ਆਪ ਸੁਣਾਈਆ । ਵਿਸ਼ਨ ਬ੍ਰਹਮੇ ਉਠ ਵੇਖ ਤੱਕ, ਚਾਰ ਕੁੰਟ ਧਿਆਨ ਲਗਾਈਆ । ਕਿਸੇ ਨਾ ਖ਼ੁਲ੍ਹੀ ਅੰਦਰ ਅੱਖ, ਲੋਚਣ ਤੱਕੇ ਜਗਤ ਲੋਕਾਈਆ । ਆਤਮ ਪਰਮਾਤਮ ਘਰ ਮੰਦਰ ਸਕੇ ਨਾ ਕੋਈ ਲੱਭ, ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਨੌ ਦਵਾਰੇ ਪਾਰ ਨਾ ਕਰੇ ਕੋਈ ਹੱਦ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੂੜੀ ਕਿਰਿਆ ਨਾਲੋਂ ਹੋ ਨਾ ਬਹੇ ਅੱਡ, ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਨਾ ਕੋਇ ਤੁੜਾਈਆ ਤੇਰੀ ਬਣੇ ਨਾ ਕੋਈ ਯੱਦ, ਵਿਸ਼ਵ ਰੂਪ ਨਾ ਕੋਇ ਸਮਝਾਈਆ । ਮਨ ਵਾਸਨਾ ਸਾਰੇ ਰਹੇ ਨੱਚ, ਮਨ ਨਟੂਆ ਸਾਂਗ ਵਰਤਾਈਆ । ਵਸਤ ਕਿਸੇ ਨਾ ਆਵੇ ਹੱਥ, ਖ਼ਾਲੀ ਹੱਥ ਦੇਣ ਦੁਹਾਈਆ । ਲੇਖਾ ਚੁੱਕੇ ਨਾ ਸੁਕਲਾ ਕਿਸ਼ਨਾ ਪੱਖ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਗੜ੍ਹ ਤੁੱਟੇ ਨਾ ਤਤ ਅੱਠ, ਨੌ ਦਰ ਪੰਧ ਨਾ ਕੋਇ ਚੁਕਾਈਆ । ਘਰ ਘਰ ਵਿਚ ਕੋਈ ਨਾ ਬਹੇ ਵਸ, ਮੰਦਰ ਸੋਭਾ ਕੋਈ ਨਾ ਪਾਈਆ । ਅੰਮ੍ਰਿਤ ਆਤਮ ਕਿਸੇ ਨਾ ਮਿਲੇ ਰਸ, ਅਠਸਠ ਭੱਜਣ ਵਾਹੋ ਦਾਹੀਆ । ਬੋਧ ਅਗਾਧ ਸ਼ਬਦ ਅਨਾਦ ਧੁਨ ਆਤਮਕ ਸੁਣੇ ਨਾ ਕੋਈ ਗਾਥ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸਾਚੇ ਮੰਡਲ ਬਣ ਗੋਪੀ ਕਾਹਨ ਵੇਖੇ ਕੋਈ ਨਾ ਰਾਸ, ਸ਼ਬਦੀ ਤਾਲ ਨਾ ਕੋਇ ਵਜਾਈਆ । ਸਾਹਿਬ ਸਤਿਗੁਰ ਕਿਸੇ ਨਾ ਵਸਿਆ ਪਾਸ, ਸੁੰਞੀ ਸੇਜ ਰਹੀ ਕੁਰਲਾਈਆ । ਫਿਰੀ ਦਰੋਹੀ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਧੀਰ ਨਾ ਕੋਇ ਧਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਸਤਿ ਸਰੂਪ ਕਿਸੇ ਨਜ਼ਰ ਨਾ ਆਏ ਸਾਖ਼ਿਆਤ, ਸਾਖ਼ੀਆਂ ਪੜ੍ਹ ਪੜ੍ਹ ਸਾਰੇ ਰਹੇ ਸੁਣਾਈਆ । ਘਰ ਪਰਮੇਸ਼ਵਰ ਆ ਕੇ ਕਰੇ ਨਾ ਕੋਈ ਬਾਤ, ਬਾਤਨ ਪੜਦਾ ਸਕੇ ਨਾ ਕੋਈ ਉਠਾਈਆ । ਜੀਂਵਦਿਆਂ ਜਗ ਪਾਏ ਨਾ ਕੋਈ ਵਫ਼ਾਤ, ਫ਼ਤਵਾ ਸਕੇ ਨਾ ਕੋਇ ਮਿਟਾਈਆ । ਅੱਖਰ ਪੜ੍ਹ ਕੇ ਵਿਚੋਂ ਲੁਗਾਤ, ਅਲਫ਼ ਯੇ ਕਰਨ ਚਤੁਰਾਈਆ । ਸਚ ਦਵਾਰੇ ਕਿਸੇ ਨਾ ਜੁੜਿਆ ਨਾਤ, ਨਾਤਾ ਬਿਧਾਤਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਸ਼ਾਰੇ ਨਾਲ ਉਠਾਈਆ । ਵਿਸ਼ਨ ਬ੍ਰਹਮਾ ਖੋਲ੍ਹੋ ਲੋਚਣ, ਹਰਿ ਕਰਤਾ ਆਪ ਜਣਾਈਆ । ਕਿਸੇ ਸੋਚ ਨਾ ਆਵੇ ਵਿਚ ਸੋਚਣ, ਸਮਝ ਚਲੇ ਨਾ ਕੋਇ ਚਤੁਰਾਈਆ । ਰਾਹ ਤੱਕੋ ਚੌਦਾਂ ਲੋਕਨ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾਂ ਵਿਦਿਆ ਹੋਈ ਫੋਕਨ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਆਪਣੇ ਘਰ ਕਲਜੁਗ ਜੀਵ ਫੇਰ ਨਾ ਲੌਟਨ, ਜੂਨੀ ਜੂਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਸਲੋਕਨ, ਨਾਮ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲੈਣ ਅੰਗੜਾਈ, ਕਰਵਟ ਆਪਣੀ ਰਹੇ ਬਦਲਾਈਆ । ਕਵਣ ਸੰਦੇਸਾ ਰਿਹਾ ਸੁਣਾਈ, ਧੁਰ ਧਾਮ ਬੇਪਰਵਾਹੀਆ । ਕਵਣ ਜਲਵਾਗਰ ਕਰੇ ਰੁਸ਼ਨਾਈ, ਨੂਰੋ ਨੂਰ ਨਜ਼ਰੀ ਆਈਆ । ਕਵਣ ਹੱਕ ਹਕੀਕਤ ਰਿਹਾ ਬੁਝਾਈ, ਕਲਮਾ ਇਕੋ ਇਕ ਦ੍ਰਿੜਾਈਆ । ਕਵਣ ਮੰਦਰ ਮਸਜਿਦ ਬਣਾਈ, ਸੱਚਾ ਹੁਜਰਾ ਰਿਹਾ ਸੁਹਾਈ, ਮਹਿਬੂਬ ਆਪਣਾ ਆਸਣ ਲਾਈਆ । ਕਵਣ ਕਲਮਾ ਰਿਹਾ ਪੜ੍ਹਾਈ, ਬਿਨ ਅੱਖਰਾਂ ਰਿਹਾ ਸਮਝਾਈਆ । ਕਵਣ ਕਰੇ

ਸਚ ਸ਼ਨਵਾਈ, ਨਾਦ ਏਕਾ ਨਾਮ ਵਜਾਈਆ । ਕਵਣ ਚਾਰ ਕੁੰਟ ਦਹਿ ਦਿਸ਼ਾ ਵੇਖੇ ਚਾਈਂ ਚਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਵਿਸ਼ਨ ਕਹੇ ਬ੍ਰਹਮੇ ਉਠ, ਸਚ ਸਚ ਦਿਆਂ ਦ੍ਰਿੜਾਈਆ । ਅਗਲਾ ਲੇਖਾ ਮੈਥੋਂ ਪੁੱਛ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਨੌ ਸੌ ਚੁਰਾਨਵੇ ਚੌਕੜੀ ਜੋ ਬੈਠਾ ਰਿਹਾ ਲੁਕ, ਨਿਰਗੁਣ ਨੂਰ ਬੇਪਰਵਾਹੀਆ । ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਨੰਨ੍ਹੇ ਪੁੱਤ, ਛੋਟੇ ਬਾਲੇ ਗੋਦੀਆਂ ਵਿਚ ਉਠਾਈਆ । ਸੋ ਸਾਹਿਬ ਠਾਕਰ ਸਵਾਮੀ ਰਿਹਾ ਤੁਠ, ਬੇਪਰਵਾਹ ਬੇਪਰਵਾਹੀ ਵਿਚ ਆਈਆ । ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਗਿਆ ਝੁਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਜਨਮ ਜੋ ਵਿਛੜੇ ਗਏ ਰੁੱਸ, ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰਿਹਾ ਮਨਾਈਆ । ਸਹਿਜ ਸੁਭਾਉ ਪ੍ਰੇਮ ਪ੍ਰੀਤੀ ਗੋਦੀ ਚੁੱਕ, ਸ਼ਬਦ ਹੁਲਾਰਾ ਇਕ ਵਖਾਈਆ । ਸਾਚੇ ਅੰਮ੍ਰਿਤ ਧੋ ਕੇ ਮੁਖ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਰਿਹਾ ਕਰਾਈਆ । ਬ੍ਰਹਮਾ ਕਹੇ ਵਿਸ਼ਨ ਕੀ ਬਾਤ, ਸਚ ਸਚ ਦੇ ਦ੍ਰਿੜਾਈਆ । ਮੈਂ ਵੇਖਾਂ ਕਲਜੁਗ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਝਗੜਾ ਪਿਆ ਜ਼ਾਤ ਪਾਤ, ਆਤਮ ਬ੍ਰਹਮ ਨਜ਼ਰ ਕਿਸੇ ਨਾ ਆਈਆ । ਪਤਿਪਰਮੇਸ਼ਵਰ ਕੋਈ ਨਾ ਜੋੜੇ ਨਾਤ, ਕੋਟਨ ਕੋਟ ਇਸ਼ਟ ਗੁਰ ਦੇਵ ਰਹੇ ਮਨਾਈਆ । ਆਤਮ ਪਰਮਾਤਮ ਕੋਈ ਨਾ ਚਲੇ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਰਸਨਾ ਜਿਹਵਾ ਬੱਤੀ ਦੰਦ ਕਰਦੇ ਪੂਜਾ ਪਾਠ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਕੀ ਵਰਤਾਈਆ । ਵਿਸ਼ਨ ਕਹੇ ਬ੍ਰਹਮੇ ਕੀ ਦੱਸਾਂ, ਕਹਿਣ ਵਿਚ ਕੁਛ ਨਾ ਆਈਆ । ਖ਼ੁਸ਼ੀਆਂ ਵਿਚ ਦੋ ਜਹਾਨ ਵੇਖ ਵੇਖ ਹੱਸਾਂ, ਚੌਦਾਂ ਤਬਕ ਰਾਗ ਅਲਾਈਆ । ਸਾਹਿਬ ਅਬਿਨਾਸ਼ੀ ਕਰਤੇ ਟੇਕਾਂ ਮੱਥਾ, ਮਸਤਕ ਚਰਨ ਕਵਲ ਛੁਹਾਈਆ । ਜੋ ਕੁਛ ਵੇਖਿਆ ਅੱਖਾਂ, ਮੈਂ ਸਚ ਦਿਆਂ ਸਮਝਾਈਆ । ਅਬਿਨਾਸ਼ੀ ਕਰਤਾ ਲੋਕਮਾਤ ਨਿਰਗੁਣ ਧਾਰ ਆਇਆ ਨੱਠਾ, ਜੋਤੀ ਜਾਮਾ ਵੇਸ ਵਟਾਈਆ । ਹਰਿਜਨ ਹਰਿਭਗਤ ਜੁਗ ਜਨਮ ਦਾ ਵਿਛੜਿਆ ਕੀਤਾ ਕੱਠਾ, ਫੜ ਬਾਹੋਂ ਗਲੇ ਲਗਾਈਆ । ਆਤਮ ਪਰਮਾਤਮ ਦੇ ਕੇ ਇਕੋ ਮਤਾ, ਸਾਚੀ ਸਿਖਿਆ ਦਿਤੀ ਸਮਝਾਈਆ । ਪ੍ਰੇਮ ਪ੍ਰੀਤੀ ਜੋੜੇ ਨਾਤਾ, ਬਿਧਾਤਾ ਆਪਣਾ ਰੰਗ ਰੰਗਾਈਆ । ਏਥੇ ਉਥੇ ਹੋਏ ਰਾਖਾ, ਸਿਰ ਸ਼ਬਦੀ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਗੌਂਦੇ ਰਹੇ ਗਾਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗਏ ਦ੍ਰਿੜਾਈਆ । ਜਿਸ ਨੂੰ ਕਹਿੰਦੇ ਨਾਥ ਅਨਾਥਾਂ, ਸਹਾਈ ਹੋਵੇ ਹਰ ਘਟ ਥਾਈਆ । ਸੋ ਖੇਲੇ ਖੇਲ ਆਪ ਸਮਰਾਥਾ, ਸਰਬ ਕੁਲਵੰਤਾ ਫੇਰਾ ਪਾਈਆ । ਜਨ ਭਗਤਾਂ ਆਪਣੇ ਮਿਲਣ ਦੀ ਆਪੇ ਦੱਸ ਕੇ ਜਾਚਾ, ਧੁਰ ਦਾ ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮਾ ਕਹੇ ਵਿਸ਼ਨ ਕੀ ਇਹ ਸਚ, ਸਚ ਦਿਤਾ ਦ੍ਰਿੜਾਈਆ । ਮੈਂ ਵੀ ਵੇਖਾਂ ਓਸ ਅੱਖ, ਜੇਹੜੀ ਅੱਖ ਆਪਣੇ ਨਾਲ ਮਿਲਾਈਆ । ਲੱਖ ਚੁਰਾਸੀ ਅੰਦਰ ਜੋਤ ਹੋ ਕੇ ਰਿਹਾ ਵਸ, ਮੇਰਾ ਮੇਲਾ ਸਹਿਜ ਸੁਭਾਈਆ । ਘਰ ਮੰਦਰ ਸਾਢੇ ਤਿੰਨ ਹੱਥ ਹੋਵੇ ਪ੍ਰਤਖ, ਗ੍ਰਿਹਿ ਬੈਠਾ ਸੋਭਾ ਪਾਈਆ । ਮੇਰਾ ਪੜਦਾ ਖੋਲ੍ਹ ਕੇ ਹੱਟ, ਬਣ ਵਣਜਾਰਾ ਵਣਜ ਕਰਾਈਆ । ਮੈਂ ਚਰਨ ਜਾਵਾਂ ਢੱਠ, ਨਮੋ ਨਮੋ ਸੀਸ ਝੁਕਾਈਆ । ਬਿਨ ਹੱਥਾਂ ਜੋੜ ਕੇ ਹੱਥ, ਡੰਡੌਤ

ਕਰ ਕੇ ਮਸਤਕ ਟਿੱਕਾ ਲਾਈਆ । ਸਾਚੀ ਵਿਥਿਆ ਦੇਵਾਂ ਦੱਸ, ਜੋ ਅੱਠ ਤਤ ਨੌ ਦਵਾਰੇ ਕਰ ਕਰ ਥੱਕੀ ਲੋਕਾਈਆ । ਬ੍ਰਹਮ ਪਾਰਬ੍ਰਹਮ ਪ੍ਰੇਮ ਮਿੱਠਾ ਰਸ, ਜਾਮ ਸਚ ਨਾ ਕੋਇ ਪਿਆਈਆ । ਸ਼ਾਸਤਰ ਸਿਮਰਤ ਗਏ ਥੱਕ, ਬ੍ਰਹਮ ਵਿਦਿਆ ਹੱਥ ਕਿਸੇ ਨਾ ਆਈਆ । ਸਚ ਦਵਾਰਿਉਂ ਕਲਜੁਗ ਜੀਵ ਦੂਰ ਦੁਰਾਡੇ ਗਏ ਨੱਠ, ਸਾਚੇ ਮੰਦਰ ਬਹਿ ਕੇ ਮੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਵਿਸ਼ਨ ਕਹੇ ਬ੍ਰਹਮੇ ਕਰੀਏ ਅਰਦਾਸ, ਸਚ ਬੇਨੰਤੀ ਇਕ ਸੁਣਾਈਆ । ਜਿਸ ਦੀ ਖੇਲ ਆਦਿ ਜੁਗਾਦਿ, ਜੁਗ ਚੌਕੜੀ ਵੇਖ ਵਖਾਈਆ । ਜਿਸ ਦਾ ਪਸਾਰ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਰੰਗ ਰੰਗਾਈਆ । ਜਿਸ ਦਾ ਸ਼ਬਦ ਧੁਨ ਅਗੰਮੀ ਨਾਦ, ਦੋ ਜਹਾਨ ਰਿਹਾ ਸੁਣਾਈਆ । ਜਿਸ ਦਾ ਨਿਰਗੁਣ ਸਰਗੁਣ ਖੇਲ ਤਮਾਸ਼, ਜੋਤੀ ਜਾਤਾ ਬੇਪਰਵਾਹੀਆ । ਜਿਸ ਦਾ ਖੇਲ ਮੰਡਲ ਮੰਡਪ ਬ੍ਰਹਿਮੰਡ ਖੰਡ ਪੌਣੀ ਰਾਸ, ਗੋਪੀ ਕਾਹਨ ਨਚਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਤ, ਨਾਮ ਭੰਡਾਰਾ ਆਪਣਾ ਝੋਲੀ ਪਾਈਆ । ਜੋ ਆਤਮ ਪਰਮਾਤਮ ਲੱਖ ਚੁਰਾਸੀ ਬੰਧਨਹਾਰਾ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜਿਸ ਦੀ ਆਦਿ ਅੰਤ ਇਕੋ ਜ਼ਾਤ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸੋ ਸਾਹਿਬ ਸਮਰਥ ਪੁਰਖ ਅਬਿਨਾਸ਼, ਕਰਨੀ ਕਰਤਾ ਕਾਰ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਜੋ ਆਏ ਆਖ, ਭਵਿਖਤ ਸੰਦੇਸਾ ਮਾਤ ਸੁਣਾਈਆ । ਤਿਨ੍ਹਾਂ ਦੀ ਅੰਤਮ ਪੁੱਛੇ ਵਾਤ, ਸਚਖੰਡ ਨਿਵਾਸੀ ਆਪਣੀ ਲਏ ਅੰਗੜਾਈਆ । ਲੇਖਾ ਜਾਣੇ ਲਿਖਿਆ ਕਲਮ ਦਵਾਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਫੋਲੇ ਥਾਉਂ ਥਾਈਂਆ । ਲਹਿਣਾ ਦੇਣਾ ਜਾਣੇ ਚਾਰ ਵਰਨ ਅਠਾਰਾਂ ਬਰਨ ਜਮਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਬ੍ਰਹਮਾ ਕਹੇ ਕਰੀਏ ਮਿੰਨਤੀ, ਚਰਨ ਇਕ ਅਰਜ਼ੋਈਆ । ਵਿਸ਼ਨ ਕਹੇ ਪ੍ਰਭ ਖੇਲ ਅਗਣਤੀ, ਲੇਖਾ ਗਣਤ ਵਿਚ ਨਾ ਆਈਆ । ਬ੍ਰਹਮਾ ਕਹੇ ਉਹ ਮਾਲਕ ਲੱਖ ਚੁਰਾਸੀ ਬਣ ਦਾ ਕੰਤੀ, ਕੰਤ ਕੰਤੂਹਲ ਵੱਡੀ ਵਡਿਆਈਆ । ਵਿਸ਼ਨ ਕਹੇ ਚਾੜ੍ਹੇ ਰੰਗ ਬਸੰਤੀ, ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਬ੍ਰਹਮਾ ਕਹੇ ਉਸ ਦੇ ਨਾਮ ਦੀ ਸਿਫ਼ਤ ਕਰ ਕਰ ਥੱਕੀ ਜੁਗ ਜੁਗ ਭਗਤੀ, ਅੱਖਰਾਂ ਵਿਚ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਵਿਸ਼ਨ ਕਹੇ ਔਹ ਤੱਕ, ਹਰਿ ਕਰਤਾ ਬੇਪਰਵਾਹੀਆ । ਜਿਹੜਾ ਆਦਿ ਜੁਗਾਦਿ ਕਿਸੇ ਨਾ ਆਇਆ ਹੱਥ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਕੇ ਆਪਣੀ ਅੱਖ, ਆਖ਼ਰ ਆਪਣਾ ਰੰਗ ਰੰਗਾਈਆ । ਨਾਮ ਪਦਾਰਥ ਦੇ ਕੇ ਹਕ, ਹਕੀਕਤ ਵਿਚੋਂ ਦਿਤਾ ਪਰਗਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾ ਕੇ ਰਥ, ਬਣ ਰਥਵਾਹੀ ਸੇਵ ਕਮਾਈਆ । ਨਿਰਗੁਣ ਨਿਰਵੈਰ ਕਲਜੁਗ ਅੰਤ ਹੋ ਪਰਗਟ, ਜੋਤੀ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਚਾਰ ਵਰਨਾਂ ਵਣਜ ਕਰਾਈਆ । ਦੂਈ ਦਵੈਤੀ ਮੇਟ ਕੇ ਫੱਟ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਦੇ ਕੇ ਬ੍ਰਹਮ ਮਤ, ਬ੍ਰਹਮ ਵਿਦਿਆ ਰਿਹਾ ਸਮਝਾਈਆ । ਪ੍ਰਭ ਮਿਲਣ ਦੀ ਖੋਲ੍ਹ ਕੇ ਅੱਖ, ਦੋਏ ਲੋਚਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਿਸ਼ਨ ਕਹੇ ਵੇਖ

੨੯੫

ਖੇਲ ਕਰਤਾਰ, ਬ੍ਰਹਮੇ ਦੇਵਾਂ ਸਚ ਜਣਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਪੀਰ ਪੈਗ਼ੰਬਰ ਸੱਜਦਾ ਸੀਸ ਝੁਕਾਈਆ । ਰਸਨਾ ਜਿਹਵਾ ਬਿਨ ਬੱਤੀ ਦੰਦ ਉਚੀ ਕੂਕ ਕੂਕ ਰਹੇ ਪੁਕਾਰ, ਤੂੰਹੀ ਤੂੰ ਰਾਗ ਅਲਾਈਆ । ਨਮੋ ਨਮੋ ਨਮੋ ਨਿਮਸਕਾਰ, ਦਰ ਦਰ ਖ਼ਾਕ ਮਸਤਕ ਟਿੱਕਾ ਧੂੜ ਰਮਾਈਆ । ਤੇਰਾ ਜਲਵਾ ਪਰਵਰਦਿਗਾਰ, ਮੁਕਾਮੇ ਹਕ ਤੇਰੀ ਰੁਸ਼ਨਾਈਆ । ਸਚਖੰਡ ਤੇਰਾ ਆਧਾਰ, ਥਿਰ ਘਰ ਵੱਜੇ ਸ਼ਬਦ ਵਧਾਈਆ । ਕਰੇਂ ਖੇਲ ਅਗੰਮ ਅਪਾਰ, ਅਲੱਖ ਅਗੋਚਰ ਤੇਰੀ ਵਡ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵਸ ਕੇ ਬਾਹਰ, ਵਸਲ ਭਗਤਾਂ ਦਏ ਕਰਾਈਆ । ਆਪਣਾ ਅਸਲ ਕਰ ਇਜ਼ਹਾਰ, ਇਸ਼ਕ ਧੁਰ ਦਾ ਰੀਤ ਬਣਾਈਆ । ਨਿਰਗੁਣ ਸਚ ਕਰ ਗੁਫ਼ਤਾਰ, ਗੁਫ਼ਤ ਸ਼ੁਨੀਦ ਕਰੇਂ ਸ਼ਨਵਾਈਆ । ਤੇਰੀ ਮਜਲਸ ਸਾਂਝੇ ਯਾਰ, ਚੌਦਾਂ ਤਬਕ ਹੱਥ ਕਿਸੇ ਨਾ ਆਈਆ । ਈਸਾ ਮੂਸਾ ਮੁਹੰਮਦ ਨੇਤਰ ਰੋ ਰੋ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸਦੀ ਚੌਧਵੀਂ ਆਈ ਹਾਰ, ਚੌਦਸ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਪੀਰ ਪੈਗ਼ੰਬਰ ਕਹੇ ਪ੍ਰਭ ਤੇਰਾ ਬਰਦਾ, ਬੰਦਗੀ ਇਕੋ ਇਕ ਜਣਾਈਆ । ਤੂੰ ਲੇਖਾ ਜਾਣੇਂ ਘਰ ਘਰ ਦਾ, ਘਰ ਘਰ ਵਿਚ ਖੋਜ ਖੋਜਾਈਆ । ਤੇਰਾ ਕਲਮਾ ਦੋ ਜਹਾਨ ਪੜ੍ਹਦਾ, ਕਾਇਨਾਤ ਸਿਫ਼ਤ ਸਾਲਾਹੀਆ । ਜੋ ਜਨਮੇ ਸੋ ਅੰਤਮ ਮਰਦਾ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਥੋਂ ਡਰਦਾ, ਹੁਕਮੇ ਅੰਦਰ ਭੱਜੇ ਵਾਹੋ ਦਾਹੀਆ । ਬਿਨ ਤੇਰੀ ਕਿਰਪਾ ਸੰਤ ਭਗਤ ਗੁਰਮੁਖ ਗੁਰਸਿਖ ਸੂਫ਼ੀ ਪੌੜੀ ਕੋਈ ਨਾ ਚੜ੍ਹਦਾ, ਮੰਜ਼ਲ ਹੱਕ ਨਜ਼ਰ ਕਿਸੇ ਨਾ ਆਈਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਘਾੜਨ ਘੜਦਾ, ਘੜ ਘੜ ਵੇਖੇਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਵਿਸ਼ਨ ਕਹੇ ਬ੍ਰਹਮੇ ਔਹ ਵੇਖ ਸਾਥ, ਹਰਿ ਕਰਤਾ ਆਪ ਨਿਭਾਈਆ । ਮਿਹਰਵਾਨ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਫੇਰਾ ਪਾਈਆ । ਨਿਰਗੁਣ ਜੋਤ ਕਰ ਪਰਕਾਸ਼, ਸ਼ਬਦੀ ਡੰਕ ਗੁਰ ਨਾਦ ਵਜਾਈਆ । ਦੋ ਜਹਾਨਾਂ ਪਾ ਕੇ ਰਾਸ, ਬ੍ਰਹਿਮੰਡ ਖੰਡ ਰਿਹਾ ਨਚਾਈਆ । ਜਨ ਭਗਤਾਂ ਪੂਰੀ ਕਰਨਹਾਰਾ ਆਸ, ਪੂਰਬ ਲੇਖਾ ਰਿਹਾ ਚੁਕਾਈਆ । ਦਾਤਾ ਦਾਨੀ ਸਰਬ ਗੁਣ ਤਾਸ, ਗੁਣਵੰਤਾ ਵਡ ਵਡਿਆਈਆ । ਪਰਗਟ ਹੋਏ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ, ਧੁਰ ਫ਼ਰਮਾਨਾ ਹੁਕਮ ਮਨਾਈਆ । ਲੇਖਾ ਲਿਖਣਹਾਰਾ ਬਿਨ ਕਲਮ ਦਵਾਤ, ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਹਰਿ ਕਰਤਾ ਵਡ ਵਡਿਆਈਆ । ਜਨ ਭਗਤਾਂ ਬਣ ਮਲਾਹ, ਖੇਵਟ ਖੇਟਾ ਫੇਰਾ ਪਾਈਆ । ਲੱਖ ਚੁਰਸੀ ਵਿਚੋਂ ਥੋੜੇ ਆਪਣੇ ਕੰਧ ਉਠਾ, ਖ਼ੁਸ਼ੀਆਂ ਰਾਹ ਤਕਾਈਆ । ਨੇਤਰ ਲੋਚਣ ਇਕ ਖੁਲ੍ਹਾ, ਬਿਨ ਅੱਖਾਂ ਅੱਖ ਮਿਲਾਈਆ । ਬਿਨ ਰਸਨਾ ਜਿਹਵਾ ਢੋਲਾ ਗਾ, ਆਤਮ ਪਰਮਾਤਮ ਕਰੀ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਨਾਤਾ ਲਿਆ ਜੁੜਾ, ਏਥੇ ਓਥੇ ਨਾ ਹੋਏ ਜੁਦਾਈਆ । ਅਬਿਨਾਸ਼ੀ ਕਰਤਾ ਦੋ ਜਹਾਨਾਂ ਮਾਲਕ ਵਡ ਖ਼ਾਲਕ ਸਿੱਧਾ ਮਿਲਿਆ ਆ, ਜੋਗ ਅਭਿਆਸ ਲੋੜ ਰਹੀ ਨਾ ਰਾਈਆ । ਸੰਤ ਸੁਹੇਲੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਘਰ ਵਿਚ ਮੇਲੇ ਲਏ ਮਿਲਾ, ਬਾਹਰ ਖੋਜਣ ਕੋਇ ਨਾ ਜਾਈਆ । ਆਤਮ ਪਰਮਾਤਮ ਦਿਤਾ ਸਮਝਾ, ਸੋਹੰ ਢੋਲਾ ਇਕ ਦ੍ਰਿੜਾਈਆ । ਬਣ

ਵਿਚੋਲਾ ਨੂਰੀ ਨੂਰ ਜਲਵਾ ਦਿਤਾ ਦਰਸਾ, ਪੜਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਵਿਸ਼ਨੂੰ ਕਹੇ ਉਠ ਵੇਖ ਜਗਤ, ਚਾਰ ਕੁੰਟ ਧਿਆਨ ਲਗਾਈਆ । ਪਤਿਪਰਮੇਸ਼ਵਰ ਮੇਲਾ ਹੋਇਆ ਭਗਤ, ਭਗਵਨ ਆਪਣੀ ਦਇਆ ਕਮਾਈਆ । ਲੇਖੇ ਲਾ ਕੇ ਬੂੰਦ ਰਕਤ, ਗੁਰਮੁਖ ਗੁਰ ਗੁਰ ਗੋਦ ਬਹਾਈਆ । ਆਤਮ ਪਰਮਾਤਮ ਦੇ ਕੇ ਸ਼ਕਤ, ਸ਼ਖ਼ਸੀਅਤ ਸਾਚੀ ਦਿਤੀ ਸਮਝਾਈਆ । ਅੰਤਰ ਰਹਿਣ ਨਾ ਦਿਤਾ ਫ਼ਰਕ, ਬਾਹਰੋਂ ਸਮਝ ਕੋਇ ਨਾ ਪਾਈਆ । ਸ਼ਬਦੀ ਧਾਰ ਕੀਤੀ ਲਿਖਤ ਪੜ੍ਹਤ, ਅਰਜ਼ੀ ਨਵੀਸ ਕਲਮ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਖਾਈਆ । ਬ੍ਰਹਮਾ ਕਹੇ ਵਿਸ਼ਨੂੰ ਪ੍ਰਭ ਦੀ ਅਚਰਜ ਲੀਲਾ, ਲੇਖਾ ਸਮਝ ਕੁਛ ਨਾ ਪਾਈਆ । ਜਨ ਭਗਤਾਂ ਬਣ ਆਪ ਵਸੀਲਾ, ਵਸਲ ਧੁਰ ਦਾ ਦਿਤਾ ਕਰਾਈਆ । ਮੇਲ ਮਿਲਾਵਾ ਹੋਇਆ ਇਕੋ ਹੀਲਾ, ਹਰਿ ਜੂ ਆਇਆ ਵਾਹੋ ਦਾਹੀਆ । ਸੱਜਣ ਮਿਲਿਆ ਛੈਲ ਛਬੀਲਾ, ਨਾ ਮਰੇ ਨਾ ਜਾਈਆ । ਸਚਖੰਡ ਦਵਾਰੇ ਜਿਸ ਦਾ ਸਚ ਕਬੀਲਾ, ਸੰਤ ਸੁਹੇਲੇ ਰਿਹਾ ਵਸਾਈਆ । ਓਥੇ ਰੰਗ ਨਾ ਕੋਈ ਸੂਹਾ ਪੀਲਾ ਕਾਲਾ ਨੀਲਾ, ਚਿੱਟੀ ਧਾਰ ਨਾ ਕੋਇ ਵਡਿਆਈਆ । ਮਨ ਬੁਧ ਚਤੁਰਾਈ ਨਾ ਕੋਈ ਦਲੀਲਾ, ਖਾਣੀ ਬਾਣੀ ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਧੁਰ ਦਾ ਲੇਖਾ ਰਿਹਾ ਸਮਝਾਈਆ । ਵਿਸ਼ਨੂੰ ਕਹੇ ਮੈਂ ਵੇਖੇ ਪੜ੍ਹਦੇ, ਗੁਰਮੁਖ ਸੋਹੰ ਢੋਲਾ ਗਾਈਆ । ਅੰਤਮ ਪੌੜੇ ਓਸ ਚੜ੍ਹਦੇ, ਜੋ ਗੋਬਿੰਦ ਗਿਆ ਲਗਾਈਆ । ਨਿਰਭੈ ਹੋ ਕਿਸੇ ਕੋਲੋਂ ਨਾ ਡਰਦੇ, ਅੱਗੇ ਜਾਵਣ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਇਕੋ ਏਕ ਕਰਦੇ, ਧਾਰ ਏਕੰਕਾਰ ਵਿਚ ਸਮਾਈਆ । ਵੇਖੇ ਖੇਲ ਅਗੰਮੀ ਹਰਿ ਦੇ, ਹਿਰਦੇ ਵੜ ਕੇ ਰਿਹਾ ਤਰਾਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਤਰਦੇ, ਜਿਨ੍ਹਾਂ ਆਪਣੇ ਕੰਧ ਉਠਾਈਆ । ਕਰਨ ਇਸ਼ਨਾਨ ਸਚ ਸਰੋਵਰ ਸਰ ਦੇ, ਦੁਰਮਤ ਮੈਲ ਧਵਾਈਆ । ਓਹ ਸੱਜਣ ਕਦੇ ਨਾ ਮਰਦੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਓਹ ਅਗਨ ਕਦੇ ਨਾ ਸੜਦੇ, ਮੜ੍ਹੀ ਗੋਰ ਨਾ ਕੋਇ ਦਬਾਈਆ । ਸਚ ਦਵਾਰੇ ਸਾਚੇ ਖੜਦੇ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਸੀਸ ਚਰਨ ਕਵਲਾਂ ਉਤੇ ਧਰਦੇ, ਮਸਤਕ ਇਕੋ ਖ਼ਾਕ ਰਮਾਈਆ । ਦਰ ਗ਼ੁਲਾਮ ਤੇਰੇ ਬਰਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਰਿਹਾ ਮਿਲਾਈਆ । ਬ੍ਰਹਮਾ ਕਹੇ ਮੈਂ ਵੇਖਿਆ ਮੇਲਾ, ਮਿਲਣੀ ਜਗਦੀਸ ਕਰਾਈਆ । ਇਕੋ ਘਰ ਸੋਹੇ ਗੁਰੂ ਗੁਰ ਚੇਲਾ, ਚੇਲਾ ਗੁਰੂ ਨਜ਼ਰੀ ਆਈਆ । ਪਤਿਪਰਮੇਸ਼ਵਰ ਪਾਰਬ੍ਰਹਮ ਸੱਜਣ ਸੁਹੇਲਾ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਵਸਣਹਾਰਾ ਧਾਮ ਨਵੇਲਾ, ਹਰਿਜਨ ਵੇਖੇ ਚਾਈਂ ਚਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਅਚਰਜ ਖੇਲ ਪਾਰਬ੍ਰਹਮ ਖੇਲਾ, ਭੇਵ ਅਭੇਦਾ ਸਮਝ ਕਿਸੇ ਨਾ ਆਈਆ । ਹਰਿਜਨ ਸਾਚੇ ਸੰਤ ਸੁਹੇਲੇ ਚਾੜ੍ਹੇ ਤੇਲਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਵਿਸ਼ਨ ਕਹੇ ਬ੍ਰਹਮੇ ਉਠ ਚਲੀਏ ਧਾਹ, ਆਪਣਾ ਪੰਧ ਮੁਕਾਈਆ । ਵੇਖੀਏ ਖੇਲ ਬੇਪਰਵਾਹ, ਕੀ ਕਰਤਾ ਰਚਨ ਰਚਾਈਆ । ਨੇਤਰ ਲੋਚਣ ਮਿਹਰ ਨਾਲ ਦਰਸ਼ਨ ਲਈਏ ਪਾ, ਹਰਸ ਇਕ ਮਿਟਾਈਆ । ਲੋਕਮਾਤ ਕੀ ਖੇਲ ਰਿਹਾ ਵਰਤਾ, ਵਾਰਤਾ ਆਪਣੀ ਕੀ ਜਣਾਈਆ । ਮੰਜ਼ਲੋ ਮੰਜ਼ਲ ਪੰਧ ਲਈਏ ਮੁਕਾ, ਬਣ ਕੇ ਪਾਂਧੀ ਰਾਹੀਆ । ਸਚ ਦਵਾਰਾ ਵੇਖੀਏ ਜਾ, ਜਿਸ ਗ੍ਰਿਹ ਬੈਠਾ ਸੋਭਾ ਪਾਈਆ । ਵਿਸ਼ਨੂੰ ਕਹੇ ਮੇਰੀ ਏਹੋ

੨੯੭
੧੨

ਸਲਾਹ, ਚਲੀਏ ਵਾਹੋ ਦਾਹੀਆ । ਸਭ ਦਾ ਪਿਤਾ ਮਾਂ, ਗੋਦੀ ਦੋ ਜਹਾਨ ਉਠਾਈਆ । ਕਲਜੁਗ ਅੰਤ ਕੀ ਖੇਲ ਰਿਹਾ ਕਰਾ, ਕਰਨੀ ਕਰਤਾ ਕੀ ਕਮਾਈਆ । ਜਾ ਕੇ ਸੀਸ ਲਈਏ ਝੁਕਾ, ਦੋਏ ਜੋੜ ਜੋੜ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬ੍ਰਹਮਾ ਕਹੇ ਮੈਂ ਲਵਾਂ ਸੰਭਲ, ਆਪਣਾ ਆਪ ਉਠਾਈਆ । ਵਿਸ਼ਨੂੰ ਕਹੇ ਮੈਂ ਵੇਸ ਲਵਾਂ ਬਦਲ, ਰੂਪ ਅਨੂਪ ਧਰਾਈਆ । ਪੁੱਜੀਏ ਆਪਣੀ ਸਾਚੀ ਮੰਜ਼ਲ, ਪਿਛਲਾ ਪੰਧ ਚੁਕਾਈਆ । ਨਾਮ ਸੰਦੇਸਾ ਸੁਣੀਏ ਗ਼ਜ਼ਲ, ਜੋ ਢੋਲਾ ਰਿਹਾ ਗਾਈਆ । ਤਖ਼ਤ ਨਿਵਾਸੀ ਕੇਹੜਾ ਕਰਦਾ ਅਦਲ, ਅਦਾਲਤ ਇਕੋ ਇਕ ਸਮਝਾਈਆ । ਸਾਚੀ ਸੇਜ ਕਰਾਏ ਵਸਲ, ਅਸਲ ਆਪਣੇ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਵਿਸ਼ਨੂੰ ਕਹੇ ਵੇਖ ਮੁਕਿਆ ਪੰਧ, ਪਾਂਧੀ ਬੈਠੇ ਆਈਆ । ਜਨ ਭਗਤਾਂ ਚੜ੍ਹਿਆ ਨੂਰੀ ਚੰਦ, ਗੁਰਮੁਖ ਕਰਨ ਰੁਸ਼ਨਾਈਆ । ਸਭ ਦੇ ਵੇਖ ਬੰਦ ਬੱਤੀ ਦੰਦ, ਹਿਰਦੇ ਹਰਿ ਜੂ ਰਹੇ ਧਿਆਈਆ । ਨਜ਼ਰੀ ਆਏ ਇਕੋ ਗੁਜਰੀ ਚੰਦ, ਜਿਸ ਦੀ ਚੰਦ ਸੋਭਾ ਕਰ ਨਾ ਸਕੇ ਸਮਝਾਈਆ । ਜਿਸ ਦਾ ਲੇਖਾ ਉਪਰ ਬ੍ਰਹਿਮੰਡ, ਨੌਂ ਖੰਡ ਵੱਜੀ ਵਧਾਈਆ । ਸੋ ਨਾਮ ਪਦਾਰਥ ਇਕੋ ਵੰਡ, ਚਾਰ ਵਰਨਾਂ ਝੋਲੀ ਰਿਹਾ ਭਰਾਈਆ । ਧੁਰ ਦਾ ਢੋਲਾ ਸੁਣਾਉਣਾ ਛੰਦ, ਸੱਚਾ ਰਾਗ ਅਲਾਈਆ । ਗੁਰਮੁਖਾਂ ਪੂਰੀ ਕਰ ਕੇ ਮੰਗ, ਆਸਾ ਤ੍ਰਿਸਨਾ ਦਏ ਬੁਝਾਈਆ । ਸਾਢੇ ਤਿੰਨ ਹੱਥ ਕਾਇਆ ਚੋਲੀ ਰੰਗ, ਰੰਗ ਅਗੰਮੀ ਦਏ ਚੜ੍ਹਾਈਆ । ਅੰਤਰ ਆਤਮ ਇਕ ਅਨੰਦ, ਪਰਮਾਨੰਦ ਵਿਚ ਰਖਾਈਆ । ਜੁਗ ਜਨਮ ਦੀ ਪਿਛਲੀ ਗੰਢ, ਨਾਤਾ ਧੁਰ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬ੍ਰਹਮਾ ਕਹੇ ਔਹ ਵੇਖ ਲੇਖਾ ਲਿਖਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੋਏ ਲੋਚਣ ਕਿਸੇ ਨਾ ਦਿਸਦਾ, ਭਰਮੇ ਭੁਲੀ ਸਰਬ ਲੋਕਾਈਆ । ਕਿਸੇ ਦੇ ਉਤੇ ਕਦੇ ਨਾ ਵਿਸਦਾ, ਬੇਪਰਵਾਹ ਵਡੀ ਵਡਿਆਈਆ । ਕਰੇ ਖੇਲ ਅਗੰਮੀ ਛਿਨ ਦਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਲਹਿਣਾ ਦੇਣਾ ਚੁਕਾਏ ਰੈਣ ਦਿਨ ਦਾ, ਭਿੰਨੜੀ ਵੰਡ ਵੰਡਾਈਆ । ਆਦਿ ਜੁਗਾਦਿ ਜੁਗ ਚੌਕੜੀ ਲੋਕ ਪਰਲੋਕ ਦੋ ਜਹਾਨ ਬ੍ਰਹਿਮੰਡ ਖੰਡ ਆਪੇ ਮਿਣਦਾ, ਚਰਨ ਕਵਲਾਂ ਹੇਠ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਿਖਿਆ ਇਕ ਸਮਝਾਈਆ । ਵਿਸ਼ਨੂੰ ਕਹੇ ਮੈਂ ਵੇਖੀ ਸਿਖਿਆ, ਸਾਖਿਆਤ ਰਿਹਾ ਦ੍ਰਿੜਾਈਆ । ਜਨ ਭਗਤਾਂ ਪਾਏ ਧੁਰ ਦੀ ਭਿਛਿਆ, ਆਤਮ ਝੋਲੀ ਆਪ ਭਰਾਈਆ । ਦਿਵਸ ਰੈਣ ਕਰੇ ਰਿਛਿਆ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਜਗਤ ਜੀਵ ਕਿਸੇ ਨਾ ਦਿਸਿਆ, ਗੁਰਮੁਖ ਵੇਖ ਖ਼ੁਸ਼ੀ ਮਨਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਲਹਿਣਾ ਅੰਤ ਨਜਿਠਿਆ, ਗੁਰ ਅਵਤਾਰ ਪੀਰ ਪੈਗ਼ੰਬਰ ਸੱਦ ਬਹਾਈਆ । ਸ਼ਬਦ ਅਗਾਧ ਬੋਧ ਜੋ ਵਾਕ ਭਵਿਖਤ ਲਿਖਿਆ ਚਿਠਿਆ, ਵਰਕਾ ਵਰਕਾ ਰਿਹਾ ਉਠਾਈਆ । ਵੇਖੋ ਖੇਲ ਅਗਲਾ ਅਨਡਿਠਿਆ, ਅਨਡਿਠੜੀ ਕਾਰ ਸਮਝਾਈਆ । ਜਨ ਭਗਤਾਂ ਕਰਨ ਆਇਆ ਹਿਤਿਆ, ਹਿਤਕਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਮਿਹਰ ਨਜ਼ਰ ਕਰੇ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਜਨ ਭਗਤਾਂ ਰਿਹਾ ਉਧਾਰ, ਭਗਤ ਵਛਲ ਸੱਚਾ ਸ਼ਹਿਨਸ਼ਾਹੀਆ । ਸਾਚੀ ਸਿਖਿਆ ਦਸੇ ਸੰਸਾਰ, ਜ਼ਾਤ ਪਾਤ ਵਰਨ ਬਰਨ ਡੇਰਾ ਢਾਹੀਆ । ਲੇਖਾ ਲਿਖਿਆ

੨੯੮
੧੨

ਪੂਰਾ ਕਰਨਹਾਰ, ਹਰਿ ਜੂ ਹਰਿ ਮੰਦਰ ਇਕ ਸੁਹਾਈਆ । ਜਿਥੇ ਨੌਬਤ ਵੱਜੇ ਨਾਮ ਨਗਾਰ, ਢੋਲਕ ਛੈਣਾ ਨਾ ਕੋਇ ਖੜਕਾਈਆ । ਦੀਵਾ ਬਾਤੀ ਕਮਲਾਪਾਤੀ ਇਕੋ ਕਰੇ ਉਜਿਆਰ, ਬਾਤੀ ਤੇਲ ਨਾ ਕੋਇ ਡਗਮਗਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਦਿਵਸ ਰੈਣ ਵੱਜੇ ਵਧਾਈਆ । ਮਹੱਲ ਅਟਲ ਸੁਹਾਏ ਆਪ ਕਰਤਾਰ, ਕਰਤਾ ਕਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਆਪਣੀ ਕਰਨੀ ਵੇਖੇ ਕਰਦਾ, ਕਰਨਹਾਰ ਇਕ ਅਖਵਾਇੰਦਾ । ਸੰਤ ਸੁਹੇਲੇ ਗੁਰਮੁਖ ਵਰਦਾ, ਹਰਿਜਨ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਆਪੇ ਫੜਦਾ, ਲੱਖ ਚੁਰਾਸੀ ਖੋਜ ਖੋਜਾਇੰਦਾ । ਸਾਚੇ ਮੰਦਰ ਪੌੜੇ ਚੜ੍ਹਦਾ, ਸੁਖਮਨ ਟੇਢੀ ਬੰਕ ਈੜਾ ਪਿੰਗਲ ਰਾਹ ਵਿਚ ਨਾ ਕੋਇ ਅਟਕਾਇੰਦਾ । ਭੇਵ ਖੁਲ੍ਹਾ ਕੇ ਆਪਣੇ ਘਰ ਦਾ, ਸੁਰਤ ਸਵਾਣੀ ਸ਼ਬਦ ਹਾਣੀ ਨਾਲ ਮਿਲਾਇੰਦਾ । ਭੇਵ ਚੁਕਾ ਪ੍ਰੀਤਮ ਪਿਰ ਦਾ, ਪਿਛਲਾ ਲੈਣਾ ਝੋਲੀ ਪਾਇੰਦਾ । ਜਨ ਭਗਤ ਦਵਾਰੇ ਨਿਰਗੁਣ ਧਾਰ ਹੋ ਕੇ ਫਿਰਦਾ, ਖੋਜਤ ਖੋਜਤ ਵੇਖ ਵਖਾਇੰਦਾ । ਕਲਜੁਗ ਅੰਤਮ ਗੇੜਾ ਵੇਖੇ ਗਿੜਦਾ, ਹਰਿ ਜੂ ਉਲਟੀ ਲੱਠ ਭਵਾਇੰਦਾ । ਲੇਖਾ ਜਾਣੇ ਹਰ ਘਟ ਦਿਲ ਦਾ, ਦਿਲਬਰ ਹੋ ਕੇ ਵੇਖ ਵਖਾਇੰਦਾ । ਪੜਦਾ ਲਾਹੇ ਬਜਰ ਕਪਾਟੀ ਸਿਲ ਦਾ, ਸੀਤਲ ਧਾਰ ਅੰਮ੍ਰਿਤ ਇਕ ਚੁਆਇੰਦਾ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲਾ ਮਿਲਦਾ, ਜਿਸ ਮਿਲਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪ ਉਠਾਇੰਦਾ । ਵਿਸ਼ਨ ਕਹੇ ਮੈਂ ਜਨ ਭਗਤ ਵੇਖੇ ਉਠਦੇ, ਜਾਗਤ ਸੋਵਤ ਇਕੋ ਲੈਣ ਅੰਗੜਾਈਆ । ਨਾਮ ਪਦਾਰਥ ਵੇਖੇ ਲੁਟਦੇ, ਬਿਨ ਹੱਥਾਂ ਝੋਲੀ ਰਹੇ ਭਰਾਈਆ । ਆਪਣੀ ਮੀਟੀ ਅੰਦਰ ਵੇਖੇ ਪੁਗਦੇ, ਬਾਜ਼ੀ ਅੰਤ ਜਿੱਤ ਰੂਪ ਵਟਾਈਆ । ਸਾਹਮਣੇ ਪੈਂਡੇ ਵੇਖੇ ਮੁਕਦੇ, ਜਿਨ੍ਹਾਂ ਆਪਣੀ ਗੋਦ ਬਹਾਈਆ । ਉਹ ਭਗਤ ਕਿਸੇ ਕੋਲੋਂ ਕੁਛ ਨਾ ਪੁਛਦੇ, ਸਿੱਧੇ ਮਿਲਣ ਚਾਈਂ ਚਾਈਂਆ । ਵਿਸ਼ਨੂੰ ਕਹੇ ਬ੍ਰਹਮਾ ਓਹ ਸਾਡੇ ਕੋਲੋਂ ਨਹੀਂ ਰੁਕਦੇ, ਜਿਨ੍ਹਾਂ ਮਿਲਿਆ ਸ਼ਹਿਨਸ਼ਾਹੀਆ । ਉਹ ਮਾਲਕ ਧਾਮ ਉਚ ਦੇ, ਸਚਖੰਡ ਵਸਣ ਡੇਰਾ ਲਾਈਆ । ਉਥੇ ਹੋਰ ਕੋਇ ਨਾ ਪੁਜਦੇ, ਕੋਟਨ ਕੋਟ ਰਾਹ ਵਿਚ ਬੈਠੇ ਢੇਰੀਆਂ ਢਾਹੀਆ । ਪ੍ਰਭ ਚਰਨ ਪ੍ਰੀਤੀ ਮੌਜਾਂ ਲੁਟਦੇ, ਖ਼ੁਸ਼ੀਆਂ ਰੰਗ ਚੜ੍ਹਾਈਆ । ਓਥੇ ਲੇਖ ਨਹੀਂ ਓਹਲੇ ਲੁਕ ਦੇ, ਪੜਦਾ ਨਜ਼ਰ ਕੋਇ ਨਾ ਆਈਆ । ਸੰਤ ਸੁਹੇਲੇ ਸ਼ਬਦੀ ਧਾਰ ਬੁੱਕਦੇ, ਭਬਕ ਇਕੋ ਨਾਮ ਸੁਣਾਈਆ । ਉਥੇ ਮੇਲੇ ਪਿਉ ਪੁਤ ਦੇ, ਗੋਬਿੰਦ ਆਪਣਾ ਰੰਗ ਰੰਗਾਈਆ । ਇਕੋ ਸਾਹਿਬ ਸੁਲਤਾਨ ਸੀਸ ਝੁਕਦੇ, ਦੂਜਾ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਗੋਦ ਬਹਾਈਆ । ਬ੍ਰਹਮਾ ਕਹੇ ਸਚ ਇਹ ਹੋਇਆ, ਹੈਰਾਨੀ ਮੇਰੇ ਉਤੇ ਛਾਈਆ । ਗੁਰਮੁਖ ਜਾਗਦਾ ਵੇਖਿਆ ਲੋਕਮਾਤ ਨਾ ਸੋਇਆ, ਸੁਰਤੀ ਸ਼ਬਦ ਨਾਲ ਮਿਲਾਈਆ । ਸਾਹਿਬ ਸੁਆਮੀ ਅੰਮ੍ਰਿਤ ਆਤਮ ਇਕੋ ਚੋਇਆ, ਨਿਝਰ ਝਿਰਨਾ ਦਿਤਾ ਝਿਰਾਈਆ । ਉਹ ਗੁਰਸਿਖ ਕਦੇ ਨਾ ਮੋਇਆ, ਲਾੜੀ ਮੌਤ ਚਰਨਾਂ ਹੇਠ ਦਬਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸਤ ਅਮੋਲਕ ਦੇਵੇ ਢੋਆ, ਆਪਣਾ ਨਾਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਕੀ ਦੱਸਾਂ ਖੇਲ ਦਾਤਾਰ, ਮੈਨੂੰ ਉਂਗਲੀ ਨਾਲ ਲਗਾਈਆ । ਮਾਤਲੋਕ ਦਾ ਦੱਸ ਵਿਹਾਰ, ਬਿਵਹਾਰੀ ਦਿਤਾ ਸਮਝਾਈਆ । ਮੇਰਾ ਉਨ੍ਹਾਂ ਨਾਲ ਪਿਆਰ, ਜਿਨ੍ਹਾਂ ਅੰਤਰ ਆਤਮ ਇਕ ਲਿਵ ਲਾਈਆ । ਨਾਤਾ ਤੁੱਟਾ ਕੂੜ

ਸੰਸਾਰ, ਮਿਲਿਆ ਇਕੋ ਇਕ ਬੇਪਰਵਾਹੀਆ । ਢੋਲਾ ਗਾਉਂਦੇ ਧੁਰ ਦੀ ਵਾਰ, ਸੋਹੰ ਰਾਗ ਅਲਾਈਆ । ਆਤਮ ਪਰਮਾਤਮ ਦੇ ਅਧਾਰ, ਬ੍ਰਹਮ ਪਾਰਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਵਾਹ, ਵਾਹਵਾ ਤੇਰੀ ਵਡਿਆਈਆ । ਤੂੰ ਦਾਤਾ ਬੇਪਰਵਾਹ, ਬੇਅੰਤ ਤੇਰੀ ਸਰਨਾਈਆ । ਤੂੰ ਮੁਕਾਮੇ ਹੱਕ ਰਹਿਣ ਵਾਲਾ ਖ਼ੁਦਾ, ਨੂਰੋ ਨੂਰ ਰੁਸ਼ਨਾਈਆ । ਤੂੰ ਸਚਖੰਡ ਨਿਵਾਸੀ ਸ਼ਹਿਨਸ਼ਾਹ, ਨਰ ਨਿਰੰਕਾਰ ਤੇਰੀ ਓਟ ਤਕਾਈਆ । ਤੂੰ ਰਾਮ ਰਾਮਾ ਰੂਪ ਨਿਰਾਕਾਰ ਰਿਹੋਂ ਅਖਵਾ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਤੂੰ ਸਾਚਾ ਕਾਹਨ ਕੋਟਨ ਕੋਟ ਗੋਪੀ ਰਿਹਾਂ ਹੰਡਾ, ਮਹੱਲ ਅਟਲ ਇਕੋ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾ, ਗੁਰ ਅਵਤਾਰ ਪੀਰ ਪੈਗੰਬਰ ਮਾਰਗ ਦਿਤਾ ਸਮਝਾਈਆ । ਕਲਜੁਗ ਅੰਤਮ ਵੇਸ ਵਟਾ, ਡੰਕਾ ਇਕੋ ਨਾਮ ਸੁਣਾਈਆ । ਕਲ ਕਲਕੀ ਆਪ ਅਖਵਾ, ਸੰਬਲ ਲੇਖਾ ਰਿਹਾ ਚੁਕਾਈਆ । ਹਰਿਮੰਦਰ ਇਕ ਵਸਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਸਾਚੇ ਭਗਤਾਂ ਲਿਆ ਜਗਾ, ਸੰਤਾਂ ਸਤਿ ਸਤਿ ਸਮਝਾਈਆ । ਗੁਰਮੁਖਾਂ ਅੱਖ ਲਈ ਖੁਲ੍ਹਾ, ਗੁਰਸਿਖਾਂ ਉਂਗਲੀਆਂ ਨਾਲ ਉਠਾਈਆ । ਸਾਚਾ ਬੇੜਾ ਲਿਆ ਬੰਨ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਲੇਖੇ ਲਾਈਆ । ਵਿਸ਼ਨ ਬ੍ਰਹਮਾ ਤੇਰੀ ਸੁਣ ਪੁਕਾਰ, ਹਰਿ ਕਰਤਾ ਅੰਤ ਜਣਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਨਰ ਹਰਿ ਆਪਣੀ ਸੇਵ ਕਮਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਈਆ । ਸੰਤ ਸੁਹੇਲੇ ਲਏ ਉਠਾਲ, ਭਗਤ ਭਗਵਾਨ ਆਪ ਮਿਲਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਠਾਕਰ ਹੋਇਆ ਸਹਾਈਆ । ਲੇਖ ਚੁਕਾਏ ਸ਼ਾਹ ਕੰਗਾਲ, ਰਾਓ ਰੰਕ ਰਾਜ ਰਾਜਾਨ ਇਕੋ ਘਰ ਬਹਾਈਆ । ਏਥੇ ਓਥੇ ਦਰਗਾਹ ਸਾਚੀ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜਣਾਏ ਇਕ ਨਿਸ਼ਾਨ, ਨਿਸ਼ਾਨਾ ਦੋ ਜਹਾਨਾਂ ਰਿਹਾ ਝੁਲਾਈਆ । ਸਚ ਨਿਸ਼ਾਨਾ ਧੁਰ ਦਾ ਝੁਲਦਾ, ਝੁਲਾਵਣਹਾਰ ਇਕ ਅਖਵਾਇੰਦਾ । ਦੂਸਰ ਕੋਇ ਨਾ ਉਹਦੇ ਤੁਲਦਾ, ਤਾਣ ਨਜ਼ਰ ਕੋਇ ਨਾ ਆਇੰਦਾ । ਉਹ ਲੇਖਾ ਜਾਣੇ ਜਨ ਭਗਤਾਂ ਕੁਲ ਦਾ, ਕੁਲਵੰਤਾ ਆਪਣਾ ਫੇਰਾ ਪਾਇੰਦਾ । ਆਦਿ ਜੁਗਾਦਿ ਕਦੇ ਨਾ ਭੁੱਲਦਾ, ਭੁੱਲਿਆ ਮਾਰਗ ਆਪੇ ਪਾਇੰਦਾ । ਸਾਚੇ ਸੰਤਾ ਨਾਲ ਫਲਦਾ ਫੁਲਦਾ, ਗੁਰਮੁਖ ਗੁਰਸਿਖ ਗੁਲਸ਼ਨ ਆਪਣਾ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਵਿਸ਼ਨੂੰ ਵੇਖ ਗੁਰਮੁਖ ਹੱਸਦੇ, ਖ਼ੁਸ਼ੀਆਂ ਤਾਲ ਵਜਾਈਆ । ਗੀਤ ਗਾਵਣ ਪ੍ਰਭੂ ਦੇ ਜਸ ਦੇ, ਪੁਰਖ ਅਕਾਲ ਇਕ ਮਨਾਈਆ । ਲੇਖੇ ਚੁੱਕੇ ਮੰਦਰ ਮਠ ਦੇ, ਮਸੀਤ ਮਸਲਾ ਹਲ ਨਾ ਕੋਇ ਕਰਾਈਆ । ਮਣਕਾ ਮਣਕਾ ਮਨ ਨਾ ਕੋਇ ਰਟਦੇ, ਮਣਕਾ ਮਨ ਕਾ ਗਏ ਭਵਾਈਆ । ਇਕੋ ਸੀਸ ਸਾਹਿਬ ਚਰਨਾਂ ਉਤੇ ਰੱਖਦੇ, ਦੂਸਰ ਓਟ ਨਾ ਕੋਇ ਤਕਾਈਆ । ਸਚ ਦਵਾਰੇ ਇਕੋ ਵਸਦੇ, ਜਿਸ ਘਰ ਵਸੇ ਬੇਪਰਵਾਹੀਆ । ਉਥੇ ਮੇਲੇ ਤੀਜੀ ਅੱਖ ਦੇ, ਨਿਜ ਨੇਤਰ ਹੋਏ ਰੁਸ਼ਨਾਈਆ । ਏਸੇ ਗੱਲ ਤੋਂ ਸਾਧ ਸੰਤ ਨੱਠਦੇ, ਅੰਦਰ ਵੜ ਕੇ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਸਾਰੇ ਰਟਦੇ, ਹੋਕਾ ਦੇ ਕੇ ਜਗਤ ਸੁਣਾਈਆ । ਗੀਤ ਗੌਂਦੇ ਧੰਨੇ ਜੱਟ ਦੇ, ਧੰਨਾ ਬਣ ਨਾ ਕੋਇ ਵਖਾਈਆ । ਘਾਓ ਜਾਨਣ ਨਾ ਅਗੰਮੀ ਫਟ ਦੇ, ਜੋ ਗੋਬਿੰਦ ਸ਼ਬਦ ਖੰਡੇ ਨਾਲ ਲਗਾਈਆ । ਦਰਵਾਜੇ ਖੁਲ੍ਹੇ

ਨਹੀਂ ਦਿਸੇ ਧੁਰ ਦੇ ਹੱਟ ਦੇ, ਪ੍ਰਭੂ ਮੇਲ ਨਾ ਕੋਇ ਮਿਲਾਈਆ । ਮੇਲੇ ਬਣੇ ਰਹੇ ਤ੍ਰੈਗੁਣ ਮਾਇਆ ਰਤ ਦੇ, ਪੰਜ ਤਤ ਪੂਜਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰਿਹਾ ਉਠਾਈਆ । ਵਿਸ਼ਨੂੰ ਕਹੇ ਬ੍ਰਹਮਾ ਉਹ ਵੇਖ ਜੋਗ, ਪ੍ਰਭੂ ਸਚ ਸਚ ਦ੍ਰਿੜਾਈਆ । ਜਨ ਭਗਤਾਂ ਹਉਮੇ ਚੁੱਕਿਆ ਰੋਗ, ਹੰਗਤਾ ਬੈਠੀ ਮੁਖ ਛੁਪਾਈਆ । ਬ੍ਰਹਮਾ ਕਹੇ ਮੈਨੂੰ ਹੋਈ ਖ਼ੁਸ਼ੀ ਬ੍ਰਹਮ ਦਾ ਪਾਰਬ੍ਰਹਮ ਨਾਲ ਹੋਇਆ ਸੰਜੋਗ, ਸਾਢੇ ਤਿੰਨ ਹੱਥ ਘਰ ਵੱਜੀ ਵਧਾਈਆ । ਲੇਖਾ ਚੁੱਕਿਆ ਹਰਖ਼ ਸੋਗ, ਚਿੰਤਾ ਕੋਇ ਰਹਿਣ ਨਾ ਪਾਈਆ । ਗੁਰਮੁਖਾਂ ਸੀਸ ਨਿਵਾਉਂਦੇ ਚੌਦਾਂ ਲੋਕ, ਚੌਦਾਂ ਤਬਕ ਲਾਗਣ ਪਾਈਆ । ਜਿਨ੍ਹਾਂ ਗਾਇਆ ਪ੍ਰਭ ਦਾ ਸਲੋਕ, ਸੋਹੰ ਢੋਲਾ ਇਕ ਸੁਣਾਈਆ । ਤਿਨ੍ਹਾਂ ਦੀ ਪ੍ਰਭ ਨੇ ਕਰਕੇ ਆਪ ਖੋਜ, ਕਲਜੁਗ ਮੇਲਾ ਲਿਆ ਮਿਲਾਈਆ । ਪੁਰਖ ਅਕਾਲ ਦੇ ਅਗੰਮੀ ਚੋਜ, ਜਨ ਭਗਤਾਂ ਆਪ ਜਣਾਈਆ । ਸਾਚੇ ਸੰਤ ਘਰ ਬੈਠਿਆਂ ਦਰਸ਼ਨ ਕਰਦੇ ਰੋਜ਼, ਸੁਤਿਆਂ ਜਾਗਦਿਆਂ ਇਕੋ ਰੰਗ ਵਖਾਈਆ । ਤਿਨ੍ਹਾਂ ਗੁਰਮੁਖਾਂ ਨਾਮ ਦੀ ਲੱਗ ਗਈ ਸਾਚੀ ਝੋਕ, ਭੰਗ ਫ਼ੀਮ ਪੋਸਤ ਨਸ਼ਾ ਕੰਮ ਕੋਇ ਨਾ ਆਈਆ । ਅੰਦਰ ਵੜ ਕੇ ਮੰਦਰ ਚੜ ਕੇ ਗੌਂਦੇ ਸਚ ਸਲੋਕ, ਮੈਂ ਤੇਰਾ ਤੂੰ ਮੇਰਾ ਸੱਚਾ ਮਾਹੀਆ । ਉਥੇ ਸਾਹਿਬ ਸੁਆਮੀ ਆਪੇ ਜਾਏ ਪਹੁੰਚ, ਸ਼ਬਦੀ ਸਤਿਗੁਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਖੋ ਦੇਵੇ ਵਡਿਆਈ ਵੱਡਾ, ਮਿਹਰ ਨਜ਼ਰ ਨਾਲ ਤਰਾਈਆ । ਲੇਖ ਚੁਕਾਏ ਬੁੱਢਾ ਨੱਢਾ, ਜੋਬਨ ਇਕੋ ਰੰਗ ਰੰਗਾਈਆ । ਜਨਮ ਕਰਮ ਦੀ ਤੋੜ ਕੇ ਹੱਦਾ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਸਚ ਦਵਾਰੇ ਦੇ ਕੇ ਸੱਦਾ, ਗੁਰਮੁਖ ਲਏ ਮਨਾਈਆ । ਮਿਹਰਵਾਨ ਹੋ ਕੇ ਪੜਦਾ ਕੱਜਾ, ਸ਼ਬਦ ਦੁਸ਼ਾਲਾ ਓਢਨ ਇਕ ਵਖਾਈਆ । ਦੂਰ ਦੁਰਾਡਾ ਆਇਆ ਭੱਜਾ, ਸਚਖੰਡ ਨਿਵਾਸੀ ਫੇਰਾ ਪਾਈਆ । ਜਿਨ੍ਹਾਂ ਗੁਰਮੁਖਾਂ ਦਾ ਪਿਛੇ ਨਾਲੋਂ ਸੋਹਣਾ ਬਣਿਆ ਅੱਗਾ, ਅੱਗੇ ਸਕੇ ਨਾ ਕੋਇ ਅਟਕਾਈਆ । ਉਹ ਹੰਸ ਡਾਰ ਕਦੇ ਨਾ ਰਲਣ ਕੱਗਾਂ, ਕਾਗ ਵਾਂਗ ਨਾ ਕੋਇ ਕੁਰਲਾਈਆ । ਲੇਖਾ ਚੁਕਿਆ ਬਗਲਾ ਬਪਰਾ ਬੱਗਾ, ਸਿਰ ਆਪਣਾ ਹੱਥ ਟਿਕਾਈਆ । ਦਰਸ ਵਖਾਏ ਉਪਰ ਸ਼ਾਹ ਰਗਾ, ਘਰ ਪੜਦਾ ਦਏ ਉਠਾਈਆ । ਤ੍ਰੈਗੁਣ ਅਗਨ ਨਾ ਤਪਾਏ ਅੱਗਾ, ਪੰਜ ਤਤ ਨਾ ਕੋਇ ਲੜਾਈਆ । ਨਾਮ ਨਗਾਰਾ ਉਥੇ ਵੱਜਾ, ਜਿਸ ਘਰ ਗੁਰਮੁਖ ਖ਼ੁਸ਼ੀਆਂ ਰਿਹਾ ਮਨਾਈਆ । ਬਿਨ ਮੱਕਿਉਂ ਕਾਅਬਿਉਂ ਕਰਾਇਆ ਹੱਜਾ, ਹੁਜਰਾ ਹੱਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਤਰਾਈਆ । ਵਿਸ਼ਨ ਕਹੇ ਪ੍ਰਭ ਭਗਤ ਅਧਾਰੀ, ਆਦਿ ਜੁਗਾਦਿ ਅਖਵਾਈਆ । ਕਲਜੁਗ ਅੰਤਮ ਖੇਲ ਨਿਆਰੀ, ਨਿਰਗੁਣ ਨਿਰੰਕਾਰ ਆਪ ਜਣਾਈਆ । ਕਲ ਕਲਕੀ ਲਏ ਅਵਤਾਰੀ, ਜੋਤੀ ਜਾਤਾ ਵੇਸ ਵਟਾਈਆ । ਪ੍ਰੇਮ ਪਿਆਰ ਦਾ ਬਣ ਵਪਾਰੀ, ਘਰ ਘਰ ਵੇਖੇ ਥਾਉਂ ਥਾਈਂਆ । ਜਿਨ੍ਹਾਂ ਅੰਤਰ ਆਤਮ ਲੱਗੀ ਯਾਰੀ, ਸੋ ਸੱਜਣ ਰਿਹਾ ਉਠਾਈਆ । ਗੁਰਸਿਖ ਸੁਰਤੀ ਰਹੇ ਨਾ ਕੋਇ ਕੁਆਰੀ, ਸ਼ਬਦ ਹਾਣੀ ਮੇਲ ਮਿਲਾਈਆ । ਖ਼ੁਸ਼ੀਆਂ ਨਾਲ ਬੋਲੀ ਭਿੰਨੜੀ ਰੈਣ ਅੱਜ ਸੋਹਣੀ ਲੱਗੇ ਦਿਹਾੜੀ, ਤਿਉਹਾਰ ਧੁਰ ਦਾ ਰਹੀ ਮਨਾਈਆ । ਮਿਲਿਆ ਮੇਲ ਜੋਤ ਨਿਰੰਕਾਰੀ, ਨਿਰਵੈਰ ਖੇਲ ਖਿਲਾਈਆ । ਇਕ ਸੱਤ ਦਾ ਵਣਜ ਵਪਾਰੀ, ਸਤਾਰਾਂ ਸਾਵਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਕ ਸੱਤ ਕਹੇ ਮੈਂ ਦੱਸਾਂ ਹਾਲ,

ਪਿਛਲਾ ਆਪ ਜਣਾਈਆ । ਜਿਸ ਦੇ ਸੰਗ ਵਸਿਆ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਈਆ । ਜੋ ਦੇਂਦਾ ਰਿਹਾ ਅਹਿਵਾਲ, ਧੁਰ ਦਾ ਸੰਦੇਸ ਸੁਣਾਈਆ । ਜਿਸ ਦਾ ਪਿਤਾ ਪੁਰਖ ਅਕਾਲ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਸੰਬਲ ਸਚ ਮਕਾਨ, ਹਰਿ ਮੰਦਰ ਡੇਰਾ ਲਾਈਆ । ਜਿਸ ਦਾ ਨਾਮ ਬਿਨਾ ਜ਼ਬਾਨ, ਢੋਲਾ ਸ਼ਬਦ ਨਾਦ ਅਲਾਈਆ । ਜਿਸ ਦਾ ਕਲਮਾ ਨਬੀ ਰਸੂਲ ਦੇਣ ਪੈਗ਼ਾਮ, ਹਜ਼ਰਤ ਕਰਨ ਪੜ੍ਹਾਈਆ । ਸੋ ਖੇਲ ਕਰੇ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀਆਂ ਲੋਆਂ ਵੇਖ ਇੰਤਜ਼ਾਮ, ਨਵ ਸੱਤ ਖੋਜ ਖੋਜਾਈਆ । ਸਦੀ ਚੌਧਵੀਂ ਸਭ ਨੂੰ ਲਾਏ ਆਪ ਇਲਜ਼ਾਮ, ਆਲਮ ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਗਾਹੀਆ । ਧੁਰ ਦਰਗਾਹੀ ਲੇਖ ਅਵੱਲਾ, ਆਦਿ ਜੁਗਾਦਿ ਆਪ ਕਰਾਇੰਦਾ । ਕਲ ਕਲਕੀ ਪਰਗਟ ਹੋਏ ਇਕ ਇਕੱਲਾ, ਅਕਲ ਕਲਧਾਰੀ ਫੇਰਾ ਪਾਇੰਦਾ । ਦਾਤਾ ਜੋਧਾ ਸੂਰਬੀਰ ਅਛਲ ਅਛੱਲਾ, ਵਲ ਛਲ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾ ਕੇ ਰਾਣੀ ਅੱਲਾ, ਆਲਮਗੀਰ ਆਪਣਾ ਹੁਕਮ ਮਨਾਇੰਦਾ । ਜੁਗ ਚੌਕੜੀ ਜੋ ਫੜਾਉਂਦਾ ਰਿਹਾ ਪੱਲਾ, ਦਾਮਨਗੀਰ ਇਕੋ ਨਜ਼ਰੀ ਆਇੰਦਾ । ਸਚ ਸੰਦੇਸ਼ ਸਦਾ ਇਕੋ ਘੱਲਾ, ਦੋ ਜਹਾਨਾਂ ਹੁਕਮ ਮਨਾਇੰਦਾ । ਕਲਜੁਗ ਅੰਤ ਲੱਖ ਚੁਰਾਸੀ ਜੀਵ ਜੰਤ ਹੋਵੇ ਝੱਲਾ, ਝਲਕ ਨਰ ਹਰਿ ਨਾ ਕਿਸੇ ਜਣਾਇੰਦਾ । ਬਿਨ ਹਰਿ ਨਾਮੇ ਕਾਇਆ ਮਾਟੀ ਖ਼ਾਲੀ ਦਿਸੇ ਖੱਲਾ, ਖ਼ਾਲਕ ਖ਼ਲਕ ਕੋਲੋਂ ਆਪਣਾ ਪੜਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਕਲਜੁਗ ਆਏ ਅੰਧੇਰੀ ਰਾਤੀ, ਰੁਤੜੀ ਰੁੱਤ ਨਾ ਕੋਇ ਸੁਹਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਇਹ ਨਿੱਕੀ ਜਿਹੀ ਪਾਵਣ ਬਾਤੀ, ਆਪੋ ਆਪਣਾ ਹਾਲ ਸੁਣਾਈਆ । ਝੱਟ ਵੇਖਿਆ ਪ੍ਰਭ ਚੜ੍ਹਿਆ ਉਪਰ ਰਾਕੀ, ਸ਼ਹਿਨਸ਼ਾਹ ਸਵਾਰਾ ਸੀਸ ਤਾਜ ਟਿਕਾਈਆ । ਜਿਸ ਦੀ ਗੌਂਦੇ ਜੁਗ ਚੌਕੜੀ ਸਾਖੀ, ਸਾਖ਼ਿਆਤ ਫੇਰਾ ਪਾਈਆ । ਸਚਖੰਡ ਜੋਤ ਜਗੇ ਦੀਵਾ ਬਾਤੀ, ਲੱਖ ਚੁਰਾਸੀ ਘਰ ਘਰ ਕਰੇ ਰੁਸ਼ਨਾਈਆ । ਜਿਸ ਦਾ ਜਲਵਾ ਨੂਰ ਆਫ਼ਤਾਬੀ, ਮਹਿਬੂਬ ਬੇਪਰਵਾਹੀਆ । ਜੋ ਨਿਤ ਨਵਿਤ ਸਦਾ ਸਾਥੀ, ਅਹਿਬਾਬ ਰਬਾਬ ਸੁਣਾਈਆ । ਸੋ ਲਹਿਣਾ ਦੇਣਾ ਪੀਰ ਪੈਗ਼ੰਬਰਾਂ ਮੁਕਾਏ ਬਾਕੀ, ਲੇਖਾ ਸਭ ਦਾ ਵੇਖ ਵਖਾਈਆ । ਬਚਿਆ ਰਹੇ ਨਾ ਕੋਇ ਬੰਦਾ ਖ਼ਾਕੀ, ਖ਼ਾਲਕ ਖ਼ਲਕ ਖੋਜ ਖੋਜਾਈਆ । ਕਰੇ ਖੇਲ ਬਹੁ ਬਿਧ ਭਾਤੀ, ਭਗਵਨ ਆਪਣਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਜ਼ਲ ਵੇਖੇ ਚਾਈਂ ਚਾਈਆ । ਸਾਚੀ ਮੰਜ਼ਲ ਵੇਖੇ ਆਤਮ ਅੰਤਰ, ਅੰਤਸ਼ਕਰਨ ਖੋਜ ਖੋਜਾਇੰਦਾ । ਲੇਖ ਚੁਕਾਏ ਗਗਨ ਗਗਨੰਤਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਜਿਸ ਘਰ ਨਾਮ ਨਿਧਾਨ ਇਕੋ ਮੰਤਰ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜਿਸ ਗ੍ਰਿਹ ਇਕੋ ਸੋਹਣਾ ਸ਼ਸਤਰ, ਸੂਰਬੀਰ ਇਕੋ ਨਜ਼ਰੀ ਆਇੰਦਾ । ਜਿਸ ਦਰ ਇਕੋ ਅਗੰਮੀ ਬਸਤਰ, ਰੂਪ ਰੰਗ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਦਵਾਰਾ ਸੋਭਾ ਪਾਇੰਦਾ । ਸੋ ਦਵਾਰਾ ਭਗਤਾਂ ਘਰ, ਹਰਿਜਨ ਵੱਜੇ ਵਧਾਈਆ । ਜਿਥੇ ਮਿਲੇ ਧੁਰ ਦਾ ਵਰ, ਮਿਹਰਵਾਨ ਹੋਏ ਸਹਾਈਆ । ਜਿਥੇ ਜਮ ਕਾ ਭੌ ਚੁੱਕੇ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਜਿਥੇ ਗੁਰਮੁਖਾਂ ਪੱਲੂ ਲਏ ਫੜ, ਗੰਢ ਆਪਣੇ ਨਾਲ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵਣਹਾਰ

ਵਡਿਆਈਆ । ਵਿਸ਼ਨ ਕਹੇ ਬ੍ਰਹਮਾ ਉਹ ਘਰ ਕੇਹੜਾ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਬ੍ਰਹਮਾ ਕਹੇ ਉਹ ਭਗਤਾਂ ਖੇੜਾ, ਜਿਥੇ ਪਾਰਬ੍ਰਹਮ ਬੈਠਾ ਡੇਰਾ ਲਾਈਆ । ਉਥੇ ਲਹਿਣਾ ਚੁੱਕਿਆ ਤੇਰਾ ਮੇਰਾ, ਜਗਤ ਵੰਡ ਨਾ ਕੋਇ ਵੰਡਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇੜਨ ਨੇੜਾ, ਮੰਜ਼ਲ ਆਪਣਾ ਪੰਧ ਮੁਕਾਈਆ । ਗੁਰਸਿਖਾਂ ਹਰਿਸੰਗਤ ਰੂਪ ਬਣਕੇ ਪ੍ਰੇਮ ਪਿਆਰ ਆਪਣਾ ਪਾਇਆ ਘੇਰਾ, ਚਾਰੋਂ ਕੁੰਟ ਆਸਣ ਲਾਈਆ । ਉਨ੍ਹਾਂ ਦਾ ਏਥੇ ਹੋਇਆ ਨਿਬੇੜਾ, ਅੱਗੇ ਦੇਵੇ ਨਾ ਕੋਇ ਸਜ਼ਾਈਆ । ਸਚ ਪੁੱਛੇਂ ਜੀਂਵਦਿਆਂ ਜਗ ਬੰਨ੍ਹਿਆ ਬੇੜਾ, ਮਰਿਆਂ ਸਕੇ ਨਾ ਕੋਇ ਰੁੜ੍ਹਾਈਆ । ਗੁਰਮੁਖਾਂ ਮਨ ਚਾਉ ਘਨੇਰਾ, ਘਰ ਵੱਜੇ ਸਚ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਕਰ ਕੇ ਪਾਇਆ ਫੇਰਾ, ਭਗਤ ਭਾਗ ਆਪਣਾ ਲਿਆ ਮਿਲਾਈਆ ।

## ੧੮ ਸਾਵਣ ੨੦੨੧ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹ ਬਾਬਾ ਚੰਬਲ

ਸਚ ਭਗਤੀ ਪ੍ਰਭ ਤੇਰੀ ਕਿਰਪਾ, ਜਨ ਭਗਤ ਰਹੇ ਜਸ ਗਾਈਆ । ਕੋਟ ਜਨਮ ਦੀ ਮਿਟੇ ਬਿਪਤਾ, ਬੇਪਰਵਾਹ ਤੇਰੀ ਸਰਨਾਈਆ । ਨਜ਼ਰੀ ਆਵੇ ਇਕੋ ਇਸ਼ਟਾ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਦਿਵਸ ਰੈਣ ਖ਼ੁਲ੍ਹੀ ਰਹੇ ਦ੍ਰਿਸ਼ਟਾ, ਪੜਦਾ ਓਹਲਾ ਨਾ ਕੋਇ ਜਣਾਈਆ । ਸਚ ਪਿਆਰ ਲੱਗਾ ਰਹੇ ਇਸ਼ਕਾ, ਮਾਸ਼ੂਕ ਮਸ਼ਕ ਨਾ ਕੋਇ ਵਖਾਈਆ । ਹੋਏ ਤਫ਼ਰੀਕ ਬਿਨ ਅੱਖਰ ਹਿੰਦਸਾ, ਹਾਸਲ ਅੰਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਨ ਭਗਤ ਕਹੇ ਤੇਰਾ ਪ੍ਰੇਮ ਅਨੋਖਾ, ਬਿਨ ਕਿਰਪਾ ਹੱਥ ਕਿਸੇ ਨਾ ਆਇੰਦਾ । ਜਿਸ ਦੇ ਵਿਚ ਕੋਈ ਨਹੀਂ ਧੋਖਾ, ਕੂੜਾ ਰੰਗ ਨਾ ਕੋਇ ਰੰਗਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਦੇਵੇਂ ਮੌਕਾ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਭਗਤ ਕਹੇ ਬਿਨ ਤੇਰੀ ਮਿਹਰ, ਮੁਹੱਬਤ ਸਚ ਨਾ ਕੋਇ ਕਮਾਈਆ । ਆਵਣ ਜਾਵਣ ਚੁੱਕੇ ਨਾ ਕਿਸੇ ਗੇੜ, ਪਾਂਧੀ ਪੰਧ ਨਾ ਕੋਇ ਮੁਕਾਈਆ । ਆਤਮ ਪਰਮਾਤਮ ਹੋਏ ਨਾ ਮੇਲ, ਮਿਲਣੀ ਜਗਦੀਸ ਨਾ ਕੋਇ ਕਰਾਈਆ । ਘਰ ਮਿਲਿਆ ਨਾ ਸੱਜਣ ਸੁਹੇਲ, ਸੁਆਮੀ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਜਨ ਭਗਤ ਕਹੇ ਤੂੰ ਧੁਰ ਦਾ ਜਾਮਨ, ਦੂਜਾ ਨਜ਼ਰ ਕੋਇ ਨਾ ਆਈਆ । ਲੇਖਾ ਮੁਕਾਏ ਖੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਗੋਦ ਬਹਾਈਆ । ਸਾਚਾ ਨਾਮ ਫੜਾਏ ਦਾਮਨ, ਪੱਲੂ ਆਪਣੇ ਨਾਲ ਗੰਢਾਈਆ । ਬਣ ਕੇ ਧੁਰ ਦਰਗਾਹੀ ਰਾਮਨ, ਰਮਈਆ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜਨ ਭਗਤ ਕਹੇ ਸਦ ਤੇਰਾ ਪ੍ਰੇਮ, ਤੁਧ ਬਿਨ ਝੋਲੀ ਕੋਇ ਨਾ ਪਾਇੰਦਾ । ਅੰਤਰ ਅੰਤਰ ਧੁਰ ਦਾ ਨੇਮ, ਗੰਢਣ ਗੰਢ ਨਾ ਕੋਇ ਵਖਾਇੰਦਾ । ਵੇਖ ਵਖਾਏ ਅਬਦੁਲ ਰਹੀਮ, ਆਪਣੀ ਦਿਸ਼ਾ ਆਪ ਜਣਾਇੰਦਾ । ਦਰਸ ਦਿਖਾ ਕੇ ਆਪਣੇ ਨੈਣ, ਲੋਚਣ ਅੱਖ ਨਾਲ ਮਿਲਾਇੰਦਾ । ਧੁਰਦਰਗਾਹੀ ਬਣ ਕੇ ਸੈਣ, ਸੱਜਣ ਆਪਣਾ ਰੂਪ ਵਟਾਇੰਦਾ । ਪੂਰਬ ਜਨਮ ਦਾ ਲਹਿਣਾ ਦੇਣ, ਲਹਿਣਾ ਹੱਥੋ ਹੱਥ ਮੁਕਾਇੰਦਾ ।

ਸ਼ਬਦ ਅਗੰਮੀ ਆਇਆ ਕਹਿਣ, ਨਾਮ ਸੰਦੇਸ਼ਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਇੰਦਾ । ਜਨ ਭਗਤ ਕਹੇ ਪ੍ਰਭ ਤੇਰਾ ਸਹਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਵੇਖੇ ਪਾਰ ਕਿਨਾਰਾ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਨਿਤ ਨਵਿਤ ਵੱਜਦਾ ਰਹੇ ਨਗਾਰਾ, ਨਾਮ ਨਿਧਾਨ ਕਰੇ ਸ਼ਨਵਾਈਆ । ਗੁਰ ਅਵਤਾਰ ਲਗਾ ਅਖਾੜਾ, ਪੀਰ ਪੈਗ਼ੰਬਰ ਨਾਚ ਨਚਾਈਆ । ਜਨ ਭਗਤਾਂ ਖੋਲ੍ਹ ਕਿਵਾੜਾ, ਪਰਦਾ ਓਹਲਾ ਦਏ ਉਠਾਈਆ । ਬਣ ਕੇ ਸੱਜਣ ਸੈਣ ਯਾਰਾ, ਸਾਕ ਕੁਟੰਬ ਆਪਣਾ ਲਏ ਪਰਨਾਈਆ । ਖੇਲੇ ਖੇਲ ਖੇਲਣਹਾਰਾ, ਖ਼ਾਲਸ ਆਪਣਾ ਰੈਹਣ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਕਹੇ ਤੂੰ ਧੁਰ ਦਾ ਮਿਤ, ਮਿਤਰ ਪਿਆਰਾ ਇਕ ਅਖਵਾਈਆ । ਘਰ ਦਰਸ਼ਨ ਦੇਵੇਂ ਨਿਤ, ਨਵਿਤ ਆਪਣਾ ਵੇਸ ਵਟਾਈਆ । ਅਬਿਨਾਸ਼ੀ ਹੋ ਕੇ ਵਸੇਂ ਚਿਤ, ਚਿਤ ਵਿਤ ਠਗੌਰੀ ਨਜ਼ਰ ਕੋਇ ਨਾ ਆਈਆ । ਕਰਵਟ ਲੈ ਬਦਲਾਏਂ ਪਿਠ, ਸਨਮੁਖ ਸਵੱਛ ਸਰੂਪੀ ਨਜ਼ਰੀ ਆਈਆ । ਘਰ ਵਸੇਰਾ ਕਰੇਂ ਨਿਤ, ਅੰਤਰ ਬੈਠਾ ਸੋਭਾ ਪਾਈਆ । ਆਪਣੇ ਮਿਲਣ ਦੀ ਆਪੇ ਕਰਕੇ ਬਿਧ, ਨਾਤਾ ਜੋੜੇਂ ਸਹਿਜ ਸੁਭਾਈਆ । ਸ਼ਬਦ ਅਗੰਮੀ ਲਾ ਕੇ ਖਿੱਚ, ਖਿੱਚੀ ਆਵੇਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਵੇਂ ਸਹਾਈਆ । ਜਨ ਭਗਤ ਕਹੇ ਮੈਂ ਵੇਖਿਆ ਅੰਦਰ, ਘਰ ਪੜਦਾ ਇਕ ਉਠਾਈਆ । ਸਰਬ ਸੁਆਮੀ ਬੈਠਾ ਮੰਦਰ, ਮੰਜ਼ਲ ਆਪਣਾ ਪੰਧ ਚੁਕਾਈਆ । ਸਚ ਦਵਾਰੇ ਤੋੜ ਕੇ ਜੰਦਰ, ਕੁੰਡੀ ਖਿੜਕੀ ਪਰੇ ਹਟਾਈਆ । ਮਨ ਵਾਸਨਾ ਮੇਟ ਕੇ ਬੰਦਰ, ਦਹਿ ਦਿਸ਼ਾ ਰੰਗ ਰੰਗਾਈਆ । ਸ਼ਬਦ ਨਾਦ ਅਗੰਮ ਸੁਣਾਏ ਮੰਗਲ, ਖ਼ੁਸ਼ੀਆਂ ਰਾਗ ਅਲਾਈਆ । ਸ਼ਰਅ ਸ਼ਰੀਅਤ ਤੋੜ ਕੇ ਸੰਗਲ, ਨਾਮ ਡੋਰੀ ਤੰਦ ਬੰਧਾਈਆ । ਆਪ ਉਠਾ ਕੇ ਆਪਣੇ ਅੰਗਣ, ਸਾਚੀ ਗੋਦੀ ਲਏ ਸੁਹਾਈਆ । ਨਾਮ ਅਨੌਖੀ ਚਾੜ੍ਹ ਕੇ ਰੰਗਣ, ਦੁਰਮਤ ਮੈਲ ਪਰੇ ਹਟਾਈਆ । ਜਨ ਭਗਤਾਂ ਨਾਲ ਪਾ ਕੇ ਆਪਣਾ ਸਗਨ, ਆਤਮ ਪਰਮਾਤਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਮਿਹਰ ਨਜ਼ਰ ਕਰੇ ਬੇਨਜ਼ੀਰ, ਸਿਰ ਆਪਣਾ ਹੱਥ ਟਿਕਾਇੰਦਾ । ਜਲਵਾ ਵਖਾ ਅਗੰਮੀ ਤਸਵੀਰ, ਤਸੱਵਰ ਆਪਣਾ ਆਪ ਕਰਾਇੰਦਾ । ਲੇਖੇ ਲਾ ਸ਼ਾਹ ਹਕੀਰ, ਹਕੀਕਤ ਹਕ ਵਿਚੋਂ ਦ੍ਰਿੜਾਇੰਦਾ । ਜੁਗ ਚੌਕੜੀ ਬਦਲ ਤਦਬੀਰ, ਤਕਦੀਰ ਸਭ ਦੀ ਵੇਖ ਵਖਾਇੰਦਾ । ਦਾਤਾ ਜੋਧਾ ਬਣ ਕੇ ਸੂਰਬੀਰ, ਬੀਰਤਾ ਆਪਣੀ ਇਕ ਪਰਗਟਾਇੰਦਾ । ਦੂਰ ਦੁਰਾਡਾ ਪੈਂਡਾ ਚੀਰ, ਪਾਂਧੀ ਹੋ ਕੇ ਵੇਖ ਵਖਾਇੰਦਾ । ਮੰਜ਼ਲ ਚੜ੍ਹ ਕੇ ਆਪ ਅਖ਼ੀਰ, ਆਖ਼ਰ ਆਪਣਾ ਹੁਕਮ ਸੁਣਾਇੰਦਾ । ਜਨ ਭਗਤਾਂ ਆਪਣੇ ਨਾਲ ਮਿਲਾ ਕੇ ਤਾਸੀਰ, ਦੂਈ ਦਵੈਤੀ ਡੇਰਾ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਜਨ ਭਗਤ ਕਹੇ ਮੋਹੇ ਚਾਉ ਘਨੇਰਾ, ਘਰ ਮਿਲਿਆ ਬੇਪਰਵਾਹੀਆ । ਗ੍ਰਿਹ ਚੁਕਿਆ ਤੇਰਾ ਮੇਰਾ, ਮਿਲਿਆ ਮੇਲ ਬੇਪਰਵਾਹੀਆ । ਪੰਧ ਨਜ਼ਰੀ ਆਇਆ ਨੇੜਾ, ਦੂਰ ਦੁਰਾਡਾ ਲਿਆ ਮੁਕਾਈਆ । ਸੋਹਣਾ ਵੇਖਿਆ ਵਸਦਾ ਖੇੜਾ, ਖ਼ਾਲਸ ਬੈਠਾ ਨੂਰ ਇਲਾਹੀਆ । ਸ਼ਰਅ ਸ਼ਰੀਅਤ ਨਾ ਕੋਇ ਝੇੜਾ ਦੀਨ ਮਜ਼੍ਹਬ ਨਾ ਕੋਇ ਲੜਾਈਆ । ਜ਼ਾਤ ਪਾਤ ਨਾ ਕੋਇ ਡੇਰਾ, ਕੂੜੀ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਕਰਕੇ ਮਜ਼੍ਹਬੀ ਕੂੜਾ,

ਸਚ ਸੁਚ ਰਿਹਾ ਸਮਝਾਈਆ । ਜਨ ਭਗਤ ਕਹੇ ਮੈਂ ਤੱਕਾਂ ਅੱਖਾਂ, ਲੋਚਨ ਨਾਲ ਮਿਲਾਈਆ । ਬਿਨ ਖ਼ੁਸ਼ੀਉਂ ਗ਼ਮੀਉਂ ਹੱਸਾਂ, ਹਸਤੀ ਆਪਣੀ ਆਪ ਬਦਲਾਈਆ । ਬਿਨ ਹੱਥਾਂ ਪੈਰਾਂ ਨੱਠਾਂ, ਸੁਰਤੀ ਸ਼ਬਦ ਨਾਲ ਜੁੜਾਈਆ । ਬਿਨ ਰਸਨਾ ਜਿਹਵਾ ਰਟਾਂ, ਹਿਰਦੇ ਹਰਿ ਹਰਿ ਨਾਮ ਧਿਆਈਆ । ਧੁਰ ਦਾ ਲਾਹਾ ਇਕੋ ਖੱਟਾਂ, ਪ੍ਰਭ ਮਿਲੇ ਸਚ ਸਰਨਾਈਆ । ਬਿਨ ਨੇਤਰ ਪੇਖਿਆ ਰਸਨਾ ਬੋਧ ਕਦੇ ਨਾ ਬਕਾਂ, ਜਿਹਵਾ ਨਾਲ ਨਾ ਕੋਇ ਸੁਣਾਈਆ । ਸਚ ਦਵਾਰੇ ਸੀਸ ਜਗਦੀਸ ਚਰਨ ਕਵਲ ਉਪਰ ਰੱਖਾਂ, ਮਸਤਕ ਟਿੱਕਾ ਧੂੜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਦਰਸਾਈਆ । ਜਨ ਭਗਤ ਕਹੇ ਮੈਂ ਤੱਕਿਆ ਉਹ, ਜਿਸ ਹੱਥ ਸਰਬ ਵਡਿਆਈਆ । ਉਹ ਮੇਰੇ ਜੋਗਾ ਗਿਆ ਹੋ, ਹੋਕਾ ਦੇ ਕੇ ਰਿਹਾ ਸੁਣਾਈਆ । ਜਿਸ ਗੁਰ ਅਵਤਾਰਾਂ ਕੋਲੋਂ ਆਪਣਾ ਆਪ ਲਿਆ ਖੋਹ, ਮੁਹੱਬਤ ਗੁਰ ਗੁਰ ਸ਼ਬਦ ਇਕ ਸਮਝਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਾਚੀ ਲੋ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਜਿਸ ਦੀ ਪੀਰ ਪੈਗ਼ੰਬਰ ਦੇਂਦੇ ਰਹੇ ਸੋ, ਧੁਰ ਸੰਦੇਸਾ ਰਾਗ ਸੁਣਾਈਆ । ਸੋ ਸਾਹਿਬ ਸੁਆਮੀ ਜਨ ਭਗਤਾਂ ਸੰਗ ਆਪਣਾ ਲਾ ਕੇ ਪ੍ਰੇਮ ਪ੍ਰੀਤੀ ਮੋਹ, ਮੁਹੱਬਤ ਨਾਤਾ ਰਿਹਾ ਜੁੜਾਈਆ । ਸੋ ਆਤਮ ਪਰਮਾਤਮ ਨਾਲ ਆਪੇ ਗਿਆ ਛੋਹ, ਸ਼ਾਬਾਸ ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।



## ੧੮ ਸਾਵਣ ੨੦੨੧ ਬਿਕ੍ਰਮੀ ਤਾਰਾ ਸਿੰਘ ਦੇ ਘਰ ਚੰਬਲ

ਰਵਿਦਾਸ ਵੇਖ ਪਿਛਲੀ ਚਿੱਠੀ, ਦਰ ਬੇਨੰਤੀ ਇਕ ਅਰਜ਼ੋਈਆ । ਬਿਨ ਅੱਖਰਾਂ ਧਾਰ ਜਿਸ ਦੀ ਚਿੱਟੀ, ਕਲਮ ਸ਼ਾਹੀ ਨਾ ਮਿਲੇ ਢੋਈਆ । ਜਗਤ ਨਜ਼ਰ ਨਾ ਆਏ ਮਾਤ ਅਨਡਿਠੀ, ਲੋਚਣ ਵੇਖ ਕੋਇ ਨਾ ਪਾਈਆ । ਜਿਸ ਵਿਚ ਮੇਰੇ ਨੌਂ ਜਨਮ ਦੀ ਕਹਾਣੀ ਲਿਖੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਘਰ ਸਾਚੇ ਦੇਵੇ ਢੋਈਆ । ਰਵਿਦਾਸ ਵੇਖ ਅਗੰਮੜਾ ਲੇਖ, ਲਿਖਤ ਜਗਤ ਨਾ ਕੋਇ ਵਡਿਆਈਆ । ਜਿਸ ਵਿਚ ਮਿਲਿਆ ਧੁਰ ਸੰਦੇਸ਼, ਸਚ ਨਾਮ ਸ਼ਨਵਾਈਆ । ਜਿਸ ਨੂੰ ਲੱਭਦੇ ਵਿਸ਼ਨ ਬ੍ਰਹਮਾ ਮਹੇਸ਼, ਭੱਜਣ ਵਾਹੋ ਦਾਹੀਆ । ਜੋ ਵਸਿਆ ਸਚਖੰਡ ਦੇਸ, ਦਰਗਾਹ ਸਾਚੀ ਡੇਰਾ ਲਾਈਆ । ਜਿਸ ਨੂੰ ਨਮੋ ਨਮੋ ਆਦੇਸ, ਸੱਜਦਾ ਸੀਸ ਸਰਬ ਝੁਕਾਈਆ । ਜੋ ਸਾਹਿਬ ਜਨ ਭਗਤਾਂ ਸੰਗ ਕਰੇ ਹੇਤ, ਨਿਤ ਨਵਿਤ ਵੇਸ ਵਟਾਈਆ । ਜਿਸ ਨੇ ਤੇਰੇ ਨਾਲ ਮੇਰੀ ਰਲਾਈ ਖੇਡ, ਧੁਰ ਦਾ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਚੁਕਾਈਆ । ਉਹ ਚਿੱਠੀ ਕੱਢ ਪੱਤਰ, ਪਤ ਪਤਵੰਤਾ ਦਇਆ ਕਮਾਇੰਦਾ । ਜਨਮ ਨੌਂ ਪਾਏ ਜਿਸ ਦੀ ਖ਼ਾਤਰ, ਖ਼ਤਰਾ ਸੀਸ ਨਾ ਕੋਇ ਰਖਾਇੰਦਾ । ਜਗਤ ਵਣਜਾਰਾ ਬਣਿਆ ਰਿਹਾ ਚਾਤਰ, ਚਾਤ੍ਰਕ ਰੂਪ ਨਾ ਕੋਇ ਬਣਾਇੰਦਾ । ਅੱਖਰ ਪੜ੍ਹਦਾ ਰਿਹਾ ਨਾਲ ਜੋੜ ਕੇ ਲਗਾਂ ਮਾਤਰ, ਨਿਰਅੱਖਰ ਸਮਝ ਕੋਇ ਨਾ ਪਾਇੰਦਾ । ਦਰਸ ਨਾ ਪਾਇਆ ਗਹਿਰ ਗੰਭੀਰ ਬਾਤਨ, ਜ਼ਾਹਰ ਵੇਖ ਨੈਣ ਨਾ ਕੋਇ ਸ਼ਰਮਾਇੰਦਾ । ਬੱਤੀ ਦੰਦ ਰਸਨਾ ਜਿਹਵਾ ਸਾਰੇ ਆਖਣ, ਬਿਨ ਅੱਖਾਂ ਅੱਖ ਨਾ ਕੋਇ ਮਿਲਾਇੰਦਾ । ਪਰਮਾਤਮ ਹੋ ਕੇ

ਆਤਮ ਬਣੇ ਨਾ ਕੋਇ ਸਾਥਣ, ਧੁਰ ਦਾ ਸੰਗ ਨਾ ਕੋਇ ਰਖਾਇੰਦਾ । ਲੇਖਾ ਚੁੱਕੇ ਨਾ ਪੂਜਾ ਪਾਠਨ, ਮਸਤਕ ਤਿਲਕ ਲਲਾਟ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵੇਲਾ ਵਕਤ ਵੇਖ ਵਖਾਇੰਦਾ । ਰਵਿਦਾਸ ਕੱਢ ਕਾਗ਼ਜ਼ ਕੋਰਾ, ਕਲਮ ਸ਼ਾਹੀ ਬੈਠੀ ਮੁਖ ਭਵਾਈਆ । ਜਿਸ ਦੀ ਪਈ ਅੰਤਮ ਲੋੜਾ, ਲੋਹੜਾ ਪੈਂਦਾ ਵੇਖਣਾ ਜਗਤ ਲੋਕਾਈਆ । ਜਿਸ ਦੇ ਨਾਲ ਨਾਤਾ ਜੁੜਦਾ ਰਿਹਾ ਜੋੜਾ, ਜੋੜੀ ਜਗਦੀਸ ਮਾਤ ਬਣਾਈਆ । ਜਿਸ ਦਾ ਲੇਖਾ ਰਹਿ ਗਿਆ ਥੋੜ੍ਹਾ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਰਵਿਦਾਸ ਵੇਖ ਪਿਛਲਾ ਅੰਤਰ, ਅੰਤਸ਼ਕਰਨ ਨਾ ਕੋਇ ਜਣਾਈਆ । ਜਿਸ ਬਣਾਈ ਮੇਰੀ ਬਣਤਰ, ਘੜਨ ਭੰਨਣਹਾਰ ਵੇਖ ਵਖਾਈਆ । ਜਿਸ ਦਾ ਨਾਮ ਅਗੰਮੀ ਮੰਤਰ, ਦੋ ਜਹਾਨ ਰਹੇ ਜਸ ਗਾਈਆ । ਜਿਸ ਦਾ ਲਹਿਣਾ ਦੇਣਾ ਉਪਰ ਗਗਨ ਗਗਨੰਤਰ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਜਿਸ ਨੇ ਜਨ ਭਗਤ ਬੁਝਾਉਣੀ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਰ ਦਰ ਰਿਹਾ ਚੁਕਾਈਆ । ਰਵਿਦਾਸ ਕਹੇ ਉਹ ਚਿੱਠੀ ਖੋਲ੍ਹ, ਬਿਨ ਅੱਖਰਾਂ ਦਏ ਗਵਾਹੀਆ । ਉਹਦੇ ਉਤੇ ਅਗੰਮੀ ਬੋਲ, ਬਿਨ ਰਸਨਾ ਕਰੇ ਪੜ੍ਹਾਈਆ । ਉਹਦੇ ਅੰਤਰ ਅਨੋਖਾ ਤੋਲ, ਬਿਨ ਪੱਲਿਉਂ ਰਿਹਾ ਤੁਲਾਈਆ । ਉਹਦਾ ਸਾਥੀ ਅਗੰਮੀ ਢੋਲ, ਨਾਮ ਨਗਾਰਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਚਿੱਠੀ ਕਹੇ ਮੈਨੂੰ ਲਾਵੇ ਕੌਣ ਹੱਥ, ਹੱਥਾਂ ਵਿਚ ਹੱਥ ਨਾ ਕੋਇ ਮਿਲਾਈਆ । ਮੇਰੇ ਉਤੇ ਲੇਖਾ ਪੁਰਖ ਸਮਰਥ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਮੈਂ ਗੁਰ ਅਵਤਾਰਾਂ ਪੀਰ ਪੈਗੰਬਰਾਂ ਜੁਗ ਜੁਗ ਮਾਰਗ ਦੱਸ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਪ੍ਰੇਮ ਪਿਆਰ ਦਾ ਦੇ ਕੇ ਰਸ, ਮੇਲਾ ਪ੍ਰੀਤਮ ਨਾਲ ਕਰਾਵਾਂ ਸਹਿਜ ਸੁਭਾਈਆ । ਅੰਤਮ ਸਾਰਿਆਂ ਕੋਲੋਂ ਰਹੀ ਨੱਠ, ਫੜਿਆਂ ਹੱਥ ਕਿਸੇ ਨਾ ਆਈਆ । ਅੱਖਰਾਂ ਨਾਲ ਮੇਰੀ ਸਿਫ਼ਤ ਦੇਵੇ ਦੱਸ, ਅਲਫ਼ ਯੇ ਕਰ ਪੜ੍ਹਾਈਆ । ਇਕ ਹੋ ਕੇ ਭਗਤਾਂ ਵਸ, ਵਸਲ ਸਚ ਦਿਤਾ ਕਰਾਈਆ । ਰਵਿਦਾਸ ਕਲਮ ਸ਼ਾਹੀ ਉਸ ਖ਼ਾਨੇ ਦਿਤੀ ਘੱਤ, ਜਿਸ ਖ਼ਾਨਿਉਂ ਸਕੇ ਨਾ ਕੋਇ ਕਢਾਈਆ । ਪੁਰਖ ਅਕਾਲ ਦੀਨ ਦਿਆਲ ਸ਼ਬਦ ਅਗੰਮੀ ਦੇ ਕੇ ਮੱਤ, ਮਤਲਬ ਆਪਣਾ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਆਪਣੀ ਦਇਆ ਕਮਾਈਆ । ਚਿੱਠੀ ਕਹੇ ਮੇਰਾ ਲੇਖ ਅਵੱਲਾ, ਪੜ੍ਹਨ ਵਾਲਾ ਨਜ਼ਰ ਕੋਇ ਨਾ ਆਇੰਦਾ । ਮੈਂ ਪਰਮ ਪੁਰਖ ਦਾ ਫੜਿਆ ਪੱਲਾ, ਪੱਲੂ ਆਪਣੇ ਨਾਲ ਬੰਧਾਇੰਦਾ । ਵਸਣਹਾਰ ਨਿਹਚਲ ਧਾਮ ਅਟੱਲਾ, ਮਹੱਲ ਅਟਲ ਸੋਭਾ ਪਾਇੰਦਾ । ਵਸਣਹਾਰਾ ਜਲਾਂ ਥਲਾਂ, ਘਟ ਘਟ ਅੰਤਰ ਡੇਰਾ ਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਫਿਰੇ ਇਕੱਲਾ, ਦੂਜਾ ਸੰਗੀ ਸੰਗ ਨਾ ਕੋਇ ਬਣਾਇੰਦਾ । ਨਿਤ ਨਵਿਤ ਕਰੇ ਵਲ ਛਲਾ, ਅਛਲ ਛਲ ਧਾਰੀ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਸਮੁੰਦ ਸਾਗਰ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਦਇਆ ਕਮਾਇੰਦਾ । ਰਵਿਦਾਸ ਕਹੇ ਚਿੱਠੀ ਕਰ ਚੁੱਪ, ਧੁਰ ਦਾ ਲੇਖਾ ਇਕ ਜਣਾਈਆ । ਕਲਜੁਗ ਵੇਖ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਹੌਲੀ ਹੌਲੀ ਸਭ ਦਾ ਪੈਂਡਾ ਜਾਏ ਮੁਕ, ਪਾਂਧੀ ਬਣੇ ਪਾਂਧੀ

੩੦੬

ਰਾਹੀਆ । ਜੋ ਨੌ ਸੌ ਚੁਰਾਨਵੇ ਚੌਕੜੀ ਜੁਗ ਬੈਠਾ ਰਿਹਾ ਲੁਕ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਮੁਖ ਛੁਪਾਈਆ । ਸੋ ਠਾਕਰ ਹੋ ਕੇ ਗਿਆ ਉਠ, ਨਿਰਗੁਣ ਨਿਰਵੈਰ ਜੋਤੀ ਜੋਤ ਕਰ ਰੁਸ਼ਨਾਈਆ । ਉਸ ਦਾ ਲਹਿਣਾ ਤੇਰੇ ਨਾਲ ਕੁਛ, ਵੇਖਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਚੁਕਾਈਆ । ਚਿੱਠੀ ਕਹੇ ਕੀ ਦਿਤਾ ਸੰਦੇਸ਼, ਮੇਰੇ ਅੰਤਰ ਆਤਮ ਆਵਾਜ਼ ਲਗਾਈਆ । ਮੈਂ ਤੱਕਦੀ ਰਹੀ ਹਮੇਸ਼, ਜੁਗ ਚੌਕੜੀ ਧਿਆਨ ਲਗਾਈਆ । ਜਿਸ ਦਾ ਅਗੰਮ ਅਗੰਮੜਾ ਦੇਸ, ਬਿਨ ਤੇਲ ਬਾਤੀ ਦੀਪਕ ਜੋਤ ਕਰੇ ਰੁਸ਼ਨਾਈਆ । ਉਹ ਦਾਤਾ ਜੋਧਾ ਸੂਰਬੀਰ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਜੋ ਭਗਤਾਂ ਕਰੇ ਹੇਤ, ਹਿਤਕਾਰੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਚਿੱਠੀ ਕਹੇ ਮੇਰਾ ਉਲਟਾ ਕਰ ਪੱਤਰ, ਪੱਤਣ ਆਪਣਾ ਦਿਆਂ ਸਮਝਾਈਆ । ਜਿਸ ਦੀ ਧਾਰੋਂ ਆਈ ਉਤਰ, ਉੱਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ ਚਿੱਠੀ ਦਾ ਕਰਦੇ ਰਹਿਣ ਸ਼ੁਕਰ, ਨਿਉਂ ਨਿਉਂ ਆਦਿ ਜੁਗਾਦਿ ਸੀਸ ਝੁਕਾਈਆ । ਇਸੇ ਚਿੱਠੀ ਦੇ ਨਾਲ ਨਾਤਾ ਜੁੜਿਆ ਗੋਬਿੰਦ ਪਿਉ ਪੁੱਤਰ, ਪਿਤਾ ਪੁਰਖ ਅਕਾਲ ਸਚ ਸੰਦੇਸ਼ਾ ਦਿਤਾ ਸੁਣਾਈਆ । ਰਵਿਦਾਸ ਦਰ ਦਰਵੇਸ਼ ਕੋਈ ਨਾ ਜਾਏ ਮੁੱਕਰ, ਅੱਖ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਚਿੱਠੀ ਕਹੇ ਮੇਰੇ ਉਤੇ ਨਹੀਂ ਕੋਈ ਹਰਫ਼, ਹੁਲੀਆ ਮੇਰਾ ਨਾ ਕੋਇ ਜਣਾਈਆ । ਮੇਰੀ ਸਿੰਮਤ ਨਜ਼ਰ ਨਾ ਆਈ ਕੋਈ ਤਰਫ, ਚਾਰੋਂ ਕੁੰਟ ਵੇਖ ਥੱਕੀ ਲੋਕਾਈਆ । ਮੈਂ ਸਭ ਤੋਂ ਹੋ ਕੇ ਬੇਤਰਫ਼, ਯਕ ਤਰਫ਼ ਇਕੋ ਓਟ ਤਕਾਈਆ । ਮੇਰੀ ਉਸ ਨਾਲ ਸ਼ਰਤ, ਜਿਹੜਾ ਸਭ ਦੀ ਸ਼ਰਅ ਰਿਹਾ ਬਦਲਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਜੋ ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਰਹਿਮਤ ਆਪਣੀ ਨਾਲ ਪਰਨਾਈਆ । ਜੋ ਨੌ ਜਨਮ ਵਿਚ ਰਹੇ ਭਟਕ, ਭਟਕਣਾ ਦਏ ਗਵਾਈਆ । ਅਧਵਿਚਕਾਰ ਨਾ ਜਾਵਣ ਅਟਕ, ਮੰਜ਼ਲ ਪੰਧ ਦਏ ਮੁਕਾਈਆ । ਕੂੜੀ ਕਿਰਿਆ ਵਿਚ ਨਾ ਹੋਵਣ ਗ਼ਰਕ, ਸ਼ੌਹ ਦਰਿਆ ਨਾ ਕੋਇ ਡੁਬਾਈਆ । ਅੱਗੇ ਰਹੇ ਨਾ ਕੋਈ ਫ਼ਰਕ, ਪਿਛਲਾ ਲੇਖਾ ਦੇਵੇ ਚੁਕਾਈਆ । ਲੇਖਾ ਚੁੱਕਿਆ ਸਵਰਗ ਨਰਕ, ਦੋਹਾਂ ਚਰਨਾਂ ਹੇਠ ਰਖਾਈਆ । ਮੇਰਾ ਮਾਲਕ ਮਰਦਾਨਾ ਮਰਦ, ਮਹਿਬੂਬ ਨੂਰ ਖ਼ੁਦਾਈਆ । ਜਿਸ ਜਨਮ ਜਨਮ ਪਿਛੋਂ ਵੰਡਾਈ ਆ ਕੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਰਵਿਦਾਸ ਤੇਰਾ ਕੀ ਹੋਣਾ ਹਰਜ, ਇਕੋ ਵਾਰ ਵਰਕਾ ਦੇਣਾ ਉਲਟਾਈਆ । ਪਿਛਲਾ ਲਹਿ ਜਾਏ ਕਰਜ਼, ਅੱਗੇ ਮਿਲੇ ਬੇਪਰਵਾਹੀਆ । ਇਹੋ ਖੇਲ ਸਦਾ ਅਸਚਰਜ, ਜਿਸ ਦੀ ਸਮਝ ਕੋਇ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਕੂੜੀ ਕਿਰਿਆ ਲੱਗਣ ਨਾ ਦੇਵੇ ਕੋਈ ਵਰਗ, ਵਾਗ ਆਪਣੇ ਹੱਥ ਰਖਾਈਆ ।

## ✪ ੧੮ ਸਾਵਣ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹ ਪਿੰਡ ਚੰਬਲ ✪

ਸੁਰਤ ਕਹੇ ਮੈਂ ਉਠੀ ਸੁੱਤੀ, ਸਤਿਗੁਰ ਸੁਤਿਆਂ ਲਿਆ ਜਗਾਈਆ । ਨਿਰਗੁਣ ਕਰਕੇ ਆਪ ਸੁੱਚੀ, ਸੂਖ਼ਮ ਰੂਪ ਦਿਤਾ ਸਮਝਾਈਆ ।

ਕਟ ਵਿਛੋੜਾ ਪੂਰਬ ਦੁਖੀ, ਸੁਖ ਸਾਗਰ ਵਿਚ ਸਮਾਈਆ । ਮੈਂ ਵੇਖਾਂ ਚੜ੍ਹਕੇ ਮੰਜ਼ਲ ਉਚੀ, ਦੂਰ ਦੁਰਾਡਾ ਪੰਧ ਮੁਕਾਈਆ । ਨੈਣ ਤੱਕਾਂ ਸਾਹਿਬ ਸੁਲਤਾਨ ਪੰਚ ਮੁਖੀ, ਪੰਚਮ ਲਹਿਣਾ ਰਿਹਾ ਚੁਕਾਈਆ । ਜਿਸ ਦਾ ਵਿਹੜਾ ਸੁਹੰਜਣਾ ਸੋਹੇ ਜਨ ਭਗਤਾਂ ਸੰਗ ਪੁਤੀ, ਫੁੱਲ ਫੁਲਵਾੜੀ ਸਚ ਮਹਿਕਾਈਆ । ਮੈਂ ਕੂਕ ਪੁਕਾਰ ਕਰਾਂ ਉਥੇ ਉਚੀ, ਦੋਏ ਜੋੜ ਜੋੜ ਸਰਨਾਈਆ । ਧੰਨ ਭਾਗ ਸਤਿਗੁਰ ਸ਼ਬਦ ਮਿਲ ਕੇ ਬਣੀ ਵਿਛੜੀ ਮਿਲੀ ਉਠੀ, ਗੁਰ ਰੁਸਿਆ ਲਿਆ ਮਿਲਾਈਆ । ਮੇਰੀ ਅੰਤਮ ਖੇਲ ਮੁਕੀ, ਛੁੱਟੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਲ ਲਗਾ ਕੇ ਮੇਰੀ ਰੁਚੀ, ਰਚਨਾ ਆਪਣੀ ਦਿਤੀ ਵਖਾਈਆ ।

### ✪ ੧੮ ਸਾਵਣ ੨੦੨੧ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਹਿ ਪਿੰਡ ਚੰਬਲ ✪

ਸਤਿਗੁਰ ਕਹੇ ਉਠ ਸਵਾਣੀ, ਸੁਰਤ ਸਵਾਣੀ ਲਏ ਅੰਗੜਾਈਆ । ਲੇਖਾ ਚੁਕਾਵਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਅੰਮ੍ਰਿਤ ਪਿਆਵਾਂ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਬੋਧ ਅਗਾਧ ਸੁਣਾਵਾਂ ਅਗੰਮੀ ਬਾਣੀ, ਘਰ ਵੱਜੇ ਨਾਮ ਵਧਾਈਆ । ਆਵਣ ਜਾਵਣ ਚੁੱਕੇ ਕਾਨੀ, ਲੱਖ ਚੁਰਾਸੀ ਡੇਰਾ ਢਾਹੀਆ । ਮੇਲ ਮਿਲਾਵਾਂ ਧੁਰ ਦਾ ਹਾਣੀ, ਜਗਤ ਵਿਛੋੜਾ ਦੂਰ ਕਰਾਈਆ । ਘਰ ਦਰਸਾਵਾਂ ਪਦ ਨਿਰਬਾਣੀ, ਮਹੱਲ ਅਟਲ ਇਕੋ ਨਜ਼ਰੀ ਆਈਆ । ਮੇਲ ਮਿਲਾਵਾਂ ਸ਼ਾਹ ਸੁਲਤਾਨੀ, ਘਰ ਸੱਜਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਦੇਵੇ ਵਰ, ਪਰਮਾਤਮ ਆਪਣੇ ਘਰ ਬਹਾਈਆ ।



### ✪ ੧੮ ਸਾਵਣ ੨੦੨੧ ਬਿਕ੍ਰਮੀ ਪਿੰਡ ਚੰਬਲ ✪

ਸੁਰਤ ਕਹੇ ਮੈਂ ਸਾਚੀ ਸਖ਼ੀ, ਧੁਰ ਸ਼ਬਦ ਹੋਵੇ ਕੁੜਮਾਈਆ । ਪ੍ਰੀਤਮ ਵੇਖਾਂ ਆਪਣੀ ਅੱਖੀਂ, ਨੈਣਾਂ ਨੈਣ ਮਟਕਾਈਆ । ਚਾਰੇ ਕੁੰਟ ਫਿਰਾਂ ਨੱਸੀ, ਭੱਜਾਂ ਵਾਹੋ ਦਾਹੀਆ । ਉਚੀ ਕੂਕ ਰਹੀ ਦੱਸੀ, ਭਗਤਾਂ ਰਹੀ ਸੁਣਾਈਆ । ਇਕੋ ਹੋ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਪੁਰਖ ਸਮਰਥੀ, ਸਾਹਿਬ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਟ ਘਟੀ, ਗ੍ਰਹਿ ਮੰਦਰ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਰਜ ਕਰੇ ਆਪਣੀ ਹੱਥੀਂ, ਦੂਸਰ ਹੱਥ ਨਾ ਕਿਸੇ ਫੜਾਈਆ ।

### ✪ ੧੮ ਸਾਵਣ ੨੦੨੧ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਪਿੰਡ ਜੱਟਾ ✪

ਨਵ ਨੌ ਖੇਲ ਅਥਾਹ, ਚਾਰ ਚਾਰ ਸਮਝਾਈਆ । ਨਵ ਨੌ ਬੇਪਰਵਾਹ, ਚਾਰ ਚਾਰ ਵਡਿਆਈਆ । ਨਵ ਨੌ ਭੇਵ ਚੁਕਾ, ਚਾਰ ਚਾਰ

ਸਮਝਾਈਆ । ਨਵ ਨੌ ਵੰਡ ਵੰਡਾ, ਚਾਰ ਚਾਰ ਰੁਸ਼ਨਾਈਆ । ਨਵ ਨੌ ਰੰਗ ਚੜ੍ਹਾ, ਚਾਰ ਚਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਕ ਅੰਕ ਮੇਲ ਮਿਲਾਈਆ । ਪਹਿਲਾ ਨਾਇਆ ਨੌ ਦਵਾਰ, ਵੇਖਣਹਾਰ ਹਰਿ ਅਖਵਾਇੰਦਾ । ਦੂਜਾ ਨਾਇਆ ਨੌ ਖੰਡ ਪ੍ਰਿਥਮੀ ਸੰਸਾਰ, ਪ੍ਰੀਤਮ ਆਪਣਾ ਹੁਕਮ ਵਰਤਾਇੰਦਾ । ਚੌਥਾ ਚਾਰੇ ਕੁੰਟਾਂ ਕਰੇ ਵਿਚਾਰ, ਨਿਰਗੁਣ ਸਰਗੁਣ ਫੋਲ ਫੁਲਾਇੰਦਾ । ਤਿੰਨ੍ਹਾਂ ਅੰਕੜਿਆਂ ਹਿੰਦਸਿਆਂ ਕਰ ਸ਼ਮਾਰ, ਸੈਂਕੜਿਆਂ ਵਿਚ ਬਦਲਾਇੰਦਾ । ਇਕਾਈ ਇਕੱਲੀ ਕਰੇ ਪੁਕਾਰ, ਦਹਾਈ ਦੋਹਰਾ ਤਾਲ ਵਜਾਇੰਦਾ । ਸੈਂਕੜਿਆਂ ਵਿਚ ਹੋ ਸ਼ਮਾਰ, ਸਹਿੰਸਾ ਸਰਬ ਮਿਟਾਇੰਦਾ । ਜਿਸ ਦਾ ਆਦਿ ਜੁਗਾਦਿ ਨਿਤ ਨਵਿਤ ਸਦਾ ਵਿਹਾਰ, ਵਿਵਹਾਰੀ ਹੋ ਕੇ ਖੇਲ ਖਿਲਾਇੰਦਾ । ਜੋ ਨਵ ਨੌ ਚਾਰ ਤੋਂ ਵਸੇ ਬਾਹਰ, ਨਿਰਗੁਣ ਨਿਰਵੈਰ ਨਿਰਾਕਾਰ, ਨਰ ਨਰਾਇਣ ਸੋਭਾ ਪਾਇੰਦਾ । ਸੋ ਨੌ ਸੌ ਚੁਰਾਨਵੇ ਚੌਕੜੀ ਜੁਗ ਜਗਤ ਕਰੇ ਗੁਫ਼ਤਾਰ, ਸ਼ਬਦ ਨਾਦ ਧੁਨ ਸ਼ਨਵਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਪੰਜ ਤਤ ਕਾਇਆ ਚੋਲਾ ਮਾਤ ਹੰਢਾਇੰਦਾ । ਦੋ ਹੋ ਕੇ ਖ਼ਬਰਦਾਰ, ਅੰਤਰ ਸਿਫ਼ਰਾ ਰੂਪ ਸਮਾਇੰਦਾ । ਸਿਫ਼ਰਿਉਂ ਫਿਰ ਹੋ ਕੇ ਆਪਣੀ ਧਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਨਿਰਾਕਾਰ ਹੋ ਤਿਆਰ, ਏਕਾ ਧਾਰ ਚਲਾਇੰਦਾ । ਦੂਏ ਹੋ ਉਜਿਆਰ, ਏਕਾ ਰੰਗ ਰੰਗਾਇੰਦਾ । ਇਕੋ ਏਕਾ ਏਕੰਕਾਰ, ਅਕਲ ਕਲਧਾਰੀ ਵੇਖ ਵਖਾਇੰਦਾ । ਜਿਸ ਦਾ ਅੰਤ ਨਾ ਕੋਇ ਸ਼ਮਾਰ, ਭੇਵ ਅਭੇਵ ਨਾ ਕੋਇ ਖੁਲ੍ਹਾਇੰਦਾ । ਸੋ ਸੰਮਤ ਸੰਮਤੀ ਵੇਖਣਹਾਰ, ਜੁਗ ਚੌਕੜੀ ਫੋਲ ਫੁਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨੌ ਦਵਾਰ ਕਰਦੇ ਗਏ ਇਜ਼ਹਾਰ, ਨੌ ਖੰਡ ਪ੍ਰਿਥਮੀ ਮਾਣ ਰਖਾਇੰਦਾ । ਚਾਰ ਜੁਗ ਦਾ ਜਗਤ ਸ਼ਿੰਗਾਰ, ਕਾਇਆ ਮਾਟੀ ਤਤ ਹੰਢਾਇੰਦਾ । ਕਲਜੁਗ ਅੰਤਮ ਤਤ ਸਰੀਰੋਂ ਹੋ ਕੇ ਬਾਹਰ, ਮਨ ਮਤ ਬੁਧ ਨਾ ਕੋਇ ਰਖਾਇੰਦਾ । ਇਕੋ ਸ਼ਬਦ ਅਗੰਮੀ ਤਾਰ, ਬਿਨ ਤੰਦੀ ਤੰਦ ਹਿਲਾਇੰਦਾ । ਇਕੋ ਜੋਤ ਜੋਤ ਨਿਰੰਕਾਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਇੰਦਾ । ਨਵ ਨੌ ਚਾਰ ਖੇਲ ਮਲੰਗ, ਹਰਿ ਕਰਤਾ ਆਪ ਵਖਾਈਆ । ਨਿਰਗੁਣ ਹੋ ਕੇ ਦੋ ਜਹਾਨ ਸਰਬ ਦਵਾਰੇ ਲੰਘ, ਘਰ ਘਰ ਵੇਖੇ ਚਾਈਂ ਚਾਈਂਆ । ਸ਼ਬਦ ਦਮਾਮਾ ਨਾਮ ਵਜਾਏ ਮਰਦੰਗ, ਰਾਗ ਆਪਣਾ ਇਕ ਸੁਣਾਈਆ । ਭੇਵ ਚੁਕਾ ਕੇ ਬ੍ਰਹਮ ਹੰ, ਪਾਰਬ੍ਰਹਮ ਹੋਏ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਜੁਗ ਚੌਕੜੀ ਰਹੇ ਮੰਗ, ਤਿਨ੍ਹਾਂ ਆਸਾ ਮਨਸਾ ਪੂਰ ਕਰਾਈਆ । ਸਾਚੀ ਸੇਜਾ ਬੈਠ ਪਲੰਘ, ਰੁੱਤ ਰੁਤੜੀ ਆਪ ਮਹਿਕਾਈਆ । ਧੁਰ ਦਾ ਢੋਲਾ ਜਣਾ ਕੇ ਛੰਦ, ਸੰਸਾ ਰੋਗ ਚੁਕਾਈਆ । ਨੌ ਸੌ ਚੁਰਾਨਵੇ ਚੌਕੜੀ ਜਿਸ ਦੀ ਕੋਇ ਨਾ ਪਾਏ ਸਮਝ, ਸੋ ਰਮਜ਼ ਇਕੋ ਇਕ ਲਗਾਈਆ । ਜਿਸ ਦਾ ਖੇਲ ਅਗੰਮੀ ਗ਼ਜ਼ਬ, ਗ਼ਰਜ਼ ਆਪਣੀ ਫੇਰਾ ਪਾਈਆ । ਜਿਸ ਨੂੰ ਵੇਖ ਵਿਸ਼ਨ ਬ੍ਰਹਮਾ ਸ਼ਿਵ ਹੋਵਣ ਤੁਅਜਬ, ਹੈਰਾਨੀ ਸਭ ਦੇ ਉਤੇ ਛਾਈਆ । ਜਿਸ ਦਾ ਦੇਣਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਜ਼ਾਤ ਪਾਤ ਨਾ ਵੰਡ ਵੰਡਾਈਆ । ਇਕੋ ਜਨ ਭਗਤਾਂ ਸਿੱਧਾ ਕਰੇ ਅਦਬ, ਆਦਾਬ ਆਪਣਾ ਇਕ ਜਣਾਈਆ । ਦਰਗਾਹ ਸਾਚੀ ਵਖਾਏ ਆਪਣਾ ਕਦਮ, ਪਦਮ ਦੇਵੇ ਨਾ ਕੋਇ ਵਡਿਆਈਆ । ਤਿਸ ਦਾ ਲੇਖਾ ਜਾਣੇ ਨਾ ਕੋਈ ਅਦਮ, ਅੰਤ ਕਹਿਣ ਵਿਚ ਨਾ ਆਈਆ । ਲੱਖ ਚੁਰਾਸੀ ਤੋੜਨਹਾਰਾ ਬੰਧਨ, ਬੰਦਗੀ ਇਕੋ ਇਕ ਸੁਣਾਈਆ । ਨਵ ਨੌ ਚਾਰ ਜੋ ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਮੰਗਣ, ਆਪਣਾ ਪੰਧ ਮੁਕਾਈਆ ।

ਕਾਇਆ ਚੋਲੀ ਸਾਚੀ ਰੰਗਣ, ਦੁਰਮਤ ਮੈਲ ਧੁਆਈਆ । ਮਿਲੇ ਵਡਿਆਈ ਵਿਚ ਬ੍ਰਹਿਮੰਡਨ, ਵਰਭੰਡ ਖ਼ੁਸ਼ੀ ਮਨਾਈਆ । ਨੌ ਸੌ ਚੁਰਾਨਵੇ ਚੌਕੜੀ ਨਾ ਸਿਫ਼ਤ ਗਾਏ ਬੱਤੀ ਦੰਦਣ, ਰਸਨਾ ਜਿਹਵਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨੌ ਸੌ ਚੁਰਾਨਵੇ ਚੌਕੜੀ ਅਗੇ ਪਿਛੇ ਰਹੀ ਜਾਂਦੀ, ਵਕਤ ਆਪਣਾ ਪੰਧ ਮੁਕਾਈਆ । ਦਿਵਸ ਰੈਣ ਰਹੀ ਗਾਂਦੀ, ਧੁਰ ਦਾ ਰਾਗ ਅਲਾਈਆ । ਦਰ ਦਰਵੇਸ਼ ਰਹੀ ਬਾਂਦੀ, ਬੰਦਨਾ ਕਰਕੇ ਸੀਸ ਝੁਕਾਈਆ । ਗੁਰਮੁਖਾਂ ਸਚ ਸੰਦੇਸ਼ਾ ਰਹੀ ਆਂਦੀ, ਸੁਨੇਹੜਾ ਇਕ ਸੁਣਾਈਆ । ਦਰਗਾਹ ਦੱਸਦੀ ਰਹੀ ਭੂਮਿਕਾ ਠਾਂਡੀ, ਠੰਡਕ ਇਕ ਵਰਤਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਜ ਤਤ ਕਾਇਆ ਗੁਰ ਅਵਤਾਰ ਪੀਰ ਪੈਗ਼ੰਬਰਾਂ ਤਨ ਮਾਟੀ ਰੱਖੀ ਸਾਂਭੀ, ਤਨ ਸੋਹਣਾ ਪੋਚ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਰੂਪ ਅਨੂਪ ਲਿਆ ਵਟਾਈਆ । ਨੌ ਸੌ ਚੁਰਾਨਵੇ ਵੇਖੇ ਚੌਕੜ, ਸ਼ਹਾਦਤ ਚੌਕੜਾਂ ਨਾਲ ਮਿਲਾਈਆ । ਜਨ ਭਗਤਾਂ ਕੱਟੇ ਆਪ ਔਕੜ, ਔਖੀ ਘਾਟੀ ਪਾਰ ਚੜ੍ਹਾਈਆ । ਸੰਤ ਸੁਹੇਲਾ ਕੋਇ ਨਾ ਜਾਵੇ ਔਤਰ, ਭਾਗ ਲੱਗੇ ਥਾਉਂ ਥਾਈਆ । ਜੋਤ ਅਕਾਲਣ ਬਣ ਕੇ ਸ਼ੌਕਣ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਮਿਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਜਾਵੇ ਬੀਤ, ਬੀਤੀ ਕਹਾਣੀ ਫੇਰ ਬਦਲਾਈਆ । ਨਿਰਗੁਣ ਚਲਾ ਕੇ ਆਪਣੀ ਰੀਤ, ਸਤਿਗੁਰ ਸਤਿ ਸਤਿ ਦ੍ਰਿੜਾਈਆ । ਕਾਇਆ ਕਾਅਬਾ ਮੰਦਰ ਮਸੀਤ, ਦਰ ਦਰ ਆਇਆ ਆਪ ਪਰਗਟਾਈਆ । ਸ਼ਿਵਦਵਾਲਾ ਮੱਠ ਇਕ ਅਨਡੀਠ, ਘਰ ਸੱਚਾ ਦਏ ਵਖਾਈਆ । ਲੱਖ ਚੁਰਾਸੀ ਇਕੋ ਗੀਤ, ਧੁਰ ਦਾ ਢੋਲਾ ਦਏ ਪੜ੍ਹਾਈਆ । ਜਨ ਭਗਤ ਕਾਇਆ ਕਰ ਕੇ ਠੰਡੀ ਸੀਤ, ਅਗਨੀ ਤਤ ਬੁਝਾਈਆ । ਪਰਮ ਪੁਰਖ ਪਰਮਾਤਮ ਗੁਰ ਅਵਤਾਰ ਪੀਰ ਪੈਗ਼ੰਬਰ ਸਦੀਆਂ ਨਾਲ ਆਵੇ ਠੀਕ, ਠੇਕੇਦਾਰ ਹੋ ਕੇ ਫੇਰਾ ਪਾਈਆ । ਪਿਛਲੀ ਕਹਾਣੀ ਉਤੇ ਫੇਰ ਕੇ ਲੀਕ, ਲੇਖ ਅਗਲਾ ਦਏ ਬਦਲਾਈਆ । ਲਹਿਣਾ ਦੇਣਾ ਚੁਕਾਏ ਲਾਸ਼ਰੀਕ, ਸ਼ਰਕਤ ਸਭ ਦੀ ਮੇਟ ਮਿਟਾਈਆ । ਆਪਣੇ ਵਿਚ ਰੱਖੇ ਤੌਫ਼ੀਕ, ਦੂਜੇ ਦਰ ਨਾ ਮੰਗਣ ਜਾਈਆ । ਦੂਰ ਦੁਰਾਡਾ ਹੋ ਨਜ਼ਦੀਕ, ਨੇੜਨ ਨੇੜਾ ਹੋ ਕੇ ਦਰਸ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪ੍ਰਭ ਮਿਲੇ ਆਪ ਅਤੀਤ, ਅਤਿਆਚਾਰ ਵੇਖੇ ਸਰਬ ਲੋਕਾਈਆ । ਇਹ ਧਾਰ ਸਦਾ ਅਨਡੀਠ ਬਾਰੀਕ, ਵਿਦਿਆ ਜੋਗ ਅਭਿਆਸ ਸਮਝ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੰਗ ਕਰੇ ਆਪਣੀ ਰੀਝ, ਸੇਹਰਾ ਸੀਸ ਜਗਦੀਸ ਗੁੰਦਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਕਰਕੇ ਇਕ ਪ੍ਰੀਤ, ਪ੍ਰਤੀਨਿਧ ਹੋ ਕੇ ਪਾਸਾ ਦਏ ਪਲਟਾਈਆ ।



੩੧੦

## ੧੯ ਸਾਵਣ ੨੦੨੧ ਬਿਕ੍ਰਮੀ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਚੰਬਲ

ਗੁਰਮੁਖ ਆਤਮ ਕਹੇ ਬਿਨ ਸੋਈ ਜਾਗੀ, ਨਿਜ ਨੇਤਰ ਅੱਖ ਖੁਲ੍ਹਾਈਆ । ਸਤਿਗੁਰ ਸ਼ਬਦ ਪਾਇਆ ਵਡਭਾਗੀ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਸੁਣਿਆ ਰਾਗ ਅਗੰਮ ਅਨਾਦੀ, ਘਰ ਵੱਜੀ ਸਚ ਸ਼ਹਿਨਾਈਆ । ਦਰਸ਼ਨ ਕੀਤਾ ਬਣ ਕੇ ਹਾਜੀ, ਹੁਜਰਾ ਕਾਇਆ ਹਕ ਸੁਹਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਵਖਾਈਆ । ਮੇਰੀ ਮਨਸਾ ਵਿਚੋਂ ਪੁੰਨੀ ਮਨਸਾ, ਮਾਨਸ ਜਨਮ ਮਿਲੀ ਵਡਿਆਈਆ । ਵੇਖਣ ਆਇਆ ਉਤੋਂ ਅਰਸ਼ਾ, ਅਰਸ਼ੀ ਪ੍ਰੀਤਮ ਬੇਪਰਵਾਹੀਆ । ਮਾਣ ਦਵਾਏ ਉਤੇ ਫ਼ਰਸ਼ਾ, ਫ਼ਜ਼ਲ ਰਹਿਮਤ ਆਪ ਕਮਾਈਆ । ਪੂਰਬ ਜਨਮ ਦਾ ਲਾਹੇ ਕਰਜ਼ਾ, ਮਕਰੂਜ਼ ਲੇਖਾ ਰਿਹਾ ਮੁਕਾਈਆ । ਕਰਿਆ ਖੇਲ ਅਗੰਮ ਅਸਚਰਜਾ, ਅਚਰਜ ਲੀਲਾ ਆਪ ਵਰਤਾਈਆ । ਜੋਧਾ ਬਣ ਕੇ ਸੂਰਬੀਰ ਮਰਦਾ, ਨਾਮ ਮਰਦਾਨਗੀ ਇਕ ਸਮਝਾਈਆ । ਗ਼ਰੀਬ ਨਿਮਾਣਿਆਂ ਨਾਲ ਵੰਡੇ ਦਰਦਾਂ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਏਥੇ ਓਥੇ ਦੋ ਜਹਾਨ ਸਚ ਪ੍ਰੀਤਮ ਸੁਣਦਾ ਰਹੇ ਅਰਜ਼ਾਂ, ਆਰਜ਼ੂ ਸਭ ਦੀ ਆਪਣੇ ਕੋਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੁੱਠੀਆਂ ਸਿੱਧੀਆਂ ਕਰੇ ਨਰਦਾਂ, ਪਾਸ਼ਾ ਜਗਤ ਦਏ ਉਲਟਾਈਆ ।

## ✪ ੧੮ ਸਾਵਣ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਹਿ ਮੋਗਾ ✪

ਸਤਿ ਪੁਰਖ ਨਿਰੰਜਣ ਸਤਿ ਦਰਬਾਰਾ, ਸਤਿ ਸਤਿਵਾਦੀ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ, ਆਦਿ ਜੁਗਾਦੀ ਨੈਣ ਖੁਲ੍ਹਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਜੋਤ ਉਜਾਲਾ ਡਗਮਗਾਇੰਦਾ । ਏਕਉਂਕਾਰ ਦਏ ਅਧਾਰਾ, ਘਰ ਖ਼ੁਸ਼ੀਆਂ ਰੰਗ ਰੰਗਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਸ੍ਰੀ ਭਗਵਾਨ ਭੇਵ ਚੁਕਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਅਨਭਵ ਆਪਣੀ ਖੇਲ ਵਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਹੱਥ ਕਰਤਾਰ, ਕਰਤਾ ਆਪਣੇ ਹੱਥ ਰਖਾਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਅਭੇਦਾ ਆਪਣਾ ਦਏ ਖੁਲ੍ਹਾਈਆ । ਨਿਰਗੁਣ ਇਛਿਆ ਨਿਰਗੁਣ ਭੰਡਾਰ, ਨਿਰਗੁਣ ਦੇਵਣਹਾਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਪਰਗਟਾਈਆ । ਨਿਰਗੁਣ ਖੇਲ ਕਰੇ ਪਰਗਟ, ਹਰਿ ਕਰਤਾ ਵਡ ਵਡਿਆਈਆ । ਧੁਰ ਦੀ ਇਛਿਆ ਖੋਲ੍ਹ ਕੇ ਹੱਟ, ਸਚਖੰਡ ਸਾਚੇ ਸੋਭਾ ਪਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਹਰਿ ਬੇਅੰਤ, ਵੱਡਾ ਵਡ ਵਡਿਆਈਆ । ਮੇਲ ਮਿਲਾਵਾ ਨਾਰ ਕੰਤ, ਘਰ ਸਾਚੇ ਜੋੜ ਜੁੜਾਈਆ । ਨਿਰਗੁਣ ਨਿਰਗੁਣ ਬਣਾ ਬਣਤ, ਲੇਖਾ ਜਾਣੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਤਿ ਦਵਾਰਾ ਕਰ ਪਰਵਾਨ, ਸਚਖੰਡ ਸਾਚਾ ਇਕ ਸੁਹਾਇੰਦਾ । ਦੀਆ ਬਾਤੀ ਜਗੇ ਮਹਾਨ, ਕਮਲਾਪਾਤੀ ਆਪ ਟਿਕਾਇੰਦਾ । ਮੁਕਾਮੇ ਹੱਕ ਕਰ ਪਰਧਾਨ, ਜਲਵਾ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਸਾਚਾ

ਮੰਦਰ ਸਾਚੀ ਦਰਗਾਹ, ਸਚਖੰਡ ਨਿਵਾਸੀ ਆਪ ਸੁਹਾਈਆ । ਤਖ਼ਤ ਨਿਵਾਸੀ ਬੇਪਰਵਾਹ, ਸਚ ਸਿੰਘਾਸਣ ਸੋਭਾ ਪਾਈਆ । ਆਪਣੀ ਇਛਿਆ ਆਪ ਪਰਗਟਾ, ਭਿਛਿਆ ਧੁਰ ਦੀ ਦਏ ਵਰਤਾਈਆ । ਨਾਤਾ ਜੋੜ ਸਹਿਜ ਸੁਭਾ, ਨਾਰ ਕੰਤ ਰੂਪ ਵਟਾਈਆ । ਜਨਨੀ ਜਨ ਬਣ ਖੇਲ ਕਰੇ ਅਥਾਹ, ਸੁਤ ਦੁਲਾਰਾ ਆਪਣੀ ਗੋਦ ਉਠਾਈਆ । ਪੂਤ ਸਪੂਤਾ ਨਾਉਂ ਧਰਾ, ਸ਼ਬਦੀ ਦੇਵਣਹਾਰ ਵਡਿਆਈਆ । ਚਰਨ ਕਵਲ ਦਏ ਰਖਾ, ਥਿਰ ਘਰ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਕਰਨੀ ਕਾਰ ਕਮਾਈਆ । ਕਰਨੀ ਕਾਰ ਕਰੇ ਨਿਰੰਕਾਰੇ, ਹਰਿ ਕਰਤਾ ਵਡ ਵਡਿਆਈਆ । ਜਨਣੀ ਜਨ ਬਣੇ ਸੁਤ ਦੁਲਾਰੇ, ਸ਼ਬਦੀ ਸ਼ਬਦ ਦਏ ਵਡਿਆਈਆ । ਮਾਤ ਪਿਤ ਬਣ ਮਿੱਤਰ ਪਿਆਰੇ, ਸਖ਼ਾ ਸਹਾਈ ਆਪ ਹੋ ਜਾਈਆ । ਮਹੱਲ ਅਟਲ ਉਚ ਮਨਾਰੇ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਸਤਿ ਸੰਦੇਸਾ ਦੇਵੇ ਦੇਵਣਹਾਰੇ, ਏਕਾ ਏਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਧੁਰ ਦਾ ਲੇਖਾ ਸਦਾ ਬੇਅੰਤ, ਹਰਿ ਕਰਤਾ ਆਪ ਜਣਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਮਹਿਮਾ ਆਪਣੀ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਸੁਤ ਦੁਲਾਰਾ ਸ਼ਬਦੀ ਪਰਗਟਾਏ ਸਾਚਾ ਸੰਤ, ਸਿਪਾਹੀ ਇਕੋ ਇਕ ਬਣਾਇੰਦਾ । ਜਿਸ ਦਾ ਖੇਲ ਆਦਿ ਅੰਤ, ਜੁਗ ਚੌਕੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸੁਤ ਦੁਲਾਰਾ ਸ਼ਬਦ ਸਿਪਾਹੀ, ਹਰਿ ਕਰਤਾ ਆਪ ਉਠਾਈਆ । ਆਦਿ ਪੁਰਖ ਪ੍ਰਭ ਰਚਨ ਰਚਾਈ, ਥਿਰ ਘਰ ਦੇਵੇ ਮਾਣ ਵਡਿਆਈਆ । ਸਚ ਸੰਦੇਸਾ ਇਕ ਸੁਣਾਈ, ਧੁਰ ਦਾ ਰਾਗ ਅਲਾਹੀਆ । ਨਿਰਗੁਣ ਨਿਰਵੈਰ ਹੋ ਕੇ ਬਣਨਾ ਪਾਂਧੀ ਰਾਹੀ, ਮੰਜ਼ਲ ਮੰਜ਼ਲ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਿਪਾਹੀ ਕਹੇ ਮੈਂ ਧੁਰ ਦਾ ਸੰਤ, ਪੁਰਖ ਅਕਾਲ ਆਪ ਬਣਾਈਆ । ਮੇਰਾ ਵਿਛੋੜਾ ਆਦਿ ਜੁਗਾਦਿ ਨਾ ਹੋਵੇ ਕੰਤ, ਨਾਰ ਦੁਹਾਗਣ ਰੂਪ ਨਾ ਕੋਇ ਵਟਾਈਆ । ਦੋ ਜਹਾਨ ਮਹਿਮਾ ਅਗਣਤ, ਲੋਕ ਪਰਲੋਕ ਜੁਗ ਚੌਕੜੀ ਸਦਾ ਸਦਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸੰਤ ਸਿਪਾਹੀ ਗਿਆ ਉਠ, ਹਰਿ ਸ਼ਬਦ ਲਏ ਅੰਗੜਾਈਆ । ਸਾਚੀ ਧਾਰੋਂ ਗਿਆ ਤੁਠ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਮ ਖੰਡਾ ਫੜਿਆ ਮੁੱਠ, ਦੋ ਜਹਾਨਾਂ ਰਿਹਾ ਚਮਕਾਈਆ । ਜਿਸ ਨੂੰ ਬ੍ਰਹਿਮੰਡ ਖੰਡ ਰਹੇ ਝੁਕ, ਪੁਰੀ ਲੋਅ ਸੀਸ ਝੁਕਾਈਆ । ਜਿਸ ਦਾ ਵਾਰ ਨਿਸ਼ਾਨਾ ਕਦੇ ਨਾ ਜਾਏ ਰੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਇਕ ਵਰਤੰਤ, ਹਰਿ ਕਰਤਾ ਸਤਿ ਦ੍ਰਿੜਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਵੇਖੇ ਵੇਖ ਵਿਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਕੇ ਬਣਤ, ਪੰਜ ਤਤ ਕਾਇਆ ਚੋਲਾ ਜਗਤ ਹੰਢਾਇੰਦਾ । ਸ਼ਬਦ ਅਨਾਦੀ ਦੇ ਕੇ ਮੰਤ, ਧੁਰ ਮੰਤਰ ਨਾਮ ਸੁਣਾਇੰਦਾ । ਗੜ੍ਹ ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਇੰਦਾ । ਮਿਲਾਵਣਹਾਰਾ ਸਾਚੀ ਸੰਗਤ, ਸਗਲਾ ਸੰਗ ਆਪ ਵਖਾਇੰਦਾ । ਕਾਇਆ ਚੋਲੀ ਚਾੜ੍ਹਨਹਾਰਾ ਰੰਗਤ, ਰੰਗ ਇਕੋ ਇਕ ਰੰਗਾਇੰਦਾ । ਨਾਤਾ ਤੋੜਨਹਾਰਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਖਿਲਾਇੰਦਾ ।

੩੧੨

੩੧੩

ਸੰਤ ਸਿਪਾਹੀ ਉਠ ਉਠ ਜਾਗ, ਹਰਿ ਕਰਤਾ ਆਪ ਜਗਾਇੰਦਾ । ਨਿਰਗੁਣ ਸਰਗੁਣ ਵੇਖ ਮਾਰ ਝਾਤ, ਲੱਖ ਚੁਰਾਸੀ ਤੇਰੀ ਅੱਖ ਮਿਲਾਇੰਦਾ । ਜੁਗ ਚੌਕੜੀ ਤੁਧ ਬਿਨ ਪੁੱਛੇ ਕੋਈ ਨਾ ਵਾਤ, ਪਹਿਰੇਦਾਰ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਪੰਜ ਤਤ ਖ਼ਾਕੀ ਮਿਲੇ ਖ਼ਾਕ, ਮਾਟੀ ਤਨ ਰਹਿਣ ਕੋਇ ਨਾ ਪਾਇੰਦਾ । ਘਰ ਘਰ ਅੰਦਰ ਸਚ ਕਰਾਏ ਨਾ ਕੋਇ ਇਤਫ਼ਾਕ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਇੰਦਾ । ਨਾਰੀ ਮਿਲੇ ਨਾ ਕੰਤ ਸੁਹਾਗ, ਸੁਹੰਜਣੀ ਸੇਜ ਨਾ ਕੋਇ ਹੰਢਾਇੰਦਾ । ਸਾਚੇ ਅਸਵ ਘੋੜੇ ਚੜ੍ਹੇ ਨਾ ਕੋਇ ਰਾਕ, ਸ਼ਾਹ ਸਵਾਰਾ ਖੜਗ ਖੰਡਾ ਹੱਥ ਨਾ ਕੋਇ ਚਮਕਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੋਈ ਨਾ ਪੜਦਾ ਸਕੇ ਢਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸ਼ਬਦ ਸੁਤ ਵੇਖ ਦੁਲਾਰੇ, ਕਰਤਾ ਪੁਰਖ ਆਪ ਜਣਾਈਆ । ਜੁਗ ਚੌਕੜੀ ਤੇਰੇ ਖੇਲ ਨਿਆਰੇ, ਖ਼ਾਲਕ ਖ਼ਲਕ ਦਏ ਸਮਝਾਈਆ । ਗੁਰ ਅਵਤਾਰ ਤੇਰੇ ਸਹਾਰੇ, ਪੀਰ ਪੈਗ਼ੰਬਰ ਤੇਰੀ ਓਟ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੇ ਵਣਜਾਰੇ, ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਰਹੀ ਜਸ ਗਾਈਆ । ਅਠਸਠ ਤੀਰਥ ਰਾਹ ਤੱਕਣ ਤੇਰਾ ਕਿਨਾਰੇ, ਜਲ ਥਲ ਮਹੀਅਲ ਤੇਰਾ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਰਿਹਾ ਜਗਾਈਆ । ਸਾਚਾ ਸੰਤ ਸ਼ਬਦ ਗੁਰ ਉਠਿਆ, ਦੋਏ ਜੋੜ ਸੀਸ ਨਿਵਾਈਆ । ਠਾਕਰ ਸੁਆਮੀ ਪ੍ਰਭੂ ਤੁੱਠਿਆ, ਪਤਿਪਰਮੇਸ਼ਵਰ ਦਇਆ ਕਮਾਈਆ । ਦੋ ਜਹਾਨਾਂ ਸ਼ੇਰ ਹੋ ਕੇ ਬੁੱਕਿਆ, ਭਬਕ ਆਪਣਾ ਨਾਮ ਲਗਾਈਆ । ਬ੍ਰਹਿਮੰਡ ਖੰਡ ਕਦੇ ਨਾ ਮੁਕਿਆ, ਪੜਦਾ ਸਕੇ ਨਾ ਕੋਇ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕੋਲੋਂ ਪੁਛਿਆ, ਘਰ ਘਰ ਫੇਰਾ ਪਾਈਆ । ਤਨ ਮੰਦਰ ਕੂੜੀ ਕਿਰਿਆ ਠੱਗ ਚੋਰ ਕਿਸ ਦਾ ਲੁੱਟਿਆ, ਨਵ ਦਰ ਦੇਣ ਕੌਣ ਦੁਹਾਈਆ । ਅੰਮ੍ਰਿਤ ਆਤਮ ਕਿਸ ਦਾ ਮੁੱਕਿਆ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਆਤਮ ਪਰਮਾਤਮ ਕੌਣ ਦਵਾਰੇ ਬੈਠਾ ਰੁਸਿਆ, ਘਰ ਸੱਜਣ ਨਾ ਮੇਲ ਮਿਲਾਈਆ । ਬ੍ਰਹਮ ਪਾਰਬ੍ਰਹਮ ਨਾਲ ਕੀ ਕਰੇ ਗ਼ੁੱਸਿਆ, ਦੂਈ ਦਵੈਤੀ ਡੇਰਾ ਕੋਇ ਨਾ ਢਾਹੀਆ । ਸ਼ੱਤਰੂ ਮਨ ਨਾ ਕਿਸੇ ਦਾ ਝੁਕਿਆ, ਸ਼ਬਦ ਖੰਡਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਰਤਾਈਆ । ਸੁਤ ਸ਼ਬਦ ਕਹੇ ਮੈਂ ਵੇਖਿਆ ਜਗ, ਚਾਰ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਲੱਗੀ ਅਗਨੀ ਅੱਗ, ਤ੍ਰੈਗੁਣ ਸਕੇ ਨਾ ਕੋਇ ਬੁਝਾਈਆ । ਦੀਨ ਮਜ਼੍ਹਬ ਜ਼ਾਤ ਪਾਤ ਬਣੀ ਹੱਦ, ਮਨ ਮਤ ਝਗੜਾ ਨਾ ਕੋਇ ਚੁਕਾਈਆ । ਹੰਸ ਬੁਧੀ ਹੋਈ ਕਗ, ਜੀਵ ਕਾਗ ਵਾਂਗ ਕੁਰਲਾਈਆ । ਦੀਪਕ ਜੋਤ ਨਾ ਘਰ ਕਿਸੇ ਗਿਆ ਜਗ, ਕੂੜ ਅੰਧੇਰ ਨਾ ਕੋਇ ਗਵਾਈਆ । ਸਾਚੇ ਕਾਅਬੇ ਕਰੇ ਨਾ ਕੋਇ ਹਜ, ਹੁਜਰਾ ਹਕ ਨਾ ਕੋਇ ਸੁਹਾਈਆ । ਆਤਮ ਸੁਣੇ ਨਾ ਕੋਈ ਨਦ, ਅਨਹਦ ਰਾਗ ਨਾ ਕੋਈ ਅਲਾਈਆ । ਕੂੜੀ ਵਾਸਨਾ ਸਾਰੇ ਰਹੇ ਭੱਜ, ਚਾਰੋਂ ਕੁੰਟ ਸ੍ਰਿਸ਼ਟ ਹਲਕਾਈਆ । ਸਾਧ ਸੰਤ ਡਿੱਗੇ ਡੂੰਘੀ ਖੱਡ, ਆਰ ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਚੰਮ ਦ੍ਰਿਸ਼ਟੀ ਚੰਮ ਨਾਲ ਪਰਨਾਈਆ । ਸੂਰਬੀਰ ਜੋਧਾ ਕੋਈ ਨਾ ਦਿਸੇ ਵਿਸ਼ਵ ਯੱਦ, ਵਾਸਤਾ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸੁਤ ਦੁਲਾਰੇ ਸੰਤ ਸਿਪਾਹੀ ਉਠ ਉਠ ਦੌੜ, ਹਰਿ ਕਰਤਾ ਆਪ ਸੁਣਾਇੰਦਾ । ਲੱਖ ਚੁਰਾਸੀ ਵੇਖ

੩੧੪ ੧੨

ਰੀਠਾ ਕੌੜ, ਘਰ ਘਰ ਅੰਦਰ ਤੇਰਾ ਰਾਹ ਜਣਾਇੰਦਾ । ਕੌਣ ਗ੍ਰਿਹ ਮੰਦਰ ਸਾਚਾ ਲੱਗਾ ਪੌੜ, ਮੰਜ਼ਲ ਪਾਂਧੀ ਕਵਣ ਪੰਧ ਮੁਕਾਇੰਦਾ । ਕੌਣ ਕੂੜੀ ਕਿਰਿਆ ਪਾਵੇ ਸ਼ੋਰ, ਰਸਨਾ ਜਿਹਵਾ ਬੱਤੀ ਦੰਦ ਬੋਲ ਸੁਣਾਇੰਦਾ । ਕੌਣ ਘਰ ਲੱਗਾ ਠੱਗ ਚੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਇੰਦਾ । ਸੰਤ ਸਿਪਾਹੀ ਸ਼ਬਦੀ ਦਾਤਾ, ਪੁਰਖ ਅਕਾਲ ਸੀਸ ਨਿਵਾਈਆ । ਤੇਰੀ ਕਿਰਪਾ ਕਰਾਂ ਅਰਦਾਸਾ, ਬੇਨੰਤੀ ਧੁਰ ਦੀ ਇਕ ਸੁਣਾਈਆ । ਲੱਖ ਚੁਰਾਸੀ ਅੰਦਰ ਘਰ ਘਰ ਵੇਖਿਆ ਕਰਕੇ ਵਾਸਾ, ਗ੍ਰਿਹ ਗ੍ਰਿਹ ਖੋਜ ਖੋਜਾਈਆ । ਤੇਰੇ ਉਤੇ ਰਿਹਾ ਨਾ ਕਿਸੇ ਭਰਵਾਸਾ, ਭਰਮੇ ਭੁੱਲੀ ਸਰਬ ਲੋਕਾਈਆ । ਘਰ ਵਿਚ ਘਰ ਛੱਡਿਆ ਤੇਰਾ ਸਾਥਾ, ਸੱਜਣ ਸ਼ਤਰੂ ਰੂਪ ਨਜ਼ਰੀ ਆਈਆ । ਝਗੜਾ ਪਿਆ ਤਤ ਆਠਾ, ਮਨ ਮਤ ਬੁਧ ਕਰੇ ਲੜਾਈਆ । ਚਾਰ ਕੁੰਟ ਦਹਿ ਦਿਸ਼ਾ ਆਇਆ ਘਾਟਾ, ਖ਼ਾਲੀ ਭੰਡਾਰ ਨਾ ਕੋਇ ਭਰਾਈਆ । ਨਜ਼ਰ ਨਾ ਆਏ ਤ੍ਰੈਲੋਕੀ ਨਾਥਾ, ਰਾਮ ਰਾਮ ਨਾ ਕੋਇ ਸਹਾਈਆ । ਈਸਾ ਮੂਸਾ ਮੁਹੰਮਦ ਨਾ ਦਏ ਨਜਾਤਾ, ਅੱਲਾ ਰਾਣੀ ਨੈਣ ਸ਼ਰਮਾਈਆ । ਨਾਨਕ ਗੋਬਿੰਦ ਗਾਂਦੇ ਸਾਕਾ, ਸਾਖਿਆਤ ਦਰਸ ਕੋਇ ਨਾ ਪਾਈਆ । ਲੇਖਾ ਲਿਖਦੇ ਨਾਲ ਕਲਮ ਦੁਆਤਾ, ਕਾਗ਼ਜ਼ ਦੇਂਦੇ ਜਗਤ ਵਡਿਆਈਆ । ਦਸਤ ਮਿਲਾਏ ਨਾ ਕੋਇ ਹਾਥਾ, ਸਮਰਥ ਮਿਲੇ ਨਾ ਕੋਈ ਸਰਨਾਈਆ । ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਨਿਭਾਏ ਨਾ ਕੋਇ ਸਾਥਾ, ਸਗਲਾ ਸੰਗ ਨਾ ਕੋਇ ਜਣਾਈਆ । ਘਰ ਸੁਰਤ ਸਵਾਣੀ ਜਿਸ ਦਾ ਮੰਨੇ ਆਖਾ, ਸੋ ਸੰਤ ਸਿਪਾਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੰਤ ਸਿਪਾਹੀ ਸਤਿਗੁਰ ਏਕ, ਗੋਬਿੰਦ ਗੁਰ ਵਡਿਆਈਆ । ਜਿਸ ਦੀ ਦੋ ਜਹਾਨਾਂ ਟੇਕ, ਬ੍ਰਹਿਮੰਡ ਖੰਡ ਸਰਨਾਈਆ । ਜਿਸ ਦਾ ਲੇਖਾ ਸਦਾ ਅਤੀਤ, ਤ੍ਰੈਗੁਣ ਖੇਲ ਨਾ ਕੋਇ ਵਖਾਈਆ । ਜਗ ਨੇਤਰ ਕੋਈ ਨਾ ਲਏ ਪੇਖ, ਨਿਜ ਨੇਤਰ ਗੁਰਮੁਖ ਵਿਰਲਾ ਦਰਸ਼ਨ ਪਾਈਆ । ਜੋ ਸੀਸ ਜਗਦੀਸ ਕਰ ਕੇ ਭੇਟ, ਆਪ ਆਪਣਾ ਗਿਆ ਮਿਟਾਈਆ । ਸ਼ਬਦ ਅਗੰਮੀ ਖੇਡ ਕੇ ਖੇਲ, ਨਿਹਕਰਮੀ ਕਰਮ ਨਾ ਕੋਇ ਜਣਾਈਆ । ਹਿਤਕਾਰੀ ਹੋ ਕੇ ਕਰਿਆ ਹੇਤ, ਨੇਤਨ ਨੇਤ ਹੋ ਕੇ ਦਰਸ ਦਿਖਾਈਆ । ਅੰਦਰ ਵੜ ਕੇ ਖੋਲ੍ਹਿਆ ਭੇਤ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਸਚ ਸੰਤ ਸਿਪਾਹੀ, ਪੁਰਖ ਅਕਾਲ ਜੁਗ ਜੁਗ ਦੇਵੇ ਭੇਜ, ਸ਼ਬਦੀ ਸ਼ਬਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੱਖਿਆ ਕਰੇ ਥਾਉਂ ਥਾਈਆ । ਸ਼ਬਦ ਸਿਪਾਹੀ ਉਠ ਸੂਰੇ, ਸੂਰਬੀਰ ਸਮਝਾਇੰਦਾ । ਕਲਜੁਗ ਅੰਤਮ ਖੇਲ ਵੇਖ ਅਧੂਰੇ, ਹਜ਼ਰਤ ਹਰਿ ਹਰਿ ਆਪ ਸੁਣਾਇੰਦਾ । ਚਾਰੋਂ ਕੁੰਟ ਨਾਤੇ ਕੂੜੇ, ਸੱਚਾ ਜੋੜ ਨਾ ਕੋਇ ਜਣਾਇੰਦਾ । ਗ੍ਰਿਹ ਗ੍ਰਿਹ ਦਿਸੇ ਮਾਣ ਮਗ਼ਰੂਰੇ, ਹੰਕਾਰ ਗੜ੍ਹ ਨਾ ਕੋਇ ਛੁਡਾਇੰਦਾ । ਸਾਚਾ ਸੁਣੇ ਨਾ ਕੋਇ ਤੂਰੇ, ਨਾਮ ਨਾਦ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਲਗਾਇੰਦਾ । ਉਠ ਸਿਪਾਹੀ ਵੇਖ ਮਾਤ, ਚਾਰ ਕੁੰਟ ਰਹੀ ਕੁਰਲਾਈਆ । ਸਾਚੀ ਦਿਸੇ ਨਾ ਕੋਇ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਣ ਦੁਹਾਈਆ । ਅੰਤਰ ਆਤਮ ਕਿਸੇ ਨਾ ਦੇਵੇ ਸਾਥ, ਮਨ ਵਾਸਨਾ ਸ੍ਰਿਸ਼ਟ ਹੋਈ ਹਲਕਾਈਆ । ਫਿਰੀ ਦਰੋਹੀ ਕਾਇਨਾਤ, ਕਲਮਾ ਨਬੀ ਨਾ ਕੋਇ ਸੁਣਾਈਆ । ਪਿਆਲਾ ਮਿਲੇ ਨਾ ਆਬੇ ਹਯਾਤ, ਅੰਮ੍ਰਿਤ ਮਦਿ ਜਾਮ ਹੱਥ ਨਾ ਕੋਇ ਫੜਾਈਆ । ਸਾਚਾ ਦੇਵੇ ਨਾ ਕੋਇ ਸਾਥ, ਸੰਗੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ ।

ਸ਼ਬਦ ਸੁਤ ਉਠ ਬਲਵਾਨ, ਸੰਤ ਸਿਪਾਹੀ ਹਰਿ ਜਣਾਇੰਦਾ । ਕਲਜੁਗ ਵੇਖ ਕੂੜੀ ਸ਼ਾਨ, ਦਹਿ ਦਿਸ਼ਾ ਨਜ਼ਰੀ ਆਇੰਦਾ । ਨੌ ਖੰਡ ਪ੍ਰਿਥਮੀ ਕੋਟਨ ਕੋਟ ਜੀਵ ਹੋਏ ਬੇਈਮਾਨ, ਬੇਵਾ ਰੂਪ ਸਾਚਾ ਖ਼ਾਵੰਦ ਘਰ ਨਾ ਕੋਇ ਹੰਢਾਇੰਦਾ । ਸਾਬਤ ਦਿਸੇ ਨਾ ਕੋਈ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਇੰਦਾ । ਸਤਿ ਧਰਮ ਦਾ ਖ਼ਾਲੀ ਦਿਸੇ ਮੈਦਾਨ, ਸਚ ਸੁੱਚ ਰੂਪ ਨਾ ਕੋਇ ਪਰਗਟਾਇੰਦਾ । ਕੂੜੀ ਕਿਰਿਆ ਜਗਤ ਹਰਾਮ, ਸ਼ਰਅ ਸ਼ੈਤਾਨ ਸੰਗ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤ ਦੇ ਕੇ ਗਏ ਜੋ ਬਿਆਨ, ਲੇਖਾ ਸਭ ਦਾ ਤੇਰੇ ਹੱਥ ਫੜਾਇੰਦਾ । ਦੋ ਜਹਾਨਾਂ ਵੇਖ ਮਾਰ ਧਿਆਨ, ਪੜਦਾ ਓਹਲਾ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਸ਼ਬਦ ਸੁਤ ਮਾਰ ਲਲਕਾਰ, ਇਕੋ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਕਰੋੜ ਤੇਤੀਸਾ ਸੁਰਪਤ ਸੋਇਆ ਰਹਿਣ ਨਾ ਪਾਈਆ । ਤੇਈ ਅਵਤਾਰ ਲਏ ਉਠਾਲ, ਈਸਾ ਮੂਸਾ ਮੁਹੰਮਦ ਨਾਲ ਰਲਾਈਆ । ਭਗਤ ਅਠਾਰਾਂ ਰੱਖਣੇ ਨਾਲ, ਧੁਰ ਦਾ ਸੰਗ ਬਣਾਈਆ । ਨਾਨਕ ਗੋਬਿੰਦ ਦੱਸ ਹਾਲ, ਹਾਲਤ ਸਭ ਦੀ ਦਏ ਜਣਾਈਆ । ਚਾਰ ਕੁੰਟ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਾਚੀ ਵਸਤ ਨਾ ਕਿਸੇ ਨਿਭੇ ਨਾਲ, ਖ਼ਾਲੀ ਹੱਥ ਦੇਣ ਦੁਹਾਈਆ । ਪੀਰ ਪੈਗ਼ੰਬਰ ਜੋ ਦੇ ਕੇ ਗਏ ਪੈਗ਼ਾਮ, ਗੁਰ ਅਵਤਾਰ ਨਗ਼ਮਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਸਚ ਲਗਾਈਆ । ਸੰਤ ਸਿਪਾਹੀ ਕਹੇ ਮੈਂ ਜਾਵਾਂਗਾ । ਪੁਰਖ ਅਬਿਨਾਸ਼ੀ ਤੇਰਾ ਹੁਕਮ ਸੀਸ ਟਿਕਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਫੜ ਹਿਲਾਵਾਂਗਾ । ਤੇਈ ਅਵਤਾਰ ਨਾਲ ਮਿਲਾਵਾਂਗਾ । ਈਸਾ ਮੂਸਾ ਮੁਹੰਮਦ ਅੱਖ ਖੁਲ੍ਹਾਵਾਂਗਾ । ਨਾਨਕ ਗੋਬਿੰਦ ਧੁਰ ਦਾ ਸੰਗ ਬਣਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌ ਸੌ ਚੁਰਾਨਵੇਂ ਚੌਕੜੀ ਜੋ ਬੀਤਿਆ ਪਰਸੰਗ, ਸਾਕਾ ਸਭ ਦਾ ਆਪ ਸੁਣਾਵਾਂਗਾ । ਤੇਰਾ ਫੜ ਕੇ ਇਕ ਮਰਦੰਗ, ਦੋ ਜਹਾਨਾਂ ਨਾਦ ਵਜਾਵਾਂਗਾ । ਬ੍ਰਹਿਮੰਡ ਖੰਡ ਆਪੇ ਲੰਘ, ਲੋਕਮਾਤ ਵੇਖ ਵਖਾਵਾਂਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜੋ ਮੰਗੇ ਮੰਗ, ਆਸਾ ਸਭ ਦੀ ਤੇਰੇ ਨਾਲ ਮਿਲਾਵਾਂਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਘਰ ਘਰ ਜੋ ਦਿਸੇ ਭੇਖ ਪਖੰਡ, ਉਸ ਦੀ ਹਾਲਤ ਆਪ ਜਣਾਵਾਂਗਾ । ਜੋ ਤੇਰੇ ਵਿਛੋੜੇ ਅੰਦਰ ਹੋਏ ਰੰਡ, ਤਿਸ ਦਾ ਰੰਡੇਪਾ ਦੂਰ ਕਰਾਵਾਂਗਾ । ਜਿਸ ਦੇ ਮਨ ਹੰਕਾਰੀ ਗੰਢ, ਤਿਸ ਦਾ ਪੜਦਾ ਫੋਲ ਫੁਲਾਵਾਂਗਾ । ਤੇਰਾ ਸ਼ਬਦ ਚੰਡ ਪਰਚੰਡ, ਗੋਬਿੰਦ ਹੋ ਕੇ ਇਕ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸੰਤ ਸਿਪਾਹੀ ਹੋ ਕੇ ਸੇਵ ਕਮਾਵਾਂਗਾ । ਨਿਰਗੁਣ ਹੋ ਕੇ ਫੇਰਾ ਪਾਵਾਂਗਾ । ਸਰਗੁਣ ਹੋ ਕੇ ਸਰਬ ਉਠਾਵਾਂਗਾ । ਧੁਰ ਦਰਗਾਹੀ ਲੈ ਕੇ ਢੋਏ, ਜਨ ਭਗਤਾਂ ਝੋਲੀ ਪਾਵਾਂਗਾ । ਜੋ ਤੇਰੇ ਪ੍ਰੇਮ ਪਿਆਰ ਮੋਹੇ, ਤਿਨ੍ਹਾਂ ਅੰਮ੍ਰਿਤ ਜਾਮ ਪਿਆਵਾਂਗਾ । ਜੋ ਗੂੜ੍ਹੀ ਨੀਂਦਰ ਸੋਏ, ਤਿਨ੍ਹਾਂ ਸ਼ਬਦ ਹਲੂਣੇ ਨਾਲ ਉਠਾਵਾਂਗਾ । ਜੋ ਨੇਤਰ ਨੈਣਾਂ ਰਹੇ ਰੋਏ, ਤਿਨ੍ਹਾਂ ਆਪਣੀ ਗੋਦ ਬਹਾਵਾਂਗਾ । ਜੋ ਸੁਣਦੇ ਤੇਰੀ ਸੋਏ, ਸਾਖ਼ਿਆਤ ਹੋ ਕੇ ਨਜ਼ਰੀ ਆਵਾਂਗਾ । ਗੁਰਮੁਖ ਕਬਜ਼ਾ ਕਰੇ ਨਾ ਕੋਇ ਭੋਂਏ, ਕਾਇਆ ਧਰਤੀ ਉਤੇ ਤੇਰਾ ਹਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਵਾਂਗਾ । ਦਰ ਤੇਰੇ ਸੀਸ ਝੁਕੇਗਾ । ਤੇਰਾ ਸ਼ਬਦੀ ਸੁਤ ਇਕੋ ਬੁਕੇਗਾ । ਸੰਤ ਸਿਪਾਹੀ ਕਦੀ ਨਾ ਰੁਕੇਗਾ । ਕੂੜੀ ਕਿਰਿਆ

ਫੜ ਫੜ ਟੁੱਕੇਗਾ । ਸ਼ੌਹ ਦਰਿਆਏ ਅੰਤਮ ਸੁੱਟੇਗਾ । ਕਲਜੁਗ ਕਾਲਖ ਸਭ ਦੀ ਲੁੱਟੇਗਾ । ਡੂੰਘੀ ਜੜ੍ਹ ਫੜ ਕੇ ਪੁੱਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੇ ਚਰਨ ਕਵਲ ਇਕੋ ਓਟ ਤਕੇਗਾ । ਸ਼ਬਦ ਸੁਤ ਉਠ ਵੇਖ ਰਕਾਨ, ਜੋਬਨਵੰਤੀ ਰਹੀ ਕੁਰਲਾਈਆ । ਜਿਸ ਦਾ ਨੂਰ ਜ਼ਹੂਰ ਜਗਤ ਮਹਾਨ, ਮਹਿਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਦਾ ਸਿਦਕ ਇਕ ਈਮਾਨ, ਸਬਰ ਸਬੂਰੀ ਆਪਣੇ ਅੰਦਰ ਬੰਦ ਕਰਾਈਆ । ਉਹ ਦੇਣਹਾਰ ਫ਼ਰਮਾਨ, ਸਚ ਸੰਦੇਸ਼ਾ ਰਿਹਾ ਅਲਾਈਆ । ਜੋਬਨਵੰਤੀ ਨੌਜਵਾਨ, ਮੁਖ ਘੁੰਗਟ ਇਕ ਉਠਾਈਆ । ਮੇਰੀ ਨਿਭ ਜਾਏ ਤੇਰੇ ਨਾਲ, ਦੂਜਾ ਕੰਤ ਨਾ ਕੋਇ ਹੰਢਾਈਆ । ਮੇਰਾ ਮੰਦਰ ਸਚ ਸੱਚੀ ਧਰਮਸਾਲ, ਜਿਸ ਘਰ ਬੈਠਣ ਡੇਰਾ ਲਾਈਆ । ਵੇਖ ਚੰਨ ਮੇਰਾ ਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਜੁਗ ਚੌਕੜੀ ਬੀਤੇ ਕਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਵਾਰ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਗੇ ਦੱਸਦੀ ਰਹੀ ਅਹਿਵਾਲ, ਸਚ ਕਹਾਣੀ ਇਕ ਸੁਣਾਈਆ । ਬਿਨ ਸਤਿਗੁਰ ਸ਼ਬਦ ਕੋਈ ਨਾ ਨਿਭਿਆ ਨਾਲ, ਲੱਗੀ ਤੋੜ ਨਾ ਕੋਇ ਨਿਭਾਈਆ । ਸਾਰੇ ਛੱਡ ਕੇ ਗਏ ਮੈਦਾਨ, ਅੰਤਮ ਆਪਣੀ ਪਿੱਠ ਵਖਾਈਆ । ਤੂੰ ਸੂਰਬੀਰ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਦ੍ਰਿੜਾਈਆ । ਸ਼ਬਦ ਕਹੇ ਸੁਣ ਜੋਬਨਵੰਤੀ, ਦੇਵਾਂ ਮਾਣ ਵਡਿਆਈਆ । ਤੇਰਾ ਰੂਪ ਇਕ ਬਸੰਤੀ, ਲੋਕਮਾਤ ਉਤਰ ਕਦੇ ਨਾ ਜਾਈਆ । ਤੇਰਾ ਮੇਲਾ ਧੁਰ ਦੇ ਕੰਤੀ, ਕੰਤ ਕੰਤੂਹਲ ਬੇਪਰਵਾਹੀਆ । ਤੇਰੀ ਮਹਿੰਮਾ ਅੰਦਰ ਸਾਰੇ ਲਿਖਦੇ ਗਏ ਪੰਗਤੀ, ਅੱਖਰਾਂ ਨਾਲ ਕਰ ਵਡਿਆਈਆ । ਤੂੰ ਮੇਰਾ ਮੈਂ ਤੇਰਾ ਕਦੇ ਨਾ ਹੋਵਾਂ ਕਿਸੇ ਦਵਾਰੇ ਮੰਗਤੀ, ਦਰਵੇਸ਼ ਰੂਪ ਨਾ ਕੋਇ ਵਟਾਈਆ । ਤੇਰੀ ਸਮਝ ਨਾ ਆਏ ਪੰਡਤੀ, ਚੌਦਾਂ ਵਿਦਿਆ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਰਿਹਾ ਕਮਾਈਆ । ਮੈਂ ਜੋਬਨਵੰਤੀ ਸੁਹੰਜਣੀ ਨਾਰ, ਦਰ ਤੇਰੇ ਸੀਸ ਨਿਵਾਈਆ । ਤੂੰ ਸੂਰਬੀਰ ਸਰਦਾਰ, ਜੋਬਨਵੰਤਾ ਇਕ ਅਖਵਾਈਆ । ਤੇਰੇ ਹੱਥ ਖੜਗ ਖੰਡਾ ਤਲਵਾਰ, ਤਰਕਸ਼ ਤੀਰ ਰਿਹਾ ਚਮਕਾਈਆ । ਤੇਰਾ ਲੇਖਾ ਦੋ ਜਹਾਨ, ਬ੍ਰਹਿਮੰਡ ਖੰਡ ਤੇਰੀ ਵਡਿਆਈਆ । ਤੇਰਾ ਖੇਲ ਅਗੰਮ ਅਪਾਰ, ਮੇਰੀ ਸਮਝ ਵਿਚ ਨਾ ਆਈਆ । ਮੈਂ ਤੇਰੇ ਚਰਨ ਕਵਲ ਬਲਿਹਾਰ, ਹਉਂ ਘੋਲੀ ਵਾਰੀ ਘੋਲ ਕਮਾਈਆ । ਉਠ ਜਾ ਕੇ ਮਾਰ ਲਲਕਾਰ, ਇਕ ਆਵਾਜ਼ ਸੁਣਾਈਆ । ਘਰ ਵਿਚ ਗਵਾਂਢੀ ਹੋਵਣ ਖ਼ਬਰਦਾਰ, ਕਾਮ ਕਰੋਧ ਲੋਭ ਮੋਹ ਹੰਕਾਰ ਸੋਇਆ ਰਹਿਣ ਕੋਇ ਨਾ ਪਾਈਆ । ਤੇਰਾ ਝੱਲੇ ਨਾ ਕੋਈ ਵਾਰ, ਸੀਸ ਸਕੇ ਨਾ ਕੋਇ ਉਠਾਈਆ । ਸਾਰੇ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਮੇਰੀ ਝੋਲੀ ਪਾਈਆ । ਮੈਂ ਸੰਤ ਸਿਪਾਹੀ ਧੁਰ ਦਾ, ਹਰਿ ਸ਼ਬਦੀ ਸ਼ਬਦ ਜਣਾਈਆ । ਹੁਕਮੇ ਅੰਦਰ ਕਦੇ ਨਾ ਮੁੜਦਾ, ਪਿਛੇ ਪਰਤ ਨਾ ਮੁਖ ਵਖਾਈਆ । ਮੈਂ ਅਸਵਾਰ ਅਗੰਮੀ ਘੋੜ ਦਾ, ਸਚ ਪਲਾਣਾ ਇਕ ਟਿਕਾਈਆ । ਮੈਂ ਸ਼ੱਤਰੂ ਦੁਸ਼ਮਣ ਸਾਰੇ ਰੋੜ੍ਹਦਾ, ਦਰ ਰਹਿਣ ਕੋਇ ਨਾ ਪਾਈਆ । ਮੈਂ ਨਾਰ ਵਿਛੁਨੀ ਸੁਰਤੀ ਆਪਣੇ ਨਾਲ ਜੋੜਦਾ, ਜਗਤ ਵਿਛੋੜਾ ਪੰਧ ਮੁਕਾਈਆ । ਨਾਦ ਸੁਣਾਵਾਂ ਆਪਣਾ ਘਨਘੋਰ ਦਾ, ਧੁਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤੂੰ ਢੋਲ ਸਿਪਾਹੀ ਧੁਰ ਦਾ ਬਾਂਕਾ, ਛੈਲ ਛਬੀਲਾ ਨਜ਼ਰੀ ਆਈਆ । ਗੁਰ ਅਵਤਾਰਾਂ

ਪੀਰ ਪੈਗ਼ੰਬਰਾਂ ਬਣਿਆ ਰਾਖਾ, ਜਨ ਭਗਤਾਂ ਹੋਇਆ ਸਹਾਈਆ । ਸਾਚੇ ਸੰਤਾਂ ਜੋੜੇਂ ਧੁਰ ਦਾ ਨਾਤਾ, ਮਿਲਨੀ ਹਰਿ ਜਗਦੀਸ ਕਰਾਈਆ । ਗੁਰਮੁਖਾਂ ਲਹਿਣਾ ਦੇਣਾ ਮੁਕਾਇਆ ਤਤ ਆਠਾ, ਨੌਂ ਦਰ ਡੇਰਾ ਦਿਤਾ ਢਾਹੀਆ । ਗੁਰਸਿਖਾਂ ਦੇ ਕੇ ਨਾਮ ਦਾਤਾ, ਏਕਾ ਰੰਗ ਦਿਤਾ ਰੰਗਾਈਆ । ਬਲਹਾਰੀ ਤੇਰੇ ਚਰਨ ਕਵਲ ਟੇਕਾਂ ਮਾਥਾ, ਚਰਨ ਧੂੜੀ ਮਸਤਕ ਖ਼ਾਕ ਰਮਾਈਆ । ਤੇਰਾ ਪਿਤਾ ਪੁਰਖ ਅਕਾਲ ਸਦਾ ਸਮਰਾਥਾ, ਸਮਰਥ ਹੱਥ ਤੇਰੀ ਵਡਿਆਈਆ । ਤੂੰ ਹੋਏਂ ਸਹਾਈ ਅਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਲਏਂ ਤਰਾਈਆ । ਆਤਮ ਪਰਮਾਤਮ ਦੱਸੇਂ ਗਾਥਾ, ਕਰੇਂ ਸਚ ਪੜ੍ਹਾਈਆ । ਨਾਤਾ ਤੋੜ ਕੇ ਜ਼ਾਤ ਪਾਤਾ, ਵਰਨ ਬਰਨ ਡੇਰਾ ਢਾਹੀਆ । ਮਨ ਮਤ ਘਰ ਰਹਿਣ ਨਾ ਦੇਵੇਂ ਨਾਰ ਕਮਜ਼ਾਤਾ, ਕੁਲਖਣੀ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਤੇਰਾ ਖੇਲ ਅਵੱਲਾ, ਅਕਲ ਕਲ ਧਾਰੀ ਤੇਰੀ ਵਡ ਵਡਿਆਈਆ । ਸ਼ਬਦ ਅਗੰਮੀ ਤੇਰਾ ਭੱਲਾ, ਦੋ ਜਹਾਨਾਂ ਭੈ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵੌਂਦੇ ਸੱਜਦਾ ਕਰੇ ਰਾਣੀ ਅੱਲਾ, ਹਕ ਹਕ ਤੇਰਾ ਨਾਉਂ ਰਹੇ ਧਿਆਈਆ । ਮੁਰੀਦ ਮੁਰਸ਼ਦ ਫੜਾਵਣਹਾਰਾ ਪੱਲਾ, ਪੱਲੂ ਆਪਣੀ ਗੰਢ ਪਵਾਈਆ । ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਤੇਰਾ ਝੱਲ ਨਾ ਸਕੇ ਕੋਈ ਹੱਲਾ, ਹਾਲਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਿਆਂ ਲਗਾਈਆ । ਸ਼ਬਦ ਕਹੇ ਮੈਂ ਸਿਪਾਹੀ ਏਕ, ਸਿਪਾਹ ਸਾਲਾਰ ਬੇਪਰਵਾਹੀਆ । ਨਿਤ ਨਵਿਤ ਮੇਰੀ ਖੇਡ, ਖ਼ਾਲਕ ਖ਼ਲਕ ਵਿਚ ਖਿਲਾਈਆ । ਜੁਗ ਚੌਕੜੀ ਮੈਨੂੰ ਭੇਜ, ਨਿਰਗੁਣ ਸਰਗੁਣ ਸੇਵ ਸਮਝਾਈਆ । ਲੱਖ ਚੁਰਾਸੀ ਦੇਵਾਂ ਟੇਕ, ਰੱਖਿਆ ਕਰਾਂ ਥਾਉਂ ਥਾਈਆ । ਸੰਤ ਸੁਹੇਲੇ ਸੱਜਣ ਵੇਖ, ਗੁਰਮੁਖ ਗੁਰਸਿਖ ਲਵਾਂ ਉਠਾਈਆ । ਅੰਤਰ ਆਤਮ ਕਰਾਂ ਹੇਤ, ਪਰਮਾਤਮ ਸਾਚਾ ਮੇਲ ਮਿਲਾਈਆ । ਮਾਣ ਗਵਾ ਕੇ ਮੁੱਲਾ ਸ਼ੇਖ਼, ਮੁਸਾਇਕ ਡੇਰਾ ਦੇਵਾਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਮੈਂ ਸੇਵਾ ਕਰਾਂ ਸਦਾ ਜਗ, ਲੱਖ ਚੁਰਾਸੀ ਵੇਖ ਵਖਾਇੰਦਾ । ਜਨ ਭਗਤਾਂ ਮਿਲਾਂ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਇੰਦਾ । ਸਚ ਦਵਾਰ ਸੁਣ ਕੇ ਨਦ, ਸੁਰਤ ਸਵਾਣੀ ਆਪ ਉਠਾਇੰਦਾ । ਜਿਹੜਾ ਵਸਦਾ ਰਿਹਾ ਅਲੱਗ, ਘਰ ਸੱਜਣ ਆਪ ਮਿਲਾਇੰਦਾ । ਉਠ ਸੇਜੇ ਚੜ੍ਹ ਭੱਜ, ਭਾਂਡਾ ਭਰਮ ਭੌ ਭੰਨਾਇੰਦਾ । ਲਾਲ ਰੰਗੀਲੇ ਹੱਥ ਰੰਗ, ਮੈਂਹਦੀ ਇਕੋ ਨਾਮ ਵਖਾਇੰਦਾ । ਬਿਨ ਸੱਜਦਿਉਂ ਕਰੇ ਹੱਜ, ਹਜ਼ਰਤ ਸਨਮੁਖ ਸੋਭਾ ਪਾਇੰਦਾ । ਪ੍ਰੇਮ ਪ੍ਰੀਤੀ ਅੰਦਰ ਜਾ ਬੱਝ, ਬਾਜ਼ੂ ਹੱਥ ਨਾ ਕੋਇ ਲਗਾਇੰਦਾ । ਤੇਰਾ ਪੜਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਘਰ ਸਵਾਣੀ ਕਹੇ ਮੈਂ ਰੱਖੀ ਉਡੀਕ, ਨੇਤਰ ਨੈਣ ਨੈਣ ਉਠਾਈਆ । ਮੇਰੀ ਅਜੇ ਨਾ ਟੁੱਟੀ ਪ੍ਰੀਤ, ਪ੍ਰੀਤੀਵਾਨ ਭੁੱਲ ਕੋਇ ਨਾ ਜਾਈਆ । ਮੈਂ ਬੈਠੀ ਰਹੀ ਅਤੀਤ, ਤ੍ਰੈਗੁਣ ਸਕੀ ਨਾ ਕੋਇ ਲੋਭਾਈਆ । ਮੇਰਾ ਠਾਕਰ ਮਿਲੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਸੋ ਸਵਾਮੀ ਨੇੜੇ ਲਿਆਂਦੀ ਤਾਰੀਖ਼, ਤਰੀਕਾ ਆਪਣਾ ਦਿਤਾ ਸਮਝਾਈਆ । ਕਲਜੁਗ ਅੰਤਮ ਰਹਿਣ ਨਾ ਦੇਣਾ ਕੋਈ ਸ਼ਰੀਕ, ਸ਼ਰਕਤ ਸਭ ਦੀ ਦਏ ਮਿਟਾਈਆ । ਪਰਵਰਦਿਗਾਰ ਹੱਥ ਤੌਫ਼ੀਕ, ਤੋਹਫ਼ਾ ਘਰ ਘਰ ਦਏ ਪੁਚਾਈਆ । ਸਾਚਾ ਕਲਮਾ ਦੇ ਇਕ ਹਦੀਸ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਮਿੱਠਾ ਕਰੇ ਕੌੜਾ ਰੀਠ, ਅੰਮ੍ਰਿਤ ਰਸ

ਸਚ ਭਰਾਈਆ । ਆਤਮ ਪਰਮਾਤਮ ਪਾਵੇ ਭੀਖ, ਭਿਛਿਆ ਝੋਲੀ ਨਾਮ ਜਣਾਈਆ । ਕੂੜੀ ਕਿਰਿਆ ਮੇਟੇ ਰੀਤ, ਸਾਚੀ ਸਿਖਿਆ ਇਕ ਪਰਗਟਾਈਆ । ਨਜ਼ਰੀ ਆਏ ਨੀਕਨ ਨੀਕ, ਨੇਰਨ ਨੇਰਾ ਹੋ ਕੇ ਦਰਸ ਵਖਾਈਆ । ਲੇਖ ਚੁਕਾਏ ਹਸਤ ਕੀਟ, ਰਾਓ ਰੰਕਾਂ ਇਕੋ ਘਰ ਬਹਾਈਆ । ਆਂਢੀ ਗਵਾਂਢੀ ਸਾਰੇ ਹੋ ਜਾਣ ਠੀਕ, ਝਗੜਾ ਰਹੇ ਨਾ ਕੋਇ ਲੋਕਾਈਆ । ਪੁਰਖ ਅਕਾਲ ਨਾਲ ਕਰਨ ਪ੍ਰੀਤ, ਇਸ਼ਟ ਦੇਵ ਇਕ ਮਨਾਈਆ । ਆਸਤਕ ਨਾਸਤਕ ਦੋਹਾਂ ਲਏ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਸੁਆਮੀ ਕਹੇ ਗੁਰ ਅਵਤਾਰ ਹੋਵੋ ਇਕੱਠੇ, ਕਲਜੁਗ ਅੰਤ ਸੰਦੇਸਾ ਇਕ ਸੁਣਾਈਆ । ਸਚ ਦਵਾਰੇ ਆਉ ਨੱਠੇ, ਬਣ ਕੇ ਪਾਂਧੀ ਰਾਹੀਆ । ਜੋ ਪ੍ਰਭ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸੇ, ਨੇਤਰ ਵੇਖੋ ਥਾਉਂ ਥਾਈਂਆ । ਜੋ ਧੁਰ ਸੰਦੇਸ਼ ਲਿਖਾ ਕੇ ਪਤੇ, ਬਣਕੇ ਕਾਤਬ ਕਲਮ ਚਲਾਈਆ । ਦੀਨ ਮਜ਼੍ਹਬ ਪਏ ਰੱਟੇ, ਜ਼ਾਤ ਪਾਤ ਕਰੇ ਲੜਾਈਆ । ਪ੍ਰੇਮ ਰੰਗ ਕੋਈ ਨਾ ਰੱਤੇ, ਕੂੜਾ ਲਾਲਚ ਨਜ਼ਰੀ ਆਈਆ । ਨਾਨਕ ਗੋਬਿੰਦ ਜੋ ਮਾਰਗ ਦੱਸੇ, ਚਾਰ ਵਰਨ ਬਣਾਏ ਭੈਣ ਭਾਈਆ । ਅੰਮ੍ਰਿਤ ਬਾਟੇ ਇਕੋ ਛਕੇ, ਸਹਿੰਸੇ ਰੋਗ ਦਿਤੇ ਚੁਕਾਈਆ । ਤੇੜ ਪਵਾ ਕੇ ਧੁਰ ਦੇ ਕੱਛੇ, ਧੀਰਜ ਜਤ ਇਕ ਸਮਝਾਈਆ । ਕੇਸ ਸੋਹਣੇ ਉਪਰ ਰੱਖੇ, ਸੋਭਾਵੰਤ ਦਿਤੀ ਵਡਿਆਈਆ । ਕੜਾ ਕਿਰਪਾਨ ਬਖ਼ਸ਼ ਹੱਕੇ, ਹਕੀਕਤ ਦੇਵੇ ਨਾਲ ਗਵਾਹੀਆ । ਕੰਘਾ ਕੂੜੀ ਕਿਰਿਆ ਕੱਟੇ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਵਾਹਿਗੁਰੂ ਅੱਖਰ ਇਕੋ ਰਟੇ, ਵਾਹ ਵਾਹ ਗੁਰੂ ਵਡਿਆਈਆ । ਨਾਨਕ ਨਿਰਗੁਣ ਨਾਮ ਜਪੇ, ਸਤਿ ਸਤਿ ਗਿਆ ਸਮਝਾਈਆ । ਸਾਰੇ ਵੇਖਣ ਇਕੋ ਅੱਖੇ, ਦੂਜੀ ਪਲਕ ਨਾ ਕੋਇ ਬਦਲਾਈਆ । ਉਹ ਮੁਰਸ਼ਦ ਮਦੀਨੇ ਮੱਕੇ, ਮਕਬਰਿਆਂ ਵਿਚ ਫੇਰਾ ਪਾਈਆ । ਲਿਖ ਸੰਦੇਸ਼ਾ ਦੇ ਕੇ ਗਿਆ ਲੋਕਮਾਤ ਧੁਰ ਦੇ ਪਤੇ, ਪਤਿਪਰਮੇਸ਼ਵਰ ਹੁਕਮ ਸੁਣਾਈਆ । ਖੇਲ ਕਰੇ ਪੁਰਖ ਸਮਰਥੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੂਰਬੀਰ ਜੋਧਾ ਇਕੋ ਉਠੇ, ਬਲਧਾਰੀ ਆਪਣੇ ਹੱਥ ਰੱਖੇ ਵਡਿਆਈਆ । ਕੂੜੀ ਕਿਰਿਆ ਕਲਜੁਗ ਮੇਟੇ ਰੱਟੇ, ਮਾਇਆ ਮਮਤਾ ਝਗੜਾ ਦਏ ਚੁਕਾਈਆ । ਦੂਈ ਦਵੈਤੀ ਮੇਟੇ ਫੱਟੇ, ਨਾਮ ਪੱਟੀ ਇਕ ਬੰਧਾਈਆ । ਸੱਚਾ ਮਾਰਗ ਧੁਰ ਦਾ ਦੱਸੇ, ਪੁਰਖ ਅਕਾਲ ਇਕ ਸਰਨਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਹੱਕੇ, ਆਤਮ ਪਰਮਾਤਮ ਇਕੋ ਘਰ ਵਸੇ ਸਹਿਜ ਸੁਭਾਈਆ । ਪੀਰ ਪੈਗੰਬਰ ਗੁਰ ਅਵਤਾਰ ਗਾਵਣ ਜਸੇ, ਵੇਦ ਪੁਰਾਨ ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਮੇਰਾ ਸ਼ਬਦ ਸਿਪਾਹੀ ਧੁਰ ਦਾ ਚੰਗਾ, ਪੁਰਖ ਅਕਾਲ ਆਪ ਜਣਾਇੰਦਾ । ਜਿਸ ਦੇ ਹੱਥ ਨਾਮ ਮਰਦੰਗਾ, ਦੋ ਜਹਾਨਾਂ ਆਪ ਉਠਾਇੰਦਾ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਵੇਖੇ ਭੁੱਖਾ ਨੰਗਾ, ਸ਼ਾਹ ਸੁਲਤਾਨ ਖੋਜ ਖੋਜਾਇੰਦਾ । ਧਾਰ ਜਾਨਣਹਾਰਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਸੂਰਾ ਸਰਬੰਗਾ, ਸੂਰਬੀਰ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕਾਵਣਹਾਰਾ ਸੂਰਜ ਚੰਦਾ, ਰਵ ਸਸ ਪੜਦਾ ਲਾਹਿੰਦਾ । ਖੋਜਣਹਾਰਾ ਕੋਟ ਬ੍ਰਹਿਮੰਡਾਂ, ਬ੍ਰਹਮ ਬ੍ਰਹਿਮਾਦ ਆਪਣੀ ਕਾਰ ਕਮਾਇੰਦਾ । ਉਪਜਾਵਣਹਾਰਾ ਜੇਰਜ ਅੰਡਾਂ, ਉਤਭੁਜ ਸੇਤਜ ਖੇਲ ਖਿਲਾਇੰਦਾ । ਦੇਵਣਹਾਰਾ ਪਰਮਾਨੰਦਾ, ਨਿਜ ਆਤਮ ਰਸ ਇਕ ਚਖਾਇੰਦਾ । ਮੇਟਣਹਾਰਾ ਗਵਾਂਢੀ ਗੰਦਾ, ਘਰ ਘਰ ਵਿਚੋਂ ਕੂੜੀ ਕਿਰਿਆ ਬਾਹਰ ਕਢਾਇੰਦਾ । ਬੰਦਗੀ ਅੰਦਰ ਲਾ ਕੇ ਆਪਣਾ ਬੰਦਾ, ਬੰਦਨਾ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਆਪ ਖੁਲ੍ਹਾਉਂਦਾ ਏ । ਪੁਰਖ ਅਬਿਨਾਸ਼ੀ ਦਇਆ ਕਮਾਉਂਦਾ ਏ । ਘਟ ਘਟ ਵਾਸੀ ਵੇਖ ਮੰਡਲ ਰਾਸੀ, ਰਾਸੀ ਰਾਸ ਰਚਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕੋਲ ਬਹਾਉਂਦਾ ਏ । ਸਦੀ ਚੌਧਵੀ, ਈਸਾ ਮੂਸਾ ਮੁਹੰਮਦ ਇਸ਼ਾਰੇ ਨਾਲ ਸਮਝਾਉਂਦਾ ਏ । ਬੀਸ ਇਕੀਸਾ ਹਰਿ ਜਗਦੀਸਾ, ਨਿਹਕਰਮੀ ਕਰਮ ਕਮਾਉਂਦਾ ਏ । ਕਲਜੁਗ ਕੂੜੀ ਕਿਰਿਆ ਫੜ ਕੇ ਸ਼ਮਸ਼ੀਰ ਗੁਰ ਅਵਤਾਰਾਂ ਅੱਗੇ ਆਪ ਟਿਕਾਉਂਦਾ ਏ । ਵੇਖੋ ਝਗੜਾ ਅਜੇ ਨਾ ਚੁਕਿਆ ਊਚਾਂ ਨੀਚਾਂ, ਨਾਨਕ ਗੋਬਿੰਦ ਸ਼ਬਦ ਨਾ ਕੋਇ ਕਮਾਉਂਦਾ ਏ । ਕੂੜ ਵਾਸਨਾ ਜਗਤ ਪ੍ਰੀਤਾਂ, ਸ਼ਬਦੀ ਮੇਲ ਨਾ ਕੋਇ ਮਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਸਮਝਾਉਂਦਾ ਏ । ਸਚ ਕਰਨੀ ਨਾ ਕੋਇ ਕਮਾਉਂਦਾ ਏ । ਨੀਚੋ ਨੀਚ ਨਾ ਕੋਇ ਅਖਵਾਉਂਦਾ ਏ । ਅੰਗਦ ਅੰਗ ਨਾ ਕੋਇ ਲਗਾਉਂਦਾ ਏ । ਅਮਰੂ ਅਮਰ ਨਾ ਕੋਇ ਬਣਾਉਂਦਾ ਏ । ਰਾਮਦਾਸ ਰਾਮ ਨਾ ਕੋਇ ਮਿਲਾਉਂਦਾ ਏ । ਅਰਜਨ ਅਰਜ਼ ਸੁਣ ਬੋਧ ਅਗਾਧ ਨਾ ਕੋਇ ਦ੍ਰਿੜਾਉਂਦਾ ਏ । ਹਰਿ ਗੋਬਿੰਦ ਖੇਲ, ਖੰਡਾ ਖੜਗ ਨਾ ਕੋਇ ਚਮਕਾਉਂਦਾ ਏ । ਹਰਿਰਾਏ ਕਰੇ ਨਾ ਕੋਇ ਮੇਲ, ਨਾਤਾ ਬਿਧਾਤਾ ਜੋੜ ਨਾ ਕੋਇ ਜੁੜਾਉਂਦਾ ਏ । ਹਰਿ ਕ੍ਰਿਸ਼ਨਾ ਚਾੜ੍ਹੇ ਨਾ ਕੋਇ ਤੇਲ, ਸਚ ਗਿਆਨ ਨਾ ਕੋਇ ਸਮਝਾਉਂਦਾ ਏ । ਤੇਗ਼ ਬਹਾਦਰ ਵਾਂਗ ਕਟੇ ਨਾ ਕੋਇ ਗ਼ਰੀਬਾਂ ਜੇਲ, ਸੀਸ ਭੇਟ ਨਾ ਕੋਇ ਚੜ੍ਹਾਉਂਦਾ ਏ । ਗੋਬਿੰਦ ਕਰਕੇ ਆਪਣਾ ਵਿਹਲ, ਪੂਰਬ ਲਹਿਣਾ ਸਭ ਦੀ ਝੋਲੀ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਿਪਾਹੀ ਇਕ ਵਡਿਆਉਂਦਾ ਏ । ਸ਼ਬਦ ਸਿਪਾਹੀ ਸਤਿਗੁਰ ਸੱਚਾ, ਆਦਿ ਜੁਗਾਦਿ ਨਜ਼ਰੀ ਆਇੰਦਾ । ਜਿਸ ਦਾ ਲੱਖ ਚੁਰਾਸੀ ਇਕੋ ਬੱਚਾ, ਬਚਪਨ ਆਪਣੀ ਝੋਲੀ ਪਾਇੰਦਾ । ਜਿਸ ਦਾ ਬਚਨ ਨਾ ਕੋਇ ਕੱਚਾ, ਕੂੜੀ ਕਿਰਿਆ ਜ਼ਿਬਹ ਨਾ ਕੋਇ ਵਖਾਇੰਦਾ । ਜਿਸ ਦੀ ਕਰੇ ਕੋਇ ਨਾ ਹੱਤਾ, ਜਨਮ ਮਰਨ ਗੇੜ ਨਾ ਕੋਇ ਸਮਝਾਇੰਦਾ । ਜੋ ਨਜ਼ਰ ਨਾ ਆਏ ਜਗਤ ਅੱਖਾਂ, ਨਿਜ ਨੇਤਰ ਰੰਗ ਰੰਗਾਇੰਦਾ । ਸੋ ਸਾਹਿਬ ਸੁਆਮੀ ਅੰਤਰਜਾਮੀ ਕੰਤ ਕੰਤੂਹਲ ਪੱਕਾ, ਨਾਰ ਸੁਹਾਗਣ ਇਕ ਬਣਾਇੰਦਾ । ਸ਼ਤਰੂ ਦੁਸ਼ਮਣ ਦੇ ਕੇ ਧੱਕਾ, ਸਚ ਦਵਾਰਿਉਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਮਿਹਰ ਨਜ਼ਰ ਨਾਲ ਤਾਰੇ ਗੁਰਸਿਖ, ਸਤਿਗੁਰ ਹੱਥ ਵੱਡੀ ਵਡਿਆਈਆ । ਨਾਮ ਪਦਾਰਥ ਪਾ ਅਗੰਮੀ ਭਿਖ, ਅੰਤਰ ਆਤਮ ਝੋਲੀ ਦਏ ਭਰਾਈਆ । ਕੋਈ ਸਮਝ ਨਾ ਸਕੇ ਮੁਨ ਰਿਖ, ਜੋਗ ਜੁਗੀਸ਼ਰ ਬੈਠੇ ਧਿਆਨ ਲਗਾਈਆ । ਠਾਕਰ ਹੋ ਕੇ ਮਿਲੇ ਪਿਤ, ਪਰਮੇਸ਼ਵਰ ਹੋ ਕੇ ਗੋਦ ਬਹਾਈਆ । ਘਰ ਮੰਦਰ ਕਰੇ ਹਿਤ, ਨਿਤ ਨਵਿਤ ਖ਼ੁਸ਼ੀ ਮਨਾਈਆ । ਠਗੌਰੀ ਪਾਏ ਨਾ ਕੋਇ ਚਿਤ, ਚੇਤਨ ਸੁਰਤੀ ਆਪ ਕਰਾਈਆ । ਪ੍ਰੇਮ ਪਿਆਰ ਦੀ ਪਾ ਕੇ ਖਿਚ, ਨਾਤਾ ਅੰਦਰੇ ਅੰਦਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਸਿਪਾਹੀ ਦੇਵੇ ਕੁਰਬਾਨੀ, ਕਰਬਲਾ ਮਿਲੇ ਨਾ ਕੋਇ ਵਡਿਆਈਆ । ਬੱਚੇ ਨੀਹਾਂ ਹੇਠ ਨਿਸ਼ਾਨੀ, ਆਸਾਨੀ ਗੁਰਮੁਖਾਂ ਗਿਆ ਬਣਾਈਆ । ਨਾਮ ਨਿਸ਼ਾਨਾ ਮਾਰ ਕੇ ਕਾਨੀ, ਬਜਰ ਕਪਾਟੀ ਆਪ ਤੁੜਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਪਾਣੀ, ਘਰ ਸਰੋਵਰ ਦਿਤਾ ਨੁਹਾਈਆ । ਬੋਧ ਅਗਾਧ ਸੁਣਾ ਕੇ ਬਾਣੀ, ਚਾਰੇ ਖਾਣੀ ਪੰਧ ਮੁਕਾਈਆ । ਸ਼ਬਦੀ ਸ਼ਬਦ ਮਿਲਾ ਕੇ ਹਾਣੀ, ਸੁਰਤ ਅਕਾਲ ਮੂਰਤ

੩੧੯
੧੨

ਕਰੀ ਕੁੜਮਾਈਆ । ਹਰਿ ਦੇ ਪਦ ਨਿਰਬਾਨੀ, ਮਹੱਲ ਇਕੋ ਦਿਤਾ ਸਮਝਾਈਆ । ਜਿਥੇ ਲੇਖਾ ਚੁੱਕੇ ਆਵਣ ਜਾਣੀ, ਗੇੜਾ ਨਜ਼ਰ ਕੋਇ ਨਾ ਆਈਆ । ਸਾਚੇ ਮੰਦਰ ਬਹਿਣਾ ਬਣ ਕੇ ਰਾਣੀ, ਧੁਰ ਦਾ ਕੰਤ ਇਕ ਹੰਢਾਈਆ । ਸੁਘੜ ਸੁਚਜੀ ਬਣ ਸਵਾਣੀ, ਆਪਣਾ ਕੰਤ ਲਏ ਮਨਾਈਆ । ਮੁਸ਼ਕਲ ਹੱਲ ਹੋਵੇ ਆਸਾਨੀ, ਅਹਿਸਾਨ ਸੀਸ ਨਾ ਕੋਇ ਰਖਾਈਆ । ਦੁਸ਼ਮਣ ਦੂਰ ਕੀਤੀ ਤੁਗ਼ਿਆਨੀ, ਜਗਤ ਹੜ੍ਹ ਨਾ ਕੋਇ ਰੁੜ੍ਹਾਈਆ । ਪਾਲ ਵੇਖੇ ਪਹਾੜ ਬਰਫ਼ਾਨੀ, ਹੇਮ ਕੁੰਟ ਖੇਲ ਰਚਾਈਆ । ਸੂਰਬੀਰ ਜੋਧਾ ਮਰਦ ਮਰਦਾਨੀ, ਮਰਦਾਨਾ ਇਕੋ ਇਕ ਅਖਵਾਈਆ । ਚਲਣ ਨਾ ਦੇਵੇ ਕਿਸੇ ਦੀ ਕੋਇ ਬੇਈਮਾਨੀ, ਸ਼ੈਤਾਨੀ ਸਭ ਦੀ ਰਿਹਾ ਮਿਟਾਈਆ । ਜਿਸ ਦੀ ਸਿਫ਼ਤ ਕਰੇ ਨਾ ਕੋਇ ਜ਼ਬਾਨੀ, ਅਲਫ਼ ਯੇ ਨਾ ਸਕੇ ਸਮਝਾਈਆ । ਜਿਸ ਦਾ ਇਸ਼ਾਰਿਆਂ ਨਾਲ ਮਿਲੇ ਪੈਗ਼ਾਮੀ, ਪੈਗ਼ੰਬਰਾਂ ਰਿਹਾ ਪੜ੍ਹਾਈਆ । ਸੋ ਸਿਪਾਹੀ ਇਕ ਮੁਕਾਮੀ, ਮੁਕੰਮਲ ਆਪਣੀ ਸੇਵ ਕਮਾਈਆ । ਗੁਰਮੁਖ ਕਿਸੇ ਦੀ ਕਰੇ ਨਾ ਕਦੀ ਗ਼ੁਲਾਮੀ, ਚਾਕਰ ਰੂਪ ਨਾ ਕੋਇ ਵਖਾਈਆ । ਉਹਨੂੰ ਕੋਈ ਹੱਥ ਨਾ ਪਾਏ ਪੰਜ ਤਤ ਜਨਾਨੀ, ਜੋ ਕਾਮ ਕਰੋਧ ਲੋਭ ਮੋਹ ਹੰਕਾਰ ਰਹੀ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੰਡਾ ਇਕ ਚਮਕਾਈਆ । ਸਾਚਾ ਖੰਡਾ ਉਠਾਏ ਖੜਗ, ਖ਼ਾਲਸ ਆਪਣੀ ਤੇਗ਼ ਚਮਕਾਇੰਦਾ । ਬਾਕੀ ਚਾਲ ਰੱਖੇ ਅਗੰਮੀ ਮਟਕ, ਕਦਮ ਨਜ਼ਰ ਕਿਸੇ ਨਾ ਆਇੰਦਾ । ਜਗਤ ਨੇਤਰ ਤੱਕੇ ਜਗਤ, ਜਗ ਜੀਵਣ ਦਾਤਾ ਮੁਖ ਛੁਪਾਇੰਦਾ । ਵਾਕ ਭਵਿਖਤ ਅੰਦਰ ਲਿਖਿਆ ਵਕਤ, ਵੇਲਾ ਆਪਣਾ ਹੱਥ ਰਖਾਇੰਦਾ । ਜਨ ਭਗਤਾਂ ਪਿਛੇ ਆਵੇ ਫ਼ਕਤ, ਫ਼ੱਕਰ ਹੋ ਕੇ ਵੇਸ ਵਟਾਇੰਦਾ । ਲੇਖੇ ਲਾਏ ਬੂੰਦ ਰਕਤ, ਰੰਗ ਧੁਰ ਦੇ ਨਾਲ ਜਣਾਇੰਦਾ । ਦੂਜੇ ਦਰ ਨਾ ਜਾਵੇ ਮੰਗਤ, ਮਾਂਗਤ ਸਰਬ ਜਹਾਨ ਵਖਾਇੰਦਾ । ਰੱਛਿਆ ਕਰੇ ਗੁਰਮੁਖ ਸੰਗਤ, ਸੰਗੀ ਹੋ ਕੇ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਇੰਦਾ । ਦੁਸ਼ਮਣ ਸ਼ਤਰੂ ਘਰ ਵਿਚ ਮਾਰ, ਕੂੜੀ ਕਿਰਿਆ ਕਰੇ ਸਫ਼ਾਈਆ । ਬਜਰ ਕਪਾਟੀ ਪਾੜ ਪਹਾੜ, ਸਿਲਾ ਉਲਟੀ ਦਏ ਕਰਾਈਆ । ਲੇਖਾ ਚੁਕਾ ਕੇ ਜੰਗਲ ਜੂਹ ਉਜਾੜ ਪਹਾੜ, ਘਰ ਪਰਭਾਸ ਦਏ ਵਡਿਆਈਆ । ਡੂੰਘੇ ਸਾਗਰ ਟਿੱਲੇ ਪਰਬਤ ਵੇਖੇ ਗਾਰ, ਸਮੁੰਦ ਖਾਈ ਖੋਜ ਖੋਜਾਈਆ । ਕੂੜੀ ਕਿਰਿਆ ਕਰ ਖ਼ੁਆਰ, ਹੁਕਮ ਹਕ ਇਕ ਸੁਣਾਈਆ । ਗੁਰਮੁਖੋ ਸਤਿਗੁਰ ਉਤੇ ਕਰੋ ਇਤਬਾਰ, ਹੌਸਲਾ ਧੁਰ ਦਾ ਦਏ ਬਣਾਈਆ । ਵਿਛੋੜਾ ਹੋਵੇ ਨਾ ਸਾਂਝੇ ਯਾਰ, ਸਾਚਾ ਸੰਗ ਇਕ ਰਖਾਈਆ । ਨੇਤਰ ਰੋਵੇ ਨਾ ਗੁਰਮੁਖ ਨਾਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਪਤਿਪਰਮੇਸ਼ਵਰ ਪਾਵਣਹਾਰਾ ਸਾਰ, ਹੱਦੋਂ ਆਰ ਪਾਰ ਡੇਰਾ ਲਾਈਆ । ਨਵਾਂ ਖੰਡਾਂ ਵਿਚੋਂ ਭਾਰਤ ਖੰਡ ਸੱਚਾ ਸਰਦਾਰ, ਜਿਸ ਦੀ ਸਰਦਾਰੀ ਗੋਬਿੰਦ ਨਾਲ ਲਗਾਈਆ । ਉਸ ਦਾ ਸ਼ਬਦ ਸਰੂਪੀ ਇਕ ਇਸ਼ਤਹਾਰ, ਇਸ਼ਾਰਿਆਂ ਨਾਲ ਕਰੇ ਜਣਾਈਆ । ਗੁਰਮੁਖ ਵਿਰਲਾ ਪੜ੍ਹੇ ਵਿਚ ਸੰਸਾਰ, ਬਿਨ ਰਸਨਾ ਜੇਹਵਾ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੰਤ ਸਿਪਾਹੀ ਦਏ ਦਿਲਾਸਾ, ਇਸ਼ਾਰਿਆਂ ਨਾਲ ਜਣਾਈਆ । ਮੈਂ ਖੋਲ੍ਹ ਕੇ ਦੱਸਾਂ ਖਲਾਸਾ, ਅਗਲਾ ਭੇਵ ਸਮਝਾਈਆ । ਕਲਜੁਗ ਅੰਤਮ ਬਦਲਣ ਵਾਲਾ ਪਾਸਾ, ਪਾਸਾ ਸਭ ਦਾ ਦਏ ਉਲਟਾਈਆ । ਪੁਰਖ ਅਬਿਨਾਸ਼ੀ ਵੇਖਣਹਾਰ ਤਮਾਸ਼ਾ, ਦੋ ਜਹਾਨਾਂ ਨਾਚ ਨਚਾਈਆ । ਕਲਜੁਗ ਕੂੜੀ ਕਿਰਿਆ ਖ਼ਾਲੀ ਕਰਨਾ ਕਾਸਾ, ਮਧੁਰ ਜਾਮ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ,


੩੨੦

ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਸਾਚੀ ਸੇਵਾ ਮਾਤ ਕਰਨੀ, ਸ਼ਬਦ ਸਿਪਾਹੀ ਇਕ ਜਣਾਇੰਦਾ । ਲਹਿਣਾ ਦੇਣਾ ਚੁਕਾਣਾ ਵਰਨੀ ਬਰਨੀ, ਜ਼ਾਤ ਪਾਤ ਪੰਧ ਮੁਕਾਇੰਦਾ । ਲੱਖ ਚੁਰਾਸੀ ਆਤਮ ਫੜਨੀ, ਡੋਰੀ ਸ਼ਬਦੀ ਤੰਦ ਉਠਾਇੰਦਾ । ਸਾਚੀ ਘਾੜਤ ਇਕੋ ਘੜਨੀ, ਘੜ ਕੇ ਆਪੇ ਵੇਖ ਵਖਾਇੰਦਾ । ਗੁਰਮੁਖਾਂ ਘਰ ਪਉੜੀ ਇਕੋ ਚੜ੍ਹਨੀ, ਡੰਡਾ ਆਪਣਾ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਇੰਦਾ । ਧੁਰ ਦਾ ਹੁਕਮ ਦੀਨ ਦਿਆਲ, ਦਇਆ ਨਿਧ ਇਕ ਜਣਾਈਆ । ਸੰਤ ਸਿਪਾਹੀ ਸੱਚਾ ਲਾਲ, ਸਤਿਗੁਰ ਸ਼ਬਦ ਲਏ ਅੰਗੜਾਈਆ । ਨਾਲ ਰਖਾ ਕੇ ਕਾਲ ਮਹਾਂਕਾਲ, ਲੇਖਾ ਜਾਣੇ ਥਾਉਂ ਥਾਈਂਆ । ਰਾਏ ਧਰਮ ਲਏ ਉਠਾਲ, ਚਿਤ੍ਰਗੁਪਤ ਆਪ ਸਮਝਾਈਆ । ਲਾੜੀ ਮੌਤ ਪਾ ਧਮਾਲ, ਘਰ ਘਰ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਵਖਾਈਆ । ਸ਼ਬਦ ਸਿਪਾਹੀ ਸਚ ਰੰਗੀਲਾ, ਰੰਗ ਰੱਤਾ ਨਜ਼ਰੀ ਆਇੰਦਾ । ਕਲਜੁਗ ਵੇਖ ਜਗਤ ਕਬੀਲਾ, ਕਾਮਲ ਪੁਰਖ ਆਪਣਾ ਫੇਰਾ ਪਾਇੰਦਾ । ਜੁਗ ਚੌਕੜੀ ਜੋ ਸੁਣਦਾ ਰਿਹਾ ਦਲੀਲਾ, ਅੱਖਰਾਂ ਵਿਚ ਵਡਿਆਇੰਦਾ । ਪੀਰ ਪੈਗੰਬਰਾਂ ਜੋ ਬਣਦਾ ਰਿਹਾ ਵਸੀਲਾ, ਵਸਲ ਆਪਣਾ ਹੱਕ ਕਰਾਇੰਦਾ । ਸੋ ਕਲਜੁਗ ਅੰਤਮ ਸਭ ਦੀ ਸੁਣਨ ਆਇਆ ਅਪੀਲਾ, ਸਚ ਅਦਾਲਤ ਇਕ ਲਗਾਇੰਦਾ । ਉਥੇ ਲੋੜ ਨਾ ਰਹੇ ਵਕੀਲਾ, ਵੁਕਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਸੇਵ ਲਗਾਏ ਕਰ ਕੇ ਮਿਹਰ, ਮਿਹਬਾਨ ਬੀਦੋ ਬੀਖੈਰ ਯਾ ਅੱਲਾ ਵਡਿਆਈਆ । ਮੁਰੀਦ ਮੁਰਸ਼ਦ ਲਿਆਵੇ ਘੇਰ, ਕਲਮਾ ਇਕੋ ਨਾਮ ਜਣਾਈਆ । ਕੂੜੀ ਕਿਰਿਆ ਕਰ ਕੇ ਢੇਰ, ਖ਼ਾਕੀ ਬੁਤ ਆਪ ਸਮਝਾਈਆ । ਅੰਤਰ ਨਜ਼ਰੀ ਆਵੇ ਨੇੜ, ਬਾਹਰੋਂ ਦੂਰ ਦੁਰਾਡਾ ਪੰਧ ਮੁਕਾਈਆ । ਧੁਰ ਦਾ ਲੇਖਾ ਦਏ ਨਬੇੜ, ਲਹਿਣਾ ਲਹਿਣੇਦਾਰ ਝੋਲੀ ਪਾਈਆ । ਧਰਤ ਮਾਤ ਦਾ ਖੁਲ੍ਹਾ ਕਰਕੇ ਵਿਹੜ, ਵੇਲਾ ਵਕਤ ਦਏ ਸੁਹਾਈਆ । ਜੋ ਕੂੜੀ ਕਿਰਿਆ ਝਗੜਾ ਰਹੇ ਛੇੜ, ਤਿਨ੍ਹਾਂ ਛੇਕੜ ਦਏ ਵਖਾਈਆ । ਮਨ ਮਤ ਦਾ ਹੋਵੇ ਭੇੜ, ਗੁਰਮਤ ਬੈਠੇ ਕਰ ਜੁਦਾਈਆ । ਸ਼ਬਦ ਸੂਰਾ ਭਬਕੇ ਇਕੋ ਸ਼ੇਰ, ਧੁਰ ਦਾ ਨਾਮ ਸੁਣਾਈਆ । ਅਗੇ ਰਹੇ ਨਾ ਹੇਰ ਫੇਰ, ਫੇਰਾ ਆਪਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਪੜਦਾ ਓਹਲਾ ਉਠਾਵੇ ਆਪ, ਆਪਣੀ ਦਇਆ ਕਮਾਇੰਦਾ । ਪਤਿਪਰਮੇਸ਼ਵਰ ਬਣ ਕੇ ਬਾਪ, ਪਿਤਾ ਪੁਰਖ ਅਕਾਲ ਦਇਆ ਕਮਾਇੰਦਾ । ਸੰਤ ਸਿਪਾਹੀ ਦੇ ਕੇ ਦਾਤ, ਵਸਤ ਅਮੋਲਕ ਇਕ ਵਰਤਾਇੰਦਾ । ਸ੍ਰਿਸ਼ਟ ਸਬਾਈ ਦੱਸਣੀ ਸੱਚੀ ਗਾਥ, ਧੁਰ ਦਾ ਢੋਲਾ ਇਕ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਸਾਕ, ਸੱਜਣ ਸੁਆਮੀ ਨਜ਼ਰੀ ਆਇੰਦਾ । ਗੋਬਿੰਦ ਪੂਰਾ ਭਵਿਖਤ ਵਾਕ, ਵਾਕਫ਼ ਆਪਣੇ ਨਾਲ ਬਣਾਇੰਦਾ । ਸਿਫ਼ਤਾਂ ਵਾਲਾ ਅੱਖਰ ਵਿਚੋਂ ਲੱਭੇ ਨਾ ਕੋਇ ਲੁਗਾਤ, ਨਜ਼ਮਾਂ ਵਿਚ ਨਾ ਕੋਇ ਸਮਝਾਇੰਦਾ । ਮਹਿਬੂਬ ਮੁਹੱਬਤ ਕਰੇ ਸਾਥ, ਸਚ ਦਵਾਰੇ ਮੇਲ ਮਿਲਾਇੰਦਾ । ਸੰਤ ਸਿਪਾਹੀ ਸੀਸ ਨਿਵਾਏ ਸਚ ਜਨਾਬ, ਅਦਾਬ ਇਕੋ ਇਕ ਕਰਾਇੰਦਾ । ਖੜ੍ਹਾ ਵੇਖੇ ਉਚ ਮਹਿਰਾਬ, ਦਰਗਾਹ ਸਾਚੀ ਸੋਭਾ ਪਾਇੰਦਾ । ਜਿਥੇ ਕਦੇ ਨਾ ਆਵੇ ਅਜ਼ਾਬ, ਆਜ਼ਮ ਇਕੋ ਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਿਪਾਹੀ ਇਕ ਬਣਾਇੰਦਾ । ਸੰਤ ਸਿਪਾਹੀ ਚੜ੍ਹਿਆ ਚੋਟੀ, ਮਨਾਰਾ ਮੰਜ਼ਲ ਵੇਖ ਵਖਾਈਆ ।

ਜਿਥੇ ਜਗੇ ਅਗੰਮੀ ਜੋਤੀ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਓਥੇ ਜੋਤ ਅਕਾਲਣ ਇਕ ਖਲੋਤੀ, ਬੈਠੀ ਸੋਭਾ ਪਾਈਆ । ਜਿਸ ਦੀ ਸੋਚ ਕਿਸੇ ਨਾ ਸੋਚੀ, ਸੋਚ ਸਮਝ ਨਾ ਕੋਇ ਰਖਾਈਆ । ਉਸ ਦਾ ਪਾਰ ਕਿਨਾਰਾ ਲੋਕ ਪਰਲੋਕੀ, ਪਰਮ ਪੁਰਖ ਆਸਣ ਇਕ ਵਡਿਆਈਆ । ਉਸ ਦੀ ਸਿਫ਼ਤ ਨਾ ਵਿਚ ਸਲੋਕੀ, ਚਾਰੇ ਬਾਣੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਹੁਕਮ ਇਕ ਵਰਤਾਈਆ । ਸ਼ਬਦ ਸਿਪਾਹੀ ਚੜ੍ਹ ਗਿਆ ਸਿਖ਼ਰ, ਮਮਟ ਇਕੋ ਇਕ ਸੁਹਾਇੰਦਾ । ਜਿਥੇ ਰਹੇ ਕੋਈ ਨਾ ਫ਼ਿਕਰ, ਫ਼ਿਕਰਾ ਹੋਰ ਨਾ ਕੋਇ ਜਣਾਇੰਦਾ । ਉਥੇ ਰਸਨਾ ਜੇਹਵਾ ਕਰੇ ਕੋਈ ਨਾ ਜ਼ਿਕਰ, ਅੱਖਰਾਂ ਨਾਲ ਨਾ ਕੋਇ ਸਮਝਾਇੰਦਾ । ਉਥੇ ਇਕੋ ਇਕ ਪਿਤਰ, ਪੁਰਖ ਅਕਾਲ ਨਜ਼ਰੀ ਆਇੰਦਾ । ਜਿਸ ਦੀ ਧਾਰੋਂ ਆਈ ਨਿਕਲ, ਮਾਤ ਗਰਭ ਨਾ ਕੋਇ ਟਿਕਾਇੰਦਾ । ਜਿਸ ਦੀ ਨਜ਼ਰ ਨਾ ਆਏ ਸ਼ਕਲ, ਅਕਲ ਨਾਲ ਨਾ ਕੋਇ ਵਡਿਆਇੰਦਾ । ਜਿਸ ਦਾ ਸਿਪਾਹੀ ਕਦੇ ਨਾ ਹੋਵੇ ਮੁਅਤਲ, ਸਚ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਿਪਾਹੀ ਇਕ ਸੁਹਾਇੰਦਾ । ਸੰਤ ਸਿਪਾਹੀ ਚੜ੍ਹ ਗਿਆ ਮੰਦਰ, ਮੰਜ਼ਲ ਪੰਧ ਮੁਕਾਈਆ । ਉਥੇ ਨਾ ਕੋਇ ਸੂਰਯ ਨਾ ਕੋਇ ਚੰਦਰ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਨਾ ਕੋਈ ਸਿਹਨ ਨਾ ਕੋਇ ਵਿਹੜਾ ਨਾ ਕੋਇ ਅੰਗਣ, ਚਾਰ ਦਿਵਾਰੀ ਨਾ ਬਣਤ ਬਣਾਈਆ । ਨਾ ਕੋਈ ਹਾਰ ਸ਼ਿੰਗਾਰ ਕਰੇ ਪਾ ਕੇ ਕੰਗਣ, ਨੇਤਰ ਨੈਣ ਕੱਜਲ ਧਾਰ ਨਾ ਕੋਇ ਮਟਕਾਈਆ । ਨਾ ਕੋਈ ਜਗਤ ਸੁਆਮੀ ਲਾਏ ਅੰਗਣ, ਸੇਜ ਸੁਹੰਜਣੀ ਮਿਲੇ ਨਾ ਕੋਇ ਵਡਿਆਈਆ । ਨਾ ਕੋਈ ਮਸਤਕ ਟਿੱਕਾ ਦਿਸੇ ਚੰਦਨ, ਸੁਰਖ਼ੀ ਰੰਗ ਨਾ ਕੋਇ ਵਖਾਈਆ । ਨਾ ਕੋਇ ਬਾਜ਼ੂ ਦਿਸੇ ਬੰਦਨ, ਨੱਕ ਨੱਥ ਸੁਹਾਗ ਨਾ ਕੋਇ ਹੰਢਾਈਆ । ਜੋ ਵੇਖਿਆ ਸੋ ਦਰ ਸੁਆਮੀ ਇਕੋ ਮੰਗਣ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸੰਤ ਸਿਪਾਹੀ ਚੜ੍ਹ ਮਨਾਰੇ, ਕੂਕ ਕੂਕ ਸੁਣਾਈਆ । ਉਠੋ ਗੁਰਮੁਖ ਗੁਰਸਿਖ ਦੁਲਾਰੇ, ਗੁਰ ਗੋਬਿੰਦ ਰਿਹਾ ਜਗਾਈਆ । ਸਾਚੇ ਸੰਤਨ ਬਣੋ ਪਿਆਰੇ, ਪ੍ਰੀਤੀ ਪ੍ਰੀਤਮ ਨਾਲ ਨਿਭਾਈਆ । ਭਗਤ ਭਗਵਾਨ ਵੇਖੋ ਚਲ ਅਖਾੜੇ, ਜਿਸ ਗ੍ਰਿਹਿ ਗੋਪੀ ਕਾਹਨ ਨਚਾਈਆ । ਧੁਰਦਰਗਾਹੀ ਬਣੋ ਲਾੜੇ, ਸੋਹਣੇ ਚੀਰੇ ਸੀਸ ਬੰਧਾਈਆ । ਖੜਗ ਖੰਡਾ ਹੱਥ ਪਕੜੋ ਤਲਵਾਰੇ, ਤੀਰ ਕਮਾਨ ਇਕ ਸਮਝਾਈਆ । ਦੋਏ ਜੋੜ ਕਰੋ ਨਿਮਸਕਾਰੇ, ਸੀਸ ਸਾਹਿਬ ਸੁਆਮੀ ਇਕ ਨਿਵਾਈਆ । ਉਚੀ ਬੋਲੋ ਨਾਮ ਜੈਕਾਰੇ, ਜੈ ਜੈਕਾਰ ਦੋ ਜਹਾਨ ਸੁਣਾਈਆ । ਦਰਸ਼ਨ ਕਰੋ ਇਕ ਨਿਰੰਕਾਰੇ, ਜੋ ਸਭ ਦਾ ਸੱਚਾ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਉਸੇ ਦੇ ਦਰ ਪਨਿਹਾਰੇ, ਬੈਠੇ ਅਲਖ ਜਗਾਈਆ । ਗ੍ਰੰਥ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਇਸ਼ਾਰੇ, ਇਸ਼ਾਰਿਆਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੱਖਿਆ ਕਰੇ ਹਰ ਘਟ ਥਾਈਂਆ । ਸ਼ਬਦ ਸਿਪਾਹੀ ਦੇਵੇ ਹੋਕਾ, ਆਰ ਪਾਰ ਹੱਦ ਜਣਾਈਆ । ਆਪਣਾ ਘਰ ਸਾਂਭਣ ਦਾ ਇਕੋ ਮੌਕਾ, ਸਤਿਗੁਰ ਮਿਲਣਾ ਚਾਈਂ ਚਾਈਂਆ । ਸ਼ਤਰੂ ਕਰੇ ਨਾ ਕੋਈ ਧੋਖਾ, ਭੁਲੇਖਾ ਭਰਮ ਨਾ ਕੋਇ ਭੁਲਾਈਆ । ਅਗਲਾ ਮਾਰਗ ਹੋਵੇ ਸੌਖਾ, ਅਧਵਿਚਕਾਰ ਨਾ ਕੋਇ ਅਟਕਾਈਆ । ਜਿਸ ਨੇ ਭਾਗ ਲਗਾਇਆ ਪਟਨਾ ਪੌਂਟਾ, ਬੱਚੇ ਨੀਹਾਂ ਹੇਠ ਦਬਾਈਆ । ਉਸ ਦਾ ਸ਼ਬਦ ਅਗੰਮੀ ਇਕੋ ਸੋਟਾ, ਦੋ ਜਹਾਨਾਂ ਰਿਹਾ ਦ੍ਰਿੜਾਈਆ । ਕਲਜੁਗ ਅੰਤਮ ਪਰਖੇ ਖਰਾ ਖੋਟਾ, ਲੱਖ ਚੁਰਾਸੀ ਵੇਖ ਵਖਾਈਆ ।

ਸਚ ਦਵਾਰੇ ਮਾਨਣਹਾਰਾ ਮੌਜਾ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਭੈ ਚੁਕਾਇਆ ਕੋਲੋਂ ਮੌਤਾ, ਸ਼ਬਦ ਸ਼ਹੀਦੀ ਗਾਨਾ ਤੰਦ ਬੰਧਾਈਆ । ਲਹਿਣਾ ਦੇਣਾ ਮੁਕਾਇਆ ਚੌਦਾਂ ਲੋਕਾਂ ਨਾਮ ਸਲੋਕ ਇਕ ਸੁਣਾਈਆ । ਉਸ ਸਾਹਿਬ ਦੀ ਰੱਖੋ ਓਟਾ, ਓੜਕ ਮਿਲੇ ਥਾਉਂ ਥਾਈਆ । ਸ਼ਬਦ ਸਿਪਾਹੀ ਇਕੋ ਬਹੁਤਾ, ਬਹੁਤੀ ਸੈਨਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸਿਪਾਹੀ ਦਿਤਾ ਉਠਾਈਆ । ਸੰਤ ਸਿਪਾਹੀ ਉਠ ਖਲੋਤਾ, ਆਪਣੀ ਅੱਖ ਖੁਲ੍ਹਾਈਆ । ਕਲਜੁਗ ਦੱਸਦਾ ਫਿਰੇ ਚੌਦਾਂ ਲੋਕਾਂ, ਭੱਜੇ ਵਾਹੋ ਦਾਹੀਆ । ਮੇਰਾ ਅੰਤਮ ਆਇਆ ਮੌਕਾ, ਵੇਲਾ ਵਕਤ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਿਤੀ ਵਰਤਾਈਆ । ਕਲਜੁਗ ਫਿਰੇ ਚਾਰ ਕੁੰਟ, ਭੱਜੇ ਵਾਹੋ ਦਾਹੀਆ । ਕਰਿਆ ਖੇਲ ਨਿਵਾਸੀ ਬੈਕੁੰਠ, ਸਚਖੰਡ ਧਾਰੀ ਫੇਰਾ ਪਾਈਆ । ਆਪਣੀ ਕਰਨ ਲੱਗਾ ਉਨਤ, ਮੇਰਾ ਲੇਖਾ ਰਿਹਾ ਚੁਕਾਈਆ । ਮੁਸਲਿਮ ਕੋਈ ਨਾ ਰਹੇ ਜਿਸ ਕੀਤੀ ਸੁੰਨਤ, ਸੁੰਨੀ ਸਰਬ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸ਼ਬਦ ਸਿਪਾਹੀ ਕੀਤਾ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਪਹਿਲੋਂ ਵੇਖ ਮੁਹੰਮਦ ਚਾਰ ਯਾਰ, ਚਾਰੋਂ ਕੁੰਟ ਫੇਰਾ ਪਾਈਆ । ਸਦੀ ਚੌਧਵੀ ਆਈ ਹਾਰ, ਚੌਦਾਂ ਤਬਕ ਦੇਣੀ ਸਲਾਹੀਆ । ਅੱਲਾ ਰਾਣੀ ਰੋਵੇ ਨਾਰ ਮਟਿਆਰ, ਸਾਚਾ ਕੰਤ ਨਜ਼ਰ ਕੋਇ ਨਾ ਆਈਆ । ਖ਼ਾਵੰਦ ਮਿਲੇ ਨਾ ਸਾਂਝਾ ਯਾਰ, ਪਰਵਰਦਿਗਾਰ ਉਂਗਲੀ ਅੰਤ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਸੰਤ ਸਿਪਾਹੀ ਮਾਰੀ ਇਕ ਆਵਾਜ਼, ਸੁਣੇ ਜਗਤ ਲੋਕਾਈਆ । ਆਪਣਾ ਆਪਣਾ ਖੋਲ੍ਹੋ ਤਾਕ, ਪੜਦਾ ਦਿਆਂ ਉਠਾਈਆ । ਪੰਜ ਵਕਤ ਸਾਚੀ ਪੜ੍ਹੇ ਨਾ ਕੋਇ ਨਮਾਜ਼, ਹੁਜਰਾ ਹੱਕ ਨਾ ਕੋਇ ਵਖਾਈਆ । ਸੱਜਦਾ ਸੀਸ ਨਾ ਕਰੇ ਆਦਾਬ, ਸਲਾਮ ਲੇਕਮ ਅੱਲਾ ਨਾ ਕੋਇ ਸੁਣਾਈਆ । ਚਾਰੋਂ ਕੁੰਟ ਖ਼ਾਲੀ ਦਿਸੇ ਬਾਗ਼, ਬਗ਼ੀਚਾ ਪੱਤ ਟਹਿਣੀ ਨਾ ਕੋਇ ਲਹਿਰਾਈਆ । ਜੋ ਮੁਹੰਮਦ ਕੀਤਾ ਆਬਾਦ, ਗੁਲਸ਼ਨ ਲੋਕਮਾਤ ਮਹਿਕਾਈਆ । ਸੋ ਅੰਤਮ ਹੋਵਣ ਲੱਗਾ ਖ਼ਰਾਬ, ਚਾਰੋਂ ਕੁੰਟ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਸ਼ਬਦ ਸਿਪਾਹੀ ਮਾਰੇ ਹਾਕ, ਹਾਕਮ ਲੋਕਮਾਤ ਜਗਾਈਆ । ਨਵ ਨੌ ਚਾਰ ਖੋਲ੍ਹੋ ਤਾਕ, ਤਾਕਤ ਇਕੋ ਇਕ ਦ੍ਰਿੜਾਈਆ । ਨੇਤਰ ਤੱਕੋ ਜ਼ਾਤ ਪਾਤ, ਫ਼ਤਵਾ ਸਭ ਤੇ ਰਿਹਾ ਲਗਾਈਆ । ਪੂਰਾ ਕਰੇ ਭਵਿਖਤ ਵਾਕ, ਜੋ ਗੋਬਿੰਦ ਗਿਆ ਸਮਝਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸ਼ਬਦ ਕਹੇ ਉਠੋ ਸ਼ੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਜਗਾਈਆ । ਕਿਸੇ ਨਾ ਦਿਸੇ ਕੋਈ ਜ਼ਾਮਨ, ਗੁਰ ਅਵਤਾਰ ਬੈਠੇ ਪੱਲੂ ਛੁਡਾਈਆ । ਦਾਮਨਗੀਰ ਨਾ ਪਕੜੇ ਦਾਮਨ, ਪੱਲੂ ਗੰਢ ਨਾ ਕੋਇ ਗੰਢਾਈਆ । ਕਲਜੁਗ ਬਦਲਣ ਵਾਲਾ ਨਜ਼ਾਮਨ, ਨੌਬਤ ਇਕੋ ਨਾਮ ਸੁਣਾਈਆ । ਸ਼ਬਦ ਸੰਦੇਸਾ ਦਏ ਪੈਗ਼ਾਮਨ, ਪਰਾ ਪਸੰਤੀ ਮਧਮ ਬੈਖਰੀ ਚਾਰੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਸ਼ਬਦ ਕਹੇ ਸੁਣੋ ਤਦਬੀਰ, ਪਰਵਰਦਿਗਾਰ ਸਚ ਜਣਾਈਆ । ਕਲਜੁਗ ਅੰਤ ਬਦਲੇ ਤਕਦੀਰ, ਸ਼ਾਹ ਹਕੀਰ ਵੇਖ ਵਖਾਈਆ । ਲੋਕ ਪਰਲੋਕ ਹੋਵਣ


੩੨੩ ੧੨

ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਸ਼ਰਅ ਸ਼ਰੀਅਤ ਕਟੇ ਜ਼ੰਜੀਰ, ਸ਼ਹਿਨਸ਼ਾਹ ਬੇਪਰਵਾਹੀਆ । ਖੇਲ ਵਖਾਏ ਬੇਨਜ਼ੀਰ, ਨਜ਼ਰ ਸਕੇ ਨਾ ਕੋਇ ਟਿਕਾਈਆ । ਏਥੇ ਦਿਸੇ ਨਾ ਕੋਇ ਮਦਦਗੀਰ, ਅੱਗੇ ਸਕੇ ਨਾ ਕੋਇ ਬਚਾਈਆ । ਜਿਸ ਦੇ ਹੱਥ ਖੰਡਾ ਖੜਗ ਸੱਚੀ ਸ਼ਮਸ਼ੀਰ, ਸ਼ਰੀਰ ਮੇਟੇ ਥਾਉਂ ਥਾਈਂਆ । ਮੁਰੀਦਾਂ ਦੱਸ ਕੇ ਅਸਲ ਤਸਵੀਰ, ਅਸਲੀਅਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸ਼ਬਦ ਸਿਪਾਹੀ ਸਤਿਗੁਰ ਗੋਬਿੰਦ, ਗਹਿਰ ਗੰਭੀਰ ਅਖਵਾਇੰਦਾ । ਨਾ ਕੋਇ ਹਰਖ਼ ਸੋਗ ਨਾ ਚਿੰਦ, ਚਿੰਤਾ ਗ਼ਮ ਨਾ ਕੋਇ ਸਮਝਾਇੰਦਾ । ਗੁਰਮੁਖ ਬਣਾ ਕੇ ਅਨਾਦੀ ਬਿੰਦ, ਬ੍ਰਹਮ ਬ੍ਰਹਿਮਾਦੀ ਆਪ ਸਮਝਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਨਿਝਰ ਚਰਨਾਂ ਹੇਠ ਝਿਰਾਇੰਦਾ । ਦਾਤਾ ਹੋ ਕੇ ਗੁਣੀ ਗਹਿੰਦ, ਵਸਤ ਅਮੋਲਕ ਝੋਲੀ ਪਾਇੰਦਾ । ਮਿਹਰਵਾਨ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਇੰਦਾ । ਲੇਖਾ ਜਾਣ ਜੀਓ ਪਿੰਡ, ਅੰਡ ਬ੍ਰਹਿਮੰਡ ਖੋਜ ਖੋਜਾਇੰਦਾ । ਤੰਦ ਸਤਾਰ ਵਜਾ ਕੇ ਕਿੰਗ, ਮਰਦੰਗ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਇੰਦਾ । ਸਚ ਸੰਦੇਸ਼ਾ ਦੇਵੇ ਸੰਤ ਸਿਪਾਹੀ, ਕਲਜੁਗ ਅੰਤ ਅੰਤ ਜਣਾਈਆ । ਕਲਜੁਗ ਜੀਵ ਧੋਵੇ ਕੂੜੀ ਸ਼ਾਹੀ, ਦੁਰਮਤ ਮੈਲ ਪਰੇ ਹਟਾਈਆ । ਸਤਿਗੁਰ ਦਵਾਰੇ ਬਣੇ ਪਾਂਧੀ ਰਾਹੀ, ਮਾਇਆ ਮਮਤਾ ਮੋਹ ਚੁਕਾਈਆ । ਉਠ ਕੇ ਭੱਜੇ ਵਾਹੋ ਦਾਹੀ, ਪਿਛਲਾ ਪੈਂਡਾ ਜਗਤ ਮੁਕਾਈਆ । ਜਿਸ ਨੇ ਬੂਟਾ ਪੁੱਟਿਆ ਕਾਹੀ, ਕਾਇਨਾਤ ਖੇਲ ਵਖਾਈਆ । ਸੋ ਸ਼ਹਾਦਤ ਦੇਣ ਵਾਲਾ ਗਵਾਹੀ, ਅੰਤਮ ਇਕੋ ਨਜ਼ਰੀ ਆਈਆ । ਈਸਾ ਮੂਸਾ ਮੁਹੰਮਦ ਬੈਠੇ ਨੈਣ ਸ਼ਰਮਾਈ, ਨੇਤਰ ਅੱਖ ਨਾ ਕੋਇ ਉਠਾਈਆ । ਬੌਹੜੀ ਬੌਹੜੀ ਪਈ ਦੁਹਾਈ, ਦਰੋਹੀ ਦਰੋਹੀ ਰਹੇ ਸੁਣਾਈਆ । ਸਾਚਾ ਨੂਰ ਨਾ ਕੋਇ ਰੁਸ਼ਨਾਈ, ਜਲਵਾ ਨਜ਼ਰ ਕੋਇ ਨਾ ਆਈਆ । ਅੱਗੋਂ ਪਕੜੇ ਕੋਇ ਨਾ ਬਾਹੀਂ, ਫੜ ਗਲੇ ਨਾ ਕੋਇ ਲਗਾਈਆ । ਨਾਤਾ ਜੋੜੇ ਨਾ ਭਾਈ ਭਾਈ, ਚਾਰ ਵਰਨਾਂ ਦੇਵੇ ਨਾ ਕੋਇ ਸ਼ਰਨਾਈਆ । ਸਾਚਾ ਬਣੇ ਨਾ ਕੋਇ ਸਾਈਂ, ਸਈਆ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸੰਤ ਸਿਪਾਹੀ ਸਤਿਗੁਰ ਨਾ ਫਿਰਦਾ ਨਾ ਤੁਰਦਾ, ਹੱਥ ਪੈਰ ਨਾ ਕੋਇ ਰਖਾਈਆ । ਨਾ ਜਨਮੇ ਨਾ ਹੋਵੇ ਕਦੇ ਮੁਰਦਾ, ਮੜ੍ਹੀ ਗੋਰ ਨਾ ਡੇਰਾ ਲਾਈਆ । ਜਲ ਜਲਧਾਰ ਕਦੇ ਨਾ ਰੁੜ੍ਹਦਾ, ਸ਼ੌਹ ਦਰਿਆ ਨਾ ਕੋਇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਆਪ ਬਣਾਈਆ । ਸੰਤ ਸਿਪਾਹੀ ਬਣਿਆ ਏਕ, ਏਕੰਕਾਰ ਦਿਤੀ ਵਡਿਆਈਆ । ਜਿਸ ਦਾ ਸਤਿ ਸਰੂਪੀ ਭੇਖ, ਰੂਪ ਰੇਖ ਨਜ਼ਰ ਕਿਸੇ ਨਾ ਆਈਆ । ਜੋ ਵਸਿਆ ਅਗੰਮੜੇ ਦੇਸ, ਥਿਰ ਘਰ ਬੈਠਾ ਡੇਰਾ ਲਾਈਆ । ਜੁਗ ਚੌਕੜੀ ਦੇਂਦਾ ਰਹੇ ਸੰਦੇਸ਼, ਗੁਰ ਅਵਤਾਰ ਪੀਰ ਪੈਗ਼ੰਬਰਾਂ ਹੁਕਮ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖਾਉਂਦੇ ਰਹੇ ਲੇਖ, ਅੰਤਰ ਅੰਤਰ ਕਰ ਪੜ੍ਹਾਈਆ । ਨਿਰਗੁਣ ਸਰਗੁਣ ਖੇਡਦਾ ਰਹੇ ਖੇਡ, ਲੱਖ ਚੁਰਾਸੀ ਵੰਡ ਵੰਡਾਈਆ । ਜੋਤੀ ਜਲਵਾ ਦੇ ਕੇ ਤੇਜ, ਘਰ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿਪਾਹੀ ਰਹੇ ਹਮੇਸ਼, ਸਤਿ ਦਵਾਰਾ ਇਕ ਸਮਝਾਈਆ । ਸੰਤ ਸਿਪਾਹੀ ਕਦੇ ਨਾ ਸੌਂਦਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਆਪਣੀ ਸੇਵਾ ਕਰਦਾ ਕਦੇ ਨਾ ਭੌਂਦਾ, ਕਰਵਟ ਲੈ ਨਾ ਮੁਖ ਬਦਲਾਈਆ ।

ਨਿਤ ਨਵਿਤ ਗੁਰਮੁਖ ਸਦਾ ਉਠਾਉਂਦਾ, ਸੁਤਿਆਂ ਰਿਹਾ ਜਗਾਈਆ । ਧੁਰ ਦਾ ਰਾਗ ਇਕ ਅਲਾਉਂਦਾ, ਤੂੰ ਹੀ ਤੂੰ ਤੇਰੀ ਵਡਿਆਈਆ । ਭੁਲਿਆਂ ਮਾਰਗ ਪਾਉਂਦਾ, ਭੈ ਨਾਲ ਜਗਾਈਆ । ਰੁਸਿਆਂ ਆਪ ਮਨਾਉਂਦਾ, ਪ੍ਰੇਮ ਪ੍ਰੀਤੀ ਇਕ ਜਣਾਈਆ । ਮੂੰਹ ਦੇ ਭਾਰ ਡਿਗਿਆਂ ਫੜ ਉਠਾਉਂਦਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾਉਂਦਾ, ਜਿਨ੍ਹਾਂ ਭੁੱਲਿਆ ਬੇਪਰਵਾਹੀਆ । ਐਰ ਗ਼ੈਰ ਪਰੇ ਹਟਾਉਂਦਾ, ਗੁਰਮੁਖ ਅੰਦਰ ਵੜਨ ਕੋਇ ਨਾ ਪਾਈਆ । ਆਂਢੀ ਗੁਆਂਢੀ ਮਾਰ ਮੁਕਾਉਂਦਾ, ਸ਼ੈਤਾਨ ਕਰੇ ਨਾ ਕੋਇ ਲੜਾਈਆ । ਜਨ ਭਗਤਾਂ ਖੇੜਾ ਇਕ ਵਸਾਉਂਦਾ, ਛੱਪਰ ਛੰਨ ਛੁਹਾਈਆ । ਸੰਤ ਸੁਹੇਲੇ ਵਿਚ ਬਹਾਉਂਦਾ, ਫੜ ਬਾਹੋਂ ਆਪ ਟਿਕਾਈਆ । ਗੁਰਮੁਖ ਵਿਛੜੇ ਨਾਲ ਮਿਲਾਉਂਦਾ, ਜਗਤ ਵਿਛੋੜਾ ਦਏ ਚੁਕਾਈਆ । ਗੁਰਸਿਖ ਇਕੋ ਦਰ ਜਣਾਉਂਦਾ, ਦੂਜੀ ਓਟ ਨਾ ਕੋਇ ਤਕਾਈਆ । ਚਾਰ ਵਰਨਾਂ ਬਣਤ ਬਣਾਉਂਦਾ, ਬਰਨ ਅਠਾਰਾਂ ਭੇਵ ਖੁਲ੍ਹਾਈਆ । ਸੰਤ ਸਿਪਾਹੀ ਇਕੋ ਸਭ ਨੂੰ ਨਜ਼ਰੀ ਆਉਂਦਾ, ਰੱਛਿਆ ਕਰੇ ਥਾਉਂ ਥਾਈਆ । ਸਚ ਦਰਵਾਜ਼ੇ ਆਪ ਲੰਘਾਉਂਦਾ, ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੰਤ ਸਿਪਾਹੀ ਬੜਾ ਚਾਲਾਕ, ਸਤਿ ਦਵਾਰੇ ਸੇਵ ਕਮਾਈਆ । ਬਿਨ ਭਗਤਾਂ ਕਦੇ ਨਾ ਖੋਲ੍ਹੇ ਤਾਕ, ਐਰ ਗ਼ੈਰ ਲੰਘ ਕੋਇ ਨਾ ਜਾਈਆ । ਦੂਰ ਦੁਰਾਡੇ ਸਾਰੇ ਰਹੇ ਝਾਕ, ਕਲਜੁਗ ਜੀਵ ਜੰਤ ਨੈਣ ਉਠਾਈਆ । ਅੱਗੋਂ ਦੱਸੇ ਭਵਿਖਤ ਵਾਕ, ਜੋ ਗੋਬਿੰਦ ਗਿਆ ਸੁਣਾਈਆ । ਜਿੰਨਾਂ ਚਿਰ ਨਾ ਕਰੋ ਇਤਫ਼ਾਕ, ਮਿਲ ਕੇ ਬਹੋ ਨਾ ਭਾਈ ਭਾਈਆ । ਅੱਗੇ ਦੇਵੇ ਨਾ ਕੋਈ ਨਜਾਤ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਖ਼ਾਕੀ ਮਿੱਟੀ ਮਿਲੇ ਖ਼ਾਕ, ਖ਼ਾਲਸ ਰੂਪ ਨਾ ਕੋਇ ਵਟਾਈਆ । ਮਹਿੰਦੀ ਰੰਗੇ ਨਾ ਕੋਇ ਹਾਥ, ਰੰਗ ਸਚ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਸੰਤ ਸਿਪਾਹੀ ਬੜਾ ਤਿੱਖਾ, ਤਿੱਖੀ ਧਾਰ ਜਣਾਇੰਦਾ । ਕਲਜੁਗ ਅੰਤਮ ਉਠ ਜਾਗ ਗੁਰਸਿਖਾ, ਕਿਉਂ ਵੇਲਾ ਵਕਤ ਗੁਆਇੰਦਾ । ਸਚ ਦੁਆਰਿਉਂ ਮੰਗ ਭਿੱਖਾ, ਭਿਖਕ ਝੋਲੀ ਸਰਬ ਭਰਾਇੰਦਾ । ਜੋ ਆਦਿ ਜੁਗਾਦਿ ਕਰਦਾ ਆਇਆ ਰਿਛਾ, ਪ੍ਰਿਤਪਾਲਕ ਵੇਸ ਵਟਾਇੰਦਾ । ਜਿਸ ਨੂੰ ਗੋਬਿੰਦ ਬਣਾਇਆ ਪਿਤਾ, ਪੁਰਖ ਅਕਾਲ ਆਪਣੀ ਖੇਲ ਖਿਲਾਇੰਦਾ । ਨਿਕਿਆਂ ਵਿਚ ਸਭ ਤੋਂ ਨਿੱਕਾ, ਵੱਡਿਆਂ ਵਿਚੋਂ ਵੱਡਾ ਇਕੋ ਇਕ ਆਪ ਹੋ ਜਾਇੰਦਾ । ਜਿਸ ਦਾ ਕਿਸੇ ਨਾ ਸਮਝਿਆ ਪਿਛਾ, ਅਗਲਾ ਹਾਲ ਨਾ ਕੋਇ ਦ੍ਰਿੜਾਇੰਦਾ । ਉਹ ਖੇਲ ਕਰੇ ਅਨਡਿਠਾ, ਅਨਡਿਠੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਦਇਆ ਕਮਾਇੰਦਾ । ਸ਼ਬਦ ਸਿਪਾਹੀ ਗਾਏ ਸਲੋਕ, ਸੋਹੰ ਢੋਲਾ ਇਕ ਅਲਾਈਆ । ਪ੍ਰਭ ਦਵਾਰੇ ਵੇਖੀ ਮੌਜ, ਮਜਲਸ ਬੇਪਰਵਾਹੀਆ । ਨਿਤ ਨਵਿਤ ਦਰਸ਼ਨ ਰੋਜ਼, ਅੱਠੇ ਪਹਿਰ ਦੀਦ ਰੁਸ਼ਨਾਈਆ । ਠੱਗ ਚੋਰ ਦੀ ਮੁੱਕੀ ਸੋਚ, ਝਗੜਾ ਚੁੱਕੇ ਜਗਤ ਲੋਕਾਈਆ । ਉਥੇ ਦੇਵੇ ਨਾ ਕੋਈ ਦੋਸ਼, ਨਿਰਦੋਸ਼ ਲਏ ਤਰਾਈਆ । ਸਦ ਰਹਿਣਾ ਪਏ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਪੜ੍ਹਾਈਆ । ਲੋਚਾ ਪੂਰੀ ਹੋਵੇ ਲੋਚਨ ਲੋਚ, ਨੇਤਰ ਨੈਣ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸੰਦੇਸ਼ਾ ਇਕ ਸੁਣਾਈਆ । ਸੰਤ ਸਿਪਾਹੀ ਕਹਿੰਦਾ ਨਾਲ ਜ਼ੋਰ, ਜ਼ੋਰ ਜ਼ਬਰ ਨਾ ਕੋਇ ਵਡਿਆਈਆ । ਪਰਮ ਪੁਰਖ ਪਰਮਾਤਮ ਏਥੇ ਹੋਰ ਤੇ ਅੱਗੇ ਹੋਰ, ਨਜ਼ਰ ਕੋਇ ਨਾ ਆਈਆ । ਨਾਤਾ ਤੁੜਾਵੇ ਠੱਗ ਚੋਰ, ਕੂੜਾ

ਸ਼ੋਰ ਮਿਟਾਈਆ । ਲਹਿਣਾ ਚੁਕਾਵੇ ਮੜ੍ਹੀ ਗੋਰ, ਗੋਦ ਆਪਣੇ ਲਏ ਬਹਾਈਆ । ਹੁਕਮੇ ਅੰਦਰ ਲਏ ਤੋਰ, ਤੁਰਤ ਆਪਣਾ ਹੁਕਮ ਸੁਣਾਈਆ । ਕਲਜੁਗ ਘਟ ਅੰਧੇਰਾ ਘੋਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚੇ ਸਿਪਾਹੀ ਦੀ ਸਦਾ ਲੋੜ, ਅੱਠੇ ਪਹਿਰ ਧਿਆਨ ਲਗਾਈਆ । ਜੋ ਜਗਤ ਵਿਛੁੰਨੀ ਲਏ ਜੋੜ, ਸਵਾਣੀ ਸਾਚੇ ਰੰਗ ਰੰਗਾਈਆ । ਜਿਸ ਨੂੰ ਹੱਥੀਂ ਦਿਤਾ ਤੋਰ, ਖ਼ੁਸ਼ੀਆਂ ਰਾਗ ਅਲਾਈਆ । ਉਹ ਅੰਤਮ ਵਾਗਾਂ ਆਇਆ ਮੋੜ, ਫੇਰਾ ਪਾਏ ਬੇਪਰਵਾਹੀਆ । ਆਦਿ ਜੁਗਾਦੀ ਇਕੋ ਜਿਹਾ ਬਾਂਕਾ ਛੋਹਰ, ਬਿਰਧ ਬਾਲ ਜਵਾਨ ਰੂਪ ਨਾ ਕੋਇ ਵਟਾਈਆ । ਸਤਿ ਅਗੰਮੀ ਚੜ੍ਹਿਆ ਘੋੜ, ਸ਼ਾਹ ਸਵਾਰਾ ਨੂਰ ਅਲਾਹੀਆ । ਮੇਰੇ ਵੱਲ ਤੱਕੇ ਕਰਕੇ ਗ਼ੌਰ, ਗਹਿਰ ਗੰਭੀਰ ਨਿਗਾਹ ਉਠਾਈਆ । ਮੇਰਾ ਮਾਣ ਹੋਵੇ ਉਪਰ ਧੌਲ, ਧਰਨੀ ਧਰਤ ਧਵਲ ਜਸ ਗਾਈਆ । ਕੋਈ ਸਮਝ ਨਾ ਸਕੇ ਪਾਂਧਾ ਰੌਲ, ਪੰਡਤ ਗਿਆਨ ਨਾ ਕੋਇ ਦ੍ਰਿੜਾਈਆ । ਜੋ ਗੋਬਿੰਦ ਨਾਲ ਕੀਤਾ ਕੌਲ, ਸੋ ਪੂਰਾ ਰਿਹਾ ਕਰਾਈਆ । ਜੋਤ ਸਰੂਪੀ ਆਪੇ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਜਿਸ ਦੀ ਮਹਿੰਮਾ ਕਰੇ ਨਾ ਕੋਈ ਭੂਗੋਲ, ਭਗਵਤ ਸਕੇ ਨਾ ਕੋਇ ਸਮਝਾਈਆ । ਸੰਦੇਸ਼ਾ ਦੇਵੇ ਨਾ ਕੋਈ ਪੌਣ, ਉਨੰਜਾ ਪੌਣ ਰਹੀ ਸ਼ਰਮਾਈਆ । ਜੋ ਵਡਿਆਈ ਦੇਵੇ ਅਠਾਰਾਂ ਸਾਉਣ, ਗੁਰਮੁਖ ਸੁੱਤੇ ਰਿਹਾ ਜਗਾਈਆ । ਉਸ ਦਾ ਲੇਖਾ ਜਾਣੇ ਕੌਣ, ਰਸਨਾ ਕਹਿ ਕੋਇ ਨਾ ਪਾਈਆ । ਲਹਿਣਾ ਮੁਕਾਵੇ ਆਵਣ ਜਾਵਣ, ਲੱਖ ਚੁਰਾਸੀ ਡੇਰਾ ਢਾਹੀਆ । ਮਨ ਹੰਕਾਰੀ ਮੇਟੇ ਰਾਵਣ, ਦੂਤੀ ਦੁਸ਼ਟ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਹੱਦ ਦਏ ਜਣਾਈਆ । ਸਾਚੀ ਹੱਦ ਨੌ ਦਵਾਰ, ਦੁਸ਼ਮਣਾਂ ਕੋਲੋਂ ਸਾਫ਼ ਕਰਾਈਆ । ਖੰਡਾ ਖੜਗ ਖਿੱਚ ਤਲਵਾਰ, ਚਾਰੋਂ ਕੁੰਟ ਆਪ ਭਵਾਈਆ । ਕਰ ਕਰ ਅਗੰਮੀ ਵਾਰ, ਵਾਰਤਾ ਪਿਛਲੀ ਦਿਤੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਗੰਮੜੀ ਕਾਰ ਕਮਾਇੰਦਾ । ਸੰਤ ਸਿਪਾਹੀ ਬਿਨ ਨਾੜੀ ਚੰਮ, ਕਾਇਆ ਤਤ ਨਾ ਕੋਇ ਵਖਾਇੰਦਾ । ਪਵਣ ਸਵਾਸ ਲਏ ਨਾ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਕਮਰਕਸਾ ਲਏ ਨਾ ਬੰਨ੍ਹ, ਪਟਕਾ ਸੀਸ ਨਾ ਕੋਇ ਟਿਕਾਇੰਦਾ । ਨਾ ਕੋਈ ਛੱਪਰ ਨਾ ਕੋਇ ਛੰਨ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸੰਤ ਸਿਪਾਹੀ ਸਚ ਦਵਾਰੇ, ਸਾਖ਼ਿਆਤ ਨਜ਼ਰੀ ਆਈਆ । ਭੁੱਲ ਰਹੇ ਨਾ ਵਿਚ ਸੰਸਾਰੇ, ਸੰਸਾ ਰੋਗ ਮਿਟਾਈਆ । ਅੰਤਮ ਆਇਆ ਜਗਤ ਅਖਾੜੇ, ਦਿਨ ਦਿਹਾੜੇ ਫੇਰਾ ਪਾਈਆ । ਚਾਰੋਂ ਕੁੰਟ ਹਾਹਾਕਾਰੇ, ਨੌ ਦਵਾਰ ਹੋਇਆ ਹਲਕਾਈਆ । ਸਚ ਕਰੇ ਨਾ ਕੋਈ ਪਿਆਰੇ, ਪ੍ਰੀਤਮ ਪ੍ਰੇਮ ਨਾ ਕੋਇ ਬਣਾਈਆ । ਜੋਬਨ ਵੇਖੇ ਨਾਰ ਮੁਟਿਆਰੇ, ਧੁਰ ਦਾ ਲੋਚਣ ਇਕ ਖੁਲ੍ਹਾਈਆ । ਮੁੜ ਕੇ ਆਇਆ ਉਸ ਦਵਾਰੇ, ਜਿਸ ਘਰ ਵਿਚੋਂ ਗਿਆ ਵਾਹੋ ਦਾਹੀਆ । ਆਤਮ ਸੇਜਾ ਬੈਠ ਸੱਚੇ ਮਨਾਰੇ, ਸੋਭਾਵੰਤ ਸੋਭਾ ਪਾਈਆ । ਸਾਚੀ ਗੋਦੀ ਦਏ ਹੁਲਾਰੇ, ਆਲਸ ਨਿੰਦਰਾ ਦਏ ਗਵਾਈਆ । ਪੂਰਬ ਜਨਮ ਦੇ ਲਾਹ ਕੇ ਭਾਰੇ, ਹੌਲੇ ਭਾਰ ਆਪ ਵਖਾਈਆ । ਆਰ ਪਾਰ ਹੱਦੋਂ ਗੁਰਮੁਖ ਸਾਰੇ ਰਹਿਣ ਸੁਖਾਲੇ, ਘਰ ਵਿਚ ਘਰ ਕਰੇ ਨਾ ਕੋਇ ਲੜਾਈਆ । ਸਤਿਗੁਰ ਸ਼ਬਦ ਸਦਾ ਨਾਲੇ, ਦਿਵਸ ਰੈਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸ਼ਬਦ ਸਿਪਾਹੀ ਬਣਿਆ ਸੰਗੀ, ਸਗਲਾ ਸੰਗ ਨਿਭਾਈਆ ।

ਪਿਛਲੀ ਮੰਗ ਜੋ ਪਿਛੇ ਮੰਗੀ, ਪੂਰੀ ਦਏ ਕਰਾਈਆ । ਨਾਮ ਕਟਾਰ ਕਰਕੇ ਨੰਗੀ, ਭੁੱਖਿਆਂ ਲਏ ਤਰਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਗੰਦੀ, ਸਚ ਸੁਚ ਲਏ ਪਰਗਟਾਈਆ । ਗ਼ਰੀਬ ਨਿਮਾਣਿਆਂ ਖ਼ਾਨਾ ਤੋੜ ਕੇ ਬੰਦੀ, ਬੰਦਗੀ ਇਕੋ ਦਏ ਸਮਝਾਈਆ । ਪਰਮ ਪੁਰਖ ਮਿਲਣ ਦੀ ਸਾਚੀ ਡੰਡੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਗੁਰਮੁਖਾਂ ਸੰਗ ਰਹੇ ਨਾ ਕੋਇ ਪਖੰਡੀ, ਜੂਠਾ ਝੂਠਾ ਡੇਰਾ ਢਾਹੀਆ । ਜਿਸ ਨੇ ਖੇਲ ਖਿਲਾਇਆ ਪੁਰ ਅਨੰਦੀ, ਨੰਦ ਚੰਦ ਇਕ ਰੁਸ਼ਨਾਈਆ । ਜਿਸ ਨੇ ਭਾਗ ਲਗਾਇਆ ਪੁੱਤਰਾਂ ਕੰਧੀ, ਕਲਜੁਗ ਕੰਢਾ ਵੇਖੇ ਚਾਈਂ ਚਾਈਆ । ਧੁਰ ਦਾ ਢੋਲਾ ਸੁਣਾਵੇ ਛੰਦੀ, ਸਗਲਾ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਝੋਲੀ ਪਾਈਆ । ਸੰਤ ਸਿਪਾਹੀ ਕਹੇ ਮੈਂ ਹਮੇਸ਼, ਜਨ ਭਗਤਾਂ ਸੇਵ ਕਮਾਈਆ । ਸਚ ਦਵਾਰੇ ਬਣ ਦਰਵੇਸ਼, ਧੁਰ ਦੀ ਅਲਖ ਸੁਣਾਈਆ । ਸੀਸ ਨਿਵਾਂਦੇ ਬ੍ਰਹਮਾ ਸ਼ਿਵ ਮਹੇਸ਼, ਸ਼ੰਕਰ ਧੂੜੀ ਖ਼ਾਕ ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸ, ਜੁਗ ਜੁਗ ਝੁਕ ਝੁਕ ਸੀਸ ਨਿਵਾਈਆ । ਨਿਰਗੁਣ ਸਰਗੁਣ ਖੇਲਾਂ ਖੇਡ, ਬਣ ਖਿਲਾਰੀ ਫੇਰਾ ਪਾਈਆ । ਕਲਜੁਗ ਅੰਤ ਜਨ ਭਗਤਾਂ ਅੰਤਰ ਮਾਣਾਂ ਸੇਜ, ਸੁਹੰਜਣੀ ਰੈਣ ਆਪਣੇ ਨਾਲ ਸੁਹਾਈਆ । ਬਿਨ ਅੱਖਰਾਂ ਲਿਖਾਂ ਲੇਖ, ਬਿਨ ਕਲਮ ਸ਼ਾਹੀ ਦਿਆਂ ਗਵਾਹੀਆ । ਬਿਨ ਅੱਖਾਂ ਵਖਾਵਾਂ ਦੇਸ, ਜਿਸ ਘਰ ਬੈਠਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਿਪਾਹੀ ਖ਼ੁਸ਼ੀ ਮਨਾਈਆ । ਸੰਤ ਸਿਪਾਹੀ ਮਨਾਉਂਦਾ ਖ਼ੁਸ਼ੀ, ਹਰਿ ਸੰਗਤ ਸਚ ਦ੍ਰਿੜਾਈਆ । ਮੇਰੀ ਸੰਤਾਂ ਨਾਲ ਰੁਚੀ, ਭਗਤਾਂ ਨਾਲ ਵਡਿਆਈਆ । ਗੁਰਮੁਖਾਂ ਸੁਰਤੀ ਵੇਖ ਸੁੱਚੀ, ਗੁਰਸਿਖਾਂ ਕਰਾਂ ਕੁੜਮਾਈਆ । ਮੈਂ ਪਹਿਰਾ ਦੇਵਾਂ ਪ੍ਰੇਮ ਪਿਆਰ ਦੀ ਰੋਟੀ ਖਾ ਕੇ ਸੁੱਕੀ, ਜਗਤ ਪਦਾਰਥ ਲੋੜ ਨਾ ਕੋਇ ਰਖਾਈਆ । ਮੈਂ ਦਰਸ ਕਰਾਵਾਂ ਸਾਹਿਬ ਦਾ, ਜਿਸ ਦਾ ਲੇਖਾ ਪੰਚ ਮੁਖੀ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਜਿਸ ਦੇ ਦਵਾਰੇ ਕੋਈ ਨਾ ਰਹੇ ਦੁਖੀ, ਦੁਖੀਆਂ ਦਰਦ ਵੰਡਾਇੰਦਾ । ਜੋ ਭਾਗ ਲਗਾਏ ਕੁਖੀਂ, ਗੁਰ ਅਵਤਾਰ ਪੀਰ ਪੈਗ਼ੰਬਰ ਜਨ ਜਨਣੀ ਮੇਲ ਮਿਲਾਇੰਦਾ । ਜੋ ਵਣਜ ਕਰਾਏ ਪੁੱਤੀਂ, ਪਿਤਾ ਪੂਤ ਗੰਢ ਪਵਾਇੰਦਾ । ਜੋ ਸੁਰਤ ਸਵਾਣੀ ਮਨਾਏ ਰੁੱਠੀ, ਰੁੱਸਿਆਂ ਗਲੇ ਲਗਾਇੰਦਾ । ਲੁਕਿਆ ਰਹਿਣ ਨਾ ਦੇਵੇ ਗੁੱਠੀਂ, ਜੋ ਹਿਰਦੇ ਹਰਿ ਧਿਆਇੰਦਾ । ਉਸ ਕੋਲੋਂ ਇਕੋ ਗੱਲ ਪੁੱਛੀ, ਜਿਸ ਦਾ ਲੇਖਾ ਲਿਖਤ ਵਿਚ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਇੰਦਾ । ਸ਼ਬਦ ਸਿਪਾਹੀ ਕਹੇ ਸਚ, ਸਤਿ ਸਤਿ ਸਤਿ ਦ੍ਰਿੜਾਈਆ । ਕਾਇਆ ਮਾਟੀ ਸਭ ਦੇ ਭਾਂਡੇ ਕੱਚ, ਕਾਚੀ ਗਗਰੀਆ ਨਜ਼ਰੀ ਆਈਆ । ਬਾਹਰੋਂ ਪੋਚ ਪੁਚਾਇਨ ਹੱਥ, ਅੰਤਰੋਂ ਸਾਫ਼ ਨਾ ਕੋਇ ਕਰਾਈਆ । ਜਿੰਨਾਂ ਚਿਰ ਸਤਿਗੁਰ ਪੂਰਾ ਅੰਮ੍ਰਿਤ ਜਾਮ ਨਾਮ ਪਿਆਏ ਨਾ ਰਸ, ਦੁਰਮਤ ਮੈਲ ਨਾ ਕੋਇ ਧਵਾਈਆ । ਕਿਰਪਾ ਕਰ ਨਾ ਖੋਲ੍ਹੇ ਅੱਖ, ਪੜਦਾ ਪਰੇ ਨਾ ਕੋਇ ਚੁਕਾਈਆ । ਧੁਨ ਨਾਦ ਨਾ ਸੁਣਾਏ ਜਸ, ਬੋਧ ਅਗਾਧ ਨਾ ਕੋਇ ਪੜ੍ਹਾਈਆ । ਮਮਤਾ ਮਨ ਨਾ ਕਰੇ ਵਸ, ਮਤ ਮਤਵਾਲੀ ਡੇਰਾ ਢਾਹੀਆ । ਅੰਦਰ ਵੜ ਕੇ, ਮੰਦਰ ਚੜ੍ਹ ਕੇ ਸੱਚਾ ਮਾਰਗ ਨਾ ਦੇਵੇ ਦੱਸ, ਸਚ ਇਸ਼ਾਰੇ ਨਾਲ ਸਮਝਾਈਆ । ਓਨਾਂ ਚਿਰ ਪੀਆ ਪ੍ਰੀਤਮ ਗਲਵਕੜੀ ਨਾ ਲਏ ਘੱਤ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਦੂਰ ਦੁਰਾਡੇ ਸ਼ਤਰੂ ਨਾ ਜਾਵਣ ਨੱਠ, ਸ਼ਬਦ ਖੰਡਾ ਨਾ ਹੱਥ ਚਮਕਾਈਆ । ਹੱਦੋਂ ਆਰ ਪਾਰ ਸੁਖੀ ਕੋਈ ਨਾ ਜਾਵੇ ਵਸ, ਜਿੰਨਾਂ

ਚਿਰ ਸੰਸਾ ਰੋਗ ਨਾ ਕੋਇ ਮਿਟਾਈਆ । ਸੰਤ ਸਿਪਾਹੀ ਸ਼ਬਦ ਸਦੇਸ਼ੇ ਨਾਲ ਕਰ ਰਿਹਾ ਇਕੱਠ, ਹੌਲੀ ਹੌਲੀ ਰਿਹਾ ਬੁਲਾਈਆ । ਇਕੋ ਮੰਦਰ ਇਕੋ ਦਵਾਰ ਇਕੋ ਘਰ ਇਕੋ ਜ਼ਮੀਨ ਅਸਮਾਨ ਇਕੋ ਗ੍ਰਿਹ ਜਾਣਾ ਵਸ, ਸਤਿਗੁਰ ਇਕੋ ਨਜ਼ਰੀ ਆਈਆ । ਇਕੋ ਪੂਜਾ ਇਕੋ ਪਾਠ, ਇਕੋ ਤੀਰਥ ਇਕੋ ਘਾਟ, ਇਕੋ ਵਸਤ ਇਕੋ ਹਾਟ, ਵਣਜਾਰਾ ਇਕੋ ਬੇਪਰਵਾਹੀਆ । ਇਕੋ ਮਜਲਸ ਇਕ ਜਮਾਤ, ਇਕ ਪੜ੍ਹਾਈ ਇਕੋ ਗਾਥ, ਇਕੋ ਸੱਜਣ ਇਕੋ ਸਾਥ, ਇਕੋ ਦੇਵੇ ਅਣਗਿਣਤੀ ਦਾਤ, ਇਕੋ ਭਰਨਹਾਰਾ ਖਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ੍ਰਿਹ ਸਾਚੇ ਖ਼ੁਸ਼ੀ ਮਨਾਈਆ । ਇਕੋ ਇਕ ਸਾਚਾ ਗ੍ਰਿਹ, ਘਰ ਮੰਦਰ ਨਜ਼ਰੀ ਆਈਆ । ਚਾਰ ਵਰਨ ਜਿਥੇ ਬਹੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸੋਭਾ ਪਾਈਆ । ਇਕ ਦੂਜੇ ਦਾ ਕੋਈ ਨਾ ਕਰੇ ਘੈ, ਹੰਕਾਰ ਅੰਦਰ ਨਾ ਕੋਇ ਕਰਾਈਆ । ਹਉਮੇ ਵਿਚ ਨਾ ਨਾਅਰਾ ਲਾਏ ਮੈਂ, ਮਮਤਾ ਮੋਹ ਨਾ ਕੋਇ ਵਧਾਈਆ । ਸਤਿਗੁਰ ਸ਼ਬਦ ਸਿਪਾਹੀ ਇਕੋ ਸੰਦੇਸ਼ਾ ਸਭ ਨੂੰ ਕਹੇ, ਕਲਜੁਗ ਅੰਤਮ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਹੋਣਾ ਘੈ, ਖਾਲਸ ਵਿਚੋਂ ਲਏ ਬਚਾਈਆ । ਗੁਰਮੁਖ ਵਿਰਲਾ ਸਚ ਦਵਾਰੇ ਬਹੇ, ਜਿਸ ਘਰ ਇਕੋ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਮੁਕਾਵਣਹਾਰਾ ਅੰਤਮ ਇਕੋ ਇਕ ਅਖਵਾਈਆ । ਸੰਤਰੀ ਕਹੇ ਖੋਲ੍ਹੋ ਸੁਰਤੀ, ਸੁਤਿਆਂ ਰਿਹਾ ਜਗਾਈਆ । ਨੇਤਰ ਨੈਣ ਨਿਜ ਤੱਕੋ ਅਕਾਲ ਮੂਰਤੀ, ਮੂਰਤਾਂ ਵਿਚੋਂ ਸੋਭਾ ਪਾਈਆ । ਨਾਦ ਸੁਣੋ ਅਗੰਮੀ ਤੂਰਤੀ, ਤੁਰੀਆ ਮੁਖ ਸ਼ਰਮਾਈਆ । ਆਸਾ ਮਨਸਾ ਕਰੇ ਪੂਰਤੀ, ਪੂਰੀ ਇਛਿਆ ਕਰ ਵਖਾਈਆ । ਮੰਜ਼ਲ ਮੁੱਕੇ ਨੇੜ ਦੂਰ ਦੀ, ਦੂਰ ਦੁਰਾਡਾ ਪੰਧ ਚੁਕਾਈਆ । ਵੇਖੋ ਖੇਲ ਅਗੰਮੀ ਹਜ਼ੂਰ ਦੀ, ਹਜ਼ਰਤ ਪੀਰ ਰਿਹਾ ਉਠਾਈਆ । ਹੱਦ ਮਿਟੇ ਕਲਜੁਗ ਕੂੜ ਦੀ, ਸਤਿਜੁਗ ਸਾਚੀ ਨੀਂਹ ਧਰਾਈਆ । ਮਤ ਚੁੱਕੇ ਮੂਰਖ ਮੂੜ੍ਹ ਦੀ, ਗੁਰਮੁਖ ਗੁਰਮਤ ਇਕ ਦਰਸਾਈਆ । ਨਾਰ ਕੰਤ ਖੇਲ ਸਮਰਥ ਪੁਰਖ ਭਰਪੂਰ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਹੋਏ ਸਹਾਈਆ ।



## ✪ ੧੯ ਸਾਵਣ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹ ਮੋਗੇ ✪

ਸ਼ਾਹ ਪਾਤਸ਼ਾਹ ਹਰਿ ਨਰ ਨਰੇਸ਼ਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਸਤਿਗੁਰ ਸ਼ਬਦ ਧੁਰ ਸੰਦੇਸ਼ਾ, ਬੋਧ ਅਗਾਧ ਕਰੇ ਪੜ੍ਹਾਈਆ । ਜੁਗ ਚੌਕੜੀ ਜਾਨਣਹਾਰਾ ਲੇਖਾ, ਦੋ ਜਹਾਨਾਂ ਖੋਜ ਖੋਜਾਈਆ । ਮਿਟਾਵਣਹਾਰਾ ਕੂੜੀ ਰੇਖਾ, ਸਚ ਸੁਚ ਇਕ ਪਰਗਟਾਈਆ । ਬ੍ਰਹਿਮੰਡ ਖੰਡ ਖੇਲਣਹਾਰਾ ਖੇਡਾਂ, ਮੰਡਲ ਮੰਡਪ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਆਪਣਾ ਹੁਕਮ ਵਰਤਾਈਆ । ਹਰਿ ਕਰਤਾ ਕਰਤਾਰ, ਕੁਦਰਤ ਕਾਰ ਕਮਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਧੁਰ ਦਾ ਨਾਦ ਸੁਣਾਇੰਦਾ । ਭਗਤ ਭਗਵਾਨ ਲਏ ਉਠਾਲ, ਲੋਕਮਾਤ ਵੇਖ ਵਖਾਇੰਦਾ । ਸਤਿ ਸੁਆਮੀ ਹੋ ਦਿਆਲ, ਦੀਨਣ ਆਪਣੇ ਰੰਗ ਰੰਗਾਇੰਦਾ । ਗੁਰਮੁਖਾਂ ਵਖਾਵੇ ਸੱਚੀ ਧਰਮਸਾਲ, ਗ੍ਰਿਹ ਮੰਦਰ ਪੜਦਾ ਲਾਹਿੰਦਾ । ਗੁਰਸਿਖਾਂ ਚਲੇ ਨਾਲ ਨਾਲ, ਏਥੇ ਓਥੇ ਸੰਗ ਨਿਭਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਧੁਰ ਦੀ ਕਰਨੀ ਕਰੇ ਕਰਤਾ, ਸੋ ਪੁਰਖ ਨਿਰੰਜਣ ਵੱਡ ਵਡਿਆਈਆ । ਦੋ ਜਹਾਨਾਂ ਕਰਤਾ ਧਰਤਾ, ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਆਦਿ ਜੁਗਾਦਿ ਕਦੇ ਨਾ ਮਰਦਾ, ਏਕੰਕਾਰ ਬੇਪਰਵਾਹੀਆ । ਨਿਰਮਲ ਨਿਰਵੈਰ ਜੋਤ ਅਗੰਮੀ ਧਰਦਾ, ਨੂਰੋ ਨੂਰ ਕਰੇ ਰੁਸ਼ਨਾਈਆ । ਮਹੱਲ ਅਟਲ ਸਾਚੇ ਵੜਦਾ, ਸਚ ਦਵਾਰੇ ਸੋਭਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਘੱਲਦਾ, ਨਾਮ ਸੰਦੇਸ਼ਾ ਇਕ ਸੁਣਾਈਆ । ਖੇਲ ਕਰੇ ਨਿਹਚਲ ਧਾਮ ਅਟਲ ਦਾ, ਊਚੇ ਊਚ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਹਰਿ ਕਰਤਾ ਇਕ ਅਖਵਾਇੰਦਾ । ਜੁਗ ਚੌਕੜੀ ਵੇਸ ਵਟਾ, ਲੋਕਮਾਤ ਖੋਜ ਖੋਜਾਇੰਦਾ । ਕਲਜੁਗ ਲਹਿਣਾ ਦੇਣਾ ਰਿਹਾ ਮੁਕਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਿਹਕਲੰਕਾ ਨਾਉਂ ਰਖਾ, ਡੰਕਾ ਸ਼ਬਦ ਇਕ ਸੁਣਾਇੰਦਾ । ਰਾਓ ਰੰਕਾਂ ਰਿਹਾ ਜਗਾ, ਸ਼ਾਹ ਸੁਲਤਾਨਾਂ ਆਪ ਹਿਲਾਇੰਦਾ । ਸਤਿ ਸੰਦੇਸ਼ਾ ਧੁਰ ਸੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਆਇਆ, ਹਰਿ ਕਰਤਾ ਵਡ ਵਡਿਆਈਆ । ਭਗਤ ਭਗਵਾਨ ਰਿਹਾ ਉਠਾਇਆ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਅੰਤਰ ਆਤਮ ਇਕ ਵੈਰਾਗ ਉਪਜਾਇਆ, ਧੀਰਜ ਧੀਰ ਨਾ ਕੋਇ ਰਖਾਈਆ । ਬਿਨ ਰਸਨਾ ਜਿਹਵਾ ਅਨਰਸ ਸਵਾਦ ਇਕ ਦ੍ਰਿੜਾਇਆ, ਜਿਸ ਦੀ ਸਮਝ ਕੋਇ ਨਾ ਪਾਈਆ । ਗ੍ਰਿਹਿ ਮੰਦਰ ਘਰ ਨਾਦ ਵਜਾਇਆ, ਧੁਨ ਆਤਮਕ ਰਾਗ ਅਲਾਈਆ । ਦੀਆ ਬਾਤੀ ਮਹੱਲ ਅਟਲ ਇਕ ਰੁਸ਼ਨਾਇਆ, ਜੋਤੀ ਜੋਤ ਡਗਮਗਾਈਆ । ਸਾਹਿਬ ਸਤਿਗੁਰ ਠਾਕਰ ਸੁਆਮੀ ਹਰਿ ਕਰਤਾ ਕਰਤਾਰ ਵੇਖਣ ਆਇਆ, ਘਰ ਸੱਜਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਹਰਿ ਦਾਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਖੇਲੇ ਖੇਲ ਜੁਗ ਚੌਕੜੀ ਚਾਰ, ਨਿਤ ਨਵਿਤ ਫੇਰਾ ਪਾਈਆ । ਦਹਿ ਦਿਸ਼ਾ ਪਾਵਣਹਾਰਾ ਸਾਰ, ਬ੍ਰਹਿਮੰਡ ਖੰਡ ਖੋਜ ਖੋਜਾਈਆ । ਨਾਤਾ ਜੋੜ ਗੁਰ ਅਵਤਾਰ, ਪੀਰ ਪੈਗ਼ੰਬਰ ਬੰਧਨ ਪਾਈਆ । ਅੰਤਮ ਲਹਿਣਾ ਦੇਣਾ ਸਭ ਦਾ ਦਏ ਨਿਵਾਰ, ਲੇਖਾ ਕੋਇ ਰਹਿਣ ਨਾ ਪਾਈਆ । ਸ਼ਬਦ ਸੰਦੇਸ਼ਾ ਦੇਵੇ ਏਕਾ ਵਾਰ, ਏਕੰਕਾਰ ਰਿਹਾ ਸੁਣਾਈਆ । ਪੂਰਬ ਕਰਜ਼ ਦਏ ਉਤਾਰ, ਮਕਰੂਜ ਆਪਣਾ ਫ਼ਰਜ਼ ਪੂਰਾ ਕਰ ਵਖਾਈਆ । ਸਚ ਹਦੂਦ ਦੱਸ ਨਿਰੰਕਾਰ, ਮਹਿਦੂਦ ਆਪਣੇ ਹੁਕਮ ਕਰਾਈਆ । ਉਚ ਅਰੂਜ ਨਾ ਕੋਇ ਸ਼ੁਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਹਰਿ ਮਰਦ ਮਰਦਾਨਾ, ਸਚ ਮਰਦਾਨਗੀ ਇਕ ਕਮਾਇੰਦਾ । ਨਿਰਗੁਣ ਨਿਰਵੈਰ ਪਹਿਰਿਆ ਬਾਣਾ, ਬਾਣ ਨਿਰਾਲਾ ਤੀਰ ਚਲਾਇੰਦਾ । ਖੇਲੇ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਜਨ ਭਗਤ ਕਰੇ ਪਰਵਾਨਾ, ਸੰਤ ਸੁਹੇਲਾ ਆਪ ਉਠਾਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਸ਼ਬਦੀ ਡੋਰੀ ਤੰਦ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਇੰਦਾ । ਧੁਰ ਦਾ ਲੇਖਾ ਜਾਣੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਜਿਸ ਥਾਪਣ ਲਿਆ ਥਾਪ, ਲੱਖ ਚੁਰਾਸੀ ਘਾੜਤ ਲਿਆ ਘੜਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਇਆ ਪਰਤਾਪ, ਵਡ ਪਰਤਾਪੀ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਬਣਾਇਆ ਸਾਕ,

ਪੀਰ ਪੈਗੰਬਰ ਸੱਜਣ ਨਾਲ ਮਿਲਾਈਆ । ਘਟ ਘਟ ਅੰਤਰ ਲੱਖ ਚੁਰਾਸੀ ਜਿਸ ਬੰਦ ਰਖਾਇਆ ਤਾਕ, ਖੋਲ੍ਹਣਹਾਰ ਇਕ ਹੋ ਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਦੱਸਦੇ ਭਵਿਖਤ ਵਾਕ, ਨਾਮ ਸੰਦੇਸ਼ਾ ਇਕ ਸੁਣਾਈਆ । ਸੋ ਸਾਹਿਬ ਸੁਆਮੀ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਲੇਖਾ ਜਾਣੇ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਨਵ ਨੌ ਚਾਰ ਪੰਧ ਮੁਕਾ, ਕਲ ਕਲਕੀ ਵੇਸ ਵਟਾਇੰਦਾ । ਸਾਚੇ ਮੰਦਰ ਡੇਰਾ ਲਾ, ਨਗਰੀ ਇਕੋ ਇਕ ਸੁਹਾਇੰਦਾ । ਧੁਨ ਸ਼ਬਦ ਨਾਦ ਵਜਾ, ਬ੍ਰਹਮ ਬ੍ਰਹਿਮੰਡ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਇੰਦਾ । ਸ਼ਬਦੀ ਡੰਕਾ ਵੱਜਿਆ ਏਕ, ਏਕੰਕਾਰ ਰਿਹਾ ਵਜਾਈਆ । ਗੁਰ ਅਵਤਾਰ ਪੀਰ ਪੈਗੰਬਰ ਰੱਖ ਕੇ ਗਏ ਟੇਕ, ਭੱਜੇ ਆਵਣ ਵਾਹੋ ਦਾਹੀਆ । ਜਿਸ ਦਾ ਕਿਸੇ ਨਾ ਲੱਭਿਆ ਭੇਤ, ਪੜਦਾ ਸਕੇ ਨਾ ਕੋਇ ਉਠਾਈਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਕੀਤਾ ਖੇਤ, ਖੰਡਾ ਖੜਗ ਨਾਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਅਗੰਮ ਅਥਾਹ ਆਪ ਅਪਰੰਪਰ, ਹਰਿ ਕਰਤਾ ਵਡ ਵਡਿਆਇੰਦਾ । ਜਿਸ ਦਾ ਜੁਗ ਚੌਕੜੀ ਧੁਰ ਦਾ ਮੰਤਰ, ਸੱਚਾ ਨਾਮ ਇਕ ਸਮਝਾਇੰਦਾ । ਲੱਖ ਚੁਰਾਸੀ ਸਰਬ ਜੀਆਂ ਬਿਧ ਜਾਣੇ ਅੰਤਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਖੇਲੇ ਖੇਲ ਗਗਨ ਗਗਨੰਤਰ, ਮੰਡਲ ਮੰਡਪ ਸੋਭਾ ਪਾਇੰਦਾ । ਨਵ ਨੌ ਚਾਰ ਲਗਾਵਣਹਾਰਾ ਬਸੰਤਰ, ਅਗਨੀ ਤਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਸਾਚਾ ਇਕ ਵਡਿਆਇੰਦਾ । ਗ੍ਰਿਹ ਵੱਡਾ ਘਰ ਮੰਦਰ ਸੁਆਮੀ, ਹਰਿ ਕਰਤਾ ਨਜ਼ਰੀ ਆਈਆ । ਸਤਿ ਸਤਿਵਾਦੀ ਬੋਲੇ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਲੇਖਾ ਜਾਣੇ ਚਾਰ ਖਾਣੀ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਪਾਰਬ੍ਰਹਮ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਨਿਹਕਰਮੀ ਜਾਣੇ ਆਪਣਾ ਕਰਮ, ਕਰਮ ਕਾਂਡ ਨਾ ਕੋਇ ਵਡਿਆਇੰਦਾ । ਜਨ ਭਗਤਾਂ ਆਤਮ ਦੱਸੇ ਸੱਚਾ ਧਰਮ, ਪਰਮਾਤਮ ਪੜਦਾ ਆਪ ਉਠਾਇੰਦਾ । ਲਹਿਣਾ ਚੁੱਕੇ ਵਰਨ ਬਰਨ, ਜ਼ਾਤ ਅਜ਼ਾਤੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮੰਦਰ ਇਕ ਸੁਹਾਇੰਦਾ । ਸਾਚਾ ਮੰਦਰ ਸਾਢੇ ਤਿੰਨ ਹੱਥ, ਕਲਜੁਗ ਅੰਤ ਮਿਲੇ ਵਡਿਆਈਆ । ਜਿਸ ਗ੍ਰਿਹ ਵਸਤ ਅਮੋਲਕ ਦਿਤੀ ਰੱਖ, ਨਾਮ ਭੰਡਾਰਾ ਇਕ ਭਰਾਈਆ । ਨਿਝਰ ਧਾਰਾ ਦੇਵੇ ਰਸ, ਅੰਮ੍ਰਿਤ ਇਕ ਚੁਆਈਆ । ਸਤਿ ਸਤਿ ਮਾਰਗ ਧੁਰ ਦਾ ਦੱਸ, ਰਹਿਬਰ ਇਕ ਸਮਝਾਈਆ । ਕਰੇ ਖੇਲ ਪੁਰਖ ਸਮਰਥ, ਧੁਰ ਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਚੁਕਾਈਆ । ਪੜਦਾ ਓਹਲਾ ਚੁੱਕੇ ਕਾਇਆ ਗ੍ਰਿਹਿ, ਘਰ ਘਰ ਖ਼ੁਸ਼ੀ ਵਖਾਈਆ । ਭਗਤ ਭਗਵਾਨ ਇਕ ਦਵਾਰੇ ਬਹੇ, ਦੂਜਾ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਭਾਣਾ ਸਹੇ, ਸਹਿ ਸਹਿ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਨਾਮ ਨਿਧਾਨਾ ਇਕੋ ਕਹੇ, ਢੋਲਾ ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਰ ਵਖਾਈਆ । ਕਰਨੀ ਕਰਤਾ ਕਰਨ ਆਇਆ, ਕਲ ਕਲਕੀ ਵੇਸ ਵਟਾਈਆ । ਸੰਤ ਸੁਹੇਲੇ ਰਿਹਾ ਮਿਲਾਇਆ, ਗੁਰ ਚੇਲੇ ਗੋਦ ਉਠਾਈਆ ।

ਨਾਤਾ ਤੋੜੇ ਤ੍ਰੈਗੁਣ ਮਾਇਆ, ਪੰਜ ਤਤ ਨਾ ਕੋਇ ਲੜਾਈਆ । ਸਾਚਾ ਮਾਰਗ ਇਕ ਸਮਝਾਇਆ, ਗੁਰ ਸ਼ਬਦੀ ਕਰੇ ਪੜ੍ਹਾਈਆ । ਮਹੱਲ ਅਟਲ ਸਚ ਰੁਸ਼ਨਾਇਆ, ਜੋਤੀ ਜੋਤ ਡਗਮਗਾਈਆ । ਸ਼ਬਦ ਨਾਦ ਇਕ ਸ਼ਨਵਾਇਆ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਸੱਚਾ ਜਾਮ ਪਿਆਇਆ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਪੂਰਬ ਲੇਖਾ ਮੁਕਾਵਣਹਾਰਾ, ਜਨ ਭਗਤ ਦਏ ਵਡਿਆਈਆ । ਕਲਜੁਗ ਅੰਤ ਲਏ ਅਵਤਾਰਾ, ਪਰਮ ਪੁਰਖ ਫੇਰਾ ਪਾਈਆ । ਵਸਣਹਾਰਾ ਧਾਮ ਨਿਆਰਾ, ਸੰਬਲ ਬੈਠਾ ਚਰਨ ਟਿਕਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸੋਭਾ ਪਾਈਆ । ਬੂੰਦ ਸਵਾਂਤੀ ਠੰਡੀ ਠਾਰਾ, ਅੰਮ੍ਰਿਤ ਧਾਰ ਇਕ ਵਹਾਈਆ । ਚਾਰ ਵਰਨਾਂ ਸਾਂਝਾ ਯਾਰਾ, ਬਰਨ ਅਠਾਰਾਂ ਲੇਖੇ ਲਾਈਆ । ਸਿਫ਼ਤ ਸਾਲਾਹ ਵਸਿਆ ਬਾਹਰਾ, ਕਾਗ਼ਜ਼ ਕਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਮਿਲਾਈਆ । ਜਨ ਭਗਤ ਮਿਲਾਵਾ ਕਰੇ ਘਰ, ਗ੍ਰਿਹਿ ਵੱਜੇ ਨਾਮ ਵਧਾਈਆ । ਬੰਦ ਕੁਆੜੀ ਖੋਲ੍ਹੇ ਦਰ, ਦਰ ਮੰਦਰ ਸੋਭਾ ਪਾਈਆ । ਦਰਸ ਵਖਾਏ ਅੱਗੇ ਖੜ੍ਹ, ਸਵੱਛ ਸਰੂਪੀ ਰੂਪ ਵਟਾਈਆ । ਮਹੱਲ ਪੌੜੇ ਜਾਏ ਚੜ੍ਹ, ਮੰਜ਼ਲ ਪੰਧ ਮੁਕਾਈਆ । ਸੱਚਾ ਢੋਲਾ ਲਏ ਪੜ੍ਹ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲ ਕਰੇ ਮਿਲਾਪ, ਪੂਰਬ ਲੇਖ ਮੁਕਾਈਆ । ਸਤਿ ਸਤਿਵਾਦੀ ਧੁਰ ਦਾ ਜਾਪ, ਜਗ ਜੀਵਣ ਦਾਤਾ ਦਏ ਜਣਾਈਆ । ਨਾਤਾ ਜੋੜ ਪੂਤ ਪਿਤਾ ਬਾਪ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਮੇਟੇ ਰੋਗ ਸੰਤਾਪ, ਸਹਿਸਾ ਦੁੱਖ ਮਿਟਾਈਆ । ਲੇਖੇ ਲਾਏ ਮਾਟੀ ਖ਼ਾਕ, ਤਨ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਦੱਸੇ ਜ਼ਾਤ, ਬ੍ਰਹਮ ਪਾਰਬ੍ਰਹਮ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਸੰਦੇਸੇ ਜੋ ਗਏ ਆਖ, ਆਖ਼ਰ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਵਡਿਆਈਆ । ਜਨ ਭਗਤ ਕਹੇ ਮੈਂ ਨੀਕਣ ਨੀਕਾ, ਪ੍ਰਭ ਤੇਰੀ ਇਕ ਸਰਨਾਈਆ । ਪੰਜ ਤਤ ਕਾਇਆ ਮਾਟੀ ਰਸ ਫੀਕਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਲੇਖਾ ਜਾਣਾ ਨਾ ਸਾਢੇ ਤਿੰਨ ਹੱਥ ਸੀਂ ਕਾ, ਵੰਡਣ ਵੰਡ ਨਾ ਕੋਇ ਸਮਝਾਈਆ । ਪਰਦਾ ਚੁੱਕੇ ਨਾ ਜੀਵ ਜੀ ਕਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਾਮ ਨਿਧਾਨ ਨਾ ਕੋਈ ਪੀਤਾ, ਰਸ ਸਮਝ ਕੋਇ ਨਾ ਪਾਈਆ । ਵਸਤ ਅਮੋਲਕ ਖ਼ਾਲੀ ਖ਼ੀਸਾ, ਦਾਤ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਤਪਦਾ ਵੇਖਿਆ ਅੰਗੀਠਾ, ਪੰਜ ਤਤ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇਣਾ ਸਮਝਾਈਆ । ਸ੍ਰੀ ਭਗਵਾਨ ਭਗਤ ਰਿਹਾ ਦੱਸ, ਭਗਵਨ ਦਏ ਵਡਿਆਈਆ । ਤੂੰ ਮੇਰਾ ਮੈਂ ਤੇਰੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਦਿਆਂ ਵਖਾਈਆ । ਹਕੀਕਤ ਵਿਚੋਂ ਝੋਲੀ ਪਾਵਾਂ ਹੱਕ, ਹਕੂਕ ਤੇਰੀ ਵੰਡ ਵੰਡਾਈਆ । ਕੂੜੀ ਕਿਰਿਆ ਨਾਲੋਂ ਕਰਕੇ ਅੱਡ, ਆਤਮ ਪਰਮਾਤਮ ਜੋੜ ਜੁੜਾਈਆ । ਵਿਸ਼ਵ ਬਣਾ ਕੇ ਇਕੋ ਯੱਦ, ਲਹਿਣਾ ਦੇਣਾ ਦੇਵਾਂ ਚੁਕਾਈਆ । ਜਗਤ ਦਵਾਰਾ ਪਾਰ ਹੱਦ, ਕੂੜੀ ਕਿਰਿਆ ਪੰਧ ਮੁਕਾਈਆ । ਚਰਨ ਦਵਾਰੇ ਆਪਣੇ ਸੱਦ, ਸਦਾ ਨਾਮ ਸੰਦੇਸ਼ ਸੁਣਾਈਆ । ਸਿਰ ਰੱਖਣਾ ਦੇ ਕਰ ਹੱਥ, ਏਥੇ ਓਥੇ ਦਇਆ ਕਮਾਈਆ । ਜੋਤੀ ਜੋਤ ਸਰੂਪ

੩੩੧

ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਕਹੇ ਮੈਂ ਕਮਲਾ ਕੋਝਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਮੇਰੀ ਸਮਝ ਸੋਚ ਨਾ ਕੋਈ ਸੋਝਾ, ਸੁਰਤੀ ਸ਼ਬਦ ਨਾ ਕੋਇ ਕੁੜਮਾਈਆ । ਸੁਣਿਆ ਸਚ ਨਾ ਕੋਇ ਸਲੋਕਾ, ਧੁਰ ਦਾ ਰਾਗ ਨਾ ਕੋਇ ਅਲਾਈਆ । ਪੜ੍ਹਿਆ ਜਗਤ ਮਾਤ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਾ ਵੇਖਿਆ ਕੋਠਾ, ਛੱਪਰ ਛੰਨ ਨਾ ਕੋਇ ਛੁਹਾਈਆ । ਡੂੰਘੀ ਧਾਰ ਅਠਸਠ ਤੀਰਥ ਮਾਰਿਆ ਕੋਈ ਨਾ ਗੋਤਾ, ਸਰ ਸਰੋਵਰ ਨਹਾਵਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਸ੍ਰੀ ਭਗਵਾਨ ਸਚ ਸੰਦੇਸ਼ ਦੱਸਦਾ, ਜਨ ਭਗਤ ਦਏ ਜਣਾਈਆ । ਮੈਂ ਅੰਤਰ ਆਤਮ ਵਸਦਾ, ਜਗ ਨੇਤਰ ਨਜ਼ਰ ਨਾ ਆਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਥੋੜ੍ਹੇ ਰੱਖਦਾ, ਆਪ ਆਪਣਾ ਰੰਗ ਚੜ੍ਹਾਈਆ । ਖੇਲਾਂ ਖੇਲ ਪੁਰਖ ਸਮਰਥ ਦਾ, ਸਮਰਥ ਹੋ ਕੇ ਹੋਵਾਂ ਸਹਾਈਆ । ਪੰਚ ਵਿਕਾਰਾ ਆਪੇ ਨੱਥਦਾ, ਸ਼ਬਦੀ ਡੋਰੀ ਤੰਦ ਬੰਧਾਈਆ । ਲਹਿਣਾ ਦੇਣਾ ਚੁਕਾਵਾਂ ਜੋਗ ਅਭਿਆਸ ਦਾ, ਸਿਮਰਨ ਪੂਜਾ ਪਾਠ ਨਾ ਕੋਇ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਮੈਂ ਨਾ ਜਾਣਾ ਜੋਗ, ਜੁਗਤੀ ਸਮਝ ਕੋਇ ਨਾ ਆਈਆ । ਕੂੜੀ ਕਿਰਿਆ ਸੀਸ ਚੁਕਿਆ ਬੋਝ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੈਨੂੰ ਤਾਹਨਾ ਮਾਰਨ ਲੋਕ, ਜੀਵ ਜੰਤ ਰਹੇ ਡਰਾਈਆ । ਮੈਂ ਤੇਰਾ ਸੁਣ ਕੇ ਇਕ ਸਲੋਕ, ਘਰ ਆਤਮ ਖ਼ੁਸ਼ੀ ਮਨਾਈਆ । ਮੈਂ ਰੋਂਦੀ ਵੇਖੀ ਚਰਨਾਂ ਹੇਠ ਮੁਕਤੀ ਮੋਖ, ਨੇਤਰ ਰੋ ਰੋ ਦਏ ਦੁਹਾਈਆ । ਮੈਨੂੰ ਅਗਲੀ ਪਿਛਲੀ ਨਹੀਂ ਕੋਈ ਸੋਚ, ਸਮਝ ਵਿਚ ਨਾ ਕੋਇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਇਕੋ ਰੱਖੀ ਤੇਰੀ ਓਟ, ਓੜਕ ਲੈਣਾ ਆਪ ਤਰਾਈਆ । ਮੈਂ ਆਲ੍ਹਣਿਉਂ ਡਿੱਗਾ ਬੋਟ, ਤੁਧ ਬਿਨ ਸਕੇ ਨਾ ਕੋਇ ਉਠਾਈਆ । ਆਦਿ ਅੰਤ ਪ੍ਰਭ ਤੇਰੀ ਜੋਤ, ਤੈਥੋਂ ਵਿਛੜੀ ਤੇਰੇ ਵਿਚ ਸਮਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਸ੍ਰੀ ਭਗਵਾਨ ਦੱਸੇ ਹਾਲ, ਹਾਲਤ ਸਚ ਦਏ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੂੰ ਧੁਰ ਦਾ ਲਾਡਲਾ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਤੇਰੇ ਕਾਇਆ ਘਰ ਘਰ ਵਿਚ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਦੀਪਕ ਅਗੰਮੀ ਜੋਤ ਬਾਲ, ਦਿਵਸ ਰੈਣ ਕਰੇ ਰੁਸ਼ਨਾਈਆ । ਅੱਠੇ ਪਹਿਰ ਰਹੇ ਖ਼ੁਸ਼ਹਾਲ, ਗ਼ਮੀ ਚਿੰਤਾ ਸੋਗ ਨੇੜ ਕੋਇ ਨਾ ਆਈਆ । ਸ਼ਬਦੀ ਸ਼ਬਦ ਵਜਾਉਂਦਾ ਰਹੇ ਤਾਲ, ਤਲਵਾੜਾ ਇਕੋ ਇਕ ਸਮਝਾਈਆ । ਸਚ ਸਰੋਵਰ ਦਏ ਨੁਹਾਲ, ਅੰਮ੍ਰਿਤ ਆਤਮ ਇਕ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜਗਤ ਦਏ ਬਦਲਾਈਆ । ਅੰਤ ਪੋਹ ਨਾ ਸਕੇ ਕਾਲ, ਮਹਾਂਕਾਲ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਜਨ ਭਗਤ ਕਹੇ ਮੈਂ ਮੂਰਖ ਮੂੜ੍ਹ, ਮੁਗਧਾਂ ਵਿਚੋਂ ਮੁਗਧ ਨਜ਼ਰੀ ਆਈਆ । ਕਲਜੁਗ ਨਾਤਾ ਜੁੜਿਆ ਕੂੜੇ ਕੂੜ, ਸਚ ਸੁਚ ਨਾ ਕੋਇ ਸਮਝਾਈਆ । ਫਿਰ ਫਿਰ ਵੇਖਿਆ ਨੇੜੇ ਦੂਰ, ਦਹਿ ਦਿਸ਼ਾ ਵੇਖ ਵਖਾਈਆ । ਸਤਿ ਸਰੂਪ ਸਾਖ਼ਿਆਤ ਨਜ਼ਰ ਨਾ ਆਇਆ ਹਜ਼ੂਰ, ਹਾਜ਼ਰ ਹੋ ਕੇ ਮੇਲ ਨਾ ਕੋਇ ਮਿਲਾਈਆ । ਕੂੜੀ ਵਾਸਨਾ ਪਿਆ ਫ਼ਤੂਰ, ਫ਼ਤਵਾ ਸਭ ਤੇ ਰਿਹਾ ਲਗਾਈਆ । ਮਾਇਆ

ਮਮਤਾ ਹੋਈ ਮਸ਼ਹੂਰ, ਮਸ਼ਵਰਾ ਆਪਣੇ ਨਾਲ ਪਕਾਈਆ । ਸਾਢੇ ਤਿੰਨ ਹੱਥ ਕਾਇਆ ਤਤ ਤਪੇ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਸਤਕ ਮਿਲੇ ਨਾ ਧੁਰ ਦੀ ਧੂੜ, ਟਿੱਕਾ ਨਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੀ ਸਚ ਮਿਲੇ ਸਰਨਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਨਿਰਗੁਣ ਨਿਰਵੈਰ ਸ਼ਬਦ ਅਲਾਉਂਦਾ ਏ । ਭਗਤ ਭਗਵਾਨ ਆਪ ਸਮਝਾਉਂਦਾ ਏ । ਸੰਤ ਸੁਜਾਨ ਪਕੜ ਉਠਾਉਂਦਾ ਏ । ਗੁਰਮੁਖਾਂ ਦਏ ਗਿਆਨ, ਅਗਿਆਨ ਅੰਧੇਰ ਮਿਟਾਉਂਦਾ ਏ । ਗੁਰਸਿਖਾਂ ਬਖ਼ਸ਼ ਧਿਆਨ, ਚਰਨ ਪ੍ਰੀਤੀ ਜੋੜ ਜੁੜਾਉਂਦਾ ਏ । ਜਿਨ੍ਹਾਂ ਉਪਰ ਹੋਇਆ ਆਪ ਮਿਹਰਵਾਨ, ਮੁਹੱਬਤ ਹੱਕ ਇਕ ਸਮਝਾਉਂਦਾ ਏ । ਲੇਖਾ ਚੁਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਸੀਸ ਝੁਕਾਉਂਦਾ ਏ । ਨੈਣ ਸ਼ਰਮਾਏ ਅੰਜ਼ੀਲ ਕੁਰਾਨ, ਕਲਮਾ ਜਿਸ ਨੂੰ ਆਪ ਪੜ੍ਹਾਉਂਦਾ ਏ । ਕਿਰਪਾ ਕਰੇ ਵਡ ਅਮਾਮ, ਰਹਿਮਤ ਆਪਣੀ ਆਪ ਕਮਾਉਂਦਾ ਏ । ਧੁਰਦਾ ਦੱਸ ਕੇ ਨਗ਼ਮਾ ਕਲਾਮ, ਨੌਬਤ ਹਕ ਹਕ ਵਜਾਉਂਦਾ ਏ । ਬਰਦਾ ਦਰ ਕਰੇ ਸਲਾਮ, ਸੀਸ ਜਗਦੀਸ ਸਰਬ ਝੁਕਾਉਂਦਾ ਏ । ਮੁਰੀਦ ਮੁਰਸ਼ਦ ਵੇਖੇ ਆਣ, ਕਾਇਨਾਤ ਫੇਰਾ ਪਾਉਂਦਾ ਏ । ਜਨ ਭਗਤਾਂ ਕਰੇ ਆਪ ਪਹਿਚਾਣ, ਭਗਵਨ ਆਪਣਾ ਪੜਦਾ ਲਾਹੁੰਦਾ ਏ । ਘਰ ਸੁਆਮੀ ਦੇ ਕੇ ਦਾਨ, ਵਸਤ ਅਮੋਲਕ ਝੋਲੀ ਪਾਉਂਦਾ ਏ । ਲੇਖਾ ਚੁੱਕੇ ਆਵਣ ਜਾਣ, ਲੱਖ ਚੁਰਾਸੀ ਪੰਧ ਕਟਾਉਂਦਾ ਏ । ਸਤਿਗੁਰ ਧੂੜੀ ਚਰਨ ਇਸ਼ਨਾਨ, ਅਠਸਠ ਲੇਖਾ ਪੰਧ ਮੁਕਾਉਂਦਾ ਏ । ਧੁਰ ਦਾ ਸ਼ਬਦ ਇਕ ਗਿਆਨ, ਆਤਮ ਪਰਮਾਤਮ ਆਪ ਪੜ੍ਹਾਉਂਦਾ ਏ । ਧਰਮ ਵਖਾ ਕੇ ਸਚ ਨਿਸ਼ਾਨ, ਸਚਖੰਡ ਨਿਵਾਸੀ ਆਪਣੇ ਹੱਥ ਉਠਾਉਂਦਾ ਏ । ਸਾਢੇ ਤਿੰਨ ਹੱਥ ਕਰ ਪਰਵਾਨ, ਪਰਵਾਨਾ ਇਕੋ ਇਕ ਵਖਾਉਂਦਾ ਏ । ਜਿਸ ਦੇ ਹੱਥ ਜ਼ਿਮੀਂ ਅਸਮਾਨ, ਦੋਜ਼ਖ਼ ਬਹਿਸ਼ਤ ਡੇਰਾ ਢਾਉਂਦਾ ਏ । ਚੌਦਾਂ ਤਬਕ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਉਂਦਾ ਏ । ਜਿਨ੍ਹਾਂ ਭਗਤਾਂ ਪ੍ਰਭ ਸਿੱਧਾ ਮਿਲਿਆ ਆਣ, ਤਿਨ੍ਹਾਂ ਏਥੇ ਓਥੇ ਨਾ ਕੋਇ ਅਟਕਾਉਂਦਾ ਏ । ਅਬਿਨਾਸ਼ੀ ਕਰਤਾ ਦਏ ਫ਼ਰਮਾਨ, ਜਨ ਭਗਤਾਂ ਆਪ ਵਡਿਆਉਂਦਾ ਏ । ਕਲਜੁਗ ਅੰਤ ਹੋ ਮਿਹਰਵਾਨ, ਕਲ ਕਲਕੀ ਫੇਰਾ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੂਰਖ ਮੂੜ੍ਹੇ ਪਾਰ ਲੰਘਾਉਂਦਾ ਏ । ਮੂਰਖ ਮੂੜ੍ਹੇ ਪਾਰ ਲੰਘਾਵਾਂਗਾ । ਅਬਿਨਾਸ਼ੀ ਕਰਤਾ ਇਕ ਅਖਵਾਵਾਂਗਾ । ਸਚਖੰਡ ਨਿਵਾਸੀ ਹੋ ਕੇ ਦਇਆ ਕਮਾਵਾਂਗਾ । ਜਨ ਭਗਤਾਂ ਬਣਾ ਕੇ ਉੱਤਮ ਜ਼ਾਤੀ, ਜ਼ਾਤ ਆਪਣੀ ਵਿਚ ਮਿਲਾਵਾਂਗਾ । ਨਾਤਾ ਤੋੜ ਕੇ ਤਨ ਖ਼ਾਕੀ, ਖ਼ਾਲਸ ਆਪਣਾ ਰੰਗ ਰੰਗਾਵਾਂਗਾ । ਮਨੂਆ ਰਹੇ ਕੋਈ ਨਾ ਆਕੀ, ਮਨਸਾ ਸਭ ਦੀ ਮੇਟ ਮਿਟਾਵਾਂਗਾ । ਘਰ ਮੰਦਰ ਖੋਲ੍ਹ ਕੇ ਤਾਕੀ, ਪੜਦਾ ਓਹਲਾ ਆਪ ਚੁਕਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਪਿਛੇ ਰਹਿ ਗਈ ਬਾਕੀ, ਸਭ ਦਾ ਲਹਿਣਾ ਝੋਲੀ ਪਾਵਾਂਗਾ । ਜਨਮ ਜਨਮ ਦੇ ਵਿਚੋਂ ਬਦਲ ਦੇਵਾਂ ਹਯਾਤੀ, ਹਰਿਜਨ ਸਾਚੇ ਅੰਗ ਲਗਾਵਾਂਗਾ । ਅੰਤਰ ਆਤਮ ਸੁਣਾ ਕੇ ਆਪਣੀ ਸਾਖ਼ੀ, ਧੁਰ ਸੰਦੇਸਾ ਇਕ ਜਣਾਵਾਂਗਾ । ਸ਼ਬਦ ਅਗੰਮੀ ਬਣ ਕੇ ਪਾਠੀ, ਪਾਠਸ਼ਾਲਾ ਇਕ ਵਡਿਆਵਾਂਗਾ । ਜਨ ਭਗਤੋ ਤੁਹਾਡਾ ਦੂਜਾ ਨਾ ਕੋਈ ਜਮਾਤੀ, ਅਲਿਫ਼ ਯੇ ਲੇਖਾ ਜਗਤ ਰਖਾਵਾਂਗਾ । ਪਤਿਪਰਮੇਸ਼ਵਰ ਬਣਿਆ ਆਪ ਸਾਕੀ, ਸਚ ਪਿਆਲਾ ਮੁਖ ਲਗਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸੱਚਾ ਚੰਦ ਚਮਕਾਵਾਂਗਾ । ਚਾਰ ਵਰਨ ਦੀ ਇਕੋ ਗਾਥੀ, ਬਰਨ ਅਠਾਰਾਂ ਰਾਹ ਦਰਸਾਵਾਂਗਾ । ਸ਼ਬਦ ਸੰਦੇਸ਼ਾ ਧੁਰ ਦੀ ਪਾਤੀ, ਪਤਿਪਰਮੇਸ਼ਵਰ ਹੋ ਕੇ ਆਪ ਅਲਾਵਾਂਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਵਾਂਗਾ । ਹਰਿਜਨ ਸਾਚੇ ਪਾਰ ਲੰਘੌਂਦਾ ਏ । ਜੁਗ ਜੁਗ ਆਪਣੀ ਦਇਆ ਕਮੌਂਦਾ ਏ । ਨਿਰਗੁਣ ਸਰਗੁਣ ਵੇਸ ਵਟੌਂਦਾ ਏ । ਲੋਕਮਾਤ ਫੇਰਾ ਪੌਂਦਾ ਏ । ਕਰੇ ਖੇਲ ਤਮਾਸ਼, ਅਗੰਮ ਅਥਾਹ ਭੇਵ ਚੁਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰ ਕੇ ਆਸ, ਆਸਾ ਆਪਣੇ ਨਾਲ ਮਿਲੌਂਦਾ ਏ । ਜਨ ਭਗਤ ਕਹੇ ਮੈਂ ਮੂਰਖ ਅੰਧ, ਤੇਰੀ ਸਾਰ ਕੋਇ ਨਾ ਆਈਆ । ਰਸਨਾ ਜਿਹਵਾ ਕੂੜ ਕੁੜਿਆਰਾ ਲੱਗਾ ਗੰਦ, ਸਚ ਸੁੱਚ ਨਾ ਕੋਇ ਸਮਝਾਈਆ । ਘਰ ਪਰਕਾਸ਼ ਨਾ ਚੜ੍ਹਿਆ ਚੰਦ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸਿਫ਼ਤ ਕਰੀ ਨਾ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਮੰਜ਼ਲ ਪੈਂਡਾ ਚੁੱਕਿਆ ਨਾ ਪੰਧ, ਰਾਹੀ ਬਣਿਆ ਨਾ ਭੱਜਿਆ ਵਾਹੋ ਦਾਹੀਆ । ਤੇਰਾ ਢੋਲਾ ਗਾਇਆ ਨਾ ਛੰਦ, ਦਿਵਸ ਰੈਣ ਨਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਬਾਲਕ ਲੈਣਾ ਤਰਾਈਆ । ਜਨ ਭਗਤ ਕਹੇ ਮੈਂ ਤੇਰਾ ਦਾਸ, ਦਾਸੀ ਰੂਪ ਵਟਾਈਆ । ਨਾ ਕੋਈ ਜੋਗ ਨਾ ਅਭਿਆਸ, ਸੁੰਨ ਸਮਾਧ ਨਾ ਕੋਇ ਸਮਾਈਆ । ਨਾ ਕੋਈ ਬੇਨੰਤੀ ਨਾ ਅਰਦਾਸ, ਸੀਸ ਜਗਦੀਸ ਨਾ ਕੋਇ ਝੁਕਾਈਆ । ਨਾ ਕੋਇ ਪਵਣ ਨਾ ਸਵਾਸ, ਸਾਹ ਸਾਹ ਨਾ ਹਰਿ ਜਸ ਗਾਈਆ । ਨਾ ਕੋਈ ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇਆ ਪਰਭਾਸ, ਟਿੱਲੇ ਪਰਬਤ ਬੈਠਾ ਰਾਹ ਨਾ ਕੋਇ ਤਕਾਈਆ । ਇਕੋ ਅੰਤਰ ਤੇਰੇ ਮਿਲਣ ਦੀ ਆਸ, ਦੂਜੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੋਦੀ ਲੈਣਾ ਉਠਾਈਆ । ਸ੍ਰੀ ਭਗਵਾਨ ਸਚ ਦ੍ਰਿੜੌਂਦਾ ਏ । ਜਨ ਭਗਤ ਆਪ ਸਮਝੌਂਦਾ ਏ । ਮਿਹਰਵਾਨ ਮਿਹਰ ਨਜ਼ਰ ਨਾਲ ਤਰੌਂਦਾ ਏ । ਕਿਰਪਾ ਨਿਧਾਨ ਕਿਰਪਾ ਕਰ ਕੇ, ਹੰਸ ਕਾਗ ਬਣੌਂਦਾ ਏ । ਸੰਤ ਸੁਹੇਲੇ ਸੱਜਣ ਫੜ ਕੇ, ਸਾਚੇ ਪੌੜੇ ਚੜ੍ਹ ਕੇ ਦਰਸ ਵਖਾਏ ਅੱਗੇ ਖੜ੍ਹ ਕੇ, ਸਵੱਛ ਸਰੂਪੀ ਨਜ਼ਰੀ ਔਂਦਾ ਏ । ਜਨ ਭਗਤ ਜੀਂਵਦਿਆਂ ਜਗ ਵੇਖਣ ਮਰ ਕੇ, ਮਰਿਆਂ ਜਗਤ ਨਾਮ ਵਡਿਔਂਦਾ ਏ । ਜਿਸ ਭਾਂਡੇ ਲਿਆਂਦੇ ਘੜ ਕੇ, ਸੋ ਠਠਿਆਰ ਕੀਮਤ ਪੌਂਦਾ ਏ । ਜੋ ਸਾਹਿਬ ਸਤਿਗੁਰ ਸੀਸ ਚਰਨਾਂ ਧਰਦੇ, ਤਿਨ੍ਹਾਂ ਧਰਤ ਧਵਲ ਉਪਰ ਮਾਣ ਰਖੌਂਦਾ ਏ । ਦਰਗਾਹ ਸਾਚੀ ਬਣਦੇ ਬਰਦੇ, ਬੰਦੀ ਖਾਨਾ ਤੋੜ ਤੁੜੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਓਨ੍ਹਾਂ ਦਾ ਦਰਸ਼ਨ ਕਰਦੇ, ਜਿਨ੍ਹਾਂ ਪੁਰਖ ਅਕਾਲ ਆਪਣੀ ਗੋਦ ਬਠੌਂਦਾ ਏ । ਇਕੋ ਨਾਮ ਹਰੀ ਦਾ ਪੜ੍ਹਦੇ, ਤੂੰ ਹੀ ਤੂੰ ਰਾਗ ਜਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੱਬਤ ਆਪਣੇ ਨਾਲ ਰਖੌਂਦਾ ਏ । ਜਨ ਭਗਤ ਕਹੇ ਮੈਂ ਕੀ ਦੱਸਾਂ, ਬੁੱਧੀ ਚਲੇ ਨਾ ਕੋਇ ਵਡਿਆਈਆ । ਮੇਰੀਆਂ ਬਾਹਰੋਂ ਰੋਵਣ ਅੱਖਾਂ, ਅੰਦਰੋਂ ਦਰਦ ਕੋਇ ਨਾ ਆਈਆ । ਜਗਤ ਵਾਸਨਾ ਉਠ ਉਠ ਨੱਸਾਂ, ਮਨ ਕਾ ਮਣਕਾ ਨਾ ਕੋਇ ਭਵਾਈਆ । ਰਸਨਾ ਜਿਹਵਾ ਕੂੜ ਕੁੜਿਆਰ ਬਕਾਂ, ਬਕਤਾ ਹੋ ਕੇ ਤੇਰਾ ਨਾਮ ਨਾ ਕੋਇ ਸਾਲਾਹੀਆ । ਸਾਚੀ ਸੇਵਾ ਕਰੀ ਕੋਈ ਨਾ ਹੱਥਾਂ, ਪੈਰਾਂ ਨਾਲ ਚਲ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੇਖੇ ਲੈਣਾ ਲਾਈਆ । ਜਨ ਭਗਤ ਤੇਰੀ ਅੰਤਰ ਆਤਮ ਪੁਕਾਰ, ਸੁਣਨਹਾਰ ਇਕ ਅਖਵਾਇੰਦਾ । ਨਾਤਾ ਤੁਟਾ ਕੂੜ ਸੰਸਾਰ, ਸਤਿਗੁਰ ਸਵਾਮੀ ਵੇਖ ਵਖਾਇੰਦਾ । ਗ੍ਰਿਹ ਮੰਦਰ ਕਰੇ ਪਿਆਰ, ਪ੍ਰੀਤਮ ਆਪਣਾ ਰੰਗ ਰੰਗਾਇੰਦਾ । ਘਰ ਵੇਖਣਾ ਮੰਗਲਾਚਾਰ, ਧੁਰ ਦਾ ਢੋਲਾ ਆਪ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਸੋਹੰ ਸੱਚਾ ਇਕ ਜੈਕਾਰ, ਆਦਿ


੩੩੪
੧੨

ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਸੁਣਾਇੰਦਾ । ਜਿਸ ਦੀ ਸ਼ਾਸਤਰਾਂ ਵਿਚੋਂ ਕਰੇ ਨਾ ਕੋਇ ਵਿਚਾਰ, ਅੱਖਰਾਂ ਵਿਚੋਂ ਅੱਖਰ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਰੂਪ ਆਪ ਸਮਝਾਇੰਦਾ । ਸੋਹੰ ਰੂਪ ਦੱਸੇ ਸੋ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਅਕਾਲ ਮੂਰਤ ਆਪੇ ਹੋ, ਨਿਰਗੁਣ ਨਿਰਵੈਰ ਖੇਲ ਖਿਲਾਈਆ । ਸਚ ਗ੍ਰਿਹਿ ਕਰ ਕੇ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਨਿਰਗੁਣ ਨਾਲ ਨਿਰਗੁਣ ਛੋਹ, ਸੋਹਣੀ ਬਣਤ ਬਣਾਈਆ । ਮਾਤ ਪਿਤ ਆਪੇ ਹੋ, ਦਾਈ ਦਾਇਆ ਬਣ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਸੋ ਸਾਹਿਬ ਹੋਇਆ ਦਾਈ ਦਾਇਆ, ਜਨਨੀ ਜਨ ਰੂਪ ਵਟਾਇੰਦਾ । ਸ਼ਬਦੀ ਸੁਤ ਦੁਲਾਰਾ ਜਾਇਆ, ਹੰ ਨਾਉਂ ਧਰਾਇੰਦਾ । ਦੋਹਾਂ ਮਿਲ ਕੇ ਸਗਨ ਮਨਾਇਆ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਸਚਖੰਡ ਦਵਾਰੇ ਸੋਭਾ ਪਾਇਆ, ਹਰਿ ਪੁਰਖ ਨਿਰੰਜਣ ਖ਼ੁਸ਼ੀ ਮਨਾਇੰਦਾ । ਸੁਤ ਦੁਲਾਰਾ ਥਿਰ ਘਰ ਡੇਰਾ ਲਾਇਆ, ਚਰਨ ਕਵਲ ਧਿਆਨ ਧਰਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤੇ ਆਪਣਾ ਖੇਲ ਰਚਾਇਆ, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਇੰਦਾ । ਨਾਉਂ ਨਿਰੰਕਾਰ ਇਕ ਸਾਲਾਹਿਆ, ਸਿਫ਼ਤੀ ਸਿਫ਼ਤ ਨਾ ਕੋਇ ਸਮਝਾਇੰਦਾ । ਪਿਤਾ ਪੂਤ ਰਿਹਾ ਬੁਲਾਇਆ, ਇਕੋ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸੋਹੰ ਰੂਪ ਹੋਇਆ ਆਪ, ਜੋਤ ਸ਼ਬਦ ਕਰੀ ਕੁੜਮਾਈਆ । ਸਚਖੰਡ ਨਿਵਾਸੀ ਵਡ ਪਰਤਾਪ, ਥਿਰ ਘਰ ਦਿਤੀ ਮਾਣ ਵਡਿਆਈਆ । ਤੂੰ ਮੇਰਾ ਮੈਂ ਤੇਰਾ, ਦੋਹਾਂ ਦਾ ਇਕੋ ਜਾਪ, ਦੂਜਾ ਪਾਠ ਨਾ ਕੋਇ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਇਕੋ ਵਾਰ ਦਿਤਾ ਆਖ, ਅੰਤ ਵੇਖੇ ਚਾਈਂ ਚਾਈਂਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਉਪਜੇ ਸ਼ਾਖ਼, ਤ੍ਰੈਗੁਣ ਮਾਇਆ ਵੰਡ ਵੰਡਾਈਆ । ਪੰਜ ਤਤ ਦੇ ਕੇ ਦਾਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਤ ਬਣਾਈਆ । ਚਾਰੇ ਖਾਣੀ ਝੋਲੀ ਪਾ ਕੇ ਰਾਸ, ਅੰਡਜ ਜੇਰਜ ਉਤਭੁਜ ਸੇਤਜ ਸਾਚਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਖੇਲੇ ਖੇਲ ਤਮਾਸ਼, ਨਿਰਵੈਰ ਪੁਰਖ ਫੇਰਾ ਪਾਈਆ । ਸਿਫ਼ਤ ਸਾਲਾਹੀ ਲੇਖਾ ਲਿਖ ਕੇ ਕਲਮ ਦਵਾਤ, ਕਾਤਬ ਹੋ ਕੇ ਆਪਣਾ ਹੁਕਮ ਪਰਗਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰ ਨਜਾਤ, ਮਿਹਰਵਾਨ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਨਾਮ ਨਗ਼ਮਾ ਕਲਮਾ ਪੜ੍ਹਨ ਨਮਾਜ਼ , ਸੱਜਦਾ ਸੀਸ ਝੁਕਾਈਆ । ਸੋ ਪਰਵਰਦਿਗਾਰ ਬੇਮਸਾਲ ਬੇਨਜ਼ੀਰ ਲਾਤਸਵੀਰ ਖੇਲੇ ਖੇਲ ਤਮਾਸ਼, ਖ਼ਾਲਕ ਖ਼ਲਕ ਮਖ਼ਲੂਕ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਜਿਸਦੇ ਦਾਸ, ਨਿਤ ਨਵਿਤ ਰੱਖਣ ਆਸ, ਬੈਠੇ ਧਿਆਨ ਲਗਾਈਆ । ਸੋ ਸਤਿਗੁਰ ਆਦਿ ਜੁਗਾਦੀ ਇਕੋ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਉਸ ਦਾ ਸੋਹੰ ਧੁਰ ਦਾ ਜਾਪ, ਜਿਸ ਨੂੰ ਜਪਿਆਂ ਜਗ ਨਾਤਾ ਕੂੜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤ ਕਹੇ ਮੈਂ ਸੁਣਿਆ ਤੇਰਾ ਨਾਉਂ, ਨਿਰੰਕਾਰ ਤੇਰੀ ਵਡਿਆਈਆ । ਮੇਰੀ ਬੁੱਧੀ ਜਗਤ ਬਣੀ ਕਾਉਂ, ਕਾਗ ਵਾਂਗ ਕੁਰਲਾਈਆ । ਕੋਈ ਫੜੇ ਨਾ ਅੱਗੋਂ ਬਾਹੋਂ, ਗਲੇ ਨਾਲ ਨਾ ਕੋਇ ਲਗਾਈਆ । ਸੀਸ ਦੇਵੇ ਨਾ ਠੰਡੀ ਛਾਉਂ, ਸਿਰ ਹੱਥ ਨਾ ਕੋਇ ਟਿਕਾਈਆ । ਤੱਤੀ ਬੁਝੇ ਨਾ ਕੋਇ ਵਾਉ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਨਨੀ ਬਣੇ ਨਾ ਸਾਚੀ ਮਾਉਂ, ਸੁਲਖਣੀ ਕੁੱਖ ਨਾ ਕੋਇ

ਸੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੱਕਿਆ ਰਾਹੋ, ਜੋ ਰਹਿਬਰ ਗਏ ਸਮਝਾਈਆ । ਏਥੇ ਕਰੇ ਨਾ ਹੱਕ ਨਿਆਉਂ, ਸਚ ਅਦਾਲਤ ਨਜ਼ਰ ਕੋਇ ਨਾ ਆਈਆ । ਤੇਰੇ ਚਲੇ ਨਾ ਕੋਈ ਭਾਉ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੇਰੇ ਮਿਲਣ ਦਾ ਕਿਸੇ ਨਾ ਦਿਸੇ ਚਾਓ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਬਹਾਈਆ । ਸ੍ਰੀ ਭਗਵਾਨ ਕਹੇ ਮੇਰੇ ਭਗਤ ਦੁਲਾਰੇ, ਸਚ ਦੇਵਾਂ ਮਾਣ ਵਡਿਆਈਆ । ਕੋਟਨ ਕੋਟ ਜੁਗ ਮੇਰੇ ਖੇਲ ਨਿਆਰੇ, ਨਿਤ ਨਵਿਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਤੱਕਦੇ ਰਹੇ ਸਹਾਰੇ, ਓਟ ਇਕੋ ਇਕ ਰਖਾਈਆ । ਕਲਮ ਸ਼ਾਹੀ ਨਾਲ ਲੇਖਾ ਲਿਖਦੇ ਰਹੇ ਬਣ ਲਿਖਾਰੇ, ਵਾਕ ਭਵਿਖਤ ਜਣਾਈਆ । ਦਰ ਦਰਵੇਸ਼ ਹੋ ਕੇ ਮੰਗਦੇ ਰਹੇ ਦਵਾਰੇ, ਖ਼ਾਲੀ ਝੋਲੀ ਅਗੇ ਡਾਹੀਆ । ਤੇਈ ਅਵਤਾਰ ਬਣਦੇ ਰਹੇ ਵਣਜਾਰੇ, ਜਗਤ ਸੌਦਾ ਹੱਟ ਵਿਕਾਈਆ । ਈਸਾ ਮੂਸਾ ਮੁਹੰਮਦ ਲੌਂਦੇ ਗਏ ਨਾਅਰੇ, ਕਲਮਾ ਹਕ ਹਕ ਜਣਾਈਆ । ਨਾਨਕ ਗੋਬਿੰਦ ਦੱਸ ਕੇ ਗਏ ਜੈਕਾਰੇ, ਫ਼ਤਹਿ ਡੰਕਾ ਇਕ ਵਜਾਈਆ । ਕਲਜੁਗ ਅੰਤ ਕਲ ਕਲਕੀ ਲਏ ਅਵਤਾਰੇ, ਜਿਸ ਦੀ ਸਮਝ ਕਿਸੇ ਨਾ ਆਈਆ । ਮਾਤਾ ਜਨਮੇ ਨਾ ਕੋਈ ਕੁੱਖ ਪਿਤਾ ਕਰੇ ਨਾ ਕੋਇ ਪਿਆਰੇ, ਭੈਣ ਭਾਈ ਬੰਧਨ ਕੋਇ ਨਾ ਪਾਈਆ । ਹਰਿ ਮੰਦਰ ਬੈਠੇ ਧਾਮ ਨਿਆਰੇ, ਜਿਸ ਦਾ ਛੱਪਰ ਛੰਨ ਹਰਿ ਜੂ ਆਪ ਛੁਹਾਈਆ । ਜਨ ਭਗਤਾਂ ਉਠ ਉਠ ਵਾਜਾਂ ਮਾਰੇ, ਕਲਜੁਗ ਸੁੱਤਿਆਂ ਲਏ ਉਠਾਈਆ । ਉਠੋ ਵੇਖੋ ਨਈਆ ਅੰਤ ਕਿਨਾਰੇ, ਨੌਕਾ ਆਪਣੀ ਦਏ ਸਮਝਾਈਆ । ਵੰਝ ਮੁਹਾਣਾ ਨਾ ਕੋਇ ਸਹਾਰੇ, ਚੱਪੂ ਸੰਗ ਨਾ ਕੋਇ ਨਿਭਾਈਆ । ਖੇਵਟ ਖੇਟਾ ਬੈਠਾ ਪਾਰ ਕਿਨਾਰੇ, ਦੂਰ ਦੁਰਾਡਾ ਬੈਠਾ ਮੁਖ ਛੁਪਾਈਆ । ਬਿਨ ਭਗਤਾਂ ਸੁਣੇ ਨਾ ਕਿਸੇ ਦੇ ਹਾੜੇ, ਹੌਕੇ ਲੈ ਕੇ ਰੋਵੇ ਲੋਕਾਈਆ । ਲੱਖ ਚੁਰਾਸੀ ਲੁੱਟੀ ਜਾਏ ਦਿਨ ਦਿਹਾੜੇ, ਰਾਖਾ ਰਹਿਣ ਕੋਇ ਨਾ ਪਾਈਆ । ਗੁਰਮੁਖਾਂ ਗੁਰਸਿਖਾਂ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੇ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਲਏ ਬਚਾਈਆ । ਸਾਚਾ ਦੱਸ ਕੇ ਨਾਮ ਜੈਕਾਰੇ, ਜੈ ਜੈਕਾਰ ਦਏ ਕਰਾਈਆ । ਤੂੰ ਮੇਰਾ ਮੈਂ ਤੇਰੇ ਸਹਾਰੇ, ਭਗਤ ਭਗਵਾਨ ਵੱਜੇ ਵਧਾਈਆ । ਮਹੱਲ ਅਟਲ ਬਹਾਏ ਓਸ ਚੁਬਾਰੇ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਰਖਾਈਆ । ਹਰਿਜਨ ਸਾਚੇ ਸੰਗ ਰਖਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੰਘ, ਜੇਰਜ ਅੰਡ ਪੰਧ ਚੁਕਾਵਾਂਗਾ । ਆਤਮ ਪਰਮਾਤਮ ਦੇ ਕੇ ਇਕ ਅਨੰਦ, ਪਰਮਾਨੰਦ ਵਿਚ ਸਮਾਵਾਂਗਾ । ਸੋਹੰ ਢੋਲਾ ਸੁਣਾ ਕੇ ਛੰਦ, ਜਨਮ ਕਰਮ ਦੀ ਟੁੱਟੀ ਗੰਢ ਪੁਆਵਾਂਗਾ । ਗੁਰਮੁਖ ਆਤਮ ਕਦੇ ਨਾ ਹੋਵੇ ਰੰਡ, ਘਰ ਸੁਹਾਗਣ ਰੂਪ ਦਰਸਾਵਾਂਗਾ । ਅਗਲੀ ਪਿਛਲੀ ਪੂਰੀ ਕਰ ਕੇ ਮੰਗ, ਮੰਗਲਾਚਾਰ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਪੜ੍ਹਿਆਂ ਪਾਰ ਲੰਘਾਵਾਂਗਾ । ਗੁਰਮੁਖ ਪੜ੍ਹਨ ਦੀ ਰਹੇ ਨਾ ਲੋੜ, ਜਿਸ ਨਿਰਅੱਖਰ ਆਪ ਪੜ੍ਹਾਈਆ । ਸੁਰਤੀ ਸ਼ਬਦ ਨਾਲ ਦੇਵੇ ਜੋੜ, ਤੰਦੀ ਤੰਦ ਨਾਲ ਗੰਢਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਾਹੋ ਦਾਹੀ ਭੱਜਣ ਪੰਜ ਚੋਰ, ਸਿਰ ਸਕੇ ਨਾ ਕੋਇ ਉਠਾਈਆ । ਭਗਤ ਭਗਵਾਨ ਨੂੰ ਸਦਾ ਲੋੜ, ਇਕ ਦੂਜੇ ਦਾ ਸੰਗ ਛੱਡ ਨਾ ਸਕਣ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਮਿਲਾਈਆ । ਜਨ ਭਗਤ ਕਹੇ ਮੈਂ ਮੁਗਧ ਗਵਾਰ, ਤੂੰ ਦਾਤਾ ਬੇਪਰਵਾਹੀਆ ।

ਅਬਿਨਾਸ਼ੀ ਕਰਤਾ ਕਹੇ ਤੂੰ ਮੇਰਾ ਸ਼ਿੰਗਾਰ, ਤੁਧ ਬਿਨ ਮੇਰਾ ਰੂਪ ਨਾ ਕੋਇ ਹੰਢਾਈਆ । ਜਨ ਭਗਤ ਕਹੇ ਮੈਂ ਤੇਰਾ ਝਾੜੂ ਬਰਦਾਰ, ਸੇਵਕ ਸੇਵ ਕਮਾਈਆ । ਸ੍ਰੀ ਭਗਵਾਨ ਕਹੇ ਤੂੰ ਮੇਰਾ ਸੱਚਾ ਸਰਦਾਰ, ਘਰ ਸਾਚੇ ਸੋਭਾ ਪਾਈਆ । ਜਨ ਭਗਤ ਕਹੇ ਮੈਂ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਸ੍ਰੀ ਭਗਵਾਨ ਕਹੇ ਮੈਂ ਆਪਣੇ ਕੰਧ ਲਵਾਂ ਉਠਾਲ, ਭੱਜਾਂ ਵਾਹੋ ਦਾਹੀਆ । ਜਨ ਭਗਤ ਕਹੇ ਮੈਂ ਤੇਰਾ ਕਰਾਂ ਦੀਦਾਰ, ਨਿਜ ਲੋਚਣ ਦਰਸ਼ਨ ਪਾਈਆ । ਸ੍ਰੀ ਭਗਵਾਨ ਕਹੇ ਮੈਂ ਸਚਖੰਡ ਲੈ ਕੇ ਜਾਵਾਂ ਨਾਲ, ਅਧਵਿਚਕਾਰ ਨਾ ਕੋਇ ਅਟਕਾਈਆ । ਜਨ ਭਗਤ ਕਹੇ ਮੈਂ ਵੇਖਾਂ ਤੇਰੀ ਸੱਚੀ ਧਰਮਸਾਲ, ਜਿਸ ਵਿਚ ਦੀਵਾ ਬਾਤੀ ਇਕ ਰੁਸ਼ਨਾਈਆ । ਸ੍ਰੀ ਭਗਵਾਨ ਕਹੇ ਉਠ ਵੇਖ ਮੇਰੇ ਲਾਲ, ਹਰਿ ਲਾਲਨ ਰਿਹਾ ਵਖਾਈਆ । ਜਿਥੇ ਥੋੜੇ ਬੈਠੇ ਆਣ, ਲੱਖ ਚੁਰਾਸੀ ਵਿਚੋਂ ਲੈਣਾ ਆਪ ਬਚਾਈਆ । ਏਥੇ ਊਚ ਨੀਚ ਦੀ ਨਹੀਂ ਪਹਿਚਾਨ, ਰਾਓ ਰੰਕ ਨਾ ਕੋਇ ਸਮਝਾਈਆ । ਹਿੰਦੂ ਮੁਸਲਿਮ ਸਿੱਖ ਨਾ ਕੋਇ ਨਿਸ਼ਾਨ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਸ਼ਰਅ ਸ਼ਰੀਅਤ ਨਾ ਕੋਇ ਈਮਾਨ, ਕਲਮਾਂ ਨਾਲ ਨਾ ਕੋਇ ਲਿਖਾਈਆ । ਨਾ ਕੋਈ ਜ਼ਿਮੀਂ ਨਾ ਅਸਮਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਾ ਕੋਇ ਪੜ੍ਹਾਈਆ । ਨਾ ਕੋਈ ਪੰਜ ਤਤ ਧਰੇ ਧਿਆਨ, ਅੱਖਰਾਂ ਨਾਲ ਕੋਇ ਪੜ੍ਹਾਈਆ । ਨਾ ਕੋਈ ਰਸਨਾ ਕਰੇ ਗਿਆਨ, ਬੱਤੀ ਦੰਦ ਨਾ ਕੋਇ ਸਫ਼ਾਈਆ । ਨਾ ਕੋਈ ਸ਼ਿਵਦਵਾਲਾ ਮੱਠ ਮੰਦਰ ਮਸੀਤ ਦਿਸੇ ਨਿਸ਼ਾਨ, ਚਾਰ ਕੁੰਟ ਚਾਰ ਦੀਵਾਰ ਨਜ਼ਰ ਕੋਇ ਨਾ ਆਈਆ । ਇਕੋ ਨੂਰ ਸ੍ਰੀ ਭਗਵਾਨ, ਜਿਸ ਦਾ ਜ਼ਹੂਰ ਸਰਬ ਲੋਕਾਈਆ । ਸਾਚੇ ਤਖ਼ਤ ਤਖ਼ਤ ਨਿਵਾਸੀ ਬੈਠਾ ਨੌਜਵਾਨ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਜਨ ਭਗਤ ਆਪਣੇ ਘਰ ਬਹਾਏ ਮਹਿਮਾਨ, ਪ੍ਰੇਮ ਪਿਆਰ ਨਾਲ ਲਿਆਈਆ । ਸਚ ਸੰਦੇਸ਼ਾ ਦੇ ਫ਼ਰਮਾਨ, ਏਕੰਕਾਰ ਇਕੋ ਵਾਰ ਕਰੇ ਪੜ੍ਹਾਈਆ । ਬਿਨ ਅੱਖਾਂ ਬਿਨ ਨੇਤਰਾਂ ਵੇਖੇ ਮਾਰ ਧਿਆਨ, ਜੋਤੀ ਜਾਤਾ ਡਗਮਗਾਈਆ । ਜਿਸ ਨਾਲੋਂ ਵਿਛੜੇ ਓਸੇ ਨਾਲ ਮਿਲੇ ਆਣ, ਦੂਜਾ ਨਜ਼ਰ ਕੋਇ ਨਾ ਆਈਆ । ਏਹੋ ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰੂਪ ਸਤਿ ਸਰੂਪ ਸਮਾਈਆ । ਜਨ ਭਗਤਾਂ ਸਾਚੇ ਸੰਤਾਂ ਕਲਜੁਗ ਅੰਤਮ ਨਾਤਾ ਤੋੜ ਕੂੜ ਜਹਾਨ, ਕਿਰਿਆ ਕੂੜੀ ਵਿਚੋਂ ਬਾਹਰ ਕਢਾਈਆ । ਮੈਂ ਉੱਤਮ ਸ੍ਰੇਸ਼ਟ ਬਣਾਂ ਸੰਤਾਨ, ਪੂਤ ਸਪੂਤੇ ਗੋਦ ਉਠਾਈਆ । ਘਰ ਲੈ ਕੇ ਜਾਏ ਸਚ ਮਕਾਨ, ਮੜ੍ਹੀ ਗੋਰ ਰਹਿਣ ਕੋਇ ਨਾ ਪਾਈਆ । ਅੰਤਮ ਜੋਤੀ ਜੋਤ ਮਿਲਾਏ ਆਣ, ਵਰਨ ਗੋਤ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਲਏ ਤਰਾਈਆ । ਜਨ ਭਗਤ ਕਹੇ ਮੇਰੇ ਵੱਡੇ ਪੀਰ, ਮੁਰਸ਼ਦ ਤੇਰੀ ਸਰਨਾਈਆ । ਚੋਟੀ ਚੜ੍ਹ ਕੇ ਵੇਖਿਆ ਅਖ਼ੀਰ, ਆਖ਼ਰ ਇਕੋ ਨਜ਼ਰੀ ਆਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਮੁਸੱਵਰ ਤਸੱਵਰ ਸਕੇ ਨਾ ਕੋਇ ਕਰਾਈਆ । ਉਹ ਬੈਠਾ ਲਾਸ਼ਰੀਕ, ਸ਼ਿਰਕਤ ਸਭ ਦੀ ਰਿਹਾ ਮਿਟਾਈਆ । ਉਸ ਦੇ ਵਿਚ ਵੇਖੀ ਤੌਫ਼ੀਕ, ਤੋਹਫ਼ੇ ਘਰ ਘਰ ਰਿਹਾ ਪੁਚਾਈਆ । ਜਿਸ ਦੀ ਰੱਖਦੇ ਗਏ ਉਡੀਕ, ਸਦੀ ਚੌਧਵੀਂ ਫੇਰਾ ਪਾਈਆ । ਚੌਦਾਂ ਤਬਕ ਵੇਖੇ ਠੀਕ, ਨੇਰਨ ਨੇਰਾ ਹੋ ਕੇ ਦਰਸ ਦਿਖਾਈਆ । ਕਲਜੁਗ ਮੇਟੇ ਅੰਧੇਰਾ ਤਾਰੀਕ, ਸਾਚਾ ਚੰਦ ਕਰੇ ਰੁਸ਼ਨਾਈਆ । ਜੋ ਕਾਲੀ ਚਿੱਟੇ ਉਤੇ ਮਾਰੀ ਲੀਕ, ਅੱਖਰਾਂ ਨਾਲ ਕਰੀ ਲਿਖਾਈਆ । ਤਿਸ ਦੀ ਕਰਨ ਆਇਆ ਤਸਦੀਕ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਜਨ ਭਗਤਾਂ ਪਾਰ ਲੰਘਾਈਆ । ਜਨ ਭਗਤਾਂ ਅੰਤਮ ਲੰਘਣਾ ਪਾਰ, ਨਈਆ ਇਕੋ ਇਕ ਚੜ੍ਹਾਈਆ । ਲੇਖਾ ਚੁਕੇ ਮੰਝਧਾਰ, ਬੇੜਾ ਵਿਚ ਨਾ ਕੋਇ ਡੁਬਾਈਆ । ਖੇਵਟ ਖੇਟਾ ਹਰਿ ਨਿਰੰਕਾਰ, ਨਿਰਗੁਣ ਦਾਤਾ ਸੱਚਾ ਮਾਹੀਆ । ਜਿਸ ਦੀ ਸਿਫ਼ਤ ਸਦਾ ਕਰੇ ਜੁਗ ਚਾਰ, ਚੌਕੜੀ ਰਹੀ ਜਸ ਗਾਈਆ । ਸੋ ਭਗਤ ਵਛਲ ਆਪ ਗਿਰਧਾਰ, ਗਿਰਵਰ ਵੇਖੇ ਚਾਈਂ ਚਾਈਆ । ਕੋਝੇ ਕਮਲੇ ਮੂਰਖ ਮੁਗਧ ਅੰਞਾਣੇ ਲੈ ਜਾਏ ਆਪਣੇ ਨਾਲ, ਸ਼ਬਦ ਡੋਰੀ ਨਾਲ ਬੰਧਾਈਆ । ਲੇਖਾ ਚੁਕਾ ਕੇ ਸ਼ਾਹ ਕੰਗਾਲ, ਰਾਓ ਰੰਕਾਂ ਵੇਖ ਵਖਾਈਆ । ਆ ਕੇ ਪੁੱਛਿਆ ਮੁਰੀਦਾਂ ਹਾਲ, ਮੁਰਸ਼ਦ ਬਣਿਆ ਬੇਪਰਵਾਹੀਆ । ਸੱਜਣ ਸੁਹੇਲੇ ਲਏ ਭਾਲ, ਖੋਜਤ ਖੋਜਤ ਖੋਜ ਖੋਜਾਈਆ । ਸਤਿਗੁਰ ਸ਼ਬਦ ਬਣ ਕੇ ਧੁਰ ਦਲਾਲ, ਵਣਜ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਦਰਸਾਈਆ । ਸਚ ਦਵਾਰੇ ਕਰਿਆ ਦਰਸ, ਜਨ ਭਗਤ ਖ਼ੁਸ਼ੀ ਮਨਾਇੰਦਾ । ਜਨਮ ਕਰਮ ਦੀ ਮਿਟੀ ਹਰਸ, ਅੱਗੇ ਹਵਸ ਨਾ ਕੋਇ ਵਧਾਇੰਦਾ । ਪੁਰਖ ਅਕਾਲ ਕੀਤਾ ਤਰਸ, ਰਹਿਮਤ ਰਹਿਮ ਕਮਾਇੰਦਾ । ਜੁਗ ਜਨਮ ਦੇ ਜੋ ਰਹੇ ਭਟਕ, ਵਿਛੜਿਆਂ ਮੇਲ ਮਿਲਾਇੰਦਾ । ਪੰਚ ਵਿਕਾਰਾ ਮੇਟ ਕੇ ਕਟਕ, ਕਰਨੀ ਧੁਰ ਦੀ ਆਪ ਸਮਝਾਇੰਦਾ । ਧੁਰ ਫ਼ਰਮਾਨਾ ਦੇ ਕੇ ਸਖ਼ਤ, ਨਾਤਾ ਜਗਤ ਨਾਲੋਂ ਤੁੜਾਇੰਦਾ । ਸੋਹੰ ਢੋਲਾ ਗੌਣਾ ਫ਼ਕਤ, ਫ਼ਿਕਰਾ ਆਤਮ ਪਰਮਾਤਮ ਆਪ ਬਣਾਇੰਦਾ । ਕਲਜੁਗ ਵੇਲਾ ਆਇਆ ਅੰਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੋ ਭਗਤ ਸੁਹੇਲਾ ਸੱਚਾ ਸੰਤ, ਜਿਸ ਆਪਣੇ ਘਰ ਵਸਾਇੰਦਾ । ਮੇਲ ਮਿਲਾਵਾ ਧੁਰ ਦੇ ਕੰਤ, ਕੰਤੂਹਲ ਆਪਣੀ ਗੋਦ ਉਠਾਇੰਦਾ । ਜਿਸ ਦਾ ਲੇਖਾ ਆਦਿ ਸੋ ਲਹਿਣਾ ਦੇਵੇ ਅੰਤ, ਮਧ ਆਪਣੇ ਵਿਚ ਛੁਪਾਇੰਦਾ । ਧੰਨ ਵਡਿਆਈ ਹਰਿਜਨ ਸਾਚੀ ਸੰਗਤ, ਸਤਿਗੁਰ ਸਗਲਾ ਸੰਗ ਨਿਭਾਇੰਦਾ । ਦੂਜੇ ਦਰ ਨਾ ਜਾਣਾ ਮੰਗਤ, ਭਿਖਾਰੀ ਰੂਪ ਨਾ ਕੋਇ ਵਖਾਇੰਦਾ । ਮਿਹਰਵਾਨ ਨਾਤਾ ਤੋੜਿਆ ਜੇਰਜ ਅੰਡਜ, ਉਤਭੁਜ ਸੇਤਜ ਫੇਰ ਨਾ ਕੋਇ ਫਿਰਾਇੰਦਾ । ਗੁਰਮੁਖੋ ਨਰਕ ਸਵਰਗ ਦੋਜ਼ਖ ਬਹਿਸ਼ਤ ਚਰਨਾਂ ਹੇਠ ਦਬੌਣਾ ਜੱਨਤ, ਮੁਕਤੀ ਨਾਲੋਂ ਮੁਫ਼ਤ ਤੁਹਾਨੂੰ ਅੱਗੇ ਲੈ ਜਾਇੰਦਾ । ਕਲਜੁਗ ਵੇਲੇ ਅੰਤ ਹਰਿਜਨ ਰਹਿਣ ਨਾ ਦੇਵੇ ਕੋਈ ਸੁਸਤ, ਰਾਤੀਂ ਸੁਤਿਆਂ ਸ਼ਬਦ ਧਾਰ ਉਠਾਇੰਦਾ । ਲੇਖਾ ਚੁਕਾ ਕੇ ਮੂਰਖ ਮੁਗਧ, ਸੁਧ ਆਤਮਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਰਖਾਇੰਦਾ । ਜਨ ਭਗਤਾਂ ਮਾਣ ਰੱਖੇ ਸਚਖੰਡ, ਵੱਜੇ ਨਾਮ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਰਹੇ ਮੰਗ, ਮੰਗਣ ਧਿਆਨ ਲਗਾਈਆ । ਗੁਰ ਅਵਤਾਰ ਗਾਵਣ ਛੰਦ, ਪੀਰ ਪੈਗ਼ੰਬਰ ਨਾਅਰਾ ਇਕ ਅਲਾਈਆ । ਤੂੰ ਦਾਤਾ ਸੂਰਾ ਸੂਰਬੀਰ ਸਰਬੰਗ, ਸਾਹਿਬ ਸੁਲਤਾਨ ਅਖਵਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੇਵਣਹਾਰਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸੰਤ ਸੁਹੇਲੇ ਧੁਰ ਦੇ ਚੰਦ, ਦਰਗਾਹ ਸਾਚੀ ਕਰੇ ਰੁਸ਼ਨਾਈਆ । ਆਸਾ ਮਨਸਾ ਪੂਰੀ ਕਰ ਕੇ ਮੰਗ, ਮਾਂਗਤ ਆਪਣੇ ਦਰ ਬਹਾਈਆ । ਜਨਮ ਜਨਮ ਦਾ ਮੇਟ ਕੇ ਪੰਧ, ਪਾਂਧੀ ਮੰਜ਼ਲ ਦਿਤੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਚਖੰਡ, ਸਤਿ ਸਚ ਸਚ ਸਤਿ, ਸੰਤ ਸੱਜਣ ਭਗਤ ਭਗਵਨ ਆਪਣੇ ਵਿਚ ਸਮਾਈਆ ।

੩੩੯

## ✪ ੧੯ ਸਾਵਣ ੨੦੨੧ ਬਿਕ੍ਰਮੀ ਬੀਬੀ ਸ਼ਾਮ ਕੌਰ ਦੇ ਗ੍ਰਿਹ ਮੋਗਾ ✪

ਕਿਰਪਾ ਕਰੇ ਪ੍ਰਭ ਦੀਨ ਦਿਆਲਾ, ਦਇਆਨਿਧ ਦਇਆ ਕਮਾਇੰਦਾ । ਜਨ ਭਗਤਾਂ ਮਾਰਗ ਦੱਸ ਸੁਖਾਲਾ, ਸਿੱਧਾ ਮਾਰਗ ਆਪੇ ਲਾਇੰਦਾ । ਅੰਤਰ ਆਤਮ ਅੰਮ੍ਰਿਤ ਜਾਮ ਪਿਆਏ ਪਿਆਲਾ, ਰਸ ਇਕੋ ਇਕ ਵਖਾਇੰਦਾ । ਧੁਰ ਦਾ ਮੰਤਰ ਸ਼ਬਦ ਅਗੰਮੀ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਤ੍ਰੈਗੁਣ ਕੂੜਾ ਤੋੜ ਜੰਜਾਲਾ, ਜੀਵਣ ਜੁਗਤ ਇਕ ਸਮਝਾਇੰਦਾ । ਗ੍ਰਿਹ ਮੰਦਰ ਸਾਹਿਬ ਸਤਿਗੁਰ ਬਣ ਰਖਵਾਲਾ, ਕੂੜੀ ਕਿਰਿਆ ਪਰੇ ਹਟਾਇੰਦਾ । ਦੀਆ ਦੀਪਕ ਜੋਤ ਕਰ ਉਜਾਲਾ, ਨਿਰਗੁਣ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜਦਾ ਆਪ ਖੁਲ੍ਹਾਇੰਦਾ । ਜਨ ਭਗਤਾਂ ਮਾਰਗ ਦੱਸੇ ਏਕ, ਏਕੰਕਾਰ ਵੱਡੀ ਵਡਿਆਈਆ । ਚਰਨ ਪ੍ਰੀਤੀ ਧੁਰ ਦੀ ਟੇਕ, ਸਮਰਥ ਪੁਰਖ ਸਮਝਾਈਆ । ਕਾਇਆ ਬੁੱਧੀ ਕਰ ਬਿਬੇਕ, ਦੁਰਮਤ ਮੈਲ ਧਵਾਈਆ । ਹਉਮੇ ਹੰਗਤਾ ਲਾਏ ਨਾ ਕੋਈ ਸੇਕ, ਤਤਵ ਤਤ ਨਾ ਕੋਇ ਜਲਾਈਆ । ਜਨਮ ਕਰਮ ਦੀ ਬਦਲ ਕੇ ਰੇਖ, ਲੇਖਾ ਆਪਣਾ ਦਏ ਸਮਝਾਈਆ । ਆਤਮ ਪਰਮਾਤਮ ਕਰ ਕੇ ਹੇਤ, ਸੁਰਤ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਏ ਤਰਾਈਆ । ਜਨ ਭਗਤ ਦਸਾਏ ਮਾਰਗ ਸਿੱਧਾ, ਰਾਹ ਵਿਚ ਨਾ ਕੋਇ ਅਟਕਾਈਆ । ਸੀਸ ਨਿਵਾਏ ਨੌਂ ਨਿਧਾ, ਅਠਾਰਾਂ ਸਿਧਾਂ ਮਿਲੇ ਨਾ ਕੋਇ ਵਡਿਆਈਆ । ਮਨ ਹੰਕਾਰ ਨਾ ਕਰੇ ਜਿਦਾਂ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਪਣੇ ਮਿਲਣ ਦੀ ਦੱਸ ਕੇ ਬਿਧਾ, ਅੰਤਰ ਆਤਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਏ ਜਗਾਈਆ । ਭਗਤਾਂ ਮਾਰਗ ਦੱਸੇ ਅਗੰਮ, ਅਲਖ ਅਗੋਚਰ ਦਇਆ ਕਮਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਸਤਿ ਸਤਿਵਾਦੀ ਆਪਣੇ ਕੰਧ ਉਠਾਇੰਦਾ । ਨਾਮ ਪਦਾਰਥ ਦੇ ਕੇ ਧਨ, ਘਰ ਖ਼ਜ਼ੀਨਾ ਇਕ ਟਿਕਾਇੰਦਾ । ਭਰਮ ਭੁਲੇਖਾ ਕੱਢ ਕੇ ਜਨ, ਕੂੜੀ ਕਿਰਿਆ ਦੂਰ ਕਰਾਇੰਦਾ । ਕਰ ਪਰਕਾਸ਼ ਅੰਧੇਰੇ ਤਨ, ਨਿਰਮਲ ਜੋਤੀ ਜੋਤ ਰੁਸ਼ਨਾਇੰਦਾ । ਮਨ ਵਾਸਨਾ ਦੇਵੇ ਬੰਨ੍ਹ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਇਕੋ ਰਾਗ ਸੁਣਾਏ ਕੰਨ, ਬਿਨ ਅੱਖਰਾਂ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਧੁਰ ਦਾ ਸੰਗ ਬਣਾਇੰਦਾ । ਜਨ ਭਗਤਾਂ ਮਿਲੇ ਸਾਹਿਬ ਸਤਿਗੁਰ ਮੀਤ, ਮਿੱਤਰ ਪਿਆਰਾ ਬੇਪਰਵਾਹੀਆ । ਘਰ ਵਖਾਏ ਇਕ ਅਨਡੀਠ, ਬੰਦ ਕਿਵਾੜੀ ਕੁੰਡਾ ਲਾਹੀਆ । ਦਿਵਸ ਰੈਣ ਅੱਠੇ ਪਹਿਰ ਗਾਏ ਗੀਤ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਲੇਖਾ ਚੁੱਕੇ ਮੰਦਰ ਮਸੀਤ, ਕਾਇਆ ਕਾਅਬਾ ਖ਼ੁਸ਼ੀ ਮਨਾਈਆ । ਸਤਿ ਸਤਿਵਾਦੀ ਧੁਰ ਦੀ ਦੱਸ ਕੇ ਰੀਤ, ਪ੍ਰੀਤੀ ਇਕੋ ਇਕ ਬੰਧਾਈਆ । ਅੱਠੇ ਪਹਿਰ ਵਸੇ ਚੀਤ, ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਸੁਹੇਲਾ ਸੱਜਣ ਸੰਤ, ਸਤਿਗੁਰ ਵਡ ਵਡਿਆਈਆ । ਮਾਣਸ ਜਨਮ ਬਣਾਏ ਬਣਤ, ਤਤਵ ਤਤ ਵੇਖ ਵਖਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਮੇਲ ਮਿਲਾਵਾ ਸਾਚੀ ਸੰਗਤ, ਗੁਰਮੁਖ ਗੁਰਸਿਖ ਜੋੜ ਜੁੜਾਈਆ । ਸ਼ਬਦ ਅਨਾਦੀ ਬਣ ਕੇ ਪੰਡਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਲੇਖਾ ਜਾਣ ਆਦਿ ਅੰਤ, ਅੰਤਸ਼ਕਰਨ ਖੋਜ ਖੋਜਾਈਆ । ਸ਼ਬਦ ਮਿਲਾਵਾ ਸਾਚੇ ਕੰਤ, ਘਰ ਮੇਲਾ ਸਹਿਜ

ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਹਰਿਜਨ ਲੇਖਾ ਹਰਿਜੂ ਹੱਥ, ਜੁਗ ਜੁਗ ਆਪ ਚੁਕਾਇੰਦਾ । ਜੁਗ ਜਨਮ ਦੇ ਵਿਛੜੇ ਕਰ ਇਕੱਠ, ਨਿਹਕਰਮੀ ਕਰਮ ਕਮਾਇੰਦਾ । ਪੜਦਾ ਲਾਹ ਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਹੱਡ ਮਾਸ ਨਾੜੀ ਖੋਜ ਖੋਜਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਪੜਦਾ ਲਾਹਿੰਦਾ । ਪ੍ਰੇਮ ਪ੍ਰੀਤੀ ਅੰਦਰ ਹੋ ਕੇ ਵਸ, ਵਾਸਤਾ ਆਪਣੇ ਨਾਲ ਜੁੜਾਇੰਦਾ । ਕਿਰਪਾ ਕਰ ਪੁਰਖ ਸਮਰਥ, ਹਰਿਜਨ ਸਾਚੇ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤ ਮਾਰਗ ਦੋ ਜਹਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪੇ ਹੋਏ ਸਹਾਈਆ । ਦੇਵਣਹਾਰਾ ਧੁਰ ਦਾ ਦਾਨ, ਵਸਤ ਅਮੋਲਕ ਆਪ ਵਰਤਾਈਆ । ਦਰਸ ਵਖਾਏ ਸੱਚੇ ਕਾਹਨ, ਘਰ ਬੰਸਰੀ ਨਾਮ ਵਜਾਈਆ । ਕਰ ਪਰਕਾਸ਼ ਅਗੰਮੀ ਭਾਨ, ਜੋਤੀ ਜੋਤ ਜੋਤ ਡਗਮਗਾਈਆ । ਬੇਸਮਝਾਂ ਸਮਝ ਦੇਵੇ ਆਣ, ਰਮਜ਼ ਇਸ਼ਾਰੇ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਏ ਜਗਾਈਆ । ਭਗਤ ਸੁਹੇਲਾ ਸੱਜਣ ਠਾਕਰ, ਹਰਿ ਇਕੋ ਇਕ ਅਖਵਾਈਆ । ਸੰਤਾਂ ਮੇਲਾ ਜਗ ਗਹਿਰ ਗੰਭੀਰ ਡੂੰਘੇ ਸਾਗਰ, ਕਾਇਆ ਗਾਗਰ ਵੇਖ ਵਖਾਈਆ । ਗੁਰਮੁਖਾਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਗੁਰਸਿਖਾਂ ਦਰਗਾਹ ਦੇਵੇ ਆਦਰ, ਅਦਲ ਇਕੋ ਇਕ ਕਮਾਈਆ । ਮਿਹਰਵਾਨ ਮਹਿਬੂਬ ਕਰਤਾ ਕਾਦਰ, ਕਾਤਲ ਮਕਤੂਲ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਰਾਹ ਦੱਸੇ ਆਪ, ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਸੱਚਾ ਜਾਪ, ਸਿਫ਼ਤੀ ਵੰਡ ਨਾ ਕੋਇ ਵੰਡਾਇੰਦਾ । ਜਨਮ ਕਰਮ ਦਾ ਉਤਰੇ ਪਾਪ, ਦੁਰਮਤ ਮੈਲ ਧਵਾਇੰਦਾ । ਅੰਦਰ ਬਾਹਰ ਕਰ ਕੇ ਸਾਫ਼, ਨਾਮ ਰੰਗਣ ਇਕ ਰੰਗਾਇੰਦਾ । ਮੰਜ਼ਲ ਪੰਧ ਮੁਕਾ ਕੇ ਘਾਟ, ਔਝੜ ਰਾਹ ਡੇਰਾ ਢਾਹਿੰਦਾ । ਸਾਚੇ ਦਰ ਮੁਕਾ ਕੇ ਵਾਟ, ਗ੍ਰਹਿ ਮੰਦਰ ਆਪ ਸੁਹਾਇੰਦਾ । ਨਾਤਾ ਜੋੜ ਪੁਰਖ ਅਬਿਨਾਸ਼, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੂਰੀ ਕਰ ਕੇ ਆਸ, ਆਸਾ ਆਪਣੇ ਨਾਲ ਮਿਲਾਇੰਦਾ । ਆਸਾ ਕਹੇ ਮੈਂ ਗੁਰਮੁਖ ਸਹੇਲੀ, ਸਗਲਾ ਸੰਗ ਨਿਭਾਈਆ । ਜੁਗ ਚੌਕੜੀ ਫਿਰਾਂ ਅਕੇਲੀ, ਭੱਜਾਂ ਵਾਹੋ ਦਾਹੀਆ । ਕਲਜੁਗ ਰੈਣ ਹੋਈ ਦੁਹੇਲੀ, ਸੱਚਾ ਸੰਗ ਨਾ ਕੋਇ ਨਿਭਾਈਆ । ਸਤਿਗੁਰ ਮਿਲੇ ਨਾ ਧੁਰ ਦਾ ਬੇਲੀ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਮੁਕਾਈਆ । ਗੁਰਮੁਖ ਆਸਾ ਰਹੀ ਭੱਜ, ਨੱਠੇ ਵਾਹੋ ਦਾਹੀਆ । ਕਵਣ ਪੜਦਾ ਲਏ ਕੱਜ, ਸਿਰ ਮੇਰੇ ਹੱਥ ਟਿਕਾਈਆ । ਕੂੜੀ ਕਿਰਿਆ ਮੁਕੇ ਹੱਦ, ਸਚ ਸੁਚ ਦਏ ਸਮਝਾਈਆ । ਸਾਚੇ ਕਾਅਬੇ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਮਹਿਬੂਬ ਮੁਹੱਬਤ ਖ਼ਾਨੇ ਪਏ ਲੱਭ, ਗ੍ਰਹਿ ਮੰਦਰ ਮਿਲੇ ਚਾਈਂ ਚਾਈਂਆ । ਜਿਸ ਨਾਲੋਂ ਵਿਛੜ ਹੋਈ ਅੱਡ, ਅੰਤਮ ਓਸੇ ਵਿਚ ਸਮਾਈਆ । ਖ਼ਾਲੀ ਦਿਸਣ ਕਾਇਆ ਹੱਡ, ਚਮੜੀ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਗੁਰਸਿਖ

੩੪੦
੧੨

ਆਸਾ ਹੋ ਪਿਆਸੀ, ਚਾਰੋਂ ਕੁੰਟ ਧਿਆਨ ਲਗਾਈਆ । ਜਨਮ ਕਰਮ ਦੀ ਲੱਥੇ ਉਦਾਸੀ, ਖ਼ੁਸ਼ੀਆਂ ਰੰਗ ਚੜ੍ਹਾਈਆ । ਪਰਮ ਪੁਰਖ ਪ੍ਰਭ ਮਿਲੇ ਸਾਥੀ, ਧੁਰ ਦਾ ਸੰਗ ਬਣਾਈਆ । ਜਿਸ ਦੀ ਸੇਵਾ ਐਰਾਪਤ ਹਾਥੀ, ਦੱਖਣ ਦਿਸ਼ਾ ਸੀਸ ਸੁਹਾਈਆ । ਜਿਸ ਦੇ ਅਸਵ ਉਪਰ ਜ਼ੀਨ ਅਗੰਮੀ ਕਾਠੀ, ਪਾਖਰ ਪਾਈ ਬੇਪਰਵਾਹੀਆ । ਜੋ ਭਗਤਾਂ ਕਰੇ ਰਾਖੀ, ਰੱਖਕ ਹੋ ਕੇ ਸੇਵ ਕਮਾਈਆ । ਜਿਸ ਦੀ ਜੁਗ ਚੌਕੜੀ ਖਾਣੀ ਗੌਂਦੀ ਸਾਖ਼ੀ, ਸਾਖਿਆਤ ਰੂਪ ਵਟਾਈਆ । ਗ੍ਰਿਹਿ ਮੰਦਰ ਖੋਲ੍ਹੇ ਤਾਕੀ, ਘਰ ਪੜਦਾ ਦਏ ਉਠਾਈਆ । ਸਚ ਵਖਾਏ ਧੁਰ ਦੀ ਹਾਟੀ, ਬਣ ਵਣਜਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਤ੍ਰਿਸ਼ਨਾ ਦਏ ਮਿਟਾਈਆ । ਗੁਰਮੁਖ ਆਸਾ ਬੋਲੇ ਤ੍ਰਿਸ਼ਨਾ, ਤ੍ਰਿਖਾਵੰਤ ਕੁਰਲਾਈਆ । ਮੈਂ ਨਾਤਾ ਛੱਡਿਆ ਬ੍ਰਹਮਾ ਵਿਸ਼ਨਾ, ਸ਼ੰਕਰ ਸੰਗ ਨਾ ਕੋਇ ਰਖਾਈਆ । ਲੇਖਾ ਚੁਕਿਆ ਪੱਖ ਸੁਕਲਾ ਕਿਸ਼ਨਾ, ਈਦ ਚੰਦ ਨਾ ਕੋਇ ਰੁਸ਼ਨਾਈਆ । ਸਾਹਿਬ ਸਵਾਮੀ ਸਚ ਦਵਾਰੇ ਇਕੋ ਦਿਸਣਾ, ਇਸ਼ਟ ਦੇਵ ਇਕ ਮਨਾਈਆ । ਜਿਸ ਮੇਰਾ ਲੇਖਾ ਬਿਨ ਕਲਮ ਸ਼ਾਹੀ ਲਿਖਣਾ, ਧੁਰ ਦੀ ਬਣਤ ਦੇਵੇ ਬਣਾਈਆ । ਜੋ ਆਦਿ ਜੁਗਾਦਿ ਕਦੇ ਨਾ ਹੋਵੇ ਮਿਥਨਾ, ਸ੍ਰਿਸ਼ਟ ਸਬਾਈ ਮਿਥਿਆ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਤ੍ਰਿਖਾ ਦਏ ਬੁਝਾਈਆ । ਗੁਰਮੁਖ ਆਸਾ ਕਹੇ ਮੈਂ ਵੱਡੀ ਬਲਵਾਨ, ਬਲ ਧਾਰੀ ਨਜ਼ਰੀ ਆਈਆ । ਜੁਗ ਚੌਕੜੀ ਖੇਲਿਆ ਖੇਲ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਰਾਸ ਪੌਂਦੇ ਵੇਖੇ ਗੋਪੀ ਕਾਹਨ, ਬਨ ਫਿਰਦੇ ਵੇਖੇ ਸੀਤਾ ਰਾਮ, ਭੱਜਣ ਵਾਹੋ ਦਾਹੀਆ । ਨਬੀ ਰਸੂਲ ਕਲਮਾ ਪੜ੍ਹਦੇ ਵੇਖੇ ਕਲਾਮ, ਨਾਅਰਾ ਕੂਕ ਕੂਕ ਜਣਾਈਆ । ਗੁਰ ਅਵਤਾਰ ਦ੍ਰਿੜੌਂਦੇ ਵੇਖੇ ਨਾਮ, ਸਤਿ ਸਤਿ ਗਏ ਸਮਝਾਈਆ । ਮੈਂ ਜੁਗ ਜੁਗ ਸਭ ਨੂੰ ਕਰਦੀ ਰਹੀ ਸਲਾਮ, ਨਿਉਂ ਨਿਉਂ ਆਪਣਾ ਵਕਤ ਲੰਘਾਈਆ । ਬੌਹੜੀ ਦਰੋਹੀ ਚਾਰ ਜੁਗ ਸਿੱਧਾ ਮਿਲਿਆ ਨਾ ਆ ਭਗਵਾਨ, ਭਾਗਾਂ ਭਰੀ ਨਾ ਦਿਤੀ ਵਡਿਆਈਆ । ਕਲਜੁਗ ਅੰਤ ਹੋ ਮਿਹਰਵਾਨ, ਮਹਿਬੂਬ ਦਇਆ ਕਮਾਈਆ । ਕਿਰਪਾ ਕਰ ਨੌਜਵਾਨ, ਨਰ ਨਰਾਇਣ ਵੇਸ ਵਟਾਈਆ । ਦੂਰ ਦੁਰਾਡਾ ਘਰ ਚਲ ਕੇ ਆਇਆ ਧੁਰ ਦਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਆਸਾ ਕਹੇ ਮੈਂ ਹੋਈ ਖ਼ੁਸ਼ਹਾਲ, ਖ਼ੁਸ਼ੀਆ ਹਾਲ ਸੁਣਾਈਆ । ਕਿਰਪਾ ਕਰੀ ਦੀਨ ਦਿਆਲ, ਦੀਨਾ ਬੰਧਪ ਦੀਨਨ ਰਿਹਾ ਉਠਾਈਆ । ਗੁਰਮੁਖ ਵੇਖ ਸੱਚੇ ਲਾਲ, ਹਰਿਜਨ ਗੋਦ ਬਹਾਈਆ । ਨਾਤਾ ਤੋੜ ਕਾਲ ਮਹਾਂਕਾਲ, ਅਹਿਵਾਲ ਆਪਣਾ ਇਕ ਸਮਝਾਈਆ । ਰਾਏ ਧਰਮ ਨਾ ਕਰੇ ਬੇਹਾਲ, ਚਿਤ੍ਰਗੁਪਤ ਲੇਖ ਨਾ ਕੋਇ ਵਖਾਈਆ । ਲਾੜੀ ਮੌਤ ਨਾ ਪਾਏ ਧਮਾਲ, ਘੁੰਗਟ ਚੁੱਕ ਨੱਚੇ ਨਾ ਵਾਹੋ ਦਾਹੀਆ । ਸਤਿਗੁਰ ਸ਼ਬਦ ਮੇਰੀ ਕਰੇ ਸੰਭਾਲ, ਫੜ ਬਾਂਹੋ ਗਲੇ ਲਗਾਈਆ, ਲਹਿਣਾ ਦੇਣਾ ਚੁਕਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਜਮ ਕੀ ਫਾਸੀ ਦਏ ਤੁੜਾਈਆ । ਅੰਤ ਮਿਲਾਵੇ ਆਪਣੇ ਨਾਲ, ਭਗਤ ਭਗਵੰਤ ਹੋ ਸਹਾਈਆ । ਸਚਖੰਡ ਵਸਾਏ ਸੱਚੀ ਧਰਮਸਾਲ, ਜਿਸ ਮੰਦਰ ਇਕੋ ਦੀਪਕ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਆਪਣੇ ਲਾਲ, ਲਾਲਨ ਦਾਤਾ ਬੇਪਰਵਾਹੀਆ ।

## ੧੯ ਸਾਵਣ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਨਾਥੇਵਾਲ

ਪੁਰਖ ਅਕਾਲ ਖੋਲ੍ਹ ਕੇ ਰਾਜ਼, ਗੋਬਿੰਦ ਸੁਤ ਦਿਤਾ ਜਣਾਈਆ । ਸੀਸ ਤੱਕ ਅਗੰਮੀ ਤਾਜ, ਤਖ਼ਤ ਨਿਵਾਸੀ ਆਪ ਦ੍ਰਿੜਾਈਆ । ਜਿਸ ਦੇ ਹੁਕਮੇ ਅੰਦਰ ਧੁਰ ਦੇ ਕਾਜ, ਹਰਿ ਕਰਤਾ ਕਾਰ ਕਮਾਈਆ । ਦੋ ਜਹਾਨਾਂ ਜਿਸ ਦਾ ਸੱਚਾ ਰਾਜ, ਰਈਅਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤੱਕ ਤਾਜ ਸੀਸ ਜਗਦੀਸ, ਜਗਦੀਸ਼ਰ ਹਰਿ ਜਣਾਇੰਦਾ । ਜਿਸ ਦੀ ਕੋਈ ਨਾ ਕਰੇ ਰੀਸ, ਸਾਨੀ ਨਜ਼ਰ ਕੋਇ ਨਾ ਆਇੰਦਾ । ਜਿਸ ਦੀ ਅਗੰਮ ਅਥਾਹ ਉਚ ਪ੍ਰੀਤ, ਪ੍ਰੀਤੀਵਾਨ ਨਾਉਂ ਧਰਾਇੰਦਾ । ਨਿਤ ਨਵਿਤ ਜਿਸ ਦੀ ਅਵੱਲੜੀ ਰੀਤ, ਬ੍ਰਹਿਮੰਡ ਖੰਡ ਰਾਹ ਚਲਾਇੰਦਾ । ਹਰ ਘਟ ਲੱਖ ਚੁਰਾਸੀ ਵਸੇ ਚੀਤ, ਘਰ ਘਰ ਅੰਦਰ ਡੇਰਾ ਲਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਗੋਬਿੰਦ ਖੋਲ੍ਹ ਆਪਣੀ ਅੱਖ, ਘਰ ਸਚ ਧਿਆਨ ਲਗਾਈਆ । ਸਤਿ ਸਰੂਪ ਪਰਮ ਪੁਰਖ ਪ੍ਰਤੱਖ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਸੀਸ ਤਾਜ ਲਿਆ ਰੱਖ, ਪੰਚਮ ਮੁਖ ਮੁਖ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਤੱਕਿਆ ਧੁਰ ਦਾ ਤਾਜ, ਜਿਸ ਦੀ ਘਾੜਤ ਨਾ ਕਿਸੇ ਘੜਾਈਆ । ਵਿਚੋਂ ਆਈ ਅਗੰਮੀ ਆਵਾਜ਼, ਸ਼ਬਦੀ ਸ਼ਬਦ ਸੁਣਾਈਆ । ਇਹ ਖੇਲ ਵੇਖ ਤਮਾਸ਼, ਤਰਾ ਤਰਾ ਜਣਾਈਆ । ਜਿਸ ਦੇ ਹੁਕਮੇ ਅੰਦਰ ਪ੍ਰਿਥਮੀ ਆਕਾਸ਼, ਗਗਨ ਮੰਡਲ ਭੱਜਣ ਵਾਹੋ ਦਾਹੀਆ । ਗੋਪੀ ਕਾਹਨ ਪੌਂਦੇ ਰਾਸ, ਨਟੂਏ ਨਟ ਆਪਣਾ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਤਾਜ ਕਹੇ ਸੁਣ ਗੋਬਿੰਦ ਸੱਚੇ, ਸਚ ਦਿਆਂ ਦ੍ਰਿੜਾਈਆ । ਕੋਟਨ ਕੋਟ ਲੋਕਮਾਤ ਜਨਨੀ ਜਨੇ ਬੱਚੇ, ਕੁੱਖੀਂ ਭਾਗ ਲਗਾਈਆ । ਅੰਤਮ ਭਾਂਡੇ ਹੋ ਕੇ ਕੱਚੇ, ਠੀਕਰ ਗਏ ਭੰਨਾਈਆ । ਸਤਿ ਪਰੇਮ ਕੋਈ ਨਾ ਰੱਤੇ, ਰੱਤੀ ਰੰਗ ਨਾ ਕੋਇ ਰੰਗਾਈਆ । ਸਾਚਾ ਮਿਲਿਆ ਨਾ ਕਿਸੇ ਹੱਕੇ, ਹਕੀਕਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਦ੍ਰਿੜਾਈਆ । ਤਾਜ ਕਹੇ ਸੁਣ ਮੇਰੀ ਬਾਤ, ਬਾਤਨ ਦਿਆਂ ਜਣਾਈਆ । ਨੇਤਰ ਖੋਲ੍ਹ ਮਾਰ ਝਾਤ, ਝਾਕੀ ਇਕੋ ਨਜ਼ਰੀ ਆਈਆ । ਖੇਲ ਕਰੇ ਤੇਰਾ ਪੁਰਖ ਅਕਾਲ ਬਾਪ, ਪਤਿਪਰਮੇਸ਼ਵਰ ਵਡ ਵਡਿਆਈਆ । ਮਿੱਤਰ ਪਿਆਰਾ ਬਣ ਕੇ ਸਾਕ, ਸੱਜਣ ਹੋ ਕੇ ਰਿਹਾ ਉਠਾਈਆ । ਮਿਹਰਵਾਨ ਪੁਰਖ ਸਮਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਪੰਚ ਤੱਕੇ ਮੂੰਹ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਜਿਸ ਦੇ ਅੰਦਰ ਅਗੰਮੀ ਰੂਹ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜਿਸ ਦਾ ਹੁਲੀਆ ਹੂਬਹੂ, ਹਰਿ ਆਪਣੇ ਨਾਲ ਮਿਲਾਈਆ । ਜੋ ਸਾਹਿਬ ਸੁਲਤਾਨ ਸੀਸ ਜਗਦੀਸ ਗਿਆ ਛੂਹ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੋਬਿੰਦ ਕਹੇ ਤਾਜ ਅਵੱਲਾ, ਤਾਜਰ ਦੋ ਜਹਾਨ ਨਜ਼ਰੀ ਆਇੰਦਾ । ਪੁਰਖ ਅਕਾਲ ਇਕ ਇਕੱਲਾ, ਏਕੰਕਾਰ ਸੀਸ ਟਿਕਾਇੰਦਾ । ਜਿਸ ਦੇ ਵਿਚੋਂ ਸੰਦੇਸਾ ਘੱਲਾ, ਸਚ ਮੁਖ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਦਾ ਲੇਖਾ ਆਪ ਸਮਝਾਇੰਦਾ । ਤਾਜ ਕਹੇ ਮੈਂ ਦੱਸਾਂ ਏਕ, ਇਕੋ ਵਾਰ ਜਣਾਈਆ । ਮੇਰਾ ਕਿਸੇ ਨਾ ਪਾਇਆ ਭੇਤ, ਮੇਰੀ ਕਿਸਮ ਨਾ ਕੋਇ ਸਮਝਾਈਆ । ਸਾਚਾ ਕਰੇ ਨਾ ਕੋਈ ਹੇਤ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਦਿਤੇ ਭੇਜ, ਧੁਰ ਦਾ ਹੁਕਮ ਮਨਾਈਆ । ਘਰ ਘਰ ਵਖਾ ਸੁਹੰਜਣੀ ਸੇਜ, ਆਸਣ ਪੁਰਖ ਅਬਿਨਾਸ਼ਣ ਦਿਤਾ ਜਣਾਈਆ । ਜੋਤੀ ਜਲਵਾ ਦੇ ਕੇ ਤੇਜ, ਗ੍ਰਿਹ ਗ੍ਰਿਹ ਕਰੀ ਰੁਸ਼ਨਾਈਆ । ਆਪ ਬਣ ਕੇ ਨਰ ਨਰੇਸ਼, ਸ਼ਾਹ ਪਾਤਸ਼ਾਹ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਤਾਜ ਕਹੇ ਮੇਰਾ ਪੰਚ ਮੁਖ, ਇਕੋ ਨਜ਼ਰੀ ਆਈਆ । ਜਿਸ ਨੂੰ ਪੇਖਤ ਉਤਰੇ ਭੁੱਖ, ਤ੍ਰਿਸਨਾ ਰਹਿਣ ਨਾ ਪਾਈਆ । ਚਿੰਤਾ ਸੋਗ ਨਾ ਹੋਵੇ ਦੁੱਖ, ਹਉਮੇ ਰੋਗ ਨਾ ਕੋਇ ਜਲਾਈਆ । ਏਥੇ ਓਥੇ ਬਖ਼ਸ਼ੇ ਓਟ, ਦੇਵੇ ਸਚ ਸ਼ਰਨਾਈਆ । ਸਚ ਵਖਾਏ ਕਿਲਾ ਕੋਟ, ਸਚ ਦਵਾਰ ਸੋਭਾ ਪਾਈਆ । ਕਰ ਪਰਕਾਸ਼ ਨਿਰਮਲ ਜੋਤ, ਸਨਮੁਖ ਨੂਰ ਜ਼ਹੂਰ ਕਰ ਰੁਸ਼ਨਾਈਆ । ਓਥੇ ਕੋਈ ਨਾ ਸਕੇ ਪਹੁੰਚ, ਪਾਂਧੀ ਪੰਧ ਨਾ ਕੋਇ ਚੁਕਾਈਆ । ਬੁਧੀ ਕਰੇ ਨਾ ਕੋਈ ਸੋਚ, ਸਮਝ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲਾਂ ਰੱਖਦੇ ਗਏ ਓਟ, ਸੀਸ ਜਗਦੀਸ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤਾਜ ਕਹੇ ਸੁਣ ਗੋਬਿੰਦ ਦੁਲਾਰੇ, ਪੁਰਖ ਅਕਾਲ ਦਏ ਵਡਿਆਈਆ । ਤੇਰੇ ਨਾਲ ਕਰੇ ਪਿਆਰੇ, ਪ੍ਰੀਤੀ ਪ੍ਰੀਤਮ ਇਕ ਜਣਾਈਆ । ਸਾਚਾ ਦੇ ਕੇ ਇਕ ਇਸ਼ਾਰੇ, ਆਲੀਸ਼ਾਨ ਆਪਣੀ ਸ਼ਾਨ ਵਖਾਈਆ । ਜਿਸ ਦੇ ਲੋਕ ਪਰਲੋਕ ਸਹਾਰੇ, ਦੋ ਜਹਾਨ ਆਸ ਤਕਾਈਆ । ਸੋ ਸ਼ਾਹ ਪਾਤਸ਼ਾਹ ਦੇਵੇ ਦਰਸ ਦੀਦਾਰੇ, ਸਚ ਦੀਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚ ਮੁਖ ਵੇਖ ਅਥਾਹ, ਅਗੰਮ ਦਏ ਜਣਾਈਆ । ਜਿਸ ਦਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਨੇਤਰ ਲੋਚਣ ਦਰਸ ਦਏ ਕਰਾ, ਕਰਾਮਾਤ ਨਾ ਕੋਇ ਵਡਿਆਈਆ । ਬਿਨ ਪੰਜਾਂ ਪਰਮ ਪੁਰਖ ਦੀ ਪੂਰੀ ਨਾ ਹੋਵੇ ਸਲਾਹ, ਪੰਚ ਰਾਹ ਨਾ ਕੋਇ ਦ੍ਰਿੜਾਈਆ । ਸਚਖੰਡ ਦਵਾਰੇ ਲਏ ਬਹਾ, ਸੀਸ ਆਪਣੇ ਆਪ ਉਠਾਈਆ । ਲੋਕਮਾਤ ਨਿਸ਼ਾਨ ਨਜ਼ਰ ਸਕੇ ਕਿਸੇ ਨਾ ਆ, ਅੱਖਾਂ ਨਾਲ ਨਾ ਕੋਇ ਵਖਾਈਆ । ਜੁਗ ਚੌਕੜੀ ਗਏ ਵਿਹਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰੀਆਂ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਨਿਧਾਨਾ ਢੋਲਾ ਰਹੇ ਗਾ, ਰਸਨਾ ਜਿਹਵਾ ਜਗਤ ਸੁਣਾਈਆ । ਸਚ ਨਿਸ਼ਾਨਾ ਸਕਿਆ ਨਾ ਕੋਇ ਪਰਗਟਾ, ਹੁਲੀਆ ਸਤਿ ਨਾ ਕੋਇ ਜਣਾਈਆ । ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਰਿਹਾ ਸਮਝਾਈਆ । ਬਿਨ ਪੰਜਾਂ ਕੋਈ ਨਾ ਦਿਸੇ ਗਵਾਹ, ਸ਼ਹਾਦਤ ਅੰਤ ਨਾ ਕੋਇ ਭੁਗਤਾਈਆ । ਅਦਲ ਅਦਾਲਤ ਅਦਲੀ ਸਕੇ ਨਾ ਕੋਇ ਕਮਾ, ਹੁਕਮ ਹਕੀਕਤ ਹਕ ਨਾ ਕੋਇ ਜਣਾਈਆ । ਮੈਂ ਪੰਚਮ ਮੀਤਾ ਪੰਚਮ ਸੀਸ ਲਿਆ ਉਠਾ, ਜਗਦੀਸ ਆਪਣੀ ਦਇਆ ਕਮਾਈਆ । ਤੂੰ ਮੇਰਾ ਸੁਤ ਨੀਕਨ ਨੀਕਾ, ਤੈਨੂੰ ਦੱਸਾਂ ਇਕ ਤਰੀਕਾ, ਸਹਿਜ ਸਹਿਜ ਸਮਝਾਈਆ । ਤੂੰ ਨਾਮ ਨਿਧਾਨ ਮੇਰਾ ਪੀਤਾ, ਰਸ ਇਕੋ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਦ੍ਰਿੜਾਈਆ । ਕਿਰਪਾ ਕਰੇ ਆਪ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਦਾਤਾ ਦਾਨੀ ਸ੍ਰੀ ਭਗਵਾਨ, ਵਸਤ ਅਮੋਲਕ ਇਕ

ਵਖਾਈਆ ਸੁਤ ਦੁਲਾਰੇ ਨੌਜਵਾਨ, ਜੋਬਨ ਰਤੇ ਧੁਰ ਦੇ ਮਾਹੀਆ । ਸੂਰਬੀਰ ਵਡ ਬਲਵਾਨ, ਬੇਅੰਤ ਤੇਰੀ ਵਡਿਆਈਆ । ਤੇਰਾ ਮਾਲਕ ਪੁਰਖ ਅਕਾਲ, ਦੋ ਜਹਾਨਾਂ ਹੋਏ ਸਹਾਈਆ । ਤੇਰਾ ਜਗਤ ਝੁੱਲੇ ਨਿਸ਼ਾਨ, ਨਿਰਗੁਣ ਸਰਗੁਣ ਦਏ ਝੁਲਾਈਆ । ਤੇਰਾ ਲੇਖਾ ਜੀਵ ਜਹਾਨ, ਜਗ ਦਾਤਾ ਦਏ ਦ੍ਰਿੜਾਈਆ । ਸਚ ਰਹਿਮਤ ਬਖ਼ਸ਼ਿਸ਼ ਕਰੇ ਆਣ, ਧੁਰ ਦੀ ਵਸਤ ਇਕ ਵਰਤਾਈਆ । ਤੂੰ ਮੇਰਾ ਅਵੱਲੜਾ ਅਨੋਖਾ ਬਾਲ, ਬਾਲਾਂ ਵਿਚੋਂ ਇਕੋ ਨਜ਼ਰੀ ਆਈਆ । ਤੇਰੇ ਘਰ ਉਪਜੇ ਸਤਿ ਸੰਤਾਨ, ਰਕਤ ਬੂੰਦ ਵੰਡ ਨਾ ਕੋਇ ਵੰਡਾਈਆ । ਹੁਕਮ ਦੇਵੇ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸੁਣ ਕੇ ਸ਼ਬਦ ਗੋਬਿੰਦ ਕਰੇ ਧਿਆਨ, ਅੰਤਰ ਅੰਤਰ ਵੇਖ ਵਖਾਈਆ । ਕੀ ਸੰਦੇਸਾ ਦਏ ਸ੍ਰੀ ਭਗਵਾਨ, ਹੌਲੀ ਹੌਲੀ ਰਿਹਾ ਜਣਾਈਆ । ਕਵਣ ਵਸਤ ਦੇਵੇ ਮਹਾਨ, ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਏ ਚਾਈਂ ਚਾਈਆ । ਗੋਬਿੰਦ ਕਹੇ ਕੀ ਕਰਾਂ ਵਿਚਾਰ, ਸਮਝ ਸੋਚ ਨਾ ਕੋਇ ਦ੍ਰਿੜਾਈਆ । ਮੈਂ ਵੇਖ ਕੇ ਸਚ ਦਰਬਾਰ, ਸਾਚੀ ਖ਼ੁਸ਼ੀ ਵਿਚ ਸਮਾਈਆ । ਤਖ਼ਤ ਨਿਵਾਸੀ ਏਕੰਕਾਰ, ਅਕਲ ਕਲਧਾਰੀ ਬੈਠਾ ਸੋਭਾ ਪਾਈਆ । ਸੀਸ ਜਗਦੀਸ ਆਪ ਸੁਆਰ, ਪੰਚ ਮੁਖੀ ਤਾਜ ਟਿਕਾਈਆ । ਜਿਸ ਵਿਚੋਂ ਆਈ ਇਕ ਆਵਾਜ਼, ਧੁਰ ਦਾ ਹਾਲ ਸੁਣਾਈਆ । ਅਗਲਾ ਖੋਲ੍ਹੇ ਅਗੰਮੜਾ ਰਾਜ਼, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸ੍ਰੀ ਭਗਵੰਤ, ਹਰਿ ਕਰਤਾ ਦਇਆ ਕਮਾਇੰਦਾ । ਜੁਗ ਚੌਕੜੀ ਮਹਿੰਮਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਿਫ਼ਤ ਸਾਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਮਣੀਆਂ ਮੰਤ, ਸਚ ਸੰਦੇਸ਼ਾ ਜਗਤ ਅਲਾਇੰਦਾ । ਸੁਰਤੀ ਸ਼ਬਦੀ ਮੇਲ ਮਿਲਾਵਾ ਨਾਰ ਕੰਤ, ਘਰ ਸੱਜਣ ਵੇਖ ਵਖਾਇੰਦਾ । ਗੋਬਿੰਦ ਤੇਰੀ ਅਨੋਖੀ ਵੱਖਰੀ ਬਣਾਵਾਂ ਸੱਚੀ ਬਣਤ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਵੇਖ ਜੰਤ, ਜੀਵਾਂ ਵਿਚੋਂ ਜੀਵ ਜੀਵਤ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਾਗ ਅਲਾਇੰਦਾ । ਸੁਣ ਸੰਦੇਸ਼ਾ ਬੋਲਿਆ ਤਾਜ, ਗੋਬਿੰਦ ਰਿਹਾ ਜਣਾਈਆ । ਸਤਿ ਧਰਮ ਦਾ ਸੱਚਾ ਰਾਜ, ਸਚਖੰਡ ਦਵਾਰੇ ਜੁਗ ਜੁਗ ਰਿਹਾ ਕਮਾਈਆ । ਮਾਤਲੋਕ ਤੇਰਾ ਨਾਤ, ਬਿਧਾਤਾ ਰਿਹਾ ਜੁੜਾਈਆ । ਸਤਿ ਧਰਮ ਦੀ ਸਚ ਜਮਾਤ, ਚਾਰ ਵਰਨਾਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਚਾਰ ਵਰਨਾਂ ਕੀ ਬਾਹਰ, ਬਾਤਨ ਸਮਝ ਕੋਇ ਨਾ ਆਈਆ । ਜਲਵਾ ਦੱਸ ਅਗੰਮੀ ਜ਼ਾਹਰ, ਜ਼ਾਹਰ ਜ਼ਹੂਰ ਤੇਰੀ ਵਡਿਆਈਆ । ਮਸਲਿਆਂ ਨਾਲ ਬਣਨਾ ਸ਼ਾਇਰ, ਇਸ਼ਾਰਿਆਂ ਨਾਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਮਿਹਰਵਾਨ ਹੋਇਆ ਨਰਾਇਣ, ਨਰ ਹਰਿ ਦਇਆ ਕਮਾਈਆ । ਪੰਜ ਮੁਖ ਜੋ ਸ਼ਬਦੀ ਢੋਲੇ ਕਹਿਣ, ਧੁਰ ਦਾ ਰਾਗ ਜਣਾਈਆ । ਉਨ੍ਹਾਂ ਪੜਦਾ ਲਾਹ ਕੇ ਆਪਣੇ ਨੈਣ, ਨੈਣ ਨੈਣ ਨਾਲ ਮਿਲਾਈਆ । ਗੋਬਿੰਦ ਤੇਰਾ ਦੇਣਾ ਦੇਣ, ਦੇਵਣਹਾਰਾ ਝੋਲੀ ਪਾਈਆ । ਬਣ ਕੇ ਧੁਰ ਦਾ ਸਾਕ ਸੈਣ, ਸੱਜਣ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ

ਹੋਏ ਸਹਾਈ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਪੰਚ ਧਾਰ ਇਕ ਚਵਾਈ, ਅੰਮ੍ਰਿਤ ਰਸ ਵਖਾਇੰਦਾ । ਗੋਬਿੰਦ ਪਿਆਲਾ ਹੱਥ ਫੜਾਈ, ਦੀਨ ਦਿਆਲਾ ਖ਼ੁਸ਼ੀ ਮਨਾਇੰਦਾ । ਰਸਨਾ ਜਿਹਵਾ ਲੌਣਾ ਚਾਈਂ ਚਾਈਂ, ਚਾਉ ਘਨੇਰਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਗੋਬਿੰਦ ਮਿਲੀ ਧੁਰ ਦੀ ਦਾਤ, ਸੋ ਪੁਰਖ ਨਿਰੰਜਣ ਝੋਲੀ ਪਾਈਆ । ਨਿਰਗੁਣ ਸਰਗੁਣ ਰੂਪ ਪਰਗਟ ਕਰ ਕੇ ਸਾਖਿਆਤ, ਬਿਨ ਤੱਤਾਂ ਤਤ ਦਿਤਾ ਜਣਾਈਆ । ਜਿਸ ਦਾ ਸੋਹਣਾ ਨਜ਼ਰੀ ਆਇਆ ਲਬਾਸ, ਨੇਤਰ ਨੈਣ ਵੇਖ ਖ਼ੁਸ਼ੀ ਮਨਾਈਆ । ਪੁਰਖ ਅਕਾਲ ਹੌਲੀ ਜੇਹੀ ਗਿਆ ਆਖ, ਇਸ਼ਾਰੇ ਨਾਲ ਜਣਾਈਆ । ਗੋਬਿੰਦ ਤੇਰੀ ਪੰਜਾਂ ਨਾਲ ਬਣੇ ਜਮਾਤ, ਲੋਕਮਾਤ ਵੱਜੇ ਵਧਾਈਆ । ਤੂੰ ਬਣਨਾ ਧੁਰ ਦਾ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਓਨ੍ਹਾਂ ਦੀ ਪਤ ਲੈਣੀ ਰਾਖ, ਜਿਨ੍ਹਾਂ ਤੇਰੀ ਓਟ ਤਕਾਈਆ । ਮੈਂ ਵਿਚੋਲਾ ਬਣਾਂ ਆਪ, ਅੰਦਰ ਵੜ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਦਿਤੀ ਜਣਾਈਆ । ਗੋਬਿੰਦ ਤੱਕਿਆ ਦਰਸ ਅਪਾਰ, ਪੰਚਮ ਰੂਪ ਨਜ਼ਰੀ ਆਈਆ । ਤਨ ਬਸਤਰ ਸੋਹਣਾ ਸ਼ਿੰਗਾਰ, ਕਛ ਕੜਾ ਕਿਰਪਾਨ ਰਿਹਾ ਚਮਕਾਈਆ । ਸੀਸ ਜਗਦੀਸ਼ ਸੋਹਣਾ ਕਾਜ ਸੁਆਰ, ਕੇਸ ਹਮੇਸ਼ ਦਰਵੇਸ਼ ਰਿਹਾ ਵਖਾਈਆ । ਸਨਮੁਖ ਹੋ ਕੇ ਕਰੀ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸੋਹਣੀ ਸ਼ਬਦੀ ਹੱਥ ਦਸਤਾਰ, ਮਸਤਕ ਟਿੱਕਾ ਨਾਮ ਲਗਾਈਆ । ਪਰਮ ਪੁਰਖ ਕਰ ਪਿਆਰ, ਪਿਆਰ ਵਿਚੋਂ ਪਿਆਰੇ ਦਿਤੇ ਪਰਗਟਾਈਆ । ਸਤਿ ਸਰੂਪੀ ਦਰਸ ਵਖਾਲ, ਦੀਨ ਦਿਆਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤਾਜ ਕਹੇ ਮੈਂ ਧੁਰ ਦਾ ਰਾਜਾ, ਸਚਖੰਡ ਸੋਭਾ ਪਾਈਆ । ਗੋਬਿੰਦ ਤੇਰਾ ਰਚਿਆ ਕਾਜਾ, ਲੋਕਮਾਤ ਵੱਜੇ ਵਧਾਈਆ । ਪੰਚਮ ਮਿਲ ਕੇ ਬਣਿਆ ਸਾਥਾ, ਸਗਲਾ ਸੰਗ ਨਿਭਾਈਆ । ਊਚ ਨੀਚ ਨਾ ਕੋਈ ਜਾਤਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਰਬ ਜੀਆਂ ਦਾ ਇਕੋ ਪਿਤਾ ਇਕੋ ਮਾਤਾ, ਪੁਰਖ ਅਕਾਲ ਨਜ਼ਰੀ ਆਈਆ । ਤੂੰ ਓਸ ਦਾ ਮੰਨਿਆ ਆਖਾ, ਤੇਰਾ ਹੁਕਮ ਜਗ ਚਲੇ ਵਾਹੋ ਦਾਹੀਆ । ਏਹ ਪ੍ਰਭ ਦਾ ਖੇਲ ਤਮਾਸ਼ਾ, ਸੰਗ ਤੇਰੇ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਦੇਵੇ ਅੰਮ੍ਰਿਤ ਸੀਰ, ਅੰਮਿਉਂ ਰਸ ਆਪ ਵਖਾਇੰਦਾ । ਕੂੜੀ ਕਿਰਿਆ ਕਟ ਸ਼ਰਅ ਜ਼ੰਜੀਰ, ਸ਼ਰੀਅਤ ਇਕੋ ਇਕ ਦ੍ਰਿੜਾਇੰਦਾ । ਸਤਿ ਸਰੂਪ ਸਚ ਤਸਵੀਰ, ਸਤਿ ਸਤਿਵਾਦੀ ਆਪ ਸਮਝਾਇੰਦਾ । ਮੇਲ ਮਿਲਾਵਾ ਬੀਰਨ ਬੀਰ, ਸੂਰਬੀਰਤਾ ਇਕੋ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਪਰਗਟਾਇੰਦਾ । ਗੋਬਿੰਦ ਤੇਰਾ ਸਚ ਸਹਾਰਾ, ਪੁਰਖ ਅਕਾਲ ਨਜ਼ਰੀ ਆਈਆ । ਪੁਰਖ ਅਕਾਲ ਗੋਬਿੰਦ ਤੇਰਾ ਪਿਆਰਾ, ਪ੍ਰੀਤਮ ਬੇਪਰਵਾਹੀਆ । ਖੇਲੇ ਖੇਲ ਵਿਚ ਸੰਸਾਰਾ, ਖ਼ਾਲਸ ਆਪਣਾ ਹੁਕਮ ਵਰਤਾਈਆ । ਪੰਚਮ ਕਰ ਸਚ ਸ਼ਿੰਗਾਰਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਲੋਕਮਾਤ ਦਾ ਜਗਤ ਦਵਾਰਾ, ਪੰਜਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਘਾੜਤ ਲਏ ਘੜਾਈਆ । ਗੋਬਿੰਦ ਕਹੇ ਸਚਖੰਡ ਨਿਵਾਸੀ ਕੀ ਤੇਰਾ ਰਾਜ਼, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਤੂੰ ਨਿਰਗੁਣ ਹੋ ਕੇ ਸਿਰ ਤੇ ਰੱਖਿਆ ਤਾਜ, ਸੀਸ ਜਗਦੀਸ ਰਿਹਾ ਸੁਹਾਈਆ । ਮੈਂ ਲੋਕਮਾਤ ਲੈ ਕੇ ਤੇਰੀ ਦਾਤ,

ਜਗ ਸਾਚੀ ਸੇਵ ਕਮਾਈਆ । ਜੋ ਧੁਰ ਸੰਦੇਸੇ ਦਿਤਾ ਆਖ, ਆਖ਼ਰ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਮੰਗ ਮੰਗਾਈਆ । ਘਰ ਸਾਚੇ ਮੰਗ ਮੰਗੌਂਦਾ ਏ । ਗੋਬਿੰਦ ਆਪਣਾ ਸੀਸ ਝੁਕੌਂਦਾ ਏ । ਪੁਰਖ ਅਕਾਲ ਦਇਆ ਕਮੌਂਦਾ ਏ । ਵਸਤ ਅਮੋਲਕ ਝੋਲੀ ਪੌਂਦਾ ਏ । ਹੌਲੀ ਹੌਲੀ ਭੇਵ ਖਲ੍ਹੌਂਦਾ ਏ । ਮੌਲੀ ਤੰਦ ਨਾਲ ਬੰਧੌਂਦਾ ਏ । ਥਿਰ ਘਰ ਸੋਹਣਾ ਸਗਨ ਮਨੌਂਦਾ ਏ । ਪੁਰਖ ਅਕਾਲ ਚੱਲ ਕੇ ਔਂਦਾ ਏ । ਗੋਬਿੰਦ ਸੁਤ ਆਪ ਉਠੌਂਦਾ ਏ । ਅਬਿਨਾਸ਼ੀ ਅਚੁਤ ਰੁੱਤ ਸੁਹੌਂਦਾ ਏ । ਕਲਜੁਗ ਔਧ ਰਹੀ ਮੁੱਕ, ਆਪਣੀ ਕਾਰ ਕਮੌਂਦਾ ਏ । ਸਚਖੰਡ ਨਿਵਾਸੀ ਜੋ ਬੈਠਾ ਰਿਹਾ ਚੁੱਪ, ਧੁਰ ਦਾ ਰਾਗ ਆਪ ਸੁਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਤੇਰੀ ਝੋਲੀ ਪੌਂਦਾ ਏ । ਤੇਰਾ ਲਹਿਣਾ ਝੋਲੀ ਪਾਇਆ ਏ । ਅਬਿਨਾਸ਼ੀ ਕਰਤੇ ਹੁਕਮ ਸੁਣਾਇਆ ਏ । ਧੁਰ ਦਰਬਾਰੀ ਆਪਣੀ ਦਇਆ ਕਮਾਇਆ ਏ । ਜੋਤ ਨਿਰੰਕਾਰੀ ਖੇਲ ਰਚਾਇਆ ਏ । ਤਖ਼ਤ ਨਿਵਾਸੀ ਵਡ ਦਰਬਾਰੀ, ਆਪਣਾ ਹੁਕਮ ਮਨਾਇਆ ਏ । ਗੋਬਿੰਦ ਤੇਰੀ ਪੰਜਾਂ ਨਾਲ ਸਰਦਾਰੀ, ਪੰਜਾਂ ਮਾਣ ਆਪ ਬਣਾਇਆ ਏ । ਪੰਜਾਂ ਕਰੇ ਜਗਤ ਖੁਆਰੀ, ਕੂੜਾ ਡੇਰਾ ਫੜਕੇ ਹੱਥੀਂ ਢਾਹਿਆ ਏ । ਅੰਮ੍ਰਿਤ ਜਾਮ ਦੇ ਖ਼ੁਮਾਰੀ, ਖ਼ਾਲਸ ਆਪਣੇ ਨਾਲ ਰਲਾਇਆ ਏ । ਹਉਮੇ ਹੰਗਤਾ ਕੱਟ ਬੀਮਾਰੀ, ਨਾਮ ਰੰਗਣ ਰੰਗ ਰੰਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਪਿਆਰੇ ਆਪ ਪਰਗਟਾਇਆ ਏ । ਪੰਚ ਪਿਆਰੇ ਪੰਚ ਪਰਗਟੌਂਦਾ ਏ । ਪੰਚ ਮੁਖੀ ਤਾਜ ਸੁਹੌਂਦਾ ਏ । ਪੰਚ ਪਰਧਾਨ ਆਪ ਬਣੌਂਦਾ ਏ । ਸਚ ਨਿਸ਼ਾਨ ਇਕ ਝੁਲੌਂਦਾ ਏ । ਜ਼ਿਮੀਂ ਅਸਮਾਨ ਸੀਸ ਝੁਕੌਂਦਾ ਏ । ਗੋਬਿੰਦ ਸੂਰਾ ਵੇਖ ਅੰਤਮ, ਆਪਣੀ ਇਛਿਆ ਇਕ ਪਰਗਟੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ । ਪੰਚ ਪਿਆਰੇ ਹੋਏ ਪਰਗਟ, ਗੋਬਿੰਦ ਮਿਲੀ ਵਡਿਆਈਆ । ਧੰਨ ਵਡਿਆਈ ਹਿੱਸਾ ਜਗਤ, ਜਗ ਜੀਵਣ ਖ਼ੁਸ਼ੀ ਬਣਾਈਆ । ਅੰਤਰ ਆਤਮ ਦੇ ਕੇ ਸ਼ਕਤ, ਸਚ ਸ਼ਖ਼ਸੀਅਤ ਦਿਤੀ ਵਖਾਈਆ । ਗੋਬਿੰਦ ਮੰਗੀ ਮੰਗ ਪ੍ਰਭ ਦੱਸ ਆਪਣਾ ਵਕਤ, ਵੇਲਾ ਦੇ ਸਮਝਾਈਆ । ਕਵਣ ਘੜੀ ਸੁਹੰਜਣੀ ਵੇਖਣ ਆਵੇਂ ਪਰਤ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਗੋਬਿੰਦ ਤੇਰੇ ਪੰਜ ਪਿਆਰੇ, ਪੰਜਾਂ ਨਾਲ ਕੁੜਮਾਈਆ । ਕਿਰਪਾ ਕਰੇ ਹਰਿ ਗਿਰਧਾਰੇ, ਗ੍ਰਹਿ ਮੰਦਰ ਵੇਖ ਵਖਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰੇ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਅੰਤਮ ਨਿਰਗੁਣ ਨਿਰਾਕਾਰ ਲਏ ਅਵਤਾਰੇ, ਕਲ ਕਲਕੀ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰੇ, ਮਹੱਲ ਅਟਲ ਕਰੇ ਰੁਸ਼ਨਾਈਆ । ਪੰਜਾਂ ਵਿਚੋਂ ਪੰਜ ਪਿਆਰੇ, ਪੰਜਾਂ ਨਾਲ ਪੰਜੇ ਲਏ ਮਿਲਾਈਆ । ਜੋ ਤਾਜ ਦੂਰ ਦੁਰਾਡਾ ਵਾਜਾਂ ਮਾਰੇ, ਸੋ ਨੇੜਨ ਨੇੜਾ ਹੋ ਕੇ ਵੇਖ ਵਖਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਨਿਆਰੇ, ਨਿਰਾਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਚਮ ਪੰਚ ਆਪ ਉਪਾਈਆ । ਤਾਜ ਵੇਖੇ ਮੁਖ ਪੰਚ, ਪੰਚਮ ਮਾਣ ਵਡਿਆਈਆ । ਪੰਜ ਪਿਆਰੇ ਭਾਗ ਲੱਗੇ ਕਾਇਆ ਮਾਟੀ ਕੰਚ, ਕੱਚ ਕੰਚਨ ਰੂਪ ਵਟਾਈਆ । ਗੋਬਿੰਦ ਖੇਲ ਕਰੇ ਕਰਾਏ ਸਚ, ਸੁਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ ।

ਪੰਚ ਪਿਆਰੇ ਸੱਚੇ ਜਗ, ਜੁਗਤੀ ਹਰਿ ਜਣਾਈਆ । ਹੰਸ ਬਣਾਏ ਫੜ ਕੇ ਕੱਗ, ਅੰਮ੍ਰਿਤ ਜਾਮ ਪਿਆਈਆ । ਗੋਬਿੰਦ ਸੂਰਬੀਰ ਸਰਬਗ, ਅਲਪਗ ਲਏ ਤਰਾਈਆ । ਜਗਤ ਜਹਾਨ ਪਾਰ ਕਰਕੇ ਹੱਦ, ਹਦੂਦ ਇਕੋ ਇਕ ਸਮਝਾਈਆ । ਸਚ ਪ੍ਰੀਤੀ ਪ੍ਰੇਮ ਰੰਗਣ ਰੰਗ, ਰੰਗ ਚਲੂਲ ਇਕ ਚੜ੍ਹਾਈਆ । ਫੜ ਕੇ ਬਾਹੋਂ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਜਗਤ ਪਖੰਡੀਆਂ ਵਖਾਇਆ ਪਖੰਡ, ਹੱਥ ਕਟਾਰ ਉਠਾਈਆ । ਜਗਤ ਕਨਾਤ ਅੰਦਰ ਲੰਘ, ਕੂੜੀ ਕਿਰਿਆ ਧਾਰ ਬਾਹਰ ਕਢਾਈਆ । ਸਤਿਗੁਰ ਪੂਰਾ ਪ੍ਰੇਮ ਪਿਆਰ ਅੰਦਰ ਸੀਸ ਲਏ ਮੰਗ, ਖੰਡਾ ਖੜਗ ਵਾਰ ਨਾ ਕੋਇ ਵਖਾਈਆ । ਜਿਨ੍ਹਾਂ ਦੇ ਅੰਦਰ ਨਿਰਗੁਣ ਨਿਰੰਕਾਰ ਗਿਆ ਲੰਘ, ਤਿਨ੍ਹਾਂ ਦੀ ਰਤੀ ਰਤ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਚ ਪਿਆਰੇ ਹੋਏ ਭੇਟਾ, ਸਤਿਗੁਰ ਗੋਦ ਸਰਨਾਈਆ । ਗੋਬਿੰਦ ਪੁਰਖ ਅਕਾਲ ਦਾ ਬੇਟਾ, ਬੇਟੇ ਗੁਰਸਿਖ ਆਪਣੇ ਲਏ ਬਣਾਈਆ । ਛਤਰਿਆਂ ਬੱਕਰਿਆਂ ਵਾਲਾ ਨਹੀਂ ਕੋਈ ਠੇਕਾ, ਛੁਰੀ ਕਰਦ ਕਟਾਰ ਤਲਵਾਰ ਸੀਸ ਨਾ ਕੋਇ ਕਟਾਈਆ । ਪ੍ਰੇਮ ਪਿਆਰ ਦੇ ਅੰਦਰ ਹੇਤਾ, ਚੇਤਾ ਪ੍ਰਭ ਜੂ ਰਿਹਾ ਕਰਾਈਆ । ਜੋ ਸਤਿਗੁਰ ਸਰਨਾਈ ਹੋਏ ਖੇਤਾ, ਬਿਨ ਝੂਜਿਆਂ ਝੂਜ ਵਖਾਈਆ । ਓਨ੍ਹਾਂ ਦਾ ਕਿਆ ਕੋਈ ਲਿਖੇ ਲੇਖਾ, ਕਲਮ ਸ਼ਾਹੀ ਦਏ ਦੁਹਾਈਆ । ਲੱਖ ਚੁਰਾਸੀ ਜੀਵ ਜੰਤ ਜਗਤ ਭੁਲੇਖਾ, ਗੋਬਿੰਦ ਧਾਰ ਸਮਝ ਕੋਇ ਨਾ ਪਾਈਆ । ਜੋ ਧੁਰ ਦਾ ਆਇਆ ਸੰਦੇਸਾ, ਸੋ ਲੋਕਮਾਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੰਚ ਨਿਸ਼ਾਨ ਆਪ ਬਣਾਈਆ । ਪੰਚ ਮੁਖ ਦੇ ਪੰਚ ਨਿਸ਼ਾਨ, ਦੋ ਜਹਾਨਾਂ ਖੇਲ ਖਿਲਾਈਆ । ਕਿਰਪਾ ਕਰ ਸ੍ਰੀ ਭਗਵਾਨ, ਗੋਬਿੰਦ ਸੁਤ ਦਿਤੀ ਵਡਿਆਈਆ । ਅੰਮ੍ਰਿਤ ਅਗੰਮੀ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਪੰਚ ਪਿਆਰੇ ਕਰ ਪਰਵਾਨ, ਪਾਤਰ ਪਾਤੀ ਆਪਣੀ ਦਿਤੀ ਸੁਣਾਈਆ । ਬਿਨ ਪੜ੍ਹਿਆਂ ਦੇ ਗਿਆਨ, ਧਿਆਨ ਇਕੋ ਚਰਨ ਜਣਾਈਆ । ਸਚ ਸਰੋਵਰ ਕਰ ਅਸ਼ਨਾਨ, ਦੁਰਮਤ ਮੈਲ ਧਵਾਈਆ । ਨਾਮ ਖੰਡਾ ਖੜਗ ਕਿਰਪਾਨ, ਤਨ ਗਾਤਰੇ ਆਪ ਲਟਕਾਈਆ । ਗੋਬਿੰਦ ਧੁਰ ਦਾ ਦੇ ਕੇ ਦਾਨ, ਦਾਤੇ ਦਾਨੀ ਦਇਆ ਕਮਾਈਆ । ਪੰਜਾਂ ਪਿਆਰਿਆਂ ਦਾ ਕਿਸੇ ਨਾ ਪਾਇਆ ਗਿਆਨ, ਗਿਆਨੀ ਧਿਆਨੀ ਵਡ ਵਿਦਵਾਨੀ ਸਮਝ ਨਾ ਕੋਇ ਰਖਾਈਆ । ਜਿਸ ਦਾ ਲੇਖਾ ਉਹ ਜਾਣੇ ਆਪ ਭਗਵਾਨ, ਦੂਜਾ ਭਾਗ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਕੇ ਸਤਿ ਦਾਨ, ਸਤਿ ਧਰਮ ਵਖਾਇਆ ਇਕ ਨਿਸ਼ਾਨ, ਪੰਜਾਂ ਵਿਚੋਂ ਪੰਜ ਕਰ ਪਰਧਾਨ, ਪਰਧਾਨਗੀ ਇਕੋ ਇਕ ਵਖਾਈਆ ।

## ✪ ੨੦ ਸਾਵਣ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਨਾਥੇ ਵਾਲ ✪

ਹਰਿ ਕਿਰਪਾ ਜਨ ਉਪਜੇ ਭਗਤ, ਭਗਤੀ ਸੇਵ ਕਮਾਈਆ । ਪ੍ਰਭ ਕਿਰਪਾ ਪਰਗਟੇ ਜਨ ਸੰਤ, ਸਚ ਸੁੱਚ ਮਿਲੇ ਵਡਿਆਈਆ । ਸਤਿਗੁਰ ਕਿਰਪਾ ਸੁਰਤ ਸੁਹਾਗਣ ਹੋਵੇ ਕੰਤ, ਗੁਰਮੁਖ ਸੋਭਾ ਪਾਈਆ । ਗੁਰ ਗੁਰ ਕਿਰਪਾ ਨਾਤਾ ਤੁਟੇ ਲੱਖ ਚੁਰਾਸੀ ਵਿਚੋਂ ਜੀਵ ਜੰਤ, ਜੀਵਣ ਜੁਗਤ

ਇਕੋ ਨਜ਼ਰੀ ਆਈਆ । ਮਨ ਮਨਸਾ ਮੇਟ ਕੇ ਮਾਇਆ ਮਮਤ, ਮੋਹ ਵਿਕਾਰ ਗਵਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖ ਵਖਾਈਆ । ਹਰਿ ਕਿਰਪਾ ਜਨ ਹੋਵੇ ਹਰਿਆ, ਸੁਕਾ ਕਾਸਟ ਨਜ਼ਰ ਕੋਇ ਨਾ ਆਈਆ । ਸਤਿਗੁਰ ਕਿਰਪਾ ਜਨ ਕਦੇ ਨਾ ਮਰਿਆ, ਜੀਵਣ ਮੁਕਤ ਕਰਾਈਆ । ਗੁਰ ਗੁਰ ਕਿਰਪਾ ਮੰਜ਼ਲ ਸਾਚੇ ਪੌੜੇ ਚੜ੍ਹਿਆ, ਅਧਵਿਚਕਾਰ ਨਾ ਕੋਇ ਅਟਕਾਈਆ । ਸਿੰਘ ਦਵਾਰੇ ਸਾਚੇ ਖੜਿਆ, ਸਨਮੁਖ ਦਰਸਨ ਪਾਈਆ । ਸਰਨ ਸਰਨਾਈ ਇਕੋ ਪੜਿਆ, ਸੀਸ ਜਗਦੀਸ ਝੁਕਾਈਆ । ਝੁਕਦਿਆਂ ਢੋਲਾ ਮੰਤਰ ਇਕੋ ਪੜ੍ਹਿਆ, ਸੋਹੰ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹਰਿ ਕਿਰਪਾ ਵਡਿਆਈ ਭਗਤ, ਭਾਗ ਧੁਰ ਦਾ ਝੋਲੀ ਪਾਇੰਦਾ । ਸਤਿਗੁਰ ਕਿਰਪਾ ਲਹਿਣਾ ਚੁਕੇ ਜਗਤ, ਜੀਵਣ ਜੁਗਤ ਇਕ ਸਮਝਾਇੰਦਾ । ਗੁਰ ਕਿਰਪਾ ਲਹਿਣਾ ਹੋਵੇ ਵਕਤ, ਘੜੀ ਪਲ ਵੰਡ ਨਾ ਕੋਇ ਵੰਡਾਇੰਦਾ । ਸਤਿ ਦਵਾਰੇ ਦੇ ਕੇ ਦਰਸ, ਦਰਦੀ ਦਇਆ ਕਮਾਇੰਦਾ । ਜਨਮ ਕਰਮ ਦੀ ਮੇਟ ਕੇ ਹਰਸ, ਹੱਦ ਹਦੂਦ ਪਾਰ ਲੰਘਾਇੰਦਾ । ਅੰਮ੍ਰਿਤ ਮੇਘ ਅਗੰਮੀ ਬਰਸ, ਬਰਖਾ ਆਪਣੇ ਨਾਮ ਲਗਾਇੰਦਾ । ਜੁਗ ਜਨਮ ਜੋ ਰਹੇ ਤੜਪ, ਅਗਨੀ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਕਿਰਪਾ ਬਣੇ ਜਨ ਸਿੱਖ, ਸਿਖਿਆ ਸਤਿਗੁਰ ਭਾਈਆ । ਸਤਿਗੁਰ ਕਿਰਪਾ ਖੁਲ੍ਹੇ ਦ੍ਰਿਸ਼ਟ, ਨੇਤਰ ਅੱਖ ਰੁਸ਼ਨਾਈਆ । ਗੁਰ ਕਿਰਪਾ ਬੂਝੇ ਆਪਣਾ ਇਸ਼ਟ, ਦੇਵ ਸਵਾਮੀ ਇਕ ਮਨਾਈਆ । ਸਤਿ ਸਤਿਵਾਦੀ ਸਤਿ ਕਰਾਏ ਲਿਖਤ, ਬਿਨ ਅੱਖਰਾਂ ਜੋੜ ਜੁੜਾਈਆ । ਆਦਿ ਜੁਗਾਦਿ ਵਾਕ ਭਵਿਖਤ, ਨਿਤ ਨਵਿਤ ਵੇਖ ਵਖਾਈਆ । ਸਚ ਪ੍ਰੀਤੀ ਦੇ ਕੇ ਇਸ਼ਕ, ਮੁਸ਼ਕਲ ਪਿਛਲੀ ਹਲ ਕਰਾਈਆ । ਨਾਮ ਪਦਾਰਥ ਦੇ ਕੇ ਵਸਤ, ਅਮੋਲਕ ਝੋਲੀ ਪਾਈਆ । ਸਚ ਖ਼ੁਮਾਰੀ ਚਾੜ੍ਹ ਕੇ ਮਸਤ, ਮਸਤੀ ਇਕ ਵਖਾਈਆ । ਲੇਖ ਚੁਕਾ ਕੇ ਕੀਟ ਹਸਤ, ਆਪਣੀ ਹਸਤੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਏ ਬਣਾਈਆ । ਗੁਰਸਿਖ ਕੋਈ ਨਾ ਵੇਖੇ ਬਣਦਾ, ਘਾੜਤ ਨਜ਼ਰ ਕਿਸੇ ਨਾ ਆਈਆ । ਮਾਤ ਪਿਤ ਜਗਤ ਜੀਵ ਸਰਬ ਜਣਦਾ, ਪੰਜ ਤਤ ਬਣਤ ਬਣਾਈਆ । ਭੇਵ ਖੋਲ੍ਹੇ ਨਾ ਕੋਈ ਘਰ ਦਾ, ਘਰ ਵਿਚ ਘਰ ਨਾ ਕੋਇ ਸਮਝਾਈਆ । ਸਾਹਿਬ ਸਤਿਗੁਰ ਜਿਸ ਵੇਲੇ ਕਿਰਪਾ ਕਰਦਾ, ਮਿਹਰ ਨਜ਼ਰ ਉਠਾਈਆ । ਲੇਖ ਚੁਕਾਏ ਭੌ ਡਰ ਦਾ, ਭਿਆਨਕ ਨਜ਼ਰ ਕੋਇ ਨਾ ਆਈਆ । ਚੁਪ ਕੀਤਾ ਅਨਦ੍ਰਿਸ਼ਟ ਅੰਦਰ ਵੜਦਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਾਚੀ ਮੰਜ਼ਲ ਆਪਣੀ ਪੌੜੀ ਚੜ੍ਹਦਾ, ਸਚ ਦਵਾਰੇ ਸੋਭਾ ਪਾਈਆ । ਸੁੱਤੀ ਸਵਾਣੀ ਸੁਰਤੀ ਆਪੇ ਫੜਦਾ, ਫੜ ਬਾਹੋਂ ਲਏ ਉਠਾਈਆ । ਉਠ ਵੇਖ ਖੇਲ ਆਪਣੇ ਦਰ ਦਾ, ਦਰਵਾਜ਼ਾ ਦਏ ਖੁਲ੍ਹਾਈਆ । ਘਰ ਦੀਪਕ ਇਕੋ ਜਗਦਾ, ਜੋਤੀ ਨੂਰ ਕਰ ਰੁਸ਼ਨਾਈਆ । ਸਚ ਸਿੰਘਾਸਣ ਇਕੋ ਸਜਦਾ, ਆਤਮ ਸੇਜਾ ਸੋਭਾ ਪਾਈਆ । ਨਾਦ ਨਗਾਰਾ ਇਕੋ ਵਜਦਾ, ਅਨਹਦ ਨਾਦ ਸੁਣਾਈਆ । ਪੰਧ ਮੁਕਾਵੇ ਕੂੜੀ ਹੱਦ ਦਾ, ਗ੍ਰਿਹ ਇਕੋ ਇਕ ਵਡਿਆਈਆ । ਰਸ ਦੇ ਕੇ ਆਪਣੇ ਪ੍ਰੇਮ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਲੇਖਾ ਦੱਸ ਕੇ ਗੁਜਰੀ ਚੰਦ ਦਾ, ਚੰਦ ਚੰਦ ਕਰੇ ਰੁਸ਼ਨਾਈਆ । ਸੋ ਗੁਰਮੁਖ ਗੁਰਸਿਖ ਸਤਿਗੁਰ ਸ਼ਰਨੀ ਲੱਗਦਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅਗਨੀ


੩੪੮ ੧੨

ਮੂਲ ਨਾ ਤਪਦਾ, ਤ੍ਰੈਗੁਣ ਤਤ ਨਾ ਕੋਇ ਤਪਾਈਆ । ਸਚ ਸਰਨਾਈ ਬਹਿ ਕੇ ਸਜਦਾ, ਸੱਜਦਾ ਕਰੇ ਚਾਈਂ ਚਾਈਂਆ । ਲੇਖਾ ਮੁਕਿਆ ਕਾਇਆ ਹੱਜ ਦਾ, ਕਾਅਬਾ ਇਕੋ ਨਜ਼ਰੀ ਆਈਆ । ਜਿਸ ਹੁਜਰੇ ਮਹਿਬੂਬ ਬਹਿ ਬਹਿ ਸਜਦਾ, ਵਜੂਦ ਵਜਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਆਪ ਬਣਾਈਆ । ਗੁਰਸਿਖ ਸੱਚਾ ਬਣਦਾ ਮਾਤ, ਜਿਸ ਸਤਿਗੁਰ ਦਏ ਵਡਿਆਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਆਪਣੇ ਨਾਲ ਰਖਾਈਆ । ਨਾਮ ਪਦਾਰਥ ਦੇ ਕੇ ਦਾਤ, ਕਾਇਆ ਚੋਲੀ ਦਏ ਭਰਾਈਆ । ਝਗੜਾ ਮੁਕਾ ਕੇ ਜ਼ਾਤ ਪਾਤ, ਆਤਮ ਬ੍ਰਹਮ ਦਏ ਸਮਝਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਚ ਚੰਦ ਕਰੇ ਰੁਸ਼ਨਾਈਆ । ਦਰ ਦਵਾਰੇ ਕਰ ਕੇ ਦਾਸੀ ਦਾਸ, ਸੇਵਕ ਸੇਵਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਉਪਜਾਈਆ । ਗੁਰਸਿਖ ਬਣਾਏ ਸਤਿਗੁਰ ਪੂਰਾ, ਸ਼ਬਦੀ ਸ਼ਬਦ ਦਇਆ ਕਮਾਇੰਦਾ । ਕਾਇਆ ਮੰਦਰ ਹੂੰਝ ਕੇ ਕੂੜਾ, ਕੂੜੀ ਕਿਰਿਆ ਬਾਹਰ ਕਢਾਇੰਦਾ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਸਾਚੇ ਧੰਦੇ ਨਾਮ ਲਗਾਇੰਦਾ । ਚਰਨ ਕਵਲ ਮਸਤਕ ਲਾ ਕੇ ਧੂੜਾ, ਦੁਰਮਤ ਮੈਲ ਧਵਾਇੰਦਾ । ਰੰਗ ਮਜੀਠੀ ਚਾੜ੍ਹ ਕੇ ਗੂੜ੍ਹਾ, ਮੰਜ਼ਲ ਇਕੋ ਇਕ ਸਮਝਾਇੰਦਾ । ਦਾਤਾ ਬਣ ਕੇ ਜੋਧਾ ਸੂਰਾ, ਸੂਰਬੀਰ ਆਪ ਉਠਾਇੰਦਾ । ਜੋਤੀ ਜਲਵਾ ਦੇ ਕੇ ਨੂਰਾ, ਅਗਿਆਨ ਅੰਧੇਰ ਗੁਆਇੰਦਾ । ਸਰਬ ਗੁਣਾਂ ਕਰ ਭਰਪੂਰਾ, ਗੁਰਸਿਖ ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਪੰਧ ਮੁਕਾ ਕੇ ਨੇੜ ਦੂਰਾ, ਦੂਰ ਦੁਰਾਡਾ ਨੇਰਨ ਨੇਰਾ, ਘਰ ਘਰ ਵਿਚ ਨਜ਼ਰੀ ਆਇੰਦਾ । ਪੰਚ ਵਿਕਾਰ ਚੁੱਕੇ ਝੇੜਾ, ਝਗੜਾ ਹੋਰ ਨਾ ਕੋਇ ਵਖਾਇੰਦਾ । ਕੋਟਨ ਕੋਟਾਂ ਵਿਚੋਂ ਗੁਰਸਿਖ ਸੱਚਾ ਇਕ ਬਥੇਰਾ, ਜਿਸ ਘਰ ਗ੍ਰਿਹ ਮੰਦਰ ਕਾਇਆ ਅੰਦਰ ਸਤਿਗੁਰ ਆਸਣ ਲਾਇੰਦਾ । ਉਥੇ ਦੋਹਾਂ ਦਾ ਹੋਏ ਨਿਬੇੜਾ, ਮੇਰਾ ਤੇਰਾ ਨਜ਼ਰ ਕੋਇ ਨਾ ਆਇੰਦਾ । ਨਜ਼ਰੀ ਆਏ ਗੁਰੂ ਚੇਲਾ, ਚੇਲਾ ਗੁਰੂ ਆਪ ਅਖਵਾਇੰਦਾ । ਜੋਤੀ ਸ਼ਬਦੀ ਹੋਏ ਮੇਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਸਾਹਿਬ ਸਤਿਗੁਰ ਸੱਜਣ ਸੁਹੇਲਾ, ਗੁਰਸਿਖਾਂ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਗੁਰਸਿਖ ਆਪਣਾ ਰੂਪ ਦਰਸਾਇੰਦਾ ।



## ੨੦ ਸਾਵਣ ੨੦੨੧ ਬਿਕ੍ਰਮੀ ਸੁਦਾਗਰ ਸਿੰਘ ਦੇ ਗ੍ਰਿਹ ਨਾਬੇਵਾਲ

ਹਰਿਜਨ ਸੱਜਣ ਸੱਚਾ ਗੁਰਸਿਖ, ਗੁਰਮੁਖ ਨਾਮ ਵਡਿਆਈਆ । ਜਿਸ ਸਾਹਿਬ ਮਿਲਣ ਦੀ ਸਦਾ ਸਿਕ, ਸਿਖਿਆ ਧੁਰ ਦੀ ਅੰਤਰ ਰਿਹਾ ਵਸਾਈਆ । ਬਿਰਹੋਂ ਵਿਛੋੜਾ ਲੱਗੇ ਖਿਚ, ਅਣਿਆਲਾ ਤੀਰ ਚਲਾਈਆ । ਇਕੋ ਨੇਤਰ ਲਏ ਵੇਖ, ਪੇਖ ਆਪਣੀ ਖ਼ੁਸ਼ੀ ਮਨਾਈਆ । ਘਰ ਸੁਹੰਜਣਾ ਸੁਹਾਏ ਦੇਸ, ਗ੍ਰਿਹ ਮੰਦਰ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਗੁਰਮੁਖ ਦਏ ਵਡਿਆਈਆ । ਗੁਰਮੁਖ ਤੂੰ ਹੀ ਸੱਚਾ ਸੱਜਣ, ਜਿਸ ਸਚ ਮਿਲੀ ਵਡਿਆਈਆ । ਸਤਿਗੁਰ ਧੂੜੀ ਕਰੇ ਮਜਨ, ਅਠਸਠ ਨਾ ਉਠ ਉਠ ਧਾਈਆ । ਕਾਇਆ ਮਾਟੀ ਬਣਾਏ ਕੰਚਨ, ਕੱਚਾ ਗੜ੍ਹ ਸੁਹਾਈਆ । ਨੇਤਰ ਪਾਏ ਨਾਮ ਨਿਧਾਨ ਅੰਜਨ, ਧੁਰ ਦੀ ਅੱਖ ਖੁਲ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਰਹੇ ਮਗਨ,

ਮਾਂਗਤ ਬਣੇ ਨਾ ਜਗਤ ਲੋਕਾਈਆ । ਘਰ ਪਰਕਾਸ਼ ਦੀਪਕ ਜਗਣ, ਅੰਧ ਅੰਧੇਰ ਮਿਟਾਈਆ । ਨਿਰਗੁਣ ਸਰਗੁਣ ਪਾਵੇ ਸਗਣ, ਪਰਮਾਤਮ ਆਤਮ ਜੋੜ ਜੁੜਾਈਆ । ਨਜ਼ਰੀ ਆਏ ਮੂਰਤ ਗੋਪਾਲ ਮਦਨ, ਮਧੁਰ ਧੁਨ ਰਾਗ ਸੁਣਾਈਆ । ਸਚ ਦਵਾਰਾ ਇਕੋ ਲੰਘਣ, ਮੰਜ਼ਲ ਚਰਨਾਂ ਹੇਠ ਰਖਾਈਆ । ਪਰਮ ਪੁਰਖ ਦੇ ਲੱਗ ਕੇ ਅੰਗਣ, ਅੰਗੀਕਾਰ ਗੋਦ ਸੁਹਾਈਆ । ਸਾਚਾ ਢੋਲਾ ਗਾਵਣ ਛੰਦਣ, ਆਤਮ ਪਰਮਾਤਮ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਤਰਾਈਆ । ਗੁਰਮੁਖ ਸੱਜਣ ਕਹੀਏ ਸਤਿ, ਜੋ ਸਤਿਗੁਰ ਰਿਹਾ ਮਨਾਈਆ । ਨਾਤਾ ਤੋੜ ਮਨਮਤ, ਗੁਰਮਤ ਆਪਣੀ ਝੋਲੀ ਪਾਈਆ । ਅੱਠੇ ਪਹਿਰ ਰਿਹਾ ਤੱਕ, ਨਿਜ ਨੇਤਰ ਧਿਆਨ ਲਗਾਈਆ । ਕਵਣ ਵੇਲਾ ਮਿਲੇ ਸਮਰਥ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸਨਮੁਖ ਹੋ ਕੇ ਪਏ ਹੱਸ, ਸੋਹੰ ਹੰਸਾ ਰੂਪ ਵਟਾਈਆ । ਖੇੜਾ ਵੇਖੇ ਤਤ ਅੱਠ, ਨੌ ਦਰ ਪੜਦਾ ਦਏ ਚੁਕਾਈਆ । ਦਸਮ ਦਵਾਰੀ ਆਪੇ ਵਸ, ਵਸਲ ਸਚ ਕਰਾਈਆ । ਆਤਮ ਸੇਜਾ ਚੜ੍ਹੇ ਭੱਜ, ਦੂਰ ਦੁਰਾਡਾ ਪੰਧ ਮੁਕਾਈਆ । ਨਾਮ ਪ੍ਰੀਤੀ ਚਾੜ੍ਹੇ ਰੰਗ, ਰੰਗ ਰੱਤਾ ਇਕੋ ਰੰਗ ਰੰਗਾਈਆ । ਸੇਜ ਸੁਹੰਜਣੀ ਸੁਹਾਏ ਪਲੰਘ, ਭੂਸ਼ਣ ਓਢਣ ਦਏ ਵਡਿਆਈਆ । ਘਰ ਠਾਂਡੇ ਪਾਏ ਠੰਡ, ਆਪਣੀ ਗੋਦ ਸੁਹਾਈਆ । ਜਨਮ ਜਨਮ ਤੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੰਦੀ ਤੰਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਣਾਏ ਇਕ ਛੰਦ, ਸੋਹੰ ਢੋਲਾ ਗਾਈਆ । ਗੁਰਸਿਖ ਸੱਜਣ ਸੋ ਪਿਆਰਾ, ਜਿਸ ਪ੍ਰੀਤੀ ਸਚ ਜਣਾਈਆ । ਜਗਤ ਜਹਾਨ ਕਰ ਕਿਨਾਰਾ, ਨਈਆ ਸਤਿਗੁਰ ਬੈਠਾ ਚਾਈਂ ਚਾਈਂਆ । ਚਰਨ ਕਵਲ ਤੱਕ ਸਹਾਰਾ, ਓਟ ਇਕ ਰਖਾਈਆ । ਰਸਨਾ ਬੋਲ ਹੱਕ ਜੈਕਾਰਾ, ਤੂੰ ਹੀ ਤੂੰ ਰਾਗ ਅਲਾਈਆ । ਤੂੰ ਮੇਰਾ ਪਿਤਾ ਮੈਂ ਤੇਰਾ ਦੁਲਾਰਾ, ਪਿਤਾ ਪੁਤ ਦਏ ਵਡਿਆਈਆ । ਤੇਰਾ ਘਰ ਮੰਦਰ ਗ੍ਰਿਹ ਠਾਂਡਾ ਦਰਬਾਰਾ, ਮਹੱਲ ਅਟਲ ਵੱਜੇ ਵਧਾਈਆ । ਤੇਰਾ ਨੂਰ ਸਦਾ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰਾ ਜਲਵਾ ਅਗੰਮ ਚਮਤਕਾਰਾ, ਦਿਵਸ ਰੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਗੁਰਸਿਖ ਕਹੇ ਮੈਂ ਗੁਰ ਕਾ ਬੇਟਾ, ਜਗਤ ਪਿਤਾ ਸੰਗ ਨਾ ਕੋਇ ਨਿਭਾਈਆ । ਸ਼ੌਹ ਦਰਿਆਏ ਖੇਵਟ ਖੇਟਾ, ਗੁਰ ਗੁਰ ਇਕੋ ਨਜ਼ਰੀ ਆਈਆ । ਜਿਸ ਦੇ ਹੱਥ ਮੇਰਾ ਲੇਖਾ, ਲਿਖਿਆ ਲੇਖ ਦਏ ਬੁਝਾਈਆ । ਦੋ ਜਹਾਨਾਂ ਸੱਚਾ ਨੇਤਾ, ਰਾਜਨ ਰਾਜ ਨਜ਼ਰੀ ਆਈਆ । ਜਿਸ ਦੇ ਹੁਕਮੇ ਅੰਦਰ ਖੇਲੀ ਖੇਡਾ, ਖ਼ਲਕ ਵਿਚ ਫੇਰਾ ਪਾਈਆ । ਉਸ ਦੇ ਨਾਲ ਸਿੱਧਾ ਲਾਏ ਦੀਦਾ, ਦੂਸਰ ਅੱਖ ਨਾ ਕੋਇ ਮਿਲਾਈਆ । ਮੇਰਾ ਬਣਿਆ ਪੱਕਾ ਅਕੀਦਾ, ਅਕਲ ਬੁੱਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਗੀ ਤੋੜ ਨਿਭਾਈਆ । ਗੁਰਸਿਖ ਕਹੇ ਮੈਂ ਸਤਿਗੁਰ ਪੁੱਤਰ, ਪਿਤਾ ਇਕੋ ਇਕ ਮਨਾਈਆ । ਜਿਸ ਦੀ ਧਾਰੋਂ ਆਇਆ ਉਤਰ, ਮਾਤ ਸ਼ਿਕਮ ਡੇਰਾ ਲਾਈਆ । ਉਸ ਦਾ ਕਰਾਂ ਸ਼ੁਕਰ, ਜੋ ਅਗਨੀ ਅੱਗ ਬੁਝਾਈਆ । ਦਸ ਮਾਸ ਦਾ ਲੇਖਾ ਕਦੇ ਨਾ ਜਾਵਾਂ ਮੁੱਕਰ, ਮੁਖ ਨਾ ਮਾਤ ਭਵਾਈਆ । ਨਾਰ ਦੁਹਾਗਣ ਬਣਾਂ ਕਦੇ ਨਾ ਛੁਟੜ, ਕੁਲਖਣੀ ਰੂਪ ਨਾ ਕੋਇ ਵਟਾਈਆ । ਜਿਸ ਏਥੇ ਓਥੇ ਦੋ ਜਹਾਨਾਂ ਚੁੱਕਣਾ ਕੁੱਛੜ, ਫੜ ਸੋਹਣੀ ਗੋਦ ਬਹਾਈਆ । ਜਿਸ ਦਾ ਦਿਤਾ ਕਦੇ ਨਾ ਮੁੱਕੇ ਟੁੱਕਰ, ਨਿਤ ਨਵਿਤ ਖਾ ਖਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਗਣਤ

ਲਏ ਬਣਾਈਆ । ਗੁਰਸਿਖ ਕਹੇ ਮੈਂ ਓਸ ਦਾ ਬੱਚਾ, ਬੱਚਿਆਂ ਵਿਚੋਂ ਨਜ਼ਰੀ ਆਈਆ । ਜਿਸ ਦੇ ਹੱਥ ਅਗੰਮੀ ਸੱਚਾ, ਕੋਟਨ ਕੋਟ ਰਿਹਾ ਪਰਗਟਾਈਆ । ਜਿਸ ਦਾ ਕੌਲ ਇਕਰਾਰ ਕਦੇ ਨਾ ਕੱਚਾ, ਜੁਗ ਚੌਕੜੀ ਵੇਖ ਵਖਾਈਆ । ਜਿਸ ਦਾ ਸ਼ਾਸਤਰ ਸਿਮਰਤ ਗਾਂਦੇ ਜਸਾ, ਵੇਦ ਪੁਰਾਨ ਰਹੇ ਸਾਲਾਹੀਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਅੱਛਾ, ਅੱਛੀ ਤਰਾ ਰਿਹਾ ਸਮਝਾਈਆ । ਜਿਸ ਨੇ ਮਾਣ ਦਵਾਇਆ ਕੱਛਾਂ ਮੱਛਾਂ, ਸਮੁੰਦ ਸਾਗਰ ਸੋਭਾ ਪਾਈਆ । ਉਸ ਦੇ ਚਰਨੀ ਇਕੋ ਢੱਠਾਂ, ਦੋਏ ਜੋੜ ਲਾਗਾ ਪਾਈਆ । ਆਪਣੀ ਹਾਲਤ ਪਿਛਲੀ ਦੱਸਾਂ, ਜਨਮ ਜਨਮ ਜੋ ਗੇੜਾ ਦਿਤਾ ਭਵਾਈਆ । ਮਾਤ ਗਰਭ ਦਾ ਲੇਖਾ ਵੇਖਿਆ ਨਾ ਜਾਏ ਅੱਖਾਂ, ਬੌਹੜੀ ਬੌਹੜੀ ਕੂਕ ਸੁਣਾਈਆ । ਕਿਰਪਾ ਕਰੇ ਚੁਕ ਆਪਣਿਆਂ ਹੱਥਾਂ, ਫੜ ਬਾਹੋਂ ਗਲੇ ਲਗਾਈਆ । ਤੇਰੀ ਸਰਨ ਸਰਨਾਈ ਇਕੋ ਤੱਕਾਂ, ਸਰਨਗਤ ਦੇਣੀ ਸ਼ਹਿਨਸ਼ਾਹੀਆ । ਲੋਕਮਾਤ ਵਿਚੋਂ ਨਾਤਾ ਤੋੜ ਨੱਠਾਂ, ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਗਲ ਪੱਲੂ ਵਾਸਤਾ ਘੱਤਾਂ, ਮਸਤਕ ਧੂੜੀ ਖ਼ਾਕ ਰਮਾਈਆ । ਮੈਂ ਇਕੋ ਪਕਾਇਆ ਮਤਾ, ਮਨ ਮਤ ਬੁਧ ਸੰਗ ਨਾ ਕੋਇ ਰਲਾਈਆ । ਨਿਤ ਨਵਿਤ ਸਦਾ ਸਦਾ ਸਦ ਸਤਿਗੁਰ ਦਰਸ਼ਨ ਕਰਾਂ ਅੱਖਾਂ, ਆਖ਼ਰ ਅੱਖਾਂ ਅੱਖਾਂ ਵਿਚ ਸਮਾਈਆ । ਲੋਕਮਾਤ ਜਗਤ ਮਾਤਾ ਮੇਰੀ ਕੋਈ ਨਾ ਕਰੇ ਰੱਖਾ, ਰੱਖਿਆ ਵਾਲਾ ਮਿਲਿਆ ਬੇਪਰਵਾਹੀਆ । ਸਾਚਾ ਗੁਰਮੁਖ ਕਹੇ ਮੈਂ ਓਸ ਦਾ ਬੱਚਾ, ਜੋ ਬੱਚਿਆਂ ਵਾਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਕਰੇ ਇਕੱਠਾ, ਘਰ ਆਪਣੇ ਲਏ ਬਹਾਈਆ ।



## ੨੦ ਸਾਵਣ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ ਫਿਰੋਜ਼ਪੁਰ ਛਾਉਣੀ

ਸੱਚ ਦਰਬਾਰ ਪੁਰਖ ਸਮਰਥੇ, ਸਚਖੰਡ ਨਿਵਾਸੀ ਇਕ ਸੁਹਾਇੰਦਾ । ਸ਼ਾਹੋ ਭੂਪ ਸ਼ਹਿਨਸ਼ਾਹ ਇਕੋ ਸਜੇ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸੀਸ ਜਗਦੀਸ ਤਾਜ ਰੱਖੇ, ਦੋ ਜਹਾਨਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਸੱਦੇ, ਹੁਕਮ ਆਪਣਾ ਨਾਮ ਸੁਣਾਇੰਦਾ । ਗੁਰ ਅਵਤਾਰ ਆਓ ਅੱਗੇ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਭਗਤ ਸੁਹੇਲੇ ਸੱਜੇ ਖੱਬੇ, ਸੂਫ਼ੀ ਸੰਤ ਜੋੜ ਜੁੜਾਇੰਦਾ । ਸਚ ਦਵਾਰਾ ਵੇਖੇ ਹੱਦੇ, ਹਦੂਦ ਇਕੋ ਇਕ ਸਮਝਾਇੰਦਾ । ਸਚ ਦਰਬਾਰ ਧੁਰਦਰਗਾਹੀ ਲੱਗੇ, ਪਰਵਰਦਿਗਾਰ ਵੇਖ ਵਖਾਇੰਦਾ । ਬੋਧ ਅਗਾਧ ਨਾਮ ਨਿਧਾਨ ਵੱਜੇ, ਸੁਰ ਤਾਲ ਨਾ ਕੋਇ ਸਮਝਾਇੰਦਾ । ਲੱਖ ਚੁਰਾਸੀ ਵੇਖਣਹਾਰਾ ਮੰਦੇ ਚੰਗੇ, ਘਟ ਘਟ ਅੰਦਰ ਖੋਜ ਖੋਜਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਚਾਰ ਕੁੰਟ ਦਹਿ ਦਿਸ਼ਾ ਫਿਰਨ ਭੱਜੇ, ਹੁਕਮੇ ਅੰਦਰ ਸਰਬ ਭੁਆਇੰਦਾ । ਵੇਖੇ ਖੇਲ ਸੂਰਜ ਚੰਦੇ, ਰਵ ਸਸ ਪੜਦਾ ਲਾਹਿੰਦਾ । ਦਾਤਾ ਜੋਧਾ ਸੂਰਬੀਰ ਵਡ ਸੂਰਾ ਸਰਬੰਗੇ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਪੁਰਖ ਸਮਰਥ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸਚਖੰਡ ਦਵਾਰੇ ਰਿਹਾ ਵਸ, ਛੱਪਰ ਛੰਨ ਨਾ ਕੋਇ ਸੁਹਾਈਆ । ਜੋਤੀ ਜੋਤ ਕਰ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਵੇਖਣਹਾਰਾ ਖੇਲ ਤਮਾਸ਼, ਦੋ ਜਹਾਨਾਂ ਭੇਵ ਚੁਕਾਈਆ । ਮੰਡਲ ਮੰਡਪ ਪਾਏ ਰਾਸ,

ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਸਾਚੀ ਖੇਲ ਕਰੇ ਨਿਰੰਕਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਬੈਠ ਠਾਂਡੇ ਦਰਬਾਰ, ਏਕੰਕਾਂਰਾ ਸੰਗ ਮਿਲਾਈਆ । ਆਦਿ ਨਿਰੰਜਣ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਹੋ ਤਿਆਰ, ਸ੍ਰੀ ਭਗਵਾਨ ਸੰਗ ਰਖਾਈਆ । ਪਾਰਬ੍ਰਹਮ ਪ੍ਰਭ ਖੋਲ੍ਹ ਕੁਆੜ, ਪੜਦਾ ਇਕ ਉਠਾਈਆ । ਸ਼ਬਦ ਅਗੰਮੀ ਉਠ ਸਰਦਾਰ, ਸਤਿ ਸਤਿਵਾਦੀ ਦਏ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਪੂਰਬ ਲਹਿਣਾ ਸਰਬ ਵਿਚਾਰ, ਲੇਖ ਭਵਿਖਤ ਪੜਦਾ ਲਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਜੋ ਬਣੇ ਲਿਖਾਰ, ਕਾਤਬ ਬਣ ਕੇ ਕਲਮ ਚਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਦਏ ਦੁਹਾਈਆ । ਅੰਜੀਲ ਕੁਰਾਨ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਖਾਣੀ ਬਾਣੀ ਕਰੇ ਹਾਹਾਕਾਰ, ਦਹਿ ਦਿਸ਼ਾ ਰਹੀ ਸਮਝਾਈਆ । ਨੌ ਖੰਡ ਪ੍ਰਿਥਮੀ ਧੂੰਆਂਧਾਰ, ਸੱਤ ਦੀਪ ਨਾ ਕੋਇ ਰੁਸ਼ਨਾਈਆ । ਚੌਦਾਂ ਤਬਕ ਨਾ ਧਰੇ ਕੋਈ ਪਿਆਰ, ਮੁਹੱਬਤ ਹਕ ਨਾ ਕੋਇ ਦ੍ਰਿੜਾਈਆ । ਸਾਚਾ ਸਬਕ ਸਿੱਖੇ ਨਾ ਕੋਈ ਯਾਰ, ਗੁਫ਼ਤਾਰ ਹੱਕ ਨਾ ਕੋਇ ਸੁਣਾਈਆ । ਰਹਿਬਰ ਮਿਲੇ ਨਾ ਅਗੰਮ ਅਪਾਰ, ਮਾਰਗ ਲਾਏ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਨਿਵਾਸੀ ਸ੍ਰੀ ਭਗਵਾਨ, ਹਰਿ ਕਰਤਾ ਹੁਕਮ ਜਣਾਇੰਦਾ । ਜੁਗ ਚੌਕੜੀ ਵੇਖੇ ਮਾਰ ਧਿਆਨ, ਲੱਖ ਚੁਰਾਸੀ ਖੋਜ ਖੋਜਾਇੰਦਾ । ਕਲਜੁਗ ਅੰਤਮ ਸ਼ਰਅ ਹੋਈ ਸ਼ੈਤਾਨ, ਵੈਰੀ ਘਰ ਘਰ ਨਜ਼ਰੀ ਆਇੰਦਾ । ਦੀਨ ਮਜ਼੍ਹਬ ਨਾ ਕੋਇ ਈਮਾਨ, ਧੁਰ ਦੀ ਜ਼ਾਤ ਨਾ ਕੋਇ ਸਮਝਾਇੰਦਾ । ਅੰਤਰ ਹੋਵੇ ਨਾ ਕਿਸੇ ਗਿਆਨ, ਬਸੰਤਰ ਮਨ ਨਾ ਕੋਇ ਬੁਝਾਇੰਦਾ । ਜੋਤੀ ਦੀਪਕ ਨਾ ਜਗੇ ਮਹਾਨ, ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਅੰਮ੍ਰਿਤ ਮਿਲੇ ਨਾ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਮਿਟਾਇੰਦਾ । ਘਰ ਸੁਆਮੀ ਦਰਸ ਦੇਵੇ ਆਣ, ਅਠਸਠ ਤੀਰਥ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਭਗਵੰਤ, ਭਗਵਨ ਦਇਆ ਕਮਾਈਆ । ਕਲਜੁਗ ਮਾਇਆ ਪਾਈ ਬੇਅੰਤ, ਪੜਦਾ ਸਕੇ ਨਾ ਕੋਇ ਉਠਾਈਆ । ਭਰਮੇ ਭੁੱਲੇ ਸਾਧ ਸੰਤ, ਜੀਵ ਜੰਤ ਜਗਤ ਹਲਕਾਈਆ । ਆਤਮ ਮਿਲੇ ਨਾ ਪਰਮਾਤਮ ਕੰਤ, ਬਣ ਦੁਹਾਗਣ ਰਹੀ ਕੁਰਲਾਈਆ । ਗੜ੍ਹ ਤੁਟੇ ਨਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਸ਼ਬਦ ਮਿਲੇ ਨਾ ਧੁਰ ਦਾ ਪੰਡਤ, ਚੌਦਾਂ ਵਿਦਿਆ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਚਖੰਡ ਨਿਵਾਸੀ ਧੁਰ ਸੰਦੇਸਾ, ਹਰਿ ਕਰਤਾ ਆਪ ਜਣਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼ਾ, ਨਰ ਨਰਾਇਣ ਖੇਲ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਮੇਰੇ ਬੇਟਾ, ਪਿਤਾ ਪੁੱਤ ਆਪ ਸਮਝਾਇੰਦਾ । ਕਲਜੁਗ ਦਿਸੇ ਕੋਈ ਨਾ ਖੇਵਟ ਖੇਟਾ, ਬੇੜਾ ਕੰਧ ਨਾ ਕੋਇ ਉਠਾਇੰਦਾ । ਨਜ਼ਰੀ ਆਏ ਨਾ ਕੋਈ ਨੇਤਾ, ਨੇਤਰ ਨੈਣ ਦਰਸ ਕੋਇ ਨਾ ਪਾਇੰਦਾ । ਅੰਦਰ ਖੋਲ੍ਹੇ ਕੋਈ ਨਾ ਭੇਤਾ, ਪੜਦਾ ਦੂਈ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਲਾ ਵਕਤ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਹਰਿ ਕਰਤਾ ਹੁਕਮ ਸੁਣਾਈਆ । ਨਵ ਨੌ ਚਾਰ ਵੇਖੇ

ਲਗੇ ਝੇੜੇ, ਦੀਨ ਮਜ਼੍ਹਬ ਕਰੇ ਲੜਾਈਆ। ਕੋਈ ਨਾ ਚੜ੍ਹੇ ਤੁਹਾਡੇ ਬੇੜੇ, ਪਤਨ ਬੈਠਾ ਮਾਹੀ ਨਜ਼ਰ ਕਿਸੇ ਨਾ ਆਈਆ। ਕਾਇਆ ਮਾਟੀ ਉਜੜੇ ਖੇੜੇ, ਮੰਦਰ ਸਚ ਨਾ ਕੋਇ ਸੁਹਾਈਆ। ਹਕੀਕਤ ਹਕ ਨਾ ਕਰੇ ਨਿਬੇੜੇ, ਅਗਲਾ ਪੰਧ ਨਾ ਕੋਇ ਮੁਕਾਈਆ। ਮਾਇਆ ਮਮਤਾ ਪਾਏ ਘੇਰੇ, ਜਗਤ ਜੰਜਾਲ ਨਾ ਕੋਇ ਤੁੜਾਈਆ। ਲੇਖਾ ਚੁੱਕੇ ਨਾ ਕਿਸੇ ਸੰਝ ਸਵੇਰੇ, ਜੋਤੀ ਜੋਤ ਨਾ ਕੋਇ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸੇ ਨਾਲ ਉਠਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਆਓ ਦਰ, ਹਰਿ ਕਰਤਾ ਆਪ ਬੁਲਾਈਆ। ਲੋਕਮਾਤ ਵੇਖੋ ਜਗਤ ਘਰ, ਘਰ ਘਰ ਪਈ ਦੁਹਾਈਆ। ਧੁਰ ਦਾ ਪੱਲੂ ਸਕੇ ਨਾ ਕੋਈ ਫੜ, ਨਾਮ ਗੰਢ ਨਾ ਕੋਇ ਰਖਾਈਆ। ਸਾਚੇ ਪੌੜੇ ਜਾਏ ਕੋਇ ਨਾ ਚੜ੍ਹ, ਮਹੱਲ ਅਟਲ ਨਾ ਸੋਭਾ ਪਾਈਆ। ਮਿਲੇ ਮੇਲ ਨਾ ਨਰਾਇਣ ਨਰ, ਸੰਤ ਸੱਜਣ ਸੰਗ ਨਾ ਕੋਇ ਰਖਾਈਆ। ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰਸ ਨਾ ਦੇਵੇ ਅੱਗੇ ਖੜ, ਸਵੱਛ ਸਰੂਪੀ ਨਜ਼ਰ ਕਿਸੇ ਨਾ ਆਈਆ। ਜੀਵ ਜੰਤ ਸਾਧ ਸੰਤ ਹਉਮੇ ਬਣਿਆ ਹੰਕਾਰੀ ਗੜ੍ਹ, ਮਨ ਕਾ ਮਣਕਾ ਨਾ ਕੋਇ ਭਵਾਈਆ। ਅਗਨੀ ਮਾਇਆ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ। ਲੇਖਾ ਚੁੱਕੇ ਨਾ ਸੀਸ ਧੜ, ਲੱਖ ਚੁਰਾਸੀ ਨਾਤਾ ਸਕੇ ਨਾ ਕੋਇ ਤੁੜਾਈਆ। ਰਸਨਾ ਜੇਹਵਾ ਬੱਤੀ ਦੰਦ ਸਾਰੇ ਰਹੇ ਪੜ੍ਹ, ਹਿਰਦੇ ਹਰਿ ਨਾ ਕੋਇ ਵਸਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ। ਤੇਈ ਅਵਤਾਰ ਗਏ ਝੁਕ, ਦਰ ਸਾਚੇ ਸੀਸ ਨਿਵਾਈਆ। ਪਰਮ ਪੁਰਖ ਪੀਰ ਪੈਗ਼ੰਬਰ ਹਉਂ ਬਾਲਕ ਤੇਰੇ ਸੁਤ, ਨੰਨ੍ਹੇ ਬੱਚੇ ਨਾਉਂ ਧਰਾਈਆ। ਸਾਡਾ ਪੈਂਡਾ ਰਿਹਾ ਮੁੱਕ, ਕਲਜੁਗ ਅੰਤਮ ਗਿਆ ਆਈਆ। ਸਾਡੇ ਕੋਲ ਨਹੀਂ ਕੁਛ, ਤੇਰੀ ਵਸਤ ਤੇਰੇ ਅੱਗੇ ਟਿਕਾਈਆ। ਕੂੜੀ ਕਿਰਿਆ ਕਲਜੁਗ ਪਈ ਲੁੱਟ, ਮਾਇਆ ਮਮਤਾ ਹੋਈ ਹਲਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇ ਲੈਣਾ ਚਲਾਈਆ। ਪੀਰ ਪੈਗ਼ੰਬਰ ਕਰਨ ਸੱਜਦਾ, ਨਿਉਂ ਨਿਉਂ ਸੀਸ ਝੁਕਾਈਆ। ਹਉਂ ਦਰਵੇਸ਼ ਤੇਰੇ ਦਰ ਦਾ, ਬਰਖ਼ੁਰਦਾਰ ਨਜ਼ਰੀ ਆਈਆ। ਤੋਬਾ ਤੋਬਾ ਬਿਨ ਰਸਨਾ ਜਿਹਵਾ ਕਰਦਾ, ਨੇਤਰ ਰੋ ਰੋ ਨੀਰ ਵਹਾਈਆ। ਦਰੋਹੀ ਕਲਮਾ ਇਕੋ ਪੜ੍ਹਦਾ, ਤੂੰ ਹੀ ਤੂੰ ਖ਼ੁਦਾਈਆ। ਚੌਦਾਂ ਤਬਕ ਵੇਖਿਆ ਸੜਦਾ, ਅਗਨੀ ਤਤ ਚਾਰ ਕੁੰਟ ਜਣਾਈਆ। ਸਦੀ ਚੌਧਵੀਂ ਸਾਚਾ ਮੰਤਰ ਕੋਇ ਨਾ ਪੜ੍ਹਦਾ, ਫ਼ੁਰਨੇ ਵਿਚ ਸਰਬ ਲੋਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਲਏ ਕਮਾਈਆ। ਨਾਨਕ ਗੋਬਿੰਦ ਕਰਨ ਅਰਦਾਸ, ਘਰ ਠਾਂਡੇ ਸੀਸ ਨਿਵਾਈਆ। ਪਰਮ ਪੁਰਖ ਪਤਿਪਰਮੇਸ਼ਵਰ ਅਬਿਨਾਸ਼, ਸ੍ਰੀ ਭਗਵਾਨ ਤੇਰੀ ਸਰਨਾਈਆ। ਜੁਗ ਚੌਕੜੀ ਦਾ ਖੇਲ ਤਮਾਸ਼, ਨਿਤ ਨਵਿਤ ਤੇਰੀ ਵਡਿਆਈਆ। ਹਉਂ ਬਾਲਕ ਸੇਵਕ ਦਾਸੀ ਦਾਸ, ਚਾਕਰ ਖ਼ਾਕ ਨਜ਼ਰੀ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ। ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਅਗੰਮੀ ਬਾਤ, ਹਰਿ ਬਾਤਨ ਰਿਹਾ ਜਣਾਈਆ। ਹਰਿ ਕਾ ਲੇਖਾ ਕਿਸੇ ਨਾ ਲਿਖਿਆ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਦਏ ਗਵਾਹੀਆ। ਹਰਫ਼ ਲੱਭੇ ਨਾ ਵਿਚੋਂ ਲੁਗ਼ਾਤ, ਹਰੂਫ਼ ਵੰਡ ਨਾ ਕੋਇ ਵੰਡਾਈਆ। ਸਿਫ਼ਤ ਕਰੇ ਨਾ ਕੋਈ ਕਾਇਨਾਤ, ਦੀਨ ਦੁਨੀ ਨਾ ਕੋਇ ਸਮਝਾਈਆ। ਵੰਡ ਵੰਡੇ ਨਾ ਕੋਈ ਅਹਿਬਾਬ, ਹਿਸਾਬ ਸਕੇ ਨਾ ਕੋਇ ਜਣਾਈਆ। ਦੇ ਸਕੇ ਨਾ ਕੋਇ ਖ਼ਿਤਾਬ, ਮੁਖ਼ਾਤਬ ਹੋ ਕੇ ਰਸਨਾ ਨਾ ਕੋਇ ਜਣਾਈਆ। ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਉਚੀ ਕੂਕ ਕੂਕ ਸੁਣਾਈਆ । ਅਸੀਂ ਚਾਰੋਂ ਕੁੰਟ ਉੱਤਰ ਪੂਰਬ ਪੱਛਮ ਦੱਖਣ ਫਿਰ ਕੇ ਆਏ ਚੜ੍ਹਦੇ ਲਹਿੰਦੇ, ਬਣ ਕੇ ਪਾਂਧੀ ਰਾਹੀਆ । ਪਤਿਪਰਮੇਸ਼ਵਰ ਤੇਰਾ ਨਾਮ ਕੋਈ ਨਾ ਲੈਂਦੇ, ਕੋਟਨ ਕੋਟ ਇਸ਼ਟ ਰਹੇ ਮਨਾਈਆ । ਪੱਥਰ ਪਾਹਨ ਚਰਨੀਂ ਢਹਿੰਦੇ, ਬੁਤ ਪੂਜਸ ਖ਼ੁਸ਼ੀ ਮਨਾਈਆ । ਅੱਖਰਾਂ ਜਿਹਵਾ ਤੇਰੀ ਸਿਫ਼ਤ ਕਹਿੰਦੇ, ਬੱਤੀ ਦੰਦ ਸਿਫ਼ਤ ਸਾਲਾਹੀਆ । ਸਾਚੇ ਦਰ ਮੂਲ ਨਾ ਬਹਿੰਦੇ, ਅੰਤਰ ਆਤਮ ਡੇਰਾ ਲਾਈਆ । ਤੇਰਾ ਭਾਣਾ ਸਤਿਗੁਰ ਨਾ ਸਹਿੰਦੇ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਬਾਲਕ, ਹਰਿ ਕਰਤਾ ਆਪ ਜਣਾਇੰਦਾ । ਪਰਮ ਪੁਰਖ ਪਰਮਾਤਮ ਪਰਵਰਦਿਗਾਰ ਖੇਲ ਕਰੇ ਖ਼ਾਲਸ, ਖ਼ਸਲਤ ਸਭ ਦੀ ਮੇਟ ਮਿਟਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਸ਼ਬਦੀ ਬਣੇ ਸਾਲਸ, ਦੋ ਜਹਾਨਾਂ ਫੇਰੀ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿੰਦਰਾ ਲਾਹਵੇ ਆਲਸ, ਚੇਤਨ ਸੁਰਤੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਅਰੂਜ, ਅਰਸ਼ ਕੁਰਸ਼ ਤੇਰੀ ਵਡਿਆਈਆ । ਤੇਰਾ ਗ੍ਰਹਿ ਵੇਖਿਆ ਚੜ੍ਹ ਮੰਜ਼ਲੇ ਮਕਸੂਦ, ਘਰ ਸਾਚੇ ਸੋਭਾ ਪਾਈਆ । ਤੇਰੀ ਆਰ ਪਾਰ ਨਜ਼ਰ ਨਾ ਆਈ ਹਦੂਦ, ਸਮਝ ਸਕੇ ਨਾ ਕੋਇ ਸਮਝਾਈਆ । ਤੇਰੇ ਚਰਨਾਂ ਹੇਠ ਸਦਾ ਰਹੀਏ ਮਹਿਫੂਜ਼, ਮੁਹੱਬਤ ਤੇਰੇ ਨਾਲ ਲਗਾਈਆ । ਲੋਕਮਾਤ ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਦੇਣ ਸਬੂਤ, ਸਾਬਤ ਸੂਰਤ ਸਚ ਨਾ ਕੋਇ ਦਰਸਾਈਆ । ਪੰਜ ਤਤ ਕਾਇਆ ਤੇਰਾ ਖੇਲ ਕਲਬੂਤ, ਰੂਹ ਬੁਤ ਜੋੜ ਜੁੜਾਈਆ । ਤੇਰੀ ਮਹਿੰਮਾ ਪੰਜ ਭੂਤ, ਪੰਜ ਤਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਜੁਗ ਚੌਕੜੀ ਤੇਰੇ ਨਾਮ ਦਾ ਦੇ ਕੇ ਆਏ ਭਾਸ਼ਨ, ਰਸਨਾ ਜੇਹਵਾ ਜਗਤ ਸਮਝਾਈਆ । ਸਚਖੰਡ ਦਵਾਰਾ ਹਰਿ ਨਿਰੰਕਾਰਾ ਤੇਰਾ ਦੱਸਿਆ ਆਸਣ, ਸਤਿ ਸਤਿਵਾਦੀ ਸੋਭਾ ਪਾਈਆ । ਜੁਗ ਚੌਕੜੀ ਨਿਤ ਨਵਿਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਟੇ ਅੰਧੇਰੀ ਰਾਤਨ, ਨਿਰਗੁਣ ਸਾਚਾ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਬੱਚੇ, ਪਰਮ ਪੁਰਖ ਸਮਝਾਈਆ । ਰਸਨਾ ਜੇਹਵਾ ਬੱਤੀ ਦੰਦ ਸਾਰੇ ਸੱਚੇ, ਜੋ ਮਾਤ ਆਏ ਸਮਝਾਈਆ । ਅੰਤਮ ਕਾਇਆ ਮਾਟੀ ਭਾਂਡੇ ਨਿਕਲੇ ਸਭ ਦੇ ਕੱਚੇ, ਥਿਰ ਰਹਿਣ ਕੋਇ ਨਾ ਪਾਈਆ । ਜਿਸ ਪਰਗਟਾਏ ਸੋ ਅੰਤ ਆਪਣੇ ਖਾਤੇ ਘਤੇ, ਜੋਤੀ ਜੋਤ ਵਿਚ ਮਿਲਾਈਆ । ਸੋ ਖੇਲ ਕਰੇ ਪੁਰਖ ਸਮਰਥੇ, ਸਮਰਥ ਪੁਰਖ ਰਿਹਾ ਉਠਾਈਆ । ਨੇਤਰ ਵੇਖੋ ਤਤ ਅੱਠੇ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁਧ ਲੋਕਮਾਤ ਰਹੀ ਕੁਰਲਾਈਆ । ਚਾਰ ਵਰਨ ਫਿਰਨ ਨੱਠੇ, ਬਰਨ ਅਠਾਰਾਂ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਪਤ ਕਿਸੇ ਨਾ ਰੱਖੇ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂ ਦਵਾਰੇ ਰੋਵਨ ਮਾਰਨ ਧਾਹੀਆ । ਲੱਖ ਚੁਰਾਸੀ ਮੁੱਲ ਕੋਈ ਨਾ ਪਏ ਕੱਖੇ, ਕੌਡੀ ਹੱਟ ਨਾ ਕੋਇ ਵਿਕਾਈਆ । ਨਾਤਾ ਤੁੱਟਿਆ ਭਾਈ ਭੈਣ ਸਕੇ, ਨਾਰ ਕੰਤ ਸੇਜ ਨਾ ਕੋਇ ਹੰਢਾਈਆ ।

੩੫੪

ਅਠਸਠ ਤੀਰਥ ਪਾਣੀ ਹੋ ਕੇ ਤੱਤੇ, ਗੰਗਾ ਗੋਦਾਵਰੀ ਜਮਨਾ ਸੁਰਸਤੀ, ਨੇਤਰ ਨੈਣ ਅੱਖ ਸ਼ਰਮਾਈਆ । ਸਚ ਸੁਨੇਹੜਾ ਕੋਈ ਨਾ ਦੇਵੇ ਧੁਰ ਦੇ ਪਤੇ, ਬੋਧ ਅਗਾਧ ਨਾ ਕੋਇ ਸਮਝਾਈਆ । ਪਰਮਾਤਮ ਆਤਮ ਮਿਲੇ ਨਾ ਆਪਣੀ ਅੱਖੇ, ਨਿਜ ਨੇਤਰ ਹੋਏ ਨਾ ਕੋਇ ਰੁਸ਼ਨਾਈਆ । ਨਵ ਨੌਂ ਚਾਰ ਸਚ ਦਵਾਰੇ ਸਭ ਦੇ ਢੱਠੇ, ਮੰਦਰ ਹਟ ਨਾ ਕੋਇ ਸੁਹਾਈਆ । ਮਨ ਮਮਤਾ ਪਏ ਰੱਟੇ, ਰੱਟਾ ਸਕੇ ਨਾ ਕੋਇ ਚੁਕਾਈਆ । ਕੂੜੀ ਕਿਰਿਆ ਖੇਹ ਉਡਾਈ ਘੱਟੇ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਜੋ ਪਰਮ ਪੁਰਖ ਪ੍ਰੀਤੀ ਰੱਤੇ, ਨਾਮ ਰੰਗਣ ਇਕ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਹਾਦਤ ਦੇਣ ਉਨ੍ਹਾਂ ਦੀ ਹਕੇ, ਜਿਨ੍ਹਾਂ ਹਕੀਕਤ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਤਕਵਾ, ਲਾਸ਼ਰੀਕ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਦਏ ਫ਼ਤਵਾ, ਫ਼ੈਸਲਾ ਇਕੋ ਹਕ ਸੁਣਾਈਆ । ਤੇਰੇ ਭਾਣੇ ਅੰਦਰ ਕੋਈ ਨਾ ਬਚਣਾ, ਬਚਿਆ ਰਹਿਣ ਕੋਇ ਨਾ ਪਾਈਆ । ਜੋ ਘੜਿਆ ਸੋ ਅੰਤਮ ਭੱਜਣਾ, ਘੜਨ ਭਨਣਹਾਰ ਤੇਰੀ ਸਰਨਾਈਆ । ਜੋ ਤੇਰਾ ਸੋ ਤੂੰ ਹੀ ਰੱਖਣਾ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਸੁਣੋ ਗੁਰੂ ਅਵਤਾਰ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਜੁਗ ਚੌਕੜੀ ਜਗਤ ਵਿਹਾਰ, ਨਿਰਗੁਣ ਸਰਗੁਣ ਤੁਹਾਡੇ ਹੱਥ ਜਣਾਈਆ । ਚਾਰ ਕੁੰਟ ਕਰਦੇ ਆਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਧੁਰ ਦਾ ਨਾਉਂ ਬੋਲ ਜੈਕਾਰ, ਕਲਮਾ ਕਾਇਨਾਤ ਸੁਣਾਈਆ । ਲੋਕਮਾਤ ਲਏ ਅਖ਼ਤਿਆਰ, ਪੂਰਾ ਹਿੱਸਾ ਵੰਡ ਵੰਡਾਈਆ । ਦੀਨ ਮਜ਼੍ਹਬ ਕਰ ਪਿਆਰ, ਜ਼ਾਤ ਪਾਤ ਸ਼ਰਅ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਸਰਬ ਦਰਸਾਈਆ । ਨੇਤਰ ਨੈਣ ਤੱਕੋ ਅੰਤ ਅਖ਼ੀਰ, ਸਦੀ ਚੌਧਵੀਂ ਹਰਿ ਸਮਝਾਇੰਦਾ । ਸਾਬਤ ਦਿਸੇ ਨਾ ਕੋਈ ਫ਼ਕੀਰ, ਫ਼ਿਕਰਾ ਹਕ ਨਾ ਕੋਇ ਅਲਾਇੰਦਾ । ਸਾਚੀ ਦੱਸੇ ਨਾ ਕੋਇ ਤਦਬੀਰ, ਜਗਤ ਜ਼ੰਜੀਰ ਨਾ ਕੋਇ ਕਟਾਇੰਦਾ । ਨਾਤਾ ਤੁੱਟੇ ਨਾ ਸ਼ਾਹ ਹਕੀਰ, ਹਉਮੇ ਰੋਗ ਨਾ ਕੋਇ ਮਿਟਾਇੰਦਾ । ਨਜ਼ਰ ਪਾਏ ਨਾ ਬੇਨਜ਼ੀਰ, ਨੇਤਰ ਅੱਖ ਨਾ ਕੋਇ ਮਿਲਾਇੰਦਾ । ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਮੰਜ਼ਲ ਪੰਧ ਨਾ ਕੋਇ ਮੁਕਾਇੰਦਾ । ਸਚ ਸਮਝਾਏ ਨਾ ਕੋਇ ਤਸਵੀਰ, ਮੁਸੱਵਰ ਤਸੱਵਰ ਨਾ ਕੋਇ ਕਰਾਇੰਦਾ । ਘਰ ਘਰ ਦਰ ਦਰ ਲੱਗੀ ਕੂੜੀ ਕਿਰਿਆ ਪੀੜ, ਹਉਮੇ ਰੋਗ ਨਾ ਕੋਇ ਮਿਟਾਇੰਦਾ । ਆਬੇ ਹਯਾਤ ਬਖ਼ਸ਼ੇ ਨਾ ਕੋਇ ਨੀਰ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਇੰਦਾ । ਗੁਰ ਅਵਤਾਰ ਵੇਖੋ ਨਜ਼ਾਰਾ, ਬੇਨਜ਼ੀਰ ਆਪ ਜਣਾਈਆ । ਬੀਸ ਇਕੀਸਾ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ ਨਿਰਗੁਣ ਸਰਗੁਣ ਨਾ ਦਿਸੇ ਕੋਈ ਸਹਾਰਾ, ਸੀਸ ਹੱਥ ਨਾ ਕੋਇ ਰਖਾਈਆ । ਭਰਮੇਂ ਭੁੱਲਾ ਸਰਬ ਸੰਸਾਰਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਰਸਨਾ ਜੇਹਵਾ ਬੱਤੀ ਦੰਦ ਗਾਉਂਦੇ ਵਾਰਾ, ਆਪਣੀ ਵਾਰਤਾ ਘਰ ਸਾਚੇ ਨਾ ਕੋਇ ਅਲਾਈਆ । ਮਿਲਿਆ ਮੇਲ ਨਾ ਕਿਸੇ ਪਿਆਰਾ, ਪ੍ਰੀਤਮ ਸੰਗ ਨਾ ਕੋਇ ਰਖਾਈਆ । ਸਖ਼ੀਆਂ ਗਾਇਆ ਨਾ ਮੰਗਲਚਾਰਾ, ਗੀਤ ਗੋਬਿੰਦ ਨਾ ਕੋਇ ਸੁਣਾਈਆ । ਕਾਇਆ ਮੰਦਰ ਅੰਦਰ ਸੱਚਾ ਵੇਖਿਆ


੩੫੫ ੧੨

ਨਾ ਗੁਰੂਦਵਾਰਾ, ਦੀਵਾ ਬਾਤੀ ਕਮਲਾਪਾਤੀ ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦ੍ਰਿਸ਼ਟੀ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਵੇਖੇ ਦ੍ਰਿਸ਼ਟੀ, ਦ੍ਰਿਸ਼ਟ ਸਭ ਨੂੰ ਇਕ ਜਣਾਇੰਦਾ । ਭਰਮੇ ਭੁੱਲੀ ਸਾਰੀ ਸ੍ਰਿਸ਼ਟੀ, ਸ੍ਰੇਸ਼ਟ ਨਜ਼ਰ ਕੋਇ ਨਾ ਆਇੰਦਾ । ਰਾਹ ਲੱਭਦੇ ਫਿਰਨ ਦੋਜ਼ਖ਼ ਬਹਿਸ਼ਤੀ, ਝਗੜਾ ਘਰ ਘਰ ਆਪ ਪਵਾਇੰਦਾ । ਨਈਆ ਡੋਲੇ ਸਭ ਦੀ ਕਿਸ਼ਤੀ, ਬੇੜਾ ਪਾਰ ਨਾ ਕੋਇ ਲੰਘਾਇੰਦਾ । ਕੋਟਾਂ ਵਿਚੋਂ ਗੁਰਮੁਖ ਵਿਰਲਾ ਦਿਸੇ ਸਿਦਕੀ, ਜੋ ਪ੍ਰਭ ਚਰਨ ਧਿਆਨ ਲਗਾਇੰਦਾ । ਪ੍ਰੇਮ ਪਿਆਰ ਸਾਚਾ ਕਰੇ ਇਸ਼ਕੀ, ਆਸ਼ਕ ਇਕੋ ਰੂਪ ਦ੍ਰਿੜਾਇੰਦਾ । ਬੰਦ ਕਿਵਾੜੀ ਖੋਲ੍ਹ ਕੇ ਖਿੜਕੀ, ਮਾਸ਼ੂਕ ਦਰਸਨ ਨਿਤ ਨਿਤ ਪਾਇੰਦਾ । ਦਿਵਸ ਰੈਣ ਅੱਠੇ ਪਹਿਰ ਸੁਰਤੀ ਬਦਲ ਨਾ ਜਾਏ ਬਿਰਤੀ, ਸ਼ਬਦੀ ਰੰਗ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪਏ ਹੱਸ, ਸਦੀ ਚੌਧਵੀਂ ਪ੍ਰਭ ਨੂੰ ਰਹੇ ਸੁਣਾਈਆ । ਪਰਵਰਦਿਗਾਰ ਸਾਂਝੇ ਯਾਰ ਸਾਡਾ ਚਲੇ ਕੋਈ ਨਾ ਵਸ, ਵਸਲ ਹਕ ਨਾ ਕੋਇ ਜਣਾਈਆ । ਲੋਕਮਾਤ ਮਾਰ ਝਾਤ ਜੁਗ ਚੌਕੜੀ ਜੋ ਮਾਰਗ ਆਏ ਦੱਸ, ਜੀਵਾਂ ਜੰਤਾਂ ਆਪ ਸਮਝਾਈਆ । ਵਸਤ ਅਮੋਲਕ ਤੇਰਾ ਨਾਮ ਦੇ ਕੇ ਆਏ ਪੁਰਖ ਸਮਰਥ, ਘਰ ਘਰ ਦਾਤ ਸਚ ਵਰਤਾਈਆ । ਤੇਰੇ ਮਿਲਣ ਦੀ ਖੋਲ੍ਹ ਕੇ ਆਏ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਕਲਜੁਗ ਅੰਤਮ ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਸਾਰੇ ਕੀਤੇ ਵਸ, ਜਗਤ ਜੰਜਾਲ ਨਾ ਕੋਇ ਤੁੜਾਈਆ । ਅਬਿਨਾਸ਼ੀ ਕਰਤੇ ਤੇਰੇ ਦਵਾਰਿਉਂ ਪਿਛੇ ਗਏ ਹਟ, ਅੰਤਮ ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਅੰਤਮ ਵੇਲਾ, ਵਕਤ ਅਖ਼ੀਰੀ ਦਏ ਦੁਹਾਈਆ । ਪਰਮ ਪੁਰਖ ਤੇਰਾ ਸਾਚਾ ਮੇਲਾ, ਸਾਹਿਬ ਤੇਰੀ ਸਰਨਾਈਆ । ਕੋਟਾਂ ਵਿਚੋਂ ਵਿਰਲਾ ਗੁਰਮੁਖ ਲੱਭੇ ਚੇਲਾ, ਜੋ ਚੇਲਾ ਗੁਰੂ ਵਿਚ ਸਮਾਈਆ । ਸਾਹਿਬ ਸਤਿਗੁਰ ਸੱਜਣ ਸੁਹੇਲਾ, ਗ੍ਰਹਿ ਜਾ ਕੇ ਵੇਖ ਵਖਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਕਰੇ ਕੁੜਮਾਈਆ । ਪਾਰ ਕਰਾਏ ਜੰਗਲ ਜੂਹ ਉਜਾੜ ਪਹਾੜ ਬੇਲਾ, ਸਮੁੰਦ ਸਾਗਰ ਡੂੰਘੀ ਖਾਈ ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦੇਣਾ ਚੁਕਾਈਆ । ਅਬਿਨਾਸ਼ੀ ਕਰਤਾ ਕਰੇ ਇਸ਼ਾਰਾ, ਸ਼ਬਦੀ ਧਾਰ ਜਣਾਇੰਦਾ । ਨੇਤਰ ਤੱਕੋ ਗੁਰੂ ਅਵਤਾਰਾ, ਪੀਰ ਪੈਗ਼ੰਬਰ ਅੱਖ ਖੁਲ੍ਹਾਇੰਦਾ । ਜਿਸ ਦਾ ਲੇਖ ਲਿਖਦੇ ਰਹੇ ਅਗੰਮ ਅਪਾਰਾ, ਕਲਮ ਸ਼ਾਹੀ ਨਾਲ ਵਡਿਆਇੰਦਾ । ਜਿਸ ਨੂੰ ਮੰਨਦੇ ਰਹੇ ਪਰਵਰਦਿਗਾਰਾ, ਮੁਕਾਮੇ ਹੱਕ ਸੋਭਾ ਪਾਇੰਦਾ । ਜਿਸ ਨੂੰ ਕਹਿੰਦੇ ਰਹੇ ਨਰ ਨਿਰੰਕਾਰਾ, ਸਚਖੰਡ ਸਾਚੇ ਡੇਰਾ ਲਾਇੰਦਾ । ਜਿਸ ਨੂੰ ਕਰਦੇ ਰਹੇ ਸਦਾ ਨਿਮਸਕਾਰਾ, ਝੁਕ ਝੁਕ ਸੀਸ ਸਰਬ ਝੁਕਾਇੰਦਾ । ਜਿਸ ਦਾ ਮੰਗਦੇ ਰਹੇ ਦਵਾਰਾ, ਨਿਤ ਨਵਿਤ ਭਿਛਿਆ ਨਾਮ ਵਰਤਾਇੰਦਾ । ਜਿਸ ਦਾ ਭਰਦੇ ਰਹੇ ਭੰਡਾਰਾ, ਸਮਰਥ ਪੁਰਖ ਵੇਖ ਵਖਾਇੰਦਾ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਕਲ ਕਲਕੀ ਲਏ ਅਵਤਾਰਾ, ਨਿਰਗੁਣ ਨਿਰਵੈਰ ਨਿਰਾਕਾਰ ਅਜੂਨੀ ਰਹਿਤ ਜੋਤੀ ਜੋਤ ਵੇਸ ਵਟਾਇੰਦਾ । ਜਿਸ ਦਾ ਸੰਬਲ ਧਾਮ ਨਿਆਰਾ, ਜੋਤੀ ਦੀਪਕ ਇਕ ਉਜਿਆਰਾ, ਪਵਣ ਦਏ ਨਾ ਕੋਇ ਹੁਲਾਰਾ, ਮਹੱਲ ਅਟਲ ਨਜ਼ਰ ਕਿਸੇ ਨਾ ਆਇੰਦਾ । ਤੇਈ ਅਵਤਾਰ ਈਸਾ ਮੂਸਾ ਮੁਹੰਮਦ

ਦਸ ਗੁਰੂ ਕਰਜ਼ ਦਏ ਉਤਾਰਾ, ਮਕਰੂਜ਼ ਆਪਣਾ ਫ਼ਰਜ਼ ਅਦਾ ਕਰਾਇੰਦਾ । ਅੱਗੇ ਖੇਲ ਕਰੇ ਨਿਆਰਾ, ਜਿਸ ਦਾ ਲੇਖ ਲਿਖਣ ਤੋਂ ਬਾਹਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕਰੇ ਕੋਇ ਇਜ਼ਹਾਰਾ, ਅੱਖਰ ਅੱਖਰ ਵੰਡ ਨਾ ਕੋਇ ਵੰਡਾਇੰਦਾ । ਜੋਧਾ ਸੂਰਬੀਰ ਬਲਕਾਰਾ, ਸ਼ਾਹੋ ਭੂਪ ਬਣ ਕਰਤਾਰਾ, ਕੁਦਰਤ ਕਾਦਰ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੇ ਅੱਖ, ਹਰਿ ਕਰਤਾ ਅੰਤ ਖੁਲ੍ਹਾਈਆ । ਸਮਰਥ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਹੋ ਪਰਤੱਖ, ਸਾਖਿਆਤ ਆਪਣਾ ਨੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਹੋ ਮਿਹਰਵਾਨ ਲਏ ਰੱਖ, ਰੱਛਿਆ ਕਰੇ ਥਾਉਂ ਥਾਈਂਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮਾਰਗ ਦੇਵੇ ਦੱਸ, ਧੁਰ ਦੀ ਕਰੇ ਸਚ ਪੜ੍ਹਾਈਆ । ਲਹਿਣਾ ਦੇਣਾ ਚੁਕਾਏ ਅੱਠ ਤੱਤ, ਇਕ ਦ੍ਰਿੜਾਏ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਈਆ । ਪ੍ਰੇਮ ਪ੍ਰੀਤੀ ਜੋੜ ਨਤ, ਵਸਤ ਅਮੋਲਕ ਦੇ ਕਰ ਹੱਥ, ਨਾਤਾ ਬਿਧਾਤਾ ਇਕ ਲਗਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਜਨ ਭਗਤਾਂ ਮੇਲ ਮਿਲਾਏ ਨੱਠ ਨੱਠ, ਦੋ ਜਹਾਨਾਂ ਪਾਰ ਟੱਪ, ਪੁਰੀ ਲੋਅ ਆਕਾਸ਼ ਪਾਤਾਲ ਚਰਨਾਂ ਹੇਠ ਦਬਾਈਆ । ਕਰੇ ਖੇਲ ਪੁਰਖ ਸਮਰਥ, ਮਹਿੰਮਾ ਜਣਾਏ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸ਼ਬਦ ਨਗਾਰਾ ਬੋਲ ਅਲੱਖ, ਗੁਰਮੁਖ ਲੱਖ ਚੁਰਾਸੀ ਨਾਲੋਂ ਕਰਕੇ ਵੱਖ, ਵੱਖਰੀ ਵਿਦਿਆ ਦਏ ਜਣਾਈਆ । ਜਿਸ ਦਾ ਜੁਗ ਚਾਰ ਕਰਨ ਸਦਾ ਜਸ, ਖਾਣੀ ਬਾਣੀ ਚਰਨੀਂ ਜਾਏ ਢਠ, ਸੀਸ ਸਕੇ ਨਾ ਕੋਇ ਉਠਾਈਆ । ਸਤਿ ਦਵਾਰ ਹਰਿ ਨਿਰੰਕਾਰ ਨਿਰਗੁਣ ਨਿਰਵੈਰ ਖੋਲ੍ਹ ਕੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਨੈਣ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਕਰਿਆ ਕੀ ਖੇਲ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜਿਸ ਦਾ ਇਸ਼ਾਰਿਆਂ ਨਾਲ ਦੇ ਕੇ ਆਏ ਬਿਆਨ, ਵਾਕ ਭਵਿਖਤ ਦ੍ਰਿੜਾਈਆ । ਈਸੇ ਮੂਸੇ ਕਿਹਾ ਮੇਰਾ ਪਿਤਾ ਵੱਡਾ ਮਿਹਰਵਾਨ, ਪੈਗ਼ੰਬਰ ਨੂਰ ਇਲਾਹੀਆ । ਮੁਹੰਮਦ ਕਿਹਾ ਸਾਹਿਬ ਇਮਾਮ, ਕਾਮਲ ਪੁਰਸ਼ ਇਕ ਅਖਵਾਈਆ । ਵੇਦ ਵਿਆਸ ਦੱਸ ਨਿਸ਼ਾਨ, ਪੂਤ ਸਪੂਤਾ ਬ੍ਰਾਹਮਣ ਗੌੜਾ ਗਿਆ ਜਣਾਈਆ । ਨਾਨਕ ਨਿਰਗੁਣ ਦਿਤਾ ਬਿਆਨ, ਮਹਾਂਬਲੀ ਆਵੇ ਵਾਹੋ ਦਾਹੀਆ । ਗੋਬਿੰਦ ਸੁਣਾਇਆ ਸਚ ਪੈਗ਼ਾਮ, ਪੁਰਖ ਅਕਾਲ ਮੇਰਾ ਪਿਤਾ ਮਾਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਸਚਖੰਡ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਨੂਰ ਦੀਪ ਮਹਾਨ, ਨਿਤ ਨਵਿਤ ਕਰੇ ਰੁਸ਼ਨਾਈਆ । ਪਰਗਟ ਕਲਜੁਗ ਹੋਵੇ ਆਣ, ਆਣ ਆਪਣੀ ਇਕ ਜਣਾਈਆ । ਧੁਰ ਸੰਦੇਸ਼ਾ ਸੁਣਾਏ ਕਾਹਨ, ਸ਼ਾਹ ਸੁਲਤਾਨਾਂ ਦਏ ਉਠਾਈਆ । ਖੇਲੇ ਖੇਲ ਜ਼ਿਮੀਂ ਅਸਮਾਨ, ਲੋਕ ਪਰਲੋਕ ਖੋਜ ਖੋਜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਕਰੋੜ ਤੇਤੀਸਾ ਸੁਰਪਤ ਇੰਦ ਅੱਖ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖ ਚੁਕਾਏ ਆਣ, ਲਹਿਣਾ ਕੋਇ ਰਹਿਣ ਨਾ ਪਾਈਆ । ਗੁਰਮੁਖ ਸੱਚੇ ਸੰਤ ਸੁਹੇਲੇ ਲੱਭੇ ਵਿਚ ਜਹਾਨ, ਲੱਖ ਚੁਰਾਸੀ ਖੋਜ ਖੋਜਾਈਆ । ਸਾਚੀ ਭਗਤੀ ਜੋਗ ਅਭਿਆਸ ਦੱਸੇ ਚਰਨ ਧਿਆਨ, ਬਖ਼ਸ਼ਿਸ਼ ਰਹਿਮਤ ਆਪ ਕਰਾਈਆ । ਆਤਮ ਪਰਮਾਤਮ ਕਰ ਪਰਵਾਨ, ਨਾਤਾ ਜੋੜੇ ਸਹਿਜ

੩੫੭

ਸੁਭਾਈਆ । ਪਾਰਬ੍ਰਹਮ ਬ੍ਰਹਮ ਕਰੇ ਪਹਿਚਾਨ, ਬਜਰ ਕਪਾਟੀ ਪੜਦਾ ਲਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਸ਼ੈਤਾਨ, ਕੂੜੀ ਸ਼ਰਅ ਦਏ ਗਵਾਈਆ । ਮੰਜ਼ਲ ਮੁਕਾਏ ਹੋ ਮਿਹਰਵਾਨ, ਮਹਿਬੂਬ ਮੁਹੱਬਤ ਆਪਣੇ ਨਾਲ ਰਖਾਈਆ । ਉਸ ਦੀ ਸਿਫ਼ਤ ਕੀ ਕਰੇ ਜ਼ਬਾਨ, ਲੇਖਾ ਲਿਖੇ ਕੀ ਕਲਮ ਸ਼ਾਹੀਆ । ਜੋ ਆਦਿ ਜੁਗਾਦੀ ਦਾਤਾ ਸ੍ਰੀ ਭਗਵਾਨ, ਦੇਵਣਹਾਰਾ ਸੱਚਾ ਮਾਹੀਆ । ਕਲਜੁਗ ਅੰਤ ਜਨ ਭਗਤਾਂ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਰਾਤੀਂ ਸੁਤਿਆ ਦਰਸ ਦਿਖਾਏ ਮਹਾਨ, ਨਿਜ ਨੇਤਰ ਕਰ ਰੁਸ਼ਨਾਈਆ । ਸੰਦੇਸ਼ਾ ਦੇ ਕੇ ਜਾਏ ਕਾਨ, ਹੌਲੀ ਹੌਲੀ ਦ੍ਰਿੜਾਈਆ । ਉਠ ਗੁਰਮੁਖ ਬਾਲ ਨਿਧਾਨ, ਪਿਤਾ ਪੁਰਖ ਗੋਦ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮਿਹਰਵਾਨ ਹੋ ਕੇ ਦੇਵੇ ਦਾਨ, ਦਾਤਾ ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਗੋਦ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਵਲ ਰਹੇ ਝਾਕ, ਬਿਨ ਅੱਖਾਂ ਅੱਖ ਉਠਾਈਆ । ਵੇਖੋ ਪੂਰਾ ਹੁੰਦਾ ਭਵਿਖਤ ਵਾਕ, ਵਾਕਿਆ ਸਭ ਨੂੰ ਰਿਹਾ ਜਣਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਤਾਕ, ਤਖ਼ਤਾ ਦਿਤਾ ਉਲਟਾਈਆ । ਆਤਮ ਪਰਮਾਤਮ ਬਣ ਕੇ ਸਾਕ, ਧੁਰ ਦੀ ਗੰਢ ਪਵਾਈਆ । ਨਾਤਾ ਤੋੜ ਕੇ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਸਫ਼ਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਬਣਾਏ ਇਤਫ਼ਾਕ, ਨਿਫ਼ਾਕ ਰਹਿਣ ਕੋਇ ਨਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਮੁਸ਼ਤਾਕ, ਮੁਸ਼ਤਰੀ ਸਾਰੇ ਰਿਹਾ ਕਰਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਬਿਧਾਤਾ ਇਕ ਸਮਝਾਈਆ । ਲੇਖੇ ਲਾ ਕੇ ਤਨ ਮਾਟੀ ਖ਼ਾਕ, ਖ਼ਾਲਸ ਰੂਪ ਦਏ ਵਖਾਈਆ । ਨਜ਼ਰੀ ਆਵੇ ਸਾਖਿਆਤ, ਸਤਿ ਸਰੂਪੀ ਸੱਚਾ ਮਾਹੀਆ । ਜਿਸ ਦੀ ਬਾਤਨ ਕਰਦੇ ਰਹੇ ਬਾਤ, ਸੋ ਜ਼ਾਹਰ ਜ਼ਹੂਰ ਬੇਪਰਵਾਹੀਆ । ਜਨ ਭਗਤਾਂ ਮੇਟ ਅੰਧੇਰੀ ਰਾਤ, ਅੰਦਰ ਬਾਹਰ ਚੰਦ ਚੜ੍ਹਾਈਆ । ਇਹੋ ਜਿਹੀ ਫੇਰ ਨਹੀਂ ਮਿਲਣੀ ਸੌਗ਼ਾਤ, ਜੋ ਘਰ ਆ ਕੇ ਝੋਲੀ ਪਾਈਆ । ਬੱਚੇ ਗੋਦ ਉਠਾਏ ਬਣ ਕੇ ਬਾਪ, ਪਿਤਾ ਪੁਰਖ ਅਕਾਲ ਹੋ ਸਹਾਈਆ । ਜੋਤ ਅਕਾਲਣ ਬਣ ਕੇ ਮਾਤ, ਲੋਰੀਆਂ ਦੇ ਪਰਚਾਈਆ । ਜਨ ਭਗਤੋ ਤੁਸੀਂ ਮੇਰੀ ਜ਼ਾਤ, ਮੇਰੇ ਵਿਚੋਂ ਮੇਰਾ ਰੂਪ ਪਰਗਟਾਈਆ । ਅੰਤ ਬੇੜੇ ਚੜ੍ਹੋ ਉਸ ਜਹਾਜ਼, ਜੋ ਸ੍ਰੀ ਭਗਵਾਨ ਦਿਤਾ ਬਣਾਈਆ । ਤੁਹਾਡਾ ਅੰਦਰੋਂ ਖੁਲ੍ਹੇ ਰਾਜ਼, ਸ਼ਬਦ ਅਗੰਮੀ ਵਜੇ ਸਾਜ, ਧੁਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਸੋਹਣਾ ਬਣਾਇਆ ਸਮਾਜ, ਸਮਗਰੀ ਨਾਮ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਜਨ ਭਗਤ ਤਰਦੇ, ਲੋਕਮਾਤ ਮਿਲੇ ਵਡਿਆਈਆ । ਜੋ ਪ੍ਰਭ ਦੀ ਸਰਨੀ ਪੜਦੇ, ਚਰਨ ਧੂੜੀ ਮਸਤਕ ਟਿੱਕਾ ਖ਼ਾਕ ਰਮਾਈਆ । ਉਹ ਨਾ ਜੀਉਂਦੇ ਨਾ ਕਦੇ ਮਰਦੇ, ਮਰ ਕੇ ਜੀਵਣ ਰੂਪ ਵਟਾਈਆ । ਉਹ ਮਾਲਕ ਓਸ ਘਰ ਦੇ, ਜਿਸ ਘਰ ਬੈਠਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਬੰਦਨ ਕਰਦੇ, ਡੰਡੌਤ ਕਰ ਕਰ ਰਹੇ ਜਣਾਈਆ । ਧੰਨ ਗੁਰਮੁਖ ਗੁਰਸਿਖ ਜੋ ਪਤਿਪਰਮੇਸ਼ਵਰ ਵਰਦੇ, ਘਰ ਜਾਵਣ ਚਾਈਂ ਚਾਈਂਆ । ਅਧਵਿਚਕਾਰ ਕਦੇ ਨਾ ਅੜਦੇ, ਅੱਗੇ ਹੋ ਨਾ ਕੋਇ ਅਟਕਾਈਆ । ਉਹ ਢੋਲਾ ਗੀਤ ਇਕੋ ਪੜ੍ਹਦੇ, ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਰਿਹਾ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਸਾਕੀ, ਸਾਖਿਆਤ ਨਜ਼ਰੀ ਆਈਆ ।

ਜਿਸਮ ਇਸਮ ਨਾ ਬੰਦਾ ਖ਼ਾਕੀ, ਤਨ ਵਜੂਦ ਨਾ ਕੋਇ ਵਖਾਈਆ । ਨਿਰਵੈਰ ਨਿਰਾਕਾਰ ਅਗੰਮ ਅਥਾਹ ਅਛਲ ਛਲ ਕਰਕੇ ਚਲਾਕੀ, ਚਾਲ ਆਪਣੀ ਲਈ ਬਦਲਾਈਆ । ਜੋਤ ਸਰੂਪੀ ਸ਼ਬਦੀ ਗਾਥੀ, ਸਾਖ਼ੀ ਸਾਚੀ ਰਿਹਾ ਸੁਣਾਈਆ । ਜੋ ਨਿਭਿਆ ਨਿਰਗੁਣ ਸਰਗੁਣ ਹੋ ਕੇ ਆਕੀ, ਆਖ਼ਰ ਆਪੇ ਵੇਖ ਵਖਾਈਆ । ਕਲਜੁਗ ਅੰਤਮ ਕਿਸੇ ਦੀ ਰਹਿਣ ਨਾ ਦੇਵੇ ਬਾਕੀ, ਵਸੀਕਾ ਨਵੀਸ ਬਣਿਆ ਬੇਪਰਵਾਹੀਆ । ਇਹ ਖੇਲ ਨਹੀਂ ਇਤਫ਼ਾਕੀ, ਜੋ ਸਮਝਾਇਆ ਲਿਖਾਇਆ ਸੋ ਪੂਰਾ ਰਿਹਾ ਕਰਾਈਆ । ਪਹਿਲੋਂ ਸ਼ਬਦ ਸੁਨੇਹੜਾ ਦੇਂਦਾ ਰਿਹਾ ਪਾਤੀ, ਗੁਰ ਅਵਤਾਰ ਪੀਰ ਪੈਗ਼ੰਬਰ ਹਲਕਾਰੇ ਮਾਤ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਵਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਪਿਆ ਲੋਹੜਾ, ਲੋਹਾ ਨਿਰਗੁਣ ਰੂਪ ਵਟਾਈਆ । ਜੋਤੀ ਸ਼ਬਦੀ ਜੁੜਿਆ ਜੋੜਾ, ਪੰਜ ਤਤ ਨਾ ਕੋਇ ਵਡਿਆਈਆ । ਸੱਸੇ ਉਪਰ ਲਾ ਕੇ ਹੋੜਾ, ਹੋਕਾ ਦੇਵੇ ਲੋਕਾਈਆ । ਹੰ ਬ੍ਰਹਮ ਆਪੇ ਬੋਹੜਾ, ਬੋਹੜੀ ਬੋਹੜੀ ਕਰੇ ਖ਼ੁਦਾਈਆ । ਜਿਸ ਦਾ ਸੋਹੰ ਬਣਿਆ ਦੋਹਰਾ, ਦੋਹਰੀ ਤਾਲ ਵਜਾਈਆ । ਨਾਨਕ ਗੋਬਿੰਦ ਕਿਹਾ ਮੋਰਾ, ਮੋਰਾ ਤੋਰਾ ਤੇਰੀ ਭੇਟ ਚੜ੍ਹਾਈਆ । ਉਹ ਗੋਬਿੰਦ ਦਾ ਬੱਚਿਆਂ ਜੋੜਾ, ਨੀਹਾਂ ਹੇਠ ਦਬਾਈਆ । ਆਇਆ ਬਾਂਕਾ ਛੋਹਰਾ, ਬਣ ਕੇ ਸੱਚਾ ਮਾਹੀਆ । ਜਿਸ ਦੇ ਅੱਗੇ ਨਹੀਂ ਕੋਈ ਜ਼ੋਰਾ, ਜ਼ੇਰ ਜ਼ਬਰ ਬੈਠੇ ਸਾਰੇ ਆਖ ਜਣਾਈਆ । ਉਸ ਦਾ ਸ਼ਬਦ ਅਗੰਮੀ ਘੋੜਾ, ਦੋ ਜਹਾਨਾਂ ਰਿਹਾ ਦੌੜਾਈਆ । ਜਿਸ ਦਾ ਕੋਈ ਸਹਿ ਨਾ ਸਕੇ ਪੌੜਾ, ਚੌਦਾਂ ਤਬਕ ਰਹੇ ਕੁਰਲਾਈਆ । ਜਨ ਭਗਤਾਂ ਪ੍ਰੇਮ ਪਿਆਰ ਦੀ ਲੱਗੀ ਵੇਖੀ ਔੜਾ, ਦੂਰ ਦੁਰਾਡਾ ਅੰਮ੍ਰਿਤ ਮੇਘ ਰਿਹਾ ਬਰਸਾਈਆ । ਲੱਖ ਚੁਰਾਸੀ ਰੀਠਾ ਵੇਖਿਆ ਕੌੜਾ, ਅੰਮ੍ਰਿਤ ਫਲ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਅੰਦਰ ਲਗਾ ਕੇ ਅਗੰਮੀ ਪੌੜ੍ਹਾ, ਮੰਦਰ ਚੜ੍ਹਿਆ ਬੇਪਰਵਾਹੀਆ । ਸਾਧ ਸੰਤ ਕਹਿਣ ਰਾਹ ਭੀੜਾ ਮਾਰਗ ਸੌੜਾ, ਸਤਿਗੁਰ ਕਹੇ ਗੁਰਮੁਖ ਭਜੋ ਵਾਹੋ ਦਾਹੀਆ । ਤੁਹਾਡਾ ਲੇਖਾ ਪਿਛਲਾ ਸਾਫ਼ ਕੀਤਾ ਕੋਰਾ, ਅੱਗੇ ਇਕੋ ਰਾਹ ਜਣਾਈਆ । ਤੁਹਾਡਾ ਲੇਖਾ ਲਿਖਿਆ ਰਵਿਦਾਸ ਚਮਾਰਾ, ਜੋ ਢੋਂਦਾ ਰਿਹਾ ਢੋਰਾ, ਚੰਮ ਦ੍ਰਿਸ਼ਟੀ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣੇ ਅੰਗ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਲਗਦੇ ਅੰਗ, ਅੰਗੀਕਾਰ ਇਕ ਅਖਵਾਇੰਦਾ । ਜਿਸ ਨੂੰ ਕਹਿੰਦੇ ਸੂਰਾ ਸਰਬੰਗ, ਸੋ ਸ਼ਹਿਨਸ਼ਾਹ ਵੇਸ ਵਟਾਇੰਦਾ । ਜਿਸ ਦਾ ਨਾਮ ਅਗੰਮ ਵੱਜੇ ਮਰਦੰਗ, ਦੋ ਜਹਾਨ ਸਦਾ ਜਸ ਗਾਇੰਦਾ । ਜਿਸ ਗੋਬਿੰਦ ਮਾਣ ਦਿਤਾ ਪੁਰੀ ਅਨੰਦ, ਅਨੰਦ ਚੰਦ ਇਕੋ ਨਜ਼ਰੀ ਆਇੰਦਾ । ਉਸ ਦਾ ਉਲਟ ਕੇ ਸੋਹਲਾ ਬਣਿਆ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਪੁਰਖ ਅਬਿਨਾਸ਼ੀ ਕਰਵਟ ਲੈ ਬਦਲ ਲਈ ਕੰਡ, ਸਨਮੁਖ ਨਜ਼ਰੀ ਆਇੰਦਾ । ਜਨ ਭਗਤਾਂ ਅੰਤਰ ਪਾ ਕੇ ਠੰਡ, ਬਸੰਤਰ ਬਾਹਰੋਂ ਜਗਤ ਬੁਝਾਇੰਦਾ । ਜਨ ਭਗਤੋ ਪਿਛਲੀ ਜਨਮ ਜਨਮ ਦੀ ਟੁੱਟੀ ਗੰਢ, ਅੱਗੇ ਆਪਣੇ ਸੰਗ ਰਖਾਇੰਦਾ । ਮਾਤ ਗਰਭ ਦਸ ਦਸ ਮਾਸ ਅਗਨੀ ਹਵਨ ਨਾ ਤਪਣਾ ਤਨ ਗੰਦ, ਜੂਨੀ ਜੂਨ ਨਾ ਕੋਇ ਭਵਾਇੰਦਾ । ਰਾਏ ਧਰਮ ਨਾ ਦੇਵੇ ਡੰਨ, ਚਿਤ੍ਰਗੁਪਤ ਨਾ ਹਿਸਾਬ ਵਖਾਇੰਦਾ । ਲਾੜੀ ਮੌਤ ਨਾ ਵਿਆਹੇ ਸੋਹਣਾ ਚੰਦ, ਪੁਰਖ ਅਬਿਨਾਸ਼ੀ ਆਪਣੀ ਗੋਦ ਬਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਧੰਨ ਧੰਨ ਧੰਨ, ਪਤਿਪਰਮੇਸ਼ਵਰ ਜਨ ਭਗਤਾਂ ਆਪਣੇ ਘਰ ਵਸਾਇੰਦਾ । ਪੁਰਖ ਅਬਿਨਾਸ਼ੀ ਕਹੇ ਸੁਣੋ ਗੁਰ

ਅਵਤਾਰ, ਅਗਲਾ ਹਾਲ ਜਣਾਈਆ । ਪਿਛਲਾ ਲੇਖਾ ਜੋ ਤੁਹਾਡੇ ਅਖਤਿਆਰ, ਜੁਗ ਜੁਗ ਝੋਲੀ ਪਾਈਆ । ਉਸ ਦਾ ਲਹਿਣਾ ਹਿਸਾਬ ਹੋਇਆ ਬੇਬਾਕ, ਇਤਫ਼ਾਕ ਨਾਲ ਆਪਣੇ ਨਾਲ ਮਿਲਾਈਆ । ਸਦੀ ਸਦੀਵੀ ਪ੍ਰਭ ਦਾ ਖੇਲ ਖ਼ਾਸ, ਖ਼ਾਹਿਸ਼ ਭਗਤਾਂ ਨਾਲ ਰਖਾਈਆ । ਜੁਗ ਚੌਕੜੀ ਜਿਨ੍ਹਾਂ ਰੱਖੀ ਆਸ, ਤਿਨ੍ਹਾਂ ਪਿਆਸ ਰਿਹਾ ਬੁਝਾਈਆ । ਸੇਵਕ ਬਣ ਕੇ ਦਾਸ, ਚਾਕਰ ਰੂਪ ਵਟਾਈਆ । ਜੇ ਕੋਈ ਲੱਭੇ ਖੋਜੇ ਪੁੱਛੇ ਅੰਦਰਲਾ ਰਾਜ਼, ਸਮਝ ਕਿਸੇ ਨਾ ਆਈਆ । ਜੇ ਕੋਈ ਦੋਏ ਜੋੜ ਕਹੇ ਗ਼ਰੀਬ ਨਿਵਾਜ, ਪ੍ਰਭ ਤੇਰੀ ਵਡ ਵਡਿਆਈਆ । ਉਸੇ ਵੇਲੇ ਕਰ ਕਿਰਪਾ ਦੇਵੇ ਉਹ ਸਵਾਦ, ਜਿਹੜਾ ਰਸ ਰਸਨਾ ਵੇਖ ਸਕੇ ਨਾ ਰਾਈਆ । ਘਰ ਮੰਦਰ ਅੰਦਰ ਵਖਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਨਾਲ ਰੱਖੀ ਸਦਾ ਸਾਂਝ, ਇਕੱਲਾ ਪੁਰਖ ਅਕਾਲ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਕਹੇ ਜਨ ਭਗਤੋ ਮੈਂ ਤੁਹਾਡੇ ਜੋਗਾ, ਜੋਗੀ ਜੋਗੀਸ਼ਰ ਮੇਰਾ ਧਿਆਨ ਲਗਾਈਆ । ਕੋਈ ਨਾ ਜਾਣੇ ਮੇਰਾ ਬਦਲਿਆ ਚੋਗਾ, ਚੋਲੀ ਸਭ ਦੀ ਵੇਖ ਵਖਾਈਆ । ਕੋਈ ਨਾ ਸਮਝੇ ਮੇਰੇ ਨਾਮ ਦਾ ਸਚ ਸਲੋਕਾ, ਕੋਟਨ ਕੋਟੀ ਸਿਫ਼ਤੀ ਨਾਮ ਰਹੇ ਧਿਆਈਆ । ਕੋਈ ਨਾ ਜਾਣੇ ਨਿਰਮਲ ਜੋਤ ਨਿਰਾਕਾਰ ਜੋਤਾ, ਨੂਰੋ ਨੂਰ ਨੂਰ ਕਰੇ ਰੁਸ਼ਨਾਈਆ । ਮੇਰਾ ਲੇਖਾ ਕਿਸੇ ਨਾ ਸੋਚਾ, ਸੋਚ ਸਮਝ ਚਲੇ ਨਾ ਕਿਸੇ ਚਤੁਰਾਈਆ । ਕੋਟਾਂ ਵਿਚੋਂ ਕਿਸੇ ਗੁਰਮੁਖ ਮਿਲੇ ਮੌਕਾ, ਜਿਸ ਜਨ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਆਪਣੇ ਰੰਗ ਰੰਗਾਈਆ । ਜਨ ਭਗਤ ਕਹੇ ਪ੍ਰਭ ਚਾੜ੍ਹ ਰੰਗ, ਕਿਉਂ ਬੈਠਾ ਮੁਖ ਭਵਾਈਆ । ਆਤਮ ਸੇਜਾ ਮੈਂ ਵੇਖਾਂ ਉਹ ਪਲੰਘ, ਜਿਸ ਉਪਰ ਬੈਠਾ ਡੇਰਾ ਲਾਈਆ । ਅੱਠੇ ਪਹਿਰ ਵੱਜੇ ਮਰਦੰਗ, ਛੱਤੀ ਰਾਗ ਨੈਣ ਸ਼ਰਮਾਈਆ । ਤੂੰ ਮੇਰਾ ਗਾ ਛੰਦ, ਮੈਂ ਤੇਰੀ ਕਰਾਂ ਵਡਿਆਈਆ । ਮੈਂ ਤੇਰਾ ਨੂਰ ਚੰਦ, ਦੋ ਜਹਾਨ ਹੋਵੇ ਰੁਸ਼ਨਾਈਆ । ਤੇਰਾ ਕਦੇ ਨਾ ਟੁੱਟੇ ਸੰਗ, ਮੇਰੀ ਕਦੇ ਨਾ ਹੋਵੇ ਜੁਦਾਈਆ । ਭਗਤ ਭਗਵਾਨ ਇਕ ਦੂਜੇ ਨੂੰ ਦੋਵੇਂ ਰਹੇ ਮੰਗ, ਬਿਨ ਭਗਤਾਂ ਭਗਵਾਨ, ਭਗਵਾਨ ਬਿਨ ਭਗਤ ਦੋਵੇਂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਸੰਤ ਸੁਹੇਲੇ ਵੇਖੇ ਆਣ, ਅਨੰਤਾਂ ਵਿਚੋਂ ਕੰਤ ਹੋ ਕੇ ਮਿਲੇ ਚਾਈਂ ਚਾਈਆ ।

### ✪ ਪਹਿਲੀ ਭਾਦਰੋਂ ੨੦੨੧ ਬਿਕ੍ਰਮੀ ਜੇਠੂਵਾਲ ✪

ਆਦਿ ਪੁਰਖ ਅਕਾਲ ਸਮਰਥੇ, ਨਿਰਗੁਣ ਨਿਰਵੈਰ ਨਿਰਾਕਾਰ ਖ਼ੁਸ਼ੀ ਮਨਾਈਆ । ਸਚਖੰਡ ਦਵਾਰਾ ਸਚ ਸਿੰਘਾਸਣ ਬਹਿ ਬਹਿ ਫਬੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅਗੰਮ ਅਥਾਹ ਖੇਲ ਕਰੇ ਅਕਥੇ, ਕਥਨੀ ਕਥ ਨਾ ਸਕੇ ਰਾਈਆ । ਗਹਿਰ ਗੰਭੀਰ ਗੁਣਵੰਤਾ ਪ੍ਰਭ ਠਾਕਰ ਹੱਸੇ, ਬੇਪਰਵਾਹ ਪੜਦਾ ਆਪ ਉਠਾਈਆ । ਸਚ ਸੁਨੇਹੜਾ ਅਗੰਮੀ ਧਾਰ ਵਸੇ, ਜੁਗ ਚੌਕੜੀ ਸਕੇ ਨਾ ਕੋਇ ਸਮਝਾਈਆ । ਪ੍ਰੇਮ ਪਿਆਰ

ਨਾਲ ਕਹੇ ਉਠ ਸ਼ਬਦੀ ਗੋਬਿੰਦ ਬੱਚੇ, ਪ੍ਰੇਮ ਨਾਲ ਲਏ ਅੰਗੜਾਈਆ । ਨੇਤਰ ਲੋਚਣ ਨੈਣ ਵੇਖ ਆਪਣੀ ਅੱਖੇ, ਆਖ਼ਰ ਅੱਖਰ ਰਿਹਾ ਸਮਝਾਈਆ । ਲੇਖਾ ਲੇਖ ਧਰਕੇ ਭੇਖ ਜੋ ਪੰਜ ਤਤ ਕਾਇਆ ਹੱਥੇ, ਹਸਤ ਕੀਟ ਦਏ ਦ੍ਰਿੜਾਈਆ । ਜੁਗ ਚੌਕੜੀ ਜਿਸ ਦਾ ਚਲਦਾ ਰਿਹਾ ਰਥੇ, ਨਿਤ ਨਵਿਤ ਬਣੇ ਰਥਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰਾਂ ਜਿਸ ਮਾਰਗ ਦੱਸੇ, ਰਹਿਬਰ ਹੋ ਕੇ ਰਾਹ ਜਣਾਈਆ । ਜਿਸ ਮਾਣ ਰਖਾਇਆ ਪੰਜ ਤੱਤੇ, ਤ੍ਰੈਗੁਣ ਮਾਇਆ ਪੰਜ ਤਤ ਜੋੜ ਜੁੜਾਇਆ ਤਤ ਅੱਠੇ, ਨੌਂ ਦਰ ਲੇਖਾ ਦਸਵੇਂ ਚੇਤਾ ਚੇਤਨ ਰਿਹਾ ਕਰਾਈਆ । ਵਾਕ ਭਵਿਖਤ ਸੰਦੇਸੇ ਧੁਰ ਦੇ ਪਤੇ, ਪਤਿਪਰਮੇਸ਼ਵਰ ਖੋਜ ਖੋਜਾਈਆ । ਰਸਨਾ ਜਿਹਵਾ ਬੱਤੀ ਦੰਦ ਜੋ ਬਚਨ ਬੋਲੇ ਸੱਚੇ, ਸਚ ਸਚ ਨਾਲ ਮਿਲਾਈਆ । ਕਲਜੁਗ ਜੀਵ ਕਾਇਆ ਮਾਟੀ ਭਾਂਡੇ ਵੇਖ ਕੱਚੇ, ਤਤਵ ਤਤ ਖੋਜ ਖੋਜਾਈਆ । ਸਤਿ ਪ੍ਰੀਤੀ ਕਵਣ ਰਤੇ, ਰੰਗ ਰਤੜਾ ਰਹੇ ਮਨਾਈਆ । ਚਰਨ ਦਵਾਰਾ ਕਵਣ ਢੱਠੇ, ਧੂੜੀ ਖ਼ਾਕ ਰਮਾਈਆ । ਸਚ ਵਣਜਾਰੇ ਰਹੇ ਬਣੇ ਧੁਰ ਦੇ ਹੱਟੇ, ਵਸਤ ਅਮੋਲਕ ਝੋਲੀ ਪਾਈਆ । ਚਾਰ ਜੁਗ ਦੇ ਪਿਛਲੇ ਜੋ ਬਿਨ ਅੱਖਰਾਂ ਲਿਖ ਕੇ ਦਿਤੇ ਪਟੇ, ਕਾਗ਼ਜ਼ ਸ਼ਾਹੀ ਕਲਮ ਨਾ ਕੋਇ ਚਲਾਈਆ । ਨਿਤ ਨਵਿਤ ਜਿਸ ਨੇ ਪਾਏ ਰੱਟੇ, ਦੀਨ ਮਜ਼੍ਹਬ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਸ਼ਬਦੀ ਸੁਤ ਸੁਣ ਏਕ, ਏਕੰਕਾਰ ਜਣਾਈਆ । ਪਿਤਾ ਪੁਰਖ ਜੋ ਰੱਖੀ ਟੇਕ, ਪਤਿਪਰਮੇਸ਼ਵਰ ਇਕ ਮਨਾਈਆ । ਜਿਸ ਦੇ ਹੁਕਮੇ ਅੰਦਰ ਧਾਰਿਆ ਭੇਖ, ਜੁਗ ਜੁਗ ਵੇਸ ਵਟਾਈਆ । ਜਿਸ ਦਾ ਮੰਨਿਆ ਰੂਪ ਰੰਗ ਨਾ ਕੋਈ ਰੇਖ, ਜੋਤੀ ਜਾਤਾ ਸਦ ਅਖਵਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਸੀਸ ਜਗਦੀਸ ਨਾ ਕੋਇ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਕਰਨ ਆਦੇਸ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਲੋਕਮਾਤ ਜਿਸ ਕਿਰਪਾ ਕਰ ਦਿਤੇ ਭੇਜ, ਭਜਨ ਬੰਦਗੀ ਨਾਮ ਦ੍ਰਿੜਾਈਆ । ਜਿਸ ਨਿਰਗੁਣ ਹੋ ਕੇ ਮਾਣੀ ਸੇਜ, ਨਾਰ ਕੰਤ ਆਪ ਪਰਨਾਈਆ । ਸੋ ਗੋਬਿੰਦ ਉਸ ਦੀ ਉਠ ਕੇ ਵੇਖ ਖੇਲ, ਖ਼ਾਲਕ ਖ਼ਲਕ ਰਿਹਾ ਕਰਾਈਆ । ਜੋਤੀ ਜਲਵਾ ਨੂਰੀ ਤੇਜ, ਜ਼ਹੂਰ ਦਿਸੇ ਬੇਪਰਵਾਹੀਆ । ਸਚਖੰਡ ਨਿਵਾਸੀ ਵਸਾਵੇ ਇਕ ਸੰਬਲ ਦੇਸ, ਤੇਰਾ ਸੰਬਲ ਦੇਸ ਇਕ ਸੁਹਾਈਆ । ਜੋਤੀ ਨੂਰ ਜੋਤ ਪਰਵੇਸ਼, ਸ਼ਬਦੀ ਤੇਰੀ ਧਾਰ ਬੰਧਾਈਆ । ਬਾਲ ਜੁਆਨ ਅੱਲੜ ਵਰੇਸ, ਵਾਸਤਾ ਸਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਉਠ ਸੁਤ ਸ਼ਬਦ ਦੁਲਾਰੇ, ਹਰਿ ਕਰਤਾ ਆਪ ਉਠਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰੇ, ਲੋਕਮਾਤ ਫੇਰਾ ਪਾਈਆ । ਪੀਰ ਪੈਗ਼ੰਬਰ ਬਣ ਵਣਜਾਰੇ, ਗੁਰ ਅਵਤਾਰ ਹੱਟ ਚਲਾਈਆ । ਕਾਗ਼ਜ਼ ਕਲਮ ਬਣ ਲਿਖਾਰੇ, ਸ਼ਬਦ ਸ਼ਾਹੀ ਦਿਤੀ ਵਡਿਆਈਆ । ਪੰਜ ਤਤ ਭਰ ਭੰਡਾਰੇ, ਤ੍ਰੈਗੁਣ ਲੇਖਾ ਦਿਤਾ ਦ੍ਰਿੜਾਈਆ । ਉਚੀ ਕੂਕ ਕੂਕ ਸਰਬ ਪੁਕਾਰੇ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਬੇਅੰਤ ਬੇਅੰਤ ਕਹਿ ਕੇ ਅੰਤਮ ਹਾਰੇ, ਅੰਤ ਸਕੇ ਨਾ ਕੋਇ ਛੁਡਾਈਆ । ਬਿਨ ਸਤਿਗੁਰ ਦਿਸੇ ਸਾਰੇ ਕਵਾਰੇ, ਸਾਚਾ ਸਗਨ ਨਾ ਕੋਇ ਮਨਾਈਆ । ਬਿਨ ਬਾਲਾਂ ਚੜ੍ਹਿਆ ਨਾ ਕੋਈ ਖਾਰੇ, ਸੋਹਣਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਸਮਝਾਈਆ । ਗੋਬਿੰਦ ਉਠ ਖੋਲ੍ਹ ਪਰਦਾ, ਪਾਰਬ੍ਰਹਮ ਰਿਹਾ ਜਣਾਈਆ । ਜੋ ਆਦਿ ਜੁਗਾਦਿ ਘਾੜਨ ਘੜਦਾ, ਘਟ ਭਾਂਡੇ ਰਿਹਾ ਸਮਾਈਆ । ਜੋ ਨਿਤ

ਨਵਿਤ ਜਨਣੀ ਜਨ ਬਣਦਾ, ਮਾਤ ਪਿਤ ਪੁਰਖ ਅਖਵਾਈਆ । ਜੋ ਲੱਖ ਚੁਰਾਸੀ ਤਾਣਾ ਤਣਦਾ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਜੋ ਸ਼ਬਦ ਅਗੰਮੀ ਢੋਲਾ ਤੇਰਾ ਨਾਉਂ ਧਰਦਾ, ਪਰਾ ਪਸੰਤੀ ਮਧਮ ਬੈਖਰੀ ਫੋਲ ਫੁਲਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤੀ ਖੇਲ ਕਰਦਾ, ਅੱਖਰਾਂ ਨਾਲ ਕਰੇ ਵਡਿਆਈਆ । ਅਗੰਮ ਅਥਾਹ ਬੇਪਰਵਾਹ ਹਰ ਘਟ ਅੰਦਰ ਵੜਦਾ, ਗ੍ਰਿਹ ਗ੍ਰਿਹ ਡੇਰਾ ਲਾਈਆ । ਆਤਮ ਸੇਜਾ ਸਚ ਸੁਹੰਜਣੀ ਚਰਨ ਕਵਲ ਧੁਰ ਦਾ ਧਰਦਾ, ਧਰਨੀ ਧਰਤ ਧਵਲ ਖੋਜ ਖੋਜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਸੱਜਣ ਫੜਦਾ, ਭਗਤ ਭਗਵਾਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਵ ਖੁਲ੍ਹਾਈਆ । ਗੋਬਿੰਦ ਵੇਖ ਆਪਣਾ ਵਰਕਾ, ਹਰਿ ਵਾਰਤਾ ਰਿਹਾ ਸਮਝਾਈਆ । ਜਿਸ ਦੇ ਪਿਛੇ ਪਾਰਬ੍ਰਹਮ ਪਤਿਪਰਮੇਸ਼ਵਰ ਪਰਤਾ, ਬੇਪਰਵਾਹ ਵੇਸ ਵਟਾਈਆ । ਤੇਰਾ ਵੇਖਿਆ ਕੋਈ ਸੋਗ ਨਾ ਹਰਖਾ, ਚਿੰਤਾ ਗ਼ਮ ਨਾ ਕੋਇ ਜਣਾਈਆ । ਮਾਣ ਜਾਣਿਆ ਨਾ ਕੋਇ ਖੰਡਾ ਖੜਗਾ, ਚਿੱਲੇ ਤੀਰ ਨਾ ਕੋਇ ਵਡਿਆਈਆ । ਸੀਸ ਸੁਹਾਇਆ ਜਿਸ ਨੇ ਤੇਰੇ ਕਲਗਾ, ਕਲਗੀ ਤੋੜਾ ਵੰਡ ਵੰਡਾਈਆ । ਤੂੰ ਸੱਚਾ ਸੁਤ ਦੁਲਾਰਾ ਇਕੋ ਉਹਦੇ ਵਰਗਾ, ਵੰਨਗੀ ਲੋਕਮਾਤ ਵਖਾਈਆ । ਦੂਜਾ ਕੋਈ ਨਾ ਸਾਨੀ ਬਣਦਾ, ਆਸਾਨੀ ਸਭ ਨੂੰ ਹੈਰਾਨੀ ਰਹੀ ਵਖਾਈਆ । ਬਿਨਾ ਪੁਰਖ ਅਕਾਲ ਗੋਬਿੰਦ ਪੁੱਤ ਕੋਇ ਨਾ ਜਣਦਾ, ਗੁਜਰੀ ਖ਼ਾਲੀ ਸੇਵ ਕਮਾਈਆ । ਏਸੇ ਕਰਕੇ ਤੇਰੀ ਪੁਕਾਰ ਸੁਣਦਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਚਰਨਾਂ ਹੇਠ ਦਬਾਈਆ । ਕੋਈ ਨਾ ਲੇਖੇ ਜਾਣੇ ਪ੍ਰਭ ਦੇ ਸਗਣ ਦਾ, ਕਹਿ ਸਕੇ ਨਾ ਰਾਈਆ । ਇਹ ਲੇਖਾ ਅਗਲਾ ਪਿਛਲਾ ਨਹੀਂ ਹੁਣ ਦਾ, ਹੌਲੀ ਹੌਲੀ ਪੜਦਾ ਰਿਹਾ ਚੁਕਾਈਆ । ਇਹ ਖੇਲ ਅਗੰਮੀ ਮੰਤਰ ਫੁਨਦਾ, ਫੁਰਨੇ ਬੰਦ ਕਰਾਈਆ । ਤੇਰਾ ਪ੍ਰੇਮ ਕਿਸੇ ਤੋਲ ਕਦੇ ਨਾ ਤੁਲਦਾ, ਤਰਾਜ਼ੂ ਬੈਠੇ ਮੁਖ ਭਵਾਈਆ । ਤੂੰ ਬੱਚਾ ਇਕੇ ਕੁਲ ਦਾ, ਜਿਸ ਕੁਲ ਦਾ ਮਾਲਕ ਬੇਪਰਵਾਹੀਆ । ਉਹ ਪੁੱਤ ਕਦੇ ਨਾ ਭੁੱਲਦਾ, ਜਿਸ ਦੀ ਅਣਭੁਲ ਬਣਤ ਬਣਾਈਆ । ਦੋ ਜਹਾਨ ਕਦੇ ਨਾ ਰੁਲਦਾ, ਰਲਾਇਆ ਤਨ ਗਲੇ ਲਗਾਈਆ । ਵੇਖ ਤੇਰਾ ਗੁੰਚਾ ਫੁੱਲ ਕਿਹੜੀ ਫੁਲਵਾੜੀ ਵਿਚੋਂ ਫੁਲਦਾ, ਲੇਖਾ ਹੋਵੇ ਦੂਣ ਸਵਾਈਆ । ਹੁਣ ਵੇਲਾ ਮੈਂ ਵੇਖਾਂ ਛੱਤਰ ਤੇਰੇ ਸੀਸ ਝੁਲਦਾ, ਝੁਲਸ ਦੇਵਾਂ ਸਰਬ ਲੋਕਾਈਆ । ਮੇਰਾ ਸੂਰਬੀਰ ਜੋਧਾ ਕਿਸ ਵੇਲੇ ਉਠਦਾ, ਫੜ ਬਾਹੋਂ ਗਲੇ ਲਗਾਈਆ । ਪਾਰਬ੍ਰਹਮ ਵਾਸਤੇ ਇਹ ਖੇਲ ਨਿੱਕਾ ਜਿਹਾ ਫੁਨ ਦਾ, ਜਿਸ ਦੀ ਸਮਝ ਕਿਸੇ ਨਾ ਆਈਆ । ਜਿਸ ਦਾ ਪੈਂਡਾ ਮੁਕਾਇਆ ਕਦੇ ਨਾ ਮੁਕਦਾ, ਕੋਟਨ ਕੋਟ ਬੈਠੇ ਪਾਂਧੀ ਰਾਹੀਆ । ਹੁਣ ਵੇਲਾ ਨਹੀਂ ਚਾਰ ਵਰਨਾਂ ਦੀ ਫੁੱਟ ਦਾ, ਪੰਚਮ ਮੇਲਾ ਸਹਿਜ ਸੁਭਾਈਆ । ਲੇਖਾ ਚੁਕੇ ਠੱਗ ਚੋਰ ਯਾਰ ਲੁੱਟ ਦਾ, ਕੂੜੀ ਕਿਰਿਆ ਪਰੇ ਹਟਾਈਆ । ਨਾਤਾ ਜੁੜੇ ਪਿਉ ਪੁੱਤ ਦਾ, ਵਿਚੋਲਾ ਰਹਿਣ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੇ ਮੇਰੇ ਹੁੰਦਿਆਂ ਫਿਰੇ ਲੁਕਦਾ, ਨੇਤਰ ਅੱਖ ਨਾ ਕੋਇ ਉਠਾਈਆ । ਤੇਰਾ ਪ੍ਰੇਮ ਜਾਮ ਅਗੰਮੀ ਘੁਟ ਦਾ ਬੂੰਦ ਸਵਾਂਤੀ ਝਿਰਨਾ ਇਕ ਵਖਾਈਆ । ਉਠ ਹਿੱਸਾ ਲੈ ਲੈ ਆਪਣੀ ਅਗੰਮੀ ਕੁੱਖ ਦਾ, ਭਾਗਾਂ ਭਰੀ ਧਿਆਨ ਲਗਾਈਆ । ਬਿਨ ਤੇਰੇ ਮੇਰਾ ਭਾਰ ਕੋਈ ਨਾ ਚੁਕਦਾ, ਸੀਸ ਅੱਗੇ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਉਠ ਲਾਡਲੇ ਮੇਰੇ ਲਾਲ, ਹਰਿ ਲਾਲਨ ਰਿਹਾ ਜਣਾਈਆ । ਮੈਂ ਵੇਖਾਂ ਤੇਰੀ ਧਰਮਸਾਲ, ਸਚ ਦਵਾਰਾ ਖ਼ੁਸ਼ੀ ਮਨਾਈਆ । ਜਿਥੇ ਨਾ ਕੋਈ

ਸ਼ਾਹ ਨਾ ਕੰਗਾਲ, ਜ਼ਾਤ ਪਾਤ ਨਾ ਕੋਇ ਵਡਿਆਈਆ । ਨਾ ਕੋਈ ਵਣਜ ਨਾ ਵਣਜਾਰਾ ਦਿਸੇ ਦਲਾਲ, ਸੌਦਾ ਜਗਤ ਹੱਟ ਨਾ ਕੋਇ ਵਿਕਾਈਆ । ਨਾ ਕੋਇ ਸ਼ਸਤਰ ਨਾ ਚਿੱਲਾ ਤੀਰ ਕਮਾਨ ਢਾਲ, ਖੰਡਾ ਖੜਗ ਨਾ ਕੋਇ ਉਠਾਈਆ । ਨਾ ਕੋਈ ਭੱਜੇ ਚਾਰੇ ਕੁੰਟ ਕਾਲ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਉਠ ਲਾਡਲੇ ਵੇਖ ਜਗ, ਬੀਸ ਇਕੀਸਾ ਦਏ ਜਣਾਈਆ । ਹੰਸ ਬੁਧੀ ਹੋਈ ਕੱਗ, ਕਾਗ ਵਾਂਗ ਕੁਰਲਾਈਆ । ਨਵ ਨੌ ਚਾਰ ਲੱਗੀ ਅੱਗ, ਦਹਿ ਦਿਸ਼ਾ ਨਾ ਕੋਇ ਬੁਝਾਈਆ । ਮਨ ਮਤ ਰਹੇ ਭੱਜ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕੂੜੀ ਕਿਰਿਆ ਘਰ ਘਰ ਸੱਦਾ ਰਹੇ ਸੱਦ, ਜੂਠ ਝੂਠ ਵੱਜੀ ਵਧਾਈਆ । ਪਤਿਪਰਮੇਸ਼ਵਰ ਨਾਲੋਂ ਹੋ ਕੇ ਅੱਡ, ਸ੍ਰਿਸ਼ਟ ਸਬਾਈ ਵੰਡਾਂ ਰਹੇ ਪਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਹਸਤੀ ਹਰਿ ਨਾ ਕੋਇ ਮਿਲਾਈਆ । ਅੰਤਰ ਖੁਲ੍ਹੀ ਨਾ ਕਿਸੇ ਅੱਖ, ਆਖ਼ਰ ਮਜ਼੍ਹਬ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਈਆ । ਉਠ ਵੇਖ ਵੇਖ ਅਖ਼ੀਰ, ਆਖਰ ਹਰਿ ਦ੍ਰਿੜਾਇੰਦਾ । ਤੇਰੇ ਵਿਚੋਂ ਮੇਰੀ ਨਜ਼ਰ ਆਵੇ ਤਸਵੀਰ, ਤਸੱਵਰ ਹੋਰ ਨਾ ਕੋਇ ਕਰਾਇੰਦਾ । ਤੇਰੇ ਪਿਛੇ ਹੋ ਫ਼ਕੀਰ, ਫ਼ਿਕਰਾ ਹਕ ਇਕ ਸੁਣਾਇੰਦਾ । ਤੇਰਾ ਲੇਖਾ ਦੇਵੇ ਗੁਣੀ ਗਹੀਰ, ਗਹਿਰ ਗਵਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਉਠ ਵੇਖ ਵੇਖ ਜਗਤ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਲੱਗੀ ਅੱਗ ਬੂੰਦ ਰਕਤ, ਘਰ ਘਰ ਰਹੀ ਜਲਾਈਆ । ਨਜ਼ਰ ਨਾ ਆਵੇ ਕੋਈ ਸ਼ਕਤ, ਸ਼ਖ਼ਸ਼ੀਅਤ ਮੁਖ ਭਵਾਈਆ । ਮਾਤ ਪਿਤ ਪੁੱਤ ਪਿਆ ਫ਼ਰਕ, ਭੈਣ ਭਾਈ ਨਾ ਕੋਇ ਸੰਗ ਨਿਭਾਈਆ । ਜਿਹੜੀ ਤੇਰੇ ਨਾਲ ਲਿਖੀ ਸ਼ਰਤ, ਸੋ ਵੇਲਾ ਰਿਹਾ ਸਮਝਾਈਆ । ਪ੍ਰਤੀਨਿਧ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਤੇਰਾ ਲੇਖਾ ਚੁਕਾਵੇ ਨਿਧੜਕ, ਖ਼ੁਸ਼ੀ ਗ਼ਮੀ ਇਕੋ ਘਰ ਵਖਾਈਆ । ਅੱਗੇ ਰਹੇ ਨਾ ਕੋਈ ਅਟਕ, ਅੜਚਨ ਸਾਰੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਸਮਝਾਈਆ । ਉਠ ਗੋਬਿੰਦ ਮਾਰ ਧਿਆਨ, ਧਰਨੀ ਰਹੀ ਕੁਰਲਾਈਆ । ਸਤਿ ਧਰਮ ਨਾ ਕੋਇ ਨਿਸ਼ਾਨ, ਧੀਰਜ ਜਤ ਨਾ ਕੋਇ ਵਡਿਆਈਆ । ਸਖ਼ੀ ਮਿਲੇ ਨਾ ਧੁਰ ਦਾ ਕਾਹਨ, ਗੋਪੀ ਅੰਗ ਨਾ ਕੋਇ ਵਖਾਈਆ । ਸੁਰਤੀ ਮਿਲੇ ਨਾ ਸੀਤਾ ਰਾਮ, ਸਾਚਾ ਜੋੜ ਨਾ ਕੋਇ ਜੁੜਾਈਆ । ਸ਼ਬਦੀ ਸੁਣੇ ਨਾ ਕੋਇ ਕਲਾਮ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਮੰਜ਼ਲ ਮਿਲੇ ਨਾ ਕੋਈ ਇਮਾਮ, ਮਹਿਬੂਬ ਗੋਦ ਨਾ ਕੋਇ ਉਠਾਈਆ । ਸਯਦਾ ਕਰੇ ਨਾ ਕੋਇ ਸਲਾਮ, ਸੀਸ ਸਕੇ ਨਾ ਕੋਇ ਝੁਕਾਈਆ । ਪੈਗੰਬਰ ਦੇਵੇ ਨਾ ਕੋਇ ਪੈਗ਼ਾਮ, ਮੁਕਾਮੇ ਹਕ ਨਾ ਕੋਇ ਵਡਿਆਈਆ । ਚਾਰੋਂ ਕੁੰਟ ਦਿਸੇ ਹਰਾਮ, ਬੇਨਿਜ਼ਾਮ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਰਿਹਾ ਪਾਈਆ । ਉਠ ਵੇਖ ਜਗਤ ਰੀਤ, ਰੀਤੀਵਾਨ ਦ੍ਰਿੜਾਇੰਦਾ । ਝਗੜਾ ਦਿਸੇ ਮੰਦਰ ਮਸੀਤ, ਸ਼ਿਵਦਵਾਲਾ ਮਠ ਸੋਭਾ ਕੋਇ ਨਾ ਪਾਇੰਦਾ । ਨਾਰੀ ਗਾਏ ਨਾ ਸੱਚਾ ਕੋਈ ਗੀਤ, ਰਸਨਾ ਜਿਹਵਾ ਨਾ ਕੋਇ ਸੁਣਾਇੰਦਾ । ਮਿੱਤਰਾਂ ਮਿਲੇ ਨਾ ਕੋਈ ਮੀਤ, ਦਰੋਹੀ ਘਰ ਘਰ ਸੋਭਾ ਪਾਇੰਦਾ । ਲੇਖਾ ਚੁੱਕਿਆ ਨਾ ਹਸਤ ਕੀਟ, ਊਚ ਨੀਚ ਏਕਾ ਰੰਗ ਨਾ ਕੋਇ ਸਮਾਇੰਦਾ । ਮਨ ਵਾਸਨਾ ਸਾਰੇ ਹੋਏ ਪਲੀਤ, ਵਸਲ ਹਕ ਨਾ ਕੋਇ ਕਰਾਇੰਦਾ । ਸਤਿਗੁਰੂ ਦਵਾਰਾ ਲੰਘੇ ਨਾ ਕੋਇ

ਦਹਿਲੀਜ਼, ਜੀਵ ਜੰਤ ਚਾਰੋਂ ਕੁੰਟ ਹਲਕਾਇੰਦਾ । ਕਿਉਂ ਨੇਤਰ ਰਿਹਾ ਮੀਟ, ਤੇਰੀ ਧੁਰ ਦੀ ਅੱਖ ਖੁਲ੍ਹਾਇੰਦਾ । ਜਿਸ ਦੀ ਜੋਗ ਜਗਤ ਕਰੇ ਉਡੀਕ, ਭੋਗ ਭਗਤ ਆਪ ਸਮਝਾਇੰਦਾ । ਜਿਸ ਦਾ ਮਾਰਗ ਸਦਾ ਬਾਰੀਕ, ਚਲਦਿਆਂ ਨਜ਼ਰ ਕਿਸੇ ਨਾ ਆਇੰਦਾ । ਪਿਛਲੀ ਬਦਲ ਦੇਵੇ ਸਰਬ ਤਾਰੀਖ਼, ਤਰੀਕਾ ਅਗਲਾ ਇਕ ਜਣਾਇੰਦਾ । ਬਿਰਹੋਂ ਵਿਚ ਨਾ ਮਾਰੇ ਚੀਕ, ਵਿਛੋੜੇ ਵਿਚ ਨਾ ਕਦੇ ਘਬਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਗੋਬਿੰਦ ਵੇਖ ਔਹ ਖੜਗ ਖੰਡਾ ਕਟਾਰ, ਚਿੱਲਾ ਤੀਰ ਕਮਾਨ ਨਜ਼ਰੀ ਆਈਆ । ਚਾਰੋਂ ਕੁੰਟ ਅੰਬਰ ਅੰਬਾਰ ਲੱਗੇ ਬੇਸ਼ੁਮਾਰ, ਗਣਤੀ ਗਣਤ ਨਾ ਕੋਇ ਗਣਾਈਆ । ਜਿਸ ਵੇਲੇ ਕਿਰਪਾ ਆਪ ਕਰੇ ਕਰਤਾਰ, ਕਰਤਾ ਪੁਰਖ ਹੋਏ ਸਹਾਈਆ । ਓਸ ਵੇਲੇ ਤੇਰਾ ਸ਼ਬਦ, ਤੇਰਾ ਸੁਖ਼ਨ, ਤੇਰਾ ਬਚਨ ਮਾਰੇ ਮਾਰ, ਖੰਡਾ ਖੜਗ ਤਲਵਾਰ ਤੀਰ ਕਮਾਨ ਕੰਮ ਕਿਸੇ ਨਾ ਆਈਆ । ਔਹ ਵੇਖ ਸੱਥਰ ਲੱਥਾ ਯਾਰ, ਸੇਜ ਤੇਰੀ ਇਕ ਸੁਹਾਈਆ । ਤੂੰ ਮੇਰਾ ਮੈਂ ਤੇਰੀ ਸੁਣਾਂ ਪੁਕਾਰ, ਦੋਹਾਂ ਮਿਲ ਕੇ ਖ਼ੁਸ਼ੀ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕੋਟਨ ਕੋਟ ਕਰ ਦੇ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਆਦਿ ਜੁਗਾਦਿ ਨਿਤ ਨਵਿਤ ਮੈਂ ਸਭ ਦੇ ਨਾਲ ਕੀਤਾ ਉਧਾਰ, ਇਸ਼ਾਰਿਆਂ ਨਾਲ ਅੱਗੇ ਅੱਗੇ ਜਣਾਈਆ । ਅੱਖਰਾਂ ਨਾਲ ਕਰ ਕੇ ਪਰਚਾਰ, ਪਰਚਾ ਸਭ ਦਾ ਜਗਤ ਦਿਤਾ ਜਣਾਈਆ । ਆਪ ਸਭ ਤੋਂ ਹੋ ਕੇ ਬਾਹਰ, ਬੈਠਾ ਮੁਖ ਛੁਪਾਈਆ । ਜੇ ਕਿਸੇ ਦੱਸਿਆ ਨਿਰਗੁਣ ਨਿਰੰਕਾਰ, ਸਾਖਿਆਤ ਨਾ ਕੋਇ ਵਖਾਈਆ । ਜੇ ਕੋਈ ਉਠਿਆ ਦੋਏ ਜੋੜ ਕਰ ਨਿਮਸਕਾਰ, ਤੂੰਹੀ ਤੂੰਹੀ ਗਿਆ ਜਣਾਈਆ । ਚਰਨ ਧੂੜੀ ਮੰਗ ਪਰਵਰਦਿਗਾਰ, ਖ਼ਾਕੀ ਖ਼ਾਕ ਵਿਚ ਸਮਾਈਆ । ਮੇਰੇ ਚਰਨ ਕਵਲ ਮਾਰ ਧਿਆਨ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਆਸਣ ਲਾਈਆ । ਜਿਨ੍ਹਾਂ ਦਾ ਅੰਤ ਨਾ ਕੋਈ ਸ਼ੁਮਾਰ, ਸ਼ਮਾ ਦੀਵੇ ਨਿੱਕੇ ਨਿੱਕੇ ਬੈਠਾ ਬਾਲ, ਉਤੇ ਆਪਣੀ ਕਰੇ ਰੁਸ਼ਨਾਈਆ । ਸਭ ਦੀ ਰਿਹਾ ਸੁਰਤ ਸੰਭਾਲ, ਨਾ ਕੋਈ ਚੇਤਨ ਨਾ ਕੋਈ ਚਤੁਰ, ਸੁਘੜ ਸਿਆਣਾ ਨਜ਼ਰ ਕੋਇ ਨਾ ਆਈਆ । ਜਦ ਤੱਕੇ ਤੇ ਨਿੱਕੇ ਨਿੱਕੇ ਬਾਲ, ਨੰਨ੍ਹੇ ਨੰਨ੍ਹੇ ਅਪਣੀਆਂ ਉਂਗਲੀਆਂ ਨਾਲ ਫਿਰਾਈਆ । ਜੇ ਵੇਖੇ ਉਹ ਮੰਗਦੇ ਦਿਸਣ ਦਾਨ, ਆਪਣੀ ਝੋਲੀ ਅਗੇ ਡਾਹੀਆ । ਜੇ ਕਿਰਪਾ ਕਰਾਂ ਹੋਵਾਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਚਰਨ ਪ੍ਰੀਤੀ ਬਖ਼ਸ਼ ਮਹਾਨ, ਸਾਚੀ ਰੀਤੀ ਦਿਆਂ ਸਮਝਾਈਆ । ਨਾਤਾ ਜੋੜ ਜਗਤ ਜਹਾਨ, ਜੀਵ ਆਤਮ ਬ੍ਰਹਮ ਪਾਰਬ੍ਰਹਮ ਨਾਲ ਮਿਲਾਈਆ । ਏਹੋ ਜੇਹਾ ਜੁਗ ਚੌਕੜੀ ਰਚਿਆ ਘਮਸਾਨ, ਜਿਸਦੀ ਆਰ ਪਾਰ ਸਮਝ ਕਿਸੇ ਨਾ ਪਾਈਆ । ਜਿਸ ਨੂੰ ਪੰਜ ਤਤ ਗੁਰੂ ਮੰਨਣ ਨਿਸ਼ਾਨ, ਤਿਸ ਨੂੰ ਅੰਤਮ ਸ਼ਮਸ਼ਾਨ ਭੂਮੀ ਦਿਤਾ ਸੁਹਾਈਆ । ਲੋਕਮਾਤ ਮੇਟ ਨਿਸ਼ਾਨ, ਉਸ ਦਾ ਨਿਸ਼ਾਨਾ ਅੱਖਰਾਂ ਨਾਲ ਕਾਗਤਾਂ ਉਤੇ ਜਣਾਈਆ । ਕਾਗਤ ਕਹਿਣ ਨਹੀਂ ਉਹ ਮਾਲਕ ਸ੍ਰੀ ਭਗਵਾਨ, ਜਿਸ ਸਭ ਦੀ ਬਣਤ ਬਣਾਈਆ । ਅਸੀਂ ਗਾਵਣ ਵਾਲੇ ਸ਼ੈਤਾਨ, ਸ਼ਰਅ ਵਿਚ ਲੜਾਈਆ । ਸਾਡਾ ਸਤਿਗੁਰ ਇਕ ਈਮਾਨ, ਗੋਬਿੰਦ ਵਸਲ ਕਰੇ ਕੁੜਮਾਈਆ । ਜਿਥੇ ਅਲਫ਼ ਯੇ ਲਿਆਵੇ ਨਾ ਕੋਇ ਤੂਫ਼ਾਨ, ਹਕ ਹਕੀਕਤ ਵਿਚ ਨਾ ਕੋਇ ਸਾਲਾਹੀਆ । ਰਸਨਾ ਦੇਵੇ ਨਾ ਕੋਈ ਪੈਗ਼ਾਮ, ਬੱਤੀ ਦੰਦ ਨਾ ਕੋਇ ਪੜ੍ਹਾਈਆ । ਦਰੋਹੀ ਉਥੇ ਦੇਵੇ ਨਾ ਕੋਇ ਇਲਜ਼ਾਮ, ਉਲਫ਼ਤ ਕਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੜਦਾ ਓਹਲਾ ਰਿਹਾ ਉਠਾਈਆ । ਗੋਬਿੰਦ ਵੇਖ ਜੋੜਾ ਘੋੜਾ,

ਹਰਿ ਕਰਤਾ ਆਪ ਜਣਾਈਆ । ਅਗਲਾ ਪਿਛਲਾ ਲੇਖਾ ਥੋੜਾ, ਬਹੁਤਾ ਹੋਰ ਵਧਾਈਆ । ਲਹਿਣਾ ਦੇਣਾ ਨੇੜ ਦੂਰਾ, ਦੂਈ ਸਾਰ ਕਿਸੇ ਨਾ
ਆਈਆ । ਸੱਸੇ ਉਪਰ ਲੱਗਾ ਹੋੜਾ, ਹੋਕਾ ਦਏ ਸੁਣਾਈਆ । ਪਤਿਪਰਮੇਸ਼ਵਰ ਅੱਗੇ ਚਲੇ ਨਾ ਕੋਈ ਜੋਰਾ, ਜੋਰੂ ਜ਼ੋਰ ਸਾਰੇ ਪਰੇ ਹਟਾਈਆ ।
ਕਿਰਪਾ ਕਰ ਕੇ ਸੁਤ ਦੁਲਾਰਾ ਸ਼ਬਦੀ ਪਰਗਟਾਇਆ ਬਾਂਕਾ ਛੋਹਰਾ, ਜਿਸ ਨੂੰ ਛੋਹਰੀ ਸਕੇ ਨਾ ਕੋਇ ਪਰਨਾਈਆ । ਜਿਸ ਦਾ ਕਿਸੇ ਨਾ ਗਾਇਆ
ਦੋਹਰਾ, ਸੋ ਦੋਹਰੀ ਧਾਰ ਚਲਾਈਆ । ਜੇ ਪਿਛੇ ਤਤ ਕਰਕੇ ਪਿਆ ਵਿਛੋੜਾ, ਸ਼ਬਦੀ ਹੋਵੇ ਨਾ ਕਦੇ ਜੁਦਾਈਆ । ਤੇਰਾ ਕਿਸੇ ਕੋਲੋਂ ਚੁਕਿਆ
ਜਾਏ ਨਾ ਮੋਹਰਾ, ਰਾਜਾ ਵਜ਼ੀਰ ਸਾਰੇ ਬੈਠੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਈਆ ।
ਗੋਬਿੰਦ ਵੇਖ ਉਠ ਆਪਣਾ ਚੋਲਾ, ਜ਼ਰੀ ਪੰਨਾ ਨਾਲ ਨਜ਼ਰੀ ਆਈਆ । ਜਿਸ ਦੇ ਅੰਦਰ ਮੇਰਾ ਓਹਲਾ, ਨੇਤਰ ਨੈਣ ਅੱਖ ਨਾ ਕੋਇ ਮਿਲਾਈਆ ।
ਜਿਸ ਦੇ ਪਰੇ ਧੁਰ ਦਾ ਢੋਲਾ, ਸੱਚਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਸਮਝਾਈਆ ।
ਗੋਬਿੰਦ ਲੈ ਆਪਣਾ ਮਣਕਾ, ਮਣਕਾ ਤੇਰੇ ਹੱਥ ਫੜਾਈਆ । ਇਹ ਸ਼ਿੰਗਾਰ ਓਸ ਤਨ ਦਾ, ਜਿਸ ਦਾ ਤਨ ਪੰਜ ਤਤ ਨਾ ਕੋਇ ਸਮਝਾਈਆ ।
ਪੁਰਖ ਅਕਾਲ ਜਿਸ ਦਾ ਪਿਤਾ ਬਣਦਾ, ਉਸੇ ਦੀ ਝੋਲੀ ਪਾਈਆ । ਜਿਸ ਨੂੰ ਜੁਗ ਚੌਕੜੀ ਕੋਈ ਨਾ ਭੰਨਦਾ, ਨਾ ਕੋਈ ਮੇਟੇ ਮੇਟ ਮਿਟਾਈਆ ।
ਜਗਤ ਜਹਾਨ ਖੇਲ ਨਾਬੀਨਾ ਅੰਨ੍ਹ ਦਾ, ਬਲਾਈਂਡ ਰੂਪ ਨਜ਼ਰੀ ਆਈਆ । ਏਹ ਨੂਰ ਮੇਰੇ ਚੰਨ ਦਾ, ਬਿਨ ਚੰਨੋਂ ਕਰੇ ਰੁਸ਼ਨਾਈਆ । ਜੋ
ਮੇਰਾ ਪ੍ਰੇਮ ਪਿਆਰ ਬੇੜਾ ਬੰਨ੍ਹਦਾ, ਸੋਹਣੀ ਸੇਵ ਕਮਾਈਆ । ਉਹਦੇ ਕੋਲ ਢੋਲਾ ਸਬਰ ਸੰਤੋਖ ਧੰਨ ਧੰਨ ਧੰਨ ਦਾ, ਚਿੰਤਾ ਗ਼ਮੀ ਨਾ ਕੋਇ ਰਖਾਈਆ ।
ਮੈਂ ਏਸੇ ਕਾਰਨ ਓਸ ਦੀ ਮੰਨਦਾ, ਬਿਨ ਮਿੰਨਤਾਂ ਹੋਵਾਂ ਸਹਾਈਆ । ਏਹ ਲੇਖਾ ਨਹੀਂ ਰਾਤ ਦਿਨ ਦਾ, ਜੁਗਾਂ ਜੁਗਾਂ ਦੀ ਹੋਈ ਕੁੜਮਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਰੇਖਾ ਰਿਹਾ ਬਦਲਾਈਆ । ਗੋਬਿੰਦ ਲੈ ਆਪਣੀ ਦਸਤਾਰ, ਤੇਰੇ ਵਲ ਧਿਆਨ
ਲਗਾਈਆ । ਏਹ ਸੁਨੇਹੜਾ ਦੇਵੇ ਅਗੰਮੀ ਯਾਰ, ਯਾਰੜੇ ਰਹੀ ਸਮਝਾਈਆ । ਤੇਰਾ ਨਿਤ ਨਵਿਤ ਅਗੰਮੜਾ ਵਿਹਾਰ, ਬਿਵਹਾਰੀ ਸਮਝ ਕੋਇ
ਨਾ ਪਾਈਆ । ਤੇਰਾ ਓਸ ਨਾਲ ਪਿਆਰ, ਜਿਸ ਦਾ ਪਿਆਰ ਨਜ਼ਰਾਂ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੋਬਿੰਦ ਵੇਖ ਉਠ ਆਪਣਾ ਪਾਜਾਮਾ, ਜੋ ਪੰਜਿਆਂ ਉਤੋਂ ਦਿਤਾ ਚੜ੍ਹਾਈਆ । ਉਹ ਹੋਇਆ ਚਤੁਰ
ਸੁਘੜ ਸੁਜਾਨਾ, ਸੋਹਣਾ ਹਾਲ ਸਮਝਾਈਆ । ਤੂੰ ਬਦਲ ਕੇ ਆਇਆ ਬਾਣਾ, ਬਾਣ ਨਿਰਾਲਾ ਤੀਰ ਹੱਥ ਉਠਾਈਆ । ਤੇਰੇ ਚਰਨ ਛੋਹ ਕੇ
ਮੈਨੂੰ ਲੱਭਿਆ ਸਚ ਟਿਕਾਣਾ, ਜਿਥੇ ਕੋਈ ਟਿਕ ਸਕੇ ਨਾ ਰਾਈਆ । ਮੈਂ ਸੁਣ ਕੇ ਸੱਚਾ ਗਾਣਾ, ਆਪਣੀ ਖ਼ੁਸ਼ੀ ਮਨਾਈਆ । ਕਿਰਪਾ ਕਰੇ
ਸ੍ਰੀ ਭਗਵਾਨਾ, ਭਾਗ ਮੇਰਾ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਸਹਿਜ ਸੁਖਦਾਈਆ ।
ਗੋਬਿੰਦ ਵੇਖ ਆਪਣੀ ਦ੍ਰਿਸ਼ਟੀ, ਦਹਿ ਦਿਸ਼ਾ ਹਰਿ ਜਣਾਇੰਦਾ । ਜਗਤ ਕੁੜਾਵੀ ਹੋਈ ਸ੍ਰਿਸ਼ਟੀ, ਸ੍ਰੇਸ਼ਟ ਰੂਪ ਨਾ ਕੋਇ ਜਣਾਇੰਦਾ । ਫਿਰੀ
ਦਰੋਹੀ ਦੋਜ਼ਖ਼ ਬਹਿਸ਼ਤੀ, ਨਰਕ ਸਵਰਗ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਲੋਚਣ ਸਰਬ
ਵਖਾਇੰਦਾ । ਗੋਬਿੰਦ ਵੇਖ ਚਾਰ ਵਰਨ, ਵਾਰਤਾ ਰਹੇ ਜਣਾਈਆ । ਸਤਿ ਮਿਲੇ ਨਾ ਕਿਸੇ ਸਰਨ, ਸਿਰ ਹੱਥ ਨਾ ਕੋਇ ਟਿਕਾਈਆ । ਡੂੰਘੀ

ਭਵਰੀ ਸਾਰੇ ਫਿਰਨ, ਭੱਜਣ ਵਾਹੋ ਦਾਹੀਆ । ਜਗਤ ਸਾਗਰ ਕੋਈ ਨਾ ਤਰਨ, ਨਈਆ ਨਾਮ ਨਾ ਕੋਇ ਚੜ੍ਹਾਈਆ । ਅੰਧ ਅੰਧੇਰੇ ਅੰਤਰ ਡਰਨ, ਭੈ ਭੌ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਗੋਬਿੰਦ ਵੇਖ ਜੀਵ ਜਹਾਨ, ਜਗਤ ਧਿਆਨ ਲਗਾਈਆ । ਸਾਰੇ ਹੋਏ ਬੇਪਛਾਣ, ਸਤਿਗੁਰ ਦਰਸ ਕੋਇ ਨਾ ਪਾਈਆ । ਲੱਭਦੇ ਫਿਰਨ ਬੀਆਬਾਨ, ਬਨ ਖੋਜਣ ਥਾਈਂ ਥਾਈਂਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਏ ਹੈਰਾਨ, ਗੁਰਦਵਾਰ ਨਿਸ਼ਾਨ ਨਾ ਕੋਇ ਸਮਝਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕੀਤੇ ਬੇਈਮਾਨ, ਲੋਭ ਮੋਹ ਕਰੇ ਲੜਾਈਆ । ਕਾਇਆ ਤਤ ਉਪਜਿਆ ਸ਼ੈਤਾਨ, ਸ਼ਰਅ ਸਚ ਨਾ ਕੋਇ ਸਮਝਾਈਆ । ਸਾਬਤ ਰਿਹਾ ਨਾ ਕੋਈ ਈਮਾਨ, ਧਰਮੀ ਧਰਮ ਨਾ ਕੋਇ ਕਮਾਈਆ । ਵੇਖ ਨੇਤਰ ਰੋਂਦੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਦਏ ਦੁਹਾਈਆ । ਲੱਖ ਚੁਰਾਸੀ ਵਿਚੋਂ ਕਵਣ ਹੋਇਆ ਪਰਵਾਨ, ਪਰਵਾਨਾ ਆਪਣਾ ਦਏ ਵਖਾਈਆ । ਅੰਤਮ ਲੇਖਾ ਚੁੱਕਣਾ ਜ਼ਿਮੀਂ ਅਸਮਾਨ, ਜ਼ਾਮਨ ਹੋ ਨਾ ਕੋਇ ਛੁਡਾਈਆ । ਪੁਰਖ ਅਕਾਲ ਕਹੇ ਆਹ ਵੇਖ ਆਪਣਾ ਬਿਆਨ, ਜੋ ਮਾਛੀਵਾੜੇ ਦਿਤਾ ਲਿਖਾਈਆ । ਮੈਂ ਉਹੋ ਇਕੋ ਅਮਾਮ, ਜਿਸ ਦਾ ਅਮਲ ਕਰੇ ਲੋਕਾਈਆ । ਜਿਸ ਦੇ ਪਿਛੇ ਹੋਇਉਂ ਕੁਰਬਾਨ, ਭੇਟਾ ਪੂਤ ਚੜ੍ਹਾਈਆ । ਜਿਸ ਦਾ ਵੇਖਦਾ ਰਿਹੋਂ ਨਿਸ਼ਾਨ, ਦੋ ਜਹਾਨਾਂ ਨਜ਼ਰੀ ਆਈਆ । ਜਿਸ ਦਾ ਰੱਖਦਾ ਰਿਹੋਂ ਮਾਣ, ਅਭਿਮਾਨ ਦਿਤਾ ਮਿਟਾਈਆ । ਉਹ ਤੇਰੀ ਕਰ ਪਹਿਚਾਨ, ਲੱਖ ਚੁਰਾਸੀ ਵਿਚੋਂ ਆਪਣੇ ਨਾਲ ਰਲਾਈਆ । ਤੂੰ ਉਸ ਦਾ ਬੱਚਾ ਸੋਹਣਾ ਇਕ ਨਿਧਾਨ, ਨੌਜਵਾਨ ਸੋਭਾ ਪਾਈਆ । ਜਿਸ ਦਾ ਮੰਦਰ ਸਚ ਮਕਾਨ, ਮਹਿਬੂਬ ਰਿਹਾ ਸੁਹਾਈਆ । ਤੂੰ ਹੋਣਾ ਨਾ ਅੰਤ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਸਮਝਾਈਆ । ਗੋਬਿੰਦ ਵੇਖ ਖੁਲ੍ਹੀ ਖਿੜਕੀ, ਦੋ ਜਹਾਨਾਂ ਰਿਹਾ ਜਣਾਈਆ । ਲੱਖ ਚੁਰਾਸੀ ਵਿਚੋਂ ਕਿਸ ਦੀ ਬਿਰਤੀ, ਪਤਿਪਰਮੇਸ਼ਵਰ ਨਾਲ ਲਗਾਈਆ । ਮੈਂ ਕਿਸੇ ਹੱਥ ਨਾ ਆਵਾਂ ਸੁਰਤੀ ਨਿਰਤੀ, ਬਿਨ ਸਤਿਗੁਰ ਮੇਲ ਨਾ ਕੋਇ ਮਿਲਾਈਆ । ਬੱਚਿਆ ਤੈਨੂੰ ਦੱਸੀ ਆਪਣੀ ਫੁਰਤੀ, ਬਾਕੀ ਸਮਝ ਕੋਇ ਨਾ ਪਾਈਆ । ਤੇਰੇ ਨਾਲ ਮੇਰੀ ਸਾਂਝੀ ਬੁਰਕੀ, ਏਹੋ ਹਿੱਸਾ ਦਿਤਾ ਵੰਡਾਈਆ । ਮੇਰੀ ਗੁਰ ਅਵਤਾਰ ਪੀਰ ਪੈਗ਼ੰਬਰ ਝੱਲੀ ਕਿਸੇ ਨਾ ਘੁਰਕੀ, ਵੇਖ ਚਰਨਾਂ ਹੇਠਾਂ ਬੈਠੇ ਡੇਰਾ ਲਾਈਆ । ਤੇਰੀ ਧਾਰ ਸ਼ਬਦ ਦੋ ਜਹਾਨ ਫਿਰਦੀ ਤੁਰਦੀ, ਭੱਜੇ ਵਾਹੋ ਦਾਹੀਆ । ਉਹ ਜੀਂਵਦਿਆਂ ਵਿਚ ਕਦੇ ਨਾ ਹੋਈ ਮੁਰਦੀ, ਮੁਰਦਿਆਂ ਵਿਚੋਂ ਜ਼ਿੰਦੇ ਰਹੀ ਬਣਾਈਆ । ਉਹ ਆਪਣੇ ਖੇਲ ਕਰਨੋਂ ਕਦੇ ਨਾ ਮੁੜਦੀ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਰਿਹਾ ਸਮਝਾਈਆ । ਗੋਬਿੰਦ ਵੇਖ ਖੁਲ੍ਹੀ ਤਾਕੀ, ਤਾਕਤਵਰ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੀ ਨਾ ਕੋਈ ਬਾਕੀ, ਬਾਕੀ ਨਵੀਸ ਆਪ ਹਿਸਾਬ ਵਖਾਇੰਦਾ । ਤੇਰੀ ਲਾ ਕੇ ਆਪਣੇ ਨਾਲ ਛਾਤੀ, ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੇ ਚਰਨਾਂ ਹੇਠ ਦਬਾਇੰਦਾ । ਮੈਨੂੰ ਅਜੇ ਉਹ ਯਾਦ ਪਾਤੀ, ਜੋ ਸੂਲਾਂ ਸੱਥਰ ਸਚ ਸੁਣਾਇੰਦਾ । ਬੇਸ਼ਕ ਓਦੋਂ ਤੂੰ ਪੰਜ ਤਤ ਖ਼ਾਕੀ, ਹੁਣ ਸ਼ਬਦੀ ਰੂਪ ਮੇਰਾ ਬੱਚਾ ਨਜ਼ਰੀ ਆਇੰਦਾ । ਅਗਲੀ ਪਿਛਲੀ ਮੁੱਕ ਗਈ ਵਾਟੀ, ਵਾਤਾਵਰਨ ਸਮਝ ਕਿਸੇ ਨਾ ਆਇੰਦਾ । ਮੈਂ ਵਣਜਾਰਾ ਤੂੰ ਮੇਰੀ ਹਾਟੀ, ਮੇਰਾ ਸੌਦਾ ਤੇਰੀ ਦੁਕਾਨ ਅੰਦਰ ਸੋਭਾ ਪਾਇੰਦਾ । ਤੂੰ ਮੇਰਾ ਦੀਪਕ ਮੈਂ ਤੇਰੀ ਬਾਤੀ, ਤੁਧ ਬਿਨ ਮੇਰੀ ਜੋਤ ਜਗਤ ਨਾ ਕੋਇ ਜਗਾਇੰਦਾ । ਮੈਂ

ਤੇਰਾ ਪਰਮ ਪੁਰਖ ਪ੍ਰਭ ਕਮਲਾਪਾਤੀ, ਤੂੰ ਧੁਰ ਦਾ ਸਾਥੀ, ਆਪਣੀ ਉਂਗਲੀ ਨਾਲ ਫਿਰਾਇੰਦਾ । ਤੇਰੇ ਅੱਗੇ ਰਹੇ ਨਾ ਕੋਇ ਆਕੀ, ਤੇਰੀ ਪਿਛਲੀ ਸਾਖੀ ਸਾਖਿਆਤ ਸਰਬ ਦ੍ਰਿੜਾਇੰਦਾ । ਤੇਰੇ ਪਿਛੇ ਚੜ੍ਹ ਕੇ ਮੰਜ਼ਲ ਘਾਟੀ, ਤੇਰੇ ਅੰਦਰ ਡੇਰਾ ਲਾਇੰਦਾ । ਮੈਨੂੰ ਕਟਣੀ ਪਏ ਨਾ ਵਾਟੀ, ਦੂਰ ਦੁਰਾਡਾ ਆਪਣੀ ਮੰਜ਼ਲ ਪੰਧ ਮੁਕਾਇੰਦਾ । ਤੂੰ ਮੰਨਣੀ ਮੇਰੀ ਆਖੀ, ਆਖ਼ਰ ਤੇਰਾ ਰੰਗ ਰੰਗਾਇੰਦਾ । ਕਰਾਂ ਖੇਲ ਬਹੁ ਬਿਧ ਭਾਂਤੀ, ਭੇਵ ਅਭੇਦਾ ਤੇਰੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਗੋਬਿੰਦ ਵੇਖ ਅਜਬ ਨਜ਼ਾਰਾ, ਬੇਨਜ਼ੀਰ ਰਿਹਾ ਵਖਾਈਆ । ਜਗਤ ਜਹਾਨ ਦਾ ਅੰਤ ਕਿਨਾਰਾ, ਨਵ ਨੌ ਆਪ ਸਮਝਾਈਆ । ਕਿਸੇ ਨਾ ਦਿਸੇ ਕੋਈ ਸਹਾਰਾ, ਲੱਖ ਚੁਰਾਸੀ ਦਏ ਦੁਹਾਈਆ । ਮਿਲੇ ਨਾ ਮਿਤਰ ਮੀਤ ਮੁਰਾਰਾ, ਗੋਦੀ ਗੋਦ ਨਾ ਕੋਇ ਬਿਠਾਈਆ । ਸਾਚੀ ਮੰਜ਼ਲ ਕੋਈ ਨਾ ਚਾੜ੍ਹਾ, ਪਿਛਲਾ ਪੰਧ ਨਾ ਕੋਇ ਚੁਕਾਈਆ । ਹੱਕ ਲਾਏ ਨਾ ਕੋਈ ਨਾਅਰਾ, ਹਕੂਕ ਝੋਲੀ ਕੋਈ ਨਾ ਪਾਈਆ । ਸਾਚਾ ਬਣੇ ਨਾ ਕੋਈ ਬਰਖ਼ੁਰਦਾਰਾ, ਬਰਖ਼ਲਾਫ਼ ਹੋਈ ਲੋਕਾਈਆ । ਸਚ ਨੱਦ ਸੁਣੇ ਨਾ ਕੋਈ ਨਗਾਰਾ, ਨੌਬਤ ਕਰੇ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤਮ ਰਿਹਾ ਜਣਾਈਆ । ਗੋਬਿੰਦ ਵੇਖ ਉਹ ਕਿਤਾਬ, ਜਿਹੜੀ ਬਿਨ ਅੱਖਰਾਂ ਪ੍ਰਭੂ ਬਣਾਈਆ । ਜਿਸ ਦੇ ਵਿਚ ਆਦਿ ਜੁਗਾਦੀ ਹਿਸਾਬ, ਮਧ ਬੈਠਾ ਬੰਦ ਕਰਾਈਆ । ਉਸ ਦੇ ਪਿਛੇ ਸਾਰੇ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਪੀਰ ਪੈਗ਼ੰਬਰੋ ਤੁਹਾਡੀ ਕੋਈ ਨਾ ਸੁਣੇ ਆਵਾਜ਼, ਲੋਕਮਾਤ ਜੀਵ ਜੰਤ ਹੋਇਆ ਹਲਕਾਈਆ । ਥੋੜੇ ਥੋੜੇ ਸਮੇਂ ਵਾਸਤੇ ਦੇ ਕੇ ਖ਼ਿਤਾਬ, ਨਿੱਕੇ ਨਿੱਕੇ ਖ਼ਤ ਖ਼ਤੂਤ ਤੁਹਾਥੋਂ ਦਿਤੇ ਲਿਖਾਈਆ । ਕੋਈ ਰੱਖ ਕੇ ਆਇਆ ਵਿਚ ਮਹਿਰਾਬ, ਕੋਈ ਪੀਹੜਿਆਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਚੁਕਾਈਆ । ਗੋਬਿੰਦ ਵੇਖ ਜਗਤ ਤਸਵੀਰ, ਪਰਵਰਦਿਗਾਰ ਆਪ ਦਰਸਾਈਆ । ਸਾਚਾ ਦਿਸੇ ਨਾ ਕੋਈ ਮਸ਼ੀਰ, ਸਾਚੀ ਮਸ਼ਕ ਨਾ ਕੋਇ ਕਮਾਈਆ । ਦਸਤ ਫੜੇ ਨਾ ਕੋਈ ਦਸਤਗੀਰ, ਦਸਤਯਾਬ ਨਜ਼ਰ ਕੋਇ ਨਾ ਆਈਆ । ਜੋ ਲੇਖਾ ਲਿਖਿਆ ਸ਼ਾਹੀ ਨਾਲ ਮਾਰ ਲਕੀਰ, ਪੀਰ ਫ਼ਕੀਰ ਓਸੇ ਦਾ ਜਸ ਗਾਈਆ । ਸਮਝੇ ਖੇਲ ਨਾ ਕੋਇ ਬੇਨਜ਼ੀਰ, ਤਕਦੀਰ ਤਦਬੀਰ ਨਾ ਕੋਇ ਦ੍ਰਿੜਾਈਆ । ਸੱਯਦਿਆਂ ਵੁਜ਼ੂਆਂ ਨਿਮਾਜ਼ਾਂ ਪੜ੍ਹਦਿਆਂ ਲੱਗੀ ਭੀੜ, ਭੀੜਾ ਰਾਹ ਨਾ ਕੋਈ ਪਾਰ ਲੰਘਾਈਆ । ਜਿਨ੍ਹਾਂ ਸਿਰ ਤੇ ਚੁੱਕੀ ਬੀੜ, ਬੇੜਾ ਆਪਣਾ ਰਹੇ ਡੁਬਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਵੰਡੇ ਪੀੜ, ਦਰਦੀ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਪ੍ਰਭੂ ਆ ਫੜ ਆਪਣੇ ਬਸਤਰ ਚੀਰ, ਜੋੜਾ ਘੋੜਾ ਤੇਰੀ ਭੇਟ ਚੜ੍ਹਾਈਆ । ਚਿੱਲਾ ਕਮਾਨ ਤਰਕਸ਼ ਤੁਰੰਗ ਨਾ ਕੋਇ ਤੀਰ, ਖੜਗ ਖੰਡਾ ਨਾ ਕੋਇ ਵਡਿਆਈਆ । ਪਰ੍ਹਾਂ ਸੁੱਟੀ ਜਗਤ ਸ਼ਮਸ਼ੀਰ, ਲੁਹਾਰ ਤਰਖਾਣ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਕਹੇ ਗੋਬਿੰਦ ਉਹ ਵੇਖ ਆਪਣੇ ਸਿੱਖ, ਜਿਨ੍ਹਾਂ ਸਿਖਿਆ ਆਪ ਸਮਝਾਈਆ । ਉਹ ਬਿਨਾ ਤੇਰੇ ਹੋਰ ਕਿਸੇ ਨਾ ਪਏ ਦਿਸ, ਜਗਤ ਜਹਾਨ ਸਮਝ ਕੋਇ ਨਾ ਪਾਈਆ । ਗੋਬਿੰਦ ਓਸੇ ਵੇਲੇ ਕੱਢ ਕੇ ਵਖਾਏ ਆਪਣੀ ਚਿਟ, ਜੋ ਚਿੱਠੀ ਪ੍ਰਭੂ ਦਿਤੀ ਲਖਾਈਆ । ਇਹ ਮੇਰੇ ਗੁਰਮੁਖ ਉਹ ਅਨਡਿਠ, ਜਿਨ੍ਹਾਂ ਜਗਤ ਨਾਲ ਨਾ ਨਜ਼ਰ ਮਿਲਾਈਆ । ਜਿਨ੍ਹਾਂ ਨੂੰ ਮਰਦਿਆਂ ਮਾਵਾਂ ਨਾ ਲੈਣ ਪਿਟ, ਭੈਣਾਂ ਨਾ ਦੇਣ ਦੁਹਾਈਆ । ਜਿਨ੍ਹਾਂ ਦੀ ਦਸਮ ਦਵਾਰੇ


੩੬੭
੧੭

ਨਾ ਲੱਗੇ ਪਿਠ, ਸਚਖੰਡ ਜਾਵਣ ਚਾਈਂ ਚਾਈਂਆ । ਉਹਨਾਂ ਦੇ ਮੰਜ਼ਲ ਮੰਦਰ ਦਵਾਰੇ ਆਪ ਲਗਾਈ ਇੱਟ, ਇੱਟ ਸਭ ਦੀ ਦਿਤੀ ਉਖੜਾਈਆ । ਗੋਬਿੰਦ ਤੇਰਾ ਸੀਰ ਕਦੇ ਨਾ ਜਾਵੇ ਫਿਟ, ਨੀਰ ਅੰਮ੍ਰਿਤ ਰੂਪ ਵਟਾਈਆ । ਮੈਂ ਹੋ ਕੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਿਤਾ ਕਰਾਈਆ । ਸਿਧਾ ਆ ਕੇ ਵੇਖ ਆਪਣੀ ਰੁਤ, ਫੁਲ ਫੁਲਵਾੜੀ ਆਪ ਮਹਿਕਾਈਆ । ਤੈਨੂੰ ਬਣਾ ਕੇ ਆਪਣਾ ਪੁਤ, ਆਪਣੇ ਪੋਤਰੇ ਤੇਰੀ ਗੋਦ ਦਿਤੇ ਬਿਠਾਈਆ । ਵੇਖੀਂ ਅੱਗੇ ਇਹਨਾਂ ਨਾਲ ਰਹੀ ਨਾ ਚੁਪ, ਰਾਤੀਂ ਸੁਤਿਆਂ ਘਰ ਘਰ ਦਰਸ ਦਿਖਾਈਆ । ਕਲਜੁਗ ਵੇਖ ਅੰਧੇਰਾ ਘੁਪ, ਥੋੜੇ ਵਿਚੋਂ ਲਏ ਉਠਾਈਆ । ਫੜ ਬਾਹੋਂ ਗੋਦੀ ਲੈਣਾ ਚੁੱਕ, ਛਾਤੀ ਸੀਨੇ ਨਾਲ ਛੁਹਾਈਆ । ਇਹਨਾਂ ਦਾ ਮਾਤਲੋਕ ਦਾ ਪੈਂਡਾ ਜਾਏ ਮੁੱਕ, ਜਨਮ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸੋਹਣਾ ਸੰਗ ਨਿਭਾਈਆ । ਗੋਬਿੰਦ ਕਹੇ ਮੇਰੇ ਭਗਵੰਤ, ਵਾਹ ਵਾਹ ਤੇਰੀ ਵਡਿਆਈਆ । ਇਹ ਗੁਰਸਿਖ ਗੁਰਮੁਖ ਧੁਰ ਦੇ ਸੰਤ, ਜਿਨ੍ਹਾਂ ਸਤਿਆ ਤੇਰੇ ਨਾਲ ਮਿਲਾਈਆ । ਤੂੰ ਅਬਿਨਾਸ਼ੀ ਕਰਤਾ ਬਣਿਆ ਕੰਤ, ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਮੈਂ ਦਰ ਦਰਵੇਸ਼ ਬਣ ਕੇ ਮੰਗਤ, ਇਨ੍ਹਾਂ ਝੋਲੀ ਦਿਆਂ ਭਰਾਈਆ । ਭਰ ਕੇ ਝੋਲੀ ਕਿਹਾ ਇਹ ਤੇਰੀ ਸੰਗਤ, ਹਰਿ ਜੂ ਆਪ ਬਣਾਈਆ । ਨਾਤਾ ਤੋੜ ਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਰੂਪ ਬਣਾ ਕੇ ਇਕ ਅਖੰਡਤ, ਅਖੰਡ ਤੇਰੇ ਵਿਚ ਸਮਾਈਆ । ਤੇਰਾ ਬੋਧ ਅਗਾਧਾ ਨਾਮ ਜਣਾਵਾਂ ਬਣਕੇ ਪੰਡਤ, ਬ੍ਰਾਹਮਣ ਕਰੇ ਨਾ ਕੋਇ ਪੜ੍ਹਾਈਆ । ਚਰਨਾਂ ਹੇਠ ਦਬਾ ਕੇ ਬਹਿਸ਼ਤ ਜੰਨਤ, ਸਵਰਗ ਠੇਡਿਆਂ ਨਾਲ ਪਰੇ ਹਟਾਈਆ । ਸੇਵਾ ਕਰਕੇ ਤੇਰੇ ਨਾਲ ਮਿਲਾਵਾ ਅੰਤ, ਜੁਗਾ ਜੁਗੰਤ ਨਾ ਹੋਏ ਜੁਦਾਈਆ । ਇਹੋ ਸ਼ਬਦ ਉਹ ਧੁਰ ਦਾ ਮੰਤਰ ਮੰਤ, ਜੋ ਅੰਤਰ ਆਪ ਦਿਤਾ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸ਼ਰਨਾਈਆ । ਗੋਬਿੰਦ ਵੇਖ ਆਪਣੇ ਦੁਲਾਰੇ, ਦੂਲ੍ਹੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਗ੍ਰਿਹਿ ਵਜਦੇ ਪ੍ਰੇਮ ਨਗਾਰੇ, ਤੁਰੀਆ ਮੁਖ ਸ਼ਰਮਾਈਆ । ਰਾਤੀਂ ਸੁਤਿਆਂ ਤੱਕਣ ਨਜ਼ਾਰੇ, ਦਿਨੇ ਜਾਗਦਿਆਂ ਖ਼ੁਸ਼ੀ ਵਖਾਈਆ । ਤੂੰ ਮੇਰਾ ਮੈਂ ਤੇਰਾ ਲਾਉਣ ਜੈਕਾਰੇ, ਸੋਹੰ ਢੋਲਾ ਰਹੇ ਸੁਣਾਈਆ । ਮਾਨਸ ਜਨਮ ਜਿਤ ਅੰਤ ਨਾ ਹਾਰੇ, ਹਰਿ ਕੀ ਪੌੜੀ ਚੜ੍ਹਨ ਚਾਈਂ ਚਾਈਂਆ । ਮੰਜ਼ਲ ਵੇਖਣ ਸਚ ਮਨਾਰੇ, ਪਰਵਰਦਿਗਾਰੇ ਦਰਸ਼ਨ ਪਾਈਆ । ਨਿਰਮਲ ਜੋਤ ਜੋਤ ਚਮਤਕਾਰੇ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਪੰਜ ਤਤ ਨਾ ਕੋਇ ਵਿਹਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਵਾਹ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਤੂੰ ਸਿੱਖਾਂ ਦਾ ਬਖ਼ਸ਼ ਕੇ ਮੈਨੂੰ ਦਾਨ, ਵੱਡਾ ਦਾਤਾ ਦਿਤਾ ਬਣਾਈਆ । ਇਹ ਮੇਰਾ ਜਗਤ ਨਿਸ਼ਾਨ, ਨਿਸ਼ਾਨਾ ਤੇਰਾ ਰਹੇ ਝੁਲਾਈਆ । ਇਨ੍ਹਾਂ ਅੰਦਰ ਮੇਰਾ ਈਮਾਨ, ਜੋ ਸਿਦਕ ਰਿਹਾ ਨਿਭਾਈਆ । ਇਹ ਛੱਡ ਕੇ ਨਾਤਾ ਜਗਤ ਜਹਾਨ, ਬੈਠੇ ਤੇਰੀ ਓਟ ਤਕਾਈਆ । ਅੰਤਮ ਆ ਗਏ ਵਿਚ ਮੈਦਾਨ, ਲੋਕ ਲਾਜ ਪਰੇ ਹਟਾਈਆ । ਸ਼ਰਅ ਮਜ਼੍ਹਬ ਨੇੜ ਨਾ ਆਏ ਸ਼ੈਤਾਨ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਇਕੋ ਮੰਨਣ ਸ੍ਰੀ ਭਗਵਾਨ, ਸੋ ਗੋਬਿੰਦ ਮੇਲਾ ਸਹਿਜ ਸੁਭਾਈਆ । ਸੋ ਸੱਚੇ ਦਰ ਹੋਏ ਪਰਵਾਨ, ਜਿਨ੍ਹਾਂ ਪਰਵਾਨਾ ਦਿਤਾ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੀ ਸਚ ਸਰਨਾਈਆ । ਗੋਬਿੰਦ ਕਹੇ ਮੈਂ ਵੇਖੇ ਬਾਲੇ, ਗੁਰਮੁਖ ਰੂਪ ਵਟਾਈਆ । ਜਿਨ੍ਹਾਂ ਦੀ ਕਰੇ ਆਪ ਪ੍ਰਿਤਪਾਲੇ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਮੈਂ ਵਸਾਵਾਂ

ਉਸ ਸੱਚੀ ਧਰਮਸਾਲੇ, ਜਿਸ ਦਾ ਦਰਵਾਜ਼ਾ ਬਿਨਾਂ ਮੇਰੇ ਨਾ ਕੋਇ ਖੁਲ੍ਹਾਈਆ । ਉਥੇ ਦੀਪਕ ਜਗੇ ਬੇਮਿਸਾਲੇ, ਅੱਠੇ ਪਹਿਰ ਹੋਵੇ ਰੁਸ਼ਨਾਈਆ । ਖ਼ੁਸ਼ੀਆਂ ਮਾਨਣ ਸ਼ਾਹ ਕੰਗਾਲੇ, ਊਚ ਨੀਚ ਵੱਜੇ ਵਧਾਈਆ । ਜਿਧਰ ਵੇਖਣ ਚਲਾਂ ਨਾਲੇ, ਵਿਛੋੜਾ ਕੋਇ ਰਹਿਣ ਨਾ ਪਾਈਆ । ਗੁਰਸਿਖ ਮੈਨੂੰ ਬਾਹਰ ਕੋਈ ਨਾ ਭਾਲੇ, ਮੈਂ ਘਰ ਸੁਤਿਆਂ ਲਵਾਂ ਉਠਾਈਆ । ਮੇਰੀ ਤੁਹਾਡੇ ਅੰਦਰ ਪ੍ਰੇਮ ਦੀ ਬਣ ਗਈ ਮਾਲੇ, ਮਨ ਕਾ ਮਣਕਾ ਦਿਆਂ ਭਵਾਈਆ । ਜਿਹੜੇ ਢੋਲਕ ਛੈਣਿਆਂ ਨਾਲ ਨਹੀਂ ਵੱਜਣੇ ਤਾਲੇ, ਉਹ ਤਾਲ ਦਿਆਂ ਸੁਣਾਈਆ । ਤੁਹਾਡੇ ਪਿਛੇ ਘਾਲ ਆਪਣੀ ਘਾਲੇ, ਤੁਹਾਡੀ ਪਿਛਲੀ ਕੀਤੀ ਘਾਲ ਲੇਖੇ ਲਾਈਆ । ਦਿਵਸ ਰੈਣ ਅੱਠੇ ਪਹਿਰ ਸ਼ਬਦ ਸਰੂਪ ਹੋਏ ਰਹਾਂ ਆਲੇ ਦੁਆਲੇ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਉਹ ਤ੍ਰੈ ਵਸਤੂ ਤੁਹਾਡੇ ਰੱਖੀਆਂ ਅੰਦਰ ਥਾਲੇ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਨਾਲ ਬਣਾਈਆ । ਗੋਬਿੰਦ ਕਹੇ ਮੇਰੇ ਉਹ ਪੁੱਤਰ, ਜੋ ਪਿਤਾ ਪੁਰਖ ਅਕਾਲ ਬਣਾਈਆ । ਜੋ ਨਿਰਗੁਣ ਧਾਰੋਂ ਆਏ ਉਤਰ, ਉੱਤਰ ਪੂਰਬ ਪੱਛਮ ਦੱਖਣ ਸੋਭਾ ਪਾਈਆ । ਮੈਂ ਉਨ੍ਹਾਂ ਤੋਂ ਕਿਸ ਬਿਧ ਜਾਵਾਂ ਮੁੱਕਰ, ਜੋ ਪਿਛੇ ਆਪਣਾ ਆਪ ਭੇਟ ਕਰਾਈਆ । ਉਹ ਮੈਨੂੰ ਵੇਖ ਕੇ ਕਰਨ ਸ਼ੁਕਰ, ਮੈਂ ਸ਼ੁਕਰਾਨਾ ਕਹਿ ਕੇ ਖ਼ੁਸ਼ੀ ਮਨਾਈਆ । ਪੁਰੀ ਅਨੰਦ ਛੱਡਿਆ ਜੇ ਭੁੱਖੇ ਰਹਿ ਕੇ ਪਿਛੇ ਟੁੱਕੜ, ਟੁਕੜੇ ਅੱਗੇ ਨਾ ਕੋਇ ਮੰਗਾਈਆ । ਵੇਖੋ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਤੁਹਾਨੂੰ ਝੁਕਣ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਖ਼ੁਸ਼ੀ ਖ਼ੁਸ਼ੀ ਰਹੇ ਜਸ ਗਾਈਆ । ਪਰਮ ਪੁਰਖ ਪਰਮਾਤਮ ਵੇਲੇ ਨਾਲ ਤੁਹਾਨੂੰ ਆਇਆ ਚੁੱਕਣ, ਸੋਹਣਾ ਵੇਸ ਵਟਾਈਆ । ਗੁਰਮੁਖ ਖੋਲ੍ਹ ਕੇ ਆਪਣੀ ਵੇਖੋ ਬੁਕਲ, ਅੰਦਰ ਬੈਠਾ ਬੇਪਰਵਾਹੀਆ । ਗੋਦੀ ਚੜ੍ਹ ਕੇ ਫੇਰ ਨਾ ਜਾਇਓ ਉਤਰ, ਜੋ ਹੇਠਲੇ ਉਤੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਗੋਬਿੰਦ ਕਹੇ ਮੈਂ ਵੇਖਾਂ ਲਾਲ, ਜਿਨ੍ਹਾਂ ਲਾਲਸਾ ਮੇਰੀ ਵਧਾਈਆ । ਜਿਨ੍ਹਾਂ ਦੇ ਪਿਛੇ ਨੀਹਾਂ ਹੇਠ ਦਬਾ ਕੇ ਬਾਲ, ਬਾਲੇ ਆਪਣੇ ਫੇਰ ਪਰਗਟਾਈਆ । ਜਿਨ੍ਹਾਂ ਪਿਛੇ ਹੋ ਕੇ ਕੰਗਾਲ, ਉਚ ਦਾ ਪੀਰ ਰੂਪ ਵਟਾਈਆ । ਜਿਨ੍ਹਾਂ ਪਿਛੇ ਚੁੱਕ ਕਮਾਨ, ਚਿਲਾ ਦਿਤਾ ਚੜ੍ਹਾਈਆ । ਜਿਨ੍ਹਾਂ ਪਿਛੇ ਕਰ ਕੇ ਕੌਲ ਸਾਚੀ ਇਮਾਨ, ਪਰਵਰਦਿਗਾਰ ਸੌਗੰਦ ਰਖਾਈਆ । ਉਹਨਾਂ ਵੇਖਾਂ ਫੇਰ ਆਣ, ਲੋਕਮਾਤ ਸੋਭਾ ਪਾਈਆ । ਸੂਰਬੀਰ ਨੌਜੁਆਨ, ਗੁਰਮੁਖ ਸੋਹਣੇ ਸੰਗ ਰਖਾਈਆ । ਵਿਚ ਵਿਚੋਲਾ ਸ੍ਰੀ ਭਗਵਾਨ, ਧੁਰ ਦਾ ਗੋਲਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਰਿਹਾ ਮਿਲਾਈਆ । ਗੋਬਿੰਦ ਕਹੇ ਮੈਂ ਵੇਖਿਆ ਹੁੰਦਾ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਪਹਿਲੋਂ ਬਣ ਕੇ ਮੇਰਾ ਬਾਪ, ਫੇਰ ਮੈਨੂੰ ਗੁਰਸਿਖ ਦਾ ਬਾਪੂ ਦਿਤਾ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਸੋਹੰ ਢੋਲਾ ਦਿਤਾ ਸੁਣਾਈਆ । ਦੋ ਜਹਾਨ ਰਹੇ ਕਾਂਪ, ਥਰਥਰਾਹਟ ਸਰਬ ਲੋਕਾਈਆ । ਰਸੂਲ ਦਿਸੇ ਨਾ ਕੋਇ ਪਾਕ, ਪਤਤ ਪੁਨੀਤ ਦੋਵੇਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਜਣਾਈਆ । ਗੋਬਿੰਦ ਕਹੇ ਗੁਰਮੁਖ ਸੋਹਣੇ, ਸੋਹਣੀ ਬਣਤ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਮੋਹਣੇ, ਚੰਮ ਦ੍ਰਿਸ਼ਟੀ ਕੰਮ ਕਿਸੇ ਨਾ ਆਈਆ । ਜੋ ਆਤਮ ਸੇਜਾ ਸੌਣੇ, ਜਗਤ ਖਾਟ ਨਾ ਕੋਇ ਵਡਿਆਈਆ । ਜਿਨ੍ਹਾਂ ਧੁਰ ਦੇ ਢੋਲੇ ਗਾਉਣੇ, ਪਰਮ ਪੁਰਖ ਇਕ ਮਨਾਈਆ । ਉਨ੍ਹਾਂ ਦੇ ਖੇਲ ਸਦਾ ਅਨਹੋਣੇ, ਅਨਹੁੰਦੜੀ ਖੇਲ ਵਖਾਈਆ ।

੩੬੯ ੧੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਦੇਵੇ ਮਾਣ ਵਡਿਆਈਆ । ਗੁਰਸਿਖ ਕਹੇ ਮੈਂ ਵੇਖਿਆ ਗੁਰਸਿਖ ਚੰਗਾ, ਚੰਗਿਆਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦੇ ਚਰਨ ਧੋਵਣ ਆਏ ਗੰਗਾ, ਜਮਨਾ ਸੁਰਸਤੀ ਗੋਦਾਵਰੀ ਭੱਜੇ ਵਾਹੋ ਦਾਹੀਆ । ਪੀਰ ਪੈਗ਼ੰਬਰ ਦਰ ਤੇ ਆਏ ਨੰਗਾ, ਦਰ ਦਰਵੇਸ਼ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਮੰਗਾ, ਅਗੇ ਆਪਣੀ ਝੋਲੀ ਵਖਾਈਆ । ਰਵ ਸਸ ਸੀਸ ਨਿਵਾਉਂਦੇ ਸੂਰਜ ਚੰਦਾ, ਮੰਡਲ ਮੰਡਪ ਧਿਆਨ ਲਗਾਈਆ । ਸਾਰ ਕੀ ਜਾਣੇ ਖ਼ਾਕੀ ਬੰਦਾ, ਬੰਦਗੀ ਭੁੱਲ ਕੇ ਭੁਲਿਆ ਜਗਤ ਰਾਹੀਆ । ਜਿਨ੍ਹਾਂ ਮਿਲਿਆ ਸਾਹਿਬ ਬਖ਼ਸ਼ਿੰਦਾ, ਬਖ਼ਸ਼ਿਸ਼ ਆਪਣੀ ਦਿਤੀ ਕਰਾਈਆ । ਸੋ ਮੂਰਖ ਮੂੜ੍ਹਾ ਚਤੁਰ ਸੁਘੜ ਬਣਾਇਆ ਗੰਦਾ, ਦੁਰਮਤ ਮੈਲ ਧਵਾਈਆ । ਫੜ ਕੇ ਬਾਹੋਂ ਕਿਹਾ ਉਠ ਗੁਰਮੁਖ ਮੇਰੇ ਚੰਦਾ, ਤੇਰੀ ਚਾਂਦਨੀ ਸੋਹਣੀ ਕਰੇ ਰੁਸ਼ਨਾਈਆ । ਗੋਬਿੰਦ ਤੇਰੇ ਬਿਨਾ ਰੰਡਾ, ਸਾਚੀ ਸੇਜ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮੈਂ ਵੇਖਿਆ ਫਿਰ ਕੇ ਵਿਚ ਬ੍ਰਹਿਮੰਡ ਖੰਡਾਂ, ਨਵ ਨੌ ਚਾਰ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜਗਤ ਜਹਾਨ ਅੰਧਾ, ਨਾਬੀਨਾ ਹੋ ਕੇ ਅੱਖ ਨਾ ਕੋਇ ਖੁਲ੍ਹਾਈਆ । ਧੰਨ ਵਡਿਆਈ ਗੁਰਸਿਖ ਤੇਰੀ ਤੂੰ ਮੇਰਾ ਦਿਤਾ ਸੰਗਾ, ਨਾਲ ਸਗਲਾ ਸੈਨ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਰਿਹਾ ਕਟਾਈਆ । ਉਹ ਗੋਬਿੰਦ ਕਹੇ ਮੇਰਾ ਸਿਖ ਆਇਆ, ਸੋਹਣੀ ਵੱਜੀ ਵਧਾਈਆ । ਜਿਸ ਸੋਹੰ ਢੋਲਾ ਗਾਇਆ, ਢੋਲਕ ਛੈਣੇ ਪਰੇ ਹਟਾਈਆ । ਜਿਸ ਨਾਮ ਅਨਮੋਲਾ ਪਾਇਆ, ਮਾਲਕ ਬਣਿਆ ਬੇਪਰਵਾਹੀਆ । ਕੂੜਾ ਰੌਲਾ ਨਾ ਕੋਇ ਵਖਾਇਆ, ਰੁਲਦਿਆਂ ਲਿਆ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਿਆ ਮਿਲਾਈਆ । ਗੋਬਿੰਦ ਕਹੇ ਵੇਖੋ ਗੁਰਮੁਖ ਮਿਲਦਾ, ਸਮਝ ਕਿਸੇ ਨਾ ਆਈਆ । ਇਹ ਹਾਲ ਦਿਲਬਰ ਦਿਲਦਾਰ ਦਿਲ ਦਾ, ਦਲੀਲ ਵਿਚ ਨਾ ਕੋਇ ਰਖਾਈਆ । ਜਿਸ ਵੇਲੇ ਪ੍ਰੇਮ ਪਿਆਰ ਦਾ ਗ਼ੁੰਚਾ ਖਿਲਦਾ, ਪੰਖੜੀਆਂ ਮਹਿਕ ਵਿਚੋਂ ਮਹਿਕਾਈਆ । ਉਹ ਰੂਪ ਬਣੇ ਸੋਹਣਾ ਫੁੱਲ ਦਾ, ਗੁਲਸ਼ਨ ਦੇਵੇ ਆਪ ਵਡਿਆਈਆ । ਜਿਸ ਵੇਲੇ ਸੋਹਣੇ ਬੂਟੇ ਦੇ ਸਿਰ ਤੇ ਝੁੱਲਦਾ, ਚਾਰੋਂ ਕੁੰਟ ਲਏ ਅੰਗੜਾਈਆ । ਓਸ ਨੂੰ ਮਾਲਕ ਮਾਲੀ ਕਦੇ ਨਾ ਭੁੱਲਦਾ, ਜਿਸ ਉਪਰੋਂ ਹੇਠਾਂ ਨਿਗਾਹ ਤਕਾਈਆ । ਓਹ ਇਹ ਨਿਸ਼ਾਨਾ ਮੇਰੀ ਕੁਲ ਦਾ, ਜਿਸ ਨੂੰ ਕੁਲ ਮਾਲਕ ਦਿਤੀ ਵਡਿਆਈਆ । ਗੋਬਿੰਦ ਬੱਚਿਆਂ ਆਪਣਿਆਂ ਕਿਵੇਂ ਭੁੱਲਦਾ, ਜੋ ਭੁੱਲਿਆਂ ਰਿਹਾ ਸਮਝਾਈਆ । ਓਹ ਖ਼ੁਸ਼ੀ ਵਿਚ ਲੇਖਾ ਚੁਕਾਵੇ ਪਿਛਲੇ ਮੁੱਲ ਦਾ, ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਜਨ ਭਗਤਾਂ ਦਏ ਜਣਾਈਆ । ਗੋਬਿੰਦ ਕਹੇ ਵੇਖ ਪ੍ਰਭ, ਗੁਰਮੁਖ ਤੇਰੀ ਸ਼ਰਨਾਈਆ । ਪ੍ਰਭੂ ਕਹੇ ਗੋਬਿੰਦ ਤੈਂ ਇਹ ਮੈਨੂੰ ਦਿਤੇ ਲੱਭ, ਤੇਰੀ ਵਸਤ ਤੇਰੇ ਹੱਥ ਫੜਾਈਆ । ਗੁਰਸਿਖ ਕਹਿਣ ਅਸੀਂ ਜਗਤ ਦਵਾਰਾ ਛਡ ਕੇ ਹੱਟ, ਹਜ਼ਰਤ ਵੇਖਣਾ ਚਾਈਂ ਚਾਈਆ । ਗੋਬਿੰਦ ਕੋਲੋਂ ਪੀਣੀ ਇਕੋ ਮਦਿ, ਜਿਸ ਦਾ ਨਸ਼ਾ ਉਤਰ ਕਦੇ ਨਾ ਜਾਈਆ । ਪੁਰਖ ਅਕਾਲ ਘਰ ਆਪਣੇ ਲੈਣਾ ਸੱਦ, ਸੱਦਾ ਦੇ ਕੇ ਰਹੇ ਜਣਾਈਆ । ਜੇ ਪੁਰੀ ਅਨੰਦ ਵਾਂਗ ਜਾਣਾ ਛੱਡ, ਸਾਨੂੰ ਪਹਿਲੋਂ ਦਏ ਜੁਦਾਈਆ । ਝੱਟ ਪੁਰਖ ਅਕਾਲ ਅੱਗੋਂ ਬੋਲਿਆ ਗੱਜ, ਧੁਰ ਫ਼ਰਮਾਨ ਸੁਣਾਈਆ । ਬੱਚਿਓ ਤੁਹਾਨੂੰ ਦੱਸਾਂ ਸਚ, ਸਚ ਨਾਮ ਕਰੀ ਕੁੜਮਾਈਆ । ਗੋਬਿੰਦ ਤੁਹਾਡੇ ਲੂੰ ਲੂੰ ਅੰਦਰ ਗਿਆ ਰਚ, ਅਗਲੀ ਰਚਨਾ ਜਿਸ ਨੇ ਆਪਣੇ ਹੱਥ ਰਖਾਈਆ । ਮੈਂ ਬਣ ਵਿਚੋਲਾ ਤੁਹਾਡਾ ਇਹਦੇ ਨਾਲ ਕਰਾਵਾਂ ਪੱਕ, ਪੱਕੀ

ਗੰਢ ਆਪਣੀ ਲੈਣੀ ਬਨ੍ਹਾਈਆ । ਪਿਛੇ ਰਹਿ ਗਿਆ ਜੇਹੜਾ ਸ਼ੱਕ, ਵੀਹ ਸੌ ਇੱਕੀ ਬਿਕ੍ਰਮੀ ਵਿਚ ਦਿਆਂ ਕਢਾਈਆ । ਜੇ ਤੁਹਾਡੀ ਕੀਮਤ ਕਿਸੇ ਨਹੀਂ ਪਾਈ ਕੱਖ, ਕੱਖਾਂ ਵਿਚੋਂ ਲੱਖ, ਲੱਖਾਂ ਵਿਚੋਂ ਅਲਖ ਸਮਝਾਈਆ । ਸਚ ਪੁੱਛੋ ਬਿਨਾ ਤੁਹਾਡੇ ਦਰਸ ਦਿਤਾ ਨਹੀਂ ਕਿਸੇ ਪ੍ਰਤਖ, ਸਾਰੇ ਰੋ ਰੋ ਰਹੇ ਕੁਰਲਾਈਆ । ਤੁਸੀਂ ਤੱਕੋ ਬਾਹਰਲੀ ਅੱਖ, ਮੈਂ ਅੰਦਰਲੀ ਅੱਖ ਨਾਲ ਅੱਖ ਮਿਲਾਈਆ । ਤੁਸੀਂ ਚੁੱਪ ਮੈਂ ਤੁਹਾਡਾ ਗਾਵਾਂ ਜਸ, ਇਹੋ ਵੱਡੀ ਵਡਿਆਈਆ । ਭਾਵੇਂ ਗਿਰਨੋਂ ਪਾਰ ਕਰਨ ਲਈ ਸਿਰ ਤੇ ਰੱਖਿਆ ਹੱਥ, ਫੜ ਬਾਹੋਂ ਲਵਾਂ ਲੰਘਾਈਆ । ਧਰਮ ਰਾਜ ਤੁਹਾਡੇ ਚਰਨੀਂ ਜਾਏ ਢੱਠ, ਚਿਤ੍ਰਗੁਪਤ ਦੋਏ ਜੋੜ ਜੋੜ ਲਾਗਣ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੁਹਾਨੂੰ ਅੱਗੋਂ ਮਿਲਣ ਹੱਸ, ਖ਼ੁਸ਼ੀਆਂ ਰਾਗ ਸੁਣਾਈਆ । ਚਲੋ ਉਥੇ ਜਾ ਕੇ ਜਾਓ ਵਸ, ਜਿਥੇ ਵਸਿਆ ਸ਼ਹਿਨਸ਼ਾਹੀਆ । ਉਹ ਤੁਹਾਡੀ ਰੱਖਿਆ ਰਿਹਾ ਰੱਖ, ਰਾਖੀ ਕਰੇ ਥਾਉਂ ਥਾਈਂਆ । ਇਹ ਗੋਬਿੰਦ ਦਾ ਪਹਿਲਾ ਹਕ, ਅਗਲਾ ਹਕ ਏਦੂੰ ਅਗੇ ਦਏ ਵਡਿਆਈਆ । ਜੋ ਵੱਡਾ ਖ਼ਜ਼ਾਨਾ ਆਪਣੇ ਅੰਦਰ ਰੱਖਿਆ ਘੱਤ, ਹੌਲੀ ਹੌਲੀ ਕੁੰਜੀ ਰਿਹਾ ਲਗਾਈਆ । ਗੁਰਮੁਖੋ ਜਿੰਨਾਂ ਚਾਹੋ ਫੇਰ ਓਨਾਂ ਲਿਉ ਚੱਕ, ਬਾਹੋਂ ਫੜ ਪਰੇ ਨਾ ਕੋਇ ਹਟਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਪੁਰਖ ਅਕਾਲ ਨੇ ਗੋਬਿੰਦ ਦਾ ਖੋਲ੍ਹਿਆ ਹੱਟ, ਬਣ ਵਿਚੋਲਾ ਰਿਹਾ ਲੁਟਾਈਆ । ਤੁਸੀਂ ਲੈ ਕੇ ਜਾਇਉ ਅੱਗੇ ਅੜ ਕੇ ਡਟ, ਪਿਛੇ ਕੋਇ ਰਹਿਣ ਨਾ ਪਾਈਆ । ਮੈਨੂੰ ਯਾਦ ਤੁਹਾਨੂੰ ਲਗੇ ਤਲਵਾਰਾਂ ਦੇ ਫੱਟ, ਹੁਣ ਪੱਟੀ ਨਾਮ ਦੀ ਉਤੇ ਰਿਹਾ ਬਦਲਾਈਆ । ਵੇਖਿਉ ਭੁੱਲ ਕੇ ਨਾ ਜਾਣਿਉਂ ਇਹ ਜੱਟ, ਜਗਤ ਮਾਲਕ ਸ਼ਹਿਨਸ਼ਾਹੀਆ । ਬੇਸ਼ਕ ਇਹਦੇ ਖ਼ਾਲੀ ਹੱਥ, ਦੋ ਜਹਾਨ ਆਪਣਾ ਖੇਲ ਵਰਤਾਈਆ । ਤੁਹਾਡੇ ਅੰਦਰ ਵੜ ਕੇ ਤੁਹਾਡਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣਾ ਹਕ ਕਰਕੇ ਰਹਿਣ ਫਕ, ਮਾਲਕ ਤੁਹਾਨੂੰ ਦਿਤਾ ਬਣਾਈਆ । ਤੁਸੀ ਮੇਰੇ ਮੈਂ ਤੁਹਾਡਾ ਦੋਹਾਂ ਨੇ ਮਿਲਣਾ ਸਦਾ ਅਨਭਕ, ਨੀਵੀਂ ਅੱਖ ਕਰੇ ਨਾ ਕੋਈ ਰਾਈਆ । ਮੈਂ ਰਾਤੀਂ ਸੁਤਿਆਂ ਤੁਹਾਡੀ ਛਾਤੀ ਉਤੇ ਚੜ੍ਹਾਂ ਝੱਟ, ਦੁੱਖ ਦਰਦ ਗਵਾਈਆ । ਤੁਸੀਂ ਮੇਰੀ ਉਹ ਰੱਤ, ਜਿਸ ਰੱਤ ਨੂੰ ਜੰਮੇ ਨਾ ਕੋਈ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਿਸਲ ਰਿਹਾ ਬਣਾਈਆ । ਗੋਬਿੰਦ ਕਹੇ ਮੈਂ ਤੱਕੇ ਗੁਰਮੁਖ, ਜੋ ਬੈਠੇ ਰੂਪ ਵਟਾਈਆ । ਜਨਮ ਕਰਮ ਦਾ ਪੂਰਬ ਲਹਿਣਾ ਲੈਣਾ ਸੁਖ, ਸੁਖ ਸਾਗਰ ਵਿਚ ਸਮਾਈਆ । ਸਫਲ ਕਰਾਉਣੀ ਜਨਣੀ ਕੁਖ, ਦੇਣੀ ਮਾਣ ਵਡਿਆਈਆ । ਸਤਿਗੁਰੁ ਦਵਾਰੇ ਬਣ ਕੇ ਸੁਤ, ਸਾਚਾ ਨਾਤਾ ਇਕ ਰਖਾਈਆ । ਉਜਲ ਕਰਨੇ ਉਨ੍ਹਾਂ ਮੁਖ, ਮੁਖੀਏ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਗਲਾ ਸੰਗ ਰਖਾਈਆ । ਪੁਰਖ ਅਕਾਲ ਕਹੇ ਸੁਣ ਗੋਬਿੰਦ ਮੇਲੇ, ਵਾਹ ਵਾਹ ਵੱਜੀ ਵਧਾਈਆ । ਜੁੜਿਆ ਜੋੜ ਸੱਚੇ ਘਰ ਚੇਲੇ, ਚੇਤਨ ਨਜ਼ਰੀ ਆਈਆ । ਜੋ ਵਸਨ ਧਾਮ ਨਵੇਲੇ, ਗ੍ਰਿਹ ਵਖਰਾ ਡੇਰਾ ਲਾਈਆ । ਉਹ ਜੋਬਨ ਮਤੇ ਅਲਬੇਲੇ, ਸੋਹਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਲੇਖੇ ਲਾਈਆ । ਗੋਬਿੰਦ ਕਹੇ ਗੁਰਮੁਖ ਨਹੀਂ ਮਨੁੱਖ, ਮਨੁਖਤਾ ਵਿਚੋਂ ਦਿਤੀ ਵਡਿਆਈਆ । ਅਰਸ਼ ਫ਼ਰਸ਼ ਤੋਂ ਆਪੇ ਚੁੱਕ, ਪੂਰੀ ਸ਼ਰਤ ਦਿਤੀ ਕਰਾਈਆ । ਸੀਨੇ ਨਾਲ ਸ਼ਬਦ ਲਾਇਆ ਘੁੱਟ, ਵਿਚੋਂ ਕੱਢੀ ਦੂਈ ਖੁੱਟ, ਉਜਲ ਮੁਖ ਦਿਤਾ ਵਖਾਈਆ । ਜੂਨੀ ਗਰਭ ਨਾ ਉਲਟਾ ਰੁੱਖ, ਦਸ ਦਸ ਮਾਸ ਨਾ ਕੋਈ ਦੁੱਖ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਮੇਟ ਅੰਧੇਰਾ ਘੁੱਪ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨੂਰ ਕਰੇ ਰੁਸ਼ਨਾਈਆ । ਸਾਚਾ ਨੂਰ ਵੇਖਿਆ ਚੰਦ ਚਾਨਣ, ਜਗਤ ਹੋਈ ਰੁਸ਼ਨਾਈਆ । ਜਿਸ ਦਾ ਰੰਗ ਗੁਰਮੁਖ ਮਾਨਣ, ਅੰਦਰ ਬਾਹਰ ਵੱਜੇ ਵਧਾਈਆ । ਆਤਮ ਅੰਤਰ ਗਾਵਣ ਗਾਨਣ, ਗਾਵਤ ਰਾਗ ਅਲਾਹੀਆ । ਨਾਤਾ ਤੁਟਿਆ ਸ਼ੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਹੋਈ ਜੁਦਾਈਆ । ਸਾਚਾ ਮਿਲਿਆ ਇਕ ਨਿਸ਼ਾਨਣ, ਦੋ ਜਹਾਨਾਂ ਨਜ਼ਰੀ ਆਈਆ । ਜਿਸ ਦਾ ਮਾਲਕ ਅਗੰਮੀ ਰਾਮਣ, ਰਮਈਆ ਸੋਭਾ ਪਾਈਆ । ਜੋ ਸਦਾ ਸਦਾ ਸਦ ਬਣੇ ਜ਼ਾਮਣ, ਏਥੇ ਓਥੇ ਲਏ ਛੁਡਾਈਆ । ਜਿਸ ਨੂੰ ਪੈਗ਼ੰਬਰ ਕਹਿੰਦੇ ਅਮਾਮਨ ਅਮਾਮ ਨੂਰ ਖ਼ੁਦਾਈਆ । ਜਿਸ ਦਾ ਕਲਮਾ ਇਕ ਕਲਾਮਨ, ਕਾਇਨਾਤ ਕਰੇ ਪੜ੍ਹਾਈਆ । ਜਿਸ ਨੂੰ ਕੋਈ ਨਾ ਸਕੇ ਪਹਿਚਾਨਣ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੋ ਖੇਲ ਕਰੇ ਆਨਣ ਫ਼ਾਨਣ, ਫ਼ੈਸਲਾ ਆਪਣੇ ਹੱਥ ਉਠਾਈਆ । ਜਿਸ ਨੇ ਰਾਮ ਧਨੁਸ਼ ਫੜਾਇਆ ਬਾਣਣ, ਗੋਬਿੰਦ ਚਿਲ੍ਹਿਆਂ ਨਾਲ ਕਰੇ ਲੜਾਈਆ । ਸੋ ਖੇਲ ਕਰੇ ਭਗਵਾਨਣ, ਭਾਵੀ ਸਭ ਦੇ ਉਤੇ ਵਖਾਈਆ । ਗੁਰਮੁਖੋ ਤੁਹਾਡੇ ਸਨਮੁਖ ਹੋ ਕੇ ਸਾਹਮਣ, ਸਮਾਂ ਸਮਾਂ ਸਮੇਂ ਨਾਲ ਰੰਗਾਈਆ । ਦਾਮਨਗੀਰ ਹੋ ਕੇ ਪਕੜੇ ਦਾਮਨ, ਦਮਦਮੇ ਵਾਲਾ ਦੱਬੇ ਪੈਰ ਆਈਆ । ਕਾਹਨਾਂ ਵਾਲਾ ਬਣ ਕੇ ਕਾਹਨਣ, ਗੁਰਮੁਖ ਗੋਪੀ ਰਿਹਾ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੇਰਾ ਮੁਕਿਆ ਢੌਂਕਾ, ਢੋਲ ਮਰਦੰਗ ਨਗਾਰੇ ਰਹੇ ਜਸ ਗਾਈਆ । ਪਿਛਲਾ ਖੇਲ ਪਟਣਾ ਪੌਂਟਾ, ਪਾਟਲ ਆਪਣੀ ਧਾਰ ਚਲਾਈਆ । ਹੁਣ ਕਿਸੇ ਹੱਥ ਨਾ ਆਏ ਪੌਂਚਾ, ਜਗਤ ਨੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਧਾਰ ਬੰਧਾਈਆ । ਗੋਬਿੰਦ ਕਹੇ ਮੈਂ ਵੇਖਿਆ ਅਨੰਦ, ਪੁਰੀ ਅਨੰਦ ਤਜਾਈਆ । ਜਿਸ ਵਿਚੋਂ ਉਪਜੇ ਅਨੋਖੇ ਚੰਦ, ਚੰਦ ਸਤਾਰੇ ਰਹੇ ਸ਼ਰਮਾਈਆ । ਜਿਨ੍ਹਾਂ ਦੇ ਲੇਖੇ ਲੱਗੇ ਬੰਦ ਬੰਦ, ਬੰਦੀਖ਼ਾਨਾ ਆਏ ਤੁੜਾਈਆ । ਜਿਨ੍ਹਾਂ ਦੇ ਕੱਪੜੇ ਖ਼ੂਨ ਨਾਲ ਲਏ ਰੰਗ, ਸੋਹਣਾ ਰੰਗ ਵਖਾਈਆ । ਜਿਨ੍ਹਾਂ ਦਾ ਨਾਤਾ ਤੁੱਟਿਆ ਨਾਲੋਂ ਮਸੰਦ, ਮੁਛੰਦਗੀ ਮੰਨੀ ਬੇਪਰਵਾਹੀਆ । ਉਨ੍ਹਾਂ ਪਿਛੇ ਮਾਰ ਕੇ ਪੰਧ, ਦੂਰ ਦੁਰਾਡਾ ਚਲ ਕੇ ਆਇਆ ਮਾਹੀਆ । ਮੁਹੱਬਤ ਵਿਚ ਗਾਏ ਛੰਦ, ਪਿਆਰ ਵਿਚ ਢੋਲੇ ਰਿਹਾ ਸੁਣਾਈਆ । ਰੋਂਦੀ ਵੇਖੀ ਗੋਦਾਵਰੀ ਗੰਗ, ਜਿਸ ਵਿਚ ਇਕ ਵਾਰ ਚਰਨ ਛੁਹਾਈਆ । ਉਹ ਤੱਕੇ ਸੂਰੇ ਸਰਬੰਗ, ਨੇਤਰ ਨੈਣ ਅੱਖ ਉਠਾਈਆ । ਕੂਕ ਪੁਕਾਰ ਪਾਵੇ ਡੰਡ, ਰੋ ਰੋ ਰਹੀ ਕੁਰਲਾਈਆ । ਆਸਾ ਮਨਸਾ ਕੋਈ ਨਾ ਪੂਰੀ ਕਰੇ ਮੰਗ, ਮਾਂਗਤ ਦਏ ਦੁਹਾਈਆ । ਜਦ ਵੇਖਿਆ ਤੱਕਿਆ ਜਾਣਿਆ ਬੁਝਿਆ ਗੁਰਮੁਖਾਂ ਉਤੇ ਮਿਹਰਵਾਨ ਹੋ ਸੂਰਾ ਸਰਬੰਗ, ਨਜ਼ਰ ਮਿਹਰ ਉਠਾਈਆ । ਦੂਈ ਦਵੈਤੀ ਭਰਮ ਭੁਲੇਖਾ ਢਾਹੇ ਕੰਧ, ਮਹੱਲ ਅਟਲ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਰਿਹਾ ਪਾਈਆ । ਪੁਰੀ ਅਨੰਦ ਕਹੇ ਮੈਂ ਕੋਝੀ ਕਮਲੀ, ਕਮਲਿਆਂ ਵਿਚੋਂ ਨਜ਼ਰੀ ਆਈਆ । ਮੈਂ ਬਣੀ ਰਹੀ ਜਗਤ ਜਹਾਨ ਯਮਲੀ, ਜਾਗਰਤ ਵਿਚ ਨਾ ਖ਼ੁਸ਼ੀ ਮਨਾਈਆ । ਨਾਮ ਖ਼ੁਮਾਰੀ ਵਿਚ ਨਾ ਹੋਈ ਅਮਲੀ, ਅਮਲਾਂ ਉਤੇ ਚਲ ਨਾ ਸੇਵ ਕਮਾਈਆ । ਮੇਰੀ ਤਕਦੀਰ ਤਦਬੀਰ ਨਾਲ ਜਿਸ ਬਦਲੀ, ਬਦਲਾ ਰਿਹਾ ਮੁਕਾਈਆ । ਉਹ ਦਾਤਾ ਬਣ ਕੇ ਆਇਆ ਅਦਲੀ, ਅਦਾਲਤ ਇਕੋ ਇਕ ਸਮਝਾਈਆ । ਮੈਂ ਬਿਰਹੋਂ ਵੈਰਾਗਣ ਫਿਰਾਂ ਪਗਲੀ, ਅਗਲੀ ਸਾਰ ਨਾ ਕਿਸੇ ਸਮਝਾਈਆ । ਮੈਂ ਸਮਝਿਆ ਇਹ ਕੋਈ ਰਾਹੀ ਬੈਠਾ ਜੰਗਲੀ, ਆਪਣਾ ਡੇਰਾ

੩੭੩

ਲਾਈਆ । ਜਿਸਦਾ ਹਿਸਾਬ ਕਿਸੇ ਨਾ ਵਾਚਿਆ ਵਿਚ ਸੰਗਲੀ, ਕੁੰਡਲੀਆਂ ਵਿਚ ਨਾ ਕੋਇ ਸਮਝਾਈਆ । ਮੈਂ ਸਮਝਿਆ ਇਹ ਗਲ ਵਿਚ ਪਾ ਕੇ ਬਗ਼ਲੀ, ਕੋਈ ਮੰਗਤਾ ਫਿਰੇ ਵਾਹੋ ਦਾਹੀਆ । ਮੇਰੀਆਂ ਅੱਖਾਂ ਖੁਲ੍ਹੀਆਂ ਇਹ ਧੁਰ ਦਾ ਦਾਤਾ ਸਗਲੀ, ਜੋ ਗੁਰਮੁਖਾਂ ਅੰਤਰ ਕਰੇ ਰੁਸ਼ਨਾਈਆ । ਜਿਸ ਦੀ ਜੋਤ ਦੂਜੀ ਵਾਰ ਲੋਕਮਾਤ ਜਗਨੀ, ਪੁਰਖ ਅਕਾਲ ਸ਼ਮਾਂ ਨਾਲ ਸ਼ਮਾਂ ਮਿਲਾਈਆ । ਉਸ ਕੋਲੋਂ ਦੋ ਜਹਾਨ ਵਸਤ ਮੰਗਣੀ, ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀ ਡਾਹੀਆ । ਉਹਦਾ ਲੇਖ ਕੋਈ ਨਾ ਸਮਝੇ ਤਨ ਬਦਨੀ, ਬਾਦਲਾਂ ਵਿਚ ਚਮਕ ਜਿਸ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਪੁਰੀ ਅਨੰਦ ਕਹੇ ਮੈਂ ਹੋਈ ਭੋਲੀ, ਭੋਲੇ ਭਾਉ ਸਾਰ ਨਾ ਆਈਆ । ਦਰ ਦਵਾਰ ਨਾ ਬਣੀ ਗੋਲੀ, ਸੇਵਾ ਕਰ ਨਾ ਸੇਵ ਕਮਾਈਆ । ਜਿਸ ਨੇ ਪ੍ਰੇਮ ਪਿਆਰ ਦੀ ਮੇਰੇ ਅੰਦਰ ਖੇਲੀ ਹੋਲੀ, ਹੌਲੀ ਹੌਲੀ ਧਾਰ ਚਲਾਈਆ । ਅੰਤਮ ਚੁੱਕ ਕੇ ਆਪਣੀ ਡੋਲੀ, ਚੁੱਪ ਕੀਤਾ ਚਲਿਆ ਰਾਹੀਆ । ਉਸ ਦੇ ਹੱਥ ਤੰਦ ਮੌਲੀ, ਜਾਂਦੀ ਵਾਰ ਇਕ ਸਗਨ ਗਿਆ ਵਖਾਈਆ । ਹੌਲੀ ਜੇਹੀ ਰਮਜ਼ ਨਾਲ ਸਮਝਾਈ ਬੋਲੀ, ਅਨਬੋਲਤ ਰਾਗ ਸੁਣਾਈਆ । ਰਣਜੀਤ ਨਗ਼ਾਰਾ ਨਹੀਂ ਇਹ ਧੁਰ ਦਾ ਢੋਲੀ, ਢੋਲਾ ਰਿਹਾ ਸੁਣਾਈਆ । ਹਾਏ ਦੁਹਾਈ ਮੈਂ ਵਾਰੀ ਨਾ ਘੋਲੀ, ਘੋਲੀ ਨਾ ਘੋਲ ਘੁਮਾਈਆ । ਉਹਦੇ ਪਿਛੋਂ ਤੁਸੀਂ ਚਰਨਾਂ ਹੇਠੋਂ ਮਿੱਟੀ ਫੋਲੀ, ਨੂਰ ਨਜ਼ਰ ਆਇਆ ਬੇਪਰਵਾਹੀਆ । ਓਥੇ ਛੱਡ ਕੇ ਗਿਆ ਆਪਣੇ ਪ੍ਰੇਮ ਦੀ ਪੀਣ ਵਾਲੀ ਇਕ ਨਿੱਕੀ ਜੇਹੀ ਕੌਲੀ, ਜਿਸ ਦੇ ਅੰਦਰ ਸਵਾ ਤੋਲਾ ਵਜ਼ਨ ਇਕੋ ਵਾਰ ਟਿਕਾਈਆ । ਮੈਂ ਫੜ ਕੇ ਖ਼ੁਸ਼ੀਆਂ ਨਾਲ ਮੌਲੀ, ਭੱਜੀ ਵਾਹੋ ਦਾਹੀਆ । ਉਚੀ ਕੂਕ ਪਾਈ ਰੌਲੀ, ਚਾਰ ਕੁੰਟ ਸੁਣਾਈਆ । ਮੇਰੀ ਘੁੰਡੀ ਜਿਸ ਅਜੇ ਨਹੀਂ ਖੋਲ੍ਹੀ, ਪੜਦਾ ਗਿਆ ਪਾਈਆ । ਅੱਗੋਂ ਉਡਦੀ ਆਈ ਧਵਲ ਉਤੇ ਧੂਲੀ, ਮੇਰੇ ਨਾਲ ਛੋਹ ਕੇ ਮੈਨੂੰ ਗਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਵਖਾਈਆ । ਪੁਰੀ ਅਨੰਦ ਕਹੇ ਮੈਨੂੰ ਹੋਈ ਹੈਰਾਨੀ, ਹਾਹਾਕਾਰ ਸੁਣਾਈਆ । ਸੋਹਣਾ ਬਾਂਕਾ ਛੈਲ ਛਬੀਲਾ ਕੋਈ ਦੇ ਕੇ ਗਿਆ ਨਹੀਂ ਨਿਸ਼ਾਨੀ, ਅਗਲਾ ਨਿਸ਼ਾਨਾ ਨਾ ਕੋਇ ਸਮਝਾਈਆ । ਛੋਟਾ ਜੇਹਾ ਬਣ ਕੇ ਬਾਨੀ, ਬਾਲਿਆਂ ਨਾਲ ਰਲਾਈਆ । ਸਰਸੇ ਦੀ ਵੇਖ ਤੁਗ਼ਿਆਨੀ, ਆਪਣੀ ਤਬਾ ਦਿਤੀ ਬਦਲਾਈਆ । ਅਗਲਾ ਮਾਰਗ ਦੱਸ ਆਸਾਨੀ, ਅਸਲ ਅਸਲ ਵਿਚੋਂ ਦਿਤਾ ਪਰਗਟਾਈਆ । ਪ੍ਰੇਮ ਪਿਆਰ ਦੀ ਦਸੇ ਕੁਰਬਾਨੀ, ਕਰਬਲਾ ਬੈਠਾ ਡੇਰਾ ਢਾਹੀਆ । ਮੈਂ ਹੌਲੀ ਜਿਹੀ ਉਠੀ ਬਾਲ ਅੰਞਾਣੀ, ਆਪਣੀ ਅੱਖ ਖੁਲ੍ਹਾਈਆ । ਕਿਧਰ ਗਿਆ ਮੇਰਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਬੇਪਰਵਾਹੀਆ । ਜੋ ਹੱਥ ਵਿਚ ਫੜ ਕੇ ਤੀਰ ਕਾਨੀ, ਮੁਖੀ ਨਾਲ ਮੇਰੀ ਛਾਤੀ ਵਿੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਨਾਲ ਰਖਾਈਆ । ਪੁਰੀ ਅਨੰਦ ਨੂੰ ਆਇਆ ਸੰਦੇਸਾ, ਸਰਸਾ ਪੌਣ ਰਹੀ ਜਣਾਈਆ । ਇਹ ਗੋਬਿੰਦ ਨਹੀਂ ਦਸ ਦਸਮੇਸਾ, ਦਹਿ ਦਿਸ਼ਾ ਰਮਿਆ ਬੇਪਰਵਾਹੀਆ । ਇਹਦਾ ਆਦਿ ਜੁਗਾਦਿ ਜੁਗ ਚੌਕੜੀ ਅਵੱਲੜਾ ਭੇਸਾ, ਭੇਖਾਧਾਰੀ ਇਕੋ ਇਕ ਅਖਵਾਈਆ । ਕਮਲੀਏ ਕਿਸ ਨੂੰ ਦੇਵੇ ਸੰਦੇਸ਼ਾ, ਜੋ ਸੱਦੇ ਘਰ ਘਰ ਰਿਹਾ ਸੁਣਾਈਆ । ਜੇ ਤੇਰਾ ਇਸ ਦੇ ਨਾਲ ਹੇਤਾ, ਨਿਉਂ ਨਿਉਂ ਲਾਗਾਂ ਪਾਈਆ । ਇਹ ਸਾਹਿਬ ਕਦੇ ਭੁਲਣ ਨਹੀਂ ਵਾਲਾ ਚੇਤਾ, ਤੇਰੀ ਚੇਤਾਵਨੀ ਆਪਣੇ ਨਾਲ ਰਖਾਈਆ । ਇਹ ਪਰਮ ਪੁਰਖ ਦਾ ਬੇਟਾ, ਜੋਤ ਅਕਾਲਣ ਇਸ ਦੀ ਮਾਈਆ । ਇਹ ਗੁਰਮੁਖਾਂ ਦਾ

ਖੇਵਟ ਖੇਟਾ, ਬਣ ਮਲਾਹ ਬੇੜਾ ਬੰਨੇ ਰਿਹਾ ਕਰਾਈਆ । ਇਸ ਦਾ ਖੇਲ ਵੇਖੀ ਵੇਖਾ, ਵੇਖਦਿਆਂ ਵੇਖਦਿਆਂ ਕੋਟਨ ਕੋਟ ਜੁਗ ਗਏ ਵਿਹਾਈਆ । ਪੁਰੀ ਅਨੰਦ ਤੇਰੇ ਨਾਲੋਂ ਇਹਨੂੰ ਚੰਗਾ ਲੱਗਾ ਸੰਬਲ ਦੇਸਾ, ਜਿਸ ਦੀ ਇੱਟ ਕਿਸੇ ਕਾਰੀਗਰ ਨਾ ਮਾਤ ਲਗਾਈਆ । ਜਿਥੇ ਕੋਈ ਫ਼ਤਵਾ ਨਾ ਲਾਏ ਮੁੱਲਾ ਸ਼ੇਖ਼ਾ, ਕਾਜ਼ੀ ਪੀਰ ਨਾ ਕੋਇ ਵਡਿਆਈਆ । ਉਥੇ ਚਲਦਿਆਂ ਰਾਹ ਵਿਚ ਲੱਗੇ ਨਾ ਕੋਈ ਠੇਡਾ, ਜਲਧਾਰਾ ਨਾ ਕੋਇ ਰੁੜ੍ਹਾਈਆ । ਉਥੇ ਸਿਰਫ਼ ਗੁਰਮੁਖਾਂ ਨੂੰ ਲੱਗੀ ਭੇਤਾ, ਦੂਤੀ ਦੁਸ਼ਮਣ ਸ਼ਤਰੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਲੇਖਾ, ਸਾਰੇ ਲੇਖੇ ਮੰਗੂ ਥਾਈਂ ਥਾਈਂਆ । ਪੁਰੀ ਅਨੰਦ ਕਹੇ ਮੈਂ ਸਦਕੇ, ਵਾਰੀ ਘੋਲੀ ਘੋਲ ਘੁਮਾਈਆ । ਜਿਹੜਾ ਮੇਰੇ ਕੋਲੋਂ ਗਿਆ ਭੱਜ ਕੇ, ਪਾਂਧੀ ਬਣ ਕੇ ਪੰਧ ਮੁਕਾਈਆ । ਗੁਰਮੁਖਾਂ ਨਾਲ ਲੈ ਗਿਆ ਸੱਦ ਕੇ, ਸੱਦਾ ਦੇ ਕੇ ਥਾਉਂ ਥਾਈਂਆ । ਬੌਹੜੀ ਦਰਸ ਨਾ ਕੀਤੇ ਰੱਜ ਕੇ, ਆਪਣੀ ਤ੍ਰਿਖਾ ਬੁਝਾਈਆ । ਚਰਨਾਂ ਹੇਠਾਂ ਖ਼ੁਸ਼ੀ ਨਾਲ ਨਾ ਸੁੱਤੀ ਰੱਜ ਕੇ, ਸੋਹਣਾ ਆਸਣ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਈਆ । ਪੁਰੀ ਅਨੰਦ ਕਹੇ ਮੈਂ ਦੇਵਾਂ ਹੋਕਾ, ਹੁਕਮ ਨਾਲ ਸੁਣਾਈਆ । ਮੇਰੇ ਹੱਥੋਂ ਗਿਆ ਮੌਕਾ, ਜਗਤ ਜਹਾਨ ਸੁਣੋ ਧਿਆਨ ਲਗਾਈਆ । ਮੇਰੇ ਗੋਬਿੰਦ ਦਾ ਉਹ ਸੱਚਾ ਕੋਠਾ, ਜਿਥੇ ਗੁਰਮੁਖ ਬੈਠੇ ਰਾਹ ਤਕਾਈਆ । ਕਲਜੁਗ ਅੰਤਮ ਉਸ ਨੇ ਦੇਣਾ ਫੇਰ ਮੌਕਾ, ਮੁਕੰਮਲ ਆਪਣਾ ਫੇਰਾ ਪਾਈਆ । ਮੈਂ ਕੀਤੀ ਬੇਨੰਤੀ ਫੇਰ ਨਾ ਦੇਵੀਂ ਧੋਖਾ, ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪੁਰੀ ਅਨੰਦ ਕਹੇ ਸੁਣ ਜਗਤ ਮੇਰੇ ਵੀਰ, ਮੈਂ ਸਚ ਦਿਆਂ ਸੁਣਾਈਆ । ਮੈਂ ਘਤਦਾ ਵੇਖਿਆ ਵਹੀਰ, ਚਲਿਆ ਵਾਹੋ ਦਾਹੀਆ । ਜਿਸ ਦੇ ਸੋਹਣੇ ਬਸਤਰ ਚੀਰ, ਕਲਗੀ ਤੋੜਾ ਸੀਸ ਟਿਕਾਈਆ । ਮੈਨੂੰ ਦੇ ਵਿਛੋੜਾ ਅਖ਼ੀਰ, ਅੱਖ ਗਿਆ ਬਦਲਾਈਆ । ਭੱਥੇ ਵਿਚ ਰੱਖ ਕੇ ਤੀਰ, ਕਮਾਨ ਕੰਧੇ ਨਾਲ ਲਟਕਾਈਆ । ਦਾਤਾ ਬਣ ਕੇ ਗੁਣੀ ਗਹੀਰ, ਗਹਿਰੀ ਚੋਟ ਗਿਆ ਲਗਾਈਆ । ਮੇਰੀ ਰੋਂਦੀ ਦੇ ਨੈਣਾਂ ਚੋਂ ਸੁੱਕੇ ਨਾ ਨੀਰ, ਹੰਝੂਆਂ ਹਾਰ ਬਣਾਈਆ । ਅੱਠੇ ਪਹਿਰ ਰਹਾਂ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਉਹ ਸੋਹਣਾ ਬਾਕਾਂ ਬੇਨਜ਼ੀਰ, ਕਵਲ ਨੈਣ ਨਜ਼ਰੀ ਆਈਆ । ਜਿਸ ਦੇ ਹੱਥ ਸੱਚੀ ਸ਼ਮਸ਼ੀਰ, ਸਮਾਂ ਸਾਰੇ ਗਿਆ ਸਮਝਾਈਆ । ਉਹ ਪੀਰਾਂ ਦਾ ਪੀਰ, ਪ੍ਰੀਤੀਵਾਨ ਇਕ ਅਖਵਾਈਆ । ਮੈਂ ਉਸ ਦੇ ਪਿਛੇ ਨੱਕ ਨਾਲ ਕੱਢਾਂ ਲਕੀਰ, ਮਸਤਕ ਖ਼ਾਕ ਰਮਾਈਆ । ਇਕ ਵੇਰ ਆ ਨਜ਼ਦੀਕ, ਮੁੜ ਕੇ ਫੇਰਾ ਪਾਈਆ । ਮੈਂ ਤਕਾਂ ਤੈਨੂੰ ਠੀਕ, ਠੋਕਰ ਤੇਰੀ ਅੰਤਰ ਇਕ ਲਗਾਈਆ । ਮੇਰਾ ਰਹੇ ਨਾ ਕੋਈ ਸ਼ਰੀਕ, ਸ਼ਰਕਤ ਬੈਠੇ ਪੰਧ ਮੁਕਾਈਆ । ਤੇਰੇ ਵਿਚ ਉਹ ਤੌਫ਼ੀਕ, ਘਰ ਘਰ ਤੋਹਫ਼ੇ ਦਏ ਪੁਚਾਈਆ । ਆਪਣੇ ਹੱਥੀਂ ਮੇਰੀ ਤਕਦੀਰ ਦੀ ਕਰ ਜਾ ਤਸਦੀਕ, ਤਸੱਲੀ ਨਾਲ ਸਮਝਾਈਆ । ਮੈਂ ਕਿਸ ਤਰਾ ਕਰਾਂ ਉਡੀਕ, ਕਵਣ ਨੈਣ ਉਠਾਈਆ । ਕੋਝੀ ਕਮਲੀ ਨੀਚਾਂ ਦੀ ਨੀਚ, ਕੁਲੱਖਣੀ ਬੈਠੀ ਮੁਖ ਭਵਾਈਆ । ਮੈਨੂੰ ਸਮਝ ਨਾ ਆਈ ਤੇਰੀ ਪ੍ਰੀਤ, ਅੰਤ ਪ੍ਰੀਤਮ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਸਮਝਾਈਆ । ਸੁਣ ਪ੍ਰੀਤਮ ਸਾਚੇ ਅਨੰਦੀ, ਅਨੰਦ ਰਿਹਾ ਜਣਾਈਆ । ਸਾਰੀ ਭੂਮਿਕਾ ਦੱਸਾਂ ਚੰਗੀ, ਚੰਗੀ ਤਰਾ ਸਮਝਾਈਆ । ਸੰਬਲ ਨਗਰੀ ਕਦੇ ਨਾ ਹੋਵੇ ਗੰਦੀ, ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਉਝੜ ਰਾਹ ਨਾ ਕੋਈ


੩੭੪ ੧੭

ਡੰਡੀ, ਸਿੱਧਾ ਮਾਰਗ ਇਕ ਵਖਾਈਆ । ਉਥੇ ਪ੍ਰੇਮ ਪਿਆਰ ਦੀ ਸਦਾ ਸੁਗੰਧੀ, ਮਹਿਕ ਨਾਲ ਮਹਿਕਾਈਆ । ਬਿਰਹੋਂ ਵੈਰਾਗਣ ਕੋਈ ਨਾ ਦਿਸੇ ਰੰਡੀ, ਕੰਤ ਸੁਹਾਗ ਇਕ ਹੰਢਾਈਆ । ਉਥੇ ਧੁਰ ਦਾ ਢੋਲਾ ਛੰਦੀ, ਸ਼ਹਿਨਸ਼ਾਹ ਸੁਣਾਈਆ । ਤੇਰੀ ਚਾਰ ਦੀਵਾਰ ਰਹੇ ਕੋਈ ਨਾ ਬੰਦੀ, ਬੰਦੀਖ਼ਾਨਾ ਰੂਪ ਨਾ ਕੋਇ ਵਟਾਈਆ । ਉਥੇ ਮਿਲੇ ਵਸਤ ਸਦਾ ਮੂੰਹੋਂ ਮੰਗੀ, ਦੇਵਣਹਾਰ ਦਇਆ ਕਮਾਈਆ । ਸੌਣ ਨੂੰ ਦੇਵੇ ਕੋਈ ਨਾ ਮੰਜੀ, ਆਤਮ ਸੇਜਾ ਇਕ ਵਿਛਾਈਆ । ਸਾਫ਼ ਕਰਨ ਨੂੰ ਗਲੀ ਕੂਚਾ ਸੱਦੇ ਕੋਈ ਨਾ ਭੰਗੀ, ਆਪਣੀ ਹੱਥੀਂ ਦੁਰਮਤ ਮੈਲ ਧਵਾਈਆ । ਤੇਰੀ ਅਨੰਦ ਪੁਰੀ ਨਾਲੋਂ ਓਹ ਪੁਰੀ ਚੰਗੀ, ਜਿਥੇ ਮੰਦਿਆਂ ਚੰਗਿਆਂ ਰਿਹਾ ਬਣਾਈਆ । ਤੂੰ ਕਮਲੀ ਸਿਰੋਂ ਹੋਈ ਗੰਜੀ, ਗੰਜਿਆਂ ਤੇਰੀ ਚੋਟੀ ਮੁੰਨ ਕੇ ਆਪਣੇ ਨਾਲ ਲਿਆ ਰਲਾਈਆ । ਮੇਰਾ ਖੇਲ ਸਦਾ ਬ੍ਰਹਿਮੰਡੀ, ਨਵਖੰਡ ਫੇਰਾ ਪਾਈਆ । ਜੇ ਤੂੰ ਲਗਣਾ ਮੇਰੀ ਅੰਗੀ, ਅੰਗੀਕਾਰ ਅਖਵਾਈਆ । ਤੂੰ ਕਲਜੁਗ ਅੰਤ ਗੁਰਮੁਖਾਂ ਦੀ ਬਣਨਾ ਸੰਗੀ, ਸੋਹਣਾ ਸੰਗ ਨਿਭਾਈਆ । ਫੇਰ ਕਦੇ ਨਾ ਹੋਵੇ ਤੰਗੀ, ਦੁੱਖ ਦਰਦ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੁਰੀ ਅਨੰਦ ਕਹੇ ਤੂੰ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਆਪਣਾ ਮਾਰਗ ਦੱਸ ਕੇ ਜਾ, ਤੇਰਾ ਭੇਵ ਕਿਸੇ ਨਾ ਆਇੰਦਾ । ਪੜਦਾ ਓਹਲਾ ਚੁੱਕ ਕੇ ਜਾ, ਤੇਰਾ ਖੇਲ ਨਾ ਕੋਇ ਸਮਝਾਇੰਦਾ । ਜਾਂਦੀ ਵਾਰ ਨਾ ਲੁਕ ਕੇ ਜਾ, ਤੇਰਾ ਓਹਲਾ ਮੋਹੇ ਨਾ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਗੋਬਿੰਦ ਵਿਛੋੜਾ ਸਿਹਾ ਨਾ ਜਾਇੰਦਾ । ਪੁਰੀ ਅਨੰਦ ਉਠ ਪਿਆਰੀ, ਸਚ ਦਿਆਂ ਸਮਝਾਈਆ । ਤੇਰੀ ਅੰਤ ਹੋਣ ਨਾ ਦੇਵਾਂ ਖੁਆਰੀ, ਖਾਹ ਮਖਾਹ ਤੋਂ ਲਵਾਂ ਬਚਾਈਆ । ਪਹਿਲੋਂ ਭਗਤਾਂ ਨਾਲ ਬਣਾ ਕੇ ਤੇਰੀ ਯਾਰੀ, ਯਰਾਨਾ ਇਕੋ ਘਰ ਵਖਾਈਆ । ਫੇਰ ਬਣ ਕੇ ਸਚ ਲਿਖਾਰੀ, ਸ਼ਬਦ ਪਰਵਾਨਾ ਦਿਆਂ ਘਲਾਈਆ । ਵੀਹ ਸੌ ਇੱਕੀ ਬਿਕ੍ਰਮੀ ਪਹਿਲੀ ਅੱਸੂ ਰੁੱਤ ਸੰਸਾਰੀ, ਸੰਸਾ ਦਿਆਂ ਮਿਟਾਈਆ । ਲੇਖਾ ਲੇਖ ਦੇ ਕੇ ਵਿਚ ਜਗਤ ਅਖ਼ਬਾਰੀ, ਆਖ਼ਰ ਫ਼ੈਸਲਾ ਦਿਆਂ ਸੁਣਾਈਆ । ਜਿਸ ਨੂੰ ਕਹਿੰਦੇ ਰਹੇ ਬੇਇਤਬਾਰੀ, ਸੋ ਇਤਬਾਰ ਸਭ ਨੂੰ ਦਏ ਜਮਾਈਆ । ਗੁਰਮੁਖਾਂ ਨੂੰ ਚਾੜ੍ਹ ਕੇ ਉਹ ਖ਼ੁਮਾਰੀ, ਖ਼ਿਮਾਂ ਵਿਚੋਂ ਖ਼ਿਮਾਂ ਝੋਲੀ ਪਾਈਆ । ਅੱਗੇ ਪਿਛੇ ਜਨਮ ਮਰਨ ਦੀ ਨਾ ਰਹੇ ਬਿਮਾਰੀ, ਤਬੀਬ ਮਿਲਿਆ ਬੇਪਰਵਾਹੀਆ । ਜੇ ਪ੍ਰਭ ਨਾਲ ਲੱਗ ਜਾਏ ਯਾਰੀ, ਯਰਾਨੇ ਵਾਲਾ ਦੂਜਾ ਰਹਿਣ ਕੋਇ ਨਾ ਪਾਈਆ । ਗੋਬਿੰਦ ਚੁੱਕ ਕੇ ਲੈ ਜਾਏ ਉਸ ਅਟਾਰੀ, ਜਿਸ ਨੂੰ ਅਟਲ ਪਦਵੀ ਰਹੇ ਸੁਣਾਈਆ । ਉਥੇ ਸੇਜ ਸਤਿਗੁਰ ਸੁਆਮੀ ਆਪ ਸਵਾਰੀ, ਕਮਲੀਏ ਤੈਨੂੰ ਲੇਫ਼ ਤਲਾਈ ਦੀ ਲੋੜ ਰਹੇ ਨਾ ਰਾਈਆ । ਮੰਜ਼ਲ ਚੜ੍ਹ ਕੇ ਵੇਖੀਂ ਉਹ ਭਾਰੀ, ਭਾਰ ਆਪਣਾ ਪਿਛੇ ਸੁਟਾਈਆ । ਤੈਨੂੰ ਕੀ ਸਮਝ ਜੁਗ ਚੌਕੜੀ ਰਹੀ ਕੁਆਰੀ, ਕੰਤ ਸੁਹਾਗ ਸੇਜੇ ਨਾ ਸੋਭਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪਣੀ ਵਾਰੀ, ਵਾਰਤਾ ਪਿਛਲੀ ਨਾ ਕਦੇ ਭੁਲਾਈਆ ।


੩੭੫ ੧੨

ਗੋਬਿੰਦ ਕਹੇ ਮੈਂ ਤੱਕਿਆ ਵਿਚੋਂ ਝਰੋਖੇ, ਪ੍ਰਭ ਚਰਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਅਥਾਹ ਸਾਗਰ ਵਿਚ ਖਾਂਦੇ ਗੋਤੇ, ਅੰਤਰ ਅੰਤਰ ਰਹੇ ਧਿਆਈਆ । ਮਿਹਰਵਾਨ ਮਿਹਬਾਨ ਸੁਖੀ ਵਸਦੇ ਵੇਖੇ ਤੇਰੇ ਪੋਤੇ, ਜਿਨ੍ਹਾਂ ਦੇਵੇਂ ਮਾਣ ਵਡਿਆਈਆ । ਉਨ੍ਹਾਂ ਪੜ੍ਹਨੇ ਪਏ ਨਾ ਪੋਥੇ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਰੱਖਣੇ ਪਏ ਨਾ ਕੋਈ ਰੋਜ਼ੇ, ਫ਼ਾਕੇ ਵਿਚ ਨਾ ਫ਼ਿਕਰ ਜਣਾਈਆ । ਮਾਰਗ ਲਾ ਅਗੰਮੀ ਸੌਖੇ, ਸੋਹਣਾ ਰਾਹ ਜਣਾਈਆ । ਮੰਜ਼ਲ ਚੜ੍ਹਦੇ ਹੋਣ ਨਾ ਔਖੇ, ਅੱਗੇ ਹੋ ਕੇ ਗੋਦ ਉਠਾਈਆ । ਅਧਵਿਚਕਾਰ ਕੋਈ ਨਾ ਰੋਕੇ, ਵਿਸ਼ਨ ਬ੍ਰਹਮਾ ਸ਼ਿਵ ਸਭ ਬੈਠਣ ਸੀਸ ਝੁਕਾਈਆ । ਧੰਨ ਵਡਿਆਈ ਜਿਨ੍ਹਾਂ ਦਿਤੇ ਆਪਣੇ ਮੌਕੇ, ਮੁਕੰਮਲ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਮੈਂ ਤੱਕਿਆ ਪਰਮ ਪੁਰਖ ਤੇਰੀ ਬਾਰੀ, ਬਿਨ ਅੱਖਾਂ ਧਿਆਨ ਲਗਾਈਆ । ਜਗਮਗ ਜੋਤ ਜਗੇ ਨਿਰੰਕਾਰੀ, ਸਤਿ ਸਰੂਪ ਸਮਾਈਆ । ਮਹੱਲ ਅਟਲ ਵੇਖ ਮੁਨਾਰੀ, ਮੰਜ਼ਲ ਤੱਕੀ ਬੇਪਰਵਾਹੀਆ । ਜਨ ਭਗਤਾਂ ਬਣਿਆ ਅਧਾਰੀ, ਆਦਤ ਆਪਣੀ ਲਈ ਬਦਲਾਈਆ । ਨਿਰਗੁਣ ਹੋ ਕੇ ਲਾਈ ਯਾਰੀ, ਸਰਗੁਣ ਸੰਗ ਨਿਭਾਈਆ । ਸ਼ਬਦ ਅਗੰਮੀ ਆਵਾਜ਼ ਇਕੋ ਮਾਰੀ, ਇਸ਼ਾਰੇ ਨਾਲ ਸਮਝਾਈਆ । ਜੋ ਗੁਰਮੁਖ ਆਤਮ ਕੰਨਿਆ ਰਹੀ ਕਵਾਰੀ, ਕਾਇਆ ਗ੍ਰਹਿ ਲਵਾਂ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪ੍ਰਭ ਵੇਖ ਤੇਰਾ ਦਰਵਾਜ਼ਾ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਲੇਖਾ ਚੁੱਕਿਆ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਡੇਰਾ ਢਾਹਿਆ । ਲਹਿਣਾ ਚੁੱਕਿਆ ਗੋਪੀ ਕਾਹਨ ਰਾਸਾ, ਤਤ ਰਾਮ ਨਾ ਕੋਇ ਮਨਾਈਆ । ਧੁਰ ਦਾ ਦੇ ਇਕ ਭਰਵਾਸਾ, ਗੁਰਮੁਖ ਗੁਰਸਿਖ ਲਏ ਜਗਾਈਆ । ਜਾਤ ਮੇਂ ਜੋਤ, ਜੋਤ ਮੇਂ ਜਾਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਾਢੇ ਤਿੰਨ ਹੱਥ ਲੰਮਾ ਚੌੜਾ ਵੱਡਾ ਹਾਤਾ, ਹਦੂਦ ਆਪਣੇ ਹੱਥ ਰਖਾਈਆ । ਨਾਵੇਂ ਲਾ ਕੇ ਧੁਰ ਦਾ ਖਾਤਾ, ਮਾਲਕ ਘਰ ਦਾ ਦਿਤਾ ਬਣਾਈਆ । ਆਪ ਪੁੱਛ ਕੇ ਅੰਤਮ ਵਾਤਾ, ਵਾਸਤਾ ਆਪਣੇ ਨਾਲ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਨਾ ਕੋਇ ਤਮਾਸ਼ਾ, ਤਮਾਸ਼ ਬੀਨ ਨਾ ਕੋਇ ਲੋਕਾਈਆ । ਇਹ ਖੇਲ ਪ੍ਰਭੂ ਸਮਰਾਥਾ, ਸਮਰਥ ਵੰਡ ਵੰਡਾਈਆ । ਗੋਬਿੰਦ ਪੂਰਾ ਕਰਕੇ ਘਾਟਾ, ਅਤੋਟ ਅਤੁੱਟ ਆਪ ਵਰਤਾਈਆ । ਨਜ਼ਰੀ ਆਇਆ ਇਕੋ ਪਿਤਾ ਮਾਤਾ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਨਿੱਕੀਆ ਨਿੱਕੀਆ ਸ਼ਾਖਾਂ, ਮੌਸਮ ਬਹਾਰ ਵਿਚ ਉਪਜਾਈਆ । ਉਸ ਦੇ ਪ੍ਰੇਮ ਦੀਆਂ ਕਰ ਕਰ ਬਾਤਾਂ, ਜਗਤ ਜਹਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਤੱਕਿਆ ਪਾਰ, ਪਾਰਬ੍ਰਹਮ ਬੇਪਰਵਾਹੀਆ । ਜਗਤ ਵੇਖਿਆ ਉਰਾਰ, ਨਈਆ ਨੌਕਾ ਨਜ਼ਰ ਕਿਸੇ ਨਾ ਆਈਆ । ਭੈਣਾਂ ਭਈਆ ਰੋਵਣ ਜ਼ਾਰੋ ਜ਼ਾਰ, ਮਈਆ ਸਈਆ ਨਾ ਸੰਗ ਨਿਭਾਈਆ । ਕੱਢ ਵਹੀਆ ਰਾਏ ਧਰਮ ਕਰੇ ਖ਼ਬਰਦਾਰ, ਚਿਤ੍ਰਗੁਪਤ ਲੇਖਾ ਰਿਹਾ ਜਣਾਈਆ । ਸੰਗੀ ਬਣੇ ਨਾ ਚਾਰ ਯਾਰ, ਮੁਹੰਮਦ ਮੁਹਿਮ ਨਾ ਕੋਇ ਵਟਾਈਆ । ਈਸਾ ਮੂਸਾ ਨਾ ਹੋਏ ਬੇਦਾਰ, ਬੇਦਿਲ ਹੋ ਨਾ ਅੱਖ ਖੁਲ੍ਹਾਈਆ । ਸਚ ਦਵਾਰੇ ਸੁੱਤੇ ਪੈਰ ਪਸਾਰ, ਪੁਰਖ ਅਬਿਨਾਸ਼ੀ ਥਪਕੀਆਂ ਨਾਲ ਸਵਾਈਆ । ਗੁਰ ਅਵਤਾਰ

ਕਰੇ ਨਾ ਕੋਇ ਪਿਆਰ, ਪ੍ਰੇਮਿਕਾ ਲਏ ਨਾ ਕੋਇ ਪਰਨਾਈਆ । ਚਾਰ ਕੁੰਟ ਧੂੰਆਂਧਾਰ, ਦਹਿ ਦਿਸ਼ਾ ਹਨੇਰਾ ਛਾਈਆ । ਕੂੜੀ ਕਿਰਿਆ ਉਡੇ ਛਾਰ, ਜੂਠ ਝੂਠ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਗਈ ਹਾਰ, ਹਰਿ ਕਾ ਰਾਹ ਨਾ ਕੋਇ ਵਖਾਈਆ । ਗੁਰ ਅਵਤਾਰ ਬਣ ਕੇ ਪਾਂਧੀ ਆਪਣਾ ਪੰਧ ਗਏ ਮਾਰ, ਲੋਕਮਾਤ ਫੇਰਾ ਪਾਈਆ । ਧੁਰ ਸੰਦੇਸ਼ਾ ਬੱਤੀ ਦੰਦ ਗਏ ਉਚਾਰ, ਸ਼ੇਖ਼ੀ ਚਲੀ ਨਾ ਕੋਇ ਵਡਿਆਈਆ । ਤੂੰ ਬਖ਼ਸ਼ੰਦ ਕਹਿ ਕਹਿ ਗਏ ਪੁਕਾਰ, ਪੁਨਹ ਪੁਨਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਜਣਾਈਆ । ਗੋਬਿੰਦ ਕਹੇ ਮੈਂ ਤੱਕਿਆ ਆਸਣ, ਜ਼ਿਮੀਂ ਅਸਮਾਨ ਨਜ਼ਰ ਕੋਇ ਨਾ ਆਈਆ । ਨਾ ਕੋਈ ਦਾਸੀ ਨਾ ਕੋਇ ਦਾਸਣ, ਸੇਵਕ ਸੇਵ ਨਾ ਕੋਇ ਕਮਾਈਆ । ਇਕ ਇਕੱਲਾ ਬੈਠਾ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਸੋਭਾ ਪਾਈਆ । ਸਚ ਦਵਾਰੇ ਕਰੇ ਵਾਸਨ, ਸੋਭਾਵੰਤ ਸੁਹਾਈਆ । ਖੇਲੇ ਖੇਲ ਜ਼ਾਹਰ ਬਾਤਨ, ਭੇਵ ਅਭੇਦ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਤਿਪਰਮੇਸ਼ਵਰ ਜਿਸ ਨੂੰ ਆਖਣ, ਪਰਵਰਦਿਗਾਰ ਕਹਿ ਸੁਣਾਈਆ । ਸੋ ਸਾਹਿਬ ਸੁਲਤਾਨ ਬਣਿਆ ਧੁਰ ਦਾ ਸਾਥਣ, ਸਗਲਾ ਸੰਗ ਨਿਭਾਈਆ । ਗਵਾਲਿਆਂ ਕੋਲੋਂ ਨਾ ਖਾਵੇ ਮਾਖਣ, ਬਿੰਦਰਾ ਰਾਸ ਨਾ ਕੋਇ ਰਚਾਈਆ । ਰਸਨਾ ਨਾਲ ਨਾ ਦੇਵੇ ਭਾਸ਼ਣ, ਬੱਤੀ ਦੰਦ ਨਾ ਕੋਇ ਪੜ੍ਹਾਈਆ । ਕਰੇ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਗੋਬਿੰਦ ਕਹੇ ਮੈਂ ਤੱਕਿਆ ਮੁਨਾਰਾ, ਮੁਨੀ ਮੁਨਸ਼ੀਰ ਨਜ਼ਰ ਕੋਇ ਨਾ ਆਈਆ । ਛੱਪਰ ਛੰਨ ਨਾ ਚਾਰ ਦੀਵਾਰਾ, ਬਾਡੀ ਬਣਤ ਨਾ ਕੋਇ ਬਣਾਈਆ । ਇੱਟ ਪੱਥਰ ਨਾ ਕੋਇ ਗਾਰਾ, ਦਹਿ ਦਿਸ਼ਾ ਵੰਡ ਨਾ ਕੋਇ ਵਖਾਈਆ । ਦੀਆ ਬਾਤੀ ਨਾ ਕੋਇ ਉਜਿਆਰਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਬੈਠਾ ਇਕ ਸੁਹਾਈਆ । ਗੋਬਿੰਦ ਕਹੇ ਮੈਂ ਵੇਖਿਆ ਗ੍ਰਿਹ, ਗਹਿਰ ਗੰਭੀਰ ਨਜ਼ਰੀ ਆਈਆ । ਸ਼ਾਹ ਸੁਲਤਾਨਾ ਇਕੋ ਬਹੇ, ਤਖ਼ਤ ਨਿਵਾਸੀ ਸੋਭਾ ਪਾਈਆ । ਮਰਦ ਮਰਦਾਨਾ ਇਕੋ ਰਹੇ, ਰਹਿਬਰ ਨੂਰ ਖ਼ੁਦਾਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਫ਼ਰਮਾਨਾ ਕਹੇ, ਸੋ ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਸੁਣਾਈਆ । ਨਿਤ ਨਵਿਤ ਜਿਸ ਦੀ ਧਾਰ ਸ਼ਬਦੀ ਰਾਉ ਵਹੇ, ਦੋ ਜਹਾਨ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਸਹਾਈਆ । ਗੋਬਿੰਦ ਕਹੇ ਮੈਂ ਤੱਕੀ ਤੇਰੀ ਓਟ, ਓੜਕ ਇਕੋ ਨਜ਼ਰੀ ਆਈਆ । ਦੱਸਾਂ ਨਾਲ ਨਗਾਰੇ ਚੋਟ, ਚੋਟਾ ਬਣ ਕੇ ਦਿਆਂ ਸੁਣਾਈਆ । ਜਿਸ ਨੇ ਸਭ ਦਾ ਕੱਢਣਾ ਖੋਟ, ਹੋਛੀ ਮਤ ਗਵਾਈਆ । ਆਦਿ ਜੁਗਾਦੀ ਜਿਸ ਦੀ ਪਹੁੰਚ, ਕਾਇਆ ਮਾਟੀ ਪੋਚ ਨਾ ਕੋਇ ਪੁਚਾਈਆ । ਜਿਸ ਦੀ ਕਿਸੇ ਨਾ ਆਈ ਸੋਚ, ਸਮਝ ਨਾ ਕੋਇ ਸਮਝਾਈਆ । ਜਿਸ ਦਾ ਖੇਲ ਚੌਦਾਂ ਲੋਕ, ਪਰਲੋਕ ਵੱਜੇ ਵਧਾਈਆ । ਸੋ ਦੇਵਣਹਾਰਾ ਨਾਮ ਸਲੋਕ, ਸੋਹਲਾ ਇਕ ਸਮਝਾਈਆ । ਗੁਰਮੁਖੋ ਕੰਮ ਨਾ ਆਵੇ ਕਿਸੇ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਤੁਹਾਡਾ ਲਹਿਣਾ ਮਿਲਣਾ ਜੋਤ, ਅੰਤਮ ਜੋਤ ਸਮਾਈਆ । ਇਹੋ ਜਿਹੀ ਜੁਗ ਚੌਕੜੀ ਕਿਸੇ ਨਾ ਦਿਤੀ ਹੋਸ਼, ਹੁਸ਼ਿਆਰ ਹੋ ਕੇ ਆਪਣੇ ਨਾਲ ਮਿਲਾਈਆ । ਸ੍ਰਿਸ਼ਟ ਸਬਾਈ ਨਾਲ ਬੈਠਾ ਰਹੇ ਖ਼ਾਮੋਸ਼, ਖ਼ਾਹ ਮਖਾਹ ਪਾਈ ਜੁਦਾਈਆ । ਜਨ ਭਗਤਾਂ ਮਿਲੇ ਰੋਜ਼, ਨਿਤ ਨਵਿਤ ਵੇਸ ਵਟਾਈਆ । ਉਸ ਦੀ ਕਿਆ ਕੋਈ ਕਰੇ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ ।

ਇਹ ਵੀ ਗੋਬਿੰਦ ਸਦਕਾ ਕਰੇ ਚੋਜ, ਚੋਜੀ ਪ੍ਰੀਤਮ ਬੇਪਰਵਾਹੀਆ । ਗੁਰਮੁਖਾਂ ਨਾਲ ਮਿਲ ਕੇ ਮਾਣੇ ਮੌਜ, ਮੌਜੂਦ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਤਾ ਇਕ ਜੁੜਾਈਆ । ਗੋਬਿੰਦ ਕਹੇ ਮੈਂ ਤੱਕਿਆ ਹਜ਼ੂਰ, ਹਜ਼ਰਤ ਬੇਪਰਵਾਹੀਆ । ਜਿਸ ਦਾ ਹੁਕਮ ਸਦਾ ਮਨਜ਼ੂਰ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਸਭ ਤੇ ਲਾਇਆ ਕਸੂਰ, ਬਚਿਆ ਕੋਈ ਰਹਿਣ ਨਾ ਪਾਈਆ । ਜਾਂ ਤਕਿਆ ਗੁਰਮਖਾਂ ਦਾ ਰਾਹ ਤੱਕੇ ਮਨਸੂਰ, ਐਨੁਲਹੱਕ ਨਾਅਰਾ ਲਾਈਆ । ਉਹ ਨੇੜੇ ਨਹੀਂ ਦੂਰ, ਦੂਰ ਦੁਰਾਡਾ ਘਰ ਘਰ ਸੋਭਾ ਪਾਈਆ । ਉਹ ਸ਼ਹਿਨਸ਼ਾਹ ਉਹ ਮਜ਼ਦੂਰ, ਉਹ ਮਫ਼ਰੂਰ ਹੋਇਆ ਕੋਲੋਂ ਲੋਕਾਈਆ । ਉਹ ਜੋਤੀ ਜਲਵਾ ਅਗੰਮੀ ਨੂਰ, ਨੁਰਾਨਾ ਇਕ ਅਖਵਾਈਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਅੰਦਰ ਮਚਾਇਆ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੈਂ ਤੱਕਿਆ ਤੇਰਾ ਦਰਬਾਰ, ਇਕੋ ਅੱਖ ਉਠਾਈਆ । ਤੇਰਾ ਖੇਲ ਵੇਖ ਨਿਰੰਕਾਰ, ਨਿਰਗੁਣ ਵੱਜੀ ਨਾਮ ਵਧਾਈਆ । ਮੈਂ ਹੋ ਕੇ ਖ਼ਬਰਦਾਰ, ਸ਼ਬਦ ਸੰਦੇਸ਼ਾ ਦਿਤਾ ਸੁਣਾਈਆ । ਕਲ ਕਲਕੀ ਇਕ ਅਵਤਾਰ, ਕੁਲ ਮਾਲਕ ਹਰਿ ਅਖਵਾਈਆ । ਮਤਲਬੀ ਕੋਈ ਨਾ ਰੱਖੇ ਯਾਰ, ਕੂੜੀ ਤਸਬੀ ਗਲ ਨਾ ਕੋਇ ਲਟਕਾਈਆ । ਮਕਤਬੀਂ ਪੜ੍ਹਨ ਨਾ ਜਾਏ ਵਿਚ ਸੰਸਾਰ, ਹਰਫ਼ਾਂ ਨਾਲ ਨਾ ਕਲਮ ਚਲਾਈਆ । ਮੁਤੱਅਸਬ ਹੋ ਨਾ ਕਰੇ ਪੁਕਾਰ, ਤੁਅੱਜਬ ਹੋ ਹੈਰਾਨੀ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਤੋਂ ਵਸੇ ਬਾਹਰ, ਅਦਬ ਆਦਾਬ ਇਕੋ ਇਕ ਜਣਾਈਆ । ਦੋ ਜਹਾਨਾਂ ਬਣ ਆਪ ਸਰਦਾਰ, ਸਰਧਾ ਪੂਰ ਸਾਹਿਬ ਅਖਵਾਈਆ । ਉਸ ਦਾ ਲੇਖ ਲਿਖ ਕੇ ਦੇਵੇ ਕਿਆ ਕੋਈ ਵਿਚ ਇਸ਼ਤਿਹਾਰ, ਅਖ਼ਬਾਰ ਖ਼ਬਰ ਨਾ ਕੋਇ ਸੁਣਾਈਆ । ਜਿਸ ਦੀ ਹਰ ਘਟ ਲੱਗੀ ਅਗੰਮੀ ਤਾਰ, ਦਿਵਸ ਰੈਣ ਰਿਹਾ ਹਿਲਾਈਆ । ਉਹ ਕਿਸੇ ਦੀ ਮੱਦਦ ਨਾ ਮੰਗੇ ਮੱਦਦਗਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਕਿਸੇ ਨਾ ਕਰਿਆ ਇਤਬਾਰ, ਬੇਇਤਬਾਰਾ ਆਪਣਾ ਯਕੀਨ ਦਏ ਬਣਾਈਆ । ਜੋ ਬਗ਼ਾਵਤਾਂ ਦਾ ਬਗ਼ਲਗੀਰ ਸੰਸਾਰ, ਅਦਾਲਤਾਂ ਦਾ ਅਦਲੀ ਇਕ ਅਖਵਾਈਆ । ਸੋ ਖੇਲ ਕਰੇ ਕਰਤਾਰ, ਕਰਤਾ ਕੁਦਰਤ ਵੇਖ ਵਖਾਈਆ । ਗੋਬਿੰਦ ਤੇਰੇ ਨਾਲ ਪਿਆਰ, ਪ੍ਰੇਮ ਵਿਚੋਂ ਮੁਹੱਬਤ ਲਈ ਪਰਗਟਾਈਆ । ਇਹੋ ਜਿਹਾ ਕਿਸੇ ਨਹੀਂ ਲੱਭਿਆ ਯਾਰ, ਯਾਰਾਨੇ ਲਾ ਕੇ ਗਈ ਲੋਕਾਈਆ । ਆਸ਼ਕ ਮਾਸ਼ੂਕ ਲੱਭਦੇ ਡੁੱਬਦੇ ਮਰਦੇ ਡਿੱਠੇ ਵਿਚ ਪਿਆਰ, ਮਾਤ ਪਿਤ ਜਗਤ ਜੁਦਾਈਆ । ਵਿਛੜ ਕੋਈ ਨਾ ਮਿਲਿਆ ਆਣ, ਆਣ ਆਪਣੀ ਨਾ ਕਿਸੇ ਜਣਾਈਆ । ਜਿਨ੍ਹਾਂ ਦੀ ਲਹਿ ਗਈ ਇਕ ਵਾਰ ਮਕਾਣ, ਮਕਾਨ ਸਕਿਆ ਨਾ ਕੋਇ ਬਣਾਈਆ । ਸਾਰੇ ਕਹਿਣ ਉਹ ਮਿਲਿਆ ਵਿਚ ਭਗਵਾਨ, ਭਾਣਾ ਆਪਣੇ ਸਿਰ ਉਠਾਈਆ । ਅਬਿਨਾਸ਼ੀ ਕਰਤਾ ਨਹੀਂ ਅੰਞਾਣ, ਆਪਣੇ ਹੁਕਮ ਅੰਦਰ ਖੇਲ ਰਚਾਈਆ । ਆਪਣੇ ਹੱਥ ਸਮਰਥ ਰੱਖ ਕਮਾਨ, ਹੁਕਮ ਦੇਵੇ ਥਾਉਂ ਥਾਈਂਆ । ਸਭ ਤੋਂ ਵੱਡਾ ਬਣ ਬਲਵਾਨ, ਬਾਲੇ ਨਿੱਕੇ ਨਿੱਕੇ ਨਾਲ ਰਲਾਈਆ । ਆਪਣੇ ਜਿਹਾ ਗੁਰਮੁਖਾਂ ਦੇਵੇ ਮਾਣ, ਗੁਰਸਿਖਾਂ ਹੋਏ ਸਹਾਈਆ । ਕਲਜੁਗ ਅੰਤਮ ਬਖ਼ਸ਼ਿਸ਼ ਰਹਿਮਤ ਕਰਕੇ ਦਾਨ, ਦੌਲਤ ਆਪਣੇ ਨਾਮ ਦਿਤੀ ਵਰਤਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਨਾਮ ਬਦਲ ਕੇ ਇਕੋ ਨਾਮ ਪ੍ਰਸਿਧ ਕੀਤਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਵਿਚੋਂ ਬਾਹਰ ਰਹਿਣ ਕੋਇ ਨਾ ਪਾਈਆ ।

### ✪ ੩ ਭਾਦਰੋਂ ੨੦੨੧ ਬਿਕ੍ਰਮੀ ਮਿਸਤਰੀ ਪਾਲਾ ਰਾਮ ਦੇ ਗ੍ਰਿਹ ਅੰਮ੍ਰਿਤਸਰ ਨਵਾਂ ਕੋਟ, ਟਿੱਕਾ ਰਾਮ ਸਿੰਘ ਨਾਲ ਬਾਬਰਪੁਰ ਜ਼ਿਲਾ ਅੰਬਾਲਾ ਵਾਲੇ ✪



ਚਲੋ ਤਕੀਏ ਵੇਖੀਏ ਉਹ ਗੁਰੂ ਮਹਾਰਾਜ, ਆਦਿ ਅੰਤ ਜੁਗਾ ਜੁਗੰਤ ਜਿਸ ਦੀ ਵੱਡੀ ਵਡਿਆਈਆ । ਸਾਹਿਬ ਸੁਲਤਾਨ ਮਿਹਰਵਾਨ ਨੌਜਵਾਨ, ਸੀਸ ਜਗਦੀਸ ਰੱਖੇ ਤਾਜ, ਮਹੱਲ ਅਟਲ ਮੁਕਾਮੇ ਹੱਕ ਦਰਗਾਹ ਸਾਚੀ ਸੋਭਾ ਪਾਈਆ । ਨਾਦ ਸ਼ਬਦ ਧੁਨ ਨਾ ਕੋਈ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਚਤੁਰਾਈਆ । ਮਸਜਿਦ ਰੋਜ਼ਾ ਬਾਂਗ ਨਾ ਕੋਇ ਨਮਾਜ਼, ਖ਼ਾਕੀ ਖ਼ਾਕ ਨਾ ਕੋਇ ਰਮਾਈਆ । ਸੂਰਜ ਚੰਦ ਮੰਡਲ ਮੰਡਪ ਨਾ ਕੋਈ ਦਿਵਸ ਨਾ ਰਾਤ, ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਨਜ਼ਰ ਕੋਇ ਨਾ ਆਈਆ । ਕਾਗ਼ਜ਼ ਕਲਮ ਸ਼ਾਹੀ ਲੇਖਾ ਨਾ ਕੋਈ ਦਵਾਤ, ਹਰਫ਼ ਹਰੂਫ਼ ਅਲਿਫ਼ ਯੇ ਨਾ ਕੋਈ ਪੜ੍ਹਾਈਆ । ਮਕਤਬ ਪਾਠਸ਼ਾਲਾ ਨਾ ਕੋਈ ਕਿਤਾਬ, ਸ਼ੇਖ਼ ਸ਼ਾਇਰੀ ਸ਼ਰਅ ਵਿਚ ਨਾ ਕੋਇ ਸੁਣਾਈਆ । ਰਾਜ ਰਾਜਾਨ ਭੂਪਤ ਭੂਪ ਨਾ ਕੋਈ ਨਵਾਬ, ਨਾਅਰਾ ਨੌਬਤ ਨਾ ਕੋਇ ਸੁਣਾਈਆ । ਮੁਖ਼ਾਤਬ ਹੋ ਕੇ ਸਚ ਸਚ ਦਿਉ ਜਵਾਬ, ਅਗੰਮ ਅਥਾਹ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਵਣ ਸਿੰਘਾਸਣ ਬੈਠਾ ਬੇਪਰਵਾਹੀਆ । ਚਲੋ ਚਲੀਏ ਸਚ ਦਰਬਾਰ, ਦਰ ਦਰਬਾਰਾ ਇਕੋ ਸੋਭਾ ਪਾਈਆ । ਜਿਸ ਗ੍ਰਿਹ ਵਸੇ ਸੋ ਪੁਰਖ ਨਿਰੰਜਣ ਵਸਣਹਾਰ, ਹਰਿ ਪੁਰਖ ਨਿਰੰਜਣ ਸੋਭਾ ਪਾਈਆ । ਏਕੰਕਾਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਬੈਠਾ ਡੇਰਾ ਲਾਈਆ । ਆਦਿ ਨਿਰੰਜਣ ਕਰੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਅਪਰ ਅਪਾਰ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਸ੍ਰੀ ਭਗਵਾਨ ਹੋ ਤਿਆਰ, ਤਖ਼ਤ ਨਿਵਾਸੀ ਆਪਣਾ ਹੁਕਮ ਵਰਤਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਵੇਖੇ ਵਿਗਸੇ ਵੇਖਣਹਾਰ, ਵਡ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਘਰ, ਸਚਖੰਡ ਪੜਦਾ ਆਪ ਉਠਾਈਆ । ਚਲੋ ਚਲੀਏ ਸਚ ਦਵਾਰੇ, ਮੰਜ਼ਲ ਪੰਧ ਮੁਕਾਈਆ । ਦੀਪਕ ਕਵਣ ਕੂਟ ਹੋਏ ਉਜਿਆਰੇ, ਕਵਣ ਦਿਸ਼ਾ ਕਰੇ ਰੁਸ਼ਨਾਈਆ । ਕਵਣ ਲੋਕ ਪਰਵਰਦਿਗਾਰੇ, ਲਾਸ਼ਰੀਕ ਕਵਣ ਅਖਵਾਈਆ । ਕਵਣ ਮਹਿਬੂਬ ਸਿਰਜਣਹਾਰੇ, ਮੁਹੱਬਤ ਵਿਚ ਸਮਾਈਆ । ਕਵਣ ਤੌਫ਼ੀਕ ਧੁਰ ਦਰਬਾਰੇ, ਕਵਣ ਦਏ ਵਡਿਆਈਆ । ਕਵਣ ਸੀਸ ਜਗਦੀਸ ਧਰੇ ਦਸਤਾਰੇ, ਕਲਗੀ ਤੋੜਾ ਕਵਣ ਘਾੜਤ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਗ੍ਰਿਹ ਸੱਚਾ ਇਕ ਉਪਾਈਆ । ਆਓ ਚਲੀਏ ਓਸ ਦੇਸ, ਜਿਸ ਦੀ ਮਹਿੰਮਾ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਕੋਟਨ ਕੋਟ ਰੋਂਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਧਾਈਆ । ਨਿਉਂ ਨਿਉਂ ਸੱਯਦਾ ਕਰਨ ਆਦੇਸ, ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਨਿਤ ਨਵਿਤ ਜਿਸ ਦਾ ਅਵੱਲੜਾ ਭੇਸ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਸਦਾ ਸਦਾ ਜਿਸ ਦੀ ਅੱਲੜ੍ਹ ਜੁਆਨੀ ਇਕ ਵਰੇਸ, ਬਿਰਧ ਬਾਲ ਨਾ ਰੂਪ ਵਟਾਈਆ । ਉਸ ਨਾਲ ਬਣਕੇ ਲਾਲ ਕਰੀਏ ਹੇਤ, ਪ੍ਰੇਮ ਪਿਆਰ ਅੰਦਰ ਸਮਾਈਆ । ਸਚ ਦਵਾਰੇ ਬਹੀਏ ਖੇਡ, ਸੋਹਣੀ ਖੇਡ ਬਣਾਈਆ । ਜਿਸ ਨੇ ਸਾਨੂੰ ਦਿਤਾ ਭੇਜ, ਉਸਨੂੰ ਜਾ ਕੇ ਲੱਭੀਏ ਚਾਈਂ ਚਾਈਆ । ਕੀ ਤੇਰਾ ਜੋਤੀ ਤੇਜ, ਜੋਤ ਜੋਤ ਕਰੇ ਰੁਸ਼ਨਾਈਆ । ਖੋਲ੍ਹ ਦੱਸ ਆਪਣਾ ਭੇਦ, ਪੜਦਾ ਓਹਲਾ

ਦਏ ਉਠਾਈਆ । ਦਰ ਠਾਂਡੇ ਹੋ ਦਰਵੇਸ਼, ਸਾਚੀ ਮੰਗ ਇਕ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਚ ਦਵਾਰ ਸੋਭਾ ਪਾਈਆ । ਚਲੋ ਚਲੀਏ ਉਸ ਦਰਵਾਜ਼ੇ, ਜਿਸ ਦਾ ਦਰ ਨਜ਼ਰ ਕਿਸੇ ਨਾ ਆਇੰਦਾ । ਜਿਸ ਨੂੰ ਕਹਿ ਕਹਿ ਸਾਰੇ ਗਏ ਗ਼ਰੀਬ ਨਿਵਾਜ਼ੇ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਇੰਦਾ । ਜਿਸ ਸਾਹਿਬ ਦੇ ਸੀਸ ਸੋਹੇ ਤਾਜੇ, ਕਲਗੀ ਤੋੜਾ ਨਜ਼ਰ ਕਿਸੇ ਨਾ ਆਇੰਦਾ । ਉਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਸਦਾ ਸਦਾ ਸਦ ਸਰਬ ਮੁਹਤਾਜੇ, ਖ਼ਾਲੀ ਝੋਲੀ ਸਭ ਦੀ ਆਪ ਭਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਨੇ ਰਚੇ ਕਾਜੇ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਚਲੋ ਚਲੀਏ ਸੋਹਣੇ ਮੰਦਰ, ਜਿਸ ਦੀ ਬਾੜੀ ਬਣਤ ਨਾ ਕੋਇ ਬਣਾਈਆ । ਜਿਸ ਦਾ ਕਿਸੇ ਨਾ ਲੱਭਿਆ ਲੱਗਾ ਜੰਦਰ, ਕੁਫ਼ਲ ਸਕੇ ਨਾ ਕੋਇ ਖੁਲ੍ਹਾਈਆ । ਨਾ ਕੋਈ ਅੰਧੇਰਾ ਨਾ ਕੋਈ ਕੰਦਰ, ਆਦਿ ਅੰਤ ਇਕੋ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਘਰ, ਘਰ ਸਾਚਾ ਦਏ ਵਖਾਈਆ । ਆਉ ਚਲੀਏ ਮੁਕੇ ਪੰਧ, ਪਾਂਧੀ ਨਜ਼ਰ ਕੋਇ ਨਾ ਆਈਆ । ਜਿਥੇ ਤੇਰਾ ਮੇਰਾ ਇਕੋ ਛੰਦ, ਦੂਜਾ ਢੋਲਾ ਨਾ ਕੋਇ ਸੁਣਾਈਆ । ਇਕੋ ਸੇਜ ਇਕੋ ਪਲੰਘ, ਇਕ ਸਿੰਘਾਸਣ ਰਿਹਾ ਸੁਹਾਈਆ । ਇਕ ਪ੍ਰੇਮ ਇਕ ਅਨੰਦ, ਇਕੋ ਤਾਰ ਰਿਹਾ ਹਲਾਈਆ । ਇਕੋ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਖੇਲ ਸਰਬ ਬ੍ਰਹਿਮੰਡ, ਬ੍ਰਹਿਮਾਂਡ ਹੁਕਮ ਵਰਤਾਈਆ । ਉਸ ਦਾ ਮਾਣੀਏ ਚਲ ਕੇ ਰੰਗ, ਰੰਗ ਰੰਗੀਲਾ ਆਪਣੀ ਰੰਗਤ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵੇਖ ਵੇਖ ਖ਼ੁਸ਼ੀ ਮਨਾਈਆ । ਚਲੋ ਵੇਖੀਏ ਸਚਖੰਡ ਦਾ ਸਚ ਨਜ਼ਾਰਾ, ਬਿਨ ਨਜ਼ਰਾਂ ਨਜ਼ਰ ਟਿਕਾਈਆ । ਜਿਸ ਦਾ ਕੋਈ ਨਾ ਜਾਣੇ ਆਰ ਪਾਰ ਕਿਨਾਰਾ, ਵਿਵਹਾਰਾ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਜਿਸ ਦਾ ਸਦਾ ਸਹਾਰਾ, ਸਾਹਿਬ ਸਤਿਗੁਰ ਇਕ ਅਖਵਾਈਆ । ਸੀਸ ਜਗਦੀਸ ਤਾਜ ਸੋਹਵੇ ਕਲਗੀ ਤੋੜਾ ਅਪਾਰਾ, ਜੋਤੀ ਸ਼ਬਦੀ ਜੋੜ ਜੁੜਾਈਆ । ਦੋ ਜਹਾਨਾਂ ਸ਼ਾਹ ਅਸਵਾਰਾ, ਚੌਦਾਂ ਲੋਕਾਂ ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਓਥੇ ਗੁਰ ਅਵਤਾਰ ਪੀਰ ਪੈਗ਼ੰਬਰ ਕੀ ਕਰੇ ਬੇਚਾਰਾ, ਛੋਟੇ ਬਾਲੇ ਬਾਲਿਆਂ ਵਾਂਗ ਹੁਕਮ ਵਿਚ ਫਿਰਾਈਆ । ਕਲਜੁਗ ਅੰਤ ਖੇਲ ਭਗਵੰਤ, ਸੰਤਾਂ ਵਿਚੋਂ ਲੱਭੇ ਸੰਤ, ਸਤਿ ਵੇਖੇ ਥਾਈਂ ਥਾਈਂਆ । ਚਲੋ ਚਲ ਕੇ ਮਿਲੀਏ ਉਸ ਕੰਤ, ਜਿਸ ਦਾ ਆਗਮਨ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਉਹ ਘਰ, ਜਿਸ ਘਰ ਬੈਠਾ ਡੇਰਾ ਲਾਈਆ । ਕਵਣ ਸਰੂਪ ਸਚ ਸਿੰਘਾਸਣ, ਸੋਭਾਵੰਤ ਸੋਭਾ ਪਾਈਆ । ਕਵਣ ਕੂਟ ਲੱਗਾ ਆਸਣ, ਕਵਣ ਰੂਪ ਮੁਖ ਰੁਸ਼ਨਾਈਆ । ਕਵਣ ਧਾਰ ਕਰੇ ਅਗੰਮੀ ਬਾਤਨ, ਗੁਪਤ ਜ਼ਾਹਰ ਸਚ ਸ਼ਨਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਸਾਰੇ ਆਖਣ, ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਨਾਲ ਕਰਨ ਪੜ੍ਹਾਈਆ । ਲੋਕ ਪਰਲੋਕ ਬ੍ਰਹਿਮੰਡ ਖੰਡ ਜਗਤ ਚਲਾਵਣ ਹਾਟਨ, ਬਣ ਵਣਜਾਰੇ ਫੇਰਾ ਪਾਈਆ । ਜਿਸ ਸਰੂਪ ਵਿਚ ਤੱਕਿਆ ਪੁਰਖ ਅਬਿਨਾਸ਼ਣ, ਉਸ ਦਾ ਹੁਲੀਆ ਦੇਣਾ ਸਮਝਾਈਆ । ਅੱਗੇ ਫੇਰ ਚਲੇ ਉਹ ਬਾਤਨ, ਜਿਸ ਦੀ ਬਦਲੀ ਸਕੇ ਨਾ ਕੋਇ ਕਰਾਈਆ । ਹੁਲੀਆ ਦੱਸੇ ਕਰ ਤਸਦੀਕ, ਨੈਣਾਂ ਵੇਖਿਆ ਹਾਲ ਸੁਣਾਈਆ ।

੩੮੧ ੧੨

ਫੇਰ ਅੱਗੋਂ ਜਵਾਬ ਮਿਲੇ ਠੀਕ, ਫ਼ਰਕ ਜ਼ਰਾ ਰਹਿਣ ਨਾ ਪਾਈਆ । ਜਿਸ ਨੂੰ ਸਾਰੇ ਕਹਿੰਦੇ ਮਾਲਕ ਗ਼ਰੀਬ, ਅਸੀਂ ਸਮਝਿਆ ਭਜੀਏ ਵਾਹੋ ਦਾਹੀਆ । ਉਹ ਦੂਰ ਦੁਰਾਡਾ ਵੇਖੀਏ ਨਜ਼ਦੀਕ, ਨੇਰਨ ਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਾਵਣਹਾਰਾ ਇਕ ਘਰ, ਜਿਸ ਘਰ ਆਪਣਾ ਆਸਣ ਲਾਈਆ । ਸੰਦੇਸ਼ ਅੰਦਰ ਹੋਵੇ ਖ਼ੁਸ਼ੀ, ਖ਼ੁਸ਼ੀਆਂ ਵਿਚ ਬੇਪਰਵਾਹੀਆ । ਖ਼ੁਸ਼ੀਆਂ ਅੰਦਰ ਲੱਗੇ ਰੁਚੀ, ਆਤਮਾ ਮਿਲੇ ਵਡਿਆਈਆ । ਉਹ ਪਰਮਾਤਮਾ ਦੀ ਕਹਾਣੀ ਸਦਾ ਸੁੱਚੀ, ਜਿਸ ਦੀ ਸਿਫ਼ਤ ਕਰੇ ਕਲਮ ਸ਼ਾਹੀਆ । ਉਸ ਦੀ ਮਹਿੰਮਾ ਕਦੇ ਨਾ ਮੁਕੀ, ਗੁਰ ਅਵਤਾਰ ਪੀਰ ਪੈਗ਼ੰਬਰ ਦੇ ਬਿਆਨ ਗਏ ਸਮਝਾਈਆ । ਚਲੋ ਚੜ੍ਹ ਕੇ ਵੇਖੀਏ ਮੰਜ਼ਲ ਉਹ ਉਚੀ, ਜਿਸ ਘਰ ਅਗੰਮ ਅਥਾਹ ਬੈਠਾ ਆਸਣ ਲਾਈਆ । ਜਿਸ ਦੇ ਸੀਸ ਤਾਜ ਪੰਜ ਮੁਖੀ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਦਰ, ਸਚ ਦਵਾਰਾ ਇਕੋ ਇਕ ਵਡਿਆਈਆ । ਸਚਖੰਡ ਦਾ ਦੱਸੋ ਭੇਤ, ਧੁਰ ਦਾ ਭੇਵ ਜਣਾਈਆ । ਬ੍ਰਹਿਮੰਡ ਖੰਡ ਨਿੱਕੀ ਜਿਹੀ ਖੇਡ, ਬਣ ਖਿਲਾਰੀ ਆਪ ਖਿਲਾਈਆ । ਜਿਸ ਦਵਾਰੇ ਅਗੰਮ ਅਥਾਹ ਜੋਤੀ ਤੇਜ, ਨੂਰ ਨੂਰ ਰੁਸ਼ਨਾਈਆ । ਸਿਫ਼ਤ ਦੱਸੋ ਸਿੰਘਾਸਣ ਉਸ ਸੇਜ, ਕਿਸ ਬਿਧ ਘਾੜਤ ਲਈ ਘੜਾਈਆ । ਉਸ ਦੇ ਉਪਰ ਕਿਹੜਾ ਲਿਖਿਆ ਲੇਖ, ਕਿਸ ਨਾਮ ਨਾਲ ਸਾਲਾਹੀਆ । ਜਿਸ ਨੂੰ ਜਗ ਨੇਤਰ ਸਕੇ ਕੋਈ ਨਾ ਵੇਖ, ਬੁਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਘਰ, ਜਿਸ ਘਰ ਬੈਠਾ ਆਸਣ ਲਾਈਆ । ਓਸ ਸਿੰਘਾਸਣ ਦੀ ਦੱਸੋ ਜੜਤ, ਲੰਮਾ ਚੌੜਾ ਚਾਰੋਂ ਕੁੰਟ ਕੇਡਾ ਨਜ਼ਰੀ ਆਈਆ । ਕਿਸ ਦਵਾਰੇ ਬਹਿ ਘੜੀ ਘੜਤ, ਸੋਹਣੀ ਵੰਡ ਵੰਡਾਈਆ । ਜਿਸ ਦਾ ਨਕਸ਼ਾ ਦੱਸੇ ਨਾ ਉਤੇ ਕੋਈ ਧਰਤ, ਮੁੜ ਪਰਤ ਨਾ ਕੋਇ ਸਮਝਾਈਆ । ਇਸ ਵਿਚ ਬੜਾ ਅਜੇ ਫ਼ਰਕ, ਜੋ ਤੁਸਾਂ ਦਿਤਾ ਜਣਾਈਆ । ਜਿਹੜਾ ਅਰਸ਼ਾਂ ਉਤੋਂ ਅਰਸ਼, ਜਿਥੇ ਬੇਤਰਸ ਵਸੇ ਬੇਪਰਵਾਹੀਆ । ਜਿਸ ਦੀ ਅੱਖਰਾਂ ਵਿਚ ਕਿਸੇ ਗੁਰ ਅਵਤਾਰ ਪੀਰ ਪੈਗ਼ੰਬਰ ਕੋਲੋਂ ਨਾ ਲੱਭੀ ਫ਼ਰਦ, ਉਹ ਅੱਖਰ ਲੋਕਮਾਤ ਨਾ ਸਕਿਆ ਸਮਝਾਈਆ । ਜਿਨ੍ਹਾਂ ਪਿਛੇ ਸਭ ਨਾਲ ਵੰਡੇ ਦਰਦ, ਦੀਨ ਦੁਨੀ ਵੇਖ ਵਖਾਈਆ । ਦੱਸਣਾ ਗੁਰੂ ਅਵਤਾਰ ਪੀਰ ਪੈਗ਼ੰਬਰ ਕਿਹੜਿਆਂ ਲਫ਼ਜ਼ਾਂ ਨਾਲ ਕਰਦੇ ਅਰਜ਼, ਆਰਜ਼ੂ ਕੀ ਸੁਣਾਈਆ । ਕਿਸ ਹੁਕਮ ਨਾਲ ਪਰਮ ਪੁਰਖ ਅੱਗੋਂ ਦੇਵੇ ਵਰਜ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨਾ ਸਚਖੰਡ ਦੂਜਾ ਦਰ ਵੇਖਣ ਕੋਇ ਨਾ ਪਾਈਆ । ਸਚਖੰਡ ਵਿਚ ਸਿੰਘਾਸਣ ਉਪਰ ਕਿਸ ਬਿਧ ਬਹਿੰਦਾ, ਪਤਿਪਰਮੇਸ਼ਵਰ ਆਪਣਾ ਆਸਣ ਲਾਈਆ । ਸਭ ਤੋਂ ਉੱਤਮ ਸ੍ਰੇਸ਼ਟ ਕਿਹੜਾ ਉੱਤਮ ਵਾਕ ਮੁਖ ਕਹਿੰਦਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਸਮਝਾਈਆ । ਕਵਣ ਸੀਸ ਜਗਦੀਸ ਜਗਤ ਸਰਨਾਈ ਢਹਿੰਦਾ, ਪੇਸ਼ਾਨੀ ਨੁਰਾਨੀ ਨੂਰ ਕਰੇ ਰੁਸ਼ਨਾਈਆ । ਕਵਣ ਲਹਿਣਾ ਦੇਣਾ ਕਿਸ ਬਿਧ ਦੇਂਦਾ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਕਿਹੜੀ ਖੇਲ ਰਚਾਈਆ । ਕਵਣ ਸਿੰਘਾਸਣ ਮਾਰੇ ਚੌਂਕੜ, ਕਵਣ ਚਰਨਾਂ ਹੇਠ ਉਪਰ ਟਿਕਾਈਆ । ਕਵਣ ਸਭ ਦੇ ਅੱਗੇ ਰੱਖੇ ਔਕੜ, ਓੜਕ ਆਪਣਾ ਨਾ ਕਿਸੇ ਸਮਝਾਈਆ । ਕਵਣ ਮਸਤੀ ਨਾਮ ਖ਼ੁਮਾਰੀ ਪ੍ਰੇਮ ਪ੍ਰੀਤੀ ਅੰਦਰ ਲਾਏ ਝੋਕਣ, ਕਵਣ ਰੰਗ ਵਿਚ ਰੰਗਾਈਆ । ਕਵਣ ਗਾਏ ਇਕ ਸਲੋਕਣ, ਸੋਹਲਾ ਸਚ ਸੁਣਾਈਆ ।

ਇਹ ਉਹ ਦੱਸੇ ਜੋ ਉਸ ਧਾਮ ਪਹੁੰਚਣ, ਦੂਜਾ ਸਕੇ ਨਾ ਕੋਇ ਸਮਝਾਈਆ । ਉਹਨਾਂ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਕੀ ਰਾਹ ਵਿਚ ਰੋਕਣ, ਸਾਰੇ ਬੈਠੇ ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸਚ ਸੁਲਤਾਨਾ ਸ੍ਰੀ ਭਗਵਾਨਾ ਨੌ ਜੁਆਨਾ ਮਰਦ ਮਰਦਾਨਾ ਕਿਹੜਾ ਕਰੇ ਮੋਸ਼ਨ, ਕਵਣ ਰੂਪ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਇਕ ਘਰ, ਜਿਸ ਘਰ ਬੈਠਾ ਡੇਰਾ ਲਾਈਆ । ਕਵਣ ਗੋਡਾ ਰੱਖੇ ਉਤੇ, ਕਵਣ ਘੁਟਨਾ ਨੀਚੇ ਰਿਹਾ ਟਿਕਾਈਆ । ਕਵਣ ਹੱਕ ਨਾਲ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਨਿੱਕੇ ਬੱਚੇ, ਬੱਚਿਆਂ ਵਾਂਗ ਸਮਝਾਈਆ । ਫੜ ਬਾਹੋਂ ਉਠਾਏ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੁੱਤੇ, ਬਿਨ ਅਖਾਂ ਅੱਖ ਖੁਲ੍ਹਾਈਆ । ਆਦਿ ਜੁਗਾਦਿ ਜੁਗ ਚੌਕੜੀ ਕਿਸ ਬਿਧ ਗ੍ਰਿਹ ਮੰਦਰ ਆਪਣੇ ਕੋਲ ਸੱਦ ਕੇ ਹਾਲ ਪੁਛੇ, ਮੁਰੀਦ ਮੁਰਸ਼ਦ ਦੋਹਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਸੋਭਾ ਪਾਈਆ । ਸਚਖੰਡ ਸਿੰਘਾਸਣ ਕਿਹੜੀ ਕੂਟ, ਉਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਆਈਆ । ਕਵਣ ਹੁਲਾਰਾ ਪਰਮ ਪੁਰਖ ਰਿਹਾ ਝੂਟ, ਝਕੋਲਾ ਇਕ ਲਗਾਈਆ । ਕਵਣ ਦਰ ਦਰਵੇਸ਼ ਖੜ੍ਹਾ ਦੂਤ, ਨਮੋ ਨਮੋ ਸੀਸ ਨਿਵਾਈਆ । ਕਵਣ ਨਜ਼ਰ ਆਏ ਰੂਪ, ਪੰਜ ਤਤ ਨਾ ਕੋਇ ਸਮਝਾਈਆ । ਉਸ ਦਾ ਸਚ ਦੇਣਾ ਸਬੂਤ, ਸ਼ਬਦ ਨਾਲ ਦ੍ਰਿੜਾਈਆ । ਜਿਹੜਾ ਮਕਬਰਿਆਂ ਵਿਚ ਕਦੀ ਨਹੀਂ ਆਇਆ ਮਹਿਬੂਬ, ਮਿਹਰਵਾਨ ਨੂਰ ਇਲਾਹੀਆ । ਜਿਸ ਦਾ ਮੰਜ਼ਲ ਪਰੇ ਮੰਜ਼ਲ ਇਕ ਅਰੂਜ, ਅਰਸ਼ ਕੁਰਸ਼ ਦੋਵੇਂ ਪੈਰਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਜਿਸ ਘਰ ਬੈਠਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਉਹ ਕਿੱਡਾ ਵੱਡਾ, ਵੱਡਿਆਂ ਵਿਚੋਂ ਵੱਡਾ ਨਜ਼ਰੀ ਆਈਆ । ਕਵਣ ਨਾੜੀ ਕਵਣ ਹੱਡਾ, ਕਵਣ ਚੰਮ ਕਰੀ ਕੁੜਮਾਈਆ । ਕਵਣ ਧਾਰ ਤਤਵ ਬੱਧਾ, ਕਵਣ ਰਸ ਮਧਾ ਨਜ਼ਰੀ ਆਈਆ । ਕਵਣ ਹੁਕਮ ਦੇ ਕੇ ਦੇਵੇ ਸੱਦਾ, ਸੱਦੇ ਆਪਣੇ ਥਾਉਂ ਥਾਈਂਆ । ਵੇਖਿਓ ਕਿਤੇ ਬਚਨ ਰਹਿ ਨਾ ਜਾਵੇ ਅੱਧਾ, ਅਚਰਜ ਕਹਾਣੀ ਧੁਰ ਦੀ ਬਾਣੀ, ਸ਼ੁਰੂ ਹੋਣ ਵਾਲੀ ਨੇੜੇ ਆਈਆ । ਹੁਣ ਤੱਕ ਲਾਉਂਦਾ ਰਿਹਾ ਪੱਜਾ, ਆਪਣਾ ਅਸਲ ਨਾ ਕਿਸੇ ਸਮਝਾਈਆ । ਚਲੋ ਦੋਵੇਂ ਸਚਖੰਡ ਚੜ੍ਹ ਕੇ ਵੇਖੀਏ ਉਸ ਦਾ ਮਜ਼ਾ, ਮੰਜ਼ਲ ਮੁਕੇ ਬੇਪਰਵਾਹੀਆ । ਜਿਥੇ ਨਾ ਕੋਈ ਕਜ਼ਾ ਤੇ ਨਾ ਕੋਈ ਸਜ਼ਾ, ਨਾ ਕੋਈ ਬ੍ਰਹਮਾ ਜੂਨੀ ਜੂਨ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਖ਼ੁਸ਼ੀਆਂ ਵੇਖੇ, ਵੇਖ ਵੇਖ ਰਿਹਾ ਜਣਾਈਆ । ਉਠੋ ਸ਼ਬਦੀ ਕਰੀਏ ਦੌੜ, ਭੱਜੀਏ ਵਾਹੋ ਦਾਹੀਆ । ਉਸ ਮੰਜ਼ਲ ਜਾਈਏ ਬੌਹੜ, ਜਿਸ ਦਾ ਡੰਡਾ ਨਜ਼ਰ ਕਿਸੇ ਨਾ ਆਈਆ । ਨਾਲ ਤੱਕੀਏ ਬਿਨ ਅੱਖਾਂ ਗ਼ੌਰ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਨੂੰ ਵੇਂਹਦਿਆਂ ਬਦਲ ਜਾਏ ਤੌਰ, ਤਬਅ ਤਬੀਅਤ ਦੋਹਾਂ ਦਏ ਬਦਲਾਈਆ । ਜਾਂ ਵੇਖੀਏ ਅਵਰ ਕਾ ਔਰ, ਔਰ ਅਵਰ ਕਰਾਈਆ । ਜਿਸ ਦਾ ਮੰਤਰ ਸਾਰੇ ਕਹਿੰਦੇ ਫ਼ੁਰਨਾ ਫੋਰ, ਫ਼ੁਰਨਾ ਘਰ ਘਰ ਰਿਹਾ ਜਣਾਈਆ । ਸਦਾ ਸਦਾ ਨਿਤ ਨਵਿਤ ਨਵਾਂ ਨਕੋਰ, ਬਸਤਰ ਭੂਸ਼ਨ ਧੁਰ ਦਾ ਰੰਗ ਚੜ੍ਹਾਈਆ । ਜਿਸ ਗ੍ਰਿਹ ਲੇਖਾ ਮੁੱਕੇ ਤੋਰ ਮੋਰ, ਮਿਹਰ ਮੁਹੱਬਤ ਦਏ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਜਿਸ ਘਰ ਬੈਠਾ ਸੋਭਾ ਪਾਈਆ । ਵੇਖਿਆਂ ਡਿਠਿਆਂ ਕਰੇ ਬਿਆਨ, ਬਿਆਨਾਂ ਵਿਚੋਂ ਬਿਆਨ ਬਾਹਰ ਨਜ਼ਰੀ ਆਈਆ । ਜਿਸ ਨੂੰ ਸੁਣੇ ਕੋਈ ਨਾ ਕਾਨ, ਨੇਤਰ

੩੮੨

ਨੈਣ ਅੱਖ ਤੱਕ ਨਾ ਸਕੇ ਰਾਈਆ । ਜਿਸ ਦਾ ਮਸਲਿਆਂ ਨਾਲ ਦੇਣ ਬਿਆਨ, ਬਾਣੀਆਂ ਨਾਲ ਪੜ੍ਹਾਈਆ । ਜਿਸ ਨੂੰ ਇੱਟਾਂ ਪੱਥਰ ਕਰਕੇ ਮੰਨਦੇ ਰਹੇ ਭਗਵਾਨ, ਕਾਗ਼ਜ਼ ਕਲਮ ਸ਼ਾਹੀ ਸੀਸ ਨਿਵਾਈਆ । ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਦੱਸਦੇ ਰਹੇ ਕਰਕੇ ਕਲਾਮ, ਅੱਖਰਾਂ ਨਾਲ ਸਿਫ਼ਤ ਸਾਲਾਹੀਆ । ਜਿਸ ਦਾ ਪ੍ਰੇਮ ਪਿਆਰ ਦਾ ਪੀਂਦੇ ਰਹੇ ਆਪ ਜਾਮ, ਪਿਆਲਾ ਮਧੁਰ ਹੱਥ ਫੜਾਈਆ । ਉਹ ਸਾਹਿਬ ਸਚ ਸਚ ਜੋ ਵਖਾਵੇ ਸਾਖਿਆਤ, ਇਕ ਦੂਜੇ ਨੂੰ ਵਿਛੜੇ ਲਏ ਮਿਲਾਈਆ । ਉਸ ਦੀ ਕਰੀਏ ਬਾਤ, ਬਾਕੀ ਗੁਰੂ ਕੰਮ ਕਿਸੇ ਨਾ ਆਈਆ । ਸਚ ਪੁਛੋ ਜਿਸ ਦਾ ਧੁਰ ਦੇ ਮਾਲਕ ਨਾਲ ਇਤਫ਼ਾਕ, ਇਤਫ਼ਾਕੀਆ ਆਪਣਾ ਫੇਰਾ ਪਾਈਆ । ਸਭ ਦਾ ਲੇਖਾ ਕਰੇ ਬੇਬਾਕ, ਬਾਕੀ ਰਹਿਣ ਕੋਇ ਨਾ ਪਾਈਆ । ਖੋਲ੍ਹ ਦੇਵੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਨਿਰਮਲ ਜੋਤ ਕਰੇ ਪਰਕਾਸ਼, ਸ਼ਬਦ ਨਾਦ ਡੰਕ ਕਰੇ ਸ਼ਨਵਾਈਆ । ਪਹਿਲਾ ਲੇਖਾ ਮੁਕੇ ਹਿਸਾਬ, ਰਾਏ ਧਰਮ ਨਾ ਦਏ ਸਜ਼ਾਈਆ । ਲੱਖ ਚੁਰਾਸੀ ਮਾਤ ਗਰਭ ਫੇਰ ਨਾ ਸੇਵੇ ਅਗਨੀ ਖਾਟ, ਪੰਜ ਤਤ ਜੋੜ ਨਾ ਕੋਇ ਜੁੜਾਈਆ । ਅਗਲੀ ਪਿਛਲੀ ਮੁਕੇ ਵਾਟ, ਮੰਜ਼ਲ ਵੇਖੇ ਬੇਪਰਵਾਹੀਆ । ਜਿਸ ਦਾ ਲੇਖਾ ਕਿਸੇ ਨਹੀਂ ਦੱਸਿਆ ਵਿਚ ਲੁਗਾਤ, ਲਗਾਂ ਮਾਤਰਾਂ ਕੋਟਨ ਕੋਟ ਕਰਨ ਸਿਫ਼ਤ ਸਾਲਾਹੀਆ । ਚਲੋ ਉਸ ਦੀ ਵੇਖੀਏ ਜਾਤ, ਜਿਸ ਜਾਤ ਵਿਚੋਂ ਜਾਤੀ ਨਜ਼ਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚਖੰਡ ਦਾ ਖੇਲ ਤਮਾਸ਼, ਜਿਥੇ ਗੋਪੀ ਕਾਹਨ ਦੋਵੇਂ ਬੈਠੇ ਸੀਸ ਝੁਕਾਈਆ । ਗੋਪੀ ਕਾਹਨ ਬੈਠਣ ਝੁਕ, ਸੀਤਾ ਰਾਮ ਸੀਸ ਨਾ ਕੋਇ ਉਠਾਈਆ । ਈਸਾ ਮੂਸਾ ਮੁਹੰਮਦ ਪੈਂਡਾ ਜਾਏ ਮੁਕ, ਅੱਗੇ ਕਦਮ ਨਾ ਕੋਇ ਟਿਕਾਈਆ । ਨਾਨਕ ਗੋਬਿੰਦ ਗਏ ਰੁਕ, ਨੇਤਰ ਨੈਣ ਨੈਣ ਵੇਖਣ ਥਾਉਂ ਥਾਈਂਆ । ਸਾਰੇ ਕੂਕਣ ਪੁਕਾਰਨ ਕਹਿਣ ਪ੍ਰਭੂ ਅਸੀਂ ਤੇਰੇ ਛੋਟੇ ਪੁੱਤ, ਬਾਲੇ ਨਜ਼ਰੀ ਆਈਆ । ਕਰ ਕਿਰਪਾ ਸਾਨੂੰ ਗੋਦੀ ਚੁੱਕ, ਆਪਣੇ ਗਲੇ ਲੈ ਲਗਾਈਆ । ਤੇਰੇ ਦਵਾਰ ਤੇਰੇ ਦਰਬਾਰ, ਤੇਰੇ ਘਰ ਬਾਰ ਸੱਚੀ ਸਰਕਾਰ ਹਰਿ ਨਿਰੰਕਾਰ ਪਰਵਰਦਿਗਾਰ ਸਾਂਝੇ ਯਾਰ, ਵੇਖੀਏ ਉਹ ਰੁੱਤ, ਜਿਸ ਰੁਤੜੀ ਵਿਚੋਂ ਤੇਰੀ ਮਹਿਕ ਨਜ਼ਰੀ ਆਈਆ । ਗੁਲਸ਼ਨ ਖਿੜ ਕਰੇ ਗੁਲਜ਼ਾਰ, ਆਵੇ ਮੌਸਮ ਉਹ ਬਹਾਰ, ਜਿਸ ਦੀ ਸਿਫ਼ਤ ਕਰ ਕਰ ਗਏ ਹਾਰ, ਗ੍ਰਿਫ਼ਤ ਵਿਚ ਸਰਬ ਲੋਕਾਈਆ । ਚਲੋ ਤੱਕੀਏ ਉਹ ਮਜ਼ਾਰ, ਜਿਸ ਦੀ ਮੰਜ਼ਲ ਅਪਰ ਅਪਾਰ, ਕੋਟਨ ਕੋਟ ਈਸਾ ਮੂਸਾ ਮੁਹੰਮਦ ਰਾਹ ਵਿਚ ਬੈਠੇ ਸੱਜਦੇ ਕਰਨ ਪਰਵਰਦਿਗਾਰ, ਕਲਮਾ ਹਕ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਘਰ, ਸਚਖੰਡ ਨਿਵਾਸੀ ਸੋਹਣੀ ਖੇਲ ਵੇਖ ਵਖਾਈਆ । ਉਪਰ ਵੇਖੀਏ ਸਚਖੰਡ ਦਾ ਖੇਲ, ਨਜ਼ਾਰਾ ਤੱਕੀਏ ਬੇਪਰਵਾਹੀਆ । ਜਿਥੇ ਬਿਨਾ ਕਲਬੂਤ ਕਰਦਾ ਮੇਲ, ਜਗਤ ਵਿਛੋੜਾ ਪੰਧ ਮੁਕਾਈਆ । ਜਿਥੇ ਦੀਵੇ ਬਲੇ ਬਿਨ ਬਾਤੀ ਤੇਲ, ਜੋਤੀ ਜੋਤ ਨੂਰ ਅਲਾਹੀਆ । ਜਿਥੇ ਇਕੋ ਦਾਤਾ ਸੱਜਣ ਸੁਹੇਲ, ਸਗਲਾ ਸੰਗ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚਾ ਘਰ, ਗ੍ਰਹਿ ਮੰਦਰ ਇਕ ਸੁਹਾਈਆ । ਅੰਤਰ ਆਤਮ ਦਿਓ ਪਰਸਾਦ, ਵਸਤ ਅਮੋਲਕ ਝੋਲੀ ਪਾਈਆ । ਧੁਰਦਰਗਾਹੀ ਮਿਲੇ ਦਾਦ, ਰਸਨਾ ਜਿਹਵਾ ਸਵਾਦ ਨਾ ਕੋਇ ਵਖਾਈਆ । ਬਿਨ ਰਾਗਾਂ ਨਾਦਾਂ ਅਗੰਮੀ ਵੱਜੇ ਨਾਦ, ਧੁਨ ਆਤਮਕ ਹੋਏ ਸ਼ਨਵਾਈਆ । ਬਿਨ ਬੰਸਰੀ ਸੁਣੀਏ ਰਾਗ, ਢੋਲਾ ਬੇਪਰਵਾਹੀਆ । ਉਹ ਖੁਲ੍ਹੇ ਡੂੰਘਾ ਰਾਜ਼, ਜਿਸ ਦਾ ਰਹਿਬਰ ਇਕ ਅਖਵਾਈਆ । ਵਾਹਿਗੁਰੂ ਨਾਮ ਸਤਿ ਸੀਸ

੩੮੩

ਝੁਕਾ ਨਾ ਪੜ੍ਹੀਏ ਨਮਾਜ਼, ਰਾਮ ਕ੍ਰਿਸ਼ਨ ਨਾ ਕੋਇ ਵਡਿਆਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਬਾਈਬਾਲ ਹੋਵੇ ਨਾ ਕੋਈ ਸਾਥ, ਅੱਖਰਾਂ ਵਿਚ ਨਾ ਕੋਇ ਪੜ੍ਹਾਈਆ । ਜਹਾਜ਼ ਬੇੜਾ ਮਿਲੇ ਉਹ ਰਾਥ, ਜਿਸ ਦਾ ਰਥਵਾਹੀ ਨਜ਼ਰ ਕਿਸੇ ਨਾ ਆਈਆ । ਮੰਜ਼ਲ ਪੌੜੇ ਚੜ੍ਹਨ ਦੀ ਮਿਲ ਜਾਏ ਉਹ ਜਾਚ, ਜਿਸ ਦੀ ਸਾਰੇ ਜਾਚਕ ਮੰਗ ਮੰਗਾਈਆ । ਜੇ ਕੋਈ ਗੱਲਾਂ ਬਾਤਾਂ ਨਾਲ ਦਏ ਆਖ, ਆਖ਼ਰ ਮੰਜ਼ਲ ਪੰਧ ਨਾ ਸਕੇ ਮੁਕਾਈਆ । ਨਾ ਸਵਰਨ ਨਾ ਪਾਰਸ ਨਾ ਪਾਰਜਾਤ, ਕੰਚਨ ਸੋਨਾ ਰੂਪ ਵਟਾਈਆ । ਏਹ ਸੋਹਣੀ ਗੁਰਮੁਖਾਂ ਦੀ ਵੇਖੀ ਜਮਾਤ, ਗੁਰ ਪੀਰ ਪੈਗ਼ੰਬਰ ਦੋਵੇਂ ਬੈਠੇ ਡੇਰਾ ਲਾਈਆ । ਦੂਜਾ ਜਾਣੇ ਨਾ ਕੋਈ ਬਾਤ, ਜ਼ਾਹਰ ਬਾਤਨ ਨਾ ਕੋਇ ਸਮਝਾਈਆ । ਇਕੋ ਇਕ ਸਦਾ ਸਦਾ ਨਿਤ ਨਵਿਤ ਸੱਚਾ ਪਰਸਾਦ ਦੇਵੇ, ਦਇਆਵਾਨ ਦਇਆ ਕਮਾਈਆ । ਓਥੇ ਕੀ ਕਰਨ ਅੰਮ੍ਰਿਤ ਰਸ ਮਿੱਠੇ ਮੇਵੇ, ਛੱਤੀ ਭੋਜਨ ਨਾ ਕੋਇ ਚਤੁਰਾਈਆ । ਕੋਈ ਲੱਭ ਨਾ ਸਕੇ ਦੇਵਤ ਸੁਰ ਦੇਵੀ ਦੇਵੇ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਝੋਲੀਆਂ ਡਾਹੀਆ । ਕਿਰਪਾ ਕਰੇ ਅਲਖ ਅਭੇਵੇ, ਅਗੰਮ ਅਥਾਹ ਹੋਏ ਸਹਾਈਆ । ਓਸ ਪਰਸਾਦ ਦਾ ਰਸ ਸਮਝ ਨਾ ਸਕੇ ਜਿਹਵੇ, ਬੱਤੀ ਦੰਦ ਖਾ ਖਾ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸ਼ਾਦ ਇਕੋ ਇਕ ਜਣਾਈਆ । ਸਚ ਪਰਸ਼ਾਦ ਜੇ ਹੈ ਕੋਲ, ਭੋਰਾ ਸਵਾਦ ਦਿਓ ਵਖਾਈਆ । ਬਚਨ ਬਲਾਸ ਨਹੀਂ ਮਖੌਲ, ਸਤਿਗੁਰ ਗੁਰ ਸਤਿਗੁਰ ਸ਼ਬਦ ਕੁੜਮਾਈਆ । ਪੰਜ ਤਤ ਫੋਕਾ ਨਹੀਂ ਚੋਹਲ, ਅੰਦਰ ਵੜਿਆ ਬੇਪਰਵਾਹੀਆ । ਜੇ ਉਹ ਘੜੀ ਘੜੀ ਪਲ ਪਲ ਬਦਲੇ ਚੋਲ, ਉਸ ਦਾ ਚੋਲਾ ਦਿਓ ਸਮਝਾਈਆ । ਜੇ ਉਹ ਜੋਤ ਸਰੂਪ ਰਿਹਾ ਮੌਲ, ਨੂਰੋ ਨੂਰ ਰੁਸ਼ਨਾਈਆ । ਜੇ ਆਵੇ ਉਪਰ ਧੌਲ, ਧਰਨੀ ਧਰਤ ਧਵਲ ਡੇਰਾ ਲਾਈਆ । ਜੇ ਬੈਠਾ ਸਦਾ ਅਡੋਲ, ਸਚ ਸਿੰਘਾਸਣ ਸੋਭਾ ਪਾਈਆ । ਜੇ ਉਹ ਲੱਖ ਚੁਰਾਸੀ ਦੱਸੇ ਬੋਲ, ਆਪਣਾ ਰਾਗ ਅਲਾਈਆ । ਜੇ ਉਹ ਤੋਲੇ ਧੁਰ ਦਾ ਤੋਲ, ਸਾਚਾ ਕੰਡਾ ਨਾਮ ਹੱਥ ਉਠਾਈਆ । ਉਸ ਦਾ ਪਰਸ਼ਾਦ ਹੱਥਾਂ ਵਿਚ ਕੋਈ ਨਾ ਸਕੇ ਮਧੋਲ, ਪੈਸੇ ਟਕਿਆਂ ਨਾਲ ਖ਼ਰੀਦ ਨਾ ਕੋਇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸਾਦ ਇਕ ਸਮਝਾਈਆ । ਸਚ ਪਰਸਾਦ ਅਗੰਮੀ ਵਸਤ, ਸਾਹਿਬ ਸਤਿਗੁਰ ਹੱਥ ਰਖਾਇੰਦਾ । ਬਿਨ ਗੁਰ ਪੂਰੇ ਕਿਸੇ ਨਾ ਫੜਿਆ ਹਸਤ, ਕੌਡੀ ਕੌਡੀ ਨਾ ਹੱਟ ਵਿਕਾਇੰਦਾ । ਮਾਇਆ ਮਮਤਾ ਦੀ ਪਈ ਨਾ ਰਹੀ ਰਸਦ, ਕੀਮਤ ਕਰਤਾ ਨਾ ਕੋਇ ਰਖਾਇੰਦਾ । ਜਿਸ ਪਰਸ਼ਾਦ ਨੂੰ ਖਾਦਿਆਂ ਸੰਤ ਸਤਿਗੁਰ ਹੋ ਗਏ ਮਸਤ, ਮਸਤਕ ਰੇਖਾ ਦਿਤੀ ਬਦਲਾਈਆ । ਵੇਖਿਆ ਖੇਲ ਬਾਹਰ ਮਜਾਜ਼ੀ ਹਕੀਕੀ ਵਿਚੋਂ ਇਸ਼ਕ, ਆਸ਼ਕ ਇਕ ਅਖਵਾਈਆ । ਜਿਸ ਨੂੰ ਖਾਦਿਆਂ ਖੁਲ੍ਹ ਜਾਏ ਦ੍ਰਿਸ਼ਟ, ਸੁਰਤੀ ਸੁਰਤ ਭਵਾਈਆ । ਨੈਣ ਸ਼ਰਮਾ ਜਾਣ ਰਾਮ ਵਸ਼ਿਸ਼ਟ, ਅੱਖ ਨਾ ਕੋਇ ਉਠਾਈਆ । ਨੇਤਰ ਰੋਣ ਸਵਰਗ ਬਹਿਸ਼ਤ, ਕੂਕਣ ਦੇਣ ਦੁਹਾਈਆ । ਜਿਸ ਨੂੰ ਖਾ ਕੇ ਗੁਰੂ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਬਣੇ ਫ਼ਰਿਸਤ, ਰੋਜ਼ ਨਾਮਚੇ ਵਿਚ ਗਏ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸ਼ਾਦ ਇਕੋ ਇਕ, ਇਕ ਦਵਾਰ ਵਰਤਾਈਆ । ਪਰਸ਼ਾਦ ਦਿਓ ਸਤਿ ਸਰੂਪ, ਸਾਂਤਕ ਸਤਿ ਦਏ ਕਰਾਈਆ । ਸਚ ਵਸਤ ਨਾ ਹੋਵੇ ਝੂਠ, ਝੂਠ ਮਿਲੇ ਨਾ ਕੋਇ ਵਡਿਆਈਆ । ਮਿਹਰਵਾਨ ਜਿਸ ਉਪਰ ਜਾਏ ਤੁਠ, ਮਿਹਰ ਨਜ਼ਰ ਰਖਾਈਆ । ਉਸ ਦੀ ਤ੍ਰਿਸਨਾ ਉਤਰੇ ਭੁੱਖ, ਆਸਾ ਮਨਸਾ ਦਏ ਮਿਟਾਈਆ । ਉਜਲ ਕਰ ਦਏ ਮੁਖ, ਦੁਰਮਤ

ਮੈਲ ਧਵਾਈਆ । ਪਰਸ਼ਾਦ ਖਾਦਿਆਂ ਮਾਤ ਗਰਭ ਨਾ ਹੋਵੇ ਉਲਟਾ ਰੁਖ਼, ਲੱਖ ਚੁਰਾਸੀ ਨਾ ਕੋਇ ਭਵਾਈਆ । ਅਗਲਾ ਪੈਂਡਾ ਜਾਵੇ ਮੁਕ, ਘਰ ਸਾਚੇ ਮਿਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪਰਸ਼ਾਦ ਇਕੋ ਇਕ ਬਣਾਈਆ । ਸਚ ਪਰਸ਼ਾਦ ਜੋ ਦੇਣ ਜੋਗਾ, ਬਿਨ ਜੁਗਤੀਉਂ ਜਗਤ ਦਏ ਬਣਾਈਆ । ਜਿਸ ਨੂੰ ਪ੍ਰੇਮ ਪਰਸਾਦ ਦਾ ਬਖ਼ਸ਼ੇ ਚੋਗਾ, ਚੁਗਲੀ ਨਿੰਦਿਆ ਦਏ ਗਵਾਈਆ । ਅੰਦਰ ਵੜ ਕੇ ਦੇਵੇ ਹੋਕਾ, ਸੁੱਤੀ ਸੁਰਤ ਉਠਾਈਆ । ਜਿਨ੍ਹਾਂ ਨੂੰ ਸਤਿਗੁਰ ਪਰਸ਼ਾਦ ਖਾਣ ਦਾ ਮਿਲ ਗਿਆ ਮੌਕਾ, ਮਾਨਸ ਜਨਮ ਲੇਖੇ ਲਾਈਆ । ਉਹ ਸਤਿਗੁਰ ਨਹੀਂ ਜੋ ਗੁਰਸਿਖਾਂ ਨਾਲ ਕਰੇ ਧੋਖਾ, ਦਰ ਆਇਆਂ ਖ਼ਾਲੀ ਦਏ ਮੁੜਾਈਆ । ਜਿਨ੍ਹਾਂ ਰੱਖੀ ਓਸ ਦੀ ਓਟਾ, ਓੜਕ ਉਨ੍ਹਾਂ ਦਾ ਬਣਿਆ ਬੇਪਰਵਾਹੀਆ । ਜੇ ਕੁਛ ਅੰਦਰ ਹੋਵੇ ਖੋਟਾ, ਸਤਿਗੁਰ ਸਾਫ਼ ਸੁਥਰਾ ਦਏ ਕਰਾਈਆ । ਜੇ ਕੋਈ ਡੂੰਘੀ ਗਾਰ ਹੋਵੇ ਵੇਖੇ ਮਾਰ ਕੇ ਗੋਤਾ, ਸੁਖਮਨ ਨਾੜੀ ਨਾ ਕੋਇ ਅਟਕਾਈਆ । ਸਤਿਗੁਰ ਸ਼ੈਤਾਨਾਂ ਵਿਚੋਂ ਚੋਟਾ, ਚੋਟ ਸ਼ਬਦ ਨਗਾਰੇ ਦਏ ਲਗਾਈਆ । ਸਤਿਗੁਰ ਪਰਸ਼ਾਦ ਕਦੀ ਖਾਇਆ ਨਾ ਜਾਏ ਨਾਲ ਹੋਂਟਾਂ, ਬੁੱਲਾਂ ਨਾਲ ਨਾ ਕੋਇ ਚਤੁਰਾਈਆ । ਜਿਸ ਨੂੰ ਖਾ ਕੇ ਮਿਲਦੀਆਂ ਉਹ ਮੌਜਾਂ, ਜਿਥੇ ਸੰਤ ਭਗਤ ਬੈਠੇ ਡੇਰੇ ਲਾਈਆ । ਇਹ ਵਿਹਾਰ ਨਹੀਂ ਵਾਲਾ ਲੋਕਾਂ, ਲੋਕ ਲੱਜਿਆ ਨਾ ਕੋਇ ਰਖਾਈਆ । ਸਤਿਗੁਰ ਵਾਸਤੇ ਸਿੱਖ ਤਾਰਨਾ ਨਹੀਂ ਔਖਾ, ਫੜ ਬਾਹੋਂ ਪਾਰ ਲੰਘਾਈਆ । ਕੇਹੜਾ ਪੜ੍ਹਨਾ ਪੈਣਾ ਪੋਥਾ, ਕੇਹੜਾ ਅੱਖਰ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸ਼ਾਦ ਇਕੋ ਇਕ ਰਸ ਵੇਖ ਵਖਾਈਆ । ਸਤਿਗੁਰ ਪਰਸਾਦ ਵਸਤ ਅਗੰਮੀ, ਜਗਤ ਹਲਵਾਈ ਨਾ ਕੋਇ ਬਣਾਈਆ । ਆਦਿ ਜੁਗਾਦਿ ਨਾ ਹੋਏ ਨਿਕੰਮੀ, ਠੰਡੀ ਹੋਈ ਪਰੇ ਨਾ ਕੋਇ ਸੁਟਾਈਆ । ਘਿਰਤ ਤੇਲ ਅਗਨੀ ਜਗਤ ਵਸਤ ਕਿਸੇ ਨਾ ਜੰਮੀ, ਸੂਜੀ ਮੇਵਾ ਸੰਗ ਨਾ ਕੋਇ ਰਖਾਈਆ । ਜਿਨ੍ਹਾਂ ਉਪਰ ਕਿਰਪਾਲ ਕਿਰਪਾ ਕਰੇ ਵਡ ਦਾਤਾ ਧਨੀ, ਧਨਾਢ ਹੋ ਕੇ ਦਇਆ ਕਮਾਈਆ । ਉਹ ਆਤਮ ਪਰਮਾਤਮ ਪਰਸ਼ਾਦ ਖਾਣ ਨੂੰ ਆਵੇ ਭੰਨੀ, ਅੰਦਰੇ ਅੰਦਰ ਪੰਧ ਮੁਕਾਈਆ । ਜੇ ਕੋਲ ਆਇਆ ਸਤਿਗੁਰ ਬਣ ਕੇ ਕਤਰਾ ਜਾਵੇ ਕੰਨੀ, ਗੁਰਮੁਖ ਪੱਲਾ ਛੁਡਾ ਭੱਜ ਕਦੇ ਨਾ ਜਾਈਆ । ਜੇ ਹੋਵੇ ਆਪਣੀ ਅੱਖ ਅੰਨ੍ਹੀ, ਕਿਸੇ ਨੂੰ ਸੁਜਾਖਾ ਕੀ ਦੇਣਾ ਬਣਾਈਆ । ਜੋ ਆਪ ਹੋਇਆ ਡੰਨੀ, ਦੂਜਾ ਡੰਨ ਨਾ ਸਕੇ ਮਿਟਾਈਆ । ਜਿਸ ਨੇ ਅਜੇ ਆਪ ਰੋਟੀ ਖਾਧੀ ਹੋਵੇ ਚੱਪਾ ਖੰਨੀ, ਕੀ ਭੁੱਖਿਆਂ ਦੇਵੇ ਰਜਾਈਆ । ਨਹੀਂ, ਉਹ ਸਤਿਗੁਰ ਪੂਰਾ ਜਿਸ ਦੀ ਇਕੋ ਮੰਨੀ, ਘਰ ਘਰ ਰਿਜ਼ਕ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦ ਖਾ ਖਾ ਖ਼ੁਸ਼ੀ ਵਖਾਈਆ । ਸਤਿਗੁਰ ਪਰਸ਼ਾਦ ਦੇਣ ਦੀ ਸਦਾ ਲੋੜ, ਬਿਨ ਲੋੜਵਾਨ ਸਤਿਗੁਰ ਕੰਮ ਕਿਸੇ ਨਾ ਆਇੰਦਾ । ਜੋ ਵਿਛੜਿਆਂ ਦੇਵੇ ਜੋੜ, ਜੋੜੀ ਆਪਣੇ ਨਾਲ ਬਣਾਇੰਦਾ । ਫੜ ਬਾਹੋਂ ਚੜ੍ਹਾਏ ਘੋੜ, ਵਾਗਾਂ ਆਪਣੇ ਨਾਲ ਬੰਧਾਇੰਦਾ । ਓਥੇ ਕਿਸੇ ਦਾ ਚਲੇ ਨਾ ਕੋਈ ਜ਼ੋਰ, ਅੱਗੇ ਹੋ ਨਾ ਕੋਇ ਛੁਡਾਇੰਦਾ । ਬੇਸ਼ਕ ਕਲਜੁਗ ਹੋਵੇ ਅੰਧੇਰਾ ਘੋਰ, ਜੋਤ ਸਚ ਪਰਕਾਸ਼ ਵਖਾਇੰਦਾ । ਜੇ ਮਨ ਵਾਸਨਾ ਰਿਹਾ ਹੋਵੇ ਦੌੜ, ਅੱਗੋਂ ਮੋੜ ਆਪਣੇ ਨਾਲ ਮਿਲਾਇੰਦਾ । ਸਾਚੇ ਮਾਰਗ ਦੇਵੇ ਤੋਰ, ਰਾਹ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸਾਦ ਘਰ ਸਾਚੇ ਆਪ ਵਰਤਾਇੰਦਾ । ਸਤਿਗੁਰ ਪਰਸਾਦ ਜਿਸ ਵਰਤੌਣਾ, ਵਾਤਾਵਰਨ ਵੇਖੇ ਚਾਈਂ ਚਾਈਆ । ਗੁਰਸਿਖ ਖਾ ਜਿਸ ਸਤਿਗੁਰ


੩੮੫ ੧੨

ਪੌਣਾ, ਸਤਿਗੁਰ ਅੱਗੇ ਆਪਣੀ ਝੋਲੀ ਡਾਹੀਆ । ਜੇ ਦੋਹਾਂ ਨੇ ਇਕ ਦੂਜੇ ਤੋਂ ਪੱਲਾ ਛੁਡੌਣਾ, ਦੋਵੇਂ ਕੰਮ ਕਿਸੇ ਨਾ ਆਈਆ । ਜੇ ਸਤਿਗੁਰ ਹੋ ਕੇ ਆਪਣਾ ਭੇਵ ਛੁਪੌਣਾ, ਗੁਰਸਿਖ ਪੜਦਾ ਨਾ ਕੋਇ ਉਠਾਈਆ । ਏਹੋ ਜਿਹਾ ਖੇਲ ਸਚਖੰਡ ਨਿਵਾਸੀ ਕਦੇ ਨਾ ਭੌਣਾ, ਜੋ ਭਗਤਾਂ ਭਾਵਨੀ ਪੂਰ ਵਖਾਈਆ । ਜੁਗ ਚੌਕੜੀ ਬੇਸ਼ਕ ਬਣਿਆ ਜਾਣਾ ਔਣਾ, ਪੰਜ ਤਤ ਕਾਇਆ ਜਗਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦ ਇਕੋ ਮੰਗ ਮੰਗਾਈਆ । ਪਰਸਾਦ ਕਹੇ ਮੈਂ ਸਭ ਤੋਂ ਠੰਡਾ, ਮੇਰੀ ਸਤਿਗੁਰ ਬਣਤ ਬਣਾਈਆ । ਮੈਨੂੰ ਖਾ ਕੇ ਰਹੇ ਕੋਈ ਨਾ ਰੰਡਾ, ਸੁਰਤੀ ਸ਼ਬਦ ਜੁੜਾਈਆ । ਮੈਂ ਚੜ੍ਹਾਵਾਂ ਓਸ ਡੰਡਾ, ਜਿਸ ਦੀ ਘਾੜਤ ਆਪ ਘੜਾਈਆ । ਮੇਰੇ ਵਰਤੌਣ ਵਾਲਾ ਹੋਵੇ ਕੋਈ ਨਾ ਬੰਦਾ, ਬੰਦਗੀ ਵਾਲਾ ਬੰਦਨਾ ਮੇਰੀ ਦਏ ਜਣਾਈਆ । ਏਹ ਬਣਿਆ ਉਹ ਅੱਜ ਧੰਦਾ, ਜਿਸ ਦੀ ਗੁੰਝਲ ਖੁਲ੍ਹਣ ਵਿਚ ਨਾ ਆਈਆ । ਬੇਸ਼ਕ ਖ਼ਾਲੀ ਦਿਸੇ ਮੰਜਾ, ਸਤਿਗੁਰ ਆਸਣ ਸਦਾ ਸਦਾ ਸਦਾ ਨਜ਼ਰੀ ਆਈਆ । ਉਸ ਦਾ ਰਸ ਸਦਾ ਸਦਾ ਅਨਰੰਗਾ, ਸੂਰਾ ਸਰਬੰਗਾ ਦਏ ਸਮਝਾਈਆ । ਜਿਸ ਗੁਰਮੁਖ ਗੁਰ ਪਰਸਾਦ ਖਾਧਾ ਬਿਨ ਦੰਦਾਂ, ਨਾਨਕ ਦਾਦਕ ਦੋਵੇਂ ਗਿਆ ਤਜਾਈਆ । ਉਹ ਸਾਚੇ ਘਰ ਚੜ੍ਹ ਗਿਆ ਚੰਦਾ, ਚੰਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਨਣਹਾਰਾ ਆਰ ਪਾਰ ਮਧ ਕੰਢਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਅੱਖ ਪ੍ਰਤਖ ਖੁਲ੍ਹਾਈਆ ।


੩੮੬

## ✪ ੫ ਭਾਦਰੋਂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਧੰਨੋ ਵਾਲੀ ✪

ਗੋਬਿੰਦ ਕਹੇ ਮੈਂ ਗੋਬਿੰਦ ਮੀਤਾ, ਗੁਰਮੁਖ ਗੁਰ ਗੁਰ ਮਾਣ ਵਡਿਆਈਆ । ਆਦਿ ਜੁਗਾਦੀ ਠਾਂਡਾ ਸੀਤਾ, ਜੁਗ ਚੌਕੜੀ ਵੇਖ ਵਖਾਈਆ । ਜਨ ਭਗਤਾਂ ਬਖ਼ਸ਼ ਸਚ ਪ੍ਰੀਤਾ, ਪਤਿਪਰਮੇਸ਼ਵਰ ਮੇਲ ਮਿਲਾਈਆ । ਸਤਿ ਸਤਿਵਾਦੀ ਦੱਸ ਕੇ ਹਦੀਸਾ, ਆਤਮ ਪਰਮਾਤਮ ਕਰਾਂ ਕੁੜਮਾਈਆ । ਧਾਮ ਵਖਾ ਇਕ ਅਨਡੀਠਾ, ਗ੍ਰਿਹ ਮੰਦਰ ਪੜਦਾ ਲਾਹੀਆ । ਤ੍ਰੈਗੁਣ ਅਗਨੀ ਤਤ ਬੁਝਾ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਮਾਰਗ ਦੱਸ ਨੀਕਨ ਨੀਕਾ, ਰਹਿਬਰ ਹੋ ਕੇ ਸੰਗ ਨਿਭਾਈਆ । ਲੇਖਾ ਜਾਣਾਂ ਜੀਵ ਜੀਅ ਕਾ, ਲੱਖ ਚੁਰਾਸੀ ਖੋਜ ਖੋਜਾਈਆ । ਨਾਮ ਪਦਾਰਥ ਦੇਵਾਂ ਮੀਠਾ, ਵਸਤ ਅਮੋਲਕ ਇਕ ਵਰਤਾਈਆ । ਭੇਵ ਚੁਕਾਵਾਂ ਊਚਾਂ ਨੀਚਾਂ, ਰਾਓ ਰੰਕਾਂ ਰੰਗ ਰੰਗਾਈਆ । ਲੇਖ ਮਿਟਾਵਾਂ ਹਸਤ ਕੀਟਾਂ, ਮਿਹਰ ਨਜ਼ਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਮੈਂ ਗੋਬਿੰਦ ਰੰਗ, ਗੁਰਮੁਖ ਗੁਰ ਗੁਰ ਆਪ ਚੜ੍ਹਾਈਆ । ਅੰਤਰ ਆਤਮ ਇਕ ਅਨੰਦ, ਪਰਮਾਨੰਦ ਵਿਚ ਸਮਾਈਆ । ਸ਼ਬਦ ਅਗੰਮੀ ਧੁਰ ਦਾ ਛੰਦ, ਅਨਾਦੀ ਨਾਦ ਵਜਾਈਆ । ਆਤਮ ਸੇਜਾ ਸਚ ਪਲੰਘ, ਸੁਹੰਜਣੀ ਸੇਜ ਵਡਿਆਈਆ । ਸਚ ਮਹੱਲ ਉਚ ਮਨਾਰ ਆਪੇ ਲੰਘ, ਘਰ ਘਰ ਵਿਚ ਵੇਖ ਵਖਾਈਆ । ਅੰਮ੍ਰਿਤ ਧਾਰ ਵਹਾ ਗੰਗ, ਨਿਝਰ ਝਿਰਨਾ ਦਿਆਂ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਗੋਬਿੰਦ ਸੱਜਣ, ਗੁਰ ਗੁਰ ਦੇਵਾਂ ਮਾਣ ਵਡਿਆਈਆ । ਸਚ ਦਰਸਾਵਾਂ

ਇਕੋ ਮਜਨ, ਦੁਰਮਤ ਮੈਲ ਧੁਆਈਆ । ਨਾਮ ਨਿਧਾਨਾ ਧੁਰ ਦਾ ਭਜਨ, ਬਿਨ ਅੱਖਰਾਂ ਬੰਦਗੀ ਦਿਆਂ ਸਮਝਾਈਆ । ਨੇਤਰ ਨੈਣ ਪਾ ਕੇ ਸਾਚਾ ਕੱਜਲ, ਨੂਰੀ ਨੂਰ ਨੂਰ ਕਰਾਂ ਰੁਸ਼ਨਾਈਆ । ਪਕੜ ਚੜ੍ਹਾਵਾਂ ਧੁਰ ਦੀ ਮੰਜ਼ਲ, ਪਾਂਧੀ ਪੰਧ ਨਾ ਕੋਇ ਰਖਾਈਆ । ਢੋਲਾ ਰਾਗ ਨਾਦ ਨਗਮਾ ਨਾਮ ਕਲਮਾ ਸੁਣਾਵਾਂ ਗ਼ਜ਼ਲ, ਕਰਾਂ ਸਚ ਪੜ੍ਹਾਈਆ । ਰੀਤੀ ਨੀਤੀ ਦੇਵਾਂ ਬਦਲ, ਅਦਲ ਅਦਾਲਤ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਗੋਬਿੰਦ ਕਹੇ ਬਿਨ ਗੋਬਿੰਦ ਧਾਰ, ਮਾਤ ਪਿਤ ਜਨਨੀ ਜਨ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸ਼ਬਦ ਸਰੂਪੀ ਸਾਚੀ ਕਾਰ, ਪੰਜ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਬਿਨ ਵਰਨ ਗੋਤ ਕਰ ਉਜਿਆਰ, ਕੋਟਨ ਕੋਟ ਲੱਖ ਚੁਰਾਸੀ ਜੀਵ ਜੰਤ ਕਰਾਂ ਕੁੜਮਾਈਆ । ਆਪਣਾ ਨਾਮ ਨਿਧਾਨ ਸ਼ਬਦ ਗਿਆਨ ਬੋਲ ਜੈਕਾਰ, ਨਾਦ ਧੁਨ ਆਤਮਕ ਅੰਤਰ ਬ੍ਰਹਮ ਬ੍ਰਹਿਮਾਦ ਦਿਆਂ ਸੁਣਾਈਆ । ਪਾਰਬ੍ਰਹਮ ਬ੍ਰਹਮ ਦੱਸ ਪਿਆਰ, ਬਜਰ ਕਪਾਟੀ ਖੋਲ੍ਹ ਕਿਵਾੜ, ਸੁਖਮਨ ਟੇਢੀ ਬੰਕ ਕਰ ਪਾਰ, ਈੜਾ ਪਿੰਗਲ ਰਾਹ ਵਿਚ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਗੋਬਿੰਦ ਕਹੇ ਮੈਂ ਗੋਬਿੰਦ ਏਕ, ਏਕੰਕਾਰ ਦਿਤੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵੱਲੜਾ ਭੇਸ, ਭੇਖਾ ਧਾਰੀ ਸਮਝ ਕੋਇ ਨਾ ਪਾਈਆ । ਬਾਲ ਜਵਾਨੀ ਅਲ੍ਹੜ ਵਰੇਸ, ਜੋਬਨ ਮਤਾ ਹਰ ਘਟ ਬਾਈਆਂ । ਗੁਰ ਅਵਤਾਰ ਪੀਰ ਪੈਗ਼ੰਬਰ ਸੱਜਦਾ ਕਰਨ ਆਦੇਸ, ਨਿਉਂ ਨਿਉਂ ਲਾਗਣ ਪਾਈਆਂ । ਨੇਤਰ ਲੋਚਣ ਨੈਣ ਰਾਹ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼,

੩੮੭

੧੭
ਕਰੋੜ ਤੇਤੀਸਾ ਸੁਰਪਤ ਇੰਦ ਬੈਠੇ ਧਿਆਨ ਲਗਾਈਆ । ਜਨ ਭਗਤਾਂ ਕਰਾਂ ਸੱਚਾ ਹੇਤ, ਸੰਤ ਸੁਹੇਲੇ ਵੇਖ ਵਖਾਈਆ । ਗੁਰਮੁਖਾਂ ਅੰਦਰ ਰਿਹਾ ਖੇਡ, ਗੁਰਸਿਖਾਂ ਜੋੜ ਜੁੜਾਈਆ । ਜੋਤੀ ਜਲਵਾ ਦੇ ਕੇ ਤੇਜ, ਅੰਧ ਅਗਿਆਨ ਦਿਆਂ ਮੁਕਾਈਆ । ਜਨਮ ਕਰਮ ਦੀ ਮੇਟ ਕੇ ਰੇਖ, ਵਸਤ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਦੱਸ ਕੇ ਭੇਤ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੋਬਿੰਦ ਕਹੇ ਮੈਂ ਗੋਬਿੰਦ ਸੂਰਬੀਰ, ਬੀਰਤਾ ਮੇਰੀ ਸਮਝ ਕਿਸੇ ਨਾ ਆਈਆ । ਖੜਗ ਖੰਡਾ ਨਾ ਕੋਈ ਚਿੱਲਾ ਕਮਾਨ ਤੀਰ, ਤਰਕਸ਼ ਕੰਧ ਨਾ ਕੋਇ ਉਠਾਈਆ । ਇਕੋ ਚੋਟੀ ਮੰਜ਼ਲ ਚੜ੍ਹ ਵੇਖਾਂ ਅਖ਼ੀਰ, ਆਖ਼ਰ ਇਕੋ ਡੇਰਾ ਲਾਈਆ । ਜਿਸ ਦਾ ਰਾਹ ਤੱਕਣ ਪੀਰ ਫ਼ਕੀਰ, ਕੁਤਬ ਗੌਂਸ ਵਲੀ ਸੰਤ ਸਾਧ ਬੈਠੇ ਧਿਆਨ ਲਗਾਈਆ । ਨਾ ਕੋਈ ਸ਼ਰਅ ਨਾ ਜ਼ੰਜੀਰ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਨਾ ਸ਼ਾਹ ਨਾ ਹਕੀਰ, ਸਚ ਤੋਫ਼ੀਕ ਇਕ ਖ਼ੁਦਾਈਆ । ਵੇਖਾਂ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੈਂ ਗੋਬਿੰਦ ਸਤਿ, ਸਤਿ ਸਤਿ ਮੇਰੀ ਵਡਿਆਈਆ । ਜਨ ਭਗਤਾਂ ਦੇਵਾਂ ਬ੍ਰਹਮ ਮਤ, ਸਾਚੇ ਸੰਤਾਂ ਸਚ ਪੜ੍ਹਾਈਆ । ਗੁਰਮੁਖਾਂ ਬੁਝਾ ਕੇ ਅਗਨੀ ਤਤ, ਨਾਤਾ ਇਕੋ ਘਰ ਜੁੜਾਈਆ । ਗੁਰਸਿਖਾਂ ਲੇਖੇ ਲਾ ਕੇ ਰਤ, ਰਤੀ ਰਤ ਦਿਆਂ ਮਹਿਕਾਈਆ । ਸਤਿ ਸੰਤੋਖ ਬਖ਼ਸ਼ ਧੀਰਜ ਯਤ, ਜੋਗ ਜੁਗਤ ਦਿਆਂ ਦ੍ਰਿੜਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰਾਂ ਰੁਸ਼ਨਾਈਆ । ਲਹਿਣਾ ਦੇਣਾ ਹੱਥੋ ਹੱਥ, ਨਾਮ ਪਦਾਰਥ ਝੋਲੀ

ਪਾਈਆ । ਗੁਰਮੁਖਾਂ ਮਾਰਗ ਸਦਾ ਰਿਹਾ ਦੱਸ, ਅੰਦਰ ਬਾਹਰ ਗੁਪਤ ਜ਼ਾਹਰ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਗੁਰ ਇਕੋ ਇਕ ਜਣਾਈਆ । ਗੋਬਿੰਦ ਕਹੇ ਮੈਂ ਧੁਰ ਦਾ ਗੁਰ, ਸਤਿਗੁਰ ਦੇਵੇ ਮਾਣ ਵਡਿਆਈਆ । ਕੋਈ ਨਾ ਸਮਝੇ ਮੇਰਾ ਤਾਲ ਸੁਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਭੇਵ ਨਾ ਪਾਏ ਕੋਈ ਅੰਤਰ ਫੁਰਨਾ ਫੁਰ, ਫੁਰਨੇ ਵਿਚ ਸਰਬ ਲੋਕਾਈਆ । ਜਿਨ੍ਹਾਂ ਲੇਖਾ ਲਿਖਿਆ ਧੁਰ, ਮਸਤਕ ਵੇਖਾਂ ਚਾਈਂ ਚਾਈਆ । ਜੋ ਚਰਨ ਪ੍ਰੀਤੀ ਗਏ ਜੁੜ, ਜੋੜੀ ਧੁਰ ਦੀ ਦਿਆਂ ਬਣਾਈਆ । ਨਾਮ ਅਗੰਮੀ ਚਾੜ੍ਹ ਕੇ ਘੋੜ, ਵਾਗਾਂ ਆਪਣੇ ਹੱਥ ਰਖਾਈਆ । ਸਚ ਦਰਬਾਰ ਸਚਖੰਡ ਅਗੰਮ ਅਥਾਹ ਲਗਾ ਪੌੜ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਨਜ਼ਰ ਤੱਕਾਂ ਕਰ ਕੇ ਗ਼ੌਰ, ਹਰਿਜਨ ਸੱਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਰੰਗ ਰੰਗਾਈਆ । ਗੋਬਿੰਦ ਕਹੇ ਮੈਂ ਗੋਬਿੰਦ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਨਜ਼ਰੀ ਆਇੰਦਾ । ਨਾਮ ਨਗਾਰਾ ਇਕ ਮਰਦੰਗ, ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਬੋਧ ਅਗਾਧ ਸ਼ਬਦੀ ਛੰਦ, ਢੋਲਾ ਸੋਹਲਾ ਰਾਗ ਅਲਾਇੰਦਾ । ਆਤਮ ਪਰਮਾਤਮ ਦੇਵਣਹਾਰਾ ਸਚ ਅਨੰਦ, ਪਰਮਾਨੰਦ ਵਿਚ ਸਮਾਇੰਦਾ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੇ ਨਾਲ ਮਿਲਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਚਾੜ੍ਹ ਚੰਦ, ਜਗਤ ਅੰਧੇਰਾ ਦੂਰ ਕਰਾਇੰਦਾ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ ਆਪਣੇ ਘਰ ਵਸਾਇੰਦਾ । ਲੇਖੇ ਲਾਏ ਕਾਇਆ ਮਾਟੀ ਹਾਡੀ ਚੰਮ, ਪੰਜ ਤਤ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਧੁਰ ਦਾ ਵਰ, ਸਾਚਾ ਲੇਖਾ ਆਪ ਲਿਖਾਇੰਦਾ । ਗੋਬਿੰਦ ਕਹੇ ਮੈਂ ਗੋਬਿੰਦ ਸ਼ਾਹ, ਪਾਤਸ਼ਾਹ ਦਿਤੀ ਵਡਿਆਈਆ । ਨਿਤ ਨਵਿਤ ਦੱਸਾਂ ਰਾਹ, ਮਾਰਗ ਇਕ ਸਮਝਾਈਆ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਦੂਈ ਦਵੈਤੀ ਡੇਰਾ ਢਾਹ, ਚਾਰ ਵਰਨ ਕਰਾਂ ਕੁੜਮਾਈਆ । ਸ਼ਰਅ ਸ਼ਰੀਅਤ ਪੰਧ ਮੁਕਾ, ਸਾਚੀ ਸਿਖ਼ਿਆ ਇਕ ਸਮਝਾਈਆ । ਚਾਰ ਵਰਨਾਂ ਇਕੋ ਦਰ ਬਹਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਰਹਿਣ ਨਾ ਪਾਈਆ । ਸਾਚਾ ਮਾਰਗ ਦਿਆਂ ਜਣਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਧੁਰ ਦਾ ਢੋਲਾ ਇਕੋ ਗਾ, ਭਗਤ ਕਰਾਂ ਪੜ੍ਹਾਈਆ । ਪੜਦਾ ਓਹਲਾ ਪਰੇ ਹਟਾ, ਜੋਤੀ ਜੋਤ ਡਗਮਗਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਸੰਤ ਹਰਿ ਸਤਿਗੁਰ ਸੱਜਣ ਸਤਿ ਸਚ ਮੇਲ ਮਿਲਾ, ਮਿਲਾਪ ਧੁਰ ਦਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਕੋਟ ਕੋਟ ਜਨਮ ਦੇ ਕਟ ਕੇ ਪਾਪ, ਪਤਤ ਪੁਨੀਤ ਕਰ ਕੇ ਪਾਕ, ਪਵਿਤ ਆਪਣੇ ਸੰਗ ਰਖਾਈਆ ।

## ✪ ੫ ਭਾਦਰੋਂ ੨੦੨੧ ਬਿਕ੍ਰਮੀ ਦਰਬਾਰੀ ਲਾਲ ਦੇ ਗ੍ਰਹਿ ਲੁਧਿਆਣਾ ✪

ਪੁਰਖ ਅਕਾਲ ਪ੍ਰੇਮ ਅਨੋਖਾ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਗਏ ਕਮਾਈਆ । ਭਗਤ ਸੰਤ ਤੱਕਣ ਮੌਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਗੁਰਮੁਖ ਗੁਰਸਿਖ ਰਾਹ ਵੇਖਣ ਸੌਖਾ, ਚਰਨ ਲਗ ਲਗ ਪਾਈਆ । ਮਿਹਰਵਾਨ ਪ੍ਰਭ ਠਾਕਰ ਸਵਾਮੀ

੩੮੮
੧੨

ਪ੍ਰੇਮ ਪਿਆਰ ਦੀ ਲਾ ਕੇ ਚੋਟਾ, ਤਨ ਨਗਾਰੇ ਨਾਦ ਵਜਾਈਆ । ਅੰਤਰ ਆਤਮ ਬਖ਼ਸ਼ ਪ੍ਰੇਮ ਕੂੜੀ ਕਿਰਿਆ ਮਨ ਮਮਤਾ ਕੱਢੇ ਖੋਟਾ, ਹਉਮੇ ਰੋਗ ਗਵਾਈਆ । ਨਿਰਮਲ ਪਰਕਾਸ਼ ਅਗੰਮ ਅਥਾਹ ਕਰ ਆਪਣੀ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਧੁਰ ਦਾ ਪਿਆਰ ਕਿਸੇ ਵਿਚ ਨਾ ਆਵੇ ਸੋਚਾ, ਸਮਝ ਸਕੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਦ੍ਰਿੜਾਈਆ । ਪੁਰਖ ਅਕਾਲ ਪ੍ਰੇਮ ਅਜਬ, ਨਿਰਾਲਾ ਸਮਝ ਕਿਸੇ ਨਾ ਆਈਆ । ਲੱਖ ਚੁਰਾਸੀ ਹੋਏ ਤਅੱਜੁਬ, ਪੜਦਾ ਸਕੇ ਨਾ ਕੋਇ ਉਠਾਈਆ । ਸ੍ਰਿਸ਼ਟੀ ਭਰਮੀ ਦੀਨ ਮਜ਼੍ਹਬ, ਜ਼ਾਤ ਪਾਤ ਕਰੀ ਕੁੜਮਾਈਆ । ਆਤਮ ਪਰਮਾਤਮ ਕਰੇ ਕੋਈ ਨਾ ਅਦਬ, ਆਦਾਬ ਸੀਸ ਨਾ ਕੋਇ ਝੁਕਾਈਆ । ਪ੍ਰਭ ਮਿਲਣ ਨੂੰ ਰੱਖੇ ਨਾ ਕੋਈ ਕਦਮ, ਪਾਂਧੀ ਪੰਧ ਨਾ ਕੋਇ ਮੁਕਾਈਆ । ਗ੍ਰਹਿ ਗ੍ਰਹਿ ਘਰ ਘਰ ਚਾਰ ਵਰਨ ਦਿਸੇ ਤਸ਼ੱਦਦ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਗਿਣਤੀ ਵਿਚ ਅਦਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਵਖਾਈਆ । ਪੁਰਖ ਅਕਾਲ ਪ੍ਰੇਮ ਅਪਾਰ, ਅਪਰੰਪਰ ਆਪ ਕਰਾਇੰਦਾ । ਨਿਰਗੁਣ ਸਰਗੁਣ ਦਏ ਅਧਾਰ, ਗੁਰ ਅਵਤਾਰ ਮੇਲ ਮਿਲਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਧੁਨ ਨਾਦ ਆਪ ਸੁਣਾਇੰਦਾ । ਕੂੜੀ ਕਿਰਿਆ ਕੱਢ ਕੇ ਬਾਹਰ, ਦੁਰਮਤ ਮੈਲ ਧੁਆਇੰਦਾ । ਉਜਲ ਕਰ ਮੰਦਰ ਮਨਾਰ, ਗ੍ਰਹਿ ਆਪਣਾ ਆਸਣ ਲਾਇੰਦਾ । ਸੋਈ ਸੁਰਤੀ ਕਰ ਕੇ ਖ਼ਬਰਦਾਰ, ਸ਼ਬਦ ਹਾਣੀ ਆਪ ਜਗਾਇੰਦਾ । ਅੰਮ੍ਰਿਤ ਪਾਣੀ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਪੜਦਾ ਦੂਈ ਦਵੈਤ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਵਧਾਇੰਦਾ । ਸਚ ਪਿਆਰ ਦੇਵੇ ਭਗਵੰਤ, ਜਨ ਭਗਤਾਂ ਦਇਆ ਕਮਾਈਆ । ਮੇਲ ਮਿਲਾਵਾ ਧੁਰ ਦੀ ਨਾਰ ਕੰਤ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਉੱਤਮ ਸ੍ਰੇਸ਼ਟ ਕਰ ਕੇ ਵਿਚੋਂ ਜੀਵ ਜੰਤ, ਸਾਧ ਸੰਤ ਵਿਚੋਂ ਉਠਾਈਆ । ਅੰਤਰ ਆਤਮ ਮਣੀਆਂ ਮੰਤ, ਮਨ ਕਾ ਮਣਕਾ ਦਏ ਭਵਾਈਆ । ਬੋਧ ਅਗਾਧ ਬਣ ਕੇ ਪੰਡਤ, ਨਿਰਅੱਖਰ ਕਰੇ ਪੜ੍ਹਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਮੇਲ ਮਿਲਾਵਾ ਜੋਤ ਅਖੰਡਤ, ਖੰਡ ਬ੍ਰਹਿਮੰਡ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਰਖਾਈਆ । ਪੁਰਖ ਅਕਾਲ ਪ੍ਰੇਮ ਅਗੰਮ, ਅਗੰਮੜੀ ਖੇਲ ਕਰਾਇੰਦਾ । ਕੋਈ ਸਮਝ ਨਾ ਸਕੇ ਕਾਇਆ ਮਾਟੀ ਚੰਮ, ਤਤਵ ਤਤ ਗੰਢ ਨਾ ਕੋਇ ਬੰਧਾਇੰਦਾ । ਮਿਹਰਵਾਨ ਹੋ ਕੇ ਜਿਨ੍ਹਾਂ ਅੰਤਰ ਆਤਮ ਦੇਵੇ ਬੰਨ੍ਹ, ਪਰਮਾਤਮ ਆਪਣਾ ਰੰਗ ਰੰਗਾਇੰਦਾ । ਜੋਤ ਪਰਕਾਸ਼ ਚਾੜ੍ਹ ਕੇ ਚੰਨ, ਰਵ ਸਸ ਨੈਣ ਸ਼ਰਮਾਇੰਦਾ । ਨਾਮ ਪਦਾਰਥ ਦੇਵੇ ਧਨ, ਅਨਮੁੱਲੜੀ ਦੌਲਤ ਆਪ ਵਰਤਾਇੰਦਾ । ਸ਼ਬਦ ਸੰਦੇਸ਼ ਸੁਣਾਏ ਕੰਨ, ਅਨਰਾਗੀ ਰਾਗ ਅਲਾਇੰਦਾ । ਮਨ ਵਾਸਨਾ ਬੰਨ੍ਹੇ ਮਨ, ਮਮਤਾ ਮੋਹ ਮਿਟਾਇੰਦਾ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਰਖਾਇੰਦਾ । ਪੁਰਖ ਅਕਾਲ ਪ੍ਰੇਮ ਇਕ, ਏਕੰਕਾਰ ਵੰਡ ਵੰਡਾਈਆ । ਜਗ ਨੇਤਰ ਕਿਸੇ ਨਾ ਆਏ ਦਿਸ, ਲੱਖ ਚੁਰਾਸੀ ਦਰਸ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਜਿਸ ਗੁਰਮੁਖ ਪਾਏ ਭਿਖ, ਭਿਛਿਆ ਆਪਣੀ ਇਕ ਵਰਤਾਈਆ । ਅੰਤਰ ਆਤਮ ਕਰ ਕੇ ਹਿਤ, ਪਰਮਾਤਮ ਮੇਲਾ ਸਹਿਜ ਸੁਭਾਈਆ । ਕਰਵਟ

੩੮੯

ਲੈ ਬਦਲੇ ਪਿਠ, ਸਨਮੁਖ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੁਰਖ ਅਕਾਲ ਪ੍ਰੇਮ ਅਵੱਲੜਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਦੋ ਜਹਾਨ ਕਰੇ ਇਕ ਇਕੱਲੜਾ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣਾ ਬੰਧਨ ਪਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਵਿਰਲੇ ਫੜੇ ਪਲੜਾ, ਪੱਲੂ ਆਪਣੇ ਨਾਲ ਬੰਧਾਈਆ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਧਾਰ ਰਲੜਾ, ਸਰਗੁਣ ਸਰਗੁਣ ਦੇਵੇ ਮਾਣ ਵਡਿਆਈਆ । ਵਸਣਹਾਰਾ ਨਿਹਚਲ ਧਾਮ ਅਵੱਲੜਾ, ਉਚ ਅਗੰਮ ਅਥਾਹ ਬੇਪਰਵਾਹ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਰੰਗਾਈਆ । ਸਤਿਗੁਰ ਪਿਆਰ ਸਦਾ ਸਦਾ ਸਦ ਸੱਜਣ, ਏਥੇ ਓਥੇ ਸੰਗ ਬਣਾਇੰਦਾ । ਪ੍ਰੇਮ ਪ੍ਰੀਤੀ ਅੰਦਰ ਕਰਾਏ ਧੁਰ ਦਾ ਮਜਨ, ਦੁਰਮਤ ਮੈਲ ਧਵਾਇੰਦਾ । ਸ਼ਬਦ ਅਗੰਮੀ ਤਾਲ ਨਾਦ ਅਨਾਦੀ ਵੱਜਣ, ਢੋਲਕ ਛੈਣਾ ਨਾ ਕੋਇ ਖੜਕਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਰਮ ਭੌ ਮਿਟਾਇੰਦਾ । ਦਰਸ ਵਖਾਏ ਗੋਪਾਲ ਮੂਰਤ ਮਦਨ, ਮਧ ਸੂਦਨ ਆਪਣੀ ਕਾਰ ਕਮਾਇੰਦਾ । ਹਰਿ ਭਗਤ ਸੁਹੇਲੇ ਮਸਤਕ ਤਿਲਕ ਲਲਾਟ ਲਗਾਏ ਚੰਦਨ, ਜੋਤੀ ਜਾਤਾ ਡਗਮਗਾਇੰਦਾ । ਨਿਮਸਕਾਰ ਨਮੋ ਨਮੋ ਸਵਾਮੀ ਇਕੋ ਦੱਸੇ ਬੰਦਨ, ਡੰਡੌਤ ਸਾਚੀ ਇਕ ਸਮਝਾਇੰਦਾ । ਅੰਤਰ ਆਤਮ ਪਰਮਾਤਮ ਬਖ਼ਸ਼ ਕੇ ਅਨੰਦਨ, ਨਿਜਾਨੰਦ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਪਿਆਰ ਜਗਤ ਜੁਗ ਚਾਰ, ਕੋਟਨ ਕੋਟ ਕਾਲ ਮੁੱਕ ਕਦੇ ਨਾ ਜਾਈਆ । ਜੁਗ ਚੌਕੜੀ ਨਿਤ ਨਵਿਤ ਵਿਹਾਰ, ਬਿਵਹਾਰੀ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਜੋਤੀ ਜਾਤਾ ਫੇਰਾ ਪਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਨਾਦ ਧੁਨ ਕਰੇ ਸ਼ਨਵਾਈਆ । ਸੇਵਾ ਲਾ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਕਾਤਬ ਆਪਣੀ ਕਲਮ ਚਲਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌ ਪਾਏ ਸਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਘਟ ਘਟ ਅੰਦਰ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰ ਉਜਿਆਰ, ਗ੍ਰਿਹਿ ਗ੍ਰਿਹਿ ਕਰੇ ਰੁਸ਼ਨਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਸਤਿ ਸਤਿ ਦੇਵੇ ਦੇਵਣਹਾਰ, ਸਤਿ ਸਤਿਵਾਦੀ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਭਰਨਹਾਰ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਪੁਰਖ ਅਕਾਲ ਪ੍ਰੇਮ ਸਦਾ ਸਦ, ਨਿਰਗੁਣ ਸਰਗੁਣ ਆਪ ਕਰਾਇੰਦਾ । ਜਗਤ ਦਵਾਰ ਕਰ ਕੇ ਪਾਰ ਹੱਦ, ਘਰ ਆਪਣਾ ਇਕ ਵਖਾਇੰਦਾ । ਬਿਨ ਮੱਕੇ ਕਾਅਬਿਓਂ ਕਰਾਏ ਹੱਜ, ਬਿਨ ਮੰਦਰ ਮਸੀਤ ਸ਼ਿਵਦਵਾਲੇ ਮੱਠ ਗੁਰੂਦਵਾਰ ਇਕੋ ਇਕ ਵਡਿਆਇੰਦਾ । ਲਹਿਣਾ ਦੇਣਾ ਚੌਦਾਂ ਲੋਕ ਚੌਦਾਂ ਤਬਕ ਹੱਟ, ਚੌਦਾਂ ਵਿਦਿਆ ਪੰਧ ਮੁਕਾਇੰਦਾ । ਸਚ ਪ੍ਰੀਤੀ ਅੰਦਰ ਰੱਖ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਜਹਾਨੋਂ ਕਰ ਕੇ ਵੱਖ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਪੜਦਾ ਲਾਹਿੰਦਾ । ਦੂਈ ਦਵੈਤੀ ਮੇਟ ਕੇ ਫੱਟ, ਕੂੜੀ ਕਿਰਿਆ ਡੇਰਾ ਢਾਇੰਦਾ । ਲੇਖੇ ਲਾਏ ਕਾਇਆ ਰਤ, ਰਤੀ ਰਤ ਆਪਣੇ ਰੰਗ ਰੰਗਾਇੰਦਾ । ਅੰਤਰ ਆਤਮ ਦੇ ਕੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਮੇਲ ਮਿਲਾਵਾ ਕਮਲਾਪਤਿ, ਕੰਤ ਕੰਤੂਹਲ ਇਕੋ ਨਜ਼ਰੀ ਆਇੰਦਾ । ਸੱਚਾ ਮਾਰਗ ਧੁਰ ਦਾ ਦੱਸ,

ਰਹਿਬਰ ਹੋ ਕੇ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਦ੍ਰਿੜਾਇੰਦਾ । ਸਚ ਪਿਆਰ ਕਰੇ ਜਨ ਭਗਤ, ਪ੍ਰਭ ਆਪਣੀ ਦਇਆ ਕਮਾਈਆ । ਉੱਤਮ ਹੋਵੇ ਵਿਚੋਂ ਜਗਤ, ਜਗ ਜੀਵਣ ਦਾਤਾ ਵੇਖ ਵਖਾਈਆ । ਲੇਖੇ ਲਾਏ ਬੂੰਦ ਰਕਤ, ਪੰਜ ਤਤ ਵੱਜੇ ਵਧਾਈਆ । ਨਾਮ ਖ਼ੁਮਾਰੀ ਕਰੇ ਮਸਤ, ਦਿਵਸ ਰੈਣ ਆਪਣੀ ਧਾਰ ਚਲਾਈਆ । ਲੇਖਾ ਚੁੱਕੇ ਕੀਟ ਹਸਤ, ਊਚ ਨੀਚ ਨਾ ਕੋਇ ਸਮਝਾਈਆ । ਦੀਨ ਮਜ਼੍ਹਬ ਨਾ ਕੋਇ ਫ਼ਰਕ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਵੇਖ ਵਖਾਏ ਜੋਧਾ ਸੂਰਬੀਰ ਮਰਦਾਨਾ ਮਰਦ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵੰਡੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਸਤਿਗੁਰ ਪ੍ਰੇਮ ਸਦਾ ਅਸਚਰਜ, ਅਚਰਜ ਲੀਲਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਪਿਆਰ ਸਦਾ ਸਦਾ ਸਦ ਨਿਤ, ਆਦਿ ਜੁਗਾਦਿ ਰਹੇ ਜਸ ਗਾਈਆ । ਪੁਰਖ ਅਕਾਲ ਕੀਤਾ ਗੋਬਿੰਦ ਬਣ ਕੇ ਪਿਤ, ਹੇਮਕੁੰਟ ਵੱਜੀ ਵਧਾਈਆ । ਗੋਬਿੰਦ ਗੁਰਮੁਖਾਂ ਵਸਿਆ ਚਿਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਪੂਰਬ ਲੇਖਾ ਵੇਖ ਅਗਲਾ ਦਿਤਾ ਲਿਖ, ਬਾਕੀ ਰਹਿਣ ਨਾ ਕੋਇ ਪਾਈਆ । ਸ਼ਬਦ ਸਤਾਰ ਮਾਰੇ ਖਿਚ, ਦੋਹਰਾ ਤਾਲ ਵਜਾਈਆ । ਜੋ ਗੁਰਮੁਖ ਗੁਰਸਿਖ ਮੁਖ ਭਵਾ ਕੇ ਦੇ ਜਾਏ ਪਿਠ, ਤਿਸ ਠੌਰ ਕੋਇ ਨਾ ਪਾਈਆ । ਏਥੇ ਓਥੇ ਮਿਲੇ ਨਾ ਕੋਈ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਜਨਨੀ ਸਫ਼ਲ ਨਾ ਹੋਵੇ ਕੁੱਖ, ਦਸ ਦਸ ਮਾਸ ਪੰਧ ਨਾ ਕੋਇ ਚੁਕਾਈਆ । ਜੋ ਗੁਰਸਿਖ ਸਤਿਗੁਰ ਪਿਆਰ ਪ੍ਰਭ ਸਰਨ ਪ੍ਰੀਤੀ ਗਏ ਝੁਕ, ਸੀਸ ਜਗਦੀਸ ਭੇਟ ਚੜ੍ਹਾਈਆ । ਓਨ੍ਹਾਂ ਪੈਂਡਾ ਜਾਏ ਮੁੱਕ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਵਖਾਈਆ । ਸਤਿਗੁਰ ਪ੍ਰੇਮ ਨਾ ਹੋਏ ਵਿਛੋੜਾ, ਵਿਛੜ ਕਦੇ ਨਾ ਜਾਈਆ । ਆਦਿ ਜੁਗਾਦਿ ਭਗਤ ਭਗਵਾਨ ਦਾ ਜੋੜਾ, ਜੁਗ ਚੌਕੜੀ ਸੋਭਾ ਪਾਈਆ । ਜਗਤ ਅੰਦਰ ਵੇਖੇ ਅੰਧ ਘੋਰਾ, ਚਾਰ ਕੁੰਟ ਦਹਿ ਦਿਸ਼ਾ ਖੋਜ ਖੋਜਾਈਆ । ਪਾਵੇ ਸਾਰ ਠੱਗ ਚੋਰਾਂ, ਲੁਕਿਆ ਕੋਇ ਰਹਿਣ ਨਾ ਪਾਈਆ । ਪਸ਼ੂ ਪੰਖੀ ਚਾਰੇ ਖਾਣੀ ਵੇਖੇ ਢੋਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਖੁਲ੍ਹਾਈਆ । ਸਤਿਗੁਰ ਪ੍ਰੇਮ ਗੁਰਮੁਖ ਵਿਰਲੇ ਜਾਤਾ, ਜਿਸ ਆਪਣੀ ਬੂਝ ਬੁਝਾਈਆ । ਬਿਨ ਪੜ੍ਹਿਆਂ ਹੋਇਆ ਗਿਆਤਾ, ਚੌਦਾਂ ਵਿਦਿਆ ਚਰਨਾਂ ਹੇਠ ਦਬਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਤਮ ਅਨਾਦੀ ਜੁੜਿਆ ਨਾਤਾ, ਬਿਧਾਤਾ ਆਪਣੇ ਰੰਗ ਰੰਗਾਈਆ । ਉਤਮ ਹੋਈ ਜਗਤ ਜ਼ਾਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਸਾਚਾ ਖੇਲ ਅਗੰਮ ਅਥਾਹ ਕਾਇਆ ਮੰਦਰ ਅੰਦਰ ਭਾਖਾ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਮੰਜ਼ਲ ਮੰਜ਼ਲ ਚੁੱਕੇ ਵਾਟਾ, ਪੌੜੀ ਪੌੜੀ ਲਏ ਚੜ੍ਹਾਈਆ । ਜਨਮ ਕਰਮ ਦਾ ਪੂਰਾ ਕਰੇ ਘਾਟਾ, ਪੂਰੇ ਸਤਿਗੁਰ ਹੱਥ ਵਡਿਆਈਆ । ਆਤਮ ਸੇਜ ਸੁਹੰਜਣੀ ਸੁਹਾਈ ਖਾਟਾ, ਸਚ ਸਿੰਘਾਸਣ ਸੋਭਾ ਪਾਈਆ । ਅਮੋਲਕ ਅਮੁੱਲ ਅਤੁਲ ਨਾਮ ਪਦਾਰਥ ਦੇਵੇ ਦਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪ੍ਰੇਮ ਇਕ ਬੰਧਾਈਆ । ਸਤਿਗੁਰ ਪ੍ਰੇਮ ਧੁਰ ਦਾ ਬੰਧਨ, ਬੰਦਗੀ ਵਿਚੋਂ ਬੰਦਨਾ ਨਜ਼ਰੀ ਆਈਆ । ਜਿਨ੍ਹਾਂ ਉਠਾਇਆ ਆਪਣੇ ਅੰਗਨ, ਸਾਚੀ ਗੋਦੀ ਲਏ ਬਹਾਈਆ । ਸੋ ਗੁਰਸਿਖ ਦੂਜੇ ਦਵਾਰੇ ਕਦੇ ਨਾ ਜਾਵਣ ਮੰਗਣ, ਗਦਾਗਰ ਨਾ ਰੂਪ ਵਟਾਈਆ । ਨਿਜ ਆਤਮ

ਮਾਨਣ ਇਕ ਅਨੰਦਨ, ਪਰਮਾਨੰਦ ਵਿਚ ਸਮਾਈਆ । ਵੇਖੇ ਖੇਲ ਵਿਚ ਬ੍ਰਹਿਮੰਡਨ, ਵਰਭੰਡੀ ਭੇਵ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਲਗਾਈਆ । ਸਤਿਗੁਰ ਪ੍ਰੇਮ ਜਿਨ੍ਹਾਂ ਲੱਗਾ, ਲਗ ਮਾਤਰ ਨਜ਼ਰ ਕੋਇ ਨਾ ਆਈਆ । ਸਤਿ ਖ਼ੁਮਾਰੀ ਅੰਦਰ ਫਿਰੇ ਭੱਜਾ, ਮੰਜ਼ਲ ਆਪਣੀ ਪੰਧ ਮੁਕਾਈਆ । ਜਗਤ ਵਾਸਨਾ ਹੋਏ ਨਾ ਗੰਦਾ, ਕੂੜੀ ਕਿਰਿਆ ਨਾ ਕੋਇ ਕੁੜਮਾਈਆ । ਸੀਤਲ ਧਾਰ ਸਦਾ ਠੰਡਾ, ਅਗਨੀ ਤਤ ਨਾ ਕੋਇ ਤਪਾਈਆ । ਅੰਤਰ ਆਤਮ ਹੋਵੇ ਨਾ ਰੰਡਾ, ਕੰਤ ਸੁਹਾਗੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਅੰਦਰ ਪ੍ਰੇਮ ਜਣਾਈਆ । ਸਤਿਗੁਰ ਪ੍ਰੇਮ ਡੂੰਘਾ ਸਾਗਰ, ਜਗਤ ਨਈਆ ਨੌਕਾ ਹੱਥ ਕਿਸੇ ਨਾ ਆਈਆ । ਜਨ ਭਗਤਾਂ ਦੇਵੇ ਦੋ ਜਹਾਨ ਆਦਰ, ਆਦਰਸ਼ ਆਪਣਾ ਇਕ ਵਖਾਈਆ । ਕਰਤਾ ਪੁਰਖ ਕਰੀਮ ਕਾਦਰ, ਕੁਦਰਤ ਦਾਤਾ ਬੇਪਰਵਾਹੀਆ । ਨਿਤ ਨਵਿਤ ਸਦਾ ਸਦਾ ਸਦ ਜਨ ਭਗਤਾਂ ਅੱਗੇ ਹਾਜ਼ਰ, ਹਜ਼ੂਰ ਹਜ਼ਰਤ ਆਪਣਾ ਰੂਪ ਵਟਾਈਆ । ਜੋਧਾ ਸੂਰਬੀਰ ਬਣ ਬਹਾਦਰ, ਕੂੜੀ ਕਿਰਿਆ ਮਨ ਵਾਸਨਾ ਪਰੇ ਦੇਵੇ ਹਟਾਈਆ । ਨਿਰਮਲ ਕਰਮ ਕਰੇ ਉਜਾਗਰ, ਜੋ ਸਤਿਗੁਰ ਪਿਆਰ ਬਣੇ ਸੌਦਾਗਰ, ਘਰ ਮੰਦਰ ਹੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਅੰਦਰ ਡੋਰੀ ਤੰਦ ਇਕ ਜਣਾਈਆ । ਪ੍ਰੇਮ ਅੰਦਰ ਸਤਿਗੁਰ ਮੱਤਾ, ਮਨਮਤ ਸਮਝ ਕੋਇ ਨਾ ਪਾਈਆ । ਪ੍ਰੇਮ ਅੰਦਰ ਸਤਿਗੁਰ ਰੱਤਾ, ਰਤੀ ਰਤ ਰੰਗ ਨਾ ਕੋਇ ਰੰਗਾਈਆ । ਪ੍ਰੇਮ ਅੰਦਰ ਸਤਿਗੁਰ ਵਸਾ, ਘਰ ਘਰ ਵਿਚ ਡੇਰਾ ਲਾਈਆ । ਪ੍ਰੇਮ ਅੰਦਰ ਸਤਿਗੁਰ ਨੱਠਾ, ਭੱਜ ਭੱਜ ਨੌ ਦਵਾਰੇ ਪੰਧ ਚੁਕਾਈਆ । ਪ੍ਰੇਮ ਅੰਦਰ ਸਤਿਗੁਰ ਸਤਿ ਪੁਰਖ ਨਿਰੰਜਣ ਸਦਾ ਸਮਰਥਾ, ਸਮਰਥ ਆਪਣੀ ਕਾਰ ਕਮਾਈਆ । ਪ੍ਰੇਮ ਅੰਦਰ ਨਿਜ ਨੇਤਰ ਜਨ ਭਗਤਾਂ ਖੋਲ੍ਹੇ ਅੱਖਾ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਕਰੇ ਪ੍ਰੇਮ ਜੋਤ ਨਿਰੰਕਾਰੀ, ਨਿਰਗੁਣ ਹੱਥ ਵਡਿਆਈਆ । ਸਰਗੁਣ ਸਤਿ ਸ਼ਬਦ ਪਿਆਰੀ, ਪ੍ਰੇਮ ਪ੍ਰੀਤੀ ਇਕ ਬਣਾਈਆ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸਾਚੇ ਸੰਤਾਂ ਰੰਗ ਰਿਹਾ ਚਾੜ੍ਹੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਵਿਗਸੇ ਵਾਰੋ ਵਾਰੀ, ਨੇਤਰ ਨੈਣ ਅੱਖ ਨਜ਼ਰ ਕਿਸੇ ਨਾ ਆਈਆ । ਪ੍ਰੇਮ ਵਿਚੋਂ ਪ੍ਰੇਮ ਕਰੇ ਸ਼ਿੰਗਾਰੀ, ਤਨ ਜੋਬਨ ਦੇਵੇ ਮਾਣ ਵਡਿਆਈਆ । ਸਤਿਗੁਰ ਪ੍ਰੇਮ ਪੁੱਛੇ ਕੋਲੋਂ ਲਾਲ ਦਰਬਾਰੀ, ਜਿਸ ਗ੍ਰਿਹਿ ਦਰਬਾਰ ਲਿਆ ਲਗਾਈਆ । ਏਹ ਫ਼ੀਲ ਹਾਥੀਆਂ ਨਾਲੋਂ ਉਚੀ ਹਮਾਰੀ, ਜਿਸ ਉਪਰ ਬੈਠਾ ਆਸਣ ਲਾਈਆ । ਤ੍ਰੇਤੇ ਜੁਗ ਦੀ ਪਿਛਲੀ ਯਾਰੀ, ਯਾਰਾਨਾ ਭੁੱਲ ਕਦੇ ਨਾ ਜਾਈਆ । ਅੰਗਦ ਤੇਰੀ ਅੰਗ ਲੱਗਣ ਦੀ ਆਈ ਵਾਰੀ, ਬਿਨ ਸਤਿਗੁਰ ਪੂਰੇ ਵਾਰਤਾ ਪਿਛਲੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਰਿਹਾ ਵਖਾਈਆ । ਸਚ ਪ੍ਰੀਤੀ ਮਿਲਿਆ ਪਿਰ, ਪੀਰ ਪੈਗ਼ੰਬਰ ਇਕ ਅਖਵਾਇੰਦਾ । ਜਿਸ ਦਾ ਲੇਖਾ ਲਹਿਣਾ ਗਿਰ, ਗਹਿਰ ਗਵਰ ਆਪੇ ਖੋਜ ਖੋਜਾਇੰਦਾ । ਜਿਸ ਦੀ ਜਗ ਨੇਤਰ ਤੱਕ ਸਕੇ ਨਾ ਕੋਈ ਤਸਵੀਰ, ਮੁਸੱਵਰ ਤਸੱਵਰ ਨਾ ਕੋਇ ਕਰਾਇੰਦਾ । ਜੋ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਮੁਕਾਮੇ ਹਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪ੍ਰੇਮ ਇਕ ਬਣਾਇੰਦਾ । ਧੁਰ ਦਾ ਪ੍ਰੇਮ ਕਰੇ ਗੁਰ ਪੂਰਾ, ਸਤਿਗੁਰ ਪੂਰੇ ਹੱਥ ਵਡਿਆਈਆ । ਜਿਸ ਦਾ ਲੇਖ ਨਾ ਹੋਵੇ ਅਧੂਰਾ, ਕੂੜਾ ਨੇਹੋਂ ਨਾ

ਕਦੇ ਲਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਗ਼ਰੀਬ ਨਿਮਾਣੇ ਕੋਝੇ ਕਮਲੇ ਗੋਦ ਉਠਾਈਆ । ਦਾਤਾ ਬਣ ਕੇ ਜੋਧਾ ਸੂਰਾ, ਕੂੜੀ ਕਿਰਿਆ ਪਰੇ ਹਟਾਈਆ । ਨਾਮ ਖ਼ੁਮਾਰੀ ਕਰ ਮਖ਼ਮੂਰਾ, ਮੁਸ਼ਕਲ ਅਗਲੀ ਹੱਲ ਕਰਾਈਆ । ਹਾਜ਼ਰ ਹੋ ਕੇ ਸਚ ਹਜ਼ੂਰਾ, ਹਾਜ਼ਰੀ ਆਪਣੀ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਦਰਬਾਰੀ ਲਾਲ ਪ੍ਰੇਮ ਅਪਾਰ, ਸਤਿਗੁਰ ਸਤਿ ਸਤਿ ਜਣਾਈਆ । ਜਿਸ ਨੂੰ ਤਰਸਦੇ ਸਦਾ ਸਦਾ ਜੁਗ ਚਾਰ, ਨਿਤ ਨਵਿਤ ਧਿਆਨ ਲਗਾਈਆ । ਜਿਸ ਦਾ ਰਾਹ ਤੱਕਣ ਕਰੋੜ ਤੇਤੀਸਾ ਨੈਨ ਉਘਾੜ, ਸੁਰਪਤ ਇੰਦ ਸੰਗ ਮਿਲਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਿਸ ਨੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਿਆ ਪੁਰਖ ਅਕਾਲ, ਅਕਲ ਕਲਧਾਰੀ ਵਡ ਵਡਿਆਈਆ । ਜੋ ਨਿਤ ਨਵਿਤ ਦੋ ਜਹਾਨਾਂ ਦੀਨ ਦਿਆਲ, ਦੀਨ ਦੁਨੀ ਆਪਣੀ ਝੋਲੀ ਪਾਈਆ । ਜਿਸ ਦੇ ਹੱਥ ਕਾਲ ਮਹਾਂਕਾਲ, ਰਾਏ ਧਰਮ ਬੈਠਾ ਸੀਸ ਝੁਕਾਈਆ । ਸੋ ਸਾਹਿਬ ਸਤਿਗੁਰ ਖੇਲ ਕਰੇ ਕਮਾਲ, ਜਿਸ ਕਮਾਲਾ ਕਬੀਰ ਜੁਲਾਹਾ ਦਿਤੀ ਮਾਣ ਵਡਿਆਈਆ । ਸੋ ਸਚ ਸਤਿ ਬਣਾਏ ਸੱਚੀ ਧਰਮਸਾਲ, ਜਿਸ ਗ੍ਰਿਹਿ ਆਪਣਾ ਚਰਨ ਟਿਕਾਈਆ । ਤ੍ਰੇਤਾ ਜੁਗ ਦੀ ਪ੍ਰੀਤੀ ਰਿਹਾ ਪਾਲ, ਪ੍ਰਿਤਪਾਲਕ ਭੁੱਲ ਕਦੇ ਨਾ ਜਾਈਆ । ਇਹੋ ਸ਼ਬਦ ਅਨੋਖੀ ਜਗਤ ਮਸਾਲ, ਜਿਸ ਦੀ ਮਿਸਲ ਨਾ ਕਿਸੇ ਬਣਾਈਆ । ਸ਼ਾਸਤਰਾਂ ਵਿਚੋਂ ਨਾ ਮਿਲੇ ਅਹਿਵਾਲ, ਵੇਦਾਂ ਵਿਚੋਂ ਨਾ ਕੋਇ ਦਸਾਈਆ । ਗਿਆਨਾਂ ਵਿਚੋਂ ਨਾ ਕੋਇ ਗਿਆਨ, ਧਿਆਨਾਂ ਵਿਚੋਂ ਨਾ ਕੋਇ ਧਿਆਨ, ਕੁਰਾਨਾਂ ਵਿਚੋਂ ਨਾ ਕੋਇ ਈਮਾਨ, ਈਮਾਨਾਂ ਵਿਚੋਂ ਨਾ ਕੋਇ ਪਰਗਟਾਈਆ । ਪਰਮ ਪੁਰਖ ਪਰਮਾਤਮ ਆਤਮ ਜੁਗ ਜੁਗ ਵਿਛੜਿਆਂ ਮੇਲੇ ਆਣ, ਵਿਛੋੜਾ ਪਿਛਲਾ ਪੰਧ ਮੁਕਾਈਆ । ਇਹੋ ਜਿਹਾ ਲੱਭਿਆਂ ਕਿਸੇ ਨਾ ਮਿਲੇ ਭਗਵਾਨ, ਜੋ ਘਰ ਬੈਠਿਆਂ ਰਿਹਾ ਤਰਾਈਆ । ਕੋਟਨ ਕੋਟ ਤੀਰਥ ਤੱਟਾਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਕਰਦੇ ਦਾਨ, ਜਗਤ ਅਸ਼ਨਾਨ ਤਾਰੀਆਂ ਲਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਗੌਂਦੇ ਗਾਨ, ਅੱਖਰਾਂ ਨਾਲ ਅੱਖਰ ਮੇਲ ਮਿਲਾਈਆ । ਬਿਨ ਸਤਿਗੁਰ ਪ੍ਰੀਤੀ ਕਿਸੇ ਨਾ ਮਿਲਿਆ ਸਾਚਾ ਥਾਨ, ਸਚਖੰਡ ਸੋਭਾ ਕੋਇ ਨਾ ਪਾਈਆ । ਤਨ ਮਾਟੀ ਖ਼ਾਕੀ ਖ਼ਾਕ ਰਹੇ ਛਾਣ, ਜਿਨ੍ਹਾਂ ਭੁੱਲਿਆ ਬੇਪਰਵਾਹੀਆ । ਨਾ ਸਿਦਕ ਨਾ ਕੋਇ ਈਮਾਨ, ਸਬਰ ਸਬੂਰੀ ਸੰਗ ਨਾ ਕੋਇ ਰਖਾਈਆ । ਇਕੋ ਨਾਤਾ ਜੁੜਿਆ ਪੀਣ ਖਾਣ, ਰਸਨਾ ਜਿਹਵਾ ਜਗਤ ਹਲਕਾਈਆ । ਜਿਨ੍ਹਾਂ ਪ੍ਰੇਮ ਪ੍ਰੀਤੀ ਅੰਦਰ ਆਪਣਾ ਆਪ ਕੀਤਾ ਬਲੀਦਾਨ, ਸੋ ਜੋਧਾ ਸੂਰਬੀਰ ਦੋ ਜਹਾਨ ਸੋਭਾ ਪਾਈਆ । ਜਿਨ੍ਹਾਂ ਅੰਦਰ ਕਾਮ ਸ਼ੈਤਾਨ, ਲੋਭ ਮੋਹ ਹੰਕਾਰ ਹੋਏ ਹਲਕਾਈਆ । ਸੋ ਸਤਿਗੁਰ ਸਵਾਮੀ ਬਿਨ ਹਰਿ ਕਿਰਪਾ ਸਕੇ ਨਾ ਕੋਇ ਪਛਾਣ, ਨੇਤਰ ਅੱਖ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪ੍ਰੇਮ ਪ੍ਰੀਤੀ ਅੰਦਰ ਮਧਾ, ਆਦਿ ਜੁਗਾਦਿ ਇਕੋ ਰੰਗ ਸਮਾਈਆ । ਜਨ ਭਗਤਾਂ ਦੇ ਸਾਚਾ ਸੱਦਾ, ਘਰ ਸਾਚੇ ਮੇਲ ਮਿਲਾਈਆ । ਮਿਹਰਵਾਨ ਹੋ ਕੇ ਪੜਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਭਗਤ ਜਗਤ ਕੋਈ ਰਹੇ ਨਾ ਨੰਗਾ, ਓਢਨ ਇਕੋ ਨਾਮ ਜਣਾਈਆ । ਅੰਮ੍ਰਿਤ ਆਤਮ ਸਾਚਾ ਨੀਰ ਵਹਾਏ ਗੰਗਾ, ਗੋਦਾਵਰੀ ਸੁਰਸਤੀ ਨਾਲ ਮਿਲਾਈਆ । ਨੂਰੀ ਚੰਦ ਚਮਕਾਏ ਚੰਦਾ, ਚੌਦਸ ਚੌਦਾਂ ਵੇਖ ਵਖਾਈਆ । ਸਚ ਦਵਾਰ ਵਖਾਏ ਠੰਡਾ, ਚਰਨ ਕਵਲ ਵਡਿਆਈਆ । ਨਾਤਾ ਤੋੜ ਕੇ ਜੇਰਜ ਅੰਡਾ,

ਉਤਭੁਜ ਸੇਤਜ ਲਹਿਣਾ ਰਿਹਾ ਮੁਕਾਈਆ । ਬਿਨਾਂ ਬੰਦਗੀਉਂ ਪਾਰ ਕਰ ਕੇ ਬੰਦਾ, ਬੰਧਨ ਸਾਰੇ ਰਹੇ ਤੁੜਾਈਆ । ਜੋ ਹਰਿ ਸੰਗਤ ਵਿਚ ਮਿਲ ਕੇ ਹੋਇਆ ਗੰਦਾ, ਤਿਸ ਦੀ ਗੰਦਗੀ ਅੱਗੇ ਪਿਛੇ ਸਕੇ ਨਾ ਕੋਇ ਧੁਆਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਇਕ ਅਖਵਾਈਆ । ਪ੍ਰੇਮ ਪ੍ਰੀਤੀ ਅੰਦਰ ਜਿਨ੍ਹਾਂ ਬਿਨ ਡੋਰੀ ਤੰਦ ਬੱਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਤਿਗੁਰ ਪ੍ਰੇਮ ਸੱਚਾ ਹੱਕਾ, ਹਕੀਕਤ ਵਿਚੋਂ ਨਜ਼ਰੀ ਆਈਆ । ਲੋੜ ਚੁਕਾਏ ਮਦੀਨਾ ਮੱਕਾ, ਮਕਬਰਿਆਂ ਲੇਖਾ ਦਏ ਮੁਕਾਈਆ । ਪਰਵਰਦਿਗਾਰ ਨੂਰ ਇਲਾਹੀ ਸਾਂਝਾ ਯਾਰ ਵਖਾਏ ਆਪਣੀ ਅੱਖਾਂ, ਨਿਜ ਲੋਚਣ ਇਕ ਖੁਲ੍ਹਾਈਆ । ਲਹਿਣਾ ਚੁਕਾਏ ਚੌਦਾਂ ਤਬਕਾਂ ਜਗਤ ਹੱਟਾਂ, ਘਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਅੰਦਰ ਰੰਗ ਚੜ੍ਹਾਈਆ । ਜਨ ਭਗਤ ਕਹੇ ਪ੍ਰਭ ਪਾਇਆ ਪ੍ਰੇਮ ਇਕ, ਘਰ ਵੱਜੀ ਨਾਮ ਵਧਾਈਆ । ਦਿਵਸ ਰੈਣ ਲੱਗੀ ਸਿਕ, ਅੱਠੇ ਪਹਿਰ ਰਹੀ ਸਤਾਈਆ । ਆਤਮਾ ਕਿਤੇ ਨਾ ਬਹਿਵੇ ਟਿਕ, ਮਨ ਮਤ ਬੁਧ ਸਮਝ ਕੋਇ ਨਾ ਪਾਈਆ । ਜਿਸ ਮੇਰਾ ਲਹਿਣਾ ਦਿਤਾ ਲਿਖ, ਸੋ ਦੇਵਣਹਾਰ ਵੇਖ ਵਖਾਈਆ । ਉਸ ਦੇ ਚਰਨ ਪ੍ਰੀਤੀ ਬਿਨ ਕੀਮਤੋਂ ਜਾਵਾਂ ਵਿਕ, ਖ਼ਾਕੀ ਮਾਟੀ ਭੇਟ ਚੜ੍ਹਾਈਆ । ਉਹ ਸਾਹਿਬ ਨਿਰਾਲਾ ਜੋਤ ਅਕਾਲਾ ਸਦਾ ਪ੍ਰਿਤਪਾਲਾ ਆਪੇ ਕਰੇ ਹਿਤ, ਹਿਤਕਾਰੀ ਵਡ ਵਡਿਆਈਆ । ਦੂਰ ਦੁਰਾਡਾ ਨੇਰਨ ਨੇਰਾ ਗ੍ਰਿਹਿ ਵਸਣਹਾਰਾ ਆਤਮ ਪਰਮਾਤਮ ਮਾਰੇ ਖਿਚ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਚੁਕਾਏ ਜੋ ਅੰਤਰ ਵਿਚ, ਵਿਚੋਂ ਆਪਣਾ ਆਪ ਪਰਗਟਾਈਆ । ਸਤਿਗੁਰ ਪ੍ਰੇਮ ਅੰਦਰ ਵੜਿਆ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਗੁਰਮੁਖ ਕੋਇ ਮੇਰੇ ਮੰਦਰ ਚੜ੍ਹਿਆ, ਪੌੜੇ ਪੌੜੇ ਕਦਮ ਟਿਕਾਈਆ । ਸਚ ਦਵਾਰੇ ਜਾ ਕੇ ਖੜਿਆ, ਸਵੱਛ ਸਰੂਪੀ ਰੂਪ ਵਟਾਈਆ । ਕਰ ਪਰਕਾਸ਼ ਬਹੱਤਰ ਨੜਿਆ, ਅਗਿਆਨ ਅੰਧੇਰਾ ਦਿਤਾ ਮਿਟਾਈਆ । ਆਤਮ ਮਿਲ ਕੇ ਪਰਮਾਤਮ ਢੋਲਾ ਇਕੋ ਪੜ੍ਹਿਆ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਆਪਣੇ ਨਾਲ ਜੁੜਾਈਆ । ਸਤਿਗੁਰ ਪ੍ਰੀਤੀ ਪ੍ਰੇਮ ਪਿਆਰੀ, ਪਿਆਰਿਆਂ ਵਿਚੋਂ ਨਜ਼ਰੀ ਆਈਆ । ਗੁਰਮੁਖ ਕਰੇ ਵਿਰਲਾ ਬਣ ਕੇ ਨਾਰੀ, ਨਰ ਨਰਾਇਣ ਕੰਤ ਹੰਢਾਈਆ । ਜਿਸ ਦੀ ਤੁਟ ਨਾ ਜਾਏ ਯਾਰੀ, ਆਦਿ ਜੁਗਾਦਿ ਮੁਖ ਨਾ ਕਦੇ ਭਵਾਈਆ । ਸਚ ਮਹੱਲ ਬਿਠਾਏ ਅਟਾਰੀ, ਮਹਿਫ਼ਲ ਆਪਣੇ ਨਾਲ ਲਗਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਉਜਿਆਰੀ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਸੱਚਾ ਸਿਕਦਾਰੀ, ਤਖ਼ਤ ਨਿਵਾਸੀ ਇਕ ਅਖਵਾਈਆ । ਜੋਧਾ ਸੂਰਬੀਰ ਬਲਕਾਰੀ, ਮਰਦ ਮਰਦਾਨਾ ਸੋਭਾ ਪਾਈਆ । ਨੂਰ ਇਲਾਹੀ ਪਰਵਰਦਿਗਾਰੀ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਸਚ ਤੌਫ਼ੀਕ ਸਚ ਸਰਦਾਰੀ, ਸ਼ਾਹ ਨਵਾਬ ਵੱਡੀ ਵਡਿਆਈਆ । ਪੀਰ ਪੈਗੰਬਰ ਜਿਸ ਦੇ ਕਦਮਾਂ ਉਤੇ ਮਸਤਕ ਰੱਖ ਮੰਗਣ ਦਾਤ ਅਪਾਰੀ, ਖ਼ਾਲੀ ਝੋਲੀ ਅੱਗੇ ਡਾਹੀਆ । ਸੋ ਬਖ਼ਸ਼ਣਹਾਰਾ ਦੇਵੇ ਪ੍ਰੇਮ ਪ੍ਰੀਤੀ ਵਡ ਸੰਸਾਰੀ, ਜਗਤ ਰੀਤੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸਤਿਗੁਰ ਪ੍ਰੇਮ ਜਿਨ੍ਹਾਂ ਜਗ ਲਾਇਆ, ਲੱਗੀ ਅੱਗ ਬੁਝਾਈਆ । ਨਾਤਾ ਤੁਟਾ ਤ੍ਰੈਗੁਣ ਮਾਇਆ, ਰਜੋ ਸਤੋ ਤਮੋ ਪੋਹ ਨਾ ਸਕੇ ਰਾਈਆ । ਪਰਮ ਪੁਰਖ ਦੀ ਮਿਲੀ


੩੯੪

ਛਾਇਆ, ਭੈ ਭੌ ਰਹਿਣ ਕੋਇ ਨਾ ਪਾਈਆ । ਗ੍ਰਿਹ ਮੰਦਰ ਆਪਣਾ ਇਕ ਸੁਹਾਇਆ, ਘਰ ਸਾਚੇ ਵੱਜੇ ਵਧਾਈਆ । ਨਾਮ ਅਗੰਮੀ ਢੋਲਾ ਗਾਇਆ, ਜੋਤ ਨੂਰ ਦਿਤਾ ਪਰਗਟਾਈਆ । ਜਨਮ ਮਰਨ ਦਾ ਗੇੜ ਚੁਕਾਇਆ, ਆਵਣ ਜਾਵਣ ਰਿਹਾ ਨਾ ਰਾਈਆ । ਮਾਤ ਗਰਭ ਨਾ ਫੇਰਾ ਪਾਇਆ, ਦਸ ਦਸ ਮਾਸ ਨਾ ਅਗਨ ਤਪਾਈਆ । ਚਿਤ੍ਰਗੁਪਤ ਨਾ ਲੇਖ ਵਖਾਇਆ, ਲਾੜੀ ਮੌਤ ਨਾ ਕੋਇ ਕੁੜਮਾਈਆ । ਜੇਰਜ ਅੰਡਜ ਉਤਭੁਜ ਸੇਤਜ ਨਾ ਕੋਇ ਭਵਾਇਆ, ਚਾਰੇ ਖਾਣੀ ਨਾਤਾ ਗਿਆ ਤੁੜਾਈਆ । ਸਾਚੀ ਬਾਣੀ ਰਾਗ ਅਲਾਇਆ, ਪਰਾ ਪਸੰਤੀ ਮਧਮ ਬੈਖਰੀ ਨਿਉਂ ਨਿਉਂ ਸੀਸ ਨਿਵਾਈਆ । ਕਾਗਦ ਕਲਮ ਨਾ ਲੇਖ ਚੁਕਾਇਆ, ਸ਼ਾਹੀ ਨੇਤਰ ਨੈਣਾਂ ਨੀਰ ਵਹਾਈਆ । ਸਤਿਗੁਰ ਪ੍ਰੇਮ ਇਕ ਸਿਖਾਇਆ, ਜਿਸ ਦੀ ਸਿਖਿਆ ਦੋ ਜਹਾਨਾਂ ਪਾਈਆ । ਤੇਈ ਅਵਤਾਰਾਂ ਮਿਲ ਕੇ ਸੰਗ ਨਿਭਾਇਆ, ਈਸਾ ਮੂਸਾ ਮੁਹੰਮਦ ਜੋੜ ਜੁੜਾਈਆ । ਨਾਨਕ ਗੋਬਿੰਦ ਗੰਢ ਰਖਾਇਆ, ਪੱਲੂ ਆਪਣਾ ਇਕ ਫੜਾਈਆ । ਭਗਤ ਅਠਾਰਾਂ ਰੰਗ ਚੜ੍ਹਾਇਆ, ਪ੍ਰੇਮ ਪ੍ਰੀਤੀ ਅੰਦਰ ਵੱਜੀ ਵਧਾਈਆ । ਤਕਦਿਆਂ ਤਕਦਿਆਂ ਲੋਕਮਾਤ ਇਹ ਵੇਲਾ ਆਇਆ, ਜਿਸ ਦੀ ਰੁਤੜੀ ਆਪ ਸੁਹਾਈਆ । ਗੁਰ ਚੇਲਾ ਇਕੋ ਘਰ ਬਹਾਇਆ, ਘਰ ਸਾਚੇ ਖ਼ੁਸ਼ੀ ਵਖਾਈਆ । ਪੂਰਬ ਜਨਮ ਦਾ ਵਿਛੜਿਆ ਮੇਲਾ ਅੰਤ ਮਿਲਾਇਆ, ਮਿਲਨੀ ਹਰਿ ਜਗਦੀਸ ਕਰਾਈਆ । ਸੱਜਣ ਸੁਹੇਲਾ ਬਣ ਕੇ ਆਇਆ, ਦੂਰ ਦੁਰਾਡਾ ਪਾਂਧੀ ਰਾਹੀਆ । ਵੇਲਾ ਵਕਤ ਆਪ ਸੁਹਾਇਆ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਇਕ ਜਣਾਈਆ । ਵੇਖੋ ਪ੍ਰੇਮ ਪਿਆਰ ਪਰਮ ਪੁਰਖ ਦਾ, ਪ੍ਰੀਤਾਂ ਵਿਚੋਂ ਪ੍ਰੀਤ ਲਗਾਈਆ । ਨਾਤਾ ਜੋੜ ਪਿਓ ਪੁਤ ਦਾ, ਗੁਰਮੁਖ ਗੁਰ ਗੁਰ ਗੋਦ ਬਹਾਈਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕਦਾ, ਜੁਗ ਚੌਕੜੀ ਸ਼ਬਦੀ ਤੀਰ ਚਲਾਈਆ । ਕਲਜੁਗ ਵੇਖੋ ਪੰਧ ਮੁੱਕਦਾ, ਰੈਣ ਅੰਧੇਰੀ ਪੜਦਾ ਦਏ ਉਠਾਈਆ । ਜਨ ਭਗਤਾਂ ਮਾਰਗ ਦੱਸੇ ਸੁਖ ਦਾ, ਸੁਖ ਆਤਮ ਵਿਚ ਜਣਾਈਆ । ਇਹ ਖੇਲ ਮਰਦ ਮਰਦਾਨੇ ਮਨੁੱਖ ਦਾ, ਜੋ ਮਨੁਸ਼ ਦੇਵਤ ਰਿਹਾ ਬਣਾਈਆ । ਪਸੂ ਪ੍ਰੇਤ ਪ੍ਰੇਮ ਪਿਆਰ ਅੰਦਰ ਗੋਦੀ ਚੁੱਕਦਾ, ਦੇਵਣਹਾਰ ਵਡਿਆਈਆ । ਸਤਿਗੁਰ ਪੂਰਾ ਕਦੇ ਨਾ ਰੁਠਦਾ, ਜੁਗ ਜੁਗ ਰੁਸਿਆਂ ਲਏ ਮਨਾਈਆ । ਆਪਣੇ ਮਾਰਗ ਉਤੋਂ ਰਹਿਬਰ ਹੋ ਕੇ ਕਦੇ ਨਾ ਉਕ ਦਾ, ਭੱਜਾ ਜਾਵੇ ਵਾਹੋ ਦਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਸੂ ਪੰਖੀ ਪੰਛੀ ਆਪੇ ਪੁੱਛਦਾ, ਸਮੁੰਦ ਸਾਗਰ ਜਲ ਮੀਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਲਾਵਣਹਾਰਾ, ਹਰਿ ਕਰਤਾ ਇਕ ਅਖਵਾਇੰਦਾ । ਜੁਗ ਚੌਕੜੀ ਲੈ ਅਵਤਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖਣਹਾਰਾ, ਬ੍ਰਹਿਮੰਡਾਂ ਖੰਡਾਂ ਖੋਜ ਖੋਜਾਇੰਦਾ । ਪ੍ਰਿਥਮੀ ਆਕਾਸ਼ ਪਾਵੇ ਸਾਰਾ, ਗਗਨ ਮੰਡਲ ਪੜਦਾ ਲਾਹਿੰਦਾ । ਰਵ ਸਸ ਸੂਰਜ ਚੰਦ ਦਏ ਅਧਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਸੁਣ ਪੁਕਾਰਾ, ਸਤਿ ਸਤਿਵਾਦੀ ਵੇਸ ਵਟਾਇੰਦਾ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਸ਼ਬਦੀ ਡੰਕਾ ਵਿਚ ਸੰਸਾਰਾ, ਰਾਓ ਰੰਕਾ ਆਪ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਵਸੇ ਬਾਹਰਾ, ਅਨਭਵ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਅੰਦਰ

ਸਰਬ ਸਮਝਾਇੰਦਾ । ਪ੍ਰੇਮ ਪਿਆਰ ਸਰਬ ਦਾ ਸਾਂਝਾ, ਹਰਿ ਸਤਿਗੁਰ ਆਪ ਜਣਾਈਆ । ਇਸ ਤੋਂ ਕੋਈ ਨਾ ਰਹੇ ਵਾਂਝਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਸਭ ਦਾ ਗਾਂਦਾ, ਗਾ ਗਾ ਖ਼ੁਸ਼ੀ ਮਨਾਈਆ । ਮਨ ਵਾਸਨਾ ਭਰਿਆ ਭਾਂਡਾ, ਨੌ ਦਰ ਕੂੜ ਹਲਕਾਈਆ । ਦਸਮ ਦਵਾਰੀ ਖੇਲ ਠਾਂਡਾ, ਹਰਿ ਠੋਕਰ ਨਾਲ ਜਣਾਈਆ । ਪੂਰਬ ਜਨਮ ਜੋ ਥੱਕਾ ਮਾਂਦਾ, ਤਿਸ ਫੜ ਬਾਹੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਇਕ ਵਖਾਈਆ । ਪ੍ਰੇਮ ਪਿਆਰ ਦਏ ਵਖਾਲ, ਗੁਰ ਗੁਰ ਆਪ ਜਣਾਈਆ । ਸਤਿਗੁਰ ਹੋਏ ਦਿਆਲ, ਦੀਨਨ ਲਏ ਤਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਭਾਲ, ਹਰਿਜਨ ਆਪਣੇ ਨਾਲ ਜੁੜਾਈਆ । ਨਿਰਗੁਣ ਹੋ ਕੇ ਬਣਿਆ ਦਲਾਲ, ਸਰਗੁਣ ਵਣਜ ਇਕ ਕਰਾਈਆ । ਜੋ ਪੂਰਬ ਜਨਮ ਘਾਲਣ ਗਏ ਘਾਲ, ਤਿਨ੍ਹਾਂ ਲੇਖਾ ਲਹਿਣਾ ਰਿਹਾ ਝੋਲੀ ਪਾਈਆ । ਹਕੀਕਤ ਜਾਨਣਹਾਰ ਹਲਾਲ, ਹਰ ਘਟ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਿਆਰ ਕਹੇ ਮੈਂ ਬਾਲਾ ਨਿੱਕਾ, ਨਿੱਕਿਆਂ ਵਿਚੋਂ ਨਜ਼ਰੀ ਆਈਆ । ਪਰਮ ਪੁਰਖ ਅਕਾਲ ਇਕੋ ਪਿਤਾ, ਪਿਤਾ ਇਕੋ ਇਕੋ ਮੇਰੀ ਮਾਈਆ । ਜਿਸ ਮੇਰੇ ਮਸਤਕ ਆਪਣਾ ਲਾਇਆ ਟਿੱਕਾ, ਟਿਕਟਿਕੀ ਆਪਣੇ ਨਾਲ ਲਗਾਈਆ । ਮੈਂ ਉਸ ਦੇ ਕੋਲੋਂ ਸਿੱਖੀ ਇਕੋ ਸਿਖਾ, ਸਿੱਖਾਂ ਨਾਲ ਮਿਲ ਕੇ ਆਪਣਾ ਝਟ ਲੰਘਾਈਆ । ਲੋਕਮਾਤ ਮੈਨੂੰ ਸਚ ਪ੍ਰੇਮ ਦਾ ਮਿਲਿਆ ਹਿੱਸਾ, ਸੋਹਣੀ ਵਸਤ ਆਪਣੇ ਵਿਚ ਟਿਕਾਈਆ । ਜੇ ਕੋਈ ਮੇਰੇ ਪਿਆਰ ਦਾ ਰਸਨਾ ਗੌਂਦਾ ਰਹੇ ਕਿੱਸਾ, ਹਿਰਦੇ ਹਰਿ ਨਾ ਸਕੇ ਵਸਾਈਆ । ਮੈਂ ਉਨ੍ਹਾਂ ਕਦੇ ਨਾ ਦਿਸਾ, ਨੇਤਰਹੀਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਰਿਹਾ ਮਿਲਾਈਆ । ਗੁਰਮੁਖ ਕਹੇ ਮੈਂ ਪਿਆਰਾ ਪ੍ਰੇਮ, ਪ੍ਰੇਮੀਆਂ ਵਿਚੋਂ ਨਜ਼ਰੀ ਆਈਆ । ਰਾਹ ਤੱਕਣ ਮੇਰੇ ਨੈਣ, ਲੋਚਣ ਆਸਾ ਨਾਲ ਤਰਸਾਈਆ । ਅੰਦਰੋਂ ਨਾਦ ਅਨਾਦੀ ਸਾਰੇ ਕਹਿਣ, ਉਚੀ ਕੂਕ ਕੂਕ ਸੁਣਾਈਆ । ਆਤਮ ਪਾਵੇ ਵੈਣ, ਰੋ ਰੋ ਦਏ ਦੁਹਾਈਆ । ਕਵਣ ਵੇਲਾ ਮੇਰਾ ਮਿਲੇ ਸੈਣ, ਸੱਜਣ ਬੇਪਰਵਾਹੀਆ । ਨਾਤਾ ਤੁੱਟੇ ਭਾਈ ਭੈਣ, ਮਾਤ ਪਿਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਆਪ ਵਰਤਾਈਆ । ਪੁਰਖ ਅਕਾਲ ਕਹੇ ਮੈਨੂੰ ਧੁਰ ਦਾ ਫ਼ਿਕਰ, ਫ਼ਿਕਰਿਆਂ ਵਿਚ ਨਾ ਕਿਸੇ ਸਮਝਾਈਆ । ਜੋ ਮੇਰੀ ਧਾਰੋਂ ਆਏ ਨਿਕਲ, ਅੰਤਮ ਉਨ੍ਹਾਂ ਲੈਣਾ ਮਿਲਾਈਆ । ਧੁਰ ਦਾ ਪ੍ਰੇਮ ਬਣ ਕੇ ਮਿੱਤਰ, ਸਾਚਾ ਮੇਲਾ ਦੇਣਾ ਕਰਾਈਆ । ਆਸਾ ਮਨਸਾ ਪੂਰੀ ਕਰ ਕੇ ਇੱਛਤ, ਭਿਛਿਆ ਧੁਰ ਦੀ ਝੋਲੀ ਪਾਈਆ । ਨਾਤਾ ਤੋੜ ਦੋਜ਼ਖ਼ ਜੰਨਤ ਸਵਰਗ ਬਹਿਸ਼ਤ, ਚਰਨ ਕਵਲ ਦੇਣੀ ਸਰਨਾਈਆ । ਬਿਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਚੇ ਭਗਤਾਂ ਮੇਰੇ ਨਾਲ ਕਿਸੇ ਨਾ ਲਾਇਆ ਇਸ਼ਕ, ਆਸ਼ਕ ਮਾਅਸ਼ੂਕ ਹਕੀਕੀ ਮਜਾਜੀ ਦੋਵੇਂ ਨਾ ਗਏ ਤਜਾਈਆ । ਕਰ ਕਿਰਪਾ ਜਿਸ ਨੂੰ ਆਪਣਾ ਦਿਤਾ ਇਸ਼ਟ, ਦ੍ਰਿਸ਼ਟ ਇਕ ਖੁਲ੍ਹਾਈਆ । ਸੋ ਗੁਰਮੁਖ ਨਾਤਾ ਤੋੜ ਕੇ ਕੂੜੀ ਸ੍ਰਿਸ਼ਟ , ਪ੍ਰੇਮ ਸਤਿਗੁਰ ਨਾਲ ਪਾਈਆ । ਜਿਨ੍ਹਾਂ ਦੀ ਬਾਕੀ ਜੁਗ ਜੁਗ ਦੀ ਬਚਤ ਰਹਿ ਗਈ ਲਿਖਤ, ਉਨ੍ਹਾਂ ਦੇ ਲੇਖੇ ਆਪ ਲਿਖਾਈਆ । ਇਹੋ ਸਤਿਗੁਰ ਪਿਆਰ ਦੀ ਸਾਚੀ ਮਿਠਤ, ਜਿਸ ਦੀ ਰਸਨਾ ਜਿਹਵਾ ਸਾਰ ਨਾ ਪਾਈਆ ।

ਗੁਰੂ ਪਿਆਰ ਬਦਲੇ ਕਰਨੀ ਪਏ ਨਾ ਕਿਸੇ ਦੀ ਮਿੰਨਤ, ਝੋਲੀ ਅਗੇ ਕਿਸੇ ਨਾ ਡਾਹੀਆ । ਜੋ ਸਤਿਗੁਰ ਸਰਨੀ ਲੱਗ ਕੇ ਕਰੇ ਨਾ ਇੱਲਤ, ਤਿਸ ਕੋਝੇ ਕਮਲੇ ਪਾਰ ਕਰਾਈਆ । ਬਿਨ ਸਤਿਗੁਰ ਕਿਰਪਾ ਪੰਜ ਤਤ ਕਾਇਆ ਮਾਟੀ ਕਿਸੇ ਨਾ ਮਿਲਦਾ ਖ਼ਿਲਅਤ, ਸਿਰ ਹੱਥ ਨਾ ਕੋਇ ਰਖਾਈਆ । ਅੰਤ ਖੁਆਰੀ ਦੁਨੀਆਦਾਰੀ ਜ਼ਿੱਲਤ, ਜ਼ੇਬੋਜ਼ੀਨ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਪ੍ਰਭੂ ਦੀ ਮਿੱਲਤ, ਮਿਲ ਮਿਲ ਭਗਤਾਂ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਪ੍ਰੇਮ ਸਰਬ ਸਮਝਾਈਆ । ਸਾਚਾ ਪ੍ਰੇਮ ਸੁਣੋ ਚਾਰ ਵਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਦ੍ਰਿੜਾਇੰਦਾ । ਨਿਜ ਨੇਤਰ ਖੋਲ੍ਹੋ ਹਰਨ ਫਰਨ, ਜਿਸ ਦੇ ਵਿਚੋਂ ਸਤਿਗੁਰ ਨਜ਼ਰੀ ਆਇੰਦਾ । ਦਰਸ਼ਨ ਪਾਓ ਧਰਨੀ ਧਰਨ, ਤਾਰਨਹਾਰਾ ਦਇਆ ਕਮਾਇੰਦਾ । ਲੇਖਾ ਚੁਕਾਓ ਮਰਨ ਡਰਨ, ਆਵਣ ਜਾਵਣ ਪੰਧ ਮੁਕਾਇੰਦਾ । ਸਿਖਿਆ ਸਿਖੋ ਸਾਚੇ ਪੌੜੇ ਚੜ੍ਹਨ, ਕਾਇਆ ਮੰਦਰ ਅੰਦਰ ਇਕ ਦਰਸਾਇੰਦਾ । ਲੇਖਾ ਮੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਸਮਝਾਇੰਦਾ । ਪਰਮ ਪੁਰਖ ਦੀ ਸਾਚੀ ਸਰਨ, ਸਰਨਗਤ ਇਕ ਰਖਾਇੰਦਾ । ਆਤਮ ਪਰਮਾਤਮ ਜਗ ਜੀਵ ਜਹਾਨ ਢੋਲਾ ਪੜ੍ਹਨ, ਧੁਰ ਦਾ ਰਾਗ ਇਕ ਸੁਣਾਇੰਦਾ । ਦਰਗਾਹ ਸਾਚੀ ਸਚ ਦਵਾਰੇ ਸੰਤ ਸੁਹੇਲੇ ਵੜਨ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਪ੍ਰੇਮ ਪਿਆਰ ਪ੍ਰੀਤੀ ਅੰਦਰ ਜੋ ਸਤਿਗੁਰ ਸਰਨਾਈ ਪੜਨ, ਤਿਨ੍ਹਾਂ ਮਸਤਕ ਟਿੱਕਾ ਨਾਮ ਨਿਧਾਨ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਇਕ ਬਣਾਇੰਦਾ । ਸਚ ਪ੍ਰੇਮ ਬਣਿਆ ਦਰਬਾਰੀ ਲਾਲ, ਲਾਲਾਂ ਵਿਚੋਂ ਲਾਲ ਨਜ਼ਰੀ ਆਈਆ । ਜਿਸ ਦਾ ਨਿਰਗੁਣ ਬਣ ਦਲਾਲ, ਸਰਗੁਣ ਜੋੜ ਜੁੜਾਈਆ । ਪੂਰਬ ਹੱਲ ਹੋਇਆ ਸਵਾਲ, ਅੱਗੇ ਲੇਖਾ ਚੁੱਕਿਆ ਕਲਮ ਸ਼ਾਹੀਆ । ਸਾਚੀ ਗੋਦੀ ਲਏ ਉਠਾਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਡਿਆਈ ਮਾਣਸ ਜਨਮ, ਕਲਜੁਗ ਵੱਜੇ ਸਚ ਵਧਾਈਆ । ਨਿਹਕਰਮੀ ਲੇਖੇ ਲਾਏ ਤੇਰਾ ਕਰਮ, ਕਰਮ ਕਾਂਡ ਡੇਰਾ ਢਾਹੀਆ । ਧੁਰ ਸਰਨਾਈ ਹਰਿ ਦੀ ਸਰਨ, ਸਰਨਗਤ ਇਕ ਜਣਾਈਆ । ਕੂੜੀ ਕਿਰਿਆ ਕੁੜਾਵੇ ਪਾਪ ਝੜਨ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਜਨ ਲਾਲ ਰੰਗੀਲੇ, ਰੰਗ ਰੱਤਾ ਆਪ ਚੜ੍ਹਾਇੰਦਾ । ਪ੍ਰਭੂ ਮਿਲਣ ਦੇ ਸਚ ਵਸੀਲੇ, ਵਸਲ ਆਪਣਾ ਇਕ ਕਰਾਇੰਦਾ । ਲੇਖਾ ਚੁੱਕਿਆ ਜਗਤ ਤਹਿਸੀਲੇ, ਸਚ ਅਦਾਲਤ ਅਦਲ ਕਮਾਇੰਦਾ । ਲੱਭਣਾ ਪਏ ਨਾ ਕੋਇ ਵਕੀਲੇ, ਵੁਕਲਾ ਸੰਗ ਨਾ ਕੋਇ ਰਖਾਇੰਦਾ । ਅੱਗੇ ਕਰਨੀ ਨਾ ਪਏ ਅਪੀਲੇ, ਅਪਰੰਪਰ ਸਵਾਮੀ ਅੰਤਰਜਾਮੀ ਸੇਵ ਕਮਾਇੰਦਾ । ਜੋ ਵਸਦਾ ਅੰਬਰ ਉਪਰ ਨੀਲੇ, ਨੀਲੇ ਵਾਲਾ ਜੋੜ ਜੁੜਾਇੰਦਾ । ਜਿਸ ਨੂੰ ਸਮਝ ਨਾ ਸਕੇ ਕੋਈ ਦਲੀਲੇ, ਸੋਚ ਸੋਚ ਨਾ ਕੋਇ ਰਖਾਇੰਦਾ । ਸੋ ਗੁਰਮੁਖ ਗੁਰਸਿਖ ਹਰਿਜਨ ਸਾਚੇ ਸਚ ਨਗੀਨੇ, ਤਖ਼ਤ ਨਿਵਾਸੀ ਆਪਣੇ ਤਾਜ ਟਿਕਾਇੰਦਾ । ਜਿਹੜਾ ਪਰਵਰਦਿਗਾਰ ਮਿਲਿਆ ਨਾ ਮੱਕੇ ਮਦੀਨੇ, ਮਦਦਗਾਰ ਹੋ ਕੇ ਫੇਰਾ ਪਾਇੰਦਾ । ਸਾਚੇ ਅਸਵ ਕਸ ਕੇ ਜ਼ੀਨੇ, ਸ਼ਾਹ ਸਵਾਰਾ ਵੇਸ ਵਟਾਇੰਦਾ । ਦੋ ਜਹਾਨਾਂ ਕਰ ਅਧੀਨੇ, ਆਅਲਾ ਅਦਨਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਅੰਦਰ ਵੇਖ ਵਖਾਇੰਦਾ । ਵੇਖੇ ਅੰਦਰ ਪ੍ਰੇਮ ਅਥਾਹ, ਦੀਨ ਦੁਨੀ ਸਮਝ ਨਾ ਆਈਆ । ਰਹਿਬਰ ਬਣ ਕੇ ਇਕ

ਖ਼ੁਦਾ, ਖ਼ੁਦੀ ਤਕੱਬਰੀ ਰਿਹਾ ਮਿਟਾਈਆ । ਜੋ ਆਤਮ ਨਾਲੋਂ ਹੋਇਆ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਸੋ ਸਾਹਿਬ ਮਿਹਰਵਾਨ, ਮਹਿਬੂਬ ਫੇਰਾ ਪਾਈਆ । ਕੋਈ ਸਮਝ ਨਾ ਸਕੇ ਇਨਸਾਨ, ਹੈਵਾਨ ਭੇਵ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਲਾਉਂਦੇ ਗਏ ਅਨੁਮਾਨ, ਭਵਿਖਤ ਢੋਲੇ ਰਾਗ ਅਲਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਅਜੂਨੀ ਰਹਿਤ ਭਗਵਾਨ, ਜਨ ਭਗਤਾਂ ਹੋਏ ਸਹਾਈਆ । ਗੁਰਮੁਖੋ ਗੁਰਸਿਖੋ ਪ੍ਰੇਮ ਪ੍ਰੀਤੀ ਬਿਨ ਮੰਗਿਆ ਦੇਵੇ ਦਾਨ, ਠਾਂਡੀ ਸੀਤੀ ਝੋਲੀ ਪਾਈਆ । ਸ਼ਬਦ ਸਵਾਮੀ ਧੁਰ ਦਾ ਕਾਹਨ, ਘਨ੍ਹਈਆ ਬੰਸਰੀ ਨਾਮ ਵਜਾਈਆ । ਸੀਤਾ ਸੁਰਤੀ ਸਈਆ ਮਈਆ ਕਰੇ ਪਰਨਾਮ, ਬੰਧਨ ਇਕੋ ਇਕ ਵਖਾਇੰਦਾ । ਚਾਰ ਵਰਨ ਅਠਾਰਾਂ ਬਰਨ ਲੱਭਿਆ ਨਾ ਵਿਚ ਜਹਾਨ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਆਪ ਸਮਝਾਇੰਦਾ । ਸਤਿਗੁਰ ਪਿਆਰ ਸੱਚਾ ਈਮਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਸੰਤ ਜੁਗ ਜੁਗ ਜਗਤ ਕਰਨ ਜਹਾਨ, ਜਿਨ੍ਹਾਂ ਧਿਆਨ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਰੂਪੀ ਹੋ ਮਿਹਰਵਾਨ, ਸ਼ਬਦ ਸਰੂਪੀ ਆਪਣਾ ਰਾਹ ਵਖਾਇੰਦਾ ।

## ✪ ੬ ਭਾਦਰੋਂ ੨੦੨੧ ਬਿਕ੍ਰਮੀ ਅਜਮੇਰ ਸਿੰਘ ਦੇ ਗ੍ਰਿਹ ਪਿੰਡ ਘਗਰਾਣਾ ✪



ਜਿਸ ਨੂੰ ਕਹਿਣ ਗੁਰੂ ਮਹਾਰਾਜ, ਆਦਿ ਜੁਗਾਦਿ ਜੁਗ ਚੌਕੜੀ ਸੋਭਾ ਪਾਇੰਦਾ । ਜਿਸ ਦਾ ਦੋ ਜਹਾਨਾਂ ਸੱਚਾ ਰਾਜ, ਸ਼ਾਹ ਪਾਤਸ਼ਾਹ ਭੂਪਤ ਭੂਪ ਇਕ ਅਖਵਾਇੰਦਾ । ਜਿਸ ਦਾ ਅਗੰਮ ਅਥਾਹ ਡੂੰਘਾ ਰਾਜ਼, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜਿਸ ਦੇ ਘਰ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਮੁਹਤਾਜ, ਵਸਤ ਅਮੋਲਕ ਇਕ ਵਰਤਾਇੰਦਾ । ਜਿਸ ਦੇ ਸੀਸ ਸਤਿ ਸਤਿਵਾਦੀ ਸੱਚਾ ਤਾਜ, ਤਖ਼ਤ ਨਿਵਾਸੀ ਨਾਮ ਰਖਾਇੰਦਾ । ਜਿਸ ਦਾ ਲੱਖ ਚੁਰਾਸੀ ਘਟ ਘਟ ਅੰਦਰ ਵਾਸ, ਬ੍ਰਹਿਮੰਡ ਖੰਡ ਪੁਰੀ ਲੋਅ ਆਪਣੀ ਕਾਰ ਕਮਾਇੰਦਾ । ਸੋ ਸਤਿਗੁਰ ਸਾਹਿਬ ਸਚ ਦਵਾਰ ਕਰੇ ਨਿਵਾਸ, ਜਿਸ ਦਾ ਛੱਪਰ ਛੰਨ ਨਾ ਕੋਇ ਛੁਹਾਇੰਦਾ । ਸੂਰਜ ਚੰਦ ਨਾ ਕੋਇ ਪਰਕਾਸ਼, ਮੰਡਲ ਮੰਡਪ ਨਜ਼ਰ ਕੋਇ ਨਾ ਆਇੰਦਾ । ਲੇਖਾ ਦਿਸੇ ਨਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜਿਸ ਨੂੰ ਕਹਿਣ ਗੁਰੂ ਮਹਾਰਾਜ, ਸਚਖੰਡ ਨਿਵਾਸੀ ਬੇਪਰਵਾਹੀਆ । ਜਿਸ ਦੀ ਸਚ ਸਤਿ ਅਮੋਲਕ ਦਾਤ, ਨਿਤ ਨਵਿਤ ਰਿਹਾ ਵਰਤਾਈਆ । ਜਿਸ ਦੀ ਬੋਧ ਅਗਾਧ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਦਾ ਖੇਲ ਅਲੱਖਣਾ ਲਾਖ, ਅਲਖ ਅਗੋਚਰ ਵੱਡੀ ਵਡਿਆਈਆ । ਜਿਸ ਦਾ ਸਚ ਦਵਾਰੇ ਸਚ ਨਿਵਾਸ, ਮਹੱਲ ਅਟਲ ਚਾਰ ਦੀਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਮਹਾਰਾਜ ਪੁਰਖ ਅਕਾਲ, ਅਕਲ ਕਲਧਾਰੀ ਇਕ ਅਖਵਾਇੰਦਾ । ਸਚਖੰਡ ਨਿਵਾਸੀ ਦੀਨ ਦਿਆਲ, ਦਇਆ ਨਿਧ ਠਾਕਰ ਆਪਣੀ ਦਇਆ ਕਮਾਇੰਦਾ । ਸੁਤ ਦੁਲਾਰਾ ਜਨਣੀ ਜਨ ਬਣਕੇ ਜਣੇ ਲਾਲ, ਪੂਤ ਸਪੂਤਾ ਆਪ ਪਰਗਟਾਇੰਦਾ । ਸਾਚਾ ਬਖ਼ਸ਼ ਇਕ ਸਥਾਨ, ਭੂਮਿਕਾ ਧੁਰ ਦੀ ਆਪ ਸਮਝਾਇੰਦਾ । ਥਿਰ ਘਰ ਖੋਲ੍ਹ ਦਰ ਮਕਾਨ, ਮਿਹਰਵਾਨ

ਮਿਹਬਾਨ ਆਪਣਾ ਪੜਦਾ ਲਾਹਿੰਦਾ । ਸ਼ਬਦ ਗੁਰੂ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਸੁਤ ਦੁਲਾਰਾ ਸ਼ਬਦੀ ਗੁਰ, ਪਰਮ ਪੁਰਖ ਆਪ ਪਰਗਟਾਈਆ । ਨਿਰਗੁਣ ਧਾਰ ਜੋਤੀ ਜੁੜ, ਮੇਲ ਮਿਲਾਵਾ ਆਪਣੇ ਨਾਲ ਰਖਾਈਆ । ਸਤਿ ਸਤਿਵਾਦੀ ਆਪਣੀ ਪੂਰੀ ਕਰੇ ਲੋੜ, ਜੋੜਾ ਧੁਰ ਦਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਏਕਾ ਦਏ ਜਣਾਈਆ । ਸਚ ਮਹਾਰਾਜ ਸੱਚਾ ਸ਼ਹਿਨਸ਼ਾਹ, ਪੁਰਖ ਅਬਿਨਾਸ਼ੀ ਇਕ ਅਖਵਾਇੰਦਾ । ਤਖ਼ਤ ਨਿਵਾਸੀ ਬੇਪਰਵਾਹ, ਬੇਅੰਤ ਆਪਣੀ ਕਾਰ ਕਮਾਇੰਦਾ । ਸ਼ਬਦ ਅਗੰਮੀ ਏਕਾ ਜਗਹ, ਸਚ ਦਵਾਰ ਇਕ ਵਸਾਇੰਦਾ । ਚਰਨ ਕਵਲ ਦਏ ਟਿਕਾ, ਥਿਰ ਘਰ ਰੱਖ ਨਾਉਂ ਆਪ ਸਮਝਾਇੰਦਾ । ਸਚ ਵਸੇਰਾ ਆਪ ਕਰਾ, ਨੇਰਨ ਨੇਰਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਵਡਿਆਇੰਦਾ । ਸ਼ਬਦੀ ਗੁਰ ਪ੍ਰਭ ਚਰਨ ਨਿਵਾਸ, ਥਿਰ ਘਰ ਮਿਲੇ ਮਾਣ ਵਡਿਆਈਆ । ਸੋ ਪੁਰਖ ਨਿਰੰਜਣ ਖੇਲ ਤਮਾਸ਼, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਏਕੰਕਾਰ ਦੇਵੇ ਦਾਤ, ਆਦਿ ਨਿਰੰਜਣ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਕਰਕੇ ਵਾਸ, ਸ੍ਰੀ ਭਗਵਾਨ ਪਰਦਾ ਦਏ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਗੁਣਤਾਸ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਦਰਸਾਈਆ । ਸ਼ਬਦ ਗੁਰ ਸਚ ਦਵਾਰ, ਥਿਰ ਘਰ ਮੰਦਰ ਇਕ ਬਣਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਦਿਵਸ ਰਾਤੀ ਨਾ ਕੋਇ ਵਿਹਾਰ, ਘੜੀ ਪਲ ਨਾ ਵੰਡ ਵੰਡਾਈਆ । ਰੁੱਤੀ ਰੁੱਤ ਨਾ ਕੋਈ ਥਿਤ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਇਕ ਵਸਾਈਆ । ਸ਼ਬਦੀ ਗੁਰ ਘਰ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨਾ ਮਰੇ ਨਾ ਪਏ ਜੰਮ, ਜੀਵਣ ਜੁਗਤ ਨਾ ਕੋਇ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਕਰੇ ਆਪਣਾ ਕੰਮ, ਹਰਿ ਕਰਤਾ ਸਾਚੀ ਕਾਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਵਾਸ ਇਕ ਵਖਾਈਆ । ਸਚ ਨਿਵਾਸ ਪੁਰਖ ਅਕਾਲ ਸਰਨ, ਪੁਰਖੋਤਮ ਦੇਵਣਹਾਰ ਵਡਿਆਈਆ । ਨੇਤਰ ਖੋਲ੍ਹ ਆਪਣਾ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਮੰਜ਼ਲ ਪੌੜੇ ਇਕੋ ਚੜ੍ਹਨ, ਪਾਂਧੀ ਪੰਧ ਨਾ ਕੋਇ ਵਡਿਆਈਆ । ਧੁਰ ਦਾ ਢੋਲਾ ਸੋਹਲਾ ਇਕੋ ਪੜ੍ਹਨ, ਬਿਨ ਅੱਖਰਾਂ ਰਾਗ ਅਲਾਈਆ । ਸੁਤ ਦੁਲਾਰੇ ਸਾਚੇ ਵੜਨ, ਮਹੱਲ ਅਟਲ ਉਚ ਮਨਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਗੁਰ ਮੰਦਰ ਇਕ ਸਮਝਾਈਆ । ਗੁਰ ਸ਼ਬਦ ਕਹੇ ਮੇਰਾ ਸਚ ਟਿਕਾਣਾ, ਸਤਿ ਪੁਰਖ ਨਿਰੰਜਣ ਆਪ ਬਣਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਚਤੁਰ ਸੁਘੜ ਸਿਆਣਾ, ਮਨ ਮਤ ਬੁਧ ਭੇਵ ਨਾ ਰਾਈਆ । ਪੁੱਜ ਨਾ ਸਕੇ ਬਿਬਾਣਾ, ਪੌਣ ਉਨੰਜਾ ਸੀਸ ਝੁਕਾਈਆ । ਮਾਣ ਨਾ ਰਹੇ ਕੋਈ ਰਾਣਾ, ਰਾਜ ਰਾਜਾਨ ਸ਼ਾਹ ਸੁਲਤਾਨ ਦੇਣ ਦੁਹਾਈਆ । ਕਿਰਪਾ ਕਰ ਬਖ਼ਸ਼ਿਸ਼ ਕਰੇ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਮਹੱਲ ਅਟਲ ਇਕ ਸੁਹਾਨਾ, ਸਚ ਦਵਾਰ ਕਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹ ਘਰ ਸਤਿ ਨਿਵਾਸ, ਆਪ ਕਰਾਏ ਪੁਰਖ ਅਬਿਨਾਸ਼,

ਅਬਿਨਾਸ਼ੀ ਕਰਤਾ ਵਡ ਵਡਿਆਈਆ । ਨਿਹਕਲੰਕ ਹਰਿ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਜੋਤੀ ਜਾਤਾ ਜੋਤ ਉਜਿਆਰ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਸ਼ਬਦੀ ਡੰਕ ਵਿਚ ਸੰਸਾਰ, ਵਡ ਸੰਸਾਰੀ ਆਪ ਵਜਾਈਆ । ਨਾਨਕ ਗੋਬਿੰਦ ਬਣ ਲਿਖਾਰ, ਵਾਕ ਭਵਿਖਤ ਗਏ ਸਮਝਾਈਆ । ਵੇਦ ਵਿਆਸਾ ਕਰ ਪੁਕਾਰ, ਉਚੀ ਕੂਕ ਕੂਕ ਅਲਾਈਆ । ਈਸਾ ਵਾਜਾਂ ਗਿਆ ਮਾਰ, ਮੇਰਾ ਪਿਤਾ ਭੱਜਾ ਆਵੇ ਵਾਹੋ ਦਾਹੀਆ । ਮੁਹਮੰਦ ਨੈਣ ਰਿਹਾ ਉਠਾਲ, ਚੌਦਾਂ ਤਬਕਾਂ ਪਰੇ ਧਿਆਨ ਲਗਾਈਆ । ਪਰਵਰਦਿਗਾਰ ਸਾਂਝਾ ਯਾਰ, ਜਲਵਾ ਨੂਰ ਕਰੇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਪੁਕਾਰ, ਖਾਣੀ ਬਾਣੀ ਰਹੀ ਸਮਝਾਈਆ । ਕਾਗ਼ਜ਼ ਕਲਮ ਸ਼ਾਹੀ ਗਏ ਹਾਰ, ਕਾਤਬ ਬਣ ਬਣ ਆਪਣੀ ਕਲਮ ਚਲਾਈਆ । ਸਤਿਗੁਰ ਸ਼ਬਦ ਨਿਹਕਲੰਕ ਨਿਰਵੈਰ ਕਲਕੀ ਅਵਤਾਰ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਪੂਤ ਸਪੂਤਾ ਬ੍ਰਾਹਮਣ ਗੌੜਾ ਪੰਡਤ ਪਾਂਧਾ ਮੁੱਲਾ ਸ਼ੇਖ਼ ਮੁਸਾਇਕ ਸਮਝ ਨਾ ਪਾਏ ਕੋਈ ਜੀਵ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਿਹਕਲੰਕ ਹਰਿ ਕਾ ਰੂਪ, ਹਰਿ ਜੂ ਆਪ ਅਖਵਾਇੰਦਾ । ਜਿਸ ਦਾ ਡੰਕਾ ਚਾਰ ਕੂਟ, ਦਹਿ ਦਿਸ਼ਾ ਹੁਕਮ ਸੁਣਾਇੰਦਾ । ਲੇਖ ਚੁਕਾਏ ਜੂਠ ਝੂਠ, ਮਾਇਆ ਮਮਤਾ ਮੋਹ ਮਿਟਾਇੰਦਾ । ਦਏ ਵਡਿਆਈ ਕਾਇਆ ਪੰਜ ਤਤ ਭੂਤ, ਭਵਿਖਤ ਆਪਣਾ ਵੇਖ ਵਖਾਇੰਦਾ । ਵਸਣਹਾਰਾ ਮਹੱਲ ਅਟਲ ਇਕ ਅਰੂਜ, ਅਰਸ਼ ਫ਼ਰਸ਼ ਚਰਨਾਂ ਹੇਠ ਦਬਾਇੰਦਾ । ਭੇਵ ਖੁਲ੍ਹਾਏ ਆਪਣਾ ਦੂਜ, ਜਨ ਭਗਤਾਂ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਇੰਦਾ । ਕਲ ਕਲਕੀ ਜੋਤ ਉਜਾਲਾ, ਨਿਰਵੈਰ ਵੱਡੀ ਵਡਿਆਈਆ । ਦੋ ਜਹਾਨਾਂ ਬਣ ਰਖਵਾਲਾ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਵੇਖੇ ਹਾਲਾ, ਲੱਖ ਚੁਰਾਸੀ ਖੋਜੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਤ੍ਰੈਗੁਣ ਵੇਖੇ ਜਗਤ ਜੰਜਾਲਾ, ਪੰਜ ਤਤ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੜਦਾ ਰਿਹਾ ਉਠਾਈਆ । ਸਤਿ ਧਰਮ ਦੀ ਸਚ ਸੱਚੀ ਧਰਮਸਾਲਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਦਏ ਵਡਿਆਈਆ । ਕਲ ਕਲਕੀ ਨਿਹਕਲੰਕ ਏਕ, ਆਦਿ ਪੁਰਖ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰਖਦੇ ਟੇਕ, ਭਗਤ ਭਗਵਾਨ ਓਟ ਰਖਾਈਆ । ਹਰ ਘਟ ਅੰਤਰ ਜੋ ਰਿਹਾ ਵੇਖ, ਅਨਭਵ ਆਪਣਾ ਖੇਲ ਰਚਾਈਆ । ਸੰਬਲ ਵਸਣਹਾਰਾ ਸਾਚੇ ਦੇਸ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਨੂੰ ਲੱਭਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਹੱਥ ਕਿਸੇ ਨਾ ਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਕਰ ਕੇ ਭੇਸ, ਵੇਸ ਅਵੱਲੜਾ ਇਕ ਵਟਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਸਤਿਜੁਗ ਸਤਿ ਸਤਿ ਦੇਵੇ ਸੰਦੇਸ਼, ਬੋਧ ਅਗਾਧ ਕਰੇ ਪੜ੍ਹਾਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਸਾਚੇ ਸੰਤਾਂ ਕਾਇਆ ਮੰਦਰ ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਦੱਸੇ ਭੇਦ, ਬਜਰ ਕਪਾਟੀ ਪੜਦਾ ਪਰੇ ਹਟਾਈਆ । ਸੋ ਅੰਤਰ ਆਤਮ ਪਰਮਾਤਮ ਲੈਣ ਪੇਖ, ਨਿਜ ਨੇਤਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਨਿਹਕਲੰਕ ਇਕੋ ਏਕ, ਏਕੰਕਾਰ ਅਖਵਾਈਆ । ਪੰਜ ਤਤ ਨਰ ਨਿਹਕਲੰਕ, ਤਤਵ ਤਤ ਨਾ ਕੋਇ ਵਡਿਆਈਆ । ਪੁਰਖ ਅਕਾਲ ਜਿਸ ਦਾ ਦੋ ਜਹਾਨ ਸਾਚਾ ਡੰਕ, ਸ਼ਬਦੀ

ਸ਼ਬਦ ਰਾਗ ਅਲਾਈਆ । ਸੋ ਸਾਹਿਬ ਦਿਆਲ ਹੋ ਕੇ ਸਾਢੇ ਤਿੰਨ ਹੱਥ ਸੁਹਾਏ ਬੰਕ, ਬੰਕ ਦਵਾਰੀ ਸੋਭਾ ਪਾਈਆ । ਜਿਸ ਨੂੰ ਅੰਕੜਿਆਂ ਵਿਚ ਕਰੇ ਨਾ ਕੋਈ ਅੰਕ, ਬੀਸ ਬੀਸਾ ਹਰਿ ਜਗਦੀਸ਼ਾ ਸ਼ਾਹ ਪਾਤਸ਼ਾਹ ਇਕ ਅਖਵਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸੇ ਸਚ ਹਦੀਸਾ ਨਾਮ ਮੰਤਰ ਕਲਮਾਂ ਸਤਿ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਬੇਪਰਵਾਹੀਆ । ਨਿਹਕਲੰਕ ਸ੍ਰੀ ਭਗਵਾਨ, ਜਨ ਭਗਤਾਂ ਦਇਆ ਕਮਾਇੰਦਾ । ਜੁਗ ਚੌਕੜੀ ਦੇਵੇ ਦਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਬਣ ਕੇ ਸਾਚਾ ਕਾਹਨ, ਨਾਮ ਬੰਸਰੀ ਇਕ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਾਰ ਧਿਆਨ, ਜੇਰਜ ਅੰਡਾਂ ਖੋਜ ਖੋਜਾਇੰਦਾ । ਜੋਧਾ ਸੂਰਬੀਰ ਬਣ ਬਲਵਾਨ, ਨੌਜਵਾਨ ਆਪਣਾ ਹੁਕਮ ਵਰਤਾਇੰਦਾ । ਖੜਗ ਖੰਡਾ ਤੀਰ ਕਮਾਨ, ਸ਼ਸਤਰ ਬਸਤਰ ਇਕ ਨਿਸ਼ਾਨ, ਸ਼ਬਦੀ ਧਾਰ ਧਾਰ ਧਾਰ ਵਿਚੋਂ ਪਰਗਟਾਇੰਦਾ । ਜਿਸਦਾ ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜੇਹਵਾ ਬੱਤੀ ਦੰਦ ਦੇ ਕੇ ਗਏ ਬਿਆਨ, ਕਾਗ਼ਜ਼ ਕਲਮ ਸ਼ਾਹੀ ਵੰਡ ਵੰਡਾਇੰਦਾ । ਸੋ ਸਾਹਿਬ ਸਵਾਮੀ ਪੁਰਖ ਨਿਰੰਜਣ ਧੁਰ ਦਾ ਦਾਤਾ ਸ੍ਰੀ ਭਗਵਾਨ, ਨਿਹਕਲੰਕ ਕਲ ਕਲਕੀ ਇਕ ਅਖਵਾਇੰਦਾ ।



### ੬ ਭਾਦਰੋਂ ੨੦੨੧ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹਿ ਸੇਵਕ ਕਾਲੋਨੀ ਪਟਿਆਲਾ

੪੦੧

੧੨ ਸਰਗੁਣ ਧਾਰ ਨਾ ਕੋਇ ਜੜਤ, ਬਾਡੀ ਬਣਤ ਨਾ ਕੋਇ ਬਣਾਇੰਦਾ । ਅੱਖਰਾਂ ਵਿਚ ਨਾ ਕੋਈ ਪੜਤ, ਕਲਮ ਸ਼ਾਹੀ ਵੰਡ ਨਾ ਕੋਇ ਵਖਾਇੰਦਾ । ਜ਼ਿਮੀਂ ਅਸਮਾਨ ਨਾ ਕੋਈ ਧਰਤ, ਮਹੱਲ ਅਟਲ ਰੂਪ ਰੰਗ ਨਾ ਕੋਇ ਜਣਾਇੰਦਾ । ਇਹੋ ਖੇਲ ਪ੍ਰਭੂ ਅਸਚਰਜ, ਜੁਗ ਚੌਕੜੀ ਸਮਝ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿ ਕਹਿ ਗਏ ਮਰਦਾਨਾ ਮਰਦ, ਮਿਹਰਵਾਨ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਦ੍ਰਿੜਾਇੰਦਾ । ਹਰਿ ਸਿੰਘਾਸਣ ਅਗੰਮ ਅਥਾਹ, ਮਹਿੰਮਾ ਅਗਣਤ ਗਣੀ ਨਾ ਜਾਈਆ । ਆਪ ਉਪਾਏ ਬੇਪਰਵਾਹ, ਬੇਅੰਤ ਦਇਆ ਕਮਾਈਆ । ਆਪਣੀ ਇਛਿਆ ਲਏ ਰਖਾ, ਆਪ ਆਪਣੇ ਵਿਚ ਸਮਾਈਆ । ਜਗਤ ਜੁਗ ਕੋਈ ਜਾਣੇ ਨਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜ਼ਿਮੀਂ ਅਸਮਾਨ ਰੰਗ ਮਾਣੇ ਨਾ, ਪਾਵਾ ਚੂਲ ਨਾ ਕੋਇ ਵਡਿਆਈਆ । ਚੰਦੋਆ ਚੰਦਨ ਕੋਈ ਤਾਣੇ ਨਾ, ਹੀਰੇ ਜੜਤ ਨਾ ਕੋਇ ਜੜਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਵੇਖ ਵਖਾਣੇ ਨਾ, ਨਾਪ ਮਾਪ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਹਰਿ ਸਿੰਘਾਸਣ ਅਗੰਮ ਅਪਾਰ, ਹਰਿ ਅਪਰੰਪਰ ਆਪ ਬਣਾਇੰਦਾ । ਜਿਸ ਦੀ ਮਿਸਲ ਮਿਸਾਲ ਨਾ ਵਿਚ ਸੰਸਾਰ, ਇਸ਼ਾਰੇ ਨਾਲ ਨਾ ਕੋਇ ਦ੍ਰਿੜਾਇੰਦਾ । ਜਿਸ ਦਾ ਲੇਖਾ ਜਾਣੇ ਨਾ ਕੋਈ ਲੋਹਾਰ, ਤਰਖਾਣ ਘਾੜਤ ਘਾੜ ਨਾ ਕੋਇ ਘੜਾਇੰਦਾ । ਜਿਸ ਨੂੰ ਸਮਝ ਨਾ ਸਕੇ ਜੁਗ ਚਾਰ, ਚਾਰੇ ਖਾਣੀ ਚਾਰੇ ਬਾਣੀ ਭੇਵ ਕੋਇ ਨਾ ਆਇੰਦਾ । ਜੋ ਮੰਜ਼ਲੇ ਮਕਸੂਦ ਵਸਿਆ ਸਭ ਤੋਂ ਬਾਹਰ, ਬੇਨਜ਼ੀਰ ਆਪਣੀ ਨਜ਼ਰ ਵਿਚ ਰਖਾਇੰਦਾ । ਜਿਸ ਨੂੰ ਸੱਜਦਾ ਕਰਨ ਪੀਰ ਅਵਤਾਰ, ਗੁਰ ਗੁਰ

ਸੀਸ ਝੁਕਾਇੰਦਾ । ਸੋ ਤਖ਼ਤ ਨਿਵਾਸੀ ਸਾਚਾ ਤਖ਼ਤ ਜਾਣੇ ਆਪ ਨਿਰੰਕਾਰ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਸਚ ਸੰਦੇਸਾ ਨਰ ਨਰੇਸਾ ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰ, ਬਿਨ ਰਸਨਾ ਜਿਹਵਾ ਬੋਲ ਸੁਣਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਕੇ ਖ਼ਬਰਦਾਰ, ਸ਼ਬਦੀ ਸ਼ਬਦੀ ਸ਼ਬਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਚ ਤਖ਼ਤ ਜੋਤ ਸਰੂਪ, ਜੋਤੀ ਜਾਤਾ ਆਪ ਜਣਾਈਆ । ਜਿਸ ਦਾ ਰੰਗ ਰੂਪ ਨਾ ਕਿਸੇ ਕੂਟ, ਦਹਿ ਦਿਸ਼ਾ ਨਜ਼ਰ ਕੋਇ ਨਾ ਆਈਆ । ਨਾ ਕੋਈ ਧਾਗਾ ਨਾ ਕੋਈ ਸੂਤ, ਸੂਤਰਧਾਰੀ ਸਮਝ ਕਿਸੇ ਨਾ ਆਈਆ । ਬੈਠਣਹਾਰਾ ਪੰਜ ਭੂਤ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਰਖਾਈਆ । ਸਚ ਸਿੰਘਾਸਣ ਪੁਰਖ ਅਕਾਲ, ਅਕਲ ਕਲ ਧਾਰੀ ਆਪ ਉਪਾਇੰਦਾ । ਜਿਸ ਦੇ ਉਪਰ ਨਾ ਕੋਈ ਚਾਦਰ ਨਾ ਕੋਈ ਓਢਣ ਦਿਸੇ ਰੁਮਾਲ, ਖਟੀਆ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਦੀਵਾ ਬਾਤੀ ਦੇਵੇ ਬਾਲ, ਜਲ ਧਾਰ ਨਾ ਕੋਇ ਵਹਾਇੰਦਾ । ਨਾ ਕੋਈ ਵੇਖੇ ਕਾਇਆ ਮਾਟੀ ਖਾਲ, ਖ਼ਾਲਕ ਖ਼ਲਕ ਨਾ ਕਿਸੇ ਸਮਝਾਇੰਦਾ । ਸਚਖੰਡ ਦਵਾਰ ਰੱਖਿਆ ਸੱਚੀ ਧਰਮਸਾਲ, ਜਿਸ ਦਾ ਆਰ ਪਾਰ ਮਧ ਨਜ਼ਰ ਕਿਸੇ ਨਾ ਆਇੰਦਾ । ਤਖ਼ਤ ਨਿਵਾਸੀ ਬੈਠ ਨੌਜਵਾਨ, ਸ਼ਾਹ ਪਾਤਸ਼ਾਹ ਆਪਣਾ ਹੁਕਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਜੋਤੀ ਜਾਤਾ ਇਕ ਜਣਾਇੰਦਾ । ਸਤਿ ਸੰਦੇਸਾ ਇਕ ਫ਼ਰਮਾਨ, ਸਤਿ ਸਤਿਵਾਦੀ ਇਕ ਸਮਝਾਇੰਦਾ । ਇਕੋ ਅੱਖਰ ਜਿਸ ਦਾ ਸਿਫ਼ਤਾਂ ਵਿਚ ਨਾ ਹੋਏ ਬਿਆਨ, ਕਲਮ ਸ਼ਾਹੀ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਇੰਦਾ । ਹਰਿ ਕਾ ਤਖ਼ਤ ਸਿੰਘਾਸਣ ਕਿਸੇ ਨਾ ਜੜਿਆ, ਜ਼ਰ ਜੋਬਨ ਨਜ਼ਰ ਕੋਇ ਨਾ ਆਈਆ । ਜੋਤ ਸਰੂਪ ਉਪਰ ਚੜ੍ਹਿਆ, ਪਤਿਪਰਮੇਸ਼ਵਰ ਬੇਪਰਵਾਹੀਆ । ਸਤਿ ਸਤਿਵਾਦ ਸਚ ਦਵਾਰੇ ਖੜ੍ਹਿਆ, ਦੋ ਜਹਾਨਾਂ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰਅੱਖਰ ਇਕੋ ਪੜ੍ਹਿਆ, ਇਸ਼ਾਰੇ ਨਾਲ ਸਮਝਾਈਆ । ਸਚ ਦਵਾਰਾ ਵੇਖੋ ਘਰਿਆ, ਗ੍ਰਿਹ ਮੰਦਰ ਸੋਭਾ ਪਾਈਆ । ਨਿਰਭਉ ਚੁਕਾਏ ਭੈ ਡਰਿਆ, ਭਵ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸੱਚਾ ਇਕ ਸੁਹਾਈਆ । ਸਚ ਸਿੰਘਾਸਣ ਪੁਰਖ ਪਰਮਾਤਮ, ਹਰਿ ਕਰਤਾ ਆਪ ਉਪਾਇੰਦਾ । ਜਿਸ ਨੂੰ ਸਮਝ ਨਾ ਸਕੇ ਕੋਈ ਆਤਮ, ਲੱਖ ਚੁਰਾਸੀ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਖੇਲ ਅਗੰਮੀ ਬਾਤਨ, ਜ਼ਾਹਰ ਜ਼ਹੂਰ ਵੰਡ ਨਾ ਕੋਇ ਵੰਡਾਇੰਦਾ । ਅੱਖਰੀ ਸਿਫ਼ਤੀ ਸਾਰੇ ਆਖਣ, ਬਿਨ ਅੱਖਰ ਨਾ ਕੋਇ ਸਮਝਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਦਾਸੀ ਦਾਸਨ, ਬਾਲੇ ਨੰਨ੍ਹੇ ਅੰਞਾਣੇ ਆਪਣੇ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਉਠਾਇੰਦਾ । ਸਚ ਸਿੰਘਾਸਣ ਚੜ੍ਹ ਭਗਵੰਤ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਚ ਸੰਦੇਸਾ ਦੇਵੇ ਮੰਤ, ਮੰਤਰ ਇਕੋ ਇਕ ਸਮਝਾਈਆ । ਨਾਤਾ ਜੋੜ ਕੇ ਨਾਰ ਕੰਤ, ਸੇਜ ਸੁਹੰਜਣੀ ਲਏ ਸੁਹਾਈਆ । ਭੇਵ ਖੁਲ੍ਹਾ ਕੇ ਆਦਿ ਅੰਤ, ਅੰਤਰ ਆਪਣਾ ਰੰਗ ਰੰਗਾਈਆ । ਜਿਸ ਬਣਾਈ ਤੁਹਾਡੀ ਬਣਤ, ਸੋ ਠਾਕਰ ਸਵਾਮੀ ਬੇਪਰਵਾਹੀਆ । ਬੋਧ ਅਗਾਧਾ ਧੁਰ ਦਾ ਪੰਡਤ, ਸਾਚੀ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਉਪਾਈਆ । ਧੁਰ ਫ਼ਰਮਾਨਾ ਸਤਿ ਸੰਦੇਸ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਪੁਰਖ ਨਿਰੰਜਣ ਖੇਲ੍ਹਣਹਾਰਾ ਭੇਤ, ਏਕੰਕਾਰ ਸਰਬ ਸਮਝਾਇੰਦਾ । ਆਦਿ ਨਿਰੰਜਣ ਵਸਣਹਾਰਾ ਦੇਸ, ਅਬਿਨਾਸ਼ੀ ਕਰਤਾ ਪੜਦਾ ਲਾਹਿੰਦਾ । ਸ੍ਰੀ ਭਗਵਾਨ ਸਭ ਨੂੰ ਕਰੇ ਚੇਤਨ ਚੇਤ, ਪਾਰਬ੍ਰਹਮ ਆਪਣਾ ਹੁਕਮ ਮਨਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਕਰੇ ਹੇਤ, ਹਿਤਕਾਰੀ ਇਕੋ ਇਕ ਅਖਵਾਇੰਦਾ । ਜਿਸ ਦੀ ਗੋਦੀ ਅੰਦਰ ਰਹੇ ਖੇਡ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜਿਸ ਲੋਕਮਾਤ ਨਿਰਗੁਣ ਸਰਗੁਣ ਧਾਰ ਦਿਤਾ ਭੇਜ, ਕਾਇਆ ਪੰਜ ਤਤ ਹੰਢਾਇੰਦਾ । ਅੰਦਰ ਵੜ ਕੇ ਮਾਣੇ ਸੇਜ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜਲਵਾ ਦੇ ਕੇ ਤੇਜ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਆਪ ਵਸੇ ਸਚਖੰਡ ਅਗੰਮੜੇ ਦੇਸ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਉਪਾਇੰਦਾ । ਸਚ ਸੁਨੇਹੜਾ ਧੁਰ ਦੀ ਰਮਜ਼, ਇਸ਼ਾਰੇ ਨਾਲ ਸਮਝਾਈਆ । ਜਿਸ ਦੀ ਕਿਸੇ ਨਾ ਪਾਈ ਸਮਝ, ਬੋਧ ਕਰ ਨਾ ਕੋਇ ਜਣਾਈਆ । ਇਕੋ ਜਲਵਾ ਨੂਰ ਨੁਰਾਨਾ ਝਲਕ, ਆਦਿ ਅੰਤ ਕਰੇ ਰੁਸ਼ਨਾਈਆ । ਜਿਸ ਬਣਾਈ ਸਭ ਦੀ ਬਣਤ, ਸੋ ਘੜਨ ਭੰਨਣਹਾਰ ਵੇਖ ਵਖਾਈਆ । ਮਹਿੰਮਾ ਦਸਾਏ ਆਪ ਅਗਣਤ, ਪੂਰਬ ਲੇਖਾ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਸਚ ਸਿੰਘਾਸਣ ਚੜ੍ਹ ਕੇ ਆਪ, ਪ੍ਰਭ ਧੁਰ ਦਾ ਹੁਕਮ ਜਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਪਰਮ ਪੁਰਖ ਪ੍ਰਭ ਤੁਹਾਡਾ ਬਾਪ, ਦੂਜਾ ਪਿਤਾ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਦੇਵੇ ਜਾਪ, ਅਨਬੋਲਤ ਰਾਗ ਅਲਾਇੰਦਾ । ਵਸਤ ਅਮੋਲਕ ਝੋਲੀ ਪਾਏ ਦਾਤ, ਘਰ ਸਾਚੇ ਆਪ ਵਰਤਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਧੁਰ ਦੀ ਗਾਥ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਇਕ ਸੁਣਾਇੰਦਾ । ਸਚ ਸਿੰਘਾਸਣ ਹਰਿ ਜੂ ਚੜ੍ਹ ਕੇ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਪੰਜ ਤਤ ਕਾਇਆ ਚੋਲੀ ਆਏ ਛੱਡ ਕੇ, ਲੋਕਮਾਤ ਪੰਧ ਮੁਕਾਈਆ । ਸਾਚੀ ਸਰਨੀ ਆਏ ਭੱਜ ਕੇ, ਨਿਉਂ ਨਿਉਂ ਲਾਗੇ ਪਾਈਆ । ਤਿਨ੍ਹਾਂ ਧੁਰ ਦਰਬਾਰੇ ਸੱਦ ਕੇ, ਸਚ ਸੰਦੇਸ਼ਾ ਇਕ ਸੁਣਾਈਆ । ਪਹਿਲੋਂ ਦਰਸ਼ਨ ਕਰੋ ਰੱਜ ਕੇ, ਤ੍ਰਿਸਨਾ ਭੁੱਖ ਮਿਟਾਈਆ । ਸਚ ਸਰਨਾਈ ਸਾਚੀ ਲੱਗ ਕੇ, ਏਕਾ ਦੂਜਾ ਭੇਵ ਮਿਟਾਈਆ । ਖ਼ੁਸ਼ੀਆਂ ਅੰਦਰ ਮਸਤੀ ਵਿਚ ਨੱਚ ਕੇ, ਸੋਹਣਾ ਤਾਲ ਵਜਾਈਆ । ਮੁਖੋਂ ਕਹਿਣਾ ਨਾਮ ਨਿਧਾਨਾ ਹੱਸ ਕੇ, ਤੂੰ ਮੇਰਾ ਮੈਂ ਤੇਰਾ ਸੱਚਾ ਮੇਰਾ ਮਾਹੀਆ । ਪ੍ਰੇਮ ਪ੍ਰੀਤੀ ਅੰਦਰ ਵੇਖਣਾ ਫਸ ਕੇ, ਫ਼ੈਸਲਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਧੁਰ ਦਾ ਹੁਕਮ ਦੱਸੇ ਭਗਵਾਨ, ਕੌਣ ਲਹਿਣਾ ਰਿਹਾ ਮੁਕਾਈਆ । ਬਿਨ ਅੱਖਾਂ ਨੇਤਰੋਂ ਬਖ਼ਸ਼ੇ ਧਿਆਨ, ਲੋਚਣ ਨੈਣ ਨਾ ਕੋਇ ਬਣਾਈਆ । ਬਿਨ ਪੜ੍ਹਿਆਂ ਦੱਸੇ ਗਿਆਨ, ਅੱਖਰ ਵੱਖਰ ਆਪ ਸਮਝਾਈਆ । ਮਿਹਰ ਕਰੇ ਹੋ ਮਿਹਰਵਾਨ, ਮੁਹੱਬਤ ਆਪਣੇ ਨਾਲ ਰਖਾਇੰਦਾ । ਮਹੱਲ ਅਟਲ ਉਚ ਮਕਾਨ, ਬਿਨ ਛੱਪਰ ਛੰਨ ਛੁਹਾਇੰਦਾ । ਰਵ ਸਸ ਸੂਰਜ ਚੰਦ ਨਾ ਕਰੇ ਪਹਿਚਾਨ, ਦੀਆ ਬਾਤੀ ਨਜ਼ਰ ਕੋਇ ਨਾ ਆਇੰਦਾ । ਨਾ ਜ਼ਿਮੀਂ ਨਾ ਅਸਮਾਨ, ਗਗਨ ਗਗਨੰਤਰ ਪੁਰੀ ਲੋਅ ਆਕਾਸ਼ ਪਰਕਾਸ਼ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਪੈਗ਼ਾਮ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਪੈਗ਼ਾਮ ਦੇਵੇ ਮੁਕਾਮੇ ਹੱਕ, ਹਕੀਕਤ ਆਪਣੀ ਦਏ ਦ੍ਰਿੜਾਈਆ । ਪੀਰ ਪੈਗ਼ੰਬਰ ਖੋਲ੍ਹੋ ਅੱਖ, ਨੇਤਰ ਲੋਚਣ ਇਕ ਖੁਲ੍ਹਾਈਆ । ਸਚ ਦਵਾਰਾ ਵੇਖਣਾ ਝੱਟ, ਪੜਦਾ ਓਹਲਾ ਰਿਹਾ ਉਠਾਈਆ । ਜੁਗ ਚੌਕੜੀ ਨਿਤ ਨਵਿਤ ਜੋ ਮਾਰਗ ਆਏ ਦੱਸ, ਤਿਸ ਦਾ ਭੇਵ ਰਿਹਾ ਖੁਲ੍ਹਾਈਆ । ਸਚ ਦਵਾਰੇ ਆ ਕੇ ਇਕੋ ਢੋਲਾ ਗਾਉਣਾ ਹੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਸੁਣਾਈਆ । ਤਖ਼ਤ ਨਿਵਾਸੀ ਸਚ ਕਲਾਮ, ਬਿਨ ਕਲਮਿਉਂ ਕਰੇ ਪੜ੍ਹਾਈਆ । ਪੀਰ ਪੈਗ਼ੰਬਰਾਂ ਦੱਸੇ ਈਮਾਨ, ਅਮਲ ਵਿਚ ਆਪ ਲਿਆਈਆ । ਬਾਲੇ ਨੱਢੇ ਵੇਖੋ ਅੰਤਰ ਮਾਰ ਧਿਆਨ, ਧਿਆਨ ਧਿਆਨ ਧਿਆਨ ਵਿਚ ਰਖਾਈਆ । ਦਾਤਾ ਦਾਨੀ ਸਦਾ ਸਦ ਮਿਹਰਵਾਨ, ਮਿਹਬਾਨ ਬੀਦੋ ਨੂਰ ਖ਼ੁਦਾਈਆ । ਸ਼ਾਹ ਪਾਤਸ਼ਾਹ ਨੌਜਵਾਨ, ਭੂਪਤ ਭੂਪ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਅੱਖਰ ਬਿਨ ਅੱਖਰਾਂ ਦਏ ਦ੍ਰਿੜਾਈਆ । ਸਾਚਾ ਹੁਕਮ ਦ੍ਰਿੜਾਵੇ ਏਕ, ਏਕੰਕਾਰ ਸਮਝਾਈਆ । ਸਚ ਦਵਾਰੇ ਇਕੋ ਟੇਕ, ਦੂਜੀ ਓਟ ਨਾ ਕੋਇ ਰਖਾਈਆ । ਬਿਨ ਹਰਿ ਕਿਰਪਾ ਖੁਲ੍ਹੇ ਨਾ ਕੋਇ ਭੇਦ, ਪੜਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੋਹੰ ਸੋ, ਸਾਹਿਬ ਸਵਾਮੀ ਆਪ ਜਣਾਇੰਦਾ । ਮੇਰੇ ਮੇਰੇ ਜੋਗੇ ਗਏ ਹੋ, ਹੋਰ ਨਜ਼ਰ ਕੋਇ ਨਾ ਆਇੰਦਾ । ਦੂਜਾ ਸਕੇ ਨਾ ਕੋਇ ਛੋਹ, ਸ਼ੌਹਰ ਸੇਜ ਨਾ ਕੋਇ ਹੰਢਾਇੰਦਾ । ਸਚ ਮੁਹੱਬਤ ਦਸ ਕੇ ਮੋਹ, ਧੁਰ ਦਾ ਮੇਲਾ ਮੇਲ ਮਿਲਾਇੰਦਾ । ਪਿਛਲਾ ਲੇਖਾ ਸਾਰਾ ਧੋ, ਅੱਗੇ ਮਾਰਗ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਸਚਖੰਡ ਨਿਵਾਸੀ ਦਇਆ ਕਮਾਈਆ । ਪੁਰਖ ਅਕਾਲ ਦੇ ਚੜ੍ਹੋ ਬੇੜੇ, ਬਾਹੋਂ ਫੜ ਕੇ ਰਿਹਾ ਚੜ੍ਹਾਈਆ । ਦੀਨ ਮਜ਼੍ਹਬ ਦੇ ਚੁਕਾਏ ਝੇੜੇ, ਝਗੜਾ ਮਾਤ ਰਹਿਣ ਨਾ ਪਾਈਆ । ਕਾਇਆ ਮੰਦਰ ਅੰਦਰ ਵਸਣ ਸੋਹਣੇ ਖੇੜੇ, ਬਜਰ ਕਪਾਟੀ ਬੰਦ ਖਿੜਕੀ ਕੁੰਡਾ ਦਏ ਖੁਲ੍ਹਾਈਆ । ਏਕਾ ਗ੍ਰਿਹਿ ਸੋਹਨ ਗੁਰੂ ਗੁਰ ਚੇਰੇ, ਚੇਲਾ ਗੁਰੂ ਏਕਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਹੁਕਮ ਇਕ ਮਨਾਈਆ । ਸੋਹੰ ਸੋ ਕਹੇ ਸਦ ਸੱਚਾ, ਸਚ ਸਚ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਬੱਚਾ, ਬਚਪਨ ਆਪਣੇ ਨਾਲ ਹੰਢਾਈਆ । ਸਾਚਾ ਮਾਰਗ ਜਿਸ ਨੇ ਦੱਸਾ, ਦਹਿ ਦਿਸ਼ਾ ਕਰੇ ਪੜ੍ਹਾਈਆ । ਨਿਰਗੁਣ ਹੋ ਕੇ ਸੰਗ ਵਸਾ, ਵਿਛੜ ਕਦੇ ਨਾ ਜਾਈਆ । ਪ੍ਰੇਮੀ ਹੋ ਕੇ ਪ੍ਰੇਮ ਰਤਾ, ਰੰਗ ਰਤੜਾ ਬੇਪਰਵਾਹੀਆ । ਹੰਸਮੁਖ ਹੋ ਕੇ ਹੱਸਾ, ਸੋਹੰ ਢੋਲਾ ਰਾਗ ਅਲਾਈਆ । ਧੁਰ ਸੰਦੇਸ਼ਾ ਏਕੋ ਦੱਸਾ, ਦਹਿ ਦਿਸ਼ਾ ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਦੱਸਦਾ ਰਿਹਾ ਆਪਣਾ ਪਤਾ, ਪਤਿਪਰਮੇਸ਼ਵਰ ਆਪ ਜਣਾਈਆ । ਸਚ ਸਿੰਘਾਸਣ ਚੜ੍ਹ ਕੇ ਦੇਵੇ ਹੁਕਮ, ਹਰਿ ਕਰਤਾ ਆਪ ਜਣਾਈਆ । ਪਰਮ ਪੁਰਖ ਦਾ ਇਕੋ ਤੁਖ਼ਮ, ਤਾਸੀਰ ਬਦਲ ਕਦੇ ਨਾ ਜਾਈਆ । ਕਲਜੁਗ ਅੰਤਮ ਪੈਂਡਾ ਆਵੇ ਮੁੱਕਣ, ਭੱਜ ਭੱਜ ਥੱਕਣ ਪਾਂਧੀ ਰਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਉਠਣ, ਸੋਇਆ ਰਹਿਣ ਕੋਇ ਨਾ ਪਾਈਆ । ਦਰ ਦਵਾਰੇ

ਸੱਜਦਾ ਕਰ ਕਰ ਝੁਕਣ, ਨਮੋ ਨਮੋ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਸਭ ਨੂੰ ਆਏ ਪੁੱਛਣ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਕਾਰ ਕਮਾਈਆ । ਪ੍ਰਭ ਸੰਦੇਸ਼ਾ ਕਹੇ ਮੈਂ ਦੱਸਾਂ ਸਤਿ, ਸਤਿ ਸਤਿ ਵਡਿਆਈਆ । ਜਿਸ ਵੇਲੇ ਸ੍ਰੀ ਭਗਵਾਨ ਪ੍ਰਭ ਦੇਵੇ ਆਪਣਾ ਹਕ, ਹਕੀਕਤ ਆਪਣੀ ਨਾਲ ਮਿਲਾਈਆ । ਓਸ ਵੇਲੇ ਇਕੋ ਨਿਰਅੱਖਰ ਦੇਵੇ ਦੱਸ, ਜਿਸ ਦੀ ਵੰਡ ਨਾ ਕਿਸੇ ਵੰਡਾਈਆ । ਬਾਲੇ ਨੱਢੇ ਨੰਨ੍ਹੇ ਬੱਚੇ ਮੇਰੀ ਸਰਨਾਈ ਜਾਣਾ ਵਸ, ਦੂਜੀ ਓਟ ਨਾ ਕੋਇ ਤਕਾਈਆ । ਮੇਰੇ ਮਿਲਣ ਦੀ ਸਦ ਖੁਲ੍ਹੀ ਰੱਖਣੀ ਅੱਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਸਚਖੰਡ ਦਵਾਰਾ ਇਕੋ ਹਟ, ਵਣਜਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸੇ ਰਾਣਾ, ਰਹਿਮਤ ਆਪਣੀ ਇਕ ਕਮਾਈਆ । ਤੂੰ ਮੇਰਾ ਮੈਂ ਤੇਰਾ ਇਕੋ ਗੌਣਾ ਗਾਣਾ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਨਿਤ ਨਵਿਤ ਸਦਾ ਸਦਾ ਸਦ ਸਿਰ ਮੰਨਣਾ ਮੇਰਾ ਭਾਣਾ, ਭਾਣੇ ਵਿਚ ਸਮਾਈਆ । ਚਰਨ ਕਵਲ ਰੱਖਣਾ ਧਿਆਨਾ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹੋ ਮਤ ਦਏ ਦ੍ਰਿੜਾਈਆ । ਭਾਣਾ ਮੰਨਣਾ ਹੁਕਮ ਏਕ, ਆਦਿ ਜੁਗਾਦੀ ਸਦਾ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰੋ ਪਰਮ ਪੁਰਖ ਪ੍ਰਭ ਖੇਵਟ ਖੇਟ, ਦੋ ਜਹਾਨਾਂ ਨਜ਼ਰੀ ਆਇੰਦਾ । ਜਿਸ ਦੇ ਬਾਲੇ ਨੰਨ੍ਹੇ ਬੱਚੇ ਬਣਨਾ ਬੇਟ, ਪਿਤਾ ਪੂਤ ਗੋਦ ਸੁਹਾਇੰਦਾ । ਉਸ ਨਾਲ ਕਰਨਾ ਸੱਚਾ ਹੇਤ, ਹਿਤਕਾਰੀ ਆਪ ਅਖਵਾਇੰਦਾ । ਚਰਨ ਪ੍ਰੀਤੀ ਕਰਨੀ ਪ੍ਰਭ ਖੋਲ੍ਹੇ ਆਪਣਾ ਭੇਤ, ਪੜਦਾ ਓਹਲਾ ਆਪ ਚੁਕਾਇੰਦਾ । ਨਜ਼ਰੀ ਆਵੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਅੱਗੇ, ਆਗਮਨ ਵਿਚ ਵਡਿਆਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਧੁਰ ਫ਼ਰਮਾਨਾ ਇਕੋ ਦੱਸੇ, ਦੇਵਣਹਾਰ ਆਪ ਅਖਵਾਈਆ । ਮੈਂ ਸਦਾ ਸੁਹੇਲਾ ਇਕ ਅਕੇਲਾ ਦਿਵਸ ਰੈਣ ਸੱਜੇ ਖੱਬੇ, ਅੱਗੇ ਪਿਛੇ ਭੱਜਾ ਵਾਹੋ ਦਾਹੀਆ । ਆਪਣੇ ਪ੍ਰੇਮ ਦੇ ਦੇਵਾਂ ਅਨੋਖੇ ਮਜ਼ੇ, ਨੌ ਰਸ ਕੰਮ ਕਿਸੇ ਨਾ ਆਈਆ । ਲਹਿਣਾ ਦੇਣਾ ਚੁਕਾਵਾਂ ਹੱਥੋ ਹੱਥੋ, ਨਾਮ ਪਦਾਰਥ ਝੋਲੀ ਪਾਈਆ । ਸਚ ਸਰਨਾਈ ਜੋ ਸਚ ਦਵਾਰੇ ਢੱਠੇ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਮੰਨਣਾ ਕਹਿਣਾ, ਹਰਿ ਕਰਤਾ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਾਣਾ ਸਹਿਣਾ, ਸੀਸ ਸਕੇ ਨਾ ਕੋਇ ਉਠਾਈਆ । ਸਦਾ ਸਦਾ ਸਦ ਦਰਸ਼ਨ ਕਰਨਾ ਨੈਣਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੁਰ ਦਾ ਢੋਲਾ ਇਕੋ ਕਹਿਣਾ, ਕਰਨੀ ਸਚ ਪੜ੍ਹਾਈਆ । ਧਾਮ ਅਵੱਲੜੇ ਸਾਚੇ ਬਹਿਣਾ, ਸਚਖੰਡ ਸੋਭਾ ਪਾਈਆ । ਕੂੜੇ ਵਹਿਣ ਕਦੇ ਨਾ ਵਹਿਣਾ, ਤਾਰਨਹਾਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਨਾਲ ਅਦਬ, ਹਰਿ ਅਦਲੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਚਲ ਕੇ ਆਏ ਕਦਮ ਕਦਮ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਧੁਰ ਫ਼ਰਮਾਨਾ ਸੁਣਨਾ ਨਾਤਾ ਤੋੜਨਾ ਦੀਨ ਮਜ਼੍ਹਬ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਸਾਚੀ ਧਾਰ ਆ ਕੇ ਜਾਣਾ ਬਦਲ, ਪੂਰਬ ਬਦਲਾ ਆਪ ਮੁਕਾਇੰਦਾ ।

ਜੋਤੀ ਜੋਤ ਹੋਣਾ ਮਗਨ, ਤਤਵ ਤਤ ਨਾ ਕੋਇ ਸਮਝਾਇੰਦਾ । ਸਾਚੀ ਵਸਤ ਅਮੋਲਕ ਦੇਵੇ ਨਾਮ ਭੰਡਾਰਾ ਸਗਨ, ਸਗਲਾ ਸੰਗ ਵਖਾਇੰਦਾ । ਚੜ੍ਹ ਕੇ ਵੇਖੇ ਉਪਰ ਗਗਨ, ਗਹਿਰ ਗੰਭੀਰ ਸੋਭਾ ਪਾਇੰਦਾ । ਤ੍ਰੈਗੁਣ ਮਾਇਆ ਕੋਇ ਨਾ ਅਗਨ, ਪੰਚਮ ਤਤ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕੋ ਪਰਗਟਾਇੰਦਾ । ਇਕੋ ਹੁਕਮ ਦਏ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਗੁਰ ਅਵਤਾਰਾਂ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਮੁਕਾਮੇ ਹਕ ਵਸੇ ਵਸਣਹਾਰ, ਬੇਐਬ ਅਪਣਾ ਡੇਰਾ ਲਾਈਆ । ਜੋਤੀ ਨੂਰ ਕਰ ਉਜਿਆਰ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਕਾਤਬ ਬੈਠੇ ਮੁਖ ਭਵਾਈਆ । ਜੁਗ ਚੌਕੜੀ ਖੇਲ ਵਿਚ ਸੰਸਾਰ, ਵਡ ਸੰਸਾਰੀ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਖੇਲ ਅਪਾਰ, ਅਪਰੰਪਰ ਸਵਾਮੀ ਰਿਹਾ ਕਰਾਈਆ । ਚੌਦਾਂ ਤਬਕਾਂ ਪਾਵੇ ਸਾਰ, ਚੌਦਾਂ ਵਿਦਿਆ ਖੋਜ ਖੋਜਾਈਆ । ਚੌਦਸ ਚੰਦ ਵੇਖੇ ਉਜਿਆਰ, ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਪੜਦਾ ਰਿਹਾ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖਣਹਾਰ, ਆਤਮ ਪਰਮਾਤਮ ਪੜਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਦੇਵੇ ਭਗਵਾਨ, ਹਰਿ ਕਰਤਾ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਨੌਜਵਾਨ, ਮਰਦ ਮਰਦਾਨਾ ਰਿਹਾ ਉਠਾਈਆ । ਪਿਛਲਾ ਲੇਖਾ ਕਰੋ ਬਿਆਨ, ਬੇਵਫ਼ਾ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਆਪਣਾ ਸਚ ਦਸੋ ਈਮਾਨ, ਇਸਮ ਆਜ਼ਮ ਕਵਣ ਦ੍ਰਿੜਾਈਆ । ਸਾਧ ਸੰਤ ਜੀਵ ਜੰਤ ਨਰ ਹਰਿ ਕੰਤ ਕਰੋ ਪਹਿਚਾਨ, ਪੜਦਾ ਓਹਲਾ ਅੰਤਰ ਆਤਮ ਮੁਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪਣੇ ਵਿਚੋਂ ਜਣਾਈਆ । ਧੁਰ ਦਾ ਲੇਖਾ ਕਰ ਪਰਗਟ, ਹਰ ਘਟ ਵਾਸੀ ਵੇਖ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਅਬਿਨਾਸ਼ੀ ਕਰਤਾ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਚਰਨੀ ਗਏ ਢੱਠ, ਦੋਏ ਜੋੜ ਵਾਸਤਾ ਪਾਇੰਦਾ । ਧੰਨ ਵਡਿਆਈ ਕੀਤਾ ਇਕੱਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਇੰਦਾ । ਪਤਿਪਰਮੇਸ਼ਵਰ ਦੇ ਦੇ ਹਕ, ਪਰਵਰਦਿਗਾਰ ਤੇਰਾ ਰਹਿਮ ਇਕੋ ਨਜ਼ਰੀ ਆਇੰਦਾ । ਸੱਚਾ ਮਾਰਗ ਦੇਣਾ ਦੱਸ, ਰਹਿਬਰ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਇੰਦਾ । ਧੁਰ ਦੀ ਧਾਰ ਸਮਝਣਾ ਧਰਮ, ਅਧਰਮੀ ਨਜ਼ਰ ਕੋਇ ਨਾ ਆਈਆ । ਨਿਹਕਰਮੀ ਦੱਸੇ ਕਰਮ, ਕਰਮ ਕਾਂਡ ਡੇਰਾ ਢਾਹੀਆ । ਲਹਿਣਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਸਭ ਦੀ ਸਾਚੀ ਸਰਨ, ਸਰਨਗਤ ਇਕੋ ਇਕ ਰਖਾਈਆ । ਜੋ ਮੇਰਾ ਤੇਰਾ ਢੋਲਾ ਪੜ੍ਹਨ, ਪ੍ਰਭ ਮਿਲੇ ਚਾਈਂ ਚਾਈਂਆ । ਸੋ ਸੱਜਣ ਸਾਚੀ ਮੰਜ਼ਲ ਪਾਰ ਕਰਨ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸੁਣਾਈਆ । ਸਾਚਾ ਮੰਤਰ ਹਰਿ ਕਰਤਾਰ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਜਿਸ ਦਾ ਜੁਗ ਚੌਕੜੀ ਸਿਫ਼ਤ ਕਰੇ ਵਿਸਥਾਰ, ਸਿਫ਼ਤਾਂ ਨਾਲ ਸਿਫ਼ਤ ਸਾਲਾਹਿੰਦਾ । ਓਸ ਦਾ ਸਮਝ ਸਕੇ ਨਾ ਕੋਇ ਆਕਾਰ, ਆਕਾਸ਼ ਧਰਤ ਨੈਣ ਸ਼ਰਮਾਇੰਦਾ । ਓਹ ਅੱਖਰਾਂ ਵਿਚ ਨਾ ਹੋਏ ਸ਼ੁਮਾਰ,

ਕਾਗ਼ਜ਼ਾਂ ਉਤੇ ਨਾ ਰੰਗ ਰੰਗਾਇੰਦਾ । ਹਰਿ ਕਾ ਹੁਕਮ ਧੁਰ ਦੀ ਧਾਰ, ਤਿੱਖੀ ਤਲਵਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਵਰਤਾਇੰਦਾ । ਸਚ ਹੁਕਮ ਵਰਤੇ ਵਰਤੰਤ, ਵਾਰਤਾ ਸਮਝ ਕਿਸੇ ਨਾ ਆਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਨੂੰ ਸਮਝ ਨਾ ਸਕੇ ਕੋਇ ਪੰਡਤ, ਵਿਦਿਆਹੀਣ ਦੇਣ ਦੁਹਾਈਆ । ਜਿਸ ਦੇ ਦਵਾਰੇ ਸਾਰੇ ਮੰਗਤ, ਗ੍ਰਿਹਿ ਬੈਠੇ ਝੋਲੀਆਂ ਡਾਹੀਆ । ਜਿਸ ਦਾ ਕੋਇ ਨਾ ਜਾਣੇ ਅੰਤ, ਬੇਅੰਤ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣੀ ਵੰਡ ਵੰਡਾਈਆ । ਸਚ ਸਿੰਘਾਸਣ ਨਾ ਕੋਇ ਜਗਤ, ਸਿਫ਼ਤ ਮੁਸੱਵਰ ਸਕੇ ਨਾ ਕੋਇ ਸਮਝਾਈਆ । ਤੱਕ ਨਾ ਸਕੇ ਕੋਇ ਦ੍ਰਿਸ਼ਟ, ਇਸ਼ਟ ਰੂਪ ਨਾ ਕੋਇ ਵਟਾਈਆ । ਭੇਵ ਨਾ ਪਾਇਆ ਰਾਮ ਵਸ਼ਿਸ਼ਟ, ਕਾਹਨ ਕਹਿਣ ਕਿਛ ਨਾ ਪਾਈਆ । ਮਾਤ ਜਨਮ ਜੋ ਉਲਟਾ ਬਿਰਖ, ਤਤ ਚੋਲਾ ਗਿਆ ਹੰਢਾਈਆ । ਆਵੇ ਜਾਵੇ ਫਿਰਤ ਫਿਰਤ, ਨਿਤ ਨਿਤ ਫੇਰਾ ਪਾਈਆ । ਤਿਸ ਨੂੰ ਸਮਝ ਨਾ ਸਕੇ ਸੁਰਤ ਨਿਰਤ, ਨਿਰਵੈਰ ਖੇਲ ਕਰਾਈਆ । ਜੋ ਕਿਸੇ ਨਿਸ਼ਾਨੇ ਵਿਚ ਨਾ ਆਵੇ ਸ਼ਿਸ਼ਤ, ਇਸ਼ਕਾਂ ਵਿਚੋਂ ਇਸ਼ਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਿੰਘਾਸਣ ਆਪਣੇ ਪ੍ਰੇਮ ਨਾਲ ਰੰਗਾਈਆ । ਸੋਹਣੀ ਜੜਤ ਸਤਿਗੁਰ ਪ੍ਰੇਮ ਰੰਗ, ਹਰਿ ਕਰਤਾ ਆਪ ਰੰਗਾਈਆ । ਬਿਨ ਪਾਵਾ ਚੂਲ ਅਗੰਮ ਪਲੰਘ, ਬਿਨ ਧਰਨੀ ਧਰਤ ਸੁਹਾਈਆ । ਜਿਸ ਉਪਰ ਬੈਠੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਮਾਣੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਓਸ ਉਪਰ ਬੈਠ ਕੇ ਗਾਵੇ ਉਹ ਛੰਦ, ਜਿਸ ਦਾ ਸੰਸਾ ਨਾ ਕੋਇ ਚੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਮੰਗ, ਮਿਹਰ ਨਜ਼ਰ ਇਕ ਉਠਾਈਆ । ਕਰ ਪਰਕਾਸ਼ ਚਾੜ੍ਹ ਕੇ ਚੰਦ, ਨੂਰੋ ਨੂਰ ਡਗਮਗਾਈਆ । ਭੇਵ ਖੁਲ੍ਹਾ ਕੇ ਕੋਟ ਬ੍ਰਹਿਮੰਡ, ਬ੍ਰਹਿਮਾਂਡ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਧੁਰ ਉਪਦੇਸ਼, ਉਪਮਾ ਧੁਰ ਦੀ ਇਕ ਜਣਾਈਆ । ਤਖ਼ਤ ਨਿਵਾਸੀ ਨਰ ਨਰੇਸ਼, ਨਰਾਇਣ ਦਏ ਵਡਿਆਈਆ । ਪਰਮ ਪੁਰਖ ਪ੍ਰਭ ਕਰਨਾ ਸੱਚਾ ਹੇਤ, ਦੂਜੀ ਪ੍ਰੀਤ ਨਾ ਕੋਇ ਲਗਾਈਆ । ਲੋਕਮਾਤ ਬਾਲੇ ਬਣਨਾ ਨੇਕ, ਧੁਰ ਦਾ ਨਾਉਂ ਢੋਲਾ ਗਾਈਆ । ਫੇਰ ਮੁੜ ਕੇ ਆਉਣਾ ਆਪਣੇ ਦੇਸ, ਭੱਜਣਾ ਚਾਈਂ ਚਾਈਂਆ । ਮੈਂ ਆਉਦਿਆਂ ਲਵਾਂ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਗਤ ਵਡਿਆਈ ਮੁੱਛ ਦਾੜ੍ਹੀ ਨਾ ਕੇਸ, ਮਨਸਾ ਕੋਇ ਨਾ ਮੂੰਡ ਮੁੰਡਾਈਆ । ਸਚ ਦਵਾਰੇ ਜੋਤ ਪਰਵੇਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸੁਣੋ ਸੰਦੇਸ਼ਾ ਬਿਨਾ ਜਗ ਅੱਖਰ, ਨਿਰ ਨਿਰ ਆਪ ਜਣਾਇੰਦਾ । ਜਗਤ ਜਹਾਨੋਂ ਰਹਿਣ ਵੱਖਰ, ਵੱਖਰੀ ਧਾਰ ਪਰਗਟਾਇੰਦਾ । ਚੋਟੀ ਚੜ੍ਹ ਕੇ ਵੇਖਣਾ ਸ਼ਿਖ਼ਰ, ਸਚ ਮੁਨਾਰਾ ਇਕ ਵਖਾਇੰਦਾ । ਪ੍ਰਭੂ ਮਿਲਣ ਦਾ ਰੱਖਣਾ ਫ਼ਿਕਰ, ਫ਼ਿਕਰਾ ਇਕੋ ਇਕ ਅਲਾਇੰਦਾ । ਮੇਰੇ ਪ੍ਰੇਮ ਦਾ ਕਰਨਾ ਜ਼ਿਕਰ, ਜ਼ਾਹਰ ਜ਼ਹੂਰ ਆਪ ਦ੍ਰਿੜਾਇੰਦਾ । ਜਗਤ ਮਾਇਆ ਵਿਚੋਂ ਅੰਤਮ ਆਉਣਾ ਨਿੱਕਲ, ਤ੍ਰੈਗੁਣ ਮਾਇਆ ਬੰਦ ਨਾ ਕੋਇ ਰਖਾਇੰਦਾ । ਕੂੜੀ ਕਿਰਿਆ ਕੰਮ ਨਹੀਂ ਆਉਣਾ ਪਿੱਤਲ, ਪਾਰਸ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ ।

ਸਚ ਸਿੰਘਾਸਣ ਬੈਠ ਸਮਰਥ, ਦੋ ਜਹਾਨ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਿਰ ਰੱਖਾਂ ਦੇ ਕਰ ਹੱਥ, ਮਿਹਰ ਨਜ਼ਰ ਉਠਾਈਆ । ਨਾਮ ਪਦਾਰਥ ਦੇਣਾ ਵਥ, ਅਨਮੁਲੜੀ ਝੋਲੀ ਪਾਈਆ । ਲੋਕਮਾਤ ਵਰਤਾਉਣੀ ਜਗਤ, ਜਗ ਜੀਵਾਂ ਦੇਣਾ ਸਮਝਾਈਆ । ਲੇਖੇ ਲੱਗੇ ਬੂੰਦ ਰਕਤ, ਨਾੜੀ ਨਾੜੀ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਵਿਚੋਂ ਵੇਖਣੇ ਧੁਰ ਦੇ ਭਗਤ, ਜਿਨ੍ਹਾਂ ਭਗਵਨ ਭਗਤੀ ਲਈ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਚ ਸੰਦੇਸਾ ਦੇਵੇ ਅੰਤ ਅਖ਼ੀਰ, ਹਰਿ ਆਖਰ ਆਪ ਸੁਣਾਇੰਦਾ । ਨੇਤਰ ਨੈਣ ਤੱਕੋ ਗੁਰ ਅਵਤਾਰ ਪੀਰ, ਪੈਗ਼ੰਬਰ ਇਕੋ ਨਜ਼ਰੀ ਆਇੰਦਾ । ਜਿਸ ਦੀ ਅਸਲ ਸਚ ਤਸਵੀਰ, ਤਸਬੀ ਮਾਲਾ ਨਾ ਗਲ ਲਟਕਾਇੰਦਾ । ਜਿਸ ਦਾ ਨੂਰ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਇੰਦਾ । ਜਿਸ ਦਾ ਲੇਖਾ ਹਸਤ ਕੀਟ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਜਿਸ ਦਾ ਨਾਮ ਸ਼ਬਦ ਅਨਡੀਠ, ਜਗਤ ਹੱਥ ਨਾ ਕੋਇ ਫੜਾਇੰਦਾ । ਜਿਸ ਦਾ ਲੇਖਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰ ਦਰ ਖੋਜ ਖੋਜਾਇੰਦਾ । ਜਿਸ ਦਾ ਨਿਤ ਨਵਿਤ ਅਨੋਖਾ ਗੀਤ, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਧਿਆਇੰਦਾ । ਜੋ ਸਚ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਜਿਸ ਦੇ ਤਾਜ ਸੋਹਵੇ ਸੀਸ, ਜਗਦੀਸ਼ ਆਪਣਾ ਹੁਕਮ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲੇ ਨਿੱਕੇ ਨਾਚੀਜ਼, ਮਾਣ ਅਭਿਮਾਨ ਸਰਬ ਮਿਟਾਇੰਦਾ । ਜਿਸ ਵੇਲੇ ਲੰਘੇ ਸਚ ਦਹਿਲੀਜ਼, ਸੀਸ ਉਪਰ ਨਾ ਕੋਇ ਉਠਾਇੰਦਾ । ਪ੍ਰਭ ਚਰਨੀ ਚਰਨ ਸਚ ਪ੍ਰੀਤ, ਪ੍ਰੀਤੀਵਾਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਾਵਣ ਸਦਕੇ, ਘੋਲੀ ਵਾਰੀ ਘੋਲ ਘੁਮਾਈਆ । ਪ੍ਰਭ ਤੇਰਾ ਦਰ ਘਰ ਪਾਇਆ ਨੱਠ ਕੇ, ਪੰਧ ਮੁਕਿਆ ਜਗਤ ਜੁਦਾਈਆ । ਤ੍ਰੈਗੁਣ ਮਾਇਆ ਪੰਜ ਤਤ ਕਾਇਆ ਚੋਲਾ ਆਏ ਤਪ ਕੇ, ਜੀਵਾਂ ਜੰਤਾਂ ਕਰ ਲੜਾਈਆ । ਤੇਰਾ ਨਾਮ ਆਏ ਦੱਸ ਕੇ, ਢੋਲਾ ਸ਼ਬਦ ਸੁਣਾਈਆ । ਅੰਤਮ ਆਏ ਨੱਸ ਕੇ, ਕਾਇਆ ਮਾਟੀ ਭੇਟ ਚੜ੍ਹਾਈਆ । ਸੁਖ ਮਾਣੀਏ ਤੇਰੇ ਚਰਨਾਂ ਵਿਚ ਵਸ ਕੇ, ਵਾਸਤਾ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਣਾ ਹੱਥ ਟਿਕਾਈਆ । ਪੁਰਖ ਅਕਾਲ ਦਏ ਸੁਨੇਹੜਾ ਇਕੋ ਵਾਰ ਸਮਝਾਈਆ । ਜਨ ਭਗਤਾਂ ਵੇਖਣਾ ਸੱਚਾ ਵੇਹੜਾ, ਛੱਡਣੀ ਜਗਤ ਲੋਕਾਈਆ । ਜਿਥੇ ਨਾਮ ਇਕੋ ਤੇਰਾ ਮੇਰਾ, ਮੈਂ ਮਮਤਾ ਦਿਤੀ ਮਿਟਾਈਆ । ਤਿਸ ਗ੍ਰਿਹ ਸਵਾਮੀ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੇਲ ਮਿਲੇ ਗੁਰ ਗੁਰੂ ਚੇਰਾ, ਚੇਲਾ ਗੁਰੂ ਇਕੋ ਰੂਪ ਨਜ਼ਰੀ ਆਈਆ । ਸੋ ਸੁਹੰਜਣਾ ਹੋਏ ਖੇੜਾ, ਆਦਿ ਨਿਰੰਜਣਾ ਕਰੇ ਰੁਸ਼ਨਾਈਆ । ਸ਼ੌਹ ਦਰਿਆ ਨਾ ਡੁੱਬੇ ਬੇੜਾ, ਤਾਰਨਹਾਰਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਬਹਿ ਕੇ ਖ਼ੁਸ਼ੀ ਮਨਾਈਆ । ਸਚ ਸਿੰਘਾਸਣ ਅਨੋਖੀ ਬਣਤ, ਸੂਈ ਧਾਗਾ ਤੰਦ ਨਾ ਕੋਇ ਵਡਿਆਈਆ । ਜਿਸ ਦਾ ਲੇਖਾ ਆਦਿ ਅੰਤ, ਜੁਗਾ ਜੁਗੰਤ ਸੋਭਾ ਰਿਹਾ ਪਾਈਆ । ਜਿਸ ਉਪਰ ਬੈਠਾ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਸਿੰਘਾਸਣ ਕਹੇ ਮੇਰਾ ਸੋਹਣਾ ਮਾਲਕ, ਮਾਲਕ ਬੇਪਰਵਾਹੀਆ । ਜਿਸ ਨੂੰ ਕਦੇ ਨਾ ਨਿੰਦਰਾ ਆਲਸ, ਗਫ਼ਲਤ ਰੂਪ ਨਾ ਕੋਇ ਵਟਾਈਆ । ਮੇਰੇ ਉਤੇ ਬਹਿ ਕੇ ਬਣੇ ਸਾਲਸ, ਦੋ ਜਹਾਨਾਂ ਵੇਖ ਵਖਾਈਆ ।

ਜੁਗ ਜੁਗ ਜਨ ਭਗਤ ਸੁਹੇਲੇ ਕੱਢੇ ਖ਼ਾਲਸ, ਖ਼ਾਹਸ਼ ਆਪਣੇ ਨਾਲ ਰਖਾਈਆ । ਸੰਤ ਸੁਹੇਲੇ ਵੇਖੇ ਬਾਲਕ, ਬਾਲੀ ਬੁਧ ਦਏ ਵਡਿਆਈਆ ।
ਗੁਰਮੁਖਾਂ ਬਣੇ ਪ੍ਰਿਤਪਾਲਕ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖਾਂ ਨਾਲ ਕਦੇ ਨਾ ਕਰੇ ਨਾਲਸ਼, ਕੂੜੀ ਕਿਰਿਆ ਪਰੇ ਹਟਾਈਆ । ਅਗਨੀ
ਅੱਗ ਨਾ ਲਗੇ ਆਤਸ਼, ਅੰਮ੍ਰਿਤ ਮੇਘ ਇਕ ਬਰਸਾਈਆ । ਪ੍ਰੇਮ ਪ੍ਰੀਤੀ ਅੰਦਰ ਕਰਕੇ ਯਾਚਕ, ਯਾਦ ਆਪਣੀ ਦਏ ਕਰਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਸਿੰਘਾਸਣ ਕਹੇ ਮੇਰਾ ਮਾਲਕ ਸਤਿ, ਸਤਿ ਸੱਚੀ ਵਡਿਆਈਆ ।
ਜੋ ਸਭ ਨੂੰ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਰਿਹਾ ਪੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਦੱਸ, ਭਗਤਾਂ ਰਿਹਾ ਜਗਾਈਆ ।
ਸੰਤਾਂ ਖੋਲ੍ਹ ਕੇ ਆਪਣੀ ਅੱਖ, ਅੱਖਰਾਂ ਕੋਲੋਂ ਖਹਿੜਾ ਦਏ ਛੁਡਾਈਆ । ਗੁਰਮੁਖਾਂ ਹਿਰਦੇ ਅੰਤਰ ਵਸ, ਆਤਮ ਪਰਮਾਤਮ ਕਰੇ ਕੁੜਮਾਈਆ ।
ਗੁਰਸਿਖਾਂ ਮੇਟ ਅੰਧੇਰੀ ਰਾਤ, ਸਾਚਾ ਚੰਦ ਜੋਤ ਚਮਕਾਈਆ । ਪੂਰਬ ਜਨਮ ਦਾ ਪੂਰਾ ਕਰੇ ਘਾਟ, ਘਾਟਾ ਆਪਣੇ ਲੇਖੇ ਵਿਚ ਰਖਾਈਆ ।
ਜਨਮ ਜਨਮ ਦੀ ਮੇਟੇ ਵਾਟ, ਕਰਮ ਕਰਮ ਦਾ ਪੰਧ ਗਵਾਈਆ । ਸੱਜਣ ਸੁਹੇਲਾ ਬਣੇ ਸਾਕ, ਸਗਲਾ ਸੰਗ ਰਖਾਈਆ । ਘਰ ਮੰਦਰ ਖੋਲ੍ਹ
ਕੇ ਤਾਕ, ਪੜਦਾ ਦੂਈ ਦਏ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਯਾਦ ਕਰੋ ਭਵਿਖਤ ਵਾਕ, ਜੋ ਲੋਕਮਾਤ ਗਏ ਸੁਣਾਈਆ ।
ਜਿਸ ਦੀ ਖ਼ੁਮਾਰੀ ਅੰਦਰ ਨਟੂਏ ਬਣ ਕੇ ਕੀਤਾ ਨਾਚ, ਨਈਆ ਨੌਕਾ ਨਾਮ ਚਲਾਈਆ । ਜਿਸ ਦਾ ਪ੍ਰੇਮ ਪਿਆਰ ਪ੍ਰੀਤੀ ਅੰਦਰ ਬਖ਼ਸ਼ ਕੇ ਆਬੇ
ਹਯਾਤ, ਅੰਮ੍ਰਿਤ ਰਸ ਨਿਝਰ ਝਿਰਨਾ ਦਿਤਾ ਵਖਾਈਆ । ਜਿਸ ਨੂੰ ਮੰਨਿਆ ਪਤਿਪਰਮੇਸ਼ਵਰ ਕਮਲਾਪਾਤ, ਧੁਰ ਦਾ ਮਾਲਕ ਨੂਰ ਖ਼ੁਦਾਈਆ ।
ਜੋ ਅਹਿਬਾਬ ਵਜਾਵੇ ਰਬਾਬ, ਸਚ ਸਿਤਾਰ ਇਕ ਹਿਲਾਈਆ । ਜੋ ਈਸਾ ਮੂਸਾ ਮੁਹੰਮਦ ਪੂਰੇ ਕਰੇ ਖ਼ੁਆਬ, ਖਾਲਸ ਅਪਣਾ ਰੰਗ ਜਣਾਈਆ ।
ਸਾਚਾ ਹੁਜਰਾ ਵਖਾ ਇਕ ਮਹਿਰਾਬ, ਮਹਿਬੂਬ ਬੈਠਾ ਬੇਪਰਵਾਹੀਆ । ਸੱਯਦਾ ਕਰ ਕਰਨ ਆਦਾਬ, ਨਿਉਂ ਨਿਉਂ ਲਾਗਣ ਪਾਈਆ । ਤੇਰਾ
ਲਹਿਣਾ ਦੇਣਾ ਤੇਰੇ ਹੱਥ ਹਿਸਾਬ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ
ਬਹਿ ਕੇ ਖ਼ੁਸ਼ੀ ਮਨਾਈਆ । ਸਾਚੇ ਤਖ਼ਤ ਚੜ੍ਹੇ ਤਖ਼ਤ ਨਿਵਾਸੀ, ਦੂਜਾ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ
ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹਿਣਾ ਬਣਕੇ ਦਾਸੀ, ਦਾਸੀ ਦਾਸ ਆਪ ਸਮਝਾਇੰਦਾ । ਕਲਜੁਗ ਅੰਤਮ ਲਹਿਣਾ
ਦੇਣਾ ਦੇਵੇ ਬਾਕੀ, ਲੇਖਾ ਲੇਖੇ ਸਭ ਦਾ ਪਾਇੰਦਾ । ਕਰੇ ਖੇਲ ਬਹੁ ਬਿਧ ਭਾਤੀ, ਭਾਵੀ ਭਾਣਾ ਆਪਣਾ ਹੁਕਮ ਵਰਤਾਇੰਦਾ । ਸਚ ਬਾਤ
ਇਕੋ ਆਖੀ, ਜਿਸ ਦਾ ਅੱਖਰ ਨਾ ਕੋਇ ਬਣਾਇੰਦਾ । ਮੈਂ ਧੁਰ ਦਾ ਤੁਹਾਡਾ ਸਾਥੀ, ਦੋ ਜਹਾਨਾਂ ਸੰਗ ਨਿਭਾਇੰਦਾ । ਤੁਸਾਂ ਮੇਰੀ ਮੰਨਣੀ ਆਖੀ,
ਮੈਂ ਆਖਰ ਪੰਧ ਮੁਕਾਇੰਦਾ । ਭੰਨ ਤੁਹਾਡਾ ਪੰਜ ਤਤ ਤਨ ਖ਼ਾਕੀ, ਅੰਤਮ ਖ਼ਾਕ ਵਿਚ ਸਮਾਇੰਦਾ । ਤੁਹਾਡੀ ਜੋਤ ਨਿਰਬਲ ਬਾਤੀ, ਬਾਤਨ
ਆਪਣੇ ਵਿਚ ਰਖਾਇੰਦਾ । ਮੇਰਾ ਸੁਨੇਹੜਾ ਧੁਰ ਦੀ ਪਾਤੀ, ਪਤਿਪਰਮੇਸ਼ਵਰ ਆਪ ਅਖਵਾਇੰਦਾ । ਸੋਹੰ ਢੋਲਾ ਗਾਉਣਾ ਗਾਥੀ, ਗਹਿਰ ਗੰਭੀਰ
ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਵਰ,
ਵਾਰਸ ਸਭ ਦਾ ਆਪ ਅਖਵਾਇੰਦਾ । ਵਾਰਸ ਹੋ ਕੇ ਦੇਵੇ ਨਸੀਅਤ, ਨਗ਼ਮਾ ਨਾਮ ਸੁਣਾਈਆ । ਮੈਂ ਕਦੇ ਕਿਸੇ ਨੂੰ ਕਰਕੇ ਨਾ ਦੇਵਾਂ ਵਸੀਅਤ,

ਮੇਰੇ ਪਿਛੋਂ ਦੂਜਾ ਨਜ਼ਰ ਕੋਇ ਨਾ ਆਈਆ । ਸਭ ਦੇ ਵਿਚ ਮੇਰੀ ਅਸਲੀਅਤ, ਅਸਲ ਵਿਚੋਂ ਵਸਲ ਰਿਹਾ ਕਰਾਈਆ । ਮੇਰੀ ਕਦੇ ਨਾ ਬਦਲੇ ਤਬੀਅਤ, ਤਾਬੇਦਾਰੀ ਬਰਖ਼ੁਰਦਾਰੀ ਦੋਹਾਂ ਵਿਚੋਂ ਆਪਣਾ ਆਪ ਬਾਹਰ ਰਖਾਈਆ । ਦੋ ਜਹਾਨ ਬ੍ਰਹਿਮੰਡ ਖੰਡ ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਮੇਰੀ ਮਲਕੀਅਤ, ਮਾਲਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਆਪੇ ਚੜ੍ਹ, ਧੁਰ ਸੰਦੇਸਾ ਇਕ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਤਾ ਪੁਰਖ ਕਰਤਾਰ ਆਪਣੀ ਕਰਨੀ ਕਰ, ਕੁਦਰਤ ਕਾਦਰ ਵੇਖ ਵਖਾਈਆ ।

## ੮ ਭਾਦਰੋਂ ੨੦੨੧ ਬਿਕ੍ਰਮੀ ਦਿੱਲੀ ਦਰਬਾਰ ਵਿਚ

ਸੁਤ ਸ਼ਬਦ ਕਹੇ ਪ੍ਰਭ ਸਤਿ ਸਵਾਮੀ, ਸਤਿਗੁਰ ਸੁਲਤਾਨ ਤੇਰੀ ਸਰਨਾਈਆ । ਤੇਰੀ ਸਿਫ਼ਤ ਸਲਾਹ ਆਦਿ ਜੁਗਾਦਿ ਅਗੰਮੀ ਬਾਣੀ, ਨਾਦ ਅਨਾਦੀ ਨਾਦ ਵਜਾਈਆ । ਜਗਤ ਸੰਦੇਸਾ ਚਾਰੇ ਖਾਣੀ, ਦਹਿ ਦਿਸ਼ਾ ਕਰੇ ਸ਼ਨਵਾਈਆ । ਨਾਮ ਭੰਡਾਰਾ ਧੁਰ ਦੀ ਬਾਣੀ, ਅਣਿਆਲਾ ਤੀਰ ਚਲਾਈਆ । ਕਾਗ਼ਜ਼ ਕਲਮ ਸ਼ਾਹੀ ਲਿਖ ਲਿਖ ਬਣਾਏ ਜਗਤ ਕਹਾਣੀ, ਕਹਾਵਤ ਵਿਚ ਰਖਾਈਆ । ਕੋਈ ਸਮਝ ਨਾ ਸਕੇ ਜੀਵ ਨਿਧਾਨੀ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਿਤੀ ਛੋਟੀ ਇਕ ਨਿਸ਼ਾਨੀ, ਨਿਸ਼ਾਨਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਿਤਾ ਉਠਾਈਆ । ਸ਼ਬਦ ਕਹੇ ਮੈਂ ਗੋਬਿੰਦ ਪੁੱਤਰ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਧੁਰ ਦੀ ਧਾਰੋਂ ਆਇਆ ਉਤਰ, ਸਰਗੁਣ ਜਨਮੇ ਕੋਈ ਨਾ ਮਾਈਆ । ਪੰਜ ਤਤ ਚੜ੍ਹਿਆ ਕਿਸੇ ਨਾ ਕੁੱਛੜ, ਗੋਦੀ ਗੋਦ ਨਾ ਕੋਇ ਉਠਾਈਆ । ਤੇਰੀ ਵੇਖੀ ਅਨੋਖੀ ਅਵੱਲੜੀ ਬੁੱਕਲ, ਜਿਸ ਦਾ ਓਢਣ ਪੱਲੂ ਨਜ਼ਰ ਕਿਸੇ ਨਾ ਆਈਆ । ਪਤਿਪਰਮੇਸ਼ਵਰ ਪਾਰਬ੍ਰਹਮ ਸਤਿ ਸਰੂਪੀ ਇਕੋ ਖੇਲ ਆਇਆ ਬੁੱਝਣ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਲਜੁਗ ਅੰਤਮ ਪੈਂਡਾ ਆਇਆ ਮੁੱਕਣ, ਧਰਤ ਧਵਲ ਆਕਾਸ਼ ਜ਼ਿਮੀਂ ਅਸਮਾਨ ਭੱਜਣ ਵਾਹੋ ਦਾਹੀਆ । ਤੇਰਾ ਸਾਚਾ ਬੇੜਾ ਆਪਣੇ ਕੰਧੇ ਆਇਆ ਚੁੱਕਣ, ਤਰਕਸ਼ ਤੀਰ ਕਮਾਣ ਭੱਥਾ ਪਰੇ ਸੁਟਾਈਆ । ਤੇਰੇ ਪ੍ਰੇਮ ਪਿਆਰ ਅੰਦਰ ਆਇਆ ਉਠਣ, ਰੀਤੀ ਨੀਤੀ ਤੇਰੇ ਦਰ ਤੋਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦੇਣਾ ਝੋਲੀ ਪਾਈਆ । ਸੁਤ ਸ਼ਬਦ ਕਹੇ ਮੇਰੇ ਸਾਹਿਬ ਸੁਲਤਾਨ, ਹਰਿ ਪੁਰਖ ਨਿਰੰਜਣ ਤੇਰੀ ਵਡਿਆਈਆ । ਦੋ ਜਹਾਨ ਵੇਖਿਆ ਮਾਰ ਧਿਆਨ, ਬ੍ਰਹਿਮੰਡ ਖੰਡ ਪੁਰੀ ਲੋਅ ਪ੍ਰਿਥਮੀ ਆਕਾਸ਼ ਖੋਜ ਖੋਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਬਣਦੇ ਵੇਖੇ ਮਹਿਮਾਨ, ਲੋਕਮਾਤ ਮਹਿਮਾਨਖਾਨੇ ਵਿਚ ਫੇਰਾ ਪਾਈਆ । ਅੰਤਮ ਹੋਏ ਬਾਲ ਨਿਧਾਨ, ਨੰਨ੍ਹੇ ਬੱਚੇ ਰੂਪ ਵਟਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਹੈਰਤ ਮੇਰੇ ਅੰਦਰ ਆਈਆ । ਕੀ ਖੇਲ ਕਰੇ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਲੈਣਾ ਲੇਖੇ ਲਾਈਆ । ਗੋਬਿੰਦ ਕਹੇ ਮੈਂ ਮਾਰਿਆ ਚੱਕਰ, ਚਕਰਵਰਤੀ ਨਜ਼ਰ ਕੋਇ ਨਾ ਆਇੰਦਾ । ਪਿਛਲੇ ਸੰਦੇਸ਼ੇ

ਖੋਲ੍ਹ ਕੇ ਵੇਖੇ ਪੱਤਰ, ਪਾਤੀਕਮਲਾ ਕੀ ਲੇਖ ਹੱਥ ਫੜਾਇੰਦਾ । ਜਿਸ ਦੀ ਢਾਈਆਂ ਅੱਖਰਾਂ ਵਿਚੋਂ ਇਕੋ ਸਤਰ, ਸਤਿਆ ਆਪਣੀ ਨਾਲ ਪਰਗਟਾਈਆ । ਉਸ ਦਾ ਨਜ਼ਰ ਨਾ ਆਵੇ ਕਿਸੇ ਕੋਈ ਅੱਖਰ, ਅਲਫ਼ ਯੇ ਨਾ ਕੋਈ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਮੰਗ ਮੰਗਾਇੰਦਾ । ਗੋਬਿੰਦ ਕਹੇ ਮੈਂ ਖੋਲ੍ਹੀ ਪੋਥੀ, ਪੁਸਤਕ ਤੇਰੀ ਬੇਪਰਵਾਹੀਆ । ਜਿਸ ਦੇ ਵਿਚੋਂ ਗੁਰ ਅਵਤਾਰ ਪੀਰ ਪੈਗ਼ੰਬਰਾਂ ਮਿਲਦੀ ਰਹੀ ਰੋਜ਼ੀ, ਰਾਜ਼ਕ ਰਹੀਮ ਰਹਿਮਤ ਕਰਕੇ ਝੋਲੀ ਪਾਈਆ । ਜਿਸ ਦੇ ਵਿਚੋਂ ਤੇਰੇ ਨਾਮ ਪਿਆਰ ਦੀ ਆਈ ਸੋਝੀ, ਸੂਝ ਬੂਝ ਇਕ ਦ੍ਰਿੜਾਈਆ । ਜਿਸ ਦੇ ਵਿਚੋਂ ਕੋਈ ਨਾ ਲੱਭੇ ਜੰਝੂ ਟਿੱਕਾ ਬੋਦੀ, ਕੇਸ ਸੀਸ ਨਾ ਕੋਇ ਵਖਾਈਆ । ਜਿਸ ਦੀ ਕੀਮਤ ਤੇਰੇ ਬਿਨਾਂ ਪਾਵੇ ਨਾ ਕੋਇ ਕੌਡੀ, ਲੱਖ ਚੁਰਾਸੀ ਹੱਟ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇਣਾ ਸਮਝਾਈਆ । ਗੋਬਿੰਦ ਕਹੇ ਮੈਂ ਮਾਰਿਆ ਫੇਰਾ, ਫਿਰਤ ਫਿਰਤ ਆਪਣਾ ਵੇਸ ਵਟਾਈਆ । ਨਵ ਨੌ ਚਾਰ ਵੇਖਿਆ ਡੇਰਾ, ਲੱਖ ਚੁਰਾਸੀ ਖੋਜ ਖੋਜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨਾਂ ਮਜ਼੍ਹਬਾਂ ਪਾਇਆ ਝੇੜਾ, ਜ਼ਾਤ ਪਾਤ ਕਰੇ ਲੜਾਈਆ । ਸਾਚਾ ਮੰਦਰ ਵਸਿਆ ਨਾ ਕੋਇ ਖੇੜਾ, ਖਿੜਕੀ ਬੰਦ ਨਾ ਕੋਇ ਖੁਲ੍ਹਾਈਆ । ਪਤਿਪਰਮੇਸ਼ਵਰ ਕਿਸੇ ਨਾ ਵੇਖਿਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਮੇਰਾ ਕਿਸੇ ਨਾ ਕੀਤਾ ਨਖੇੜਾ, ਜੋਤ ਸ਼ਬਦ ਨਾ ਕੋਇ ਦ੍ਰਿੜਾਈਆ । ਬ੍ਰਹਿਮੰਡ ਖੰਡ ਦਸਦੇ ਗਏ ਅਗੰਮੀ ਵੇਹੜਾ, ਅੰਦਰ ਬਹਿਕੇ ਖ਼ੁਸ਼ੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੋਬਿੰਦ ਕਹੇ ਮੈਂ ਵੇਖਿਆ ਅੱਖ, ਨੇਤਰ ਨੈਣ ਨੈਣਾਂ ਨਾਲ ਮਿਲਾਈਆ । ਪਤਿਪਰਮੇਸ਼ਵਰ ਹੋ ਕੇ ਵੱਖ, ਸਚਖੰਡ ਬੈਠਾ ਸੋਭਾ ਪਾਈਆ । ਹੌਲੀ ਹੌਲੀ ਮੈਨੂੰ ਰਿਹਾ ਦੱਸ, ਸਤਿ ਇਸ਼ਾਰੇ ਨਾਲ ਸਮਝਾਈਆ । ਮੇਰਾ ਲੇਖਾ ਕਦੇ ਨਾ ਹੋਵੇ ਬਸ, ਮੇਰਾ ਹੁਕਮ ਮੇਟੇ ਨਾ ਕੋਇ ਲੋਕਾਈਆ । ਜੁਗ ਚੌਕੜੀ ਜੋ ਗਾਉਂਦੇ ਗਏ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਢੋਲੇ ਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੋਕਮਾਤ ਵੇਖਿਆ ਹੱਕ, ਹਕੀਕਤ ਵਿਚੋਂ ਫੋਲ ਫੁਲਾਈਆ । ਸੰਤ ਸੁਹੇਲੇ ਸਾਚੇ ਭਗਤ ਫੜ ਬਾਹੋਂ ਲਵਾਂ ਰੱਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਲੈਣਾ ਜੁੜਾਈਆ । ਗੋਬਿੰਦ ਕਹੇ ਮੈਂ ਵੇਖਿਆ ਜਗਤ ਸਾਗਰ, ਚਾਰ ਕੁੰਟ ਫੋਲ ਫੁਲਾਈਆ । ਮਾਣ ਮਿਲੇ ਨਾ ਕਿਸੇ ਆਦਰ, ਅਦਲ ਵਿਚ ਨਾ ਕੋਇ ਲੋਕਾਈਆ । ਨਿਰਮਲ ਹੋਇਆ ਨਾ ਕੋਇ ਉਜਾਗਰ, ਸੁਰਤੀ ਸ਼ਬਦ ਨਾ ਕੋਇ ਕੁੜਮਾਈਆ । ਸੂਰਬੀਰ ਨਾ ਕੋਇ ਬਣਿਆ ਬਹਾਦਰ, ਮਨ ਕਾ ਮਣਕਾ ਲਏ ਭਵਾਈਆ । ਮਿਲਿਆ ਮੇਲ ਨਾ ਕਰਤੇ ਕਾਦਰ, ਪਰਵਰਦਿਗਾਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈਣਾ ਮਿਲਾਈਆ । ਗੋਬਿੰਦ ਕਹੇ ਮੈਂ ਵੇਖਿਆ ਜਗ, ਦਿਵਸ ਰੈਣ ਧਿਆਨ ਲਗਾਈਆ । ਲੱਖ ਚੁਰਾਸੀ ਲੱਗੀ ਅੱਗ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਣ ਦੁਹਾਈਆ । ਕੂੜ ਵਿਕਾਰਾ ਪਾਰ ਨਾ ਕਰੇ ਕੋਇ ਹੱਦ, ਮਾਇਆ ਮਮਤਾ ਹਉਮੇ ਹੰਗਤਾ ਡੇਰਾ ਨਾ ਕੋਇ ਢਾਹੀਆ । ਘਰ ਮੰਦਰ ਸੁਣੇ ਨਾ ਕੋਇ ਨਦ, ਧੁਨ ਨਾਦ ਰਾਗ ਨਾ ਕੋਇ ਅਲਾਈਆ । ਤੇਰਾ ਪਿਆਰ ਪਰਮ ਪੁਰਖ ਪਤਿਪਰਮੇਸ਼ਵਰ ਹਿੰਦੂ ਮੁਸਲਿਮ ਸਿੱਖ ਈਸਾਈ ਗਏ ਛੱਡ, ਸਵਾਨ ਵਾਂਗ ਕੂਕ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮੇਰਾ ਮੇਲਾ ਲੈਣਾ ਮਿਲਾਈਆ । ਗੋਬਿੰਦ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਹੀਆ । ਸ੍ਰਿਸ਼ਟ ਸਬਾਈ ਦਿਸੇ ਵੈਰਾਨ, ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਨਜ਼ਰੀ ਆਏ ਨਾ ਕੋਇ ਬਾਗ਼ਬਾਨ, ਹਰੀ ਸਿੰਚ ਕਿਆਰੀ ਨਾ ਕੋਇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਪੈਗ਼ਾਮ, ਧੁਰ ਸੰਦੇਸ਼ ਮਾਤ ਸੁਣਾਈਆ । ਅੰਤਮ ਛੱਡ ਕੇ ਗਏ ਮੁਕਾਮ, ਮਕਾਨ ਰਹਿਣ ਕੋਇ ਨਾ ਪਾਈਆ । ਵੇਖਿਆ ਤੱਕਿਆ ਤੇਰੇ ਚਰਨਾਂ ਹੇਠ ਕਰਨ ਆਰਾਮ, ਆਮਦ ਤੇਰੇ ਨਾਲ ਰਖਾਈਆ । ਦਰ ਬਰਦੇ ਵੇਖੇ ਗ਼ੁਲਾਮ, ਸੀਸ ਸਕੇ ਨਾ ਕੋਇ ਉਠਾਈਆ । ਪਿਛਲਾ ਛੱਡ ਕੇ ਸਾਰਾ ਨਿਜ਼ਾਮ, ਨਜ਼ਰ ਆਪਣੀ ਅੱਖ ਬਚਾਈਆ । ਮਾਣ ਦੇਵੇ ਨਾ ਕੋਇ ਕਲਮਾ ਕਲਾਮ, ਕਾਇਨਾਤ ਨਾ ਸੋਭਾ ਪਾਈਆ । ਦਰੋਹੀ ਤੇਰੇ ਨਾਮ ਦੀ ਇਕ ਮਿਹਰਵਾਨ, ਮਹਿਬੂਬ ਰਹੇ ਸੁਣਾਈਆ । ਅੱਖਰਾਂ ਵਿਚ ਤੇਰੇ ਸਿਫ਼ਤੀ ਨਾਮ ਦੀ ਜੋ ਲਿਖ ਲਿਖ ਗਏ ਇਕੱਠੀ ਕਰੀਏ ਮੀਜ਼ਾਨ, ਮਿਸਲਾਂ ਵਿਚੋਂ ਮਿਸਲ ਮਸਲਿਆਂ ਵਾਲੀ ਨਜ਼ਰੀ ਆਈਆ । ਇਹ ਹਰ ਘਟ ਸਰਬ ਤਮਾਮ, ਤਮਾ ਜਗਤ ਨਾਲ ਪਰਨਾਈਆ । ਜਿਨ੍ਹਾਂ ਚਿਰ ਆਪ ਮਿਲੇ ਨਾ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਓਨਾਂ ਚਿਰ ਮੁਸ਼ਕਲ ਹੱਲ ਨਾ ਹੋਏ ਆਸਾਨ, ਹੌਸਲਾ ਸਕੇ ਨਾ ਕੋਇ ਵਧਾਈਆ । ਜਗਤ ਕੁੜਾਵੇ ਵਿਧਾਨ, ਵਿਦਿਆ ਬੈਠੀ ਮੁਖ ਛੁਪਾਈਆ । ਸ੍ਰੀ ਭਗਵਾਨ ਤੁਧ ਬਿਨ ਬਦਲੇ ਨਾ ਕੋਇ ਨਿਜ਼ਾਮ, ਨੌਬਤ ਨਾਮ ਨਾ ਕੋਇ ਵਜਾਈਆ । ਜਗਤ ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਅਸਾਨ, ਸ਼ੈਤਾਨ ਸ਼ਰਅ ਨਾਲ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਗੋਬਿੰਦ ਕਹੇ ਮੈਂ ਤੱਕਿਆ ਕਿਨਾਰਾ, ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਚਾਰ ਵਰਨਾਂ ਨਾ ਕੋਇ ਸਹਾਰਾ, ਸੱਚਾ ਸੰਗ ਨਾ ਕੋਇ ਨਿਭਾਈਆ । ਵਰਨ ਬਰਨ ਰੋਵਣ ਜ਼ਾਰੋ ਜ਼ਾਰਾ, ਧੀਰਜ ਸਚ ਨਾ ਕੋਇ ਜਣਾਈਆ । ਰਸਨਾ ਜਿਹਵਾ ਕੂਕਣ ਬੱਤੀ ਦੰਦ ਕਰਨ ਪੁਕਾਰਾ, ਮਨ ਵਾਸਨਾ ਦੇਣ ਦੁਹਾਈਆ । ਆਤਮ ਅੰਤਰ ਪਰਮ ਪੁਰਖ ਨਾ ਕੋਇ ਪਿਆਰਾ, ਸੁਰਤੀ ਸ਼ਬਦ ਨਾ ਕੋਇ ਬਣਾਈਆ । ਦੀਆ ਬਾਤੀ ਕਮਲਾਪਾਤੀ ਗ੍ਰਿਹਿ ਮੰਦਰ ਕੋਇ ਨਾ ਕਰੇ ਉਜਿਆਰਾ, ਅੰਧ ਅੰਧੇਰਾ ਜਗਤ ਨਾ ਕੋਇ ਮਿਟਾਈਆ । ਬੂੰਦ ਸਵਾਂਤੀ ਮਿਲੇ ਨਾ ਠੰਡੀ ਠਾਰਾ, ਅੰਮ੍ਰਿਤ ਜਲ ਨਾ ਕੋਇ ਪਿਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਭਰੇ ਨਾ ਕੋਇ ਭੰਡਾਰਾ, ਧੁਰ ਦੀ ਡਾਕ ਵਡ ਕਰਾਮਾਤ ਹੱਥ ਨਾ ਕੋਇ ਫੜਾਈਆ । ਸ਼ਾਹ ਸੁਲਤਾਨ ਵਿਚ ਜਹਾਨ ਨੇਤਰ ਰੋਵਣ ਜ਼ਾਰੋ ਜ਼ਾਰਾ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਮੈਂ ਵੇਖਿਆ ਦੋ ਜਹਾਨ ਉਹ ਨਜ਼ਾਰਾ, ਜਿਹੜਾ ਨਜ਼ਰ ਕਿਸੇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰਾ, ਰਜੋ ਤਮੋ ਸਤੋ ਨਾਲ ਮਿਲ ਕੇ ਦਏ ਦੁਹਾਈਆ । ਪੰਜ ਤਤ ਲੱਗਾ ਅਖਾੜਾ, ਆਖ਼ਰ ਬੈਠਾ ਡੇਰਾ ਢਾਹੀਆ । ਲੱਖ ਚੁਰਾਸੀ ਕੋਇ ਨਾ ਪਾਵੇ ਤੇਰੀ ਸਾਰਾ, ਸਰਬ ਸਵਾਮੀ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਇਕੋ ਤੇਰੇ ਅੱਗੇ ਹਾੜਾ, ਹੌਕਿਆਂ ਨਾਲ ਜਣਾਈਆ । ਹੁਣ ਲੇਖਾ ਛੱਡਦੇ ਜੰਗਲ ਜੂਹ ਉਜਾੜ ਪਹਾੜਾਂ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਭਵਰੀ ਆਪਣਾ ਪੜਦਾ ਲਾਹੀਆ । ਸਚ ਨਾਮ ਦਾ ਇਕ ਨਗਾਰਾ, ਦੋ ਜਹਾਨ ਵਜਾ ਅਗੰਮ ਅਪਾਰਾ, ਅਪਰੰਪਰ ਆਪਣੀ ਧਾਰ ਚਲਾਈਆ । ਕਲ ਕਲਕੀ ਪਰਗਟ ਪਰਸਿੱਧ ਹੋ ਨਰ ਨਰਾਇਣ ਅਵਤਾਰਾ, ਬੱਚਿਆਂ ਨਾਲ ਤੇਰੀ ਜ਼ਿਦ ਮੈਨੂੰ ਮੂਲ ਨਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲਹਿਣਾ ਮੰਗ ਮੰਗਾਈਆ । ਗੋਬਿੰਦ ਕਹੇ ਮੈਂ ਵੇਖਿਆ

ਮਾਤ, ਮਤਾ ਜਗਤ ਰਿਹਾ ਪਕਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਤੁਧ ਬਿਨ ਚੰਦ ਨਾ ਕੋਇ ਰੁਸ਼ਨਾਈਆ । ਵਿਦਿਆ ਲੇਖਾ ਕਲਮ ਦਵਾਤ, ਪਰਮਾਤਮ ਪੜਦਾ ਨਾ ਕੋਇ ਉਠਾਈਆ । ਮਾਤ ਪਿਤ ਭੈਣ ਭਾਈ ਬਣੇ ਸੱਜਣ ਸਾਕ, ਨਾਰ ਕੰਤ ਜੋੜ ਜੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਭਵਿਖਤ ਗਏ ਆਖ, ਵਰਤਾਵਣ ਵਾਲਾ ਨਜ਼ਰ ਕੋਇ ਨਾ ਆਈਆ । ਦੂਰ ਦੁਰਾਡੇ ਤੇਰੇ ਚਰਨਾਂ ਕਵਲਾਂ ਹੇਠ ਰਹੇ ਝਾਕ, ਝਾਕੀ ਆਪਣੀ ਇਕ ਲਗਾਈਆ । ਹੌਲੀ ਹੌਲੀ ਇਕ ਦੂਜੇ ਨਾਲ ਕਰਨ ਬਾਤ, ਬੀਤੀ ਕਹਾਣੀ ਰਹੇ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚੀ ਨਜ਼ਰ ਨਾ ਆਏ ਕੋਇ ਜਮਾਤ, ਪੱਟੀ ਨਾਮ ਨਾ ਕੋਇ ਪੜ੍ਹਾਈਆ । ਪੰਜ ਤਤ ਕਾਇਆ ਪਾ ਕੇ ਸਭ ਦਾ ਗਿਆ ਵਫ਼ਾਤ, ਵਫ਼ਾਦਾਰੀ ਆਪਣੇ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਨੀ ਧਰਤ ਧਵਲ ਉਪਰ ਖੇਲ ਖਿਲਾਈਆ । ਗੋਬਿੰਦ ਕਹੇ ਜਗਤ ਡਕੇਤ, ਸਚ ਕਹਾਣੀ ਦਿਆਂ ਸੁਣਾਈਆ । ਤੇਰੇ ਪਿਛੇ ਆਪਾ ਕੀਤਾ ਭੇਟ, ਬਾਲੇ ਨੀਹਾਂ ਹੇਠ ਦਬਾਈਆ । ਇਹ ਵੀ ਸਮਝ ਕੇ ਤੇਰੀ ਖੇਡ, ਖੇਲ ਆਪਣੀ ਨਾਲ ਮਿਲਾਈਆ । ਜਿਸ ਮਾਲਕ ਖ਼ਾਲਕ ਮੈਨੂੰ ਦਿਤਾ ਭੇਜ, ਪ੍ਰਿਤਪਾਲਕ ਇਕੋ ਲਿਆ ਬਣਾਈਆ । ਤੇਰੀ ਵੇਖੀ ਸੁਹੰਜਣੀ ਸਾਚੀ ਸੇਜ, ਸੋਭਾਵੰਤ ਨਜ਼ਰੀ ਆਈਆ । ਜੋਤੀ ਜਲਵਾ ਨੂਰੀ ਤੇਜ, ਸ਼ਬਦੀ ਨਾਦ ਕਰੇ ਸ਼ਨਵਾਈਆ । ਨਾ ਕੋਇ ਰੰਗ ਰੇਖ, ਰੂਪ ਕਹਿਣ ਕੋਇ ਨਾ ਪਾਈਆ । ਨਿਰਗੁਣ ਹੋ ਕੇ ਕਰੇ ਹੇਤ, ਹਿਤਕਾਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਵਖਾਈਆ । ਗੋਬਿੰਦ ਕਹੇ ਮੈਂ ਵੇਖਿਆ ਲੇਖ, ਜਿਹੜਾ ਧੁਰ ਦਾ ਦਿਤਾ ਬਣਾਈਆ । ਨਾਨਕ ਰੱਖ ਕੇ ਮੋਢੇ ਤੇ ਭੂਰੀ ਖੇਸ, ਬਿਨ ਅੱਖਾਂ ਅੱਖ ਰਿਹਾ ਖੁਲ੍ਹਾਈਆ । ਸੋਹਣਾ ਕਿਹੜਾ ਸੁਹੰਜਣਾ ਦੇਸ, ਜਿਸ ਘਰ ਬੈਠਾ ਡੇਰਾ ਲਾਈਆ । ਅੰਦਰ ਵੜ ਕੇ ਦੱਸੇ ਭੇਤ, ਪੜਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਜਣਾਈਆ । ਗੋਬਿੰਦ ਕਹੇ ਮੈਂ ਵੇਖਿਆ ਜਗਤ ਮਕਾਨ, ਮਕਬਰਾ ਰੂਪ ਨਜ਼ਰੀ ਆਈਆ । ਚਾਰੋਂ ਕੁੰਟ ਕੂੜ ਤੁਫ਼ਾਨ, ਤੋਬਾ ਤੋਬਾ ਕਰੇ ਲੋਕਾਈਆ । ਜੀਵ ਜੰਤ ਕਰੇ ਹਰਾਮ, ਧੀਰਜ ਧੀਰ ਨਾ ਕੋਇ ਰਖਾਈਆ । ਤੇਰਾ ਦਿਸਿਆ ਨਾ ਕੋਇ ਅਸਥਾਨ, ਭੂਮਿਕਾ ਮਿਲੇ ਨਾ ਕੋਇ ਵਡਿਆਈਆ । ਕਿਸ ਗ੍ਰਿਹਿ ਕਰੇਂ ਆਰਾਮ, ਸਚ ਸਿੰਘਾਸਣ ਸੋਭਾ ਪਾਈਆ । ਭੇਵ ਅਭੇਦਾ ਦੱਸ ਸ੍ਰੀ ਭਗਵਾਨ, ਦਰ ਤੇਰੇ ਮੰਗ ਮੰਗਾਈਆ । ਮੈਂ ਬਾਲਾ ਨੱਢਾ ਇਕ ਨਾਦਾਨ, ਸ਼ਬਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਾਥੀ ਦੇਣਾ ਵਖਾਈਆ । ਗੋਬਿੰਦ ਕਹੇ ਮੈਂ ਵੇਖਿਆ ਸਗਲਾ ਸੰਗ, ਜਗ ਜੀਵ ਨਜ਼ਰੀ ਆਈਆ । ਮੈਂ ਕਸ ਕੇ ਅਸਵ ਤੰਗ, ਸ਼ਾਹ ਸਵਾਰਾ ਬਣ ਕੇ ਫੇਰਾ ਪਾਈਆ । ਮੈਂ ਵਜਾ ਕੇ ਰਣਜੀਤ ਨਗਾਰਾ ਮਰਦੰਗ, ਮਰਦ ਮਰਦਾਨਾ ਰੂਪ ਵਟਾਈਆ । ਮੈਂ ਜਲਧਾਰਾ ਪਾਰ ਲੰਘ, ਧੁਰ ਦੀ ਕਾਰ ਕਮਾਈਆ । ਮੈਂ ਫੜ ਕੇ ਖੜਗ ਖੰਡ, ਖ਼ਾਲਸ ਤੇਰੀ ਲੋੜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਜਣਾਈਆ । ਗੋਬਿੰਦ ਕਹੇ ਮੈਂ ਵੇਖਿਆ ਘਾਟ, ਪ੍ਰਭ ਪਤਣ ਤੇਰਾ ਨਜ਼ਰੀ ਆਈਆ । ਜਿਥੇ ਕੋਇ ਨਾ ਸੱਜਣ ਸਾਕ, ਉਥੇ ਤੇਰੀ ਓਟ ਤਕਾਈਆ । ਜਿਥੇ ਦੇਵੇ ਕੋਈ ਨਾ ਦਾਤ, ਤੇਰਾ ਭੰਡਾਰਾ ਬੇਪਰਵਾਹੀਆ । ਜਿਥੇ ਕੋਈ ਨਾ ਪਿਤਾ ਮਾਤ, ਗੋਦੀ ਤੇਰੀ ਸੋਭਾ ਪਾਈਆ । ਜਿਥੇ ਕੋਈ ਨਾ ਜਗਤ ਖਾਟ, ਸਾਚੀ ਸੇਜਾ ਡੇਰਾ ਲਾਈਆ । ਜਿਥੇ ਕੋਈ ਨਾ ਦਿਸੇ

ਅਨਾਥ, ਚਰਨ ਕਵਲ ਸੱਚੀ ਸਰਨਾਈਆ । ਜਿਥੇ ਕੋਈ ਨਾ ਨੇਤਰ ਆਂਖ, ਅੱਠੇ ਪਹਿਰ ਹੋਵੇ ਰੁਸ਼ਨਾਈਆ । ਜਿਥੇ ਕੋਈ ਨਾ ਜੈਕਾਰਾ ਅਲਖ, ਉਥੇ ਤੇਰਾ ਨਾਮ ਅੰਤਰ ਅੰਤਰ ਆਪਣਾ ਰਾਗ ਸੁਣਾਈਆ । ਜਿਥੇ ਮੇਰਾ ਕੋਈ ਨਹੀਂ ਵਸ, ਉਥੇ ਪੁਰਖ ਸਮਰਥ ਸੋਹਣਾ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਗਲਾ ਦੇਣਾ ਦੱਸ, ਦਸ ਦਸਮੇਸ ਮੰਗ ਮੰਗਾਈਆ । ਗੋਬਿੰਦ ਕਹੇ ਮੈਂ ਫਿਰ ਫਿਰ ਥੱਕਾ, ਥਕਾਵਟ ਤੇਰੀ ਝੋਲੀ ਪਾਈਆ । ਖਾਲੀ ਵੇਖਿਆ ਮੈਂ ਮਦੀਨਾ ਮੱਕਾ, ਸਾਰੇ ਰਹੇ ਕੁਰਲਾਈਆ । ਮੰਦਰ ਵੇਖੇ ਵੇਖਿਆ ਸ਼ਿਵਦਵਾਲਾ ਮੱਠਾ, ਗੁਰੂਦਵਾਰ ਨਾ ਕੋਇ ਚਤੁਰਾਈਆ । ਨਵ ਨੌ ਚਾਰ ਫਿਰਿਆ ਨੱਠਾ, ਬਣ ਕੇ ਪਾਂਧੀ ਪੰਧ ਮੁਕਾਈਆ । ਜਗਤ ਵਾਸਨਾ ਜਗਤ ਲੁਟਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਤ ਸਰੋਵਰ ਹੋਏ ਨਾ ਕੋਇ ਸਹਾਈਆ । ਸਚ ਪ੍ਰੀਤੀ ਅੰਦਰ ਕੋਈ ਨਾਮ ਨਾ ਲਏ ਰਤਾ, ਰਤੀ ਰਤ ਰੰਗ ਨਾ ਕੋਇ ਰੰਗਾਈਆ । ਮੈਂ ਕਿਹੜਾ ਕਿਹੜਾ ਭੇਵ ਦੱਸਾਂ, ਤੂੰ ਵੇਖਣਹਾਰ ਬੇਪਰਵਾਹੀਆ । ਤੇਰੀ ਕਿਰਪਾ ਅੰਦਰ ਮੈਂ ਕਿਹੜੇ ਦੇਸ ਵਸਾਂ, ਸਾਚਾ ਮੰਦਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਆਸਣ ਦੇਣਾ ਸਮਝਾਈਆ । ਗੋਬਿੰਦ ਕਹੇ ਮੈਂ ਰੱਖੀ ਆਸ, ਅਸਲ ਤੇਰੀ ਓਟ ਤਕਾਈਆ । ਨਾਤਾ ਤੁੱਟਾ ਜੰਗਲ ਜੂਹ ਪਰਭਾਸ, ਟਿਲੇ ਪਰਬਤ ਚੋਟੀ ਦਿਤੀ ਤਜਾਈਆ । ਤੇਰੇ ਚਰਨਾਂ ਕਰਨ ਵਾਸ, ਨਿਵਣ ਸੁ ਅੱਖਰ ਸਚ ਪ੍ਰੀਤੀ ਆਪਣੀ ਝੋਲੀ ਪਾਈਆ । ਅਜੇ ਨਾ ਭੁੱਲੀ ਉਹ ਰਾਤ, ਜਿਹੜੀ ਮਾਛੂਵਾੜੇ ਵਿਚ ਵਖਾਈਆ । ਉਹ ਚਿੱਠੀ ਲਿਖੀ ਨਹੀਂ ਕਲਮ ਦਵਾਤ, ਸ਼ਬਦ ਸੰਦੇਸਾ ਦੇਵੇ ਚਾਈਂ ਚਾਈਆ । ਜਿਸ ਦਾ ਮਾਹੀ ਮਹਿਬੂਬ ਮੁਹੱਬਤ ਕਰਨ ਵਾਲਾ ਸਾਕ, ਸੱਜਣ ਇਕੋ ਬੇਪਰਵਾਹੀਆ । ਸਾਚੇ ਤਖ਼ਤ ਕਰੇ ਨਿਵਾਸ, ਸਰਬ ਭੂਪ ਵੱਡਾ ਸ਼ਹਿਨਸ਼ਾਹੀਆ । ਜਿਸ ਕਰਨਾ ਆਪੇ ਕਾਜ, ਕਰਤਾ ਕਾਦਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਣਾ ਧੁਰ ਦਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੋਬਿੰਦ ਕਹੇ ਮੈਂ ਫਿਰ ਕੇ ਆਇਆ, ਦੋ ਜਹਾਨਾਂ ਪੰਧ ਮੁਕਾਈਆ । ਕੂੜੀ ਦਿਸੀ ਜਗਤ ਮਾਇਆ, ਮਹੱਲ ਸਚ ਨਾ ਕੋਇ ਸੁਹਾਈਆ । ਤੇਰਾ ਰੂਪ ਨਜ਼ਰ ਨਾ ਆਇਆ, ਚਾਰੋਂ ਕੁੰਟ ਅੰਧੇਰਾ ਛਾਈਆ । ਪਿਛਲਾ ਲੇਖਾ ਚੇਤੇ ਆਇਆ, ਢੋਲਾ ਇਕ ਸੁਣਾਈਆ । ਜਿਸ ਦਾ ਭੱਤਾ ਆਪ ਖਵਾਇਆ, ਪ੍ਰਭ ਦਰ ਦਿਤਾ ਵਖਾਈਆ । ਸੋ ਸੰਤ ਦੁਲਾਰਾ ਦਰ ਮੰਗਣ ਆਇਆ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਗੋਬਿੰਦ ਕਹੇ ਮੈਂ ਵੇਖਿਆ ਬਣ ਕੇ ਮੰਗਤਾ, ਘਰ ਘਰ ਅਲਖ ਜਗਾਈਆ । ਜਗਤ ਜੀਵ ਭੁੱਖਾ ਨੰਗਤਾ, ਸਚ ਵਸਤ ਹੱਥ ਨਾ ਕੋਇ ਰਖਾਈਆ । ਸਭ ਦਾ ਲੇਖਾ ਨਾਰ ਰੰਡ ਦਾ, ਕੰਤ ਸੁਹਾਗੀ ਨਾ ਕੋਇ ਹੰਢਾਈਆ । ਟੁੱਟੀ ਮਾਤ ਨਾ ਕੋਇ ਗੰਢਦਾ, ਵਿਛੜੇ ਲਏ ਨਾ ਕੋਇ ਮਿਲਾਈਆ । ਵਣਜਾਰਾ ਵੇਖਿਆ ਭੇਖ ਪਖੰਡ ਦਾ, ਪਖੰਡੀ ਰੰਗ ਰਲੀਆਂ ਰਹੇ ਮਨਾਈਆ । ਮਨਮੁਖਾਂ ਕੋਈ ਨਾ ਡੰਡਦਾ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਮਾਣ ਰਿਹਾ ਨਾ ਬਾਣੀ ਖਾਣੀ ਛੰਦ ਦਾ, ਸਹਿੰਸਾ ਸਕੇ ਨਾ ਕੋਈ ਉਠਾਈਆ । ਡਰ ਰਿਹਾ ਨਾ ਗੁਜਰੀ ਚੰਦ ਦਾ, ਚੰਦਨ ਮੁਖੀਆ ਜਿਸ ਆਪਣਾ ਆਪ ਭੇਟ ਚੜ੍ਹਾਈਆ । ਜਹਾਨ ਵੇਖਿਆ ਵਹਿਣ ਕੂੜੀ ਕੰਗ ਦਾ, ਮਮਤਾ ਨਾਲ ਸ੍ਰਿਸ਼ਟੀ ਭੱਜੇ ਵਾਹੋ ਦਾਹੀਆ । ਵਸਤ ਅਮੋਲਕ ਪਤਿਪਰਮੇਸ਼ਵਰ ਇਕੋ ਤੇਰੇ ਦਰ ਤੋਂ ਮੰਗਦਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਧੁਰ ਦਾ ਸੰਗ ਦੇਣਾ ਸਮਝਾਈਆ । ਗੋਬਿੰਦ ਕਹੇ ਮੈਨੂੰ ਹੋਇਆ ਫ਼ਿਕਰ, ਫ਼ਿਕਰਿਆਂ ਵਿਚ ਸੁਣਾਈਆ । ਸੱਜਣ ਦਿਸੇ ਨਾ ਕੋਈ ਮਿੱਤਰ, ਮੀਤ ਮੁਰਾਰਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਦੀ ਧਾਰ ਵਿਚੋਂ ਕੋਈ ਨਾ ਆਵੇ ਨਿੱਕਲ, ਨਿਰੰਕਾਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਘਰ, ਜਿਸ ਘਰ ਬਹਿ ਕੇ ਤੇਰਾ ਧਿਆਨ ਲਗਾਈਆ । ਗੋਬਿੰਦ ਕਹੇ ਮੈਂ ਵੇਖੇ ਘਰ ਦਰਵਾਜ਼ੇ, ਗ੍ਰਿਹਿ ਗ੍ਰਿਹਿ ਫੇਰਾ ਪਾਈਆ । ਕਿਸੇ ਮਿਲਿਆ ਨਾ ਗ਼ਰੀਬ ਨਿਵਾਜ਼ੇ, ਨਿਵਾਜ਼ਸ਼ ਵਿਚ ਨਾ ਕੋਇ ਲੋਕਾਈਆ । ਸੁਰਾਂ ਨਾਲ ਵੱਜਦੇ ਵੇਖੇ ਵਾਜੇ, ਅਨਹਦ ਰਾਗ ਨਾ ਕੋਇ ਸੁਣਾਈਆ । ਕੋਟਨ ਕੋਟ ਕਰਨ ਅਨੰਦ ਕਾਜੇ, ਤੇਰੀ ਕਰੇ ਨਾ ਕੋਇ ਕੁੜਮਾਈਆ । ਪਰਮ ਪੁਰਖ ਪਤਿਪਰਮੇਸ਼ਵਰ ਹੌਲੀ ਜਿਹੀ ਮਾਰੇ ਆਵਾਜ਼ੇ, ਆਪਣੀ ਆਪ ਜਣਾਈਆ । ਤੇਰਾ ਖੇਲ ਦੇਸ ਮਾਝੇ, ਮਜਲਸ ਆਪਣੇ ਨਾਲ ਬਣਾਈਆ । ਤੇਰਾ ਮਾਲਕ ਰਾਜਨ ਰਾਜੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦੀ ਸੁਤ ਤੈਨੂੰ ਨਿਵਾਜ਼ੇ, ਸਿਰ ਆਪਣਾ ਹੱਥ ਰਖਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਬਾਂਧੇ, ਬੰਦਗੀ ਦਿਤੀ ਦ੍ਰਿੜਾਈਆ । ਦਿਵਸ ਰੈਣ ਢੋਲਾ ਸੋਹਲਾ ਗਾਉਂਦੇ, ਕਲਮਾਂ ਨਬੀ ਨਬੀ ਅਲਾਈਆ । ਕਲਜੁਗ ਵੇਖ ਅੰਤ ਸ਼ਰਮਾਉਂਦੇ, ਨੈਣ ਸਕੇ ਨਾ ਕੋਇ ਉਠਾਈਆ । ਚਾਰ ਜੁਗ ਦੇ ਥੱਕੇ ਮਾਂਦੇ, ਚਰਨ ਕਵਲ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਜਣਾਈਆ । ਪਾਰਬ੍ਰਹਮ ਕਹੇ ਉਹ ਗੋਬਿੰਦ ਤੱਕ, ਤਰਾ ਤਰਾ ਜਣਾਈਆ । ਜਿਸ ਦਾ ਲੇਖਾ ਲਿਖਿਆ ਨਾਲ ਹੱਥ, ਹਸਤ ਹਸਤ ਨਾਲ ਮਿਲਾਈਆ । ਸਾਹਿਬ ਪੁਰਖ ਸਮਰਥ, ਵਡ ਦਾਤਾ ਇਕ ਅਖਵਾਈਆ । ਲੋਕਮਾਤ ਨਿਰਗੁਣ ਧਾਰ ਜੋਤ ਸਰੂਪ ਆਇਆ ਨੱਠ, ਸ਼ਬਦੀ ਰੂਪ ਵਟਾਈਆ । ਸਾਚੇ ਮੰਦਰ ਉਚ ਮਹੱਲ ਅਟਲ ਮਨਾਰ ਗਿਆ ਵਸ, ਸੰਬਲ ਡੇਰਾ ਲਾਈਆ । ਜਿਸ ਨੂੰ ਤੱਕੇ ਨਾ ਕੋਇ ਅੱਖ, ਨੇਤਰ ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਰਿਹਾ ਦ੍ਰਿੜਾਈਆ । ਤੇਰਾ ਲਹਿਣਾ ਪਹਿਲੀ ਅੱਸੂ, ਅਸੂਲ ਨਾਲ ਦਏ ਸਮਝਾਈਆ । ਓਹ ਵੇਖ ਮਸੀਹ ਯਸੂ, ਜੁਸਤਜੂ ਵਿਚ ਧਿਆਨ ਲਗਾਈਆ । ਮੁਹੰਮਦ ਮਹਿਬਾਨ ਖੇਲ ਵੇਖ ਹੱਸੂ, ਹਸਤੀ ਬੇਪਰਵਾਹ ਨਜ਼ਰੀ ਆਈਆ । ਨਾਨਕ ਨਿਰਗੁਣ ਸਭ ਨੂੰ ਦੱਸੂ, ਦਹਿ ਦਿਸ਼ਾ ਢੋਲਾ ਗਾਈਆ । ਪੁਰਖ ਅਕਾਲ ਬਣ ਦਲਾਲ ਦੋ ਜਹਾਨ ਨੱਠੂ, ਭੱਜੇ ਵਾਹੋ ਦਾਹੀਆ । ਗੋਬਿੰਦ ਤੈਨੂੰ ਚੜ੍ਹਨਾ ਪਏ ਨਾ ਉਤੇ ਟੱਟੂ, ਵਾਗ ਹੱਥ ਨਾ ਕੋਇ ਵਖਾਈਆ । ਸ਼ਬਦ ਸੁੱਤ ਮੇਰਾ ਕਦੇ ਨਾ ਹੋਵੇ ਮਨਖੱਟੂ, ਖੱਟੀ ਦੋ ਜਹਾਨਾਂ ਤੇਰੀ ਝੋਲੀ ਪਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਭਾਣੇ ਪਿਛੇ ਕਦੇ ਨਾ ਹਟੂ, ਹੱਟ ਵਣਜਾਰੇ ਚੌਦਾਂ ਲੋਕ ਚੌਦਾਂ ਤਬਕ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਂਧੀ ਬਣ ਕੇ ਨੱਸੂ, ਨੱਸ ਨੱਸ ਲਾਗੇ ਪਾਈਆ । ਗੁਰਮੁਖ ਵਿਰਲਾ ਸਚ ਦਵਾਰ ਚਰਨ ਕਵਲ ਵਸੂ, ਵਾਸਤਾ ਤੇਰੇ ਮੇਰੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਗੋਬਿੰਦ ਕਹੇ ਪ੍ਰਭ ਤੂੰ ਬੜਾ ਚਲਾਕ, ਅਛਲ ਛਲ ਤੇਰੀ ਸਮਝ ਕਿਸੇ ਨਾ ਆਈਆ । ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗ਼ੰਬਰ ਸੰਤ ਮਿਲਾਏ ਵਿਚ ਖ਼ਾਕ, ਖ਼ਾਕੀ ਖ਼ਾਕ ਰੂਪ ਸਮਾਈਆ । ਥੋੜੀ ਥੋੜੀ ਝੋਲੀ ਪਾ ਕੇ ਦਾਤ, ਜਗਤ ਦਾਨੇ ਵੱਡੇ ਅਖਵਾਈਆ । ਦੀਨ ਮਜ਼੍ਹਬ ਬਣਾਈ ਜਮਾਤ, ਜਾਮਨ ਹੋ ਕੇ ਗਏ ਸਮਝਾਈਆ । ਜਿਨ੍ਹਾਂ ਦਾ ਵੇਖਿਆ ਹੁੰਦਾ ਦਿਹਾਂਤ, ਮਕਬਰਿਆਂ ਵਿਚ ਬੈਠੇ ਡੇਰਾ ਲਾਈਆ ।

ਉਨ੍ਹਾਂ ਦਾ ਸਦਾ ਸਦਾ ਸਦ ਕੀ ਬਣਿਆ ਰਹੇ ਸਿਧਾਂਤ, ਵਿਧਾਨ ਸਕੇ ਨਾ ਕੋਇ ਸਮਝਾਈਆ । ਮੈਂ ਹੈਰਾਨ ਹੋਇਆ ਤੇਰੀ ਇਹ ਨਿੱਕੀ ਜਿਹੀ ਬਾਤ, ਸਮਝ ਸਕੇ ਕੋਇ ਨਾ ਰਾਈਆ । ਮੁਰੀਦ ਮੁਰਸ਼ਦ ਦੋਵੇਂ ਪਾ ਕੇ ਗਏ ਵਫ਼ਾਤ, ਵਫ਼ਾਦਾਰ ਹੋ ਕੇ ਸੇਵ ਕਮਾਈਆ । ਸਭ ਨੂੰ ਲੇਖਾ ਦੇਣਾ ਪਿਆ ਹਿਸਾਬ, ਹਾਸਲ ਸਕਿਆ ਨਾ ਕੋਇ ਬਚਾਈਆ । ਕਿਸੇ ਸਮਝ ਨਾ ਆਇਆ ਹਕੀਕੀ ਇਸ਼ਕ ਮਿਜ਼ਾਜ, ਮਿਜਾਜ਼ੀ ਬਣ ਕੇ ਸਾਰਿਆਂ ਨੂੰ ਦਿਤਾ ਤੜਫ਼ਾਈਆ । ਨਾ ਤੇਰਾ ਕੋਈ ਜਲਵਾ ਨਾ ਆਵਾਜ਼, ਆਦਾਬ ਦਰਸ਼ਨ ਕਰ ਕਰ ਸੀਸ ਨਿਵਾਈਆ । ਕਿਸੇ ਨੂੰ ਹੁਜਰਾ ਦੱਸ ਕੇ ਮਹਿਰਾਬ, ਮੁਹੱਬਤ ਆਪਣਾ ਪੜਦਾ ਦਿਤਾ ਚੁਕਾਈਆ । ਕਿਸੇ ਨੂੰ ਬਾਹਰ ਲਗਾ ਕੇ ਕਨਾਤ, ਅੰਦਰ ਸ਼ਬਦੀ ਹੁਕਮ ਜਣਾਈਆ । ਕਿਸੇ ਨੂੰ ਹਿੱਸਿਆਂ ਵਿਚ ਵੰਡ ਜਮਾਤ, ਜੁਮਲਿਆਂ ਅੱਖਰਾਂ ਵਿਚ ਕਰੀ ਪੜ੍ਹਾਈਆ । ਕਿਸੇ ਨੂੰ ਹੱਥ ਦੇ ਕੇ ਕਲਮ ਦਵਾਤ, ਕਾਤਬ ਹੋ ਕੇ ਲੇਖ ਲਿਖਾਈਆ । ਅੰਤਮ ਸਾਰਿਆਂ ਨੂੰ ਦੇ ਅਜ਼ਾਬ, ਅਜੀਬ ਤਰਾ ਆਪਣੇ ਨਾਲ ਮਿਲਾਈਆ । ਕਿਸੇ ਨੂੰ ਘੋੜੇ ਉਤੇ ਚਾੜ੍ਹ ਹੱਥ ਫੜਾਈ ਵਾਗ, ਭੱਜਿਆ ਵਾਹੋ ਦਾਹੀਆ । ਕਿਸੇ ਦੇ ਅੰਦਰ ਨਿੱਕੀ ਜਿਹੀ ਜੋਤੀ ਜਗਾ ਕੇ ਚਰਾਗ਼, ਪੈਗ਼ੰਬਰ ਦਿਤਾ ਬਣਾਈਆ । ਕਿਸੇ ਨੂੰ ਆਤਮ ਪਰਮਾਤਮ ਦੱਸ ਕੇ ਸਾਕ, ਨਾਤਾ ਲਿਆ ਜੁੜਾਈਆ । ਕਿਸੇ ਦਾ ਖੋਲ੍ਹ ਕੇ ਅੰਦਰੋਂ ਤਾਕ, ਤਰੀਕਿਆਂ ਨਾਲ ਬੰਧਾਈਆ । ਕਿਸੇ ਨੂੰ ਹੌਲੀ ਜਿਹੀ ਆਖ, ਸ਼ਬਦੀ ਲਿਆ ਉਠਾਈਆ । ਕਿਸੇ ਨੂੰ ਲੱਭਿਆ ਜਾ ਕੇ ਰਾਤ, ਸੁਰਤੀ ਪੰਧ ਮੁਕਾਈਆ । ਕਿਸੇ ਨੂੰ ਅਗਲਾ ਲੇਖਾ ਗਿਆ ਆਖ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਕਲਜੁਗ ਅੰਤਮ ਖੇਲ ਕਰਾਂ ਤਮਾਸ਼, ਤਮਾਸ਼ਬੀਨ ਹੋ ਕੇ ਵੇਖ ਵਖਾਈਆ । ਬਣ ਕੇ ਗੋਪੀ ਕਾਹਨ ਪਾਵਾਂ ਰਾਸ, ਮੰਡਲ ਮੰਡਪ ਆਪ ਸੁਹਾਈਆ । ਠੱਗਾਂ ਚੋਰਾਂ ਯਾਰਾਂ ਡਾਕੂਆਂ ਵਿਚੋਂ ਬਣ ਕੇ ਆਪ ਬਦਮਾਸ਼, ਬਦਮਾਸ਼ੀ ਸਭ ਦੀ ਦਿਆਂ ਮਿਟਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੱਭਾਂ ਦਾਸ, ਗੁਰਮੁਖ ਗੁਰਸਿਖ ਆਪ ਬਣਾਈਆ । ਆਪਣੇ ਮਿਲਣ ਦੀ ਦੱਸ ਕੇ ਜਾਚ, ਜਾਚਕ ਰੂਪ ਦਿਆਂ ਜਣਾਈਆ । ਗੋਬਿੰਦ ਜਿਥੇ ਕੋਈ ਸਮਝ ਨਾ ਸਕੇ ਦਿਮਾਗ਼, ਬੁੱਧੀ ਕੰਮ ਕੋਇ ਨਾ ਆਈਆ । ਉਸ ਤੋਂ ਅੱਗੇ ਮੇਰੀ ਪਹਿਲੀ ਚਲੇ ਆਵਾਜ਼, ਅੱਗੇ ਹੋਕੇ ਦੇ ਦੇ ਰਿਹਾ ਸੁਣਾਈਆ । ਇਹ ਖੇਲ ਅਵਲੜਾ ਡੂੰਘਾ ਰਾਜ਼, ਜਿਸ ਦੀ ਰਮਜ਼ ਸਭ ਨੂੰ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਬਖ਼ਸ਼ੇ ਧੁਰ ਦੀ ਦਾਤ, ਦਇਆਵਾਨ ਦਇਆ ਕਮਾਈਆ । ਗੋਬਿੰਦ ਕਹੇ ਕੀ ਦੱਸਿਆ ਘਰ, ਘਰਾਨਿਆਂ ਵਿਚੋਂ ਨਜ਼ਰੀ ਆਈਆ । ਕਿਸ ਬਿਧ ਅੰਦਰ ਜਾਵਾਂ ਵੜ, ਦਰ ਦਰਵਾਜ਼ਾ ਕਵਣ ਖੁਲ੍ਹਾਈਆ । ਕਿਸ ਪੌੜੀ ਜਾਵਾਂ ਚੜ੍ਹ, ਮੰਜ਼ਲ ਪੰਧ ਮੁਕਾਈਆ । ਕਿਸ ਮਹਿਰਾਬੇ ਜਾਵਾਂ ਖੜ੍ਹ, ਮਹਿਬੂਬ ਵੇਖਾਂ ਚਾਈਂ ਚਾਈਂਆ । ਕਵਣ ਕਲਮਾ ਲਵਾਂ ਪੜ੍ਹ, ਕਲਾਮ ਬੇਪਰਵਾਹੀਆ । ਕਵਣ ਸਿੰਘਾਸਣ ਚਰਨ ਕਵਲ ਲਵਾਂ ਧਰ, ਸਤਿ ਸਤਿਵਾਦੀ ਹੋਵਾਂ ਸਦ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਜਣਾਈਆ । ਗੋਬਿੰਦ ਤੇਰਾ ਘਰ ਘਰਾਨਾ, ਘਰ ਘਰ ਬਣਾਈਆ । ਅਗੰਮ ਅਥਾਹ ਸਚ ਮਕਾਨਾ, ਬੇਮੁਕਾਮ ਰਿਹਾ ਸੁਣਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਇਕ ਤਰਾਨਾ, ਆਪ ਆਪਣਾ ਦਏ ਸਮਝਾਈਆ । ਆਸਣ ਸਿੰਘਾਸਣ ਸਚ ਮਹਾਨਾ, ਮਹਿਮਾ ਵਿਚ ਸਿਫ਼ਤ ਸਾਲਾਹੀਆ । ਆਪ ਵਖਾਏ ਸ਼ਾਹ ਪਾਤਸ਼ਾਹ ਰਾਜ ਰਾਜਾਨਾ, ਸ਼ਹਾਨਾ ਰੂਪ ਨਜ਼ਰੀ ਆਈਆ । ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਆਪ ਦਏ ਵਡਿਆਈਆ । ਫੜ ਬਾਹੋਂ ਬਾਲ ਅੰਞਾਣਾ, ਗੋਬਿੰਦ ਅੱਗੇ

ਦਏ ਲਗਾਈਆ । ਫੇਰ ਦਏ ਧੁਰ ਫ਼ਰਮਾਨਾ, ਸਚ ਸੰਦੇਸ਼ਾ ਇਕ ਸੁਣਾਈਆ । ਨੇਤਰ ਖੋਲ੍ਹ ਨੌਜਵਾਨਾ, ਬਾਲ ਬਿਰਧ ਨਾ ਰੂਪ ਵਟਾਈਆ । ਤੇਰਾ ਲੇਖਾ ਜਗਤ ਜਹਾਨਾਂ, ਲੋਕਮਾਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਹਿਨਸ਼ਾਹੀਆ । ਗੋਬਿੰਦ ਤੇਰਾ ਮੰਦਰ ਸੁਹਾਵਣਾ, ਸੋਭਾਵੰਤ ਦਏ ਵਡਿਆਈਆ । ਸਚ ਸਿੰਘਾਸਣ ਇਕ ਵਿਛਾਵਣਾ, ਲੇਫ਼ ਤਲਾਈ ਲੋੜ ਰਹੇ ਨਾ ਰਾਈਆ । ਦੀਵਾ ਬਾਤੀ ਇਕ ਜਗਾਵਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਇਕ ਰਖਾਵਣਾ, ਨਾਮ ਖ਼ੁਮਾਰੀ ਸਦਾ ਚੜ੍ਹਾਈਆ । ਪੜਦਾ ਓਹਲਾ ਆਪ ਚੁਕਾਵਣਾ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਸਾਚਾ ਢੋਲਾ ਇਕੋ ਗਾਵਣਾ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਖਾਈਆ । ਸਾਚੇ ਮੰਦਰ ਮੇਲ ਮਿਲਾਵਣਾ, ਮਿਲਿਆ ਵਿਛੜ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਅੱਗੇ ਦਏ ਪਰਗਟਾਈਆ । ਗੋਬਿੰਦ ਤੇਰਾ ਲੇਖਾ ਅੱਗੇ, ਅਗਲੀ ਵਾਰਤਾ ਸਮਝ ਕਿਸੇ ਨਾ ਪਾਈਆ । ਹੌਲੀ ਹੌਲੀ ਸਾਹਿਬ ਸਵਾਮੀ ਦੱਸੇ, ਦਹਿ ਦਿਸ਼ਾ ਕਰੇ ਜਣਾਈਆ । ਜਨ ਭਗਤਾਂ ਨੇਤਰ ਵਖਾਏ ਅੱਖੇ, ਨੈਣ ਦਏ ਵਖਾਈਆ । ਜੋ ਅਹਿਬਾਬ ਬਣੇ ਰਹੇ ਸਖੇ, ਅੰਤਮ ਸਗਲਾ ਸੰਗ ਬਣਾਈਆ । ਜਿਨ੍ਹਾਂ ਤੇਰੇ ਸਚ ਪ੍ਰੇਮ ਪਿਆਰ ਦੇ ਢੋਲੇ ਰਟੇ, ਅੰਤਮ ਰੱਟਾ ਦੇ ਚੁਕਾਈਆ । ਜਿਨ੍ਹਾਂ ਚਰਨ ਧੂੜੀ ਖ਼ਾਕ ਲਾਈ ਤਨ ਰਤੇ, ਰਤੀ ਰਤ ਲੇਖੇ ਲਾਈਆ । ਤਿਨ੍ਹਾਂ ਸਾਹਿਬ ਸਵਾਮੀ ਵੇਖੇ ਆਪਣੀ ਅੱਖੇ, ਆਖ਼ਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਇਕੋ ਵਾਰ ਦਏ ਸਮਝਾਈਆ । ਗੋਬਿੰਦ ਕਹੇ ਕੀ ਦਿਤਾ ਸੰਦੇਸਾ, ਧੁਰ ਦਾ ਹਾਲ ਜਣਾਈਆ । ਮੈਂ ਅੱਖੀਂ ਏਨ੍ਹਾਂ ਵੇਖਾਂ, ਜਿਨ੍ਹਾਂ ਵੇਖਿਆ ਬੇਪਰਵਾਹੀਆ । ਜਿਨ੍ਹਾਂ ਨੂੰ ਪਾਰਬ੍ਰਹਮ ਦੇਵੇ ਸੰਦੇਸਾ, ਧੁਰ ਦਾ ਰਾਗ ਸੁਣਾਈਆ । ਮੈਂ ਏਨ੍ਹਾਂ ਚੁਕਾਵਾਂ ਲੇਖਾ, ਪਿਛਲੀ ਲਿਖਤ ਦਏ ਗਵਾਹੀਆ । ਜਿਨ੍ਹਾਂ ਸਾਥ ਮੇਰਾ ਪੰਜ ਤਤ ਮੁੱਛ ਦਾਹੜੀ ਕੇਸਾ, ਖੰਡਾ ਖੜਗ ਤਨ ਕਟਾਰ ਵਖਾਈਆ । ਏਨ੍ਹਾਂ ਪਿਛੇ ਧਾਰ ਕੇ ਭੇਸਾ, ਸ਼ਬਦੀ ਆਪਣਾ ਰੂਪ ਵਖਾਈਆ । ਸ਼ਾਹ ਪਾਤਸ਼ਾਹ ਵੇਖ ਕੇ ਨਰ ਨਰੇਸ਼ਾ ਨਰਾਇਣ ਇਕੋ ਲਿਆ ਜਣਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈ ਸਦਾ ਰਿਹਾ ਜਣਾਈਆ । ਜਿਸ ਦੀ ਗੋਦੀ ਅੰਦਰ ਹੋ ਕੇ ਖੇਡਾਂ, ਬੱਚਿਆਂ ਵਾਂਗ ਸੋਭਾ ਪਾਈਆ । ਉਸ ਦਾ ਲਹਿਣਾ ਦੇਣਾ ਮੇਰੇ ਨਾਲੋਂ ਸਦਾ ਡੇਉਢਾ, ਦੁਗਣਿਆਂ ਚੌਗਣਿਆਂ ਵਿਚ ਸਾਰ ਨਾ ਕੋਇ ਜਣਾਈਆ । ਜੇ ਕੋਇ ਪੁੱਛੇ ਪ੍ਰਭੂ ਕੇਡਾ, ਵੱਡਿਆਂ ਵਿਚੋਂ ਵੱਡਾ ਸਕੇ ਨਾ ਕੋਇ ਵਡਿਆਈਆ । ਮੈਂ ਇਕੋ ਜਾਣਾ ਜਿਸ ਨੇ ਆਦਿ ਜੁਗਾਦਿ ਗੁਰ ਅਵਤਾਰ ਭੇਜਾ, ਭਜਨ ਬੰਦਗੀ ਵਿਚ ਲਗਾਈਆ । ਉਹ ਸਾਹਿਬ ਅਗੰਮੀ ਸੁੱਤਾ ਸੇਜਾ, ਬਾਂਕਾ ਸੋਹਣਾ ਛੈਲ ਛਬੀਲਾ ਨੂਰ ਇਲਾਹੀਆ । ਮੈਂ ਓਸ ਦਾ ਓਨ੍ਹਾਂ ਦਿਆਂ ਸੰਦੇਸਾ, ਧੁਰ ਦਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰਤਮਾਨ ਤੇਰੇ ਲੇਖੇ ਲਾਈਆ । ਗੋਬਿੰਦ ਕਹੇ ਕੀ ਵਰਤਮਾਨ, ਵਾਰਤਾ ਸਾਚੀ ਦਏ ਜਣਾਈਆ । ਪੁਰਖ ਅਕਾਲ ਵੇਖ ਮਾਰ ਧਿਆਨ, ਧਿਆਨੀ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਆਏ ਗਿਆਨ, ਅੱਖਰਾਂ ਨਾਲ ਸਮਝਾਈਆ । ਪੁਰਖ ਅਕਾਲ ਕਹੇ ਔਹ ਵੇਖ ਸਾਰੇ ਹੋਏ ਬੇਈਮਾਨ, ਬੇਵਾ ਰੂਪ ਵਟਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਨਾ ਕਿਸੇ ਹੰਢਾਈਆ । ਘਰ ਘਰ ਅੰਦਰ ਵੜਿਆ ਸ਼ੈਤਾਨ, ਦਿਵਸ ਰੈਣ ਪੰਚ ਵਿਕਾਰ ਕਰੇ


੪੧੭
੧੨

ਲੜਾਈਆ । ਗੋਬਿੰਦ ਕਹੇ ਪ੍ਰਭੂ ਮੈਂ ਗੁਰਮੁਖ ਲਏ ਪਛਾਣ, ਜਿਨ੍ਹਾਂ ਦਾ ਪਿਛਲਾ ਲੇਖਾ ਮੇਰੇ ਨਾਲ ਆਈਆ । ਓਨ੍ਹਾਂ ਨੂੰ ਇਕੋ ਇਕ ਤੇਰਾ ਗਿਆਨ, ਦੂਜੀ ਪੱਟੀ ਨਾ ਕੋਇ ਜਣਾਈਆ । ਢੋਲਾ ਗਾ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪੱਲਾ ਗਏ ਛੁਡਾਈਆ । ਸੱਯਦੇ ਕਰਦੇ ਪੀਰ ਪੈਗ਼ੰਬਰ ਨਾਲ ਸਲਾਮ, ਗੁਰ ਅਵਤਾਰ ਨਮੋ ਨਮੋ ਕਹਿ ਸੁਣਾਈਆ । ਉਹ ਬੈਠੇ ਬਾਆਰਾਮ, ਆਰਾਮਗਾਹ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲੈਣਾ ਲਗਾਈਆ । ਅਕਾਲ ਪੁਰਖ ਕਹੇ ਗੋਬਿੰਦ ਸੱਚੇ, ਸਚ ਤੇਰੀ ਵਡਿਆਈਆ । ਮੈਂ ਜਿਨ੍ਹਾਂ ਲਿਖ ਕੇ ਦਿਤੇ ਪਟੇ, ਪਾਟਲ ਹੋ ਕੇ ਹੁਕਮ ਸੁਣਾਈਆ । ਉਹ ਕਦੇ ਨਾ ਚੜ੍ਹੇ ਫਾਂਸੀ ਫਟੇ, ਰਾਏ ਧਰਮ ਨਾ ਦਏ ਸਜ਼ਾਈਆ । ਵਿਕ ਗਏ ਸਾਚੇ ਹੱਟੇ, ਕਰਤਾ ਕੀਮਤ ਰਿਹਾ ਚੁਕਾਈਆ । ਆਵਣ ਜਾਵਣ ਜਨਮ ਮਰਨ ਦੇ ਚੁੱਕ ਗਏ ਰੱਟੇ, ਰਟਿਆ ਇਕੋ ਸੱਚਾ ਮਾਹੀਆ । ਪਿਛਲੀ ਮਸਾਲ ਸਾਰੇ ਕਹਿਣ ਧੰਨੇ ਪਾਇਆ ਵਿਚੋਂ ਵੱਟੇ, ਕਲਜੁਗ ਅੰਤਮ ਸਨਮੁਖ ਹੋ ਕੇ ਦਰਸ ਵਖਾਈਆ । ਏਹੋ ਜੇਹੇ ਲਾਹੇ ਕਿਸੇ ਨਾ ਖੱਟੇ, ਚਾਰ ਜੁਗ ਗੁਰ ਅਵਤਾਰ ਸਾਰੇ ਗਏ ਧਿਆਨ ਲਗਾਈਆ । ਲਿਖ ਲਿਖ ਸੰਦੇਸ਼ੇ ਪੱਤਰਾਂ ਉਤੇ ਦੇ ਕੇ ਗਏ ਪਤੇ, ਕਲਮ ਸ਼ਾਹੀ ਨਾਲ ਬਣਾਈ ਗਵਾਹੀਆ । ਪਾਂਧੀ ਬਣ ਕੇ ਫਿਰਦੇ ਰਹੇ ਨੱਸੇ, ਭੱਜ ਭੱਜ ਪੰਧ ਮੁਕਾਈਆ । ਆਸਣ ਲੌਂਦੇ ਰਹੇ ਮਦੀਨੇ ਮੱਕੇ, ਮਕਸੂਦ ਮੰਜ਼ਲ ਗਏ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵਾਨ ਦਰ ਘਰ ਆ ਗੁਰਮੁਖਾਂ ਪਤ ਰੱਖੇ, ਪ੍ਰੀਤਮ ਪ੍ਰੇਮ ਪ੍ਰੀਤੀ ਆਪਣੇ ਨਾਲ ਰਖਾਈਆ । ਗੋਬਿੰਦ ਕਹੇ ਏਹ ਮੇਰੇ ਗੁਰਮੁਖ ਗੁਰਸਿਖ ਬਾਲੇ ਬੱਚੇ ਉਹ ਸਕੇ, ਜਿਨ੍ਹਾਂ ਨਾਤਾ ਧੁਰ ਦਾ ਲਿਆ ਜੁੜਾਈਆ । ਗੁਰਮੁਖ ਕਹਿਣ ਅਸੀਂ ਸਰਨਾਈ ਓਹਦੀ ਢੱਠੇ, ਜੋ ਢੱਠਿਆਂ ਗਲੇ ਲਗਾਈਆ । ਪੁਰਖ ਅਕਾਲ ਕਹੇ ਤੁਸੀਂ ਧੁਰ ਦੇ ਧਰੂ ਨਾਲੋਂ ਚੰਗੇ ਬੱਚੇ, ਜਿਨ੍ਹਾਂ ਰਾਹ ਵਿਚ ਨਾ ਕੋਇ ਅਟਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਵਾਰ ਆਪਣੇ ਰੱਖੇ, ਰੱਖਿਆ ਕਰੇ ਹਰ ਘਟ ਥਾਈਆ । ।

## ✪ ੯ ਭਾਦਰੋਂ ੨੦੨੧ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਿਹ ਦਿੱਲੀ ✪

ਸ਼ਬਦ ਗੋਬਿੰਦ ਗੋਬਿੰਦ ਸ਼ਬਦ, ਸ਼ਬਦ ਗੋਬਿੰਦ ਰੂਪ ਵਟਾਈਆ । ਦੋਹਾਂ ਦਾ ਨਾ ਕੋਈ ਦੀਨ ਨਾ ਮਜ਼੍ਹਬ, ਜ਼ਾਤ ਪਾਤ ਨਾ ਕੋਇ ਰਖਾਈਆ । ਸਚ ਦਵਾਰੇ ਇਕੋ ਜੇਹਾ ਅਦਬ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਸ਼ਬਦ ਗੋਬਿੰਦ ਧਾਰ ਲਏ ਬਦਲ, ਨਿਰਗੁਣ ਸਰਗੁਣ ਵੇਸ ਵਟਾਈਆ । ਗੋਬਿੰਦ ਸ਼ਬਦ ਹੋ ਕੇ ਕਰੇ ਅਦਲ, ਅਦਾਲਤ ਇਕੋ ਇਕ ਵਖਾਈਆ । ਸ਼ਬਦ ਗੋਬਿੰਦ ਚੜ੍ਹਾਏ ਮਜ਼ਲ, ਦਰ ਸਾਚਾ ਇਕ ਸੁਹਾਈਆ । ਗੋਬਿੰਦ ਸ਼ਬਦ ਕਦੇ ਨਾ ਆਏ ਅਜ਼ਲ, ਆਦਿ ਅੰਤ ਨਾ ਕੋਇ ਮਿਟਾਈਆ । ਸ਼ਬਦ ਗੋਬਿੰਦ ਗਾਏ ਗ਼ਜ਼ਲ, ਨਾਮ ਨਗ਼ਮਾ ਇਕ ਸਮਝਾਈਆ । ਸ਼ਬਦ ਗੋਬਿੰਦ ਕੋਈ ਨਾ ਤੋਲੇ ਵਜ਼ਨ, ਜਗਤ ਤਰਾਜ਼ੂ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਆਪ ਸਮਾਈਆ । ਗੋਬਿੰਦ ਹੁਕਮ ਸ਼ਬਦ ਫ਼ਰਮਾਨ, ਸ਼ਬਦ ਗੋਬਿੰਦ ਆਪ ਜਣਾਈਆ । ਸ਼ਬਦ ਗੋਬਿੰਦ ਕਰੇ ਧਿਆਨ, ਧਿਆਨ ਗੋਬਿੰਦ ਸ਼ਬਦ ਲਗਾਈਆ । ਸ਼ਬਦ ਗੋਬਿੰਦ ਕਰੇ ਪਰਵਾਨ, ਪਰਵਾਨਾ ਸ਼ਬਦ ਗੋਬਿੰਦ ਆਪ ਫੜਾਈਆ । ਸ਼ਬਦ ਗੋਬਿੰਦ ਦੇਵੇ ਮਾਨ, ਮਾਣ ਗੋਬਿੰਦ ਸ਼ਬਦ

ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸ਼ਬਦ ਗੋਬਿੰਦ ਗੋਬਿੰਦ ਸ਼ਬਦ ਬਲਦੇਵ, ਬਲਧਾਰੀ ਆਪ ਪਰਗਟਾਇੰਦਾ । ਗੋਬਿੰਦ ਸ਼ਬਦ ਕਰੇ ਸੇਵ, ਸੇਵਾ ਗੋਬਿੰਦ ਸ਼ਬਦ ਲਗਾਇੰਦਾ । ਸ਼ਬਦ ਗੋਬਿੰਦ ਦੇਵੇ ਮੇਵ, ਮੇਵਾ ਸ਼ਬਦ ਗੋਬਿੰਦ ਰਸ ਚਖਾਇੰਦਾ । ਗੋਬਿੰਦ ਵਸੇ ਧਾਮ ਨਿਹਕੇਵ, ਗੋਬਿੰਦ ਸ਼ਬਦ ਨਿਹਚਲ ਧਾਮ ਵੇਖ ਵਖਾਇੰਦਾ । ਸ਼ਬਦ ਗੋਬਿੰਦ ਗਾਏ ਰਸਨਾ ਜਿਹਵ, ਜਿਹਵਾ ਰਸਨਾ ਗੋਬਿੰਦ ਸ਼ਬਦ ਸ਼ਬਦ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸ਼ਬਦ ਗੋਬਿੰਦ ਬਣ ਸਵਾਮੀ, ਗੋਬਿੰਦ ਸ਼ਬਦ ਮਾਣ ਰਖਾਈਆ । ਸ਼ਬਦ ਗੋਬਿੰਦ ਅੰਤਰਜਾਮੀ, ਗੋਬਿੰਦ ਸ਼ਬਦ ਵੇਖੇ ਚਾਈਂ ਚਾਈਂਆ । ਸ਼ਬਦ ਗੋਬਿੰਦ ਅਗੰਮੀ ਬਾਣੀ, ਗੋਬਿੰਦ ਸ਼ਬਦ ਰਿਹਾ ਜਣਾਈਆ । ਸ਼ਬਦ ਗੋਬਿੰਦ ਅੰਮ੍ਰਿਤ ਰਸ ਠੰਡਾ ਪਾਣੀ, ਗੋਬਿੰਦ ਸ਼ਬਦ ਝਿਰਨਾ ਰਿਹਾ ਝਿਰਾਈਆ । ਸ਼ਬਦ ਗੋਬਿੰਦ ਮਹੱਲ ਅਟਲ ਵਸੇ ਸਚ ਸੁਲਤਾਨੀ, ਗੋਬਿੰਦ ਸ਼ਬਦ ਸਿੰਘਾਸਣ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ੍ਰਹਿ ਮੰਦਰ ਘਰ ਸੱਜਣ ਇਕੋ ਇਕ ਬਣਾਈਆ । ਸ਼ਬਦ ਗੋਬਿੰਦ ਆਦਿ ਜੁਗਾਦਿ, ਜੁਗ ਚੌਕੜੀ ਗੋਬਿੰਦ ਸ਼ਬਦੀ ਰੂਪ ਵਟਾਈਆ । ਸ਼ਬਦ ਗੋਬਿੰਦ ਅਨਾਦ ਬ੍ਰਹਿਮਾਦ, ਗੋਬਿੰਦ ਸ਼ਬਦ ਬ੍ਰਹਮ ਬ੍ਰਹਿਮੰਡ ਸੁਣਾਈਆ । ਸ਼ਬਦ ਗੋਬਿੰਦ ਇਕ ਆਵਾਜ਼, ਗੋਬਿੰਦ ਸ਼ਬਦ ਰਾਗ ਅਲਾਈਆ । ਸ਼ਬਦ ਗੋਬਿੰਦ ਸੀਸ ਪਹਿਨਾਏ ਤਾਜ, ਗੋਬਿੰਦ ਸ਼ਬਦ ਸ਼ੁਕਰ ਮਨਾਈਆ । ਸ਼ਬਦ ਗੋਬਿੰਦ ਕਰਾਏ ਸਚ ਰਾਜ, ਗੋਬਿੰਦ ਸ਼ਬਦ ਸੀਸ ਨਿਵਾਈਆ । ਦੋਹਾਂ ਵਿਚੋਲਾ ਆਪ ਮਹਾਰਾਜ, ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੋਬਿੰਦ ਆਪਣੀ ਧੁਰ ਦੀ ਰੱਖੀ ਦਾਤ, ਨਿਤ ਨਵਿਤ ਆਪ ਆਪਣੀ ਰਿਹਾ ਵਰਤਾਈਆ ।



## ੯-੧੦ ਭਾਦਰੋਂ ੨੦੨੧ ਬਿਕ੍ਰਮੀ ਰਤਨ ਸਿੰਘ ਦਿੱਲੀ, ਕਰਤਾਰ ਸਿੰਘ ਸ਼ਕੂਰ ਬਸਤੀ ਦਿੱਲੀ

ਸਤਿਗੁਰ ਪੂਰਾ ਸਦ ਕਰੇ ਮਿਹਰ, ਮਿਹਰਵਾਨ ਦਇਆ ਕਮਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿਸੰਤ ਸਤਿ ਦਵਾਰੇ ਲਿਆਏ ਘੇਰ, ਕੂੜੀ ਕਿਰਿਆ ਵਿਚੋਂ ਕਢਾਇੰਦਾ । ਮਨ ਕਾ ਮਣਕਾ ਦੇਵੇ ਫੇਰ, ਮਨਸਾ ਮਮਤਾ ਮੋਹ ਚੁਕਾਇੰਦਾ । ਦੂਈ ਦਵੈਤੀ ਜੜ੍ਹ ਦੇਵੇ ਉਖੇੜ, ਹਉਮੇ ਹੰਗਤਾ ਰੋਗ ਗਵਾਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰ, ਘਰ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਮਿਹਰ ਆਪਣੀ ਆਪ ਕਮਾਇੰਦਾ । ਮਿਹਰ ਕਰੇ ਹਰਿ ਭਗਵੰਤ, ਭਗਵਨ ਵਡ ਵਡਿਆਈਆ । ਮਿਹਰ ਅੰਦਰ ਖੇਲ ਅਨੰਤ, ਅਕਲ ਕਲਧਾਰੀ ਰੂਪ ਵਟਾਈਆ । ਮਿਹਰ ਅੰਦਰ ਮਹਿੰਮਾ ਅਗਣਤ, ਸਚਖੰਡ ਸਾਚੇ ਸੋਭਾ ਪਾਈਆ । ਮਿਹਰ ਅੰਦਰ ਬਣਾਏ ਬਣਤ, ਬਿਨ ਨਾਰ ਕੰਤ ਸ਼ਬਦੀ ਸੁਤ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ । ਮਿਹਰਵਾਨ ਸ੍ਰੀ ਭਗਵਾਨ, ਹਰਿ ਮੁਹੱਬਤ ਆਪ ਜਣਾਈਆ । ਮਿਹਰ ਅੰਦਰ ਦੇ ਕੇ ਦਾਨ, ਨਿਰਗੁਣ ਝੋਲੀ ਸਚ ਭਰਾਈਆ । ਮਿਹਰ ਅੰਦਰ ਦੀਆ ਬਾਤੀ ਕਮਲਾਪਾਤੀ ਜਗਾਏ ਮਹਾਨ, ਨੂਰੋ ਨੂਰ ਕਰੇ ਰੁਸ਼ਨਾਈਆ । ਮਿਹਰ ਅੰਦਰ ਸਚਖੰਡ ਨਿਵਾਸੀ ਥਿਰ ਘਰ ਕਰੇ ਪਰਵਾਨ,

ਆਪ ਆਪਣੀ ਖੇਲ ਖਿਲਾਈਆ । ਮਿਹਰ ਅੰਦਰ ਸ਼ਬਦੀ ਧਾਰਾ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਦਾਤਾ ਦਾਨੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਇਕੋ ਇਕ ਰਖਾਈਆ । ਮਿਹਰ ਅੰਦਰ ਗਹਿਰ ਗੰਭੀਰ, ਹਰਿ ਕਰਤਾ ਖੇਲ ਕਰਾਇੰਦਾ । ਮਿਹਰ ਅੰਦਰ ਬੇਨਜ਼ੀਰ, ਪਰਵਰਦਿਗਾਰ ਆਪਣਾ ਹੁਕਮ ਵਰਤਾਇੰਦਾ । ਮਿਹਰ ਅੰਦਰ ਖੇਲ ਕਰੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਮਿਹਰ ਅੰਦਰ ਤ੍ਰੈਗੁਣ ਮਾਇਆ, ਪੰਜ ਤਤ ਦਏ ਵਡਿਆਈਆ । ਮਿਹਰ ਅੰਦਰ ਨਿਰਗੁਣ ਸਰਗੁਣ ਖੇਲ ਰਚਾਇਆ, ਤਤਵ ਤਤ ਨਾਲ ਜੁੜਾਈਆ । ਮਿਹਰ ਅੰਦਰ ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਇਆ, ਚਾਰੇ ਖਾਣੀ ਬਣਤ ਬਣਾਈਆ । ਮਿਹਰ ਅੰਦਰ ਸ਼ਬਦ ਅਨਾਦੀ ਢੋਲਾ ਗਾਇਆ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਈਆ । ਮਿਹਰ ਅੰਦਰ ਬ੍ਰਹਿਮੰਡ ਖੰਡ ਮਾਣ ਜਣਾਇਆ, ਪੁਰੀ ਲੋਅ ਆਕਾਸ਼ ਪਾਤਾਲ ਰਵ ਸਸ ਸੂਰਜ ਚੰਦ ਸਿਰ ਆਪਣਾ ਹੱਥ ਰਖਾਈਆ । ਮਿਹਰ ਅੰਦਰ ਆਤਮ ਬ੍ਰਹਮ ਘਰ ਘਰ ਟਿਕਾਇਆ, ਮੰਦਰ ਸਾਚੇ ਆਪ ਬਹਾਈਆ । ਮਿਹਰ ਅੰਦਰ ਜੁਗ ਚੌਕੜੀ ਵੇਸ ਵਟਾਇਆ, ਅਛਲ ਛਲ ਧਾਰੀ ਆਪਣੀ ਕਾਰ ਕਮਾਈਆ । ਮਿਹਰ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸੰਦੇਸ਼ਾ ਨਾਮ ਸੁਣਾਇਆ, ਧੁਰ ਦਾ ਢੋਲਾ ਸੋਹਲਾ ਵਾਕ ਇਕ ਸੁਣਾਈਆ । ਮਿਹਰ ਅੰਦਰ ਭਗਤ ਭਗਵਾਨ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਿਹਰ ਅੰਦਰ ਸੰਤ ਸੁਹੇਲੇ ਸੰਗ ਰਲਾਇਆ, ਸਗਲਾ ਸੰਗ ਨਿਭਾਈਆ । ਮਿਹਰ ਅੰਦਰ ਗੁਰਮੁਖ ਗੁਰ ਗੁਰ ਗੋਦ ਬਿਠਾਇਆ, ਅੰਗਨ ਇਕੋ ਇਕ ਜਣਾਈਆ । ਮਿਹਰ ਅੰਦਰ ਗੁਰਸਿਖ ਠਾਂਡਾ ਦਰ ਏਕ ਜਣਾਇਆ, ਪੜਦਾ ਓਹਲਾ ਆਪ ਉਠਾਈਆ । ਮਿਹਰ ਅੰਦਰ ਮਿਹਬਾਨ ਬੀਦੋ ਮੁਹੱਬਤ ਆਪਣੇ ਨਾਲ ਪਰਗਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੱਚਾ ਸ਼ਹਿਨਸ਼ਾਹੀਆ । ਮਿਹਰ ਅੰਦਰ ਜੁਗ ਚੌਕੜੀ ਚਾਰ, ਨਿਤ ਨਵਿਤ ਵੇਖ ਵਖਾਈਆ । ਮਿਹਰ ਅੰਦਰ ਖੇਲ ਸਰਬ ਸੰਸਾਰ, ਵਡ ਸੰਸਾਰੀ ਆਪ ਕਰਾਈਆ । ਮਿਹਰ ਅੰਦਰ ਖਾਣੀ ਬਾਣੀ ਬੋਲ ਜੈਕਾਰ, ਬੋਧ ਅਗਾਧ ਕਰੇ ਪੜ੍ਹਾਈਆ । ਮਿਹਰ ਅੰਦਰ ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਨਿਰਵੈਰ ਨਿਰਾਕਾਰ ਸਾਚੀ ਕਾਰ ਕਮਾਈਆ । ਰਚਨਾ ਰਚ ਵੇਖੇ ਵਿਗਸੇ ਵੇਖਣਹਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਿਹਰ ਅੰਦਰ ਕਰੇ ਬਿਨ ਨਜ਼ਰਾਂ ਨਜ਼ਰ ਨਿਹਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਰਬ ਥਾਈਆ । ਮਿਹਰ ਬਿਨਾ ਕਾਹਦੀ ਕੋਇ ਨਦਰ, ਨਦਰੀ ਨਜ਼ਰ ਨਿਹਾਲਿਆ । ਬਿਨਾ ਮਿਹਰ ਕਿਸੇ ਦੀ ਕੀਮਤ ਨਾ ਕੋਇ ਕਦਰ, ਕੁਦਰਤ ਤਾਰ ਨਾ ਅੰਦਰ ਧਰਾ ਲਿਆ । ਬਿਨਾ ਮਿਹਰ ਪੂਰੀ ਹੋਵੇ ਨਾ ਸਧਰ, ਅੱਖ ਨਾਲ ਪ੍ਰਤਖ ਰੂਪ ਦਰਸ ਕਿਸੇ ਨਾ ਪਾ ਲਿਆ । ਬਿਨਾ ਮਿਹਰ ਨਾਤਾ ਤੁਟੇ ਨਾ ਜਗਤ ਗ਼ਦਰ, ਕੂੜੀ ਕਿਰਿਆ ਹਉਮੇ ਹੰਗਤਾ ਰੋਗ ਗਵਾ ਲਿਆ । ਜਿਨ੍ਹਾਂ ਉਤੇ ਸਤਿਗੁਰ ਪੂਰੇ ਕੀਤੀ ਮਿਹਰ, ਇਨ੍ਹਾਂ ਦੇ ਅੱਗੇ ਪਿਛੇ ਨਦਰ, ਸੇਵਕ ਦਾਸੀ ਰੂਪ ਵਟਾ ਲਿਆ । ਏਹ ਉਚੀ ਸੱਚੀ ਸੁੱਚੀ ਮੰਜ਼ਲ, ਪੁਰਖ ਅਬਿਨਾਸ਼ੀ ਖੇਲ ਰਚਾ ਲਿਆ । ਜਿਨ੍ਹਾਂ ਅੱਖਰਾਂ ਨਾਲ ਢੋਲਾ ਗਾਏ ਗ਼ਜ਼ਲ, ਕਲਮਾ ਨਬੀ ਰਸੂਲ ਅਲਫ਼ ਯੇ ਸਮਝਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹ ਬੇਪਰਵਾਹੀ ਵਿਚ ਸਮਾ ਲਿਆ । ਮਿਹਰ ਕਹੇ ਮੇਰੀ ਨਦਰ ਦਾਸੀ, ਦਾਸੀਆਂ ਵਿਚੋਂ ਨਜ਼ਰੀ

੪੨੦ ੧੨

ਆਈਆ । ਨਦਰ ਕਹੇ ਮੇਰਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੇਹੜਾ ਜੁਗ ਚੌਕੜੀ ਮੈਨੂੰ ਬਖ਼ਸ਼ੇ ਦਾਤੀ, ਆਪਣੀ ਮਿਹਰ ਮੇਰੇ ਨਾਲ ਮਿਲਾਈਆ । ਬਿਨ ਮਿਹਰ ਮੈਂ ਕਿਸੇ ਦੀ ਬਣੀ ਨਾ ਕਦੇ ਸਾਥੀ, ਸੰਗੀ ਹੋ ਕੇ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨਾਂ ਦਾਤਾ ਬੇਪਰਵਾਹੀਆ । ਨਦਰ ਕਹੇ ਮਿਹਰ ਤੂੰ ਮੇਰੀ, ਮੇਰੀਆਂ ਵਿਚੋਂ ਨਜ਼ਰੀ ਆਈਆ । ਮੈਂ ਓਸ ਸਾਹਿਬ ਦੀ ਚੇਰੀ, ਜਿਸ ਤੇਰੀ ਬਣਤ ਬਣਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਗੇੜੀ, ਗੇੜਾ ਆਪਣਾ ਹੱਥ ਰਖਾਈਆ । ਨਿਤ ਨਵਿਤ ਪਾਵਣਹਾਰਾ ਫੇਰੀ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਆਵੇ ਜਾਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਦਰ ਇਕ ਦੂਜੇ ਨਾਲ ਨਾਤਾ ਦਏ ਜੁੜਾਈਆ । ਮਿਹਰ ਕਹੇ ਸੁਣ ਨਦਰ ਭੈਣ, ਹੌਲੀ ਜੇਹੀ ਸਮਝਾਈਆ । ਤੈਨੂੰ ਸੰਦੇਸਾ ਦੱਸਾਂ ਸਾਚੇ ਸਾਹਿਬ ਸੈਣ, ਜੋ ਧੁਰ ਦਾ ਰਿਹਾ ਜਣਾਈਆ । ਬਿਨ ਓਸ ਦੀ ਕਿਰਪਾ ਤੇਰਾ ਕੋਈ ਨਾ ਬਣੇ ਦੇਣਾ ਦੇਣ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਦਰ ਨਦਰ ਮਿਹਰ ਅੱਗੇ ਪਿਛੇ ਪਿਛੇ ਅੱਗੇ ਦੋਹਾਂ ਆਪਣੇ ਨਾਲ ਰਲਾਈਆ । ਪਹਿਲੋਂ ਸਮਝੋ ਸਾਚਾ ਮਰਦ, ਮਰਦ ਮਰਦਾਨਾ ਦਏ ਜਣਾਈਆ । ਜਿਸ ਦਾ ਖੇਲ ਸਦਾ ਅਸਚਰਜ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਨਿਤ ਨਵਿਤ ਖੇਲੇ ਖੇਲ ਅਰਸ਼ ਫ਼ਰਸ਼, ਦੋ ਜਹਾਨਾਂ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਕੋਲ ਰੱਖੇ ਫ਼ਰਦ, ਫ਼ਰਮਾਂਬਰਦਾਰ ਆਪਣੇ ਹੁਕਮ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸੇ ਦਾ ਹੋਣ ਨਾ ਦੇਵੇ ਹਰਜ, ਹਰਜਾਨੇ ਸਭ ਦੇ ਲੇਖੇ ਲਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਜਿਸ ਨੇ ਲਾਹੁਣਾ ਕਰਜ਼, ਮਕਰੂਜ਼ ਇਕੋ ਇਕ ਅਖਵਾਈਆ । ਜਿਸ ਬੇਦਰਦੀ ਨੂੰ ਸਭ ਦਾ ਦਰਦ, ਦਰ ਦੀਵਾਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਸਾਚਾ ਮਰਦ ਪੁਰਖ ਅਕਾਲ, ਅਕਲ ਕਲ ਧਾਰੀ ਇਕ ਅਖਵਾਇੰਦਾ । ਜਿਸ ਦਾ ਸੋਹਣਾ ਸੁਹੰਜਣਾ ਲਾਲ, ਗੋਬਿੰਦ ਰੂਪ ਨਜ਼ਰੀ ਆਇੰਦਾ । ਜਿਸ ਦਾ ਦੋ ਜਹਾਨਾਂ ਏਥੇ ਓਥੇ ਵੱਜੇ ਤਾਲ, ਛੱਤੀ ਰਾਗ ਸਮਝ ਨਾ ਪਾਇੰਦਾ । ਜਿਸ ਦੇ ਹੁਕਮ ਅੰਦਰ ਕਾਲ ਮਹਾਂਕਾਲ, ਬ੍ਰਹਿਮੰਡ ਖੰਡ ਨਿਉਂ ਨਿਉਂ ਸੀਸ ਝੁਕਾਇੰਦਾ । ਜਿਸ ਦਾ ਬੋਧ ਅਗਾਧ ਸ਼ਬਦ ਅਗੰਮੀ ਗਾਨ, ਆਤਮ ਪਰਮਾਤਮ ਭੇਵ ਅਭੇਦਾ ਆਪ ਖੁਲ੍ਹਾਇੰਦਾ । ਜਿਸ ਦਾ ਲਹਿਣਾ ਦੇਣਾ ਹੁਕਮ ਜ਼ਿਮੀਂ ਅਸਮਾਨ, ਰਵ ਸਸ ਸੂਰਜ ਚੰਦ ਨਿਉਂ ਨਿਉਂ ਸੀਸ ਝੁਕਾਇੰਦਾ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਕਰੋੜ ਤੇਤੀਸਾ ਸੰਗ ਮਿਲਾਇੰਦਾ । ਜਿਸ ਦਾ ਈਸਾ ਮੂਸਾ ਮੁਹੰਮਦ ਮੰਨਣ ਸਚ ਮੁਕਾਮ, ਮੁਕਾਮੇ ਹਕ ਲਾਸ਼ਰੀਕ ਸੋਭਾ ਪਾਇੰਦਾ । ਜਿਸ ਦਾ ਖੇਲ ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਕਰੇ ਹੈਰਾਨ, ਚੌਦਸ ਚੰਦ ਮੁਖ ਸ਼ਰਮਾਇੰਦਾ । ਸੋ ਜੋਧਾ ਸੂਰਬੀਰ ਬਲਵਾਨ, ਬਲਧਾਰੀ ਆਪ ਪਰਗਟਾਇੰਦਾ । ਜਿਸ ਦਾ ਚਿੱਲਾ ਤਰਕਸ਼ ਅਨੋਖਾ ਤੀਰ ਕਮਾਨ, ਸ਼ਮਸ਼ੀਰ ਆਪਣੀ ਆਪ ਪਰਗਟਾਇੰਦਾ । ਜਿਸ ਦਾ ਖੰਡਾ ਨਜ਼ਰ ਨਾ ਆਏ ਵਿਚ ਜਹਾਨ, ਲੋਹਾਰ ਤਰਖਾਣ ਨਾ ਕੋਇ ਘੜਾਇੰਦਾ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕਰਨ ਬਿਆਨ, ਅੰਜੀਲ ਕੁਰਾਨ ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਸੋ ਗਹਿਰ ਗੰਭੀਰ ਨੌਜਵਾਨ, ਸਤਿ ਸਰੂਪ ਸੋਭਾ ਪਾਇੰਦਾ । ਜਿਸ ਵੱਲ ਜੀਵ ਜੰਤ ਸਾਰੇ ਕਰਨ ਧਿਆਨ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ ।

ਜੋ ਸਦਾ ਸਦਾ ਸਦ ਸੁਣਨਹਾਰ ਫ਼ਰਮਾਨ, ਅੰਤਰ ਇਕੋ ਇਕ ਧਿਆਨ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਰਦ ਆਪਣਾ ਭੇਵ ਖੁਲ੍ਹਾਇੰਦਾ । ਸਾਚਾ ਮਰਦ ਸਚ ਸੁਲਤਾਨ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਲੇਖਾ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਜੋ ਏਥੇ ਓਥੇ ਹੁਕਮਰਾਨ, ਜਗਤ ਜਗਦੀਸ਼ ਜਗਦੀਸ਼ਰ ਆਪਣੇ ਹੱਥ ਰੱਖੇ ਵਡਿਆਈਆ । ਜਿਸ ਨੂੰ ਝੁਕਦੇ ਕੋਟਨ ਕੋਟ ਗੋਪੀ ਕਾਹਨ, ਰਾਮ ਰਮਈਆ ਬੈਠੇ ਅੱਖ ਖੁਲ੍ਹਾਈਆ । ਜਿਸ ਦਾ ਨਾਨਕ ਨਿਰਗੁਣ ਲਿਖਿਆ ਬਿਆਨ, ਸਰਗੁਣ ਨਾਨਕ ਜਣਾਈਆ । ਸੋ ਮਰਦ ਮਰਦਾਂ ਵਿਚੋਂ ਉਹਦਾ ਕਿਸੇ ਨਾ ਮਿਲੇ ਨਿਸ਼ਾਨ, ਨਾਮ ਮਰਦਾਨਗੀ ਵਿਚ ਕਦੇ ਨਾ ਆਈਆ । ਅਗੰਮ ਅਥਾਹ ਮਹੱਲ ਅਟਲ ਬੈਠਾ ਓਸ ਮਕਾਨ, ਜਿਸ ਦਾ ਮਾਲਕ ਇਕ ਅਖਵਾਈਆ । ਸ਼ਬਦ ਸਰੂਪੀ ਸੰਦੇਸ਼ ਧੁਰ ਫ਼ਰਮਾਨ, ਧੁਰ ਦੀ ਧਾਰ ਜਣਾਈਆ । ਨਾਨਕ ਨਿਰਗੁਣ ਨਿਰਵੈਰ ਨਿਰੰਕਾਰ ਸਚ ਸੰਦੇਸਾ ਦਿਤਾ ਜਹਾਨ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧੁਰ ਦਾ ਮਰਦ ਕਹੇ ਪ੍ਰਭ ਸੱਜਣ ਸੁਹੇਲਾ, ਸਤਿ ਸਤਿਵਾਦੀ ਆਪ ਜਣਾਈਆ । ਸਦ ਵਸਣਹਾਰਾ ਧਾਮ ਨਵੇਲਾ, ਮਹੱਲ ਅਟਲ ਕਰੇ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਬਹੇ ਵੇਹਲਾ, ਘੜਨ ਭੰਨਣਹਾਰ ਸਮਰਥ ਸਵਾਮੀ ਆਪਣੀ ਕਾਰ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰਗਾਹ ਸਾਚੀ ਸਚ ਭੂਮਿਕਾ ਲੱਗਾ ਰਹੇ ਮੇਲਾ, ਧੁਰ ਦੀ ਧਾਰ ਵਿਚੋਂ ਰਹੇ ਜਣਾਈਆ । ਏਨ੍ਹਾਂ ਵਿਚੋਂ ਸ਼ਬਦੀ ਗੁਰ ਗੁਰ ਗੋਬਿੰਦ ਸਾਚਾ ਚੇਲਾ, ਜਿਸ ਦਾ ਚਿੱਲਾ ਤੀਰ ਕਮਾਨ ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਸਦਾ ਸ੍ਰਿਸ਼ਟ ਸਬਾਈ ਵੇਖੇ ਬਿਨ ਅੱਖਾਂ ਇਕੇਲਾ, ਦ੍ਰਿਸ਼ਟੀ ਸਭ ਦੇ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਦ੍ਰਿੜਾਈਆ । ਨਾਨਕ ਕਿਹਾ ਮਰਦ ਕਾ ਚੇਲਾ ਏਕ, ਏਕੰਕਾਰ ਏਕਾ ਬਣਤ ਬਣਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਨਾ ਕੋਇ ਵਡਿਆਈਆ । ਗੁਰ ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਕਰੇ ਹੇਤ, ਅੰਤਰ ਆਤਮ ਵੇਖ ਵਖਾਈਆ । ਰਣਭੂਮੀ ਕਦੀ ਨਾ ਸੁੱਤਾ ਖੇਤ, ਅੰਗ ਅੰਗ ਨਾ ਕੋਇ ਕਟਾਈਆ । ਸੀਸ ਕੱਟ ਕਰੇ ਨਾ ਕੋਈ ਭੇਟ, ਖੰਡਾ ਖੜਗ ਨਾ ਕੋਇ ਚਲਾਈਆ । ਓਸ ਚੇਲੇ ਦੀ ਅਗੰਮੀ ਖੇਡ, ਜੇਹੜਾ ਕਲਜੁਗ ਚਲਿੱਤਰ ਦਏ ਗਵਾਈਆ । ਉਹ ਪੁਰਖ ਅਕਾਲ ਦੇਵੇ ਭੇਜ, ਦੁਲਾਰਾ ਧੁਰ ਦਾ ਆਪ ਬਣਾਈਆ । ਸਾਚੀ ਮਾਣੇ ਇਕੋ ਸੇਜ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜੋਤੀ ਜਲਵਾ ਹੁਕਮੇ ਤੇਜ, ਸ਼ਬਦੀ ਨਾਦ ਕਰੇ ਸ਼ਨਵਾਈਆ । ਜਿਸ ਦੀ ਮਹਿੰਮਾ ਸਿਫ਼ਤਾਂ ਵਿਚੋਂ ਅਲੇਖ, ਕਾਤਬ ਕਲਮ ਸ਼ਾਹੀ ਨਾ ਕੋਇ ਵਡਿਆਈਆ । ਤਿਸ ਚੇਲੇ ਨੂੰ ਸਾਰੇ ਕਰਨ ਆਦੇਸ, ਨਿਉਂ ਨਿਉਂ ਲਾਗਣ ਪਾਈਆ । ਏਹ ਪਰਮ ਪੁਰਖ ਦਾ ਵੇਸ, ਕਲਜੁਗ ਅੰਤਮ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਕੌਲ ਪੂਰਬ ਇਕਰਾਰ, ਨਾਨਕ ਸ਼ਬਦੀ ਨੂਰ ਉਠਾਈਆ । ਮਰਦ ਕਾ ਚੇਲਾ ਔਣਾ ਜਗ, ਨਿਰਗੁਣ ਨਾਨਕ ਗਿਆ ਸਮਝਾਈਆ । ਉਹ ਉਤੇ ਵਸੇ ਸ਼ਾਹ ਰਗ, ਨੌਂ ਦਵਾਰੇ ਸਮਝ ਕੋਇ ਨਾ ਪਾਈਆ । ਘਰ ਵਿਚ ਘਰ ਪਾਰ ਕਰਾਏ ਹਦ, ਮੰਦਰ ਅੰਦਰ ਨਿਰਮਲ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦੀ ਅਗੰਮੀ ਨਾਦ ਜਾਏ ਵੱਜ, ਧੁਨ ਆਤਮਕ ਰਾਗ ਸੁਣਾਈਆ । ਡੂੰਘੀ ਭਵਰੀ ਵੇਖੇ ਕਾਇਆ ਖੱਡ, ਸੁਖਮਨ ਟੇਡੀ ਬੰਕ ਪੜਦਾ ਦਏ ਚੁਕਾਈਆ । ਸੰਤ ਸੁਹੇਲੇ ਗੁਰ

ਚੇਲੇ ਗੁਰਮੁਖ ਆਪ ਬਣਾਏ ਆਪਣੀ ਯੱਦ, ਯੱਦ ਇਕੋ ਇਕ ਵਡਿਆਈਆ । ਮਿਹਰ ਨਜ਼ਰ ਨਾਲ ਲੱਖ ਚੁਰਾਸੀ ਵਿਚੋਂ ਲਏ ਕੱਢ, ਦੋ ਜਹਾਨਾਂ ਆਪਣਾ ਦਰਸ ਵਖਾਈਆ । ਲੇਖੇ ਲਾਏ ਕਾਇਆ ਮਾਟੀ ਹੱਡ, ਆਤਮ ਪਰਮਾਤਮ ਨਾਲ ਜੁੜਾਈਆ । ਉਹ ਮਰਦ ਮਰਦਾਨਾ ਸ੍ਰੀ ਭਗਵਾਨਾ ਵੇਖੇ ਹੱਸ ਹੱਸ, ਕੀ ਕੀ ਚੇਲਾ ਮੇਰਾ ਖੇਲ ਵਖਾਈਆ । ਕੂੜੀ ਕਿਰਿਆ ਭਾਂਡਾ ਜਾਏ ਭੱਜ, ਕਾਚੀ ਮਟਕੀ ਰਹਿਣ ਕੋਇ ਨਾ ਪਾਈਆ । ਜਿਸ ਸਾਹਿਬ ਸਤਿਗੁਰ ਕੋਲੋਂ ਹੋਏ ਅੱਡ, ਤਿਸ ਦੇ ਨਾਲ ਨਾਲਸ਼ ਕਰਨ ਵਾਲੇ ਲਏ ਮਿਲਾਈਆ । ਇਕੋ ਸਤਿ ਜੈਕਾਰਾ ਬੋਲੇ ਗੱਜ, ਦੋ ਜਹਾਨ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਰਦ ਕਾ ਚੇਲਾ ਆਪਣੀ ਖੇਲ ਕਰਾਈਆ । ਚੇਲਾ ਕਹੇ ਮਰਦ ਅਗੰਮੜਾ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਚਾ ਜਾਪ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਕਰੇ ਪਾਠ, ਅੱਖਰ ਅੱਖਰ ਰਹੇ ਜਸ ਗਾਈਆ । ਸੰਤਾਂ ਭਗਤਾਂ ਜੀਵਾਂ ਜੰਤਾਂ ਦਏ ਖ਼ਤਾਬ, ਮੁਖ਼ਾਤਬ ਹੋ ਕੇ ਦਏ ਸਮਝਾਈਆ । ਮਹੱਲ ਅਟਲ ਵਸੇ ਉਚ ਮਹਿਰਾਬ, ਮਹਿਬੂਬ ਬੇਪਰਵਾਹੀਆ । ਉਹ ਮਰਦ ਕਾ ਚੇਲਾ ਸਭ ਦਾ ਵੇਖੇ ਹਿਸਾਬ ਕਿਤਾਬ, ਹਸਤ ਕੀਟ ਊਚ ਨੀਚ ਰਾਜ ਰਾਜਾਨ ਸ਼ਾਹ ਸੁਲਤਾਨ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸ਼ਬਦੀ ਧਾਰ ਚਲਾਈਆ ।





## ੧੧ ਭਾਦਰੋਂ ੨੦੨੧ ਬਿਕ੍ਰਮੀ ਰਾਜਾ ਰਾਮ ਦੇ ਗ੍ਰਹਿ ਦਿੱਲੀ

ਵਸਤ ਪਵੇ ਜਿਸ ਸਾਚੇ ਭਾਂਡੇ, ਜੋ ਬਣ ਘੁਮਿਆਰ ਦਿਤਾ ਬਣਾਈਆ । ਜਗਤ ਦਵਾਰ ਕਰ ਕੇ ਠਾਂਡੇ, ਅੰਮ੍ਰਿਤ ਰਸ ਭਰਾਈਆ । ਜਿਸ ਦੀ ਸਮਝ ਨਾ ਪਾਵੇ ਆਂਢ ਗਵਾਂਢੇ, ਜਗਤ ਜਾਣੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਭਾਂਡਾ ਕਹੇ ਪ੍ਰਭ ਦੇ ਵਸਤ, ਵਸਤੂਆਂ ਵਿਚੋਂ ਆਪਣਾ ਨਾਮ ਝੋਲੀ ਪਾਈਆ । ਸਤਿ ਖ਼ੁਮਾਰੀ ਹੋਵਾਂ ਮਸਤ, ਅਲਮਸਤ ਰੂਪ ਵਟਾਈਆ । ਖਹਿੜਾ ਚੁੱਕ ਜਾਏ ਕੀਟ ਹਸਤ, ਹਸਤੀ ਤੇਰੀ ਵੇਖਾਂ ਚਾਈਂ ਚਾਈਂਆ । ਕੂੜ ਕੁੜਿਆਰਾ ਕਰਨਾ ਨਸ਼ਟ, ਭਾਂਡਾ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਚ ਵਸਤ ਜਿਸ ਭਾਂਡੇ ਪੌਂਦਾ, ਪਤਿਪਰਮੇਸ਼ਵਰ ਦਇਆ ਕਮਾਈਆ । ਸੋ ਗੀਤ ਅਗੰਮਾਂ ਇਕੋ ਗੌਂਦਾ, ਗਾ ਗਾ ਸ਼ੁਕਰ ਮਨਾਈਆ । ਚਰਨ ਕਵਲ ਧਿਆਨ ਲਗੌਂਦਾ, ਨੇਤਰ ਨੈਣ ਅੱਖ ਸ਼ਰਮਾਈਆ । ਗਲ ਪੱਲੂ ਵਾਸਤਾ ਪੌਂਦਾ, ਹਉਮੇ ਮੋਹ ਤਜਾਈਆ । ਪਰਮ ਪੁਰਖ ਦਾ ਬਰਦਾ ਬੰਦਾ ਅਖਵੌਂਦਾ, ਬੰਦਗੀ ਵਿਚ ਸਮਾਈਆ । ਪਰਮਾਨੰਦਾ ਵਿਚ ਸਮੌਂਦਾ, ਨਿਜਾਨੰਦ ਇਕੋ ਰਸ ਵਖਾਈਆ । ਦਿਵਸ ਰੈਣ ਦਰਸ਼ਨ ਪੌਂਦਾ, ਦਹਿ ਦਿਸ਼ਾ ਵੇਖੇ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਾਂਡਾ ਕਹੇ ਮੈਂ ਸਾਢੇ ਤਿੰਨ ਹੱਥ, ਹੱਥੀਂ ਲਿਆ ਨਾ ਕਿਸੇ ਬਣਾਈਆ । ਮੈਂ ਚੜ੍ਹਿਆ

ਨਹੀਂ ਕਿਸੇ ਚੱਕ, ਥਥਵਾ ਸੀਸ ਨਾ ਕੋਇ ਲਗਾਈਆ । ਜਗਤ ਅਗਨੀ ਮੂਲ ਨਾ ਗਿਆ ਤਪ, ਠੋਕਰ ਮਾਤ ਨਾ ਕੋਇ ਵਖਾਈਆ । ਤੇਰੀ ਕਿਰਪਾ ਮਿਹਰ ਨਜ਼ਰ ਨਾਲ ਸਰਬ ਸਵਾਮੀ ਗਿਆ ਪੱਕ, ਆਪ ਆਪਣਾ ਮੇਟ ਮਿਟਾਈਆ । ਸਭ ਕੁਛ ਤੈਨੂੰ ਸੌਂਪਿਆ ਹੱਕ, ਕੀਮਤ ਹੋਰ ਨਾ ਕੋਇ ਚੁਕਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਘਰ ਆਪਣੇ ਆਪ ਟਿਕਾਈਆ । ਮੈਂ ਖ਼ੁਸ਼ ਨਾ ਹੋਵਾਂ ਰਹਿ ਕੇ ਸਖ, ਸਖਣਾ ਹੋ ਕੇ ਦਿਆਂ ਦੁਹਾਈਆ । ਉਹ ਵਸਤ ਮੇਰੇ ਵਿਚ ਘੱਤ, ਜੋ ਭਗਤਾਂ ਝੋਲੀ ਪਾਈਆ । ਮੇਰੀ ਉਬਲੇ ਨਾ ਬਹੱਤਰ ਨਾੜੀ ਰੱਤ, ਅਗਨੀ ਅੱਗ ਨਾ ਕੋਇ ਲਗਾਈਆ । ਤੇਰੀ ਸਰਨ ਸਰਨਾਈ ਜਾਵਾਂ ਢੱਠ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਬਿਨ ਦਰਸ਼ਨ ਦਿਨ ਕਦੇ ਨਾ ਲੰਘਣ ਅੱਠ, ਅੱਠਾਂ ਤੱਤਾਂ ਵੇਖ ਵਖਾਈਆ । ਏਹ ਭਾਂਡਾ ਨਹੀਂ ਤੇਰਾ ਹੱਟ, ਬਣ ਵਣਜਾਰਾ ਲੈਣਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਮੇਰੀ ਝੋਲੀ ਪਾਈਆ । ਸੁਣ ਕਾਇਆ ਮਾਟੀ ਭਾਂਡੇ ਕੱਚੇ, ਕਾਚੀ ਗਗਰੀਆ ਆਪ ਜਣਾਈਆ । ਤੇਰੇ ਬਚਨ ਅਮੋਲਕ ਸੱਚੇ, ਸਚ ਰਹੇ ਜਣਾਈਆ । ਨੇਤਰ ਲੋਚਣ ਰਾਹ ਤੱਕਣ ਬਿਨ ਅੱਖੇ, ਆਖ਼ਰ ਆਪਣਾ ਆਪ ਮਿਟਾਈਆ । ਸਚ ਵਸਤ ਅਮੋਲਕ ਮੰਗੇ ਹੱਕੇ, ਹਕੀਕਤ ਵੇਖੀ ਬੇਪਰਵਾਹੀਆ । ਪਰਮ ਪੁਰਖ ਪਰਮਾਤਮ ਸਾਚਾ ਮਾਰਗ ਇਕ ਦੱਸੇ, ਸਮਝਾਵਣਹਾਰਾ ਆਪ ਸਮਝਾਈਆ । ਜੋ ਸਰਨ ਸਰਨਈ ਸਾਚੀ ਢੱਠੇ, ਆਪਣਾ ਆਪ ਭੇਟ ਕਰਾਈਆ । ਓਨ੍ਹਾਂ ਵਿਚ ਵਸਤ ਵਸਤੂ ਆਪੇ ਰੱਖੇ, ਵਾਸਤਾ ਆਪਣੇ ਨਾਲ ਜੁੜਾਈਆ । ਜੋ ਪੜਦੇ ਅੰਦਰ ਰੱਖੀ ਢਕੇ, ਉਸ ਦਾ ਓਹਲਾ ਦਏ ਚੁਕਾਈਆ । ਓਸ ਵੇਲੇ ਗੁਰਮੁਖ ਕਾਇਆ ਮਾਟੀ ਭਾਂਡੇ ਵਿਚੋਂ ਵਿਚਲੀ ਵਸਤ ਪਾ ਕੇ ਹੱਸੇ, ਹੱਸ ਹੱਸ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਭਾਂਡਾ ਕਹੇ ਮੇਰਾ ਬਖ਼ਸ਼ ਕਸੂਰ, ਕਸਰ ਆਪਣੀ ਝੋਲੀ ਪਾਈਆ । ਤੇਰਾ ਹੁਕਮ ਮੈਨੂੰ ਮੰਜ਼ੂਰ, ਮਹਿਬੂਬ ਸੱਚੇ ਮਾਹੀਆ । ਮੈਂ ਖ਼ਾਲੀ ਤੂੰ ਕਰਨਹਾਰ ਭਰਪੂਰ, ਭਰਪੂਰ ਰਿਹਾ ਸਰਬ ਠਾਈਆਂ । ਤੇਰੇ ਕੋਲੋਂ ਤੇਰੀ ਵਸਤ ਲੈਣੀ ਜ਼ਰੂਰ, ਜ਼ਰੂਰਤ ਅਪਣੀ ਪੂਰ ਕਰਾਈਆ । ਪਿਛਲਾ ਕੌਲ ਇਕਰਾਰ ਨਹੀਂ ਕੂੜ, ਝੂਠੀ ਗੰਢ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਕਾਇਆ ਮਾਟੀ ਭਾਂਡੇ ਚੰਮ, ਚੰਮ ਦ੍ਰਿਸ਼ਟੀ ਦਿਆਂ ਗਵਾਈਆ । ਹਰਖ਼ ਸੋਗ ਨਾ ਰਹੇ ਗ਼ਮ, ਚਿੰਤਾ ਚਿਖਾ ਨਾ ਕੋਇ ਤਪਾਈਆ । ਵਸਤ ਅਮੋਲਕ ਦੇ ਕੇ ਧਨ, ਵਡ ਧਨਾਢ ਦਿਆਂ ਬਣਾਈਆ । ਲੇਖੇ ਲਾ ਕੇ ਨਾਮ ਦਮਾਂ ਦਮ, ਦਾਮਨ ਆਪਣਾ ਦਿਆਂ ਫੜਾਈਆ । ਤੂੰ ਮੇਰਾ ਮੈਂ ਤੇਰੇ ਨਾਲ ਜਾਵਾਂ ਮੰਨ, ਮਨ ਕਾ ਮਣਕਾ ਦਿਆਂ ਭਵਾਈਆ । ਹੋਵੇ ਪਰਕਾਸ਼ ਨੇਤਰ ਅੰਨ੍ਹ, ਅਗਿਆਨ ਅੰਧੇਰ ਮਿਟਾਈਆ । ਲੋਕਮਾਤ ਚਮਕੇ ਗੁਰਮੁਖ ਹੋ ਕੇ ਚੰਨ, ਚੰਦ ਚਾਂਦਨੀ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਦੇਵੇ ਸੱਚਾ ਦਾਨ, ਦਾਨੀ ਹੋ ਕੇ ਆਪ ਵਰਤਾਈਆ ।


੪੨੪ ੧੨

## ✪ ੧੨ ਭਾਦਰੋਂ ੨੦੨੧ ਬਿਕ੍ਰਮੀ ਰੇਮਸ਼ ਸਿੰਘ ਦੇ ਗ੍ਰਿਹ ਮੇਰਠ ਛਾਉਣੀ ✪

ਪਰਮ ਪੁਰਖ ਪਤਿਪਰਮੇਸ਼ਵਰ ਸਿਰਜਣਹਾਰ, ਆਦਿ ਜੁਗਾਦਿ ਦਾਤਾ ਵਡ ਵੱਡੀ ਵਡਿਆਈਆ । ਮਹੱਲ ਅਟਲ ਉਚ ਮਨਾਰ ਵਸਣਹਾਰ, ਦਰਗਾਹ ਸਾਚੀ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਈਆ । ਸ਼ਬਦ ਅਨਾਦੀ ਬੋਧ ਅਗਾਧੀ ਅਗੰਮ ਅਥਾਹ ਕਰੇ ਜੈਕਾਰ, ਕਲਮਾ ਨਾਮ ਨਗਮਾ ਢੋਲਾ ਇਕੋ ਗਾਈਆ । ਨਿਰਗੁਣ ਸਰਗੁਣ ਖੇਲ ਕਰੇ ਸ਼ਹਿਨਸ਼ਾਹ ਸ਼ਾਹ ਸੁਲਤਾਨ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਦੇਵਣਹਾਰਾ ਦਾਨ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜੋਧਾ ਸੂਰਬੀਰ ਅਛਲ ਛਲ ਧਾਰੀ ਨੌਜਵਾਨ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਵੇਖਣਹਾਰਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਦਇਆ ਕਮਾਈਆ । ਸਾਹਿਬ ਸਤਿਗੁਰ ਦਇਆਵਾਨ, ਹਰਿ ਕਰਤਾ ਆਪ ਅਖਵਾਇੰਦਾ । ਨਿਤ ਨਵਿਤ ਹੋ ਮਿਹਰਵਾਨ, ਮੁਹੱਬਤ ਆਪਣੇ ਨਾਲ ਬਣਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਸੰਤ ਸੁਹੇਲੇ ਕਰ ਪਰਵਾਨ, ਪਰਮ ਪੁਰਖ ਪਤਿਪਰਮੇਸ਼ਵਰ ਆਪਣੇ ਰੰਗ ਰੰਗਾਇੰਦਾ । ਸਾਚੀ ਸਿਖਿਆ ਦੇਵੇ ਦਾਨ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪਣੇ ਹੱਥ ਰਖਾਇੰਦਾ । ਕਰਨੀ ਕਰਤਾ ਕਰਨੇ ਜੋਗ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਸੁਣਾਵਣਹਾਰਾ ਧੁਰ ਸਲੋਕ, ਬਿਨ ਅੱਖਰਾਂ ਰਾਗ ਅਲਾਈਆ । ਏਕੰਕਾਰਾ ਪਰਗਟਾਵਣ ਹਾਰਾ ਸਾਚੀ ਜੋਤ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਮੇਲਣਹਾਰਾ ਧੁਰ ਸੰਜੋਗ, ਸ੍ਰੀ ਭਗਵਾਨ ਨਿਰਗੁਣ ਸਰਗੁਣ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਦੇਵਣਹਾਰਾ ਦਰਸ ਅਮੋਘ, ਸਵੱਛ ਸਰੂਪੀ ਨਜ਼ਰੀ ਆਈਆ । ਲਹਿਣਾ ਦੇਣਾ ਚੁਕਾਵਣਹਾਰਾ ਲੋਕ ਪਰਲੋਕ, ਚੌਦਾਂ ਤਬਕ ਚਰਨਾਂ ਹੇਠ ਵਖਾਈਆ । ਮਹੱਲ ਅਟਲ ਵਖਾਏ ਸੱਚਾ ਕੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਸਰਬ ਗੁਣਵੰਤ, ਹਰਿ ਕਰਤਾ ਵਡ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਨਿਤ ਨਵਿਤ ਫੇਰਾ ਪਾਈਆ । ਨਾਮ ਨਿਰੰਕਾਰਾ ਪਰਗਟਾਏ ਮਣੀਆਂ ਮੰਤ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਆਤਮ ਪਰਮਾਤਮ ਗੁਰਮੁਖਾਂ ਦੇਵੇ ਨਾਮ ਅਨੰਤ, ਅਕਲ ਕਲ ਧਾਰੀ ਆਪਣੀ ਦਇਆ ਕਮਾਈਆ । ਦੇ ਵਡਿਆਈ ਜੀਵ ਜੰਤ, ਸੰਗਤ ਸਾਚੀ ਰੂਪ ਵਖਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਦ੍ਰਿੜਾਈਆ । ਲੇਖਾ ਮੁਕਾ ਬਹਿਸ਼ਤ ਸਵਰਗ ਜੰਨਤ, ਦੋਜ਼ਖ਼ ਲੇਖਾ ਨਾ ਕੋਇ ਬਣਾਈਆ । ਚਰਨਾਂ ਹੇਠ ਦਬਾ ਮੰਡਲ ਮੰਡਪ, ਜ਼ਿਮੀਂ ਅਸਮਾਨ ਪੰਧ ਮੁਕਾਈਆ । ਪ੍ਰੇਮ ਪਿਆਰ ਦੀ ਚਾੜ੍ਹ ਕੇ ਰੰਗਤ, ਕਾਇਆ ਚੋਲਾ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਹਰਿ ਰਖਾਈਆ । ਮਿਹਰ ਨਜ਼ਰ ਕਰੇ ਬੇਨਜ਼ੀਰ, ਨਜ਼ਰ ਆਪਣੀ ਵਿਚ ਮਿਲਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਵਖਾਏ ਅਗੰਮ ਤਸਵੀਰ, ਜਿਸ ਨੂੰ ਮਸੱਵਰ ਤਸੱਵਰ ਨਾ ਕੋਇ ਕਰਾਇੰਦਾ । ਮੰਜ਼ਲ ਚੋਟੀ ਸਚਖੰਡ ਦਵਾਰੇ ਹੱਕ ਮੁਕਾਮੇ ਚਾੜ੍ਹੇ ਅਖ਼ੀਰ, ਆਖ਼ਰ ਆਪਣੀ ਕਾਰ ਕਮਾਇੰਦਾ । ਪ੍ਰਭ ਮੁਰਸ਼ਦ ਦੱਸਣਹਾਰ ਤਦਬੀਰ, ਕਲਮਾ ਨਬੀ ਰਸੂਲ ਆਪ ਸਮਝਾਇੰਦਾ ।

ਅੰਤਰ ਆਤਮ ਬਣ ਤਬੀਬ, ਤਬਾ ਸਭ ਦੀ ਵੇਖ ਵਖਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਏ ਨਜ਼ਦੀਕ, ਨਿਰਗੁਣ ਆਪਣਾ ਪੰਧ ਮੁਕਾਇੰਦਾ । ਆਪਣੇ ਹੱਥ ਰੱਖੇ ਸਚ ਤੌਫ਼ੀਕ, ਲਾਸ਼ਰੀਕ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਧੁਰ ਦੀ ਪ੍ਰੀਤ, ਹਰਿ ਪ੍ਰੀਤਮ ਆਪ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸੀ ਰੀਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋੜ ਜੁੜਾਈਆ । ਨਾਮ ਨਿਧਾਨਾ ਸੁਣਾ ਕੇ ਅਗੰਮੀ ਗੀਤ, ਧੁਰ ਦਾ ਢੋਲਾ ਦਿਤਾ ਜਣਾਈਆ । ਤਨ ਮਾਟੀ ਕਾਇਆ ਕਰ ਠਾਂਡਾ ਸੀਤ, ਤਤਵ ਸਚ ਦਿਤਾ ਬੁਝਾਈਆ । ਲੇਖ ਚੁਕਾਏ ਹਸਤ ਕੀਟ, ਰੂਪ ਅਨੂਪ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਕੁਦਰਤ ਕਾਦਰ ਆਪ ਜਣਾਇੰਦਾ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਖੇਲ ਖਿਲਾਇੰਦਾ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਏਥੇ ਓਥੇ ਦੋ ਜਹਾਨਾਂ ਸਗਲਾ ਸੰਗ ਨਿਭਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰ, ਕਾਤਬ ਜਗਤ ਜੁਗ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਜਨ ਭਗਤ, ਹਰਿ ਭਗਵਨ ਆਪ ਜਣਾਈਆ । ਅੰਤਰ ਆਤਮ ਦੇ ਕੇ ਸ਼ਕਤ, ਸਚ ਸ਼ਖ਼ਸ਼ੀਅਤ ਆਪ ਸਮਝਾਈਆ । ਲੇਖਾ ਤੋੜ ਸੋਗ ਹਰਖ਼, ਚਿੰਤਾ ਗ਼ਮ ਨਾ ਕੋਇ ਰਖਾਈਆ । ਪੜਦਾ ਲਾਹ ਅਰਸ਼ ਫ਼ਰਸ਼, ਕਾਇਆ ਕੁਰਹ ਕਰੇ ਸਫਾਈਆ । ਆਤਮ ਪਰਮਾਤਮ ਨਿਜ ਘਰ ਸਵਾਮੀ ਦੇਵੇ ਦਰਸ, ਧੁਰ ਦੀਦਾਰ ਇਕ ਕਰਾਈਆ । ਮਿਹਰਵਾਨ ਮੁਹੱਬਤ ਵਿਚ ਕਰੇ ਤਰਸ, ਮਹਿਬੂਬ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਦਾਤਾ ਇਕ ਅਖਵਾਈਆ । ਸਤਿਗੁਰ ਦਾਤਾ ਸਾਹਿਬ ਸਚ, ਘਰ ਵੱਡਾ ਵਡ ਵਡਿਆਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਸਾਢੇ ਤਿੰਨ ਹੱਥ ਵੇਖੇ ਚਾਈਂ ਚਾਈਂਆ । ਮਨ ਵਾਸਨਾ ਹਰਿਜਨ ਨਾ ਪਏ ਨੱਚ, ਕੂੜੀ ਕਿਰਿਆ ਕਾਇਆ ਕੋਟ ਸੋਭਾ ਕੋਇ ਨਾ ਪਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਕਵਲ ਕਵਲੀ ਦਏ ਰਸ, ਅੰਮ੍ਰਿਤ ਰਸ ਮੁਖ ਇਕ ਚੁਆਈਆ । ਆਪਣੇ ਮਿਲਣ ਦੀ ਨਿਜ ਨੇਤਰ ਖੋਲ੍ਹ ਕੇ ਅੱਖ, ਪ੍ਰਤਖ ਕਰੇ ਰੁਸ਼ਨਾਈਆ । ਧੁਰ ਦਾ ਮਾਰਗ ਸਾਚਾ ਦੱਸ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚਾ ਦਰਸ ਕਰ ਦੀਦਾਰ, ਗ੍ਰਿਹਿ ਗ੍ਰਿਹਿ ਆਪਣਾ ਰੂਪ ਜਣਾਇੰਦਾ । ਮੰਜ਼ਲ ਚੜ੍ਹ ਆਪ ਨਿਰੰਕਾਰ, ਬਣ ਕੇ ਪਾਂਧੀ ਪੰਧ ਮੁਕਾਇੰਦਾ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰ ਉਜਿਆਰ, ਅੰਧ ਅਗਿਆਨ ਅੰਧੇਰਾ ਦੂਰ ਕਰਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਬਿਨ ਰਸਨਾ ਜਿਹਵਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਸ ਆਪ ਵਖਾਇੰਦਾ । ਸਚ ਦਰਸ ਦੇਵੇ ਗਹਿਰ ਗੰਭੀਰ, ਹਰਿ ਕਰਤਾ ਵਡ ਵਡਿਆਈਆ । ਭਾਗ ਲਗਾ ਪੰਜ ਤਤ ਸਰੀਰ, ਸ਼ਰੀਰ ਵਿਚੋਂ ਦੇਵੇ ਬਾਹਰ ਕਢਾਈਆ । ਅੰਦਰ ਬਾਹਰ ਗੁਪਤ ਜ਼ਾਹਰ ਹੋਏ ਬਗ਼ਲਗੀਰ, ਦਸਤਯਾਬ ਆਪਣਾ ਦਸਤ ਲਏ ਮਿਲਾਈਆ । ਨਾਤਾ ਤੋੜ ਸ਼ਾਹ ਫ਼ਕੀਰ, ਊਚ ਨੀਚ ਰਾਓ ਰੰਕ ਇਕੋ ਦਰ ਵਸਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਸੰਤ ਸਤਿਗੁਰ ਮਿਲ ਨਾ ਹੋਏ ਦਿਲਗੀਰ, ਜਗਤ ਜ਼ੰਜੀਰ ਸ਼ਰਅ ਰਹਿਣ ਕੋਇ ਨਾ ਪਾਈਆ । ਜਿਸ ਮੰਜ਼ਲ

ਨੂੰ ਲੱਭਦੇ ਪੀਰ ਫ਼ਕੀਰ, ਪੈਗ਼ੰਬਰ ਬੈਠੇ ਅੱਖ ਖੁਲ੍ਹਾਈਆ । ਪਾਂਧੀ ਬਣ ਕੇ ਜਗਤ ਮੁਸ਼ੀਰ, ਮੁਸ਼ਾਇਰਿਆਂ ਨਾਲ ਢੋਲੇ ਦਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਸਚ ਵਰ, ਦਰਸ ਇਕੋ ਘਰ ਵਖਾਈਆ । ਗੁਰਮੁਖ ਦਰਸ ਕਰੇ ਪ੍ਰਭ ਨਿਤ, ਨੇਤ ਨੇਤ ਰੂਪ ਜਣਾਈਆ । ਆਤਮ ਪਰਮਾਤਮ ਸੱਚਾ ਹਿਤ, ਹਿਤਕਾਰੀ ਵੇਖ ਵਖਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਸਤਿ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੀਦ ਇਕੋ ਇਕ ਦੇ ਸਮਝਾਈਆ । ਸਚ ਦੀਦ ਦੀਦਾਰ ਨਿਰਗੁਣ ਜੋਤ, ਨਿਰਵੈਰ ਨਿਰਾਕਾਰ ਨਿਰੰਕਾਰ ਆਪ ਕਰਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕੱਢੇ ਖੋਟ, ਸਚ ਸੁੱਚ ਸਤਿ ਸਤਿਵਾਦੀ ਧਾਰ ਬੰਧਾਇੰਦਾ । ਕਰ ਪਰਕਾਸ਼ ਨਿਰੰਜਣ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਨੂਰੋ ਨੂਰ ਨੂਰ ਰੁਸ਼ਨਾਇੰਦਾ । ਭਾਗ ਲਗਾਏ ਕਾਇਆ ਕੋਟ, ਬੰਕ ਦਵਾਰੀ ਗ੍ਰਿਹਿ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ ਸਾਚੇ ਨੈਣ ਆਪ ਕਰਾਇੰਦਾ । ਗੁਰਮੁਖ ਵਿਰਲਾ ਦਰਸ ਕਰੇ ਕਲਜੁਗ ਜਗ, ਜਗ ਜੀਵਣ ਦਾਤਾ ਦਏ ਵਡਿਆਈਆ । ਤ੍ਰੈਗੁਣ ਅਗਨੀ ਬੁਝਾ ਅੱਗ, ਅਗਲਾ ਲੇਖਾ ਦਏ ਮੁਕਾਈਆ । ਕੂੜੀ ਕਿਰਿਆ ਪਾਰ ਹੱਦ, ਮਾਇਆ ਮਮਤਾ ਮੋਹ ਦਏ ਹਟਾਈਆ । ਬਿਨ ਮੱਕੇ ਕਾਅਬਿਉਂ ਘਰ ਸਵਾਮੀ ਕਰਾਏ ਹੱਜ, ਮੁਰੀਦ ਮੁਰਸ਼ਦ ਜੋੜ ਜੁੜਾਈਆ । ਦਇਆ ਧਾਰ ਦਰਸ ਦਿਖਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਭੇਵ ਜਣਾਈਆ । ਧੁਨ ਆਤਮਕ ਵੱਜੇ ਨੱਦ, ਅਨਾਦੀ ਰਾਗ ਅਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਸਾਚਾ ਮਾਰਗ ਇਕ ਦਰਸਾਈਆ । ਬਿਨ ਸਤਿਗੁਰ ਪ੍ਰੇਮ ਕਾਇਆ ਮਾਟੀ ਕਿਸੇ ਕੰਮ ਨਾ ਆਏ ਹੱਡ, ਚੰਮ ਦ੍ਰਿਸ਼ਟੀ ਇਸ਼ਟ ਨਾ ਕੋਇ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਢੇ ਤਿੰਨ ਹੱਥ ਚੋਲਾ ਗਏ ਛੱਡ, ਬਿਨ ਹਰਿ ਪ੍ਰੀਤੀ ਪ੍ਰੀਤਮ ਅੰਤ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਿਸ਼ਵ ਬਣਾਈ ਯਦ, ਵਾਸਤਾ ਆਪਣੇ ਨਾਲ ਰਖਾਈਆ । ਦਰਸ ਦੀਦਾਰ ਦਏ ਪ੍ਰਭ ਠਾਕਰ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਬੇੜਾ ਪਾਰ ਕਰਾਏ ਭਵ ਸਾਗਰ, ਡੂੰਘੇ ਸਮੁੰਦ ਰਹਿਣ ਕੋਇ ਨਾ ਪਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਦਰ ਆਇਆ ਘਰ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੈਣ ਅੱਖ ਨਾਲ ਖੁਲ੍ਹਾਈਆ । ਨੈਣ ਅੱਖ ਦਏ ਮਿਲਾ, ਨਿਝ ਨੇਤਰ ਵਜੇ ਵਧਾਈਆ । ਨਾਤਾ ਜੁੜੇ ਪਿਤਾ ਪੂਤ ਬਾਪ, ਪੁਰਖ ਅਕਾਲ ਖੇਲ ਖਿਲਾਈਆ । ਦੋਹਾਂ ਦਾ ਮਿਲ ਕੇ ਇਕੋ ਬਣੇ ਜਾਪ, ਜਪ ਜਪ ਘਰ ਸਾਚੇ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧੁਰ ਦਾ ਸਾਕ, ਨਾਤਾ ਛੁਟ ਕਦੇ ਨਾ ਜਾਈਆ । ਵਸਤ ਅਮੋਲਕ ਸਤਿਗੁਰ ਪੂਰਾ ਦੇਵੇ ਦਾਤ, ਧੁਰ ਦੀ ਝੋਲੀ ਆਪ ਭਰਾਈਆ । ਮਨ ਵਾਸਨਾ ਘਰ ਰਹਿਣ ਨਾ ਪਾਏ ਨਾਰ ਕਮਜ਼ਾਤ, ਕੁਲਖਣੀ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਾਏ ਸਾਹਿਬ ਸਤਿਗੁਰ, ਹਰਿ ਕਰਤਾ ਵਡ ਵਡਿਆਈਆ । ਜਿਨ੍ਹਾਂ ਲੇਖਾ ਲਿਖਿਆ ਧੁਰ, ਧੁਰ ਮਸਤਕ ਵੇਖੇ ਥਾਉਂ ਥਾਈਆ । ਉਨ੍ਹਾਂ ਸਚ ਪ੍ਰੀਤੀ ਗਈ ਜੁੜ, ਚਰਨ ਕਵਲ ਕਵਲ ਚਰਨ ਉਪਰ ਧਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਾਤ ਇਕੋ

ਇਕ ਵਰਤਾਈਆ । ਸਾਚੀ ਦਾਤ ਕੁਲ ਕੁਲਵੰਤਾ, ਹਰਿ ਕਰਤਾ ਆਪ ਵਰਤਾਇੰਦਾ । ਜਿਸ ਨੂੰ ਜੁਗ ਚੌਕੜੀ ਲੱਭਦੇ ਗੁਰੂ ਅਵਤਾਰ ਦਰ ਦਰਵੇਸ਼ ਹੋ ਕੇ ਮੰਗਤਾ, ਭਿਖਕ ਭਿਖਾਰੀ ਰੂਪ ਵਟਾਈਆ । ਜਿਸ ਦਾ ਨਾਮ ਸਿਫ਼ਤੀ ਕੋਟਨ ਕੋਟ ਅੱਖਰਾਂ ਵਿਚ ਅਨੰਤਾ, ਅੰਤ ਕਹਿ ਨਾ ਕੋਇ ਸਮਝਾਈਆ । ਸੋ ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਬਣਾਏ ਬਣਤਾ, ਚਾਰੇ ਖਾਣੀ ਰੰਗ ਰੰਗਾਈਆ । ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਬਣ ਕੇ ਧੁਰ ਦਾ ਪੰਡਤਾ, ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰੱਖ ਸਮਰਥ, ਜਨ ਭਗਤ ਆਪ ਜਗਾਈਆ । ਨਾਮ ਅਮੋਲਕ ਦੇ ਕੇ ਵਥ, ਆਤਮ ਪਰਮਾਤਮ ਬੂਝ ਬੁਝਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਜਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹੀ ਸਚ ਨਾ ਕੋਇ ਸਮਝਾਈਆ । ਤੇਰੇ ਮੇਰੇ ਮਿਲਣ ਦੀ ਇਕੋ ਅੱਖ, ਦੋਏ ਲੋਚਣ ਵੇਖਣ ਜਗਤ ਲੋਕਾਈਆ । ਜਿਸ ਪਰਮਾਤਮ ਨਾਲੋਂ ਆਤਮ ਹੋਈ ਵੱਖ, ਤਿਸ ਸਤਿਗੁਰ ਸ਼ਬਦ ਸ਼ਬਦੀ ਰੂਪ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਵੱਡਾ ਵਡ, ਗਹਿਰ ਗੰਭੀਰ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਕੱਢ, ਹਰਿ ਆਪਣਾ ਮੇਲ ਮਿਲਾਇੰਦਾ । ਕਾਇਆ ਚੋਲੀ ਨਾਮ ਮਜੀਠੀ ਚਾੜ੍ਹ ਰੰਗ, ਰੰਗ ਰੱਤਾ ਸੋਭਾ ਪਾਇੰਦਾ । ਅੰਮ੍ਰਿਤ ਧਾਰ ਵਹਾ ਅਗੰਮੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਸ਼ਰਮਾਇੰਦਾ । ਘਰ ਸਵਾਮੀ ਸ਼ਬਦ ਨਿਹਕਾਮੀ ਵਜਾਏ ਮਰਦੰਗ, ਮਰਦ ਮਰਦਾਨਾ ਸਾਚੀ ਤਾਰ ਬਿਨ ਤੰਦ ਆਪ ਹਿਲਾਇੰਦਾ । ਸਾਚੀ ਮੰਜ਼ਲ ਮਨਾਰ ਮਹੱਲ ਅਟਲ ਵੇਖੇ ਲੰਘ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਗੁਰਮੁਖ ਤੇਰੀ ਸੇਜ ਸੁਹੰਜਣੀ ਆਤਮ ਸੋਏ ਪਲੰਘ, ਪਾਵਾ ਚੂਲ ਵੰਡ ਨਾ ਕੋਇ ਵੰਡਾਇੰਦਾ । ਜਨਮ ਕਰਮ ਦੀ ਪੂਰਬ ਸਭ ਦੀ ਝੋਲੀ ਪਾਈ ਮੰਗ, ਗੁਰਸਿਖ ਮਾਂਗਤ ਨਜ਼ਰ ਕੋਇ ਨਾ ਆਇੰਦਾ । ਸਦੀ ਚੌਧਵੀ ਚਾੜ੍ਹ ਕੇ ਚੰਦ, ਦੋ ਜਹਾਨਾਂ ਆਪ ਰੁਸ਼ਨਾਇੰਦਾ । ਭੇਵ ਚੁਕਾ ਕੇ ਬ੍ਰਹਮ ਹੰ, ਹੰਗਤਾ ਰੋਗ ਸਰਬ ਮਿਟਾਇੰਦਾ । ਆਤਮ ਅੰਤਰ ਦੇ ਕੇ ਅਨੰਦ, ਨਿਜਾ ਨੰਦ ਇਕੋ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਜੋੜ ਜੁੜਾਇੰਦਾ । ਸਚ ਪ੍ਰੀਤੀ ਵੇਖੇ ਜੋੜ ਜੁੜਦਾ, ਜੋਤੀ ਸ਼ਬਦੀ ਮੇਲ ਮਿਲਾਈਆ । ਗੁਰਮੁਖ ਸਚ ਦਵਾਰਿਉਂ ਖ਼ਾਲੀ ਕਦੇ ਨਾ ਮੁੜਦਾ, ਸ੍ਰੀ ਭਗਵਾਨ ਦੇਵਣਹਾਰਾ ਬੇਪਰਵਾਹੀਆ । ਕਲਜੁਗ ਅੰਤ ਵੇਲਾ ਨਹੀਂ ਥੁੜ ਦਾ, ਬਹੁਮੁੱਲਾ ਕਰਤਾ ਕੀਮਤ ਆਪੇ ਪਾਈਆ । ਲੱਖ ਚੁਰਾਸੀ ਕੂੜੀ ਕਿਰਿਆ ਅੰਦਰ ਬੇੜਾ ਸਭ ਦਾ ਰੁੜ੍ਹਦਾ, ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਸਾਚੀ ਨਈਆ ਨੌਕਾ ਬੈਠੇ ਚਾਈਂ ਚਾਈਂਆ । ਜਿਸ ਦਾ ਮੰਤਰ ਦੋ ਜਹਾਨ ਬਿਨ ਅੱਖਰਾਂ ਫੁਰਨਾ ਫੁਰਦਾ, ਫੁਰਨੇ ਵਿਚ ਵੇਖੇ ਸਰਬ ਲੋਕਾਈਆ । ਓਹ ਸਤਿਗੁਰ ਬਿਨ ਸਚ ਪ੍ਰੀਤੀ ਲੋਕਮਾਤ ਸਦਾ ਮੁਰਦਾ, ਬਿਨ ਕੱਫਨੋਂ ਗੋਰ ਵਿਚ ਬੈਠਾ ਡੇਰਾ ਲਾਈਆ । ਜਿਸ ਦਾ ਲਹਿਣਾ ਦੇਣਾ ਧੁਰ ਦਾ, ਧੁਰ ਧਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਚਰਨ ਕਵਲ ਹਰਿ ਜੋੜੇ ਨਾਤਾ, ਨਾਤਵਾਂ ਆਪ ਅਖਵਾਇੰਦਾ । ਪਰਮ ਪੁਰਖ ਬਣ ਆਪ ਵਿਧਾਤਾ, ਬਿਧ ਧੁਰ ਦੀ ਸਚ ਸਮਝਾਇੰਦਾ । ਕਲਜੁਗ ਵੇਖ ਅੰਧੇਰੀ ਰਾਤਾ, ਨਵ ਸੱਤ ਖੋਜ ਖੋਜਾਇੰਦਾ । ਅੰਧੇਰਾ ਦਿਸੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਸੋਭਾ ਕੋਇ ਨਾ ਪਾਇੰਦਾ । ਰਸਨਾ ਜਿਹਵਾ ਬੱਤੀ ਦੰਦ ਕਲਜੁਗ

ਜੀਵ ਕਰਨ ਪੂਜਾ ਪਾਠਾ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਪ੍ਰਭ ਮਿਲਣ ਦੀ ਪੂਰੀ ਕਿਸੇ ਨਾ ਹੋਵੇ ਆਸਾ, ਨਿਰਾਸਾ ਰੂਪ ਜੀਵ ਜਗਤ ਨਜ਼ਰੀ ਆਇੰਦਾ । ਜਗਤ ਵਿਦਿਆਲੇ ਪੜ੍ਹਾਵਣ ਆਪਣੀ ਭਾਸ਼ਾ, ਭਾਖਿਆ ਸਚ ਨਾ ਕੋਇ ਸਮਝਾਇੰਦਾ । ਜੋ ਆਦਿ ਜੁਗਾਦਿ ਪਿਤਾ ਮਾਤਾ, ਪੁਰਖ ਅਕਾਲ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਗੋਬਿੰਦ, ਗੋਬਿੰਦ ਹਰਿ ਵਡਿਆਈਆ । ਕਲਜੁਗ ਤ੍ਰਿਸ਼ਨਾ ਮੇਟ ਕੇ ਚਿੰਦ, ਚਿਖਾ ਅਗਨ ਦਏ ਬੁਝਾਈਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਵਡ ਸਾਗਰ ਬੇਪਰਵਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਸ਼ਬਦ ਅਨਾਦੀ ਬਣਾਏ ਆਪਣੀ ਬਿੰਦ, ਆਤਮ ਪਰਮਾਤਮ ਦਏ ਪਰਗਟਾਈਆ । ਪ੍ਰੇਮ ਲਹਿਰ ਵਖਾਏ ਗੰਭੀਰ ਸਾਗਰ ਸਿੰਧ, ਕਤਰਾ ਬੂੰਦ ਨਾ ਕੋਇ ਟਪਕਾਈਆ । ਭਾਗ ਲਗਾਏ ਜੀਓ ਪਿੰਡ, ਬ੍ਰਹਿਮੰਡ ਖੰਡ ਦਏ ਸਮਝਾਈਆ । ਜਿਸ ਪ੍ਰੀਤੀ ਨੂੰ ਤਰਸਣ ਕਰੋੜ ਤੇਤੀਸਾ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪ੍ਰੀਤੀ ਇਕ ਸਮਝਾਈਆ । ਸਚ ਪ੍ਰੀਤੀ ਸਤਿਗੁਰ ਸਰਨਾਈ, ਸਰਨਗਤ ਸਮਝਾਇੰਦਾ । ਕੂੜੀ ਕਿਰਿਆ ਹੋਏ ਜੁਦਾਈ, ਜੁਦਾ ਜੁਜ਼ ਨਾ ਕੋਇ ਵਖਾਇੰਦਾ । ਅੰਤਰ ਆਤਮ ਵੱਜੇ ਵਧਾਈ, ਸ਼ਬਦ ਸ਼ਨਵਾਈ ਆਪ ਸਮਝਾਇੰਦਾ । ਨਿਰਗੁਣ ਨੂਰ ਹੋਏ ਰੁਸ਼ਨਾਈ, ਜੋਤੀ ਜਾਤਾ ਡਗਮਗਾਇੰਦਾ । ਸਚ ਪ੍ਰੀਤੀ ਇਕ ਲਗਾਈ, ਏਥੇ ਓਥੇ ਨਾ ਕੋਇ ਤੁੜਾਇੰਦਾ । ਸਿਫ਼ਤ ਕੀ ਲਿਖੇ ਕਾਗ਼ਜ਼ ਕਲਮ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਦਰਸ ਦੀਦਾਰ ਕਰਨਾ ਚਾਈਂ ਚਾਈਂ, ਚਾਓ ਘਨੇਰਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਪੂਰ ਆਪ ਹੋ ਜਾਇੰਦਾ । ਆਸਾ ਮਨਸਾ ਪੂਰ ਪ੍ਰਭ ਏਕ, ਏਕੰਕਾਰ ਨਜ਼ਰੀ ਆਈਆ । ਜਨ ਭਗਤਾਂ ਬਖ਼ਸ਼ ਕੇ ਧੁਰ ਦੀ ਟੇਕ, ਕਲਜੁਗ ਕਾਇਆ ਕੱਪੜ ਦਿਤਾ ਬਦਲਾਈਆ । ਅੰਤਰ ਆਤਮ ਬੁੱਧੀ ਕਰ ਬਿਬੇਕ, ਮਨ ਮਤ ਡੇਰਾ ਢਾਹੀਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਮਹੱਲ ਅਟਲ ਰਿਹਾ ਵੇਖ, ਜਿਸ ਘਰ ਦੀਆ ਬਾਤੀ ਕਮਲਾਪਾਤੀ ਆਪ ਜਗਾਈਆ । ਸ਼ਬਦ ਅਨਾਦੀ ਹੋ ਕੇ ਖੋਲ੍ਹੇ ਭੇਤ, ਭੇਵ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਪ੍ਰੀਤੀਵਾਨ ਤੋੜ ਨਿਭਾਈਆ । ਪ੍ਰੀਤੀ ਕਰਨਹਾਰਾ ਪ੍ਰਭ ਸਵਾਮੀ, ਜਨ ਭਗਤਾਂ ਰਿਹਾ ਸਮਝਾਈਆ । ਆਦਿ ਜੁਗਾਦਿ ਜਿਸ ਦੀ ਬਾਣੀ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸੁਣਾਈਆ । ਓਸ ਸਾਹਿਬ ਦੀ ਸਚਖੰਡ ਦਵਾਰੇ ਅਕਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਖੜੇ ਕਰ ਚਰਨ ਧਿਆਨੀ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜਗਤ ਵਿਦਿਆ ਫਿਰੇ ਨਾ ਕੋਇ ਮਸ਼ਰਾਣੀ, ਘਰ ਘਰ ਫੇਰਾ ਪਾਈਆ । ਨਜ਼ਰ ਨਾ ਆਏ ਅਠਸਠ ਤੀਰਥ ਪਾਣੀ, ਸਰੋਵਰ ਲਹਿਰ ਨਾ ਕੋਇ ਜਣਾਈਆ । ਰਾਗ ਅਲਾਇਆ ਨਾ ਕੋਇ ਖਾਣੀ, ਚਾਰੇ ਬਾਣੀ ਨਾ ਕੋਇ ਪੜ੍ਹਾਈਆ । ਪਵਣ ਦਿਸੇ ਨਾ ਮਸਾਣੀ, ਸਤਿ ਸਰੂਪ ਨਾ ਕੋਇ ਵਟਾਈਆ । ਸੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਾਹਿਬ ਸੁਲਤਾਨੀ, ਪਰਵਰਦਿਗਾਰ ਨੂਰ ਖ਼ੁਦਾਈਆ । ਓਹ ਆਪਣਾ ਆਪ ਪ੍ਰੇਮ ਪ੍ਰੀਤੀ ਅੰਦਰ ਕਰ ਕੇ ਭੇਟ ਦਏ ਕੁਰਬਾਨੀ, ਕਾਇਆ ਲੇਖਾ ਅੰਤ ਮੁਕਾਈਆ । ਭਗਤਾਂ ਜੁਗ ਚੌਕੜੀ ਰਹਿ ਜਾਏ ਸਚ ਨਿਸ਼ਾਨੀ, ਨਿਸ਼ਾਨਾ ਪਰਮ ਪੁਰਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਇਆ ਬਣਕੇ ਧੁਰ

ਦਾ ਬਾਨੀ, ਬਾਣ ਅਨਿਆਲਾ ਏਕਾ ਲਾਈਆ । ਜਨ ਭਗਤੋ ਸਿੱਖੋ ਪ੍ਰੀਤ, ਹਰਿ ਸਤਿਗੁਰ ਆਪ ਸਮਝਾਇੰਦਾ । ਕਾਇਆ ਕਾਅਬਾ ਮੰਦਰ ਮਸੀਤ, ਸਾਢੇ ਤਿੰਨ ਹੱਥ ਪੜਦਾ ਲਾਹਿੰਦਾ । ਅੱਠੇ ਪਹਿਰ ਸ਼ਬਦ ਸਵਾਮੀ ਵਸੇ ਵਿਚ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਨਿਤ ਨਵਿਤ ਜੁਗ ਚੌਕੜੀ ਜਿਸ ਦੀ ਸਮਝੇ ਕੋਇ ਨਾ ਰੀਤ, ਰੀਤੀਵਾਨ ਸਚ ਸਵਾਮੀ ਘਰ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋ ਮਾਲਕ ਨੀਚਾਂ ਨੀਚ, ਅਦਾਲਤ ਆਪਣੀ ਹੱਕ ਜਣਾਇੰਦਾ । ਪੀਰ ਪੈਗ਼ੰਬਰਾਂ ਜਿਹੜਾ ਦੱਸਦਾ ਰਿਹਾ ਹਦੀਸ, ਹਜ਼ਰਤ ਹੋ ਕੇ ਕਾਇਨਾਤ ਸਮਝਾਇੰਦਾ । ਉਸ ਦੀ ਪ੍ਰੀਤ ਸਦਾ ਜਗ ਠੀਕ, ਕੂੜੀ ਕਿਰਿਆ ਰੂਪ ਨਾ ਕੋਇ ਵਟਾਇੰਦਾ । ਦੀਦਾਰ ਦੇਣ ਨੂੰ ਚਲ ਕੇ ਆਵੇ ਨਜ਼ਦੀਕ, ਅਰਸ਼ ਫ਼ਰਸ਼ ਪੰਧ ਮੁਕਾਇੰਦਾ । ਕਲਜੁਗ ਅੰਤਮ ਜਿਸ ਦਾ ਹੁਕਮ ਦੂਜਾ ਕਰੇ ਨਾ ਕੋਇ ਤਸਦੀਕ, ਹਕ ਹਕੂਕ ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪ੍ਰੀਤੀ ਆਪ ਕਮਾਇੰਦਾ । ਜਨ ਭਗਤਾਂ ਪ੍ਰੀਤੀ ਆਪ ਕਮਾਉਂਦਾ ਏ । ਸੋ ਪੁਰਖ ਨਿਰੰਜਣ ਮਿਹਰ ਨਜ਼ਰ ਟਿਕਾਉਂਦਾ ਏ । ਹਰਿ ਪੁਰਖ ਨਿਰੰਜਣ ਆਪਣੀ ਕਲ ਵਖਾਉਂਦਾ ਏ । ਏਕੰਕਾਰਾ ਅਛਲ ਛਲ ਆਪਣੀ ਧਾਰ ਚਲਾਉਂਦਾ ਏ । ਆਦਿ ਨਿਰੰਜਣ ਦੀਪਕ ਜੋਤੀ ਬਲ, ਗ੍ਰਿਹ ਮੰਦਰ ਸਚ ਰੁਸ਼ਨਾਉਂਦਾ ਏ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਅਟਲ, ਸਚ ਦਵਾਰ ਇਕੋ ਇਕ ਰਖਾਉਂਦਾ ਏ । ਸ੍ਰੀ ਭਗਵਾਨ ਸਚ ਸੰਦੇਸਾ ਜੁਗ ਚੌਕੜੀ ਰਿਹਾ ਘੱਲ, ਗੁਰ ਅਵਤਾਰਾਂ ਆਪ ਪੜ੍ਹਾਉਂਦਾ ਏ । ਪਾਰਬ੍ਰਹਮ ਸਚ ਸਿੰਘਾਸਣ ਜੋ ਆਤਮ ਸੇਜਾ ਬੈਠਾ ਮੱਲ, ਸਾਢੇ ਤਿੰਨ ਹੱਥ ਡੇਰਾ ਲਾਉਂਦਾ ਏ । ਲੱਖ ਚੁਰਾਸੀ ਨਾਲ ਕਰਕੇ ਵਲ ਛਲ, ਗੁਰਮੁਖ ਗੁਰਸਿਖ ਗੂੜ੍ਹੀ ਨੀਂਦ ਸੁੱਤੇ ਆਪ ਉਠਾਉਂਦਾ ਏ । ਦੂਰ ਦੁਰਾਡਾ ਨਿਹਕਾਮੀ ਅੰਤਰਜਾਮੀ ਘਰ ਸਵਾਮੀ ਆਏ ਚਲ, ਚਲਿਤ੍ਰ ਆਪਣਾ ਇਕ ਵਰਤਾਉਂਦਾ ਏ । ਦੂਈ ਦਵੈਤੀ ਸ਼ਰਅ ਸ਼ਰਾਇਤੀ ਕੂੜੀ ਕਿਰਿਆ ਮੇਟ ਕੇ ਸੱਲ, ਸਲਲ ਆਪਣਾ ਨਾਮ ਦ੍ਰਿੜਾਉਂਦਾ ਏ । ਕੱਟ ਵਿਛੋੜਾ ਘੜੀ ਪਲ, ਛਿੰਨ ਭੰਗਰ ਆਪਣੀ ਧਾਰ ਦਰਸਾਉਂਦਾ ਏ । ਜਿਉਂ ਜਲ ਦੀ ਬੂੰਦ ਜਲ ਵਿਚ ਜਾਏ ਮਿਲ, ਅੰਤ ਜਲ ਹੀ ਜਲ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪ੍ਰੀਤ ਲਗਾਉਂਦਾ ਏ । ਜਨ ਭਗਤ ਕਹੇ ਪ੍ਰਭ ਦਸ ਦੇ ਰਾਜ਼, ਰਹਿਮਤ ਆਪ ਕਮਾਈਆ । ਕਿਸ ਬਿਧ ਤੇਰੇ ਵਿਚ ਹੋਵਾਂ ਬਿਸਮਾਦ, ਬਿਸਮਲ ਰੂਪ ਵਟਾਈਆ । ਤੇਰਾ ਨਾਮ ਢੋਲਾ ਗਾਵਾਂ ਇਕੋ ਨਾਦ, ਅਨਾਦੀ ਤੇਰੀ ਕਰਾਂ ਵਡਿਆਈਆ । ਤੂੰ ਮੇਰਾ ਮੈਨੂੰ ਤੇਰੀ ਆਵੇ ਯਾਦ, ਯਾਦਦਾਸ਼ਤ ਦੇਣੀ ਸਮਝਾਈਆ । ਤੇਰਾ ਲੇਖਾ ਸਦਾ ਆਦਿ ਜੁਗਾਦਿ ਤੇਰੀ ਸ਼ਰਨਾਈਆ । ਤੈਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਮ ਪੁਰਖ ਗੁਰੂ ਮਹਾਰਾਜ, ਮਹਿੰਮਾ ਤੇਰੀ ਜਸ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਬਖ਼ਸ਼ ਦਾਤ, ਇਕੋ ਧੁਰ ਦੀ ਮੰਗ ਮੰਗਾਈਆ । ਸਾਚੀ ਦਾਤ ਬਖ਼ਸ਼ ਦੇ ਜੁਗ ਕਲ, ਕਲ ਕਾਤੀ ਨੇੜ ਕੋਇ ਨਾ ਆਈਆ । ਅੰਮ੍ਰਿਤ ਰਸ ਅਨੋਖਾ ਦੇਣਾ ਫਲ, ਬਨਾਸਪਤ ਵੰਡ ਨਾ ਕੋਇ ਵੰਡਾਈਆ । ਪੂਤ ਸਪੂਤਾ ਸਤਿਗੁਰ ਸ਼ਬਦ ਬਾਲਾ ਨੰਨ੍ਹਾ ਬੱਚਾ ਗੁਰਮੁਖਾਂ ਅੰਦਰ ਦੇਣਾ ਘਲ, ਘੋਲੀ ਘਾਲੀ ਘਾਲ ਲੇਖੇ ਪਾਈਆ । ਤੇਰਾ ਸਤਿ ਸਰੂਪ ਅਗੰਮੀ ਬਲ, ਬਲਧਾਰੀ ਤੇਰੇ ਹੱਥ ਵਡਿਆਈਆ । ਤੇਰਾ ਵੇਖ ਅਗੰਮੀ ਧਾਮ ਨਿਹਚਲ ਅਟਲ, ਦੋ ਜਹਾਨ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰਸ ਦੀਦਾਰ ਦੇ ਨੇਹੁ ਆਪਣੇ ਨਾਲ ਲਗਾਈਆ ।

ਜਨ ਭਗਤਾਂ ਦਰਸ ਦੀਦਾਰ ਦੇਣਾ ਮਾਤ, ਇਹ ਪ੍ਰਭ ਦੀ ਵੱਡੀ ਵਡਿਆਈਆ । ਇਹੋ ਧੁਰ ਦੀ ਲੈ ਕੇ ਆਇਆ ਸੌਗਾਤ, ਨਾਮ ਅਨਮੁੱਲੜਾ ਝੋਲੀ ਪਾਈਆ । ਭਰਮ ਮਿਟਾਏ ਜ਼ਾਤ ਪਾਤ, ਊਚ ਨੀਚ ਕਰੇ ਕੁੜਮਾਈਆ । ਅੰਦਰ ਵੜ ਕੇ ਜਾਏ ਆਖ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਗੁਰਸਿਖ ਤੂੰ ਸਾਹਿਬ ਸਤਿਗੁਰ ਦੀ ਸਾਚੀ ਸ਼ਾਖ਼, ਬਿਨ ਸਤਿਗੁਰ ਸ਼ਨਾਖ਼ਤ ਸਕੇ ਨਾ ਕੋਇ ਕਰਾਈਆ । ਕਲਜੁਗ ਵੇਖੋ ਅੰਧੇਰੀ ਰਾਤ, ਅੰਧਲੀ ਕੂਕੇ ਦਏ ਦੁਹਾਈਆ । ਬਿਨ ਭਗਤਾਂ ਭਿੰਨੜੀ ਕਿਸੇ ਨਾ ਵਖਾਏ ਸਚ ਪਰਭਾਤ, ਪਰਭਾਤੀ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕੋ ਇਕ ਲਗਾਈਆ । ਸਚ ਪ੍ਰੀਤੀ ਗੁਰਮੁਖ ਤੇਰੀ, ਤੇਰੇ ਵਿਚੋਂ ਨਜ਼ਰੀ ਆਈਆ । ਤੇਰੀ ਆਤਮ ਪਰਮਾਤਮ ਬਣੀ ਚੇਰੀ, ਘਰ ਸਾਚੇ ਬਹਿ ਬਹਿ ਸੋਹਣਾ ਮੰਗਲ ਗਾਈਆ । ਕਿਸੇ ਕੰਮ ਨਾ ਆਉਣੀ ਕਾਇਆ ਢੇਰੀ, ਅੰਤਮ ਖ਼ਾਕੀ ਖ਼ਾਕ ਸਮਾਈਆ । ਸਤਿਗੁਰ ਵਸਤ ਨਾਮ ਪਦਾਰਥ ਦੇਵੇ ਜਿਹੜੀ, ਇਹੋ ਪ੍ਰੀਤ ਰੂਪ ਵਟਾਈਆ । ਤਨ ਮੌਲੇ ਕਾਇਆ ਖੇੜੀ, ਬੰਦ ਕੁਆੜੀ ਖਿੜਕੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਅੰਦਰ ਦਰਸ ਦੀਦਾਰ ਇਕ ਕਰਾਈਆ । ਪ੍ਰੀਤ ਅੰਦਰ ਕਰਨਾ ਦਰਸ, ਹਰਿ ਦਰਸੀ ਆਪ ਕਰਾਇੰਦਾ । ਜਨਮ ਜਨਮ ਦੀ ਮਿਟੇ ਹਰਸ, ਅੱਗੇ ਹਵਸ ਨਾ ਕੋਇ ਵਧਾਇੰਦਾ । ਮਿਹਰਵਾਨ ਹੋ ਕੇ ਕਰੇ ਤਰਸ, ਤਰਾ ਤਰਾ ਨਾਲ ਸਮਝਾਇੰਦਾ । ਜਨ ਭਗਤਾਂ ਪਿਛਲਾ ਮਕਰੂਜ਼ ਲਾਵੇ ਕਰਜ਼, ਅੱਗੇ ਲਹਿਣਾ ਨਜ਼ਰ ਕੋਇ ਨਾ ਆਇੰਦਾ । ਇਹੋ ਖੇਲ ਸਦਾ ਅਸਚਰਜ, ਅਚਰਜ ਲੀਲ੍ਹਾ ਆਪ ਵਰਤਾਇੰਦਾ । ਜੋਧਾ ਸੂਰਬੀਰ ਬਣ ਕੇ ਮਰਦ, ਮਦਦ ਭਗਤਾਂ ਆਪ ਕਰਾਇੰਦਾ । ਪੁਠੀ ਸਿੱਧੀ ਕਰਕੇ ਨਰਦ, ਨਰਕ ਸਵਰਗ ਦੋਹਾਂ ਵਿਚੋਂ ਪਾਰ ਕਰਾਇੰਦਾ । ਜਨਮ ਮਰਨ ਦੀ ਰਹਿਣ ਨਾ ਦੇਵੇ ਮਰਜ਼, ਲੱਖ ਚੁਰਾਸੀ ਪੰਧ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਗੁਰਮੁਖਾਂ ਆਪ ਵਖਾਇੰਦਾ । ਗੁਰਮੁਖ ਪ੍ਰੀਤੀ ਕਾਇਆ ਮੰਦਰ, ਆਤਮ ਪਰਮਾਤਮ ਜੋੜ ਜੁੜਾਈਆ । ਲੱਗੇ ਭਾਗ ਅੰਧੇਰੀ ਕੰਦਰ, ਸਤਿ ਸਚ ਕਰੇ ਰੁਸ਼ਨਾਈਆ । ਮਾਇਆ ਮਮਤਾ ਤੋੜੇ ਜੰਦਰ, ਨਾਮ ਕੁੰਜੀ ਇਕੋ ਲਾਈਆ । ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਰ ਪਰਕਾਸ਼ ਡੂੰਘੇ ਖੰਡਰ, ਸਾਚਾ ਨੂਰ ਦਏ ਚਮਕਾਈਆ । ਮਾਣ ਤੁਟੇ ਸੂਰੀਆ ਚੰਦਰ, ਰਵ ਸਸ ਨੈਣ ਸ਼ਰਮਾਈਆ । ਪੁਰਖ ਅਕਾਲ ਭਗਤ ਭਗਵਾਨ ਦੋਵੇਂ ਇਕ ਦੂਜੇ ਨੂੰ ਕਰਨ ਬੰਦਨ, ਬੰਦਨਾ ਬੰਦਗੀ ਡੰਡੌਤ ਰੂਪ ਵਟਾਈਆ । ਇਕ ਦੂਜੇ ਨੂੰ ਲਾਵਣ ਅੰਗਨ, ਅੰਗੀਕਾਰ ਅਖਵਾਈਆ । ਸਚ ਪ੍ਰੀਤੀ ਚੜ੍ਹੇ ਰੰਗਣ, ਰੰਗਣਹਾਰਾ ਬੇਪਰਵਾਹੀਆ । ਅੰਦਰ ਬਾਹਰ ਆਵੇ ਸੁਗੰਧਨ, ਨਾਮ ਨਿਧਾਨ ਫੁਲ ਫੁਲਵਾੜੀ ਮਹਿਕ ਮਹਿਕਾਈਆ । ਮਸਤਕ ਟਿੱਕਾ ਜੋਤ ਲਲਾਟ ਲਗਾਏ ਚੰਦਨ, ਸੋਹਣਾ ਸਗਨ ਮਨਾਈਆ । ਆਤਮ ਪਰਮਾਤਮ ਸਦਾ ਇਕ ਦੂਜੇ ਦੇ ਨਾਲ ਹੰਢਣ, ਜਗਤ ਯਾਰ ਕੰਮ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਪ੍ਰੀਤੀ ਇਕੋ ਨੇਂਹੁ ਵਖਾਈਆ । ਸਚ ਪ੍ਰੀਤੀ ਲੱਗੇ ਨੇਂਹੁ, ਨਿਹਕਰਮੀ ਆਪ ਲਗਾਈਆ । ਅੰਮ੍ਰਿਤ ਅਗੰਮ ਅਥਾਹ ਬਰਸੇ ਮੇਂਹੁ, ਝਿਰਨਾ ਧੁਰ ਦਾ ਆਪ ਝਿਰਾਈਆ । ਗੁਰਮੁਖ ਗੁਰਸਿਖ ਅਡੋਲ ਰਖੇ ਜਿਉਂ ਕੇ ਤਿਉਂ, ਕਲਜੁਗ ਵਾਅ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਲੇਖੇ ਪਾਈਆ । ਗੁਰਸਿਖ ਕਹੇ ਪ੍ਰੀਤ ਹਮੇਸ਼, ਚਿਤ

ਚਰਨ ਰਹੇ ਧਿਆਨ ਲਗਾਈਆ । ਜਿਸ ਦਰਸ਼ਨ ਨੂੰ ਤਰਸਨ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼ ਧਿਆਨ ਲਗਾਈਆ । ਜਿਸ ਨੂੰ ਕਰੋੜ ਤੇਤੀਸਾ ਸੁਰਪਤ ਕਰੇ ਆਦੇਸ, ਨਿਉਂ ਨਿਉਂ ਨੈਣ ਸ਼ਰਮਾਈਆ । ਜਿਸ ਦੀ ਖੇਲ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਖੇਡ, ਖ਼ਾਲਕ ਖ਼ਲਕ ਵਿਚ ਪਰਗਟਾਈਆ । ਜਿਸ ਦਾ ਜੋਤੀ ਜਲਵਾ ਨੂਰ ਅਗੰਮੀ ਤੇਜ, ਪ੍ਰਿਥਮੀ ਆਕਾਸ਼ ਕਰੇ ਰੁਸ਼ਨਾਈਆ । ਜਿਸ ਨੂੰ ਦੋ ਜਹਾਨ ਸੱਯਦਾ ਕਰਨ ਆਦੇਸ, ਬਰਦੇ ਬਣ ਬਣ ਲਾਗਣ ਪਾਈਆ । ਸੋ ਸਤਿਗੁਰ ਸਵਾਮੀ ਅੰਤਰਜਾਮੀ ਜਨ ਭਗਤਾਂ ਕਰੇ ਸਾਚਾ ਹੇਤ, ਬਣ ਹਿਤਕਾਰੀ ਫੇਰਾ ਪਾਈਆ । ਹਰਿਜਨ ਗੁਰਸਿਖ ਸੋਹਣੇ ਬਣਾ ਕੇ ਨੇਕ, ਨੇਕੀ ਆਪਣੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਧੁਰ ਦੀ ਦਏ ਸਮਝਾਈਆ । ਧੁਰ ਪ੍ਰੀਤੀ ਪੂਰਬ ਪਤਵੰਤ, ਹਰਖ਼ ਸੋਗ ਨਾ ਕੋਇ ਰਖਾਈਆ । ਪ੍ਰੇਮ ਵਿਚੋਂ ਬਣੀ ਬਣਤ, ਮੁਹੱਬਤ ਵਿਚ ਕੁੜਮਾਈਆ । ਸੋ ਸਵਾਮੀ ਵੇਖਣਹਾਰਾ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲ ਕਦੇ ਨਾ ਜਾਈਆ । ਨਿਰਗੁਣ ਸਰਗੁਣ ਬਣਾਵਣਹਾਰਾ ਬਣਤ, ਘਾੜਤ ਘੜ ਘੜ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪ੍ਰੇਮ ਪ੍ਰੀਤੀ ਪਿਛਲਾ ਲਹਿਣਾ, ਲੇਖਿਆਂ ਵਿਚੋਂ ਲੇਖਾ ਆਪਣੇ ਹੱਥ ਰਖਾਈਆ । ਦਰਸ ਦੀਦਾਰ ਸਤਿਗੁਰ ਲੋਚਣ ਨੈਣਾਂ, ਅੱਖ ਪ੍ਰਤਖ ਦਏ ਵਡਿਆਈਆ । ਗੁਰ ਸਰਨਾਈ ਸਾਚੀ ਬਹਿਣਾ, ਚਰਨ ਕਵਲ ਉਪਰ ਧਵਲ ਦ੍ਰਿੜਾਈਆ । ਕੂੜੀ ਕਿਰਿਆ ਕਦੇ ਨਾ ਵਹਿਣਾ, ਕਾਮ ਕਰੋਧ ਲੋਭ ਮੋਹ ਹੰਕਾਰ ਹਕ ਸਕੇ ਨਾ ਕੋਇ ਜਮਾਈਆ । ਹੁਕਮੇ ਅੰਦਰ ਸਦਾ ਰਹਿਣਾ, ਭੈ ਭਾਉ ਦੋਵੇਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਸਮਝਾਈਆ । ਪ੍ਰੀਤ ਕਹੇ ਮੈਂ ਭਗਤਾਂ ਜੋਗੀ, ਜੁਗੀਸ਼ਰ ਮੁਨੀਸ਼ਰ ਤਪੀਸ਼ਰ ਗਏ ਸਮਝਾਈਆ । ਬਿਨ ਮੇਰੇ ਗੁਰਸਿਖ ਸਦਾ ਰੋਗੀ, ਕੂੜਾ ਰੋਗ ਨਾ ਕੋਇ ਗਵਾਈਆ । ਮੈਂ ਖੇਲ ਕਰਾਂ ਵਿਚ ਕਾਇਆ ਚੋਗੀ, ਚੁਗ਼ਲੀ ਨਿੰਦਿਆ ਮੋਹੇ ਕਦੇ ਨਾ ਭਾਈਆ । ਮੈਂ ਮੇਲ ਮਿਲਾਵਾਂ ਨਾਲ ਪ੍ਰੀਤਮ ਚੋਜੀ, ਜੋ ਚੋਲੇ ਅੰਦਰ ਬਹਿ ਕੇ ਵੇਖ ਵਖਾਈਆ । ਪ੍ਰੇਮ ਪਿਆਰ ਕਰਕੇ ਗੁਰਸਿਖਾਂ ਬਣਾਣਾਂ ਸਾਚੇ ਖੋਜੀ, ਧੁਰ ਦਾ ਮਾਰਗ ਇਕ ਵਖਾਈਆ । ਜਨ ਭਗਤਾਂ ਪ੍ਰੇਮ ਮੇਰੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਇਹੋ ਦਿਤੀ ਵਡਿਆਈਆ । ਮੈਂ ਓਸ ਸਾਹਿਬ ਦੀ ਸਵਾਵਾਂ ਅਗੰਮੀ ਗੋਦੀ, ਜਿਥੇ ਪੰਜ ਤਤ ਵਾਲਾ ਨਜ਼ਰ ਕੋਇ ਨਾ ਆਈਆ । ਮਿਹਰ ਕਰਕੇ ਕਮਲਿਆਂ ਕੋਝਿਆਂ ਦੇਵਾਂ ਸੋਝੀ, ਸੁੱਤੀ ਸੁਰਤ ਸੁਰਤੀ ਆਪ ਜਗਾਈਆ । ਮੈਂ ਨਾਤਾ ਛੁਡਾਵਾਂ ਜੰਞੂ ਬੋਦੀ, ਸੁੰਨਤ ਤਿਲਕ ਦਾਹੜੀ ਮੁੱਛ ਵੰਡ ਨਾ ਕੋਇ ਵੰਡਾਈਆ । ਮੈਂ ਭੇਵ ਖੁਲਾਵਾਂ ਗਿਆਨੀ ਬੋਧੀ, ਆਤਮ ਬੋਧ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਦਿਤੀ ਲਗਾਈਆ । ਪ੍ਰੀਤੀ ਕਹੇ ਮੈਂ ਸੇਵਾ ਕਰਨੀ, ਚਾਕਰ ਰੂਪ ਮਾਤ ਵਡਿਆਈਆ । ਜਨ ਭਗਤਾਂ ਦੀ ਕੰਨੀ ਫੜਨੀ, ਪੱਲੂ ਪ੍ਰਭ ਦੇ ਨਾਲ ਬੰਧਾਈਆ । ਮੈਂ ਲੇਖ ਚੁਕਾਉਣੇ ਬਰਨੀ ਵਰਨੀ, ਸਾਚੀ ਸਰਨ ਇਕ ਸਮਝਾਈਆ । ਮੈਂ ਨੈਣ ਖੁਲ੍ਹਾਉਣੇ ਹਰਨੀ ਫਰਨੀ, ਹਿਰਦੇ ਹਰਿ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਏ ਲਗਾਈਆ । ਪ੍ਰੇਮ ਕਹੇ ਉਠੋ ਗੁਰਮੁਖੋ, ਮੁਖ ਉਜਲ ਲਓ ਕਰਾਈਆ । ਪਰਮ ਪੁਰਖ ਦੇ ਸਾਚੇ ਸੁਤੋ, ਸੁਰਤੀ ਸ਼ਬਦ ਲਓ ਜਗਾਈਆ । ਕਲਜੁਗ ਅੰਤ ਨਿਸ਼ਾਨਿਓ ਮੂਲ ਨਾ ਉਕੋ, ਵੇਲਾ ਵਕਤ ਨਾ ਜਾਏ ਵਿਹਾਈਆ । ਹੁਣ ਸਤਿਗੁਰ ਕੋਲੋਂ ਪੁੱਛੋ, ਨਿਰਗੁਣ

ਦਾਤਾ ਧੁਰ ਦਰਗਾਹੀਆ । ਓਸ ਸਾਹਿਬ ਨਾਲ ਕਦੇ ਨਾ ਰੁੱਸੋ, ਜੋ ਰੁਸਿਆਂ ਰਿਹਾ ਮਨਾਈਆ । ਮਨ ਵਿਕਾਰ ਕੂੜੀ ਕਿਰਿਆ ਕੁੱਠੇ, ਜੂਠਾ ਝੂਠਾ ਡੇਰਾ ਢਾਹੀਆ । ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਧੁਰ ਦੇ ਰਾਮ ਝੁਕੇ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਨੇਤਰ ਨੈਣ ਮੂੰਦ ਜਗਤ ਜਗ ਮੂਲ ਨਾ ਛੁਪੇ, ਪੜਦਾ ਸਕੇ ਨਾ ਕੋਇ ਪਾਈਆ । ਸਾਢੇ ਤਿੰਨ ਹੱਥ ਕਾਇਆ ਅੰਦਰ ਧੂੰਆਂਧਾਰ ਹੋ ਨਾ ਧੁਖੇ, ਸੋਹਣੀ ਸਚ ਕਰੇ ਰੁਸ਼ਨਾਈਆ । ਸਤਿਗੁਰ ਪ੍ਰੀਤੀ ਧੁਰ ਦਾ ਸ਼ਬਦ ਬੋਲਣਾ ਮੁਖੇ, ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਘਰ ਵਖਾਈਆ । ਪ੍ਰੀਤ ਕਹੇ ਮੈਂ ਜਗਤ ਨਿਮਾਣੀ, ਨਿਮਾਣਿਆਂ ਵਿਚੋਂ ਨਜ਼ਰੀ ਆਈਆ । ਦੇਵਾਂ ਸੰਦੇਸਾ ਦੋ ਜਹਾਨੀ, ਭੱਜਾਂ ਵਾਹੋ ਦਾਹੀਆ । ਅੰਦਰੋਂ ਬਾਹਰੋਂ ਵੇਖਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖਾਂ ਕਰ ਪਛਾਣੀ, ਪਹਿਚਾਣ ਓਸ ਦੇ ਨਾਲ ਕਰਾਈਆ । ਜਿਸ ਦੀ ਗੁਰ ਅਵਤਾਰਾਂ ਸਿਫ਼ਤ ਵਿਚ ਗਾਈ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਉਹ ਸਮਰਥ ਸਵਾਮੀ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਹੋ ਜਾਈਆ । ਜਿਸ ਦਾ ਅੰਮ੍ਰਿਤ ਰਸ ਅਨੋਖਾ ਠੰਡਾ ਪਾਣੀ, ਸਮੁੰਦ ਸਾਗਰ ਕੋਟਨ ਕੋਟ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਆਪਣੇ ਘਰ ਵਖਾਈਆ । ਵੇਖੇ ਪ੍ਰੀਤ ਪ੍ਰਭੂ ਘਰ ਕਰਦਾ, ਧੁਰ ਦੀ ਕਿਰਤ ਕਮਾਈਆ । ਗ਼ਰੀਬ ਨਿਮਾਣਿਆਂ ਦੁਖੀਆਂ ਵੰਡੇ ਦਰਦਾ, ਦਰਦੀ ਹੋ ਕੇ ਹੋਏ ਸਹਾਈਆ । ਜੁਗ ਜਨਮ ਪਿਛਲੀਆਂ ਜਿਨ੍ਹਾਂ ਕੀਤੀਆਂ ਅਰਜ਼ਾਂ, ਆਰਜ਼ੂਆਂ ਵਿਚ ਰੂਪ ਜਣਾਈਆ । ਇਨ੍ਹਾਂ ਦੀਆਂ ਕੱਢ ਕੇ ਵੇਖੇ ਫ਼ਰਦਾਂ, ਪੜਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ ਦਾ, ਬਚਿਆ ਕੋਇ ਰਹਿਣ ਨਾ ਪਾਈਆ । ਪ੍ਰੀਤ ਕਹੇ ਮੈਂ ਬੜੀ ਸੁਚੱਜੀ, ਸੋਹਣਿਆਂ ਵਿਚੋਂ ਸੋਹਣੀ ਨਜ਼ਰੀ ਆਈਆ । ਵਸਤ ਅਮੋਲਕ ਇਕੋ ਮੰਗੀ, ਨਾਤਾ ਜੁੜੇ ਗੁਰਮੁਖ ਗੁਰਸਿਖ ਸੰਤ ਸੱਜਣ ਸੱਚੇ ਮਾਹੀਆ । ਮੇਰੀ ਮੇਂਢੀ ਸੀਸ ਚੋਟੀ ਨਾ ਹੋਵੇ ਨੰਗੀ, ਸਾਚਾ ਓਢਣ ਦੇਣਾ ਸਿਰ ਟਿਕਾਈਆ । ਮੇਰੀ ਵਾਸਨਾ ਜਗਤ ਵਿਚ ਹੋਵੇ ਨਾ ਗੰਦੀ, ਕੂੜੀ ਕਰੇ ਨਾ ਕੋਇ ਕੁੜਮਾਈਆ । ਮੈਂ ਮਨਮੁਖਾਂ ਕਰਾਂ ਨਾ ਕਦੇ ਮਛੰਦਗੀ, ਸਨਮੁਖ ਹੋ ਨਾ ਦਰਸ ਦਿਖਾਈਆ । ਮੈਂ ਤੇਰਿਆਂ ਭਗਤਾਂ ਤੇਰੇ ਪ੍ਰੇਮ ਅੰਦਰ ਸੁਣਾਵਾਂ ਬੰਦਗੀ, ਬੰਦੇ ਖ਼ਾਕੀ ਇਕ ਜਣਾਈਆ । ਤੂੰ ਦੱਸਣਾ ਭੇਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਸਚ ਗੁਸਾਈਆ । ਪ੍ਰੀਤ ਕਹੇ ਲਓ ਉਠ ਤੱਕ, ਤਕਵਾ ਇਕ ਜਣਾਈਆ । ਲੇਖਾ ਜਾਣੇ ਪੁਰਖ ਸਮਰਥ, ਸਮਰਥ ਵੱਡੀ ਵਡਿਆਈਆ । ਪ੍ਰੇਮ ਪਿਆਰ ਅੰਦਰ ਹੋ ਕੇ ਵਸ, ਵਾਸਤਾ ਗੁਰਮੁਖਾਂ ਨਾਲ ਜਣਾਈਆ । ਰੋਗ ਸੋਗ ਚਿੰਤਾ ਦੁੱਖ ਜਗਤ ਸੰਖਿਆ ਵਿਚ ਪਏ ਹੱਸ, ਹਸਤੀ ਆਪਣੀ ਇਕ ਦ੍ਰਿੜਾਈਆ । ਜਗਤ ਵਿਛੋੜੇ ਵਿਚੋਂ ਆਏ ਨੱਠ, ਗੁਰਮੁਖਾਂ ਸੰਗ ਜਾਏ ਵਸ, ਅਸਲ ਵਸਲ ਬਿਨਾ ਵਜੂਦ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਆਤਮ ਪ੍ਰੀਤੀ ਦਿਤਾ ਰਸ, ਸੋ ਰਸਤੇ ਪੈ ਪੈ ਖ਼ੁਸ਼ੀ ਮਨਾਈਆ । ਪ੍ਰੀਤ ਕਹੇ ਮੈਂ ਦੱਸਿਆ ਰਸਤਾ, ਬਰਾਸਤਾ ਵਿਚੋ ਵਿਚ ਜਣਾਈਆ । ਚੁੱਕਣਾ ਪਏ ਨਾ ਕੋਇ ਪੋਥੀ ਬਸਤਾ, ਅੱਖਰਾਂ ਨਾਲ ਨਾ ਕੋਇ ਵਡਿਆਈਆ । ਰਹਿਬਰ ਮਿਲਾਇਆ ਧੁਰ ਦਾ ਸਸਤਾ, ਜਿਸ ਦੀ ਕੀਮਤ ਨਾ ਕੋਇ ਮੁਕਾਈਆ । ਜੋ ਏਥੇ ਓਥੇ ਦੋ


੪੩੩ ੧੨

ਜਹਾਨਾਂ ਪਤ ਰੱਖਦਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਵਟਾਈਆ । ਜੋ ਸਚਖੰਡ ਦਵਾਰੇ ਸਤਿ ਸਰੂਪੀ ਵਸਦਾ, ਥਿਰ ਘਰ ਸ਼ਬਦੀ ਸੁਤ ਬਹਾਈਆ । ਓਹ ਕੌਲ ਇਕਰਾਰ ਕਰ ਕਦੇ ਨਾ ਨੱਸਦਾ, ਪੱਲੂ ਛੁਡਾ ਨਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਬਣੇ ਧੁਰ ਦੇ ਹੱਟ ਦਾ, ਵਣਜਾਰਾ ਇਕੋ ਨਜ਼ਰੀ ਆਈਆ । ਪ੍ਰੀਤ ਕਹੇ ਮੈਂ ਮਿਲਾਵਾਂ ਮੇਲ, ਮਿਲਣੀ ਜਗਦੀਸ ਕਰਾਈਆ । ਨਾਤਾ ਜੁੜੇ ਧੁਰ ਦੇ ਸੱਜਣ ਸੁਹੇਲ, ਸਾਜਣ ਇਕੋ ਬੇਪਰਵਾਹੀਆ । ਧਾਮ ਮਿਲਾਵਾਂ ਸਚ ਨਵੇਲ, ਅਗੰਮ ਅਥਾਹ ਬੇਪਰਵਾਹ ਸੋਭਾ ਪਾਈਆ । ਦੀਪਕ ਜਗੇ ਬਿਨ ਬਾਤੀ ਤੇਲ, ਜੋਤੀ ਜੋਤ ਜੋਤ ਰੁਸ਼ਨਾਈਆ । ਅਚਰਜ ਵਖਾਵਾਂ ਉਸ ਦਾ ਖੇਲ, ਜੋ ਖ਼ਾਲਕ ਖ਼ਲਕ ਅਖਵਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਬਿਨ ਕਰਨੀਉਂ ਕਲਜੁਗ ਅੰਤਮ ਦੇਵੇ ਮੇਲ, ਮਿਲਾਪ ਇਕੋ ਘਰ ਵਖਾਈਆ । ਦਰਸ ਦੀਦਾਰ ਦੇਵੇ ਨਿਹਕੇਵ, ਸਚ ਸਿੰਘਾਸਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਦਾਰ ਪ੍ਰੀਤੀ ਧੁਰ ਦੀ ਰੀਤੀ ਹਸਤ ਕੀਟੀ ਊਚ ਨੀਚੀ ਸਦੀ ਬੀਸੀ ਖੇਲ ਇਕੀਸੀ ਏਕੰਕਾਰ ਹਰਿ ਨਿਰੰਕਾਰ ਸ਼ਬਦ ਧਾਰ ਸੁਰਤ ਪਿਆਰ ਪ੍ਰੇਮੀ ਪ੍ਰੇਮਿਕਾ ਪ੍ਰੇਮ ਦਏ ਬਣਾਈਆ ।

## ✪ ੧੪ ਭਾਦਰੋਂ ੨੦੨੧ ਬਿਕ੍ਰਮੀ ਹਜ਼ੂਰਾ ਸਿੰਘ ਦੇ ਘਰ ਗੁਰਾਇਆ ✪



ਗੁਰ ਅਵਤਾਰ ਪੀਰ ਪੈਗ਼ੰਬਰ ਲੈਣ ਹੌਕਾ, ਹੈਰਾਨੀ ਹੈਰਾਨੀ ਵਿਚੋਂ ਪਰਗਟਾਈਆ । ਜਗਤ ਜੀਵ ਲੇਖਾ ਚੁੱਕਿਆ ਸਾਚੇ ਨਾਉਂ ਕਾ, ਨਰ ਨਿਰੰਕਾਰਾ ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਵਹਿਣ ਵਹੇ ਕੂੜੇ ਦਰਿਆਉ ਕਾ, ਨਈਆ ਨੌਕਾ ਸੰਗ ਨਾ ਕੋਇ ਰਖਾਈਆ । ਲੇਖਾ ਚੁੱਕਿਆ ਭੈ ਭਾਉ ਕਾ, ਸੀਸ ਜਗਦੀਸ ਨਾ ਕੋਇ ਝੁਕਾਈਆ । ਵਿਕਾਰ ਵਧਿਆ ਹਉਮੇ ਹਾਉਂ ਕਾ, ਮਮਤਾ ਮੋਹ ਨਾ ਕੋਇ ਮਿਟਾਈਆ । ਮਾਣ ਚੁੱਕਿਆ ਪਿਤਾ ਮਾਉਂ ਕਾ, ਭਈਆ ਭੈਣ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕ ਤੱਕ ਥੱਕੇ, ਬਿਨ ਅੱਖਾਂ ਨਿਜ ਨੇਤਰ ਧਿਆਨ ਲਗਾਈਆ । ਕਲਜੁਗ ਅੰਤਮ ਸਦੀ ਚੌਧਵੀਂ ਹੋਏ ਹੱਕੇ ਬੱਕੇ, ਹਕੀਕਤ ਹਕ ਨਾ ਕੋਇ ਸਮਝਾਈਆ । ਸਚ ਪ੍ਰੀਤੀ ਨਾਮ ਰੰਗਣ ਆਤਮ ਪਰਮਾਤਮ ਕੋਇ ਨਾ ਰੱਤੇ, ਕੂੜੀ ਕਿਰਿਆ ਘਰ ਘਰ ਨਜ਼ਰੀ ਆਈਆ । ਭਗਤ ਭਗਵਾਨ ਨਿਰਗੁਣ ਸਰਗੁਣ ਸਤਿ ਸਤਿਵਾਦੀ ਮਿਲ ਕੋਇ ਨਾ ਹੱਸੇ, ਹਸਤੀ ਹਰਿ ਵਿਚ ਨਾ ਕੋਇ ਸਮਝਾਈਆ । ਨਿਝ ਨੇਤਰ ਲੋਚਣ ਨੈਣ ਸਤਿਗੁਰ ਦਰਸ ਕਰੇ ਨਾ ਕੋਇ ਅੱਖੇ, ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਨਿਰਗੁਣ ਜੋਤ ਨਿਰਾਕਾਰ ਗ੍ਰਿਹਿ ਮੰਦਰ ਕੋਇ ਨਾ ਜਗੇ, ਅੰਧ ਅਗਿਆਨ ਨਾ ਕੋਇ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਜੂਠ ਝੂਠ ਕੋਇ ਨਾ ਤਜੇ, ਮਾਣ ਅਭਿਮਾਨ ਨਾ ਕੋਇ ਤਜਾਈਆ । ਮਨ ਵਾਸਨਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਫਿਰਨ ਭੱਜੇ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਲਹਿਣਾ ਦੇਣਾ ਲੋਕਮਾਤ ਕੋਇ ਨਾ ਰੱਖੇ ਅੱਗੇ, ਅਗਲਾ ਪੰਧ ਨਾ ਕੋਇ ਸਮਝਾਈਆ । ਮਾਇਆ ਮਮਤਾ ਹਉਮੇ ਹੰਗਤਾ ਤ੍ਰੈਗੁਣ ਅਗਨੀ ਸ੍ਰਿਸ਼ਟ ਸਬਾਈ ਤਪੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲ ਦੀਨ ਦਿਆਲ ਸ਼ਬਦ

ਸਵਾਮੀ ਤੇਰਾ ਨਾਮ ਕੋਇ ਨਾ ਜਪੇ, ਰਸਨਾ ਜਿਹਵਾ ਬੱਤੀ ਦੰਦ ਦਿਵਸ ਰੈਣ ਕਰਨ ਪੜ੍ਹਾਈਆ । ਕਾਇਆ ਕਾਅਬਾ ਹਜ਼ਰਤ ਵੇਖਿਆ ਨਾ ਕਿਸੇ ਮੱਕੇ, ਜਗਤ ਮਕਬਰਿਆਂ ਬੈਠੇ ਸੀਸ ਨਿਵਾਈਆ । ਸਾਚਾ ਰਾਮ ਮੰਜ਼ਲ ਮੁਕਾਮ ਕਿਸੇ ਨਾ ਦੱਸੇ, ਮਹਿਬੂਬ ਸਨਮੁਖ ਰੂਪ ਨਾ ਕੋਇ ਦਰਸਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸ਼ਾਹ ਪਾਤਸ਼ਾਹ ਸਤਿ ਸਰੂਪ ਸਚ ਦਵਾਰੇ ਇਕੋ ਫੱਬੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਵੇਖ ਜਗਤ, ਨੇਤਰ ਨੈਣ ਨੈਣ ਸ਼ਰਮਾਈਆ । ਸਦੀ ਵੀਹਵੀਂ ਆਇਆ ਵਕਤ, ਵਾਕਿਆ ਸਭ ਨੂੰ ਦਏ ਦ੍ਰਿੜਾਈਆ । ਪਤਿ ਪਰਮੇਸ਼ਵਰ ਸ੍ਰੀ ਭਗਵਾਨ ਆਪਣੀ ਕਰੇ ਨਿਰਗੁਣ ਹਰਕਤ, ਨਿਰਵੈਰ ਆਪਣੀ ਕਾਰ ਕਮਾਈਆ । ਦੋ ਜਹਾਨਾਂ ਮੇਟੇ ਸ਼ਰਕਤ, ਪੁਰੀ ਲੋਅ ਬ੍ਰਹਿਮੰਡ ਖੰਡ ਲੋਕ ਪਰਲੋਕ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਮਾਤ, ਮਤਾ ਆਪਣੇ ਨਾਲ ਪਕਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੇਂਦੇ ਰਹੇ ਦਾਤ, ਸਰਗੁਣ ਹੋ ਕੇ ਕਰ ਪੜ੍ਹਾਈਆ । ਨਾਮ ਵਸਤ ਭੰਡਾਰ ਅਮੋਲਕ ਭਰਦੇ ਰਹੇ ਡੂੰਘੇ ਖਾਤ, ਖ਼ਾਤਰ ਮਾਣ ਜਗਤ ਵਡਿਆਈਆ । ਗੋਪੀ ਕਾਹਨ ਮੰਡਲ ਮੰਡਪ ਪਾਉਂਦੇ ਰਹੇ ਰਾਸ, ਮੋਰ ਮੁਕਟ ਸੀਸ ਟਿਕਾਈਆ । ਰਾਮ ਸੀਤਾ ਫਿਰਦੇ ਰਹੇ ਬਨਵਾਸ, ਜਗਤ ਵਿਛੋੜਾ ਸਮਝ ਸਕੇ ਕੋਇ ਨਾ ਰਾਈਆ । ਕਲਜੁਗ ਅੰਤਮ ਵੇਖ ਹੋਏ ਹਰਾਸ, ਹੈਰਾਨੀ ਸਭ ਦੇ ਉਪਰ ਛਾਈਆ । ਸਚ ਵਸਤ ਨਾ ਕਿਸੇ ਪਾਸ, ਪਾਸ਼ਾ ਹਰਿ ਜੂ ਦਿਤਾ ਉਲਟਾਈਆ । ਰਸਨਾ ਜਿਹਵਾ ਅੰਤਰ ਆਤਮ ਹਿਰਦਾ ਜਪੇ ਨਾ ਕੋਇ ਸਵਾਸ, ਮੁਰਦਾ ਦਿਸੇ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪ੍ਰਭੂ ਤੇਰੇ ਹੱਥ ਸੱਚੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਰੈਣ ਦਿਨ, ਦਿਵਸ ਰੈਣ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬਤਾਏ ਗਿਣ ਗਿਣ, ਗਿਣਤੀ ਅੱਖਰਾਂ ਅੰਕੜਿਆਂ ਵਿਚ ਸ਼ੁਮਾਰ ਨਾ ਕੋਇ ਕਰਾਈਆ । ਸਾਹਿਬ ਸਵਾਮੀ ਠਾਕਰ ਪਰਵਰਦਿਗਾਰ ਵੇਸ ਵਟਾਏ ਭਿੰਨ ਭਿੰਨ, ਛਿੰਨ ਛਿੰਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿ ਸਤਿ ਸਚ ਮਿਲੇ ਸ਼ਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਨੈਣ, ਲੋਚਨ ਇਕ ਖੁਲ੍ਹਾਈਆ । ਨਿਰਗੁਣ ਧਾਰ ਨਿਰਗੁਣ ਕਹਿਣ, ਨਿਰਗੁਣ ਢੋਲਾ ਸੋਹਲਾ ਰਹੇ ਗਾਈਆ । ਨਿਰਗੁਣ ਲੇਖਾ ਨਿਰਗੁਣ ਦੇਣ, ਨਿਰਗੁਣ ਲਹਿਣਾ ਇਕੋ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਨੀ ਧੁਰ ਦੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਗਲੀ ਗਲੀ, ਚੌਦਾਂ ਲੋਕ ਚੌਦਾਂ ਤਬਕ ਧਿਆਨ ਲਗਾਈਆ । ਪਤਿਪਰਮੇਸ਼ਵਰ ਵਲੀ ਛਲੀ, ਅਛਲ ਛਲ ਧਾਰੀ ਵੇਸ ਵਟਾਈਆ । ਜਿਸ ਨੂੰ ਸੀਸ ਝੁਕਾਉਂਦੇ ਗਏ ਵਿਸ਼ਨ ਬ੍ਰਹਮਾ ਸ਼ਿਵ ਜੋਧਾ ਸੂਰਬੀਰ ਵਡ ਅਲੀ, ਅਲਾਹ ਕਹਿ ਕਹਿ ਨਾਅਰਾ ਲਗਾਈਆ । ਕੋਟਨ ਕੋਟ ਗੁਰ ਅਵਤਾਰ ਜਿਸ ਬਾਗ਼ੀਚੇ ਬਾਗ਼ ਦੀ ਮਹਿਕਦੀ ਕਲੀ, ਕੋਮਲ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਕਰਨ ਇਸ਼ਾਰਾ, ਸੈਨਤ ਨਾਲ ਸਮਝਾਈਆ । ਈਸਾ ਮੂਸਾ ਮੁਹੰਮਦ

ਨੇਤਰ ਲੋਚਣ ਨੈਣ ਤੱਕਣ ਪਰਵਰਦਿਗਾਰਾ, ਬੇਪਰਵਾਹ ਤੇਰੀ ਵਡਿਆਈਆ । ਤੇਈ ਅਵਤਾਰ ਨਿਉਂ ਨਿਉਂ ਕਰਨ ਨਿਮਸਕਾਰਾ, ਪੁਨਹ ਪੁਨਹ ਸੀਸ ਝੁਕਾਈਆ । ਦੱਸ ਗੁਰ ਬੋਲ ਜੈਕਾਰਾ, ਤੂੰ ਹੀ ਤੂੰ ਰਾਗ ਅਲਾਈਆ । ਭਗਤ ਅਠਾਰਾਂ ਧੂੜੀ ਟਿੱਕਾ ਮਸਤਕ ਲਾਵਣ ਛਾਰਾ, ਮਸਤੀ ਨਾਮ ਖ਼ੁਮਾਰੀ ਇਕ ਚੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖਿਆ ਤੇਰਾ ਨਜ਼ਾਰਾ, ਬੇਨਜ਼ੀਰ ਸਮਝ ਕੋਇ ਨਾ ਪਾਈਆ । ਕਲਜੁਗ ਅੰਤਮ ਖੇਲ ਅਪਾਰਾ, ਅਪਰੰਪਰ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਆਪਣੀ ਖੇਲ ਰਚਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਲਏ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰਾ, ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਰੁਸ਼ਨਾਈਆ । ਕਾਗਜ਼ ਕਲਮ ਨਾ ਲਿਖਣਹਾਰਾ, ਕਾਤਬ ਮਾਣ ਦੇਵੇ ਨਾ ਸ਼ਾਹੀਆ । ਸ੍ਰਿਸ਼ਟ ਸਬਾਈ ਜਗਤ ਬਣੇ ਨਾ ਕੋਇ ਵਣਜਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਲੋਚਣ ਨੈਣ ਖੋਲ੍ਹ, ਖ਼ਾਲਕ ਖ਼ਲਕ ਤੇਰੀ ਖੇਲ ਵੇਖ ਵਖਾਈਆ । ਵਾਹ ਵਾਹ ਸਵਾਮੀ ਤੋਲੇ ਤੋਲ, ਤੋਲਣਹਾਰੇ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸੁੱਤੇ ਅਣਭੋਲ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਗੁਰਮੁਖ ਗੁਰਸਿਖ ਵਿਰਲੇ ਚਰਨ ਪ੍ਰੀਤੀ ਰਹੇ ਘੋਲੀ ਘੋਲ, ਘੋਲ ਘੁਮਾਈ ਤੇਰੀ ਇਕੋ ਸੇਵ ਕਮਾਈਆ । ਦੂਰ ਦੁਰਾਡੇ ਨੇਰਨ ਨੇਰੇ ਸ਼ਬਦ ਅਗੰਮੀ ਤੇਰੇ ਵੱਜਦੇ ਢੋਲ, ਢੋਲਕ ਛੈਣਾ ਕੰਮ ਕਿਸੇ ਨਾ ਆਈਆ । ਜਨ ਭਗਤਾਂ ਬਜਰ ਕਪਾਟੀ ਪੜਦੇ ਦਿਤੇ ਖੋਲ੍ਹ, ਦੂਈ ਦਵੈਤੀ ਸ਼ਰਅ ਸ਼ਰਾਇਤੀ ਪਰੇ ਹਟਾਈਆ । ਸਤਿ ਸਰੂਪੀ ਅੰਤਰ ਆਤਮ ਗਿਆ ਮੌਲ, ਪਰਮਾਤਮ ਆਪਣਾ ਰੰਗ ਚੜ੍ਹਾਈਆ । ਉਲਟਾ ਕਰ ਕੇ ਨਾਭ ਕੌਲ, ਨਿਝਰ ਝਿਰਨਾ ਅੰਮ੍ਰਿਤ ਰਸ ਝਿਰਾਈਆ । ਦੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾਵੰਤ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਕਲਜੁਗ ਅੰਤਮ ਧਾਰ, ਕਲਕਾਤੀ ਫੇਰਾ ਪਾਈਆ । ਭਰਮੇ ਭੁੱਲਿਆ ਸਰਬ ਸੰਸਾਰ, ਸਤਿ ਸਚ ਨਾ ਕੋਇ ਦ੍ਰਿੜਾਈਆ । ਰਸਨਾ ਜਿਹਵਾ ਢੋਲੇ ਰਹੇ ਉਚਾਰ, ਗੋਲੇ ਬਣ ਨਾ ਸੇਵ ਕਮਾਈਆ । ਦੋਏ ਦੋਏ ਜੋੜ ਕਰਨ ਨਿਮਸਕਾਰ, ਡੰਡਾਵਤ ਕਰ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮੀ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਝੁਕ ਝੁਕ ਕਰਨ ਸੱਜਦਾ, ਸਹਿਜ ਸੁਭਾ ਸੀਸ ਨਿਵਾਈਆ । ਹਉਂ ਬਰਖ਼ੁਰਦਾਰ ਤੇਰਾ ਬਰਦਾ, ਬੰਦਗੀ ਬੰਦਗੀ ਵਿਚੋਂ ਨਜ਼ਰੀ ਆਈਆ । ਨਾ ਜਿਉਂਦਾ ਨਾ ਕਦੇ ਮਰਦਾ, ਮੁਰਦਾ ਹੋ ਨਾ ਗੋਰ ਸਮਾਈਆ । ਇਹੋ ਖੇਲ ਪੁਰਖ ਅਕਾਲ ਧੁਰ ਦੇ ਹਰਿ ਦਾ, ਹਰ ਘਟ ਹਿਰਦੇ ਵੇਖੇ ਚਾਈਂ ਚਾਈਂਆ । ਨਿਤ ਨਵਿਤ ਲੋਕਮਾਤ ਕਦੇ ਨਾ ਡਰਦਾ, ਭੈ ਭਾਉ ਦੋਵੇਂ ਆਪਣੇ ਹੱਥ ਰਖਾਈਆ । ਭਗਤ ਸੁਹੇਲੇ ਸਾਚੇ ਵਰਦਾ, ਨਾਤਾ ਧੁਰ ਦਾ ਜੋੜ ਜੁੜਾਈਆ । ਡੂੰਘੀ ਭਵਰੀ ਕਾਇਆ ਕਵਰੀ ਵਿਚੋਂ ਫੜਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੰਜ਼ਲ ਮਨਾਰ ਆਪੇ ਚੜ੍ਹਦਾ, ਬੰਕ ਦਵਾਰ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਇਕੋ ਪੜ੍ਹਦਾ, ਬਿਨ ਪੁਸਤਕ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਧਾਰ ਬਾਰੀਕ, ਜਿਸ ਦੀ ਸਾਰ ਕੋਇ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਜੋ ਦੱਸਦੇ ਰਹੇ ਤਰੀਕ, ਤਾਰੀਖ ਆਪਣੀ ਆਪ ਬਦਲਾਇੰਦਾ । ਜਿਸ ਦੀ ਨਿਰਗੁਣ ਨਿਰਵੈਰ ਨਿਰਾਧਾਰ ਕਰਦੇ ਰਹੇ ਉਡੀਕ, ਸੋ ਸਾਹਿਬ ਸੁਲਤਾਨ ਮਿਹਰਵਾਨ ਫੇਰਾ ਪਾਇੰਦਾ । ਜਿਸ ਨੂੰ ਪਰਵਰਦਿਗਾਰ ਕਹੇ ਲਾਸ਼ਰੀਕ, ਮੁਕਾਮੇ ਹੱਕ ਡੇਰਾ ਲਾਇੰਦਾ । ਜਿਸ ਦੇ ਹੱਥ ਸਰਬ ਤੌਫ਼ੀਕ, ਤੋਹਫ਼ਾ ਘਰ ਘਰ ਆਪ ਪਹੁੰਚਾਇੰਦਾ । ਜਿਸ ਨੂੰ ਸੱਜਦਾ ਕਰੇ ਕੁਰਾਨ ਮਜੀਦ, ਮੌਜੂਦਾ ਨਜ਼ਰ ਕਿਸੇ ਨਾ ਆਇੰਦਾ । ਈਸਾ ਮੂਸਾ ਮੁਹੰਮਦ ਜਿਸ ਦੀ ਕਰਕੇ ਗਏ ਤਾਈਦ, ਤਾਬੇਦਾਰੀ ਵਿਚ ਸੇਵ ਕਮਾਇੰਦਾ । ਜਿਸ ਦੀ ਨਾਨਕ ਗੋਬਿੰਦ ਲਿਖ ਕੇ ਗਏ ਰਸੀਦ, ਜਗਤ ਅੱਖਰਾਂ ਨਾਤਾ ਜੋੜ ਜੁੜਾਇੰਦਾ । ਜਿਸ ਨੂੰ ਭਗਤਾਂ ਮੰਨਿਆ ਠੀਕ, ਕਾਇਆ ਠੀਕਰ ਭੰਨ ਵਖਾਇੰਦਾ । ਜਿਸ ਨੂੰ ਸੂਫ਼ੀ ਕਹਿਣ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਇੰਦਾ । ਜਿਸ ਨੂੰ ਸੰਤਾਂ ਮੰਨਿਆ ਸਭ ਤੋਂ ਨਜ਼ਦੀਕ, ਦੂਰਨ ਦੂਰ ਪੰਧ ਮੁਕਾਇੰਦਾ । ਜਿਸ ਨੂੰ ਗੁਰਮੁਖ ਕਹਿਣ ਸਦਾ ਸੁਰਜੀਤ, ਜਨਮ ਮਰਨ ਨਾ ਕੋਇ ਰਖਾਇੰਦਾ । ਜਿਸ ਨੂੰ ਗੁਰਮੁਖਾਂ ਗੁਰਸਿਖਾਂ ਮਿਲ ਕੇ ਲਾਈ ਪ੍ਰੀਤ, ਪ੍ਰੀਤਮ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਰਮ ਪੁਰਖ ਤੇਰੀ ਵੇਖਣ ਝਾਕੀ, ਕਲਜੁਗ ਅੰਤਮ ਵੇਸ ਵਟਾਈਆ । ਨਵ ਨੌ ਚਾਰ ਦੀ ਦੇ ਬਾਕੀ, ਲਹਿਣਾ ਦੇਣਾ ਸਰਬ ਦਾ ਹਿਸਾਬ ਮੁਕਾਈਆ । ਸਚਖੰਡ ਦੁਆਰਿਉਂ ਖੋਲ੍ਹ ਅਗੰਮੀ ਤਾਕੀ, ਧੁਰ ਦਾ ਝਰੋਖਾ ਪੜਦਾ ਦਿਤਾ ਉਠਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਨਿਰਗੁਣ ਜੋਤ ਬਾਤੀ ਚੰਦ ਰੁਸ਼ਨਾਈਆ । ਸ਼ਬਦ ਕਹਾਣੀ ਦੱਸੇ ਧੁਰ ਦੀ ਸਾਖੀ, ਸਾਖਿਆਤ ਦਏ ਸਮਝਾਈਆ । ਬਣ ਕੇ ਪਰਮ ਪੁਰਖ ਪ੍ਰਭ ਕਮਲਾਪਾਤੀ, ਪਤਿਪਰਮੇਸ਼ਵਰ ਰੂਪ ਵਟਾਈਆ । ਨਾਮ ਜਾਮ ਪਿਲਾਏ ਧੁਰ ਦਾ ਸਾਕੀ, ਸਾਕਾ ਆਪਣਾ ਦਏ ਦ੍ਰਿੜਾਈਆ । ਕੋਈ ਸਮਝ ਨਾ ਸਕੇ ਬੰਦਾ ਖ਼ਾਕੀ, ਖ਼ਾਲਸ ਤੇਰੀ ਧਾਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰੇ ਆਸੀ, ਆਸਾ ਤ੍ਰਿਸਨਾ ਆਪਣੇ ਵਿਚ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਵਣ ਬਲਹਾਰੀ, ਬਲ ਬਲ ਕਹਿ ਰਹੇ ਜਸ ਗਾਈਆ । ਕਲਜੁਗ ਅੰਤਮ ਤੇਰੀ ਵਾਰੀ, ਸਭ ਤੇਰੀ ਓਟ ਤਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰੀ, ਦੋ ਜਹਾਨਾਂ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰੀ, ਕਰੋੜ ਤੇਤੀਸਾ ਸੁਰਪਤ ਇੰਦ ਨਿਉਂ ਨਿਉਂ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰੀ, ਵਾਰਤਾ ਆਪਣੀ ਨਾਲ ਦ੍ਰਿੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਨਾਮ ਖ਼ੁਮਾਰੀ, ਖ਼ੁਮਾਰ ਆਪਣਾ ਇਕ ਚੜ੍ਹਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਤਿਆਰੀ, ਧੁਰ ਦਾ ਢੋਲਾ ਸਿਫ਼ਤੀ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਦੱਸਣ, ਦ੍ਰਿਸ਼ਟੀ ਦ੍ਰਿਸ਼ਟੀ ਨਾਲ ਮਿਲਾਈਆ । ਵੇਖੇ ਕੂੜ ਕੁੜਿਆਰੇ ਕਲਜੁਗ ਨੱਸਣ, ਭੱਜਣ ਦਿਵਸ ਰੈਣ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਵਰੋਲੇ ਆਪ ਮੱਖਣ, ਸਤਿ ਮਧਾਣਾ ਹੱਥ ਉਠਾਈਆ । ਸੰਤ ਸੁਹੇਲੇ ਆਇਆ ਰੱਖਣ, ਰੱਖਿਆ ਕਰੇ ਚਾਈਂ ਚਾਈਂਆ । ਧੁਰ ਦਾ ਮਾਰਗ ਆਇਆ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਕੂੜੀ ਕਿਰਿਆ ਆਇਆ ਮਥਨ, ਚਰਨਾਂ ਹੇਠ ਦਬਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਪੜਦੇ ਆਇਆ ਢਕਣ, ਓਢਣ ਨਾਮ ਹੱਥ ਉਠਾਈਆ । ਕੂੜੀ ਕਿਰਿਆ ਆਇਆ ਕੱਢਣ, ਮਮਤਾ ਮੋਹ ਮਿਟਾਈਆ ।

ਅੰਮ੍ਰਿਤ ਦੇਵਣ ਆਇਆ ਰਸਣ, ਝਿਰਨਾ ਰਿਸਕ ਰਿਸਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲਿਆ ਜੋੜਾ, ਧੁਰ ਦੀ ਜੋੜੀ ਹਰਿ ਬਣਾਈਆ । ਸਾਰੇ ਕਹਿਣ ਵੇਖੋ ਲੱਗਾ ਹੋੜਾ, ਸੱਸਾ ਸਤਿਗੁਰ ਸਿਫ਼ਤ ਸਾਲਾਹੀਆ । ਲੱਖ ਚੁਰਾਸੀ ਦੱਸੇ ਜੀਵ ਜੰਤ ਮਿੱਠਾ ਕੌੜਾ, ਹੰ ਬ੍ਰਹਮ ਖੋਜ ਖੋਜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਫਿਰੇ ਦੌੜਾ, ਦੋ ਜਹਾਨ ਜ਼ਿਮੀਂ ਆਸਮਾਨ ਪੁਰੀ ਲੋਅ ਬ੍ਰਹਿਮੰਡ ਖੰਡ ਫੇਰਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਜਿਸ ਨੇ ਆਪਣਾ ਕਾਗਤ ਰੱਖਿਆ ਕੋਰਾ, ਗੁਰ ਅਵਤਾਰ ਪੀਰ ਪੈਗ਼ੰਬਰ ਹੱਥ ਨਾ ਕੋਇ ਲਗਾਈਆ । ਓਸ ਦੇ ਉਪਰ ਲਗਾ ਕੇ ਆਪਣੀ ਮੋਹਰਾ, ਮਿਹਰ ਨਜ਼ਰ ਨਾਲ ਤਕਾਈਆ । ਤਿਸ ਦੀ ਕਲਜੁਗ ਅੰਤਮ ਲੋੜਾ, ਪਾਰਬ੍ਰਹਮ ਆਪ ਦ੍ਰਿੜਾਈਆ । ਸ੍ਰਿਸ਼ਟ ਸਬਾਈ ਹੋਏ ਅੰਧ ਘੋਰਾ, ਸੱਚਾ ਚੰਦ ਮੁਖ ਛੁਪਾਈਆ । ਓਸ ਵੇਲੇ ਸ਼ਬਦੀ ਸੁਤ ਧੁਰ ਦਾ ਬਾਂਕਾ ਆਵੇ ਛੋਹਰਾ, ਜੋਬਨਵੰਤਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਕਾਗ਼ਜ਼ ਚਿੱਟਾ, ਹਰਫ਼ ਹਰੂਫ਼ ਲਕੀਰ ਨਜ਼ਰ ਕੋਇ ਨਾ ਆਈਆ । ਸਾਰੇ ਕਹਿਣ ਵੇਖੋ ਇਸ ਦਾ ਕੀ ਨਿਕਲੇ ਸਿੱਟਾ, ਸੱਟਾ ਲਾ ਲਾ ਜੁਗ ਜੁਗ ਆਏ ਫੇਰੀਆਂ ਪਾਈਆ । ਗੁਰ ਅਵਤਾਰ ਕਹਿਣ ਇਹ ਖੇਲ ਅਗੰਮੀ ਪਿਤਾ, ਪਤਿਪਰਮੇਸ਼ਵਰ ਰਚਨ ਰਚਾਈਆ । ਗੋਬਿੰਦ ਕਹੇ ਮੈਂ ਬੇਸ਼ਕ ਸਭ ਤੋਂ ਛੋਟਾ ਨਿੱਕਾ, ਬੱਚਿਆਂ ਵਿਚੋਂ ਬੱਚਾ ਨਜ਼ਰੀ ਆਈਆ । ਪੁਰਖ ਅਕਾਲ ਮੇਰੇ ਨਾਲ ਕਰੇ ਹਿਤਾ, ਹਿਤਕਾਰੀ ਹੋ ਕੇ ਦਇਆ ਕਮਾਈਆ । ਮਾਛੂਵਾੜੇ ਬਿਨ ਅੱਖਰਾਂ ਮੈਨੂੰ ਇਹੋ ਜਿਹਾ ਦਿਤਾ ਚਿੱਠਾ, ਜਿਸ ਦੀ ਚਿੱਠੀ ਮਜ਼ਮੂਨਾਂ ਵਿਚ ਨਾ ਕਿਸੇ ਛਪਵਾਈਆ । ਇਹ ਖੇਲ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸਾਡਾ ਪੈਂਡਾ ਮੁੱਕਾ, ਪਾਂਧੀ ਆਪਣਾ ਪੰਧ ਮੁਕਾਈਆ । ਮੂਸਾ ਕਹੇ ਮੈਨੂੰ ਯਾਦ ਪਿਛਲਾ ਰੁੱਕਾ, ਜੋ ਕੋਹਤੂਰ ਡਿਗਦਿਆਂ ਨਜ਼ਰੀ ਆਈਆ । ਈਸਾ ਕਹੇ ਮੈਂ ਵੇਖਿਆ ਇਹ ਕਾਗ਼ਜ਼ ਸੁੱਚਾ, ਜਿਸ ਦੀ ਚਮਕ ਬੇਪਰਵਾਹ ਆਪ ਚਮਕਾਈਆ । ਮੁਹੰਮਦ ਕਹੇ ਮੈਂ ਇਸ ਦੀ ਪੁੱਛਦਾ ਰਿਹਾ ਪੁੱਛਾਂ, ਪਰਵਰਦਿਗਾਰ ਅਗਲੀ ਧਾਰ ਨਾ ਕੋਇ ਜਣਾਈਆ । ਨਾਨਕ ਕਹੇ ਮੈਂ ਇਸਨੂੰ ਵੇਖਿਆ ਬਿਨਾ ਜੁੱਸਾ, ਪੰਜ ਤਤ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਲਾਡ ਕਰੇ ਵਾਂਗ ਪੁੱਤਾਂ, ਪਿਤਾ ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਚਿੱਟਾ ਕਾਗਜ ਕਹੇ ਮੈਂ ਅਸ਼ਟਾਮ, ਇਸ਼ਟ ਸਭ ਦਾ ਵੇਖ ਵਖਾਈਆ । ਮੇਰੇ ਹੱਥ ਜਗਤ ਨਜ਼ਾਮ, ਬੇਨਜ਼ੀਰ ਦਇਆ ਕਮਾਈਆ । ਜਿਸ ਦੇ ਉਤੇ ਮੇਰਾ ਮਹਿਬੂਬ ਮੁਹੱਬਤ ਵਿਚ ਲਿਖੇ ਕਲਾਮ, ਕਲਮਿਆਂ ਨਾਲ ਨਾ ਕੋਇ ਪੜ੍ਹਾਈਆ । ਜਿਸ ਦੇ ਹੁਕਮੇ ਅੰਦਰ ਖੇਲ ਤਮਾਮ, ਤਾਮੀਲ ਸਭ ਦੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਅਸ਼ਟਾਮ ਕਹੇ ਮੈਂ ਕਾਗ਼ਜ਼ ਕੋਰਾ, ਮੇਰੀ ਬਣਤ ਨਾ ਕਿਸੇ ਬਣਾਈਆ । ਮੇਰੇ ਉਤੇ ਪਰਮ ਪੁਰਖ ਆਪਣੇ ਨਾਮ ਦੀ ਲਾਵੇ ਮੋਹਰਾ, ਮਿਹਰ ਨਜ਼ਰ ਇਕ ਉਠਾਈਆ । ਜਿਸ ਦੇ ਅੱਗੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਹੇ ਕੋਇ ਨਾ ਜ਼ੋਰਾ, ਜਾਬਰ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸੋਹਣੇ ਅਸ਼ਟਾਮ, ਕੀ ਤੇਰੀ ਵਡਿਆਈਆ । ਕੀ ਤੇਰੇ

ਉਪਰ ਰੂਪ ਲਿਖਿਆ ਜਾਏ ਬਨਾਮ, ਬਾਲੀ ਬਾਲੇ ਵੰਡ ਵੰਡਾਈਆ । ਕੀ ਤੇਰੇ ਉਤੇ ਅੰਗੂਠਿਆਂ ਨਾਲ ਲਗਾਇਆ ਜਾਏ ਨਿਸ਼ਾਨ, ਕੀ ਅੱਖਰਾਂ ਨਾਲ ਲੇਖ ਬਣਾਈਆ । ਭੇਵ ਖੋਲ੍ਹ ਆਪ ਤਮਾਮ, ਤਾਕਤ ਆਪਣੀ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਮੇਰਾ ਕਾਮ, ਬਿਨ ਕਾਗ਼ਜ਼ਾਂ ਕਾਗ਼ਜ਼ ਰਿਹਾ ਜਣਾਈਆ । ਕਲਜੁਗ ਅੰਤਮ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਕਾਰ ਕਮਾਈਆ । ਤਿਸ ਦੇ ਉਤੇ ਬਿਨ ਰਸਨਾ ਜਿਹਵਾ ਬੋਲੇ ਤੁਹਾਡੇ ਲਿਖੇ ਬਿਆਨ, ਤਸਦੀਕ ਲਾਸ਼ਰੀਕ ਆਪ ਕਰਾਈਆ । ਅਗਲਾ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਆਪਣੇ ਹੱਥ ਰਖੇ ਵਡਿਆਈਆ । ਕੂੜੀ ਕਿਰਿਆ ਬਦਲ ਦੇਵੇ ਨਜ਼ਾਮ, ਨੌਬਤ ਇਕੋ ਨਾਮ ਵਜਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਰ ਪਰਵਾਨ, ਪਰਵਾਨਗੀ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭੂ ਉਠਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਮਿਹਰਵਾਨ ਵੇਸ ਵਟਾਵੇਗਾ । ਦੇਸ ਪਰਦੇਸ ਸਰਬ ਤਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਸੀਸ ਨਿਵਾਵੇਗਾ । ਗੁਰ ਅਵਤਾਰ ਕਰ ਆਦੇਸ, ਪੀਰ ਪੈਗ਼ੰਬਰ ਸੱਜਦਾ ਸਹਿਜ ਝੁਕਾਵੇਗਾ । ਆਪ ਵਸੇ ਅਗੰਮੜੇ ਦੇਸ, ਸੰਬਲ ਚਰਨ ਟਿਕਾਵੇਗਾ । ਜੋਤੀ ਜਾਮਾ ਧਰ ਕੇ ਭੇਸ, ਭੇਖਾਧਾਰੀ ਭੇਵ ਅਭੇਦ ਆਪ ਦ੍ਰਿੜਾਵੇਗਾ । ਦੋ ਜਹਾਨਾਂ ਖੇਡੇ ਖੇਡ, ਖੰਡਾ ਖੜਗ ਨਾਮ ਚਮਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੇ ਦਿਤੇ ਭੇਜ, ਭਜਨ ਬੰਦਗੀ ਸੋ ਆਪਣਾ ਨਾਮ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਹੇਤ, ਹਿਤਕਾਰੀ ਬਣ ਕੇ ਮੇਲ ਮਿਲਾਵੇਗਾ । ਕਾਗ਼ਜ਼ ਕਹੇ ਬੇਸ਼ਕ ਮੇਰੀ ਨਹੀਂ ਕੋਈ ਕੀਮਤ, ਜਗਤ ਨਾ ਕੋਇ ਵਡਿਆਈਆ । ਮੇਰਾ ਮੌਕਾ ਜਿਨ੍ਹਾਂ ਭਗਤਾਂ ਮਿਲਿਆ ਉਹ ਸਮਝਣ ਗ਼ਨੀਮਤ, ਗਹਿਰ ਗੰਭੀਰ ਗਵਰ ਦਏ ਵਡਿਆਈਆ । ਪ੍ਰੇਮ ਪਿਆਰ ਕੀ ਜਾਣੇ ਸਾਗਰ ਜਲ ਜਲ ਮੀਨਤ, ਹਰਿਜਨ ਹਰਿ ਹਰਿ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਾਗ਼ਜ਼ ਕਹੇ ਮੈਂ ਦੱਸਾਂ ਕਵਾਇਦ, ਕਾਇਦਾ ਇਕ ਸਮਝਾਇੰਦਾ । ਮੇਰਾ ਗੋਬਿੰਦ ਨਾਲ ਐਹਿਦ, ਐਹਿਦਨਾਮਾ ਲਿਆ ਲਿਖਾਈਆ । ਪਤਾ ਕਿਸੇ ਨੂੰ ਅਜੇ ਨਹੀਂ ਲੱਗਾ ਸ਼ਾਇਦ, ਸ਼ਾਹ ਸੁਲਤਾਨ ਸਮਝ ਕਿਸੇ ਨਾ ਆਈਆ । ਰਸਨਾ ਜਿਹਵਾ ਕਰ ਕੇ ਸਮਝਾਵੇ ਨਾ ਕੋਇ ਵਾਅਜ਼, ਨਗ਼ਮਿਆਂ ਵਿਚ ਕੋਇ ਨਾ ਗਾਈਆ । ਮੇਰਾ ਜਾਣੇ ਨਾ ਕੋਇ ਫ਼ਰਾਇਜ਼, ਫ਼ਰਾਰ ਹੋ ਕੇ ਸਭ ਤੋਂ ਮੁਖ ਛੁਪਾਈਆ । ਕਲਜੁਗ ਅੰਤਮ ਜਨ ਭਗਤਾਂ ਕਰਾਂ ਅਜ਼ਮਾਇਸ਼, ਧੁਰ ਦੇ ਨਾਵੇਂ ਵਿਚੋਂ ਨਾਵੇਂ ਜਗਤ ਪਰਗਟਾਈਆ । ਮੇਰਾ ਤੂਲ ਅਰਜ਼ ਕਰੇ ਨਾ ਕੋਇ ਪੈਮਾਇਸ਼, ਪੈਮਾਨਿਆਂ ਵਿਚ ਨਾਪ ਨਾ ਕੋਇ ਜਣਾਈਆ । ਪ੍ਰਭ ਚਰਨ ਦਵਾਰ ਮੇਰੀ ਰਹਾਇਸ਼, ਆਰਾਮਗਾਹ ਇਕ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਇਕੋ ਮਾਣਾ ਸੱਚਾ ਐਸ਼, ਆਸ਼ਕ ਮਾਸ਼ੂਕ ਸਮਝ ਕਿਸੇ ਨਾ ਪਾਈਆ । ਮੇਰੇ ਉਤੇ ਲੇਖ ਲਿਖਣ ਵਾਲਾ ਕਦੀ ਨਾ ਆਵੇ ਵਿਚ ਤੈਸ਼, ਗ਼ੁੱਸਾ ਗ਼ਮ ਨਾ ਕੋਇ ਜਣਾਈਆ । ਜਦ ਵੇਖਾਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇ ਹਦਾਇਤ, ਹਜ਼ਰਤ ਸਰਬ ਨੂੰ ਸਚ ਸਮਝਾਈਆ । ਮਿਹਰਵਾਨ ਹੋ ਕੇ ਆਪਣਾ ਨਾਮ ਕਰੇ ਅਨਾਇਤ, ਵਸਤ ਅਮੋਲਕ ਝੋਲੀ ਪਾਈਆ । ਜਨ ਭਗਤਾਂ ਖ਼ਾਤਰ ਮੈਨੂੰ ਰੱਖਿਆ ਕਰ ਕਫ਼ਾਇਤ, ਆਪਣੇ ਚਰਨਾਂ ਹੇਠ ਦਬਾਈਆ । ਮੈਂ ਅੰਤਮ ਕਰਨੀ

ਉਨ੍ਹਾਂ ਹਮਾਇਤ, ਜੋ ਹਉਮੇ ਰੋਗ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਕਾਗ਼ਜ਼ ਕਹੇ, ਮੈਂ ਆਪਣਾ ਲੇਖ ਦ੍ਰਿੜਾਵਾਂਗਾ । ਜਿਸ ਨੂੰ ਦੋ ਜਹਾਨ ਕਰਨ ਆਦੇਸ, ਤਿਸ ਦਾ ਅਦਲ ਇਕ ਸਮਝਾਵਾਂਗਾ । ਜਿਸ ਨੂੰ ਮੰਨਦੇ ਸਤਿ ਨਰੇਸ਼, ਤਿਸ ਦਾ ਨਾਮ ਇਕ ਪਰਗਟਾਵਾਂਗਾ । ਜਿਸ ਨੂੰ ਕਹਿੰਦੇ ਰਹੇ ਹਮੇਸ਼, ਉਸ ਦਾ ਭੇਵ ਅਭੇਦ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਕਾਗ਼ਜ਼ ਕਹੇ, ਮੈਂ ਸੇਵ ਕਮਾਉਣੀ ਏ । ਖੇਲ ਦੱਸਾਂ ਅਲਖ ਅਭੇਵ, ਜਿਸ ਲੀਲਾ ਅਚਰਜ ਆਪ ਵਖਾਉਣੀ ਏ । ਜਿਸ ਨੂੰ ਲੱਭਦੇ ਦੇਵੀ ਦੇਵ, ਤਿਸ ਨਿਰਗੁਣ ਜੋਤ ਰੁਸ਼ਨਾਉਣੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਸਤਿ ਦ੍ਰਿੜਾਉਣੀ ਏ । ਕਾਗ਼ਜ਼ ਕਹੇ ਮੈਂ ਕਾਰ ਕਮਾਵਾਂਗਾ । ਪਿਛਲਾ ਲੇਖਾ ਸਰਬ ਦ੍ਰਿੜਾਵਾਂਗਾ । ਗੁਰ ਅਵਤਾਰਾਂ ਨਾਲ ਰਲਾਵਾਂਗਾ । ਪੀਰ ਪੈਗ਼ੰਬਰਾਂ ਫੜ ਉਠਾਵਾਂਗਾ । ਜਨ ਭਗਤਾਂ ਅੱਖ ਖੁਲ੍ਹਾਵਾਂਗਾ । ਕੀਤਾ ਕੌਲ ਇਕਰਾਰ, ਇਕਰਾਰਨਾਮੇ ਉਤੋਂ ਦਰਸਾਵਾਂਗਾ । ਜਿਸ ਨੂੰ ਛਾਪ ਸਕੇ ਨਾ ਕੋਇ ਇਸ਼ਤਿਹਾਰ, ਸ਼ਕਲ ਅੱਖ਼ਰਾਂ ਵਿਚ ਨਾ ਕੋਇ ਬਣਾਵਾਂਗਾ । ਜਿਸ ਦਾ ਖੇਲ ਚਲੇ ਜੁਗ ਚਾਰ, ਹੁਕਮ ਚੌਕੜੀ ਇਕ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਘਰ ਪੜਦਾ ਇਕ ਖੁਲ੍ਹਾਵਾਂਗਾ । ਘਰ ਪੜਦਾ ਇਕੋ ਖੁਲ੍ਹੇਗਾ । ਜਨ ਭਗਤ ਸਾਚੇ ਤੋਲ ਤੁਲੇਗਾ । ਧੁਰ ਦਾ ਕਾਗ਼ਜ਼ ਲੋਕਮਾਤ ਕਦੇ ਨਾ ਰੁਲੇਗਾ । ਸਤਿਜੁਗ ਦੱਸੇ ਸਾਚੀ ਧਾਰ, ਸਚ ਫੁਲਵਾੜੀ ਵਿਚ ਫੁਲੇਗਾ । ਜਿਸ ਦਾ ਲੇਖਾ ਸਕੇ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਸਵਾਮੀ ਤੁਠੇਗਾ । ਕਾਗ਼ਜ਼ ਕਹੇ ਮੈਂ ਦੱਸਾਂ ਚੰਗਾ, ਚੰਗੀ ਤਰ੍ਹਾਂ ਸਮਝਾਈਆ । ਮੇਰਾ ਲਿਖਿਆ ਕਦੇ ਨਾ ਹੋਵੇ ਮੰਦਾ, ਮਾਹਬਦੌਲਤ ਮੇਰੀ ਸੇਵਾ ਲਾਈਆ । ਮੇਰਾ ਲੇਖਾ ਮਨ ਮਤ ਬੁੱਧ ਸਮਝ ਸਕੇ ਨਾ ਬੰਦਾ, ਬੰਦਸ਼ ਵਿਚ ਫੈਸਲਾ ਨਾ ਕੋਇ ਸੁਣਾਈਆ । ਵੇਖ ਸਕੇ ਨਾ ਨੇਤਰਹੀਣ ਜੀਵ ਅੰਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਧੁਰ ਦਾ ਸੰਗ ਨਿਭਾਈਆ । ਕਾਗ਼ਜ਼ ਕਹੇ ਮੈਂ ਭਗਤਨ ਮੀਤਾ, ਮਿਤਰ ਪਿਆਰਾ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਆਪਣੇ ਉਤੇ ਰੱਖੀ ਅਠਾਰਾਂ ਧਿਆਏ ਗੀਤਾ, ਅੰਜੀਲ ਕੁਰਾਨ ਸੀਨੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਰਚਨਾ ਆਪ ਜਣਾਈਆ । ਧੁਰ ਦੀ ਰਚਨਾ ਆਪ ਬਣਾਉਣੀ ਏ । ਸਾਚੀ ਸਨਦ ਬਿਨ ਅੱਖਰਾਂ ਲਿਖ ਕੇ, ਧੁਰ ਦਰਗਾਹ ਆਪ ਟਿਕਾਉਣੀ ਏ । ਜੋ ਭਗਤ ਪ੍ਰੇਮ ਪਿਆਰੇ ਹਿਤ ਦੇ, ਤਿਨ੍ਹਾਂ ਹੱਥਕੜੀ ਦੋ ਜਹਾਨ ਆਪ ਤੁੜਾਉਣੀ ਏ । ਪਹਿਲੀ ਅੱਸੂ ਸ਼ਬਦ ਸੁਤ ਹੁਕਮ ਸੁਣਾਉਣੇ ਅਗੰਮੀ ਪਿਤ ਦੇ, ਪਾਤਰ ਪਾਤੀ ਵੰਡ ਨਾ ਕੋਇ ਵੰਡਾਉਣੀ ਏ । ਜੋ ਗੁਰਮੁਖ ਗੁਰਸਿਖ ਸੰਤ ਸੁਹੇਲੇ ਜੁਗ ਜੁਗ ਸਾਚੀ ਸਿਖਿਆ ਰਹੇ ਸਿਖਦੇ, ਤਿਨ੍ਹਾਂ ਸਿੱਖਾਂ ਚੋਟੀ ਚੜ੍ਹ ਕੇ ਆਪਣੀ ਜੋਤ ਜਗਾਉਣੀ ਏ । ਜਿਹੜੇ ਮਹੱਲ ਅਟਲ ਮੰਦਰ ਅੰਦਰ ਨਹੀਂ ਦਿਸਦੇ, ਤਿਨ੍ਹਾਂ ਨਜ਼ਰ ਕਰ ਫ਼ਜ਼ਲ ਅੱਖ ਨਾਲ ਅੱਖ ਮਿਲਾਉਣੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਾਲ ਜ਼ੋਰ ਹਿਕ ਦੇ, ਹਿਕਮਤ ਆਪਣੀ ਨਾ ਕਿਸੇ ਸਮਝਾਉਣੀ ਏ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ

ਗਏ ਲਿਖਦੇ, ਲਿਖ ਲਿਖ ਲੇਖ ਰੇਖ ਵੰਡ ਨਾ ਕਿਸੇ ਵੰਡਾਉਣੀ ਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪ ਅਨਡਿਠ ਦੇ, ਅਨਡਿਠੜੀ ਕਾਰ ਜਨ ਭਗਤ ਵਿਹਾਰ ਆਪ ਕਰਾਉਣਾ ਏ ।

## ✪ ੨੦ ਭਾਦਰੋਂ ੨੦੨੧ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹ ਪਿੰਡ ਮਹਾਵਾ ✪

ਗੁਰ ਅਵਤਾਰ ਕਰਨ ਪਰਨਾਮ, ਸਚਖੰਡ ਦਵਾਰੇ ਸੀਸ ਝੁਕਾਈਆ । ਪੀਰ ਪੈਗ਼ੰਬਰ ਕਰਨ ਸਲਾਮ, ਪਰਵਰਦਿਗਾਰ ਤੇਰੀ ਸ਼ਰਨਾਈਆ । ਜੁਗ ਚੌਕੜੀ ਵੇਖਿਆ ਜਗਤ ਜਹਾਨ, ਲੋਕਮਾਤ ਧਿਆਨ ਲਗਾਈਆ । ਬ੍ਰਹਿਮੰਡ ਖੰਡ ਤੇਰਾ ਝੁੱਲਦਾ ਦਿਸਿਆ ਨਿਸ਼ਾਨ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸਦੀ ਵੀਹਵੀਂ ਨੌ ਖੰਡ ਪ੍ਰਿਥਮੀ ਸੱਤ ਦੀਪ ਮਨ ਵਾਸਨਾ ਹੋਇਆ ਹਰਾਮ, ਹਿਰਦੇ ਹਰਿ ਕਾ ਨਾਮ ਨਾ ਕੋਇ ਸਮਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਆ ਫਿਰੇ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਦੀਨ ਮਜ਼੍ਹਬ ਕਿਸੇ ਘਰ ਨਾ ਆਏ ਸਚ ਪੈਗ਼ਾਮ, ਨੌਬਤ ਨਾਮ ਨਾ ਕੋਇ ਵਜਾਈਆ । ਮਾਇਆ ਮਮਤਾ ਤ੍ਰਿਸਨਾ ਹੋਏ ਗ਼ੁਲਾਮ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦੀ ਸਦੀਵੀ ਜੋ ਦੇਂਦੇ ਰਹੇ ਪੈਗ਼ਾਮ, ਧੁਰ ਸੰਦੇਸਾ ਨਾਮ ਸੁਣਾਈਆ । ਅੰਤਰ ਆਤਮ ਸਕੇ ਨਾ ਕੋਇ ਪਹਿਚਾਨ, ਬੇਪਹਿਚਾਨ ਹੋ ਕੇ ਆਪਣੀ ਕਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਰਿਹਾ ਸੁਣਾਈਆ । ਗੁਰ ਅਵਤਾਰ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਉਚੀ ਕੂਕਣ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸਦੀ ਚੌਧਵੀਂ ਹੋਏ ਖੁਆਰ, ਖ਼ਾਲਕ ਖ਼ਲਕ ਮਖ਼ਲੂਕ ਤੇਰੀ ਸਾਰ ਕਿਸੇ ਨਾ ਪਾਈਆ । ਸਾਚਾ ਦਿਸੇ ਨਾ ਕੋਈ ਯਾਰ, ਪ੍ਰੀਤੀ ਹੱਕ ਨਾ ਕੋਇ ਨਿਭਾਈਆ । ਚੌਦਾਂ ਲੋਕ ਦਿਸੇ ਖੁਆਰ, ਚੌਦਾਂ ਤਬਕ ਧੀਰਜ ਧੀਰ ਨਾ ਕੋਇ ਧਰਾਈਆ । ਚੌਦਾਂ ਵਿਦਿਆ ਸਮਝ ਸਕੇ ਨਾ ਕੋਇ ਸੰਸਾਰ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਤੋਬਾ ਤੋਬਾ ਇਸਤਿਗਫ਼ਾਰ, ਗ਼ਾਫ਼ਲ ਵੇਖੀ ਮਾਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪਤਿਪਰਮੇਸ਼ਵਰ ਪਰਵਰਦਿਗਾਰ ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਗੁਰ ਅਵਤਾਰ ਕਰਨ ਆਸ, ਆਸਾ ਤੇਰੇ ਵਿਚੋਂ ਪਰਗਟਾਈਆ । ਪੀਰ ਪੈਗ਼ੰਬਰ ਰੱਖਣ ਖ਼ਾਹਿਸ਼, ਜੀਵ ਜੰਤ ਤੇਰੇ ਤੇਰੇ ਵਿਚ ਸਮਾਈਆ । ਕਲਜੁਗ ਅੰਤਮ ਹੋਏ ਸਾਰੇ ਉਦਾਸ, ਘਰ ਘਰ ਹੈਰਾਨੀ ਇਕੋ ਛਾਈਆ । ਮਿਲਿਆ ਮੇਲ ਤੇਰਾ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੋਜਾਈਆ । ਸਚ ਜੋਤ ਨਿਰਮਲ ਦਿਸੇ ਨਾ ਕੋਇ ਪਰਕਾਸ਼, ਅੰਧ ਅਗਿਆਨ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਸ਼ਬਦ ਨਾ ਕੋਈ ਸਵਾਸ ਸਵਾਸ, ਪੌਣ ਪਵਣਾਂ ਰਾਗ ਨਾ ਕੋਇ ਅਲਾਈਆ । ਸਾਚੀ ਧੁਨ ਨਾ ਕੋਈ ਨਾਦ, ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਕਰਨ ਝੋਲੀ, ਦਰ ਠਾਂਡੇ ਸੀਸ ਨਿਵਾਈਆ । ਪੀਰ ਪੈਗ਼ੰਬਰ ਬੋਲਣ ਹੌਲੀ ਹੌਲੀ, ਆਹਿਸਤਾ ਆਹਿਸਤਾ ਰਹੇ ਜਣਾਈਆ । ਪਰਵਰਦਿਗਾਰ ਨੂਰ ਖ਼ੁਦਾ ਪਾਰਬ੍ਰਹਮ ਪਤਿਪਰਮੇਸ਼ਵਰ ਸਾਚਾ ਤੋਲ ਇਕੋ ਤੋਲੀ, ਤੋਲਣਹਾਰਾ ਬੇਪਰਵਾਹੀਆ । ਲੱਖ

ਚੁਰਾਸੀ ਜੀਵ ਜੰਤ ਕਾਇਆ ਚੜ੍ਹਿਆ ਰੰਗ ਕਿਸੇ ਨਾ ਚੋਲੀ, ਰੰਗਤ ਰੰਗ ਸਕੇ ਨਾ ਕੋਇ ਰੰਗਾਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਹੋਈ ਗੋਲੀ, ਘਰ ਘਰ ਸੇਵ ਕਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਮਝੇ ਕੋਇ ਨਾ ਬੋਲੀ, ਅਨਬੋਲਤ ਤੇਰਾ ਰਾਗ ਰਾਗ ਰਾਗਨੀ ਸਿਫ਼ਤ ਨਾ ਕੋਇ ਸਾਲਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਜੋ ਕੀਤਾ ਇਕਰਾਰ ਕੌਲ ਉਪਰ ਧਵਲੀ, ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਪ੍ਰੀਤ, ਪੁਰਖ ਅਕਾਲ ਸੱਚੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਅਨਲੇਕ ਕਮਚਖੇਲ, ਖ਼ਾਲਕ ਖ਼ਲਕ ਵਡ ਵੱਡੇ ਤੇਰੀ ਬੇਪਰਵਾਹੀਆ । ਨਿਰਗੁਣ ਹੋ ਕੇ ਸਰਗੁਣ ਮੇਲ, ਮੇਲ ਮਿਲਾਵਾ ਥਾਉਂ ਥਾਈਂਆ । ਏਥੇ ਓਥੇ ਦੋ ਜਹਾਨਾਂ ਬਣ ਸੱਜਣ ਸੁਹੇਲ, ਸਗਲਾ ਸਾਥੀ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਉਣਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਨੈਣ ਪੇਖਾ, ਕਲਜੁਗ ਅੰਤਮ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਂਦੇ ਗਏ ਸੰਦੇਸਾ, ਖਾਣੀ ਬਾਣੀ ਧੁਰ ਦਾ ਹੁਕਮ ਜਣਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਵਟਾਵਣਹਾਰਾ ਵੇਸਾ, ਵੇਸ ਅਵੱਲਾ ਰੂਪ ਵਟਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਨਰ ਨਰੇਸ਼ਾ, ਨਿਰਵੈਰ ਨਿਰਾਕਾਰ ਇਕ ਅਖਵਾਈਆ । ਭਗਤ ਵਛਲ ਸੰਤ ਉਧਾਰਨ ਜਿਸ ਦਾ ਪੇਸ਼ਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਝੁਕਦੇ ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ਾ, ਕਰੋੜ ਤੇਤੀਸਾ ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਗਾਵਣ ਅਲਖ, ਉਚੀ ਕੂਕ ਕੂਕ ਨਾਅਰਾ ਜਗਤ ਅਲਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਹੋ ਪ੍ਰਤਖ, ਪਾਰਬ੍ਰਹਮ ਆਪਣਾ ਵੇਸ ਵਟਾਈਆ । ਜੁਗ ਚੌਕੜੀ ਪੂਰਾ ਕਰ ਹੱਕ, ਹਕੀਕਤ ਧੁਰ ਦੀ ਦਏ ਸਮਝਾਈਆ । ਮੁਰੀਦ ਮੁਰਸ਼ਦ ਖੋਲ੍ਹ ਆਪਣੀ ਅੱਖ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਕਰ ਭੱਠ, ਜੋਤੀ ਅਗਨੀ ਲੰਬੂ ਲਾਈਆ । ਚਾਰ ਵੇਦਾਂ ਅਠਾਰਾਂ ਪੁਰਾਨਾਂ ਧੁਰ ਦਾ ਮਾਰਗ ਦੱਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰ ਪੜ੍ਹਾਈਆ । ਪਰਵਰਦਿਗਾਰ ਪੁਰਖ ਸਮਰਥ, ਦੀਨ ਦਿਆਲ ਤੇਰੇ ਹੱਥ ਵਡਿਆਈਆ । ਬੋਧ ਅਗਾਧ ਸ਼ਬਦ ਨਾਦ ਮਹਿਮਾ ਤੇਰੀ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਆਦਿ ਜੁਗਾਦਿ ਜੁਗ ਚੌਕੜੀ ਰਹੇ ਜਸ ਗਾਈਆ । ਜਨ ਭਗਤਾਂ ਰੱਖ ਦੇ ਕਰ ਹੱਥ, ਸਿਰ ਓਢਨ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰ ਸਤਿ ਸਰਨਾਈ ਰਹੇ ਢੱਠ, ਸੀਸ ਜਗਦੀਸ ਇਕ ਝੁਕਾਈਆ । ਨਾਤਾ ਤੁੱਟਾ ਤਤ ਅੱਠ, ਸਰਗੁਣ ਰੂਪ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਹਿਨਸ਼ਾਹ ਤੇਰੇ ਹੱਥ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਕੂੜੀ ਕਿਰਿਆ ਸ੍ਰਿਸ਼ਟ ਸਬਾਈ ਕੀਤਾ ਨੰਗ, ਸਤਿਗੁਰ ਸ਼ਬਦ ਪੜਦਾ ਨਜ਼ਰ ਕਿਸੇ ਨਾ ਆਈਆ । ਮਨ ਵਾਸਨਾ ਕੂੜੀ ਕਿਰਿਆ ਨੱਚੇ ਵਾਂਗ ਮਲੰਗ, ਫਿਰ ਫਿਰ ਡੋਰੂ ਡੰਕਾ ਰਹੀ ਵਜਾਈਆ । ਸੁਤ ਸ਼ਬਦ ਮਿਲ ਕੇ ਕਿਸੇ ਨਾ ਆਇਆ ਅਨੰਦ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਨਿਝਰ ਝਿਰਨਾ ਅੰਮ੍ਰਿਤ ਜਾਏ ਨਾ ਕੋਈ ਸਿੰਜ,

ਅਗਨੀ ਅੱਗ ਨਾ ਕੋਇ ਬੁਝਾਈਆ । ਜਨਮ ਜਨਮ ਦੀ ਟੁੱਟੀ ਦੇਵੇ ਨਾ ਕੋਈ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੀ ਇਕ ਸਰਨਾਈਆ । ਧੁਰ ਦਾ ਢੋਲਾ ਸੋਹਲਾ ਸੁਣਿਉ ਇਕੋ ਛੰਦ, ਸ਼ਰਅ ਸ਼ਰੀਅਤ ਬੰਧਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰਾ ਸੱਚਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਅਰਦਾਸ, ਨਮੋ ਨਮੋ ਸੀਸ ਝੁਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਸੋ ਪੁਰਖ ਨਿਰੰਜਣ ਦੋ ਜਹਾਨ ਬ੍ਰਹਿਮੰਡ ਖੰਡ ਤੇਰੀ ਸ਼ਬਦੀ ਵੇਖੀ ਰਾਸ, ਬਿਨ ਗੋਪੀ ਕਾਹਨ ਰਾਸ ਰਚਾਈਆ । ਜਨ ਭਗਤਾਂ ਸਾਚੇ ਸੰਤਾਂ ਨਿਰਮਲ ਜੋਤ ਕਰ ਪਰਕਾਸ਼, ਦੀਵਾ ਬਾਤੀ ਕਮਲਾਪਾਤੀ ਇਕੋ ਇਕ ਟਿਕਾਈਆ । ਕਲਜੁਗ ਮੁੱਕੇ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਕਰੇ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਤੇਰੇ ਨਾਮ ਦੀ ਗਾਵਣ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪਰਮਾਤਮ ਆਤਮ ਆਤਮ ਪਰਮਾਤਮ ।

## ✪ ੨੦ ਭਾਦਰੋਂ ੨੦੨੧ ਬਿਕ੍ਰਮੀ ਸੁਰਜਨ ਸਿੰਘ ਦੇ ਘਰ ਪਿੰਡ ਭਰੋਭਾਲ ✪

ਸਚਖੰਡ ਦਵਾਰੇ ਅਬਿਨਾਸ਼ੀ ਅਚੁਤ, ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ ਸੋਭਾ ਪਾਈਆ । ਚਰਨ ਕਵਲ ਸੁਤ ਦੁਲਾਰ ਸ਼ਬਦੀ ਸੁਤ, ਦਰ ਠਾਂਡੇ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਵੇਖੀ ਰੁਤ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਸਚ ਵਸਤ ਕਿਸੇ ਕੋਲ ਨਾ ਕੁਛ, ਲੱਖ ਚੁਰਾਸੀ ਭਾਂਡੇ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੈਂਡਾ ਰਿਹਾ ਮੁੱਕ, ਪਾਂਧੀ ਮੰਜ਼ਲ ਚੜ੍ਹ ਕੇ ਬੈਠੇ ਡੇਰਾ ਲਾਈਆ । ਆਤਮ ਪਰਮਾਤਮ ਤੇਰਾ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਨਿਰਗੁਣ ਨਿਰਵੈਰ ਨਿਰੰਕਾਰ ਕਵਣ ਦਵਾਰੇ ਬੈਠੋਂ ਲੁਕ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹਨੇਰਾ ਘੁੱਪ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਦਿਸਣ ਨਾ ਇਕ ਮੁੱਠ, ਆਤਮ ਪਰਮਾਤਮ ਨਾਤਾ ਨਾ ਕੋਇ ਜੁੜਾਈਆ । ਪੰਚ ਵਿਕਾਰ ਗ੍ਰਹਿ ਗ੍ਰਹਿ ਘਰ ਘਰ ਜੀਵਾਂ ਜੰਤਾਂ ਰਿਹਾ ਕੁੱਟ, ਸਾਧ ਸੰਤ ਦੇਣ ਦੁਹਾਈਆ । ਕਲਜੁਗ ਕੂੜੀ ਕਿਰਿਆ ਦਰ ਦਰ ਪਾਈ ਲੁੱਟ, ਧੀਰਜ ਧਰਮ ਸਤਿ ਸੰਗ ਨਾ ਕੋਇ ਰਖਾਈਆ । ਮਨ ਮਮਤਾ ਵੇਖੀ ਫੁੱਟ, ਸਾਚਾ ਰੰਗ ਨਾ ਕੋਇ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਕਿਉਂ ਬੈਠੋਂ ਚੁੱਪ, ਬੇਜ਼ਬਾਨ ਬਿਨ ਰਸਨਾ ਆਪਣਾ ਹੁਕਮ ਨਾ ਕੋਇ ਸੁਣਾਈਆ । ਸਾਧ ਸੰਤ ਭਗਤ ਭਗਵੰਤ ਤੈਨੂੰ ਰਹੇ ਝੁਕ, ਦੋਏ ਜੋੜ ਸੀਸ ਨਿਵਾਈਆ । ਠਾਕਰ ਸਵਾਮੀ ਹੋ ਕੇ ਗਹਿਰ ਗੰਭੀਰ ਤੁਠ, ਬੇਅੰਤ ਬੇਪਰਵਾਹ ਆਪਣੀ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਪ੍ਰਭ ਧੁਰ ਦੇ ਠਾਕਰ, ਸੋ ਪੁਰਖ ਨਿਰੰਜਣ ਤੇਰੀ ਸਤਿ ਸਰਨਾਈਆ । ਕਲਜੁਗ ਭਵਰੀ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਗਵਰ ਆਪਣਾ ਫੇਰਾ ਪਾਈਆ । ਸਾਚਾ ਅੰਮ੍ਰਿਤ ਸਾਚੇ ਤਿੰਨ ਹੱਥ ਦਿਸੇ ਕਿਸੇ ਨਾ ਗਾਗਰ, ਸੱਤ ਸਰੋਵਰ ਬੈਠੇ ਮੁਖ ਭਵਾਈਆ । ਨਿਜ

ਨੇਤਰ ਨਜ਼ਰ ਨਾ ਆਏ ਕਰੀਮ ਕਰਤਾ ਕਾਦਰ, ਪਰਵਰਦਿਗਾਰ ਜਲਵਾ ਦਿਸੇ ਨਾ ਨੂਰ ਇਲਾਹੀਆ । ਸਾਧ ਸੰਤ ਸੂਰਬੀਰ ਬਣੇ ਨਾ ਕੋਇ ਬਹਾਦਰ, ਕਾਮ ਕਰੋਧ ਲੋਭ ਮੋਹ ਹੰਕਾਰ ਮਨ ਵਾਸਨਾ ਦਏ ਮਿਟਾਈਆ । ਬਿਨ ਤੇਰੇ ਨਿਰਮਲ ਕਰਮ ਕਰੇ ਨਾ ਕੋਇ ਉਜਾਗਰ, ਦੁਰਮਤ ਮੈਲ ਧਵਾਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਮ ਦੇ ਬਣ ਸੌਦਾਗਰ, ਵਸਤ ਅਮੋਲਕ ਚੌਦਾਂ ਲੋਕ ਚੌਦਾਂ ਤਬਕ ਗਏ ਵਰਤਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਕੋਈ ਨਾ ਦੇਵੇ ਆਦਰ, ਆਦਰਸ਼ ਅਗੰਮਾ ਸਚ ਇਸ਼ਟ ਨਾ ਕੋਇ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਨਾਮ ਦਾਨ ਪੜ੍ਹਨ ਉਪਰ ਕਾਗ਼ਜ਼, ਅੰਤਰ ਆਤਮ ਧਿਆਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾ ਪ੍ਰਭ ਅਬਿਨਾਸ਼, ਪੁਰਖ ਅਬਿਨਾਸ਼ੀ ਤੇਰੀ ਇਕ ਸਰਨਾਈਆ । ਸਚਖੰਡ ਦਵਾਰੇ ਤੇਰਾ ਨਿਵਾਸ, ਭੂਮਿਕਾ ਨਜ਼ਰ ਕਿਸੇ ਨਾ ਆਈਆ । ਨਿਰਗੁਣ ਨੂਰ ਜੋਤ ਪ੍ਰਕਾਸ਼, ਦੀਵਾ ਬਾਤੀ ਸੰਗ ਨਾ ਕੋਇ ਰਖਾਈਆ । ਮੁਕਾਮੇ ਹੱਕ ਪਾਕੀ ਪਾਕ, ਲਾਸ਼ਰੀਕ ਨੂਰ ਖ਼ੁਦਾਈਆ । ਜੁਗ ਚੌਕੜੀ ਪਿਛੋਂ ਤੇਰੇ ਮਿਲਣ ਦਾ ਹੋਵੇ ਇਤਫ਼ਾਕ, ਨਿਰਗੁਣ ਸਰਗੁਣ ਮੇਲੇਂ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਕਹਿਕੇ ਗਏ ਭਵਿਖਤ ਵਾਕ, ਵਾਕਿਆ ਤੇਰਾ ਜਗਤ ਸੁਣਾਈਆ । ਸੋ ਸਾਹਿਬ ਸੁਲਤਾਨ ਖੋਲ੍ਹ ਅਗੰਮੀ ਤਾਕ, ਪੜਦਾ ਓਹਲਾ ਦਏ ਉਠਾਈਆ । ਭੇਵ ਖੁਲ੍ਹਾ ਲੋਕਮਾਤ, ਭਾਵੀ ਭਉ ਨਾ ਕੋਇ ਰਖਾਈਆ । ਵਸਤ ਅਮੋਲਕ ਦੇ ਦਾਤ, ਧੁਰ ਭੰਡਾਰਾ ਨਾਮ ਵਰਤਾਈਆ । ਲੱਖ ਚੁਰਾਸੀ ਦਸ ਆਪਣੀ ਜ਼ਾਤ, ਜ਼ਾਤ ਪਾਤ ਵਰਨ ਬਰਨ ਪੰਧ ਮੁਕਾਈਆ । ਕਰ ਪਰਕਾਸ਼ ਤਨ ਮਾਟੀ ਖ਼ਾਕ, ਪੰਜ ਤਤ ਵੱਜੇ ਇਕ ਵਧਾਈਆ । ਜ਼ਾਹਰ ਬਾਤਨ ਤੇਰੀ ਇਕੋ ਬਾਤ, ਬੈਤੁਲ ਆਪਣਾ ਧਾਮ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਹੋ ਸਹਾ ਸਦਾ ਨਿਤ, ਸਹਾਇਕ ਇਕੋ ਨਜ਼ਰੀ ਆਇੰਦਾ । ਕੋਈ ਨਾ ਜਾਣੇ ਤੇਰੀ ਵਾਰ ਥਿਤ, ਦਿਵਸ ਰੈਣ ਵੰਡ ਨਾ ਕੋਇ ਵੰਡਾਇੰਦਾ । ਤੂੰ ਠਾਕਰ ਸਵਾਮੀ ਅਬਿਨਾਸ਼ੀ ਪਿਤ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਸ਼ਬਦ ਦੁਲਾਰੇ ਗੋਬਿੰਦ ਸੰਗ ਕੀਤਾ ਹਿਤ, ਬਣ ਹਿਤਕਾਰੀ ਵੇਖ ਵਖਾਇੰਦਾ । ਸ਼ਬਦ ਅਗੰਮੀ ਬਿਨ ਸ਼ਾਹੀ ਲਿਖ ਕੇ ਚਿਟ, ਬਿਨ ਅੱਖਰ ਆਪਣੀ ਧਾਰ ਪਰਗਟਾਇੰਦਾ । ਜਿਸ ਦਾ ਭੇਵ ਅਭੇਦਾ ਭਵਿਖ, ਭਵਿਖਤ ਵਾਕਾਂ ਵਿਚ ਨਾ ਕੋਇ ਸਮਝਾਇੰਦਾ । ਜਗਤ ਕਵੀਸ਼ਰ ਪਏ ਨਾ ਕਿਸੇ ਦਿਸ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਦੁਲਾਰਾ ਮੰਗ ਮੰਗਾਇੰਦਾ । ਸਚ ਦੁਲਾਰਾ ਮੰਗੇ ਮੰਗ, ਮਾਂਗਤ ਬੇਪਰਵਾਹੀਆ । ਅਬਿਨਾਸ਼ੀ ਕਰਤੇ ਸੋਹਾਵਣਹਾਰੇ ਸਚ ਪਲੰਘ, ਸਚਖੰਡ ਵੱਜੇ ਤੇਰੀ ਵਧਾਈਆ । ਤੇਰਾ ਘਰ ਤੇਰਾ ਇਕ ਅਨੰਦ, ਅਨੰਦ ਅਨੰਦ ਵਿਚੋਂ ਸਮਝਾਈਆ । ਜਿਥੇ ਨਾ ਕੋਈ ਸੂਰਜ ਚੰਦ, ਰਵ ਸਸ ਨਾ ਕੋਇ ਵਡਿਆਈਆ । ਮੰਡਲ ਮੰਡਪ ਨਾ ਕੋਈ ਬ੍ਰਹਿਮੰਡ, ਜੇਰਜ ਅੰਡਜ ਉਤਭੁਜ ਸੇਤਜ ਰੂਪ ਨਾ ਕੋਇ ਦਰਸਾਈਆ । ਸਾਚੇ ਧਾਮ ਧੁਰ ਦੇ ਰਾਮ ਵਸਣਾ ਸੰਗ, ਮੁਕਾਮੇ ਹੱਕ ਤੇਰੀ ਸ਼ਰਨਾਈਆ । ਸਾਚੇ ਅਸਵ ਸ਼ਾਹ ਸਵਾਰੇ ਕਸਣਾ ਤੰਗ, ਜ਼ੀਨ ਪਾਖਰ ਆਖ਼ਰ ਆਪਣੀ ਇਕੋ ਪਾਈਆ । ਨਾਮ ਨਿਧਾਨ ਦੋ ਜਹਾਨ ਵਜਾਉਣਾ ਮਰਦੰਗ, ਤਾਲ ਤਲਵਾੜਾ ਨਜ਼ਰ ਕਿਸੇ ਨਾ ਆਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਉਣਾ ਲੰਘ, ਜ਼ਿਮੀਂ ਅਸਮਾਨ ਚਰਨਾਂ ਹੇਠ ਦਬਾਈਆ ।

ਖੇਲ ਵੇਖਣਾ ਵਿਚ ਵਰਭੰਡ, ਸ੍ਰਿਸ਼ਟ ਸਬਾਈ ਹੋਈ ਰੰਡ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਭੇਵ ਚੁਕਿਆ ਨਾ ਰਸਨਾ ਜਿਹਵਾ ਬੱਤੀ ਦੰਦ, ਆਤਮ ਅੰਤਰ ਪਰਮਾਤਮ ਗਾਏ ਨਾ ਕੋਈ ਛੰਦ, ਸੋਹਲਾ ਢੋਲਾ ਰਾਗ ਨਾਦ ਨਗ਼ਮਾ ਨਾਮ ਨਾ ਕੋਇ ਸੁਣਾਈਆ । ਮਿਹਰ ਕਰ ਸੂਰੇ ਸਰਬੰਗ, ਸਚ ਦਵਾਰ ਆਪ ਲੰਘ, ਕਾਇਆ ਮੰਦਰ ਅੰਦਰ ਨਿਰਗੁਣ ਫੇਰਾ ਪਾਈਆ । ਪੜਦਾ ਖੋਲ੍ਹ ਕਿਵਾੜੀ ਬੰਦ, ਜੋਤ ਅਗੰਮੀ ਚਾੜ੍ਹ ਚੰਦ, ਅੰਧ ਅੰਧੇਰ ਇਕ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸ਼ਬਦ ਸੁਤ ਧੁਰ ਦੁਲਾਰਾ, ਇਕੋ ਇਕ ਜਣਾਈਆ । ਸੋ ਪੁਰਖ ਨਿਰੰਜਣ ਖੋਲ੍ਹ ਕਿਵਾੜਾ, ਹਰਿ ਪੁਰਖ ਨਿਰੰਜਣ ਪੜਦਾ ਲਾਹੀਆ । ਤੇਰਾ ਨਾਉਂ ਏਕੰਕਾਰਾ, ਆਦਿ ਨਿਰੰਜਣ ਤੇਰਾ ਨੂਰ ਇਕ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਸਹਾਰਾ, ਸ੍ਰੀ ਭਗਵਾਨ ਤੇਰੀ ਸਰਨਾਈਆ । ਪਾਰਬ੍ਰਹਮ ਤੇਰਾ ਪਸਾਰਾ, ਬ੍ਰਹਮ ਤੇਰਾ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਭੰਡਾਰਾ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤਤ ਤੇਰਾ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ, ਚਾਰੇ ਖਾਣੀ ਤੇਰਾ ਸਹਾਰਾ, ਚਾਰੇ ਬਾਣੀ ਤੇਰੀ ਸਿਫ਼ਤ ਸਾਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਲਏ ਅਵਤਾਰਾ, ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਬਣ ਲਿਖਾਰਾ, ਖਾਣੀ ਬਾਣੀ ਬੋਧ ਅਗਾਧ ਦ੍ਰਿੜਾਈਆ । ਤੇਈ ਅਵਤਾਰਾਂ ਦਏ ਸਹਾਰਾ, ਨਾਮ ਨਿਧਾਨ ਬੋਲ ਜੈਕਾਰਾ, ਜੋਤੀ ਨੂਰ ਕਰ ਉਜਿਆਰਾ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਪੀਰ ਪੈਗ਼ੰਬਰ ਬਖ਼ਸ਼ ਬਖ਼ਸ਼ ਚਮਤਕਾਰਾ, ਈਸਾ ਮੂਸਾ ਮੁਹੰਮਦ ਖੋਲ੍ਹ ਕਿਵਾੜਾ, ਜਲਵਾ ਨੂਰ ਇਲਾਹੀ ਪਰਵਰਦਿਗਰ ਇਕ ਵਖਾਈਆ । ਨਾਨਕ ਗੋਬਿੰਦ ਕਰ ਪਿਆਰਾ, ਸ਼ਬਦੀ ਸ਼ਬਦ ਸ਼ਬਦ ਵਣਜਾਰਾ, ਦੋ ਜਹਾਨ ਲਾ ਅਖਾੜਾ, ਨਾਮ ਨਿਧਾਨਾ ਨਾਦ ਵਜਾਈਆ । ਕਾਤਬ ਹੋ ਕੇ ਸਚ ਲਿਖਾਰਾ, ਸ੍ਰਿਸ਼ਟ ਸਬਾਈ ਲੇਖ ਵਿਚਾਰਾ, ਲੱਖ ਚੁਰਾਸੀ ਜਾਣੇ ਕਿਨਾਰਾ, ਆਦਿ ਅੰਤ ਸ੍ਰੀ ਭਗਵੰਤ ਆਪਣੇ ਹੱਥ ਰਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਰਿਹੋਂ ਲਾਰਾ, ਦੱਸਦਾ ਰਿਹੋਂ ਸ਼ਬਦ ਇਸ਼ਾਰਾ, ਬਿਨ ਅੱਖਾਂ ਅੱਖਾਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਦਰ ਠਾਂਡੇ ਸੀਸ ਨਿਵਾਈਆ ਗ਼ਰੀਬ ਨਿਵਾਜ਼, ਹਰਿ ਕਰਤੇ ਤੇਰੀ ਓਟ ਤਕਾਈਆ । ਸ਼ਾਹ ਪਾਤਸ਼ਾਹ ਸੱਚੇ ਮਹਾਰਾਜ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੁਗ ਚੌਕੜੀ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇਂ ਦਾਤ, ਵਸਤ ਅਮੋਲਕ ਇਕ ਵਰਤਾਈਆ । ਅੰਤਮ ਸਭ ਦੀ ਕਰਕੇ ਵਫ਼ਾਤ, ਫ਼ਾਤਿਆ ਲੋਕਮਾਤ ਪੜ੍ਹਾਈਆ । ਜੋਤ ਵਿਚ ਮਿਲਾ ਕੇ ਜਾਤ, ਜਾਤੀ ਆਪਣੀ ਖੇਲ ਕਰਾਈਆ । ਬਿਨ ਅੱਖਰਾਂ ਲੇਖਾ ਦੱਸ ਅਗੰਮੀ ਇਕ ਲੁਗਾਤ, ਜਿਸ ਦੀ ਅਲਿਫ਼ ਯੇ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਲਿਫ਼ ਯੇ ਨਾ ਜਾਣੇ ਨੁਕਤਾ, ਨਜ਼ਰੀਆ ਨਜ਼ਰ ਨਾ ਕੋਇ ਉਠਾਈਆ । ਤੇਰਾ ਹੁਕਮ ਹਾਕਮ ਮਹਿਬੂਬ ਮੁਹੱਬਤ ਅੰਦਰ ਪੁਖ਼ਤਾ, ਪੁਸ਼ਤ ਪਨਾਹ ਆਪਣੀ ਇਕ ਵਖਾਈਆ । ਜਿਸ ਦਾ ਆਦਿ ਜੁਗਾਦਿ ਵੇਲਾ ਵਕਤ ਕਦੇ ਨਾ ਮੁਕਦਾ, ਥਿਤ ਵਾਰ ਵੰਡ ਨਾ ਕੋਇ ਵਖਾਈਆ । ਜਿਸ ਦੇ ਹੁਕਮ ਅੰਦਰ ਪੀਰ ਪੈਗ਼ੰਬਰ ਪੰਜ ਤਤ ਖ਼ਾਕੀ ਤਨ ਬੁੱਤ ਉਠਦਾ,

ਨਿਤ ਨਵਿਤ ਫੇਰਾ ਪਾਈਆ । ਆਜਿਜ਼ ਮਸਕੀਨ ਨਿਮਾਣਾ ਹੋ ਕੇ ਪੁੱਛਦਾ, ਬਰਦਾ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸੁਤ ਸ਼ਬਦ ਕਹੇ ਅਲਖ ਏਕ, ਏਕੰਕਾਰ ਜਣਾਇੰਦਾ । ਕਲਜੁਗ ਅੰਤਮ ਤੇਰੀ ਟੇਕ, ਟਿੱਕਾ ਮਸਤਕ ਅਵਰ ਨਾ ਕੋਇ ਲਗਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਧਰ ਭੇਖ, ਕੂੜਾ ਭੇਖ ਤੇਰਾ ਰਾਹ ਤਕਾਇੰਦਾ । ਸਚ ਵਸਾ ਸੰਬਲ ਦੇਸ, ਜਿਸ ਦਾ ਦਰਵਾਜ਼ਾ ਨਜ਼ਰ ਕੋਇ ਨਾ ਆਇੰਦਾ । ਗੋਬਿੰਦ ਸੁਤ ਕਰ ਹੇਤ, ਨੇਤਨ ਨੇਤ ਰੂਪ ਵਟਾਇੰਦਾ । ਰੁੱਤ ਸੁਹੰਜਣੀ ਮੌਲੇ ਚੇਤ, ਗੁਲਸ਼ਨ ਸਚ ਬਹਾਰ ਲਗਾਇੰਦਾ । ਨਿਜ ਨੇਤਰ ਲੋਚਨ ਆਪਣੇ ਨੈਣ ਪੇਖ, ਪੇਖਣਹਾਰ ਤੇਰਾ ਰਾਹ ਸਰਬ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਆਸਾ ਮਨਸਾ ਪੂਰ ਕਰਾਇੰਦਾ । ਸੁਤ ਸ਼ਬਦ ਕਹੇ ਪ੍ਰਭ ਆ, ਆਮਦ ਆਪਣੀ ਦਏ ਜਣਾਈਆ । ਕਲਜੁਗ ਅੰਤਮ ਬਣ ਮਲਾਹ, ਚੱਪੂ ਧੁਰ ਦਾ ਨਾਮ ਉਠਾਈਆ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇ ਇਕ ਸਲਾਹ, ਧੁਰ ਦੀ ਸਿਖਿਆ ਇਕ ਸਮਝਾਈਆ । ਜ਼ਾਤ ਪਾਤ ਦੀਨ ਮਜ਼੍ਹਬ ਸਭ ਦਾ ਪਿਤਾ ਮਾਂ, ਪੁਰਖ ਅਕਾਲ ਅਖਵਾਈਆ । ਕੋਟਨ ਕੋਟ ਸਿਫ਼ਤੀ ਨਾਂ, ਜਿਸ ਦੀ ਰਸਨਾ ਜਿਹਵਾ ਰਹੀ ਸੁਣਾਈਆ । ਸੋ ਸਾਹਿਬ ਸਵਾਮੀ ਸਭ ਦੀ ਪਕੜੇ ਬਾਂਹ, ਵਰਨ ਬਰਨ ਜ਼ਾਤ ਪਾਤ ਨਾ ਕੋਇ ਰਖਾਈਆ । ਆਤਮ ਪਰਮਾਤਮ ਸਚ ਵਖਾਏ ਨਿਸ਼ਾਂ, ਨਿਸ਼ਾਨਾ ਇਕੋ ਇਕ ਜਣਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਜਗਤ ਵਡਿਆਈਆ । ਸ਼ਬਦ ਸੁਤ ਕਹੇ ਪ੍ਰਭ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਕੂੜੀ ਕਿਰਿਆ ਮੁੱਕਣ ਝੇੜੇ, ਝਗੜਾ ਕੋਇ ਨਜ਼ਰ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਪਾਏ ਘੇਰੇ, ਤੁਧ ਬਿਨ ਫੰਦ ਨਾ ਕੋਇ ਕਟਾਈਆ । ਰਾਹ ਤੱਕਣ ਤੇਰਾ ਗੁਰੂ ਚੇਰੇ, ਚੇਲੇ ਗੁਰ ਤੇਰਾ ਧਿਆਨ ਲਗਾਈਆ । ਸ਼ਾਸਤਰ ਸਿਮਰਤ ਕਹਿਣ ਕਲਜੁਗ ਅੰਤ ਸ੍ਰੀ ਭਗਵੰਤ ਕਰੇ ਮਿਹਰੇ, ਮਿਹਰ ਨਜ਼ਰ ਉਠਾਈਆ । ਸੰਤ ਸੁਹੇਲੇ ਸਾਚੇ ਭਗਤ ਚੜ੍ਹਾਏ ਆਪਣੇ ਬੇੜੇ, ਨਈਆ ਨੌਕਾ ਇਕੋ ਨਾਮ ਜਣਾਈਆ । ਨਾਤੇ ਜੋੜ ਤੇਰੇ ਮੇਰੇ, ਮੈਂ ਮਮਤਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵੇਖਣਾ ਸੱਚਾ ਦਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਦਰ ਦਰਵਾਜ਼ਾ ਆਪਣਾ ਖੋਲ੍ਹ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਸਤਿ ਵਜਾ ਧੁਰ ਦਾ ਢੋਲ, ਢੋਲਕ ਛੈਣਾ ਕੰਮ ਕਿਸੇ ਨਾ ਆਈਆ । ਹਰ ਘਟ ਅੰਦਰ ਜਾਣਾ ਮੌਲ, ਮੌਲਾ ਰੂਪ ਬੇਪਰਵਾਹੀਆ । ਨਾਮ ਕੰਡੇ ਤੋਲਣਾ ਤੋਲ, ਜਗਤ ਤਰਾਜ਼ੂ ਪਰੇ ਸੁਟਾਈਆ । ਕੂੜੀ ਕਿਰਿਆ ਕਾਇਆ ਵਿਚੋਂ ਲੈਣਾ ਫੋਲ, ਦੁਰਮਤ ਮੈਲ ਧਵਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੈਣੇ ਵਿਰੋਲ, ਨਾਮ ਮਧਾਣਾ ਇਕ ਰਖਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਕੱਢਣੇ ਪੋਲ, ਪੜਦਾ ਓਹਲਾ ਅੰਤ ਚੁਕਾਈਆ । ਕਰ ਪਰਕਾਸ਼ ਉਪਰ ਧੌਲ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਸ਼ਬਦ ਕਹੇ ਮੇਰਾ ਗੋਬਿੰਦ ਰੂਪ, ਮਹਿੰਮਾ ਸਿਫ਼ਤ ਸਾਲਾਹੀਆ । ਫਿਰੇ ਦਰੋਹੀ ਚਾਰੇ ਕੂਟ, ਦਹਿ ਦਿਸ਼ਾ ਇਕੋ ਰਾਗ ਅਲਾਈਆ । ਸੁਤ ਦੁਲਰਾ ਤੇਰਾ ਪੂਤ, ਪਿਤਾ ਪੁਰਖ ਅਕਾਲ ਤੇਰਾ ਧਿਆਨ ਲਗਾਈਆ । ਲੱਖ ਚੁਰਾਸੀ ਵੇਖਾਂ ਤਾਣਾ ਪੇਟਾ ਸੂਤ, ਸੂਤਰਧਾਰੀ ਤੇਰਾ ਰੂਪ ਨਜ਼ਰ

੪੪੭

ਨਾ ਆਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਧੁਰ ਦਾ ਭੂਪ, ਰਾਜ ਰਾਜਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਨਿਰਵੈਰ ਖੇਲ੍ਹ ਅੱਖ, ਆਖ਼ਰ ਇਕ ਧਿਆਨ ਲਗਾਈਆ । ਸਚ ਸਰੂਪ ਹੋ ਪ੍ਰਤਖ, ਪਾਰਖੂ ਬਣ ਕੇ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਭਵਿਖਤ ਲੇਖਾ ਗਏ ਦੱਸ, ਨਾਤਾ ਜੋੜਿਆ ਕਲਮ ਸ਼ਾਹੀਆ । ਸਭ ਦਾ ਨੇੜੇ ਆ ਕੇ ਦੇ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਸਦੀ ਚੌਧਵੀਂ ਤੇਰੇ ਉਤੇ ਪਿਆ ਸ਼ੱਕ, ਸ਼ਕੂਕ ਸਕੇ ਨਾ ਕੋਇ ਮਿਟਾਈਆ । ਕਵਣ ਦਵਾਰੇ ਗਿਉਂ ਨੱਠ, ਆਪਣਾ ਮੁਖ ਲੁਕਾਈਆ । ਨੂਰ ਨੁਰਾਨੇ ਨੌਜੁਆਨੇ ਮੁਖ ਨਕਾਬ ਚੱਕ, ਸ਼ਾਹ ਨਵਾਬ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਪਰਵਰਦਿਗਾਰ ਬੋਲੇ ਜੈਕਾਰਾ, ਇਕੋ ਇਕ ਜਣਾਈਆ । ਸ਼ਬਦ ਸੁਤ ਵੇਖ ਖੇਲ ਨਿਆਰਾ, ਨਰ ਨਰਾਇਣ ਆਪ ਦ੍ਰਿੜਾਈਆ । ਸਾਚੇ ਦਰ ਇਕੱਠੇ ਕਰ ਗੁਰ ਅਵਤਾਰਾਂ, ਪੈਗ਼ੰਬਰ ਨਾਲ ਮਿਲਾਈਆ । ਸਭਨਾ ਦੇਣਾ ਇਕ ਇਸ਼ਾਰਾ, ਸੈਨਤ ਨਾਲ ਸਮਝਾਈਆ । ਚਾਰ ਜੁਗ ਦਾ ਲੇਖਾ ਸਭ ਦਾ ਕੱਢਣਾ ਬਾਹਰਾ, ਗੁਪਤ ਸਕੇ ਨਾ ਕੋਇ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ । ਪਰਵਰਦਿਗਾਰ ਕਹੇ ਮੋਹੇ ਸਚ ਤੌਫ਼ੀਕ, ਮਹਿਬਾਨ ਬੀਦੋ ਮਬਾਇਣ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਨਜ਼ਦੀਕ, ਅਗਲਾ ਪਿਛਲਾ ਪੰਧ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਕਰਦੇ ਗਏ ਉਡੀਕ, ਅੰਤਰ ਅੰਤਰ ਰਾਹ ਤਕਾਈਆ । ਜਿਨ੍ਹਾਂ ਮੰਜ਼ਲ ਮਾਰਗ ਪੰਧ ਦੱਸਿਆ ਬਾਰੀਕ, ਕਦਮ ਕਦਮ ਚਲ ਨਾ ਕੋਇ ਮੁਕਾਈਆ । ਸੋ ਸਾਹਿਬ ਸੁਲਤਾਨ ਲਾਸ਼ਰੀਕ, ਜਲਵਾਗਰ ਨੂਰ ਖ਼ੁਦਾਈਆ । ਸਭ ਦਾ ਵੇਖੇ ਕਲਮਾ ਸਚ ਹਦੀਸ, ਹਜ਼ਰਤ ਹੱਕ ਪੜ੍ਹਾਈਆ । ਭੇਵ ਖੁਲ੍ਹਾਏ ਸਪਾਰੇ ਕੁਰਾਨ ਮਜੀਦ, ਮੌਜੂਦਾ ਹੋ ਕੇ ਦਏ ਦ੍ਰਿੜਾਈਆ । ਕਿਸੇ ਸਮਝ ਨਾ ਆਈ ਸਾਹਿਬ ਦੀ ਸਾਚੀ ਈਦ, ਫ਼ਿਤਰਤ ਬਣੇ ਨਾ ਕੋਇ ਲੋਕਾਈਆ । ਮੁਹੰਮਦ ਕੀਤੀ ਇਕ ਤਾਕੀਦ, ਤਾਈਦ ਜਗਤ ਦੁਨੀਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਪਿਛਲੀ ਰਸੀਦ, ਪੜਦਾ ਓਹਲਾ ਆਪ ਉਠਾਈਆ । ਸ੍ਰੀ ਭਗਵਾਨ ਕਹੇ ਸਦ ਧੁਰ ਦੇ ਬੱਚੇ, ਜਿਨ੍ਹਾਂ ਬਚਪਨ ਦਿਤੀ ਵਡਿਆਈਆ । ਰਾਹ ਛੱਡ ਕੇ ਆਏ ਕਾਇਆ ਮਾਟੀ ਭਾਂਡੇ ਕੱਚੇ, ਕਾਚੀ ਗਗਰੀਆ ਨਾਤਾ ਨਾ ਕੋਇ ਰਖਾਈਆ । ਸ਼ਬਦੀ ਸ਼ਬਦ ਸੰਦੇਸ਼ਾ ਦੇ ਕੇ ਆਏ ਧੁਰ ਦੇ ਪਤੇ, ਪਤਿਪਰਮੇਸ਼ਵਰ ਇਕ ਦ੍ਰਿੜਾਈਆ । ਕਲਜੁਗ ਅੰਤ ਸਦੀ ਚੌਧਵੀਂ ਪਤ ਆਪੇ ਰੱਖੇ, ਰਖਿਅਕ ਬਣਕੇ ਸਾਹਿਬ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਨਾ ਇਕ ਅਲਾਈਆ । ਸੁਤ ਦੁਲਾਰਾ ਦੇਵੇ ਸੱਦਾ, ਧੁਰ ਦਾ ਨਾਦ ਵਜਾਈਆ । ਵੇਖੋ ਖੇਲ ਸੂਰਾ ਸਰਬੱਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਹੁਕਮੇ ਬਧਾ, ਬੰਦਗੀ ਇਕੋ ਸੀਸ ਨਿਵਾਈਆ । ਤਤਵ ਤਤ ਨਾ ਦਿਸੇ ਬੰਦਾ, ਖ਼ਾਕੀ ਤਨ ਨਾ ਕੋਇ ਹੰਢਾਈਆ । ਨਾ ਕੋਈ ਬਸਤਰ ਚੋਲੀ ਰੰਗਾ, ਭੂਸ਼ਣ ਓਢਣ ਤਨ ਨਾ ਕੋਇ ਵਡਿਆਈਆ । ਬਿਨ ਕੱਪੜ ਦਿਸੇ ਕੋਈ ਨਾ ਨੰਗਾ, ਸੰਗ ਰੱਖੇ ਨਾ ਲੇਫ ਤਲਾਈਆ । ਮਿਹਰਵਾਨ ਸਾਹਿਬ ਸੁਲਤਾਨ ਸਚ ਸੁਹਾਣਾ ਪਲੰਘ ਰੰਗੀਲਾ ਦੇਵੇ ਇਕੋ ਮੰਜਾ, ਜਿਸ ਦੀ ਪਾਵਾ ਚੂਲ ਨਾ ਕੋਇ ਬਣਾਈਆ । ਅੱਠੇ ਪਹਿਰ ਆਦਿ ਜੁਗਾਦਿ ਦਿਵਸ ਰੈਣ ਵਜੇ ਮਰਦੰਗਾ, ਵਡ

ਮਰਦਾਨਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਈਆ । ਸ਼ਬਦ ਸੁਤ ਕਹੇ ਆਓ ਗੁਰ ਅਵਤਾਰ, ਪੀਰ ਪੈਗ਼ੰਬਰ ਸੰਗ ਬਣਾਈਆ । ਵੇਖੋ ਆਪਣਾ ਧੁਰ ਦਾ ਯਾਰ, ਜੁਗ ਚੌਕੜੀ ਸੱਚਾ ਸੰਗ ਰਖਾਈਆ । ਮੰਜ਼ਲ ਮੰਦਰ ਚੜ੍ਹ ਕੇ ਵੇਖੋ ਸਭ ਤੋਂ ਵਸਿਆ ਬਾਹਰ, ਅੰਦਰ ਵੜ ਕੇ ਵੇਖੋ ਹਰ ਘਟ ਡੇਰਾ ਲਾਈਆ । ਨਿਤ ਨਵਿਤ ਜੁਗਾ ਜੁਗੰਤ ਸਭ ਦੀ ਪੈਜ ਰਿਹਾ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਤਿਸ ਸਾਹਿਬ ਸਮਰਥ ਕਰੋ ਨਿਮਸਕਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਜਿਸ ਦਾ ਜਗਤ ਵਿਚੋਂ ਸਦੀ ਬੀਸਵੀਂ ਉਠਿਆ ਇਤਬਾਰ, ਬੇਇਤਬਾਰ ਨਜ਼ਰੀ ਆਈਆ । ਸੋ ਸਾਹਿਬ ਸਵਾਮੀ ਸਭ ਨੂੰ ਰੱਖਣਹਾਰ, ਰੱਖਿਆ ਕਰੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਪੁਰਖ ਅਬਿਨਾਸ਼ੀ ਸਚ ਇਸ਼ਾਰੇ ਨਾਲ ਲਏ ਉਠਾਲ, ਆਪਣਾ ਹੁਕਮ ਵਰਤਾਈਆ । ਨੇਤਰ ਖੋਲ੍ਹੋ ਲੋਕਮਾਤ ਕਰੋ ਖ਼ਿਆਲ, ਜੀਵ ਜੰਤ ਵੇਖ ਵਖਾਈਆ । ਸੱਚਾ ਢੋਲਾ ਧੁਰ ਦਾ ਸੋਹਲਾ ਪੜ੍ਹੇ ਨਾ ਕੋਈ ਜ਼ਬਾਨ, ਜ਼ਬਹ ਕਰ ਕਰ ਜੀਵ ਖ਼ੁਸ਼ੀ ਮਨਾਈਆ । ਸਾਬਤ ਵੇਖੋ ਨਜ਼ਰ ਨਾ ਆਏ ਕੋਈ ਈਮਾਨ, ਅਮਲ ਵਿਚ ਨਾ ਕੋਈ ਲੋਕਾਈਆ । ਈਸਾ ਮੂਸਾ ਮੁਹੰਮਦ ਜੋ ਦੇ ਕੇ ਆਏ ਤੁਸੀਂ ਪੈਗ਼ਾਮ, ਪੈਗ਼ੰਬਰ ਹੋ ਕੇ ਕਰੋ ਸ਼ਨਵਾਈਆ । ਰਾਮ ਕ੍ਰਿਸ਼ਨ ਕਰੋ ਧਿਆਨ, ਬੰਸਰੀ ਧੁਰ ਦੀ ਹੱਥ ਉਠਾਈਆ । ਸੀਤਾ ਸੁਰਤੀ ਨਾ ਕੋਈ ਪਛਾਣ, ਰਾਜਾ ਰਾਮ ਰੰਗ ਨਾ ਕੋਇ ਰੰਗਾਈਆ । ਨਾਨਕ ਨਿਰਗੁਣ ਗੋਬਿੰਦ ਵੇਖ ਬਲਵਾਨ, ਬਲਧਾਰੀ ਬਲ ਜਣਾਈਆ । ਪੰਜਾਂ ਘਰ ਘਰ ਸ਼ੋਰ ਮਚਾਇਆ ਬਣ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਤੇਰਾ ਧਰਮ ਖੰਡਾ ਦਿਸੇ ਨਾ ਕਿਸੇ ਮਿਆਨ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਸਾਚਾ ਅੰਮ੍ਰਿਤ ਕਰੇ ਕੋਈ ਨਾ ਪਾਨ, ਬੀਰ ਰਸ ਨਾ ਕੋਇ ਜਗਾਈਆ । ਅੰਤਰ ਆਤਮ ਹੋਵੇ ਨਾ ਕੋਈ ਗਿਆਨ, ਗੋਸ਼ਟ ਕਰ ਕਰ ਸ੍ਰਿਸ਼ਟ ਰਹੇ ਸੁਣਾਈਆ । ਸੂਰਬੀਰ ਨਜ਼ਰ ਨਾ ਆਏ ਕੋਈ ਮੈਦਾਨ, ਖ਼ਾਲੀ ਨਿਸ਼ਾਨ ਰਹੇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਿਸ਼ਾ ਸਭ ਨੂੰ ਰਿਹਾ ਵਖਾਈਆ । ਤੇਈ ਅਵਤਾਰ ਵੇਖੋ ਝੁਕ, ਹਰਿ ਧੁਰ ਦਾ ਹੁਕਮ ਸੁਣਾਈਆ । ਨਾਤਾ ਤੁਟਿਆ ਪਿਉ ਪੁੱਤ, ਭਾਈ ਭੈਣ ਸੰਗ ਨਾ ਕੋਇ ਨਿਭਾਈਆ । ਹਰਿ ਕਾ ਨਾਮ ਘਰ ਘਰ ਗਿਆ ਰੁੱਠ, ਅੱਗੇ ਹੋ ਨਾ ਕੋਇ ਮਨਾਈਆ । ਕੂੜੀ ਕਿਰਿਆ ਕੋਈ ਨਾ ਸਕੇ ਕੁੱਠ, ਖੰਡਾ ਖੜਗ ਨਾ ਹੱਥ ਉਠਾਈਆ । ਸਦੀ ਬੀਸਵੀਂ ਸਭ ਦੀ ਔਧ ਗਈ ਪੁਗ, ਬੈਠੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਦ੍ਰਿੜ੍ਹਾਈਆ । ਤੇਈ ਅਵਤਾਰ ਕਹਿਣ ਬੇਪਰਵਾਹੀ, ਤੇਰਾ ਅੰਤ ਕੋਇ ਨਾ ਆਈਆ । ਅਸੀਂ ਲੇਖਾ ਲਿਖ ਕੇ ਆਏ ਕਲਮ ਸ਼ਾਹੀ, ਸ਼ਾਹੀ ਫ਼ਰਮਾਨ ਇਕ ਸੁਣਾਈਆ । ਨਾਮ ਸ਼ਹਾਦਤ ਦੇ ਕੇ ਆਏ ਗਵਾਹੀ, ਅੰਕੜਿਆਂ ਵਿਚ ਕਰੀ ਕੁੜਮਾਈਆ । ਤੇਰੇ ਹੁਕਮੇ ਅੰਦਰ ਹੋਏ ਸਰਬ ਗੁਨਾਹੀ, ਹਮਰਾਹੀ ਨਜ਼ਰ ਕੋਇ ਨਾ ਆਈਆ । ਏਸੇ ਕਾਰਨ ਤੇਰਾ ਲੇਖਾ ਆਏ ਸਮਝਾਈ, ਸਮਝ ਸਮਝ ਨਾਲ ਮਿਲਾਈਆ । ਕਲਜੁਗ ਅੰਤਮ ਪਰਗਟ ਹੋਵੇ ਬੇਪਰਵਾਹੀ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਲੈਣਾ ਸੁਲਝਾਈਆ । ਈਸਾ ਮੂਸਾ ਮੁਹੰਮਦ ਕਹਿੰਦੇ ਮਹਿਬੂਬ, ਮਜਲਸ ਤੇਰੀ ਸਚ ਜਣਾਈਆ । ਤੂੰ ਵਸੇਂ ਉਚ ਅਰੂਜ, ਅਰਸ਼ ਕੁਰਸ਼ ਤੇਰੀ ਸਰਨਾਈਆ । ਤੇਰੀ ਮੰਜ਼ਲ ਸਚ ਮਕਸੂਦ, ਮਕਬਰਿਆਂ ਵਾਲੇ

ਦੇਣ ਗਵਾਹੀਆ । ਤੇਰੀ ਅਸਲ ਵਿਚੋਂ ਵਸਲ ਲੱਭੀ ਨਾ ਕਿਸੇ ਹਦੂਦ, ਬੇਅੰਤ ਤੇਰੀ ਵਡਿਆਈਆ । ਕਲਮੇ ਵਿਚ ਇਲਾਹੀ ਤੈਨੂੰ ਜਾਣਿਆ ਮੌਜੂਦ, ਹਰਫ਼ ਹਰੂਫ਼ ਦਿਤੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਲੇਖੇ ਦਏ ਲਗਾਈਆ । ਨਾਨਕ ਨਿਰਗੁਣ ਕਹੇ ਮੇਰੇ ਭਗਵੰਤ, ਵਾਹਵਾ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਤੇਰਾ ਨਾਮ ਨਿਧਾਨਾ ਮੰਤ, ਮੰਤਰ ਬੇਪਰਵਾਹੀਆ । ਜਗਤ ਸਹਾਰਾ ਜੀਵ ਜੰਤ, ਜਗਤ ਹੋਏ ਆਪ ਸਹਾਈਆ । ਹਉਂ ਭਿਖਾਰੀ ਦਰ ਦਰਵੇਸ਼ ਮੰਗਤ, ਭਿਖਕ ਰੂਪ ਨਜ਼ਰੀ ਆਈਆ । ਨਾਤਾ ਤੋੜ ਸਵਰਗ ਬਹਿਸ਼ਤ ਜੰਨਤ, ਚਰਨ ਕਵਲ ਇਕੋ ਓਟ ਤਕਾਈਆ । ਲੱਖ ਚੁਰਾਸੀ ਅੱਗੇ ਕਰ ਕੇ ਆਇਆ ਮਿੰਨਤ, ਖ਼ਿਮਾਂ ਗ਼ਰੀਬੀ ਚਾਕਰੀ ਨਾਲ ਸਮਝਾਈਆ । ਪੁਰਖ ਅਕਾਲ ਵਿਚ ਇਕੋ ਹਿੰਮਤ, ਜੋ ਹਮ ਰੂਪ ਲਏ ਬਣਾਈਆ । ਕਲਜੁਗ ਅੰਤਮ ਕੂੜੀ ਕਿਰਿਆ ਮੇਟੇ ਇੱਲਤ, ਇਲਮ ਆਲਮ ਦੋਵੇਂ ਵੇਖ ਵਖਾਈਆ । ਜਿਸ ਵੇਲੇ ਸਤਿਗੁਰ ਨਾਮ ਹੋਣ ਲੱਗੇ ਬੇਇਜ਼ਤ, ਓਸ ਵੇਲੇ ਫੇਰਾ ਪਾਈਆ । ਜਿਸ ਵੇਲੇ ਗੁਰ ਧਾਮਾਂ ਦੀ ਹੋਵੇ ਜ਼ਿੱਲਤ, ਖ਼ੁਆਰੀ ਘਰ ਘਰ ਨਜ਼ਰੀ ਆਈਆ । ਓਸ ਵੇਲੇ ਨਿਰਗੁਣ ਜਾਮਾ ਪਰਗਟਾਵੇ ਪਹਿਨੇ ਆਪਣੀ ਖ਼ਿਲਤ, ਖ਼ਾਲਕ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਸ਼ਬਦੀ ਧਾਰ, ਸੁਤ ਦੁਲਾਰਾ ਇਕ ਅਖਵਾਈਆ । ਮੇਰਾ ਪਿਤਾ ਪੁਰਖ ਅਕਾਲ, ਜਨਮੇ ਕੋਇ ਨਾ ਮਾਈਆ । ਮੈਂ ਵਸਾਂ ਸਚਖੰਡ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਸਕੇ ਨਾ ਕੋਈ ਬਾਲ, ਇਕੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੇਰਾ ਸਾਹਿਬ ਸਤਿਗੁਰ ਠਾਕਰ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਉਹ ਲੇਖਾ ਜਾਣੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗੋਦ ਉਠਾਈਆ । ਕਲਜੁਗ ਅੰਤ ਕੂੜੀ ਕਿਰਿਆ ਕੋਲੋਂ ਕਰੇ ਬਹਾਲ, ਜੂਠਾ ਝੂਠਾ ਨਾਤਾ ਦਏ ਤੁੜਾਈਆ । ਸੰਬਲ ਵਸੇ ਸਚ ਮਕਾਨ, ਬੇਮੁਕਾਮ ਡੇਰਾ ਲਾਈਆ । ਜਿਸ ਨੂੰ ਮੁਹੰਮਦ ਮੰਨਿਆ ਇਕ ਅਮਾਮ, ਅਮਨ ਮਾਲਕ ਨੂਰ ਖ਼ੁਦਾਈਆ । ਜਿਸ ਦਾ ਦੋ ਜਹਾਨਾਂ ਸਦਾ ਇੰਤਜ਼ਾਮ, ਨਜ਼ਾਮ ਆਪਣੇ ਹੱਥ ਰਖਾਈਆ । ਉਹ ਮਾਲਕ ਖ਼ਾਲਕ ਸਦਾ ਬੇਪਛਾਣ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਪਰਗਟ ਹੋਵੇ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਨਾਮ ਖੰਡਾ ਰੱਖੇ ਬਿਨਾ ਮਿਆਨ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਸਾਹਿਬ ਸੂਰਬੀਰ ਖੇਲੇ ਖੇਲ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਈਆ । ਹਉਂ ਬਾਲਕ ਨੱਢਾ ਸੁਤ ਦੁਲਾਰਾ ਅੰਞਾਣ, ਦਰ ਠਾਂਡੇ ਇਕੋ ਮੰਗ ਮੰਗਾਈਆ । ਤੂੰ ਮੇਰਾ ਮੈਂ ਤੇਰਾ ਦੂਜਾ ਅਵਰ ਨਾ ਕੋਇ ਧਿਆਨ, ਇਸ਼ਟ ਇਕੋ ਇਕ ਰਖਾਈਆ । ਕਿਰਪਾ ਕਰੀਂ ਸ੍ਰੀ ਭਗਵਾਨ, ਮੋਹੇ ਦੇਣਾ ਧੁਰ ਦਾ ਦਾਨ, ਦਾਤੇ ਤੇਰੀ ਓਟ ਤਕਾਈਆ । ਭਗਤ ਸੰਤ ਮਿਲੌਣੇ ਆਣ, ਗੁਰਮੁਖ ਗੁਰਸਿਖ ਜਗੌਣੇ ਵਿਚ ਜਹਾਨ, ਨਿਜ ਨੇਤਰ ਅੱਖ ਖੁਲ੍ਹਾਈਆ । ਅੰਮ੍ਰਿਤ ਆਤਮ ਕਰੌਣਾ ਪਾਨ, ਜੋਤੀ ਦੀਪ ਜਗੌਣਾ ਮਹਾਨ, ਅਨਹਦ ਸ਼ਬਦ ਵੱਜੇ ਸੱਚੀ ਧੁਨਕਾਨ, ਆਤਮਕ ਰਾਗ ਅਲਾਈਆ । ਆਤਮ ਸੇਜਾ ਕਰਨਾ ਪਰਵਾਨ, ਨਜ਼ਰੀ ਔਣਾ ਸਾਖਿਆਤ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚੇ ਲੈਣਾ ਮਿਲਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਾਹਿਬ ਸੁਲਤਾਨ ਹੁਕਮ ਸੁਣੌਂਦਾ ਏ । ਨਵ ਨੌਜਵਾਨ ਆਪ ਫ਼ਰਮੌਂਦਾ ਏ । ਮਿਹਰਵਾਨ ਮਿਹਬਾਨ ਮਿਹਰ


੪੪੯
੧੨

੪੫੦

ਨਜ਼ਰ ਉਠੌਂਦਾ ਏ । ਸਚਖੰਡ ਦਵਾਰੇ ਕਰ ਪਰਵਾਨ, ਪਰਵਾਨਾ ਥਿਰ ਘਰ ਆਪ ਫੜੌਂਦਾ ਏ । ਸੁਤ ਦੁਲਾਰੇ ਦੇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੇਰੀ ਸੇਵਾ ਲੋਕਮਾਤ ਜਣੌਂਦਾ ਏ । ਸ੍ਰਿਸ਼ਟ ਸਬਾਈ ਏਕਾ ਰਾਮ ਏਕਾ ਨਾਮ ਏਕਾ ਜਾਮ, ਏਕਾ ਰਸ ਪਿਔਂਦਾ ਏ । ਏਕਾ ਮੰਦਰ ਇਕ ਮਕਾਨ ਇਕ ਨਿਸ਼ਾਨ, ਮਿਹਰਵਾਨ ਇਕ ਝਲੌਂਦਾ ਏ । ਏਕਾ ਚਰਨ ਇਕ ਧਿਆਨ, ਏਕਾ ਸ਼ਬਦ ਇਕ ਗਿਆਨ, ਅੰਤਰ ਇਕੋ ਇਕ ਪੜ੍ਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖਲੌਂਦਾ ਏ । ਧੁਰ ਦਾ ਭੇਵ ਅੰਤ ਖੁਲ੍ਹਾਵਾਂਗਾ । ਪੜਦਾ ਓਹਲਾ ਸਰਬ ਚੁਕਾਵਾਂਗਾ । ਸਾਚਾ ਢੋਲਾ ਰਾਗ ਅਲਾਵਾਂਗਾ । ਮੌਲਾ ਹੋ ਕੇ ਨਜ਼ਰੀ ਆਵਾਂਗਾ । ਗੁਰ ਅਵਤਾਰਾਂ ਕੀਤੇ ਕੌਲਾਂ, ਇਕਰਾਰ ਅੰਤਮ ਪੂਰ ਕਰਾਵਾਂਗਾ । ਲੱਖ ਚੁਰਾਸੀ ਕੂੜੀ ਕਿਰਿਆ ਜੋ ਕਲਜੁਗ ਪਾਵੇ ਰੌਲਾ, ਰੌਣਕ ਸਭ ਦੀ ਮੇਟ ਮਿਟਾਵਾਗਾਂ । ਧਰਨੀ ਧਰਤ ਧਵਲ ਕਰ ਕੇ ਭਾਰ ਹੌਲਾ, ਦੂਤੀ ਦੁਸ਼ਟ ਸਰਬ ਖਪਾਵਾਂਗਾ । ਜਨ ਭਗਤਾਂ ਬਣ ਵਿਚੋਲਾ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਸਤਕ ਵੇਖ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣ ਸੁਣ ਖ਼ੁਸ਼ੀ ਮਨੌਂਦੇ ਨੇ । ਬਿਨ ਨੈਣਾਂ ਅੱਖਾਂ ਤੱਕ, ਜੋਤੀ ਦਰਸ਼ਨ ਇਕੋ ਪੌਂਦੇ ਨੇ । ਅੰਤਮ ਸਭ ਨੂੰ ਮਿਲੇ ਹੱਕ, ਹਾਕਮ ਇਕੋ ਇਕ ਮਨੌਂਦੇ ਨੇ । ਜਿਸ ਨੂੰ ਕੋਈ ਨਾ ਸਕੇ ਠੱਗ, ਸੋ ਠਾਕਰ ਇਕ ਵਡਿਔਂਦੇ ਨੇ । ਜਿਸ ਤ੍ਰੈਗੁਣ ਮਾਇਆ ਅਗਨ ਬੁਝੌਣੀ ਅੱਗ, ਤਤਵ ਤਤ ਨਾ ਕੋਈ ਤੜਫੌਂਦੇ ਨੇ । ਜਿਸ ਨੇ ਬਿਨਾ ਮੱਕੇ ਕਾਅਬਿਉਂ ਕਾਇਆ ਮੰਦਰ ਕਰੌਣੇ ਹੱਜ, ਹੁਜਰਾ ਇਕੋ ਇਕ ਸਮਝੌਂਦੇ ਨੇ । ਜਿਸ ਨੇ ਸਾਢੇ ਤਿੰਨ ਹੱਥ ਅੰਦਰ ਵਖੌਣੇ ਮੰਦਰ ਮਸੀਤ ਸ਼ਿਵਦਵਾਲਾ ਮੱਠ, ਗੁਰੂਦਵਾਰ ਰੰਗ ਰੰਗੌਣੇ ਨੇ । ਜਿਸ ਲੇਖ ਚੁਕਾਣੇ ਤਤ ਅੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੀ ਝੋਲੀ ਪੌਣੇ ਨੇ । ਸਚ ਦਵਾਰਾ ਖੋਲ੍ਹ ਕੇ ਹੱਟ, ਨਾਮ ਵਣਜਾਰੇ ਗੁਰਮੁਖ ਲੋਕਮਾਤ ਉਪਜੌਣੇ ਨੇ । ਦੂਈ ਦਵੈਤੀ ਮੇਟ ਕੇ ਫਟ, ਕੂੜੇ ਝਗੜੇ ਪਰ੍ਹਾਂ ਹਟੌਣੇ ਨੇ । ਚਾਰ ਵਰਨਾਂ ਅਠਾਰਾਂ ਬਰਨਾਂ ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਮਾਰਗ ਦੱਸ, ਮੰਜ਼ਲ ਮਕਸੂਦ ਆਪ ਪੁਚੌਣੇ ਨੇ । ਹਿਰਦੇ ਅੰਦਰ ਜਿਸ ਨਿਰਗੁਣ ਹੋ ਕੇ ਜਾਣਾ ਵਸ, ਵਾਸਤੇ ਆਪਣੇ ਨਾਲ ਰਖੌਣੇ ਨੇ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਪਾ ਕੇ ਹੱਕ, ਹੱਕੋ ਹੱਕ ਵੰਡ ਵੰਡੌਣੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜਣਾਏ ਸਾਚੇ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹੁਣੇ ਨੇ । ਜਨ ਭਗਤ ਖ਼ੁਸ਼ੀ ਮਨੌਂਦੇ ਨੇ । ਅੰਤਰ ਆਤਮ ਢੋਲਾ ਗੌਂਦੇ ਨੇ । ਤੇਰੀ ਇਕੋ ਓਟ ਤਕੌਂਦੇ ਨੇ । ਦੂਜਾ ਇਸ਼ਟ ਨਾ ਕੋਈ ਮਨੌਂਦੇ ਨੇ । ਨੇਤਰ ਨੈਣਾਂ ਨੀਰ ਵਹੌਂਦੇ ਨੇ । ਬੇਨਜ਼ੀਰ ਤੇਰਾ ਦਰਸ਼ਨ ਪੌਂਦੇ ਨੇ । ਕੱਟ ਸ਼ਰਅ ਜ਼ੰਜੀਰ, ਝਗੜੇ ਦੀਨ ਮਜ਼੍ਹਬ ਮਿਟੌਂਦੇ ਨੇ । ਤੇਰੀ ਮਨ ਕੇ ਇਕ ਤਦਬੀਰ, ਰੁਤਬਾ ਤੇਰੇ ਘਰ ਪੌਂਦੇ ਨੇ । ਤੇਰੀ ਸਿਫ਼ਤ ਕਰਦੇ ਗਏ ਸ਼ਾਹ ਹਕੀਰ, ਤੇਰਾ ਫਿਕਰਾ ਇਕੋ ਇਕ ਅਲੌਂਦੇ ਨੇ । ਬਣ ਕੇ ਨੰਨ੍ਹੇ ਬੱਚੇ ਬਾਲ ਹਕੀਰ, ਹਕੀਕੀ ਇਸ਼ਕ ਆਪ ਕਮੌਂਦੇ ਨੇ । ਤੇਰਾ ਨੂਰ ਜਲਵਾ ਲਾਸਾਨੀ ਲਾਤਸਵੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਘਰ ਤੇਰੇ ਸੋਭਾ ਪੌਂਦੇ ਨੇ । ਮੁਰੀਦ ਮੁਰਸ਼ਦ ਮਾਰਨ ਹਾਕ, ਹੋਕਾ ਦੇ ਸੁਣਾਈਆ । ਗ਼ੁਰਬਤ ਵਿਚ ਖੋਲ੍ਹ ਤਾਕ, ਤਕਵਾ ਤੇਰੀ ਓਟ ਤਕਾਈਆ । ਪੜਦਾ ਲਾਹ ਜ਼ਾਹਰ ਬਾਤਨ ਆਪਣੀ ਕਰ ਬਾਤ, ਭੇਵ ਅਭੇਦ ਜਣਾਈਆ । ਚਾਰੋਂ

ਕੁੰਟ ਅੰਧੇਰੀ ਰਾਤ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਸਾਡਾ ਲੇਖਾ ਮੁੱਕੇ ਹਿਸਾਬ, ਕਿਤਾਬ ਸਕੇ ਨਾ ਕੋਇ ਖੁਲ੍ਹਾਈਆ । ਜਾਮ ਪਿਔਣਾ ਹਯਾਤੇ ਆਬ, ਹਯਾਤੀ ਵਿਚੋਂ ਹਯਾਤੀ ਦੇ ਬਦਲਾਈਆ । ਹਉਂ ਤੇਰੇ ਦਰ ਬੈਠੇ ਮੁਹਤਾਜ, ਮੁਹੱਬਤ ਤੇਰੀ ਮੰਗ ਮੰਗਾਈਆ । ਤੇਰੇ ਸੀਸ ਅਗੰਮੀ ਤਾਜ, ਤਖ਼ਤ ਨਿਵਾਸੀ ਵਡ ਵਡਿਆਈਆ । ਅੰਤਮ ਪੂਰਾ ਕਰਦੇ ਕਾਜ, ਕਰਤਾ ਕਰਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੋਦੀ ਲੈਣਾ ਉਠਾਈਆ । ਸਾਚੇ ਸੰਤ ਕਹਿਣ ਸਤਿਗੁਰ, ਸਾਹਿਬ ਤੇਰੀ ਸਰਨਾਈਆ । ਸਤਿ ਦਵਾਰੇ ਔਣਾ ਮੁੜ, ਆਪਣਾ ਫੇਰਾ ਪਾਈਆ । ਸੁਰਤੀ ਸ਼ਬਦੀ ਜਾਏ ਜੁੜ, ਜੋੜੀ ਤੇਰੇ ਨਾਲ ਜਣਾਈਆ । ਸ਼ਬਦ ਅਗੰਮੀ ਚੜ੍ਹੌਣਾ ਘੋੜ, ਵਾਗਾਂ ਆਪਣੇ ਹੱਥ ਰਖਾਈਆ । ਅੰਤਮ ਵੇਲੇ ਜਾਣਾ ਬੌਹੜ, ਕੂਕ ਕੂਕ ਦੁਹਾਈਆ । ਕਿਸੇ ਨੇ ਲਿਖਿਆ ਪੂਤ ਸਪੂਤਾ ਬ੍ਰਹਿਮਣ ਗੌੜ, ਵੇਦ ਵਿਆਸਾ ਕਲਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੇ ਅੰਗ ਲਗਾਈਆ । ਗੁਰਮੁਖ ਕਹਿਣ ਸਾਹਿਬ ਸਵਾਮੀ, ਸਾਖਿਆਤ ਨਜ਼ਰੀ ਆਈਆ । ਚਾਰ ਜੁਗ ਤੇਰੀ ਸੁਣਦੇ ਰਹੇ ਕਹਾਣੀ, ਕਹਾਵਤ ਨਾਲ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਲਿਖਦੇ ਗਏ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਸਰ ਸਰੋਵਰ ਅੰਮ੍ਰਿਤ ਆਤਮ ਪਰਮਾਤਮ ਮੰਗਦੇ ਗਏ ਠੰਡਾ ਪਾਣੀ, ਜਲਧਾਰਾ ਦੇਣ ਦੁਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕੀ ਕਰੇ ਨਿਮਾਣੀ, ਸੀਸ ਸਕੇ ਨਾ ਕੋਇ ਉਠਾਈਆ । ਰੋਂਦੀ ਵੇਖੀ ਤੇਰੀ ਚਾਰੇ ਖਾਣੀ, ਚਾਰੋਂ ਕੁੰਟ ਰਹੀ ਕੁਰਲਾਈਆ । ਕਿਸੇ ਨਾ ਮਿਲਿਆ ਪਦ ਨਿਰਬਾਨੀ, ਨਿਰਬਾਣ ਪਦ ਨਾ ਕੋਇ ਸਮਾਈਆ । ਸੁਘੜ ਸੁਚੱਜੀ ਬਣੀ ਨਾ ਕੋਈ ਸਵਾਣੀ, ਸੱਚੇ ਘਰ ਬਹਿ ਨਾ ਖ਼ੁਸ਼ੀ ਮਨਾਈਆ । ਸੁਰਤੀ ਸ਼ਬਦ ਨਾ ਮਿਲਿਆ ਹਾਣੀ, ਮੰਦਰ ਹੋਈ ਨਾ ਅੰਤ ਕੁੜਮਾਈਆ । ਹਉਂ ਬਾਲੀ ਨੱਢੀ ਕੋੜੀ ਕਮਲੀ ਜਗਤ ਅੰਞਾਣੀ, ਸੋਚ ਸਮਝ ਨਾ ਕੋਇ ਰਖਾਈਆ । ਇਕੋ ਚਰਨ ਸਰਨ ਤੇਰੇ ਧਿਆਨੀ, ਧਿਆਨ ਧਿਆਨ ਵਿਚੋਂ ਪਰਗਟਾਈਆ । ਪਤਿਪਰਮੇਸ਼ਵਰ ਮਿਹਰਵਾਨ ਕਰਨੀ ਮਿਹਰਬਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਹੋਣਾ ਅੰਤ ਸਹਾਈਆ । ਗੁਰਸਿਖ ਕਹੇ ਮੇਰੇ ਗੁਰਦੇਵ, ਗੁਰੂ ਗੁਰੂ ਗੁਰ ਤੇਰੀ ਵਡਿਆਈਆ । ਅੰਤਰ ਆਤਮ ਸਾਚੀ ਕਰਾਂ ਸੇਵ, ਸੇਵਕ ਆਪਣਾ ਆਪ ਬਣਾਈਆ । ਤੂੰ ਦਾਤਾ ਦਾਨੀ ਅਲਖ ਅਭੇਵ, ਬੇਅੰਤ ਤੇਰੀ ਵਡਿਆਈਆ । ਕਰਾਂ ਸਿਫ਼ਤ ਕੀ ਰਸਨਾ ਜਿਹਵ, ਬੱਤੀ ਦੰਦ ਸੰਗ ਨਿਭਾਈਆ । ਤੂੰ ਵਸਣਹਾਰਾ ਧਾਮ ਸਦਾ ਨਿਹਕੇਵ, ਨਿਹਚਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਫੜ ਬਾਹੋਂ ਲੈਣਾ ਤਰਾਈਆ । ਸ੍ਰੀ ਭਗਵਾਨ ਦੂਰ ਦੁਰਾਡਾ, ਧੁਰਦਰਗਾਹੀ ਦਇਆ ਕਮਾਈਆ । ਭਗਤ ਸੰਤ ਗੁਰਮੁਖ ਗੁਰਸਿਖ ਏਥੇ ਓਥੇ ਆਂਢ ਗਵਾਂਢਾ, ਨੇੜਾ ਦੂਰ ਨਾ ਕੋਇ ਜਣਾਈਆ । ਮੁਕਾਮ ਧਾਮ ਰਾਮ ਭਗਵਾਨ ਪਰਵਰਦਿਗਾਰ ਦੇਵੇ ਠਾਂਡਾ, ਸੀਤਲ ਧਾਰ ਇਕ ਚੁਆਈਆ । ਲਹਿਣਾ ਦੇਣਾ ਮੁਕਾਵੇ ਕਰਮ ਕਾਂਡਾ, ਪਰਕਿਰਤੀ ਫੁਰਤੀ ਸੁਰਤੀ ਨਿਰਤੀ ਸਭ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਇਕੋ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਹੱਸ, ਹਸਤੀ ਇਕੋ ਨਜ਼ਰੀ ਆਈਆ । ਜਿਸ ਨੇ ਸਾਰੇ ਕੀਤੇ ਵਸ, ਬੇਵਸ ਦਿਸੇ ਲੋਕਾਈਆ । ਜਿਸ ਦਾ ਜੁਗ ਚੌਕੜੀ ਗਾਇਆ ਜਸ, ਸਿਫ਼ਤ



੪੫੧ ੧੨

ਸਾਲਾਹ ਮਿਲੀ ਵਡਿਆਈਆ । ਸੋ ਸਾਹਿਬ ਪੁਰਖ ਸਮਰਥ, ਮਹਿੰਮਾ ਅਕਥ ਰਿਹਾ ਜਣਾਈਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਗਟ, ਹਰ ਘਟ ਵੇਖੇ ਥਾਈਂ ਥਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਬ੍ਰਹਮ ਮਤ ਇਕ ਜਣਾਈਆ । ਸਚ ਬੀਜ ਬੀਜ ਕਾਇਆ ਵੱਤ, ਬਣ ਕਿਰਸਾਣਾ ਨਾਮ ਹੱਲ ਇਕ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣੇ ਮਿਲਣ ਦੀ ਦੇ ਕੇ ਅੱਖ, ਬਿਨ ਅੱਖਰਾਂ ਦਏ ਪੜ੍ਹਾਈਆ । ਜਨ ਭਗਤ ਕਹਿਣ ਪ੍ਰਭ ਉਹ ਅੱਖ ਕੀ, ਸਚ ਸਚ ਦੇ ਸਮਝਾਈਆ । ਜਿਸ ਨਾਲ ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂ, ਧਰਨੀ ਧਰਤ ਧਵਲ ਵੰਡ ਵੰਡਾਈਆ । ਤੇਰਾ ਦਰਸ ਨਿਤ ਨਵਿਤ ਕਰ ਕਰ ਲਈਏ ਜੀ, ਜੀਵਣ ਜੁਗਤ ਤੇਰੇ ਕੋਲੋਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇਣਾ ਸਮਝਾਈਆ । ਸ੍ਰੀ ਭਗਵਾਨ ਕਹੇ ਮੇਰੀ ਅੱਖ ਅਵੱਲੀ, ਜਨ ਭਗਤ ਦਿਆਂ ਦ੍ਰਿੜਾਈਆ । ਜੋ ਸਭ ਤੋਂ ਵੱਖਰੀ ਇਕ ਇਕੱਲੀ, ਧਾਮ ਅਗੰਮੇ ਆਪ ਟਿਕਾਈਆ । ਜਿਸ ਦੇ ਅੰਦਰ ਜੋਤ ਨਿਰੰਜਣ ਇਕੋ ਬਲੀ, ਨੂਰੋ ਨੂਰ ਨੂਰ ਕਰੇ ਰੁਸ਼ਨਾਈਆ । ਉਸ ਨੂੰ ਜਾਣੇ ਹਰਿ ਕਰਤਾ ਵਲੀ ਛਲੀ, ਅਛਲ ਅਛੱਲ ਜਿਸ ਨੇ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰਿਹਾ ਟਿਕਾਈਆ । ਜਨ ਭਗਤ ਕਹੇ ਪ੍ਰਭ ਦੱਸ ਟਿਕਾਣਾ, ਕਵਣ ਧਾਮ ਮਿਲੇ ਵਡਿਆਈਆ । ਜਿਸ ਬਿਧ ਹੋਵੇ ਸਚ ਪਹਿਚਾਨਾ, ਭਰਮ ਗੜ੍ਹ ਤੁੜਾਈਆ । ਨਜ਼ਰੀ ਆਵੇ ਉਹ ਨਿਸ਼ਾਨਾ, ਜੋ ਨਿਸ਼ਾਨਾ ਸਤਿਗੁਰ ਦਿਤਾ ਜਣਾਈਆ । ਦਰਸ਼ਨ ਕਰੀਏ ਓਸ ਕਾਹਨਾ, ਜੋ ਲੱਖ ਚੁਰਾਸੀ ਗੋਪੀ ਰਿਹਾ ਪਰਨਾਈਆ । ਧਾਮ ਵੇਖੀਏ ਉਹ ਮਕਾਨਾ, ਜਿਸ ਦੀ ਛੱਪਰ ਛੰਨ ਨਾ ਕਿਸੇ ਛੁਹਾਈਆ । ਦਰਸ਼ਨ ਪਾਈਏ ਨੌਜਵਾਨਾ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੜਦਾ ਦੇਣਾ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਮੇਰੀ ਅੱਖ ਬੇਨਜ਼ੀਰ, ਨਾਜ਼ਕ ਸਭ ਨੂੰ ਆਪ ਬਣਾਈਆ । ਜਿਸ ਦੀ ਕੋਈ ਨਾ ਜਾਣੇ ਅਕਸੀਰ, ਅਕਸਰੀਅਤ ਵਿਚ ਵੰਡ ਨਾ ਕੋਇ ਵੰਡਾਈਆ । ਨਕਸ਼ੇ ਵਿਚ ਨਾ ਕੋਈ ਤਸਵੀਰ, ਮੁਸੱਵਰ ਤਸੱਵਰ ਸਕੇ ਨਾ ਕੋਇ ਕਰਾਈਆ । ਜਿਸ ਦੇ ਉਤੇ ਮਿਹਰ ਕਰ ਬਦਲ ਦੇਵਾਂ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਜੋ ਅੰਦਰ ਬਾਹਰ ਚੋਟੀ ਵੇਖੇ ਇਕ ਅਖ਼ੀਰ, ਆਖ਼ਰ ਇਕੋ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਅੱਖ ਪ੍ਰਤਖ ਜਨ ਭਗਤਾਂ ਦਏ ਖੁਲ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਿਹਾ ਸਚ, ਸਚ ਤੇਰੀ ਵਡਿਆਈਆ । ਭਾਗ ਲਗਾਵੇਂ ਕਾਇਆ ਮਾਟੀ ਕੱਚ, ਕੱਚ ਕੰਚਨ ਰੂਪ ਵਟਾਈਆ । ਮਨੂਆ ਮਨ ਨਾ ਜਾਏ ਨੱਚ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਪੰਚ ਵਿਕਾਰਾ ਕਰੇ ਭੱਠ, ਮਮਤਾ ਮੋਹ ਮਿਟਾਈਆ । ਦੁਰਮਤ ਮੈਲ ਕੱਟ, ਨਿਰਮਲ ਰੂਪ ਪਰਗਟਾਈਆ । ਸਾਚਾ ਮਾਰਗ ਦੱਸ, ਪਾਂਧੀ ਪੰਧ ਚਲਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਅੱਖੀਆਂ ਵਿਚੋਂ ਸਿਖਿਆ ਦਏਂ ਸਮਝਾਈਆ । ਤੇਰਾ ਖੇਲ ਪੁਰਖ ਸਮਰਥ, ਜੁਗ ਚੌਕੜੀ ਮਿਲੇ ਵਡਿਆਈਆ । ਤੇਰੀ ਚਰਨ ਸਰਨਾਈ ਕਵਲ ਧਵਲ ਉਪਰ ਜਾਈਏ ਢੱਠ, ਧੂੜੀ ਟਿੱਕਾ ਖ਼ਾਕ ਰਮਾਈਆ । ਲੇਖੇ ਲੌਣੇ ਤਤ ਅੱਠ, ਨੌਂ ਦਵਾਰੇ ਪੰਧ ਚੁਕਾਈਆ । ਦਸਵੇਂ ਮਿਲ ਕੇ ਜਾਣਾ ਹੱਸ, ਸੋਹੰ ਹੰਸਾ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚੀ ਧਾਰ ਕਰਨੀ ਉਤਪਤ, ਉਪਮਾ ਆਪਣਾ ਨਾਮ ਸਮਝਾਈਆ । ਪੁਰਖ ਅਕਾਲ ਦੀਨ ਦਿਆਲ

ਧੁਰ ਦੀ ਨੀਂਹ ਦੇਣੀ ਰੱਖ, ਸੀਂ ਜਗਤ ਮਿਲੇ ਵਡਿਆਈਆ । ਜਿਸ ਨੂੰ ਅਗਨੀ ਦਾਹ ਨਾ ਲਾਏ ਕੱਖ, ਧੂੰਆਂਧਾਰ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਰੰਗ ਚੜ੍ਹਾਈਆ । ਸਤਿ ਸਤਿਵਾਦੀ ਰੰਗ ਚੜ੍ਹੌਣਾ, ਕੂੜ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਪਲੰਘ ਸੁਹੌਣਾ, ਸਵਾਮੀ ਬਹਿ ਬਹਿ ਡੇਰਾ ਲਾਈਆ । ਨਾਮ ਮਰਦੰਗ ਇਕ ਵਜੌਣਾ, ਅਨਾਦੀ ਨਾਦ ਸ਼ਨਵਾਈਆ । ਸਾਚੀ ਗੰਗ ਆਪਣੇ ਚਰਨ ਨਹੌਣਾ, ਅੰਮ੍ਰਿਤ ਆਤਮ ਜਾਮ ਪਿਆਈਆ । ਜਗਤ ਵਿਛੋੜਾ ਰੰਡ ਚੁਕੌਣਾ, ਨਾਰ ਕੰਤ ਮਿਲ ਮਿਲ ਖ਼ੁਸ਼ੀ ਮਨਾਈਆ । ਪੁਰਖ ਅਕਾਲ ਅੰਗ ਲਗੌਣਾ, ਦੀਨ ਦਿਆਲ ਗੋਦ ਸੁਹਾਈਆ । ਸਦ ਬਖ਼ਸ਼ੰਦ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੇਲ ਕਰੌਣਾ, ਮਿਲਾਪ ਵਿਚ ਮੇਲਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਦੇਣਾ ਵਰ, ਬ੍ਰਹਮ ਬ੍ਰਹਿਮਾਦੀ ਆਪ ਜਣਾਈਆ । ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ, ਪਤ ਪਤਵੰਤੇ ਸਚ ਦੇਣਾ ਸਮਝਾਈਆ । ਨਿਹਕਰਮੀ ਜਣੌਣਾ ਇਕੋ ਕਰਮ, ਕਰਮ ਕਾਂਡ ਡੇਰਾ ਢਾਹੀਆ । ਮਨ ਵਾਸਨਾ ਮਿਟੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਲੇਖਾ ਚੁੱਕੇ ਚੰਮ ਦ੍ਰਿਸ਼ਟੀ ਚਰਮ, ਚੰਦ ਨੂਰ ਇਕ ਰੁਸ਼ਨਾਈਆ । ਪੁਰਖ ਅਕਾਲ ਤੇਰੀ ਸਾਚੀ ਸਰਨ, ਸਰਨਗਤ ਮਿਲੇ ਵਡਿਆਈਆ । ਅੱਗੇ ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਨਾ ਕੋਇ ਭਵਾਈਆ । ਜਮ ਕਾ ਦੂਤ ਨਾ ਆਵੇ ਫੜਨ, ਚਿਤ੍ਰਗੁਪਤ ਨਾ ਲੇਖ ਵਖਾਈਆ । ਰਾਏ ਧਰਮ ਚੁੱਕੇ ਡਰਨ, ਭੈ ਭੌ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅੰਤਮ ਵਰ, ਅੰਤਸ਼ਕਰਨ ਆਪਣੇ ਲੇਖੇ ਲਾਈਆ । ਸ੍ਰੀ ਭਗਵਾਨ ਕਹੇ ਸ਼ਬਦ ਸੁਤ ਜਗ ਮੀਤਾ, ਮਿੱਤਰ ਸ਼ਤਰੂ ਵੇਖ ਵਖਾਈਆ । ਨਿਤ ਨਵਿਤ ਜਿਸ ਦੀ ਸੁਹੰਜਣੀ ਰੀਤਾ, ਆਦਿ ਨਿਰੰਜਣ ਖੇਲ ਖਿਲਾਈਆ । ਜੋ ਸਦਾ ਸਹਾਇਕ ਊਚਾਂ ਨੀਚਾਂ, ਰਾਓ ਰੰਕਾਂ ਵੇਖ ਵਖਾਈਆ । ਓਸ ਦੇ ਨਾਲ ਕਰੋ ਸਚ ਪ੍ਰੀਤਾਂ, ਪੀਆ ਪ੍ਰੀਤਮ ਇਕ ਅਖਵਾਈਆ । ਜਿਸ ਦੀਆਂ ਸਾਰੇ ਕਰਦੇ ਰਹੇ ਉਡੀਕਾਂ, ਤਾਰੀਖਾਂ ਤਵਾਰੀਖਾਂ ਦੇਣ ਗਵਾਹੀਆ । ਓਸ ਦਵਾਰੇ ਮੰਗੋ ਭੀਖਾ, ਜੋ ਭਿਛਿਆ ਦੇ ਖ਼ੁਸ਼ੀ ਜਣਾਈਆ । ਓਸ ਦੀ ਸਚ ਸੁਣੋ ਹਦੀਸਾ, ਜੋ ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਜੋ ਲੇਖਾ ਜਾਣੇ ਜੀਵ ਜੀਅ ਕਾ, ਜਗਤ ਜੁਗਤ ਰਿਹਾ ਸਮਝਾਈਆ । ਜਿਸ ਲਹਿਣਾ ਚੁਕੌਣਾ ਅੰਤਮ ਸਾਢੇ ਤਿੰਨ ਹੱਥ ਸੀਂ ਕਾ, ਮੜ੍ਹੀ ਗੋਰ ਦੋਵੇਂ ਖੋਜ ਖੋਜਾਈਆ । ਸੋ ਸਾਹਿਬ ਸਵਾਮੀ ਨੀਕਨ ਨੀਕਾ, ਊਚੋ ਊਚ ਬੇਪਰਵਾਹੀਆ । ਜਿਸ ਨੇ ਸਤਿਜੁਗ ਸਾਚਾ ਸਾਂਝਾ ਦੱਸਣਾ ਇਕ ਤਰੀਕਾ, ਯਕ ਤਰਫ਼ਾ ਹੁਕਮ ਸੁਣਾਈਆ । ਕਰਵਟ ਲੈ ਬਦਲੇ ਆਪਣੀ ਪੀਠਾ, ਸਨਮੁਖ ਹੋ ਕੇ ਦਰਸ ਵਖਾਈਆ । ਜਿਸ ਨੂੰ ਗੋਬਿੰਦ ਪੁਰਖ ਅਕਾਲ ਮੰਨਿਆ ਪਿਤਾ, ਪਤਿਪਰਮੇਸ਼ਵਰ ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਸੋ ਸਭ ਸੰਗ ਕਰੇ ਇਕੋ ਹਿਤਾ, ਜੋ ਦੂਰ ਨੇੜੇ ਹਿੰਦੂ ਮੁਸਲਿਮ ਸਿੱਖ ਈਸਾਈ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਤਾ ਪੁਰਖ ਬਿਧਾਤਾ, ਕਲਜੁਗ ਮੇਟੇ ਅੰਧੇਰੀ ਰਾਤਾ, ਸਚ ਸੁਣਾਵੇ ਧੁਰ ਦੀ ਗਾਥਾ, ਵੇਸ ਵਟਾਏ ਪੁਰਖ ਸਮਰਾਥਾ, ਹੋਏ ਸਹਾਈ ਅਨਾਥ ਅਨਾਥਾਂ, ਨਾਮ ਪਦਾਰਥ ਦੇਵੇ ਦਾਤਾ, ਦੌਲਤ ਇਕੋ ਇਕ ਵਰਤਾਈਆ । ਹਰਿਭਗਤ ਹਰਿਸੰਤ ਗੁਰਮੁਖ ਗੁਰਸਿਖ ਤੇਰੇ ਨੇੜੇ ਨਾ ਆਏ ਮਨ ਮਤ ਨਾਰ ਕਮਜ਼ਾਤਾ, ਕੁਲਖਣੀ ਬੈਠੇ ਆਪਣਾ ਮੁਖ ਭਵਾਈਆ ।

## ✪ ੨੧ ਭਾਦਰੋਂ ੨੦੨੧ ਬਿਕ੍ਰਮੀ ਹਰੀ ਸਿੰਘ, ਪੂਰਨ ਸਿੰਘ ਦੇ ਗ੍ਰਿਹਿ ਪਿੰਡ ਸੋਹਲ ✪

ਪੁਰਖ ਅਕਾਲ ਕਰ ਅਦਲ, ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਵਖਾ ਆਪਣੀ ਮਜ਼ਲ, ਮਹਿਬੂਬ ਮੁਹੱਬਤ ਆਪਣੇ ਨਾਲ ਰਖਾਈਆ । ਕੂੜੀ ਕਿਰਿਆ ਕਲਜੁਗ ਕਾਇਆ ਬਦਲ, ਮਾਇਆ ਮਮਤਾ ਮੋਹ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਕਤਲ, ਸ਼ਬਦ ਖੰਡਾ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਪਿਆ ਗ਼ਦਰ, ਮਨਮਤ ਕਰੇ ਲੜਾਈਆ । ਜਨ ਭਗਤਾਂ ਪੂਰੀ ਕਰੇ ਕੋਈ ਨਾ ਸਧਰ, ਸਾਚਾ ਸੰਗ ਨਾ ਕੋਇ ਨਿਭਾਈਆ । ਤੇਰੇ ਨਾਮ ਦਾ ਚਾਰ ਕੁੰਟ ਕੋਈ ਨਾ ਕਦਰ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਦ੍ਰਿੜਾਈਆ । ਪਾਰਬ੍ਰਹਮ ਪ੍ਰਭ ਕਰ ਇਨਸਾਫ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੀ ਕੁਦਰਤ ਹੋਈ ਗੁਸਤਾਖ਼, ਕਾਦਰ ਕਰੀਮ ਤੇਰੀ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਨਾਮ ਪਦਾਰਥ ਦੇ ਕੇ ਗਏ ਦਾਤ, ਬਣ ਵਣਜਾਰੇ ਮਾਤ ਵਰਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਿਖ ਕੇ ਗਏ ਗਾਥ, ਖਾਣੀ ਬਾਣੀ ਰਾਗ ਨਾਦ ਸੁਣਾਈਆ । ਨੌਂ ਖੰਡ ਪ੍ਰਿਥਮੀ ਜੀਵ ਜੰਤ ਸਾਧ ਸੰਤ ਕਲਜੁਗ ਸਾਰੇ ਹੋਏ ਉਦਾਸ, ਹੈਰਾਨੀ ਸਭ ਦੇ ਉਤੇ ਛਾਈਆ । ਮਨ ਮਨੂਆ ਘਰ ਵਿਚ ਵੜਿਆ ਬਦਮਾਸ਼, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਤੇਰੇ ਮਿਲਣ ਦੀ ਅੰਤਰ ਆਤਮ ਪੂਰੀ ਹੋਏ ਨਾ ਖ਼ਾਹਿਸ਼, ਖ਼ਾਲਸ ਰੂਪ ਨਾ ਕੋਇ ਦਰਸਾਈਆ । ਸਾਚੇ ਮੰਡਲ ਦਿਸੇ ਕੋਈ ਨਾ ਰਾਸ, ਗੋਪੀ ਕਾਹਨ ਘਰ ਘਰ ਨੱਚਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸੋ ਪੁਰਖ ਨਿਰੰਜਣ ਕਿਰਪਾ ਕਰ, ਹਰਿ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਏਕੰਕਾਰ ਲੋਕਮਾਤ ਵੇਖ ਆਪਣਾ ਘਰ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਸਾਚੇ ਮੰਦਰ ਅਗੰਮ ਅਥਾਹ ਚੜ੍ਹ, ਸ੍ਰੀ ਭਗਵਾਨ ਪੜਦਾ ਲਾਹੀਆ । ਪਾਰਬ੍ਰਹਮ ਵੇਖ ਆਪਣਾ ਪੰਜ ਤਤ ਕਾਇਆ ਮਾਟੀ ਧੜ, ਬ੍ਰਹਮ ਬੈਠਾ ਮੁਖ ਛੁਪਾਈਆ । ਲੱਗੀ ਅੱਗ ਬਹੱਤਰ ਨੜ, ਤਤਵ ਤਤ ਰਹੀ ਜਲਾਈਆ । ਸਾਚਾ ਮਿਲੇ ਨਾ ਕਿਸੇ ਸਰ, ਅੰਮ੍ਰਿਤ ਸਰੋਵਰ ਨਹਾਵਣ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਕਲਮਾ ਕਾਇਨਾਤ ਰਹੀ ਪੜ੍ਹ, ਸਚ ਮਹਿਬੂਬ ਦਰਸ ਦੀਦਾਰ ਨਾ ਕੋਇ ਕਰਾਈਆ । ਸੱਜਦੇ ਕਰ ਕਰ ਧਰਨੀ ਧਰਤ ਧਵਲ ਖ਼ਾਕ ਉਪਰ ਡਿੱਗਣ ਦੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਤਿ ਤੇਰੀ ਸਰਨਾਈਆ । ਕਿਰਪਾ ਕਰ ਸਾਹਿਬ ਸੁਲਤਾਨ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਨਿਤ ਨਵਿਤ ਤੇਰਾ ਸੰਦੇਸ਼ਾ ਨਾਮ ਸੁਨੇਹੜਾ ਦੇ ਕੇ ਗਏ ਗਿਆਨ, ਕਾਗ਼ਜ਼ ਕਲਮ ਸ਼ਾਹੀ ਵੰਡ ਵੰਡਾਈਆ । ਸਦੀ ਚੌਧਵੀਂ ਪਰਗਟ ਹੋਏ ਨੌਜਵਾਨ, ਦਾਤਾ ਦੋ ਜਹਾਨ ਫੇਰਾ ਪਾਈਆ । ਬੀਸ ਬੀਸਾ ਹਰਿ ਜਗਦੀਸਾ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਬਿਨ ਕਥਨੀ ਆਪੇ ਗਾਈਆ । ਨਵ ਨੌ ਚਾਰ ਵੇਖੇ ਮਾਰ ਧਿਆਨ, ਜ਼ਿਮੀਂ ਅਸਮਾਨ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਦਰ ਦਵਾਰੇ ਰਹੇ ਬੋਲ, ਧੁਰ ਦਾ ਰਾਗ ਅਲਾਈਆ । ਲੱਖ ਚੁਰਾਸੀ ਕਲਜੁਗ ਅੰਤ ਹੋਈ ਅਨਭੋਲ, ਸੁੱਤੀ ਸ੍ਰਿਸ਼ਟ ਨਾ ਕੋਇ ਜਗਾਈਆ । ਸ਼ਬਦ ਅਗੰਮੀ ਨਾਦ ਅਨਾਦੀ ਘਰ ਸੁਣੇ ਨਾ ਕੋਈ ਢੋਲ, ਢੋਲਾ ਤੇਰਾ ਰਾਗ ਨਾ ਕੋਇ ਸ਼ਨਵਾਈਆ । ਸਾਚੇ ਕੰਡੇ ਤੋਲੇ ਕੋਈ ਨਾ ਤੋਲ, ਤੋਲਣਹਾਰਾ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਨਾਮ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰਗਾਹ ਸਾਚੀ ਕਰਨ ਅਰਜ਼, ਮੁਕਾਮੇ ਹੱਕ ਸੀਸ ਝੁਕਾਈਆ । ਪਰਵਰਦਿਗਾਰ ਤੇਰਾ ਫ਼ਰਜ਼, ਫ਼ਾਜ਼ਲ ਤੇਰੀ ਰਹਿਮਤ ਨਜ਼ਰੀ ਆਈਆ । ਕਲਜੁਗ ਖੇਲ ਵੇਖ ਅਸਚਰਜ, ਹੈਰਾਨੀ ਹੈਰਤ ਗ਼ੈਰਤ ਸਭ ਦੇ ਅੰਦਰ ਲਏ ਅੰਗੜਾਈਆ । ਕੂੜੀ ਕਿਰਿਆ ਸ਼ਾਸਤਰ ਸਿਮਰਤ ਵੇਦ ਪੁਰਾਨ ਕੋਇ ਨਾ ਸਕੇ ਵਰਜ, ਭੈ ਭਾਓ ਨਾ ਕੋਇ ਦ੍ਰਿੜਾਈਆ । ਭਰਮੇ ਭੁੱਲਾ ਨਾਰ ਮਰਦ, ਮਰਦ ਮਰਦਾਨੇ ਤੇਰੀ ਓਟ ਤਕਾਈਆ । ਜੀਵਾਂ ਜੰਤਾਂ ਛੁਰੀ ਸੀਸ ਕਰਦ, ਕਤਲਗਾਹ ਦਿਸੇ ਲੋਕਾਈਆ । ਕੀਤਾ ਕੌਲ ਇਕਰਾਰ ਚਾਰ ਜੁਗ ਦੀ ਵੇਖ ਫ਼ਰਦ, ਭੇਵ ਅਭੇਦਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭਿਖ, ਪ੍ਰਭ ਭਿਛਿਆ ਦੇ ਵਰਤਾਈਆ । ਜੋ ਲੇਖਾ ਲਿਖ ਕੇ ਆਏ ਭਵਿਖ, ਕਾਗ਼ਜ਼ ਕਲਮ ਦੇ ਵਡਿਆਈਆ । ਤਿਸ ਦਾ ਲਹਿਣਾ ਦੇਣਾ ਹਰ ਘਟ ਚਿਤ, ਜਗਤ ਠਗੌਰੀ ਡੇਰਾ ਢਾਹੀਆ । ਕਰਵਟ ਲੈ ਬਦਲ ਲਏ ਆਪਣੀ ਪਿਠ, ਸਨਮੁਖ ਲਏ ਆਪਣੀ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਬੇਪਰਵਾਹੀਆ । ਬੇਪਰਵਾਹ ਵੇਖ ਮਾਤ, ਮਤਾ ਤੇਰੇ ਨਾਲ ਪਕਾਈਆ । ਕੂੜੀ ਜਗਤ ਅੰਧੇਰੀ ਦਿਸੇ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਅਲਫ਼ ਯੇ ਕਰੇ ਨਾਚ, ਘਰ ਘਰ ਡੌਰੂ ਡੰਕ ਰਹੀ ਵਜਾਈਆ । ਮਨ ਵਾਸਨਾ ਹੋਈ ਕਮਜ਼ਾਤ, ਮੁਖ ਘੁੰਗਟ ਇਕ ਰਖਾਈਆ । ਆਤਮ ਪਰਮਾਤਮ ਜੁੜੇ ਨਾ ਕਿਸੇ ਨਾਤ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਗਾਏ ਕੋਇ ਨਾ ਗਾਥ, ਗਹਿਰ ਗੰਭੀਰ ਨਾ ਕੋਇ ਸਰਨਾਈਆ । ਸਾਚੀ ਕਰੇ ਨਾ ਕੋਇ ਅਰਦਾਸ, ਆਸਾ ਪੂਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਠਾਕਰ ਸਵਾਮੀ ਸਭ ਦੀ ਪੂਰੀ ਕਰ ਆਸ, ਤ੍ਰਿਸਨਾ ਤੇਰੇ ਨਾਲ ਮਿਲਾਈਆ । ਦੋ ਜਹਾਨ ਹੋ ਮਿਹਰਵਾਨ ਝਾਕ, ਬੰਦ ਕਵਾੜੀ ਕੁੰਡਾ ਲਾਹੀਆ । ਭਰਮੇ ਭੁੱਲਾ ਪੰਜ ਤਤ ਖ਼ਾਕੀ ਖ਼ਾਕ, ਖ਼ਾਲਸ ਆਪਣਾ ਰੂਪ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋੜਨ ਹੱਥ, ਬਿਨ ਹੱਥਾਂ ਸੀਸ ਨਿਵਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਤੇਰੀ ਸਰਨਾਈਆ । ਸ੍ਰਿਸ਼ਟ ਸਬਾਈ ਮਾਰਗ ਦੱਸ, ਭਰਮੀਆਂ ਭਰਮ ਗੜ੍ਹ ਤੁੜਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਅੱਖ ਖੁਲ੍ਹਾਈਆ । ਅੰਮ੍ਰਿਤ ਝਿਰਨਾ ਝਿਰਾ ਰਸ, ਬੂੰਦ ਸਵਾਂਤੀ ਇਕ ਟਪਕਾਈਆ । ਨਜ਼ਰੀ ਆ ਘਟ ਘਟ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਲਹਿਣਾ ਦੇਣਾ ਚੁਕਾ ਤਤ ਅੱਠ, ਨੌਂ ਦਰ ਖੋਜ ਖੋਜਾਈਆ । ਦਸਮ ਦਵਾਰੀ ਬਹਿ ਕੇ ਹੱਸ, ਸੋਹੰ ਹੰਸਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਮਾਂਗਤ ਹੋ ਕੇ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਵਡਿਆਈਆ । ਦੋ

ਜਹਾਨ ਪੁਰੀ ਲੋਅ ਬ੍ਰਹਿਮੰਡ ਖੰਡ ਆਪੇ ਲੰਘ, ਬਿਨ ਮੰਜ਼ਲ ਪੰਧ ਮੁਕਾਈਆ । ਨਾਮ ਨਿਧਾਨ ਸਚ ਵਜਾ ਮਰਦੰਗ, ਢੋਲਾ ਇਕੋ ਇਕ ਜਣਾਈਆ । ਅੰਤਰ ਆਤਮ ਪਰਮਾਤਮ ਦੇ ਅਨੰਦ, ਨਿਜਾ ਨੰਦ ਰਸ ਚਖਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਹਉਮੇ ਢਾਹ ਕੰਧ, ਭਾਂਡਾ ਭਰਮ ਭੰਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਖੰਡ ਖੰਡ, ਖੰਡਾ ਖੜਗ ਇਕ ਚਮਕਾਈਆ । ਸਰਬ ਸੁਹੇਲਾ ਬਣਕੇ ਸਭ ਦੇ ਵਸ ਸੰਗ, ਸਗਲ ਸ੍ਰਿਸ਼ਟੀ ਦ੍ਰਿਸ਼ਟੀ ਇਕੋ ਇਕ ਖੁਲ੍ਹਾਈਆ । ਤੂੰ ਮਾਲਕ ਖ਼ਾਲਕ ਲੱਖ ਚੁਰਾਸੀ ਤੇਰੀ ਡੋਰੀ ਨਾਲ ਪਤੰਗ, ਆਕਾਸ਼ ਆਕਾਸ਼ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਕਲਜੁਗ ਅੰਤਮ ਦਰ ਤੇਰੇ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਕੁਰਲਾਇਆ, ਸਚਖੰਡ ਸਾਚੇ ਰਹੇ ਸੁਣਾਈਆ । ਕਿਰਪਾ ਕਰ ਸਹਿਜ ਸੁਖਦਾਇਆ, ਪਾਰਬ੍ਰਹਮ ਤੇਰੀ ਵਡਿਆਈਆ । ਕਲਜੁਗ ਮੇਟ ਕੂੜੀ ਮਾਇਆ, ਤ੍ਰੈਗੁਣ ਡੇਰਾ ਢਾਹੀਆ । ਸਮਰਥ ਪੁਰਖ ਸਿਰ ਰੱਖ ਠਾਂਡੀ ਛਾਇਆ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਆਦਿ ਜੁਗਾਦਿ ਦਾਈ ਦਾਇਆ, ਦਿਵਸ ਰੈਣ ਖੇਲ ਖਲਾਈਆ । ਬੇਅੰਤ ਬੇਅੰਤ ਬੇਅੰਤ ਤੈਨੂੰ ਗਾਇਆ, ਰਸਨਾ ਜਿਹਵਾ ਤੇਰੀ ਸਿਫ਼ਤ ਸਾਲਾਹੀਆ । ਰਾਗਾਂ ਨਾਦਾਂ ਬ੍ਰਹਮ ਬ੍ਰਹਿਮਾਦਾ ਤੇਰਾ ਭੇਵ ਕਿਸੇ ਨਾ ਆਇਆ, ਪੜਦਾ ਸਕੇ ਨਾ ਕੋਇ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਵਕਤ ਸੁਹੰਜਣਾ ਇਕੋ ਆਇਆ, ਏਕੰਕਾਰ ਤੇਰੇ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਦੇਣਾ ਵਖਾਈਆ । ਏਕੰਕਾਰ ਤੇਰਾ ਨਾਮ ਡੰਕਾ, ਚਾਰੋਂ ਕੁੰਟ ਕਰੇ ਸ਼ਨਵਾਈਆ । ਪਕੜ ਉਠਾਏ ਰਾਓ ਰੰਕਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਹਿਲਾਈਆ । ਜਨ ਭਗਤਾਂ ਸੁਹਾਏ ਸਾਚਾ ਬੰਕਾ, ਬੰਕ ਦਵਾਰੀ ਇਕੋ ਨਜ਼ਰੀ ਆਈਆ । ਘਟ ਘਟ ਅੰਦਰ ਤੇਰੀ ਜੋਤੀ ਤਿਨਕਾ, ਕਿਰਨ ਕਿਰਨ ਕਰੇ ਰੁਸ਼ਨਾਈਆ । ਕਲਜੁਗ ਜੀਵਾਂ ਪ੍ਰਭ ਫੇਰ ਦੇ ਮਨ ਕਾ ਮਣਕਾ, ਮਨ ਮਮਤਾ ਮੋਹ ਮਿਟਾਈਆ । ਭੇਵ ਚੁਕਾ ਜੀਵ ਜਗ ਤਨ ਕਾ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਏਕਾ ਵਸੇਰਾ ਛੱਪਰ ਛੰਨ ਕਾ, ਚਰਨ ਕਵਲ ਮਿਲੇ ਵਡਿਆਈਆ । ਲਹਿਣਾ ਮੁਕੇ ਕੂੜੇ ਧਨ ਕਾ, ਨਾਮ ਪਦਾਰਥ ਦਏ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਲਕ ਤੈਨੂੰ ਮੰਨਦਾ, ਦਰ ਠਾਂਡੇ ਸੀਸ ਨਿਵਾਈਆ । ਤੂੰ ਪਿਤਾ ਓਸ ਚੰਨ ਦਾ, ਜਿਸ ਨੂੰ ਗੋਬਿੰਦ ਕਹਿ ਕਹਿ ਸੀਸ ਝੁਕਾਈਆ । ਲੱਖ ਚੁਰਾਸੀ ਘੜੇ ਆਪੇ ਭੰਨਦਾ, ਘੜਨ ਭੰਨਣਹਾਰ ਤੇਰਾ ਖੇਲ ਸਮਝ ਕੋਇ ਨਾ ਪਾਈਆ । ਵਿਸ਼ਨ ਤੇਰਾ ਹੁਕਮ ਮੰਨਦਾ, ਸਿਰ ਸਕੇ ਨਾ ਕੋਇ ਉਠਾਈਆ । ਸੁਰਪਤ ਇੰਦ ਕਰੋੜ ਤੇਤੀਸਾ ਆਪੇ ਡੰਨਦਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਕਹਿ ਕਹਿ ਸ਼ੁਕਰ ਮਨਾਈਆ । ਤੇਰਾ ਦਰਸ਼ਨ ਮੰਗੀਏ ਲੋਚਣ ਨੈਣ, ਅੱਖ ਪ੍ਰਤਖ ਵਡਿਆਈਆ । ਤੂੰ ਸਾਹਿਬ ਸਵਾਮੀ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਈਆ । ਜੁਗ ਚੌਕੜੀ ਦੇਵੇ ਲਹਿਣਾ ਦੇਣ, ਦੇਵਣਹਾਰ ਇਕ ਅਖਵਾਈਆ । ਕਲਜੁਗ ਅੰਤਮ ਕੂੜੀ ਕਿਰਿਆ ਵੇਖ ਵਹਿਣ, ਨਵ ਨੌਂ ਚਾਰ ਧਾਰ ਵਹਾਈਆ । ਨਾਤਾ ਤੁਟਾ ਭਾਈ ਭੈਣ, ਭਈਆ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈਣਾ ਮਿਲਾਈਆ । ਆਪਣਾ ਮੇਲਾ ਕਰ ਮਿਲਾਪ, ਦਰ ਠਾਂਡਾ ਇਕ ਸਮਝਾਈਆ । ਸ੍ਰਿਸ਼ਟ ਸਬਾਈ ਇਕੋ ਜਾਪ, ਇਕੋ

ਮੰਤਰ ਦਏ ਦ੍ਰਿੜਾਈਆ । ਤੂੰ ਦੀਨ ਦਿਆਲ ਠਾਕਰ ਸਵਾਮੀ ਪੁਰਖ ਅਕਾਲ ਸਭ ਦਾ ਬਾਪ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਗੋਦੀ ਬਹਿ ਬਹਿ ਖ਼ੁਸ਼ੀ ਮਨਾਈਆ । ਧੁਰ ਸੰਦੇਸ਼ਾ ਨਿਤ ਨਵਿਤ ਗਏ ਆਖ, ਆਖ਼ਰ ਤੇਰੀ ਓਟ ਤਕਾਈਆ । ਕਲਜੁਗ ਅੰਤ ਪਰਗਟ ਹੋ ਸਾਖਿਆਤ, ਸਾਹਿਬ ਸਤਿਗੁਰ ਫੇਰਾ ਪਾਈਆ । ਕਲ ਮੇਟ ਅੰਧੇਰੀ ਰਾਤ, ਚੰਦ ਚਾਂਦਨਾ ਕਰ ਰੁਸ਼ਨਾਈਆ । ਸਾਚੀ ਦੱਸ ਸਚ ਪਰਭਾਤ, ਪਰਭਾਤੀ ਇਕੋ ਰਾਗ ਸੁਣਾਈਆ । ਤੇਰਾ ਪ੍ਰੇਮ ਤੇਰਾ ਧੁਰ ਦਾ ਨਾਤ, ਸਾਚਾ ਸਾਕ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਬੌਹੜ, ਪਰਵਰਦਿਗਾਰ ਵੇਸ ਵਟਾਈਆ । ਕਿਸੇ ਲਿਖਾਇਆ ਆਵੇ ਬ੍ਰਹਿਮਣ ਗੌੜ, ਪੂਤ ਸਪੂਤਾ ਵੇਸ ਵਟਾਈਆ । ਕਿਸੇ ਵਖਾਇਆ ਅਵਰ ਕਾ ਔਰ, ਪਰਵਰਦਿਗਾਰ ਨੂਰ ਅਲਾਹੀਆ । ਕਿਸੇ ਜਣਾਇਆ ਸੀਸ ਝੁਲਾਏ ਚੌਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਬਰਦਾ, ਦਰ ਬੈਠਾ ਸੀਸ ਝੁਕਾਈਆ । ਹੁਕਮੇ ਅੰਦਰ ਤੈਥੋਂ ਡਰਦਾ, ਭਾਣੇ ਵਿਚ ਰਿਹਾ ਸਮਾਈਆ । ਨਿਉਂ ਨਿਉਂ ਸੱਜਦ ਈਸਾ ਮੂਸਾ ਮੁਹੰਮਦ ਕਰਦਾ, ਮੁਸ਼ਕਲ ਹਲ ਨਾ ਕੋਇ ਕਰਾਈਆ । ਕਲਮਾ ਨਬੀ ਰਸੂਲ ਪੜ੍ਹਦਾ, ਆਲਮ ਇਲਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚਾ ਦੇ ਸਮਝਾਈਆ । ਪਰਵਰਦਿਗਾਰ ਬੇਪਰਵਾਹ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਏਕੰਕਾਰਾ ਨਾਉਂ ਧਰਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੱਸੇ ਰਾਹ, ਸ੍ਰੀ ਭਗਵਾਨ ਰਹਿਬਰ ਇਕ ਅਖਵਾਇੰਦਾ । ਪਾਰਬ੍ਰਹਮ ਪੜਦਾ ਲਾਹ, ਬ੍ਰਹਮ ਆਪਣਾ ਸੰਗ ਜਣਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਜੂਨੀ ਰਹਿਤ ਵੇਸ ਵਟਾ, ਜੋਤੀ ਜਾਤਾ ਡਗਮਗਾਇੰਦਾ । ਮਾਤ ਪਿਤ ਕੋਈ ਸਕੇ ਨਾ ਗੋਦ ਉਠਾ, ਜਨਣੀ ਜਨ ਰੂਪ ਨਾ ਕੋਇ ਵਖਾਇੰਦਾ । ਮਹੱਲ ਅਟਲ ਕਰ ਇਕ ਰੁਸ਼ਨਾ, ਦੀਵਾ ਬਾਤੀ ਕਮਲਾਪਾਤੀ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਦੀਵਾ ਬਾਤੀ ਨਾ ਕੋਇ ਮਹੱਲ, ਚਾਰ ਦਵਾਰੀ ਨਜ਼ਰ ਕੋਇ ਨਾ ਆਈਆ । ਆਪਣੀ ਧਾਰੋਂ ਆਪੇ ਬਲ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਸਣਹਾਰਾ ਨਿਹਚਲ ਧਾਮ ਅਟਲ, ਬੈਠਾ ਬੇਪਰਵਾਹੀਆ । ਜੁਗ ਚੌਕੜੀ ਅਛਲ ਅਛੱਲ, ਵਲ ਛਲ ਧਾਰੀ ਆਪਣੀ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਘਲ, ਸੰਦੇਸਾ ਧੁਰ ਦਾ ਆਪ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਕਲ ਆਵੇ ਚਲ, ਕਲਕੀ ਆਪਣਾ ਫੇਰਾ ਪਾਈਆ । ਦੋ ਜਹਾਨ ਵੇਖੇ ਜਲ ਥਲ, ਮਹੀਅਲ ਪੜਦਾ ਆਪ ਉਠਾਈਆ । ਜੋਤੀ ਸ਼ਬਦੀ ਜਾਏ ਰਲ, ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਥਾਉਂ ਥਾਂ ਵੇਖਣ ਜੋਗ, ਜੁਗਤੀ ਆਪਣੇ ਹੱਥ ਰਖਾਇੰਦਾ । ਭੇਵ ਜਾਣੇ ਚੌਦਾਂ ਲੋਕ, ਚੌਦਾਂ ਤਬਕ ਪੜਦਾ ਲਾਹਿੰਦਾ । ਵਸਣਹਾਰਾ ਸਾਚੇ ਕੋਟ, ਸਚਖੰਡ ਸਾਚੇ ਸੋਭਾ ਪਾਇੰਦਾ । ਪਰਗਟਾਵਣਹਾਰਾ ਨਿਰਮਲ ਜੋਤ, ਜੋਤੀ ਜੋਤ ਜੋਤ ਚਮਕਾਇੰਦਾ । ਲਗਾਵਣਹਾਰਾ ਅਗੰਮੀ ਚੋਟ, ਨਾਮ ਨਗਾਰਾ ਇਕ ਸੁਣਾਇੰਦਾ । ਕੱਢਣਹਾਰਾ ਕੂੜਾ ਖੋਟ, ਕੂੜੀ ਕਿਰਿਆ ਬਾਹਰ

ਕਢਾਇੰਦਾ । ਮੰਜ਼ਲ ਦੂਰ ਦੁਰਾਡਾ ਪੰਧ ਮੁਕਾਇੰਦਾ । ਓਥੇ ਕੋਇ ਨਾ ਸੋਚੇ ਸੋਚ, ਸਮਝ ਰਮਜ਼ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਵੇਸ ਵਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਅਗੰਮੜੇ ਦੇਸ, ਜਿਸ ਦੇਸ ਦਾ ਮਾਲਕ ਇਕੋ ਨਜ਼ਰੀ ਆਇੰਦਾ ।

## ੨੧ ਭਾਦਰੋਂ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ

ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗਾਂ, ਸਤਿ ਦਵਾਰ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗਾ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਗ੍ਰਹਿ ਮੰਦਰ ਵੇਖੀਏ ਸਚਖੰਡਾ, ਦਰਗਾਹ ਸਾਚੀ ਸੋਭਾ ਪਾਈਆ । ਆਦਿ ਜੁਗਾਦਿ ਰਹੇ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਨਾ ਕੋਇ ਸੂਰਜ ਨਾ ਕੋਇ ਚੰਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਕੋਇ ਖ਼ਾਕੀ ਦਿਸੇ ਬੰਦਾ, ਬੰਦਗੀ ਰਸਨਾ ਜਿਹਵਾ ਨਾ ਕੋਇ ਸਮਝਾਈਆ । ਨਾ ਕੋਇ ਸ਼ਸਤਰ ਧਾਰ ਹੋਏ ਖੰਡਾ, ਖੜਗ ਰੂਪ ਨਾ ਕੋਇ ਧਰਾਈਆ । ਨਾ ਕੋਇ ਰਸ ਜਣਾਏ ਗੰਗਾ, ਸਰੋਵਰ ਸਮਝ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰ ਦੇਣੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਹਰਿ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਏਕੰਕਾਰ ਵਖਾ ਸਚ ਦਰਬਾਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਸਚ ਸੰਦੇਸ਼ਾ ਦੇਣਾ ਏਕਾ ਵਾਰ, ਸ੍ਰੀ ਭਗਵਾਨ ਸਚ ਦ੍ਰਿੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨੇਤਰ ਨੈਣ ਅੱਖ ਉਘਾੜ, ਲੋਇਣ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਤੇਰਾ ਸਚ ਦਰਬਾਰਾ, ਸਚਖੰਡ ਸਾਚਾ ਨਜ਼ਰੀ ਆਇੰਦਾ । ਮਹੱਲ ਅਟਲ ਉਚ ਮਨਾਰਾ, ਮੰਦਰ ਇਕੋ ਸੋਭਾ ਪਾਇੰਦਾ । ਜਲਵਾ ਕਰ ਨੂਰ ਉਜਿਆਰਾ, ਪਰਵਰਦਿਗਾਰ ਖੇਲ ਖਿਲਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਜਗੇ ਅਪਾਰਾ, ਅਪਰੰਪਰ ਆਪਣੀ ਕਾਰ ਕਮਾਇੰਦਾ । ਨਾ ਕੋਇ ਸੱਜਣ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸੋਹਣਾ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹੇ ਪ੍ਰਭੂ ਪ੍ਰਭ ਸੱਚਾ, ਹਰਿ ਸਚ ਤੇਰੀ ਵਡਿਆਈਆ । ਤੇਰਾ ਮੁਕਾਮੇ ਹਕ ਮੁਕਾਮ ਧੁਰ ਦਾ ਪੱਕਾ, ਪੁਖ਼ਤਾ ਇਕੋ ਨਜ਼ਰੀ ਆਈਆ । ਜਿਸ ਦਾ ਭੇਵ ਜੁਗ ਚੌਕੜੀ ਕਿਸੇ ਨਾ ਦੱਸਾ, ਸਤਿ ਸਚ ਨਾ ਕੋਇ ਦ੍ਰਿੜਾਈਆ । ਸੋ ਤੇਰੀ ਕਿਰਪਾ ਤੇਰੀ ਮਿਹਰ ਤੇਰੇ ਦਵਾਰੇ ਦਿਸਾ, ਦਰ ਠਾਂਡਾ ਵੇਖ ਵਖਾਈਆ । ਜੁਗ ਚੌਕੜੀ ਨਿਤ ਨਵਿਤ ਦੇਂਦਾ ਰਿਹੋਂ ਆਪਣਾ ਹਿੱਸਾ, ਧੁਰ ਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਕਰ ਰੁਸ਼ਨਾਈਆ । ਸਚ ਮੰਦਰ ਹਰਿ ਪ੍ਰਭ ਤੇਰਾ ਠਾਕਰ, ਇਕੋ ਨਜ਼ਰੀ ਆਈਆ । ਜਿਸ ਦਵਾਰੇ ਬਣੇ ਸਰਬ ਸੌਦਾਗਰ, ਦਰ ਠਾਂਡੇ ਮੰਗ ਮੰਗਾਈਆ । ਦੇਵਣਹਾਰਾ ਕਰਤਾ ਕਾਦਰ, ਕਰੀਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਸਭ ਦੀ ਪੂਰ ਵਖਾਈਆ ।

ਆਸਾ ਪੂਰੀ ਕਰ ਭਗਵੰਤ, ਦਰ ਤੇਰੇ ਅਲਖ ਜਗਾਈਆ । ਵੇਖਿਆ ਖੇਲ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਨਾਮ ਸੰਦੇਸ਼ਾ ਦੇਂਦੇ ਰਹੇ ਮਣੀਆ ਮਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕਰ ਪੜ੍ਹਾਈਆ । ਬੋਧ ਅਗਾਧੇ ਬਣ ਬਣ ਪੰਡਤ, ਕਾਤਬ ਬਣ ਕੇ ਕਲਮ ਚਲਾਈਆ । ਲੇਖਾ ਦੱਸਦੇ ਰਹੇ ਤੇਰਾ ਆਦਿ ਅੰਤ, ਬੇਅੰਤ ਸਿਫ਼ਤ ਸਾਲਾਹੀਆ । ਪੜਦਾ ਲਾਂਹਦੇ ਰਹੇ ਜੀਵ ਜੰਤ, ਘਰ ਘਰ ਵਿਚ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਦੀਨ ਦਿਆਲ, ਦਰ ਤੇਰਾ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਪੁਰਖ ਅਕਾਲ, ਅਕਲ ਕਲ ਤੇਰੀ ਵਡਿਆਈਆ । ਨਿਤ ਨਵਿਤ ਤੇਰਾ ਦੇਂਦੇ ਰਹੇ ਅਹਿਵਾਲ, ਹਾਲਤ ਸ੍ਰਿਸ਼ਟ ਸਬਾਈ ਜਗਤ ਲੋਕਾਈਆ । ਜਿਸ ਦੇ ਹੱਥ ਕਾਲ ਮਹਾਂਕਾਲ, ਮਹਿਬੂਬ ਬੇਪਰਵਾਹੀਆ । ਜਿਸ ਦਾ ਨਾਮ ਸ਼ਸਤਰ ਸੋਹਣਾ ਚਿੱਲਾ ਤੀਰ ਕਮਾਨ, ਦੋ ਜਹਾਨਾਂ ਡੇਰਾ ਢਾਹੀਆ । ਜੋਧਾ ਸੂਰਬੀਰ ਮਰਦ ਮਰਦਾਨ, ਸਤਿ ਸਤਿਵਾਦੀ ਇਕ ਅਖਵਾਈਆ । ਲੱਖ ਚੁਰਾਸੀ ਧੁਰ ਦਾ ਕਾਹਨ, ਘਰ ਘਰ ਗੋਪੀ ਕਾਹਨ ਨਾਚ ਨਚਾਈਆ । ਹਰ ਘਟ ਵਸਣਹਾਰਾ ਰਾਮ, ਰਮਿਆ ਇਕੋ ਇਕ ਅਖਵਾਈਆ । ਦੇਵਣਹਾਰਾ ਧੁਰ ਪੈਗ਼ਾਮ, ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਨੂੰ ਝੁਕ ਝੁਕ ਕਰਨ ਸਲਾਮ, ਸੱਜਦੇ ਵਿਚ ਲੋਕਾਈਆ । ਸੋ ਖੇਲ ਕਰੇ ਭਗਵਾਨ, ਕਰਨਹਾਰ ਇਕ ਹੋ ਜਾਈਆ । ਸਚ ਦਵਾਰੇ ਹਰਿ ਨਿਰੰਕਾਰੇ ਦੇਣਾ ਅਗੰਮੀ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਵਖਾਈਆ । ਧੁਰ ਦਾ ਲੇਖਾ ਦੱਸ ਭਗਵੰਤ, ਗੁਰ ਅਵਤਾਰ ਮੰਗ ਮੰਗਾਈਆ । ਅਬਿਨਾਸ਼ੀ ਕਰਤੇ ਸਾਚੇ ਕੰਤ, ਕੰਤੂਹਲ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਤ, ਚਾਰੋਂ ਕੁੰਟ ਅੰਧੇਰਾ ਛਾਈਆ । ਭਰਮੇ ਭੁੱਲਾ ਜੀਵ ਜੰਤ, ਮਨ ਵਾਸਨਾ ਹੋਏ ਹਲਕਾਈਆ । ਕੋਇ ਨਾ ਜਾਣੇ ਗੁਰ ਕਾ ਮੰਤ, ਅੰਤਰ ਆਤਮ ਲਿਵ ਨਾ ਕੋਇ ਲਗਾਈਆ । ਹਉਮੇ ਹੰਗਤਾ ਗੜ੍ਹ ਬਣਿਆ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਝਗੜਾ ਪਿਆ ਬਹਿਸ਼ਤ ਜੱਨਤ, ਸਵਰਗਾਂ ਵਿਚ ਲੋਕਾਈਆ । ਅੰਗੀਕਾਰ ਹੋ ਕੇ ਕੋਇ ਨਾ ਲਾਵੇ ਅੰਗਤ, ਸਗਲਾ ਸੰਗ ਨਾ ਕੋਇ ਨਿਭਾਈਆ । ਦਰ ਦਰਵੇਸ਼ ਭਿਖਾਰੀ ਮੰਗਤ, ਨੌਂ ਦਵਾਰੇ ਅਲਖ ਜਗਾਈਆ । ਦਸਮ ਦਵਾਰੀ ਤੇਰੇ ਪ੍ਰੇਮ ਦੀ ਕਰੇ ਕੋਈ ਨਾ ਸੰਗਤ, ਸੱਜਣ ਸਚ ਨਾ ਕੋਇ ਮਿਲਾਈਆ । ਦਰ ਠਾਂਡੇ ਕਰਦੇ ਮਿੰਨਤ, ਨਿਉਂ ਨਿਉਂ ਲਾਗਣ ਪਾਈਆ । ਕਲਜੁਗ ਕਰਮਾਂ ਵੇਖ ਇੱਲਤ, ਜ਼ਿੱਲਤ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਮਿਹਰਵਾਨ ਪ੍ਰਭ ਸਾਚੇ ਖ਼ਾਲਕ, ਦਰ ਤੇਰੇ ਅਲਖ ਜਗਾਈਆ । ਆਦਿ ਜੁਗਾਦੀ ਧੁਰ ਦੇ ਪ੍ਰਿਤਪਾਲਕ, ਬੇਪਰਵਾਹ ਤੇਰੀ ਵਡਿਆਈਆ । ਕਲਜੁਗ ਅੰਤਮ ਬਣ ਸਾਲਸ, ਦੋ ਜਹਾਨਾਂ ਵੇਖ ਵਖਾਈਆ । ਗੁਰਸਿਖ ਸੱਜਣ ਕੱਢ ਸਾਲਸ, ਖ਼ਾਲਸ ਖ਼ਾਲਸਾ ਆਪਣਾ ਰੂਪ ਵਟਾਈਆ । ਕੂੜੀ ਕਿਰਿਆ ਮੇਟ ਆਦਤ, ਮਾਇਆ ਮਮਤਾ ਮੋਹ ਚੁਕਾਈਆ । ਆਪਣੇ ਨਾਮ ਦੀ ਦੱਸ ਇਬਾਦਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਾਚੇ ਘਰ ਕਰ ਤੁਆਰਫ਼, ਆਪਣਾ ਫੇਰਾ ਪਾਈਆ । ਨਿਰਧਨਾਂ ਨੇੜੇ ਆ ਕੇ ਕਰ ਹਫ਼ਾਜ਼ਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਚੁਕਾਉਣਾ ਥਾਉਂ ਥਾਈਂਆ । ਗੁਰ

ਅਵਤਾਰ ਪੀਰ ਪੈਗ਼ੰਬਰ ਮਾਰਨ ਕੂਕ, ਸਚ ਦਵਾਰੇ ਹਾਲ ਸੁਣਾਈਆ । ਫਿਰੀ ਦਰੋਹੀ ਚਾਰੇ ਕੂਟ, ਦਹਿ ਦਿਸ਼ਾ ਹੋਈ ਹਲਕਾਈਆ । ਘਰ ਘਰ ਵੜਿਆ ਜੂਠ ਝੂਠ, ਮਮਤਾ ਮੋਹ ਨਾਲ ਰਲਾਈਆ । ਸਾਚਾ ਦਿਸੇ ਨਾ ਕੋਇ ਪੂਤ, ਸਪੂਤ ਨਜ਼ਰ ਕੋਇ ਨਾ ਆਈਆ । ਤੇਰਾ ਸ਼ਬਦ ਦੋ ਜਹਾਨਾਂ ਵੇਖਣਹਾਰਾ ਦੂਤ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਪੜਦਾ ਲਾਹੇ ਪੰਜ ਤਤ ਕਾਇਆ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੋਜਾਈਆ । ਜੀਵ ਜੰਤ ਸਾਧ ਸੰਤ ਸਦੀ ਵੀਹਵੀਂ ਸੁੱਤੇ ਘੂਕ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਆਖ, ਆਖ਼ਰ ਅੰਤ ਜਣਾਈਆ । ਆਪਣਾ ਪੂਰਾ ਕਰ ਭਵਿਖਤ ਵਾਕ, ਭਾਖਿਆ ਭਾਸ਼ਾ ਵਿਚ ਬਦਲਾਈਆ । ਕਲਜੁਗ ਜੀਵ ਹੋਏ ਗ਼ੁਸਤਾਖ਼, ਗ਼ੁੱਸੇ ਵਿਚ ਲੋਕਾਈਆ । ਬੰਦ ਕਿਵਾੜੀ ਖੁਲ੍ਹੇ ਕਿਸੇ ਨਾ ਤਾਕ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਨੌ ਦਵਾਰ ਨਾ ਮੁੱਕੇ ਵਾਟ, ਦਸਵੇਂ ਬਹਿ ਨਾ ਖ਼ੁਸ਼ੀ ਮਨਾਈਆ । ਸ਼ਬਦੀ ਧੁਨ ਨਾ ਸੁਣੇ ਆਵਾਜ਼, ਆਤਮਕ ਰਾਗ ਨਾ ਕੋਇ ਅਲਾਈਆ । ਸਾਚੀ ਪੜ੍ਹੇ ਨਾ ਕੋਇ ਨਿਮਾਜ਼, ਵੁਜ਼ੂ ਹਕ ਨਾ ਕੋਇ ਵਖਾਈਆ । ਰਸਨਾ ਜਿਹਵਾ ਬਾਹਰੋਂ ਕਰਦੇ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਲੋਕਮਾਤ ਦੱਸੀ ਜਾਚ, ਸੋ ਯਾਚਕ ਗਏ ਭੁਲਾਈਆ । ਗੁਪਤ ਜ਼ਾਹਰ ਬਾਤਨ ਕਰੇ ਕੋਈ ਨਾ ਬਾਤ, ਬੈਤੁਲ ਰੂਪ ਨਾ ਕੋਇ ਵਟਾਈਆ । ਘਰ ਮਿਲੇ ਨਾ ਹਯਾਤੇ ਆਬ, ਅੰਮ੍ਰਿਤ ਰਸ ਝਿਰਨਾ ਨਾ ਕੋਇ ਝਿਰਾਈਆ । ਹੁਜਰਾ ਸੋਹੇ ਨਾ ਕੋਇ ਮਹਿਰਾਬ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਨਜ਼ਰ ਆਏ ਨਾ ਹੱਕ ਜਨਾਬ, ਲਾਸ਼ਰੀਕ ਨਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਅੰਤਮ ਵੇਲਾ, ਥਿਤ ਵਾਰ ਤੇਰੇ ਹੱਥ ਵਡਿਆਈਆ । ਕੂੜੀ ਕਿਰਿਆ ਘਰ ਘਰ ਬਣਿਆ ਗੁਰੂ ਚੇਲਾ, ਸਾਚਾ ਸਤਿਗੁਰ ਸਮਝ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜੰਗਲ ਜੂਹ ਉਜਾੜ ਪਹਾੜ ਬਣਿਆ ਬੇਲਾ, ਟਿੱਲੇ ਪਰਬਤ ਕੋਟਨ ਦੇਣ ਦੁਹਾਈਆ । ਸਾਹਿਬ ਮੀਤ ਠਾਕਰ ਸਵਾਮੀ ਮੁਰੀਦ ਮੁਰਸ਼ਦ ਨਾ ਮਿਲੇ ਸੱਜਣ ਸੁਹੇਲਾ, ਆਤਮ ਪਰਮਾਤਮ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਲੈਣਾ ਸੁਹਾਈਆ । ਪਾਰਬ੍ਰਹਮ ਪ੍ਰਭ ਵੇਖ ਵੇਲਾ ਵਕਤ, ਵਾਸਤਾ ਦਰ ਤੇਰੇ ਅਰਜ਼ੋਈਆ । ਹਾਹਾਕਾਰ ਕਰੇ ਸ੍ਰਿਸ਼ਟ ਸਬਾਈ ਜਗਤ, ਜੀਵਣ ਜੁਗਤ ਨਾ ਕੋਇ ਸਮਝਾਈਆ । ਸਾਚੀ ਨਜ਼ਰ ਨਾ ਆਵੇ ਕੋਈ ਸ਼ਕਤ, ਸ਼ਖ਼ਸੀਅਤ ਬੈਠੀ ਮੁਖ ਭਵਾਈਆ । ਮਾਇਆ ਮਮਤਾ ਪਾਇਆ ਫ਼ਰਕ, ਪੜਦਾ ਦੂਈ ਦੇਣਾ ਉਠਾਈਆ । ਤੇਰੇ ਨਾਲ ਨਾਨਕ ਗੋਬਿੰਦ ਲਾ ਕੇ ਗਿਆ ਸ਼ਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਤੇਰੀ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਉਠ ਵੇਖ ਤੱਕ, ਤਕਵਾ ਤੇਰਾ ਇਕੋ ਨਜ਼ਰੀ ਆਈਆ । ਸਾਡੀ ਝੋਲੀ ਪਾ ਹਕ, ਹਕੀਕਤ ਇਕੋ ਮੰਗ ਮੰਗਾਈਆ । ਕਲਜੁਗ ਜੀਵ ਅੰਤਰ ਰਿਹਾ ਕੋਈ ਨਾ ਸਤਿ, ਕਰਮ ਧਰਮ ਨਾ ਕੋਇ ਜਣਾਈਆ । ਤੇਰੇ ਨਾਲੋਂ ਸਭ ਦੀ ਬਦਲ ਗਈ ਅੱਖ, ਮਿਲਣ ਵਾਲਾ ਪਾਂਧੀ ਪੰਧ ਨਾ ਕੋਇ ਚੁਕਾਈਆ । ਚਾਰ ਕੁੰਟ ਖੇਲ ਬਾਜ਼ੀਗਰ ਨਟ, ਕਲਜੁਗ ਆਪਣਾ ਸਵਾਂਗੀ ਸਵਾਂਗ ਵਖਾਈਆ । ਸਾਚੀ ਸਿਖਿਆ ਗਈ ਨੱਠ, ਮਿਥਿਆ ਹੋਈ ਲੋਕਾਈਆ । ਫਿਰ ਫਿਰ ਵੇਖ ਅਠਸਠ, ਤੀਰਥ ਤਟ ਰਹੇ ਕੁਰਲਾਈਆ ।


੪੬੦
੧੨

ਗੰਗਾ ਗੋਦਾਵਰੀ ਜਮਨਾ ਸੁਰਸਤੀ ਸੱਬਰ ਬੈਠੀ ਘਤ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੂਠ ਝੂਠ ਵੜਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਧੀਆਂ ਭੈਣਾਂ ਕੋਈ ਨਾ ਰੱਖੇ ਪਤ, ਪਤਿਪਰਮੇਸ਼ਵਰ ਭੁੱਲਿਆ ਬੇਪਰਵਾਹੀਆ । ਸਦੀ ਚੌਧਵੀਂ ਦੂਈ ਦਵੈਤੀ ਲੱਗਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਈਸਾ ਮੂਸਾ ਮੁਹੰਮਦ ਸਿਰ ਚਰਨਾਂ ਉਤੇ ਬੈਠੇ ਸਟ, ਅੱਖ ਪ੍ਰਤਖ ਨਾ ਕੋਇ ਉਠਾਈਆ । ਅੱਲਾ ਰਾਣੀ ਰੰਗਲੇ ਤੱਕ ਹੱਥ, ਨੱਥ ਸੁਹਾਗ ਨਾ ਕੋਇ ਜਣਾਈਆ । ਚੌਦਾਂ ਤਬਕ ਖ਼ਾਲੀ ਹੱਟ, ਵਣਜਾਰਾ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਪੀਰ ਪੈਗ਼ੰਬਰ ਹੋ ਖ਼ਾਮੋਸ਼, ਸੱਜਦਾ ਸੀਸ ਝੁਕਾਈਆ । ਤੇਰੇ ਦਰਸ਼ਨ ਨੂੰ ਰਹੇ ਲੋਚ, ਇਕ ਧਿਆਨ ਲਗਾਈਆ । ਅੰਜੀਲ ਕੁਰਾਨ ਮਸਲਿਆਂ ਵਿਚੋਂ ਕਰਨ ਖੋਜ, ਲੱਭਣ ਵਾਹੋ ਦਾਹੀਆ । ਭੁੱਖੇ ਮਰਨ ਰੋਜ਼ਿਆ ਵਿਚ ਰੋਜ਼, ਰਾਜ਼ਕ ਰਿਜ਼ਕ ਰਹੀਮ ਤੇਰੇ ਹੱਥ ਵੱਡੀ ਵਡਿਆਈਆ । ਮਸਲਿਆਂ ਵਿਚ ਨਾ ਆਵੇ ਤੇਰੀ ਸੋਚ, ਬੁਧੀ ਸਮਝ ਨਾ ਕੋਇ ਰਖਾਈਆ । ਕਲਜੁਗ ਅੰਤਮ ਚੁੱਕੇ ਕੋਈ ਨਾ ਬੋਝ, ਧਰਨੀ ਧਰਤ ਧਵਲ ਦਏ ਦੁਹਾਈਆ । ਲੱਖ ਚੁਰਾਸੀ ਕਾਇਆ ਕਪੜ ਲੱਗਾ ਰੋਗ, ਹਉਮੇ ਰਹੀ ਸਤਾਈਆ । ਸਾਚੀ ਦੇਵੇ ਨਾ ਕੋਇ ਚੋਗ, ਤੇਰਾ ਨਾਮ ਬਿਨ ਅਲਫ਼ ਯੇ ਕਰੇ ਨਾ ਕੋਇ ਪੜ੍ਹਾਈਆ । ਅੱਖਰਾਂ ਨਾਲ ਪੜ੍ਹਨ ਸਲੋਕ, ਜਿਹਵਾ ਨਾਲ ਗਾਈਆ । ਅੰਦਰ ਵੜ ਕੇ ਮੰਦਰ ਚੜ੍ਹਕੇ ਸਚ ਦਵਾਰੇ ਪਰਮਾਤਮ ਤੇਰੀ ਮਾਣੇ ਕੋਇ ਨਾ ਮੌਜ, ਮਿਲ ਮਿਲ ਖ਼ੁਸ਼ੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਗੁਰ ਅਵਤਾਰ ਕਹਿਣ ਪ੍ਰਭ ਸਾਚੇ ਚੋਜੀ, ਪ੍ਰੀਤਮ ਤੇਰੇ ਹੱਥ ਵਡਿਆਈਆ । ਹਉਂ ਬਾਲੇ ਨੱਢੇ ਬੈਠੇ ਤੇਰੀ ਗੋਦੀ, ਬਾਲਕ ਰੂਪ ਸੁਹਾਈਆ । ਕਲਜੁਗ ਮਾਤ ਝਗੜਾ ਪਿਆ ਜੰਞੂ ਬੋਦੀ, ਤਿਲਕ ਦੇਣ ਦੁਹਾਈਆ । ਸਾਧ ਸੰਤ ਹੋਏ ਭੋਗੀ, ਭਗਵਨ ਤੇਰੀ ਓਟ ਨਾ ਕੋਇ ਤਕਾਈਆ । ਮਨ ਮਮਤਾ ਹੋਈ ਕੋਝੀ, ਬੁਧ ਬਿਬੇਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣ ਆਉਣਾ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਆਖਣ ਇਕੱਠੇ, ਇਕੋ ਵਾਰ ਜਣਾਈਆ । ਸ਼ਰਨ ਸ਼ਰਨਾਈ ਤੇਰੀ ਢੱਠੇ, ਚਰਨ ਟਿੱਕਾ ਮਸਤਕ ਧੂੜ ਰਮਾਈਆ । ਚਾਰ ਜੁਗ ਦੇ ਜੋ ਸਾਨੂੰ ਦਿਤੇ ਪਟੇ, ਹੁਕਮ ਨਾਲ ਲਿਖਾਈਆ । ਸੋ ਅੰਤਮ ਤੇਰੇ ਚਰਨਾਂ ਵਿਚ ਰੱਖੇ, ਨਾਤਾ ਜਗਤ ਨਾਲੋਂ ਤੁੜਾਈਆ । ਤੇਰੇ ਹੱਥ ਹਕੀਕਤ ਹਕੇ, ਮਾਲਕ ਖ਼ਾਲਕ ਬੇਪਰਵਾਹੀਆ । ਅਸੀਂ ਤੇਰੇ ਨਿਸ਼ਾਨੇ ਦੱਸਦੇ ਆਏ ਪਤੇ, ਪਤਰਿਆਂ ਉਤੇ ਲੇਖ ਲਿਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਭ ਦੀ ਪਤ ਰੱਖੇ, ਪਤਿਪਰਮੇਸ਼ਵਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਈਆ । ਪਾਰਬ੍ਰਹਮ ਤੇਰੀ ਸਾਚੀ ਸਰਨ, ਸ਼ਰਨਗਤ ਇਕ ਜਣਾਈਆ । ਨੇਤਰ ਖੋਲ੍ਹ ਹਰਨ ਫਰਨ, ਗੁਰਮੁਖ ਗੁਰਸਿਖ ਬੂਝ ਬੁਝਾਈਆ । ਸੰਤ ਸੁਹੇਲਾ ਤਾਰਨ ਤਰਨ, ਗੁਰ ਚੇਲਾ ਮਾਣ ਵਡਿਆਈਆ । ਭਗਤ ਭਗਵਾਨ ਤੇਰੀ ਮੰਜ਼ਲ ਚੜ੍ਹਨ, ਘਰ ਸਾਚੇ ਦਰਸ਼ਨ ਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਪੜ੍ਹਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਚਰਨ ਕਵਲ ਸਾਚੇ ਫੜਨ, ਦੋ ਜਹਾਨ ਨਾ ਕੋਇ ਛੁਡਾਈਆ । ਲੇਖਾ ਚੁਕਾਉਣਾ ਜ਼ਾਤ ਪਾਤ ਵਰਨ ਬਰਨ, ਦੀਨ ਮਜ਼੍ਹਬ ਕਰੇ ਨਾ ਕੋਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇਣਾ ਵਖਾਈਆ । ਸਾਚਾ ਘਰ

ਵਖਾਉਣਾ ਏਕ, ਏਕੰਕਾਰ ਮੰਗ ਮੰਗਾਈਆ । ਜਿਸ ਦੀ ਲੱਖ ਚੁਰਾਸੀ ਰੱਖੀ ਟੇਕ, ਟਿੱਕਾ ਮਸਤਕ ਸੀਸ ਝੁਕਾਈਆ । ਸ੍ਰਿਸ਼ਟ ਸਬਾਈ ਕਰਨੀ ਬੁਧ ਬਿਬੇਕ, ਮਨ ਮਮਤਾ ਮੋਹ ਮਿਟਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਦੇਣਾ ਬੁਝਾਈਆ । ਸਚ ਦਵਾਰਾ ਵਖਾਉਣਾ ਘਰ ਵਿਚ ਘਰ ਸਾਚਾ ਦੇਸ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚੇ ਜਗਾਉਣੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਸਤਿ ਸਤਿਵਾਦੀ ਦੱਸ ਕੇ ਜਾਪ, ਜੀਵਣ ਜੁਗਤ ਇਕ ਵਖਾਈਆ । ਤ੍ਰੈਗੁਣ ਮਾਇਆ ਮੇਟਣਾ ਤਾਪ, ਅਗਨੀ ਤਤ ਨਾ ਕੋਇ ਵਖਾਈਆ । ਰੂਹ ਬੁਤ ਦੋਵੇਂ ਕਰਨੇ ਪਾਕ, ਪਤਤ ਪੁਨੀਤ ਵੇਖਣੇ ਥਾਉਂ ਥਾਈਆ । ਸੱਜਣ ਸੁਹੇਲਾ ਬਣਨਾ ਸਾਕ, ਧੁਰ ਦਾ ਸੰਗ ਨਿਭਾਈਆ । ਸਦੀ ਚੌਧਵੀਂ ਭਵਿਖਤ ਵਾਕ, ਵਾਕਿਆ ਨਾਲ ਦੇਣਾ ਸਮਝਾਈਆ । ਭਗਤਾਂ ਤੇਰੇ ਮਿਲਣ ਦਾ ਹੋਇਆ ਇਤਫ਼ਾਕ, ਮੇਲ ਮਿਲਾਉਣਾ ਸਹਿਜ ਸੁਭਾਈਆ । ਅੰਦਰ ਵੜ ਕੇ ਖੋਲ੍ਹਣਾ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਨਿਰਗੁਣ ਜੋਤ ਜਗਾਉਣੀ ਲਲਾਟ, ਨੂਰੋ ਨੂਰ ਨੂਰ ਰੁਸ਼ਨਾਈਆ । ਅੰਮ੍ਰਿਤ ਜਾਮ ਪਿਲਾਉਣਾ ਸਾਚੇ ਬਾਟ, ਘਰ ਕਾਸਾ ਇਕ ਰਖਾਈਆ । ਆਤਮ ਸੇਜ ਸੁਹਾਉਣੀ ਖਾਟ, ਖਟੀਆ ਇਕੋ ਇਕ ਵਡਿਆਈਆ । ਨਿਰਗੁਣ ਜੋਤ ਕਰ ਪਰਕਾਸ਼, ਮਹੱਲ ਅਟਲ ਦੇਣਾ ਸੁਹਾਈਆ । ਸ਼ਬਦ ਅਗੰਮੀ ਕਰਨੀ ਬਾਤ, ਰਸਨਾ ਜਿਹਵਾ ਨਾ ਸਿਫ਼ਤ ਸਾਲਾਹੀਆ । ਸਦਾ ਮਿਲਦੇ ਰਹਿਣਾ ਇਕਾਂਤ, ਇਕ ਇਕੱਲਾ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਤੂੰ ਠਾਕਰ ਸਵਾਮੀ ਪਿਤਾ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰਾ ਲੇਖਾ ਲੱਭੇ ਨਾ ਵਿਚੋਂ ਲੁਗ਼ਾਤ, ਫ਼ਿਕਰਿਆਂ ਵਿਚ ਨਾ ਕੋਇ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਸਭ ਦਾ ਲੇਖਾ ਕਰਨਾ ਬੇਬਾਕ, ਹਿਸਾਬ ਦੇਣਾ ਅੰਤ ਚੁਕਾਈਆ । ਜਨ ਭਗਤਾਂ ਬਖ਼ਸ਼ ਇਕ ਖ਼ਤਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਹਰ ਘਟ ਥਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਹਸਤੀ ਹਸਤੀ ਵਿਚੋਂ ਜਣਾਈਆ । ਨਿਤ ਨਵਿਤ ਜੁਗ ਚੌਕੜੀ ਆਦਿ ਅੰਤ ਕਰਾਂ ਖੇਲ ਪੁਰਖ ਸਮਰਥ, ਮਹਿੰਮਾ ਅਕਥ ਅਕਥ ਵਡਿਆਈਆ । ਦੋ ਜਹਾਨਾਂ ਚਰਨਾਂ ਹੇਠ ਦੱਬ, ਬ੍ਰਹਿਮੰਡ ਖੰਡ ਪੁਰੀ ਲੋਅ ਇਕੋ ਹੁਕਮ ਵਰਤਾਈਆ । ਜੁਗ ਚੌਕੜੀ ਆਪਣਾ ਲੇਖਾ ਆਪਣੇ ਵਿਚੋਂ ਕੱਢ, ਅਗਲਾ ਦਿਆਂ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਦੀ ਯੱਦ, ਬੰਸ ਇਕੋ ਇਕ ਸੁਹਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਹੱਦ, ਹਦੂਦ ਅੰਤਮ ਦਿਆਂ ਖਪਾਈਆ । ਸਤਿਜੁਗ ਸੱਚਾ ਕਰ ਪਰਗਟ, ਸਤਿ ਸਤਿਵਾਦੀ ਰਾਹ ਵਖਾਈਆ । ਚਾਰ ਵਰਨਾਂ ਜਣਾ ਕੇ ਇਕੋ ਜਾਪ, ਜੀਵਣ ਜੁਗਤ ਸਚ ਸਮਝਾਈਆ । ਜਨ ਭਗਤਾਂ ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧੁਆਈਆ । ਜੋ ਪੀਰ ਪੈਗ਼ੰਬਰ ਗਏ ਆਖ, ਸੋ ਅੱਖਾਂ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਿਲਾਉਂਦਾ ਏ । ਜੁਗ ਚੌਕੜੀ ਵੇਸ ਵਟਾਉਂਦਾ ਏ । ਨਿਰਗੁਣ ਸਰਗੁਣ ਧਾਰ ਬਣਾਉਂਦਾ ਏ । ਪੰਜ ਤਤ ਕਾਇਆ ਜਗਤ ਹੰਢਾਉਂਦਾ ਏ । ਨਾਮ ਨਿਧਾਨਾ ਸੋਹਲਾ ਧੁਰ ਦਾ ਗਾਉਂਦਾ ਏ । ਦੀਆ ਬਾਤੀ ਕਮਲਾਪਤੀ, ਜੋਤੀ ਦੀਪਕ ਇਕ ਰੁਸ਼ਨਾਉਂਦਾ ਏ । ਦੋ ਜਹਾਨਾਂ ਬਣ ਕੇ ਸਾਥੀ, ਧੁਰ ਦੀ ਗਾਥੀ ਸ਼ਬਦ ਪੜ੍ਹਾਉਂਦਾ

ਏ । ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਉਂਦਾ ਏ । ਸਾਚਾ ਹੁਕਮ ਧੁਰ ਫ਼ਰਮਾਨ, ਹਰਿ ਕਰਤਾ ਆਪ ਜਣਾਈਆ । ਵਿਸ਼ਨੂੰ ਉਠ ਕਰ ਧਿਆਨ, ਹੁਕਮ ਦੇਵੇ ਬੇਪਰਵਾਹੀਆ । ਬ੍ਰਹਮੇ ਬ੍ਰਹਮ ਕਰ ਪਛਾਣ, ਲੱਖ ਚੁਰਾਸੀ ਖੋਜ ਖੋਜਾਈਆ । ਸ਼ੰਕਰ ਬਖ਼ਸ਼ੇ ਇਕੋ ਮਾਣ, ਸਿਰ ਆਪਣਾ ਹੱਥ ਟਿਕਾਈਆ । ਕਰੋੜ ਤੇਤੀਸਾ ਬਾਲ ਅੰਜਾਣ, ਸੁਰਪਤ ਇੰਦ ਬਿਨ ਅੱਖਰਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਮੰਜ਼ਲ ਵੇਖ ਵਖਾਈਆ । ਮੰਜ਼ਲ ਮੰਜ਼ਲ ਵੇਖੇ ਪੰਧ, ਪਾਂਧੀ ਇਕੋ ਇਕ ਅਖਵਾਇੰਦਾ । ਬ੍ਰਹਿਮੰਡ ਖੰਡ ਆਪੇ ਲੰਘ, ਪੁਰੀ ਲੋਅ ਚਰਨਾਂ ਹੇਠ ਦਬਾਇੰਦਾ । ਲੱਖ ਚੁਰਾਸੀ ਘਰ ਘਰ ਅੰਦਰ ਆਤਮ ਸੇਜਾ ਸੁਹਾਏ ਪਲੰਘ, ਸਚ ਸਿੰਘਸਣ ਸੋਭਾ ਪਾਇੰਦਾ । ਸ਼ਬਦ ਅਨਾਦ ਵਜਾਏ ਮਰਦੰਗ, ਅਨਹਦ ਰਾਗ ਅਲਾਇੰਦਾ । ਅੰਮ੍ਰਿਤ ਧਾਰ ਨਿਝਰ ਝਿਰਨਾ ਝਿਰਾਏ ਗੰਗ, ਬੂੰਦ ਸਵਾਂਤੀ ਆਪ ਟਪਕਾਇੰਦਾ । ਤੋੜਨਹਾਰਾ ਬੰਦੀਖ਼ਾਨਾ ਬੰਦ, ਲੱਖ ਚੁਰਾਸੀ ਗੇੜ ਚੁਕਾਇੰਦਾ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣਾ ਰੰਗ ਸੁਹਾਇੰਦਾ । ਭਗਤ ਭਗਵਾਨ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਝੋਲੀ ਆਪ ਭਰਾਇੰਦਾ । ਸਾਚੇ ਸੰਤਾਂ ਦੇਵੇ ਅਨੰਦ, ਅਨੰਦ ਆਤਮ ਵਿਚ ਸਮਾਇੰਦਾ । ਗੁਰਮੁਖਾਂ ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਗੁਰਮੁਖ ਨੂਰ ਉਜਾਲੇ ਚਾੜ੍ਹ ਕੇ ਚੰਦ, ਗੋਬਿੰਦ ਟਿੱਕਾ ਨਾਮ ਲਗਾਇੰਦਾ । ਖੇਲੇ ਖੇਲ ਸੂਰਾ ਸਰਬੰਗ, ਸੂਰਜ ਚੰਦ ਨੈਣ ਸ਼ਰਮਾਇੰਦਾ । ਕਲਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਡੇਰਾ ਢਾਇੰਦਾ । ਅੰਤਮ ਦੇਵੇ ਸਭ ਨੂੰ ਦੰਡ, ਜੋ ਹਰਿ ਕਾ ਨਾਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਹਰਿ ਕਾ ਨਾਮ ਨਾ ਭੁੱਲੋ ਜਗ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਬਿਨ ਮੱਕੇ ਕਾਅਬਿਉਂ ਸਾਢੇ ਤਿੰਨ ਹੱਥ ਅੰਦਰ ਕਰੋ ਹੱਜ, ਹੁਜਰੇ ਬੈਠਾ ਬੇਪਰਵਾਹੀਆ । ਦਰਸ਼ਨ ਕਰੋ ਉਪਰ ਸ਼ਾਹ ਰਗ, ਜਗਤ ਦਵਾਰੇ ਪੰਧ ਮੁਕਾਈਆ । ਆਤਮ ਸੇਜਾ ਚੜ੍ਹੋ ਭੱਜ, ਸੁਖਮਨ ਟੇਢੀ ਬੰਕ ਬੈਠੇ ਮੁਖ ਸ਼ਰਮਾਈਆ । ਆਤਮ ਪਰਮਾਤਮ ਮਿਲ ਕੇ ਦਰਸ਼ਨ ਕਰੋ ਰੱਜ, ਜੁਗ ਜਨਮ ਦੀ ਤ੍ਰਿਸਨਾ ਭੁੱਖ ਗਵਾਈਆ । ਆਪਣਾ ਲੇਖਾ ਦਿਓ ਦੱਸ, ਸੁਣਨਹਾਰ ਇਕ ਹੋ ਜਾਈਆ । ਬਾਤਨ ਬਾਤ ਸਦਾ ਕਰੋ ਅਨਝਕ, ਸੁਰਤੀ ਸ਼ਬਦ ਮਿਲਾਈਆ । ਜੋ ਵਸਣਹਾਰਾ ਘਟ ਘਟ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਨੂਰ ਤੇਰਾ ਨਿਰੰਕਾਰ, ਵੇਖਣ ਵਿਚ ਜਗਤ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਅਠਾਰਾਂ ਧਿਆਏ ਗੀਤਾ ਗਿਆਨ ਰਿਹਾ ਦ੍ਰਿੜਾਈਆ । ਅੰਜੀਲ ਕੁਰਾਨ ਦੱਸਦੇ ਰਿਹੇ ਨਿਸ਼ਾਨ, ਮੰਜ਼ਲ ਹੱਕ ਨਾ ਕੋਇ ਮਿਲਾਈਆ । ਸਿਦਕ ਸਬੂਰੀ ਤੋਹਫ਼ਾ ਦੇਂਦੇ ਰਹੇ ਈਮਾਨ, ਇਮਾਨਤ ਆਪਣੀ ਝੋਲੀ ਪਾਈਆ । ਪੀਰ ਪੈਗ਼ੰਬਰ ਦੱਸਦੇ ਗਏ ਪੈਗ਼ਾਮ, ਅੱਖਰਾਂ ਨਾਲ ਜਣਾਈਆ । ਸੂਫ਼ੀ ਕਰਦੇ ਗਏ ਸਲਾਮ, ਸਯਦਾ ਸੀਸ ਝੁਕਾਈਆ । ਮੁਰੀਦ ਹੁੰਦੇ ਗਏ ਗ਼ੁਲਾਮ, ਚਾਕਰ ਨਾਉਂ ਧਰਾਈਆ । ਤੈਨੂੰ ਲੱਭਦੇ ਗਏ ਅਮਾਮ, ਅਮਲਾਂ ਵਿਚ ਖੋਜ ਖੋਜਾਈਆ । ਕਲਜੁਗ ਅੰਤਮ ਸ਼ਰਅ ਵੇਖ ਹੋਈ ਸ਼ੈਤਾਨ, ਘਰ ਘਰ ਕਰੇ ਲੜਾਈਆ । ਭਰਮੇ ਭੁੱਲੇ ਜੀਵ ਨਾਦਾਨ, ਨਿੰਦਿਆ ਵਿਚ ਸਰਬ ਲੋਕਾਈਆ । ਝਗੜਾ ਪਿਆ ਪੀਣ ਖਾਣ, ਰਸਨਾ ਰਸ ਹੋਈ ਹਲਕਾਈਆ । ਮਾਰੇ ਕੋਈ ਨਾ ਅਨੋਖਾ

ਬਾਣ, ਅਣਿਆਲਾ ਤੀਰ ਨਾ ਕੋਇ ਚਲਾਈਆ । ਰਸਨਾ ਸਾਰੇ ਕਹਿੰਦੇ ਸਭ ਦਾ ਦਾਤਾ ਇਕ ਭਗਵਾਨ, ਅੰਦਰੋਂ ਮਨ ਖ਼ੁਸ਼ੀ ਨਾ ਕੋਇ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਵੀਹਵੀਂ ਸਾਰੇ ਹੋਏ ਹੈਰਾਨ, ਹਰਿ ਜੀ ਅਚਰਜ ਖੇਲ ਵਰਤਾਈਆ । ਕੂੜ ਕੁੜਿਆਰਾ ਹੋਇਆ ਪਰਧਾਨ, ਭੱਜੇ ਵਾਹੋ ਦਾਹੀਆ । ਕਲਜੁਗ ਬਣਿਆ ਬਾਗ਼ਬਾਨ, ਮਾਲੀ ਝੂਠੇ ਬੂਟੇ ਵੇਖ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਸ਼ਬਦ ਸਵਾਮੀ ਕਵਣ ਵੇਲਾ ਹੋਏ ਵੈਰਾਨੀ, ਵਰਾਸਤ ਨਜ਼ਰ ਕੋਇ ਨਾ ਆਈਆ । ਸ਼ੌਹ ਦਰਿਆਏ ਚੜ੍ਹੇ ਤੁਗ਼ਿਆਨੀ, ਚਾਰੋਂ ਕੁੰਟ ਪਾਏ ਦੁਹਾਈਆ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਫ਼ੈਸਲਾ ਹਕ ਕਵਣ ਸੁਣਾਈਆ । ਜਗਤ ਨੇਤਰ ਅੰਧ ਹੋਏ ਬੀਨਾਨੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਸਮਝ ਨਾ ਸਕੇ ਕੋਈ ਈਰਾਨੀ ਯੂਨਾਨੀ, ਅਫ਼ਗ਼ਾਨੀ ਬੈਠੇ ਮੁਖ ਭਵਾਈਆ । ਤੇਰਾ ਲੇਖਾ ਜਾਣੇ ਇਕ ਸੁਤ ਭਾਨੀ, ਜਿਨ੍ਹ ਧੁਰ ਦੀ ਕਲਮ ਉਠਾਈਆ । ਗੋਬਿੰਦ ਦੱਸ ਕੇ ਗਿਆ ਨਿਸ਼ਾਨੀ, ਨਿਸ਼ਾਨਾ ਆਪਣੇ ਨਾਲ ਮਿਲਾਈਆ । ਮੇਰਾ ਪਿਤਾ ਪੁਰਖ ਅਕਾਲ ਨੌਜਵਾਨੀ, ਬਿਰਧ ਬਾਲ ਨਾ ਰੂਪ ਵਟਾਈਆ । ਸਾਚੇ ਮੰਦਰ ਵਸੇ ਮੁਕਾਮੀ, ਸੰਬਲ ਆਪਣਾ ਡੇਰਾ ਲਾਈਆ । ਜੋਤੀ ਨੂਰ ਚਮਕੇ ਵੇਖਣਹਾਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕੋ ਇਕ ਨਜ਼ਰੀ ਆਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਿਫ਼ਤ ਸਾਲਾਹ ਕਰੇ ਬਾਣੀ, ਢੋਲੇ ਰਾਗ ਸਲੋਕਾਂ ਵਿਚ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਚੁੱਕਣਾ, ਲੋਕਮਾਤ ਰਹਿਣ ਨਾ ਪਾਈਆ । ਅੰਤਮ ਵੇਲੇ ਪੰਧ ਮੁੱਕਣਾ, ਪਾਂਧੀ ਬੈਠਾ ਢੇਰੀਆਂ ਢਾਹੀਆ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਪਰਮ ਪੁਰਖ ਪਰਮਾਤਮ ਜੋਧਾ ਸੂਰਬੀਰ ਇਕੋ ਉਠਣਾ, ਲਾਸਾਨੀ ਆਸਾਨੀ ਆਪਣੀ ਲਏ ਕਰਾਈਆ । ਸ਼ਬਦੀ ਸ਼ੇਰ ਹੋ ਕੇ ਬੁੱਕਣਾ, ਭਬਕ ਆਪਣਾ ਨਾਮ ਸੁਣਾਈਆ । ਜੂਠਿਆਂ ਝੂਠਿਆਂ ਕੋਲੋਂ ਪੁੱਛਣਾ, ਨਿੰਦਕਾਂ ਦਏ ਸਜ਼ਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿੱਖਾਂ ਨੀਵੇਂ ਹੋ ਕੇ ਝੁਕਣਾ, ਹੰਗਤਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਵਖਾਈਆ । ਸਚ ਮਾਰਗ ਪ੍ਰਭੂ ਲਗਾਵੇਗਾ । ਬੀਸ ਇਕੀਸਾ ਖੇਲ ਖਿਲਾਵੇਗਾ । ਜਗਤ ਜਗਦੀਸਾ ਹੁਕਮ ਵਰਤਾਵੇਗਾ । ਜੁਗ ਚੌਕੜੀ ਵਕਤ ਜੋ ਬੀਤਾ, ਬੀਤੀ ਕਹਾਣੀ ਫਿਰ ਪਰਗਟਾਵੇਗਾ । ਸਤਿਜੁਗ ਸਾਚੀ ਦੱਸੇ ਰੀਤਾ, ਰੀਤੀ ਇਕੋ ਇਕ ਰਖਾਵੇਗਾ । ਮਾਣ ਗਵਾਵੇ ਹਸਤ ਕੀਟਾ, ਊਚ ਨੀਚ ਡੇਰਾ ਢਾਵੇਗਾ । ਨਾਮ ਨਿਧਾਨ ਦਏ ਰਸ ਮੀਠਾ, ਅਨਰਸ ਦੂਰ ਕਰਾਵੇਗਾ । ਪ੍ਰਭ ਮਿਲਣ ਦਾ ਸਚ ਤਰੀਕਾ, ਤਰਾ ਤਰਾ ਸਮਝਾਵੇਗਾ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਉਡੀਕਾ, ਸੋ ਮਹਾਂਬਲੀ ਆਪਣੀ ਧਾਰੋਂ ਉਤਰ ਆਪਣਾ ਖੇਲ ਖਿਲਾਵੇਗਾ । ਉਸ ਦਾ ਰੂਪ ਨੀਕਨ ਨੀਕਾ, ਪੁੱਤਰ ਬਣ ਕੇ ਮਾਤ ਗੋਦ ਨਾ ਡੇਰਾ ਲਗਾਵੇਗਾ । ਲਹਿਣਾ ਜਾਣੇ ਜੀਵ ਜੀਅ ਕਾ, ਲੱਖ ਚੁਰਾਸੀ ਖੋਜ ਖੁਜਾਵੇਗਾ । ਲੇਖਾ ਚੁਕਾਵੇ ਸਾਢੇ ਤਿੰਨ ਹੱਥ ਸੀਂ ਕਾ, ਰਵਿਦਾਸ ਚਮਾਰਾ ਨਾਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਇਕੋ ਇਕ ਹੋ ਜਾਵੇਗਾ । ਰਹਿਬਰ ਹੋਵੇ ਇਕ ਖ਼ੁਦਾ, ਖ਼ੁਦੀ ਕਲਜੁਗ ਮੇਟ ਮਿਟਾਵੇਗਾ । ਜੋ ਵਿਛੜ ਹੋਏ ਜੁਦਾ, ਤਿਨ੍ਹਾਂ ਜੁਜ਼ ਅੰਗ ਮਿਲਾਵੇਗਾ । ਮਾਰਗ ਦੱਸ ਕੇ ਇਕੋ ਸਿੱਧਾ, ਸਿਧਾਂਤ ਸਾਚਾ ਸਚ ਸਮਝਾਵੇਗਾ । ਪਰਮ ਪੁਰਖ ਦੀ ਸਾਚੀ ਬਿਧਾ, ਆਤਮ ਪਰਮਾਤਮ ਜੋੜ ਜੁੜਾਵੇਗਾ । ਜਨਮ ਕਰਮ ਦੀ ਪੂਰ ਕਰਾਏ ਸਿੱਕਾ, ਸਗਲਾ ਸੰਗ ਰਖਾਵੇਗਾ । ਮਾਣ ਰਖਵਾਏ ਵੱਡਾ ਨਿੱਕਾ, ਇਕੋ

ਰੰਗ ਚੜ੍ਹਾਵੇਗਾ । ਸਤਿਜੁਗ ਸਾਚਾ ਚਲੇ ਸਿੱਕਾ, ਸ੍ਰਿਸ਼ਟ ਸਬਾਈ ਇਕੋ ਮੋਹਰ ਲਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਨਡਿੱਠਾ, ਜੁਗ ਚੌਕੜੀ ਲਿਖਿਆ ਧੁਰ ਦਾ ਚਿੱਠਾ, ਬਿਨ ਅੱਖਰਾਂ ਖੋਲ੍ਹ ਵਖਾਵੇਗਾ । ਜਨ ਭਗਤਾਂ ਕਰਕੇ ਸਾਚਾ ਹਿੱਤਾ, ਹਿਤਕਾਰੀ ਰੂਪ ਨਜ਼ਰੀ ਆਵੇਗਾ । ਦੇਵੇ ਵਡਿਆਈ ਗੁਰਮੁਖ ਸਾਚੇ ਗੁਰਸਿਖਾਂ, ਆਤਮ ਪਰਮਾਤਮ ਜੋੜ ਜੁੜਾਵੇਗਾ । ਜਾਗਤ ਸੋਵਤ ਦਿਵਸ ਰੈਣ ਪ੍ਰਭ ਮਿਲਣ ਦੀਆਂ ਅੰਦਰ ਪੈਂਦੀਆਂ ਰਹਿਣ ਖਿੱਚਾਂ, ਤੰਦ ਸਿਤਾਰ ਇਕ ਹਿਲਾਵੇਗਾ । ਪੁਰਖ ਅਕਾਲ ਆਦਿ ਜੁਗਾਦਿ ਜੋ ਸਭ ਦਾ ਸਾਂਝਾ ਪਿਤਾ, ਤਿਸ ਦੀ ਗੋਦ ਬਹਾਵੇਗਾ । ਜਿਸ ਦਾ ਨਾਮ ਸ਼ਬਦ ਰਾਗ ਛੱਤੀਸਾ ਕਦੇ ਨਾ ਹੋਵੇ ਫਿੱਕਾ, ਫਿਕਿਆਂ ਰਸ ਭਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮੇਲ ਮਿਲਾਵਾ ਧੁਰ ਦੇ ਕੰਤ, ਜਗਤ ਵਿਛੋੜਾ ਪੰਧ ਮੁਕਾਵੇਗਾ ।

### ✪ ੨੧ ਭਾਦਰੋਂ ੨੦੨੧ ਬਿਕ੍ਰਮੀ ਗੁਰਬਖ਼ਸ਼ ਦੇ ਘਰ ਗੱਗੋਬੂਆ ✪

ਸਤਿਗੁਰ ਦਾਤਾ ਸੱਜਣ ਸੁਹੇਲਾ, ਦੀਨ ਦਿਆਲ ਦਇਆ ਕਮਾਈਆ । ਬਾਹਰੋਂ ਮਿਲਣ ਦਾ ਰੱਖੇ ਥੋੜਾ ਵੇਲਾ, ਅੰਦਰੇ ਅੰਦਰ ਜੋੜ ਜੁੜਾਈਆ । ਸੁਰਤ ਸ਼ਬਦ ਬਣਾਏ ਗੁਰੂ ਗੁਰ ਚੇਲਾ, ਚੇਲਾ ਗੁਰੂ ਰੂਪ ਸਮਾਈਆ । ਦਿਵਸ ਰੈਣ ਅੱਠੇ ਪਹਿਰ ਬਿਨ ਪ੍ਰੀਤੀ ਕਦੇ ਨਾ ਬਹੇ ਵੇਹਲਾ, ਵੇਖਣਹਾਰਾ ਥਾਉਂ ਥਾਈਆ । ਜਨ ਭਗਤਾਂ ਮਾਰਗ ਦੱਸ ਕੇ ਨਵੇਲਾ, ਹਰਿ ਕਰਤਾ ਘਰ ਸਾਚਾ ਦਏ ਵਖਾਈਆ । ਜਿਥੇ ਰਾਹ ਵਿਚ ਲੱਭਦੇ ਰੋਂਦੇ ਆਸ਼ਕ ਮਾਸ਼ੂਕ ਮਜਨੂੰ ਲੈਲਾ, ਲੈ ਲੈ ਇਕੋ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਏ ਵਡਿਆਈਆ । ਬਾਹਰ ਮਿਲਣ ਦਾ ਚੁੱਕੇ ਵਕਤ, ਅੰਤਰ ਆਤਮ ਬੂਝ ਬੁਝਾਈਆ । ਜਨ ਭਗਤਾਂ ਦੇਵੇ ਸਾਚੀ ਸ਼ਕਤ, ਸ਼ਕਤੀ ਨਾਲ ਕੁੜਮਾਈਆ । ਨਿਜ ਨੇਤਰ ਹੋਵੇ ਧੁਰ ਦਾ ਦਰਸ, ਨੈਣ ਅੱਖ ਮਿਲਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਦਏ ਗਵਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਆਪ ਕਮਾਈਆ । ਅੱਗੇ ਰਹਿਣ ਨਾ ਦੇਵੇ ਕੋਈ ਫ਼ਰਕ, ਫ਼ਿਰਕਿਆ ਵਿਚੋਂ ਬਾਹਰ ਕਢਾਈਆ । ਜੁਗ ਚੌਕੜੀ ਖੇਲ ਕੀਤਾ ਫਿਰਤ ਫਿਰਤ, ਫੇਰਾ ਅੰਤਮ ਇਕੋ ਇਕ ਸਮਝਾਈਆ । ਜਿਸ ਨੂੰ ਸਮਝੇ ਨਾ ਕੋਈ ਸੁਰਤ ਨਿਰਤ, ਬੁੱਧੀ ਮਿਲੇ ਨਾ ਕੋਇ ਵਡਿਆਈਆ । ਸੋ ਸਤਿਗੁਰ ਸਵਾਮੀ ਖੋਲ੍ਹਣਹਾਰਾ ਖਿੜਕ, ਪੜਦਾ ਦਏ ਉਠਾਈਆ । ਜਿਸ ਨੇ ਜੁਗ ਚੌਕੜੀ ਦਰ ਦਵਾਰਿਉਂ ਸਾਰੇ ਛੱਡੇ ਝਿੜਕ, ਸੋ ਗੁਰਮੁਖ ਅੰਤਮ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣੀ ਮੰਜ਼ਲੋਂ ਕਦੇ ਨਾ ਜਾਏ ਥਿੜਕ, ਪਾਸਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਉਲਟਾ ਬਿਰਖ, ਬ੍ਰਿਛ ਬੂਟਾ ਆਪ ਪਰਗਟਾਈਆ । ਬਾਹਰ ਮਿਲਣ ਦਾ ਚੁੱਕੇ ਉਧਾਰ, ਵਣਜ ਸਾਚਾ ਇਕ ਕਰਾਈਆ । ਮੰਜ਼ਲ ਮੰਜ਼ਲ ਚੜ੍ਹ ਕੇ ਦਿਲਦਾਰ, ਦੀਦ ਈਦ ਚੰਦ ਕਰੇ ਰੁਸ਼ਨਾਈਆ । ਮੁਹੱਬਤ ਵਿਚ ਕਰੇ ਪਿਆਰ, ਮਹਿਬੂਬ ਮਹਿਰਾਬ ਸੁਹਾਈਆ । ਜਗਤ ਵਿਛੋੜਾ ਕੱਟ ਅਜ਼ਾਬ, ਅਸਲ ਆਪਣਾ ਹੁਕਮ ਵਰਤਾਈਆ । ਸਚ ਦਵਾਰੇ ਦੇ ਖ਼ਿਤਾਬ, ਖ਼ਤਾ ਪਿਛਲੀ ਮੁਆਫ਼ ਵਖਾਈਆ । ਮਿਹਰਵਾਨ ਹੋ ਕੇ ਕਰੇ ਅਨੋਖਾ ਨਾਜ਼, ਨਈਆ ਨੌਕਾ ਇਕ ਚੜ੍ਹਾਈਆ । ਭੇਵ ਚੁਕਾ ਪ੍ਰਿਥਮੀ ਆਕਾਸ਼, ਪਰਕਾਸ਼ ਦਏ ਪਰਗਟਾਈਆ ।

ਸਚ ਦਵਾਰ ਕਰਕੇ ਵਾਸ, ਆਵਾਜ਼ ਇਕੋ ਇਕ ਸੁਣਾਈਆ । ਆਤਮ ਪਰਮਾਤਮ ਵਸ ਪਾਸ, ਪਾਸਾ ਆਪਣਾ ਲਏ ਪਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀਆ । ਬਾਹਰ ਮਿਲਣ ਦਾ ਥੋੜਾ ਵੇਲਾ, ਘੜੀ ਪਲ ਦਏ ਗਵਾਹੀਆ । ਅੰਤਰ ਆਤਮ ਚਾੜ੍ਹੇ ਤੇਲਾ, ਸਾਚਾ ਸਗਨ ਮਨਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਵਰਤਾਈਆ । ਬਾਹਰ ਮਿਲਣ ਦਾ ਵਕਤ ਥੋੜਾ, ਰੁਤੜੀ ਰੁੱਤ ਗਈ ਵਿਹਾਈਆ । ਪਰਮ ਪੁਰਖ ਪ੍ਰਭ ਚੜ੍ਹਿਆ ਘੋੜਾ, ਵਾਗਾਂ ਆਪਣੇ ਹੱਥ ਉਠਾਈਆ । ਨਿਰਗੁਣ ਹੋ ਕੇ ਫਿਰੇ ਦੌੜਾ, ਭੱਜੇ ਵਾਹੋ ਦਾਹੀਆ । ਜਿਸ ਦਾ ਮਾਰਗ ਕਦੇ ਨਾ ਹੋਏ ਸੌੜਾ, ਅਧਵਿਚਕਾਰ ਨਾ ਕੋਇ ਅਟਕਾਈਆ । ਜੋ ਵੇਖਣਹਾਰਾ ਬੇਨਜ਼ੀਰ ਨਜ਼ਰ ਕਰਕੇ ਗ਼ੌਰਾ, ਗਵਰ ਰੂਪ ਵਟਾਈਆ । ਜੋ ਨੌਜਵਾਨ ਛੈਲ ਛਬੀਲ ਬਾਂਕਾ ਛੋਹਰਾ, ਸ਼ਾਹ ਪਾਤਸ਼ਾਹ ਆਪਣਾ ਖੇਲ ਵਖਾਈਆ । ਜਿਸ ਦਾ ਸੱਸੇ ਉਪਰ ਇਕੋ ਹੋੜਾ, ਹੋਕਾ ਦੇ ਕੇ ਕਰੇ ਜਣਾਈਆ । ਹੰ ਬ੍ਰਹਮ ਘਰ ਘਰ ਬੌਹੜਾ, ਬੌਹੜੀ ਵੇਖੇ ਸਰਬ ਲੋਕਾਈਆ । ਜਿਸ ਨੇ ਜੁਗ ਚੌਕੜੀ ਆਪਣੇ ਨਾਮ ਦਾ ਕਾਗ਼ਜ਼ ਰੱਖਿਆ ਕੋਰਾ, ਉਪਰ ਹਰਫ਼ ਨਾ ਕੋਇ ਰਖਾਈਆ । ਤਿਸ ਦੇ ਉਤੇ ਕਰੇ ਤਸਦੀਕ ਭਗਤ ਭਗਵਾਨ ਬਣਾਏ ਜੋੜਾ, ਜੋੜੀ ਆਪਣੇ ਨਾਲ ਰਖਾਈਆ । ਕਰੇ ਪਰਕਾਸ਼ ਅੰਧ ਘੋਰਾ, ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲਾ ਰੂਪ ਧਰਾਈਆ । ਬਾਹਰੋਂ ਚੁੱਕੇ ਵੇਲਾ ਜਗਤ, ਦਏ ਦ੍ਰਿੜਾਈਆ । ਪ੍ਰੇਮ ਪਿਆਰੇ ਸਾਚੇ ਭਗਤ, ਭਗਵਨ ਲਏ ਉਠਾਈਆ । ਅੰਦਰ ਵੜ ਵੜ ਦੇਵੇ ਦਰਸ, ਹਰਸ ਸਰਬ ਚੁਕਾਈਆ । ਘਰ ਘਰ ਵਿਚ ਵਖਾਏ ਫ਼ਰਸ਼ ਅਰਸ਼, ਦੋ ਜਹਾਨਾਂ ਪੰਧ ਮੁਕਾਈਆ । ਨਾਮ ਸੁਣਾਏ ਬਿਨ ਰਾਗ ਤਰਜ਼, ਤੁਰੀਆ ਧਾਰ ਜਣਾਈਆ । ਕੂੜੀ ਕਿਰਿਆ ਕੋਈ ਨਾ ਲਾਏ ਵਰਗ, ਵਲਗਣ ਮਜ਼੍ਹਬ ਕੋਇ ਨਾ ਪਾਈਆ । ਦੁੱਖ ਭੰਜਨ ਹੋ ਕੇ ਵੰਡੇ ਦਰਦ, ਦੁਖੀਆਂ ਦੁਖ ਵੇਖੇ ਥਾਉਂ ਥਾਈਂਆ । ਸਚ ਦਵਾਰੇ ਮੰਨ ਕੇ ਅਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਾਹਰ ਮਿਲਣ ਦਾ ਚੁੱਕੇ ਸ਼ੋਰ, ਹੌਕਾ ਜਗਤ ਨਾ ਕੋਇ ਲੋਕਾਈਆ । ਆਪਣੇ ਸੰਗ ਲਏ ਤੋਰ, ਤੁਰਤ ਆਪਣਾ ਜੋੜ ਜੁੜਾਈਆ । ਲੇਖਾ ਲਿਖੇ ਜਿਸ ਚੰਮ ਲਾਹਿਆ ਉਪਰ ਢੋਰ, ਦ੍ਰਿਸ਼ਟੀ ਇਕੋ ਇਕ ਪਰਗਟਾਈਆ । ਕੂੜੀ ਕਿਰਿਆ ਰਿਹਾ ਹੋੜ, ਹੌਲੀ ਹੌਲੀ ਭੇਵ ਖੁਲ੍ਹਾਈਆ । ਆਪਣੇ ਨਾਮ ਦੀ ਲਾਵੇ ਮੋਹਰ, ਨਿਸ਼ਾਨਾ ਇਕੋ ਇਕ ਝੁਲਾਈਆ । ਜਿਸ ਦੇ ਅੱਗੇ ਨਹੀਂ ਕੋਈ ਜ਼ੋਰ, ਜੋਰੂ ਜ਼ਰ ਸੀਸ ਝੁਕਾਈਆ । ਜਿਸ ਦਾ ਮੰਤਰ ਇਕੋ ਫੋਰ, ਫੁਰਨੇ ਸਾਰੇ ਬੰਦ ਕਰਾਈਆ । ਸੋ ਸਾਹਿਬ ਸਵਾਮੀ ਵਾਗਾਂ ਆਇਆ ਮੋੜ, ਦੂਰ ਦੁਰਾਡਾ ਬਣ ਕੇ ਪਾਂਧੀ ਰਾਹੀਆ । ਸ਼ਬਦ ਅਗੰਮੀ ਚੜ੍ਹ ਕੇ ਘੋੜ, ਭੱਜਾ ਫਿਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਹਰੋਂ ਮਿਲਣ ਦਾ ਚੁੱਕੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਘਰ ਘਰ ਵਿਚ ਕਰੇ ਪਰਕਾਸ਼ਾ, ਪਰਕਾਸ਼ਵਾਨ ਬੇਪਰਵਾਹੀਆ । ਭਗਤ ਭਗਵਾਨ ਖੇਲ ਕਰੇ ਦਾਸੀ ਦਾਸਾ, ਨਿਰਗੁਣ ਸਰਗੁਣ ਧਾਰ ਚਲਾਈਆ । ਕਲਜੁਗ ਅੰਤਮ ਬਦਲੇ ਪਾਸਾ, ਪਾਸ਼ਾ ਜਗਤ ਦਏ ਉਲਟਾਈਆ । ਵੇਖਣਹਾਰਾ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ । ਅੰਤਮ ਸਭ ਨੂੰ ਆਵੇ ਘਾਟਾ, ਘਾਟੇ ਵਿਚ ਲੋਕਾਈਆ । ਗੁਰਮੁਖ ਵਿਰਲੇ ਲਾਹਾ ਖਾਟਾ, ਜਿਸ ਮਿਲਿਆ

ਬੇਪਰਵਹੀਆ । ਨਾਮ ਪਦਾਰਥ ਮਿਲੀ ਦਾਤਾ, ਅਨਤੁਲੜੀ ਅਨਮੁੱਲੜੀ ਆਪ ਵਰਤਾਈਆ । ਰਾਏ ਧਰਮ ਦਾ ਮੁੱਕਾ ਖਾਤਾ, ਲੇਖਾ ਸਕੇ ਨਾ ਕੋਇ ਜਣਾਈਆ । ਧੰਨ ਵਡਿਆਈ ਜਿਨ੍ਹਾਂ ਪਰਮ ਪੁਰਖ ਦਾ ਮੰਨਿਆ ਆਖਾ, ਆਖ਼ਰ ਮੰਜ਼ਲ ਚੜ੍ਹ ਚੜ੍ਹ ਦਰਸ਼ਨ ਪਾਈਆ । ਗੋਬਿੰਦ ਪ੍ਰੇਮ ਪਿਆਰ ਦਾ ਪਿਆਏ ਬਾਟਾ, ਅੰਮ੍ਰਿਤ ਆਪਣੀ ਧਾਰ ਵਹਾਈਆ । ਗ੍ਰਿਹਿ ਮੰਦਰ ਵੜ ਕੇ ਖੋਲ੍ਹੇ ਸਚ ਖ਼ਲਾਸਾ, ਖ਼ੁਸ਼ੀਆਂ ਨਾਲ ਸਮਝਾਈਆ । ਕਿਸੇ ਤੋਂ ਪੜ੍ਹਨਾ ਨਾ ਪਏ ਕਾ ਖਾ, ਖ਼ਾਹਮਖ਼ਾਹ ਵਿਦਿਆ ਨਾ ਕੋਇ ਲੜਾਈਆ । ਸਿੱਧਾ ਆਤਮ ਪਰਮਾਤਮ ਜੋੜੇ ਨਾਤਾ, ਪੁਰਖ ਬਿਧਾਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਜਗਾਈਆ । ਬਾਹਰ ਮਿਲਣ ਦਾ ਮੁਕੇ ਰੌਲਾ, ਰੌਣਕ ਅੰਦਰ ਦਏ ਵਖਾਈਆ । ਕਰਮ ਕਾਂਡ ਦਾ ਭਾਰ ਕਰਕੇ ਹੌਲਾ, ਸਹਿਜੇ ਸਹਿਜੇ ਲਏ ਚਲਾਈਆ । ਧੁਨ ਆਤਮਕ ਰਾਗ ਸੁਣਾਏ ਸਾਚਾ ਢੋਲਾ, ਢੋਲ ਆਪਣਾ ਦਏ ਮਿਲਾਈਆ । ਸ਼ਬਦ ਅਗੰਮੀ ਇਕੋ ਬੋਲਾ, ਅਨਬੋਲਤ ਰਾਗ ਅਲਾਈਆ । ਪੂਰਾ ਕਰ ਇਕਰਾਰ ਕੌਲਾ, ਕਰਤਾ ਕੀਮਤ ਦੇਵੇ ਪਾਈਆ । ਲੇਖਾ ਜਾਣ ਧਰਨੀ ਧੌਲਾ, ਧਵਲ ਦਏ ਵਡਿਆਈਆ । ਅੰਤਮ ਕਰਕੇ ਭਾਰ ਹੌਲਾ, ਸਿਰ ਆਪਣਾ ਹੱਥ ਟਿਕਾਈਆ । ਚੌਥੇ ਜੁਗ ਪੰਧ ਮੁਕਾ ਕੇ ਮੌਲਾ, ਮਾਰਗ ਅਗਲੇ ਦੇਵੇ ਪਾਈਆ । ਜਿਵੇਂ ਰਵਦਾਸ ਨੇ ਗੰਢਿਆ ਪੌਲਾ, ਪਾਹਨੀ ਢੋਰ ਬੰਧਾਈਆ । ਸੋ ਸਾਹਿਬ ਸਵਾਮੀ ਦਾ ਲਿਖਣਹਾਰਾ ਸੋਹਲਾ, ਸੋਹਣੀ ਬਣਤ ਬਣਾਈਆ । ਜਨ ਭਗਤਾਂ ਭਗਤੀ ਵਿਚੋਂ ਬਣ ਵਿਚੋਲਾ, ਵਿਚਲਾ ਲੇਖਾ ਦਏ ਉਠਾਈਆ । ਹੋਵੇ ਪਰਕਾਸ਼ ਸਾਢੇ ਤਿੰਨ ਹੱਥ ਕਾਇਆ ਖੋਲਾ, ਡੂੰਘੀ ਭਵਰ ਕਰੇ ਰੁਸ਼ਨਾਈਆ । ਦੋਹਾਂ ਲਹਿਣਾ ਚੁੱਕੇ ਪੜਦਾ ਓਹਲਾ, ਸਨਮੁਖ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਬਾਹਰ ਮਿਲਣ ਦਾ ਚੁਕੇ ਸ਼ੰਕਾ, ਸ਼ਰਅ ਵਿਚੋ ਵਿਚ ਸਮਝਾਈਆ । ਭੇਵ ਖੁਲ੍ਹਾਏ ਰਾਓ ਰੰਕਾ, ਰਈਅਤ ਇਕੋ ਇਕ ਬਣਾਈਆ । ਮਾਣ ਗਵਾਏ ਹਉਮੇ ਹੰਗਤਾ, ਹਰਿ ਹਿਰਦੇ ਦਏ ਵਸਾਈਆ । ਓਢਣ ਦੇ ਕੇ ਭੁੱਖਾ ਨੰਗਤਾ, ਗ਼ਰੀਬਾਂ ਹੋਏ ਸਹਾਈਆ । ਲਹਿਣਾ ਜਾਣੇ ਪੰਜ ਤਤ ਤਨ ਕਾ, ਮਨ ਮਤ ਬੁਧ ਖੋਜ ਖੋਜਾਈਆ । ਮਾਰਗ ਦਸਾਵੇ ਸਾਚੇ ਜਨ ਕਾ, ਜਾਗਰਤ ਜੋਤ ਕਰ ਰੁਸ਼ਨਾਈਆ । ਵੇਲਾ ਚੁੱਕੇ ਅਗਿਆਨ ਅੰਧੇਰ ਅੰਨ੍ਹ ਕਾ, ਅਨਨ ਪਰਕਾਰ ਕਰੇ ਰੁਸ਼ਨਾਈਆ । ਬੇੜਾ ਬੰਨ੍ਹੇ ਵਾਸਨਾ ਮਨ ਕਾ, ਦਹਿ ਦਿਸ਼ਾ ਨਾ ਕੋਇ ਹਲਕਾਈਆ । ਲੇਖਾ ਚੁਕੇ ਰਾਏ ਧਰਮ ਡੰਨ ਕਾ, ਚੁਰਾਸੀ ਗੇੜ ਨਾ ਕੋਇ ਭਵਾਈਆ । ਵਕਤ ਸੁਹੇਲਾ ਧੰਨ ਧੰਨ ਧੰਨ ਕਾ, ਧੰਨ ਧੰਨ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਹਰ ਮਿਲਣ ਦਾ ਚੁੱਕੇ ਝਗੜਾ, ਲੇਖਾ ਆਪ ਮਿਟਾਈਆ । ਮਾਰਗ ਦੱਸੇ ਪ੍ਰਭ ਜੀ ਅਗਲਾ, ਆਗਿਆ ਵਿਚ ਸਮਝਾਈਆ । ਜੀਵ ਜੰਤ ਕੋਈ ਰਹੇ ਨਾ ਪਗਲਾ, ਪਿੰਗਲ ਪਰਬਤ ਦਏ ਚੜ੍ਹਾਈਆ । ਪ੍ਰਭੂ ਲੱਭਣ ਨਾ ਜਾਏ ਕੋਈ ਵਣ ਜੰਗਲਾ, ਘਰ ਘਰ ਬੈਠਾ ਸੋਭਾ ਪਾਈਆ । ਦਿਵਸ ਰੈਣ ਕਰੇ ਚਾਰ ਮੰਗਲਾ, ਸ਼ਬਦੀ ਸ਼ਬਦ ਰਾਗ ਅਲਾਈਆ । ਸ਼ਰਅ ਸ਼ਰੀਅਤ ਪੰਜ ਤਤ ਤੰਦਲਾ, ਡੋਰੀ ਹੱਥ ਨਾ ਕੋਇ ਉਠਾਈਆ । ਧਾਮ ਮੁਕਾਮ ਵਖਾਵੇ ਅਗੰਮੀ ਬੰਗਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤ ਲਏ ਉਠਾਈਆ । ਬਾਹਰ ਮਿਲਣ ਦੀ ਮੁੱਕੇ ਆਸ, ਅੰਤਰ ਇਕ ਧਿਆਨ ਜਣਾਈਆ । ਭਗਤਾਂ ਪੂਰੀ ਕਰੇ ਖ਼ਾਹਿਸ਼, ਖ਼ਾਲਸ ਰੂਪ ਸਮਝਾਈਆ ।


੪੬੭ ੧੭

੪੬੮
੧੨

ਚਿੰਤਾ ਵਿਚ ਨਾ ਹੋਣਾ ਉਦਾਸ, ਗ਼ਮੀ ਵਿਚ ਨਾ ਕੋਇ ਘਬਰਾਈਆ । ਨੇਤਰ ਨੀਰ ਨਾ ਵਹਾਉਣਾ ਵਿਚ ਵਫ਼ਾਤ, ਮੌਤ ਵਿਚ ਨਾ ਕੋਇ ਜੁਦਾਈਆ । ਇਹ ਪ੍ਰਭ ਦਾ ਖੇਲ ਤਮਾਸ਼, ਜੁਗ ਜੁਗ ਵੇਖ ਵਖਾਈਆ । ਇਕੋ ਸਾਹਿਬ ਮਿਲਣ ਦੀ ਸਿਖਣੀ ਜਾਚ, ਅੰਦਰ ਵੜ ਕੇ ਧਿਆਨ ਲਗਾਈਆ । ਹੰਸ ਰੂਪ ਬਣਾਉਣਾ ਕਾਗ, ਕੂੜੀ ਕਿਰਿਆ ਮੈਲ ਧੁਆਈਆ । ਘਰ ਦੀਪਕ ਜੋਤ ਜਗਾਉਣਾ ਚਰਾਗ਼, ਅੰਧ ਅੰਧੇਰ ਮਿਟਾਈਆ । ਆਤਮ ਬਣਾਉਣਾ ਪਰਮਾਤਮ ਦਾਸ, ਦਾਸੀ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਾਹਰ ਮਿਲਣ ਦਾ ਵੇਲਾ ਚੁਕੇ ਪਿਛਾ, ਪਿਛਲੀ ਕਹਾਣੀ ਦਏ ਬਦਲਾਈਆ । ਅੱਗੇ ਕਰੇ ਭਗਤਾਂ ਰਿਛਾ, ਰਿਛਿਆਵਾਨ ਸਹਿਜ ਸੁਖਦਾਈਆ । ਆਪਣੇ ਮਿਲਣ ਦੀ ਦੇ ਕੇ ਸਿੱਖਿਆ, ਸਿਕਦਾਰੀ ਸਾਚੀ ਦਏ ਸਮਝਾਈਆ । ਲੇਖੇ ਲਾਏ ਵੱਡਾ ਨਿੱਕਾ, ਬਿਰਧ ਬਾਲ ਜਵਾਨ ਇਕੋ ਘਰ ਬਹਾਈਆ । ਜਨ ਭਗਤਾਂ ਬਣ ਕੇ ਧੁਰ ਦਾ ਪਿਤਾ, ਪਤ ਰੱਖਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਖੋਜ ਖੋਜਾਈਆ । ਬਾਹਰ ਮਿਲਣ ਦਾ ਗਿਆ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਹਰਿਜਨ ਬਣਾ ਕੇ ਆਪਣੀ ਜ਼ਾਤ, ਨੂਰ ਨੂਰ ਵਿਚੋਂ ਰੁਸ਼ਨਾਈਆ । ਗੋਪੀ ਕਾਹਨ ਬਣ ਕੇ ਪਾਵੇ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਰਮਈਆ ਹੋ ਕੇ ਵਸੇ ਪਾਸ, ਸਈਆ ਸੀਤਾ ਸੰਗ ਨਿਭਾਈਆ । ਪੈਗ਼ੰਬਰ ਹੋ ਕੇ ਦਏ ਨਜਾਤ, ਰਹਿਮਤ ਇਕ ਕਮਾਈਆ । ਸਤਿਗੁਰ ਹੋ ਕੇ ਬਖ਼ਸ਼ੇ ਦਾਤ, ਦੌਲਤ ਨਾਮ ਝੋਲੀ ਪਾਈਆ । ਗੁਰ ਗੁਰ ਹੋ ਕੇ ਰਿਹਾ ਆਖ, ਅੱਖਰਾਂ ਨਾਲ ਸਮਝਾਈਆ । ਸ਼ਾਹੀ ਕਲਮ ਨਾਲ ਕਰੇ ਬਾਤ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦੇ ਵਿਚੋਂ ਪੜਦਾ ਦਏ ਚੁਕਾਈਆ । ਬਾਹਰ ਮਿਲਣ ਦਾ ਚੁੱਕਿਆ ਪੜਦਾ, ਪਰਦੇ ਵਿਚੋਂ ਨਜ਼ਰੀ ਆਈਆ । ਜਨ ਭਗਤ ਉਧਾਰੇ ਕਲਜੁਗ ਸੜਦਾ, ਅਗਨੀ ਤਤ ਬੁਝਾਈਆ । ਭੇਵ ਖੁਲ੍ਹਾਏ ਆਪਣੇ ਘਰ ਦਾ, ਘਰ ਘਰ ਵਿਚ ਮੇਲ ਮਿਲਾਈਆ । ਦਰਸ ਕਰਾਵੇ ਇਕੋ ਨਰ ਦਾ, ਨਰਾਇਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਬਾਹਰ ਮਿਲਣ ਦੀ ਮਿਟੇ ਰੁਚੀ, ਰਚਨਾ ਧੁਰ ਦੀ ਦਏ ਵਖਾਈਆ । ਜਨ ਭਗਤਾਂ ਆਤਮ ਕਰ ਕੇ ਸੁੱਚੀ, ਸਚ ਦਵਾਰੇ ਲਏ ਟਿਕਾਈਆ । ਉਜਲ ਕਰ ਕੇ ਮਾਤ ਮੁਖੀ, ਮੁਖੀਏ ਲਏ ਬਣਾਈਆ । ਭਾਗ ਲਗਾ ਕੇ ਮਾਤਾ ਕੁੱਖੀ, ਸਫ਼ਲ ਦਏ ਵਡਿਆਈਆ । ਪਿਛਲੀ ਮੰਜ਼ਲ ਸਭ ਦੀ ਚੁੱਕੀ, ਚੁਕੰਨੇ ਕਰਕੇ ਲਏ ਉਠਾਈਆ । ਸੁਰਤੀ ਰਹੇ ਨਾ ਕੋਈ ਸੁੱਤੀ, ਗੁਰਮੁਖ ਸੁੱਤੇ ਲਏ ਜਗਾਈਆ । ਮਤ ਦੇਵੇ ਨਾ ਕੋਈ ਪੁੱਠੀ, ਸਿੱਧਾ ਮਾਰਗ ਇਕ ਲਗਾਈਆ । ਭਾਗ ਲਗਾਵੇ ਉਲਟੇ ਰੁਖ਼ੀ, ਰੁਖ਼ ਆਪਣੇ ਵੱਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਆਪਣੀ ਖੇਲ ਕਰਾਈਆ । ਬਾਹਰ ਮਿਲਣ ਦਾ ਚੁੱਕੇ ਸ਼ੌਕ, ਸ਼ੌਕੀਨ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਕਦੇ ਨਾ ਗਿਆ ਔਂਤ, ਨਿਪੁੰਨਸਕ ਰੂਪ ਨਾ ਕੋਇ ਵਟਾਈਆ । ਜੋ ਸਦਾ ਸਵਾਮੀ ਸਭ ਦਾ ਖੌਂਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਸਾਚੇ ਸੰਤਾਂ ਵਖਾਏ ਆਪਣੀ ਮੌਜ, ਮੌਜੂਦਾ ਹੋ ਕੇ ਮਜਲਸ ਵਿਚ ਬਹਾਈਆ । ਕਲਜੁਗ ਅੰਤ ਮੁਕਾ ਕੇ ਔਧ, ਸਤਿਜੁਗ ਸਾਚੀ ਧਾਰ ਪਰਗਟਾਈਆ । ਸ੍ਰਿਸ਼ਟ ਸਬਾਈ ਚੁਕਾ ਕੇ ਕੂੜਾ ਰੋਗ, ਸਾਚਾ ਨਾਮ ਰੰਗ ਰੰਗਾਈਆ । ਚਿੰਤਾ ਗ਼ਮ ਮਿਟਾਏ ਸੋਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਾਮ

ਖ਼ੁਮਾਰੀ ਕਰ ਮਦਹੋਸ਼, ਮਧੁਰ ਧੁਨ ਸੁਣਾਈਆ । ਬਾਹਰੋਂ ਕਾਇਆ ਮਾਟੀ ਕੋਈ ਨਾ ਪੂਜੇ ਪੋਸ਼, ਅੰਤਰ ਸਤਿਗੁਰ ਸ਼ਬਦ ਇਕੋ ਇਕ ਦਏ ਦ੍ਰਿੜਾਈਆ । ਜਿਸ ਦਾ ਖੇਲ ਲੋਕ ਪਰਲੋਕ, ਦੋ ਜਹਾਨ ਖ਼ੁਸ਼ੀ ਮਨਾਈਆ । ਜਿਸ ਦਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਗਾਇਆ ਸਲੋਕ ਸੋਹਲਿਆਂ ਵਿਚ ਸਮਝਾਈਆ । ਉਸ ਦੇ ਕੋਲ ਨਾਮ ਭੰਡਾਰਾ ਥੋਕ, ਜੁਗ ਚੌਕੜੀ ਰਿਹਾ ਵਰਤਾਈਆ । ਜਨ ਭਗਤਾਂ ਦੇ ਕੇ ਆਪਣੀ ਓਟ, ਓੜਕ ਆਪਣੇ ਨਾਲ ਮਿਲਾਈਆ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੋਚੇ ਆਪਣੀ ਸੋਚ, ਦੂਜੀ ਸਮਝ ਨਾ ਕਿਸੇ ਸਮਝਾਈਆ ।

## ✪ ੨੨ ਭਾਦਰੋਂ ੨੦੨੧ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਭੋਜੀਆਂ ✪

ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਪਰਵਰਦਿਗਾਰ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਟੇਕਣ ਮੱਥ, ਸਚਖੰਡ ਦਵਾਰੇ ਸੀਸ ਝੁਕਾਈਆ । ਚਾਰ ਜੁਗ ਦੀ ਅਕਥ ਕਹਾਣੀ ਰਹੇ ਦੱਸ, ਪੂਰਬ ਲੇਖਾ ਰਹੇ ਸੁਣਾਈਆ । ਨਿਰਗੁਣ ਸਰਗੁਣ ਲੋਕਮਾਤ ਖੇਲ ਕਰ ਆਏ ਨੱਠ, ਬਣ ਪਾਂਧੀ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਮਾਰਗ ਆਏ ਦੱਸ, ਸ਼ਬਦ ਨਾਦ ਧੁਨ ਬ੍ਰਹਿਮੰਡ ਖੰਡ ਸ਼ਨਵਾਈਆ । ਆਤਮ ਪਰਮਾਤਮ ਦੇ ਕੇ ਆਏ ਸਾਚਾ ਹੱਕ, ਹਕੀਕਤ ਇਕੋ ਇਕ ਸਮਝਾਈਆ । ਤੇਰੇ ਮਿਲਣ ਦੀ ਖੋਲ੍ਹ ਕੇ ਆਏ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਝਿਰਨਾ ਆਏ ਝੱਟ, ਬੂੰਦ ਸਵਾਂਤੀ ਇਕ ਟਪਕਾਈਆ । ਸਤਿ ਧਰਮ ਦਾ ਖੋਲ੍ਹ ਕੇ ਆਏ ਹੱਟ, ਬਣ ਵਣਜਾਰੇ ਸੇਵ ਕਮਾਈਆ । ਭਾਗ ਲਗਾ ਕੇ ਆਏ ਕਾਇਆ ਸਾਢੇ ਤਿੰਨ ਹੱਥ ਮੱਟ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਨਿਧਾਨ ਲਗਾ ਕੇ ਆਏ ਸੱਟ, ਅਨਹਦ ਨਾਦੀ ਨਾਦ ਵਜਾਈਆ । ਮਿਹਰਵਾਨ ਹੋ ਕੇ ਪਤ ਆਏ ਰੱਖ, ਪਤਿਪਰਮੇਸ਼ਵਰ ਤੇਰਾ ਧਿਆਨ ਜਣਾਈਆ । ਅੱਖਰਾਂ ਵਿਚ ਸਿਫ਼ਤ ਸਾਲਾਹੀ ਗਾਇਆ ਜਸ, ਸੋਹਲਾ ਢੋਲਾ ਧੁਰ ਦਾ ਰਾਗ ਅਲਾਈਆ । ਵਾਕ ਭਵਿਖਤ ਚਾਰ ਵਰਨ ਅਠਾਰਾਂ ਬਰਨ ਚਾਰੇ ਖਾਣੀ ਆਏ ਦੱਸ, ਚਾਰੇ ਬਾਣੀ ਨਾਲ ਸਮਝਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਜਾਏ ਲੰਘ, ਕਲਜੁਗ ਅੰਤਮ ਵੱਜੇ ਵਧਾਈਆ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਹੋਵੇ ਪਰਗਟ, ਜੋਤੀ ਜਾਤਾ ਪੁਰਖ ਬਿਧਾਤਾ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਨਿਤ ਨਵਿਤ ਲੱਖ ਚੁਰਾਸੀ ਵਸਣਹਾਰਾ ਘਟ ਘਟ, ਪੁਰੀ ਲੋਅ ਬ੍ਰਹਿਮੰਡ ਖੰਡ ਰਵ ਸਸ ਸੂਰਜ ਚੰਦ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਲਏ ਰੱਖ, ਗੁਰਮੁਖ ਗੁਰਸਿਖ ਗੁਰ ਗੁਰ ਗੋਦ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਦੇਵਣਹਾਰਾ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਸਾਚਾ ਵਰ, ਗੁਰ ਅਵਤਾਰ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ, ਦਰਗਾਹ ਸਾਚੀ ਸੀਸ ਨਿਵਾਈਆ । ਕਿਰਪਾ ਕਰ ਪਰਵਰਦਿਗਾਰੇ, ਬੇਪਰਵਾਹ ਤੇਰੀ ਵਡਿਆਈਆ । ਜੁਗ ਚੌਕੜੀ ਵੇਖੇ ਤੇਰੇ ਨਜ਼ਾਰੇ, ਬੇਨਜ਼ੀਰ ਨਜ਼ਰ ਇਕ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਾਗਤ

ਕਲਮ ਲਿਖ ਲਿਖ ਹਾਰੇ, ਕਾਤਬ ਬੈਠੇ ਮੁਖ ਭਵਾਈਆ । ਕੋਟਨ ਕੋਟ ਸਿਫ਼ਤੀ ਤੇਰੇ ਨਾਮ ਵਿਚਾਰੇ, ਰਿਕਾਬਤ ਵਿਚ ਪਈ ਲੋਕਾਈਆ । ਉਚੀ ਕੂਕ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੇਰੇ ਲਾਏ ਨਾਅਰੇ, ਧੁਰ ਦਾ ਰਾਗ ਜਣਾਈਆ । ਅੰਤਰ ਆਤਮ ਪਰਮਾਤਮ ਪ੍ਰੀਤਮ ਮਾਹੀ ਇਕੋ ਪੁਕਾਰੇ, ਧੁਰ ਦੀ ਧਾਰ ਜਣਾਈਆ । ਲੇਖ ਲਿਖਤ ਭਵਿਖਤ ਰਸਨਾ ਜਿਹਵਾ ਕਰ ਵਿਚਾਰੇ, ਬੱਤੀ ਦੰਦ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਕਹਿਣ, ਸਚ ਦਵਾਰੇ ਨਾਮ ਜਣਾਈਆ । ਕਲਜੁਗ ਅੰਤਮ ਵੇਖ ਆਪਣੇ ਨੈਣ, ਨੇਤਰ ਲੋਚਨ ਆਪਣੀ ਅੱਖ ਖੁਲ੍ਹਾਈਆ । ਸਾਚਾ ਦਿਸੇ ਨਾ ਕੋਈ ਸੈਣ, ਸੱਜਣ ਬੈਠੇ ਮੁਖ ਭਵਾਈਆ । ਹਰਿ ਕਾ ਨਾਮ ਅੰਤਰ ਕੋਈ ਨਾ ਲੈਣ ਬੱਤੀ ਦੰਦ ਜਗਤ ਵਡਿਆਈਆ । ਕੋਈ ਨਾ ਚੁਕਾਵੇ ਲੈਣ ਦੇਣ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਹੋ ਹੋ ਝੁਕਦੇ, ਸੱਜਦਾ ਸੀਸ ਝੁਕਾਈਆ । ਹਉਂ ਠਾਕਰ ਸਵਾਮੀ ਤੇਰੇ ਬਰਦੇ, ਬੰਦਨਾ ਤੇਰੀ ਇਕੋ ਭਾਈਆ । ਤੂੰ ਲੇਖੇ ਜਾਣੇ ਘਰ ਘਰ ਦੇ, ਬ੍ਰਹਿਮੰਡ ਖੰਡ ਖੋਜ ਖੋਜਾਈਆ । ਪੀਰ ਪੈਗ਼ੰਬਰ ਤੇਰਾ ਨਾਮ ਢੋਲਾ ਪੜ੍ਹਦੇ, ਨਗ਼ਮਾ ਇਕੋ ਇਕ ਜਣਾਈਆ । ਗੁਰ ਅਵਤਾਰ ਗੋਲੇ ਤੇਰੇ ਦਰ ਦੇ, ਵਿਚੋਲੇ ਜਗਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦੋ ਜਹਾਨਾਂ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਸਤਿ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਆਖ਼ਰ ਵੇਲਾ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਦੀਪ ਸੱਤ, ਲੱਖ ਚੁਰਾਸੀ ਜੀਵ ਜੰਤ ਰਿਹਾ ਕੁਰਲਾਈਆ । ਤ੍ਰੈਗੁਣ ਮਾਇਆ ਤਪਿਆ ਮੱਠ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੀ ਦਰੋਹੀ ਚੌਦਾਂ ਤਬਕ ਚੌਦਾਂ ਲੋਕ ਹੱਟ, ਚੌਦਾਂ ਵਿਦਿਆ ਹੋਈ ਹਲਕਾਈਆ । ਆਤਮ ਸੇਜਾ ਸੋਹੇ ਨਾ ਕੋਈ ਸਾਚੀ ਖਾਟ, ਸਿੰਘਾਸਣ ਸੋਭਾ ਕੋਇ ਨਾ ਪਾਈਆ । ਮਨ ਵਾਸਨਾ ਮੁੱਕੇ ਨਾ ਕੋਇ ਵਾਟ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਝਗੜਾ ਚੁੱਕੇ ਨਾ ਜ਼ਾਤ ਪਾਤ, ਗੋਬਿੰਦ ਗੁਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਤ, ਦਾਤਾ ਦਾਨੀ ਇਕੋ ਨਜ਼ਰੀ ਆਈਆ । ਸਚਖੰਡ ਦਵਾਰ ਤੇਰਾ ਨਿਵਾਸ, ਮੁਕਾਮੇ ਹੱਕ ਡੇਰਾ ਲਾਈਆ । ਮਹੱਲ ਅਟਲ ਵਿਚ ਤੇਰਾ ਮਹਿਰਾਬ, ਮਹਿਬੂਬ ਵਸੇਂ ਬੇਪਰਵਾਹੀਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹੋਂ ਖ਼ਿਤਾਬ, ਸਿਰ ਮਸਤਕ ਹੱਥ ਟਿਕਾਈਆ । ਸੱਜਦਾ ਕਰਾਉਂਦਾ ਰਿਹੋਂ ਆਪਣਾ ਆਦਾਬ, ਨਮੋ ਨਮੋ ਸੀਸ ਝੁਕਾਈਆ । ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਦੇਂਦਾ ਰਿਹੋਂ ਆਵਾਜ਼, ਧੁਰ ਦਾ ਰਾਗ ਅਲਾਈਆ । ਆਤਮ ਪਰਮਾਤਮ ਮਿਲ ਕੇ ਖੋਲ੍ਹਦਾ ਰਿਹੋਂ ਤਾਕ, ਪੜਦਾ ਓਹਲਾ ਪਰੇ ਹਟਾਈਆ । ਕਲਮਿਆਂ ਵਿਚੋਂ ਦੱਸਦਾ ਰਿਹੋਂ ਨਿਮਾਜ਼, ਹੁਜਰਿਆਂ ਵਿਚੋਂ ਹੱਕ ਹੱਕ ਸਮਝਾਈਆ । ਦੇਖਦਾ ਰਿਹੋਂ ਖੇਲ ਤਮਾਸ਼, ਜੁਗ ਚੌਕੜੀ ਫੇਰਾ ਪਾਈਆ । ਦੀਨ ਮਜ਼੍ਹਬ ਚਲਾਉਂਦਾ ਰਿਹੋਂ ਰਿਵਾਜ, ਜ਼ਾਤ ਪਾਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਤਿ ਸਚ ਤੇਰੀ ਸ਼ਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ,

ਦਰ ਠਾਂਡੇ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਹਰਿ ਪੁਰਖ ਨਿਰੰਜਣ ਲਾਉਣਾ ਅੰਗ, ਆਦਿ ਨਿਰੰਜਣ ਨੂਰ ਕਰ ਰੁਸ਼ਨਾਈਆ । ਏਕੰਕਾਰ ਸੂਰੇ ਸਰਬੰਗ, ਸ੍ਰੀ ਭਗਵਾਨ ਤੁਧ ਬਿਨ ਦੂਜਾ ਸੰਗ ਨਾ ਕੋਇ ਨਿਭਾਈਆ । ਅਬਿਨਾਸ਼ੀ ਕਰਤੇ ਦੀਨ ਮਜ਼੍ਹਬ ਜ਼ਾਤ ਪਾਤ ਵਿਚੋਂ ਢਾਉਣੀ ਕੰਧ, ਸਾਚਾ ਚੰਦ ਇਕੋ ਨੂਰ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਦੇਣਾ ਪਰਮਾਨੰਦ, ਨਿਜਾਨੰਦ ਰਸ ਚਖਾਈਆ । ਸਚ ਪ੍ਰੀਤੀ ਆਵੇ ਸੁਗੰਧ, ਦੁਰਗੰਧ ਰੂਪ ਨਾ ਕੋਇ ਵਟਾਈਆ । ਨਿਰਗੁਣ ਜੋਤ ਘਰ ਘਰ ਚੜ੍ਹਾਉਂਣਾ ਚੰਦ, ਦਿਵਸ ਰੈਣ ਹੋਵੇ ਰੁਸ਼ਨਾਈਆ । ਅੰਮ੍ਰਿਤ ਮੇਘ ਬਰਸ ਪਾਉਣੀ ਠੰਡ, ਅਗਨੀ ਤਤ ਬੁਝਾਈਆ । ਗੁਰਮੁਖਾਂ ਗੁਰਸਿਖਾਂ ਜਨਮ ਕਰਮ ਦੀ ਟੁੱਟੀ ਲੈਣੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੇ ਹੱਥ ਵਡਿਆਈਆ । ਅੰਤਰ ਆਤਮ ਨਾ ਹੋਵੇ ਰੰਡ, ਹਰਿ ਜੂ ਕੰਤ ਆਪਣਾ ਆਪੇ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਸੁਣਾਉਣਾ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੱਜਣ ਮੇਲਾ ਸਹਿਜ ਸੁਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਖੋਲ੍ਹ ਤਾਕੀ, ਤਾਕਤਵਰ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਲਹਿਣਾ ਦੇਣਾ ਚੁੱਕੇ ਬਾਕੀ, ਸਦੀ ਵੀਹਵੀਂ ਰਹੀ ਕੁਰਲਾਈਆ । ਪੜਦਾ ਚੁੱਕ ਬੰਦਾ ਖ਼ਾਕੀ, ਖ਼ਾਲਕ ਖ਼ਲਕ ਦਏ ਸਮਝਾਈਆ । ਮਨ ਵਾਸਨਾ ਰਹੇ ਕੋਈ ਨਾ ਆਕੀ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਮੰਜ਼ਲ ਚੜ੍ਹਾ ਆਪਣੀ ਘਾਟੀ, ਨੌਂ ਦਵਾਰੇ ਪੰਧ ਮੁਕਾਈਆ । ਸ਼ਬਦ ਗੁਰੂ ਗੁਰਦੇਵ ਸਵਾਮੀ ਬਣਨਾ ਧੁਰ ਦਾ ਸਾਥੀ, ਪੰਜ ਤਤ ਚੋਲਾ ਕੰਮ ਕਿਸੇ ਨਾ ਆਈਆ । ਅੰਮ੍ਰਿਤ ਜਾਮ ਪਿਆਉਣਾ ਕਾਇਆ ਬਾਟੀ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਜਗਤ ਅੰਧੇਰਾ ਚੁੱਕੇ ਰੈਣ ਰਾਤੀ, ਸਤਿ ਸਚ ਚੰਦ ਕਰੇ ਰੁਸ਼ਨਾਈਆ । ਤੂੰ ਮਾਤ ਪਿਤ ਆਦਿ ਜੁਗਾਦਿ ਜੁਗ ਚੌਕੜੀ ਕਰੇਂ ਰਾਖੀ, ਰੱਖਕ ਹੋ ਕੇ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਮੰਨ ਆਖੀ, ਆਖ਼ਰ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਪੀਰ ਪੈਗ਼ੰਬਰ ਤੇਰਾ ਵੇਖਣ ਖੇਲ ਤਮਾਸ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਭੇਵ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਚੁੱਕ ਪਰਦਾ, ਦੋ ਜਹਾਨਾਂ ਨਜ਼ਰੀ ਆਈਆ । ਟੁੱਟੇ ਮਾਣ ਹੰਕਾਰ ਝੂਠੇ ਗੜ੍ਹ ਦਾ, ਕੂੜੀ ਕਿਰਿਆ ਦਏ ਖਪਾਈਆ । ਵੇਖ ਲੇਖਾ ਚੋਟੀ ਜੜ੍ਹ ਦਾ, ਲੱਖ ਚੁਰਾਸੀ ਖੋਜ ਖੋਜਾਈਆ । ਭੇਵ ਮਿਟਾ ਸੀਸ ਧੜ ਦਾ, ਘਰ ਘਰ ਕਰ ਰੁਸ਼ਨਾਈਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੀ ਸਰਨਾਈਆ । ਤੇਰਾ ਕਲਮਾ ਨਬੀ ਰਸੂਲ ਪੜ੍ਹਦਾ, ਬਿਨ ਅੱਖਰਾਂ ਢੋਲਾ ਗਾਈਆ । ਗੁਰ ਅਵਤਾਰ ਤੈਥੋਂ ਡਰਦਾ, ਹੁਕਮੇ ਅੰਦਰ ਸੇਵ ਕਮਾਈਆ । ਤੂੰ ਮਾਲਕ ਸਾਚੇ ਘਰ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖ ਠੱਗ ਚੋਰ ਯਾਰ ਦਾ, ਕਲਜੁਗ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਤਾਅਨਾ, ਤਰਾਨਿਆਂ ਵਿਚ ਸੁਣਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਤੇਰੇ ਹੱਥ ਵਡਿਆਈਆ । ਸਤਿ ਧਰਮ ਦਾ ਝੁਲਾ ਇਕ ਨਿਸ਼ਾਨਾ, ਨੌਂ ਖੰਡ ਪ੍ਰਿਥਮੀ ਤੇਰੇ ਨਾਮ ਦੀ ਵੱਜੇ ਵਧਾਈਆ । ਚਾਰ ਵਰਨਾਂ ਅਠਾਰਾਂ ਬਰਨਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇ ਇਕ ਗਿਆਨਾ, ਮੰਤਰ ਇਕੋ ਇਕ ਦ੍ਰਿੜਾਈਆ । ਅੰਮ੍ਰਿਤ ਆਤਮ ਬਖ਼ਸ਼ ਪੀਣਾ ਖਾਣਾ, ਜਗਤ ਕੂੜੀ ਤ੍ਰਿਸ਼ਨਾ ਭੁੱਖ ਗਵਾਈਆ । ਅੰਤਰ

ਆਤਮ ਮਿਲਾ ਸਾਚਾ ਕਾਹਨਾ, ਸੁਰਤੀ ਸੀਤਾ ਰਾਮ ਲਏ ਪਰਨਾਈਆ । ਨਾਨਕ ਨਿਰਗੁਣ ਨਜ਼ਰੀ ਆਵੇ ਸ਼ਾਹ ਸੁਲਤਾਨਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਧੇ ਸੂਰਬੀਰ ਮਰਦ ਮਰਦਾਨਾ, ਜਗਤ ਮਰਦਾਨਗੀ ਇਕ ਪਰਗਟਾਈਆ । ਲੇਖਾ ਚੁਕਾ ਜਗਤ ਜਹਾਨਾ, ਜੀਵ ਜੰਤ ਰਹੇ ਕੁਰਲਾਈਆ । ਚਾਰੋਂ ਕੁੰਟ ਹੋਣ ਹੈਰਾਨਾ, ਦਹਿ ਦਿਸ਼ਾ ਧੀਰ ਨਾ ਕੋਇ ਧਰਾਈਆ । ਭਰਮੇ ਭੁੱਲਾ ਰਾਜਾ ਰਾਣਾ, ਰਈਅਤ ਰੰਗ ਨਾ ਕੋਇ ਵਖਾਈਆ । ਰਾਹ ਤੱਕਣ ਗੁਰ ਅਵਤਾਰ ਪੀਰ ਪੈਗ਼ੰਬਰ ਪਰਮ ਪੁਰਖ ਪਰਮਾਤਮ ਵਰਤਾ ਆਪਣਾ ਭਾਣਾ, ਸਦ ਭਾਣੇ ਵਿਚ ਸਰਬ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਗਹਿਰ ਗੰਭੀਰ, ਗਵਰ ਤੇਰੀ ਓਟ ਤਕਾਈਆ । ਪਰਗਟ ਹੋ ਬਿਨਾ ਤਤ ਸ਼ਰੀਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਵੇਖ ਵੇਲਾ ਅੰਤ ਅਖ਼ੀਰ, ਮੰਜ਼ਲ ਚੜ੍ਹ ਕੇ ਅੱਖ ਖੁਲ੍ਹਾਈਆ । ਮਾਂਗਤ ਹੋਏ ਪੀਰ ਫ਼ਕੀਰ, ਸਾਧ ਸੰਤ ਦੇਣ ਦੁਹਾਈਆ । ਕਟੇ ਕੋਈ ਨਾ ਸ਼ਰਅ ਜ਼ੰਜੀਰ, ਸ਼ਰੀਅਤ ਵਿਚ ਸਰਬ ਲੜਾਈਆ । ਕਲਜੁਗ ਜੀਵਾਂ ਬਦਲ ਦਏ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਭਾਈਆਂ ਨਾਲ ਮਿਲਾਵੇ ਵੀਰ, ਚਾਰ ਵਰਨ ਕਰ ਕੁੜਮਾਈਆ । ਲੇਖਾ ਚੁੱਕੇ ਸ਼ਾਹ ਹਕੀਰ, ਊਚ ਨੀਚ ਇਕੋ ਘਰ ਵਸਾਈਆ । ਤੇਰੇ ਨਾਮ ਦੀ ਭੁੱਲ ਗਏ ਸਾਚੀ ਬੀੜ, ਬੇੜਾ ਆਪਣਾ ਰਹੇ ਰੁੜ੍ਹਾਈਆ । ਹਉਮੇ ਹੰਗਤਾ ਘਰ ਘਰ ਲੱਗੀ ਪੀੜ, ਸਚ ਤਬੀਬ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖਣਾ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਠਾਕਰ ਸਵਾਮੀ ਆ, ਪਰਵਰਦਿਗਾਰ ਤੇਰੀ ਓਟ ਤਕਾਈਆ । ਨਿਰਗੁਣ ਹੋ ਕੇ ਬਣ ਮਲਾਹ, ਸਰਗੁਣ ਬੇੜਾ ਕੰਧ ਉਠਾਈਆ । ਭਗਤ ਜਨ ਧਿਆਨ ਰਹੇ ਲਗਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਵਣ ਕੂਟੇ ਆਵੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਡੁੱਬਦੇ ਪਾਬਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਕੂੜੀ ਕਿਰਿਆ ਮੁਰਦੇ ਲਏ ਜਵਾ, ਅੰਮ੍ਰਿਤ ਅੰਤਰ ਮੇਘ ਬਰਸਾਈਆ । ਰੁੜ੍ਹਦੇ ਜਾਂਦੇ ਲਏ ਬਚਾ, ਨਈਆ ਨੌਕਾ ਨਾਮ ਚੜ੍ਹਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਸਤਿਗੁਰ ਹੋ ਕੇ ਪਕੜੇ ਬਾਂਹ, ਸਵਾਮੀ ਹੋ ਕੇ ਗੋਦ ਉਠਾਈਆ । ਧੁਰ ਦਾ ਮਾਲਕ ਬਣ ਕੇ ਪਿਤਾ ਮਾਂ, ਬਾਲ ਅੰਞਾਣੇ ਲਏ ਬਚਾਈਆ । ਗੁਰ ਗੋਬਿੰਦ ਲੇਖਾ ਲਿਖ ਕੇ ਗਿਆ ਸਹਿਜ ਸੁਭਾ, ਮਾਣ ਦੇਵੇ ਕਲਮ ਸ਼ਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਪਿਤਾ ਪੁਰਖ ਅਕਾਲ ਜਾਵੇ ਆ, ਆਜ਼ਜ਼ ਗ਼ਰੀਬ ਨਿਮਾਣੇ ਲਏ ਉਠਾਈਆ । ਸਚ ਦਵਾਰੇ ਸੰਬਲ ਡੇਰਾ ਲਏ ਲਾ, ਬੰਕ ਦਵਾਰਾ ਇਕੋ ਇਕ ਵਖਾਈਆ । ਜਿਸ ਨੂੰ ਜਨਮੇ ਨਾ ਕੋਈ ਮਾਂ, ਪਿਤਾ ਗੋਦ ਨਾ ਕੋਇ ਉਠਾਈਆ । ਜਿਸ ਦਾ ਅੱਖਰਾਂ ਵਿਚੋਂ ਲੱਭੇ ਨਾ ਨਾਂ, ਅਲਿਫ਼ ਯੇ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਗ੍ਰਿਹਿ ਮੰਦਰ ਕੁੰਡਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਆਖਣ ਉਠ ਪ੍ਰਭ, ਪ੍ਰਭੂ ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਕਿਨਾਰਾ ਹੱਦ, ਹਦੂਦ ਆਪਣਾ ਪੰਧ ਮੁਕਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਸੱਤ ਦੀਪ ਅੰਤਰ ਆਤਮ ਗਾਏ ਨਾ ਕੋਇ ਤੇਰੇ ਛੰਦ, ਵਹਿਣਾ ਵਿਚ ਸਰਬ ਲੋਕਾਈਆ । ਕਾਮ ਕਰੋਧ ਲੋਭ ਮੋਹ ਘਰ ਘਰ ਵਸਿਆ ਗੰਦ, ਸੁਗੰਧ ਤਨ ਨਾ ਕੋਇ ਮਹਿਕਾਈਆ । ਤੇਰੀ ਆਤਮ ਬਿਨ ਤੇਰੇ ਹੋਈ ਰੰਡ, ਕੰਤ ਸੁਹਾਗ ਨਾ ਕੋਇ ਹੰਢਾਈਆ । ਘਰ ਮਿਲੇ ਨਾ ਕੋਈ ਅਨੰਦ,

ਚੰਦ ਦੀਪ ਨਾ ਕੋਇ ਰੁਸ਼ਨਾਈਆ । ਫਿਰੀ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਦੇਣ ਦੁਹਾਈਆ । ਦੱਸ ਕੇ ਗਿਆ ਭੇਵ ਅਨੋਖਾ ਗੁਜਰੀ ਚੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣਾ ਦਰ, ਦਰ ਦਰਵੇਸ਼ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਭੂ ਆਦੇਸ਼, ਆਦਰਸ਼ ਤੇਰਾ ਨਜ਼ਰੀ ਆਈਆ । ਚਰਨ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕਰੋੜ ਤੇਤੀਸਾ ਸੁਰਪਤ ਧੂੜੀ ਖ਼ਾਕ ਰਮਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਰਹੇਂ ਹਮੇਸ਼, ਜਨਮ ਮਰਨ ਆਪਣੀ ਖੇਲ ਰਚਾਈਆ । ਤੇਰਾ ਨਾ ਕੋਈ ਮੁੱਛ ਦਾਹੜੀ ਨਾ ਕੇਸ, ਮੂੰਡ ਮੁੰਡਾਇਆ ਨਜ਼ਰ ਕਿਸੇ ਨਾ ਆਈਆ । ਸਦ ਵਸੇਂ ਅਗੰਮੜੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਤਖ਼ਤ ਨਿਵਾਸੀ ਬਣ ਨਰੇਸ਼, ਦੋ ਜਹਾਨਾਂ ਹੁਕਮ ਚਲਾਈਆ । ਗੁਰ ਅਵਤਾਰ ਪੈਗ਼ੰਬਰ ਭੇਜ, ਪੀਰਾਂ ਕਰੇਂ ਪੜ੍ਹਾਈਆ । ਜੋਤੀ ਜਲਵਾ ਦੇ ਕੇ ਤੇਜ, ਸ਼ਬਦੀ ਨਾਦ ਧੁਨ ਸ਼ਨਵਾਈਆ । ਅੱਖਰਾਂ ਵੱਖਰ ਲਿਖਾਏ ਲੇਖ, ਖਾਣੀ ਬਾਣੀ ਬਾਹਰ ਪੜ੍ਹਾਈਆ । ਮੁਰੀਦ ਮੁਰਸ਼ਦਾਂ ਬਣਾ ਕੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਸਦ ਵਸੇ ਨੇਤਨ ਨੇਤ, ਦੂਰ ਦੁਰਾਡਾ ਆਪਣਾ ਡੇਰਾ ਲਾਈਆ । ਨਿਰਗੁਣ ਹੋ ਕੇ ਲੱਖ ਚੁਰਾਸੀ ਰਿਹਾ ਵੇਖ, ਸਰਗੁਣ ਹੋ ਕੇ ਸਾਚੀ ਕਾਰ ਕਮਾਈਆ । ਜਨ ਭਗਤਾਂ ਦੱਸੇਂ ਆਪਣਾ ਭੇਤ, ਬੰਦ ਕਿਵਾੜੀ ਕੁੰਡਾ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵੇਲਾ ਵਕਤ ਤੇਰਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਧਿਆਨ, ਚਾਕਰ ਬਰਦੇ ਮਸਕੀਨ ਲਗਾਈਆ । ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸਤਿ ਨਿਵਾਸੀ ਇਕ ਅਖਵਾਈਆ । ਜੁਗ ਚੌਕੜੀ ਤੇਰਾ ਪੈਗ਼ਾਮ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਦੂਜਾ ਨਿਰਗੁਣ ਤੇਰਾ ਨਿਜ਼ਾਮ, ਨੌਬਤ ਨਾਮ ਵਜੇ ਬੇਪਰਵਾਹੀਆ । ਦਰ ਬਰਦੇ ਕਰੀਏ ਸਲਾਮ, ਅਲੈਕਮ ਤੇਰੀ ਸਿਫ਼ਤ ਸਾਲਾਹੀਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਵੇਲਾ ਅੰਤਮ ਆਈਆ । ਜੂਠ ਝੂਠ ਹੋਇਆ ਪਰਧਾਨ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਨੌ ਦਵਾਰ ਫਿਰੇ ਸ਼ੈਤਾਨ, ਮਨ ਵਾਸਨਾ ਹੋਏ ਹਲਕਾਈਆ । ਸਾਚਾ ਨਜ਼ਰ ਨਾ ਆਏ ਕਿਸੇ ਇਮਾਮ, ਸਤਿਗੁਰ ਮੇਲ ਨਾ ਕੋਇ ਮਿਲਾਈਆ । ਤੇਰੀ ਸ੍ਰਿਸ਼ਟੀ ਬਿਨ ਤੇਰੀ ਦ੍ਰਿਸ਼ਟੀ ਹੋਈ ਬੇਪਹਿਚਾਨ, ਇਸ਼ਟੀ ਇਸ਼ਟ ਨਾ ਕੋਇ ਸਹਾਈਆ । ਕਰ ਕਿਰਪਾ ਨੌਜਵਾਨ, ਤੁਧ ਬਿਨ ਦੂਜਾ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਗ੍ਰਹਿ ਮੰਦਰ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਚੇ ਭਗਵੰਤ, ਭਗਵਨ ਤੇਰੇ ਹੱਥ ਵਡਿਆਈਆ । ਤੂੰ ਸਾਹਿਬ ਸਵਾਮੀ ਸੱਚਾ ਕੰਤ, ਕਰਨਹਾਰ ਇਕ ਅਖਵਾਈਆ । ਕਲਜੁਗ ਵੇਖ ਜੀਵ ਜੰਤ, ਭਰਮੇ ਭੁੱਲੀ ਸਰਬ ਲੋਕਾਈਆ । ਕੋਈ ਨਾ ਗਾਵੇ ਅੰਤਰ ਮੰਤ, ਮੰਤਵ ਹੱਲ ਨਾ ਕੋਇ ਵਖਾਈਆ । ਕੂੜੀ ਕਿਰਿਆ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਰਾਹ ਤਕਦੇ ਸਵਰਗ ਬਹਿਸ਼ਤ ਜੱਨਤ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਬੋਧ ਅਗਾਧ ਕੋਈ ਨਜ਼ਰ ਨਾ ਆਵੇ ਪੰਡਤ, ਆਤਮ ਬੋਧ ਨਾ ਕੋਇ ਸਮਝਾਈਆ । ਜੋ ਦਿਸੇ ਸੋ ਦਰ ਦਰ ਮੰਗਤ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਵੇਸ ਅਵੱਲਾ, ਨਿਰਗੁਣ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਫਿਰੇਂ ਇਕੱਲਾ, ਜੁਗ ਚੌਕੜੀ ਵੇਸ ਵਟਾਈਆ । ਤੇਰਾ ਖੇਲ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ ।

੪੭੪ ੧੨

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਨਵ ਨੌ ਚਾਰ ਫੜਾਵੇਂ ਪੱਲਾ, ਪੱਲੂ ਆਪਣੇ ਗੰਢ ਪਵਾਈਆ । ਘਟ ਘਟ ਮੰਦਰ ਦੀਪਕ ਤੇਰੀ ਜੋਤ ਬਲਾ, ਗ੍ਰਿਹ ਗ੍ਰਿਹ ਕਰੇ ਰੁਸ਼ਨਾਈਆ । ਨਿਤ ਨਵਿਤ ਅਛਲ ਅਛੱਲਾ, ਵਲਛਲਧਾਰੀ ਆਪਣੀ ਖੇਲ ਰਚਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਮਹਲ ਅਟਲ ਉਚ ਅਗੰਮ ਅਥਾਹ ਇਕੋ ਮੱਲਾ, ਜਿਸ ਦਾ ਮਾਲਕ ਹੋ ਕੇ ਹੁਕਮ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਆਪਣੀ ਧਾਰ ਜਣਾਈਆ । ਨਿਰਵੈਰ ਪੁਰਖ ਪੁਰਖ ਅਕਾਲ, ਅਕਲ ਕਲ ਤੇਰੀ ਵਡਿਆਈਆ । ਸਚ ਸਵਾਮੀ ਦੀਨ ਦਿਆਲ, ਦਿਆਲਤਾ ਤੇਰੀ ਸਭ ਨੂੰ ਭਾਈਆ । ਕਲਜੁਗ ਅੰਤਮ ਆ ਕੇ ਵਕਤ ਸੰਭਾਲ, ਸੰਬਲ ਰੰਗ ਰੰਗਾਈਆ । ਕੂੜੀ ਕਿਰਿਆ ਦੇ ਨਿਕਾਲ, ਲੋਕਮਾਤ ਨਜ਼ਰ ਨਾ ਆਈਆ । ਸਰਗੁਣ ਬਣ ਆਪ ਦਲਾਲ, ਨਿਰਗੁਣ ਸੇਵ ਕਮਾਈਆ । ਜੋਤੀ ਜਲਵਾ ਦੇ ਜਲਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਈ ਅਵਤਾਰ ਕਰਨ ਪ੍ਰਨਾਮ, ਨਮੋ ਨਮੋ ਸੀਸ ਨਿਵਾਈਆ । ਈਸਾ ਮੂਸਾ ਮੁਹੰਮਦ ਕਰੇ ਸਲਾਮ, ਸਯਦਿਆਂ ਵਿਚ ਵਡਿਆਈਆ । ਨਾਨਕ ਗੋਬਿੰਦ ਕਹੇ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਚ ਸਰਨਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਈਆ । ਸਦੀ ਵੀਹਵੀਂ ਕਰ ਪਰਵਾਨ, ਪਰਵਾਨਾ ਤੇਰਾ ਸਾਰੇ ਰਹੇ ਵਖਾਈਆ । ਸ਼ਬਦ ਅਗੰਮੀ ਆ ਮੈਦਾਨ, ਮਰਦ ਮਰਦਾਨਾ ਵੇਸ ਵਟਾਈਆ । ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਆਪਣੀ ਦਏ ਪਹਿਚਾਨ, ਮੁਖ ਨਕਾਬ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਓਟ, ਓੜਕ ਇਕ ਧਿਆਨ ਲਗਾਈਆ । ਤੂੰ ਦਾਤਾ ਮਾਲਕ ਨਿਰਮਲ ਜੋਤ, ਤੇਰਾ ਨੂਰ ਜੋਤ ਰੁਸ਼ਨਾਈਆ । ਤੇਰੇ ਲੱਭਣ ਦੀ ਕਿਸੇ ਕੋਲ ਨਹੀਂ ਸੋਚ, ਸੋਚ ਵਿਚ ਕਦੇ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਹੇ ਲੋਚ, ਲੋਚਾ ਅੰਤਮ ਪੂਰ ਕਰਾਈਆ । ਤੇਰਾ ਭਾਣਾ ਪ੍ਰਭੂ ਕੋਈ ਨਾ ਸਕੇ ਰੋਕ, ਰੁਕਾਵਟ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕੱਢ ਖੋਟ, ਸਚ ਸੁੱਚ ਸਤਿ ਸਮਾਈਆ । ਸ਼ਬਦ ਨਗਾਰੇ ਪੰਜ ਤਤ ਲਗਾ ਚੋਟ, ਸੋਈ ਸੁਰਤ ਦਏ ਉਠਾਈਆ । ਪੜਦਾ ਚੁੱਕੇ ਚੌਦਾਂ ਲੋਕ, ਪਰਲੋਕ ਦਰ ਦਰ ਨਜ਼ਰੀ ਆਈਆ । ਆਤਮ ਪਰਮਾਤਮ ਦੱਸ ਸਲੋਕ, ਸੋਹਲਾ ਸਚ ਸੁਣਾਈਆ । ਘਰ ਸਵਾਮੀ ਵੇਖ ਚੋਜ, ਚੋਜੀ ਪ੍ਰੀਤਮ ਹੋ ਕੇ ਲਏ ਮਿਲਾਈਆ । ਝਗੜਾ ਚੁੱਕੇ ਵਰਨ ਗੋਤ, ਦੀਨ ਮਜ਼੍ਹਬ ਸਾਚਾ ਧਰਮ ਇਕੋ ਤੂੰ ਹੀ ਨਜ਼ਰੀ ਆਈਆ । ਭਾਗ ਲਗਾਉਣਾ ਕਾਇਆ ਕੱਪੜ ਕੋਟ, ਕੋਟਨ ਕੋਟ ਸਹਿੰਸੇ ਦੇਣੇ ਮਿਟਾਈਆ । ਕਲਜੁਗ ਜੀਵ ਆਲ੍ਹਣਿਉਂ ਡਿਗੇ ਬੋਟ, ਤੁਧ ਬਿਨ ਅੰਤ ਨਾ ਕੋਇ ਉਠਾਈਆ । ਇਕੋ ਤੇਰੇ ਹੱਥ ਪਹੁੰਚ, ਜੋ ਪਤਤ ਪਾਪੀ ਪੁਨੀਤ ਕਰਕੇ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਹਰਿ ਹਰਿ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਕਲਜੁਗ ਮਿੱਠਾ ਰਸ ਹੋਇਆ ਕੌੜ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਤੇਰੇ ਮਿਲਣ ਦਾ ਸਾਚਾ ਕੋਈ ਨਾ ਕਰੇ ਗ਼ੌਰ, ਗ਼ੈਰਤ ਛੱਡੀ ਸਰਬ ਲੋਕਾਈਆ । ਮਨ ਵਾਸਨਾ ਰਹੇ ਦੌੜ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਉਚੀ ਕੂਕਣ ਪਾਵਣ ਸ਼ੋਰ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਤੇਰਾ ਫੁਰਨਾ ਸਮਝੇ ਕੋਈ ਨਾ ਫੋਰ, ਪੜਦਾ ਦੂਈ ਨਾ ਕੋਇ ਉਠਾਈਆ । ਸਦੀ ਚੌਧਵੀਂ ਪੀਰ ਪੈਗ਼ੰਬਰ ਕਹਿਣ ਤੇਰੀ ਲੋੜ, ਈਸਾ ਮੂਸਾ ਮੁਹੰਮਦ

ਧਿਆਨ ਲਗਾਈਆ । ਮਕਬਰਿਆਂ ਵਿਚੋਂ ਹੋਕਾ ਦੇਵੇ ਗੋਰ, ਗੋਰ ਵਿਚੋਂ ਹੋਰ ਤੂਹੀ ਤੂਹੀ ਰਾਗ ਅਲਾਈਆ । ਕਿਸੇ ਕੰਮ ਨਾ ਆਉਣੇ ਕੂੜੇ ਜਗਤ ਮਜ਼ੋਰ, ਮਜਲਸ ਮਿਲੇ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਨਾਥ ਦਇਆ ਕਮਾਈਆ । ਦੀਨਾਂ ਨਾਥ ਆ ਦੀਨਣ, ਦਿਆਲ ਤੇਰੀ ਸਰਨਾਈਆ । ਜਨ ਭਗਤ ਕੁਰਲਾਵਣ ਦਰ ਮਸਕੀਨਣ, ਨੇਤਰ ਨੈਣਾਂ ਨੀਰ ਵਹਾਈਆ । ਦਰ ਬਰਦੇ ਹੋਏ ਅਧੀਨਣ, ਛੁੱਟੀ ਮਾਣ ਵਡਿਆਈਆ । ਅੰਤਰ ਆਤਮ ਤੇਰਾ ਨਾਮ ਚੀਨਣ, ਚਿੰਤਾ ਰੋਗ ਗਵਾਈਆ । ਤੇਰਾ ਮਾਰਗ ਸਦਾ ਮਹੀਨਣ, ਬਾਰੀਕ ਧਾਰ ਦਏ ਸਮਝਾਈਆ । ਲੇਖਾ ਛੁਟੇ ਲੋਕ ਤੀਨਣ, ਤ੍ਰਿਲੋਕੀ ਨਾਥ ਕੋਟਨ ਬੈਠੇ ਸੀਸ ਨਿਵਾਈਆ । ਤੂੰ ਸਾਹਿਬ ਸੁਲਤਾਨ ਸ਼ਹਿਨਸ਼ਾਹ ਵਡ ਸ਼ੌਕੀਨਣ, ਵਾਲੀ ਦੋ ਜਹਾਨ ਅਖਵਾਈਆ । ਕੋਈ ਮਿਸਾਲ ਨਾ ਦੇਵੇ ਜਲ ਮੀਨਨ, ਤੇਰਾ ਬਿਰਹੋਂ ਰੋਗ ਨਜ਼ਰ ਕਿਸੇ ਨਾ ਆਈਆ । ਤੇਰਾ ਲੇਖਾ ਨਰ ਮਦੀਨਣ, ਮਰਦ ਮਰਦਾਨੇ ਤੇਰੀ ਵਡ ਵਡਿਆਈਆ । ਤੇਰਾ ਰੰਗ ਅਗੰਮੜਾ ਭੀਨਨ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦਏ ਖਪਾਈਆ । ਕਲਜੁਗ ਕੂੜੀ ਕਿਰਿਆ ਦਏ ਖਪਾ, ਖ਼ਾਲਕ ਖ਼ਲਕ ਵੇਖ ਵਖਾਈਆ । ਨੇਤਰ ਲੋਚਣ ਖੋਲ੍ਹ ਵੇਖ ਅੱਖਾਂ, ਆਖ਼ਰ ਮੰਜ਼ਲ ਪੰਧ ਮੁਕਾਈਆ । ਸੱਜਣ ਸੈਣ ਕੋਈ ਨਾ ਰਿਹਾ ਸਖ਼ਾ, ਪਿਤਾ ਪੂਤ ਝਗੜਾ ਕਰੇ ਲੜਾਈਆ । ਗੁਰਮਤ ਰਹੀ ਕੋਈ ਨਾ ਮੱਤਾ, ਮਨਮਤ ਬੈਠੀ ਡੇਰਾ ਲਾਈਆ । ਧੀਰਜ ਮੁੱਕਿਆ ਸਭ ਦਾ ਜਤਾ, ਸਾਧ ਸੰਤ ਕਲਜੁਗ ਧੀਆਂ ਭੈਣਾਂ ਰਹੇ ਤਕਾਈਆ । ਕੂੜੀ ਕਿਰਿਆ ਵੇਖ ਬਾਜ਼ੀਗਰ ਨਟਾ, ਸ਼ਾਹ ਸੁਲਤਾਨਾਂ ਘਰ ਨਾਚ ਨਚਾਈਆ । ਭੇਵ ਚੁੱਕੇ ਨਾ ਤੱਤਾਂ ਅੱਠਾਂ, ਮਨ ਮਤ ਬੁਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਸਮਝ ਨਾ ਸਕੇ ਕੋਇ ਸਮਝਾਈਆ । ਜਗਤ ਸ਼ੈਤਾਨ ਨੌਂ ਦਵਾਰੇ ਫਿਰੇ ਨੱਠਾ, ਭੱਜੇ ਬਣ ਕੇ ਪਾਂਧੀ ਰਾਹੀਆ । ਤੇਰੇ ਦਵਾਰੇ ਸੱਥਰ ਕਿਸੇ ਨਾ ਘੱਤਾ, ਬਿਨ ਗੋਬਿੰਦ ਸੰਦੇਸ਼ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖਣਾ ਚਾਰੋਂ ਕੁੰਟ, ਲੋਕਮਾਤ ਧਿਆਨ ਲਗਾਈਆ । ਕਿਰਪਾ ਕਰ ਨਾਥ ਬੈਕੁੰਠ, ਸਚਖੰਡ ਨਿਵਾਸੀ ਤੇਰੀ ਬੇਪਰਵਾਹੀਆ । ਮਮਤਾ ਮੋਹ ਚਾਰ ਕੁੰਟ, ਦਹਿ ਦਿਸ਼ਾ ਹੋਈ ਹਲਕਾਈਆ । ਝਗੜਾ ਪਿਆ ਜੰਜੂ ਬੋਧੀ ਸੁਨਤ, ਸਾਖਿਆਤ ਸਤਿ ਸਰੂਪ ਗੁਰਮੁਖ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚੀ ਕਰ ਉਨਤ, ਬਣਤ ਆਪਣੀ ਦਏ ਸਮਝਾਈਆ । ਸੀਸ ਮੁੰਡਾਏ ਨਾ ਕੋਈ ਸੁਨਤ, ਚੋਟੀ ਸਕੇ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਬਣ ਕੇ ਆਪਣਾ ਫੇਰਾ ਪਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਤਿਗੁਰ, ਸੋਈ ਸੁਰਤੀ ਦੇ ਜਗਾਈਆ । ਤੇਰਾ ਲਹਿਣਾ ਦੇਣਾ ਕਲਜੁਗ ਅੰਤਮ ਧੁਰ, ਧੁਰ ਮਸਤਕ ਵੇਖ ਵਖਾਈਆ । ਕਿਉਂ ਸਚਖੰਡ ਦਵਾਰੇ ਬੈਠਾ ਲੁਕ, ਪੜਦਾ ਓਹਲਾ ਇਕ ਰਖਾਈਆ । ਸਦੀ ਚੌਧਵੀਂ ਪੀਰ ਪੈਗ਼ੰਬਰਾਂ ਪੈਂਡਾ ਰਿਹਾ ਮੁਕ, ਅੱਗੇ ਮੰਜ਼ਲ ਰਾਹ ਨਾ ਕੋਇ ਤਕਾਈਆ । ਹਉਂ ਬਾਲੇ ਨੱਢੇ ਤੇਰੇ ਪੁੱਤ, ਅੰਤਮ ਤੇਰੀ ਗੋਦੀ ਬਹਿ ਬਹਿ ਖ਼ੁਸ਼ੀ ਮਨਾਈਆ । ਲੋਕਮਾਤ ਮਾਰ ਝਾਤ, ਨਿਰਗੁਣ ਧਾਰੋਂ ਆਪੇ ਉਠ, ਸੂਰਬੀਰ ਹੋ ਕੇ ਖੇਲ ਕਰਾਈਆ । ਕਿਰਪਾ ਨਿਧਾਨ ਹੋ ਕੇ ਜਾਣਾ ਤੁਠ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਆਪਣਿਆਂ ਭਗਤਾਂ ਲੈਣਾ ਪੁਛ, ਸਾਚੇ ਸੰਤਾਂ ਲੈਣਾ ਜਗਾਈਆ । ਜੋ ਅੰਦਰੇ ਅੰਦਰ ਤੈਨੂੰ ਰਹੇ ਝੁਕ, ਬਿਨ ਸੀਸੋਂ ਸੀਸ ਨਿਵਾਈਆ ।


੪੭੫ ੧੨

ਉਹ ਗੋਬਿੰਦ ਦੇ ਲਾਡਲੇ ਪੁੱਤ, ਤੇਰੇ ਪੋਤਰੇ ਰੂਪ ਵਟਾਈਆ । ਲੇਖਾ ਚੁਕਾਉਣਾ ਜਨਨੀ ਕੁੱਖ, ਮਾਤ ਗਰਭ ਹੋਣਾ ਸਹਾਈਆ । ਲੱਖ ਚੁਰਾਸੀ ਉਨ੍ਹਾਂ ਜਾਵੇ ਛੁੱਟ, ਜੋ ਤੇਰਾ ਨਾਮ ਧਿਆਈਆ । ਕੂੜੀ ਕਿਰਿਆ ਜੜ੍ਹ ਦੇਣੀ ਪੁੱਟ, ਬੂਟਾ ਸਚ ਸਤਿ ਦੇਣਾ ਲਗਾਈਆ । ਸਤਿਜੁਗ ਮੌਲੇ ਤੇਰੀ ਰੁੱਤ, ਬਸੰਤ ਇਕੋ ਇਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦੇਣਾ ਸਮਝਾਈਆ । ਸੋਹਣੀ ਮੌਲੇ ਸੁਹੰਜਣੀ ਰੁੱਤ, ਰੁਤੜੀ ਤੇਰੇ ਨਾਲ ਮਹਿਕਾਈਆ । ਜਿਨ੍ਹਾਂ ਪਿਛੇ ਗੋਬਿੰਦ ਨੀਹਾਂ ਹੇਠਾਂ ਦਿਤੇ ਪੁੱਤ, ਸੋ ਗੁਰਸਿਖ ਪੋਤਰੇ ਤੇਰਾ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵਾਨ ਬਣਾ ਕੇ ਸੁੱਤ ਆਪਣੀ ਗੋਦੀ ਲਏ ਚੁੱਕ, ਦੂਜੇ ਹੱਥ ਨਾ ਕਿਸੇ ਫੜਾਈਆ । ਉਹਨਾਂ ਦਾ ਏਥੇ ਉਥੇ ਦੋ ਜਹਾਨਾਂ ਪੈਂਡਾ ਜਾਏ ਮੁੱਕ, ਪਾਂਧੀ ਬਣ ਨਾ ਫੇਰਾ ਪਾਈਆ । ਰਾਏ ਧਰਮ ਨਾ ਟੰਗੇ ਪੁੱਠ, ਚਿਤ੍ਰਗੁਪਤ ਨਾ ਲਏ ਪੁੱਛ, ਲਾੜੀ ਮੌਤ ਨਾ ਕੋਇ ਪਰਨਾਈਆ । ਉਨ੍ਹਾਂ ਦੇ ਹਿਰਦੇ ਦੇ ਦੇ ਸਚ ਸੁੱਚ, ਜਗਤ ਮਾਇਆ ਕੋਲੋਂ ਖ਼ਾਲੀ, ਕੋਲ ਨਹੀਂ ਕੁਛ, ਕੁਸ਼ਤਾ ਆਪਣਾ ਨਾਮ ਦੇਣਾ ਝੋਲੀ ਪਾਈਆ । ਜੇ ਮੂਰਖ ਹੋ ਕੇ ਤੈਥੋਂ ਗਏ ਰੁਠ, ਫੜ ਬਾਹੋਂ ਲੈਣਾ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੱਸਦੇ, ਹੱਸ ਹੱਸ ਖ਼ੁਸ਼ੀ ਮਨਾਈਆ । ਪ੍ਰਭ ਚਰਨ ਕਵਲ ਸਰਨਾਈ ਵਸਦੇ, ਮੰਦਰ ਸੋਹਣੇ ਮਿਲੀ ਵਡਿਆਈਆ । ਕਲਜੁਗ ਅੰਤਮ ਆਸ ਇਕੋ ਤਕਦੇ, ਤੇਰੀ ਓਟ ਜਣਾਈਆ । ਖੋਲ੍ਹ ਭੰਡਾਰੇ ਨਾਮ ਸਚ ਦੇ, ਸਤਿ ਦਏ ਵਰਤਾਈਆ । ਜੋ ਤ੍ਰੈਗੁਣ ਮਾਇਆ ਅਗਨੀ ਵਿਚ ਤਪਦੇ, ਗੁਰਮੁਖ ਵਿਰਲੇ ਰਹੇ ਮਨਾਈਆ । ਜੋ ਤੇਰਾ ਨਾਮ ਅੰਤਰ ਅੰਤਰ ਰਟਦੇ, ਰੱਟੇ ਦੇਣੇ ਜਗਤ ਮੁਕਾਈਆ । ਜੋ ਓਟ ਤੇਰੀ ਤੱਕਦੇ, ਆਸਰਾ ਇਕ ਸਰਨਾਈਆ । ਉਹ ਤੇਰੇ ਨਾਮ ਨਿਰਾਲੇ ਤੀਰ ਨਾਲ ਫਟਦੇ, ਪੱਟੀ ਦੇਣੀ ਨਾਮ ਬੰਨ੍ਹਾਈਆ । ਤੇਰਾ ਰਸ ਅੰਮਿਉਂ ਇਕੋ ਚਟਦੇ, ਨੌਂ ਰਸ ਨੌਂ ਦਵਾਰੇ ਬੈਠੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਚੁਕਾਈਆ । ਧੁਰ ਦਾ ਲੇਖਾ ਚੁਕਾਣਾ ਬਣ ਕੇ ਮਾਲਕ, ਮਤਲਬ ਸਭ ਦਾ ਹਲ ਕਰਾਈਆ । ਕਲਜੁਗ ਅੰਤਮ ਬਣ ਕੇ ਸਾਲਸ, ਫ਼ੈਸਲਾ ਹਕ ਦੇਣਾ ਸੁਣਾਈਆ । ਚਾਰ ਵਰਨਾਂ ਵਿਚੋਂ ਗੁਰਮੁਖ ਲੱਭ ਕੇ ਖਾਲਸ, ਖ਼ਾਲਸਾ ਆਪਣਾ ਲੈਣਾ ਪਰਗਟਾਈਆ । ਜਿਸ ਨੂੰ ਇਕੋ ਤੇਰੇ ਮਿਲਣ ਦੀ ਲਾਲਸ, ਦੂਜਾ ਲਾਲਚ ਨਾ ਕੋਇ ਰਖਾਈਆ । ਉਨ੍ਹਾਂ ਦੀ ਗੁਰੂ ਗੋਬਿੰਦ ਦੇ ਕੇ ਗਿਆ ਜ਼ਮਾਨਤ, ਸ਼ਬਦ ਵਿਚੋਲਾ ਹੋ ਕੇ ਲੈਣਾ ਛੁਡਾਈਆ । ਪ੍ਰਭ ਠਾਕਰ ਤੇਰੀ ਅਮਾਨਤ, ਘਰ ਠਾਂਡੇ ਦਿਤੀ ਟਿਕਾਈਆ । ਸੋ ਆਦਿ ਜੁਗਾਦਿ ਰੱਖਣੇ ਸਹੀ ਸਲਾਮਤ, ਸਹਿਮ ਚਿੰਤਾ ਰੋਗ ਨੇੜ ਕੋਇ ਨਾ ਆਈਆ । ਜਿਸ ਘਰ ਦਵਾਰੇ ਤੇਰੀ ਹੋਵੇ ਆਮਦ, ਸੋ ਮੰਦਰ ਮਹਲ ਅਟਲ ਸੋਭਾ ਪਾਈਆ । ਪਿਛਲੀ ਆਦਤ ਛੱਡ ਪ੍ਰਭੂ ਕਰਾਉਣੀ ਖ਼ੁਸ਼ਾਮਦ, ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਲੈਣਾ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਇਕੋ ਇਕ ਅਖਵਾਈਆ । ਮਾਰਗ ਇਕ ਵਖਾਣਾ ਜਗ, ਜਗ ਜੀਵਣ ਦਾਤੇ ਤੇਰੀ ਸਰਨਾਈਆ । ਬਿਨ ਮੱਕੇ ਕਾਅਬਿਉਂ ਕਰਾਣਾ ਹੱਜ, ਘਰ ਹੁਜਰਾ ਇਕ ਵਡਿਆਈਆ । ਬਿਨ ਮੰਦਰ ਮਸਜਿਦ ਸ਼ਿਵਦਵਾਲਿਉਂ ਸੁਹਾਣਾ ਸਾਚਾ ਮੱਠ, ਸਾਢੇ ਤਿੰਨ ਹੱਥ ਡੇਰਾ ਲਾਈਆ । ਨਿਰਗੁਣ ਜੋਤ ਕਰ ਪਰਗਟ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਅਨਹਦ ਨਾਮ ਅਗੰਮੀ ਵੱਜੇ ਸੱਟ, ਧੁਨ ਆਤਮਕ ਰਾਗ ਅਲਾਈਆ । ਅੰਮ੍ਰਿਤ ਆਤਮ ਆਪਣਾ ਝੱਟ, ਸਰੋਵਰ ਇਕੋ

੪੭੬
੧੨

੪੧੧

ਇਕ ਪਰਗਟਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਨਾਮ ਭੰਡਾਰਾ ਝੋਲੀ ਪਾਈਆ । ਸ੍ਰਿਸ਼ਟ ਸਬਾਈ ਦੇ ਕੇ ਮਤ, ਗੁਰਮਤ ਇਕੋ ਇਕ ਜਣਾਈਆ । ਤੀਜਾ ਨੇਤਰ ਖੋਲ੍ਹ ਕੇ ਅੱਖ, ਆਖ਼ਿਰ ਆਪਣਾ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮਿਲਾਉਣਾ ਕਰ ਕੇ ਕਿਰਪਾ, ਕਿਰਪਾ ਨਿਧ ਤੇਰੀ ਵਡਿਆਈਆ । ਕਲਜੁਗ ਦੂਰ ਕਰਾਉਣੀ ਬਿਪਤਾ, ਬਿਪਰ ਸਕੇ ਨਾ ਕੋਇ ਸਤਾਈਆ । ਧੰਨ ਵਡਿਆਈ ਸਤਿਗੁਰ ਨਾਨਕ ਜਨਣੀ ਸੋਭਾ ਪਾਏ ਤ੍ਰਿਪਤਾ, ਜਿਸ ਤ੍ਰਿਪਤ ਕੀਤੀ ਲੋਕਾਈਆ । ਜਿਸ ਦੀ ਆਦਿ ਜੁਗਾਦੀ ਇਕੋ ਸਿਖਤਾ, ਸਿਖਿਆ ਸਚ ਗਿਆ ਸਮਝਾਈਆ । ਜਿਸ ਦਾ ਵਾਕ ਅਨੋਖਾ ਭਵਿਖਤਾ, ਨਿਹਕਲੰਕ ਵਡ ਵਡਿਆਈਆ । ਜਿਸ ਦਾ ਪੁਰਖ ਅਕਾਲ ਇਸ਼ਟਾ, ਦ੍ਰਿਸ਼ਟ ਸਭ ਦੀ ਰਿਹਾ ਖੁਲ੍ਹਾਈਆ । ਲੇਖਾ ਚੁਕਾ ਕੇ ਸਵਰਗ ਬਹਿਸ਼ਤਾ, ਸਚਖੰਡ ਸੱਚਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰ ਅਵਤਾਰ ਮੰਗਣ ਚਾਈਂ ਚਾਈਆਂ । ਚਾਈਂ ਚਾਈਂ ਮੰਗਣ ਮਾਂਗਤ, ਝੋਲੀ ਆਪਣੀ ਅੱਗੇ ਡਾਹੀਆ । ਚਾਰ ਵਰਨ ਬਣਾਉਣੇ ਪ੍ਰਭੂ ਸੰਗਤ, ਹਰਿ ਸੰਗਤ ਰੂਪ ਵਟਾਈਆ । ਨਿਰਗੁਣ ਹੋ ਕੇ ਲਾਉਣਾ ਅੰਗਤ, ਅੰਗੀਕਾਰ ਆਪ ਹੋ ਜਾਈਆ । ਨਾਮ ਦ੍ਰਿੜਾਉਣਾ ਬਣ ਕੇ ਪੰਡਤ, ਬੋਧ ਅਗਾਧ ਸਮਝਾਈਆ । ਰੂਪ ਵਖਾਉਣਾ ਇਕ ਅਖੰਡਤ, ਖੰਡ ਖੰਡ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕਰਨ ਅਰਦਾਸਾ, ਅਦਲ ਅਦਾਲਤ ਵੇਖ ਵਖਾਈਆ । ਤੇਰੇ ਉਤੇ ਸਚ ਭਰਵਾਸਾ, ਭਰਮ ਭਉ ਨਾ ਕੋਇ ਜਣਾਈਆ । ਤੂੰ ਮਾਲਕ ਰਸਨ ਸਵਾਸਾ, ਪਵਣਾਂ ਵਿਚ ਸਮਾਈਆ । ਤੇਰੇ ਦਰ ਤੇ ਕੋਈ ਨਾ ਰਹੇ ਨਿਰਾਸਾ, ਨਿਰ ਇੱਛਕ ਝੋਲੀ ਲਏ ਭਰਾਈਆ । ਗੁਰ ਅਵਤਾਰ ਤੇਰੀ ਸ਼ਾਖ਼ਾ, ਪੀਰ ਪੈਗ਼ੰਬਰ ਟਹਿਣੀ ਪੱਤ ਰਹੇ ਮਹਿਕਾਈਆ । ਤੇਰਾ ਵੇਖਣਾ ਖੇਲ ਪ੍ਰਿਥਮੀ ਆਕਾਸਾ, ਗਗਨ ਮੰਡਲ ਤੂ ਹੀ ਸੋਭਾ ਪਾਈਆ । ਤੇਰਾ ਨੂਰੀ ਜੋਤ ਸਚ ਪਰਕਾਸ਼ਾ, ਦੋ ਜਹਾਨ ਕਰੇ ਰੁਸ਼ਨਾਈਆ । ਤੇਰਾ ਗੋਪੀ ਕਾਹਨ ਮਿਲ ਕੇ ਪਾਉਣ ਰਾਸਾ, ਸਖ਼ੀਆਂ ਮਿਲ ਕੇ ਮੰਗਲ ਗਾਈਆ । ਤੇਰਾ ਨਾਮ ਨਿਧਾਨ ਅਗੰਮੀ ਵਾਜਾ, ਵਜ਼ਾਹਤ ਨਾਲ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੱਸਣਾ ਇਕ ਸਮਾਜਾ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਸਚ ਸਮਾਜ, ਸਮਗਰੀ ਤੇਰੀ ਨਜ਼ਰੀ ਆਈਆ । ਜਿਸ ਬਿਧ ਰਚਨਾ ਰਚੀ ਆਦਿ, ਮਧ ਆਪਣੀ ਖੇਲ ਖਿਲਾਈਆ । ਸਚਖੰਡ ਦਵਾਰੇ ਕਰੇਂ ਰਾਜ, ਥਿਰ ਘਰ ਸ਼ਬਦੀ ਸੁਤ ਉਠਾਈਆ । ਬ੍ਰਹਿਮੰਡ ਖੰਡ ਲਏਂ ਸਾਜ, ਪੁਰੀ ਲੋਅ ਆਕਾਸ਼ ਪਾਤਾਲ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇਂ ਦਾਤ, ਤ੍ਰੈਗੁਣ ਮਾਇਆ ਖੇਲ ਖਿਲਾਈਆ । ਪੰਜ ਤਤ ਸਵਾਰੇ ਕਾਜ, ਲੱਖ ਚੁਰਾਸੀ ਘਾੜਤ ਲਈਂ ਘੜਾਈਆ । ਆਤਮ ਪਰਮਾਤਮ ਦੇ ਸੁਗਾਤ, ਘਟ ਘਟ ਆਪਣਾ ਰੂਪ ਸਮਾਈਆ । ਪਾਰਬ੍ਰਹਮ ਬ੍ਰਹਮ ਧਾਰ ਪਰਗਟਾ ਆਪਣੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਆਪਣੀ ਇਛਿਆ ਮਾਰ ਆਵਾਜ਼, ਸ਼ਬਦ ਨਾਦੀ ਨਾਦ ਸੁਣਾਈਆ । ਤੱਕ ਖੇਲ ਆਪ ਤਮਾਸ਼, ਵੇਖਣਹਾਰਾ ਚਾਈਂ ਚਾਈਆਂ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇ ਅੰਦਰ ਨਿਵਾਜ਼, ਨਿਵਾਜ਼ਿਸ਼ ਵਿਚ ਦਿਤੀ ਵਡਿਆਈਆ । ਅੰਡਜ ਜੇਰਜ ਉਤਭੁਜ ਸੇਤਜ ਪਰਾ ਪਸੰਤੀ ਮਧਮ ਬੈਖਰੀ ਸੁਣਾ ਕੇ ਰਾਗ, ਰਾਗਨੀਆਂ ਨਾਲ

ਦਿਤਾ ਪਰਚਾਈਆ । ਦਿਵਸ ਰੈਣ ਘੜੀ ਪਲ ਵੰਡ ਵਡਾ ਚਲਾਇਆ ਜਹਾਜ਼, ਬਰਖ ਮਾਸ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਵਾਰਸ ਬਣ ਕੇ ਹੋਣਾ ਸਹਾਈਆ । ਕਲਜੁਗ ਅੰਤਮ ਬਣ ਵਾਰਸ, ਗੁਰ ਅਵਤਾਰ ਪੀਰ ਪੈਗੰਬਰ ਰਹੇ ਸੁਣਾਈਆ । ਸਾਡੀ ਪਿਛਲੀ ਲਿਖੀ ਵੇਖ ਇਬਾਰਤ, ਜੋ ਕਾਗ਼ਜ਼ ਦੇਣ ਗਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਸਿਫ਼ਾਰਸ਼, ਗੁਰਮੁਖ ਗੁਰਸਿਖ ਤੇਰੇ ਨਾਲ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਕਰਾਉਂਦੇ ਰਹੇ ਤੁਆਰਫ਼, ਤਾਰੀਫ਼ ਵਿਚ ਸ਼ਨਵਾਈਆ । ਕਲਜੁਗ ਅੰਤਮ ਸਾਰੇ ਕਰ ਗਏ ਬਗ਼ਾਵਤ, ਘਰ ਘਰ ਪਏ ਲੜਾਈਆ । ਦੀਨ ਮਜ਼੍ਹਬ ਕਰਨ ਅਦਾਵਤ, ਝਗੜੇ ਵਿਚ ਲੋਕਾਈਆ । ਬਿਨ ਪਰਵਰਦਿਗਾਰ ਸਾਂਝੇ ਯਾਰ ਕੋਈ ਨਾ ਕਰੇ ਸਖ਼ਾਵਤ, ਰਹਿਮਤ ਨਾਮ ਨਾ ਕੋਇ ਵਰਤਾਈਆ । ਸਾਚੀ ਭੁੱਲੀ ਸਰਬ ਇਬਾਦਤ, ਅਮਲ ਵਿਚ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਮੁਕਾਉਂਣਾ ਥਾਉਂ ਥਾਈਆ । ਲੇਖ ਮੁਕਾ ਪ੍ਰਭ ਥਾਨ ਥਨੰਤਰ, ਚਾਰੋਂ ਕੁੰਟ ਰਹੀ ਕੁਰਲਾਈਆ । ਕਲਜੁਗ ਕੂੜੀ ਲੱਗੀ ਬਸੰਤਰ, ਤੁਧ ਬਿਨ ਸਕੇ ਨਾ ਕੋਇ ਬੁਝਾਈਆ । ਜੀਵਾਂ ਜੰਤਾਂ ਭੁੱਲਿਆ ਧੁਰ ਦਾ ਮੰਤਰ, ਸਤਿਗੁਰ ਚਰਨ ਧਿਆਨ ਨਾ ਕੋਇ ਰਖਾਈਆ । ਸੁਰਤੀ ਸ਼ਬਦ ਨਾ ਜੁੜੇ ਅੰਤਰ, ਬਾਹਰੋਂ ਪੜ੍ਹ ਪੜ੍ਹ ਗਏ ਸੁਣਾਈਆ । ਵੇਖੇ ਕੋਈ ਨਾ ਤੇਰੀ ਮੰਜ਼ਲ, ਥੱਕੇ ਮਾਂਦੇ ਪਾਂਧੀ ਰਾਹੀਆ । ਸਭ ਦੇ ਸਿਰ ਤੇ ਕੂਕੇ ਅਜ਼ਲ, ਕਲਜੁਗ ਡੌਰੂ ਡੰਕ ਰਿਹਾ ਵਜਾਈਆ । ਸਤਿ ਧਰਮ ਦਾ ਹੋਇਆ ਕਤਲ, ਝੂਠ ਝੂਠ ਮਜਲਸ ਇਕ ਵਖਾਈਆ । ਕਰ ਕਿਰਪਾ ਜਗਤ ਰੀਤੀ ਨੀਤੀ ਦੇ ਬਦਲ, ਬਦਲਾ ਆਪਣੇ ਹੱਥ ਰਖਾਈਆ । ਏਥੇ ਓਥੇ ਦੋ ਜਹਾਨਾਂ ਤੇਰਾ ਅਦਲ, ਅਦਾਲਤ ਇਕੋ ਨਜ਼ਰੀ ਆਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਕੂੜਾ ਪਾਇਆ ਗ਼ਦਰ, ਸੱਧਰ ਸਚ ਪੂਰ ਨਾ ਕੋਇ ਕਰਾਈਆ । ਤੇਰੇ ਸੰਤਾਂ ਮਿਲੇ ਨਾ ਕੋਈ ਆਦਰ, ਅਦਮ ਤਸ਼ੱਦਦ ਵਿਚ ਦਿਵਸ ਰੈਣ ਲੜਾਈਆ । ਪਰਮ ਪੁਰਖ ਪਰਮਾਤਮ ਸਦੀ ਚੌਧਵੀਂ ਪਹਿਲਾਂ ਚੁੱਕ ਆਪਣਾ ਕਦਮ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦੇ ਮੁਕਾਈਆ । ਸਭ ਦਾ ਦੱਸ ਪ੍ਰਭ ਜੂ ਲੇਖਾ, ਬਿਨ ਲਿਖਿਆਂ ਦਏ ਸਮਝਾਈਆ । ਕੂੜੀ ਕਿਰਿਆ ਮਿਟੇ ਭੁਲੇਖਾ, ਭਾਂਡਾ ਭਰਮ ਭੰਨਾਈਆ । ਨਜ਼ਰੀ ਆਏ ਇਕ ਨਰੇਸ਼ਾ, ਜੋ ਨਿਰਗੁਣ ਨਾਨਕ ਗਿਆ ਦ੍ਰਿੜਾਈਆ । ਜਿਸ ਨੂੰ ਗੁਰ ਗੋਬਿੰਦ ਦਿਤਾ ਸੰਦੇਸ਼ਾ, ਮਾਛੂਵਾੜੇ ਸੇਜ ਸੁਹਾਈਆ । ਸੋ ਸਭ ਦਾ ਕਰਨਹਾਰਾ ਏਕਾ, ਏਕੰਕਾਰ ਇਕੋ ਧਾਰ ਚਲਾਈਆ । ਸ੍ਰਿਸ਼ਟ ਸਬਾਈ ਦੇਵੇ ਟੇਕਾ, ਟਿੱਕਾ ਮਸਤਕ ਦੇਵੇ ਨਾਮ ਲਗਾਈਆ । ਗੁਰਮੁਖਾਂ ਕਰੇ ਬੁਧ ਬਿਬੇਕਾ, ਦੁਰਮਤ ਮੈਲ ਧੁਆਈਆ । ਪ੍ਰਭ ਮਿਲਣ ਦਾ ਸੱਚਾ ਪੇਸ਼ਾ, ਪਿਛਲੀ ਪੇਸ਼ੀਨਗੋਈ ਦਏ ਦ੍ਰਿੜਾਈਆ । ਜੋ ਆਦਿ ਜੁਗਾਦਿ ਸਵਾਮੀ ਰਹੇ ਹਮੇਸ਼ਾ, ਹਉਮੇ ਦਏ ਮਿਟਾਈਆ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਵਿਸ਼ਨ ਬ੍ਰਹਮਾ ਗਨੇਸ਼ ਮਹੇਸ਼ਾ, ਸ਼ਿਵ ਸ਼ੰਕਰ ਜਟਾ ਜੂਟ ਧਾਰ ਬੈਠੇ ਸੀਸ ਨਿਵਾਈਆ । ਸੋ ਕਲਜੁਗ ਅੰਤਮ ਕਲ ਕਲਕੀ ਹੋ ਕੇ ਖੇਡੇ ਖੇਡਾਂ, ਨਿਹਕਲੰਕੀ ਨਾਉਂ ਧਰਾਈਆ । ਜਿਸ ਦਾ ਸੰਬਲ ਅਗੰਮੀ ਦੇਸਾ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਦਾ ਜੋਤ ਸਰੂਪ ਅਗੰਮੀ ਭੇਖਾ, ਪੰਜ ਤਤ ਬੰਦ ਨਾ ਕੋਇ ਕਰਾਈਆ । ਜਿਸ ਵਡਿਆਈ ਦਿਤੀ ਦਸ ਦਸਮੇਸਾ, ਦਹਿ ਦਿਸ਼ਾ ਪੁਰਖ ਅਕਾਲ ਨਾਲ ਮਿਲਾਈਆ । ਸੋ ਹਰ ਘਟ ਅੰਦਰ ਵੜ ਕੇ ਮੰਦਰ ਚੜ੍ਹ ਕੇ ਦਸਮ ਦਵਾਰੀ ਦਏ ਨਾਮ ਸੰਦੇਸ਼ਾ, ਸਚ ਖ਼ੁਮਾਰੀ ਇਕ

੪੭੮ ੧੨

ਵਖਾਈਆ । ਲਹਿਣਾ ਦੇਣਾ ਚੁਕਾਏ ਮੁਸਾਇਕ ਮੁੱਲਾ ਸ਼ੇਖ਼ਾ, ਸ਼ੇਖ਼ੀ ਸਭ ਦੀ ਦਏ ਗਵਾਈਆ । ਦੋ ਜਹਾਨ ਨਜ਼ਰੀ ਆਏ ਇਕੋ ਨੇਤਾ, ਨਰ ਨਿਰੰਕਾਰ ਬੇਪਰਵਾਹੀਆ । ਪਿਛਲਾ ਸਭ ਦਾ ਚੁੱਕੇ ਠੇਕਾ, ਲਹਿਣਾ ਦੇਣਾ ਦਏ ਅੰਤ ਮੁਕਾਈਆ । ਪੀਰ ਪੈਗ਼ੰਬਰ ਪ੍ਰਭ ਚਰਨ ਕੁਰਬਾਨ ਹੋਵਣ ਭੇਟਾ, ਬੇਟਾ ਗੋਬਿੰਦ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦੇਣਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਬਖ਼ਸ਼ ਮਤਿ, ਸਤਿ ਸਤਿ ਸਤਿਵਾਦੀ ਮਾਲਕ ਇਕ ਅਖਵਾਈਆ । ਸ੍ਰਿਸ਼ਟ ਸਬਾਈ ਦੇ ਪ੍ਰਭ ਮੱਤ, ਵਿਦਿਆ ਪ੍ਰਭ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਅੱਗ ਨਾ ਕੋਇ ਲਗਾਈਆ । ਦਰਸ ਦੇਣਾ ਉਪਰ ਸ਼ਾਹਰਗ, ਨੌਂ ਦਵਾਰੇ ਪੰਧ ਚੁਕਾਈਆ । ਸਾਚੀ ਮੰਜ਼ਲ ਚੜ੍ਹਨਾ ਭੱਜ, ਤਖ਼ਤ ਨਿਵਾਸੀ ਡੇਰਾ ਲਾਈਆ । ਜੋ ਤੇਰੇ ਨਾਲੋਂ ਵਿਛੜ ਗੁਰਮੁਖ ਹੋਏ ਅੱਡ, ਤਿਨ੍ਹਾਂ ਮਿਲਾਉਣਾ ਫੜ ਕੇ ਬਾਹੀਆਂ । ਬਿਨ ਤੇਰੇ ਕੰਮ ਨਾ ਆਉਂਦੇ ਤਿੰਨ ਸੌ ਸੱਠ ਖ਼ਾਲੀ ਹੱਡ, ਮਾਟੀ ਚੰਮ ਸੋਭਾ ਕੋਇ ਨਾ ਪਾਈਆ । ਤੂੰ ਸਭ ਦੀ ਜਾਨਣਹਾਰਾ ਮਿਤ ਗਤ, ਗਤ ਮਿਤ ਤੇਰੇ ਹੱਥ ਨਜ਼ਰੀ ਆਈਆ । ਸਾਹਿਬ ਸੁਲਤਾਨ ਪੁਰਖ ਸਮਰਥ, ਮਿਹਰਵਾਨ ਤੇਰੀ ਸ਼ਰਨਾਈਆ । ਸਤਿਜੁਗ ਮਾਰਗ ਲਾਉਣਾ ਹੱਸ ਹੱਸ, ਹਸਤੀ ਆਪਣੀ ਦੇਣੀ ਜਣਾਈਆ । ਸਚ ਸੁੱਚ ਲੋਕਮਾਤ ਧਰਨੀ ਧਰਤ ਦੀ ਗੋਦੀ ਦੇਣਾ ਰਖ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰੇ ਨਾਮ ਦਾ ਗਾਵਣ ਜਸ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ ।


੪੭੯

## ✪ ੨੩ ਭਾਦਰੋਂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ, ਮਨੀ ਸਿੰਘ ਦੇ ਗ੍ਰਿਹ ਪਿੰਡ ਨਾਰਲਾ ✪

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪੁਰਖ ਅਕਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਸਚਖੰਡ ਦਵਾਰਾ ਜੋਤ ਉਜਿਆਰਾ ਸੋਹਣੀ ਦਿਸੇ ਧਰਮਸਾਲ, ਮੁਕਾਮੇ ਹਕ ਸੋਭਾ ਪਾਈਆ । ਹਉਂ ਬਾਲਕ ਨੰਨੇ ਨੱਢੇ ਬੱਚੇ ਤੇਰੇ ਬਾਲ, ਅਵਸਥਾ ਸਮਝ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਘਾਲਨ ਆਏ ਘਾਲ, ਨਿਰਗੁਣ ਸਰਗੁਣ ਵੇਸ ਵਟਾਈਆ । ਤੇਰਾ ਨਾਮ ਸੰਦੇਸ਼ਾ ਦੇਂਦੇ ਰਹੇ ਵਿਚ ਜਹਾਨ, ਸ਼ਬਦ ਨਾਦ ਧੁਨ ਕਰ ਸ਼ਨਵਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕਰਦੇ ਰਹੇ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਗਤ ਪੜ੍ਹਾਈਆ । ਮਹੱਲ ਅਟਲ ਉਚ ਅਗੰਮ ਅਥਾਹ ਤੇਰਾ ਦੱਸਦੇ ਰਹੇ ਮਕਾਨ, ਮਹਿਬੂਬ ਤੇਰੀ ਸਿਫ਼ਤ ਸਾਲਾਹੀਆ । ਕਲਮਿਆਂ ਵਿਚ ਜਣਾਉਂਦੇ ਰਹੇ ਈਮਾਨ, ਨਾਮ ਨਿਧਾਨੇ ਵਿਚ ਧਰਮ ਧਰਮ ਦ੍ਰਿੜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਸਮਝਾਉਂਦੇ ਰਹੇ ਧੁਰ ਦਾ ਕਾਹਨ, ਲੱਖ ਚੁਰਾਸੀ ਗੋਪੀ ਰੂਪ ਦਰਸਾਈਆ । ਤੈਨੂੰ ਮਨਾਉਂਦੇ ਰਿਹੇ ਇਕ ਇਕੱਲਾ ਰਾਮ, ਹਰ ਘਟ ਵਸਿਆ ਥਾਉਂ ਥਾਈਆ । ਪਰਵਰਦਿਗਾਰ ਬਣ ਕੇ ਬਰਦੇ ਕਰਦੇ ਰਹੇ ਸਲਾਮ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਸਚ ਦਵਾਰੇ ਮੰਨਦੇ ਰਿਹੇ ਇਮਾਮ, ਉਮਤ ਤੇਰਾ ਰੂਪ ਜਣਾਈਆ । ਸੋ ਪੁਰਖ ਨਿਰੰਜਣ ਠਾਂਡੇ ਦਰ ਦੱਸਦੇ ਰਹੇ ਸ੍ਰੀ ਭਗਵਾਨ, ਭਗਵਨ ਇਕੋ ਬੇਪਰਵਾਹੀਆ । ਸ਼ਬਦ ਨਿਰਾਲਾ ਤੀਰ ਤੇਰਾ ਲਾਉਂਦੇ ਰਹੇ ਬਾਣ, ਰਸਨਾ

ਚਿੱਲਾ ਇਕ ਚੜ੍ਹਾਈਆ । ਰਾਗਾਂ ਨਾਦਾਂ ਵਿਚ ਦੱਸਦੇ ਆਏ ਗਾਣ, ਗਹਿਰ ਗੰਭੀਰ ਤੇਰੀ ਸਿਫ਼ਤ ਸਾਲਾਹੀਆ । ਬਿਨ ਰੂਪ ਰੰਗ ਰੇਖ ਤੇਰੀ ਦੱਸਦੇ ਰਹੇ ਪਹਿਚਾਨ, ਜੋਤੀ ਜਾਤਾ ਪੁਰਖ ਬਿਧਾਤਾ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਸਹਾਰਾ, ਜੁਗ ਚੌਕੜੀ ਧਿਆਨ ਲਗਾਈਆ । ਨੂਰ ਇਲਾਹੀ ਸ਼ਾਹੋ ਭੂਪ ਪਰਵਰਦਿਗਾਰਾ, ਬੇਨਜ਼ੀਰ ਤੇਰੀ ਖ਼ੁਦਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਬੈਠਣ ਮੁਖ ਭਵਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਕੋਟਨ ਕੋਟ ਜੀਵ ਜੰਤ ਸਾਧ ਸੰਤ ਕਰਨ ਨਿਮਸਕਾਰਾ, ਵਿਸ਼ਨ ਬ੍ਰਹਮਾ ਸ਼ਿਵ ਦਰ ਬੈਠੇ ਅਲਖ ਜਗਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਤੇਰਾ ਇਕ ਜੈਕਾਰਾ, ਢੋਲਾ ਸੋਹਲਾ ਨਗ਼ਮਾ ਨਾਮ ਤਰਾਨਾ ਇਕੋ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਤੇਰੀ ਧੂੜ ਮੰਗਦੇ ਖ਼ਾਕ ਛਾਰਾ, ਮਸਤਕ ਟਿੱਕਾ ਇਕ ਰਮਾਈਆ । ਨਿਤ ਨਵਿਤ ਆਦਿ ਅੰਤ ਜੁਗਾ ਜੁਗੰਤ ਬਖ਼ਸ਼ਣਹਾਰਾ ਸਚ ਪਿਆਰਾ, ਪ੍ਰੇਮ ਪ੍ਰੀਤੀ ਸਾਚੀ ਨੀਤੀ ਇਕ ਸਮਝਾਈਆ । ਵਖਾਉਂਦਾ ਰਿਹੋਂ ਮਹੱਲ ਅਟਲ ਉਚ ਮਨਾਰਾ, ਗ੍ਰਹਿ ਮੰਦਰ ਅੰਦਰ ਪੜਦਾ ਆਪ ਉਠਾਈਆ । ਆਤਮ ਪਰਮਾਤਮ ਦਿੰਦਾ ਰਿਹੋਂ ਅਧਾਰਾ, ਪਾਰਬ੍ਰਹਮ ਬ੍ਰਹਮ ਲਾਉਂਦਾ ਰਿਹੋਂ ਅਖਾੜਾ, ਸੁਰਤੀ ਸ਼ਬਦੀ ਘਰ ਗੋਪੀ ਕਾਹਨ ਨਾਚ ਨਚਾਈਆ । ਕਾਗ਼ਜ਼ ਕਲਮ ਸ਼ਾਹੀ ਨਾਲ ਲਿਖ ਲਿਖ ਸੰਦੇਸ਼ਾ ਦਿੰਦਾ ਰਿਹੋਂ ਵਿਚ ਸੰਸਾਰਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮੜਾ ਵਰ, ਅਗੰਮੜੀ ਖੇਲ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪੁਰਖ ਅਗੰਮ, ਅਲਖ ਅਗੋਚਰ ਵੱਡੀ ਤੇਰੀ ਵਡਿਆਈਆ । ਨਿਤ ਨਵਿਤ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਈਆ । ਜੁਗ ਚੌਕੜੀ ਬੇੜਾ ਬੰਨ੍ਹ, ਧੀਰਜ ਧੀਰ ਇਕ ਵਖਾਈਆ । ਕਰ ਵਸੇਰਾ ਬਿਨ ਛੱਪਰੀ ਛੰਨ, ਸਤਿ ਦਵਾਰੇ ਸੋਭਾ ਪਾਈਆ । ਆਪਣਾ ਮੰਤਰ ਨਾਮ ਨਿਧਾਨ ਦੇ ਕੇ ਧਨ, ਦੌਲਤ ਘਰ ਘਰ ਇਕ ਵਰਤਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜਨ ਭਗਤ ਗੁਰਮੁਖ ਗੁਰਸਿਖ ਬਣਾਏਂ ਜਨ, ਜਨ ਜਨਣੀ ਆਪਣਾ ਨਾਉਂ ਧਰਾਈਆ । ਸਾਚਾ ਰਾਗ ਹੋ ਵਿਸਮਾਦ ਸੁਣਾਏ ਕੰਨ, ਬਿਨ ਅੱਖਰਾਂ ਕਰੇ ਪੜ੍ਹਾਈਆ । ਭਾਗ ਲਗਾਏ ਕਾਇਆ ਤਨ, ਪੰਜ ਤਤ ਦੇ ਬ੍ਰਹਮ ਮੱਤ, ਸਾਚੀ ਸਿਖਿਆ ਇਕ ਸਮਝਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਹੋ ਪ੍ਰਤਖ, ਦੂਈ ਦਵੈਤੀ ਪੜਦਾ ਦਏ ਉਠਾਈਆ । ਸਚ ਦਵਾਰ ਖੋਲ੍ਹ ਕੇ ਹੱਟ, ਨਿਰਗੁਣ ਜੋਤ ਕਰ ਪਰਕਾਸ਼, ਲੇਖਾ ਚੁਕਾ ਪ੍ਰਿਥਮੀ ਆਕਾਸ਼ ਗਗਨ ਮੰਡਲ ਇਕੋ ਧਾਰ ਵਖਾਈਆ । ਨਿਰਗੁਣ ਸਰਗੁਣ ਵਸੇ ਸਾਥ, ਸ਼ਬਦ ਅਗੰਮ ਪੜ੍ਹਾਏ ਗਾਥ, ਮਕਤਬ ਪਾਠਸ਼ਾਲਾ ਨਜ਼ਰ ਕੋਇ ਨਾ ਆਈਆ । ਘਰ ਸੱਜਣ ਬਣ ਕੇ ਦੇਵੇ ਸਾਥ, ਏਥੇ ਓਥੇ ਦੋ ਜਹਾਨਾਂ ਵਸੇਂ ਪਾਸ, ਪਤਿਪਰਮੇਸ਼ਵਰ ਆਪਣਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਾਸ, ਸੇਵਕ ਸੇਵਕ ਬਰਦੇ ਦਰ ਦੇ ਤੇਰੇ ਨਜ਼ਰੀ ਆਈਆ । ਤੂੰ ਸ਼ਹਿਨਸ਼ਾਹ ਰਾਜਨ ਰਾਜ ਭੂਪ ਸ਼ਾਹੋ ਸ਼ਾਬਾਸ਼, ਸਤਿ ਸਤਿਵਾਦੀ ਇਕ ਅਖਵਾਈਆ । ਤੇਰਾ ਭੇਵ ਅਭੇਦਾ ਬੋਧ ਅਗਾਧ, ਅਛਲ ਅਛੇਦਾ ਸਮਝ ਕੋਇ ਨਾ ਪਾਈਆ । ਨਿਤ ਨਵਿਤ ਵੇਖਿਆ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਕਲਜੁਗ ਅੰਤਮ ਸਦੀ ਚੌਧਵੀਂ ਸਾਰੇ ਹੋਏ ਉਦਾਸ, ਹੈਰਾਨੀ ਘਰ ਘਰ ਨਜ਼ਰੀ ਆਈਆ । ਮਨ ਵਾਸਨਾ ਹੋਈ ਬਦਮਾਸ਼, ਬੁਧ ਬਿਬੇਕ ਨਾ ਕੋਇ

ਦ੍ਰਿੜਾਈਆ । ਕੋਈ ਨਾ ਉਤਰੇ ਤੇਰੇ ਘਾਟ, ਕਲਜੁਗ ਕੂੜ ਕੁੜਿਆਰ ਸ਼ੌਹ ਦਰਿਆਏ ਰਿਹਾ ਰੁੜ੍ਹਾਈਆ । ਸਦੀ ਬੀਸਵੀਂ ਮੁੱਕੀ ਵਾਟ, ਪਾਂਧੀ ਅਪਣਾ ਪੰਧ ਮੁਕਾ ਕੇ ਤੇਰਾ ਚਰਨ ਧਿਆਨ ਲਗਾਈਆ । ਜੋ ਬੋਲ ਕੇ ਆਏ ਭਵਿਖਤ ਵਾਕ, ਵਾਕਿਆ ਸਭ ਨੂੰ ਦਏ ਸਮਝਾਈਆ । ਤੇਰਾ ਆਉਣ ਦਾ ਹੋਇਆ ਮਾਤ ਇਤਫ਼ਾਕ, ਇਤਫ਼ਾਕੀਆ ਆਪਣਾ ਫੇਰਾ ਪਾਈਆ । ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਨਾਲ ਵੇਖ ਹੋਈ ਗ਼ੁਸਤਾਖ਼, ਭੈ ਭਾਉ ਨਾ ਕੋਇ ਸੀਸ ਟਿਕਾਈਆ । ਸਤਿ ਸਤਿਵਾਦ ਸਭ ਦਾ ਟੁੱਟਾ ਨਾਤ, ਜੂਠ ਝੂਠ ਕਰੀ ਕੁੜਮਾਈਆ । ਝਗੜਾ ਪਿਆ ਜ਼ਾਤ ਪਾਤ, ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਕਰਨ ਲੜਾਈਆ । ਕੋਈ ਨਾ ਮੰਗੇ ਚਰਨ ਧੂੜੀ ਸਾਚੀ ਖ਼ਾਕ, ਮਸਤਕ ਟਿੱਕਾ ਨਾਮ ਨਾ ਕੋਇ ਲਗਾਈਆ । ਨੌ ਖੰਡ ਪ੍ਰਿਥਮੀ ਅੰਧੇਰੀ ਰਾਤ, ਸਤਿ ਸਤਿਵਾਦੀ ਚੰਦ ਨਾ ਕੋਇ ਚਮਕਾਈਆ । ਸਾਚੀ ਨਜ਼ਰ ਨਾ ਆਏ ਕਿਸੇ ਪਰਭਾਤ, ਪਰਭਾਤੀ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੋਵਣ ਅੱਥਰ, ਹੰਝੂਆਂ ਹਾਰ ਵਹਾਈਆ । ਕਿਉਂ ਭੁੱਲਿਆ ਯਾਰੜਾ ਸੱਥਰ, ਸੇਜ ਸੁਹੰਜਣੀ ਸੋਭਾ ਪਾਈਆ । ਕਿਉਂ ਚੋਟੀ ਚੜ੍ਹ ਕੇ ਬੈਠੋਂ ਸ਼ਿਖ਼ਰ, ਨੌ ਦਵਾਰੇ ਨਾ ਡੇਰਾ ਲਾਈਆ । ਲੋਕਮਾਤ ਜੀਵਾਂ ਜੰਤਾਂ ਗ਼ਰੀਬ ਨਿਮਾਣਿਆਂ ਕਰ ਫ਼ਿਕਰ, ਫ਼ਾਕੇ ਵਿਚ ਮਰੀ ਲੋਕਾਈਆ । ਤੇਰਾ ਰਸਨਾ ਜਿਹਵਾ ਬੱਤੀ ਦੰਦ ਘਰ ਘਰ ਹੁੰਦਾ ਜ਼ਿਕਰ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਨਿਰਗੁਣ ਧਾਰੋਂ ਨਿਰਵੈਰ ਪੁਰਖ ਅਕਾਲ ਨਿਤਰ, ਤੈਨੂੰ ਜਨਮੇ ਕੋਇ ਨਾ ਮਾਈਆ । ਪਤਿਪਰਮੇਸ਼ਵਰ ਭਗਤ ਭਗਵਾਨ ਵੇਖ ਆਪਣੇ ਪੁੱਤਰ, ਸੰਤ ਸੁਹੇਲੇ ਗੋਦ ਉਠਾਈਆ । ਉਹ ਮਿਲ ਕੇ ਤੈਨੂੰ ਕਰਨ ਆਪਣਾ ਸ਼ੁਕਰ, ਸ਼ੁਕਰੀਏ ਵਿਚ ਖ਼ੁਸ਼ੀ ਮਨਾਈਆ । ਗੋਦੀ ਚੁਕਣਾ ਸਾਚੇ ਕੁੱਛੜ, ਸਿਰ ਆਪਣਾ ਹੱਥ ਟਿਕਾਈਆ । ਉਜਲ ਕਰਨਾ ਮਾਤ ਮੁਖੜ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਆ ਛੇਤੀ, ਵੇਲਾ ਵਕਤ ਵਿਹਾਈਆ । ਸਰਬ ਜੀਆਂ ਦਾ ਤੂੰ ਅੰਤਰ ਭੇਤੀ, ਘਟ ਘਟ ਡੇਰਾ ਰਿਹਾ ਲਾਈਆ । ਕੋਈ ਨਾ ਜਾਣੇ ਤੇਰੇ ਨਾਮ ਦੀ ਸੱਚੀ ਨੇਕੀ, ਨੀਅਤ ਬਦਲੀ ਸਰਬ ਲੋਕਾਈਆ । ਘਰ ਘਰ ਮਾਇਆ ਮਮਤਾ ਹਉਮੇ ਹੰਗਤਾ ਮਾਰੇ ਸ਼ੇਖ਼ੀ, ਸ਼ਖ਼ਸੀਅਤ ਸਕੇ ਨਾ ਕੋਇ ਸਮਝਾਈਆ । ਕਲਜੁਗ ਕੂੜ ਕੁੜਿਆਰੇ ਅੰਤਮ ਖੇਡ ਖੇਡੀ, ਨਵ ਨੌ ਚਾਰ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਗ੍ਰਿਹਿ ਲੱਖ ਚੁਰਾਸੀ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣੀ ਲੱਖ ਚੁਰਾਸੀ, ਚਾਰੋਂ ਕੁੰਟ ਧਿਆਨ ਲਗਾਈਆ । ਸਾਚੇ ਦਰ ਬਣੇ ਨਾ ਕੋਈ ਦਾਸੀ, ਸੇਵਕ ਰੂਪ ਨਾ ਕੋਇ ਵਟਾਈਆ । ਤੇਰੇ ਨਾਮ ਦੀ ਸਾਰੇ ਕਰਦੇ ਹਾਸੀ, ਸੋਹੰ ਹੰਸਾ ਰਾਗ ਨਾ ਕੋਇ ਅਲਾਈਆ । ਅੰਤਰ ਭੁੱਲਿਆ ਪੁਰਖ ਅਬਿਨਾਸ਼ੀ, ਵਿਨਾਸਣ ਰੂਪ ਸਾਰੇ ਬੈਠੇ ਬਣਾਈਆ । ਕਾਇਆ ਮੰਦਰ ਚੜ੍ਹੇ ਨਾ ਕੋਈ ਘਾਟੀ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਗ੍ਰਿਹਿ ਮੰਦਰ ਜਗੇ ਕਿਸੇ ਨਾ ਦੀਵਾ ਬਾਤੀ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀ, ਕਵਲ ਨਾਭ ਨਾ ਕੋਇ ਉਲਟਾਈਆ । ਸੁਰਤ ਸ਼ਬਦ ਮਿਲ ਕੇ ਬਣੇ ਨਾ ਕੋਈ ਸੱਚਾ ਸਾਥੀ, ਸਗਲਾ ਸੰਗ ਨਾ ਕੋਇ

ਨਿਭਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਭੁੱਲੇ ਸਾਰੇ ਆਖੀ, ਧਰਮ ਸ਼ਰਅ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਬਿਨ ਤੇਰੇ ਮੁਕਾਵੇ ਕੋਈ ਨਾ ਵਾਟੀ, ਲੇਖਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਡ ਦਾਤੇ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਲੋਕਮਾਤ ਖੇੜਾ, ਖਿੜਕੀ ਆਪਣੀ ਬੰਦ ਖੁਲ੍ਹਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਇਆ ਗੇੜਾ, ਤੂੰ ਗੇੜੇ ਵਿਚ ਫੇਰੇਂ ਲੋਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਪਿਆ ਝੇੜਾ, ਝਗੜੇ ਵਿਚ ਸਰਬ ਖ਼ੁਦਾਈਆ । ਤੇਰਾ ਨੂਰ ਜ਼ਹੂਰ ਕਿਸੇ ਨਾ ਦਿਸੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕੂੜੀ ਕਿਰਿਆ ਪਾਇਆ ਘੇਰਾ, ਪੰਜ ਤਤ ਨਾ ਕੋਇ ਸਮਝਾਈਆ । ਬਿਨ ਤੇਰੇ ਲੱਖ ਚੁਰਾਸੀ ਉਤੇ ਕਰੇ ਕੋਈ ਨਾ ਮਿਹਰਾ, ਮੁਹੱਬਤ ਵਿਚ ਨਾਤਾ ਨਾ ਕੋਇ ਜੁੜਾਈਆ । ਚਾਰੋਂ ਕੁੰਟ ਦਿਸੇ ਅੰਧੇਰਾ, ਅੰਧ ਆਤਮ ਉਚੀ ਕੂਕਣ ਮਾਰਨ ਧਾਈਆ । ਕੋਈ ਨਾ ਕਹੇ ਪੁਰਖ ਅਕਾਲ ਮੇਰਾ, ਤੇਰਾ ਨਾਤਾ ਸਾਰੇ ਗਏ ਤੁੜਾਈਆ । ਬਿਨ ਭਗਤਾਂ ਧਰਤ ਮਾਤ ਦਾ ਹੋਇਆ ਖ਼ਾਲੀ ਵੇਹੜਾ, ਮਨਮੁਖ ਬੈਠੇ ਡੇਰਾ ਲਾਈਆ । ਨਾ ਕੋਈ ਗੁਰੂ ਨਾ ਕੋਈ ਚੇਰਾ, ਚੇਲਾ ਗੁਰ ਦੋਵੇਂ ਬੈਠੇ ਮੁਖ ਭਵਾਈਆ । ਸਦੀ ਚੌਧਵੀਂ ਡੁਬਦਾ ਵੇਖ ਬੇੜਾ, ਸੰਗ ਮੁਹੰਮਦ ਚਾਰ ਯਾਰ ਸਕੇ ਨਾ ਕੋਇ ਬਚਾਈਆ । ਈਸਾ ਮੂਸਾ ਮਾਰ ਕੇ ਗਏ ਫੇਰਾ, ਤੇਰਾ ਜਲਵਾ ਨੂਰ ਤੱਕ ਘਰ ਸਾਚੇ ਖ਼ੁਸ਼ੀ ਮਨਾਈਆ । ਨਾਨਕ ਗੋਬਿੰਦ ਸਮਝਾ ਕੇ ਗਏ ਬਥੇਰਾ, ਚਾਰ ਵਰਨ ਕਰ ਪੜ੍ਹਾਈਆ । ਪਰਮ ਪੁਰਖ ਪਰਮਾਤਮ ਆਤਮ ਆਦਿ ਜੁਗਾਦਿ ਕਰੇ ਹੱਕ ਨਿਬੇੜਾ, ਹਕੀਕਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਔਧ ਮੁੱਕੀ, ਵੇਲਾ ਅੰਤਮ ਗਿਆ ਆਈਆ । ਅੰਤਮ ਮੰਗਦੇ ਸਾਰੇ ਛੁੱਟੀ, ਛੁਟਕਾਰਾ ਹੋਵੇ ਜਗਤ ਲੋਕਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਦੇਂਦੇ ਰਹੇ ਨਾਮ ਦੀ ਚਿੱਠੀ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਇਕ ਅਨਡੀਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਵੇਖੇ ਵਿਗਸੇ ਚਾਰ ਜੁਗ ਦੀ ਪਿਛਲੀ ਬੀਤੀ, ਰੀਤੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਸਾਚਾ ਦਰ, ਦਰ ਘਰ ਸਾਚਾ ਰੂਪ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਸੱਚਾ ਦਰਬਾਰ, ਦਰਗਾਹ ਸਾਚੀ ਨਜ਼ਰੀ ਆਈਆ । ਜਿਥੇ ਇਕੋ ਚੋਬਦਾਰ, ਸ਼ਬਦ ਸੁਤ ਸੋਭਾ ਪਾਈਆ । ਥਿਰ ਘਰ ਜਿਸ ਦਾ ਸਦਾ ਪਸਾਰ, ਛੱਪਰ ਛੰਨ ਨਾ ਕੋਇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਤਾਬਿਆਦਾਰ, ਬੈਠੇ ਸੀਸ ਨਿਵਾਈਆ । ਸੁਰਪਤ ਇੰਦ ਕਰੋੜ ਤੇਤੀਸਾ ਕਰੇ ਨਿਮਸਕਾਰ, ਗਣ ਗੰਧਰਬ ਸੋਹਲੇ ਢੋਲੇ ਰਾਗ ਅਲਾਈਆ । ਗੁਰ ਅਵਤਾਰ ਬਣ ਲਿਖਾਰ, ਪੀਰ ਪੈਗ਼ੰਬਰ ਕਾਇਨਾਤ ਗਏ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਇਕ ਅਖਵਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਈਸਾ ਕਰ ਕਰ ਨਿਮਸਕਾਰ, ਸੱਯਦੇ ਕਰ ਕਰ ਧੂੜੀ ਖ਼ਾਕ ਰਮਾਈਆ । ਮੁਹੰਮਦ ਹੂ ਹੂ ਕਰ ਕੇ ਕਰੇ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਅਮਾਮਾਂ ਵਿਚੋਂ ਵੱਡਾ ਅਮਾਮ ਮੇਰਾ ਸਿਕਦਾਰ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਨਾਨਕ ਨਿਰਗੁਣ ਕਿਹਾ ਮਹਾਂਬਲੀ ਉਤਰੇ ਅਵਤਾਰ, ਕਲਕੀ



੪੮੨

ਆਪਣਾ ਵੇਸ ਵਟਾਈਆ । ਗੋਬਿੰਦ ਕਿਹਾ ਮੇਰਾ ਪੁਰਖ ਅਕਾਲ, ਨਿਹਕਲੰਕ ਵਾਲੀ ਦੋ ਜਹਾਨ ਅਖਵਾਈਆ । ਸੰਬਲ ਵਸੇ ਧਾਮ ਨਿਆਰ, ਜਿਸ ਦਾ ਦਰਵਾਜ਼ਾ ਗ਼ਰੀਬ ਨਿਵਾਜ਼ਾ ਨਾ ਕਿਸੇ ਸਮਝਾਈਆ । ਬਿਨ ਤੇਲ ਬਾਤੀ ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦਿ ਵੱਜੇ ਧੁਨਕਾਰ, ਛੱਤੀ ਰਾਗ ਬੈਠਣ ਸੀਸ ਝੁਕਾਈਆ । ਮਹੱਲ ਅਟਲ ਸੋਹੇ ਇਕ ਮਨਾਰ, ਮਹਿਬੂਬ ਆਪਣਾ ਡੇਰਾ ਲਾਈਆ । ਗੁਫ਼ਤ ਸ਼ਨੀਦ ਕਰੇ ਸਚ ਸੱਚੀ ਗੁਫ਼ਤਾਰ, ਨਾਅਰਾ ਇਕੋ ਹਕ ਹਕ ਸੁਣਾਈਆ । ਸਚ ਤੌਫ਼ੀਕ ਪਰਵਰਦਿਗਾਰ, ਰਹਿਮਤ ਆਪਣੀ ਇਕ ਜਣਾਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਅਲਫ਼ ਯੇ ਨਾ ਕੋਇ ਪੜ੍ਹਾਈਆ । ਨਿਰਅੱਖਰ ਕਿਰਪਾ ਕਰ ਜਨ ਭਗਤਾਂ ਝੋਲੀ ਦੇਵੇ ਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਵਾਹਵਾ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਆਹ, ਹੌਕਿਆਂ ਵਿਚ ਜਣਾਈਆ । ਕਿਰਪਾ ਕਰ ਸੱਚੇ ਸ਼ਹਿਨਸ਼ਾਹ, ਵੇਖ ਲੋਕਮਾਤ ਸ਼ਹਿਨਸ਼ਾਹੀਆ । ਖ਼ਲਕ ਖ਼ੁਦਾਈ ਭੁੱਲੀ ਤੇਰਾ ਰਾਹ, ਰਹਿਬਰ ਰਾਹ ਨਾ ਕੋਇ ਜਣਾਈਆ । ਹੁਜਰੇ ਮੰਗੇ ਨਾ ਕੋਈ ਦੁਆ, ਸੱਯਦਾ ਸੀਸ ਨਾ ਕੋਇ ਨਿਵਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਾਹ ਰਹੇ ਤਕਾ, ਤਕਵਾ ਓਟ ਜਣਾਈਆ । ਕਿਰਪਾ ਕਰ ਸ੍ਰੀ ਭਗਵਾਂ, ਭਗਵਨ ਆਪਣਾ ਵੇਸ ਵਟਾਈਆ । ਤੂੰ ਮਰਦ ਮਰਦਾਨਾ ਨੌਜਵਾਂ, ਬਿਰਧ ਬਾਲ ਨਜ਼ਰ ਕਦੇ ਨਾ ਆਈਆ । ਤੇਰਾ ਆਦਿ ਜੁਗਾਦਿ ਇਕੋ ਨਾਂ, ਨਾਉਂ ਨਿਰੰਕਾਰਾ ਸਤਿ ਪਰਗਟਾਈਆ । ਕਲਜੁਗ ਅੰਤਮ ਪਕੜ ਬਾਂਹ, ਗੁਰਮੁਖ ਗੁਰਸਿਖ ਲੈ ਤਰਾਈਆ । ਬਾਲਕ ਉਠਾ ਬਣਕੇ ਪਿਤਾ ਮਾਂ, ਗੋਦੀ ਗੋਦ ਗੋਦ ਸੁਹਾਈਆ । ਹੰਸ ਬੁਧੀ ਹੋਈ ਕਾਂ, ਜਗਤ ਕਾਗ ਵਾਂਗ ਕੁਰਲਾਈਆ । ਤੇਰੀ ਦਸੇ ਨਾ ਕੋਈ ਪਹਿਚਾਨ, ਬੇਪਹਿਚਾਨ ਤੈਥੋਂ ਬੈਠੇ ਮੁਖ ਭਵਾਈਆ । ਘਰ ਘਰ ਦਰ ਦਰ ਵੇਖਿਆ ਹੁੰਦਾ ਹਰਾਮ, ਹੈਰਾਨੀ ਸਕੇ ਨਾ ਕੋਇ ਗਵਾਈਆ । ਪੰਚਮ ਪੰਚ ਮਿਲੇ ਸ਼ੈਤਾਨ, ਸ਼ਰਮ ਹਯਾ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਤਿ ਸਤਿ ਸਾਚੀ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਬਖ਼ਸ਼ ਸਤਿਵਾਦ, ਕੂੜੀ ਵਾਦੀ ਦੇ ਮਿਟਾਈਆ । ਤੇਰੇ ਨਾਮ ਦਾ ਵੱਜੇ ਇਕੋ ਨਾਦ, ਸਾਚੀ ਧੁਨ ਕਰੇ ਸ਼ਨਵਾਈਆ । ਏਥੇ ਓਥੇ ਦੋ ਜਹਾਨਾਂ ਤੇਰਾ ਨਜ਼ਰੀ ਆਵੇ ਰਾਜ, ਰਈਅਤ ਰੂਪ ਸਰਬ ਲੋਕਾਈਆ । ਅੰਦਰ ਵੜ ਕੇ ਕਰਨਾ ਕਾਜ, ਬਾਹਰੋਂ ਸਿਖਿਆ ਨਾ ਕੋਇ ਸਮਝਾਈਆ । ਤੂੰ ਪਤਿਪਰਮੇਸ਼ਵਰ ਸੱਚਾ ਮਹਾਰਾਜ, ਰਾਜ ਰਾਜਾਨ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਧੁਰ ਦੀ ਦਾਤ, ਸਾਚੀ ਦੌਲਤ ਦੇ ਵਰਤਾਈਆ । ਕਲਜੁਗ ਕੂੜੀ ਕਿਰਿਆ ਕੱਢ ਨਾਰ ਕਮਜ਼ਾਤ, ਕੁਲੱਖਣੀ ਲੋਕਮਾਤ ਰਹਿਣ ਨਾ ਪਾਈਆ । ਝਗੜਾ ਮੁੱਕੇ ਜ਼ਾਤ ਪਾਤ, ਚਾਰ ਵਰਨ ਅਠਾਰਾਂ ਬਰਨ ਇਕੋ ਘਰ ਵਸਾਈਆ । ਚਰਨ ਪ੍ਰੀਤੀ ਬਖ਼ਸ਼ ਸਾਚਾ ਨਾਤ, ਤੂੰ ਮੇਰਾ ਮੈਂ ਤੇਰਾ ਤੇਰੀ ਕਦੇ ਨਾ ਹੋਵੇ ਜੁਦਾਈਆ । ਜਨ ਭਗਤਾਂ ਨਜ਼ਰ ਆ ਸਾਖ਼ਿਆਤ, ਸਾਖੀ ਆਪਣੀ ਦੇ ਪੜ੍ਹਾਈਆ । ਤੇਰੇ ਨਾਮ ਦਾ ਇਕੋ ਉਪਜੇ ਪਾਠ, ਸਾਢੇ ਤਿੰਨ ਹੱਥ ਕਾਇਆ ਮੰਦਰ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੂੰ ਜੋਤੀ ਜਾਤਾ, ਜਾਗਰਤ ਵਿਚ ਤੇਰੀ ਰੁਸ਼ਨਾਈਆ । ਨਿਤ ਨਵਿਤ ਏਥੇ ਓਥੇ ਦੋ ਜਹਾਨ ਪਿਤਾ ਮਾਤਾ, ਪਤਿਪਰਮੇਸ਼ਵਰ ਨਾਉਂ ਧਰਾਈਆ । ਕੋਟਨ ਕੋਟ ਸਿਫ਼ਤ ਸਾਲਾਹੀ ਤੇਰੇ ਨਾਮ ਗਾਥਾ, ਗਾ ਗਾ

ਰਸਨਾ ਜਿਹਵਾ ਬੱਤੀ ਦੰਦ ਕਰੀ ਪੜ੍ਹਾਈਆ । ਤੇਰਾ ਨੂਰ ਜ਼ਹੂਰ ਗੁਪਤ ਕਿਸੇ ਨਾ ਜਾਤਾ, ਪੜਦਾ ਅੰਦਰੋਂ ਨਾ ਕੋਇ ਚੁਕਾਈਆ । ਸਾਚੇ ਮੰਦਰ ਵਖਾ ਅਗੰਮੀ ਆਪਣੀ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ੍ਰਿਸ਼ਟ ਸਬਾਈ ਲੈ ਉਠਾਈਆ । ਸ੍ਰਿਸ਼ਟ ਸਬਾਈ ਖੋਲ੍ਹ ਜਾਗ, ਪ੍ਰਭ ਜਗਾਵਣਹਾਰ ਇਕ ਅਖਵਾਇੰਦਾ । ਘਰ ਘਰ ਉਪਜੇ ਤੇਰਾ ਵੈਰਾਗ, ਵੈਰਾਗੀ ਤੂੰ ਇਕ ਅਖਵਾਇੰਦਾ । ਕਲਜੁਗ ਕਿਰਿਆ ਕਰ ਤਿਆਗ, ਜੂਠ ਝੂਠ ਮੋਹ ਤੁੜਾਇੰਦਾ । ਮਾਇਆ ਮਮਤਾ ਕੂੜੀ ਡੱਸੇ ਨਾ ਡੱਸਣੀ ਨਾਗ, ਹਉਮੇ ਹੰਗਤਾ ਨਾ ਕੋਇ ਜਣਾਇੰਦਾ । ਆਤਮ ਪਰਮਾਤਮ ਦੇ ਇਕ ਸੁਆਦ, ਨੌ ਦਵਾਰੇ ਨੌ ਰਸ ਕੰਮ ਕਿਸੇ ਨਾ ਆਇੰਦਾ । ਆਪਣੀ ਕਿਰਪਾ ਦੇ ਹਿੱਸਾ ਛੋਟਾ ਭਾਗ, ਦਰ ਠਾਂਡੇ ਮੰਗ ਮੰਗਾਇੰਦਾ । ਗੁਫ਼ਾ ਅੰਧੇਰੀ ਜਗੇ ਚਰਾਗ਼, ਜੋਤੀ ਨੂਰ ਨੂਰ ਰੁਸ਼ਨਾਇੰਦਾ । ਮਿਲੇ ਮੇਲ ਮਾਧਵ ਮਾਧ, ਮੋਹਣੀ ਦਰਸ਼ਨ ਇਕੋ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਤਿਜੁਗ ਤੇਰਾ ਰਾਹ ਤਕਾਇੰਦਾ । ਸਤਿਜੁਗ ਤੱਕੇ ਰਾਹ ਤੇਰਾ, ਬਾਲਾ ਨੱਢਾ ਨਿੱਕਾ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਕਰੇਂ ਮਿਹਰਾ, ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਡੁੱਬੇ ਬੇੜਾ, ਮੇਰੀ ਨਈਆ ਨੌਕਾ ਲੋਕਮਾਤ ਟਿਕਾਈਆ । ਸਤਿ ਧਰਮ ਦਾ ਵਸੇ ਖੇੜਾ, ਗੁਰਮੁਖ ਬਹਿ ਬਹਿ ਖ਼ੁਸ਼ੀ ਮਨਾਈਆ । ਦੀਨ ਮਜ਼੍ਹਬ ਦਾ ਚੁੱਕੇ ਝੇੜਾ, ਉਚ ਨੀਚ ਨਾ ਕੋਇ ਲੜਾਈਆ । ਆਤਮ ਪਰਮਾਤਮ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਸਾਚੀ ਸਿਖਿਆ ਬਣਿਆ ਰਹੇ ਘੇਰਾ, ਸੋਹਣਾ ਮੰਗਲ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਮਾਰਗ ਦੇ ਵਖਾਈਆ । ਸਤਿ ਮਾਰਗ ਪ੍ਰਭ ਦੇਣਾ ਦੱਸ, ਤੇਰੀ ਇਕ ਸਰਨਾਈਆ । ਭਗਤ ਭਗਵਾਨ ਮਿਲੌਣਾ ਹੱਸ ਹੱਸ, ਆਪਣੀ ਹਸਤੀ ਇਕ ਸਮਝਾਈਆ । ਅੰਦਰ ਵੜ ਕੇ ਗੌਣਾ ਜਸ, ਢੋਲਾ ਬੇਪਰਵਾਹੀਆ । ਦਿਵਸ ਰੈਣ ਖੁਲ੍ਹੀ ਰਹੇ ਤੇਰੇ ਮਿਲਣ ਦੀ ਅੱਖ, ਪੜਦਾ ਸਕੇ ਕੋਇ ਨਾ ਪਾਈਆ । ਬਾਹਰੋਂ ਤੈਨੂੰ ਸਕੇ ਕੋਈ ਨਾ ਲੱਭ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਵੇਖਣ ਥਾਈਂਆ । ਜੀਵ ਜੰਤ ਸਾਧ ਸੰਤ ਤੇਰੀ ਮੰਜ਼ਲ ਚੜ੍ਹ ਕੇ ਵੇਖੇ ਕੋਇ ਨਾ ਹੱਦ, ਕਲਜੁਗ ਬੈਠਾ ਅੱਗੇ ਡੇਰਾ ਲਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਪੰਜ ਤਤ ਬ੍ਰਹਮ ਮਤ ਸੋਭਾ ਕੋਇ ਨਾ ਪਾਈਆ । ਤੇਰੇ ਤੈਥੋਂ ਵਿਛੜ ਹੋਏ ਅੱਡ, ਘਰ ਵੱਖਰਾ ਬੈਠੇ ਬਣਾਈਆ । ਪ੍ਰਭ ਭੁਲਿਆਂ ਰੁਲਿਆਂ ਚਰਨ ਦਵਾਰੇ ਸੱਦ, ਸੱਦਾ ਸ਼ਬਦ ਨਾਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਕਰਨ ਹੱਜ, ਬਿਨ ਮਕਿਉਂ ਕਾਅਬਿਉਂ ਖ਼ੁਸ਼ੀ ਮਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਛੱਡੇ ਮੱਠ, ਗੁਰੂਦਵਾਰਾ ਤੂੰ ਨਾ ਹੀ ਨਜ਼ਰੀ ਆਈਆ । ਜਿਥੇ ਦੀਪਕ ਜੋਤ ਰਹੀ ਜਗ, ਦੀਆ ਬਾਤੀ ਹੱਥ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਨਾ ਅਗਨੀ ਅੱਗ, ਤਤਵ ਤਤ ਨਾ ਕੋਇ ਤਪਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸ਼ਾਹ ਸੁਲਤਾਨ ਇਕੋ ਰਿਹੋਂ ਸਜ, ਸੀਸ ਜਗਦੀਸ ਤਾਜ ਟਿਕਾਈਆ । ਤੇਰਾ ਉਚਾ ਲੰਮਾਂ ਚੌੜਾ ਕੋਈ ਨਾ ਜਾਣੇ ਕੱਦ, ਪੈਮਾਇਸ਼ਾਂ ਵਿਚ ਨਾਪ ਨਾ ਕੋਇ ਸਮਝਾਈਆ । ਤੂੰ ਗਹਿਰ ਗੰਭੀਰ ਅਗੰਮ ਅਥਾਹ ਪੁਰਖ ਸਮਰਥ, ਮਹਿੰਮਾ ਅਕਥ ਤੇਰੀ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵੇਂ ਰਥ, ਬਣ ਰਥਵਾਹੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ

੪੮੪ ੧੨

ਸਾਚਾ ਵਰ, ਸਤਿ ਸਤਿਵਾਦੀ ਧਾਰ ਬੰਧਾਈਆ । ਸਤਿ ਸਤਿਵਾਦੀ ਧਾਰ ਬੰਧ, ਬੰਦਗੀ ਇਕ ਦ੍ਰਿੜਾਈਆ । ਢੋਲਾ ਸੁਣੌਣਾ ਧੁਰ ਦਾ ਛੰਦ, ਮੁਛੰਦਗੀ ਕੋਇ ਰਹਿਣ ਨਾ ਪਾਈਆ । ਕਰ ਪਰਕਾਸ਼ ਅੰਧੇਰੇ ਅੰਧ, ਨੂਰੋ ਨੂਰ ਹੋਵੇ ਰੁਸ਼ਨਾਈਆ । ਜਨਮ ਕਰਮ ਦੀ ਜਨ ਭਗਤਾਂ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੀ ਇਕ ਸਰਨਾਈਆ । ਤੈਨੂੰ ਮਿਲ ਕੇ ਤੇਰੇ ਸੰਤਾਂ ਪਵੇ ਠੰਢ, ਅਗਨੀ ਪੋਹ ਨਾ ਸਕੇ ਰਾਈਆ । ਆਤਮ ਪਰਮਾਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਬੰਦੀਖ਼ਾਨਾ ਤੋੜ ਕੇ ਬੰਦ, ਬਦਲੀ ਲੱਖ ਚੁਰਾਸੀ ਵਿਚੋਂ ਦੇ ਕਰਾਈਆ । ਰਸਨਾ ਜਿਹਵਾ ਝੂਠਾ ਕੋਈ ਨਾ ਗਾਵੇ ਛੰਦ, ਤੇਰਾ ਇਕੋ ਨਾਮ ਧਿਆਈਆ । ਗੁਰਮੁਖ ਆਤਮ ਕਦੀ ਨਾ ਹੋਵੇ ਰੰਡ, ਹਰਿ ਸਤਿਗੁਰ ਕੰਤ ਸਚ ਹੰਢਾਈਆ । ਗੁਰਸਿਖ ਜੂਠ ਝੂਠ ਛੱਡੇ ਭੇਖ ਪਖੰਡ, ਫ਼ਰੇਬਾਂ ਕੋਲੋਂ ਮੁਖ ਭਵਾਈਆ । ਤੇਰੇ ਪ੍ਰੇਮ ਪਿਆਰ ਦੀ ਮੰਗੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਕਾਇਆ ਚੋਲਾ ਦੇਣਾ ਰੰਗ, ਨਾਮ ਅਗੰਮੜਾ ਇਕ ਰੰਗਾਈਆ । ਅੰਮ੍ਰਿਤ ਧਾਰ ਵਹੌਣੀ ਗੰਗ, ਜਮਨਾ ਗੋਦਾਵਰੀ ਸੁਰਸਤੀ ਬੈਠੇ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਲੇਖਾ ਦੇਣਾ ਬੁਝਾਈਆ । ਸਤਿ ਲੇਖਾ ਬਝੌਣਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਦੱਸਣਾ ਇਕੋ ਜਾਪ, ਪੁਰਖ ਅਕਾਲ ਇਕੋ ਇਸ਼ਟ ਮਨਾਈਆ । ਰੂਹ ਬੁੱਤ ਦੋਵੇਂ ਕਰਨੇ ਪਾਕ, ਖ਼ਾਕੀ ਖ਼ਾਕ ਕਰ ਸਫ਼ਾਈਆ । ਦੀਨ ਮਜ਼੍ਹਬ ਬਖ਼ਸ਼ ਇਤਫ਼ਾਕ, ਆਦਤ ਪਿਛਲੀ ਦੇ ਛੁਡਾਈਆ । ਲਹਿਣਾ ਦੇਣਾ ਹਿਸਾਬ ਕਰ ਬੇਬਾਕ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਾਕੀ ਕੋਇ ਰਹਿਣ ਨਾ ਪਾਈਆ । ਸਤਿਜੁਗ ਸਾਚਾ ਖੋਲ੍ਹ ਤਾਕ, ਦਰ ਦਰਵਾਜ਼ਾ ਦੇ ਵਖਾਈਆ । ਨਜ਼ਰੀ ਆਵੇ ਤੇਰੀ ਜਾਤ, ਨੂਰ ਨੂਰ ਨੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਬਣਤ ਬਣਾਈਆ । ਸਤਿਜੁਗ ਬਣੌਣੀ ਸਾਚੀ ਬਣਤ, ਪ੍ਰਭੂ ਦਰ ਤੇਰੇ ਅਰਜ਼ੋਈਆ । ਜਨ ਭਗਤ ਪਰਗਟੌਣੇ ਧੁਰ ਦੇ ਸੰਤ, ਜਿਨ੍ਹਾਂ ਦਰਗਾਹ ਮਿਲੇ ਢੋਈਆ । ਆਪ ਪਰਨੌਣੇ ਬਣ ਕੇ ਕੰਤ, ਸੋਈ ਸੁਰਤ ਜਗਾਈਆ । ਲੇਖ ਮੁਕਾ ਕੇ ਬਹਿਸ਼ਤ ਜੰਨਤ, ਚਰਨ ਕਵਲ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਣਾ ਸਹਿਜ ਸੁਭਾਈਆ । ਹਰਿਜਨ ਮਿਲੌਣਾ ਮਾਤਲੋਕ, ਮਾਤਰ ਭੂਮੀ ਵੇਖ ਵਖਾਈਆ । ਨਾਮ ਦ੍ਰਿੜੌਣਾ ਇਕ ਸਲੋਕ, ਹਰਖ਼ ਸੋਗ ਚਿੰਤਾ ਜਗਤ ਮਿਟਾਈਆ । ਚਰਨ ਕਵਲ ਦੱਸਣੀ ਧੁਰ ਦੀ ਓਟ, ਓੜਕ ਹੋ ਸਹਾਈਆ । ਕੂੜੀ ਕਿਰਿਆ ਕੱਢ ਕੇ ਖੋਟ, ਖੋਟੇ ਖਰੇ ਲੈਣੇ ਬਣਾਈਆ । ਪ੍ਰਭ ਤੇਰੇ ਹੱਥ ਸੱਚੀ ਪਹੁੰਚ, ਦੂਜਾ ਅਵਰ ਨਾ ਕੋਇ ਸਹਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬੈਠਾ ਰਿਹੋਂ ਖ਼ਾਮੋਸ਼, ਆਪਣਾ ਆਪ ਰਿਹਾ ਛੁਪਾਈਆ । ਕਲਜੁਗ ਅੰਤਮ ਕਰ ਕੇ ਪਰਗਟ ਨਿਰਮਲ ਜੋਤ, ਸ਼ਬਦੀ ਢੋਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲੈਣੇ ਉਠਾਈਆ । ਜਨ ਭਗਤ ਲੈਣੇ ਉਠਾਲ, ਸੁਤਿਆਂ ਅੱਖ ਖੁਲ੍ਹਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਇਕੋ ਦਰ ਦੇਣੀ ਵਡਿਆਈਆ । ਨਿਰਗੁਣ ਵਿਚੋਲਾ ਬਣ ਕੇ ਲੈਣੀ ਸੁਰਤ ਸੰਭਾਲ, ਸਰਗੁਣ ਵੇਖ ਵਖਾਈਆ । ਗੁਰਮੁਖ ਗੋਦ ਉਠਾ ਕੇ ਬਾਲ, ਅਗਲਾ ਪਿਛਲਾ ਬਚਪਨ ਦੇਣਾ ਸਮਝਾਈਆ । ਨਾਤਾ ਤੋੜ ਕਾਲ ਮਹਾਂਕਾਲ, ਸਚ ਅਹਿਵਾਲ ਇਕ ਜਣਾਈਆ । ਅੰਦਰ ਬਾਹਰ ਹੋ ਕੇ ਨਾਲ, ਡੂੰਘੀ ਭਵਰੀ ਪਾਰ ਤਰਾਈਆ । ਸਚ ਦਵਾਰੇ ਸੱਚੀ ਧਰਮਸਾਲ, ਸਤਿਗੁਰ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੪੮੬ ੧੨

ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਤੇਰੇ ਤੇਰਾ ਮੰਤਵ, ਮੰਤਰ ਇਕੋ ਇਕ ਧਿਆਈਆ । ਹਰਿ ਜੂ ਆਪਣਾ ਦੱਸ ਇਕੋ ਮੰਤਰ, ਏਕੰਕਾਰ ਤੇਰੀ ਵਡਿ ਵਡਿਆਈਆ । ਜਿਸ ਦਾ ਲੇਖਾ ਉਪਰ ਗਗਨ ਗਗਨੰਤਰ, ਜ਼ਿਮੀਂ ਅਸਮਾਨ ਥਰ ਥਰਾਈਆ । ਜਿਸ ਦੀ ਤੱਤਾਂ ਵਿਚ ਨਾ ਬਣੇ ਕੋਈ ਬਣਤਰ, ਵਿਸ਼ਨ ਬ੍ਰਹਮਾ ਸ਼ਿਵ ਘਾੜਤ ਨਾ ਕੋਇ ਵਖਾਈਆ । ਜਿਸ ਦਾ ਲੇਖਾ ਤੇਰੇ ਅੰਤਰ, ਤੂੰ ਹੀ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਹਰਿਜਨ ਬੈਠੇ ਆਸ ਲਗਾਈਆ । ਹਰਿਜਨ ਰੱਖੀ ਆਸ ਇਕ, ਇਕੋ ਓਟ ਤਕਾਈਆ । ਲੇਖ ਅਲੇਖਾ ਮੇਰਾ ਲਿਖ, ਪਿਛਲੀ ਲਿਖਤ ਬੁਝਾਈਆ । ਸਾਚੇ ਮੰਦਰ ਆਵੇਂ ਦਿਸ, ਘਰ ਘਰ ਵਿਚ ਹੋਏ ਰੁਸ਼ਨਾਈਆ । ਕਿਉਂ ਕਰਵਟ ਲੈ ਕੇ ਦਿਤੀ ਪਿਠ, ਆਪਣੀ ਲੈ ਅੰਗੜਾਈਆ । ਤੂੰ ਮੇਰਾ ਸਾਹਿਬ ਸੁਲਤਾਨ ਪਿਤ, ਹਉਂ ਬਾਲਕ ਰੂਪ ਸਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀਂ ਸਾਰੇ ਰਹੇ ਡਿਗ, ਨਿਉਂ ਨਿਉਂ ਸੀਸ ਝੁਕਾਈਆ । ਆਪਣੇ ਮਿਲਣ ਦੀ ਜਨ ਭਗਤਾਂ ਦੱਸ ਬਿਧ, ਬਿਧ ਨਾਤਾ ਲੈ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਘਰ ਨਿਜ, ਗ੍ਰਿਹ ਆਪੇ ਸੋਭਾ ਪਾਈਆ । ਨਿਜ ਘਰ ਵਸੇਰਾ ਤੇਰਾ ਪਰਮਾਤਮ, ਘਰ ਘਰ ਵਿਚ ਡੇਰਾ ਲਾਈਆ । ਮੈਂ ਬਾਲਾ ਨੱਢਾ ਨਿੱਕਾ ਤੇਰਾ ਆਤਮ, ਰੂਪ ਸਰੂਪ ਤੁਧ ਬਿਨ ਸਕੇ ਨਾ ਕੋਇ ਸਮਝਾਈਆ । ਤੇਰਾ ਖੇਲ ਵੇਖਾਂ ਬਾਤਨ, ਬੈਤੁਲਮੁਕਦੱਸ ਤੇਰਾ ਧਾਮ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਹੋ ਆਖਣ, ਆਖ਼ਰ ਗਏ ਸਮਝਾਈਆ । ਸ਼ਾਸਤਰਾਂ ਸਿਮਰਤਾਂ ਵੇਦਾਂ ਵਿਚ ਦੇ ਕੇ ਭਾਸ਼ਨ, ਆਪਣਾ ਲੇਖਾ ਭਾਸ਼ਾ ਵਿਚ ਉਲਟਾਈਆ । ਤੂੰ ਸਾਹਿਬ ਸੁਲਤਾਨ ਧੁਰ ਦਾ ਸਾਕਣ, ਸੰਗੀ ਬੇਪਰਵਾਹੀਆ । ਕਲਜੁਗ ਮੇਟ ਅੰਧੇਰੀ ਰਾਤਣ, ਸਤਿਜੁਗ ਸਾਚਾ ਰਾਹ ਚਲਾਈਆ । ਤੇਰੇ ਨਾਮ ਦੀ ਦੋ ਜਹਾਨ ਗਾਵੇ ਗਾਥਣ, ਇਕੋ ਇਸ਼ਟ ਮਨਾਈਆ । ਭਗਤ ਭਗਵਾਨ ਤੇਰੇ ਚਰਨ ਕਵਲ ਬਲ ਬਲ ਜਾਸਣ, ਜਸ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਪਰਗਟਾ ਸੱਚਾ ਦਰ, ਜਿਸ ਘਰ ਤੂੰ ਹੀ ਨਜ਼ਰੀ ਆਈਆ ।

## ✪ ੨੩ ਭਾਦਰੋਂ ੨੦੨੧ ਬਿਕ੍ਰਮੀ ਸਮੁੰਦ ਸਿੰਘ ਦੇ ਗ੍ਰਿਹ ਪਿੰਡ ਮਾੜੀ ਮੇਘਾ ✪

ਸਚਖੰਡ ਦਵਾਰ ਸੱਚੀ ਧਰਮਸਾਲ, ਸਤਿ ਸਤਿਵਾਦੀ ਪੁਰਖ ਅਬਿਨਾਸ਼ੀ ਸੋਭਾ ਪਾਈਆ । ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਧਾਰ ਚਲਾਈਆ । ਸੋ ਪੁਰਖ ਨਿਰੰਜਣ ਠਾਂਡਾ ਖੋਲ੍ਹ ਇਕ ਦਰਬਾਰ, ਹਰਿ ਪੁਰਖ ਨਿਰੰਜਣ ਖ਼ੁਸ਼ੀ ਮਨਾਈਆ । ਏਕੰਕਾਰ ਵੇਖੇ ਵਿਗਸੇ ਵੇਖਣਹਾਰ, ਆਦਿ ਨਿਰੰਜਣ ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਸੱਜਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਈਆ । ਸ੍ਰੀ ਭਗਵਾਨ ਸਤਿ ਨਿਸ਼ਾਨਾ ਇਕ ਉਠਾਲ, ਸਚ ਦਵਾਰੇ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਅਪਰੰਪਰ ਸਵਾਮੀ ਆਪਣੀ ਖੇਲ ਕਰਾਈਆ । ਮੁਕਾਮੇ ਹੱਕ ਪਰਵਰਦਿਗਾਰ, ਜਲਵਾ ਨੂਰ ਕਰੇ ਰੁਸ਼ਨਾਈਆ । ਲਾਸ਼ਰੀਕ ਬੇਐਬ ਕਰੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣੀ ਕਾਰ ਕਮਾਈਆ । ਇਕ ਇਕੱਲਾ ਏਕੰਕਾਰਾ, ਸੋ ਪੁਰਖ ਨਿਰੰਜਣ

ਹਰਿ ਅਖਵਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਮਹੱਲ ਅਟਲ ਇਕ ਰੁਸ਼ਨਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ ਵਡ ਬਲਕਾਰਾ, ਵਾਲੀ ਦੋ ਜਹਾਨਾਂ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਕਾਰ ਕਮਾਇੰਦਾ । ਸਚ ਦਵਾਰ ਪੁਰਖ ਅਗੰਮ, ਹਰਿ ਕਰਤਾ ਆਪ ਪਰਗਟਾਈਆ । ਮਾਤ ਪਿਤ ਕੋਈ ਨਾ ਲਏ ਜੰਮ, ਜਨਨੀ ਜਨ ਗੋਦ ਨਾ ਕੋਇ ਉਠਾਈਆ । ਪਵਣ ਸਵਾਸ ਨਾ ਕੋਈ ਦਮ, ਚਿੰਤਾ ਗ਼ਮ ਸੰਗ ਨਾ ਕੋਇ ਨਿਭਾਈਆ । ਨਿਹਕਰਮੀ ਕਰੇ ਆਪਣਾ ਕੰਮ, ਕਰਨਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਖ਼ੁਸ਼ੀ ਵਖਾਈਆ । ਸਚ ਦਵਾਰਾ ਉਚ ਮਨਾਰਾ, ਹਰਿ ਕਰਤਾ ਆਪ ਸੁਹਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਈਆ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਧਾਰ ਪਰਗਟਾਈਆ । ਨਿਰਗੁਣ ਨਿਰਗੁਣ ਮੀਤ ਮੁਰਾਰਾ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਖ਼ੁਸ਼ੀ ਮਨਾਈਆ । ਸਚ ਦਵਾਰਾ ਸੋਭਾਵੰਤ, ਸਚਖੰਡ ਨਿਵਾਸੀ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਦੂਜਾ ਨਜ਼ਰ ਕੋਇ ਨਾ ਆਈਆ । ਆਪਣੀ ਮਹਿੰਮਾ ਜਾਣੇ ਆਪ ਬੇਅੰਤ, ਲੇਖਾ ਅਗਣਤ ਨਾ ਕੋਇ ਸਮਝਾਈਆ । ਆਪੇ ਬਣ ਕੇ ਨਾਰ ਕੰਤ , ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਮਾਣ ਵਡਿਆਈਆ । ਸਤਿ ਸਤਿਵਾਦੀ ਸ੍ਰੀ ਭਗਵਾਨ, ਹਰਿ ਕਰਤਾ ਇਕ ਅਖਵਾਇੰਦਾ । ਸਚਖੰਡ ਦਵਾਰੇ ਹੋ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਇੰਦਾ । ਰੂਪ ਰੰਗ ਰੇਖ ਨਾ ਕੋਇ ਨਿਸ਼ਾਨ, ਤਤਵ ਤਤ ਨਾ ਕੋਇ ਬੁਝਾਇੰਦਾ । ਆਪਣੀ ਇਛਿਆ ਭਿਛਿਆ ਦੇਵੇ ਦਾਨ, ਆਪਣੀ ਵਸਤ ਅਮੋਲਕ ਆਪ ਵਰਤਾਇੰਦਾ । ਆਪੇ ਖੇਲ ਕਰੇ ਮਹਾਨ, ਕਰਤਾ ਆਪਣੀ ਕਾਰ ਕਮਾਇੰਦਾ । ਆਪੇ ਜਨਨੀ ਜਨ ਬਣ ਕੇ ਪਰਗਟਾਏ ਬਾਲ ਨਿਧਾਨ, ਸੁਤ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਹਰਿ ਕਰਤਾ ਖ਼ੁਸ਼ੀ ਮਨਾਈਆ । ਸਤਿ ਦਵਾਰਾ ਕਰ ਤਿਆਰ, ਸ਼ਬਦੀ ਨਾਉਂ ਪਰਗਟਾਈਆ । ਚਰਨ ਕਵਲ ਦੇ ਸਹਾਰ, ਥਿਰ ਘਰ ਸੋਹਣੀ ਵੰਡ ਵੰਡਾਈਆ । ਚੰਦ ਸੂਰਜ ਨਾ ਕੋਇ ਉਜਿਆਰ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਪ੍ਰਿਥਮੀ ਆਕਾਸ਼ ਨਾ ਕੋਈ ਅਖਾੜ, ਪੁਰੀ ਲੋਅ ਨਾ ਸੋਭਾ ਪਾਈਆ । ਇਕ ਇਕੱਲਾ ਪੁਰਖ ਅਕਾਲ, ਅਕਲ ਕਲ ਧਾਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਠਾਕਰ ਸਵਾਮੀ, ਹਰਿ ਕਰਤਾ ਕਾਰ ਕਮਾਇੰਦਾ । ਲੇਖਾ ਜਾਣੇ ਸਚਖੰਡ ਨੌਜਵਾਨੀ, ਨੌਬਤ ਆਪਣਾ ਨਾਮ ਵਜਾਇੰਦਾ । ਜੋਤ ਸਰੂਪਾ ਜੋਤ ਨੁਰਾਨੀ, ਨੂਰ ਨੁਰਾਨਾ ਡਗਮਗਾਇੰਦਾ । ਸ਼ਾਹੋ ਭੂਪ ਸਿਕਦਾਰ ਵਡ ਸੁਲਤਾਨੀ, ਹੁਕਮ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਕਰਾਇੰਦਾ । ਧੁਰ ਦਾ ਖੇਲ ਕਰੇ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਸਤਿ ਦਵਾਰੇ ਦੇ ਆਧਾਰ, ਸਾਚੀ ਸਿਖਿਆ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਪਿਆਰ, ਦੂਜੀ ਵੰਡ ਨਾ ਕੋਇ ਵਖਾਈਆ । ਧੁਰ ਦਾ ਹੁਕਮ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਇਕ ਸੁਣਾਈਆ ।

੪੮੮ ੧੨

ਥਿਰ ਘਰ ਤੇਰਾ ਸੱਚਾ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੁਤ ਦੁਲਾਰੇ ਦੇਵੇ ਮਤ, ਹਰਿ ਠਾਕਰ ਸਵਾਮੀ ਆਪ ਸਮਝਾਇੰਦਾ । ਤੂੰ ਮੇਰਾ ਨੂਰ ਅਗੰਮੀ ਰੱਤ, ਰੂਪ ਰੰਗ ਰੇਖ ਵਿਚ ਕਦੇ ਨਾ ਆਇੰਦਾ । ਸਾਚਾ ਮਾਰਗ ਦੇਣਾ ਦੱਸ, ਧੁਰ ਦੀ ਸਿਖਿਆ ਇਕ ਸਮਝਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਬਿਨ ਅੱਖਰਾਂ ਰਾਗ ਅਲਾਇੰਦਾ । ਅਗੰਮ ਅਥਾਹ ਝੋਲੀ ਪਾ ਕੇ ਹੱਕ, ਹਕੀਕਤ ਤੇਰੇ ਹੱਥ ਫੜਾਇੰਦਾ । ਤੇਰਾ ਨੂਰ ਕਰ ਪਰਗਟ, ਜੋਤੀ ਜਾਤਾ ਡਗਮਗਾਇੰਦਾ । ਥਿਰ ਘਰ ਖੋਲ੍ਹ ਅਨੋਖਾ ਹੱਟ, ਵਣਜਾਰਾ ਤੇਰਾ ਰੂਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਇੰਦਾ । ਧੁਰ ਫ਼ਰਮਾਨਾ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਨੌਜਵਾਨ, ਤੇਰਾ ਇਕੋ ਰੰਗ ਵਖਾਈਆ । ਬਿਰਧ ਬਾਲ ਨਾ ਕੋਈ ਨਿਸ਼ਾਨ, ਜੋਬਨਵੰਤਾ ਸਾਚਾ ਸਾਹਿਬ ਇਕ ਅਖਵਾਈਆ । ਨਿਰਗੁਣ ਨਿਰਾਕਾਰ ਨਿਰਵੈਰ ਬਣਾਏ ਤੇਰੀ ਬਣਤਾ, ਅਜੂਨੀ ਰਹਿਤ ਸਾਚੀ ਵੰਡ ਵੰਡਾਈਆ । ਬੋਧ ਅਗਾਧਾ ਬਣ ਕੇ ਧੁਰ ਦਾ ਪੰਡਤਾ, ਨਿਰਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸੁਤ ਦੁਲਾਰੇ ਪ੍ਰਭ ਦੇਵੇ ਦਾਤ, ਸਚਖੰਡ ਨਿਵਾਸੀ ਦਇਆ ਕਮਾਈਆ । ਤੇਰਾ ਵੇਖਾਂ ਖੇਲ ਤਮਾਸ਼, ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਵਾਂ ਰਾਸ, ਧੁਰ ਦੀ ਦਾਤ ਹੱਥ ਫੜਾਈਆ । ਤ੍ਰੈਗੁਣ ਮਾਇਆ ਬਖ਼ਸ਼ ਸਾਥ, ਰਜੋ ਤਮੋ ਸਤੋ ਜੋੜ ਜੁੜਾਈਆ । ਪੰਜ ਤਤ ਬਣਾ ਰਹਿਰਾਸ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਈਆ । ਲੱਖ ਚੁਰਾਸੀ ਖੇਲ ਤਮਾਸ਼, ਵੇਖਣਹਾਰਾ ਬੇਪਰਵਾਹੀਆ । ਆਤਮ ਪਰਮਾਤਮ ਕਰ ਕੇ ਵਾਸ, ਪਵਣ ਸਵਾਸਾਂ ਨਾਲ ਮਿਲਾਈਆ । ਖੇਲ ਖਿਲਾਣਾ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਸੁਣਾਇਆ ਏਕ, ਆਦਿ ਪੁਰਖ ਦਇਆ ਕਮਾਈਆ । ਸੁਤ ਸ਼ਬਦ ਤੇਰੀ ਸਾਚੀ ਟੇਕ, ਦੋ ਜਹਾਨਾਂ ਦਏ ਸਮਝਾਈਆ । ਆਦਿ ਜੁਗਾਦਿ ਰਹਿਣਾ ਬਿਬੇਕ, ਬਿਬੇਕੀ ਰੂਪ ਇਕ ਪਰਗਟਾਈਆ । ਪਿਤਾ ਪੁਰਖ ਅਕਾਲ ਕਰੇ ਹੇਤ, ਧੁਰ ਦਾ ਸੰਗ ਨਿਭਾਈਆ । ਨਿਰਗੁਣ ਸਰਗੁਣ ਹੋ ਕੇ ਲੈਣਾ ਖੇਡ, ਪੰਜ ਤਤ ਕਰ ਕੁੜਮਾਈਆ । ਅੰਤਰ ਆਤਮ ਦੱਸਣਾ ਭੇਤ, ਬ੍ਰਹਮ ਮਤ ਇਕ ਸਮਝਾਈਆ । ਤੇਰੀ ਸਮਝ ਨਾ ਸਕੇ ਕੋਈ ਰੇਖ, ਰੂਪ ਨਜ਼ਰ ਕਿਸੇ ਨਾ ਆਈਆ । ਨਿਤ ਨਵਿਤ ਧਰਨਾ ਅਵੱਲੜਾ ਭੇਖ, ਭੇਖਧਾਰੀ ਹੋ ਕੇ ਫੇਰਾ ਪਾਈਆ । ਮੇਰੇ ਨਾਮ ਦਾ ਦੇਣਾ ਸਤਿ ਸੰਦੇਸ਼, ਧੁਰ ਦਾ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਦ੍ਰਿੜਾਈਆ । ਸੁਤ ਸ਼ਬਦ ਤੇਰੀ ਸਾਚੀ ਕਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਲੱਖ ਚੁਰਾਸੀ ਖੇਲ ਅਪਾਰ, ਅਪਰੰਪਰ ਸਵਾਮੀ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਇਕ ਸਮਝਾਇੰਦਾ । ਨਵ ਨੌਂ ਚਾਰ ਖੇਲ ਅਪਾਰ, ਹਰਿ ਕਰਤਾ ਕਾਰ ਕਮਾਇੰਦਾ । ਸਤਿਜੁਗ ਤੇਰੀ ਝੋਲੀ ਦੇਵੇ ਡਾਰ, ਵੱਡਾ ਛੋਟਾ ਨਿੱਕਾ ਵੰਡ ਆਪ ਵੰਡਾਇੰਦਾ । ਚਾਰੇ ਖਾਣੀ ਕਰ ਪਸਾਰ, ਚਾਰੇ ਬਾਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਇਕ ਵਰਤਾਇੰਦਾ । ਤੇਰਾ ਹੁਕਮ

ਵਰਤੇ ਮਾਤ, ਹਰਿ ਕਰਤਾ ਦਏ ਵਡਿਆਈਆ । ਪੰਜ ਤਤ ਕਾਇਆ ਦੇਣੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਸਚ ਸੰਦੇਸਾ ਸੁਣਾਉਣਾ ਗਾਥ, ਬੋਧ ਅਗਾਧ ਪੜ੍ਹਾਈਆ । ਜੁਗ ਚੌਕੜੀ ਚਲਾਉਣਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਸਚ ਦਵਾਰ ਜੋੜਨਾ ਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਪਾਰਬ੍ਰਹਮ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਜੁਗ ਚੌਕੜੀ ਤੇਰਾ ਕੰਮ, ਨਿਹਕਰਮੀ ਆਪ ਸਮਝਾਇੰਦਾ । ਪੰਜ ਤਤ ਕਾਇਆ ਬੇੜਾ ਦੇਣਾ ਬੰਨ੍ਹ, ਨਈਆ ਨੌਕਾ ਤੇਰੇ ਹੱਥ ਫੜਾਇੰਦਾ । ਭਾਗ ਲਗਾਉਣਾ ਕਾਇਆ ਮਾਟੀ ਚੰਮ, ਤਤਵ ਤਤ ਆਪ ਸਮਝਾਇੰਦਾ । ਹਰਖ਼ ਸੋਗ ਨਾ ਰੱਖਣਾ ਗ਼ਮ, ਚਿੰਤਾ ਰੋਗ ਨਾ ਕੋਇ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਇਕ ਸਮਝਾਇੰਦਾ । ਸਾਚੀ ਕਾਰ ਦੇ ਕਰਤਾਰ, ਹਰਿ ਕਰਤਾ ਆਪ ਜਣਾਈਆ । ਸ਼ਬਦੀ ਸੁੱਤ ਤੇਰਾ ਰੂਪ ਅਪਾਰ, ਜੁਗ ਜੁਗ ਵੇਸ ਵਟਾਈਆ । ਨਾਉਂ ਰੱਖ ਗੁਰ ਅਵਤਾਰ, ਸਰਗੁਣ ਸਾਚੇ ਘਰ ਸੋਭਾ ਪਾਈਆ । ਸ਼ਬਦ ਅਨਾਦੀ ਬੋਲ ਇਕ ਜੈਕਾਰ, ਦੋ ਜਹਾਨ ਦੇਣਾ ਸੁਣਾਈਆ । ਕਾਗ਼ਜ਼ ਕਲਮ ਬਣ ਲਿਖਾਰ, ਕਾਤਬ ਹੋ ਕੇ ਸੇਵ ਕਮਾਈਆ । ਲੇਖਾ ਜਾਣ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਗੋਝ ਦ੍ਰਿੜ੍ਹਾਈਆ । ਅੰਜੀਲ ਕੁਰਾਨ ਝੁਲਾ ਨਿਸ਼ਾਨ, ਖਾਣੀ ਬਾਣੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਇਕ ਵਰਤਾਈਆ । ਤੇਰਾ ਹੁਕਮ ਵਰਤੇ ਲੋਕਮਾਤ, ਚਾਰ ਕੁੰਟ ਸ਼ਨਵਾਈਆ । ਤੇਰੀ ਮੇਰੀ ਇਕੋ ਜ਼ਾਤ, ਨੂਰ ਨੂਰ ਵਿਚੋਂ ਪਰਗਟਾਈਆ । ਤੇਰੀ ਮੇਰੀ ਇਕੋ ਖਾਟ, ਸਿੰਘਾਸਣ ਇਕੋ ਨਜ਼ਰੀ ਆਈਆ । ਤੇਰੀ ਮੇਰੀ ਇਕੋ ਵਾਟ, ਦੋ ਜਹਾਨਾਂ ਪੰਧ ਮੁਕਾਈਆ । ਤੇਰੀ ਮੇਰੀ ਇਕੋ ਖ਼ਾਹਿਸ਼, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਸਿਰ ਹੱਥ ਰੱਖੇ ਸਮਰਾਥ, ਪ੍ਰਭ ਦੇਵਣਹਾਰ ਵਡਿਆਈਆ । ਜੁਗ ਚੌਕੜੀ ਖੇਲ ਤਮਾਸ਼, ਹਰਿ ਕਰਤਾ ਵੇਖੇ ਚਾਈਂ ਚਾਈਆ । ਨਿਰਗੁਣ ਸਰਗੁਣ ਹੋ ਕੇ ਪਾਉਣੀ ਰਾਸ, ਘਰ ਘਰ ਗੋਪੀ ਕਾਹਨ ਨਚਾਈਆ । ਨਾਮ ਦ੍ਰਿੜਾਉਣਾ ਸਵਾਸ ਸਵਾਸ, ਅੰਤਰ ਆਤਮ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਸਮਝਾਈਆ । ਤੇਰੀ ਸੇਵਾ ਦੱਸੇ ਆਦਿ ਨਿਰੰਜਣ, ਸੋ ਸਾਹਿਬ ਬੇਪਰਵਾਹੀਆ । ਦਾਤਾ ਬਣਨਾ ਦਰਦ ਦੁੱਖ ਭੰਜਨ, ਭਵ ਸਾਗਰ ਵੇਖ ਵਖਾਈਆ । ਲੱਖ ਚੁਰਾਸੀ ਨੇਤਰ ਨਾਮ ਨਿਧਾਨ ਪਾਉਣਾ ਅੰਜਨ, ਨਿਜ ਨੈਣ ਅੱਖ ਖੁਲ੍ਹਾਈਆ । ਅੰਮ੍ਰਿਤ ਸਰੋਵਰ ਕਰਾਉਣਾ ਮਜਨ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣਨਾ ਸੱਜਣ, ਸਗਲਾ ਸੰਗ ਨਿਭਾਈਆ । ਏਥੇ ਓਥੇ ਕਰਨਾ ਅਦਲ, ਆਦਲ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇ ਅੰਦਰ ਦੇਣਾ ਬਦਲ, ਥਿਰ ਰਹਿਣ ਕੋਇ ਨਾ ਪਾਈਆ । ਮੈਂ ਵੇਖਾਂ ਤੇਰੀ ਆਪਣੇ ਘਰ ਉਹ ਮੰਜ਼ਲ, ਜਿਸ ਦਾ ਮਾਲਕ ਇਕ ਅਖਵਾਈਆ । ਤੇਰੇ ਹੁਕਮੇ ਅੰਦਰ ਕਾਲ ਮਹਾਂਕਾਲ ਰਾਏ ਧਰਮ ਚਿਤ੍ਰਗੁਪਤ ਸੀਸ ਨਿਵਾਏ ਅਜ਼ਲ, ਲਾੜੀ ਮੌਤ ਭੱਜੇ ਵਾਹੋ ਦਾਹੀਆ । ਤੇਰਾ ਦੀਪ ਜੋਤ ਪਰਕਾਸ਼ ਹੋ ਕੇ ਦੋ ਜਹਾਨ ਜਗਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਿਤ ਨਵਿਤ ਬੁਝਾਉਣੀ ਅਗਨ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋਹੇ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਆਪ ਪ੍ਰਭ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਤੁਧ

ਬਿਨ ਮੇਰੀ ਕੋਈ ਨਾ ਜਾਣੇ ਹੱਦ, ਘਰ ਸਾਚੇ ਸੋਭਾ ਕੋਈ ਨਾ ਪਾਇੰਦਾ । ਸਚਖੰਡ ਵਿਚੋਂ ਉਪਜਾਈ ਤੇਰੀ ਯੱਦ, ਥਿਰ ਘਰ ਤੇਰਾ ਆਸਣ ਲਾਇੰਦਾ । ਕਰ ਖੇਲ ਪੁਰਖ ਸਮਰਥ, ਸਰਬ ਸਵਾਮੀ ਤੇਰਾ ਵੇਸ ਵਟਾਇੰਦਾ । ਤੂੰ ਮੇਰਾ ਮੈਂ ਤੇਰਾ ਗਾਵਾਂ ਜਸ, ਦੋ ਜਹਾਨਾਂ ਮਿਲ ਕੇ ਢੋਲਾ ਆਪਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸ਼ਬਦ ਸੁਤ ਹਰਿ ਕਰ ਪਿਆਰ, ਪੀਆ ਪ੍ਰੀਤਮ ਦਏ ਵਡਿਆਈਆ । ਤੇਰਾ ਲਹਿਣਾ ਦੇਣਾ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਈਸਾ ਮੂਸਾ ਮੁਹੰਮਦ ਤੇਰੀ ਧਾਰ, ਜਲਵਾ ਨੂਰ ਨੂਰ ਰੁਸ਼ਨਾਈਆ । ਨਾਨਕ ਨਿਰਗੁਣ ਤੇਰਾ ਡੰਕਾ ਅਪਰ ਅਪਾਰ, ਦੋ ਜਹਾਨਾਂ ਸਤਿ ਵਜਾਈਆ । ਗੋਬਿੰਦ ਕਹੇ ਪੁਰਖ ਅਕਾਲ, ਇਕੋ ਦਾਤਾ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਆਪ ਵਰਤਾਈਆ । ਤੇਰਾ ਹੁਕਮ ਵਰਤੇ ਜੁਗ ਚੌਕੜੀ ਚਾਰ, ਚਾਰੋਂ ਕੁੰਟ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਚਾਰੇ ਮੁਖ ਵੇਦ ਸਾਲਾਹੀਆ । ਚਾਰੇ ਵੇਦ ਹੋਣ ਪਨਿਹਾਰ, ਪੁਰਾਨ ਅਠਾਰਾਂ ਧਿਆਨ ਲਗਾਈਆ । ਗੀਤਾ ਨਿਉਂ ਨਿਉਂ ਕਰੇ ਨਿਮਸਕਾਰ, ਅੱਠ ਦਸ ਸੋਭਾ ਪਾਈਆ । ਤੀਸ ਬਤੀਸਾ ਮੰਗੇ ਮੰਗ ਦਵਾਰ, ਅੰਜੀਲ ਕੁਰਾਨ ਝੋਲੀ ਡਾਹੀਆ । ਇਕੋ ਸ਼ਬਦ ਸਚ ਭੰਡਾਰ, ਹਰਿ ਕਰਤਾ ਤੇਰਾ ਰੂਪ ਵਖਾਈਆ । ਕਲਜੁਗ ਨਾਨਕ ਨਿਰਗੁਣ ਲੋਕਮਾਤ ਕਰੇ ਉਜਿਆਰ, ਲੱਖ ਚੁਰਾਸੀ ਦਏ ਸਮਝਾਈਆ । ਸ਼ਬਦ ਸਵਾਮੀ ਸਭ ਦਾ ਯਾਰ, ਪੰਜ ਤਤ ਕੰਮ ਕਿਸੇ ਨਾ ਆਈਆ । ਗੋਬਿੰਦ ਅੰਤਮ ਬੋਲ ਜੈਕਾਰ, ਫ਼ਤਹਿ ਡੰਕਾ ਦਏ ਸੁਣਾਈਆ । ਲੇਖਾ ਚੁੱਕੇ ਸਰਬ ਸੰਸਾਰ, ਸਗਲ ਸ੍ਰਿਸ਼ਟੀ ਹੁਕਮ ਮਨਾਈਆ । ਇਕੋ ਇਸ਼ਟ ਦੀਨ ਦਿਆਲ, ਪੁਰਖ ਅਕਾਲ ਸਭ ਨੂੰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖੇ ਚਾਈਂ ਚਾਈਂਆ । ਸੁਤ ਸ਼ਬਦ ਅੱਗੋਂ ਪਿਆ ਹੱਸ, ਪ੍ਰਭ ਚਰਨ ਖ਼ੁਸ਼ੀ ਮਨਾਈਆ । ਆਦਿ ਪੁਰਖ ਜੋ ਮਾਰਗ ਦਿਤਾ ਦੱਸ, ਸਤਿਗੁਰ ਸਹਿਜ ਸਹਿਜ ਸਮਝਾਈਆ । ਹਉਂ ਬਾਲਕ ਨੱਢਾ ਸਿਰ ਤੇ ਰੱਖਣਾ ਹੱਥ, ਤੇਰੀ ਓਟ ਤਕਾਈਆ । ਨਿਤ ਨਵਿਤ ਤੇਰਾ ਗਾਵਾਂ ਜਸ, ਤੂੰ ਮੇਰਾ ਪਿਤਾ ਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਗਟ, ਸੋਹਣੀ ਬਣਤ ਬਣਾਈਆ । ਤ੍ਰੈਗੁਣ ਮਾਇਆ ਝੋਲੀ ਘਤ, ਪੰਜ ਤਤ ਕਰਾਂ ਕੁੜਮਾਈਆ । ਆਤਮ ਪਰਮਾਤਮ ਵਸਤ ਦੇ ਕੇ ਸਤਿ, ਲੱਖ ਚੁਰਾਸੀ ਖੇਲ ਖਿਲਾਈਆ । ਮਨ ਮਤ ਬੁਧ ਅੰਦਰ ਰੱਖ, ਨੌਂ ਦਵਾਰੇ ਰੰਗ ਚੜ੍ਹਾਈਆ । ਹਰਿ ਕਰਨੀ ਅੰਦਰ ਕਰ ਕੇ ਬੰਦ, ਸੁਰਤੀ ਨਿਰਤੀ ਆਪ ਛੁਪਾਈਆ । ਰਸਨਾ ਜੇਹਵਾ ਬੱਤੀ ਦੰਦ, ਢੋਲੇ ਰਾਗਾਂ ਵਿਚ ਵਡਿਆਈਆ । ਅੰਦਰ ਪਾਕੇ ਪੜਦਾ ਕੰਧ, ਆਪਣਾ ਆਪ ਲਵਾਂ ਛੁਪਾਈਆ । ਸਾਚੀ ਸੇਜ ਇਕ ਪਲੰਘ, ਘਰ ਘਰ ਵਿਚ ਵੇਖ ਵਖਾਈਆ । ਉਪਰ ਬੈਠ ਮਾਣਾਂ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਹੋਵੇ ਪਰਕਾਸ਼ ਬਿਨ ਸੂਰਜ ਚੰਦ, ਤੇਰਾ ਨੂਰ ਜੋਤ ਰੁਸ਼ਨਾਈਆ । ਬਿਨ ਰਸਨਾ ਜੇਹਵਾ ਸੋਹਣਾ ਛੰਦ, ਅਨਹਦ ਨਾਦ ਵਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰਾ ਸਗਲਾ ਸੰਗ ਰਖਾਈਆ । ਸ਼ਬਦ ਕਹੇ ਮੇਰਾ ਰੱਖਣਾ ਸੰਗ, ਸਤਿ ਤੇਰੀ ਓਟ ਤਕਾਈਆ । ਤੇਰਾ ਵੱਜੇ ਸ਼ਬਦ ਮਰਦੰਗ, ਏਥੇ ਓਥੇ ਖ਼ੁਸ਼ੀ ਮਨਾਈਆ । ਜੁਗ ਚੌਕੜੀ ਜਾਵਣ ਲੰਘ, ਕੋਟਨ ਕੋਟ ਕਾਲ ਬਿਤਾਈਆ । ਗੁਰ ਅਵਤਾਰ ਪੀਰ ਪੈਗੰਬਰ ਵਿਚ ਵਰਭੰਡ, ਤੇਰਾ ਸੋਹਲਾ ਢੋਲਾ ਗਾਈਆ । ਅੰਤਮ ਪੰਜ ਤਤ ਕਾਇਆ

ਚੋਲਾ ਜਾਵਣ ਛੱਡ, ਛੁੱਟੇ ਖਹਿੜਾ ਜਗਤ ਲੋਕਾਈਆ । ਤੇਰੇ ਨਾਲੋਂ ਵਿਛੜੇ ਹੋ ਕੇ ਅੱਡ, ਅੰਤ ਮੇਲਾ ਲੈਣਾ ਮਿਲਾਈਆ । ਸਾਚੇ ਗੁਰਮੁਖਾਂ ਗੁਰਸਿਖਾਂ ਮਾਰਗ ਦੱਸ, ਅੰਤਰ ਆਏ ਬੂਝ ਬੁਝਾਈਆ । ਕੂੜੀ ਕਿਰਿਆ ਪਾਰ ਕਰਾ ਕੇ ਹੱਦ, ਤੇਰਾ ਮੰਦਰ ਦੇਣਾ ਸਮਝਾਈਆ । ਤੂੰ ਦੇਣਾ ਸਭ ਨੂੰ ਆਪਣਾ ਪਦ, ਘਰ ਸਾਚੇ ਲੈਣਾ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਣੀ ਮਹਿਬੂਬ, ਮੁਹੱਬਤ ਤੇਰੀ ਨਜ਼ਰੀ ਆਈਆ । ਤੇਰਾ ਉਚਾ ਇਕ ਅਰੂਜ, ਅਰਸ਼ ਕੁਰਸ਼ ਬੈਠੇ ਸੀਸ ਨਿਵਾਈਆ । ਤੇਰਾ ਪਾਰ ਕਿਨਾਰਾ ਸਮਝੇ ਨਾ ਕੋਇ ਹਦੂਦ, ਬੇਹਦ ਤੇਰੀ ਵਡਿਆਈਆ । ਹਰ ਘਟ ਵਸੇ ਸਦਾ ਮੌਜੂਦ, ਮਜਲਸ ਆਪਣਾ ਨਾਮ ਲਗਾਈਆ । ਤੇਰਾ ਸ਼ਬਦ ਸੁਤ ਦੁਲਾਰਾ ਸਦਾ ਮਹਿਫ਼ੂਜ਼, ਦੂਤੀ ਦੁਸ਼ਮਣ ਸੰਗ ਨਾ ਕੋਇ ਬਣਾਈਆ । ਤੇਰਾ ਨਗਾਰਾ ਵਜਾਵਾਂ ਚਾਰੇ ਕੂਟ, ਦਹਿ ਦਿਸ਼ਾ ਕਰਾਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰਖਣਾ ਹੱਥ ਟਿਕਾਈਆ । ਸ੍ਰੀ ਭਗਵਾਨ ਆਦਿ ਦ੍ਰਿੜਾਉਦਾ ਏ । ਸਚਖੰਡ ਦਵਾਰੇ ਹੁਕਮ ਸੁਣਾਉਂਦਾ ਏ । ਸੁਤ ਦੁਲਾਰੇ ਮਾਣ ਦਵਾਉਂਦਾ ਏ । ਥਿਰ ਘਰ ਚੁਬਾਰੇ ਤੇਰਾ ਡੇਰਾ ਲਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਕਰ ਵਣਜਾਰੇ, ਤਿੰਨਾਂ ਇਕੋ ਹੁਕਮ ਮਨਾਉਂਦਾ ਏ । ਖੇਲਣਾ ਖੇਲ ਸਦਾ ਜੁਗ ਚਾਰੇ, ਚੌਕੜੀ ਤੇਰੀ ਵੰਡ ਵੰਡਾਉਂਦਾ ਏ । ਚਾਰੇ ਖਾਣੀ ਚਾਰੇ ਬਾਣੀ ਬੋਲੇ ਜੈਕਾਰੇ, ਧੁਨ ਅਨਾਦੀ ਨਾਦ ਸੁਣਾਉਂਦਾ ਏ । ਤੇਰਾ ਰੂਪ ਗੁਰੂ ਅਵਤਾਰੇ, ਪੀਰ ਪੈਗ਼ੰਬਰ ਤੇਰਾ ਰੂਪ ਦਰਸਾਉਂਦਾ ਏ । ਤੇਰਾ ਸ਼ਬਦ ਅਪਰ ਅਪਾਰੇ, ਬੋਧ ਅਗਾਧਾ ਜਗਤ ਸਮਝਾਉਂਦਾ ਏ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੇ ਚਲਦੇ ਰਹੇ ਇਸ਼ਾਰੇ, ਇਸ਼ਾਰਾ ਆਪਣਾ ਨਾਮ ਹੱਥ ਫੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਧੁਰ ਸੰਦੇਸ਼ਾ ਇਕ ਸੁਣਾਉਂਦਾ ਏ । ਆਦਿ ਪੁਰਖ ਭਗਵੰਤ, ਹਰਿ ਕਰਤਾ ਇਕ ਦ੍ਰਿੜਾਈਆ । ਤੇਰਾ ਖੇਲ ਵੇਖਾਂ ਜੁਗਾ ਜੁਗੰਤ, ਜੁਗ ਚੌਕੜੀ ਫੇਰਾ ਪਾਈਆ । ਤੂੰ ਮੇਰਾ ਮੈਂ ਤੇਰਾ ਕੰਤ, ਲੱਖ ਚੁਰਾਸੀ ਕਰਾਂ ਪੜ੍ਹਾਈਆ । ਤੇਰਾ ਖੇਲ ਜੇਰਜ ਅੰਡਜ, ਉਤਭੁਜ ਸੇਤਜ ਤੇਰਾ ਰੂਪ ਨਜ਼ਰੀ ਆਈਆ । ਦੂਜੇ ਦਰ ਨਾ ਹੋਣਾ ਮੰਗਤ, ਇਕੋ ਵਾਰ ਭੰਡਾਰਾ ਤੇਰੇ ਹੱਥ ਫੜਾਈਆ । ਜਨ ਭਗਤ ਤੇਰੀ ਸਾਚੀ ਸੰਗਤ, ਸੰਤ ਸੁਹੇਲੇ ਨਾਲ ਰਲਾਈਆ । ਗੁਰਮੁਖ ਲਗਾਉਣੇ ਆਪਣੇ ਅੰਗਤ, ਗੁਰਸਿਖ ਗੁਰ ਗੁਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਕਹੇ ਬੋਲ, ਅਨਬੋਲਤ ਰਾਗ ਸੁਣਾਈਆ । ਸ਼ਬਦੀ ਗੁਰ ਤੇਰਾ ਸਦਾ ਵੱਜੇ ਢੋਲ, ਦੋ ਜਹਾਨਾਂ ਅੱਖ ਖੁਲ੍ਹਾਈਆ । ਤੇਰੇ ਹੱਥ ਫੜਾਇਆ ਤੋਲ, ਕੰਡਾ ਇਕੋ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸੇ ਨਾਲ ਨਾ ਮਾਰਨਾ ਰੋਲ, ਸਤਿ ਸਚ ਦੇਣਾ ਸਮਝਾਈਆ । ਕੂੜੀ ਕਿਰਿਆ ਕੱਢਣਾ ਪੋਲ, ਭੇਵ ਅਭੇਦਾ ਜਗਤ ਖੁਲ੍ਹਾਈਆ । ਆਪ ਰਹਿਣਾ ਸਦਾ ਅਡੋਲ, ਥਿਰ ਘਰ ਬਹਿ ਕੇ ਖ਼ੁਸ਼ੀ ਮਨਾਈਆ । ਮੈਂ ਵਸਾਂ ਤੇਰੇ ਕੋਲ, ਧੁਰ ਦਾ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਜੁਗ ਵੇਖ ਵੇਖ ਫੇਰਾ ਪਾਈਆ । ਸੁੱਤ ਦੁਲਾਰੇ ਰੱਖਣਾ ਯਾਦ, ਯਾਦਦਾਸ਼ਤ ਹਰਿ ਜਣਾਇੰਦਾ । ਲੱਖ ਚੁਰਾਸੀ ਜੋ ਖੇੜਾ ਕੀਤਾ ਆਬਾਦ, ਰਵ ਸਸ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਦੇ ਜਾਵਣ ਦਾਦ, ਨਾਮ ਭੰਡਾਰਾ ਸਰਬ ਵਰਤਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਜੋ ਚਲੇ

ਰਿਵਾਜ, ਹੁਕਮੇ ਅੰਦਰ ਆਪ ਫਿਰਾਇੰਦਾ । ਸੰਤ ਭਗਤ ਸੂਫ਼ੀ ਜੋ ਮੰਜ਼ਲ ਚੜ੍ਹ ਕੇ ਸੁਣਨ ਆਵਾਜ਼, ਸੋ ਸਾਹਿਬ ਸਵਾਮੀ ਰਾਗ ਅਲਾਇੰਦਾ । ਚਾਰ ਜੁਗ ਜੋ ਦੇ ਕੇ ਜਾਣ ਭਵਿਖਤ ਵਾਕ, ਵੇਲਾ ਵਕਤ ਸੋਈ ਸੋਭਾ ਪਾਇੰਦਾ । ਅੰਤਮ ਸੰਗ ਨਿਭੇ ਨਾ ਕਿਸੇ ਤਤ ਮਾਟੀ ਖ਼ਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਅਛਲ ਅਛੇਦਾ ਪੜਦਾ ਓਹਲਾ ਆਪ ਉਠਾਇੰਦਾ । ਪੜਦਾ ਓਹਲਾ ਦੇਵੇ ਚੁੱਕ, ਹਰਿ ਕਰਤਾ ਆਪ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੈਂਡਾ ਜਾਏ ਮੁੱਕ, ਵੇਲਾ ਵਕਤ ਦੇਵੇ ਦੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਚ ਧਰਮ ਦਾ ਬੂਟਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੇ ਦੁਹਾਈ ਜੂਠ ਝੂਠ, ਡੰਕਾ ਨਾਮ ਨਾ ਕੋਇ ਸੁਣਾਈਆ । ਨਾਤਾ ਤੁਟੇ ਪਿਤਾ ਪੂਤ, ਭੈਣ ਭਈਆ ਨੇਤਰ ਨੈਣ ਅੱਖ ਤਕਾਈਆ । ਸਾਚਾ ਦਿਸੇ ਨਾ ਕੋਈ ਅਰੂਜ, ਮਹੱਲ ਅਟਲ ਨਾ ਵਜੇ ਵਧਾਈਆ । ਭੇਵ ਚੁੱਕੇ ਨਾ ਏਕਾ ਦੂਜ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਧੁਰ ਦਾ ਦੇਵੇ ਨਾ ਕੋਈ ਖ਼ਤੂਤ, ਖਤੇ ਖਤਾਬਤ ਕਰੇ ਜਗਤ ਲੋਕਾਈਆ । ਜੀਵ ਜੰਤ ਦਿਸੇ ਨਾ ਕੋਇ ਮਹਿਫ਼ੂਜ਼, ਮੁਹੱਬਤ ਸਚ ਨਾ ਕੋਇ ਕਮਾਈਆ । ਸਤਿਗੁਰ ਪੂਰਾ ਮਿਲੇ ਨਾ ਕਿਸੇ ਹੋ ਮੌਜੂਦ, ਅੰਤਮ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਗਲਾ ਲੇਖਾ ਰਿਹਾ ਦ੍ਰਿੜਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦੀ ਸੁਤ, ਤੇਰਾ ਨਾਉਂ ਵਡਿਆਈਆ । ਕਲਜੁਗ ਮੌਲੇ ਤੇਰੀ ਰੁਤ, ਰੁਤ ਰੁਤੜੀ ਨਾਲ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਤੇਰੀ ਧਾਰ ਵਖਾਈਆ । ਨਿਰਗੁਣ ਧਾਰੋਂ ਆਵੇ ਉਠ, ਜੋਧਾ ਸੂਰਬੀਰ ਬਣ ਕੇ ਫੇਰਾ ਪਾਈਆ । ਪੁਰਖ ਅਕਾਲ ਦਾ ਬਣ ਕੇ ਸੱਚਾ ਪੁਤ, ਪਤਿਪਰਮੇਸ਼ਵਰ ਲਏ ਮਿਲਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁਟ, ਛੋਟੇ ਬਾਲੇ ਨੀਹਾਂ ਹੇਠ ਦਬਾਈਆ । ਗੁਰਮੁਖ ਅੰਮ੍ਰਿਤ ਜਾਮ ਪਿਲਾ ਕੇ ਘੁਟ, ਘੁੱਟ ਘੁੱਟ ਆਪਣੇ ਸੀਨੇ ਲੈਣੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਦਏ ਵਡਿਆਈਆ । ਸੁਤ ਦੁਲਾਰੇ ਤੇਰਾ ਰੂਪ ਗੋਬਿੰਦ, ਹਰਿ ਕਰਤਾ ਆਪ ਜਣਾਇੰਦਾ । ਪੁਰਖ ਅਕਾਲ ਦੀ ਅਨਾਦੀ ਬਿੰਦ, ਮਾਤ ਪਿਤ ਜਗਤ ਸੇਵਾ ਸੇਵਕ ਰੂਪ ਵਟਾਇੰਦਾ । ਤੇਰਾ ਨਾਤਾ ਨਾਲ ਗੁਣੀ ਗਹਿੰਦ, ਗਹਿਰ ਗੰਭੀਰ ਤੇਰੀ ਧਾਰ ਪਰਗਟਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ ਨਾ ਕੋਈ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਖੇਲ ਵੇਖ ਵਖਾਇੰਦਾ । ਗੋਬਿੰਦ ਸ਼ਬਦ ਸ਼ਬਦ ਗੋਬਿੰਦ, ਪ੍ਰਭ ਦੇਵਣਹਾਰ ਵਡਿਆਈਆ । ਜਿਸ ਦੇ ਦਰਸ਼ਨ ਨੂੰ ਵਿਸ਼ਨ ਬ੍ਰਹਮਾ ਸ਼ਿਵ ਲੋਚਣ ਸੁਰਪਤ ਇੰਦ, ਬੈਠੇ ਧਿਆਨ ਲਗਾਈਆ । ਜਿਸ ਦਾ ਵਾਸਾ ਲੱਖ ਚੁਰਾਸੀ ਜੀਉ ਪਿੰਡ, ਘਰ ਘਰ ਜੋਤ ਕਰੇ ਰੁਸ਼ਨਾਈਆ । ਜਿਸ ਦੀ ਅੰਮ੍ਰਿਤ ਧਾਰ ਅਗੰਮੀ ਸਾਗਰ ਸਿੰਧ, ਲਹਿਰ ਲਹਿਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਵੇਖੇ ਖੇਲ ਦੋ ਜਹਾਨਾਂ ਬੇਪਰਵਾਹੀਆ । ਗੋਬਿੰਦ ਕਹੇ ਮੈਂ ਤੇਰਾ ਬੱਚਾ, ਪੁਰਖ ਅਕਾਲ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਰਿਹਾ ਕੱਚਾ, ਈਸਾ ਮੂਸਾ ਮੁਹੰਮਦ ਬੈਠਾ ਨੈਣ ਸ਼ਰਮਾਈਆ । ਤੇਰੇ ਪਿਆਰ ਅੰਦਰ ਹੋਇਆ ਕੋਈ ਨਾ ਸਕਾ, ਆਪਾ ਆਪ ਭੇਟ ਨਾ ਕੋਇ ਕਰਾਈਆ । ਮੈਂ ਸੇਵਾ ਖ਼ਾਤਰ ਜਨਮ ਜਨਮ ਦਾ ਆਇਆ ਨੱਠਾ, ਬਣ ਕੇ ਪਾਂਧੀ ਪੰਧ ਚੁਕਾਈਆ । ਤੇਰਾ ਭਗਤ ਪਿਆਰਾ ਕੀਤਾ


੪੯੨ ੧੨

ਇਕੱਠਾ, ਗੁਰਮੁਖ ਗੁਰਸਿਖ ਰੂਪ ਵਖਾਈਆ । ਅੰਮ੍ਰਿਤ ਜਾਮ ਪਿਆਇਆ ਮਿੱਠਾ, ਰਸ ਇਕੋ ਇਕ ਚਖਾਈਆ । ਸਭ ਨੂੰ ਦੱਸਿਆ ਪੁਰਖ ਅਕਾਲ ਤੁਹਾਡਾ ਪਿਤਾ, ਏਥੇ ਓਥੇ ਹੋਏ ਸਹਾਈਆ । ਜਿਸ ਦਾ ਦੋ ਜਹਾਨਾਂ ਚਲੇ ਸਿੱਕਾ, ਮੋਹਰ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਤੇਰਾ ਰੂਪ ਇਕੋ ਇਕ ਵਖਾਈਆ । ਸ਼ਬਦ ਰੂਪ ਗੋਬਿੰਦ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਸਤਿਜੁਗ ਲੋਕਮਾਤ ਬਦਲੇ ਰੀਤ, ਹੁਕਮੇ ਅੰਦਰ ਹੁਕਮ ਵਰਤਾਈਆ । ਮੇਲ ਮਿਲਾਵੇ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਘਟ ਘਟ ਅੰਦਰ ਪਰਖੇ ਨੀਤ, ਨੀਤੀਵਾਨ ਸਾਹਿਬ ਸੁਖਦਾਈਆ । ਪਰਮ ਪੁਰਖ ਤੇਰੀ ਦੱਸੇ ਸਚ ਪ੍ਰੀਤ, ਮੇਲ ਮਿਲਾਵੇ ਸਹਿਜ ਸੁਭਾਈਆ । ਖ਼ਾਲੀ ਝੋਲੀ ਪਾ ਕੇ ਭੀਖ, ਨਾਮ ਭੰਡਾਰਾ ਦਏ ਵਰਤਾਈਆ । ਗੁਰਮੁਖ ਸੱਜਣ ਕਰ ਅਤੀਤ, ਤ੍ਰੈਗੁਣ ਨਾਤਾ ਦਏ ਤੁੜਾਈਆ । ਕਾਇਆ ਕਾਅਬਾ ਮੰਦਰ ਮਸੀਤ, ਗੁਰਦੁਆਰਾ ਇਕੋ ਇਕ ਸਮਝਾਈਆ । ਮਨ ਵਾਸਨਾ ਲਓ ਜੀਤ, ਘਰ ਮਿਲੇ ਬੇਪਰਵਾਹੀਆ । ਮੇਰਾ ਸਾਹਿਬ ਸਵਾਮੀ ਸਦਾ ਅਨਡੀਠ, ਅੰਤਰਜਾਮੀ ਆਦਿ ਜੁਗਾਦਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਹੋ ਜਾਈਆ । ਸਗਲਾ ਸੰਗ ਬਣੇ ਪ੍ਰਿਤਪਾਲਕ, ਹਰਿ ਸਾਚਾ ਸੱਜਣ ਨਜ਼ਰੀ ਆਇੰਦਾ । ਧੁਰ ਦਰਗਾਹੀ ਬਣਕੇ ਖ਼ਾਲਕ, ਖ਼ਲਕ ਮਖ਼ਲੂਕ ਵੇਖ ਵਖਾਇੰਦਾ । ਨਾ ਕੋਈ ਰੱਖੇ ਨਿੰਦਰਾ ਆਲਸ, ਜੋਤੀ ਜਾਤਾ ਡਗਮਗਾਇੰਦਾ । ਨਿਤ ਨਵਿਤ ਬਣਕੇ ਸਾਲਸ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੁਰਮੁਖ ਗੁਰਸਿਖ ਕੱਢੇ ਖ਼ਾਲਸ, ਖ਼ਾਲਸ ਖ਼ਾਲਸਾ ਆਪ ਪਰਗਟਾਇੰਦਾ । ਨਾਮ ਨਿਧਾਨ ਦਾ ਦੇ ਕੇ ਲਾਲਚ, ਅੱਗੇ ਲਾਲਨ ਆਪਣਾ ਰੰਗ ਚੜ੍ਹਾਇੰਦਾ । ਦੇਵੇ ਦਰਸ ਜ਼ਾਹਰ ਬਾਤਨ, ਸੁਤ ਸ਼ਬਦ ਖੇਲ ਵਖਾਇੰਦਾ । ਕਲਜੁਗ ਮੇਟ ਅੰਧੇਰੀ ਰਾਤਨ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਪੁਰਖ ਅਕਾਲ ਧੁਰ ਦੀ ਗਾਥਣ, ਇਸ਼ਟ ਦੇਵ ਇਕ ਮਨਾਇੰਦਾ । ਹਿੰਦੂ ਮੁਸਲਿਮ ਸਿੱਖ ਈਸਾਈ ਵਰਨ ਬਰਨ ਜ਼ਾਤ ਪਾਤ ਜਿਸ ਦੇ ਸਾਰੇ ਦਾਸਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਧਾਰ ਇਕ ਵਖਾਇੰਦਾ । ਗੋਬਿੰਦ ਧਾਰ ਜਾਣੇ ਆਪ, ਦੂਜਾ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਬਣ ਕੇ ਬਾਪ, ਪਿਤਾ ਪੂਤ ਦਏ ਵਡਿਆਈਆ । ਚਾਰ ਵਰਨ ਬੰਨ੍ਹ ਕੇ ਨਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਊਚਾਂ ਨੀਚਾਂ ਬਣ ਕੇ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਅੰਦਰ ਵੜ ਕੇ ਖੋਲ੍ਹ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਸ਼ਬਦ ਅਨਾਦੀ ਕਰ ਕੇ ਪਾਠ, ਧੁਨ ਆਤਮਕ ਰਾਗ ਸੁਣਾਈਆ । ਮਨ ਵਾਸਨਾ ਮੇਟ ਨਾਰ ਕਮਜ਼ਾਤ, ਗੁਰਮਤ ਘਰ ਘਰ ਦਏ ਬਹਾਈਆ । ਸਾਚੇ ਸੰਤਾਂ ਪੁੱਛੇ ਵਾਤ, ਸਾਚੇ ਭਗਤਾਂ ਗੋਦ ਉਠਾਈਆ । ਮੰਜ਼ਲ ਪੰਧ ਮੁਕਾ ਕੇ ਵਾਟ, ਭੱਜਾ ਆਵੇ ਚਾਈਂ ਚਾਈਂਆ । ਗੁਰਸਿਖ ਤੇਰੀ ਆਤਮ ਸੇਜਾ ਬਹਿ ਕੇ ਸਾਚੀ ਖਾਟ, ਖਟੀਆ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਰੂਪ ਗੋਬਿੰਦ ਪਰਗਟਾਈਆ । ਗੋਬਿੰਦ ਸ਼ਬਦ ਸੱਚਾ ਗੁਰਦੇਵ, ਪੰਜ ਤਤ ਕੰਮ ਕਿਸੇ ਨਾ ਆਈਆ । ਜਿਸ ਦੀ ਆਦਿ ਜੁਗਾਦਿ ਸਾਰੇ ਕਰਦੇ ਸੇਵ, ਖ਼ਾਲਕ ਖ਼ਿਆਲਾਂ ਵਿਚ ਸਮਾਈਆ । ਜਿਸ ਦਾ ਨਿਹਚਲ ਧਾਮ ਸਦਾ ਨਿਹਕੇਵ, ਮਹੱਲ ਅਟਲ ਡੇਰਾ ਲਾਈਆ । ਜਿਸ ਦਾ ਜੁਗ ਚੌਕੜੀ ਕਿਸੇ ਨਾ ਆਇਆ ਭੇਵ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ

੪੯੩

ਗੋਬਿੰਦ ਲਏ ਪਰਗਟਾਈਆ । ਸ਼ਬਦ ਗੋਬਿੰਦ ਸਦਾ ਮੌਜੂਦ, ਗ਼ਰੀਬ ਨਿਮਾਣੇ ਮੁਫ਼ਲਿਸ ਵੇਖ ਵਖਾਇੰਦਾ । ਜਿਸ ਦਾ ਨਜ਼ਰ ਨਾ ਆਏ ਕਿਸੇ ਵਜੂਦ, ਸਿਫ਼ਤ ਇਸ਼ਾਰਿਆਂ ਨਾਲ ਸਰਬ ਸਮਝਾਇੰਦਾ । ਜੋ ਦਿਸੇ ਸਾਚੇ ਘਰ ਹੋ ਮਹਿਫ਼ੂਜ਼, ਛੱਪਰ ਛੰਨ ਨਾ ਕੋਇ ਸੁਹਾਇੰਦਾ । ਜਿਸ ਦੀ ਆਰ ਪਾਰ ਮੰਝਧਾਰ ਸਰਬ ਹਦੂਦ, ਕਿਨਾਰਾ ਸਹਾਰਾ ਆਪ ਦ੍ਰਿੜਾਇੰਦਾ । ਜਿਸ ਦਾ ਲੇਖਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇੰਦਾ । ਜੋ ਮੇਟੇ ਜੂਠ ਝੂਠ, ਕੂੜੀ ਕਿਰਿਆ ਪਰੇ ਹਟਾਇੰਦਾ । ਜੋ ਬਣ ਕੇ ਸੱਚਾ ਦੂਤ, ਸੰਤ ਸੁਹੇਲੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਾਰਗ ਆਪ ਲਗਾਇੰਦਾ । ਸ਼ਬਦ ਸੁਤ ਤੇਰਾ ਮਾਰਗ ਲੱਗੇ ਜਗ, ਜਗ ਜੀਵਣ ਦਾਤਾ ਆਪ ਜਣਾਈਆ । ਮੱਕੇ ਕਾਅਬੇ ਸਭ ਦਾ ਭੁੱਲੇ ਹੱਜ, ਪੀਰ ਪੈਗ਼ੰਬਰ ਬੈਠਣ ਪੰਧ ਮੁਕਾਈਆ । ਤੇਈ ਅਵਤਾਰ ਕਰਨ ਬਸ, ਬਸਤਾ ਆਪਣਾ ਲੈਣ ਬੰਧਾਈਆ । ਭਗਤ ਅਠਾਰਾਂ ਜਾਵਣ ਚਰਨ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਚੁੱਕੇ ਨਾ ਕੋਈ ਅੱਖ, ਅੰਜ਼ੀਲ ਕੁਰਾਨ ਦਏ ਦੁਹਾਈਆ । ਅਲਫ਼ ਯੇ ਸੱਬਰ ਜਾਏ ਲੱਥ, ਮਾਣ ਤਾਣ ਨਾ ਕੋਇ ਵਡਿਆਈਆ । ਕਲਜੁਗ ਕੂੜੀ ਕਿਰਿਆ ਖੇੜਾ ਹੋਵੇ ਭੱਠ, ਅਗਨੀ ਲੰਬੂ ਇਕੋ ਲਾਈਆ । ਤੇਰਾ ਨਾਉਂ ਸੱਚਾ ਸਤਿ ਸਰੂਪ ਹੋਵੇ ਪਰਗਟ, ਪਰਗਟ ਆਪਣਾ ਹੁਕਮ ਵਰਤਾਈਆ । ਸਤਿ ਧਰਮ ਦਾ ਖੋਲ੍ਹੇ ਹੱਟ, ਚਾਰ ਵਰਨਾਂ ਦਏ ਜਣਾਈਆ । ਪਰਮ ਪੁਰਖ ਦਾ ਕਰੋ ਜਸ, ਦੂਜਾ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਤੇਰੇ ਨਾਲ ਨਿਭਾਈਆ । ਸ਼ਬਦ ਸੁਤ ਵੱਜੇ ਜੈਕਾਰਾ, ਜੈ ਜੈਕਾਰ ਦੋ ਜਹਾਨ ਕਰਾਈਆ । ਪੁਰਖ ਅਕਾਲ ਵੇਖਣਹਾਰਾ, ਪਤਿਪਰਮੇਸ਼ਵਰ ਅੱਖ ਖੁਲ੍ਹਾਈਆ । ਭੈ ਭੌ ਸਰਬ ਮਿਟੇ ਸੰਸਾਰਾ, ਸਿਰ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰਨ ਨਿਮਸਕਾਰਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਤੇਈ ਅਵਤਾਰ ਤੇਰੇ ਤਾਬਿਆਦਾਰਾ, ਨੇਤਰ ਨੈਣ ਅੱਖ ਪ੍ਰਤਖ ਨਾ ਕੋਇ ਕਰਾਈਆ । ਕਾਤਬ ਬਣ ਕੇ ਤੇਰਾ ਕਰੇ ਨਾ ਕੋਈ ਇਜ਼ਹਾਰਾ, ਤੇਰਾ ਨਜ਼ਾਰਾ ਨੂਰ ਖ਼ੁਦਾਈਆ । ਤੇਰਾ ਖੇਲ ਪਰਵਰਦਿਗਾਰਾ, ਲਾਸ਼ਰੀਕ ਵੇਖੇ ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਚੌਦਾਂ ਲੋਕਾਂ ਤੇਰਾ ਨਿੱਕਾ ਜਿਹਾ ਅਖਾੜਾ, ਚੌਦਾਂ ਵਿਦਿਆ ਸਮਝ ਕੋਇ ਨਾ ਪਾਈਆ । ਚੌਦਸ ਚੰਦ ਨਾ ਕੋਇ ਉਜਿਆਰਾ, ਜਗਤ ਰੋਸ਼ਨੀ ਕੰਮ ਕਿਸੇ ਨਾ ਆਈਆ । ਤੇਰਾ ਪਿਤਾ ਪੁਰਖ ਅਕਾਲਾ, ਅਕਲ ਕਲਧਾਰੀ ਵਡੀ ਵਡਿਆਈਆ । ਜਿਸ ਦੇ ਚਰਨ ਚੁੰਮੇ ਜਗਤ ਜਵਾਲਾ, ਆਦਿ ਸ਼ਕਤ ਨਿਉਂ ਨਿਉਂ ਸੀਸ ਝੁਕਾਈਆ । ਸੋ ਏਥੇ ਓਥੇ ਹੋਏ ਰਖਵਾਲਾ, ਪ੍ਰਿਤਪਾਲਕ ਹੋਏ ਵੇਸ ਵਟਾਈਆ । ਤੂੰ ਬਣਨਾ ਭਗਤ ਦਲਾਲਾ, ਗੁਰਮੁਖ ਗੁਰਸਿਖ ਸੱਜਣ ਲੈਣਾ ਮਿਲਾਈਆ । ਅੰਮ੍ਰਿਤ ਜਾਮ ਦੇਣਾ ਉਛਾਲਾ, ਨਿਝਰ ਝਿਰਨਾ ਘਰ ਘਰ ਦੇਣਾ ਚੁਆਈਆ । ਨਾਤਾ ਤੋੜ ਕਾਲ ਮਹਾਂਕਾਲਾ, ਰਾਏ ਧਰਮ ਮੁਖ ਭਵਾਈਆ । ਮਾਰਗ ਦੱਸਣਾ ਇਕ ਸੁਖਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚੀ ਤੇਰੀ ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਕਰੇ ਖੇਲ ਧੁਰ ਦਾ ਸਾਥਾ, ਸਗਲਾ ਸੰਗ ਨਿਭਾਈਆ । ਇਕੋ ਮੰਤਰ ਇਕੋ ਪਾਠਾ, ਪੂਜਾ ਇਕੋ ਇਕ ਕਰਾਈਆ ਇਕੋ ਸਰੋਵਰ ਇਕੋ ਤਾਟਾ, ਇਕੋ ਤਾਲ ਵਡਿਆਈਆ । ਇਕੋ ਪ੍ਰੇਮ ਪਿਆਰ ਪ੍ਰੀਤੀ ਨਾਤਾ, ਇਕੋ ਰੰਗ ਰੰਗਾਈਆ । ਇਕੋ ਸੇਜਾ ਇਕੋ ਖਾਟਾ, ਇਕੋ ਬਹਿ ਬਹਿ ਖ਼ੁਸ਼ੀ ਮਨਾਈਆ । ਇਕੋ ਮੰਜ਼ਲ ਇਕੋ ਵਾਟਾ, ਇਕੋ ਪਾਂਧੀ

ਫੇਰਾ ਪਾਈਆ । ਇਕੋ ਨੂਰ ਇਕੋ ਜਾਤਾ, ਇਕੋ ਜੋਤ ਕਰੇ ਰੁਸ਼ਨਾਈਆ । ਇਕੋ ਸੱਜਣ ਇਕੋ ਸਾਕਾ, ਇਕੋ ਮੇਲਾ ਮੇਲੇ ਸਹਿਜ ਸੁਭਾਈਆ । ਇਕੋ ਦਾਨੀ ਇਕੋ ਦਾਤਾ, ਦੇਵਣਹਾਰ ਇਕ ਅਖਵਾਈਆ । ਇਕੋ ਪ੍ਰਿਤਪਾਲਕ ਇਕੋ ਰਾਖਾ, ਇਕੋ ਜੁਗ ਜੁਗ ਸੇਵ ਕਮਾਈਆ । ਇਕੋ ਸ਼ਬਦੀ ਸੁਤ ਬਣਿਆ ਨਿੱਕਾ ਕਾਕਾ, ਜੁਗ ਜੁਗ ਆਪਣਾ ਵੇਸ ਵਟਾਈਆ । ਇਕੋ ਜੋਤ ਇਕੋ ਜੋਤ ਮੇਂ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਕੋ ਮਾਈ ਇਕੋ ਬਾਪਾ, ਪੁਰਖ ਪਿਤਾ ਇਕ ਅਖਵਾਈਆ । ਇਕੋ ਸਾਹਿਬ ਇਕੋ ਆਕਾ, ਸ਼ਹਿਨਸ਼ਾਹ ਇਕ ਹੋ ਜਾਈਆ । ਇਕੋ ਖੋਲ੍ਹਣਹਾਰਾ ਤਾਕਾ, ਇਕੋ ਪੜਦਾ ਰਿਹਾ ਚੁਕਾਈਆ । ਇਕੋ ਜੁਗ ਚੌਕੜੀ ਦੇਵੇ ਵਾਕਾ, ਵਾਕਿਆ ਨਵੀਸ ਇਕ ਅਖਵਾਈਆ । ਇਕੋ ਲੱਖ ਚੁਰਾਸੀ ਖਿਚਣਹਾਰਾ ਖ਼ਾਕਾ, ਬਣ ਮੁਸੱਵਰ ਤਸੱਵਰ ਸਾਚਾ ਦਏ ਜਣਾਈਆ । ਇਕੋ ਖੇਲੇ ਖੇਲ ਪ੍ਰਿਥਮੀ ਆਕਾਸਾ, ਇਕੋ ਗਗਨ ਮੰਡਲ ਫੇਰਾ ਪਾਈਆ । ਇਕੋ ਵੇਖੇ ਦਿਵਸ ਰੈਣ ਰਾਤਾ, ਘੜੀ ਪਲ ਇਕੋ ਵੰਡ ਵੰਡਾਈਆ । ਇਕੋ ਜਣਾਏ ਆਦਿ ਜੁਗਾਦਿ ਧੁਰ ਦੀ ਗਾਥਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਇਕੋ ਮਨਸਾ ਪੂਰੀ ਕਰੇ ਆਸਾ, ਇਕੋ ਤ੍ਰਿਸਨਾ ਦਏ ਬੁਝਾਈਆ । ਇਕੋ ਗੁਰ ਅਵਤਾਰ ਪੀਰ ਪੈਗ਼ੰਬਰ ਪਰਗਟਾਏ ਆਪਣੀ ਸ਼ਾਖ਼ਾ, ਸ਼ਨਾਖ਼ਤ ਆਪਣੀ ਦਏ ਸਮਝਾਈਆ । ਇਕੋ ਮਨਾਵੇ ਸਭ ਨੂੰ ਆਖਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਪੁੱਛੇ ਅੰਤਮ ਵਾਤਾ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਤੇਰਾ ਨਾਉਂ ਪਰਗਟਾਈਆ । ਸ਼ਬਦ ਗੁਰੂ ਤੇਰਾ ਨਾਉਂ ਗਹਿਰ ਗੰਭੀਰ, ਗੋਬਿੰਦ ਨਜ਼ਰੀ ਆਈਆ । ਤੇਰੀ ਮੰਜ਼ਲ ਇਕ ਅਖ਼ੀਰ, ਸਚ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਈਆ । ਜੁਗ ਚੌਕੜੀ ਤੇਰੇ ਹੱਥ ਤਦਬੀਰ, ਤਕਦੀਰ ਸਭ ਦੀ ਦੇਣੀ ਉਲਟਾਈਆ । ਤੇਰਾ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਤੇਰੇ ਹੱਥ ਅਗੰਮੀ ਸ਼ਮਸ਼ੀਰ, ਜਗਤ ਸ਼ਸਤਰ ਬੈਠਣ ਮੁਖ ਭਵਾਈਆ । ਤੈਨੂੰ ਸੱਜਦਾ ਕਰਨ ਪੀਰ ਫ਼ਕੀਰ, ਫ਼ਿਕਰਿਆਂ ਵਿਚ ਤੇਰਾ ਰਾਗ ਅਲਾਈਆ । ਪੀਰ ਪੈਗ਼ੰਬਰ ਤੇਰੇ ਬਣਕੇ ਬਗ਼ਲਗੀਰ, ਦਸਤਗੀਰ ਤੇਰੀ ਓਟ ਤਕਾਈਆ । ਤੇਰੇ ਹੱਥ ਸ਼ਰਅ ਜ਼ੰਜੀਰ, ਕੜੀ ਕੜੀ ਨਾਲ ਜੁੜਾਈਆ । ਤੇਰੇ ਕੋਲ ਦੀਨ ਮਜ਼੍ਹਬ ਦੀ ਪੀੜ, ਦਰਦਾਂ ਨਾਲ ਭਰੀ ਲੋਕਾਈਆ । ਤੇਰੇ ਅੰਦਰ ਸ਼ਬਦ ਬੋਧ ਅਗਾਧ ਵੱਡੀ ਬੀੜ, ਜਿਸ ਦਾ ਢੋਲਾ ਨਾਨਕ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਬਦੀ ਸ਼ਬਦ ਖ਼ੁਸ਼ੀ ਮਨਾਈਆ । ਸ਼ਬਦ ਸੁਤ ਕਹੇ ਹੋਵੇ ਤੇਰਾ ਲਾਡ, ਬਚਪਨ ਤੇਰੀ ਝੋਲੀ ਪਾਈਆ । ਤੂੰ ਸਾਹਿਬ ਸਵਾਮੀ ਆਦਿ ਜੁਗਾਦਿ, ਜੁਗ ਚੌਕੜੀ ਖ਼ੁਸ਼ੀ ਵਖਾਈਆ । ਆਪਣੇ ਘਰ ਦਾ ਖੋਲ੍ਹ ਕੇ ਰਾਜ਼, ਰਹਿਮਤ ਮੇਰੇ ਉਤੇ ਕਮਾਈਆ । ਤੇਰੇ ਹੁਕਮੇ ਅੰਦਰ ਪੀਰ ਪੈਗ਼ੰਬਰਾਂ ਦੱਸੀ ਨਿਮਾਜ਼, ਸੱਜਦਾ ਕਰਨਾਂ ਦਿਤਾ ਸਮਝਾਈਆ । ਗੋਪੀ ਕਾਹਨ ਪਾਉਣੀ ਦੱਸੀ ਰਾਸ, ਸੀਤਾ ਰਾਮ ਬਣਾਂ ਵਿਚ ਭਵਾਈਆ । ਭਗਤਾਂ ਲੱਜਿਆ ਰੱਖਣ ਦੀ ਦੱਸੀ ਯਾਚ, ਨਿਰਗੁਣ ਸਰਗੁਣ ਰੂਪ ਵਟਾਈਆ । ਤੂੰ ਸੁਣਨਹਾਰ ਫ਼ਰਿਆਦ, ਫ਼ਾਜ਼ਲ ਇਕੋ ਇਕ ਅਖਵਾਈਆ । ਤੇਰਾ ਲੇਖਾ ਵਿਚ ਬ੍ਰਹਿਮਾਦ, ਬ੍ਰਹਿਮੰਡ ਤੇਰੀ ਸ਼ਰਨਾਈਆ । ਸਦ ਸੁਣੇ ਅਨੋਖੀ ਆਵਾਜ਼, ਬਿਨ ਰਸਨਾ ਜਿਹਵਾ ਜੋ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਦੇ ਕੇ ਦਾਦ, ਘਰ ਖ਼ਜ਼ਾਨਾ ਭੰਡਾਰ ਦਿਤਾ ਭਰਾਈਆ । ਧਨ ਦੌਲਤ ਸਚ ਖ਼ਜ਼ੀਨਾ, ਗੁਰ ਸ਼ਬਦੀ ਤੇਰੀ ਝੋਲੀ ਪਾਈਆ । ਕਿਰਪਾ ਕਰੇ ਦਾਨਾ

ਬੀਨਾ, ਬੀਨਾ ਦਾਨਾ ਹੋਇ ਸਹਾਈਆ । ਜੁਗ ਚੌਕੜੀ ਨਿਤ ਨਵਿਤ ਸਭ ਦਾ ਠਾਂਡਾ ਕਰੇ ਸੀਨਾ, ਸਤਿਗੁਰ ਅੰਮ੍ਰਿਤ ਮੇਘ ਨਾਮ ਬਰਸਾਈਆ । ਤਨ ਮਾਟੀ ਮਨ ਮਨੂਆ ਕਰੇ ਭੀਨਾ, ਬੁਧ ਬਿਬੇਕ ਆਪ ਜਣਾਈਆ । ਨਾਤਾ ਤੁਟੇ ਜਲ ਮੀਨਾ, ਮੀਨ ਜਲ ਬੈਠੇ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਮੱਕਾ ਮਦੀਨਾ, ਮਕਬਰਿਆਂ ਅੰਦਰ ਫੇਰਾ ਪਾਈਆ । ਸ਼ਬਦ ਕਹੇ ਪ੍ਰਭ ਕਿਹੜਾ ਮਕਬਰਾ, ਮਾਅਕੂਲ ਦਏ ਜਣਾਈਆ । ਜਿਸ ਦਾ ਕਿਸੇ ਕੋਲੋਂ ਨਾ ਮਿਲੇ ਸ਼ਜਰਾ, ਖਸਰਾ ਹੱਦ ਹਦੂਦ ਨਾ ਕੋਇ ਜਣਾਈਆ । ਜਿਸ ਦਾ ਕਿਸੇ ਕੋਲੋਂ ਨਕਸ਼ਾ ਨਾ ਕਦੇ ਉਤਰਾ, ਮੁਸੱਵਰ ਸਕਿਆ ਨਾ ਕੋਇ ਬਣਾਈਆ । ਜਿਸ ਦਾ ਮੰਨਦੇ ਰਹੇ ਸਾਰੇ ਖ਼ਤਰਾ, ਭੈ ਵਿਚ ਸੀਸ ਨਿਵਾਈਆ । ਜਿਸ ਦੀ ਭੇਟਾ ਹੁੰਦਾ ਰਿਹਾ ਪੁੱਤਰਾਂ ਪਿਛੇ ਬੱਕਰਾ, ਬਗ਼ਲੀ ਤਨ ਉਠਾਈਆ । ਉਹ ਵਸੇ ਕਿਹੜੇ ਧਾਮ ਵੱਖਰਾ, ਸਚ ਸਿੰਘਾਸਣ ਡੇਰਾ ਲਾਈਆ । ਜਿਸ ਦੀ ਜੁਗ ਚੌਕੜੀ ਸਾਰੇ ਕਰਦੇ ਰਿਹੇ ਯਾਤਰਾ, ਯਾਤਰੂ ਹੋ ਕੇ ਫੇਰਾ ਪਾਈਆ । ਜਿਸ ਆਪਣੀ ਕਿਰਪਾ ਕਰਕੇ ਗੋਬਿੰਦ ਦਿਤਾ ਅਗੰਮੀ ਗਾਤਰਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਸਮਝ ਸਕੇ ਨਾ ਕੋਇ ਵੇਦ ਸ਼ਾਸਤਰਾ, ਪ੍ਰਾਣੀ ਪੁਰਾਨ ਨਾ ਕੋਇ ਦ੍ਰਿੜਾਈਆ । ਜਿਸ ਦੀ ਨਾ ਕੋਇ ਲਗ ਨਾ ਕੋਇ ਮਾਤਰਾ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਸੂਰਬੀਰ ਸੋ ਬਹਾਦਰਾ, ਜਿਸ ਤੇਗ਼ ਬਹਾਦਰ ਸੁਤ ਦਿਤੀ ਵਡਿਆਈਆ । ਉਹ ਕਰਤਾ ਕਰੀਮ ਧੁਰ ਦਾ ਕਾਦਰਾ, ਦੋ ਜਹਾਨਾਂ ਕਤਲਗਾਹ ਵੇਖੇ ਚਾਈਂ ਚਾਈਂਆ । ਜਿਸ ਨੇ ਗੁਰਮੁਖਾਂ ਵਲ ਕੀਤਾ ਮੁਹਾਸ਼ਰਾ, ਸ਼ਬਦੀ ਹੋ ਕੇ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਦੇਵੇ ਆਸਰਾ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਤੇਰਾ ਲੇਖਾ ਅਗੰਮ ਅਥਾਹੀਆ । ਸ਼ਬਦ ਗੁਰ ਤੇਰਾ ਲੇਖਾ ਅਥਾਹ, ਅੱਖਰਾਂ ਵਿਚ ਨਾ ਕੋਇ ਸਮਝਾਈਆ । ਚਾਰੇ ਖਾਣੀ ਬਾਣੀ ਦਏ ਸਲਾਹ, ਸਿਫ਼ਤਾਂ ਨਾਲ ਵਡਿਆਈਆ । ਤੂੰ ਮਾਲਕ ਦਾਤਾ ਬੇਪਰਵਾਹ, ਬੇਅੰਤ ਰੂਪ ਵਟਾਈਆ । ਨਿਤ ਨਵਿਤ ਆਵੇਂ ਵੇਸ ਵਟਾ, ਜੁਗ ਚੌਕੜੀ ਫੇਰਾ ਪਾਈਆ । ਕਲਜੁਗ ਖੇਲ ਕੀਤਾ ਵਿਚ ਜਹਾਂ, ਜਹਾਲਤ ਕੂੜੀ ਦਿਤੀ ਖਪਾਈਆ । ਬਾਲੇ ਨੀਹਾਂ ਹੇਠ ਦਬਾ, ਕਲਜੁਗ ਕੂੜੀ ਜੜ੍ਹ ਉਖੜਾਈਆ । ਜੋ ਸ਼ਹੀਦੀ ਗਏ ਪਾ, ਸ਼ਹਾਦਤ ਦੇਵਣ ਚਾਈਂ ਚਾਈਂਆ । ਜੋ ਰਸੀਦੀ ਲੇਖਾ ਲਿਆ ਲਿਖਾ, ਪ੍ਰਭ ਲਿਖਿਆ ਬੇਪਰਵਾਹੀਆ । ਜਿਸ ਦਾ ਦਿਸੇ ਨਾ ਕੋਈ ਗਵਾਹ, ਵਕੀਲ ਵੁਕਲਾ ਸੰਗ ਨਾ ਕੋਇ ਨਿਭਾਈਆ । ਸੋ ਸਾਹਿਬ ਸੁਲਤਾਨ ਸੱਚਾ ਸ਼ਹਿਨਸ਼ਾਹ, ਤੇਰਾ ਹੁਕਮ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਮਿਟਾਈਆ । ਸ਼ਬਦ ਕਹੇ ਪ੍ਰਭ ਤੇਰੀ ਸਾਚੀ ਧੂੜ, ਟਿੱਕਾ ਮਸਤਕ ਇਕੋ ਲਾਈਆ । ਕਲਜੁਗ ਵੇਖ ਆਪਣਾ ਭਰਿਆ ਪੂਰ, ਬੇੜਾ ਇਕੋ ਚਾਰੋਂ ਕੁੰਟ ਨਜ਼ਰੀ ਆਈਆ । ਅਗਨੀ ਤਤ ਤਪੇ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੀਰ ਪੈਗ਼ੰਬਰ ਹੋਏ ਮਫ਼ਰੂਰ, ਸਦੀ ਚੌਧਵੀਂ ਪੱਲੂ ਰਹੇ ਛੁਡਾਈਆ । ਤੇਈ ਅਵਤਾਰ ਨਾਲ ਹਾਜ਼ਰ ਹਜ਼ੂਰ, ਦਰ ਠਾਂਡੇ ਸੀਸ ਨਿਵਾਈਆ । ਨੌਂ ਖੰਡ ਪ੍ਰਿਥਮੀ ਪਿਆ ਫ਼ਤੂਰ, ਸੱਤ ਦੀਪ ਗ੍ਰਿਹ ਗ੍ਰਿਹ ਹੋਇ ਲੜਾਈਆ । ਤੇਰਾ ਨਾਮ ਨਾ ਕਿਸੇ ਮੰਜ਼ੂਰ, ਮਨਮਤ ਕੂਕ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੀ ਵੱਜੇ ਨਾਮ ਵਧਾਈਆ । ਪਾਰਬ੍ਰਹਮ ਵੇਖ ਕਲਜੁਗ ਕਲ, ਕਲਕਾਤੀ ਡੇਰਾ ਲਾਈਆ । ਸਾਧ ਸੰਤ ਕਰਦੇ ਛਲ, ਵਲੀਏ ਛਲੀਏ


੪੯੬ ੧੨

ਰੂਪ ਵਟਾਈਆ । ਰਾਜੇ ਰਾਣੇ ਗ਼ਰੀਬ ਨਿਮਾਣਿਆਂ ਰਹੇ ਦਲ, ਸਿਰ ਸਕੇ ਨਾ ਕੋਇ ਉਠਾਈਆ । ਸੰਤਾਂ ਭਗਤਾਂ ਚੁਕਿਆ ਬਲ, ਡੰਕਾ ਸ਼ਬਦ ਨਾ ਕੋਇ ਵਜਾਈਆ । ਫਿਰੀ ਦਰੋਹੀ ਜਲ ਥਲ, ਮਹੀਅਲ ਰਿਹਾ ਕੁਰਲਾਈਆ । ਸਤਿ ਸਤਿਵਾਦ ਖ਼ਾਕ ਵਿਚ ਗਿਆ ਰੁਲ, ਸਚ ਸੁਚ ਨਜ਼ਰ ਕਿਸੇ ਨਾ ਆਈਆ । ਜੂਠ ਝੂਠ ਲੱਗਾ ਫਲ, ਜੀਵ ਜੰਤ ਖ਼ੁਸ਼ੀਆਂ ਨਾਲ ਬਹਿ ਬਹਿ ਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਗਿਆ ਰਲ, ਆਸਾ ਤ੍ਰਿਸ਼ਨਾ ਬੈਠੀ ਨਾਚ ਨਚਾਈਆ । ਸਤਿ ਰਿਹਾ ਨਾ ਅਠਸਠ ਜਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਸਾਚਾ ਦੀਪਕ ਕਾਇਆ ਮੰਦਰ ਅੰਦਰ ਕੋਇ ਨਾ ਰਿਹਾ ਬਲ, ਸੁੰਞ ਮਸਾਣ ਦਿਸੇ ਜਗਤ ਲੋਕਾਈਆ । ਬਿਨ ਤੇਰੀ ਕਿਰਪਾ ਕੋਇ ਨਾ ਹੋਵੇ ਤੇਰੇ ਵੱਲ, ਕਲਜੁਗ ਵਲਗਣ ਆਪਣੀ ਰਿਹਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਜੋ ਦਿਤੇ ਘੱਲ, ਸੋ ਤੇਰਾ ਅੰਤ ਸੰਦੇਸਾ ਗਏ ਸੁਣਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਨਿਰਵੈਰ ਨਿਰਾਕਾਰ ਆਵੇ ਚਲ, ਅਚਲ ਚਲ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗ੍ਰਹਿ ਮੰਦਰ ਵੇਖ ਵਖਾਈਆ । ਗ੍ਰਹਿ ਮੰਦਰ ਕਲਜੁਗ ਆ ਕੇ ਵੇਖ, ਕਿਉਂ ਬੈਠਾ ਮੁਖ ਛੁਪਾਈਆ । ਕੋਟਨ ਕੋਟ ਗੁਰੂ ਅਵਤਾਰ ਧਰ ਕੇ ਬੈਠੇ ਭੇਖ, ਆਪਣਾ ਆਪ ਰਹੇ ਵਡਿਆਈਆ । ਤੇਰੇ ਮਿਲਣ ਦਾ ਕੋਈ ਨਾ ਦੱਸੇ ਹੇਤ, ਆਪਣੀ ਸੋਭਾ ਕਰ ਕਰ ਖ਼ੁਸ਼ੀ ਮਨਾਈਆ । ਵਾਹ ਵਾਹ ਸੋਹਣੀ ਰਚੀ ਅਨੋਖੀ ਖੇਡ, ਤੇਰੀ ਸਮਝ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆ ਕੇ ਖੋਲ੍ਹ ਭੇਤ, ਪੜਦਾ ਓਹਲਾ ਦੇ ਚੁਕਾਈਆ । ਪੜਦਾ ਓਹਲਾ ਚੁੱਕ ਆਤਮ, ਹਰਿ ਸ਼ਬਦੀ ਧਿਆਨ ਲਗਾਈਆ । ਮੀਤ ਮੁਰਾਰਾ ਬਣ ਪਰਮਾਤਮ, ਕਿਉਂ ਬੈਠਾ ਪੜਦਾ ਪਾਈਆ । ਹਉਂ ਨਿਰਗੁਣ ਤੇਰੀ ਜ਼ਾਤਨ, ਨਿਰਵੈਰ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਇਕੋ ਆਖਣ, ਪੁਰਖ ਅਕਾਲ ਸਭ ਦਾ ਮਾਹੀਆ । ਸਚ ਸੰਦੇਸਾ ਦੇਵੇ ਆਪਣਾ ਜਾਪਨ, ਜੀਵਨ ਜੀਵਨ ਵਿਚੋਂ ਦਏ ਬਦਲਾਈਆ । ਇਕੋ ਵਾਰ ਕਟ ਜਨਮ ਕਰਮ ਦੇ ਪਿਛਲੇ ਪਾਪਨ, ਦੁਰਮਤ ਮੈਲ ਧੁਆਈਆ । ਪਤਤ ਪੁਨੀਤ ਕਰ ਦੇ ਪਾਕੀ ਪਾਕਨ, ਮਿਹਰ ਨਜ਼ਰ ਇਕ ਉਠਾਈਆ । ਹਉਂ ਬਲਧਾਰੀ ਸਾਹਿਬ ਸਤਿਗੁਰ ਸ਼ਾਹੋ ਸ਼ਾਬਾਸ਼ਨ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਇਕੋ ਘਰ, ਜਿਸ ਘਰ ਬਹਿ ਕੇ ਆਪਣਾ ਰੰਗ ਰੰਗਾਈਆ । ਸਾਚਾ ਘਰ ਵਖਾਉਣਾ ਓਹ, ਜਿਸ ਗ੍ਰਹਿ ਤੇਰਾ ਨੂਰ ਰੁਸ਼ਨਾਈਆ । ਜਗਤ ਪਿਆਰ ਕੱਟ ਕੇ ਮੋਹ, ਨਿਰਮੋਹ ਦੇਣਾ ਬਣਾਈਆ । ਤੇਰਾ ਬ੍ਰਹਮ ਤੇਰੇ ਨਾਲ ਜਾਏ ਛੋਹ, ਪਾਰਬ੍ਰਹਮ ਦਇਆ ਕਮਾਈਆ । ਅੰਤਮ ਤੇਰੇ ਜੋਗਾ ਜਾਏ ਹੋ, ਦੂਜਾ ਸਕੇ ਨਾ ਕੋਇ ਪਰਨਾਈਆ । ਸਚ ਦਵਾਰੇ ਦੇਣਾ ਢੋਆ ਢੋ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਮਿਲਾਈਆ । ਸ਼ਬਦ ਸੁਤ ਧੁਰ ਦੇ ਦੂਲ੍ਹੇ, ਸੋਭਾਵੰਤ ਸਮਝਾਇੰਦਾ । ਆਦਿ ਤੇਰਾ ਉਪਜਾਇਆ ਮੂਲੇ, ਅੰਤ ਤੇਰੀ ਖੇਲ ਖਿਲਾਇੰਦਾ । ਹਰਿ ਕਾ ਨਾਮ ਜੋ ਗਏ ਭੂਲੇ, ਭੁੱਲਿਆਂ ਮਾਰਗ ਇਕ ਵਖਾਇੰਦਾ । ਜਨ ਭਗਤਾਂ ਦੇ ਕੇ ਸਾਚੇ ਝੂਲੇ, ਸਚ ਹੁਲਾਰੇ ਆਪ ਝੁਲਾਇੰਦਾ । ਵਿਸ਼ਨੂੰ ਨੇਤਰ ਤੱਕੇ ਬ੍ਰਹਮਾ ਕਹੇ ਵਾਹ ਕੰਤ ਕੰਤੂਹਲੇ, ਬਿਨ ਰਸਨਾ ਸਿਫ਼ਤ ਸਾਲਾਹਿੰਦਾ । ਸ਼ੰਕਰ ਹੱਥੋਂ ਸੁੱਟ ਤ੍ਰਿਸੂਲੇ, ਧੂੜੀ ਟਿੱਕਾ ਖ਼ਾਕ ਰਮਾਇੰਦਾ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਸਚ ਅਸੂਲੇ, ਅਸਲੀਅਤ

ਆਪਣੀ ਇਕ ਸਮਝਾਇੰਦਾ । ਤੇਰਿਆਂ ਭਗਤਾਂ ਕੋਲੋਂ ਅੱਗੇ ਕਿਰਿਆ ਕਰਾਇਆ ਨਾ ਕੋਇ ਵਸੂਲੇ, ਰਾਏ ਧਰਮ ਨਾ ਅੱਖ ਉਠਾਇੰਦਾ । ਸੋ ਗੁਰਮੁਖ ਗੁਰਸਿਖ ਲੋਕਮਾਤ ਫਲੇ ਫੂਲੇ, ਜਿਨ੍ਹਾਂ ਗੁਰ ਗੋਬਿੰਦ ਆਪਣੀ ਗੋਦ ਬਹਾਇੰਦਾ । ਏਥੇ ਓਥੇ ਦੋ ਜਹਾਨ ਹੋਏ ਅਨਮੁੱਲੇ, ਕੀਮਤ ਜਗਤ ਨਾ ਕੋਇ ਰਖਾਇੰਦਾ । ਮੇਲ ਮਿਲਾਏ ਸੁਲਹਕੁਲੇ, ਕੁਲ ਮਾਲਕ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰੂ ਗੁਰਦੇਵ ਸਤਿਗੁਰ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਭੁੱਲੇ, ਅਭੁੱਲ ਆਪਣੀ ਖੇਲ ਆਪ ਖਿਲਾਇੰਦਾ ।

## ✪ ੨੪ ਭਾਦਰੋਂ ੨੦੨੧ ਬਿਕ੍ਰਮੀ ਮਿਲਖਾ ਸਿੰਘ ਦੇ ਗ੍ਰਿਹਿ ਪਿੰਡ ਮਾੜੀ ✪

ਗੁਰ ਸ਼ਬਦ ਕਹੇ ਜਨ ਭਗਤਾਂ ਭਾਗ, ਜਗਤ ਜੁਗਤ ਜੁਗਤ ਜਗਤ ਵੰਡ ਵੰਡਾਈਆ । ਸ੍ਰੀ ਭਗਵਾਨ ਬਣਾ ਆਪਣਾ ਸਚ ਸਮਾਜ, ਸਮਗਰੀ ਧੁਰ ਦੀ ਝੋਲੀ ਪਾਈਆ । ਪ੍ਰਭ ਮਿਲਣ ਦਾ ਦੱਸ ਕੇ ਕਾਜ, ਸਾਚੀ ਸਿਖਿਆ ਦਏ ਦ੍ਰਿੜਾਈਆ । ਪ੍ਰੇਮ ਪਿਆਰ ਦੀ ਮਾਰ ਕੇ ਆਵਾਜ਼, ਜਗ ਸੁਤਿਆਂ ਲਏ ਉਠਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਸਾਕ ਸੱਜਣ ਇਕ ਅਖਵਾਈਆ । ਧੁਰ ਦਰਗਾਹੀ ਦੱਸ ਕੇ ਗਾਥ, ਮੰਤਰ ਨਾਮ ਕਰੇ ਪੜ੍ਹਾਈਆ । ਘਰ ਵਿਚ ਘਰ ਵਸੇ ਪਾਸ, ਸਗਲਾ ਸੰਗ ਨਿਭਾਈਆ । ਲੇਖਾ ਜਾਣ ਪਵਣ ਸਵਾਸ, ਸਾਹ ਸਾਹ ਦਇਆ ਕਮਾਈਆ । ਜਨਮ ਕਰਮ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਭੁੱਖ ਮਿਟਾਈਆ । ਨਿਜ ਘਰ ਸਾਚੇ ਕਰ ਕੇ ਵਾਸ, ਵਸਲ ਇਕੋ ਹੱਕ ਵਖਾਈਆ । ਕਰ ਪਰਕਾਸ਼ ਅਗੰਮੀ ਮਹਿਰਾਬ, ਮਹਿਬੂਬ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਵਡਿਆਈ ਕੋ ਪ੍ਰਭ ਏਕਾ ਠਾਕਰ, ਹਰਿ ਕਰਤਾ ਨਰ ਹਰਿ ਅਖਵਾਇੰਦਾ । ਜੁਗ ਚੌਕੜੀ ਵੇਖੇ ਡੁਲ੍ਹਦਾ ਸਾਗਰ, ਵਡ ਸੰਸਾਰੀ ਆਪਣਾ ਫੇਰਾ ਪਾਇੰਦਾ । ਕਿਰਪਾ ਕਰ ਕਰੀਮ ਕਰਤਾ ਕਾਦਰ, ਕੁਦਰਤ ਆਪਣਾ ਖੇਲ ਜਣਾਇੰਦਾ । ਸੂਰਬੀਰ ਬਣ ਬਹਾਦਰ, ਧੁਰ ਫ਼ਰਮਾਨਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਣਾ ਹੱਥ ਟਿਕਾਈਆ । ਗੁਰ ਸ਼ਬਦ ਕਹੇ ਜਨ ਭਗਤਾਂ ਜੋਗ, ਹਰਿ ਸਤਿਗੁਰ ਆਪ ਦ੍ਰਿੜਾਈਆ । ਮੇਲ ਮਿਲਾਕੇ ਧੁਰ ਸੰਜੋਗ, ਵਿਛੋੜਾ ਜਗਤ ਕਟਾਈਆ । ਨਾਮ ਪਦਾਰਥ ਸਾਚੀ ਚੋਗ, ਸੋਹੰ ਹੰਸਾ ਮੁਖ ਲਗਾਈਆ । ਕਰ ਪਰਕਾਸ਼ ਅੰਧੇਰੇ ਕੋਟ, ਸਾਢੇ ਤਿੰਨ ਹੱਥ ਸੋਭਾ ਪਾਈਆ । ਨਾਦ ਧੁਨ ਵਜਾ ਲਗਾਏ ਚੋਟ, ਕੂੜੀ ਕਿਰਿਆ ਖੋਟ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੂਝ ਬੁਝਾਈਆ । ਗੁਰ ਸ਼ਬਦ ਕਹੇ ਪ੍ਰਭ ਭਗਤਨ ਮੀਤਾ, ਭਾਵੀ ਭੈ ਭਾਓ ਨਜ਼ਰ ਕੋਇ ਨਾ ਆਈਆ । ਏਥੇ ਓਥੇ ਦੋ ਜਹਾਨਾਂ ਠਾਂਡਾ ਸੀਤਾ, ਸਤਿ ਪੁਰਖ ਨਿਰੰਜਣ ਅਗਨੀ ਤਤ ਨਾ ਕੋਇ ਤਪਾਈਆ । ਲੱਖ ਚੁਰਾਸੀ ਘਟ ਘਟ ਵਾਸੀ ਵਸਣਹਾਰਾ ਚੀਤਾ, ਗ੍ਰਿਹਿ ਗ੍ਰਿਹਿ ਆਪਣਾ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵੇਲਾ ਬੀਤਾ, ਪੂਰਬ ਲਹਿਣਾ ਖੋਜ ਖੋਜਾਈਆ । ਸਤਿ ਸਰੂਪ ਸ਼ਾਹੋ ਭੂਪ ਵੱਡਾ ਵਡ ਨੀਕਨ ਨੀਕਾ, ਜਗ ਨੇਤਰ ਦਰਸ ਕੋਇ ਨਾ ਪਾਈਆ । ਦੇਣਾ ਜਾਣੇ ਜੀਵ ਜੀ ਕਾ, ਦੇਵਣਹਾਰ ਸਾਹਿਬ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਵੇਖ ਵਖਾਈਆ । ਸ਼ਬਦ ਗੁਰ

ਕਹੇ ਭਗਤਨ ਦਾਤਾਰ, ਦੇਵਣਹਾਰ ਅਖਵਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਠਾਲ, ਮਾਣਸ ਮਨੁੱਖ ਮਾਨਵ ਆਪਣੇ ਲੇਖੇ ਲਾਇੰਦਾ । ਸਚ ਦਵਾਰੇ ਲਏ ਬਹਾਲ, ਚਰਨ ਕਵਲ ਇਕੋ ਧਾਮ ਸੁਹਾਇੰਦਾ । ਮੇਲ ਮਿਲਾ ਕੇ ਅਗੰਮੀ ਰਾਮ, ਰਮਤਾ ਚੱਕਰ ਸਰਬ ਕਟਾਇੰਦਾ । ਖੇੜਾ ਵਸਾ ਕੇ ਧੁਰ ਦਾ ਗਰਾਮ, ਗ੍ਰਿਹ ਮੰਦਰ ਸੋਭਾ ਪਾਇੰਦਾ । ਕੂੜੀ ਕਿਰਿਆ ਮੇਟ ਨਿਜ਼ਾਮ, ਨੌਬਤ ਆਪਣਾ ਨਾਮ ਵਜਾਇੰਦਾ । ਰਸ ਅਮਿਉਂ ਪਿਆ ਕੇ ਜਾਮ, ਸਚ ਖ਼ੁਮਾਰੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਗੋਦ ਉਠਾਇੰਦਾ । ਗੁਰ ਸ਼ਬਦ ਕਹੇ ਪ੍ਰਭ ਭਗਤਨ ਸੰਗੀ, ਵਡਭਾਗੀ ਨਜ਼ਰੀ ਆਈਆ । ਨਾਤਾ ਤੋੜ ਕੇ ਖ਼ਾਨਾਬੰਦੀ, ਬੰਦਨਾ ਇਕੋ ਦਏ ਸਮਝਾਈਆ । ਅੰਤਰ ਕੱਢ ਵਾਸਨਾ ਗੰਦੀ, ਸੁਗੰਧੀ ਸਚ ਭਰਾਈਆ । ਕਰ ਪਰਕਾਸ਼ ਨੂਰਾਨਾ ਚੰਦੀ, ਅੰਧ ਅਗਿਆਨ ਦਏ ਖਪਾਈਆ । ਦੀਨ ਦਿਆਲ ਬਣ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਆਪ ਕਰਾਈਆ । ਪਿਠ ਹੋਣ ਨਾ ਦੇਵੀਂ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਬੇਪਰਵਾਹੀਆ । ਸ਼ਬਦ ਗੁਰ ਕਹੇ ਪ੍ਰਭ ਭਗਤ ਪਿਆਰਾ, ਲੱਖ ਚੁਰਾਸੀ ਦਏ ਤਜਾਈਆ । ਮੰਦਰ ਅੰਦਰ ਖੋਲ੍ਹ ਕਿਵਾੜਾ, ਘਰ ਘਰ ਵਿਚ ਸੋਭਾ ਪਾਈਆ । ਕਰ ਪਰਕਾਸ਼ ਬਹੱਤਰ ਨਾੜਾ, ਜੋਤੀ ਦੀਪ ਡਗਮਗਾਈਆ । ਸਾਢੇ ਤਿੰਨ ਹੱਥ ਅੰਦਰ ਲਾ ਅਖਾੜਾ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਅੰਮ੍ਰਿਤ ਜਾਮ ਪਿਆ ਕੇ ਤਾੜਾ, ਖ਼ੁਮਾਰੀ ਧੁਰ ਦੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਇਕ ਅਖਵਾਈਆ । ਗੁਰ ਸ਼ਬਦ ਕਹੇ ਪ੍ਰਭ ਸਚ ਸਵਾਮੀ, ਸੁਅੰਬਰ ਜੁਗ ਜੁਗ ਆਪ ਰਚਾਇੰਦਾ । ਸਰਬ ਘਟਾਂ ਬਣ ਅੰਤਰਜਾਮੀ, ਹਰਿਜਨ ਸਾਚੇ ਵੇਖ ਵਖਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਧੁਰ ਦਾ ਨਾਮ ਨਾਦ ਸਮਝਾਇੰਦਾ । ਅੰਮ੍ਰਿਤ ਬਖ਼ਸ਼ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਇੰਦਾ । ਸ਼ਬਦ ਮਿਲਾਵਾ ਸੁਰਤੀ ਹਾਣੀ, ਸੋਹਣਾ ਜੋੜ ਵਖਾਇੰਦਾ । ਲੇਖ ਚੁਕਾ ਕੇ ਚਾਰੇ ਖਾਣੀ, ਘਰ ਇਕੋ ਇਕ ਵਡਿਆਇੰਦਾ । ਦੇਵਣਹਾਰਾ ਪਦ ਨਿਰਬਾਨੀ, ਨਿਰਬਾਣ ਪਦ ਇਕ ਸਮਝਾਇੰਦਾ । ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨੀ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਗਲੇ ਲਗਾਇੰਦਾ । ਸਤਿਗੁਰ ਸ਼ਬਦ ਕਹੇ ਪ੍ਰਭ ਧੁਰ ਦਾ ਸੱਜਣ, ਸਾਜਣਹਾਰਾ ਨਜ਼ਰੀ ਆਈਆ । ਜੁਗ ਚੌਕੜੀ ਲੱਖ ਚੁਰਾਸੀ ਭਾਂਡੇ ਭੱਜਣ, ਬਿਨ ਸਤਿਗੁਰ ਪੂਰੇ ਆਪਣੇ ਘਰ ਨਾ ਕੋਇ ਰਖਾਈਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਜਾਵਣ ਨਗਨ, ਪੜਦਾ ਓਹਲਾ ਓਡਣ ਸੀਸ ਨਾ ਕੋਇ ਟਿਕਾਈਆ । ਕੋਟਨ ਕੋਟ ਮਾਸ ਨਾੜੀ ਹੱਡ ਵਹਾਵਣ ਗੰਗਨ, ਗੰਗੋਤਰੀ ਸਾਰ ਕੋਇ ਨਾ ਪਾਈਆ । ਕੋਟਨ ਕੋਟ ਸੀਖਾਂ ਉਪਰ ਟੰਗਣ, ਜਗਤ ਕਬਾਬ ਕੀਮਤ ਸਕੇ ਨਾ ਕੋਇ ਚੁਕਾਈਆ । ਕੋਟਨ ਕੋਟ ਕਰ ਕਰ ਬੰਦਗੀ ਭਜਨ, ਭੱਜਣ ਵਾਹੋ ਦਾਹੀਆ । ਕੋਟਨ ਕੋਟ ਨੇਤਰ ਪਾ ਕੇ ਅੰਜਣ, ਨੈਣ ਅੱਖ ਰਹੇ ਮਟਕਾਈਆ । ਕੋਟਨ ਕੋਟ ਹਰਿ ਕਾ ਨਾਮ ਦਰ ਦਰ ਮੰਗਣ, ਗੇਰੂ ਕੱਪੜੇ ਤਨ ਛੁਹਾਈਆ । ਕੋਟਨ ਕੋਟ ਮੱਕਾ ਕਾਅਬਾ ਕਰਨ ਹੱਜਨ, ਸਚ ਮਹਿਬੂਬ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਕਰਨ ਬੰਦਨ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਆਪਣੇ ਸੰਗ ਰਖਾਈਆ । ਗੁਰ ਸ਼ਬਦ ਕਹੇ ਪ੍ਰਭ ਤੇਰਾ ਖੇਲ ਅਵੱਲਾ, ਆਦਿ

ਜੁਗਾਦਿ ਸਮਝ ਕੋਇ ਨਾ ਪਾਈਆ । ਬਿਨ ਭਗਤਾਂ ਸੁਹਾਏ ਨਾ ਕੋਇ ਮਹੱਲਾ, ਮਹਿਫ਼ਲ ਸਚ ਨਾ ਕੋਇ ਲਗਾਈਆ । ਤੂੰ ਨਿਰਗੁਣ ਧਾਰ ਇਕ ਇਕੱਲਾ, ਨਿਰਵੈਰ ਪੁਰਖ ਤੇਰੀ ਵਡਿਆਈਆ । ਤੇਰਾ ਵਸੇਰਾ ਜਲਾਂ ਥਲਾਂ, ਘਟ ਘਟ ਬੈਠਾ ਡੇਰਾ ਲਾਈਆ । ਧੰਨ ਵਡਿਆਈ ਜਿਸ ਜਨ ਫੜਾਏਂ ਆਪਣਾ ਪੱਲਾ, ਸ਼ਬਦੀ ਗੰਢ ਪੁਆਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਲੋਕਮਾਤ ਫਲਿਆ ਫੁਲਾ, ਪੱਤ ਟਹਿਣੀ ਰਹੀ ਮਹਿਕਾਈਆ । ਮਿਲੇ ਵਡਿਆਈ ਸਾਚੀ ਕੁਲਾ, ਜਿਸ ਕੁਲ ਵਿਚ ਗੁਰਮੁਖ ਗੁਰ ਗੁਰ ਗਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਤਮ ਕੀਮਤ ਕਰਤੇ ਪਾਏ ਆਪੇ ਮੁੱਲਾ, ਕੌਡੀ ਕੌਡੀ ਹੱਟ ਨਾ ਕੋਇ ਵਿਕਾਈਆ ।

## ੨੪ ਭਾਦਰੋਂ ੨੦੨੧ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਿਹਿ ਪਿੰਡ ਦਰਾਜਕੇ



ਸਤਿਗੁਰ ਸ਼ਬਦ ਸਦਾ ਕਿਰਪਾਲ, ਕਿਰਪਨ ਨਿਰਧਨ ਲਏ ਤਰਾਈਆ । ਸਤਿਗੁਰ ਸ਼ਬਦ ਸਦਾ ਦਿਆਲ, ਦੀਨਾਂ ਅਨਾਥਾਂ ਹੋਏ ਸਹਾਈਆ । ਸਤਿਗੁਰ ਸ਼ਬਦ ਸਦਾ ਧਨ ਮਾਲ, ਨਾਮ ਖ਼ਜ਼ੀਨਾ ਇਕ ਭਰਾਈਆ । ਸਤਿਗੁਰ ਸ਼ਬਦ ਤੋੜਨਹਾਰ ਜੰਜਾਲ, ਕੂੜੀ ਕਿਰਿਆ ਦਏ ਖਪਾਈਆ । ਸਤਿਗੁਰ ਸ਼ਬਦ ਆਦਿ ਜੁਗਾਦਿ ਨਿਭੇ ਨਾਲ, ਏਥੇ ਓਥੇ ਮੇਲ ਮਿਲਾਈਆ । ਸਤਿਗੁਰ ਸ਼ਬਦ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਇਕ ਉਪਜਾਈਆ । ਸਤਿਗੁਰ ਸ਼ਬਦ ਸਰਬ ਜਗ ਮੀਤਾ, ਮਿੱਤਰਾਂ ਵਿਚੋਂ ਮਿੱਤਰ ਨਜ਼ਰੀ ਆਈਆ । ਸਤਿਗੁਰ ਸ਼ਬਦ ਉਧਾਰੇ ਊਚਾਂ ਨੀਚਾਂ, ਰਾਓ ਰੰਕਾਂ ਗਲੇ ਲਗਾਈਆ । ਸਤਿਗੁਰ ਸ਼ਬਦ ਪਾਰ ਕਰਾਏ ਜਗਤ ਦਹਿਲੀਜ਼ਾਂ, ਮੰਜ਼ਲ ਸਾਚੀ ਦਏ ਵਖਾਈਆ । ਸਤਿਗੁਰ ਸ਼ਬਦ ਸੁਰਤੀ ਕਰੇ ਸਾਚੀ ਰੀਝਾ, ਲਾਲ ਗੁਲਾਲਾ ਰੰਗ ਚੜ੍ਹਾਈਆ । ਸਤਿਗੁਰ ਸ਼ਬਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰਾ ਥਾਈਂ ਥਾਈਂਆ । ਸਤਿਗੁਰ ਸ਼ਬਦ ਸਦ ਵਿਚੋਲਾ, ਜੁਗ ਜੁਗ ਸੇਵ ਕਮਾਇੰਦਾ । ਸਤਿਗੁਰ ਸ਼ਬਦ ਚੁਕਾਏ ਪੜਦਾ ਓਹਲਾ, ਗ੍ਰਿਹਿ ਮੰਦਰ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਜਨ ਭਗਤਾਂ ਗਾਇਆ ਢੋਲਾ, ਢੋਲਕ ਛੈਣੇ ਪਰੇ ਸੁਟਾਇੰਦਾ । ਸਤਿਗੁਰ ਸ਼ਬਦ ਸ਼ਬਦ ਅਨਮੋਲਾ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਇੰਦਾ । ਸਤਿਗੁਰ ਸ਼ਬਦ ਮਨ ਵਾਸਨਾ ਚੁਕਾਏ ਕੂੜਾ ਰੌਲਾ, ਜੂਠ ਝੂਠ ਡੇਰਾ ਢਾਇੰਦਾ । ਸਤਿਗੁਰ ਸ਼ਬਦ ਆਵਣ ਜਾਵਣ ਪੰਧ ਕਰੇ ਹੌਲਾ, ਲੱਖ ਚੁਰਾਸੀ ਗੇੜ ਕਟਾਇੰਦਾ । ਸਤਿਗੁਰ ਸ਼ਬਦ ਦੇਵੇ ਵਡਿਆਈ ਉਪਰ ਧੌਲਾ, ਪੰਜ ਤਤ ਕਾਇਆ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸ਼ਬਦ ਇਕ ਪਰਗਟਾਇੰਦਾ । ਸਤਿਗੁਰ ਸ਼ਬਦ ਅਨਡਿਠਾ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਸਤਿਗੁਰ ਸ਼ਬਦ ਹਰਿ ਹਿਰਦੇ ਰਿਹਾ ਵਸ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਨਿਰਮਲ ਜੋਤ ਕਰੇ ਪਰਕਾਸ਼, ਦੀਆ ਬਾਤੀ ਡਗਮਗਾਈਆ । ਸਤਿਗੁਰ ਸ਼ਬਦ ਸਾਚੇ ਮੰਦਰ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਸਤਿਗੁਰ ਸ਼ਬਦ ਗੁਰਮੁਖਾਂ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਮੇਟ ਮਿਟਾਈਆ । ਸਤਿਗੁਰ ਸ਼ਬਦ ਵੇਖੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਸਤਿਗੁਰ ਸ਼ਬਦ ਜਨ ਭਗਤਾਂ ਸਦਾ ਦਾਸ, ਜੁਗ ਜੁਗ ਸੇਵ

ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਤਿਗੁਰ ਸ਼ਬਦ ਸਦਾ ਅਨਡਿਠ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਅੰਦਰੇ ਅੰਦਰ ਕਰੇ ਹਿਤ, ਬਾਹਰ ਵਜੂਦ ਨਾ ਕੋਇ ਸਮਝਾਈਆ । ਪ੍ਰੇਮ ਪਿਆਰ ਦੀ ਮਾਰ ਅਨੋਖੀ ਖਿਚ, ਆਪ ਆਪਣੀ ਤੰਦ ਸਿਤਾਰ ਹਿਲਾਈਆ । ਗੁਰਮੁਖ ਵਿਰਲੇ ਸਤਿਗੁਰ ਕਿਰਪਾ ਪਏ ਦਿਸ, ਨਿਜ ਨੇਤਰ ਹੋਏ ਰੁਸ਼ਨਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਸੋਭਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਇਕ ਉਪਜਾਈਆ । ਸਤਿਗੁਰ ਸ਼ਬਦ ਵਡ ਵੱਡਾ ਨੀਕਾ, ਨੀਕਨ ਨੀਕਾ ਖੇਲ ਖਿਲਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੀਅ ਕਾ, ਸਾਢੇ ਤਿੰਨ ਹੱਥ ਮੰਦਰ ਅੰਦਰ ਡੇਰਾ ਲਾਇੰਦਾ । ਨਿਤ ਨਵਿਤ ਜਨ ਭਗਤਾਂ ਬਣੇ ਮੀਤਾ, ਸੰਗੀ ਹੋ ਕੇ ਸੰਗ ਵਖਾਇੰਦਾ । ਘਰ ਸਾਚੇ ਵਸੇ ਚੀਤਾ, ਚੇਤਨ ਸੁਰਤੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸ਼ਬਦ ਸਰਬ ਵਿਆਪੀ, ਵਿਆਪਕ ਹੋ ਕੇ ਸੇਵ ਕਮਾਈਆ । ਸਤਿਗੁਰ ਸ਼ਬਦ ਵਡ ਪਰਤਾਪੀ, ਪਸਚਾਤਾਪ ਦਏ ਚੁਕਾਈਆ । ਸਤਿਗੁਰ ਸ਼ਬਦ ਅੰਤਰ ਜਾਪੀ, ਜੀਵਣ ਜੁਗਤ ਦਏ ਵਖਾਈਆ । ਸਤਿਗੁਰ ਸ਼ਬਦ ਪਾਕਨ ਪਾਕੀ, ਦੁਰਮਤ ਮੈਲ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਬਦਲ ਦੇਵੇ ਹਯਾਤੀ, ਜੀਵਣ ਜੀਵਣ ਵਿਚੋਂ ਪਰਗਟਾਈਆ । ਸਤਿਗੁਰ ਸ਼ਬਦ ਖੇਲੇ ਖੇਲ ਅਗੰਮੀ ਬਾਜ਼ੀ, ਡੌਰੂ ਡੰਕਾ ਸਚ ਵਜਾਈਆ । ਸਤਿਗੁਰ ਸ਼ਬਦ ਕਿਸੇ ਦਾ ਕੋਇ ਨਾ ਮੁਹਤਾਜੀ, ਭਿਖਿਆ ਮੰਗਣ ਕਦੇ ਨਾ ਜਾਈਆ । ਸਤਿਗੁਰ ਸ਼ਬਦ ਜਨ ਭਗਤਾਂ ਧੁਰ ਦਾ ਬਣੇ ਸਾਥੀ, ਨਿਤ ਨਵਿਤ ਸੇਵ ਕਮਾਈਆ । ਸਤਿਗੁਰ ਸ਼ਬਦ ਲਹਿਣਾ ਦੇਣਾ ਚੁਕਾਵੇ ਬਾਕੀ, ਪੂਰਬ ਲੇਖਾ ਝੋਲੀ ਪਾਈਆ । ਸਤਿਗੁਰ ਸ਼ਬਦ ਜੁਗ ਜੁਗ ਮੇਟੇ ਅੰਧੇਰੀ ਰਾਤੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਮਨੂਆ ਰਹਿਣ ਨਾ ਦੇਵੇ ਆਕੀ, ਮਨਸਾ ਮਨਸਾ ਵਿਚ ਖਪਾਈਆ । ਸਤਿਗੁਰ ਸ਼ਬਦ ਪਕੜ ਚੜ੍ਹਾਵੇ ਔਖੀ ਘਾਟੀ, ਪਾਰ ਕਿਨਾਰੇ ਆਪ ਲਗਾਈਆ । ਸਤਿਗੁਰ ਸ਼ਬਦ ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਅੰਤਰ ਦੇਵੇ ਅੰਮ੍ਰਿਤ ਬੂੰਦ ਸਵਾਂਤੀ, ਸਚ ਪਿਆਲਾ ਆਪਣਾ ਜਾਮ ਪਿਆਈਆ ।

## ੨੪ ਭਾਦਰੋਂ ੨੦੨੧ ਬਿਕ੍ਰਮੀ ਬੀਬੀ ਦੀਪੋ ਦੇ ਗ੍ਰਿਹ ਪਿੰਡ ਬਾਸਰਕੇ

ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸਚ ਨਰੇਸ਼, ਬੇਅੰਤ ਬੇਪਰਵਾਹ ਤੇਰੀ ਵਡ ਵਡਿਆਈਆ । ਸਚਖੰਡ ਦਵਾਰੇ ਵਸੇ ਅਗੰਮੜੇ ਦੇਸ, ਛੱਪਰ ਛੰਨ ਨਾ ਕੋਇ ਛੁਹਾਈਆ । ਗੁਰ ਅਵਤਾਰ ਪੀਰ ਪੈਗੰਬਰ ਸੱਯਦਾ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਸਰਗੁਣ ਜੁਗ ਜੁਗ ਖੇਡੇ ਖੇਡ, ਨਿਤ ਨਵਿਤ ਫੇਰਾ ਪਾਈਆ । ਜੋਤੀ ਜਲਵਾ ਦੇ ਕੇ ਤੇਜ਼, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰੇ ਰੁਸ਼ਨਾਈਆ । ਅੰਤਰ ਆਤਮ ਘਟ ਘਟ ਮਾਣੇ ਸੇਜ, ਗ੍ਰਿਹ ਮੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚੇ ਘਰ, ਗ੍ਰਿਹ ਵੱਜਦੀ ਰਹੇ ਵਧਾਈਆ । ਵੱਜੇ ਵਧਾਈ ਸਚ ਘਰ, ਸਚਖੰਡ ਸੋਭਾ ਪਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ

ਦਾਤਾ ਬੇਪਰਵਾਹੀਆ । ਮਹੱਲ ਅਟਲ ਅਗੰਮੀ ਚੜ੍ਹ, ਆਸਣ ਸਿੰਘਾਸਣ ਸੋਭਾ ਪਾਈਆ । ਦੋ ਜਹਾਨਾਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਵਰ, ਵਸਤ ਅਮੋਲਕ ਧੁਰ ਦੀ ਇਕ ਵਰਤਾਈਆ । ਨਿਤ ਨਵਿਤ ਲੋਕਮਾਤ ਖੇਲ ਕਰ, ਖ਼ਾਲਕ ਖ਼ਲਕ ਦੇ ਸਮਝਾਈਆ । ਪਰਵਰਦਿਗਾਰ ਸਾਂਝੇ ਯਾਰ ਆਪਣਾ ਮੇਲ ਕਰ, ਸਚ ਤੌਫ਼ੀਕ ਸਚ ਰਫ਼ੀਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਜਿਸ ਗ੍ਰਿਹਿ ਬਹਿ ਕੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਕਰਤੇ ਤੇਰਾ ਖੇਲ ਅਪਰ ਅਪਾਰ, ਅਲੱਖ ਅਗੋਚਰ ਤੇਰੀ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਖੜ੍ਹੇ ਦਵਾਰ, ਦਰ ਠਾਂਡੇ ਬੈਠੇ ਸੀਸ ਝੁਕਾਈਆ । ਖ਼ਾਲੀ ਝੋਲੀ ਬਣ ਭਿਖਾਰ, ਭਿੱਖਕ ਭਿਖਿਆ ਮੰਗਣ ਚਾਈਂ ਚਾਈਂਆ । ਤੂੰ ਦੇਵਣਹਾਰ ਦਾਤਾਰ, ਦਇਆਵਾਨ ਸਹਿਜ ਸੁਖਦਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਆਪਣੀ ਰਚਨਾ ਵੇਖ ਵਖਾਈਆ । ਲੇਖਾ ਲਿਖ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਖਾਣੀ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਵਿਚ ਸੰਸਾਰ, ਵਡ ਸੰਸਾਰੀ ਆਪਣਾ ਵੇਸ ਵਟਾਈਆ । ਸ਼ਬਦ ਸੰਦੇਸ਼ਾ ਦੇਂਦਾ ਰਹੇ ਵਾਰੋ ਵਾਰ, ਨਾਮ ਨਿਧਾਨ ਨਾਉਂ ਨਿਰੰਕਾਰਾ ਆਪ ਪਰਗਟਾਈਆ । ਕਾਗ਼ਜ਼ਾਂ ਕਲਮਾਂ ਨਾਲ ਕਰਦਾ ਰਹੇਂ ਇਜ਼ਹਾਰ, ਕਾਤਬ ਹੋਏ ਸੇਵ ਕਮਾਈਆ । ਕਲਮਿਆਂ ਅੰਦਰ ਕਰਦਾ ਰਹੇਂ ਖ਼ਬਰਦਾਰ, ਕਾਇਨਾਤ ਕਰੇਂ ਪੜ੍ਹਾਈਆ । ਦੀਨ ਮਜ਼੍ਹਬ ਤੇਰੀ ਧਾਰ, ਜ਼ਾਤ ਪਾਤ ਸ਼ਰਅ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਲ ਧੁਰ ਦਾ ਘਰ, ਜਿਸ ਗ੍ਰਿਹਿ ਬਹਿ ਕੇ ਆਸਣ ਲਾਈਆ । ਸਚ ਗ੍ਰਿਹਿ ਪ੍ਰਭ ਇਕੋ ਦੱਸ, ਦਹਿ ਦਿਸ਼ਾ ਭੇਵ ਚੁਕਾਈਆ । ਤੂੰ ਸਵਾਮੀ ਠਾਕਰ ਪੁਰਖ ਸਮਰਥ, ਬੇਅੰਤ ਤੇਰੀ ਵਡਿਆਈਆ । ਨਿਤ ਨਵਿਤ ਢੋਲੇ ਸੋਹਲੇ ਗੁਰ ਅਵਤਾਰ ਤੇਰਾ ਗੌਂਦੇ ਜਸ, ਪੀਰ ਪੈਗ਼ੰਬਰ ਰਾਗਾਂ ਨਾਦਾਂ ਵਿਚ ਕਰਨ ਸ਼ਨਵਾਈਆ । ਸਿਫ਼ਤ ਸਾਲਾਹ ਬਾਹਰ ਗੁਪਤ ਜ਼ਾਹਰ ਤੇਰੀ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਹੋ ਚਲਾਵੇਂ ਰਥ, ਸਰਗੁਣ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਾਅਰਾ ਬੋਲ ਅਲੱਖ, ਅਲੱਖ ਅਲਖਨਾ ਆਪਣਾ ਨਾਉਂ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਦਰ ਠਾਂਡੇ ਆਸ ਰਖਾਈਆ । ਸ਼ਾਹ ਸਵਾਮੀ ਅੰਤਰਜਾਮੀ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖ ਲੰਘ, ਦੋ ਜਹਾਨਾਂ ਪੰਧ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹੋਏ ਨੰਗ, ਓਢਨ ਪੜਦਾ ਸੀਸ ਨਾ ਕੋਇ ਟਿਕਾਈਆ । ਕਲਜੁਗ ਔਧ ਰਹੀ ਲੰਘ, ਸਦੀ ਵੀਹਵੀਂ ਬਿਨ ਨੇਤਰ ਨੈਣਾਂ ਤੇਰਾ ਰਾਹ ਤਕਾਈਆ । ਆਤਮ ਸੁੰਞੀ ਸੇਜ ਦਿਸੇ ਪਲੰਘ, ਹਰਿ ਕੰਤ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਅਨਹਦ ਨਾਦ ਘਰ ਘਰ ਵਜੇ ਨਾ ਕੋਇ ਮਰਦੰਗ, ਧੁਨ ਆਤਮਕ ਕਰੇ ਨਾ ਕੋਇ ਸ਼ਨਵਾਈਆ । ਅੰਮ੍ਰਿਤ ਸਰੋਵਰ ਵਹੇ ਨਾ ਕੋਈ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਂਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਭੇਖ ਪਖੰਡ, ਕੂੜੀ ਕਿਰਿਆ ਡੌਰੂ ਡੰਕ ਰਹੀ ਵਜਾਈਆ । ਗੁਰਮਤ ਕਿਸੇ ਨਾ ਦਿਸੇ ਸੰਗ, ਮਨਮਤ ਬਹਿ ਬਹਿ ਮਤਾ ਪਕਾਈਆ । ਸੁਰਤ ਸਵਾਣੀ ਹੋਈ ਰੰਡ, ਸ਼ਬਦੀ ਕੰਤ ਨਜ਼ਰ

ਕਿਸੇ ਨਾ ਆਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਇਕ ਤੇਰੀ ਓਟ ਤਕਾਈਆ । ਈਸਾ ਮੂਸਾ ਮੁਹੰਮਦ ਮੰਗਾਂ ਰਹੇ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਰ ਹਰਿ ਆਪਣਾ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਮੰਗਣ ਮਦਦ, ਨਾਅਰਾ ਹਕ ਹਕ ਜਣਾਈਆ । ਤੇਰਾ ਲੇਖਾ ਗਿਣਤੀ ਵਿਚ ਕਦੇ ਨਾ ਆਇਆ ਅਦਦ, ਏਕੰਕਾਰ ਇਕੋ ਇਕ ਤੇਰੀ ਸਰਨਾਈਆ । ਸਦੀ ਚੌਧਵੀਂ ਮੇਟ ਤਸ਼ੱਦਦ, ਚੌਦਾਂ ਤਬਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਪੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਕਲਜੁਗ ਖੇਲ, ਕਲ ਕਾਤੀ ਚਾਰੋਂ ਕੁੰਟ ਨਜ਼ਰੀ ਆਈਆ । ਆਤਮ ਪਰਮਾਤਮ ਹੋਵੇ ਕਿਸੇ ਨਾ ਮੇਲ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਦੀਵਾ ਜਗੇ ਨਾ ਬਿਨ ਬਾਤੀ ਤੇਲ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸੱਚਾ ਮਿਲੇ ਨਾ ਸੱਜਣ ਸੁਹੇਲ, ਜਗਤ ਠਗੌਰੀ ਵਿਚ ਲੋਕਾਈਆ । ਤੂੰ ਵਸਿਉਂ ਧਾਮ ਨਵੇਲ, ਸਚਖੰਡ ਨਿਵਾਸੀ ਆਪਣਾ ਮੁਖ ਛੁਪਾਈਆ । ਝਗੜਾ ਪਿਆ ਗੁਰੂ ਗੁਰ ਚੇਲ, ਚੇਲਾ ਗੁਰ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪੀਰ ਪੈਗ਼ੰਬਰ ਤੈਨੂੰ ਧਿਆਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਆ ਨੇੜੇ, ਪਰਵਰਦਿਗਾਰ ਤੇਰੀ ਓਟ ਤਕਾਈਆ । ਦੀਨ ਮਜ਼੍ਹਬ ਪਏ ਝੇੜੇ, ਝਗੜਾ ਸਕੇ ਨਾ ਕੋਇ ਮਿਟਾਈਆ । ਕਾਇਆ ਮੰਦਰ ਉਜੜੇ ਖੇੜੇ, ਸਾਢੇ ਤਿੰਨ ਹੱਥ ਸਾਚਾ ਗੁਲਸ਼ਨ ਨਾ ਕੋਇ ਮਹਿਕਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਸਾਧ ਸੰਤ ਫਿਰਨ ਬਥੇਰੇ, ਧੁਰ ਦਾ ਸੰਗੀ ਨਜ਼ਰ ਕੋਇ ਨਾ ਆਈਆ । ਧਰਨੀ ਧਰਤ ਉਪਰ ਲਾਏ ਕੂੜੀ ਕਿਰਿਆ ਡੇਰੇ, ਭਾਂਡਾ ਭਰਮ ਨਾ ਕੋਇ ਭਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਾਹਵਾ ਤੇਰੇ ਹੱਥ ਵਡਿਆਈਆ । ਪ੍ਰਭ ਵੇਖ ਆਪਣਾ ਜਗ, ਦ੍ਰਿਸ਼ਟੀ ਸ੍ਰਿਸ਼ਟੀ ਉਪਰ ਟਿਕਾਈਆ । ਨਵ ਨੌਂ ਚਾਰ ਲੱਗੀ ਅੱਗ, ਤੁਧ ਬਿਨ ਸਕੇ ਨਾ ਕੋਇ ਬੁਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖਹਿੜਾ ਗਏ ਛੱਡ, ਸਦੀ ਬੀਸਵੀਂ ਦਏ ਦੁਹਾਈਆ । ਸਰਗੁਣ ਨਾਲੋਂ ਹੋਏ ਅੱਡ, ਨਿਰਗੁਣ ਤੇਰੀ ਜੋਤ ਵਿਚ ਸਮਾਈਆ । ਵਾਕ ਭਵਿਖਤਾਂ ਵਿਚ ਦੱਸ ਕੇ ਗਏ ਹੱਦ, ਹਦੂਦ ਇਕੋ ਇਕ ਦਰਸਾਈਆ । ਕਲਜੁਗ ਅੰਤਮ ਪਰਗਟ ਹੋਵੇ ਪੁਰਖ ਸਮਰਥ, ਕਲ ਕਲਕੀ ਫੇਰਾ ਪਾਈਆ । ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਪਤ ਲਏ ਰੱਖ, ਪਤਿਪਰਮੇਸ਼ਵਰ ਬੇਪਰਵਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜਨ ਭਗਤਾਂ ਦੇਵੇ ਹੱਕ, ਮੁਰੀਦ ਮੁਰਸ਼ਦ ਵੇਖੇ ਚਾਈਂ ਚਾਈਆ । ਦੋ ਜਹਾਨਾਂ ਮੰਜ਼ਲ ਪੰਧ ਮੁਕਾਵੇ ਨੱਠ ਨੱਠ, ਨਿਰਗੁਣ ਆਵੇ ਜਾਵੇ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਹਿ ਦਿਸ਼ਾ ਵੇਖ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦਏ ਦਲਾਸਾ, ਹਰਿ ਕਰਤਾ ਆਪ ਜਣਾਈਆ । ਪੀਰ ਪੈਗ਼ੰਬਰ ਰੱਖੋ ਭਰਵਾਸਾ, ਪ੍ਰਭ ਭਰਮੀ ਗੜ੍ਹ ਤੁੜਾਈਆ । ਕੂੜੀ ਕਿਰਿਆ ਵੇਖੇ ਜਗਤ ਤਮਾਸ਼ਾ, ਖ਼ਾਲਕ ਖ਼ਲਕ ਵਿਚ ਸਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜੋਤ ਕਰੇ ਪਰਕਾਸ਼ਾ, ਪੰਜ ਤਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪੀਰ ਪੈਗ਼ੰਬਰ ਕਰਨ ਸੱਜਦਾ, ਝੁਕ ਝੁਕ ਸੀਸ ਨਿਵਾਈਆ । ਹਉਂ ਖ਼ਾਲਕ ਬਾਲਕ ਤੇਰਾ ਬਰਦਾ, ਬੰਦੀਖ਼ਾਨਾ ਦੇ ਤੁੜਾਈਆ । ਤੇਰੇ ਭੈ ਭਉ ਅੰਦਰ ਸਭ ਕੋਈ ਡਰਦਾ, ਸਿਰ

ਸਕੇ ਨਾ ਕੋਇ ਉਠਾਈਆ । ਦੀਨ ਮਜ਼੍ਹਬ ਨਾ ਜੀਉਂਦਾ ਨਾ ਮਰਦਾ, ਮੁਰਦਾ ਹੋ ਗੋਰ ਨਾ ਕੋਇ ਦਬਾਈਆ । ਚੌਦਾਂ ਤਬਕ ਤੋਬਾ ਤੋਬਾ ਕਰਦਾ, ਚੌਦਾਂ ਵਿਦਿਆ ਰਹੀ ਕੁਰਲਾਈਆ । ਚੌਦਸ ਚੰਦ ਕੋਈ ਨਾ ਚੜ੍ਹਦਾ, ਸਚ ਨੂਰ ਨਾ ਕੋਇ ਰੁਸ਼ਨਾਈਆ । ਕਲਮਾ ਹੱਕ ਕੋਇ ਨਾ ਪੜ੍ਹਦਾ, ਕਾਇਨਾਤ ਭਰਮੇ ਭੁੱਲੀ ਸਰਬ ਲੋਕਾਈਆ । ਪਰਵਰਦਿਗਾਰ ਕੋਇ ਨਾ ਵਰਦਾ, ਨਾਰ ਖ਼ਾਵੰਦ ਦੋਵੇਂ ਬੈਠੇ ਮੁਖ ਭੁਆਈਆ । ਸ਼ਰਅ ਵਿਚ ਸ਼ੈਤਾਨ ਵੇਖੋ ਲੜਦਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਚਰਨ ਕਵਲ ਤੇਰੇ ਮਿਲੇ ਸਰਨਾਈਆ । ਪੁਰਖ ਅਕਾਲ ਕਹੇ ਸੁਣ ਮੁਹੰਮਦ, ਈਸਾ ਮੂਸਾ ਨਾਲ ਰਲਾਈਆ । ਹਰਿ ਕਾ ਖੇਲ ਅਲਨੇਕ ਕਮਚ, ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਦਏ ਸਮਝਾਈਆ । ਗੋਬਿੰਦ ਸੂਰਾ ਜੋ ਅੰਤਮ ਮਾਰ ਕੇ ਗਿਆ ਰਮਜ਼, ਇਸ਼ਾਰੇ ਨਾਲ ਦ੍ਰਿੜਾਈਆ । ਉਸ ਦੀ ਅਨੋਖੀ ਕਰਾਂ ਦੋ ਜਹਾਨਾਂ ਚਮਕ, ਚਮਤਕਾਰ ਬੇਪਰਵਾਹੀਆ । ਪਰਵਰਦਿਗਾਰ ਉਸ ਦੀ ਕਰੇ ਮਦਦ, ਬੇਪਰਵਾਹ ਹੋ ਕੇ ਸੇਵ ਕਮਾਈਆ । ਦੇਵੇ ਵਡਿਆਈ ਜਗ ਅੰਤਮ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਚਰਨ ਦਾਸੀ ਆਦਿ ਸ਼ਕਤ, ਚਤਰਭੁਜ ਬੈਠੀ ਸੀਸ ਨਿਵਾਈਆ । ਸੋ ਗੋਬਿੰਦ ਸੂਰਾ ਸ਼ਬਦ ਗੁਰਦੇਵ ਇਕ ਫ਼ਕਤ, ਫ਼ਿਕਰਿਆਂ ਵਿਚ ਫ਼ਕੀਰਾਂ ਰਿਹਾ ਸਮਝਾਈਆ । ਜਿਸ ਦਾ ਲੇਖਾ ਨਾ ਹੋਏ ਉਧਾਰ ਸਦਾ ਨਕਦ, ਨੌਂ ਤੇਰਾਂ ਹਿਸਾਬ ਨਾ ਕੋਇ ਜਣਾਈਆ । ਉਸ ਦਾ ਹੁਕਮ ਏਥੇ ਓਥੇ ਕਦੀ ਨਾ ਜਾਏ ਅਟਕ, ਦੋ ਜਹਾਨ ਨਾ ਕੋਇ ਅਟਕਾਈਆ । ਜੋ ਸੰਤ ਸੁਹੇਲੇ ਜਨ ਭਗਤ ਰਹੇ ਭਟਕ, ਪ੍ਰਭ ਚਰਨ ਧਿਆਨ ਲਗਾਈਆ । ਤਿਨ੍ਹਾਂ ਵੇਲਾ ਸੁਹੰਜਣਾ ਕਰੇ ਵਕਤ, ਥਿਤ ਵਾਰ ਦਏ ਵਡਿਆਈਆ । ਸੋ ਸੂਰਬੀਰ ਜੋਧਾ ਮਰਦਾਨਾ ਮਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਈਆ । ਧੁਰ ਸੰਦੇਸਾ ਸੁਣੋ ਲਾ ਕਰ ਧਿਆਨ, ਹਰਿ ਕਰਤਾ ਆਪ ਜਣਾਈਆ । ਜੋ ਗੁਰ ਗੋਬਿੰਦ ਦੇ ਕੇ ਗਿਆ ਬਿਆਨ, ਲੇਖਾ ਲਿਖ ਕੇ ਕਲਮ ਸ਼ਾਹੀਆ । ਉਸ ਨੂੰ ਪੂਰਾ ਕਰੇ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਮ ਡੰਕਾ ਵਜਾਏ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਆਪ ਸੁਣਾਈਆ । ਜਿਸ ਨੂੰ ਸੁਣ ਕੇ ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਕਰੋੜ ਤੇਤੀਸਾ ਨਿਉਂ ਨਿਉਂ ਸੀਸ ਝੁਕਾਈਆ । ਪੀਰ ਪੈਗ਼ੰਬਰੋ ਸੁਣੋ ਇਕ ਪੈਗ਼ਾਮ, ਪਤਿਪਰਮੇਸ਼ਵਰ ਆਪ ਸੁਣਾਈਆ । ਕਲਜੁਗ ਅੰਤਮ ਬਦਲ ਦੇਣਾ ਨਿਜ਼ਾਮ, ਨੌਬਤ ਇਕੋ ਨਾਮ ਸੁਣਾਈਆ । ਸ਼ਬਦ ਗੁਰੂ ਗੁਰ ਸਵਾਮੀ ਸਾਰੇ ਬਰਦੇ ਕਰਨੇ ਗ਼ੁਲਾਮ, ਆਕੀ ਰਹਿਣ ਕੋਇ ਨਾ ਪਾਈਆ । ਮਾਰਗ ਦੱਸ ਇਕ ਆਸਾਨ, ਅਹਿਸਾਨ ਸਭ ਦੇ ਸਿਰ ਚੜ੍ਹਾਈਆ । ਕਲਜੁਗ ਜੀਵ ਪਸੂ ਪਰੇਤ ਜੋ ਹੋਏ ਹੈਵਾਨ, ਮਨਮਤ ਕਰੀ ਕੁੜਮਾਈਆ । ਤਿਨ੍ਹਾਂ ਅੰਤਰ ਆਤਮ ਸਾਚੀ ਸਿਖਿਆ ਦੇਵੇ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਖ਼ਸ਼ੇ ਚਰਨ ਧਿਆਨ, ਪੁਰਖ ਅਕਾਲ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਈਸਾ ਮੂਸਾ ਮੁਹੰਮਦ ਕਹਿਣ ਪਰਵਰਦਿਗਾਰ, ਵਾਹਵਾ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਸਾਰੇ ਗਏ ਹਾਰ, ਹੌਕਾ ਲੈ ਕੇ ਰਹੇ ਸੁਣਾਈਆ । ਸਾਡਾ ਲੇਖਾ ਲਿਖਿਆ ਪੂਰਾ ਹੋਇਆ ਕੌਲ ਇਕਰਾਰ, ਇਕਰਾਰਨਾਮੇ ਸਾਰੇ ਰਹੇ ਵਖਾਈਆ । ਤੇਰੀ ਝੋਲੀ ਸਭ ਕੁਛ ਦਿਤਾ ਡਾਰ, ਮੈਂ ਮਮਤਾ ਨਾਤਾ ਲਿਆ ਤੁੜਾਈਆ । ਹਉਂ ਬਾਲਕ ਨੰਨ੍ਹੇ ਬੱਚੇ ਤੇਰੇ ਬਰਖ਼ੁਰਦਾਰ, ਤੂੰ


੫੦੪
੧੨

ਮਾਲਕ ਖ਼ਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖੌਣਾ ਧੁਰ ਦਾ ਘਰ, ਜਿਸ ਘਰ ਮੇਲਾ ਸਹਿਜ ਸੁਭਾਈਆ । ਪੀਰ ਪੈਗ਼ੰਬਰ ਤੱਕੋ ਏਕ, ਏਕੰਕਾਰ ਰਿਹਾ ਜਣਾਈਆ । ਕਲਜੁਗ ਅੰਤਮ ਆਖ਼ਰ ਗੋਬਿੰਦ ਰੱਖੀ ਟੇਕ, ਪਿਤਾ ਪੁਰਖ ਅਕਾਲ ਗਿਆ ਸੁਣਾਈਆ । ਵਾਕ ਭਵਿਖਤ ਲਿਖ ਕੇ ਲੇਖ, ਜੀਅ ਜੀਵ ਜਗਤ ਜੰਤ ਜਹਾਨਾਂ ਗਿਆ ਸਮਝਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਕਲਜੁਗ ਆਪਣਾ ਬਦਲੇ ਭੇਖ, ਭੇਖਾਧਾਰੀ ਭੇਖ ਵਟਾਈਆ । ਕਲਜੁਗ ਕੂੜੀ ਕਿਰਿਆ ਮੇਟੇ ਰੇਖ, ਧੂੰਆਂਧਾਰ ਰਹਿਣ ਕੋਇ ਨਾ ਪਾਈਆ । ਭਾਗ ਲਗਾਏ ਸੰਬਲ ਦੇਸ, ਸਾਢੇ ਤਿੰਨ ਹੱਥ ਢੋਲਾ ਰਾਗ ਸੁਣਾਈਆ । ਮਾਣ ਤੁੱਟੇ ਵਿਸ਼ਨੂੰ ਸ਼ੇਸ਼, ਬਾਸ਼ਕ ਨਿਉਂ ਨਿਉਂ ਸੀਸ ਝੁਕਾਈਆ । ਬ੍ਰਹਮਾ ਦਰ ਤੇ ਹੋਵੇ ਪੇਸ਼, ਗਲ ਪੱਲੂ ਇਕ ਰਖਾਈਆ । ਸ਼ੰਕਰ ਨਿਉਂ ਨਿਉਂ ਕਰੇ ਆਦੇਸ, ਤ੍ਰਿਸੂਲ ਹੱਥ ਨਾ ਕੋਇ ਫੜਾਈਆ । ਕਰੋੜ ਤੇਤੀਸਾ ਨਿਜ ਦਰਸ ਸਕੇ ਨਾ ਕੋਈ ਪੇਖ, ਦੂਰ ਦੁਰਾਡੇ ਵੇਖਣ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰਾਂ ਇਕੋ ਹੁਕਮ ਸੁਣਾਈਆ । ਪੀਰ ਪੈਗ਼ੰਬਰਾਂ ਦੇਵੇ ਹੁਕਮਨਾਮਾ, ਹਾਕਮ ਧੁਰਦਰਗਾਹੀ ਅਖਵਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਇੰਦਾ । ਅਮਾਮ ਅਮਾਮਾ ਨੌਜਵਾਨਾ, ਬਿਰਧ ਬਾਲ ਨਾ ਰੂਪ ਧਰਾਇੰਦਾ । ਸ਼ਬਦ ਅਗੰਮੀ ਗਾਏ ਤਰਾਨਾ, ਕਲਮਾ ਇਕ ਪੜ੍ਹਾਇੰਦਾ । ਗੋਬਿੰਦ ਸੂਰਾ ਕਰ ਪਰਵਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਸਰੂਪ ਮਿਹਰਵਾਨਾ, ਮਹਿਬੂਬ ਹੁਕਮ ਵਰਤਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਨਾ ਕੋਇ ਅਟਕਾਇੰਦਾ । ਧਰਮ ਵਖਾਏ ਇਕ ਨਿਸ਼ਾਨਾ, ਲੋਆਂ ਪੁਰੀਆਂ ਆਪ ਝੁਲਾਇੰਦਾ । ਕਲਜੁਗ ਕੂੜੀ ਕਿਰਿਆ ਮੇਟ ਸਤਿਜੁਗ ਸਤਿ ਕਰੇ ਪਰਧਾਨਾ, ਪਰਧਾਨਗੀ ਇਕੋ ਹੱਥ ਰਖਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਦਰ ਦਰ ਭੀਖ ਮੰਗਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਕੋੜ੍ਹਿਆ ਕਮਲਿਆਂ ਗੋਦ ਉਠਾਈਆ । ਸ਼ਾਹੋ ਭੂਪ ਬਣ ਸੁਲਤਾਨਾ, ਹੁਕਮਰਾਨ ਆਪਣਾ ਨਾਉਂ ਜਣਾਈਆ । ਪ੍ਰੇਮ ਪਿਆਰ ਦਾ ਦੇ ਕੇ ਪੈਗ਼ਾਮਾ, ਪੀਰਾਂ ਪੈਗ਼ੰਬਰਾਂ ਲਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਹਿਬਰ ਇਕ ਅਖਵਾਈਆ । ਸਾਚਾ ਰਹਿਬਰ ਬਣੇ ਹਰਿ ਮਹਿਬੂਬ, ਮਿਹਰਵਾਨ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟੇ ਹਦੂਦ, ਹਜ਼ਰਤ ਆਪਣਾ ਹੁਕਮ ਵਰਤਾਈਆ । ਜੂਠ ਝੂਠ ਕਰ ਜਾਏ ਕੂਚ, ਚਾਰ ਕੁੰਟ ਮੁਖ ਛੁਪਾਈਆ । ਹਰਿ ਕਾ ਨਾਮ ਪਰਗਟ ਹੋਵੇ ਸਚ ਸੁੱਚ, ਨੌਬਤ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਜਾਏ ਤੁਠ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਗੁਰਸਿਖ ਅੰਮ੍ਰਿਤ ਜਾਮ ਪਿਆਏ ਘੁਟ, ਨਿਝਰ ਝਿਰਨਾ ਇਕ ਝਿਰਾਈਆ । ਘਰ ਮੌਲੇ ਸੋਹਣੀ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਜੁਗ ਜਨਮ ਦਿਆਂ ਵਿਛੜਿਆਂ ਲਏ ਪੁਛ, ਪੂਰਬ ਲੇਖਾ ਝੋਲੀ ਪਾਈਆ । ਦੇ ਵਡਿਆਈ ਗੋਬਿੰਦ ਸੁਤ, ਸਿਰ ਆਪਣਾ ਹੱਥ ਟਿਕਾਈਆ । ਦਇਆ ਕਮਾ ਅਬਿਨਾਸ਼ੀ ਅਚੁਤ, ਵੇਖੇ ਖੇਲ ਖੇਲਣਹਾਰ ਸਹਿਜ ਸੁਖਦਾਈਆ । ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਾਏ ਪੈਂਡਾ ਮੁਕ, ਅੱਗੇ ਹੁਕਮ ਨਾ ਕੋਇ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਅਪਣੇ ਹੱਥ ਰੱਖੇ ਸਭ ਕੁਛ, ਮਛ ਕਛ ਜਲ ਮੀਨ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਮਾਰਗ

ਕੀ, ਕਰਤੇ ਦੇ ਜਣਾਈਆ । ਕਿਸ ਬਿਧ ਨਿਰਮਲ ਕਰੇਂ ਜੀਅ, ਲੱਖ ਚੁਰਾਸੀ ਜੰਤ ਸੰਤ ਪੜ੍ਹਾਈਆ । ਲਹਿਣਾ ਦੇਣਾ ਚੁਕਾਵੇਂ ਸਾਢੇ ਤਿੰਨ ਹੱਥ ਸੀਂ, ਰਵਦਾਸ ਚਮਾਰਾ ਆਸਾ ਪੂਰ ਕਰਾਈਆ । ਆਤਮ ਪਰਮਾਤਮ ਬੀਜ ਸਾਚਾ ਬੀ, ਸਚ ਫੁਲਵਾੜੀ ਇਕ ਮਹਿਕਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪਿਆਰ ਕਰੇ ਪੁੱਤਰ ਧੀ, ਪਿਤਾ ਪੂਤ ਗੋਦ ਉਠਾਈਆ । ਕਿਸ ਦਵਾਰੇ ਹਰਿ ਨਿਰੰਕਾਰੇ ਸਤਿਜੁਗ ਸੱਚੀ ਰੱਖੇਂ ਨੀਂਹ, ਬੂਟਾ ਆਪਣੀ ਹੱਥੀਂ ਲਾਈਆ । ਕਵਣ ਨਾਮ ਕਵਣ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭੇਵ ਅਭੇਦਾ ਦੇ ਖੁਲ੍ਹਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਭੇਵ ਖੋਲ੍ਹ, ਕਿਉਂ ਬੈਠਾ ਪੜਦਾ ਪਾਈਆ । ਜੁਗ ਚੌਕੜੀ ਮਾਰਦਾ ਰਿਹੋਂ ਰੋਲ, ਤੇਰੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਦਰ ਵੜ ਕੇ ਵਜੌਂਦਾ ਰਿਹੋਂ ਢੋਲ, ਨਾਮ ਨਗਾਰਾ ਇਕ ਰਖਾਈਆ । ਲੱਖ ਚੁਰਾਸੀ ਸਾਚੇ ਕੰਡੇ ਤੋਲਦਾ ਰਿਹੋਂ ਤੋਲ, ਤੋਲਣਹਾਰਾ ਆਪ ਹੋ ਜਾਈਆ । ਹਰ ਘਟ ਅੰਦਰ ਨਿਰਗੁਣ ਹੋ ਕੇ ਮੌਲਦਾ ਰਿਹੋਂ ਮੌਲ, ਮੌਲਾ ਆਪਣੀ ਕਾਰ ਕਮਾਈਆ । ਸ਼ਬਦ ਸਰੂਪੀ ਹੋ ਕੇ ਬਣਦਾ ਰਿਹੋਂ ਵਿਚੋਲ, ਆਤਮ ਪਰਮਾਤਮ ਜੋੜ ਜੁੜਾਈਆ । ਜੋਧਾ ਸੂਰਬੀਰ ਬਣ ਕੇ ਕਰਦਾ ਰਿਹੋਂ ਘੋਲ, ਦੀਨਾਂ ਮਜ਼੍ਹਬਾਂ ਵਿਚ ਲੜਾਈਆ । ਨਾਮ ਮਧਾਣੇ ਨਾਲ ਜਨ ਭਗਤ ਰਿਹੋਂ ਵਰੋਲ, ਲੱਖ ਚੁਰਾਸੀ ਛਾਛ ਨਜ਼ਰੀ ਆਈਆ । ਸਾਚੇ ਸੰਤਾਂ ਵਸਦਾ ਰਿਹੋਂ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖਾਂ ਗੁਰਸਿਖਾਂ ਨਾਮ ਦੇਂਦਾ ਰਿਹੋਂ ਅਨਮੋਲ, ਆਦਿ ਜੁਗਾਦਿ ਜੁਗ ਚੌਕੜੀ ਕਰਤੇ ਕੀਮਤ ਕੋਇ ਨਾ ਲਾਈਆ । ਪਰਗਟ ਹੁੰਦਾ ਰਿਹੋਂ ਉਪਰ ਧੌਲ, ਨਿਰਗੁਣ ਸਰਗੁਣ ਵੇਸ ਵਟਾਈਆ । ਆਪਣਿਆਂ ਜੀਵਾਂ ਕੋਲੋਂ ਕਰੌਂਦਾ ਰਿਹੋਂ ਮਖ਼ੌਲ, ਕੂੜੀ ਕਿਰਿਆ ਨਿਦਕਾਂ ਸੰਗ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਪੜਦਾ ਦੱਸ ਖੋਲ੍ਹ, ਕੀ ਤੇਰੇ ਹੱਥ ਚਤੁਰਾਈਆ । ਤੇਰੀ ਸਮਝ ਕਿਸੇ ਨਾ ਆਈ ਪੰਡਤ ਪਾਂਧੇ ਰੌਲ, ਸ਼ਾਸਤਰ ਸਿਮਰਤ ਵੇਦ ਪੁਰਾਨ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚਾ ਲੇਖਾ ਦੇਣਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਦੱਸ ਕੀ ਕਰੇਂ ਅੱਗੇ, ਅਗਲੀ ਸਮਝ ਕਿਸੇ ਨਾ ਆਈਆ । ਵੀਹ ਸੌ ਇੱਕੀ ਬਿਕ੍ਰਮੀ ਤਕ ਸਭ ਦੀ ਹੱਦੇ, ਸਦੀ ਚੌਧਵੀਂ ਪਾਰ ਨਾ ਕੋਇ ਜਣਾਈਆ । ਹੁਕਮੇ ਅੰਦਰ ਸਾਰੇ ਬੱਧੇ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਉਚੀ ਕੂਕਣ ਅਲ੍ਹਾਵਣ ਛੰਦੇ, ਢੋਲੇ ਸੋਹਲੇ ਰਹੇ ਗਾਈਆ । ਤੋਬਾ ਤੋਬਾ ਕਰਨ ਸੂਰੇ ਸਰਬੰਗੇ, ਸ਼ਾਹ ਪਾਤਸ਼ਾਹ ਤੇਰੇ ਚਰਨ ਮੰਗਣ ਸਰਨਾਈਆ । ਤੇਰਾ ਖੇਲ ਤੇਰੇ ਹੱਥੇ, ਤੂੰ ਦਾਤਾ ਮਾਲਕ ਬੇਪਰਵਾਹੀਆ । ਕਿਰਪਾ ਕਰ ਪੁਰਖ ਸਮਰਥੇ, ਦਰ ਠਾਂਡੇ ਮੰਗ ਮੰਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਲਜੁਗ ਜੀਵ ਜੰਤ ਸਾਧ ਸੰਤ ਪੜ੍ਹ ਪੜ੍ਹ ਥੱਕੇ, ਮੰਜ਼ਲ ਪੰਧ ਪਾਰ ਨਾ ਕੋਇ ਕਰਾਈਆ । ਫਿਰ ਫਿਰ ਆਏ ਮਦੀਨੇ ਮੱਕੇ, ਕਬਰਾਂ ਮਕਬਰਿਆਂ ਉਤੇ ਸੀਸ ਨਿਵਾਈਆ । ਭੱਜੇ ਫਿਰਦੇ ਸ਼ਿਵਦਵਾਲੇ ਮੱਠੇ, ਘੰਟੀਆਂ ਨਾਲ ਟਲ ਖੜਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਕਿਉਂ ਪ੍ਰਭ ਪਾਏ ਰੱਟੇ, ਜੁਗ ਚੌਕੜੀ ਖੇਲ ਵਖਾਈਆ । ਗੋਬਿੰਦ ਨਾਨਕ ਕਹਿ ਕੇ ਗਿਆ ਪੁਰਖ ਅਕਾਲ ਅੰਤਮ ਸਾਰੇ ਕਰੇ ਕੱਠੇ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਚਿਆ ਕੋਇ ਰਹਿਣ ਨਾ ਪਾਈਆ । ਚਾਰ ਜੁਗ ਦੇ ਜੋ ਲਿਖੇ ਹੁਕਮਨਾਮੇ ਪਟੇ, ਸਦੀ ਬੀਸਵੀਂ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚਾ

੫੦੬

ਲੇਖਾ ਦੇ ਦ੍ਰਿੜਾਈਆ । ਗੁਰ ਅਵਤਾਰ ਕਹਿਣ ਪ੍ਰਭ ਕੀ ਤੇਰਾ ਵਰਤੰਤ, ਵਾਤਾਵਰਨ ਦੇ ਜਣਾਈਆ । ਪਿਛਲਾ ਖੇਲ ਵੇਖਿਆ ਜੁਗਾ ਜੁਗੰਤ, ਜੁਗ ਚੌਕੜੀ ਫੇਰਾ ਪਾਈਆ । ਤੇਰਾ ਨਾਮ ਨਿਧਾਨਾ ਦੱਸਦੇ ਰਹੇ ਮੰਤ, ਰਸਨਾ ਜਿਹਵਾ ਢੋਲਾ ਗਾਈਆ । ਤੈਨੂੰ ਮਨੌਂਦੇ ਰਹੇ ਸੱਚਾ ਕੰਤ, ਲੱਖ ਚੁਰਾਸੀ ਨਾਰੀ ਰੂਪ ਜਣਾਈਆ । ਤੇਰੇ ਹੱਥ ਦਸਦੇ ਰਹੇ ਆਦਿ ਅੰਤ, ਮਧ ਤੇਰੀ ਖੇਲ ਨਜ਼ਰੀ ਆਈਆ । ਕੋਈ ਨਾ ਜਾਣੇ ਤੇਰੀ ਅਗੰਮੀ ਬਣਤ, ਘੜਨ ਭੰਨਣਹਾਰ ਸਮਰਥ ਤੇਰੀ ਬੇਪਰਵਾਹੀਆ । ਦਰ ਦਰਵੇਸ਼ ਦਰ ਠਾਂਡੇ ਮੰਗਤ, ਭਗਤ ਝੋਲੀ ਰਹੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਭੇਵ ਆਪਣਾ ਦੇ ਸਮਝਾਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨਾ, ਮਹਿਬੂਬ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਫ਼ਰਮਾਨਾ, ਧੁਰ ਦਾ ਸ਼ਬਦ ਸੰਦੇਸ ਸੁਣਾਈਆ । ਸ਼ਾਹ ਪਾਤਸ਼ਾਹ ਭੂਪਤ ਭੂਪ ਨੌਂਜਵਾਨਾ, ਨਰ ਨਿਰੰਕਾਰ ਇਕ ਅਖਵਾਈਆ । ਸਚਖੰਡ ਦਵਾਰੇ ਵਸੇ ਉਚ ਮਕਾਨਾ, ਨਿਹਚਲ ਬੈਠਾ ਡੇਰਾ ਲਾਈਆ । ਜੋਤੀ ਦੀਪ ਜਗੇ ਮਹਾਨਾ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਮਰਦ ਮਰਦਾਨਾ, ਹਰਿ ਪੁਰਖ ਨਿਰੰਜਣ ਆਪਣੀ ਕਲ ਧਰਾਈਆ । ਏਕੰਕਾਰ ਦਏ ਪੈਗ਼ਾਮਾ, ਆਦਿ ਨਿਰੰਜਣ ਕਰੇ ਸਚ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਮਹਾਨਾ, ਸ੍ਰੀ ਭਗਵਾਨ ਦਏ ਸਮਝਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਲੱਖ ਚੁਰਾਸੀ ਬ੍ਰਹਮ ਵਿਦਿਆ ਦਏ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨਾ, ਹਰਿ ਕੀ ਸਮਝ ਕੋਇ ਨਾ ਪਾਈਆ । ਤੇਈ ਅਵਤਾਰ ਈਸਾ ਮੂਸਾ ਮੁਹੰਮਦ ਮਿਲ ਕੇ ਕਰਨ ਸਲਾਮਾ, ਸੱਜਦਾ ਸੀਸ ਝੁਕਾਈਆ । ਨਾਨਕ ਗੋਬਿੰਦ ਕਹੇ ਵਾਹ ਪੁਰਖ ਅਕਾਲਾ, ਅਕਲ ਕਲ ਧਾਰੀ ਤੇਰੇ ਹੱਥ ਵਡਿਆਈਆ । ਤੇਰੀ ਸਚਖੰਡ ਸੋਹੇ ਸੱਚੀ ਧਰਮਸਾਲਾ, ਜਿਸ ਘਰ ਬੈਠਾ ਸੋਭਾ ਪਾਈਆ । ਤੇਰੇ ਹੁਕਮੇ ਅੰਦਰ ਨੀਹਾਂ ਹੇਠ ਦਬਾਏ ਬਾਲਾਂ, ਛੋਟੇ ਬਾਲੇ ਭੇਟ ਚੜ੍ਹਾਈਆ । ਵਸ ਕਰਕੇ ਕਾਲ ਮਹਾਂਕਾਲਾ, ਰਾਏ ਧਰਮ ਦਿਤਾ ਮੁਖ ਭਵਾਈਆ । ਉਸ ਵੇਲੇ ਜੋ ਲਿਖਿਆ ਇਕ ਨਿਸ਼ਾਨਾ, ਤਿਸ ਨੂੰ ਸਕੇ ਨਾ ਕੋਇ ਸਮਝਾਈਆ । ਕਲ ਕਲਕੀ ਪਹਿਰ ਕੇ ਬਾਣਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਦੋ ਜਹਾਨਾਂ ਆਪ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਚਾਰੋਂ ਕੁੰਟ ਹਉਮੇ ਹੰਗਤਾ ਗੜ੍ਹ ਤੁੜਾਈਆ । ਸਤਿ ਧਰਮ ਦਾ ਦੇ ਗਿਆਨਾ, ਨਿਹਕਰਮੀ ਆਪਣਾ ਕਰਮ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਵੇਖੋ ਖੇਲ ਸ੍ਰੀ ਭਗਵਾਨਾ, ਜੋ ਆਪਣਾ ਹੁਕਮ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਉਠਾਈਆ । ਸਾਚਾ ਪੜਦਾ ਚੁੱਕੇ ਆਪ, ਓਹਲਾ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਮਿਟੇ ਸੰਤਾਪ, ਸਤਿ ਧਰਮ ਦਏ ਵਡਿਆਈਆ । ਚਾਰ ਵਰਨਾਂ ਦੱਸ ਕੇ ਧੁਰ ਦਾ ਜਾਪ, ਪੁਰਖ ਅਕਾਲ ਇਸ਼ਟ ਵਖਾਈਆ । ਰੂਹ ਬੁੱਤ ਦੋਵੇਂ ਕਰਕੇ ਪਾਕ, ਖ਼ਾਕੀ ਖ਼ਾਕ ਰੰਗ ਰੰਗਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕ, ਦੂਈ ਦਵੈਤੀ ਦਏ ਚੁਕਾਈਆ । ਪਵਣ ਸਵਾਸੀ ਵੇਖੇ ਸਾਸ, ਸਾਹ ਸਾਹ ਸਮਾਈਆ । ਨਿਰਗੁਣ ਜੋਤ ਕਰ ਪਰਕਾਸ਼, ਜੋਤ ਨਿਰੰਜਣ ਡਗਮਗਾਈਆ । ਸ਼ਬਦ ਵੱਜੇ ਧੁਰ ਦਾ ਨਾਦ, ਅਨਹਦ ਰਾਗ ਅਲਾਈਆ । ਆਤਮ ਸੇਜਾ ਬਹਿ ਬਹਿ ਦੇਖੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਸਮਝਾਈਆ । ਅਗਲਾ ਲੇਖਾ ਦੱਸੇ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖ ਉਪਜਾਏ ਸਾਚੇ ਭਗਤ, ਭਗਵਨ ਆਪਣੀ ਦਇਆ

ਕਮਾਈਆ । ਅੰਤਰ ਆਤਮ ਬਖ਼ਸ਼ੇ ਸ਼ਕਤ, ਸਖ਼ਸ਼ੀਅਤ ਸਚ ਦਏ ਦ੍ਰਿੜਾਈਆ । ਲੇਖ ਮਿਟਾਏ ਸੋਗ ਹਰਖ਼, ਚਿੰਤਾ ਗ਼ਮ ਦਏ ਗਵਾਈਆ । ਨਿਰਗੁਣ ਨਿਰਵੈਰ ਦੇ ਕੇ ਦਰਸ, ਭੇਵ ਅਭੇਦਾ ਆਪ ਸਮਝਾਈਆ । ਅੰਮ੍ਰਿਤ ਮੇਘ ਧੁਰ ਦਾ ਬਰਸ, ਅਗਨੀ ਤਤ ਬੁਝਾਈਆ । ਆਤਮ ਪਰਮਾਤਮ ਕਰਕੇ ਲਿਖਤ ਪੜ੍ਹਤ, ਧੁਰ ਦਾ ਜੋੜਾ ਲਏ ਜੁੜਾਈਆ । ਪੰਜ ਤਤ ਪੰਚ ਵਿਕਾਰਾ ਮੇਟ ਕੇ ਕਟਕ, ਪੰਚ ਪੰਚਾਇਣ ਸਾਚਾ ਹੁਕਮ ਸੁਣਾਈਆ । ਕਾਮ ਕਰੋਧ ਦੇਵੇ ਝਟਕ, ਨਾਮ ਖੰਡਾ ਹੱਥ ਉਠਾਈਆ । ਗੁਰਮੁਖ ਗੁਰਸਿਖ ਆਪਣੇ ਨਾਲ ਮੇਲੇ ਨਿਧੜਕ, ਖ਼ਤਰਾ ਭੌ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਫ਼ਰਸ਼ ਅਰਸ਼, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਦੋ ਜਹਾਨਾਂ ਵੇਖਣਹਾਰਾ, ਵਾਲੀ ਦੋ ਜਹਾਨ ਹਰਿ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜਿਸ ਦਾ ਖੇਲ ਨਿਆਰਾ, ਜੁਗ ਚੌਕੜੀ ਆਪਣੀ ਵੰਡ ਵਡਾਇੰਦਾ । ਪਰਗਟ ਕਰ ਗੁਰੂ ਅਵਤਾਰਾ, ਪੀਰ ਪੈਗ਼ੰਬਰ ਹੁਕਮ ਸੁਣਾਇੰਦਾ । ਸ਼ਬਦ ਅਨਾਦੀ ਦੇ ਸਹਾਰਾ, ਨਾਮ ਜੈਕਾਰਾ ਇਕ ਅਲਾਇੰਦਾ । ਅੱਖਰਾਂ ਵਿਚ ਕਰ ਵਿਵਹਾਰਾ, ਨਿਰਅੱਖਰ ਆਪਣਾ ਆਪ ਛੁਪਾਇੰਦਾ । ਸਭ ਨੂੰ ਦੇਂਦਾ ਗਿਆ ਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪਣੇ ਹੱਥ ਰਖਾਇੰਦਾ । ਸਾਚਾ ਮਾਰਗ ਲੱਗੇ ਜਗ, ਹਰਿ ਕਰਤਾ ਆਪ ਜਣਾਈਆ । ਜਨ ਭਗਤਾਂ ਦਰਸ ਦੇਵੇ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਚੁਕਾਈਆ । ਮੁੱਲਾ ਸ਼ੇਖ਼ ਮੁਸਾਇਕ ਦਰਸ ਕਰਾਏ ਬਿਨ ਮੱਕੇ ਕਾਅਬਿਉਂ ਆਪਣਾ ਹੱਜ, ਕਾਇਆ ਹੁਜਰਾ ਇਕ ਸੁਹਾਈਆ । ਸਾਚਾ ਨੂਰ ਜ਼ਹੂਰ ਜੋਤੀ ਜੋਤ ਜਾਏ ਜਗ, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਕਰੇ ਖੇਲ ਪੁਰਖ ਸਮਰਥ, ਮਹਿੰਮਾ ਅਕਥ ਦਏ ਦ੍ਰਿੜਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਨਾਮ ਡੋਰੀ ਪਾਏ ਨੱਥ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਮਨ ਵਾਸਨਾ ਕੋਈ ਨਾ ਸਕੇ ਭੱਜ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਘਰ ਘਰ ਹਰਿ ਹਰਿ ਮੰਦਰ ਬਹੇ ਸਜ, ਕਾਇਆ ਬੰਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਇਕ ਵਰ, ਵਰ ਦਾਤਾ ਆਪ ਹੋ ਜਾਈਆ । ਵਰ ਦਾਤਾ ਬਣਿਆ ਆਪ, ਸਮਰਥ ਦੇਵਣਹਾਰ ਅਖਵਾਈਆ । ਅਗਲਾ ਲੇਖਾ ਅੱਗੇ ਦੇਵਾਂ ਦੱਸ, ਜਿਸ ਦੀ ਸਮਝ ਕਿਸੇ ਨਾ ਆਈਆ । ਇਕੋ ਗੋਬਿੰਦ ਝੋਲੀ ਪਾ ਕੇ ਹੱਕ, ਹਕੀਕਤ ਨਾਲ ਦਿਆਂ ਪਰਨਾਈਆ । ਬੀਸ ਇਕੀਸਾ ਹਰਿ ਜਗਦੀਸਾ ਅੰਤਮ ਸੰਮਤ ਨਾਮ ਸਰੂਪੀ ਕਰਕੇ ਦਸਖ਼ਤ, ਮੋਹਰ ਧੁਰ ਦੀ ਦਏ ਲਗਾਈਆ । ਜਿਸ ਦਾ ਹਰਫ਼ ਹਰੂਫ਼ ਕੋਈ ਨਾ ਸਕੇ ਕੱਟ, ਦੋ ਜਹਾਨ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਗਾਧ ਚਾਰ ਕੁੰਟ ਦਹਿ ਦਿਸ਼ਾ ਗ੍ਰਿਹ ਗ੍ਰਿਹ ਤੇਰਾ ਨਾਮ ਕਰੇ ਸ਼ਨਵਾਈਆ ।

## ✪ ੨੪ ਭਾਦਰੋਂ ੨੦੨੧ ਬਿਕ੍ਰਮੀ ਬੀਬੀ ਜੀਤੋ ਦੇ ਗ੍ਰਿਹ ਪਿੰਡ ਬਾਸਰਕੇ ✪

ਨਾਮ ਪਦਾਰਥ ਲਓ ਲੁੱਟ, ਸਤਿਗੁਰ ਸ਼ਬਦ ਆਪ ਵਰਤਾਇੰਦਾ । ਅੰਮ੍ਰਿਤ ਆਤਮ ਜਾਮ ਪੀਉ ਘੁਟ, ਤ੍ਰਿਸ਼ਨਾ ਭੁੱਖ ਰੋਗ ਗਵਾਇੰਦਾ ।

ਪੜਦਾ ਓਹਲਾ ਲਓ ਚੁੱਕ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਘਰ ਸਤਿਗੁਰ ਜਨਮ ਲੈ ਕੇ ਬਣੇ ਸਾਚੇ ਸੁਤ, ਅਪਰਾਧ ਰਹਿਣ ਕੋਇ ਨਾ ਪਾਇੰਦਾ । ਭਾਗ ਲੱਗੇ ਪੰਜ ਤਤ ਕਾਇਆ ਮਾਟੀ ਬੁੱਤ, ਸਾਢੇ ਤਿੰਨ ਹੱਥ ਮੰਦਰ ਆਪ ਸੁਹਾਇੰਦਾ । ਸਤਿ ਸਚ ਸੁਹੰਜਣੀ ਮੌਲੇ ਰੁੱਤ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਅਗਿਆਨ ਮਿਟਾਇੰਦਾ । ਹਉਮੇ ਹੰਗਤਾ ਮਿਟੇ ਰੋਗ, ਸਾਚੀ ਚੋਗ ਮੁਖ ਵਖਾਇੰਦਾ । ਜਨਮ ਕਰਮ ਦਿਆਂ ਵਿਛੜਿਆਂ ਕਰੇ ਮੇਲ ਸੰਜੋਗ, ਧੁਰ ਸੰਜੋਗੀ ਵੇਖ ਵਖਾਇੰਦਾ । ਧਾਮ ਵਖਾਏ ਅਵੱਲੜਾ ਸਚਖੰਡ ਦਵਾਰਾ ਕੋਟ, ਮਹੱਲ ਅਟਲ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲਗਾਇੰਦਾ । ਨਾਮ ਲੁਟੋ ਸਤਿਗੁਰ ਦਵਾਰੇ, ਜਗਤ ਹੱਟ ਹੱਥ ਕਿਸੇ ਨਾ ਆਈਆ । ਗੁਰਮੁਖ ਬਣੋ ਗੁਰਸਿਖ ਵਣਜਾਰੇ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਦੇਵਣਹਾਰਾ ਦਾਤਾ ਦਾਨੀ ਸਿਰਜਣਹਾਰੇ, ਗਹਿਰ ਗੰਭੀਰ ਬੇਪਰਵਾਹੀਆ । ਕਾਇਆ ਮਾਟੀ ਖ਼ਾਲੀ ਭਰੇ ਭੰਡਾਰੇ, ਵਸਤ ਅਮੋਲਕ ਵਿਚ ਟਿਕਾਈਆ । ਸ਼ਬਦ ਅਗੰਮੀ ਸੁਣੋ ਜੈਕਾਰੇ, ਧੁਨੀ ਧੁਨ ਹੋਏ ਸ਼ਨਵਾਈਆ । ਰਾਗ ਨਾਦ ਜਿਸ ਦੇ ਸਦਾ ਪਨਹਾਰੇ, ਛੱਤੀ ਰਾਗ ਬੈਠੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਨਾਮ ਲੁੱਟੋ ਘਰ ਸਚ ਸਵਾਮੀ, ਦੇਵਣਹਾਰ ਇਕ ਅਖਵਾਇੰਦਾ । ਸਰਬ ਜੀਆਂ ਘਟ ਜਾਣੇ ਅੰਤਰਜਾਮੀ, ਬਾਹਰੋਂ ਨਜ਼ਰ ਕੋਇ ਨਾ ਪਾਇੰਦਾ । ਪ੍ਰੇਮ ਪ੍ਰੀਤੀ ਬਖ਼ਸ਼ੇ ਸਚ ਨਿਸ਼ਾਨੀ, ਨਿਸ਼ਾਨਾ ਇਕੋ ਇਕ ਝੁਲਾਇੰਦਾ । ਲਹਿਣਾ ਦੇਣਾ ਚੁਕਾਏ ਚਾਰੇ ਖਾਣੀ, ਜੇਰਜ ਅੰਡਜ ਉਤਭੁਜ ਸੇਤਜ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਪਦਾਰਥ ਆਪ ਵਰਤਾਇੰਦਾ । ਨਾਮ ਭੰਡਾਰਾ ਦੇਵੇ ਪਦਾਰਥ, ਘਰ ਸਾਚੇ ਝੋਲੀ ਪਾਈਆ । ਗੁਰਮੁਖੋ ਰੱਖੋ ਇਕ ਸੁਆਰਥ, ਦੂਜੀ ਤ੍ਰਿਸ਼ਨਾ ਜਗਤ ਮਿਟਾਈਆ । ਸਾਚਾ ਮਾਰਗ ਗੁਰ ਕਾ ਪਰਮਾਰਥ, ਸ਼ਬਦੀ ਸੁਰਤ ਕਰੋ ਕੁੜਮਾਈਆ । ਸਤਿਗੁਰ ਮਿਲਣ ਨੂੰ ਕਦੇ ਨਾ ਕਰੋ ਆਲਸ, ਕੂੜਾ ਧੰਦਾ ਦਿਉ ਤਜਾਈਆ । ਤੁਹਾਡੇ ਅੰਦਰੋਂ ਤੁਹਾਡਾ ਰੂਪ ਵਖਾਵੇ ਖ਼ਾਲਸ, ਪੜਦਾ ਓਹਲਾ ਪਰੇ ਹਟਾਈਆ । ਸਚਖੰਡ ਦਵਾਰਿਉਂ ਆ ਕੇ ਲੋਕਮਾਤ ਬਣੇ ਸਾਲਸ, ਸੋਹਣੀ ਆਪਣੀ ਵੰਡ ਵੰਡਾਈਆ । ਬਿਨ ਸਤਿਗੁਰ ਪੂਰੇ ਸੱਚੀ ਦਿਸੇ ਨਾ ਕੋਈ ਅਦਾਲਤ, ਜੋ ਲੱਖ ਚੁਰਾਸੀ ਵਿਚੋਂ ਬਰੀ ਦਏ ਕਰਾਈਆ । ਸਚ ਪੁੱਛੋ ਤੁਹਾਡੇ ਅੰਦਰ ਵੜ ਕੇ ਭਰੇ ਜ਼ਮਾਨਤ, ਵੁਕਲਾ ਵਕੀਲ ਸੰਗ ਨਾ ਕੋਇ ਰਖਾਈਆ । ਤੁਹਾਡੀ ਆਤਮਾ ਉਸੇ ਦੀ ਅਮਾਨਤ, ਜਿਸ ਤੁਹਾਡੀ ਬਣਤ ਬਣਾਈਆ । ਤੁਹਾਡਾ ਪਿਤਾ ਪੁਰਖ ਅਕਾਲ ਸਦਾ ਸਹੀ ਸਲਾਮਤ, ਨਾ ਮਰੇ ਨਾ ਜਾਈਆ । ਗੁਰਸਿਖਾਂ ਕੂੜੀ ਕਿਰਿਆ ਪਰੇ ਹਟਾਏ ਅਲਾਮਤ, ਦੁਰਮਤ ਮੈਲ ਦਏ ਧੁਆਈਆ । ਤੁਹਾਡੇ ਅੰਦਰ ਤੁਹਾਡਾ ਮਨ ਕਦੇ ਨਾ ਕਰੇ ਬਗ਼ਾਵਤ, ਆਪਣੇ ਨਾਲ ਲਏ ਚਲਾਈਆ । ਸਤਿਗੁਰ ਪੂਰੇ ਹੱਥ ਇਹੋ ਸਖ਼ਾਵਤ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਸੱਜਣ ਵੇਖ ਵਖਾਈਆ । ਲੁੱਟੋ ਭੰਡਾਰਾ ਇਕ ਸਤਿ, ਸਤਿ ਸਤਿਵਾਦੀ ਆਪ ਵਰਤਾਇੰਦਾ । ਜਿਸ ਨੂੰ ਮਿਲਿਆਂ ਉਪਜੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਹਾਡੀ ਹਾਡੀ ਖੋਜ ਖੋਜਾਇੰਦਾ । ਤੁਹਾਡਾ ਗ਼ੁੱਸਾ ਬਦਲ ਦੇਵੇ ਆਪਣੀ ਖੋਲ੍ਹ ਕੇ ਅੰਦਰੋਂ ਅੱਖ, ਪ੍ਰਤਖ ਆਪਣਾ ਰੂਪ ਵਖਾਇੰਦਾ । ਬਿਨ ਸਤਿਗੁਰ ਪੂਰੇ ਝੋਲੀ ਕਦੇ ਕੋਇ ਨਾ ਪਾਏ

ਹੱਕ, ਬਾਕੀ ਲੇਖਾ ਨਾ ਕੋਇ ਵਖਾਇੰਦਾ । ਜੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣੀ ਮੰਜ਼ਲ ਲਓ ਤੱਕ, ਜਗਤ ਜਹਾਨ ਕੰਮ ਕਿਸੇ ਨਾ ਆਇੰਦਾ । ਝੂਠੀ ਕੂੜੀ ਦੁਨੀਆ ਏਥੇ ਹੋ ਜਾਏ ਰਹਨ ਫ਼ਕ, ਹਿਸਾਬ ਕਿਤਾਬ ਪਿਛਲਾ ਸਰਬ ਮੁਕਾਇੰਦਾ । ਅਗਲਾ ਮੇਲ ਕਰੇ ਪੁਰਖ ਸਮਰਥ, ਗੋਦੀ ਸਚ ਦੀ ਆਪ ਉਠਾਇੰਦਾ । ਸਚਖੰਡ ਦਵਾਰੇ ਜੋ ਰਿਹਾ ਵਸ, ਗੁਰਮੁਖ ਆਪਣੇ ਨਾਲ ਮਿਲਾਇੰਦਾ । ਓਹ ਸਰਬ ਸਵਾਮੀ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲਗਾਇੰਦਾ । ਗੁਰਮੁਖ ਲੁੱਟੋ ਇਕੋ ਨਾਮ, ਦੂਜੀ ਵਸਤ ਕੰਮ ਕਿਸੇ ਨਾ ਆਈਆ । ਸਤਿਗੁਰ ਕੋਲੋਂ ਪੀਓ ਓਹ ਜਾਮ, ਜਿਸ ਦਾ ਪਿਆਲਾ ਹੱਥ ਸਕੇ ਨਾ ਕੋਇ ਫੜਾਈਆ । ਆਪਣੇ ਮੰਦਰ ਅੰਦਰ ਆਪਣੀ ਸੁਰਤੀ ਮਿਲਾਓ ਓਸ ਰਾਮ, ਜੋ ਰਾਮ ਮਾਲਕ ਸਰਬ ਅਖਵਾਈਆ । ਤੁਹਾਡੀ ਰਾਧਾ ਕਰੇ ਓਸ ਪਰਨਾਮ, ਜੋ ਨਾਮ ਬੰਸਰੀ ਰਿਹਾ ਵਜਾਈਆ । ਤੁਹਾਡੀ ਸੁਰਤੀ ਪੜ੍ਹੇ ਸ਼ਬਦ ਓਹ ਸਤਿਨਾਮ, ਜੋ ਨਾਨਕ ਢੋਲਾ ਗਿਆ ਗਾਈਆ । ਤੁਹਾਡਾ ਬ੍ਰਹਮ ਕਰੇ ਓਹ ਪਹਿਚਾਨ, ਜਿਸ ਨੂੰ ਗੋਬਿੰਦ ਪੁਰਖ ਅਕਾਲ ਕਹਿ ਗਿਆ ਸਮਝਾਈਆ । ਬਿਨ ਸਤਿਗੁਰ ਪੂਰੇ ਲੱਖ ਚੁਰਾਸੀ ਜੀਵ ਜੰਤ ਦਿਸੇ ਵੈਰਾਨ, ਘਰ ਘਰ ਦੀਆ ਬਾਤੀ ਸਕੇ ਨਾ ਕੋਇ ਜਗਾਈਆ । ਜਿਨ੍ਹਾਂ ਮਿਲਿਆ ਸਤਿਗੁਰ ਪੂਰਾ ਲੋਕਮਾਤ ਵਿਚ ਆਣ, ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦਿਵਸ ਰੈਣ ਅੱਠੇ ਪਹਿਰ ਦਰਸ ਕਰਨ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਰਤਾਈਆ । ਨਾਮ ਲੁੱਟਣ ਦਾ ਸਾਚਾ ਵੇਲਾ, ਗੁਰ ਸਤਿਗੁਰ ਸਚ ਸਰਨਾਈਆ । ਜਿਥੇ ਲੇਖਾ ਚੁੱਕੇ ਗੁਰੂ ਚੇਲਾ, ਚੇਲਾ ਗੁਰੂ ਇਕੋ ਰੂਪ ਸੁਹਾਈਆ । ਘਰ ਸੱਜਣ ਸਾਹਿਬ ਮਿਲੇ ਸੁਹੇਲਾ, ਦੂਰ ਦੁਰਾਡਾ ਪੰਧ ਮੁਕਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮੇਲਾ, ਬਾਕੀ ਹੱਥ ਕਿਸੇ ਨਾ ਆਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਨਿਧਾਨ ਇਕ ਵਰਤਾਈਆ । ਨਾਮ ਨਿਧਾਨ ਦੀ ਲੁੱਟੋ ਮੌਜ, ਮੁਫ਼ਲਿਸ ਰਹਿਣ ਕੋਇ ਨਾ ਪਾਈਆ । ਬਿਨ ਸਤਿਗੁਰ ਪੂਰੇ ਅੰਦਰ ਵੜਨ ਦੀ ਦੱਸੇ ਕੋਈ ਨਾ ਖੋਜ, ਸੁਖਮਨ ਟੇਡੀ ਬੰਕ ਪਾਰ ਨਾ ਕੋਇ ਕਰਾਈਆ । ਸਤਿ ਸਰੂਪ ਹੋ ਕੇ ਅੰਦਰੇ ਅੰਦਰ ਕਰੇ ਚੋਜ, ਚੋਜੀ ਪ੍ਰੀਤਮ ਹੋ ਕੇ ਹੋਏ ਸਹਾਈਆ । ਜਗਤ ਦਵੈਤੀ ਮੇਟ ਕੇ ਰੋਗ, ਅੰਮ੍ਰਿਤ ਜਾਮ ਇਕ ਪਿਆਈਆ । ਜੇ ਪਿਛਲਾ ਪਿਛੇ ਰਿਹਾ ਵਿਜੋਗ, ਅੱਗੇ ਨਾਤਾ ਲਓ ਜੁੜਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਦਰਸ ਦੇਵੇ ਕਾਇਆ ਕਿਲੇ ਕੋਟ, ਸਵੱਛ ਸਰੂਪੀ ਨਜ਼ਰੀ ਆਈਆ । ਜੇ ਭੁਲੋ ਤੇ ਕਰੇ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਰੁਸ਼ਨਾਈਆ । ਤੁਹਾਡੇ ਅੰਦਰੋਂ ਸਾਰਾ ਕੱਢ ਦੇਵੇ ਬਾਹਰ ਖੋਟ, ਖੋਟੀ ਮੱਤ ਰਹਿਣ ਨਾ ਪਾਈਆ । ਫੇਰ ਓਸ ਸਵਾਮੀ ਮਿਲੋ ਰੋਜ਼, ਜੋ ਸਭ ਦਾ ਮਾਲਕ ਬੇਪਰਵਾਹੀਆ । ਗੁਰਸਿਖਾਂ ਨੂੰ ਸਭ ਤੋਂ ਚੰਗੀ ਸਤਿਗੁਰ ਗੋਦ, ਜੋ ਮਾਈ ਪਿਤ ਆਪ ਹੋ ਜਾਈਆ । ਝੂਠੀ ਦ੍ਰਿਸ਼ਟੀ ਝੂਠਾ ਲੋਕ, ਵਿਚ ਪਰਲੋਕ ਇਕੋ ਨਜ਼ਰੀ ਆਈਆ । ਜਿਸ ਦੀ ਕਿਸੇ ਨਾ ਸੋਚੀ ਸੋਚ, ਬੇਅੰਤ ਕਹਿ ਕਹਿ ਸਾਰੇ ਸੀਸ ਨਿਵਾਈਆ । ਓਸ ਦਾ ਨਾਮ ਭੰਡਾਰਾ ਸਦਾ ਅਤੋਟ, ਜੁਗ ਜੁਗ ਜਨ ਭਗਤਾਂ ਆਪ ਵਰਤਾਈਆ । ਗੁਰਸਿਖੋ ਮੁਕਤੀ ਮੁਫ਼ਤ ਆਪਣੇ ਚਰਨਾਂ ਹੇਠ ਦੇਣੀ ਰੌਂਦ ਤੇ ਅੰਤਮ ਮਿਲਣਾ ਜੋਤ, ਜੋਤ ਜੋਤੀ ਵਿਚ ਸਮਾਈਆ । ਸਾਚਾ ਸਮਾਂ ਕਦੇ ਨਹੀਂ ਮਿਲਦਾ ਰੋਜ਼,

ਰੋਜ਼ੇ ਰੱਖ ਰੱਖ ਫ਼ਾਕੇ ਮਰੀ ਲੋਕਾਈਆ । ਸਤਿਗੁਰ ਉਪਰ ਕਦੇ ਨਾ ਦਿਓ ਦੋਸ਼, ਜੁਗ ਜੁਗ ਸੁਤਿਆਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਵੇਖ ਵਖਾਈਆ । ਨਾਮ ਪਦਾਰਥ ਲੁੱਟੇ ਗੁਰਮੁਖ, ਝੋਲੀ ਆਪਣੀ ਅੱਗੇ ਡਾਹੀਆ । ਦੋ ਜਹਾਨਾਂ ਲੈ ਕੇ ਸੁਖ, ਘਰ ਆਪਣੇ ਖ਼ੁਸ਼ੀ ਮਨਾਈਆ । ਉਜਲ ਕਰਕੇ ਮਾਤ ਮੁਖ, ਧਰਨੀ ਧਰਤ ਧਵਲ ਸੋਭਾ ਪਾਈਆ । ਫੇਰ ਕਹੇ ਮੈਂ ਸਤਿਗੁਰ ਘਰ ਜਨਮਿਆ ਪੁੱਤ, ਪਿਛਲਾ ਨਾਤਾ ਦਿਤਾ ਤੁੜਾਈਆ । ਮਾਤ ਗਰਭ ਫੇਰ ਨਹੀਂ ਹੋਣਾ ਉਲਟਾ ਰੁੱਖ਼, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਸਫ਼ਲ ਕਰਕੇ ਅਗੰਮੀ ਕੁੱਖ, ਮਿਲੇ ਮੇਲ ਬੇਪਰਵਾਹੀਆ । ਸਤਿਗੁਰ ਪੂਰਾ ਅੰਤਮ ਆਪਣੀ ਗੋਦੀ ਆਪੇ ਲਏ ਚੁੱਕ, ਛੋਟੇ ਬਾਲੇ ਉਂਗਲਾਂ ਨਾਲ ਲਗਾਈਆ । ਕੋਈ ਜਾ ਕੇ ਕਬੀਰ ਜੁਲਾਹੇ ਕੋਲੋਂ ਲਏ ਪੁਛ, ਜਿਸ ਨੂੰ ਮਹੱਲ ਅਟਲ ਉਤੇ ਦਿਤਾ ਬਹਾਈਆ । ਜੁਗ ਜੁਗ ਪ੍ਰਭ ਦਾ ਪੈਂਡਾ ਕਦੇ ਨਾ ਜਾਏ ਮੁੱਕ, ਹੌਲੀ ਹੌਲੀ ਆਪਣੀ ਚਾਲ ਚਲਾਈਆ । ਗੁਰਸਿਖੋ ਮਾਨਸ ਜਨਮ ਵਿਚ ਕਦੇ ਨਾ ਜਾਇਓ ਰੁੱਸ, ਸਤਿਗੁਰ ਪੂਰਾ ਦਇਆਵਾਨ ਸਦਾ ਰੁੱਸਿਆ ਰਿਹਾ ਮਨਾਈਆ । ਪਾਰ ਉਤਾਰਨਾ ਉਹਦੀ ਖੇਲ ਤੁਛ, ਤੁਹਾਡਾ ਵਿਛੋੜਾ ਤੁਹਾਨੂੰ ਸਮਝ ਕਦੇ ਨਾ ਆਈਆ । ਜਿਸ ਦਾ ਸੀਸ ਜਗਦੀਸ ਇਕ ਵਾਰ ਚਰਨੀ ਗਿਆ ਝੁਕ, ਤਿਸ ਨੂੰ ਵਿਸ਼ਨੂੰ ਬ੍ਰਹਮਾ ਸ਼ਿਵ ਸੀਸ ਰਹੇ ਨਿਵਾਈਆ । ਸੋ ਗੁਰਸਿਖ ਕਹੇ ਮੇਰਾ ਪੈਂਡਾ ਗਿਆ ਮੁੱਕ, ਆਵਣ ਜਾਵਣ ਡੇਰਾ ਦਿਤਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭੰਡਾਰੇ ਸਾਚੇ ਘਰ ਵਰਤਾਈਆ । ਨਾਮ ਭੰਡਾਰਾ ਸੁਣੋ ਚੰਗਾ, ਚੰਗੀ ਤਰਹ ਵਰਤਾਈਆ । ਜਿਸ ਨੂੰ ਤਰਸੇ ਗੋਦਾਵਰੀ ਸੁਰਸਤੀ ਜਮਨਾ ਗੰਗਾ, ਨੇਤਰ ਨੈਣ ਅੱਖ ਉਠਾਈਆ । ਜੋ ਪਰਕਾਸ਼ ਕਰੇ ਅੰਧ ਅਗਿਆਨ ਨੇਤਰ ਅੰਧਾ, ਸਤਿ ਸਤਿ ਜੋਤ ਰੁਸ਼ਨਾਈਆ । ਜਿਸ ਦਾ ਖੇਲ ਵਿਚ ਬ੍ਰਹਿਮੰਡਾ, ਵਰਭੰਡ ਖੇਲ ਖਲਾਈਆ । ਓਸ ਦਾ ਖੇਲ ਸੁਖ ਸਾਗਰ ਅਨੰਦਾ, ਪਰਮਾਨੰਦ ਦਏ ਜਣਾਈਆ । ਸੋ ਦੀਨ ਦਿਆਲ ਦੇਵਣਹਾਰ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਸਤਿਗੁਰੂ ਦੀ ਕਿਰਪਾ ਕੋਈ ਨਾ ਜਾਣੇ ਖ਼ਾਕੀ ਬੰਦਾ, ਬੰਦਾ ਬੰਦਗੀ ਵਿਚ ਸਮਝਾਈਆ । ਜਨਮ ਕਰਮ ਦਾ ਪਾਪੀ ਦੁਰਾਚਾਰ ਹੋਏ ਗੰਦਾ, ਫੜ ਬਾਹੋਂ ਨਿਰਮਲ ਰੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਿਭਾਵੇ ਆਪਣਾ ਸੰਗਾ, ਸਾਥੀ ਹੋ ਕੇ ਵੇਖ ਵਖਾਈਆ । ਲੁੱਟੋ ਨਾਮ ਸ਼ਬਦ ਖ਼ੁਮਾਰੀ, ਲੋਕਮਾਤ ਮਿਲੇ ਵਡਿਆਈਆ । ਪਰਮ ਪੁਰਖ ਨਾਲ ਲੱਗੇ ਯਾਰੀ, ਪਤਿਪਰਮੇਸ਼ਵਰ ਮੇਲਾ ਸਹਿਜ ਸੁਖਦਾਈਆ । ਨਾਤਾ ਛੁਟੇ ਸ੍ਰਿਸ਼ਟੀ ਕੁੜਿਆਰੀ, ਕੂੜਾ ਡੇਰਾ ਦੇਣਾ ਢਾਹੀਆ । ਭਰਮਦਿਆਂ ਭਰਮਦਿਆਂ ਲੱਖ ਚੁਰਾਸੀ ਵਿਚੋਂ ਮਾਣਸ ਜਨਮ ਆਈ ਵਾਰੀ, ਵੇਲਾ ਗਿਆ ਹੱਥ ਨਾ ਆਈਆ । ਜੋ ਗੁਰਸਿਖ ਸੁਰਤੀ ਅਜੇ ਰਹੀ ਕੁਆਰੀ, ਅੱਗੇ ਫੇਰ ਨਾ ਕੋਇ ਪਰਨਾਈਆ । ਬਿਨ ਸਤਿਗੁਰ ਪੂਰੇ ਕਰੇ ਨਾ ਕੋਇ ਸ਼ਿੰਗਾਰੀ, ਨੇਤਰ ਨੈਣ ਕੱਜਲ ਕੋਇ ਨਾ ਪਾਈਆ । ਸਚਖੰਡ ਦਵਾਰੇ ਕੋਈ ਨਾ ਬਿਠਾਏ ਸਾਚੀ ਬਾਰੀ, ਬੰਦ ਤਾਕੀ ਕੁੰਡਾ ਲਾਹੀਆ । ਨਿਤ ਨਿਤ ਦਰਸ਼ਨ ਜੋਤ ਜੋਤ ਨਿਰੰਕਾਰੀ, ਨੂਰ ਨੂਰ ਨੂਰ ਰੁਸ਼ਨਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਤੇਰੀ ਆਤਮ ਪਰਮਾਤਮ ਸਦਾ ਪਿਆਰੀ, ਪ੍ਰੀਤੀ ਵਿਚੋਂ ਪ੍ਰੇਮ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖ਼ਜ਼ਾਨਾ ਬੀਨਾ ਦਾਨਾ ਜੁਗ ਜੁਗ ਆਪ ਵਰਤਾਈਆ । ਨਾਮ ਲੁੱਟਣ ਆਵੇ ਕਿਹੜਾ,


੫੧੧ ੧੨

ਸਤਿਗੁਰੂ ਦਵਾਰੇ ਫੇਰਾ ਪਾਈਆ । ਕਾਇਆ ਅੰਦਰ ਪੰਜਾਂ ਲਾਇਆ ਝੇੜਾ, ਝਗੜਾ ਕਰਕੇ ਸਭ ਕੁਛ ਰਹੇ ਭੁਲਾਈਆ । ਜਿਨ੍ਹਾਂ ਦਾ ਸਤਿਗੁਰ ਆਪ ਬੰਨ੍ਹੇ ਬੇੜਾ, ਨਈਆ ਨੌਕਾ ਕਿਸ਼ਤੀ ਆਪਣੀ ਇਕ ਵਖਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਈਆ । ਭੇਵ ਚੁਕਾਏ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਘਰ ਇਕੋ ਮੰਦਰ ਇਕੋ ਗ੍ਰਿਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਹਕ ਨਿਬੇੜਾ, ਹਕ ਹਕ ਵੇਖ ਵਖਾਈਆ ।

### ✪ ੨੪ ਭਾਦਰੋਂ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹ ਪਿੰਡ ਭਗਵਾਨ ਪੁਰਾ ✪

ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਬੇਨੰਤੀ, ਸਚਖੰਡ ਦਵਾਰੇ ਸੀਸ ਨਿਵਾਈਆ । ਜੁਗ ਚੌਕੜੀ ਤੇਰਾ ਖੇਲ ਬੇਅੰਤੀ, ਅਕਲ ਕਲ ਧਾਰੀ ਤੇਰੀ ਸਮਝ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬੋਧ ਅਗਾਧ ਲਿਖਾਏ ਬਣ ਕੇ ਪੰਡਤੀ, ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ । ਆਤਮ ਪਰਮਾਤਮ ਜੁਗ ਜੁਗ ਤੇਰੇ ਦਰ ਦੀ ਮੰਗਤੀ, ਬਣ ਨਿਮਾਣੀ ਝੋਲੀ ਡਾਹੀਆ । ਤੇਰੀ ਪ੍ਰੇਮ ਧਾਰ ਬਹਿੰਦੇ ਰਹੇ ਵਿਚ ਸੰਗਤੀ, ਧੁਰ ਦਾ ਸਾਥੀ ਇਕ ਅਖਵਾਈਆ । ਜੁਗ ਚੌਕੜੀ ਖੇਲ ਮੁੱਕੀ ਨਾ ਨਟੂਏ ਮਨ ਦੀ, ਮਨਸਾ ਨਾ ਸਕੇ ਗਵਾਈਆ । ਤੇਰੀ ਧਾਰ ਮੇਲ ਮਿਲਾਏ ਪੰਜ ਤਤ ਤਨ ਦੀ, ਤਤਵ ਤਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਕਲਜੁਗ ਅੰਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋੜਨ ਹੱਥ, ਦਰ ਠਾਂਡੇ ਸੀਸ ਨਿਵਾਈਆ । ਠਾਕਰ ਸਵਾਮੀ ਸਾਹਿਬ ਸਮਰਥ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਸਕੇ ਨਾ ਕੋਇ ਰਾਈਆ । ਨਿਰਗੁਣ ਸਰਗੁਣ ਖੇਲ ਕਰੇ ਹੋ ਪਰਗਟ, ਨਿਤ ਨਵਿਤ ਫੇਰਾ ਪਾਈਆ । ਨਾਮ ਭੰਡਾਰਾ ਖੋਲ੍ਹਦਾ ਰਿਹੋਂ ਹੱਟ, ਬਣ ਵਣਜਾਰਾ ਵਣਜ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਰਿਹੋਂ ਦੱਸ, ਦਹਿ ਦਿਸ਼ਾ ਰਾਹ ਵਖਾਈਆ । ਸਾਚੇ ਭਗਤਾਂ ਆਪਣੇ ਮਿਲਣ ਦੀ ਖੋਲ੍ਹਦਾ ਰਿਹੋਂ ਅੱਖ, ਪੜਦਾ ਓਹਲਾ ਦਏਂ ਚੁਕਾਈਆ । ਸੰਤ ਸੁਹੇਲੇ ਕਰਦਾ ਰਿਹੋਂ ਵੱਖ, ਵੱਖਰੀ ਧਾਰ ਆਪ ਬੰਧਾਈਆ । ਗੁਰਮੁਖਾਂ ਨਾਮ ਡੋਰੀ ਪਾਉਂਦਾ ਰਿਹੋਂ ਨੱਥ, ਵਾਸਨਾ ਅੰਦਰੇ ਅੰਦਰ ਬੰਦ ਕਰਾਈਆ । ਗੁਰਸਿਖਾਂ ਅੰਮ੍ਰਿਤ ਆਤਮ ਦਿੰਦਾ ਰਿਹੋਂ ਰਸ, ਝਿਰਨਾ ਇਕ ਝਿਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖੇਲਦਾ ਰਿਹੋਂ ਹੱਸ ਹੱਸ, ਦੋ ਜਹਾਨਾਂ ਪੰਧ ਮੁਕਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਰਿਹੋਂ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸ਼ਬਦ ਜੈਕਾਰਾ ਨਗ਼ਮਾ ਨਾਲ ਬੋਲਦਾ ਰਿਹੋਂ ਅਲੱਖ, ਨਾਦ ਇਕੋ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੱਸੇ ਖੇਲ ਸੱਚੇ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਘਰ ਸਾਚੇ ਜੁੜਦੇ, ਮੇਲਾ ਆਪਣਾ ਆਪ ਮਿਲਾਈਆ । ਤੇਰੇ ਵੇਖੇ ਖੇਲ ਅਗੰਮੇ ਧੁਰ ਦੇ, ਦੋ ਜਹਾਨਾਂ ਵੱਜੇ ਵਧਾਈਆ । ਤੇਰੇ ਰਾਗ ਅਨੋਖੇ ਸੁਰ ਦੇ, ਤਾਲ ਤਲਵਾੜਾ ਸਮਝ ਕੋਇ ਨਾ ਪਾਈਆ । ਤੇਰੇ ਮੰਤਰ ਵੇਖੇ ਫੁਰਦੇ, ਫੁਰਨੇ ਸਾਰੇ ਬੰਦ ਕਰਾਈਆ । ਤੇਰੇ ਜੀਉਂਦੇ ਵੇਖੇ ਮੁਰਦੇ, ਗੁਰਮੁਖ ਗੁਰਸਿਖ ਘਰ ਸਾਚੇ ਲਏ ਪਰਗਟਾਈਆ । ਤੇਰੇ ਹੁਕਮ ਬ੍ਰਹਿਮੰਡ ਖੰਡ ਕਦੇ

ਨਾ ਮੁੜਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਾਚਾ ਵਰ, ਸਚ ਸਚ ਦੇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਪੁੱਛ, ਧੁਰ ਦਾ ਸੋਹਲਾ ਰਾਗ ਅਲਾਈਆ । ਪੁਰਖ ਅਕਾਲ ਦੀਨ ਦਿਆਲ ਸਾਨੂੰ ਦੱਸ ਕੁਛ, ਖ਼ਾਲੀ ਬੈਠੇ ਝੋਲੀਆਂ ਡਾਹੀਆ । ਸਦੀ ਚੌਧਵੀਂ ਪੈਂਡਾ ਰਿਹਾ ਮੁਕ, ਬੀਸ ਬੀਸਾ ਵਕਤ ਚੁਕਾਈਆ । ਨੌਂ ਖੰਡ ਪ੍ਰਿਥਮੀ ਪਈ ਲੁਟ, ਦਹਿ ਦਿਸ਼ਾ ਦੇਣ ਦੁਹਾਈਆ । ਜੂਠ ਝੂਠ ਕਾਮ ਕਰੋਧ ਲੋਭ ਮੋਹ ਹੰਕਾਰ ਘਰ ਦਿਸੇ ਕੋਈ ਨਾ ਸੁਖ, ਪੜਦਾ ਦੂਈ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਲੇਖੇ ਘਰ ਘਰ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਕੇ ਅੱਗੇ, ਅਗਲਾ ਲੇਖਾ ਮੰਗ ਮੰਗਾਈਆ । ਕਲਜੁਗ ਜੀਵ ਬਗ ਬਪੜੇ ਹੋਏ ਬੱਗੇ, ਬਗ਼ਲਗੀਰ ਨਾ ਕੋਇ ਰਖਾਈਆ । ਕੂੜੀ ਕਿਰਿਆ ਨਾਲ ਬੱਧੇ, ਮਾਇਆ ਮਮਤਾ ਮੋਹ ਹਲਕਾਈਆ । ਜੂਠ ਝੂਠ ਅੰਦਰ ਨੱਚੇ, ਹਉਮੇ ਹੰਗਤਾ ਡੰਕ ਵਜਾਈਆ । ਚਾਰ ਕੁੰਟ ਤੇਰੇ ਪ੍ਰੇਮ ਦੇ ਅੰਤਰ ਕੋਇ ਨਾ ਲੱਭੇ ਸੱਚੇ, ਸਚ ਸੰਗ ਨਾ ਕੋਇ ਰਖਾਈਆ । ਕਾਇਆ ਮਾਟੀ ਭਾਂਡੇ ਵੇਖੇ ਕੱਚੇ, ਸਾਢੇ ਤਿੰਨ ਹੱਥ ਬਾਹਰੋਂ ਪੋਚ ਪੁਚਾਈਆ । ਨੇਤਰ ਲੋਚਣ ਤੱਕਣ ਕਿਸੇ ਨਾ ਅੱਖੇ, ਨਜ਼ਰ ਨਾਲ ਨਜ਼ਰ ਕੋਇ ਨਾ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਅੱਕੇ, ਖਾਣੀ ਬਾਣੀ ਭੇਵ ਨਾ ਕੋਇ ਖੁਲ੍ਹਾਈਆ । ਫਿਰ ਫਿਰ ਥੱਕੇ ਮਦੀਨੇ ਮੱਕੇ, ਮਕਬਰਿਆਂ ਸੱਯਦੇ ਕਰ ਕਰ ਮੁਖ ਭੁਆਈਆ । ਕੋਟਨ ਕੋਟਾਂ ਬਗ਼ਲ ਕੁਰਾਨ ਰੱਖੇ, ਮਕਤਬਾਂ ਵਿਚ ਕਰੀ ਪੜ੍ਹਾਈਆ । ਸ਼ਰਅ ਸ਼ਰੀਅਤ ਮਾਰਗ ਦੱਸੇ, ਕਲਮਾ ਕਾਇਨਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗਹਿਰ ਗੰਭੀਰ ਪੜਦਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਜਣ, ਸਜਰਾ ਲੇਖਾ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਕੱਢ ਬਿਆਜਨ, ਅਸਲ ਨਾਲ ਸੂਦ ਦਏ ਮਿਟਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਉਠਾ ਸਾਧਨ, ਭਗਤ ਭਗਵਾਨ ਲਏ ਜਗਾਈਆ । ਜੋ ਬਿਨ ਰਸਨਾ ਜਿਹਵਾ ਤੈਨੂੰ ਅਰਾਧਣ, ਅੰਤਰ ਆਤਮ ਧਿਆਨ ਲਗਾਈਆ । ਸੁਰਤੀ ਸ਼ਬਦ ਮਾਰਨ ਆਵਾਜ਼ਣ, ਸੁਰ ਤਾਲ ਸਮਝ ਕੋਇ ਨਾ ਪਾਈਆ । ਕਿਰਪਾ ਕਰ ਮੋਹਨ ਮਾਧਵ ਮਾਦਨ, ਤੇਰੀ ਇਕੋ ਓਟ ਤਕਾਈਆ । ਕਲਜੁਗ ਮੇਟ ਅੰਧੇਰੀ ਰਾਤਨ, ਕੂੜ ਅੰਧੇਰਾ ਦਏ ਗਵਾਈਆ । ਪੀਰ ਪੈਗ਼ੰਬਰ ਝੁਕ ਝੁਕ ਸਾਰੇ ਆਖਣ, ਸਦੀ ਵੀਹਵੀਂ ਇਸ਼ਾਰੇ ਨਾਲ ਸਮਝਾਈਆ । ਜੀਵ ਜੰਤ ਹੋਏ ਪਾਗ਼ਲ, ਬੁਧ ਬਿਬੇਕ ਨਾ ਕੋਇ ਕਰਾਈਆ । ਦਹਿ ਦਿਸ਼ਾ ਅੰਧੇਰਾ ਬਾਦਲ, ਅੰਤਮ ਬਦਲੀ ਦੇ ਵਖਾਈਆ । ਪਿਤਾ ਪੁੱਤ ਦਾ ਬਣਿਆ ਕਾਤਲ, ਮਕਤੂਲ ਦਿਸੇ ਲੋਕਾਈਆ । ਤੇਰਾ ਕੋਈ ਨਾ ਜਾਣੇ ਫ਼ਾਜ਼ਲ, ਰਹਿਮਤ ਬੈਠੀ ਅੱਖ ਸ਼ਰਮਾਈਆ । ਜਨ ਭਗਤਾਂ ਕੁਛ ਨਾ ਹੋਵੇ ਹਾਸਲ, ਹੈਸੀਅਤ ਆਪਣੀ ਬੈਠੇ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੂਰ ਦੁਰਾਡੇ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਿਉਂ ਬੈਠਾ ਚੁੱਪ, ਪਰਵਰਦਿਗਾਰ ਪੜਦਾ ਪਾਈਆ । ਕਲਜੁਗ ਵੇਖ ਅੰਧੇਰਾ ਘੁੱਪ, ਜਗਤ ਚੰਦ ਨਾ ਕੋਇ ਰੁਸ਼ਨਾਈਆ । ਦੀਨ ਮਜ਼੍ਹਬ ਜ਼ਾਤ ਪਾਤ ਪਈ ਫੁੱਟ, ਮੁੱਲਾ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਕਰਨ ਲੜਾਈਆ । ਪੰਡਤ ਪਾਂਧਿਆਂ ਪਾਈ ਲੁੱਟ, ਜੀਵਾਂ ਜੰਤਾਂ ਰਹੇ ਖਾਈਆ । ਸਾਚਾ ਨਜ਼ਰ ਨਾ ਆਏ ਕੋਈ ਸੁਤ, ਜਨਨੀ ਗੋਦ ਨਾ ਕੋਇ ਸੁਹਾਈਆ । ਉਜਲ ਹੋਇ ਨਾ ਕੋਇ

ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਲਹਿਣਾ ਚੁੱਕੇ ਨਾ ਕਿਸੇ ਉਲਟਾ ਰੁਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਤੋਬਾ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤਮ ਭਾਰਾ ਹੋਇਆ ਬੋਝਾ, ਪੀਠ ਸਕੇ ਨਾ ਕੋਇ ਉਠਾਈਆ । ਤੇਰੀ ਦਰੋਹੀ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਠੱਗਾਂ ਚੋਰਾਂ ਯਾਰਾਂ ਮਿਲਿਆ ਮੌਕਾ, ਗੁਰਮੁਖ ਗੁਰਸਿਖ ਬੈਠੇ ਮੁਖ ਭੁਆਈਆ । ਸਾਚਾ ਨਾਮ ਗਾਏ ਨਾ ਕੋਇ ਸਲੋਕਾ, ਹਿਰਦੇ ਹਰਿ ਨਾ ਕੋਇ ਵਸਾਈਆ । ਦੀਨ ਮਜ਼੍ਹਬ ਹੋਇਆ ਥੋਥਾ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਕਾਇਆ ਮਾਟੀ ਸਾਫ਼ ਦਿਸੇ ਨਾ ਕੋਈ ਕੋਠਾ, ਮਹੱਲ ਅਟਲ ਹੋਵੇ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਜਗਤ ਖੋਟਾ, ਬੁਧ ਬਿਬੇਕ ਨਾ ਕੋਇ ਬਣਾਈਆ । ਤੇਰੀ ਰਹਿਮਤ ਗਿਆਨ ਦਵਾਏ ਕੋਲੋਂ ਤੋਤਾ, ਸੁਘੜ ਸੁਚੱਜੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣਾ ਲੇਖਾ ਲੇਖੇ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਆਸਾ, ਆਸਾ ਆਸਾ ਵਿਚੋਂ ਪਰਗਟਾਈਆ । ਵੇਖਿਆ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਫਿਰ ਫਿਰ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਉਦਾਸਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਰੋੜ ਤੇਤੀਸਾ ਹੋਇਆ ਨਿਰਾਸਾ, ਸੁਰਪਤ ਬੈਠਾ ਮੁਖ ਭਵਾਈਆ । ਚੌਥਾ ਜੁਗ ਵੇਖੇ ਖੇਲ ਤਮਾਸ਼ਾ, ਡੌਰੂ ਡੰਕ ਵਜਾਈਆ । ਰਾਏ ਧਰਮ ਖੋਲ੍ਹ ਕੇ ਬੈਠਾ ਖਾਤਾ, ਜੀਵਾਂ ਜੰਤਾਂ ਲੇਖਾ ਰਿਹਾ ਜਣਾਈਆ । ਚਿਤ੍ਰਗੁਪਤ ਦੱਸਣਹਾਰ ਖੁਲਾਸਾ, ਭੇਵ ਅਭੇਦਾ ਆਪ ਦ੍ਰਿੜਾਈਆ । ਕਾਲ ਮਹਾਂਕਾਲ ਬਦਲ ਰਿਹਾ ਪਾਸਾ, ਘਰ ਸਾਚੇ ਲਏ ਅੰਗੜਾਈਆ । ਲਾੜੀ ਮੌਤ ਕਰੇ ਹਾਸਾ, ਨੇਤਰ ਨੈਣ ਨੈਣ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਲੇਖਾ ਚੁਕਾਉਣਾ ਥਾਉਂ ਥਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਚੇਰੀ, ਚਰਨ ਕਵਲ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਵੇਖ ਕਰੇ ਮੇਰੀ ਮੇਰੀ, ਮਮਤਾ ਭਰੀ ਸਰਬ ਲੋਕਾਈਆ । ਸਾਧਾਂ ਸੰਤਾਂ ਕੱਪੜੇ ਰੰਗ ਕੇ ਪਾਏ ਗੇਰੀ, ਅੰਤਰ ਆਤਮ ਰੰਗ ਨਾ ਕੋਇ ਚੜ੍ਹਾਈਆ । ਸੁਥਰਿਆਂ ਵਾਂਗ ਘਰ ਘਰ ਪਾਇਣ ਫੇਰੀ, ਭੱਜਣ ਵਾਹੋ ਦਾਹੀਆ । ਨੌਕਾ ਨਈਆ ਹੱਥ ਨਾ ਆਏ ਬੇੜੀ, ਚੱਪੂ ਨਾਮ ਨਾ ਕੋਇ ਲਗਾਈਆ । ਭਾਗ ਲੱਗੇ ਨਾ ਕਿਸੇ ਖੇੜੀ, ਪੜਦਾ ਓਹਲਾ ਨਾ ਕੋਇ ਰਖਾਈਆ । ਪੰਜ ਤਤ ਖ਼ਾਕੀ ਖ਼ਾਕ ਹੁੰਦੀ ਵੇਖੀ ਢੇਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਰਹਿਮਤ ਆਪਣੀ ਇਕ ਕਮਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਪੜਦਾ ਅਗਲਾ ਦੇ ਉਠਾਈਆ । ਸਦੀ ਚੌਧਵੀਂ ਦਿਸੇ ਹਾਰ, ਜਿੱਤ ਤੇਰੇ ਹੱਥ ਨਜ਼ਰੀ ਆਈਆ । ਉਚੀ ਕੂਕ ਕਰੀਏ ਪੁਕਾਰ, ਬੌਹੜੀ ਬੌਹੜੀ ਕਰ ਦੁਹਾਈਆ । ਗ਼ਫ਼ਲਤ ਵਿਚ ਸੁੱਤਾ ਸੰਸਾਰ, ਉਲਫ਼ਤ ਵਿਚ ਨਾ ਕੋਇ ਲੋਕਾਈਆ । ਸੁਹਬਤ ਵਿਚ ਨਾ ਕੋਇ ਪਿਆਰ, ਵਿਛੋੜੇ ਵਿਚ ਨਾ ਕੋਇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਦਵਾਰ ਤੇਰੀ ਓਟ ਤਕਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਹਾਸਾ, ਹਸਤੀ ਆਪਣੀ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖੋ ਤਮਾਸ਼ਾ, ਨਵ ਨੌਂ ਚਾਰ ਦਏ ਵਖਾਈਆ । ਜੀਵਾਂ ਜੰਤਾਂ ਭੁੱਲਿਆ ਪੂਜਾ ਪਾਠਾ, ਜੋਗ ਅਭਿਆਸ ਵਿਚ ਨਾ ਕੋਇ ਸਮਾਈਆ । ਨੇਤਰ ਰੋਵੇ ਤੀਰਥ ਤਾਟਾ, ਗੰਗਾ

ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਗੁਰੂਦਵਾਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਸਾਚੇ ਨਾਮ ਦੀ ਗਾਏ ਕੋਈ ਨਾ ਗਾਥਾ, ਪੁਰਖ ਅਕਾਲ ਇਸ਼ਟ ਨਾ ਕੋਇ ਮਨਾਈਆ । ਝਗੜਾ ਪਿਆ ਜ਼ਾਤਾਂ ਪਾਤਾਂ, ਦੀਨ ਮਜ਼੍ਹਬ ਕਰਨ ਲੜਾਈਆ । ਕਲਜੁਗ ਕੂੜੀ ਕਿਰਿਆ ਘਰ ਘਰ ਪਾਏ ਘਾਟਾ, ਵਾਧਾ ਹੱਥ ਕਿਸੇ ਨਾ ਆਈਆ । ਸਭ ਦੇ ਹੱਥੋਂ ਡਿਗਿਆ ਗੋਬਿੰਦ ਅੰਮ੍ਰਿਤ ਬਾਟਾ, ਰਸ ਜਾਮ ਰਸਨਾ ਨਾ ਕੋਇ ਲਗਾਈਆ । ਸੁੰਞੀ ਦਿਸੇ ਆਤਮ ਖਾਟਾ, ਸਿੰਘਾਸਣ ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਅੱਗੇ ਹੋ, ਉਪਰੋਂ ਨੀਚੇ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਦਿਸੇ ਨਾ ਮੋਹ, ਮੁਹੱਬਤ ਹਕ ਨਾ ਕੋਇ ਕਮਾਈਆ । ਭਾਈ ਭਾਈਆਂ ਨਾਲ ਕਰਨ ਧਰੋਹ, ਭੈਣ ਭਈਆ ਅੱਖ ਉਠਾਈਆ । ਆਤਮ ਪਰਮਾਤਮ ਕਿਸੇ ਨਾ ਜਾਵੇ ਛੋਹ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਦੁਰਮਤ ਮੈਲ ਸਕੇ ਨਾ ਕੋਈ ਧੋ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਆਪਣੀ ਕਰਨੀ ਆਪਾ ਬੈਠੇ ਖੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਿਸ਼ਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਵੇ ਇਕੱਠੇ, ਹਰਿ ਕਰਤਾ ਆਪ ਜਣਾਈਆ । ਆਪਣੇ ਵੇਖੇ ਮਾਰਗ ਦੱਸੇ, ਲੋਕਮਾਤ ਧਿਆਨ ਲਗਾਈਆ । ਲੱਖ ਚੁਰਾਸੀ ਵਿਚੋਂ ਬਚ ਕੇ ਬੈਠੇ, ਜਿਨ੍ਹਾਂ ਮਿਲ ਕੇ ਸਗਲਾ ਸੰਗ ਬਣਾਈਆ । ਜਿਨ੍ਹਾਂ ਅੰਤਰ ਆਤਮ ਨਾਮ ਰਟੇ, ਤਿਨ੍ਹਾਂ ਦਾ ਰੱਟਾ ਦਏ ਚੁਕਾਈਆ । ਜਗਤ ਮਿਸਾਲ ਪ੍ਰਭ ਮਾਣ ਦਵਾਇਆ ਵਿਚੋਂ ਵੱਟੇ, ਵਟਾਂਦਰਾ ਆਪਣਾ ਆਪ ਕਰਾਈਆ । ਜੋ ਬਿਰਹੋਂ ਵੈਰਾਗ ਅੰਦਰ ਗੁਰਮੁਖ ਫਟੇ, ਤੀਰ ਅਣਿਆਲਾ ਆਪ ਲਗਾਈਆ । ਉਨ੍ਹਾਂ ਪ੍ਰਭੂ ਆਪੇ ਪਤ ਰੱਖੇ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਿਛਲਾ ਲੇਖਾ ਵੇਖੇ ਕਿਤਾਬ, ਜੋ ਬਿਨ ਅੱਖਰਾਂ ਦਿਤਾ ਲਿਖਾਈਆ । ਲਹਿਣਾ ਦੇਣਾ ਬਾਕੀ ਕੀ ਹਿਸਾਬ, ਹੈਸੀਅਤ ਵਿਚੋਂ ਦਏ ਸਮਝਾਈਆ । ਏਥੇ ਓਥੇ ਦੇਵਣਹਾਰਾ ਖ਼ਿਤਾਬ, ਖ਼ਤਾ ਸਭ ਦੀ ਵੇਖ ਵਖਾਈਆ । ਲੋਕਮਾਤ ਮੱਕਾ ਮਦੀਨਾ ਵੇਖੇ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਸਾਚੇ ਮੰਦਰ ਮਾਰੇ ਨਾ ਕੋਈ ਸਤਿ ਆਵਾਜ਼, ਸੋਈ ਸੁਰਤ ਨਾ ਕੋਇ ਜਗਾਈਆ । ਵੁਜ਼ੂ ਕਰ ਕਰ ਵੇਖੇ ਪੜ੍ਹਦੇ ਨਿਮਾਜ਼, ਕਲਮਿਆਂ ਨਾਲ ਕਰਨ ਸਫ਼ਾਈਆ । ਕਾਇਆ ਕਾਅਬਾ ਕਿਸੇ ਨਾ ਹੋਇਆ ਆਬਾਦ, ਸੁੰਞ ਮਸਾਣ ਦਿਸੇ ਲੋਕਾਈਆ । ਸਦੀ ਚੌਧਵੀਂ ਅੰਤ ਹੋਣਾ ਬਰਬਾਦ, ਹੈਰਾਨੀ ਸਭ ਦੇ ਉਤੇ ਛਾਈਆ । ਅੱਲਾ ਰਾਣੀ ਜੋ ਲਾ ਕੇ ਬੈਠੀ ਆਸ, ਤ੍ਰਿਸਨਾ ਇਕ ਵਧਾਈਆ । ਸੋ ਹਜ਼ਰਤ ਹਜ਼ੂਰ ਖੇਲੇ ਖੇਲ ਸਚ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਸਰਬ ਖੁਲ੍ਹਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਅੱਲਾ, ਇਲਾਹੀ ਤੇਰੀ ਬੇਪਰਵਾਹੀਆ । ਪਰਵਰਦਿਗਾਰ ਸਦਾ ਸਦ ਇਕੱਲਾ, ਮੁਕਾਮੇ ਹਕ ਸੋਭਾ ਪਾਈਆ । ਨੂਰ ਜ਼ਹੂਰ ਦੇ ਫੜਾਇਆ ਅੱਲਾ, ਆਲਮੀਨ ਇਲਮ ਇਕ ਪੜ੍ਹਾਈਆ । ਤੇਰਾ ਪਰਕਾਸ਼ ਨੂਰ ਬੱਲਾ, ਦੀਪਕ ਚਰਾਗ਼ ਡਗਮਗਾਈਆ । ਸਚ ਦਵਾਰ ਫੜਾਇਆ ਪੱਲਾ, ਆਪਣੀ ਗੰਢ ਬੰਧਾਈਆ । ਧਾਮ ਵਖਾਇਆ ਅਟੱਲਾ, ਨਿਹਚਲ ਡੇਰਾ ਲਾਈਆ । ਕਲਮਾ ਕਲਾਮ ਇਕੋ ਘੱਲਾ, ਧੁਰ ਦਾ ਰਾਗ ਅਲਾਈਆ । ਤੇਰੀ ਰਹਿਮਤ ਨਾਲ ਫਲਿਆ ਫੁਲਾ, ਉਮਤ ਉਮਤੀ ਸੋਭਾ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਖੇਲ ਵਖੌਣਾ ਚਾਈਂ ਚਾਈਂਆ । ਖੇਲ ਵੇਖਣ ਦਾ ਜਿਨ੍ਹਾਂ ਚਾਓ, ਹਰਿ ਕਰਤਾ ਆਪ ਜਣਾਈਆ । ਪੀਰ ਪੈਗ਼ੰਬਰ ਅੱਗੇ ਆਓ, ਬਿਨ ਕਦਮਾਂ ਕਦਮ ਟਿਕਾਈਆ । ਬਿਨ ਅੱਖਾਂ ਅੱਖ ਖੁਲ੍ਹਾਓ, ਨੇਤਰ ਨੈਣ ਕਰੇ ਰੁਸ਼ਨਾਈਆ । ਲੋਕਮਾਤ ਧਿਆਨ ਲਗਾਓ, ਚੌਦਾਂ ਤਬਕਾਂ ਪੰਧ ਮੁਕਾਈਆ । ਕੂੜੀ ਕਿਰਿਆ ਵੇਖੇ ਥਾਈਂ ਥਾਉਂ, ਘਰ ਘਰ ਬੈਠੀ ਡੇਰਾ ਲਾਈਆ । ਨਾ ਕੋਈ ਪਿਤਾ ਨਾ ਕੋਈ ਮਾਉਂ, ਪੂਤ ਸਪੂਤਾ ਗੋਦ ਨਾ ਕੋਇ ਸੁਹਾਈਆ । ਮੁੱਲਾ ਸ਼ੇਖ਼ ਭੁੱਲੇ ਰਾਹੋਂ, ਰਹਿਬਰ ਸੰਗ ਨਾ ਕੋਇ ਨਿਭਾਈਆ । ਸਾਚਾ ਕਰੇ ਨਾ ਕੋਇ ਨਿਆਉਂ, ਅਦਲ ਅਦਾਲਤ ਨਾ ਕੋਇ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਬਣਾ ਕੇ ਆਏ ਗਵਾਹੋ, ਸ਼ਹਾਦਤ ਹਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਇਸ਼ਾਰੇ ਨਾਲ ਰਿਹਾ ਜਣਾਈਆ । ਨਾਲ ਇਸ਼ਾਰੇ ਦੱਸੇ ਏਕ, ਇਕ ਇਕੱਲਾ ਖੇਲ ਖਿਲਾਇੰਦਾ । ਕਲਜੁਗ ਵੇਖੇ ਕੂੜਾ ਭੇਖ, ਭੇਖੀ ਘਰ ਘਰ ਡੇਰਾ ਲਾਇੰਦਾ । ਮਸਲਾ ਪੜ੍ਹੇ ਨਾ ਕੋਈ ਮੁੱਲਾ ਸ਼ੇਖ਼, ਸ਼ੇਖ਼ੀ ਵਿਚੋਂ ਬਾਹਰ ਨਜ਼ਰ ਕੋਇ ਨਾ ਆਇੰਦਾ । ਮਾਇਆ ਮਮਤਾ ਭਰੇ ਨਾ ਕਿਸੇ ਪੇਟ, ਜਗਤ ਤ੍ਰਿਸਨਾ ਦੂਰ ਨਾ ਕੋਇ ਕਰਾਇੰਦਾ । ਮਸਜਦਾਂ ਅੰਦਰ ਰਹੇ ਲੇਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਸਿੱਖੋ ਸਿਖਿਆ, ਸਚਖੰਡ ਨਿਵਾਸੀ ਆਪ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਣੋ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਨਾਮ ਪਦਾਰਥ ਸ਼ਬਦ ਅਗੰਮੀ ਦਾਤ ਹਰਿ ਠਾਕਰ ਪਾਏ ਭਿਛਿਆ, ਵਸਤ ਅਮੋਲਕ ਸਾਚੀ ਗੋਲਕ ਆਪ ਟਿਕਾਈਆ । ਨਿਤ ਨਵਿਤ ਨਿਰਗੁਣ ਸਰਗੁਣ ਕਰੇ ਰਿਛਿਆ, ਏਥੇ ਓਥੇ ਹੋਏ ਸਹਾਈਆ । ਬਿਨ ਸਾਚੇ ਨੇਤਰ ਕਿਸੇ ਨਾ ਦਿਸਿਆ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਚਿਠਿਆ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਧੁਰ ਦਾ ਲੇਖਾ ਨਾਮ ਸਬੂਤ, ਬੇਸਬਰ ਸਬਰ ਜਣਾਇੰਦਾ । ਅੰਜੀਲ ਕੁਰਾਨ ਛੋਟੇ ਛੋਟੇ ਖ਼ਤ ਖ਼ਤੂਤ, ਜੋ ਆਇਤਾਂ ਸ਼ਰਾਇਤਾਂ ਵਿਚ ਬਣਾਇੰਦਾ । ਦੂਰ ਦੁਰਾਡਾ ਵਸੇ ਆਪ ਮਹਿਬੂਬ, ਮਜਲਸ ਆਪਣੇ ਘਰ ਵਖਾਇੰਦਾ । ਅਗੰਮ ਅਥਾਹ ਉਚ ਅਰੂਜ, ਦਰਗਾਹ ਸਾਚੀ ਸੋਭਾ ਪਾਇੰਦਾ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਇੰਦਾ । ਸਦੀ ਚੌਧਵੀਂ ਘਰ ਘਰ ਤੁਹਾਨੂੰ ਵਖਾਏ ਜੂਠ ਝੂਠ, ਸਚ ਸੁੱਚ ਸੰਗ ਨਾ ਕੋਇ ਨਿਭਾਇੰਦਾ । ਨਿਰਮਲ ਦਿਸੇ ਨਾ ਕੋਇ ਪੰਜ ਭੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਹਾਏ, ਹੌਕਾ ਲੈ ਕੇ ਰਹੇ ਸੁਣਾਈਆ । ਕਲਜੁਗ ਜੀਵ ਹੋਏ ਬੇਵਫ਼ਾਏ, ਵਫ਼ਾਦਾਰ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੈਣ ਉਠਾਏ, ਚਾਰ ਕੁੰਟ ਧਿਆਨ ਲਗਾਈਆ । ਤੇਈ ਅਵਤਾਰ ਰਹੇ ਪਛਤਾਏ, ਪਸਚਾਤਾਪ ਸਭ ਦੀ ਝੋਲੀ ਪਾਈਆ । ਈਸਾ ਮੂਸਾ ਮੁਹੰਮਦ ਦਏ ਦੁਹਾਏ, ਦਰੋਹੀ ਖ਼ੁਦਾਏ ਤੇਰੀ ਨਜ਼ਰੀ ਆਈਆ । ਨਾਨਕ ਗੋਬਿੰਦ ਕਹਿਣ ਵਾਹ ਵਾਹ ਤੇਰਾ ਖੇਲ ਬੇਪਰਵਾਹੇ, ਬੇਅੰਤ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਪੜ੍ਹਾਏ, ਚੌਦਾਂ ਵਿਦਿਆ ਮੇਲ ਮਿਲਾਈਆ । ਮੰਦਰਾਂ ਮਸਜਿਦਾਂ ਸ਼ਿਵਦਵਾਲਿਆਂ ਮੱਠਾਂ ਵਿਚ ਟਿਕਾਏ, ਸੋਹਣੇ ਬੰਕ ਬਣਾਏ, ਰਸਨਾ

ਜਿਹਵਾ ਬੱਤੀ ਦੰਦ ਅੰਦਰ ਮੰਦਰ ਬਹਿ ਬਹਿ ਰਾਗ ਅਲਾਏ, ਰਾਗਣੀਆਂ ਨਾਲ ਮਿਲ ਕੇ ਵਜੇ ਵਧਾਈਆ । ਕਲਜੁਗ ਜੀਵ ਅੰਤਮ ਸਾਰੇ ਬੈਠੇ ਭੁਲਾਏ, ਹਿਰਦੇ ਹਰਿ ਨਾ ਕੋਇ ਵਸਾਈਆ । ਹੰਸ ਰੂਪ ਹੋਏ ਕਾਂਏ, ਬੁੱਧੀ ਕਾਗ ਵਾਂਗ ਕੁਰਲਾਈਆ । ਕੋਈ ਖਾਏ ਸੂਰ ਕੋਈ ਖਾਏ ਗਾਏ, ਹਕ ਹਲਾਲ ਸਮਝ ਕਿਸੇ ਨਾ ਆਈਆ । ਤੇਰੀ ਕੀਤੀ ਪ੍ਰਭ ਸਾਰੇ ਰਹੇ ਉਲਟਾਏ, ਕਲਜੁਗ ਉਲਟੀ ਰੀਤ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੈਠੇ ਢੇਰੀਆਂ ਢਾਏ, ਅੱਗੇ ਬਲ ਨਾ ਕੋਇ ਜਣਾਈਆ । ਸਦੀ ਵੀਹਵੀਂ ਤੇਰੀ ਵਾਰੀ ਆਏ, ਵਾਰਤਾ ਸਾਰੇ ਆਏ ਲਿਖਾਈਆ । ਪਤਿਪਰਮੇਸ਼ਵਰ ਨਿਹਕਲੰਕ ਨਰਾਇਣ ਕਲ ਕਲਕੀ ਵੇਸ ਵਟਾਏ, ਜਿਸ ਦਾ ਪਿਤਾ ਨਾ ਕੋਇ ਮਾਈਆ । ਲੱਖ ਚੁਰਾਸੀ ਖੋਜ ਖੁਜਾਏ, ਚਾਰੇ ਖਾਣੀ ਪੜਦਾ ਲਾਹੀਆ । ਧੁਰ ਦਾ ਡੰਕਾ ਇਕ ਵਜਾਏ, ਦੋ ਜਹਾਨਾਂ ਦਏ ਸੁਣਾਈਆ । ਰਾਓ ਰੰਕਾਂ ਆਪ ਉਠਾਏ, ਆਲਸ ਨਿੰਦਰਾ ਦਏ ਗਵਾਈਆ । ਸਾਚਾ ਬੰਕ ਇਕ ਵਖਾਏ, ਜਿਸ ਘਰ ਬੈਠਾ ਡੇਰਾ ਲਾਈਆ । ਬੰਦੇ ਬੰਦਗੀ ਇਕੋ ਇਕ ਜਣਾਏ, ਬੰਦਨਾ ਡੰਡੌਤ ਆਪ ਦ੍ਰਿੜਾਈਆ । ਸਾਚੀ ਮਾਨੁਸ਼ ਮਾਨਵ ਮਨੁੱਖ ਮਨੌਤ ਇਕ ਕਰਾਏ, ਇਕੋ ਨਾਮ ਦਏ ਸਮਝਾਈਆ । ਕੂੜੀ ਕਿਰਿਆ ਕਲਜੁਗ ਔਧ ਦਏ ਖਪਾਏ, ਜ਼ਾਤ ਪਾਤ ਵਰਨ ਬਰਨ ਝਗੜਾ ਕੋਇ ਰਹਿਣ ਨਾ ਪਾਈਆ । ਗੁਰਮੁਖ ਗੁਰਸਿਖ ਕੂੜੀ ਕਿਰਿਆ ਤੌਕ ਜ਼ੰਜੀਰ ਗਲੋਂ ਕਟਾਏ, ਨਾਮ ਖੰਡਾ ਹੱਥ ਉਠਾਈਆ । ਸਾਚੀ ਮੰਜ਼ਲ ਆਪ ਚੜ੍ਹਾਏ, ਪਾਂਧੀ ਹੋ ਕੇ ਪੰਧ ਮੁਕਾਈਆ । ਨਗ਼ਮਾ ਢੋਲਾ ਗ਼ਜ਼ਲ ਇਕ ਸੁਣਾਏ, ਕੂੜੀ ਅਜ਼ਲ ਨੇੜ ਨਾ ਆਈਆ । ਸਤਿਜੁਗ ਸਾਚੀ ਧਾਰ ਚਲਾਏ, ਧਰਤ ਧਰਨੀ ਸੋਭਾ ਪਾਈਆ । ਸਾਚੀ ਸਰਨ ਇਕ ਵਖਾਏ, ਸਰਨਗਤ ਬੇਪਰਵਾਹੀਆ । ਜਨ ਭਗਤ ਸੁਹੇਲੇ ਆਪ ਉਠਾਏ, ਗੁਰ ਚੇਲੇ ਮੇਲ ਮਿਲਾਈਆ । ਸਾਚੇ ਧੰਦੇ ਆਪੇ ਲਾਏ, ਕੂੜੇ ਗੰਦੇ ਆਪ ਖਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਵਾਹ ਸਾਂਝੇ ਯਾਰ, ਯਰਾਨਾ ਤੇਰਾ ਨਜ਼ਰੀ ਆਈਆ । ਕਲਜੁਗ ਜੀਵ ਹੋਏ ਬੇਇਤਬਾਰ, ਭਰੋਸਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਆਉਣ ਦਾ ਕਰਦੇ ਆਏ ਉਧਾਰ, ਸਾਚਾ ਕੰਡਾ ਤਰਾਜ਼ੂ ਤੋਲ ਤੇਰੇ ਹੱਥ ਫੜਾਈਆ । ਕਲਜੁਗ ਅੰਤਮ ਕਿਰਪਾ ਕਰ ਪੁਰਖ ਅਕਾਲੇ ਪਰਵਰਦਿਗਾਰ, ਮਦਦਗਾਰ ਹੋ ਕੇ ਫੇਰਾ ਪਾਈਆ । ਦੋ ਜਹਾਨਾਂ ਠਾਂਡਾ ਖੇਲ੍ਹ ਇਕ ਦਰਬਾਰ, ਦਰਗਾਹ ਸਾਚੀ ਪੜਦਾ ਲਾਹੀਆ । ਕੂੜੀ ਕਿਰਿਆ ਕਰਮ ਕਾਂਡ ਵਿਚੋਂ ਦੇਣਾ ਨਿਕਾਲ, ਜਹਾਲਤ ਬੈਠੇ ਮੁਖ ਭਵਾਈਆ । ਸਾਚਾ ਮੰਤਰ ਧੁਰ ਦਾ ਦੇਣਾ ਸਖਾਲ, ਸਿਖਿਆ ਇਕ ਸਮਝਾਈਆ । ਸਤਿਜੁਗ ਪੂਤ ਸਪੂਤਾ ਨੰਨ੍ਹਾ ਬੱਚਾ ਲੈਣਾ ਉਠਾਲ, ਨੇਤਰ ਨੈਣ ਅੱਖ ਲਏ ਖੁਲ੍ਹਾਈਆ । ਨਾਲ ਮਿਲਾਉਣੇ ਗੁਰਮੁਖ ਸੱਚੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਧਰਨੀ ਧਰਤ ਧਵਲ ਉਤੇ ਬਣਾਉਣੀ ਸੱਚੀ ਧਰਮਸਾਲ, ਮੰਦਰ ਇਕੋ ਨਜ਼ਰੀ ਆਈਆ । ਜਿਥੇ ਸੋਭਾ ਪਾਏ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਭ ਦਾ ਹੱਲ ਹੋਵੇ ਸਵਾਲ, ਬਾਕੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਹੋ ਕੇ ਪੁੱਛਦੇ, ਪ੍ਰਭ ਲੇਖਾ ਦੇ ਜਣਾਈਆ । ਕੀ ਲਹਿਣੇ ਤੇਰੇ ਗੋਬਿੰਦ ਸੁਤ ਦੇ, ਕਿਸ ਬਿਧ ਲੇਖਾ ਰਿਹਾ ਮੁਕਾਈਆ । ਦਰ ਨਿਉਂ ਨਿਉਂ ਤੇਰੇ ਝੁਕਦੇ, ਸੀਸ ਜਗਦੀਸ ਨਿਵਾਈਆ । ਤੇਰੇ ਭਾਣੇ ਕਦੇ ਨਾ ਰੁਕਦੇ, ਨਾ ਕੋਇ ਮੇਟੇ ਮੇਟ ਮਿਟਾਈਆ ।

ਅਸਾਂ ਆਪਣੇ ਪੈਂਡੇ ਵੇਖੇ ਮੁਕਦੇ, ਥਿਰ ਰਹਿਣ ਕੋਇ ਨਾ ਪਾਈਆ । ਕੀ ਖੇਲ ਤੇਰੇ ਅਗੰਮੀ ਪੁੱਤ ਦੇ, ਪਤਾ ਧੁਰ ਦਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਸੁਤ ਮੇਰਾ ਅਨੋਖਾ, ਪੁਰਖ ਅਕਾਲ ਸਰਬ ਜਣਾਈਆ । ਕਿਸੇ ਨਾਲ ਨਾ ਕਰੇ ਧੋਖਾ, ਕੂੜਾ ਵਣਜ ਨਾ ਕੋਇ ਵਖਾਈਆ । ਸਚ ਦਵਾਰੇ ਵਸੇ ਅਗੰਮੀ ਕੋਠਾ, ਥਿਰ ਘਰ ਬੈਠਾ ਡੇਰਾ ਲਾਈਆ । ਗੁਰਮੁਖ ਵੇਖੇ ਜੋ ਗਾਵੇ ਸਚ ਸਲੋਕਾ, ਸੋਹਲਾ ਰਾਗ ਅਲਾਈਆ । ਜਿਸ ਦੇ ਅੰਦਰ ਰੱਖਿਆ ਇਕੋ ਪੋਥਾ, ਪੁਸਤਕ ਆਪਣੀ ਦਏ ਸਮਝਾਈਆ । ਕਰ ਪਰਕਾਸ਼ ਨਿਰਮਲ ਜੋਤਾ, ਨੂਰੋ ਨੂਰ ਕਰੇ ਰੁਸ਼ਨਾਈਆ । ਆਦਿ ਜੁਗਾਦਿ ਕਦੇ ਨਾ ਹੋਏ ਹੋਛਾ, ਗਹਿਰ ਗੰਭੀਰ ਬੇਪਰਵਹੀਆ । ਖੇਲੇ ਖੇਲ ਲੋਕ ਪਰਲੋਕਾ, ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਲੱਖ ਚੁਰਾਸੀ ਤਨ ਲਗਾਏ ਚੋਟਾ, ਤਾਲ ਤਲਵਾੜਾ ਇਕ ਵਜਾਈਆ । ਕਲਜੁਗ ਜੀਵ ਕੋਇ ਰਹਿਣ ਨਾ ਦੇਵੇ ਖੋਟਾ, ਬੁੱਧ ਬਿਬੇਕ ਦਏ ਬਣਾਈਆ । ਸਚ ਸੁਣਾਵੇ ਨਾਮ ਸਲੋਕਾ, ਧੁਰ ਦਾ ਰਾਗ ਅਲਾਈਆ । ਅੱਗੇ ਕਿਸੇ ਨੂੰ ਰੱਖਣਾ ਪਏ ਨਾ ਰੋਜ਼ਾ, ਨਿਮਾਜ਼ਾਂ ਵਿਚ ਨਾ ਸੀਸ ਨਿਵਾਈਆ । ਪੰਡਤਾਂ ਕੋਲੋਂ ਪੜ੍ਹਨਾ ਪਏ ਨਾ ਪੋਥਾ, ਸਾਚਾ ਮੰਤਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਲੇਖੇ ਰਿਹਾ ਜਣਾਈਆ । ਗੋਬਿੰਦ ਸੁੱਤ ਸੋਹਣਾ ਚੰਗਾ, ਚੰਗੀ ਤਰਾ ਜਣਾਈਆ । ਜਿਸ ਦਾ ਦੋ ਜਹਾਨ ਵੱਜੇ ਮਰਦੰਗਾ, ਮਰਦ ਮਰਦਾਨਾ ਇਕ ਅਖਵਾਈਆ । ਜੋ ਮਾਛੂਵਾੜੇ ਸੁੱਤਾ ਪੈਰੀ ਨੰਗਾ, ਸੂਲਾਂ ਸੱਥਰ ਸੇਜ ਹੰਢਾਈਆ । ਜਿਸ ਦਾ ਕਿਸੇ ਲੁਹਾਰ ਤਰਖਾਣ ਨਾ ਘੜਿਆ ਖੰਡਾ, ਪੁਰਖ ਅਕਾਲ ਆਪੇ ਬਣਤ ਬਣਾਈਆ । ਜਿਸ ਦੇ ਚਰਨ ਚੁੰਮੇ, ਸੁਰਸਤੀ ਗੋਦਾਵਰੀ ਜਮਨਾ ਗੰਗਾ, ਧੂੜੀ ਟਿੱਕਾ ਮਸਤਕ ਲਾਈਆ । ਪਿਛੇ ਬਣ ਕੇ ਆਇਆ ਪੰਜ ਤਤ ਖਾਕੀ ਬੰਦਾ, ਅੱਗੇ ਸ਼ਬਦੀ ਰੂਪ ਪਰਗਟਾਈਆ । ਪੁਰਖ ਅਕਾਲ ਦੀਨ ਦਿਆਲ ਉਸ ਦੀ ਪੂਰੀ ਕਰੇ ਮੰਗਾ, ਜੋ ਬਾਲੇ ਨੀਹਾਂ ਹੇਠ ਦਬਾਈਆ । ਕਲਜੁਗ ਮੇਟੇ ਅੰਧ ਅੰਧੇਰਾ ਅੰਧਾ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਹੋਵੇ ਸੰਗਾ, ਧੁਰ ਦਾ ਸੰਗ ਬਣਾਈਆ । ਪ੍ਰੇਮ ਪਿਆਰ ਦਾ ਪਾ ਕੇ ਫੰਦਾ, ਗੁਰਮੁਖ ਆਪਣਾ ਜੋੜ ਜੁੜਾਈਆ । ਆਪਣੇ ਹੁਕਮ ਦਾ ਵਖਾਏ ਡੰਡਾ, ਮਨ ਮਨਸਾ ਦਏ ਗਵਾਈਆ । ਦੂਈ ਦਵੈਤੀ ਢਾਹ ਕੇ ਕੰਧਾ, ਸ਼ਰਅ ਸ਼ਰੀਅਤ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਇਕੋ ਵਾਰ ਝੋਲੀ ਪਾਈਆ । ਪੁਰਖ ਅਕਾਲ ਕਹੇ ਮੇਰਾ ਸਚ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਜਿਸ ਦਾ ਇਕੋ ਨਾਮ ਨਗਾਰਾ, ਨਿਰਗੁਣ ਸਰਗੁਣ ਰਿਹਾ ਸੁਣਾਈਆ । ਜਿਸ ਦਾ ਇਕੋ ਸਚ ਦਵਾਰਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਇਕੋ ਉਚ ਮਨਾਰਾ, ਮਹੱਲ ਅਟਲ ਕਰੇ ਇਕ ਰੁਸ਼ਨਾਈਆ । ਜਿਸ ਦਾ ਇਕੋ ਇਕ ਪਿਆਰਾ, ਗੁਰਮੁਖਾਂ ਪ੍ਰੀਤੀ ਤੋੜ ਨਿਭਾਈਆ । ਜਿਸ ਦਾ ਇਕੋ ਇਕ ਅਖਾੜਾ, ਘਰ ਸਾਚੇ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਸੂਰਾ ਸੁਤ ਸੰਗੀ ਸਗਲਾ, ਸਾਹਿਬ ਸਮਰਥ ਉਪਜਾਈਆ । ਜੋ ਲੇਖਾ ਸਭ ਦਾ ਜਾਣੇ ਅਗਲਾ, ਪਿਛਲਾ ਲਹਿਣਾ ਦਏ ਮੁਕਾਈਆ । ਕਲਜੁਗ ਕੂੜਾ ਚੁੱਕੇ ਬਦਲਾ, ਸਤਿਜੁਗ ਜਨਮ ਦਵਾਈਆ । ਲੇਖਾ ਰਹਿਣ ਨਾ ਦੇਵੇ ਕੋਈ ਗੰਧਲਾ, ਨਿਰਮਲ ਨੀਰ ਨਿਰਵੈਰ ਦਏ ਜਣਾਈਆ । ਸਾਢੇ ਤਿੰਨ ਹੱਥ ਸੰਬਲ ਸੁਹਾਵੇ ਇਕੋ ਬੰਗਲਾ, ਜਿਸ ਗ੍ਰਿਹਿ ਬਹਿ ਕੇ ਸੋਭਾ ਪਾਈਆ । ਸਤਿ ਧਰਮ ਦਾ ਗਾਵੇ ਚਾਰ ਮੰਗਲਾ,


੫੧੮ ੧੨

ਗੀਤ ਗੋਬਿੰਦ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਦਇਆ ਕਮਾਈਆ । ਗੋਬਿੰਦ ਸੂਰਾ ਉਠੇ ਇਕ, ਏਕੰਕਾਰ ਦਇਆ ਕਮਾਈਆ । ਗੁਰਮੁਖ ਵੇਖੇ ਧੁਰ ਦੇ ਸਿੱਖ, ਸਾਖਿਆਤ ਲਏ ਪਰਗਟਾਈਆ । ਕਰ ਵਸੇਰਾ ਅੰਤਰ ਨਿਜ, ਗ੍ਰਿਹ ਮੰਦਰ ਸੋਭਾ ਪਾਈਆ । ਸਤਿ ਧਰਮ ਦੀ ਦੱਸ ਕੇ ਬਿਧ, ਬਿਧਨਾ ਲੇਖ ਮਿਟਾਈਆ । ਪ੍ਰੇਮ ਪਿਆਰ ਦੀ ਪਾ ਕੇ ਖਿੱਚ, ਆਤਮ ਪਰਮਾਤਮ ਜੋੜ ਜੁੜਾਈਆ । ਕਲਜੁਗ ਸਤਿਜੁਗ ਦੋਹਾਂ ਵਿਚੋਲਾ ਹੋ ਕੇ ਵਿਚ, ਅਦਲੀ ਬਦਲੀ ਦਏ ਕਰਾਈਆ । ਸਮਾਂ ਸੁਹੌਣਾ ਆਪੇ ਲਏ ਨਜਿੱਠ, ਨਿਕਟ ਵਰਤੀ ਹੋ ਕੇ ਖੇਲ ਖਿਲਾਈਆ । ਜਗਤ ਨੇਤਰ ਕਿਸੇ ਨਾ ਆਵੇ ਦਿਸ, ਗੁਰਮੁਖਾਂ ਨਿਜ ਨੇਤਰ ਕਰੇ ਰੁਸ਼ਨਾਈਆ । ਸੱਜਣ ਸੁਹੇਲਾ ਬਣਾਏ ਹਿਤ, ਮਿੱਤਰ ਪਿਆਰਾ ਹੋ ਕੇ ਸੇਵ ਕਮਾਈਆ । ਨਾਮ ਭੰਡਾਰਾ ਦੇਵੇ ਅੰਮ੍ਰਿਤ ਮਿੱਠ, ਰਸ ਇਕੋ ਇਕ ਚਖਾਈਆ । ਸਚ ਦਵਾਰਾ ਵਖਾਏ ਧਾਮ ਅਨਡਿਠ, ਸੋਹਣਾ ਮੰਦਰ ਆਪ ਪਰਗਟਾਈਆ । ਜੋ ਗੋਬਿੰਦ ਪੁਰਖ ਅਕਾਲ ਦਿਤੀ ਇਕੋ ਚਿਟ, ਚਿੱਠੀ ਧੁਰ ਦੀ ਹੱਥ ਫੜਾਈਆ । ਜਿਸ ਦੇ ਉਤੇ ਤੇਰਾ ਮੇਰਾ ਲੇਖ ਦਿਤਾ ਲਿਖ, ਦੂਜੀ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਵਾਮੀ ਖੇਲ ਕਰੇ ਨਿਤ ਨਵਿਤ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਗੋਬਿੰਦ ਸੁਤ ਗਹਿਰ ਗੰਭੀਰ, ਪੀਰ ਪੈਗ਼ੰਬਰਾਂ ਪ੍ਰਭ ਜਣਾਇੰਦਾ । ਜਿਸ ਦਾ ਤਤ ਨਾ ਕੋਇ ਸਰੀਰ, ਮਨ ਮਤ ਬੁੱਧ ਨਾ ਕੋਇ ਵਖਾਇੰਦਾ । ਜਿਸ ਦਾ ਗੁਰੂ ਨਾ ਕੋਇ ਪੀਰ, ਮੰਦਰ ਸ਼ਿਵਦਵਾਲਾ ਮੱਠ ਨਜ਼ਰ ਕੋਇ ਨਾ ਆਇੰਦਾ । ਜਿਸ ਦੀ ਮੁਸੱਵਰ ਖਿੱਚੇ ਨਾ ਕੋਇ ਤਸਵੀਰ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜਿਸ ਦੀ ਮੰਜ਼ਲ ਜਾਣੇ ਨਾ ਕੋਇ ਅਖ਼ੀਰ, ਪਾਰ ਕਿਨਾਰ ਨਾ ਕੋਇ ਕਰਾਇੰਦਾ । ਜਿਸ ਦੀ ਬਣਾਵੇ ਨਾ ਕੋਇ ਤਕਦੀਰ, ਤਦਬੀਰ ਅੱਗੇ ਹੋ ਨਾ ਕੋਇ ਸਮਝਾਇੰਦਾ । ਜਿਸ ਦੀ ਘੜੇ ਨਾ ਕੋਇ ਸ਼ਮਸ਼ੀਰ, ਤਰਕਸ਼ ਤੀਰ ਕਮਾਨ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੇ ਜਲਵਾ, ਪਰਵਰਦਿਗਾਰ ਨੂਰ ਖ਼ੁਦਾਈਆ । ਮੇਰਾ ਸੁਤ ਗੋਬਿੰਦ ਕਦੇ ਨਾ ਖਾਵੇ ਹਲਵਾ, ਪਕਵਾਨ ਵਿਚ ਆਸ਼ਾ ਨਾ ਕੋਇ ਧਰਾਈਆ । ਕਦੀ ਨਹਾਵਣ ਜਾਏ ਨਾ ਕਿਨਾਰੇ ਗੰਗਾ, ਜਮਨਾ ਜਲ ਧਾਰ ਨਾ ਕੋਇ ਕਰਾਈਆ । ਮਾਤ ਗਰਭ ਕਦੇ ਨਾ ਮਰਨਾ ਜੰਮਣਾ, ਲੱਖ ਚੁਰਾਸੀ ਫੇਰਾ ਕੋਇ ਨਾ ਪਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਨਾ ਕੋਈ ਬੰਧਨਾ, ਬੰਦੀਖ਼ਾਨਾ ਬੰਦ ਨਾ ਕੋਇ ਕਰਾਈਆ । ਮਾਂਗਤ ਹੋ ਕੇ ਦੂਜੇ ਦਰ ਨਾ ਜਾਏ ਮੰਗਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਇਕ ਦਰ, ਦਰ ਦਰਵੇਸ਼ ਆਪ ਜਣਾਈਆ । ਸ਼ਬਦ ਗੁਰ ਸੁਤ ਸਾਹਿਬ, ਕਲਜੁਗ ਅੰਤਮ ਲਏ ਅੰਗੜਾਈਆ । ਹੁਕਮੇ ਅੰਦਰ ਬਣਕੇ ਨਾਇਕ, ਦੋ ਜਹਾਨਾਂ ਲਏ ਉਠਾਈਆ । ਸਤਿ ਸਚ ਕਰੇ ਹਦਾਇਤ, ਹਦੀਸਾਂ ਨਾਲ ਪੜ੍ਹਾਈਆ । ਮਿਹਰ ਮੁਹੱਬਤ ਕਰ ਇਨਾਇਤ, ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਘਰ ਇਕ ਪਰਗਟਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਰਖਿਆ ਓਹਲਾ, ਸਤਿ ਸਚ ਨਾ ਕੋਇ ਦ੍ਰਿੜਾਈਆ । ਬੇਸ਼ਕ ਤੇਰਾ ਨਾਮ ਸ਼ਬਦ ਸਦ ਵਿਚੋਲਾ, ਜੁਗ ਜੁਗ ਜੋੜ ਜੁੜਾਈਆ । ਸੰਮਤ ਵੀਹ ਸੌ ਇੱਕੀ ਤਾਈਂ ਸਾਰਿਆਂ ਪਾਇਆ ਰੌਲਾ, ਅੱਗੇ ਸਿਖਿਆ ਨਾ

ਕੋਇ ਸਮਝਾਈਆ । ਸਦੀ ਚੌਧਵੀਂ ਤਾਈਂ ਸਭ ਦੱਸਦੇ ਰਹੇ ਮੌਲਾ, ਪੜਦਾ ਅੱਗੇ ਨਾ ਕੋਇ ਚੁਕਾਈਆ । ਸਚ ਦਸ ਕੀ ਤੇਰਾ ਸਭ ਤੋਂ ਵੱਖਰਾ ਹੋਏ ਢੋਲਾ, ਧੁਰ ਦਾ ਰਾਗ ਪਰਗਟਾਈਆ । ਜਿੰਨਾਂ ਚਿਰ ਆਪਣਾ ਰਾਜ਼ ਨਾ ਖੋਲ੍ਹਾ, ਰਹਿਮਤ ਨਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਜਣਾਈਆ । ਅਗਲਾ ਲੇਖਾ ਦੱਸ ਜੁਗਤ, ਜਗ ਜੀਵਣ ਦਾਤੇ ਤੇਰੀ ਓਟ ਤਕਾਈਆ । ਆਦਿ ਜੁਗਾਦਿ ਤੇਰਾ ਨਾਮ ਭੰਡਾਰਾ ਮੁਫ਼ਤ, ਕਰਤੇ ਕੀਮਤ ਕੋਇ ਨਾ ਲਾਈਆ । ਸਦੀ ਚੌਧਵੀਂ ਹੁਣ ਕਿਉਂ ਹੋਇਓਂ ਸੁਸਤ, ਗ਼ਫ਼ਲਤ ਵਿਚ ਅੱਖ ਨਾ ਕੋਇ ਖੁਲ੍ਹਾਈਆ । ਕੀ ਤੇਰਾ ਖੇਲ ਏਥੋਂ ਤੱਕ ਦਰੁਸਤ, ਕਿ ਦਰੁਸਤੀ ਵਿਚ ਦਰੁਸਤੀ ਹੋਰ ਬਣਾਈਆ । ਪੁਰਖ ਅਕਾਲ ਕਹੇ ਮੇਰਾ ਬਾਲਾ ਬੱਚਾ ਚੁਸਤ, ਚਲਾਕੀ ਇਤਫ਼ਾਕੀ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ੍ਹਣਹਾਰਾ ਸਚ ਦਰ, ਦਰਗਾਹ ਸਾਚੀ ਦਏ ਖੁਲ੍ਹਾਈਆ । ਪੀਰ ਪੈਗ਼ੰਬਰ ਕਹਿਣ ਦੱਸ ਕੀ ਅੱਗੇ ਹੋਣਾ, ਸ਼ਾਸਤਰ ਸਿਮਰਤ ਬੈਠੇ ਪੰਧ ਮੁਕਾਈਆ । ਚਾਰ ਕੁੰਟ ਪਿਆ ਰੋਣਾ, ਹੌਕਿਆਂ ਵਿਚ ਲੋਕਾਈਆ । ਪਰਵਰਦਿਗਾਰ ਤੈਨੂੰ ਕਿਧਰੋਂ ਸੁਝੇ ਸੌਣਾ, ਖ਼ੁਸ਼ੀਆਂ ਸਿੰਘਾਸਣ ਆਸਣ ਡੇਰਾ ਲਾਈਆ । ਲੱਖ ਚੁਰਾਸੀ ਜੀਵ ਜੰਤਾਂ ਦੁਰਮਤ ਮੈਲ ਦਾਗ਼ ਕਿਨ੍ਹ ਧੋਣਾ, ਪਤਤ ਪੁਨੀਤ ਪਵਿਤ ਕਰਾਈਆ । ਪਵਣ ਰੂਪ ਤੇਰਾ ਸੁਤ ਧਾਰੇ ਸੋਹਣਾ, ਸੋਹਣਾ ਰੰਗ ਰੰਗਾਈਆ । ਪੁਰਖ ਅਕਾਲ ਕਹੇ ਉਹ ਮੇਰੇ ਵਰਗਾ ਹੋਣਾ, ਨਾ ਕੋਈ ਪਿਤਾ ਨਾ ਕੋਇ ਮਾਈਆ । ਜਿਸ ਨੇ ਸਤਿਜੁਗ ਸਾਚਾ ਬੀਜ ਬੋਣਾ, ਗੁਰਮੁਖ ਬੂਟੇ ਘਰ ਘਰ ਲਏ ਉਪਜਾਈਆ । ਧੁਰ ਦਾ ਢੋਲਾ ਇਕੋ ਗਾਉਣਾ, ਜੀਵ ਜੰਤ ਕਰੇ ਪੜ੍ਹਾਈਆ । ਆਤਮ ਸੇਜਾ ਸਭ ਦੀ ਸੌਣਾ, ਸੋਹਣਾ ਆਸਣ ਹੰਢਾਈਆ । ਭੇਵ ਅਭੇਦਾ ਆਪ ਖੁਲ੍ਹਾਉਂਣਾ, ਅਗਲਾ ਲੇਖਾ ਦਏ ਜਣਾਈਆ । ਪਿਛਲੀ ਇੱਕੀ ਇਕੀਆਂ ਵਿਚ ਰਲਾਉਂਣਾ, ਅਗਲੀ ਸਿੱਖੀ ਸਿਖਿਆ ਵਿਚ ਪਰਗਟਾਈਆ । ਅੰਤਮ ਸਦੀ ਆਪਣੀ ਪਰਗਟ ਕਰੇ ਉਹ ਚਿੱਠੀ, ਜਿਹੜੀ ਪੁਰਖ ਅਕਾਲ ਹੱਥ ਫੜਾਈਆ । ਉਹ ਅੱਖਰਾਂ ਨਾਲੋਂ ਬਾਰੀਕ, ਧਾਰ ਨਾਲੋਂ ਨਿੱਕੀ, ਨਿਕਿਆਂ ਵਿਚੋਂ ਨਿੱਕੀ ਨਜ਼ਰੀ ਆਈਆ । ਜਿਸ ਦੇ ਉਤੇ ਪ੍ਰਭ ਸੰਮਤ ਦੀ ਲਿਖੀ ਲਿਪੀ, ਸਤਰਾਂ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਮਤੀ, ਮਤਲਬ ਆਪਣਾ ਹਲ ਕਰਾਈਆ । ਪ੍ਰਭ ਸੰਮਤ ਸੋਹਣਾ ਸੰਨ, ਬਿਕ੍ਰਮੀ ਈਸਵੀ ਹਿਜਰੀ ਸਾਰੇ ਦੇਣੇ ਮਿਟਾਈਆ । ਜਿਸ ਵਿਚ ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਇਕੇ ਨੂੰ ਕਹਿਣ ਧੰਨ, ਧੰਨ ਧੰਨ ਤੇਰੀ ਵਡਿਆਈਆ । ਆਤਮ ਪਰਮਾਤਮ ਜ਼ਾਹਰ ਬਾਤਨ ਦੋਵੇਂ ਲੈਣ ਮੰਨ, ਜ਼ਾਹਰ ਕਰਨ ਰੁਸ਼ਨਾਈਆ । ਸਚ ਸੰਦੇਸ਼ਾ ਸੁਣਨ ਆਪਣੇ ਕੰਨ, ਧੁਰ ਦਾ ਨਾਦ ਕਰੇ ਸ਼ਨਵਾਈਆ । ਸਤਿ ਧਰਮ ਦਾ ਉਪਜੇ ਚੰਨ, ਅੰਧ ਅੰਧੇਰ ਗਵਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਬੇੜਾ ਦੇਵੇ ਬੰਨ੍ਹ, ਪਤਣ ਬਹਿ ਕੇ ਵੇਖ ਵਖਾਈਆ । ਹਰਿ ਕਾ ਸੰਮਤ ਦੋ ਜਹਾਨ ਲੈਣ ਮੰਨ, ਦਰ ਠਾਂਡੇ ਬੈਠਣ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਲਏ ਪਰਗਟਾਈਆ । ਹਰਿ ਕਾ ਸੰਮਤ ਹਰਿ ਹੀ ਜਾਣੇ, ਜਾਣਨਹਾਰ ਅਖਵਾਈਆ । ਅੱਖਰਾਂ ਵਿਚ ਨਾ ਕੋਇ ਪਰਵਾਨੇ, ਸ੍ਰਿਸ਼ਟੀ ਵਿਚ ਨਾ ਕੋਇ ਸਮਝਾਈਆ । ਸਤਿਜੁਗ ਸਾਚੀ ਖੇਲ ਮਹਾਨੇ, ਹਰਿ ਕਰਤਾ ਕਾਰ ਕਮਾਈਆ । ਜਿਸ ਵੇਲੇ ਸਾਚਿਆਂ ਭਗਤਾਂ ਗੁਰਮੁਖਾਂ ਗੁਰਸਿਖਾਂ ਧਰਮ ਸਿੱਖੀ ਦੇ ਆਪਣੇ ਹੱਥੀਂ ਬੰਨ੍ਹੇ ਗਾਨੇ, ਮੌਲੀ ਤੰਦ ਨਜ਼ਰ ਕੋਇ ਨਾ ਆਈਆ ।

ਸਤਿ ਧਰਮ ਦਾ ਝੁੱਲੇ ਨਿਸ਼ਾਨੇ, ਨਵ ਸੱਤ ਸੋਭਾ ਪਾਈਆ । ਓਸ ਸੰਮਤ ਨੂੰ ਸਾਰੇ ਕਰਨ ਪਰਨਾਮੇ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦਾ ਲੇਖ ਲਿਖੇ ਸਭ ਤੋਂ ਪਹਿਲੇ ਵਿਸ਼ਨੂੰ ਭਗਵਾਨੇ, ਵਿਸ਼ਵ ਸ਼ਾਂਤ ਕਰਾਈਆ । ਕਿਸੇ ਮਾਣ ਨਾ ਦੇਵੇ ਕਾਹੀ ਕਾਨੇ, ਅਪਣੀਆਂ ਉਂਗਲਾਂ ਨਾਲ ਬਣਤ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੱਥ ਫੜਾ ਕੇ ਓਹ ਪਰਵਾਨੇ, ਜਿਨ੍ਹਾਂ ਪਰਵਾਨਿਆਂ ਦਾ ਮਾਲਕ ਆਪ ਅਖਵਾਈਆ । ਪ੍ਰਭ ਦਾ ਸੰਮਤ ਜਿਸ ਵੇਲੇ ਆਇਆ, ਲੋਕਮਾਤ ਵੱਜੇ ਵਧਾਈਆ । ਮੁਖ ਛੁਪਾਏ ਤ੍ਰੈਗੁਣ ਮਾਇਆ, ਪੰਜ ਤਤ ਨਾ ਕਰੇ ਲੜਾਈਆ । ਵਰਨਾਂ ਬਰਨਾਂ ਡੇਰਾ ਢਾਇਆ, ਜ਼ਾਤ ਪਾਤ ਨਾ ਕੋਇ ਰਖਾਈਆ । ਸਾਰੇ ਕਹਿਣ ਪੁਰਖ ਅਕਾਲ ਪਿਤਾ ਮਾਇਆ, ਲੱਖ ਚੁਰਾਸੀ ਓਸੇ ਦਾ ਨੂਰ ਨਜ਼ਰੀ ਆਈਆ । ਜਿਸ ਨੇ ਗੋਬਿੰਦ ਸੁਤ ਦੁਲਾਰਾ ਸ਼ਬਦ ਜਾਇਆ, ਆਪਣੀ ਗੋਦ ਉਠਾਈਆ । ਜੋ ਆਦਿ ਜੁਗਾਦਿ ਬਣ ਕੇ ਦਾਈ ਦਾਇਆ, ਸੋ ਆਪਣਾ ਖੇਲ ਖਿਲਾਈਆ । ਜਿਸ ਸਤਿ ਧਰਮ ਦਾ ਸੰਮਤ ਚਲਾਇਆ, ਓਸੇ ਦੀ ਵੱਜੀ ਵਧਾਈਆ । ਓਹ ਠਾਕਰ ਓਹ ਪੀਰ ਓਹ ਸਤਿਗੁਰ ਅਖਵਾਇਆ, ਖ਼ਾਲਕ ਬੇਪਰਵਾਹੀਆ । ਬੇਨਜ਼ੀਰ ਨਜ਼ਰ ਕਿਸੇ ਨਾ ਆਇਆ, ਤਸਵੀਰਾਂ ਵਿਚੋਂ ਤਸਵੀਰ ਨਾ ਕੋਇ ਘੜਾਈਆ । ਜਾਗੀਰਾਂ ਵਿਚੋਂ ਜਾਗੀਰ ਆਪਣੇ ਨਾਮ ਨਾ ਕੋਇ ਬਣਾਇਆ, ਸਭ ਦੇ ਹਿਰਦਿਆਂ ਵਿਚ ਬਹਿ ਬਹਿ ਖ਼ੁਸ਼ੀ ਵਖਾਈਆ । ਜਿਸ ਦਾ ਅਦਲ ਅਦਾਲਤ ਵਿਚੋਂ ਸਭ ਨੂੰ ਭਾਇਆ, ਭਰਮ ਭੁਲੇਖਾ ਸਭ ਦਾ ਦੂਰ ਕਰਾਈਆ । ਜਿਸ ਤਰਾ ਪਰਮ ਪੁਰਖ ਬਿਨਾ ਤੱਤਾਂ ਆਪਣਾ ਚੋਲਾ ਬਦਲ ਕੇ ਆਇਆ, ਏਸੇ ਤਰਾ ਆਪਣਾ ਸੰਮਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਮਾਰਗ ਲਾਈਆ । ਸੰਮਤ ਕਹੇ ਕੀ ਮੇਰਾ ਸਮਾਂ, ਪ੍ਰਭ ਸਚ ਨੇੜੇ ਆਈਆ । ਮੈਂ ਵੇਖੀ ਰੋਂਦੀ ਹਵਾ ਅੰਮਾ, ਨੇਤਰ ਨੈਣਾਂ ਨੀਰ ਵਹਾਈਆ । ਆਦਮ ਨੂੰ ਕੀ ਕੁਝ ਕਹਿਵਾਂ, ਕਹਿ ਕੀ ਸੁਣਾਈਆ । ਕਿਸ ਦੇ ਦਵਾਰੇ ਢਵਾਂ, ਕਿਸ ਦੇ ਲਾਗਾਂ ਪਾਈਆ । ਕਿਸ ਦੀਆਂ ਪਕੜਾਂ ਬਾਹਵਾਂ, ਕਿਸ ਦੇ ਕੰਧੇ ਆਪਣਾ ਭਾਰ ਸੁਟਾਈਆ । ਕਿਸ ਦੀ ਚਰਨ ਧੂੜ ਨਹਾਵਾਂ, ਕਿਸ ਦਾ ਅੰਮ੍ਰਿਤ ਰਸ ਪੀ ਪੀ ਖ਼ੁਸ਼ੀ ਮਨਾਈਆ । ਕਿਸ ਦੇ ਵਿਹੜੇ ਚਲ ਕੇ ਆਵਾਂ, ਆਪਣਾ ਪੰਧ ਮੁਕਾਈਆ । ਓਸ ਵੇਲੇ ਵਕਤ ਦਾ ਰਾਹ ਤਕਾਵਾਂ, ਜਿਸ ਵੇਲੇ ਪ੍ਰਭ ਆਪਣਾ ਸੰਮਤ ਦਏ ਲਗਾਈਆ । ਮੈਂ ਜਾ ਕੇ ਸਮਝਾਵਾਂ ਸਰਬ ਮਾਵਾਂ, ਨਾਰੀ ਹੋ ਕੇ ਨਾਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

✪ ੨੫ ਭਾਦਰੋਂ ੨੦੨੧ ਬਿਕ੍ਰਮੀ ਪਰਤਾਪ ਸਿੰਘ ਦੇ ਗ੍ਰਹਿ ਪਿੰਡ ਸੁਗਾ ✪

ਪੁਰਖ ਅਕਾਲ ਅਕਲ ਕਲਾ ਭਰਪੂਰ, ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਰਿਹਾ ਜਣਾਈਆ । ਸ਼ਬਦ ਦੁਲਾਰਾ ਸਦਾ ਹਾਜ਼ਰ ਹਜ਼ੂਰ, ਸਚਖੰਡ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਈਆ । ਜਿਸ ਦਾ ਰੂਪ ਅਨੂਪ ਅਗੰਮੀ ਨੂਰ, ਰੇਖ ਭੇਖ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਨੇੜੇ ਦੂਰ, ਦੋ ਜਹਾਨਾਂ ਵੇਖ ਵਖਾਈਆ । ਨਿਤ ਨਵਿਤ ਜਗਤ ਵਾਸਨਾ ਮੇਟੇ ਕਿਰਿਆ ਕੂੜ, ਹਉਮੇ ਹੰਗਤਾ ਮਮਤਾ ਦਏ ਮਿਟਾਈਆ । ਦਾਤਾ ਜੋਧਾ ਬਣ ਕੇ ਧੁਰ ਦਾ ਸੂਰ, ਖੜਗ ਖੰਡਾ ਇਕ ਚਮਕਾਈਆ । ਜਲਵਾ ਦੇ ਉਪਰ ਕੋਹਤੂਰ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ



੫੨੧
੧੨

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਮੇਰਾ ਸੁਤ ਦੁਲਾਰਾ, ਸ਼ਬਦੀ ਇਕੋ ਨਜ਼ਰੀ ਆਈਆ । ਜੁਗ ਚੌਕੜੀ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਪੰਜ ਤਤ ਕਰੇ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਿਲ ਮਿਲ ਖ਼ੁਸ਼ੀ ਮਨਾਈਆ । ਮੇਰਾ ਨਾਉਂ ਜਣਾਏ ਸਤਿ ਨਿਰੰਕਾਰਾ, ਨਿਰਵੈਰ ਨਿਰਾਕਾਰ ਦਏ ਸਮਝਾਈਆ । ਬੋਧ ਅਗਾਧ ਬੋਲ ਜੈਕਾਰਾ, ਖਾਣੀ ਬਾਣੀ ਦਏ ਪੜ੍ਹਾਈਆ । ਨਿਰਅੱਖਰ ਵਿਚੋਂ ਅੱਖਰਾਂ ਕਰ ਵਣਜਾਰਾ, ਲੋਕਮਾਤ ਘਾੜਤ ਲਏ ਘੜਾਈਆ । ਸਚ ਸੰਦੇਸ਼ਾ ਦੇ ਅਗੰਮ ਅਪਾਰਾ, ਅਲਖ ਅਗੋਚਰ ਬੂਝ ਬੁਝਾਈਆ । ਕਰੇ ਖੇਲ ਅਪਰ ਅਪਾਰਾ, ਪੜਦਾ ਓਹਲਾ ਦਏ ਮਿਟਾਈਆ । ਵੇਖੇ ਵਿਗਸੇ ਸਰਬ ਸੰਸਾਰਾ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੋਜਾਈਆ । ਚਾਰੇ ਬਾਣੀ ਦਏ ਅਧਾਰਾ, ਪਰਾ ਪਸੰਤੀ ਮਧਮ ਬੈਖਰੀ ਆਪ ਸਮਝਾਈਆ । ਕਾਗਜ਼ ਕਲਮ ਸ਼ਾਹੀ ਬਣ ਲਿਖਾਰਾ, ਕਾਤਬ ਹੋ ਕੇ ਸੇਵ ਕਮਾਈਆ । ਭਗਤ ਵਛਲ ਜਨ ਭਗਤਾਂ ਕਰ ਪਿਆਰਾ, ਸੰਤ ਸੁਹੇਲੇ ਲਏ ਉਠਾਈਆ । ਗੁਰਮੁਖਾਂ ਖੋਲ੍ਹ ਬੰਦ ਕਿਵਾੜਾ, ਪੜਦਾ ਦੂਈ ਦਏ ਚੁਕਾਈਆ । ਗੁਰਸਿਖਾਂ ਦਏ ਇਕ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਘਰ ਵਿਚ ਘਰ ਕਰੇ ਖੇਲ ਨਿਆਰਾ, ਕਾਇਆ ਬੰਕ ਵੇਖੇ ਚਾਈਂ ਚਾਈਂਆ । ਨਾਦ ਧੁਨ ਸਤਿ ਜੈਕਾਰਾ, ਆਤਮਕ ਰਾਗ ਅਲਾਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਦੀਆ ਬਾਤੀ ਕਰ ਉਜਿਆਰਾ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਸੁਰਤੀ ਸੁਰਤ ਮਿਲਾਵਣਹਾਰਾ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਮੇਟਣਹਾਰਾ ਕੂੜ ਕੁੜਿਆਰਾ, ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਸਚ ਦਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਪੁਰਖ ਅਕਾਲ ਕਹੇ ਸਮਰਥ, ਪੀਰ ਪੈਗ਼ੰਬਰਾਂ ਆਪ ਜਣਾਈਆ । ਜੁਗ ਚੌਕੜੀ ਮਹਿੰਮਾ ਸਿਫ਼ਤ ਅਕਥ, ਚਾਰ ਜੁਗ ਰਹੇ ਜਸ ਗਾਈਆ । ਨਿਰਗੁਣ ਸਰਗੁਣ ਨਿਤ ਨਵਿਤ ਹੋ ਪਰਗਟ, ਲੋਕਮਾਤ ਵੇਖ ਵਖਾਈਆ । ਜੁਗ ਚੌਕੜੀ ਖੋਲ੍ਹਣਹਾਰਾ ਹੱਟ, ਬਣ ਵਣਜਾਰਾ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਦੱਸ, ਰਹਿਬਰ ਹੋ ਕੇ ਦਏ ਸਮਝਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਸਚ ਕਰੇ ਰੁਸ਼ਨਾਈਆ । ਹਰ ਘਟ ਹਿਰਦੇ ਅੰਦਰ ਵਸ, ਵਸਲ ਹਕੀਕੀ ਦਏ ਵਖਾਈਆ । ਅਸਲ ਰੂਪ ਹੋ ਪਰਗਟ, ਸਵੱਛ ਸਰੂਪੀ ਵੇਸ ਵਟਾਈਆ । ਕੂੜੀ ਕਿਰਿਆ ਜਗਤ ਤ੍ਰੈਗੁਣ ਮੇਟੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਸੰਤ ਸੁਹੇਲੇ ਸੱਜਣ ਰੱਖ, ਸਿਰ ਆਪਣਾ ਹੱਥ ਟਿਕਾਈਆ । ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਕਾਇਆ ਹੁਜਰਾ ਇਕ ਸੁਹਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਸਚ ਸੁਣਾਏ ਧੁਰ ਦਾ ਨਾਦ, ਅਨਾਦੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਮਾਣ ਵਧਾਈਆ । ਸਤਿਗੁਰ ਸ਼ਬਦ ਸਦਾ ਜੁਗ ਚਾਰ, ਦੋ ਜਹਾਨਾਂ ਖੇਲ ਖਿਲਾਈਆ । ਜਿਸ ਦੇ ਹੁਕਮੇ ਅੰਦਰ ਗੁਰੂ ਅਵਤਾਰ, ਪੀਰ ਪੈਗ਼ੰਬਰ ਗਏ ਫੇਰੀਆਂ ਪਾਈਆ । ਅੱਖਰਾਂ ਵਿਚ ਕਰ ਇਜ਼ਹਾਰ, ਸਿਫ਼ਤ ਸਲਾਹਵਾਂ ਨਾਲ ਢੋਲਾ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਕੂਕ ਕੂਕ ਸੁਣਾਈਆ । ਅੰਜੀਲ ਕੁਰਾਨ ਵਾਜਾਂ ਰਹੇ ਮਾਰ, ਹੂ ਹੂ ਤੂੰ ਤੂੰ ਕਹਿ ਕੇ ਰਾਗ ਅਲਾਈਆ ।

੫੨੨

ਧੁਰ ਦੀ ਬਾਣੀ ਧੁਰ ਦਾ ਦਏ ਅਧਾਰ, ਸਚ ਸੰਦੇਸ਼ਾ ਨਾਮ ਜਣਾਈਆ । ਸ਼ਬਦ ਗੁਰ ਆਦਿ ਜੁਗਾਦਿ ਲੱਖ ਚੁਰਾਸੀ ਸਾਂਝਾ ਯਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼, ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਸਿਆ ਬਾਹਰ, ਹਰ ਘਟ ਬੈਠਾ ਸੋਭਾ ਪਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਲਏ ਉਠਾਲ, ਲੱਖ ਚੁਰਾਸੀ ਵਿਚੋਂ ਖੋਜ ਖੋਜਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਪੜਦਾ ਲਾਹੀਆ । ਜੋਤ ਨਿਰੰਜਣ ਦੀਪਕ ਦੇਵੇ ਬਾਲ, ਨੂਰੋ ਨੂਰ ਕਰੇ ਰੁਸ਼ਨਾਈਆ । ਸਾਚਾ ਮਾਰਗ ਦਏ ਸਿਖਾਲ, ਸਿਖਿਆ ਇਕੋ ਨਾਮ ਪੜ੍ਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਵਖਾਈਆ । ਜੁਗ ਜਨਮ ਦੇ ਵਿਛੜੇ ਕਰ ਕਿਰਪਾ ਮੇਲੇ ਆਣ, ਮਿਹਰ ਨਜ਼ਰ ਮਹਿਬੂਬ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਦੱਸ ਭੇਵ, ਅਭੇਦ ਦੇ ਖੁਲ੍ਹਾਈਆ । ਕਿਸ ਬਿਧ ਨਿਰਗੁਣ ਹੋ ਕੇ ਕਰੇ ਸੇਵ, ਸਰਗੁਣ ਵੇਖ ਵਖਾਈਆ । ਆਪਣਾ ਨਾਮ ਜਪਾਏ ਬਿਨ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਈਆ । ਧਾਮ ਪਰਗਟਾਏ ਨਿਹਚਲ ਨਿਹਕੇਵ, ਕੇਵਲ ਆਪਣਾ ਪੜਦਾ ਲਾਹੀਆ । ਨਾਮ ਪਦਾਰਥ ਦੇਵੇ ਮੇਵ, ਅਨਰਸ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਚ ਦਰ, ਗ੍ਰਿਹ ਮੰਦਰ ਪੜਦਾ ਲਾਹੀਆ । ਪੁਰਖ ਅਕਾਲ ਸਰਬ ਗੁਣ ਠਾਕਰ, ਹਰਿ ਕਰਤਾ ਸਚ ਜਣਾਇੰਦਾ । ਸ਼ਬਦ ਗੁਰੂ ਗੰਭੀਰ ਗਹਿਰ ਗੁਣ ਸਾਗਰ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਜਿਸ ਦਾ ਮਾਲਕ ਕਰਤਾ ਕਰੀਮ ਕਾਦਰ, ਕੁਦਰਤ ਆਪਣੀ ਵੇਖ ਵਖਾਇੰਦਾ । ਏਥੇ ਓਥੇ ਦੋ ਜਹਾਨਾਂ ਬਣ ਕੇ ਆਦਲ, ਅਦਲ ਇਕੋ ਇਕ ਪਰਗਟਾਇੰਦਾ । ਜੁਗ ਚੌਕੜੀ ਕਰਨਹਾਰ ਤਬਾਦਲ, ਅਦਲੀ ਬਦਲੀ ਵਿਚ ਖ਼ੁਸ਼ੀ ਮਨਾਇੰਦਾ । ਜੁਗ ਚੌਕੜੀ ਮੇਟੇ ਅੰਧੇਰੇ ਬਾਦਲ, ਧੂੰਆਂਧਾਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਦੱਸਿਆ ਅੰਤ, ਕਲਜੁਗ ਵੇਲਾ ਸਚ ਦ੍ਰਿੜਾਈਆ । ਸਦੀ ਵੀਹਵੀਂ ਪਰਗਟ ਹੋਏ ਸ੍ਰੀ ਭਗਵੰਤ, ਨਿਰਗੁਨ ਦਾਤਾ ਬੇਪਰਵਾਹੀਆ । ਜਿਸ ਦਾ ਇਕੋ ਨਾਮ ਅਨੋਖਾ ਮੰਤ, ਮੰਤਰਾਂ ਕਰਨਹਾਰ ਪੜ੍ਹਾਈਆ । ਜੋ ਆਦਿ ਜੁਗਾਦੀ ਲੱਖ ਚੁਰਾਸੀ ਸਾਚਾ ਕੰਤ, ਮਹੱਲ ਅਟਲ ਬਹਿ ਬਹਿ ਖ਼ੁਸ਼ੀ ਮਨਾਈਆ । ਜਿਸ ਦਾ ਲੇਖਾ ਨਿਰਗੁਣ ਸਰਗੁਣ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜਿਸ ਦਾ ਭੇਵ ਪਾਏ ਨਾ ਕੋਈ ਪਾਂਧਾ ਪੰਡਤ, ਪੰਜ ਤਤ ਸਾਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਕਹਿ ਕੇ ਗਏ ਬੇਅੰਤ, ਕਾਇਆ ਹੁਜਰੇ ਅੰਦਰ ਵੜ ਵੜ ਸੀਸ ਨਿਵਾਈਆ । ਤੇਰੀ ਮਹਿੰਮਾ ਸਿਫ਼ਤ ਅਗਣਤ, ਕਾਗ਼ਜ਼ ਲਿਖੇ ਨਾ ਕੋਇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਅਗਲਾ ਲੇਖਾ ਦੇ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਸਦੀ ਚੌਧਵੀਂ ਸਭ ਦਾ ਪੈਂਡਾ ਰਿਹਾ ਮੁਕ, ਬਗ਼ਲ ਕੁਰਾਨ ਨਾ ਕੋਇ ਉਠਾਈਆ । ਮੁੱਲਾ ਸ਼ੇਖ਼ ਮੁਸਾਇਕ ਮੋੜਨ ਵਾਲੇ ਮੁਖ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਪਰਗਟ ਹੋ ਕੇ ਬੈਠੀ ਉਠ, ਜੂਠ ਝੂਠ ਲਏ ਮਾਤ ਅੰਗੜਾਈਆ । ਕਿਸੇ ਘਰ ਗ੍ਰਿਹ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਿਸੇ ਨਾ ਸੁਖ, ਧੀਰਜ

ਜਤ ਬੈਠਾ ਮੁਖ ਛੁਪਾਈਆ । ਹਉਮੇ ਹੰਗਤਾ ਕਿਸੇ ਗ੍ਰਿਹ ਨਾ ਗਈ ਮੁੱਕ, ਸਾਚੀ ਸੰਗਤ ਮੇਲ ਨਾ ਕੋਇ ਮਿਲਾਈਆ । ਝਗੜਾ ਪਿਆ ਪਿਉ ਪੁੱਤ, ਮਾਤ ਪਿਤ ਗੋਦ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੱਸ ਸਾਚਾ ਦਰ, ਜਿਸ ਗ੍ਰਿਹ ਤੇਰਾ ਦਰਸ਼ਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਆਪਣਾ ਜਗ, ਨਿਰਗੁਣ ਨਿਰਵੈਰ ਧਿਆਨ ਲਗਾਈਆ । ਤੇਰੀ ਸ੍ਰਿਸ਼ਟੀ ਬਿਨ ਦ੍ਰਿਸ਼ਟੀ ਲੱਗੀ ਅੱਗ, ਚਾਰੋਂ ਕੁੰਟ ਸਕੇ ਨਾ ਕੋਇ ਬੁਝਾਈਆ । ਮਨ ਵਾਸਨਾ ਸਾਧ ਸੰਤ ਰਹੇ ਭੱਜ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਾਚੇ ਹੁਜਰੇ ਹਕੀਕਤ ਵਿਚੋਂ ਕਰੇ ਨਾ ਕੋਇ ਹੱਜ, ਹਾਜਤ ਪੂਰ ਨਾ ਕੋਇ ਕਰਾਈਆ । ਆਬੇ ਹਯਾਤ ਪੀ ਕੇ ਗਿਆ ਕੋਇ ਨਾ ਰੱਜ, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਈਆ । ਸਿਰ ਓਢਣ ਨਾਮ ਦੇ ਕੇ ਪੜਦਾ ਸਕੇ ਨਾ ਕੋਇ ਕੱਜ, ਖੁੱਲ੍ਹੀ ਮੇਂਢੀ ਲੱਖ ਚੁਰਾਸੀ ਨਜ਼ਰੀ ਆਈਆ । ਤੇਰਾ ਨਾਮ ਪਿਆਰ ਗਏ ਤਜ, ਵਿਕਾਰਾਂ ਵਿਚ ਭਰੀ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਲ ਲਿਖਾਈਆ । ਜੀਵ ਜੰਤ ਕਲਜੁਗ ਅੰਤ ਸਾਰੇ ਹੋ ਗਏ ਉਸ ਤੋਂ ਵੱਖ, ਮਨ ਮਤ ਘਰ ਘਰ ਬੈਠੀ ਡੇਰਾ ਲਾਈਆ । ਦਰ ਠਾਂਡੇ ਤੇਰੇ ਸਦੀ ਚੌਧਵੀਂ ਰਹੇ ਦੱਸ, ਨੇਤਰ ਵੇਖਿਆ ਹਾਲ ਸੁਣਾਈਆ । ਬੌਹੜੀ ਦਰੋਹੀ ਖ਼ੁਦਾਏ ਦੀ ਯਾ ਮਬੀਨ ਸਾਡੀ ਹੋਈ ਬਸ, ਮਹਿਬਾਨ ਬੀਦੋ ਤੇਰੀ ਇਕ ਸਰਨਾਈਆ । ਚੌਦਾਂ ਤਬਕ ਸਾਚੀ ਖੁੱਲ੍ਹੀ ਨਾ ਕਿਸੇ ਅੱਖ, ਪਰਵਰਦਿਗਾਰ ਮੇਲ ਨਾ ਕੋਇ ਮਿਲਾਈਆ । ਸ਼ਰਅ ਮਜ਼੍ਹਬ ਦਾ ਖੁਲ੍ਹਿਆ ਹੱਟ, ਦੀਨ ਦੀਨ ਵਿਚ ਕਰੇ ਲੜਾਈਆ । ਸ਼ਰੀਅਤ ਚਾਰੋਂ ਕੁੰਟ ਰਹੀ ਨੱਠ, ਭੱਜੇ ਵਾਹੋ ਦਾਹੀਆ । ਦੂਈ ਦਵੈਤੀ ਕਰ ਇਕੱਠ, ਹਉਮੇ ਹੰਗਤਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਕੇ ਵੇਖ ਆਪਣਾ ਘਰ, ਜਿਸ ਗ੍ਰਿਹ ਲੱਖ ਚੁਰਾਸੀ ਦਿਤੀ ਟਿਕਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਝਗੜਾ, ਝਗੜੇ ਵਿਚ ਲੋਕਾਈਆ । ਕੋਈ ਨਾ ਜਾਣੇ ਤੇਰਾ ਮਾਰਗ ਅਗਲਾ, ਪਿਛਲਾ ਭੁੱਲ ਕੇ ਬੈਠੇ ਗਵਾਈਆ । ਤੂੰ ਮਾਲਕ ਸ੍ਰਿਸ਼ਟ ਸਬਾਈ ਸਗਲਾ, ਦੋ ਜਹਾਨਾਂ ਸੰਗ ਨਿਭਾਈਆ । ਬਿਨ ਤੇਰੀ ਕਿਰਪਾ ਮਨ ਵਾਸਨਾ ਜਗ ਹੋਇਆ ਕਮਲਾ, ਕਮਲਾਪਤੀ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਵਾਹ ਵਾਹ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਪਿਆ ਹੱਸ, ਸਮਰਥ ਸਵਾਮੀ ਖ਼ੁਸ਼ੀਆਂ ਨਾਲ ਜਣਾਇੰਦਾ । ਇਹ ਖੇਲ ਪੁਰਖ ਸਮਰਥ, ਜਿਹੜਾ ਸਮਝ ਕਿਸੇ ਨਾ ਆਇੰਦਾ । ਪੀਰ ਪੈਗ਼ੰਬਰੋ ਜੋ ਲੋਕਮਾਤ ਆਏ ਦੱਸ, ਸੋ ਸਾਹਿਬ ਸੁਲਤਾਨ ਅੰਤਮ ਪੂਰ ਕਰਾਇੰਦਾ । ਕੂੜੀ ਕਿਰਿਆ ਕਰੇ ਭੱਠ, ਜੋਤੀ ਲੰਬੂ ਇਕੋ ਲਾਇੰਦਾ । ਦੋ ਜਹਾਨ ਸ੍ਰੀ ਭਗਵਾਨ ਪੰਧ ਮੁਕਾਵੇ ਨੱਠ ਨੱਠ, ਏਥੇ ਓਥੇ ਖੇਲ ਖਿਲਾਇੰਦਾ । ਦੁਰਮਤ ਮੈਲ ਅੰਤਰ ਵੜ ਕੇ ਦੇਵੇ ਕੱਟ, ਪਤਤ ਪੁਨੀਤ ਆਪ ਅਖਵਾਇੰਦਾ । ਦੂਈ ਦਵੈਤੀ ਮੇਟੇ ਫਟ, ਮਿਹਰ ਨਜ਼ਰ ਇਕ ਉਠਾਇੰਦਾ । ਸ਼ਬਦ ਗੁਰੂ ਗੁਰਦੇਵ ਸਵਾਮੀ ਕਰ ਪਰਗਟ, ਸਾਚੀ ਸੇਵਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਸ੍ਰੀ ਭਗਵਾਨ ਸਤਿ ਦ੍ਰਿੜਾਉਂਦਾ ਏ । ਸਚਖੰਡ ਦਵਾਰੇ ਖ਼ੁਸ਼ੀ ਮਨਾਉਂਦਾ ਏ । ਨਿਰਗੁਣ ਧਾਰ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਣਾਉਂਦਾ ਏ । ਕਿਰਪਾ ਕਰ ਸਚ ਨਿਰੰਕਾਰ, ਖੇਲ ਅਗੰਮੜਾ ਆਪ ਖਿਲਾਉਂਦਾ

ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਕਰ ਕੇ ਆਏ ਉਧਾਰ, ਅੰਤਮ ਲਹਿਣਾ ਸਭ ਦੀ ਝੋਲੀ ਪਾਉਂਦਾ ਏ । ਬਿਨ ਲੋਚਣ ਨੈਣਾਂ ਅੱਖਾਂ ਦਏ ਵਖਾਲ, ਜੋਤੀ ਜਾਤਾ ਜੋਤ ਜੋਤ ਰੁਸ਼ਨਾਉਂਦਾ ਏ । ਪਰਮ ਪੁਰਖ ਪ੍ਰਭ ਦੀਨ ਦਿਆਲ, ਦਇਆਨਿਧ ਆਪਣੀ ਕਾਰ ਕਮਾਉਂਦਾ ਏ । ਸ਼ਬਦ ਦੁਲਾਰਾ ਹਰਿ ਨਿਰੰਕਾਰਾ ਲੋਕਮਾਤ ਬਣਾਏ ਦਲਾਲ, ਸਚ ਦਲਾਲੀ ਇਕ ਵਖਾਉਂਦਾ ਏ । ਕੂੜੀ ਕਿਰਿਆ ਕੋਲੋਂ ਕਰੇ ਬਹਾਲ, ਗੁਰਮੁਖ ਗੁਰਸਿਖ ਹਰਿ ਸੱਜਣ ਆਪ ਉਠਾਉਂਦਾ ਏ । ਗੋਬਿੰਦ ਮੇਲਾ ਮੇਲੇ ਸਾਚੇ ਲਾਲ, ਲਾਲ ਅਨਮੁਲੜਾ ਇਕੋ ਨਜ਼ਰੀ ਆਉਂਦਾ ਏ । ਜਿਸ ਨੂੰ ਆਦਿ ਜੁਗਾਦਿ ਸਦ ਕਰਨ ਨਿਮਸਕਾਰ, ਨਮੋ ਨਮੋ ਚਰਨ ਸੀਸ ਟਿਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਸੋਹਣੀ ਆਪਣੀ ਬਣਤ ਬਣਾਉਂਦਾ ਏ । ਸੋਹਣੀ ਹਰਿ ਜੂ ਬਣਤ ਬਣਾਉਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਸਮਝਾਉਂਦਾ ਏ । ਕਲਜੁਗ ਵੇਲਾ ਵਕਤ ਵੇਖ ਵਖਾਉਂਦਾ ਏ । ਵਾਰ ਥਿਤ ਆਪਣੇ ਹੱਥ ਦ੍ਰਿੜਾਉਂਦਾ ਏ । ਕਰੇ ਖੇਲ ਪੁਰਖ ਸਮਰਥ, ਜਿਸ ਦਾ ਭੇਵ ਕੋਇ ਨਾ ਪਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਜੋ ਚਲਾਉਂਦਾ ਆਇਆ ਰਥ, ਕਲਜੁਗ ਅੰਤਮ ਆਪਣੀ ਕਾਰ ਕਮਾਉਂਦਾ ਏ । ਨਿਰਗੁਣ ਧਾਰ ਹੋ ਪਰਗਟ, ਜੋਤੀ ਜਾਤਾ ਡਗਮਗਾਉਂਦਾ ਏ । ਚਾਰੋਂ ਕੁੰਟ ਵੇਖੇ ਆਪਣੀ ਅੱਖ, ਦਹਿ ਦਿਸ਼ਾ ਫੋਲ ਫੁਲਾਉਂਦਾ ਏ । ਗੁਰਮੁਖ ਸੱਜਣ ਕਰ ਕੇ ਵੱਖ, ਮਨਮੁਖ ਰਾਏ ਧਰਮ ਹੱਥ ਫੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਜਣਾਉਂਦਾ ਏ । ਧੁਰ ਦਾ ਲੇਖਾ ਸਚ ਜਣਾਵਾਂਗਾ । ਨਿਰਗੁਣ ਹੋ ਕੇ ਖੇਲ ਖਿਲਾਵਾਂਗਾ । ਲੱਖ ਚੁਰਾਸੀ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵਾਂਗਾ । ਕਰੋੜ ਤੇਤੀਸਾ ਚਰਨਾਂ ਹੇਠ ਦਬਾਵਾਂਗਾ । ਤੇਈ ਅਵਤਾਰ ਇਸ਼ਾਰਿਆਂ ਨਾਲ ਨਚਾਵਾਂਗਾ । ਈਸਾ ਮੂਸਾ ਮੁਹੰਮਦ ਕਲਮਾਂ ਇਕੋ ਇਕ ਪੜ੍ਹਾਵਾਂਗਾ । ਭਗਤ ਅਠਾਰਾਂ ਮਾਰ ਕੇ ਰਮਜ਼, ਰਹਿਮਤ ਆਪਣੀ ਸਚ ਕਮਾਵਾਂਗਾ । ਨਾਨਕ ਗੋਬਿੰਦ ਜਿਸ ਨੂੰ ਦੱਸ ਕੇ ਗਿਆ ਸੱਚਾ ਖ਼ਸਮ, ਸੋ ਪੁਰਖ ਅਕਾਲ ਹੋ ਕੇ ਵੇਸ ਵਟਾਵਾਂਗਾ । ਜਿਸ ਦੀ ਮਰਿਆਂ ਕਿਸੇ ਹੱਥ ਨਾ ਆਵੇ ਭਸਮ, ਮਾਤ ਗਰਭ ਡੇਰਾ ਕਦੇ ਨਾ ਲਾਵਾਂਗਾ । ਜਿਸ ਦੀ ਮਾਛੂਵਾੜੇ ਖਾਧੀ ਕਸਮ, ਕਿਸਮਤ ਸਭ ਦੀ ਫੇਰ ਬਦਲਾਵਾਂਗਾ । ਗੁਰਮੁਖਾਂ ਕਰਕੇ ਦਰਸ ਦਵਾਰੇ ਦਸਮ, ਦਸਵੇਂ ਪਾਤਸ਼ਾਹ ਨਾਲ ਜੋੜ ਜੁੜਾਵਾਂਗਾ । ਜਿਸ ਦਾ ਪਹਿਲੋਂ ਪਟਨੇ ਹੋਇਆ ਜਨਮ, ਹੁਣ ਪੁਰਖ ਅਕਾਲ ਦੀ ਗੋਦ ਵਖਾਵਾਂਗਾ । ਜਿਸ ਦਾ ਤਤ ਨਾ ਕੋਇ ਬਦਨ, ਜੋਤੀ ਸ਼ਬਦੀ ਰੰਗ ਰੰਗਾਵਾਂਗਾ । ਸੋ ਆ ਕੇ ਕਰੇ ਸਾਚਾ ਅਦਲ, ਇਨਸਾਫ਼ ਉਸ ਦੇ ਹੱਥ ਫੜਾਵਾਂਗਾ । ਸੋ ਪ੍ਰਭ ਦੀ ਕਿਰਪਾ ਨਾਲ ਕਲਜੁਗ ਕਿਰਿਆ ਦੇਵੇ ਬਦਲ, ਬਦਲਾ ਸਭ ਦਾ ਅੰਤ ਚੁਕਾਵਾਂਗਾ । ਜਨ ਭਗਤਾਂ ਚੜ੍ਹਾ ਕੇ ਆਪਣੀ ਮਜ਼ਲ, ਮੰਜ਼ਲ ਇਕ ਵਖਾਵਾਂਗਾ । ਆਸਾ ਮਨਸਾ ਪੂਰੀ ਕਰਕੇ ਸਧਰ, ਸਾਚੇ ਸੰਤਾਂ ਸੰਗ ਨਿਭਾਵਾਂਗਾ । ਕੂੜੀ ਕਿਰਿਆ ਮੇਟ ਕੇ ਗ਼ਦਰ, ਗ਼ਜ਼ਲ ਇਕੋ ਨਾਮ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਨਾਮ ਰਸ ਪਿਆ ਕੇ ਧੁਨ ਉਪਜਾਵਾਂ ਮਧੁਰ, ਰਾਗ ਧੁਰ ਦਾ ਇਕ ਅਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਇਆ ਮਮਤਾ ਹਉਮੇ ਹੰਗਤਾ ਸ਼ਬਦ ਖੰਡੇ ਕਰਕੇ ਕਤਲ, ਕਲਜੁਗ ਕੂੜੀ ਕਤਲਗਾਹ ਅੰਤਮ ਅੰਤ ਮੇਟ ਮਿਟਾਵਾਂਗਾ ।

੫੨੫
੧੨

✪ ੨੫ ਭਾਦਰੋਂ ੨੦੨੧ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਮਨ੍ਹਿਲਾ ✪

ਜਾਣੀ ਜਾਣ ਹਰ ਘਟ ਜਾਣੇ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰਮੁਖ ਸੱਜਣ ਆਪ ਪਛਾਣੇ, ਚਾਰੇ ਖਾਣੀ ਵੇਖ ਵਖਾਇੰਦਾ । ਸਚ ਪ੍ਰੀਤੀ ਬਖ਼ਸ਼ੇ ਇਕ ਧਿਆਨੇ, ਨਿਜ ਨੇਤਰ ਲੋਚਣ ਅੱਖ ਖੁਲ੍ਹਾਇੰਦਾ । ਆਤਮ ਪਰਮਾਤਮ ਦੇਵੇ ਬ੍ਰਹਮ ਗਿਆਨੇ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਨਿਰਮਲ ਜੋਤ ਕਰੇ ਪਰਕਾਸ਼ ਮਹਾਨੇ, ਪਰਕਾਸ਼ ਪਰਕਾਸ਼ ਵਿਚੋਂ ਵਖਾਇੰਦਾ । ਮੂਰਖ ਮੁਗਧ ਬਣਾਏ ਸੁਘੜ ਸੁਚੱਜੇ ਸੁਜਾਨੇ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਜਾਨਣਹਾਰ ਪ੍ਰਭੂ ਪ੍ਰਭ ਸਵਾਮੀ, ਹਰਿ ਕਰਤਾ ਵਡ ਵਡਿਆਈਆ । ਜੀਵ ਜੰਤ ਸਾਧ ਸੰਤ ਵੇਖਣਹਾਰਾ ਅੰਤਰਜਾਮੀ, ਅਣਜਾਣਤ ਆਪਣਾ ਭੇਵ ਚੁਕਾਈਆ । ਸਾਚਾ ਮੰਦਰ ਸਚ ਵਖਾਏ ਸਤਿ ਨਿਸ਼ਾਨੀ, ਸਤਿ ਸਤਿਵਾਦੀ ਪੜਦਾ ਆਪ ਉਠਾਈਆ । ਜੋ ਹਿਰਦੇ ਗੁਰਮੁਖ ਗੁਰਸਿਖ ਮੰਗੇ ਮੰਗ ਵਸਤ ਅਮੋਲਕ ਨਾਮ ਨਿਧਾਨੀ, ਸਾਚੀ ਦੌਲਤ ਧੁਰ ਦੀ ਧਾਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਾਨਣਹਾਰਾ ਪੁਰਖ ਅਕਾਲਾ, ਘਟ ਘਟ ਵੇਖ ਵਖਾਇੰਦਾ । ਭਾਗ ਲਗਾਏ ਕਾਇਆ ਸਾਢੇ ਤਿੰਨ ਹੱਥ ਸੱਚੀ ਧਰਮਸਾਲਾ, ਨੌ ਦਵਾਰੇ ਪੰਧ ਮੁਕਾਇੰਦਾ । ਦਸਵੇਂ ਮੇਲਾ ਸਹਿਜ ਸੁਖਾਲਾ, ਸੁਖਮਨ ਟੇਢੀ ਬੰਕ ਰਾਹ ਵਿਚ ਨਾ ਕੋਇ ਅਟਕਾਇੰਦਾ । ਅੰਮ੍ਰਿਤ ਜਾਮ ਪਿਆਏ ਪਿਆਲਾ, ਨਿਝਰ ਝਿਰਨਾ ਇਕ ਝਿਰਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਵਸੇ ਨਾਲਾ, ਸੁਖ ਸਾਗਰ ਰੂਪ ਸਮਾਇੰਦਾ । ਤ੍ਰੈਗੁਣ ਮਾਇਆ ਤੋੜਨਹਾਰ ਜੰਜਾਲਾ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਊਚਾਂ ਨੀਚਾਂ ਰਾਓ ਰੰਕਾਂ ਇਕੋ ਰੰਗ ਰੰਗਾਇੰਦਾ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦਰ ਘਰ ਸਾਚੇ ਮੰਗੇ ਸਚ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਟ ਘਟ ਹਰਿ ਨਰ ਖੋਜ ਖੋਜਾਇੰਦਾ । ਅੰਤਰਜਾਮੀ ਹਰ ਘਟ ਜਾਨਤ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਆਤਮ ਪਰਮਾਤਮ ਜਿਸ ਬਣਾਈ ਬਣਤ, ਸਾਚੇ ਮੰਦਰ ਦਿਤੀ ਟਿਕਾਈਆ । ਸੋ ਸਾਹਿਬ ਸੁਲਤਾਨਾ ਹਰਿ ਮਿਹਰਵਾਨਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਕਰੇ ਖਿਆਨਤ, ਵੇਖਣਹਾਰਾ ਚਾਈਂ ਚਾਈਆ । ਨਿਤ ਨਵਿਤ ਜਨ ਭਗਤਾਂ ਕਰ ਕੇ ਹਿਤ, ਸਤਿਗੁਰ ਪੂਰਾ ਦਏ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਅੰਦਰ ਵੜ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਮਹਲ ਅਟਲ ਅਗੰਮੇ ਚੜ੍ਹ, ਪੜਦਾ ਓਹਲਾ ਦਏ ਉਠਾਈਆ । ਸੁਰਤ ਸਵਾਣੀ ਸ਼ਬਦੀ ਫੜ, ਅਗਲਾ ਪਿਛਲਾ ਪੰਧ ਮੁਕਾਈਆ । ਸਾਚਾ ਢੋਲਾ ਤੂੰ ਮੇਰਾ ਮੈਂ ਤੇਰਾ ਪੜ੍ਹ, ਦੂਜਾ ਰਾਗ ਨਾ ਕੋਇ ਅਲਾਈਆ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣੀ ਕਾਰ ਕਮਾਈਆ । ਭੇਵ ਖੁਲ੍ਹਾ ਕੇ ਘਰ ਵਿਚ ਘਰ, ਬੰਦ ਤਾਕੀ ਖਿੜਕੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਬੰਕ ਦਵਾਰਾ ਖੋਜ ਖੋਜਾਈਆ । ਅੰਤਰਜਾਮੀ ਪੁਰਖ ਬਿਧਾਤਾ, ਪ੍ਰਭ ਠਾਕਰ ਵਡ ਵਡਿਆਈਆ । ਮੇਟਣਹਾਰ ਅੰਧੇਰੀ ਰਾਤਾ, ਸਤਿ ਸਤਿਵਾਦੀ ਚੰਦ ਚਮਕਾਈਆ । ਅੰਤਰ ਆਤਮ ਬੰਨ੍ਹੇ ਨਾਤਾ, ਪਰਮਾਤਮ ਆਪਣਾ ਜੋੜ ਜੁੜਾਈਆ । ਸੱਜਣ ਸੁਹੇਲਾ ਬਣ ਕੇ ਸਾਕਾ, ਸਗਲਾ ਸੰਗ ਨਿਭਾਈਆ ।

ਆਤਮ ਸੇਜ ਸੁਹਾਏ ਖਾਟਾ, ਆਸਣ ਸਿੰਘਾਸਣ ਸੋਭਾ ਪਾਈਆ । ਜਨਮ ਕਰਮ ਦੀ ਮੇਟੇ ਵਾਟਾ, ਲੱਖ ਚੁਰਾਸੀ ਪੰਧ ਮੁਕਾਈਆ । ਮਿਹਰਵਾਨ ਹੋ ਕੇ ਦੇਵੇ ਦਾਤਾ, ਗਹਿਰ ਗੰਭੀਰ ਵਸਤ ਅਮੋਲਕ ਝੋਲੀ ਪਾਈਆ । ਗੁਰਮੁਖਾਂ ਗੁਰ ਆਪ ਪਛਾਤਾ, ਅੰਤਰ ਅੰਤਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਦਾਤਾ ਦਾਨੀ ਗਹਿਰ ਗੰਭੀਰ, ਗੁਰ ਸ਼ਬਦੀ ਇਕ ਅਖਵਾਇੰਦਾ । ਪੰਜ ਤਤ ਲੇਖਾ ਜਾਣੇ ਸਰੀਰ, ਨਾੜੀ ਨਾੜੀ ਹਾਡੀ ਹਾਡੀ ਫੋਲ ਫੁਲਾਇੰਦਾ । ਜਿਸ ਦੀ ਖਿਚ ਨਾ ਸਕੇ ਕੋਈ ਤਸਵੀਰ, ਰੂਪ ਰੰਗ ਰੇਖ ਨਾ ਕੋਇ ਸਮਝਾਇੰਦਾ । ਸੋ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਘਰ ਘਰ ਵਿਚ ਡੇਰਾ ਲਾਇੰਦਾ । ਜਨ ਭਗਤਾਂ ਕੱਟ ਸ਼ਰਅ ਜ਼ੰਜੀਰ, ਸਿਰ ਆਪਣਾ ਹੱਥ ਟਿਕਾਇੰਦਾ । ਬਿਨ ਵੇਖਿਆਂ ਬਿਨ ਸੁਣਿਆਂ ਬਿਨ ਮੰਗਿਆਂ ਬਿਨ ਜਾਣਿਆਂ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਹਕੀਕਤ ਵਿਚੋਂ ਹਕ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਖੋਲ੍ਹਣਹਾਰਾ, ਹਰਿ ਕਰਤਾ ਵਡ ਵਡਿਆਈਆ । ਆਵਣ ਜਾਵਣ ਜਾਣੇ ਪਾਰ ਕਿਨਾਰਾ, ਏਥੇ ਉਥੇ ਵੇਖ ਵਖਾਈਆ । ਅੰਤਰਜਾਮੀ ਖੇਲ ਨਿਆਰਾ, ਖ਼ਾਲਕ ਖ਼ਲਕ ਦਏ ਸਮਝਾਈਆ । ਕਾਗਤ ਕਲਮ ਨਾ ਲਿਖਣਹਾਰਾ, ਨੇਤਰ ਰੋਵੇ ਮਸ ਸ਼ਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰਾ ਧਾਮ ਨਿਆਰਾ, ਸਾਹਿਬ ਸਤਿਗੁਰ ਆਪ ਪਰਗਟਾਈਆ । ਜਿਥੇ ਸੂਰਜ ਚੰਦ ਨਾ ਕੋਇ ਉਜਿਆਰਾ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਧਰਨੀ ਧਰਤ ਧਵਲ ਨਾ ਕੋਇ ਸਹਾਰਾ, ਬ੍ਰਹਿਮੰਡ ਖੰਡ ਵੱਜੇ ਨਾ ਕੋਇ ਵਧਾਈਆ । ਸਾਕ ਸੱਜਣ ਵੇਖ ਨਾ ਕੋਇ ਪਿਆਰਾ, ਨਾਰ ਕੰਤ ਨਜ਼ਰ ਕੋਇ ਨਾ ਆਈਆ । ਸੋ ਸਾਹਿਬ ਸਤਿਗੁਰ ਸਾਚੀ ਵਸਤ ਦੇਵਣਹਾਰਾ, ਅਨਡਿਠੜੀ ਦੌਲਤ ਆਪ ਵਰਤਾਈਆ । ਜਿਸ ਨੂੰ ਮਨ ਮਤਿ ਬੁਧ ਸਮਝ ਨਾ ਸਕੇ ਵਿਚ ਸੰਸਾਰਾ, ਅਨਭਵ ਆਪਣੀ ਖੇਲ ਰਚਾਈਆ । ਜੇ ਜਾਕੇ ਵੇਖਿਆ ਉਹ ਦਵਾਰਾ, ਜਿਸ ਗ੍ਰਿਹਿ ਬਹਿ ਕੇ ਗੁਰਮੁਖ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਨਈਆ ਨੌਕਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰਜਾਮੀ ਅੰਤਰ ਆਤਮ ਵੇਖ ਵਖਾਈਆ । ਅੰਤਰ ਆਤਮ ਲਏ ਖੋਜ, ਬਿਨ ਅੱਖਾਂ ਵੇਖ ਵਖਾਇੰਦਾ । ਸਤਿਗੁਰ ਪੂਰਾ ਸ਼ਬਦੀ ਕਰੇ ਚੋਜ, ਪ੍ਰੀਤਮ ਆਪਣੀ ਕਾਰ ਕਮਾਇੰਦਾ । ਜਨਮ ਕਰਮ ਦਾ ਕਟੇ ਰੋਗ, ਧੁਰ ਸੰਜੋਗ ਮੇਲ ਮਿਲਾਇੰਦਾ । ਦੇਵੇ ਦਰਸ ਘਰ ਅਮੋਘ, ਨਿਜ ਨੇਤਰ ਅੱਖ ਖੁਲ੍ਹਾਇੰਦਾ । ਭਾਗ ਲਗਾਏ ਕਾਇਆ ਕੋਟ, ਛੱਪਰ ਛੰਨ ਇਕ ਸੁਹਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅਗਿਆਨ ਮਿਟਾਇੰਦਾ । ਜਿਨ੍ਹਾਂ ਮਿਲਿਆ ਮੋਖ, ਤਿਨ੍ਹਾਂ ਮੁਕਤੀ ਮੁਫਤ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਘਰ ਆਪਣਾ ਵੇਖ ਵਖਾਇੰਦਾ । ਘਰ ਘਰ ਵੇਖੇ ਹਰਿ ਨਿਰੰਕਾਰਾ, ਨਿਰਗੁਣ ਵੱਡਾ ਵਡ ਵਡਿਆਈਆ । ਸਾਢੇ ਤਿੰਨ ਹੱਥ ਜਿਸ ਤਤਵ ਤਤ ਦੀਆ ਮੁਨਾਰਾ, ਬੰਕ ਦਵਾਰੀ ਸੋਭਾ ਪਾਈਆ । ਬੂਝੇ ਸੂਝੇ ਬੂਝਣਹਾਰਾ, ਜਗਤ ਵਿਦਿਆ ਸੰਗ ਨਾ ਕੋਇ ਵਖਾਈਆ । ਜਨ ਭਗਤਾਂ ਉਪਰ ਤੁਠੇ, ਸਚ ਪਦਾਰਥ ਅੰਤਮ ਦੇਵੇ ਘੁਟੇ, ਜਾਮ ਪਿਆਲਾ ਇਕ ਪਿਆਈਆ । ਆਵਣ ਜਾਵਣ ਲੇਖਾ ਛੁੱਟੇ, ਰਾਏ ਧਰਮ ਅੰਤ ਨਾ ਤੁੱਠੇ, ਚਿਤ੍ਰ ਗੁਪਤ ਹਿਸਾਬ ਨਾ ਕੋਇ ਵਖਾਈਆ । ਸਾਚੀ ਗੋਦੀ ਸਾਹਿਬ ਅੰਤਮ ਚੁੱਕੇ, ਦੋ ਜਹਾਨਾਂ

੫੨੭ ੧੨

ਪੈਂਡਾ ਮੁਕੇ, ਪਾਂਧੀ ਨਜ਼ਰ ਕੋਇ ਨਾ ਆਈਆ । ਉਥੇ ਗਿਆਂ ਏਥੇ ਆਇਆਂ ਗੁਰਸਿਖ ਕਦੇ ਨਾ ਰਹੇ ਗ਼ੁੱਸੇ, ਭਾਗ ਲਗਾਏ ਕਾਇਆ ਜੁੱਸੇ, ਜੁਸਤਜੂ ਸਾਚੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਜਾਣੀ ਜਾਣ ਬੇਪਰਵਾਹੀਆ । ਜਾਣੀ ਜਾਣ ਵੇਖੇ ਮਨ ਮਤ ਬੁਧ, ਤੱਤਾਂ ਵਿਚੋਂ ਤਤ ਖੋਜ ਖੋਜਾਇੰਦਾ । ਜਗਤ ਵਾਸਨਾ ਕਿਸੇ ਨਾ ਆਵੇ ਸਾਚੀ ਸੁਧ, ਬੁਧ ਬਿਬੇਕ ਨਾ ਕੋਇ ਕਰਾਇੰਦਾ । ਮਨ ਮਨੂਆ ਤਨ ਰਿਹਾ ਕੁੱਦ, ਚਾਰ ਕੁੰਟ ਦਹਿ ਦਿਸ਼ਾ ਆਪਣਾ ਰਾਹ ਤਕਾਇੰਦਾ । ਪੜਦਾ ਓਹਲਾ ਕੋਈ ਨਾ ਦੇਵੇ ਚੁੱਕ, ਘਰ ਵਿਚ ਮੇਲ ਨਾ ਕੋਇ ਮਿਲਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਲੇਖੇ ਲਾਏ ਮਾਣਸ ਜਨਮ ਮਨੁੱਖ, ਮਾਨਵ ਆਪਣੇ ਰੰਗ ਰੰਗਾਇੰਦਾ । ਜਨਮ ਕਰਮ ਦਾ ਮੇਟ ਕੇ ਦੁੱਖ, ਰੋਗ ਸੋਗ ਸੰਤਾਪ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਬੰਕ ਦਵਾਰੀ ਖੋਜ ਖੋਜਾਇੰਦਾ । ਅੰਤਰਜਾਮੀ ਹਰਿ ਹਰਿ ਨਰਾਇਣ, ਨਰ ਹਰਿ ਦਾਤਾ ਸਿਫ਼ਤ ਸਾਲਾਹੀਆ । ਜਿਸ ਨੂੰ ਆਦਿ ਜੁਗਾਦੀ ਮਾਲਕ ਖ਼ਾਲਕ ਖ਼ਾਲਕ ਮਾਲਕ ਦੋ ਜਹਾਨਾਂ ਕਹਿਣ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਜਿਸ ਦਾ ਨਾਮ ਅਨਮੋਲਾ ਕਾਇਆ ਚੋਲਾ ਜਨ ਭਗਤ ਸੁਹੇਲੇ ਲੈਣ, ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਹਰਿਜਨ ਵੇਖੇ ਸਾਕ ਸੱਜਣ ਸੈਣ, ਸੰਗੀ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਥੇ ਓਥੇ ਦੋ ਜਹਾਨ ਧੁਰ ਦਾ ਸੰਗ ਨਿਭਾਈਆ । ਜੇ ਦਰਸ ਕਰਨ ਗਿਆ ਓਥੇ, ਆਪਣਾ ਪੰਧ ਮੁਕਾਈਆ । ਸੋ ਸਾਹਿਬ ਦਿਆਲਾ ਕਾਇਆ ਮਾਟੀ ਅੰਦਰੋਂ ਪੋਚੇ, ਬਾਹਰੋਂ ਸਮਝ ਕੋਇ ਨਾ ਪਾਈਆ । ਸੇਵਕ ਹੋ ਕੇ ਆਪ ਸੇਵਾ ਆਪਣੀ ਸੋਚੇ, ਸ਼ਬਦ ਗੁਰੂ ਵੱਡੀ ਵਡਿਆਈਆ । ਅੰਤਮ ਆਸਾ ਪੂਰਨ ਕਰੇ ਲੋਚੇ, ਨਿਜ ਲੋਚਣ ਦਏ ਖੁਲ੍ਹਾਈਆ । ਭਾਗ ਲਗਾਏ ਕਾਇਆ ਕੋਠੇ, ਦੀਪਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਜੇ ਦਰਸ਼ਨ ਪਾਇਆ ਜਾ ਕੇ ਅੱਗੇ, ਅਗਲਾ ਹਾਲ ਸਮਝ ਨਾ ਆਈਆ । ਜਿਸਨੂੰ ਦੂਰ ਦੁਰਾਡੇ ਟੇਕੇ ਮੱਥੇ, ਮਸਤਕ ਸਤਿਗੁਰ ਸੀਸ ਨਿਵਾਈਆ । ਸੋ ਸਤਿਗੁਰ ਸ਼ਬਦ ਸਮਰਥ ਸਿਰ ਆਪਣਾ ਹੱਥ ਰੱਖੇ, ਜਿਸ ਦਾ ਤਤ ਨਜ਼ਰ ਕਿਸੇ ਨਾ ਆਈਆ । ਕਾਇਆ ਚੋਲਾ ਰੰਗ ਅਗੰਮੜੇ ਰੱਤੇ, ਰਤੀ ਰਤ ਨਾਲ ਪਰਗਟਾਈਆ । ਬੀਜ ਬੀਜੇ ਸਾਚੇ ਵੱਤੇ, ਅੰਤਰ ਆਤਮ ਬਣ ਕਿਰਸਾਣਾ ਹੱਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸੇ ਦਾ ਲਹਿਣਾ ਦੇਣਾ ਮੂਲ ਨਾ ਰੱਖੇ, ਧੁਰ ਦੀ ਵਸਤ ਦਰ ਦਰ ਆਪ ਵਰਤਾਈਆ । ਦਰਸ਼ਨ ਪਾ ਕੇ ਆਇਆ ਓਥੇ, ਓਹੋ ਯਾਦ ਕਰਾਈਆ । ਅੰਦਰ ਵਿਕਾਰ ਹੰਕਾਰ ਕੀਤੇ ਥੋਥੇ, ਥੋੜ੍ਹਾ ਪੰਧ ਮੁਕਾਈਆ । ਤਤਵ ਤਤ ਨਾ ਉਬਲੇ ਹੋ ਕੇ ਕੋਸੇ, ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਮਾਰ ਧਿਆਨ, ਧਿਆਨ ਧਿਆਨ ਵਿਚ ਲਗਾਈਆ ।



## ੨੫ ਭਾਦਰੋਂ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਪਿੰਡ ਵਰਨਾਲਾ

ਸਚਖੰਡ ਨਿਵਾਸੀ ਪੁਰਖ ਅਕਾਲ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਜਗਾਈਆ । ਦੀਆ ਬਾਤੀ ਕਮਲਾਪਾਤੀ ਇਕੋ ਇਕ ਬਾਲ, ਦਰਗਾਹ

ਸਾਚੀ ਇਕੋ ਇਕ ਰੁਸ਼ਨਾਈਆ । ਇਕੱਠੇ ਹੋਵੇ ਚਾਰ ਜੁਗ ਦੇ ਵਿਛੜੇ ਬਾਲ, ਲਾਲਨ ਆਪਣਾ ਹੁਕਮ ਵਰਤਾਈਆ । ਚਰਨ ਕਵਲ ਕਰੋ ਧਿਆਨ, ਸਚ ਸਰਨਾਈ ਇਕ ਦ੍ਰਿੜਾਈਆ । ਸ੍ਰਿਸ਼ਟ ਸਬਾਈ ਵੇਖੇ ਮਾਰ ਖਿਆਲ, ਦੋ ਜਹਾਨਾਂ ਰਾਹ ਤਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਹੋਈ ਬੇਹਾਲ, ਸਤਿ ਸੰਤੋਖ ਧੀਰਜ ਨਜ਼ਰ ਕੋਇ ਨਾ ਆਈਆ । ਅੰਡਜ ਜੇਰਜ ਉਤਭੁਜ ਸੇਤਜ ਫਲ ਦਿਸੇ ਕਿਸੇ ਨਾ ਡਾਲ੍ਹ, ਰੁਤ ਬਸੰਤ ਨਾ ਕਿਸੇ ਮਹਿਕਾਈਆ । ਦਰ ਦਰ ਘਰ ਘਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤ੍ਰੈਗੁਣ ਮਾਇਆ ਪਾਇਆ ਜੰਜਾਲ, ਕੂੜੀ ਕਿਰਿਆ ਪਰੇ ਨਾ ਕੋਇ ਹਟਾਈਆ । ਖਾਣੀ ਬਾਣੀ ਬੋਧ ਅਗਾਧ ਜੋ ਸੰਦੇਸ਼ਾ ਦੇ ਕੇ ਆਏ ਜਹਾਨ, ਰਾਗਾਂ ਨਾਦਾਂ ਵਿਚ ਕਰ ਸ਼ਨਵਾਈਆ । ਦੀਨ ਮਜ਼੍ਹਬ ਜ਼ਾਤ ਪਾਤ ਰਾਓ ਰੰਕ ਪਿਆ ਰਿਵਾਜ, ਸ਼ਾਹ ਸੁਲਤਾਨ ਸਾਚਾ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਦੱਸ ਕੇ ਆਏ ਗਾਣ, ਤੀਸ ਬਤੀਸਾ ਕਰੇ ਪੜ੍ਹਾਈਆ । ਦੀਆ ਬਾਤੀ ਘਰ ਜਗੇ ਨਾ ਕੋਇ ਮਹਾਨ, ਜ਼ਹੂਰ ਨੂਰ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਸਾਰੇ ਹੋਏ ਬੇਈਮਾਨ, ਬੇਵਾ ਰੂਪ ਦਿਸੇ ਲੋਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨੱਚੇ ਘਰ ਘਰ ਸ਼ੈਤਾਨ, ਸ਼ਰਕਤ ਵਿਚ ਕਰੇ ਲੜਾਈਆ । ਆਤਮ ਪਰਮਾਤਮ ਦੇਵੇ ਨਾ ਕੋਈ ਗਿਆਨ, ਭੇਵ ਅਭੇਦਾ ਸਕੇ ਨਾ ਕੋਇ ਖੁਲ੍ਹਾਈਆ । ਮੁੱਲਾ ਸ਼ੇਖ਼ ਮੁਸਾਇਕ ਹੋਏ ਹੈਰਾਨ, ਨਾਅਰਾ ਹਕ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ, ਨੇਤਰ ਲੋਚਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰੇ ਝਾਕੀ, ਲੋਕਮਾਤ ਧਿਆਨ ਲਗਾਈਆ । ਚਾਰ ਵਰਨਾਂ ਲਹਿਣਾ ਦੇਣਾ ਚੁਕਾਏ ਕੋਈ ਨਾ ਬਾਕੀ, ਬਰਨ ਅਠਾਰਾਂ ਪੰਧ ਨਾ ਕੋਇ ਮੁਕਾਈਆ । ਅੰਮ੍ਰਿਤ ਆਤਮ ਜਾਮ ਪਿਆਏ ਨਾ ਕੋਈ ਧੁਰ ਦਾ ਸਾਕੀ, ਆਬੇ ਹਯਾਤ ਨਿਝਰ ਝਿਰਨਾ ਨਾ ਕੋਇ ਝਿਰਾਈਆ । ਮੰਜ਼ਲ ਪੰਧ ਨਾ ਚੜ੍ਹਾਏ ਕੋਈ ਘਾਟੀ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਚਾਰੋਂ ਕੁੰਟ ਕਲਜੁਗ ਅੰਧੇਰੀ ਰਾਤੀ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਮੰਦਰ ਜਗੇ ਨਾ ਕੋਇ ਦੀਵਾ ਬਾਤੀ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਪਤਿਪਰਮੇਸ਼ਵਰ ਕਿਸੇ ਮਿਲੇ ਨਾ ਕਮਲਾਪਾਤੀ, ਨਾਰ ਦੋਹਾਗਣ ਰਹੀ ਕੁਰਲਾਈਆ । ਮਨ ਮਨੂਆ ਘਰ ਘਰ ਹੋਇਆ ਆਕੀ, ਸਤਿਗੁਰ ਸ਼ਬਦ ਭੈ ਨਾ ਕੋਇ ਰਖਾਈਆ । ਆਤਮ ਸੇਜਾ ਸੋਏ ਕੋਈ ਨਾ ਖਾਟੀ, ਸਚ ਸਿੰਘਾਸਣ ਡੇਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਲੋਕਮਾਤ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਲੋਕਮਾਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਵਸਤ ਅਮੋਲਕ ਨਾਮ ਸਤਿ ਕਿਸੇ ਪਾਸ ਨਾ ਦਿਸੇ ਦਾਤ, ਘਰ ਮੰਦਰ ਸੋਭਾ ਕੋਇ ਨਾ ਪਾਇੰਦਾ । ਮੰਜ਼ਲ ਪੌੜਾ ਚੜ੍ਹੇ ਕੋਈ ਨਾ ਘਾਟ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਲਿਖ ਕੇ ਆਏ ਅੱਖਰਾਂ ਨਾਲ ਕਿਤਾਬ, ਗੀਤਾ ਗਿਆਨ ਅੰਜ਼ੀਲ ਕੁਰਾਨ ਨਾ ਕੋਇ ਸਮਝਾਇੰਦਾ । ਹੁਜਰਿਆਂ ਵਿਚੋਂ ਹੁਜਰਾ ਦੱਸ ਕੇ ਆਏ ਵਿਚ ਮਹਿਰਾਬ, ਕਾਇਆ ਕਾਅਬਾ ਦੋ ਦੋਆਬਾ, ਮੇਲ ਨਾ ਕੋਇ ਮਿਲਾਇੰਦਾ । ਕੂੜੀ ਕਿਰਿਆ ਰਸਨਾ ਜਿਹਵਾ ਨੌਂ ਰਸ ਛੱਡੇ ਨਾ ਕੋਇ ਸੁਆਦ, ਅਨਰਸ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਦਰ ਦਰਵਾਜ਼ਾ ਖੋਲ੍ਹ ਕੇ ਖ਼ਾਲਕ, ਸ਼ਾਹ ਪਤਸ਼ਾਹ ਦਇਆ

ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਦਿਸੇ ਕੋਈ ਨਾ ਮਾਲਕ, ਮਲਕੀਅਤ ਹੱਥ ਨਾ ਕਿਸੇ ਰਖਾਈਆ । ਨਵ ਨੌ ਚਾਰ ਬਣੇ ਕੋਈ ਨਾ ਸਾਲਸ, ਜ਼ਾਮਨ ਹੋ ਨਾ ਕੋਇ ਛੁਡਾਈਆ । ਜਲਵਾ ਦੇਵੇ ਨਾ ਕੋਈ ਬਾਤਨ, ਨਾਅਰਾ ਨਾਮ ਨਾ ਕੋਇ ਲਗਾਈਆ । ਸਦੀ ਚੌਧਵੀਂ ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਸਾਰੇ ਆਖਣ, ਅਲਫ਼ ਯੇ ਅੱਖਰਾਂ ਨਾਲ ਪੜ੍ਹਾਈਆ । ਪਰਵਰਦਿਗਾਰ ਬੇਪਰਵਾਹ ਅਗੰਮ ਅਥਾਹ ਹੋਵੇ ਸਾਥਣ, ਲਾਸ਼ਰੀਕ ਆਪਣਾ ਵੇਸ ਵਟਾਈਆ । ਗੁਰ ਅਵਤਾਰ ਵੇਖਣ ਖੇਲ ਤਮਾਸ਼ਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਦਰ, ਦਰ ਘਰ ਸਾਚਾ ਇਕ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਕਲਜੁਗ ਅੰਤਮ ਹਾਲ, ਹਾਲਤ ਸਭ ਦੀ ਰਿਹਾ ਬਦਲਾਈਆ । ਲੱਖ ਚੁਰਾਸੀ ਜੀਵ ਜੰਤ ਹੋਇਆ ਬੇਹਾਲ, ਬਿਹਬਲ ਰੋਵੇ ਸਰਬ ਲੋਕਾਈਆ । ਸਦੀ ਵੀਹਵੀਂ ਸਿਰ ਤੇ ਕੂਕੇ ਕਾਲ, ਕੂੜ ਨਗਾਰਾ ਰਿਹਾ ਵਜਾਈਆ । ਸੁਰਤੀ ਸ਼ਬਦੀ ਕਰੇ ਕੋਈ ਨਾ ਭਾਲ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਕਾਇਆ ਮੰਦਰ ਸੋਹੇ ਨਾ ਕਿਸੇ ਧਰਮਸਾਲ, ਸ਼ਿਵਦਵਾਲੇ ਮਠ ਮੰਦਰ ਮਸਜਿਦ ਭੱਜਣ ਵਾਹੋ ਦਾਹੀਆ । ਸ਼ਬਦ ਅਨਾਦ ਅਨਹਦ ਵਜੇ ਕੋਈ ਨਾ ਤਾਲ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਤੇਈ ਅਵਤਾਰ ਕਰੋ ਧਿਆਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਕਰੋ ਖ਼ਿਆਲ, ਖ਼ਾਲਕ ਖ਼ਲਕ ਰਿਹਾ ਵਖਾਈਆ । ਨਾਨਕ ਗੋਬਿੰਦ ਸੁਣੋ ਫ਼ਰਮਾਨ, ਧੁਰ ਫ਼ਰਮਾਨਾ ਆਪ ਜਣਾਈਆ । ਸ੍ਰਿਸ਼ਟ ਸਬਾਈ ਦਿਸੇ ਵੈਰਾਨ, ਵੈਰੀ ਘਰ ਘਰ ਰੂਪ ਵਟਾਈਆ । ਸਾਚਾ ਧਰਮ ਨਾ ਕੋਇ ਨਿਸ਼ਾਨ, ਇਸਮ ਆਜ਼ਮ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਅੰਜੀਲ ਕੁਰਾਨ, ਸ਼ਾਸਤਰ ਸਿਮਰਤ ਵੇਦ ਕਰਨ ਲੜਾਈਆ । ਸਾਚੇ ਮੰਦਰ ਡੂੰਘੀ ਕੰਦਰ ਕਿਸੇ ਨਾ ਮਿਲੇ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਵੇਖੋ ਹਿਸਾਬ, ਹਰਿ ਹਜ਼ਰਤ ਆਪ ਦ੍ਰਿੜਾਇੰਦਾ । ਚਾਰ ਜੁਗ ਦੀ ਪਿਛਲੀ ਕੱਢੋ ਕਿਤਾਬ, ਬਿਨ ਹਰਫ਼ਾਂ ਹੱਥ ਫੜਾਇੰਦਾ । ਹੁਕਮ ਦੇਵੇ ਸ਼ਹਿਨਸ਼ਾਹ ਸ਼ਾਹ ਨਵਾਬ, ਨੌਬਤ ਇਕੋ ਨਾਮ ਲਗਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਚਾ ਦਿਸੇ ਕੋਈ ਨਾ ਸਾਥ, ਸਗਲਾ ਸੰਗ ਨਾ ਕੋਇ ਰਖਾਇੰਦਾ । ਤਨ ਮਨ ਮਿਟੇ ਨਾ ਕਿਸੇ ਵਿਵਾਦ, ਕੂੜੀ ਕਿਰਿਆ ਨਾ ਕੋਇ ਕਢਾਇੰਦਾ । ਦਵੈਤੀ ਮੁੱਕੇ ਨਾ ਕੋਈ ਰਾਜ, ਰਾਜ਼ਕ ਰਿਜ਼ਕ ਰਹੀਮ ਮਿਹਰ ਨਜ਼ਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰ ਘਰ ਸਾਚੇ ਆਪ ਬਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਜਾਣਾ ਢੱਠ, ਹਰਿ ਠਾਕਰ ਰਿਹਾ ਜਣਾਈਆ । ਨਾਤਾ ਪਿਛਲਾ ਤੁਟਿਆ ਤਤ ਅੱਠ, ਨੌ ਦਰ ਨਜ਼ਰ ਕੋਇ ਨਾ ਆਈਆ । ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਕੋਈ ਨਾ ਜਾਏ ਨੱਸ, ਦਹਿ ਦਿਸ਼ਾ ਵੰਡ ਨਾ ਕੋਇ ਵੰਡਾਈਆ । ਨੱਕ ਮੂੰਹ ਦਿਸੇ ਕੋਈ ਨਾ ਹੱਥ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਅੱਖਰ ਕਾਗ਼ਜ਼ ਕਲਮ ਸ਼ਾਹੀ ਕਰੇ ਕੋਈ ਨਾ ਜਸ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਮੰਦਰ ਮਸਜਿਦ ਸ਼ਿਵਦਵਾਲਾ ਦਿਸੇ ਨਾ ਕੋਈ ਮੱਠ, ਛੱਪਰ ਛੰਨ ਨਾ ਕੋਇ ਛੁਹਾਈਆ । ਸਰ ਸਰੋਵਰ ਨਾ ਕੋਈ ਤੀਰਥ ਤਟ, ਜਲਧਾਰ ਨਾ ਕੋਇ ਵਹਾਈਆ । ਆਸਣ ਸਿੰਘਾਸਣ ਨਾ ਕੋਈ ਸੇਜਾ ਖਾਟ, ਖੇਵਣ ਖੇਟਾ ਰੂਪ ਨਾ ਕੋਇ ਵਟਾਈਆ । ਨਾ ਕੋਈ ਮਾਈ



੫੩੦ ੧੨

ਨਾ ਕੋਈ ਬਾਪ, ਪਿਤਾ ਪੂਤ ਗੋਦ ਨਾ ਕੋਇ ਉਠਾਈਆ । ਨਾ ਕੋਈ ਮੰਤਰ ਨਾ ਕੋਈ ਜਾਪ, ਨਾ ਕੋਈ ਕਲਮਾ ਨਬੀ ਪੜ੍ਹਾਈਆ । ਨਾ ਕੋਈ ਰੋਗ ਨਾ ਸੰਤਾਪ, ਚਿੰਤਾ ਦੁੱਖ ਨਾ ਕੋਇ ਵਖਾਈਆ । ਨਾ ਕੋਈ ਭੂਪ ਨਾ ਕੋਈ ਰਾਜ, ਰਈਅਤ ਵੇਸ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਵੇਲਾ ਵਕਤ ਰਿਹਾ ਜਣਾਈਆ । ਕਲਜੁਗ ਵੇਲਾ ਵੇਖੋ ਜਗਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਾਚਾ ਦਿਸੇ ਕੋਈ ਨਾ ਭਗਤ, ਭਗਵਨ ਰੰਗ ਨਾ ਕੋਇ ਰੰਗਾਇੰਦਾ । ਜ਼ਾਤ ਪਾਤ ਪਿਆ ਫ਼ਰਕ, ਦੀਨ ਮਜ਼੍ਹਬ ਭੇਵ ਨਾ ਕੋਇ ਚੁਕਾਇੰਦਾ । ਆਸਾ ਤ੍ਰਿਸ਼ਨਾ ਕਿਸੇ ਨਾ ਮਿਟੇ ਹਰਸ, ਮਮਤਾ ਮੋਹ ਨਾ ਕੋਇ ਗਵਾਇੰਦਾ । ਗ਼ਰੀਬ ਨਿਮਾਣਿਆਂ ਉਤੇ ਕਰੇ ਕੋਈ ਨਾ ਤਰਸ, ਰਹਿਮਤ ਸਚ ਨਾ ਕੋਇ ਕਮਾਇੰਦਾ । ਜਗਤ ਵਾਸਨਾ ਸ੍ਰਿਸ਼ਟੀ ਰਹੀ ਭਟਕ, ਤ੍ਰਿਸਨਾ ਤ੍ਰਿਪਤ ਨਾ ਕੋਇ ਜਣਾਇੰਦਾ । ਸਾਧ ਸੰਤ ਅੰਤਰ ਅੰਤਰ ਮੰਜ਼ਲ ਚੜ੍ਹਨੋਂ ਗਏ ਅਟਕ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਘਰ ਘਰ ਪੰਚ ਵਿਕਾਰਾ ਦਿਸੇ ਕਟਕ, ਕੂੜੀ ਕਿਰਿਆ ਡੇਰਾ ਕੋਇ ਨਾ ਢਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਿਸੇ ਕੋਈ ਨਾ ਰੱਖਕ, ਸਮਰਥ ਸਭ ਦਾ ਭੇਵ ਚੁਕਾਇੰਦਾ । ਲਹਿਣਾ ਦੇਣਾ ਵੇਖਣਹਾਰਾ ਲੱਖ ਚੁਰਾਸੀ ਮਸਤਕ, ਘਟ ਨਿਵਾਸੀ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਇਸ਼ਾਰੇ ਨਾਲ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦਏ ਇਸ਼ਾਰਾ, ਹਰਿ ਸ਼ਬਦੀ ਸ਼ਬਦ ਜਣਾਈਆ । ਕਲਜੁਗ ਜੀਵ ਵੇਖੇ ਹੋਇਆ ਅੰਧਿਆਰਾ, ਨਿਜ ਨੇਤਰ ਨੈਣ ਕਰੇ ਨਾ ਕੋਇ ਰੁਸ਼ਨਾਈਆ । ਸਤਿਗੁਰ ਚਰਨ ਕਵਲ ਨਾ ਕੋਇ ਪਿਆਰਾ, ਕੂੜੀ ਕਿਰਿਆ ਨਾਤਾ ਰਿਹਾ ਜੁੜਾਈਆ । ਭਾਗ ਨਾ ਲੱਗੇ ਕਾਇਆ ਮੰਦਰ ਮੁਨਾਰਾ, ਦੀਪਕ ਸਚ ਨਾ ਕੋਇ ਰੁਸ਼ਨਾਈਆ । ਸ਼ਬਦ ਸੁਣੇ ਨਾ ਅਗੰਮੀ ਧਾਰਾ, ਅਨਹਦ ਨਾਦ ਨਾ ਕੋਇ ਵਜਾਈਆ । ਚਾਰ ਕੁੰਟ ਦਹਿ ਦਿਸ਼ਾ ਲੱਭਦਾ ਫਿਰੇ ਨਿਰਗੁਣ ਰੂਪ ਨਿਰੰਕਾਰਾ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਖੋਜ ਖੋਜਾਈਆ । ਪਤਿਪਰਮੇਸ਼ਵਰ ਕਦੇ ਨਾ ਵਸਿਆ ਇੱਟਾਂ ਗਾਰਾ, ਘਰ ਘਰ ਬੈਠਾ ਹਰ ਘਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਵਖਾਈਆ । ਸਭ ਦਾ ਲੇਖਾ ਦਏ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਗੁਰ ਅਵਤਾਰ ਹੋਏ ਹੈਰਾਨ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਚਾਰ ਜੁਗ ਦਾ ਜਿਸ ਰੱਖਿਆ ਆਪਣੇ ਕੋਲ ਹਿਸਾਬ, ਨਿਤ ਨਵਿਤ ਰਿਹਾ ਸਮਝਾਈਆ । ਜਿਸ ਨੂੰ ਗੋਬਿੰਦ ਮੰਨ ਕੇ ਗਿਆ ਪੁਰਖ ਅਕਾਲ ਬਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਖੇਲੇ ਖੇਲ ਤਮਾਸ਼, ਖ਼ਾਲਕ ਖ਼ਲਕ ਮਖ਼ਲੂਕ ਖੋਜ ਖੋਜਾਈਆ । ਜੋ ਗੋਪੀ ਕਾਹਨ ਬਣ ਕੇ ਸਤਿਜੁਗ ਤ੍ਰੇਤਾ ਦੁਆਪਰ ਪਾਂਦੇ ਗਏ ਰਾਸ, ਸੀਤਾ ਸੁਰਤੀ ਰਾਮ ਬਣ ਹੰਢਾਈਆ । ਜੋ ਈਸਾ ਮੂਸਾ ਮੁਹੰਮਦ ਬਣ ਕੇ ਦਿੰਦੇ ਗਏ ਪੈਗ਼ਾਮ, ਕਲਮਾ ਕਾਇਨਾਤ ਜਣਾਈਆ । ਜੋ ਨਾਨਕ ਨਿਰਗੁਣ ਬਣ ਕੇ ਮੰਤਰ ਦੱਸ ਦੱਸ ਗਿਆ ਸਤਿਨਾਮ, ਸਤਿ ਸਤਿ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਇਕ ਦਰ, ਲੋਕਮਾਤ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਤੱਕ, ਅੰਤਰ ਅੰਤਰ ਹੈਰਾਨੀ ਆਈਆ । ਤੇਰਾ ਖੇਲ ਪ੍ਰਭੂ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਹਉਂ ਜੁਗ ਚੌਕੜੀ ਮਾਰਗ ਆਏ ਦੱਸ, ਨਿਤ ਨਵਿਤ ਰਹਿਬਰ ਬਣ ਕੇ ਰਾਹ ਵਖਾਈਆ । ਤੇਰੇ ਮਿਲਣ ਦੀ ਖੋਲ੍ਹ ਕੇ ਅੱਖ,

ਨਿਜ ਨੇਤਰ ਕਰ ਰੁਸ਼ਨਾਈਆ । ਸਿਮਰਨ ਪੂਜਾ ਦੱਸ ਕੇ ਆਏ ਪਾਠ, ਜੋਗ ਅਭਿਆਸ ਜਣਾਈਆ । ਸਰੋਵਰ ਬਣਾ ਕੇ ਆਏ ਤੀਰਥ ਤਾਟ, ਨਈਆ ਨੌਕਾ ਨਾਲ ਰਲਾਈਆ । ਨਾਮ ਪਦਾਰਥ ਝੋਲੀ ਪਾ ਕੇ ਆਏ ਸਚ ਸੁਗਾਤ, ਵਸਤ ਅਮੋਲਕ ਇਕ ਵਰਤਾਈਆ । ਤੇਰੇ ਨਾਮ ਨਿਧਾਨ ਦੀ ਪੜ੍ਹ ਕੇ ਆਏ ਗਾਥ, ਅੱਖਰ ਆਪਣਾ ਨਾਲ ਜੋੜ ਜੁੜਾਈਆ । ਤੇਰੀ ਪੂੰਜੀ ਸਾਚੀ ਰਾਸ, ਲੋਕਮਾਤ ਟਿਕਾਈਆ । ਅੰਤਮ ਦੇ ਸੰਦੇਸ਼ਾ ਆਏ ਆਖ, ਉਚੀ ਕੂਕ ਕੂਕ ਸੁਣਾਈਆ । ਜੁਗ ਚੌਕੜੀ ਬੀਤੇ ਕਲਜੁਗ ਅੰਤਮ ਖੇਲ ਕਰੇ ਤਮਾਸ਼, ਅਬਿਨਾਸ਼ੀ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਤੇਰੀ ਸ਼ਰਨਾਈਆ । ਗੁਰ ਅਵਤਾਰ ਕਹਿਣ ਪ੍ਰਭ ਠਾਕਰ ਸਵਾਮੀ, ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਸਾਨੂੰ ਹੋਈ ਹੈਰਾਨੀ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਖ ਚੁਰਾਸੀ ਜੀਵ ਜੰਤ ਦਿਸੇ ਫ਼ਾਨੀ, ਫ਼ੈਸਲਾ ਤੇਰੇ ਹੱਥ ਵਡਿਆਈਆ । ਭਰਮੇ ਭੁੱਲੇ ਪੜ੍ਹ ਪੜ੍ਹ ਤੇਰੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਧੀਰਜ ਜਤ ਨਜ਼ਰ ਨਾ ਆਏ ਚਾਰੇ ਖਾਣੀ, ਚਾਰੇ ਵੇਦ ਦੇਣ ਦੁਹਾਈਆ । ਚੌਥੇ ਜੁਗ ਨਜ਼ਰੀ ਆਏ ਉਹ ਨਿਸ਼ਾਨੀ, ਜੋ ਵੇਦ ਵਿਆਸਾ ਗਿਆ ਦ੍ਰਿੜਾਈਆ । ਈਸਾ ਕਹੇ ਤੇਰੀ ਅਗੰਮ ਅਥਾਹ ਕਹਾਣੀ, ਬੇਪਰਵਾਹ ਸਮਝ ਕੋਇ ਨਾ ਪਾਈਆ । ਮੁਹੰਮਦ ਕਹੇ ਮੇਰੀ ਤੋਬਾ ਤੂੰ ਸ਼ਹਿਨਸ਼ਾਹ ਸੁਲਤਾਨੀ, ਇਮਾਮ ਇਮਾਮਾਂ ਇਕ ਅਖਵਾਈਆ । ਨਾਨਕ ਨਿਰਗੁਣ ਕਹੇ ਤੇਰੀ ਜੋਤ ਅਕਾਲੀ, ਅਕਲ ਕਲਧਾਰੀ ਖੇਲ ਖਿਲਾਈਆ । ਗੁਰ ਗੋਬਿੰਦ ਕਹੇ ਤੇਰੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਓਟਾ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕੂੜਾ ਹੋਇਆ ਖੋਟਾ, ਸਚ ਸੁਚ ਨਜ਼ਰ ਕੋਇ ਨਾ ਪਾਈਆ । ਮੂਰਖ ਮੁਗਧ ਐਵੇਂ ਰੱਖਦੇ ਰੋਜ਼ਾ, ਪੜ੍ਹ ਨਿਮਾਜ਼ ਆਜਿਜ਼ ਰੂਪ ਨਾ ਕੋਇ ਵਖਾਈਆ । ਖਾਣੀ ਬਾਣੀ ਪੜ੍ਹ ਕੇ ਤੇਰੇ ਨਾਲ ਕਰਦੇ ਧੋਖਾ, ਦੂਈ ਦਵੈਤ ਨਾ ਕੋਇ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਮਨੂਆ ਹੋਇਆ ਹੋਛਾ, ਹਉਮੇ ਹੰਗਤਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰ ਸਫ਼ਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਵਾਰੀ, ਵਾਰਤਾ ਜੁਗ ਜੁਗ ਗਏ ਅਲਾਈਆ । ਤੂੰ ਨਿਰਗੁਣ ਨਿਰਵੈਰ ਨਰ ਨਿਰੰਕਾਰੀ, ਸ਼ਾਹ ਪਾਤਸ਼ਾਹ ਦੋ ਜਹਾਨ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਤੇਰੀ ਖੇਲ ਅਪਾਰੀ, ਅਪਰੰਪਰ ਆਪਣੀ ਕਾਰ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਤੇਰਾ ਨੂਰ ਉਜਿਆਰੀ, ਮੰਡਲ ਮੰਡਪ ਗਗਨ ਗਗਨੰਤਰ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਠਾਂਡੇ ਕਰਨ ਨਿਮਸਕਾਰੀ, ਕਰੋੜ ਤੇਤੀਸਾ ਸੀਸ ਝੁਕਾਈਆ । ਗੁਰ ਅਵਤਾਰ ਮੰਗਣ ਸਚ ਦਵਾਰੀ, ਦਰ ਠਾਂਡੇ ਅਲਖ ਜਗਾਈਆ । ਹਉਂ ਸੇਵਕ ਚਾਕਰ ਬਰਖ਼ੁਰਦਾਰੀ, ਬਾਲੇ ਨੰਨ੍ਹੇ ਰੂਪ ਵਖਾਈਆ । ਤੂੰ ਪਾਤਸ਼ਾਹ ਸੱਚਾ ਸਿਕਦਾਰੀ, ਦੋ ਜਹਾਨਾਂ ਹੁਕਮ ਮਨਾਈਆ । ਕਲਜੁਗ ਅੰਤਮ ਕੂੜੀ ਕਿਰਿਆ ਵੇਖ ਵਿਚ ਸੰਸਾਰੀ, ਵਡ ਸੰਸਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ, ਦਰ ਠਾਂਡੇ ਅੰਤ ਸੁਣਾਈਆ । ਸਦੀ ਚੌਧਵੀਂ ਦੇਖੇ ਪ੍ਰਭ ਰਚਿਆ ਇਕ ਸਵੰਬਰ, ਕਾਰਜ ਆਪਣਾ ਆਪ ਦਰਸਾਈਆ ।

ਕਰੇ ਖੇਲ ਸਰਬ ਭਰਤੰਬਰ, ਭਰਪੂਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਅੰਤ ਖੁਲ੍ਹਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਠਾਂਡੇ ਘਰ ਸਚ ਬਹਾਵਾਂਗਾ । ਨਿਰਗੁਣ ਸਰਗੁਣ ਖੇਲ ਰਚਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਜੋਤੀ ਜਾਤਾ ਹੋ ਉਜਿਆਰ, ਦੀਪਕ ਇਕੋ ਇਕ ਰੁਸ਼ਨਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕਰਕੇ ਖ਼ਬਰਦਾਰ, ਆਲਸ ਨਿੰਦਰਾ ਦੂਰ ਕਰਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਠਾਂਡੇ ਦਰ ਬਹਾਵਾਂਗਾ । ਪੜਦਾ ਓਹਲਾ ਭੇਵ ਚੁਕਾਵਾਂਗਾ । ਭਗਤ ਅਠਾਰਾਂ ਸਾਚੇ ਲਾਲ, ਸੋਹਣਾ ਧੁਰ ਦਾ ਹੁਕਮ ਮਨਾਵਾਂਗਾ । ਭਾਗ ਲਗਾ ਕੇ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਸਾਵਾਂਗਾ । ਹੁਕਮੇ ਅੰਦਰ ਕਾਲ ਮਹਾਂਕਾਲ, ਰਾਏ ਧਰਮ ਫੜ ਉਠਾਵਾਂਗਾ । ਚਿਤ੍ਰਗੁਪਤ ਰਖਾਵਾਂ ਨਾਲ, ਲਾੜੀ ਮੌਤ ਚਰਨਾਂ ਵਿਚ ਜੁੜਾਵਾਂਗਾ । ਸਦੀ ਬੀਸਵੀਂ ਹੋ ਕੇ ਆਪ ਕਿਰਪਾਲ, ਬੀਸ ਇਕੀਸਾ ਰੰਗ ਚੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਪ੍ਰਭ ਕਰਾਵੇਗਾ । ਸੋ ਪੁਰਖ ਨਿਰੰਜਣ ਖੇਲ ਖਿਲਾਵੇਗਾ । ਹਰਿ ਪੁਰਖ ਨਿਰੰਜਣ ਵੇਸ ਵਟਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਸੇਜ ਸੁਹਾਵੇਗਾ । ਸ੍ਰੀ ਭਗਵਾਨ ਡੇਰਾ ਲਾਵੇਗਾ । ਪਾਰਬ੍ਰਹਮ ਪੜਦਾ ਆਪ ਚੁਕਾਵੇਗਾ । ਬ੍ਰਹਮ ਆਪਣਾ ਵੇਖ ਵਖਾਵੇਗਾ । ਨਿਹਕਰਮੀ ਵੇਖ ਵਖਾਵੇਗਾ । ਜੁਗ ਚੌਕੜੀ ਲਿਖਿਆ ਲੇਖ, ਅੰਤਮ ਆਪਣੀ ਝੋਲੀ ਪਾਵੇਗਾ । ਜੋਤ ਸਰੂਪੀ ਕਰਕੇ ਭੇਖ, ਕਲ ਕਲਕੀ ਫੇਰਾ ਪਾਵੇਗਾ । ਸੰਬਲ ਵਸੇ ਅਗੰਮੜੇ ਦੇਸ, ਦੀਆ ਬਾਤੀ ਇਕ ਰੁਸ਼ਨਾਵੇਗਾ । ਸ਼ਬਦ ਅਗੰਮੜਾ ਦੂਤ ਭੇਜ, ਭਗਤ ਭਗਵਾਨ ਆਪ ਉਠਾਵੇਗਾ । ਕਲਜੁਗ ਮੇਟ ਕੇ ਝੂਠੀ ਰੇਖ, ਸਚ ਸੁੱਚ ਸਤਿ ਉਪਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਲਹਿਣਾ ਦੇਣਾ ਝੋਲੀ ਸਭ ਦੀ ਪਾਵੇਗਾ । ਗੁਰ ਅਵਤਾਰ ਕਹਿਣ ਪ੍ਰਭ, ਕੀ ਵੇਲਾ ਅੰਤਮ ਢੁੱਕੇਗਾ । ਸੰਤ ਸੁਹੇਲੇ ਲਏਂ ਲੱਭ, ਲੱਖ ਚੁਰਾਸੀ ਵਿਚੋਂ ਆ ਕੇ ਪੁੱਛੇਂਗਾ । ਦਰ ਦਵਾਰੇ ਦੇ ਕੇ ਮਾਣ ਝੱਬ, ਕੂੜ ਕੁੜਿਆਰਾ ਫੜ ਕੇ ਕੁੱਟੇਂਗਾ । ਅੰਮ੍ਰਿਤ ਝਿਰਨਾ ਝਿਰਾ ਕੇ ਕਵਲ ਨਭ, ਜੋਤੀ ਸ਼ਬਦੀ ਧਾਰਾ ਉਠੇਂਗਾ । ਕੂੜੀ ਕਿਰਿਆ ਪਾਰ ਕਰਕੇ ਹੱਦ, ਸਚ ਦਵਾਰੇ ਇਕੋ ਸੁੱਟੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਘਰ ਸਾਚੇ ਆਉਂਦਾ ਜਾਂਦਾ ਕਦੇ ਨਾ ਰੁਕੇਂਗਾ । ਪਤਿਪਰਮੇਸ਼ਵਰ ਦਇਆ ਕਮਾਉਂਦਾ ਏ । ਸਚਖੰਡ ਨਿਵਾਸੀ ਸ਼ਬਦ ਅਲਾਉਂਦਾ ਏ । ਜੋਤੀ ਜਾਤਾ ਡਗਮਗਾਉਂਦਾ ਏ । ਗੁਰੂ ਅਵਤਾਰਾਂ ਆਪ ਦ੍ਰਿੜਾਉਂਦਾ ਏ । ਪੀਰ ਪੈਗ਼ੰਬਰਾਂ ਹੁਕਮ ਸੁਣਾਉਂਦਾ ਏ । ਸਦੀ ਚੌਧਵੀਂ ਵੇਖ ਵਖਾਉਂਦਾ ਏ । ਚੌਦਾਂ ਤਬਕਾਂ ਪੜਦਾ ਲਾਹੁੰਦਾ ਏ । ਚੌਦਾਂ ਵਿਦਿਆ ਪੰਧ ਮੁਕਾਉਂਦਾ ਏ । ਚੌਦਸ ਚੰਦ ਇਕ ਜਣਾਉਂਦਾ ਏ । ਮੁਰੀਦ ਮੁਰਸ਼ਦ ਬੇੜਾ ਬੰਨ੍ਹ, ਸਾਚੇ ਕੰਧ ਆਪ ਉਠਾਉਂਦਾ ਏ । ਕਲਜੁਗ ਕੂੜੀ ਕਿਰਿਆ ਮੇਟ ਕੇ ਤਨ, ਤਤਵ ਤਤ ਆਪ ਪਰਗਟਾਉਂਦਾ ਏ । ਸਾਚਾ ਰਾਗ ਸੁਣਾਵੇ ਕੰਨ, ਚਾਰ ਵਰਨਾਂ ਭੇਵ ਖੁਲ੍ਹਾਉਂਦਾ ਏ । ਵਸਤ ਅਮੋਲਕ ਦੇ ਕੇ ਨਾਮ ਧਨ, ਖ਼ਾਲੀ ਭੰਡਾਰੇ ਆਪ ਭਰਾਉਂਦਾ ਏ । ਪੰਚ ਵਿਕਾਰਾ ਦੇਵੇ ਡੰਨ, ਖੰਡਾ ਖੜਗ ਹੱਥ ਚਮਕਾਉਂਦਾ ਏ । ਕਰ ਪਰਕਾਸ਼ ਅੰਧੇਰੇ ਅੰਧ, ਦੀਪਕ ਜੋਤ ਇਕ ਰੁਸ਼ਨਾਉਂਦਾ ਏ । ਤੂੰ ਮੇਰਾ ਮੈਂ ਤੇਰਾ, ਦੋ ਜਹਾਨਾਂ ਗਾਉਂਣਾ ਛੰਦ, ਸੋਹੰ ਢੋਲਾ ਰਾਗ ਅਲਾਉਂਦਾ ਏ । ਆਤਮ ਪਰਮਾਤਮ

ਧੁਰ ਦਾ ਦੇ ਅਨੰਦ, ਨਿਜਾ ਨੰਦ ਰਸ ਚਖਾਉਂਦਾ ਏ । ਜਨਮ ਕਰਮ ਦੀ ਤੁੱਟੀ ਦੇਵੇ ਗੰਢ, ਲੱਖ ਚੁਰਾਸੀ ਗੇੜ ਚੁਕਾਉਂਦਾ ਏ । ਸੇਜ ਸੁਹੰਜਣੀ ਸੁਹਾਏ ਪਲੰਘ, ਆਤਮ ਅੰਤਰ ਡੇਰਾ ਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਕਿਰਿਆ ਕੂੜ ਖਪਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕਰਨ ਸਲਾਹ, ਖ਼ੁਸ਼ੀਆਂ ਤਾਲ ਵਜਾਈਆ । ਪ੍ਰਭ ਠਾਕਰ ਬਣੇ ਮਲਾਹ, ਕਲਜੁਗ ਅੰਤਮ ਵੇਸ ਵਟਾਈਆ । ਲੱਖ ਚੁਰਾਸੀ ਵੇਖੇ ਥਾਉਂ ਥਾਂ, ਨਵ ਨੌ ਚਾਰ ਖੋਜ ਖੋਜਾਈਆ । ਬਚਿਆ ਕੋਈ ਰਹਿਣ ਨਾ ਪਾ, ਪੜਦਾ ਸਭ ਦਾ ਦਏ ਚੁਕਾਈਆ । ਜਿਨ੍ਹਾਂ ਭੁੱਲਿਆ ਹਰਿ ਕਾ ਨਾਂ, ਤਿਨ੍ਹਾਂ ਫੜ ਫੜ ਦਏ ਸਜ਼ਾਈਆ । ਜੋ ਅੰਤਰ ਆਤਮ ਰਹੇ ਗਾ, ਤਿਨ੍ਹਾਂ ਵਿਛੜਿਆਂ ਲਏ ਮਿਲਾਈਆ । ਨਿਥਾਵਿਆਂ ਦੇਵੇ ਧੁਰ ਦਾ ਥਾਂ, ਦਰਗਾਹ ਸਾਚੀ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਏਥੇ ਓਥੇ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਇਕ ਜਪਾਏ ਨਾਂ, ਨਾਉਂ ਨਿਰੰਕਾਰਾ ਦਏ ਦ੍ਰਿੜਾਈਆ । ਨਾ ਕੋਈ ਸੂਰ ਖਾਏ ਨਾ ਗਾਂ, ਨਾ ਕੋਈ ਕਰੇ ਜੀਵ ਬਧ, ਬੰਧਨ ਗਲ ਨਾ ਕੋਇ ਪਾਈਆ । ਕਲਜੁਗ ਅੰਤਮ ਮੁੱਕੇ ਹੱਦ, ਹਾਜ਼ਰ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਆਤਮ ਪਰਮਾਤਮ ਵਿਸ਼ਵ ਬਣਾਏ ਯੱਦ, ਬ੍ਰਹਮ ਪਾਰਬ੍ਰਹਮ ਜੋੜ ਜੁੜਾਈਆ । ਦਰਸ਼ਨ ਦੇਵੇ ਘਰ ਘਰ ਜਨ ਭਗਤਾਂ ਨਰ ਹਰਿ ਉਪਰ ਸ਼ਾਹਰਗ, ਨੌ ਦਵਾਰ ਡੇਰਾ ਢਾਹੀਆ । ਅਗਨੀ ਤਤ ਨਾ ਤਪਾਏ ਕੋਈ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਜਨ ਭਗਤਾਂ ਪੜਦਾ ਲਏ ਕੱਜ, ਨਾਮ ਓਢਣ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਗਲ ਇਕ ਸੁਣਾਈਆ । ਸਾਚਾ ਮੰਗਲ ਸੁਣਾਵੇ ਗੀਤ, ਹਰਿ ਕਰਤਾ ਰਾਗ ਅਲਾਇੰਦਾ । ਕਰੇ ਖੇਲ ਧਾਮ ਅਨਡੀਠ, ਸਚਖੰਡ ਦਵਾਰੇ ਸੋਭਾ ਪਾਇੰਦਾ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਹਸਤ ਨਾ ਕੋਈ ਕੀਟ, ਊਚ ਨੀਚ ਨਜ਼ਰ ਕੋਇ ਨਾ ਆਇੰਦਾ । ਸਰਬ ਸਵਾਮੀ ਸਭ ਦਾ ਮੀਤ, ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਨਿਸ਼ਾਨਾ ਦੱਸੇ ਠੀਕ, ਕਾਇਆ ਕੂੜਾ ਠੀਕਰ ਭੰਨ ਵਖਾਇੰਦਾ । ਸਤਿਜੁਗ ਸਾਚੀ ਲਾਏ ਰੀਤ, ਸਾਚਾ ਲੇਖਾ ਇਕ ਪਰਗਟਾਇੰਦਾ । ਸਦੀ ਬੀਸਵੀਂ ਜਾਏ ਬੀਤ, ਬੀਸ ਇਕੀਸਾ ਖੇਲ ਖਿਲਾਇੰਦਾ । ਜਨ ਭਗਤਾਂ ਪੁਰਖ ਅਕਾਲ ਦੇ ਕੇ ਇਕ ਪ੍ਰਤੀਤ, ਪ੍ਰਤੀਨਿਧ ਇਕੋ ਨਜ਼ਰੀ ਆਇੰਦਾ । ਮਿਹਰਵਾਨ ਹੋ ਕੇ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਵਰਤਾਇੰਦਾ । ਸਾਚਾ ਕਲਮਾ ਸਚ ਹਦੀਸ, ਸਾਚਾ ਨਗ਼ਮਾ ਨਾਮ ਸੁਣਾਇੰਦਾ । ਕਲਜੁਗ ਕੂੜਾ ਭੰਨੇ ਰੀਠ, ਸਤਿਜੁਗ ਅੰਮ੍ਰਿਤ ਫਲ ਗੁਰਮੁਖਾਂ ਮੁਖ ਲਗਾਇੰਦਾ । ਕਰਵਟ ਲੈ ਬਦਲੇ ਪੀਠ, ਸਚ ਸਵਾਮੀ ਘਰ ਘਰ ਗੁਰ ਸ਼ਬਦ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਰਗ ਇਕ ਲਗਾਇੰਦਾ । ਗੁਰ ਅਵਤਾਰ ਕਹਿਣ ਪ੍ਰਭ ਤੇਰਾ ਕਿਹੜਾ ਜਗਤ, ਸਤਿ ਸਤਿ ਸਤਿ ਦੇ ਜਣਾਈਆ । ਜਿਸ ਦੇ ਵਿਚ ਇਕੋ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਤਪਾਈਆ । ਜਨ ਭਗਤਾਂ ਪਤ ਲਏਂ ਰੱਖ, ਨਿਰਗੁਣ ਸਰਗੁਣ ਵੇਸ ਵਟਾਈਆ । ਸਭ ਦੀ ਝੋਲੀ ਪਾਏਂ ਕਰਨੀ ਕੀਤੀ ਹੱਕ, ਹਕੀਕਤ ਦਾ ਮਾਲਕ ਆਪ ਅਖਵਾਈਆ । ਸੋ ਭਗਤ ਸੁਹੇਲੇ ਲਏਂ ਤੱਕ, ਤਾਕਤ ਆਪਣੀ ਸਰਬ ਗਵਾਈਆ ।

੫੩੪ ੧੨

ਜੁਗ ਚੌਕੜੀ ਜੋ ਸੰਦੇਸ਼ਿਆਂ ਅੰਦਰ ਆਏ ਦੱਸ, ਸ਼ਾਸਤਰਾਂ ਕਲਮਿਆਂ ਵਿਚ ਪੜ੍ਹਾਈਆ । ਪੁਰਖ ਅਕਾਲ ਹੋਵੇ ਪ੍ਰਤਖ, ਪਤਿਪਰਮੇਸ਼ਵਰ ਵੇਸ ਵਟਾਈਆ । ਮਹੱਲ ਅਟਲ ਉਚ ਮਨਾਰੇ ਜਾਣ ਵਸ, ਚਾਰ ਦੀਵਾਰ ਨਾ ਕੋਇ ਬਣਾਈਆ । ਜਿਸ ਦੇ ਪਿਛੇ ਗੋਬਿੰਦ ਸੱਥਰ ਲਿਆ ਘਤ, ਸੂਲਾਂ ਸੇਜ ਹੰਢਾਈਆ । ਓਸੇ ਨਾਲ ਮਿਲ ਕੇ ਆਪਣਾ ਖੇਲ ਕਰੇ ਸਮਰਥ, ਮਹਿੰਮਾ ਅਕਥ ਆਪ ਜਣਾਈਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਦੇਵੇ ਰੱਖ, ਬਾਲਾ ਨੱਢਾ ਗੋਦ ਬਹਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੱਟ, ਬੂਟਾ ਫੇਰ ਨਾ ਕੋਇ ਲਗਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਬਣ ਵਣਜਾਰਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਰਾਹ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਚੰਗਾ, ਚਾਰੋਂ ਕੁੰਟ ਵੱਜੇ ਵਧਾਈਆ । ਤੇਰਾ ਨਾਮ ਸ਼ਬਦ ਇਕ ਮਰਦੰਗਾ, ਲੱਖ ਚੁਰਾਸੀ ਸੁੱਤੀ ਲਏਂ ਉਠਾਈਆ । ਚਰਨ ਕਵਲ ਭੱਜੀ ਆਏ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੰਗੋਤਰੀ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਪੈਰੀਂ ਆਏ ਨੰਗਾ, ਹੱਥ ਤ੍ਰਿਸੂਲ ਨਾ ਕੋਇ ਉਠਾਈਆ । ਕਰੋੜ ਤੇਤੀਸਾ ਤੇਰੇ ਨਾਮ ਦਾ ਗਾਏ ਛੰਦਾ, ਸੋਹੰ ਢੋਲਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਸਾਚਾ ਘਰ, ਜਿਸ ਘਰ ਬਹਿ ਕੇ ਆਪਣਾ ਨਾਮ ਪਰਗਟਾਈਆ । ਮੇਰਾ ਘਰ ਵੱਖਰਾ ਅਨੋਖਾ, ਸੋ ਸਾਹਿਬ ਆਪ ਜਣਾਈਆ । ਜਿਥੇ ਛੱਪਰ ਛੰਨ ਨਾ ਕੋਇ ਕੋਠਾ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਮਕਤਬ ਪਾਠਸ਼ਾਲਾ ਨਾ ਪੁਸਤਕ ਪੋਥਾ, ਅੱਖਰਾਂ ਨਾਲ ਨਾ ਕੋਇ ਪੜ੍ਹਾਈਆ । ਮਨ ਮਤ ਬੁਧ ਸੋਚ ਨਾ ਸੋਚਾ, ਸਮਝ ਰਮਜ਼ ਨਾ ਕੋਇ ਵਖਾਈਆ । ਨਾ ਕੋਈ ਖਾਣੀ ਬਾਣੀ ਰਾਗ ਨਾਦ ਪੜ੍ਹੇ ਸਲੋਕਾ, ਸੱਜਦਾ ਸੀਸ ਨਾ ਕੋਇ ਝੁਕਾਈਆ । ਖੰਡਾ ਖੜਗ ਤਲਵਾਰ ਤੀਰ ਕਮਾਨ ਨਾ ਕੋਈ ਸੋਟਾ, ਚਿੱਲਾ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਣਾਵਣਹਾਰਾ ਸਚ ਘਰ, ਸਚ ਦਵਾਰਾ ਇਕ ਬੁਝਾਈਆ । ਸਚ ਦਵਾਰਾ ਧੁਰ ਦਾ ਸੋਹਣਾ, ਹਰਿ ਸੋਹਣੀ ਬਣਤ ਬਣਾਈਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਅੰਦਰੇ ਅੰਦਰ ਮੋਹਣਾ, ਬਾਹਰੋਂ ਨੂਰ ਨਾ ਕੋਇ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਹੱਸਣਾ ਨਾ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਪਰਗਟਾਈਆ । ਨਾ ਜਾਗਣਾ ਨਾ ਸੋਣਾ, ਸੁਫ਼ਨ ਸਖੋਪਤ ਖੇਲ ਨਾ ਕੋਇ ਵਖਾਈਆ । ਨਾ ਵੱਢਣਾ ਨਾ ਕੁਛ ਬੋਣਾ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਇਕੋ ਇਕ ਪੁਰਖ ਅਕਾਲ ਦੀਨ ਦਿਆਲ ਸਚ ਦਵਾਰ ਸੁਹੋਣਾ, ਸੋ ਪੁਰਖ ਨਿਰੰਜਣ ਬੈਠਾ ਡੇਰਾ ਲਾਈਆ । ਜਿਸ ਦੇ ਚਰਨ ਕਵਲ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਸੀਸ ਨਵੌਣਾ, ਦਰ ਮੰਗਣ ਖ਼ਾਲੀ ਝੋਲੀ ਅੱਗੇ ਡਾਹੀਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਹੋ ਕੇ ਫੇਰਾ ਪੌਣਾ, ਨਿਤ ਨਵਿਤ ਵੇਖੇ ਥਾਉਂ ਥਾਈਆ । ਜਿਸ ਨੇ ਸਦੀ ਚੌਧਵੀਂ ਕੂੜੀ ਕਿਰਿਆ ਪੰਧ ਮੁਕੌਣਾ, ਚੌਦਾਂ ਤਬਕਾਂ ਆਪਣੇ ਵਿਚ ਸਮਾਈਆ । ਜਿਸ ਨੇ ਕਲ ਕਲਕੀ ਆਪਣਾ ਨਾਉਂ ਪਰਗਟੌਣਾ, ਕਲਜੁਗ ਕੂੜ ਕੁੜਿਆਰਾ ਕਲਕਾਤੀ ਮੇਟ ਮਿਟਾਈਆ । ਸੋ ਸਾਹਿਬ ਸਮਰਥ ਪੁਰਖ ਨਿਰਗੁਣ ਨਿਰਵੈਰ ਨਿਰਾਕਾਰ ਇਕ ਅਖਵੌਣਾ, ਜਿਸ ਦਾ ਰੂਪ ਰੰਗ ਰੇਖ ਜਗ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੁਹੇਲੇ ਆਪ ਮਿਲੌਣਾ, ਸ਼ਬਦ ਵਿਚੋਲਾ ਬਣਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਮੁਖ ਸਾਚੇ ਖੋਲ੍ਹੇ ਜਾਗ, ਜਗ


੫੩੫ ੧੨

ਜੀਵਨ ਦਾਤਾ ਦਇਆ ਕਮਾਇੰਦਾ । ਸ਼ਬਦ ਅਗੰਮੀ ਦੇ ਵੈਰਾਗ, ਵੈਰਾਗੀ ਰੂਪ ਵਟਾਇੰਦਾ । ਜਗਤ ਤ੍ਰਿਸਨਾ ਕਰੇ ਤਿਆਗ, ਤਿਆਗੀ ਖੇਲ ਖਿਲਾਇੰਦਾ । ਅਗਨੀ ਤਤ ਬੁਝਾਏ ਆਗ, ਬੂੰਦ ਸਵਾਂਤੀ ਮੁਖ ਚੁਆਇੰਦਾ । ਆਤਮ ਪਰਮਾਤਮ ਰਚ ਕੇ ਕਾਜ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਘਰ ਸਵਾਮੀ ਬਹਿ ਮਾਰੇ ਆਵਾਜ਼, ਧੁਰ ਦਾ ਢੋਲਾ ਰਾਗ ਅਲਾਇੰਦਾ । ਜਨ ਭਗਤਾਂ ਰੱਖੇ ਲਾਜ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਵੇਖ ਵਖਾਇੰਦਾ । ਘਰ ਸਾਚੇ ਵੇਖਣਹਾਰਾ ਏਕ, ਏਕੰਕਾਰ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤਾਂ ਦੇਂਦਾ ਆਇਆ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਵਖੌਂਦਾ ਆਇਆ ਕਾਇਆ ਮੰਦਰ ਅੰਦਰ ਜੋਤੀ ਤੇਜ, ਮਹੱਲ ਅਟਲ ਕਰ ਰੁਸ਼ਨਾਈਆ । ਤਜੌਂਦਾ ਆਇਆ ਬਾਸ਼ਕ ਸੇਜ਼, ਸਾਂਗੋ ਪਾਂਗ ਪਰ੍ਹਾਂ ਹਟਾਈਆ । ਕਰਦਾ ਆਇਆ ਜੋਤੀ ਜਲਵਾ ਤੇਜ, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭਗਤ ਸੁਹੇਲੇ ਗੁਰੂ ਗੁਰ ਚੇਲੇ ਆਪਣਾ ਮੇਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਭਗਤ ਕੇਹੜਾ, ਕਲਜੁਗ ਕਵਣ ਕੋਨੇ ਡੇਰਾ ਲਾਈਆ । ਲੱਖ ਚੁਰਾਸੀ ਪਿਆ ਝੰਝਟ ਝੇੜਾ, ਝਗੜਾ ਅਗੇ ਨਾ ਕੋਇ ਮਿਟਾਈਆ । ਜੀਵ ਜੰਤ ਸਾਧ ਸੰਤ ਕਰੇ ਨਾ ਕੋਈ ਨਿਬੇੜਾ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਇਸ਼ਾਰੇ ਨਾਲ ਕਰ ਕੇ ਮਿਹਰਾ, ਮਿਹਰ ਮੁਹੱਬਤ ਵਿਚ ਸਮਝਾਈਆ । ਜੋ ਜਨ ਸੋਹੰ ਢੋਲਾ ਗਾਏ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸੋ ਸੱਜਣ ਸਾਹਿਬ ਮੀਤ ਮੁਰਾਰ ਘਰ ਠਾਂਡੇ ਪਾਵੇ ਫੇਰਾ, ਲੱਖ ਚੁਰਾਸੀ ਪੰਧ ਮੁਕਾਈਆ । ਸਾਢੇ ਤਿੰਨ ਹੱਥ ਪ੍ਰਭ ਸਚ ਦਾ ਵਸੇ ਖੇੜਾ, ਜਿਸ ਗ੍ਰਿਹਿ ਬੈਠਾ ਅੰਦਰ ਸੋਭਾ ਪਾਈਆ । ਸੋ ਭਗਤ ਅਨੋਖਾ ਸੱਜਣ ਚੇਰਾ, ਚੇਲਾ ਸਤਿਗੁਰ ਰੂਪ ਵਖਾਈਆ । ਜਿਸ ਦਾ ਸ਼ੌਹ ਦਰਿਆਏ ਕਦੇ ਨਾ ਡੁੱਬੇ ਬੇੜਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਰਿਹਾ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕੀ ਭਗਤਾਂ ਚਾੜ੍ਹੇਂ ਰੰਗ, ਤਨ ਮਾਟੀ ਖਾਲ ਰੰਗਾਈਆ । ਦੀਨ ਦਿਆਲ ਪੁਰਖ ਅਕਾਲ ਕਹੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਹੁਕਮ ਜਣਾਈਆ । ਮਿਹਰ ਨਜ਼ਰ ਨਾਲ ਅੰਤਰ ਆਤਮ ਦੇਵਾਂ ਇਕ ਅਨੰਦ, ਪੂਜਾ ਪਾਠ ਜੋਗ ਅਭਿਆਸ ਇਕ ਜਣਾਈਆ । ਜੁਗ ਜਨਮ ਦੇ ਵਿਛੜਿਆਂ ਸੁਰਤੀ ਸ਼ਬਦ ਦੇਵਾਂ ਗੰਢ, ਆਪ ਆਪਣੀ ਡੋਰੀ ਤੰਦ ਬੰਧਾਈਆ । ਗੁਰਸਿਖ ਸਵਾਣੀ ਕਦੇ ਨਾ ਹੋਵੇ ਰੰਡ, ਕੰਤ ਸੁਹਾਗੀ ਧੁਰ ਦਾ ਇਕ ਮਿਲਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਜਨ ਭਗਤਾਂ ਅੰਦਰ ਵੇਖੋ ਲੰਘ, ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ, ਢੋਲਾ ਗਾਏ ਸੋਹੰ ਛੰਦ, ਤੇਰਾ ਮੇਰਾ ਮੇਰਾ ਤੇਰਾ ਭੇਵ ਰਿਹਾ ਨਾ ਰਾਈਆ । ਅੰਗੀਕਾਰ ਲਾ ਕੇ ਅੰਗ, ਕਰੇ ਖੇਲ ਸੂਰਾ ਸਰਬੰਗ, ਸਦਾ ਸੁਹੇਲਾ ਇਕ ਅਕੇਲਾ ਘਰ ਸਾਚੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਪੜਦਾ ਓਹਲਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਵਾਹ, ਵਾਹਵਾ ਤੇਰੇ ਹੱਥ ਵੱਡੀ ਵਡਿਆਈਆ । ਭਗਤ ਮਿਲਣ ਦਾ ਤੈਨੂੰ ਚਾਅ, ਜੁਗ ਜੁਗ ਫੇਰਾ ਪਾਈਆ । ਅੰਦਰ ਵੜ ਕੇ ਦਏਂ ਸਮਝਾ, ਬਾਹਰੋਂ ਕਰੇਂ

ਨਾ ਕੋਇ ਪੜ੍ਹਾਈਆ । ਘਰ ਦੀਵਾ ਬਾਤੀ ਕਰ ਰੁਸ਼ਨਾ, ਜੋਤੀ ਜੋਤ ਕਰੇਂ ਰੁਸ਼ਨਾਈਆ । ਸਾਥੀ ਬਣ ਕੇ ਦੋ ਜਹਾਂ, ਏਥੇ ਓਥੇ ਪੰਧ ਮੁਕਾਈਆ । ਏਸੇ ਕਾਰਨ ਤੇਰੀ ਓਟ ਗਏ ਤਕਾ, ਬੈਠੇ ਧਿਆਨ ਲਗਾਈਆ । ਕਲਜੁਗ ਅੰਤਮ ਪਰਗਟ ਹੋਵੇ ਬੇਪਰਵਾਹ, ਅਮਾਮ ਅਮਾਮਾਂ ਰੂਪ ਵਟਾਈਆ । ਜਿਸ ਦਾ ਨਿਰ ਅੱਖਰਾਂ ਵਿਚੋਂ ਮਿਲੇ ਥੋੜ੍ਹਾ ਥੋੜ੍ਹਾ ਨਿਸ਼ਾਨ, ਸਚ ਨਿਸ਼ਾਨਾ ਨਾ ਕੋਇ ਜਣਾਈਆ । ਇਸ਼ਾਰਿਆਂ ਨਾਲ ਸਾਰੇ ਕਰਨ ਬੋਧ ਗਿਆਨ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਜੋ ਮਾਲਕ ਖ਼ਾਲਕ ਹਰ ਘਟ ਅੰਤਰ ਵਸਿਆ ਹਰ ਘਟ ਥਾਂ, ਲੱਖ ਚੁਰਾਸੀ ਮੰਦਰ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਭਗਤ ਸੁਹੇਲੇ ਸੰਤ ਸੱਜਣ ਅੰਤਮ ਲਏ ਉਠਾ, ਗੁਰਮੁਖ ਗੁਰਸਿਖ ਗੁਰ ਗੁਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਚਾਰ ਜੁਗ ਦੀ ਪਿਛਲੀ ਬੀਤੀ ਸਾਰੀ ਦਏ ਵਖਾ, ਅੱਗੇ ਆਪਣਾ ਹੁਕਮ ਵਰਤਾਈਆ ।

## ✪ ੨੬ ਭਾਦਰੋਂ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ ਪਿੰਡ ਵਰਨਾਲਾ ✪

ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਤੀ, ਸਚਖੰਡ ਦਵਾਰੇ ਠਾਂਡੇ ਦਰਬਾਰੇ ਸੀਸ ਝੁਕਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਕਲਜੁਗ ਲੇਖਾ ਚੁੱਕਿਆ ਵਿਸ਼ਵ ਸ਼ਾਂਤੀ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਅੰਧੇਰੀ ਦਿਸੇ ਰਾਤੀ, ਨਿਰਗੁਣ ਨਿਰਵੈਰ ਨਿਰਾਕਾਰ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਦੀਨ ਮਜ਼੍ਹਬ ਜ਼ਾਤ ਪਾਤੀ, ਕੂੜੀ ਕਿਰਿਆ ਘਰ ਘਰ ਕਰੇ ਲੜਾਈਆ । ਸੱਜਣ ਮੀਤ ਸੰਗੀ ਦਿਸੇ ਕੋਈ ਨਾ ਸਾਥੀ, ਮੰਜ਼ਲ ਪੰਧ ਜਗਤ ਨਾ ਕੋਇ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਮੰਨੇ ਕੋਇ ਨਾ ਆਖੀ, ਬੁਧ ਬਿਬੇਕ ਨਾ ਕੋਇ ਕਰਾਈਆ । ਮਹੱਲ ਅਟਲ ਚੜ੍ਹ ਕੇ ਵੇਖੇ ਕੋਇ ਨਾ ਆਪਣੀ ਘਾਟੀ, ਘਾਟੇ ਵਿਚ ਸਰਬ ਲੋਕਾਈਆ । ਹਉਮੇ ਹੰਗਤਾ ਵਧੀ ਕ੍ਰਾਂਤੀ, ਕਿਰਿਆ ਕੂੜੀ ਬੈਠੀ ਡੇਰਾ ਲਾਈਆ । ਸਾਚੇ ਮੰਦਰ ਸਾਢੇ ਤਿੰਨ ਹੱਥ ਅੰਦਰ ਖੋਲ੍ਹੇ ਕੋਇ ਨਾ ਤਾਕੀ, ਬਜਰ ਕਪਾਟੀ ਕੁੰਡਾ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਆਤਮ ਪੀਵੇ ਨਾ ਕੋਇ ਬੂੰਦ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਨਿਰਮਲ ਜੋਤ ਸਚ ਗ੍ਰਹਿ ਨਾ ਕੋਇ ਪਰਕਾਸ਼ੀ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਦਰ ਠਾਂਡੇ ਸੀਸ ਨਿਵਾਈਆ । ਨਿਰਗੁਣ ਸਰਗੁਣ ਖੇਲ ਵੇਖ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਬ੍ਰਹਿਮੰਡ ਖੰਡ ਖੋਜ ਖੋਜਾਈਆ । ਸਦੀ ਚੌਧਵੀਂ ਚੌਦਾਂ ਤਬਕ ਹੋਏ ਉਦਾਸਨ, ਹੈਰਾਨੀ ਸਭ ਦੇ ਉਤੇ ਛਾਈਆ । ਪੀਰ ਪੈਗ਼ੰਬਰ ਜੋ ਦੱਸ ਕੇ ਗਏ ਨਮਾਜ਼ਨ, ਕਲਮਾ ਕਾਇਨਾਤ ਪੜ੍ਹਾਈਆ । ਜੀਵ ਜੰਤ ਸਚ ਪ੍ਰੇਮ ਨਾ ਕੋਇ ਨਿਵਾਜਨ, ਨਗ਼ਮਾ ਨਾਮ ਨਾ ਕੋਇ ਸੁਣਾਈਆ । ਕੂੜੀ ਕਿਰਿਆ ਮਨ ਵਾਸਨਾ ਦਹਿ ਦਿਸ਼ਾ ਉਠ ਉਠ ਭਾਜਣ, ਨੱਠਣ ਵਾਹੋ ਦਾਹੀਆ । ਰਸਨਾ ਜਿਹਵਾ ਬੱਤੀ ਦੰਦ ਉਚੀ ਬੋਲ ਸਾਰੇ ਆਖਣ, ਮਸਲਿਆਂ ਨਾਲ ਕਰਨ ਪੜ੍ਹਾਈਆ । ਦਰਸ਼ਨ ਪਾਏ ਨਾ ਕੋਈ ਜ਼ਾਹਰ ਬਾਤਨ, ਜ਼ਹੂਰ ਨਜ਼ਰ ਕਿਸੇ ਨਾ ਆਈਆ । ਸਚ ਸੁਣੇ ਨਾ ਕੋਇ ਆਵਾਜ਼ਨ, ਧੁਨ ਰਾਗ ਨਾ ਕੋਇ ਸ਼ਨਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖ ਆਪਣਾ ਦਰ, ਸਰਗੁਣ ਬੈਠਾ ਮੁਖ ਭਵਾਈਆ । ਸਰਗੁਣ ਖੇਲ ਜੀਵ ਜਗਤ ਜਹਾਨ, ਲੱਖ ਚੁਰਾਸੀ ਘਾੜਤ ਲਿਆ ਘੜਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਖੇਲ ਮਹਾਨ, ਜੋਤੀ ਜਾਤੇ ਕਰ ਰੁਸ਼ਨਾਈਆ । ਵਸਤ ਅਮੋਲਕ ਦੇ ਦੇ ਦਾਨ, ਨਾਮ ਭੰਡਾਰਾ ਸਦ ਵਰਤਾਈਆ । ਭਗਤ ਸੁਹੇਲੇ ਕਰ ਪਛਾਣ, ਅੰਤਰ ਆਤਮ ਬੂਝ ਬੁਝਾਈਆ । ਸੰਤ ਸੱਜਣ ਵੇਖੇ ਆਣ, ਘਰ ਪੜਦਾ ਓਹਲਾ ਦਿਤਾ ਚੁਕਾਈਆ । ਗੁਰਮੁਖ ਸੱਜਣ ਚਰਨ ਧਿਆਨ, ਚਰਨੋਦਕ ਅੰਮ੍ਰਿਤ ਜਾਮ ਪਿਆਈਆ । ਗੁਰਸਿਖਾਂ ਮਾਰ ਨਿਰਾਲਾ ਬਾਣ, ਸੋਈ ਸੁਰਤ ਉਠਾਈਆ । ਸੰਦੇਸਾ ਦੇ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਗੁਣ ਦ੍ਰਿੜਾਈਆ । ਅੰਜੀਲ ਕੁਰਾਨ ਵਖਾ ਨਿਸ਼ਾਨ, ਮਸਲਾ ਹਕ ਹਕ ਸਮਝਾਈਆ । ਚਾਰੇ ਖਾਣੀ ਕਰ ਪਰਧਾਨ, ਚਾਰੇ ਬਾਣੀ ਨਾਦ ਵਜਾਈਆ । ਚਾਰੇ ਕੁੰਟ ਖੇਲ ਮਹਾਨ, ਚਾਰੇ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਠਾਂਡੇ ਕਰਨ ਅਰਜ਼, ਅਰਜ਼ੋਈ ਆਪਣੀ ਇਕ ਜਣਾਈਆ । ਪਰਵਰਦਿਗਾਰ ਪੂਰਾ ਕਰ ਫ਼ਰਜ਼, ਫ਼ਾਜ਼ਿਲ ਹੋ ਕੇ ਤਰਸ ਕਮਾਈਆ । ਕਲਜੁਗ ਜੀਵਾਂ ਜੰਤਾਂ ਕੋਈ ਨਾ ਵੰਡੇ ਦਰਦ, ਦੁਖੀ ਦੀਨ ਦੇਣ ਦੁਹਾਈਆ । ਤੁਧ ਬਿਨ ਮਕਰੂਜ਼ ਕੋਈ ਨਾ ਲਾਹੇ ਕਰਜ਼, ਹਿਸਾਬ ਬੇਬਾਕ ਨਾ ਕੋਇ ਕਰਾਈਆ । ਚਾਰ ਜੁਗ ਦੀ ਪਿਛਲੀ ਵੇਖ ਫ਼ਰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੱਥ ਨਜ਼ਰੀ ਆਈਆ । ਜੋ ਜਨ ਤੇਰੇ ਮਿਲਣ ਨੂੰ ਰਹੇ ਭਟਕ, ਅੰਤਰ ਆਤਮ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰਾ ਠਾਂਡਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਿਸ਼ਵ ਸ਼ਾਂਤੀ ਨਾ ਦਿਸੇ ਸਤਿ, ਧਰਮ ਸੰਤੋਖ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਘਰ ਘਰ ਗਈ ਵਸ, ਗ੍ਰਿਹਿ ਗ੍ਰਿਹਿ ਆਪਣਾ ਡੇਰਾ ਲਾਈਆ । ਅੰਤਰ ਆਤਮ ਮਿਲੇ ਕਿਸੇ ਨਾ ਰਸ, ਰਸਨਾ ਕੂੜ ਰਸ ਹਲਕਾਈਆ । ਤੇਰੇ ਮਿਲਣ ਦੀ ਤੱਕੇ ਕੋਈ ਨਾ ਅੱਖ, ਦੋਏ ਲੋਚਣ ਬੈਠੇ ਜਗਤ ਤਕਾਈਆ । ਸਾਚੀ ਮੰਜ਼ਲ ਚੜ੍ਹ ਕੇ ਤੇਰੇ ਚਰਨ ਜਾਵੇ ਕੋਈ ਨਾ ਢੱਠ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਨਾਤਾ ਤੁੱਟੇ ਨਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੇਲ ਨਾ ਕੋਇ ਚੁਕਾਈਆ । ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀਆਂ ਵਿਚ ਪਏ ਕੋਈ ਨਾ ਹੱਸ, ਹਸਤੀ ਤੇਰੀ ਸਮਝ ਕਿਸੇ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸ੍ਰਿਸ਼ਟੀ ਪਾਈ ਨੱਥ, ਦ੍ਰਿਸ਼ਟੀ ਸਕੇ ਨਾ ਕੋਇ ਖੁਲ੍ਹਾਈਆ । ਨਾਮ ਭੰਡਾਰਾ ਮਿਲੇ ਨਾ ਕਿਸੇ ਹੱਟ, ਚਾਰੋਂ ਕੁੰਟ ਜੂਠ ਝੂਠ ਵੰਡ ਵੰਡਾਈਆ । ਝਗੜਾ ਪਿਆ ਮਨ ਮਤ, ਗੁਰਮਤ ਬੈਠੀ ਮੁਖ ਛੁਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਆਪੇ ਬੰਨ੍ਹ, ਮਿਹਰਵਾਨ ਮਿਹਰਵਾਨ ਮਿਹਰਵਾਨ ਸਹਿਜ ਨਜ਼ਰ ਉਠਾਈਆ । ਬੌਹੜੀ ਦਰੋਹੀ ਕਲਜੁਗ ਅੰਤ ਅਖ਼ੀਰੀ ਹੋਈ ਹੱਦ, ਕਿਨਾਰਾ ਨਜ਼ਰ ਕੋਇ ਨਾ ਆਈਆ । ਭੈਣ ਭਾਈ ਸਾਕ ਸੱਜਣ ਪਿਤਾ ਪੂਤ ਨਾਰ ਕੰਤ ਜਾਏ ਛੱਡ, ਸੁਹੰਜਣੀ ਸੇਜ ਸੋਭਾ ਕੋਇ ਨਾ ਪਾਈਆ । ਤੇਰੀ ਆਤਮ ਪਰਮਾਤਮ ਤੈਥੋਂ ਵਿਛੜ ਹੋਈ ਅੱਡ, ਕੂੜੀ ਕਿਰਿਆ ਕੂੜੀ ਮਾਇਆ ਪੜਦਾ ਰਹੀ ਪਾਈਆ । ਕਰ ਕਿਰਪਾ ਵਖਾ ਆਪਣਾ ਵਿਸ਼ਵ ਉਹ ਯੱਦ, ਜਿਸ ਵਿਚੋਂ ਬੰਸ ਸਰਬੰਸ ਲਏ ਪਰਗਟਾਈਆ । ਕਾਇਆ ਕੰਦਰ ਡੂੰਘੀ ਵੇਖ ਖੱਡ, ਸਾਢੇ ਤਿੰਨ ਹੱਥ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਇਕ ਵਖਾ ਧੁਰ ਦਾ ਘਰ, ਜਿਸ ਘਰ ਤੇਰਾ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਕਲਜੁਗ ਖੇਲ, ਖ਼ਾਲਕ ਖ਼ਲਕ ਤੇਰੇ ਹੱਥ ਵਡਿਆਈਆ । ਸੁਰਤ ਸ਼ਬਦ ਕਰੇ ਨਾ ਕੋਈ ਮੇਲ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਘਰ ਜੋਤ ਨਿਰੰਜਣ ਚਾੜ੍ਹੇ ਕੋਈ ਨਾ ਤੇਲ, ਸ਼ਬਦੀ ਸਗਨ ਨਾ ਕੋਇ ਮਨਾਈਆ । ਅਚਰਜ ਤੇਰਾ ਪਾਰਬ੍ਰਹਮ ਪ੍ਰਭ ਵੇਖਿਆ ਅਗੰਮੜਾ ਖੇਲ, ਅਲੱਖ ਅਗੋਚਰ ਤੇਰੀ ਸਮਝ ਕਿਸੇ ਨਾ ਆਈਆ । ਤੂੰ ਆਦਿ ਜੁਗਾਦੀ ਏਥੇ ਓਥੇ ਦੋ ਜਹਾਨਾਂ ਸੱਜਣ ਸੁਹੇਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਨਿਤ ਨਵਿਤ ਕਰ ਕਰ ਹਿਤ ਅਬਿਨਾਸ਼ੀ ਅਚੁਤ ਆਪਣਾ ਸ਼ਬਦ ਸੰਦੇਸਾ ਦੇਵੇਂ ਭੇਜ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਰੂਪ ਵਟਾਈਆ । ਜੋਤੀ ਜਲਵਾ ਦੇ ਕੇ ਤੇਜ, ਨੂਰ ਨੁਰਾਨਾ ਨੂਰ ਕਰੇਂ ਰੁਸ਼ਨਾਈਆ । ਘਰ ਭਗਤਾਂ ਮਾਣੇਂ ਸਾਚੀ ਸੇਜ, ਅੰਦਰ ਵੜ ਕੇ ਪੌੜੇ ਚੜ੍ਹ ਕੇ ਸਚ ਦਵਾਰੇ ਖੜ੍ਹ ਕੇ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਜਾਵੇਂ ਲੇਟ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਲਏਂ ਅੰਗੜਾਈਆ । ਅੰਦਰ ਬਾਹਰ ਗੁਪਤ ਜ਼ਾਹਰ ਬਣ ਕੇ ਖੇਵਟ ਖੇਟ, ਸਚ ਮਲਾਹ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਿਸ਼ਵ ਰੂਪ, ਤੇਰਾ ਪ੍ਰਭ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟੀ ਭੁੱਲੀ ਸਤਿ ਸਰੂਪ, ਸਤਿ ਸਤਿਵਾਦ ਸੰਗ ਨਾ ਕੋਇ ਰਖਾਈਆ । ਹੋਇਆ ਅੰਧੇਰਾ ਚਾਰੇ ਕੂਟ, ਜੂਠ ਝੂਠ ਵੱਜੀ ਵਧਾਈਆ । ਕਿਸੇ ਭਾਗ ਨਾ ਲੱਗੇ ਕਾਇਆ ਪੰਜ ਤਤ ਭੂਤ, ਘਰ ਮੰਦਰ ਖ਼ੁਸ਼ੀ ਨਾ ਕੋਇ ਮਨਾਈਆ । ਲੇਖਾ ਚੁਕਿਆ ਸਚ ਸੂਚ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਭਗਤ ਦੁਲਾਰਾ ਦਿਸੇ ਕੋਈ ਨਾ ਪੂਤ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਤੇਰੇ ਨਾਲੋਂ ਤੇਰੀ ਸ੍ਰਿਸ਼ਟੀ ਗਈ ਰੁਠ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕੋ ਸ਼ਬਦ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੇ ਬਿਨ ਕੰਨਾਂ, ਹਰਿ ਕਰਤਾ ਆਪ ਜਣਾਈਆ । ਜੁਗ ਚੌਕੜੀ ਨਿਤ ਨਵਿਤ ਮੇਰਾ ਖੇਲ ਅਗੰਮਾ, ਅਲਖ ਅਗੋਚਰ ਅਗੰਮੜੀ ਕਾਰ ਕਮਾਈਆ । ਸਦਾ ਵਸੇਰਾ ਬਿਨ ਛੱਪਰ ਛੰਨਾ, ਘਰ ਸਾਚੇ ਡੇਰਾ ਲਾਈਆ । ਜੁਗ ਚੌਕੜੀ ਪਾਰ ਕਰਾਵਾਂ ਹੱਦ ਬੰਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਵਸਤ ਅਮੋਲਕ ਲੱਖ ਚੁਰਾਸੀ ਅੰਤਰ ਆਤਮ ਦੇ ਕੇ ਨਾਮ ਧਨਾ, ਦੌਲਤ ਇਕੋ ਇਕ ਵਰਤਾਈਆ । ਰਹਿਣ ਨਾ ਦੇਵਾਂ ਕੋਈ ਨੇਤਰ ਹੀਣ ਅੰਨ੍ਹਾ, ਸਚ ਸੁੱਚ ਸਤਿ ਕਰਾਂ ਰੁਸ਼ਨਾਈਆ । ਮੇਰਾ ਸੁਤ ਦੁਲਾਰਾ ਸ਼ਬਦੀ ਇਕੋ ਚੰਨਾ, ਦੋ ਜਹਾਨਾਂ ਵੇਖਣਹਾਰਾ ਥਾਉਂ ਥਾਈਆ । ਮਿਹਰਵਾਨ ਹੋ ਕੇ ਓਸ ਨੂੰ ਮਾਤ ਘੱਲਾਂ, ਹੁਕਮੇ ਅੰਦਰ ਹੁਕਮ ਸੁਣਾਈਆ । ਨਿਰਧਨ ਸਰਧਨ ਦੋਹਾਂ ਫੜ ਫੜ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਵੇਖਣਹਾਰਾ ਜਲਾਂ ਥਲਾਂ, ਮਹੱਲ ਅਟਲ ਪੜਦਾ ਦਏ ਚੁਕਾਈਆ । ਜਿਸ ਨੂੰ ਰਾਮ ਰਹੀਮ ਕਰੀਮ ਸਭ ਨੇ ਮੰਨਾ, ਅੱਲਾ ਹੂ ਹੂ ਸਾਰੇ ਰਹੇ ਜਸ ਗਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਛਲ ਅਛੱਲਾ, ਵਲ ਛਲ ਧਾਰੀ ਹੋ ਕੇ ਖੇਲ ਵਖਾਈਆ । ਜਿਸ ਨੂੰ ਨਾਨਕ ਗੋਬਿੰਦ ਕਿਹਾ ਪੁਰਖ ਅਕਾਲਾ, ਅਕਲ ਕਲ ਧਾਰੀ ਆਪਣੀ ਕਲ ਪਰਗਟਾਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਜੁਗ ਚੌਕੜੀ ਵਸਣਹਾਰਾ ਸਚ ਮਹੱਲਾ, ਸਚਖੰਡ ਦਵਾਰੇ ਮੁਕਾਮੇ ਹਕ ਲਾਸ਼ਰੀਕ ਪਰਵਰਦਿਗਾਰ ਆਪਣਾ ਡੇਰਾ ਲਾਈਆ । ਖੇਲੇ ਖੇਲ ਇਕ ਇਕੱਲਾ,

ਏਕੰਕਾਰ ਆਪਣੀ ਖੇਲ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਗੁਰ ਅਵਤਾਰ ਕਹਿਣ ਪ੍ਰਭ ਵੇਖ ਕਲਜੁਗ ਕਿਰਿਆ, ਕੂੜ ਕੁੜਿਆਰਾ ਨਜ਼ਰੀ ਆਈਆ । ਮਨ ਮਨੂਆ ਸ੍ਰਿਸ਼ਟ ਸਬਾਈ ਫਿਰਿਆ, ਫਿਰਤ ਫਿਰਤ ਹੋਈ ਹਲਕਾਈਆ । ਸਾਚਾ ਦਿਸੇ ਨਾ ਕਿਸੇ ਧੀਰਜ ਧਿਰਿਆ, ਧਰਮ ਈਮਾਨ ਨਾ ਕੋਇ ਵਡਿਆਈਆ । ਉਲਟਾ ਗੇੜ ਅਗੰਮੀ ਗਿੜਿਆ, ਗੇੜੇ ਵਿਚ ਲੋਕਾਈਆ । ਦੀਨ ਮਜ਼੍ਹਬ ਝਗੜਾ ਛਿੜਿਆ, ਜ਼ਾਤ ਪਾਤ ਰੋ ਰੋ ਦਏ ਦੁਹਾਈਆ । ਗੁਰਮੁਖ ਸੰਤ ਸੁਹੇਲਾ ਕਰੇ ਬਿਰਿਹਾ, ਨੇਤਰ ਰੋਵੇ ਮਾਰੇ ਧਾਹੀਆ । ਕਲਜੁਗ ਗ਼ੁੰਚਾ ਅੰਤ ਅਨੋਖਾ ਫਲ ਖਿੜਿਆ, ਕੂੜੀ ਕਿਰਿਆ ਚਾਰੋਂ ਕੁੰਟ ਹਲਕਾਈਆ । ਰਾਜਾ ਰਾਣਾ ਸਾਰਾ ਭਿੜਿਆ, ਖਹਿ ਖਹਿ ਮਰੇ ਹੋਈ ਜੁਦਾਈਆ । ਪਤਿਪਰਮੇਸ਼ਵਰ ਕਲ ਅੰਤ ਲਾਏ ਕਿਉਂ ਦੇਰਿਆ, ਦੂਰ ਦੁਰਾਡਾ ਬਹਿ ਕੇ ਵੇਖ ਵਖਾਈਆ । ਤੇਰਾ ਸੰਤ ਸ੍ਰੀ ਭਗਵੰਤ ਤ੍ਰੈਗੁਣ ਮਾਇਆ ਘਿਰਿਆ, ਤੁਧ ਬਿਨ ਸਕੇ ਨਾ ਕੋਇ ਬਚਾਈਆ । ਤੇਰਾ ਰੂਪ ਨਿਰਾਕਾਰ ਨਿਰਿਆ, ਨਿਰਵੈਰ ਸਦਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਹਰਿਜਨ ਸਾਚੇ ਲੈ ਤਰਾਈਆ । ਹਰਿਜਨ ਵੇਖ ਪ੍ਰਭ ਠਾਕਰ ਰੋਂਦੇ, ਬਿਨ ਅੱਖਾਂ ਨੀਰ ਵਹਾਈਆ । ਸਦੀ ਚੌਧਵੀਂ ਬਿਰਹੋਂ ਵਿਛੋੜੇ ਵਿਚ ਕਦੇ ਨਾ ਸੌਂਦੇ, ਆਲਸ ਨਿੰਦਰਾ ਗ਼ਫ਼ਲਤ ਸੰਗ ਨਾ ਕੋਇ ਰਖਾਈਆ । ਕਾਇਆ ਮੰਦਰ ਅੰਦਰ ਬ੍ਰਹਿਮੰਡ ਖੰਡ ਵੇਖ ਵਖੌਂਦੇ, ਭੱਜਣ ਵਾਹੋ ਦਾਹੀਆ । ਤੇਰੇ ਪ੍ਰੇਮ ਦੇ ਢੋਲੇ ਗੌਂਦੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕੋਲੋਂ ਪੱਲੂ ਛੁਡੌਂਦੇ, ਓਹਲੇ ਹੋ ਕੇ ਮੁਖ ਭਵਾਈਆ । ਤੇਰੇ ਦਰਸ ਦਾ ਰਾਹ ਤਕੌਂਦੇ, ਨਿਜ ਨੇਤਰ ਅੱਖ ਖੁਲ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਚਰਨ ਸਹਾਰਾ ਇਕ ਰਖੌਂਦੇ, ਦੂਜੀ ਓਟ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣਾ ਦਰ, ਧੁਰ ਦੇ ਮਾਲਕ ਤੇਰੀ ਓਟ ਤਕਾਈਆ । ਧੁਰ ਦੇ ਮਾਲਕ ਖੋਲ੍ਹ ਅੱਖ, ਗੁਰ ਅਵਤਾਰ ਰਹੇ ਜਣਾਈਆ । ਜੋ ਮਾਰਗ ਅਸੀਂ ਆਏ ਦੱਸ, ਭੁੱਲੀ ਸਰਬ ਲੋਕਾਈਆ । ਅੰਤਮ ਚਲੇ ਕੋਈ ਨਾ ਵਸ, ਵਾਸਤਾ ਤੇਰੇ ਅਗੇ ਪਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜਗਤ ਜੁਗ ਜਨਮ ਦੇ ਵਿਛੜੇ ਗੁਰਮੁਖ ਗੁਰਸਿਖ ਕਰ ਇਕੱਠ, ਹਰਿਜਨ ਸਾਚੇ ਮੇਲ ਮਿਲਾਈਆ । ਦੂਈ ਦਵੈਤੀ ਮੇਟ ਫੱਟ, ਉਤੇ ਪਟੀ ਨਾਮ ਬੰਧਾਈਆ । ਸਤਿ ਧਰਮ ਦਾ ਖੋਲ੍ਹ ਹੱਟ, ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਚਰਨ ਕਵਲ ਸਰਨਾਈ ਢਹਿ ਕੇ ਵਾਸਤਾ ਰਹੇ ਘਤ, ਨਿਉਂ ਨਿਉਂ ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਸਤਿਗੁਰ ਸਵਾਮੀ ਤੇਰੀ ਆਸ ਰਖਾਈਆ । ਪਾਰਬ੍ਰਹਮ ਪ੍ਰਭ ਤੇਰੀ ਆਸਾ, ਆਦਿ ਜੁਗਾਦਿ ਤੂੰ ਹੀ ਨਜ਼ਰੀ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਭਰਵਾਸਾ, ਕਰੋੜ ਤੇਤੀਸਾ ਤੇਰਾ ਧਿਆਨ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਮੰਨਦੇ ਆਏ ਆਖਾ, ਨਿਤ ਨਵਿਤ ਸੇਵ ਕਮਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾਣ ਗਾਥਾ, ਅੱਖਰਾਂ ਨਾਲ ਢੋਲੇ ਰਾਗ ਅਲਾਇੰਦਾ । ਤੇਰਾ ਨੂਰ ਜ਼ਹੂਰ ਵੇਖਿਆ ਪ੍ਰਿਥਮੀ ਆਕਾਸ਼ਾ, ਰਵ ਸਸ ਸੂਰਯਾ ਚੰਦ ਦਿਵਸ ਰੈਣ ਪੰਧ ਮੁਕਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰਾ ਪਰਕਾਸ਼ਾ, ਘਟ ਘਟ ਅੰਦਰ ਦੀਵਾ ਬਾਤੀ ਕਮਲਾਪਾਤੀ ਜੋਤ ਜਗਾਇੰਦਾ । ਨਿਤ ਨਵਿਤ ਚਾਰ ਯੁਗ ਚਾਰ ਕੁੰਟ ਮੇਟਣਹਾਰਾ ਵਾਟਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਇੰਦਾ ।


੫੪੦ ੧੨

ਸਾਹਿਬ ਸੁਲਤਾਨ ਸ੍ਰੀ ਭਗਵਾਨ ਪਾਰਬ੍ਰਹਮ ਕਲਜੁਗ ਅੰਤਮ ਵੇਖ ਅੰਧੇਰੀ ਰਾਤਾ, ਤੇਈ ਅਵਤਾਰ ਤੇਰੇ ਦਰ ਅਲੱਖ ਜਗਾਇੰਦਾ । ਭਗਤ ਭਗਵਾਨ ਮੰਨ ਆਖਾ, ਕਬੀਰ ਜੁਲਾਹਾ ਊਚੀ ਕੂਕ ਕੂਕ ਅਲਾਇੰਦਾ । ਈਸਾ ਮੂਸਾ ਮੁਹੰਮਦ ਪੜ੍ਹੇ ਨਿਮਾਜ਼ਾ, ਤੋਬਾ ਤੋਬਾ ਵਡ ਖ਼ਾਲਕ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਨਾਨਕ ਗੋਬਿੰਦ ਕਹੇ ਜਾਤ ਮੈਂ ਤੂੰ ਤੇਰੀ ਜਾਤਾ, ਅਜ਼ਾਤੀ ਵੇਸ ਨਾ ਕੋਇ ਵਟਾਇੰਦਾ । ਕਲਜੁਗ ਅੰਤਮ ਪੂਰਾ ਕਰਦੇ ਘਾਟਾ, ਘਾਟ ਪੱਤਣ ਦਵਾਰਾ ਤੇਰਾ ਇਕੋ ਸੋਭਾ ਪਾਇੰਦਾ । ਮਿਹਰਵਾਨ ਹੋ ਪੁਰਖ ਸਮਰਾਥਾ, ਸਮਰਥ ਤੇਰੀ ਓਟ ਸਰਬ ਰਖਾਇੰਦਾ । ਤੂੰ ਸਭ ਦਾ ਪਿਤਾ ਮਾਤਾ, ਲੱਖ ਚੁਰਾਸੀ ਤੇਰਾ ਜੀਵ ਜੰਤ ਤੇਰਾ ਬਾਲ ਸਖਾਈ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਲ ਤੇਰਾ ਰਾਹ ਸਰਬ ਤਕਾਇੰਦਾ । ਕਲਜੁਗ ਅੰਤਮ ਤੇਰਾ ਤੱਕਣ ਰਾਹ, ਬੈਠੇ ਅੰਤਰ ਅੰਤਰ ਧਿਆਨ ਲਗਾਈਆ । ਤੂੰ ਠਾਕਰ ਸਵਾਮੀ ਜਲਵਾ ਨੂਰ ਖ਼ੁਦਾ, ਜ਼ਹੂਰ ਜ਼ਹੂਰ ਤੇਰੀ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਦੋ ਜਹਾਨਾਂ ਬਣ ਮਲਾਹ, ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਤੇਰਾ ਕਲਮਾ ਇਕ ਸਦਾ, ਨਾਮ ਨਗ਼ਮਾ ਇਕ ਜਣਾਈਆ । ਤੇਰਾ ਝੁੱਲੇ ਸਚ ਨਿਸ਼ਾਂ, ਮੁਕਾਮੇ ਹਕ ਸੋਭਾ ਪਾਈਆ । ਤੇਰੇ ਹੱਥ ਤੌਫ਼ੀਕ ਖ਼ੁਦਾ, ਰਫ਼ੀਕ ਸਾਰੇ ਲੈ ਬਣਾਈਆ । ਫ਼ਰੀਕ ਬਣ ਜੋ ਹੋਏ ਜੁਦਾ, ਜੁਜ਼ ਅੰਗ ਬੈਠੇ ਕਟਾਈਆ । ਤਿਨ੍ਹਾਂ ਮਾਰਗ ਦੱਸ ਸਿਧਾ, ਰੂਹ ਬੁਤ ਦੋਵੇਂ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਕੱਠੇ ਹੋ ਕੇ ਬੋਲਣ, ਬਿਨ ਰਸਨਾ ਜਿਹਵਾ ਰਹੇ ਸੁਣਾਈਆ । ਪੁਰਖ ਅਬਿਨਾਸ਼ੀ ਤੇਰੇ ਦਰਸ਼ਨ ਨੂੰ ਸਾਰੇ ਲੋਚਣ, ਨੈਣ ਨੈਣ ਨੈਣ ਉਠਾਈਆ । ਤੇਰਾ ਖੇਲ ਕਿਸੇ ਵਿਚ ਨਾ ਆਵੇ ਸੋਚਣ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਸਰਨ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਸੁਣ ਕੇ ਗਾਥ, ਕਲਜੁਗ ਆਪਣੀ ਲਏ ਅੰਗੜਾਈਆ । ਕਰੇ ਬੇਨੰਤੀ ਪੁਰਖ ਅਕਾਲ ਅੱਗੇ ਧੁਰ ਦੇ ਬਾਪ, ਦੋਏ ਜੋੜ ਸਰਨਾਈਆ । ਮੈਂ ਛੋਟਾ ਬੱਚਾ ਤੇਰਾ ਪਾਕੀ ਪਾਕ, ਇਕੋ ਨਜ਼ਰੀ ਆਈਆ । ਲੋਕਮਾਤ ਵੇਖ ਮੇਰਾ ਖੇਲ ਤਮਾਸ਼, ਜੋ ਸੇਵਾ ਦਿਤੀ ਸਮਝਾਈਆ । ਮੈਂ ਬਰਦਾ ਹੋ ਕੇ ਕਰਾਂ ਸੇਵਾ ਦਿਵਸ ਰਾਤ, ਘੜੀ ਪਲ ਚੈਨ ਕੋਇ ਨਾ ਆਈਆ । ਸਭ ਦੀ ਬੁਧੀ ਕੀਤੀ ਨਾਰ ਕਮਜ਼ਾਤ, ਦੁਹਾਗਣ ਬੈਠੀ ਰੂਪ ਵਟਾਈਆ । ਹੰਸ ਜੀਵ ਕੀਤੇ ਕਾਗ, ਕਾਗ ਵਾਂਗ ਰਹੇ ਕੁਰਲਾਈਆ । ਘਰ ਘਰ ਲਾਇਆ ਕੂੜਾ ਦਾਗ਼, ਦੁਰਮਤ ਮੈਲ ਸਕੇ ਨਾ ਕੋਇ ਧਵਾਈਆ । ਸਾਢੇ ਤਿੰਨ ਹੱਥ ਜਗਣ ਦਿਤਾ ਨਾ ਕੋਇ ਚਿਰਾਗ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਅੰਤਰ ਉਪਜਣ ਦਿਤਾ ਨਾ ਕੋਇ ਵੈਰਾਗ, ਵੈਰੀ ਵੈਰੀ ਘਰ ਘਰ ਦਿਤੇ ਬਣਾਈਆ । ਤੇਰੇ ਨਾਲੋਂ ਪ੍ਰਭ ਸਭ ਦਾ ਕਰ ਕੇ ਤਿਆਗ, ਸੁਰਤੀ ਮਾਇਆ ਪ੍ਰਕਿਰਤੀ ਵਿਚ ਰਖਾਈਆ । ਕਾਮ ਕਰੋਧ ਦਾ ਚਲਾ ਜਹਾਜ਼, ਸ੍ਰਿਸ਼ਟ ਸਬਾਈ ਲਈ ਬਹਾਈਆ । ਸਦੀ ਚੌਧਵੀਂ ਪਤਿਪਰਮੇਸ਼ਵਰ ਪਰਵਰਦਿਗਾਰ ਮੈਨੂੰ ਦੇ ਸ਼ਾਬਾਸ, ਸਿਰ ਮੇਰੇ ਹੱਥ ਟਿਕਾਈਆ । ਮੈਂ ਨਾਮ ਦੀ ਪੂੰਜੀ ਰਹਿਣ ਨਹੀਂ ਦਿਤੀ ਕਿਸੇ ਪਾਸ, ਖ਼ਾਲੀ ਹੱਟ ਦਿਤੇ ਕਰਾਈਆ । ਪਿਤਾ ਕੋਲੋਂ ਪੁਤ ਦਾ ਕਰਾਵਾਂ ਘਾਤ, ਭੈਣ ਭਾਈ ਇਕ ਦੂਜੇ ਦੀ ਸੇਜ ਤਕਾਈਆ । ਤੈਨੂੰ ਆਪਣੀ ਸੁਣਾਈ ਸੱਚੀ ਬਾਤ, ਪੜਦਾ ਰੱਖਿਆ ਕੋਈ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਤੈਨੂੰ ਰਹੇ ਆਖ,

ਇਹ ਸਾਰੇ ਮਿਲ ਕੇ ਤੇਰੀ ਮੇਰੀ ਕਰਨ ਜੁਦਾਈਆ । ਤੂੰ ਮੇਰਾ ਇਕੋ ਵੱਡਾ ਸੱਚਾ ਬਾਪ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕੀਤੀ ਵੇਖ ਵੇਖ ਖ਼ੁਸ਼ੀ ਮਨਾਈਆ । ਕਲਜੁਗ ਕਹੇ ਪ੍ਰਭੂ ਮੇਰੇ ਬੇਪਰਵਾਹਿਆ, ਤੇਰੀ ਬੇਪਰਵਾਹੀ ਵਿਚ ਸਮਾਇੰਦਾ । ਤ੍ਰੈਗੁਣ ਮਾਇਆ ਜਾਲ ਵਿਛਾਇਆ, ਸਾਧ ਸੰਤ ਪਰੇ ਨਾ ਕੋਇ ਹਟਾਇੰਦਾ । ਕੂੜੀ ਕਿਰਿਆ ਵਿਚ ਫਸਾਇਆ, ਫਾਂਸੀ ਗਲ ਨਾ ਕੋਇ ਕਟਾਇੰਦਾ । ਚਾਰੋਂ ਕੁੰਟ ਘੇਰਾ ਪਾਇਆ, ਦਹਿ ਦਿਸ਼ਾ ਰਾਹ ਨਜ਼ਰ ਕਿਸੇ ਨਾ ਆਇੰਦਾ । ਹਰਿ ਸਵਾਮੀ ਤੇਰਾ ਸੋਹਣਾ ਹੁਕਮ ਕਮਾਇਆ, ਹੁਕਮ ਅਦੂਲੀ ਵਿਚ ਨਾ ਕੋਇ ਰਖਾਇੰਦਾ । ਇਹੋ ਜਿਹਾ ਤੇਰਾ ਪੁੱਤ ਅੱਗੇ ਕੋਈ ਲੋਕਮਾਤ ਨਾ ਆਇਆ, ਜੋ ਤੇਰੇ ਨਾਲੋਂ ਵਿਛੋੜ ਆਪਣੇ ਰਾਹੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਮੈਂ ਤੇਰੀ ਸੇਵ ਕਮਾਇੰਦਾ । ਪੁਰਖ ਅਕਾਲ ਕਹੇ ਵਾਹ ਕਲਜੁਗ ਬੱਚਾ, ਸ਼ਾਬਾਸ ਤੇਰੀ ਵਡਿਆਈਆ । ਤੂੰ ਇਨ੍ਹਾਂ ਬਚਨਾਂ ਉਤੇ ਸੱਚਾ, ਕਰਨੀ ਸੱਚੀ ਕਰ ਵਖਾਈਆ । ਦਿਵਸ ਰੈਣ ਫਿਰਿਉਂ ਨੱਠਾ, ਨੌ ਖੰਡ ਪ੍ਰਿਥਮੀ ਸੱਤ ਦੀਪ ਭੱਜਿਆ ਵਾਹੋ ਦਾਹੀਆ । ਲੇਖਾ ਮੁਕਾ ਕੇ ਮਦੀਨਾ ਮੱਕਾ, ਹੁਜਰਿਆ ਵਿਚ ਖ਼ੁਸਰੇ ਦਿਤੇ ਨਚਾਈਆ । ਭਾਗ ਰਹਿਣ ਨਾ ਦਿਤਾ ਕਿਸੇ ਸ਼ਿਵਦਵਾਲੇ ਮੰਦਰ ਮੱਠਾ, ਗੁਰਦਵਾਰੇ ਕਰੀ ਲੜਾਈਆ । ਸਤਿ ਗਵਾਇਆ ਤੀਰਥ ਤਟਾਂ, ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਘਰ ਘਰ ਅੰਦਰ ਪਾਇਆ ਰੱਟਾ, ਲੇਖਾ ਸਕੇ ਨਾ ਕੋਇ ਮੁਕਾਈਆ । ਸਭ ਦਾ ਅੰਤਰ ਹੋਇਆ ਤੱਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਭ ਨੇ ਵਣਜੀ ਮਨ ਮਤਾ, ਗੁਰਮਤ ਬੈਠੇ ਸਰਬ ਭੁਲਾਈਆ । ਸਚ ਨਿਸ਼ਾਨਾ ਕਿਸੇ ਨਾ ਦੱਸਿਆ ਪਤਾ, ਕੂੜਾ ਮਾਰਗ ਦਿਤਾ ਜਣਾਈਆ । ਪਰਮ ਪੁਰਖ ਕਹੇ ਪ੍ਰਭੂ ਕਲਜੁਗ ਮੈਂ ਤੇਰਾ ਖੇਲ ਵੇਖਿਆ ਅੱਖਾਂ, ਸਚਖੰਡ ਬੈਠਾ ਧਿਆਨ ਲਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਸ਼ਾਰੇ ਨਾਲ ਦੱਸਾਂ, ਰਮਜ਼ਾਂ ਨਾਲ ਸਮਝਾਈਆ । ਸਾਰੇ ਕਹਿਣ ਵਾਹ ਵਾਹ ਕਲਜੁਗ ਸੋਹਣਾ ਕੀਤਾ ਅੱਛਾ, ਹਰਿ ਜੀ ਤੇਰੀ ਸੱਚੀ ਸੇਵ ਕਮਾਈਆ । ਕਿਸੇ ਦੇ ਮੂੰਹ ਵਿਚ ਦਿਤਾ ਢੱਗੀ ਵੱਛਾ, ਕਿਸੇ ਨੂੰ ਸੂਰਾਂ ਨਾਲ ਰਜਾਈਆ । ਕਿਸੇ ਦੇ ਕੋਲੋਂ ਜ਼ਿਬਹ ਕਰਾਇਆ ਕੱਟਾ, ਕਿਸੇ ਤੋਂ ਮੁਰਗੀਆਂ ਖੱਲ ਲੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜੋ ਅਸੀਂ ਲਿਖ ਕੇ ਆਏ ਨਾਮ ਦਾ ਪਟਾ, ਸੋ ਸਾਰੇ ਬੈਠੇ ਮੁਖ ਭਵਾਈਆ । ਚਾਰੋਂ ਕੁੰਟ ਵੇਖੀ ਉਡਦੀ ਛਾਰ ਕੂੜੀ ਘਟਾ, ਧੂੰਆਂਧਾਰ ਦਿਸੇ ਲੋਕਾਈਆ । ਕਲਜੁਗ ਵਾਹਵਾ ਤੇਰਾ ਛੋਟਾ ਨਿੱਕਾ ਬੱਚਾ, ਜਿਸ ਥੋੜੇ ਸਮੇਂ ਅੰਦਰ ਬਹੁਤੀ ਸੇਵ ਕਮਾਈਆ । ਧਰਮ ਭੁਲਾਇਆ ਬੂਰਾ ਕੱਕਾ, ਗੋਰਾ ਚਿੱਟਾ ਬਚਿਆ ਕੋਇ ਰਹਿਣ ਨਾ ਪਾਈਆ । ਪ੍ਰਭ ਦੀ ਮਾਇਆ, ਦੁੱਧ ਵੇਖੋ ਫਿੱਟਾ, ਮੱਖਣ ਸਚ ਵਿਰੋਲ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣਾ ਘਰ, ਨਵ ਸੱਤ ਆਪਣਾ ਫੇਰਾ ਪਾਈਆ । ਕਲਜੁਗ ਕਹੇ ਪ੍ਰਭ ਮੈਂ ਕਿੱਡਾ ਚੰਗਾ, ਚੰਗਿਆਂ ਵਿਚੋਂ ਨਜ਼ਰੀ ਆਈਆ । ਮੈਂ ਧੀਆਂ ਬੇਟੀਆਂ ਸੀਸ ਕੀਤਾ ਨੰਗਾ, ਓਢਣ ਸਿਰ ਨਾ ਕੋਇ ਟਿਕਾਈਆ । ਪੰਡਤਾਂ ਨੂੰ ਨੰਗਾ ਨੁਹਾਇਆ ਗੰਗਾ, ਲੱਜਿਆ ਹਯਾ ਬੈਠੀ ਮੁਖ ਛੁਪਾਈਆ । ਮੈਂ ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਕਰਾਇਆ ਦੰਗਾ, ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸ਼ਾਇਕ ਗ੍ਰੰਥੀ ਪੰਥੀ ਦਿਤੇ ਲੜਾਈਆ । ਮੈਂ ਸਭ ਦਾ ਮਾਣ ਤੋੜਿਆ ਗ਼ਰੂਰ ਹੰਗਾ, ਹਉਮੇ ਹੰਗਤਾ ਗੜ੍ਹ ਬਣਾਈਆ । ਜੂਠ ਝੂਠ ਦਾ ਫੜ ਕੇ ਖੰਡਾ, ਸਤਿ ਧਰਮ ਸਭ ਦੇ ਅੰਦਰੋਂ ਦਿਤਾ ਬਾਹਰ ਕਢਾਈਆ ।

ਕੋਈ ਨਾ ਕਹੇ ਮੈਂ ਪ੍ਰਭੂ ਦਾ ਬੰਦਾ, ਬੰਦਗੀ ਵਿਚ ਬੰਧਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਮੇਰਾ ਘਰ, ਮੈਂ ਘਰ ਘਰ ਲਾਇਆ ਜੰਦਾ, ਬਜਰ ਕਪਾਟੀ ਕੁੰਡਾ ਖੋਲ੍ਹ ਦਰਸ ਤੇਰਾ ਕੋਇ ਨਾ ਪਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਦੇ ਪਿਆਰ, ਤੇਰੇ ਅਗੇ ਅਰਜ਼ੋਈਆ । ਮੈਂ ਸ੍ਰਿਸ਼ਟ ਫਿਰਾਈ ਵਿਚ ਨੌਂ ਦਵਾਰ, ਜਗਤ ਵਾਸਨਾ ਨਾਲ ਮਿਲਾਈਆ । ਗੁਰ ਕਾ ਸ਼ਬਦ ਸਕਿਆ ਕਰ ਨਾ ਕੋਇ ਵਿਚਾਰ, ਬੁੱਧੀ ਬਿਬੇਕ ਨਾ ਕੋਇ ਸਮਝਾਈਆ । ਸੁਖਮਨ ਟੇਢੀ ਬੰਕ ਕਰੇ ਕੋਈ ਨਾ ਪਾਰ, ਈੜਾ ਪਿੰਗਲ ਪੰਧ ਨਾ ਕੋਇ ਚੁਕਾਈਆ । ਅਨਹਦ ਸ਼ਬਦ ਸੁਣੇ ਨਾ ਕੋਇ ਧੁਨਕਾਰ, ਅਨਰਾਗੀ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਆਤਮ ਜਾਮ ਨਾ ਸਕਿਆ ਕੋਇ ਪਿਆਲ, ਨਾਭੀ ਕਵਲ ਨਾ ਕੋਇ ਉਲਟਾਈਆ । ਮਾਨਸਰੋਵਰ ਸਾਚੇ ਤੀਰਥ ਸਕਿਆ ਨਾ ਕੋਇ ਨੁਹਾਲ, ਕਾਗ ਹੰਸ ਨਾ ਰੂਪ ਵਟਾਈਆ । ਸੁਰਤੀ ਸ਼ਬਦ ਨਾ ਕੋਇ ਕਰਨ ਦਿਤਾ ਪਿਆਰ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਆਤਮ ਸੇਜਾ ਕਿਸੇ ਨਾ ਲਈ ਸ਼ਿੰਗਾਰ, ਘਰ ਕੰਤ ਨਾ ਕੋਇ ਹੰਢਾਈਆ । ਕਲਜੁਗ ਜੀਵ ਵੇਖ ਨਾਰ ਮੁਟਿਆਰ, ਮਨ ਵਾਸਨਾ ਨਾਲ ਪਰਨਾਈਆ । ਅੱਠੇ ਪਹਿਰ ਕਰਨ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਤੇਰੇ ਨਾਲੋਂ ਵਿਛੋੜਾ ਕਰਕੇ ਧੁਰ ਦੇ ਯਾਰ, ਯਾਰਾਨਾ ਗ਼ੈਰਾਂ ਨਾਲ ਲਗਾਈਆ । ਪ੍ਰਭ ਸਚ ਪੁਛੇਂ ਤੈਥੋਂ ਸਭ ਦਾ ਚੁੱਕਿਆ ਇਤਬਾਰ, ਭੈ ਰਹਿਣ ਕੋਇ ਨਾ ਪਾਈਆ । ਕਿਉਂ ਮੈਂ ਸਭ ਨੂੰ ਅੰਦਰ ਵੜ ਕੇ ਕੀਤਾ ਖ਼ਬਰਦਾਰ, ਉਚੀ ਕੂਕ ਕੂਕ ਜਣਾਈਆ । ਜੋ ਵਿਸ਼ਿਆਂ ਵਿਚ ਪਿਆਰ, ਸੋ ਪਰਮਾਤਮਾ ਕੋਲੋਂ ਹੱਥ ਨਾ ਆਈਆ । ਏਸੇ ਕਾਰਨ ਕਲਜੁਗ ਜੀਵ ਮੇਰੇ ਰਲ ਗਏ ਨਾਲ, ਮੇਰਾ ਸੋਹਣਾ ਬੰਸ ਸੁਹਾਈਆ । ਸਦੀ ਵੀਹਵੀਂ ਵੇਖ ਮੇਰਾ ਜਮਾਲ, ਚਾਰੋਂ ਕੁੰਟ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਪ੍ਰਭ ਵੇਖ ਮੇਰਾ ਸਮਾਜ, ਸੋਹਣੀ ਬਣਤ ਬਣਾਈਆ । ਕਿਸੇ ਦੇ ਸੀਸ ਉਤੇ ਰਹਿਣ ਨਹੀਂ ਦਿਤਾ ਤਾਜ, ਤਖ਼ਤ ਨਿਵਾਸੀ ਖ਼ਾਕ ਰੁਲਾਈਆ । ਸਚ ਅਦਲ ਇਨਸਾਫ਼ ਦਾ ਡੋਬ ਜਹਾਜ਼, ਨਈਆ ਕੂੜ ਦਿਤੀ ਪਰਗਟਾਈਆ । ਜੇ ਕੋਈ ਤੈਨੂੰ ਕਹੇ ਗੁਰੂ ਮਹਾਰਾਜ, ਉਹਨੂੰ ਲੋਕਾਈ ਦਏ ਸਜ਼ਾਈਆ । ਇਹੋ ਜਿਹਾ ਬੱਚਾ ਤੈਨੂੰ ਕਦੇ ਨਾ ਲੱਭਣਾ ਫੇਰ ਆਦਿ, ਆਦਿ ਤੇਰਾ ਸਤਿਜੁਗ ਪੁੱਤ ਆਪਣਾ ਬਲ ਨਾ ਕੋਇ ਪਰਗਟਾਈਆ । ਏਸੇ ਕਾਰਨ ਮੈਂ ਤੈਨੂੰ ਰਿਹਾ ਅਰਾਧ, ਚਰਨ ਕਵਲ ਕਵਲ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਬੇਪਰਵਾਹੀਆ । ਪ੍ਰਭ ਮੇਰਾ ਖੇਲ ਵੇਖ ਅਨੋਖਾ, ਅਵੱਲੜੀ ਕਾਰ ਕਰਾਈਆ । ਸਭ ਦੇ ਨਾਲ ਕਰਕੇ ਧੋਖਾ, ਉਲਟੀ ਨਈਆ ਦਿਤੀ ਵਹਾਈਆ । ਜੋ ਤੇਰੇ ਨਾਮ ਦਾ ਪੜਦੇ ਪੁਸਤਕ ਪੋਥਾ, ਤਿਨ੍ਹਾਂ ਥੋਥੀ ਮਤ ਕਰਾਈਆ । ਤੇਰੀ ਮੰਜ਼ਲ ਚੜ੍ਹਨਾ ਦਿਸਦਾ ਔਖਾ, ਪੌੜੀ ਡੰਡੇ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਕਲਜੁਗ ਕਹੇ ਪ੍ਰਭ ਮੇਰੇ ਸਚ ਸਵਾਮੀ, ਸਵਾਲ ਤੇਰੇ ਅੱਗੇ ਇਕ ਰਖਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖੇਂ ਬੇਪਰਵਾਹੀਆ । ਮੇਰੀ ਲੋਕਮਾਤ ਵੇਖ ਜਗਤ ਨਿਸ਼ਾਨੀ, ਜੋ ਨਿਸ਼ਾਨਾ ਤੇਰਾ ਰਹੀ ਜਣਾਈਆ । ਭਰਮ ਭੁਲਾਏ ਵਡ ਵਿਦਵਾਨੀ, ਗਿਆਨੀ ਧਿਆਨੀ ਸਾਰ ਕਿਸੇ ਨਾ ਪਾਈਆ । ਜਿਨ੍ਹਾਂ ਪਿਛੇ ਗੋਬਿੰਦ ਕਰਕੇ ਗਿਆ ਕੁਰਬਾਨੀ, ਬੱਚੇ ਨੀਹਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨ੍ਹਾਂ ਲਹਿਣਾ ਦੇਣਾ ਜਣਾਈਆ । ਪੁਰਖ

ਅਕਾਲ ਕਹੇ ਵਾਹ ਸੱਚੇ ਸੁਤ, ਸਤਿ ਤੇਰੀ ਵਡਿਆਈਆ । ਸਤਿ ਧਰਮ ਦਾ ਬੂਟਾ ਦਿਤਾ ਪੁੱਟ, ਤੂੰ ਆਪਣੀ ਜੜ੍ਹ ਲਗਾਈਆ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਦੱਸਣਹਾਰਾ ਸਚ, ਸਚ ਦਏ ਸਮਝਾਈਆ । ਅੰਤਮ ਤੇਰਾ ਲੇਖਾ ਮੁਕੇ ਜਗ, ਥਿਰ ਰਹਿਣ ਕੋਇ ਨਾ ਪਾਈਆ । ਵਾਕ ਭਵਿਖਤ ਪੂਰਾ ਕਰੇ ਪੁਰਖ ਸਮਰਥ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਿਖਾਈਆ । ਉਸੇ ਵੇਲੇ ਤੇਰੀ ਝੋਲੀ ਪਾ ਕੇ ਤੇਰਾ ਹੱਕ, ਹਾਕਮ ਧੁਰ ਦਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਦੋ ਜਹਾਨਾਂ ਖੇਲ ਰਿਹਾ ਕਰ, ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਅਜੂਨੀ ਰਹਿਤ ਮਧਸੂਦਨ ਪਰਵਰਦਿਗਾਰ ਸਾਂਝਾ ਯਾਰ ਮਹਿਬੂਬ ਸਚ ਅਰੂਜ ਮੁਹੱਬਤ ਵਿਚ ਸੁਹਬਤ ਵਿਚ ਸਚ ਦਏ ਜਣਾਈਆ ।

### ੨੯ ਭਾਦਰੋਂ ੨੦੨੧ ਬਿਕ੍ਰਮੀ ਬਲੀ ਸਿੰਘ ਦੇ ਗ੍ਰਹਿ ਪਿੰਡ ਕੈਰੋਂ

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੀ ਮਹਿੰਮਾ ਅਕਥ, ਏਥੇ ਉਥੇ ਦੋ ਜਹਾਨਾਂ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਪਰਵਰਦਿਗਾਰ ਸਾਂਝੇ ਯਾਰ ਮਾਰਗ ਸੱਚਾ ਦੱਸ, ਦਰ ਸਾਚੇ ਓਟ ਤਕਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਲਜੁਗ ਕੂੜੀ ਕਿਰਿਆ ਤੈਥੋਂ ਕੀਤੇ ਅੱਡ, ਸੰਗੀ ਸਾਥੀ ਮੁਖ ਭਵਾਈਆ । ਨਾੜ ਬਹੱਤਰ ਘਰ ਘਰ ਗ੍ਰਹਿ ਗ੍ਰਹਿ ਮਾਟੀ ਖ਼ਾਕ ਉਬਲੇ ਰਤ, ਅਗਨੀ ਤਤ ਨਾ ਕੋਇ ਬੁਝਾਈਆ । ਰਸਨਾ ਜੇਹਵਾ ਬੱਤੀ ਦੰਦ ਨੌ ਖੰਡ ਪ੍ਰਿਥਮੀ ਸੱਤ ਦੀਪ ਕੋਇ ਨਾ ਬੋਲੇ ਸਚ, ਜੂਠ ਝੂਠ ਬੈਠਾ ਡੇਰੂ ਡੰਕ ਵਜਾਈਆ । ਆਸਾ ਤ੍ਰਿਸਨਾ ਮਨ ਵਾਸਨਾ ਘਰ ਘਰ ਰਹੇ ਨੱਚ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੇਰੇ ਮਿਲਣ ਦੀ ਨਿਜ ਨੇਤਰ ਖੋਲ੍ਹੇ ਕੋਈ ਨਾ ਅੱਖ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਚੌਦਾਂ ਲੋਕ ਚੌਦਾਂ ਤਬਕ ਸਚ ਵਣਜਾਰਾ ਜਣਾਏ ਕੋਈ ਨਾ ਅਗੰਮਾ ਹੱਟ, ਧੁਰ ਦੀ ਦਾਤ ਝੋਲੀ ਕੋਇ ਨਾ ਪਾਈਆ । ਸਚ ਸੰਦੇਸ਼ਾ ਸ਼ਬਦ ਨਾਦ ਬੋਧ ਅਗਾਧ ਸੁਣਾਏ ਕੋਈ ਨਾ ਗਾਥ, ਆਤਮਕ ਧੁਨ ਨਾ ਕੋਇ ਉਪਜਾਈਆ । ਅੰਦਰ ਵੜ ਪੌੜੇ ਚੜ੍ਹ ਕਾਇਆ ਕਵਰੀ ਡੂੰਘੀ ਭਵਰੀ ਖੋਲ੍ਹੇ ਕੋਈ ਨਾ ਰਾਜ਼, ਰਹਿਮਤ ਸਚ ਨਾ ਕੋਇ ਕਮਾਈਆ । ਪੀਰ ਪੈਗ਼ੰਬਰ ਸਦੀ ਚੌਧਵੀਂ ਸਾਰੇ ਹੋਏ ਉਦਾਸ, ਸਚ ਦਵਾਰੇ ਹੈਰਾਨੀ ਸਭ ਦੇ ਉਤੇ ਛਾਈਆ । ਕਲਮਾ ਕਾਇਨਾਤ ਜੋ ਦੱਸ ਕੇ ਆਏ ਨਿਮਾਜ਼, ਨਿਵਾਜ਼ਿਸ਼ ਨਾਲ ਸਰਬ ਸਮਝਾਈਆ । ਸੋ ਉਮਤ ਨਬੀ ਰਸੂਲ ਕੋਇ ਨਾ ਦੇਵੇ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਸਾਚੇ ਪੱਤਨ ਪਾਰ ਕਿਨਾਰੇ ਉਤਰੇ ਕੋਈ ਨਾ ਘਾਟ, ਸ਼ੌਹ ਦਰਿਆ ਰੁੜ੍ਹੀ ਜਾਂਦੀ ਲੋਕਾਈਆ । ਮੁੱਲਾ ਸ਼ੇਖ਼ ਮੁਸਾਇਕ ਬਗ਼ਲ ਮਾਰ ਕੁਰਾਨ ਕਿਤਾਬ, ਕੁਤਬ ਗੌਸ ਬਣ ਕੇ ਮਸਲੇ ਰਹੇ ਸੁਣਾਈਆ । ਸਚ ਪਿਆਲੇ ਚਾੜ੍ਹੇ ਨਾ ਕੋਈ ਆਬੇਹਯਾਤ, ਹਯਾਤੀ ਵਿਚੋਂ ਹਯਾਤੀ ਦਏ ਨਾ ਕੋਇ ਬਦਲਾਈਆ । ਸਾਚਾ ਨਜ਼ਰ ਨਾ ਆਏ ਕੋਇ ਨਵਾਬ, ਨੌਬਤ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਾਹਵਾ ਤੇਰੀ ਤੇਰੇ ਹੱਥ ਵਡਿਆਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਖੋਲ੍ਹਣ, ਧੁਰ ਦੀ ਧਾਰ ਆਪ ਜਣਾਈਆ । ਸਚਖੰਡ ਦਵਾਰੇ ਕੂਕ ਕੂਕ ਬੋਲਣ, ਬਿਨ ਰਸਨਾ ਰਾਗ ਅਲਾਈਆ । ਸਚ ਭੰਡਾਰੇ ਬਿਨ ਤੇਰੇ ਕੋਈ ਨਾ ਜਾਏ ਤੋਲਣ, ਨਾਮ ਤਰਾਜ਼ੂ ਹੱਥ ਨਾ ਕੋਇ ਉਠਾਈਆ । ਨਿਰਗੁਣ ਸਰਗੁਣ ਬਣੇ ਨਾ ਕੋਇ ਵਿਚੋਲਣ, ਸ਼ਬਦੀ ਸੁਰਤੀ ਮੇਲ ਨਾ ਕੋਇ ਮਿਲਾਈਆ । ਸਚ ਪਰਕਾਸ਼ ਨਾ ਹੋਏ ਉਪਰ ਧੌਲਣ, ਅੰਧ ਅੰਧੇਰ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਪੜਦਾ ਲਾਹ, ਮੁਖ ਨਕਾਬ ਰਹਿਣ ਕੋਇ ਨਾ ਪਾਈਆ । ਖੋਲ੍ਹ ਨੈਣ ਬਿਨ ਅੱਖਾਂ ਅੱਖ ਖੁਲ੍ਹਾ, ਲੋਚਨ ਬੰਦ ਨਾ ਕੋਇ ਕਰਾਈਆ । ਲੋਕਮਾਤ ਸਚ ਅਦਾਲਤ ਇਕ ਲਗਾ, ਆਦਲ ਹੋ ਕੇ ਅਦਲ ਕਮਾਈਆ । ਕੂੜੀ ਕਿਰਿਆ ਦੋ ਜਹਾਨਾਂ ਬਗ਼ਾਵਤ ਦੇ ਮੁਕਾ, ਅਦਾਵਤ ਘਰ ਘਰ ਡੇਰਾ ਲਾਈਆ । ਨਾਮ ਸਖ਼ਾਵਤ ਝੋਲੀ ਪਾ, ਰਹਿਮਤ ਨੂਰ ਖ਼ੁਦਾਈਆ । ਬਣ ਮਲਾਹ ਬੇੜਾ ਕੰਧ ਟਿਕਾ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਗੋਬਿੰਦ ਬੇਟਾ ਸੁਤ ਦੁਲਾਰਾ ਸ਼ਬਦੀ ਰੂਪ ਇਕ ਪਰਗਟਾ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਰਹੇ ਗਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਫ਼ਤਾਂ ਨਾਲ ਸਾਲਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਲੋਕਮਾਤ ਪਕੜੇ ਬਾਂਹ, ਫੜ ਆਪਣੇ ਗਲੇ ਲਗਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਜਪਾਏ ਸੱਚਾ ਨਾਂ, ਇਸ਼ਟ ਦੇਵ ਸਵਾਮੀ ਇਕੋ ਦਏ ਸਮਝਾਈਆ । ਭਾਗ ਲਗਾਏ ਨਗਰ ਖੇੜੇ ਕਾਇਆ ਸਚ ਗਰਾਂ, ਸਾਢੇ ਤਿੰਨ ਹੱਥ ਬੰਕ ਦਏ ਵਡਿਆਈਆ । ਫੜ ਫੜ ਕਾਗੋਂ ਹੰਸ ਰੂਪ ਦਏ ਵਟਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਭਗਤ ਵਛਲ ਭਗਤ ਅਧਾਰੀ ਹਰਿਜਨ ਸਾਚੇ ਭਗਤ ਲਏ ਉਠਾ, ਅੰਤਰ ਆਤਮ ਹਰ ਘਟ ਸਵਾਮੀ ਆਪੇ ਖੋਜ ਖੋਜਾਈਆ । ਦੀਆ ਬਾਤੀ ਕਮਲਾਪਾਤੀ ਸਾਚੇ ਮੰਦਰ ਇਕ ਜਗਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਬੰਦਾ ਖ਼ਾਕੀ ਖੋਲ੍ਹ ਤਾਕ ਪੜਦਾ ਓਹਲਾ ਦਏ ਉਠਾ, ਪਰਵਰਦਿਗਾਰ ਬੇਪਰਵਾਹੀਆ । ਤੇਰੀ ਇਕ ਸਰਨਾਈ ਹੱਕ ਮੁਕਾਮੇ ਦਰਸ ਵਖਾ, ਸਚਖੰਡ ਦਵਾਰ ਇਕ ਜਣਾ, ਜਿਸ ਗ੍ਰਹਿ ਦੂਜਾ ਨਜ਼ਰ ਕੋਇ ਨਾ ਆਈਆ । ਸੰਤ ਸੁਹੇਲੇ ਲਏ ਮਲਾ, ਗੁਰੂ ਗੁਰ ਚੇਲੇ ਅੰਗ ਲਗਾ, ਗੁਰਮੁਖ ਗੋਦ ਬਹਾਈਆ । ਗੁਰਸਿਖ ਸੱਜਣ ਚਰਨ ਕਵਲ ਧੂੜੀ ਮਸਤਕ ਟਿੱਕਾ ਲਾ, ਦੁਰਮਤ ਮੈਲ ਧਵਾਈਆ । ਲੇਖਾ ਵੇਖ ਦੋ ਜਹਾਂ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰੀ ਓਟ ਤਕਾਈਆ । ਤੂੰ ਦਾਤਾ ਦਾਨੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਜਿਸ ਦਾ ਲੇਖਾ ਕੋਈ ਲਿਖੇ ਨਾ ਕਾਗ਼ਜ਼ ਕਲਮ ਸ਼ਾਹ, ਕਥਨੀ ਕਥ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਦੋਏ ਜੋੜ ਮੰਗਣ ਦੁਆ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵੇਖ ਸਾਚਾ ਘਰ, ਕਲਜੁਗ ਅੰਤਮ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣਾ ਜੁਗ, ਸਾਚੀ ਜੁਗਤੀ ਨਜ਼ਰ ਕੋਇ ਨਾ ਆਈਆ । ਸਤਿਗੁਰੂ ਨਿਸ਼ਾਨਿਓਂ ਸਾਰੇ ਗਏ ਉਕ, ਚਾਰੋਂ ਕੁੰਟ ਭੱਜਣ ਵਾਹੋ ਦਾਹੀਆ । ਸਚ ਦਵਾਰੇ ਕਰੇ ਕੋਈ ਨਾ ਰੁਖ਼, ਮੰਜ਼ਲ ਪੰਧ ਨਾ ਕੋਇ ਮੁਕਾਈਆ । ਕੂੜੀ ਕਿਰਿਆ ਘਰ ਘਰ ਵੜੀ ਭੁੱਖ, ਤ੍ਰਿਸ਼ਨਾ ਹਉਮੇ ਹੰਗਤਾ ਨਾਲ ਮਿਲਾਈਆ । ਜਨਣੀ ਕੋਈ ਨਾ ਹੋਵੇ ਸਫ਼ਲ ਕੁੱਖ, ਭਗਤ ਭਗਵਾਨ ਜੋੜ

ਨਾ ਕੋਇ ਜੁੜਾਈਆ । ਉਜਲ ਕਰੇ ਨਾ ਕੋਈ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਸਦੀ ਬੀਸਵੀਂ ਸਭ ਦਾ ਪੈਂਡਾ ਰਿਹਾ ਮੁੱਕ, ਪਾਂਧੀ ਹੋ ਕੇ ਸਾਚੀ ਮੰਜ਼ਲ ਚੜ੍ਹ ਖ਼ੁਸ਼ੀ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਗੁਰ ਅਵਤਾਰ ਕਹਿਣ ਪ੍ਰਭ ਤੇਹੇ ਆਦਾਬ, ਸੱਜਦਾ ਸੀਸ ਝੁਕਾਈਆ । ਕਲਜੁਗ ਲੇਖਾ ਚੁਕਣਾ ਪੁੰਨ ਸਵਾਬ, ਕੀਮਤ ਸਚ ਨਾ ਕੋਇ ਦ੍ਰਿੜਾਈਆ । ਹੁਜਰਾ ਸੋਹੇ ਨਾ ਕੋਈ ਮਹਿਰਾਬ, ਮੁਹੱਬਤ ਮਹਿਬੂਬ ਨਾ ਕੋਇ ਕਮਾਈਆ । ਨਿਰਅੱਖਰ ਵਾਚੇ ਨਾ ਕੋਈ ਕਿਤਾਬ, ਅਲਫ਼ ਯੇ ਨਾ ਕਰੇ ਕੋਇ ਪੜ੍ਹਾਈਆ । ਸਾਚੇ ਮੰਦਰ ਸੁਣੇ ਨਾ ਕੋਈ ਨਾਦ, ਨਗ਼ਮਾ ਨਾਮ ਨਾ ਕੋਇ ਸੁਣਾਈਆ । ਤੇਰੇ ਦਵਾਰਿਉਂ ਸਾਰੇ ਰਹੇ ਭਾਜ, ਤੋਬਾ ਤੋਬਾ ਕਰ ਸਾਰੇ ਰਹੇ ਕੁਰਲਾਈਆ । ਉਠ ਸੁਲਤਾਨ ਸ਼ੈਤਾਨ ਮਾਰ ਆਵਾਜ਼, ਦਰ ਆਪਣੇ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਅਗੰਮਾ ਘਰ, ਜਿਸ ਗ੍ਰਿਹਿ ਲੱਖ ਚੁਰਾਸੀ ਰਿਹਾ ਟਿਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣੀ ਕਹਾਣੀ, ਕਲਜੁਗ ਲਏ ਅੰਗੜਾਈਆ । ਮੇਰੀ ਖੇਲ ਅਜਬ ਨਿਰਾਲੀ, ਜਗਤ ਜਹਾਨੀ ਚਾਲ ਚਲਾਈਆ । ਸਤਿ ਧਰਮ ਕੀਤਾ ਖ਼ਾਲੀ, ਗ੍ਰਿਹਿ ਮੰਦਰ ਰਹਿਣ ਕਿਸੇ ਨਾ ਪਾਈਆ । ਬੁਧ ਬਿਬੇਕੀ ਨੱਢੀ ਬਾਲੀ, ਦਰ ਦਵਾਰਿਉਂ ਦਿਤੀ ਕਢਾਈਆ । ਚਾਰੋਂ ਕੁੰਟ ਕਰ ਰੈਣ ਅੰਧੇਰੀ ਕਾਲੀ, ਅੰਧ ਅੰਧੇਰ ਵਖਾਈਆ । ਜੀਵਾਂ ਜੰਤਾਂ ਬਣ ਕੇ ਮਾਲੀ, ਕੂੜਾ ਬੂਟਾ ਦਿਤਾ ਲਗਾਈਆ । ਨੌ ਖੰਡ ਪ੍ਰਿਥਮੀ ਬਣਾ ਕੇ ਹਾਲੀ, ਸਚ ਸੁੱਚ ਜੜ੍ਹ ਦਿਤੀ ਉਖੜਾਈਆ । ਫਲ ਰਹਿਣ ਨਾ ਦਿਤਾ ਕਿਸੇ ਡਾਲ੍ਹੀ, ਸਿੰਮਲ ਰੁੱਖ ਸਰਬ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਸੇਵ ਲਗਾਈਆ । ਕਲਜੁਗ ਆਪਣਾ ਭੇਵ ਸਰਬ ਜਣਾਉਂਦਾ ਏ । ਕਰ ਨਿਮਸਕਾਰ ਨਮੋ ਨਮੋ, ਪ੍ਰਭ ਸਾਚੇ ਸੀਸ ਨਿਵਾਉਂਦਾ ਏ । ਹੁਕਮੇ ਅੰਦਰ ਤ੍ਰੈਗੁਣ ਮਾਇਆ ਤਮੋ, ਤਮੋ ਰਜੋ ਸਤੋ ਪੜਦਾ ਆਪੇ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਖੇਲ ਵਖਾਉਂਦਾ ਏ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਪੁੱਤ ਚਲਾਕ, ਸੋਹਣੀ ਘਰ ਘਰ ਸੇਵ ਕਮਾਈਆ । ਰੂਹ ਬੁੱਤ ਰਹਿਣ ਦਿਤਾ ਕੋਈ ਨਾ ਪਾਕ, ਪਵਿਤ੍ਰ ਦਿਸੇ ਨਾ ਕੋਈ ਲੋਕਾਈਆ । ਤੇਰੀ ਜ਼ਾਤ ਦਾ ਤੇਰੇ ਨਾਲੋਂ ਤੋੜ ਕੇ ਨਾਤ, ਘਰ ਵਿਚ ਪੜਦਾ ਦਿਤਾ ਵਖਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਤੇਰੇ ਨਾਲ ਕਰੇ ਕੋਈ ਨਾ ਬਾਤ, ਸੱਜਣ ਸੱਚਾ ਨਜ਼ਰ ਕਿਸੇ ਨਾ ਆਈਆ । ਝਗੜਾ ਪਾ ਕੇ ਜ਼ਾਤ ਪਾਤ, ਦੀਨ ਮਜ਼੍ਹਬ ਰਿਹਾ ਟਕਰਾਈਆ । ਮਾਇਆ ਮਮਤਾ ਦੇ ਖ਼ਿਤਾਬ, ਕੂੜ ਕੁੜਿਆਰਿਆਂ ਟਿੱਕਾ ਦਿਤਾ ਲਗਾਈਆ । ਤੂੰ ਮਾਲਕ ਮੇਰਾ ਇਕ ਸੱਚਾ ਜਨਾਬ, ਆਅਲਾ ਅਦਨਾ ਵੇਖੇ ਥਾਉਂ ਥਾਈਆ । ਸਚ ਦੱਸ ਪ੍ਰਭੂ ਕੀ ਦੇਵੇਂ ਮੈਨੂੰ ਖ਼ਿਤਾਬ, ਖ਼ਤਾ ਵਿਚ ਕੀਤੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਰਜ਼ ਸੁਣਾਈਆ । ਕਲਜੁਗ ਕਹੇ ਮੈਂ ਸੇਵਾਦਾਰ, ਸੋਹਣੀ ਸੇਵ ਕਮਾਈਆ । ਨਵ ਨੌ ਚਾਰ ਕਰ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਦ੍ਰਿੜਾਈਆ । ਜੀਵੋ ਜੰਤੋ ਸਾਧੋ ਸੰਤੋ ਭੁੱਲ ਜਾਓ ਹਰਿ ਕਾ ਨਾਮ ਕਰਤਾਰ, ਇਸ਼ਟ ਦੇਵ ਨਾ ਕੋਇ ਮਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰੋ ਪਿਆਰ, ਮਾਇਆ ਮਮਤਾ ਤੁਹਾਡੀ ਝੋਲੀ ਪਾਈਆ । ਵਿਭਚਾਰ ਦੁਹਾਗਣ ਬਣ ਕਰੋ ਸ਼ੰਗਾਰ, ਸਾਚਾ ਕੰਤ ਨਰ ਨਰਾਇਣ ਨਾ ਕੋਇ ਹੰਢਾਈਆ । ਸਾਚੀ ਸਿਖਿਆ ਕੋਇ ਨਾ ਮੰਗਲਾਚਾਰ,

੫੪੬

ਗੋਪੀ ਕਾਹਨ ਸੁਰਤ ਸ਼ਬਦ ਸਾਚੇ ਮੰਡਲ ਨਾਚ ਨਾ ਕੋਇ ਨਚਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਾਂ ਨੈਣ ਉਠਾਲ, ਬਚਿਆ ਕੋਇ ਰਹਿਣ ਨਾ ਪਾਈਆ । ਬਿਨ ਹਰਿਨਾਮੇ ਸਾਰੇ ਕੀਤੇ ਕੰਗਾਲ, ਖ਼ਾਲੀ ਝੋਲੀ ਸਰਬ ਰਹੇ ਜਣਾਈਆ । ਸਦੀ ਚੌਧਵੀਂ ਬਣ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੈਂ ਤੇਰੀ ਸਾਚੀ ਸੇਵ ਕਮਾਈਆ । ਕਲਜੁਗ ਕਹੇ ਪ੍ਰਭ ਆ ਕੇ ਵੇਖ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਮੈਂ ਘਰ ਘਰ ਪਾਏ ਝੇੜੇ, ਝਗੜਾ ਸਕੇ ਨਾ ਕੋਇ ਚੁਕਾਈਆ । ਵਸਦੇ ਉਜਾੜੇ ਖੇੜੇ, ਮਾਟੀ ਖ਼ਾਕ ਵਿਚ ਮਿਲਾਈਆ । ਭਰ ਭਰ ਪੂਰ ਡੋਬੇ ਬੇੜੇ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਸਾਧ ਸੰਤ ਜੋ ਮੇਰੇ ਅੰਦਰ ਲਾ ਕੇ ਬੈਠੇ ਡੇਰੇ, ਕੂੜੀ ਕਿਰਿਆ ਧੂਣੀ ਰਹੇ ਤਪਾਈਆ । ਉਤੋਂ ਰੰਗੇ ਕੱਪੜੇ ਗੇਰੇ, ਅੰਦਰ ਰੰਗ ਨਾ ਕੋਇ ਚੜ੍ਹਾਈਆ । ਮਾਇਆ ਮਮਤਾ ਕਾਮ ਕਰੋਧ ਪਾਏ ਝੇੜੇ, ਸਚ ਇਨਸਾਫ਼ ਹੱਥ ਨਾ ਕੋਇ ਫੜਾਈਆ । ਕੋਈ ਵੜੇ ਨਾ ਪ੍ਰਭ ਜੂ ਤੇਰੇ ਵੇਹੜੇ, ਰਾਹ ਵਿਚ ਸਾਰੇ ਬੈਠਾ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਮੇਰਾ ਦਰ, ਜਿਸ ਘਰ ਬਹਿ ਕੇ ਤੇਰੀ ਸੇਵ ਕਮਾਈਆ । ਕਲਜੁਗ ਕਹੇ ਪ੍ਰਭ ਆ ਕੇ ਵੇਖ ਧਰਤ, ਧਰਨੀ ਧਵਲ ਧਿਆਨ ਲਗਾਈਆ । ਨਿਰਗੁਣ ਨਿਰਵੈਰ ਹੋ ਕੇ ਪਰਤ, ਨਿਰਾਕਾਰ ਵੇਸ ਵਟਾਈਆ । ਜੋ ਲਾ ਕੇ ਆਇਆ ਦਰਗਾਹ ਸਾਚੀ ਸ਼ਰਤ, ਤਿਸ ਸ਼ਰਅ ਵਿਚ ਸ੍ਰਿਸ਼ਟ ਦਿਤੀ ਲਗਾਈਆ । ਸੂਰਬੀਰ ਰਹਿਣ ਨਾ ਦਿਤਾ ਕੋਈ ਮਰਦ, ਨਾਮ ਖੰਡਾ ਹੱਥ ਨਾ ਕੋਇ ਉਠਾਈਆ । ਭਾਈ ਭਾਈ ਦਾ ਕਰੇ ਕੋਈ ਨਾ ਦਰਦ, ਪਿਤਾ ਪੂਤ ਪੀੜ ਨਾ ਕੋਇ ਮਨਾਈਆ । ਗੁਰੂ ਚੇਲਾ ਕਿਸੇ ਦੀ ਸੁਣੇ ਕੋਈ ਨਾ ਅਰਜ਼, ਸਿਰ ਹੱਥ ਨਾ ਕੋਇ ਰਖਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਪੂਰਾ ਕਰੇ ਕੋਈ ਨਾ ਫ਼ਰਜ਼, ਫ਼ੈਸਲਾ ਸਚ ਨਾ ਕੋਇ ਸੁਣਾਈਆ । ਪਰਵਰਦਿਗਾਰ ਸਾਂਝੇ ਯਾਰ ਮੇਰਾ ਖੇਲ ਵੇਖ ਅਸਚਰਜ, ਅਚਰਜ ਲੀਲਾ ਦਿਤੀ ਵਰਤਾਈਆ । ਤੇਰੇ ਨਾਮ ਦਾ ਸਿਰੋਂ ਕੋਈ ਨਾ ਲਾਹਵੇ ਕਰਜ਼, ਮਕਰੂਜ਼ ਦਿਸੀ ਸਰਬ ਲੋਕਾਈਆ । ਸਦੀ ਚੌਧਵੀਂ ਕਰ ਕੇ ਸਭ ਦੀ ਪੁੱਠੀ ਨਰਦ, ਸਾਰ ਪਾਸ਼ਾ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮੇਰੀ ਕਰਨੀ ਵੇਖ ਵਖਾਈਆ । ਕਲਜੁਗ ਕਹੇ ਪ੍ਰਭ ਆ ਕੇ ਤੱਕ, ਤੇਰਾ ਤਕਵਾ ਇਕ ਰਖਾਈਆ । ਲੱਖ ਚੁਰਾਸੀ ਵੇਖ ਪਾਈ ਨੱਥ, ਡੋਰੀ ਆਪਣੇ ਹੱਥ ਉਠਾਈਆ । ਦੂਈ ਦਵੈਤੀ ਲਾ ਕੇ ਫੱਟ, ਜੀਵ ਜੰਤ ਸਾਧ ਸੰਤ ਰਿਹਾ ਰੁਆਈਆ । ਦੀਨ ਮਜ਼੍ਹਬ ਜ਼ਾਤ ਪਾਤ ਕੋਈ ਨਾ ਦੇਵੇ ਸਾਥ, ਸੰਗੀ ਸਾਥੀ ਸਾਰੇ ਮੁਖ ਭਵਾਈਆ । ਚਾਰੋਂ ਕੁੰਟ ਕਰ ਅੰਧੇਰੀ ਰਾਤ, ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਮਾਣ ਦੇ ਕੇ ਮਨਮਤ ਨਾਰ ਕਮਜ਼ਾਤ, ਬੁਧ ਬਿਬੇਕੀ ਪੜਦਾ ਪਾਈਆ । ਬੇਸ਼ਕ ਦਿਵਸ ਰੈਣ ਰਸਨਾ ਜਿਹਵਾ ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਤੇਰਾ ਪੜ੍ਹਦੇ ਪਾਠ, ਹਿਰਦੇ ਤੇਰਾ ਨਾਉਂ ਨਾ ਕੋਇ ਟਿਕਾਈਆ । ਸਾਚੀ ਮੰਜ਼ਲ ਉਚੇ ਪੌੜੇ ਮਹੱਲ ਅਟਲ ਮੁਕੀ ਕਿਸੇ ਨਾ ਵਾਟ, ਹੁਜਰਾ ਸਚ ਨਾ ਕੋਇ ਸੁਹਾਈਆ । ਆ ਕੇ ਵੇਖ ਖੇਲ ਤਮਾਸ਼, ਮਾਇਆ ਮਮਤਾ ਪਾਵੇ ਰਾਸ, ਨਵ ਨੌਂ ਚਾਰ ਨਟੂਆ ਸਾਂਗ ਵਰਤਾਈਆ । ਮੇਰੀ ਪੂਰੀ ਕਰ ਆਸ, ਤੇਰੇ ਚਰਨ ਇਕ ਭਰਵਾਸ, ਤੂੰ ਸਾਹਿਬ ਸਰਬ ਗੁਣਤਾਸ, ਦੇਵਣਹਾਰ ਸਦਾ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਤੈਨੂੰ ਰਹੇ ਆਖ, ਸੋ ਮੈਨੂੰ ਗਈ ਭਾਖ, ਤੂੰ ਸਭ ਦਾ ਮਾਈ ਬਾਪ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਤੈਥੋਂ ਸਿੱਖੀ ਜਾਚ, ਪੜਦਾ ਪਾਇਆ ਪੰਜ ਤਤ ਮਾਟੀ

ਕਾਚ, ਮਨ ਵਾਸਨਾ ਜਗਤ ਹੁਕਮੇ ਅੰਦਰ ਰਿਹਾ ਨਾਚ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਮੈਂ ਜਲਵਾ ਤੇਰਾ ਤੱਕਿਆ ਪ੍ਰਿਥਮੀ ਆਕਾਸ਼, ਨਿਰਗੁਣ ਨੂਰ ਜੋਤ ਪਰਕਾਸ਼, ਸ਼ਬਦ ਅਗੰਮੀ ਇਕ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਮੋਹੇ ਵਰ, ਦਰ ਤੇਰੇ ਠਾਂਡੇ ਸੇਵ ਕਮਾਈਆ । ਪੁਰਖ ਅਕਾਲ ਗਹਿਰ ਗੰਭੀਰ, ਗਵਰ ਹਰਿ ਜਣਾਇੰਦਾ । ਤੇਰਾ ਲਹਿਣਾ ਦੇਣਾ ਲੇਖਾ ਦਿਆਂ ਅਖ਼ੀਰ, ਆਖ਼ਰ ਮੰਜ਼ਲ ਵੇਖ ਵਖਾਇੰਦਾ । ਮਿਹਰਵਾਨ ਹੋ ਬਦਲ ਦੇਵਾਂ ਤਕਦੀਰ, ਤਦਬੀਰ ਆਪਣੀ ਆਪਣੇ ਹੱਥ ਰਖਾਇੰਦਾ । ਕੂੜੀ ਕਿਰਿਆ ਕਟ ਸ਼ਰਅ ਜ਼ੰਜੀਰ, ਬੰਦੀ ਬੰਦਾ ਬੰਦੀਖ਼ਾਨੇ ਵਿਚੋਂ ਛੁਡਾਇੰਦਾ । ਬਿਰਹੋਂ ਵਿਛੋੜਾ ਕਰ ਕੇ ਦੂਰ ਪੀੜ, ਹਉਮੇ ਹੰਗਤਾ ਰੋਗ ਚੁਕਾਇੰਦਾ । ਅੰਮ੍ਰਿਤ ਅਗੰਮਾ ਬਰਸ ਕੇ ਨੀਰ, ਬੂੰਦ ਸਵਾਂਤੀ ਇਕ ਵਖਾਇੰਦਾ । ਲੇਖਾ ਜਾਣ ਹਸਤ ਕੀਟ, ਲੱਖ ਚੁਰਾਸੀ ਖੋਜ ਖੋਜਾਇੰਦਾ । ਜਿਸ ਵੇਲੇ ਵੀਹ ਸੌ ਇੱਕੀ ਬਿਕ੍ਰਮੀ ਜਾਏ ਬੀਤ, ਅਗਲਾ ਲੇਖਾ ਸਭ ਦਾ ਆਪ ਪਰਗਟਾਇੰਦਾ । ਕੋਈ ਰਹੇ ਨਾ ਊਚ ਨੀਚ, ਜ਼ਾਤ ਪਾਤ ਡੇਰਾ ਢਾਹਿੰਦਾ । ਸਾਚਾ ਕਲਮਾ ਦੱਸ ਹਦੀਸ, ਨਾਮ ਨਿਧਾਨਾ ਇਕ ਸੁਣਾਇੰਦਾ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਵਸਤ ਅਮੋਲਕ ਮੰਗਣ ਠੀਕ, ਸੋ ਕਾਇਆ ਠੀਕਰ ਆਪ ਭਰਾਇੰਦਾ । ਹੌਲੀ ਹੌਲੀ ਪੰਧ ਮੁਕਾ ਕੇ ਨੇੜੇ ਔਂਦੀ ਜਾਏ ਉਹ ਤਾਰੀਖ਼, ਜਿਸ ਦਾ ਹਾਲ ਤਵਾਰੀਖ਼ ਵਿਚ ਨਾ ਕੋਇ ਸਮਝਾਇੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਸਭ ਦੀ ਇਛਿਆ ਪੂਰੀ ਕਰ ਕੇ ਪਾਏ ਭੀਖ, ਭਿੱਖਕ ਖ਼ਾਲੀ ਰਹਿਣ ਕੋਇ ਨਾ ਪਾਇੰਦਾ । ਜਿਸ ਦੀ ਨੌ ਸੌ ਚੁਰਾਨਵੇ ਚੌਕੜੀ ਜੁਗ ਕਰਦੇ ਰਹੇ ਉਡੀਕ, ਸੋ ਵੇਲਾ ਵਕਤ ਸੁਹਾਇੰਦਾ । ਜਿਸ ਦਾ ਮਾਰਗ ਅਗੰਮਾ ਸਦਾ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਦੇਵੇ ਕਲ, ਸ਼ਬਦੀ ਧਾਰ ਜਣਾਈਆ । ਪੁਰਖ ਅਕਾਲ ਅਛਲ ਅਛੱਲ, ਭੇਵ ਅਭੇਦਾ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਵੇਖੋ ਖਲ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ । ਕਲਜੁਗ ਕੂੜ ਕੁੜਿਆਰਾ ਅੰਤਮ ਜਾਵੇ ਚਲ, ਸਦਾ ਰਹਿਣ ਕੋਇ ਨਾ ਪਾਈਆ । ਕੱਚੇ ਬਿਰਹੋਂ ਤੁਟੇ ਫਲ, ਪੱਤ ਡਾਲ੍ਹੀ ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨੌਂਦੇ ਨੇ । ਕਿਰਪਾ ਕਰ ਹਰਿ ਨਿਰੰਕਾਰ, ਸਾਰੇ ਤੇਰੀ ਓਟ ਤਕੌਂਦੇ ਨੇ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਨਿਰਗੁਣ ਸਰਗੁਣ ਸਾਰੇ ਤੇਰਾ ਧਿਆਨ ਲਗੌਂਦੇ ਨੇ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਉਚੀ ਕੂਕ ਕੂਕ ਅਲੌਂਦੇ ਨੇ । ਦਿਵਸ ਰੈਣ ਅੱਠੇ ਪਹਿਰ ਮੰਗਣ ਮੰਗ ਮਿਹਰਵਾਨ, ਤੇਰੀ ਇਕੋ ਓਟ ਤਕੌਂਦੇ ਨੇ । ਕਵਣ ਵੇਲੇ ਦੇਵੇਂ ਦਾਨ, ਖ਼ਾਲੀ ਝੋਲੀ ਸਰਬ ਵਖੌਂਦੇ ਨੇ । ਸਚ ਦਵਾਰੇ ਪਰਗਟ ਹੋਵੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮਾ ਵਰ, ਜਿਸ ਦਾ ਅੰਕੜਿਆਂ ਵਿਚ ਲੇਖ ਨਾ ਕੋਇ ਜਣੌਂਦੇ ਨੇ । ਅੰਕੜਿਆਂ ਵਿਚ ਨਾ ਕੋਈ ਲੇਖਾ, ਗਣਤੀਆਂ ਵਿਚ ਨਾ ਕੋਇ ਗਣਾਈਆ । ਤੂੰ ਠਾਕਰ ਸਵਾਮੀ ਨਰ ਨਰੇਸ਼ਾ, ਸ਼ਹਿਨਸ਼ਾਹ ਅਖਵਾਈਆ । ਜੁਗ ਚੌਕੜੀ ਧਾਰੇਂ ਭੇਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਬਣ ਕੇ ਨੇਤਾ, ਧੁਰ ਫ਼ਰਮਾਨਾ ਹੁਕਮ ਮਨਾਈਆ । ਤੇਰੇ ਪ੍ਰੇਮ ਪਿਆਰ ਅੰਦਰ ਗੁਰ ਅਵਤਾਰ ਪੀਰ



੫੪੮ ੧੨

ਪੈਗ਼ੰਬਰ ਹੁੰਦੇ ਗਏ ਖੇਤਾ, ਤਨ ਮਾਟੀ ਖ਼ਾਕੀ ਮੜ੍ਹੀ ਗੋਰ ਦਬਾਈਆ । ਤੇਰੀ ਸੇਵਾ ਅੰਦਰ ਬਾਲਕ ਨੀਂਹਾਂ ਹੇਠਾਂ ਦਿਤੇ ਭੇਟਾ, ਭਾਣਾ ਮੰਨ ਮੰਨ ਖ਼ੁਸ਼ੀ ਮਨਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਪੂਰਬ ਰੱਖੇਂ ਚੇਤਾ, ਚੇਤਨ ਭੁੱਲ ਕਦੇ ਨਾ ਜਾਈਆ । ਜਿਸ ਗੋਬਿੰਦ ਬਣਾਇਆ ਇਕੋ ਬੇਟਾ, ਸਿਰ ਆਪਣਾ ਹੱਥ ਟਿਕਾਈਆ । ਲੋਕਮਾਤ ਬਣਾਏ ਸਾਚਾ ਖੇਵਟ ਖੇਟਾ, ਸਾਚਾ ਰਹਿਬਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੱਸ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪੁਰਖ ਅਬਿਨਾਸ਼ੀ ਦਇਆ ਕਮੌਂਦਾ ਏ । ਸਚਖੰਡ ਨਿਵਾਸੀ ਭੇਵ ਚੁਕੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਰਹੇ ਉਦਾਸੀ, ਹੈਰਾਨੀ ਸਭ ਦੀ ਮੇਟ ਮਿਟੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਵਾਕ ਭਵਿਖਤ ਬਾਣੀ ਭਾਖੀ, ਤਿੰਨ੍ਹਾਂ ਆਸਾ ਮਨਸਾ ਪੂਰ ਕਰੌਂਦਾ ਏ । ਜਨ ਭਗਤਾਂ ਜੁਗ ਚੌਕੜੀ ਕਰਨਹਾਰਾ ਰਾਖੀ, ਸੇਵਕ ਹੋ ਕੇ ਸਾਚੀ ਸੇਵ ਕਮੌਂਦਾ ਏ । ਜਗਤ ਜਹਾਨ ਮੇਟਣਹਾਰ ਅੰਧੇਰੀ ਰਾਤੀ, ਰੁੱਤ ਰੁਤੜੀ ਆਪ ਸੁਹੌਂਦਾ ਏ । ਸਭ ਦਾ ਲਹਿਣਾ ਦੇਣਾ ਦੇਵੇ ਬਾਕੀ, ਹਿਸਾਬ ਕਿਤਾਬ ਸਰਬ ਆਪ ਸਮਝੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸਭ ਦੀ ਖੋਲ੍ਹ ਕੇ ਤਾਕੀ, ਪੜਦਾ ਓਹਲਾ ਆਪ ਉਠੌਂਦਾ ਏ । ਮੰਜ਼ਲ ਚੜ੍ਹ ਕੇ ਵੇਖੇ ਘਾਟੀ, ਹਰਿ ਜੂ ਆਪਣਾ ਪੰਧ ਮੁਕੌਂਦਾ ਏ । ਸਦੀ ਚੌਧਵੀਂ ਨੇੜੇ ਆਈ ਵਾਟੀ, ਕਦਮ ਕਦਮ ਆਪਣਾ ਆਪ ਉਠੌਂਦਾ ਏ । ਪਰਵਰਦਿਗਾਰ ਸਾਚਾ ਬਣੇ ਸਾਕੀ, ਸਚ ਪਿਆਲਾ ਜਾਮ ਹੱਥ ਉਠੌਂਦਾ ਏ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅੰਮ੍ਰਿਤ ਪਿਆਲਾ ਦੇਵੇ ਅਗੰਮੀ ਬਾਟੀ, ਰਸ ਇਕੋ ਇਕ ਵਖੌਂਦਾ ਏ । ਖੇਲੇ ਖੇਲ ਬੈਠ ਕੇ ਆਪ ਇਕਾਂਤੀ, ਇਕ ਇਕੱਲਾ ਹੁਕਮ ਵਰਤੌਂਦਾ ਏ । ਜੋ ਬਿਨ ਅੱਖਰਾਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਲਿਖ ਕੇ ਪਾਤੀ, ਚਿੱਠੀ ਪਿਛਲੀ ਯਾਦ ਕਰੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਉਹ ਪੱਤਰ, ਜੋ ਪਤ੍ਰਿਕਾ ਨਿਰਅੱਖਰ ਨਾਲ ਬਣਾਈਆ । ਜਿਸ ਦੇ ਉਤੇ ਨਜ਼ਰ ਨਾ ਆਵੇ ਕੋਈ ਸਤਰ, ਗਿਣਤੀਆਂ ਵਿਚ ਨਾ ਕੋਇ ਗਿਣਾਈਆ । ਜਿਸ ਦਾ ਵਰਕਾ ਕੋਇ ਨਾ ਸਕੇ ਬਦਲ, ਉਲਟਾ ਕਰ ਨਾ ਕੋਇ ਸਮਝਾਈਆ । ਜਿਸ ਨੂੰ ਖੰਡੇ ਖੜਗ ਧਾਰ ਨਾਲ ਕਰੇ ਕੋਈ ਨਾ ਕਤਲ, ਮਕਤੂਲ ਨਾ ਲਏ ਬਣਾਈਆ । ਜਿਸ ਦੇ ਵਿਚੋਂ ਦੋ ਜਹਾਨਾਂ ਲੱਭੇ ਅਦਲ, ਸਾਚਾ ਹੁਕਮ ਇਕ ਦ੍ਰਿੜਾਈਆ । ਆਪਣੀ ਚੜ੍ਹ ਕੇ ਵੇਖੋ ਅਗੰਮੀ ਉਹ ਮਜ਼ਲ, ਜਿਸ ਮੰਜ਼ਲ ਦਾ ਮਾਲਕ ਇਕ ਅਖਵਾਈਆ । ਜਿਥੇ ਨਾ ਕੋਈ ਢੋਲਾ ਨਾ ਕੋਈ ਗ਼ਜ਼ਲ, ਸਦਾ ਬਾਂਗ ਨਾ ਕੋਇ ਸੁਣਾਈਆ । ਨਾ ਕੋਈ ਮੌਤ ਨਾ ਕੋਈ ਅਜ਼ਲ, ਮਕਬਰਾ ਗੋਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹਣ ਬਸਤਾ, ਆਪਣੀ ਆਪਣੀ ਗੰਢ ਖੁਲ੍ਹਾਈਆ । ਪਰਮ ਪੁਰਖ ਦਾ ਇਕੋ ਮਿਲਿਆ ਵਰਕਾ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਉਪਰ ਲੇਖ ਲਿਖਿਆ ਪਰਮ ਪੁਰਖ ਪਰਮਾਤਮ ਸਭ ਦਾ ਭਰਤਾ, ਨਾਰੀ ਹੋ ਹੋ ਸੇਵ ਕਮਾਈਆ । ਜੋ ਮੰਜ਼ਲ ਪੌੜੇ ਚੜ੍ਹਦਾ, ਸਚਖੰਡ ਬੈਠਾ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਜੀਂਦਾ ਨਾ ਮਰਦਾ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜੋ ਚਾਹੇ ਸੋ ਕਰਨੀ ਕਰਦਾ, ਕਾਦਰ ਕਰਤਾ ਆਪ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਸਦਾ ਬਰਦਾ, ਬਾਲਕ ਨੰਨ੍ਹਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ

ਰਿਹਾ ਵਖਾਈਆ ।ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਨਿਰਅੱਖਰ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਧਾਮ ਨਿਰਾਲੇ ਰੱਖਿਆ ਵੱਖਰ, ਵਾਸਤਾ ਆਪਣੇ ਨਾਲ ਜੁੜਾਈਆ । ਗੋਬਿੰਦ ਵੇਲਾ ਯਾਦ ਕਰ ਆਪਣਾ ਮਾਛੂਵਾੜਾ ਸੱਥਰ, ਸੂਲਾਂ ਸੇਜ ਹੰਢਾਈਆ । ਜਿਥੇ ਨਾ ਕੋਈ ਸਿਲਾ ਨਾ ਕੋਈ ਪੱਥਰ, ਨਾ ਕੋਈ ਅੱਥਰ ਨੀਰ ਵਹਾਈਆ । ਪ੍ਰਭ ਤੇਰਾ ਲੇਖਾ ਕਿਸੇ ਨਾ ਜਾਣਿਆ ਵਿਚ ਅਸ਼ਾਰੀਆ ਕਸਰ, ਜ਼ੀਰੋ ਅੰਕ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਿਤਾ ਇਕ ਵਰ, ਸਾਰੇ ਵੇਖ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਕਹਿਣ ਸਾਨੂੰ ਮਿਲਿਆ ਨਾ ਕੋਇ ਹਰੂਫ਼, ਹਰਫ਼ਾਂ ਵਿਚ ਨਾ ਕੋਇ ਪੜ੍ਹਾਈਆ । ਬੇਪਰਵਾਹ ਕਿਸ ਧਾਮ ਅਵੱਲੜੇ ਰੱਖਿਆ ਮਹਿਫ਼ੂਜ, ਚਾਰ ਕੁੰਟ ਧਿਆਨ ਲਗਾਈਆ । ਪਰਵਰਦਿਗਾਰ ਕਹੇ ਮੇਰਾ ਉਚ ਅਰੂਜ, ਅਰਸ਼ ਕੁਰਸ਼ ਦੋਵੇਂ ਸੀਸ ਨਿਵਾਈਆ । ਜਿਸ ਦੀ ਈਸਾ ਮੂਸਾ ਮੁਹੰਮਦ ਸਮਝ ਨਾ ਸਕੇ ਹਦੂਦ, ਆਰ ਪਾਰ ਭੇਵ ਕੋਇ ਨਾ ਆਈਆ । ਤੁਸੀਂ ਛੋਟੇ ਬਾਲੇ ਨਿੱਕੇ ਨੰਨ੍ਹੇ ਚੌਦਾਂ ਤਬਕਾਂ ਵਿਚ ਮਹਿਦੂਦ, ਚੌਦਾਂ ਵਿਦਿਆ ਨਾਲ ਸਾਲਾਹੀਆ । ਪਰਵਰਦਿਗਾਰ ਅਗੰਮ ਅਥਾਹ ਵਡ ਵੱਡਾ ਸੱਚਾ ਮਹਿਬੂਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਕਹਿਣ ਪ੍ਰਭ ਸਚ ਦੱਸ ਓਹ ਨਿਸ਼ਾਨੀ, ਜੋ ਬਿਨ ਕਲਮ ਸ਼ਾਹੀ ਦਿਤੀ ਲਗਾਈਆ । ਜਿਸ ਦਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਵੇਸ ਵਟਾਈਆ । ਜਿਸ ਦੀ ਸਮਝ ਨਾ ਪਾਏ ਕੋਇ ਵਿਦਵਾਨੀ, ਧਿਆਨੀ ਧਿਆਨ ਨਾ ਕੋਇ ਲਗਾਈਆ । ਜਿਸ ਦੀ ਸਿਫ਼ਤ ਲਿਖੇ ਕੋਈ ਨਾ ਕਾਨੀ, ਕਲਮਿਆਂ ਵਿਚ ਨਾ ਕੋਇ ਪੜ੍ਹਾਈਆ । ਜਿਸ ਦੀ ਤੇਰੇ ਹੱਥ ਪੇਸ਼ਾਨੀ, ਤਿਸ ਦਾ ਭੇਵ ਦੇਵੇ ਖੁਲ੍ਹਾਈਆ । ਮਿਹਰਵਾਨ ਕਰ ਆਪਣੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਹੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਗ ਨੇਤਰ ਸਾਰੇ ਬਣੋ ਨਿਧਾਨੀ, ਨਾਬੀਨਾ ਰੂਪ ਵਟਾਈਆ । ਚਰਨ ਕਵਲ ਕਰੋ ਧਿਆਨੀ, ਮੰਗੋ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੇਰ ਦੇਵੇ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਨਿਰਅੱਖਰ ਅਖ਼ੀਰੀ, ਆਖ਼ਰ ਮੰਜ਼ਲ ਸੋਭਾ ਪਾਇੰਦਾ । ਜਿਸ ਨੂੰ ਜਾਣੇ ਕੋਈ ਨਾ ਮੀਰੀ ਪੀਰੀ, ਪਰਾ ਪਸੰਤੀ ਮਧਮ ਬੈਖਰੀ ਰਾਗ ਵਿਚ ਨਾ ਕੋਇ ਸਮਝਾਇੰਦਾ । ਜਿਸ ਦੀ ਤਾਰੀਫ਼ ਕੋਈ ਨਾ ਕਰੇ ਮਾਰ ਲਕੀਰੀ, ਭੇਵ ਅਭੇਵ ਨਾ ਕੋਇ ਖੁਲ੍ਹਾਇੰਦਾ । ਜਿਸ ਦੇ ਵਿਚੋਂ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਚਲੇ ਪੀੜ੍ਹੀ, ਤੇਰਾ ਸੁਤ ਦੁਲਾਰਾ ਸ਼ਬਦ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਦੇ ਇਕ ਵਰ, ਤੁਧ ਬਿਨ ਭੇਵ ਨਾ ਕੋਇ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਹੱਦ, ਹਰਿ ਹਾਲਤ ਦਏ ਜਣਾਈਆ । ਜਿਸ ਧਾਰੋਂ ਉਪਜੇ ਮੇਰੀ ਯਦ, ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ਥਿਰ ਘਰ ਸਾਚੇ ਜਾਏ ਵਸ, ਹੱਸ ਹੱਸ ਖ਼ੁਸ਼ੀ ਮਨਾਈਆ । ਚਰਨ ਕਵਲ ਜਾਏ ਢੱਠ, ਨਿਉਂ ਨਿਉਂ ਲਾਗੇ ਪਾਈਆ । ਓਸ ਵੇਲੇ ਸਾਚੀ ਵਸਤ ਝੋਲੀ ਦੇਵਾਂ ਘਤ, ਸਚਖੰਡ ਦਵਾਰਿਉਂ ਆਪ ਵਰਤਾਈਆ । ਆਪਣਾ ਧੁਰ ਦਾ ਦੇ ਕੇ ਹੱਕ, ਮਿਹਰ ਨਜ਼ਰ ਟਿਕਾਈਆ । ਬਿਨ ਅੱਖਰਾਂ ਲੇਖ ਦੇਵਾਂ ਲਿਖ, ਜੋ ਲਿਖਣ ਪੜ੍ਹਨ ਵਿਚ ਨਾ ਆਈਆ । ਓਸੇ ਵਿਚੋਂ ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਸੀਂ ਸਿਖਿਆ ਲਓ ਸਿਖ, ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪੰਜ ਤਤ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਪੁੰਨੀ ਆਸ, ਮਨਸਾ ਮਨਸਾ ਵਿਚ ਸਮਾਈਆ । ਜਿਸ ਗ੍ਰਿਹ ਪ੍ਰਭੂ ਤੇਰਾ ਨੂਰ ਜੋਤ ਪਰਕਾਸ਼, ਆਦਿ ਜੁਗਾਦਿ ਰੁਸ਼ਨਾਈਆ । ਮਹੱਲ ਅਟਲ ਸੁਹਾਏ ਸ਼ਹਿਨਸ਼ਾਹ ਸ਼ਾਹ ਸ਼ਾਬਾਸ਼, ਤਖ਼ਤ ਨਿਵਾਸੀ ਸੋਭਾ ਪਾਈਆ । ਨਾ ਪ੍ਰਿਥਮੀ ਨਾ ਆਕਾਸ਼, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਨਾ ਗੋਪੀ ਨਾ ਕਾਹਨ ਨਾ ਕੋਈ ਪਾਵੇ ਰਾਸ, ਨਟੂਆ ਨਟ ਸਾਂਗ ਨਾ ਕੋਇ ਵਰਤਾਈਆ । ਤੇਰਾ ਖੇਲ ਇਹ ਸਰਬ ਗੁਣਤਾਸ, ਬੇਅੰਤ ਤੇਰੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕ ਵਰ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਭੇਵ ਅਭੇਦਾ ਇਕ ਖੁਲ੍ਹਾਉਂਦਾ ਹਾਂ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਸਮਝੌਂਦਾ ਹਾਂ । ਜੋਤੀ ਧਾਰੋਂ ਸ਼ਬਦ ਪ੍ਰਗਟਾਉਂਦਾ ਹਾਂ । ਥਿਰ ਘਰ ਦਵਾਰ ਬਹੌਂਦਾ ਹਾਂ । ਨਿਰਮਲ ਦੀਵਾ ਜੋਤ ਜਗਾਉਂਦਾ ਹਾਂ । ਹਰਖ਼ ਸੋਗ ਚਿੰਤਾ ਗ਼ਮ ਨਾ ਕੋਇ ਮਨੌਂਦਾ ਹਾਂ । ਗ੍ਰਿਹ ਮੰਦਰ ਵਖਾਏ ਇਕ ਮੌਜ, ਮਜਲਸ ਆਪਣੇ ਨਾਲ ਲਗੌਂਦਾ ਹਾਂ । ਸਚ ਦਵਾਰ ਸੁਹਾ ਕੇ ਕੋਟ, ਕਿਲਾ ਸਤਿਨਾਮ ਦ੍ਰਿੜਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਰਤਾਉਂਦਾ ਹਾਂ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਖੇਲ ਕਮਾਲ, ਕਾਮਲ ਪੁਰਸ਼ ਤੇਰੇ ਹੱਥ ਵਡਿਆਈਆ । ਹਉਂ ਬਾਲੇ ਨੱਢੇ ਤੇਰੇ ਲਾਲ, ਤੂੰ ਸਭ ਦਾ ਪਿਤਾ ਮਾਈਆ । ਨਿਤ ਨਵਿਤ ਨਿਰਗੁਣ ਸਰਗੁਣ ਬਣੇ ਸਦਾ ਦਲਾਲ, ਦੋ ਜਹਾਨਾਂ ਵਣਜ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਦਰ ਸੁਣਾਇਆ ਹਾਲ, ਹਕੀਕਤ ਦਿਤੀ ਦ੍ਰਿੜਾਈਆ । ਕੂੜੀ ਕਿਰਿਆ ਜਗਤ ਨਗਾਰਾ ਵਜਾਏ ਕਲੂ ਕਾਲ, ਕਾਲਖ਼ ਟਿੱਕਾ ਸਭ ਨੂੰ ਦਿਤਾ ਲਗਾਈਆ । ਸਾਧ ਸੰਤ ਕਿਸੇ ਦੀ ਕੁਛ ਨਹੀਂ ਮਜਾਲ, ਜੋ ਮਜਲਸ ਲਾ ਮੌਜੂਦ ਹੋ ਕੇ ਡੁਬਦੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਵੇਖ ਵਖਾਈਆ । ਆਪਣਾ ਵੇਲਾ ਵੇਖ ਹਰਿ ਨਿਰੰਕਾਰ, ਵਕਤ ਸੁਹੰਜਣਾ ਆਈਆ । ਸ੍ਰਿਸ਼ਟ ਸਬਾਈ ਧੁੰਆਂਧਾਰ, ਗਰਦ ਗ਼ੁਬਾਰ ਛਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਇਤਬਾਰ, ਬੀਮਾਰ ਸਰਬ ਲੋਕਾਈਆ । ਕੂੜਾ ਰੌਲਾ ਮਚਿਆ ਜਗਤ ਜਹਾਨ ਸੰਸਾਰ, ਸਹਿੰਸਾ ਰੋਗ ਨਾ ਕੋਇ ਮਿਟਾਈਆ । ਜਿਉਂ ਭਾਵੇ ਤਿਉਂ ਆ ਕੇ ਪੈਜ ਸਵਾਰ, ਨਿਰਗੁਣ ਆਪਣਾ ਵੇਸ ਵਟਾਈਆ । ਦਰ ਤੇਰੇ ਸਾਰੇ ਕਰਨ ਪੁਕਾਰ, ਉਚੀ ਕੂਕ ਕੂਕ ਜਣਾਈਆ । ਕਲ ਕਲਕੀ ਤੇਰਾ ਖੇਲ ਅਪਰੰਪਾਰ, ਨਿਹਕਲੰਕ ਤੂੰ ਹੀ ਨਜ਼ਰੀ ਆਈਆ । ਤੇਰਾ ਸੰਬਲ ਧਾਮ ਨਿਆਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸ਼ਬਦ ਡੰਕਾ ਵਜਾਉਣਾ ਅਪਰ ਅਪਾਰ, ਚਾਰ ਕੁੰਟ ਕਰੇ ਜਣਾਈਆ । ਪੀਰ ਪੈਗ਼ੰਬਰ ਸਾਰੇ ਗਏ ਹਾਰ, ਹੌਕਾ ਲੈ ਲੈ ਸੀਸ ਨਿਵਾਈਆ । ਸਾਡਾ ਮੁੱਕਿਆ ਪੰਧ ਅੰਤਮ ਵਾਰ, ਅੰਤਮ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਜਗਤ ਲੋਕਾਈਆ । ਜਗਤ ਲੋਕਾਈ ਵੇਖ ਆਖਰ, ਅੱਖੀਆਂ ਨੈਣ ਵਖਾਈਆ । ਤੇਰੇ ਉਤੇ ਰਿਹਾ ਕੋਈ ਨਾ ਸ਼ਾਕਰ, ਸ਼ੁਕਰੀਆ ਕਰ ਨਾ ਖ਼ੁਸ਼ੀ ਮਨਾਈਆ । ਰੂਪ ਬਣਾਇਆ ਹਾਕਣ ਡਾਕਣ, ਨਵ ਨੌ ਚਾਰ ਵੇਖ ਵਖਾਈਆ । ਜਲਵਾ ਮਿਲੇ ਕਿਸੇ ਨਾ ਬਾਤਨ, ਜ਼ਾਹਰ ਹੋਏ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਡ ਕੇ ਵੇਖ ਆਪਣਾ ਆਸਣ, ਅਬਿਨਾਸ਼ੀ ਫੇਰਾ ਪਾਈਆ । ਅਬਿਨਾਸ਼ੀ ਕਰ ਆਪਣਾ ਕਰਮ, ਨਿਹਕਰਮੀ ਕਾਰ ਕਮਾਈਆ । ਵਿਸ਼ਵ ਰਿਹਾ ਕੋਈ ਨਾ ਧਰਮ, ਵਿਸ਼ਨੂੰ ਦਏ ਦੁਹਾਈਆ । ਪੜਦਾ

ਲਾਹੇ ਨਾ ਕੋਈ ਬ੍ਰਹਮ, ਪਾਰਬ੍ਰਹਮ ਨਾ ਕੋਇ ਮਿਲਾਈਆ । ਝਗੜਾ ਚੁੱਕੇ ਨਾ ਕੋਈ ਵਰਨ, ਬਰਨ ਨਾ ਕੋਇ ਸਮਝਾਈਆ । ਤੇਰਾ ਸਾਚਾ ਨਾਮ ਜਗਤ ਨਾ ਪੜ੍ਹਨ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਸ੍ਰਿਸ਼ਟ ਸਬਾਈ ਆ ਕੇ ਦੱਸ, ਦਹਿ ਦਿਸ਼ਾ ਕਰ ਜਣਾਈਆ । ਹਰ ਘਟ ਅੰਦਰ ਆ ਕੇ ਵਸ, ਸਾਚਾ ਵਸਲ ਇਕ ਵਖਾਈਆ । ਜਿੰਨਾਂ ਚਿਰ ਨਾ ਹੋਵੇਂ ਪ੍ਰਤਖ, ਪ੍ਰਭ ਆਪਣਾ ਰੂਪ ਵਟਾਈਆ । ਸਾਚਾ ਖੁਲ੍ਹੇ ਕੋਈ ਨਾ ਹੱਟ, ਵਣਜਾਰਾ ਸੇਵ ਨਾ ਕੋਇ ਕਮਾਈਆ । ਦੂਰ ਦੁਰਾਡੇ ਆ ਨੱਠ, ਨੇਰਨ ਨੇਰਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਸੰਦੇਸ਼ੇ ਜੁਗ ਚੌਕੜੀ ਗਏ ਥੱਕ, ਥਕਾਵਟ ਤੇਰੀ ਝੋਲੀ ਪਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰਾ ਇਸ਼ਟੀ ਤੂੰ ਹੀ ਦੇ ਮੱਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਦਰ, ਦਰਦੀ ਹੋ ਕੇ ਦਰਦ ਵੰਡਾਈਆ । ਦਰਦੀ ਹੋ ਕੇ ਵੰਡ ਦਰਦ, ਦੁੱਖ ਭੰਜਨ ਤੇਰੀ ਓਟ ਤਕਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਗਹਿਰ ਗੰਭੀਰ ਅਖਵਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਲੀਲਾ ਬੇਪਰਵਾਹੀਆ । ਕਲਜੁਗ ਕਸਾਈ ਮੈਥੋਂ ਛੁਡਾ ਛੁਰੀ ਕਰਦ, ਜ਼ਿਬਹ ਸਕੇ ਨਾ ਕੋਇ ਕਰਾਈਆ । ਪ੍ਰਭ ਸਵਾਮੀ ਠਾਕਰ ਪ੍ਰਮਾਤਮ ਤੇਰਾ ਹੋਵੇ ਕੋਈ ਨਾ ਹਰਜ, ਹਰਜਾਨੇ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਉਖੇੜ ਜੜ੍ਹ, ਆਪ ਆਪਣਾ ਹੁਕਮ ਵਰਤਾਈਆ । ਗੁਰਮੁਖਾਂ ਗੁਰਸਿਖਾਂ ਸਾਚੇ ਸੰਤਾਂ ਭਗਤਾਂ ਕਰ ਨਿਬੇੜਾ, ਨਿਵੇਕਲੇ ਧਾਮ ਬਹਾਈਆ । ਆਵਣ ਜਾਵਣ ਲੱਖ ਚੁਰਾਸੀ ਜਨਮ ਮਰਨ ਚੁੱਕੇ ਗੇੜਾ, ਗੇੜੇ ਵਿਚ ਨਾ ਕੋਇ ਭਵਾਈਆ । ਮਿਹਰਵਾਨ ਹੋ ਕੇ ਕਰ ਦੇ ਨਜ਼ਰ ਮਿਹਰਾ, ਨਜ਼ਰੀਆ ਨਜ਼ਰ ਆਪਣੀ ਆਪ ਰਖਾਈਆ । ਤੈਨੂੰ ਤਾਰਦਿਆਂ ਲੱਗੇ ਕੋਈ ਨਾ ਦੇਰਾ, ਜੁਗ ਚੌਕੜੀ ਸਾਰੇ ਗਏ ਸਮਝਾਈਆ । ਲੱਖ ਚੁਰਾਸੀ ਵਿਚੋਂ ਸੱਜਣ ਸੁਹੇਲੇ ਆਪਣੇ ਲਏ ਨਿਖੇੜਾ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ ।



## ੨੭ ਭਾਦਰੋਂ ੨੦੨੧ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਕੈਰੋਂ

ਜਨ ਭਗਤ ਕਹਿਣ ਪ੍ਰਭ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਕੂੜੀ ਕਿਰਿਆ ਸਭ ਦੀ ਹਰ, ਹਿਰਦੇ ਹਰਿ ਹਰਿ ਸਚ ਵਸਾਈਆ । ਅੰਤਰ ਆਤਮ ਆ ਕੇ ਵੜ, ਦੂਈ ਦਵੈਤੀ ਪੜਦਾ ਲਾਹੀਆ । ਸਾਚੇ ਮੰਦਰ ਮੁਨਾਰੇ ਖੜ੍ਹ, ਘਰ ਘਰ ਵਿਚ ਕਰ ਰੁਸ਼ਨਾਈਆ । ਸੁਰਤੀ ਸੁਰਤ ਆਪੇ ਫੜ, ਸ਼ਬਦੀ ਅੱਖ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਦੇ ਸੱਚਾ ਵਰ, ਸਚ ਤੇਰੀ ਸਰਨਾਈਆ । ਇਕ ਸਰਨਾਈ ਜਾਈਏ ਪੜ, ਦੂਜਾ ਇਸ਼ਟ ਨਾ ਕੋਇ ਮਨਾਈਆ । ਧੁਰ ਦਾ ਅੱਖਰ ਲਈਏ ਪੜ੍ਹ, ਬੋਧ ਅਗਾਧ ਵਖਾਈਆ । ਜੀਵਦਿਆਂ ਜਗ ਜਾਈਏ ਮਰ, ਮਰਿਆਂ ਜੀਵਣ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਲਏ ਬਹਾਈਆ । ਜਨ ਭਗਤ ਕਹਿਣ ਪ੍ਰਭ ਹੋ ਮਿਹਰਵਾਨ,

ਦੀਨ ਦਿਆਲ ਦਇਆ ਕਮਾਈਆ । ਸ਼ਬਦ ਅਗੰਮਾ ਦੇ ਦਾਨ, ਝੋਲੀ ਸਚ ਭਰਾਈਆ । ਦਰ ਬੇਨੰਤੀ ਕਰ ਪਰਵਾਨ, ਮਿਹਰ ਨਜ਼ਰ ਉਠਾਈਆ । ਸਚ ਸੰਦੇਸਾ ਸੁਣਾ ਕਾਨ, ਧੁਰ ਦਾ ਰਾਗ ਅਲਾਈਆ । ਭਾਗ ਲਗਾ ਕਾਇਆ ਮਕਾਨ, ਮੰਦਰ ਵੱਜੇ ਵਧਾਈਆ । ਨਾਮ ਦੇ ਇਕ ਫ਼ਰਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸਾਚੇ ਲਏ ਮਿਲਾਈਆ । ਜਨ ਭਗਤ ਕਹਿਣ ਪ੍ਰਭ ਤੇਰੀ ਸਚ ਸਰੋਤ, ਸੁਣ ਸੁਣ ਬੈਠੇ ਧਿਆਨ ਲਗਾਈਆ । ਜਗਤ ਲੱਭਿਆਂ ਲੱਭੇ ਨਾ ਕੋਈ ਖੋਜ, ਖੋਜ ਖੋਜ ਥੱਕੀ ਸਰਬ ਲੋਕਾਈਆ । ਭੇਵ ਅਭੇਦਾ ਖੋਲ੍ਹ ਲੋਕ ਪਰਲੋਕ, ਪੜਦਾ ਦਏ ਉਠਾਈਆ । ਅੰਤਰ ਆਤਮ ਦੱਸ ਇਕ ਸਲੋਕ, ਅੰਤਸ਼ਕਰਨ ਦੇ ਬਦਲਾਈਆ । ਤੇਰੇ ਨਾਲ ਮਿਲ ਕੇ ਮਾਣੀਏ ਮੌਜ, ਮੌਜੂਦਾ ਹੋ ਕੇ ਦਰਸ ਦਿਖਾਈਆ । ਕੂੜੀ ਕਿਰਆ ਮਿਟੇ ਹਉਮੇ ਰੋਗ, ਬ੍ਰਹਮ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਸੁਹਾਈਆ । ਜਨ ਭਗਤ ਕਹਿਣ ਪ੍ਰਭ ਗ੍ਰਿਹ ਮੰਦਰ ਸੁਹਾ, ਸੋਭਾਵੰਤ ਡੇਰਾ ਲਾਈਆ । ਨਿਰਗੁਣ ਨਿਰਵੈਰ ਮਹੱਲ ਅਟਲ ਕਰ ਰੁਸ਼ਨਾ, ਦੀਵਾ ਬਾਤੀ ਇਕੋ ਡਗਮਗਾਈਆ । ਸ਼ਬਦ ਅਨਾਦੀ ਧੁਰ ਦਾ ਰਾਗ ਸੁਣਾ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਜੁਗ ਜਨਮ ਦੇ ਵਿਛੜੇ ਕਰ ਕਿਰਪਾ ਲਏ ਮਿਲਾ, ਆਵਣ ਜਾਵਣ ਲੱਖ ਚੁਰਾਸੀ ਪੰਧ ਰਹੇ ਨਾ ਰਾਈਆ । ਫੜ ਫੜ ਬਾਹੋਂ ਸਾਚਾ ਮਾਰਗ ਦਏ ਵਖਾ, ਕੂੜੀ ਕਿਰਿਆ ਪਰੇ ਹਟਾਈਆ । ਤੂੰ ਦਾਤਾ ਮਾਲਕ ਬੇਪਰਵਾਹ, ਮਾਲਕ ਹੋ ਕੇ ਹੋ ਸਹਾਈਆ । ਖ਼ਾਲਸ ਖ਼ਾਲਸਾ ਲਏ ਬਣਾ, ਚਾਰ ਵਰਨ ਦਏ ਵਡਿਆਈਆ । ਨੇਤਰ ਰੋਵੇ ਨੈਣ ਉਛਾਲੇ ਧਰਨੀ ਧਰਤ ਧਵਲ ਜਗਤ ਮਾਂ, ਖੁਲ੍ਹੀ ਮੇਂਢੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਜਨ ਭਗਤ ਕਹਿਣ ਪ੍ਰਭ ਕਿਉਂ ਬੈਠਾ ਛੁਪ, ਪ੍ਰਭ ਆਪਣਾ ਆਪ ਛੁਪਾਈਆ । ਕਲਜੁਗ ਅੰਤਮ ਵੇਖ ਅੰਧੇਰਾ ਘੁਪ, ਪੜਦਾ ਸਕੇ ਨਾ ਕੋਇ ਉਠਾਈਆ । ਕਿਹੜੀ ਕੂਟੇ ਰਿਹੋਂ ਲੁਕ, ਆਪਣੀ ਨਜ਼ਰ ਲਏ ਉਠਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਪੈਂਡਾ ਰਿਹਾ ਮੁਕ, ਮੁਕੰਮਲ ਬੈਠੇ ਖਹਿੜਾ ਛੁਡਾਈਆ । ਮਿਹਰਵਾਨ ਹੋ ਕੇ ਠਾਕਰ ਤੁਠ, ਭਗਵਨ ਦਇਆ ਕਮਾਈਆ । ਸਾਜਣ ਹੋ ਕੇ ਘਰ ਘਰ ਪੁਛ, ਆਪਣਾ ਪੰਧ ਮੁਕਾਈਆ । ਖ਼ਾਲੀ ਭੰਡਾਰੇ ਨਹੀਂ ਕੋਲ ਕੁਛ, ਸਾਰੇ ਦੇਣ ਦੁਹਾਈਆ । ਤੇਰਾ ਨਜ਼ਰ ਨਾ ਆਏ ਕੋਈ ਸਾਚਾ ਪੁੱਤ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਸਤਿ ਨਿਸ਼ਾਨਿਉਂ ਸਾਰੇ ਗਏ ਉਕ, ਚਿੱਲਾ ਤੀਰ ਕਮਾਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਦੇ ਸਾਚਾ ਵਰ, ਆਪਣਾ ਭੇਵ ਖੁਲ੍ਹਾਈਆ । ਜਨ ਭਗਤ ਕਹਿਣ ਕਿਉਂ ਦਿਤੀ ਪਿੱਠ, ਕਰਵਟ ਲੈ ਬਦਲਾਈਆ । ਤੇਰਾ ਧਾਮ ਪ੍ਰਭੂ ਅਨਡਿਠ, ਬਿਨ ਤੇਰੀ ਕਿਰਪਾ ਨਜ਼ਰ ਕਿਸੇ ਨਾ ਆਈਆ । ਤੂੰ ਆਦਿ ਜੁਗਾਦੀ ਧੁਰ ਦਾ ਪਿਤ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਗ਼ਰੀਬ ਨਿਮਾਣਿਆਂ ਨਾਲ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਠਾਕਰ ਹੋ ਕੇ ਵਸ ਚਿਤ, ਠਗੌਰੀ ਰਹਿਣ ਕੋਈ ਨਾ ਪਾਈਆ । ਤੇਰਾ ਦਰਸਨ ਕਰੀਏ ਸਦਾ ਨਿਤ, ਸਵੱਛ ਸਰੂਪੀ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਉਠਾਈਆ । ਜਨ ਭਗਤ ਕਹਿਣ ਪ੍ਰਭ ਲੈ ਅੰਗੜਾਈ, ਸਭ ਤੇਰਾ ਧਿਆਨ ਲਗਾਈਆ । ਝੱਲੀ ਨਾ ਜਾਏ ਅੰਤ ਜੁਦਾਈ, ਜੁਦਾ ਜੁਜ਼ ਨਾ ਕੋਇ ਰਖਾਈਆ । ਆਤਮ ਪਰਮਾਤਮ ਕਰ ਕੁੜਮਾਈ, ਸਾਚਾ ਸਗਨ ਮਨਾਈਆ । ਸਾਢੇ ਤਿੰਨ

ਹੱਥ ਮੰਦਰ ਅੰਦਰ ਵੱਜੇ ਵਧਾਈ, ਮਿਲ ਸਖ਼ੀਆਂ ਰਾਗ ਅਲਾਈਆ । ਸੇਜ ਸੁਹਾਣੀ ਚਾਈਂ ਚਾਈਂ, ਆਸਣ ਸਿੰਘਾਸਣ ਡੇਰਾ ਲਾਈਆ । ਨਿਰਮਲ ਨੂਰ ਜੋਤ ਕਰੀਂ ਰੁਸ਼ਨਾਈ, ਨੂਰੋ ਨੂਰ ਡਗਮਗਾਈਆ । ਮੈਂ ਸਚ ਸਵਾਮੀ ਵੇਖਾਂ ਚਾਈਂ ਚਾਈਂ, ਚਾਓ ਘਨੇਰਾ ਦੇਣਾ ਪਰਗਟਾਈਆ । ਆਸਾ ਮਨਸਾ ਹਿਰਸ ਹਵਸ ਪੂਰ ਕਰਾਈ, ਕਰਤੇ ਤੇਰੇ ਹੱਥ ਵਡਿਆਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਇਕੋ ਰੰਗ ਰੰਗਾਈਂ, ਧੁਰ ਦਾ ਰੰਗ ਇਕ ਚੜ੍ਹਾਈਆ । ਤੂੰ ਹੀ ਮਾਲਕ ਖ਼ਾਲਕ ਪਿਤਾ ਮਾਈ, ਪਿਤਾ ਪੂਤ ਲੈਣੇ ਗੋਦ ਉਠਾਈਆ । ਗੋਬਿੰਦ ਬੂਟਾ ਪੁਟਿਆ ਇਕੋ ਕਾਹੀ, ਜਿਸ ਦੀ ਕਾਗਤ ਕਲਮ ਸ਼ਾਹੀ ਦੇਵੇ ਨਾ ਕੋਇ ਗਵਾਹੀਆ । ਜਿਸ ਦੇ ਪਿਛੇ ਨਿਰਗੁਣ ਨਿਰੰਕਾਰ ਬਣ ਰਾਹੀ, ਦੋ ਜਹਾਨਾਂ ਪੰਧ ਮੁਕਾਈਆ । ਤੇਰੇ ਜਨ ਬੈਠੇ ਤੇਰਾ ਧਿਆਨ ਲਗਾਈ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਮਨ ਕਾ ਮਣਕਾ ਫੇਰ ਮਨ, ਮਨਸਾ ਮੋਹ ਮਿਟਾਈਆ । ਨਾਮ ਪਦਾਰਥ ਦੇ ਧਨ, ਦੌਲਤ ਇਕ ਵਰਤਾਈਆ । ਭਾਗ ਲਗਾ ਛੱਪਰ ਛੰਨ, ਮਹੱਲ ਅਟਲ ਪਰੇ ਸੁਟਾਈਆ । ਪੰਚ ਵਿਕਾਰਾ ਦੇ ਡੰਨ, ਘਰ ਘਰ ਵਿਚ ਰਹਿਣ ਨਾ ਪਾਈਆ । ਗੜ੍ਹ ਹੰਕਾਰੀ ਭਾਂਡਾ ਭੰਨ, ਭਰਮ ਦਏ ਚੁਕਾਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਸਾਚਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਮਾਤ ਬੰਨ੍ਹ, ਅੰਤਮ ਬੇੜਾ ਬੰਨੇ ਦਏ ਲਗਾਈਆ । ਜਨ ਭਗਤ ਕਹਿਣ ਪ੍ਰਭ ਆ ਛੇਤੀ, ਦੂਰ ਦੁਰਾਡਾ ਪੰਧ ਮੁਕਾਈਆ । ਬੰਦੇ ਬੰਦਗੀ ਵਿਚੋਂ ਭੁੱਲੇ ਤੇਰੀ ਨੇਕੀ, ਨਿਹਕਰਮੀ ਸਾਚਾ ਕਰਮ ਨਾ ਕੋਇ ਕਮਾਈਆ । ਅੰਦਰ ਵੜ ਕੇ ਧੁਰ ਦਾ ਬਣੇ ਕੋਇ ਨਾ ਭੇਤੀ, ਨੌਂ ਦਵਾਰੇ ਭੱਜਣ ਵਾਹੋ ਦਾਹੀਆ । ਮਾਇਆ ਮਮਤਾ ਕਲਜੁਗ ਖੇਲ ਕੂੜੀ ਖੇਡੀ, ਚਾਰੋਂ ਕੁੰਟ ਖੇਹ ਉਡਾਈਆ । ਤੇਰੀ ਖਾਣੀ ਬਾਣੀ ਵਸਤ ਜੋ ਮਾਤ ਅਮੋਲਕ ਭੇਜੀ, ਸੋ ਭਜਨ ਬੰਦਗੀ ਸਾਰੇ ਰਹੇ ਭੁਲਾਈਆ । ਆਪਣੇ ਘਰ ਵਿਚੋਂ ਨਿਕਲ ਕੇ ਸਾਰੇ ਹੋਏ ਪਰਦੇਸੀ, ਮਾਲਕ ਮਕਾਨ ਨਜ਼ਰ ਕੋਇ ਨਾ ਆਈਆ । ਜਿਉਂ ਨਾਨਕ ਨਿਰੰਕਾਰ ਭੇਜਿਆ ਧਰ ਕੇ ਮੋਢੇ ਭੂਰੀ ਖੇਸੀ, ਖ਼ਾਲਸ ਆਪਣਾ ਰੂਪ ਪਰਗਟਾਈਆ । ਜਿਉਂ ਗੁਰੂ ਗੋਬਿੰਦ ਦੇ ਕੇ ਗਿਆ ਸੰਦੇਸੀ, ਧੁਰ ਦਾ ਢੋਲਾ ਰਾਗ ਅਲਾਈਆ । ਸ੍ਰਿਸ਼ਟ ਸਬਾਈ ਨੇਤਰ ਲੋਚਣ ਨੈਣ ਆਪਣੇ ਪੇਖੀ, ਨਿਰਗੁਣ ਸਰਗੁਣ ਰੂਪ ਵਟਾਈਆ । ਜਨ ਭਗਤਾਂ ਬਣ ਕੇ ਸੱਚਾ ਹੇਤੀ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਆ ਕੇ ਵੇਖ ਸਾਡੀ ਝੁੱਗੀ, ਹੱਡ ਮਾਸ ਨਾੜੀ ਪਿੰਜਰ ਸੋਹਣੀ ਬਣਤ ਬਣਾਈਆ । ਜਿਸ ਦੀ ਔਧ ਜਾਂਦੀ ਪੁੱਗੀ, ਪੈਂਡਾ ਆਪਣਾ ਪੰਧ ਚੁਕਾਈਆ । ਗ਼ਫ਼ਲਤ ਵਿਚ ਅੰਦਰ ਸੁਰਤੀ ਸੁੱਤੀ, ਸਵਾਣੀ ਸਕੇ ਨਾ ਕੋਇ ਜਗਾਈਆ । ਤੂੰ ਕੰਤ ਸੁਹਾਗ ਹੋ ਕੇ ਪੁਛੀਂ, ਪਤਿਪਰਮੇਸ਼ਵਰ ਦਇਆ ਕਮਾਈਆ । ਜੁਗ ਜੁਗ ਜਗਤ ਜੇ ਕਰਮ ਕਰ ਕੇ ਰੁੱਸੀ, ਰੁੱਸਿਆਂ ਲਏ ਮਨਾਈਆ । ਜੇ ਮਾਰਗ ਪੈ ਗਈ ਪੁੱਠੀ, ਰਹਿਬਰ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭ ਆ ਵੜ ਅੰਦਰ, ਮੰਜ਼ਲ ਪੰਧ ਮੁਕਾਈਆ । ਆਪਣੀ ਹੱਥੀਂ ਤੋੜ ਜੰਦਰ, ਜੋ ਦਿਤਾ ਸਚ ਲਗਾਈਆ । ਭਾਗ ਲਗਾ ਅੰਧੇਰੀ ਕੰਦਰ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਸੋਹਣਾ ਲੱਗੇ ਕੂੜਾ ਖੰਡਰ, ਸਚ ਸੁਚ ਵਰਤਾਈਆ । ਰੁੱਤ ਮੌਲੇ ਕਾਇਆ ਕਲਰ ਬੰਜਰ, ਨਾਮ ਫੁਲਵਾੜੀ ਪੱਤ ਡਾਲ੍ਹੀ ਮਹਿਕਾਈਆ । ਮਨੂਆ ਮਨ ਭਵੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਵਖਾਈਆ । ਜਨ ਭਗਤ ਕਹਿਣ ਪ੍ਰਭ ਅਸੀਂ ਹੋਏ ਵੈਰਾਗੀ, ਬਿਰਹੋਂ ਰੋਗ ਸਤਾਈਆ । ਜਗਤ ਸ੍ਰਿਸ਼ਟੀ ਰਹੇ ਤਿਆਗੀ, ਤੇਰਾ ਧਿਆਨ ਲਗਾਈਆ । ਨਾਮ ਪਦਾਰਥ ਦੇਵੇ ਦਾਤੀ, ਵਸਤ ਸਚ ਵਰਤਾਈਆ । ਦਿਨੇ ਜਾਗਦਿਆਂ ਦਰਸ ਦੇ ਸੁਤਿਆਂ ਰਾਤੀ, ਰੂਪ ਅਨੂਪ ਆਪਣਾ ਇਕ ਪਰਗਟਾਈਆ । ਅੰਮ੍ਰਿਤ ਆਤਮ ਬਖ਼ਸ਼ੀਂ ਬੂੰਦ ਸਵਾਂਤੀ, ਅਗਨੀ ਤੱਤ ਤਤ ਬੁਝਾਈਆ । ਨਜ਼ਰੀ ਆਵੀਂ ਇਕ ਇਕਾਂਤੀ, ਸਚਖੰਡ ਆਪਣਾ ਡੇਰਾ ਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਉਣ ਤੋਂ ਪਹਿਲੋਂ ਜੋ ਲਿਖ ਕੇ ਦਿਤੀ ਪਾਤੀ, ਧੁਰ ਦਾ ਲੇਖ ਦ੍ਰਿੜਾਈਆ । ਓਸ ਦੇ ਅੰਦਰ ਸਾਨੂੰ ਮਰਵਾ ਇਕ ਝਾਕੀ, ਝਾਕੀ ਨਾਲ ਰਲਾਈਆ । ਥੋੜੀ ਖਿੜਕੀ ਖੋਲ੍ਹ ਤਾਕੀ, ਇਸ਼ਾਰੇ ਨਾਲ ਸਮਝਾਈਆ । ਮੰਜ਼ਲ ਚੜ੍ਹ ਕੇ ਵੇਖੀਏ ਵਾਟੀ, ਆਪਣਾ ਪੰਧ ਮੁਕਾਈਆ । ਦਰਸ਼ਨ ਕਰਕੇ ਕਮਲਾਪਾਤੀ, ਕਵਲ ਨੈਣ ਬਿਗਸਾਈਆ । ਫਿਰ ਜਾਣੀਏ ਪ੍ਰਭ ਤੇਰੀ ਸੱਚੀ ਸਾਖ਼ੀ, ਜੋ ਜੁਗ ਜੁਗ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੜਦਾ ਦੇ ਚੁਕਾਈਆ । ਸਚ ਸਾਖ਼ੀ ਦੱਸ ਸਾਖ਼ਿਆਤ, ਸਖ਼ੀ ਸੁਲਤਾਨ ਤੂੰ ਹੀ ਨਜ਼ਰੀ ਆਇੰਦਾ । ਜੋ ਲੇਖਾ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਜਿਸ ਦੇ ਹਰਫ਼ ਲੱਭਣ ਨਾ ਵਿਚੋਂ ਕਿਸੇ ਲੁਗ਼ਾਤ, ਸ਼ਬਦਾਂ ਵਿਚ ਨਾ ਕੋਇ ਸਮਝਾਇੰਦਾ । ਜਿਸ ਦਾ ਕੰਨਾ ਸਿਹਾਰੀ ਬਿਹਾਰੀ ਕੋਇ ਨਾ ਲਗ ਮਾਤ, ਮਾਤਰਾ ਵਿਚ ਵੰਡ ਨਾ ਕੋਇ ਵੰਡਾਇੰਦਾ । ਜਿਸ ਦੀ ਹਰਫ਼ਾਂ ਵਿਚ ਨਾ ਕੋਇ ਕਿਤਾਬ, ਕੁਤਬਖ਼ਾਨੇ ਨਾ ਕੋਇ ਟਿਕਾਇੰਦਾ । ਉਸ ਦਾ ਪੜਦਾ ਚੁੱਕ ਨਕਾਬ, ਜਨਭਗਤ ਮੰਗ ਮੰਗਾਇੰਦਾ । ਅਸੀਂ ਵੇਖੀਏ ਪਿਛਲਾ ਲਹਿਣਾ ਦੇਣਾ ਆਪਣਾ ਹਿਸਾਬ, ਜੋ ਹਿੱਸਾ ਤੇਰੇ ਘਰ ਨਜ਼ਰੀ ਆਇੰਦਾ । ਅਗੋਂ ਕਹੇ ਪੁਰਖ ਅਕਾਲ ਗੁਰੂ ਮਹਾਰਾਜ, ਮਹਿੰਮਾ ਸਾਚੀ ਵਿਚ ਸਮਝਾਇੰਦਾ । ਖੇਲਣਹਾਰ ਖੇਲ ਆਦਿ ਜੁਗਾਦਿ, ਜੁਗ ਚੌਕੜੀ ਵੇਖ ਵਖਾਇੰਦਾ । ਜਨ ਭਗਤੋ ਸੰਮਤ ਵੀਹ ਸੌ ਇੱਕੀ ਅੰਤ ਅਖ਼ੀਰੀ ਦੱਸੋ ਉਸ ਦਾ ਰਾਜ਼, ਜਿਸ ਦੇ ਵਿਚੋਂ ਰੋਜ਼ਾ ਨਿਮਾਜ਼ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਵੇਦ ਪੁਰਾਨ ਬਾਹਰ ਕਢਾਇੰਦਾ । ਜਿਸ ਦੇ ਵਿਚੋਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਹੋਵੇ ਆਗ਼ਾਜ਼, ਨਿਰਾਕਾਰ ਸਾਕਾਰ ਰੂਪ ਵਖਾਇੰਦਾ । ਜਿਸ ਦੇ ਵਿਚੋਂ ਅਗੰਮੀ ਬਿਨ ਪਿਤਾ ਮਾਤ ਜੰਮੀ ਨਿਕਲੇ ਧਾਰ, ਸਤਿ ਸਤਿਵਾਦੀ ਸੋਭਾ ਪਾਇੰਦਾ । ਏਹੋ ਖੇਲ ਰਖਿਆ ਹੱਥ ਆਪਣੇ ਕਰਤਾਰ, ਜਿਸ ਦਾ ਅੰਤ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਕਰ ਕੇ ਪਿਆਰ, ਪ੍ਰੇਮ ਰੀਤੀ ਪਿਆਰ ਵਿਚੋਂ ਪਰਗਟਾਇੰਦਾ । ।

## ✪ ੨੭ ਭਾਦਰੋਂ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਚੌਲ੍ਹਾ ਕਲਾਂ ✪

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਰ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਤ੍ਰੈਗੁਣ ਮਾਇਆ ਲਿਆ ਘੇਰ, ਜਗਤ ਜੰਜਾਲ ਸਕੇ ਨਾ ਕੋਇ ਤੁੜਾਈਆ । ਮੁਰਸ਼ਦ ਹੋ ਕੇ ਵੇਖ ਮੁਰੀਦਾਂ ਹਾਲ, ਜਹਾਲਤ ਦਿਤੀ ਬਦਲਾਈਆ । ਸ੍ਰਿਸ਼ਟ ਸਬਾਈ ਪੰਜ ਤਤ ਅਗਨੀ ਲੱਗੀ ਮਾਟੀ ਖਾਲ, ਕਾਇਆ ਤਨ ਰਹੀ ਜਲਾਈਆ । ਅੰਤਰ ਆਤਮ ਭੁੱਲਿਆ ਸਰਬ ਗਿਆਨ, ਮਨ ਵਾਸਨਾ ਚਾਰ ਕੁੰਟ

ਹਲਕਾਈਆ । ਸਾਚੇ ਮੰਦਰ ਕਰੇ ਨਾ ਕੋਇ ਧਿਆਨ, ਨਿਰਗੁਣ ਤੇਰਾ ਦਰਸ ਕੋਇ ਨਾ ਪਾਈਆ । ਕੋਟਨ ਕੋਟ ਸਖ਼ੀਆਂ ਵਿਚ ਨੱਚਦੇ ਵੇਖੇ ਕਾਹਨ, ਧੁਰ ਦੀ ਬੰਸਰੀ ਨਾਮ ਨਾ ਕੋਇ ਸੁਣਾਈਆ । ਸਤਿ ਧਰਮ ਦਾ ਮਿਟਿਆ ਜਗਤ ਨਿਸ਼ਾਨ, ਕੂੜੀ ਕਿਰਿਆ ਡੰਕ ਰਹੀ ਵਜਾਈਆ । ਮਾਇਆ ਮਮਤਾ ਸਾਰੇ ਹੋਏ ਗ਼ੁਲਾਮ, ਗ਼ੁਰਬਤ ਘਰ ਘਰ ਡੇਰਾ ਲਾਈਆ । ਪੀਰ ਪੈਗ਼ੰਬਰ ਜੋ ਦੇ ਕੇ ਗਏ ਪੈਗ਼ਾਮ, ਮਸਲਿਆਂ ਵਿਚ ਸੁਣਾਈਆ । ਤਿਨ੍ਹਾਂ ਸਕੇ ਨਾ ਕੋਇ ਪਛਾਣ, ਬੇਮੁਖ ਬੈਠੇ ਮੁਖ ਭੁਆਈਆ । ਨੌਂ ਦਵਾਰੇ ਨੱਚਦਾ ਵੇਖ ਸ਼ੈਤਾਨ, ਸ਼ਰਅ ਕਰੇ ਲੜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਗ੍ਰਿਹਿ ਗ੍ਰਿਹਿ ਦਿਸੇ ਹਰਾਮ, ਧੀਰਜ ਜਤ ਰਹਿਣ ਕੋਇ ਨਾ ਪਾਈਆ । ਤੇਰੀ ਮੰਜ਼ਲ ਮੁਸ਼ਕਲ ਚੜ੍ਹਨੀ ਹੋਈ ਜਹਾਨ, ਪਾਂਧੀ ਪੰਧ ਨਾ ਕੋਇ ਮੁਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਧੁਰ ਦੇ ਰਾਮ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਆਪਣਾ ਜਗਤ, ਨਿਰਗੁਣ ਸਰਗੁਣ ਵੇਸ ਵਟਾਈਆ । ਲੱਖ ਚੁਰਾਸੀ ਉਬਲੇ ਰਕਤ, ਨਾੜੀ ਨਾੜੀ ਦਏ ਦੁਹਾਈਆ । ਸਤਿ ਧਰਮ ਰਹੀ ਕੋਈ ਨਾ ਸ਼ਕਤ, ਸ਼ਖ਼ਸੀਅਤ ਬੈਠੀ ਮੁਖ ਭਵਾਈਆ । ਦੀਨ ਮਜ਼੍ਹਬ ਪਿਆ ਫ਼ਰਕ, ਜ਼ਾਤ ਪਾਤ ਝਗੜਿਆਂ ਵਿਚ ਲੜਾਈਆ । ਕਾਗ਼ਜ਼ ਕਲਮ ਸ਼ਾਹੀ ਨਾਲ ਜੋ ਕੀਤੀ ਲਿਖਤ ਪੜ੍ਹਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਲਿਖਾਈਆ । ਉਸ ਦਾ ਜੀਵ ਜੰਤ ਕਲਜੁਗ ਲੈਂਦੇ ਧੜਤ, ਬਣ ਵਣਜਾਰੇ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਮਿਹਰਵਾਨ ਹੋ ਕੇ ਵੇਖ ਆਪਣੀ ਚੌਕੜ, ਚੌਥੇ ਜੁਗ ਧਿਆਨ ਲਗਾਈਆ । ਲੱਖ ਚੁਰਾਸੀ ਮੇਟੇ ਕੋਇ ਨਾ ਔਕੜ, ਓੜਕ ਦੇਵੇ ਨਾ ਕੋਇ ਵਡਿਆਈਆ । ਮਨ ਮਤ ਨਾਰ ਕਮਜ਼ਾਤ ਘਰ ਘਰ ਵੜੀ ਸੌਕਣ, ਦਿਵਸ ਰੈਣ ਕੂਕੇ ਦਏ ਦੁਹਾਈਆ । ਕਾਇਆ ਮਾਟੀ ਕੋਇ ਨਾ ਆਵੇ ਪੋਚਣ, ਪਤਤ ਪੁਨੀਤ ਨਾ ਕੋਇ ਕਰਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਕੂੜੀ ਕਿਰਿਆ ਸੋਚਣ, ਸਤਿ ਧਰਮ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਦਏ ਵਡਿਆਈ ਠਾਕਰ ਆਪ, ਕਲਕਾਤੀ ਅਗਨ ਤਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭੁੱਲਿਆ ਜਾਪ, ਰਸਨਾ ਜਿਹਵਾ ਰਹੀ ਕੁਰਲਾਈਆ । ਅੰਦਰ ਮੰਦਰ ਕੋਇ ਨਾ ਦੇਵੇ ਸਾਥ, ਧੁਰ ਦਾ ਰਹਿਬਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਅੰਧੇਰੀ ਰਾਤ, ਰਈਅਤ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਘਰ ਸਾਚੇ ਫੇਰਾ ਪਾਈਆ । ਸਾਚਾ ਘਰ ਆ ਕੇ ਤੱਕ, ਧਰਨੀ ਧਰਤ ਧਵਲ ਵੇਸ ਵਟਾਈਆ । ਪਾਂਧੀ ਹੋ ਕੇ ਠਾਕਰ ਨੱਠ, ਆਪਣਾ ਫੇਰਾ ਪਾਈਆ । ਗੁਰ ਅਵਤਾਰ ਜੋ ਮਾਰਗ ਗਏ ਦੱਸ, ਪੀਰ ਪੈਗ਼ੰਬਰ ਕਲਮਾ ਕਾਇਨਾਤ ਪੜ੍ਹਾਈਆ । ਹਕੀਕਤ ਵਿਚੋਂ ਕਿਸੇ ਨਾ ਲੱਭੇ ਹੱਕ, ਸ਼ਰੀਅਤ ਸਚ ਨਾ ਕੋਇ ਸਮਝਾਈਆ । ਕੂੜੀ ਕਿਰਿਆ ਡੋਰੀ ਪਈ ਨੱਥ, ਚਾਰੋਂ ਕੁੰਟ ਜੀਵ ਜੰਤ ਖਿਚਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਮਸਤੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਜਗਤ ਲੋਕਾਈਆ । ਜਗਤ ਲੋਕਾਈ ਵੇਖ ਹਾਕਮ, ਤੇਰਾ ਹੁਕਮ ਧੁਰ ਫ਼ਰਮਾਨਾ ਨਜ਼ਰੀ ਆਈਆ । ਲੇਖਾ ਜਾਣ ਜ਼ਾਹਰ ਬਾਤਨ, ਪੜਦਾ ਇਕ ਉਠਾਈਆ । ਭਗਤ ਸੰਤ ਸਾਰੇ ਆਖਣ, ਕੂਕ ਕੂਕ ਸੁਣਾਈਆ । ਸਤਿ

ਸਤਿਵਾਦੀ ਦੱਸ ਗਾਥਣ, ਅਗੰਮੀ ਕਰ ਪੜ੍ਹਾਈਆ । ਸੰਗ ਸੁਹੇਲਾ ਬਣ ਕੇ ਮਾਈ ਬਾਪਣ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਸ੍ਰੀ ਭਗਵਾਨ ਸਚ ਸਵਾਮੀ, ਸੋ ਕਰਤਾ ਹਰਿ ਜਣਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰੋ ਸੁਣੋ ਸਚ ਕਹਾਣੀ, ਨਾਮ ਕਹਾਵਤ ਵਿਚ ਦ੍ਰਿੜਾਇੰਦਾ । ਹਉਂ ਮਾਲਕ ਖ਼ਾਲਕ ਦੋ ਜਹਾਨੀ, ਨਿਰਗੁਣ ਨਿਰਵੈਰ ਪੁਰਖ ਅਕਾਲ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਦੱਸੇ, ਨਾਲ ਰਲਾਏ ਖਾਣੀ ਬਾਣੀ, ਅੱਖਰ ਵੱਖਰ ਜਗਤ ਪੜ੍ਹਾਇੰਦਾ । ਅਠਸਠ ਤੀਰਥ ਸਰ ਸਰੋਵਰ ਨੀਰ ਵਿਰੋਲਿਆ ਠੰਡਾ ਪਾਣੀ, ਪਤਤ ਪਾਵਨ ਭੇਵ ਅਭੇਦਾ ਆਪ ਜਣਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਮਾਰਗ ਦੱਸੇ ਸਚ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਇੰਦਾ । ਜਨ ਭਗਤਾਂ ਦੇ ਕੇ ਨਾਮ ਨਿਸ਼ਾਨੀ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਤੂੰ ਮੇਰਾ ਮੈਂ ਤੇਰਾ ਜਾਨੀ, ਅਨਜਾਨਤ ਬੂਝ ਬੁਝਾਇੰਦਾ । ਬਿਨ ਪੜ੍ਹਿਆਂ ਲਿਖਿਆਂ ਕਰ ਕੇ ਬੋਧ ਅਗਾਧ ਗਿਆਨੀ, ਮੰਤਰ ਆਪਣਾ ਨਾਮ ਸਮਝਾਇੰਦਾ । ਅੰਤਰ ਆਤਮ ਨਿਝਰ ਝਿਰਨਾ ਬਖ਼ਸ਼ ਕੇ ਠੰਡਾ ਪਾਣੀ, ਸਰੋਵਰ ਇਕੋ ਇਕ ਵਖਾਇੰਦਾ । ਸ਼ਬਦ ਅਨਾਦ ਅਨਹਦ ਧੁਨ ਆਤਮਕ ਰਾਗ ਸੁਣਾਏ ਮਹਾਨੀ, ਰਾਗਾਂ ਨਾਦਾਂ ਵਿਚੋਂ ਬਾਹਰ ਕਢਾਇੰਦਾ । ਨਿਰਮਲ ਜੋਤ ਜਗਾਏ ਮਹਾਨੀ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਧੁਰ ਦਾ ਦੇ ਕੇ ਪਦ ਨਿਰਬਾਨੀ, ਘਰ ਸਾਚਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਕੁਦਰਤ ਤੇਰੀ ਝੋਲੀ ਪਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹਾਰ, ਬਲਹੀਣ ਦੋਏ ਦੋਏ ਜੋੜ ਸੀਸ ਨਿਵਾਈਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕਾਗਦ ਕਲਮ ਸ਼ਾਹੀ ਕਰੇ ਪੁਕਾਰ, ਅੱਖਰ ਨੈਣਾਂ ਨੀਰ ਵਹਾਈਆ । ਸਾਡਾ ਹਿੰਦਸਿਆਂ ਅੰਕੜਿਆਂ ਵਿਚ ਨਾ ਕੋਇ ਸ਼ੁਮਾਰ, ਪਦਾਂ ਵਿਚ ਨਾ ਕੋਇ ਵਡਿਆਈਆ । ਕਿਰਪਾ ਕਰ ਕਿਰਪਾ ਧਾਰ, ਕਿਰਪਨ ਆਪਣੇ ਵੇਖ ਵਖਾਈਆ । ਸਤਿ ਸਰੂਪੀ ਦੇ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਵਕਤ ਵਡਿਆਈਆ । ਪੁਰਖ ਅਕਾਲ ਦੀਨਾ ਬੰਧਪ, ਹਰਿ ਕਰਤਾ ਆਪ ਜਣਾਇੰਦਾ । ਬੋਧ ਅਗਾਧਾ ਬਣ ਕੇ ਆਵਾਂ ਪੰਡਤ, ਭਗਤ ਭਗਵੰਤ ਆਪ ਜਗਾਇੰਦਾ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣਾਵਾਂ ਸਾਚੀ ਸੰਗਤ, ਸਗਲਾ ਸੰਗ ਰਖਾਇੰਦਾ । ਅਣਮੰਗੀ ਦੌਲਤ ਦੇਵਾਂ ਕੋਈ ਨਾ ਹੋਵੇ ਮੰਗਤ, ਨਾਮ ਭੰਡਾਰਾ ਇਕ ਵਰਤਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਲੇਖਾ ਚੁਕਾ ਕੇ ਸਵਰਗ ਜੰਨਤ, ਪ੍ਰਭ ਚਰਨ ਰਾਹ ਵਖਾਇੰਦਾ । ਆਵਣ ਜਾਵਣ ਖੇਲ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਪਾਰ ਕਰਾਇੰਦਾ । ਸਾਚੀ ਦੱਸ ਕੇ ਇਕੋ ਬੰਦਨ, ਡੰਡਾਵਤ ਧੁਰ ਦੀ ਇਕ ਵਖਾਇੰਦਾ । ਆਤਮ ਪਰਮਾਤਮ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਮਸਤਕ ਟਿੱਕਾ ਧੂੜੀ ਲਾਏ ਚੰਦਨ, ਦੁਰਮਤ ਮੈਲ ਧੁਆਇੰਦਾ । ਜਨਮ ਜਨਮ ਦੀ ਟੁੱਟੀ ਆਵਾਂ ਗੰਢਣ, ਜੁਗ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਜਨ ਭਗਤਾਂ ਅੰਤਰ ਪਾਏ ਠੰਡਨ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਦਇਆ ਕਮਾਇੰਦਾ । ਗੁਰ ਅਵਤਾਰ ਕਹਿਣ ਤੇਰਾ ਖੇਲ ਨਿਰਾਲਾ, ਨਿਰਗੁਣ ਨਿਰਵੈਰ ਸਮਝ ਕੋਇ ਨਾ ਆਈਆ । ਕਲਜੁਗ ਅੰਤਮ ਜੀਵ ਜੰਤ ਹੋਇਆ ਬੇਹਾਲਾ, ਬਿਹਬਲ ਹੋ ਕੇ ਦਏ ਦੁਹਾਈਆ । ਸਭ ਦਾ ਕਾਇਆ ਕਫ਼ਨ ਹੋਇਆ ਕਾਲਾ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਸਚ ਨਾਮ ਦਾ ਚਾਰ ਕੁੰਟ ਨਿਕਲਿਆ ਦਵਾਲਾ, ਜੂਠ ਝੂਠ ਬੈਠੀ ਡੇਰਾ ਲਾਈਆ । ਤੇਰਾ ਮਾਰਗ ਨਾ ਮਿਲੇ ਕੋਇ ਸੁਖਾਲਾ, ਸੁਖ ਸਾਗਰ ਰੂਪ ਨਾ ਕੋਇ ਵਟਾਈਆ । ਸਾਧ ਸੰਤ ਜੀਵ ਜੰਤ ਮਣਕਿਆਂ ਵਾਲੀ ਫੇਰਦੇ ਦਿਸਣ ਮਾਲਾ, ਮਨ ਕਾ ਮਣਕਾ ਨਾ ਕੋਇ ਭੁਆਈਆ । ਚਾਰ ਕੁੰਟ ਤੈਨੂੰ ਲੱਭਦੇ ਫਿਰਦੇ ਵਿਚ ਧਰਮਸਾਲਾ, ਕਾਇਆ ਮੰਦਰ ਖੋਜਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਦਏ ਸਚ ਅਹਿਵਾਲਾ, ਜਿਸ ਵਿਚ ਸ਼ਾਹ ਕੰਗਾਲ ਰਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਸਚ ਦ੍ਰਿੜਾਉਂਦਾ ਏ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਇਆ ਕਮਾਉਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਗਲਾ ਲੇਖਾ ਆਪ ਸਮਝੌਂਦਾ ਏ । ਲਹਿਣਾ ਦੇਣਾ ਚੁੱਕੇ ਮਸੀਤਾਂ ਮੰਦਰਾਂ, ਸਾਚਾ ਰਾਹ ਇਕ ਪਰਗਟਾਉਂਦਾ ਏ । ਲੱਖ ਚੁਰਾਸੀ ਭੇਵ ਖੁਲ੍ਹਾਏ ਅੰਦਰੇ ਅੰਦਰਾ, ਕਾਇਆ ਬੰਕ ਇਕ ਸੁਹੌਂਦਾ ਏ । ਬਜਰ ਕਪਾਟੀ ਤੋੜੇ ਜੰਦਰਾ, ਦੂਈ ਦਵੈਤੀ ਪੜਦਾ ਲਾਹੁੰਦਾ ਏ । ਮਨ ਮਨੂਆ ਬੰਨ੍ਹੇ ਬੰਦਰਾ, ਦਹਿ ਦਿਸ਼ਾ ਨਾ ਉਠ ਉਠ ਧਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਸਮਝਾਉਂਦਾ ਏ । ਅਗਲਾ ਖੇਲ ਸਚ ਕਰਾਵਾਂਗਾ । ਜੁਗ ਜਨਮ ਦੇ ਵਿਛੜੇ, ਹਰਿਜਨ ਸਾਚੇ ਮੇਲ ਮਿਲਾਵਾਂਗਾ । ਜਨਮ ਕਰਮ ਦੇ ਜੋ ਵਿਛੜੇ, ਫੜ ਬਾਹੋਂ ਗੋਦ ਬਿਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਹਿਬਰ ਧੁਰ ਦਾ ਇਕ ਅਖਵਾਵਾਂਗਾ । ਧੁਰ ਦਾ ਰਹਿਬਰ ਇਕ ਅਖਵਾਏਗਾ । ਜਲਵਾ ਨੂਰੀ ਨੂਰ ਪਰਗਟਾਏਗਾ । ਲਾਸ਼ਰੀਕ ਬਣ ਕੇ ਵੇਖ ਵਖਾਏਗਾ । ਸ਼ਿਰਕਤ ਕੂੜੀ ਪਰੇ ਹਟਾਏਗਾ । ਹਰ ਘਟ ਜੂਠ ਝੂਠ ਨਾ ਕੋਇ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਯਕਤਰਫ਼ ਆਪਣਾ ਹੁਕਮ ਵਰਤਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਮਜੀਦ, ਮਜਲਸ ਤੇਰੀ ਸੱਚੀ ਪਾਈਆ । ਤੇਰੇ ਹੁਕਮ ਦੀ ਤੇਰੇ ਚਰਨ ਕਵਲ ਸਾਰੇ ਕਰੀਏ ਤਾਈਦ, ਤਕਰੀਰ ਵਿਚ ਨਾ ਕੋਇ ਲਿਖਾਈਆ । ਜੋ ਆਦਿ ਪੁਰਖ ਅਬਿਨਾਸ਼ੀ ਕਰਤੇ ਸਚਖੰਡ ਦਵਾਰੇ ਮੁਕਾਮੇ ਹੱਕ ਸਾਨੂੰ ਦਿਤੀ ਰਸੀਦ, ਬਿਨ ਅੱਖਰਾਂ ਲੇਖ ਲਿਖਾਈਆ । ਉਸ ਦਾ ਖੇਲ ਵੇਖਿਆ ਅਜਬ ਅਜੀਬ, ਨਿਰਾਲੀ ਤੇਰੀ ਬੇਪਰਵਾਹੀਆ । ਤੇਰਾ ਹੁਕਮ ਹਾਕਮ ਸਦਾ ਠੀਕ, ਠੋਕਰ ਸਾਨੂੰ ਰਿਹਾ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਆਉਣ ਦੀ ਦੱਸ ਕੇ ਆਏ ਤਾਰੀਖ਼, ਤਰੀਕਾ ਤੇਰੇ ਹੱਥ ਆਏ ਸਮਝਾਈਆ । ਕਲਜੁਗ ਅੰਤ ਅੰਧੇਰਾ ਮੇਟੇ ਤਾਰੀਕ, ਬੇਪਰਵਾਹ ਵੇਖ ਵਖਾਈਆ । ਦੂਰ ਦੁਰਾਡਾ ਚਲ ਕੇ ਆਏ ਪ੍ਰਭੂ ਨਜ਼ਦੀਕ, ਨੇਰਨ ਨੇਰਾ ਹੋ ਕੇ ਨਜ਼ਰੀ ਨਜ਼ਰ ਲਏ ਮਿਲਾਈਆ । ਜਨ ਭਗਤਾਂ ਦਸੇ ਸਚ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਕਲਜੁਗ ਕਿਰਿਆ ਕੂੜੀ ਚੁੱਕੇ ਰੀਤ, ਸਚ ਸੁੱਚ ਮਾਰਗ ਦਏਂ ਸਮਝਾਈਆ । ਇਕੋ ਨਾਮ ਝੋਲੀ ਪਾ ਕੇ ਭੀਖ, ਖ਼ਾਲੀ ਭੰਡਾਰੇ ਦਏ ਭਰਾਈਆ । ਨਾਮ ਚਾੜ੍ਹ ਰੰਗ ਮਜੀਠ, ਚੌਲੀ ਕਾਇਆ ਤਨ ਦਏ ਰੰਗਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਗੀਤ, ਸੋਹੰ ਢੋਲਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ

ਇਕ ਵਰ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਵਧਾਈ ਅੰਦਰ ਹੋਵੇ ਵਾਧਾ, ਵਾਹਵਾ ਗੁਰੂ ਗੁਰੂ ਗੁਰ ਆਪ ਸਮਝਾਇੰਦਾ । ਜਿਨ੍ਹਾਂ ਦਾ ਪਿਤਾ ਗੁਰ ਗੋਬਿੰਦ ਪੁਰਖ ਅਕਾਲ ਦਾਦਾ, ਸੋ ਪੀੜ੍ਹੀ ਲੋਕਮਾਤ ਸਚ ਜਣਾਇੰਦਾ । ਜਿਸ ਦਾ ਭੇਵ ਖੋਲ੍ਹਿਆ ਨਾ ਕਿਸੇ ਰਾਜ਼ਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸੀਸ ਸਰਬ ਨਿਵਾਇੰਦਾ । ਸੋ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਵੇਖਣਹਾਰਾ ਤਮਾਸ਼ਾ, ਰੂਪ ਰੰਗ ਰੇਖ ਨਾ ਕਿਸੇ ਵਖਾਇੰਦਾ । ਲੱਖ ਚੁਰਾਸੀ ਅੰਦਰ ਵੜਕੇ ਮੰਦਰ ਚੜ੍ਹ ਕੇ ਆਤਮ ਸੇਜਾ ਕਰੇ ਭੋਗ ਬਿਲਾਸਾ, ਭਸਮੜ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਦੀ ਚੌਧਵੀਂ ਪੂਰੀ ਕਰੇ ਆਸਾ, ਨਿਰਾਸਾ ਰਹਿਣ ਕੋਇ ਨਾ ਪਾਇੰਦਾ । ਸੇਵਕ ਚਾਕਰ ਨਜ਼ਰੀ ਆਏ ਦਾਸਨ ਦਾਸਾ, ਘਰ ਘਰ ਆਪਣਾ ਫੇਰਾ ਪਾਇੰਦਾ । ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਪਰਕਾਸ਼ਾ, ਕਲਜੁਗ ਅੰਧ ਅੰਧੇਰਾ ਅਗਿਆਨ ਮਿਟਾਇੰਦਾ । ਸੱਜਣ ਸੁਹੇਲਾ ਬਣ ਕੇ ਮਾਈ ਬਾਪਾ, ਸਤਿਜੁਗ ਸਾਚਾ ਖੋਲ੍ਹ ਸੁਣਾਏ ਸਾਕਾ, ਪਿਛਲੀ ਸਾਖ਼ੀ ਬੰਦ ਕਰਾਇੰਦਾ । ਜਿਸ ਬੇਪਰਵਾਹ ਦਾ ਮੁਸੱਵਰਾਂ ਤਸੱਵਰਾਂ ਕੋਲੋਂ ਖਿਚਿਆ ਨਾ ਗਿਆ ਖ਼ਾਕਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸੋ ਮਾਲਕ ਬਣ ਕੇ ਆਕਾ, ਦੋ ਜਹਾਨਾਂ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਭੇਵ ਆਪ ਪਰਗਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਵਾਹ ਅਗੰਮੀ ਰਾਮ, ਰਮਈਆ ਤੇਰੀ ਇਕ ਸਰਨਾਈਆ । ਤੂੰ ਸਰਬ ਵਿਆਪੀ ਹਰ ਘਟ ਥਾਨ, ਥਾਨ ਥਨੰਤਰ ਗਗਨ ਗਗਨੰਤਰ ਬੈਠਾ ਡੇਰਾ ਲਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸੁਣ ਸੁਣ ਥੱਕੇ ਗਿਆਨ, ਬੋਧ ਅਗਾਧੇ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਮ ਸ਼ਾਹੀ ਨਾਲ ਲਿਖਦੇ ਗਏ ਬਿਆਨ, ਆਪ ਆਪਣੀ ਸੇਵ ਕਮਾਈਆ । ਤੇਰੇ ਰਮਜ਼ ਇਸ਼ਾਰੇ ਸਮਝੇ ਨਾ ਕੋਇ ਜਹਾਨ, ਹਕੀਕਤ ਹੱਕ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਏ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਠਾਂਡਾ ਦਰ ਤੇਰਾ ਇਕ, ਏਕੰਕਾਰ ਮਿਲੀ ਵਡਿਆਈਆ । ਜਗਤ ਨੇਤਰ ਆਏ ਨਾ ਦਿਸ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਦੇ ਕੇ ਧੁਰ ਦਾ ਹਿੱਸ, ਵਸਤ ਅਮੋਲਕ ਦਏ ਵਰਤਾਈਆ । ਕਰਵਟ ਲੈ ਬਦਲ ਲਏ ਪਿਠ, ਸਨਮੁਖ ਸਵੱਛ ਸਰੂਪੀ ਰੂਪ ਧਰਾਈਆ । ਅੰਤਰ ਆਤਮ ਮਾਰ ਖਿਚ, ਪਰਮਾਤਮ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾ ਜਗ ਪ੍ਰਭ, ਤੇਰੇ ਹੱਥ ਵਡਿਆਈਆ । ਨਵ ਨੌ ਚਾਰ ਲੱਗੀ ਅੱਗ, ਤ੍ਰਿਸ਼ਨਾ ਰਹੀ ਕੁਰਲਾਈਆ । ਹੰਸ ਬੁੱਧੀ ਹੋਈ ਕਗ, ਸਾਚਾ ਰਾਗ ਨਾ ਕੋਇ ਸੁਣਾਈਆ । ਮਨ ਵਾਸਨਾ ਰਹੇ ਭੱਜ, ਹੰਗਤਾ ਵਿਚ ਹਲਕਾਈਆ । ਨਾਦ ਸੁਣੇ ਨਾ ਕੋਈ ਅਨਹਦ, ਧੁਨ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਜਾਮ ਪੀਵੇ ਕੋਈ ਨਾ ਮਦਿ, ਨਾਮ ਖ਼ੁਮਾਰੀ ਅੰਤਰ ਨਾ ਕੋਇ ਚੜ੍ਹਾਈਆ । ਦੂਈ ਦਵੈਤੀ ਕੂੜੀ ਕਿਰਿਆ ਕੋਈ ਨਾ ਸਕੇ ਕੱਢ, ਕਾਇਆ ਮਾਟੀ ਸਾਫ਼ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਵੀਹਵੀਂ ਸਾਰੇ ਗਏ ਛੱਡ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕਾਇਆ ਕੂੜੇ ਬਿਨ ਹਰਿਨਾਮੇ ਦਿਸੇ ਹੱਡ, ਨਾੜੀ ਨਾੜੀ ਕਰੇ ਨਾ ਕੋਇ ਰੁਸ਼ਨਾਈਆ । ਤੇਰੀ ਨਜ਼ਰ ਨਾ ਆਵੇ ਵਿਸ਼ਵ ਯੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਵਿਸ਼ਵ ਟੁੱਟਿਆ ਜਗਤ ਨਾਤਾ, ਦੀਨ ਮਜ਼੍ਹਬ ਲੜਾਈਆ । ਤੇਰਾ ਅੰਤ ਨਾ ਕਿਸੇ ਪਛਾਤਾ, ਭਰਮੇ ਭੁੱਲੀ ਲੋਕਾਈਆ । ਪੜ੍ਹ ਪੜ੍ਹ ਥੱਕੇ ਪੁਸਤਕ ਗਾਥਾ, ਢੋਲੇ ਰਹੇ ਸੁਣਾਈਆ । ਆਤਮ ਪਰਮਾਤਮ ਜੁੜਿਆ ਨਾ ਕਿਸੇ ਨਾਤਾ, ਪਾਰਬ੍ਰਹਮ ਬ੍ਰਹਮ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕੋ ਵਰ, ਖ਼ਾਲੀ ਝੋਲੀ ਦਏ ਭਰਾਈਆ । ਖ਼ਾਲੀ ਝੋਲੀ ਭਰ ਜਾ ਠਾਕਰ, ਜਨ ਭਗਤ ਧਿਆਨ ਲਗਾਈਆ । ਕਲਜੁਗ ਡੂੰਘਾ ਵੇਖ ਸਾਗਰ, ਚਾਰੋਂ ਕੁੰਟ ਭਵਰੀ ਗਹਿਰੀ ਨਜ਼ਰੀ ਆਈਆ । ਵਣਜ ਕਰੇ ਨਾ ਕੋਈ ਬਣ ਸੌਦਾਗਰ, ਸੱਚਾ ਸੌਦਾ ਹੱਟ ਨਾ ਕੋਇ ਵਿਕਾਈਆ । ਨਿਰਮਲ ਕਰਮ ਨਾ ਕਰੇ ਕੋਈ ਉਜਾਗਰ, ਦੁਰਮਤ ਮੈਲ ਧੁਆਈਆ । ਸੂਰਬੀਰ ਨਾ ਕੋਇ ਬਹਾਦਰ, ਅੰਤਮ ਜਮ ਕੀ ਫਾਸ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਵੇਖ ਮਾਤ ਲੋਕਾਈਆ । ਜਗ ਲੋਕਾਈ ਵੇਖ ਵਖੌਂਦਾ ਹਾਂ । ਬੇਪਰਵਾਹ ਵਿਚ ਸਮੌਂਦਾ ਹਾਂ । ਜੁਗ ਚੌਕੜੀ ਖੇਲ ਖਿਲੌਂਦਾ ਹਾਂ । ਨਿਰਗੁਣ ਸਰਗੁਣ ਵੇਸ ਵਟੌਂਦਾ ਹਾਂ । ਸ਼ਬਦ ਨਾਦ ਧੁਨ ਉਪਜੌਂਦਾ ਹਾਂ । ਬ੍ਰਹਮ ਬ੍ਰਹਿਮਾਦ ਖੋਜ ਖੁਜੌਂਦਾ ਹਾਂ । ਸਵਾਂਗੀ ਹੋ ਕੇ ਸਵਾਂਗ ਵਰਤੌਂਦਾ ਹਾਂ । ਤਾਂਘੀ ਹੋ ਕੇ ਧਿਆਨ ਲਗੌਂਦਾ ਹਾਂ । ਰਾਗੀ ਹੋ ਕੇ ਨਾਦ ਵਜੌਂਦਾ ਹਾਂ । ਮੋਹਣ ਮਾਧਵ ਮਾਧੀ ਹੋ ਕੇ ਫੇਰਾ ਪਾਉਂਦਾ ਹਾਂ । ਬੋਧ ਅਗਾਧੀ ਹੋ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖੌਂਦਾ ਹਾਂ । ਆਂਢੀ ਗੁਆਂਢੀ ਹੋ ਕੇ ਗੁਰਮੁਖ ਸੱਜਣ ਸੁਹੇਲੇ ਮੇਲ ਮਿਲੌਂਦਾ ਹਾਂ । ਧੁਰ ਦਾ ਢਾਡੀ ਹੋ ਕੇ ਅੰਦਰ ਵੜਕੇ ਸਚ ਸੁਰੰਗਾ ਇਕ ਖੁਲ੍ਹੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝੌਂਦਾ ਹਾਂ । ਸਾਚੀ ਸਿਖਿਆ ਇਕ ਸਮਝੌਂਦਾ ਹਾਂ । ਧੁਰ ਦੀ ਭਿਛਿਆ ਝੋਲੀ ਪਾਉਂਦਾ ਹਾਂ । ਜਨ ਭਗਤਾਂ ਇਛਿਆ ਪੂਰ ਕਰੌਂਦਾ ਹਾਂ । ਜੋ ਲਿਖਿਆ ਬਿਧਨਾ ਲੇਖ, ਕਰ ਕਿਰਪਾ ਮੇਟ ਮਿਟੌਂਦਾ ਹਾਂ । ਜੋਤੀ ਜਲਵਾ ਦੇ ਕੇ ਤੇਜ, ਨਿਰਗੁਣ ਨੂਰ ਨੂਰ ਚਮਕੌਂਦਾ ਹਾਂ । ਆਤਮ ਪਰਮਾਤਮ ਹੋ ਕੇ ਮਾਣਾ ਸੇਜ, ਸੋਹਣਾ ਰੰਗ ਰੰਗੌਂਦਾ ਹਾਂ । ਬਿਨ ਅੱਖਾਂ ਲਵਾਂ ਵੇਖ, ਦੋ ਜਹਾਨਾਂ ਰਾਹ ਤਕੌਂਦਾ ਹਾਂ । ਕਲਜੁਗ ਅੰਤਮ ਕੂੜਾ ਬਦਲਾਂ ਭੇਖ, ਕੂੜੀ ਕਿਰਿਆ ਮੇਟ ਮਿਟੌਂਦਾ ਹਾਂ । ਲਹਿਣਾ ਚੁਕਾਵਾਂ ਮੁੱਲਾ ਸ਼ੇਖ਼, ਮੁਸਾਇਕ ਹੁਕਮ ਇਕ ਮਨੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਹਾਂ । ਸਚ ਕਰਨੀ ਕਾਰ ਕਮਾਵਾਂਗਾ । ਨਿਰਵੈਰ ਪੁਰਖ ਵੇਸ ਵਟਾਵਾਂਗਾ । ਹਰਖ਼ ਸੋਗ ਮਿਟਾਵਾਂਗਾ । ਜਗਤ ਵਿਜੋਗ ਚੁਕਾਵਾਂਗਾ । ਜਨ ਭਗਤਾਂ ਧੁਰ ਸੰਜੋਗ ਮਿਲਾਵਾਂਗਾ । ਭਾਗ ਲਗਾ ਕੇ ਕਾਇਆ ਕੋਟ, ਬੰਕ ਇਕ ਸੁਹਾਵਾਂਗਾ । ਸ਼ਬਦ ਨਗਾਰੇ ਲਗੇ ਚੋਟ, ਅਨਹਦ ਰਾਗ ਅਲਾਵਾਂਗਾ । ਜੋਤ ਨਿਰੰਜਣ ਪਰਗਟੇ ਅਗੰਮੀ ਜੋਤ, ਜੋਤੀ ਜੋਤ ਡਗਮਗਾਵਾਂਗਾ । ਮੇਰੀ ਕਰਨੀ ਕੋਇ ਨਾ ਕਰੇ ਸੋਚ, ਸਭ ਦੀ ਸੋਚ ਆਪਣੇ ਵਿਚ ਛੁਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਗਏ ਖੋਜ, ਤਿਸ ਦਾ ਖੇਲ ਆਪ ਸਮਝਾਵਾਂਗਾ । ਸਾਚੇ ਸੰਤਾਂ ਦੇ ਕੇ ਅਗੰਮੀ ਮੌਜ, ਚਰਨ ਕਵਲ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਮੌਜੂਦ, ਮਹਿਫ਼ਲ ਧੁਰ ਦੀ ਇਕ ਪਰਗਟਾਵਾਂਗਾ । ਮਹਿਫ਼ਲ ਸਚ ਦੀ ਧੁਰ ਪਰਗਟਾਏਗਾ । ਗ਼ਫ਼ਲਤ ਵਿਚ ਕਦੇ ਨਾ ਆਏਗਾ । ਉਲਫ਼ਤ ਸਚ ਦੀ ਇਕ ਜਣਾਏਗਾ । ਮੁਰਸ਼ਦ ਆਪਣਾ ਫੇਰਾ ਪਾਏਗਾ । ਮੁਰੀਦ ਫੜ ਫੜ ਗਲੇ ਲਗਾਏਗਾ । ਦੀਦ ਈਦ ਚੰਦ ਰੁਸ਼ਨਾਏਗਾ । ਸਾਚੇ

੫੬੦
੧੨

ਕਲਮੇ ਕਰ ਤਾਈਦ, ਆਖ਼ਰ ਇਕੋ ਨਾਮ ਪੜ੍ਹਾਏਗਾ । ਲੇਖ ਚੁਕਾਏ ਹਸਤ ਕੀਟ, ਊਚ ਨੀਚ ਮੇਲ ਮਿਲਾਏਗਾ । ਧਾਮ ਵਖਾ ਇਕ ਅਨਡੀਠ, ਸਚਖੰਡ ਸਾਚੇ ਸੋਭਾ ਪਾਏਗਾ । ਪ੍ਰਭ ਮਿਲਣ ਦੀ ਸਚ ਪ੍ਰੀਤ, ਆਤਮ ਪਰਮਾਤਮ ਆਪ ਸਮਝਾਏਗਾ । ਸਤਿਜੁਗ ਚਲੇ ਸਾਚੀ ਰੀਤ, ਸੋਹਣਾ ਮਾਰਗ ਇਕ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਏਗਾ । ਮਿਹਰ ਨਜ਼ਰ ਉਠਾਵਾਂਗਾ । ਕਲਜੁਗ ਕੂੜੀ ਕਿਰਿਆ ਬਦਲ, ਸਤਿਜੁਗ ਸਾਚੀ ਧਾਰ ਚਲਾਵਾਂਗਾ । ਸਤਿ ਦਵਾਰੇ ਕਰ ਕੇ ਅਦਲ, ਇਨਸਾਫ਼ ਸਭ ਦੇ ਹੱਥ ਫੜਾਵਾਂਗਾ । ਗੁਰ ਅਵਤਾਰਾਂ ਪੂਰੀ ਕਰਕੇ ਜਗਤ ਮਜ਼ਲ, ਮੰਜ਼ਲ ਆਪਣੀ ਇਕ ਚੜ੍ਹਾਵਾਂਗਾ । ਜਿਥੇ ਰਲ ਕੇ ਨਾਮ ਨਗ਼ਮਾ ਗਾਵਣ ਇਕੋ ਗ਼ਜ਼ਲ, ਗ਼ਰਜ਼ ਸਭ ਦੀ ਵੇਖ ਵਖਾਵਾਂਗਾ । ਜਿਸ ਦੀ ਦੋ ਜਹਾਨ ਸੁਣਨ ਤਰਜ਼, ਤਾਲ ਇਕੋ ਇਕ ਸਮਝਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹੋਣ ਅਸਚਰਜ, ਅਚਰਜ ਲੀਲਾ ਇਕ ਰਚਾਵਾਂਗਾ । ਜੋਧਾ ਸੂਰਬੀਰ ਬਣ ਮਰਦ, ਮਰਦ ਮਰਦਾਨਾ ਹੋ ਕੇ ਡੰਕ ਸੁਣਾਵਾਂਗਾ । ਕੂੜੀ ਕਿਰਿਆ ਮੇਟ ਅੰਧੇਰੀ ਗਰਦ, ਸਾਚਾ ਚੰਦ ਨੂਰ ਰੁਸ਼ਨਾਵਾਂਗਾ । ਗ਼ਰੀਬ ਨਿਮਾਣਿਆਂ ਨਾਲ ਵੰਡ ਕੇ ਦਰਦ, ਦੁਖੀਆਂ ਦੁੱਖ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਅੰਤਮ ਖ਼ਾਕ ਮਿਲਾਵਾਂਗਾ । ਰਾਜ ਰਾਜਾਨਾਂ ਖ਼ਾਕ ਮਿਲਾਏਗਾ । ਸ਼ਾਹ ਸੁਲਤਾਨਾਂ ਭੀਖ ਮੰਗਾਏਗਾ । ਗ਼ਰੀਬ ਨਿਮਾਣੇ ਜੋ ਕਰਦੇ ਰਹੇ ਉਡੀਕ, ਤਿਨ੍ਹਾਂ ਫੜ ਕੇ ਆਪ ਉਠਾਏਗਾ । ਚਰਨ ਪ੍ਰੀਤੀ ਬਖ਼ਸ਼ ਧੁਰ ਦੀ ਰੀਤ, ਰਹਿਬਰ ਆਪਣੇ ਰਾਹੇ ਪਾਏਗਾ । ਸੋ ਵੇਲਾ ਵਕਤ ਆਇਆ ਨਜ਼ਦੀਕ, ਦੂਰ ਦੁਰਾਡਾ ਪੰਧ ਚੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਵੇਖ ਵਖਾਏਗਾ । ਗੁਰ ਚੇਲੇ ਵੇਖ ਵਖਾਵਾਂਗਾ । ਘਰ ਸਾਚੇ ਮੇਲ ਮਿਲਾਵਾਂਗਾ । ਰਾਏ ਧਰਮ ਦੀ ਕੱਟ ਕੇ ਜੇਲ, ਲੱਖ ਚੁਰਾਸੀ ਫੰਦ ਕਟਾਵਾਂਗਾ । ਨਾਲ ਜੋੜ ਕੇ ਸੱਜਣ ਸੁਹੇਲ, ਪੁਰਖ ਅਕਾਲ ਡੋਰੀ ਤੰਦ ਬੰਧਾਵਾਂਗਾ । ਧਾਮ ਵਸਾ ਕੇ ਇਕ ਨਵੇਲ, ਨਿਹਚਲ ਆਸਣ ਲਾਵਾਂਗਾ । ਅਗੰਮ ਅਥਾਹ ਅਲੱਖ ਅਗੋਚਰ ਦੱਸ ਅਗੰਮੜਾ ਖੇਲ, ਖਿਲਾਰੀ ਬਣ ਕੇ ਖੇਲ ਖਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਗੋਦ ਉਠਾਵਾਂਗਾ । ਹਰਿਜਨ ਸਾਚੇ ਗੋਦ ਚੁੱਕੇਗਾ । ਪੁਰਖ ਅਬਿਨਾਸ਼ੀ ਹਰਿਜਨ ਪੁੱਛੇਗਾ । ਨਿਰਗੁਣ ਰੂਪ ਹੋ ਕਦੇ ਨਾ ਲੁਕੇਗਾ । ਸਤਿ ਸਰੂਪ ਹੋ ਸ਼ਬਦੀ ਬੁਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰਗਟਾਵਣਹਾਰਾ ਸਚ ਦਰ, ਦੋ ਜਹਾਨ ਸ੍ਰੀ ਭਗਵਾਨ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਡਜ ਜੇਰਜ ਉਤਭੁਜ ਸੇਤਜ ਗ੍ਰਿਹ ਗ੍ਰਿਹ ਅੰਦਰ ਸਵਾਮੀ ਬਣ ਕੇ ਪੁੱਛੇਗਾ ।



## ੨੭ ਭਾਦਰੋਂ ੨੦੨੧ ਬਿਕ੍ਰਮੀ ਚੌਲ੍ਹਾ ਖ਼ੁਰਦ

ਠਾਕਰ ਸਵਾਮੀ ਸਦਾ ਦਿਆਲ, ਜੁਗ ਚੌਕੜੀ ਦਇਆ ਕਮਾਇੰਦਾ । ਨਿਰਧਨ ਸਰਧਨ ਵੇਖੇ ਦੋਵੇਂ ਬਾਲ, ਦੋ ਜਹਾਨਾਂ ਵਾਲੀ ਫੇਰਾ ਪਾਇੰਦਾ । ਗ਼ਰੀਬ ਨਿਮਾਣੇ ਕੋਝੇ ਕਮਲੇ ਲਏ ਉਠਾਲ, ਦੀਨਨ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਵਿਚੋਂ ਸੁਰਤ ਲਏ ਸੰਭਾਲ, ਸੁਰਤੀ ਸ਼ਬਦੀ ਮੇਲ

ਮਿਲਾਇੰਦਾ । ਨਾਮ ਪਦਾਰਥ ਦੇ ਕੇ ਸੱਚਾ ਧਨ ਮਾਲ, ਤਨ ਖ਼ਜ਼ੀਨਾ ਇਕ ਭਰਾਇੰਦਾ । ਕੂੜੀ ਕਿਰਿਆ ਤੋੜ ਜੰਜਾਲ, ਤ੍ਰੈਗੁਣ ਪੜਦਾ ਪਰੇ ਹਟਾਇੰਦਾ । ਦੀਪਕ ਦੀਆ ਇਕੋ ਬਾਲ, ਜੋਤ ਨਿਰੰਜਣ ਘਰ ਰੁਸ਼ਨਾਇੰਦਾ । ਆਤਮ ਪਰਮਾਤਮ ਦਰਸ ਵਖਾਲ, ਨਿਰਗੁਣ ਨਿਰਗੁਣ ਜੋੜ ਜੁੜਾਇੰਦਾ । ਜਨਮ ਜਨਮ ਦੀ ਪੂਰੀ ਕਰਕੇ ਘਾਲ, ਕਰਮ ਕਰਮ ਦਾ ਰੋਗ ਮਿਟਾਇੰਦਾ । ਸਚਖੰਡ ਦਵਾਰ ਦੱਸ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਇੰਦਾ । ਲੇਖਾ ਜਾਣਨਹਾਰਾ ਜੀਵ ਜਹਾਨ, ਜੋਗ ਜੁਗਤ ਆਪ ਸਮਝਾਇੰਦਾ । ਪਤਿਪਰਮੇਸ਼ਵਰ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ ਗ੍ਰਿਹ ਗ੍ਰਿਹ ਖੋਜ ਖੋਜਾਇੰਦਾ । ਦੀਨ ਦਿਆਲ ਸਰਬ ਪਿਤ ਮਾਤਾ, ਪਰਮ ਪੁਰਖ ਵੱਡੀ ਵਡਿਆਈਆ । ਗ਼ਰੀਬ ਨਿਮਣਿਆਂ ਬਖ਼ਸ਼ਿਸ਼ ਕਰੇ ਧੁਰ ਦੀ ਦਾਤਾ, ਭੰਡਾਰਾ ਸਚ ਸੁੱਚ ਵਰਤਾਈਆ । ਨਾਮ ਨਿਧਾਨ ਜਣਾ ਕੇ ਅਗੰਮੀ ਗਾਥਾ, ਅੰਤਰ ਆਤਮ ਇਕ ਪੜ੍ਹਾਈਆ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਵੇਖ ਵਖਾਏ ਚਾਈਂ ਚਾਈਆ । ਹੋਏ ਸਹਾਈ ਨਾਥ ਅਨਾਥਾਂ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਨਿਰੰਕਾਰ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਜੁਗ ਚੌਕੜੀ ਖੇਲ ਕਰੇ ਸੰਸਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਹਰਿਜਨ ਹਰਿ ਭਗਤ ਫੜ ਬਾਹੋਂ ਲਏ ਨਿਕਾਲ, ਲੱਖ ਚੁਰਾਸੀ ਬੰਧਨ ਦਏ ਕਟਾਈਆ । ਸ਼ਬਦ ਸਰੂਪੀ ਬਣ ਦਲਾਲ, ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾਏ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਦਏ ਮਿਟਾਈਆ । ਚਰਨ ਧੂੜੀ ਸਾਚਾ ਮਜਨ, ਦੁਰਮਤ ਮੈਲ ਧੁਆਈਆ । ਪ੍ਰੇਮ ਪ੍ਰੀਤੀ ਕਰਕੇ ਮਗਨ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਤ੍ਰੈਗੁਣ ਅਗਨੀ ਤਤ ਬੁਝਾ ਕੇ ਅਗਨ, ਬੂੰਦ ਸਵਾਂਤੀ ਮੁਖ ਚੁਆਈਆ । ਆਤਮ ਪਰਮਾਤਮ ਸੋਹੰ ਢੋਲਾ ਦੇ ਕੇ ਭਜਨ, ਬੰਦਗੀ ਡੰਡੌਤ ਇਕੋ ਇਕ ਵਖਾਈਆ । ਘਰ ਸਵਾਮੀ ਠਾਕਰ ਮਿਲੇ ਸੱਜਣ, ਹਰਿ ਸ਼ਬਦੀ ਫੇਰਾ ਪਾਈਆ । ਕੂੜੀ ਕਿਰਿਆ ਕਾਇਆ ਕੱਪੜ ਦੇਵੇ ਬਦਲ, ਮਨਸਾ ਮਮਤਾ ਹਉਮੇ ਹੰਗਤਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਟਿਕਾਏ ਪੁਰਖ ਸਮਰਥ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਸੰਤ ਸੁਹੇਲੇ ਲਏ ਰੱਖ, ਗੁਰ ਚੇਲੇ ਮੇਲ ਮਿਲਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਇਕ ਰੁਸ਼ਨਾਇੰਦਾ । ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤ ਉਠਾਇੰਦਾ । ਵਸਤ ਅਮੋਲਕ ਝੋਲੀ ਘਤ, ਹਿਰਸ ਹਵਸ ਗਵਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰਤ ਰਤ ਵਿਚ ਮਹਿਕਾਇੰਦਾ । ਜਾਨਣਹਾਰਾ ਮਿਤ ਗਤ, ਗਹਿਰ ਗੰਭੀਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੇਵ ਚੁਕਾਇੰਦਾ । ਹਰਿਜਨ ਸੱਚਾ ਗੁਰਮੁਖ ਮੀਤਾ, ਗੁਰ ਗੁਰ ਦਏ ਵਡਿਆਈਆ । ਅਗਨੀ ਤਤ ਨਾ ਤਪੇ ਅੰਗੀਠਾ, ਸਾਂਤਕ ਸਤਿ ਵਰਤਾਈਆ । ਸ਼ਬਦ ਸਵਾਮੀ ਵਸ ਕੇ ਚੀਤਾ, ਕੂੜੀ ਠਗੌਰੀ ਦਏ ਗਵਾਈਆ । ਮਾਰਗ ਦੱਸੇ ਨੀਕਣ ਨੀਕਾ, ਗੜ੍ਹ ਹੰਕਾਰ ਤੁੜਾਈਆ । ਲੇਖਾ ਜਾਣੇ ਜੀਵ ਜੀ ਕਾ, ਜੀਵਣ ਜੁਗਤ ਸਰਬ ਸਮਝਾਈਆ । ਆਪਣੇ ਮਿਲਣ ਦਾ ਦੱਸ ਤਰੀਕਾ, ਆਸਾ ਤ੍ਰਿਸ਼ਨਾ ਤ੍ਰਿਪਤ ਕਰਾਈਆ । ਪਿਛਲਾ ਵੇਲਾ ਪਿਛੇ ਬੀਤਾ, ਧੁਰ ਦਾ

੫੬੨
੧੨

ਮਾਰਗ ਅੱਗੇ ਇਕ ਜਣਾਈਆ । ਕਾਇਆ ਕੌੜਾ ਮਿੱਠਾ ਕਰੇ ਰੀਠਾ, ਅੰਮ੍ਰਿਤ ਰਸ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰਾ ਥਾਉਂ ਥਾਈਆ । ਵੇਖਣਹਾਰਾ ਥਾਨ ਥਨੰਤਰ, ਹਰਿ ਕਰਤਾ ਇਕ ਅਖਵਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਬ੍ਰਹਿਮੰਡ ਖੰਡ ਫੋਲ ਫੁਲਾਇੰਦਾ । ਸੁਣਾਵਣਹਾਰਾ ਧੁਰ ਦਾ ਮੰਤਰ, ਨਾਮ ਨਿਧਾਨਾ ਇਕ ਪੜ੍ਹਾਇੰਦਾ । ਜਾਨਣਹਾਰਾ ਸਰਬ ਬਿਧ ਸਰਬ ਜੀਆਂ ਅੰਤਰ, ਘਟ ਘਟ ਅੰਦਰ ਵੇਖ ਵਖਾਇੰਦਾ । ਕਰ ਪਰਕਾਸ਼ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਡੇਰਾ ਢਾਇੰਦਾ । ਤਨ ਮਾਟੀ ਖ਼ਾਕੀ ਬਣਾ ਬਣਤਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੇਖ ਵਖਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਜੁੜਾਇਆ ਨਾਤਾ, ਮਨ ਮਤ ਬੁਧ ਕਰੇ ਕੁੜਮਾਈਆ । ਲੇਖਾ ਜਾਣੇ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਈਆ । ਪਰਮਾਤਮ ਆਤਮ ਆਤਮ ਪਰਮਾਤਮ ਖੇਲ ਤਮਾਸ਼ਾ, ਗ੍ਰਿਹਿ ਮੰਦਰ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਮਿਲ ਕੇ ਇਕੋ ਗਾਥਾ, ਸੋਹੰ ਕਰੇ ਸਚ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਜਿਸ ਪਛਾਤਾ, ਘਰ ਪੜਦਾ ਦਿਤਾ ਟਿਕਾਈਆ । ਤਿਸ ਲੇਖਾ ਚੁੱਕਿਆ ਜ਼ਾਤ ਪਾਤਾ, ਅਜਾਤੀ ਰੂਪ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਪਤਿਪਰਮੇਸ਼ਵਰ ਸਵਾਮੀ ਸਗਲਾ ਸਾਥਾ, ਪਰਵਰਦਿਗਾਰ ਹੋਏ ਸਹਾਈਆ । ਸਤਿਗੁਰ ਸ਼ਬਦ ਸਦ ਹੋਏ ਸਹਾਈ ਨਾਥ ਅਨਾਥਾਂ, ਦੀਨਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਦਇਆਵਾਨ ਨਰ ਹਰਿ ਠਾਕਰ, ਬੇਅੰਤ ਬੇਪਰਵਾਹ ਅਖਵਾਇੰਦਾ । ਹਰਿਜਨ ਕੱਢੇ ਬਾਹਰ ਜਗਤ ਸਾਗਰ, ਡੂੰਘੀ ਭਵਰ ਨਾ ਕੋਇ ਭਵਾਇੰਦਾ । ਸਚ ਦਵਾਰੇ ਦੇਵੇ ਆਦਰ, ਅਦਲ ਅਦਾਲਤ ਇਕ ਵਖਾਇੰਦਾ । ਲੇਖਾ ਜਾਣੇ ਮਕਤੂਲ ਕਾਤਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਮਕਤੂਲ ਕਾਤਲ ਦੋਵੇਂ ਲਏ ਖੋਜ, ਹਰਿ ਕਰਤਾ ਵਡ ਵਡਿਆਈਆ । ਜਨ ਭਗਤਾਂ ਅੰਤਰ ਆਤਮ ਦਰਸ਼ਨ ਦੇਵੇ ਰੋਜ਼, ਮਨ ਮਮਤਾ ਮੋਹ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਰਹੇ ਖ਼ਾਮੋਸ਼, ਅਨਹਦ ਧੁਨ ਆਤਮਕ ਰਾਗ ਅਲਾਈਆ । ਜੋ ਜਨ ਹਰਿ ਸਤਿਗੁਰ ਦਰਸ ਨੇਤਰ ਰਹੇ ਲੋਚ, ਤਿਨ੍ਹਾਂ ਲੋਚਣ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਦਰਗਾਹ ਸਾਚੀ ਦੇ ਵਡਿਆਈ, ਵਡ ਵੱਡਾ ਨਜ਼ਰੀ ਆਇੰਦਾ । ਜਨ ਭਗਤਾਂ ਵਿਛੋੜਾ ਕਟ ਜਗਤ ਜੁਦਾਈ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਸੁਰਤ ਸ਼ਬਦ ਕਰ ਕੁੜਮਾਈ, ਘਰ ਸਾਚੇ ਮੇਲ ਮਿਲਾਇੰਦਾ । ਪਰਮਾਤਮ ਮਿਲ ਕੇ ਆਤਮ ਵੱਜੇ ਵਧਾਈ, ਤੁਰੀਆ ਨੈਣ ਸ਼ਰਮਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਵਿਚੋਲਾ ਦਿਸੇ ਨਾਹੀਂ, ਢੋਲਾ ਇਕੋ ਰਾਗ ਅਲਾਇੰਦਾ । ਪੁਰਖ ਅਕਾਲ ਧੁਰ ਦਾ ਮਾਲਕ ਬਣਕੇ ਮਾਹੀ, ਗੁਰਮੁਖ ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਇੰਦਾ । ਸਗਲਾ ਸੰਗ ਸੁਰਤ ਸ਼ਬਦ, ਧੁਰ ਦੀ ਜੋੜੀ ਆਪ ਜੁੜਾਈਆ । ਜਿਸ ਦਾ ਦੀਨ ਨਾ ਕੋਈ ਮਜ਼੍ਹਬ, ਜ਼ਾਤ ਪਾਤ ਨਾ ਕੋਇ ਵਖਾਈਆ । ਜਿਸ ਦੀ ਕਾਇਆ ਸਕੇ ਨਾ ਕੋਈ ਬਦਲ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸੋ ਸਚ ਦਵਾਰੇ ਕਰੇ ਅਦਲ, ਅਦਾਲਤ ਇਕੋ ਇਕ ਪਰਗਟਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲ ਮਿਲਾਏ ਬਣ ਕੇ ਸੱਜਣ, ਸਤਿਗੁਰ ਦਾਤਾ ਇਕ ਅਖਵਾਈਆ । ਪ੍ਰੇਮ

ਪਿਆਰ ਸ਼ਬਦ ਧਾਰ ਜੋਤ ਉਜਿਆਰ ਵਿਚ ਰੱਖੇ ਮਗਨ, ਦਿਵਸ ਰੈਣ ਘੜੀ ਪਲ ਅੱਠੇ ਪਹਿਰ ਇਕੋ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਸੈਰ ਕਰਾਏ ਬ੍ਰਹਿਮੰਡ ਖੰਡ ਸਾਚੇ ਸ਼ਹਿਰ, ਸ਼ਹਿਨਸ਼ਾਹ ਆਪਣੀ ਅੱਖ ਪ੍ਰਤਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ ਉਪਰ ਕਰੇ ਆਪਣੀ ਮਿਹਰ, ਤਿਨ੍ਹਾਂ ਮੁਹੱਬਤ ਨਾਲ ਪਿਆਰ ਜੋੜ ਜੁੜਾਈਆ ।

### ✪ ੨੭ ਭਾਦਰੋਂ ੨੦੨੧ ਬਿਕ੍ਰਮੀ ਅਮਰ ਸਿੰਘ ਦੇ ਗ੍ਰਹਿ ਪਿੰਡ ਵਰਪਾਲ ✪

ਸਚਖੰਡ ਦਵਾਰ ਤੇਰਾ ਵੇਖ ਪੁਰਖ ਸਮਰਥ, ਸਚ ਦਵਾਰੇ ਵੱਜੀ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਇਕੱਠ, ਦਰਗਾਹ ਸੀਸ ਨਿਵਾਈਆ । ਨਿਰਧਨ ਹੋ ਕੇ ਜੋੜਨ ਹੱਥ, ਬਿਨ ਹੱਥਾਂ ਮੇਲ ਮਿਲਾਈਆ । ਵਸਤ ਅਨੋਖੀ ਸ਼ਾਹ ਸੁਲਤਾਨ ਸ਼ਹਿਨਸ਼ਾਹ ਰਹੇ ਮੰਗ, ਸੋ ਪੁਰਖ ਨਿਰੰਜਣ ਹੋ ਸਹਾਈਆ । ਹਰਿ ਪੁਰਖ ਨਿਰੰਜਣ ਸੂਰੇ ਸਰਬੰਗ, ਏਕੰਕਾਰ ਤੇਰੀ ਸਰਨਾਈਆ । ਆਦਿ ਨਿਰੰਜਣ ਚਾੜ੍ਹ ਚੰਦ, ਜੋਤੀ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਦੋ ਜਹਾਨਾਂ ਪਾ ਠੰਡ, ਬ੍ਰਹਿਮੰਡ ਖੰਡ ਰਿਹਾ ਕੁਰਲਾਈਆ । ਸ੍ਰੀ ਭਗਵਾਨ ਸਤਿ ਸਚ ਦੇ ਅਨੰਦ, ਕੂੜੀ ਕਿਰਿਆ ਡੇਰਾ ਢਾਹੀਆ । ਪਾਰਬ੍ਰਹਮ ਪ੍ਰਭ ਚਾੜ੍ਹ ਅਵਲੜਾ ਰੰਗ, ਮਿਹਰ ਨਜ਼ਰ ਇਕ ਉਠਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਕੂੜੀ ਕਿਰਿਆ ਮਾਇਆ ਕੀਤੇ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਸਾਚਾ ਵੱਜੇ ਨਾ ਕੋਈ ਨਾਮ ਮਰਦੰਗ, ਨਗਾਰਾ ਸਤਿ ਨਾ ਕੋਇ ਸੁਣਾਈਆ । ਚਾਰੋਂ ਕੁੰਟ ਭੇਖ ਪਖੰਡ, ਦਹਿ ਦਿਸ਼ਾ ਬੈਠਾ ਡੇਰਾ ਲਾਈਆ । ਸੁਰਤ ਸਵਾਣੀ ਜਗਤ ਦੁਹਾਗਣ ਹੋਈ ਰੰਡ, ਹਰਿ ਕੰਤ ਸੇਜ ਨਾ ਕੋਇ ਹੰਢਾਈਆ । ਫਿਰੀ ਦਰੋਹੀ ਵਿਚ ਵਰਭੰਡ, ਭੰਡੀ ਕਰੇ ਲੋਕਾਈਆ । ਤੂੰ ਸਾਹਿਬ ਸੁਲਤਾਨ ਸੂਰਾ ਸਰਬੰਗ, ਸਭ ਤੇਰੀ ਓਟ ਰਖਾਈਆ । ਅੰਗੀਕਾਰ ਹੋ ਕੇ ਲਾਉਣਾ ਅੰਗ, ਫੜ ਬਾਹੋਂ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਤੱਕਣ, ਸਚਖੰਡ ਦਵਾਰੇ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਆਏ ਪਤ ਰੱਖਣ, ਨਿਰਗੁਣ ਆਪਣਾ ਵੇਸ ਵਟਾਈਆ । ਕਲਜੁਗ ਕਾਇਆ ਹੋਈ ਸੱਖਣ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਚਾ ਕਰੇ ਨਾ ਕੋਈ ਭਜਨ, ਬੰਦਗੀ ਬੰਦਨਾ ਨਾ ਕੋਇ ਦ੍ਰਿੜਾਈਆ । ਸਤਿਗੁਰ ਧੂੜੀ ਮਿਲੇ ਕਿਸੇ ਨਾ ਮਜਨ, ਦੁਰਮਤ ਮੈਲ ਨਾ ਕੋਇ ਧੁਆਈਆ । ਸਾਚਾ ਹਾਜੀ ਕੋਈ ਨਾ ਕਰੇ ਹੱਜਨ, ਮੱਕਾ ਕਾਅਬਾ ਉਚੀ ਕੂਕ ਕੂਕ ਕੁਰਲਾਈਆ । ਪ੍ਰੇਮ ਪ੍ਰੀਤੀ ਅੰਦਰ ਆਤਮ ਪਰਮਾਤਮ ਹੋਏ ਕੋਈ ਨਾ ਮਗਨ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਦਰ, ਕਲਜੁਗ ਅੰਧੇਰਾ ਛਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਖੋਲ੍ਹ ਦਰਵਾਜ਼ਾ, ਦਰਦੀ ਹੋ ਕੇ ਦਰਦ ਵੰਡਾਈਆ । ਸਾਚਾ ਕਲਮਾ ਭੁੱਲੀ ਜਗਤ ਨਿਮਾਜ਼ਾ, ਰੋਜ਼ਾ ਹੱਕ ਨਾ ਕੋਇ ਵਖਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਤਿ ਧਰਮ ਦਾ ਦਿਸੇ ਨਾ ਕੋਈ ਪੂਜਾ ਪਾਠਾ, ਸੰਧਿਆ ਧੂਪ ਦੀਪ ਘਿਰਤ ਨਾ ਕੋਇ ਟਿਕਾਈਆ । ਅੰਤਰ ਆਤਮ

ਸੁਣੇ ਕੋਈ ਨਾ ਰਾਗਾ, ਅਨਹਦ ਰਾਗ ਨਾ ਕੋਇ ਵਜਾਈਆ । ਮਨ ਵਾਸਨਾ ਜੀਵ ਜਹਾਨ ਨੌ ਦਵਾਰੇ ਫਿਰੇ ਭਾਗਾ, ਕੂੜੀ ਕਿਰਿਆ ਹਿਰਸ ਹਵਸ ਵਧਾਈਆ । ਗੁਰ ਕੇ ਸ਼ਬਦ ਨਾ ਕੋਈ ਜਾਗਾ, ਸੋਈ ਸੁਰਤ ਨਾ ਕੋਇ ਉਠਾਈਆ । ਕੂੜੀ ਕਿਰਿਆ ਹੰਸ ਬਣਾਇਆ ਕਾਗਾ, ਕਾਗ ਹੰਸ ਨਾ ਰੂਪ ਵਟਾਈਆ । ਸਾਢੇ ਤਿੰਨ ਹੱਥ ਅੰਦਰ ਲੱਗਾ ਦਾਗ਼ਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਈਆ । ਅਬਿਨਾਸ਼ੀ ਕਰਤੇ ਸ੍ਰੀ ਭਗਵਾਨ, ਤੇਰੀ ਓਟ ਤਕਾਈਆ । ਭਿੱਖਕ ਭਿਛਿਆ ਦੇ ਸਾਚਾ ਦਾਨ, ਗੁਰ ਅਵਤਾਰ ਮੰਗ ਮੰਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਦੱਸਦੇ ਰਹੇ ਨਿਸ਼ਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਅੱਖਰਾਂ ਵਿਚ ਦੇਂਦੇ ਰਹੇ ਗਿਆਨ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਜਗਤ ਲੋਕਾਈਆ । ਕਲਜੁਗ ਦੁਕਾਨ ਵੇਖ ਆਪ, ਪ੍ਰਭ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਜਗਤ ਸੰਤਾਪ, ਸੰਸਾ ਰੋਗ ਸਤਾਈਆ । ਹਿਰਦੇ ਹਰਿ ਨਾ ਕੋਈ ਜਾਪ, ਰਸਨਾ ਰਸ ਨਾ ਕੋਇ ਵਖਾਈਆ । ਤੇਰੇ ਮਿਲਣ ਦੀ ਖ਼ੁੱਲੀ ਕਿਸੇ ਨਾ ਆਂਖ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜਗਤ ਵਣਜਾਰੇ ਬਣ ਕੇ ਹਾਟ, ਕੌਡੀ ਕੌਡੀ ਰਹੇ ਵਿਕਾਈਆ । ਸਾਚੀ ਵਸਤ ਕਿਸੇ ਨਾ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਸਚ ਦ੍ਰਿੜਾਉਂਦਾ ਏ । ਭੇਵ ਅਭੇਦ ਇਕ ਖੁਲ੍ਹੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠੌਂਦਾ ਏ । ਗੁਰ ਅਵਤਾਰਾਂ ਅੱਖ ਖੁਲ੍ਹੌਂਦਾ ਏ । ਪੀਰ ਪੈਗ਼ੰਬਰਾਂ ਪੜਦਾ ਲਾਹੁੰਦਾ ਏ । ਚਾਰ ਜੁਗ ਦਾ ਪੂਰਬ ਲੇਖਾ, ਸਭ ਨੂੰ ਨੈਣ ਵਖੌਂਦਾ ਏ । ਸਦੀ ਵੀਹਵੀਂ ਕਰ ਲਓ ਚੇਤਾ, ਚੌਧਵੀਂ ਜੋੜ ਜੁੜੌਂਦਾ ਏ । ਪੁਰਖ ਅਬਿਨਾਸ਼ੀ ਖੇਵਟ ਖੇਟਾ, ਲੋਕਮਾਤ ਫੇਰਾ ਪਾਉਂਦਾ ਏ । ਸ਼ਬਦ ਦੁਲਾਰਾ ਗੋਬਿੰਦ ਬੇਟਾ, ਧੁਰ ਦਾ ਸੰਗ ਜਣੌਂਦਾ ਏ । ਦੋ ਜਹਾਨਾਂ ਬਣ ਕੇ ਨੇਤਾ, ਸਾਚਾ ਅਦਲ ਕਮੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕੂੜਾ ਲੇਖਾ, ਦੋ ਜਹਾਨਾਂ ਭੇਵ ਚੁਕੌਂਦਾ ਏ । ਦੋ ਜਹਾਨਾਂ ਭੇਵ ਚੁਕਾਵਾਂਗਾ । ਸਚਖੰਡ ਦਵਾਰਿਉਂ ਵੇਖ ਵਖਾਵਾਂਗਾ । ਮੁਕਾਮੇ ਹੱਕ ਪੜਦਾ ਲਾਹਵਾਂਗਾ । ਲਾਸ਼ਰੀਕ ਵੇਸ ਵਟਾਂਵਾਗਾ । ਸਚ ਤੌਫ਼ੀਕ ਇਕ ਰਖਾਵਾਂਗਾ । ਕਲਮਾ ਹਦੀਸ ਇਕ ਪੜ੍ਹਾਵਾਂਗਾ । ਥਿਰ ਘਰ ਜਿਸ ਦੀ ਰੱਖਦੇ ਰਹੇ ਉਡੀਕ, ਸੋ ਓੜਕ ਆਪਣਾ ਰੂਪ ਜਣਾਵਾਂਗਾ । ਨਿਰਗੁਣ ਹੋ ਕੇ ਰੱਖਾਂ ਧਾਰ ਬਾਰੀਕ, ਸਰਗੁਣ ਅੱਖ ਨਜ਼ਰ ਨਾ ਆਵਾਂਗਾ । ਲੇਖਾ ਜਾਣਾਂ ਹਸਤ ਕੀਟ, ਲੱਖ ਚੁਰਾਸੀ ਫੋਲ ਫੁਲਾਵਾਂਗਾ । ਸਤਿਜੁਗ ਸਾਚਾ ਦੱਸ ਕੇ ਗੀਤ, ਢੋਲਾ ਇਕੋ ਰਾਗ ਪਰਗਟਾਵਾਂਗਾ । ਆਤਮ ਪਰਮਾਤਮ ਬਣ ਕੇ ਮੀਤ, ਸੱਜਣ ਸੁਹੇਲਾ ਰੂਪ ਪਰਗਟਾਵਾਂਗਾ । ਲੇਖੇ ਲਾ ਕੇ ਊਚ ਨੀਚ, ਜ਼ਾਤ ਪਾਤ ਪੰਧ ਮੁਕਾਵਾਂਗਾ । ਪੁਰਖ ਅਕਾਲ ਦੀ ਇਕ ਪ੍ਰੀਤ, ਚਾਰ ਵਰਨਾਂ ਆਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਝੋਲੀ ਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਪਿਛਲੀ ਦੇ ਦੇ ਦਾਤ, ਪੂਰਬ ਲਹਿਣਾ ਝੋਲੀ ਪਾਈਆ । ਹਉਂ ਬਾਲਕ ਨੰਨ੍ਹੇ ਤੇਰੀ ਜ਼ਾਤ, ਜੋਤ ਸ਼ਬਦ ਕਰੀ ਕੁੜਮਾਈਆ । ਪੱਤਣ ਮੱਲ ਕੇ ਬੈਠੇ ਤੇਰਾ ਘਾਟ, ਸਚਖੰਡ ਦਵਾਰੇ ਤੇਰੇ ਚਰਨ ਧਿਆਨ ਲਗਾਈਆ । ਕਲਜੁਗ ਅੰਤਮ ਮੁੱਕਦੀ ਵੇਖ ਵਾਟ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਸਮਰਥ ਸਵਾਮੀ ਅੰਤਰਜਾਮੀ

੫੬੫

ਮਹੱਲ ਅਟਲ ਉਚ ਮਨਾਰੇ ਆਪੇ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੁਰਮਤ ਮੈਲ ਧੋ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਹਰ ਹਿਰਦੇ ਅੰਦਰ ਉਪਜਾ ਇਕ ਵੈਰਾਗ, ਵੈਰਾਗੀ ਆਪਣੀ ਖੇਲ ਖਿਲਾਈਆ । ਤੂੰ ਵਾਹਿਦ ਲਾਸ਼ਰੀਕ ਅਗੰਮੀ ਗਾਡ, ਵਾਹਿਗੁਰੂ ਤੇਰਾ ਨਾਮ ਰਾਮ ਰਾਮ ਕਹਿ ਕੇ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਤੂੰ ਸਭ ਦੀ ਰੱਖੇਂ ਲਾਜ, ਸਿਰ ਓਢਣ ਇਕ ਟਿਕਾਈਆ । ਤੇਰੇ ਬਰਦੇ ਦਰ ਦੇ ਸਰਬ ਮੁਹਤਾਜ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਅਗਲੀ ਹੱਦ, ਕਿਨਾਰਾ ਨਜ਼ਰ ਕਿਸੇ ਨਾ ਆਈਆ । ਜੋ ਸਿਖਿਆ ਸਾਖਿਆਤ ਲੋਕਮਾਤ ਆਏ ਛੱਡ, ਜੀਵਾਂ ਜੰਤਾਂ ਜਗਤ ਜਣਾਈਆ । ਸੋ ਸਾਰੇ ਤੁਹਾਥੋਂ ਹੋ ਗਏ ਅੱਡ, ਮਾਇਆ ਪੜਦਾ ਵਿਚ ਟਿਕਾਈਆ । ਜਗਤ ਵਾਸਨਾ ਰਹੇ ਭੱਜ, ਭਰਮਾਂ ਵਿਚ ਭਰਮਾਈਆ । ਸਦੀ ਵੀਹਵੀਂ ਅੱਗੇ ਕਿਸੇ ਦਾ ਲੇਖਾ ਨਹੀਂ ਕੋਈ ਵੱਧ, ਹੁਕਮ ਸਕੇ ਨਾ ਕੋਇ ਚਲਾਈਆ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲੋਕਮਾਤ ਹੁਕਮ ਲੈ ਕੇ ਆਪਣੇ ਹੱਥ, ਸੁਰਤੀ ਸਭ ਦੀ ਦਏ ਬਦਲਾਈਆ । ਜੋ ਜੁਗ ਜੁਗ ਚਲਾਵਣਹਾਰਾ ਰਥ, ਰਥ ਰਥਵਾਹੀ ਹੋ ਕੇ ਫੇਰਾ ਪਾਈਆ । ਏਕੋ ਧਾਰ ਚਲਾਏ ਸਤਿ ਧਰਮ ਦੀ ਸਚ, ਸਚ ਸਾਚਾ ਦਏ ਵਡਿਆਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਤਤਵ ਤਤ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਪ੍ਰਭ ਚਾਈਂ ਚਾਈਂ ਵੇਖ, ਲੋਕਮਾਤ ਧਿਆਨ ਲਗਾਈਆ । ਸਾਚਾ ਦਿਸੇ ਨਾ ਕੋਈ ਕਿਲਾ ਕੋਟ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਸਨਿਆਸੀ ਵੈਰਾਗੀ ਤਿਆਗੀ ਬੈਰਾਗੀ ਤੇਰਾ ਜਾਣੇ ਨਾ ਕੋਈ ਜੋਗ, ਜੋਗੀਸ਼ਰ ਤਪੀਸ਼ਰ ਮੁਨੀਸ਼ਰ ਰਖੀਸ਼ਰ ਬੈਠੇ ਮੁਖ ਭਵਾਈਆ । ਘਰ ਪਰਕਾਸ਼ ਨਾ ਹੋਵੇ ਕਿਸੇ ਨਿਰਮਲ ਜੋਤ, ਨੂਰ ਨੁਰਾਨਾ ਨੂਰ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਜੰਤ ਸਾਧ ਸੰਤ ਆਲ੍ਹਣਿਓ ਡਿਗੇ ਬੋਟ, ਸਦੀ ਚੌਧਵੀਂ ਫੇਰ ਵਿਚ ਨਾ ਕੋਇ ਟਿਕਾਈਆ । ਘਰ ਘਰ ਅੰਤਰ ਵਾਸਨਾ ਹੋਈ ਖੋਟ, ਸ਼ਬਦ ਚੋਟ ਨਾ ਕੋਇ ਲਗਾਈਆ । ਤੇਰੇ ਮਿਲਣ ਦੀ ਕਿਸੇ ਕੋਲ ਰਹੀ ਨਾ ਪਹੁੰਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਕਲ ਕਾਲਖ ਟਿੱਕਾ ਲਾਹੀਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਗੁਰ ਅਵਤਾਰ ਕਰੋ ਧਿਆਨਾ, ਪੀਰ ਪੈਗ਼ੰਬਰ ਅੱਖ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖੋ ਸਤਿ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਜੋ ਰਾਗਾਂ ਨਾਦਾਂ ਨਾਲ ਗਾਇਆ ਜਗਤ ਤਰਾਨਾ, ਅੱਖਰਾਂ ਵੱਖਰਾਂ ਨਾਲ ਜੋੜ ਜੁੜਾਇੰਦਾ । ਉਸ ਦੇ ਉਤੇ ਕਲਜੁਗ ਅੰਤਮ ਵਰਤੇ ਅਗੰਮੀ ਭਾਣਾ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨ ਖ਼ਾਕ ਮਿਲਾਇੰਦਾ । ਮਾਣ ਦਵਾਏ ਗ਼ਰੀਬ ਨਿਮਾਣਾ, ਕੋਝੇ ਕਮਲਿਆਂ ਗੋਦ ਉਠਾਇੰਦਾ । ਜੋਤ ਸਰੂਪੀ ਪਹਿਰੇ ਬਾਣਾ, ਕਲ ਕਲਕੀ ਵੇਸ ਵਟਾਇੰਦਾ । ਜਿਸ ਦਾ ਸੰਬਲ ਇਕ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਕਹਿਣ ਪ੍ਰਭੂ ਜਗਦੀਸ, ਜਗਦੀਸ਼ਰ ਤੇਰੀ ਇਕ ਸਰਨਾਈਆ । ਏਕਾ ਛਤਰ ਝੁੱਲੇ ਤੇਰੇ ਸੀਸ, ਦੋ ਜਹਾਨ ਵੱਜੇ ਵਧਾਈਆ । ਕਲਜੁਗ ਔਧ ਰਹੀ ਬੀਤ, ਬੀਤੀ ਕਹਾਣੀ ਸਕੇ ਨਾ ਕੋਇ ਸਮਝਾਈਆ । ਸਤਿਜੁਗ ਸਾਚੀ

੫੬੬
੧੨

ਲੱਗੇ ਰੀਤ, ਮੰਦਰ ਮਸੀਤ ਮੁਖ ਛੁਪਾਈਆ । ਲਹਿਣਾ ਚੁੱਕੇ ਊਚ ਨੀਚ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਘਰ ਸਵਾਮੀ ਕਰਵਟ ਲੈ ਕੇ ਬਦਲ ਪੀਠ, ਸਨਮੁਖ ਹੋ ਕੇ ਦਰਸ ਵਖਾਈਆ । ਸਾਚਾ ਢੋਲਾ ਜਣਾਵੇ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਬਣ ਵਿਚੋਲਾ ਸੱਜਣ ਮੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਧਾਰ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਡ ਵਡ ਭਾਗ, ਪ੍ਰਭ ਠਾਕਰ ਤੇਰੀ ਸ਼ਰਨਾਈਆ । ਜਿਸ ਵੇਲੇ ਜਗਾਏਂ ਅਗੰਮੀ ਚਰਾਗ਼, ਜੋਤੀ ਜੋਤ ਜੋਤ ਰੁਸ਼ਨਾਈਆ । ਸਤਿ ਧਰਮ ਦਾ ਸਾਜਣ ਦੇਵੇਂ ਸਾਜ, ਘੜ ਭਾਂਡੇ ਵੇਖੇਂ ਥਾਉਂ ਥਾਈਂਆ । ਤੇਰੇ ਨਾਮ ਦਾ ਵੱਜੇ ਨਾਦ, ਦੋ ਜਹਾਨਾਂ ਤੇਰਾ ਜਸ ਗਾਈਆ । ਕਲਜੁਗ ਕੂੜੀ ਕਿਰਿਆ ਹੰਸ ਬਣੇ ਕਾਗ, ਬੁਧ ਬਿਬੇਕ ਰੂਪ ਵਟਾਈਆ । ਨਈਆ ਨੌਕਾ ਨਾਮ ਚਲਾਏ ਜਹਾਜ਼, ਚੱਪੂ ਆਪਣਾ ਨਾਮ ਲਗਾਈਆ । ਲੱਖ ਚੁਰਾਸੀ ਆਪਣੇ ਹੱਥ ਵਿਚ ਫੜ ਕੇ ਵਾਗ, ਡੋਰੀ ਸਭ ਦੀ ਦਏਂ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਪਏ ਸ਼ਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸੱਜਦਾ, ਨਿਉਂ ਨਿਉਂ ਸੀਸ ਝੁਕਾਈਆ । ਪਰਵਰਦਿਗਾਰ ਹਉਂ ਤੇਰਾ ਬਰਦਾ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਨਿਤ ਨਵਿਤ ਤੇਰਾ ਕਲਮਾ ਪੜ੍ਹਦਾ, ਬਿਨ ਰਸਨਾ ਜਿਹਵਾ ਗਾਈਆ । ਸਦੀ ਚੌਧਵੀਂ ਤੈਥੋਂ ਹਰ ਜੀਅ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਰੂਪ ਵੇਖ ਨਰਾਇਣ ਨਰ ਦਾ, ਥਰ ਹਰ ਕੰਪੇ ਸਰਬ ਲੋਕਾਈਆ । ਪੁਰਖ ਅਗੰਮਾ ਖੇਲ ਕਰਦਾ, ਅਗੰਮੜੀ ਕਾਰ ਕਮਾਈਆ । ਜੋਤੀ ਜਾਤਾ ਹੋ ਕੇ ਲੋਕਮਾਤ ਵੜਦਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਗੁਰੂ ਗੁਰ ਚੇਲਾ ਬਚਾਏ ਸੜਦਾ, ਤ੍ਰੈਗੁਣ ਮਾਇਆ ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਲਹਿਣਾ ਦੇਣਾ ਵੇਖਣ ਆਇਆ, ਕਲ ਕਲਕੀ ਲੈ ਅਵਤਾਰ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਪੰਜਾਂ ਤੱਤਾਂ ਦੇਵੇ ਪੈਜ ਸੁਆਰ । ਸੰਤ ਸੁਹੇਲੇ ਲਏ ਜਗਾਇਆ, ਸ਼ਬਦ ਅਨਾਦੀ ਦਏ ਧੁਨਕਾਰ । ਜੋਤ ਨਿਰੰਜਣ ਡਗਮਗਾਇਆ, ਬਿਨ ਤੇਲ ਬਾਤੀ ਦੀਵਾ ਦੇਵੇ ਬਾਲ । ਅੰਮ੍ਰਿਤ ਰਸ ਜਾਮ ਪਿਆਇਆ, ਸਚ ਸਰੋਵਰ ਦਏ ਵਖਾਲ । ਬੰਦ ਕਵਾੜੀ ਕੁੰਡਾ ਲਾਹਿਆ, ਪੜਦਾ ਓਹਲਾ ਦਏ ਉਠਾਲ । ਸਾਕੀ ਬਣ ਕੇ ਜਾਮ ਪਿਆਇਆ, ਨਾਮ ਖ਼ੁਮਾਰੀ ਚਾੜ੍ਹੇ ਇਕ ਕਮਾਲ । ਸੁਰਤੀ ਸ਼ਬਦੀ ਮੇਲ ਮਿਲਾਇਆ, ਆਪ ਬੈਠਾਏ ਸਚ ਸੱਚੀ ਧਰਮਸਾਲ । ਆਤਮ ਸੇਜਾ ਸੋਭਾ ਪਾਇਆ, ਘਰ ਮੰਦਰ ਦੀਨ ਦਿਆਲ । ਉਪਰ ਚੜ੍ਹ ਕੇ ਵੇਖ ਵਖਾਇਆ, ਜੋਤੀ ਜਗੇ ਬੇਮਿਸਾਲ । ਸੁੰਨ ਸਮਾਧ ਚਰਨਾਂ ਹੇਠ ਰਖਾਇਆ, ਥਿਰ ਘਰ ਖੇਲੇ ਖੇਲ ਆਪ ਅਕਾਲ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬੇਪਰਵਾਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਹੋਵੇ ਮਿਹਰਵਾਨ । ਮਿਹਰਵਾਨ ਹੋਏ ਪ੍ਰਭ ਅਬਿਨਾਸ਼ੀ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਮੇਟੇ ਜਗਤ ਉਦਾਸੀ, ਸੰਸਾ ਰੋਗ ਰਹਿਣ ਨਾ ਪਾਈਆ । ਅੰਤਰ ਆਤਮ ਤੀਰ ਨਿਸ਼ਾਨਾ ਲਾਵੇ ਕਾਤੀ, ਅਣਿਆਲਾ ਆਪ ਚਲਾਈਆ । ਮੰਦਰ ਚੜ੍ਹ ਕੇ ਮਾਰੇ ਝਾਤੀ, ਘਰ ਘਰ ਵਿਚ ਖੋਜ ਖੋਜਾਈਆ । ਗੁਰਮੁਖ ਗੁਰਸਿਖ ਲਹਿਣਾ ਦੇਣਾ ਪੂਰਬ ਜਨਮ ਦਾ ਲੈ ਲਓ ਬਾਕੀ, ਲੱਖ ਚੁਰਾਸੀ ਵਿਚੋਂ ਹਿੱਸਾ ਬਾਹਰ ਕਢਾਈਆ । ਪਤਿਪਰਮੇਸ਼ਵਰ ਸਾਹਿਬ ਸੁਲਤਾਨ ਕਮਲਾਪਾਤੀ, ਨੇਤਰ ਅੱਖ ਖੁਲ੍ਹਾਈਆ । ਨਿਰਗੁਣ ਸਰਗੁਣ ਬਣ ਕੇ ਸਾਥੀ, ਦੇਵੇ

ਨਾਮ ਅਗੰਮੀ ਦਾਤੀ, ਸਚ ਭੰਡਾਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸਮਝਾਈਆ । ਧੁਰ ਸੰਦੇਸ਼ਾ ਸੁਣੋ ਸੱਜਣ, ਹਰਿ ਕਰਤਾ ਆਪ ਜਣਾਇੰਦਾ । ਕੂੜੀ ਕਿਰਿਆ ਭਾਂਡੇ ਸਾਰੇ ਭੱਜਣ, ਕਲਜੁਗ ਅੰਤਮ ਬਚਿਆ ਰਹਿਣ ਕੋਇ ਨਾ ਪਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਪ੍ਰਭ ਚਰਨ ਸਰਨ ਲੱਗੀ ਲੱਗਣ, ਅੰਤਰ ਆਤਮ ਵੇਖ ਵਖਾਇੰਦਾ । ਸਮਰਥ ਸਵਾਮੀ ਤਿਨ੍ਹਾਂ ਪੜਦੇ ਆਏ ਕੱਜਣ, ਦੂਰ ਦੁਰਾਡਾ ਆਪਣਾ ਪੰਧ ਮੁਕਾਇੰਦਾ । ਕੋਟਨ ਕੋਟ ਸਾਧ ਸੰਤ ਸੂਫ਼ੀ ਫ਼ਕੀਰ, ਉਚੇ ਟਿੱਲੇ ਪਰਬਤ ਚੋਟੀ ਚੜ੍ਹ ਚੜ੍ਹ ਲੱਭਣ, ਜੰਗਲ ਜੂਹ ਉਜਾੜ ਪਹਾੜ ਮੰਦਰ ਮਸਜਦ ਸ਼ਿਵਦਵਾਲੇ ਮੱਠ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹਵਾ, ਪ੍ਰਭ ਤੇਰੀ ਵਡ ਵਡਿਆਈਆ । ਤੇਰੇ ਉਤੇ ਸਭ ਦਾ ਦਾਅਵਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦਾ ਲਾਇਆ ਨਾਵਾਂ, ਸ਼ਹਾਦਤ ਦੇਵੇ ਕਲਮ ਸ਼ਾਹੀਆ । ਤੇਰੇ ਚਰਨ ਕਵਲ ਧੁਰ ਦੇ ਬਲ ਬਲ ਜਾਵਾਂ, ਜਿਸ ਦਾ ਤਤ ਸਰੂਪ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਘਰ ਸਾਚੇ ਮੇਲ ਮਿਲਾਈਆ । ਘਰ ਸਾਚੇ ਮੇਲ ਕਰਾ ਭਗਵੰਤ, ਕੂੜੀ ਕਿਰਿਆ ਦੇ ਤਜਾਈਆ । ਤੇਰੀ ਮਹਿੰਮਾ ਸਦਾ ਅਗਣਤ, ਸਿਫ਼ਤਾਂ ਵਿਚ ਸਾਲਾਹੀਆ । ਤੇਰਾ ਨਾਮ ਅਨੋਖਾ ਮੰਤ, ਲਿਖਣ ਪੜ੍ਹਨ ਵਿਚ ਨਾ ਆਈਆ । ਨਾਰ ਵਿਛੋੜਾ ਕੱਟ ਕੇ ਕੰਤ, ਸੁਰਤੀ ਸ਼ਬਦ ਕਰ ਕੁੜਮਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਵਿਦਿਆ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਔਂਦਾ ਹਾਂ । ਨਿਰਗੁਣ ਨਿਰਵੈਰ ਨਿਰਾਕਾਰ ਰੂਪ ਦਰਸੌਂਦਾ ਹਾਂ । ਜੋਤੀ ਕਰ ਉਜਿਆਰ ਨੂਰ, ਨੂਰੋ ਨੂਰ ਡਗਮਗੌਂਦਾ ਹਾਂ । ਸ਼ਬਦ ਅਗੰਮੀ ਨਾਦ ਤੂਰ, ਤੁਰੀਆ ਵਿਚੋਂ ਬਾਹਰ ਕਢੌਂਦਾ ਹਾਂ । ਸਰਬ ਕਲਾ ਬਣ ਭਰਪੂਰ, ਸਮਰਥ ਸਵਾਮੀ ਨਾਉਂ ਰਖੌਂਦਾ ਹਾਂ । ਆਸਾ ਮਨਸਾ ਕਰਾਂ ਪੂਰ, ਤ੍ਰਿਸਨਾ ਤ੍ਰਿਖਾ ਰੋਗ ਮਿਟੌਂਦਾ ਹਾਂ । ਕਲਜੁਗ ਅੰਤਮ ਆਵਾਂ ਜ਼ਰੂਰ, ਧੁਰ ਦਾ ਲੇਖਾ ਆਪ ਦ੍ਰਿੜੌਂਦਾ ਹਾਂ । ਸ਼ਬਦ ਸਰੂਪੀ ਬਣ ਮਜ਼ਦੂਰ, ਚਾਰ ਕੁੰਟ ਚਾਰ ਵਰਨਾਂ ਸੇਵ ਕਮੌਂਦਾ ਹਾਂ । ਜਗਤ ਨੇਤਰ ਰਹਾਂ ਮਫ਼ਰੂਰ, ਨਿਜ ਨੇਤਰ ਦਰਸ ਕਰੌਂਦਾ ਹਾਂ । ਨਾਤਾ ਤੋੜ ਕੇ ਕੂੜੋ ਕੂੜ, ਸਚ ਸੁੱਚ ਵਡਿਔਂਦਾ ਹਾਂ । ਜਨ ਭਗਤਾਂ ਬਖ਼ਸ਼ ਕੇ ਧੁਰ ਦੀ ਧੂੜ, ਟਿੱਕਾ ਮਸਤਕ ਨਾਮ ਲਗੌਂਦਾ ਹਾਂ । ਪਹਿਲੋਂ ਕਾਗ਼ਜ਼ਾਂ ਵਿਚ ਕਲਮਾਂ ਨਾਲ ਹੋਇਆ ਮਸ਼ਹੂਰ, ਹੁਣ ਨਿਰਗੁਣ ਰੂਪ ਦਰਸੌਂਦਾ ਹਾਂ । ਪੰਧ ਮੁਕਾ ਕੇ ਨੇੜਾ ਦੂਰ, ਘਰ ਘਰ ਆਪਣਾ ਡੇਰਾ ਲੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮੌਂਦਾ ਹਾਂ । ਸਾਚੀ ਕਰਨੀ ਕਾਰ ਕਮਾਵਾਂਗਾ । ਕਲ ਕਲਕੀ ਵੇਸ ਵਟਾਵਾਂਗਾ । ਸਤਿ ਧਰਮ ਦੀ ਸਾਚੀ ਵਨਗੀ, ਲੋਕਮਾਤ ਪਰਗਟਾਵਾਂਗਾ । ਖੇਲ ਵੇਖਾਂ ਜਨ ਜਨ ਕੀ, ਜਨ ਜਨਨੀ ਭੇਵ ਚੁਕਾਵਾਂਗਾ । ਪੂਜਾ ਮੁਕਾ ਕੇ ਪੰਜ ਤਤ ਤਨ ਦੀ, ਸ਼ਬਦ ਗੁਰੂ ਇਕ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਇਕ ਪਰਗਟਾਵਾਂਗਾ । ਸਾਚੀ ਧਾਰ ਪ੍ਰਭੂ ਪਰਗਟਾਏਗਾ । ਗੁਰ ਸ਼ਬਦ ਇਕ ਉਠਾਏਗਾ । ਸਤਿਗੁਰ ਸੱਚਾ ਨਾਮ ਧਰਾਏਗਾ । ਕਲਜੁਗ ਮਾਟੀ ਭਾਂਡਾ ਕੱਚਾ ਵੇਖ ਵਖਾਏਗਾ । ਜੋ ਮਨਮੁਖ ਹੋ ਕੇ ਨੌ ਦਵਾਰੇ

੫੬੮
੧੭

ਨੱਚਾ, ਤਿਸ ਨੂੰ ਦਰ ਤੋਂ ਆਪ ਦੁਰਕਾਏਗਾ । ਜੋ ਪ੍ਰੇਮ ਪ੍ਰੀਤੀ ਅੰਦਰ ਸੱਚਾ, ਤਿਸ ਫੜ ਬਾਹੋਂ ਗੋਦ ਬਹਾਏਗਾ । ਲੇਖਾ ਜਾਣੇ ਤੱਤਾਂ ਅੱਠਾਂ, ਨੌ ਦਵਾਰੇ ਖੋਜ ਖੁਜਾਏਗਾ । ਬਿਨ ਭਗਤਨ ਕਿਸੇ ਦਾ ਬਣੇ ਨਾ ਮੂਲ ਸਕਾ, ਜਗਤ ਨਾਤਾ ਤੋੜ ਤੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਵਖਾਏ ਅੱਖਾਂ, ਆਖ਼ਰ ਚੋਟੀ ਆਪ ਬਹਾਏਗਾ । ਜਨ ਭਗਤ ਚਾੜ੍ਹੇ ਆਖ਼ਰ ਚੋਟੀ, ਚੋਟ ਤਨ ਨਗਾਰੇ ਲਾਈਆ । ਮਨ ਵਾਸਨਾ ਕੱਢੇ ਖੋਟੀ, ਕੂੜੀ ਕਿਰਿਆ ਦਏ ਤਜਾਈਆ । ਕਰ ਪਰਕਾਸ਼ ਨਿਰਮਲ ਜੋਤੀ, ਅੰਧ ਅੰਧੇਰ ਗਵਾਈਆ । ਸੁਰਤ ਸਵਾਣੀ ਉਠੇ ਸੋਤੀ, ਸ਼ਬਦ ਹਲੂਣਾ ਇਕ ਲਗਾਈਆ । ਕਰੇ ਖੇਲ ਪ੍ਰਭ ਅਪਰੰਪਰ ਚੋਜੀ, ਨਿਰਗੁਣ ਚੋਲਾ ਲਏ ਬਦਲਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦੇਵੇ ਸੋਝੀ, ਭੇਵ ਅਭੇਦਾ ਆਪ ਖੁਲ੍ਹਾਈਆ । ਨਾ ਕੋਈ ਵੰਡ ਵੰਡਾਏ ਟਿੱਕਾ ਜੰਞੂ ਬੋਦੀ, ਸੀਸ ਜਗਦੀਸ ਸੰਗ ਨਾ ਕੋਇ ਰਖਾਈਆ । ਜਨਮ ਜਨਮ ਦੇ ਕਰਮ ਕਰਮ ਦੇ ਵੇਖੇ ਰੋਗੀ, ਅੰਦਰੇ ਅੰਦਰ ਪੜਦਾ ਲਾਹੀਆ । ਠਾਕਰ ਸਵਾਮੀ ਧੁਰ ਦਾ ਮੌਜੀ, ਮੌਜੂਦਾ ਹੋ ਕੇ ਖੇਲ ਖਿਲਾਈਆ । ਭਗਤ ਵਛਲ ਬਣ ਸੰਜੋਗੀ, ਹਰਿ ਸੰਤਾਂ ਲਏ ਜੁੜਾਈਆ । ਆਤਮ ਰਸੀਆ ਬਣ ਕੇ ਭੋਗੀ, ਸੋਹਣੀ ਸੇਜ ਹੰਢਾਈਆ । ਲੇਖਾ ਜਾਣ ਲੋਕ ਪਰਲੋਕੀ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਜਨ ਭਗਤਾਂ ਦੇਵੇ ਧੁਰ ਦੀ ਸੋਝੀ, ਅੰਤਰ ਆਤਮ ਅੱਖ ਖੁਲ੍ਹਾਈਆ । ਪੜ੍ਹਨੀ ਪਏ ਕਿਸੇ ਨਾ ਪੋਥੀ, ਜਿਸ ਜਨ ਆਪਣਾ ਦਰਸ ਕਰਾਈਆ । ਪੈਂਡਾ ਮੁੱਕੇ ਚੌਦਾਂ ਲੋਕੀ, ਚੌਦਾਂ ਤਬਕਾਂ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਮਾਣ ਵਡਿਆਈਆ । ਮਾਣ ਦੇਵੇ ਇਕੋ ਏਕਾ ਕਰਤਾ, ਕਰਤਾ ਪੁਰਖ ਅਖਵਾਇੰਦਾ । ਨਾ ਜੀਉਂਦਾ ਨਾ ਕਦੇ ਮਰਦਾ, ਜੁਗ ਜੁਗ ਵੇਸ ਵਟਾਇੰਦਾ । ਸੰਤ ਦਵਾਰੇ ਆਪੇ ਖੜ੍ਹਦਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਧੁਰ ਦਾ ਅੱਖਰ ਆਪੇ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਕਾਇਆ ਮੰਦਰ ਸਚ ਦਵਾਰੇ ਚੜ੍ਹਦਾ, ਸੁਖਮਨ ਟੇਢੀ ਬੰਕ ਪਾਰ ਕਰਾਇੰਦਾ । ਮਹੱਲ ਅਟਲ ਅਗੰਮੇ ਵੜਦਾ, ਬਹਿ ਸਿੰਘਾਸਣ ਖ਼ੁਸ਼ੀ ਮਨਾਇੰਦਾ । ਲੇਖਾ ਜਾਣੇ ਸੀਸ ਧੜ ਦਾ, ਕਾਇਆ ਕੱਪੜ ਖੋਜ ਖੋਜਾਇੰਦਾ । ਆਪਣੀ ਕਰਨੀ ਆਪੇ ਕਰਦਾ, ਕੁਦਰਤ ਕਾਦਰ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਕੇ ਬਰਦਾ, ਭਜਨ ਬੰਦਗੀ ਲੋਕਮਾਤ ਸਮਝਾਇੰਦਾ । ਅੰਤਮ ਪੰਜ ਤਤ ਕਾਇਆ ਚੋਲੇ ਵਿਚੋਂ ਖੜਦਾ, ਥਿਰ ਰਹਿਣ ਕੋਇ ਨਾ ਪਾਇੰਦਾ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਦਵਾਰੇ ਨਰ ਨਰੇਸ਼ ਆਪੇ ਬਣਦਾ, ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਨੀਚੇ ਬੈਠੇ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਏ ਤਰਾਈਆ । ਹਰਿਜਨ ਤਾਰਨਹਾਰ ਸਵਾਮੀ, ਪੁਰਖ ਅਕਾਲ ਇਕ ਅਖਵਾਈਆ । ਹਰ ਘਟ ਜਾਣੇ ਅੰਤਰਜਾਮੀ, ਗ੍ਰਿਹਿ ਗ੍ਰਿਹਿ ਖੋਜ ਖੋਜਾਈਆ । ਸ਼ਬਦ ਅਨਾਦ ਅਨਾਦੀ ਦੇਵਣਹਾਰਾ ਬਾਣੀ, ਅਣਿਆਲਾ ਤੀਰ ਇਕ ਚਲਾਈਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸ਼ਾਹੋ ਭੂਪ ਬਣ ਵਡ ਸੁਲਤਾਨੀ, ਲੱਖ ਚੁਰਾਸੀ ਸੋਈ ਸੁਰਤੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਸਹਾਈਆ । ਸਦਾ ਸੁਹੇਲਾ ਹੋਏ ਆਪ, ਧੁਰ ਸੰਗੀ ਨਜ਼ਰੀ ਆਇੰਦਾ । ਜਿਸ ਦਾ ਤੇਈ ਅਵਤਾਰ ਕਰਦੇ ਗਏ ਜਾਪ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨਿਆ ਬਾਪ, ਪਾਕੀ ਪਾਕ ਖੇਲ ਖਿਲਾਇੰਦਾ । ਜਿਸਨੂੰ ਨਾਨਕ ਗੋਬਿੰਦ ਪੁਰਖ

ਅਕਾਲ ਕਹਿ ਕੇ ਗਏ ਬਾਪ, ਲੱਖ ਚੁਰਾਸੀ ਜੀਵ ਜੰਤ ਜਣਾਇੰਦਾ । ਸੋ ਸਚਖੰਡ ਦਵਾਰੇ ਨਿਰਗੁਣ ਜੋਤ ਕਰੇ ਪਰਕਾਸ਼, ਦੀਵਾ ਬਾਤੀ ਨਾ ਕੋਇ ਰਖਾਇੰਦਾ । ਜੁਗ ਚੌਕੜੀ ਨਿਤ ਨਵਿਤ ਲੋਕਮਾਤ ਮਾਰੇ ਝਾਕ, ਝਾਤੀ ਆਪਣੀ ਆਪਣੇ ਹੱਥ ਰਖਾਇੰਦਾ । ਸਦਾ ਸੁਹੇਲਾ ਲਹਿਣਾ ਦੇਣਾ ਕਰੇ ਬੇਬਾਕ, ਅਗਲਾ ਪਿਛਲਾ ਮੂਲ ਚੁਕਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣੇ ਆਵਾਜ਼, ਦੂਰ ਦੁਰਾਡਾ ਨੇੜਨ ਨੇੜੇ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਇਕੋ ਗੱਲ, ਗਲ ਪੱਲੂ ਸਾਰੇ ਪਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲ, ਤੇਰੀ ਬੇਪਰਵਾਹੀਆ । ਕਲਜੁਗ ਅੰਤਮ ਸਾਚਾ ਦਿਸੇ ਕੋਈ ਨਾ ਫਲ, ਲੱਖ ਚੁਰਾਸੀ ਸਿੰਮਲ ਰੂਪ ਲਹਿਰਾਈਆ । ਅਠਸਠ ਤੀਰਥ ਮਾਣ ਨਾ ਕੋਈ ਜਲ, ਸਰੋਵਰ ਸੋਭਾ ਕੋਇ ਨਾ ਪਾਈਆ । ਜੂਠ ਝੂਠ ਕੂੜ ਕੁੜਿਆਰਾ ਜਗਤ ਦਵਾਰੇ ਬੈਠਾ ਮੱਲ, ਸੂਰਬੀਰ ਹੋ ਕੇ ਡੇਰਾ ਲਾਈਆ । ਜਿਸ ਦੀ ਕੀਤੀ ਕੋਈ ਨਾ ਸਕੇ ਉਥੱਲ, ਸਾਧ ਸੰਤ ਬੈਠੇ ਮੁਖ ਭੁਆਈਆ । ਕਲਜੁਗ ਆਪਣੀ ਵਰਤ ਰਿਹਾ ਕਲ, ਕਾਲਖ ਟਿੱਕਾ ਸਭ ਨੂੰ ਲਾਵੇ ਛਾਹੀਆ । ਸ਼ਰਅ ਜ਼ੰਜੀਰੀ ਨਾਲ ਕੋਈ ਨਾ ਸਕੇ ਹਲ, ਮਜ਼੍ਹਬ ਦੀਨ ਬੰਧਨ ਦਿਤਾ ਪਾਈਆ । ਰਾਜ ਰਾਜਾਨ ਹੋਏ ਨਿਰਬਲ, ਬਲਹੀਣ ਰਹੇ ਕੁਰਲਾਈਆ । ਸਦੀ ਵੀਹਵੀਂ ਸਾਰੇ ਤੱਕਣ ਤੇਰੇ ਵੱਲ, ਭਵਿਖਤ ਵਾਕਾਂ ਪੜ੍ਹ ਪੜ੍ਹ ਧਿਆਨ ਲਗਾਈਆ । ਕਵਣ ਕੂਟੋਂ ਕਲ ਕਲਕੀ ਆਵੇ ਚਲ, ਨਿਹਕਰਮੀ ਫੇਰਾ ਪਾਈਆ । ਸੰਬਲ ਨਗਰ ਸਚ ਸਿੰਘਾਸਣ ਲਏ ਮੱਲ, ਮਾਲਕ ਹੋ ਕੇ ਦਏ ਜਣਾਈਆ । ਨਾਮ ਖੰਡਾ ਅਗੰਮੀ ਢਲ, ਦੋ ਜਹਾਨਾਂ ਦਏ ਵਖਾਈਆ । ਜੋਤੀ ਸ਼ਬਦੀ ਜਾਏ ਰਲ, ਰੂਪ ਰੰਗ ਰੇਖ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਦਏ ਮੁਕਾਈਆ । ਪੀਰ ਪੈਗ਼ੰਬਰ ਸਿਰ ਤੋਂ ਕੁੱਲਾ ਲੌਹਣ ਟੋਪੀ, ਚੋਲਾ ਨਜ਼ਰ ਕੋਇ ਨਾ ਆਈਆ । ਸਾਡੀ ਅਲਫ਼ੀ ਹੋਈ ਖੋਟੀ, ਅਲਫ਼ ਯੇ ਨਾ ਕੋਇ ਪੜ੍ਹਾਈਆ । ਸਦੀ ਚੌਧਵੀਂ ਮੁੱਲਾਂ ਸ਼ੇਖ਼ ਮੁਸਾਇਕ ਮੁੰਨ ਬੈਠੇ ਚੋਟੀ, ਰਤੀ ਦਾੜ੍ਹੀ ਦਏ ਦੁਹਾਈਆ । ਉਮਤ ਵੇਖੀ ਸਾਰੀ ਰੋਂਦੀ, ਨੈਣਾਂ ਨੀਰ ਵਹਾਈਆ । ਤੇਰੀ ਗੋਦ ਪਰਵਰਦਿਗਾਰ ਕੋਈ ਨਾ ਸੌਂਦੀ, ਦਿਲਗੀਰ ਹੋ ਕੇ ਦੇਣ ਦੁਹਾਈਆ । ਅੱਲਾ ਰਾਣੀ ਆਪਣੀ ਮੀਢੀ ਖੋਂਹਦੀ, ਸੁਹਾਗ ਰੁੱਤ ਨਾ ਕੋਇ ਵਖਾਈਆ । ਬਿਰਹੋਂ ਵਿਛੋੜੇ ਅੰਦਰ ਫਿਰਦੀ ਗੌਂਦੀ, ਤੂੰ ਹੀ ਤੂੰ ਰਹੀ ਜਣਾਈਆ । ਮੁਹੰਮਦ ਆਸ ਆਸਰਾ ਸਾਰਾ ਢੌਂਹਦੀ, ਢਾਹ ਢਾਹ ਖ਼ਾਕ ਮਿਲਾਈਆ । ਈਸਾ ਮੂਸਾ ਆਸ ਏਹ ਤਕੌਂਦੀ, ਤਕਵਾ ਤੇਰਾ ਬੇਪਰਵਾਹੀਆ । ਨੇਤਰ ਨੈਣ ਅੱਖ ਸਰਬ ਸ਼ਰਮੌਂਦੀ, ਉਪਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਹੋ ਸਹਾਈਆ । ਪਰਵਰਦਿਗਾਰ ਸਾਂਝੇ ਯਾਰ, ਯਾ ਅਮੀਨ ਤੇਰੀ ਓਟ ਤਕਾਈਆ । ਹਉਂ ਗ਼ਰੀਬ ਨਿਮਾਣੇ ਬਾਲ ਬਰਖ਼ੁਰਦਾਰ, ਧੁਰ ਦੀ ਤਲਕੀਨ ਇਕ ਜਣਾਈਆ । ਸਦੀ ਸਦੀਵੀ ਹੋਏ ਖ਼ੁਆਰ, ਤੇਰਾ ਸੱਚਾ ਟੁੱਟਾ ਜਗਤ ਪਿਆਰ, ਮੁਹੱਬਤ ਵਿਚ ਮਹਿਬੂਬ ਨਾ ਕੋਇ ਮਨਾਈਆ । ਮੱਕਾ ਮਦੀਨਾ ਹਾਹਾਕਾਰ, ਤੋਬਾ ਤੋਬਾ ਸਾਰੇ ਰਹੇ ਪੁਕਾਰ, ਹੂ ਹੂ ਨਾਅਰਾ ਹੱਕ ਨਾ ਕੋਇ ਲਗਾਈਆ । ਚੰਦ ਸੂਰਜ ਨਾ ਕੋਇ ਉਜਿਆਰ, ਸਾਚੇ ਤਾਰੇ ਨਾ ਕੋਇ ਪਿਆਰ, ਤਬੀਅਤ ਸਭ ਦੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰਦੀ ਹੋ ਕੇ ਫੇਰਾ ਪਾਈਆ । ਦਰਦੀ ਹੋ ਕੇ ਆ ਦਵਾਰੇ, ਦਹਿ ਦਿਸ਼ਾ ਧਿਆਨ ਲਗਾਈਆ ।

ਸਤਿ ਧਰਮ ਦੇ ਖੋਲ੍ਹ ਕਿਵਾੜੇ, ਪੜਦਾ ਆਪ ਉਠਾਈਆ । ਸ਼ਰਅ ਸ਼ਰੀਅਤ ਕਿਸੇ ਨਾ ਸਾੜੇ, ਅਗਨੀ ਅੱਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਸ਼ਦ ਮੁਰੀਦ ਕਰ ਪਿਆਰੇ, ਮਿੱਤਰ ਪਿਆਰਾ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਤਿ ਦਵਾਰੇ ਦੇ ਦਾਨ, ਦਾਤਾ ਦਾਨੀ ਹੋ ਕੇ ਆਪ ਵਰਤਾਈਆ ।

✪ ੨੯ ਭਾਦਰੋਂ ੨੦੨੧ ਬਿਕ੍ਰਮੀ ਮੁਨੇਸ਼ਵਰਾ ਨੰਦ ਨਾਲ ਹਰਿ ਭਗਤ ਦਵਾਰ ਜੇਠੂਵਾਲ ✪

ਪਹਿਲੇ ਦਿਨ ਦਾ ਪਹਿਲਾ ਧਨਵਾਦ, ਪਹਿਲੇ ਘਰ ਪਹਿਲੀ ਵਾਰ ਸਮਝਾਈਆ । ਜਿਸ ਦਾ ਪ੍ਰੇਮ ਅਨਡਿਠ ਅਨ ਸਵਾਦ, ਰਸਨਾ ਰਸ ਸਮਝ ਕੋਇ ਨਾ ਆਈਆ । ਜਿਸ ਦਾ ਨਾਦ ਧੁਨ ਸ਼ਬਦ ਬੋਧ ਅਗਾਧ, ਅਗੰਮ ਅਥਾਹ ਬੇਪਰਵਾਹ ਬੇਖ਼ਬਰ ਖ਼ਬਰ ਸੁਣਾਈਆ । ਸੋ ਸਚ ਦਵਾਰੇ ਅੰਤਰ ਆਤਮ ਵੇਖੇ ਆਪ, ਜੋਤੀ ਜਾਤਾ ਪੁਰਖ ਬਿਧਾਤਾ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸੰਤਾਂ ਸੰਤ ਸੱਜਣ ਸਾਕ, ਰੂਹ ਬੁੱਤ ਦੋਵੇਂ ਪਾਕ, ਸਚ ਪੁੱਛੇ ਮੇਲਾ ਪਿਤਾ ਪੁਤ ਬਾਪ, ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਰਸਨਾ ਢੋਲੇ ਸੋਹਲੇ ਜੋ ਗੀਤ ਦਿਤੇ ਆਖ, ਕਹਿ ਕਹਿ ਆਪਣੀ ਖ਼ੁਸ਼ੀ ਮਨਾਈਆ । ਤਿਸ ਦਾ ਲੇਖਾ ਜਾਣੇ ਪ੍ਰਭੂ ਪੁਰਖ ਅਬਿਨਾਸ਼, ਕਰਤਾ ਅਬਿਨਾਸ਼ੀ ਵੇਖ ਵਖਾਈਆ । ਪਹਿਲੇ ਦਿਨ ਨਾਲੋਂ ਪਹਿਲੀ ਹੋਏ ਸੋਹਣੀ ਸੁਹੰਜਣੀ ਰਾਤ, ਭਿੰਨੜੀ ਰੈਣ ਰਾਹ ਤਕਾਈਆ । ਜਿਸ ਵਿਚ ਸੁੰਞ ਮਸਾਣ ਸੌਣ ਪ੍ਰਿਥਮੀ ਆਕਾਸ਼, ਮੰਡਲ ਮੰਡਪ ਅੱਖ ਨਾ ਕੋਇ ਖੁਲ੍ਹਾਈਆ । ਸੰਤ ਸੁਹੇਲੇ ਅੰਦਰੇ ਅੰਦਰ ਮਿਲ ਕੇ ਗੌਣ ਸੱਚੀ ਗਾਥ, ਧੁਰ ਦਾ ਰਾਗ ਅਗੰਮੀ ਇਕ ਅਲਾਈਆ । ਜਿਸ ਦੀ ਜਗਤ ਕੰਨਾਂ ਨਾਲ ਸੁਣੀ ਨਾ ਜਾਏ ਆਵਾਜ਼, ਅੰਤਰ ਆਤਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਘਰ, ਗ੍ਰਿਹ ਮੰਦਰ ਖੋਜ ਖੋਜਾਈਆ । ਸਚ ਵਸਤ ਜੋ ਲਿਆਂਦੇ ਫੂਲ, ਪ੍ਰੇਮ ਪਿਆਰ ਭੇਟ ਦਿਤੇ ਚੜ੍ਹਾਈਆ । ਤਿਸ ਦਾ ਲਹਿਣਾ ਦੇਣਾ ਚੁਕਾਏ ਸਤਿਗੁਰ ਸੱਚਾ ਮੂਲ, ਮਿਹਰ ਨਜ਼ਰ ਇਕ ਟਿਕਾਈਆ । ਸਚ ਸਵਾਮੀ ਅੰਤਰ ਆਤਮ ਦੱਸ ਅਸੂਲ, ਅਸਲੀਅਤ ਸਾਚੀ ਵੇਖ ਵਖਾਈਆ । ਮਿਹਰਵਾਨ ਹੋ ਕੰਤ ਕੰਤੂਹਲ, ਲੇਖਾ ਦੇਵੇ ਚਾਈਂ ਚਾਈਂਆ । ਮੁਹੱਬਤ ਵਿਚ ਭਰਿਆ ਆਪ ਮਹਿਬੂਬ, ਜਾਮ ਹਕੀਕੀ ਰਸ ਇਕੋ ਇਕ ਪਿਆਈਆ । ਜਿਸ ਦਾ ਅੱਗੇ ਆਪੇ ਮਿਲੇ ਸਬੂਤ, ਸਾਖਿਆਤ ਹੋ ਕੇ ਰਾਤੀਂ ਸੁਤਿਆਂ ਦਰਸ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਮੰਦਰ ਸਾਚਾ ਘਰ, ਘਰ ਘਰ ਵਿਚ ਫੋਲ ਫੁਲਾਈਆ । ਪਹਿਲਾ ਦਿਨ ਸਚ ਦਿਹਾੜਾ, ਖ਼ੁਸ਼ੀਆਂ ਰਾਗ ਅਲਾਈਆ । ਹੋਏ ਪਰਕਾਸ਼ ਬਹੱਤਰ ਨਾੜਾ, ਵੱਜੇ ਸਚ ਵਧਾਈਆ । ਸੱਜਣਾਂ ਮਿਲੇ ਮਿੱਤਰ ਪਿਆਰਾ, ਸੰਤਾਂ ਸੰਗ ਰਖਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਰੰਗ ਵਖਾਈਆ । ਸੰਤ ਜੀ ਇਹ ਹੋਇਆ ਚੰਗਾ, ਅੱਜ ਦਾ ਦਿਨ ਖ਼ੁਸ਼ੀ ਮਨਾਈਆ । ਇਹ ਤੀਰਥ ਗੰਗਾ ਨਾਲੋਂ ਚੰਗਾ, ਜਿਥੇ ਮਰਦੰਗਾ ਬੇਪਰਵਾਹੀਆ । ਅੰਤਰ

ਆਤਮ ਉਪਜੇ ਇਕ ਅਨੰਦਾ, ਨਿਜਾਨੰਦ ਖ਼ੁਸ਼ੀ ਵਖਾਈਆ । ਘਰ ਬਖ਼ਸ਼ ਕੇ ਪਰਮਾਨੰਦਾ, ਨਿਜ ਨੇਤਰ ਕਰੇ ਰੁਸ਼ਨਾਈਆ । ਅੰਮ੍ਰਿਤ ਮੇਘ ਬਰਸ ਕਰੇ ਠੰਡਾ, ਅਗਨੀ ਤਤ ਬੁਝਾਈਆ । ਮਨ ਮਨੂਆ ਰਹੇ ਨਾ ਗੰਦਾ, ਦੁਰਮਤ ਮੈਲ ਧੁਆਈਆ । ਨੇੜ ਨਾ ਆਏ ਭੇਖ ਭਖੰਡਾ, ਕੂੜੀ ਕਿਰਿਆ ਪਰੇ ਸੁਟਾਈਆ । ਤੂੰ ਬੰਦਿਆਂ ਨਾਲੋਂ ਚੰਗਾ ਬੰਦਾ, ਜਿਸ ਦੇ ਅੰਦਰ ਬੰਦਗੀ ਬੈਠੀ ਡੇਰਾ ਲਾਈਆ । ਤੂੰ ਮੰਜ਼ਲ ਚੜ੍ਹੇਂ ਉਹ ਡੰਡਾ, ਪੌੜੇ ਆਪਣਾ ਚਰਨ ਰਖਾਈਆ । ਸਚ ਦਵਾਰੇ ਗਾ ਲੈ ਸਾਚਾ ਛੰਦਾ, ਤੂੰ ਮੇਰਾ ਮੈਂ ਤੇਰਾ ਦੋਹਾਂ ਵਿਚ ਫ਼ਰਕ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਅੱਜ ਦਾ ਦਿਨ ਕਹੇ ਮੇਰੀ ਵੱਜੀ ਵਧਾਈ, ਘੜੀ ਪਲ ਖ਼ੁਸ਼ੀ ਰਹੇ ਮਨਾਈਆ । ਸੰਤ ਮਿਲਿਆ ਬੇਪਰਵਾਹੀ, ਬੇਪਰਵਾਹ ਆਪਣੇ ਰੰਗ ਸਮਾਈਆ । ਦੋਹਾਂ ਵਿਚੋਂ ਲੱਭਣ ਵਾਲੀ ਵਸਤ ਸਮਝ ਕਿਸੇ ਨਾ ਆਈ, ਬਿਨ ਗੁਰਮੁਖ ਗੁਰ ਬੂਝ ਨਾ ਕਿਸੇ ਬੁਝਾਈਆ । ਏਸੇ ਕਾਰਨ ਗੁਰ ਅਵਤਾਰ ਪੀਰ ਪੈਗ਼ੰਬਰ ਜਗਤ ਕਰ ਕੇ ਗਏ ਸ਼ਨਵਾਈ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਜਗਤ ਲਿਖਾਈਆ । ਬਿਨ ਸੰਤ ਸਤਿਗੁਰ ਦਰਗਾਹ ਸਾਚੀ ਮਿਲੇ ਨਾ ਕੋਈ ਚਾਈਂ ਚਾਈਂ, ਚਾਉ ਘਨੇਰਾ ਨਾ ਕੋਇ ਰਖਾਈਆ । ਆਓ ਸੰਤ ਜੀ ਚਲੀਏ ਉਸ ਥਾਈਂ, ਜਿਸ ਘਰ ਬੈਠਾ ਬੇਪਰਵਾਹੀਆ । ਇਕੋ ਨਿਰਗੁਣ ਜੋਤ ਕਰੇ ਰੁਸ਼ਨਾਈ, ਦੀਆ ਬਾਤੀ ਹੋਰ ਨਾ ਕੋਇ ਟਿਕਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ੀ ਬੈਠਾ ਡੇਰਾ ਲਾਈ, ਸੋਭਾਵੰਤ ਨਰ ਨਰਾਇਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਇਕ ਦ੍ਰਿੜਾਈਆ । ਅੱਜ ਦਾ ਦਿਹਾੜਾ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਸੰਤਾਂ ਨਾਲ ਸਤਿਗੁਰ ਹੋਇਆ ਇਕੱਠ, ਸੰਤ ਸਾਜਣ ਮਿਲਿਆ ਬੇਪਰਵਾਹੀਆ । ਅੰਤਰ ਆਤਮ ਪਿਆਰ ਰਸ, ਪ੍ਰੇਮ ਪ੍ਰੀਤੀ ਬੰਧਨ ਪਾਈਆ । ਕਰੇ ਖੇਲ ਪੁਰਖ ਸਮਰਥ, ਵਡ ਦਾਤਾ ਇਕ ਅਖਵਾਈਆ । ਸਾਚੇ ਮੰਦਰ ਉਚ ਮਹੱਲ ਅਟਲ ਰਿਹਾ ਵਸ, ਵਸਲ ਹਕੀਕਤ ਹਕ ਵਿਚੋਂ ਸਚ ਦਏ ਕਰਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਜ਼ਰੀ ਆਏ ਸਤਿ ਪ੍ਰਤਖ, ਸਵੱਛ ਸਰੂਪੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਬੰਕ ਦਵਾਰਾ ਖੋਜ ਖੋਜਾਈਆ । ਅੱਜ ਦਾ ਦਿਨ ਕਹੇ ਮੇਰੀ ਚੰਗੀ ਘੜੀ, ਘੜਿਆਲ ਆਪਣਾ ਆਪ ਰਹੀ ਵਜਾਈਆ । ਜੋ ਸਤਰਾਂ ਨਾਲ ਕਹਾਣੀ ਸੰਤਾਂ ਪੜ੍ਹੀ, ਸੋ ਸਤਿਗੁਰ ਵਾਚੇ ਚਾਈਂ ਚਾਈਆ । ਇਸ ਦੇ ਨਾਲੋਂ ਅੱਗੇ ਇਕ ਹੋਰ ਵੱਖਰੀ ਲੜੀ, ਜੋ ਰਸਨਾ ਜਿਹਵਾ ਸਕੇ ਨਾ ਕੋਇ ਸਮਝਾਈਆ । ਜਿਸ ਦੀ ਡੋਰ ਪੁਰਖ ਅਕਾਲ ਆਪਣੇ ਹੱਥ ਫੜੀ, ਤੰਦੀ ਤੰਦ ਨਾਲ ਜੁੜਾਈਆ । ਤ੍ਰੈਗੁਣ ਮਾਇਆ ਪੰਜ ਤਤ ਨਾਲੋਂ ਕਰ ਕੇ ਬਰੀ, ਮਹਿਜ਼ ਆਪਣਾ ਰੰਗ ਰੰਗਾਈਆ । ਉਥੇ ਕੋਈ ਜਾ ਨਾ ਸਕੇ ਸ਼ਰੀਅਤ ਸ਼ਰਅਈ, ਲਾਸ਼ਰੀਕ ਆਪਣੀ ਖੇਲ ਖਿਲਾਈਆ । ਤੱਕ ਨਜ਼ਾਰਾ ਓਮ ਹਰੀ, ਹਰੀਅੰ ਲਰੀਅੰ ਸ੍ਰੀਅੰ ਆਪਣਾ ਰੰਗ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਰੀ, ਦਰਵੇਸ਼ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਜਿਸ ਦਾ ਮਾਲਕ ਇਕ ਅਖਵਾਈਆ । ਅੱਜ ਦਾ ਦਿਨ ਕਹੇ ਮੈਂ ਤੱਕਿਆ ਸਚ ਨਜ਼ਾਰਾ, ਨੌ ਸੱਤ ਵੱਜੀ ਸਤਿ ਵਧਾਈਆ । ਜਿਸ ਦਾ ਲੱਭਿਆ ਨਾ ਕੋਈ ਕਿਨਾਰਾ, ਨਈਆ ਨੌਕਾ ਹੱਥ ਨਾ ਕੋਇ ਫੜਾਈਆ । ਵੰਝ ਮੁਹਾਣਾ ਪਾਰ ਕਿਨਾਰਾ, ਆਰ ਪਾਰ ਦੋਵੇਂ ਰਾਹ ਛੁਡਾਈਆ । ਤਿਸ ਦਾ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਕਾਰ ਕਮਾਈਆ ।

ਪਹਿਲੀ ਵੇਰ ਪਿਆਰ ਦਾ ਪ੍ਰੇਮ ਅਧਾਰਾ, ਵਣਜ ਅੱਗੇ ਅਨਮੁਲੜਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਦਾ ਦੇ ਇਸ਼ਾਰਾ, ਦਰ ਦਰਵਾਜ਼ਾ ਆਪੇ ਦਏ ਖੁਲ੍ਹਾਈਆ । ਇਹ ਹੱਥ ਬੜਾ ਅਨੋਖਾ, ਪੰਜ ਦਸ ਕਰੇ ਕੁੜਮਾਈਆ । ਪ੍ਰਭ ਨੂੰ ਮਿਲਣਾ ਬੜਾ ਸੌਖਾ, ਜੇ ਸਤਿਗੁਰ ਹੋਏ ਸਹਾਈਆ । ਉਥੇ ਪੜ੍ਹਨਾ ਪਏ ਨਾ ਕੋਈ ਪੋਥਾ, ਵਰਕਿਆਂ ਫੇਰ ਨਾ ਕੋਇ ਉਲਟਾਈਆ । ਰੱਖਣਾ ਪਏ ਨਾ ਕੋਈ ਰੋਜ਼ਾ, ਨਿਮਾਜ਼ਾਂ ਵਿਚ ਨਾ ਸੀਸ ਝੁਕਾਈਆ । ਨਿੰਦਰਾ ਵਿਚ ਲਾਉਣਾ ਕੋਇ ਨਾ ਝੋਕਾ, ਜਲ ਧਾਰਾ ਸੀਸ ਨਾ ਕੋਇ ਟਿਕਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲੇ ਇਕੋ ਮੌਕਾ, ਜੋ ਮੁਕੰਮਲ ਬਰੀਖ਼ਾਨਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਸਤਿ ਦਏ ਦ੍ਰਿੜਾਈਆ । ਹੱਥ ਨਾਲ ਹੋਇਆ ਮਿਲਾਪ, ਉਂਗਲੀਆਂ ਉਂਗਲੀਆਂ ਦੇਣ ਗਵਾਹੀਆ । ਲੋੜ ਰਹੀ ਨਾ ਕਿਸੇ ਕਰਨ ਦੀ ਜਾਪ, ਜਗ ਜੀਵਣ ਦਾਤਾ ਸਾਰੇ ਲੇਖੇ ਦਏ ਮੁਕਾਈਆ । ਜੋ ਪਿਤਾ ਬਣ ਗਿਆ ਧੁਰ ਦਾ ਬਾਪ, ਬੇਟੇ ਆਪਣੀ ਗੋਦ ਬਿਠਾਈਆ । ਤੂੰ ਮੇਰਾ ਮੈਂ ਤੇਰਾ ਸਾਕ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋ ਕੁਛ ਕਹਿਣਾ ਹੁਣ ਦਿਓ ਆਖ, ਅੱਗੇ ਲੇਖਾ ਦਏ ਚੁਕਾਈਆ । ਜੇ ਘਰ ਖੁਲ੍ਹਿਆ ਨਹੀਂ ਬਜਰ ਕਪਾਟ, ਸਿਰ ਹੱਥ ਰੱਖ ਪੜਦਾ ਦਏ ਉਠਾਈਆ । ਲਹਿਣਾ ਏਥੇ ਓਥੇ ਹੋਵੇ ਨਾ ਕਦੇ ਬਿਬਾਕ, ਸਦਾ ਸੁਹੇਲਾ ਆਪਣਾ ਸੰਗ ਨਿਭਾਈਆ । ਪਹਿਲੇ ਦਿਨ ਦਾ ਪਹਿਲਾ ਵਾਕ, ਭਵਿਖਤਾਂ ਵਿਚ ਕੁੜਮਾਈਆ । ਚਲਦਿਆਂ ਫਿਰਦਿਆਂ ਸੁਤਿਆਂ ਜਾਗਦਿਆਂ ਸੁਣੇ ਉਹ ਆਵਾਜ਼, ਜਿਸ ਦੀ ਸਮਝ ਕੋਇ ਨਾ ਪਾਈਆ । ਇਹੋ ਜਿਹਾ ਕੋਈ ਨਹੀਂ ਮਿਲਿਆ ਅਗੇ ਸਾਧ, ਜਿਸ ਸਾਧਨਾ ਦਿਤੀ ਸਮਝਾਈਆ । ਜੋ ਪੁੱਛੋਂ ਅੰਦਰ ਬਾਹਰ ਗੁਪਤ ਜ਼ਾਹਰ ਦਿਵਸ ਰੈਣ ਘੜੀ ਪਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਤਮ ਪਰਮਾਤਮ ਸਦਾ ਸਾਥ, ਸੁਹੇਲਾ ਇਕੋ ਇਕ ਅਖਵਾਈਆ । ਉਂਗਲੀਆਂ ਕਹਿਣ ਨੀ ਸੁਣ ਹਥੇਲੀ, ਮੈਂ ਤੈਨੂੰ ਦਿਆਂ ਵਧਾਈਆ । ਮੈਂ ਪਹਿਲੋਂ ਰਹੀ ਅਕੇਲੀ, ਹੁਣ ਮਿਲਿਆ ਬੇਪਰਵਾਹੀਆ । ਮੈਂ ਛੱਡ ਆਈ ਕੂੜੀ ਸਹੇਲੀ, ਜਗਤ ਨਾਤਾ ਦਿਤਾ ਤੁੜਾਈਆ । ਅਸੀਂ ਮਿਲ ਗਏ ਬੇਲੀ ਬੇਲੀ, ਬੇਲਿਆਂ ਵਿਚ ਲੁਕਣ ਕੋਇ ਨਾ ਜਾਈਆ । ਜਿਸ ਨੇ ਨਾਮ ਪਦਾਰਥ ਦੀ ਭਰ ਕੇ ਵੱਡੀ ਥੈਲੀ, ਇਕੋ ਵਾਰ ਅੰਦਰ ਦਿਤੀ ਉਲਟਾਈਆ । ਮੈਂ ਸਾਰਿਆਂ ਨਾਲੋਂ ਹੋ ਕੇ ਵਿਹਲੀ, ਇਕੋ ਕੰਤ ਰਹੀ ਮਨਾਈਆ । ਮੇਰਾ ਜੋਬਨ ਮਸਤ ਜਵਾਨੀ ਅਲਬੇਲੀ, ਅਵੱਲੜਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਨਾਲ ਹੱਥ ਦਿਤਾ ਮਿਲਾਈਆ ।



### ਪਹਿਲੀ ਅੱਸੂ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਸਭ ਤੋਂ ਨੀਵਾਂ ਆਪ ਪ੍ਰਭ, ਜੋ ਹਰ ਘਟ ਰਿਹਾ ਸਮਾਈਆ । ਦੋ ਜਹਾਨਾਂ ਰਿਹਾ ਭੱਜ, ਚਾਕਰ ਸੇਵਕ ਰੂਪ ਵਟਾਈਆ । ਲੱਖ ਚੁਰਾਸੀ ਵਿਚੋਂ ਲਏ ਲੱਭ, ਘਰ ਘਰ ਖੋਜ ਖੋਜਾਈਆ । ਕੋਟਨ ਕੋਟ ਜੁਗ ਗਏ ਲਦ, ਹਰਿ ਕਾ ਭੇਵ ਕੋਇ ਨਾ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਜਗਤ ਸ੍ਰਿਸ਼ਟੀ ਪਾਰ ਨਾ ਕਰ ਸਕਿਆ ਕੋਈ ਹੱਦ, ਮੰਜ਼ਲ ਮਜ਼ਾਰ ਵੇਖ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਨਿਵਣ ਸੁ ਅੱਖਰ ਇਕ ਦ੍ਰਿੜਾਈਆ । ਸਭ ਤੋਂ ਨੀਵਾਂ ਠਾਕਰ ਸਵਾਮੀ, ਹਰਿ ਕਰਤਾ ਇਕ ਅਖਵਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਗ੍ਰਿਹਿ ਗ੍ਰਿਹਿ ਖੋਜ ਖੋਜਾਇੰਦਾ । ਜੁਗ ਚੌਕੜੀ ਸਾਧ ਸੰਤ ਪੜ੍ਹਦੇ ਜਿਸ ਦੀ ਬਾਣੀ, ਧੁਰ ਦਾ ਨਾਦੀ ਨਾਦ ਸੁਣਾਇੰਦਾ । ਜੋ ਨਿਤ ਨਵਿਤ ਦੱਸਣਹਾਰਾ ਬੋਧ ਅਗਾਧ ਕਹਾਣੀ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜਿਸ ਦਾ ਸਤਿ ਸਰੋਵਰ ਅੰਮ੍ਰਿਤ ਰਸ ਅਗੰਮਾ ਪਾਣੀ, ਨੀਰ ਸੀਰ ਜਾਮ ਪਿਆਇੰਦਾ । ਉਹ ਖੇਲੇ ਖੇਲ ਸੱਚਾ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਪਦ ਯਾਤਰਾ ਸਾਧ ਸੰਤ ਕਰਨ ਵਿਚ ਜਹਾਨੀ, ਅੰਤਰ ਆਤਮ ਮੰਜ਼ਲ ਪੰਧ ਨਾ ਕੋਇ ਮੁਕਾਇੰਦਾ । ਨੀਵਿਆਂ ਦੀ ਸੁਣੋ ਕਹਾਣੀ, ਗੁਰਮੁਖ ਨੀਵਾਂ ਸਭ ਤੋਂ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਸਭ ਤੋਂ ਨੀਵਾਂ ਪਾਰਬ੍ਰਹਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨਾ ਮਰੇ ਨਾ ਪਏ ਜੰਮ, ਜੂਨੀ ਜੂਨ ਨਾ ਕੋਇ ਭਵਾਈਆ । ਨਿਤ ਨਵਿਤ ਨਿਹਕਰਮੀ ਹੋ ਕੇ ਜਾਣੇ ਆਪਣਾ ਕੰਮ, ਨਿਰਗੁਣ ਸਰਗੁਣ ਖੇਲ ਖਿਲਾਈਆ । ਲੱਖ ਚੁਰਾਸੀ ਘੜੇ ਲਏ ਭੰਨ, ਸਮਰਥ ਪੁਰਖ ਬੇਪਰਵਾਹੀਆ । ਨਿਰਗੁਣ ਪਰਕਾਸ਼ ਜੋਤ ਕਰੇ ਅੰਧੇਰੇ ਅੰਧ, ਘਰ ਦੀਆ ਬਾਤੀ ਇਕ ਜਗਾਈਆ । ਬਿਨ ਸਤਿਗੁਰ ਸਰਨਾਈ ਮੁਕਿਆ ਕਿਸੇ ਨਾ ਪੰਧ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਨਾਰ ਦੁਹਾਗਣ ਫਿਰੇ ਰੰਡ, ਬਿਨ ਹਰਿ ਕੰਤ ਨਾ ਕੋਇ ਪਰਨਾਈਆ । ਜਿਸ ਦੀ ਸਿਫ਼ਤ ਅੰਦਰ ਗਾਏ ਛੰਦ, ਸੋ ਸ਼ਹਿਨਸ਼ਾਹ ਇਕ ਅਖਵਾਈਆ । ਤਹਿਸੀਲ ਹੋਰ ਨਾ ਠਾਣਾ ਹੋਰ ਦੋਹਾਂ ਦਾ ਮਾਲਕ ਇਕ ਬਖ਼ਸ਼ੰਦ, ਸਿਰ ਸਭ ਦੇ ਹੱਥ ਟਿਕਾਈਆ । ਟਿਕਾਣਾ ਹੋਰ ਨਾ ਹੋਰ ਦੇਵੇ ਇਕ ਅਨੰਦ, ਸਾਚੇ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਭ ਤੋਂ ਨੀਵਾਂ ਏਕੰਕਾਰ, ਅਕਲ ਕਲਾ ਅਖਵਾਇੰਦਾ । ਜੁਗ ਚੌਕੜੀ ਖੇਲ ਅਪਾਰ, ਅਪਰੰਪਰ ਆਪ ਜਣਾਇੰਦਾ । ਨਿਰਗੁਣ ਹੋ ਕੇ ਸਰਗੁਣ ਕਰੇ ਪਿਆਰ, ਅੰਦਰ ਵੜ ਵੜ ਵੇਖ ਵਖਾਇੰਦਾ । ਮੰਜ਼ਲ ਪੌੜੀ ਚੜ੍ਹ ਉਚ ਮਿਨਾਰ, ਸਚ ਦਵਾਰੇ ਸੋਭਾ ਪਾਇੰਦਾ । ਆਪਣੀ ਆਤਮ ਪਰਮਾਤਮ ਕਰ ਕੇ ਖ਼ਬਰਦਾਰ, ਬ੍ਰਹਮ ਪਾਰਬ੍ਰਹਮ ਇਸ਼ਾਰੇ ਨਾਲ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਭ ਤੋਂ ਨੀਵਾਂ ਹਰਿ ਭਗਵੰਤ, ਭਗਵਨ ਬੇਪਰਵਾਹੀਆ । ਜਿਸ ਦਾ ਦੋ ਜਹਾਨਾਂ ਇਕੋ ਮੰਤ, ਕਲਮਾ ਇਕ ਪੜ੍ਹਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਨਮੋ ਨਮੋ ਕਰਦੇ ਸੰਤ, ਪੀਰ ਪੈਗ਼ੰਬਰ ਗੁਰ ਅਵਤਾਰ ਰਹੇ ਧਿਆਈਆ । ਸੋ ਸਦਾ ਸਵਾਮੀ ਧੁਰ ਦਾ ਕੰਤ, ਕੰਤੂਹਲ ਬੇਪਰਵਾਹੀਆ । ਜਿਸ ਦਾ ਭੇਵ ਕੋਈ ਨਾ ਜਾਣੇ ਪਾਂਧਾ ਪੰਡਤ, ਮੁੱਲਾ ਸ਼ੇਖ਼ ਮੁਸਾਇਕ ਸਮਝ ਕੋਇ ਨਾ ਆਈਆ । ਤਿਸ ਦਾ ਵਰਨ ਬਰਨ ਧਰਮ ਇਕ ਅਖੰਡਤ, ਖੰਡਤ ਕਰੇ ਨਾ ਕੋਇ ਲੋਕਾਈਆ । ਜੋ ਓਸ ਦਵਾਰੇ ਆਵੇ ਮੰਗਤ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਸਾਹਿਬ ਸਵਾਮੀ ਅੰਦਰ ਚਾੜ੍ਹੇ ਰੰਗਤ, ਬਾਹਰੋਂ ਕੱਪੜੇ ਰੰਗੇ ਵੇਖੇ ਜਗਤ ਲੋਕਾਈਆ । ਮਿਹਣਿਆਂ ਵਿਚ ਸੁਣੇ ਮਿੰਨਤ, ਮਿਹਰ ਨਜ਼ਰ ਇਕ ਉਠਾਈਆ । ਇਹ ਤੇਰੀ ਗੁਰਮੁਖ ਵੱਡੀ ਹਿੰਮਤ, ਜੋ ਚਰਨ ਪਿਆ ਸਰਨਾਈਆ । ਅੱਗੇ ਰਹਿਣ ਨਾ ਦੇਵੇ ਕੋਈ ਇੱਲਤ, ਸਾਢੇ ਤਿੰਨ ਹੱਥ ਅੰਦਰ ਘੁੰਡੀ ਦਏ ਖੁਲ੍ਹਾਈਆ । ਜਗਤ ਦੱਸਣਾ ਚਾਰੋਂ ਕੁੰਟ ਸਾਚੀ ਸਿੰਮਤ, ਕੂਕ ਕੂਕ ਸੁਣਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਨਿਤ ਨਵਿਤ ਸਚਖੰਡ ਦਵਾਰੇ ਲੈਂਦੇ ਰਹੇ ਸਿਖਤ, ਧੁਰ ਦੀ ਕਰੇ ਪੜ੍ਹਾਈਆ । ਜਿਸ ਦਾ ਸ਼ਾਸਤਰ

ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਦੱਸਦੀ ਰਹੀ ਭਵਿਖਤ, ਇਸ਼ਾਰਿਆਂ ਨਾਲ ਜਣਾਈਆ । ਉਹ ਸਭ ਦਾ ਸਵਾਮੀ ਬਣ ਕੇ ਆਇਆ ਇਸ਼ਟ, ਆਸ਼ਕ ਮਾਸ਼ੂਕ ਇਕੋ ਰੰਗ ਰੰਗਾਈਆ । ਸਾਧਾਂ ਸੰਤਾਂ ਕੂਕ ਸੁਣਾਵੇ ਦਰਸ਼ਨ ਕਰਦਿਆਂ ਸਭ ਦੀ ਖੋਲ੍ਹੇ ਦ੍ਰਿਸ਼ਟ, ਵਸ਼ਿਸ਼ਟ ਜੋ ਰਾਮਾ ਵਿਸ਼ੇਸ਼ ਦਏ ਵਡਿਆਈਆ । ਤੁਹਾਡੇ ਚਰਨਾਂ ਹੇਠ ਰੋਲ ਕੇ ਬਹਿਸ਼ਤ, ਸਵਰਗ ਪੈਰਾਂ ਹੇਠ ਦਬਾਈਆ । ਤੁਹਾਡੇ ਮਸਤਕ ਲਾ ਕੇ ਨਾਮ ਦਾ ਸੱਚਾ ਤਿਲਕ, ਜੋਤ ਲਿਲਾਟ ਦਏ ਜਗਾਈਆ । ਜਿਹੜਾ ਵੀਹ ਸੌ ਇੱਕੀ ਏਸ ਮੰਜ਼ਲ ਤੋਂ ਗਿਆ ਤਿਲਕ, ਦੋ ਜਹਾਨ ਸਾਰ ਕੋਇ ਨਾ ਆਈਆ । ਜੋ ਜਨ ਸੁਣ ਕੇ ਜਾਏ ਖਿਸਕ, ਪੱਲੂ ਲਏ ਛੁਡਾਈਆ । ਤਿਸ ਨੂੰ ਜਗਤ ਪਾ ਦਏ ਸਿਦਕ, ਬਿਨ ਪ੍ਰਭ ਸਾਚੇ ਦੇਵੇ ਨਾ ਕੋਇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਵਿਆਂ ਨੀਵਾਂ ਦਏ ਜਗਾਈਆ । ਸਭ ਤੋਂ ਨੀਵਾਂ ਹਰਿ ਜੂ ਠਾਕਰ, ਠੋਕਰ ਨਾਮ ਲਗਾਈਆ । ਕਲਜੁਗ ਵੇਖ ਗਹਿਰਾ ਸਾਗਰ, ਸਮੁੰਦ ਖੋਜ ਖੋਜਾਈਆ । ਨਿਰਮਲ ਕਰਮ ਕਰੇ ਉਜਾਗਰ, ਮਿਹਰ ਨਜ਼ਰ ਟਿਕਾਈਆ । ਓਨ੍ਹਾਂ ਮਿਲਦਾ ਸੱਚਾ ਆਦਰ, ਜੋ ਪੂਰਬ ਵਿਛੜੇ ਅੰਤ ਲਏ ਮਿਲਾਈਆ । ਕੋਈ ਨਾ ਲੇਖਾ ਜਾਣੇ ਮਕਤੂਲ, ਕਾਤਲ, ਏਥੇ ਓਥੇ ਭੇਵ ਕੋਇ ਨਾ ਰਾਈਆ । ਪ੍ਰਭ ਦਾ ਭੇਵ ਅਗੰਮੀ ਬਾਤਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਤੇਰਾ ਚੌਥੇ ਜਨਮ ਦਾ ਇਕ ਸਾਥਣ, ਸਾਥੀ ਨਜ਼ਰੀ ਆਈਆ । ਗੁਰਮੀਤ ਸਿੰਘ ਜਿਸ ਨੂੰ ਆਖਣ, ਦੋਆਬੇ ਬੈਠਾ ਡੇਰਾ ਲਾਈਆ । ਦੋਹਾਂ ਦਾ ਇਕੋ ਮਾਈ ਇਕੋ ਬਾਪਣ, ਗੋਦੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਬੂਝ ਬੁਝਾਈਆ । ਨੀਵਿਆਂ ਦਾ ਧੁਰ ਦਾ ਲੇਖਾ, ਹਰਿ ਕਰਤਾ ਆਪ ਚੁਕਾਇੰਦਾ । ਪੂਰਬ ਜਨਮ ਦਾ ਕੱਢ ਭੁਲੇਖਾ, ਭਾਂਡਾ ਭਰਮ ਭੰਨਾਇੰਦਾ । ਰਾਤ ਸੁਫ਼ਨੇ ਵਿਚ ਕਰਾ ਕੇ, ਪਿਛਲੇ ਜਨਮ ਦਾ ਚੇਤਾ, ਪੜਦਾ ਓਹਲਾ ਸਰਬ ਉਠਾਇੰਦਾ । ਚਰਨ ਪ੍ਰੀਤੀ ਬਖ਼ਸ਼ ਕੇ ਹੇਤਾ, ਮਿੱਤਰ ਪਿਆਰਾ ਜੋੜ ਜੁੜਾਇੰਦਾ । ਪਿਛਲਾ ਠਠਿਆਰਾਂ ਘਰ ਠੇਕਾ, ਅਗਲਾ ਅੱਗੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਭ ਤੋਂ ਨਿੱਕਾ ਸਿਰਜਣਹਾਰ, ਸਿਰ ਸਿਰ ਰਿਜ਼ਕ ਪੁਚਾਈਆ । ਜੋ ਸੁੱਤੇ ਪੈਰ ਪਸਾਰ, ਘਰ ਘਰ ਜਾ ਜਾ ਰਿਹਾ ਉਠਾਈਆ । ਗ਼ਫ਼ਲਤ ਵਿਚ ਕਰੇ ਗੁਫ਼ਤਾਰ, ਅਸਲੀਅਤ ਆਪਣੀ ਦਏ ਦ੍ਰਿੜਾਈਆ । ਮੁਹੱਬਤ ਵਿਚ ਕਰੇ ਪਿਆਰ, ਮਹਿਬੂਬ ਹੋ ਕੇ ਗਲੇ ਲਗਾਈਆ । ਖ਼ੁਸ਼ੀਆਂ ਵਿਚ ਕਰੇ ਇਜ਼ਹਾਰ, ਇਬਾਰਤ ਆਪਣੀ ਨਾ ਕਿਸੇ ਸਮਝਾਈਆ । ਕਾਇਆ ਮੰਦਰ ਸਚ ਮਿਨਾਰ, ਵੇਖਣਹਾਰਾ ਚਾਈਂ ਚਾਈਂਆ । ਦੀਵਾ ਬਾਤੀ ਕਮਲਾਪਾਤੀ ਘਰ ਠਾਕਰ ਕਰ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਹਿਲੀ ਚੇਤ ਦੀ ਸਾਖਿਆਤ ਅਖ਼ਬਾਰ, ਤੁਹਾਡੇ ਸਾਹਮਣੇ ਦਿਤੀ ਵਖਾਈਆ । ਜੋ ਚਾਰ ਕੁੰਟ ਕਰੇ ਪ੍ਰਚਾਰ, ਉਚੀ ਕੂਕ ਕੂਕ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪ੍ਰੈਸ ਹਰਿ ਸੰਗਤ ਰਿਹਾ ਬਣਾਈਆ । ਹਰਿ ਸੰਗਤ ਤੇਰਾ ਸਾਚਾ ਪ੍ਰੈਸ, ਬੇਪਰਵਾਹ ਆਪ ਜਣਾਈਆ । ਜਿਸ ਦੇ ਉਤੇ ਇਕੋ ਲਿਖੇ ਐਸ ਐਚ, ਦੂਜੀ ਹੋਰ ਨਾ ਕੋਇ ਲਿਖਾਈਆ । ਜਿਸ ਦੇ ਅੱਖਰਾਂ ਦਾ ਖਿੱਚੇ ਨਾ ਕੋਈ ਸਕੈਚ, ਨਕਸ਼ਾ ਨਾ ਕੋਇ ਬਣਾਈਆ । ਕਿਸੇ ਢਾਂਚੇ ਸਾਂਚੇ ਵਿਚ ਕਰੇ ਨਾ ਫ਼ਿੱਟ, ਅੱਗੇ ਪਿਛੇ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬਿਨਾ ਸੇਵਾ ਤੋਂ ਤਾਰਨ ਆਇਆ ਜਗ, ਪਿਛਲੀ ਰੀਤੀ ਦਿਤੀ ਚੁਕਾਈਆ । ਚਾਰ ਜੁਗ



੫੭੫
੧੭

ਦੇ ਭਗਤ ਸਾਰੇ ਚਰਨ ਕਵਲ ਲਵਾਂ ਸੱਦ, ਸ਼ਬਦੀ ਹੁਕਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਭੱਜ, ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਈ ਨਾ ਲਾਵੇ ਪੱਜ, ਸੀਸ ਨਿਵਾਵਣ ਥਾਉਂ ਥਾਈਆ । ਪਿਛਲੀ ਇਨ੍ਹਾਂ ਦੀ ਖੋਲ੍ਹ ਕੇ ਅੱਖ, ਬਿਨ ਅੱਖਾਂ ਦਏ ਸਮਝਾਈਆ । ਇਹ ਰਾਮ ਕ੍ਰਿਸ਼ਨ ਦਾ ਮਾਲਕ ਪ੍ਰਤਖ, ਬੇਅੰਤ ਬੇਪਰਵਾਹੀਆ । ਜਿਸ ਦਾ ਵੇਦਾਂ ਗਾਇਆ ਜਸ, ਸ਼ਾਸਤਰ ਸਿਮਰਤ ਰੱਖੀ ਆਸ, ਗੀਤਾ ਗਿਆਨ ਕਹਿ ਕੇ ਪਈ ਹੱਸ, ਹਸਤੀ ਇਕ ਸਮਝਾਈਆ । ਜਿਸ ਦਰੋਪਤ ਰੱਖੀ ਪਤ, ਉਹ ਮਾਲਕ ਸਭ ਦੇ ਸਿਰ ਤੇ ਰੱਖੇ ਹੱਥ, ਵਸਤ ਅਮੋਲਕ ਸਾਚੇ ਮੰਦਰ ਕਾਇਆ ਦੇਵੇ ਰੱਖ, ਮੰਗਣ ਕਿਸੇ ਦਰ ਨਾ ਜਾਈਆ । ਨਾ ਕੋਈ ਪੂਜਾ ਕਰਾਵੇ ਪਾਠ, ਨਾ ਕੋਈ ਨੁਹਾਵੇ ਤੀਰਥ ਤਾਟ, ਨਾ ਕੋਈ ਦਸਾਵੇ ਸ਼ਿਵਦਵਾਲਾ ਮਾਠ, ਗੁਰੂਦਵਾਰਾ ਕਾਇਆ ਬੰਕ ਸੁਹਾਈਆ । ਨਾ ਕੋਈ ਵਣਜ ਕਰਾਏ ਕਿਸੇ ਹਾਟ, ਨਾ ਕੋਈ ਤੀਰਥ ਫਿਰਾਏ ਤਾਟ, ਨਾ ਜੰਗਲਾਂ ਵਿਚ ਭਵਾਏ ਵਾਟ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਪ੍ਰੇਮ ਪਿਆਰ ਦਾ ਲਾਏ ਘਾਤ, ਲੇਖ ਲਿਖਾਵੇ ਨਾਲ ਕਲਮ ਦਵਾਤ, ਅੰਦਰੋਂ ਖੋਲ੍ਹ ਕੇ ਬੰਦ ਤਾਕ, ਤਾਜਾਂ ਵਾਲਾ ਘਰ ਘਰ ਨਜ਼ਰੀ ਆਈਆ । ਜਾ ਕੇ ਦਰ ਦਰ ਦਿਓ ਆਵਾਜ਼, ਆਇਆ ਸਾਹਿਬ ਗ਼ਰੀਬ ਨਿਵਾਜ਼, ਜਿਸ ਦਾ ਬੇੜਾ ਇਕ ਜਹਾਜ਼, ਚਾਰ ਵਰਨ ਅਠਾਰਾਂ ਬਰਨ ਰਿਹਾ ਚੜ੍ਹਾਈਆ । ਜਿਸ ਨੂੰ ਸਾਹਮਣੇ ਮਿਲਣ ਦੀ ਖ਼ਾਹਿਸ਼, ਉਸ ਦਾ ਬਣੇ ਦਰਦੀ ਦਾਸ, ਦੇਵੇ ਰਸ ਅੰਦਰ ਪਵਣ ਸਵਾਸ, ਸਾਹ ਸਾਹ ਸਮਾਈਆ । ਨਾਤਾ ਤੋੜ ਕੇ ਜ਼ਾਤ ਪਾਤ, ਚਰਨ ਧੂੜੀ ਦੇਵੇ ਖ਼ਾਕ, ਅੰਤਰ ਆਤਮ ਕਰੇ ਮੁਸ਼ਤਾਕ ਮੁਸ਼ਕਲ ਅਗਲੀ ਹੱਲ ਕਰਾਈਆ । ਲਹਿਣਾ ਦੇਣਾ ਹੋਏ ਬੇਬਾਕ, ਦਰਗਾਹ ਸਾਚੀ ਮਿਲੇ ਖਿਤਾਬ, ਅੰਤਰ ਪਿਆਏ ਆਬੇਹਯਾਤ, ਹਯਾਤੀ ਦੇਵੇ ਜਗਤ ਬਦਲਾਈਆ । ਜਿਸ ਦਾ ਲੈਂਦੇ ਰਹੇ ਖ਼ੁਆਬ, ਜਿਸ ਨੂੰ ਲੱਭਦੇ ਰਿਹੇ ਹੁਜਰਿਆਂ ਵਿਚੋਂ ਮਹਿਰਾਬ, ਜਿਸ ਨੂੰ ਬਾਂਗਾਂ ਵਿਚ ਮਾਰਦੇ ਰਹੇ ਆਵਾਜ਼, ਹੋਕਿਆ ਵਿਚ ਧਿਆਈਆ । ਜਿਸ ਨੂੰ ਗਾਉਂਦੇ ਰਾਗ ਨਾਦ, ਜਿਸ ਨੂੰ ਲੱਭਦੇ ਸੰਤ ਸਾਧ, ਜਿਸ ਨੂੰ ਸਾਰੇ ਕਹਿੰਦੇ ਗੁਰੂ ਮਹਾਰਾਜ, ਮਾਲਕ ਇਕ ਅਖਵਾਈਆ । ਉਸ ਦਵਾਰੇ ਜਾਓ ਭਾਗ, ਕੂੜੀ ਕਿਰਿਆ ਧੋਵੇ ਦਾਗ਼, ਸੁਰਤ ਮਿਲਾਵੇ ਕੰਤ ਸੁਹਾਗ, ਸੋਹਣਾ ਜੋੜ ਜੁੜਾਈਆ । ਨੀਵੇਂ ਹੋਣ ਦੀ ਸਿਖ ਕੇ ਜਾਣੀ ਜਾਚ, ਭਾਗ ਲੱਗੇ ਕਾਇਆ ਮਾਟੀ ਕਾਚ, ਹਿਰਦੇ ਉਪਜੇ ਸਾਚੇ ਸਾਚ, ਜੂਠ ਝੂਠ ਰਹਿਣ ਨਾ ਪਾਈਆ । ਅੰਤਰ ਆਤਮ ਇਕ ਵੈਰਾਗ, ਕੂੜੀ ਤ੍ਰਿਸ਼ਨਾ ਹੋਵੇ ਤਿਆਗ, ਉਹ ਸੁੱਤੀ ਜਾਏ ਜਾਗ, ਜਿਸ ਨੂੰ ਮਾਲਕ ਟੁੰਬ ਟੁੰਬ ਉਠਾਈਆ । ਇਹ ਰੈਣ ਨਹੀਂ ਇਹ ਰਾਤ, ਇਹ ਭਗਤਾਂ ਦੀ ਪਰਭਾਤ, ਪਹਿਲੀ ਅੱਸੂ ਦੀ ਸਚ ਸੁਗਾਤ, ਸਭ ਦੀ ਝੋਲੀ ਪਾਈਆ । ਇਹ ਗੁਰਮੁਖ ਬਣ ਕੇ ਆਏ ਬਰਾਤ, ਸੋਹਣੇ ਲਾੜੇ ਵੱਲ ਮਾਰਨ ਝਾਤ, ਨੇਤਰ ਅੱਖ ਇਕ ਖੁਲ੍ਹਾਈਆ । ਜਿਸ ਦਾ ਇਕੋ ਪੂਜਾ ਪਾਠ, ਇਕੋ ਮੰਤਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਪਹਿਲੀ ਅੱਸੂ, ਅਸਵ ਅਸਵਾਰ ਆਪ ਜਣਾਇੰਦਾ । ਦੋ ਜਹਾਨਾਂ ਗੁਰ ਅਵਤਾਰ ਪੀਰ ਪੈਗ਼ੰਬਰ ਨੱਠ ਨੱਠ ਦੱਸੂ, ਸਚਖੰਡ ਨਿਵਾਸੀ ਹੁਕਮ ਜਣਾਇੰਦਾ । ਸੰਦੇਸੇ ਅੰਦਰ ਕੋਈ ਨਾ ਬਚੂ, ਪੜਦਾ ਓਹਲਾ ਨਾ ਕੋਇ ਰਖਾਇੰਦਾ । ਸਿਰ ਤੇ ਓਢਣ ਕਿਸੇ ਰਹੇ ਨਾ ਪਟੂ, ਪੀਤ ਪੀਤੰਬਰ ਨਾ ਕੋਇ ਸੁਹਾਇੰਦਾ । ਖੇਲ ਅਨੋਖਾ ਪੁਰਖ ਅਗੰਮਾ ਘਰ ਘਰ ਘੱਤੂ, ਗਹਿਰ ਗੰਭੀਰ ਭੇਸ ਵਟਾਇੰਦਾ । ਕੂੜੀ ਕਿਰਿਆ ਜੜ੍ਹ ਪੁੱਟੂ, ਨਾਮ ਸੰਦੇਵਾ ਹੱਥ ਉਠਾਇੰਦਾ । ਆਪਣੀ ਕਰਨੀਉਂ ਕਦੇ ਨਾ ਹਟੂ, ਓੜਕ

ਆਪਣੀ ਕਾਰ ਕਮਾਇੰਦਾ । ਜੋ ਕਲਜੁਗ ਜੀਵ ਪ੍ਰਭ ਸਿਮਰਨ ਤੋਂ ਹੋਇਆ ਮਨਖਟੂ, ਕੂੜੇ ਵਹਿਣ ਆਪ ਵਹਾਇੰਦਾ । ਗੁਰਮੁਖ ਗੁਰਸਿਖ ਭਗਤ ਸੁਹੇਲੇ ਸੰਗ ਆਪਣੇ ਰੱਖੂ, ਲੜੀ ਲੜੀ ਨਾਲ ਬੰਧਾਇੰਦਾ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਹੋ ਕੇ ਹੱਸੂ, ਸੋਹੰ ਹੰਸਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਦਰ ਮੰਗਾਇੰਦਾ । ਗੁਰ ਅਵਤਾਰ ਕਹਿਣ ਵਾਹ ਭਗਵਾਨ, ਤੇਰੀ ਵਡਿ ਵਡਿਆਈਆ । ਹਉਂ ਬਾਲਕ ਨੱਢੇ ਬਾਲ ਅੰਞਾਣ, ਸਦ ਤੇਰੀ ਓਟ ਤਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਾਲੀ ਦੋ ਜਹਾਨ, ਪਰਵਰਦਿਗਾਰ ਨੂਰ ਖ਼ੁਦਾਈਆ । ਤੇਰੇ ਦਰ ਤੇ ਕਰੀਏ ਪਰਨਾਮ, ਨਮੋ ਨਮੋ ਸੀਸ ਝੁਕਾਈਆ । ਸੱਜਦਾ ਕਰਕੇ ਕਰੀਏ ਸਲਾਮ, ਸਿਫ਼ਤਾਂ ਨਾਲ ਸਾਲਾਹੀਆ । ਪਹਿਲੋਂ ਮੰਨੀਏ ਉਹ ਇਮਾਮ, ਜਿਸਦੀ ਆਮਦ ਨਜ਼ਰ ਕਿਸੇ ਨਾ ਆਈਆ । ਅੱਖਰਾਂ ਵਿਚ ਤੇਰਾ ਸੁਣਦੇ ਰਹੇ ਪੈਗ਼ਾਮ, ਨਿਰਅੱਖਰ ਨਾ ਕੋਇ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸਾਖਿਆਤ ਹੋ ਕੇ ਦਿਤੀ ਨਾ ਕਿਸੇ ਪਹਿਚਾਨ, ਸ਼ਬਦ ਇਸ਼ਾਰੇ ਨਾਲ ਕਰਦਾ ਰਿਹੋਂ ਜਣਾਈਆ । ਬੇਸ਼ਕ ਭਗਤ ਉਧਾਰਨਾ ਨਹੀਂ ਮੇਰਾ ਕੋਈ ਅਹਿਸਾਨ, ਸੇਵਾ ਕਰਨੀ ਮੈਂ ਆਪਣੀ ਝੋਲੀ ਪਾਈਆ । ਜੁਗ ਚੌਕੜੀ ਕਰ ਪਹਿਚਾਨ, ਵੱਡੇ ਛੋਟੇ ਪਾਰ ਲਗਾਈਆ । ਜਿਨ੍ਹਾਂ ਨੂੰ ਮੇਰੇ ਉਤੇ ਮਾਣ, ਮੈਂ ਉਹਨਾਂ ਦਾ ਪਿਤਾ ਮਾਈਆ । ਜਿੰਨਾਂ ਚਿਰ ਕਿਰਪਾ ਕਰ ਕੇ ਅੰਦਰ ਦੇਵਾਂ ਨਾ ਸਚ ਧਿਆਨ, ਸਮਝ ਸਕੇ ਨਾ ਕੋਇ ਰਾਈਆ । ਕੋਟਨ ਕੋਟ ਜਗਤ ਵਿਦਿਆ ਪੜ੍ਹ ਕੇ ਹੋਏ ਸ਼ੈਤਾਨ, ਸ਼ਰਅ ਵਿਚ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਪ੍ਰਭ ਦੇ ਫ਼ਰਮਾਨ, ਸਾਰੇ ਫੁਰਨੇ ਤੇਰੀ ਝੋਲੀ ਪਾਈਆ । ਉਹ ਮਿਹਰਵਾਨ ਉਠ ਕੇ ਆ ਵਿਚ ਮੈਦਾਨ, ਕਿਉਂ ਬੈਠਾ ਮੁਖ ਛੁਪਾਈਆ । ਜੇ ਤੂੰ ਲੱਖ ਚੁਰਾਸੀ ਦਾ ਧੁਰ ਦਾ ਸੱਚਾ ਕਾਹਨ, ਸੀਸ ਜਗਦੀਸ ਤਾਜ ਸੁਹਾਈਆ । ਚਾਰ ਕੁੰਟ ਕਰਾ ਪਹਿਚਾਨ, ਨਵ ਨੌਂ ਚਾਰ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਖੋਲ੍ਹ ਦੇ ਪੜਦਾ, ਅੰਤ ਇਕੋ ਵਾਰ ਜਣਾਈਆ । ਦੋ ਜਹਾਨ ਤੇਰਾ ਬਰਦਾ, ਦਰਦੀ ਹੋ ਕੇ ਦਰਦ ਵੰਡਾਈਆ । ਕਲਜੁਗ ਅੰਤ ਜੇ ਤੇਰੇ ਬਿਨਾ ਸਾਡਾ ਹੁੰਦਾ ਸਰਦਾ, ਕਿਉਂ ਤੇਰੀ ਓਟ ਤਕਾਈਆ । ਤੂੰ ਲੇਖਾ ਜਾਣੇ ਘਰ ਘਰ ਦਾ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਸਚ ਪ੍ਰਭੂ ਤੂੰ ਨਾ ਜਨਮੇ ਨਾ ਕਦੀ ਮਰਦਾ, ਮੁਰਦਿਆਂ ਮਰਦ ਲਏ ਬਣਾਈਆ । ਤੇਰਾ ਕਲਮਾ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਦਾ, ਧੁਰ ਦਾ ਢੋਲਾ ਗਾਈਆ । ਤੇਰਾ ਰੂਪ ਅਗੰਮਾ ਨਰਾਇਣ ਨਰ ਦਾ, ਨਰ ਹਰਿ ਕਹਿ ਕੇ ਸਾਰੇ ਸੀਸ ਝੁਕਾਈਆ । ਨਿਰਭੈ ਹੋ ਕੇ ਭਉ ਵਿਚ ਕਦੇ ਨਾ ਡਰਦਾ, ਭੈ ਸਭ ਨੂੰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਪਾ ਉਹ ਅਲਫ਼ੀ, ਜਿਸ ਦੀ ਅਲਫ਼ ਯੇ ਕਹਾਣੀ ਕੋਇ ਨਾ ਗਾਈਆ । ਜਿਸ ਦੀ ਅਜੇ ਤੱਕ ਮਨਾਈ ਕਿਸੇ ਨਾ ਕੋਈ ਬਰਸੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਅਰਸ਼ੀ ਫ਼ਰਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਤਿਪਰਮੇਸ਼ਵਰ ਤੇਰਾ ਖੇਲ ਨਹੀਂ ਕੋਈ ਫ਼ਰਜ਼ੀ, ਅਸਲੀਅਤ ਆਪਣੀ ਦਏ ਸਮਝਾਈਆ । ਤੂੰ ਮਾਲਕ ਸਭ ਦਾ ਗ਼ਰਜ਼ੀ, ਗ਼ਫ਼ਲਤ ਵਿਚ ਤੇਰੀ ਲੋਕਾਈਆ । ਆਹ ਲੈ, ਗੋਬਿੰਦ ਦੀ ਉਹ ਪਿਛਲੀ ਅਰਜ਼ੀ, ਜੋ ਮਾਛੂਵਾੜੇ ਦਿਤੀ ਲਿਖਾਈਆ ।

੫੭੭
੧੨

ਮੁਹੰਮਦ ਦੀ ਖ਼ਾਹਿਸ਼ ਅੰਦਰੋਂ ਡਰਦੀ, ਅੱਲ੍ਹਾ ਰਾਣੀ ਦਏ ਦੁਹਾਈਆ । ਮਹਿਬੂਬ ਅੱਗੇ ਅੱਖ ਪੁੱਟ ਨਾ ਸਾਹਮਣੇ ਖੜ੍ਹਦੀ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਲਏ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਮੇਰੇ, ਮਿਹਰਵਾਨ ਤੇਰੀ ਸਰਨਾਈਆ । ਦਰੋਹੀ ਖ਼ੁਦਾ ਦੀ ਸਾਰੇ ਚੁੱਕੇ ਝੇੜੇ, ਝਗੜਾ ਕੋਈ ਰਹਿਣ ਨਾ ਪਾਈਆ । ਸਾਰੇ ਚੜ੍ਹ ਗਏ ਤੇਰੇ ਬੇੜੇ, ਨਈਆ ਨੌਕਾ ਵੇਖ ਖ਼ੁਸ਼ੀ ਮਨਾਈਆ । ਕਲਜੁਗ ਵੇਖੇ ਉਜੜੇ ਖੇੜੇ, ਸਾਢੇ ਤਿੰਨ ਹੱਥ ਕਾਇਆ ਬੰਕ ਗੁਲਸ਼ਨ ਸਚ ਨਾ ਕੋਇ ਮਹਿਕਾਈਆ । ਪਤਿਪਰਮੇਸ਼ਵਰ ਤੇਰੇ ਕੋਈ ਨਾ ਆਵੇ ਨੇੜੇ, ਦੂਰ ਦੁਰਾਡੇ ਭੱਜਣ ਵਾਹੋ ਦਾਹੀਆ । ਉਹ ਧੰਨ ਗੁਰਮੁਖ ਧੰਨ ਗੁਰਸਿਖ ਸਾਚੇ ਸੰਤ ਜੋ ਸਦੀ ਬੀਸਵੀਂ ਬੈਠੇ ਕਰਕੇ ਜੇਰੇ, ਉਚੀ ਆਸ ਰਖਾਈਆ । ਅਸਾਂ ਚੜ੍ਹਨਾ ਉਸ ਦੇ ਬੇੜੇ, ਜਿਸ ਦੀ ਨਈਆ ਨਾ ਕੋਇ ਤਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਕਿਸੇ ਨਾ ਆਇਆ ਘੇਰੇ, ਬਿਨ ਭਗਤਾਂ ਸੀਸ ਨਾ ਕਿਸੇ ਝੁਕਾਈਆ । ਸੋ ਗੁਰਮੁਖੋ ਸਮਝੋ ਆ ਗਿਆ ਤੁਹਾਡੇ ਵੇਹੜੇ, ਦੂਰ ਦੁਰਾਡਾ ਉਸ ਦਾ ਮਾਹੀਆ । ਤੁਸੀਂ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾ ਮਾਰਨੇ ਫੇਰੇ, ਫ਼ਿਰਕੇ ਸਾਰੇ ਦੇਣੇ ਤਜਾਈਆ । ਤੁਹਾਡੇ ਅੰਦਰ ਵੜ ਕੇ ਕਰੇ ਮਿਹਰੇ, ਮਿਹਰ ਨਜ਼ਰ ਇਕ ਉਠਾਈਆ । ਰੰਗ ਚੜ੍ਹ ਜਾਏ ਗੁਰੂ ਗੁਰ ਚੇਰੇ, ਚੇਲਾ ਗੁਰ ਇਕੋ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਗਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਭਰਵਾਸਾ, ਭਾਵਨੀ ਸਭ ਦੀ ਪੂਰ ਕਰਾਈਆ । ਕੂੜੀ ਕਿਰਿਆ ਕੋਲੋਂ ਕਰ ਖ਼ਲਾਸਾ, ਖ਼ਾਲਿਸ ਆਪਣਾ ਭੇਵ ਸਮਝਾਈਆ । ਜ਼ਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਤੁੱਟੇ ਨਾਤਾ, ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਬਣੇ ਸੱਜਣ ਸਾਕਾ, ਸਗਲਾ ਸੰਗ ਨਿਭਾਈਆ । ਸਤਿ ਧਰਮ ਦਾ ਖੋਲ੍ਹ ਦੇ ਤਾਕਾ, ਤਾਕਤ ਆਪਣੀ ਇਕ ਪਰਗਟਾਈਆ । ਤੈਨੂੰ ਈਸਾ ਮੂਸਾ ਮੁਹੰਮਦ ਮੰਨਦੇ ਗਏ ਬਾਪਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਵੇਖ ਆਪਣਾ ਸਾਕਾ, ਸਾਖ਼ੀ ਪਿਛਲੀ ਦਏ ਭੁਲਾਈਆ । ਸਾਰੇ ਕਹਿਣ ਪ੍ਰਭ ਦੱਸ ਅਗਲੀ ਸਾਖੀ, ਸਾਖਿਆਤ ਹੋ ਕੇ ਦਇਆ ਕਮਾਈਆ । ਤੂੰ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰੀ ਮੰਜ਼ਲ ਔਖੀ ਘਾਟੀ, ਬਿਨ ਤੇਰੇ ਚੜ੍ਹਨ ਕੋਇ ਨਾ ਪਾਈਆ । ਜਨ ਸੰਤਾਂ ਦੇ ਸਾਚੀ ਦਾਤੀ, ਦਇਆਵਾਨ ਹੋ ਕੇ ਝੋਲੀ ਦੇ ਭਰਾਈਆ । ਜਿਨ੍ਹਾਂ ਮੰਨੀ ਤੇਰੀ ਆਖੀ, ਆਖ਼ਰ ਉਹਨਾ ਗੋਦ ਉਠਾਈਆ । ਮਾਲਕ ਹੋ ਕੇ ਕਰਨੀ ਰਾਖੀ, ਰੱਖਕ ਹੋ ਕੇ ਹੋਣਾ ਸਹਾਈਆ । ਅੰਤਮ ਮੁੱਕੇ ਪੈਂਡਾ ਜਗਤ ਵਾਟੀ, ਲੱਖ ਚੁਰਾਸੀ ਪੰਧ ਚੁਕਾਈਆ । ਬੱਚੇ ਬਚਪਨ ਵਿਚ ਲਾਉਣੇ ਆਪਣੀ ਛਾਤੀ, ਅੰਮ੍ਰਿਤ ਆਤਮ ਸੀਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਇੱਕੀ, ਏਕੰਕਾਰ ਨਜ਼ਰੀ ਆਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਡਿੱਠੀ, ਅੱਖੀਂ ਵੇਖ ਖ਼ੁਸ਼ੀ ਮਨਾਈਆ । ਧੰਨ ਭਾਗ ਤੂੰ ਸਾਡੀ ਯਾਦ ਰੱਖੀ ਪਿਛਲੀ ਚਿੱਠੀ, ਜੋ ਬਿਨ ਅੱਖਰਾਂ ਦਿਤੀ ਲਿਖਾਈਆ । ਜਿਸ ਦੀ ਸਮਝ ਕਿਸੇ ਨਾ ਆਏ ਵਾਰ ਥਿਤੀ, ਘੜੀ ਪਲ ਨਾ ਕੋਇ ਦ੍ਰਿੜਾਈਆ । ਜਿਸ ਦੀ ਧਾਰ ਬਾਰੀਕ ਸਭ ਤੋਂ ਨਿੱਕੀ, ਨੀਕਨ ਨੀਕੇ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰਵਾਨ

ਕਹੇ ਪ੍ਰਭ ਮਹਿਬੂਬ, ਪਰਵਰਦਿਗਾਰ ਜਣਾਇੰਦਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਮੇਰਾ ਵੇਖੋ ਇਕ ਅਰੂਜ, ਜੋ ਆਸਾ ਸਭ ਦੀ ਪੂਰ ਕਰਾਇੰਦਾ । ਜਿਸਦੀ ਸਮਝ ਨਾ ਆਏ ਕਿਸੇ ਹਦੂਦ, ਆਰ ਪਾਰ ਡੇਰਾ ਕੋਇ ਨਾ ਲਾਇੰਦਾ । ਸੋ ਮੇਰੀ ਕਿਰਪਾ ਉਪਰ ਮਹਿਦੂਦ, ਮੁਹੱਬਤ ਵਿਚ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਅਲਾਇੰਦਾ । ਧੁਰ ਸੰਦੇਸਾ ਸੁਣੇ ਮਾਤ, ਹਰਿ ਕਰਤਾ ਆਪ ਜਣਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਨਿਰਗੁਣ ਸਰਗੁਣ ਵੇਸ ਵਟਾਈਆ । ਭਿੰਨੜੀ ਰੈਣ ਸੁਹੰਜਣੀ ਰਾਤ, ਘੜੀ ਪਲ ਖ਼ੁਸ਼ੀ ਵਖਾਈਆ । ਸਾਧਾਂ ਸੰਤਾਂ ਦੇ ਸੌਗ਼ਾਤ, ਸੁਗੰਧੀ ਆਪਣਾ ਨਾਮ ਜਣਾਈਆ । ਰੂਹ ਬੁੱਤ ਦੋਵੇਂ ਕਰਕੇ ਪਾਕ, ਪਵਿਤ ਲਏ ਬਣਾਈਆ । ਧੂੜੀ ਟਿੱਕਾ ਮਸਤਕ ਲਾ ਕੇ ਖ਼ਾਕ, ਖ਼ਾਲਕ ਦੇਵਣਹਾਰ ਵਡਿਆਈਆ । ਅੰਦਰੋਂ ਖੋਲ੍ਹ ਕੇ ਬੰਦ ਤਾਕ, ਤਾੜੀ ਆਪਣੇ ਨਾਲ ਲਗਾਈਆ । ਬਿਨ ਛੁਰੀਉਂ ਨਸ਼ਤਰੋਂ ਕਰਕੇ ਡੂੰਘਾ ਚਾਕ, ਨੌ ਚੱਕਰ ਨੌ ਦਵਾਰਿਉਂ ਪਰੇ ਹਟਾਈਆ । ਸਨਿਆਸੀ ਵੈਰਾਗੀ ਤਿਆਗੀ ਤਪੀਸ਼ਰ ਰਖੀਸ਼ਰ ਮੁਨੀਸ਼ਰ ਆਪਣੀ ਲਾ ਕੇ ਅਨੋਖੀ ਜਾਗ, ਜਾਗਰਤ ਜੋਤ ਦਏ ਜਗਾਈਆ । ਹੰਸ ਬਣਾਏ ਫੜ ਫੜ ਕਾਗ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਦਾ ਸਹਾਈਆ । ਬਿਨ ਸੇਵਾ ਬਿਨ ਖ਼ਾਹਿਸ਼ ਤਾਰੇ ਪਾਪੀ, ਭਗਤ ਉਧਾਰਨ ਇਕ ਅਖਵਾਇੰਦਾ । ਜਨ ਭਗਤਾਂ ਬਣ ਕੇ ਧੁਰ ਦਾ ਸਾਥੀ, ਸਗਲਾ ਸੰਗ ਨਿਭਾਇੰਦਾ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਅੰਦਰ ਵੜ ਕੇ ਮਾਰੇ ਝਾਤੀ, ਝਾਕਾ ਆਪਣਾ ਆਪ ਵਖਾਇੰਦਾ । ਜਾਮ ਪਿਆਵੇ ਬਣਕੇ ਸਾਕੀ, ਮਧੁਰ ਪਿਆਲਾ ਹੱਥ ਉਠਾਇੰਦਾ । ਓ ਸੰਤੋ ਮੇਲ ਹੋਇਆ ਇਤਫ਼ਾਕੀ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਉਹ ਗੁਰਮੁਖ ਸਚ ਸਰੋਵਰ ਤੇਰੀ ਸੁਰਤੀ ਸੱਚੀ ਨ੍ਹਾਤੀ, ਪਤਤ ਪੁਨੀਤ ਕਰਾਇੰਦਾ । ਵੇਂਹਦਿਆਂ ਵੇਂਹਦਿਆਂ ਨਜ਼ਰ ਵਿਚ ਨਜ਼ਰ ਮਿਲਾ ਕੇ ਬਦਲ ਦੇਵੇ ਹਯਾਤੀ, ਹਯਾ ਸ਼ਰਮ ਨਾ ਕੋਇ ਰਖਾਇੰਦਾ । ਜੋ ਲਹਿਣਾ ਦੇਣਾ ਲੈਣ ਆਵੇ ਬਾਕੀ, ਬਿਨ ਕੀਮਤੋਂ ਆਪਣਾ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਅੱਖ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆਇਆ ਉਹ ਦਿਹਾੜਾ, ਜਿਸ ਦਾ ਧਿਆਨ ਲਗਾਈਆ । ਜਿਸ ਦਾ ਸੱਯਦਿਆਂ ਅੰਦਰ ਕੱਢ ਕੇ ਹਾੜਾ, ਅੱਖਾਂ ਮੀਟ ਨੇਤਰਾਂ ਬੰਦ ਸੁਰਤੀ ਸ਼ਬਦ ਮਿਲਾਈਆ । ਜਿਸ ਨੂੰ ਲੱਭਦੇ ਰਹੇ ਜੰਗਲਾਂ ਵਿਚ ਪਹਾੜਾਂ, ਸੋ ਪਿਛਲੇ ਜਨਮ ਦੇ ਬਾਲਮੀਕ ਤਸਦੀਕ ਚਰਨਾਂ ਨਾਲ ਕਰਾਈਆ । ਜਿਸ ਨੂੰ ਕਹਿੰਦੇ ਰਹੇ ਰਵਿਦਾਸ ਚਮਾਰਾ, ਤਿਸ ਦੇ ਅੰਦਰ ਕੀਤੀ ਆਪ ਸਫ਼ਾਈਆ । ਜਿਸ ਨੂੰ ਕਹਿੰਦੇ ਰਹੇ ਦਰੋਪਤ ਨਾਰਾ, ਸੋ ਗੁਰਮੁਖ ਸੁਰਤੀ ਲਈ ਬਣਾਈਆ । ਪੜਦਾ ਓਢਣ ਦੇ ਕੇ ਭਾਰਾ, ਕੋਟਨ ਕੋਟ ਕੱਪੜ ਦਿਤੇ ਵਖਾਈਆ । ਰੂਪ ਛੁਡਾ ਕੇ ਅੰਦਰੋਂ ਇੱਟਾਂ ਗਾਰਾ, ਸਨਮੁਖ ਹੋ ਕੇ ਸਭ ਨੂੰ ਰਿਹਾ ਸਮਝਾਈਆ । ਜਿਸ ਦਾ ਕਲਮਿਆਂ ਵਿਚ ਨਾਅਰਾ, ਜਿਸ ਦਾ ਨਾਮ ਨਾਲ ਪਿਆਰਾ, ਜਿਸ ਦਾ ਨਾਦਾਂ ਨਾਲ ਨਗਾਰਾ, ਸੋ ਨਗਮੇ ਰਿਹਾ ਸੁਣਾਈਆ । ਜਿਸ ਦਾ ਅਗੰਮੀ ਇਕ ਇਸ਼ਤਹਾਰਾ, ਉਸ ਦਾ ਸਾਧ ਸੰਤ ਅਖ਼ਬਾਰਾ, ਪੇਪਰ ਘਰ ਘਰ ਦੇਣ ਜਣਾਈਆ । ਜਿਥੇ ਸਾਧਾਂ ਦਾ ਹੋਵੇ ਅਖਾੜਾ, ਉਥੇ ਜਾ ਕੇ ਰਹਿਣਾ ਦਿਨ ਦਿਹਾੜਾ, ਉਚੀ ਕੂਕ ਕੂਕ ਅਲਾਈਆ । ਵੇਖੋ ਪਰਵਰਦਿਗਾਰ ਸਾਂਝਾ ਯਾਰਾ, ਜਿਸ ਦਾ ਕਿਸੇ ਨਹੀਂ ਕਰਿਆ ਕਦੀ ਇਤਬਾਰਾ, ਦੂਰ ਦੁਰਾਡਾ ਉਚਾ ਰਹਿ ਕੇ ਕਰਦਾ ਰਿਹਾ ਸ਼ਨਵਾਈਆ । ਆਉ ਤੱਕੀਏ ਉਹਦਾ ਨਜ਼ਾਰਾ, ਜਿਸ ਦਾ ਖੇਲ ਅਪਰ ਅਪਾਰਾ, ਅਪਰਾਧੀ ਪਾਪੀ

ਪਾਰ ਕਰਾਈਆ । ਜੋ ਅੰਦਰ ਵੜ ਕੇ ਵੇਖੇ ਬਹੱਤਰ ਨਾੜਾ, ਲੱਭਦਾ ਫਿਰੇ ਵਿਚ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਖਾਈ ਡੂੰਘੀ ਕੰਦਰ ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹਵਾ ਮਹਿਬੂਬ, ਸਚ ਮੁਹੱਬਤ ਦੇ ਜਣਾਈਆ । ਜਿਨ੍ਹਾਂ ਦਾ ਪਿਛੇ ਅਸਲ ਹੁਣ ਆਪਣੇ ਪ੍ਰੇਮ ਦਾ ਦੇ ਦੇ ਸੂਦ, ਸੁਲਹਕੁਲ ਹੋ ਕੇ ਮੇਲ ਮਿਲਾਈਆ । ਤੇਰਾ ਕੋਈ ਨਾ ਲਾਏ ਨਜੂਮ, ਹਿੰਦਸਿਆਂ ਵਿਚ ਅੱਖਰਾਂ ਨਾਲ ਸਕੇ ਨਾ ਕੋਇ ਸਮਝਾਈਆ । ਤੇਰੇ ਭਗਤ ਬੇਸ਼ਕ ਬੱਚੇ ਮਾਸੂਮ, ਬਾਲੇ ਆਪਣਾ ਆਪ ਤੇਰੀ ਝੋਲੀ ਪਾਈਆ । ਤੈਨੂੰ ਹਾਲ ਸਭ ਦਾ ਮਾਲੂਮ, ਅੰਦਰ ਬਾਹਰ ਦੋਵੇਂ ਵੇਖ ਵਖਾਈਆ । ਬੇਸ਼ਕ ਨਾਮ ਦੇਣ ਤੋਂ ਅਜੇ ਤਕ ਬਣਿਆ ਰਿਹਾ ਸੂਮ, ਹੁਣ ਆਪਣੀ ਦਾਤ ਰਿਹਾ ਵਰਤਾਈਆ । ਸੰਤੋ ਨਾਮ ਜਪਣ ਵਾਸਤੇ ਅੱਗੇ ਖਾਣੀ ਨਾ ਪਏ ਮਾਜੂਨ, ਖ਼ੁਮਾਰੀ ਆਪਣੀ ਦਏ ਚੜ੍ਹਾਈਆ । ਜੇ ਅੱਜ ਵਿਸ਼ਨੂੰ ਭਗਵਾਨ ਦਾ ਸਮਝ ਗਏ ਮਜ਼ਮੂਨ, ਮਜਲਸ ਵੇਖੋ ਸ਼ਹਿਨਸ਼ਾਹੀਆ । ਜਿਸ ਪਿਛਲਾ ਸਭ ਦਾ ਬਦਲ ਦੇਣਾ ਕਾਨੂੰਨ, ਕਰਤਬ ਰਹੇ ਨਾ ਕੋਇ ਚਤੁਰਾਈਆ । ਉਸ ਦਾ ਜਲਵਾ ਵੇਖੋ ਜਨੂਨ, ਜ਼ਾਹਰ ਹੋ ਕੇ ਦਏ ਵਖਾਈਆ । ਵੇਖਿਓ ਕਿਤੇ ਸੌਂ ਨਾ ਜਾਇਓ ਖਾ ਕੇ ਅਫ਼ਯੂਨ, ਪੋਸਤਾਂ ਭੰਗਾਂ ਵਿਚ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੰਤ ਜੀ ਏਹ ਸੰਤ ਸਵਾਮੀ, ਸਾਂਝਾ ਇਕ ਅਖਵਾਈਆ । ਜੋ ਸਭ ਨੂੰ ਸੁਣਾਵੇ ਪ੍ਰਭ ਦੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਹੁਣ ਅੱਗੇ ਸਾਧਾਂ ਸੰਤਾਂ ਅਖਾੜਿਆਂ ਵਿਚ ਜਾ ਕੇ ਆਪਣੀ ਦੇਵੇ ਆਪ ਨਿਸ਼ਾਨੀ, ਨਿਸ਼ਾਨਾ ਧੁਰ ਦਾ ਤੀਰ ਚਲਾਈਆ । ਸਦੀ ਵੀਹ ਸੌ ਇੱਕੀ ਬਣ ਕੇ ਬਾਨੀ, ਬਾਣਾ ਆਪਣਾ ਲਏ ਬਦਲਾਈਆ । ਜਿਨ੍ਹਾਂ ਨੂੰ ਲੋੜ ਪਵੇ ਅੰਮ੍ਰਿਤ ਠੰਡਾ ਪੀਣ ਦਾ ਪਾਣੀ, ਘਰ ਵਿਚੋਂ ਘਰ ਸੁਰਾਹੀ ਦਏ ਉਲਟਾਈਆ । ਓਥੇ ਕਰੇ ਕੀ ਚਾਰ ਬਾਣੀ, ਜਿਸ ਘਰ ਪਾਰਬ੍ਰਹਮ ਬ੍ਰਹਮ ਆਪਣੇ ਨਾਲ ਮਿਲਾਈਆ । ਅੱਜ ਕਰਕੇ ਜਾਣੀ ਸਚ ਪਛਾਣੀ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਜੇ ਸੱਜਣ ਲੱਭਣਾ ਹਾਣੀ, ਏਹੋ ਜੇਹਾ ਸੋਹਣਾ ਨਜ਼ਰ ਕੋਇ ਨਾ ਆਈਆ । ਜਿਸ ਦੇ ਚਰਨਾਂ ਹੇਠਾਂ ਚਾਰੇ ਖਾਣੀ, ਗੁਰ ਅਵਤਾਰ ਆਪਣਾ ਆਪ ਭੇਟ ਚੜ੍ਹਾਈਆ । ਜੇ ਬਣਨਾ ਸਚਖੰਡ ਦਵਾਰੇ ਸਾਚੀ ਰਾਣੀ, ਮੁਖ ਘੁੰਗਟ ਦੇਣਾ ਉਠਾਈਆ । ਜੇ ਖਹਿੜਾ ਛੁਡੌਣਾ ਕੋਲੋਂ ਬਾਣੀ, ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੱਧੀ ਤਰਾ ਸੌਖਾ ਸੌਖਾ ਰਿਹਾ ਜਣਾਈਆ । ਹੌਲੀ ਹੌਲੀ ਬੋਲੇ ਸ਼ਬਦ, ਸ਼ਬਦੀ ਧਾਰ ਚਲਾਇੰਦਾ । ਪਾਪੀਆਂ ਪਤਤਾਂ ਕਰੇ ਅਦਬ, ਆਦਾਬ ਇਕ ਸਮਝਾਇੰਦਾ । ਨਾਤਾ ਤੋੜੇ ਦੀਨ ਮਜ਼੍ਹਬ, ਮਜਲਸ ਇਕ ਵਖਾਇੰਦਾ । ਜੋ ਚਲ ਕੇ ਆਏ ਇਕ ਕਦਮ, ਤਿਨ੍ਹਾਂ ਦੇ ਕੋਟ ਜਨਮ ਦੇ ਲੇਖੇ ਆਪ ਮਿਟਾਇੰਦਾ । ਜਿਨ੍ਹਾਂ ਨੂੰ ਮਿਲ ਗਿਆ ਪਰਮਾਤਮਾ ਵਰਗਾ ਸੱਜਣ ਸਾਜਣ ਹੋ ਕੇ ਹੋਏ ਸਹਾਈਆ । ਉਹ ਖ਼ੁਸ਼ੀਆਂ ਵਿਚ ਗੱਜਣ, ਢੋਲੇ ਰਹੇ ਗਾਈਆ । ਕਰ ਕੇ ਧੂੜ ਮਜਨ, ਦੁਰਮਤ ਮੈਲ ਧੁਆਈਆ । ਪ੍ਰੇਮ ਪ੍ਰੀਤੀ ਹੋਏ ਮਗਨ, ਜਗਤ ਤ੍ਰਿਸਨਾ ਪਰੇ ਸੁਟਾਈਆ । ਤ੍ਰੈਗੁਣ ਮਾਇਆ ਨਾ ਲੱਗੇ ਅਗਨ, ਪੰਜ ਤਤ ਕਰੇ ਜੁਦਾਈਆ । ਜਿਨ੍ਹਾਂ ਦੇ ਦੀਵੇ ਏਸ ਦਵਾਰੇ ਆ ਨਾ ਅੰਦਰੋਂ ਜਗਣ, ਓਨ੍ਹਾਂ ਦੀ ਬੁਝੀ ਜੋਤ ਫਿਰ ਨਾ ਕੋਇ ਜਗਾਈਆ । ਰਸਨਾ ਜਿਹਵਾ ਨਾਲ ਸਤਿਗੁਰ ਕਦੇ ਨਾ ਜਾਵੇ ਸੱਦਣ, ਅੰਦਰੇ ਅੰਦਰ ਤਾਰ ਹਿਲਾਈਆ । ਬੇਸ਼ਕ ਸਿਰ ਤੋਂ ਨਗਨ, ਉਪਰ ਰਾਮ ਨਾਮ ਪੜਦਾ ਪਾਈਆ ।

ਪਾਰ ਕਰਾ ਦਏ ਬਿਨਾ ਭਜਨ, ਬਿਨਾ ਬੇਰ ਖਾਧਿਆਂ, ਬਿਨਾ ਤੰਦਲ ਚੱਬਿਆਂ, ਬਿਨਾ ਸਾੜ੍ਹੀ ਓਢਣ ਲੈਂਦਿਆਂ ਲੇਖਾ ਲੇਖੇ ਲਾਈਆ । ਨੇਤਰ ਨਾਮ ਦਾ ਪਾ ਕੇ ਕੱਜਲ, ਆਪ ਵਖਾਵੇ ਆਪਣੀ ਮੰਜ਼ਲ, ਜਨਮ ਵਿਚੋਂ ਜਨਮ ਦੇਵੇ ਬਦਲ, ਗ਼ਜ਼ਲ ਇਕੋ ਨਾਮ ਸੁਣਾਈਆ । ਸੋਹਣੀ ਚਾੜ੍ਹ ਕੇ ਆਤਮ ਰੰਗਣ, ਖਹਿੜਾ ਛੁਡਾਵੇ ਜਮਨਾ ਸੁਰਸਤੀ ਗੋਦਾਵਰੀ ਗੰਗਨ, ਅੱਠੇ ਪਹਿਰ ਰੱਖੇ ਮਗਨ, ਮਗਧ ਦੇਸ ਮਗਧ ਸਭ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸੋਹਣਾ ਚੰਗਾ, ਮਸਤੀ ਵਿਚ ਤੇਰੀ ਵਡਿਆਈਆ । ਤੇਰੇ ਚਰਨ ਚੁੰਮੇ ਕੋਟਨ ਕੋਟ ਗੰਗਾ, ਦੁਰਮਤ ਗੁਰਮੁਖਾਂ ਮੈਲ ਰੁੜ੍ਹਾਈਆ । ਭਾਵੇਂ ਪਾਪੀ ਹੋਵੇ ਭਾਵੇਂ ਹੋਵੇ ਗੰਦਾ, ਹਰਿ ਸੰਗਤ ਵਿਚ ਰਲਕੇ ਧੁਰ ਦਾ ਬਣ ਜਾਏ ਚੰਨਾ, ਧ੍ਰੂ ਪ੍ਰਹਿਲਾਦ ਮਿਲ ਮਿਲ ਜਫੀਆਂ ਪਾਈਆ । ਨਾ ਕੋਈ ਭੇਖ ਨਾ ਪਾਖੰਡਾ, ਨਾ ਕੋਈ ਪੌੜੀ ਨਾ ਕੋਈ ਡੰਡਾ, ਇਕੋ ਮੰਜ਼ਲ ਆਪਣੀ ਦਏ ਵਖਾਈਆ । ਦੀਨ ਦਿਆਲ ਸਾਹਿਬ ਕਿਰਪਾਲ ਹੋਵੇ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਨਾਤਾ ਤੋੜ ਕੇ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਬਿਨਾ ਬੰਦਗੀਉਂ ਬਣਾਏ ਉਹ ਬੰਦਾ, ਬੰਧਨ ਸਾਰੇ ਦਏ ਕਟਾਈਆ । ਜੇ ਸਤਿਗੁਰ ਹੋਵੇ ਆਪ ਹੋਵੇ ਸਦਾ ਚਿਤ ਅਨੰਦਾ, ਅਨੰਦ ਚਿਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਕਹਿਣ ਚਾਰ ਜੁਗ ਦੇ ਪਿਛਲੇ, ਪਿਛਲਾ ਧਿਆਨ ਜਣਾਈਆ । ਪ੍ਰਭ ਧੰਨ ਵਡਿਆਈ ਜਿਸ ਮੇਲੇ ਵਿਛੜੇ, ਕਰੀ ਨਾਮ ਕੁੜਮਾਈਆ । ਗੁਰਸਿਖ ਗੁਰਮੁਖ ਜੋ ਰਾਹ ਪੈ ਗਏ ਬਿਖੜੇ, ਸਾਚਾ ਮਾਰਗ ਦਿਤਾ ਸਮਝਾਈਆ । ਉਹ ਸੰਤ ਸੁਹੇਲੇ ਵੇਖੋ ਥੋੜੇ ਨਿਤਰੇ, ਲੱਖ ਚੁਰਾਸੀ ਵਿਚੋਂ ਮੁੱਠੀ ਨਜ਼ਰੀ ਆਈਆ । ਜਿਨ੍ਹਾਂ ਦੇ ਪੰਜ ਤਤ ਕਾਇਆ ਕਲਬੂਤ ਹਰੀ ਨਾ ਚਿਤਰੇ, ਚਲਿਤ੍ਰਾਂ ਵਿਚ ਵੇਖੇ ਸਰਬ ਲੋਕਾਈਆ । ਓਸ ਜੁਗ ਜੁਗ ਪੜ੍ਹਾ ਕੇ ਆਪਣੇ ਫ਼ਿਕਰੇ, ਫ਼ਿਕਰ ਸਭ ਨੂੰ ਦਿਤਾ ਜਣਾਈਆ । ਸੰਤ ਕਹਿਣ ਅਸਾਂ ਵੇਖਣਾ ਚੜ੍ਹ ਕੇ ਸਿਖ਼ਰੇ, ਮੰਜ਼ਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਭਗਤੀਉਂ ਰਿਹਾ ਤਰਾਈਆ । ਭਗਤ ਤਾਰਨਾ ਨਹੀਂ ਅਹਿਸਾਨ, ਅਹਿਸਾਨੀ ਸਿਰ ਨਾ ਕੋਇ ਚੜ੍ਹਾਈਆ । ਲੋਕਮਾਤ ਮੈਂ ਏਨ੍ਹਾਂ ਦਾ ਏਹ ਮੇਰੇ ਮਹਿਮਾਨ, ਖ਼ਾਤਰ ਕਰਨੀ ਮੇਰੇ ਹਿੱਸੇ ਆਈਆ । ਮੈਂ ਮਾਲਕ ਏਹ ਅੰਞਾਣ, ਬਬਾਣ ਵਿਚ ਬਠੌਣਾ ਏਹੋ ਮੇਰੀ ਵਡਿਆਈਆ । ਰਾਏ ਧਰਮ ਚਿਤ੍ਰਗੁਪਤ ਸਾਰੇ ਸੀਸ ਨਿਵਾਣ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸਾਚੇ ਸੰਤ ਤੇਰੇ ਢੋਲੇ ਗਾਣ, ਏਹ ਗੁਰਮੁਖ ਮੇਰੇ ਹੀਰਿਆਂ ਦੀ ਖਾਨ, ਜਿਨ੍ਹਾਂ ਦੀ ਕੀਮਤ ਦੋ ਜਹਾਨ ਨਾ ਕੋਇ ਚੁਕਾਈਆ । ਬਿਨ ਮੇਰੀ ਕਿਰਪਾ ਸਕੇ ਨਾ ਕੋਈ ਪਹਿਚਾਨ, ਪਸਚਾਤਾਪ ਕਰੇ ਲੋਕਾਈਆ । ਬੇਸ਼ਕ ਮੈਂ ਬਾਹਰੋਂ ਪੰਜ ਤਤ ਇਨਸਾਨ, ਅੰਦਰ ਮਾਲਕ ਖ਼ਲਕ ਖ਼ੁਦਾਈਆ । ਸੰਤੋ ਜੇ ਮਿਲ ਜਾਏ ਏਹੋ ਜਿਹਾ ਭਗਵਾਨ, ਜੋ ਚਲਦਿਆਂ ਫਿਰਦਿਆਂ ਖਾਂਦਿਆਂ ਪੀਂਦਿਆਂ ਪਾਰ ਦਏ ਕਰਾਈਆ । ਬਿਨ ਕੀਮਤੋਂ ਸੌਦਾ ਦੇਵੇ ਵਿਚੋਂ ਦੁਕਾਨ, ਜੋ ਵਪਾਰੀ ਦਰ ਤੇ ਮੰਗਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਖ਼ੁਸ਼ੀਆਂ ਰਾਗ ਅਲਾਈਆ । ਪਹਿਲੀ ਅੱਸੂ ਦਾ ਸੰਤ ਅਖ਼ਬਾਰ, ਪੰਦਰਾਂ ਕੱਤਕ ਫੇਰ ਦਏ ਸਮਝਾਈਆ । ਇਕ ਸਤਿ ਧਰਮ ਦਾ ਲਿਖ ਇਸ਼ਤਿਹਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਪੁਚਾਈਆ । ਆਪਣੇ ਮਿਲਣ ਦਾ ਦੱਸ ਕੇ ਵਿਹਾਰ, ਪੜਦਾ ਓਹਲਾ ਦਏ ਉਠਾਈਆ । ਵੀਹ ਸੌ ਇੱਕੀ ਤੋਂ ਕਿਹੜਾ ਸੰਮਤ ਚਲਣਾ ਵਿਚ ਸੰਸਾਰ, ਤਿਸ ਦੀ ਸੂਝ

ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਰਾਤੋ ਰਾਤ ਸਾਰੇ ਦਏ ਸਮਝਾਈਆ । ਪਹਿਲੀ ਅੱਸੂ ਦੌੜੇ, ਵੇਲਾ ਅੰਤਮ ਤੁਹਾਡਾ ਆਈਆ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਕੋਲੋਂ ਹੋੜੇ, ਹੋਕਾ ਦੇ ਸੁਣਾਈਆ । ਸਚ ਪ੍ਰੀਤ ਪ੍ਰਭ ਚਰਨਾਂ ਨਾਲ ਸਭ ਦੀ ਜੋੜੇ, ਛੁਟਕੀ ਲਿਵ ਫੇਰ ਲਗਾਈਆ । ਕਿਉਂ ਲੁਕ ਕੇ ਬੈਠੇ ਵਾਂਗ ਚੋਰੇ, ਚੋਰੀ ਠੱਗੀ ਕਲਜੁਗ ਰਹੀ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਇਕ ਅਖਵਾਈਆ । ਸਾਚੇ ਸੰਤ ਸੁਣੀ ਬੇਨੰਤੀ, ਭਗਤ ਭਗਵਾਨ ਦਇਆ ਕਮਾਈਆ । ਤੁਹਾਨੂੰ ਅਜੇ ਨਿੱਕੀ ਜੇਹੀ ਬਣਾਇਆ ਏਜੰਸੀ, ਮਾਰਗ ਪਹਿਲਾ ਜਗਤ ਲਗਾਈਆ । ਏਨ੍ਹਾਂ ਵਿਚੋਂ ਫੇਰ ਪਰਗਟਾ ਕੇ ਆਪਣੀ ਕਰੰਸੀ, ਉਪਰ ਮੋਹਰ ਦੇਣੀ ਲਗਾਈਆ । ਜਿਸ ਨੂੰ ਕਹਿੰਦੇ ਵਿਸ਼ਨੂੰ ਵੰਸੀ, ਵਿਸ਼ਵ ਲੇਖਾ ਦਏ ਦ੍ਰਿੜਾਈਆ । ਜਿਸ ਨੂੰ ਕਹਿੰਦੇ ਰਘੁਪਤ ਰਘਵੰਸੀ, ਰਘੁਨਾਥ ਇਕ ਬੇਪਰਵਾਹੀਆ । ਜਿਹਨੂੰ ਕਹਿੰਦੇ ਕਾਹਨ ਕ੍ਰਿਸ਼ਨ ਮੁਕੰਦ ਮਨੋਹਰ ਲਖਮੀ ਨਰਾਇਣ ਵਜਾਵੇ ਬੰਸੀ, ਮੁਰਲੀ ਆਪਣੇ ਹੱਥ ਰਖਾਈਆ । ਜਿਸ ਦੀ ਸਿਫ਼ਤ ਗਾਵੇ ਬਾਸ਼ਕ ਮੁਖ ਸਹੰਸੀ, ਧੁਰ ਦਾ ਰਾਗ ਅਲਾਈਆ । ਜਿਸ ਨੂੰ ਕੋਈ ਮਾਲਾ ਪੁਸ਼ਪ ਨਾ ਪਾਏ ਕੋਈ ਵਜੰਤੀ, ਨਾਦ ਸਿਫ਼ਤ ਨਾ ਕੋਇ ਸਾਲਾਹੀਆ । ਸੋ ਖੇਲ ਕਰੇ ਭਗਵੰਤੀ, ਭਗਵਨ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਏਜੰਸੀ ਵਿਚੋਂ ਨਿਕਲੇ ਅੱਖਰ, ਅੱਖਰਾਂ ਵਾਲਿਆਂ ਦਏ ਸਮਝਾਈਆ । ਵੇਖੇ ਨਿਰਾਲਾ ਪ੍ਰਭ ਜੁ ਦੱਸਿਆ ਵੱਖਰ, ਵਾਸਤਾ ਸਭ ਦੇ ਨਾਲ ਜਣਾਈਆ । ਕਿਉਂ ਪੂਜਦੇ ਪੱਥਰ, ਪੱਥਰਾਂ ਦਾ ਮਾਲਕ ਫੇਰਾ ਪਾਈਆ । ਜਿਸ ਯਾਰ ਦਾ ਵਿਛਾਇਆ ਸੱਥਰ, ਸੋ ਅੰਦਰ ਵੜ ਕੇ ਸੇਜ ਹੰਢਾਈਆ । ਜਿਸ ਦਾ ਹਿਸਾਬ ਨਾ ਆਇਆ ਕਿਸੇ ਇਸ਼ਾਰੀਆ ਕਸਰ, ਹਿੰਦਸਿਆਂ ਵਿਚ ਨਾ ਕੋਇ ਗਿਣਾਈਆ । ਜਿਸ ਨੂੰ ਹੱਥਾਂ ਨਾਲ ਸਕੇ ਕੋਈ ਨਾ ਪਕੜ, ਬਾਹੋਂ ਫੜ ਨਾ ਕੋਇ ਬਹਾਈਆ । ਜਿਸ ਦਾ ਫ਼ਿਕਰਿਆਂ ਵਿਚ ਜ਼ਿਕਰ, ਜਿਕਰੀਆ ਦਿਤਾ ਕਰਾਈਆ । ਸੋ ਸਾਹਿਬ ਪਤਾ ਨਹੀਂ ਕਿਉਂ ਜੋਤ ਸਰੂਪ ਹੋ ਕੇ ਆਇਆ ਨਿਕਲ, ਨਿਰਵੈਰ ਹੋ ਕੇ ਫੇਰਾ ਪਾਈਆ । ਜਗਤ ਸਾਧ ਸੰਤ ਮਲੰਮਾ ਰਹਿਣ ਨਾ ਦੇਵੇ ਕੋਈ ਪਿੱਤਲ, ਰੋਲਡ ਗੋਲਡ ਸਾਰੇ ਦਏ ਖਪਾਈਆ । ਆਪਣੇ ਨਾਮ ਨਾਲ ਕਰ ਕੇ ਸਿਕਲ, ਸੋਹਣੀ ਚਮਕ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਮਿਹਰ ਨਜ਼ਰ, ਦੋ ਜਹਾਨ ਨਜ਼ਾਮ ਦਏ ਬਦਲਾਈਆ । ਤੇਰੀ ਰਹਿਮਤ ਧੁਰ ਦਾ ਫ਼ਜ਼ਲ, ਅਦਲ ਇਕੋ ਇਕ ਸਮਝਾਈਆ । ਕੂੜੀ ਕਿਰਿਆ ਕਲਜੁਗ ਕਰਕੇ ਕਤਲ, ਜੂਠ ਝੂਠ ਡੇਰਾ ਢਾਹੀਆ । ਜਨ ਭਗਤਾਂ ਝੋਲੀ ਪਾ ਕੇ ਸਗਣ, ਧੁਰ ਦਾ ਸੰਗ ਬਣਾਈਆ । ਅਗੰਮੀ ਚਾੜ੍ਹ ਅਨੋਖੀ ਮੰਜ਼ਲ, ਮਜਲਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੰਦਰਾਂ ਕੱਤਕ ਅਲੜ੍ਹ ਪਿੰਡੀ, ਨਿਰਭੈ ਹੋ ਆਪ ਮਿਲਾਈਆ । ਇਧਰ ਉਧਰ ਜੋ ਸੰਗਤ ਖਿੰਡੀ, ਵਿਛੜੇ ਲਏ ਮਿਲਾਈਆ । ਨਾਮ ਦੀ ਲਾ ਕੇ ਇਕੋ ਬਿੰਦੀ, ਗੋਬਿੰਦ ਬਿੰਦ ਦਏ ਬਣਾਈਆ । ਉਥੇ ਮਜ਼ਮੂਨ ਉਹ ਲਿਖਾਏ ਜਿਸ ਨੂੰ ਕੋਈ ਸਮਝ ਨਾ ਸਕੇ ਗੁਰਮੁਖੀ ਹਿੰਦੀ, ਫ਼ਾਰਸੀ ਅਰਬੀ ਰਾਜ਼ ਨਾ ਕੋਇ ਖੁਲ੍ਹਾਈਆ । ਫੇਰ ਸਾਰੇ ਸਮਝਣ ਜਿਸ ਨੂੰ ਕਹਿੰਦੇ ਸਾਧਾਂ ਹੱਥ ਕੁੰਜੀ, ਉਸ ਕੁੰਜੀ ਦਾ ਮਾਲਕ ਇਕ ਹੋਰ ਨਜ਼ਰੀ ਆਈਆ ।


੫੮੨ ੧੨

ਜਿਸ ਦੇ ਹੱਥ ਵੱਡੀ ਪੂੰਜੀ, ਲੱਖ ਚੁਰਾਸੀ ਪੁਜਾਰਨ ਦਏ ਬਣਾਈਆ । ਉਹ ਵੇਖੇ ਕਿਸ ਗੁਰਮੁਖ ਸਖ਼ੀ ਆਪਣੀ ਮੀਂਢੀ ਗੁੰਦੀ, ਸੋਹਣਾ ਸੀਸ ਸੁਹਾਈਆ । ਨਾ ਜਾਗਦੀ ਨਾ ਸੌਂਦੀ, ਬਿਰਹੋਂ ਰੋਗ ਸਤਾਈਆ । ਸਤਿਗੁਰੂ ਚਰਨ ਦਵਾਰੇ ਬਿਨ ਸੱਦਿਆਂ ਭੌਂਦੀ, ਲੈ ਪਰਦਖਣਾ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੀ, ਕਿਉਂ ਛੱਡ ਕੇ ਗਿਉਂ ਧੁਰ ਦੇ ਮਾਹੀਆ । ਮੇਰੀ ਸੇਜ ਤੇਰੇ ਬਿਨਾ ਨਾ ਕੋਇ ਸੁਹਾਉਂਦੀ, ਸੋਹਣਾ ਜੋਬਨ ਕੰਮ ਕਿਸੇ ਨਾ ਆਈਆ । ਮੈਂ ਜਗਤ ਰੀਤੀ ਔਂਸੀਆਂ ਪਾਉਂਦੀ, ਭਗਤ ਰੀਤੀ ਵਿਚ ਤੇਰਾ ਧਿਆਨ ਲਗਾਈਆ । ਮਨ ਦੇ ਓਸਾਰ ਕਦੇ ਬਣੌਂਦੀ ਕਦੇ ਢਾਉਂਦੀ, ਡਿਗ ਕੇ ਉਠਦੀ ਉਠ ਕੇ ਡਿਗਦੀ, ਡਿਗਦੀ ਨੂੰ ਫੇਰ ਗੋਦੀ ਲਏ ਉਠਾਈਆ । ਸੰਤ ਜੀ ਉਸ ਵੇਲੇ ਮੰਜ਼ਲ ਮੁਕਦੀ ਏਸ ਮਾਨਸ ਤੇ ਮਨੁੱਖ ਦੀ, ਉਲਟੇ ਬਿਰਛ ਰੁੱਖ ਦੀ, ਜਿਸ ਵੇਲੇ ਇਹ ਅੰਦਰੋਂ ਖੇਲ ਜਾਣੇ ਚੁੱਪ ਦੀ, ਚੁੱਪ ਚੁਪੀਤਾ ਆ ਕੇ ਮਿਲ ਜਾਵੇ ਧੁਰ ਦਰਗਾਹੀਆ । ਜਿਨ੍ਹਾਂ ਮਿਲਿਆ ਉਹਨਾਂ ਨੂੰ ਸਹੇਲੀ ਕੋਲ ਰਹਿਣ ਵਾਲੀ ਪੁੱਛਦੀ, ਹੌਲੀ ਹੌਲੀ ਕੰਨਾਂ ਵਿਚ ਸੁਣਾਈਆ । ਭੈਣੇ ਇਹ ਖੇਲ ਨਹੀਂ ਲੁਕਦੀ, ਤੇਰੇ ਘਰ ਤੇਰਾ ਹਰਿ ਕੰਤ ਮੈਂ ਵੇਖਿਆ ਬੈਠਾ ਸੇਜ ਸੁਹਾਈਆ । ਓਸ ਵੇਲੇ ਉਹ ਕੱਪੜੇ ਨਹੀਂ ਰੰਗੇ ਰੁੱਤ ਬਸੰਤ ਦੀ, ਇਹ ਖੇਲ ਉਸ ਮਹੰਤ ਦੀ, ਜਿਨ੍ਹਾਂ ਆਸਾ ਮੁੱਕੀ ਜੀਵ ਜੰਤ ਦੀ, ਜਨ ਹੋ ਕੇ ਸੇਵ ਕਮਾਈਆ । ਉਥੇ ਵਿਦਿਆ ਕਰੇ ਨਾ ਕੁਛ ਪੰਡਤ ਦੀ, ਇਹ ਵਡਿਆਈ ਪ੍ਰਭ ਦੀ ਸੰਗਤ ਦੀ, ਜਿਸ ਦਾ ਸਗਲਾ ਸੰਗ ਇਕੋ ਨਜ਼ਰੀ ਆਈਆ । ਇਹ ਫੁਲਵਾੜੀ ਇਹ ਬੂਟੇ ਇਹ ਗੁਲਸ਼ਨ ਇਹ ਬੁਲਬੁਲ ਇਹ ਮਾਲਕ ਉਸ ਜੱਨਤ ਦੀ, ਜਿਸ ਜੱਨਤ ਥਲੇ ਕੋਟਨ ਕੋਟ ਬਹਿਸ਼ਤ ਸਵਰਗ ਬੈਠੇ ਆਪਣੀ ਸੇਜ ਵਿਛਾਈਆ । ਇਹ ਖੇਲ ਪ੍ਰਭੂ ਦੱਸੇ ਅੰਤ ਦੀ, ਅੰਤਸ਼ਕਰਨ ਸਭ ਦਾ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸੰਤ ਜੀ ਕੀ ਅੰਦਰ ਸੋਚ, ਤੇਰੀ ਕਥਾ ਦਿਆਂ ਜਣਾਈਆ । ਇਹੋ ਮੇਰੀ ਵੱਡੀ ਖੋਜ, ਦੂਰ ਦੁਰਾਡਾ ਵੇਖ ਵਖਾਈਆ । ਅੱਗੇ ਸਿਰ ਤੋਂ ਸਾਰਾ ਲਾਹੁਣਾ ਬੋਝ, ਗਧਾ ਹੋ ਨਾ ਕੋਇ ਉਠਾਈਆ । ਪਤਤ ਪਾਪੀ ਕਰ ਨਿਰਦੋਸ਼, ਦੋਸ਼ੀਆਂ ਪਾਰ ਲੰਘਾਈਆ । ਘਰ ਬੈਠਿਆਂ ਰਾਤੀ ਸੁੱਤਿਆਂ ਦਿਨੇ ਜਾਗਦਿਆਂ ਆਪਣੇ ਦਰਸ਼ਨ ਦੀ ਦੇ ਕੇ ਮੌਜ, ਮੌਜੂਦਾ ਹੋ ਕੇ ਸਾਹਮਣੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਹਿਬ ਸੁਲਤਾਨ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਕਹਿਣ ਪ੍ਰਭੂ ਮਹਾਰਾਜ, ਵਾਹ ਵਾਹ ਤੇਰੀ ਵਡ ਵਡਿਆਈਆ । ਤੇਰਾ ਅਜਬ ਨਿਰਾਲਾ ਵੇਖਿਆ ਰਿਵਾਜ, ਰਿਆਇਤ ਕੀਤੀ ਬੇਪਰਵਾਹੀਆ । ਜਿਨ੍ਹਾਂ ਨੂੰ ਸੁਪਨੇ ਵਿਚ ਨਾ ਆਇਆ ਯਾਦ, ਓਹਨਾਂ ਦੀ ਸੁਣ ਕੇ ਆਪ ਫ਼ਰਿਆਦ, ਪਿਛਲੇ ਲੇਖੇ ਵੇਖ ਵਖਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣੇ ਨਾਮ ਦਾ ਵਜਾਏ ਨਾਦ ਨਾਦੀ ਸੁਤ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆ ਗਏ ਅੱਗੇ, ਅਗਲਾ ਲੇਖਾ ਵੇਖ ਵਖਾਈਆ । ਪ੍ਰਭੂ ਕੀ ਇਹ ਧ੍ਰੂ ਪ੍ਰਹਿਲਾਦ ਨਾਲੋਂ ਚੰਗੇ, ਚੰਗੀ ਤਰਾ ਦੇ ਜਣਾਈਆ । ਸ੍ਰੀ ਭਗਵਾਨ ਕਹੇ ਮੈਂ ਬਿਨਾ ਬੰਦਗੀਉਂ ਉਹ ਬਣਾਏ ਬੰਦੇ, ਪਿਛਲਾ ਬਦਲਾ ਦਿਤਾ ਚੁਕਾਈਆ । ਕੋਈ ਨਹਾਵਣ ਨਾ ਜਾਏ ਤਟ ਗੰਗੇ, ਤੀਰਥ ਅੰਮ੍ਰਿਤ ਵਗਾਈਆ । ਦਿਆਂ ਭੰਡਾਰੇ ਬਿਨਾ ਮੂੰਹੋਂ ਮੰਗੇ, ਮਾਂਗਤ ਸਾਰੇ ਦਿਆਂ ਤਰਾਈਆ । ਜੋ ਪੈਦਲ ਚਲ ਕੇ ਆਏ ਨੰਗੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ


੫੮੩ ੧੨

ਇਕ ਸੁਣਾਈਆ । ਸਚ ਸੁਨੇਹੜਾ ਸੁਣਨਾ ਇਕ, ਇਕੋ ਵਾਰ ਜਣਾਈਆ । ਹਿਰਦੇ ਅੰਦਰ ਲੈਣਾ ਲਿਖ, ਭੁੱਲ ਰਹੇ ਨਾ ਰਾਈਆ । ਜਿਸ ਦੀ ਸਾਰੇ ਕਰਦੇ ਸਿਕ, ਹਿੰਦੂ ਮੁਸਲਿਮ ਸਿੱਖ ਇਸਾਈ ਧਿਆਨ ਦ੍ਰਿੜਾਈਆ । ਸੋ ਸਤਿ ਸਵਾਮੀ ਹਰ ਘਟ ਅੰਦਰ ਪਏ ਦਿਸ, ਦੇਸ ਦਸੰਤਰ ਪੰਧ ਮੁਕਾਈਆ । ਕਰਵਟ ਲਏ ਬਦਲੇ ਪਿਠ, ਸਨਮੁਖ ਰੂਪ ਵਟਾਈਆ । ਜੇ ਅੰਦਰੋ ਕਰੋ ਹਿਤ, ਮੇਲਾ ਮੇਲੇ ਸਹਿਜ ਸੁਭਾਈਆ । ਜੇ ਵਸਾਵੋ ਆਪਣੇ ਚਿਤ, ਮਨ ਠਗੌਰੀ ਰਹਿਣ ਨਾ ਪਾਈਆ । ਜੇ ਸਮਝ ਲਓ ਧੁਰ ਦਾ ਪਿਤ, ਪਤਿਪਰਮੇਸ਼ਵਰ ਹੋ ਕੇ ਦਰਸ ਦਿਖਾਈਆ । ਜੇ ਵਿਚ ਰਹਿ ਜਾਵੇ ਵਿਥ, ਪਿਛਲੀ ਕੀਤੀ ਦਏ ਗਵਾਈਆ । ਪ੍ਰਭ ਦੇ ਹੱਥ ਏਥੇ ਓਥੇ ਦੋ ਜਹਾਨਾਂ ਲਏ ਨਜਿਠ, ਨੇੜਨ ਨੇੜਾ ਦੂਰ ਦੁਰਾਡਾ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਸਾਚੀ ਕਰਨੀ ਦਾ ਸੱਚਾ ਕਾਰਨ, ਹਰਿ ਕਰਤਾ ਆਪ ਜਣਾਈਆ । ਭਗਤ ਵਛਲ ਜਗਤ ਉਧਾਰਨ, ਭਗਤੀ ਭਾਵ ਦੋਵੇਂ ਦਏ ਪਰਗਟਾਈਆ । ਦੁਸ਼ਟ ਹੰਕਾਰੀ ਆਇਆ ਮਾਰਨ, ਮਨ ਵਾਸਨਾ ਦਏ ਖਪਾਈਆ । ਸੰਤਾਂ ਆਇਆ ਪੈਜ ਸੁਆਰਨ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਗੁਰਸਿਖਾਂ ਧੁਰ ਦਾ ਢੋਲਾ ਨਾਮ ਆਇਆ ਉਚਾਰਨ, ਸਚ ਕਰੇ ਪੜ੍ਹਾਈਆ । ਸਚਖੰਡ ਦਵਾਰੇ ਆਇਆ ਵਾੜਨ, ਜਨ ਭਗਤਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੇਅੰਤ ਇਕ ਅਖਵਾਈਆ । ਜਿਸ ਨੂੰ ਕਹਿੰਦੇ ਸਦਾ ਬੇਅੰਤ, ਅੰਤ ਕੋਇ ਨਾ ਪਾਇੰਦਾ । ਸੋ ਖੇਲ ਕਰੇ ਅਗਣਤ, ਮਾਤਲੋਕ ਵੇਸ ਵਟਾਇੰਦਾ । ਸੋ ਭੇਵ ਖੁਲ੍ਹਾਏ ਜੀਵ ਜੰਤ, ਸਾਧ ਸੰਤ ਸਮਝਾਇੰਦਾ । ਪ੍ਰਭ ਦਾ ਨਾਮ ਇਕੋ ਮੰਤ, ਚਾਰ ਵਰਨਾਂ ਸਚ ਪੜ੍ਹਾਇੰਦਾ । ਬੋਧ ਅਗਾਧ ਬਣ ਕੇ ਪੰਡਤ, ਧੁਰ ਦੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਇਹ ਘੜੀ ਨਹੀਂ ਅੰਦਰ ਘੜਿਆਲ, ਜੋ ਘੜੀ ਘੜੀ ਦਏ ਜਗਾਈਆ । ਜਿਸ ਨੇ ਲਈ ਸੁਰਤ ਸੰਭਾਲ, ਤਿਸ ਦਾ ਟਾਈਮ ਖੁੰਜ ਕਦੇ ਨਾ ਜਾਈਆ । ਇਕ ਦੋ ਤਿੰਨ ਵਿਚ ਜਹਾਨ, ਚਾਰ ਚੌਥਾ ਪਦ ਦਏ ਵਖਾਈਆ । ਪੰਜਵੇਂ ਘਰ ਕਰ ਪਿਆਰ, ਛੇਵੇਂ ਦਰ ਖ਼ੁਸ਼ੀ ਮਨਾਈਆ । ਸਤਵੇਂ ਕਰ ਸਤਿ ਪਿਆਰ, ਅਠਵੇਂ ਅੱਠਾਂ ਤੱਤਾਂ ਲੇਖਾ ਦਏ ਚੁਕਾਈਆ । ਨਾਵੇਂ ਨੌ ਦਰ ਖੋਲ੍ਹ ਕਿਵਾੜ, ਦਸਵੇਂ ਆਪਣਾ ਨੂਰ ਕਰੇ ਰੁਸ਼ਨਾਈਆ । ਇਕ ਦਸ ਦਾ ਸਚ ਵਿਹਾਰ, ਏਕਾ ਏਕੇ ਨਾਲ ਜੁੜਾਈਆ । ਇਕ ਇਕੱਲਾ ਏਕੰਕਾਰਾ ਦੂਜਾ ਸਤਿ ਬਰਖ਼ੁਰਦਾਰ, ਇਕ ਦੋ ਬਾਰਾਂ ਵੱਜ ਕੇ ਇਕੋ ਟਾਈਮ ਦਏ ਸਮਝਾਈਆ । ਇਸ ਦੇ ਅੰਦਰ ਡੂੰਘੀ ਵਿਚਾਰ, ਜਿਸ ਨੂੰ ਰਸਨਾ ਵਿਚ ਸਕੇ ਨਾ ਕੋਇ ਸੁਣਾਈਆ । ਇਹ ਜੇਬ ਦਾ ਨਹੀਂ ਸ਼ਿੰਗਾਰ, ਬਿਰਧ ਬਾਲ ਜੁਆਨ ਤਿੰਨੇ ਪਾਰ ਦਏ ਕਰਾਈਆ । ਜਿਸ ਦਾ ਮਾਲਕ ਇਕ ਅਕਾਲ, ਜਿਸ ਦੀ ਘੜੀ ਪਲ ਸਮਝ ਕੋਇ ਨਾ ਆਈਆ । ਇਸਦੇ ਅੰਦਰ ਉਹ ਚਾਲ, ਜਿਹੜੀ ਚਾਲ ਇਹਨਾਂ ਅੰਦਰ ਰੱਖੀ ਸੰਭਾਲ, ਥੋੜਿਆਂ ਹੌਲੀ ਹੌਲੀ ਫੜਾਈਆ । ਬੇਸ਼ਕ ਇਹ ਬਾਹਰੋਂ ਦਿਸਣ ਲਾਲ, ਅੰਦਰੋ ਲਾਲ ਅਨਮੁੱਲੜੇ ਰਿਹਾ ਵਖਾਈਆ । ਇਹਨਾਂ ਨੂੰ ਭੈ ਨਾ ਰਹੇ ਕਾਲ, ਲੱਖ ਚੁਰਾਸੀ ਚਰਨਾਂ ਹੇਠ ਦਬਾਈਆ । ਫੜ ਕੇ ਗੋਦੀ ਲਵਾਂ ਉਠਾਲ, ਗਲਵਕੜੀ ਇਕੋ ਪਾਈਆ । ਲੈ ਜਾਂ ਉਸ ਸੱਚੀ ਧਰਮਸਾਲ, ਸਚਖੰਡ ਦਵਾਰੇ ਦਿਆਂ ਬਹਾਈਆ । ਉਸ ਵੇਲੇ ਘੜੀ ਕੱਢ ਕੇ ਜੇ ਕੋਈ ਵੇਖੇ ਇਕੋ ਵਕਤ ਆਵੇ ਚਾਰ, ਦੂਜਾ ਅੰਕ ਨਾ ਕੋਇ ਦਰਸਾਈਆ । ਇਹ ਭਗਤਾਂ ਦਾ ਵਿਹਾਰ,

ਸੰਤਾਂ ਦਾ ਵਪਾਰ, ਦੋਹਾਂ ਇਕੋ ਰੰਗ ਵਖਾਈਆ । ਤੁਹਾਡਾ ਰੂਪ ਨਜ਼ਰ ਆਵੇ ਅਖ਼ਬਾਰ, ਜਿਸ ਦੇ ਵਿਚ ਇਕ ਇਸ਼ਤਿਹਾਰ, ਆਹਿਸਤਾ ਆਹਿਸਤਾ ਦਏ ਜਣਾਈਆ । ਤੁਹਾਡਾ ਪਿਛਲੇ ਜਨਮ ਦਾ ਇਕ ਯਾਰ, ਗੁਰਮੀਤ ਸਿੰਘ ਉਠ ਕੇ ਦਰਸ ਦੇਣਾ ਵਖਾਈਆ । ਦੋਹਾਂ ਦਾ ਇਕੋ ਘਰ ਪਿਆਰ, ਇਕੋ ਪਿਤਾ ਮਾਈਆ । ਅਗਲੇ ਲੇਖੇ ਵਿਚ ਸਭ ਕੁਛ ਆਵੇ ਵਿਚ ਖ਼ਿਆਲ, ਦਲੀਲ ਸਕੇ ਨਾ ਕੋਇ ਦ੍ਰਿੜਾਈਆ । ਜਿਸ ਦਾ ਤਨ ਖਾਧਾ ਕਾਲ, ਮਨ ਜਗਤ ਵਿਚ ਲੁਭਾਈਆ । ਅੰਤਮ ਛਿਨ ਮਾਤਰ ਹਿਰਦੇ ਵਸਿਆ ਉਹ ਦਿਆਲ, ਜਿਸ ਦੀ ਦਿਆਲਤਾ ਸਭ ਦੇ ਉਤੇ ਛਾਈਆ । ਜਿਸ ਵੇਲੇ ਚਾਲੀ ਸਿੰਘਾਂ ਦੇ ਗੋਬਿੰਦ ਮੁਖ ਪੂੰਝਦਾ ਸੀ ਨਾਲ ਰੁਮਾਲ, ਬਰਦਾ ਹੋ ਕੇ ਸੇਵ ਕਮਾਈਆ । ਉਸ ਵੇਲੇ ਹੌਲੀ ਜਿਹੀ ਜਾਂਦਾ ਜਾਂਦਾ ਤੁਹਾਡੀ ਲਾਸ਼ ਦੇ ਲਗ ਗਿਆ ਨਾਲ, ਧੂੜ ਚਰਨਾਂ ਇਕ ਛੁਹਾਈਆ । ਫਿਰ ਆਇਆ ਇਹ ਖ਼ਿਆਲ, ਮੈਂ ਮੁਰਦਿਆਂ ਤੋਂ ਮੁਰਸ਼ਦ ਦਿਆਂ ਬਣਾਈਆ । ਉਹ ਸੁਰਤ ਜਿਹੜੀ ਭਰੀ ਵਿਚ ਖ਼ਿਆਲ, ਉਹ ਆਤਮ ਜਿਹੜੀ ਪਰਮਾਤਮ ਧਿਆਨ ਲਗਾਈਆ । ਮੈਂ ਤੇਰੀ ਸਿਫ਼ਤ ਕੀ ਕਰਾਂ ਨਾਲ ਜ਼ਬਾਨ, ਬੱਤੀ ਦੰਦ ਨਾ ਕੋਇ ਵਡਿਆਈਆ । ਗੋਬਿੰਦ ਕਿਹਾ ਮੈਂ ਅੰਤਮ ਲੇਖਾ ਵੇਖਾਂ ਆਣ, ਧੁਰ ਦਾ ਮਾਲਕ ਬਣ ਕੇ ਫੇਰਾ ਪਾਈਆ । ਫੇਰ ਬਖ਼ਸ਼ਾਂ ਸ਼ਬਦ ਗਿਆਨ, ਨਾਮ ਨਿਧਾਨ ਝੋਲੀ ਪਾਈਆ । ਇਹ ਪ੍ਰਭ ਦੇ ਹੱਥ ਆਵਣ ਜਾਣ, ਸੱਦਣਹਾਰਾ ਸੱਦਾ ਦੇ ਕੇ ਆਪੇ ਲਏ ਬੁਲਾਈਆ । ਅੱਗੇ ਵੇਖਣਾ ਸਭਨਾ ਦੱਸਣਾ ਕੀ ਖੇਲ ਕਰੇ ਭਗਵਾਨ, ਭਾਵੀ ਭਾਣਾ ਆਪਣਾ ਕੀ ਵਰਤਾਈਆ । ਸ਼ਾਹ ਸੁਲਤਾਨਾਂ ਦੇ ਕੇ ਇਕ ਗਿਆਨ, ਪੰਦਰਾਂ ਕੱਤਕ ਧੁਰ ਦਾ ਲੇਖਾ ਦਏ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਸਚ ਦੀ ਕਰੇ ਕੁੜਮਾਈਆ । ਗੁਰ ਗੋਬਿੰਦ ਇਕ ਨਿਸ਼ਾਨੀ ਏ । ਚਰਨ ਧੂੜ ਗਲ ਸੋਹਣੀ ਗਾਨੀ ਏ । ਹੱਥਕੜੀ ਲਾਹ ਕਟੀ ਜਮ ਕੀ ਫਾਸੀ ਏ । ਮਰਨ ਤੋਂ ਪਹਿਲੋਂ ਏਸ ਛੋਟੇ ਵੀਰ ਨੂੰ ਆਈ ਇਕ ਉਦਾਸੀ ਏ । ਗੋਬਿੰਦ ਚਲਦੇ ਫਿਰਦੇ ਨੂੰ ਅਨੋਖੀ ਬਾਣੀ ਇਕ ਭਾਸੀ ਏ । ਮੈਂ ਸਭ ਦਾ ਮਾਲਕ ਸਭ ਦਾ ਸਾਥੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਭਾਈ ਭਾਈ ਕੋਲੋਂ ਚੁਕਾਇਆ ਬਾਕੀ ਏ । ਲਹਿਣੇ ਦਾ ਮਾਲਕ ਆਪ ਨਿਰੰਕਾਰ, ਘਰ ਆਪਣੇ ਖ਼ੁਸ਼ੀ ਮਨਾਈਆ । ਮੁਕਤੀ ਦਾ ਦਵਾਰ, ਜੁਗਤੀ ਦਏ ਸਮਝਾਈਆ । ਫੁਰਤੀ ਵਿਚ ਚਾਲਾਕ, ਸਾਰਿਆਂ ਦਏ ਭੁਲਾਈਆ । ਵੇਖੋ ਮਿਲਣ ਮਿਲੌਣ ਦਾ ਕੀਤਾ ਆਪ ਇਤਫ਼ਾਕ, ਲੇਖਾ ਬੇਬਾਕ ਸਭ ਦਾ ਰਿਹਾ ਕਰਾਈਆ । ਉਸ ਵੇਲੇ ਗੁਰਮੀਤ ਦਾ ਇਹ ਵਾਕ, ਮੇਰੀ ਘੜੀ ਮੇਰੇ ਫੜਾ ਦੇ ਹਾਥ, ਤੇਰੇ ਸਾਥ ਰਹਿਣ ਕਿਉਂ ਪਾਈਆ । ਏਸੇ ਸੁਰਤੀ ਨੂੰ ਸਤਿਗੁਰ ਜਾਚ, ਗੋਬਿੰਦ ਹੌਲੀ ਜਿਹੀ ਤਸਮਾ ਦਿਤਾ ਖੁਲ੍ਹਾਈਆ । ਫੜ ਕੇ ਆਪਣੀ ਜੇਬ ਵਿਚ ਲਈ ਰਾਖ, ਲੇਖਾ ਦੂਜੀ ਵਾਰ ਕਰਾਂ ਬੇਬਾਕ, ਰਖਿਅਕ ਹੋ ਕੇ ਹੋਵਾਂ ਆਪ ਸਹਾਈਆ । ਇਹ ਕੋਈ ਖੇਲ ਨਹੀਂ ਤਮਾਸ਼, ਪੂਰਬ ਲੇਖਾ ਰਿਹਾ ਚੁਕਾਈਆ । ਇਹ ਘੜੀ ਇਹ ਵਾਚ, ਵਾਚਕ ਗਿਆਨ ਨਾ ਕੋਇ ਪੜ੍ਹਾਈਆ । ਇਹ ਅੰਦਰੋਂ ਪ੍ਰਭ ਨੂੰ ਮਾਰੇ ਆਵਾਜ਼, ਹੌਲੀ ਹੌਲੀ ਰਹੀ ਸੁਣਾਈਆ । ਤੇਰੀ ਵਡਿਆਈ ਤੇਰੇ ਹੱਥ ਗੁਰੂ ਮਹਾਰਾਜ, ਅਸੀਂ ਬੇਜ਼ਬਾਨ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਰੱਖੇ ਆਪਣੇ ਹਾਥ, ਸੋਹਣਾ ਲੇਖਾ ਰਿਹਾ ਵਖਾਈਆ ।

५८६

१२

## ✪ २ ਅੱਸੂ २०२१ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਪੁਰਖ ਅਕਾਲ ਖੇਲ ਅਜੀਬ, ਧੁਰ ਦੀ ਰੀਤੀ ਸਚ ਚਲਾਈਆ । ਜੁਗ ਚੌਕੜੀ ਵੇਖਣਹਾਰਾ ਸ਼ਾਹ ਗ਼ਰੀਬ, ਨਿਰਗੁਣ ਸਰਗੁਣ ਖੋਜ ਖੋਜਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲਾ ਬਣਾ ਅਜ਼ੀਜ਼, ਆਜਜ਼ ਆਪਣੀ ਇਕ ਦ੍ਰਿੜਾਈਆ । ਦੂਰ ਦੁਰਾਡਾ ਚਲ ਕੇ ਆਏ ਕਰੀਬ, ਨੇਰਨ ਨੇਰਾ ਰੂਪ ਪਰਗਟਾਈਆ । ਪੀਰ ਪੈਗ਼ੰਬਰਾਂ ਦੇ ਕੇ ਨਾਮ ਸੰਦੇਸ਼ਾ ਕਲਮਾ ਹੱਕ ਮਜ਼ੀਦ, ਮਜਲਸ ਇਕ ਵਖਾਈਆ । ਗੁਰ ਅਵਤਾਰਾਂ ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤੀ ਇਕ ਰਸੀਦ, ਧੁਰ ਦਾ ਨਾਤਾ ਗੰਢ ਪੁਆਈਆ । ਸਚਖੰਡ ਦਵਾਰੇ ਵਸੇ ਆਪ ਠੀਕ, ਠਾਕਰ ਹੋ ਕੇ ਡੇਰਾ ਲਾਈਆ । ਜੁਗ ਚੌਕੜੀ ਮੇਟੇ ਅੰਧੇਰਾ ਤਾਰੀਕ, ਤਰੀਕਾ ਆਪਣਾ ਦਏ ਸਮਝਾਈਆ । ਧਾਰ ਅਗੰਮੀ ਰੱਖ ਬਾਰੀਕ, ਨੇਤਰ ਓਝਲ ਦਏ ਵਖਾਈਆ । ਸਾਚੇ ਸੰਤਾਂ ਬਖ਼ਸ਼ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਆਪਣਾ ਦੱਸ ਕੇ ਸੱਚਾ ਗੀਤ, ਸੋਹੰ ਕਰੀ ਪੜ੍ਹਾਈਆ । ਕਾਇਆ ਕਾਅਬਾ ਸਚ ਮਸੀਤ, ਹੁਜਰਾ ਹਕ ਹਕ ਵਡਿਆਈਆ । ਪ੍ਰੇਮ ਪਿਆਰ ਦੇ ਵੇਖੇ ਆਪ ਮਰੀਜ਼, ਬਿਨ ਨਾੜੀ ਖੋਜ ਖੋਜਾਈਆ । ਅੰਦਰ ਬਾਹਰ ਦਾ ਬਣ ਤਬੀਬ, ਜਨ ਭਗਤਾਂ ਤਬਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਧੁਰ ਦਾ ਲੇਖ ਚੁਕਾਏ ਇਕ, ਇਕ ਇਕੱਲਾ ਹਰਿ ਅਖਵਾਇੰਦਾ । ਜਗਤ ਜੀਵ ਨਾ ਆਏ ਦਿਸ, ਦ੍ਰਿਸ਼ਟੀ ਭਗਤਾਂ ਆਪ ਖੁਲ੍ਹਾਇੰਦਾ । ਕੀਮਤ ਨਾਲ ਨਾ ਜਾਏ ਵਿਕ, ਪ੍ਰੇਮ ਪਿਆਰ ਅੰਦਰ ਤੋਲ ਤੁਲਾਇੰਦਾ । ਮਾਰਗ ਅਗੰਮੀ ਦੱਸ ਸਿਧ, ਸੰਤ ਸਾਧਕ ਖੋਜ ਖੋਜਾਇੰਦਾ । ਸਤਿ ਧਰਮ ਦੀ ਅਗਲੀ ਬਿਧ, ਬਿਧਨਾ ਲੇਖ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਕਰਨੀ ਕਰੇ ਗਹਿਰ ਗੰਭੀਰ, ਕਰਤਾ ਬੇਪਰਵਾਹੀਆ । ਅੰਮ੍ਰਿਤ ਬਖ਼ਸ਼ ਠਾਂਡਾ ਸੀਰ, ਅਗਨੀ ਤਤ ਬੁਝਾਈਆ । ਇਕ ਮੰਜ਼ਲ ਚੋਟੀ ਰਹਿਬਰ ਮਿਲੇ ਅਖ਼ੀਰ, ਪਿਛਲਾ ਪੰਧ ਮੁਕਾਈਆ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਕਟ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਆਪ ਸਹਾਈਆ ।

## ✪ २ ਅੱਸੂ २०२१ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਮੂਧਲ ✪

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੋਕਮਾਤ ਵੇਖ ਆਪਣਾ ਘਰ, ਨਿਰਗੁਣ ਸਰਗੁਣ ਲੱਖ ਚੁਰਾਸੀ ਫੋਲ ਫੁਲਾਈਆ । ਅਬਿਨਾਸ਼ੀ ਕਰਤੇ ਨਿਰਭਉ ਹੋ ਕੇ ਚੁਕਾ ਡਰ, ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਡੇਰਾ ਢਾਹੀਆ । ਨਿਰਵੈਰ ਹੋ ਕੇ ਹਰ ਘਟ ਅੰਦਰ ਵੜ, ਮਹੱਲ ਅਟਲ ਚੜ੍ਹ ਸੋਭਾ ਪਾਈਆ । ਸੁਰਤ ਸਵਾਣੀ ਸੁੱਤੀ ਫੜ, ਸ਼ਬਦ ਅਗੰਮੀ ਘਾੜਨ ਘੜ, ਅਨਹਦ ਨਾਦੀ ਨਾਦ ਸੁਣਾਈਆ । ਕਿਰਪਾਲ ਠਾਕਰ ਹੋ ਕੇ ਦੇ ਵਰ, ਪੀਰ ਪੈਗ਼ੰਬਰ ਚਰਨੀ ਡਿੱਗੇ ਦੜ, ਸੱਯਦਾ ਸੀਸ ਝੁਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਉਖੇੜ ਜੜ੍ਹ, ਸੰਤ ਸੁਹੇਲੇ ਗੁਰੂ ਗੁਰ ਚੇਲੇ ਲਾ ਲੜ, ਪੱਲੂ ਆਪਣਾ ਨਾਮ

ਫੜਾਈਆ । ਸਤਿ ਭੰਡਾਰੇ ਨਾਮ ਭਰ, ਅੰਤਰ ਆਤਮ ਸਚ ਦਵਾਰੇ ਖੜ, ਬਜਰ ਕਪਾਟੀ ਪੜਦਾ ਦਏ ਉਠਾਈਆ । ਅੰਮ੍ਰਿਤ ਝਿਰਨਾ ਝਿਰਾ ਨਿਝਰ ਸਰ, ਨਿਜ ਨੇਤਰ ਦਰਸ ਕਰਾ ਹਰੀ ਹਰਿ, ਨਰ ਨਰਾਇਣ ਤੇਰੀ ਆਸ ਤਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤ੍ਰੈਗੁਣ ਅਗਨੀ ਮਾਇਆ ਰਹੀ ਸੜ, ਪੰਚਮ ਪੰਚ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪ੍ਰਭ ਉਠ ਉਠ ਵੇਖ, ਜਗਤ ਮਾਤ ਲੋਕਾਈਆ । ਕੂੜੀ ਕਿਰਿਆ ਕਲਜੁਗ ਭੇਖ, ਚਾਰ ਕੁੰਟ ਅੰਧੇਰਾ ਛਾਈਆ । ਸਾਚਾ ਦਿਸੇ ਨਾ ਕੋਇ ਨਰੇਸ਼, ਅਦਾਲਤ ਹੱਕ ਨਾ ਕੋਇ ਕਮਾਈਆ । ਫ਼ੱਕਰ ਫ਼ਕੀਰ ਸੰਤ ਭਗਤ ਬਣੇ ਨਾ ਕੋਇ ਦਰਵੇਸ਼, ਧੁਰ ਦੀ ਅੱਖ ਨਾ ਕੋਇ ਖੁਲ੍ਹਾਈਆ । ਫਿਰੀ ਦਰੋਹੀ ਮੁੱਲਾ ਸ਼ੇਖ਼, ਪੰਡਤ ਪਾਂਧੇ ਰਹੇ ਕੁਰਲਾਈਆ । ਕੋਈ ਨਾ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖੇ ਆਪਣਾ ਦੇਸ, ਘਰ ਘਰ ਵਿਚ ਫੇਰਾ ਪਾਈਆ । ਜਿਸ ਧਾਮ ਅਵੱਲੜੇ ਪਰਮ ਪੁਰਖ ਪਰਮਾਤਮ ਰਹੇ ਹਮੇਸ਼, ਜੋਤੀ ਜਾਤਾ ਡਗਮਗਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੇਵੇ ਸੰਦੇਸ਼, ਧੁਰ ਦਾ ਢੋਲਾ ਰਾਗ ਸੁਣਾਈਆ । ਜਨ ਭਗਤਾਂ ਕਰੇ ਅੰਤਰ ਅੰਤਰ ਹੇਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਵੇਖ ਕੁੜਿਆਰੀ ਖੇਡ, ਖ਼ਾਲਕ ਖ਼ਲਕ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗੰਬਰ ਦਿਤੇ ਭੇਜ, ਧੁਰ ਦਾ ਹੁਕਮ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਸਾਡੀ ਮੁਕੀ ਹੱਦ, ਹਦੂਦ ਨਜ਼ਰ ਕੋਇ ਨਾ ਆਈਆ । ਚਾਰ ਯੁਗ ਚਾਰ ਕੁੰਟ ਦਹਿ ਦਿਸ਼ਾ ਆਏ ਭੱਜ, ਦਿਵਸ ਰੈਣ ਬਣ ਕੇ ਪਾਂਧੀ ਰਾਹੀਆ । ਨਾਮ ਢੋਲਾ ਤੇਰਾ ਗਾ ਕੇ ਆਏ ਛੰਦ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੰਢ ਪਵਾਈਆ । ਹੋਕਾ ਦੇ ਕੇ ਆਏ ਵਿਚ ਬ੍ਰਹਿਮੰਡ, ਵਰਭੰਡ ਕਰੀ ਸ਼ਨਵਾਈਆ । ਸੱਦਾ ਦਿਤਾ ਜੇਰਜ ਅੰਡ, ਉਤਭੁਜ ਸੇਤਜ ਦਰ ਦਰ ਰਾਗ ਅਲਾਈਆ । ਸਦੀ ਚੌਧਵੀਂ ਸੁੱਤੇ ਸਾਰੇ ਦੇ ਕਰ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਘਰ ਘਰ ਦਰ ਦਰ ਦਿਸੇ ਭੇਖ ਪਾਖੰਡ, ਸਤਿ ਸਰੂਪ ਨਾ ਕੋਇ ਸਮਾਈਆ । ਨਾਰ ਦੁਹਾਗਣ ਹੋਈ ਸੁਰਤੀ ਰੰਡ, ਸ਼ਬਦੀ ਕੰਤ ਨਾ ਕੋਇ ਹੰਢਾਈਆ । ਦਰ ਠਾਂਡੇ ਪੁਰਖ ਅਕਾਲ ਤੇਰੇ ਰਹੇ ਮੰਗ, ਦੋਏ ਜੋੜ ਸੀਸ ਝੁਕਾਈਆ । ਤੂੰ ਸਭਨਾਂ ਸਵਾਮੀ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰਾ ਦੋ ਜਹਾਨ ਵੱਜੇ ਮਰਦੰਗ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਬੈਠਾ ਸੀਸ ਨਿਵਾਈਆ । ਤੂੰ ਨਿਤ ਨਵਿਤ ਨਿਰਗੁਣ ਸਰਗੁਣ ਸਦਾ ਸੁਹੇਲਾ ਵਸੇਂ ਸੰਗ, ਧੁਰ ਦਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪੂਰਾ ਕਰਦੇ ਵਾਇਦਾ, ਵਾਹਿਦ ਤੇਰੀ ਓਟ ਤਕਾਈਆ । ਤੇਰੀ ਉਮਤ ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋਈ ਅਲਾਇਦਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੁਗ ਚੌਕੜੀ ਤੇਰਾ ਸੱਚਾ ਕਾਇਦਾ, ਕਾਨੂੰਨ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਹਰਿਜਨ ਥੋੜੇ ਲੈਂਦੇ ਫ਼ਾਇਦਾ, ਫ਼ਜ਼ੂਲ ਫਿਰਦੀ ਦਿਸੀ ਲੋਕਾਈਆ । ਗੋਬਿੰਦ ਨਾਲ ਤੇਰਾ ਮੁਆਹਿਦਾ, ਧੁਰ ਦਾ ਲੇਖਾ ਦਿਤਾ ਜਣਾਈਆ । ਪਰਗਟ ਹੋ ਕੇ ਦਰਸ ਦਿਖਾ ਪ੍ਰਭੂ ਬਾਕਾਇਦਾ, ਮਿਹਰਵਾਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰ

ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਆ, ਨਿਰਗੁਣ ਫੇਰਾ ਪਾਈਆ । ਸਦੀ ਵੀਹਵੀਂ ਬਣ ਮਲਾਹ, ਖੇਵਟ ਖੇਟਾ ਬਣ ਕੇ ਆਪੇ ਫੇਰਾ ਪਾਈਆ । ਸ਼ਾਸਤਰ ਸਿਮਰਤ ਸਾਰੇ ਹੋਏ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਗੁਰ ਅਵਤਾਰ ਬੈਠੇ ਪੰਧ ਮੁਕਾ, ਪੀਰ ਪੈਗ਼ੰਬਰ ਸਦੀ ਚੌਧਵੀਂ ਰਾਹ ਤਕਾਈਆ । ਨਈਆ ਨੌਕਾ ਨਿਰਗੁਣ ਆਪਣਾ ਨਾਮ ਚਲਾ, ਚਾਰ ਕੁੰਟ ਦਹਿ ਦਿਸ਼ਾ ਕਰੇ ਸ਼ਨਵਾਈਆ । ਤੂੰ ਰੱਬੀ ਨੂਰ ਨੁਰਾਨਾ ਇਕ ਖ਼ੁਦਾ, ਵਾਹਵਾ ਤੇਰੀ ਬੇਪਰਵਾਹੀਆ । ਤੇਰਾ ਮਾਰਗ ਏਥੇ ਓਥੇ ਦੋ ਜਹਾਂ ਸਿੱਧਾ, ਰਹਿਬਰ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਲੋਕਮਾਤ, ਮਾਤਰ ਭੂਮੀ ਰਹੀ ਕੁਰਲਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸੱਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਵਰਨ ਬਰਨ ਕਰੇ ਲੜਾਈਆ । ਆਤਮ ਪਰਮਾਤਮ ਬਣਾਏ ਕੋਈ ਨਾ ਸਾਕ, ਸੱਜਣ ਮੇਲ ਨਾ ਕੋਇ ਮਿਲਾਈਆ । ਘਰ ਵਿਚ ਘਰ ਖੋਲ੍ਹੇ ਕੋਈ ਨਾ ਤਾਕ, ਪੜਦਾ ਸਕੇ ਨਾ ਕੋਇ ਉਠਾਈਆ । ਅਨਾਦੀ ਧੁਨ ਮਾਰੇ ਨਾ ਕੋਈ ਆਵਾਜ਼, ਅਨਰਾਗੀ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣਾ ਕਲਜੁਗ, ਕਲਕਾਤੀ ਨਜ਼ਰੀ ਆਈਆ । ਪੰਚ ਵਿਕਾਰਾ ਘਰ ਘਰ ਯੁੱਧ, ਦਿਵਸ ਰੈਣ ਕਰੇ ਲੜਾਈਆ । ਸਾਰੇ ਭੁੱਲੇ ਗੁਰ ਕੀ ਮਤ ਸਾਚੀ ਬੁਧ, ਮਨਮਤ ਆਪਣਾ ਹੁਕਮ ਵਰਤਾਈਆ । ਤ੍ਰੈਗੁਣ ਮਾਇਆ ਅਗਨੀ ਤਤ ਰਹੇ ਭੁੱਜ, ਸਾਂਤਕ ਸਤਿ ਨਾ ਕੋਇ ਕਰਾਈਆ । ਤੇਰਾ ਭੇਵ ਨਿਰਾਲਾ ਦੱਸੇ ਕੋਈ ਨਾ ਗੁਝ, ਸਾਧ ਸੰਤ ਬੈਠੇ ਮੁਖ ਭਵਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਪਈ ਫੁੱਟ, ਦਹਿ ਦਿਸ਼ਾ ਮੇਲ ਨਾ ਕੋਇ ਮਿਲਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਚਾਰੋਂ ਕੁੰਟ ਦਿਸੇ ਲੁਟ, ਧੀਰਜ ਜਤ ਬੈਠਾ ਮੁਖ ਛੁਪਾਈਆ । ਸ੍ਰੀ ਭਗਵਾਨ ਬੇਪਰਵਾਹ ਪਰਵਰਦਿਗਾਰ ਸਾਂਝੇ ਯਾਰ ਮੁਕਾਮੇ ਹਕ ਉਠ, ਬੇਨਕਾਬ ਪੜਦਾ ਦਏ ਚੁਕਾਈਆ । ਤੇਰਾ ਨਾਉਂ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਭ ਦੀ ਦਏ ਬਣਾਈਆ । ਨਿਰਵੈਰ ਹੋ ਕੇ ਬਦਲ ਆਪਣਾ ਰੁਖ਼, ਨਿਰਾਕਾਰ ਹੋ ਕੇ ਨਿਰਗੁਣ ਜੋਤ ਕਰ ਰੁਸ਼ਨਾਈਆ । ਕੂੜੀ ਕਿਰਿਆ ਬੂਟਾ ਅੰਤਮ ਪੁੱਟ, ਜੜ੍ਹ ਫੇਰ ਸਕੇ ਨਾ ਕੋਇ ਲਗਾਈਆ । ਸਤਿਜੁਗ ਸੱਚਾ ਉਠਾ ਆਪਣਾ ਪੁਤ, ਪਿਤਾ ਹੋ ਕੇ ਦਇਆ ਕਮਾਈਆ । ਸਾਧਾਂ ਸੰਤਾਂ ਜੀਵਾਂ ਜੰਤਾਂ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਆ ਕੇ ਪੁਛ, ਜੋ ਅੰਦਰੇ ਅੰਦਰ ਤੇਰਾ ਧਿਆਨ ਲਗਾਈਆ । ਸਾਡਾ ਪੈਂਡਾ ਸਭ ਦਾ ਗਿਆ ਮੁਕ, ਸਚਖੰਡ ਦਵਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਕਿਰਪਾਲ, ਕਿਰਪਾਨਿਧ ਤੇਰੀ ਵਡਿਆਈਆ । ਗੁਰਮੁਖ ਵੇਖ ਆਪਣੇ ਲਾਲ, ਹਰਿਜਨ ਗੋਦ ਉਠਾਈਆ । ਭਾਗ ਲਗਾ ਕਾਇਆ ਮੰਦਰ ਸੱਚੀ ਧਰਮਸਾਲ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਦੀਵਾ ਬਾਤੀ ਕਮਲਾਪਾਤੀ ਇਕੋ ਬਾਲ, ਘਰ ਜੋਤ ਨਿਰੰਜਣ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਵੱਜੇ ਤਾਲ, ਤੁਰੀਆ ਮੁਖ ਸ਼ਰਮਾਈਆ । ਜਿਧਰ ਵੇਖਣ ਤੱਕਣ ਗੁਰਮੁਖ ਤੂੰ ਵਸੇਂ ਭਗਤਾਂ ਨਾਲ, ਅੰਦਰ ਬਾਹਰ ਗੁਪਤ ਜ਼ਾਹਰ

੫੮੯ ੧੨

ਆਪਣਾ ਸੰਗ ਨਿਭਾਈਆ । ਆ ਕੇ ਪੁਛ ਮੁਰੀਦਾਂ ਹਾਲ, ਕਿਉਂ ਮੁਰਸ਼ਦ ਬੈਠਾ ਮੁਖ ਭੁਆਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਾਲ, ਜਗਤ ਨਗਾਰਾ ਰਿਹਾ ਵਜਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਬੇਹਾਲ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖ ਥਾਉਂ ਥਾਈਂਆ । ਹਰਿਜਨ ਵੇਖ ਪ੍ਰਭ ਥਾਨ ਥਨੰਤਰ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਸ਼ਬਦ ਦ੍ਰਿੜ੍ਹਾ ਅਗੰਮਾ ਮੰਤਰ, ਆਤਮ ਪਰਮਾਤਮ ਦੇ ਸਮਝਾਈਆ । ਭੇਵ ਚੁਕਾ ਗਗਨ ਗਗਨੰਤਰ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਨਿਤ ਬਣਾ ਆਪਣੀ ਬਣਤਰ, ਘੜਨ ਭੰਨਣਹਾਰ ਸਹਿਜ ਸੁਖਦਾਈਆ । ਤੇਰਾ ਰੂਪ ਬ੍ਰਹਮ ਵੇਖੀਏ ਨਿਰੰਤਰ, ਮਾਇਆ ਬ੍ਰਹਮ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਸ ਵਟਾਈਆ । ਕਲਜੁਗ ਅੰਤਮ ਆ ਪੁਰਖ ਸਮਰਥ, ਦੀਨਣ ਆਪਣੀ ਦਇਆ ਕਮਾਈਆ । ਜੁਗ ਚੌਕੜੀ ਚਲਾਵਣਹਾਰੇ ਆਪਣਾ ਰਥ, ਵਡ ਰਥਵਾਹੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦੀ ਦੱਸ ਗਾਥ, ਸੋਹੰ ਸਚ ਪੜ੍ਹਾਈਆ । ਏਥੇ ਓਥੇ ਬਣ ਪਿਤਾ ਮਾਤ, ਗੁਰਮੁਖ ਬਾਲੇ ਗੋਦ ਉਠਾਈਆ । ਅੰਦਰ ਮੇਟ ਅੰਧੇਰੀ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਆਤਮ ਸੇਜਾ ਸੁਹਾ ਖਾਟ, ਸੁਹੰਜਣੀ ਖਟੀਆ ਡੇਰਾ ਲਾਈਆ । ਜੋਤੀ ਜੋਤ ਕਰ ਪਰਕਾਸ਼, ਪਰਕਾਸ਼ਵਾਨ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਉਦਾਸ, ਹੈਰਾਨੀ ਸਭ ਦੇ ਉਤੇ ਛਾਈਆ । ਰਾਹ ਤੱਕੇ ਪ੍ਰਿਥਮੀ ਆਕਾਸ਼, ਪੁਰੀ ਲੋਅ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦੇ ਵਡਿਆਈ ਪਾਰਬ੍ਰਹਮ, ਹਰਿਜਨ ਧਿਆਨ ਲਗਾਇੰਦਾ । ਸਚ ਪ੍ਰੀਤੀ ਧੁਰ ਦੀ ਸ਼ਰਨ, ਚਰਨ ਕਵਲ ਇਕ ਵਖਾਇੰਦਾ । ਝਗੜਾ ਚੁਕਾ ਵਰਨ ਬਰਨ, ਜ਼ਾਤ ਅਜ਼ਾਤੀ ਤੇਰਾ ਰੂਪ ਨਜ਼ਰੀ ਆਇੰਦਾ । ਤੂੰ ਮਾਲਕ ਖ਼ਾਲਕ ਤਰਨੀ ਤਰਨ, ਪੁਰਖ ਸਮਰਥ ਮਹਿੰਮਾ ਅਕਥ ਇਕ ਪਰਗਟਾਇੰਦਾ । ਜਨ ਭਗਤਾਂ ਨੇਤਰ ਖੋਲ੍ਹ ਹਰਨ ਫਰਨ, ਲੋਚਨ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਰੱਖੀ ਆਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਵੇਖਿਆ ਜਗਤ ਤਮਾਸ਼ਾ, ਕਲ ਕਲਕੀ ਵੇਸ ਵਟਾਈਆ । ਦੋ ਜਹਾਨਾਂ ਬਣ ਕੇ ਕਾਹਨਾ ਪਾਵੇ ਸਾਚੀ ਰਾਸਾ, ਲੱਖ ਚੁਰਾਸੀ ਗੋਪੀ ਆਪ ਨਚਾਈਆ । ਭਗਤ ਵਛਲ ਗਿਰਵਰ ਗਿਰਧਾਰ ਬਣ ਕੇ ਦਾਸੀ ਦਾਸਾ, ਹਰਿਜਨ ਸਾਚੀ ਸੇਵ ਕਮਾਈਆ । ਅਗੰਮ ਅਥਾਹ ਬੋਧ ਅਗਾਧ ਆਤਮ ਪਰਮਾਤਮ ਖੋਲ੍ਹੇ ਸਚ ਖੁਲਾਸਾ, ਖ਼ਾਲਸ ਆਪਣੀ ਧਾਰ ਜਣਾਈਆ । ਹਰਿ ਕਾ ਨਾਮ ਕਦੀ ਨਾ ਤੋਲੇ ਰਤੀ ਤੋਲਾ ਮਾਸ਼ਾ, ਅੰਕਾਂ ਵਿਚ ਨਾ ਦਏ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਨ ਭਗਤਾਂ ਬਣ ਕੇ ਰਾਖਾ, ਰੱਖਿਆ ਕਰੇ ਥਾਉਂ ਥਾਈਂਆ । ਅੰਦਰ ਵੜ ਕੇ ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਬਾਤਾਂ, ਬਾਤਨ ਆਪਣਾ ਭੇਵ ਖੁਲ੍ਹਾਈਆ । ਪ੍ਰੇਮ ਪਿਆਰ ਦਾ ਜੋੜ ਕੇ ਨਾਤਾ, ਬ੍ਰਹਮ ਪਾਰਬ੍ਰਹਮ ਨਾਲ ਮਿਲਾਈਆ । ਸ਼ਬਦ ਅਗੰਮ ਸੁਣਾਏ ਗਾਥਾ, ਨਿਰਅੱਖਰ ਕਰੇ ਪੜ੍ਹਾਈਆ । ਹਰਿਜਨ ਤੇਰਾ ਲੇਖਾ ਚੁਕਾਏ ਪੂਜਾ ਪਾਠਾ, ਸਿਮਰਨ ਜੋਗ ਅਭਿਆਸ ਸਚ ਚਰਨ ਦਏ ਸਰਨਾਈਆ । ਪਿਆਲਾ ਪਿਆ ਕੇ ਪ੍ਰੇਮ ਬੂੰਦ ਸਵਾਂਤੀ

ਆਬੇ ਹਯਾਤਾ, ਰਸ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਮਸਤਕ ਲਹਿਣਾ ਵੇਖ ਵਖਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਓਟ, ਆਦਿ ਜੁਗਾਦਿ ਤਕਾਈਆ । ਤੇਰਾ ਪਰਕਾਸ਼ ਨਿਰਮਲ ਜੋਤ, ਘਟ ਘਟ ਦੀਵਾ ਬਾਤੀ ਕਰੇ ਰੁਸ਼ਨਾਈਆ । ਤੇਰੇ ਗ੍ਰਿਹ ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਵਖਾਈਆ । ਨਾ ਕੋਈ ਸਮਝ ਨਾ ਕੋਈ ਸੋਚ, ਬੁਧੀ ਮਨ ਨਾ ਕੋਇ ਵਡਿਆਈਆ । ਨਿਤ ਨਵਿਤ ਸਾਧਾਂ ਸੰਤਾਂ ਜੀਵਾਂ ਜੰਤਾਂ ਕਿਰਪਾ ਵਿਚ ਵਖਾਵੇ ਮੌਜ, ਮੁਫ਼ਤ ਮਜਲਸ ਆਪਣੀ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਧੁਰ ਦਾ ਲੇਖਾ ਦੱਸ ਭਗਵੰਤ, ਅਗਲੀ ਸਮਝ ਕਿਸੇ ਨਾ ਆਈਆ । ਵੀਹ ਸੌ ਇੱਕੀ ਵਾਕ ਭਵਿਖਤਾਂ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਰਹੇ ਸੰਤ, ਸਤਰਾਂ ਅੱਖਰਾਂ ਨਾਲ ਲਿਖਾਈਆ । ਓੜਕ ਕਹਿ ਕੇ ਹਰਿ ਬੇਅੰਤ, ਪੱਲੂ ਗਏ ਛੁਡਾਈਆ । ਕੋਟਨ ਕੋਟ ਸਿਫ਼ਤੀ ਨਾਮ ਜਪ ਕੇ ਮਣੀਆ ਮੰਤ, ਮਤਲਬ ਆਪਣਾ ਹੱਲ ਕਰਾਈਆ । ਸੰਦੇਸਿਆਂ ਨਾਲ ਦੱਸਦੇ ਰਹੇ ਹਰਿ ਹਰਿ ਸਾਚਾ ਕੰਤ, ਸੇਜ ਸੁਹੰਜਣੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਇਕੋ ਮੋਹ, ਮੁਹੱਬਤ ਵਿਚ ਸਮਾਈਆ । ਜੋ ਤੇਰੇ ਨਾਲ ਜਾਏ ਛੋਹ, ਸ਼ਹਿਨਸ਼ਾਹ ਤੇਰਾ ਰੂਪ ਨਜ਼ਰੀ ਆਈਆ । ਤੂੰ ਦੁਰਮਤ ਮੈਲ ਦੇਵੇਂ ਧੋ, ਅੰਮ੍ਰਿਤ ਮੇਘ ਇਕ ਬਰਸਾਈਆ । ਕਰੇਂ ਪਰਕਾਸ਼ ਨਿਰਮਲ ਲੋ, ਜੋਤੀ ਜੋਤ ਡਗਮਗਾਈਆ । ਤੂੰ ਭਗਤਾਂ ਜੋਗਾ ਜਾਏਂ ਹੋ, ਹੋਕਾ ਦੇ ਕੇ ਦਏਂ ਸੁਣਾਈਆ । ਕੂੜੀ ਕਿਰਿਆ ਸਚ ਦਵਾਰਿਉਂ ਲਏਂ ਖੋਹ, ਮਨ ਮਨਸਾ ਮੇਟ ਮਿਟਾਈਆ । ਆਤਮ ਪਰਮਾਤਮ ਨਾਮ ਅਗੰਮਾ ਬੀਜ ਦੇਵੇਂ ਬੋ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਲਏ ਅੰਗੜਾਈਆ । ਕਲਜੁਗ ਅੰਤ ਹਰਿ ਜੂ ਉਠ, ਗੁਰ ਅਵਤਾਰ ਪੀਰ ਪੈਗ਼ੰਬਰ ਵਾਸਤਾ ਪਾਈਆ । ਜਨ ਭਗਤਾਂ ਜਾ ਕੇ ਮਾਤ ਪੁਛ, ਫੜ ਬਾਹੋਂ ਗਲੇ ਲਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹੋਂ ਲੁਕ, ਨਿਰਗੁਣ ਹੋ ਕੇ ਪੜਦਾ ਪਾਈਆ । ਸਦੀ ਵੀਹਵੀਂ ਬਦਲ ਆਪਣਾ ਰੁਖ, ਤਬਦੀਲੀ ਸਭ ਨੂੰ ਦਏ ਜਣਾਈਆ । ਨਾਲ ਰਲਾ ਗੋਬਿੰਦ ਸੁਤ, ਸ਼ਬਦੀ ਰੂਪ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੁਕਿਆ ਰਹੇ ਨਾ ਕੋਈ ਕਿਸੇ ਗੁੱਠ, ਪੜਦਾ ਓਹਲਾ ਦਏ ਚੁਕਾਈਆ । ਮਾਇਆ ਮਮਤਾ ਜਗਤ ਵਿਕਾਰਾ ਕੱਢ ਕੁੱਟ, ਖੰਡਾ ਖੜਗ ਇਕ ਚਮਕਾਈਆ । ਪੂਰਬ ਕਰਮਾਂ ਕਰ ਕੇ ਜੋ ਗਏ ਰੁਠ, ਨਿਹਕਰਮੀ ਹੋ ਕੇ ਲਏ ਮਿਲਾਈਆ । ਤੂੰ ਸਭ ਦੇ ਅੰਦਰ ਅੰਤਰ ਆਤਮ ਰਿਹਾ ਬੁਝ, ਤੇਰੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਈਆ । ਮਿਹਰਵਾਨ ਪਾ ਫੇਰੀ, ਕਲਜੁਗ ਅੰਤ ਦਏ ਦੁਹਾਈਆ । ਕੂੜੀ ਕਿਰਿਆ ਰੈਣ ਅੰਧੇਰੀ, ਅੰਧ ਵਿਸ਼ਵਾਸ਼ ਹੋਈ ਲੋਕਾਈਆ । ਭਰਮਾਂ ਢਾਹੀ ਘਰ ਘਰ ਕਿਸੇ ਨਾ ਢੇਰੀ, ਡੰਕਾ ਨਾਮ ਨਾ ਕੋਇ ਸੁਣਾਈਆ । ਸ੍ਰਿਸ਼ਟੀ ਹੋਈ ਮਾਇਆ ਚੇਰੀ, ਚੇਲਾ ਗੁਰ ਨਜ਼ਰ ਕੋਇ ਨਾ ਆਈਆ । ਨੌਕਾ ਨਾਮ ਚੜ੍ਹੇ ਕੋਈ ਨਾ ਬੇੜੀ, ਸ਼ੌਹ ਦਰਿਆਏ ਬਣੇ ਸਾਰੇ ਪਾਂਧੀ ਰਾਹੀਆ । ਤੇਰੀ ਵਾਰ ਥਿਤ ਅਗੰਮੀ ਆਈ ਨੇੜੀ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਮਿਹਰਵਾਨ ਵੇਖ ਠਾਕਰ, ਆਪਣਾ ਪੜਦਾ ਲਾਹੀਆ ।

੫੯੦
੧੨

ਕਲਜੁਗ ਵਹਿਣ ਡੂੰਘਾ ਸਾਗਰ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਲੰਘਾਈਆ । ਕਿਰਪਾ ਕਰ ਕਰਤੇ ਕਾਦਰ, ਕੁਦਰਤ ਮਾਲਕ ਖ਼ਾਲਕ ਤੇਰੀ ਆਸ ਰਖਾਈਆ । ਤੂੰ ਜੋਧਾ ਸੂਰਬੀਰ ਬਹਾਦਰ, ਮਰਦ ਮਰਦਾਨਾ ਨਾਉਂ ਧਰਾਈਆ । ਗ਼ਰੀਬ ਨਿਮਾਣਿਆਂ ਸਚ ਦਵਾਰੇ ਦੇ ਆਦਰ, ਫੜ ਬਾਹੋਂ ਗਲੇ ਲਗਾਈਆ । ਲਹਿਣਾ ਚੁਕਾ ਮਕਤੂਲ ਕਾਤਲ, ਮਕਤਬ ਸਾਚੇ ਕਰ ਪੜ੍ਹਾਈਆ । ਤੇਰੇ ਹੱਥ ਧੁਰ ਆਦਲ, ਅਦਾਲਤ ਇਕੋ ਇਕ ਲਗਾਈਆ । ਕਲਜੁਗ ਜੀਵ ਮਨਮਤੀ ਹੋਏ ਪਾਗ਼ਲ, ਬੌਰੇ ਹੋ ਕੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਦੇ ਦ੍ਰਿੜਾਈਆ । ਸਚ ਕਰਨੀ ਪ੍ਰਭ ਆਪ ਦੱਸ, ਖਾਣੀ ਬਾਣੀ ਸਾਰ ਕੋਇ ਨਾ ਆਈਆ । ਨਿਰਵੈਰ ਹੋ ਕੇ ਹਿਰਦੇ ਵਸ, ਹਰਿ ਹਿਰਦਾ ਦੇ ਜਗਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਪੜਦਾ ਓਹਲਾ ਪਰੇ ਹਟਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਆਦਿ ਜੁਗਾਦਿ ਤੇਰੇ ਹੱਥ, ਤੂੰ ਮਾਲਕ ਬੇਪਰਵਾਹੀਆ । ਕਲਜੁਗ ਅੰਤ ਪੰਧ ਮੁਕਦਾ ਜਾਏ ਨੱਸ ਨੱਸ, ਨੱਠਾ ਜਾਵੇ ਵਾਹੋ ਦਾਹੀਆ । ਸੰਤ ਸੁਹੇਲੇ ਪੂਰੀ ਕਰ ਆਸ, ਤ੍ਰਿਸ਼ਨਾ ਰੋਗ ਮਿਟਾਈਆ । ਘਰ ਘਰ ਜੋਤ ਕਰ ਪਰਕਾਸ਼, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਪਰਮਾਤਮ ਆਤਮ ਤੇਰੀ ਸੱਚੀ ਦਾਤ, ਤੇਰਾ ਰੂਪ ਨਜ਼ਰੀ ਆਈਆ । ਆ ਕੇ ਵੇਖ ਪਤਨ ਘਾਟ, ਖੇਵਟ ਖੇਟਾ ਬਣ ਕੇ ਧੁਰ ਮਲਾਹੀਆ । ਈਸਾ ਮੂਸਾ ਮੁਹੰਮਦ ਗੁਰ ਅਵਤਾਰ ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਆਖ, ਅੱਖਰਾਂ ਨਾਲ ਪੜ੍ਹਾਈਆ । ਕੁਲ ਦਾ ਲਹਿਣਾ ਦੇਣਾ ਚੁਕਾ ਹਿਸਾਬ, ਕਿਤਾਬ ਆਪਣੀ ਦਏ ਖੁਲ੍ਹਾਈਆ । ਬਿਨ ਮੱਕੇ ਕਾਅਬਿਉਂ ਦੱਸ ਸੱਚੀ ਮਹਿਰਾਬ, ਜਿਸ ਹੁਜਰੇ ਵਿਚ ਮਹਿਬੂਬ ਆਪਣਾ ਆਸਣ ਲਾਈਆ । ਸੰਤਾਂ ਭਗਤਾਂ ਭੇਵ ਖੁਲ੍ਹਾ ਗੁਰੂ ਮਹਾਰਾਜ, ਮਹਿੰਮਾ ਅਕਥ ਕਥ ਦ੍ਰਿੜਾਈਆ । ਤੂੰ ਨਿਤ ਨਵਿਤ ਗ਼ਰੀਬ ਨਿਵਾਜ਼, ਹੰਕਾਰੀਆਂ ਦੁਸ਼ਟਾਂ ਦਏਂ ਸਜ਼ਾਈਆ । ਕਲਜੁਗ ਕੂੜੀ ਕਿਰਿਆ ਡੁੱਬਣ ਵਾਲਾ ਜਹਾਜ਼, ਬੇੜਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹ ਸਵਾਮੀ, ਸਚ ਸਚ ਜਣਾਈਆ । ਕਲਜੁਗ ਜੀਵਾਂ ਭੁੱਲੀ ਤੇਰੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਚਲਾਈਆ । ਚਾਰ ਕੁੰਟ ਆਈ ਹਾਨੀ, ਹਿਰਦੇ ਹਰਿ ਨਾ ਕੋਇ ਵਸਾਈਆ । ਭਰਮੇ ਭੁੱਲੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਕੋਇ ਨਾ ਪਾਈਆ । ਅਠਸਠ ਤੀਰਥ ਸਤਿ ਰਿਹਾ ਨਾ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋ ਰੋ ਰਹੀ ਸੁਣਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਗਤ ਕਹਾਣੀ, ਸਤਿ ਧਰਮ ਸੰਗ ਨਾ ਕੋਇ ਨਿਭਾਈਆ । ਤੇਰੀ ਧਾਰ ਪ੍ਰਭ ਕਿਸੇ ਨਾ ਮਾਤ ਪਹਿਚਾਨੀ, ਬੇਪਹਿਚਾਨ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਾ ਕਰ ਮਿਲਾਪ, ਹੱਥ ਤੇਰੇ ਵਡਿਆਈਆ । ਤੂੰ ਸੱਚਾ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਅੰਤਰ ਆਤਮ ਦੱਸ ਜਾਪ, ਸਾਚੀ ਸਚ ਪੜ੍ਹਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਈਆ । ਅੰਦਰ ਵੜ ਕੇ ਦੇ ਸਾਥ, ਸੁਰਤੀ ਸ਼ਬਦ ਜੁੜਾਈਆ । ਲਹਿਣਾ ਦੇਣਾ ਕਰ ਬੇਬਾਕ, ਹਿਸਾਬ ਲੇਖੇ ਵਿਚੋਂ ਕਢਾਈਆ । ਤੂੰ ਮੇਰਾ ਮੈਂ ਤੇਰਾ ਸਾਕ, ਨਾਤਾ ਧੁਰ ਦਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਦਇਆ ਕਮਾਈਆ । ਸਾਹਿਬ ਸਵਾਮੀ ਵੇਖ ਗ਼ਰੀਬ, ਨਿਮਾਣਿਆਂ ਮਾਣ ਦਵਾਈਆ ।


੫੯੧
੧੨

ਤੇਰਾ ਖੇਲ ਅਜਬ ਅਜੀਬ, ਜਗਤ ਸਮਝ ਕਿਸੇ ਨਾ ਪਾਈਆ । ਤੂੰ ਮਾਲਕ ਧੁਰ ਦਾ ਇਕ ਤਬੀਬ, ਤਬੀਅਤ ਸਭ ਦੀ ਵੇਖ ਵਖਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਦਰਸ ਦਿਖਾਏਂ ਹੋ ਨਜ਼ਦੀਕ, ਦੂਰ ਦੁਰਾਡਾ ਪੰਧ ਚੁਕਾਈਆ । ਉਹ ਤੈਨੂੰ ਮੰਨਣ ਠੀਕ, ਠੀਕਰ ਕੂੜਾ ਭੰਨ ਵਖਾਈਆ । ਚਰਨ ਪ੍ਰੀਤੀ ਦੱਸ ਪ੍ਰੀਤ, ਰੀਤ ਸਾਚੀ ਦਏ ਸਮਝਾਈਆ । ਤੇਰਾ ਲੇਖਾ ਹਸਤ ਕੀਟ, ਊਚ ਨੀਚ ਸੋਭਾ ਪਾਈਆ । ਜਿਸ ਦੇ ਅੰਦਰ ਵਸੇ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਤੂੰ ਪਤਤ ਪਾਪੀ ਕਰੇਂ ਪੁਨੀਤ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਹੱਥ ਸੱਚੀ ਬਖ਼ਸ਼ੀਸ਼, ਰਹਿਮਤ ਨਾਮ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਿਉਂ ਦਏ ਭੀਖ, ਭਿਛਿਆ ਇਕੋ ਇਕ ਵਰਤਾਈਆ । ਭਿਛਿਆ ਦੇ ਪ੍ਰਭ ਦੀਨ ਦਿਆਲ, ਗੁਰ ਅਵਤਾਰ ਝੋਲੀ ਡਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜਨ ਭਗਤ ਵੇਖ ਆਪਣੇ ਲਾਲ, ਲਾਲਨ ਅਪਣਾ ਰੰਗ ਰੰਗਾਈਆ । ਜੋ ਜਗਤ ਮਾਇਆ ਵਿਚ ਕੰਗਾਲ, ਕਮਲੇ ਕੋਝੇ ਨਜ਼ਰੀ ਆਈਆ । ਉਨ੍ਹਾਂ ਵਿਚੋਂ ਇਕ ਗੁਰਸਿਖ ਸਿੰਘ ਦਿਆਲ, ਜਿਸ ਦੀ ਗੁਰ ਸਤਿਗੁਰ ਆਪ ਬਣਤ ਬਣਾਈਆ ।

### ✪ ੨ ਅੱਸੂ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ✪



ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਧਰਮ, ਅਧਰਮੀ ਦਿਸੇ ਸ੍ਰਿਸ਼ਟ ਸਬਾਈਆ । ਜੁਗ ਚੌਕੜੀ ਜੋ ਦੱਸਦੇ ਆਏ ਤੇਰੀ ਸਰਨ, ਇਸ਼ਟ ਦੇਵ ਸਵਾਮੀ ਧੁਰ ਦ੍ਰਿੜਾਈਆ । ਨਿਰਗੁਣ ਸਰਗੁਣ ਤੇਰੇ ਢੋਲੇ ਸਚ ਪੜ੍ਹਨ, ਗੁਰ ਅਵਤਾਰ ਨਿਰਅੱਖਰ ਕਰੀ ਪੜ੍ਹਾਈਆ । ਕਲਜੁਗ ਅੰਤਮ ਝਗੜਾ ਪਿਆ ਵਰਨ ਬਰਨ, ਸ਼ਰਅ ਸ਼ਰੀਅਤ ਕਰੇ ਲੜਾਈਆ । ਪੱਲੂ ਕੋਈ ਨਾ ਜਾਵੇ ਫੜਨ, ਵੇਲਾ ਵਕਤ ਸਭ ਦਾ ਪੰਧ ਮੁਕਾਈਆ । ਅਰਜ਼ੋਈ ਅਰਜ਼ ਤੇਰੇ ਅੱਗੇ ਕਰਨ, ਕਰਤਾ ਪੁਰਖ ਸਚ ਤੇਰੀ ਵਡਿਆਈਆ । ਲੋਕਮਾਤ ਵੇਖ ਉਪਰ ਧਰਨੀ ਧਰਨ, ਧਵਲ ਕੂਕੇ ਦਏ ਦੁਹਾਈਆ । ਸਤਿਗੁਰ ਨਜ਼ਰ ਨਾ ਆਏ ਕਿਸੇ ਚਰਨ, ਚਰਨੋਦਕ ਅੰਮ੍ਰਿਤ ਮੁਖ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਅਗੰਮੀ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਮਤ, ਕਲਜੁਗ ਅੰਤਮ ਭਰਮ ਭੁਲਾਈਆ । ਧੀਰਜ ਦਿਸੇ ਨਾ ਕੋਇ ਸਤਿ, ਸਤਿ ਸੰਤੋਖ ਨਾ ਕੋਇ ਵਖਾਈਆ । ਪ੍ਰੇਮ ਪਿਆਰ ਮਿਲੇ ਨਾ ਮੰਦਰ ਮਸਜਿਦ ਮੱਠ, ਗੁਰਦਵਾਰੇ ਕੂਕਣ ਕੂਕ ਕੂਕ ਸੁਣਾਈਆ । ਗ਼ਰੀਬ ਨਿਮਾਣਿਆਂ ਝੋਲੀ ਪਾਏ ਕੋਈ ਨਾ ਹੱਕ, ਹਕੀਕਤ ਸਚ ਨਾ ਕੋਈ ਖੋਜ ਖੋਜਾਈਆ । ਸਦੀ ਬੀਸਵੀਂ ਪੱਲੂ ਛੁਡਾ ਕੇ ਸਾਰੇ ਆਏ ਨੱਠ, ਜਗਤ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟ ਕਹਾਣੀ ਤੈਨੂੰ ਰਹੀ ਦੱਸ, ਭੇਵ ਅਭੇਦਾ ਇਕ ਜਣਾਈਆ । ਆਦਿ ਜੁਗਾਦਿ ਪ੍ਰਭ ਸਭ ਕੁਛ ਤੇਰੇ ਹੱਥ, ਮਿਹਰਵਾਨ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਕ ਹੋ ਕੇ ਹੋਏਂ ਸਹਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਆਖ਼ਰ ਆਪੇ ਦੇ ਸਮਝਾਈਆ । ਤੂੰ ਬੇਪਰਵਾਹ ਅਗੰਮ ਅਥਾਹ ਸਚਖੰਡ ਦਵਾਰੇ ਰਿਹੋਂ ਵਸ, ਆਸਣ ਸਿੰਘਾਸਣ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਗਿਆ ਸੰਤੋਖ, ਧੀਰਜ ਨਜ਼ਰ ਕੋਇ

ਨਾ ਆਈਆ । ਫਿਰੀ ਦਰੋਹੀ ਚੌਦਾਂ ਤਬਕ ਚੌਦਾਂ ਲੋਕ, ਚੌਦਾਂ ਵਿਦਿਆ ਰਹੀ ਕੁਰਲਾਈਆ । ਤੇਰੇ ਨਾਮ ਦਾ ਢੋਲਾ ਗਾਏ ਨਾ ਕੋਈ ਸਲੋਕ, ਸੁਲਹਕੁਲ ਨਜ਼ਰ ਕੋਇ ਨਾ ਆਈਆ । ਤੇਰੇ ਵੇਖੇ ਅਗੰਮੀ ਅਨੋਖੇ ਚੋਜ, ਨਿਰਾਲੀ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੋਜ ਖੋਜਾਈਆ । ਗੁਰ ਅਵਤਾਰ ਕਹਿਣ ਪ੍ਰਭ ਗਿਆ ਸਚ, ਝੂਠ ਘਰ ਘਰ ਡੇਰਾ ਲਾਈਆ । ਮਨ ਵਾਸਨਾ ਸ੍ਰਿਸ਼ਟੀ ਰਹੀ ਨੱਚ, ਸਿਰ ਹੱਥ ਨਾ ਕੋਇ ਟਿਕਾਈਆ । ਭਾਗ ਨਾ ਲੱਗੇ ਕਾਇਆ ਮਾਟੀ ਕੱਚ, ਸਾਢੇ ਤਿੰਨ ਹੱਥ ਸੋਭਾ ਕੋਇ ਨਾ ਪਾਈਆ । ਅੰਮ੍ਰਿਤ ਮਿਲੇ ਨਾ ਧੁਰ ਦਾ ਰਸ, ਰਿਸਕ ਬੂੰਦ ਨਾ ਕੋਇ ਟਪਕਾਈਆ । ਤੀਰ ਅਣਿਆਲਾ ਨਿਰਾਲਾ ਮਾਰੇ ਕੋਈ ਨਾ ਕਸ, ਸਾਚੇ ਚਿੱਲੇ ਕਮਾਨ ਚੜ੍ਹਾਈਆ । ਅੰਤਮ ਲੇਖਾ ਸਾਰੇ ਰਹੇ ਦੱਸ, ਤੇਰੇ ਅੱਗੇ ਕਰ ਕਰ ਹਾਲ ਦੁਹਾਈਆ । ਲੇਖਾ ਚੁਕਿਆ ਜਪ ਤਪ, ਸੀਲ ਸੰਜਮ ਬੈਠਾ ਮੁਖ ਭੁਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਧਿਆ ਪਾਪ, ਪਤਤ ਪੁਨੀਤ ਰੂਪ ਨਾ ਕੋਇ ਵਟਾਈਆ । ਖੇੜਾ ਹੁੰਦਾ ਦਿਸੇ ਭੱਠ, ਅੱਗੇ ਹੋ ਨਾ ਕੋਇ ਬਚਾਈਆ । ਪ੍ਰਭੂ ਸਾਡੀ ਹੋਈ ਬਸ, ਬਸਤੇ ਬੰਨ੍ਹ ਕੇ ਲੋਕ ਮਾਤ ਵਿਚੋਂ ਗਏ ਆਈਆ । ਹੁਣ ਇਕੋ ਤੇਰਾ ਗਾਈਏ ਜਸ, ਪੀਰ ਪੈਗ਼ੰਬਰ ਬਹਿ ਕੇ ਖ਼ੁਸ਼ੀ ਮਨਾਈਆ । ਸਚ ਦਵਾਰੇ ਲੈਣਾ ਰੱਖ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲ ਭੁੱਲੀ ਸੁਰਤ, ਸੁਰਤ ਸਚ ਨਾ ਕੋਇ ਦ੍ਰਿੜਾਈਆ । ਨਜ਼ਰ ਨਾ ਆਏ ਅਕਾਲ ਮੂਰਤ, ਮੁਰਦਾ ਗੋਰ ਨਾ ਕੋਇ ਉਠਾਈਆ । ਸ਼ਬਦ ਸੁਣੇ ਨਾ ਸਾਚੀ ਤੂਰਤ, ਨਾਦ ਧੁਨ ਨਾ ਕੋਇ ਸ਼ਨਵਾਈਆ । ਸੁਘੜ ਸੁਚੱਜੀ ਹੋਈ ਮੂਰਖ ਮੂੜ੍ਹਤ, ਹੋਛੀ ਮਤ ਬਣਾਈਆ । ਜਗਤ ਵਾਸਨਾ ਲੈਣ ਨਾ ਦੇਵੇ ਚਰਨ ਧੂੜਤ, ਟਿੱਕਾ ਨਾਮ ਨਾ ਕੋਇ ਲਗਾਈਆ । ਪਰਮ ਪੁਰਖ ਤੂੰ ਆਸਾ ਮਨਸਾ ਸਭ ਦੀ ਪੂਰਤ, ਪੂਰ ਰਿਹਾ ਸਰਬ ਠਾਈਂਆ । ਆਪਣੇ ਨਾਮ ਦੀ ਵੇਖ ਸੱਚੀ ਮਹੂਰਤ, ਮੋਹਰ ਹੱਕ ਦੀ ਦੇ ਲਗਾਈਆ । ਨਾਤਾ ਚੁਕੇ ਕੂੜੋ ਕੂੜਤ, ਕਿਰਿਆ ਕੂੜੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਛਲ, ਚਾਰੋਂ ਕੁੰਟ ਹੈਰਾਨੀ ਛਾਈਆ । ਸਾਚਾ ਦਿਸੇ ਨਾ ਕੋਈ ਫਲ, ਸਿੰਮਲ ਖ਼ਾਲੀ ਰਹੇ ਲਹਿਰਾਈਆ । ਦੀਵਾ ਕੋਈ ਨਾ ਰਿਹਾ ਬਲ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਵਾਹੇ ਕੋਈ ਨਾ ਹਲ, ਬਣ ਕਿਰਸਾਣਾ ਸੇਵ ਕਮਾਈਆ । ਕਰੇ ਪਰਕਾਸ਼ ਨਾ ਅੰਧੇਰੀ ਡਲ, ਡੂੰਘੀ ਭਵਰੀ ਨਾ ਕੋਇ ਭਵਾਈਆ । ਤੇਰਾ ਪ੍ਰੇਮ ਕਰੇ ਨਾ ਕੋਈ ਘੜੀ ਪਲ, ਪਲਕ ਸਕੇ ਨਾ ਕੋਇ ਉਠਾਈਆ । ਅਬਿਨਾਸ਼ੀ ਕਰਤੇ ਤੇਰੇ ਜੀਵ ਤੇਰੇ ਨਾਲ ਕਰਨ ਛਲ, ਅਛਲ ਛਲ ਧਾਰੀ ਤੇਰਾ ਭੈ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਲਕੀਰ, ਜੋ ਚਿੱਟੇ ਉਤੇ ਕਾਲੀ ਲਾਈਆ । ਜਿਹੜੀ ਨਜ਼ਰ ਨਾ ਆਏ ਪੀਰ ਫ਼ਕੀਰ, ਪੈਗ਼ੰਬਰ ਇਸ਼ਾਰੇ ਨਾਲ ਸਮਝਾਈਆ । ਜਿਸ ਦੇ ਅੰਦਰ ਅਨੋਖੀ ਤਸਵੀਰ, ਤਸਬੀ ਮਾਲਾ ਗਲ ਨਾ ਕੋਇ ਲਟਕਾਈਆ । ਜਿਸ ਦਾ ਅੰਮ੍ਰਿਤ ਅਗੰਮਾ ਠਾਂਡਾ ਸੀਰ, ਰਸ ਇਕੋ ਇਕ ਭਰਾਈਆ । ਜਿਸ ਨੂੰ ਮਿਲ ਕੇ ਬਦਲ ਜਾਏ ਤਕਦੀਰ, ਤਬੀਅਤ ਖ਼ੁਸ਼ੀਆਂ ਵਿਚ ਰੰਗਾਈਆ । ਸੋ ਲੇਖਾ ਜਾਣੇ ਸ਼ਾਹ ਹਕੀਰ, ਗੁਰਮੁਖ ਲਏ ਜਗਾਈਆ । ਬਿਰਹੋਂ ਵਿਛੋੜਾ ਕੱਟ ਕੇ ਪੀੜ, ਜਗਤ ਪ੍ਰੀਤ ਪਰੇ ਹਟਾਈਆ ।


੫੯੩
੧੨

ਸ਼ਰਅ ਤੋੜ ਆਪ ਜ਼ੰਜੀਰ, ਸਾਚੀ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਜਗ ਭੁੱਲਾ, ਅਭੁਲ ਤੇਰੀ ਵਡਿਆਈਆ । ਬਿਨ ਜਗਤ ਅੰਧੇਰ ਗੁਬਾਰੋਂ ਰੁਲਾ, ਕੂੜੀ ਕਿਰਿਆ ਘੇਰਾ ਪਾਈਆ । ਰਸਨਾ ਜਿਹਵਾ ਨਾਮ ਨਾ ਲਏ ਬੁੱਲਾਂ, ਬੁਲਬੁਲ ਹੋ ਕੇ ਸਾਚੇ ਗੁਲਸ਼ਨ ਚਹਿਕ ਨਾ ਕੋਇ ਚਹਿਕਾਈਆ । ਕੰਡੇ ਤਰਾਜ਼ੂ ਅੱਗੇ ਤੋਲ ਨਾ ਕੋਈ ਤੁਲਾ, ਤੱਕੜ ਸਚ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਪਿਆ ਭੁਲੇਖਾ, ਬੈਠੇ ਸਾਰੇ ਮੁਖ ਭੁਆਈਆ । ਕੋਈ ਲੱਭ ਨਾ ਸਕੇ ਧਾਰੀ ਕੇਸਾ, ਮੂੰਡ ਮੁੰਡਾਇਆ ਜੋੜ ਨਾ ਕੋਇ ਜੁੜਾਈਆ । ਮਾਇਆ ਕਾਰਨ ਕੂੜਾ ਕਰਨ ਪੇਸ਼ਾ, ਅੰਤਮ ਪਸਚਾਤਾਪ ਵਿਚ ਲੋਕਾਈਆ । ਜੋ ਸ਼ਾਸਤਰਾਂ ਸਿਮਰਤਾਂ ਵੇਦ ਪੁਰਾਨਾਂ ਅੰਜੀਲ ਕੁਰਾਨਾਂ ਰਾਹੀਂ ਦੇ ਕੇ ਆਏ ਸੰਦੇਸ਼ਾ, ਧੁਰ ਸੰਦੇਸ਼ਾ ਰਾਗ ਅਲਾਈਆ । ਉਸ ਦਾ ਅੰਤਮ ਸਦੀ ਬੀਸਵੀਂ ਤੇਰੇ ਘਰ ਦਾ ਚੁਕਿਆ ਠੇਕਾ, ਠੇਕੇਦਾਰੀ ਅੱਗੇ ਰਹਿਣ ਕੋਇ ਨਾ ਪਾਈਆ । ਅਸੀਂ ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਇਕੱਠੇ ਹੋ ਕੇ ਕੀਤਾ ਏਕਾ, ਇਕੋ ਮਤਾ ਪਕਾਈਆ । ਆਪਣਾ ਅੰਤਰ ਕੀਤਾ ਬਿਬੇਕਾ, ਵਿਵੇਕੀ ਤੇਰਾ ਰੂਪ ਆਪ ਪਰਗਟਾਈਆ । ਪੂਰਬ ਲਹਿਣਾ ਆਇਆ ਚੇਤਾ, ਦੁਨੀਆਂ ਤੇਰੇ ਕੋਲੋਂ ਮੰਗ ਮੰਗਾਈਆ । ਵਾਕ ਭਵਿਖਤੀ ਦੇ ਦੇ ਲੇਖਾ, ਜੋ ਕਲਮਾਂ ਨਾਲ ਲਿਖਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਮੁੱਲਾ ਸ਼ੇਖ਼ਾ, ਮੁਸਾਇਕ ਪੜਦਾ ਨਾ ਕੋਇ ਉਠਾਈਆ । ਪੰਡਤ ਪਾਂਧਾ ਨਾ ਪਾਵੇ ਭੇਤਾ, ਅੰਦਰ ਵੜ ਨਾ ਕੋਇ ਸਮਝਾਈਆ । ਗ੍ਰੰਥੀ ਪੰਥੀ ਕਿਸੇ ਨਾ ਵੇਖਾ, ਨਿਜ ਨੇਤਰ ਨੈਣ ਦਰਸ਼ਨ ਪਾਈਆ । ਸਾਰੇ ਭੁੱਲੇ ਸੌਹਰਾ ਪੇਕਾ, ਡੋਲੀ ਸਚ ਨਾ ਕੋਇ ਚੜ੍ਹਾਈਆ । ਅੱਗੇ ਹੋ ਕੇ ਕਹੇ ਤੇਰਾ ਗੋਬਿੰਦ ਬੇਟਾ, ਸ਼ਬਦੀ ਆਵਾਜ਼ ਲਗਾਈਆ । ਤੂੰ ਪਤਿਪਰਮੇਸ਼ਵਰ ਸਭ ਦਾ ਨੇਤਾ, ਨਿਤ ਨਿਤ ਹੋਏਂ ਸਹਾਈਆ । ਤੇਰੇ ਨਾਲ ਵੇਖਿਆ ਕਰੇ ਕੋਈ ਨਾ ਹੇਤਾ, ਨਾਤਾ ਪ੍ਰੇਮ ਨਾ ਕੋਇ ਜੁੜਾਈਆ । ਕਲਜੁਗ ਜੀਵ ਅੰਦਰੋਂ ਕੌੜਾ ਹੋਇਆ ਰੀਠਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਰਸਨਾ ਬੋਲ ਹੋਇਆ ਫੀਕਾ, ਸਚ ਸੁੱਚ ਢੋਲਾ ਕੋਇ ਨਾ ਗਾਈਆ । ਸਾਹਿਬ ਸਵਾਮੀ ਸਭ ਨੂੰ ਦੱਸ ਇਕ ਤਰੀਕਾ, ਤਰਾ ਤਰਾ ਜਣਾਈਆ । ਤੂੰ ਮਾਲਕ ਖ਼ਾਲਕ ਜੀਵ ਜੀਅ ਕਾ, ਜੰਤ ਸੰਤ ਤੇਰੀ ਸਰਨਾਈਆ । ਤੇਰਾ ਖੇਲ ਸਾਢੇ ਤਿੰਨ ਹੱਥ ਸੀਂ ਕਾ, ਪੰਜ ਤਤ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਸ੍ਰਿਸ਼ਟੀ ਅਵੱਲੀ, ਅਵਲ ਤੇਰਾ ਨਾਉਂ ਭੁਲਾਈਆ । ਕੋਈ ਮਹਿਕਦੀ ਦਿਸੇ ਨਾ ਸਾਚੀ ਕਲੀ, ਖ਼ੁਸ਼ਬੂ ਸਚ ਨਾ ਕੋਇ ਵਖਾਈਆ । ਕੋਈ ਨਾ ਆਵੇ ਸਤਿਗੁਰੂ ਦਵਾਰੇ ਸੀਸ ਰੱਖ ਕੇ ਤਲੀ, ਤਾਲਬ ਹੋ ਕੇ ਮੰਗ ਨਾ ਕੋਇ ਮੰਗਾਈਆ । ਪ੍ਰਭੂ ਵੇਖਿਆ ਔਖਾ ਜਾਣਾ ਤੇਰੀ ਗਲੀ, ਸੱਜਣ ਬਣ ਕੇ ਕੂਚੇ ਫੇਰਾ ਕੋਇ ਨਾ ਪਾਈਆ । ਕਲਜੁਗ ਬਣ ਕੇ ਬੈਠਾ ਬਲੀ, ਬਲ ਆਪਣਾ ਰਿਹਾ ਵਖਾਈਆ । ਜਿਸ ਮਾਣ ਗਵਾਇਆ ਅਲੀ, ਸੋ ਅੱਖਰੀਂ ਸਾਰੀ ਬਣਤ ਸਮਝਾਈਆ । ਤੂੰ ਮਾਲਕ ਬੇਪਰਵਾਹ ਧੁਰ ਦਾ ਧਨੀ, ਧਨਾਢ ਇਕ ਅਖਵਾਈਆ । ਅਸੀਂ ਸੁਣਾਉਂਦੇ ਤੂੰ ਸੁਣ ਪ੍ਰਭ ਆਪਣੀ ਕੰਨੀਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਸਹਿਜ ਸੁਭਾਉ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ

੫੯੪ ੧੨

ਵੇਖ ਪ੍ਰਭ ਨੇਤਰਹੀਣ ਅੰਨ੍ਹਿਆ, ਨੈਣ ਮੂੰਦ ਕਿਉਂ ਮੁੱਖ ਛੁਪਾਈਆ । ਕਰੇ ਪੁਕਾਰ ਕੁਆਰ ਕੰਨਿਆ, ਅੰਤਰ ਰੋ ਰੋ ਦਏ ਦੁਹਾਈਆ । ਸਤਿ ਧਰਮ ਦਾ ਚੁੱਕਿਆ ਬੰਨਿਆ, ਬੰਧਣ ਬੰਧ ਨਾ ਕੋਇ ਵਖਾਈਆ । ਠੱਗਾਂ ਚੋਰਾਂ ਯਾਰਾਂ ਦੇਵੇ ਕੋਈ ਨਾ ਡੰਨਿਆ, ਫਾਸੀ ਜਮ ਨਾ ਕੋਇ ਲਟਕਾਈਆ । ਰਸਨਾ ਸਾਰੇ ਕਹਿੰਦੇ ਮਾਲ ਚਰਾਵੇ ਧੰਨਿਆ, ਜੱਟ ਗਵਾਰ ਦਏ ਵਡਿਆਈਆ । ਭੰਨਾ ਫਿਰੇ ਉਪਰ ਬੰਨਿਆ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਵੇਖ ਲੇਖਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਚੁਕਿਆ ਮੂਲ, ਮੋਹਲਤ ਬਾਕੀ ਨਜ਼ਰ ਕੋਇ ਨਾ ਆਈਆ । ਸ਼ੰਕਰ ਸੁੱਟ ਕੇ ਬੈਠਾ ਤ੍ਰਿਸੂਲ, ਧੂੜੀ ਟਿੱਕਾ ਖ਼ਾਕ ਰਮਾਈਆ । ਬ੍ਰਹਮ ਪਾਰਬ੍ਰਹਮ ਸਮਝੇ ਤੇਰਾ ਨਾ ਕੋਇ ਅਸੂਲ, ਅਸਲੀਅਤ ਵਲਦੀਅਤ ਸਕੇ ਨਾ ਕੋਇ ਸਮਝਾਈਆ । ਵਿਸ਼ਨੂੰ ਮਿਲੇ ਨਾ ਕਿਸੇ ਮਹਿਬੂਬ, ਸਾਂਗੋ ਪਾਂਗ ਸੇਜ ਨਾ ਕੋਇ ਸੁਹਾਈਆ । ਜਗਤ ਚੁੱਕੇ ਨਾ ਕੋਇ ਹਦੂਦ, ਝਗੜਾ ਮਿਟੇ ਨਾ ਕੋਇ ਲੋਕਾਈਆ । ਨੇਤਰ ਵੇਖ ਚਾਰੇ ਕੂਟ, ਜੂਠ ਝੂਠ ਵੱਜੀ ਵਧਾਈਆ । ਮੰਦਰ ਮੁਨਾਰਾ ਸੋਹੇ ਨਾ ਕੋਇ ਪੰਜ ਭੂਤ, ਇੱਟਾਂ ਗਾਰਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਖੇਲ ਖਿਲਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੁ ਅਸੀਂ ਥੱਕੇ, ਸਚ ਸੁੱਚ ਦਿਤਾ ਜਣਾਈਆ । ਫਿਰ ਕੇ ਆਏ ਮਦੀਨੇ ਮੱਕੇ, ਮਕਬਰੇ ਕਬਰਾਂ ਫੋਲ ਫੁਲਾਈਆ । ਤੇਰਾ ਨਿਸ਼ਾਨ ਦਿਸੇ ਕੋਇ ਨਾ ਪਤੇ, ਪਤਣ ਮੇਲ ਨਾ ਕੋਇ ਮਿਲਾਈਆ । ਮੁੱਲਾ ਸ਼ੇਖ਼ ਮਸਲਾ ਹੱਕ ਕੋਈ ਨਾ ਦੱਸੇ, ਨਸੀਅਤ ਵਿਚ ਜਗਤ ਲੋਕਾਈਆ । ਵਾਂਗ ਸਵਾਨ ਫਿਰਨ ਨੱਸੇ, ਅੱਠੇ ਪਹਿਰ ਉਠ ਉਠ ਧਾਈਆ । ਸਤਿ ਈਮਾਨ ਮਿਟੇ ਨਾ ਰੱਟੇ, ਲੇਖਾ ਸਕੇ ਨਾ ਕੋਇ ਮੁਕਾਈਆ । ਪੁਰਾਣੇ ਚੀਥੜ ਸਭ ਦੇ ਫਟੇ, ਓਢਣ ਨਜ਼ਰ ਕੋਇ ਨਾ ਆਈਆ । ਅਸੀਂ ਮਾਨਸ ਵੇਖੇ ਪੂਜਦੇ ਪੱਥਰ ਵੱਟੇ, ਤੇਰਾ ਇਸ਼ਟ ਗਏ ਭੁਲਾਈਆ । ਸਾਧ ਸੰਤ ਵੇਖੇ ਅੰਦਰੋਂ ਤੱਤੇ, ਅਗਨੀ ਅੱਗ ਨਾ ਕੋਇ ਬੁਝਾਈਆ । ਪ੍ਰੇਮ ਪਿਆਰ ਨਾ ਮੰਦਰ ਮੱਠੇ, ਗੁਰਦਵਾਰਾ ਜੋੜ ਨਾ ਕੋਇ ਜੁੜਾਈਆ । ਜਗਤ ਦਵਾਰੇ ਵੇਖੇ ਢੱਠੇ, ਖੰਡਰ ਦੂਰੋਂ ਨਜ਼ਰੀ ਆਈਆ । ਹੁਕਮਦਾਰੀ ਦੇ ਸੁੱਟੇ ਤੇਰੇ ਅੱਗੇ ਪੱਟੇ, ਪਰਵਾਨਾ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਦੱਸੀਏ ਕੀ, ਕਲਾ ਕੁਦਰਤ ਕਾਦਰ ਤੇਰੀ ਨਜ਼ਰੀ ਆਈਆ । ਤੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਜ ਲਵੇਂ ਬੀ, ਲੋਕਮਾਤ ਧਰਤ ਧਵਲ ਜੜ੍ਹ ਲਗਾਈਆ । ਨਿਤ ਨਵਿਤ ਨਿਰਗੁਣ ਨਿਰਵੈਰ ਰੱਖੇਂ ਨੀਂਹ, ਆਪ ਆਪਣਾ ਸਗਨ ਮਨਾਈਆ । ਤੇਰਾ ਲੇਖਾ ਜਾਣੇ ਕਿਆ ਕੋਈ ਜੀਅ, ਜੀਵਨ ਜੁਗਤ ਸਮਝ ਕੋਇ ਨਾ ਪਾਈਆ । ਜਿਸ ਉਪਰ ਕਿਰਪਾਲ ਹੋ ਕੇ ਜਾਵੇਂ ਥੀ, ਮਿਹਰ ਨਜ਼ਰ ਉਠਾਈਆ । ਸੋ ਤੇਰਾ ਬਣ ਕੇ ਪੁੱਤਰ ਧੀ, ਪਿਤਾ ਪੁਰਖ ਅਕਾਲ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀਨ ਮਜ਼੍ਹਬ ਜੋ ਜਗਤ ਚਲਾਈ ਲੀਹ, ਵਰਨ ਬਰਨ ਵੰਡ ਵੰਡਾਈਆ । ਸੋ ਕਲਜੁਗ ਅੰਤਮ ਹੱਡੀਂ ਵੜ ਗਈ ਪੀੜ ਰੀਹ, ਦਿਵਸ ਰੈਣ ਰਹੀ ਸਤਾਈਆ । ਤੈਨੂੰ ਠਾਕਰ ਸਵਾਮੀ ਕੋਇ ਨਾ ਕਹੇ ਜੀ, ਸਾਰੇ ਬੈਠੇ ਮੁਖ ਭਵਾਈਆ । ਤੇਰਾ ਪ੍ਰੇਮ ਪਿਆਲਾ ਕੋਈ ਲਏ ਨਾ ਪੀ, ਰੱਸ ਅੰਦਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਅਪਣਾ ਖੇਲ ਵੇਖ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣੀ ਖ਼ਲਕ, ਮਖ਼ਲੂਕ ਪੜਦਾ ਲਾਹੀਆ । ਤੇਰੇ ਨਾਲੋਂ ਤੋੜੇ

ਸਾਰੇ ਤੁਅਲਕ, ਤੁਅਲਕਾਤ ਮਾਇਆ ਨਾਲ ਬਣਾਈਆ । ਤੇਰੀ ਰਹਿਮਤ ਜਾਣੇ ਕੋਈ ਨਾ ਝਲਕ, ਝੱਲੀ ਬਣੀ ਲੋਕਾਈਆ । ਤੇਰਾ ਨੂਰ ਮਹਿਰਾਬੀ ਜਾਣੇ ਕੋਈ ਨਾ ਫ਼ਲਕ, ਫ਼ਰਸ਼ ਸੋਭਾ ਕੋਇ ਨਾ ਪਾਈਆ । ਨਿਜ ਨੇਤਰ ਕਰੇ ਕੋਈ ਨਾ ਦਰਸ, ਲੋਚਣ ਅੱਖ ਨਾ ਕੋਇ ਮਿਲਾਈਆ । ਬੇਖ਼ੌਫ਼ ਹੋਏ ਨਿਧੜਕ, ਖ਼ਤਰਾ ਬੈਠੇ ਗਵਾਈਆ । ਤੇਰੇ ਭਰਮ ਭੁਲੇਖੇ ਵਿਚ ਹੋਏ ਗ਼ਰਕ, ਗ਼ਫ਼ਲਤ ਨੀਂਦ ਨਾ ਕੋਇ ਖੁਲ੍ਹਾਈਆ । ਯਾਦ ਰੱਖ ਲੈ ਪਿਛਲੀ ਲਾਈ ਸ਼ਰਤ, ਸ਼ਮਾਂ ਸ਼ਮਾਂ ਨਾਲ ਜਗਾਈਆ । ਕੀਤਾ ਕੌਲ ਜਿਸ ਵੇਲੇ ਆਵਾਂ ਪਰਤ, ਪਤਿਪਰਮੇਸ਼ਵਰ ਹੋ ਕੇ ਫੇਰਾ ਪਾਈਆ । ਨੌ ਸੌ ਚੁਰਾਨਵੇਂ ਚੌਕੜੀ ਦਾ ਪਿਛਲਾ ਕੱਢ ਦਿਆਂ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਚਾਰ ਜੁਗ ਦੀ ਕਰਨੀ ਕਰ ਦਿਆਂ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਬਿਨ ਅੱਖਰਾਂ ਕਰਕੇ ਲਿਖਤ ਪੜ੍ਹਤ, ਸਚ ਅਦਾਲਤ ਦਿਆਂ ਭੁਗਤਾਈਆ । ਸੂਰਬੀਰ ਮਰਦਾਨਾ ਬਣ ਕੇ ਮਰਦ, ਮੱਦਦ ਆਪਣੀ ਇਕ ਰਖਾਈਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਸ਼ਰਅ ਛੁਰੀ ਵੇਖਾਂ ਕਰਦ, ਕਤਲਗਾਹ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣੀ ਕਿਸ਼ਤੀ, ਰਾਮ ਕ੍ਰਿਸ਼ਨ ਸਾਰੇ ਰਹੇ ਸਾਲਾਹੀਆ । ਤ੍ਰੈਲੋਕ ਵੇਖੀ ਤੇਰੀ ਸ੍ਰਿਸ਼ਟੀ, ਨਿਤ ਨਵਿਤ ਧਿਆਨ ਲਗਾਈਆ । ਤੂੰ ਮਾਲਕ ਧੁਰ ਦਾ ਇਸ਼ਟੀ, ਦੇਵ ਸਵਾਮੀ ਬੇਪਰਵਾਹੀਆ । ਤੇਰਾ ਲੇਖਾ ਚੁੱਕਿਆ ਸਵਰਗ ਬਹਿਸ਼ਤੀ, ਸਾਚਾ ਬਸ਼ਰ ਦਏ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਜਗ ਅਨੋਖਾ, ਵਾਹਵਾ ਰਚਨ ਰਚਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰਨ ਧੋਖਾ, ਬਾਣੀ ਮੰਤਰ ਵੇਦ ਕਲਮਾ ਪੜ੍ਹ ਕੇ ਸਾਰੇ ਗਏ ਭੁਲਾਈਆ । ਬੇਸ਼ਕ ਤੇਰਾ ਉਚਾ ਅਗੰਮਾ ਸਚਖੰਡ ਦਵਾਰ ਕੋਠਾ, ਲੋਕਮਾਤ ਤੇਰੀ ਛੱਪਰ ਛੰਨ ਨਾ ਕੋਇ ਛੁਹਾਈਆ । ਤੇਰਾ ਦੀਵਾ ਬਾਤੀ ਇਕੋ ਨਿਰਗੁਣ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਤੇਰਾ ਆਦਿ ਅੰਤ ਜੁਗਾ ਜੁਗੰਤ ਮਾਰਗ ਧੁਰ ਦਾ ਸੌਖਾ, ਜਿਨ੍ਹਾਂ ਪੜਦਾ ਦਏਂ ਖੁਲ੍ਹਾਈਆ । ਅੰਤਮ ਆ ਕੇ ਵੇਖ ਮੌਕਾ, ਕਲ ਕੀ ਖੇਲ ਵਰਤਾਈਆ । ਗੋਬਿੰਦ ਸੁੱਤਾ ਲਾ ਕੇ ਢਈਆ ਢੌਂਕਾ, ਅੰਤ ਲਏ ਅੰਗੜਾਈਆ । ਸ੍ਰੀ ਭਗਵਾਨ ਜੇ ਇਸ ਤਰਾ ਰਿਹੋਂ ਹੋ ਜਾਵੇ ਮਾਤ ਔਂਤਾ, ਪੁੱਤ ਪੋਤਰਾ ਨਜ਼ਰ ਕੋਇ ਨਾ ਆਈਆ । ਜੇ ਸਾਰ ਨਾ ਪਾਈ ਪਟਨਾ ਪੌਂਟਾ, ਗੋਕਲ ਮਥਰਾ ਅਯੁਧਿਆ ਨਾ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੁਰ ਅਵਤਾਰ ਕਹਿਣ ਰਘੁਵੰਸ, ਰਘੁਪਤ ਤੇਰੀ ਸਰਨਾਈਆ । ਹਉਂ ਬਾਲਕ ਨੱਢੇ ਤੇਰੀ ਅੰਸ, ਸਰਬੰਸ ਬੇਪਰਵਾਹੀਆ । ਤੂੰ ਰਾਵਣ ਸਿੰਘਾਰ ਮਾਰੇ ਕੰਸ, ਦਰਯੋਧਨ ਮਾਣ ਮਿਟਾਈਆ । ਕਲਜੁਗ ਵੇਖ ਦੁਖੀ ਜੀਵ ਜੰਤ, ਕਿਉਂ ਬੈਠਾ ਮੁਖ ਛੁਪਾਈਆ । ਤੈਨੂੰ ਕਿਸੇ ਨਹੀਂ ਮੰਨਣਾ ਫਿਰ ਸ੍ਰੀ ਭਗਵੰਤ, ਜੇ ਭਗਤਾਂ ਨਾ ਹੋਵੇਂ ਸਹਾਈਆ । ਜੇ ਤੂੰ ਮਾਲਕ ਸਭ ਦਾ ਕੰਤ, ਲੱਖ ਚੁਰਾਸੀ ਸੇਜ ਹੰਢਾਈਆ । ਉਠ ਵੇਖ ਆਪਣਾ ਅੰਤ, ਅੰਤਸ਼ਕਰਨ ਜੀਵ ਸੁਧ ਨਾ ਕੋਇ ਰਖਾਈਆ । ਭਰਮੇ ਭੁੱਲਾ ਪਾਂਧਾ ਪੰਡਤ, ਮੁੱਲਾ ਸ਼ੇਖ਼ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਡੋਰੀ ਲਏ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਫੜ ਲੈ ਡੋਰੀ, ਸ੍ਰਿਸ਼ਟੀ ਵਾਗ ਤੇਰੇ ਹੱਥ ਫੜਾਈਆ । ਕਲਜੁਗ

ਵੇਖ ਰੈਣ ਅੰਧੇਰ ਘੋਰੀ, ਪੱਲੂ ਸਾਰੇ ਆਏ ਛੁਡਾਈਆ । ਤੇਰੇ ਪ੍ਰੇਮ ਪਿਆਰ ਦੀ ਚੜ੍ਹ ਕੇ ਆਏ ਘੋੜੀ, ਦੂਰ ਦੁਰਾਡਾ ਪੰਧ ਮੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਦੀ ਸ਼ਰਅ ਛੱਡ ਕੇ ਬਣਾ ਇਕੋ ਜੋੜੀ, ਜੋੜਾ ਤੇਰੇ ਨਾਲ ਰਲਾਈਆ । ਤੇਰੇ ਦਰ ਬਹਿ ਕੇ ਕਰੀਏ ਬੌਹੜੀ ਬੌਹੜੀ, ਉਚੀ ਕੂਕ ਕੂਕ ਮਾਰਨ ਧਾਈਆ । ਜਿਸ ਨੇ ਸੇਜ ਬਣਾਈ ਰੂੜੀ, ਤਨ ਮਾਟੀ ਖ਼ਾਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਉਠ ਵੇਖ ਲੋਕ, ਲੁਕਿਆਂ ਕੰਮ ਰਾਸ ਨਾ ਆਈਆ । ਸੱਚਾ ਗਾਏ ਨਾ ਕੋਈ ਸਲੋਕ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਤੇਰੀ ਮੰਜ਼ਲ ਸਕੇ ਕੋਈ ਨਾ ਪਹੁੰਚ, ਮੰਦਰ ਦਰ ਨਾ ਕੋਇ ਖੁਲ੍ਹਾਈਆ । ਸਾਰੇ ਨਕਾਰੇ ਹੋ ਕੇ ਕਰਨ ਖੋਜ, ਵਣਜ ਵਣਜਾਰਾ ਬਣ ਕੇ ਦਰ ਮੰਗਣ ਕੋਇ ਨਾ ਆਈਆ । ਪਾਰਬ੍ਰਹਮ ਪ੍ਰਭ ਅਸਾਂ ਲੇਖਾ ਲਿਖਿਆ ਪੂਰਬ ਸੋਚ, ਤੇਰੇ ਇਸ਼ਾਰੇ ਨਾਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਖ਼ਲਕ ਰੁੱਸੀ, ਰੁੱਠਿਆਂ ਸਕੇ ਨਾ ਕੋਇ ਮਨਾਈਆ । ਫਿਰੀ ਦਰੋਹੀ ਚਾਰੇ ਗੁੱਠੀਂ, ਦਹਿ ਦਿਸ਼ਾ ਕਿਸੇ ਨਾ ਢੋਈਆ । ਜੋ ਦੌਲਤ ਨਾਮ ਭੰਡਾਰਾ ਜੁਗ ਜੁਗ ਵੰਡਦਾ ਰਿਹੋਂ ਮੁੱਠੀ, ਕਲਜੁਗ ਖ਼ਾਲੀ ਸਾਰੇ ਬੈਠੇ ਕਰਾਈਆ । ਸੋਭਾਵੰਤ ਸੁਹਾਏ ਨਾ ਕੋਇ ਰੁੱਤੀ, ਛੇ ਰੁੱਤਾਂ ਨੈਣ ਸ਼ਰਮਾਈਆ । ਸਵਾਣੀ ਫਿਰੇ ਨਾ ਕੋਈ ਅੱਡੀ ਉਚੀ, ਜਿਸ ਕੰਤ ਕੰਤੂਹਲ ਘਰ ਮਿਲਿਆ ਬੇਪਰਵਾਹੀਆ । ਬਿਨ ਗੋਬਿੰਦ ਭਾਗ ਨਾ ਲਾਇਆ ਕਿਸੇ ਪੁੱਤੀਂ, ਪ੍ਰੀਤਮ ਪ੍ਰੇਮ ਨਾ ਕਿਸੇ ਜਣਾਈਆ । ਤੇਰੀ ਪ੍ਰੀਤੀ ਇਕੋ ਸੁੱਚੀ, ਜੋ ਸੂਖ਼ਮ ਅਸਥੂਲ ਕਾਰਨ ਤਿੰਨੇ ਦਏ ਵਡਿਆਈਆ । ਸੋ ਭਗਤ ਭਗਵਾਨ ਸੁਹੰਜਣੀ ਘੜੀ ਵੇਲੇ ਨਾਲ ਆ ਕੇ ਢੁਕੀ, ਨੇੜੇ ਹੋ ਕੇ ਰਹੀ ਸੁਣਾਈਆ । ਗੁਰ ਅਵਤਾਰਾਂ ਦੀ ਲੜੀ ਮੁਕੀ, ਮੁਕੰਮਲ ਮਾਲਕ ਹਰਿ ਅਖਵਾਈਆ । ਜਿਸ ਦਾ ਸ਼ਬਦ ਅਗੰਮੀ ਦੂਤੀ, ਦੋ ਜਹਾਨ ਸੰਦੇਸ਼ ਸੁਣਾਈਆ । ਮਨ ਵਾਸਨਾ ਰਹਿਣ ਨਾ ਦੇਵੇ ਲੁੱਚੀ, ਠਗੌਰੀ ਠੱਗ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਿਉਂ ਰੱਖਿਆ ਓਹਲਾ, ਆਲਮ ਇਲਮ ਸਮਝ ਨਾ ਆਈਆ । ਪ੍ਰਭੂ ਤੇਰਾ ਸਭ ਤੋਂ ਵੱਖਰਾ ਚੋਲਾ, ਚੋਲੀ ਆਪਣਾ ਰੰਗ ਚੜ੍ਹਾਈਆ । ਤੇਰਾ ਨਾਮ ਅਨੋਖਾ ਢੋਲਾ, ਰਾਗ ਨਾਦ ਰਹੇ ਜਸ ਗਾਈਆ । ਧੰਨ ਭਾਗ ਸਚ ਦਵਾਰ ਧੁਰ ਦਾ ਖੋਲਾ, ਆਪਣਾ ਹੁਕਮ ਵਰਤਾਈਆ । ਨਾਮ ਦ੍ਰਿੜ੍ਹਾ ਕੇ ਇਕ ਅਨਮੋਲਾ, ਗੁਰਮੁਖ ਅਨਮੁੱਲੜੇ ਲਾਲ ਦਿਤੇ ਬਣਾਈਆ । ਬੇਪਰਵਾਹ ਬਣ ਕੇ ਆਇਉਂ ਤੋਲਾ, ਕੰਡਾ ਆਪਣੇ ਹੱਥ ਉਠਾਈਆ । ਇਸ ਵਿਚ ਪਾਵੇ ਕਿਆ ਕੋਈ ਰੌਲਾ, ਝਗੜੇ ਸਾਰੇ ਰਿਹਾ ਮਿਟਾਈਆ । ਨਾਮ ਸ਼ਬਦ ਦਾ ਮਾਰ ਪੌਲਾ, ਪਾਜ਼ੀ ਗ਼ਾਜ਼ੀ ਸਾਰੇ ਦਏਂ ਮਿਟਾਈਆ । ਜਨ ਭਗਤਾਂ ਕਰ ਕੇ ਭਾਰ ਹੌਲਾ, ਹਰਿ ਜੂ ਆਪਣੇ ਕੰਧ ਉਠਾਈਆ । ਦੇ ਵਡਿਆਈ ਉਪਰ ਧੌਲਾ, ਧਰਨੀ ਖ਼ੁਸ਼ੀ ਵਖਾਈਆ । ਜੋ ਪੂਰਬ ਕੀਤਾ ਕੌਲਾ, ਸੋ ਕੌਲ ਵਾਂਗ ਅਜੀਬ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਸ੍ਰਿਸ਼ਟੀ ਸੜਦੀ, ਅਗਨੀ ਤਤ ਤਪਾਈਆ । ਤੇਰੇ ਕੋਲੋਂ ਮੂਲ ਨਾ ਡਰਦੀ, ਭੈ ਭੌ ਨਾ ਕੋਇ ਵਖਾਈਆ । ਮੈਂ ਮੈਂ ਹਉਂ ਹਉਂ ਚਾਰ ਕੁੰਟ ਕਰਦੀ, ਤੂੰ ਹੀ ਤੂੰ ਰਾਗ ਨਾ ਕੋਇ ਅਲਾਈਆ । ਗੜ੍ਹ ਹੰਕਾਰੀ ਕਲਮਾ ਪੜ੍ਹਦੀ, ਮਮਤਾ ਮੋਹ ਵਿਚ ਵਡਿਆਈਆ ।

ਤੇਰੇ ਪ੍ਰੇਮੀਆਂ ਨਾਲ ਪ੍ਰੀਤਮ ਅੱਗੋਂ ਲੜਦੀ, ਕੂਕ ਕੂਕ ਕਰੇ ਸੁਣਾਈਆ । ਮੰਜ਼ਲ ਪੌੜੀ ਸਚ ਨਾ ਚੜ੍ਹਦੀ, ਗ੍ਰਿਹ ਬਹਿ ਮੰਦਰ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਕਹੇ ਸੁਣੋ ਗੁਰ ਅਵਤਾਰ, ਪੀਰ ਪੈਗ਼ੰਬਰ ਧੀਰ ਧਰਾਇੰਦਾ । ਕਲ ਕਲਕੀ ਆਇਆ ਅਵਤਾਰ, ਝਲਕ ਨਿਰਾਲੀ ਇਕ ਵਖਾਇੰਦਾ । ਦੋ ਜਹਾਨਾਂ ਬਣ ਕੇ ਸਾਂਝਾ ਯਾਰ, ਅਰਸ਼ ਫ਼ਰਸ਼ ਵੇਖ ਵਖਾਇੰਦਾ । ਕੁਦਰਤ ਕਾਦਰ ਕਰੇ ਪਿਆਰ, ਕਰਤਾ ਆਪਣਾ ਰੰਗ ਰੰਗਾਇੰਦਾ । ਮੁਰੀਦ ਮੁਰਸ਼ਦ ਲਏ ਉਠਾਲ, ਦੀਦ ਈਦ ਚੰਦ ਚਮਕਾਇੰਦਾ । ਲੇਖ ਚੁਕਾ ਕੇ ਸ਼ਾਹ ਕੰਗਾਲ, ਉਚ ਨੀਚ ਇਕੋ ਘਰ ਬਹਾਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਤੋੜ ਕੇ ਡਾਲ੍ਹ, ਬੂਟਾ ਆਪਣਾ ਫੇਰ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਜਣੌਂਦਾ ਏ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਸ਼ਬਦ ਅਨਾਦੀ ਨਾਦ ਵਜੌਂਦਾ ਏ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹੌਂਦਾ ਏ । ਨਿਰਗੁਣ ਨਿਰਵੈਰ ਨਿਰਾਕਾਰ ਅਛਲ ਅਛੇਦਾ, ਪੜਦਾ ਓਹਲਾ ਆਪ ਉਠੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰਾਹ ਆਪ ਜਣੈਂਦਾ ਏ । ਧੁਰ ਦਾ ਮਾਰਗ ਇਕ ਜਣਾਵਾਂਗਾ । ਸਾਜਣ ਹੋ ਕੇ ਵੇਖ ਵਖਾਵਾਂਗਾ । ਰਾਜਨ ਹੋ ਕੇ ਹੁਕਮ ਮਨਾਵਾਂਗਾ । ਤਾਜਰ ਹੋ ਕੇ ਧੁਰ ਦਾ ਵਣਜ ਕਰਾਵਾਂਗਾ । ਬਹਾਦਰ ਹੋ ਕੇ ਸੂਰਬੀਰ ਅਖਵਾਵਾਂਗਾ । ਉਜਾਗਰ ਹੋ ਕੇ ਨਿਰਮਲ ਜੋਤ ਜਗਾਵਾਂਗਾ । ਕਾਦਰ ਹੋ ਕੇ ਕੁਦਰਤ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਮੇਲ ਮਿਲਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਦ੍ਰਿੜੌਂਦਾ ਏ । ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਸਵਾਮੀ ਆਖ ਸੁਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪਣੇ ਹੱਥ ਵਖੌਂਦਾ ਏ । ਸਾਚੀ ਕਰਨੀ ਆਪਣੇ ਹੱਥ ਰਖਾਵਾਂਗਾ । ਸਮਰਥ ਹੋ ਕੇ ਖੇਲ ਕਰਾਵਾਂਗਾ । ਮਹਿੰਮਾ ਅਕਥ ਇਕ ਦ੍ਰਿੜ੍ਹਾਵਾਂਗਾ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਆਏ ਦੱਸ, ਸਭ ਦੇ ਦਸਤਾਵੇਜ਼ ਖੋਲ੍ਹ ਖੁਲ੍ਹਾਵਾਂਗਾ । ਪੰਧ ਮੁਕਾਵਾਂ ਨੱਠ ਨੱਠ, ਦੋ ਜਹਾਨਾਂ ਚਰਨਾਂ ਹੇਠ ਦਬਾਵਾਂਗਾ । ਸਚ ਧਰਮ ਦਾ ਖੋਲ੍ਹ ਕੇ ਇਕੋ ਹੱਟ, ਲੱਖ ਚੁਰਾਸੀ ਵਣਜ ਵਪਾਰ ਦ੍ਰਿੜ੍ਹਾਵਾਂਗਾ । ਪ੍ਰੇਮ ਪਿਆਰ ਦੀ ਰੰਗਣ ਚਾੜ੍ਹ ਕੇ ਰੰਗਾਂ ਰਤੀ ਰਤ, ਰਤਨ ਅਮੋਲਕ ਹੀਰੇ ਗੁਰਮੁਖ ਆਪ ਪਰਗਟਾਵਾਂਗਾ । ਅੰਤਰ ਆਤਮ ਦੇ ਕੇ ਧੀਰਜ ਜਤ, ਸਤਿ ਸੰਤੋਖ ਝੋਲੀ ਪਾਵਾਂਗਾ । ਅੰਤਮ ਕੱਖੋਂ ਕਰਕੇ ਲੱਖ, ਲੱਖਾਂ ਵਿਚੋਂ ਬਾਹਰ ਕਢਾਵਾਂਗਾ । ਜਿਨ੍ਹਾਂ ਨੂੰ ਕੋਈ ਨਾ ਸਕੇ ਪਰਖ, ਸੋ ਪਰਖੇ ਹੋਏ ਆਪਣੇ ਭਗਤ ਬਣਾਵਾਂਗਾ । ਲੇਖਾ ਚੁਕਾ ਕੇ ਸੋਗ ਹਰਖ਼, ਚਿੰਤਾ ਗ਼ਮ ਸਰਬ ਮਿਟਾਵਾਂਗਾ । ਸਾਹਮਣੇ ਹੋ ਕੇ ਦੇ ਕੇ ਦਰਸ, ਦਰਦੀ ਹੋ ਕੇ ਦਰਦ ਆਪਣੀ ਝੋਲੀ ਪਾਵਾਂਗਾ । ਜਿਨ੍ਹਾਂ ਦੀ ਪੁੱਠੀ ਹੋ ਗਈ ਨਰਦ, ਤਿੰਨ੍ਹਾਂ ਦਾ ਸਾਰ ਪਾਸ਼ਾ ਆਪ ਉਲਟਾਵਾਂਗਾ । ਜਿਨ੍ਹਾਂ ਦਾ ਗੋਬਿੰਦ ਦੇਣਾ ਕਰਜ਼, ਉਨ੍ਹਾਂ ਦੀ ਝੋਲੀ ਸਚ ਭਰਾਵਾਂਗਾ । ਜੋ ਜਨਮ ਕਰਮ ਦੇ ਰਹੇ ਭਟਕ, ਤਿਨ੍ਹਾਂ ਦੀ ਭਟਕਣਾ ਮੇਟ ਮਿਟਾਵਾਂਗਾ । ਜੋ ਅਧਵਿਚਕਾਰੇ ਰਹੇ ਅਟਕ, ਤਿਨ੍ਹਾਂ ਦੀ ਮੰਜ਼ਲ ਪੰਧ ਚੁਕਾਵਾਂਗਾ । ਗੁਰਮੁਖਾਂ ਮਾਰਗ ਉਤੇ ਚਲਾਵਾਂ ਸਿੱਧਾ ਨਿਧੜਕ, ਚਾਰ ਵਰਨਾਂ ਇਕੋ ਰਾਹ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਹਰਿ ਸਵਾਮੀ ਵੇਖ ਵਖਾਵੇਗਾ । ਅੰਤਰਜਾਮੀ


੫੯੮ ੧੨

ਦਇਆ ਕਮਾਵੇਗਾ । ਸ਼ਬਦ ਅਗੰਮੀ ਬਾਣੀ ਆਪ ਪੜ੍ਹਾਵੇਗਾ । ਸਚਖੰਡ ਦੀ ਦੱਸ ਕੇ ਸਚ ਨਿਸ਼ਾਨੀ, ਮਾਰਗ ਇਕ ਜਣਾਵੇਗਾ । ਅੰਮ੍ਰਿਤ ਆਤਮ ਪਿਆ ਕੇ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਵੇਗਾ । ਲੇਖਾ ਮੁਕਾ ਕੇ ਚਾਰੇ ਖਾਣੀ, ਚਾਰੇ ਬਾਣੀ ਪੰਧ ਮਿਟਾਵੇਗਾ । ਮਿਹਰਵਾਨ ਹੋ ਸੂਰਾ ਸਰਬੰਗ, ਆਪਣੇ ਆਪਣੀ ਗੋਦ ਉਠਾਵੇਗਾ । ਓਢਨ ਦੇ ਕੇ ਢਕੇ ਨੰਗ, ਭੁੱਖਿਆਂ ਨੰਗਿਆਂ ਰੰਗ ਰੰਗਾਵੇਗਾ । ਜਿਵੇਂ ਮਾਣ ਦਿਤਾ ਸ਼ਬਦੀ ਸਾਚੇ ਚੰਦ, ਗੁਰਮੁਖ ਸਤਾਰ ਫ਼ਲਕ ਉਤੇ ਆਪ ਚਮਕਾਵੇਗਾ । ਹੌਲੀ ਹੌਲੀ ਅੰਦਰ ਵੇਖੇ ਲੰਘ, ਪਲੰਘ ਬੈਠ ਸਾਚੀ ਸੇਜ ਸੁਹਾਵੇਗਾ । ਸ਼ਬਦ ਅਨਾਦ ਵਜਾ ਮਰਦੰਗ, ਸੁਰਤ ਸਵਾਣੀ ਆਪ ਉਠਾਵੇਗਾ । ਗੁਰਮੁਖ ਗਲਵਕੜੀ ਪਾ ਕੇ ਪਾਏ ਆਪਣੀ ਠੰਡ, ਅਗਨੀ ਤਤ ਬੁਝਾਵੇਗਾ । ਪੁਰੀ ਅਨੰਦ ਨਾਲੋਂ ਬਹੁਤਾ ਦੇ ਕੇ ਆਪਣਾ ਅਨੰਦ, ਅਨੰਦ ਅਨੰਦ ਵਿਚੋਂ ਦਰਸਾਵੇਗਾ । ਰਾਮ ਰਹੀਮ ਸਦਾ ਬਖ਼ਸ਼ੰਦ, ਕਾਹਨਾ ਕ੍ਰਿਸ਼ਨਾ ਧੁਰ ਦੀ ਬੰਸਰੀ ਨਾਮ ਸੁਣਾਵੇਗਾ । ਜਨ ਭਗਤਾਂ ਪਿਛਲਾ ਮੁਕਾ ਕੇ ਪੰਧ, ਅੱਗੇ ਪੈਂਡਾ ਨਾ ਹੋਰ ਰਖਾਵੇਗਾ । ਜਿਨ੍ਹਾਂ ਨੂੰ ਆਪਣੇ ਨਾਲ ਲਿਆ ਗੰਢ, ਤਿਨ੍ਹਾਂ ਦੀ ਗੰਢ ਨਾ ਕੋਇ ਤੁੜਾਵੇਗਾ । ਗੁਰਮੁਖਾਂ ਪੂਰੀ ਕਰ ਕੇ ਪਿਛਲੀ ਮੰਗ, ਅੱਗੇ ਮੰਗਲਾਚਾਰ ਸੁਣਾਵੇਗਾ । ਜਿਸ ਸਾਹਿਬ ਦਾ ਆਦਿ ਜੁਗਾਦੀ ਇਕੋ ਛੰਦ, ਸੋ ਸੰਸਿਆਂ ਵਿਚੋਂ ਬਾਹਰ ਕਢਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਮਾਤ ਵਰਭੰਡ, ਬ੍ਰਹਿਮੰਡ ਖੋਜ ਖੁਜਾਵੇਗਾ । ਬ੍ਰਹਿਮੰਡ ਖੋਜ ਖੁਜਾਏਗਾ । ਦੂਈ ਦਵੈਤੀ ਰੋਗ ਚੁਕਾਏਗਾ । ਚਿੰਤਾ ਸੋਗ ਸਰਬ ਮਿਟਾਏਗਾ । ਜਨਮ ਕਰਮ ਦਾ ਪਿਛਲਾ ਵਿਜੋਗ, ਅੱਗੇ ਰਹਿਣ ਨਾ ਪਾਏਗਾ । ਜਿਨ੍ਹਾਂ ਨਾਲ ਕੀਤਾ ਧੁਰ ਸੰਜੋਗ, ਅੰਤਮ ਆਪਣੀ ਸੇਜ ਬੈਠਾਏਗਾ । ਦੇ ਕੇ ਦਰਸ ਇਕ ਅਮੋਘ, ਪੂਰਬ ਹਰਸ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਏਗਾ । ਧੁਰ ਦਾ ਮਾਲਕ ਵੇਖਣ ਆਇਆ ਏ । ਜਿਸ ਬਾਲਕ ਨੂੰ ਜਨਨੀ ਨਾ ਕੁੱਖ ਟਿਕਾਇਆ ਏ । ਜਿਸ ਦੀ ਮਾਤਾ ਪਿਤਾ ਦਏ ਕੋਇ ਨਾ ਸੁਖ, ਸੇਵਾਦਾਰ ਵੰਡ ਨਾ ਕੋਇ ਵੰਡਾਇਆ ਏ । ਨਾ ਮਾਣਸ ਨਾ ਮਨੁਖ, ਦੇਵਤਿਆਂ ਵਿਚੋਂ ਬਾਹਰ ਬੇਪਰਵਾਹਿਆ ਏ । ਕਲਜੁਗ ਅੰਤਮ ਬਦਲ ਕੇ ਆਪਣਾ ਰੁਖ਼, ਰੁਖ਼ਸਤ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਦਵਾਇਆ ਏ । ਜੋ ਜੁਗ ਚੌਕੜੀ ਸਚਖੰਡ ਦਵਾਰੇ ਬੈਠਾ ਰਿਹਾ ਚੁੱਪ, ਸੋ ਚੁਪ ਚੁਪੀਤਾ ਸਾਹਿਬ ਅਨਡੀਠਾ ਅਨਡਿਠੜੀ ਕਾਰ ਕਮਾਇਆ ਏ । ਗੁਰਮੁਖ ਵੇਖ ਆਪਣੇ ਸੁੱਤ, ਸੁਤਿਆਂ ਲਏ ਉਠਾਇਆ ਏ । ਦਰ ਦਰ ਘਰ ਘਰ ਆ ਕੇ ਰਿਹਾ ਪੁਛ, ਮੰਜ਼ਲ ਆਪਣੀ ਪੰਧ ਮੁਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਇਆ ਏ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਵਡਿਆਈ ਵੱਡੀ, ਵੱਡਿਆਂ ਵਿਚੋਂ ਨਜ਼ਰੀ ਆਈਆ । ਤੂੰ ਭਾਗ ਲਗਾਇਆ ਬੀਸਵੀਂ ਸਦੀ, ਵਾਰੀ ਘੋਲੀ ਘੋਲ ਘੁਮਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਆਪਣੀ ਲੰਘ ਕੇ ਹੱਦੀ, ਪਿਛਲੇ ਲੇਖੇ ਦਏ ਚੁਕਾਈਆ । ਪੁਸ਼ਤ ਦਰ ਪੁਸ਼ਤ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਚਲਾਵਣਹਾਰਾ ਯੱਦੀ, ਯਕੇ ਬਾਦ ਦੀਗਰੇ ਇਕ ਦੂਜੇ ਦੇ ਪਿਛੇ ਲੋਕਮਾਤ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਰਿਹਾ ਰਚਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਰਚਨਾ ਸਚ, ਸਚ ਸਚ ਵਿਚੋਂ ਪਰਗਟਾਈਆ । ਜਿਨ੍ਹਾਂ ਅੰਦਰ ਰਿਹੋਂ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਤੈਨੂੰ ਮਿਲ ਕੇ ਦਿਲਦਾਰ ਜਾਵਣ ਹੱਸ, ਦਿਲ ਦੀ ਕਹਾਣੀ ਦੇਣ ਸਮਝਾਈਆ । ਤੂੰ ਓਨ੍ਹਾਂ

ਵੱਲ ਲਈਂ ਤੱਕ, ਜੋ ਬੈਠੇ ਧਿਆਨ ਲਗਾਈਆ । ਤੇਰੇ ਹੱਥ ਵਿਚ ਹਕੀਕਤ ਹੱਕ, ਹਕੂਕ ਰਿਹਾ ਵਰਤਾਈਆ । ਜਨ ਭਗਤਾਂ ਦੇ ਕੇ ਬ੍ਰਹਮ ਮਤ, ਵਿਦਿਆ ਬ੍ਰਹਮ ਦਏਂ ਸਮਝਾਈਆ । ਸਚ ਦਵਾਰੇ ਹਰਿ ਨਿਰੰਕਾਰੇ ਤੇਰਾ ਸਾਰੇ ਗਾਈਏ ਜਸ, ਸਿਫ਼ਤਾਂ ਨਾਲ ਸਾਲਾਹੀਆ । ਤੂੰ ਪੁਰਖ ਅਲੱਖ ਅਗੋਚਰ ਸਵਾਮੀ ਸਮਰਥ, ਸਤਿ ਸਚ ਤੇਰੀ ਸਰਨਾਈਆ । ਅੰਤ ਚਰਨ ਕਵਲ ਜਾਈਏ ਢੱਠ, ਢਹਿ ਢਹਿ ਸ਼ੁਕਰ ਮਨਾਈਆ । ਵੇਖੀਂ ਅੱਗੇ ਨਾ ਹੋਵੀਂ ਸਾਥੋਂ ਅੱਡ, ਅੱਡਰਾ ਰਾਹ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਦਿਆਲ ਦਏ ਦ੍ਰਿੜਾਈਆ । ਗੁਰ ਅਵਤਾਰ ਇਕੋ ਦ੍ਰਿੜ ਵਿਸ਼ਵਾਸ਼, ਵਿਸ਼ਵ ਧਾਰ ਜਣਾਇੰਦਾ । ਜਿਸ ਦੇ ਨਾਲ ਕੋਈ ਨਾ ਹੋਏ ਉਦਾਸ, ਹੈਰਾਨੀ ਵਿਚ ਕੋਇ ਨਾ ਆਇੰਦਾ । ਸਭ ਦਾ ਸਾਂਝਾ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਆਖ, ਤਿਨ੍ਹਾਂ ਅੱਖਰਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵਣਹਾਰਾ ਸਚ ਸੌਗਾਤ, ਸੁਗੰਧੀ ਆਪਣਾ ਨਾਮ ਵਿਚ ਭਰਾਇੰਦਾ ।

## ✪ ੩ ਅੱਸੂ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ✪

ਸਤਿ ਧਰਮ ਕਹੇ ਸੁਣੋ ਗੁਰ ਪੀਰ, ਦਰ ਸਾਚੇ ਸਚ ਜਣਾਈਆ । ਚਾਰ ਕੁੰਟ ਮੈਨੂੰ ਕੋਈ ਨਾ ਦੇਵੇ ਧੀਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੈਂ ਵੇਖੀ ਹੱਦ ਅਖ਼ੀਰ, ਆਖ਼ਰ ਪੰਧ ਮੁਕਾਈਆ । ਤੁਹਾਡੀ ਚਲੀ ਨਾ ਕੋਇ ਤਦਬੀਰ, ਲੇਖਾ ਮੁੱਕਿਆ ਥਾਉਂ ਥਾਈਂਆ । ਅੰਮ੍ਰਿਤ ਬਖ਼ਸ਼ੇ ਨਾ ਕੋਇ ਠੰਡਾ ਸੀਰ, ਰਸ ਸਚ ਨਾ ਕੋਇ ਚੁਆਈਆ । ਮੇਰਾ ਨਾਤਾ ਤੁਟਾ ਨਾਲੋਂ ਸ਼ਾਹ ਹਕੀਰ, ਹਕੀਕਤ ਦਿਆਂ ਜਣਾਈਆ । ਮੇਰੀ ਕੀਮਤ ਨਾ ਕੋਈ ਹੋਇਆ ਨਾਚੀਜ਼, ਚੀਕ ਚੀਕ ਸੁਣਾਈਆ । ਤਨ ਬਸਤਰ ਭੂਸ਼ਨ ਲੱਥੇ ਦਿਸੇ ਨਾ ਕੋਇ ਕਮੀਜ਼, ਪਗੜੀ ਸੀਸ ਨਾ ਕੋਇ ਟਿਕਾਈਆ । ਮੈਂ ਲੰਘ ਕੇ ਅਗਲੀ ਦਹਿਲੀਜ਼, ਦਿਲ ਦੀ ਕਹਾਣੀ ਰਿਹਾ ਸੁਣਾਈਆ । ਮੈਨੂੰ ਸਚ ਪੁਛੋ ਔਂਦੀ ਇਕੋ ਰੀਝ, ਸਦਾ ਸਚ ਵਿਚ ਸਮਾਈਆ । ਪ੍ਰੇਮ ਪ੍ਰੀਤੀ ਅੰਦਰ ਜਾਵਾਂ ਭੀਜ, ਭਿੰਨੜਾ ਰੰਗ ਰੰਗਾਈਆ । ਕਲਮਿਆਂ ਨਾਲ ਸੁਣਾਂ ਸਚ ਹਦੀਸ, ਨਾਮ ਨਾਲ ਸ਼ਬਦ ਸ਼ਨਵਾਈਆ । ਅੰਤਮ ਮੇਰੀ ਲੱਗੀ ਪੀਠ, ਬਲਹੀਣ ਰਿਹਾ ਕੁਰਲਾਈਆ । ਸਾਚਾ ਦਿਸੇ ਨਾ ਕੋਈ ਗੀਤ, ਸੋਹਲਾ ਸੋ ਨਾ ਕੋਇ ਸੁਣਾਈਆ । ਸੰਗੀ ਛੱਡ ਗਏ ਬਣ ਕੇ ਮੀਤ, ਸੱਜਣ ਬੈਠੇ ਮੁਖ ਭੁਆਈਆ । ਝਗੜਾ ਵੇਖਿਆ ਮੰਦਰ ਮਸੀਤ, ਮੱਠ ਵਾਲੇ ਦੇਣ ਦੁਹਾਈਆ । ਨੇਤਰ ਰੋਵਣ ਊਚ ਨੀਚ, ਹਸਤ ਕੀਟ ਹੋਈ ਜੁਦਾਈਆ । ਜਨਤਾ ਕਬਾਬ ਚੜ੍ਹਦਾ ਵੇਖਿਆ ਸੀਖ, ਦੇਗਾਂ ਵਿਚ ਉਬਲਾਈਆ । ਸਤਿ ਸਤਿ ਦੀ ਗਈ ਰੀਤ, ਰੀਤੀਵਾਨ ਬੈਠੇ ਮੁਖ ਛੁਪਾਈਆ । ਮੈਂ ਕਿਸ ਦਰ ਤੋਂ ਮੰਗਾਂ ਭੀਖ, ਕਵਣ ਹੋਏ ਅੰਤ ਸਹਾਈਆ । ਤੁਸੀਂ ਗੁਰ ਅਵਤਾਰ ਪੀਰ ਪੈਗ਼ੰਬਰ ਸਦਾ ਸਰਜੀਤ, ਜੰਮਣ ਮਰਨ ਵਿਚ ਨਾ ਆਈਆ । ਮੈਂ ਤੁਹਾਡੇ ਉਤੇ ਜਾਵਾਂ ਪਤੀਜ, ਮੈਨੂੰ ਸਚ ਦਿਓ ਸਮਝਾਈਆ । ਕਿਸ ਦਰ ਮਿਲੇ ਅਗੰਮੀ ਪ੍ਰੀਤ, ਪ੍ਰੀਤਮ ਆਪਣੀ ਗੋਦ ਉਠਾਈਆ । ਮੈਂ ਸਦਾ ਸਦਾ ਸਦ ਕਰਦਾ ਰਿਹਾ ਉਡੀਕ, ਲੋਚਣ ਅੱਖ ਉਠਾਈਆ । ਮੈਨੂੰ ਯਾਦ ਪਿਛਲਾ ਨਗਾਰਾ ਵੱਜਿਆ ਰਣਜੀਤ,

ਸੋਹਣੀ ਆਵਾਜ਼ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਕਹਿਣ ਸੁਣ ਧਰਮ ਸਤਿ, ਸਤਿ ਸਚ ਦ੍ਰਿੜਾਈਆ । ਧੁਰ ਦੀ ਵੇਖ ਇਕੋ ਮਤ, ਬ੍ਰਹਮ ਮਤ ਵਡਿਆਈਆ । ਚਾਰ ਕੁੰਟ ਨਾ ਉਠ ਉਠ ਨੱਸ, ਦਹਿ ਦਿਸ਼ਾ ਨਾ ਦੌੜ ਵਾਹੋ ਦਾਹੀਆ । ਮਿੱਤਰ ਸਖਾਈ ਵੇਖ ਸਖ, ਸੱਜਣ ਬੇਪਰਵਾਹੀਆ । ਜਿਸ ਦੀ ਨਿਰਾਲੀ ਅਨੋਖੀ ਅੱਖ, ਜਗਤ ਨੈਣਾਂ ਬਾਹਰ ਟਿਕਾਈਆ । ਸੋ ਸਾਹਿਬ ਹੋਇਆ ਪ੍ਰਤਖ, ਪਤਿਪਰਮੇਸ਼ਵਰ ਬੇਪਰਵਾਹੀਆ । ਸਭ ਦੇ ਪੜਦੇ ਰਿਹਾ ਢਕ, ਸਿਰ ਆਪਣਾ ਹੱਥ ਟਿਕਾਈਆ । ਉਸ ਦੇ ਚਰਨਾਂ ਜਾ ਕੇ ਢੱਠ, ਧੂੜੀ ਖ਼ਾਕ ਰਮਾਈਆ । ਆਪਣੀ ਹਾਲਤ ਅੰਦਰੋਂ ਦੱਸ, ਜਗਤ ਜਹਾਲਤ ਦੇ ਜਣਾਈਆ । ਉਹ ਹੋਵੇ ਤੇਰੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਾਹਿਬ ਸੁਲਤਾਨ ਸਿਰ ਰੱਖੇ ਦੇ ਕਰ ਹੱਥ, ਮਿਹਰ ਨਜ਼ਰ ਟਿਕਾਈਆ । ਤੂੰ ਇਕੋ ਗੌਣਾ ਜਸ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਸਤਿ ਧਰਮ ਕਹੇ ਮੈਂ ਜਾਂਦਾ ਹਾਂ । ਵਾਹੋ ਦਾਹੀ ਆਪਣਾ ਪੰਧ ਮੁਕਾਂਦਾ ਹਾਂ । ਦਰਸ਼ਨ ਕਰ ਕੇ ਬੇਪਰਵਾਹੀ, ਅੰਦਰ ਆਪਣਾ ਦੁੱਖ ਸੁਣਾਂਦਾ ਹਾਂ । ਚਾਰ ਕੁੰਟ ਜੋ ਲੱਗੀ ਕਾਲੀ ਸ਼ਾਹੀ, ਸੋ ਦੁਰਮਤ ਮੈਲ ਧਵਾਂਦਾ ਹਾਂ । ਪੜਦਾ ਲਾਹ ਕੇ ਥਾਉਂ ਥਾਈਂ, ਨਵ ਨੌ ਚਾਰ ਸਰਬ ਸਮਝਾਂਦਾ ਹਾਂ । ਨਿਉਂ ਨਿਉਂ ਲਾਗਾਂ ਪਾਈਂ, ਚਰਨ ਕਵਲ ਸੀਸ ਟਿਕਾਂਦਾ ਹਾਂ । ਜੇ ਪ੍ਰਭ ਸੱਚਾ ਪਕੜੇ ਬਾਂਹੀਂ, ਬਲ ਆਪਣਾ ਫੇਰ ਪਰਗਟਾਂਦਾ ਹਾਂ । ਜਾ ਕੇ ਕਰਾਂ ਹਾਲ ਦੁਹਾਈ, ਦੂਹਰਾ ਰਾਗ ਅਲਾਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੇਵਾ ਇਕ ਜਣਾਂਦਾ ਹਾਂ । ਗੁਰ ਅਵਤਾਰ ਕਹਿਣ ਉਠ ਉਠ ਜਾ ਭੱਜ, ਆਪਣਾ ਪੰਧ ਮੁਕਾਈਆ । ਦਰਸ਼ ਕਰ ਪੁਰਖ ਸਮਰਥ, ਸ਼ਹਿਨਸ਼ਾਹ ਬੇਪਰਵਾਹੀਆ । ਸਤਿ ਸਿੰਘਾਸਣ ਰਿਹਾ ਸਜ, ਤਖ਼ਤ ਨਿਵਾਸੀ ਡੇਰਾ ਲਾਈਆ । ਅਸੀਂ ਓਸੇ ਦਾ ਕਰਦੇ ਹੱਜ, ਹੁਜਰੇ ਬੈਠੇ ਸਰਬ ਤਜਾਈਆ । ਓਸੇ ਦਾ ਜਪਦੇ ਜਪ, ਨਾਮ ਨਿਧਾਨ ਇਕ ਸੁਣਾਈਆ । ਓਸੇ ਦੇ ਮੰਦਰ ਰਹੇ ਵਸ, ਚਰਨ ਕਵਲ ਮਿਲੀ ਸ਼ਰਨਾਈਆ । ਓਸੇ ਦੀ ਝੋਲੀ ਪਾ ਕੇ ਧੁਰ ਦਾ ਹੱਕ, ਓਸੇ ਦਰ ਤੋਂ ਮੰਗ ਮੰਗਾਈਆ । ਉਹ ਦੇਵਣਹਾਰ ਸਭ ਵੱਲ ਰਿਹਾ ਤੱਕ, ਅਭੁਲ ਭੁਲ ਕਦੇ ਨਾ ਜਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਜਾਵੇ ਅੱਕ, ਹਿੰਮਤ ਹਾਰ ਨਾ ਹੌਸਲਾ ਢਾਹੀਆ । ਜੋ ਸਰਨਾਈ ਆ ਕੇ ਜਾਵੇ ਢੱਠ, ਤਿਨ੍ਹਾਂ ਫੜ ਫੜ ਗਲੇ ਲਗਾਈਆ । ਸਾਚਾ ਦੇ ਕੇ ਅਗੰਮੀ ਰਸ, ਰਸ ਅੰਮ੍ਰਿਤ ਜਾਮ ਪਿਆਈਆ । ਦੂਰ ਦੁਰਾਡਾ ਨੇਰਨ ਨੇਰਾ ਹੋ ਜਾਵੇ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਪ੍ਰਭ ਵਸੇ ਕਿੱਥੇ, ਖੇੜਾ ਕਵਣ ਸੁਹਾਈਆ । ਉਹ ਬੈਠਾ ਕੇਹੜੀ ਕੂਟੇ ਪਾ ਕੇ ਹਿੱਸੇ, ਹਸਤੀ ਆਪਣੀ ਆਪ ਛੁਪਾਈਆ । ਜਗਤ ਨੇਤਰ ਕਿਸੇ ਨਾ ਦਿਸੇ, ਰੋਂਦੀ ਵੇਖੀ ਲੋਕਾਈਆ । ਕੀਮਤ ਨਾਲ ਕਿਤੇ ਨਾ ਵਿਕੇ, ਹੱਟਾਂ ਵਿਚ ਨਜ਼ਰ ਕਿਸੇ ਨਾ ਪਾਈਆ । ਓਹ ਕੇਹੜੀ ਭੂਮਿਕਾ ਟਿਕੇ, ਸਚ ਸਿੰਘਾਸਣ ਇਕ ਸੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸੰਤ ਸੁਹੇਲੇ ਵਸਦੇ ਜਿਥੇ, ਜਗਹ ਅਗੰਮੀ ਰਹੇ ਜਣਾਈਆ । ਜਿਨ੍ਹਾਂ ਨੂੰ ਚਾਰ ਜੁਗ ਅਸੀਂ ਮਸਤਕ ਟਿੱਕਾ ਲਾ ਕੇ ਆਏ ਟਿੱਕੇ, ਅੰਤਮ ਆਪਣੇ ਘਰ ਦੇ ਟਿੱਕੇ ਲਏ ਬਣਾਈਆ । ਨਾ ਜਾਣੇ ਛੋਟੇ ਵੱਡੇ ਨਿੱਕੇ, ਬਿਰਧ ਬਾਲਾਂ ਹੋਏ ਸਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿ ਧਰਮ ਕਹੇ ਉਹ ਕੇਹੜੀ ਕੂਟ, ਮੋਹੇ ਸਚ ਦਿਓ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜਿਥੇ ਨਾ ਹੋਏ ਜੂਠ ਨਾ ਝੂਠ, ਕੂੜੀ ਕਿਰਿਆ ਡੇਰਾ ਢਾਹੀਆ । ਓਥੇ ਓਸ ਦੇ ਵਸਣ ਸਚ ਸਪੂਤ, ਗੁਰਮੁਖ ਬੈਠਣ ਸੋਭਾ ਪਾਈਆ । ਬਾਹਰੋਂ ਦਿਸਣ ਪੰਜ ਤਤ ਭੂਤ, ਅੰਦਰ ਨਿਰਮਲ ਜੋਤ ਜੋਤ ਜਗਾਈਆ । ਜਿਨ੍ਹਾਂ ਦੇ ਮੰਦਰ ਵਿਚੋਂ ਕੂੜੀ ਕਿਰਿਆ ਕਰ ਗਈ ਕੂਚ, ਇਕੋ ਇਸ਼ਟ ਦੇਵ ਨਜ਼ਰੀ ਆਈਆ । ਉਹਦਾ ਸ਼ਬਦ ਅਗੰਮੀ ਦੂਤ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦਏ ਜਣਾਈਆ । ਗੁਰ ਅਵਤਾਰ ਕਹਿਣ ਉਹ ਧਾਮ ਚੰਗਾ, ਚੰਗੀ ਤਰ੍ਹਾਂ ਜਣਾਈਆ । ਜਿਥੇ ਦਿਸੇ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਥੇ ਪਾਰ ਉਤਰੇ ਬਿਨਾਂ ਬੰਦਗੀਉਂ ਬੰਦਾ, ਬੰਧਨ ਸਾਰੇ ਰਿਹਾ ਤੁੜਾਈਆ । ਲੇਖੇ ਲਾਵੇ ਕੁਕਰਮੀ ਗੰਦਾ, ਮਿਹਰ ਨਜ਼ਰ ਨਾਲ ਤਰਾਈਆ । ਪ੍ਰੇਮ ਪਿਆਰ ਦਾ ਫੇਰ ਕੇ ਰੰਦਾ, ਦੁਰਮਤ ਮੈਲ ਦਏ ਧੁਆਈਆ । ਅੰਤਰ ਆਤਮ ਕਰ ਕੇ ਠੰਡਾ, ਅਗਨੀ ਤਤ ਬੁਝਾਈਆ । ਓਥੇ ਮੰਗਣੀ ਪਏ ਕੋਇ ਨਾ ਮੰਗਾ, ਅਨਮੰਗੀ ਦੌਲਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਆਪਣਾ ਛੰਦਾ, ਧੁਰ ਦਾ ਢੋਲਾ ਰਾਗ ਅਲਾਈਆ । ਸਤਿ ਧਰਮ ਕਹੇ ਮੈਨੂੰ ਹੋਈ ਖ਼ੁਸ਼ੀ, ਖ਼ੁਸ਼ੀਆਂ ਨਾਲ ਜਣਾਈਆ । ਉਹ ਸੇਜ ਸੁਹੰਜਣੀ ਸੁੱਚੀ, ਜਿਸ ਉਪਰ ਡੇਰਾ ਲਾਈਆ । ਜਿਥੇ ਭਗਤਾਂ ਆਵਣ ਜਾਵਣ ਖੇਲ ਮੁਕੀ, ਮੁਕੰਮਲ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਜਾਏ ਕੁੱਠੀ, ਮਮਤਾ ਮੋਹ ਦਏ ਮਿਟਾਈਆ । ਸੁਹੰਜਣੀ ਸੁਹਾਏ ਆਪਣੀ ਰੁੱਤੀ, ਰੁੱਤ ਨਾਲ ਮਹਿਕਾਈਆ । ਭਾਗ ਲਗਾਏ ਜਨ ਭਗਤਾਂ ਪੁੱਤੀਂ, ਪਤਿਪਰਮੇਸ਼ਵਰ ਹੋ ਕੇ ਹੋਏ ਸਹਾਈਆ । ਗ਼ਰੀਬ ਨਿਮਾਣਿਆਂ ਗੋਦੀ ਰਿਹਾ ਚੁੱਕੀ, ਫੜ ਬਾਹੋਂ ਗਲੇ ਲਗਾਈਆ । ਜਗਤ ਵਾਸਨਾ ਕੂੜ ਨਾ ਦਿਸੇ ਕੁੱਤੀ, ਸਵਾਣੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਉਠ ਵੇਖ ਆਪਣਾ ਪੰਧ, ਪਾਂਧੀ ਰਹੇ ਜਣਾਈਆ । ਪਿਛਲਾ ਲੇਖਾ ਮੁੱਕੇ ਤੰਦ, ਧੁੰਦਲ ਦਏ ਗਵਾਈਆ । ਜਾ ਕੇ ਵੇਖ ਅਗੰਮੀ ਚੰਦ, ਗੁਰਮੁਖ ਬੈਠੇ ਸੋਭਾ ਪਾਈਆ । ਅੰਦਰ ਢੋਲਾ ਗੌਂਦੇ ਸੋਹੰ ਛੰਦ, ਤੂੰ ਮੇਰਾ ਮਾਲਕ ਬੇਪਰਵਾਹੀਆ । ਉਨ੍ਹਾਂ ਮਿਲਦਾ ਇਕ ਅਨੰਦ, ਰਸ ਸਾਚਾ ਦਏ ਸਮਝਾਈਆ । ਜ਼ਾਤ ਪਾਤ ਦੀ ਢਾਹ ਕੇ ਕੰਧ, ਭਾਂਡਾ ਭਰਮ ਭੰਨਾਈਆ । ਪਹਿਲੋਂ ਉਨ੍ਹਾਂ ਨਾਲ ਮਿਲ ਕੇ ਬਣੌਂਣਾ ਸੱਚਾ ਸੰਗ, ਸੰਗੀ ਸਾਥੀ ਇਕੋ ਨਜ਼ਰੀ ਆਈਆ । ਅੰਦਰ ਰੱਖਣਾ ਨਾ ਕੋਇ ਘਮੰਡ, ਹੰਗਤਾ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਸਤਿ ਧਰਮ ਕਹੇ ਮੈਂ ਜਾਵਾਂਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਗੁਰਮੁਖਾਂ ਦੀ ਸਰਨੀ ਜਾ ਕੇ ਸੀਸ ਨਿਵਾਵਾਂਗਾ । ਜਿਸ ਤਰਨੀ ਉਹ ਸੋਹਣੇ ਤਰੇ, ਓਹੋ ਪੁਛ ਪੁਛਾਵਾਂਗਾ । ਜਿਸ ਦੀ ਕਿਰਪਾ ਨਾਲ ਨਾ ਜਨਮੇ ਨਾ ਕਦੇ ਮਰੇ, ਬੰਧਨ ਸਰਬ ਮਿਟਾਵਾਂਗਾ । ਸਚ ਦਵਾਰੇ ਜਿਸ ਦੇ ਖੜੇ, ਧੂੜੀ ਟਿੱਕਾ ਓਥੇ ਖ਼ਾਕ ਰਮਾਵਾਂਗਾ । ਜੋ ਭਗਤਾਂ ਢੋਲੇ ਪੜ੍ਹੇ, ਉਨ੍ਹਾਂ ਨਾਲ ਮਿਲ ਕੇ ਗਾਵਾਂਗਾ । ਸਚ ਦਹਿਲੀਜ਼ ਲੰਘ ਦਰੇ, ਦਰਵਾਜ਼ਾ ਇਕੋ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਵਾਂਗਾ । ਗੁਰ ਅਵਤਾਰ ਕਹਿਣ ਉਠ ਛੇਤੀ ਦੌੜ, ਵੇਲਾ ਗਿਆ


੬੦੨
੧੨

ਹੱਥ ਨਾ ਆਈਆ । ਜਿਸ ਨੂੰ ਕਹਿ ਕੇ ਆਏ ਬ੍ਰਾਹਮਣ ਗੌੜ, ਸੋ ਪਾਰਬ੍ਰਹਮ ਬੇਪਰਵਾਹੀਆ । ਜਿਸ ਨੂੰ ਨੇਤਰਾਂ ਨਾਲ ਤੱਕਦੇ ਰਹੇ ਕਰ ਕੇ ਗ਼ੌਰ, ਗਹਿਰ ਗੰਭੀਰ ਨੂਰ ਖ਼ੁਦਾਈਆ । ਜਿਸ ਦੀ ਬਿਧ ਅਵਰ ਤੇ ਔਰ, ਅਵਸਥਾ ਸਮਝ ਕਿਸੇ ਨਾ ਆਈਆ । ਸੋ ਸਵਾਮੀ ਰਿਹਾ ਬੌਹੜ, ਠਾਕਰ ਹੋ ਕੇ ਠੋਕਰ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਧਰਮ ਕਹੇ ਮੈਂ ਚੱਲਿਆ ਹਾਂ, ਆਪਣਾ ਪੰਧ ਮੁਕਾਵਾਂਗਾ । ਜਿਨ੍ਹਾਂ ਸਚ ਦਵਾਰਾ ਮੱਲਿਆ ਹੈ, ਤਿਨ੍ਹਾਂ ਦਾ ਦਰਸ਼ਨ ਜਾ ਕੇ ਪਾਵਾਂਗਾ । ਜਿਨ੍ਹਾਂ ਦੇ ਅੰਤਰ ਆਤਮ ਰਲਿਆ ਹੈ, ਓਨ੍ਹਾਂ ਵਿਚ ਮਿਲ ਕੇ ਖ਼ੁਸ਼ੀ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਦਰ ਓਸ ਦੇ ਮੰਗ ਮੰਗਾਵਾਂਗਾ । ਸਤਿ ਧਰਮ ਆਇਆ ਦੁਰਾਡਾ, ਦੂਰਨ ਦੂਰਨ ਪੰਧ ਮੁਕਾਈਆ । ਜਨ ਭਗਤਾਂ ਕਹੇ ਮੈਂ ਵੀਰ ਤੁਹਾਡਾ, ਛੋਟਾ ਵੱਡਾ ਨਜ਼ਰ ਕੋਇ ਨਾ ਆਈਆ । ਸਤਿਗੁਰੂ ਦਵਾਰੇ ਕੱਠਾ ਮਿਲ ਕੇ ਸਭ ਨੇ ਖਾਧਾ, ਅੰਮ੍ਰਿਤ ਮੁਖ ਚੁਆਈਆ । ਸਚ ਪੁੱਛੋ ਪਿਤਾ ਗੋਬਿੰਦ ਪੁਰਖ ਅਕਾਲ ਦਾਦਾ, ਦਹਿ ਦਿਸ਼ਾ ਇਕੋ ਨਜ਼ਰੀ ਆਈਆ । ਤੁਹਾਡਾ ਮੇਰਾ ਝਗੜਾ ਕਾਹਦਾ, ਕਲ ਕਲਕੀ ਹੋਇਆ ਸਹਾਈਆ । ਤੁਸੀਂ ਓਸ ਦਾ ਗਾਓ ਰਾਗਾ, ਮੈਂ ਉਸੇ ਨੂੰ ਰਿਹਾ ਧਿਆਈਆ । ਤੁਸੀਂ ਰੋ ਰੋ ਕੂਕ ਮਾਰੋ ਵਾਜਾਂ, ਮੈਂ ਹੌਕਿਆਂ ਨਾਲ ਸੁਣਾਈਆ । ਤੁਸੀ ਹੰਸ ਬਣੇ ਕਾਗਾ, ਮੈਂ ਮਾਣਕ ਮੋਤੀ ਚੋਗ ਤੁਹਾਡੀ ਝੋਲੀ ਪਾਈਆ । ਦੋਹਾਂ ਦਾ ਪ੍ਰੀਤਮ ਮਾਹੀ ਇਕੋ ਕੰਤ ਸੁਹਾਗਾ, ਸ਼ਹਿਨਸ਼ਾਹ ਸ਼ਹਿਨਸ਼ਾਹੀਆ । ਜਿਸ ਦੇ ਦਵਾਰੇ ਆਇਆ ਭਾਗਾ, ਭੱਜ ਭੱਜ ਪੰਧ ਮੁਕਾਈਆ । ਏਥੇ ਖੇਲ ਅਨੋਖਾ ਵੇਖਿਆ ਡਾਹਡਾ, ਅਵਲੱੜੀ ਚਾਲ ਨਜ਼ਰੀ ਆਈਆ । ਕੋਈ ਪੜ੍ਹੇ ਨਾ ਕਾ ਖਾ ਗਾ ਘਾ, ਘਰ ਘਰ ਵਿਚ ਖ਼ੁਸ਼ੀ ਵਖਾਈਆ । ਨਾਤਾ ਤੋੜ ਜਗਤ ਕੇ ਸਾਧਾਂ, ਗੁਰਮੁਖ ਸੱਦੇ ਦੇ ਦੇ ਰਿਹਾ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿ ਧਰਮ ਕਹੇ ਮੈਂ ਆਇਆ ਵੇਹੜੇ, ਗੁਰਮੁਖਾਂ ਘਰ ਡੇਰਾ ਲਾਈਆ । ਮੈਨੂੰ ਲੈ ਚਲੋ ਓਸ ਡੇਰੇ, ਜਿਸ ਦਾ ਮਾਲਕ ਇਕ ਅਖਵਾਈਆ । ਗੁਰਮੁਖ ਕਹਿਣ ਏਥੇ ਬੇੜੇ ਚੜ੍ਹਦੇ ਜੇਹੜੇ, ਓਨ੍ਹਾਂ ਆਪਣਾ ਆਪ ਦਿਤਾ ਤਜਾਈਆ । ਜੁਗ ਚੌਕੜੀ ਰੱਖ ਕੇ ਬੈਠੇ ਰਹੇ ਵੱਡੇ ਜੇਰੇ, ਅੰਤਮ ਮਿਲਿਆ ਆਪੇ ਆਈਆ । ਏਥੇ ਚੜ੍ਹਨ ਵਾਲੇ ਹੋਰ ਔਣ ਬਥੇਰੇ, ਭੇਖੀ ਪਖੰਡੀ ਫੇਰੀਆਂ ਪਾਈਆ । ਪੁਰਖ ਅਬਿਨਾਸ਼ੀ ਮਾਲਕ ਧੁਰ ਦੇ ਇਸ਼ਾਰਿਆਂ ਨਾਲ ਰੇਹੜੇ, ਠੇਡਿਆਂ ਨਾਲ ਪਰੇ ਹਟਾਈਆ । ਜੇ ਸਵਾਮੀ ਆਪ ਕਰੇ ਮਿਹਰੇ, ਤੇਰੀ ਮੁਹੱਬਤ ਸਾਡੇ ਨਾਲ ਜੁੜਾਈਆ । ਫਿਰ ਲੈ ਕੇ ਤੈਨੂੰ ਆਪਣੇ ਵਿਚ ਘੇਰੇ, ਫੜ ਬਾਹੋਂ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਗੁਰਮੁਖੋ ਪ੍ਰੇਮ ਕਮਾਵਾਂਗਾ । ਮੇਰਾ ਧੁਰ ਦਾ ਸੱਚਾ ਨੇਮ, ਨਿਮਕ ਹਰਾਮ ਹੋ ਨਾ ਮੁਖ ਭੁਆਵਾਂਗਾ । ਮੇਰਾ ਵਾਅਦਾ ਓਸ ਨਾਲ ਜੇਹੜਾ ਬੈਠਾ ਕੁੰਟ ਹੇਮ, ਹਮ ਓਸ ਦੀ ਭੇਟ ਕਰਾਵਾਂਗਾ । ਉਹ ਦੇਵਣਹਾਰਾ ਦੇਣ, ਦਾਤਾ ਇਕੋ ਇਕ ਜਣਾਵਾਂਗਾ । ਮੈਂ ਤੁਹਾਡੇ ਨਾਲ ਮਿਲ ਕੇ ਆਇਆ ਲੈਣ, ਲਹਿਣਾ ਆਪਣੀ ਝੋਲੀ ਪਾਵਾਂਗਾ । ਤੁਹਾਡੇ ਨਾਲੋਂ ਸੱਜਣ ਚੰਗਾ ਨਹੀਂ ਕੋਈ ਸੈਣ, ਨਾਤਾ ਤੁਹਾਡੇ ਨਾਲ ਜੁੜਾਵਾਂਗਾ । ਜਿਨ੍ਹਾਂ ਨੂੰ ਲਾੜੀ ਮੌਤ ਨਾ ਖਾਏ ਡੈਣ, ਓਨ੍ਹਾਂ ਨਾਲ ਮਿਲ ਕੇ ਖ਼ੁਸ਼ੀ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਧੁਰ ਦਾ ਵਰ, ਵਰ ਲੈ ਕੇ ਆਪਣਾ ਆਪ ਪਰਚਾਵਾਂਗਾ । ਜਨ ਭਗਤ ਕਹਿਣ


੬੦੩ ੧੨

ਸੁਣ ਧਰਮ ਸਤਿ, ਸਤਿ ਦੇਈਏ ਜਣਾਈਆ । ਅਸੀਂ ਕਦੀ ਨਹੀਂ ਕਿਹਾ ਸਾਡੀ ਵੱਡੀ ਮਤ, ਸਭ ਕੁਛ ਪ੍ਰਭ ਦੀ ਝੋਲੀ ਪਾਈਆ । ਇਕੋ ਵਾਰ ਉਸ ਦੇ ਚਰਨੀਂ ਸਿੱਧੇ ਹੋ ਕੇ ਗਏ ਢੱਠ, ਵਲ ਵਿੰਗ ਰਿਹਾ ਨਾ ਰਾਈਆ । ਏਸੇ ਕਰਕੇ ਕਰ ਇਕੱਠ, ਹਰਿ ਆਪਣਾ ਜੋੜ ਜੁੜਾਈਆ । ਕਾਇਆ ਮੰਦਰ ਅੰਦਰ ਵਖਾਇਆ ਉਹ ਮੱਠ, ਜਿਸ ਘਰ ਬੈਠਾ ਬੇਪਰਵਾਹੀਆ । ਨਾਮ ਜਪਣ ਦਾ ਰੱਟਾ ਮੁੱਕਿਆ ਰਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਿਤਾ ਖੁਲ੍ਹਾਈਆ । ਸਤਿ ਧਰਮ ਕਹੇ ਮੈਂ ਸੇਵਾਦਾਰ, ਸਚ ਦਿਆਂ ਜਣਾਈਆ । ਮੈਨੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਕੇ ਖ਼ਬਰਦਾਰ, ਦਰ ਤੁਹਾਡੇ ਦਿਤਾ ਘਲਾਈਆ । ਵੇਖੋ ਛੱਡ ਕੇ ਸਰਬ ਸੰਸਾਰ, ਭੱਜਿਆ ਆਇਆ ਵਾਹੋ ਦਾਹੀਆ । ਏਹੋ ਜੇਹਾ ਖੇਲ ਕਦੀ ਨਹੀਂ ਖੇਲਿਆ ਮੈਂ ਜੁਗ ਚਾਰ, ਚੌਕੜੀ ਬੈਠੀ ਨੈਣ ਉਠਾਈਆ । ਵਾਹਵਾ ਕਰ ਕੇ ਸਾਰੇ ਰਹੇ ਪੁਕਾਰ, ਖ਼ੁਸ਼ੀਆਂ ਤਾਲ ਵਜਾਈਆ । ਵੇਖ ਸਚ ਸੱਚਾ ਦਰਬਾਰ, ਦੋ ਜਹਾਨ ਧਿਆਨ ਲਗਾਈਆ । ਜਿਸ ਗ੍ਰਿਹਿ ਬੈਠਾ ਆਪ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਸੰਤ ਸੁਹੇਲੇ ਵੇਖੇ ਆਣ, ਆਪਣੀ ਕਲ ਧਰਾਈਆ । ਬਿਨ ਕਲਮਿਉਂ ਕਰ ਕਲਿਆਣ, ਕਾਇਨਾਤ ਲੇਖਾ ਰਿਹਾ ਚੁਕਾਈਆ । ਓਸ ਦਾ ਸੋਹਣਾ ਅਗੰਮਾ ਵੇਖ ਮਕਾਨ, ਬੇਪਹਿਚਾਨ ਦਿਤਾ ਸਮਝਾਈਆ । ਸਚ ਪ੍ਰੀਤੀ ਬਖ਼ਸ਼ ਦਾਨ, ਦੌਲਤ ਇਕੋ ਝੋਲੀ ਪਾਈਆ । ਗੁਰਮੁਖ ਗੁਰਸਿਖ ਸਾਰੇ ਖ਼ੁਸ਼ੀ ਮਨਾਣ, ਧੁਰ ਦਾ ਰਾਗ ਅਲਾਈਆ । ਮੈਂ ਬਾਲਾ ਨੱਢਾ ਇਕ ਨਾਦਾਨ, ਵਿਚ ਰਲਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਜਣਾਈਆ । ਮੈਂ ਚਲ ਕੇ ਆਇਆ ਸਚ ਦਵਾਰੇ, ਪ੍ਰਭ ਦਰਵਾਜ਼ਾ ਦਏ ਖੁਲ੍ਹਾਈਆ । ਮੇਰੀ ਸੇਵਾ ਲਾਏ ਅਪਰ ਅਪਾਰੇ, ਅਪਰੰਪਰ ਆਪ ਦ੍ਰਿੜਾਈਆ । ਅਬਿਨਾਸ਼ੀ ਖੇਲ ਨਿਆਰੇ, ਹਰਿ ਕਰਤਾ ਆਪ ਜਣਾਈਆ । ਨਾਲ ਸਮਝਾਏ ਸ਼ਬਦ ਇਸ਼ਾਰੇ, ਬਿਨ ਸੈਨਤ ਅੱਖ ਲਗਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਬਣ ਪਨਿਹਾਰੇ, ਧੁਰ ਦਾ ਹੁਕਮ ਮਨਾਈਆ । ਕਾਇਆ ਮੰਦਰ ਚੜ੍ਹ ਚੁਬਾਰੇ, ਮਹੱਲ ਅਟਲ ਇਕ ਸੁਹਾਈਆ । ਕੂੜੀ ਕਿਰਿਆ ਨਿਕਲੇ ਬਾਹਰੇ, ਜੂਠ ਝੂਠ ਕਰ ਕੁੜਮਾਈਆ । ਸਤਿ ਧਰਮ ਦਾ ਬੋਲ ਜੈਕਾਰੇ, ਜੈ ਜੈਕਾਰ ਇਕ ਸੁਣਾਈਆ । ਪ੍ਰਿਤਪਾਲਕ ਪ੍ਰਿਤਪਾਲ ਕਰੇ ਜਗ ਸਾਰੇ, ਸ੍ਰਿਸ਼ਟੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਇਕ ਸਮਝਾਈਆ । ਸਤਿ ਧਰਮ ਕਹੇ ਮੇਰੀ ਸੇਵਾ ਅੱਛੀ, ਪ੍ਰਭ ਸਾਚੇ ਸਚ ਲਗਾਈਆ । ਗੁਰਮੁਖਾਂ ਦੀ ਕਾਇਆ ਇਕੋ ਵਸੀ, ਮਨਮੁਖਾਂ ਨਾਤਾ ਦਿਤਾ ਤੁੜਾਈਆ । ਮੇਰੀ ਪ੍ਰੇਮਣ ਪ੍ਰੇਮ ਪ੍ਰੀਤੀ ਵਿਚੋਂ ਉਠ ਕੇ ਹੱਸੀ, ਹੱਸ ਹੱਸ ਖ਼ੁਸ਼ੀ ਮਨਾਈਆ । ਸਾਹਿਬ ਸਾਚੇ ਗਾਵਾਂ ਜਸੀ, ਜਸ ਇਕੋ ਗਾਈਆ । ਮੇਰਾ ਨਾਤਾ ਜੁੜਿਆ ਨਾਲ ਉਹਨਾਂ ਜਿਨ੍ਹਾਂ ਕੋਈ ਨਾ ਖਾਧੀ ਡੱਡ ਮੱਛੀ, ਮਜ਼ਲਸ ਕਰਨ ਬੇਪਰਵਾਹੀਆ । ਉਹਨਾਂ ਦੀ ਚਿੰਤਾ ਗ਼ਮੀ ਲੱਥੀ, ਹਰਖ਼ ਸੋਗ ਨੇੜ ਨਾ ਆਈਆ । ਹੰਗਤਾ ਵਾਲੀ ਕਿਰਿਆ ਕੂੜੀ ਢੱਠੀ, ਉਚ ਮਨਾਰਾ ਰਹਿਣ ਕੋਇ ਨਾ ਪਾਈਆ । ਉਹ ਪੜ੍ਹ ਕੇ ਇਕੋ ਪੱਟੀ, ਪਟਨੇ ਵਾਲਾ ਰਹੇ ਮਨਾਈਆ । ਜਿਸ ਨੂੰ ਮਿਲ ਕੇ ਕੋਈ ਨਾ ਦੇਵੇ ਚੱਟੀ, ਚੇਟਕ ਅਵਰ ਨਾ ਕੋਇ ਲਗਾਈਆ । ਨਾਮ ਪਿਆਰ ਪ੍ਰੇਮ ਨਾਲ ਤਨ ਮਾਟੀ ਖ਼ਾਕ ਜਾਏ ਰੱਤੀ, ਰਤਨ ਅਮੋਲਕ ਗੁਰਮੁਖ ਲਏ ਬਣਾਈਆ । ਮੈਂ ਠਾਕਰ ਵੇਖਿਆ ਤੱਕਿਆ ਉਹ ਸਾਹਿਬ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਗੁਰਮੁਖ ਨਿਰਾਲੀ ਅਨੋਖੀ ਸਖ਼ੀ, ਮਿਲ ਸੱਜਣ ਖ਼ੁਸ਼ੀ ਮਨਾਈਆ । ਓਹਲਾ ਪੜਦਾ ਨਹੀਂ ਇਹ ਵੇਖਾਂ ਅੱਖੀ, ਤੱਕਿਆ ਹਾਲ ਜਣਾਈਆ ।

੬੦੪
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸਤਿ ਦਵਾਰੇ ਸਤਿ ਸਮਝਾਈਆ । ਸਤਿ ਧਰਮ ਕਹੇ ਮੈਂ ਸਾਚੀ ਸੇਵ ਕਮਾਵਾਂਗਾ । ਪ੍ਰਭ ਦਾਤੇ ਦਿਤੀ ਸਭ ਨੂੰ ਸਰਨ, ਸਿਰ ਮਸਤਕ ਚਰਨ ਕਵਲ ਟਿਕਾਵਾਂਗਾ । ਜਨ ਭਗਤਾਂ ਅੰਦਰ ਮਿਲੇ ਚੜ੍ਹਨ, ਘਰ ਬਹਿ ਕੇ ਖ਼ੁਸ਼ੀ ਮਨਾਵਾਂਗਾ । ਮੇਰੇ ਨਾਲ ਮਿਲ ਕੇ ਢੋਲਾ ਧੁਰ ਦਾ ਪੜ੍ਹਨ, ਮੈਂ ਉਹਨਾਂ ਨਾਲ ਮਿਲ ਕੇ ਗਾਵਾਂਗਾ । ਦੋਹਾਂ ਦਾ ਇਕੋ ਬਣ ਜਾਏ ਬਰਨ, ਵਰਨ ਗੋਤ ਨਾ ਕੋਇ ਸਮਝਾਵਾਂਗਾ । ਤੂੰ ਮਾਲਕ ਕਰਨੀ ਕਰਨ, ਡੁੱਬਦੇ ਪਾਹਨ ਪਾਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖਾ ਧੁਰ ਦਵਾਰੇ ਮੰਗ ਮੰਗਾਵਾਂਗਾ ।

## ✪ ੩ ਅੱਸੂ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ✪

ਸਤਿ ਧਰਮ ਕਹੇ ਮੇਰੀ ਪਈ ਗੰਢ, ਪ੍ਰਭ ਜੋੜੀ ਸਚ ਬਣਾਈਆ । ਜਨ ਭਗਤਾਂ ਮਿਲ ਕੇ ਹੋਈ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਮੈਂ ਇਹਨਾਂ ਦਾ ਅੰਦਰੋਂ ਕੂੜਾ ਕਰਕਟ ਹੂੰਝਾਂ ਗੰਦ, ਸੋਹਣੀ ਤਰਾ ਕਰਾਂ ਸਫਾਈਆ । ਉਹਨਾਂ ਦਾ ਮਾਲਕ ਇਕ ਬਖ਼ਸ਼ੰਦ, ਬਖ਼ਸ਼ਿਸ਼ ਰਿਹਾ ਕਮਾਈਆ । ਸਚ ਸਤਿ ਦਾ ਚੜ੍ਹ ਜਾਏ ਅਵਲੜਾ ਚੰਦ, ਜਗਤ ਚੰਨ ਮੁਖ ਸ਼ਰਮਾਈਆ । ਇਕ ਦੂਜੇ ਦੇ ਮਿਲਕੇ ਲੱਗੇ ਅੰਗ, ਅੰਗੀਕਾਰ ਦਇਆ ਕਮਾਈਆ । ਪ੍ਰੇਮ ਪਿਆਰ ਦਾ ਵੇਖੀਏ ਅਨੰਦ, ਮਜੀਠੀ ਆਪਣਾ ਵੇਸ ਵਟਾਈਆ । ਸਾਚੇ ਅਸਵ ਚੜ੍ਹ ਤੁਰੰਗ, ਤੁਰਤ ਭੱਜੇ ਵਾਹੋ ਦਾਹੀਆ । ਜਗਤ ਜਹਾਨ ਵੱਜੇ ਮਰਦੰਗ, ਤਾਲ ਇਕੋ ਇਕ ਸ਼ਨਵਾਈਆ । ਵੇਖੋ ਪੁਰਖ ਅਕਾਲ ਤੋੜਨਹਾਰਾ ਬੰਦੀ ਬੰਦ, ਬੰਦਨਾ ਸਚ ਰਿਹਾ ਸਮਝਾਈਆ । ਜਿਸ ਦਾ ਨਿਤ ਨਵਿਤ ਕੂੜੀ ਕਿਰਿਆ ਨਾਲ ਜੰਗ, ਯੁੱਧ ਕਰ ਕਰ ਖ਼ੁਸ਼ੀ ਮਨਾਈਆ । ਜਿਸ ਦਾ ਮਾਲਕ ਇਕ ਭੁਯੰਗ, ਭੁਯੰਗੀ ਸਮਝ ਕੋਇ ਨਾ ਪਾਈਆ । ਉਹ ਤਜ ਪੁਰੀ ਅਨੰਦ, ਸ਼ਬਦੀ ਆਪਣਾ ਭੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਖੇਲ ਖਿਲਾਈਆ । ਸਤਿ ਧਰਮ ਕਹੇ ਮੇਰਾ ਜੁੜਿਆ ਜੋੜਾ, ਜੋੜੀ ਜਗਦੀਸ਼ ਬਣਾਈਆ । ਅੱਗੇ ਹੋਵੇ ਨਾ ਕੋਇ ਅਜੋੜਾ, ਨਾਤਾ ਸਕੇ ਨਾ ਕੋਇ ਤੁੜਾਈਆ । ਅਬਿਨਾਸ਼ੀ ਕਰਤਾ ਦੇਵੇ ਧੁਰ ਦਾ ਘੋੜਾ, ਸ਼ਾਹ ਸਵਾਰਾ ਹੋਏ ਸਹਾਈਆ । ਚਾਰ ਕੁੰਟ ਦਹਿ ਦਿਸ਼ਾ ਵਿਚ ਅਟਕਾਏ ਨਾ ਕੋਈ ਰੋੜਾ, ਰੁੜ੍ਹਦੇ ਜਾਂਦੇ ਵੇਖ ਵਖਾਈਆ । ਪ੍ਰਭ ਮਿਲਣ ਦਾ ਵਕਤ ਸਭ ਤੋਂ ਥੋੜਾ, ਲੱਖ ਚੁਰਾਸੀ ਵਿਚੋਂ ਮਾਨਸ ਜਨਮ ਨਜ਼ਰੀ ਆਈਆ । ਗੁਰਮੁਖੋ ਤੁਹਾਡੀ ਰੀਸ ਕੀ ਕਰੇ ਚੰਦ ਚਕੋਰਾ, ਮਿਸਲ ਦੇ ਮਿਸਾਲ ਨਾ ਕੋਇ ਸਮਝਾਈਆ । ਲੇਖਾ ਚੁੱਕਿਆ ਅੰਧ ਘੋਰਾ, ਮਨ ਘੁਰਕੀ ਲੈ ਨਾ ਕੋਇ ਡਰਾਈਆ । ਨਾਤਾ ਤੁਟਿਆ ਖੋਟੇ ਚੋਰਾਂ, ਠੱਗਾਂ ਕੋਲੋਂ ਲਏ ਬਚਾਈਆ । ਆਪਣੇ ਪ੍ਰੇਮ ਦੀ ਬੰਨ੍ਹ ਅਗੰਮੀ ਡੋਰਾ, ਡੋਰੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬਣਾ ਕੇ ਬਾਂਕਾ ਛੋਹਰਾ, ਸ਼ੋਹਰਤ ਨਾਲ ਦਏ ਵਡਿਆਈਆ । ਸਤਿ ਧਰਮ ਕਹੇ ਮੇਰਾ ਵੇਲਾ ਬੰਦਨ, ਹਰਿ ਬੰਦਗੀ ਇਕ ਜਣਾਈਆ । ਪ੍ਰੀਤੀ ਵਿਚੋਂ ਪ੍ਰੇਮ ਦੀ ਤੰਦਨ, ਇਕੋ ਇਕ ਸਮਝਾਈਆ । ਨਿਰਗੁਣ ਸਰਗੁਣ ਬਣ ਕੇ ਸੰਗਣ, ਸਗਲਾ ਸੰਗ ਵਖਾਈਆ ।

ਜਨਮ ਕਰਮ ਦੀ ਤੁਟੀ ਆਇਆ ਗੰਢਣ, ਵਿਛੜੇ ਰਿਹਾ ਮਿਲਾਈਆ । ਦੀਨ ਦਿਆਲ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਾਮ ਖ਼ੁਮਾਰੀ ਚਾੜ੍ਹ ਕੇ ਰੰਗਣ, ਮਗਨ ਆਪਣੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿ ਧਰਮ ਕਹੇ ਮੈਨੂੰ ਮਿਲਿਆ ਵਸੀਲਾ, ਭਗਤਾਂ ਨਾਲ ਕੁੜਮਾਈਆ । ਹਰਿ ਸੰਗਤ ਵੇਖੀ ਧੁਰ ਦਾ ਕਬੀਲਾ, ਕਾਮਲ ਪੁਰਸ਼ ਰਿਹਾ ਬਣਾਈਆ । ਜਿਨ੍ਹਾਂ ਨੂੰ ਪਾਰ ਲੰਘਣ ਵਾਸਤੇ ਕਰਨਾ ਪਏ ਨਾ ਕੋਇ ਵਕੀਲਾ, ਮਲਾਹਗੀਰ ਨਾ ਕੋਇ ਵਖਾਈਆ । ਜਿਨ੍ਹਾਂ ਦੀ ਬਦਲੇ ਨਾ ਕੋਇ ਦਲੀਲਾ, ਦਲੀਲ ਦਾ ਮਾਲਕ ਇਕ ਅਖਵਾਈਆ । ਉਹ ਸ਼ਹਿਨਸ਼ਾਹ ਛੈਲ ਛਬੀਲਾ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਆਪਣੀ ਰਿਹਾ ਸਮਝਾਈਆ । ਸਤਿ ਧਰਮ ਕਹੇ ਜੁੜਿਆ ਨਾਤਾ, ਨਾਤਵਾਂ ਨਜ਼ਰ ਕੋਇ ਨਾ ਆਈਆ । ਦੋਹਾਂ ਦਾ ਪਿਤਾ ਪੁਰਖ ਬਿਧਾਤਾ, ਬਿਧ ਆਪਣੀ ਦਏ ਸਮਝਾਈਆ । ਪਿਛੇ ਦੱਸਦੇ ਆਏ ਜੋਤ ਮੇਂ ਜਾਤਾ, ਜਾਤ ਮੇਂ ਜੋਤ ਕਰੇ ਰੁਸ਼ਨਾਈਆ । ਆਣ ਕੇ ਤੱਕਿਆ ਨਜ਼ਰ ਆਇਆ ਪੁਰਖ ਸਮਰਾਥਾ, ਪ੍ਰਿਥਮੀ ਆਕਾਸ਼ ਆਪਣਾ ਖੇਲ ਖਿਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵਿਚੋਂ ਪੜਦਾ ਲਾਹੀਆ । ਧੰਨ ਵਡਿਆਈ ਸਾਡੀ ਪੂਰੀ ਕੀਤੀ ਆਸਾ, ਤ੍ਰਿਸਨਾ ਮੇਟ ਮਿਟਾਈਆ । ਆਪਣੇ ਨਾਮ ਦਾ ਖੋਲ੍ਹ ਖਲਾਸਾ, ਖ਼ਸੂਸੀਅਤ ਸਚ ਦਿਤੀ ਸਮਝਾਈਆ । ਸਚ ਦਵਾਰੇ ਦਏ ਦਿਲਾਸਾ, ਦਿਲਬਰਾਂ ਹੌਂਸਲਾ ਦਿਤਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਅੰਮ੍ਰਿਤ ਜਾਮ ਪਿਆਇਆ ਬਾਟਾ, ਸੋ ਆਪਣਾ ਘਰ ਵਖਾਈਆ । ਸਤਿ ਧਰਮ ਕਹੇ ਮੋਹੇ ਚਾਉ ਘਨੇਰਾ, ਘੜੀ ਘੜੀ ਵੱਜੇ ਵਧਾਈਆ । ਪ੍ਰਭ ਠਾਕਰ ਮਿਲਿਆ ਮੇਰਾ, ਮਿਹਰ ਮੁਹੱਬਤ ਕਰੇ ਸਚ ਗੁਸਾਈਂਆ । ਮੈਂ ਵੇਖਿਆ ਉਸ ਦਾ ਚੇਹਰਾ, ਗੁਰਮੁਖ ਸੋਹਣਾ ਨਜ਼ਰੀ ਆਈਆ । ਜਿਸਦਾ ਬਿਨ ਵੰਝ ਮੁਹਾਣੇ ਤਰਦਾ ਬੇੜਾ, ਕਿਸ਼ਤੀ ਨਈਆ ਨਜ਼ਰ ਕੋਇ ਨਾ ਆਈਆ । ਉਹਦਾ ਸੋਹਣਾ ਵਸਦਾ ਧੁਰ ਦਾ ਖੇੜਾ, ਦੀਵਾ ਬਾਤੀ ਕਮਲਾਪਾਤੀ ਅੱਠੇ ਪਹਿਰ ਕਰੇ ਰੁਸ਼ਨਾਈਆ । ਉਥੇ ਕਦੇ ਨਾ ਹੋਏ ਅੰਧੇਰਾ, ਰੈਣ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਪਵੇ ਨਾ ਘੇਰਾ, ਹੰਗਤਾ ਗੜ੍ਹ ਨਾ ਕੋਇ ਵਸਾਈਆ । ਉਥੇ ਸਾਚੇ ਸੰਤਾਂ ਲੱਗਾ ਡੇਰਾ, ਜੋ ਸਤਿਗੁਰ ਪੁਰਖ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਵਖਾਈਆ । ਸਤਿ ਧਰਮ ਕਹੇ ਮੈਥੋਂ ਆ ਕੇ ਕੋਈ ਪੁਛੇ, ਮੈਂ ਸਚ ਦਿਆਂ ਸਮਝਾਈਆ । ਵੇਖੋ ਜਿਹੜੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲੋ ਰੁੱਸੇ, ਉਹ ਪ੍ਰਭ ਨੇ ਲਏ ਮਿਲਾਈਆ । ਇਹ ਸੋਹਣੇ ਹੀਰੇ ਸੁੱਚੇ, ਲੋਕਮਾਤ ਕੀਮਤ ਸਕੇ ਨਾ ਕੋਇ ਚੁਕਾਈਆ । ਇਹ ਉਹਨਾਂ ਨਾਲੋਂ ਉਚੇ, ਜੋ ਅੱਠੇ ਪਹਿਰ ਸਮਾਧੀਆਂ ਵਿਚ ਧਿਆਈਆ । ਇਹਨਾਂ ਦੇ ਮੰਜ਼ਲ ਪੈਂਡੇ ਮੁਕੇ, ਮੁਫ਼ਤ ਮਿਲੀ ਵਡਿਆਈਆ । ਇਹ ਪ੍ਰਭ ਗੋਦੀ ਨੀਂਦ ਗੂੜ੍ਹੀ ਸੁੱਤੇ, ਜਿਨ੍ਹਾਂ ਫੇਰ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਰਿਹਾ ਬਣਾਈਆ । ਸਤਿ ਧਰਮ ਕਹੇ ਮੈਂ ਅੰਦਰ ਵੜਿਆ, ਗੁਰਮੁਖਾਂ ਵਿਚ ਧਿਆਨ ਲਗਾਈਆ । ਉਥੇ ਪਤਿਪਰਮੇਸ਼ਵਰ ਖੜਿਆ, ਸਾਖਿਆਤ ਬੇਪਰਵਾਹੀਆ । ਮੈਂ ਉਸ ਕੋਲੋਂ ਡਰਿਆ, ਨਿਉਂ ਨਿਉਂ ਸੀਸ ਝੁਕਾਈਆ । ਉਸ ਹੌਲੀ ਜਿਹੀ ਮੈਨੂੰ ਬਾਹੋਂ ਫੜਿਆ, ਪਕੜ ਲਿਆ ਉਠਾਈਆ । ਆ ਵੇਖ ਮੇਰੇ ਗੁਰਮੁਖ ਦਾ ਉਹ ਘਰਿਆ, ਜਿਸ ਘਰ ਵਿਚ ਘਰ ਰਿਹਾ

੬੦੬
੧੨

ਸੁਹਾਈਆ । ਜਿਸ ਸੋਹੰ ਢੋਲਾ ਪੜ੍ਹਿਆ, ਤਿਸ ਦਾ ਢੋਲ ਮਰਦੰਗ ਆਪ ਵਜਾਈਆ । ਉਹ ਹੀਰਾ ਮਾਣਕ ਮੋਤੀ ਜੜਿਆ, ਜੜਤ ਮੰਡਲ ਨਾਲੋਂ ਸੋਭਾ ਪਾਈਆ । ਰਵ ਸਸ ਉਹਨਾਂ ਦੀ ਚਰਨੀ ਦੜਿਆ, ਸਿਰ ਸਕੇ ਨਾ ਮੂਲ ਉਠਾਈਆ । ਜਿਨ੍ਹਾਂ ਪੁਰਖ ਅਕਾਲ ਸਵਾਮੀ ਇਕੋ ਵਰਿਆ, ਕੰਤ ਕੰਤੂਹਲ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਧਰਮ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਵੇਖੋ ਕਿਹੜਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕੋਟਾਂ ਵਿਚੋਂ ਥੋੜੇ ਜਿਹੇ ਇਨਸਾਨ, ਆਪਣੀ ਅੰਸ ਸਮਝਾਈਆ । ਜਿਨ੍ਹਾਂ ਵਾਸਤੇ ਕਰ ਤਿਆਰ ਅਗੰਮੀ ਬਬਾਨ, ਧੁਰ ਦੀ ਘਾੜਤ ਲਏ ਘੜਾਈਆ । ਬੇਸ਼ਕ ਉਹ ਬੁਧੀ ਨਾਲ ਅੰਞਾਣ, ਸੋਝੀ ਆਪਣੀ ਦਏ ਵਡਿਆਈਆ । ਪ੍ਰਭੂ ਸਤਿਗੁਰ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋ ਪਿਛੇ ਹੋ ਕੇ ਗਏ ਕੁਰਬਾਨ, ਤਿਨ੍ਹਾਂ ਦੀ ਕੁਰਬਾਨੀ ਲੇਖੇ ਲਾਈਆ । ਉਹ ਸਭ ਤੋਂ ਵੱਡੇ ਬਣਾ ਮਹਿਮਾਨ, ਸੇਵਕ ਹੋ ਕੇ ਸੇਵ ਕਮਾਈਆ । ਹੱਥ ਫੜਾ ਧਰਮ ਨਿਸ਼ਾਨ, ਦੋ ਜਹਾਨਾਂ ਦਏ ਝੁਲਾਈਆ । ਸਿਦਕ ਸਬੂਰੀ ਬਖ਼ਸ਼ੀ ਈਮਾਨ, ਧੁਰ ਦਾ ਅਮਲ ਦਏ ਜਣਾਈਆ । ਗੁਰਮੁਖ ਹੋਏ ਨਾ ਕੋਈ ਬੇਈਮਾਨ, ਬੇਵਾ ਰੂਪ ਨਾ ਕੋਇ ਵਟਾਈਆ । ਘਰ ਵਸੇਰਾ ਕਰੇ ਨਾ ਕੂੜ ਸ਼ੈਤਾਨ, ਸ਼ਰਅ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਮ ਸਤਿ ਕਹੇ ਮੈਂ ਵੇਖਿਆ ਨਜ਼ਾਰਾ, ਬੇਨਜ਼ੀਰ ਆਪ ਜਣਾਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਮੁਜ਼ਾਹਰਾ, ਇਕੋ ਰਾਗ ਸੁਣਾਈਆ । ਉਥੇ ਨਾ ਕੋਈ ਚੰਦ ਨਾ ਸਤਾਰਾ, ਸੂਰਜ ਕਰੇ ਨਾ ਕੋਇ ਰੁਸ਼ਨਾਈਆ । ਇਕ ਇਕੱਲਾ ਬੈਠਾ ਏਕੰਕਾਰਾ, ਮਜਲਸ ਲਾ ਕੇ ਬੇਪਰਵਾਹੀਆ । ਜਨ ਭਗਤਾਂ ਦੇਵੇ ਸਚ ਪਿਆਰਾ, ਪ੍ਰੇਮ ਪ੍ਰੀਤੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਮੈਂ ਵੇਖੇ ਗੁਰਮੁਖ ਮਿਲਦੇ, ਮਿਲ ਮਿਲ ਖ਼ੁਸ਼ੀ ਮਨਾਈਆ । ਆਪਣੀ ਦ੍ਰਿਸ਼ਟੀ ਵਿਚ ਕਦੇ ਨਾ ਹਿਲਦੇ, ਸ੍ਰਿਸ਼ਟੀ ਲਾਜ ਨਾ ਕੋਇ ਜਣਾਈਆ । ਓਨ੍ਹਾਂ ਦੇ ਲੇਖੇ ਮੁਕੇ ਤੀਜੇ ਤਿਲ ਦੇ, ਜਗਤ ਜਹਾਨ ਤਿਲਕ ਕੋਇ ਨਾ ਜਾਈਆ । ਇਹ ਖੇਲ ਅਗੰਮੀ ਦਿਲਬਰ ਦਿਲਦਾਰ ਦਿਲ ਦੇ, ਜੋ ਦਿਲ ਵਿਚ ਆਪਣੀ ਦਲੀਲ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਸੁਣਿਆ ਬੋਲ, ਅਨਬੋਲਤ ਆਪ ਜਣਾਈਆ । ਜਨ ਭਗਤਾਂ ਅੰਦਰ ਕੁੰਡਾ ਖੋਲ੍ਹ, ਬੰਦ ਖਿੜਕੀ ਪੜਦਾ ਲਾਹੀਆ । ਸਤਿ ਸਰੂਪੀ ਆ ਕੇ ਕੋਲ, ਹੌਲੀ ਜਿਹੀ ਸਮਝਾਈਆ । ਦੇਵਾਂ ਵਡਿਆਈ ਉਪਰ ਧੌਲ, ਧਰਨੀ ਸੋਭਾ ਪਾਈਆ । ਪੜਦਾ ਚੁਕਾਵਾਂ ਤੇਰਾ ਓਹਲ, ਦਵੈਤੀ ਡੇਰਾ ਢਾਹੀਆ । ਕੋਈ ਸਮਝ ਨਾ ਸਕੇ ਪਾਂਧਾ ਰੌਲ, ਪੰਡਤ ਮਿਲੇ ਨਾ ਕੋਇ ਵਡਿਆਈਆ । ਜੋ ਨਿਹਕਰਮੀ ਕੀਤਾ ਕੌਲ, ਇਕਰਾਰ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਸਤਿ ਧਰਮ ਕਹੇ ਮੈਂ ਵੇਖਿਆ ਮਹੱਲ, ਦੀਵਾ ਬਾਤੀ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਸਦਾ ਅਟਲ, ਸਾਚਾ ਧਾਮ ਇਕ ਸੁਹਾਈਆ । ਜਿਥੇ ਅਗੰਮੀ ਦੀਪਕ ਰਿਹਾ ਬਲ, ਤੇਲ ਬਾਤੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਲੇਖੇ ਲਾਈਆ । ਸਤਿ ਧਰਮ ਕਹੇ ਮੇਰਾ ਗੁਰਮੁਖਾਂ ਨਾਲ ਮਿਲਾਪ, ਹਰਿ ਕਰਤਾ ਆਪ ਕਰਾਈਆ ।

੬੦੮ ੧੨

ਦੋਹਾਂ ਦਾ ਸਾਂਝਾ ਹੋ ਜਾਏ ਜਾਪ, ਇਕੋ ਰਾਗ ਅਲਾਈਆ । ਪੁਰਖ ਅਕਾਲ ਮਿਲਿਆ ਬਾਪ, ਵਡ ਪਿਤਾ ਵੱਡੀ ਵਡਿਆਈਆ । ਜਿਸ ਦਾ ਕਦੀ ਨਾ ਤੁੱਟੇ ਸਾਕ, ਨਾਤਾ ਅਵਰ ਨਾ ਕੋਇ ਵਖਾਈਆ । ਸੋ ਸਵਾਮੀ ਨਜ਼ਰੀ ਆਵੇ ਸਾਖ਼ਿਆਤ, ਜ਼ਾਹਰ ਹਜ਼ੂਰ ਹੋ ਕੇ ਰਿਹਾ ਸਮਝਾਈਆ । ਜਨ ਭਗਤੋ ਮੰਨੋ ਸੱਚੀ ਬਾਤ, ਪਤਿਪਰਮੇਸ਼ਵਰ ਮਨੌਂਣਾ ਧਿਔਣਾ ਚਾਈਂ ਚਾਈਂਆ । ਅੰਤਮ ਤੁਹਾਡੇ ਵਿਚ ਮਿਲਾਵੇ ਆਪਣੀ ਜ਼ਾਤ, ਜੋਤੀ ਜੋਤ ਜੋਤ ਸਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਕੋਟਨ ਕੋਟ ਮਨੁਸ਼ ਜਨਮ ਦਾ ਪੂਜਾ ਪਾਠ, ਪ੍ਰਭ ਦੇ ਦਰਸ਼ਨ ਤੁਲ ਰਹੇ ਨਾ ਰਾਈਆ । ਇਕੋ ਵਾਰ ਮਿਹਰ ਨਜ਼ਰ ਕਰ ਕੇ ਪਿਛਲੇ ਲੇਖੇ ਸਾਰੇ ਕਰੇ ਬੇਬਾਕ, ਬਾਕੀ ਨਜ਼ਰ ਕੋਇ ਨਾ ਆਈਆ । ਹਰਿ ਸਵਾਮੀ ਬੜਾ ਚਲਾਕ, ਮਾਲਕ ਚਾਕਰ ਹੋ ਕੇ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਏਸ ਦੀ ਸਿਫ਼ਤ ਦੀ ਕਰਦੀ ਬਾਤ, ਕਥਾ ਨਾਲ ਦ੍ਰਿੜਾਈਆ । ਜਿਨ੍ਹਾਂ ਨੂੰ ਦਰਸ ਦੇਵੇ ਪ੍ਰਭ ਆਪ, ਘਰ ਆਪਣਾ ਮੇਲ ਮਿਲਾਈਆ । ਉਨ੍ਹਾਂ ਕਿਸ ਦਾ ਕਰਨਾ ਜਾਪ, ਕਿਸ ਨੂੰ ਗਾ ਗਾ ਦੇਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਹੋ ਖੇਲ ਰੱਖਿਆ ਆਪਣੇ ਹਾਥ, ਜੋ ਕਦੇ ਕਦੇ ਜੁਗੋ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਸਮਝਾਈਆ । ਸਤਿ ਧਰਮ ਕਹੇ ਮੈਂ ਵੇਖਿਆ ਤਰਦਾ, ਗੁਰਮੁਖ ਵਿਰਲਾ ਨਜ਼ਰੀ ਆਈਆ । ਜਿਸ ਦਾ ਪੱਲੂ ਪ੍ਰਭ ਆਪ ਆ ਕੇ ਫੜਦਾ, ਆਪਣੀ ਗੰਢ ਪਵਾਈਆ । ਉਹ ਮੰਜ਼ਲ ਓਸ ਚੜ੍ਹਦਾ, ਜਿਸਦਾ ਮਾਲਕ ਹਰਿ ਸ਼ਹਿਨਸ਼ਾਹੀਆ । ਉਹ ਲੋਕਮਾਤ ਕਿਸੇ ਕੋਲੋਂ ਨਾ ਡਰਦਾ, ਭੈ ਭਉ ਨਾ ਸੀਸ ਟਿਕਾਈਆ । ਜਲ ਧਾਰਾ ਵਿਚ ਕਦੇ ਨਾ ਠਰਦਾ, ਅਗਨੀ ਤਤ ਨਾ ਕੋਇ ਤਪਾਈਆ । ਅੱਖਰਾਂ ਵਾਲੇ ਗੀਤ ਕਦੇ ਨਾ ਪੜ੍ਹਦਾ, ਜਿਸ ਨੂੰ ਨਿਰਅੱਖਰ ਦਿਤਾ ਸਮਝਾਈਆ । ਉਹ ਖੇਲ ਵੇਖੇ ਉਸ ਘਰ ਦਾ, ਜਿਸ ਵਿਚ ਦੀਵਾ ਬਾਤੀ ਕਰੇ ਰੁਸ਼ਨਾਈਆ । ਉਹਦਾ ਲੇਖ ਚੁੱਕੇ ਦੀਨ ਮਜ਼੍ਹਬ ਸ਼ਰਅ ਦਾ, ਸ਼ਰੀਅਤ ਵਿਚ ਨਾ ਕਰੇ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ । ਸਤਿ ਧਰਮ ਕਹੇ ਮੈਂ ਸੁਣੀ ਕਹਾਣੀ, ਕਹਾਵਤ ਵਿਚ ਕਦੇ ਨਾ ਆਈਆ । ਪਹਿਲੇ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਂਦੇ ਗਏ ਧੁਰ ਦੀ ਬਾਣੀ, ਬਾਣ ਨਿਰਾਲਾ ਆਪ ਚਲਾਈਆ । ਜਿਸ ਦੀ ਸਮਝ ਨਾ ਕਰੇ ਕੋਇ ਪਹਿਚਾਨੀ, ਬੇਪਹਿਚਾਨ ਕਰੇ ਲੋਕਾਈਆ । ਗੁਰਮੁਖਾਂ ਉਤੇ ਕਰੇ ਮਿਹਰਵਾਨੀ, ਆਪਣਾ ਭੇਵ ਦਿਤਾ ਖੁਲ੍ਹਾਈਆ । ਚਰਨ ਕਵਲ ਬਖ਼ਸ਼ ਧਿਆਨੀ, ਅੰਤਰ ਆਤਮ ਜੋੜ ਜੁੜਾਈਆ । ਇਕੋ ਪਦ ਦੇ ਨਿਰਬਾਣੀ, ਘਰ ਸਾਚੇ ਲਿਆ ਬਹਾਈਆ । ਪ੍ਰਭ ਗੁਰਮੁਖਾਂ ਸ਼ਾਨ ਸ਼ੌਕਤ ਬਣਾਈ ਆਪਣੀ ਨਿਸ਼ਾਨੀ, ਨਿਸ਼ਾਨੇ ਆਪਣੇ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਈਆ । ਸਤਿ ਧਰਮ ਕਹੇ ਵਾਕਿਆਈ ਉਹ ਘਰ ਸੁੱਚਾ, ਸੁਚਿਆਂ ਵਿਚੋਂ ਨਜ਼ਰੀ ਆਈਆ । ਜਿਥੇ ਗੁਰਮੁਖ ਵਿਰਲਾ ਸੁੱਤਾ, ਦੂਜਾ ਨਜ਼ਰ ਕੋਇ ਨਾ ਆਈਆ । ਓਥੇ ਪੁਰਖ ਅਕਾਲ ਗੋਬਿੰਦ ਨੂੰ ਕਹੇ ਆ ਮੇਰਿਆ ਪੁਤਾ, ਪਤਿਪਰਮੇਸ਼ਵਰ ਸਿਰ ਆਪਣਾ ਹੱਥ ਟਿਕਾਈਆ । ਓਥੇ ਕਦੇ ਨਾ ਬਦਲੇ ਰੁੱਤਾ, ਸੂਰਜ ਚੰਦ ਆਪਣਾ ਪੱਖ ਨਾ ਕੋਇ ਵਖਾਈਆ । ਓਥੇ ਕਦੇ ਨਾ ਆਵੇ ਕਿਸੇ ਗ਼ੁੱਸਾ, ਰੁਸਿਆਂ ਰਿਹਾ ਮਨਾਈਆ । ਪੰਜ ਤਤ ਦਾ ਨਹੀਂ ਜੁੱਸਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਓਥੇ ਨਹੀਂ ਦਾੜ੍ਹੀ ਮੁੱਛਾਂ, ਸੀਸ ਜਗਦੀਸ ਨਾ ਕੋਇ ਰਖਾਈਆ । ਮਾਤ ਗਰਭ ਨਾ ਕੋਈ ਉਲਟਾ ਰੁੱਖਾ, ਦਸ ਦਸ ਮਾਸ ਅਗਨ ਨਾ ਕੋਇ

ਤਪਾਈਆ । ਓਥੇ ਗੁਰਮੁਖਾਂ ਦਾ ਪੈਂਡਾ ਮੁਕਾ, ਮੌਕਾ ਮਿਲਿਆ ਬੇਪਰਵਾਹੀਆ । ਆਵਣ ਜਾਵਣ ਦਾ ਨਹੀਂ ਭੁਲੇਖਾ, ਭਰਮੇ ਭੁੱਲੀ ਜਗਤ ਲੋਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਉਜਲ ਕਰੇ ਮੁਖਾ, ਮਿਹਰਵਾਨ ਦਇਆ ਕਮਾਈਆ । ਜਨ ਭਗਤੋ ਪ੍ਰਭ ਸਰਨਾਈ ਸਭ ਤੋਂ ਉੱਤਮ ਸ੍ਰੇਸ਼ਟ ਸੁਖਾ, ਜਗਤ ਸੁਖ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰੋਂ ਆਪੇ ਉਠਾ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ ।

## ✪ ੩ ਅੱਸੂ ੨੦੨੧ ਬਿਕ੍ਰਮੀ ਸੰਤੋਖ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ✪

ਸਤਿ ਧਰਮ ਕਹੇ ਵੇਖੀ ਸੋਹਣੀ ਭੂਮਿਕਾ, ਭੂਪਤ ਭੂਪ ਦਿਤਾ ਸਮਝਾਈਆ । ਜਿਥੇ ਲੇਖਾ ਮੁਕਿਆ ਤੂੰ ਮੈਂ ਕਾ, ਮੇਰਾ ਤੇਰਾ ਇਕੋ ਨਜ਼ਰੀ ਆਈਆ । ਓਥੇ ਸਾਗਰ ਵਗੇ ਪ੍ਰੇਮ ਪਿਆਰ ਦੀ ਨੈਂ ਕਾ, ਲਹਿਰ ਲਹਿਰ ਨਾਲ ਟਕਰਾਈਆ । ਨਾਅਰਾ ਇਕੋ ਬੋਲਣ ਜੈ ਕਾ, ਪੁਰਖ ਅਕਾਲ ਮਨਾਈਆ । ਖਾਤਾ ਪ੍ਰਭ ਨੇ ਉਨ੍ਹਾਂ ਨੂੰ ਦਿਤਾ ਬੈ ਦਾ, ਵਾਰਸ ਨਜ਼ਰ ਕੋਇ ਨਾ ਆਈਆ । ਝਗੜਾ ਚੁਕਿਆ ਲੱਖ ਚੁਰਾਸੀ ਖੈ ਦਾ, ਖ਼ਾਲਸ ਆਪਣੇ ਨਾਲ ਮਿਲਾਈਆ । ਰੋਣਾ ਧੋਣਾ ਮੁੱਕਿਆ ਅੱਗੇ ਹਾਏ ਹਾਏ ਦਾ, ਹੌਕੇ ਵਿਚ ਨਾ ਕੋਇ ਸੁਣਾਈਆ । ਨਾਤਾ ਚੁੱਕਿਆ ਚਾਚੇ ਤਾਏ ਦਾ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਮਾਰਗ ਮੁਕਿਆ ਜਗਤ ਰਾਹੇ ਦਾ, ਰਹਿਬਰ ਮਿਲਿਆ ਬੇਪਰਵਾਹੀਆ । ਅਲਿਫ਼ ਯੇ ਨਾ ਕੋਇ ਪੜ੍ਹਾਏਗਾ, ਬਿਨ ਪੜ੍ਹਿਆਂ ਪਾਰ ਲੰਘਾਈਆ । ਸਾਚੀ ਮੰਜ਼ਲ ਆਪ ਚੜ੍ਹਾਏਗਾ, ਸਿਰ ਆਪਣਾ ਹੱਥ ਟਿਕਾਈਆ । ਘਰ ਸਾਚੇ ਅੰਤ ਬਹਾਏਗਾ । ਜਿਸ ਗ੍ਰਿਹ ਦੀਵਾ ਬਾਤੀ ਇਕ ਰੁਸ਼ਨਾਈਆ । ਸੰਤ ਸੁਹੇਲੇ ਮੇਲ ਮਿਲਾਏਗਾ, ਜੋਤੀ ਜੋਤ ਸਮਾਈਆ । ਇਹੋ ਜਿਹਾ ਠਾਕਰ ਫੇਰ ਮਿਲਣ ਕਦੇ ਨਾ ਆਏਗਾ, ਨੌ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਸਤਿ ਧਰਮ ਕਹੇ ਮੈਂ ਵੇਖਿਆ ਗਹਿਰ ਗੰਭੀਰ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਤਤ ਨਾ ਕੋਇ ਸਰੀਰ, ਅਗਨੀ ਤਤ ਨਾ ਕੋਇ ਤਪਾਈਆ । ਉਹ ਖ਼ਾਲਸ ਬੇਨਜ਼ੀਰ, ਖ਼ਾਲਕ ਮਾਲਕ ਬੇਪਰਵਾਹੀਆ । ਮੈਂ ਉਸ ਦੀ ਜਨ ਭਗਤਾਂ ਅੰਦਰ ਤੱਕੀ ਤਸਵੀਰ, ਜਿਸ ਦਾ ਖ਼ਾਕਾ ਸਕੇ ਨਾ ਕੋਇ ਸਮਝਾਈਆ । ਉਹ ਪੀਰਾਂ ਦਾ ਪੀਰ, ਗੁਰੂਆਂ ਦਾ ਸਤਿਗੁਰ ਨਾਉਂ ਧਰਾਈਆ । ਉਹ ਸ਼ਹਿਨਸ਼ਾਹ ਪਾਤਸ਼ਾਹ ਇਕ ਅਖ਼ੀਰ, ਆਖ਼ਰ ਸਭ ਨੂੰ ਹੁਕਮ ਮਨਾਈਆ । ਉਥੇ ਕੋਈ ਲੱਗੀ ਨਾ ਦਿਸੇ ਭੀੜ, ਗੁਰਮੁਖ ਵਿਰਲੇ ਥੋੜੇ ਥੋੜੇ ਨਜ਼ਰੀ ਆਈਆ । ਜਿਨ੍ਹਾਂ ਦੀ ਬੰਨ੍ਹੀ ਉਸ ਨੇ ਆਪ ਬੀੜ, ਬੇੜਾ ਕੰਧ ਉਠਾਈਆ । ਪਾਰ ਕਰਾਏ ਜਗਤ ਲਕੀਰ, ਲਾਅਨਤ ਟਿੱਕਾ ਸਭ ਦੇ ਮਗਰੋਂ ਲਾਹੀਆ । ਅੱਗੇ ਮਾਰ ਕੇ ਆਪਣਾ ਜ਼ੰਜੀਰ, ਜ਼ੰਜੀਰ ਸ਼ਰਅ ਦਿਤਾ ਤੁੜਾਈਆ । ਸਾਚੀ ਬਖ਼ਸ਼ ਇਕ ਤੌਫ਼ੀਕ, ਤਬੀਅਤ ਸਭ ਦੀ ਖ਼ੁਸ਼ ਰਖਾਈਆ । ਮੁਰਸ਼ਦ ਹੋ ਕੇ ਬਣਿਆ ਮੁਰੀਦ, ਮੁਰੀਦ ਹੋ ਕੇ ਮੁਰਸ਼ਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਘਰ ਸਾਚੇ ਕਰੇ ਦੀਦ, ਦਾਅਵੇ ਨਾਲ ਆਪਣੇ ਨਾਲ ਮਿਲਾਈਆ । ਸਤਿ ਧਰਮ ਕਹੇ ਮੈਂ ਪਿਛੇ ਜਾਣਦਾ ਰਿਹਾ ਪ੍ਰਭ ਗੂੰਗਾ, ਬੋਲਣ ਵਿਚ ਕਦੇ ਨਾ ਆਈਆ ।

ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਨਾਮ ਦਾ ਦੇ ਕੇ ਬੇੜਾ ਝੂੰਗਾ, ਲੋਕਮਾਤ ਹੱਟ ਦਿਤਾ ਖੁਲ੍ਹਾਈਆ । ਉਹ ਮਾਰਦੇ ਰਹੇ ਉਸ ਦੇ ਨਾਮ ਦਾ ਆ ਕੇ ਹੂੰਗਾ, ਮੰਤਰਾਂ ਨਾਲ ਸਮਝਾਈਆ । ਫਿਰ ਕਹਿ ਕੇ ਗਏ ਉਹ ਬੇਅੰਤ ਬੇਪਰਵਾਹ ਵੱਡਾ ਡੂੰਘਾ, ਸਮੁੰਦ ਸਾਗਰ ਹਾਥ ਕਿਸੇ ਨਾ ਆਈਆ । ਉਹ ਪੀਰ ਪੈਗ਼ੰਬਰਾਂ ਅੰਦਰ ਵੜ ਕੇ ਕੂੰਦਾ, ਸ਼ਬਦ ਨਾਲ ਸ਼ਨਵਾਈਆ । ਉਹ ਲੱਖ ਚੁਰਾਸੀ ਬਣਦਾ ਸੂੰਘਾ, ਵੇਖੇ ਥਾਉਂ ਥਾਈਂਆ । ਕਲਜੁਗ ਅੰਤਮ ਸਭ ਦਾ ਕਰਕੇ ਕੂੰਡਾ, ਕੁੰਡੀ ਖਿੜਕੀ ਅੰਦਰ ਬੰਦ ਦਿਤਾ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਲੱਭੇ ਕਿਸੇ ਨਾ ਢੂੰਡਾ, ਢੂੰਡਿਆਂ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਹੱਥ ਫੜੇ ਕੋਈ ਨਾ ਖੂੰਡਾ, ਖੁਡਿਆਂ ਵਿਚੋਂ ਸਾਰੇ ਬਾਹਰ ਕਢਾਈਆ । ਜਿਸ ਦਾ ਹੁਕਮ ਦੋ ਜਹਾਨਾਂ ਕਰੇ ਮੂਧਾ, ਲੋਕ ਪਰਲੋਕ ਦਏ ਉਲਟਾਈਆ । ਉਸ ਦਾ ਭੇਵ ਕਿਹੜਾ ਦੱਸੇ ਗੁਝਾ, ਗੁਝੀ ਰਮਜ਼ ਨਾ ਕਿਸੇ ਲਗਾਈਆ । ਪਿਪਲਾਂ ਥੱਲੇ ਬਹਿ ਕੇ ਲੱਭਦਾ ਰਿਹਾ ਬੁੱਧਾ, ਬੁੱਧ ਆਤਮ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭੂ ਨਿੱਕੀਆਂ ਨਿੱਕੀਆਂ ਖੇਲਾਂ ਵਿਚ ਰਿਹਾ ਰੁਝਾ, ਆਪਣੀ ਰੁਚੀ ਨਾ ਕਿਸੇ ਸਮਝਾਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਹੋਇਆ ਉਘਾ, ਉਘਣ ਆਥਣ ਨਾ ਵੇਖ ਵਖਾਈਆ । ਸਚਖੰਡ ਦਵਾਰੇ ਦੋ ਜਹਾਨਾਂ ਇਕ ਵਖਾ ਆਪਣਾ ਮੁੱਕਾ, ਪੰਜੇ ਉਂਗਲਾ ਇਕੋ ਵਾਰ ਬੰਦ ਕਰਾਈਆ । ਪੀਰ ਪੈਗ਼ੰਬਰ ਪੀਤਾ ਭੁੱਲ ਗਿਆ ਹੁੱਕਾ, ਉਮਤ ਸਾਰੀ ਦਏ ਦੁਹਾਈਆ । ਗੁਰ ਅਵਤਾਰ ਕਹਿਣ ਕਿਥੋਂ ਪ੍ਰਭੂ ਉਠਿਆ ਸੁੱਤਾ, ਸੁੱਤੀ ਕਲਾ ਹੋਰ ਜਗਾਈਆ । ਜੋ ਸਾਡੇ ਕੋਲੋਂ ਪੁਛਦਾ ਪਿਛਲੀਆਂ ਪੁਛਾਂ, ਲੇਖਾ ਮੰਗੇ ਥਾਉਂ ਥਾਈਂਆ । ਸਾਰੇ ਮਿਲ ਕੇ ਕਹਿਣ ਇਹਦੇ ਨਾਲ ਕੀ ਕਰੀਏ ਗ਼ੁੱਸਾ, ਇਹਦੇ ਗ਼ਜ਼ਬ ਦੀ ਦੋ ਜਹਾਨ ਦੁਹਾਈਆ । ਜੇ ਲੇਖਾ ਵੇਖੀਏ ਸਾਡਾ ਪੈਂਡਾ ਮੁਕਾ, ਮੁਕਾਵਣਹਾਰਾ ਇਕੋ ਇਕ ਅਖਵਾਈਆ । ਹੁਣ ਏਸ ਦਾ ਵਕਤ ਸੁਹੇਲਾ ਢੁਕਾ, ਜਿਸ ਨੂੰ ਆਏ ਧਿਆਈਆ । ਜਿਹੜਾ ਸਾਨੂੰ ਬਣਾਂਦਾ ਰਿਹਾ ਪੁੱਤਾ, ਪਿਤਾ ਬਣ ਬਣ ਦਇਆ ਕਮਾਈਆ । ਹੁਣ ਓਸ ਦੀ ਵੇਖੀਏ ਰੁੱਤਾ, ਰੁਤੜੀ ਕਿਵੇਂ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਧੁਰ ਦਾ ਰਿਹਾ ਕਰਾਈਆ । ਸਤਿ ਧਰਮ ਕਹੇ ਅਸੀਂ ਸੁਣਿਆ ਪ੍ਰਭ ਬੋਲਾ, ਕੰਨੀ ਸੁਣਨ ਕੋਇ ਨਾ ਪਾਈਆ । ਜਨ ਭਗਤਾਂ ਅੰਦਰ ਵੜ ਕੇ ਵੇਖਿਆ ਉਹ ਆਦਿ ਜੁਗਾਦਿ ਬਣਿਆ ਰਿਹਾ ਵਿਚੋਲਾ, ਵਿਚਲਾ ਭੇਵ ਦਏ ਖੁਲ੍ਹਾਈਆ । ਨਾਮ ਜੈਕਾਰਾ ਹਰਿ ਨਿਰੰਕਾਰਾ ਸੁਣਾਏ ਧੁਰ ਦਾ ਢੋਲਾ, ਅਡੋਲ ਅਡੁਲ ਦਏ ਜਣਾਈਆ । ਚਾਕਰ ਸੇਵਕ ਦਰਦੀ ਬਣੇ ਗੋਲਾ, ਦਰਵੇਸ਼ ਹੋ ਕੇ ਵੇਖ ਵਖਾਈਆ । ਓਸ ਮਾਲਕ ਕੋਲੋਂ ਕਾਹਦਾ ਓਹਲਾ, ਜੋ ਘਟ ਘਟ ਰਵਿਆ ਨਜ਼ਰੀ ਆਈਆ । ਜਿਸ ਨੇ ਸਭ ਤੋਂ ਵਖਰਾ ਕਲਜੁਗ ਅੰਤ ਸੁਣਾਇਆ ਬੋਲਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈਕਾਰ ਕਰਾਈਆ । ਇਹੋ ਜਿਹਾ ਕਿਸੇ ਅੱਗੇ ਨਾ ਮਿਲਿਆ ਤੋਲਾ, ਅਤੋਲ ਅਤੁਲ ਬਣ ਕੇ ਫੇਰਾ ਪਾਈਆ । ਜਿਸ ਦੇ ਤਕੜੀ ਵੱਟੇ ਅੰਦਰ ਕੋਈ ਨਾ ਰੌਲਾ, ਮੋਹਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰਿਹਾ ਤਰਾਈਆ । ਸਤਿ ਧਰਮ ਕਹੇ ਅਸੀਂ ਲੱਗਦੀ ਵੇਖੀ ਕੁੰਜੀ, ਕਾਇਆ ਅੰਦਰੇ ਅੰਦਰ ਲਗਾਈਆ । ਜਨ ਭਗਤਾਂ ਦੇ ਕੇ ਆਪਣੀ ਪੂੰਜੀ, ਧੁਰ ਦੀ ਦੌਲਤ ਝੋਲੀ ਪਾਈਆ । ਹੱਥ ਵਿਚ ਬਾਹਰੋਂ ਫੜ ਕੇ ਖੂੰਡੀ, ਕਾਇਆ ਖੁੱਡੇ ਖੋਜ ਖੁਜਾਈਆ । ਬੇਸ਼ਕ ਪੂਜਾ ਪਾਠ ਨਾਲੋਂ ਗੁਰਮੁਖਾਂ ਨੂੰ ਖਾਣੀ ਚੰਗੀ ਬੂੰਦੀ, ਇਕ ਇਕ ਬੂੰਦ ਨਾਲ ਬੂੰਦ ਬੂੰਦ ਟਪਕਾਈਆ । ਖੇਲ ਮੁਕੇ ਹਾਂ ਹੂੰ

ਦੀ, ਹਉਮੇ ਮਮਤਾ ਦਏ ਗਵਾਈਆ । ਆਵਾਜ਼ ਆਵੇ ਤੂੰ ਹੀ ਤੂੰ ਦੀ, ਤੂੰ ਮਾਲਕ ਬੇਪਰਵਾਹੀਆ । ਜੋ ਕਾਇਆ ਸਤਿਗੁਰ ਚਰਨ ਛੂੰਹਦੀ, ਸੋ ਛੋਹਰੇ ਬਾਲੇ ਨੱਢੇ ਬਿਰਧ ਬਾਲ ਪਾਰ ਕਰਾਈਆ । ਪ੍ਰਭ ਵੇਖਣ ਆਇਆ ਖੇਲ ਬੁੱਤ ਰੂਹ ਦੀ, ਬੁੱਤਖ਼ਾਨੇ ਪੂਜ ਨਾ ਕੋਇ ਪੁਜਾਈਆ । ਇਹ ਕਹਾਣੀ ਨਹੀਂ ਜਗਤ ਰਸਨਾ ਮੂੰਹ ਦੀ, ਧੁਰ ਦੀ ਗਾਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕ ਹੋ ਆਈਆ । ਸਤਿ ਧਰਮ ਕਹੇ ਅਸਾਂ ਜਗਦੀ ਵੇਖੀ ਜੋਤੀ, ਗੁਰਮੁਖਾਂ ਅੰਦਰ ਡਗਮਗਾਈਆ । ਮੰਜ਼ਲ ਵੇਖੀ ਚੋਟੀ, ਪਿਛਲਾ ਪੰਧ ਚੁਕਾਈਆ । ਵਾਸਨਾ ਰਹੇ ਕੋਈ ਨਾ ਖੋਟੀ, ਕੂੜੀ ਕਿਰਿਆ ਬਾਹਰ ਕਢਾਈਆ । ਸੁਰਤੀ ਪਕੜ ਉਠਾਏ ਸੋਤੀ, ਸੁਤਿਆਂ ਲਿਆ ਜਗਾਈਆ । ਗਲ ਲਾਏ ਕਮਲੀ ਕੋਝੀ, ਦੇਵੇ ਮਾਣ ਵਡਿਆਈਆ । ਆਪਣੇ ਮਿਲਣ ਦੀ ਬਖ਼ਸ਼ ਕੇ ਸੋਝੀ, ਸੋਹਣਾ ਰੰਗ ਚੜ੍ਹਾਈਆ । ਖੇਲ ਨਿਰਾਲਾ ਕਰੇ ਪ੍ਰੀਤਮ ਚੋਜੀ, ਕਾਇਆ ਚੋਲੇ ਰਿਹਾ ਬਦਲਾਈਆ । ਆਤਮ ਰਸੀਆ ਬਣ ਕੇ ਧੋਬੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਚਾਈਂ ਚਾਈਂਆ । ਸਤਿ ਧਰਮ ਕਹੇ ਹਰਿ ਠਾਕਰ ਪਾਇਆ, ਗੁਰਮੁਖਾਂ ਮਿਲ ਮਿਲ ਖ਼ੁਸ਼ੀ ਮਨਾਈਆ । ਜਿਸ ਨੂੰ ਕਹਿੰਦੇ ਦਾਈ ਦਾਇਆ, ਘਰ ਆਪਣੀ ਸੇਵ ਕਮਾਈਆ । ਸਚ ਸਵਾਮੀ ਬਣ ਕੇ ਆਇਆ, ਆਪਣਾ ਫੇਰਾ ਆਪੇ ਪਾਈਆ । ਸੋਹਣਾ ਢੋਲਾ ਇਕੋ ਗਾਇਆ, ਸ਼ਬਦ ਅਨਾਦੀ ਰਾਗ ਸੁਣਾਈਆ । ਤ੍ਰੈਗੁਣ ਮਾਇਆ ਦਏ ਹਟਾਇਆ, ਤਤਵ ਤਤ ਨਾ ਕੋਇ ਲੜਾਈਆ । ਸਾਚਾ ਮੰਦਰ ਇਕ ਸੁਹਾਇਆ, ਘਰ ਘਰ ਵਿਚ ਕਰੇ ਰੁਸ਼ਨਾਈਆ । ਜਨ ਭਗਤਾਂ ਆ ਕੇ ਦਰਸ ਦਿਖਾਇਆ, ਦੀਦ ਈਦ ਚੰਦ ਚੜ੍ਹਾਈਆ । ਜਨਮ ਕਰਮ ਦਾ ਰੋਗ ਮਿਟਾਇਆ, ਭਾਂਡਾ ਭਰਮ ਭਉ ਭੰਨਾਈਆ । ਸਚ ਸਰਨਾਈ ਸ਼ਰਨਗਤ ਇਕ ਸਮਝਾਇਆ, ਬ੍ਰਹਮ ਮਤ ਦਿਤੀ ਵਡਿਆਈਆ । ਸਮਰਥ ਸਵਾਮੀ ਫੇਰਾ ਪਾਇਆ, ਕਲ ਕਲਕੀ ਨਾਉਂ ਜਣਾਈਆ । ਸੰਤ ਸੁਹੇਲੇ ਲਏ ਤਰਾਇਆ, ਤਾਰਨਹਾਰ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬੇੜਾ ਪਾਰ ਕਰਾਇਆ, ਮੰਝਧਾਰ ਨਾ ਕੋਇ ਰੁੜ੍ਹਾਈਆ ।

### ੩ ਅੱਸੂ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ

ਸਤਿ ਧਰਮ ਕਹੇ ਜਗਦੀ ਵੇਖੀ ਜੋਤੀ, ਗੁਰਮੁਖ ਕਾਇਆ ਮੰਦਰ ਸੋਭਾ ਪਾਈਆ । ਸਾਢੇ ਤਿੰਨ ਹੱਥ ਦੀ ਅਗੰਮੀ ਨਿੱਕੀ ਕੋਠੀ, ਪੁਰਖ ਅਬਿਨਾਸ਼ੀ ਲਈ ਬਣਾਈਆ । ਉਥੇ ਪੜ੍ਹਨੀ ਪਏ ਨਾ ਪੋਥੀ, ਅੱਖਰਾਂ ਨਾਲ ਨਾ ਕੋਇ ਸਮਝਾਈਆ । ਮਤ ਨਾ ਹੋਵੇ ਹੋਛੀ, ਮਨ ਨਾ ਕੋਇ ਚਤੁਰਾਈਆ । ਸਾਹਿਬ ਸਤਿਗੁਰ ਸੋਈ ਸੁਰਤ ਉਠਾਈ ਸੋਤੀ, ਹਰਿਜਨ ਸੁੱਤੇ ਆਪ ਜਗਾਈਆ । ਦੁਰਮਤ ਮੈਲ ਅੰਦਰੋਂ ਧੋਤੀ, ਨਿਰਮਲ ਰੂਪ ਵਟਾਈਆ । ਆਤਮ ਪਰਮਾਤਮ ਦਿਤੀ ਸੋਝੀ, ਸ਼ਬਦੀ ਰਮਜ਼ ਲਗਾਈਆ । ਲੇਖ ਚੁਕਾ ਕੇ ਜੰਞੂ ਟਿੱਕਾ ਧੋਤੀ ਬੋਦੀ, ਬੰਦਗੀ ਆਪਣੀ ਇਕ ਦ੍ਰਿੜਾਈਆ । ਭੇਵ ਖੁਲ੍ਹੇ ਲੋਕ ਪਰਲੋਕੀ, ਬ੍ਰਹਿਮੰਡ ਖੰਡ ਇਕੋ ਘਰ ਵਖਾਈਆ । ਨਾਮ ਸੰਦੇਸਾ ਸਚ ਸਲੋਕੀ, ਸੋਹਲਾ ਰਾਗ ਅਲਾਈਆ । ਠਾਕਰ ਮਿਲੇ ਅਗੰਮਾ ਮੌਜੀ, ਮਜਲਸ ਆਪਣੀ ਵਿਚ ਬਹਾਈਆ । ਕੋਈ ਗੁਰਮੁਖ ਹਉਮੇ ਦਾ ਰਹੇ ਨਾ ਰੋਗੀ, ਮਮਤਾ ਨੇੜ ਕੋਇ ਨਾ ਆਈਆ । ਬਿਨ ਸਤਿਗੁਰ ਕਿਰਪਾ

ਸੱਚਾ ਬਣੇ ਨਾ ਧੁਰ ਦਾ ਜੋਗੀ, ਕੋਟਨ ਕੋਟ ਜੁਗੀਸ਼ਰ ਬੈਠੇ ਧਿਆਨ ਲਗਾਈਆ । ਸਦਾ ਸੁਹੇਲਾ ਇਕ ਅਕੇਲਾ ਧੁਰ ਸੰਜੋਗੀ, ਜੁਗ ਜੁਗ ਭਗਤਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿ ਧਰਮ ਕਹੇ ਵੇਖਿਆ ਕਾਇਆ ਗ੍ਰਿਹਿ, ਮਾਟੀ ਕਾਚੀ ਨਜ਼ਰੀ ਆਈਆ । ਜਿਸ ਘਰ ਸਵਾਮੀ ਠਾਕਰ ਬਹੇ, ਨਿਰਗੁਣ ਆਪਣਾ ਆਸਣ ਲਾਈਆ । ਉਸ ਦੀ ਸਿਫ਼ਤ ਸ਼ਾਸਤਰ ਸਿਮਰਤ ਵੇਦ ਪੁਰਾਨ ਕੀ ਕਹੇ, ਕਿਤਾਬ ਮਕਤਬਖ਼ਾਨੇ ਵਿਚ ਸਕੇ ਨਾ ਕੋਇ ਛੁਪਾਈਆ । ਦੀਨ ਦਿਆਲ ਪੁਰਖ ਅਕਾਲ ਜੋ ਕਰਨੀ ਸੋ ਕਰ ਕਰ ਰਹੇ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਵਸਤ ਅਮੋਲਕ ਨਾਮ ਭੰਡਾਰਾ ਗੁਰਮੁਖਾਂ ਕਾਇਆ ਅੰਦਰ ਦਏ, ਅਨਮੁੱਲੜੀ ਦਾਤ ਵਰਤਾਈਆ । ਸੋ ਗੁਰਸਿਖ ਸੱਜਣ ਸੁਹੇਲਾ ਸਤਿਗੁਰ ਸਰਨਾਈ ਢਹੇ, ਮਸਤਕ ਧੂੜੀ ਟਿੱਕਾ ਖ਼ਾਕ ਰਮਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਕਹੇ, ਸੋਹੰ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਰਿਹਾ ਮੁਕਾਈਆ । ਸਤਿ ਧਰਮ ਕਹੇ ਅੰਦਰ ਵੜ ਕੇ ਤੱਕਿਆ, ਨਜ਼ਰੀ ਆਇਆ ਬੇਪਰਵਾਹ । ਜਿਸ ਮੱਕਾ ਮਦੀਨਾ ਛੱਡਿਆ, ਹੁਜਰਿਉਂ ਬੈਠਾ ਮੁਖ ਭੁਆ । ਮੰਦਰਾਂ ਮਸਜਿਦਾਂ ਵਿਚੋਂ ਨੱਠਿਆ, ਆਪਣਾ ਪੰਧ ਮੁਕਾ । ਜਨ ਭਗਤਾਂ ਅੰਦਰ ਵਸਿਆ, ਸਚ ਸਵਾਮੀ ਡੇਰਾ ਲਾ । ਰੈਣ ਅੰਧੇਰੀ ਮੇਟੇ ਮਸਿਆ, ਮਸਲਾ ਇਕ ਸੁਣਾ । ਆਤਮ ਮਿਲ ਕੇ ਪਰਮਾਤਮ ਹੱਸਿਆ, ਪਾਰਬ੍ਰਹਮ ਬ੍ਰਹਮ ਸਾਚਾ ਜੋੜ ਜੁੜਾ । ਪ੍ਰੇਮ ਪ੍ਰੀਤੀ ਨਾਲ ਆਪਣੀ ਦੱਸੇ ਕਥਿਆ, ਦੂਈ ਦਵੈਤੀ ਡੇਰਾ ਢਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਮੇਲ ਮਿਲਾ । ਸਤਿ ਧਰਮ ਕਹੇ ਅੰਦਰ ਵੇਖੀ ਸੱਚੀ ਸਲਾਹ, ਤੂੰ ਸਤਿਗੁਰ ਆਪ ਜਣਾਈਆ । ਸੰਤ ਸੁਹੇਲੇ ਨਾਲ ਰਲਾ, ਗੁਰ ਚੇਲੇ ਜੋੜ ਜੁੜਾਈਆ । ਗੁਰ ਅਵਤਾਰ ਬਣਾ ਗਵਾਹ, ਪੀਰ ਪੈਗ਼ੰਬਰ ਸ਼ਹਾਦਤ ਦਏ ਭੁਗਤਾਈਆ । ਜਿਨ੍ਹਾਂ ਮੰਨਿਆ ਇਕ ਖ਼ੁਦਾ, ਵਾਹਿਗੁਰੂ ਪੁਰਖ ਅਕਾਲ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਸਮਝਾਈਆ । ਸਤਿ ਧਰਮ ਕਹੇ ਅੰਦਰ ਖੇਲ ਅਵੱਲੀ, ਘਰ ਗੁਰਮੁਖਾਂ ਨਜ਼ਰੀ ਆਈਆ । ਨਿਰਗੁਣ ਜੋਤ ਇਕੋ ਬਲੀ, ਦਿਵਸ ਰੈਣ ਕਰੇ ਰੁਸ਼ਨਾਈਆ । ਓਥੇ ਮੰਦਰਾਂ ਵਾਂਗ ਵਜਾਣੀ ਪਏ ਨਾ ਟੱਲੀ, ਅਨਹਦ ਧੁਨ ਆਪਣਾ ਰਾਗ ਸੁਣਾਈਆ । ਵਾਂਗ ਕਲੰਦਰ ਪਾਉਣੀ ਪਏ ਨਾ ਜੱਲੀ, ਨਾਮ ਖ਼ੁਮਾਰੀ ਸਚ ਚੜ੍ਹਾਈਆ । ਜਿਸ ਰਹਿਬਰ ਨੂੰ ਰਾਹ ਵਿਚ ਲੱਭਦਾ ਥੱਕ ਗਿਆ ਮੁਹੰਮਦ ਅਲੀ, ਸੋ ਆਲੀਸ਼ਾਨ ਗੁਰਮੁਖਾਂ ਵੇਖ ਮਕਾਨ ਖ਼ੁਸ਼ੀ ਮਨਾਈਆ । ਦੋ ਜਹਾਨਾਂ ਬਣ ਕੇ ਬੇਲੀ, ਬੇਲੇ ਜੰਗਲ ਜੂਹ ਉਜਾੜ ਪਹਾੜ ਪਾਰ ਲੰਘਾਈਆ । ਜਿਸ ਦੀ ਵਸਤ ਅਨੋਖੀ ਸਦਾ ਨਵੇਲੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਸ ਦੀ ਆਤਮ ਇਕ ਸਹੇਲੀ, ਲੱਖ ਚੁਰਾਸੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੇਵਣਹਾਰ ਵਡਿਆਈਆ । ਸਤਿ ਧਰਮ ਕਹੇ ਮੈਂ ਵੇਖਿਆ ਖੇਲ ਗੁਰਮੁਖ ਘਰ ਦਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਉਥੇ ਅੰਮ੍ਰਿਤ ਝਿਰਨਾ ਝਿਰਦਾ, ਨਾਭ ਕਵਲ ਉਲਟਾਈਆ । ਮੇਲ ਹੋਏ ਵਿਛੋੜੇ ਚਿਰ ਦਾ, ਪਛੜਿਆਂ ਨਾਲ ਮਿਲਾਈਆ । ਕੀਤੇ ਕੌਲ ਇਕਰਾਰੋਂ ਕਦੇ ਨਾ ਫਿਰਦਾ, ਪੂਰੇ ਸਤਿਗੁਰ ਹੱਥ ਵਡਿਆਈਆ । ਉਹ ਭੇਵ ਚੁਕਾਏ ਘਰ ਥਿਰ ਦਾ, ਸਚਖੰਡ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਸਤਿ ਧਰਮ ਕਹੇ ਮੈਂ ਤੱਕੀ ਤਾਕੀ, ਪ੍ਰਭ ਸਤਿਗੁਰ ਆਪ ਖੁਲ੍ਹਾਈਆ ।

ਜਿਥੇ ਨਜ਼ਰੀ ਆਇਆ ਧੁਰ ਦਾ ਸਾਥੀ, ਸਾਖਿਆਤ ਬੇਪਰਵਾਹੀਆ । ਉਸ ਨੂੰ ਮੰਨਦੇ ਸਾਰੇ ਕਮਲਾਪਾਤੀ, ਪਤਿਪਰਮੇਸ਼ਵਰ ਸੋ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਸੇ ਦੀ ਗਾਉਂਦੇ ਸਾਖ਼ੀ, ਸੁਖਨਾਂ ਨਾਲ ਸੁਣਾਈਆ । ਉਸ ਦੇ ਅੱਗੇ ਰਿਹਾ ਕੋਈ ਨਾ ਆਕੀ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਉਹ ਮੰਜ਼ਲ ਚੜ੍ਹ ਕੇ ਬੈਠਾ ਅਗੰਮੀ ਘਾਟੀ, ਸਚ ਦਵਾਰੇ ਸੋਭਾ ਪਾਈਆ । ਜਨ ਭਗਤਾਂ ਕਲਜੁਗ ਅੰਤ ਮੇਟਣ ਆਇਆ ਅੰਧੇਰੀ ਰਾਤੀ, ਅਮਾਵਸ ਰਹਿਣ ਕੋਇ ਨਾ ਪਾਈਆ । ਸਚ ਪਤਰਕਾ ਦੇਵੇ ਸੱਚੀ ਪਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖ਼ਲਕ ਖ਼ੁਦਾਈਆ । ਸਤਿ ਧਰਮ ਕਹੇ ਅੰਦਰ ਡੂੰਘਾ ਰਾਜ਼, ਰਸਨਾ ਕਹਿਣ ਕੋਇ ਨਾ ਪਾਈਆ । ਜਿਸ ਉਤੇ ਕਿਰਪਾ ਕਰੇ ਪ੍ਰਭ ਆਪ, ਮਿਹਰ ਨਜ਼ਰ ਉਠਾਈਆ । ਉਥੇ ਲੋੜ ਰਹੇ ਨਾ ਕੋਈ ਜਾਪ, ਰਸਨਾ ਜਿਹਵਾ ਬੱਤੀ ਦੰਦ ਚਲੇ ਨਾ ਕੋਇ ਵਡਿਆਈਆ । ਲੇਖਾ ਚੁੱਕੇ ਜਗਤ ਨਿਮਾਜ਼, ਰੋਜ਼ਾ ਰੱਖ ਫ਼ਾਕਾ ਮਾਤ ਨਾ ਕੋਇ ਕਟਾਈਆ । ਜੋ ਸਾਜਣ ਦਿਤਾ ਸਾਜ, ਸੋ ਸਾਜਸ਼ ਕੂੜੀ ਪਰੇ ਹਟਾਈਆ । ਕਾਇਆ ਮੰਦਰ ਕਰ ਆਬਾਦ, ਇਬਾਦਤ ਇਕੋ ਦਏ ਦ੍ਰਿੜਾਈਆ । ਤੂੰ ਮੇਰਾ ਮੈਂ ਤੈਨੂੰ ਰੱਖਾਂ ਯਾਦ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਤਿ ਧਰਮ ਕਹੇ ਵੇਖਿਆ ਪਿਆਰ, ਪ੍ਰੀਤੀ ਗੁਰਮੁਖ ਅੰਦਰ ਨਜ਼ਰੀ ਆਈਆ । ਜਿਥੇ ਦੂਜਾ ਨਾ ਕੋਇ ਵਿਚਾਰ, ਮਨ ਉਠ ਨਾ ਦਹਿ ਦਿਸ਼ ਧਾਈਆ । ਹਉਮੇ ਹੰਗਤਾ ਨਾ ਕੋਇ ਖ਼ੁਮਾਰ, ਕੂੜੀ ਕਿਰਿਆ ਨਾ ਸੰਗ ਰਲਾਈਆ । ਜਗਤ ਵਿਦਿਆ ਨਾ ਕੋਇ ਬਲਕਾਰ, ਇਕੋ ਨਾਮ ਓਟ ਤਕਾਈਆ । ਸੋਹਣਾ ਬਸਤਰ ਨਾ ਕੋਇ ਸ਼ਿੰਗਾਰ, ਨਾਮ ਰੰਗਤ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਸਤਿ ਧਰਮ ਕਹੇ ਜਨ ਭਗਤਾਂ ਅੰਦਰ ਵੇਖਿਆ ਇਕ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਉਸ ਦਾ ਅਨੋਖਾ ਅਵੱਲੜਾ ਵਿਚੋਂ ਰੰਗ, ਜਗਤ ਲਲਾਰੀ ਨਾ ਕੋਇ ਰੰਗਾਈਆ । ਉਸ ਦੇ ਥੱਲੇ ਵੱਜੇ ਮਰਦੰਗ, ਹੌਲੀ ਹੌਲੀ ਆਵਾਜ਼ ਸੁਣਾਈਆ । ਉਸ ਦੇ ਉਤੇ ਬਹਿ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਸਣ ਲਾਈਆ । ਉਸ ਦਵਾਰੇ ਉਹ ਅਨੰਦ, ਜਿਸ ਅਨੰਦ ਨੂੰ ਅਨੰਦ ਪੁਰੀ ਵਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਗ੍ਰਹਿ ਮੰਦਰ ਪੜਦਾ ਲਾਹੀਆ । ਸਤਿ ਧਰਮ ਕਹੇ ਵੇਖਿਆ ਪੜਦਾ ਲਹਿੰਦਾ, ਹਰਿ ਸਤਿਗੁਰ ਪਰੇ ਹਟਾਈਆ । ਗੁਰਮੁਖ ਸਚ ਦਵਾਰੇ ਬਹਿੰਦਾ, ਬਹਿ ਬਹਿ ਖ਼ੁਸ਼ੀ ਮਨਾਈਆ । ਦੇਵ ਸਵਾਮੀ ਅੱਗੋਂ ਕਹਿੰਦਾ, ਸ਼ਬਦੀ ਸ਼ਬਦ ਰਾਗ ਅਲਾਈਆ । ਸੰਤ ਸੁਹੇਲਾ ਚਰਨੀ ਢਹਿੰਦਾ, ਢਹਿ ਢਹਿ ਖ਼ੁਸ਼ੀ ਮਨਾਈਆ । ਦੇਵਣਹਾਰਾ ਵਸਤ ਅਗੰਮੀ ਦਾਨ ਦੇਂਦਾ, ਸਚ ਭੰਡਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਭੇਵ ਖੁਲ੍ਹਾਈਆ । ਸਤਿ ਧਰਮ ਕਹੇ ਮੈਂ ਖੁਲ੍ਹਦਾ ਵੇਖਿਆ ਦਰਵਾਜ਼ਾ, ਜਨ ਭਗਤਾਂ ਪ੍ਰਭ ਜੀ ਦਇਆ ਕਮਾਈਆ । ਉਥੇ ਵੱਜਦਾ ਵੇਖਿਆ ਵਾਜਾ, ਅਨਾਦ ਨਾਦੀ ਰਾਗ ਅਲਾਈਆ । ਉਥੇ ਪ੍ਰੇਮ ਪਿਆਰ ਦਾ ਸੁਣਦਾ ਰਿਹਾ ਸਾਜਾ, ਸਾਰੰਗ ਸੁਰੰਗੀ ਕੰਮ ਕਿਸੇ ਨਾ ਆਈਆ । ਭੇਵ ਖੋਲ੍ਹਿਆ ਪੁਰਖ ਸਮਰਾਥਾ, ਮਹਿੰਮਾ ਅਕਥ ਕਥ ਦ੍ਰਿੜਾਈਆ । ਜਣਾਉਂਦਾ ਰਿਹਾ ਅਗੰਮੀ ਗਾਥਾ, ਧੁਰ ਦੀ ਕਰੇ ਪੜ੍ਹਾਈਆ । ਆਤਮ ਪਰਮਾਤਮ ਦੇਂਦਾ ਵੇਖਿਆ ਸਾਥਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਬਿਨ ਗੋਪੀ ਕਾਹਨ ਪੈਂਦੀ ਵੇਖੀ ਰਾਸਾ, ਮੰਡਲ ਮੰਡਪ ਨਾਚ

ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸਤਿ ਧਰਮ ਕਹੇ ਗੁਰਮੁਖ ਅੰਦਰੋਂ ਸੋਹਣਾ, ਪ੍ਰਭ ਸੋਹਣੀ ਬਣਤ ਬਣਾਈਆ । ਨਾ ਹੱਸਣਾ ਨਾ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਰਖਾਈਆ । ਨਾ ਜਾਗਣਾ ਨਾ ਸੌਣਾ, ਆਲਸ ਨਿੰਦਰਾ ਨੇੜ ਕੋਇ ਨਾ ਆਈਆ । ਰਾਗੀ ਨਾਦੀ ਰਾਗ ਨਾ ਗਾਉਂਣਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਮਨ ਖ਼ਿਆਲ ਨਾ ਬਣਾਉਂਣਾ ਨਾ ਢਾਹੁਣਾ, ਢਹਿ ਢਹਿ ਢੇਰੀ ਖ਼ਾਕ ਨਾ ਕੋਇ ਮਿਲਾਈਆ । ਇਕੋ ਪਰਮ ਪੁਰਖ ਪਰਮਾਤਮ ਦਰਸ਼ਨ ਪਾਉਂਣਾ, ਦ੍ਰਿਸ਼ਟੀ ਇਸ਼ਟੀ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਈਆ । ਸਤਿ ਧਰਮ ਕਹੇ ਮੈਂ ਗੁਰਮੁਖਾਂ ਅੰਦਰ ਖੁਲ੍ਹਦੀ ਵੇਖੀ ਖਿੜਕੀ, ਸਤਿਗੁਰ ਪੂਰਾ ਆਪ ਖੁਲ੍ਹਾਈਆ । ਮੈਂ ਲੱਗਦੀ ਵੇਖੀ ਬਿਰਤੀ, ਬਿਰਥਾ ਸਵਾਸ ਨਾ ਕੋਇ ਜਾਈਆ । ਮੈਂ ਪੜਦਾ ਚੁਕਿਆ ਵੇਖਿਆ ਸੁਰਤੀ ਨਿਰਤੀ, ਨਿਜ ਨੇਤਰ ਹੋਏ ਰੁਸ਼ਨਾਈਆ । ਇਹ ਖੇਲ ਅਗੰਮੀ ਪਿਰ ਦੀ, ਪੀਆ ਪ੍ਰੀਤਮ ਹੋਏ ਸਹਾਈਆ । ਇਹ ਧਾਰ ਅਨੋਖੀ ਨਿਰਵੈਰ ਨਿਰ ਦੀ, ਨਿਰੰਕਾਰ ਆਪ ਜਣਾਈਆ । ਕੋਟ ਜਨਮ ਦੀ ਵਿਛੜੀ ਲੱਖ ਚੁਰਸੀ ਵਿਚ ਫਿਰਦੀ, ਸਾਹਿਬ ਸੁਲਤਾਨ ਆਪਣੇ ਲੇਖੇ ਲਾਈਆ । ਮਾਨਸ ਦੇਹ ਨਾ ਜਾਏ ਬਿਰਥੀ, ਬਿਰਥਾ ਜਨਮ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਜਾਣੇ ਧੜ ਸਿਰ ਦੀ, ਪੰਜ ਤਤ ਵੇਖਣਹਾਰਾ ਚਾਈਂ ਚਾਈਂਆ । ਸਤਿ ਧਰਮ ਕਹੇ ਮੈਂ ਵੇਖੀ ਕਾਇਆ ਮਾਟੀ, ਅੰਦਰ ਵੜ ਕੇ ਫੋਲ ਫੁਲਾਈਆ । ਜਿਸ ਵਿਚ ਮੰਜ਼ਲ ਡੂੰਘੀ ਘਾਟੀ, ਰਹਿਬਰ ਬੈਠਾ ਮੁਖ ਛੁਪਾਈਆ । ਅੰਦਰ ਰੱਖ ਬੂੰਦ ਸਵਾਂਤੀ, ਕਲਜੁਗ ਜੀਵ ਰਿਹਾ ਤਰਸਾਈਆ । ਚਾਰੋਂ ਕੁੰਟ ਕਰ ਅੰਧੇਰੀ ਰਾਤੀ, ਆਪਣਾ ਨੂਰ ਬੈਠਾ ਛੁਪਾਈਆ । ਜਾਮ ਦੇਵੇ ਨਾ ਬਣ ਕੇ ਸਾਕੀ, ਪਿਆਲਾ ਹਕ ਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਸਤਿ ਧਰਮ ਕਹੇ ਮੈਂ ਵੇਖਿਆ ਚਾਲਾਕ, ਜਿਸ ਦੀ ਸਮਝ ਕੋਇ ਨਾ ਆਈਆ । ਉਹ ਲੇਖਾ ਜਾਣੇ ਰੂਹ ਬੁੱਤ ਖ਼ਾਕੀ ਖ਼ਾਕ, ਖ਼ਾਲਕ ਮਾਲਕ ਖ਼ਲਕ ਖ਼ੁਦਾਈਆ । ਓਹ ਲਹਿਣਾ ਦੇਣਾ ਜਾਣੇ ਹਿਸਾਬ, ਕਿਤਾਬ ਆਪਣੀ ਬਗ਼ਲ ਉਠਾਈਆ । ਉਹ ਵਸੇ ਦੂਰ ਨੇੜੇ ਸਚ ਮਹਿਰਾਬ, ਮਹਿਬੂਬ ਆਪਣਾ ਆਸਣ ਲਾਈਆ । ਮੁਰੀਦ ਹੋ ਕੇ ਮੁਰਸ਼ਦ ਦੇਵੇ ਸਚ ਖ਼ਿਤਾਬ, ਖ਼ਤਾ ਸਭ ਦੀ ਮੁਆਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੱਸੇ ਇਕ ਆਦਾਬ, ਅਦਬ ਨਾਲ ਦਏ ਜਣਾਈਆ । ਸਤਿ ਧਰਮ ਕਹੇ ਵੇਖੇ ਪੈਗ਼ੰਬਰ ਪੀਰ, ਮਸਲਿਆਂ ਨਾਲ ਕਰਨ ਪੜ੍ਹਾਈਆ । ਚਿੱਟੇ ਉਤੇ ਕਾਲੀ ਖਿਚ ਲਕੀਰ, ਅਲਫ਼ ਯੇ ਦਏ ਸਮਝਾਈਆ । ਹਰੂਫ਼ਾਂ ਨਾਲ ਕਰ ਤਹਿਰੀਰ, ਤਕਰੀਰ ਨਾਲ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਬਦਲ ਨਾ ਸਕਿਆ ਕੋਇ ਤਕਦੀਰ, ਤਦਬੀਰ ਆਪਣੀ ਨਾ ਕੋਇ ਦ੍ਰਿੜਾਈਆ । ਸਾਰੇ ਮੰਨ ਕੇ ਗਏ ਸਚ ਖ਼ੁਦਾ ਇਕ ਅਖ਼ੀਰ, ਆਖ਼ਰ ਮੰਜ਼ਲ ਬੈਠਾ ਬੇਪਰਵਾਹੀਆ । ਜਿਸ ਦਾ ਲਹਿਣਾ ਲੇਖਾ ਸ਼ਾਹ ਹਕੀਰ, ਹਕੀਕਤ ਵਿਚ ਸ਼ਨਵਾਈਆ । ਉਹਦਾ ਨੂਰ ਜ਼ਹੂਰ ਬੇਨਜ਼ੀਰ, ਮੂਸਾ ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਸਮਝਾਈਆ । ਸਤਿ ਧਰਮ ਕਹੇ ਜਨ ਭਗਤ ਚੰਗਾ, ਪ੍ਰਭ ਸੋਹਣਾ ਹੱਟ ਖੁਲ੍ਹਾਇਆ । ਜਿਸ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਇਆ । ਜਿਨ੍ਹਾਂ ਦੇ ਨਾਮ ਵੱਜੇ ਦਾ ਜਗਤ ਮਰਦੰਗਾ, ਸ਼ਾਸਤਰ ਸਿਮਰਤ ਰਹੇ ਸਾਲਾਹਿਆ ।

ਓਹ ਪੰਜਾਂ ਤੱਤਾਂ ਵਾਲਾ ਨਜ਼ਰੀ ਆਵੇ ਬੰਦਾ, ਪੁਰਖ ਅਬਿਨਾਸ਼ੀ ਬੰਧਨਾ ਵਿਚੋਂ ਪਾਰ ਕਰਾਇਆ । ਘਾਟ ਲਗਾਏ ਆਪਣੇ ਕੰਢਾ, ਸਾਚਾ ਲੇਖਾ ਦਏ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲੇ ਸਹਿਜ ਸੁਭਾਇਆ । ਸਤਿ ਧਰਮ ਕਹੇ ਮੈਂ ਮਿਤਰ ਭਗਤ, ਦੂਜਾ ਸੰਗ ਨਾ ਕੋਇ ਰਖਾਈਆ । ਮੇਰਾ ਪ੍ਰੇਮ ਪਿਆਰ ਨਾਤਾ ਜਗਤ, ਜੀਵਣ ਜੁਗਤ ਦਿਆਂ ਦ੍ਰਿੜਾਈਆ । ਅੰਤਰ ਆਤਮ ਦੇਵਾਂ ਸਾਚੀ ਸ਼ਕਤ, ਸ਼ਖ਼ਸੀਅਤ ਦਿਆਂ ਸਮਝਾਈਆ । ਹਰਿ ਮਿਲਾਵਾ ਹਰਿ ਦੇ ਵਕਤ, ਹਿਰਦੇ ਹਰਿ ਸਮਾਈਆ । ਪੜਦਾ ਲਾਹ ਕੇ ਅਰਸ਼ ਫ਼ਰਸ਼, ਦੂਰ ਦੁਰਾਡਾ ਫ਼ੈਸਲਾ ਦਿਆਂ ਮੁਕਾਈਆ । ਜਨਮ ਕਰਮ ਦੀ ਮੇਟ ਕੇ ਹਰਸ, ਹਵਸ ਦਿਆਂ ਬੁਝਾਈਆ । ਜੋ ਸਤਿਗੁਰ ਵਿਛੜੇ ਤੜਪਣ ਵਿਚ ਤਪਸ਼, ਤਿਨ੍ਹਾਂ ਅੰਮ੍ਰਿਤ ਮੇਘ ਨਾਮ ਬਰਸਾਈਆ । ਉਹਨਾਂ ਫੜ ਕੇ ਉਸ ਘਰ ਲੈ ਜਾਵਾਂ ਪਰਤ, ਜਿਸ ਘਰ ਵਿਚੋਂ ਚਲ ਕੇ ਆਈਆ । ਝਗੜਾ ਛੁਟ ਜਾਏ, ਉਨ੍ਹਾਂ ਨਰਕ ਸਵਰਗ, ਦੋਜ਼ਕ ਬਹਿਸ਼ਤ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਵਿਚ ਰਹੇ ਕੋਈ ਨਾ ਫ਼ਰਕ, ਜੋਤੀ ਜੋਤ ਜੋਤ ਸਮਾਈਆ । ਸਚ ਦਰ ਸਚ ਵਿਚੋਂ ਕੀ ਕੋਈ ਕੱਢੇ ਅਰਥ, ਅਰਥਾਂ ਵਿਚ ਕੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥਿਆ ਅਪਣੀ ਨਾਲ ਰਖਾਈਆ ।



## ✪ ੩ ਅੱਸੂ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ✪

ਸਤਿ ਧਰਮ ਕਹੇ ਮੈਂ ਵੇਖਿਆ ਖੇਲ ਲੁਕ ਦਾ, ਜਨ ਭਗਤਾਂ ਦਇਆ ਕਮਾਈਆ । ਨਾਤਾ ਜੋੜ ਕੇ ਪਿਉ ਪੁਤ ਦਾ, ਪਿਤਾ ਪੁਰਖ ਅਕਾਲ ਗੋਦ ਸੁਹਾਈਆ । ਉਹਨਾਂ ਪੜ੍ਹਨਾ ਪਏ ਨਾ ਕੋਈ ਗੁਟਕਾ, ਜਿਨ੍ਹਾਂ ਗੁੱਟੋਂ ਫੜ ਕੇ ਲਿਆ ਉਠਾਈਆ । ਲੇਖਾ ਚੁਕਾਵੇ ਉਲਟੇ ਰੁੱਖ ਦਾ, ਮਾਤ ਗਰਭ ਨਾ ਫੇਰ ਫਿਰਾਈਆ । ਇਹ ਲਾਹਾ ਮਾਣਸ ਦੇਹ ਮਨੁੱਖ ਦਾ, ਹਰਿ ਸਤਿਗੁਰ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਰਿਹਾ ਮਿਲਾਈਆ । ਸਤਿ ਧਰਮ ਕਹੇ ਮੈਂ ਵੇਖਿਆ ਛੁਪਦਾ, ਅੰਦਰੇ ਅੰਦਰ ਡੇਰਾ ਲਾਈਆ । ਸਾਢੇ ਤਿੰਨ ਹੱਥ ਮੰਦਰ ਅੰਦਰ ਲੁਕਦਾ, ਲੁਕ ਲੁਕ ਖੇਲ ਖਿਲਾਈਆ । ਭੇਵ ਦੱਸੇ ਨਾ ਆਪਣੀ ਗੁੱਠ ਦਾ, ਪੜਦਾ ਸਕੇ ਨਾ ਕੋਇ ਚੁਕਾਈਆ । ਕਰ ਕਿਰਪਾ ਜਿਨ੍ਹਾਂ ਦਿਆਲ ਹੋ ਕੇ ਤੁਠਦਾ, ਪਿਛਲਾ ਲੇਖਾ ਵੇਖ ਵਖਾਈਆ । ਉਹਨਾਂ ਵਕਤ ਸੁਹਾਵੇ ਆਪਣੀ ਰੁਤ ਦਾ, ਰੁਤੜੀ ਨਾਲ ਮਹਿਕਾਈਆ । ਜਨ ਭਗਤਾਂ ਸੀਸ ਪ੍ਰਭੂ ਨੂੰ ਝੁਕਦਾ, ਦੂਜੀ ਓਟ ਨਾ ਕੋਇ ਰਖਾਈਆ । ਦੋਹਾਂ ਦਾ ਮੰਜ਼ਲ ਪੰਧ ਇਕੋ ਵਾਰ ਮੁਕਦਾ, ਕਦਮ ਕਦਮ ਨਾ ਕੋਇ ਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਤਿ ਧਰਮ ਕਹੇ ਮੈਂ ਵੇਖਿਆ ਨੈਣ, ਨੇਤਰ ਅੱਖ ਖੁਲ੍ਹਾਈਆ । ਜਨ ਭਗਤਾਂ ਧੁਰ ਦਾ ਸੱਜਣ ਸੈਣ, ਹਰਿ ਕਰਤਾ ਇਕ ਅਖਵਾਈਆ । ਨਿਤ ਨਵਿਤ ਜੁਗ ਚੌਕੜੀ ਆਵੇ ਲੈਣ, ਨਿਰਗੁਣ ਸਰਗੁਣ ਰੂਪ ਵਟਾਈਆ । ਸਾਚੀ ਸਿਖਿਆ ਆਵੇ ਦੇਣ, ਕਰੇ ਸਚ ਪੜ੍ਹਾਈਆ । ਨਾਤਾ ਤੋੜ ਕੇ ਭਾਈ ਭੈਣ, ਆਤਮ ਪਰਮਾਤਮ ਜੋੜ ਜੁੜਾਈਆ । ਵਹਿਣ ਨਾ ਦੇਵੇ ਡੂੰਘੇ ਵਹਿਣ, ਪਾਰ ਕਿਨਾਰਾ ਇਕ ਸਮਝਾਈਆ । ਨੁਕਤਾ ਮੁਕਾਏ ਐਨ ਗ਼ੈਨ, ਅੱਖ ਇਕੋ ਇਕ ਖੁਲ੍ਹਾਈਆ ।

ਨਾਮ ਕਸਵਟੀ ਦੇ ਰਸੈਣ, ਰਸਤੇ ਸਾਚੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿ ਧਰਮ ਕਹੇ ਮੈਂ ਵੇਖੀ ਕਲਾ ਚੜ੍ਹਦੀ, ਆਵਣ ਜਾਵਣ ਸਮਝ ਕੋਇ ਨਾ ਆਈਆ । ਉਥੇ ਏਕੰਕਾਰ ਇਕੋ ਦਰਦੀ, ਦੁਖੀਆਂ ਦਰਦ ਰਿਹਾ ਮਿਟਾਈਆ । ਅੱਖਰ ਰਸਨਾ ਜ਼ਬਾਨ ਕੋਇ ਨਾ ਪੜ੍ਹਦੀ, ਕਲਮਾ ਸਕੇ ਨਾ ਕੋਇ ਜਣਾਈਆ । ਇਹੋ ਖੇਲ ਪ੍ਰਭੁ ਅਸਚਰਜ ਦੀ, ਅਚਰਜ ਲੀਲਾ ਆਪ ਵਰਤਾਈਆ । ਰਚਨਾ ਰਚ ਕੇ ਨਾਰ ਮਰਦ ਦੀ, ਲੱਖ ਚੁਰਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਅਗੰਮ ਅਥਾਹੀਆ । ਸਤਿ ਧਰਮ ਕਹੇ ਪ੍ਰਭ ਖੇਲ ਅਗੰਮ, ਅਲਖ ਅਲਖਨਾ ਆਪ ਕਰਾਇੰਦਾ । ਜੁਗ ਜੁਗ ਭਗਤਾਂ ਬੇੜਾ ਬੰਨ੍ਹ, ਮਾਰਗ ਧੁਰ ਦੇ ਆਪ ਵਖਾਇੰਦਾ । ਸੱਚਾ ਰਾਗ ਸੁਣਾਏ ਕੰਨ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਨਾਮ ਭੰਡਾਰਾ ਦੇ ਕੇ ਧਨ, ਦੌਲਤ ਇਕ ਵਰਤਾਇੰਦਾ । ਬਿਨ ਚੰਦੋਂ ਚਾੜ੍ਹ ਕੇ ਚੰਨ, ਜੋਤ ਨੂਰ ਰੁਸ਼ਨਾਇੰਦਾ । ਬਿਨ ਮੰਦਰੋਂ ਵਸੇਰਾ ਕਰੇ ਅਗੰਮੀ ਛੰਨ, ਛੱਪਰ ਇਕੋ ਇਕ ਵਖਾਇੰਦਾ । ਕਰ ਪਰਕਾਸ਼ ਅੰਧੇਰੇ ਅੰਨ੍ਹ, ਲੋਚਨ ਅੰਤਰ ਇਕ ਖੁਲ੍ਹਾਇੰਦਾ । ਪੰਚ ਪੰਚਾਇਣ ਦੇ ਕੇ ਡੰਨ, ਡੰਕਾ ਇਕੋ ਨਾਮ ਵਜਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਤਿ ਧਰਮ ਕਹੇ ਪ੍ਰਭ ਭਗਤਾਂ ਮੇਲਾ, ਮਿਲਣੀ ਜਗਦੀਸ਼ ਕਰਾਈਆ । ਘਰ ਸੋਹੇ ਗੁਰੂ ਗੁਰ ਚੇਲਾ, ਚੇਲਾ ਗੁਰੂ ਰੂਪ ਵਟਾਈਆ । ਦੋਹਾਂ ਇਕੋ ਸੱਜਣ ਸੁਹੇਲਾ, ਪੁਰਖ ਅਕਾਲ ਸਰਬ ਸੁਖਦਾਈਆ । ਵਸਣਹਾਰਾ ਧਾਮ ਨਵੇਲਾ, ਨਿਜ ਘਰ ਬੈਠਾ ਤਾੜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿ ਧਰਮ ਕਹੇ ਮੈਂ ਹੁੰਦੀ ਵੇਖੀ ਮਿਹਰ, ਮੁਰੀਦਾਂ ਉਤੇ ਮੁਰਸ਼ਦ ਦਇਆ ਕਮਾਇੰਦਾ । ਤਾਰਨ ਲੱਗਾ ਨਾ ਲਾਵੇ ਦੇਰ, ਪਲਕ ਅੱਖ ਨਾ ਕੋਇ ਝਪਕਾਇੰਦਾ । ਸਚ ਧਰਮ ਦੇ ਚਾੜ੍ਹ ਕੇ ਬੇੜ, ਨਈਆ ਨੌਕਾ ਇਕ ਤਰਾਇੰਦਾ । ਲੱਖ ਚੁਰਾਸੀ ਵਿਚੋਂ ਨਖੇੜ, ਆਪ ਆਪਣਾ ਜੋੜ ਜੁੜਾਇੰਦਾ । ਪੂਰਬ ਲੇਖਾ ਦਏ ਨਬੇੜ, ਅੱਗੇ ਮੰਗਣ ਕੋਇ ਨਾ ਆਇੰਦਾ । ਨਾਤਾ ਤੋੜ ਕੇ ਅੰਡਜ ਜੇਰ, ਉਤਭੁਜ ਸੇਤਜ ਡੇਰਾ ਢਾਹਿੰਦਾ । ਨਾਮ ਰਖਾ ਕੇ ਸ਼ਬਦੀ ਸਿੰਘ ਸ਼ੇਰ, ਭਬਕ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਧੁਰ ਦਾ ਘਰ, ਜਿਸ ਗ੍ਰਿਹਿ ਆਪਣਾ ਆਸਣ ਲਾਇੰਦਾ ।

## ੩ ਅੱਸੂ ੨੦੨੧ ਬਿਕ੍ਰਮੀ ਬੀਬੀ ਬੰਤੀ ਦੇ ਗ੍ਰਿਹਿ ਪਿੰਡ ਧਾਰੜ

ਸਤਿ ਧਰਮ ਕਹੇ ਮੈਂ ਵੇਖਿਆ ਜਗਦੀਸ਼, ਜਨ ਭਗਤਾਂ ਅੰਦਰ ਨਜ਼ਰੀ ਆਈਆ । ਜਿਸ ਦੇ ਛੱਤਰ ਝੁੱਲੇ ਸੀਸ, ਦੋ ਜਹਾਨਾਂ ਹੁਕਮ ਵਰਤਾਈਆ । ਜਿਸ ਦੀ ਸਿਫ਼ਤ ਕਰਦੇ ਰਾਗ ਛਤੀਸ, ਖਾਣੀ ਬਾਣੀ ਦਏ ਵਡਿਆਈਆ । ਜਿਸ ਨੂੰ ਗਾਉਂਦੇ ਤੀਸ ਬਤੀਸ, ਰਸਨਾ ਨਾਲ ਮਿਲਾਈਆ । ਜਿਸ ਦਾ ਕਲਮਾ ਸਚ ਹਦੀਸ, ਨਾਮ ਸਤਿ ਪੜ੍ਹਾਈਆ । ਜਿਸ ਦਾ ਵਾਸਾ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਉਹ ਵਸਿਆ ਧਾਮ ਅਵਲੜੇ ਅਨਡੀਠ, ਨਿਰਮਲ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਦੱਸ ਕੇ ਆਪਣਾ ਗੀਤ, ਸੋਹੰ ਢੋਲਾ ਦਿਤਾ ਸਮਝਾਈਆ । ਨਾਤਾ ਤੋੜ ਕੇ ਮੰਦਰ

ਮਸੀਤ, ਕਾਇਆ ਕਾਅਬਾ ਦਿਤਾ ਜਣਾਈਆ । ਅੰਦਰੇ ਅੰਦਰ ਬਦਲ ਕੇ ਨੀਤ, ਸਾਚੀ ਰੀਤੀ ਦਿਤੀ ਵਖਾਈਆ । ਬਖ਼ਸ਼ਿਸ਼ ਕਰਕੇ ਚਰਨ ਪ੍ਰੀਤ, ਰਹਿਮਤ ਸਚ ਕਮਾਈਆ । ਨਾਮ ਪਦਾਰਥ ਪਾਏ ਭੀਖ, ਭਿਛਿਆ ਇਕ ਵਰਤਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਰੱਖਦੇ ਗਏ ਉਡੀਕ, ਧੁਰ ਦਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਮੈਂ ਵੇਖਿਆ ਸਚ ਦਵਾਰ, ਗੁਰਮੁਖ ਅੰਤਰ ਨਜ਼ਰੀ ਆਈਆ । ਜਿਥੇ ਦੀਆ ਬਾਤੀ ਜਗੇ ਅਗੰਮ ਅਪਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਨਹਦ ਨਾਦ ਵੱਜੇ ਸੱਚੀ ਧੁਨਕਾਰ, ਆਤਮਕ ਰਾਗ ਅਲਾਈਆ । ਬਿਨ ਸਖ਼ੀਆਂ ਮੰਗਲਾਚਾਰ, ਸੋਹਣਾ ਗੀਤ ਅਲਾਈਆ । ਅੰਮ੍ਰਿਤ ਬਰਖੇ ਮੇਘਲਾ ਧਾਰ, ਅੰਮਿਉਂ ਰਸ ਇਕ ਚੁਆਈਆ । ਸਾਚੇ ਗ੍ਰਿਹਿ ਕਰੇ ਪਿਆਰ, ਪ੍ਰੀਤਮ ਹੋ ਕੇ ਗੋਦ ਉਠਾਈਆ । ਕਾਗਦ ਕਲਮ ਨਾ ਲਿਖਣਹਾਰ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਸਭ ਤੋਂ ਨਿਰਾਲਾ ਵੱਖਰਾ ਵਸੇ ਬਾਹਰ, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਸਤਿ ਧਰਮ ਕਹੇ ਮੈਂ ਗੁਰਮੁਖ ਵੇਖੇ ਲਾਲ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਉਪਰ ਸਾਹਿਬ ਦਿਆਲ, ਸ੍ਰੀ ਭਗਵਾਨ ਹੋਇਆ ਸਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਚ ਵਿਕਾਰ ਪਰੇ ਹਟਾਈਆ । ਅੰਮ੍ਰਿਤ ਆਤਮ ਇਕ ਉਛਾਲ, ਝਿਰਨਾ ਧੁਰ ਦਾ ਦਿਤਾ ਝਿਰਾਈਆ । ਵਸਤ ਟਿਕਾ ਕੇ ਦੀਪਕ ਥਾਲ, ਨੂਰ ਜ਼ਹੂਰ ਕਰੀ ਰੁਸ਼ਨਾਈਆ । ਲਹਿਣਾ ਚੁਕਾ ਕੇ ਕਾਲ ਮਹਾਂਕਾਲ, ਚਰਨ ਸਰਨ ਦਿਤੀ ਸਰਨਾਈਆ । ਲੇਖੇ ਲਾ ਕੇ ਕਾਇਆ ਮਾਟੀ ਖ਼ਾਲ, ਤਨ ਮਨ ਆਪਣੀ ਝੋਲੀ ਪਾਈਆ । ਮਾਤ ਗਰਭ ਤੋਂ ਕਰ ਬਹਾਲ, ਅਗਨੀ ਤਤ ਦਿਤਾ ਬੁਝਾਈਆ । ਸਚ ਦਵਾਰ ਵਖਾ ਸੱਚੀ ਧਰਮਸਾਲ, ਮੰਦਰ ਇਕੋ ਇਕ ਰੁਸ਼ਨਾਈਆ । ਜਿਥੇ ਨਾ ਕੋਈ ਸ਼ਾਹ ਨਾ ਦਿਸੇ ਕੰਗਾਲ, ਰਾਓ ਰੰਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਸਤਿ ਧਰਮ ਕਹੇ ਮੈਂ ਅੰਤਰ ਪੇਖਿਆ, ਆਪਣਾ ਧਿਆਨ ਲਗਾਈਆ । ਜਿਥੇ ਪੁੱਜ ਨਾ ਸਕੇ ਕੋਈ ਮੁੱਲਾ ਸ਼ੇਖ਼ਿਆ, ਪੰਡਤ ਪਾਂਧਾ ਲੰਘ ਕੋਇ ਨਾ ਪਾਈਆ । ਸੋ ਧਾਮ ਅਗੰਮੜਾ ਸੱਚਾ ਸੋਹੇ ਦੇਸਿਆ, ਘਰ ਠਾਂਡਾ ਨਜ਼ਰੀ ਆਈਆ । ਜਿਥੇ ਨਾ ਕੋਈ ਰੂਪ ਰੰਗ ਨਾ ਰੇਖਿਆ, ਨਿਰਾਕਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਰਿਹਾ ਮਿਲਾਈਆ । ਸਤਿ ਧਰਮ ਕਹੇ ਮੈਂ ਵੇਖੇ ਗੁਰਮੁਖ ਚੁਗਦੇ ਚੋਗ, ਹਰਿ ਜੂ ਹਰਿ ਹਰਿ ਨਾਮ ਚੁਗਾਈਆ । ਪੂਰਬ ਜਨਮ ਦੇ ਮਿਟਦੇ ਵੇਖੇ ਰੋਗ, ਰੰਗਣ ਇਕ ਰੰਗਾਈਆ । ਦੋਹਾਂ ਮੇਲੇ ਹੁੰਦੇ ਵੇਖੇ ਧੁਰ ਸੰਜੋਗ, ਵਿਜੋਗੀ ਰਹਿਣ ਕੋਇ ਨਾ ਪਾਈਆ । ਦੀਪਕ ਜਗਦੇ ਤੱਕੇ ਕਾਇਆ ਕੋਟ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਨਗਾਰੇ ਲੱਗਦੀ ਵੇਖੀ ਚੋਟ, ਧੁਰ ਦਾ ਨਾਦੀ ਨਾਦ ਸੁਣਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਪਾਰਬ੍ਰਹਮ ਦੀ ਕਰਦੇ ਵੇਖੇ ਖੋਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਤਿ ਧਰਮ ਕਹੇ ਮੈਂ ਵੇਖਿਆ ਕਰਨੀ ਕਰਤਾ, ਪੁਰਖ ਅਗੋਚਰ ਵਡ ਵਡਿਆਈਆ । ਨਾ ਜੀਉਂਦਾ ਨਾ ਕਦੇ ਮਰਦਾ, ਸਦਾ ਸਤਿ ਸਰੂਪ ਸਮਾਈਆ । ਮਹੱਲ ਅਟਲ ਅਗੰਮ ਅਥਾਹ ਸਚਖੰਡ ਦਵਾਰੇ ਖੜਦਾ, ਉਚੇ ਟਿੱਲੇ ਪਰਬਤ ਵੇਖਣਹਾਰਾ ਥਾਉਂ

ਥਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜਿਸ ਦਾ ਬਰਦਾ, ਬਦਲੀ ਨਿਤ ਨਵਿਤ ਰਿਹਾ ਕਰਾਈਆ । ਦੋ ਜਹਾਨ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੀਸ ਚਰਨਾਂ ਧਰਦਾ, ਸਿਰ ਸਕੇ ਨਾ ਕੋਇ ਉਠਾਈਆ । ਏਥੇ ਉਥੇ ਨਿਰਗੁਣ ਸਰਗੁਣ ਕਰਨੀ ਆਪਣੀ ਕਰਦਾ, ਦੂਜਾ ਸੰਗ ਨਾ ਕੋਇ ਬਣਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਢੋਲਾ ਪੜ੍ਹਦਾ, ਪਾਠਸ਼ਾਲਾ ਜਗਤ ਦਏ ਵਖਾਈਆ । ਲੇਖਾ ਜਾਣੇ ਲੱਖ ਚੁਰਾਸੀ ਘਰ ਘਰ ਦਾ, ਗ੍ਰਿਹ ਗ੍ਰਿਹ ਪੜਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿ ਧਰਮ ਕਹੇ ਮੈਂ ਵੇਖੀ ਪ੍ਰਭ ਦੀ ਮਾਇਆ, ਬਿਨ ਅੱਖਾਂ ਨਜ਼ਰੀ ਆਈਆ । ਲੱਖ ਚੁਰਾਸੀ ਜੀਵ ਜੰਤ ਜਿਸ ਭੁਲਾਇਆ, ਕਲਜੁਗ ਅਗਨੀ ਤਤ ਤਪਾਈਆ । ਸਾਧ ਸੰਤ ਕੀਤਾ ਹਲਕਾਇਆ, ਧੀਰਜ ਧੀਰ ਨਾ ਕੋਇ ਰਖਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਨੂਰੀ ਚੰਦ ਨਾ ਕੋਇ ਚਮਕਾਈਆ । ਮਾਤ ਪਿਤ ਭਾਈ ਭੈਣ ਨਾਤਾ ਦਿਤਾ ਪੁੱਤ ਤੁੜਾਇਆ, ਸਾਕ ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਘਰ ਘਰ ਦਰ ਦਰ ਜੂਠ ਝੂਠ ਡੇਰਾ ਲਾਇਆ, ਆਸਾ ਤ੍ਰਿਸਨਾ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਖ ਵਖਾਈਆ । ਸਤਿ ਧਰਮ ਕਹੇ ਮੈਂ ਵੇਖੇ ਅੰਦਰ ਪੰਜ ਚੋਰ, ਘਰ ਘਰ ਆਪਣਾ ਡੇਰਾ ਲਾਈਆ । ਸਦਾ ਵਸਣ ਅੰਧੇਰੇ ਘੋਰ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਅੱਠੇ ਪਹਿਰ ਪਾਵਣ ਸ਼ੋਰ, ਘੜੀ ਪਲ ਧੀਰ ਨਾ ਕੋਇ ਧਰਾਈਆ । ਮਨ ਵਾਸਨਾ ਕਰ ਕੇ ਜ਼ੋਰ, ਮਤ ਮਤਵਾਲੀ ਦੇਣ ਗਵਾਈਆ । ਜੋ ਹੁਕਮ ਦੇ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਨੀ ਗਏ ਹੋੜ, ਸੋ ਕਿਰਤ ਸਰਬ ਕਮਾਈਆ । ਸੁਰਤ ਸ਼ਬਦ ਦਾ ਕਰ ਅਜੋੜ, ਪ੍ਰਕਿਰਤੀ ਦਿਤਾ ਮੁਖ ਭੁਆਈਆ । ਮੰਤਰ ਕਿਸੇ ਨਾ ਫੁਰੇ ਫੁਰਨਾ ਫੋਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਾਇਆ ਦਿਤੀ ਵਰਤਾਈਆ । ਸਤਿ ਧਰਮ ਕਹੇ ਮੈਂ ਵੇਖਿਆ ਅੰਦਰ ਠੱਗ, ਚੋਰ ਘਰ ਘਰ ਠਗੌਰੀ ਰਿਹਾ ਪਾਈਆ । ਨੌ ਦਵਾਰੇ ਰਿਹਾ ਭੱਜ, ਜਗਤ ਵਾਸਨਾ ਨਾਲ ਮਿਲਾਈਆ । ਆਸਾ ਤ੍ਰਿਸਨਾ ਲਾਉਂਦਾ ਫਿਰੇ ਅੱਗ, ਜਗਤ ਜੀਵ ਨਾ ਕੋਇ ਬੁਝਾਈਆ । ਸਤਿ ਦਵਾਰਾ ਗਿਆ ਤੱਜ, ਕੂੜ ਕੁੜਿਆਰੇ ਬਹਿ ਬਹਿ ਸੋਭਾ ਪਾਈਆ । ਝਗੜਾ ਪਾ ਕੇ ਗੁਰਦਵਾਰੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਮੱਕੇ ਕਾਅਬੇ ਕਲਮਾ ਹਕ ਨਾ ਕੋਇ ਪੜ੍ਹਾਈਆ । ਜਗਤ ਵਿਕਾਰੇ ਸ੍ਰਿਸ਼ਟੀ ਲਈ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪੱਲੂ ਗਏ ਛੱਡ, ਸਖ਼ਾ ਸਖਾਈ ਰਹਿਣ ਨਾ ਕੋਇ ਪਾਈਆ । ਸਦੀ ਵੀਹਵੀਂ ਹੋਏ ਅੱਡ, ਸੰਗੀ ਸਾਥੀ ਸੰਗ ਨਾ ਕੋਇ ਰਖਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਕਰ ਪਰਗਟ, ਘਟ ਘਟ ਆਪਣੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾ ਇਕ ਘਰ, ਘਰ ਸੱਜਣ ਮੇਲ ਮਿਲਾਈਆ । ਸਤਿ ਧਰਮ ਕਹੇ ਮੈਂ ਵੇਖਿਆ ਠੀਕ, ਠਾਕਰ ਸਵਾਮੀ ਨਜ਼ਰੀ ਆਈਆ । ਜਿਸ ਦਾ ਮਾਰਗ ਸਦਾ ਬਾਰੀਕ, ਜੁਗ ਚੌਕੜੀ ਜਗਤ ਚਲਾਈਆ । ਜਿਸ ਦਾ ਲੇਖਾ ਸਮਝਾਏ ਨਾ ਕੋਈ ਤਵਾਰੀਖ, ਮਿਸਲ ਵਿਚ ਮਸਾਇਲ ਨਾ ਕੋਇ ਬਣਾਈਆ । ਜਿਸ ਦਾ ਦਾਰੂ ਰੋਗ ਸਮਝੇ ਨਾ ਕੋਈ ਤਬੀਬ, ਤਬੀਅਤ ਸਮਝ ਕਿਸੇ ਨਾ ਆਈਆ । ਸੋ ਵਸਣਹਾਰਾ ਸਦਾ ਕਰੀਬ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਅੰਤਮ ਉਸ ਦਾ ਖੇਲ ਅਜਬ

ਅਜੀਬ, ਆਜਿਜ਼ ਹੋ ਕੇ ਸੇਵ ਕਮਾਈਆ । ਜਨ ਭਗਤਾਂ ਦੱਸ ਇਕ ਤਾਰੀਖ, ਪਤਿਪਰਮੇਸ਼ਵਰ ਰਿਹਾ ਮਿਲਾਈਆ । ਮਿਹਰਵਾਨ ਹੋ ਕੇ ਲਾ ਸ਼ਰੀਕ, ਸ਼ਰਕਤ ਦੂਈ ਰਿਹਾ ਗਵਾਈਆ । ਪਰਵਰਦਿਗਾਰ ਸਾਂਝਾ ਯਾਰ ਘਰ ਸੱਜਣ ਮਿਲੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਓਸ ਦੇ ਮਿਲਣ ਦੀ ਜਨ ਭਗਤਾਂ ਮਿਲੀ ਤਾਰੀਖ, ਤਰੀਕੇ ਨਾਲ ਰਿਹਾ ਜਣਾਈਆ । ਮਨ ਵਾਸਨਾ ਅੰਤਰ ਲਏ ਜੀਤ, ਬਸੰਤਰ ਬਾਹਰ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਲਹਿਣਾ ਦੇਣਾ ਝੋਲੀ ਪਾਈਆ । ਸਤਿ ਧਰਮ ਕਹੇ ਮੈਂ ਗੁਰਮੁਖ ਵੇਖਾਂ, ਗੁਰ ਗੁਰ ਦਏ ਵਡਿਆਈਆ । ਜਿਨ੍ਹਾਂ ਦੀ ਬੁੱਧ ਹੋਈ ਬਿਬੇਕਾ, ਵਿਵੇਕੀ ਰੂਪ ਵਟਾਈਆ । ਤਿਨ੍ਹਾਂ ਦਾ ਮਾਲਕ ਇਕੋ ਨੇਤਾ, ਨਿਜ ਨੇਤਰ ਨਜ਼ਰੀ ਆਈਆ । ਕੋਟਨ ਕੋਟ ਜਨਮ ਦੇ ਵਿਛੜਿਆਂ ਰੱਖੇ ਚੇਤਾ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਕਰੇ ਪਿਆਰ ਜਿਉਂ ਪੁੱਤਾਂ ਪਿਉ ਬੇਟਾ, ਗੋਦ ਸੁਹੰਜਣੀ ਆਪ ਸੁਹਾਈਆ । ਘਰ ਆ ਕੇ ਦੇਵੇ ਲੇਖਾ, ਲੇਖਣੀ ਬਣੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਸਾਚੀ ਰਿਹਾ ਕਮਾਈਆ । ਸਤਿ ਧਰਮ ਕਹੇ ਮੈਂ ਫੜਿਆ ਪੱਲਾ, ਪੱਲੂ ਗੰਢ ਬੰਧਾਈਆ । ਪ੍ਰਭ ਤੈਨੂੰ ਕਹਿੰਦੇ ਮੀਆਂ ਅੱਲਾ, ਆਲਮ ਇਲਮ ਵਿਚ ਸਮਝਾਈਆ । ਜਾਂ ਤਕਿਆ ਤੂੰ ਇਕ ਇਕੱਲਾ, ਜਾਂ ਵੇਖਿਆ ਘਟ ਘਟ ਨਜ਼ਰੀ ਆਈਆ । ਤੇਰਾ ਨਾਮ ਅਨੋਖਾ ਤਿੱਖਾ ਭੱਲਾ, ਦੋ ਜਹਾਨਾਂ ਆਰ ਪਾਰ ਦਏ ਕਰਾਈਆ । ਮਿਹਰ ਮੁਹੱਬਤ ਪ੍ਰੇਮ ਪ੍ਰੀਤੀ ਨਾਲ ਗੁਰਮੁਖ ਆਤਮ ਸੱਲਾ, ਨਿਸ਼ਾਨਾ ਧੁਰ ਦਾ ਇਕ ਲਗਾਈਆ । ਉਹ ਬਿਰਹੋਂ ਵੈਰਾਗੀ ਵਿਛੋੜੇ ਵਿਚ ਹੋਇਆ ਝੱਲਾ, ਝਲਕ ਤੇਰੀ ਵੇਖੇ ਚਾਈਂ ਚਾਈਂਆ । ਮਿਹਰਵਾਨ ਸ੍ਰੀ ਭਗਵਾਨ ਸ਼ਬਦ ਸਰੂਪ ਤੇਰਾ ਦੀਪਕ ਇਕੋ ਬਲਾ, ਜਗਤ ਅੰਧੇਰਾ ਦਿਤਾ ਮਿਟਾਈਆ । ਭਗਤ ਦਵਾਰੇ ਆ ਕੇ ਖਲਾ, ਜਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਆਪੇ ਰਲਾ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸ਼ਬਦ ਜੁਗਤੀ ਲਏ ਫੜ, ਜਗਤ ਡੋਰੀ ਹੱਥ ਨਾ ਕੋਇ ਉਠਾਈਆ ।

### ੩ ਅੱਸੂ ੨੦੨੧ ਬਿਕ੍ਰਮੀ ਬੂਟਾ ਸਿੰਘ ਦੇ ਗ੍ਰਿਹਿ ਪਿੰਡ ਏਕਲਗੱਡਾ

ਸਤਿ ਧਰਮ ਕਹੇ ਪ੍ਰਭ ਵੇਖੀ ਕਲ ਉਦਾਸੀ, ਨਵ ਨੌ ਚਾਰ ਹੈਰਾਨੀ ਛਾਈਆ । ਆਤਮ ਪਰਮਾਤਮ ਬਣੇ ਕੋਈ ਨਾ ਸਾਥੀ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਰਸਨਾ ਜਿਹਵਾ ਦੇ ਪੂਜਾ ਪਾਠੀ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਸਰੋਵਰ ਘਰ ਨਹਾਵਣ ਕੋਇ ਨਾ ਨ੍ਹਾਤੀ, ਅੱਠ ਸੱਠ ਭੱਜਣ ਵਾਹੋ ਦਾਹੀਆ । ਤੇਰੀ ਸੂਰਤ ਸਚ ਨਾ ਕਿਸੇ ਪਛਾਤੀ, ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਰਹੇ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦੀ ਮੰਨੀ ਕਿਸੇ ਨਾ ਆਖੀ, ਮਨਮਤ ਆਪਣਾ ਰੰਗ ਵਖਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਕਿਸੇ ਨਜ਼ਰ ਨਾ ਆਇਆ ਇਕ ਇਕਾਂਤੀ, ਜਗਤ ਤੱਕਣ ਨੇਤਰ ਕੂੜ ਲੋਕਾਈਆ । ਘਰ ਪਰਕਾਸ਼ ਨਾ ਹੋਇਆ ਦੀਵਾ ਬਾਤੀ, ਜਗਤ ਦੀਵਾਲੀ ਸਾਰੇ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇ ਜਣਾਈਆ । ਸਤਿ ਧਰਮ ਕਹੇ ਪ੍ਰਭ ਵੇਖੀ ਤੇਰੀ ਸ੍ਰਿਸ਼ਟ, ਕਲਜੁਗ

ਅੰਤ ਧਿਆਨ ਲਗਾਈਆ । ਬੁਧੀ ਜਗਤ ਹੋਈ ਭ੍ਰਿਸ਼ਟ, ਸਤਿ ਸਰੂਪ ਨਾ ਕੋਇ ਸਮਾਈਆ । ਤੇਰਾ ਨਜ਼ਰ ਨਾ ਆਏ ਇਸ਼ਟ, ਕੋਟਨ ਕੋਟ ਗੁਰੂ ਰਹੇ ਮਨਾਈਆ । ਆਸਾਂ ਰਖ ਕੇ ਸਵਰਗ ਬਹਿਸ਼ਤ, ਤੇਰਾ ਮੰਦਰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਸਮਝਾਈਆ । ਸਤਿ ਧਰਮ ਕਹੇ ਸਾਚੀ ਚੁੱਕੀ ਚੂਕ, ਘਰ ਘਰ ਵੈਰਾਨੀ ਨਜ਼ਰੀ ਆਈਆ । ਕਲਜੁਗ ਅਗਨੀ ਰਹੀ ਫੂਕ, ਪੰਜ ਤਤ ਮਠ ਤਪਾਈਆ । ਜਲਦਾ ਵੇਖਿਆ ਪੰਜ ਭੂਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨੌ ਦਵਾਰੇ ਜੂਠ ਝੂਠ, ਰਸਨਾ ਲੋਭ ਮੋਹ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਪੜ੍ਹਾਈਆ । ਸਤਿ ਧਰਮ ਕਹੇ ਮੈਂ ਵੇਖਿਆ ਕੂੜ, ਕਲਜੁਗ ਘਰ ਘਰ ਨਜ਼ਰੀ ਆਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਆਪਣੀ ਸੁਰਤ ਸ਼ਬਦ ਨਾ ਕਿਸੇ ਮਿਲਾਈਆ । ਸਤਿਗੁਰ ਮਸਤਕ ਚਰਨ ਨਾ ਲਾਵੇ ਕੋਈ ਧੂੜ, ਦੁਰਮਤ ਮੈਲ ਨਾ ਕੋਇ ਧੁਆਈਆ । ਮਾਇਆ ਮਮਤਾ ਹਉਮੇ ਹੰਗਤਾ ਭੰਡਾਰਾ ਹੋਇਆ ਭਰਪੂਰ, ਬਿਨ ਤੇਰੀ ਕਿਰਪਾ ਖ਼ਾਲੀ ਨਾ ਕੋਇ ਕਰਾਈਆ । ਰਸਨਾ ਜਿਹਵਾ ਢੋਲਾ ਗਾਉਂਦੇ ਮੁੱਲਾ ਸ਼ੇਖ਼ ਮੁਸਾਇਕ ਸੂਲੀ ਚੜ੍ਹਿਆ ਮਨਸੂਰ, ਮਨਸੂਰ ਸਿਖਿਆ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਦਏ ਵਖਾਈਆ । ਸਤਿ ਧਰਮ ਕਹੇ ਮੈਂ ਰਿਹਾ ਉਡੀਕ, ਸਦੀ ਵੀਹਵੀਂ ਧਿਆਨ ਲਗਾਈਆ । ਪ੍ਰਭ ਲਹਿਣਾ ਦੇਣਾ ਚੁਕਾ ਊਚ ਨੀਚ, ਜ਼ਾਤ ਪਾਤ ਦੇ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪਾ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਅੰਤਰ ਆਤਮ ਪਰਮਾਤਮ ਕਾਇਨਾਤ ਕਲਮਾ ਦੱਸ ਹਦੀਸ, ਹਜ਼ਰਤ ਧੁਰ ਦੀ ਕਰ ਪੜ੍ਹਾਈਆ । ਨਾਮ ਅਨਮੋਲਾ ਜਗਤ ਵਿਚੋਲਾ ਦੱਸ ਠੀਕ, ਕੂੜਾ ਠੀਕਰ ਭੰਨ ਭੰਨਾਈਆ । ਤੇਰਾ ਮਾਰਗ ਨਿਤ ਨਵਿਤ ਸਦਾ ਬਾਰੀਕ, ਮੰਜ਼ਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟੀ ਦ੍ਰਿਸ਼ਟੀ ਦੇ ਖੁਲ੍ਹਾਈਆ । ਸਤਿ ਧਰਮ ਕਹੇ ਮੈਂ ਰੱਖੀ ਤਾਂਘ, ਪ੍ਰਭ ਤੇਰਾ ਧਿਆਨ ਲਗਾਈਆ । ਸਵਾਂਗੀ ਹੋ ਕੇ ਵਰਤ ਸਵਾਂਗ, ਨਿਰਗੁਣ ਆਪਣਾ ਫੇਰਾ ਪਾਈਆ । ਕਲਜੁਗ ਅੰਤ ਜੀਵ ਜੰਤ ਹੰਸ ਬੁਧੀ ਹੋਈ ਕਾਗ, ਕਾਗ ਵਾਂਗ ਕੁਰਲਾਈਆ । ਸਚ ਸੁਚ ਗਏ ਤਿਆਗ, ਜੂਠ ਝੂਠ ਲਈ ਪਰਨਾਈਆ । ਅੰਤਰ ਆਤਮ ਤੈਨੂੰ ਮਾਰੇ ਨਾ ਕੋਈ ਆਵਾਜ਼, ਰਸਨਾ ਕੂਕ ਕੂਕ ਦੇਣ ਦੁਹਾਈਆ । ਤੂੰ ਸਾਹਿਬ ਸਵਾਮੀ ਗ਼ਰੀਬ ਨਿਵਾਜ, ਗੁਣਵੰਤਾ ਵਡ ਅਖਵਾਈਆ । ਜੁਗ ਚੌਕੜੀ ਤੇਰਾ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਰਾਹ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਾਸ, ਸੇਵਕ ਚਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਵੇਖ ਆਪਣਾ ਜਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਘਰ ਘਰ ਲੱਗੀ ਦਿਸੇ ਅੱਗ, ਤਤਵ ਤਤ ਤਪਾਈਆ । ਬਿਨ ਹਰਿਨਾਮੇ ਖ਼ਾਲੀ ਹੋਏ ਹੱਡ, ਗ੍ਰਿਹ ਮੰਦਰ ਖ਼ੁਸ਼ੀ ਨਾ ਕੋਇ ਮਨਾਈਆ । ਸਚ ਧਰਮ ਦੀ ਕਿਰਿਆ ਗਏ ਛੱਡ, ਜਗਤ ਵਿਹਾਰਨੇ ਕੀਰਨੇ ਰਹੇ ਪਾਈਆ । ਤੇਰੀ ਮੰਜ਼ਲ ਚੜ੍ਹ ਕੇ ਵੇਖੇ ਕੋਈ ਨਾ ਹੱਦ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਦਰਦੀ ਹੋ ਕੇ ਦਰਦ ਵੰਡਾਈਆ । ਸਤਿ ਧਰਮ ਕਹੇ ਤੇਰਾ ਖੇੜਾ ਰਿਹਾ ਉਜੜ, ਸਾਚੀ ਬਸਤੀ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ

੬੨੦
੧੭

ਹੋਏ ਬੁਚੜ, ਛੁਰੀ ਜ਼ਿਬਹ ਹੱਥ ਉਠਾਈਆ । ਤੇਰੇ ਕਲਮਿਓਂ ਹੋਏ ਨਮੁਕਰ, ਨਾਮ ਸਤਿ ਨਾ ਕੋਇ ਧਿਆਈਆ । ਕੁਠਾ ਖਾ ਕੇ ਕਰਨ ਸ਼ੁਕਰ, ਸ਼ੁਕਰੀਏ ਵਿਚ ਲੋਕਾਈਆ । ਤੇਰਾ ਇਕੋ ਸੋਹਣਾ ਸੱਚਾ ਸੁੱਚਾ ਪੁੱਤਰ, ਗੋਬਿੰਦ ਗਹਿਰ ਗੰਭੀਰ ਅਖਵਾਈਆ । ਜਿਸ ਨੂੰ ਚੁੱਕਿਆ ਗੋਦੀ ਕੁੱਛੜ, ਅੰਗਣ ਆਪਣੇ ਲਿਆ ਬਹਾਈਆ । ਸੋ ਤੇਰੀ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੀ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਤੂੰ ਸਵਾਮੀ ਮਿਹਰਵਾਨ, ਪਰਵਰਦਿਗਾਰ ਇਕ ਅਖਵਾਇੰਦਾ । ਹਕ ਮੁਕਾਮੇ ਤੇਰਾ ਨਿਸ਼ਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਥਿਰ ਘਰ ਤੇਰਾ ਇਕ ਧਿਆਨ, ਬਿਨ ਅੱਖਾਂ ਵੇਖ ਵਖਾਇੰਦਾ । ਸ਼ਬਦ ਅਗੰਮੀ ਸਚ ਗਿਆਨ, ਨਿਰਅੱਖਰ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀ ਡਾਹਿੰਦਾ । ਭਗਤ ਸੁਹੇਲਾ ਹੋ ਕੇ ਦੇਵੇ ਦਾਨ, ਨਾਮ ਭੰਡਾਰਾ ਇਕ ਵਰਤਾਇੰਦਾ । ਸੰਤ ਸੁਹੇਲੇ ਲਏ ਪਹਿਚਾਣ, ਜੁਗ ਚੌਕੜੀ ਵੇਖ ਵਖਾਇੰਦਾ । ਗੁਰਮੁਖਾਂ ਦੇ ਕੇ ਚਰਨ ਪ੍ਰੀਤੀ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਸਿਖ ਤੇਰੀ ਓਟ ਇਕ ਤਕਾਣ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਸਦੀ ਚੌਧਵੀਂ ਨਬੀ ਰਸੂਲ ਈਸਾ ਮੂਸਾ ਮੁਹੰਮਦ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਾਬਤ ਰਿਹਾ ਨਾ ਕਿਸੇ ਈਮਾਨ, ਮਸਲਾ ਹੱਲ ਨਾ ਕੋਇ ਵਖਾਇੰਦਾ । ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਸ਼ਰਅ ਨਾਲ ਲੜਾਇੰਦਾ । ਫਿਰੀ ਦਰੋਹੀ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸੋਭਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਦਾਨ, ਦਾਤਾ ਤੂੰ ਹੀ ਨਜ਼ਰੀ ਆਇੰਦਾ । ਸਤਿ ਧਰਮ ਕਹੇ ਮੈਂ ਰੋਂਦੇ ਵੇਖੇ ਪੈਗ਼ੰਬਰ ਪੀਰ, ਉਚੀ ਕੂਕ ਕੂਕ ਸੁਣਾਈਆ । ਤੁਧ ਬਿਨ ਦੇਵੇ ਨਾ ਕੋਇ ਧੀਰ, ਸੀਸ ਹੱਥ ਨਾ ਕੋਇ ਟਿਕਾਈਆ । ਸਦੀ ਚੌਧਵੀਂ ਸਭ ਦਾ ਹੋਇਆ ਅਖ਼ੀਰ, ਅੱਖਰਾਂ ਵਾਲੀ ਮੁਕੀ ਪੜ੍ਹਾਈਆ । ਅਗਲੀ ਜਣਾਏ ਨਾ ਕੋਈ ਤਦਬੀਰ, ਤਕਦੀਰ ਸਕੇ ਨਾ ਕੋਇ ਬਦਲਾਈਆ । ਸ਼ਰਅ ਟੁੱਟਣ ਲੱਗਾ ਜ਼ੰਜੀਰ, ਜ਼ਰਾ ਜ਼ਰਾ ਦਏ ਕਰਾਈਆ । ਕਰੇ ਖੇਲ ਗਹਿਰ ਗੰਭੀਰ, ਗ਼ੁਰਬਤ ਸਭ ਦੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਤਿ ਧਰਮ ਕਹੇ ਜਗਤ ਨਈਆ ਡੋਲੇ, ਚਾਰੋਂ ਕੁੰਟ ਝਕੋਲਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਢੋਲਾ ਇਕੋ ਬੋਲੇ, ਧੁਰ ਦਾ ਰਾਗ ਸੁਣਾਈਆ । ਪੁਰਖ ਅਬਿਨਾਸ਼ੀ ਕੀਤਾ ਇਕਰਾਰ ਕੌਲੇ, ਸੋ ਵੇਲਾ ਵਕਤ ਸੁਹਾਈਆ । ਨਿਰਗੁਣ ਹੋ ਕੇ ਪਰਗਟ ਹੋਇਆ ਉਪਰ ਧੌਲੇ, ਧਰਨੀ ਧਵਲ ਦਏ ਵਡਿਆਈਆ । ਜਨ ਭਗਤਾਂ ਭਾਗ ਲਗਾਵੇ ਕਾਇਆ ਚੋਲੇ, ਪੰਜ ਤਤ ਮੇਲਾ ਸਹਿਜ ਸੁਭਾਈਆ । ਸ਼ਬਦ ਜਣਾਏ ਅੰਤਰ ਓਹਲੇ, ਅੰਤਰ ਆਤਮ ਦਏ ਸਮਝਾਈਆ । ਸਤਿ ਸਰੂਪੀ ਤਤ ਵਿਰੋਲੇ, ਨਾਮ ਮਧਾਣਾ ਇਕੋ ਪਾਈਆ । ਗੁਰਮੁਖਾਂ ਨੇਤਰ ਇਕੋ ਖੋਲ੍ਹੇ, ਦੋਏ ਲੋਚਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿ ਧਰਮ ਕਹੇ ਪ੍ਰਭ ਵੇਖ ਆਪਣਾ ਜਗ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਨੌ ਸੱਤ ਲਗੀ ਅੱਗ, ਅਗਨੀ ਅੱਗ ਨਾ ਕੋਇ ਬੁਝਾਈਆ । ਨੌ ਦਵਾਰੇ ਸਾਰੇ ਰਹੇ ਭੱਜ, ਭੱਜਣ ਵਾਹੋ ਦਾਹੀਆ । ਕੋਈ ਚੜ੍ਹੇ ਨਾ ਉਪਰ ਸ਼ਾਹਰਗ, ਮੰਜ਼ਲ ਪੰਧ ਮੁਕਾਈਆ । ਬਿਨ ਮੱਕੇ ਕਾਅਬਿਓਂ ਪੂਰਾ ਨਾ ਹੋਵੇ ਕਿਸੇ

ਹੱਜ, ਹੁਜਰਾ ਹਕ ਨਾ ਕੋਇ ਵਖਾਈਆ । ਘਰ ਸੁਣੇ ਨਾ ਕੋਈ ਅਨਹਦ, ਨਾਦੀ ਨਾਦ ਨਾ ਕੋਇ ਵਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਗਏ ਥੱਕ, ਥਕਾਵਟ ਵਿਚ ਜਗਤ ਲੋਕਾਈਆ । ਘਰ ਸਵਾਮੀ ਠਾਕਰ ਪਰਵਰਦਿਗਾਰ ਮਿਲਿਆ ਨਾ ਪੁਰਖ ਸਮਰਥ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗ੍ਰਿਹਿ ਮੰਦਰ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਆ ਜਾ ਮੰਦਰ, ਸਾਢੇ ਤਿੰਨ ਹੱਥ ਡੇਰਾ ਲਾਈਆ । ਬਜਰ ਕਪਾਟੀ ਤੋੜ ਜੰਦਰ, ਜ਼ਿੰਦਗੀ ਭਗਤਾਂ ਦੇ ਸਮਝਾਈਆ । ਕਰ ਪਰਕਾਸ਼ ਅੰਧੇਰੇ ਕੰਦਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਿਸ ਦੇ ਵਿਚੋਂ ਨਜ਼ਰੀ ਆਏ ਬ੍ਰਹਿਮੰਡ ਖੰਡ ਤੇਰਾ ਮੰਡਲ, ਮੰਡਪ ਬੇਪਰਵਾਹੀਆ । ਲੇਖਾ ਚੁਕਾ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਨਾਮ ਅਨੋਖੀ ਚਾੜ੍ਹ ਰੰਗਤ, ਰੰਗ ਰੰਗੀਲਾ ਇਕ ਰੰਗਾਈਆ । ਦੂਜੇ ਦਰ ਗੁਰਮੁਖ ਕਦੇ ਨਾ ਜਾਏ ਮੰਗਤ, ਆਸਾ ਮਨਸਾ ਪੂਰ ਕਰਾਈਆ । ਤੂੰ ਬੋਧ ਅਗਾਧ ਧੁਰ ਦਾ ਪੰਡਤ, ਤੇਰੀ ਸਿਖਿਆ ਬੇਪਰਵਾਹੀਆ । ਤੂੰ ਆਦਿ ਜੁਗਾਦੀ ਮਾਲਕ ਸੱਚੇ ਸੰਤ, ਸਤਿਗੁਰ ਨਜ਼ਰੀ ਆਈਆ । ਤੇਰੀ ਮਹਿੰਮਾ ਅਗੰਮ ਅਥਾਹ ਸਦਾ ਬੇਅੰਤ, ਲੇਖਾ ਲਿਖੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚੇ ਜਗਾ ਪ੍ਰਭ, ਤੇਰੇ ਹੱਥ ਵੱਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਲੱਭ, ਚਾਰੇ ਖਾਣੀ ਖੋਜ ਖੁਜਾਈਆ । ਅੰਦਰ ਵੜ ਕੇ ਸੁਣਾ ਦੇ ਛੰਦ, ਬਾਹਰੋਂ ਸ਼ਬਦ ਪੜ੍ਹਾਈਆ । ਆਤਮ ਨਾਲੋਂ ਪਰਮਾਤਮ ਜੋ ਹੋਈ ਅੱਡ, ਪ੍ਰੇਮ ਪ੍ਰੀਤੀ ਨਾਲ ਦੇ ਮਿਲਾਈਆ । ਕੂੜੀ ਕਿਰਿਆ ਕਾਇਆ ਅੰਦਰ ਮੰਦਰ ਵਿਚੋਂ ਦੇ ਕੱਢ, ਨਾਮ ਖੰਡਾ ਇਕ ਚਮਕਾਈਆ । ਤੇਰਾ ਪ੍ਰੇਮ ਨਿਜ ਤੇਰੇ ਨਾਲ ਜਾਏ ਹੰਢ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਸ਼ੀ ਦੇ ਅਨੰਦ, ਨਿਮਰਤਾ ਵਿਚ ਤੇਰੇ ਅੱਗੇ ਸੀਸ ਨਿਵਾਈਆ । ਸਤਿ ਧਰਮ ਕਹੇ ਪ੍ਰਭ ਜਗਤ ਹੋਇਆ ਕੂੜਿਆਰ, ਕੂੜੀ ਕਿਰਿਆ ਘਰ ਘਰ ਨਜ਼ਰੀ ਆਈਆ । ਠਾਂਡਾ ਦਿਸੇ ਨਾ ਕੋਇ ਦਰਬਾਰ, ਅਗਨੀ ਤਤ ਨਾ ਕੋਇ ਬੁਝਾਈਆ । ਮਾਇਆ ਮਮਤਾ ਸ੍ਰਿਸ਼ਟ ਸਬਾਈ ਵਧਿਆ ਹੰਕਾਰ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਏਸੇ ਕਰਕੇ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਅੱਗੇ ਕਰ ਕੇ ਗਏ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਕਲ ਕਲਕੀ ਲਏ ਅਵਤਾਰ ਜੋਧਾ ਸੂਰਬੀਰ ਬਲੀ ਬਲਕਾਰ, ਨਿਰਗੁਣ ਨਿਰਵੈਰ ਇਕ ਅਖਵਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰ, ਦੋ ਜਹਾਨਾਂ ਪਾਵੇ ਸਾਰ, ਸਮਰਥ ਪੁਰਖ ਖੋਜ ਖੁਜਾਈਆ । ਜਿਸ ਦੇ ਦਰ ਤੇ ਵਿਸ਼ਨ ਬ੍ਰਹਮ ਸ਼ਿਵ ਖੜ੍ਹੇ ਭਿਖਾਰ, ਕਰੋੜ ਤੇਤੀਸਾ ਧੂੜ ਮੰਗੇ ਛਾਰ, ਸੀਸ ਸਕੇ ਨਾ ਕੋਇ ਉਠਾਈਆ । ਉਹ ਖ਼ਾਲਕ ਮਾਲਕ ਮੇਰਾ ਯਾਰ, ਬੇਪਰਵਾਹ ਬੇਨਜ਼ੀਰ ਲਾਸ਼ਰੀਕ ਨੂਰ ਖ਼ੁਦਾਈਆ । ਕਲਮਿਆਂ ਵਿਚੋਂ ਵਸੇ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਵਿਚ ਮੇਲ ਮਿਲਾਈਆ । ਸਤਿ ਧਰਮ ਕਹੇ ਪ੍ਰਭ ਤੇਰੀ ਲੋੜ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਆਤਮ ਪਰਮਾਤਮ ਪਰਮ ਪੁਰਖ ਆਪਣੀ ਆਪਣੇ ਨਾਲ ਜੋੜ, ਵਿਛੋੜਾ ਜਗਤ ਦਏ ਕਟਾਈਆ । ਤੇਰੇ ਹੱਥ ਅਗੰਮੀ ਡੋਰ, ਸ਼ਬਦੀ ਤੰਦ ਨਜ਼ਰ ਕਿਸੇ ਨਾ ਆਈਆ । ਤੂੰ ਸ਼ਾਹ ਸੁਲਤਾਨ ਸ੍ਰੀ ਭਗਵਾਨ ਦੋ ਜਹਾਨਾਂ ਰਿਹਾ ਦੌੜ, ਆਵਣ ਜਾਵਣ ਆਪਣਾ ਖੇਲ ਖਿਲਾਈਆ । ਨਿਤ ਨਵਿਤ ਜੁਗਾ ਜੁਗੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਸ ਵੇਖਿਆ ਮਿੱਠਾ ਕੌੜ, ਘਟ

ਘਟ ਅੰਦਰ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਪਿਆ ਸ਼ੋਰ, ਸ਼ੌਹਰ ਸਕੇ ਨਾ ਕੋਇ ਮਿਲਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਸਚਖੰਡ ਨਿਵਾਸੀ ਤੱਕ ਨਾਲ ਗ਼ੌਰ, ਗਹਿਰ ਗੰਭੀਰ ਲਏ ਅੰਗੜਾਈਆ । ਤੁਧ ਬਿਨ ਦਿਸੇ ਨਾ ਮਾਲਕ ਕੋਈ ਹੋਰ, ਹੋਕਾ ਦੇਕੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਸਾਚੇ ਆ ਕੇ ਬੌਹੜ, ਬੌਹੜੀ ਤੇਰੇ ਨਾਮ ਦੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਜਾਣੇ ਨਾ ਕੋਈ ਹੋਰ, ਅਵਰਾ ਸਕੇ ਨਾ ਕੋਇ ਸਮਝਾਈਆ ।

### ✪ ੩ ਅੱਸੂ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾਂ ✪

ਸਤਿ ਧਰਮ ਕਹੇ ਪ੍ਰਭ ਕਰ ਰਿਛਾ, ਰੱਛਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਗਏ ਪਿਛਾ, ਸਦੀ ਚੌਧਵੀਂ ਸੰਗ ਨਾ ਕੋਇ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਵਿਖਤਾਂ ਵਿਚ ਦੱਸਦੇ ਗਏ ਪੁਰਖ ਅਕਾਲ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਹਰ ਘਟ ਕਰੇ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਊਚੋ ਊਚ ਵਡ ਨੀਕਣ ਨੀਕਾ, ਰੂਪ ਅਨੂਪ ਸਮਝ ਕੋਇ ਨਾ ਪਾਈਆ । ਦਰੋਹੀ ਖ਼ੁਦਾਏ ਦੋ ਜਹਾਨ ਸ੍ਰੀ ਭਗਵਾਨ ਦਿਤੀ ਸਭ ਨੇ ਪਿੱਠਾ, ਕਰਵਟ ਸਕੇ ਨਾ ਕੋਇ ਬਦਲਾਈਆ । ਜਗਤ ਵਿਕਾਰ ਕੂੜ ਕੁੜਿਆਰ ਕਲਜੁਗ ਅੰਤ ਕਿਸੇ ਨਾ ਜਿੱਤਾ, ਹਾਰ ਗਈ ਸਰਬ ਲੋਕਾਈਆ । ਤੇਰੇ ਨਾਮ ਦਾ ਰਸ ਹੋਇਆ ਫਿੱਕਾ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਜੀਵ ਜੰਤ ਸਾਧ ਸੰਤ ਮੱਥੇ ਟੇਕਣ ਪੱਥਰ ਇੱਟਾਂ, ਸਿਲ ਪੂਜਸ ਧਿਆਨ ਲਗਾਈਆ । ਤੇਰਾ ਰੂਪ ਸਤਿ ਸਰੂਪ ਸ਼ਬਦ ਸਵਾਮੀ ਕਿਸੇ ਨਾ ਡਿੱਠਾ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਦੇ ਮਾਣ ਵਡਿਆਈਆ । ਸਤਿ ਧਰਮ ਕਹੇ ਮੈਂ ਕੀ ਕੀ ਦੱਸਾਂ, ਤੁਧ ਨੂੰ ਹਾਲ ਸੁਣਾਈਆ । ਕੂੜ ਕੁੜਿਆਰਾ ਜਗਤ ਹੰਕਾਰਾ ਵਿਭਚਾਰਾ ਵੇਖਿਆ ਅੱਖਾਂ, ਬਿਨ ਨੈਣਾਂ ਨੈਣ ਖੁਲ੍ਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਨੌ ਸੱਤ ਪਿਆ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ । ਤੇਰੇ ਪ੍ਰੇਮ ਪਤਿਪਰਮੇਸ਼ਵਰ ਅੰਤਰ ਆਤਮ ਕੋਈ ਨਾ ਰੱਤਾ, ਰੱਤੀ ਰਤ ਨਾ ਕੋਇ ਸੁਕਾਈਆ । ਭੈਣ ਭਾਈ ਸਾਕ ਸੱਜਣ ਬਣਿਆ ਕੋਈ ਨਾ ਸਕਾ, ਸਾਰੇ ਨਾਤਾ ਗਏ ਤੁੜਾਈਆ । ਖੇਲ ਵੇਖਿਆ ਤਤ ਅੱਠਾਂ ਨੌ ਦਵਾਰੇ ਮਨ ਵਾਸਨਾ ਨੱਚਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਚ ਗੁਸਾਈਂਆ । ਸਤਿ ਧਰਮ ਕਹੇ ਮੈਂ ਵੇਖਿਆ ਕੂੜ ਨਜ਼ਾਰਾ, ਕਲਜੁਗ ਅੰਤ ਧਿਆਨ ਲਗਾਈਆ । ਤੇਰਾ ਦਿਸੇ ਨਾ ਕੋਈ ਪਿਆਰਾ, ਨੇਤਰ ਨੈਣ ਨਾ ਕੋਇ ਤਕਾਈਆ । ਕਾਗ਼ਜ਼ ਕਲਮ ਸ਼ਾਹੀ ਕਰਨ ਨਿਮਸਕਾਰਾ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਦੀਆ ਬਾਤੀ ਗ੍ਰਿਹ ਮੰਦਰ ਨਾ ਕੋਇ ਉਜਿਆਰਾ, ਕਮਲਾਪਾਤੀ ਮੇਲ ਨਾ ਕੋਇ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਤੀਰਥ ਤਟ ਲੱਭਣ ਵਾਰੋ ਵਾਰਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜਣ ਚਾਈਂ ਚਾਈਂਆ । ਪਤਿਪਰਮੇਸ਼ਵਰ ਸਤਿ ਸਵਾਮੀ ਤੇਰਾ ਨਜ਼ਰ ਨਾ ਆਏ ਕਿਸੇ ਕਿਨਾਰਾ, ਹਦ ਹਦੂਦ ਵੇਖਣ ਕੋਇ ਨਾ ਪਾਈਆ । ਤੇਰਾ ਭੇਵ ਅਭੇਦਾ ਦੱਸ ਕੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਜਗਤ ਪੜ੍ਹਾਈਆ । ਕਲ ਕਲਕੀ ਨਰ ਨਰਾਇਣ ਲਏ ਅਵਤਾਰਾ,

ਅਮਾਮ ਇਕੋ ਬੇਪਰਵਾਹੀਆ । ਜਿਸ ਦਾ ਮੁਕਾਮੇ ਹਕ ਸਚ ਘਰ ਬਾਰਾ, ਸਚਖੰਡ ਸਾਚੇ ਡੇਰਾ ਲਾਈਆ । ਜਿਸ ਦਾ ਇਕੋ ਸੁਤ ਦੁਲਾਰਾ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਵਸੇ ਵਸਣਹਾਰਾ, ਵਾਸਤਾ ਆਪਣੇ ਨਾਲ ਜੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਨਿਹਾਰਾ, ਸੇਵਕ ਸੇਵਾ ਇਕ ਜਣਾਈਆ । ਤ੍ਰੈਗੁਣ ਮਾਇਆ ਦੇਵਣਹਾਰ ਭੰਡਾਰਾ, ਪੰਜ ਤਤ ਕਰੇ ਕੁੜਮਾਈਆ । ਖਾਣੀ ਬਾਣੀ ਖੇਲ ਕਰੇ ਨਿਆਰਾ, ਜੇਰਜ ਅੰਡਜ ਉਤਭੁਜ ਸੇਤਜ ਸੋਭਾ ਪਾਈਆ । ਨਾਮ ਅਗੰਮੀ ਬੋਲ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੇ ਵੰਡ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹ ਹਰਿ ਕਰਤਾ ਆਪਣੀ ਕਾਰ ਕਮਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਕਰ ਪਸਾਰਾ, ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਗਗਨ ਗਗਨੰਤਰ ਸੋਭਾ ਪਾਈਆ । ਦੇ ਪਰਕਾਸ਼ ਰਵ ਸਸ ਸੂਰਜ ਚੰਨ ਸਿਤਾਰਾ, ਸੱਤ ਸਰੋਵਰ ਸਾਗਰ ਸੱਤ ਨੌ ਦਵਾਰਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਮੈਂ ਹੋਇਆ ਮੁਰਦਾ, ਕਲਜੁਗ ਮਿਲੇ ਨਾ ਕੋਇ ਵਡਿਆਈਆ । ਮੇਰਾ ਲੇਖਾ ਚੁੱਕਿਆ ਧੁਰ ਦਾ, ਧਰਨੀ ਧਰਤ ਧਵਲ ਸੋਭਾ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਸ਼ਬਦ ਭੁੱਲਿਆ ਗੁਰ ਦਾ, ਗੁਰੂ ਗੁਰਦੇਵ ਸਵਾਮੀ ਇਸ਼ਟ ਨਾ ਕੋਇ ਮਨਾਈਆ । ਤੇਰੇ ਨਾਲ ਪੁਰਖ ਅਕਾਲ ਕੋਈ ਨਾ ਜੁੜਦਾ, ਜੋੜੀ ਸਚ ਨਾ ਕੋਇ ਬਣਾਈਆ । ਮੈਂ ਨੇਤਰ ਤੱਕਾਂ ਕਲਜੁਗ ਬੇੜਾ ਰੁੜ੍ਹਦਾ, ਨਈਆ ਨੌਕਾ ਡੋਲੇ ਰਹੀ ਖਾਈਆ । ਲੇਖਾ ਚੁਕੇ ਅਵਤਾਰ ਗੁਰ ਦਾ, ਪੈਗ਼ੰਬਰ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿ ਧਰਮ ਕਹੇ ਮੈਂ ਹੋਇਆ ਬੇਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਕੋਈ ਨਾ ਨਿਭਿਆ ਮੇਰੇ ਨਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਮੁਖ ਛੁਪਾਈਆ । ਜੂਹ ਜੰਗਲ ਤੇਈ ਅਵਤਾਰ ਕਰ ਕਰ ਥੱਕੇ ਭਾਲ, ਈਸਾ ਮੂਸਾ ਮੁਹੰਮਦ ਖੋਜ ਖੁਜਾਈਆ । ਨਾਨਕ ਗੋਬਿੰਦ ਦੱਸਿਆ ਇਕ ਦਲਾਲ, ਦਹਿ ਦਿਸ਼ਾ ਸਚ ਸਮਝਾਈਆ । ਸਭ ਦਾ ਖ਼ਾਲਕ ਮਾਲਕ ਪੁਰਖ ਅਕਾਲ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਜਲਵਾ ਨੂਰ ਜਲਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਆਪੇ ਸੁਰਤ ਸੰਭਾਲ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਪੜਦਾ ਲਾਹੀਆ । ਜਿਸ ਦੇ ਹੁਕਮੇ ਅੰਦਰ ਖੇਲਣ ਖੇਲ ਸ਼ਾਹ ਕੰਗਾਲ, ਉਚਾਂ ਨੀਚਾਂ ਆਪਣਾ ਹੁਕਮ ਵਰਤਾਈਆ । ਸੋ ਸਾਹਿਬ ਧੁਰ ਦਾ ਸੁਲਤਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕ ਅਖਵਾਈਆ । ਸੋ ਜੀਵਾਂ ਜੰਤਾਂ ਸਾਧਾਂ ਸੰਤਾਂ ਸਭ ਦਾ ਮਾਲਕ ਵੱਡਾ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਪ੍ਰਭ ਦਰ ਤੇਰੇ ਤੇ ਏਸੇ ਕਾਰਨ ਮੰਗਾਂ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਤੂੰ ਮਾਲਕ ਰਾਮਾਂ ਦਾ ਰਾਮ, ਇਮਾਮਾਂ ਦਾ ਇਮਾਮ, ਆਦਿ ਜੁਗਾਦਿ ਭੇਵ ਕੋਇ ਨਾ ਆਈਆ । ਪੀਰ ਪੈਗ਼ੰਬਰ ਤੇਰਾ ਕਲਮਿਆਂ ਵਿਚ ਦੇਂਦੇ ਗਏ ਪੈਗ਼ਾਮ, ਸੁਨੇਹੜਿਆਂ ਨਾਲ ਕਰਨ ਸ਼ਨਵਾਈਆ । ਕੋਟਨ ਕੋਟ ਤੇਰੇ ਸਿਫ਼ਤੀ ਰੱਖ ਕੇ ਨਾਮ, ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤਾ ਲਿਖਾਈਆ । ਦਰ ਸੱਯਦੇ ਤੇਰੇ ਕਰਦੇ ਵੇਖੇ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਬਰਦੇ ਬਣਾ ਕੇ ਰੱਖੇ ਗ਼ੁਲਾਮ, ਚਾਕਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੋਹੇ ਹੋਇਆ ਸੋਗ, ਚਿੰਤਾ ਚਿਖਾ ਰਹੀ ਜਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕੋਇ ਨਾ ਜਾਣੇ ਤੇਰਾ ਜੋਗ, ਗੇਰੂ ਕੱਪੜੇ ਸਾਰੇ ਰਹੇ ਰੰਗਾਈਆ । ਲੱਖ ਚੁਰਾਸੀ ਕਰੇ ਭੋਗ, ਤੇਰੇ

ਵਸਲ ਦੀ ਅਸਲ ਸਮਝ ਕਿਸੇ ਨਾ ਆਈਆ । ਜੀਵਾਂ ਜੰਤਾਂ ਹੋਇਆ ਵਿਜੋਗ, ਵਿਛੜੇ ਸਕੇ ਨਾ ਕੋਇ ਮਿਲਾਈਆ । ਹਉਮੇ ਲੱਗਾ ਰੋਗ, ਮਾਇਆ ਮਮਤਾ ਰਹੀ ਸਤਾਈਆ । ਦੁਰਮਤ ਮੈਲ ਕੋਈ ਨਾ ਸਕੇ ਧੋਗ, ਪੜਦਾ ਪਰੇ ਨਾ ਕੋਇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਮੈਂ ਪੜ੍ਹਦੇ ਵੇਖੇ ਨਮਾਜ਼, ਮੁਰੀਦ ਮੁਰਸ਼ਦ ਦੋਵੇਂ ਧਿਆਨ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਮਸਲਿਆਂ ਨਾਲ ਮਾਰਨ ਆਵਾਜ਼, ਹੂ ਹੂ ਨਾਅਰਾ ਨਾਲ ਮਿਲਾਈਆ । ਨਾਦਾਂ ਵਿਚ ਗੌਂਦੇ ਰਾਗ, ਤਰਾਨਿਆਂ ਵਿਚ ਤਾਨ ਸੁਣਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰਾ ਕੋਈ ਨਾ ਖੋਲ੍ਹੇ ਰਾਜ਼, ਰਹਿਮਤ ਸਚ ਨਾ ਕੋਇ ਕਮਾਈਆ । ਸਦੀ ਚੌਧਵੀਂ ਸਾਰੇ ਹੋਏ ਬਰਬਾਦ, ਚੌਦਾਂ ਤਬਕ ਰਹੇ ਕੁਰਲਾਈਆ । ਖੇੜਾ ਦਿਸੇ ਨਾ ਕੋਈ ਆਬਾਦ, ਇਬਾਦਤ ਸਚ ਨਾ ਕੋਇ ਕਮਾਈਆ । ਸ਼ਰਅ ਸ਼ਰੀਅਤ ਵੇਖੀ ਜਮਾਤ, ਜੁਮਲਾ ਅੱਖਰ ਹਕ ਨਾ ਕੋਇ ਪੜ੍ਹਾਈਆ । ਦਰ ਤੇਰੇ ਦਿਸੇ ਨਾ ਕੋਈ ਮੁਹਤਾਜ, ਸੀਸ ਜਗਦੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋ ਸਹਾਈਆ । ਸਤਿ ਧਰਮ ਕਹੇ ਵੇਖੇ ਅਗਲੇ ਪਿਛਲੇ, ਚਾਰ ਜੁਗ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਸਾਚੀ ਡੋਰ ਕੋਈ ਨਾ ਖਿਚ ਲਏ, ਤੰਦੀ ਤੰਦ ਨਾ ਕੋਇ ਹਿਲਾਈਆ । ਤੂੰ ਸਚ ਸਵਾਮੀ ਤੇਰੇ ਭੇਵ ਅਭੇਦ ਦਿਲ ਦੇ, ਨਿਰਵੈਰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਿਰਜਣਹਾਰ ਫੇਰਾ ਪਾਈਆ । ਸਿਰਜਣਹਾਰ ਆ ਕੇ ਤੱਕ, ਸਤਿ ਸਚ ਦਿਤਾ ਜਣਾਈਆ । ਨਵ ਨੌ ਚਾਰ ਉਬਲੇ ਰੱਤ, ਨਾੜੀ ਨਾੜੀ ਰਹੀ ਕੁਰਲਾਈਆ । ਕਿਸੇ ਦੀ ਝੋਲੀ ਪਏ ਨਾ ਧੁਰ ਦਾ ਹਕ, ਹਕੀਕਤ ਬੈਠੀ ਮੁਖ ਛੁਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਣ ਗੀਤਾ ਗਿਆਨ ਸਾਰੇ ਪੜ੍ਹ ਪੜ੍ਹ ਗਏ ਅੱਕ, ਅਕਲ ਬੁਧ ਚਲੀ ਨਾ ਕੋਇ ਚਤੁਰਾਈਆ । ਅੱਠ ਸੱਠ ਸਰੋਵਰ ਤਟ ਤੀਰਥ ਜੀਵ ਜੰਤ ਆਏ ਨੱਠ, ਦੁਰਮਤ ਮੈਲ ਨਾ ਕੋਇ ਧੁਆਈਆ । ਸਤਿ ਧਰਮ ਦਾ ਨਜ਼ਰ ਨਾ ਆਇਆ ਕਿਸੇ ਹੱਟ, ਵਣਜਾਰਾ ਰੂਪ ਨਾ ਕੋਇ ਵਟਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਮਾਰਗ ਸੱਚਾ ਇਕ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਦੂਰ ਦੁਰਾਡੇ ਨੇਰਨ ਨੇਰੇ ਆਪਣੇ ਮਿਲਣ ਦੀ ਖੋਲ੍ਹ ਅੱਖ, ਬਿਨ ਅੱਖਰਾਂ ਕਰ ਪੜ੍ਹਾਈਆ । ਗੁਰ ਅਵਤਾਰ ਕਹਿ ਕੇ ਗਏ ਕਲਜੁਗ ਅੰਤ ਹੋਵੇ ਪਰਗਟ, ਪੁਰਖ ਅਕਾਲ ਦੀਨ ਦਿਆਲ ਬੇਪਰਵਾਹੀਆ । ਪੀਰ ਪੈਗ਼ੰਬਰ ਤੇਰੇ ਉਤੇ ਓਟ ਰਹੇ ਰੱਖ, ਆਸਾ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਗਈ ਅਕਲ, ਆਕਲ ਰਹਿਣ ਕੋਇ ਨਾ ਪਾਈਆ । ਭਰਮ ਭੁਲੇਖਾ ਕੂੜੀ ਸ਼ਕਲ, ਸ਼ਿਕਵਾ ਸਕੇ ਨਾ ਕੋਇ ਚੁਕਾਈਆ । ਧਾਮ ਦਿਸੇ ਨਾ ਕਿਸੇ ਬੈਤੁਲ, ਮੁਕੱਦਸ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਚ ਸਵਾਮੀ ਫੇਰਾ ਪਾਈਆ । ਫੇਰਾ ਪਾ ਪ੍ਰਭ ਆ ਕੇ ਠਾਕਰ, ਠੱਗੀ ਚੋਰੀ ਦੇ ਮੁਕਾਈਆ । ਪਾਰ ਕਰਾ ਡੂੰਘੇ ਸਾਗਰ, ਸਤਿ ਸਤਿਵਾਦੀ ਵੇਖ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਕਲਜੁਗ ਜੀਵਾਂ ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਬਿਨ ਚਰਨਾਂ ਚਰਨ ਟਿਕਾਈਆ । ਸਤਿ ਧਰਮ ਦਾ ਸੁਣ ਕੇ ਨਾਅਰਾ, ਸਾਹਿਬ ਸੁਲਤਾਨ ਲਏ ਅੰਗੜਾਈਆ । ਸ਼ਬਦੀ ਸ਼ਬਦ

ਕਰੇ ਇਸ਼ਾਰਾ, ਇਕੋ ਹੁਕਮ ਜਣਾਈਆ । ਖ਼ਬਰਦਾਰ ਹੋ ਗੁਰੂ ਅਵਤਾਰਾ, ਪੀਰ ਪੈਗ਼ੰਬਰ ਲਓ ਅੰਗੜਾਈਆ । ਸ੍ਰਿਸ਼ਟ ਸਬਾਈ ਵੇਖੇ ਜਗਤ ਸੰਸਾਰਾ, ਦੋ ਜਹਾਨਾਂ ਖੋਜ ਖੁਜਾਈਆ । ਚਾਰ ਜੁਗ ਦਾ ਪਿਛਲਾ ਯਾਦ ਕਰੋ ਵਿਹਾਰਾ, ਵਿਵਹਾਰੀ ਰਿਹਾ ਦ੍ਰਿੜਾਈਆ । ਕਾਗ਼ਜ਼ ਕਲਮ ਉਤੇ ਜੋ ਲੇਖ ਲਿਖਿਆ ਬਣ ਲਿਖਾਰਾ, ਸ਼ਾਹੀ ਦਿਤੀ ਜਗਤ ਵਡਿਆਈਆ । ਉਸ ਦਾ ਆਇਆ ਅੰਤ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਝੱਟ, ਸੋਇਆ ਕੋਇ ਰਹਿਣ ਨਾ ਪਾਈਆ । ਲੋਕਮਾਤ ਖੋਲ੍ਹ ਕੇ ਵੇਖੋ ਅੱਖ, ਆਖ਼ਰ ਇਕੋ ਵਾਰ ਜਣਾਈਆ । ਜੋ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਮਾਰਗ ਆਏ ਦੱਸ, ਸ਼ਹਾਦਤ ਅਬਾਦਤ ਗ੍ਰੰਥਾਂ ਨਾਲ ਜਣਾਈਆ । ਖ਼ਾਲੀ ਵੇਖੋ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰੇ ਦੇਣ ਦੁਹਾਈਆ । ਸਾਧ ਸੰਤ ਕੋਈ ਨਾ ਰੱਖੇ ਕਿਸੇ ਪਤ, ਧੀਆਂ ਭੈਣਾਂ ਬਿਨ ਅੱਖਾਂ ਨੈਣਾਂ ਨਾਲ ਤਕਾਈਆ । ਧੀਰਜ ਰਿਹਾ ਨਾ ਕਿਸੇ ਜਤ, ਸਤਿ ਸੰਤੋਖ ਨਾ ਕੋਇ ਵਡਿਆਈਆ । ਸਭ ਦੀ ਪੁੱਠੀ ਹੋਈ ਮਤ, ਮਨੂਆ ਉਠ ਉਠ ਦਹਿ ਦਿਸ਼ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਅੱਖ ਖੋਲ੍ਹਣ, ਲੋਕਮਾਤ ਧਿਆਨ ਲਗਾਈਆ । ਉਚੀ ਕੂਕ ਕੂਕ ਬੋਲਣ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਕਲਜੁਗ ਅੰਤਮ ਸਾਚੇ ਕੰਡੇ ਆਇਆ ਤੋਲਣ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਆਇਆ ਵਰੋਲਣ, ਨਾਮ ਮਧਾਣਾ ਹੱਥ ਉਠਾਈਆ । ਧੁਰ ਦਾ ਬਣਨ ਆਇਉਂ ਵਚੋਲਣ, ਸੁਰਤੀ ਸ਼ਬਦੀ ਮੇਲ ਮਿਲਾਈਆ । ਵਜਾਵਣ ਆਇਉਂ ਸੱਚਾ ਢੋਲਨ, ਅਨਹਦ ਨਾਦ ਸੁਣਾਈਆ । ਸਚ ਪ੍ਰੀਤੀ ਆਇਉਂ ਘੋਲੀ ਘੋਲਣ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲੈਣਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਜਗਤ ਜਹਾਨ, ਪ੍ਰਭ ਸਾਚੇ ਸੀਸ ਨਿਵਾਈਆ । ਤੇਰਾ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰਾ ਨਿਸ਼ਾਨ, ਆਦਿ ਨਿਰੰਜਣ ਸਮਝ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਤੇਰਾ ਦਾਨ, ਸ੍ਰੀ ਭਗਵਾਨ ਝੋਲੀ ਆਪ ਭਰਾਈਆ । ਪਾਰਬ੍ਰਹਮ ਤੂੰ ਵੇਖਣਹਾਰਾ ਮਾਰ ਧਿਆਨ, ਬ੍ਰਹਮ ਖੋਜੇਂ ਥਾਉਂ ਥਾਈਆ । ਸਚਖੰਡ ਤੇਰਾ ਅਸਥਾਨ, ਭੂਮਿਕਾ ਇਕੋ ਇਕ ਸੁਹਾਈਆ । ਥਿਰ ਘਰ ਸੁਤ ਦੁਲਾਰਾ ਨੌਜਵਾਨ, ਸ਼ਬਦੀ ਸਾਚਾ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਹੁੰਦਾ ਰਿਹੋਂ ਪਰਧਾਨ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਸਿਦਕ ਸਬੂਰੀ ਧਰਮ ਪਰਮਾਤਮ ਆਤਮ ਦੱਸਦਾ ਰਿਹੋਂ ਗਿਆਨ, ਅੱਖਰਾਂ ਨਾਲ ਕਰ ਪੜ੍ਹਾਈਆ । ਲੇਖਾ ਲਿਖਦਾ ਰਿਹੋਂ ਸ਼ਾਸਤਰ ਸਿਮਰਤ ਵੇਦ ਪੁਰਾਨ, ਕਾਤਬ ਹੋ ਕੇ ਕਲਮ ਚਲਾਈਆ । ਜਨ ਭਗਤਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਦੇਂਦਾ ਰਿਹੋਂ ਪੈਗ਼ਾਮ, ਧੁਰ ਦਾ ਰਾਗ ਅਲਾਈਆ । ਕਲਜੁਗ ਅੰਤ ਤੇਰਾ ਕੋਈ ਨਾ ਬੇਲੀ ਵਿਚ ਜਹਾਨ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਹਰਾਮ, ਸ਼ੈਤਾਨ ਕਰੇ ਲੜਾਈਆ । ਮੰਤਰ ਕੋਈ ਨਾ ਗਾਏ ਸਤਿਨਾਮ, ਨਾਮ ਸਤਿ ਨਾ ਕੋਇ ਸਮਾਈਆ । ਨਾਨਕ ਗੋਬਿੰਦ ਕਹਿਣ ਸ੍ਰੀ ਭਗਵਾਨ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲੈਣਾ ਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿ, ਸਤਿ ਸਤਿਵਾਦੀ ਤੇਰੀ ਇਕ ਸ਼ਰਨਾਈਆ । ਜੋ ਅਸੀਂ ਮਾਰਗ ਆਏ ਦੱਸ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਜਗਤ

ਜਣਾਈਆ । ਸੋ ਖੇੜਾ ਸਭ ਦਾ ਹੋਇਆ ਭੱਠ, ਕਲਜੁਗ ਅਗਨੀ ਤਤ ਤਪਾਈਆ । ਤੇਰੇ ਚਰਨ ਕਵਲ ਉਪਰ ਧਵਲ ਪਿਛੇ ਗਏ ਹਟ, ਧੂੜੀ ਖ਼ਾਕ ਨਾ ਕੋਇ ਰਮਾਈਆ । ਅੰਮ੍ਰਿਤ ਆਤਮ ਨਿਜਰ ਮਿਲੇ ਨਾ ਕਿਸੇ ਰਸ, ਸਚ ਮੇਘ ਨਾ ਕੋਇ ਬਰਸਾਈਆ । ਹੋਇਆ ਵਿਛੋੜਾ ਪੁਰਖ ਸਮਰਥ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਾਢੇ ਤਿੰਨ ਹੱਥ ਮੰਦਰ ਸਭ ਦਾ ਰਿਹਾ ਢੱਠ, ਅੰਤਮ ਮੜ੍ਹੀ ਗੋਰ ਡੇਰਾ ਰਹੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਦੇ ਤਰਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਸਹਾਰਾ, ਸਾਹਿਬ ਤੇਰੀ ਸਰਨਾਈਆ । ਤੂੰ ਸਤਿਗੁਰ ਸੱਚਾ ਮੀਤ ਮੁਰਾਰਾ, ਮਿਤਰ ਇਕ ਅਖਵਾਈਆ । ਤੇਰਾ ਗੋਬਿੰਦ ਸੁਤ ਦੁਲਾਰਾ, ਸ਼ਬਦੀ ਨਾਉਂ ਵਡਿਆਈਆ । ਜੋ ਲੇਖਾ ਲਿਖੇ ਅਗੰਮ ਅਪਾਰਾ, ਦ੍ਰਿਸ਼ਟ ਅਗੋਚਰ ਦਏ ਖੁਲ੍ਹਾਈਆ । ਜਿਸ ਦਾ ਵਣਜ ਅਨੋਖਾ ਵਪਾਰਾ, ਧੁਰ ਦਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਅੰਤਮ ਮੋਇਆ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਜਗਤ ਦਵਾਰੇ ਮਿਲੇ ਨਾ ਕੋਇ ਢੋਇਆ, ਢੇਰੀ ਖ਼ਾਕ ਨਜ਼ਰੀ ਆਈਆ । ਹੰਝੂਆਂ ਨੀਰ ਵਹਾ ਕੇ ਰੋਇਆ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਕਿਹੜੀ ਗ਼ਫ਼ਲਤ ਨੀਂਦ ਸੋਇਆ, ਸੁੱਤਾ ਲਏ ਨਾ ਕੋਇ ਅੰਗੜਾਈਆ । ਜਿਸ ਨੂੰ ਆਦਿ ਜੁਗਾਦਿ ਕਹਿੰਦੇ ਨਵਾਂ ਨਰੋਇਆ, ਨਾ ਮਰੇ ਨਾ ਜਾਈਆ । ਜਿਸ ਦਾ ਪਰਕਾਸ਼ ਅਗੰਮੀ ਲੋਇਆ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਨੇ ਲੱਖ ਚੁਰਾਸੀ ਘਰ ਘਰ ਅੰਦਰ ਆਪਣਾ ਬੀਜ ਬੋਇਆ, ਪਤ ਡਾਲ੍ਹੀ ਫਲ ਫੁੱਲ ਸਰਬ ਮਹਿਕਾਈਆ । ਜਿਸ ਨੇ ਜਗਤ ਜਹਾਨ ਜੁਗ ਚੌਕੜੀ ਆਪ ਬਲੋਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸਤਿ ਧਰਮ ਕਹੇ ਮੈਨੂੰ ਹੋਈ ਚਿੰਦ, ਕਲਜੁਗ ਚਿਖਾ ਰਹੀ ਜਲਾਈਆ । ਸਾਚੀ ਦਿਸੇ ਨਾ ਕੋਈ ਬਿੰਦ, ਬੰਦਨਾ ਸਕੇ ਨਾ ਕੋਇ ਕਰਾਈਆ । ਰੋਦੇ ਵੇਖੇ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਤੂੰ ਮਰਗਿੰਦ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਗਹਿਰ ਗੰਭੀਰ ਸਾਗਰ ਸਿੰਧ, ਹਉਂ ਮਛਲੀ ਅੰਤ ਕਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਭੇਵ ਦਏ ਖੁਲ੍ਹਾਈਆ । ਸਤਿ ਧਰਮ ਕਹੇ ਤੂੰ ਮੇਰਾ, ਮੈਂ ਤੇਰੀ ਓਟ ਤਕਾਈਆ । ਤੂੰ ਸਹਿਬ ਸੁਲਤਾਨ ਸ਼ਬਦੀ ਸ਼ੇਰਾ, ਭਬਕ ਇਕੋ ਦੇ ਸੁਣਾਈਆ । ਕੂੜੀ ਕਿਰਿਆ ਚੁੱਕੇ ਝੇੜਾ, ਲੇਖਾ ਮੁਕੇ ਜਗਤ ਲੋਕਾਈਆ । ਖੁਲ੍ਹਾ ਧਰਤ ਮਾਤ ਦਾ ਹੋਏ ਵਿਹੜਾ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਥੇ ਪਾ ਕੇ ਗਏ ਫੇਰਾ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਤੂੰ ਬੈਠਾ ਰਿਹੋਂ ਕਰਕੇ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਆਪਣਾ ਮੁਖ ਛੁਪਾਈਆ । ਬਿਨ ਤੇਰੀ ਕਿਰਪਾ ਤੈਨੂੰ ਜਾਣੇ ਕਿਹੜਾ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਪ੍ਰਭ ਹੁਣ ਤਰਸਾਇਆ ਸਭ ਨੂੰ ਬਥੇਰਾ, ਆਪਣਾ ਆਪ ਪੜਦਾ ਪਾਈਆ । ਸਦੀ ਵੀਹਵੀਂ ਕਰ ਮਿਹਰਾ, ਮਿਹਰ ਨਜ਼ਰ ਉਠਾਈਆ । ਦਰਸ਼ਨ ਕਰਕੇ ਗੁਰਮੁਖ ਤੇਰਾ, ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਸਤਿ ਧਰਮ ਕਹੇ ਮੈਂ ਭਗਤਾਂ ਮੀਤ, ਪ੍ਰਭ ਨਾਤਾ ਲਿਆ ਜੁੜਾਈਆ । ਛੱਡ ਕੇ ਮੰਦਰ ਮਸੀਤ, ਹਰਿਜਨ ਵੇਖਾਂ ਚਾਈਂ ਚਾਈਆ । ਜਿਨ੍ਹਾਂ ਦੇ ਅੰਦਰ ਤੇਰਾ ਗੀਤ, ਦਿਵਸ

ਰੈਣ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਸ੍ਰੀ ਭਗਵਾਨ ਕਹੇ ਸਤਿ ਧਰਮ ਤੇਰੀ ਪੁੰਨੀ ਆਸ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਮੈਂ ਭਗਤਾਂ ਸਦਾ ਦਾਸ, ਸੇਵਕ ਚਾਕਰ ਰੂਪ ਵਟਾਈਆ । ਉਨ੍ਹਾਂ ਅੰਦਰ ਕਰਕੇ ਵਾਸ, ਘਰ ਘਰ ਬੈਠਾ ਸੋਭਾ ਪਾਈਆ । ਨਿਰਮਲ ਜੋਤ ਕਰ ਪਰਕਾਸ਼, ਨੂਰੋ ਨੂਰ ਕਰਾਂ ਰੁਸ਼ਨਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਅਨਹਦ ਨਾਦੀ ਨਾਦ ਸੁਣਾਈਆ । ਆਤਮ ਸੇਜਾ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਬਾਤਨ ਕਰਾਂ ਆਪਣੀ ਬਾਤ, ਜ਼ਾਹਰ ਨੂਰ ਜ਼ਹੂਰ ਕਰਾਂ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਵਖਾਵਾਂ ਓਹ ਮਹਿਰਾਬ, ਜਿਸ ਦਾ ਮਾਲਕ ਮਹਿਬੂਬ ਗੁਸਾਈਆ । ਓਥੇ ਜਗੇ ਨਾ ਕੋਈ ਆਫ਼ਤਾਬ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਧਰਮ ਤੇਰੀ ਪੂਰੀ ਮਨਸਾ, ਮਾਣਸਾਂ ਵਿਚੋਂ ਗੁਰਮੁਖਾਂ ਨਾਲ ਮਿਲਾਈਆ । ਜਿਨ੍ਹਾਂ ਦਾ ਰੂਪ ਅਗੰਮੀ ਹੰਸਾ, ਸੋਹੰ ਢੋਲਾ ਰਹੇ ਗਾਈਆ । ਓਹ ਸਤਿਗੁਰ ਦਾ ਸਾਚਾ ਬੰਸਾ, ਵਿਸ਼ਵ ਯੱਦ ਸਮਝਾਈਆ । ਓਥੇ ਕੋਈ ਨਾ ਹਉਮੇ ਹੰਗਤਾ, ਹੰ ਬ੍ਰਹਮ ਇਕ ਦ੍ਰਿੜਾਈਆ । ਲੇਖਾ ਚੁਕਿਆ ਪਾਂਧੇ ਪੰਡਤਾ, ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਲੋੜ ਰਹੀ ਨਾ ਰਾਈਆ । ਓਥੇ ਵੱਜੇ ਓਹ ਸੰਖਾ, ਜਿਸ ਦੀ ਧੁਨ ਸਮਝ ਕਿਸੇ ਨਾ ਪਾਈਆ । ਲੇਖਾ ਚੁਕਾਇਆ ਵਾਸਨਾ ਮਨ ਕਾ, ਮਨ ਕਾ ਮਣਕਾ ਦਿਤਾ ਭੁਆਈਆ । ਸਤਿਗੁਰੂ ਮਾਲਕ ਹੋਇਆ ਤਨ ਕਾ, ਤਤਵ ਤਤ ਆਪਣੇ ਲੇਖੇ ਲਾਈਆ । ਦੇ ਭੰਡਾਰਾ ਸਾਚੇ ਧਨ ਕਾ, ਸਚ ਖ਼ਜ਼ੀਨਾ ਦਏ ਵਰਤਾਈਆ । ਸਤਿ ਧਰਮ ਤੇਰਾ ਮੇਲਾ ਧੁਰ ਕੇ ਜਨ ਕਾ, ਗੁਰਮੁਖ ਸਾਚੇ ਜੋੜ ਜੁੜਾਈਆ । ਲੇਖਾ ਚੁੱਕੇ ਛੱਪਰ ਛੰਨ ਕਾ, ਸ਼ਹਿਨਸ਼ਾਹ ਆਪਣੀ ਗੋਦ ਬਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਲਾਹੀਆ । ਸਤਿ ਧਰਮ ਕਹੇ ਮੈਂ ਸੁਣ ਕੇ ਹੱਸਾਂ, ਹਸਤੀ ਤੇਰੀ ਨਜ਼ਰੀ ਆਈਆ । ਮੇਰੀਆਂ ਬਦਲ ਗਈਆ ਅੱਖਾਂ, ਅੱਖਰਾਂ ਛੁਟੀ ਪੜ੍ਹਾਈਆ । ਮੈਂ ਚਰਨੀ ਪ੍ਰਭ ਦੀ ਢੱਠਾਂ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਮਨਾਈਆ । ਮੈਂ ਦਰ ਦਵਾਰੇ ਹੋ ਕੇ ਵਸਾਂ, ਜਿਸ ਦਾ ਵਾਸਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਲਿਆ ਜੁੜਾਈਆ । ਪੁਰਖ ਅਕਾਲ ਕਹੇ ਤੇਰਾ ਨਾਤਾ ਜੁੜਿਆ, ਜਨ ਭਗਤ ਕਰਾਂ ਕੁੜਮਾਈਆ । ਮੇਰੇ ਦਰ ਤੋਂ ਖ਼ਾਲੀ ਕੋਈ ਨਾ ਜਾਏ ਮੁੜਿਆ, ਸਭ ਦੀ ਝੋਲੀ ਦਿਆਂ ਭਰਾਈਆ । ਮੇਰਾ ਮੰਤਰ ਅੰਤਰ ਆਤਮ ਜਿਸ ਨੂੰ ਫੁਰਿਆ, ਫੁਰਨੇ ਸਭ ਦੇ ਬੰਦ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਪ੍ਰਭ ਦੱਸਿਆ ਰਾਹ, ਰਹਿਬਰ ਇਕ ਅਖਵਾਈਆ । ਮੈਂ ਭਗਤਾਂ ਦੇਵਾਂ ਸਲਾਹ, ਗੁਰਮੁਖਾਂ ਸਚ ਦ੍ਰਿੜਾਈਆ । ਸਾਚੇ ਸੰਤੋ ਮੰਨੋ ਇਕ ਮਲਾਹ, ਜੋ ਬੇੜਾ ਜੁਗ ਜੁਗ ਰਿਹਾ ਚਲਾਈਆ । ਜਿਸ ਨੂੰ ਗੋਬਿੰਦ ਪਿਤਾ ਲਿਆ ਬਣਾ, ਪੁਰਖ ਅਕਾਲ ਸਿਫ਼ਤ ਸਾਲਾਹੀਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨੇ ਖ਼ੁਦਾ, ਮੁਕਾਮੇ ਹਕ ਸੋਭਾ ਪਾਈਆ । ਤਿਸ ਦੇ ਉਤੋਂ ਹੋਵੋ ਫ਼ਿਦਾ, ਫ਼ੈਸਲਾ ਧੁਰ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸਤਿ ਧਰਮ ਕਹੇ ਮੈਂ ਕਰਾਂ ਸਲਾਮ, ਸੱਜਦਾ ਸੀਸ ਨਿਵਾਈਆ । ਸੂਫ਼ੀ ਮੁਰੀਦੋ ਸੁਣੋ ਮੇਰਾ ਪੈਗ਼ਾਮ, ਜੋ ਅਮਾਮ ਦਿਤਾ ਸੁਣਾਈਆ । ਕੂੜੀ ਕਿਰਿਆ ਛੱਡੋ ਹਰਾਮ, ਸ਼ੈਤਾਨ ਘਰੋਂ ਕਢਾਈਆ । ਸਾਬਤ ਕਰੋ ਸਚ

ਈਮਾਨ, ਸਿਦਕ ਸਬੂਰੀ ਸਮਝਾਈਆ । ਮੀਆਂ ਬੀਵੀ ਗਾਓ ਇਕੋ ਗਾਣ, ਸੁਰਤੀ ਸ਼ਬਦੀ ਢੋਲਾ ਗਾਈਆ । ਹੁਕਮੀ ਖੇਲ ਸ੍ਰੀ ਭਗਵਾਨ, ਤੁਖ਼ਮ ਲੋਕਾਈ ਦਏ ਜਣਾਈਆ । ਜੋਧਾ ਸੂਰਬੀਰ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਗੋਬਿੰਦ ਸੁੱਟ ਕੇ ਚਿੱਲਾ ਤੀਰ ਕਮਾਨ, ਤਰਕਸ਼ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਮੈਂ ਸਚ ਭਾਖਾਂ, ਭਾਖਿਆ ਭਾਸ਼ਾ ਵਿਚ ਬਦਲਾਈਆ । ਜੁਗ ਚੌਕੜੀ ਧੁਰ ਸੰਦੇਸਾ ਜੋ ਅੱਖਰਾਂ ਵਿਚ ਆਖਾਂ, ਨਿਰਅੱਖਰ ਦੀ ਧਾਰ ਪਰਗਟਾਈਆ । ਗੁਰ ਅਵਤਾਰਾਂ ਦੇਵਾਂ ਦਾਤਾਂ, ਪੀਰ ਪੈਗ਼ੰਬਰਾਂ ਝੋਲੀ ਪਾਈਆ । ਧੁਰ ਦਾ ਮਾਲਕ ਬਣ ਕੇ ਆਕਾ, ਆਕਬਤ ਵੇਖਾਂ ਚਾਈਂ ਚਾਈਂਆ । ਮੁਹੱਬਤ ਵਿਚ ਰਹਾਂ ਮੁਸ਼ਤਾਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਰਚਾਈਆ । ਹਰਿ ਸਾਚਾ ਖੇਲ ਰਚੌਂਦਾ ਏ । ਸਤਿ ਧਰਮ ਸਚ ਸਮਝੌਂਦਾ ਏ । ਲੱਖ ਚੁਰਾਸੀ ਕਾਇਆ ਮਾਟੀ ਵੇਖ ਕੱਚ, ਕੰਚਨ ਰੂਪ ਆਪ ਵਟੌਂਦਾ ਏ । ਪਰਗਟ ਹੋ ਪੁਰਖ ਸਮਰਥ, ਜੋਤੀ ਜਾਤਾ ਜੋਤ ਜਗੌਂਦਾ ਏ । ਜੋ ਗੁਰ ਅਵਤਾਰ ਗਏ ਦੱਸ, ਪੀਰ ਪੈਗ਼ੰਬਰਾਂ ਨਿਰਗੁਣ ਵੇਖ ਵਖੌਂਦਾ ਏ । ਨਿਰਗੁਣ ਨੂਰ ਕਰ ਪਰਗਟ, ਸ਼ਬਦੀ ਡੰਕ ਇਕ ਵਜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਮਨ ਵਾਸਨਾ ਕੋਈ ਨਾ ਰਹੇ ਚੰਡਾਲ ਚੂਹੜੀ, ਚਿੰਤਾ ਚਿਖਾ ਵਿਚ ਜਲਾਵਾਂਗਾ । ਜਨ ਭਗਤਾਂ ਦੇ ਕੇ ਚਰਨਾਂ ਧੂੜੀ, ਮਸਤਕ ਟਿੱਕਾ ਨਾਮ ਲਗਾਵਾਂਗਾ । ਸਭ ਦੀ ਆਸਾ ਮਨਸਾ ਕਰਕੇ ਪੂਰੀ, ਮਾਣਸ ਆਪਣੀ ਗੋਦ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਘਟ ਘਟ ਵਾਸੀ ਫੋਲ ਫੁਲਾਵੇਗਾ । ਮੰਡਲ ਰਾਸੀ ਰਾਸ ਰਚਾਵੇਗਾ । ਚਾਰ ਜੁਗ ਦਾ ਲਹਿਣਾ ਦੇਣਾ, ਸਭ ਦੀ ਝੋਲੀ ਪਾਵੇਗਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਿਆ ਕਹਿਣਾ, ਤਿਨ੍ਹਾ ਨੈਣਾਂ ਸਰਬ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਜਣਾਵੇਗਾ । ਅਚਰਜ ਖੇਲ ਆਪ ਜਣਾਉਂਦਾ ਏ । ਜੁਗ ਜੁਗ ਵੇਸ ਵਟਾਉਂਦਾ ਏ । ਨਿਰਗੁਣ ਸਰਗੁਣ ਧਾਰ ਚਲਾਉਂਦਾ ਏ । ਸ਼ਬਦ ਜੈਕਾਰ ਇਕ ਬੁਲਾਉਂਦਾ ਏ । ਸ੍ਰਿਸ਼ਟ ਸੰਸਾਰ ਸਰਬ ਉਠਾਉਂਦਾ ਏ । ਵਿਭਚਾਰ ਮੇਟ ਮਿਟਾਉਂਦਾ ਏ । ਪ੍ਰੇਮ ਪਿਆਰ ਇਕ ਵਖਾਉਂਦਾ ਏ । ਚਾਰ ਜੁਗ ਪੰਧ ਮੁਕਾਉਂਦਾ ਏ । ਨਿਰਗੁਣ ਨੂਰ ਚੰਦ ਚਮਕਾਉਂਦਾ ਏ । ਸੋਹੰ ਢੋਲਾ ਛੰਦ ਸੁਣਾਉਂਦਾ ਏ । ਜੋ ਧੁਰ ਦੀ ਮੰਗੀ ਮੰਗ, ਪੀਰ ਪੈਗ਼ੰਬਰਾਂ ਪੂਰ ਕਰਾਉਂਦਾ ਏ । ਜਿਸ ਨੇ ਛੱਡਿਆ ਪੁਰੀ ਅਨੰਦ, ਤਿਸ ਨੂੰ ਆਪਣੇ ਅਨੰਦ ਵਿਚ ਸਮਾਉਂਦਾ ਏ । ਅੰਦਰ ਬਾਹਰ ਦੇ ਕੇ ਗੰਢ, ਪੱਲੂ ਇਕੋ ਜੋੜ ਜੁੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਉਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਨਿਹਕਰਮੀ ਹੋ ਕੇ ਵੇਖ ਵਖਾਵਾਂਗਾ । ਵਰਨੀ ਬਰਨੀ ਡੇਰਾ ਢਾਹਵਾਂਗਾ । ਸਾਚੀ ਤਰਨੀ ਇਕ ਤਰਾਵਾਂਗਾ । ਅੱਖ ਖੋਲ੍ਹ ਹਰਨੀ ਫਰਨੀ, ਲੋਚਣ ਇਕੋ ਇਕ ਚਮਕਾਵਾਂਗਾ । ਜਿਨ੍ਹਾਂ ਪੌੜੀ ਦੱਸਾਂ ਚੜ੍ਹਨੀ, ਮੰਜ਼ਲ ਅਗਲਾ ਪੰਧ ਮੁਕਾਵਾਂਗਾ । ਇਕੋ ਪੱਟੀ ਦੱਸਾਂ ਪੜ੍ਹਨੀ, ਜਿਸ ਦੇ ਵਿਚੋਂ ਆਪਣਾ ਆਪ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ

ਘਰ ਵੇਖ ਵਖਾਵਾਂਗਾ । ਘਰ ਸਾਚਾ ਵੇਖ ਵਖਾਏਗਾ । ਸਾਢੇ ਤਿੰਨ ਹੱਥ ਬੰਕ ਸੁਹਾਏਗਾ । ਸੁਖਮਨ ਟੇਢੀ ਬੰਕ ਪਾਰ ਕਰਾਏਗਾ । ਈੜਾ ਪਿੰਗਲ ਪੰਧ ਚੁਕਾਏਗਾ । ਸਚ ਸਰੋਵਰ ਇਕ ਨੁਹਾਏਗਾ । ਦੁਰਮਤ ਮੈਲ ਆਪ ਧੁਆਏਗਾ । ਕਾਗੋਂ ਹੰਸ ਰੂਪ ਵਟਾਏਗਾ । ਦੀਆ ਦੀਪਕ ਜੋਤ ਜਗਾਏਗਾ । ਕਾਇਆ ਕੋਟ ਇਕ ਸੁਹਾਏਗਾ । ਸ਼ਬਦ ਅਨਾਦ ਚੋਟ ਲਗਾਏਗਾ । ਦੇ ਕੇ ਦਰਸ ਆਪ ਅਮੋਘ, ਸਨਮੁਖ ਸਾਹਿਬ ਨਜ਼ਰੀ ਆਏਗਾ । ਜਨਮ ਕਰਮ ਦਾ ਕੱਟ ਕੇ ਰੋਗ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਮੇਲ ਮਿਲਾਏਗਾ । ਧੁਰ ਸੰਜੋਗੀ ਮੇਲ ਮਿਲਾਵਾਂਗਾ । ਜਗਤ ਵਿਜੋਗੀ ਰੋਗ ਮਿਟਾਵਾਂਗਾ । ਜਨ ਭਗਤਾਂ ਦੇ ਕੇ ਅੰਦਰ ਸੋਝੀ, ਸੋਈ ਸੁਰਤ ਆਪ ਉਠਾਵਾਂਗਾ । ਲੇਖ ਮੁਕਾ ਕੇ ਜੰਞੂ ਬੋਦੀ, ਤਿਲਕ ਲਲਾਟੀ ਨਾਮ ਲਗਾਵਾਂਗਾ । ਧੁਰ ਦਾ ਬਣ ਕੇ ਅਗਾਧ ਬੋਧੀ, ਮੰਤਰ ਇਕੋ ਇਕ ਦ੍ਰਿੜਾਵਾਂਗਾ । ਖੇਲ ਕਰਾਂ ਬਣ ਕੇ ਚੋਜੀ, ਚੋਜ ਨਿਰਾਲੇ ਆਪ ਦਸਾਵਾਂਗਾ । ਜੋ ਜਨਮ ਕਰਮ ਦਾ ਹੋਇਆ ਰੋਗੀ, ਤਿਸ ਦਾ ਦੁਖੜਾ ਦੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਵੇਲਾ ਅੰਤ ਅੰਤ ਵਖਾਵਾਂਗਾ । ਕਲਜੁਗ ਅੰਤਮ ਖੇਲ ਖਿਲਾਵਾਂਗਾ । ਗੁਰ ਅਵਤਾਰਾਂ ਨਾਲ ਮਿਲਾਵਾਂਗਾ । ਪੀਰ ਪੈਗ਼ੰਬਰਾਂ ਫੜ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਵਾਂਗਾ । ਕਰੋੜ ਤੇਤੀਸਾ ਅੱਖ ਖੁਲ੍ਹਾਵਾਂਗਾ । ਬੀਸ ਇਕੀਸ ਸੋਭਾ ਪਾਵਾਂਗਾ । ਸਚ ਹਦੀਸ ਇਕ ਸੁਣਾਵਾਂਗਾ । ਰਾਗ ਛਤੀਸ ਵੇਖ ਵਖਾਵਾਂਗਾ । ਤੀਸ ਬਤੀਸ ਫੋਲ ਫੁਲਾਵਾਂਗਾ । ਹੋ ਕੇ ਆਪ ਸਾਹਿਬ ਜਗਦੀਸ, ਜਾਗਰਤ ਜੋਤ ਇਕ ਜਗਾਵਾਂਗਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰਕੇ ਖ਼ੀਸ, ਭਿਛਿਆ ਘਰ ਘਰ ਦਰ ਦਰ ਮੰਗ ਮੰਗਾਵਾਂਗਾ । ਲੇਖਾ ਜਾਣਾਂ ਹਸਤ ਕੀਟ, ਊਚ ਨੀਚ ਪੜਦਾ ਲਾਹਵਾਂਗਾ । ਸਤਿ ਧਰਮ ਦੀ ਦੱਸ ਕੇ ਰੀਤ, ਸਤਿਜੁਗ ਸਾਚਾ ਮਾਰਗ ਲਾਵਾਂਗਾ । ਕਾਇਆ ਕਾਅਬਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਇਕ ਦਿਖਾਵਾਂਗਾ । ਜਿਸ ਘਰ ਵਸੇ ਸਾਹਿਬ ਅਨਡੀਠ, ਸੋ ਭਗਤ ਦਵਾਰ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਜੋੜ ਜੁੜਾਵਾਂਗਾ । ਹਰਿਜਨ ਸਾਚੇ ਜੋੜ ਜੁੜਾਵੇਗਾ । ਆਤਮ ਪਰਮਾਤਮ ਕਰਕੇ ਪੂਰੀ ਲੋੜ, ਪਿਛਲਾ ਲਹਿਣਾ ਝੋਲੀ ਪਾਵੇਗਾ । ਕਰਕੇ ਖੇਲ ਅਵਰ ਕਾ ਔਰ, ਅਗੰਮੀ ਕਾਰ ਕਮਾਵੇਗਾ । ਕਰ ਪਰਕਾਸ਼ ਅੰਧੇਰੇ ਘੋਰ, ਕ੍ਰਿਸ਼ਨਾ ਸ਼ੁਕਲਾ ਪੱਖ ਦੋਵੇਂ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਹੁਕਮ ਵਰਤਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਆਓ ਅੱਗੇ, ਅਗਲਾ ਹਾਲ ਜਣਾਈਆ । ਤੇਈ ਦਸ ਤ੍ਰੈ ਪਿਛੇ ਅੱਗੇ, ਅਠਾਰਾਂ ਸੋਹਣੀ ਵੰਡ ਵੰਡਾਈਆ । ਹੁਕਮੇ ਅੰਦਰ ਫਿਰਨ ਭੱਜੇ, ਨੱਠਣ ਵਾਹੋ ਦਾਹੀਆ । ਕੌਣ ਵੇਲਾ ਸਾਹਿਬ ਸਵਾਮੀ ਦਿਤੇ ਸੱਦੇ, ਸਦਕੇ ਵਾਰੀ ਘੋਲ ਘੁਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੇ ਹੁਕਮੇ ਅੰਦਰ ਬੱਝੇ, ਬੰਦਨਾ ਕਰ ਸੀਸ ਨਿਵਾਈਆ । ਪੰਜ ਤਤ ਖ਼ਾਕੀ ਬਣਾਏ ਬੰਦੇ, ਅੰਤਮ ਬਦਲੀ ਦਿਤੀ ਕਰਾਈਆ । ਨਾਮ ਢੋਲੇ ਗਾਉਂਦੇ ਆਏ ਛੰਦੇ, ਮੰਤਰਾਂ ਨਾਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਵਖਾਈਆ । ਸ੍ਰੀ ਭਗਵਾਨ ਕਹੇ ਪ੍ਰਭ ਆਪ, ਅੰਤਮ ਇਕ ਦ੍ਰਿੜਾਈਆ । ਗੁਰ ਅਵਤਾਰੋਂ ਚਲੋ ਸਾਥ, ਲੋਕਮਾਤ ਵੇਖ ਵਖਾਈਆ । ਪੀਰ ਪੈਗ਼ੰਬਰ ਖੋਲ੍ਹੋ ਆਂਖ,

ਲੋਚਨ ਇਕ ਰੁਸ਼ਨਾਈਆ । ਕਲਜੁਗ ਹੋਈ ਅੰਧੇਰੀ ਰਾਤ, ਭਿੰਨੜੀ ਰੈਣ ਨਾ ਕੋਇ ਸੁਹਾਈਆ । ਜਗਤ ਵਾਸਨਾ ਨਾਰ ਹੋਈ ਕਮਜ਼ਾਤ, ਕੁਲਖਣੀ ਰੂਪ ਵਟਾਈਆ । ਪ੍ਰੇਮ ਪਿਆਰ ਦੀ ਕਰੇ ਨਾ ਕੋਈ ਬਾਤ, ਜੂਠ ਝੂਠ ਲੜਾਈਆ । ਸਤਿਗੁਰ ਨਜ਼ਰ ਨਾ ਆਏ ਕਿਸੇ ਸਾਖਿਆਤ, ਸਿਖਿਆ ਸਾਰੇ ਗਏ ਭੁਲਾਈਆ । ਅੰਮ੍ਰਿਤ ਦੇਵੇ ਨਾ ਕੋਇ ਆਬੇਹਯਾਤ, ਹਯਾਤੀ ਸਕੇ ਨਾ ਕੋਇ ਬਦਲਾਈਆ । ਹੁਜਰਾ ਸੋਹੇ ਨਾ ਕੋਇ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਸਤਿਗੁਰ ਮਾਰੇ ਨਾ ਕੋਇ ਆਵਾਜ਼, ਸੁੱਤੀ ਸ੍ਰਿਸ਼ਟ ਨਾ ਕੋਇ ਉਠਾਈਆ । ਨਾਨਕ ਗੁਰ ਸਭ ਦਾ ਬਣਕੇ ਆਇਆ ਦਾਸ, ਨੀਚੋ ਨੀਚ ਅਖਵਾਈਆ । ਬੋਧ ਅਗਾਧਾ ਖੋਲ੍ਹ ਕੇ ਆਇਆ ਰਾਜ਼, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਅਲਾਈਆ । ਕੂੜੀ ਕਿਰਿਆ ਖੋਲ੍ਹ ਕੇ ਆਇਆ ਪਾਜ, ਪੜਦਾ ਦੂਈ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਪਿਆਲਾ ਮਦਿ ਦੱਸ ਕੇ ਆਇਆ ਸ਼ਰਾਬ, ਸ਼ਰਅ ਨਾ ਕੋਇ ਲੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਇਆ ਹੈਰਾਨ, ਕਲਜੁਗ ਅੰਤਮ ਵੇਖ ਵਖਾਈਆ । ਪੰਡਤ ਪਾਂਧੇ ਦਿਸੇ ਬੇਈਮਾਨ, ਬੇਵਾ ਰੂਪ ਵਟਾਈਆ । ਮੁੱਲਾ ਸ਼ੇਖ਼ ਬਗ਼ਲੀਂ ਰੱਖ ਕੁਰਾਨ, ਕਲਮੇ ਰਹੇ ਸੁਣਾਈਆ । ਸਾਧ ਸੰਤ ਰਸਨਾ ਮੰਤਰ ਪੜ੍ਹਨ ਸਤਿਨਾਮ, ਨੇਤਰ ਧੀਆਂ ਭੈਣਾਂ ਰਹੇ ਤਕਾਈਆ । ਗੁਰਦਰ ਮੰਦਰ ਮਸਜਿਦ ਮਠ ਸ਼ਿਵਦਵਾਲੇ ਵੜਿਆ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਕੋਇ ਗਿਆਨ, ਭਰਮੇ ਭੁੱਲੀ ਸਰਬ ਲੋਕਾਈਆ । ਅੰਤਰ ਆਤਮ ਵੇਖੇ ਮਾਰ ਨਾ ਕੋਇ ਧਿਆਨ, ਬਾਹਰੋਂ ਲੱਭਣ ਹਰਿ ਜੂ ਨਜ਼ਰ ਕਿਸੇ ਨਾ ਆਈਆ । ਸਚ ਭੂਮਿਕਾ ਸੋਹੇ ਨਾ ਕੋਇ ਅਸਥਾਨ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਆਲਮ ਫ਼ਾਜ਼ਲ ਗਿਆਨੀ ਧਿਆਨੀ ਹੋਏ ਨਾਦਾਨ, ਹੰਕਾਰ ਵਿਕਾਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਿਸ਼ਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਹੋਇਆ ਅਸਚਰਜ, ਭੁੱਲੀ ਸ੍ਰਿਸ਼ਟ ਲੋਕਾਈਆ । ਕੂੜੀ ਕਿਰਿਆ ਵਿਸ਼ਿਆ ਕੋਲੋਂ ਆਏ ਵਰਜ, ਇੰਦਰੀਆਂ ਵਸ ਕਰਾਈਆ । ਜਨ ਭਗਤਾਂ ਦੀ ਲਿਖ ਕੇ ਦੇ ਕੇ ਆਏ ਫ਼ਰਦ, ਸਿਫ਼ਤਾਂ ਨਾਲ ਸਾਲਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਸਭ ਨੇ ਵੰਡਣਾ ਦਰਦ, ਦੁਖੀਆਂ ਹੋਣਾ ਸਹਾਈਆ । ਇਕੋ ਪੁਰਖ ਅਕਾਲ ਅਗੇ ਕਰਨੀ ਅਰਜ਼, ਗੋਬਿੰਦ ਗੁਰ ਕਰੀ ਪੜ੍ਹਾਈਆ । ਓਹ ਸੂਰਬੀਰ ਦਾਤਾ ਜੋਧਾ ਮਰਦ, ਮਰਦਾਨਗੀ ਇਕ ਕਮਾਈਆ । ਕਿਸੇ ਦਾ ਹੋਣ ਨਾ ਦੇਵੇ ਹਰਜ, ਜੋ ਚਰਨ ਕਵਲ ਸੀਸ ਝੁਕਾਈਆ । ਜਨਮ ਜਨਮ ਦਾ ਪਿਛਲਾ ਲਾਹਵੇ ਕਰਜ਼, ਮਕਰੂਜ਼ ਲੇਖਾ ਦਏ ਮੁਕਾਈਆ । ਸਾਹਿਬ ਸਤਿਗੁਰ ਦਾ ਆਦਿ ਜੁਗਾਦਿ ਜੁਗ ਚੌਕੜੀ ਇਹੋ ਫ਼ਰਜ਼, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਡੁਬਦੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਤੋਬਾ , ਪ੍ਰਭ ਸਾਚੇ ਦਿਤਾ ਸੁਣਾਈਆ । ਅਸੀਂ ਵੇਖ ਕੇ ਆਏ ਚੌਦਾਂ ਲੋਕਾਂ, ਚੌਦਾ ਤਬਕ ਫੇਰਾ ਪਾਈਆ । ਸਾਚਾ ਗਾਏ ਨਾ ਕੋਈ ਸਲੋਕਾ, ਕਲਮਾ ਹਕ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਪਿਆ ਰੋਸਾ, ਜ਼ਾਤ ਪਾਤ ਕਰੇ ਲੜਾਈਆ । ਕਲਜੁਗ ਸੰਤ ਅੰਦਰੋਂ ਥੋਥਾ, ਬਾਹਰੋਂ ਬਹੁਤੀ ਕਰੇ ਪੜ੍ਹਾਈਆ । ਸਾਫ਼ ਦਿਸਿਆ ਨਾ ਕੋਈ ਸਾਢੇ ਤਿੰਨ ਹੱਥ ਮੰਦਰ ਕੋਠਾ, ਕੁਟੀਆ ਸਚ ਨਾ ਕੋਇ ਸੁਹਾਈਆ । ਘਰ ਪਰਕਾਸ਼ ਨਾ ਦੀਪਕ ਜੋਤਾ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਤੇਰੇ ਹੱਥ

ਵਡਿਆਈਆ । ਪੁਰਖ ਅਕਾਲ ਅੱਗੋਂ ਹੱਸਿਆ, ਖ਼ੁਸ਼ੀਆਂ ਨਾਲ ਜਣਾਈਆ । ਕਲਜੁਗ ਵੇਖੋ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਭਗਤਾਂ ਦੱਸਿਆ, ਦਹਿ ਦਿਸ਼ਾ ਭੁੱਲੀ ਸਰਬ ਲੋਕਾਈਆ । ਕਲਜੁਗ ਕੋਲੋਂ ਕੋਈ ਨਾ ਦਿਸੇ ਬਚਿਆ, ਬੱਚੇ ਬੁੱਢੇ ਸਾਰੇ ਨਾਲ ਰਲਾਈਆ । ਕਾਇਆ ਭਾਂਡੇ ਮਾਟੀ ਹੋਏ ਕੱਚਿਆ, ਕੰਚਨ ਰੰਗ ਨਾ ਕੋਇ ਚੜ੍ਹਾਈਆ । ਜਗਤ ਵਾਸਨਾ ਜਗਤ ਨੱਚਿਆ, ਕੁੱਦੇ ਟੱਪੇ ਵਾਹੋ ਦਾਹੀਆ । ਸਚ ਸਵਾਮੀ ਸਭ ਭੁਲਾਈ ਸਿਖਿਆ, ਚੋਟੀ ਸ਼ਿਖ਼ਰ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਛੱਡਿਆ ਜਗਤ, ਛੁੱਟੀ ਮਾਤ ਲੋਕਾਈਆ । ਹੁਣ ਤੇਰਾ ਸੁਹਜੰਣਾ ਆਇਆ ਵਕਤ, ਰੁਤੜੀ ਰੁੱਤ ਲੈ ਮਹਿਕਾਈਆ । ਸਾਰੇ ਦੋਏ ਜੋੜ ਕਰਨ ਅਰਜ਼, ਆਰਜ਼ੂ ਇਕ ਅਰਜ਼ੋਈਆ । ਆਪਣਾ ਖੇਲ ਕਰ ਅਸਚਰਜ, ਅਚਰਜ ਰੂਪ ਵਟਾਈਆ । ਛੁਰੀ ਜ਼ਬ੍ਹਾ ਵੇਖ ਕੇ ਕਰਦ, ਚਾਰੋਂ ਕੁੰਟ ਹੈਰਾਨੀ ਛਾਈਆ । ਅੱਗੋਂ ਪੁਰਖ ਅਕਾਲ ਬੋਲਿਆ ਗਰਜ਼, ਹੁਕਮ ਇਕ ਦ੍ਰਿੜਾਈਆ । ਜੇ ਤੁਸੀਂ ਨਹੀਂ ਸਕਦੇ ਵਰਜ, ਸਾਰੇ ਖ਼ਾਲੀ ਹੱਥ ਦਿਉ ਵਖਾਈਆ । ਫੇਰ ਮੈਂ ਆਪਣਾ ਪੂਰਾ ਕਰਾਂ ਫ਼ਰਜ਼, ਫ਼ਰਜ਼ ਜ਼ੁਲਮ ਸਭ ਦੇ ਉਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਪ੍ਰਭ ਦੱਸੀਏ ਸਚ, ਸਤਿ ਸਤਿ ਦ੍ਰਿੜਾਈਆ । ਅੱਗੇ ਲੇਖਾ ਤੇਰੇ ਹੱਥ, ਹਉਂ ਲਿਖ ਕੇ ਆਏ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਪੁਰਖ ਸਮਰਥ, ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਰੱਖ, ਭਗਤ ਭਗਵੰਤ ਮੇਲ ਮਿਲਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਮਾਰਗ ਦੇਵੇ ਦੱਸ, ਹਿੱਸਿਆਂ ਵਿਚ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਕਰ ਇਕੱਠ, ਝਗੜਾ ਦੂਈ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਲਗਾਈਆ । ਸਚ ਮਾਰਗ ਇਕ ਲਗਾਵਾਂਗਾ । ਸਤਿਜੁਗ ਸਾਚੀ ਧਾਰ ਪਰਗਟਾਵਾਂਗਾ । ਕਲਜੁਗ ਅਗਨੀ ਅੱਗ ਬੁਝਾਵਾਂਗਾ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਘਰ ਸਾਚੇ ਵੇਖ ਵਖਾਵਾਂਗਾ । ਜੋ ਸਰਨ ਸਰਨਾਈ ਗਏ ਲੱਗ, ਸੋ ਕਾਗ ਹੰਸ ਬਣਾਵਾਂਗਾ । ਮੰਦਰ ਅੰਦਰ ਵੇਖਾਂ ਲੰਘ, ਪੌੜੇ ਚੜ੍ਹ ਕੇ ਖੋਜ ਖੁਜਾਵਾਂਗਾ । ਘਰ ਜੋਤ ਜਗਾ ਕੇ ਚੰਦ, ਅੰਧ ਅਗਿਆਨ ਮਿਟਾਵਾਂਗਾ । ਗੁਰਮੁਖ ਲਗਾ ਕੇ ਅੰਗ, ਆਪਣੀ ਗੋਦ ਬਹਾਵਾਂਗਾ । ਲਹਿਣਾ ਚੁਕਾ ਕੇ ਗੋਦਾਵਰੀ ਗੰਗ, ਅੰਮ੍ਰਿਤ ਸਰੋਵਰ ਇਕ ਨੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਪਰਮਾਨੰਦ, ਨਿਜਾ ਨੰਦ ਸਮਝਾਵਾਂਗਾ । ਗੁਰ ਅਵਤਾਰ ਕਹਿਣ ਪ੍ਰਭ ਤੇਹੇ ਤੌਫ਼ੀਕ, ਵਾਹਦ ਤੇਰੀ ਵਡਿਆਈਆ । ਤੂੰ ਮਾਲਕ ਵਸੇਂ ਕਰੀਬ, ਨੇਰਨ ਨੇਰਾ ਨਜ਼ਰੀ ਆਈਆ । ਤੇਰਾ ਖੇਲ ਨਿਰਾਲਾ ਅਜੀਬ, ਅਜਬ ਤੇਰੀ ਸਿਖਲਾਈਆ । ਪੀਰ ਪੈਗ਼ੰਬਰ ਤੇਰੇ ਅੱਗੇ ਰੱਖਦੇ ਕੁਰਾਨ ਮਜੀਦ, ਮੌਜੂਦਾ ਹੋ ਕੇ ਆਪ ਸੁਣਾਈਆ । ਸਾਨੂੰ ਕਰਦੇ ਇਕ ਤਾਕੀਦ, ਤਰਾ ਤਰਾ ਨਾਲ ਸਮਝਾਈਆ । ਅਸੀਂ ਬਾਲਕ ਤੇਰੇ ਅਜ਼ੀਜ਼, ਬਾਲਕ ਨੰਨ੍ਹੇ ਨਜ਼ਰੀ ਆਈਆ । ਸਾਨੂੰ ਦੱਸਣੀ ਇਕ ਤਹਿਜ਼ੀਬ, ਧੁਰ ਦੀ ਕਰ ਇਕ ਪੜ੍ਹਾਈਆ । ਤੂੰ ਮੁਰਸ਼ਦ ਮਾਲਕ ਹਉਂ ਮੁਰੀਦ, ਮੁਰਦੇ ਗੋਰ ਸਮਾਈਆ । ਤੇਰਾ ਖੇਲ ਬੇਨਜ਼ੀਰ, ਨਜ਼ਰ ਨਾ ਕੋਇ ਟਿਕਾਈਆ । ਸਾਹਿਬ ਦੱਸ ਸਚ ਤਸਵੀਰ, ਤਾਲਬ ਹੋ ਕੇ ਮੰਗ ਮੰਗਾਈਆ । ਸ਼ਰਅ ਤੋੜ ਕੂੜਾ ਜ਼ੰਜੀਰ,

ਕੜੀ ਕੜੀ ਦੇ ਉਖੜਾਈਆ । ਤੂੰ ਦਾਤਾ ਗਹਿਰ ਗੰਭੀਰ, ਗਵਰ ਤੇਰੀ ਸ਼ਰਨਾਈਆ । ਕਲਜੁਗ ਅੰਤਮ ਆਇਆ ਅਖ਼ੀਰ, ਅਕਲ ਬੁਧ ਚਲੇ ਨਾ ਕੋਇ ਚਤੁਰਾਈਆ । ਇਹ ਮਾਲਕ ਕੋਈ ਨਾ ਦਿਸੇ ਧਨ ਦੌਲਤ ਜਾਗੀਰ, ਜਗਹ ਖ਼ਾਲੀ ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਪ੍ਰਭ ਪੜਦਾ ਆਪਣਾ ਆਪ ਉਠਾਉਂਦਾ ਏ । ਹਰਿਜਨ ਸੋਏ ਜਗਤ ਜਗਾਉਂਦਾ ਏ । ਦੁਰਮਤ ਮੈਲ ਧੋਏ, ਪਤਤ ਪੁਨੀਤ ਕਰਾਉਂਦਾ ਏ । ਸਚ ਮੁਹੱਬਤ ਦੱਸ ਮੋਹੇ, ਪ੍ਰੇਮੀ ਪ੍ਰੇਮਕਾ ਰੂਪ ਵਖਾਉਂਦਾ ਏ । ਹਰਿ ਕਾ ਭੇਵ ਨਾ ਜਾਣੇ ਕੋਇ, ਕੋਝੇ ਕਮਲੇ ਗਲੇ ਲਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਆਪ ਪਰਗਟਾਉਂਦਾ ਏ । ਗੁਰਮੁਖ ਸੱਜਣ ਪਰਗਟੇ ਇਕ, ਏਕੰਕਾਰ ਦਏ ਵਡਿਆਈਆ । ਜਿਸ ਦੇ ਨਾਲ ਅਗੰਮਾ ਹਿਤ, ਧੁਰ ਦਾ ਮੇਲ ਮਿਲਾਈਆ । ਕਰੇ ਠਗੌਰੀ ਕੋਈ ਨਾ ਚਿਤ, ਚੇਤਨ ਸੁਰਤੀ ਦਏ ਵਖਾਈਆ । ਦਰਸ਼ਨ ਦੇਵੇ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਪਤਿਪਰਮੇਸ਼ਵਰ ਬਣ ਕੇ ਪਿਤ, ਪਿਤਾ ਪੂਤ ਗੋਦ ਸੁਹਾਈਆ । ਸਤਿਜੁਗ ਸਾਚਾ ਲੇਖ ਦੇਵੇ ਲਿਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਦੋ ਜਹਾਨਾਂ ਲਹਿਣੇ ਦੇਣੇ ਦੇਵੇ ਨਜਿਠ, ਧੁਰ ਦਾ ਹੁਕਮ ਆਪ ਵਰਤਾਈਆ । ਦੋ ਜਹਾਨ ਆਪਣੀ ਦੇ ਸਿਖ, ਸਿਖਿਆ ਇਕ ਦ੍ਰਿੜਾਈਆ । ਸਭ ਦੀ ਪੂਰੀ ਕਰੇ ਇਛ, ਮਨਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇ ਜਣਾਈਆ । ਲੇਖਾ ਧੁਰ ਦਾ ਦੱਸੇ ਆਪ, ਆਪਣੀ ਦਇਆ ਕਮਾਇੰਦਾ । ਭਗਤ ਜਨਾਂ ਦਾ ਇਕੋ ਜਾਪ, ਸੰਤਾਂ ਰਾਗ ਸੁਣਾਇੰਦਾ । ਗੁਰਮੁਖਾਂ ਮਾਈ ਬਾਪ, ਗੁਰਸਿਖਾਂ ਗੋਦ ਉਠਾਇੰਦਾ । ਚਰਨ ਪ੍ਰੀਤੀ ਇਕੋ ਨਾਤ, ਸਗਲਾ ਸੰਗ ਆਪ ਬਣਾਇੰਦਾ । ਆਤਮ ਪਰਮਾਤਮ ਸੱਚੀ ਜ਼ਾਤ, ਪੜਦਾ ਓਹਲਾ ਨਾ ਕੋਇ ਰਖਾਇੰਦਾ । ਚਾਰ ਵਰਨ ਜਣਾ ਕੇ ਇਕ ਜਮਾਤ, ਸੋਹੰ ਢੋਲਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਸਾਥ, ਬਣ ਸੰਗੀ ਸੰਗ ਨਿਭਾਇੰਦਾ ।



## ✪ ੪ ਅੱਸੂ ੨੦੨੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ ✪

ਸਤਿ ਧਰਮ ਕਹੇ ਪ੍ਰਭ ਮੇਰਾ ਸਾਥੀ ਦੇਹੁ ਜੁਗ, ਮੇਲਾ ਜਗਤ ਮਿਲਾਈਆ । ਤੇਰੇ ਪ੍ਰੇਮ ਦਾ ਬੂਟਾ ਰਿਹਾ ਸੁੱਕ, ਹਰਾ ਸਿੰਚ ਨਾ ਕੋਇ ਕਰਾਈਆ । ਕਲਜੁਗ ਕਿਰਿਆ ਜਾਏ ਮੁੱਕ, ਕੂੜ ਕੁੜਿਆਰਾ ਰਹਿਣ ਨਾ ਪਾਈਆ । ਮੈਂ ਗੁਰਮੁਖ ਵੇਖਾਂ ਤੇਰੇ ਸੁਤ, ਸੁਰਤੀ ਸ਼ਬਦ ਨਾਲ ਮਿਲਾਈਆ । ਉਜਲ ਹੋਏ ਉਨ੍ਹਾਂ ਮੁਖ, ਜੋ ਹਿਰਦੇ ਹਰਿ ਵਸਾਈਆ । ਠਾਕਰ ਹੋ ਕੇ ਸਵਾਮੀ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਵਸਤ ਅਮੋਲਕ ਦੇ ਸਚ ਸੁਚ, ਸਮਗਰੀ ਇਕੋ ਇਕ ਵਰਤਾਈਆ । ਗ਼ਰੀਬ ਨਿਮਾਣਿਆਂ ਵਿਚੋਂ ਨਿਕਲੇ ਭੁੱਖ, ਦੁਖੀਆਂ ਦੁੱਖ ਮਿਟਾਈਆ । ਤੇਰੀ ਜ਼ਾਤ ਸਰਬ ਮਨੁੱਖ, ਮਾਣਸ ਨਜ਼ਰੀ ਆਈਆ । ਆਲ੍ਹਣਿਉਂ ਡਿੱਗੇ ਬੋਟ ਚੁੱਕ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੰਗ ਦੇ ਜਣਾਈਆ । ਧਰਮ ਕਹੇ ਪ੍ਰਭ ਜੁਗ ਦੇ ਸੱਚਾ, ਸਚ ਸਚ ਦ੍ਰਿੜਾਈਆ । ਸਤਿਜੁਗ ਉਠੇ ਤੇਰਾ ਬੱਚਾ, ਬਚਪਨ ਦੇ ਜਣਾਈਆ ।

ਮੈਂ ਉਹਦੇ ਨਾਲ ਨਾਤਾ ਕਰਾਂ ਪੱਕਾ, ਧੁਰ ਦਾ ਮੇਲ ਮਿਲਾਈਆ । ਗੁਰਮੁਖਾਂ ਦਰਸ਼ਨ ਕਰਾਂ ਅੱਖਾਂ, ਨੇਤਰ ਅੱਖ ਖੁਲ੍ਹਾਈਆ । ਖ਼ੁਸ਼ੀਆਂ ਵਿਚ ਅੰਗਣ ਬਹਿ ਕੇ ਹੱਸਾਂ, ਘਰ ਘਰ ਸੋਭਾ ਪਾਈਆ । ਪਾਂਧੀ ਹੋ ਕੇ ਚਾਰੋਂ ਕੁੰਟ ਨੱਸਾਂ, ਭੱਜਾਂ ਥਾਉਂ ਥਾਈਆ । ਹਿਰਦੇ ਤੇਰਾ ਰੂਪ ਹੋ ਕੇ ਵੱਸਾਂ, ਵਸਲ ਸਚ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਤਿ ਕਹੇ ਪ੍ਰਭ ਜੁਗ ਦੇ ਇਕ, ਜਿਸ ਵਿਚ ਇਕ ਤੇਰੀ ਵਡਿਆਈਆ । ਧੁਰ ਦਾ ਲੇਖਾ ਦੇ ਲਿਖ, ਕਲਮ ਸ਼ਾਹੀ ਬੈਠੇ ਮੁਖ ਭੁਆਈਆ । ਸਰਬ ਸਵਾਮੀ ਬਣ ਪਿਤ, ਪਰਮੇਸ਼ਵਰ ਬੇਪਰਵਾਹੀਆ । ਚਾਰੋਂ ਕੁੰਟ ਆਏਂ ਦਿਸ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਕਰਵਟ ਲੈ ਬਦਲ ਪਿਠ, ਸਨਮੁਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹੱਥ ਟਿਕਾਇਆ ਸਮਰਥ ਸਵਾਮੀ, ਸਤਿ ਧਰਮ ਮੰਗ ਮੰਗਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਧੁਰ ਦੀ ਲਿਖੀ ਬਾਣੀ, ਕਲਜੁਗ ਜੀਵ ਗਏ ਭੁਲਾਈਆ । ਹਿਰਦੇ ਸਚ ਨਾ ਕਿਸੇ ਵਖਾਨੀ, ਵਿਆਖਿਆ ਕਰ ਕਰ ਜਗਤ ਰਹੇ ਸੁਣਾਈਆ । ਜੋ ਸੰਦੇਸਾ ਦਿਤਾ ਸੁਤ ਭਾਨੀ, ਰਾਗਾਂ ਨਾਦਾਂ ਵਿਚ ਜਣਾਈਆ । ਜੋ ਅੰਮ੍ਰਿਤ ਨਾਮ ਗੋਬਿੰਦ ਬਖ਼ਸ਼ਿਆ ਠੰਡਾ ਪਾਣੀ, ਸਚ ਪਿਆਲਾ ਜਾਮ ਪਿਆਈਆ । ਚਾਰ ਵਰਨਾਂ ਦਿਤੀ ਇਕ ਨਿਸ਼ਾਨੀ, ਅਠਾਰਾਂ ਬਰਨਾਂ ਸਚ ਸਮਝਾਈਆ । ਪੁਰਖ ਅਕਾਲ ਸ਼ਹਿਨਸ਼ਾਹ ਸੁਲਤਾਨੀ, ਮਾਲਕ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਦ੍ਰਿੜਾਈਆ । ਸਤਿ ਧਰਮ ਕਹੇ ਜੁਗ ਆਪਣਾ ਬਖ਼ਸ਼, ਮਿਹਰ ਨਜ਼ਰ ਉਠਾਈਆ । ਜਿਸ ਦੇ ਅੰਦਰ ਤੇਰਾ ਅਕਸ, ਅਕਸਰ ਤੇਰਾ ਓਹੋ ਅਖਵਾਈਆ । ਮਿਹਰਵਾਨ ਹੋ ਕੇ ਬਖ਼ਸ਼, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਮਾਤ ਗਰਭ ਉਲਟਾ ਹੋਏ ਨਾ ਫੇਰ ਦਰਖ਼ਤ, ਦਸ ਦਸ ਮਾਸ ਨਾ ਅਗਨ ਤਪਾਈਆ । ਤੇਰੇ ਪ੍ਰੇਮ ਪਿਆਰ ਚੋਟ ਲੱਗੇ ਸਖ਼ਤ, ਕੂੜੀ ਕਿਰਿਆ ਪਰੇ ਹਟਾਈਆ । ਮਿਲੇ ਵਡਿਆਈ ਵਿਚ ਜਗਤ, ਜੀਵਨ ਜੁਗਤ ਦੇ ਸਮਝਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਫ਼ਕਤ, ਫ਼ਿਕਰਿਆਂ ਨਾਲ ਕਰੇਂ ਪੜ੍ਹਾਈਆ । ਤੇਰੇ ਹੁਕਮੇ ਅੰਦਰ ਆਦਿ ਸ਼ਕਤ, ਚਤਰਭੁਜ ਬੈਠੀ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਵਿਚ ਕਰਨ ਨਾ ਫ਼ਰਕ, ਗੁਰ ਅਵਤਾਰ ਭੱਜਣ ਵਾਹੋ ਦਾਹੀਆ । ਤੇਰਾ ਨੂਰ ਨੁਰਾਨਾ ਅਰਸ਼, ਫ਼ਰਸ਼ ਤੇਰੀ ਸ਼ਨਵਾਈਆ । ਤੂੰ ਸੂਰਬੀਰ ਮਰਦਾਨਾ ਮਰਦ, ਮਦਦ ਤੇਰੀ ਸਭ ਨੂੰ ਨਜ਼ਰੀ ਆਈਆ । ਤੇਰਾ ਸ਼ੁਮਾਰ ਕਦੇ ਨਾ ਹੋਵੇ ਵਿਚ ਅਦਦ, ਇਕ ਇਕਲੇ ਤੇਰੀ ਮਹਿੰਮਾ ਆਦਿ ਜੁਗਾਦਿ ਰਹੀ ਜਸ ਗਾਈਆ । ਕਲਜੁਗ ਕੂੜੀ ਕਿਰਿਆ ਮੇਟ ਤਸ਼ੱਦਦ, ਸਤਿ ਸਚ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਾਚਾ ਜੁਗ ਦੇਹੁ ਨਿਰੰਕਾਰ, ਨਿਰਵੈਰ ਤੇਰੀ ਸ਼ਰਨਾਈਆ । ਠਾਂਡੇ ਦਰ ਕਰੀ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਤੂੰ ਮਾਲਕ ਪੁਰਖ ਅਕਾਲ, ਖ਼ਾਲਕ ਦੀਨ ਦਿਆਲ ਨਜ਼ਰੀ ਆਈਆ । ਸਾਲਸ ਬਣ ਦੋ ਜਹਾਨ, ਖ਼ਾਲਸ ਖ਼ਾਲਸਾ ਲੈ ਪਰਗਟਾਈਆ । ਸੱਚਾ ਖੰਡਾ ਬਖ਼ਸ਼ ਮਿਆਨ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਅੰਮ੍ਰਿਤ ਆਤਮ ਪਿਆ ਜਾਮ, ਰਸ ਇਕੋ ਇਕ ਜਣਾਈਆ । ਸੁਤ ਦੁਲਾਰਾ ਸੂਰਬੀਰ ਇਕ ਵਖਾ ਜਵਾਨ, ਗੋਬਿੰਦ ਤੇਰਾ ਪੂਤ ਨਜ਼ਰੀ ਆਈਆ । ਜਿਸ ਦੇ ਹੱਥ ਸਚ ਨਿਸ਼ਾਨ, ਏਥੇ ਓਥੇ ਰਿਹਾ ਵਖਾਈਆ । ਓਹ ਕਾਹਨਾਂ ਵਿਚੋਂ ਕਾਹਨ, ਰਾਮਾਂ ਵਿਚੋਂ ਰਾਮ,

ਪੀਰਾਂ ਵਿਚੋਂ ਪੀਰ, ਪੈਗ਼ੰਬਰਾਂ ਵਿਚੋਂ ਪੈਗ਼ੰਬਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਅੰਤਮ ਪੂਰ ਕਰਾਈਆ । ਜੁਗ ਦੇ ਪ੍ਰਭ ਆਪਣਾ ਸਤਿ, ਸਤਿ ਮਿਲੇ ਵਡਿਆਈਆ । ਹਰ ਘਟ ਉਪਜੇ ਬ੍ਰਹਮ ਮਤ, ਵਿਦਿਆ ਬ੍ਰਹਮ ਜਣਾਈਆ । ਨਿਜ ਨੇਤਰ ਖੁਲ੍ਹੇ ਅੱਖ, ਮੰਦਰ ਇਕ ਸੁਹਾਈਆ । ਸ਼ਬਦ ਅਗੰਮੀ ਵੱਜੇ ਨੱਦ, ਅਨਹਦ ਰਾਗ ਅਲਾਈਆ । ਸੇਜ ਸੁਹੰਜਣੀ ਮਿਲੇ ਪੁਰਖ ਸਮਰਥ, ਸੋਭਾਵੰਤ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਪਏ ਹੱਸ, ਹੰਸਮੁਖ ਆਪਣਾ ਰਾਗ ਸੁਣਾਈਆ । ਭਗਤ ਸੁਹੇਲੇ ਕਰੇ ਵਸ, ਸੰਤ ਸੱਜਣ ਜੋੜ ਜੁੜਾਈਆ । ਗੁਰਮੁਖਾਂ ਰੱਖੇ ਦੇ ਕਰ ਹੱਥ, ਗੁਰਸਿਖ ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਸੁਣ ਸ਼ਬਦ ਅਗੰਮ, ਸਚ ਦਿਆਂ ਦ੍ਰਿੜਾਈਆ । ਸੋ ਗੁਰਮੁਖ ਜੋ ਸਤਿਗੁਰ ਘਰ ਪਏ ਜੰਮ, ਸ਼ਬਦੀ ਰੂਪ ਵਟਾਈਆ । ਉਸ ਦਾ ਲੇਖਾ ਜਾਣੇ ਨਾ ਕੋਈ ਗੰਧਰਬ ਗਣ, ਕਰੋੜ ਤੇਤੀਸਾ ਸਮਝ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਓਸੇ ਨੂੰ ਲੈਣ ਮੰਨ, ਜਿਸ ਉਪਰ ਪ੍ਰਭ ਆਪਣੀ ਦਇਆ ਕਮਾਈਆ । ਦੋ ਜਹਾਨ ਕਹਿਣ ਧੰਨ ਧੰਨ, ਧੰਨ ਤੇਰੀ ਵਡਿਆਈਆ । ਲੋਕਮਾਤ ਚੜ੍ਹੇ ਅਰਸ਼ੀ ਚੰਨ, ਫ਼ਰਸ਼ ਹੋਏ ਰੁਸ਼ਨਾਈਆ । ਪੁਰਖ ਅਬਿਨਾਸ਼ੀ ਮਨ ਵਾਸਨਾ ਬੰਨੇ ਮੰਨ, ਮਤ ਮਤਵਾਲੀ ਵੇਖ ਵਖਾਈਆ । ਪੰਚ ਵਿਕਾਰਾ ਦੇ ਕੇ ਡੰਨ, ਕਾਇਆ ਮੰਦਰ ਬਾਹਰ ਕਢਾਈਆ । ਸਚ ਦਵਾਰੇ ਕਰ ਪਰਵਾਨ, ਪਰਵਾਨਾ ਨਾਮ ਹੱਥ ਫੜਾਈਆ । ਉਹ ਗੁਰਮੁਖ ਗੁਰਸਿਖ ਇਨਸਾਨਾਂ ਵਰਗਾ ਇਨਸਾਨ, ਬਾਹਰੋਂ ਸਭ ਨੂੰ ਨਜ਼ਰੀ ਆਈਆ । ਉਹਦੇ ਅੰਦਰ ਸ੍ਰੀ ਭਗਵਾਨ, ਸਚ ਸਵਾਮੀ ਸੋਭਾ ਪਾਈਆ । ਜਿਸ ਦੀ ਕਿਸੇ ਨਾ ਆਈ ਪਹਿਚਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਤਿ ਕਹੇ ਪ੍ਰਭ ਦੱਸ ਗੁਰਮੁਖ ਕਿਹੜਾ, ਚੁਰਾਸੀ ਵਿਚੋਂ ਦੇ ਜਣਾਈਆ । ਮੈਂ ਜਾ ਕੇ ਵੇਖਾਂ ਓਸ ਦਾ ਡੇਰਾ, ਜਿਸ ਗ੍ਰਿਹਿ ਬੈਠਾ ਸੋਭਾ ਪਾਈਆ । ਸ੍ਰੀ ਭਗਵਾਨ ਕਹੇ ਉਹ ਸਤਿ ਸਰੂਪ ਮੇਰਾ, ਪੰਜ ਤਤ ਕਾਇਆ ਚੋਲਾ ਜਗਤ ਹੰਡਾਈਆ । ਉਸ ਦਾ ਸਾਢੇ ਤਿੰਨ ਹੱਥ ਵਸੇ ਖੇੜਾ, ਬੰਕ ਦਵਾਰਾ ਸੋਭਾ ਪਾਈਆ । ਮਾਇਆ ਮਮਤਾ ਕੋਈ ਨਾ ਝੇੜਾ, ਕਾਮ ਕਰੋਧ ਨਾ ਕੋਇ ਲੜਾਈਆ । ਮੈਂ ਓਸ ਦਵਾਰੇ ਵਸਾਂ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਅੰਦਰ ਕਰਕੇ ਮਿਹਰਾ, ਮੁਹੱਬਤ ਨਾਲ ਮਿਲਾਈਆ । ਖੁਲ੍ਹਾ ਓਸ ਦਾ ਦਿਸੇ ਵਿਹੜਾ, ਪੁਰਖ ਅਬਿਨਾਸ਼ੀ ਛੱਪਰ ਛੰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਿਆਂ ਸਮਝਾਈਆ । ਸਤਿ ਕਹੇ ਪ੍ਰਭ ਕੀ ਗੁਰਮੁਖ ਰੰਗ, ਕਵਣ ਰੂਪ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਉਹ ਲੱਗਾ ਮੇਰੇ ਅੰਗ, ਅੰਗੀਕਾਰ ਰਿਹਾ ਕਰਵਾਈਆ । ਉਹਦੇ ਅੰਦਰ ਅਗੰਮੀ ਚੰਦ, ਜੋਤੀ ਜੋਤ ਕਰੇ ਰੁਸ਼ਨਾਈਆ । ਉਸ ਦੀ ਰਸਨਾ ਜਿਹਵਾ ਹੋਈ ਬੰਦ, ਬੱਤੀ ਦੰਦ ਨਾ ਕੋਇ ਸਾਲਾਹੀਆ । ਉਹਦੇ ਅੰਤਰ ਪਰਮਾਨੰਦ, ਨਿਜਾਨੰਦ ਦਰਸ਼ਨ ਪਾਈਆ । ਮੈਂ ਉਹਦਾ ਗਾਵਾਂ ਛੰਦ, ਉਹ ਮੇਰਾ ਰਾਗ ਅਲਾਈਆ । ਦੋਹਾਂ ਦਾ ਆਤਮ ਪਰਮਾਤਮ ਬਣਿਆ ਸਨਬੰਧ, ਨਾਤਾ ਇਕੋ ਜੋੜ ਜੁੜਾਈਆ । ਸੁਰਤੀ ਸ਼ਬਦੀ ਪਈ ਗੰਢ, ਲੋਕਮਾਤ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਬਰਖ ਪਾਈ ਠੰਡ, ਅਗਨੀ ਤਤ ਬੁਝਾਈਆ । ਓਹ ਸਵਾਣੀ ਕਦੀ ਨਾ ਹੋਵੇ ਰੰਡ, ਜਿਸ ਦਾ ਮਾਲਕ ਇਕ ਅਖਵਾਈਆ । ਉਹ ਗੁਰਮੁਖ ਮਾਣੇ ਸਚ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਦ੍ਰਿੜਾਈਆ ।

ਧਰਮ ਕਹੇ ਪ੍ਰਭ ਗੁਰਮੁਖ ਕਵਣ ਧਾਮ ਵਸੇਰਾ, ਜੋ ਵਿਸਰ ਕਦੇ ਨਾ ਜਾਈਆ । ਜਿਸ ਗ੍ਰਿਹਿ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸ੍ਰੀ ਭਗਵਾਨ ਕਹੇ ਮੈਂ ਜੁਗ ਜੁਗ ਬੰਨ੍ਹਾਂ ਬੇੜਾ, ਨਿਤ ਨਿਤ ਸੇਵ ਕਮਾਈਆ । ਲੱਖ ਚੁਰਾਸੀ ਮੇਰਾ ਨਿੱਕਾ ਜਿਹਾ ਵਿਹੜਾ, ਕੋਟਨ ਕੋਟ ਕਾਲ ਰਿਹਾ ਭੁਆਈਆ । ਲੇਖਾ ਜਾਣੇ ਗੁਰੂ ਗੁਰ ਚੇਰਾ, ਚੇਰਾ ਗੁਰ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਉਠ ਸਤਿ ਵੇਖ ਮੇਰਾ ਗੁਰਮੁਖ, ਜਿਸ ਦੀ ਆਪ ਬਣਤ ਬਣਾਈਆ । ਓਸ ਦੇ ਅੰਦਰ ਇਕੋ ਸੁਖ, ਸਾਂਤਕ ਸਤਿ ਨਜ਼ਰੀ ਆਈਆ । ਜਗਤ ਕੁਟੰਬ ਮਿਟਿਆ ਦੁੱਖ, ਦਰਦੀ ਦਰਦ ਮੇਰੇ ਨਾਲ ਰਖਾਈਆ । ਦਰਸ ਪਾ ਸੂਰਾ ਸਰਬੰਗ, ਸੂਰਤ ਹਿਰਦੇ ਸਚ ਵਸਾਈਆ । ਕੂੜੀ ਕਿਰਿਆ ਢਾਹ ਕੇ ਕੰਧ, ਮੰਦਰ ਸੋਹਣਾ ਦਿਤਾ ਸੁਹਾਈਆ । ਸੋਹੰ ਢੋਲਾ ਗਾ ਕੇ ਛੰਦ, ਆਤਮ ਪਰਮਾਤਮ ਜੋੜ ਜੁੜਾਈਆ । ਸਾਢੇ ਤਿੰਨ ਹੱਥ ਅੰਦਰ ਹੋ ਕੇ ਬੰਦ, ਬੰਦਗੀ ਇਕੋ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਆ ਵੇਖ ਗੁਰਮੁਖ ਮੀਤ, ਹਰਿ ਮਿਤਰ ਸਚ ਦ੍ਰਿੜਾਇੰਦਾ । ਜਿਸ ਦੀ ਜਗਤ ਨਿਰਾਲੀ ਰੀਤ, ਜੋਤ ਅਕਾਲੀ ਮੇਲ ਮਿਲਾਇੰਦਾ । ਨਾਤਾ ਛੱਡ ਕੇ ਮੰਦਰ ਮਸੀਤ, ਕਾਇਆ ਬੰਕ ਸੋਭਾ ਪਾਇੰਦਾ । ਸਤਿ ਸਚ ਕਰੇ ਪ੍ਰੀਤ, ਪ੍ਰੀਤਮ ਆਪਣਾ ਇਕ ਮਿਲਾਇੰਦਾ । ਮਿੱਠਾ ਹੋਏ ਕੌੜਾ ਰੀਠ, ਰਸ ਰਸ ਵਿਚੋਂ ਵਖਾਇੰਦਾ । ਜਗਤ ਨਿਮਾਣਾ ਹੋ ਕੇ ਨੀਚੋ ਨੀਚ, ਬਾਲਮੀਕ ਚਮਰੇਟੇ ਜੋੜ ਜੁੜਾਇੰਦਾ । ਜਿਸ ਦੀ ਧਾਰ ਸਦਾ ਬਾਰੀਕ, ਬਾਹਰੋ ਬਾਹਰ ਆਪਣੀ ਖੇਲ ਖਿਲਾਇੰਦਾ । ਜਿਸ ਦੀ ਸਾਰੇ ਕਰਦੇ ਗਏ ਉਡੀਕ, ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤਕਾਇੰਦਾ । ਸੋ ਸਵਾਮੀ ਸਾਹਿਬ ਸਤਿਗੁਰ ਗੁਰਮੁਖਾਂ ਉਤੇ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਝੋਲੀ ਪਾਇੰਦਾ । ਤ੍ਰੈ ਭਵਨ ਧਨੀ ਤ੍ਰੈਗੁਣ ਅਤੀਤਾ ਬੈਠਾ ਰਹੇ ਅਤੀਤ, ਮਹੱਲ ਅਟਲ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਵੇਖ ਵਖਾਇੰਦਾ । ਆ ਵੇਖ ਗੁਰਮੁਖ ਚੰਦਾ, ਰਵੀ ਮਿਲੀ ਵਡਿਆਈਆ । ਜਿਸ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਸੁਰਸਤੀ ਜਮਨਾ ਨਿਉਂ ਨਿਉਂ ਲਾਗੇ ਪਾਈਆ । ਉਸ ਦਾ ਲੇਖਾ ਚੁੱਕਿਆ ਬੱਤੀ ਦੰਦਾਂ, ਰਸਨਾ ਜਿਹਵਾ ਬੈਠੀ ਪੰਧ ਮੁਕਾਈਆ । ਪ੍ਰਭ ਦਿਤਾ ਪਰਮਾਨੰਦਾ, ਪਾਰਬ੍ਰਹਮ ਪ੍ਰਭ ਆਪਣੀ ਬੂਝ ਬੁਝਾਈਆ । ਤਨ ਮਨ ਸੀਤਲ ਕੀਤਾ ਠੰਡਾ, ਅਗਨੀ ਅੱਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਹਿ ਵਖਾਈਆ । ਆ ਵੇਖ ਦਵਾਰਾ ਭਲਾ, ਸੋਹਣਾ ਸਚ ਦ੍ਰਿੜਾਈਆ । ਜਿਥੇ ਗੁਰਮੁਖ ਵਸੇ ਸਚ ਮਹੱਲਾ, ਮਹਿਫ਼ਲ ਨਾਮ ਲਗਾਈਆ । ਸ੍ਰੀ ਭਗਵਾਨ ਫੜਾਇਆ ਪੱਲਾ, ਧੁਰ ਦਾ ਜੋੜ ਜੁੜਾਈਆ । ਪੰਧ ਮੁਕਾ ਕੇ ਜਲਾਂ ਥਲਾਂ, ਸਮੁੰਦ ਸਾਗਰ ਚਰਨਾਂ ਹੇਠ ਦਬਾਈਆ । ਸਚ ਸਿੰਘਾਸਣ ਆ ਕੇ ਮੱਲਾ, ਪ੍ਰਿਥਮੀ ਆਕਾਸ਼ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਸਹਿਜ ਸੁਭਾਈਆ । ਧਰਮ ਕਹੇ ਮੈਂ ਜਾਵਾਂ ਬਲਿਹਾਰ, ਗੁਰਮੁਖ ਧੰਨ ਤੇਰੀ ਵਡਿਆਈਆ । ਜਿਸ ਦਾ ਪ੍ਰੀਤਮ ਇਕ ਨਿਰੰਕਾਰ, ਕਰਤਾ ਪੁਰਖ ਘਰ ਘਰ ਕਾਰ ਕਮਾਈਆ । ਮੈਂ ਓਸ ਦਾ ਸੇਵਾਦਾਰ, ਚਾਕਰ ਰੂਪ ਵਟਾਈਆ । ਨਮੋ ਨਮੋ ਕਰਾਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਿਤੀ ਮਾਣ ਵਡਿਆਈਆ । ਧਰਮ ਕਹੇ ਗੁਰਮੁਖ ਧੂੜੀ, ਮੈਂ ਟਿੱਕਾ ਖ਼ਾਕ ਰਮਾਈਆ । ਓਹਦੀ ਰੰਗਣ ਵੇਖ ਗੂੜ੍ਹੀ, ਗੂੜ੍ਹਾ

੬੩੬
੧੭

ਰੰਗ ਮੈਨੂੰ ਗਿਆ ਭਾਈਆ । ਮੈਂ ਦਰਸ਼ਨ ਕਰਾਂ ਜ਼ਰੂਰੀ, ਜ਼ਰੂਰਤ ਆਪਣੇ ਨਾਲ ਰਲਾਈਆ । ਓਸ ਦੇ ਦਰ ਕਰਾਂ ਮਜ਼ਦੂਰੀ, ਦਿਵਸ ਰੈਣ ਪੀਸਣ ਪੀਸ ਸੇਵ ਕਮਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਉਸ ਦਾ ਮਾਲਕ ਹਾਜ਼ਰ ਹਜ਼ੂਰੀ, ਹਰ ਦਮ ਆਪਣੇ ਨਾਲ ਮਿਲਾਈਆ । ਮਨਸਾ ਵਿਚੋਂ ਆਸਾ ਪੂਰੀ, ਆਸਾ ਵਿਚੋਂ ਮਨਸਾ ਰੋਗ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੋਹਣਾ ਘਰ ਵਖਾਈਆ । ਸਤਿ ਧਰਮ ਕਹੇ ਮੈਂ ਗੁਰਮੁਖ ਚਰਨ, ਵੇਖ ਵੇਖ ਬਿਗਸਾਈਆ । ਦੂਰ ਦੁਰਾਡਾ ਉਠ ਕੇ ਆਇਆ ਫੜਨ, ਬਣ ਕੇ ਪਾਂਧੀ ਪੰਧ ਮੁਕਾਈਆ । ਤਰਿਆਂ ਨਾਲ ਰਲਕੇ ਆਇਆ ਤਰਨ, ਅਨਤਾਰੂ ਪੱਤਨ ਘਾਟ ਬੈਠਾ ਡੇਰਾ ਲਾਈਆ । ਸਾਚੀ ਵਿਦਿਆ ਆਇਆ ਪੜ੍ਹਨ, ਜੋ ਅਬਿਨਾਸ਼ੀ ਕਰਤੇ ਦਿਤੀ ਸਿਖਾਈਆ । ਮੰਜ਼ਲ ਪੌੜੇ ਆਇਆ ਚੜ੍ਹਨ, ਜੋ ਗੁਰਮੁਖਾਂ ਅੰਦਰ ਦਿਤਾ ਲਗਾਈਆ । ਇਨ੍ਹਾਂ ਨਾਲ ਮਿਲ ਕੇ ਅਬਿਨਾਸ਼ੀ ਕਰਤੇ ਦਰਸ ਆਇਆ ਕਰਨ, ਦਹਿ ਦਿਸ਼ਾ ਵੇਖ ਵਖਾਈਆ । ਮੇਰਾ ਜੀਵਣ ਬਦਲੇ ਵਿਚ ਮਰਨ, ਮੁਰਦਿਆਂ ਵਿਚੋਂ ਮਰਦ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੰਗਣ ਦਏ ਚੜ੍ਹਾਈਆ । ਆਹ ਵੇਖ ਗੁਰਮੁਖ ਰੰਗ, ਰੰਗ ਰਤੜਾ ਆਪ ਜਣਾਇੰਦਾ । ਆਤਮ ਸੇਜਾ ਸਚ ਪਲੰਘ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਬੋਧ ਅਗਾਧ ਅਨਾਦ ਸ਼ਬਦ ਵਜੇ ਮਰਦੰਗ, ਸੁਰ ਤਾਲ ਨਜ਼ਰ ਕਿਸੇ ਨਾ ਆਇੰਦਾ । ਸੁਰਤੀ ਸ਼ਬਦੀ ਢੋਲਾ ਆਤਮ ਪਰਮਾਤਮ ਛੰਦ, ਪਾਰਬ੍ਰਹਮ ਪ੍ਰਭ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਇਕ ਸੁਹਾਇੰਦਾ । ਗੁਰਮੁਖ ਘਰ ਸਾਢੇ ਤਿੰਨ ਹੱਥ, ਹਰਿ ਸਤਿਗੁਰ ਬਣਤ ਬਣਾਈਆ । ਜਿਸ ਦੇ ਅੰਦਰ ਵਸਤ ਦਿਤੀ ਰੱਖ, ਸਮਗਰੀ ਸਚ ਬਣਾਈਆ । ਨਿਰਗੁਣ ਸਰਗੁਣ ਵੇਖੇ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨੈਣ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਿਚੋਂ ਗੁਰਮੁਖ ਨਿਸ਼ਾਨ, ਜਿਸ ਦਾ ਨਿਸ਼ਾਨਾ ਨਿਸ਼ਾਨਿਆਂ ਵਿਚੋਂ ਲਾਈਆ । ਗੁਰਮੁਖ ਸੰਸਥਾ ਹੋਏ ਸਥਾਪਤ, ਸਗਲਾ ਸੰਗ ਨਿਭਾਈਆ । ਜਿਸ ਸੰਸਥਾ ਦਾ ਮਾਲਕ ਸਰਬ ਵਿਆਪਕ, ਹਰ ਘਟ ਡੇਰਾ ਲਾਈਆ । ਨਿਤ ਨਵਿਤ ਦੀਨ ਦਿਆਲ ਯਾਚਕ, ਜੁਗਤੀ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰਮੁਖ ਸੰਸਥਾ ਚਾਰ ਵਰਨ, ਬਰਨ ਅਠਾਰਾਂ ਮੇਲ ਮਿਲਾਈਆ । ਸਭ ਨੂੰ ਬਖ਼ਸ਼ੇ ਇਕੋ ਸ਼ਰਨ, ਸਿਰ ਆਪਣਾ ਹੱਥ ਟਿਕਾਈਆ । ਮਾਲਕ ਹੋ ਕੇ ਆਇਆ ਫੜਨ, ਜ਼ਾਮਨ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਸੰਸਥਾ ਗੁਰਮੁਖ ਪ੍ਰਬੰਧਕ, ਗੁਰਮੁਖ ਗੁਰਮੁਖ ਧਿਆਨ ਲਗਾਈਆ । ਗੁਰਮੁਖ ਬੋਧ ਅਗਾਧਾ ਪੰਡਤ, ਗੁਰਮੁਖ ਗੁਰਮੁਖ ਕਰੇ ਪੜ੍ਹਾਈਆ । ਗੁਰਮੁਖ ਹੁਕਮ ਗੁਰਮੁਖ ਸੰਗਤ, ਗੁਰਮੁਖ ਗੁਰਮੁਖ ਰਿਹਾ ਬਣਾਈਆ । ਜਿਸ ਦਾ ਨਾਮ ਪੁਰਖ ਅਕਾਲ ਕੀਤਾ ਅੰਕਤ, ਅੰਕ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਈਆ । ।

## ✪ ੪ ਅੱਸੂ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾਂ ✪

ਸਤਿ ਧਰਮ ਦਵਾਰਾ ਵੱਖਰਾ, ਜਨ ਭਗਤਾਂ ਦਿਤਾ ਪਰਗਟਾਈਆ । ਜਿਥੇ ਗੋਬਿੰਦ ਵਿਛਾ ਕੇ ਆਪਣਾ ਸਥਰਾ, ਗੁਰਸਿਖ ਸਾਰੇ ਉਤੋਂ ਦਿਤੇ ਲੰਘਾਈਆ । ਮਾਣ ਵਡਿਆਈ ਰਿਹਾ ਨਾ ਕੋਈ ਨਖ਼ਰਾ, ਹੰਗਤਾ ਗੜ੍ਹ ਨਾ ਕੋਇ ਬਣਾਈਆ । ਮਾਰਗ ਦੱਸ ਦੇ ਸਭ ਨੂੰ ਪੱਧਰਾ, ਔਝੜ ਰਾਹ ਨਾ ਕੋਇ ਵਖਾਈਆ । ਕਲਜੁਗ ਅੰਤਮ ਕੂੜੀ ਕਿਰਿਆ ਚੁਕਾਵੇ ਬਦਲਾ, ਬਦਲ ਦੇਵੇ ਸਰਬ ਲੋਕਾਈਆ । ਸਚ ਸਿੰਘਾਸਣ ਬਹਿ ਕੇ ਕਰੇ ਅਦਲਾ, ਅਦਾਲਤ ਇਕੋ ਇਕ ਲਗਾਈਆ । ਪਿਛਲੀ ਪਿਛੇ ਰਹਿ ਗਈ ਮੰਜ਼ਲਾ, ਅੱਗੇ ਰਹਿਬਰ ਇਕ ਖ਼ੁਦਾਈਆ । ਜਿਸ ਦਾ ਢੋਲਾ ਨਾਮ ਗ਼ਜ਼ਲਾ, ਨਗ਼ਮੇ ਆਪਣੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਰਿਹਾ ਸਮਝਾਈਆ । ਸਤਿ ਧਰਮ ਸਚ ਦਵਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜਿਸ ਗ੍ਰਹਿ ਵਸੇ ਏਕੰਕਾਰਾ, ਹਰਿ ਪੁਰਖ ਨਿਰੰਜਣ ਸੋਭਾ ਪਾਇੰਦਾ । ਜਿਸ ਮੰਦਰ ਦੀਪਕ ਇਕ ਉਜਿਆਰਾ, ਆਦਿ ਨਿਰੰਜਣ ਡਗਮਗਾਇੰਦਾ । ਜਿਸ ਦਵਾਰੇ ਇਕ ਵਰਤਾਰਾ, ਅਬਿਨਾਸ਼ੀ ਕਰਤਾ ਨਜ਼ਰੀ ਆਇੰਦਾ । ਜਿਸ ਗ੍ਰਹਿ ਇਕ ਜੈਕਾਰਾ, ਸ੍ਰੀ ਭਗਵਾਨ ਰਾਗ ਸੁਣਾਇੰਦਾ । ਜਿਸ ਘਰ ਇਕੋ ਵੇਖਣਹਾਰਾ, ਪਾਰਬ੍ਰਹਮ ਪ੍ਰਭ ਨਜ਼ਰੀ ਆਇੰਦਾ । ਸੋ ਮਹੱਲ ਅਟਲ ਉਚ ਮਨਾਰਾ, ਲੋਕ ਪਰਲੋਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰ ਇਕ ਵਡਿਆਇੰਦਾ । ਸਤਿ ਦਵਾਰਾ ਭਗਤ ਮਹੱਲ, ਹਰਿ ਕਰਤਾ ਆਪ ਬਣਾਈਆ । ਜਗਤ ਜਹਾਨ ਰਹੇ ਅਟਲ, ਸਚਖੰਡ ਸਾਚੇ ਸੋਭਾ ਪਾਈਆ । ਜਗਤ ਹੁਲਾਰੇ ਨਾ ਜਾਏ ਹੱਲ, ਧੱਕਾ ਸਕੇ ਨਾ ਕੋਇ ਲਗਾਈਆ । ਕਲਜੁਗ ਅੰਤਮ ਖੇਲ ਕਰੇ ਪ੍ਰਭ ਅਛਲ ਅਛੱਲ, ਵਲ ਛਲ ਧਾਰੀ ਹੁਕਮ ਵਰਤਾਈਆ । ਗੁਰਮੁਖਾਂ ਦਾ ਨਗਰ ਬਣਾਇਆ ਅਬਚਲ, ਜਿਸ ਦਾ ਲੇਖਾ ਗੁਰ ਅਵਤਾਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗ੍ਰਹਿ ਇਕ ਸੁਹਾਈਆ । ਜਨ ਭਗਤਾਂ ਦਵਾਰਾ ਊਚੋ ਊਚ, ਅਗੰਮ ਅਥਾਹ ਰਿਹਾ ਬਣਾਈਆ । ਕਲਜੁਗ ਅੰਤਮ ਕਰਨਾ ਕੂਚ, ਕੂਚਾ ਗਲੀ ਦਏ ਦੁਹਾਈਆ । ਕਿਸੇ ਨਾ ਆਏ ਸਾਚੀ ਸੂਝ, ਸਮਝ ਵਿਚ ਨਾ ਕੋਇ ਟਿਕਾਈਆ । ਸਾਰੇ ਸੁੱਤੇ ਨੈਣ ਮੁੰਦ, ਅੱਖੀਂ ਅੱਖ ਨਾ ਕੋਇ ਪਲਟਾਈਆ । ਜਨ ਭਗਤਾਂ ਪ੍ਰਭ ਆਪੇ ਲਏ ਢੂੰਡ, ਗ੍ਰਹਿ ਖੋਜਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਸਤਿ ਧਰਮ ਕਹੇ ਮੈਂ ਤੱਕਿਆ ਅੱਖੀਂ, ਭਗਤ ਦਵਾਰ ਨਜ਼ਰੀ ਆਈਆ । ਜਿਸ ਦੀ ਧਾਰ ਦਿਸੀ ਛੱਤੀ, ਛੱਤੀ ਛੱਤੀ ਵੰਡ ਵੰਡਾਈਆ । ਉਥੇ ਖੁਲ੍ਹੀ ਇਕੋ ਹੱਟੀ, ਵਣਜਾਰਾ ਹਰਿ ਜੂ ਡੇਰਾ ਲਾਈਆ । ਪੜ੍ਹਾਵੇ ਧੁਰ ਦੀ ਪੱਟੀ, ਢੋਲਾ ਨਾਮ ਸੁਣਾਈਆ । ਕਾਇਆ ਮਿੱਟੀ ਰੰਗ ਰੰਗੇ ਰੱਤੀ, ਰੁੱਤ ਆਪਣੇ ਨਾਲ ਮਿਲਾਈਆ । ਅੰਦਰ ਹੋ ਕੇ ਮਿਲੇ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਗੁਰਮੁਖ ਬਣਾਏ ਸੱਚੀ ਸਖੀ, ਸੁਖਨ ਆਪਣੇ ਨਾਲ ਪਰਨਾਈਆ । ਦੀਪਕ ਜੋਤ ਨਿਰੰਜਣ ਜਗਾਏ ਬੱਤੀ, ਘਰ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਬੁਝਾਈਆ । ਗੁਰਮੁਖ ਦਵਾਰਾ ਸੋਹਣਾ ਉਚਾ, ਊਚੋ ਊਚ ਦਏ ਵਡਿਆਈਆ । ਤੀਰਥ ਤਟਾਂ ਨਾਲੋਂ ਸੁੱਚਾ, ਮੰਦਰਾਂ ਮੱਠਾਂ ਨਾਲੋਂ ਸੋਭਾ ਪਾਈਆ । ਉਥੇ ਹੰਕਾਰੀ ਪੁਜਾਰੀ ਕੋਈ ਨਾ ਰਹੇ ਵਾਸਨਾ ਕੁੱਤਾ, ਸਵਾਨ ਰੂਪ ਹੋ ਕੇ ਭੱਜੇ ਨਾ ਵਾਹੋ ਦਾਹੀਆ । ਉਸ

ਦਾ ਮਾਲਕ ਪੁਰਖ ਅਕਾਲ ਦਾ ਪੁੱਤਾ, ਪਤ ਸਭ ਦੀ ਰਿਹਾ ਸਮਝਾਈਆ । ਜੋ ਮਿਹਰਵਾਨ ਹੋ ਕੇ ਤੁੱਠਾ, ਦਇਆਵਾਨ ਦਇਆ ਕਮਾਈਆ । ਜਿਥੇ ਬਾਲਮੀਕ ਰਸ ਪਿਆਇਆ ਲਵ ਕੁਸ਼ਾ, ਧੁਰ ਦੇ ਰਾਮ ਧਿਆਨ ਲਗਾਈਆ । ਉਥੇ ਸ਼ੇਰ ਆਇਆ ਇਕ ਬੱਗੀ ਮੁੱਛਾ, ਚੌਂਕੜ ਛਾੜ ਲਗਾਈਆ । ਸਾਢੇ ਤਿੰਨ ਹੱਥ ਦੂਰ ਆ ਕੇ ਢੁਕਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਭਗਤ ਦਵਾਰਾ ਇਕ ਰਮਣੀਕ, ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਸ ਦਾ ਮਜ਼੍ਹਬ ਨਾ ਕੋਈ ਸ਼ਰੀਕ, ਸ਼ਰਅ ਨਾ ਕੋਇ ਲੜਾਈਆ । ਉਥੇ ਇਕ ਹੱਥ ਸਰਬ ਤੌਫ਼ੀਕ, ਤੋਹਫ਼ੇ ਘਰ ਘਰ ਰਿਹਾ ਪਹੁੰਚਾਈਆ । ਧਾਮ ਸੁਹਾਇਆ ਪੂਰਬ ਬਾਲਮੀਕ, ਅੰਤ ਆਪੇ ਵੇਖ ਵਖਾਈਆ । ਜਿਥੇ ਸਾਢੇ ਤਿੰਨ ਹੱਥ ਮੁਨਾਰਾ ਬਣਿਆ ਠੀਕ, ਸੋ ਸੋਹਣਾ ਰੰਗ ਵਖਾਈਆ । ਜਿਥੇ ਸੱਤ ਰੰਗ ਨਿਸ਼ਾਨਾ ਝੁੱਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭੂਮਿਕਾ ਦਏ ਵਡਿਆਈਆ । ਸਤਿ ਧਰਮ ਵੇਖ ਸਿੰਘਾਸਣ, ਸਿੰਘ ਸੂਰਬੀਰ ਜਣਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਸੱਜਦੇ ਕਰ ਕਰ ਖ਼ੁਸ਼ੀ ਮਨਾਈਆ । ਸੋ ਖੇਲੇ ਖੇਲ ਖ਼ਲਕ ਤਮਾਸ਼ਨ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਦੇਵੇ ਦਰਸ ਜ਼ਾਹਰ ਬਾਤਨ, ਭੇਵ ਅਭੇਦਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਸਤਿ ਧਰਮ ਕਹੇ ਪ੍ਰਭ ਭਗਤ ਦਵਾਰਾ ਅੱਛਾ, ਸੋਹਣਾ ਨਜ਼ਰੀ ਆਈਆ । ਜਿਸ ਦੇ ਰਾਹ ਤਕਦੇ ਕੱਛ ਮੱਛਾ, ਦੂਰ ਦੁਰਾਡੇ ਅੱਖ ਉਠਾਈਆ । ਪੀਰ ਪੈਗ਼ੰਬਰ ਆਵੇ ਨੱਠਾ, ਬਣ ਕੇ ਪਾਂਧੀ ਰਾਹੀਆ । ਭਗਤ ਭਗਵਾਨ ਚਰਨੀ ਢੱਠਾ, ਮਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਜਿਥੇ ਵੱਡੇ ਛੋਟੇ ਕੋਈ ਨਾ ਰੱਟਾ, ਸਭ ਨੂੰ ਇਕੋ ਨਜ਼ਰ ਵੇਖ ਵਖਾਈਆ । ਸਰਬ ਸਵਾਮੀ ਬਣ ਕੇ ਸਾਂਝਾ ਪਿਤਾ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਹਾਣੀ ਖੋਲ੍ਹ ਨਾ ਸਮਝਾਇਆ ਕਿੱਸਾ, ਕਿਸਮ ਵਿਚ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੁਰਮੁਖ ਦਵਾਰਾ ਵੇਖ ਵਖਾਈਆ । ਸਤਿ ਧਰਮ ਕਹੇ ਮੈਂ ਵੇਖਾਂ ਦਵਾਰੇ ਓਸ, ਜਿਸ ਘਰ ਮਾਲਕ ਇਕ ਅਖਵਾਈਆ । ਜਿਹੜਾ ਜੁਗ ਚੌਕੜੀ ਬੈਠਾ ਰਿਹਾ ਖ਼ਾਮੋਸ਼, ਸ਼ਬਦ ਇਸ਼ਾਰੇ ਨਾਲ ਸਰਬ ਸਮਝਾਈਆ । ਸੋ ਕਲਜੁਗ ਅੰਤਮ ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਵੇਸ ਵਟਾਈਆ । ਭਾਗ ਲਗਾਏ ਸਾਚੇ ਕੋਟ, ਗੜ੍ਹ ਬੰਕ ਰਿਹਾ ਸੁਹਾਈਆ । ਭੇਵ ਚੁਕਾਵੇ ਲੋਕ ਪਰਲੋਕ, ਸਚ ਸਲੋਕ ਇਕ ਸਮਝਾਈਆ । ਆਪਣੀ ਕਰ ਕੇ ਅਗਲੀ ਸੋਚ, ਪਿਛਲੀ ਸਮਝ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਹਿਨਸ਼ਾਹੀਆ । ਭਗਤ ਦਵਾਰ ਕਹੇ ਅੱਗੇ ਆ ਧਰਮ, ਤੈਨੂੰ ਦਿਆਂ ਵਡਿਆਈਆ । ਕਲਜੁਗ ਬੇਹਯਾਈ ਦੀ ਜਾਏ ਸ਼ਰਮ, ਸ਼ਰਅ ਮੇਰੇ ਨੇੜ ਕੋਇ ਨਾ ਆਈਆ । ਨਾ ਕੋਇ ਬਰਨ ਨਾ ਕੋਈ ਵਰਨ, ਦੀਨ ਮਜ਼੍ਹਬ ਨਾ ਕੋਇ ਸਮਝਾਈਆ । ਨਾ ਕੋਇ ਭੈ ਭਉ ਡਰਨ, ਲੱਖ ਚੁਰਾਸੀ ਨਾ ਕੋਇ ਸਮਝਾਈਆ । ਅਗਨੀ ਤਤ ਮੂਲ ਨਾ ਸੜਨ, ਜੋ ਚਲ ਆਇਣ ਸਰਨਾਈਆ । ਸੱਚਾ ਢੋਲਾ ਇਕੋ ਪੜ੍ਹਨ, ਸਤਿ ਸਤਿ ਸਤਿ ਰਾਗ ਅਲਾਈਆ । ਸਚ ਦਵਾਰੇ ਸੋਈ ਵੜਨ, ਜਿਨ੍ਹਾਂ ਮੇਲਾ ਮੇਲੇ ਆਪ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿ ਧਰਮ ਕਹੇ ਮੈਂ ਆ ਕੇ ਵੇਖਿਆ ਅਨੰਦ, ਹਰਿ ਕਰਤਾ ਰਿਹਾ ਜਣਾਈਆ ।

ਦਰਸ਼ਨ ਪਾ ਕੇ ਗੁਜਰੀ ਚੰਦ, ਚੰਦਨ ਟਿੱਕਾ ਧੂੜੀ ਮਸਤਕ ਲਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬੰਦੀਖ਼ਾਨਾ ਦਿਤਾ ਤੁੜਾਈਆ । ਮੈਂ ਇਕੋ ਮੰਗ ਲਵਾਂ ਮੰਗ, ਖ਼ਾਲੀ ਝੋਲੀ ਘਰ ਭਰਾਈਆ । ਮੇਰੀ ਪ੍ਰੀਤੀ ਮੇਰੀ ਰੀਤੀ, ਮੇਰੀ ਨੀਤੀ ਜਨ ਭਗਤਾਂ ਨਾਲ ਜਾਏ ਹੰਢ, ਮਨਮੁਖ ਨੇੜ ਕੋਇ ਨਾ ਆਈਆ । ਮੈਂ ਪਹਿਲੀ ਵਾਰ ਵਿਚ ਸੰਸਾਰ ਹਰਿ ਨਿਰੰਕਾਰ ਸਚ ਦਵਾਰੇ ਖਾਵਾਂ ਸੁਗੰਧ, ਕਸਮ ਤੇਰੀ ਵਿਚ ਰਖਾਈਆ । ਜਨ ਭਗਤਾਂ ਕੋਲੋਂ ਕਦੀ ਨਾ ਮੋੜਾਂ ਕੰਡ, ਪਿਛਾ ਦੇ ਨਾ ਮੁਖ ਭੁਆਈਆ । ਇਨ੍ਹਾਂ ਨਾਲ ਮਿਲ ਕੇ ਗਾਵਾਂ ਤੇਰਾ ਛੰਦ, ਸਾਚਾ ਢੋਲਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਹੋਇਆ ਪਰਦੇਸੀ, ਕਲਜੁਗ ਦੇਸ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਨਾਨਕ ਆਪਣੀ ਝਾੜੀ ਖੇਸੀ, ਮੋਢੇ ਭੂਰੀ ਗਿਆ ਰਖਾਈਆ । ਜਿਸ ਵੇਲੇ ਲਾਲੋ ਹੱਥ ਵਿਚ ਫੜ ਕੇ ਤੇਸੀ, ਕੂੜੀ ਕਿਰਿਆ ਦਿਤੀ ਝੜ੍ਹਾਈਆ । ਮੈਂ ਓਸ ਵੇਲੇ ਤੱਕਿਆ ਕੋਈ ਆਵੇ ਮਾਲਕ ਜੇਠੀ, ਜੇਠਾ ਪੁੱਤ ਲਏ ਬਚਾਈਆ । ਮੇਰੀ ਕੋਈ ਨਾ ਚਲੇ ਸ਼ੇਖ਼ੀ, ਸ਼ੇਖ਼ਾਂ ਦਿਤੀ ਮੱਤ ਭੁਆਈਆ । ਵਾਹ ਮੇਰੇ ਭਗਵਾਨ ਹੁਣ ਤੇਰੇ ਅੱਗੇ ਭੁਗਤ ਦੇਵੇ ਪੇਸ਼ੀ, ਪੀਰ ਪੈਗ਼ੰਬਰ ਸੀਸ ਨਿਵਾਈਆ । ਅਜੇਹੀ ਖੇਲ ਅਗੰਮੀ ਅੱਗੇ ਕਿਸੇ ਨਾ ਖੇਡੀ, ਲੋਕਮਾਤ ਨਾ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਮ ਕਹੇ ਮੈਨੂੰ ਪਿਛਲਾ ਯਾਦ, ਵੇਲਾ ਦਿਆਂ ਜਣਾਈਆ । ਜਿਸ ਵੇਲੇ ਬਜਵਾੜੇ ਕੀਤਾ ਆਬਾਦ, ਕੁੱਲੀ ਕੱਖ ਸੁਹਾਈਆ । ਆਯੂ ਵਿਚੋਂ ਰਹਿ ਕੇ ਨੌਂ ਰਾਤ, ਨੌਂ ਦਿਨ ਇਕ ਧਿਆਨ ਲਗਾਈਆ । ਨੌਂ ਦਵਾਰੇ ਵਾਸਨਾ ਕਰ ਬਰਬਾਦ, ਦਸਮ ਸਵਾਸ ਚੜ੍ਹਾਈਆ । ਓਸ ਵੇਲੇ ਆਈ ਅਗੰਮੀ ਆਵਾਜ਼, ਪੁਰਖ ਅਬਿਨਾਸ਼ੀ ਸ਼ਬਦ ਕਰੇ ਸ਼ਨਵਾਈਆ । ਕਲਜੁਗ ਅੰਤਮ ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੋਏ ਸਹਾਈਆ । ਸਚ ਦਵਾਰੇ ਪਾਵੇ ਰਾਸ, ਧੁਰ ਦਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਅੱਖ ਖੁਲ੍ਹਾਈਆ । ਬਾਲਮੀਕ ਅੰਤਰਗਤ, ਆਤਮ ਵੇਖ ਵਖਾਈਆ । ਵਾਹ ਸਾਹਿਬ ਪੁਰਖ ਸਮਰਥ, ਤੇਰਾ ਹੁਕਮ ਬੇਪਰਵਾਹੀਆ । ਬਿਨ ਕੰਨਾਂ ਸੁਣ ਕੇ ਗਿਆ ਹੱਸ, ਆਪਣੀ ਖ਼ੁਸ਼ੀ ਮਨਾਈਆ । ਠਾਕਰ ਅਗਲਾ ਲੇਖਾ ਦੱਸ, ਕੀ ਤੇਰੀ ਵਡਿਆਈਆ । ਕਲਜੁਗ ਹੋਵੇਂ ਕਿਵੇਂ ਪਰਗਟ, ਨਿਰਗੁਣ ਨੂਰ ਧਰਾਈਆ । ਮੈਂ ਵੇਖਾਂ ਕੇਹੜੀ ਅੱਖ, ਨੈਣਾਂ ਨਾਲ ਤਕਾਈਆ । ਸ੍ਰੀ ਭਗਵਾਨ ਸ਼ਬਦ ਸਰੂਪੀ ਫੜ ਕੇ ਹੱਥ, ਇਸ਼ਾਰੇ ਨਾਲ ਜਣਾਈਆ । ਮੈਂ ਲੇਖਾ ਯਾਦ ਰੱਖਾਂ ਸਚ, ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਬਾਲਮੀਕ ਕਹੇ ਮੈਨੂੰ ਦੇ ਸਚ ਸੰਦੇਸ਼, ਤੇਰਾ ਚਰਨ ਧਿਆਨ ਲਗਾਈਆ । ਤੂੰ ਮਾਲਕ ਇਕ ਨਰੇਸ਼, ਨਰਾਇਣ ਤੇਰੀ ਵਡਿਆਈਆ । ਅਗੰਮੀ ਖੋਲ੍ਹ ਆਪਣਾ ਭੇਤ, ਭਾਵਨਾ ਨਾਲ ਸਮਝਾਈਆ । ਇਹ ਸੋਹਣਾ ਚੰਗਾ ਦੇਸ, ਜਿਥੇ ਬੈਠਿਆਂ ਤੇਰਾ ਰੂਪ ਨਜ਼ਰੀ ਆਈਆ । ਲਵ ਕੁਸ਼ ਕੱਖਾਂ ਵਿਚ ਲਪੇਟ, ਸੋਹਣੇ ਆਸਣ ਦਿਤੇ ਟਿਕਾਈਆ । ਤੇਰੀ ਮੁਹੱਬਤ ਨਾਲ ਰਹੇ ਖੇਡ, ਖ਼ੁਸ਼ੀਆਂ ਵਿਚ ਸਮਾਈਆ । ਸ੍ਰੀ ਭਗਵਾਨ ਕਿਹਾ ਮੈਂ ਤਾਰਾਂ ਏਨ੍ਹਾਂ ਨਾਲ ਸਮੇਤ, ਹੋਵਾਂ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਲਮੀਕ ਕਹੇ ਮੈਨੂੰ ਆਈ ਨਹੀਂ ਕੁਛ ਸੋਚ, ਸਚ ਦੇ ਸਮਝਾਈਆ । ਜੁਗ ਜੁਗ ਦੀ ਬਖ਼ਸ਼ ਹੋਸ਼, ਹੌਸਲਾ ਦੇ ਵਧਾਈਆ । ਤੇਰੇ ਹੱਥ ਅਗੰਮੀ ਪਹੁੰਚ,

ਪਛਾਣ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ੁਰਮਾਣਾ ਹੁਕਮ ਸੁਣਾਈਆ । ਧੁਰ ਫ਼ੁਰਮਾਣ ਸੁਣਾਏ
ਦਰਦੀ, ਧੁਰ ਦਾ ਦਰਦ ਵੰਡਾਇੰਦਾ । ਤੇਰੀ ਮਨਜ਼ੂਰ ਸਾਚੀ ਅਰਜ਼ੀ, ਆਰਜ਼ੂ ਆਪਣੇ ਲੇਖੇ ਲਾਇੰਦਾ । ਪੁਰਖ ਅਬਿਨਾਸ਼ੀ ਬਣਕੇ ਫ਼ਰਜ਼ੀ, ਫ਼ਰਜ਼
ਆਪਣਾ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ ਦੇਵੇ ਨਿਰੰਕਾਰ,
ਅੰਤਰ ਅੰਤਰ ਆਪ ਸੁਣਾਈਆ । ਤ੍ਰੇਤਾ ਦੁਆਪਰ ਬੀਤੇ ਵਿਚ ਸੰਸਾਰ, ਕਲਜੁਗ ਲਹਿਣਾ ਝੋਲੀ ਪਾਈਆ । ਲਵ ਕੁਸ਼ ਦਾ ਕਰ ਆਧਾਰ, ਗੋਬਿੰਦ
ਗੋਦ ਸੁਹਾਈਆ । ਨੀਹਾਂ ਹੇਠ ਏਨ੍ਹਾਂ ਸੁਆਲ, ਕੂੜੀ ਜੜ੍ਹ ਉਖੜਾਈਆ । ਅੰਤਮ ਦੀਆ ਦੀਪਕ ਇਕੋ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ ।
ਸ਼ਬਦ ਸਰੂਪੀ ਸ਼ਾਹ ਸੁਲਤਾਨ, ਵਡ ਭੂਪੀ ਫੇਰਾ ਪਾਈਆ । ਏਹ ਵੇਖ ਕੇ ਤੇਰਾ ਮੈਦਾਨ, ਭੱਜਾ ਆਵੇ ਵਾਹੋ ਦਾਹੀਆ । ਜਿਸ ਦੇ ਉਤੇ ਲਾਇਆ
ਨਿਸ਼ਾਨ, ਅੱਖਰਾਂ ਨਾਲ ਪੜ੍ਹਾਈਆ । ਪੁਰਖ ਅਕਾਲ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਨਿਕਿਆਂ ਬੱਚਿਆਂ ਦੇ ਕੇ ਦਾਨ, ਤੇਰੀ
ਭੂਮਿਕਾ ਲਏ ਪਰਗਟਾਈਆ । ਓਸੇ ਦਿਨ ਓਸੇ ਰਾਤ ਦੇਵੇ ਆਪ ਫ਼ਰਮਾਨ, ਫ਼ੁਰਨਾ ਇਕ ਫ਼ੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਬਾਲਮੀਕ ਕਹੇ ਮੋਹੇ ਤੇਰੀ ਓਟ, ਆਸਰਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰੀ
ਜੋਤ, ਮਾਲਕ ਬੇਪਰਵਾਹੀਆ । ਲੇਖਾ ਚੁਕਾਏ ਹਰਖ਼ ਸੋਗ, ਚਿੰਤਾ ਗ਼ਮ ਮਿਟਾਈਆ । ਮੈਂ ਵੇਖਾਂ ਤੇਰੀ ਉਹ ਮੌਜ, ਜਿਸ ਦਾ ਲੇਖ ਨਾ ਕੋਇ
ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਸਚ ਦੇ ਦ੍ਰਿੜਾਈਆ । ਬਾਲਮੀਕ ਬਾਲੀ ਬੁਧ, ਹਰਿ ਕਰਤਾ
ਆਪ ਜਣਾਇੰਦਾ । ਜੁਗ ਚੌਕੜੀ ਦੇਵਣਹਾਰਾ ਸੁਧ, ਸੁਧਾਸਰ ਇਕੋ ਇਕ ਪਰਗਟਾਇੰਦਾ । ਸ਼ਾਹਸਵਾਰਾ ਅਸਵ ਬਹੇ ਕੁੱਦ, ਜੰਗਲ ਜੂਹ ਉਜਾੜ
ਪਹਾੜ ਡੂੰਘੀ ਕੰਦਰ ਪੰਧ ਮੁਕਾਇੰਦਾ । ਭੇਵ ਅਭੇਦਾ ਖੋਲ੍ਹੇ ਗੁਝ, ਪੜਦਾ ਓਹਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਭਗਵੰਤ, ਭਗਵਨ ਵਡ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਨਿਰਗੁਣ
ਸਰਗੁਣ ਸਰਗੁਣ ਨਿਰਗੁਣ ਧਾਰ ਚਲਾਈਆ । ਲੱਖ ਚੁਰਾਸੀ ਬਣਾਏ ਬਣਤ, ਸਾਧ ਸੰਤ ਲਏ ਉਪਜਾਈਆ । ਜਿਸ ਵੇਲੇ ਕਲਜੁਗ ਆਵੇ ਅੰਤ,
ਸਦੀ ਬੀਸਵੀਂ ਆਪਣਾ ਰੰਗ ਰੰਗਾਈਆ । ਕਰੇ ਖੇਲ ਆਪ ਅਨੰਤ, ਗਿਣਤੀ ਗਣਤ ਨਾ ਕੋਇ ਗਣਾਈਆ । ਤੇਰੇ ਮਿਲਣ ਦੀ ਸਚ ਬਣਾ ਕੇ
ਬਣਤ, ਮੇਲ ਮਿਲਾਏ ਸਹਿਜ ਸੁਭਾਈਆ । ਜਿਸ ਨੂੰ ਸਮਝੇ ਕੋਈ ਨਾ ਪਾਂਧਾ ਪੰਡਤ, ਸ਼ਾਸਤਰ ਵੇਦ ਪੁਰਾਨ ਨਾ ਦੇਣ ਗਵਾਹੀਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਤੇਰਾ ਲਹਿਣਾ ਰੱਖੇ ਚੇਤੇ, ਚੇਤਨ ਸੁਰਤੀ ਨਾਲ ਮਿਲਾਇੰਦਾ ।
ਤੇਰੇ ਨੇਤਰ ਨੈਣ ਆਪੇ ਵੇਖੇ, ਲੋਚਣ ਆਪਣੀ ਅੱਖ ਖੁਲ੍ਹਾਇੰਦਾ । ਸਨਮੁਖ ਹੋ ਕੇ ਸਾਹਿਬ ਸਵਾਮੀ ਵੇਖੇ, ਦੂਰ ਦੁਰਾਡਾ ਡੇਰਾ ਢਾਇੰਦਾ । ਤੇਰੀ
ਸੇਜਾ ਆਤਮ ਉਤੇ ਲੇਟੇ, ਸਚ ਸਿੰਘਾਸਣ ਸੋਭਾ ਪਾਇੰਦਾ । ਇਹ ਨਿੱਕੇ ਦੋਵੇਂ ਬੇਟੇ, ਗੋਬਿੰਦ ਰੰਗ ਰੰਗਾਇੰਦਾ । ਪਹਿਲੋਂ ਕਰ ਕੇ ਸਾਚੀ ਭੇਟੇ,
ਨਿਰਗੁਣ ਸਰਗੁਣ ਜ਼ੀਰੋ ਵੀਹ ਅੰਕ ਬਣਾਇੰਦਾ । ਇਕ ਦਸ ਦਾ ਖੇਲ ਵੇਖੇ, ਏਕੰਕਾਰਾ ਆਪਣੀ ਕਲ ਧਰਾਇੰਦਾ । ਵੀਹ ਸੌ ਦਸ ਖੇਡ ਖੇਲੇ,
ਭਾਂਡਾ ਭਰਮ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਘਲਾਇੰਦਾ ।

੬੪੧
੧੭

ਬਾਲਮੀਕ ਅੰਦਰ ਤੱਕਿਆ, ਬਾਹਰੋਂ ਨਜ਼ਰ ਕੁਛ ਨਾ ਆਈਆ । ਕਵਣ ਸੰਦੇਸਾ ਦੇਵੇ ਹੋਇਆ ਹੱਕਿਆ ਬੱਕਿਆ, ਨੇਤਰ ਨੈਣ ਚਾਰੋਂ ਕੁੰਟ ਵੇਖ ਵਖਾਈਆ । ਪੁਰਖ ਅਬਿਨਾਸ਼ੀ ਨਿਰਗੁਣ ਧਾਰ ਆਤਮ ਪਰਮਾਤਮ ਵਿਚੋਂ ਰੱਟਿਆ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਖੰਡੇ ਧਾਰ ਨਾਲ ਕੱਟਿਆ, ਸੁਰਤੀ ਸੁਰਤ ਦਿਤੀ ਬਦਲਾਈਆ । ਉਠ ਵੇਖ ਮੇਰੇ ਬੱਚਿਆ, ਅਗਲਾ ਲੇਖਾ ਦਿਆਂ ਜਣਾਈਆ । ਕਾਇਆ ਮਾਟੀ ਭਾਂਡੇ ਕੱਚਿਆ, ਤੇਰੀ ਕਾਇਆ ਗਗਰੀ ਲੇਖੇ ਪਾਈਆ । ਪਹਿਲੋਂ ਨੌ ਦਵਾਰੇ ਵਾਟੇ ਮਾਣਸ ਮਾਰਨ ਨੱਠਿਆ, ਭੱਜੇ ਵਾਹੋ ਦਾਹੀਆ । ਪ੍ਰੇਮ ਪ੍ਰੀਤੀ ਨਾਲ ਤੀਰ ਨਿਰਾਲਾ ਮਾਰ ਤੈਨੂੰ ਫਟਿਆ, ਪੱਟੀ ਆਪਣਾ ਨਾਮ ਰਖਾਈਆ । ਕਦੀ ਤੂੰ ਨਾ ਤੋਲਿਆ ਤੱਕੜੀ ਵੱਟਿਆ, ਨਾਮ ਕੰਡਾ ਇਕੋ ਇਕ ਦਰਸਾਈਆ । ਔਹ ਵੇਖ ਤ੍ਰੇਤਾ ਦੁਆਪਰ ਕਲਜੁਗ ਦੂਰ ਦੁਰਾਡਾ ਬਹਿ ਕੇ ਹੱਸਿਆ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਓ ਬਾਲਮੀਕ ਬਜਵਾੜੇ ਬੁੱਚੜ, ਤੈਨੂੰ ਸਚ ਦਿਆਂ ਸਮਝਾਈਆ । ਤੈਨੂੰ ਚੁੱਕ ਕੇ ਆਪਣੇ ਕੁੱਛੜ, ਆਪ ਆਪਣਾ ਮੇਲ ਮਿਲਾਈਆ । ਕਲਜੁਗ ਅੰਤ ਕਦੇ ਨਾ ਜਾਵਾਂ ਮੁਕਰ, ਮੁਜਰਮ ਹੋ ਕੇ ਕਦੇ ਨਾ ਮੁਖ ਭੁਆਈਆ । ਤੂੰ ਮੇਰਾ ਕੀਤਾ ਸ਼ੁਕਰ, ਮੈਂ ਤੇਰੇ ਸ਼ੁਕਰਾਨੇ ਵਿਚ ਖ਼ੁਸ਼ੀ ਮਨਾਈਆ । ਮੇਰੇ ਸਵਾਲ ਜਵਾਬ ਦਾ ਕੋਇ ਨਾ ਦੇਵੇ ਉੱਤਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬਾਲਮੀਕ ਕਹੇ ਮੈਂ ਕੀ ਜਾਣਾਂ, ਕੀ ਤੇਰੀ ਵਡਿਆਈਆ । ਤੂੰ ਪੁਰਖ ਬਿਨ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਣਾ, ਸਚਖੰਡ ਬੈਠਾ ਡੇਰਾ ਲਾਈਆ । ਮੈਂ ਫਿਰਾਂ ਵਿਚ ਮਸਾਣਾਂ, ਧੂੰਆਂਧਾਰ ਵੇਖੀ ਲੋਕਾਈਆ । ਮੈਂ ਸਮਝਿਆ ਪ੍ਰਭ ਇਕ ਅੱਖੋਂ ਕਾਣਾ, ਕਿਸੇ ਨੂੰ ਡੋਬੇ ਕਿਸੇ ਨੂੰ ਤਾਰੇ ਕਿਸੇ ਨੂੰ ਸ਼ੌਹ ਦਰਿਆ ਰੁੜ੍ਹਾਈਆ । ਸ੍ਰੀ ਭਗਵਾਨ ਕਹੇ ਵਾਹ ਬਾਲ ਅੰਞਾਣੇ, ਤੇਰੀ ਵਾਰਤਾ ਮੋਹੇ ਚੰਗੀ ਭਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਭਗਤ ਮੇਰੇ ਨਾਲੋਂ ਸਿਆਣੇ, ਜਿਨ੍ਹਾਂ ਮੇਰੀ ਸੋਭਾ ਗਾਈਆ । ਮੈਂ ਉਨ੍ਹਾਂ ਨਾਲ ਝਗੜਾ ਕਾਹਨੂੰ ਕਰਾਂ ਧਿੰਙਾਣੇ, ਜੋ ਮੇਰਾ ਮੇਰੇ ਅੰਦਰ ਧਿਆਨ ਲਗਾਈਆ । ਸਤਿਜੁਗ ਵਰਤਾ ਆਪਣੇ ਭਾਣੇ, ਭਾਣਾ ਸਭ ਨੂੰ ਦਿਆਂ ਸਮਝਾਈਆ । ਤਖ਼ਤੋਂ ਲਾਹ ਕੇ ਰਾਜੇ ਰਾਣੇ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਗੁਰਮੁਖ ਪਰਗਟਾ ਕੇ ਸੁਘੜ ਸਿਆਣੇ, ਸੁਚੱਜੇ ਸੋਹਣੇ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਹੀ ਸਲਾਮਤ ਰਿਹਾ ਸਮਝਾਈਆ । ਬਾਲਮੀਕ ਕਹੇ ਪ੍ਰਭ ਮੈਂ ਤੇਰੀ ਖ਼ਾਤਰ ਖ਼ਤਰਾ ਦਿਆਂ ਗਵਾਈਆ । ਏਹ ਤੇਰਾ ਸੰਦੇਸਾ ਮੇਰਾ ਪਾਤਰ, ਸਦ ਆਪਣੀ ਝੋਲੀ ਪਾਈਆ । ਜਿਸ ਵੇਲੇ ਕਲਜੁਗ ਆਵੇ ਆਖ਼ਰ, ਸਦੀ ਸਦੀਵੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਬਾਲਮੀਕ ਜਗਤ ਜਵਾਨ, ਭਗਵੰਤ ਭਗਤੀ ਵਿਚ ਬਦਲਾਈਆ । ਹੋ ਕੇ ਦਿਆਲ ਆਪ ਮਿਹਰਵਾਨ, ਘਰ ਮਹਿਮਾਨ ਲਏ ਬਠਾਈਆ । ਸਤਿ ਸਤਿਵਾਦੀ ਦੇ ਕੇ ਦਾਨ, ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹਾਈਆ । ਆਦਿ ਜੁਗਾਦੀ ਦੇ ਨਿਸ਼ਾਨ, ਅਨਾਦੀ ਹੱਥ ਫੜਾਈਆ । ਕਲਜੁਗ ਅੰਤ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਨੰਨ੍ਹੇ ਬੱਚੇ ਕਰ ਪਰਵਾਨ, ਬਾਲੇ ਸਾਚੀ ਸੇਵ ਲਗਾਈਆ । ਸਾਢੇ ਤਿੰਨ ਹੱਥ ਮਕਾਨ, ਛੱਤੀ ਫੁਟ ਜਗਤ ਨਿਸ਼ਾਨ, ਜੁਗ ਛੱਤੀ ਲਹਿਣਾ ਦਏ ਚੁਕਾਈਆ । ਤੇਰਾ ਲੇਖਾ ਵੇਖੇ ਆਣ, ਆਪ ਆਪਣਾ ਫੇਰਾ ਪਾਈਆ ।

ਅੰਤਰ ਬਖ਼ਸ਼ ਧਰਮ ਗਿਆਨ, ਬ੍ਰਹਮ ਦਏ ਸਮਝਾਈਆ । ਨਾਤਾ ਜੋੜ ਸ੍ਰੀ ਭਗਵਾਨ, ਵਿਸ਼ਵ ਆਪਣਾ ਰੰਗ ਚੜ੍ਹਾਈਆ । ਜਨ ਭਗਤਾਂ ਬਣਾ ਕੇ ਸਚ ਅਸਥਾਨ, ਅਸਥਲ ਮੰਦਰ ਦਏ ਵਡਿਆਈਆ । ਮਾਣ ਦਵਾ ਕੇ ਗੋਪੀ ਕਾਹਨ, ਸੀਤਾ ਰਾਮ ਜਗਤ ਬਣ ਕਟਾਈਆ । ਬਨਵਾਸੀ ਫਿਰੇ ਨਾ ਕੋਇ ਜਹਾਨ, ਉਦਾਸੀ ਨਜ਼ਰ ਕੋਇ ਨਾ ਆਈਆ । ਸਚ ਦਵਾਰਾ ਖੋਲ੍ਹਿਆ ਆਣ, ਆਪਣੀ ਕਲ ਧਰਾਈਆ । ਜਿਨ੍ਹਾਂ ਗੁਰਮੁਖਾਂ ਜਨ ਭਗਤਾਂ ਢੋਲਾ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਦਾ ਭਾਗ ਹਿੱਸਾ ਸਕੇ ਨਾ ਕੋਇ ਵੰਡਾਈਆ ।

### ✪ ੪ ਅੱਸੂ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ✪

ਭਗਤ ਦਵਾਰ ਕਹੇ ਕੋਈ ਰਹੇ ਨਾ ਭਰਮ, ਭੁੱਲਿਆਂ ਦਿਆਂ ਜਣਾਈਆ । ਭਗਤ ਭਗਵਾਨ ਕੱਠੇ ਹੋਏ ਧਰਮ, ਧਰਮ ਗੰਢ ਪੁਆਈਆ । ਸਭ ਨੂੰ ਮਿਲ ਕੇ ਇਕ ਦੀ ਨਜ਼ਰ ਆਏ ਸਰਨ, ਸਰਨਗਤ ਸਮਝਾਈਆ । ਅਬਿਨਾਸ਼ੀ ਕਰਤੇ ਲੱਗਣਾ ਚਰਨ, ਚਰਨੋਦਕ ਮੁਖ ਚੁਆਈਆ । ਲਹਿਣਾ ਚੁੱਕੇ ਮਾਣਸ ਜਨਮ, ਜਨਮ ਜਨਮ ਨਾ ਕੋਇ ਭੁਆਈਆ । ਝਗੜਾ ਮੁੱਕੇ ਵਰਨ ਬਰਨ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋ ਮੇਰੇ ਅੰਦਰ ਆ ਕੇ ਵੜਨ, ਪਿਛਲਾ ਪੰਧ ਗਵਾਈਆ । ਸੋ ਸਾਚਾ ਢੋਲਾ ਪੜ੍ਹਨ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਭਗਤ ਦਵਾਰ ਕਹੇ ਮੈਂ ਲੇਖਾ ਦੱਸਾਂ ਅਗਲਾ, ਹਰਿ ਦਾ ਭੇਵ ਜਣਾਈਆ । ਕੋਈ ਲੱਭਣ ਨਾ ਜਾਇਓ ਵਿਚੋਂ ਜੰਗਲਾਂ, ਬੇਲੇ ਢੂੰਡ ਨਾ ਕੋਇ ਢੂੰਡਾਈਆ । ਤੀਰਥਾਂ ਉਤੇ ਨਾ ਮਾਰਿਓ ਮਜਲਾਂ, ਅਠਸਠ ਭੱਜਣਾਂ ਨਾ ਵਾਹੋ ਦਾਹੀਆ । ਰਾਗਾਂ ਨਾਦਾਂ ਨਾਲ ਲੋੜ ਰਹੇ ਨਾ ਗੌਣ ਦੀ ਗ਼ਜ਼ਲਾਂ, ਗ਼ਰਜ਼ ਸਭ ਦੀ ਪੂਰ ਕਰਾਈਆ । ਦਰ ਦਵਾਰੇ ਔਂਦਿਆਂ ਪ੍ਰਭ ਪਿਛਲਾ ਚੁਕਾਵੇ ਬਦਲਾ, ਅੰਤਰ ਆਤਮ ਦਏ ਬਦਲਾਈਆ । ਨਾਮ ਨਿਧਾਨ ਪਾ ਕੇ ਕਜਲਾ, ਨੇਤਰ ਨੈਣ ਅੱਖ ਖੁਲ੍ਹਾਈਆ । ਮੁਖ ਸ਼ਬਦ ਲਗਾ ਕੇ ਸਗਨਾ, ਧੁਰ ਦਾ ਜੋੜ ਜੁੜਾਈਆ । ਨਾਮ ਖ਼ੁਮਾਰੀ ਰੱਖ ਮਗਨਾ, ਮੰਗਲਾਚਾਰ ਜਣਾਈਆ । ਮਾਣਸ ਜਨਮ ਨਾ ਹੋਵੇ ਭੰਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਜਾਣੇ ਸਚ ਗੋਸਾਈਆ । ਭਗਤ ਦਵਾਰ ਕਹੇ ਜੋ ਅੰਦਰ ਵੜੇ, ਨੇਤਰ ਨੈਣ ਸ਼ਰਮਾਈਆ । ਪੁਰਖ ਅਬਿਨਾਸ਼ੀ ਢੋਲਾ ਪੜ੍ਹੇ, ਹਰਿ ਹਰਿ ਨਾਮ ਧਿਆਈਆ । ਤੂੰ ਮੇਰਾ ਮੈਂ ਤੇਰਾ ਆਇਆ ਘਰੇ, ਘਰ ਦੇ ਮਾਲਕ ਲੈਣਾ ਮਿਲਾਈਆ । ਜਨਮ ਕਰਮ ਦਾ ਮੁਕੇ ਡਰੇ, ਭੈ ਭੌ ਨਾ ਕੋਇ ਸਤਾਈਆ । ਅੰਤਮ ਅਧਵਿਚਕਾਰ ਕੋਈ ਨਾ ਅੜੇ, ਰਾਏ ਧਰਮ ਨਾ ਦਏ ਸਜ਼ਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਆ ਕੇ ਖੜੇ, ਫੜ ਬਾਹੋਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਤ ਦਵਾਰ ਕਹੇ ਜੋ ਮੇਰਾ ਮਿਤਰ, ਸੰਗੀ ਸਾਚਾ ਸੰਗ ਨਿਭਾਈਆ । ਉਹ ਜਨਮ ਕਰਮ ਦਾ ਲਾਹ ਕੇ ਆਵੇ ਫ਼ਿਕਰ, ਜਗਤ ਫ਼ਿਕਰਾਂ ਨਾਲੋਂ ਪੱਲੂ ਤੁੜਾਈਆ । ਪ੍ਰੇਮ ਦੀ ਧਾਰੋਂ ਆਏ ਨਿੱਤਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਆਪਣੀ ਗੋਦ ਉਠਾਈਆ । ਧਰਮ ਦਵਾਰ ਕਹੇ ਜਿਸ ਬਣਨਾ ਮੇਰਾ ਸੱਜਣ, ਸਾਂਝਾ ਯਾਰ ਮਿਲਾਈਆ । ਜਿਸ ਦਾ ਇਕੋ ਨਾਮ ਭਜਨ, ਬੰਦਗੀ

ਸਤਿ ਦ੍ਰਿੜਾਈਆ । ਜਿਸ ਦਾ ਇਕੋ ਧੂੜੀ ਮਜਨ, ਦੁਰਮਤ ਮੈਲ ਧੁਆਈਆ । ਇਕੋ ਨੇਤਰ ਅੰਜਨ, ਨਿਜ ਨੇਤਰ ਅੱਖ ਖੁਲ੍ਹਾਈਆ । ਜਿਸ ਦੇ ਦੋ ਜਹਾਨ ਨਗਾਰੇ ਵੱਜਣ, ਪੀਰ ਪੈਗ਼ੰਬਰ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਭਗਤ ਦਵਾਰ ਕਹੇ ਮੇਰੀ ਧਾਰ ਅਵੱਲੀ, ਧਰਨੀ ਧਰਤ ਮਿਲੀ ਵਡਿਆਈਆ । ਮੇਰੀਆਂ ਨੀਹਾਂ ਹੇਠ ਉਹ ਅਨੋਖੀ ਕਲੀ, ਜਿਸ ਦਾ ਗੋਬਿੰਦ ਬੂਟਾ ਨਜ਼ਰੀ ਆਈਆ । ਉਹ ਆਦਿ ਜੁਗਾਦੀ ਵੱਡਾ ਵਲੀ, ਵਲ ਛਲ ਕਰ ਕੇ ਖੇਲ ਖਿਲਾਈਆ । ਸੂਰਬੀਰਾਂ ਵਿਚੋਂ ਬਲੀ, ਬਲਧਾਰੀ ਸੋਭਾ ਪਾਈਆ । ਜਿਸ ਮੇਰੇ ਪ੍ਰੇਮ ਦੀ ਔਣਾ ਗਲੀ, ਗਲਵਕੜੀ ਸ਼ਰਅ ਨਾ ਕੋਇ ਰਖਾਈਆ । ਸਚ ਦਵਾਰਾ ਲੈਣਾ ਮੱਲੀ, ਮਾਲਕ ਆਪਣੇ ਨਾਲ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪਦਾਰਥ ਨਾਮ ਦਿਤੀ ਅਨੋਖੀ ਫਲੀ, ਫਲ ਗੁਰਮੁਖਾਂ ਰਹੀ ਲਗਾਈਆ ।।

## ✪ ੪ ਅੱਸੂ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਭਲਾਈ ਪੁਰ ਡੋਗਰਾਂ ✪

ਸੱਚ ਦਵਾਰੇ ਪੂਰੀ ਆਸਾ, ਆਸਾ ਪੂਰ ਦਇਆ ਕਮਾਇੰਦਾ । ਭਗਤ ਭਗਵਾਨ ਦੇ ਭਰਵਾਸਾ, ਭਾਂਡਾ ਭਰਮ ਭੰਨਾਇੰਦਾ । ਨਾਮ ਪਦਾਰਥ ਦੇ ਕੇ ਦਾਤਾ, ਵਸਤ ਅਮੋਲਕ ਝੋਲੀ ਪਾਇੰਦਾ । ਚਰਨ ਪ੍ਰੀਤੀ ਜੋੜ ਕੇ ਨਾਤਾ, ਨਾਦਾਨ ਆਪਣੇ ਨਾਲ ਮਿਲਾਇੰਦਾ । ਸਤਿ ਸਚ ਦੀ ਦੱਸ ਕੇ ਗਾਥਾ, ਸੋਹੰ ਨਾਮ ਜਪਾਇੰਦਾ । ਜਿਨ੍ਹਾਂ ਗੁਰਮੁਖਾਂ ਮੰਨਿਆ ਆਖਾ, ਆਖ਼ਰ ਮੰਜ਼ਲ ਫੜ ਬਹਾਇੰਦਾ । ਏਥੇ ਓਥੇ ਹੋ ਕੇ ਰਾਖਾ, ਠੱਗਾਂ ਚੋਰਾਂ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਹੋ ਕੇ ਸੇਵ ਕਮਾਇੰਦਾ । ਮਨਸਾ ਪੂਰ ਸਾਹਿਬ ਗੁਣਵੰਤ, ਗੰਭੀਰ ਗਹਿਰ ਅਖਵਾਈਆ । ਲੇਖੇ ਲਾ ਕੇ ਧੁਰ ਦੇ ਸੰਤ, ਸੱਜਣ ਹੋਏ ਸਹਾਈਆ । ਮੇਲ ਮਿਲਾ ਕੇ ਅਰਸ਼ੀ ਕੰਤ, ਫਰਸ਼ ਸੋਭਾ ਪਾਈਆ । ਮਾਣ ਦਵਾ ਕੇ ਕਾਗ ਹੰਸ, ਹਸਤੀ ਇਕ ਸਮਝਾਈਆ । ਜਨ ਬਣਾ ਕੇ ਸਾਚਾ ਬੰਸ, ਸੰਗਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਹੋਏ ਸਹਾਈਆ । ਆਸਾ ਮਨਸਾ ਹਰਿਜਨ ਪੁਨੀ, ਤ੍ਰਿਸਨਾ ਜਗਤ ਮਿਟਾਈਆ । ਨਾਮ ਸੁਣਾ ਕੇ ਆਪਣਾ ਧੁਨੀ, ਧੁਰ ਦੀ ਧਾਰ ਬੰਧਾਈਆ । ਗੁਰਮੁਖ ਬਣਾ ਕੇ ਸਾਚਾ ਗੁਣੀ, ਗਿਆਨ ਗੁਰੂ ਦ੍ਰਿੜਾਈਆ । ਓਢਨ ਦੇ ਕੇ ਸੀਸ ਚੁੰਨੀ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ ਸਮਝਾਈਆ । ਮਨਸਾ ਕਹੇ ਮੇਰਾ ਮੇਲਾ ਮਾਣਸ, ਜੁਗ ਜੁਗ ਵੇਖ ਵਖਾਈਆ । ਦਵਾਰ ਕਹੇ ਮੇਰਾ ਮਾਲਕ ਸਾਲਸ, ਸਾਹਿਬ ਬੇਪਰਵਾਹੀਆ । ਜਿਸ ਨੂੰ ਨਿੰਦਰਾ ਨਾ ਕੋਈ ਆਲਸ, ਖ਼ੁਸ਼ੀ ਗ਼ਮੀ ਨਾ ਵੰਡ ਵੰਡਾਈਆ । ਸਦਾ ਕਰੇ ਸਚ ਅਦਾਲਤ, ਧੁਰ ਫ਼ਰਮਾਨ ਸੁਣਾਈਆ । ਮਨਸਾ ਮਨ ਮੇਟਣਹਾਰ ਬਗ਼ਾਵਤ, ਅਦਾਵਤ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਕਰੇ ਸਖ਼ਾਵਤ, ਸਚ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਦਏ ਸਮਝਾਈਆ । ਆਸਾ ਕਹੇ ਮੈਂ ਨਿਕੱਮੀ ਇਛਿਆ, ਇਸ਼ਟ ਸਕੀ ਨਾ ਕੋਈ ਮਨਾਈਆ । ਸਤਿਗੁਰ ਸਤਿ ਨਾ ਕੋਈ ਦਿਸਿਆ, ਦ੍ਰਿਸ਼ਟੀ ਦੀਦ ਨਾ ਕੋਈ ਖੁਲ੍ਹਾਈਆ । ਸਚ ਦਵਾਰ ਨਾ ਮਿਲਿਆ ਹਿੱਸਿਆ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਜਗਤ ਜਹਾਨ ਨਾ ਜਾਤਾ ਮਿਥਿਆ,

ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰਾਂ ਦੀ ਭੁੱਲੀ ਸਿਖਿਆ, ਪੈਗ਼ੰਬਰਾਂ ਛੁੱਟੀ ਪੜ੍ਹਾਈਆ । ਜੀਵ ਜਹਾਨ ਜਗਤ ਜਿਤਿਆ, ਜਿੱਤੀ ਮਾਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਤ੍ਰਿਸ਼ਨਾ ਕਹੇ ਮੈਂ ਕਮਲੀ ਕੋਝੀ ਕੁਚੱਜੀ, ਕੋਝਲ ਰੂਪ ਵਟਾਈਆ । ਅੱਖ ਖੁੱਲ੍ਹੀ ਨਾ ਵੀਹਵੀਂ ਸਦੀ, ਸਦਕੇ ਵਾਰੀ ਨਾ ਘੋਲ ਘੁਮਾਈਆ । ਪ੍ਰਭ ਚਰਨ ਨਾ ਲੱਗੀ ਹੱਥ ਬੱਧੀ, ਬੰਦਨਾ ਸੀਸ ਨਾ ਕੋਇ ਕਰਾਈਆ । ਜਗਤ ਵਿਕਾਰੇ ਵਿਚ ਹੋਈ ਗੰਦੀ, ਦੁਰਮਤ ਮੈਲ ਨਾ ਕੋਇ ਧੁਆਈਆ । ਬਿਨ ਹਰਿ ਕੰਤ ਸੁਹਾਗਣ ਹੋਈ ਰੰਡੀ, ਰੰਡੇਪਾ ਸਕੇ ਨਾ ਕੋਇ ਕਟਾਈਆ । ਪਵਣ ਮਿਲੀ ਨਾ ਕੋਇ ਸੁਗੰਧੀ, ਠੰਡੀ ਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਲੇਖੇ ਲਾਈਆ । ਤ੍ਰਿਸ਼ਨਾ ਕਹੇ ਮੈਂ ਫਿਰੀ ਚਾਰੋਂ ਕੂਟ, ਕੁਟੰਬ ਵੇਖਿਆ ਜਗਤ ਲੋਕਾਈਆ । ਘਰ ਘਰ ਜੂਠ ਝੂਠ, ਦਿਵਸ ਰੈਣ ਦੁਹਾਈਆ । ਝਗੜਾ ਪਿਆ ਪੰਜ ਭੂਤ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਚੂਕ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪ ਸਤਿ ਸਤਿ ਦਏ ਸਮਝਾਈਆ ।



## ੪ ਅੱਸੂ ੨੦੨੧ ਬਿਕ੍ਰਮੀ ਊਧਮ ਸਿੰਘ ਦੇ ਗ੍ਰਿਹ ਜਲਾਲਾਬਾਦ

ਦਵਾਰ ਕਹੇ ਮੇਰਾ ਲੇਖਾ ਧੁਰ ਦਾ, ਜਨ ਭਗਤ ਦਿਆਂ ਦ੍ਰਿੜਾਈਆ । ਮੈਂ ਮੇਲ ਮਿਲਾਵਾਂ ਸਾਚੇ ਗੁਰ ਦਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਪਾਰ ਕਰਾਵਾਂ ਸ਼ੌਹ ਦਰਿਆਏ ਰੁੜ੍ਹਦਾ, ਨਈਆ ਨੌਕਾ ਨਾਮ ਚੜ੍ਹਾਈਆ । ਰਾਗ ਸੁਣਾਵਾਂ ਅਗੰਮੀ ਸੁਰ ਦਾ, ਸੁਰਤੀ ਸ਼ਬਦ ਮਿਲਾਈਆ । ਗੁਰਮੁਖ ਹੋਣ ਨਾ ਦੇਵਾਂ ਮੁਰਦਾ, ਮੜ੍ਹੀ ਗੋਰ ਸਕੇ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਸਚ ਲਗਾਈਆ । ਦਵਾਰ ਕਹੇ ਮੈਂ ਧੁਰ ਦਾ ਦਰਦੀ, ਦਰਦੀਆਂ ਦਰਦ ਵੰਡਾਇੰਦਾ । ਜਿਨ੍ਹਾਂ ਗੋਬਿੰਦ ਪਾਸ ਪਾਈ ਅਰਜ਼ੀ, ਤਿਨ੍ਹਾਂ ਆਰਜ਼ੂ ਖੋਜ ਖੁਜਾਇੰਦਾ । ਗੁਰਮੁਖ ਤੇਰੀ ਆਸਾ ਮਨਸਾ ਜਿਸ ਵੇਲੇ ਮੇਰੇ ਅੰਦਰ ਵੜਦੀ, ਸਚ ਸੰਦੇਸਾ ਇਕ ਸੁਣਾਇੰਦਾ । ਤੂੰ ਸਚ ਦਵਾਰੇ ਪ੍ਰਭ ਸਾਚੇ ਦੀ ਹੋ ਜਾ ਬਰਦੀ, ਬੰਦਨਾ ਬੰਦਗੀ ਇਕ ਦ੍ਰਿੜਾਇੰਦਾ । ਖੇਲ ਵਖਾਵਾਂ ਘਰ ਵਿਚ ਘਰ ਦੀ, ਗ੍ਰਿਹ ਮੰਦਰ ਕੁੰਡਾ ਲਾਹਿੰਦਾ । ਸੂਰਤ ਜਣਾਵਾਂ ਨਰਾਇਣ ਨਰ ਦੀ, ਅਕਾਲ ਮੂਰਤ ਮੇਲ ਮਿਲਾਇੰਦਾ । ਪਵਨ ਸੁਗੰਧੀ ਠੰਡੀ ਜਿਥੇ ਵਗਦੀ, ਸੀਤਲ ਧਾਰਾ ਇਕ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਦਵਾਰ ਕਹੇ ਮੈਂ ਭਗਤ ਸਵਾਲੀ, ਭਗਵਨ ਦਇਆ ਕਮਾਈਆ । ਸਚ ਦਵਾਰਿਉਂ ਜਾਵਾਂ ਨਾ ਖ਼ਾਲੀ, ਝੋਲੀ ਅੰਤ ਭਰਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਦਿਸੇ ਵੈਰਾਨੀ, ਵੈਰੀ ਘਰ ਘਰ ਨਜ਼ਰੀ ਆਈਆ । ਸਾਰੀ ਵਸਤ ਦਿਸੀ ਬੇਗਾਨੀ, ਮਾਲਕ ਅੰਤ ਨਾ ਕੋਇ ਅਖਵਾਈਆ । ਜਿਸ ਦੇ ਨਾਮ ਦੀ ਸਿਫ਼ਤ ਕਰੇ ਚਾਰੇ ਬਾਣੀ, ਚਾਰੇ ਖਾਣੀ ਢੋਲਾ ਗਾਈਆ । ਸੋ ਮਾਲਕ ਹਰਿ ਸੁਲਤਾਨੀ, ਸੁੱਤਿਆਂ ਰਿਹਾ ਉਠਾਈਆ । ਮੁਹੱਬਤ ਵਿਚ ਕਰੇ ਮਿਹਰਵਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਘਰ ਸਾਚਾ ਇਕ ਖੁਲ੍ਹਾਈਆ । ਭਗਤ ਦਵਾਰ ਕਹੇ ਮੈਂ ਧੁਰ ਦਾ ਸਾਥੀ, ਮੰਦਰਾਂ ਵਿਚੋਂ ਮੰਦਰ ਨਜ਼ਰੀ ਆਈਆ । ਜਿਸ ਦੇ ਅੰਦਰ ਕੋਈ ਨਾ ਬਣੇ ਪਾਠੀ, ਵਰਕਾ ਵਰਕਾ ਨਾ ਕੋਇ ਉਲਟਾਈਆ । ਜਿਸ ਗ੍ਰਿਹਿ ਇਕੋ ਦੀਵਾ ਬਾਤੀ, ਜ਼ਾਹਰ ਬਾਤਨ ਕਰੇ ਰੁਸ਼ਨਾਈਆ । ਜਿਸ ਦਾ ਮਾਲਕ ਕਮਲਾਪਾਤੀ, ਹਰਿ ਪੁਰਖ ਨਿਰੰਜਣ ਇਕ ਅਖਵਾਈਆ । ਸੋ ਵੇਖੇ ਖੇਲ ਤਮਾਸ਼ੀ, ਨਿਰਗੁਣ ਨਿਰਵੈਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਬੰਧਨ ਇਕ ਸਮਝਾਈਆ । ਦਵਾਰ ਕਹੇ ਮੈਂ ਵੇਖਾਂ ਦੁਖੀਆਂ, ਦੋ ਜਹਾਨ ਧਿਆਨ ਲਗਾਈਆ । ਜਿਨ੍ਹਾਂ ਦੀਆਂ ਰੂਹਾਂ ਅੰਦਰੋਂ ਸੁੱਤੀਆਂ, ਸੁਰਤੀ ਸ਼ਬਦ ਨਾ ਕੋਇ ਉਠਾਈਆ । ਜਗਤ ਵਾਸਨਾ ਤਿਨ੍ਹਾਂ ਹੋਈਆ ਪੁਠੀਆਂ, ਬੁੱਧ ਬਿਬੇਕ ਨਾ ਕੋਇ ਕਰਾਈਆ । ਜਗਤ ਅਗਨੀ ਵਿਚ ਭੁੱਜੀਆਂ, ਤ੍ਰੈਗੁਣ ਮਾਇਆ ਰਹੀ ਤਪਾਈਆ । ਜਗਤ ਵਿਕਾਰੇ ਅੰਦਰ ਕੁੱਦੀਆਂ, ਹਉਮੇ ਹੰਗਤਾ ਨਾਚ ਨਚਾਈਆ । ਵੰਡਾਂ ਪੌਂਦੀਆਂ ਰਹੀਆਂ ਵਦੀਆਂ ਸੁਦੀਆਂ, ਸ਼ੁਕਲਾ ਕਿਸ਼ਨਾ ਸਮਝ ਕਿਸੇ ਨਾ ਆਈਆ । ਸਚ ਦਵਾਰਿਓ ਰਹੀਆਂ ਲੁਕੀਆਂ, ਸ਼ਿਵਦਵਾਲੇ ਮੱਠ ਮੰਦਰ ਭੱਜਣ ਵਾਹੋ ਦਾਹੀਆ । ਓਨ੍ਹਾਂ ਦੀਆਂ ਸਚ ਦਵਾਰੇ ਮੂਲ ਨਾ ਲੱਗੀਆਂ ਰੁਚੀਆਂ, ਮਨ ਮਨਸਾ ਹੋਈ ਹਲਕਾਈਆ । ਉਜਲ ਕਰੇ ਨਾ ਕੋਈ ਮੁਖੀਆਂ, ਮੁਖੋਂ ਮੁਖ ਨਾ ਕੋਇ ਸਾਲਾਹੀਆ । ਜੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਚਰਨ ਕਵਲ ਦਵਾਰੇ ਝੁਕੀਆਂ, ਨਿਉਂ ਨਿਉਂ ਲਾਗਣ ਪਾਈਆ । ਓਨ੍ਹਾਂ ਦੀਆਂ ਮੰਜ਼ਲਾਂ ਅੱਗੋਂ ਮੁਕੀਆਂ, ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈਆ । ਧਰਮ ਦਵਾਰ ਕਹੇ ਮੈਂ ਵੇਖੀ ਦਰੋਹੀ, ਦੋ ਜਹਾਨ ਰਹੇ ਕੁਰਲਾਈਆ । ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਰੋਈ, ਨੇਤਰ ਨੈਣਾਂ ਨੀਰ ਵਹਾਈਆ । ਜਗਤ ਉਦਾਸੀ ਮਿਲੇ ਕੋਈ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਕੂੜੀ ਕਿਰਿਆ ਅੰਦਰ ਸ੍ਰਿਸ਼ਟ ਸਬਾਈ ਮੋਹੀ, ਮਮਤਾ ਨਾਲ ਹੋਈ ਕੁੜਮਾਈਆ । ਅੰਮ੍ਰਿਤ ਬੂੰਦ ਸਵਾਂਤੀ ਨਿਜਰ ਝਿਰਨੇ ਕਿਸੇ ਨਾ ਚੋਈ, ਰਸ ਅਨਮੁੱਲੜਾ ਧਾਰ ਨਾ ਕੋਇ ਵਹਾਈਆ । ਧੁਰ ਦੀ ਵਸਤ ਕੂੜੀ ਕਿਰਿਆ ਅੰਦਰ ਖੋਈ, ਝੋਲੀ ਹਕ ਨਾ ਕੋਇ ਭਰਾਈਆ । ਏਥੇ ਓਥੇ ਮਿਲੇ ਨਾ ਢੋਈ, ਸਾਚੇ ਦਰ ਨਾ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਖੇਲ ਵਰਤਾਈਆ । ਦਵਾਰ ਕਹੇ ਮੈਂ ਵੇਖੇ ਦੁਰਜਨ, ਦੁਰਮਤ ਮੈਲ ਰੰਗਾਈਆ । ਜੀਂਵਦੇ ਜਗ ਹੋਏ ਮੁਰਦਨ, ਰੂਹ ਬੁੱਤ ਖ਼ਾਲੀ ਨਜ਼ਰੀ ਆਈਆ । ਕੂੜ ਕੁੜਿਆਰਾ ਝੋਲੀ ਪਾਇਆ ਦਿਨੋ ਦਿਨ, ਸਚ ਸੁੱਚ ਨਾ ਕੋਇ ਸਮਝਾਈਆ । ਹਉਮੇ ਹੰਗਤਾ ਛਿਨ ਛਿਨ, ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਿਰਿਆ ਕੀ ਵਰਤਾਈਆ । ਦਵਾਰ ਕਹੇ ਮੈਂ ਵੇਖਿਆ ਏਕਾ ਦੂਜਾ, ਦੂਆ ਏਕਾ ਨਜ਼ਰ ਕਿਸੇ ਨਾ ਆਈਆ । ਨੇਤਰ ਖੁਲ੍ਹਿਆ ਨਾ ਕਿਸੇ ਤੀਜਾ, ਤ੍ਰੈਗੁਣ ਡੇਰਾ ਕੋਇ ਨਾ ਢਾਹੀਆ । ਸਚ ਸਵਾਮੀ ਨਾਲ ਨਾ ਕੋਇ ਪਤੀਜਾ, ਪਤਣ ਬਹਿ ਨਾ ਖ਼ੁਸ਼ੀ ਮਨਾਈਆ । ਚੌਥੇ ਪਦ ਨਾ ਲਾਈ ਨੀਝਾ, ਧੁਰ ਦਾ ਧਿਆਨ ਇਕ ਵਖਾਈਆ । ਪੰਚਮ ਸਾਚਾ ਨਜ਼ਰ ਨਾ ਆਇਆ ਸ਼ੀਸ਼ਾ, ਪੜਦਾ ਪਰੇ ਨਾ ਕੋਇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਰਿਹਾ ਵਰਤਾਈਆ । ਦਵਾਰ ਕਹੇ ਮੈਂ ਵੇਖਿਆ ਧਰਮ, ਚਾਰ ਵਰਨਾਂ ਵਿਚੋਂ ਨਜ਼ਰ ਕੋਇ ਨਾ ਆਈਆ । ਸਾਚੀ ਮਿਲੇ ਨਾ ਕਿਸੇ ਸਰਨ, ਸ੍ਰਿਸ਼ਟੀ ਉਠ ਉਠ ਭੱਜੇ ਵਾਹੋ ਦਾਹੀਆ । ਜਗਤ ਜਹਾਨ ਕੂੜੀ ਮੌਤੇ ਸਾਰੇ ਮਰਨ, ਸਤਿਗੁਰ

ਘਰ ਮਰਨਾ ਸਮਝ ਕਿਸੇ ਨਾ ਆਈਆ । ਮੰਜ਼ਲ ਪੌੜੇ ਮੂਲ ਨਾ ਚੜ੍ਹਨ, ਦਰਸ਼ਨ ਪਾਉਂਣ ਨਾ ਸਾਹਿਬ ਗੋਸਾਈਆ । ਮਾਣਸ ਜਨਮ ਮੂਰਖ ਹਰਨ, ਹਿਰਦੇ ਹਰਿ ਨਾ ਕੋਇ ਵਸਾਈਆ । ਪੁਰਖ ਅਕਾਲ ਤੋਂ ਸਾਰੇ ਡਰਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕੋਟਾਂ ਵਿਚੋਂ ਥੋੜੇ ਤਰਨ, ਜਿਨ੍ਹਾਂ ਮਿਲੀ ਮਾਣ ਵਡਿਆਈਆ । ਸਚ ਦਵਾਰੇ ਆ ਕੇ ਵੜਨ, ਪਾਂਧੀ ਆਪਣਾ ਪੰਧ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਪੜ੍ਹਨ, ਸੱਚਾ ਰਾਗ ਅਲਾਈਆ । ਜੋਤ ਸਰੂਪ ਸ਼ਾਹੋ ਭੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਸ਼ਨ ਕਰਨ, ਦੀਦ ਦੀਦ ਨਾਲ ਮਿਲਾਈਆ ।

## ✪ ੪ ਅੱਸੂ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ ਜਲਾਲਾਬਾਦ ✪

ਠਾਕਰ ਸਿੰਘ ਦੇਵੇ ਠਾਕਰ ਸੰਦੇਸਾ, ਧੁਰ ਫ਼ਰਮਾਨ ਜਣਾਈਆ । ਸਤਿ ਦਵਾਰਾ ਇਕੋ ਵੇਖਾ, ਜਿਸ ਗ੍ਰਿਹਿ ਬੈਠਾ ਬੇਪਰਵਾਹੀਆ । ਮਾਣਸ ਜਨਮ ਜਿਸ ਚੁਕਾਇਆ ਲੇਖਾ, ਪੰਜ ਤਤ ਆਪਣੀ ਝੋਲੀ ਪਾਈਆ । ਪਿਛਲੇ ਘਰ ਦਾ ਕਰਾਇਆ ਚੇਤਾ, ਜਿਸ ਵਿਚੋਂ ਨੂਰ ਨੂਰ ਪਰਗਟਾਈਆ । ਕਰਮ ਕਰਮ ਦਾ ਮੁੱਕਿਆ ਲੇਖਾ, ਮਿਲੀ ਸਚ ਸਰਨਾਈਆ । ਨਜ਼ਰੀ ਆਇਆ ਇਕੋ ਨੇਤਾ, ਨਰ ਨਿਰੰਕਾਰ ਨੂਰ ਖ਼ੁਦਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਜੁਗ ਚੌਕੜੀ ਹੋਏ ਸਹਾਈਆ । ਸਚ ਸਿੰਘਾਸਣ ਅਗੰਮੀ ਲੇਟਾ, ਤਖ਼ਤ ਨਿਵਾਸੀ ਡੇਰਾ ਲਾਈਆ । ਜਿਸ ਦਾ ਗੋਬਿੰਦ ਇਕੋ ਬੇਟਾ, ਸ਼ਬਦੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਠਾਕਰ ਕਹੇ ਸੁਣ ਠਾਕਰ ਬਾਣੀ, ਠੋਕਰ ਘਰ ਘਰ ਰਹੀ ਲਗਾਈਆ । ਖੇਲੇ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦਾ ਹੁਕਮ ਵਰਤੇ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਪਾਤਾਲ ਆਕਾਸ਼ ਰਿਹਾ ਜਣਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵਣ ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਬਾਣੀ, ਰਾਗਾਂ ਨਾਦਾਂ ਨਾਲ ਬ੍ਰਹਮ ਪਾਰਬ੍ਰਹਮ ਸੁਣਾਈਆ । ਸੋ ਪਤਿਪਰਮੇਸ਼ਵਰ ਸਚ ਸਵਾਮੀ ਸਾਹਿਬ ਲਾਸਾਨੀ, ਠਾਂਡੇ ਘਰ ਦਿਤਾ ਪਦ ਨਿਰਬਾਨੀ, ਨਿਰਬਾਨ ਪਦ ਇਕੋ ਵਾਰ ਵਖਾਈਆ । ਲੋਕਮਾਤ ਮਾਰ ਝਾਤ ਦੱਸਾਂ ਇਕ ਨਿਸ਼ਾਨੀ, ਸਤਿ ਸਰੂਪ ਸਮਝ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਲੈਣਾ ਮਿਲਾਈਆ । ਠਾਕਰ ਕਹੇ ਮੈਂ ਪਾਇਆ ਠਾਕਰ, ਟੁਟਿਆ ਨਾਤਾ ਜਗਤ ਲੋਕਾਈਆ । ਤਰ ਕੇ ਗਿਆ ਡੂੰਘਾ ਸਾਗਰ, ਭਵਰੀ ਭਵਰ ਨਾ ਕੋਇ ਰੁੜ੍ਹਾਈਆ । ਦਰਗਾਹ ਸਾਚੀ ਮਿਲਿਆ ਆਦਰ, ਸ੍ਰੀ ਭਗਵਾਨ ਗੋਦ ਉਠਾਈਆ । ਰਾਹ ਵਿਚ ਸੱਦਿਆ ਗੁਰ ਤੇਗ਼ ਬਹਾਦਰ, ਇਸ਼ਾਰੇ ਨਾਲ ਸਮਝਾਈਆ । ਤੇਰਾ ਕਰਮ ਹੋਇਆ ਉਜਾਗਰ, ਨਿਰਮਲ ਜੋਤ ਹੋਈ ਰੁਸ਼ਨਾਈਆ । ਜਨ ਭਗਤਾਂ ਗੋਬਿੰਦ ਸੂਰਾ ਸਦਾ ਸੌਦਾਗਰ, ਵਣਜ ਕਰਾਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਿਆ ਲਗਾਈਆ । ਠਾਕਰ ਕਹੇ ਸੁਣੋ ਠਾਕਰ ਬਾਤ, ਬਾਤਨ ਜ਼ਾਹਰ ਦਿਆਂ ਜਣਾਈਆ । ਮੈਂ ਦਰਸ਼ਨ ਆ ਕੀਤਾ ਅਖ਼ੀਰੀ ਰਾਤ, ਪ੍ਰੇਮ ਕੁਟੀਆ ਵਿਚ ਦਿਸਾਈਆ । ਆਤਮ ਪਰਮਾਤਮ ਜੁੜਿਆ ਨਾਤ, ਸੁਰਤ ਸ਼ਬਦ ਨਾਲ ਮਿਲਾਈਆ । ਸ਼ਬਦ ਅਗੰਮੀ ਸੁਣੀ ਗਾਥ, ਅਨਹਦ ਨਾਦੀ ਨਾਦ ਜਣਾਈਆ । ਮੈਨੂੰ ਨਜ਼ਰ ਆਇਆ ਇਕੋ ਬਾਪ, ਪਿਤਾ ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਅੰਤਰ ਆਤਮ ਹਿਰਦੇ

ਅੰਦਰ ਕਰਦਾ ਰਿਹਾ ਜਾਪ, ਰਸਨਾ ਜਿਹਵਾ ਬੱਤੀ ਦੰਦ ਸਮਝ ਕੋਇ ਨਾ ਪਾਈਆ । ਉਸ ਨੇ ਰੂਹ ਬੁੱਤ ਤਨ ਮਾਟੀ ਖ਼ਾਕ ਮੇਰਾ ਕੀਤਾ ਪਾਕ, ਪਤਤ ਉਧਾਰਨ ਦਇਆ ਕਮਾਈਆ । ਅੰਤਮ ਮੇਲ ਕੇ ਆਪਣੀ ਜ਼ਾਤ, ਅਜਾਤੀ ਰੂਪ ਦਿਤਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਘਰ ਦਿਤਾ ਵਖਾਈਆ । ਠਾਕਰ ਕਹੇ ਮੈਂ ਵੜਿਆ ਘਰ, ਜਿਸ ਦਾ ਮਾਲਕ ਬੇਪਰਵਾਹੀਆ । ਨਿਰਭਉ ਚੁਕਾਇਆ ਭੈ ਡਰ, ਭਿਆਨਕ ਨਜ਼ਰ ਕੋਇ ਨਾ ਆਈਆ । ਰਾਏ ਧਰਮ ਨਾ ਸਕਿਆ ਫੜ, ਚਿਤਰ ਗੁਪਤ ਲੇਖ ਨਾ ਕੋਇ ਜਣਾਈਆ । ਲਾੜੀ ਮੌਤ ਦੂਰ ਦੁਰਾਡੇ ਡਿੱਗੀ ਦੜ, ਹੌਕੇ ਲੈ ਲੈ ਦਏ ਦੁਹਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਨੌਜਵਾਨ ਸਾਚੀ ਡੋਲੀ ਆਇਆ ਚੜ੍ਹ, ਸ਼ਬਦ ਬਬਾਨਾ ਨਾਲ ਲਿਆਈਆ । ਅੰਦਰ ਵੜ ਕੇ ਮੈਨੂੰ ਲਿਆ ਫੜ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰ ਕੇ ਆਪਣੀ ਗੋਦੀ ਲਿਆ ਧਰ, ਧਰਨੀ ਧਵਲ ਹੋਈ ਜੁਦਾਈਆ । ਵਿਸ਼ਨ ਬ੍ਰਹਮਾ ਸ਼ਿਵ ਅੱਗੇ ਰਾਹ ਵਿਚ ਵੇਖਣ ਖੜ੍ਹ, ਨੇਤਰ ਲੋਚਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਮਾਣ ਵਡਿਆਈਆ । ਠਾਕਰ ਕਹੇ ਸੁਣੋ ਸਭ ਸੱਜਣ ਸਾਕ, ਸਾਕਾ ਅਗਲਾ ਦਿਆਂ ਸੁਣਾਈਆ । ਪ੍ਰਭ ਖੋਲ੍ਹ ਕੇ ਧੁਰ ਦਾ ਤਾਕ, ਪੜਦਾ ਓਹਲਾ ਦਿਤਾ ਚੁਕਾਈਆ । ਮੇਰਾ ਲੇਖਾ ਕਰਕੇ ਹਿਸਾਬ ਬੇਬਾਕ, ਵਹੀ ਖ਼ਾਤਾ ਡੂੰਘੀ ਧਾਰ ਵਹਾਈਆ । ਅੰਤਮ ਲੈ ਕੇ ਗਿਆ ਸਾਥ, ਸਾਥੀ ਬਣ ਕੇ ਬਣਿਆ ਪਾਂਧੀ ਰਾਹੀਆ । ਕਿਰਪਾ ਕਰ ਪੁਰਖ ਸਮਰਾਥ, ਨਿਰਗੁਣ ਨੂਰ ਨੂਰ ਨੁਰਾਨਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਮੁਕਾਈਆ । ਮੇਰਾ ਲੇਖਾ ਮੁਕਿਆ ਜਗ, ਅੰਤਮ ਸਰਬ ਜਣਾਈਆ । ਸਚ ਦਵਾਰੇ ਮਨਜ਼ੂਰ ਹੋਇਆ ਹੱਜ, ਮੱਕਾ ਕਾਅਬਾ ਕੰਮ ਕਿਸੇ ਨਾ ਆਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਪਾਰ ਕਰਕੇ ਹੱਦ, ਪਤਨ ਮੇਲਾ ਮਿਲਿਆ ਸ਼ਹਿਨਸ਼ਾਹੀਆ । ਜਿਸ ਨੇ ਘਲਿਆ ਉਸੇ ਲਿਆ ਸਦ, ਸੱਦਾ ਦੇ ਕੇ ਨਾਮ ਬੁਲਾਈਆ । ਪੰਜ ਤਤ ਕਾਇਆ ਠੀਕਰ ਗਿਆ ਭੱਜ, ਆਤਮ ਪਰਮਾਤਮ ਮਿਲੀ ਚਾਈਂ ਚਾਈਂਆ । ਮੈਂ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਰਸ਼ਨ ਕੀਤਾ ਰੱਜ, ਸਚ ਦਵਾਰੇ ਜਾ ਜਾ ਖ਼ੁਸ਼ੀ ਮਨਾਈਆ । ਕੂੜੀ ਕਿਰਿਆ ਜਗਤ ਵਿਹਾਰ ਝੂਠ ਪਿਆਰ ਗਿਆ ਛੱਡ, ਪ੍ਰੇਮੀ ਪ੍ਰੇਮ ਇਕੋ ਗਿਆ ਲਗਾਈਆ । ਤੁਹਾਡੇ ਹਵਾਲੇ ਕਰ ਕੇ ਮਾਸ ਨਾੜੀ ਹੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਠਾਕਰ ਕਹੇ ਮੈਂ ਮੰਜ਼ਲ ਚੜ੍ਹਿਆ, ਪਾਇਆ ਮਹਿਬੂਬ ਬੇਪਰਵਾਹੀਆ । ਜਿਸ ਦਾ ਨਿਰਅੱਖਰ ਇਕੋ ਪੜ੍ਹਿਆ, ਸਿਫ਼ਤ ਸਿਫ਼ਤ ਨਾ ਕੋਇ ਸਾਲਾਹੀਆ । ਜਿਉਂਦਾ ਨਾ ਕਦੇ ਮਰਿਆ, ਜੀਵਣ ਮਰਨ ਵਿਚ ਨਾ ਆਈਆ । ਉਸ ਦੀ ਜਾ ਕੇ ਚਰਨੀ ਪੜ੍ਹਿਆ, ਸਰਨ ਮਿਲੀ ਸਰਨਾਈਆ । ਥਿਰ ਕੋਈ ਨਾ ਰਹੇ ਕਾਇਆ ਮਾਟੀ ਘੜਿਆ, ਘੜ ਘੜ ਘੜੀਆਂ ਰਹੀ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਮੇਰੀ ਝੋਲੀ ਪਾਈਆ । ਠਾਕਰ ਕਹੇ ਸੁਣ ਪ੍ਰੇਮ ਕੁਟੀ, ਕੁਟਲਤਾ ਵਿਚੋਂ ਦੇਣੀ ਗਵਾਈਆ । ਮੈਂ ਤੇਰੇ ਕੋਲੋਂ ਲੈ ਕੇ ਆਇਆ ਛੁੱਟੀ, ਨਾਤਾ ਜਗਤ ਜਹਾਨ ਤੁੜਾਈਆ । ਵੇਖੀਂ ਮੇਰੇ ਵਿਛੋੜੇ ਵਿਚ ਨਾ ਜਾਵੀਂ ਲੁੱਟੀ, ਆਪਣਾ ਆਪ ਗਵਾਈਆ । ਮੇਰਾ ਚਰਾਗ਼ ਤੇਰੇ ਘਰ ਜਗਦਾ ਪੁੱਤੀਂ, ਪੋਤਰੇ ਬਹਿ ਬਹਿ ਤੇਰੀ ਖ਼ੁਸ਼ੀ ਮਨਾਈਆ । ਕਮਲੀਏ ਬੇਸੁਰਤੀ ਵਿਚ ਰਹੀਂ ਨਾ ਸੁੱਤੀ, ਆਪਣੀ ਲਈਂ ਅੰਗੜਾਈਆ । ਮੇਰੀ ਧਾਰ ਵਿਚੋਂ ਉਠੀਂ, ਉਠ ਕੇ ਸਾਰਿਆਂ ਦਈਂ ਸਮਝਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲਿਆ ਮਿਲਾਈਆ । ਪ੍ਰੇਮ ਕੁਟੀਆ ਕਹੇ ਮੈਂ ਹੋਈ ਬੈਰਾਗਣ, ਬਿਨ ਅੱਖਾਂ ਰੋ ਰੋ ਦਿਆਂ ਦੁਹਾਈਆ । ਮੇਰੇ ਅੰਦਰ ਵੱਜੇ ਕੋਈ ਨਾ ਨਾਦਣ, ਪ੍ਰੇਮ ਸਤਾਰ ਨਾ ਕੋਇ ਹਿਲਾਈਆ । ਸਤਿ ਧਰਮ ਦੀ ਆਵੇ ਨਾ ਕੋਈ ਅਵਾਜ਼ਣ, ਸਾਚਾ ਰੰਗ ਨਾ ਕੋਇ ਵਖਾਈਆ । ਮੈਂ ਕੋਝੀ ਕਮਲੀ ਹੋਈ ਅਭਾਗਣ, ਭਾਗਾਂ ਭਰਿਆ ਵਿਛੜਿਆ ਮੇਰਾ ਮਾਹੀਆ । ਜਿਸ ਦੇ ਨਾਲ ਬਣੀ ਰਹੀ ਸੁਹਾਗਣ, ਜਗਤ ਰੰਡੇਪਾ ਗਿਆ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਖਲਾਈਆ । ਪ੍ਰੇਮ ਕੁਟੀਆ ਮੈਂ ਕੀ ਦੱਸਾਂ, ਤੀਰ ਅਣਿਆਲਾ ਗਿਆ ਲਗਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਬੌਹੜੀ ਬੌਹੜੀ ਕਰ ਕੁਰਲਾਈਆ । ਮੈਂ ਕਿਸ ਦਾ ਦਰਸ਼ਨ ਕਰਾਂ ਨਾਲ ਅੱਖਾਂ, ਨੈਣਾਂ ਚਾਰ ਜਣਾਈਆ । ਕਿਸ ਦੇ ਚਰਨਾਂ ਹੇਠਾਂ ਢੱਠਾਂ, ਧੂੜੀ ਟਿੱਕਾ ਮਸਤਕ ਲਾਈਆ । ਉਹ ਨਾਤਾ ਤੋੜ ਕੇ ਤੱਤਾਂ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਡੇਰਾ ਗਿਆ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਏ ਲਗਾਈਆ । ਪ੍ਰੇਮ ਕੁਟੀਆ ਜੋ ਵਸਨੀਕ, ਵਸੀਅਤ ਸਭ ਨੂੰ ਗਿਆ ਸੁਣਾਈਆ । ਤੁਹਾਡਾ ਅੰਤਰ ਦਿਸੇ ਨਾ ਕੋਈ ਸ਼ਰੀਕ, ਸ਼ਰੀਅਤ ਧੁਰ ਦੀ ਇਕ ਸਮਝਾਈਆ । ਆਤਮ ਪਰਮਾਤਮ ਮਿਲਣ ਦੀ ਸਦਾ ਰੱਖਣੀ ਉਡੀਕ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜਿਸ ਠਾਕਰ ਦੀ ਠਾਕਰ ਨਾਲ ਪ੍ਰੀਤ, ਸੋ ਪਤਿਪਰਮੇਸ਼ਵਰ ਹੋ ਕੇ ਹੋਇਆ ਸਹਾਈਆ । ਓਸ ਸੱਜਣ ਦੇ ਗਾਓ ਗੀਤ, ਜਿਸ ਗੋਬਿੰਦ ਮਿਲਿਆ ਚਾਈਂ ਚਾਈਂਆ । ਜਨ ਭਗਤਾਂ ਜਾਣ ਦੀ ਅਵੱਲੜੀ ਰੀਤ, ਸਹਿਜ ਸੁਭਾਉ ਆਪਣਾ ਕਦਮ ਉਠਾਈਆ । ਸਾਚਾ ਲੇਖਾ ਓਸ ਕੋਲੋਂ ਲਓ ਸੀਖ, ਜੋ ਸਾਖਿਆਤ ਹੋ ਕੇ ਗਿਆ ਸਮਝਾਈਆ । ਰਿਸ਼ਤੇਦਾਰੀਆਂ ਵਿਚੋਂ ਰਿਸ਼ਤੇਦਾਰਾਂ ਨਾਲੋਂ ਨਜ਼ਦੀਕ, ਪ੍ਰੇਮੀਆਂ ਵਿਚੋਂ ਪ੍ਰੇਮਿਕਾ ਆਤਮ ਪਰਮਾਤਮ ਨਜ਼ਰੀ ਆਈਆ । ਧੁਨ ਨਾਦ ਅੰਤ ਨਿਸ਼ਾਨਾ ਮਿਲ ਗਿਆ ਠੀਕ, ਠਾਕਰ ਠਾਕਰ ਹੋਇਆ ਸਹਾਈਆ । ਖ਼ੁਸ਼ੀਆਂ ਨਾਲ ਗਾਉਂਦਾ ਗੀਤ, ਚੜ੍ਹ ਬਬਾਨੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਲਿਆ ਬਹਾਈਆ । ਘਰ ਸੱਜਣ ਮੇਲਾ ਨਿਰਮਲ ਜੋਤ, ਪੰਜ ਤਤ ਨਜ਼ਰ ਕੋਇ ਨਾ ਆਈਆ । ਭਾਗ ਲਗਾਏ ਸਚਖੰਡ ਸਚ ਦਵਾਰੇ ਪੋਪ, ਛੱਪਰ ਛੰਨ ਨਾ ਕੋਇ ਸੁਹਾਈਆ । ਪ੍ਰੇਮ ਪਿਆਰ ਦੀ ਇਕ ਲਗਾਵੇ ਮੌਜ, ਮਜਲਸ ਆਪਣੇ ਨਾਲ ਲਗਾਈਆ । ਓਸ ਗੁਰਮੁਖ ਦੀ ਜਿਸ ਨੇ ਕਰਨੀ ਖੋਜ, ਸੋ ਹਿਰਦਾ ਆਤਮ ਪਰਮਾਤਮ ਨਾਲ ਮਿਲਾਈਆ । ਸਾਰੇ ਬੰਸ ਸਰਬੰਸ ਨਾਲ ਕਰਕੇ ਜਗਤ ਵਿਹਾਰ ਚੋਜ, ਅੰਤਮ ਚੋਲਾ ਗਿਆ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਲਿਆ ਵਸਾਈਆ । ਠਾਕਰ ਕਹੇ ਮੈਂ ਵੇਖਿਆ ਮੰਦਰ ਚੰਗਾ, ਚਾਰੋਂ ਕੁੰਟ ਇਕੋ ਨੂਰ ਨਜ਼ਰੀ ਆਈਆ । ਓਥੇ ਕੋਲ ਨਾ ਕੋਈ ਜੰਦਾ, ਬੰਦ ਤਾਕੀ ਨਾ ਕੋਇ ਕਰਾਈਆ । ਨਾ ਕੋਈ ਸ਼ਬਦ ਨਾਦ ਗਾਵੇ ਛੰਦਾ, ਖਾਣੀ ਬਾਣੀ ਨਾ ਕੋਇ ਸਾਲਾਹੀਆ । ਪੰਜ ਤਤ ਖ਼ਾਕੀ ਨਜ਼ਰ ਨਾ ਆਏ ਗੰਦਾ, ਜਗਤ ਹੱਟ ਵਣਜਾਰਾ ਦਹਿ ਦਿਸ਼ਾ ਵਸਤ ਨਾ ਕੋਇ ਵਰਤਾਈਆ । ਓਥੇ ਦੀਨ ਦਿਆਲ ਸਵਾਮੀ ਇਕ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਰਿਹਾ ਕਮਾਈਆ । ਮੈਂ ਉਸ ਦੇ ਲੱਗਾ ਅੰਗਾ, ਅੰਗੀਕਾਰ ਕਰਕੇ ਆਪਣੀ ਗੋਦ ਬਹਾਈਆ । ਜੋਤੀ ਜੋਤ ਮਿਲ ਕੇ ਆਇਆ ਉਹ ਅਨੰਦਾ, ਜੋ ਪਰਮਾਨੰਦਾ ਵਿਚੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਘਰ ਸਾਚਾ ਇਕ ਸੁਹਾਈਆ ।

## ✪ ੪ ਅੱਸੂ ੨੦੨੧ ਬਿਕ੍ਰਮੀ ਧਰਮਵੀਰ ਦੇ ਗ੍ਰਿਹ ਜਲਾਲਾਬਾਦ ✪

ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗੇ, ਪ੍ਰਭ ਚਰਨ ਦਵਾਰੇ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗੇ, ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਫਿਰੀ ਦਰੋਹੀ ਵਿਚ ਬ੍ਰਹਿਮੰਡੇ, ਪੁਰੀ ਲੋਅ ਰਹੇ ਕੁਰਲਾਈਆ । ਝਗੜਾ ਪਿਆ ਜੇਰਜ ਅੰਡੇ, ਉਤਭੁਜ ਸੇਤਜ ਨਾ ਕੋਇ ਸਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਲੰਘੇ, ਪਾਂਧੀ ਆਪਣਾ ਪੰਧ ਮੁਕਾਈਆ । ਜਗਤ ਜੀਵ ਜਹਾਨ ਹੋਏ ਅੰਧੇ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡੇ, ਮਹੱਲ ਅਟਲ ਸੋਭਾ ਕੋਇ ਨਾ ਪਾਈਆ । ਬਿਨ ਬੰਦਗੀਉਂ ਖ਼ਾਲੀ ਹੋਏ ਬੰਦੇ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਕਾਇਆ ਮਾਟੀ ਸਾਚੇ ਨਾਮ ਕੋਈ ਨਾ ਰੰਗੇ, ਰੱਤੀ ਰੱਤ ਰੰਗ ਨਾ ਕੋਇ ਵਖਾਈਆ । ਕਿਸੇ ਹੱਥ ਨਾ ਆਵੇ ਪਰਮਾਨੰਦੇ, ਨਿਜਾਨੰਦ ਨਾ ਕੋਇ ਰਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਭੇਖ ਭਖੰਡੇ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਜੋਤੀ ਨੂਰ ਚੜ੍ਹੇ ਨਾ ਕੋਈ ਨੌਚੰਦੇ, ਅੰਧ ਅੰਧੇਰ ਨਾ ਕੋਇ ਮਿਟਾਈਆ । ਨਾਮ ਭੰਡਾਰ ਸਾਧ ਸੰਤ ਲੋਕਮਾਤ ਕੋਈ ਨਾ ਵੰਡੇ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਜੀਵ ਜੰਤ ਹਾਲ ਹੋਏ ਮੰਦੇ, ਬਹਾਲ ਸਕੇ ਨਾ ਕੋਇ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਰਸਨਾ ਜਿਹਵਾ ਗਾਉਂਦੇ ਬੱਤੀ ਦੰਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਪਤਿਪਰਮੇਸ਼ਵਰ ਬਿਨਾਂ ਹੋਏ ਰੰਡੇ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਅਰਦਾਸਾ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਤੂੰ ਸੁਲਤਾਨ ਸ਼ਹਿਨਸ਼ਾਹ ਸ਼ਾਹੋ ਸ਼ਬਾਸ਼ਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਤੇਰਾ ਖੇਲ ਤਮਾਸ਼ਾ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਹਰਿ ਪੁਰਖ ਨਿਰੰਜਣ ਤੇਰੀ ਕੋਈ ਨਾ ਜਾਣੇ ਰਾਸਾ, ਗੋਪੀ ਕਾਹਨ ਕੋਟਨ ਕੋਟ ਗਏ ਫੇਰੀਆਂ ਪਾਈਆ । ਆਦਿ ਨਿਰੰਜਣ ਤੇਰਾ ਨੂਰ ਅਗੰਮ ਪਰਕਾਸ਼ਾ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਸ੍ਰੀ ਭਗਵਾਨ ਤੇਰਾ ਰੱਖੇ ਨਾ ਕੋਇ ਭਰਵਾਸਾ, ਓਟ ਅਕਾਲ ਨਾ ਕੋਇ ਜਣਾਈਆ । ਅਬਿਨਾਸ਼ੀ ਕਰਤੇ ਤੇਰੀ ਸਮਝੇ ਕੋਈ ਨਾ ਜ਼ਾਤਾ, ਪੜਦਾ ਸਕੇ ਨਾ ਕੋਇ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਗਾਵੇ ਕੋਈ ਨਾ ਗਾਥਾ, ਨਾਉਂ ਨਿਰੰਕਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਲੋੜ, ਸਦੀ ਵੀਹਵੀਂ ਦਏ ਦੁਹਾਈਆ । ਲੱਖ ਚੁਰਾਸੀ ਵਿਛੜੀ ਆਤਮ ਜੋੜ, ਘਰ ਘਰ ਮੇਲਾ ਸਹਿਜ ਮਿਲਾਈਆ । ਦੋ ਜਹਾਨ ਸ੍ਰੀ ਭਗਵਾਨ, ਅਸਵ ਅਗੰਮੇ ਚੜ੍ਹ ਕੇ ਵੇਖ ਦੌੜ, ਪਾਂਧੀ ਹੋ ਕੇ ਪੰਧ ਮੁਕਾਈਆ । ਚੌਦਾਂ ਤਬਕਾਂ ਅੰਧ ਘੋਰ, ਸਾਚਾ ਸਬਕ ਨਾ ਕੋਇ ਸੁਣਾਈਆ । ਚੌਦਾਂ ਲੋਕ ਪਿਆ ਸ਼ੋਰ, ਡੋਰ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਖ਼ਾਲਕ ਤੇਰੀ ਓਟ ਤਕਾਈਆ । ਮੁਕਾਮੇ ਹਕ ਹੋ ਉਜਿਆਰ, ਲਾਸ਼ਰੀਕ ਵੇਸ ਵਟਾਈਆ । ਜੁਗ ਚੌਕੜੀ ਤੇਰਾ ਨਗ਼ਮਾ ਨਾਮ ਸੁਣਾਉਂਦੇ ਰਹੇ ਵਿਚ ਸੰਸਾਰ, ਅੱਖਰਾਂ ਨਾਲ ਕਰ ਪੜ੍ਹਾਈਆ । ਕਾਗ਼ਜ਼ ਕਲਮ ਸ਼ਾਹੀ ਬਣ ਲਿਖਾਰ, ਕਾਤਬ ਹੋ ਕੇ ਹੁਕਮ ਵਰਤਾਈਆ । ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਤੇਰਾ

ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰ, ਜੋਤੀ ਜੋਤ ਤੇਰੀ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆ ਕੇ ਵੇਖ ਬਰਖ਼ੁਰਦਾਰ, ਦੂਰ ਦੁਰਾਡਾ ਨੇਰਨ ਨੇਰਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਵੇਸ ਵਟਾਈਆ । ਬੇਪਰਵਾਹ ਹਰਿ ਹਰਿ ਮਾਲਕ, ਦਰ ਤੇਰੇ ਸੀਸ ਨਿਵਾਈਆ । ਦੋ ਜਹਾਨਾਂ ਬਣ ਸਾਲਸ, ਏਥੇ ਓਥੇ ਹੋ ਸਹਾਈਆ । ਕਲਜੁਗ ਕੂੜੀ ਨਿੰਦਰਾ ਲਾਹ ਆਲਸ, ਅਰਸ਼ ਫ਼ਰਸ਼ ਖੋਜ ਖੁਜਾਈਆ । ਸਚ ਦਵਾਰੇ ਕਰ ਅਦਾਲਤ, ਅਦਲ ਬੈਠਾ ਮੁਖ ਛੁਪਾਈਆ । ਕਲਜੁਗ ਜੀਵ ਤੇਰੀ ਕਰਨ ਮੁਖ਼ਾਲਫ਼ਤ, ਨੌ ਦਵਾਰ ਹੋਏ ਹਲਕਾਈਆ । ਮਨ ਵਾਸਨਾ ਹੋਈ ਬਗ਼ਾਵਤ, ਅਦਾਵਤ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸੱਜਦਾ, ਨਮੋ ਨਮੋ ਸੀਸ ਨਿਵਾਈਆ । ਹਉਂ ਸੇਵਕ ਤੇਰਾ ਬਰਦਾ, ਚਾਕਰ ਰੂਪ ਧਰਾਈਆ । ਸਦੀ ਚੌਧਵੀਂ ਜਗਤ ਜਹਾਨ ਵੇਖ ਸੜਦਾ, ਦੋਜ਼ਖ਼ ਬਹਿਸ਼ਤ ਦੋਵੇਂ ਰਹੇ ਕੁਰਲਾਈਆ । ਤੇਰਾ ਭਾਣਾ ਕੋਈ ਨਾ ਜਰਦਾ, ਜ਼ਾਹਰ ਜ਼ਹੂਰ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਕਾਇਨਾਤ ਮਾਰ ਝਾਤ ਕਲਮਾ ਹਕ ਕੋਈ ਨਾ ਪੜ੍ਹਦਾ, ਮਹਿਬੂਬ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਕਲਕਾਤੀ ਫੇਰਾ ਪਾਈਆ । ਗੁਰ ਅਵਤਾਰ ਕਹਿਣ ਪੈਗ਼ੰਬਰ, ਤੇਰੀ ਸਚ ਸ਼ਰਨਾਈਆ । ਲੱਖ ਚੁਰਾਸੀ ਰਚਿਆ ਵੇਖ ਅਡੰਬਰ, ਚਾਰੇ ਖਾਣੀ ਪੜਦਾ ਲਾਹੀਆ । ਚਾਰੇ ਬਾਣੀ ਜੁਗ ਜੁਗ ਤੇਰਾ ਰਚਦੀ ਗਈ ਸਵੰਬਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਜਗਤ ਨਿਸ਼ਾਨਾ, ਨਵ ਨੌ ਚਾਰ ਰਹੀ ਕੁਰਲਾਈਆ । ਅੰਤਰ ਆਤਮ ਕਿਸੇ ਨਾ ਮਿਲੇ ਬ੍ਰਹਮ ਗਿਆਨਾ, ਰਸਨਾ ਜਿਹਵਾ ਹੋਈ ਸਰਬ ਹਲਕਾਈਆ । ਭਰਮੇਂ ਭੁੱਲੇ ਵਡ ਵਿਦਵਾਨਾ, ਚੌਦਾਂ ਵਿਦਿਆ ਰਹੀ ਕੁਰਲਾਈਆ । ਨਜ਼ਰ ਨਾ ਆਵੇ ਗੋਪੀ ਕਾਹਨਾ, ਬੰਸਰੀ ਨਾਮ ਨਾ ਕੋਇ ਸੁਣਾਈਆ । ਸੁਰਤੀ ਸੀਤਾ ਮਿਲੇ ਨਾ ਰਾਮਾ, ਜਗਤ ਬਨ ਪੰਧ ਨਾ ਕੋਇ ਚੁਕਾਈਆ । ਮੰਤਰ ਦ੍ਰਿੜਾਏ ਨਾ ਕੋਈ ਸਤਿਨਾਮਾ, ਨਾਨਕ ਨਿਰਗੁਣ ਜੋੜ ਨਾ ਕੋਇ ਜੁੜਾਈਆ । ਗੋਬਿੰਦ ਚਿੱਲਾ ਤੀਰ ਨਜ਼ਰ ਨਾ ਆਏ ਕਿਸੇ ਕਮਾਨਾ, ਚਾਰ ਕੁੰਟ ਅੱਖ ਨਾ ਕੋਇ ਖੁਲ੍ਹਾਈਆ । ਦਹਿ ਦਿਸ਼ਾ ਹੋਈ ਵੈਰਾਨਾ, ਵੈਰੀ ਘਰ ਘਰ ਡੇਰਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੇ ਨਾਮ ਦਾ ਇਕ ਬਿਆਨਾ, ਥੋੜਾ ਹਿੱਸਾ ਜਗਤ ਲੋਕਾਈਆ । ਪਰਮ ਪੁਰਖ ਤੇਰੇ ਨਾਪਣ ਵਾਲਾ ਕਿਸੇ ਕੋਲ ਨਾ ਕੋਇ ਪੈਮਾਨਾ, ਪੈਮਾਇਸ਼ ਸਕੇ ਨਾ ਕੋਇ ਕਰਾਈਆ । ਕਲਜੁਗ ਅੰਤਮ ਕੂੜਾ ਵੇਖ ਜ਼ਮਾਨਾ, ਜ਼ਬਾਨ ਜ਼ਿਬਹ ਸਭ ਨੂੰ ਰਹੀ ਕਰਾਈਆ । ਸਾਧ ਸੰਤ ਹੋਇਆ ਨਾਦਾਨਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਪ੍ਰੇਮ ਪ੍ਰੀਤੀ ਬੰਨ੍ਹੇ ਕੋਈ ਨਾ ਗਾਨਾ, ਸੱਚਾ ਸਗਨ ਨਾ ਕੋਇ ਮਨਾਈਆ । ਇਕੋ ਵਿਸਰਿਆ ਸ੍ਰੀ ਭਗਵਾਨਾ, ਕੋਟਨ ਕੋਟ ਇਸ਼ਟ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਜਗਤ, ਜਗ ਜੀਵਣ ਦਾਤੇ ਤੇਰੀ ਆਸ ਰਖਾਈਆ । ਗੁਰਮੁਖ ਵਿਰਲਾ ਲੱਭੇ ਕੋਈ ਭਗਤ, ਭਗਤੀ ਬੈਠੀ ਮੁਖ ਛੁਪਾਈਆ । ਨਾੜ ਬਹੱਤਰ ਘਰ ਘਰ ਉਬਲੇ ਰਕਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਜਗਤ ਕਿਰਿਆ ਰਖਦੇ ਨੇਮ ਬਰਤ,

ਅੰਤਰ ਆਤਮ ਪਵਿਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਨਿਰਗੁਣ ਨਿਰਗੁਣ ਰੂਪ, ਪ੍ਰਭ ਤੇਰਾ ਇਕ ਜਣਾਈਆ । ਸਦਾ ਵਸੇਰਾ ਚਾਰੇ ਕੂਟ, ਦਹਿ ਦਿਸ਼ਾ ਰੁਸ਼ਨਾਈਆ । ਕਲਜੁਗ ਕਿਰਿਆ ਵੇਖ ਝੂਠ, ਹਉਮੇ ਹੰਗਤਾ ਗੜ੍ਹ ਬਣਾਈਆ । ਸਾਚਾ ਦਿਸੇ ਨਾ ਕੋਈ ਪੂਤ, ਪਿਤਾ ਗੋਦ ਨਾ ਕੋਇ ਸੁਹਾਈਆ । ਸਤਿ ਧਰਮ ਕਰ ਗਿਆ ਕੂਚ, ਗਲੀ ਕੂਚੇ ਖ਼ਾਲੀ ਗਿਆ ਕਰਾਈਆ । ਦੀਨ ਮਜ਼੍ਹਬ ਪਈ ਦਵੈਤੀ ਦੂਜ, ਸ਼ਰਅ ਧਰਮ ਕਰੇ ਲੜਾਈਆ । ਮਾਣਸ ਸਮਝ ਨਾ ਸਕੇ ਪੰਜ ਤਤ ਭੂਪ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਪੜਦਾ ਚੁਕ, ਅੰਤਮ ਤੇਰੀ ਵਾਰੀ ਆਈਆ । ਸਚਖੰਡ ਦਵਾਰੇ ਕਿਉਂ ਬੈਠਾ ਲੁਕ, ਨਿਰਗੁਣ ਆਪਣਾ ਆਪ ਛੁਪਾਈਆ । ਸਚ ਸੁਨੇਹੜਾ ਦੇ ਕੇ ਆਇਆ ਤੇਰਾ ਗੋਬਿੰਦ ਪੁਤ, ਧੁਰ ਦੀ ਬਾਣੀ ਰਾਗ ਅਲਾਈਆ । ਅਬਿਨਾਸ਼ੀ ਕਰਤਾ ਨਰ ਨਰਾਇਣ ਸਦੀ ਵੀਹਵੀਂ ਆਪਣੀ ਧਾਰੋਂ ਪਏ ਉਠ, ਨਾ ਕੋਈ ਜਨਮੇ ਪਿਤਾ ਮਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਦੋ ਜਹਾਨਾਂ ਖੋਜ ਖੁਜਾਈਆ । ਸਚ ਸੁਹੰਜਣੀ ਵੇਖੇ ਰੁੱਤ, ਰੁਤੜੀ ਆਪਣੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਝੁਕ, ਚਰਨ ਕਵਲ ਧਿਆਨ ਲਗਾਈਆ । ਪ੍ਰਭ ਠਾਕਰ ਸਾਡਾ ਪੈਂਡਾ ਗਿਆ ਮੁਕ, ਲੋਕਮਾਤ ਅੰਤ ਅਖ਼ੀਰ ਗਏ ਜਣਾਈਆ । ਲੱਖ ਚੁਰਾਸੀ ਜੀਵ ਜੰਤ ਨਾਲੋਂ ਨਾਤਾ ਗਿਆ ਤੁਟ, ਇਕੋ ਮਿਲੀ ਤੇਰੀ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਸਾਹਿਬ ਸੁਲਤਾਨ ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਸੀਸ ਨਿਵਾਉਂਦੇ ਨੇ । ਦੋਏ ਜੋੜ ਵਾਸਤਾ ਪਾਉਂਦੇ ਨੇ । ਧੂੜੀ ਟਿੱਕਾ ਖ਼ਾਕ ਰਮਾਉਂਦੇ ਨੇ । ਪੁਰਖ ਅਕਾਲ ਪਿਤਾ ਇਕ ਮਨਾਉਂਦੇ ਨੇ । ਤੇਈ ਅਵਤਾਰ ਮਾਣ ਗਵਾਉਂਦੇ ਨੇ । ਈਸਾ ਮੂਸਾ ਮੁਹੰਮਦ ਨੇਤਰ ਨੈਣ ਸ਼ਰਮਾਉਂਦੇ ਨੇ । ਨਾਨਕ ਗੋਬਿੰਦ ਇਕੋ ਰੰਗ ਰੰਗਾਉਂਦੇ ਨੇ । ਤੂੰ ਮਾਲਕ ਖ਼ਾਲਕ ਸਰਬ ਬਖ਼ਸ਼ੰਦ, ਸਭ ਤੇਰਾ ਰਾਹ ਤਕਾਉਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਤੇਰੀ ਆਸ ਇਕ ਰਖਾਉਂਦੇ ਨੇ । ਤੇਰੀ ਆਸ ਇਕ ਰਖੌਂਦੇ ਨੇ । ਦੋਏ ਜੋੜ ਵਾਸਤਾ ਪਾਉਂਦੇ ਨੇ । ਸੀਸ ਕਦਮਾਂ ਉਤੇ ਟਿਕਾਉਂਦੇ ਨੇ । ਜਗਦੀਸ਼ ਤੈਨੂੰ ਇਕ ਮਨਾਉਂਦੇ ਨੇ । ਛਤਰ ਸੀਸ ਨਾ ਕੋਇ ਝੁਲਾਉਂਦੇ ਨੇ । ਬੀਸ ਇਕੀਸ ਰਾਹ ਤਕਾਉਂਦੇ ਨੇ । ਰਾਗ ਛਤੀਸ ਪੰਧ ਮੁਕਾਉਂਦੇ ਨੇ । ਦੰਦ ਬੱਤੀਸ ਨਾ ਢੋਲੇ ਗਾਉਂਦੇ ਨੇ । ਤੇਰੀ ਧੁਰ ਦੀ ਸੁਣ ਹਦੀਸ, ਕਲਮੇ ਆਪਣੇ ਵਿਚੋਂ ਬਾਹਰ ਕਢਾਉਂਦੇ ਨੇ । ਤੂੰ ਸਾਹਿਬ ਇਕ ਜਗਦੀਸ਼, ਜਗਦੀਸ਼ਰ ਤੇਰਾ ਰਾਹ ਤਕਾਉਂਦੇ ਨੇ । ਤੇਰਾ ਲੇਖਾ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਮੰਗ ਮੰਗਾਉਂਦੇ ਨੇ । ਦਰ ਠਾਂਡੇ ਮੰਗ ਮੰਗਾਉਂਦੇ ਨੇ । ਤੇਰਾ ਸਚ ਸਿੰਘਾਸਣ ਵੇਖ ਪਲੰਘ, ਸ਼ਾਹੋ ਭੂਪ ਤੇਰਾ ਦਰਸ਼ਨ ਪਾਉਂਦੇ ਨੇ । ਤੇਰੇ ਨਾਮ ਦਾ ਵਜਾ ਕੇ ਆਏ ਮਰਦੰਗ, ਸੋ ਮਰਦੰਗਾ ਤੇਰੇ ਅੱਗੇ ਸੁਟਾਉਂਦੇ ਨੇ । ਜੋ ਪ੍ਰੇਮ ਪਿਆਰ ਦਾ ਦੇ ਕੇ ਆਏ ਰੰਗ, ਲੋਕਮਾਤ ਵਣਜ ਕਰਾਉਂਦੇ ਨੇ । ਕਲਜੁਗ ਅੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹੋਏ ਨੰਗ, ਸਿਰ ਓਢਣ ਤੇਰਾ ਨਾਮ ਨਾ ਕੋਇ ਟਿਕਾਉਂਦੇ ਨੇ । ਨਵ ਨੌ ਚਾਰ ਵਧਿਆ ਭੇਖ ਪਖੰਡ, ਭੇਖੀ ਗੁਰੂ ਵੇਸ ਵਟਾਉਂਦੇ ਨੇ । ਤੇਰੇ

ਪ੍ਰੇਮ ਪਿਆਰ ਦਾ ਗਾਏ ਕੋਈ ਨਾ ਛੰਦ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਉਂਦੇ ਨੇ । ਸ੍ਰਿਸ਼ਟ ਸਬਾਈ ਹੋਈ ਰੰਡ, ਸ਼ਬਦੀ ਕੰਤ ਨਾ ਮੇਲ ਮਿਲਾਉਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਅਲਖ ਜਗਾਉਂਦੇ ਨੇ । ਤੇਰੇ ਦਰ ਅਲਖ ਨਿਰੰਜਣ, ਅਗੋਚਰ ਤੇਰੇ ਹੱਥ ਵਡਿਆਈਆ । ਤੂੰ ਦਾਤਾ ਦਾਨੀ ਦੁੱਖ ਦਰਦ ਭੈ ਭੰਜਨ, ਭੈ ਭਉ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਧੁਰ ਦਾ ਸੱਜਣ, ਸਗਲਾ ਸੰਗ ਨਿਭਾਈਆ । ਜੋਤ ਸਰੂਪੀ ਜੋਤ ਮਗਨ, ਰੂਪ ਰੰਗ ਰੇਖ ਤੇਰਾ ਨਜ਼ਰ ਕਿਸੇ ਨਾ ਆਈਆ । ਜੀਵ ਜੰਤ ਤੇਰੇ ਦੀਪਕ ਜਗਣ, ਘਰ ਘਰ ਜੋਤ ਨਿਰੰਜਣ ਕਰੇ ਰੁਸ਼ਨਾਈਆ । ਦਰ ਦਰਵੇਸ਼ ਹੋ ਕੇ ਮੰਗਣ, ਬਰਦੇ ਹੋ ਕੇ ਝੋਲੀ ਡਾਹੀਆ । ਤੂੰ ਮਿਹਰਵਾਨ ਸੂਰਾ ਸਰਬੰਗਣ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਸਵਾਮੀ ਤੇਰੀ ਆਸ ਤਕਾਈਆ । ਸਚ ਸਵਾਮੀ ਤੇਰੀ ਆਸਾ, ਗੁਰ ਅਵਤਾਰ ਧਿਆਨ ਲਗਾਈਆ । ਪੀਰ ਪੈਗ਼ੰਬਰ ਕਰ ਭਰਵਾਸਾ, ਭਾਵਨੀ ਇਕ ਵਧਾਈਆ । ਤੂੰ ਆਦਿ ਜੁਗਾਦੀ ਪੁਰਖ ਅਬਿਨਾਸ਼ਾ, ਨਾ ਮਰੇ ਨਾ ਜਾਈਆ । ਸਚਖੰਡ ਦਵਾਰੇ ਜੋਤ ਪਰਕਾਸ਼ਾ, ਥਿਰ ਘਰ ਸ਼ਬਦੀ ਖੇਲ ਖਿਲਾਈਆ । ਭਗਤ ਭਗਵੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਖੇਲੇ ਖੇਲ ਤਮਾਸ਼ਾ, ਵਡ ਖਿਲਾਰੀ ਤੇਰੀ ਵਡ ਵਡਿਆਈਆ । ਗੋਪੀ ਕਾਹਨ ਮਿਲ ਕੇ ਪਾਵਣ ਰਾਸਾ, ਅਚਰਜ ਆਪਣੀ ਰੀਤ ਚਲਾਈਆ । ਭਗਤਾਂ ਸੰਤਾਂ ਦੇਵੇ ਚਰਨ ਨਿਵਾਸਾ, ਧਾਮ ਭੂਮਿਕਾ ਅਸਥਾਨ ਇਕ ਸਮਝਾਈਆ । ਗੁਰਮੁਖਾਂ ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਡੇਰਾ ਢਾਹੀਆ । ਗੁਰਸਿਖ ਤੇਰੇ ਦਰ ਤੋਂ ਕਦੀ ਨਾ ਜਾਏ ਨਿਰਾਸਾ, ਆਸਾ ਸਭ ਦੀ ਪੂਰ ਕਰਾਈਆ । ਸਦੀ ਚੌਧਵੀਂ ਉਲਟ ਦੇ ਪਾਸਾ, ਪੁਸ਼ਤ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਛੇਤੀ ਮੰਨ, ਮਨ ਕਾ ਮਣਕਾ ਸਰਬ ਭੁਆਈਆ । ਭਾਗ ਲਗਾ ਕਾਇਆ ਮਾਟੀ ਤਨ, ਤਤਵ ਤਤ ਦੇ ਸਮਝਾਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਨਿਰਗੁਣ ਨੂਰ ਕਰ ਰੁਸ਼ਨਾਈਆ । ਗੁਰਮੁਖ ਪਰਗਟਾ ਸਾਚੇ ਚੰਨ, ਗੁਰਸਿਖ ਗੁਰ ਗੁਰ ਗੋਦ ਉਠਾਈਆ । ਸਾਚੇ ਸੰਤਾਂ ਦੇ ਨਾਮ ਧਨ, ਵਸਤ ਅਮੋਲਕ ਝੋਲੀ ਪਾਈਆ । ਭਗਤਾਂ ਆਪਣੇ ਨਾਲ ਗੰਢ, ਭਗਵਨ ਧੁਰ ਦਾ ਜੋੜ ਜੁੜਾਈਆ । ਨਿਰਗੁਣ ਨਿਰਵੈਰ ਦੱਸ ਛੰਦ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਚਾਰ ਵਰਨਾਂ ਬਣ ਬਖ਼ਸ਼ੰਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਦੇ ਅਨੰਦ, ਅਨੰਦ ਇਕੋ ਘਰ ਵਖਾਈਆ । ਆਤਮ ਸੇਜਾ ਚੜ੍ਹ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਅਨਹਦ ਵਜਾ ਅਗੰਮੀ ਨਦ, ਅਨਾਦੀ ਆਪਣਾ ਰਾਗ ਸੁਣਾਈਆ । ਨਵ ਨੌਂ ਚਾਰ ਪਾਰ ਕਰ ਹੱਦ, ਘਰ ਸਾਚੇ ਮੇਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਵਾਕ ਭਵਿਖਤਾਂ ਵਿਚ ਆਏ ਦੱਸ, ਨਾਦਾਂ ਸ਼ਬਦਾਂ ਵਿਚ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਹੋਵੇ ਪਰਗਟ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਸੰਬਲ ਨਗਰ ਸਚ ਮਕਾਨ ਵਿਚ ਭੂਮਿਕਾ ਜਾਏ ਵਸ, ਜਿਸ ਦੀ ਹੱਦ ਨਜ਼ਰ ਕਿਸੇ ਨਾ ਆਈਆ । ਸਾਚਾ ਮਾਰਗ ਸਤਿ ਸਤਿਵਾਦੀ ਦਏ ਦੱਸ, ਦਹਿ ਦਿਸ਼ਾ ਦਏ ਸਮਝਾਈਆ । ਸਾਚੇ ਭਗਤਾਂ ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਘਰ ਘਰ ਵਿਚ ਜੋੜ ਜੁੜਾਈਆ । ਜਗਤ ਸ੍ਰਿਸ਼ਟੀ ਨਾਲੋਂ ਕਰ ਕੇ ਵੱਖ, ਵੱਖਰੀ ਧਾਰ ਚਲਾਈਆ ।

ਅੰਦਰ ਵੜ ਕੇ ਮੰਦਰ ਚੜ੍ਹ ਕੇ ਆਤਮ ਪਰਮਾਤਮ ਨਾਲ ਪਏ ਹੱਸ, ਹਸਤੀ ਆਪਣੀ ਲਏ ਸਮਝਾਈਆ । ਨਿਰਗੁਣ ਨਿਰਵੈਰ ਹੋ ਕੇ ਗਾਵੇ ਜਸ, ਵੇਦ ਪੁਰਾਨ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਭੇਵ ਕੋਈ ਨਾ ਜਾਣੇ ਅਗਲਾ, ਪਿਛਲੀ ਕਹਾਣੀ ਸਾਰੇ ਪੜ੍ਹ ਪੜ੍ਹ ਰਹੇ ਸੁਣਾਈਆ । ਤੇਰਾ ਮਿਤਰ ਪਿਆਰਾ ਦਿਸੇ ਕੋਈ ਨਾ ਸੱਜਣਾ, ਸੰਗੀ ਸੰਗ ਨਾ ਕੋਇ ਰਖਾਈਆ । ਜੋ ਉਪਜਿਆ ਸੋ ਤੇਰੇ ਦਰ ਤੋਂ ਮੰਗਣਾ, ਮਾਂਗਤ ਦੋ ਜਹਾਨ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਤੇਰਾ ਦਰਸ ਦੀਦਾਰ ਕਿਸੇ ਨਾ ਲੱਭਣਾ, ਖੋਜਤ ਖੋਜਤ ਖੋਜੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦ੍ਰਿਸ਼ਟੀ ਦਏ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਨਰੇਸ਼, ਭੂਪਤ ਭੂਪ ਤੇਰੀ ਸਰਨਾਈਆ । ਤੇਰਾ ਰੂਪ ਅਗੰਮਾ ਮੁੱਛ ਦਾਹੜੀ ਨਾ ਕੇਸ, ਸੀਸ ਜਗਦੀਸ ਨਾ ਕੋਇ ਮੁੰਡਾਈਆ । ਸਚ ਦਵਾਰੇ ਹਰਿ ਨਿਰੰਕਾਰੇ ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਆਪਣਾ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਬੈਠੇ ਦਰਵੇਸ਼, ਕੋਟਨ ਕੋਟ ਸੀਸ ਨਿਵਾਈਆ । ਕਰੋੜ ਤੇਤੀਸਾ ਕਰੇ ਆਦੇਸ, ਸੁਰਪਤ ਨਿਉਂ ਨਿਉਂ ਲਾਗੇ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨੂਰ ਉਜਾਲਾ ਰਹੇ ਵੇਖ, ਸਾਹਿਬ ਗੋਪਾਲ ਇਕੋ ਨਜ਼ਰੀ ਆਈਆ । ਜਿਸ ਦਾ ਨਿਤ ਨਵਿਤ ਅਵਲੜਾ ਵੇਸ, ਸਰਗੁਣ ਹੋ ਕੇ ਲੋਕਮਾਤ ਆਵੇ ਚਾਈਂ ਚਾਈਂਆ । ਸ਼ਾਸਤਰ ਸਿਮਰਤ ਦੇ ਕੇ ਗਏ ਸੰਦੇਸ਼, ਅੱਠ ਦਸ ਗੀਤਾ ਗਿਆਨ ਕਰੇ ਪੜ੍ਹਾਈਆ । ਸ਼ਬਦ ਸੁਣਾਏ ਮੁੱਲਾ ਸ਼ੇਖ਼, ਅਲਿਫ਼ ਯੇ ਆਪਣਾ ਹੁਕਮ ਵਰਤਾਈਆ । ਖਾਣੀ ਬਾਣੀ ਦੇਵੇ ਭੇਜ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਲਿਖਾ ਕੇ ਲੇਖ, ਲਿਖਤ ਅੱਖਰਾਂ ਨਾਲ ਕਰਾਈਆ । ਜਿਸ ਨੂੰ ਜੀਵ ਜਹਾਨ ਜਗਤ ਪਿਛੋਂ ਲੈਣ ਵੇਖ, ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਖੇਲ ਅਗੰਮ, ਅਗੰਮੜੀ ਕਾਰ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਦੇਵੇਂ ਬੰਨ੍ਹ, ਜਗਤ ਜਹਾਨ ਪਾਰ ਕਰਾਈਆ । ਲੱਖ ਚੁਰਾਸੀ ਕੂੜੀ ਕਿਰਿਆ ਦੇਵੇਂ ਸਦਾ ਡੰਨ, ਖੰਡਾ ਸ਼ਬਦ ਹੱਥ ਉਠਾਈਆ । ਜੋ ਘੜਿਆ ਸੋ ਦੇਵੇਂ ਭੰਨ, ਥਿਰ ਰਹਿਣ ਕੋਇ ਨਾ ਪਾਈਆ । ਭਗਤ ਸੁਹੇਲੇ ਪਰਗਟਾਵੇਂ ਚੰਨ, ਨੂਰੋ ਨੂਰ ਕਰ ਰੁਸ਼ਨਾਈਆ । ਸਾਚੇ ਸੰਤਾਂ ਕੋਲੋਂ ਜਾਵੇਂ ਮੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੋਲ੍ਹ ਆਪਣਾ ਦਰ, ਦਰ ਦਰਵਾਜ਼ਾ ਦੇ ਜਣਾਈਆ । ਗੁਰ ਅਵਤਾਰ ਕਹਿਣ ਕਿਉਂ ਹੋਇਆ ਓਹਲੇ, ਬੇਪਰਵਾਹ ਪੜਦਾ ਪਾਈਆ । ਸਾਡੇ ਨਾਲ ਕੀਤੇ ਇਕਰਾਰ ਕੌਲੇ, ਲੇਖੇ ਲਿਖ ਲਿਖ ਲਿਖਤ ਨਾਲ ਕੁੜਮਾਈਆ । ਪਰਗਟ ਹੋ ਉਪਰ ਧੌਲੇ, ਧਰਨੀ ਧਰਤ ਸੋਭਾ ਪਾਈਆ । ਤੇਰਾ ਨੂਰ ਖ਼ੁਦਾਈ ਅਵਲੇ, ਯਾਮਬੀਨ ਆਲਮੀਨ ਤੇਰੀ ਸਰਨਾਈਆ । ਮਹਿਬਾਨ ਬੀਦੋ ਬੀਖੈਰ ਯਾ ਅੱਲਾ ਤੂੰ ਹਰ ਘਟ ਹੋ ਕੇ ਮੌਲੇਂ, ਮੌਲਾ ਰੂਪ ਨੂਰ ਅਲਾਹੀਆ । ਈਸਾ ਮੂਸਾ ਮੁਹੰਮਦ ਵੇਖ ਆਪਣੀ ਬਗ਼ਲੇ, ਬਗ਼ਲਗੀਰ ਦਸਤਗੀਰ ਬੇਨਜ਼ੀਰ ਆਪਣਾ ਫੇਰਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਉਮਤ ਉਮਤੀ ਹੋਈ ਪਗ਼ਲੇ, ਸਤਿ ਸਚ ਨਾ ਕੋਇ ਪੜ੍ਹਾਈਆ । ਬਾਹਰੋਂ ਦਿਸਣ ਚਿੱਟੇ ਬਗ ਬੱਪੜੇ ਬਗਲੇ, ਅੰਤਰ ਕਾਗ ਨਜ਼ਰੀ ਆਈਆ । ਸ਼ਰਅ ਸ਼ਰੀਅਤ ਅੰਦਰ ਆਏ ਜੰਗਲੇ, ਮਜ਼੍ਹਬ ਝਗੜਾ ਨਾ ਕੋਇ ਮੁਕਾਈਆ । ਸਦੀ ਚੌਧਵੀਂ

੬੫੫
੧੭

ਤੁਧ ਬਿਨ ਮਾਲਕ ਕੋਈ ਨਾ ਬਦਲੇ, ਬਦਲਾ ਮੁਕੇ ਨਾ ਜਗਤ ਲੋਕਾਈਆ । ਦੋ ਜਹਾਨ ਤੇਰੇ ਦਰ ਤੇ ਅਦਨੇ, ਤੂੰ ਆਅਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਉਚੀ ਕੂਕਣ ਗੁਰ ਅਵਤਾਰ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਧਨ ਦੇਣ ਦੁਹਾਈਆ । ਨਾਤਾ ਤੁਟਿਆ ਜਗਤ ਸੰਸਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਆਤਮ ਕਰੇ ਨਾ ਕੋਈ ਪਿਆਰ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਘਰ ਵਿਚ ਘਰ ਖੋਲ੍ਹੇ ਨਾ ਕੋਇ ਕਿਵਾੜ, ਪੜਦਾ ਸਕੇ ਨਾ ਕੋਇ ਉਠਾਈਆ । ਦੀਪਕ ਜੋਤੀ ਸਕੇ ਨਾ ਕੋਈ ਬਾਲ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਅਨਹਦ ਸੁਣੇ ਨਾ ਕੋਈ ਨਾਦ, ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਕਲਜੁਗ ਜੀਵ ਹੰਸ ਹੋਏ ਕਾਗ, ਕੂੜੀ ਕਿਰਿਆ ਕਾਗ ਵਾਂਗ ਕੁਰਲਾਈਆ । ਸਤਿਗੁਰ ਬੇੜੇ ਚੜ੍ਹੇ ਨਾ ਕੋਇ ਜਹਾਜ਼, ਨਈਆ ਨੌਕਾ ਹੱਥ ਕਿਸੇ ਨਾ ਆਈਆ । ਪਤਣ ਬੈਠੇ ਪਿਛੇ ਸਭ ਨੂੰ ਮਾਰਨ ਆਵਾਜ਼, ਅੱਗਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੁਰ ਦਾ ਦਏ ਦ੍ਰਿੜਾਈਆ । ਧੁਰ ਦਾ ਮਾਰਗ ਦੱਸ ਏਕ, ਏਕੰਕਾਰ ਤੇਰੀ ਸ਼ਰਨਾਈਆ । ਸ੍ਰਿਸ਼ਟ ਸਬਾਈ ਇਕੋ ਟੇਕ, ਇਕੋ ਘਰ ਵਡਿਆਈਆ । ਇਕੋ ਆਪਣਾ ਦੱਸ ਭੇਖ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਤੇਰਾ ਰੂਪ ਅਨੂਪ ਸਦਾ ਵਿਸ਼ੇਸ਼, ਵਿਸ਼ੇਸ਼ਣਾਂ ਨਾਲ ਨਾਨਕ ਨਿਰਗੁਣ ਗਿਆ ਜਣਾਈਆ । ਗੁਰੂ ਗੋਬਿੰਦ ਕਹੇ ਪੁਰਖ ਅਕਾਲ ਸਭ ਨਾਲ ਕਰੇ ਹੇਤ, ਲੱਖ ਚੁਰਾਸੀ ਪਿਤਾ ਮਾਈਆ । ਜਿਸ ਬਾਲਕ ਕੀਤੇ ਭੇਟ, ਸੇਵਾ ਸਚ ਕਮਾਈਆ । ਸੋ ਆਇਆ ਖੇਵਟ ਖੇਟ, ਰਹਿਬਰ ਨੂਰ ਖ਼ੁਦਾਈਆ । ਜਿਸ ਨੂੰ ਕੋਈ ਨਾ ਸਕੇ ਵੇਖ, ਜਗ ਦੋਏ ਲੋਚਣ ਦਰਸ਼ ਕੋਇ ਨਾ ਪਾਈਆ । ਜਿਸ ਨੇ ਭਰਮ ਭੁਲਾਏ ਮੁੱਲਾ ਸ਼ੇਖ਼, ਪੰਡਤ ਪਾਂਧੇ ਸਮਝ ਕੋਇ ਨਾ ਆਈਆ । ਅੰਤਰ ਵੜ ਕੇ ਕਰੇ ਨਾ ਸੱਚਾ ਹੇਤ, ਬਸੰਤਰ ਬਾਹਰੋਂ ਨਾ ਕੋਇ ਬੁਝਾਈਆ । ਵਾਹ ਵਾਹ ਖੇਲੀ ਅਗੰਮ ਖੇਡ, ਪ੍ਰਭੂ ਇਹੋ ਤੇਰੀ ਵਡਿਆਈਆ । ਜਿਸ ਕਾਰਨ ਗੁਰ ਅਵਤਾਰ ਪੈਗ਼ੰਬਰ ਦਿਤੇ ਭੇਜ, ਸੋ ਸੇਵਕ ਸੇਵਾ ਗਏ ਕਮਾਈਆ । ਅੰਤਮ ਦੇ ਕੇ ਤੇਰਾ ਸੰਦੇਸ਼, ਖਾਣੀ ਬਾਣੀ ਕਰੀ ਪੜ੍ਹਾਈਆ । ਹਰਿ ਮਾਲਕ ਧੁਰ ਨਰੇਸ਼, ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਅਗੰਮੜਾ ਦੇਸ, ਜਿਸ ਗ੍ਰਿਹਿ ਬਹਿ ਕੇ ਹੁਕਮ ਵਰਤਾਈਆ । ਜਿਸ ਗ੍ਰਿਹਿ ਦੇਵੇ ਹੁਕਮ ਅਨੋਖਾ, ਧੁਰ ਦੀ ਧਾਰ ਜਣਾਈਆ । ਸੋ ਮਾਰਗ ਮੰਜ਼ਲ ਪੰਧ ਦੱਸ ਸੌਖਾ, ਰਹਿਬਰ ਹੋ ਕੇ ਮੇਲ ਮਿਲਾਈਆ । ਤੇਰਾ ਸਚਖੰਡ ਦਵਾਰਾ ਵੇਖੀਏ ਕੋਠਾ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜਿਥੇ ਪਰਕਾਸ਼ ਇਕੋ ਨਿਰਮਲ ਜੋਤਾ, ਸੂਰਜ ਚੰਦ ਨਾ ਕੋਇ ਚਮਕਾਈਆ । ਲੱਖ ਚੁਰਾਸੀ ਵਿਚੋਂ ਮਾਣਸ ਜਨਮ ਮਿਲੇ ਮੌਕਾ, ਮੁਫ਼ਤ ਆਪਣੀ ਦਇਆ ਦਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਬਾਹਰ ਕਢਾਈਆ । ਲੇਖਾ ਲੇਖੇ ਵਿਚੋਂ ਵੇਖ ਲਿਖਤ, ਜੋ ਬਿਨ ਅੱਖਰਾਂ ਦਿਤੀ ਲਿਖਾਈਆ । ਜਿਸ ਦਾ ਭੇਵ ਤੇਰਾ ਇਕ ਇਸ਼ਟ, ਦੂਜਾ ਨਜ਼ਰ ਕੋਇ ਨਾ ਆਈਆ । ਲਹਿਣਾ ਚੁੱਕੇ ਰਾਮ ਵਸ਼ਿਸ਼ਟ, ਵਾਸਤਾ ਆਪਣੇ ਨਾਲ ਜੁੜਾਈਆ । ਭਰਮੇ ਭੁੱਲੀ ਤੇਰੀ ਸ੍ਰਿਸ਼ਟ, ਨਵ ਸੱਤ ਮੁਖ ਭੁਆਈਆ । ਤੇਰੇ ਮਿਲਣ ਦਾ ਹਕੀਕੀ ਰਿਹਾ ਕੋਈ ਨਾ ਇਸ਼ਕ, ਆਸ਼ਕ ਨਜ਼ਰ ਕੋਇ ਨਾ ਆਈਆ । ਕੋਟਨ ਕੋਟ ਪੰਡਤ ਮਸਤਕ ਲਾਉਂਦੇ ਤਿਲਕ, ਸਾਚੇ ਤਿਲ ਨਾ ਕੋਇ ਰੁਸ਼ਨਾਈਆ । ਮੁੱਲਾ ਸ਼ੇਖ਼ ਮੁਸਾਇਕ ਤੈਨੂੰ ਤੱਕਦੇ

ਵਿਚ ਬਹਿਸ਼ਤ, ਹੂਰਾਂ ਨੈਣ ਉਠਾਈਆ । ਗ੍ਰੰਥੀ ਪੰਥੀ ਤੇਰੇ ਪ੍ਰੇਮ ਤੋਂ ਗਏ ਖ਼ਿਸਕ, ਖ਼ਾਲਸ ਖ਼ਾਲਸਾ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੀ ਦੇਵੇ ਦਰਬਾਰ ਵਿਚ ਸੱਚੀ ਲਿਸਟ, ਜਿਸ ਦੇ ਹਰਫ਼ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦਏ ਵਰਤਾਈਆ । ਗੁਰ ਅਵਤਾਰ ਕਹਿਣ ਸ੍ਰੀ ਭਗਵੰਤ, ਵਾਹ ਵਾਹ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਜੁਗਾਂ ਜੁਗੰਤ, ਕਰਤਾ ਮਾਲਕ ਇਕ ਅਖਵਾਈਆ । ਬੋਧ ਅਗਾਧਾ ਸਾਚਾ ਪੰਡਤ, ਸਚ ਕਰੇਂ ਪੜ੍ਹਾਈਆ । ਤੇਰੇ ਦਰ ਦਰਵੇਸ਼ ਬੈਠੇ ਮੰਗਤ, ਭਿੱਖਕ ਆਪਣੀ ਝੋਲੀ ਡਾਹੀਆ । ਫਿਰੀ ਦਰੋਹੀ ਕਲਜੁਗ ਅੰਤ, ਅੰਤਸ਼ਕਰਨ ਸ਼ੁਧ ਨਾ ਕੋਇ ਕਰਾਈਆ । ਗੁਰ ਅਵਤਾਰਾਂ ਜੋ ਦਿਤਾ ਤੇਰਾ ਮੰਤ, ਸੋ ਮੰਤਰ ਗਏ ਭੁਲਾਈਆ । ਘਰ ਮਿਲੇ ਨਾ ਕਿਸੇ ਕੰਤ, ਨਾਰ ਦੁਹਾਗਣ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਚਾਈਂ ਚਾਈਆ । ਕਲਜੁਗ ਵੇਖ ਕੂੜੀ ਰੈਣ, ਭਿੰਨੜੀ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਖਾਏ ਡੈਣ, ਸਿਰ ਸਕੇ ਨਾ ਕੋਇ ਉਠਾਈਆ । ਸਾਚਾ ਦੇਵੇ ਨਾ ਕੋਈ ਦੇਣ, ਲਹਿਣਾ ਹਕ ਨਾ ਕੋਇ ਚੁਕਾਈਆ । ਸਦੀ ਚੌਧਵੀਂ ਸਾਰੇ ਆਏ ਕਹਿਣ, ਇਕੱਠੇ ਹੋ ਕੇ ਰਹੇ ਸੁਣਾਈਆ । ਮਨੁਖਤਾ ਵਹਿ ਗਈ ਡੂੰਘੇ ਵਹਿਣ, ਮੁਰੀਦ ਮੁਰਸ਼ਦ ਪੱਲੂ ਗਏ ਛੁਡਾਈਆ । ਅਲਿਫ਼ ਯੇ ਮਿਲ ਕੇ ਪਾਏ ਵੈਣ, ਐਨ ਗ਼ੈਨ ਨੁਕਤਾ ਸਕੇ ਨਾ ਕੋਇ ਮਿਟਾਈਆ । ਸਾਚਾ ਮਿਲੇ ਨਾ ਸੱਜਣ ਸੈਣ, ਸਗਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਆ ਕੇ ਤੱਕ, ਤਾਕਤਵਰ ਆਪਣੀ ਤਾਕਤ ਲੈ ਅਜ਼ਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਥੱਕ, ਸ੍ਰਿਸ਼ਟੀ ਸਮਝ ਕਿਸੇ ਨਾ ਆਈਆ । ਸ੍ਰਿਸ਼ਟੀ ਚੋਲਾ ਆਏ ਛੱਡ, ਨਿਰਗੁਣ ਤੇਰੇ ਵਿਚ ਸਮਾਈਆ । ਅੰਤਮ ਦੱਸ ਕੇ ਅਗਲੀ ਹੱਦ, ਸਦੀ ਵੀਹਵੀਂ ਖਹਿੜਾ ਲਿਆ ਛੁਡਾਈਆ । ਪ੍ਰਭ ਅੱਗੇ ਸੰਭਾਲ ਆਪਣਾ ਜਗ, ਸ੍ਰਿਸ਼ਟੀ ਤੇਰੀ ਝੋਲੀ ਪਾਈਆ । ਕਲਜੁਗ ਘਰ ਘਰ ਲਾਈ ਅੱਗ, ਸਾਧ ਸੰਤ ਸਕੇ ਨਾ ਕੋਇ ਬੁਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਸਾਰੇ ਰਹੇ ਹੱਸ, ਹਸਤੀ ਤੇਰੀ ਸਮਝ ਕਿਸੇ ਨਾ ਪਾਈਆ । ਤੀਰਥ ਤੱਟਾਂ ਅਠਸਠਾਂ ਰਹੇ ਨੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਤੇਰੇ ਮਿਲਣ ਦਾ ਕਿਸੇ ਨਾ ਮਿਲਿਆ ਜਸ, ਬਿਨ ਭਗਤਾਂ ਤੇਰੀ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਈਆ । ਕਲ ਕਲਕੀ ਤੇਰਾ ਇਕ ਅਵਤਾਰ, ਹਰਿ ਕਰਤਾ ਤੂੰ ਹੀ ਨਜ਼ਰੀ ਆਈਆ । ਜਿਸ ਦਾ ਰੂਪ ਅਗੰਮ ਅਪਾਰ, ਰੇਖ ਭੇਖ ਸਮਝ ਕੋਇ ਨਾ ਪਾਈਆ । ਜਿਸ ਦਾ ਮੰਦਰ ਅਟਲ ਉਚ ਮਨਾਰ, ਦੀਆ ਬਾਤੀ ਇਕ ਰੁਸ਼ਨਾਈਆ । ਜਿਸ ਦਾ ਥਿਰ ਘਰ ਚਰਨ ਦਵਾਰ, ਸ਼ਬਦੀ ਸੁਤ ਸੋਭਾ ਪਾਈਆ । ਸੋ ਹੁਕਮ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਜਾਓ ਸਾਰੇ ਖ਼ਬਰਦਾਰ, ਧੁਰ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਲਏ ਉਠਾਲ, ਕਰੋੜ ਤੇਤੀਸਾ ਨਾਲ ਮਿਲਾਈਆ । ਕਲਜੁਗ ਕਿਰਿਆ ਨੇਤਰ ਸਭ ਨੂੰ ਦੇ ਵਖਾਲ, ਲੋਚਨ ਅੱਖ ਇਕ ਜਣਾਈਆ । ਸ਼ਬਦ ਇਸ਼ਾਰੇ ਨਾਲ ਕਹੇ ਆਪਣੇ ਆਪਣੇ ਗੁਰਮੁਖ ਲਓ ਪਛਾਣ, ਮੁਰੀਦ ਮੁਰਸ਼ਦ ਖੋਜ ਖੁਜਾਈਆ । ਗੁਰ ਅਵਤਾਰ ਹੋਏ ਹੈਰਾਨ, ਪੀਰ ਪੈਗ਼ੰਬਰ ਸਾਰੇ ਨੈਣ ਸ਼ਰਮਾਈਆ । ਜੋ ਕਲਮਿਆਂ ਵਿਚ ਦੇ ਕੇ ਆਏ ਬਿਆਨ, ਹਰਫ਼ਾਂ ਵਿਚ ਪੜ੍ਹਾਈਆ । ਜੋ ਮੰਤਰ ਦੱਸ ਕੇ ਆਏ ਸਤਿਨਾਮ,

੬੫੬
੧੭


੧੭

ਫ਼ਤਿਹ ਵਾਹਿਗੁਰੂ ਇਕ ਗਜਾਈਆ । ਉਸ ਦਾ ਮਿਲੇ ਨਾ ਸਚ ਨਿਸ਼ਾਨ, ਧਰਮ ਨਿਸ਼ਾਨਾ ਹੱਥ ਨਾ ਕੋਇ ਉਠਾਈਆ । ਸੁਰਤੀ ਵਿਛੜ ਕੇ ਸਾਚੇ ਰਾਮ, ਸੱਚਾ ਰੰਗ ਨਾ ਕੋਇ ਰੰਗਾਈਆ । ਸਾਚਾ ਸੁਣੇ ਨਾ ਕੋਈ ਪੈਗ਼ਾਮ, ਪਾਗ਼ਲ ਹੋਈ ਸ੍ਰਿਸ਼ਟ ਸਬਾਈਆ । ਝਗੜਾ ਪਿਆ ਸ਼ਰਅ ਈਮਾਨ, ਮਜ਼੍ਹਬ ਕਰੇ ਲੜਾਈਆ । ਸਾਧਾ ਸੰਤਾਂ ਖੋਲ੍ਹ ਮਾਇਆ ਦੁਕਾਨ, ਗੁਰ ਕੀ ਬਾਣੀ ਹੱਟੋ ਹੱਟ ਵਿਕਾਈਆ । ਮੂਰਖ ਮੁਗਧ ਹੋਏ ਅੰਞਾਣ, ਸੁਰਤੀ ਸੁਰਤ ਨਾ ਕੋਇ ਹਿਲਾਈਆ । ਗੁਰ ਕਾ ਸ਼ਬਦ ਨਾ ਕਰਨ ਪਛਾਣ, ਸਤਿਗੁਰ ਸੇਵ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਵਖਾਈਆ । ਨਿਰਗੁਣ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸਰਬ ਜੀਆਂ ਦਾ ਸਾਂਝਾ ਯਾਰ, ਮਾਲਕ ਇਕ ਅਖਵਾਈਆ । ਕਾਗਦ ਕਲਮਾਂ ਵਸੇ ਬਾਹਰ, ਸ਼ਰਅ ਵਿਚ ਬੰਦ ਨਾ ਕੋਇ ਕਰਾਈਆ । ਅੱਖਰਾਂ ਵਿਚ ਨਾ ਕੋਇ ਵਿਚਾਰ, ਸਤਰਾਂ ਵਿਚ ਨਾ ਕੋਇ ਜਣਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਨਿਰੰਕਾਰ ਇਕ ਅਖਵਾਈਆ । ਜਿਸ ਦਾ ਮਹੱਲ ਅਟਲ ਅਪਾਰ, ਸਚਖੰਡ ਬੈਠਾ ਡੇਰਾ ਲਾਈਆ । ਜੋਤ ਉਜਾਲਾ ਨੂਰ ਪਰਵਰਦਿਗਾਰ, ਬੇਪਰਵਾਹ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਮੰਨਣ ਮੱਦਦਗਾਰ, ਮੁੱਦਾ ਤੂੰ ਹੀ ਨਜ਼ਰੀ ਆਈਆ । ਤੇਰਾ ਅਦਦਾਂ ਵਿਚ ਨਾ ਕੋਇ ਸ਼ੁਮਾਰ, ਹਿੰਦਸਿਆਂ ਅੰਕੜਿਆਂ ਵਿਚ ਨਾ ਕੋਇ ਜਣਾਈਆ । ਜਿਸ ਜਨ ਉਪਰ ਕਿਰਪਾ ਕਰੇ ਆਪ ਕਰਤਾਰ, ਕਰਨੀ ਆਪਣੀ ਦਏ ਸਮਝਾਈਆ । ਕਲ ਕਲਕੀ ਲਏ ਅਵਤਾਰ, ਇਕ ਇਕੱਲਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਪੈਜ ਸਵਾਰ, ਮਾਣਸ ਮਾਨੁਖ ਮਾਨਵ ਦਏ ਜਣਾਈਆ । ਭਗਤ ਸੁਹੇਲੇ ਕਰ ਤਾਬਿਆਦਾਰ, ਸੰਤ ਸਾਜਣ ਰੰਗ ਰੰਗਾਈਆ । ਗੁਰਮੁਖ ਗੁਰ ਗੁਰ ਗੋਦ ਉਠਾਲ, ਗੁਰਸਿਖ ਅੰਮ੍ਰਿਤ ਜਾਮ ਪਿਆਈਆ । ਮੁਰਸ਼ਦ ਹੋ ਕੇ ਮੁਰੀਦਾਂ ਵਸ ਨਾਲ, ਵਾਅਦਾ ਕੀਤਾ ਤੋੜ ਨਿਭਾਈਆ । ਤੇਰਾ ਲੇਖਾ ਸ਼ਾਹ ਕੰਗਾਲ, ਊਚ ਨੀਚ ਦੇ ਸਰਨਾਈਆ । ਧਰਮ ਦਵਾਰਾ ਤੇਰਾ ਸੱਚੀ ਧਰਮਸਾਲ, ਜਿਸ ਘਰ ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਸੋਭਾ ਪਾਈਆ । ਆਤਮ ਪਰਮਾਤਮ ਤ੍ਰੈਗੁਣ ਮਾਇਆ ਪ੍ਰਕਿਰਤੀਆਂ ਕੋਲੋਂ ਕਰ ਬਹਾਲ, ਇੰਦਰੀਆਂ ਕੋਲੋਂ ਦਏ ਛੁਡਾਈਆ । ਫਲ ਲਗਾ ਸਾਚੇ ਡਾਲ੍ਹ, ਪੱਤ ਟਹਿਣੀ ਆਪ ਮਹਿਕਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਆ ਕੇ ਵੇਖ ਗ਼ਰੀਬਾਂ ਹਾਲ, ਨਿਮਾਣੇ ਦੇਣ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਨਗਾਰਾ ਰਿਹਾ ਵਜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੈਨੂੰ ਸਾਰੇ ਰਹੇ ਭਾਲ, ਹਿੰਦੂ ਮੁਸਲਿਮ ਸਿੱਖ ਈਸਾਈ ਭੱਜਣ ਵਾਹੋ ਦਾਹੀਆ । ਤੇਰੀ ਸਮਝ ਕਿਸੇ ਨਾ ਆਏ ਚਾਲ, ਦਲਾਲ ਹੋ ਕੇ ਮੇਲ ਨਾ ਕੋਇ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਦੇ ਦੇ ਅਹਿਵਾਲ, ਜਗਤ ਸੰਤ ਰਹੇ ਸਮਝਾਈਆ । ਅੰਦਰੋਂ ਆਪ ਹੋਏ ਕੰਗਾਲ, ਭੰਡਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਆਪ ਧਰਾਈਆ । ਸ੍ਰੀ ਭਗਵਾਨ ਸਚ ਦ੍ਰਿੜਾਉਂਦਾ ਏ । ਸੋ ਪੁਰਖ ਨਿਰੰਜਣ ਸਚ ਸਮਝਾਉਂਦਾ ਏ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹੌਂਦਾ ਏ । ਆਦਿ ਨਿਰੰਜਣ ਡਗਮਗੌਂਦਾ ਏ । ਅਬਿਨਾਸ਼ੀ ਕਰਤਾ ਵੇਖ ਵਖੌਂਦਾ ਏ । ਸ੍ਰੀ ਭਗਵਾਨ ਲੇਖ ਲਿਖੌਂਦਾ ਏ । ਪਾਰਬ੍ਰਹਮ ਬ੍ਰਹਮ ਆਪਣਾ ਪੜਦਾ ਲਾਹੁੰਦਾ ਏ । ਨਿਰਗੁਣ ਧਾਰੋਂ ਪਏ ਜੰਮ, ਮਾਤ ਪਿਤ ਨਾ ਕੋਇ ਬਣੌਂਦਾ ਏ । ਨਿਹਕਰਮੀ ਹੋ ਕੇ ਕਰੇ ਕੰਮ, ਕਰਤਾ ਆਪਣੀ ਕਾਰ ਕਮੌਂਦਾ ਏ । ਕਲਜੁਗ ਅੰਤਮ ਦੇਵੇ ਡੰਨ, ਲੱਖ ਚੁਰਾਸੀ ਵੇਖ ਵਖੌਂਦਾ ਏ । ਸਤਿ ਧਰਮ ਦਾ ਬੇੜਾ

ਦੇਵੇ ਬੰਨ੍ਹ, ਸੱਚਾ ਮਾਰਗ ਇਕ ਲਗੌਂਦਾ ਏ । ਭਗਤ ਸੁਹੇਲੇ ਚਾੜ੍ਹ ਕੇ ਚੰਨ, ਰੈਣ ਅੰਧੇਰੀ ਦੂਰ ਕਰੌਂਦਾ ਏ । ਮਨ ਕਾ ਮਣਕਾ ਫੇਰ ਕੇ ਮਨ, ਮਨ ਮਨਸਾ ਮੋਹ ਚੁਕੌਂਦਾ ਏ । ਭਾਗ ਲਗਾ ਕੇ ਕਾਇਆ ਤਨ, ਤਤਵ ਤਤ ਇਕ ਬੁਝੌਂਦਾ ਏ । ਨਾਮ ਪਦਾਰਥ ਦੇ ਕੇ ਧਨ, ਸ਼ਾਹ ਕੰਗਾਲ ਵੰਡ ਪਵੌਂਦਾ ਏ । ਕਰ ਪਰਕਾਸ਼ ਨੇਤਰ ਅੰਨ੍ਹ, ਅੰਧ ਅੰਧੇਰਾ ਪਰੇ ਹਟੌਂਦਾ ਏ । ਭਗਤ ਸੁਹੇਲੇ ਬਣਾ ਕੇ ਜਨ, ਜਨ ਜਨਣੀ ਗੋਦ ਉਠੌਂਦਾ ਏ । ਕੂੜਾ ਭਾਂਡਾ ਦੇਵੇ ਭੰਨ, ਠੀਕਰ ਕਲਜੁਗ ਪਰੇ ਸੁਟੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰਮ ਕਮੌਂਦਾ ਏ । ਨਿਹਕਰਮੀ ਕਰਮ ਕਮਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਲੋਕ ਪਰਲੋਕ ਆਪ ਸਮਝਾਵਾਂਗਾ । ਸਚ ਸਲੋਕ ਇਕ ਪਰਗਟਾਵਾਂਗਾ । ਗੁਰਮੁਖਾਂ ਮੇਲ ਸੰਜੋਗ, ਮੇਲ ਮਿਲਣੀ ਆਪਣੇ ਨਾਲ ਰਖਾਵਾਂਗਾ । ਹਉਮੇ ਹੰਗਤਾ ਕੱਟ ਕੇ ਰੋਗ, ਹੰ ਗੜ੍ਹ ਤੁੜਾਵਾਂਗਾ । ਸੋਹੰ ਹੰਸਾ ਦੇ ਕੇ ਚੋਗ, ਚੁਗ਼ਲੀ ਨਿੰਦਿਆ ਦੂਰ ਕਰਾਵਾਂਗਾ । ਘਰ ਦਰਸ਼ਨ ਦੇ ਕੇ ਅਮੋਘ, ਬਜਰ ਕਪਾਟੀ ਪੜਦਾ ਲਾਹਵਾਂਗਾ । ਲੇਖਾ ਚੁਕਾ ਕੇ ਸਮਝ ਸੋਚ, ਸੁਰਤੀ ਸ਼ਬਦ ਨਾਲ ਜੁੜਾਵਾਂਗਾ । ਜਿਸ ਦੀ ਕਲਮਿਆਂ ਵਿਚ ਕਰਦੇ ਖੋਜ, ਸਨਮੁਖ ਹੋ ਕੇ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸਾਚੀ ਸਿਖਿਆ ਇਕ ਦ੍ਰਿੜਾਏਗਾ । ਵਿਦਿਆ ਧੁਰ ਦੀ ਇਕ ਪੜ੍ਹਾਏਗਾ । ਨਿਕਿਆਂ ਵੱਡਿਆਂ ਰਾਹੇ ਪਾਏਗਾ । ਬਚਿਆ ਕੋਇ ਨਜ਼ਰ ਨਾ ਆਏਗਾ । ਹਿੰਦੂ ਮੁਸਲਿਮ ਸਿੱਖ ਈਸਾਈ, ਇਕੋ ਘਰ ਵਸਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਮਜ਼੍ਹਬਾਂ ਵਿਚ ਹੋਈ ਜੁਦਾਈ, ਸ਼ਰਅ ਸ਼ਰੀਅਤ ਮੇਟ ਮਿਟਾਏਗਾ । ਸਭ ਨੂੰ ਪਤਾ ਸਚ ਦੱਸ ਕੇ ਇਕਾਈ, ਅਗਲਾ ਸਿਫ਼ਰਾ ਅੰਤ ਮਿਟਾਏਗਾ । ਆਤਮ ਪਰਮਾਤਮ ਦਏ ਸਮਝਾਈ, ਬ੍ਰਹਮ ਰੂਪ ਨਜ਼ਰੀ ਆਏਗਾ । ਪੂਰਬ ਧੋ ਕੇ ਪਿਛਲੀ ਸ਼ਾਹੀ, ਦੁਰਮਤ ਮੈਲ ਕਟਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਨ੍ਹਾਂ ਦੀ ਦੇਣ ਗਵਾਹੀ, ਤਿਨ੍ਹਾਂ ਆਪਣੇ ਨਾਲ ਮਿਲਾਏਗਾ । ਕਰੇ ਖੇਲ ਸੱਚਾ ਸ਼ਹਿਨਸ਼ਾਹੀ, ਕਲਜੁਗ ਸ਼ਾਮ ਅੰਧੇਰੀ ਦੂਰ ਕਰਾਏਗਾ । ਬਣ ਕੇ ਆਇਆ ਪਾਂਧੀ ਰਾਹੀ, ਮੰਜ਼ਲ ਚੜ੍ਹ ਕੇ ਖ਼ੁਸ਼ੀ ਮਨਾਏਗਾ । ਗੋਬਿੰਦ ਲੇਖਾ ਚੁੱਕੇ ਇਕੋ ਢਈਆ ਢਾਈ, ਢੋਕੇ ਵਿਚੋਂ ਅੱਖ ਖੁਲ੍ਹਾਏਗਾ । ਲਿਖਿਆ ਲੇਖ ਮੇਟੇ ਕੋਇ ਨਾ ਰਾਈ, ਰਾਓ ਰੰਕਾਂ ਆਪ ਸਮਝਾਏਗਾ । ਜਿਸ ਦੇ ਨਾਮ ਦੀ ਪਈ ਦੁਹਾਈ, ਸੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਏਗਾ । ਧੁਰ ਦੀ ਕਰਨੀ ਕਾਰ ਕਮਾਵੇਗਾ । ਸਾਚੀ ਸ਼ਰਨ ਸ੍ਰਿਸ਼ਟ ਲਗਾਵੇਗਾ । ਵਿਦਿਆ ਇਕੋ ਪੜ੍ਹਨ, ਪਾਰਬ੍ਰਹਮ ਪੜ੍ਹਾਵੇਗਾ । ਪੌੜੀ ਉਚੀ ਚੜ੍ਹਨ, ਨਾਮ ਡੰਡਾ ਹੱਥ ਵਖਾਵੇਗਾ । ਸਾਚੀ ਤਰਨੀ ਤਰਨ, ਤੁਰਤ ਆਪਣਾ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਵੇਖ ਵਖਾਵੇਗਾ । ਰਹਿਬਰ ਹੋ ਕੇ ਵੇਖ ਵਖਾਏਗਾ । ਦੇਸ ਸੁਹੰਜਣੇ ਡੇਰਾ ਲਾਏਗਾ । ਗੁਰਮੁਖ ਵੇਖੇ ਸਾਚੇ ਸੋਹਣੇ, ਸੱਜਣਾਂ ਮੇਲ ਮਿਲਾਏਗਾ । ਜਿਨ੍ਹਾਂ ਚਰਨ ਕਵਲ ਪ੍ਰਭ ਕੀਤੇ ਬੰਦਨੇ, ਬੰਦੀਖ਼ਾਨੇ ਤਿਨ੍ਹਾਂ ਤੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪਣੀ ਕਲ ਧਰਾਏਗਾ । ਕਲਜੁਗ ਅੰਤਮ ਕਲ ਧਰਾਵੇਗਾ । ਵਲ ਛਲ ਖੇਲ ਖਿਲਾਵੇਗਾ । ਅਬਚਲ ਨਗਰ ਇਕ ਵਸਾਵੇਗਾ । ਸੰਬਲ ਸਾਚਾ ਡੇਰਾ ਲਾਵੇਗਾ । ਕੋਈ ਨਾ ਜਾਣੇ ਜ਼ਿਮੀਂ ਅਸਮਾਨ ਉਪਰ ਅੰਬਰ, ਬ੍ਰਹਿਮੰਡ ਖੰਡ ਭੇਵ ਕੋਈ ਨਾ ਪਾਵੇਗਾ । ਸਾਢੇ

ਤਿੰਨ ਹੱਥ ਸੋਹਣਾ ਮੰਦਰ, ਹਰਿ ਜੂ ਸਾਚੀ ਬਣਤ ਬਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਬਹਿ ਕੇ ਖ਼ੁਸ਼ੀ ਵਖਾਵੇਗਾ । ਘਰ ਬਹਿ ਕੇ ਖ਼ੁਸ਼ੀ ਵਖਾਏਗਾ । ਜਨ ਭਗਤਾਂ ਰੁਚੀ ਇਕ ਲਗਾਏਗਾ । ਮਨ ਮਤ ਬੁਧ ਸੁੱਚੀ ਆਪ ਕਰਾਏਗਾ । ਗੋਬਿੰਦ ਪੁੱਤੀਂ ਭਾਗ ਲਗਾਏਗਾ । ਸਤਿਜੁਗ ਸੁਹਾਏ ਸਾਚੀ ਰੁੱਤੀ, ਰੁਤ ਰੁਤੜੀ ਆਪ ਮਹਿਕਾਏਗਾ । ਜੋ ਆਤਮ ਪਰਮਾਤਮ ਪ੍ਰੇਮ ਦੀ ਭੁੱਖੀ, ਤਿਸ ਅੰਮ੍ਰਿਤ ਜਾਮ ਪਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵਾਂ ਕਰਕੇ ਮਤ ਪੁੱਠੀ, ਸਦੀ ਚੌਧਵੀਂ ਉਲਟਾ ਗੇੜ ਗਿੜਾਏਗਾ । ਪ੍ਰਭ ਉਲਟਾ ਗੇੜ ਗਿੜਾਵੇਗਾ । ਵਾਸੀ ਨੰਦੇੜ ਇਕ ਉਠਾਵੇਗਾ । ਲੱਖ ਚੁਰਾਸੀ ਭੇੜ, ਭਾਂਡਾ ਭਰਮ ਭੰਨਾਵੇਗਾ । ਸ਼ਾਹ ਸੁਲਤਾਨਾਂ ਲਹਿਣਾ ਦੇਣਾ ਦਏ ਨਬੇੜ, ਦਰ ਦਰ ਲੇਖਾ ਅੰਤ ਮੁਕਾਵੇਗਾ । ਭਗਤ ਭਗਵੰਤ ਲਿਆਏ ਘੇਰ, ਘਰ ਸਾਚੇ ਮੇਲ ਮਿਲਾਵੇਗਾ । ਸੰਤ ਸੱਜਣ ਵੇਖੇ ਸੁਹੇਲ, ਗੁਰ ਚੇਲੇ ਜੋੜ ਜੁੜਾਵੇਗਾ । ਗੁਰਮੁਖਾਂ ਚਾੜ੍ਹ ਕੇ ਤੇਲ, ਅੰਤਰ ਆਤਮ ਸਗਣ ਮਨਾਵੇਗਾ । ਧਰਮ ਰਾਏ ਦੀ ਕੱਟ ਕੇ ਜੇਲ, ਲੱਖ ਚੁਰਾਸੀ ਫੰਦ ਕਟਾਵੇਗਾ । ਸਚ ਦਰਵਾਜ਼ੇ ਕਰ ਕੇ ਆਪਣਾ ਮੇਲ, ਜਗਤ ਵਿਛੋੜਾ ਪਰ੍ਹੇ ਹਟਾਵੇਗਾ । ਅਚਰਜ ਕਰ ਅਗੰਮੀ ਖੇਲ, ਖ਼ਾਲਸ ਗੁਰਮੁਖ ਆਪਣੇ ਘਰ ਵਸਾਵੇਗਾ । ਧਾਮ ਅਵੱਲੜਾ ਰੱਖ ਨਵੇਲ, ਨਿਹਚਲ ਡੇਰਾ ਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੀਸ ਇਕੀਸਾ ਹਰਿ ਜਗਦੀਸਾ, ਲਹਿਣਾ ਦੇਣਾ ਦੇਣਾ ਲਹਿਣਾ ਸਭ ਦਾ ਵੇਖ ਵਖਾਵੇਗਾ ।



## ✪ ੫ ਅੱਸੂ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਰਾਮਪੁਰਾ ✪

ਗੁਰ ਅਵਤਾਰ ਕਹਿਣ ਪ੍ਰਭ ਕਲਜੁਗ ਕੂੜਾ ਕੂੜ, ਸ੍ਰਿਸ਼ਟ ਸਬਾਈ ਡੇਰਾ ਲਾਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਹਿਰਦੇ ਹਰਿ ਨਾ ਕੋਇ ਵਸਾਈਆ । ਮਸਤਕ ਟਿੱਕਾ ਨਾਮ ਨਾ ਲਾਏ ਕੋਈ ਧੂੜ, ਦੁਰਮਤ ਮੈਲ ਨਾ ਕੋਇ ਧੁਆਈਆ । ਸਾਚਾ ਮਿਲੇ ਨਾ ਕਿਸੇ ਨੂਰ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਹਉਮੇ ਹੰਗਤਾ ਮਨ ਮਮਤਾ ਹੋਇਆ ਗ਼ਰੂਰ, ਨਿਵਣ ਸੋ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਗੁਰ ਅਵਤਾਰ ਕਹਿਣ ਪ੍ਰਭ ਵਧਿਆ ਲੋਭ, ਮਾਇਆ ਮਮਤਾ ਹੋਈ ਹਲਕਾਈਆ । ਅੰਤਰ ਆਤਮ ਸਕੇ ਨਾ ਕੋਈ ਸੋਧ, ਮਨਸਾ ਸਕੇ ਨਾ ਕੋਇ ਮਿਟਾਈਆ । ਜਗਤ ਵਾਸਨਾ ਕਰੇ ਜੋਧ, ਅੱਠੇ ਪਹਿਰ ਲੜਾਈਆ । ਕੂੜੀ ਤ੍ਰਿਸਨਾ ਲੱਗਾ ਰੋਗ, ਹਉਮੇ ਰਹੀ ਸਤਾਈਆ । ਆਤਮ ਪਰਮਾਤਮ ਵਿਛੜ ਹੋਇਆ ਵਿਜੋਗ, ਧੁਰ ਸੰਜੋਗ ਮੇਲ ਨਾ ਕੋਇ ਮਿਲਾਈਆ । ਸ਼ਾਸਤਰਾਂ ਸਿਮਰਤਾਂ ਅੰਦਰ ਕਰਦੇ ਤੇਰੀ ਖੋਜ, ਕਾਇਆ ਮੰਦਰ ਅੰਦਰ ਵੇਖਣ ਕੋਇ ਨਾ ਆਈਆ । ਤੇਰੇ ਗੀਤ ਗਾਉਂਦੇ ਚੌਦਾਂ ਲੋਕ, ਸਚ ਸਲੋਕ ਸੋਹਲਾ ਢੋਲਾ ਕੋਇ ਨਾ ਗਾਈਆ । ਸਦੀ ਚੌਧਵੀਂ ਮਿਟਦੀ ਜਾਏ ਔਧ, ਬੀਸ ਬੀਸਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਨਵ ਨੌ ਚਾਰ ਵਧਿਆ ਕਾਮ, ਸਾਂਤਕ ਸਤਿ ਨਾ ਕੋਇ ਕਰਾਈਆ । ਹਿਰਦੇ ਕਿਸੇ ਨਾ ਵਸਿਆ ਰਾਮ, ਰਮਈਆ ਨਜ਼ਰ ਕਿਸੇ ਨਾ ਆਈਆ । ਜਗਤ ਵਾਸਨਾ ਹੋਏ ਗ਼ੁਲਾਮ, ਸ਼ਰਅ ਜ਼ੰਜੀਰ ਸਕੇ ਨਾ ਕੋਇ ਤੁੜਾਈਆ ।

ਧੁਰ ਦਾ ਸੁਣੇ ਨਾ ਕੋਇ ਪੈਗ਼ਾਮ, ਅਨਹਦ ਨਾਦ ਨਾ ਕੋਇ ਜਣਾਈਆ । ਪੰਜ ਤਤ ਕਾਇਆ ਅੰਦਰ ਵਿਗੜ ਗਿਆ ਨਿਜ਼ਾਮ, ਸੱਚਾ ਹੁਕਮ ਨਾ ਕੋਇ ਵਰਤਾਈਆ । ਮੁਸ਼ਕਲ ਹਲ ਨਾ ਹੋਵੇ ਆਸਾਨ, ਸੀਸ ਜਗਦੀਸ ਨਾ ਕੋਇ ਨਿਵਾਈਆ । ਸਾਚਾ ਨਾਦ ਨਾ ਸੁਣੇ ਕੋਈ ਕਾਨ, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਈਆ । ਹਉਮੇ ਹੰਗਤਾ ਅੰਦਰ ਫਿਰਨ ਬਿਰਧ ਬਾਲ ਜਵਾਨ, ਮਮਤਾ ਮੋਹ ਨਾ ਕੋਇ ਮੁਕਾਈਆ । ਸਤਿ ਧਰਮ ਦਾ ਝੁਲਦਾ ਦਿਸੇ ਨਾ ਕੋਇ ਨਿਸ਼ਾਨ, ਸਤਿ ਸਤਿਵਾਦੀ ਸਚ ਨਾ ਕੋਏ ਜਣਾਈਆ । ਸਾਚੀ ਸਖ਼ੀ ਮਿਲੇ ਨਾ ਕੋਈ ਕਾਹਨ, ਬੰਸਰੀ ਨਾਮ ਨਾ ਕੋਇ ਸੁਣਾਈਆ । ਧੁਰ ਦਰਬਾਰੀ ਦੇਵੇ ਨਾ ਕੋਈ ਪੈਗ਼ਾਮ, ਕਲਮਾ ਕਾਇਨਾਤ ਨਾ ਕੋਇ ਪੜ੍ਹਾਈਆ । ਜੀਵ ਜੰਤ ਹੋਏ ਨਾਦਾਨ, ਨਾਬੀਨੇ ਅੱਖ ਨਾ ਕੋਇ ਖੁਲ੍ਹਾਈਆ । ਤੱਤਾਂ ਅੰਦਰ ਤਤ ਸ਼ੈਤਾਨ, ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲ ਕੂੜਾ ਮੋਹ, ਮੁਹੱਬਤ ਸਚ ਨਾ ਕੋਇ ਕਮਾਈਆ । ਆਤਮ ਪਰਮਾਤਮ ਕਿਸੇ ਨਾ ਜਾਏ ਛੋਹ, ਦੂਈ ਦਵੈਤੀ ਕੰਧ ਨਾ ਕੋਇ ਢਾਹੀਆ । ਘਰ ਪਰਕਾਸ਼ ਬਿਨ ਦੀਵੇ ਬਾਤੀ ਕਰੇ ਕੋਈ ਨਾ ਲੋ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਨਾਮ ਸੁਣੇ ਨਾ ਤੇਰਾ ਸੋ, ਹੰ ਬ੍ਰਹਮ ਨਾ ਕੋਇ ਪੜ੍ਹਾਈਆ । ਨਵ ਨੌ ਚਾਰ ਰਹੀ ਰੋ, ਸਾਂਤਕ ਸਤਿ ਨਾ ਕੋਇ ਦਸਾਈਆ । ਆਪਣਾ ਆਪ ਸਾਰੇ ਬੈਠੇ ਖੋਹ, ਖ਼ਾਲੀ ਹੱਥ ਦੇਣ ਦੁਹਾਈਆ । ਨਿਜਰ ਝਿਰਨੇ ਅੰਮ੍ਰਿਤ ਦੇਵੇ ਨਾ ਕੋਈ ਚੋ, ਕਵਲ ਨਾਭ ਨਾ ਕੋਇ ਉਲਟਾਈਆ । ਚੇਲੇ ਗੁਰੂਆਂ ਨਾਲ ਕਰਨ ਧਰੋ, ਪਿਤਾ ਪੂਤ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਪ੍ਰਭ ਵੇਖ ਕਲਜੁਗ ਹੰਕਾਰ, ਹੰਕਾਰੀ ਘਰ ਘਰ ਨਜ਼ਰੀ ਆਈਆ । ਗੁਰਦੇਵ ਸਵਾਮੀ ਕਰੇ ਨਾ ਕੋਈ ਨਿਮਸਕਾਰ, ਸੱਜਦਾ ਸੀਸ ਨਾ ਕੋਇ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਰੋ ਵਾਰ, ਮਨ ਵਾਸਨਾ ਨਾਲ ਮਿਲਾਈਆ । ਮਿਤਰਾਂ ਨਾਲੋਂ ਸੱਜਣ ਵਿਛੜੇ ਯਾਰ, ਭੈਣ ਭਾਈ ਨਾਤਾ ਤੋੜ ਨਾ ਕੋਇ ਨਿਭਾਈਆ । ਕਾਗਤਾਂ ਤੋਂ ਲੱਭਣ ਤੇਰਾ ਸਚ ਦਰਬਾਰ, ਮਹੱਲ ਅਟਲ ਚੜ੍ਹ ਦਰਸ ਕੋਇ ਨਾ ਪਾਈਆ । ਤੀਰਥ ਤੱਟਾਂ ਹੁੰਦੇ ਫਿਰਨ ਖ਼ੁਆਰ, ਅੰਤਰ ਆਤਮ ਸਚ ਸਰੋਵਰ ਨਹਾਵਣ ਕੋਇ ਨਾ ਜਾਈਆ । ਮਕਤਬ ਪਾਠਸ਼ਾਲਾ ਵਿਚ ਪੜ੍ਹਦੇ ਰਹਿਣ ਅੱਖਰਾਂ ਨਾਲ ਕਰ ਵਿਚਾਰ, ਨਿਰਅੱਖਰ ਤੇਰੀ ਸਮਝ ਕਿਸੇ ਨਾ ਆਈਆ । ਚਾਰੋਂ ਕੁੰਟ ਦਿਸੇ ਵਿਭਚਾਰ, ਦਹਿ ਦਿਸ਼ਾ ਸਚ ਧਰਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਜਗ ਅੰਤਮ ਮਾਇਆ, ਤ੍ਰੈਗੁਣ ਅਗਨੀ ਤਤ ਤਪਾਈਆ । ਨਵ ਨੌ ਚਾਰ ਅੰਧੇਰਾ ਛਾਇਆ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਹੁਕਮ ਸੁਣਾਇਆ, ਸੋ ਸਾਰੇ ਗਏ ਭੁਲਾਈਆ । ਸਾਚਾ ਇਸ਼ਟ ਨਾ ਕਿਸੇ ਮਨਾਇਆ, ਦ੍ਰਿਸ਼ਟੀ ਦਿਬ ਨਾ ਕੋਇ ਨਾ ਖੁਲ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਤੇਰਾ ਇਸ਼ਕ ਨਾ ਕੋਇ ਕਮਾਇਆ, ਸਚ ਧਿਆਨ ਨਾ ਕੋਇ ਲਗਾਈਆ । ਦੋਜ਼ਖ਼ ਬਹਿਸ਼ਤ ਦੋਵੇਂ ਰਹੇ ਕੁਰਲਾਇਆ, ਲੇਖਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਝੂਠ, ਜੋ ਜਗਤ ਲਏ ਅੰਗੜਾਈਆ । ਮੰਦਰ ਮਸਜਿਦ ਸ਼ਿਵਦਵਾਲੇ

ਮਠ ਰਹੀ ਨਾ ਸੁੱਚ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਹੱਥ ਰਿਹਾ ਨਾ ਕੁਛ, ਜੰਞੂ ਟਿੱਕਾ ਧੋਤੀ ਬੋਦੀ ਪਤਤ ਪੁਨੀਤ ਨਾ ਕੋਇ ਕਰਾਈਆ । ਤੇਰੇ ਨਾਲੋਂ ਸ੍ਰੀ ਭਗਵਾਨ ਤੇਰੇ ਗਏ ਰੁਠ, ਸਾਚਾ ਮੇਲ ਨਾ ਕੋਇ ਮਿਲਾਈਆ । ਅੰਤਰਜਾਮੀ ਘਟ ਘਟ ਵਾਸੀ ਆ ਕੇ ਪੁਛ, ਨਿਰਵੈਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਕੁੜਿਆਰ, ਲੱਖ ਚੁਰਾਸੀ ਅੰਦਰ ਰਿਹਾ ਸਮਾਈਆ । ਜਿਸ ਭੁਲਾਇਆ ਸਾਂਝਾ ਯਾਰ, ਸੋਚ ਸਮਝ ਰਹੀ ਨਾ ਰਾਈਆ । ਅੰਦਰ ਵੜ ਕੇ ਸਭ ਨੂੰ ਕੀਤਾ ਖੁਆਰ, ਪੜਦਾ ਓਹਲਾ ਵਿਚ ਟਿਕਾਈਆ । ਗ਼ਫ਼ਲਤ ਵਿਚ ਸੁੱਤਾ ਸੰਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਖਾਣੀ ਬਾਣੀ ਪੜ੍ਹ ਪੜ੍ਹ ਗਏ ਹਾਰ, ਹਰਿ ਹਰਿ ਨਜ਼ਰ ਕਿਸੇ ਨਾ ਆਈਆ । ਉਚੀ ਕੂਕਣ ਕਰਨ ਪੁਕਾਰ, ਰਸਨਾ ਜਿਹਵਾ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਆਪਣਾ ਲੋਕ, ਕਲ ਅੰਤਮ ਫੇਰਾ ਪਾਈਆ । ਕਿਸੇ ਗ੍ਰਿਹ ਜਗਦੀ ਦਿਸੇ ਨਾ ਜੋਤ, ਘਰ ਦੀਪਕ ਨਾ ਕੋਇ ਰੁਸ਼ਨਾਈਆ । ਕਲਜੁਗ ਆਲ੍ਹਣਿਉਂ ਡਿੱਗੇ ਬੋਟ, ਫੇਰ ਸਕੇ ਨਾ ਕੋਇ ਉਠਾਈਆ । ਮਾਇਆ ਮਮਤਾ ਸਾਰੇ ਕਰਨ ਖੋਜ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਤੇਰੇ ਮਿਲਣ ਦੀ ਕਿਸੇ ਨਾ ਆਵੇ ਸੋਚ, ਸਮਝ ਬੈਠੀ ਮੁਖ ਭੁਆਈਆ । ਗੁਰਮੁਖ ਵਿਰਲਾ ਰਾਹ ਤੱਕੇ ਵਿਚੋਂ ਕੋਟਾਂ ਕੋਟ, ਅੰਤਰ ਅੰਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਠਾਕਰ ਤੇਰੀ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਭੁੱਲਿਆ ਜਗ, ਭਰਮਾਂ ਵਿਚ ਰਖਾਈਆ । ਕਿਸੇ ਨਾ ਪੂਰਾ ਹੋਵੇ ਮੱਕੇ ਕਾਅਬੇ ਹੱਜ, ਹੁਜਰਾ ਹਕ ਨਾ ਕੋਇ ਸੁਹਾਈਆ । ਕਿਸੇ ਨਾ ਮਿਲੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਹੱਥਾਂ ਨਾਲ ਟੱਲ ਰਹੇ ਖੜਕਾਈਆ । ਗੁਰਦਵਾਰਿਆਂ ਅੰਦਰ ਨਿਰਗੁਣ ਤੇਰਾ ਰੂਪ ਸਕੇ ਨਾ ਕੋਈ ਲੱਭ, ਸਨਮੁਖ ਦਰਸ ਕੋਇ ਨਾ ਪਾਈਆ । ਮਿਹਰਵਾਨ ਠਾਕਰ ਸਵਾਮੀ ਘਰ ਘਰ ਵਿਚ ਆ ਕੇ ਸੁਣਾ ਆਪਣਾ ਛੰਦ, ਧੁਰ ਦਾ ਢੋਲਾ ਰਾਗ ਅਲਾਈਆ । ਸਚ ਦਵਾਰੇ ਇਹੋ ਮੰਗ, ਕਾਇਆ ਮੰਦਰ ਅੰਦਰ ਭੇਵ ਖੁਲ੍ਹਾਈਆ । ਪੌੜ੍ਹੇ ਪੌੜ੍ਹੇ ਆਪਣੇ ਲੰਘ, ਨੌਂ ਦਵਾਰੇ ਡੇਰਾ ਢਾਹੀਆ । ਕੂੜੀ ਕਿਰਿਆ ਪਾਏ ਨਾ ਡੰਡ, ਮਨ ਕਾ ਮਣਕਾ ਦਏ ਭੁਆਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਜੋਤ ਨਿਰੰਜਣ ਜੋਤ ਰੁਸ਼ਨਾਈਆ । ਨਾਮ ਮਜੀਠੀ ਚੋਲਾ ਰੰਗ, ਰੰਗ ਆਪਣਾ ਦੇ ਚੜ੍ਹਾਈਆ । ਅੰਮ੍ਰਿਤ ਧਾਰ ਵਹਾ ਗੰਗ, ਸਰੋਵਰ ਇਕੋ ਇਕ ਵਖਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦੀ ਕੰਤ ਲੈਣਾ ਪਰਨਾਈਆ । ਭਾਗ ਲਗਾਉਣਾ ਜੀਉ ਪਿੰਡ, ਪਿੰਡੀ ਅਵਰ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲਏ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਨਾਤਾ ਛੁੱਟਿਆ, ਛੁੱਟੀ ਸਰਬ ਲੋਕਾਈਆ । ਪ੍ਰੇਮ ਪਿਆਰ ਦਾ ਪੈਂਡਾ ਮੁੱਕਿਆ, ਪਾਂਧੀ ਰਹਿਣ ਕੋਇ ਨਾ ਪਾਈਆ । ਕੋਈ ਨਾ ਚੜ੍ਹੇ ਮਹੱਲ ਉਚਿਆ, ਸਾਚੇ ਧਾਮ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜਗਤ ਵਾਸਨਾ ਜੀਵ ਰੁਝਿਆ, ਵਿਸ਼ਿਆਂ ਵਿਚ ਲੋਕਾਈਆ । ਸਤਿਗੁਰ ਸੰਤ ਕਿਸੇ ਨਾ ਬੁਝਿਆ, ਦੀਵਾ ਬੈਠੇ ਗੁਲ ਕਰਾਈਆ । ਨਾਮ ਨਿਸ਼ਾਨਿਉਂ ਕੂੜਾ ਉਕਿਆ, ਅਣਿਆਲਾ ਤੀਰ ਨਾ ਕੋਇ ਲਗਾਈਆ । ਸਚ ਭੰਡਾਰਾ ਨੌ ਖੰਡ ਪ੍ਰਿਥਮੀ ਮੁਕਿਆ, ਦਰ ਦਰ ਘਰ ਘਰ ਖ਼ਾਲੀ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਖੋਲ੍ਹ ਦਰ, ਧਰਮ ਦਵਾਰਾ ਇਕ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲੇਖਾ ਵੇਖ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸਾਚਾ ਮਾਣ ਤਾਣ ਰਿਹਾ ਨਾ ਚਾਰੇ ਬਾਣੀ, ਬਾਣ ਅਣਿਆਲਾ ਨਾ ਕੋਇ ਚਲਾਈਆ । ਅਠਸਠ ਧਾਰ ਦਿਸੇ ਨਾ ਕੋਇ ਪਾਣੀ, ਸਰੋਵਰ ਸਤਿ ਨਾ ਕੋਇ ਨੁਹਾਈਆ । ਸਦੀ ਵੀਹਵੀਂ ਸਭ ਨੂੰ ਆਈ ਹਾਨੀ, ਹਾਣੀ ਮਿਲਿਆ ਨਾ ਬੇਪਰਵਾਹੀਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਭਰਮੇ ਭੁੱਲੇ ਜੀਵ ਵਿਦਵਾਨੀ, ਵਿਦਿਆ ਮਾਤ ਹੋਈ ਹਲਕਾਈਆ । ਤੇਰੀ ਦੱਸੇ ਨਾ ਕੋਈ ਸਚ ਨਿਸ਼ਾਨੀ, ਸਾਖਿਆਤ ਨਾ ਕੋਇ ਸਮਝਾਈਆ । ਕਿਸੇ ਨਾ ਮਿਲੇ ਪਦ ਨਿਰਬਾਣੀ, ਘਰ ਬਹਿ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਅੰਤਸ਼ਕਰਨ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖ ਪ੍ਰਕਿਰਤੀ ਕਲ, ਬੈਠੀ ਡੇਰਾ ਲਾਈਆ । ਸੱਜਣ ਸੱਜਣਾਂ ਨਾਲ ਕਰਨ ਛਲ, ਅਛਲ ਛਲ ਤੇਰਾ ਭੈ ਨਾ ਕੋਇ ਰਖਾਈਆ । ਕੋਟਨ ਕੋਟ ਸਾਧ ਸੰਤ ਜਗਤ ਸਿੰਘਾਸਣ ਬੈਠੇ ਮੱਲ, ਤੇਰਾ ਆਸਣ ਸਮਝ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਨਾਮ ਸੰਦੇਸਾ ਸ੍ਰਿਸ਼ਟ ਸਬਾਈ ਦਿਤਾ ਘੱਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਕਰ ਲਿਖਾਈਆ । ਧਾਮ ਨਿਆਰਾ ਵਸਿਆ ਅਟਲ, ਪਰਵਰਦਿਗਾਰ ਸਾਂਝੇ ਯਾਰ ਦਰਗਾਹ ਸਾਚੀ ਸਚਖੰਡ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਤੁਧ ਬਿਨ ਆਸਾ ਪੂਰ ਨਾ ਕੋਇ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਪ੍ਰਭ ਕਲਜੁਗ ਵਾਸਨਾ ਹੋਈ ਖੋਟੀ, ਧੁਰ ਦਾ ਕਰਮ ਨਾ ਕੋਇ ਕਮਾਈਆ । ਨਿਰਮਲ ਜਗੇ ਕੋਈ ਨਾ ਜੋਤੀ, ਸ਼ਬਦੀ ਧੁਨ ਨਾ ਕੋਇ ਸ਼ਨਵਾਈਆ । ਸੁਰਤ ਸਵਾਣੀ ਨਾ ਉਠੇ ਸੋਤੀ, ਹੁਲਾਰਾ ਨਾਮ ਨਾ ਕੋਇ ਦਵਾਈਆ । ਵੱਜੇ ਨਾਦ ਨਾ ਚੌਦਾਂ ਲੋਕੀ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਚੁੱਕੇ ਨਾ ਵਰਨ ਬਰਨ ਜੰਞੂ ਬੋਦੀ, ਇਕੋ ਰੰਗ ਨਾ ਕੋਇ ਸਮਾਈਆ । ਲੇਖਾ ਮੁੱਕੇ ਨਾ ਗਿਆਨੀ ਬੋਧੀ, ਬੁਧ ਬਿਬੇਕ ਨਾ ਕੋਇ ਕਰਾਈਆ । ਹਿਰਦਾ ਸਕੇ ਨਾ ਕੋਇ ਸੋਧੀ, ਸੂਧਾ ਸੁਧਾਸਰ ਨਹਾਵਣ ਕੋਇ ਨਾ ਜਾਈਆ । ਜਗਤ ਵਾਸਨਾ ਹੋਏ ਰੋਗੀ, ਸਚ ਤਬੀਬ ਸੰਗ ਨਾ ਕੋਇ ਨਿਭਾਈਆ । ਕਾਮੀ ਕਰੋਧੀ ਦਿਸਣ ਧੋਬੀ, ਸੇਜਾ ਸਚ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਕੁਰਾਨਾ, ਲੋਕਮਾਤ ਧਿਆਨ ਲਗਾਈਆ । ਤੇਰੇ ਨਾਲੋਂ ਸਾਰਿਆਂ ਤੁਟਾ ਯਰਾਨਾ, ਯਾਰੀ ਗ਼ੈਰਾਂ ਨਾਲ ਲਗਾਈਆ । ਤੇਰੇ ਪ੍ਰੇਮ ਦਾ ਗਾਏ ਨਾ ਕੋਈ ਤਰਾਨਾ, ਤੁਰੀਆ ਰਾਗ ਨਾ ਕੋਇ ਅਲਾਈਆ । ਸਾਚਾ ਵਸੇ ਨਾ ਸਾਢੇ ਤਿੰਨ ਹੱਥ ਮੰਦਰ ਮਕਾਨਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਭੱਜਣ ਥਾਉਂ ਥਾਈਆ । ਪਰਮਾਤਮ ਆਤਮ ਆਤਮ ਪਰਮਾਤਮ ਮੇਲ ਨਾ ਕੋਇ ਮਿਲਾਨਾ, ਮਿਲਣੀ ਜਗਦੀਸ ਨਾ ਕੋਇ ਕਰਾਈਆ । ਕਲਜੁਗ ਅੰਤਮ ਨੇਤਰ ਵੇਖ ਬਦਲ ਗਿਆ ਜ਼ਮਾਨਾ, ਗੁਰ ਪੀਰ ਜ਼ਮਾਨਤ ਦੇ ਨਾ ਕੋਇ ਛੁਡਾਈਆ । ਸਦੀ ਵੀਹਵੀਂ ਗੁਰ ਅਵਤਾਰ ਹੋਏ ਹੈਰਾਨਾ, ਹੈਰਾਨੀ ਸਭ ਦੇ ਉਤੇ ਆਈਆ । ਸਾਡਾ ਨਾਮ ਦਾ ਭੁੱਲ ਗਿਆ ਸਰਬ ਪੈਮਾਨਾ, ਕੂੜੀ ਪੈਮਾਇਸ਼ ਵਿਚ ਸਰਬ ਲੋਕਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਤੁਧ ਬਿਨ ਕਾਰਜ ਰਾਸ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੀ ਰਸਨਾ ਜਿਹਵਾ ਜ਼ਬਾਨਾ,

ਜ਼ੁਲਮ ਜ਼ਾਲਮ ਸਕੇ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ਬਰ ਕਹਿਣ ਵੇਖ ਪ੍ਰਭੂ ਜਗ ਰੀਤ, ਨਿਰਵੈਰ ਧਿਆਨ ਲਗਾਈਆ । ਝਗੜਾ ਪਿਆ ਊਚ ਨੀਚ, ਜ਼ਾਤ ਪਾਤ ਕਰੇ ਲੜਾਈਆ । ਤੇਰੇ ਪ੍ਰੇਮ ਅੰਦਰ ਕੋਈ ਨਾ ਜਾਏ ਭੀਜ, ਤਨ ਮਨ ਸੀਝ ਸਾਂਤਕ ਸਤਿ ਨਾ ਕੋਇ ਕਰਾਈਆ । ਤੇਰੇ ਦਰ ਦੀ ਲੰਘੇ ਨਾ ਕੋਈ ਦਹਿਲੀਜ਼, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖਣ ਥਾਉਂ ਥਾਈਂਆ । ਪਤਿਪਰਮੇਸ਼ਵਰ ਤੇਰੀ ਧਾਰ ਅਨੋਖੀ ਬਾਰੀਕ, ਜਗਤ ਝਰੋਖੇ ਨਜ਼ਰ ਕਿਸੇ ਨਾ ਆਈਆ । ਤੇਰਾ ਖੇਲ ਦਸੇ ਨਾ ਕੋਇ ਤਵਾਰੀਖ਼, ਤਰੀਕਾ ਦੇ ਨਾ ਕੋਇ ਜਣਾਈਆ । ਤੇਰੇ ਦਰ ਤੋਂ ਦਰਵੇਸ਼ ਹੋ ਕੇ ਮੰਗਦੇ ਭੀਖ, ਯਾਚਕ ਹੋ ਕੇ ਝੋਲੀ ਡਾਹੀਆ । ਅੰਤਮ ਤੇਰੀ ਰੱਖ ਉਡੀਕ, ਆਸਾ ਆਸਾ ਨਾਲ ਵਧਾਈਆ । ਤੁਧ ਬਿਨ ਸੱਚਾ ਦਿਸੇ ਨਾ ਕੋਈ ਮੀਤ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਹਸਤ ਕੀਟ, ਲੱਖ ਚੁਰਾਸੀ ਰਿਹਾ ਸਮਾਈਆ । ਸਾਚਾ ਢੋਲਾ ਤੇਰਾ ਗੀਤ, ਗੋਬਿੰਦ ਨਾਮ ਪੜ੍ਹਾਈਆ । ਤੈਨੂੰ ਮਿਲਿਆਂ ਲੇਖਾ ਚੁੱਕ ਜਾਏ ਮੰਦਰ ਮਸੀਤ, ਮਸਲਿਆਂ ਵਿਚੋਂ ਖੋਜਣ ਦੀ ਲੋੜ ਰਹੇ ਨਾ ਰਾਈਆ । ਤੇਰੀ ਸਚ ਸਵਾਮੀ ਇਕ ਪ੍ਰੀਤ, ਜੁਗ ਜੁਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ਬਰ ਕਹਿਣ ਵੇਖ ਜਗਤ ਨਜ਼ਾਰਾ, ਨਿਰਵੈਰ ਵੇਸ ਵਟਾਈਆ । ਅੰਤਮ ਅੰਤ ਜਗਤ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਸਾਚਾ ਦਿਸੇ ਨਾ ਕੋਇ ਸਹਾਰਾ, ਚੱਪੂ ਹੱਥ ਨਾ ਕੋਇ ਲਗਾਈਆ । ਰਾਹ ਤੱਕਣ ਗੁਰੂ ਅਵਤਾਰਾ, ਨੇਤਰ ਅੱਖ ਖੁਲ੍ਹਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰਾ, ਮਦਦ ਤੇਰੀ ਨਜ਼ਰੀ ਆਈਆ । ਜੁਗ ਚੌਕੜੀ ਜੋ ਦੇਂਦਾ ਰਿਹਾ ਲਾਰਾ, ਸ਼ਬਦੀ ਕਰ ਸ਼ਨਵਾਈਆ । ਅਨੋਖਾ ਖੇਲ ਕਰਕੇ ਲੇਖ ਲਿਖਾਉਂਦਾ ਰਿਹਾ ਬਣ ਲਿਖਾਰਾ, ਕਾਤਬ ਹੋ ਕੇ ਕਲਮ ਚਲਾਈਆ । ਸੋ ਵੇਲਾ ਵਕਤ ਸਰਬ ਵਿਚਾਰਾ, ਵਾਰ ਥਿਤ ਦਏ ਗਵਾਹੀਆ । ਕਰ ਕਿਰਪਾ ਹਰਿ ਕਰਤਾਰਾ, ਤੇਰੀ ਕਰਨੀ ਤੋਹੇ ਭਾਈਆ । ਸ੍ਰਿਸ਼ਟ ਸਬਾਈ ਵੇਖ ਜਗਤ ਸੰਸਾਰਾ, ਸੰਸਾਰੀ ਹੋ ਕੇ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਸਤਿ ਧਰਮ ਦਾ ਲੱਗੇ ਨਾ ਕੋਈ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਭੁੱਲੀ ਤੇਰੀ ਲੋਕਾਈ, ਲਾਇਕ ਨਜ਼ਰ ਕੋਇ ਨਾ ਆਇੰਦਾ । ਮਾਇਆ ਮਮਤਾ ਕੀਤੇ ਸ਼ੁਦਾਈ, ਬੁਧ ਬਿਬੇਕ ਨਾ ਕੋਇ ਰਖਾਇੰਦਾ । ਜਿਨ੍ਹਾਂ ਖਾਧੀ ਸੂਰ ਗਾਂਈ, ਤਿਨ੍ਹਾਂ ਤੇਰਾ ਨੂਰ ਨਜ਼ਰ ਨਾ ਆਇੰਦਾ । ਅੰਦਰੋਂ ਬਾਹਰੋਂ ਹੋਏ ਜੁਦਾਈ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਇੰਦਾ । ਕਾਇਆ ਮੰਦਰ ਨਾ ਵੱਜੇ ਵਧਾਈ, ਮਿਲ ਮਿਲ ਸਖ਼ੀਆਂ ਗੀਤ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੇ ਧੁਰ ਦਾ ਵਰ, ਦਰ ਠਾਂਡਾ ਤੇਰਾ ਨਜ਼ਰੀ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਸਾਢੇ ਤਿੰਨ ਹੱਥ ਮਟਕਾ, ਕਾਇਆ ਮਾਟੀ ਅੰਦਰੋਂ ਵੇਖ ਵਖਾਈਆ । ਜਿਸ ਦੇ ਅੰਦਰ ਕੂੜ ਕੁੜਿਆਰਾ ਖਟਕਾ, ਸਚ ਸੁਚ ਨਾ ਕੋਇ ਸਮਝਾਈਆ । ਜਿਨ੍ਹਾਂ ਨੇ ਖਾਧਾ ਹਲਾਲ ਝਟਕਾ, ਸੋ ਸਾਰੇ ਬੈਠੇ ਮੁਖ ਭੁਆਈਆ । ਕਿਸੇ ਦੇ ਸੀਸ ਨਾ ਦਿਸੇ ਬੱਧਾ ਪਟਕਾ, ਪੱਟੂ ਓਡਣ ਨਜ਼ਰ ਕੋਇ ਨਾ ਆਈਆ । ਲੇਖਾ ਵੇਖ ਬਹੱਤਰ ਨਾੜੀ ਰੱਤ ਕਾ, ਰੱਤੀ ਰੱਤ ਰਹੀ ਕੁਰਲਾਈਆ । ਲਹਿਣਾ ਚੁੱਕਿਆ ਧੀਰਜ ਜਤ ਕਾ, ਸਤਿ ਸੰਤੋਖ ਸਾਰੇ ਬੈਠੇ ਗਵਾਈਆ ।

ਭਾਂਡਾ ਫੁੱਟਿਆ ਗੁਰ ਕੀ ਮਤ ਕਾ, ਮਨ ਮਨਸਾ ਬੈਠੀ ਡੇਰਾ ਲਾਈਆ । ਮਨੂਆ ਹੋ ਕੇ ਕਲੰਦਰ ਨੱਚਦਾ, ਨੌ ਦਵਾਰੇ ਵੇਸ ਵਟਾਈਆ । ਲੇਖਾ ਚੁਕਿਆ ਮੱਕੇ ਕਾਅਬੇ ਹੱਜ ਕਾ, ਹਜ਼ਰਤ ਸਚ ਨਾ ਕੋਇ ਮਿਲਾਈਆ । ਰਹਿਬਰ ਮਹਿਬੂਬ ਕੋਇ ਨਾ ਦੱਸਦਾ, ਮੈਖ਼ਾਨੇ ਜਾਮ ਨਾ ਕੋਇ ਪਿਆਈਆ । ਤੇਰਾ ਮਿਲਨਾ ਮੁਕਿਆ ਤੀਜੀ ਅੱਖ ਦਾ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਝਗੜਾ ਚੁਕਿਆ ਨਾ ਦੂਈ ਦਵੈਤੀ ਵੱਟ ਕਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਕਿਆ ਨਾ ਕੋਇ ਸਮਝਾਈਆ । ਏਸੇ ਕਾਰਨ ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਾਹ ਤੱਕਦਾ, ਤਕਵਾ ਓਟ ਤੇਰੇ ਉਤੇ ਤਕਾਈਆ । ਤੂੰ ਮਾਲਕ ਆਦਿ ਜੁਗਾਦੀ ਸਭ ਦਾ, ਨਿਤ ਨਵਿਤ ਹੋਏ ਸਹਾਈਆ । ਜਨ ਭਗਤਾਂ ਪੈਜ ਰਖਦਾ, ਸੰਤਾਂ ਲਏ ਤਰਾਈਆ । ਗੁਰਮੁਖਾਂ ਹਿਰਦੇ ਵਸਦਾ, ਘਰ ਘਰ ਵਿਚ ਡੇਰਾ ਲਾਈਆ । ਗੁਰਸਿਖਾਂ ਆਪਨੀ ਗੋਦੀ ਚੱਕਦਾ, ਬਾਲ ਅੰਞਾਣੇ ਨਾਲ ਮਿਲਾਈਆ । ਲਹਿਣਾ ਦੇਣਾ ਦੇਵੇ ਹਕੋ ਹਕ ਦਾ, ਹਕੀਕਤ ਖੋਜੇ ਥਾਉਂ ਥਾਈਂਆ । ਮਾਰਗ ਦੱਸੇ ਇਕੋ ਸਚ ਦਾ, ਕੂੜੀ ਕਰੇ ਨਾ ਕੋਇ ਪੜ੍ਹਾਈਆ । ਲੂੰ ਲੂੰ ਅੰਦਰ ਆਪੇ ਰਚਦਾ, ਸਾਢੇ ਤਿੰਨ ਕਰੋੜ ਦਏ ਸਮਝਾਈਆ । ਸਾਡਾ ਵੇਲਾ ਮੁਕਿਆ ਜਸ ਦਾ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਹੁਣ ਵੇਲਾ ਨਹੀਂ ਸੁਹਾਉਂਦਾ ਵੱਖ ਦਾ, ਵਿਛੜੇ ਆਪਨੇ ਨਾਲ ਮਿਲਾਈਆ । ਪ੍ਰੀਤਮ ਜੋ ਤੇਰਾ ਨਾਮ ਜਪਦਾ, ਹਿਰਦੇ ਅੰਦਰ ਧਿਆਈਆ । ਉਹ ਅੰਤਮ ਤੇਰੇ ਪੱਖ ਦਾ, ਤੇਰਾ ਰੂਪ ਵਟਾਈਆ । ਬਿਨ ਤੇਰੇ ਖ਼ੁਸ਼ੀ ਨਾਲ ਕਿਸੇ ਨਾਲ ਨਹੀਂ ਹੱਸਦਾ, ਤੇਰੀ ਹਸਤੀ ਵੇਖ ਮਸਤੀ ਲਏ ਚੜ੍ਹਾਈਆ । ਤੇਰੇ ਵਿਛੋੜੇ ਵੈਰਾਗ ਅੰਦਰ ਬਵਰਾ ਹੋ ਕੇ ਨੱਚਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੁਧ ਬਿਨ ਕੋਈ ਨਾ ਮੇਲੀ ਸਾਚੇ ਇਕੱਠ ਦਾ, ਦੀਨ ਮਜ਼੍ਹਬ ਪਈ ਜੁਦਾਈਆ । ਜ਼ਾਤ ਪਾਤ ਪਤ ਕੋਈ ਨਾ ਰੱਖਦਾ, ਗੁਰ ਅਵਤਾਰ ਪੀਰ ਪੈਗ਼ੰਬਰ ਘਰ ਸਾਚੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਹਿਬ ਸੱਜਣ ਤੁਧ ਬਿਨ ਸੰਗੀ ਨਜ਼ਰ ਕੋਈ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਨਾ ਪਿਆਰ, ਪਿਆਰਿਆਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਨੂੰ ਧੱਕੇ ਦੇਵੇ ਸੰਸਾਰ, ਜਗਤ ਕਰੇ ਖ਼ੁਆਰ, ਸੱਜਣ ਬੈਠੇ ਮੁਖ ਭੁਆਈਆ । ਉਹ ਅੰਦਰੇ ਅੰਦਰ ਕਰਨ ਪੁਕਾਰ, ਕਾਇਆ ਮੰਦਰ ਸਚ ਵਿਚਾਰ, ਬਾਹਰੋਂ ਖੋਜਣ ਕੋਇ ਨਾ ਜਾਈਆ । ਤੂੰ ਮਾਲਕ ਸਿਰਜਣਹਾਰ, ਨਿਰਗੁਣ ਸਰਗੁਣ ਅਗੰਮੀ ਗੁਫ਼ਤਾਰ, ਗੁਫ਼ਤ ਸ਼ਨੀਦ ਤੇਰਾ ਖੇਲ ਨਜ਼ਰੀ ਆਈਆ । ਤੂੰ ਯਾਰਾਂ ਦਾ ਯਾਰ, ਏਥੇ ਉਥੇ ਬਣੇਂ ਸਹਾਰ, ਦੋ ਜਹਾਨ ਤੇਰੀ ਵਡਿਆਈਆ । ਸੰਤ ਸੁਹੇਲੇ ਫੜ ਬਾਹੋਂ ਲਏਂ ਉਠਾਲ, ਲੱਖ ਚੁਰਾਸੀ ਵੇਖ ਵਖਾਈਆ । ਨਾਤਾ ਤੋੜ ਸ਼ਾਹ ਕੰਗਾਲ, ਸੰਤ ਸੱਜਣ ਰੰਗ ਰੰਗਾਈਆ । ਗੁਰਮੁਖ ਵੇਖ ਅਗੰਮੜੇ ਲਾਲ, ਲਾਲਨ ਆਪਨੀ ਦਇਆ ਕਮਾਈਆ । ਗੁਰਸਿਖ ਜਗਤ ਮਾਇਆ ਵਿਚੋਂ ਕਰ ਬਹਾਲ, ਬੰਦੀਖ਼ਾਨਾ ਦੇ ਖੁਲ੍ਹਾਈਆ । ਤੇਰਾ ਚਰਨ ਕਵਲ ਸਚ ਦਵਾਰ ਸੱਚੀ ਧਰਮਸਾਲ, ਦੂਜਾ ਮੰਦਰ ਨਜ਼ਰ ਕੋਇ ਨਾ ਆਈਆ । ਜਿਥੇ ਨਮੋਂ ਨਮੋਂ ਕਰਨ ਸ਼ਾਹ ਕੰਗਾਲ, ਊਚ ਨੀਚ ਸਾਰੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਸਵਾਮੀ ਆ ਕੇ ਆਪਨੀ ਸ੍ਰਿਸ਼ਟ ਸੰਭਾਲ, ਡੋਰੀ ਤੇਰੇ ਹੱਥ ਨਜ਼ਰੀ ਆਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਜਲਵਾ ਦੇ ਕਮਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਮਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਇਕ ਸਰਨਾਈਆ । ਗੁਰ ਅਵਤਾਰ ਕਹਿਣ

੬੬੫
੧੭

ਪ੍ਰਭ ਵਿਸ਼ਵ ਵੇਖ ਆਪਣੀ ਕੁਲ, ਕੁਲਵੰਤਾ ਹੋ ਕੇ ਫੇਰੀ ਪਾਈਆ । ਤੇਰੀ ਸਿਖਿਆ ਸਾਰੇ ਗਏ ਭੁੱਲ, ਜੋ ਗੁਰ ਅਵਤਾਰਾਂ ਕਰੀ ਪੜ੍ਹਾਈਆ । ਮਾਇਆ ਅੰਦਰ ਗਏ ਰੁਲ, ਮਾਣਕ ਮੋਤੀ ਕੀਮਤ ਸਚ ਨਾ ਕੋਇ ਜਣਾਈਆ । ਗੁੰਚਿਆਂ ਵਾਲੇ ਖਿਲ ਕੇ ਫੁੱਲ, ਪਾਤੀ ਪਾਤੀ ਰਹੀ ਕੁਰਲਾਈਆ । ਸਿਮਲ ਵਾਂਗ ਗਏ ਹੁਲ, ਫਲ ਫੁੱਲ ਸੋਭਾ ਕੋਇ ਨਾ ਆਈਆ । ਬੇਸ਼ਕ ਇਨ੍ਹਾਂ ਦੇ ਬਾਹਰੋਂ ਹਿਲਦੇ ਬੁੱਲ, ਅੰਦਰੋਂ ਤੇਰਾ ਧਿਆਨ ਨਾ ਕੋਇ ਲਗਾਈਆ । ਅੰਮ੍ਰਿਤ ਆਤਮ ਸਭ ਦਾ ਗਿਆ ਡੁਲ੍ਹ, ਰਸ ਜਾਮ ਨਾ ਕੋਇ ਪਿਲਾਈਆ । ਤੇਰੇ ਕੰਡੇ ਤਰਾਜ਼ੂ ਨਾਮ ਕੋਈ ਨਾ ਗਿਆ ਤੁਲ, ਜਗ ਤੱਕੜ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲ ਕਲਕੀ, ਕਲ ਕਾਤੀ ਵੇਖ ਵਖਾਈਆ । ਤੇਰੀ ਖੇਲ ਅਬਚਲ ਕੀ, ਨਗਰੀ ਇਕੋ ਸੋਭਾ ਪਾਈਆ । ਤੇਰੀ ਜੋਤ ਅਗੰਮੀ ਬਲਦੀ, ਬਲਧਾਰੀ ਤੇਰੀ ਵਡਿਆਈਆ । ਤੇਰੀ ਖੇਲ ਅਛਲ ਅਛੱਲ ਦੀ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਕਲਜੁਗ ਮਾਇਆ ਕੂੜੀ ਕਿਰਿਆ ਜੀਵ ਜਹਾਨਾਂ ਦਲਦੀ, ਦਲਿੱਦ੍ਰ ਦਿਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਪ੍ਰਭ ਵੇਖ ਵਿਚੋਂ ਝਰੋਖੇ, ਸਚਖੰਡ ਕੁੰਡਾ ਇਕ ਖੁਲ੍ਹਾਈਆ । ਕਲਜੁਗ ਅੰਤਮ ਗੁਰੂ ਹੋ ਗਏ ਬਹੁਤੇ, ਬਿਨ ਤੇਰੇ ਕਾਜ ਰਾਸ ਕਿਸੇ ਨਾ ਆਈਆ । ਸਾਰੇ ਪੜ੍ਹ ਪੜ੍ਹ ਥੱਕੇ ਪੋਥੇ, ਪੁਸਤਕਾਂ ਕਰਨ ਪੜ੍ਹਾਈਆ । ਅੰਦਰੋਂ ਬਾਹਰੋਂ ਆਪ ਥੋਥੇ, ਹੋਛੀ ਮਤ ਰਖਾਈਆ । ਜਗਤ ਚੜ੍ਹਾਉਂਦੇ ਨਈਆ ਨੌਕੇ, ਆਪ ਅਨਤਾਰੂ ਡੁਬ ਡੁਬ ਗੋਤੇ ਖਾਈਆ । ਤੇਰਾ ਗੀਤ ਜਗਤ ਸੁਣਾਉਂਦੇ, ਆਪ ਸਮਝ ਕਿਸੇ ਨਾ ਆਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਵਿਕਾਰ ਕਰਨ ਮਨ ਭਾਉਂਦੇ, ਵਿਸ਼ਿਆਂ ਵਿਚ ਭਰਮ ਭੁਲਾਈਆ । ਤੇਰੀ ਸੇਜਾ ਚੜ੍ਹ ਕੇ ਮੂਲ ਨਾ ਸੌਂਦੇ, ਹਰਿ ਹਰਿ ਕੰਤ ਨਾ ਕੋਇ ਹੰਢਾਈਆ । ਹੰਸ ਰੂਪ ਵਟਾਏ ਕਾਉਂ ਕੇ, ਕਾਗ ਵਾਂਗ ਰਹੇ ਕੁਰਲਾਈਆ । ਦੁਰਮਤ ਮੈਲ ਮੂਲ ਨਾ ਧੁਆਉਂਦੇ, ਸਤਿਗੁਰ ਚਰਨ ਧੂੜੀ ਖ਼ਾਕ ਨਾ ਰਮਾਈਆ । ਘਰ ਵਿਚ ਘਰ ਤੇਰਾ ਦਰਸ ਨਾ ਪਾਉਂਦੇ, ਬਾਹਰ ਖੋਜਣ ਵਾਂਗ ਸ਼ੌਦਾਈਆ । ਸੁੰਞੀ ਮੰਜ਼ਲ ਪੰਧ ਨਾ ਕੋਇ ਮੁਕਾਉਂਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਤੁਧ ਬਿਨ ਮਾਲਕ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਉਠ ਉਠ ਜਾਗ, ਤੇਰਾ ਜਾਗਣ ਵੇਲਾ ਆਇਆ । ਜਨ ਭਗਤਾਂ ਬਣ ਕੰਤ ਸੁਹਾਗ, ਸਾਚੇ ਸੰਤਾਂ ਸੇਜ ਸੁਹਾਇਆ । ਗੁਰਮੁਖਾਂ ਦੇ ਇਕ ਵੈਰਾਗ, ਗੁਰਸਿਖਾਂ ਆਪਣਾ ਰੰਗ ਰੰਗਾਇਆ । ਕੂੜੀ ਕਿਰਿਆ ਕਰ ਤਿਆਗ, ਵਡਭਾਗੀ ਆਪਣਾ ਦਰਸ ਵਖਾਇਆ । ਘਰ ਦੀਪਕ ਜੋਤ ਜਗਾ ਚਰਾਗ਼, ਤੇਲ ਬਾਤੀ ਲੋੜ ਰਹੇ ਨਾ ਰਾਇਆ । ਸ਼ਬਦ ਅਗੰਮੀ ਮਾਰ ਆਵਾਜ਼, ਸੁਰਤੀ ਸੁਰਤ ਲਏ ਉਠਾਇਆ । ਅੰਦਰ ਵੜ ਕੇ ਖੋਲ੍ਹ ਰਾਜ਼, ਪੜਦਾ ਦੂਈ ਦੇ ਚੁਕਾਇਆ । ਲੇਖਾ ਚੁੱਕੇ ਜਗਤ ਨਿਮਾਜ਼, ਹੁਜਰੇ ਸੀਸ ਨਾ ਕੋਇ ਨਿਵਾਇਆ । ਕਿਰਪਾ ਕਰ ਵਡ ਨਵਾਬ, ਮਹਿਬੂਬ ਤੇਰਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅੰਤਮ ਵਰ, ਅੰਤਰ ਆਤਮ ਖੋਜ ਖੁਜਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣੀ ਆਤਮ, ਅੰਤਰ ਅੰਤਰ ਧਿਆਨ ਲਗਾਈਆ । ਤੂੰ ਮਾਲਕ ਪਰਮ ਪਰਮਾਤਮ, ਪਰਮ ਪੁਰਖ ਤੇਰੀ ਵਡਿਆਈਆ ।

ਤੇਰਾ ਖੇਲ ਅਗੰਮੀ ਬਾਤਨ, ਬੇਨਜ਼ੀਰ ਤੇਰੀ ਸਰਨਾਈਆ । ਸ਼ਾਸਤਰ ਸਿਮਰਤ ਤੇਰੀ ਸਿਫ਼ਤ ਸਾਲਾਹੀ ਆਖਣ, ਅੱਖਰਾਂ ਨਾਲ ਸਮਝਾਈਆ । ਤੂੰ ਮਾਲਕ ਖ਼ਾਲਕ ਸਾਥਨ, ਗਹਿਰ ਗੰਭੀਰ ਸਦਾ ਸਦ ਅਖਵਾਈਆ । ਲੇਖਾ ਚੁਕਾ ਜ਼ਾਤ ਪਾਤਨ, ਬ੍ਰਹਮ ਪਾਰਬ੍ਰਹਮ ਸਮਝਾਈਆ । ਕਲਜੁਗ ਮੇਟ ਅੰਧੇਰੀ ਰਾਤਨ, ਸਤਿਜੁਗ ਸੱਚਾ ਚੰਦ ਚਮਕਾਈਆ । ਲਹਿਣਾ ਚੁੱਕੇ ਪ੍ਰਿਥਮੀ ਆਕਾਸਨ, ਗਗਨ ਮੰਡਲ ਪੁਰੀ ਲੋਅ ਆਕਾਸ਼ਨ, ਪਰਕਾਸ਼ ਤੇਰਾ ਨਜ਼ਰੀ ਆਈਆ । ਜਨ ਭਗਤਾਂ ਬਣ ਸਾਥਣ, ਸ਼ਬਦ ਦੇ ਅਗੰਮੀ ਰਾਥਣ, ਬਣ ਰਥਵਾਹੀ ਸੇਵ ਕਮਾਈਆ । ਕੋਈ ਲੋੜ ਨਾ ਰਹੇ ਰਸਨਾ ਦੇਣ ਦੀ ਭਾਸ਼ਣ, ਅੰਦਰ ਵੜ ਕੇ ਅੰਦਰੋਂ ਲਏ ਉਠਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੂੰ ਸਭ ਦਾ ਇਸ਼ਟੀ ਪਰਮ ਪੁਰਖ ਪਰਮਾਤਮ, ਆਤਮ ਪਰਮਾਤਮ ਬੇਪਰਵਾਹੀਆ । ਪ੍ਰੇਮ ਪਿਆਰ ਦਾ ਜੋੜ ਨਾਤਨ, ਰਿਸ਼ਤਾ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਧੁਰ ਦਾ ਵਰ, ਵਰ ਦਾਤੇ ਪੁਰਖ ਬਿਧਾਤੇ, ਤੇਰੀ ਵਸਤ ਤੇਰੇ ਦਵਾਰੇ ਮੰਗ ਮੰਗਾਈਆ ।

### ੫ ਅੱਸੂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ

ਦੋ ਜਹਾਨ ਕਰਨ ਪੁਕਾਰ, ਕੂਕ ਕੂਕ ਰਹੇ ਸੁਣਾਈਆ । ਸਤਿਗੁਰ ਸ਼ਬਦ ਲਏ ਅਵਤਾਰ, ਨਿਰਗੁਣ ਨਿਰਵੈਰ ਫੇਰਾ ਪਾਈਆ । ਤੇਰੀ ਸਿਫ਼ਤ ਸੁਣਦੇ ਰਿਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਰਸਨਾ ਜਿਹਵਾ ਬੱਤੀ ਦੰਦ ਢੋਲਿਆਂ ਨਾਲ ਲਾਉਂਦੇ ਰਿਹੇ ਜੈਕਾਰ, ਜੈ ਜੈ ਕਾਰ ਇਕ ਸੁਣਾਈਆ । ਤੈਨੂੰ ਲੱਭਦੇ ਰਹੇ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਸਮੁੰਦ ਸਾਗਰ ਖੋਜ ਖੁਜਾਈਆ । ਤੇਰਾ ਅੱਖਰਾਂ ਨਾਲ ਕਰਦੇ ਰਹੇ ਵਿਚਾਰ, ਅੰਜੀਲ ਕੁਰਾਨ ਖਾਣੀ ਬਾਣੀ ਫੋਲ ਫੁਲਾਈਆ । ਤੈਨੂੰ ਲੱਭਦੇ ਰਹੇ ਤੀਰਥ ਤੱਟਾਂ ਧਾਰ, ਅੱਠ ਸੱਠ ਬੈਠੇ ਪੰਧ ਮੁਕਾਈਆ । ਤੇਰੀ ਖੋਜ ਦੀਨ ਮਜ਼੍ਹਬ ਜ਼ਾਤ ਪਾਤ ਕਰਦਾ ਰਿਹਾ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਤੇਰਾ ਖੇਲ ਅਲਖ ਅਗੋਚਰ ਅਗੰਮ ਅਪਾਰ, ਬੇਪਰਵਾਹ ਸਮਝ ਕਿਸੇ ਨਾ ਆਈਆ । ਭਗਤ ਸੰਤ ਤੈਨੂੰ ਕਰਦੇ ਗਏ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਗੁਰਮੁਖ ਮੰਗਦੇ ਗਏ ਦੀਦਾਰ, ਆਦਿ ਜੁਗਾਦਿ ਝੋਲੀ ਢਾਹੀਆ । ਗੁਰਸਿਖ ਮੰਗਦੇ ਗਏ ਚਰਨ ਧੂੜੀ ਛਾਰ, ਖ਼ਾਕੀ ਖ਼ਾਕ ਰਮਾਈਆ । ਤੇਰੀ ਮਸਲਿਆਂ ਵਿਚ ਕਰਦੇ ਰਹੇ ਗੁਫ਼ਤਾਰ, ਛੰਦਾਂ ਬੰਦਾਂ ਰਾਗਾਂ ਨਾਦਾਂ ਵਿਚ ਸੁਣਾਈਆ । ਤੇਰਾ ਮੰਦਰ ਮਸਜਿਦ ਸ਼ਿਵਦਵਾਲਿਆਂ ਮੱਠਾਂ ਵਿਚੋਂ ਲੱਭਦੇ ਰਹੇ ਦੀਦਾਰ, ਸਚ ਪ੍ਰੀਤੀ ਨਜ਼ਰ ਕੋਇ ਨਾ ਆਈਆ । ਤੇਰਾ ਲੱਖ ਚੁਰਾਸੀ ਜੀਵ ਜੰਤ ਗੁਲਸ਼ਨ ਵੇਖ ਮਹਿਕੀ ਹੋਈ ਬਹਾਰ, ਸਚ ਸੁਗੰਧੀ ਅੰਤਰ ਸਤਿ ਨਾ ਕੋਇ ਵਸਾਈਆ । ਸਦੀ ਚੌਧਵੀਂ ਚਾਰ ਜੁਗ ਦੇ ਪਾਂਧੀ ਹੋਏ ਖ਼ੁਆਰ, ਦੋਏ ਜੋੜ ਵਾਸਤਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਓਹ ਵੇਖ ਆਪਣੇ ਤੇਈ ਅਵਤਾਰ, ਦਰ ਤੇਰੇ ਬੈਠੇ ਸੀਸ ਨਿਵਾਈਆ । ਈਸਾ ਮੂਸਾ ਮੁਹੰਮਦ ਨੈਣ ਸ਼ਰਮਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਨਾਨਕ ਗੋਬਿੰਦ ਜੋਤੀ ਜੋਤ ਕਰ ਉਜਿਆਰ, ਦੀਵਾ ਬਾਤੀ ਤੇਰੇ ਘਰ ਜਗਾਈਆ । ਭਗਤ ਸੁਹੇਲੇ ਵਾਜਾਂ ਰਹੇ ਮਾਰ, ਤੇਰਾ ਨਾਮ ਧਿਆਈਆ । ਤੂੰ ਸੁੱਤਾ ਪੈਰ ਪਸਾਰ, ਬੇਅੰਤ ਲੈ ਅੰਗੜਾਈਆ । ਨਵ ਨੌ ਚਾਰ ਤੇਰੀ ਅਨੋਖੀ ਧਾਰ, ਧਰਤ ਧਵਲ ਦਿਤਾ ਤੜਫਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰੂ ਵੇਖ ਵਖਾਈਆ । ਸਤਿਗੁਰ ਸ਼ਬਦ ਸਰਬ ਦੇ ਮਾਲਕ, ਵਾਹ ਵਾਹ ਤੇਰੀ ਵਡ ਵਡਿਆਈਆ । ਆਦਿ ਜੁਗਾਦਿ ਖ਼ਲਕ ਦੇ ਖ਼ਾਲਕ, ਮਖ਼ਲੂਕ ਤੇਰੀ ਸਰਨਾਈਆ । ਏਥੇ ਓਥੇ ਦੋ ਜਹਾਨਾਂ ਸਾਲਸ, ਚੌਦਾਂ ਤਬਕਾਂ ਪਾਰ ਕਰਾਈਆ । ਤੇਰੇ ਨਾਮ ਦੀ ਕਰਦੇ ਰਹੇ ਅਬਾਦਤ, ਕਲਮਿਆਂ ਵਿਚ ਪੜ੍ਹਾਈਆ । ਤੇਰੇ ਪ੍ਰੇਮ ਦੀ ਝੋਲੀ ਪਾਉਂਦੇ ਰਹੇ ਸਖ਼ਾਵਤ, ਵਸਤ ਅਮੋਲਕ ਗੁਰ ਅਵਤਾਰ ਗਏ ਵਰਤਾਈਆ । ਤੁਧ ਬਿਨ ਠਾਕਰ ਸਵਾਮੀ ਸਾਹਿਬ ਸੁਲਤਾਨ ਕਰੇ ਨਾ ਕੋਈ ਸਚ ਅਦਾਲਤ, ਅਦਲੀ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰੇ ਬਗ਼ਾਵਤ, ਬਗ਼ਲਗੀਰ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਹਿਬ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਪਰਗਟ ਹੋ, ਨਿਰਵੈਰ ਧਾਰ ਚਲਾਈਆ । ਕਿਰਪਾ ਕਰ ਨਰਾਇਣ ਸੋ, ਸਾਹਿਬ ਤੇਰੀ ਵਡਿਆਈਆ । ਆਤਮ ਪਰਮਾਤਮ ਦੇ ਮੋਹ, ਮੁਹੱਬਤ ਆਪਣੇ ਨਾਲ ਜਣਾਈਆ । ਸਾਚੇ ਨੈਣ ਦੇ ਲੋ, ਘਰ ਘਰ ਵਿਚ ਕਰ ਰੁਸ਼ਨਾਈਆ । ਦੁਰਮਤ ਮੈਲ ਅੰਦਰੋਂ ਧੋ, ਬਾਹਰੋਂ ਬਗ ਬਪੜਾ ਕੰਮ ਕਿਸੇ ਨਾ ਆਈਆ । ਅੰਮ੍ਰਿਤ ਅਗੰਮਾ ਨਿਜਰ ਚੋਅ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਸਦਾ ਸਵਾਮੀ, ਸਾਹਿਬ ਤੇਰੀ ਵਡਿਆਈਆ । ਲੱਖ ਚੁਰਸੀ ਅੰਤਰਜਾਮੀ, ਘਟ ਘਟ ਖੋਜ ਖੁਜਾਈਆ । ਜਗਤ ਜੀਵਾਂ ਭੁੱਲੀ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਅੰਮ੍ਰਿਤ ਆਤਮ ਮਿਲੇ ਨਾ ਠੰਡਾ ਪਾਣੀ, ਅਗਨੀ ਤਤ ਨਾ ਕੋਇ ਬੁਝਾਈਆ । ਰੋਂਦੀ ਵੇਖੀ ਤੇਰੀ ਚਾਰੇ ਖਾਣੀ, ਨੇਤਰ ਨੈਣਾਂ ਨੀਰ ਵਹਾਈਆ । ਮਿਲਿਆ ਮੇਲ ਨਾ ਸ਼ਾਹ ਸੁਲਤਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਪੀਰ ਫ਼ਕੀਰਾਂ ਮਣਕਿਆਂ ਵਾਲੀ ਗਲ ਵਿਚ ਪਾਈ ਗਾਨੀ, ਸਾਚੀ ਤਸਬੀ ਤਬਾ ਸਕੇ ਨਾ ਕੋਇ ਬਦਲਾਈਆ । ਸਚ ਪ੍ਰੇਮ ਦੀ ਦੇਵੇ ਨਾ ਕੋਈ ਨਿਸ਼ਾਨੀ, ਕਲਮਿਆਂ ਨਾਲ ਕਲਮੇ ਰਹੇ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਰ ਮਿਹਰਬਾਨੀ, ਮਹਿਬੂਬ ਤੇਰੀ ਆਸ ਤਕਾਈਆ । ਬਿਨ ਸਤਿਗੁਰ ਸ਼ਬਦ ਸਾਚਾ ਮਿਲੇ ਕੋਈ ਨਾ ਬਾਨੀ, ਬਾਣਾ ਚੋਲਾ ਨਾ ਕੋਇ ਬਦਲਾਈਆ । ਚਾਰ ਜੁਗ ਦੀ ਪਿਛਲੀ ਚੁੱਕੇ ਕਹਾਣੀ, ਅਗਲਾ ਲੇਖਾ ਦਏ ਦ੍ਰਿੜਾਈਆ । ਓਹ ਵੇਖ ਨੇਤਰ ਰੋਂਦੀ ਅੱਲਾ ਰਾਣੀ, ਖੁਲ੍ਹੜੇ ਕੇਸ ਦਏ ਦੁਹਾਈਆ । ਸਚ ਦਵਾਰ ਨਾ ਕੋਈ ਪਛਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਘਰ ਘਰ ਵਿਚ ਖੋਜ ਖੁਜਾਈਆ । ਸ਼ਬਦ ਗੁਰੂ ਗੁਰ ਤੇਰੀ ਟੇਕ, ਜੁਗ ਚੌਕੜੀ ਆਸ ਰਖਾਈਆ । ਕਲਜੁਗ ਅੰਤਮ ਆ ਕੇ ਵੇਖ, ਜੋਤੀ ਜਾਤੇ ਪੁਰਖ ਬਿਧਾਤੇ ਹੋ ਸਹਾਈਆ । ਨੌ ਖੰਡ ਪ੍ਰਿਥਮੀ ਦਿਸੇ ਭੇਖ, ਭੇਖਾਧਾਰੀ ਧਿਆਨ ਲਗਾਈਆ । ਸਭ ਨੂੰ ਭੁੱਲਿਆ ਪਿਛਲਾ ਆਪਣਾ ਦੇਸ, ਤੇਰੇ ਮਿਲਣ ਦੀ ਓਟ ਨਾ ਕੋਇ ਤਕਾਈਆ । ਝਗੜਾ ਰਿਹਾ ਮੁੱਛ ਦਾਹੜੀ ਕੇਸ, ਮੂੰਡ ਮੁੰਡਾਏ ਰਹੇ ਕੁਰਲਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਕਿਸੇ ਨਜ਼ਰ ਨਾ ਆਇਆ ਅਗੰਮੀ ਨਰੇਸ਼, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਸਚਖੰਡ ਬੈਠਾ ਡੇਰਾ ਲਾਈਆ । ਹਰ ਘਟ ਅੰਦਰ ਜੋਤੀ ਜੋਤ ਜੋਤ ਪਰਵੇਸ਼, ਪਰਵਰਦਿਗਾਰ ਬੇਪਰਵਾਹੀਆ । ਨਿਰਗੁਣ ਸਰਗੁਣ ਖੇਡੇ ਖੇਡ, ਖੇਲਣਹਾਰਾ ਇਕ ਅਖਵਾਈਆ । ਸੁਤ ਦੁਲਾਰਾ ਸ਼ਬਦ ਸਵਾਮੀ ਗਹਿਰ ਗੰਭੀਰ ਇਕੋ ਭੇਜ, ਭਜਨ ਬੰਦਗੀ ਪਿਛਲੀ ਸਾਰੇ ਗਏ ਭੁਲਾਈਆ । ਘਰ ਘਰ ਸੁੰਨੀ ਦਿਸੇ ਸੇਜ, ਨਰ ਹਰਿ ਕੰਤ ਬੈਠਾ ਮੁਖ ਛੁਪਾਈਆ । ਸਾਨੂੰ ਤੇਰੇ ਉਤੇ ਪ੍ਰਭ

ਉਮੀਦ, ਆਮਦ ਤੇਰੀ ਸਭ ਲੋਕਾਈਆ । ਤੇਰਾ ਦਰਸ ਕਰਕੇ ਦੀਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਕਲ ਕਲਕੀ ਫੇਰਾ ਪਾਈਆ । ਸ਼ਬਦ ਗੁਰੂ ਉਠ ਕੇ ਮਾਰਗ ਤੱਕ, ਆਪਣੀ ਲੈ ਅੰਗੜਾਈਆ । ਵੇਂਹਦਿਆਂ ਵੇਂਹਦਿਆਂ ਸਾਰੇ ਗਏ ਥੱਕ, ਪੁਰੀ ਲੋਅ ਬ੍ਰਹਿਮੰਡ ਖੰਡ ਧਿਆਨ ਲਗਾਈਆ । ਸਭ ਦੀ ਝੋਲੀ ਪਾ ਹਕ, ਹਾਕਮ ਹੋ ਕੇ ਧੁਰ ਦੇ ਮਾਹੀਆ । ਸੰਤ ਸੁਹੇਲੇ ਸੱਜਣ ਰੱਖ, ਗੁਰਮੁਖ ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਨਾਲੋਂ ਕਰ ਵੱਖ, ਵੱਖਰਾ ਮਾਰਗ ਇਕ ਲਗਾਈਆ । ਅੰਤਰ ਆਤਮ ਹੋ ਕੇ ਸਾਥ, ਸਗਲਾ ਸੰਗ ਨਿਭਾਈਆ । ਸ਼ਬਦ ਅਗੰਮੀ ਚੜ੍ਹਾ ਰਾਥ, ਰਥ ਰਥਵਾਹੀ ਇਕੋ ਨਜ਼ਰੀ ਆਈਆ । ਕਲਜੁਗ ਮੇਟ ਅੰਧੇਰੀ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਚਾਰ ਵਰਨ ਬਣੇ ਇਕ ਜਮਾਤ, ਇਕੋ ਤੇਰਾ ਨਾਮ ਧਿਆਈਆ । ਇਕੋ ਢੋਲਾ ਇਕੋ ਗਾਥ, ਇਕੋ ਮੰਤਰ ਦੇਵੇ ਸੁਣਾਈਆ । ਇਕੋ ਸਾਹਿਬ ਇਕੋ ਨਾਥ, ਅਨਾਥਾਂ ਦਇਆ ਕਮਾਈਆ । ਇਕੋ ਪੂਜਾ ਇਕੋ ਪਾਠ, ਇਕੋ ਮੰਤਰ ਦੇ ਪੜ੍ਹਾਈਆ । ਇਕੋ ਸਾਹਿਬ ਸਤਿਗੁਰ ਸਦਾ ਸਮਰਾਥ, ਬਿਨ ਸ਼ਬਦ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਈਆ । ਸ਼ਬਦ ਗੁਰ ਧੁਰ ਦੇ ਪੀਰ, ਪੈਗ਼ੰਬਰ ਤੇਰੀ ਓਟ ਤਕਾਈਆ । ਤੇਰਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਤੇਰੀ ਕਿਰਪਾ ਅੰਦਰ ਸ਼ਾਹ ਹਕੀਰ, ਹਕੀਕਤ ਤੈਨੂੰ ਰਹੇ ਸੁਣਾਈਆ । ਸੂਫ਼ੀ ਸੰਤ ਰਾਹ ਤੱਕਣ ਫ਼ਕੀਰ, ਫ਼ਿਕਰੇ ਤੇਰੇ ਢੋਲੇ ਗਾਈਆ । ਆ ਕੇ ਕੱਟ ਸ਼ਰਅ ਜੰਜੀਰ, ਦੀਨ ਮਜ਼੍ਹਬ ਝਗੜਾ ਦੇ ਮੁਕਾਈਆ । ਸਦੀ ਚੌਧਵੀਂ ਬਦਲ ਤਕਦੀਰ, ਤੋਬਾ ਤੋਬਾ ਕਰੇ ਖ਼ੁਦਾਈਆ । ਈਸਾ ਮੂਸਾ ਮੁਹੰਮਦ ਨੱਕ ਨਾਲ ਕੱਢਣ ਲਕੀਰ, ਦੋਏ ਜੋੜ ਵਾਸਤਾ ਪਾਈਆ । ਮੰਜ਼ਲ ਚੜ੍ਹ ਵੇਖ ਅਖ਼ੀਰ, ਮੁਕਾਮੇ ਹਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਕਿਰਪਾ ਕਰ ਹਰਿ ਨਿਰੰਕਾਰ, ਤੇਰੀ ਓਟ ਤਕਾਈਆ । ਸ਼ਬਦ ਦੁਲਾਰਾ ਇਕ ਉਠਾਲ, ਗੋਬਿੰਦ ਦਏ ਵਡਿਆਈਆ । ਲੋਕਮਾਤ ਬਣੇ ਦਲਾਲ, ਲੱਖ ਚੁਰਾਸੀ ਵਣਜ ਕਰਾਈਆ । ਜਾ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਸਾਚੇ ਭਗਤਾਂ ਲਏ ਉਠਾਲ, ਸੋਈ ਸੁਰਤ ਜਗਾਈਆ । ਸਾਚੇ ਸੰਤਾਂ ਨਾਮ ਪਿਆਲਾ ਦਏ ਪਿਆਲ, ਅੰਮ੍ਰਿਤ ਜਾਮ ਮੁਖ ਲਵਾਈਆ । ਗੁਰਮੁਖ ਸੱਜਣ ਰੱਖੇ ਨਾਲ, ਅਗਲਾ ਪਿਛਲਾ ਵਿਛੋੜਾ ਦਏ ਕਟਾਈਆ । ਗੁਰਸਿਖਾਂ ਲੇਖੇ ਲਾਏ ਘਾਲ, ਕੀਤੀ ਘਾਲ ਪਾਏ ਥਾਈਂਆ । ਲੇਖਾ ਜਾਣੇ ਸ਼ਾਹ ਕੰਗਾਲ, ਊਚਾਂ ਨੀਚਾਂ ਮੇਲ ਮਿਲਾਈਆ । ਧਰਮ ਦਵਾਰਾ ਵਖਾਏ ਸੱਚੀ ਧਰਮਸਾਲ, ਹਰਿ ਚਰਨ ਤੇਰੀ ਸਰਨਾਈਆ । ਘਰ ਘਰ ਦੀਆ ਬਾਤੀ ਕਮਲਾਪਾਤੀ ਦੇਵੇ ਬਾਲ, ਜੋਤ ਨਿਰੰਜਣੀ ਇਕ ਰੁਸ਼ਨਾਈਆ । ਅੰਮ੍ਰਿਤ ਆਤਮ ਸੁਹਾਏ ਤਾਲ, ਗਹਿਰ ਗੰਭੀਰ ਹੋਏ ਸਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁੱਕੇ ਕਾਸ਼ਟ ਫਲ ਲਗੇ ਡਾਲ੍ਹ, ਪੱਤ ਟਹਿਣੀ ਆਪ ਮਹਿਕਾਈਆ । ਕਲਜੁਗ ਕੂੜ ਨਗਾਰਾ ਜੋ ਸਭ ਦੇ ਸਿਰ ਤੇ ਵੱਜੇ ਕਾਲ, ਨੌਂ ਖੰਡ ਪ੍ਰਿਥਮੀ ਸਤਿ ਦੀਪ ਰਿਹਾ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਸ਼ਬਦ ਤੇਰੀ ਸ਼ਰਨਾਈਆ । ਸਤਿਗੁਰ ਸ਼ਬਦ ਸਚ ਮਹਿਬੂਬ, ਮੁਹੱਬਤ ਤੇਰੀ ਨਜ਼ਰੀ ਆਈਆ । ਅਰਸ਼ ਕੁਰਸ਼ ਤੋਂ ਉਚਾ ਤੇਰਾ ਅਰੂਜ, ਆਰਜ਼ੂ ਤੈਨੂੰ ਇਕ ਸੁਣਾਈਆ । ਤੇਰਾ

ਆਰ ਪਾਰ ਕਿਨਾਰਾ ਜਾਣੇ ਨਾ ਕੋਇ ਹਦੂਦ, ਬੇਅੰਤ ਤੇਰੀ ਖ਼ੁਦਾਈਆ । ਤੂੰ ਹਰ ਘਟ ਅੰਦਰ ਜ਼ੱਰੇ ਜ਼ੱਰੇ ਮੌਜੂਦ, ਬੈਠਾ ਥਾਉਂ ਥਾਈਂਆ । ਤੇਰੀ ਇਕੋ ਮੰਜ਼ਲ ਇਕੋ ਮਕਸੂਦ, ਮੁਕਾਮ ਹਕ ਤੇਰਾ ਨੂਰ ਇਲਾਹੀਆ । ਪੀਰ ਪੈਗ਼ੰਬਰ ਤੇਰੇ ਚਰਨ ਸਦਾ ਮੌਜੂਦ ਸੱਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਈਆ । ਸ਼ਬਦ ਗੁਰੂ ਸਰਬ ਨਿਵਾਸੀ, ਤੇਰੀ ਆਸਾ ਇਕ ਤਕਾਈਆ । ਤੇਰਾ ਪਿਤਾ ਪੁਰਖ ਅਬਿਨਾਸ਼ੀ, ਜਿਸ ਧੁਰ ਦੀ ਬਣਤ ਬਣਾਈਆ । ਜੁਗ ਜੁਗ ਲੋਕਮਾਤ ਜਨ ਭਗਤਾਂ ਕਰੇ ਰਾਖੀ, ਰੱਖਕ ਹੋ ਕੇ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਤੇਰੀ ਸਿਫ਼ਤ ਦੀ ਨਿੱਕੀ ਸਾਖੀ, ਕੋਟਨ ਕੋਟ ਗ੍ਰੰਥ ਤੇਰੀ ਸਿਫ਼ਤ ਦੀ ਮਹਿੰਮਾ ਰਹੇ ਸਾਲਾਹੀਆ । ਜੁਗ ਚੌਕੜੀ ਨਿਤ ਨਵਿਤ ਤੁਧ ਬਿਨ ਮੇਟੇ ਕੋਈ ਨਾ ਬਾਕੀ, ਹਿਸਾਬ ਕਿਤਾਬ ਨਾ ਕੋਇ ਚੁਕਾਈਆ । ਤੇਰਾ ਖੇਲ ਪੰਜ ਤਤ ਕਾਇਆ ਮਾਟੀ ਖ਼ਾਕੀ, ਬੁੱਤਖ਼ਾਨਾ ਤੇਰਾ ਨੂਰ ਰੁਸ਼ਨਾਈਆ । ਤੇਰਾ ਨਾਮ ਜਗਤ ਸਫ਼ਾਤੀ, ਭਗਤ ਭਗਵੰਤ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਵਡਿਆਈਆ । ਉਹ ਸ਼ਬਦ ਗੁਰੂ ਪ੍ਰਭ ਦੇਵ, ਦੇਵਤਸੁਰ ਤੇਰਾ ਧਿਆਨ ਲਗਾਈਆ । ਪੀਰ ਪੈਗ਼ਬਰਾਂ ਕੀਤੀ ਤੇਰੀ ਸੇਵ, ਚਾਕਰ ਰੂਪ ਵਟਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵ, ਨਿਰਗੁਣ ਰੂਪ ਸਮਾਈਆ । ਤੇਰਾ ਕੋਈ ਨਾ ਪਾਵੇ ਭੇਵ, ਅਲਖ ਅਗੋਚਰ ਤੇਰੀ ਸੱਚੀ ਸ਼ਹਿਨਸ਼ਾਹੀਆ । ਤੇਰੀ ਸਿਫ਼ਤ ਕੀ ਕਰੇ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਈਆ । ਕਲਜੁਗ ਅੰਤ ਆ ਕੇ ਪਿਛਲਾ ਦੇਣਾ ਦੇਣ, ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਸੁਨੇਹੜਾ ਦੇਵੇ ਸ੍ਰੀ ਭਗਵੰਤ, ਸਾਹਿਬ ਸੁਹੇਲਾ ਇਕ ਜਣਾਈਆ । ਸੋ ਪੁਰਖ ਨਿਰੰਜਣ ਆਦਿ ਅੰਤ, ਹਰਿ ਪੁਰਖ ਨਿਰੰਜਣ ਖੇਲ ਖਿਲਾਈਆ । ਏਕੰਕਾਰ ਬ੍ਰਹਮ ਕਹੇ ਬੇਅੰਤ, ਆਦਿ ਨਿਰੰਜਣ ਤੇਰੀ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਪਾਰਬ੍ਰਹਮ ਬ੍ਰਹਮ ਦੱਸਣਹਾਰਾ ਮੰਤ, ਮੰਤਰ ਇਕ ਦ੍ਰਿੜਾਈਆ । ਖੇਲੇ ਖੇਲ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਅੱਖਰਾਂ ਨਾਲ ਗਾਵੇ ਛੰਦ, ਨਾਦਾਂ ਨਾਲ ਸ਼ਨਵਾਈਆ । ਭੇਵ ਖੁਲ੍ਹਾ ਕੇ ਜੀਵ ਜੰਤ, ਸਾਧ ਸੰਤ ਸਮਝਾਈਆ । ਕਲਜੁਗ ਅੰਤਮ ਮਾਇਆ ਪਾ ਬੇਅੰਤ, ਭਰਮ ਭੁਲਾਈ ਸਰਬ ਲੋਕਾਈਆ । ਸਭ ਨਾਲੋਂ ਵਿਛੜਿਆ ਧੁਰ ਦਾ ਕੰਤ, ਸੁਰਤ ਸ਼ਬਦ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਵਾਂ ਇਕ ਘਰ, ਜਿਸ ਘਰ ਤੇਰਾ ਨੂਰ ਜ਼ਹੂਰ ਨਜ਼ਰੀ ਆਈਆ । ਸ਼ਬਦ ਗੁਰੂ ਸਭ ਦੇ ਮੀਤ, ਸਦ ਸਦ ਤੇਰਾ ਰਾਹ ਨਜ਼ਰੀ ਆਈਆ । ਜਿਸ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸੀ ਰੀਤ, ਧੁਰ ਦਾ ਮਾਲਕ ਦਿਤਾ ਸਮਝਾਈਆ । ਭੇਵ ਚੁਕਾ ਕੇ ਹਸਤ ਕੀਟ, ਇਕੋ ਗ੍ਰਿਹਿ ਦਿਤਾ ਸਮਝਾਈਆ । ਆਦਿ ਜੁਗਾਦੀ ਬਣ ਕੇ ਠਾਂਡਾ ਸੀਤ, ਅੰਮ੍ਰਿਤ ਮੇਘ ਦਿਤਾ ਬਰਸਾਈਆ । ਕਲਜੁਗ ਅੰਤਮ ਸਾਰੇ ਰਹੇ ਉਡੀਕ, ਚਾਰੇ ਕੁੰਟ ਅੱਖ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਕਿਰਪਾ ਕਰੇ ਜਗਦੀਸ਼, ਜਗਦੀਸ਼ਰ ਹੋਏ ਸਹਾਈਆ । ਸਾਚੇ ਸੰਤਾਂ ਦੇ ਅਸੀਸ, ਅਸਲ ਆਪਣਾ ਰੂਪ ਪਰਗਟਾਈਆ । ਤੇਰੇ ਹੱਥ ਅਗੰਮੀ ਬਖ਼ਸ਼ੀਸ਼, ਰਹਿਮਤ ਧੁਰ ਦੀ ਦਏ ਵਰਤਾਈਆ । ਕੂੜੀ ਕਿਰਿਆ ਕਲਜੁਗ ਹੋਈ ਨੀਚ, ਨੀਚੋਂ ਊਚ ਨਾ ਕੋਇ ਬਣਾਈਆ । ਆਪਣੇ

੬੭੦
੧੭

ਮਿਲਣ ਦੀ ਸਭ ਨੂੰ ਦੇ ਪ੍ਰੀਤ, ਪ੍ਰੀਤਮ ਵਿਛੋੜਾ ਜਗਤ ਚੁਕਾਈਆ । ਧਾਮ ਵਖਾ ਅਵੱਲੜਾ ਅਨਡੀਠ, ਜਿਸ ਗ੍ਰਿਹਿ ਬੈਠਾ ਸੋਭਾ ਪਾਈਆ । ਓਥੇ ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਗੁਰੂਦਵਾਰ ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਘਰ ਸਵਾਮੀ ਵਸੇ ਇਕ ਅਤੀਤ, ਤ੍ਰੈਗੁਣ ਨਜ਼ਰ ਕੋਇ ਨਾ ਆਈਆ । ਨਾ ਕੋਈ ਕਲਮਾ ਨਾ ਹਦੀਸ, ਨਾ ਕੋਈ ਸ਼ਰਅ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਮਿਲਾਈਆ । ਸ਼ਬਦ ਗੁਰੂ ਘਰ ਆਪਣਾ ਦੱਸ, ਕਿਉਂ ਬੈਠਾ ਪੜਦਾ ਪਾਈਆ । ਜਿਸ ਮੰਦਰ ਅੰਦਰ ਰਿਹੋਂ ਵਸ, ਬਹਿ ਬਹਿ ਖ਼ੁਸ਼ੀ ਮਨਾਈਆ । ਲੱਭਿਆਂ ਕਿਸੇ ਨਾ ਆਵੇ ਹੱਥ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਬੌਹੜੀ ਸਾਰੇ ਗਏ ਥੱਕ, ਦਰੋਹੀ ਨਾਮ ਖ਼ੁਦਾਈਆ । ਪੜ੍ਹ ਪੜ੍ਹ ਗਏ ਅੱਕ, ਅਕਲ ਦਿਤੀ ਗਵਾਈਆ । ਜਗਤ ਵਿਦਿਆ ਤੇਰੇ ਉਤੇ ਪਿਆ ਸ਼ੱਕ, ਸ਼ੱਕ ਸਕੇ ਨਾ ਕੋਇ ਮਿਟਾਈਆ । ਰਵਿਦਾਸ ਚਮਾਰੇ ਲੇਖਾ ਉਹ ਦਿਸੇ ਸਾਢੇ ਤਿੰਨ ਹੱਥ, ਘਰ ਘਰ ਵਿਚ ਡੇਰਾ ਲਾਈਆ । ਕਿਰਪਾ ਕਰਕੇ ਜਨ ਭਗਤਾਂ ਦੇ ਆਪਣੀ ਅੱਖ, ਜਿਸ ਨਾਲ ਤੇਰਾ ਦਰਸ਼ਨ ਪਾਈਆ । ਆਪਣੀ ਸ੍ਰਿਸ਼ਟੀ ਨਾਲੋਂ ਕਰ ਲੈ ਵਖ, ਦ੍ਰਿਸ਼ਟੀ ਦੇ ਜਣਾਈਆ । ਤੂੰ ਮਾਲਕ ਕਮਲਾਪਤ, ਸੁਹਾਗੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਕਿਉਂ ਬੈਠਾ ਲੁਕ, ਆਪਣਾ ਆਪ ਛੁਪਾਈਆ । ਸੰਤ ਸੁਹੇਲੇ ਰਹੇ ਪੁਛ, ਇਕ ਦੂਜੇ ਨਾਲ ਕਰਨ ਸਲਾਹੀਆ । ਬੋਧ ਅਗਾਧ ਕਿਉਂ ਹੋਇਆ ਚੁਪ, ਸਤਿ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਸ਼ਬਦ ਸੁਤ ਤੇਰਾ ਰਾਹ ਤੱਕਣ, ਬੈਠੇ ਨੈਣ ਉਠਾਈਆ । ਕਵਣ ਵੇਲਾ ਪਤ ਆਵੇ ਰੱਖਣ, ਬਣ ਕੇ ਸੱਚਾ ਮਾਹੀਆ । ਸੀਸ ਚਰਨ ਕਵਲਾਂ ਉਤੇ ਰੱਖਣ, ਧੂੜੀ ਮਸਤਕ ਟਿੱਕਾ ਲਾਈਆ । ਸਖੇ ਸੁਹੇਲੇ ਇਕ ਦੂਜੇ ਨੂੰ ਦੱਸਣ, ਗਾਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ ਜਿਸ ਘਰ ਵਿਚ ਸਾਚੀ ਵਸਤ ਟਿਕਾਈਆ । ਸਤਿਗੁਰ ਸ਼ਬਦ ਆ ਕੇ ਖੋਲ੍ਹ ਪੜਦਾ, ਕਲਜੁਗ ਜੀਵ ਭਰਮ ਚੁਕਾਈਆ । ਕੂੜੀ ਅਗਨ ਵਿਚ ਸੜਦਾ, ਤ੍ਰੈਗੁਣ ਤਤ ਨਾ ਕੋਇ ਬੁਝਾਈਆ । ਬਾਹਰੋਂ ਰਸਨਾ ਢੋਲੇ ਪੜ੍ਹਦਾ, ਅੰਤਰ ਮਿਲੇ ਨਾ ਸੱਚਾ ਮਾਹੀਆ । ਬਿਨ ਤੇਰੀ ਕਿਰਪਾ ਪੌੜੇ ਕੋਇ ਨਾ ਚੜ੍ਹਦਾ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਆ ਕੇ ਭੇਵ ਦੱਸ ਆਪਣੇ ਘਰ ਦਾ, ਘਰ ਘਰ ਵਿਚ ਹੋ ਸਹਾਈਆ । ਜਨ ਭਗਤ ਏਸੇ ਕਾਰਨ ਤੇਰੇ ਨਾਲ ਲੜਦਾ, ਕਿਉਂ ਦਿਤੀ ਮਾਤ ਜੁਦਾਈਆ । ਮੈਂ ਤੇਰਾ ਤੂੰ ਮੇਰਾ ਦੋਹਾਂ ਦਾ ਪ੍ਰੇਮ ਇਕੋ ਦਰ ਦਾ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਮੇਰਾ ਮੇਲਾ ਬਣ ਚੇਲਾ ਹੋਏ ਨਰਾਇਣ ਨਰ ਦਾ, ਨਰ ਹਰਿ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਬੂਝ ਬੁਝਾਈਆ । ਸ਼ਬਦ ਗੁਰੂ ਆ ਅੰਤਰ ਵੜ, ਬਾਹਰੋਂ ਲੋੜ ਰਹੇ ਨਾ ਰਾਈਆ । ਸੋਈ ਸੁਰਤ ਸਵਾਣੀ ਫੜ, ਆਤਮ ਲਏ ਉਠਾਈਆ । ਲੈ ਕੇ ਜਾਹ ਆਪਣੇ ਘਰ, ਜਿਸ ਘਰ ਵਿਚੋਂ ਹੋਈ ਜੁਦਾਈਆ । ਮੇਲ ਮਿਲਾ ਉਸ ਅਗੰਮੀ ਹਰਿ, ਜਿਸ ਦਾ ਹਿਰਦਾ ਨਜ਼ਰ ਕਿਸੇ ਨਾ ਆਈਆ । ਲੇਖਾ ਚੁਕਾ ਸੀਸ ਧੜ, ਪੰਜ ਤਤ ਖਹਿੜਾ ਦਏ ਛੁਡਾਈਆ । ਜਨਮ ਮਰਨ ਦਾ ਚੁੱਕੇ ਡਰ, ਲੱਖ ਚੁਰਾਸੀ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਸ਼ਬਦ ਗੁਰੂ ਵਡ ਸੂਰਬੀਰ, ਬਲਧਾਰੀ ਇਕੋ ਨਜ਼ਰੀ ਆਈਆ ।

ਦਾਤੇ ਦਾਨੀ ਗੁਣੀ ਗਹੀਰ, ਗਵਰ ਤੇਰੀ ਵਡਿਆਈਆ । ਕਲਜੁਗ ਅੰਤਮ ਵੇਖ ਅਖ਼ੀਰ, ਆਖ਼ਰ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਕਰ ਤਹਿਰੀਰ, ਤਕਰੀਰ ਵਿਚ ਗਏ ਜਣਾਈਆ । ਸਦੀ ਵੀਹਵੀਂ ਹਰਿ ਕਰਤਾ ਆਵੇ ਪੀਰਾਂ ਦਾ ਪੀਰ, ਪੁਰਖ ਅਕਾਲ ਸੱਚਾ ਮਾਹੀਆ । ਜਿਸ ਦੀ ਬੇਨਜ਼ੀਰ ਤਸਵੀਰ, ਤਸਲੀਮ ਸਕੇ ਨਾ ਕੋਇ ਕਰਾਈਆ । ਉਹ ਜਨ ਭਗਤਾਂ ਦੇਵੇ ਧੀਰ, ਧੀਰਜ ਇਕ ਰਖਾਈਆ । ਲੇਖਾ ਜਾਣ ਹਸਤ ਕੀਟ, ਕੀਟਾਂ ਵਿਚੋਂ ਕੀਟ ਲਏ ਰਖਾਈਆ । ਦੂਈ ਦਵੈਤੀ ਕੱਢ ਕੇ ਭੀੜ, ਭੀੜੀ ਗਲੀ ਪਾਰ ਲੰਘਾਈਆ । ਜਿਸ ਨੂੰ ਸੱਯਦੇ ਕਰਦੇ ਪੀਰ, ਪੈਗ਼ੰਬਰ ਝੋਲੀ ਰਹੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਵਾਹ ਵਾਹ ਤੇਰੀ ਇਕ ਸਰਨਾਈਆ । ਸ਼ਬਦ ਗੁਰੂ ਕਹੇ ਮੈਂ ਆਉਂਦਾ ਹਾਂ । ਨਿਰਗੁਣ ਨਿਰਵੈਰ ਧਾਰ ਚਲਾਉਂਦਾ ਹਾਂ । ਕਲਜੁਗ ਕੂੜਾ ਵੇਖ ਕੇ ਕਹਿਰ, ਕਹਤ ਅੰਤਮ ਮੇਟ ਮਿਟਾਉਂਦਾ ਹਾਂ । ਸਚ ਧਰਮ ਦੀ ਲੈ ਕੇ ਲਹਿਰ, ਦੋ ਜਹਾਨਾ ਵਰਤਾਉਂਦਾ ਹਾਂ । ਪਰਮ ਪੁਰਖ ਦਾ ਇਕੋ ਵਸਾਵਾਂ ਸ਼ਹਿਰ, ਸੰਬਲ ਨਗਰੀ ਨਾਉਂ ਧਰਾਉਂਦਾ ਹਾਂ । ਜਿਥੇ ਵੜੇ ਕੋਈ ਨਾ ਐਰ ਗ਼ੈਰ, ਬ੍ਰਾਹਮਣ ਗੌੜਾ ਇਕੋ ਨਜ਼ਰੀ ਆਉਂਦਾ ਹਾਂ । ਜਿਸ ਦੇ ਅੱਗੇ ਦੋ ਜਹਾਨਾਂ ਦਾ ਮੁਕੱਦਮਾ ਹੋਵੇ ਦਾਇਰ, ਗੁਰ ਅਵਤਾਰ ਪੀਰ ਪੈਗ਼ੰਬਰ ਗਵਾਹ ਸਰਬ ਭੁਗਤਾਉਂਦਾ ਹਾਂ । ਜਿਸ ਦੀ ਸਿਫ਼ਤ ਕਰੇ ਨਾ ਕੋਈ ਸ਼ਾਇਰ, ਅੱਖਰਾਂ ਵਿਚ ਨਾ ਵੰਡ ਵੰਡਾਉਂਦਾ ਹਾਂ । ਮਿਹਰਵਾਨ ਹੋ ਕੇ ਕਰਾਂ ਆਪਣੀ ਮਿਹਰ, ਮਿਹਰ ਨਜ਼ਰ ਇਕ ਉਠਾਉਂਦਾ ਹਾਂ । ਜਿਸ ਨੂੰ ਕਹਿੰਦੇ ਗਏ ਬਲਕਾਰੀ ਕੇਹਰ, ਸੋ ਸ਼ਬਦੀ ਭਬਕ ਸੁਣਾਉਂਦਾ ਹਾਂ । ਅੰਤਮ ਲੇਖਾ ਦਿਆਂ ਨਬੇੜ, ਲਹਿਣਾ ਸਭ ਦਾ ਮੂਲ ਚੁਕਾਉਂਦਾ ਹਾਂ । ਕੂੜੀ ਕਿਰਿਆ ਰਹੇ ਨਾ ਝਗੜਾ ਝੇੜ, ਝੰਝਟ ਸਾਰੇ ਦੂਰ ਕਰਾਉਂਦਾ ਹਾਂ । ਦੋ ਜਹਾਨਾਂ ਉਲਟੀ ਲੱਠ ਗੇੜ, ਲੱਖ ਚੁਰਾਸੀ ਲੱਟੂ ਵਾਂਗ ਭਵਾਉਂਦਾ ਹਾਂ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਛਲ ਛਲਧਾਰੀ ਜੋ ਕਰਦਾ ਹੇਰ ਫੇਰ, ਅਨਭੁਲ ਖੇਲ ਖਿਲਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਸਾ ਸਭ ਦੀ ਪੂਰ ਵਖਾਉਂਦਾ ਹਾਂ । ਆਸਾ ਸਭ ਦੀ ਪੂਰ ਕਰਾਵਾਂਗਾ । ਸ਼ਬਦੀ ਨਾਦ ਤੂਰ ਵਜਾਵਾਂਗਾ । ਹਾਜ਼ਰ ਹਜ਼ੂਰ ਹੋ ਕੇ ਵੇਖ ਵਖਾਵਾਂਗਾ । ਦੂਰ ਨੇੜੇ ਪੰਧ ਚੁਕਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਜੋ ਬਣੇ ਰਹੇ ਮਜ਼ਦੂਰ, ਤਿਨ੍ਹਾਂ ਦੀ ਮਜ਼ਦੂਰੀ ਝੋਲੀ ਪਾਵਾਂਗਾ । ਉਹਨਾਂ ਦੀ ਅਰਜ਼ ਕਰ ਮਨਜ਼ੂਰ, ਮੰਜ਼ਲ ਸਾਚਾ ਪੰਧ ਚੁਕਾਵਾਂਗਾ । ਜਿਨ੍ਹਾਂ ਨੇ ਨਾਮ ਸਿਫ਼ਤ ਕੀਤਾ ਮਸ਼ਹੂਰ, ਉਹਨਾਂ ਦਾ ਮਸ਼ਵਰਾ ਅੰਤਮ ਇਕ ਸੁਣਾਵਾਂਗਾ । ਸਭ ਨੂੰ ਮੰਨਣਾ ਪਏ ਇਕ ਦਸਤੂਰ, ਦੂਜਾ ਰਾਹ ਨਾ ਕੋਇ ਪਰਗਟਾਵਾਂਗਾ । ਕਲਜੁਗ ਨਾਤਾ ਤੋੜ ਕੇ ਕੂੜ, ਸਚ ਸੁਚ ਧਰਮ ਉਪਜਾਵਾਂਗਾ । ਜੋ ਮਾਣਸ ਮੂਰਖ ਹੋ ਗਏ ਮੂੜ੍ਹ, ਤਿਨ੍ਹਾਂ ਗੁਰਮਤ ਝੋਲੀ ਪਾਵਾਂਗਾ । ਜੋ ਪ੍ਰਭ ਦੇ ਨਾਮ ਤੋਂ ਹੋਏ ਮਗ਼ਰੂਰ, ਤਿਨ੍ਹਾਂ ਫੜ ਫੜ ਆਪ ਸਮਝਾਵਾਂਗਾ । ਜਨ ਭਗਤਾਂ ਕਰਕੇ ਆਪਣੇ ਨਾਮ ਨਾਲ ਭਰਪੂਰ, ਖ਼ਾਲੀ ਭਾਂਡੇ ਸਰਬ ਭਰਾਵਾਂਗਾ । ਸਚ ਧਰਮ ਦਾ ਬੰਨ੍ਹ ਦਸਤੂਰ, ਸਿਰ ਆਪਣਾ ਹੱਥ ਟਿਕਾਵਾਂਗਾ । ਧਰਨੀ ਧਰਤ ਧਵਲ ਉਤੇ ਰਹੇ ਨਾ ਕੋਈ ਮਗ਼ਰੂਰ, ਗ਼ੁਰਬਤ ਸਭ ਦੀ ਮੇਟ ਮਿਟਾਵਾਂਗਾ । ਗ਼ਰੀਬਾਂ ਸਿਰ ਕਰਜ਼ਾ ਨਾ ਕੋਈ ਰਹੇ ਮਕਰੂਜ਼, ਮੁਕੰਮਲ ਇਕੋ ਰੰਗ ਰੰਗਾਵਾਂਗਾ । ਚਾਰ ਵਰਨ ਬਰਨ ਅਠਾਰਾਂ ਮੇਟ ਹਦੂਦ, ਹੁਜਰਾ ਇਕੋ ਇਕ ਸੁਹਾਵਾਂਗਾ । ਸਤਿ ਸਰੂਪੀ ਹੋ ਮੌਜੂਦ, ਮੁਫ਼ਲਿਸ ਸਾਰੇ ਪਾਰ ਕਰਾਵਾਂਗਾ । ਇਸ਼ਟ ਦੇਵ ਸਵਾਮੀ ਬਣ ਮਹਿਬੂਬ, ਵਾਹਵਾ ਆਪਣਾ ਘਰ ਵਸਾਵਾਂਗਾ ।

ਜਿਸ ਦਾ ਕੋਈ ਨਾ ਲਾਏ ਨਜੂਮ, ਸੋ ਵਾਕ ਭਵਿਖਤ ਕਹਿ ਕਲਮ ਸ਼ਾਹੀ ਜੋੜ ਜੁੜਾਵਾਂਗਾ । ਜਿਸ ਦਾ ਖੇਲ ਨਾ ਕਿਸੇ ਮਾਲੂਮ, ਸੋ ਮੁਸ਼ਕਲ ਹੱਲ ਕਰਾਵਾਂਗਾ । ਜਿਸ ਦੇ ਗੁਰ ਅਵਤਾਰ ਬਾਲੇ ਮਸੂਮ, ਤਿਨ੍ਹਾਂ ਬੱਚਿਆਂ ਲੇਖਾ ਲੇਖੇ ਵਿਚ ਜਣਾਵਾਂਗਾ । ਕਲਜੁਗ ਅੰਤਮ ਲੋਕਮਾਤ ਵਿਚੋਂ ਕਰ ਮਹਿਰੂਮ, ਖ਼ਾਲੀ ਹੱਥ ਮੋੜ ਮੁੜਾਵਾਂਗਾ । ਸਤਿਜੁਗ ਸਚ ਬਣਾ ਕਾਨੂੰਨ, ਮਜ਼ਮੂਨ ਆਪਣਾ ਇਕ ਸੁਣਾਵਾਂਗਾ । ਜਿਸ ਦਾ ਬਦਲ ਸਕੇ ਨਾ ਕੋਇ ਅਸੂਲ, ਅਸਲੀਅਤ ਧੁਰ ਦੀ ਇਕ ਪਰਗਟਾਵਾਂਗਾ । ਸਭ ਨੂੰ ਮੰਨਣਾ ਪਏ ਮਾਕੂਲ, ਮੁਜਰਮ ਸਾਰੇ ਫੜ ਵਖਾਵਾਂਗਾ । ਜਨ ਭਗਤਾਂ ਦੇ ਕੇ ਚਰਨ ਦੀ ਧੂਲ, ਧੂੜੀ ਟਿੱਕਾ ਮਸਤਕ ਲਾਵਾਂਗਾ । ਨਾਮ ਖ਼ੁਮਾਰੀ ਚਾੜ੍ਹ ਕੇ ਗੂੜ੍ਹ, ਸੋਈ ਸੁਰਤੀ ਆਪ ਉਠਾਵਾਂਗਾ । ਜੋਤੀ ਅੰਤਰ ਦੇ ਕੇ ਨੂਰ, ਅੰਧ ਅੰਧੇਰ ਗੁਆਵਾਂਗਾ । ਮਿਹਰ ਨਜ਼ਰ ਨਾਲ ਕੋਟ ਜਨਮ ਦੇ ਬਖ਼ਸ਼ਾਂ ਕਸੂਰ, ਕਿਸਮਤ ਸਭ ਦੀ ਫੇਰ ਬਦਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਵਾਂਗਾ । ਸਿਰ ਆਪਣਾ ਹੱਥ ਟਿਕਾਵੇਗਾ । ਪ੍ਰਭ ਠਾਕਰ ਦਇਆ ਕਮਾਵੇਗਾ । ਕਲ ਸਾਗਰ ਵੇਖ ਵਖਾਵੇਗਾ । ਕਾਇਆ ਡੂੰਘੀ ਗਾਗਰ ਫੋਲ ਫੁਲਾਵੇਗਾ । ਸੂਰਬੀਰ ਬਹਾਦਰ ਸ਼ਬਦੀ ਆਵੇਗਾ । ਬਣ ਕੇ ਧੁਰ ਦਾ ਆਦਲ, ਅਦਲੀ ਰੂਪ ਵਟਾਵੇਗਾ । ਕੋਈ ਰਹੇ ਨਾ ਜਗਤ ਕਾਤਲ, ਮਕਤੂਲ ਲੇਖਿਆਂ ਵਿਚ ਗਿਣਾਵੇਗਾ । ਸਭ ਨੂੰ ਦਰਸ ਦੇ ਕੇ ਬਾਤਨ, ਬਦਲਾ ਪਿਛਲਾ ਮਿਟਾਵੇਗਾ । ਸਾਰੇ ਵਾਹ ਪਰਮ ਪੁਰਖ ਇਕ ਆਖਣ, ਦੂਜਾ ਇਸ਼ਟ ਨਾ ਕੋਇ ਧਰਾਵੇਗਾ । ਸਭ ਦਾ ਬਣ ਕੇ ਮਾਈ ਬਾਪਣ, ਪੁਰਖ ਅਕਾਲ ਚਾਰ ਵਰਨਾਂ ਗੋਦ ਉਠਾਵੇਗਾ । ਇਕੋ ਧੁਰ ਦਾ ਜਾਪਣ, ਜੀਵਣ ਜੁਗਤ ਸਰਬ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਇਕ ਲਗਾਵੇਗਾ । ਧੁਰ ਦਾ ਮਾਰਗ ਇਕੋ ਲੱਗੇਗਾ । ਦੀਪਕ ਦੀਵਾ ਇਕੋ ਜਗੇਗਾ । ਸ਼ਬਦ ਨਗਾਰਾ ਧੁਰ ਦਾ ਵੱਜੇਗਾ । ਕੂੜ ਕੁੜਿਆਰਾ ਕਲਜੁਗ ਭੱਜੇਗਾ । ਸਤਿਜੁਗ ਸਾਚਾ ਧਰਤ ਮਾਤ ਦੀ ਗੋਦੀ ਬਹਿ ਕੇ ਸਜੇਗਾ । ਗੁਰਮੁਖ ਸੰਤ ਸੁਹੇਲੇ ਜੁਗ ਜਨਮ ਦੇ ਵਿਛੜੇ, ਹੁਕਮੇ ਅੰਦਰ ਸੱਦੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਾਲ ਨਗਾਰੇ ਵਾਂਗ ਵੱਜੇਗਾ । ਤਾਲ ਨਗਾਰਾ ਇਕ ਵਜਾਵੇਗਾ । ਸ਼ਬਦ ਗੁਰੂ ਨਾਦ ਸੁਣਾਵੇਗਾ । ਲੱਖ ਚੁਰਾਸੀ ਆਪ ਉਠਾਵੇਗਾ । ਜਮ ਕੀ ਫਾਸੀ ਅੰਤ ਕਟਾਵੇਗਾ । ਮੰਡਲ ਰਾਸੀ ਰਾਸ ਰਚਾਵੇਗਾ । ਪੰਡਤ ਕਾਸ਼ੀ ਅੱਖ ਖੁਲ੍ਹਾਵੇਗਾ । ਸਾਧਾਂ ਸੰਤਾਂ ਲਾਹ ਉਦਾਸੀ, ਆਲਸ ਨਿੰਦਰਾ ਦੂਰ ਕਰਾਵੇਗਾ । ਕੋਈ ਨਾ ਦਿਸੇ ਮਦਿਰਾ ਮਾਸੀ, ਅੰਮ੍ਰਿਤ ਜਾਮ ਇਕ ਪਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠੇ ਪਹਿਰ ਰੱਖੇ ਪਰਭਾਤੀ, ਭਾਂਡਾ ਭਰਮ ਭਉ ਭੰਨਾਵੇਗਾ । ਸ਼ਬਦ ਗੁਰੂ ਕਹੇ ਸਤਿਜੁਗ ਪਰਭਾਤੀ, ਭਾਵਨਾ ਸਭ ਦੀ ਪੂਰ ਕਰਾਈਆ । ਕਲਜੁਗ ਮਿਟੇ ਅੰਧੇਰੀ ਰਾਤੀ, ਅੰਤਰ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੀ ਗੁਰ ਅਵਤਾਰਾਂ ਲਿਖੀ ਸਾਖੀ, ਸਾਖਿਆਤ ਦਏ ਸਮਝਾਈਆ । ਲਹਿਣਾ ਦੇਣਾ ਦੇ ਕੇ ਬਾਕੀ, ਲੇਖਾ ਪੂਰਾ ਦਏ ਵਖਾਈਆ । ਆਤਮ ਪਰਮਾਤਮ ਬਣ ਕੇ ਸਾਥੀ, ਸਗਲਾ ਸੰਗ ਨਿਭਾਈਆ । ਮੇਲ ਮਿਲਾ ਪੁਰਖ ਸਮਰਾਥੀ, ਘਰ ਸਾਚੇ ਦਏ ਬਿਠਾਈਆ । ਸਤਿ ਧਰਮ ਦੀ ਖੋਲ੍ਹ ਕੇ ਹਾਟੀ, ਵਣਜਾਰਾ ਇਕੋ ਦਏ ਜਣਾਈਆ । ਜਿਸ ਦੀ ਵਸਤ ਕਿਸੇ ਨਾ ਨਾਪੀ, ਜਗਤ ਤੋਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਜੋਗਾ, ਜੁਗ ਜੁਗੀਸ਼ਰ ਮੇਰਾ ਧਿਆਨ

ਲਗਾਈਆ । ਨਿਤ ਨਵਿਤ ਕਾਰਨ ਬਦਲਾਂ ਚੋਗਾ, ਚੋਲੀ ਦਵਾਂ ਬਦਲਾਈਆ । ਸਾਚੇ ਨਾਮ ਦਾ ਦੇ ਕੇ ਹੋਕਾ, ਹੁਕਮ ਦਿਆਂ ਸੁਣਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਦਾ ਇਕੋ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਪ੍ਰਭ ਮਿਲਣ ਦਾ ਮਾਰਗ ਸੌਖਾ, ਸਤਿਗੁਰ ਸਾਚੇ ਲਾਗੋ ਸਰਨਾਈਆ । ਏਥੇ ਓਥੇ ਦੋ ਜਹਾਨ ਦੇਵੇ ਨਾ ਧੋਖਾ, ਡੁੱਬਦੇ ਪਾਹਨ ਪਾਰ ਕਰਾਈਆ । ਅੰਤਮ ਮਿਲਾਏ ਜੋਤ ਨਾਲ ਜੋਤਾ, ਜੋਤੀ ਜੋਤ ਸਮਾਈਆ । ਬਿਨ ਸਤਿਗੁਰ ਲੱਖ ਚੁਰਾਸੀ ਜੀਵ ਜੰਤ ਖੋਟਾ, ਅੱਗੇ ਕੀਮਤ ਕੋਇ ਨਾ ਪਾਈਆ । ਕਿਸੇ ਕੰਮ ਨਹੀਂ ਆਉਣਾ ਰੱਖਿਆ ਨਮਾਜ਼ ਰੋਜ਼ਾ, ਪੁਸਤਕਾਂ ਨਾਲ ਪੜ੍ਹਾਈਆ । ਜੀਂਵਦਿਆਂ ਕੋਟਨ ਕਰਕੇ ਸੋਚਾਂ, ਮੋਇਆਂ ਪਾਰ ਨਾ ਕੋਇ ਲੰਘਾਈਆ । ਕੋਟਨ ਕੋਟ ਬੰਨ੍ਹ ਤੇੜ ਲੰਗੋਟਾ, ਧੂੜੀ ਖ਼ਾਕ ਰਹੇ ਰਮਾਈਆ । ਪ੍ਰਭ ਦਾ ਮਾਰਗ ਸਭ ਤੋਂ ਨਿੱਕਾ ਛੋਟਾ, ਬਿਨ ਕਿਰਪਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਈਆ । ਸ਼ਬਦ ਗੁਰੂ ਕਹੇ ਮੈਂ ਭਗਤਾਂ ਮੀਤ, ਮਤਾ ਸਚ ਸਚ ਪਕਾਈਆ । ਨਿਰਗੁਣ ਹੋ ਸਰਗੁਣ ਉਧਾਰਨਾ ਮੇਰੀ ਰੀਤ, ਬਿਨ ਸਰਗੁਣ ਮੇਰੀ ਚਲੇ ਨਾ ਕੋਇ ਚਤੁਰਾਈਆ । ਆਦਿ ਜੁਗਾਦਿ ਜੁਗ ਚੌਕੜੀ ਜਗਤ ਨਿਰਾਲਾ ਖੇਲ ਅਨਡੀਠ, ਦੋਏ ਲੋਚਣ ਵੇਖਣ ਕੋਇ ਨਾ ਪਾਈਆ । ਵੱਖਰੀ ਅਨੋਖੀ ਘਰ ਬਾਹਰ ਤੋਂ ਮੇਰੀ ਪ੍ਰੀਤ, ਅੱਖਰਾਂ ਵਿਚੋਂ ਪੱਥਰਾਂ ਵਿਚੋਂ ਹੱਥ ਕਿਸੇ ਨਾ ਆਈਆ । ਮੈਂ ਤਾਰਾਂ ਨੀਚੋਂ ਨੀਚ, ਵੇਖਾਂ ਕੀਟੋਂ ਕੀਟ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਖ਼ਾਕੀ ਖ਼ਾਕ ਮਿਲਾਈਆ । ਸਭ ਦਾ ਮਾਲਕ ਇਕ ਜਗਦੀਸ਼, ਜਿਸ ਦਾ ਲੱਖ ਚੁਰਾਸੀ ਪੀਸਣ ਰਹੀ ਪੀਸ, ਚਾਰੇ ਜੁਗ ਚੱਕੀ ਆਪ ਚਲਾਈਆ । ਸੋ ਖੇਲ ਕਰੇ ਹਰਿ ਠੀਕ, ਦੂਰ ਦੁਰਾਡਾ ਆ ਨਜ਼ਦੀਕ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਇਕ ਬੁਝਾਈਆ । ਸ਼ਬਦ ਗੁਰੂ ਸਦਾ ਸਮਰਥ, ਹਰਿ ਮਾਲਕ ਇਕ ਅਖਵਾਇੰਦਾ । ਜਿਸਦੀ ਮਹਿੰਮਾ ਸਦਾ ਅਕਥ, ਗੁਰ ਅਵਤਾਰ ਢੋਲਾ ਗਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਿਤ ਨਵਿਤ ਮਾਰਗ ਦੱਸ, ਰਹਿਬਰ ਆਪਣਾ ਹੁਕਮ ਵਰਤਾਇੰਦਾ । ਜਨ ਭਗਤਾਂ ਅੰਦਰ ਵਸ, ਵਸਲ ਇਕੋ ਇਕ ਸਮਝਾਇੰਦਾ । ਅੰਮ੍ਰਿਤ ਆਤਮ ਦੇ ਕੇ ਰਸ, ਬੂੰਦ ਸਵਾਂਤੀ ਮੁਖ ਚੁਆਇੰਦਾ । ਧੀਰਜ ਸੰਤੋਖ ਦੇ ਕੇ ਹੱਠ, ਮਾਇਆ ਮਮਤਾ ਮੋਹ ਮਿਟਾਇੰਦਾ । ਮਾਣ ਦੇ ਕੇ ਤਤ ਅੱਠ, ਨੌਂ ਦਵਾਰੇ ਪੰਧ ਚੁਕਾਇੰਦਾ । ਦਸਵੇਂ ਘਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਸਤਿਗੁਰ ਹੋ ਕੇ ਵਸੇ ਪਾਸ, ਗੁਰ ਗੁਰ ਵਿਛੜ ਕਦੇ ਨਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾ ਕਾਇਆ ਪਰਭਾਸ, ਗੁਰਮੁਖਾਂ ਆਸਾ ਮਨਸਾ ਪੂਰ ਕਰਾਇੰਦਾ । ਗੁਰਮੁਖ ਕਹੇ ਸਾਚੀ ਮਨਸਾ, ਮਾਣਸ ਵਿਚ ਵਡਿਆਈਆ । ਕੋਟਨ ਕੋਟ ਜਨਮ ਭਏ ਸੰਸਾ, ਸੰਸਾਰ ਸਾਗਰ ਫੇਰਾ ਪਾਈਆ । ਬਿਨ ਸੋਹੰ ਜਾਪ ਕੋਈ ਨਾ ਬਣਿਆ ਹੰਸਾ, ਹਸਤੀ ਹਰਿ ਵਿਚ ਨਾ ਕੋਇ ਮਿਲਾਈਆ । ਏਹੋ ਪ੍ਰਭ ਦਾ ਸੱਚਾ ਬੰਸਾ, ਪਰਮਾਤਮ ਆਤਮ ਖੇਲ ਖਿਲਾਈਆ । ਕਿਸੇ ਨੇ ਕਿਹਾ ਨਾਰੀ ਕੰਤਾ, ਕਿਸੇ ਨੇ ਕਿਹਾ ਮਾਲਕ ਸੰਤਾਂ, ਕਿਸੇ ਨੇ ਕਿਹਾ ਵਸੇ ਜੀਵ ਜੰਤਾਂ, ਕਿਸੇ ਨੇ ਕਿਹਾ ਜੋਤ ਨਿਰਾਲਾ ਨੂਰ ਇਲਾਹੀਆ । ਜਨ ਭਗਤਾਂ ਕਿਹਾ ਅਸਾਂ ਵੇਖਿਆ ਅੱਖਾਂ, ਜਿਸ ਦਾ ਨਾਉਂ ਪੁਰਖ ਸਮਰਥਾ, ਉਹ ਵਸਤ ਦੇਵੇ ਆਪਣੇ ਹੱਥਾਂ, ਆਤਮ ਪਰਮਾਤਮ ਮੇਲ ਮਿਲਾਈਆ । ਗੁਰਮੁਖ ਕਹੇ ਮੈਂ ਕਿਉਂ ਨਾ ਓਸ ਦੀ ਚਰਨੀ ਢੱਠਾਂ, ਜਿਸ ਨੇ ਹਰਿਜਨ ਵਿਛੜਿਆ ਮੇਲਿਆ ਕੀਤਾ ਇਕੱਠਾ,

ਏਕਾ ਘਰ ਏਕਾ ਦਰ ਏਕਾ ਨਰ ਵੇਖਿਆ ਚਾਈਂ ਚਾਈਂਆ । ਜਨ ਭਗਤੋ ਹਰਿ ਕੇ ਨਾਮ ਵਰਗਾ ਹੋਰ ਕੋਈ ਨਹੀਂ ਸਿੱਕਾ, ਜਗਤ ਵਣਜਾਰੇ ਸਾਰੇ ਗਏ ਮੁਖ ਭੁਆਈਆ । ਕਿਸੇ ਹੱਥ ਨਾ ਆਇਆ ਪੱਥਰਾਂ ਇੱਟਾਂ, ਧੰਨੇ ਹਿਰਦੇ ਵਿਚੋਂ ਹਰਿ ਹਰਿ ਲਿਆ ਪਰਗਟਾਈਆ । ਨਾਮੇ ਦਾ ਭੋਗ ਲਗਾਇਆ ਦੁੱਧ ਚਿੱਟਾ, ਚਿੱਟੀ ਧਾਰੋਂ ਚਲ ਕੇ ਆਈਆ । ਬੇਸ਼ਕ ਪਰਮਾਤਮਾ ਵੇਖਣ ਵਿਚ ਸਭ ਤੋਂ ਨਿੱਕਾ, ਮਿਹਰ ਵਿਚ ਸਭ ਤੋਂ ਵੱਡਾ ਨਜ਼ਰੀ ਆਈਆ । ਜਿਸ ਨੂੰ ਆਦਿ ਜੁਗਾਦਿ ਕਿਸੇ ਨਾ ਜਿੱਤਾ, ਫ਼ਤਿਹ ਡੰਕਾ ਦੋ ਜਹਾਨ ਵਜਾਈਆ । ਅੱਗੇ ਓਸ ਦੇ ਨਾਮ ਦਾ ਚਲਣਾ ਸਿੱਕਾ, ਸਿਕ ਸਭ ਦੀ ਪੂਰ ਦਏ ਕਰਾਈਆ । ਜਨ ਭਗਤਾਂ ਲਾ ਕੇ ਧੁਰ ਦਾ ਟਿੱਕਾ, ਟਿਕਟਿਕੀ ਆਪਣੀ ਨਾਲ ਵਖਾਈਆ । ਜਗਤ ਵਿਕਾਰ ਰਸ ਸਮਝਾ ਕੇ ਫਿਕਾ, ਕੂੜੀ ਕਿਰਿਆ ਦਏ ਤਜਾਈਆ । ਪ੍ਰਭ ਪ੍ਰੇਮ ਦਾ ਸਭ ਤੋਂ ਉੱਤਮ ਵਿਸ਼ਾ, ਜੋ ਵਿਸ਼ਵ ਸ਼ਾਂਤੀ ਦਏ ਕਰਾਈਆ । ਗੁਰਸਿਖ ਤੁਹਾਡੀ ਕਰਕੇ ਪੂਰੀ ਇੱਛਾ, ਘਰ ਵਿਚ ਪਰਮੇਸ਼ਵਰ ਮੇਲ ਮਿਲਾਈਆ । ਤੁਹਾਨੂੰ ਨਜ਼ਰੀ ਆਵੇ ਦਹਿ ਦਿਸ਼ਾ, ਚਾਰੇ ਕੁੰਟ ਨੂਰ ਖ਼ੁਦਾਈਆ । ਇਹ ਕਹਾਣੀ ਨਹੀਂ ਨਾ ਇਹ ਕਿੱਸਾ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਦਵਾਰੇ ਵਿਕਾ, ਆਪਣੀ ਕੀਮਤ ਨਾ ਕੋਇ ਰਖਾਈਆ ।

### ✪ ੬ ਅੱਸੂ ੨੦੨੧ ਬਿਕ੍ਰਮੀ ਸੁਖਦੇਵ ਰਾਜ ਦੇ ਗ੍ਰਹਿ ਪਿੰਡ ਕੱਲਾ ✪

ਹਰਿ ਸ਼ਬਦ ਕਹੇ ਮੇਰਾ ਹਰ ਘਟ ਵਸੇਰਾ, ਬਿਨ ਭਗਤਾਂ ਨਜ਼ਰ ਕਿਸੇ ਨਾ ਆਇੰਦਾ । ਹੱਡ ਮਾਸ ਨਾੜੀ ਚੰਮ ਬਾਹਰ ਘੇਰਾ, ਅੰਤਰ ਮਹੱਲ ਅਟਲ ਸੁਹਾਇੰਦਾ । ਛੋਟਾ ਨਿੱਕਾ ਵਸਾ ਕੇ ਖੇੜਾ, ਬਿਨ ਖਿੜਕੀ ਬਾਰੀ ਡੇਰਾ ਲਾਇੰਦਾ । ਮੇਰਾ ਸਮਝ ਨਾ ਸਕਿਆ ਕੋਈ ਵਿਹੜਾ, ਆਂਗਨ ਬਹਿ ਖ਼ੁਸ਼ੀ ਨਾ ਕੋਇ ਮਨਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖਤਾਂ ਵਿਚ ਦੱਸਿਆ ਬਥੇਰਾ, ਅੱਖਰ ਅੱਖਰ ਜੋੜ ਜੋੜ ਸਮਝਾਇੰਦਾ । ਬਿਨ ਹਰਿ ਕਿਰਪਾ ਸਭ ਦੇ ਅੰਦਰ ਅੰਧੇਰਾ, ਚੰਦ ਨੂਰ ਨਾ ਕੋਇ ਚਮਕਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਧਾਰ ਹੋ ਕੇ ਮਾਰਿਆ ਫੇਰਾ, ਸਰਗੁਣ ਰੂਪ ਨਾ ਕੋਇ ਧਰਾਇੰਦਾ । ਕੂੜੀ ਕਿਰਿਆ ਦੂਰ ਕਰਾ ਡੇਰਾ, ਭਾਂਡਾ ਭਰਮ ਭੰਨਾਇੰਦਾ । ਜੋ ਆਤਮ ਪਰਮਾਤਮ ਨਾਲ ਮਿਲ ਕੇ ਰੂਪ ਹੋ ਗਿਆ ਮੇਰਾ, ਮੈਂ ਓਸੇ ਦਰ ਤੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਅਚਰਜ ਖੇਲ ਵਖਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਹਰ ਘਟ ਵਾਸੀ, ਵਸਲ ਅਸਲ ਸਚ ਕਰਾਈਆ । ਸਤਿ ਧਰਮ ਦਾ ਬਣ ਕੇ ਸਾਥੀ, ਜੁਗ ਜੁਗ ਵੇਖ ਵਖਾਈਆ । ਅੰਦਰ ਅੰਤਰ ਜੋੜ ਕੇ ਨਾਤੀ, ਰਿਸ਼ਤਾ ਨਵਾਂ ਬਣਾਈਆ । ਹੌਲੀ ਹੌਲੀ ਮਾਰ ਆਵਾਜ਼ੀ, ਸੋਈ ਸੁਰਤ ਉਠਾਈਆ । ਸਚ ਦਵਾਰ ਦਾ ਬਣ ਕੇ ਹਾਜੀ, ਹੁਜਰਾ ਇਕ ਸੁਹਾਈਆ । ਅਗੰਮੀ ਘੋੜਾ ਧੁਰ ਦਾ ਤਾਜੀ, ਅਸਵ ਦਿਆਂ ਵਖਾਈਆ । ਮਨ ਮਨੂਆ ਮਾਰਾਂ ਗ਼ਾਜ਼ੀ, ਸਿਰ ਨਾ ਕੋਇ ਉਠਾਈਆ । ਬਿਨ ਭਗਤਾਂ ਕਿਸੇ ਨਾਲ ਮੈਂ ਹੋਇਆ ਕਦੇ ਨਾ ਰਾਜ਼ੀ, ਖ਼ੁਸ਼ੀਆਂ ਗੀਤ ਨਾ ਕੋਇ ਸੁਣਾਈਆ । ਸਭ ਦੀ ਹਾਰਦੀ ਦਿਸੇ ਬਾਜ਼ੀ, ਵਾਜਾ ਨਾਦ ਧੁਨ ਨਾ ਕੋਇ ਸੁਣਾਈਆ । ਮੰਜ਼ਲ ਚੜ੍ਹ ਨਾ ਥੱਕੇ ਬਾਜ਼ੀ, ਬਾਜ਼ੀਗਰ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਝੱਖੜ

ਆਂਧੀ, ਝਕੋਲਿਆਂ ਨਾਲ ਰਹੀ ਡੁਲਾਈਆ । ਜੁਗ ਚੌਕੜੀ ਰਹੀ ਗਾਂਦੀ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇਵੇ ਸਰਨਾਈਆ । ਸ਼ਬਦ ਗੁਰ ਕਹੇ ਮੈਂ ਬੜਾ ਅਨੋਖਾ, ਅਵੱਲੜੀ ਚਾਲ ਚਲਾਇੰਦਾ । ਮੇਰੀ ਸਿਫ਼ਤ ਦਾ ਕੋਟਨ ਕੋਟ ਲਿਖਿਆ ਗਿਆ ਪੋਥਾ, ਪੁਸਤਕਾਂ ਅੱਖਰਾਂ ਨਾਲ ਭਰਾਇੰਦਾ । ਬਿਨ ਹਰਿ ਸਭ ਕੁਛ ਦਿਸੇ ਥੋਥਾ, ਧੁਰ ਭੰਡਾਰਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰਾਂ ਮੇਰੇ ਨਾਮ ਦਾ ਦਿਤਾ ਹੋਕਾ, ਹਾਕਮ ਹੋ ਕੇ ਹੁਕਮ ਸੁਣਾਇੰਦਾ । ਕਲਜੁਗ ਅੰਤਮ ਮਾਰਗ ਦੱਸ ਕੇ ਸੌਖਾ, ਧੁਰ ਦਾ ਰਾਹ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਸਾਹਿਬ ਹੱਥ ਟਿਕਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਮੇਟਾਂ ਅੰਧੇਰੀ ਰਾਤ, ਰੁਤੜੀ ਇਕ ਸੁਹਾਈਆ । ਜਿਨ੍ਹਾਂ ਨੂੰ ਮੇਰੀ ਮਿਲ ਗਈ ਦਾਤ, ਝੋਲੀ ਸਚ ਭਰਾਈਆ । ਓਨ੍ਹਾਂ ਲੋੜ ਰਹੀ ਨਾ ਪੂਜਾ ਪਾਠ, ਯੋਗ ਅਭਿਆਸ ਨਾ ਕੋਇ ਕਰਾਈਆ । ਉਹ ਅੱਠੇ ਪਹਿਰ ਕਰਨ ਗੱਲ ਬਾਤ, ਸਚ ਕਹਾਣੀ ਸਤਿ ਸੁਣਾਈਆ । ਮੈਂ ਵਸਾਂ ਓਨ੍ਹਾਂ ਪਾਸ, ਘਰ ਘਰ ਵਿਚ ਡੇਰਾ ਲਾਈਆ । ਉਨ੍ਹਾਂ ਨਾਲ ਮਿਲਾ ਕੇ ਆਪਣੀ ਜ਼ਾਤ, ਭਰਮ ਭੁਲੇਖਾ ਦਿਆਂ ਕਢਾਈਆ । ਏਸੇ ਕਰ ਕੇ ਸਭ ਤੋਂ ਵੱਡਾ ਹੋ ਕੇ ਨਿੱਕੀ ਦੱਸੀ ਗਾਥ, ਸੋਹੰ ਸਚ ਪੜ੍ਹਾਈਆ । ਇਸ ਤੋਂ ਅੱਗੇ ਹੋਰ ਨਹੀਂ ਕੋਈ ਜਮਾਤ, ਮਹਾਰਾਜ ਸ਼ੇਰ ਸਿੰਘ ਰਿਹਾ ਸਮਝਾਈਆ । ਲੇਖਾ ਰਿਹਾ ਨਾ ਕਲਮ ਦਵਾਤ, ਵਿਸ਼ਨੂੰ ਵਿਸ਼ਵ ਰਿਹਾ ਸਮਾਈਆ । ਭਗਵਨ ਜੋੜ ਕੇ ਆਪਣਾ ਨਾਤ, ਨਾਤੇ ਸਾਰੇ ਦਿਤੇ ਤੁੜਾਈਆ । ਜੈ ਜੈ ਕਾਰ ਕਰੇ ਪ੍ਰਿਥਮੀ ਆਕਾਸ਼, ਗੁਰਮੁਖ ਤੇਰਾ ਦਰਸਨ ਪਾਈਆ । ਲੋੜ ਰਹੀ ਨਾ ਉਠਣ ਦੀ ਪਰਭਾਤ, ਸੰਧਿਆ ਸੇਜ ਨਾ ਕੋਇ ਵਿਛਾਈਆ । ਗੁਰਮੁਖੋ ਅੰਦਰੋਂ ਇਕੋ ਵਾਰ ਜਾਣਾ ਜਾਗ, ਮੁੜ ਮੁੜ ਆਲਸ ਨਿੰਦਰਾ ਨੇੜ ਨਾ ਆਈਆ । ਜਿਨ੍ਹਾਂ ਦੀ ਝੋਲੀ ਹਿੱਸਾ ਪਾਇਆ ਭਾਗ, ਸੋ ਭਾਗਾਂ ਭਰੇ ਖ਼ੁਸ਼ੀ ਮਨਾਈਆ । ਮੇਰੀ ਖੇਲ ਸਦਾ ਆਦਿ, ਜੁਗ ਚੌਕੜੀ ਰਚਨ ਰਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਦੱਸਦਾ ਰਿਹਾ ਆਪਣੀ ਯਾਦ, ਅੰਤਮ ਆਪੇ ਫੇਰਾ ਪਾਈਆ । ਜੋ ਆਇਆ ਸੋ ਹੋਇਆ ਬਰਬਾਦ, ਥਿਰ ਨਜ਼ਰ ਕੋਇ ਨਾ ਆਈਆ । ਏਸੇ ਕਾਰਨ ਸਤਿਗੁਰ ਸ਼ਬਦ ਗੁਰ ਕਿਰਪਾ ਦੇਵੇ ਪਰਸਾਦਿ, ਲੋਹਾ ਕੰਚਨ ਪਾਰਸ ਲਏ ਬਣਾਈਆ । ਜਿਸ ਦਾ ਖੇੜਾ ਆਪ ਕੀਤਾ ਆਬਾਦ, ਆਪਣੀ ਹੱਥੀਂ ਬੂਟਾ ਲਾਈਆ । ਓਹਨੂੰ ਮਿਲੇ ਵਡਿਆਈ ਵਿਚ ਬ੍ਰਹਿਮਾਦ, ਬ੍ਰਹਿਮੰਡ ਖ਼ੁਸ਼ੀ ਜਣਾਈਆ । ਚਾਰ ਜੁਗ ਵਿਚ ਏਹੋ ਜਿਹਾ ਕਿਸੇ ਨਾ ਆਇਆ ਸਵਾਦ, ਜੋ ਘਰ ਘਰ ਬੈਠਿਆਂ ਹਰਿ ਹਰਿ ਦਰਸਨ ਪਾਈਆ । ਪਿਛਲਾ ਸਾਰਾ ਬਦਲ ਦਿਤਾ ਸਮਾਜ, ਇਕੋ ਰੀਤਾ ਪੁਰਖ ਅਕਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਵੱਡਾ ਵਡ, ਵਡਿਆਈ ਭਗਤਾਂ ਝੋਲੀ ਪਾਈਆ । ਭਾਗ ਲਗਾ ਕੇ ਕਾਇਆ ਹੱਡ, ਨਾੜੀ ਨਾੜੀ ਖੋਜ ਖੁਜਾਈਆ । ਪੂਰਬ ਵਿਛੜੇ ਆਪੇ ਸੱਦ, ਸਧਨੇ ਨਾਲੋਂ ਵੱਡੇ ਪਾਪੀ ਪਾਰ ਕਰਾਈਆ । ਆਪਣਾ ਹਿੱਸਾ ਦੇ ਕੇ ਅੱਧ, ਸਾਂਝੀਵਾਲ ਸਾਚਾ ਸੰਗ ਨਿਭਾਈਆ । ਪਰਗਟ ਹੋ ਕੇ ਵਿਚ ਜਗ, ਜੁਗਤੀ ਆਪਣੀ ਦਿਤੀ ਜਣਾਈਆ । ਸੋਹੰ ਢੋਲਾ ਗਾ ਕੇ ਛੰਦ, ਖਹਿੜਾ ਛਡਿਆ ਜਗਤ ਲੋਕਾਈਆ । ਲੱਖ ਚੁਰਾਸੀ ਤੋੜ ਕੇ ਫੰਦ, ਸ਼ਰਅ ਜ਼ੰਜੀਰੀ ਦਿਤੀ ਕਟਾਈਆ । ਅੰਤਰ ਆਤਮ ਲੈ ਕੇ ਅਨੰਦ, ਮੰਗਲ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ ।

ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਯਾਚਕ, ਜਨ ਭਗਤਾਂ ਸੇਵ ਕਮਾਈਆ । ਆਸ਼ਕਾਂ ਵਿਚੋਂ ਅਵੱਲੜਾ ਆਸ਼ਕ, ਜਿਸ ਦਾ ਮਾਟੀ ਤਨ ਨਜ਼ਰ ਕੋਇ ਨਾ ਆਈਆ । ਜੁਗ ਜੁਗ ਸਾਚੇ ਸੰਤਾਂ ਕਰਾਂ ਸਫ਼ਾਰਸ਼, ਸਿਫ਼ਤਾਂ ਨਾਲ ਸਾਲਾਹੀਆ । ਅੰਮ੍ਰਿਤ ਪ੍ਰੇਮ ਦੀ ਕਰ ਕੇ ਬਾਰਸ਼, ਅਗਨੀ ਤਤ ਬੁਝਾਈਆ । ਚਰਨ ਕਵਲ ਦੇ ਕੇ ਧੁਰ ਦੀ ਢਾਰਸ, ਹੌਸਲਾ ਦਿਆਂ ਵਧਾਈਆ । ਸਭ ਤੋਂ ਉੱਤਮ ਸਭ ਤੋਂ ਸ੍ਰੇਸ਼ਟ ਕਲਜੁਗ ਹਰਿ ਸੰਤ ਸੁਹੇਲੇ ਕੀਤੇ ਖ਼ਾਲਸ, ਖ਼ਾਲਸ ਆਪਣੇ ਨਾਲ ਮਿਲਾਈਆ । ਜਗਤ ਕੁੜਾਵੀ ਛੱਡ ਕੇ ਲਾਲਸ, ਲਾਲਨ ਲਾਲ ਰੰਗ ਲਿਆ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ਬਦ ਗੁਰੂ ਵੇਖ ਮੇਰਾ ਲੇਖਾ ਜੁਗੰਤਰ ਜੁਗ, ਜੋਗੀਸ਼ਰ ਧਿਆਨ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਲੱਖ ਚੁਰਾਸੀ ਵਿਚੋਂ ਲਵਾਂ ਚੁਗ, ਘਟ ਘਟ ਵੇਖਾਂ ਥਾਉਂ ਥਾਈਆ । ਮੈਨੂੰ ਪੁਰਖ ਅਕਾਲ ਬਣਾਇਆ ਆਪਣਾ ਪੁੱਤ, ਮੈਂ ਹਰਿਜਨ ਪੁੱਤ ਆਪਣੀ ਗੋਦ ਉਠਾਈਆ । ਪ੍ਰੇਮ ਪਿਆਰ ਅੰਦਰ ਚੁੰਮ ਕੇ ਮੁਖ, ਮੁਫ਼ਤ ਆਪਣੀ ਦਾਤ ਝੋਲੀ ਪਾਈਆ । ਲੋਕਮਾਤ ਵਿਚੋਂ ਚੁੱਕ, ਚੁਕੰਨਾ ਹੋ ਕੇ ਸੇਵ ਕਮਾਈਆ । ਸਚ ਦਵਾਰ ਦਾ ਕਰ ਕੇ ਰੁਖ਼ਸਤ, ਛੁੱਟੀ ਜਗਤ ਜਹਾਨੋਂ ਦਿਆਂ ਛੁਡਾਈਆ । ਉਜਲ ਕਰ ਕੇ ਮੁਖ, ਦੁਰਮਤ ਮੈਲ ਧੁਆਈਆ । ਜਿਥੇ ਪੁਰਖ ਅਬਿਨਾਸ਼ੀ ਹਰ ਘਟ ਵਾਸੀ ਸਰਬ ਸਵਾਮੀ ਬੈਠਾ ਚੁੱਪ, ਚੁੱਪ ਚੁਪੀਤਾ ਉਹਦੇ ਚਰਨਾਂ ਦਿਆਂ ਟਿਕਾਈਆ । ਉਹ ਵੇਖ ਕੇ ਜਨ ਭਗਤਾਂ ਹੋਵੇ ਖ਼ੁਸ਼, ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਗਲਾ ਸੰਗ ਨਿਭਾਈਆ । ਸ਼ਬਦ ਗੁਰੂ ਕਹੇ ਮੇਰਾ ਵਾਸਾ ਅੰਦਰ, ਕਾਇਆ ਬੰਕ ਸੋਭਾ ਪਾਈਆ । ਕਿਸੇ ਹੱਥ ਨਾ ਆਵਾਂ ਜਗਤ ਦਵਾਰੇ ਮੰਦਰ, ਚਾਰ ਦੀਵਾਰਾਂ ਬੰਦ ਨਾ ਕੋਇ ਕਰਾਈਆ । ਜਿਸ ਦਾ ਕਿਰਪਾ ਕਰਕੇ ਖੋਲ੍ਹਾਂ ਜੰਦਰ, ਆਪਣੀ ਕੁੰਜੀ ਇਕੋ ਲਾਈਆ । ਉਹ ਗੁਰਮੁਖ ਮੇਰੇ ਦਵਾਰੇ ਲੰਘਣ, ਆਪਣਾ ਪੰਧ ਮੁਕਾਈਆ । ਸਚ ਪ੍ਰੀਤੀ ਇਕੋ ਮੰਗਣ, ਪ੍ਰੇਮ ਪਿਆਰ ਹੋਵੇ ਕੁੜਮਾਈਆ । ਮੈਂ ਸੁਣਾਵਾਂ ਉਨ੍ਹਾਂ ਮਰਦੰਗਨ, ਧੁਰ ਦਾ ਨਾਦ ਵਜਾਈਆ । ਓਹ ਖ਼ੁਸ਼ੀਆਂ ਵਿਚ ਨੱਚਣ, ਧੁਰ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਗੁਰੂ, ਆਦਿ ਜੁਗਾਦੀ ਇਕ ਅਖਵਾਇੰਦਾ । ਗੁਰਮੁਖਾਂ ਦਾ ਮਾਰਗ ਓਥੋਂ ਹੁੰਦਾ ਸ਼ੁਰੂ, ਜਿਥੇ ਜੋਗ ਅਭਿਆਸ ਕੰਮ ਕੋਇ ਨਾ ਆਇੰਦਾ । ਸਤਿਗੁਰ ਦਵਾਰੇ ਵੜ ਕੇ ਫੇਰ ਕਿਹੜਾ ਪਿਛੇ ਮੁੜੂ, ਅਗਲਾ ਰਾਹ ਇਕ ਸਮਝਾਇੰਦਾ । ਕੀ ਵਡਿਆਈ ਦਿਤੀ ਇਕ ਧ੍ਰੂ, ਧ੍ਰੂ ਨਾਲੋਂ ਅੱਗੇ ਸੰਤ ਸੁਹੇਲੇ ਹੁਣ ਬਹਾਇੰਦਾ । ਓਥੇ ਮੰਤਰ ਕੋਇ ਨਾ ਫੁਰੂ, ਫੁਰਨਾ ਆਪਣੇ ਵਿਚ ਸਮਾਇੰਦਾ । ਜਿਨ੍ਹਾਂ ਨੂੰ ਚਰਨ ਲਗਾਇਆ ਅਧਵਿਚਕਾਰ ਕੋਇ ਨਾ ਭੁਰੂ, ਲੱਗੀ ਆਪਣੀ ਤੋੜ ਨਿਭਾਇੰਦਾ । ਸ਼ੌਹ ਦਰਿਆ ਨਾ ਕੋਇ ਰੁੜੂ, ਨਈਆ ਨੌਕਾ ਆਪਣਾ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਬਣ ਕੇ ਵੇਖ ਵਖਾਇੰਦਾ । ਸ਼ਬਦ ਗੁਰੂ ਕਹੇ ਮੇਰਾ ਅਨੋਖਾ ਰਸਤਾ, ਪੜ੍ਹਿਆਂ ਸਮਝ ਕਿਸੇ ਨਾ ਆਈਆ । ਜਿਥੇ ਵਿਦਿਆ ਦਾ ਬੰਦ ਹੋ ਜਾਏ ਬਸਤਾ, ਓਥੋਂ ਅੱਗੇ ਆਪਣੀ ਪੱਟੀ ਦਿਆਂ ਸਮਝਾਈਆ । ਜਿਸ ਦਾ ਸਮਝਿਆ ਨਾ ਕਿਸੇ ਇਸ਼ਟਾ, ਸੋ ਰੂਪ ਦਿਆਂ ਦ੍ਰਿੜਾਈਆ । ਆਪਣੇ ਉਤੇ ਬੰਨ੍ਹਾ ਕੇ ਪੂਰਾ ਨਿਸਚਾ, ਨਚਿੰਤ ਹੋ ਕੇ ਅੱਗੇ ਲਵਾਂ ਲਾਈਆ । ਤੁਹਾਡਾ ਲਹਿਣਾ ਦੇਣਾ ਨਹੀਂ ਮੂਲ ਵਿਚ ਕਿਸ਼ਤਾਂ, ਇਕੋ ਵਾਰ ਝੋਲੀ ਦਿਆਂ ਭਰਾਈਆ । ਮੇਰੇ ਪਾਸ ਚਾਰ ਜੁਗ ਦੀਆਂ ਉਹ ਲਿਸਟਾਂ, ਜਿਨ੍ਹਾਂ

ਦਾ ਅੱਖਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਬੇਲੀ, ਬਿਰਧ ਬਾਲ ਜਵਾਨ ਵੇਖ ਵਖਾਈਆ । ਜਨ ਭਗਤਾਂ ਬਣ ਕੇ ਸਚ ਸਹੇਲੀ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਕਾਇਆ ਮੰਦਰ ਅੰਦਰ ਖੁਲ੍ਹੀ ਵੇਖ ਹਵੇਲੀ, ਘਰ ਬ੍ਰਹਮ ਬ੍ਰਾਹਮਣ ਪੰਡਤ ਖ਼ੁਸ਼ੀ ਮਨਾਈਆ । ਇਹੋ ਜੇਹੀ ਖੇਲ ਤਤ ਗੁਰੂ ਕਦੇ ਨਾ ਖੇਲੀ, ਸ਼ਬਦੀ ਰੰਗ ਨਾ ਕੋਇ ਰੰਗਾਈਆ । ਉਹ ਗੁਰਸਿਖ ਸਵਾਣੀ ਸਭ ਨਾਲੋਂ ਹੋ ਕੇ ਵੇਹਲੀ, ਹਰਿ ਹਰਿ ਕੰਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸ਼ਬਦ ਗੁਰੂ ਕਹੇ ਮੈਂ ਸਦਾ ਗੁਮਨਾਕ, ਨਜ਼ਰ ਕਿਸੇ ਨਾ ਆਇੰਦਾ । ਧੰਨਭਾਗ ਸਦੀ ਵੀਹਵੀਂ ਜਨ ਭਗਤਾਂ ਮਿਲਣ ਦਾ ਹੋਇਆ ਇਤਫ਼ਾਕ, ਇਬਾਦਤ ਆਪਣੀ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਕਰਨਾ ਯਾਦ, ਯੱਦ ਸਭ ਦੀ ਇਕ ਸਮਝਾਇੰਦਾ । ਜਿਸ ਖੇੜਾ ਕੀਤਾ ਆਬਾਦ, ਸੋ ਵੇਖਣ ਅੰਤਮ ਆਇੰਦਾ । ਉਸ ਦੇ ਕੋਲੋਂ ਕਿਹੜਾ ਛੁਪਿਆ ਰਾਜ਼, ਜੋ ਅੰਦਰ ਵੜ ਲੱਖ ਚੁਰਾਸੀ ਖੋਜ ਖੁਜਾਇੰਦਾ । ਸਾਰ ਜਾਣੇ ਸੰਤ ਸਾਧ, ਬਦਮਾਸ਼ ਅੱਖਾਂ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇ ਕੇ ਦਾਤ, ਦੌਲਤ ਧਨ ਝੋਲੀ ਪਾਇੰਦਾ । ਸ਼ਬਦ ਗੁਰੂ ਕਹੇ ਮੇਰੀ ਅੰਤਰ ਮਰਜ਼ੀ, ਮਜਲਸ ਬੇਪਰਵਾਹੀਆ । ਜਨ ਭਗਤਾਂ ਮਿਲਣ ਦਾ ਸਦਾ ਗ਼ਰਜ਼ੀ, ਗ਼ਰਜ਼ ਇਕੋ ਇਕ ਵਧਾਈਆ । ਲੱਭਿਆਂ ਹੱਥ ਨਾ ਆਵਾਂ ਅਰਸ਼ੀ, ਫ਼ਰਸ਼ ਫ਼ੈਸਲਾ ਸਕੇ ਨਾ ਕੋਇ ਚੁਕਾਈਆ । ਮਿਹਰਵਾਨ ਹੋ ਬਣਾਂ ਦਰਦੀ, ਦੁਖੀਆਂ ਦਰਦ ਵੰਡਾਈਆ । ਖੇਲ ਜਾਣਾਂ ਘਰ ਘਰ ਦੀ, ਘਰ ਘਰ ਵਿਚ ਵੇਖ ਵਖਾਈਆ । ਜਿਸ ਵੇਲੇ ਗੁਰਮੁਖ ਆਤਮ ਹੋਵੇ ਸੜਦੀ, ਅੰਮ੍ਰਿਤ ਮੇਘ ਦਿਆਂ ਬਰਸਾਈਆ । ਬਿਰਹੋਂ ਵਿਛੋੜੇ ਅੰਦਰ ਹੋਏ ਮਰਦੀ, ਮਰਦਿਆਂ ਗੋਦ ਉਠਾਈਆ । ਖੇਲ ਅਗੰਮੀ ਧੁਰ ਦੇ ਹਰਿ ਦੀ, ਹਰਿ ਹਰਿਆਵਲ ਇਕ ਜਣਾਈਆ । ਜੋ ਸਵਾਣੀ ਪਿਛੋਂ ਚੰਗੇ ਘਰ ਦੀ, ਅੱਗੇ ਕੰਤ ਦਏ ਵਡਿਆਈਆ । ਸਚ ਸਵਾਮੀ ਚਰਨੀ ਪੜਦੀ, ਦੋਏ ਜੋੜ ਭੁੱਲ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਬੇਪਰਵਾਹੀਆ । ਸ਼ਬਦ ਗੁਰੂ ਕਹੇ ਮੇਰਾ ਖੇਲ ਅਪਾਰਾ, ਅਪਰੰਪਰ ਆਪ ਜਣਾਇੰਦਾ । ਪਹਿਲੋਂ ਬਣਾ ਸੇਵਾਦਾਰਾ, ਸੇਵਕ ਰੂਪ ਵਟਾਇੰਦਾ । ਦੂਜਾ ਅੰਤਰ ਦੇ ਪਿਆਰਾ, ਅਪਰੰਪਰ ਪ੍ਰੀਤੀ ਇਕ ਸਮਝਾਇੰਦਾ । ਤੀਜਾ ਨੇਤਰ ਖੋਲ੍ਹ ਕਿਵਾੜਾ, ਲੋਚਨ ਇਕ ਵਡਿਆਇੰਦਾ । ਸਾਚੇ ਸੰਤਾਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਫੇਰ ਬੋਲ ਧੁਰ ਜੈਕਾਰਾ, ਸੋਹੰ ਨਾਮ ਸੁਣਾਇੰਦਾ । ਗੁਰਮੁਖ ਬਣਾ ਆਪਣਾ ਵਣਜਾਰਾ, ਸਾਚਾ ਹੱਟ ਚਲਾਇੰਦਾ । ਵਸਤ ਅਮੋਲਕ ਦੇ ਕੇ ਥਾਰਾ, ਧੁਰ ਦੀ ਧਾਰ ਪਰਗਟਾਇੰਦਾ । ਉਹ ਗੁਰਮੁਖ ਸਤਿਗੁਰੂ ਕਰੇ ਨਿਮਸਕਾਰਾ, ਜਿਸ ਦੇ ਅੰਦਰ ਵੜ ਕੇ ਆਪਣਾ ਪ੍ਰੇਮ ਵਧਾਇੰਦਾ । ਉਹ ਵੇਲਾ ਕਿਸੇ ਹੱਥ ਨਾ ਆਏ ਜੁਗ ਚਾਰਾ, ਚਾਰ ਜੁਗ ਰਸਨਾ ਜਿਹਵਾ ਨਾਲ ਜਗਤ ਗੁਰੂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਅੰਦਰ ਖੋਜੀ, ਬਾਹਰ ਲੱਭਣ ਕਦੇ ਨਾ ਜਾਈਆ । ਮੈਂ ਸਰਬ ਵਿਆਪੀ ਵੱਡਾ ਬੋਧੀ, ਬੋਧ ਗਿਆਨ ਦ੍ਰਿੜਾਈਆ । ਹਰ ਘਟ ਵੇਖਾਂ ਹੋ ਕੇ ਘੋਖੀ, ਨਾੜੀ ਨਾੜੀ ਫੋਲ ਫੁਲਾਈਆ । ਜੋ ਸੰਤ ਸੁਹੇਲਾ ਪ੍ਰਭ ਮਿਲਣ ਦਾ ਰੋਗੀ, ਤਿਸ ਦਾ ਲੇਖਾ ਦਿਆਂ ਚੁਕਾਈਆ । ਘਰ ਵਿਚ ਘਰ ਕਰਕੇ ਧੁਰ ਸੰਜੋਗੀ, ਜੁਗਤੀ ਇਕ ਸਮਝਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ ।

## ੬ ਅੱਸੂ ੨੦੨੧ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ

ਸਤਿਗੁਰ ਸ਼ਬਦ ਕਹੇ ਮੈਂ ਮਾਲਕ ਲੱਖ ਚੁਰਾਸੀ ਜਿਸਮ, ਖ਼ਾਲੀ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਇਕੋ ਸੱਚਾ ਇਸਮ, ਆਜ਼ਮ ਆਲੀਸ਼ਾਨ ਦਿਆਂ ਜਣਾਈਆ । ਜਗਤ ਨਮੂਨਿਆਂ ਵਿਚ ਮੇਰੀ ਨਜ਼ਰ ਨਾ ਆਏ ਕਿਸੇ ਕਿਸਮ, ਹਿੱਸਾ ਵੰਡ ਨਾ ਕੋਇ ਵੰਡਾਈਆ । ਬਿਨ ਭਗਤਾਂ ਮੈਨੂੰ ਕਿਸੇ ਨਾ ਵੇਖਿਆ ਚਸ਼ਮ, ਦੀਦ ਦਰਸ ਕੋਇ ਨਾ ਪਾਈਆ । ਕੋਟਨ ਕੋਟ ਹੋ ਕੇ ਗਏ ਭਸਮ, ਤਨ ਮਾਟੀ ਖ਼ਾਕ ਸਮਾਈਆ । ਸੰਤ ਸੁਹੇਲੇ ਅੰਦਰ ਮਿਲ ਕੇ ਮੇਰੇ ਨਾਲ ਵਸਣ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਉਹ ਸੱਜਣ ਗੁਰਮੁਖ ਫੇਰ ਜੀਵ ਜਹਾਨ ਦੱਸਣ, ਢੋਲਾ ਸੋਹਲਾ ਰਾਗ ਸੁਣਾਈਆ । ਉਹਨੂੰ ਭਗਤ ਬਾਣੀ ਗੁਰਬਾਣੀ ਸਾਰੇ ਆਖਣ, ਜੋ ਅੱਖਰਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਵਿਚ ਤਤ ਜਿਸਮਾਨੀ, ਜਜ਼ਬਾ ਆਪਣੇ ਵਿਚ ਰਖਾਈਆ । ਮੇਰਾ ਨੂਰ ਜ਼ਿਮੀਂ ਅਸਮਾਨੀ, ਆਸਮਾਨ ਧਿਆਨ ਲਗਾਈਆ । ਮੇਰਾ ਹੁਕਮ ਦੋ ਜਹਾਨੀ, ਚਾਰ ਜੁਗ ਵਡਿਆਈਆ । ਮੇਰਾ ਨਾਉਂ ਸਿਫ਼ਤ ਕਹਾਣੀ, ਰਾਗਾਂ ਨਾਦਾਂ ਗਾਈਆ । ਮੇਰਾ ਨੇਤਰ ਕਦੇ ਨਾ ਹੋਏ ਨਾਬੀਨਾ ਬਿਤਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਮੇਰਾ ਮਿਲਣਾ ਮੁਸ਼ਕਲਾਂ ਵਿਚੋਂ ਮੁਸ਼ਕਲ ਆਸਾਨਾਂ ਵਿਚੋਂ ਆਸਾਨੀ, ਜੋ ਆਸ ਮੇਰੀ ਸਚ ਰਖਾਈਆ । ਮੇਰਾ ਲੇਖਾ ਸਮਝ ਨਾ ਸਕੇ ਕੋਇ ਵਿਦਵਾਨੀ, ਵਿਦਿਆ ਰਮਜ਼ ਬੇਸਮਝ ਰਹੀ ਲਗਾਈਆ । ਮੇਰਾ ਹੁਕਮ ਸੁਨੇਹੜਾ ਲਿਖੇ ਕਲਮ ਕਾਨੀ, ਸ਼ਾਹੀ ਸ਼ਹਾਦਤ ਨਾਲ ਵਖਾਈਆ । ਮੇਰਾ ਮੰਦਰ ਮਹੱਲ ਸਚ ਮਕਾਨੀ, ਹੁਜਰਿਆਂ ਵਿਚੋਂ ਹੱਥ ਕਿਸੇ ਨਾ ਆਈਆ । ਮੇਰਾ ਦਵਾਰਾ ਸੋਹਣਾ ਮੈਦਾਨੀ, ਟਿੱਲਾ ਪਰਬਤ ਕੰਦਰ ਜੂਹ ਰਾਹ ਵਿਚ ਨਾ ਕੋਇ ਅਟਕਾਈਆ । ਮੇਰਾ ਪਿਆਰ ਮੁਹੱਬਤ ਨਾਲੋਂ ਮਹਾਨੀ, ਮਿਹਰ ਵਿਚ ਵਡਿਆਈਆ । ਮੇਰਾ ਲੇਖਾ ਵਿਚ ਪੇਸ਼ਾਨੀ, ਪੁਸਤਕ ਹੱਥ ਉਠਾਈਆ । ਮੇਰਾ ਮਾਲਕ ਇਕ ਭਗਵਾਨੀ, ਭਾਗਾਂ ਵਾਲਾ ਸੱਚਾ ਮਾਹੀਆ । ਮੈਂ ਉਸੇ ਦੀ ਦੱਸਾਂ ਸਚ ਨਿਸ਼ਾਨੀ, ਜੋ ਨਿਸ਼ਾਨਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਸ਼ਬਦ ਗੁਰੂ ਕਹੇ ਮੈਂ ਤਤਵ ਬਾਹਰ, ਬੇਰੂਨੀ ਅੰਦਰੂਨੀ ਖੇਲ ਮਾਮੂਲੀ ਸਮਝ ਕਿਸੇ ਨਾ ਆਈਆ । ਮੈਂ ਗੁਫ਼ਤ ਸ਼ਨੀਦ ਅੰਦਰ ਬਾਹਰ, ਮੈਂ ਜੋਧਾ ਬੀਰ ਕਾਹਿਰ, ਕਿਬਲ ਅਜ਼ ਕਿਬਲ ਭੇਵ ਕੋਇ ਨਾ ਪਾਈਆ । ਮੈਂ ਜੁਗ ਚੌਕੜੀ ਭਗਤ ਉਧਾਰਨ ਪੈਜ ਸੁਆਰਨ ਵੱਡਾ ਮਾਹਿਰ, ਮਸ਼ਵਰਾ ਕਿਸੇ ਕੋਲੋਂ ਲੈਣ ਨਾ ਜਾਈਆ । ਮੈਂ ਸਰਬ ਵਿਆਪੀ ਬਿਨ ਰਾਗਾਂ ਨਾਦਾਂ ਬੋਧ ਅਗਾਧਾ ਸ਼ਾਇਰ, ਮੇਰੀ ਸ਼ਾਇਰੀ ਸ਼ਰਅ ਵਿਚ ਨਾ ਕੋਇ ਸਮਝਾਈਆ । ਮੈਂ ਦੂਰ ਦੁਰਾਡਾ ਮਨਮੁਖਾਂ ਦਿਸਾਂ ਗ਼ੈਰ, ਗ਼ੈਰਤਵਾਲਾ ਆਪਣਾ ਮੁਖ ਛੁਪਾਈਆ । ਮੈਂ ਭਗਤ ਪਿਆਰਾ ਗੁਰਮੁਖਾਂ ਅੰਦਰ ਕਰਾਂ ਸੈਰ, ਸੈਰਗਾਹ ਇਕੋ ਇਕ ਸੁਹਾਈਆ । ਗੁਰਸਿਖਾਂ ਦੇ ਕੇ ਅਗੰਮੀ ਲਹਿਰ, ਲਹਿਣਾ ਦੇਣਾ ਝੋਲੀ ਪਾਈਆ । ਜਿਸ ਵੇਲੇ ਜੁਗ

ਜੁਗ ਲੋਕਮਾਤ ਹੋਵੇ ਕਹਿਰ, ਗਹਿਰ ਗੰਭੀਰ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸ਼ਬਦ ਗੁਰੂ ਕਹੇ ਮੈਂ ਮੂਰਖਾਂ ਵਾਸਤੇ ਨਿਕੰਮਾ, ਨਿਹਕਰਮਣਾਂ ਹੱਥ ਕਦੇ ਨਾ ਆਈਆ । ਜਨ ਭਗਤਾਂ ਵਾਸਤੇ ਸਦਾ ਜੰਮਾ, ਮਰਨ ਜਨਮ ਨਾ ਕੋਇ ਜਣਾਈਆ । ਏਥੇ ਓਥੇ ਸਹਾਈ ਬਣਾਂ, ਸਗਲਾ ਸੰਗ ਨਿਭਾਈਆ । ਕੂੜ ਕੁੜਿਆਰਾਂ ਵਾਸਤੇ ਮੈਂ ਅੰਧਾ, ਬੰਦਿਆਂ ਵਰਗਾ ਬੰਦਾ ਨਜ਼ਰੀ ਆਈਆ । ਜਨ ਭਗਤਾਂ ਵਾਸਤੇ ਉਹ ਅਗੰਮੀ ਚੰਦਾ, ਜਿਸ ਦੀ ਸੂਰਜ ਚੰਦ ਤਾਬ ਝੱਲੇ ਨਾ ਰਾਈਆ । ਕੂੜ ਕੁੜਿਆਰਾਂ ਵਾਸਤੇ ਮੈਂ ਭੁੱਖਾ ਨੰਗਾ, ਗੁਰਮੁਖਾਂ ਵਾਸਤੇ ਸ਼ਾਹ ਪਾਤਸ਼ਾਹ ਨਜ਼ਰੀ ਆਈਆ । ਇਹੋ ਖੇਲ ਜੁਗ ਜੁਗ ਮੈਨੂੰ ਲੱਗੇ ਚੰਗਾ, ਮਨਮੁਖ ਗੁਰਮੁਖ ਦੋਵੇਂ ਧਾਰ ਚਲਾਈਆ । ਕਿਉਂ ਗੰਗਾ ਦਾ ਨੀਰ ਕੀਤਾ ਚੰਗਾ, ਸਤਲੁਜ ਬਿਆਸ ਉਹੋ ਪਾਣੀ ਰਿਹਾ ਬਹਾਈਆ । ਇਹੋ ਮੇਰਾ ਅਨੋਖਾ ਢੰਗਾ, ਕੋਟਾਂ ਵਿਚੋਂ ਗੁਰਮੁਖ ਪਾਰ ਕਰਾਈਆ । ਜਿਨ੍ਹਾਂ ਨੂੰ ਆਪਣੇ ਨਾਲ ਗੰਢਾਂ, ਡੋਰੀ ਤੰਦ ਬੰਧਾਈਆ । ਮੈਂ ਅੰਤ ਆਦਿ ਜੁਗਾਦਿ ਉਹਨਾਂ ਨਾਲ ਹੰਢਾ, ਨਾ ਮਰਿਆ ਨਾ ਮਰਨ ਦੇਵਾਂ, ਆਪਣੇ ਵਿਚ ਸਮਾਈਆ । ਨਿਤ ਨਵਿਤ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਸਭ ਦੀ ਝੋਲੀ ਪਾਈਆ । ਜੋ ਚਰਨ ਦਵਾਰੇ ਪਾਪੀ ਦੁਰਜਨ ਆਵੇ ਗੰਦਾ, ਗੁਰਸਿਖਾਂ ਨਾਲ ਮਿਲਾ ਕੇ ਗੁਰਮੁਖ ਦਿਆਂ ਬਣਾਈਆ । ਪ੍ਰੀਤਮ ਪ੍ਰੀਤਮ ਲਾ ਕੇ ਅੰਗਾ, ਅੰਗੀਕਾਰ ਇਕ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਅੰਤਰ ਆਤਮ ਪਾਵੇ ਠੰਡਾ, ਘਰ ਠਾਂਡੇ ਦਏ ਬਹਾਈਆ । ।



## ✪ ੬ ਅੱਸੂ ੨੦੨੧ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਹਿ ਪਿੰਡ ਕੱਲਾ ✪

ਸਤਿਗੁਰ ਸ਼ਬਦ ਕਹੇ ਮੈਂ ਘੜਦਾ ਭੰਨਦਾ, ਲੱਖ ਚੁਰਾਸੀ ਖੇਲ ਰਚਾਈਆ । ਲੇਖਾ ਜਾਣਾ ਛੱਪਰ ਛੰਨ ਦਾ, ਬ੍ਰਹਿਮੰਡ ਖੰਡ ਸੋਭਾ ਪਾਈਆ । ਹਿੱਸਾ ਜਾਣਾ ਤਨ ਮਨ ਦਾ, ਤਤਵ ਆਪਣਾ ਰੰਗ ਰੰਗਾਈਆ । ਲਹਿਣਾ ਦੇਣਾ ਅਗੰਮੀ ਧਨ ਦਾ, ਵਸਤ ਅਮੋਲਕ ਇਕ ਵਰਤਾਈਆ । ਲੇਖਾ ਚੁਕਾਵਾਂ ਸੱਜਣ ਸਾਚੇ ਜਨ ਦਾ, ਜਨ ਭਗਤ ਦਿਆਂ ਵਡਿਆਈਆ । ਕੂੜ ਕੁੜਿਆਰੇ ਸਾਰੇ ਡੰਨਦਾ, ਰਾਏ ਧਰਮ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਘੜਨ ਭੰਨਣਹਾਰ, ਹਾਰ ਜਿੱਤ ਆਪਣੇ ਹੱਥ ਰਖਾਈਆ । ਜੁਗ ਚੌਕੜੀ ਖੇਲ ਵਿਚ ਸੰਸਾਰ, ਲੋਕਮਾਤ ਵੇਖ ਵਖਾਈਆ । ਲੇਖਾ ਜਾਣਾਂ ਸ਼ਾਹ ਸੁਲਤਾਨ ਰਾਜ ਰਾਜਾਨ, ਗ਼ਰੀਬ ਨਿਮਾਣੇ ਭੇਵ ਚੁਕਾਈਆ । ਗੁਰਮੁਖ ਵਿਰਲੇ ਕਰਾਂ ਪਰਵਾਨ, ਪਰਵਾਨਾ ਆਪਣਾ ਆਪ ਫੜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੂਰਾ ਕਿਸੇ ਨਾ ਦੱਸਿਆ ਨਾਮ, ਹਿੱਸਿਆ ਵਿਚ ਸਮਝਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਨਾਮ ਦੇ ਕੇ ਦਾਨ, ਦਾਤੇ ਧਨੀ ਦਿਤੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰੰਗ ਰੰਗਾਈਆ ।

## ੬ ਅੱਸੂ ੨੦੨੧ ਬਿਕ੍ਰਮੀ ਰੂੜ ਸਿੰਘ ਦੇ ਗ੍ਰਿਹਿ ਕੱਲਾ

ਸਤਿਗੁਰ ਸ਼ਬਦ ਕਹੇ ਮੈਂ ਬੜਾ ਜ਼ਬਰ, ਜ਼ਬਰਦਸਤੀ ਵਿਚ ਕਦੇ ਨਾ ਆਇੰਦਾ । ਜੁਗ ਚੌਕੜੀ ਕਰ ਕੇ ਸਬਰ, ਸਤਿ ਸਤਿ ਵਿਚ ਸਮਾਇੰਦਾ । ਕਾਇਆ ਵੜ ਕੇ ਅੰਧੇਰੀ ਕਬਰ, ਮਕਬਰੇ ਮੁਖ ਛੁਪਾਇੰਦਾ । ਬਲਧਾਰੀ ਹੋ ਕੇ ਸ਼ੇਰ ਬੱਬਰ, ਭਬਕ ਨਾ ਕੋਇ ਵਖਾਇੰਦਾ । ਬਿਨ ਹਰਿਭਗਤਾਂ ਕਿਸੇ ਦੀ ਕਦੇ ਨਾ ਕਰਾਂ ਮਦਦ, ਸੰਗੀ ਹੋ ਨਾ ਸੰਗ ਰਖਾਇੰਦਾ । ਉਨ੍ਹਾਂ ਦੇ ਅੰਦਰੋਂ ਮੇਟ ਤਸ਼ੱਦਦ, ਤਸਵੀਰ ਇਕ ਪਰਗਟਾਇੰਦਾ । ਜਿਸ ਦਾ ਸਾਰੇ ਕਰਨ ਕਦਰ, ਕੁਦਰਤ ਕਾਦਰ ਇਕ ਹੋ ਆਇੰਦਾ । ਜਿਸ ਦਾ ਰਾਗ ਧੁਨ ਮਧੁਰ, ਅਨੋਖੀ ਆਵਾਜ਼ ਲਗਾਇੰਦਾ । ਸੰਤਾਂ ਕਰ ਪੂਰੀ ਸਧਰ, ਚੋਟੀ ਸ਼ਿਖ਼ਰ ਚੜ੍ਹਾਇੰਦਾ । ਗੁਰਮੁਖਾਂ ਕਮਾ ਕੇ ਧੁਰ ਦਾ ਅਦਲ, ਆਅਲਾ ਅਦਨੇ ਲੇਖੇ ਲਾਇੰਦਾ । ਗੁਰਸਿਖਾਂ ਮੁਰੀਦਾਂ ਮੁਰਸ਼ਦ ਸੁਣਾ ਕੇ ਗ਼ਜ਼ਲ, ਨਗ਼ਮਾ ਨਾਮ ਅਲਾਇੰਦਾ । ਆਪਣਾ ਪੰਧ ਮੁਕਾ ਕੇ ਮੰਜ਼ਲ, ਮੰਜ਼ਲ ਇਕ ਵਡਿਆਇੰਦਾ । ਸਦਾ ਸਦਾ ਜੁਗ ਚੌਕੜੀ ਦੇਵਾਂ ਬਦਲ, ਬਦਲਾ ਆਪਣੇ ਹੱਥ ਰਖਾਇੰਦਾ । ਮੇਰੇ ਸੱਚੇ ਨਾਮ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਨਕਲ, ਜਿਸ ਦਾ ਹੁਲੀਆ ਮਾਤ ਨਜ਼ਰੀ ਆਇੰਦਾ । ਮੈਂ ਸਦਾ ਸਦਾ ਬੇਸ਼ਕਲ, ਕੋਝਾ ਕਮਲਾ ਹੱਥ ਕਿਸੇ ਨਾ ਆਇੰਦਾ । ਕਿਰਪਾ ਕਰ ਕੇ ਜਨ ਭਗਤਾਂ ਦੇ ਇਕ ਤਹੱਮਲ, ਸਿਦਕ ਭਰੋਸਾ ਇਕ ਵਖਾਇੰਦਾ । ਜਿਨ੍ਹਾਂ ਮੇਰੇ ਹੁਕਮ ਤੇ ਕੀਤਾ ਅਮਲ, ਤਿਨ੍ਹਾਂ ਨੂੰ ਆਲਮਾਂ ਵਿਚੋਂ ਬਾਹਰ ਕਢਾਇੰਦਾ । ਮਾਣਸ ਜਨਮ ਵਿਚ ਜੋ ਮੇਰੀ ਕਿਰਪਾ ਪੈਰ ਗਿਆ ਸੰਭਲ, ਦੋ ਜਹਾਨ ਨਾ ਕੋਇ ਗਿਰਾਇੰਦਾ । ਗੁਰਮੁਖ ਖ਼ਾਲੀ ਕਦੀ ਨਾ ਜਾਵੇ ਵਾਂਗ ਸਿਮਲ, ਪੱਤ ਡਾਲ੍ਹੀ ਫਲ ਫੁੱਲ ਆਪ ਮਹਿਕਾਇੰਦਾ । ਮੇਰਾ ਸੰਤ ਸੁਹੇਲਾ ਸਦਾ ਨਿਰਮਲ, ਹਰਿਜਨ ਸੋਭਨੀਕ ਨਜ਼ਰੀ ਆਇੰਦਾ । ਉਹਦਾ ਨੂਰ ਕਰੇ ਝਿਲਮਿਲ, ਜੋਤੀ ਜੋਤ ਰੁਸ਼ਨਾਇੰਦਾ । ਉਹ ਵਾਂਗ ਕਵਲ ਬਿਮਲ, ਅਡੋਲ ਅਡੁਲ ਸੋਭਾ ਪਾਇੰਦਾ । ਉਹਦੀ ਕੀਮਤ ਪਾਏ ਨਾ ਕੋਈ ਨੀਲਮ, ਧੁਰ ਦੇ ਹੀਰੇ ਆਪਣੇ ਪਾਸ ਰਖਾਇੰਦਾ । ਉਹਨੂੰ ਸਮਝ ਨਾ ਸਕੇ ਕੋਈ ਤਾਲੀਮ, ਤਰਫ਼ ਯਕਤਰਫ਼ ਸਮਝ ਨਾ ਕੋਇ ਸਮਝਾਇੰਦਾ । ਮੇਰੇ ਹਿਸਾਬ ਕਿਤਾਬ ਦਾ ਅੱਜ ਤਕ ਬਣਿਆ ਨਾ ਕੋਇ ਮੁਨੀਮ, ਵਹੀ ਖ਼ਾਤਾ ਅੱਡ ਨਾ ਕੋਇ ਬਣਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੈਨੂੰ ਕੀਤਾ ਤਸਲੀਮ, ਤਸਬੀ ਮਾਲਾ ਗਲ ਵਿਚ ਇਕੋ ਨਾਮ ਵਖਾਇੰਦਾ । ਜੋ ਆਇਆ ਸੋ ਬਣਿਆ ਮਸਕੀਨ, ਨਿਉਂ ਨਿਉਂ ਸੀਸ ਝੁਕਾਇੰਦਾ । ਮੈਂ ਸਭ ਨੂੰ ਕਰਾਂ ਤਲਕੀਨ, ਤਾਕਤ ਨਾਲ ਹੁਕਮ ਮਨਾਇੰਦਾ । ਜਿੰਨਾਂ ਚਿਰ ਮੈਂ ਬਖ਼ਸ਼ਾਂ ਨਾ ਆਪ ਯਕੀਨ, ਮੇਰਾ ਮੇਲ ਨਾ ਕੋਇ ਮਿਲਾਇੰਦਾ । ਮੇਰਾ ਮਾਰਗ ਇਕ ਮਹੀਨ, ਜਗ ਨੇਤਰ ਨਜ਼ਰ ਨਾ ਆਇੰਦਾ । ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਕੇ ਤਕਸੀਮ, ਹਿੱਸਿਆਂ ਵਿਚ ਰਾਹੇ ਪਾਇੰਦਾ । ਉਨ੍ਹਾਂ ਮੰਨਿਆਂ ਗਹਿਰ ਗੰਭੀਰ ਗ਼ਨੀਮ, ਗ਼ਰਜ਼ ਸਭ ਦੀ ਪੂਰ ਵਖਾਇੰਦਾ । ਜਾਂ ਤੱਕਿਆ ਨਾ ਨਰ ਨਾ ਮਦੀਨ, ਨਿਰਗੁਣ ਨਿਰੰਕਾਰ ਨਿਰਵੈਰ ਸਤਿ ਸਰੂਪ ਸੋਭਾ ਪਾਇੰਦਾ । ਸ਼ਾਹ ਸੁਲਤਾਨ ਅੱਗੇ ਕਦੇ ਨਾ ਹੋਵੇ ਅਧੀਨ, ਜਨ ਭਗਤਾਂ ਸੀਸ ਝੁਕਾਇੰਦਾ । ਗੁਰਮੁਖੋ ਤੁਹਾਡੀ ਮਿਸਾਲ ਕੋਈ ਨਾ ਦੇਵੇ ਜਲ ਮੀਨ, ਜਲ ਮੀਨ ਤੋਂ ਬਾਹਰ ਕਿਨਾਰਾ ਬਾਹਰ ਨਜ਼ਾਰਾ ਬਾਹਰ ਮੁਜਾਰਾ ਆਪਣਾ ਘਰ ਵਖਾਇੰਦਾ । ਸਤਿਗੁਰ ਪੂਰਾ ਹੋਛਾ ਕਮਲਾ ਕਦੇ ਨਾ ਹੋਵੇ ਕਮੀਨ, ਗ਼ਰੀਬ ਨਿਮਾਣਿਆਂ ਗੋਦ ਉਠਾਇੰਦਾ । ਉਹ ਮਾਲਕ ਨਹੀਂ ਲੋਕ ਤੀਨ, ਬੇਅੰਤ ਲੋਕ ਪਰਲੋਕ ਆਪਣੇ ਵਿਚ ਛੁਪਾਇੰਦਾ । ਜਿਸ ਦਾ ਨਾ ਕੋਈ ਮਜ਼੍ਹਬ ਨਾ ਕੋਈ ਦੀਨ, ਦੀਨ ਦਿਆਲ

ਆਪ ਅਖਵਾਇੰਦਾ । ਬਣ ਕੇ ਰਾਜ਼ਕ ਸਰਬ ਰਹੀਮ, ਗ੍ਰਿਹ ਗ੍ਰਿਹ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਆਪਣੇ ਜਨ ਉਪਜਾਇੰਦਾ ।।

## ੬ ਅੱਸੂ ੨੦੨੧ ਬਿਕ੍ਰਮੀ ਦਾਰਾ ਸਿੰਘ ਦੇ ਗ੍ਰਿਹ ਪਿੰਡ ਕੱਲਾ

ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਢਾਡੀ, ਸਤਿ ਸਤਿਵਾਦੀ ਢੋਲੇ ਗਾਇੰਦਾ । ਜੁਗ ਜੁਗ ਰਾਹ ਚਲਾਵਾਂ ਗਾਡੀ, ਰਹਿਬਰ ਹੋ ਕੇ ਹੁਕਮ ਵਰਤਾਇੰਦਾ । ਬੋਧ ਅਗਾਧਾ ਬਣਾਂ ਨਾਦੀ, ਰਾਗਾਂ ਸਿਫ਼ਤ ਸਲਾਹਿੰਦਾ । ਜਨ ਭਗਤ ਮਿਲਣ ਦੀ ਮੈਨੂੰ ਵਾਦੀ, ਵਿਦਿਆ ਵਿਚੋਂ ਬਾਹਰ ਕਢਾਇੰਦਾ । ਭਾਗ ਲਗਾ ਕੇ ਪੰਜ ਤਤ ਕਾਇਆ ਹਾਡੀ, ਨਾੜੀ ਨਾੜੀ ਖੇਲ ਵਖਾਇੰਦਾ । ਬਿਨ ਮੇਰੇ ਸੁਰਤ ਕਿਸੇ ਨਾ ਜਾਗੀ, ਸੋਈ ਸਵਾਣੀ ਆਪ ਉਠਾਇੰਦਾ । ਜਨ ਭਗਤਾਂ ਬਣ ਕੇ ਧੁਰ ਦਾ ਵਾਗੀ, ਚਾਰੋਂ ਕੁੰਟ ਸੇਵ ਕਮਾਇੰਦਾ । ਨਾਮ ਪਦਾਰਥ ਦੇ ਕੇ ਭਾਗੀ, ਮੁਖ ਸਾਚਾ ਸਗਨ ਲਗਾਇੰਦਾ । ਮੈਨੂੰ ਸਮਝ ਨਾ ਸਕੇ ਕੋਈ ਮੁੱਲਾ ਕਾਜ਼ੀ, ਪੰਡਤ ਪਾਧਿਆਂ ਹੱਥ ਕਿਸੇ ਨਾ ਆਇੰਦਾ । ਮੇਰਾ ਅਸਵ ਧੁਰ ਦਾ ਤਾਜੀ, ਦੋ ਜਹਾਨਾਂ ਪੰਧ ਮੁਕਾਇੰਦਾ । ਮੇਰਾ ਮੇਲਾ ਮੋਹਨ ਮਾਧਵ ਮਾਧੀ, ਦੂਜਾ ਸੰਗ ਨਾ ਕੋਇ ਰਖਾਇੰਦਾ । ਮੈਂ ਸੰਤਾਂ ਸੱਚਾ ਹਾਜੀ, ਕਾਇਆ ਕਾਅਬਾ ਵੇਖ ਵਖਾਇੰਦਾ । ਮੈਂ ਗੁਰਮੁਖਾਂ ਬਣ ਕੇ ਲਾਗੀ, ਸੱਦੇ ਘਰ ਘਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵਖਾਏ ਸਾਚੇ ਘਰ, ਆਦਿ ਜੁਗਾਦੀ ਹੁਕਮ ਵਰਤਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ ਨਜ਼ਰੀ ਆਈਆ । ਮੇਰਾ ਮਾਲਕ ਬੇਪਰਵਾਹ, ਨਰ ਨਿਰੰਕਾਰ ਇਕ ਅਖਵਾਈਆ । ਗੁਰ ਪੀਰ ਮੇਰੇ ਗਵਾਹ, ਖਾਣੀ ਬਾਣੀ ਸ਼ਹਾਦਤ ਰਹੀ ਭੁਗਤਾਈਆ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਦੱਸਾਂ ਰਾਹ, ਰਹਿਬਰ ਇਕ ਅਖਵਾਈਆ । ਧੁਰ ਸੰਦੇਸਾ ਦਿਆਂ ਸੁਣਾ, ਨਰ ਨਰੇਸ਼ਾ ਹੁਕਮ ਮਨਾਈਆ । ਜਨ ਭਗਤਾਂ ਲਵਾਂ ਜਗਾ, ਸੰਤਾਂ ਅੱਖ ਖੁਲ੍ਹਾਈਆ । ਗੁਰਮੁਖਾਂ ਰੰਗ ਰੰਗਾ, ਗੁਰਸਿਖਾਂ ਬੂਝ ਬੁਝਾਈਆ । ਮਾਇਆ ਮਮਤਾ ਮੋਹ ਮਿਟਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਾਚੀ ਸੰਗਤਾ ਦੇਵਾਂ ਮਿਲਾ, ਗੁਰਮੁਖ ਗੁਰਮੁਖ ਜੋੜ ਜੁੜਾਈਆ । ਬਣ ਕੇ ਪੰਡਤ ਦੇਵਾਂ ਪੜ੍ਹਾ, ਸਚ ਨਾਮ ਦੀ ਸਿਖਿਆ ਇਕ ਸੁਣਾਈਆ । ਜੁਗ ਜਨਮ ਦੇ ਵਿਛੜੇ ਲਵਾਂ ਮਿਲਾ, ਦੂਈ ਦਵੈਤੀ ਡੇਰਾ ਢਾਹੀਆ । ਸੰਗਲ ਸ਼ਰਅ ਜ਼ੰਜੀਰ ਦਿਆਂ ਤੁੜਾ, ਲੱਖ ਚੁਰਾਸੀ ਪੈਂਡਾ ਦਿਆਂ ਮੁਕਾਈਆ । ਅੰਧ ਅੰਧੇਰੇ ਜੋਤੀ ਦੀਪ ਦਿਆਂ ਜਗਾ, ਘਰ ਘਰ ਵਿਚ ਕਰਾਂ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਦਿਆਂ ਪਿਆ, ਸਰ ਸਰੋਵਰ ਇਕ ਵਖਾਈਆ । ਮੇਰੇ ਅੱਖਰ ਅੱਖਰੋਂ ਬਾਹਰ ਦੇਵਾਂ ਪੜ੍ਹਾ, ਜਿਸ ਦੀ ਅਲਫ਼ ਯੇ ਸਮਝ ਕੋਇ ਨਾ ਪਾਈਆ । ਵੱਖਰੇ ਘਰ ਦੇਵਾਂ ਬਹਾ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਸਤਿ ਪੁਰਖ ਨਿਰੰਜਣ ਨਾਲ ਦੇਵਾਂ ਮਿਲਾ, ਮਿਲਣੀ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਖ਼ੁਸ਼ਨੂਦੀ, ਖ਼ੁਸ਼ੀਆਂ ਹਾਲ ਜਣਾਈਆ । ਮੇਰਾ ਖੇਲ ਸਦਾ ਬਹਿਬੂਦੀ, ਮਿਹਬਾਨ ਦੇਵੇ ਵਡਿਆਈਆ । ਮੈਂ ਵਸਾਂ ਅਰਸ਼ ਅਰੂਜੀ, ਮਹੱਲ ਅਟਲ ਸੋਭਾ ਪਾਈਆ । ਮੇਰਾ ਖੇਲ ਮਸ਼ਰਕ ਜਨੂਬੀ, ਮਗ਼ਰਬ ਸ਼ਮਾਲੀ ਡੇਰਾ ਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਦੱਸਿਆ ਇਕ ਮਹਿਬੂਬੀ, ਜੋ ਮੁਹੱਬਤ ਵਿਚ ਸਮਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਬਰਦਾ, ਬਰਖ਼ੁਰਦਾਰ ਹੋ ਕੇ ਸੇਵ ਕਮਾਈਆ । ਆਦਿ ਜੁਗਾਦਿ ਕਦੇ ਨਾ ਡਰਦਾ, ਨਿਰਵੈਰ ਨਿਰਾਧਾਰ ਨਜ਼ਰੀ ਆਈਆ । ਹਰ ਘਟ ਲੱਖ ਚੁਰਾਸੀ ਅੰਦਰ ਵੜਦਾ, ਗ੍ਰਿਹ ਗ੍ਰਿਹ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਸਾਂਝਾ ਰਾਗ ਅਲਾਈਆ । ਜੁਗ ਚੌਕੜੀ ਵੇਸ ਧਰਦਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਭੇਵ ਖੁਲ੍ਹਾਵਾਂ ਅਗਲੇ ਘਰ ਦਾ, ਪਿਛਲਾ ਮੂਲ ਚੁਕਾਈਆ । ਮੇਲ ਮਿਲਾਵਾਂ ਨਰਾਇਣ ਨਰ ਦਾ, ਨਰ ਨਰ ਦੀ ਸਾਰ ਜਣਾਈਆ । ਸਾਚੇ ਮਾਰਗ ਆਪੇ ਖੜਦਾ, ਰਾਹ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸੇਵਾ ਸਚ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਰਾਖਾ, ਰੱਖਿਆ ਕਰਨੀ ਮੇਹੇ ਭਾਈਆ । ਮੈਂ ਪਰਮ ਪੁਰਖ ਦਾ ਮੰਨਾਂ ਆਖਾ, ਲੱਖ ਚੁਰਾਸੀ ਆਪਣਾ ਹੁਕਮ ਸੁਣਾਈਆ । ਮੈਂ ਸ੍ਰੀ ਭਗਵਾਨ ਕੋਲੋਂ ਮੰਗ ਕੇ ਦਾਤਾਂ, ਜਗਤ ਜਹਾਨ ਝੋਲੀ ਪਾਈਆ । ਮੈਂ ਨਿਰਗੁਣ ਸਰਗੁਣ ਪੱਤਣ ਵੇਖਾਂ ਘਾਟਾਂ, ਕਾਇਆ ਤੀਰਥ ਤਟਾਂ ਖੋਜ ਖੁਜਾਈਆ । ਮੈਂ ਖੇਲਾਂ ਖੇਲ ਚੌਦਾਂ ਹਾਟਾਂ, ਚੌਦਾਂ ਤਬਕਾਂ ਰਚਨਾਂ ਵੇਖ ਵਖਾਈਆ । ਮੇਰਾ ਸਭ ਤੋਂ ਵੱਖਰਾ ਅੱਖਰਾਂ ਬਿਨਾ ਖਾਤਾ, ਸਤਰਾਂ ਵਿਚ ਨਾ ਕੋਇ ਲਿਖਾਈਆ । ਜੁਗ ਚੌਕੜੀ ਵੇਖਾਂ ਖੇਲ ਤਮਾਸ਼ਾ, ਬਣ ਨਟੂਆ ਸਾਂਗ ਵਰਤਾਈਆ । ਜਿਨ੍ਹਾਂ ਦੇ ਅੰਦਰ ਕਰਾਂ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਤਿਨ੍ਹਾਂ ਨੂੰ ਪੂਰਨ ਦੇ ਭਰਵਾਸਾ, ਭਾਂਡਾ ਭਰਮ ਭੰਨਾਈਆ । ਮੇਲ ਮਿਲਾ ਕੇ ਸ਼ਾਹੋ ਸ਼ਬਾਸਾ, ਜੋਤੀ ਜੋਤ ਵਿਚ ਸਮਾਈਆ । ਆਤਮ ਪਰਮਾਤਮ ਜੋੜਾਂ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜਿਨ੍ਹਾਂ ਮੰਨਿਆ ਮੇਰਾ ਆਖਾ, ਸੋ ਸਚਖੰਡ ਦਵਾਰੇ ਬੈਠਣ ਚਾਈਂ ਚਾਈਂਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦਿ ਬਿਨ ਅੱਖਾਂ ਤੋਂ ਸਦਾ ਸੁਜਾਖਾ, ਲੱਖ ਚੁਰਾਸੀ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧੁਰ ਦੀ ਸੇਵਾ ਲਾਈਆ । ਸਤਿਗੁਰ ਸ਼ਬਦ ਕਹੇ ਮੈਂ ਨਵਾਂ ਨਕੋਰ, ਦਾਗ਼ ਨਜ਼ਰ ਕੋਇ ਨਾ ਆਈਆ । ਮੇਰਾ ਖੇਲ ਸਤਿਜੁਗ ਹੋਰ ਤ੍ਰੇਤਾ ਹੋਰ ਦੁਆਪਰ ਹੋਰ, ਕਲਜੁਗ ਅਵਰ ਅਵਰ ਵਡਿਆਈਆ । ਮੇਰਾ ਨਾਮ ਸਾਲਾਹੀ ਸਿਫ਼ਤੀ ਗੁਰ ਅਵਤਾਰ ਪੀਰ ਪੈਗੰਬਰ ਗਏ ਬੋਲ, ਅਨਬੋਲਤ ਬੋਲਤ ਰੂਪ ਵਟਾਈਆ । ਛੰਦਾਂ ਬੰਦਾਂ ਕਲਮਿਆਂ ਵਿਚ ਵਜਾ ਕੇ ਢੋਲ, ਕਲਾਮਾਂ ਨਾਲ ਸਾਲਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਹੱਟ ਖੋਲ੍ਹ, ਅੰਜੀਲ ਕੁਰਾਨਾਂ ਗਏ ਟਿਕਾਈਆ । ਮੈਂ ਸਭ ਤੋਂ ਵੱਖਰਾ ਸਦਾ ਅਡੋਲ, ਅੱਖਰਾਂ ਵਿਚ ਪਾਬੰਦ ਹੋ ਕੇ ਬੰਧਨ ਨਾ ਕੋਇ ਰਖਾਈਆ । ਮੈਂ ਹਰ ਘਟ ਅੰਦਰ ਰਿਹਾ ਮੌਲ, ਘਰ ਘਰ ਡੇਰਾ ਲਾਈਆ । ਮੇਰਾ ਕਿਸੇ ਨਾ ਤੋਲਿਆ ਤੋਲ, ਬਿਨ ਪੁਰਖ ਅਕਾਲ ਬਚਨ ਸਕੇ ਨਾ ਕੋਇ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਸ਼ਬਦੀ ਵੱਜਦਾ ਰਿਹਾ ਢੋਲ, ਢੋਲ ਮਰਦੰਗ ਸਾਰੇ ਰਾਗ ਸੁਣਾਈਆ । ਜਿਨ੍ਹਾਂ ਗੁਰਮੁਖਾਂ ਦਾ ਪੜਦਾ ਦਿਤਾ ਖੋਲ੍ਹ, ਉਹ ਗੁਰਮੁਖ ਸੱਜਣ ਵੇਖ ਵੇਖ ਮੈਨੂੰ ਬਿਗਸਾਈਆ । ਮੇਰੇ ਅੰਤਰ ਆਤਮ ਕਰਨਾ ਚੋਹਲ, ਪ੍ਰੇਮ ਪ੍ਰੀਤੀ ਇਕੋ ਭਾਈਆ । ਮੈਂ ਭਗਤਾਂ ਨਾਲ ਕਦੇ ਨਾ ਮਾਰਾਂ ਰੋਲ, ਰੌਲੇ ਵਿਚ ਰੱਖਾਂ ਸਰਬ ਲੋਕਾਈਆ । ਆਦਿ ਜੁਗਾਦਿ ਰਹਵਾਂ ਅਡੋਲ, ਸਚ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸਾਚਾ ਵਰ, ਆਪਣਾ ਸੰਗੀ ਸਾਥੀ ਲਿਆ ਤਰਾਈਆ ।


੬੮੨
੧੭

## ✪ ੬ ਅੱਸੂ ੨੦੨੧ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਕੱਲਾ ✪

ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਅਰਬ ਖ਼ਰਬ, ਗਿਣਤੀਆਂ ਵਿਚ ਨਾ ਕੋਇ ਗਿਣਾਈਆ । ਹਿੰਦਸਿਆਂ ਵਿਚ ਨਾ ਦੇਵੇ ਕੋਈ ਜ਼ਰਬ, ਤਕਸੀਮ ਵਿਚ ਵੰਡ ਨਾ ਕੋਇ ਵਖਾਈਆ । ਕੋਟਨ ਕੋਟ ਜੁਗ ਮੈਂ ਆਪਣੇ ਅੰਦਰ ਕੀਤੇ ਗ਼ਰਕ, ਬਾਹਰ ਸਕੇ ਨਾ ਕੋਇ ਕਢਾਈਆ । ਕੋਟਨ ਕੋਟ ਗੁਰ ਪੀਰ ਅਵਤਾਰ ਪਰਗਟਾ ਧਰਤ, ਅੰਤ ਨਿਸ਼ਾਨੇ ਦਿਤੇ ਗਵਾਈਆ । ਕੋਟਨ ਕੋਟ ਪਾਰਖੂ ਗਏ ਪਰਖ, ਅੰਤ ਸਮਝ ਕਿਸੇ ਨਾ ਆਈਆ । ਜਿਨ੍ਹਾਂ ਉਪਰ ਕਰਾਂ ਆਪਣਾ ਤਰਸ, ਮਿਹਰ ਨਜ਼ਰ ਉਠਾਈਆ । ਉਨ੍ਹਾਂ ਮੇਟ ਕੇ ਪਿਛਲੀ ਹਰਸ, ਹਵਸ ਦਿਆਂ ਗਵਾਈਆ । ਮਾਣ ਦਵਾ ਕੇ ਉਤੇ ਫ਼ਰਸ਼, ਉਤੇ ਅਰਸ਼ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਕਹੇ ਮੇਰਾ ਨਜ਼ਰ ਨਾ ਆਇਆ ਕਿਸੇ ਜੁੱਸਾ, ਰੰਗ ਸਕਿਆ ਨਾ ਕੋਇ ਸਮਝਾਈਆ । ਮੇਰਾ ਸਮਝ ਨਾ ਸਕਿਆ ਕੋਈ ਗ਼ੁੱਸਾ, ਜੁਗ ਕਾਲ ਬੀਤੇ ਗਏ ਫੇਰੀਆਂ ਪਾਈਆ ਮੇਰੇ ਸਾਹਮਣੇ ਬਲਕਾਰੀ ਹੋ ਕੇ ਕੋਈ ਨਾ ਉਠਾ, ਜ਼ੋਰ ਜ਼ਬਰ ਨਾ ਕੋਇ ਜਣਾਈਆ । ਜਿਸ ਦੇ ਉਤੇ ਦਿਆਲ ਹੋ ਕੇ ਤੁਠਾ, ਮਿਹਰ ਨਜ਼ਰ ਉਠਾਈਆ । ਸੋ ਚਰਨਾਂ ਉਤੇ ਢੱਠਾ, ਮਿਲੀ ਮਾਣ ਵਡਿਆਈਆ । ਸਚ ਦਵਾਰੇ ਉਹਨੂੰ ਰੱਖਾਂ, ਮਹੱਲ ਅਟਲ ਦਿਆਂ ਬਹਾਈਆ । ਓਹਦੇ ਨਾਲ ਮਿਲ ਕੇ ਹੱਸਾਂ, ਧੁਰ ਦੀ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਨਾਲ ਮਿਲਾ ਕੇ ਆਪਣੀਆਂ ਅੱਖਾਂ, ਆਖ਼ਰ ਅਖ਼ੀਰੀ ਆਪਣੇ ਵਿਚ ਸਮਾਈਆ ।



੬੮੩
੧੭

## ✪ ੬ ਅੱਸੂ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ ਪਿੰਡ ਕੱਲਾ ✪

ਸਤਿਗੁਰ ਸ਼ਬਦ ਕਹੇ ਮੇਰਾ ਸ਼ਬਦ ਅਨਮੋਲਾ, ਅਮੋਲ ਅਮੁੱਲ ਖੇਲ ਕਰਾਈਆ । ਧੁਰ ਦਰਗਾਹੋਂ ਬਣ ਵਿਚੋਲਾ, ਲੋਕਮਾਤ ਫੇਰਾ ਪਾਈਆ । ਭਾਗ ਲਗਾ ਕੇ ਕਾਇਆ ਚੋਲਾ, ਤਤਵ ਤਤ ਦਿਆਂ ਵਡਿਆਈਆ । ਧੁਰ ਸੰਦੇਸ਼ ਸੁਣਾ ਕੇ ਸੋਹਲਾ, ਸੱਚਾ ਰਾਗ ਸਮਝਾਈਆ । ਭੇਵ ਖੁਲ੍ਹਾ ਕੇ ਪੜਦਾ ਓਹਲਾ, ਮੰਦਰ ਇਕ ਸੁਹਾਈਆ । ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਵਾਂ ਕੋਲਾ, ਗ੍ਰਿਹਿ ਮੰਦਰ ਸੋਭਾ ਪਾਈਆ । ਕੂੜੀ ਕਿਰਿਆ ਮੇਟ ਕੇ ਰੌਲਾ, ਸਚ ਸੁਚ ਦਿਆਂ ਸਮਝਾਈਆ । ਜਗਤ ਪਾਪਾਂ ਭਾਰ ਕਰਕੇ ਹੌਲਾ, ਗੁਰਮੁਖ ਗੁਰਸਿਖ ਲਵਾਂ ਉਠਾਈਆ । ਦੇ ਵਡਿਆਈ ਉਪਰ ਧੌਲਾ, ਧਰਨੀ ਧਰਤ ਖ਼ੁਸ਼ੀ ਵਖਾਈਆ । ਨੂਰ ਖ਼ੁਦਾਈ ਦੱਸ ਕੇ ਅਗਲਾ, ਜੋਤੀ ਜੋਤ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਇਕ ਸਮਝਾਈਆ । ਸ਼ਬਦ ਗੁਰੂ ਕਹੇ ਮੇਰਾ ਖੇਲ ਬੇਸਮਝ, ਬਿਨ ਕਿਰਪਾ ਸਮਝ ਕਿਸੇ ਨਾ ਆਈਆ । ਜਿਨ੍ਹਾਂ ਲਾਈ ਆਪਣੀ ਰਮਜ਼, ਇਸ਼ਾਰੇ ਨਾਲ ਉਠਾਈਆ । ਓਹ ਖੱਲ ਲੁਹਾਵੇ ਵਾਂਗ ਸ਼ਮਸ, ਸੂਲੀ ਮਨਸੂਰ ਵਾਂਗ ਖ਼ੁਸ਼ੀ ਮਨਾਈਆ । ਪਰਮ ਪੁਰਖ ਦਾ ਬਣ ਕੇ ਬੰਸ, ਘਰ ਸਾਚੇ ਡੇਰਾ ਲਾਈਆ । ਜਨ ਭਗਤਾਂ ਬਿਨ ਕੋਈ ਨਾ ਸੋਹੇ ਸਾਚੀ ਅੰਸ, ਆਸਾ ਪੂਰ ਨਾ ਕੋਇ ਵਖਾਈਆ । ਕਲਜੁਗ ਅੰਤ ਸੰਤ ਬਣੇ ਫਿਰਦੇ ਸਹੰਸ, ਬਿਨ ਪੁਰਖ ਅਕਾਲ ਸਾਚੀ ਮੋਹਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਥੇ ਓਥੇ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਆਤਮ ਗੁਰਦੇਵ, ਪਰਮਾਤਮ ਦਿਤੀ ਵਡਿਆਈਆ । ਭਗਤ ਉਧਾਰਨ ਮੇਰੀ ਸੇਵ, ਜੁਗ ਚੌਕੜੀ ਇਕ ਸਮਝਾਈਆ । ਮੈਂ ਵਸਾਂ ਧਾਮ ਨਿਹਕੇਵ, ਨਿਹਚਲ ਡੇਰਾ ਲਾਈਆ । ਮੇਰਾ ਹੁਕਮ ਸੁਣਾਏ ਰਸਨਾ ਜਿਹਵ, ਬੱਤੀ ਦੰਦ ਸਾਲਾਹੀਆ । ਮੇਰਾ ਵੱਖਰਾ ਅਨੋਖਾ ਮੇਲ, ਰਸਨਾ ਵਿਚੋਂ ਰਸ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲੇਖਾ ਦਏ ਚੁਕਾਈਆ । ਸ਼ਬਦ ਗੁਰੂ ਕਹੇ ਮੇਰਾ ਭੇਵ ਗੁਝਾ, ਅਨਭਵ ਕਾਰ ਕਮਾਇੰਦਾ । ਮਸ ਸ਼ਾਹੀ ਕਾਗ਼ਜ਼ ਬਣ ਲਿਖ ਨਾ ਸਕੀ ਬਸੁਧਾ, ਬਨਾਸਪਤ ਚਲੀ ਨਾ ਕੋਇ ਚਤੁਰਾਈਆ । ਬ੍ਰਹਿਮੰਡ ਖੰਡ ਮੇਰਾ ਨਿੱਕਾ ਜਿਹਾ ਕੁੱਜਾ, ਜਿਸ ਵਿਚ ਲੱਖ ਚੁਰਾਸੀ ਦਿਤੀ ਟਿਕਾਈਆ । ਜੀਵ ਆਤਮਾ ਮੇਰਾ ਅਰਸ਼ੀ ਫ਼ਰਸ਼ੀ ਗੁੱਡਾ, ਜਿਉਂ ਭਾਵੇ ਤਿਉਂ ਰਿਹਾ ਚੜ੍ਹਾਈਆ । ਮੇਰੇ ਹੁਕਮੇ ਅੰਦਰ ਬਾਲਕ ਜਵਾਨ ਬੁੱਢਾ, ਆਯੂ ਜਗਤ ਵਿਚ ਹੰਢਾਈਆ । ਜਗਤ ਰੁਝੇਵੇਂ ਵਿਚ ਰੁਝਾ, ਰੁਚੀ ਮਾਇਆ ਨਾਲ ਭਰਮਾਈਆ । ਬਿਨ ਗੁਰਮੁਖ ਅੰਤਰ ਹੋਏ ਕਿਸੇ ਨਾ ਸੁਚਾ, ਸੋਝੀ ਸਚ ਨਾ ਕੋਇ ਸਮਝਾਈਆ । ਕਲਜੁਗ ਅੰਤ ਉਹਨਾਂ ਪੈਂਡਾ ਮੁਕਾ, ਅਗਲਾ ਪੰਧ ਦਿਤਾ ਮਿਟਾਈਆ । ਆਵਣ ਜਾਵਣ ਖਹਿੜਾ ਛੁੱਟਾ, ਛੁੱਟੀ ਜਗਤ ਲੋਕਾਈਆ । ਜਿਨ੍ਹਾਂ ਅੰਮ੍ਰਿਤ ਜਾਮ ਪੀਤਾ ਘੁਟਾ, ਰਸਨਾ ਰਸ ਚਖਾਈਆ । ਉਹਨਾਂ ਆਪੇ ਅੰਤ ਆ ਕੇ ਕਹੇ ਉਠ ਮੇਰਿਆ ਪੁੱਤਾ, ਪਿਤਾ ਪੂਤ ਆਪਣੀ ਗੋਦ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ੁੱਸੇ ਵਿਚ ਕਦੇ ਨਾ ਰੁੱਸਾ, ਰੁੱਸਿਆਂ ਲਏ ਮਿਲਾਈਆ ।


੬੮੪
੧੭

## ✪ ੬ ਅੱਸੂ ੨੦੨੧ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਹਿ ਪਿੰਡ ਕੱਲਾ ✪

ਸਤਿਗੁਰ ਸ਼ਬਦ ਕਹੇ ਮੇਰਾ ਮੇਲ ਸ੍ਰੀ ਭਗਵਾਨਾ, ਭਾਵਨੀ ਇਕੋ ਨਜ਼ਰੀ ਆਈਆ । ਭਾਣੇ ਅੰਦਰ ਖੇਲ ਦੋ ਜਹਾਨਾਂ, ਜੁਗ ਜੁਗ ਹੁਕਮ ਵਰਤਾਈਆ । ਪ੍ਰੇਮ ਪਿਆਰ ਅੰਦਰ ਤਰਾਨਾ, ਰਾਗਾਂ ਨਾਦਾਂ ਵਿਚ ਸੁਣਾਈਆ । ਜਨ ਭਗਤਾਂ ਨਾਲ ਮੇਰਾ ਯਰਾਨਾ, ਗ਼ੈਰਾਂ ਨਾਲੋਂ ਕਰਾਂ ਜੁਦਾਈਆ । ਖੇਲ ਵੇਖ ਜ਼ਿਮੀਂ ਅਸਮਾਨਾ, ਆਸ਼ਕ ਹੋ ਕੇ ਫੇਰਾ ਪਾਈਆ । ਸੰਤ ਸੁਹੇਲਾ ਕਰ ਪਰਵਾਨਾ, ਆਪਣੇ ਅੰਗ ਲਗਾਈਆ । ਗੁਰਮੁਖਾਂ ਵਖਾ ਸਚ ਨਿਸ਼ਾਨਾ, ਤੀਰ ਅਣਿਆਲਾ ਇਕ ਚਲਾਈਆ । ਗੁਰਸਿਖਾਂ ਬਖ਼ਸ਼ ਚਰਨ ਧਿਆਨਾ, ਅੰਤਰ ਆਤਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੁਕਮ ਦਿਤਾ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਭੋਗੀ, ਭਗਵਨ ਖੇਲ ਖਿਲਾਈਆ । ਸਤਿ ਸਰੂਪ ਸਦਾ ਸੰਜੋਗੀ, ਵਿਛੜੇ ਰਿਹਾ ਮਿਲਾਈਆ । ਜਪੀ ਤਪੀ ਹਠੀ ਸਤੀ ਜੋਗੀ, ਜੁਗਤ ਦਿਆਂ ਜਣਾਈਆ । ਏਥੇ ਉਥੇ ਦੋ ਜਹਾਨਾਂ ਮੌਜੀ, ਮਜਲਸ ਪ੍ਰੇਮ ਪਿਆਰ ਵਖਾਈਆ । ਮੰਜ਼ਲ ਪੌੜੀ ਦੱਸਾਂ ਸੌਖੀ, ਰਹਿਬਰ ਹੋ ਕੇ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਸਚ ਘਰ ਨਿਵਾਸੀ, ਗ੍ਰਹਿ ਗ੍ਰਹਿ ਸੋਭਾ ਪਾਈਆ । ਗੁਰਮੁਖਾਂ ਬਣ ਕੇ ਅੰਤਰ ਸਾਥੀ, ਸਾਚਾ ਸੰਗ ਨਿਭਾਈਆ । ਦਿਵਸ ਰੈਣ ਜਾਗਤ ਸੁਫ਼ਨ ਕਰ ਕੇ ਬਾਤੀ, ਗਾਵਾਂ ਗੀਤ ਚਾਈਂ ਚਾਈਆ । ਨਾਤਾ ਤੋੜ ਇਸ਼ਕ ਮਜਾਜ਼ੀ, ਹਕੀਕੀ ਹਕ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਿਤ ਨਵਿਤ ਮਿਲੇ ਸ਼ਤਾਬੀ,

ਦੂਰ ਦੁਰਾਡਾ ਪੰਧ ਮੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਮਸਤ ਪਿਆਲਾ, ਸੁਰਾਹੀ ਹੱਥ ਕਿਸੇ ਨਾ ਆਈਆ । ਸੋਹਣਾ ਮੰਦਰ ਇਕ ਸ਼ਿਵਾਲਾ, ਵਿਦਿਆਲੇ ਵਿਚੋਂ ਅੱਗੇ ਪੜ੍ਹਾਈਆ । ਸੋਹਣਾ ਮੱਠ ਵੱਖਰਾ ਨਿਰਾਲਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜਿਥੇ ਧੁੰਆਂਧਾਰ ਕਰੇ ਕੋਈ ਨਾ ਕਾਲਾ, ਦਾਗ਼ ਨਜ਼ਰ ਕੋਇ ਨਾ ਆਈਆ । ਮੈਂ ਬੈਠ ਓਸ ਧਰਮਸਾਲਾ, ਧਰਮ ਦੀ ਕਾਰ ਦਿਆਂ ਸਮਝਾਈਆ । ਸੋ ਕਲਜੁਗ ਅੰਤਮ ਪ੍ਰਭ ਕੀਤਾ ਖੇਲ ਨਿਰਾਲਾ, ਮੇਰੀ ਨਿਰਾਲੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਿਲਾਈਆ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਰਫ਼ੀਕ, ਫ਼ਰੀਕ ਅੰਦਰ ਰਹਿਣ ਕੋਇ ਨਾ ਪਾਈਆ । ਮੁਰੀਦਾਂ ਦੇ ਤੌਫ਼ੀਕ, ਮੁਰਸ਼ਦ ਦਿਆਂ ਮਿਲਾਈਆ । ਨਜ਼ਰ ਆਵਾਂ ਕਰੀਬ, ਨਜ਼ਦੀਕ ਹੋ ਕੇ ਖ਼ੁਸ਼ੀ ਵਖਾਈਆ । ਮੇਰਾ ਖੇਲ ਸਦਾ ਅਜੀਬ, ਅਜਬ ਵੱਡੀ ਵਡਿਆਈਆ । ਮੈਂ ਤਾਰਾਂ ਸਦਾ ਗ਼ਰੀਬ, ਅਦਨਿਆਂ ਗਲੇ ਲਗਾਈਆ । ਮੈਂ ਬਦਲ ਦੇਵਾਂ ਨਸੀਬ, ਕਿਸਮਤ ਦਿਆਂ ਉਲਟਾਈਆ । ਜਿਸ ਨੇ ਪ੍ਰੇਮ ਪਿਆਰ ਕਰ ਕੇ ਮੈਨੂੰ ਲਿਆ ਖ਼ਰੀਦ, ਓਸ ਦਾ ਹੋ ਕੇ ਸੇਵ ਕਮਾਈਆ । ਰਵਦਾਸ ਚਮਾਰਾ ਵੇਖੇ ਹੱਥੀਂ ਦੇਂਦਾ ਰਸੀਦ, ਸੌਦਾ ਨਕਦ ਉਧਾਰ ਨਾ ਕੋਇ ਕਰਾਈਆ । ਜਨ ਭਗਤਾਂ ਦੀ ਸਤਿਗੁਰ ਪੂਰਾ ਵੱਡੀ ਜਾਗੀਰ, ਜਿਸ ਵਿਚੋਂ ਖਾਣ ਖਰਚਣ ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਜਨ ਭਗਤਾਂ ਲਿਖ ਲਿਖਤ, ਲੇਖ ਇਕ ਜਣਾਇੰਦਾ । ਜਿਸ ਦੀ ਧੁਰ ਤੋਂ ਹੋਈ ਲਿਖਤ, ਲਿਖਿਆ ਹਕ ਨਾ ਕੋਈ ਮਿਟਾਇੰਦਾ । ਸਿਦਕ ਭਰੋਸਾ ਦੇ ਕੇ ਆਪਣੇ ਇਸ਼ਟ, ਅਸ਼ਟਾਮ ਪਟਾ ਆਪਣਾ ਨਾਮ ਵਰਤਾਇੰਦਾ । ਸਚਖੰਡ ਦਵਾਰ ਦੀ ਪਹਿਲੋਂ ਕਰ ਵਸੀਅਤ, ਮਰਿਆਂ ਬਾਦ ਹਕ ਹਕੀਕਤ ਝੋਲੀ ਪਾਇੰਦਾ । ਪੁਰਖ ਅਕਾਲ ਮਿਲਣ ਦੀ ਕਰ ਨਸੀਹਤ, ਨਸਰ ਨਗ਼ਮਿਆਂ ਵਿਚ ਜਣਾਇੰਦਾ । ਸਤਿਗੁਰੂ ਦਵਾਰਾ ਅਸਲਾਂ ਵਿਚੋਂ ਅਸਲੀਅਤ, ਅਸੂਲਾਂ ਵਿਚੋਂ ਸੱਚਾ ਆਪ ਬਣਾਇੰਦਾ । ਗੁਰਮੁਖ ਗੁਰੂਦਵਾਰੇ ਮਨ ਮਨਸਾ ਕਰੇ ਨਾ ਕੋਈ ਕਲਬੀਅਤ, ਕੂੜੀ ਕਿਰਿਆ ਡੇਰਾ ਢਾਇੰਦਾ । ਤੁਹਾਡੀ ਸਾਰਿਆਂ ਦੀ ਇਕੋ ਵਲਦੀਅਤ, ਪਿਤਾ ਪੁਰਖ ਅਕਾਲ ਅਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਆਪਣਾ ਰੂਪ ਸਮਝਾਇੰਦਾ ।

## ੬ ਅੱਸੂ ੨੦੨੧ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ

ਸਤਿਗੁਰ ਸ਼ਬਦ ਸੱਚਾ ਆਦਿ, ਆਦੀ ਅਨਾਦੀ ਇਕ ਅਖਵਾਇੰਦਾ । ਜਿਸ ਥਿਰ ਘਰ ਰੱਖੀ ਬੁਨਿਆਦ, ਦਰ ਘਰ ਸਾਚੇ ਸੋਭਾ ਪਾਇੰਦਾ । ਜਿਸ ਵਿਸ਼ਨ ਬ੍ਰਹਮਾ ਸ਼ਿਵ ਲਏ ਸਾਜ, ਸਾਜਣ ਹੋ ਕੇ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਦਿਤੀ ਦਾਤ, ਦੌਲਤ ਇਕੋ ਝੋਲੀ ਪਾਇੰਦਾ । ਪੰਜ ਤਤ ਕਰ ਆਬਾਦ, ਸਾਚਾ ਮੇਲਾ ਮੇਲ ਮਿਲਾਇੰਦਾ । ਚਾਰੇ ਖਾਣੀ ਦੇ ਕੇ ਰਾਸ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਲੱਖ ਚੁਰਾਸੀ ਘਾੜਤ ਘੜ ਅਬਿਨਾਸ਼, ਆਪਣੀ ਕਲ ਧਰਾਇੰਦਾ । ਵੇਖਣਹਾਰਾ ਖੇਲ ਤਮਾਸ਼, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਹੋ ਪਰਕਾਸ਼, ਗੁਰ ਗੁਰ ਆਪਣੀ ਕਾਰ ਕਮਾਇੰਦਾ । ਪੀਰ ਪੈਗ਼ੰਬਰ ਬੰਨ੍ਹ ਨਾਤ, ਨਾਤਾ ਆਪਣੇ ਨਾਲ ਰਖਾਇੰਦਾ । ਪ੍ਰੇਮ ਪਿਆਰ ਦੀ ਬਖ਼ਸ਼ ਸੌਗ਼ਾਤ, ਧੁਰ ਦੀ

ਝੋਲੀ ਆਪ ਭਰਾਇੰਦਾ । ਇਸ਼ਾਰਿਆਂ ਨਾਲ ਲਿਖਾ ਕਿਤਾਬ, ਕਲਮ ਸ਼ਾਹੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਦਰਸਾਇੰਦਾ । ਸ਼ਬਦ ਗੁਰ ਆਦੀ ਅਨਾਦੀ, ਇਕੋ ਇਕ ਅਖਵਾਈਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਵੇਖ ਵਖਾਈਆ । ਸ੍ਰਿਸ਼ਟ ਸਬਾਈ ਜਿਸ ਨੇ ਸਾਜੀ, ਘੜ ਭਾਂਡੇ ਸੋਭਾ ਪਾਈਆ । ਅੰਦਰ ਵੜ ਕੇ ਵੇਖੇ ਬਾਜ਼ੀ, ਬਾਜ਼ੀਗਰ ਨਟੂਆ ਆਪਣਾ ਸਾਂਗ ਵਰਤਾਈਆ । ਬਿਨ ਤੰਦ ਸਤਾਰਾਂ ਬਣੇ ਰਾਗੀ, ਧੁਰ ਦਾ ਰਾਗ ਅਲਾਈਆ । ਮਸਤੀ ਅੰਦਰ ਹੋ ਵਿਸਮਾਦੀ, ਬਿਸਮਲ ਰੂਪ ਸਮਾਈਆ । ਆਤਮ ਪਰਮਾਤਮ ਨਿਤ ਕਰਾਏ ਸ਼ਾਦੀ, ਬਣ ਵਿਚੋਲਾ ਖੇਲ ਖਿਲਾਈਆ । ਜਿਸ ਵੇਲੇ ਲੋਕਮਾਤ ਮਨ ਹੋਵੇ ਸਭ ਤੋਂ ਬਾਗ਼ੀ, ਆਪਣਾ ਖੰਡਾ ਫੇਰ ਉਠਾਈਆ । ਜਨ ਭਗਤ ਦਵਾਰਿਉਂ ਦੇਵੇ ਕਾਢੀ, ਭੈ ਭਉ ਇਕ ਜਣਾਈਆ । ਸਤਿ ਧਰਮ ਦਾ ਹੋ ਕੇ ਢਾਡੀ, ਸੋਹਣੀ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਾਂ ਬਣੇ ਸਚ ਸਮਾਜੀ, ਸਮਗਰੀ ਇਕੋ ਇਕ ਵਰਤਾਈਆ । ਸ਼ਬਦ ਗੁਰੂ ਆਦਿ ਅੰਤਾ, ਅਕਲ ਕਲਧਾਰੀ ਖੇਲ ਖਿਲਾਇੰਦਾ । ਪਰਗਟ ਹੋਵੇ ਜੁਗਾ ਜੁਗੰਤਾ, ਜੁਗ ਚੌਕੜੀ ਵੇਖ ਵਖਾਇੰਦਾ । ਆਪ ਜਣਾਏ ਆਪਣਾ ਮੰਤਾ, ਮੰਤਰ ਫੁਰਨਾ ਆਪ ਸਮਝਾਇੰਦਾ । ਆਪ ਜਗਾਏ ਸਾਚੇ ਸੰਤਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਆਪ ਮਿਟਾਏ ਹਉਮੇ ਹੰਗਤਾ, ਹੰ ਬ੍ਰਹਮ ਪੜਦਾ ਲਾਹਿੰਦਾ । ਆਪੇ ਵੇਖੇ ਲੱਖ ਚੁਰਾਸੀ ਜੀਵ ਜੰਤਾ, ਘਟ ਘਟ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਸਤਿਗੁਰ ਸ਼ਬਦ ਬੋਧ ਅਗਾਧਾ, ਅਲਖ ਕਰੇ ਪੜ੍ਹਾਈਆ । ਵੇਸ ਵਟਾ ਕੇ ਆਦਿ ਜੁਗਾਦਾ, ਜੁਗ ਜੁਗ ਰੀਤ ਚਲਾਈਆ । ਆਤਮਕ ਧੁਨ ਦੇਵੇ ਅਨਾਦਾ, ਅਨਡਿਠੜੀ ਕਾਰ ਕਮਾਈਆ । ਫੜ ਫੜ ਹੰਸ ਬਣਾਵੇ ਕਾਗਾ, ਕਾਗੋਂ ਹੰਸ ਉਡਾਈਆ । ਦੁਰਮਤ ਮੈਲ ਧੋ ਕੇ ਦਾਗ਼ਾ, ਦੂਈ ਦਵੈਤੀ ਪਰੇ ਸੁਟਾਈਆ । ਘਰ ਦੀਪਕ ਜੋਤ ਜਾਗਾ ਚਰਾਗ਼ਾ, ਜਗਮਗ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੋ ਕੇ ਨਜ਼ਰੀ ਆਈਆ । ਸਤਿਗੁਰ ਸ਼ਬਦ ਸਦਾ ਸਨਮੁਖ, ਮੁਖ ਉਜਲ ਜਗਤ ਕਰਾਇੰਦਾ । ਜਨ ਭਗਤਾਂ ਮੇਟੇ ਕਰਮ ਕਰਮ ਦਾ ਦੁੱਖ, ਦੁਖੀਆਂ ਦਰਦ ਵੰਡਾਇੰਦਾ । ਪ੍ਰੇਮ ਪਿਆਰ ਦਾ ਦੇ ਕੇ ਸੁਖ, ਸਾਂਤਕ ਸਤਿ ਕਰਾਇੰਦਾ । ਕੂੜੀ ਕਿਰਿਆ ਮੇਟ ਕੇ ਭੁੱਖ, ਨਾਮ ਪਦਾਰਥ ਇਕ ਵਰਤਾਇੰਦਾ । ਸਾਢੇ ਤਿੰਨ ਹੱਥ ਮੰਦਰ ਲੁਕ, ਪੜਦਾ ਕਾਇਆ ਮਾਟੀ ਹਾਡੀ ਉਤੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਗੁਰ ਸ਼ਬਦ ਏਕੋ ਏਕਾ, ਏਕ ਏਕ ਅਖਵਾਈਆ । ਜਿਸ ਦੀ ਰੱਖਣ ਸਾਰੇ ਟੇਕਾ, ਬੈਠੇ ਅੱਖ ਖੁਲ੍ਹਾਈਆ । ਨਿਤ ਨਵਿਤ ਸਦ ਆਵੇ ਜਾਵੇ ਬੁਧ ਕਰੇ ਬਿਬੇਕਾ, ਗੁਰਮੁਖਾਂ ਲਏ ਸਮਝਾਈਆ । ਏਥੇ ਓਥੇ ਮੁਕਾਵਣਹਾਰਾ ਲੇਖਾ, ਲਹਿਣਾ ਸਭ ਦੀ ਝੋਲੀ ਪਾਈਆ । ਬਿਨ ਭਗਤ ਕਿਸੇ ਨਾ ਦੇਖਾ, ਸਨਮੁਖ ਨਜ਼ਰ ਕਿਸੇ ਨਾ ਆਈਆ । ਭਗਤ ਉਧਾਰਨ ਜਗਤ ਉਲਟਾਵਣ ਪੈਜ ਸਵਾਰਨ ਜਿਸ ਦਾ ਠੇਕਾ, ਠੇਕੇਦਾਰੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੋ ਅਨੇਕਾ, ਸਹੀ ਸਲਾਮਤ ਬੇਪਰਵਾਹੀਆ । ਸ਼ਬਦ ਗੁਰੂ ਸੌਹਰੇ ਪੇਈਏ ਰਿਹਾ ਤੱਕ, ਦੋ ਜਹਾਨ ਧਿਆਨ ਲਗਾਈਆ । ਥਾਉਂ ਥਾਈਂ ਸਭ ਦਾ ਦੇਵੇ ਹਕ, ਹਾਕਮ ਹੋ ਕੇ ਹੁਕਮ ਵਰਤਾਈਆ । ਮੰਜ਼ਲ ਚੜ੍ਹਦਾ ਕਦੀ ਨਾ ਜਾਵੇ ਥੱਕ, ਅਧਵਿਚਕਾਰ ਨਾ ਕੋਇ ਅਟਕਾਈਆ ।

ਲੱਖ ਚੁਰਾਸੀ ਜੀਵ ਜੰਤ ਵੇਖੇ ਆਪਣੀ ਅੱਖ, ਗ੍ਰਿਹਿ ਗ੍ਰਿਹਿ ਮੰਦਰ ਫੋਲ ਫੁਲਾਈਆ । ਗੁਰਮੁਖ ਸੱਜਣ ਕਰੇ ਵੱਖ, ਵੱਖਰੀ ਧਾਰ ਬੰਧਾਈਆ । ਮਨਮੁਖ ਜੀਵ ਜਾਵੇ ਛੱਡ, ਪੱਲੂ ਲਏਛੁਡਾਈਆ । ਵੱਖਰਾ ਨਿਰਾਲਾ ਗੋਪਾਲਾ ਹੋ ਕੇ ਅੱਡ, ਅਨੋਖੀ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਬਦ ਗੁਰੂ ਕਹੇ ਮੈਂ ਅਨਦ ਬਨੋਦੀ, ਅਨਨ ਕਲਾ ਅਖਵਾਇੰਦਾ । ਗੁਰ ਅਵਤਾਰ ਖੇਡਦੇ ਮੇਰੀ ਗੋਦੀ, ਪੀਰ ਪੈਗ਼ੰਬਰਾਂ ਹੁਲਾਰੇ ਵਿਚ ਰਖਾਇੰਦਾ । ਮੇਰੇ ਫ਼ਰਮਾਨ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਪੋਥੀ, ਅੰਜੀਲ ਕੁਰਾਨ ਹੁਕਮੇ ਅੰਦਰ ਢੋਲਾ ਗਾਇੰਦਾ । ਪੜ੍ਹ ਪੜ੍ਹ ਮੇਰੇ ਮਿਲਣ ਦੀ ਘਾਟੀ ਔਖੀ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਮੈਂ ਠਾਕਰ ਮੇਲਾ ਕਰਾਂ ਬਣ ਕੇ ਮੌਜੀ, ਮੁਫ਼ਤ ਆਪਣੀ ਦਇਆ ਕਮਾਇੰਦਾ । ਜਿਸ ਵੇਲੇ ਜਨ ਭਗਤਾਂ ਲਵਾਂ ਖੋਜੀ, ਸੁਤਿਆਂ ਜਾਗਦਿਆਂ ਫੜ ਫੜ ਆਪ ਉਠਾਇੰਦਾ । ਕਦੀ ਨਾ ਵੇਖਾਂ ਜੰਞੂ ਬੋਦੀ, ਮੁੱਛ ਦਾਹੜੀ ਕੇਸ ਵੰਡ ਨਾ ਕੋਇ ਵਖਾਇੰਦਾ । ਜਿਨ੍ਹਾਂ ਲੇਖਾ ਧੁਰ ਸੰਜੋਗੀ, ਫੜ ਫੜ ਗਲੇ ਲਗਾਇੰਦਾ । ਉਹਨਾਂ ਤਾਹਨੇ ਦੇਵਣ ਲੋਕੀ, ਲੋਕ ਪਰਲੋਕ ਉਹਨਾਂ ਵੇਖ ਖ਼ੁਸ਼ੀ ਮਨਾਇੰਦਾ । ਜਿਨ੍ਹਾਂ ਸਤਿਗੁਰ ਸਾਹਿਬ ਦਾ ਗਾਇਆ ਇਕ ਸਲੋਕੀ, ਸੋਹੰ ਢੋਲਾ ਰਾਗ ਸੁਣਾਇੰਦਾ । ਉਸ ਦਾ ਭੇਵ ਕਿਆ ਕੋਈ ਜਾਣੇ ਜੋਸ਼ੀ, ਜੋਤਸ਼ੀ ਸਮਝ ਕੋਇ ਨਾ ਪਾਇੰਦਾ । ਉਥੇ ਵਿਦਿਆ ਸਾਰੀ ਹੋਏ ਖ਼ਾਮੋਸ਼ੀ, ਮਸਲਾ ਹੱਲ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਤਰ ਰਿਹਾ ਸੋਧੀ, ਸਿੱਧਾ ਆਪਣਾ ਮੇਲ ਮਿਲਾਇੰਦਾ ।



## ੬ ਅੱਸੂ ੨੦੨੧ ਬਿਕ੍ਰਮੀ ਸਰਮੁਖ ਸਿੰਘ ਦੇ ਗ੍ਰਿਹਿ ਪਿੰਡ ਕੱਲਾ

ਸਤਿਗੁਰ ਸ਼ਬਦ ਕਹੇ ਮੇਰਾ ਘਰ ਅਨਡਿਠਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜਿਥੋਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਿਲੇ ਚਿੱਠਾ, ਧੁਰ ਦੀ ਧਾਰ ਨਾਮ ਜਣਾਈਆ । ਅੱਖਰਾਂ ਵਿਚ ਜਿਨ੍ਹਾਂ ਲੇਖ ਲਿਖਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤੇ ਬਣਾਈਆ । ਆਦਿ ਜੁਗਾਦਿ ਪਾਵਣਹਾਰਾ ਭਿਛਾ, ਭਿਖਿਆ ਇਕ ਵਰਤਾਈਆ । ਸਭ ਤੋਂ ਵੱਖਰਾ ਭਗਤਾਂ ਜੋਗਾ ਹਿੱਸਾ, ਆਪਣੇ ਕੋਲ ਰਖਾਈਆ । ਜੁਗ ਜੁਗ ਤਾਰਾਂ ਵੱਡਾ ਨਿੱਕਾ, ਨਿਕਿਉਂ ਵੱਡੇ ਦਿਆਂ ਬਣਾਈਆ । ਜਿਨ੍ਹਾਂ ਲਾਵਾਂ ਨਾਮ ਦਾ ਟਿੱਕਾ, ਮਸਤਕ ਖ਼ੁਸ਼ੀ ਵਖਾਈਆ । ਉਹ ਕਹਿਣ ਪੁਰਖ ਅਕਾਲ ਸਾਡਾ ਪਿਤਾ, ਜਿਸ ਦੀ ਹੈਸੀਯਤ ਸਮਝ ਕਿਸੇ ਨਾ ਆਈਆ । ਉਸ ਦਾ ਰਸ ਕਦੇ ਨਾ ਫਿਟਾ, ਅਨੂਠਾ ਰਸ ਮੁਖ ਚੁਆਈਆ । ਦੋ ਜਹਾਨ ਦਏ ਨਾ ਪਿੱਠਾ, ਕਰਵਟ ਆਪਣੀ ਲਏ ਬਦਲਾਈਆ । ਅੰਤਰ ਆਤਮ ਕਰੇ ਹਿੱਤਾ, ਪਰਮਾਤਮ ਸਾਚਾ ਸੰਗ ਰਖਾਈਆ । ਲੇਖਾ ਜਾਣੇ ਜੀਵ ਜੀਕਾ, ਖੋਜਣਹਾਰਾ ਹਰ ਘਟ ਥਾਈਆ । ਲਹਿਣਾ ਮੁਕਾਵੇ ਸਾਢੇ ਤਿੰਨ ਹੱਥ ਸੀਂ ਕਾ, ਜੀਵਣ ਜੁਗਤ ਜਣਾਈਆ । ਮਹੱਲ ਵੇਖੇ ਡੂੰਘੀ ਨੀਂਹ ਦਾ, ਗੁਰਮੁਖ ਵਿਰਲਾ ਨਜ਼ਰੀ ਆਈਆ । ਮੇਘ ਬਰਸੇ ਅੰਬਰ ਆਪਣੇ ਮੀਂਹ ਕਾ, ਬੂੰਦ ਸਵਾਂਤੀ ਇਕ ਟਪਕਾਈਆ । ਲੇਖਾ ਜਾਣੇ ਘਰ ਵਸੀਹ ਕਾ, ਵਡ ਵੱਡਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸਮਝਾਈਆ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਸੰਗੀ, ਸਗਲਾ ਸੰਗ ਰਖਾਈਆ । ਜੁਗ ਜੁਗ ਦੇਵਾਂ ਵਸਤ ਗੁਰਮੁਖਾਂ ਮੰਗੀ, ਅਮੋਲਕ ਇਕ ਵਰਤਾਈਆ । ਜਨ ਭਗਤਾਂ ਪਿੱਠ ਹੋਣ ਨਾ ਦੇਵਾਂ ਨੰਗੀ, ਪੁਸ਼ਤ

ਪਨਾਹ ਇਕ ਸਮਝਾਈਆ । ਖ਼ਾਨਾ ਤੋੜ ਕੇ ਬੰਦੀ, ਬੰਦਗੀ ਆਪਣੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਕਹੇ ਮੈਂ ਰਾਜਾ ਪਰਜਾ, ਦੋਹਾਂ ਰੂਪ ਜਣਾਇੰਦਾ । ਆਦਿ ਜੁਗਾਦਿ ਗ੍ਰੰਥਾਂ ਵਿਚ ਮੇਰਾ ਚਰਚਾ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਗੇ ਮੇਰਾ ਪਰਚਾ, ਨਾਮ ਇਬਾਰਤ ਇਕ ਲਿਖਾਇੰਦਾ । ਭਗਤਾਂ ਸੰਤਾ ਅੰਦਰ ਪ੍ਰੇਮ ਪਿਆਰ ਦਾ ਵਿਰਸਾ, ਵਸਤ ਅਮੋਲਕ ਇਕ ਟਿਕਾਇੰਦਾ । ਗੁਰਮੁਖਾਂ ਗੁਰਸਿਖਾਂ ਖੋਲ੍ਹਣਹਾਰਾ ਦ੍ਰਿਸ਼ਟਾ, ਪੜਦਾ ਪਰੇ ਹਟਾਇੰਦਾ । ਸਰਬ ਜੀਆਂ ਦਾ ਸਾਂਝਾ ਬਣਕੇ ਇਸ਼ਟਾ, ਈਸ਼ਵਰ ਇਕੋ ਘਰ ਮਿਲਾਇੰਦਾ । ਸਚ ਦਵਾਰੇ ਬੰਨ੍ਹਾ ਕੇ ਨਿਸਚਾ, ਨਿਹਚਲ ਧਾਮ ਵਖਾਇੰਦਾ । ਕੂੜੀ ਕਿਰਿਆ ਮੇਟ ਕੇ ਚਿੰਤਾ, ਸੁਖ ਸਾਗਰ ਵਿਚ ਸਮਾਇੰਦਾ । ਦਰ ਦੁਰਕਾ ਕੇ ਕੂੜਿਆਂ ਨਿੰਦਕਾਂ, ਗੁਰਮੁਖ ਆਪਣੀ ਗੋਦ ਉਠਾਇੰਦਾ । ਜਾਮ ਪਿਆ ਕੇ ਸਾਗਰ ਸਿੰਧ ਕਾ, ਸਿੱਧਾ ਰਾਹ ਇਕ ਵਖਾਇੰਦਾ । ਖੇਲ ਵਖਾ ਕੇ ਗੁਣੀ ਗਹਿੰਦ ਕਾ, ਗਹਿਰ ਗੰਭੀਰ ਜੋੜ ਜੁੜਾਇੰਦਾ । ਲਹਿਣਾ ਚੁਕਾ ਕੇ ਅਨਾਦੀ ਬਿੰਦ ਕਾ, ਬੰਦਾ ਬੰਧਨ ਵਿਚੋਂ ਪਾਰ ਕਰਾਇੰਦਾ । ਕਿਸੇ ਨਹੀਂ ਵਸਾਹ ਆਪਣੀ ਜਿੰਦ ਕਾ, ਸਭ ਦੀ ਜ਼ਿੰਦਗੀ ਸਤਿਗੁਰ ਆਪਣੇ ਹੱਥ ਰਖਾਇੰਦਾ । ਲੇਖਾ ਚੁੱਕੇ ਵਿਸ਼ਨ ਬ੍ਰਹਮਾ ਸ਼ਿਵ ਇੰਦ ਕਾ, ਸਿੰਘਾਸਣ ਆਸਣ ਇਕੋ ਸੋਭਾ ਪਾਇੰਦਾ । ਇਹ ਖੇਲ ਜੀਉ ਪਿੰਡ ਕਾ, ਇੰਡ ਬ੍ਰਹਿਮੰਡ ਖੋਜ ਖੁਜਾਇੰਦਾ । ਏਥੇ ਵੇਲਾ ਨਹੀਂ ਸੁਣਨਾ ਰਾਗ ਕਿੰਗ ਦਾ, ਧੁਰ ਦਾ ਢੋਲਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਗੁਰੂ ਕਹੇ ਮੈਂ ਧੁਰ ਦਾ ਮੰਤਰ, ਮੰਤਵ ਸਾਰੇ ਹਲ ਕਰਾਈਆ । ਮੇਰਾ ਖੇਲ ਗਗਨ ਗਗਨੰਤਰ, ਬ੍ਰਹਿਮੰਡ ਖੰਡ ਸੋਭਾ ਪਾਈਆ । ਲੱਖ ਚੁਰਾਸੀ ਸਰਬ ਜੀਆਂ ਬਿਧ ਜਾਣਾਂ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਿਤਾ ਬਣਾਈਆ । ਸ਼ਬਦ ਗੁਰੂ ਕਹੇ ਮੈਂ ਸਦਾ ਅਨਪੜ੍ਹ, ਜਗਤ ਵਿਦਿਆ ਵਿਚ ਕਦੇ ਨਾ ਆਈਆ । ਮੇਰਾ ਲੇਖਾ ਬਾਹਰ ਸੀਸ ਧੜ, ਤਤਵ ਤਤ ਨਾ ਕੋਇ ਵਡਿਆਈਆ । ਜੋ ਕਰਨੀ ਸੋ ਰਿਹਾ ਕਰ, ਹੁਕਮੇ ਅੰਦਰ ਖ਼ਲਕ ਖ਼ੁਦਾਈਆ । ਮੈਨੂੰ ਧੁਰ ਦਾ ਮਿਲਿਆ ਵਰ, ਮਿਹਰਵਾਨ ਸਿਰ ਮੇਰੇ ਹੱਥ ਟਿਕਾਈਆ । ਜੁਗ ਚੌਕੜੀ ਖੇਲ ਰਿਹਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਕਲਜੁਗ ਅੰਤਮ ਧਰਨੀ ਉਪਰ ਆਪਣਾ ਆਪ ਧਰ, ਧਵਲ ਦਿਤਾ ਸਿਖਾਈਆ । ਸੰਤ ਸੁਹੇਲੇ ਲਏ ਫੜ, ਭਗਤਾਂ ਜੋੜ ਜੁੜਾਈਆ । ਗੁਰਮੁਖ ਅੱਗੇ ਕੋਇ ਨਾ ਸਕਿਆ ਅੜ, ਨਿਉਂ ਨਿਉਂ ਲਾਗਣ ਪਾਈਆ । ਗੁਰਸਿਖਾਂ ਸਚ ਦਵਾਰੇ ਲਾਈ ਜੜ੍ਹ, ਜਿਥੋਂ ਸਕੇ ਨਾ ਕੋਇ ਉਖੜਾਈਆ । ਲੱਖ ਚੁਰਾਸੀ ਪੁੱਤਰ ਧੀਆਂ ਅੰਤਮ ਸਭ ਦੇ ਜਾਵਣ ਮਰ, ਗੁਰਮੁਖ ਬੱਚਾ ਜਨਮ ਮਰਨ ਵਿਚ ਕਦੇ ਨਾ ਆਈਆ । ਏਹੋ ਜਿਹਾ ਸਨਮੁਖ ਹੋ ਕੇ ਕੋਈ ਨਾ ਦੇਵੇ ਵਰ, ਵਾਰਸ ਹੋ ਕੇ ਆਪਣਾ ਹਕ ਜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵੇ ਖੇੜਾ ਸੱਚਾ ਘਰ, ਘਰ ਵਿਚ ਘਰ ਦੀਪ ਦੀਪ ਰੁਸ਼ਨਾਈਆ ।

### ੬ ਅੱਸੂ ੨੦੨੧ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕੱਲਾ

ਸਤਿਗੁਰ ਸ਼ਬਦ ਰਹੇ ਸਦਾ ਜੁਗ ਚਾਰੇ, ਚੌਕੜੀ ਆਪਣਾ ਹੁਕਮ ਵਰਤਾਈਆ । ਨਿਤ ਨਵਿਤ ਜਨ ਭਗਤਾਂ ਆਪ ਉਭਾਰੇ, ਸਦਾ ਸਦਾ ਸਹਾਈਆ । ਡੁਬਦੀ ਨਈਆ ਲਾਏ ਕਿਨਾਰੇ, ਪਤਣ ਬਹਿ ਕੇ ਵੇਖ ਵਖਾਈਆ । ਸਚ ਕਿਨਾਰੇ ਆਪ ਉਤਾਰੇ, ਅੱਗੇ ਹੋ ਕੇ ਗਲੇ ਲਗਾਈਆ । ਮਿਲ ਕੇ ਬੋਲੇ ਆਪ ਜੈਕਾਰੇ, ਧੁਰ ਦਾ ਢੋਲਾ ਗਾਈਆ । ਗੁਰਮੁਖ ਗੁਰ ਗੁਰ ਸਦਾ ਕਰੇ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਬਾਲਕ ਸਦਾ ਤੁਮਾਰੇ, ਤੁਮਰੀ ਓਟ ਰਖਾਈਆ । ਗੁਰ ਮੰਤਰ ਸਚ ਕਰੇ ਪਿਆਰੇ, ਪ੍ਰੇਮ ਪ੍ਰੀਤੀ ਆਪਣੇ ਨਾਲ ਰਖਾਈਆ । ਜਨ ਭਗਤੇ ਜਿਨ੍ਹਾਂ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰੇ, ਤਿਨ੍ਹਾਂ ਦੀ ਜਗਹ ਨਾਲੋਂ ਜਗਹ ਦਏ ਬਦਲਾਈਆ । ਜਗਹ ਨਾਲੋਂ ਕਿਹੜੀ ਜਗਹ, ਜਗਤ ਦਾਤੇ ਦੇ ਸਮਝਾਈਆ । ਪੁਰਖ ਅਕਾਲ ਕਹੇ ਜਿਸ ਨਾਲ ਵਧੇ ਮੇਰਾ ਅੱਗਾ, ਪੀਹੜੀ ਜਗਤ ਵਧਾਈਆ । ਜਿਸ ਉਪਰ ਅਗੰਮੀ ਛੱਤਾ, ਸਾਢੇ ਤਿੰਨ ਹੱਥ ਉਸ ਦੀ ਵੰਡ ਵੰਡਾਈਆ । ਉਹ ਮੰਦਰ ਸੋਹਣਾ ਲੱਗਾ, ਘਰ ਘਰ ਵਿਚ ਸੋਭਾ ਪਾਈਆ । ਸੰਤ ਸੁਹੇਲੇ ਦੇ ਕੇ ਸੱਦਾ, ਇਕੱਠੇ ਲਏ ਕਰਾਈਆ । ਜਗਤ ਵਾਸਨਾ ਵਿਚ ਬੱਧਾ, ਕਰ ਕਿਰਪਾ ਲਿਆ ਛੁਡਾਈਆ । ਸਾਖਿਆਤ ਹੋ ਕੇ ਦਰਸ ਦਿਤਾ ਸੂਰਾ ਸਰਬੰਗਾ, ਮਿਹਰ ਨਜ਼ਰ ਉਠਾਈਆ । ਘਰ ਵਿਚੋਂ ਘਰ ਬਦਲਾ ਕੇ ਆਪਣੀ ਦਿਤੀ ਉਹ ਜਗਹ, ਜਿਸ ਘਰ ਨੂੰ ਫੇਰ ਸਕੇ ਨਾ ਕੋਇ ਬਦਲਾਈਆ ।

### ੬ ਅੱਸੂ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ ਪਿੰਡ ਕੱਲਾ

ਸਤਿਗੁਰ ਸ਼ਬਦ ਖੇਲ ਸਚ ਰਚਾਇਆ, ਰਚਨਾ ਰਚ ਰਚ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਧੁਰ ਫ਼ਰਮਾਨਾ ਹੁਕਮ ਮਨਾਇੰਦਾ । ਲੱਖ ਚੁਰਸੀ ਗੇੜ ਚਲਾਇਆ, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਸੋਭਾ ਪਾਇਆ, ਘਰ ਘਰ ਮੇਲ ਮਿਲਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਨਿਰਵੈਰ ਹੋ ਕੇ ਪੰਧ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਸ਼ਬਦ ਗੁਰੂ ਸਤਿਗੁਰ ਸਰਬ ਵਿਆਪੀ, ਵਿਆਪਕ ਹਰ ਘਟ ਨਜ਼ਰੀ ਆਈਆ । ਆਦਿ ਜੁਗਾਦਿ ਵਡ ਪਰਤਾਪੀ, ਭਗਵਨ ਬੇਪਰਵਾਹੀਆ । ਉਧਾਰਨਹਾਰਾ ਪਤਤ ਪਾਪੀ, ਪੁਨੀਤ ਦਏ ਬਣਾਈਆ । ਮੰਜ਼ਲ ਚੜ੍ਹਾ ਕੇ ਔਖੀ ਘਾਟੀ, ਘਰ ਸਾਚੇ ਦਏ ਬਹਾਈਆ । ਜਿਨ੍ਹਾਂ ਦਾ ਲੋਕਮਾਤ ਬਣ ਗਿਆ ਸਾਥੀ, ਤਿਨ੍ਹਾਂ ਦਾ ਸੱਥਰ ਵਿਛਾ ਕੇ ਸੇਜ ਖ਼ੁਸ਼ੀ ਮਨਾਈਆ । ਅੰਤਮ ਅੰਤ ਕਰੇ ਰਾਖੀ, ਰੱਖਕ ਹੋ ਕੇ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਲਹਿਣਾ ਦੇਣਾ ਦੇਵੇ ਬਾਕੀ, ਬਕਾਇਆ ਨਜ਼ਰ ਕੋਇ ਨਾ ਆਈਆ । ।

### ੬ ਅੱਸੂ ੨੦੨੧ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਹਿ ਪਿੰਡ ਕੰਗ

ਸ਼ਬਦ ਸੁਤ ਕਹੇ ਸ੍ਰੀ ਭਗਵਾਨ, ਸਚਖੰਡ ਨਿਵਾਸੀ ਸਚ ਦਿਆਂ ਦ੍ਰਿੜਾਈਆ । ਬ੍ਰਹਿਮੰਡ ਖੰਡ ਵੇਖਿਆ ਮਾਰ ਧਿਆਨ, ਪੁਰੀ ਲੋਅ ਫੇਰਾ

ਪਾਈਆ । ਲੱਖ ਚੁਰਾਸੀ ਵੇਖਿਆ ਜੀਵ ਜਹਾਨ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਖ਼ਾਲੀ ਦਿਸੇ ਮੰਦਰ ਮਕਾਨ, ਸਤਿ ਸੁਚ ਨੇੜ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਉਂ ਦੇ ਕੇ ਗਏ ਬਿਆਨ, ਧੁਰ ਦਾ ਢੋਲਾ ਰਾਗ ਸੁਣਾਈਆ । ਕਲਜੁਗ ਜੀਵ ਭੁੱਲੇ ਅੰਞਾਣ, ਅੰਤਰ ਆਤਮ ਸਮਝ ਕਿਸੇ ਨਾ ਆਈਆ । ਰਸਨਾ ਜਿਹਵਾ ਕਰਨ ਸਰਬ ਵਖਿਆਨ, ਮੰਦਰ ਚੜ੍ਹ ਕੇ ਦਰਸ ਕੋਇ ਨਾ ਪਾਈਆ । ਨਵ ਨੌ ਚਾਰ ਵੇਖ ਹੋਇਆ ਹੈਰਾਨ, ਹੈਰਾਨੀ ਸਭ ਦੇ ਉਤੇ ਨਜ਼ਰੀ ਆਈਆ । ਨੌ ਦਵਾਰੇ ਨੱਚਦਾ ਵੇਖਿਆ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਸਾ ਤ੍ਰਿਸ਼ਨਾ ਮਾਇਆ ਮਮਤਾ ਨਾਰ ਰਕਾਣ, ਮੂਰਖ ਮੁਗਧਾਂ ਰਹੀ ਪਰਨਾਈਆ । ਸਾਚਾ ਨਜ਼ਰ ਨਾ ਆਏ ਕਿਸੇ ਨਿਸ਼ਾਨ, ਨਿਸ਼ਾਨਾ ਹਕ ਨਾ ਕੋਇ ਉਠਾਈਆ । ਕਲਜੁਗ ਸੰਤ ਮਾਇਆ ਬੇਅੰਤ ਪਈ ਮਹਾਨ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਅਨਹਦ ਸ਼ਬਦ ਸਾਚੀ ਧੁਨ ਸੁਣੇ ਨਾ ਕੋਈ ਕਾਨ, ਅਨਰਾਗੀ ਰਾਗ ਨਾ ਕੋਇ ਜਣਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਆਤਮ ਜੋਤੀ ਜੋਤ ਨਾ ਜਗੇ ਮਹਾਨ, ਘਰ ਵਿਚ ਘਰ ਨਾ ਕੋਇ ਰੁਸ਼ਨਾਈਆ । ਮੁਸ਼ਕਲ ਕਿਸੇ ਨਾ ਦਿਸੀ ਹੋਈ ਆਸਾਨ, ਅਸਲ ਵਸਲ ਕਰਦਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਵਿਗੜਿਆ ਤੇਰਾ ਨਿਜ਼ਾਮ, ਨੌਬਤ ਨਾਮ ਨਾ ਕੋਇ ਸੁਣਾਈਆ । ਕਲਮਾ ਸਮਝੇ ਨਾ ਕੋਇ ਕਲਾਮ, ਕਾਇਨਾਤ ਨਾ ਕੋਇ ਵਡਿਆਈਆ । ਮੈਂ ਸਚ ਦੱਸਾਂ ਪੈਗ਼ਾਮ, ਅੱਖੀਂ ਵੇਖਿਆ ਹਾਲ ਸੁਣਾਈਆ । ਮੁੱਲਾ ਸ਼ੇਖ਼ ਮੁਸਾਇਕ ਕਰਨ ਹਰਾਮ, ਪੰਡਤ ਪਾਂਧੇ ਧੀਆਂ ਭੈਣਾਂ ਰਹੇ ਤਕਾਈਆ । ਸਾਚਾ ਦਿਸੇ ਨਾ ਕੋਈ ਬਾਗ਼ਬਾਨ, ਮਾਲੀ ਰਹਿਣ ਕੋਇ ਨਾ ਪਾਈਆ । ਨਾ ਕੋਈ ਜਣਾਏ ਤੇਰਾ ਧੁਰ ਫ਼ਰਮਾਨ, ਸ਼ਬਦ ਅਗੰਮੀ ਰਾਗ ਨਾ ਕੋਇ ਅਲਾਈਆ । ਮਨ ਮਮਤਾ ਸਾਰੇ ਬੈਠ ਕੁਰਲਾਣ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਸ਼ਬਦ ਗੁਰੂ ਕਹੇ ਪ੍ਰਭ ਮੇਰੇ ਸਮਰਥਾ, ਪੁਰਖ ਅਕਾਲ ਤੇਰੀ ਸਰਨਾਈਆ । ਸਚ ਸੁਨੇਹੜਾ ਤੈਨੂੰ ਦੱਸਾਂ, ਭੇਵ ਅਭੇਦ ਖੁਲ੍ਹਾਈਆ । ਤੇਰੇ ਹੁਕਮੇਂ ਅੰਦਰ ਫਿਰ ਕੇ ਆਇਆ ਨੱਸਾ, ਦੋ ਜਹਾਨਾਂ ਪੰਧ ਮੁਕਾਈਆ । ਕਲਜੁਗ ਜੀਵ ਨਿਧਾਨਾ ਬੱਚਾ, ਬਚਪਨ ਆਪਣਾ ਬੈਠਾ ਗਵਾਈਆ । ਹਿਰਦਿਉਂ ਕੋਈ ਨਾ ਰਿਹਾ ਪੱਕਾ, ਧੁਰ ਦਾ ਸੰਗੀ ਸੰਗ ਨਾ ਕੋਇ ਰਖਾਈਆ । ਸਚ ਦਵਾਰੇ ਨਜ਼ਰ ਨਾ ਆਇਆ ਕੋਈ ਖੁਲ੍ਹਿਆ ਹੱਟਾ, ਨਾਮ ਭੰਡਾਰਾ ਘਰ ਨਾ ਕੋਇ ਵਰਤਾਈਆ । ਸਤਿ ਧਰਮ ਦਾ ਬੁਰਜ ਢੱਠਾ, ਕੂੜ ਕੁੜਿਆਰਾ ਰਿਹਾ ਲਹਿਰਾਈਆ । ਦੀਨ ਮਜ਼੍ਹਬ ਦਾ ਪਿਆ ਰੱਟਾ, ਝਗੜਾ ਕਰੇ ਲੋਕਾਈਆ । ਤੇਰੇ ਪ੍ਰੇਮ ਦਾ ਚੜ੍ਹਿਆ ਕਿਸੇ ਨਾ ਨਸ਼ਾ, ਨਾਮ ਖ਼ੁਮਾਰੀ ਨਜ਼ਰ ਕਿਸੇ ਨਾ ਆਈਆ । ਕੋਈ ਖਾਵੇ ਢੱਗੀ ਵੱਛਾ, ਕੋਈ ਸੂਰਾਂ ਮੁਖ ਪਵਾਈਆ । ਤੇਰੇ ਮਿਲਣ ਦਾ ਕਿਸੇ ਨਾ ਲੱਗਾ ਪਤਾ, ਪਤਿਪਰਮੇਸ਼ਵਰ ਘਰ ਵਿਚ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਹੋ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਵਾਂ ਸੰਦੇਸ਼, ਸਚ ਸਚ ਦ੍ਰਿੜਾਈਆ । ਤੂੰ ਆਦਿ ਜੁਗਾਦੀ ਸ਼ਾਹ ਨਰੇਸ਼, ਸ਼ਹਿਨਸ਼ਾਹ ਤੇਰੀ ਵਡਿਆਈਆ । ਤੇਰੇ ਦਰ ਤੇ ਕੋਟਨ ਕੋਟ ਝੁਕਦੇ ਬ੍ਰਹਮਾ ਵਿਸ਼ਨ ਮਹੇਸ਼, ਸਿਰ ਸਕੇ ਨਾ ਕੋਈ ਉਠਾਈਆ । ਗੁਰ ਅਵਤਾਰ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਪੀਰ ਪੈਗ਼ੰਬਰ ਤੇਰੇ ਦਰ ਤੋਂ ਭਿਖਿਆ ਮੰਗਦੇ ਤੇਰਾ ਵੇਖ ਅਵੱਲੜਾ ਭੇਖ, ਬੇਪਰਵਾਹ ਤੇਰੀ ਵਡਿਆਈਆ । ਤੇਰਾ ਸਮਝ ਨਾ ਆਇਆ ਕਿਸੇ ਲੇਖ, ਨਿਰਅੱਖਰ ਧਾਰ

ਚਲਾਈਆ । ਤੇਰਾ ਸੋਹਣਾ ਅਗੰਮੜਾ ਵੇਸ, ਸਚਖੰਡ ਵਸੇ ਸੱਚਾ ਮਾਹੀਆ । ਤੇਰੇ ਦਵਾਰੇ ਆ ਕੇ ਹੋਇਆ ਪੇਸ਼, ਪੇਸ਼ੀਨਗੋਈ ਦਿਆਂ ਜਣਾਈਆ । ਜੋ ਕੌਲ ਇਕਰਾਰ ਕਰਕੇ ਆਇਆ ਦਸ ਦਸਮੇਸ਼, ਦਹਿ ਦਿਸ਼ਾ ਵੱਜੇ ਵਧਾਈਆ । ਨੇਤਰ ਲੋਚਨ ਨੈਣ ਤੂੰ ਠਾਕਰ ਹੋ ਕੇ ਵੇਖ, ਗ਼ਫ਼ਲਤ ਵਿਚੋਂ ਆਪਣੀ ਅੱਖ ਖੁਲ੍ਹਾਈਆ । ਤੇਰਾ ਸੋਹਣਾ ਸੁਹੰਜਣਾ ਭੇਸ, ਜੋਤੀ ਜਾਤੇ ਪੁਰਖ ਬਿਧਾਤੇ ਨੂਰੋ ਨੂਰ ਤੇਰੀ ਰੁਸ਼ਨਾਈਆ । ਤੂੰ ਪੰਜ ਤਤ ਕਾਇਆ ਚੋਲਾ ਜੁਗਾ ਜੁਗੰਤ ਰਿਹੋਂ ਖੇਡ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣੀ ਧਾਰ ਚਲਾਈਆ । ਤੇਰਾ ਬਿਨ ਸਤਿਗੁਰ ਨਾਨਕ ਕਿਸੇ ਨਾ ਪਾਇਆ ਭੇਤ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਉਠ ਸਾਹਿਬ ਸਵਾਮੀ ਵੇਖ, ਸਤਿ ਸਤਿਵਾਦੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸੁਤ ਦੁਲਾਰਾ ਝੋਲੀ ਡਾਹੀਆ । ਸੁਤ ਦੁਲਾਰਾ ਕਹੇ ਸ਼ਬਦ ਸੁਣ ਮੇਰੀ ਬਾਤ, ਬਾਤਨ ਦਿਆਂ ਜਣਾਈਆ । ਤੂੰ ਸਾਹਿਬ ਸੁਲਤਾਨ ਪੁਰਖ ਅਬਿਨਾਸ਼, ਅਬਿਨਾਸ਼ੀ ਖੇਲ ਖਿਲਾਈਆ । ਮੈਂ ਸੇਵਕ ਦਿਵਸ ਰਾਤ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਮੈਂ ਤੇਰੇ ਨਾਮ ਦੀ ਗਾਵਾਂ ਗਾਥ, ਦੋ ਜਹਾਨਾਂ ਕਰਾਂ ਪੜ੍ਹਾਈਆ । ਮੇਰੀ ਪੱਟੀ ਪੜ੍ਹ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਗਏ ਤੇਰੀ ਜਮਾਤ, ਅਲਿਫ਼ ਯੇ ਕੰਮ ਕਿਸੇ ਨਾ ਆਈਆ । ਤੂੰ ਸਰਬ ਸਵਾਮੀ ਖੋਲ੍ਹ ਆਪਣਾ ਤਾਕ, ਪੜਦਾ ਓਹਲਾ ਦੇ ਉਠਾਈਆ । ਈਸਾ ਮੂਸਾ ਮੁਹੰਮਦ ਜੋ ਲਿਖ ਕੇ ਆਏ ਭਵਿਖਤ ਵਾਕ, ਵਾਕਿਆ ਵੇਖ ਚਾਈਂ ਚਾਈਂਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਕੋਈ ਨਾ ਪੁਛੇ ਵਾਤ, ਹਸਤ ਕੀਟ ਝਗੜਾ ਨਾ ਕੋਇ ਮਿਟਾਈਆ । ਜਨ ਭਗਤਾਂ ਪੂਰੀ ਕਰੇ ਕੋਈ ਨਾ ਖ਼ਾਹਿਸ਼, ਖ਼ਾਲਸ ਖ਼ਾਲਸਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਸਾਰੇ ਬੈਠੇ ਉਦਾਸ, ਹੈਰਾਨੀ ਘਰ ਘਰ ਡੇਰਾ ਲਾਈਆ । ਫਿਰੀ ਦਰੋਹੀ ਪ੍ਰਿਥਮੀ ਆਕਾਸ਼, ਗਗਨ ਮੰਡਲ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਮਰਥ ਸਵਾਮੀ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਰਾਗਾਂ ਨਾਦਾਂ ਬਾਹਰ ਤੇਰੀ ਬਾਣੀ, ਬੇਅੰਤ ਤੇਰੀ ਵਡਿਆਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਤੇਰਾ ਅਗੰਮ ਅਥਾਹ ਪਦ ਨਿਰਬਾਨੀ, ਅਲਖ ਅਗੋਚਰ ਸੋਭਾ ਪਾਈਆ । ਤੇਰਾ ਚਰਨ ਸਰੋਵਰ ਸਭ ਤੋਂ ਉੱਤਮ ਸ੍ਰੇਸ਼ਟ ਪਾਣੀ, ਅੰਮ੍ਰਿਤ ਮੇਘ ਇਕ ਬਰਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੇ ਨਾਮ ਦੀ ਗਾਵਣ ਕਹਾਣੀ, ਕਹਿ ਕਹਿ ਜਗਤ ਸੁਣਾਈਆ । ਤੇਰਾ ਖੇਲ ਸਦਾ ਲਾਸਾਨੀ, ਲਾਸ਼ਰੀਕ ਤੇਰੀ ਬੇਪਰਵਾਹੀਆ । ਤੂੰ ਮਾਲਕ ਖ਼ਾਲਕ ਸਰਬ ਇਨਸਾਨੀ, ਹੈਵਾਨੀ ਵਸਣਹਾਰਾ ਨਜ਼ਰੀ ਆਈਆ । ਕਲਜੁਗ ਅੰਤਮ ਵੇਖ ਜਗਤ ਬਿਰਾਨੀ, ਘਰ ਘਰ ਬੈਠੀ ਡੇਰਾ ਲਾਈਆ । ਕਿਰਪਾ ਕਰ ਆਪਣੀ ਮਿਹਰਬਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਸ਼ਬਦ ਗੁਰੂ ਕਹੇ ਉਠ ਖੋਲ੍ਹ ਤਾਕੀ, ਪੜਦਾ ਦੇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਬਾਕੀ, ਪਿਛਲਾ ਲੇਖਾ ਪੂਰ ਕਰਾਈਆ । ਨਿਰਗੁਣ ਸਰਗੁਣ ਬਣ ਸਾਥੀ, ਸਗਲਾ ਸੰਗ ਨਿਭਾਈਆ । ਤੇਰੇ ਉਪਰ ਪ੍ਰੀਤਮ ਸਭ ਨੇ ਰੱਖੀ ਆਸੀ, ਆਸ਼ਾ ਨਿਰਾਸ਼ਾ ਵਿਚ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ ।


੬੯੧
੧੭

ਸ਼ਬਦ ਗੁਰੂ ਕਹੇ ਮੈਂ ਦੱਸਾਂ ਬੋਲ, ਅਨਬੋਲਤ ਦਿਆਂ ਜਣਾਈਆ । ਚਾਰ ਜੁਗ ਤੇਰੇ ਨਾਮ ਦਾ ਵੱਜਦਾ ਗਿਆ ਢੋਲ, ਸੁਰ ਤਾਲ ਕੋਟਨ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਮੰਦਰ ਅੰਦਰ ਕੁੰਡਾ ਗਏ ਖੋਲ੍ਹ, ਬਜਰ ਕਪਾਟੀ ਪਰੇ ਹਟਾਈਆ । ਆਤਮ ਪਰਮਾਤਮ ਮਿਲ ਕੇ ਗਏ ਮੌਲ, ਮੌਲਾ ਆਪਣਾ ਰੂਪ ਜਣਾਈਆ । ਸ਼ਬਦਾਂ ਵਿਚ ਕਰਕੇ ਗਏ ਕੌਲ, ਇਕਰਾਰਾਂ ਵਿਚ ਸੁਗੰਦ ਰਖਾਈਆ । ਆਦਿ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਉਪਰ ਧੌਲ, ਧਰਨੀ ਧਰਤ ਧਵਲ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਸ਼ਬਦ ਗੁਰੂ ਕਹੇ ਮੈਂ ਵੇਖਿਆ ਜਗ, ਨਵ ਨੌਂ ਚਾਰ ਫੇਰਾ ਪਾਈਆ । ਸ੍ਰਿਸ਼ਟ ਸਬਾਈ ਲੱਗੀ ਅੱਗ, ਤ੍ਰੈਗੁਣ ਅਗਨੀ ਰਹੀ ਜਲਾਈਆ । ਕਿਸੇ ਨਾ ਪੂਰਾ ਹੋਇਆ ਮੱਕੇ ਕਾਅਬੇ ਹੱਜ, ਹੁਜਰਾ ਹਕ ਨਾ ਕੋਇ ਵਖਾਈਆ । ਫਿਰੀ ਦਰੋਹੀ ਮੰਦਰ ਮੱਠ, ਸ਼ਿਵਦਵਾਲੇ ਰਹੇ ਕੁਰਲਾਈਆ । ਨੇਤਰ ਰੋਵਣ ਤੀਰਥ ਅਠਸਠ, ਤਟ ਕਿਨਾਰੇ ਨੈਣਾਂ ਨੀਰ ਵਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚੁੱਕ ਨਾ ਸਕੇ ਅੱਖ, ਨੈਣਾਂ ਨੈਣਾਂ ਨਾਲ ਸ਼ਰਮਾਈਆ । ਸਾਧਾਂ ਸੰਤਾਂ ਰਿਹਾ ਨਾ ਧੀਰਜ ਜਤ, ਸਤਿ ਸੰਤੋਖ ਬੈਠਾ ਪਤ ਗਵਾਈਆ । ਤੇਰਾ ਪ੍ਰੇਮ ਪ੍ਰੀਤਮ ਕੋਈ ਨਾ ਸਕੇ ਦੱਸ, ਸਖ਼ਾ ਸੱਜਣ ਬੈਠਾ ਮੁਖ ਭੁਆਈਆ । ਕਲਜੁਗ ਨਕੇਲ ਪਾਈ ਨੱਕ, ਚਾਰੋਂ ਕੁੰਟ ਰਿਹਾ ਭੁਆਈਆ । ਗੁਰਮੁਖ ਵਿਰਲਾ ਕੋਟਾਂ ਵਿਚੋਂ ਉਹ ਜਾਏ ਬਚ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਿਸੇ ਨਾ ਲੇਖਾ ਚੁੱਕਿਆ ਸੀਆਂ ਸਾਢੇ ਤਿੰਨ ਹੱਥ, ਰਵਦਾਸ ਚਮਾਰਾ ਦਏ ਗਵਾਹੀਆ । ਮੰਦਰ ਚੜ੍ਹ ਕੇ ਸਚ ਦਵਾਰੇ ਖੜ੍ਹ ਕੇ ਕੋਈ ਨਾ ਬੋਲੇ ਅਲਖ, ਕਬੀਰ ਜੁਲਾਹਾ ਸਚ ਗਿਆ ਸਮਝਾਈਆ । ਸਤਿ ਧਰਮ ਦਾ ਕੋਈ ਨਾ ਖੋਲ੍ਹੇ ਹੱਟ, ਕੋਟਨ ਕੋਟ ਗੁਰੂ ਘਰ ਘਰ ਬੈਠੇ ਡੇਰਾ ਲਾਈਆ । ਤੇਰੇ ਨਾਲੋਂ ਤੇਰੀ ਸ੍ਰਿਸ਼ਟੀ ਹੋ ਗਈ ਅੱਡ, ਦ੍ਰਿਸ਼ਟੀ ਸਚ ਨਾ ਕੋਇ ਖੁਲ੍ਹਾਈਆ । ਗੁਰ ਕਾ ਮਾਰਗ ਸਾਰੇ ਗਏ ਛੱਡ, ਹਿੰਦੂ ਮੁਸਲਿਮ ਸਿੱਖ ਈਸਾਈ ਸਾਚਾ ਅਮਲ ਨਾ ਕੋਇ ਕਮਾਈਆ । ਕਲਜੁਗ ਡਿੱਗੇ ਡੂੰਘੀ ਅੰਧੇਰੀ ਖੱਡ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਤੇਰਾ ਦਰਸ ਨਾ ਮਿਲਿਆ ਕਿਸੇ ਉਪਰ ਸ਼ਾਹ ਰਗ, ਘਰ ਵਿਚ ਘਰ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਜਗਤ, ਚਾਰੋਂ ਕੁੰਟ ਧਿਆਨ ਲਗਾਈਆ । ਕਿਤੇ ਨਜ਼ਰ ਨਾ ਆਈ ਆਦਿ ਸ਼ਕਤ, ਚਤਰਭੁਜ ਸੋਭਾ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾ ਕੇ ਆਪਣੇ ਵਕਤ, ਲੱਖ ਚੁਰਾਸੀ ਗਏ ਸਮਝਾਈਆ । ਮੁੜ ਕੇ ਫੇਰ ਕੋਈ ਨਾ ਆਇਆ ਪਰਤ, ਪ੍ਰਤੀਨਿਧ ਹੋ ਕੇ ਸੇਵ ਕਮਾਈਆ । ਸਾਰੇ ਤੇਰੇ ਨਾਮ ਦੀ ਲਾ ਕੇ ਸ਼ਰਤ, ਜਗਤ ਜਹਾਨ ਗਏ ਜਣਾਈਆ । ਕਲਜੁਗ ਅੰਤ ਸ੍ਰੀ ਭਗਵਾਨ ਹੋਵੇ ਪਰਗਟ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਧੁਰ ਦਾ ਵਰ, ਹਰ ਘਟ ਮਸਤਕ ਖੋਜ ਖੁਜਾਈਆ । ਸ਼ਬਦ ਗੁਰੂ ਕਹੇ ਮੈਂ ਕੀ ਕਹਿਣਾ, ਕਹਿਣ ਵਿਚ ਕੁਛ ਨਾ ਆਈਆ । ਪ੍ਰਭ ਵੇਖ ਆਪਣਿਆਂ ਨੈਣਾਂ, ਕਲਜੁਗ ਕੀ ਕੀ ਕਿਰਿਆ ਰਿਹਾ ਕਮਾਈਆ । ਨਾਤਾ ਤੁਟਾ ਭਾਈ ਭੈਣਾਂ, ਪਿਤਾ ਪੂਤ ਸੰਗ ਨਾ ਕੋਇ ਵਖਾਈਆ । ਸਾਚੇ ਮੰਦਰ ਕਿਸੇ ਨਾ ਮਿਲੇ ਬਹਿਣਾ, ਝਗੜਾ ਪਿਆ ਲੋਕਾਈਆ । ਤੁਧ ਬਿਨ ਦੇਣਾ ਕਿਸੇ ਨਾ ਦੇਣਾ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਲਾੜੀ ਮੌਤ ਸਭ ਨੂੰ ਖਾਏ ਡੈਣਾ, ਰਾਏ ਧਰਮ ਦਏ

ਸਜ਼ਾਈਆ । ਕੂੜੀ ਕਿਰਿਆ ਜਗਤ ਜਹਾਨ ਵਹਿਣਾ, ਸਚ ਕਿਨਾਰਾ ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਸ਼ਬਦ ਗੁਰੂ ਕਹੇ ਮੇਰੇ ਭਗਵੰਤ, ਦਰ ਠਾਂਡੇ ਸਚ ਦ੍ਰਿੜਾਈਆ । ਉਠ ਕੇ ਵੇਖ ਆਪਣਾ ਜੀਵ ਜੰਤ, ਜਾਗਰਤ ਜੋਤ ਕਰੇ ਨਾ ਕੋਇ ਰੁਸ਼ਨਾਈਆ । ਹੋਇਆ ਵਿਛੋੜਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਹਿਰਦੇ ਵਸਿਆ ਨਾ ਸਤਿਗੁਰ ਮੰਤ, ਮੰਤਵ ਹੱਲ ਨਾ ਕੋਇ ਕਰਾਈਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਬੋਧ ਅਗਾਧੇ ਬਣਦੇ ਪੰਡਤ, ਤੇਰੀ ਵਿਦਿਆ ਵਿਦਿਆਲੇ ਵਿਚੋਂ ਨਜ਼ਰ ਕਿਸੇ ਨਾ ਆਈਆ । ਸਚ ਦਵਾਰੇ ਮੇਰੀ ਮਿੰਨਤ, ਖ਼ੁਸ਼ਾਮਦ ਨਾਲ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟ ਇੱਲਤ, ਇਲਾਹੀ ਨੂਰ ਪਰਵਰਦਿਗਾਰ ਸਾਂਝੇ ਯਾਰ ਫੇਰਾ ਪਾਈਆ । ਮਾਇਆ ਮਮਤਾ ਰਹੇ ਨਾ ਜ਼ਿੱਲਤ, ਜਗਤ ਖ਼ੁਆਰੀ ਦੇ ਗਵਾਈਆ । ਤੇਰੇ ਵਿਚ ਅਨੋਖੀ ਹਿੰਮਤ, ਹੌਸਲਾ ਸਭ ਦਾ ਦੇ ਵਧਾਈਆ । ਅੱਗੇ ਸਦੀ ਚੌਧਵੀਂ ਤੋਂ ਕੋਈ ਨਾ ਕਰੇ ਸਿੰਮਤ, ਸੰਮਤ ਸੰਮਤੀ ਲੇਖਾ ਪੂਰਾ ਦੇ ਕਰਾਈਆ । ਨਾ ਕੋਈ ਮੁੰਡ ਮੁੰਡਾਏ ਮੁੰਡਤ, ਸੀਸ ਜਗਦੀਸ ਇਕ ਪਰਗਟਾਈਆ । ਤੇਰੇ ਬਿਨਾ ਕੋਈ ਨਾ ਕਰੇ ਉਨਤ, ਏਕਾ ਨਾਇਆ ਜੋੜ ਨਾ ਕੋਇ ਜੁੜਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸੁਰਤੀ ਫੜ ਕੇ ਸ਼ਬਦੀ ਦੱਸ ਦੇ ਜੁਗਤ, ਜੁਗੀਸ਼ਰ ਤੇਰੀ ਬੇਪਰਵਾਹੀਆ । ਆਪਣਾ ਨਾਮ ਵੰਡ ਦੇ ਲੋਕਮਾਤ ਆ ਕੇ ਮੁਫ਼ਤ, ਕਰਤੇ ਤੇਰੀ ਕੀਮਤ ਕੋਇ ਨਾ ਪਾਈਆ । ਪਿਛਲੀ ਕਰਨੀ ਸਾਰੇ ਰਹੇ ਭੁਗਤ, ਕਾਮ ਕਰੋਧ ਘਰ ਘਰ ਹੋਇਆ ਹਲਕਾਈਆ । ਏਹੋ ਕਲਜੁਗ ਜੀਵਾਂ ਵਿਚ ਨੁਕਸ, ਜੋ ਤੈਨੂੰ ਬੈਠੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਖ ਆਪਣਾ ਘਰ, ਗ੍ਰਿਹ ਮੰਦਰ ਫੇਰਾ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਸੋਚ, ਸਮਝ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰਾਂ ਤੇਰੀ ਰੱਖੀ ਓਟ, ਪੀਰ ਪੈਗ਼ੰਬਰ ਤੋਹੇ ਸੀਸ ਨਿਵਾਈਆ । ਤੇਰਾ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਤੇਰਾ ਵਸੇਰਾ ਚੌਦਾਂ ਲੋਕ, ਚੌਦਾ ਤਬਕ ਤੇਰਾ ਧਿਆਨ ਲਾਈਆ । ਤੇਰਾ ਅਗੰਮ ਅਥਾਹ ਅਨੋਖਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਤੇਰੀ ਮੌਜ ਅੰਦਰ ਮੇਰੀ ਮੌਜ, ਮੌਜੂਦਾ ਹੋ ਕੇ ਦਇਆ ਦੇ ਕਮਾਈਆ । ਇਹ ਸਭ ਨੇ ਆਖਿਆ ਸ਼ਬਦੀ ਹੋਵੇ ਖੋਜ, ਦੂਜਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇਅੰਤ ਤੇਰੀ ਵਡਿਆਈਆ । ਸ਼ਬਦ ਗੁਰੂ ਕਹੇ ਸੁਣ ਮੇਰੇ ਮਾਲਕ, ਮਤਲਬ ਆਪਣਾ ਦਿਆਂ ਜਣਾਈਆ । ਸਰਬ ਜੀਆਂ ਬਣ ਪ੍ਰਿਤਪਾਲਕ, ਜਗਤ ਵਿਛੜੇ ਲਏਂ ਮਿਲਾਈਆ । ਕੂੜੀ ਨਿੰਦਰਾ ਲਾਹ ਆਲਸ, ਅੰਦਰੋਂ ਦਲਿਦ੍ਰ ਦੇ ਗਵਾਈਆ । ਆਪਣਾ ਰੂਪ ਦੱਸ ਕੇ ਖ਼ਾਲਸ, ਖ਼ਾਲਸ ਖ਼ਾਲਸੇ ਲਏਂ ਬਣਾਈਆ । ਤੇਰੇ ਮਿਲਣ ਦੀ ਸਭ ਨੂੰ ਲਾਲਸ, ਲਾਲਨ ਆਪਣਾ ਰੰਗ ਦੇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬ, ਮਹਿਵਖ਼ਾਨਾ ਇਕ ਖੁਲ੍ਹਾਈਆ । ਸਾਚਾ ਦੱਸ ਉਚ ਅਰੂਜ, ਅਰਸ਼ ਕੁਰਸ਼ ਦੋਵੇਂ ਪੰਧ ਮੁਕਾਈਆ । ਤੇਰਾ ਮੰਜ਼ਲ ਵੇਖ ਮਕਸੂਦ, ਬੇਐਬ ਖ਼ੁਸ਼ੀ ਜਣਾਈਆ । ਸਚ ਦਵਾਰੇ ਆ ਕੇ ਹੋ ਮੌਜੂਦ, ਵਡ ਪੈਗ਼ੰਬਰ ਫੇਰਾ ਪਾਈਆ । ਤੇਰਾ ਸਭ ਨੂੰ ਭੁੱਲਿਆ ਹਜ਼ਾਰਾ ਦਰੂਦ, ਇਸਮ ਆਜ਼ਮ ਨਜ਼ਰ ਕਿਸੇ ਨਾ ਆਈਆ । ਤੇਰਾ ਸਮਝ ਨਾ ਸਕਿਆ

ਕੋਈ ਵਜੂਦ, ਵਸਲ ਹਕ ਨਾ ਕੋਇ ਕਮਾਈਆ । ਤੇਰੀ ਲੋਕਾਈ ਤੇਰੇ ਬਿਨਾ ਕਰੇ ਨਾ ਕੋਈ ਮਹਿਫੂਜ਼, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਤੇਰਾ ਭੁੱਲਿਆ ਕਲਮਾ ਕਲਾਮ, ਕਾਇਨਾਤ ਬੈਠੀ ਮੁਖ ਭੁਆਈਆ । ਉਠ ਸਵਾਮੀ ਵਡ ਇਮਾਮ, ਆਮਦ ਤੇਰੀ ਸਭ ਨੂੰ ਭਾਈਆ । ਈਸਾ ਮੂਸਾ ਮੁਹੰਮਦ ਦੇ ਕੇ ਗਏ ਪੈਗ਼ਾਮ, ਅੱਖਰਾਂ ਨਾਲ ਲਿਖਾਈਆ । ਅੰਤਮ ਆਵੇ ਸ਼ਾਹ ਸੁਲਤਾਨ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦੇ ਬਰਦੇ ਸਰਬ ਗ਼ੁਲਾਮ, ਚਾਕਰ ਰੂਪ ਵਟਾਈਆ । ਜਿਸ ਨੂੰ ਝੁਕ ਝੁਕ ਕਰਦੇ ਸਰਬ ਸਲਾਮ, ਸਜਦਿਆਂ ਵਿਚ ਵਡਿਆਈਆ । ਸੋ ਖੇਲ ਵੇਖੇ ਖ਼ਾਲਕ ਆਣ, ਮਖ਼ਲੂਕ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਸ਼ਬਦ ਕਹੇ ਮੈਂ ਦੱਸਾਂ ਕਹਾਣੀ, ਕਹਾਵਤ ਵਿਚ ਕਦੇ ਨਾ ਆਈਆ । ਮੈਂ ਰੋਂਦੀ ਵੇਖੀ ਅੱਲਾ ਰਾਣੀ, ਖੁਲ੍ਹੀ ਮੇਂਡੀ ਸੀਸ ਪੱਟੀ ਨਾ ਕੋਇ ਬੰਧਾਈਆ । ਆਬੇਹਯਾਤ ਮੰਗਦੀ ਫਿਰੇ ਪਾਣੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸਾਚਾ ਮੀਆਂ ਖ਼ਾਵੰਦ ਮਿਲੇ ਕੋਈ ਨਾ ਸਾਚਾ ਹਾਣੀ, ਧੁਰ ਦਾ ਨਕਾਹ ਚੁੱਕ ਨਿਕਾਬ ਮੁਖ ਦਰਸ ਨਾ ਕੋਇ ਕਰਾਈਆ । ਤੂੰ ਠਾਕਰ ਸਵਾਮੀ ਸਭ ਦਾ ਜਾਣ ਜਾਣੀ, ਵੇਖਣਹਾਰਾ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਓਹ ਧੁਰ ਦੇ ਰਾਮ, ਕਿਉਂ ਬੈਠਾ ਮੁਖ ਛੁਪਾਈਆ । ਸ੍ਰਿਸ਼ਟ ਸਬਾਈ ਵੇਖ ਮਾਰ ਧਿਆਨ, ਨੇਤਰ ਅੱਖ ਇਕ ਖੁਲ੍ਹਾਈਆ । ਤੇਰੀ ਕੋਈ ਨਾ ਕਰੇ ਪਹਿਚਾਣ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਸ਼ਬਦ ਅਗੰਮਾ ਮਾਰ ਬਾਣ, ਅਣਿਆਲਾ ਤੀਰ ਚਲਾਈਆ । ਮੂਰਖ ਮੂੜ੍ਹ ਬਣਾ ਚਤੁਰ ਸੁਘੜ ਸੁਜਾਨ, ਸਾਚੀ ਸਿਖਿਆ ਇਕ ਸਮਝਾਈਆ । ਅੰਦਰ ਵੜ ਕੇ ਦੇ ਗਿਆਨ, ਜਗਤ ਵਿਦਿਆ ਬੈਠੀ ਮੁਖ ਛੁਪਾਈਆ । ਤੂੰ ਹਰ ਘਟ ਵਸਣਹਾਰਾ ਰਾਮ, ਰਮਈਆ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਆਦਿ ਨਿਰੰਜਣ, ਆਦਿ ਜੁਗਾਦਿ ਤੇਰਾ ਰਾਹ ਤਕਾਈਆ । ਤੂੰ ਦਾਤਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਿਤ ਨਵਿਤ ਜੁਗ ਚੌਕੜੀ ਆਪਣੇ ਨਾਮ ਦਾ ਦੇਵੇਂ ਅੰਜਨ, ਅਗਿਆਨ ਅੰਧੇਰ ਚੁਕਾਈਆ । ਚਰਨ ਧੂੜ ਕਰਾਏਂ ਸਾਚਾ ਮਜਨ, ਦੁਰਮਤ ਮੈਲ ਧੁਆਈਆ । ਨਿਰਗੁਣ ਹੋ ਕੇ ਸਰਗੁਣ ਬਣੇਂ ਸੱਜਣ, ਸਾਖਿਆਤ ਫੇਰਾ ਪਾਈਆ । ਤ੍ਰੈਗੁਣ ਬੁਝਾਏਂ ਲੱਗੀ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਬਿਨ ਤੇਰੀ ਕਿਰਪਾ ਤੇਰਾ ਕੋਈ ਨਾ ਕਰੇ ਭਜਨ, ਬੰਦਗੀ ਬੰਦਿਆਂ ਆਪਣੇ ਵਿਚੋਂ ਦਿਤੀ ਬਾਹਰ ਕਢਾਈਆ । ਬਿਨ ਹਰਿ ਨਾਮੇ ਸਾਰੇ ਦਿਸਦੇ ਨਗਨ, ਓਢਣ ਸੀਸ ਨਾ ਕੋਇ ਟਿਕਾਈਆ । ਪ੍ਰਭ ਜੂ ਤੇਰਾ ਦਰਸ਼ਨ ਕੋਈ ਨਾ ਪਾਏ ਚੜ੍ਹ ਕੇ ਗਗਨ, ਮਗਨ ਜੋਤ ਨਾ ਕੋਇ ਰੁਸ਼ਨਾਈਆ । ਕਾਇਆ ਮਾਟੀ ਜੂਠੇ ਝੂਠੇ ਭਾਂਡੇ ਇਕ ਦੂਜੇ ਨਾਲ ਵੱਜਣ, ਕੂੜੀ ਕਿਰਿਆ ਤਾਲ ਸੁਣਾਈਆ । ਮਾਇਆ ਮਮਤਾ ਹਉਮੇ ਹੰਗਤਾ ਵਿਚ ਹੋਏ ਦਝਣ, ਦੁਰਜਨ ਆਪਣਾ ਨਾਉਂ ਧਰਾਈਆ । ਏਸੇ ਕਾਰਨ ਸਤਿ ਸਵਾਮੀ ਤੈਨੂੰ ਆਇਆ ਸੱਦਣ, ਚਰਨ ਕਵਲ ਬਹਿ ਬਹਿ ਸੀਸ ਨਿਵਾਈਆ । ਕਲਜੁਗ ਅੰਤਮ ਕਰ ਅਦਲ, ਅਦਾਲਤ ਇਕੋ ਘਰ ਜਣਾਈਆ । ਮਾਸੂਮਾਂ ਵੇਖ ਹੁੰਦਾ ਕਤਲ, ਤੇਰੀ ਅੱਖ ਨਾ ਕਿਸੇ ਖੁਲ੍ਹਾਈਆ । ਬਿਨ ਤੇਰੀ ਕਿਰਪਾ ਤੇਰੇ ਮਿਲਣ ਦਾ ਕੋਈ ਚਲੇ ਨਾ ਯਤਨ, ਜਗਤ ਜੁਗਤੀ ਬੈਠੀ ਮੁਖ ਭੁਆਈਆ । ਸਤਿਗੁਰ

ਠਾਕਰ ਜਿਨ੍ਹਾਂ ਭੁਲਿਆ ਤੇਰਾ ਪਿਛਲਾ ਵਤਨ, ਉਹ ਜਲਾਵਤਨ ਲੋਕਮਾਤ ਨਜ਼ਰੀ ਆਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਮੁੜ ਕੇ ਵਾਪਸ ਪਰਤਣ, ਜਿਨ੍ਹਾਂ ਆਪਣਾ ਰਾਹ ਵਖਾਈਆ । ਤੇਰਾ ਅੰਤਰ ਆਤਮ ਕਰਕੇ ਦਰਸ਼ਨ, ਖ਼ੁਸ਼ੀਆਂ ਰਾਗ ਅਲਾਈਆ । ਜਿਨ੍ਹਾਂ ਵਿਛੜਿਆਂ ਉਹਨਾਂ ਦੀ ਕੋਈ ਨਾ ਮੇਟੇ ਤੜਪਨ, ਧੀਰਜ ਸਕੇ ਨਾ ਕੋਇ ਧਰਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕੱਢੇ ਅਟਕਣ, ਫੜ ਬਾਹੋਂ ਪਾਰ ਲੰਘਾਈਆ । ਪ੍ਰਭ ਮਿਲਣ ਨੂੰ ਸਾਰੇ ਭਟਕਣ, ਲੱਖ ਚੁਰਾਸੀ ਫਿਰੇ ਤਿਸਾਈਆ । ਤੇਰਾ ਖੇਲ ਜੁਗਾ ਜੁਗੰਤਰ ਵਕਤਨ ਕਵਕਤਨ, ਮਿਹਰਵਾਨ ਤੇਰੀ ਸ਼ਰਨਾਈਆ । ਜਿਨ੍ਹਾਂ ਦਾ ਆਪੇ ਸਾਫ਼ ਕਰੇਂ ਕਾਇਆ ਬਰਤਨ, ਕੂੜਾ ਕਰਕਟ ਬਾਹਰ ਕਢਾਈਆ । ਉਹ ਫੇਰ ਕਾਹਨੂੰ ਤੇਰੇ ਦਰਸ ਨੂੰ ਤਰਸਣ, ਘਰ ਘਰ ਆਵੇਂ ਜਾਵੇਂ ਚਾਈਂ ਚਾਈਂਆ । ਉਹ ਗੁਰਮੁਖ ਨਾਮ ਹੀਰੇ ਅਮੋਲਕ ਰਤਨ, ਰੱਤੀ ਰੱਤ ਰੱਤ ਨਾਲ ਰੰਗਾਈਆ । ਸਚ ਦਵਾਰੇ ਹਰਿ ਨਿਰੰਕਾਰੇ ਤੇਰੇ ਢੱਠਣ, ਨਿਉਂ ਨਿਉਂ ਧੂੜੀ ਖ਼ਾਕ ਰਮਾਈਆ । ਤੇਰੇ ਪ੍ਰੇਮ ਦੇ ਢੋਲੇ ਗਾਉਂਦੇ ਬਚਨ, ਇਕੋ ਤੇਰਾ ਨਾਮ ਧਿਆਈਆ । ਸਚ ਮਹੱਲੇ ਚੜ੍ਹ ਕੇ ਵਸਣ, ਵਾਸਤਾ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਸ੍ਰੀ ਭਗਵਾਨ, ਭਗਵਨ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਝੁਲਦਾ ਤੇਰਾ ਨਿਸ਼ਾਨ, ਸਚ ਦਵਾਰੇ ਸੋਭਾ ਪਾਈਆ । ਦੋ ਜਹਾਨ ਤੇਰਾ ਫ਼ਰਮਾਨ, ਸਚ ਸੰਦੇਸਾ ਇਕ ਅਲਾਈਆ । ਜੀਵ ਜੰਤ ਕਰਨ ਪਰਵਾਨ, ਸਾਧ ਸੰਤ ਹਿਰਦੇ ਲੈਣ ਵਸਾਈਆ । ਕਲਜੁਗ ਅੰਤਮ ਵੇਖਿਆ ਖੇਲ ਮਹਾਨ, ਚਾਰ ਕੁੰਟ ਦਹਿ ਦਿਸ਼ਾ ਫੈਲ ਫੁਲਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਉਂਦੇ ਰਾਮ, ਹਿਰਦੇ ਅੰਦਰ ਸਤਿ ਨਾ ਕੋਇ ਵਸਾਈਆ । ਕਲਮਿਆਂ ਵਿਚੋਂ ਪੜ੍ਹ ਪੜ੍ਹ ਤੇਰੀ ਕਲਾਮ, ਆਲਮ ਬਣ ਕੇ ਇਲਮ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ਼ਬਦ ਗੁਰੂ ਕਹੇ ਪੁਰਖ ਅਗੰਮ, ਅਗੰਮੜੇ ਕੀ ਕੀ ਕਾਰ ਕਮਾਈਆ । ਤੂੰ ਠਾਕਰ ਨਾ ਮਰੇਂ ਨਾ ਪਏਂ ਜੰਮ, ਅਜੂਨੀ ਰਹਿਤ ਤੇਰੀ ਸ਼ਰਨਾਈਆ । ਸਚ ਦੱਸ ਕਲਜੁਗ ਅੰਤਮ ਕਿਹੜਾ ਕਰਨਾ ਕੰਮ, ਕਰਨੀ ਕਵਣ ਕਮਾਈਆ । ਤੇਰਾ ਜਗਤ ਹੋਇਆ ਅੰਨ੍ਹ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਫ਼ਰਿਆਦ ਮੇਰੀ ਇਕ ਮੰਨ, ਦੋਏ ਜੋੜ ਅਰਜ਼ੋਈਆ । ਕੂੜ ਕੁੜਿਆਰਾ ਭਾਂਡਾ ਭੰਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਗੁਰਮੁਖ ਉਪਜਾ ਸਾਚੇ ਚੰਨ, ਬਿਨ ਚੰਦਰਮਾ ਹੋਏ ਰੁਸ਼ਨਾਈਆ । ਕਰ ਪਰਕਾਸ਼ ਅੰਧੇਰੇ ਤਨ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਪਦਾਰਥ ਝੋਲੀ ਪਾ ਧਨ, ਅਨਮੁੱਲੜਾ ਆਪ ਵਰਤਾਈਆ । ਇਕੋ ਰਾਗ ਸੁਣਾਏ ਕੰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਗਾ ਗਾ ਖ਼ੁਸ਼ੀ ਮਨਾਈਆ । ਸਤਿਗੁਰ ਸ਼ਬਦ ਸਭ ਦਾ ਮਾਲਕ ਜਾਏ ਬਣ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ, ਘਰ ਸਾਚੇ ਦੇ ਵਡਿਆਈਆ । ਸੁਤ ਸ਼ਬਦ ਕਹੇ ਮੇਰੇ ਸਾਹਿਬ ਉਜਾਲੇ, ਨੂਰੋ ਨੂਰ ਤੇਰੀ ਰੁਸ਼ਨਾਈਆ । ਕੋਟਨ ਕੋਟ ਤੇਰੇ ਦਰ ਤੇ ਖੇਲੇ ਗਵਾਲੇ, ਗੋਕਲ ਬਿੰਦਰਾਬਨ ਰਾਸਾਂ ਗਏ ਪਾਈਆ । ਕੋਟਨ ਕੋਟ ਰਾਮ ਦਸਰੱਥ ਬੇਟੇ ਵੇਖੇ ਬੈਠੇ ਦੁਆਲੇ, ਨਿਉਂ ਨਿਉਂ ਲਾਗਣ ਪਾਈਆ । ਕੋਟਨ ਕੋਟ ਈਸਾ ਮੂਸਾ ਮੁਹੰਮਦ ਗਾਵਣ ਗਾਣੇ, ਗਾ ਗਾ ਸ਼ੁਕਰ ਮਨਾਈਆ । ਨਾਨਕ ਨਿਰਗੁਣ ਕਿਹਾ ਸ੍ਰੀ ਭਗਵਾਨੇ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਗੋਬਿੰਦ ਕਿਹਾ ਮੇਰਾ ਪੁਰਖ ਅਕਾਲੇ, ਏਥੇ ਓਥੇ ਸਦਾ

੬੯੫
੧੭

ਕਰੇ ਪ੍ਰਿਤਪਾਲੇ, ਆਦਿ ਜੁਗਾਦੀ ਸਾਚੀ ਸੇਵ ਕਮਾਈਆ । ਜਿਸ ਦੇ ਹੁਕਮੇ ਅੰਦਰ ਨੀਹਾਂ ਹੇਠ ਦਬਾਏ ਬਾਲੇ, ਬਾਲਕ ਹੋ ਕੇ ਸੇਵ ਕਮਾਈਆ । ਸੋ ਕਲਜੁਗ ਅੰਤਮ ਸਭ ਦੀ ਸੁਰਤ ਸੰਭਾਲੇ, ਕਲ ਕਲਕੀ ਫੇਰਾ ਪਾਈਆ । ਜਿਸ ਦਾ ਜਲਵਾ ਨੂਰ ਜਮਾਲੇ, ਅਮਾਮ ਅਮਾਮਾ ਇਕ ਅਖਵਾਈਆ । ਜੋ ਵਸੇ ਜ਼ਿਮੀਂ ਅਸਮਾਨੇ, ਅਸਮਾਨਾਂ ਉਪਰ ਕਿਆਮ ਆਪਣਾ ਦਏ ਜਣਾਈਆ । ਉਹ ਕਿਸੇ ਦੇ ਚਲਣ ਨਾ ਦੇਵੇ ਕੋਈ ਬਹਾਨੇ, ਕੂੜੀ ਕਿਰਿਆ ਅੰਤਮ ਦਏ ਗਵਾਈਆ । ਆਪਣਾ ਨਾਮ ਨਿਧਾਨ ਘਰ ਘਰ ਟਿਕਾ ਦਏ ਉਸ ਖ਼ਜ਼ਾਨੇ, ਜਿਸ ਖ਼ਾਨੇ ਵਿਚੋਂ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਆਪੇ ਜਾਣੇ, ਵਿਸ਼ੇਸ਼ ਵਸ਼ਿਸ਼ਟ ਰੂਪ ਵਖਾਈਆ । ਲੇਖਾ ਜਾਣ ਦੋ ਜਹਾਨੇ, ਡੰਕ ਵਜਾਏ ਮਰਦ ਮਰਦਾਨੇ, ਰਾਗ ਸੁਣਾਏ ਅਗੰਮੀ ਤਰਾਨੇ, ਤੁਰੀਆ ਬੈਠੇ ਮੁਖ ਸ਼ਰਮਾਈਆ । ਉਸ ਪ੍ਰਭੂ ਦੇ ਝੁਲਣੇ ਇਕ ਨਿਸ਼ਾਨੇ, ਤਖ਼ਤੋਂ ਲਹਿਣੇ ਰਾਜੇ ਰਾਣੇ, ਗ਼ਰੀਬ ਨਿਮਾਣੇ ਗਲੇ ਲਗਾਣੇ, ਰਾਓ ਰੰਕ ਦਏ ਵਡਿਆਈਆ । ਗੁਰ ਕਾ ਸ਼ਬਦ ਗੁਰਮੁਖ ਵਿਰਲਾ ਮਾਤ ਪਛਾਣੇ, ਜਿਸ ਜਨ ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮਰਦਾਨੇ ਮਰਦ, ਤੇਰੀ ਮਦਦ ਇਕ ਜਣਾਈਆ । ਕਲਜੁਗ ਅੰਤਮ ਵੰਡ ਦਰਦ, ਦਰਦੀ ਹੋ ਕੇ ਬਣ ਸਹਾਈਆ । ਕੂੜੀ ਕਿਰਿਆ ਚਲਦੀ ਵੇਖ ਕਰਦ, ਛੁਰੀ ਹਲਾਲ ਰਹੀ ਕਰਾਈਆ । ਗੁਰ ਅਵਤਾਰ ਏਸੇ ਕਾਰਨ ਕਰਨ ਅਰਜ਼, ਆਰਜ਼ੂ ਇਕ ਜਣਾਈਆ । ਸਦੀ ਚੌਧਵੀਂ ਕਰਨਾ ਪੂਰਾ ਫ਼ਰਜ਼, ਫ਼ੈਸਲਾ ਹਕ ਸੁਣਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਭੇਵ ਕੋਇ ਨਾ ਪਾਈਆ । ਕਲਜੁਗ ਉਲਟੀ ਕਰ ਦੇ ਨਰਦ, ਸਾਰ ਪਾਸ਼ਾ ਪਰੇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਬਰਨਾਂ ਮੇਲ ਮਿਲਾਈਆ । ਸ਼ਬਦ ਗੁਰ ਕਹੇ ਪ੍ਰਭ ਤੇਰੇ ਚਰਨ, ਬੇਨੰਤੀ ਇਕ ਸੁਣਾਈਆ । ਸਭ ਦਾ ਨੇਤਰ ਖੋਲ੍ਹ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਇਕੋ ਨਾਮ ਤੇਰਾ ਪੜ੍ਹਨ, ਇਸ਼ਟ ਦੇਵ ਇਕ ਮਨਾਈਆ । ਇਕੋ ਮੰਦਰ ਸਾਚੇ ਵੜਨ, ਸਾਢੇ ਤਿੰਨ ਹੱਥ ਖ਼ੁਸ਼ੀ ਮਨਾਈਆ । ਝਗੜਾ ਚੁੱਕੇ ਵਰਨ ਬਰਨ, ਜ਼ਾਤ ਪਾਤ ਰਹਿਣ ਨਾ ਪਾਈਆ । ਘਰ ਵਿਚ ਘਰ ਵਖਾ ਦੇ ਬ੍ਰਹਮ, ਪਾਰਬ੍ਰਹਮ ਪੜਦਾ ਦੇ ਉਠਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਨਜ਼ਰੀ ਆਏ ਧਰਮ, ਧਰਮ ਆਤਮਾ ਸਭ ਦੀ ਮਿਲੇ ਵਡਿਆਈਆ । ਕੂੜੀ ਕਿਰਿਆ ਮੇਟ ਦੇ ਕਰਮ, ਨਿਹਕਰਮੀ ਹੋਏ ਸਹਾਈਆ । ਸਤਿਜੁਗ ਸਾਚੇ ਦੇ ਦੇ ਜਨਮ, ਧਰਤ ਮਾਤ ਦੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਸਮਝਾਈਆ । ਅਗਲਾ ਲੇਖਾ ਦੱਸਦੇ ਏਕ, ਏਕੰਕਾਰ ਤੇਰੀ ਸ਼ਰਨਾਈਆ । ਸਰਬ ਵਿਆਪੀ ਸਭ ਨੂੰ ਦੇ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਅੰਦਰ ਵੜ ਕੇ ਬੁੱਧੀ ਕਰ ਬਿਬੇਕ, ਦੁਰਮਤ ਮੈਲ ਧੁਆਈਆ । ਤ੍ਰੈਗੁਣ ਮਾਇਆ ਨਾ ਆਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਨਜ਼ਰੀ ਆ ਨੇਤਨ ਨੇਤ, ਦੂਰ ਦੁਰਾਡਾ ਪੰਧ ਚੁਕਾਈਆ । ਪਰਮਾਤਮ ਆਤਮ ਕਰ ਹੇਤ, ਪ੍ਰੇਮ ਪ੍ਰੀਤੀ ਦੇ ਸਮਝਾਈਆ । ਸਭ ਦੀ ਮੌਲੇ ਸੁਹੰਜਣੀ ਰੁੱਤ ਚੇਤ, ਫੁੱਲ ਫੁਲਵਾੜੀ ਦੇ ਮਹਿਕਾਈਆ । ਨਿਜ ਨੇਤਰ ਤੈਨੂੰ ਸਾਰੇ ਲੈਣ ਵੇਖ, ਝਗੜਾ ਚੁੱਕੇ ਸਰਬ ਲੋਕਾਈਆ । ਤੂੰ ਬਣ ਕੇ ਖੇਵਟ ਖੇਟ, ਡੁਬਦੇ ਬੇੜੇ ਲੈ ਤਰਾਈਆ । ਸਚ ਦੋਸ਼ਾਲੇ ਲੈ ਲਪੇਟ, ਸ਼ਬਦੀ ਬਸਤਰ ਇਕ ਉਠਾਈਆ । ਤੇਰੇ ਘਰ ਦੀ ਵੇਖੀਏ ਖੇਡ, ਘਰ ਘਰ ਵਿਚ ਸੋਭਾ ਪਾਈਆ । ਸਾਚੀ ਸੇਜਾ ਜਾਈਏ ਲੇਟ, ਅੰਤਰ ਆਤਮ

ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇ ਜਣਾਈਆ । ਸ਼ਬਦ ਗੁਰੂ ਕਹੇ ਪ੍ਰਭ ਦੇ ਦੇ ਸਿਖਿਆ, ਸਾਖੀ ਆਪਣੀ ਦੇ ਸਮਝਾਈਆ । ਸ੍ਰਿਸ਼ਟ ਸਬਾਈ ਦਿਸੇ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨਾ ਝੋਲੀ ਪਾ ਦੇ ਭਿਛਿਆ, ਖ਼ਾਲੀ ਭਾਂਡੇ ਪੂਰ ਕਰਾਈਆ । ਆਪਣੇ ਮਿਲਣ ਦੀ ਬਖ਼ਸ਼ ਦੇ ਇਛਿਆ, ਆਸਾ ਹੋਰ ਵਧਾਈਆ । ਮਾਣ ਦੇ ਦੇ ਵੱਡਿਆਂ ਨਿਕਿਆਂ, ਤੇਰਾ ਘਟ ਕੁਛ ਨਾ ਜਾਈਆ । ਜੋ ਤੇਰੇ ਹੱਟ ਦਵਾਰੇ ਵਿਕਿਆ, ਤਿਸ ਨੂੰ ਗੋਦੀ ਲੈ ਉਠਾਈਆ । ਤੂੰ ਸਭ ਦਾ ਮਾਲਕ ਇਕੋ ਪਿਤਿਆ, ਪਿਤਾ ਪੁਰਖ ਅਕਾਲ ਅਖਵਾਈਆ । ਸਤਿਜੁਗ ਰਹਿਣ ਨਾ ਦੇਣਾ ਕੋਈ ਮਿੱਸਿਆ, ਖ਼ਾਲਸ ਖ਼ਾਲਸਾ ਲੈ ਪਰਗਟਾਈਆ । ਤੇਰਾ ਬ੍ਰਹਮ ਕਦੇ ਨਾ ਜਾਵੇ ਭਿਟਿਆ, ਮਾਟੀ ਚਮੜੀ ਕੰਮ ਕਿਸੇ ਨਾ ਆਈਆ । ਤੇਰਾ ਲੇਖਾ ਜੁਗਾ ਜੁਗੰਤਰ ਚਿਟਿਆ, ਕਾਲੀ ਧਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਸ਼ਬਦ ਗੁਰੂ ਕਹੇ ਸਭ ਦੇ ਸਤਿਗੁਰ, ਸੁੱਤੀ ਸੁਰਤੀ ਦੇ ਜਗਾਈਆ । ਮੇਲ ਮਿਲਾ ਲੈ ਆਪਣਾ ਧੁਰ, ਵਿਛੜੇ ਜੋੜ ਜੁੜਾਈਆ । ਤੇਰਾ ਨਾਦ ਤੇਰਾ ਸੁਰ, ਤੇਰਾ ਤਾਲ ਵਜਾਈਆ । ਤੇਰਾ ਝਿਰਨਾ ਰਿਹਾ ਝਿਰ, ਰਸਕ ਰਸਕ ਬੂੰਦ ਟਪਕਾਈਆ । ਤੇਰਾ ਗੇੜਾ ਰਿਹਾ ਫਿਰ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਨਾਤਾ ਇਕ ਬੰਧਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਠਾਕਰ, ਠੋਕਰ ਇਕ ਲਗਾਈਆ । ਕਲਜੁਗ ਵੇਖ ਡੂੰਘਾ ਸਾਗਰ, ਭਵਰੀ ਪਾਰ ਨਾ ਕੋਇ ਕਰਾਈਆ । ਤੇਰਿਆਂ ਭਗਤਾਂ ਸੰਤਾਂ ਮਿਲੇ ਨਾ ਕੋਈ ਆਦਰ, ਸਗਲਾ ਸੰਗ ਨਾ ਕੋਇ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਉਜਾਲਾ ਹੋ ਕੇ ਰੂਪ ਪਰਗਟਾਈਆ । ਭਾਗ ਲਗਾ ਦੇ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮੇਲ ਮਿਲਾ ਦੇ ਨਾਲ ਓਸ ਬਹਾਦਰ, ਜਿਸ ਦਾ ਚੰਨ ਗੋਬਿੰਦ ਨਜ਼ਰੀ ਆਈਆ । ਤੂੰ ਕਰੀਮ ਧੁਰ ਦਾ ਕਰਤਾ ਕਾਦਰ, ਕੁਦਰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕੂੜਾ ਕਰਕਟ ਪਰੇ ਦੇ ਹਟਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਹੋਵੇ ਦੂਰ, ਆਪਣਾ ਵਕਤ ਚੁਕਾਈਆ । ਕਿਰਪਾ ਕਰੇ ਹਾਜ਼ਰ ਹਜ਼ੂਰ, ਹਜ਼ਰਤ ਬੇਪਰਵਾਹੀਆ । ਦਰਸ ਦਿਖਾਏ ਨੇੜਨ ਦੂਰ, ਦੂਰ ਦੁਰਾਡਾ ਪੰਧ ਚੁਕਾਈਆ । ਸੰਤ ਸੁਹੇਲੇ ਮੇਲੇ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਹਉਮੇ ਗੜ੍ਹ ਤੋੜ ਗ਼ਰੂਰ, ਨਿਮਰਤਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸੱਚਾ ਮਾਰਗ ਸਤਿਗੁਰ ਪਿਆਰਾ, ਹਰਿ ਹਰਿ ਨਾਮੇ ਆਪ ਲਗਾਇੰਦਾ । ਜਿਸ ਦਾ ਕਦੇ ਨਾ ਬਣੇ ਕੋਇ ਹਿੱਸੇਦਾਰਾ, ਅੱਧਾ ਸਾਰਾ ਵੰਡ ਨਾ ਕੋਇ ਵੰਡਾਇੰਦਾ । ਦੋ ਜਹਾਨਾਂ ਵੇਖਣਹਾਰਾ, ਘਰ ਘਰ ਅੰਦਰ ਸੋਭਾ ਪਾਇੰਦਾ । ਗੁਰਮੁਖਾਂ ਦੇਵੇ ਅੰਦਰੋਂ ਇਕ ਇਸ਼ਾਰਾ, ਸੈਨਤ ਨਾਲ ਸਮਝਾਇੰਦਾ । ਸ਼ਬਦੀ ਨਾਦ ਦਏ ਧੁਨਕਾਰਾ, ਅਗੰਮੀ ਰਾਗ ਸੁਣਾਇੰਦਾ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰਾ, ਝਿਰਨਾ ਇਕ ਝਿਰਾਇੰਦਾ । ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਘਰ ਰੁਸ਼ਨਾਇੰਦਾ । ਸੇਜ ਸੁਹੰਜਣੀ ਬੈਠ ਹਰਿ ਕੰਤ ਭਤਾਰਾ, ਘਰ ਘਰ ਵਿਚ ਖ਼ੁਸ਼ੀ ਮਨਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੱਸੇ ਇਕ ਦਰਬਾਰਾ, ਦੂਜਾ ਹੱਟ ਨਾ ਕੋਇ ਖੁਲ੍ਹਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਇਕ ਅਵਤਾਰਾ, ਪੁਰਖ ਅਕਾਲ ਅਖਵਾਇੰਦਾ । ਗੁਰ ਅਵਤਾਰ ਜਿਸ ਦਾ ਮੰਗਦੇ ਰਹੇ ਸਹਾਰਾ, ਪੀਰ ਪੈਗ਼ੰਬਰਾਂ ਸਿਰ ਹੱਥ ਟਿਕਾਇੰਦਾ ।

ਸੋ ਨਿਰਗੁਣ ਨਿਰਵੈਰ ਨਿਰੰਕਾਰਾ, ਕਲ ਕਲਕੀ ਇਕ ਅਖਵਾਇੰਦਾ । ਜਿਸ ਦਾ ਸੰਬਲ ਧਾਮ ਅਪਾਰਾ, ਬਾਡੀ ਬਣਤ ਨਾ ਕੋਇ ਬਣਾਇੰਦਾ । ਨਾ ਕੋਇ ਲਾਏ ਇੱਟਾਂ ਗਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਓਥੇ ਵੱਜੇ ਨਾਮ ਨਗਾਰਾ, ਨੌਬਤ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਰਾਹ ਇਕ ਸਮਝਾਇੰਦਾ । ਸਾਚਾ ਰਾਹ ਦੱਸੇ ਏਕ, ਇਕੋ ਘਰ ਵਡਿਆਈਆ । ਇਕੋ ਸਤਿਗੁਰ ਇਕੋ ਟੇਕ, ਇਕੋ ਬੁੱਧ ਬਿਬੇਕ ਕਰਾਈਆ । ਇਕੋ ਨਿਰਗੁਣ ਸਰਗੁਣ ਧਰੇ ਭੇਖ, ਇਕੋ ਜੋਤੀ ਜੋਤ ਕਰੇ ਰੁਸ਼ਨਾਈਆ । ਇਕੋ ਹਰ ਘਟ ਰਿਹਾ ਵੇਖ, ਇਕੋ ਤ੍ਰੈਗੁਣ ਅਤੀਤਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਨਾਮ ਇਕ ਦ੍ਰਿੜਾਈਆ । ਸੱਚਾ ਨਾਮ ਨਾਮ ਸਤਿ, ਸਤਿ ਸਤਿ ਸਮਝਾਇੰਦਾ । ਸਭ ਨੂੰ ਉਪਜੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤਤ ਨਾ ਕੋਇ ਤਪਾਇੰਦਾ । ਘਰ ਸਵਾਮੀ ਮਿਲੇ ਸਮਰਥ, ਘਟ ਘਟ ਵਾਸੀ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਸਾਚਾ ਵਖਾਏ ਇਕ ਹੱਟ, ਜਿਸ ਹੱਟ ਦਾ ਮਾਲਕ ਪੁਰਖ ਅਕਾਲ ਇਕੋ ਨਜ਼ਰੀ ਆਇੰਦਾ ।

### ੭ ਅੱਸੂ ੨੦੨੧ ਬਿਕ੍ਰਮੀ ਮਾਨ ਸਿੰਘ ਦੇ ਗ੍ਰਿਹਿ ਪਿੰਡ ਕੰਗ

ਸਤਿਗੁਰ ਪੂਰਾ ਸਦਾ ਮਹਾਂ ਦਾਨੀ, ਦੌਲਤਮੰਦ ਅਖਵਾਇੰਦਾ । ਜੁਗ ਜੁਗ ਭਗਤਾਂ ਦੇ ਨਿਸ਼ਾਨੀ, ਨਿਸ਼ਾਨਾ ਇਕੋ ਘਰ ਵਖਾਇੰਦਾ । ਮਾਲਕ ਬਣ ਕੇ ਸ਼ਾਹ ਸੁਲਤਾਨੀ, ਸਿਰ ਆਪਣਾ ਹੱਥ ਟਿਕਾਇੰਦਾ । ਏਥੇ ਓਥੇ ਉਹ ਵਿਛੜੇ ਨਾ ਕਦੇ ਪ੍ਰਾਣੀ, ਜਿਸ ਪਰਮ ਪੁਰਖ ਪ੍ਰਭ ਆਪਣਾ ਨਾਤਾ ਜੋੜ ਜੁੜਾਇੰਦਾ । ਝਗੜਾ ਚੁਕਾਏ ਚਾਰੇ ਖਾਣੀ, ਖ਼ਾਨੇ ਆਪਣੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਦਇਆ ਕੀਤੀ ਏਕ, ਏਕੰਕਾਰ ਜਣਾਈਆ । ਨਿਰਗੁਣ ਹੋ ਕੇ ਬਖ਼ਸ਼ੀ ਟੇਕ, ਸਰਗੁਣ ਦਿਤਾ ਸਮਝਾਈਆ । ਜਿਸ ਅੰਤਰ ਆਤਮ ਲਿਆ ਚੇਤ, ਤਿਸ ਚਿੰਤਾ ਸਰਬ ਗਵਾਈਆ । ਅੰਤਮ ਲੈ ਕੇ ਜਾਏ ਆਪਣੇ ਦੇਸ, ਘਰ ਸਾਚੇ ਲਏ ਬਹਾਈਆ । ਕੂੜੀ ਕਿਰਿਆ ਨਹੀਂ ਕੋਈ ਭੇਖ, ਜੂਠ ਝੂਠ ਨਾ ਕੋਇ ਵਡਿਆਈਆ । ਕਰਨੇਹਾਰਾ ਨਰ ਨਰੇਸ਼, ਨਰਾਇਣ ਦਇਆ ਕਮਾਈਆ । ਗੁਰਮੁਖਾਂ ਪਿਛਲੇ ਬਦਲ ਕੇ ਲੇਖ, ਲੇਖਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਪੂਰਾ ਸਦਾ ਸਦਾ ਸਦ ਮਿੱਤ, ਮਿਤਰਾਂ ਵਿਚੋਂ ਮਿਤਰ ਨਜ਼ਰੀ ਆਈਆ । ਭਰਮ ਭੁਲੇਖਾ ਪਾਵੇ ਨਾ ਕਦਾ ਚਿਤ, ਸਚ ਸਤਿ ਦਏ ਦ੍ਰਿੜਾਈਆ । ਜੋ ਗੁਰਮੁਖ ਬਣ ਗਿਆ ਸਤਿਗੁਰ ਸਿੱਖ, ਸਿਖਿਆ ਅੰਦਰ ਵਸਾਈਆ । ਉਸਦਾ ਕਾਰਜ ਆਪੇ ਲਏ ਨਜਿਠ, ਏਥੇ ਓਥੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ੈਸਲਾ ਇਕੋ ਵਾਰ ਸੁਣਾਈਆ । ਫ਼ੈਸਲਾ ਰਖਿਆ ਸਚ ਅਦਾਲਤ, ਏਕੰਕਾਰ ਇਕੋ ਵਾਰ ਜਣਾਈਆ । ਸਤਿ ਦਵਾਰੇ ਸ਼ਬਦ ਸਰੂਪੀ ਦੇ ਜ਼ਮਾਨਤ, ਅੰਦਰ ਅੰਦਰ ਸੰਗ ਰਖਾਈਆ । ਬਰੀਖ਼ਾਨਾ ਖੋਲ੍ਹ ਲੈ ਕੇ ਜਾਏ ਸਹੀ ਸਲਾਮਤ, ਸਾਹਿਬ ਆਪਣੀ ਉਂਗਲੀ ਲਾਈਆ । ਜਗਤ ਜ਼ਿੰਦਗਾਨੀ ਚਾਰ ਦਿਹਾੜੇ ਅਮਾਨਤ, ਅੰਤਮ ਆਪਣੀ ਵਸਤ ਆਪਣੇ ਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ

੬੯੯
੧੭

ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜਨ ਭਗਤਾਂ ਕਰਕੇ ਸਚ ਪਿਆਰ, ਮਿਹਰ ਨਜ਼ਰ ਇਕੋ ਵਾਰ ਉਠਾਈਆ । ਜਿਨ੍ਹਾਂ ਬਖ਼ਸ਼ਿਆ ਚਰਨ ਪਿਆਰ, ਪ੍ਰੀਤੀ ਇਕ ਲਗਾਈਆ । ਜਿਨ੍ਹਾਂ ਦਿਤਾ ਇਕ ਆਧਾਰ, ਸਾਂਤਕ ਸਤਿ ਵਰਤਾਈਆ । ਜਿਨ੍ਹਾਂ ਜਣਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲਣਾ ਜੈਕਾਰ, ਤਿਨ੍ਹਾਂ ਜਮ ਕੰਕਰ ਨੇੜ ਕੋਇ ਨਾ ਆਈਆ । ਅੰਤਮ ਲੈ ਕੇ ਜਾਏ ਸਚ ਦਰਬਾਰ, ਜਿਸ ਦਰਬਾਰ ਦਾ ਮਾਲਕ ਆਪ ਅਖਵਾਈਆ । ਸਭ ਤੋਂ ਵੱਖਰਾ ਨਿਰਾਲਾ ਕਰਕੇ ਵਿਹਾਰ, ਵਾਅਦੇ ਨਾਲ ਫੜ ਫੜ ਪਾਰ ਲੰਘਾਈਆ । ਬੇਕਾਇਦਗੀ ਵਿਚ ਨਾ ਆਏ ਕਦੇ ਕਰਤਾਰ, ਕਾਇਦਾ ਤਰੀਕਾ ਆਪਣਾ ਦਏ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਲੋਕਮਾਤ ਕੀਤਾ ਇਹ ਵਿਹਾਰ, ਗ਼ਰੀਬ ਨਿਮਾਣੇ ਕੋਝੇ ਕਮਲੇ ਬਿਨ ਭਗਤੀ ਸ਼ਕਤੀ ਬਸਤੀ ਆਪਣੀ ਵਿਚ ਵਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ, ਸਰਕਾਰੀ ਹੁਕਮ ਨਾਲ ਲੇਖਾ ਦਏ ਮੁਕਾਈਆ ।

## ✪ ੭ ਅੱਸੂ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ✪

ਸਤਿਗੁਰ ਪੂਰਾ ਸਦਾ ਦਿਆਲਾ, ਦਇਆਵਾਨ ਅਖਵਾਇੰਦਾ । ਜੁਗ ਚੌਕੜੀ ਖੇਲੇ ਖੇਲ ਨਿਰਾਲਾ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਆਪਣੇ ਵੇਖੇ ਲਾਲਾ, ਸੰਤ ਸੁਹੇਲੇ ਪਕੜ ਉਠਾਇੰਦਾ । ਤ੍ਰੈਗੁਣ ਮਾਇਆ ਤੋੜਨਹਾਰ ਜੰਜਾਲਾ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਲੇਖੇ ਲਾਵੇ ਸ਼ਾਹ ਕੰਗਾਲਾ, ਮਿਹਰ ਨਜ਼ਰ ਇਕ ਉਠਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਇਕ ਜਣਾਇੰਦਾ । ਅੱਠੇ ਪਹਿਰ ਰਹੇ ਰਖਵਾਲਾ, ਦਿਵਸ ਰੈਣ ਸੇਵ ਕਮਾਇੰਦਾ । ਸਾਚਾ ਮਾਰਗ ਦੱਸ ਸੁਖਾਲਾ, ਸੰਸਾਰ ਸਾਗਰ ਪਾਰ ਕਰਾਇੰਦਾ । ਨਾਮ ਅਗੰਮੀ ਅੰਤਰ ਆਤਮ ਪਾਏ ਮਾਲਾ, ਮਨ ਕਾ ਮਣਕਾ ਫੇਰ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ, ਹਰਿ ਵੱਡਾ ਵਡ ਵਡਿਆਈਆ । ਲੇਖਾ ਜਾਣੇ ਪੰਜ ਤਤ ਸਰੀਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਜਨ ਭਗਤਾਂ ਦੇਵੇ ਪ੍ਰਭ ਮਿਲਣ ਦੀ ਸਾਚੀ ਧੀਰ, ਧੀਰਜ ਇਕੋ ਇਕ ਸਮਝਾਈਆ । ਜਨਮ ਜਨਮ ਦੀ ਕੱਟ ਕੇ ਭੀੜ, ਕਰਮ ਕਰਮ ਦਾ ਰੋਗ ਚੁਕਾਈਆ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਸੱਚਾ ਜਾਮ ਹੱਥ ਫੜਾਈਆ । ਤਦਬੀਰ ਨਾਲ ਬਦਲ ਦੇਵੇ ਤਕਦੀਰ, ਤਕਰੀਰ ਤਹਿਰੀਰ ਵਿਚ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲੇ ਸਹਿਜ ਸੁਭਾਈਆ । ਸਤਿਗੁਰ ਸੱਚਾ ਆਦਿ ਜੁਗਾਦੀ ਠਾਂਡਾ, ਅਗਨੀ ਤਤ ਨਾ ਕੋਇ ਤਪਾਇੰਦਾ । ਹਰਿਜਨ ਵੇਖੇ ਅੰਤਰ ਆਤਮ ਢੋਲਾ ਗਾਂਦਾ, ਪ੍ਰੇਮ ਪ੍ਰੀਤੀ ਇਕ ਨਿਭਾਇੰਦਾ । ਦੀਨ ਦਿਆਲ ਹੋਏ ਸਦ ਬਖ਼ਸ਼ਿੰਦਾ, ਬਖ਼ਸ਼ਸ਼ ਰਹਿਮਤ ਆਪਣੀ ਆਪੇ ਆਪ ਵਰਤਾਇੰਦਾ । ਸਚ ਦਵਾਰੇ ਜੋੜ ਕੇ ਨਾਤਾ, ਪੁਰਖ ਬਿਧਾਤਾ ਵੇਖ ਵਖਾਇੰਦਾ । ਜੀਵਣ ਜੁਗਤੀ ਦੇ ਕੇ ਦਾਤਾ, ਮੁਕਤੀ ਚਰਨਾਂ ਹੇਠ ਦਬਾਇੰਦਾ । ਅੰਤਰ ਆਤਮ ਹੋਏ ਸਾਥਾ, ਸਗਲਾ ਸੰਗ ਬਣਾਇੰਦਾ । ਤੂੰ ਮੇਰਾ ਮੈਂ ਤੇਰੀ ਗਾਥਾ, ਮੰਤਰ ਇਕ ਪੜ੍ਹਾਇੰਦਾ । ਜਨਮ ਕਰਮ ਦਾ ਧੋ ਕੇ ਪਾਪਾ, ਦੁਰਮਤ ਮੈਲ ਪਰੇ ਹਟਾਇੰਦਾ ।

ਹੋਏ ਸਹਾਈ ਨਾਥ ਅਨਾਥਾਂ, ਦੀਨਣ ਆਪਣੇ ਗਲੇ ਲਗਾਇੰਦਾ । ਜੁਗ ਚੌਕੜੀ ਵੇਖਣਹਾਰ ਤਮਾਸ਼ਾ, ਨਿਤ ਨਵਿਤ ਆਪਣਾ ਵੇਸ ਵਟਾਇੰਦਾ । ਗੋਪੀ ਕਾਹਨ ਮਿਲ ਮਿਲ ਪਾਵਣਹਾਰਾ ਰਾਸਾ, ਮੰਡਲ ਮੰਡਪ ਨਿਰਗੁਣ ਸਰਗੁਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰੇ ਆਸਾ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਸਤਿਗੁਰ ਪੂਰਾ ਸ਼ਬਦ ਅਨਾਦੀ, ਏਕੰਕਾਰ ਦਏ ਵਡਿਆਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦੀ, ਬ੍ਰਹਿਮਾਂਡ ਖੋਜੇ ਥਾਉਂ ਥਾਈਆ । ਆਤਮ ਪਰਮਾਤਮ ਹੋ ਵਿਸਮਾਦੀ, ਬਿਸਮਿਲ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਸੀਸ ਜਗਦੀਸ ਦੇਵਣਹਾਰਾ ਥਾਪੀ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਰੂਹ ਬੁੱਤ ਤਨ ਮਾਟੀ ਖ਼ਾਕੀ ਕਰੇ ਪਾਕੀ, ਪਤਤ ਪੁਨੀਤ ਪਾਰ ਕਰਾਈਆ । ਨਾਮ ਨਿਧਾਨ ਸੁਣਾਏ ਅਗੰਮੀ ਸਾਖ਼ੀ, ਸਾਖ਼ਿਆਤ ਆਪਣਾ ਦਰਸ ਦਏ ਵਖਾਈਆ । ਜਨਮ ਕਰਮ ਦਾ ਪੂਰਬ ਲੇਖਾ ਦੇਵੇ ਬਾਕੀ, ਧੁਰ ਦਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਹਯਾਤੀ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੂਰਾ ਨੀਕਣ ਨੀਕਾ, ਵੱਡਾ ਵੱਡੀ ਵਡ ਵਡਿਆਈਆ । ਲੇਖਾ ਜਾਣੇ ਜੀਵ ਜੀਅ ਕਾ, ਅੰਤਰ ਆਤਮ ਵੇਖ ਵਖਾਈਆ । ਲਹਿਣਾ ਦੇਣਾ ਮਿਟਾਵਣਹਾਰਾ ਸਾਢੇ ਤਿੰਨ ਹੱਥ ਸੀਂ ਕਾ, ਸਗਲਾ ਸੰਗੀ ਇਕ ਅਖਵਾਈਆ । ਆਪਣੇ ਮਿਲਣ ਦਾ ਆਦਿ ਜੁਗਾਦਿ ਸਚ ਦਵਾਰੇ ਜਾਣੇ ਸਚ ਤਰੀਕਾ, ਤਰਾ ਤਰਾ ਦਏ ਸਮਝਾਈਆ । ਏਥੇ ਉਥੇ ਦੋ ਜਹਾਨਾਂ ਬਣ ਕੇ ਮੀਤਾ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਜਣ ਸਾਹਿਬ ਇਕ ਗੁਸਾਂਈਆ । ਸਤਿਗੁਰ ਪੂਰਾ ਵਡ ਵਡੇਰਾ, ਊਚੋ ਊਚ ਅਖਵਾਇੰਦਾ । ਦੂਰ ਦੁਰਾਡਾ ਨੇਰਨ ਨੇਰਾ, ਘਟ ਘਟ ਸੋਭਾ ਪਾਇੰਦਾ । ਝਗੜਾ ਚੁਕਾਏ ਤੇਰਾ ਮੇਰਾ, ਤੂੰਹੀ ਤੂੰਹੀ ਰਾਗ ਸੁਣਾਇੰਦਾ । ਜੋਤ ਜਗਾਏ ਕਾਇਆ ਖੇੜਾ, ਦੀਆ ਬਾਤੀ ਇਕੋ ਡਗਮਗਾਇੰਦਾ । ਗੁਰਮੁਖ ਅੰਦਰ ਚੁੱਕੇ ਅੰਧੇਰਾ, ਮਾਇਆ ਮਮਤਾ ਮੋਹ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਮੀ ਕਰ ਕੇ ਮਿਹਰਾ, ਮਿਹਰ ਮੁਹੱਬਤ ਇਕ ਦ੍ਰਿੜਾਇੰਦਾ । ਸਤਿਗੁਰ ਪੂਰਾ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸ਼ਬਦ ਮਹਿੰਮਾ ਦੱਸੇ ਅਕਥ, ਕਥਨੀ ਕੋਈ ਨਾ ਸਕੇ ਕਥ, ਰਸਨਾ ਢੋਲਾ ਨਾ ਕੋਇ ਗਾਈਆ । ਸਾਚੇ ਸੰਤਾਂ ਸੀਸ ਰੱਖੇ ਹੱਥ, ਓਢਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਬਿਨ ਅੱਖਰਾਂ ਦਏ ਸਮਝਾਈਆ । ਸਤਿਗੁਰ ਪੂਰਾ ਖੋਲ੍ਹੇ ਅੱਖ, ਨਿਜ ਨੇਤਰ ਧਿਆਨ ਲਗਾਈਆ । ਸਾਖਿਆਤ ਹੋ ਪ੍ਰਤਖ, ਪਤਿਪਰਮੇਸ਼ਵਰ ਸਵੱਛ ਸਰੂਪੀ ਦਰਸ ਦਏ ਵਖਾਈਆ । ਪ੍ਰੇਮ ਪਿਆਰ ਦਾ ਗੀਤ ਸੁਹੰਜਣਾ ਸੁਣਾਏ ਜਸ, ਢੋਲਾ ਇਕੋ ਰਾਗ ਸੁਣਾਈਆ । ਸੰਤ ਸੁਹੇਲਾ ਹੋਵੇ ਵਸ, ਡੋਰੀ ਤੰਦ ਪ੍ਰੇਮ ਬੰਨ੍ਹਾਈਆ । ਜਨਮ ਕਰਮ ਦਾ ਲਹਿਣਾ ਦੇਣਾ ਝੋਲੀ ਦੇਵੇ ਘਤ, ਕੂੜੀ ਕਿਰਿਆ ਕਰਮ ਕਾਂਡ ਖਪਾਈਆ । ਲੇਖਾ ਜਾਣੇ ਪੰਜ ਤੱਤ, ਤ੍ਰੈਗੁਣ ਪੜਦਾ ਦਏ ਉਠਾਈਆ । ਹਕੀਕਤ ਵਿਚੋਂ ਦੇ ਕੇ ਹਕ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਮਾਰਗ ਅਗੰਮੀ ਦੱਸ, ਨਿਕੰਮੀ ਸੁਰਤੀ ਸ਼ਬਦ ਮਿਲਾਈਆ ।

## ੭ ਅੱਸੂ ੨੦੨੧ ਬਿਕ੍ਰਮੀ ਕੁੰਦਨ ਸਿੰਘ ਗ੍ਰਿਹਿ ਮਾਲ ਚੱਕ

ਗੁਰ ਸ਼ਬਦ ਕਹੇ ਪ੍ਰਭ ਵੇਖ ਆਪਣੀ ਦੁਨੀ, ਕਲਜੁਗ ਅੰਤਮ ਧਿਆਨ ਲਗਾਈਆ । ਸਾਚਾ ਦਿਸੇ ਨਾ ਕੋਇ ਰਿਸ਼ੀ ਮੁਨੀ, ਮੁਨੀ ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਮਾਇਆ ਭੁੱਲੇ ਵੱਡੇ ਗੁਣੀ, ਮਨ ਵਾਸਨਾ ਹੋਈ ਹਲਕਾਈਆ । ਤੇਰੀ ਸਿਖਿਆ ਸਭ ਨੂੰ ਭੁੱਲੀ, ਸਾਧਾਂ ਸੰਤਾਂ ਹੋਈ ਜੁਦਾਈਆ । ਤੇਰਾ ਨਾਮ ਗਾਉਂਦੇ ਰਸਨਾ ਜਿਹਵਾ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਕਾਇਆ ਦਿਸੇ ਖ਼ਾਲੀ ਕੁੱਲੀ, ਦੀਆ ਬਾਤੀ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਪਿਆਲੀ ਸਭ ਦੀ ਡੁਲ੍ਹੀ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਝਗੜਾ ਪਿਆ ਹਿੰਦੂ ਮੁਸਲਿਮ ਸੁੰਨੀ, ਈਸਾਈ ਧੀਰ ਨਾ ਕੋਇ ਧਰਾਈਆ । ਕਲਜੁਗ ਫੁਲਵਾੜੀ ਚਾਰੋਂ ਕੁੰਟ ਫੁੱਲੀ, ਸਿਮਲ ਰੂਪ ਨਜ਼ਰੀ ਆਈਆ । ਤੇਰੇ ਤਰਾਜ਼ੂ ਸ੍ਰੀ ਭਗਵਾਨ ਕੋਈ ਨਾ ਤੁਲੀ, ਅੰਤਮ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਹੋ ਸਹਾਈਆ । ਗੁਰ ਸ਼ਬਦ ਕਹੇ ਪ੍ਰਭ ਵੇਖ ਕਾਇਨਾਤ, ਕਲਮਾ ਭੁੱਲੀ ਸਰਬ ਲੋਕਾਈਆ । ਲੱਖ ਚੁਰਾਸੀ ਖੋਲ੍ਹ ਤਾਕ, ਪੜਦਾ ਇਕ ਉਠਾਈਆ । ਘਰ ਘਰ ਅੰਦਰ ਹੋਈ ਅੰਧੇਰੀ ਰਾਤ, ਤੇਰਾ ਸ਼ਮਾ ਚਰਾਗ਼ ਨਾ ਕੋਇ ਜਲਾਈਆ । ਆਤਮ ਪਰਮਾਤਮ ਦੇਵੇ ਨਾ ਕੋਇ ਸਾਥ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਈਆ । ਪੰਚ ਵਿਕਾਰਾ ਝਗੜਾ ਪਿਆ ਜ਼ਾਤ ਪਾਤ, ਮਜ਼੍ਹਬ ਦੀਨ ਕਰੇ ਲੜਾਈਆ । ਸਾਚਾ ਹੁਜਰਾ ਘਰ ਸੋਹੇ ਨਾ ਕੋਇ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਸਚ ਸਵਾਮੀ ਕਰੇ ਨਾ ਕੋਇ ਸਲਾਮ, ਸੱਯਦਾ ਸੀਸ ਨਾ ਕੋਇ ਝੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੈਨੂੰ ਲੱਭਦੇ ਫਿਰਨ ਭਗਵਾਨ, ਘਰ ਵਿਚ ਘਰ ਖੋਜ ਨਾ ਕੋਇ ਖੁਜਾਈਆ । ਤੇਰੀ ਸ੍ਰਿਸ਼ਟੀ ਬਿਨ ਦ੍ਰਿਸ਼ਟੀ ਤੱਕੀ ਹੋਈ ਅਨਜਾਣ, ਸੁਘੜ ਸੁਜਾਨ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੇ ਕੇ ਗਏ ਬਿਆਨ, ਰਾਗਾਂ ਨਾਦਾਂ ਸ਼ਬਦਾਂ ਵਿਚ ਸੁਣਾਈਆ । ਤਿਨ੍ਹਾਂ ਦਾ ਧਰੇ ਨਾ ਕੋਇ ਧਿਆਨ, ਰਸਨਾ ਜਿਹਵਾ ਸਰਬ ਹਲਕਾਈਆ । ਕਾਇਆ ਖ਼ਾਲੀ ਕੱਪੜ ਦਿਸੇ ਮਕਾਨ, ਆਤਮ ਸੇਜਾ ਸੋਭਾ ਕੋਇ ਨਾ ਪਾਈਆ । ਸ਼ਬਦੀ ਧੁਨ ਸੁਣੇ ਨਾ ਕੋਇ ਧੁਨਕਾਨ, ਅਨਹਦ ਰਾਗ ਨਾ ਕੋਇ ਅਲਾਈਆ । ਤੇਰਾ ਨੂਰ ਜ਼ਹੂਰ ਸਕੇ ਨਾ ਕੋਇ ਪਹਿਚਾਨ, ਬੇਪਹਿਚਾਨ ਜਗਤ ਲੋਕਾਈਆ । ਕਿਰਪਾ ਨਿਧ ਠਾਕਰ ਸਵਾਮੀ ਤੂੰ ਆਪ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਸ਼ਰੀਅਤ ਵਿਚੋਂ ਬਾਹਰ ਕਢਾਈਆ । ਸਿਦਕ ਸਬੂਰੀ ਦੇ ਇਕ ਈਮਾਨ, ਧੀਰਜ ਧੀਰ ਦੇ ਧਰਾਈਆ । ਤੇਰਾ ਨਾਉਂ ਨਿਰੰਕਾਰ ਦੋ ਜਹਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਮੁਹੱਬਤ ਦੇ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਵੇਖ ਆਪਣੀ ਮਾਇਆ, ਲੱਖ ਚੁਰਾਸੀ ਰਹੀ ਖਾਈਆ । ਜੀਵਾਂ ਜੰਤਾਂ ਭਰਮ ਭੁਲਾਇਆ, ਭਾਂਡਾ ਭਰਮ ਨਾ ਕੋਇ ਤੁੜਾਈਆ । ਮਨ ਵਾਸਨਾ ਫਿਰੇ ਹਲਕਾਇਆ, ਕੂੜੀ ਮਤ ਚਲਾਈਆ । ਹਉਮੇ ਹੰਗਤਾ ਗੜ੍ਹ ਬਣਾਇਆ, ਹੰਕਾਰ ਵਿਕਾਰ ਸਤਾਈਆ । ਸਾਚਾ ਦਰ ਕਿਸੇ ਨਜ਼ਰ ਨਾ ਆਇਆ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਮੰਜ਼ਲ ਚੜ੍ਹ ਨਾ ਖ਼ੁਸ਼ੀ ਮਨਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

ਗੁਰ ਸ਼ਬਦ ਕਹੇ ਕੀ ਦੱਸਾਂ ਹਾਲ, ਹਾਲਤ ਸਾਰੇ ਗਏ ਬਦਲਾਈਆ । ਤੇਰੇ ਮਿਲਣ ਦੀ ਘਾਲੇ ਕੋਈ ਨਾ ਘਾਲ, ਕੂੜਾ ਲਾਲਚ ਜਗਤ ਵਧਾਈਆ । ਤੇਰਾ ਮੰਦਰ ਕਿਸੇ ਹੱਥ ਨਾ ਆਇਆ ਸੱਚੀ ਧਰਮਸਾਲ, ਸਤਿਗੁਰ ਸੱਚਾ ਮੇਲ ਨਾ ਕੋਇ ਮਿਲਾਈਆ । ਤ੍ਰੈਗੁਣ ਮਾਇਆ ਪਾਇਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪ੍ਰਭ ਸਵਾਮੀ ਜਾ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਨਗਾਰਾ ਰਿਹਾ ਵਜਾਈਆ । ਤੇਰੀ ਸਮਝ ਨਾ ਸਕਿਆ ਕੋਈ ਚਾਲ, ਨਿਰਾਲੀ ਚਾਲ ਸਮਝ ਕਿਸੇ ਨਾ ਪਾਈਆ । ਭਾਗ ਲਗਾ ਕਾਇਆ ਮਾਟੀ ਖਾਲ, ਸਾਢੇ ਤਿੰਨ ਹੱਥ ਦੇ ਸਮਝਾਈਆ । ਤੇਰੇ ਵਿਛੋੜੇ ਅੰਦਰ ਤੇਰੇ ਗੁਰਮੁਖ ਰੋਂਦੇ ਬਾਲ, ਗੁਰਸਿਖ ਬੈਠੇ ਨੈਣ ਉਠਾਈਆ । ਸੰਤ ਸੁਹੇਲੇ ਕਰਦੇ ਭਾਲ, ਅੰਦਰੇ ਅੰਦਰ ਰਾਹ ਤਕਾਈਆ । ਭਗਤਾਂ ਜਾ ਕੇ ਮਿਲ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਨਾਮ ਅਗੰਮਾ ਦੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਸਖ਼ੀ ਸਵਾਣੀ ਮਿਲ ਸੁਰਤੀ ਕਾਹਨ, ਬੰਸਰੀ ਨਾਮ ਵਜਾਈਆ । ਬਣ ਵੈਰਾਗਣ ਵੇਖ ਰਾਮ, ਸੀਤਾ ਸੁਰਤ ਸੁਰਤ ਪਰਨਾਈਆ । ਜਾ ਕੇ ਦੱਸ ਆਪਣਾ ਸਤਿਨਾਮ, ਜੋ ਸਤਿ ਸਤਿ ਸਤਿ ਵਿਚ ਸਮਾਈਆ । ਅੰਮ੍ਰਿਤ ਦੇ ਅਨੋਖਾ ਜਾਮ, ਨਾਮ ਖ਼ੁਮਾਰੀ, ਇਕ ਚੜ੍ਹਾਈਆ । ਬੰਦ ਖਲਾਸੀ ਕਰ ਜਾ ਕੇ ਜੋ ਬਰਦੇ ਹੋਏ ਗ਼ੁਲਾਮ, ਕਾਮ ਕਰੋਧ ਲੋਭ ਮੋਹ ਹੰਕਾਰ ਬੰਧਨ ਪਾਈਆ । ਕਿਰਪਾ ਕਰ ਵਡ ਇਮਾਮ, ਈਸਾ ਮੂਸਾ ਮੁਹੰਮਦ ਤੇਰੀ ਓਟ ਤਕਾਈਆ । ਸਚ ਸੰਦੇਸਾ ਦੇ ਕੇ ਗਏ ਪੈਗ਼ਾਮ, ਕਲਮਿਆਂ ਵਿਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਾਰਤਾ ਆਪਣੀ ਲਏ ਜਣਾਈਆ । ਗੁਰ ਸ਼ਬਦ ਕਹੇ ਮੇਰੇ ਠਾਂਡੇ ਮੀਤ, ਮਿਹਰਵਾਨ ਤੇਰੀ ਸਰਨਾਈਆ । ਕਲਜੁਗ ਅੰਤਮ ਬਦਲ ਦੇ ਰੀਤ, ਸਤਿਜੁਗ ਸਾਚੀ ਧਾਰ ਚਲਾਈਆ । ਝਗੜਾ ਮੁਕ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮਠ ਕਾਇਆ ਕਾਅਬਾ ਨਜ਼ਰੀ ਆਈਆ । ਲੇਖਾ ਰਹੇ ਨਾ ਊਚ ਨੀਚ, ਰਾਓ ਰੰਕ ਇਕੋ ਰੰਗ ਰੰਗਾਈਆ । ਸਾਚੀ ਸਿਖਿਆ ਸਚ ਦਵਾਰੇ ਸਾਰੇ ਲੈਣ ਸੀਖ, ਆਤਮ ਪਰਮਾਤਮ ਕਰ ਪੜ੍ਹਾਈਆ । ਪ੍ਰਭ ਮਿਲਣ ਦੀ ਸਚ ਪ੍ਰੀਤ, ਦੂਜੀ ਯਾਰੀ ਕੰਮ ਕਿਸੇ ਨਾ ਆਈਆ । ਤੇਰਾ ਵਸੇਰਾ ਅੰਦਰ ਹਸਤ ਕੀਟ, ਕੀਟਾਂ ਅੰਦਰ ਕੀਟ ਨਜ਼ਰੀ ਆਈਆ । ਸਭ ਦੀ ਕਾਇਆ ਚੋਲੀ ਚਾੜ੍ਹ ਰੰਗ ਮਜੀਠ, ਏਥੇ ਓਥੇ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਸ਼ਬਦ ਕਹੇ ਪ੍ਰਭ ਵੇਖ ਕਲਜੁਗ ਭਵਰ, ਡੂੰਘੇ ਸਾਗਰ ਰਹੀ ਵਖਾਈਆ । ਤੁਧ ਬਿਨ ਮਾਰਗ ਦਿਸੇ ਨਾ ਕੋਈ ਅਵਰ, ਬੇਨਜ਼ੀਰ ਨਜ਼ਰ ਕੋਇ ਨਾ ਆਈਆ । ਤੈਨੂੰ ਗੁਰ ਅਵਤਾਰ ਪੈਗ਼ੰਬਰਾਂ ਕੀਤਾ ਤਸੱਵਰ, ਦਰ ਤੇਰੇ ਸੀਸ ਨਿਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਕਰਦੇ ਗਏ ਤਸੱਵਰ, ਸ਼ੁਕਰਾਨੇ ਵਿਚ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਪੜਦਾ ਲਾਹੀਆ । ਗੁਰ ਸ਼ਬਦ ਕਹੇ ਪ੍ਰਭ ਲਾਹ ਪੜਦਾ, ਮੁਖ ਨਕਾਬ ਲੁਹਾਈਆ । ਕਲਜੁਗ ਅੰਤਮ ਵੇਖ ਸੜਦਾ, ਜੀਵ ਜੰਤ ਰਿਹਾ ਕੁਰਲਾਈਆ । ਕੋਈ ਨਾ ਸਵਾਲੀ ਦਿਸੇ ਤੇਰੇ ਦਰ ਦਾ, ਖ਼ਾਲੀ ਘਰ ਘਰ ਨਜ਼ਰੀ ਆਈਆ । ਬੇਸ਼ਕ ਬਾਹਰੋਂ ਤੈਨੂੰ ਹਰ ਕੋਈ ਪੜ੍ਹਦਾ, ਅੰਦਰ ਵੜ ਕੇ ਤੇਰਾ ਦਰਸ ਕੋਇ ਨਾ ਪਾਈਆ । ਕੋਟਨ ਕੋਟ ਤੇਰੇ ਪਿਛੇ ਪਾਣੀ ਅੰਦਰ ਠਰਦਾ, ਕੋਟਨ ਕੋਟ ਅਗਨੀ ਤਤ ਤਪਾਈਆ । ਕੋਟਨ ਕੋਟ ਸ਼ਿਵਦਵਾਲੇ ਮੰਦਰ ਮਸੀਤਾਂ ਅੰਦਰ ਵੜਦਾ, ਗੁਰੂ ਦਵਾਰੇ ਬਹਿ ਬਹਿ ਵੇਖ

ਵਖਾਈਆ । ਬਿਨ ਤੇਰੀ ਕਿਰਪਾ ਠਾਕਰ ਸਵਾਮੀ ਸਾਚੀ ਮੰਜ਼ਲ ਕੋਇ ਨਾ ਚੜ੍ਹਦਾ, ਅਗਲਾ ਪਿਛਲਾ ਪੰਧ ਮੁਕਾਈਆ । ਤੂੰ ਮਾਲਕ ਹਰ ਘਟ ਘਰ ਦਾ, ਘਰ ਘਰ ਵੇਖੇਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰ ਸ਼ਬਦ ਕਹੇ ਕਿਉਂ ਬੈਠਾਂ ਖ਼ਾਮੋਸ਼, ਸਚਖੰਡ ਦਵਾਰੇ ਡੇਰਾ ਲਾਈਆ । ਜਨ ਭਗਤ ਤੇਰਾ ਦਰਸ਼ਨ ਰਹੇ ਲੋਚ, ਨਿਜ ਨੇਤਰ ਅੱਖ ਖੁਲ੍ਹਾਈਆ । ਸਚ ਸਵਾਮੀ ਆ ਕੇ ਪਹੁੰਚ, ਸਦੀ ਵੀਹਵੀਂ ਦਏ ਦੁਹਾਈਆ । ਪੁਰਖ ਅਕਾਲ ਤੇਰੇ ਸੰਤ ਜਨ ਵੇਖਣ ਅਗੰਮੀ ਚੋਜ, ਚੋਜੀ ਪ੍ਰੀਤਮ ਦਇਆ ਕਮਾਈਆ । ਤੂੰ ਸੋਚਿਆਂ ਕਿਸੇ ਨਾ ਆਵੇਂ ਵਿਚ ਸੋਚ, ਸਮਝ ਵਿਚ ਨਾ ਚਲੇ ਕੋਇ ਚਤੁਰਾਈਆ । ਤੇਰੀ ਕਿਆ ਕੋਈ ਖੋਜੇ ਖੋਜ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਹੱਥ ਕਿਸੇ ਨਾ ਆਈਆ । ਜੁਗਾ ਜੁਗੰਤ ਭਗਤ ਉਧਾਰਨ ਤੇਰੀ ਮੌਜ, ਮੌਜੂਦਾ ਹੋ ਕੇ ਹੋ ਸਹਾਈਆ । ਗੁਰਮੁਖਾਂ ਝੱਲਿਆ ਨਾ ਜਾਵੇ ਵਿਜੋਗ, ਵਿਛੋੜੇ ਅੰਦਰ ਰਹੇ ਕੁਰਲਾਈਆ । ਆਪਣੀ ਸ੍ਰਿਸ਼ਟੀ ਪਰਮ ਪੁਰਖ ਪ੍ਰਭ ਆਪੇ ਆ ਕੇ ਸੋਧ, ਸੁਧਾਸਰ ਵਿਚੋਂ ਨੁਹਾਈਆ । ਕੂੜੀ ਕਿਰਿਆ ਕੱਟ ਕੇ ਰੋਗ, ਮਾਇਆ ਮਮਤਾ ਮੋਹ ਮਿਟਾਈਆ । ਆਪਣੇ ਮਿਲਣ ਦਾ ਸਾਚਾ ਦੱਸ ਦੇ ਜੋਗ, ਜੁਗਤੀ ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਗੁਰ ਸ਼ਬਦ ਕਹੇ ਪ੍ਰਭ ਕਿਰਪਾ ਕਰ ਆਪ, ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਦੇ ਦੇ ਇਕੋ ਜਾਪ, ਪਿਛਲੀ ਵੰਡ ਰਹਿਣ ਕੋਇ ਨਾ ਪਾਈਆ । ਤੈਨੂੰ ਗੁਰ ਅਵਤਾਰਾਂ ਪੈਗ਼ੰਬਰਾਂ ਮੰਨਿਆ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਇਕ ਜਣਾਈਆ । ਤੂੰ ਲੱਖ ਚੁਰਾਸੀ ਅੰਤਰਜਾਮੀ ਸੱਜਣ ਸਾਕ, ਬੰਧਪ ਇਕ ਅਖਵਾਈਆ । ਤੂੰ ਨਿਤ ਨਵਿਤ ਦੋ ਜਹਾਨਾਂ ਪਾਕੀ ਪਾਕ, ਰਸੂਲ ਤੇਰਾ ਕਲਮਾ ਕਰ ਕਬੂਲ ਸੀਸ ਨਿਵਾਈਆ । ਅੰਦਰ ਵੜ ਕੇ ਖੋਲ੍ਹ ਦੇ ਤਾਕ, ਤੇਰਾ ਉਪਜੇ ਅੰਤਰ ਇਕੋ ਪਾਠ, ਬਿਨ ਰਸਨਾ ਜਿਹਵਾ ਦੇ ਸਮਝਾਈਆ । ਕੂੜੀ ਮਿਟੇ ਅੰਧੇਰੀ ਰਾਤ, ਨਿਰਮਲ ਜੋਤ ਹੋਵੇ ਪਰਕਾਸ਼, ਅਨਹਦ ਸ਼ਬਦ ਹੋਵੇ ਸ਼ਨਵਾਈਆ । ਸਦ ਵਸੀਏ ਤੇਰੇ ਪਾਸ, ਮੰਡਲ ਮੰਡਪ ਪੈਂਦੀ ਵੇਖੀਏ ਸਾਚੀ ਰਾਸ, ਗੋਪੀ ਕਾਹਨ ਕੋਟਨ ਕੋਟ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਨਿਰਗੁਣ ਨਿਰਗੁਣ ਫੇਰਾ ਪਾਈਆ । ਗੁਰ ਸ਼ਬਦ ਕਹੇ ਪ੍ਰਭ ਸਚ ਖ਼ੁਦਾ, ਪਰਵਰਦਿਗਾਰ ਤੇਰੀ ਸਰਨਾਈਆ । ਤੇਰੇ ਨਾਲੋਂ ਜੋ ਹੋਏ ਜੁਦਾ, ਜੁਜ਼ ਆਪਣਾ ਬੈਠੇ ਬਣਾਈਆ । ਇਕੋ ਮਾਰਗ ਦੱਸ ਸਿੱਧਾ, ਕਲਮਾ ਸਚ ਪੜ੍ਹਾਈਆ । ਕੋਈ ਨਾ ਜਾਣੇ ਤੂੰ ਵੱਡਾ ਕਿੱਡਾ, ਨੀਕਣ ਨੀਕਾ ਸਮਝ ਕਿਸੇ ਨਾ ਆਈਆ । ਦੀਨ ਮਜ਼੍ਹਬ ਵਿਚ ਪਈ ਜ਼ਿਦਾ, ਹਉਮੇ ਕਰੇ ਲੜਾਈਆ । ਜਿਸ ਨੂੰ ਮੂਸਾ ਈਸਾ ਮੁਹੰਮਦ ਮੰਨਿਆ ਪਿਤਾ, ਉਸੇ ਨੂੰ ਗੋਬਿੰਦ ਪੁਰਖ ਅਕਾਲ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਗੁਰ ਸ਼ਬਦ ਕਹੇ ਪ੍ਰਭ ਕਲਜੁਗ ਮੇਟ ਕੂੜ, ਕੁੜਿਆਰਾ ਰਹਿਣ ਕੋਇ ਨਾ ਪਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਜੋ ਤੈਨੂੰ ਗਏ ਭੁਲਾਈਆ । ਚਾਰੇ ਵਰਨਾਂ ਬਖ਼ਸ਼ ਸਾਚੀ ਧੂੜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਟਿੱਕਾ ਲਾਈਆ । ਕਾਇਆ ਚੋਲੀ ਚਾੜ੍ਹ ਰੰਗ ਗੂੜ੍ਹ, ਦੁਰਮਤ ਮੈਲ ਧੁਆਈਆ । ਦਰਸ ਵਖਾ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣੀ ਫੇਰੀ ਪਾਈਆ । ਤੇਰਾ ਆਉਣਾ ਜਾਣਾ ਖੇਲ ਜਗਤ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਕਿਉਂ ਹੋਇਓਂ ਮਫ਼ਰੂਰ, ਦਰਗਾਹ ਸਾਚੀ

ਮੁਖ ਛੁਪਾਈਆ । ਆ ਕੇ ਜਲਵਾ ਦੇ ਅਗੰਮੀ ਨੂਰ, ਨੂਰੋ ਨੂਰ ਨੂਰ ਕਰ ਰੁਸ਼ਨਾਈਆ । ਸ਼ਬਦ ਅਨਾਦੀ ਵਜਾ ਤੂਰ, ਤੁਰਤ ਆਪਣਾ ਹੁਕਮ ਮਨਾਈਆ । ਸਰਬ ਖ਼ਾਲੀ ਭੰਡਾਰੇ ਕਰ ਭਰਪੂਰ, ਨਾਮ ਪਦਾਰਥ ਝੋਲੀ ਪਾਈਆ । ਤੇਰੇ ਦਰ ਦੇ ਬਰਦੇ ਸਰਬ ਮਜ਼ਦੂਰ, ਮਜ਼ਦੂਰੀ ਸਭ ਦੀ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਈਆ । ਗੁਰ ਸ਼ਬਦ ਕਹੇ ਵੇਖ ਅੰਧੇਰਾ, ਅੰਧ ਵਿਸ਼ਵਾਸ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਪਿਆ ਝੇੜਾ, ਝਗੜੇ ਵਿਚ ਲੋਕਾਈਆ । ਨੌਂ ਖੰਡ ਪ੍ਰਿਥਮੀ ਤੇਰਾ ਸੋਹੇ ਨਾ ਸੱਚਾ ਖੇੜਾ, ਸੱਤ ਦੀਪ ਨਾ ਕੋਇ ਵਡਿਆਈਆ । ਮਾਇਆ ਮਮਤਾ ਪਾਇਆ ਘੇਰਾ, ਚਾਰੋਂ ਕੁੰਟ ਨਜ਼ਰੀ ਆਈਆ । ਧਰਤ ਮਾਤ ਦਾ ਸਾਫ਼ ਨਾ ਦਿਸੇ ਵਿਹੜਾ, ਸਤਿ ਸਚ ਨਾ ਕੋਇ ਸਮਝਾਈਆ । ਤੁਧ ਬਿਨ ਕਰੇ ਨਾ ਕੋਇ ਹਕ ਨਿਬੇੜਾ, ਅਦਲ ਅਦਾਲਤ ਨਾ ਕੋਇ ਲਗਾਈਆ । ਸ੍ਰੀ ਭਗਵਾਨ ਅਬਿਨਾਸ਼ੀ ਕਰਤੇ ਕਰ ਮਿਹਰਾ, ਪਰਵਰਦਿਗਾਰ ਸਾਂਝੇ ਯਾਰ ਹੋ ਸਹਾਈਆ । ਤੇਰੇ ਮਿਲਣ ਦਾ ਭਗਤਾਂ ਚਾਓ ਘਨੇਰਾ, ਘਰ ਘਰ ਖ਼ੁਸ਼ੀ ਬਣਾਈਆ । ਉਹ ਵਕਤ ਆਵੇ ਕਿਹੜਾ, ਜਿਸ ਵਕਤ ਮਿਲੇ ਬੇਪਰਵਾਹੀਆ । ਕੂੜੀ ਕਿਰਿਆ ਜਗਤ ਮਲੇਛਾਂ ਚੁੱਕਿਆ ਜਾਏ ਡੇਰਾ, ਜਗਤ ਵਿਹਾਰ ਰਹਿਣ ਨਾ ਪਾਈਆ । ਸਭ ਨੂੰ ਨਜ਼ਰੀ ਆਏ ਇਕੋ ਰੂਪ ਮੇਰਾ, ਫੇਰ ਮੇਰਾ ਤੇਰਾ ਤੇਰੇ ਵਿਚ ਸਮਾਈਆ । ਜੁਗ ਜੁਗ ਤੂੰ ਦੇਵਣਹਾਰਾ ਗੇੜਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋ ਸਹਾਈਆ । ਗੁਰ ਸ਼ਬਦ ਕਹੇ ਸਚਖੰਡ ਨਿਵਾਸੀ, ਤੇਰੀ ਵਡ ਵਡਿਆਈਆ । ਕਲਜੁਗ ਅੰਤਮ ਹੋਈ ਉਦਾਸੀ, ਲੱਖ ਚੁਰਾਸੀ ਰਹੀ ਘਬਰਾਈਆ । ਨੇਤਰ ਰੋਂਦੇ ਪੰਡਤ ਕਾਸ਼ੀ, ਮੁੱਲਾ ਸ਼ੇਖ਼ ਉਚੀ ਕੂਕਣ ਮਾਰਨ ਧਾਈਆ । ਘਰ ਬੈਠਿਆਂ ਮਿਲੇ ਨਾ ਕੋਇ ਸਾਥੀ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਅਠਸਠ ਤੀਰਥ ਦੇਣ ਦੁਹਾਈਆ । ਠੱਗ ਚੋਰ ਯਾਰ ਫਿਰਨ ਰਾਤੀਂ, ਤੇਰਾ ਨਾਮ ਜਪਣ ਦਾ ਧਿਆਨ ਨਾ ਕੋਇ ਰਖਾਈਆ । ਜਗਤ ਵਿਕਾਰਾਂ ਵਿਸ਼ਿਆਂ ਵਿਚ ਸ੍ਰਿਸ਼ਟੀ ਰੁਝੀ ਅੰਮ੍ਰਿਤ ਵੇਲੇ ਪਰਭਾਤੀ, ਭਾਵਨਾ ਤੇਰੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਹਿਰਦੇ ਦੇਣੀ ਦਇਆ ਕਮਾਈਆ । ਗੁਰ ਸ਼ਬਦ ਕਹੇ ਪ੍ਰਭ ਵੇਖ ਕਲਜੁਗ ਕਿਰਿਆ, ਚਾਰੋਂ ਕੁੰਟ ਧਿਆਨ ਲਗਾਈਆ । ਸਾਧ ਸੰਤ ਸਚ ਅਸੂਲੋਂ ਗਿਰਿਆ, ਕਰਮ ਧਰਮ ਰਹਿਣ ਕੋਇ ਨਾ ਪਾਈਆ । ਰਾਜਾ ਰਾਣਾ ਆਪਣਿਆਂ ਬਚਨਾਂ ਤੋਂ ਕਿਰਿਆ, ਗ਼ਰੀਬ ਨਿਮਾਣੇ ਗਲੇ ਨਾ ਕੋਇ ਲਗਾਈਆ । ਸਤਿ ਧਰਮ ਦਾ ਭਾਂਡਾ ਰਿੜ੍ਹਿਆ, ਕੂੜ ਕੁੜਿਆਰਾ ਸਾਰੇ ਬੈਠੇ ਸੀਸ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਗੁਰ ਸ਼ਬਦ ਕਹੇ ਮੈਂ ਵੇਖਿਆ ਅੰਧੇਰ, ਅੰਧ ਆਤਮ ਦੇਣ ਦੁਹਾਈਆ । ਸੱਜਣਾਂ ਨਾਲ ਸੱਜਣ ਮਿਤਰਾਂ ਨਾਲ ਮਿਤਰ ਕਰਨ ਝੇੜ, ਹੇਰ ਫੇਰ ਵਿਚ ਲੋਕਾਈਆ । ਕਿਉਂ ਸਵਾਮੀ ਸਾਹਿਬ ਸੁਲਤਾਨ ਪੁਰਖ ਅਗੰਮ ਲਗਾਈ ਦੇਰ, ਮਹਿਬਾਨ ਮਹਿਬੂਬ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ੍ਰਿਸ਼ਟੀ ਵੇਖ ਜਗਤ ਲੋਕਾਈਆ । ਹਰਿ ਸ਼ਬਦ ਕਹੇ ਉਠ ਵੇਖ ਹਾਲਤ, ਹਲਤ ਪਲਤ ਤੇਰੀ ਸਰਨਾਈਆ । ਚਾਰ ਵਰਨ ਵੜੀ ਜਹਾਲਤ, ਸਚ ਨਾ ਕੋਇ ਵਖਾਈਆ । ਕਾਮ ਕਰੋਧ ਦੀ ਲੱਗੀ ਅਲਾਮਤ, ਆਲਮ ਸਕੇ ਨਾ ਕੋਇ ਪਰੇ ਹਟਾਈਆ । ਸਾਚੀ ਦੇਵੇ ਨਾ ਕੋਈ ਜ਼ਮਾਨਤ, ਬਰੀਖ਼ਾਨਾ



੭੦੪
੧੭

ਨਾ ਕੋਇ ਵਖਾਈਆ । ਮਨ ਮਨੂਆ ਘਰ ਘਰ ਕਰੇ ਬਗ਼ਾਵਤ, ਆਪਣਾ ਬਲ ਪਰਗਟਾਈਆ । ਪਿਤਾ ਪੁੱਤ ਦੀ ਪਈ ਅਦਾਵਤ, ਗੁਰ ਚੇਲੇ ਕਰਨ ਲੜਾਈਆ । ਸਾਚਾ ਨਾਮ ਨਾ ਕੋਇ ਸਖ਼ਾਵਤ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਤੇਰੀ ਪਿਛਲੀ ਲਿਖੀ ਭੁੱਲੀ ਸਰਬ ਇਬਾਰਤ, ਅਮਲ ਵਿਚ ਨਾ ਕੋਇ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਵੀਹਵੀਂ ਕਿਸੇ ਦੀ ਕਰੇ ਨਾ ਕੋਈ ਸਫ਼ਾਰਸ਼, ਸਾਰੇ ਪੱਲੂ ਗਏ ਛੁਡਾਈਆ । ਮੁੱਲਾ ਸ਼ੇਖ਼ ਪੰਡਤ ਪਾਂਧੇ ਮੰਦਰ ਮਸੀਤਾਂ ਕਰਨ ਆੜ੍ਹਤ, ਜਗਤ ਦੁਕਾਨ ਗਏ ਬਣਾਈਆ । ਤੇਰੀ ਕਰੇ ਨਾ ਕੋਈ ਸੱਚੀ ਅਬਾਦਤ, ਬਿਨ ਕਾਅਬਿਉਂ ਤੇਰਾ ਦਰਸ ਕੋਇ ਨਾ ਪਾਈਆ । ਤੂੰ ਮਾਲਕ ਸਹੀ ਸਲਾਮਤ, ਆਦਿ ਜੁਗਾਦਿ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਹੋ ਸਹਾਈਆ । ਸ਼ਬਦ ਗੁਰੂ ਕਹੇ ਉਹ ਵੇਖ ਗੁਰ ਅਵਤਾਰ, ਦਰ ਠਾਂਡੇ ਸੀਸ ਨਿਵਾਈਆ । ਪੈਗ਼ੰਬਰ ਪੀਰ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਭਗਤ ਸੁਹੇਲੇ ਵਾਜਾਂ ਰਹੇ ਮਾਰ, ਬਿਰਹੋਂ ਰਾਗ ਅਲਾਈਆ । ਸੰਤ ਸੁਹੇਲੇ ਧੂੜੀ ਮੰਗਣ ਛਾਰ, ਟਿੱਕਾ ਇਕ ਰਮਾਈਆ । ਗੁਰਮੁਖ ਕਹਿਣ ਦਰਸ ਦਿਖਾਲ, ਨਿਰਗੁਣ ਨੂਰ ਕਰ ਰੁਸ਼ਨਾਈਆ । ਗੁਰਸਿਖ ਤੇਰੀ ਕਰਨ ਭਾਲ, ਖੋਜਣ ਚਾਈਂ ਚਾਈਂਆ । ਮੁਰੀਦ ਕਹਿਣ ਮੁਰਸ਼ਦ ਦੇ ਜਮਾਲ, ਜਲਵਾ ਨੂਰ ਕਰ ਰੁਸ਼ਨਾਈਆ । ਸੂਫ਼ੀ ਕਹਿਣ ਆ ਕੇ ਸੁਰਤ ਸੰਭਾਲ, ਫੜ ਬਾਹੋਂ ਗਲੇ ਲਗਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਪਏ ਧਮਾਲ, ਨਵ ਨੌ ਚਾਰ ਨੱਚੇ ਵਾਹੋ ਦਾਹੀਆ । ਬਿਨ ਤੇਰੀ ਕਿਰਪਾ ਕੋਈ ਨਾ ਉਤਰੇ ਪਾਰ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਰੋਂਦੇ ਵੇਖੇ ਸ਼ਾਹ ਕੰਗਾਲ, ਧੀਰਜ ਧੀਰ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਆਪ ਮਹਾਰਾਜ, ਮਹਿਬੂਬ ਨੂਰ ਖ਼ੁਦਾਈਆ । ਤੇਰੇ ਦਰ ਦੇ ਸਰਬ ਮੁਹਤਾਜ, ਮੁਹੱਬਤ ਵਿਚ ਓਟ ਰਖਾਈਆ । ਨਿਰਗੁਣ ਸਰਗੁਣ ਕਰ ਕਾਜ, ਨਿਰਵੈਰ ਆਪਣਾ ਫੇਰਾ ਪਾਈਆ । ਸਚ ਪਦਾਰਥ ਦੇ ਕੇ ਦਾਤ, ਜੀਵ ਜੰਤ ਦੇ ਸਮਝਾਈਆ । ਕਲਜੁਗ ਖੇੜਾ ਉਜੜਿਆ ਫੇਰ ਕਰ ਆਬਾਦ, ਸਤਿਜੁਗ ਸੋਹਣੀ ਨਗਰੀ ਇਕ ਬਣਾਈਆ । ਜੋ ਹੰਸ ਬੁੱਧੀ ਹੋਈ ਕਾਗ, ਕਾਗੋਂ ਹੰਸ ਦੇ ਬਣਾਈਆ । ਭਗਤ ਉਧਾਰਨਾ ਤੇਰਾ ਰਿਵਾਜ, ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਬੁਧ ਬਿਬੇਕ ਦੇ ਕਰਾਈਆ । ਗੁਰ ਸ਼ਬਦ ਕਹੇ ਪ੍ਰਭ ਕਰ ਕਿਰਪਾ, ਨਿਰਧਨ ਸਰਧਨ ਤੇਰਾ ਧਿਆਨ ਲਗਾਈਆ । ਕਲਜੁਗ ਅੰਤਮ ਮੇਟ ਬਿਪਤਾ, ਮਿਹਰ ਨਜ਼ਰ ਉਠਾਈਆ । ਸਵਾਮੀ ਮਿਹਰਵਾਨ ਹੋ ਕੇ ਆ ਜਾ ਜਿਉਂ ਨਾਨਕ ਘਰ ਮਾਤਾ ਤ੍ਰਿਪਤਾ, ਜਿਉਂ ਗੁਜਰੀ ਗੋਬਿੰਦ ਚੰਦ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਦੱਸ ਦੇ ਪਰਮ ਪੁਰਖ ਦਾ ਇਕੋ ਇਸ਼ਟਾ, ਅਸ਼ਟਾਮ ਆਪਣਾ ਨਾਮ ਦੇ ਲਿਖਾਈਆ । ਚਾਰ ਵਰਨਾਂ ਆ ਜਾਏ ਨਿਸ਼ਚਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਝਗੜਾ ਰਹੇ ਨਾ ਰਾਈਆ । ਤੇਰਾ ਹੁਕਮ ਸਦਾ ਬੇਪਰਵਾਹ ਸਦਾ ਪੁਖ਼ਤਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਫ਼ਰਕ ਕੱਢ ਦੇ ਜੋ ਗੁਰੂ ਗ੍ਰੰਥ ਵਿਚ ਪਾਇਆ ਕੰਨਾ ਮੁਕਤਾ, ਕੰਨੀ ਸਭ ਦੀ ਦੇ ਛੁਡਾਈਆ । ਤੇਰੇ ਹੱਥ ਅਨੋਖੀ ਜੁਗਤਾ, ਜੁਗਤੀ ਜੀਵਣ ਦੇ ਸਮਝਾਈਆ । ਤੇਰਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਵਾਰੇ ਝੁਕਦਾ, ਕਰੋੜ ਤੇਤੀਸਾ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਥੋਂ ਪੁਛਦਾ, ਹੁਕਮੇ ਵਿਚੋਂ ਹੁਕਮ ਵਰਤਾਈਆ । ਕਲਜੁਗ ਅੰਤਮ ਵੇਲਾ ਨਹੀਂ ਲੁਕ ਦਾ, ਕਿਉਂ ਬੈਠਾ ਪੜਦਾ ਪਾਈਆ । ਕੂੜੀ ਕਿਰਿਆ ਬੂਟਾ ਕਿਉਂ ਨਹੀਂ

ਪੁਟਦਾ, ਸਤਿ ਧਰਮ ਜੜ੍ਹ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦੇ ਵਖਾਈਆ । ਗੁਰ ਸ਼ਬਦ ਕਹੇ ਪ੍ਰਭ ਡੂੰਘੇ ਸਮੁੰਦਰ, ਸਾਗਰ ਬੇਪਰਵਾਹੀਆ । ਆਪਣਾ ਰੂਪ ਅਨੂਪ ਵਖਾ ਅਗੰਮਾ ਸੁੰਦਰ, ਜਿਸ ਦੀ ਮੂਰਤ ਸੂਰਤ ਨਾ ਕਿਸੇ ਘੜਾਈਆ । ਅੰਦਰ ਵੜ ਕੇ ਖੋਲ੍ਹ ਦੇ ਆਪਣੀ ਗੁੰਝਲ, ਕੜੀ ਨਾਲੋਂ ਕੜੀ ਦੇ ਛੁਡਾਈਆ । ਪਿਤਾ ਪੁਰਖ ਅਕਾਲ ਆਪਣੇ ਬੱਚਿਆਂ ਲਾ ਲੈ ਉਂਗਲ, ਕਿਉਂ ਬੈਠਾ ਮਾਤ ਭੁਲਾਈਆ । ਕਲਜੁਗ ਅੰਤਮ ਕੋਈ ਰਹਿਣ ਨਾ ਦੇਣਾ ਚੁਗ਼ਲ, ਨਿੰਦਿਆਂ ਬਖ਼ੀਲੀ ਦੇ ਖਪਾਈਆ । ਜੋ ਤੇਰੇ ਨਾਮ ਤੋਂ ਹੋ ਗਏ ਨਮੁਕਰ, ਤਿਨ੍ਹਾਂ ਦੀ ਮੁਕੰਮਲ ਕਰ ਸਫ਼ਾਈਆ । ਜੋ ਤੇਰੇ ਚਰਨ ਦਵਾਰੇ ਢਹਿ ਕੇ ਕਰਨ ਸ਼ੁਕਰ, ਤਿਨ੍ਹਾਂ ਦੇ ਸੰਸੇ ਦੇ ਕਟਾਈਆ । ਤੂੰ ਉਹਨਾ ਦਾ ਪਿਤਾ ਉਹ ਤੇਰੇ ਪੁੱਤਰ, ਗੁਰੂ ਗੋਬਿੰਦ ਗਿਆ ਸਮਝਾਈਆ । ਤੇਰਾ ਲੇਖਾ ਪੱਛਮ ਪੂਰਬ ਦੱਖਣ ਉੱਤਰ, ਦਹਿ ਦਿਸ਼ਾ ਤੇਰੀ ਵਡਿਆਈਆ । ਤੂੰ ਵੇਖੇਂ ਕੋਨਾ ਨੁੱਕਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਘਰ ਆਪਣੇ ਦੇ ਵਡਿਆਈਆ । ਗੁਰ ਸ਼ਬਦ ਕਹੇ ਵਡ ਮਾਲਕ ਧਰਤ, ਧਰਨੀ ਧਿਆਨ ਲਗਾਈਆ । ਠਾਕਰ ਹੋ ਕੇ ਸਵਾਮੀ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਚਾਰ ਜੁਗ ਜੋ ਲਾਉਂਦਾ ਆਇਉਂ ਸ਼ਰਤ, ਹੁਕਮੀ ਹੁਕਮ ਸੁਣਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਦੇ ਦਰਸ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤ ਵਡਿਆਈ ਮਿਲੇ ਫ਼ਰਸ਼, ਅਰਸ਼ ਸੋਭਾ ਪਾਈਆ । ਜਨਮ ਜਨਮ ਦੀ ਮੇਟ ਹਰਸ, ਹਵਸ ਦੇ ਗਵਾਈਆ । ਤੇਰੇ ਜਨ ਤੇਰੇ ਮਿਲਣ ਨੂੰ ਰਹੇ ਤਰਸ, ਦਿਵਸ ਰੈਣ ਘੜੀ ਪਲ ਰਾਹ ਰਹੇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਉਣਾ ਚਾਈਂ ਚਾਈਂਆ । ਚਾਈਂ ਚਾਈਂ ਮੇਲ ਮਿਲਾਉਣਾ, ਪ੍ਰਭੂ ਤੇਰੇ ਹੱਥ ਵਡਿਆਈਆ । ਸੱਜਣ ਘਰ ਦਰਸ ਦਿਖਾਉਣਾ, ਮਿਲ ਸੰਤਾਂ ਸੋਭਾ ਪਾਈਆ । ਨਾਮ ਨਿਧਾਨਾ ਮੰਗਲ ਗਾਉਣਾ, ਗੀਤ ਗੋਬਿੰਦ ਅਲਾਈਆ । ਵਿਛੜਿਆਂ ਪ੍ਰਭ ਗਲੇ ਲਗਾਉਣਾ, ਡਿਗਦਿਆਂ ਬਾਹੋਂ ਉਠਾਈਆ । ਜਗਤ ਜਹਾਨੋਂ ਪਾਰ ਕਰਾਉਣਾ, ਦੋ ਜਹਾਨਾਂ ਲੇਖਾ ਦੇਣਾ ਮੁਕਾਈਆ । ਲੱਖ ਚੁਰਾਸੀ ਫੰਦ ਕਟਾਉਣਾ, ਮਾਤ ਗਰਭ ਦਸ ਦਸ ਮਾਸ ਨਾ ਕੋਇ ਤਪਾਈਆ । ਰਾਏ ਧਰਮ ਪਰੇ ਹਟਾਉਣਾ, ਚਿਤ੍ਰਗੁਪਤ ਨਾ ਲੇਖ ਜੁੜਾਈਆ । ਜਨ ਭਗਤ ਸਹੇਲਿਆਂ ਆਪਣੀ ਗੋਦ ਬਿਠਾਉਣਾ, ਸਿਰ ਆਪਣਾ ਹੱਥ ਟਿਕਾਈਆ । ਅੰਤਮ ਜੋਤੀ ਜੋਤ ਮਿਲਾਉਣਾ, ਜਿਸ ਵਿਚੋਂ ਓਪਜੇ ਓਸੇ ਵਿਚ ਸਮਾਈਆ । ਗੁਰਮੁਖ ਕੁੰਦਨ ਕੰਚਨ ਸੋਨਾ ਕਿਸੇ ਸਰਾਫ਼ ਨਾ ਹੱਥ ਫੜਾਉਣਾ, ਆਪਣੀ ਪਰਖ ਕਰਕੇ ਤਰਸ ਆਪੇ ਲੈਣਾ ਕਰਾਈਆ । ਠਾਕਰ ਸਵਾਮੀ ਦੀਨ ਦਿਆਲ ਹਰਿ ਕਿਰਪਾਲ ਤਰਸ ਕਮਾਉਣਾ, ਤੇਰੀ ਰਹਿਮਤ ਬੇਪਰਵਾਹੀਆ । ਸੁੱਤਿਆਂ ਜਾਗਦਿਆਂ, ਚਲਦਿਆਂ ਫਿਰਦਿਆਂ, ਉਠਦਿਆਂ ਬਹਿੰਦਿਆਂ ਆਪਣਾ ਦਰਸ ਕਰੌਣਾ, ਸਾਖਿਆਤ ਸਵੱਛ ਸਰੂਪੀ ਨਜ਼ਰੀ ਆਈਆ । ਭੁੱਲਿਆਂ ਭਟਕਿਆਂ ਮਾਰਗ ਲਾਉਣਾ, ਰੁਲਿਆਂ ਨਾਲ ਰਲਾਈਆ । ਤੁਧ ਬਿਨ ਸਵਾਮੀ ਦੂਜਾ ਨਜ਼ਰ ਕੋਇ ਨਾ ਆਉਣਾ, ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਸਚਖੰਡ ਦਵਾਰੇ ਅੰਤ ਬਹਾਉਣਾ, ਕਬੀਰ ਜੁਲਾਹੇ ਨਾਲ ਮੇਲ ਮਿਲਾਉਣਾ, ਮਿਲ ਮਿਲ ਸੱਜਣ ਖ਼ੁਸ਼ੀ ਮਨਾਈਆ । ਮਾਨਸ ਜਨਮ ਫੇਰ ਹੱਥ ਨਾ ਆਉਂਣਾ, ਲੱਖ ਚੁਰਾਸੀ ਵਿਚੋਂ ਇਹ ਵਕਤ ਸੁਹਾਉਣਾ, ਘੜੀ ਪਲ ਤੇਰੀ ਯਾਦ ਵਿਚ ਰਖਾਈਆ । ਬਿਨ ਤੇਰੀ ਕਿਰਪਾ ਗੁਰਮਖਾਂ ਕਿਸੇ ਨਾ ਪਾਰ ਲੰਘਾਉਂਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸ਼ਹਾਦਤ

ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਲ ਆਪਣਾ ਘਰ, ਜਿਸ ਗ੍ਰਿਹ ਬਹਿ ਕੇ ਨਿਰਮਲ ਨੂਰ ਜੋਤ ਕਰੇ ਰੁਸ਼ਨਾਈਆ ।

### ੭ ਅੱਸੂ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਮਾਲਚੱਕ

ਗੁਰ ਸ਼ਬਦ ਕਹੇ ਪ੍ਰਭ ਛੈਲ ਛਬੀਲਾ ਮਲੂਕ, ਸੋਹਣਾ ਸੋਹਣੀ ਲਏ ਅੰਗੜਾਈਆ । ਤੇਰੀ ਦਰੋਹੀ ਸੁਣ ਲੈ ਕੂਕ, ਬੇਪਰਵਾਹ ਅੱਖ ਖੁਲ੍ਹਾਈਆ । ਸਚ ਦਵਾਰੇ ਸੁੱਤੋਂ ਘੂਕ, ਗ਼ਫ਼ਲਤ ਵਿਚ ਭਰੀ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੱਦਾ ਦੇ ਕੇ ਕਰ ਗਏ ਕੂਚ, ਗਲੀ ਕੂਚਾ ਹੁਕਮ ਜਗਤ ਸੁਣਾਈਆ । ਸ਼ਾਸਤਰ ਵੇਦਾਂ ਨਾਲ ਦੇ ਗਏ ਸੂਝ, ਅੱਖਰਾਂ ਨਾਲ ਪੜ੍ਹਾਈਆ । ਪ੍ਰੇਮ ਪਿਆਰ ਅੰਦਰ ਗਏ ਝੂਜ, ਤਨ ਸੀਸ ਭੇਟ ਚੜ੍ਹਾਈਆ । ਸਾਹਿਬ ਸਤਿਗੁਰ ਸਾਚਾ ਪੁਰਖ ਅਕਾਲ ਬਖ਼ਸ਼ ਸਲੂਕ, ਸੁਲਹਕੁਲ ਵੇਖ ਵਖਾਈਆ । ਭਰਮੇ ਭੁੱਲੀ ਸਰਬ ਮਖ਼ਲੂਕ, ਖ਼ਾਲਕ ਖ਼ਲਕ ਦੇ ਵਡਿਆਈਆ । ਜਗਤ ਸ਼ੈਤਾਨ ਫਿਰੇ ਨਮਰੂਦ, ਮਹਿਬੂਬ ਦਿਤਾ ਭੁਲਾਈਆ । ਅਸਲ ਲੱਭੇ ਨਾ ਕਿਸੇ ਵਜੂਦ, ਵਸਲ ਸਚ ਨਾ ਕੋਇ ਕਰਾਈਆ । ਜਗਤ ਉਲਮਾ ਹੋਏ ਬੇਵਕੂਫ਼, ਬੇਵਾ ਰੂਪ ਨਜ਼ਰੀ ਆਈਆ । ਅੰਤਮ ਇਹਨਾਂ ਆ ਕੇ ਕਰ ਮੌਕੂਫ਼, ਬਰਖ਼ਾਸਤ ਸਾਚੇ ਘਰੋਂ ਕਰਾਈਆ । ਜਨ ਭਗਤਾਂ ਝੋਲੀ ਪਾ ਹਕੂਕ, ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਾਚਾ ਧਰਮ ਧਰਮੀਆਂ ਵਿਚੋਂ ਪਰਗਟਾਈਆ ।



### ੭ ਅੱਸੂ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਬਾਠ

ਗੁਰ ਸ਼ਬਦ ਕਹੇ ਪ੍ਰਭ ਛੈਲ ਛਬੀਲੇ, ਸ਼ਾਹ ਸੁਲਤਾਨ ਤੇਰੀ ਵਡਿਆਈਆ । ਕਲਜੁਗ ਅੰਤਮ ਚੁੱਕੇ ਸਰਬ ਵਸੀਲੇ, ਵਸਲ ਯਾਰ ਨਾ ਕੋਇ ਕਰਾਈਆ । ਭਰਮੇ ਭੁੱਲ ਗਏ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਵਾਲੇ ਘਰਾਨੇ ਕਬੀਲੇ, ਕਾਬਲ ਰਹਿਣ ਕੋਇ ਨਾ ਪਾਈਆ । ਫਿਰ ਗਈ ਦਰੋਹੀ ਮੱਕੇ ਮਦੀਨੇ, ਮਕਬਰੇ ਦੇਣ ਦੁਹਾਈਆ । ਤੂੰ ਠੰਡ ਨਾ ਪਾਵੇਂ ਸੀਨੇ, ਸਾਂਤਕ ਸਤਿ ਨਾ ਕੋਇ ਕਰਾਈਆ । ਬਸਤਰ ਪਹਿਨ ਕੇ ਸੂਹੇ ਕਾਲੇ ਪੀਲੇ ਨੀਲੇ, ਚਿੱਟੇ ਲਾਲ ਕੰਚਨ ਤੇਰਾ ਸਾਚਾ ਰੰਗ ਨਾ ਕੋਇ ਚੜ੍ਹਾਈਆ । ਤੇਰੇ ਪ੍ਰੇਮ ਰਸ ਕੋਈ ਨਾ ਦਿਸਣ ਭੀਨੇ, ਭਿੰਨੜੀ ਰੈਣ ਨਾ ਕੋਇ ਵਡਿਆਈਆ । ਸਾਧ ਸੰਤ ਕਲਜੁਗ ਅੰਤਮ ਲੇਖੇ ਵਿਚ ਨਾ ਜਾਣ ਗਿਣੇ, ਲੱਖ ਕਰੋੜੀ ਬੈਠੇ ਡੇਰਾ ਲਾਈਆ । ਸਭ ਨੂੰ ਝੰਝਟ ਪਏ ਘਣੇ, ਘਨਈਆ ਮੇਲ ਨਾ ਕੋਇ ਮਿਲਾਈਆ । ਬਿਨ ਨੇਤਰਾਂ ਤੋਂ ਅੰਤਰ ਹੋਏ ਅੰਨ੍ਹੇ, ਜਗਤ ਨਿਸ਼ਾਨੇ ਰਹੇ ਵਖਾਈਆ । ਤੇਰੀ ਰਜ਼ਾ ਕੋਈ ਨਾ ਮੰਨੇ, ਕਜ਼ਾ ਸਭ ਦੇ ਸਿਰ ਤੇ ਛਾਈਆ । ਤੂੰ ਕਿਉਂ ਬੈਠਾ ਸਭ ਤੋਂ ਹੋ ਕੇ ਬੰਨੇ, ਅੱਡਰਾ ਵੱਖਰਾ ਡੇਰਾ ਲਾਈਆ । ਜਨ ਭਗਤਾਂ ਸੁਨੇਹੜਾ ਦੇ ਅਗੰਮੀ ਕੰਨੇ, ਕਾਨੀ ਤੀਰ ਨਿਸ਼ਾਨਾ ਇਕ ਚਲਾਈਆ । ਭਾਗ ਲਗਾ ਸਾਢੇ ਤਿੰਨ ਹੱਥ ਛੱਪਰ ਛੰਨੇ, ਮਹੱਲ ਅਟਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਸ਼ਬਦ ਕਹੇ ਪ੍ਰਭ ਜੋਬਨਵੰਤੇ, ਤੇਰੀ ਜਵਾਨੀ ਬੇਪਰਵਾਹੀਆ । ਕਿਰਪਾ ਕਰ ਸ੍ਰੀ ਭਗਵੰਤੇ, ਭਗਵਨ ਆਪਣੀ ਲੈ ਅੰਗੜਾਈਆ । ਤੂੰ ਲੱਖ ਚੁਰਾਸੀ ਕੰਤੇ, ਘਰ ਘਰ ਸੇਜ ਸੁਹਾਈਆ । ਭਗਤ ਸੁਹੇਲੇ ਤੇਰੇ ਮੰਗਤੇ, ਦਰ ਮੰਗਣ ਝੋਲੀ ਡਾਹੀਆ । ਓਢਣ ਦੇ ਭੁੱਖੇ ਨੰਗਤੇ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਈਆ । ਗੁਰ ਸ਼ਬਦ ਕਹੇ ਪ੍ਰਭ ਸਤਿ ਸਤਵਾਦੀ, ਸਤਿ ਸਤਿ ਤੇਰਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਵੇਖ ਹੋਈ ਬਰਬਾਦੀ, ਮਹੱਲ ਅਟਲ ਖੰਡਰ ਰੂਪ ਵਟਾਈਆ । ਸਾਚੇ ਮੰਦਰ ਨਵੀਂ ਕਰ ਆਬਾਦੀ, ਅਬਾਦਤ ਆਪਣੀ ਇਕ ਸਿਖਾਈਆ । ਝਗੜਾ ਛੁੱਟ ਜਾਏ ਮੁੱਲਾ ਕਾਜ਼ੀ, ਕਜ਼ੀਆ ਕੋਇ ਰਹਿਣ ਨਾ ਪਾਈਆ । ਤੇਰੇ ਨਾਮ ਦੇ ਬਣਨ ਸਰਬ ਨਿਮਾਜ਼ੀ, ਚਰਨ ਕਵਲ ਮਿਲੇ ਸਰਨਾਈਆ । ਨਾਮ ਪਦਾਰਥ ਦੇ ਕੇ ਭਾਜੀ, ਸਾਂਝੀ ਸਭ ਦੀ ਕੁਲ ਬਣਾਈਆ । ਜੋ ਦਿਸੇ ਸੋ ਤੇਰਾ ਹਾਜੀ, ਹਜ਼ਰਤ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਾਵਨਾ ਪੂਰ ਕਰਾਈਆ । ਗੁਰ ਸ਼ਬਦ ਕਹੇ ਪ੍ਰਭ ਅਪਰ ਅਪਾਰੇ, ਅਪਰੰਪਰ ਤੇਰੀ ਵਡਿਆਈਆ । ਤੂੰ ਨਿਰਗੁਣ ਰੂਪ ਸਦਾ ਨਿਰੰਕਾਰੇ, ਨਿਰਵੈਰ ਇਕ ਅਖਵਾਈਆ । ਗੁਰ ਅਵਤਾਰ ਤੇਰੇ ਸਹਾਰੇ, ਪੀਰ ਪੈਗੰਬਰ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਦਿਤੇ ਲਾਰੇ, ਕਲਜੁਗ ਅੰਤਮ ਪਰੇ ਦੇ ਕਰਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰੇ, ਉਜਰਤ ਸਭ ਦੀ ਝੋਲੀ ਪਾਈਆ । ਤੇਰੇ ਵੱਜਣ ਨਾਮ ਨਗਾਰੇ, ਸ਼ਬਦੀ ਧੁਨ ਸ਼ਨਵਾਈਆ । ਪਿਛਲੇ ਝਗੜੇ ਮੁਕ ਜਾਣ ਸਰਬ ਪੁਆੜੇ, ਅੱਗੇ ਇਕੋ ਰਾਹ ਸਮਝਾਈਆ । ਸੰਤ ਸੁਹੇਲੇ ਕੱਢਣ ਹਾੜੇ, ਹੌਕਾ ਲੈ ਕੇ ਰਹੇ ਜਣਾਈਆ । ਕਿਰਪਾ ਕਰ ਸੱਚੀ ਸਰਕਾਰੇ, ਸਰਕਾਰ ਵਿਚੋਂ ਸਰਕਾਰ ਦੇ ਬਦਲਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰੇ, ਸੋ ਫ਼ਰਮਾਨ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ ।

## ✪ ੭ ਅੱਸੂ ੨੦੨੧ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ ਨੌਰੰਗਾਬਾਦ ✪

ਅਵਤਾਰ ਪੈਗ਼ੰਬਰ ਗੁਰ ਇਕੱਠੇ ਕੀਤੇ ਭਗਤ, ਸਚਖੰਡ ਨਿਵਾਸੀ ਸਚ ਦਵਾਰੇ ਧੁਰ ਦਾ ਹੁਕਮ ਇਕ ਸੁਣਾਈਆ । ਨੇਤਰ ਵੇਖੋ ਲੋਕਮਾਤ ਜਗਤ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਸਚ ਵਸਤ ਨਜ਼ਰ ਨਾ ਆਏ ਕੋਈ ਸ਼ਕਤ, ਸ਼ਖ਼ਸੀਅਤ ਬੈਠੀ ਮੁਖ ਭੁਆਈਆ । ਲੱਖ ਚੁਰਾਸੀ ਘਰ ਘਰ ਅੰਦਰ ਪ੍ਰਭ ਮਿਲਣ ਦਾ ਪਿਆ ਫ਼ਰਕ, ਫ਼ੈਸਲਾ ਸਕੇ ਨਾ ਕੋਇ ਕਰਾਈਆ । ਅੰਤਰ ਆਤਮ ਕਿਸੇ ਨਾ ਹੋਵੇ ਦਰਦ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਸਦੀ ਵੀਹਵੀਂ ਖੇਲ ਹੋਇਆ ਅਸਚਰਜ, ਅਚਰਜ ਲੀਲਾ ਸਮਝ ਸਕੇ ਕੋਈ ਨਾ ਰਾਈਆ । ਜਗਤ ਰਸਨਾ ਜਿਹਵਾ ਬੱਤੀ ਦੰਦ ਕਰਦੇ ਪੜ੍ਹਤ, ਹਿਰਦੇ ਭੇਵ ਨਾ ਕੋਇ ਖੁਲ੍ਹਾਈਆ । ਜੂਠ ਝੂਠ ਸੋਭਾ ਪਾਏ ਧਰਤ ਉਤੇ ਫ਼ਰਸ਼, ਅਰਸ਼ ਸੁਣੇ ਨਾ ਕੋਇ ਵਧਾਈਆ । ਮਾਇਆ ਮਮਤਾ ਹਰ ਘਟ ਵਧੀ ਦਰਦ, ਗ਼ਜ਼ਲ ਨਾਮ ਨਗ਼ਮਾ ਨਾ ਕੋਇ ਸ਼ਨਵਾਈਆ । ਜੋਧਾ ਸੂਰਬੀਰ ਦਿਸੇ ਨਾ ਕੋਈ ਮਰਦ, ਮਰਦ ਮਰਦਾਨਾ

ਰੂਪ ਨਾ ਕੋਇ ਧਰਾਈਆ । ਕਲਜੁਗ ਕਸਾਈ ਹੱਥ ਵਿਚ ਫੜ ਕੇ ਕਰਦ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਕੂੜੀ ਕਿਰਿਆ ਦਹਿ ਦਿਸ਼ਾ ਉਡੇ ਗਰਦ, ਸਤਿਗੁਰ ਧੂੜੀ ਟਿੱਕਾ ਮਸਤਕ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਆਪਣਾ ਹੁਕਮ ਜਣਾਈਆ । ਸਚ ਦਵਾਰੇ ਕਰ ਇਕੱਠੇ ਸ੍ਰੀ ਭਗਵੰਤ, ਧੁਰ ਦਾ ਹੁਕਮ ਜਣਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਸੱਚਾ ਸਾਧ ਸੰਤ ਨਜ਼ਰ ਕੋਇ ਨਾ ਆਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਕਲਮਾ ਹਕ ਨਾ ਕੋਇ ਸਮਝਾਈਆ । ਪੜਦਾ ਚੁੱਕੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਸਤਿ ਧਰਮ ਕੋਈ ਨਜ਼ਰ ਨਾ ਆਵੇ ਬਣਤ, ਪ੍ਰੇਮ ਪਿਆਰ ਨਾ ਕੋਇ ਵਖਾਈਆ । ਚਾਰੋਂ ਕੁੰਟ ਅੰਧੇਰਾ ਕਲਜੁਗ ਅੰਤ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕਰ, ਹਰਿ ਕਰਤਾ ਆਪ ਜਣਾਇੰਦਾ । ਲੋਕਮਾਤ ਵੇਖੇ ਆਪਣਾ ਪਿਛਲਾ ਘਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਨੂੰ ਯਾਦ ਕਰਾਇੰਦਾ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਿਖ ਕੇ ਆਏ ਧਰ, ਖਾਣੀ ਬਾਣੀ ਰਾਗ ਨਾਦ ਸੁਣਾਇੰਦਾ । ਤਿਸ ਦਾ ਭੈ ਭੌ ਰਿਹਾ ਕੋਈ ਨਾ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਰਸਨਾ ਜਿਹਵਾ ਬੱਤੀ ਦੰਦ ਜੀਵ ਜੰਤ ਸਾਧ ਸੰਤ ਰਹੇ ਪੜ੍ਹ, ਅੰਦਰ ਵੜ ਤੇਰਾ ਦਰਸ ਕੋਇ ਨਾ ਪਾਇੰਦਾ । ਖ਼ਾਲੀ ਦਿਸੇ ਬੁੱਤਖ਼ਾਨੇ ਕਾਇਆ ਧੜ, ਦੀਵਾ ਬਾਤੀ ਕਮਲਾਪਾਤੀ ਜੋਤ ਨਾ ਕੋਇ ਜਗਾਇੰਦਾ । ਤ੍ਰੈਗੁਣ ਮਾਇਆ ਅਗਨੀ ਪੰਜ ਤਤ ਪੁਤਲੇ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਕੂੜੀ ਕਿਰਿਆ ਵਹਿੰਦਾ ਵੇਖੇ ਹੜ, ਅਗੇ ਹੋ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਨੈਣਾਂ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਮਾਤ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪ ਜਣਾਈਆ । ਵਸਤ ਅਮੋਲਕ ਜੋ ਦੇ ਕੇ ਆਏ ਦਾਤ, ਨਾਮ ਭੰਡਾਰਾ ਇਕ ਵਰਤਾਈਆ । ਕਿਸੇ ਕੋਲ ਨਾ ਰਹੀ ਸਚ ਸੌਗਾਤ, ਖ਼ਾਲੀ ਭਾਂਡੇ ਨਜ਼ਰੀ ਆਈਆ । ਅੰਦਰ ਵੜ ਕੇ ਕੋਈ ਨਾ ਮਾਰੇ ਝਾਤ, ਬਾਹਰੋਂ ਲੱਭਣ ਬੇਪਰਵਾਹੀਆ । ਬਾਤਨ ਕੋਈ ਨਾ ਕਰੇ ਬਾਤ, ਜ਼ਾਹਰ ਕੂਕੇ ਸਰਬ ਲੋਕਾਈਆ । ਤੁਹਾਡੇ ਨਾਲ ਮਿਲਣ ਦਾ ਕਿਸੇ ਨਾ ਹੋਇਆ ਇਤਫ਼ਾਕ, ਸਦੀ ਚੌਧਵੀਂ ਰਹੀ ਸੁਣਾਈਆ । ਵਾਕ ਭਵਿਖਤਾਂ ਕਰੋ ਯਾਦ, ਜੋ ਈਸਾ ਮੂਸਾ ਮੁਹੰਮਦ ਆਏ ਲਿਖਾਈਆ । ਨਾਨਕ ਨਿਰਗੁਣ ਗੋਬਿੰਦ ਖੋਲ੍ਹੋ ਤਾਕ, ਪੜਦਾ ਇਕ ਚੁਕਾਈਆ । ਪੁਰਖ ਅਕਾਲ ਜੋ ਬਣਿਆ ਬਾਪ, ਪਿਤਾ ਬੇਪਰਵਾਹੀਆ । ਜਿਸ ਦਾ ਅਨੋਖਾ ਵੱਖਰਾ ਸਭ ਤੋਂ ਜਾਪ, ਨਿਰਅੱਖਰ ਕਰੇ ਪੜ੍ਹਾਈਆ । ਆਦਿ ਜੁਗਾਦੀ ਪਾਕੀ ਪਾਕ, ਪਤਤ ਪੁਨੀਤ ਬਣਾਈਆ । ਉਹ ਦੱਸਣਹਾਰਾ ਸਾਚ, ਸਚ ਸਚ ਸਮਝਾਈਆ । ਕਲਜੁਗ ਕੂੜੀ ਕਿਰਿਆ ਰਹੀ ਨਾਚ, ਨੌਂ ਦਵਾਰੇ ਘੁੰਗਟ ਮੁਖ ਤੋਂ ਲਾਹੀਆ । ਪਰਮ ਪੁਰਖ ਦੀ ਸਾਰੇ ਭੁੱਲ ਗਏ ਗਾਥ, ਗਹਿਰ ਗੰਭੀਰ ਨਾ ਕੋਇ ਮਨਾਈਆ । ਉਠ ਕੇ ਵੇਖੋ ਤ੍ਰੈਲੋਕੀ ਨਾਥ, ਅਨਾਥ ਦੇਣ ਦੁਹਾਈਆ । ਪੀਰ ਪੈਗ਼ੰਬਰਾਂ ਸਾਰੇ ਕਰਨ ਯਾਦ, ਤੋਬਾ ਤੋਬਾ ਰਹੇ ਸੁਣਾਈਆ । ਪੂਰਬ ਲੈ ਲੈ ਖ਼ਵਾਬ, ਨੇਤਰ ਨੈਣ ਅੱਖ ਉਠਾਈਆ । ਕਲਜੁਗ ਅੰਤਮ ਵੇਖੋ ਸਭ ਦਾ ਡੁੱਬਦਾ ਜਾਏ ਜਹਾਜ਼, ਬਣ ਮਲਾਹ ਬੇੜਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੀਰ

ਪੈਗ਼ੰਬਰ ਤੱਕੋ ਅੰਧੇਰੀ ਰਾਤ, ਸ੍ਰਿਸ਼ਟ ਸਬਾਈ ਨਜ਼ਰੀ ਆਈਆ । ਤੁਹਾਡੀ ਸਮਝੇ ਕੋਇ ਨਾ ਬਾਤ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਦੀਨ ਮਜ਼ਬ ਝਗੜਾ ਪਾਏ ਜ਼ਾਤ ਪਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਲੜਾਈਆ । ਸਾਚੀ ਪੱਟੀ ਪੜ੍ਹੇ ਨਾ ਕੋਇ ਜਮਾਤ, ਡਿਗਰੀ ਹਕ ਹਾਸਲ ਨਾ ਕੋਇ ਕਰਾਈਆ । ਅਲਿਫ਼ ਯੇ ਪ੍ਰਭ ਦਾ ਖੇਲ ਕੀ ਜਾਣੇ ਵਿਚ ਲੁਗ਼ਾਤ, ਪੜਦਾ ਓਹਲਾ ਸਕੇ ਨਾ ਕੋਇ ਉਠਾਈਆ । ਨੇਤਰ ਵੇਖੋ ਮੁਰੀਦ ਮੁਰਸ਼ਦ ਦੇਵੇ ਨਾ ਕੋਇ ਨਿਜਾਤ, ਰਹਿਬਰ ਨਜ਼ਰ ਕੋਇ ਨਾ ਆਈਆ । ਵਸਤ ਅਮੋਲਕ ਨਾਮ ਪਦਾਰਥ ਕਲਮਾ ਨਬੀ ਰਸੂਲ ਨਾ ਦੇਵੇ ਕੋਈ ਦਾਤ, ਧੁਰ ਦੀ ਧਾਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਰਿਹਾ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਅੱਗੇ, ਹਰਿ ਕਰਤਾ ਆਪ ਜਣਾਈਆ । ਕਲਜੁਗ ਅੰਤਮ ਲੋਕਮਾਤ ਵੇਖੋ ਕਲਜੁਗ ਜੀਵ ਭੱਜੇ, ਰਾਤ ਦਿਵਸ ਨੱਠਣ ਵਾਹੋ ਦਾਹੀਆ । ਕਿਸੇ ਨਾ ਪਰਮ ਪਰਮਾਤਮ ਮਿਲਦਾ ਦਿੱਸੇ ਅੱਗੇ, ਪਿਛਲਾ ਲਹਿਣਾ ਗਏ ਭੁਲਾਈਆ । ਦੀਪਕ ਜੋਤ ਕੋਇ ਨਾ ਜਗੇ, ਘਰ ਮੰਦਰ ਨਾ ਕੋਇ ਰੁਸ਼ਨਾਈਆ । ਨੌਂ ਦਵਾਰੇ ਮੂਲ ਨਾ ਕੋਇ ਲੰਘੇ, ਦਸਵੇਂ ਬਹਿ ਨਾ ਖ਼ੁਸ਼ੀ ਮਨਾਈਆ । ਟੁੱਟੇ ਗੜ੍ਹ ਨਾ ਹਉਮੇ ਹੰਗੇ, ਹੰ ਬ੍ਰਹਮ ਨਾ ਕੋਇ ਸਮਝਾਈਆ । ਬਿਨ ਬੰਦਗੀਉਂ ਖ਼ਾਲੀ ਦਿਸਦੇ ਬੰਦੇ, ਬੰਧਣ ਸਕੇ ਨਾ ਕੋਇ ਤੁੜਾਈਆ । ਕਲਜੁਗ ਅੰਤਮ ਟੁੱਟੀ ਕੋਇ ਨਾ ਗੰਢੇ, ਗੰਢਣਹਾਰ ਗੋਪਾਲ ਸਵਾਮੀ ਰਿਹਾ ਸਮਝਾਈਆ । ਨੇਤਰਹੀਣ ਚਾਰੋਂ ਕੁੰਟ ਅੰਧੇ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰਾਂ ਰਿਹਾ ਦਰਸਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਉਠ ਉਠ ਰਹੇ ਤੱਕ, ਲੋਕਮਾਤ ਧਿਆਨ ਲਗਾਈਆ । ਜੋ ਕਿਹਾ ਪੁਰਖ ਸਮਰਥ, ਸੋ ਵੇਖਣ ਚਾਈਂ ਚਾਈਆ । ਚਾਰ ਕੁੰਟ ਦਹਿ ਦਿਸ਼ਾ ਦੀਪਕ ਕੋਈ ਨਾ ਰਿਹਾ ਜਗ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਤ੍ਰੈਗੁਣ ਮਾਇਆ ਲੱਗੀ ਅੱਗ, ਨੌਂ ਖੰਡ ਪ੍ਰਿਥਮੀ ਰਹੀ ਜਲਾਈਆ । ਮੱਕੇ ਕਾਅਬੇ ਪੂਰਾ ਹੋਏ ਨਾ ਕਿਸੇ ਹੱਜ, ਕਾਇਆ ਹੁਜਰਾ ਸਚ ਨਾ ਕੋਇ ਸੁਹਾਈਆ । ਰੋਂਦੇ ਵੇਖੇ ਸ਼ਿਵਦਵਾਲੇ ਮੰਦਰ ਮੱਠ, ਧੀਰਜ ਧੀਰ ਨਾ ਕੋਇ ਧਰਾਈਆ । ਮਿਲੇ ਵਡਿਆਈ ਨਾ ਕੋਈ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਮੀਂਢੀ ਨੇਤਰ ਨੈਣਾਂ ਨੀਰ ਰਹੀ ਵਹਾਈਆ । ਸਤਿ ਧਰਮ ਦਾ ਨਜ਼ਰ ਨਾ ਆਏ ਕੋਈ ਹੱਟ, ਚੌਦਾਂ ਲੋਕ ਚੌਦਾ ਤਬਕ, ਆਪਣਾ ਆਪ ਬੈਠੇ ਸਰਬ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਧੁਰ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕੀ ਹੋਇਆ ਜੱਗ, ਜਗਜੀਵਣ ਦਾਤੇ ਕੀ ਕੀ ਖੇਲ ਵਰਤਾਈਆ । ਜੋ ਮਾਰਗ ਨਿਰਗੁਣ ਸਰਗੁਣ ਹੋ ਕੇ ਆਏ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਸੋ ਰਸਤਾ ਕਲਜੁਗ ਜੀਵ ਗਏ ਛੱਡ, ਜਗਤ ਅੰਧੇਰੀ ਰੈਣ ਭੱਜਣ ਵਾਹੋ ਦਾਹੀਆ । ਆਤਮ ਪਰਮਾਤਮ ਨਾਲੋਂ ਕਰਕੇ ਅੱਡ, ਮਾਇਆ ਪ੍ਰਕਿਰਤੀ ਵਿਚ ਫਸਾਈਆ । ਵਿਸ਼ਵ ਦਿਸੇ ਨਾ ਕੋਇ ਯੱਦ, ਬੰਸ ਸਰਬੰਸ ਨਾ ਕੋਇ ਸੁਹਾਈਆ । ਅਨਹਦ ਵੱਜੇ ਨਾ ਕੋਇ ਨੱਦ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਸਤਿ ਧਰਮ ਦੀ ਛਡਕੇ ਹੱਦ, ਕੂੜੀ ਕਿਰਿਆ ਅੰਦਰ ਬੈਠੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਢਹਿ ਪਏ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਪ੍ਰਭ ਤੇਰੀ ਮਾਇਆ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ

ਸਮਝ ਕੋਇ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਅਚਰਜ ਖੇਲ ਰਚਾਇਆ, ਤੇਰੀ ਰਚਨਾ ਸਾਰ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਜੋ ਸੇਵਾ ਲਾਇਆ, ਲੋਕਮਾਤ ਦਿਤੀ ਵਡਿਆਈਆ । ਨਿਰਅੱਖਰ ਵਿਚੋਂ ਅੱਖਰ ਧਾਰ ਸ਼ਬਦ ਸਰੂਪੀ ਬੋਲ ਜੈਕਾਰ, ਰਾਗਾਂ ਵਿਚ ਗਾਇਆ, ਨਾਦਾਂ ਦਿਤੀ ਵਡਿਆਈਆ । ਕਾਗ਼ਜ਼ ਕਲਮ ਸ਼ਾਹੀ ਮੇਲ ਮਿਲਾਇਆ, ਤ੍ਰੈ ਪੰਜ ਜੋੜਾ ਸਹਿਜ ਸੁਭਾਈਆ । ਜੀਵਾਂ ਜੰਤਾ ਸਾਧਾਂ ਸੰਤਾਂ ਕਲਜੁਗ ਅੰਤਮ ਭੇਦ ਨਾ ਆਇਆ, ਪੜਦਾ ਸਕਿਆ ਨਾ ਕੋਇ ਖੁਲ੍ਹਾਈਆ । ਕਾਇਆ ਮੰਦਰ ਅੰਦਰ ਵੜਕੇ ਪੁਰਖ ਅਬਿਨਾਸ਼ੀ ਤੈਨੂੰ ਕਿਸੇ ਨਾ ਗਾਇਆ, ਬਾਹਰੋਂ ਲੱਭਦੇ ਵਾਹੋ ਦਾਹੀਆ । ਬੇਅੰਤ ਸਵਾਮੀ ਸਮਰਥ ਪੁਰਖ ਦਾਤੇ ਤੇਰਾ ਰੰਗ ਨਾ ਕਿਸੇ ਚੜ੍ਹਾਇਆ, ਗੇਰੂ ਕੱਪੜੇ ਸਰਬ ਰੰਗਾਈਆ । ਦਰੋਹੀ ਖ਼ੁਦਾਏ ਪੀਰ ਪੈਗ਼ੰਬਰ ਰਹੇ ਜਣਾਇਆ, ਤੋਬਾ ਤੋਬਾ ਰਹੇ ਸੁਣਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਮਖ਼ਲੂਕ ਤੇਰੀ ਸਲੂਕ ਘਰ ਘਰ ਨਜ਼ਰ ਨਾ ਆਇਆ, ਪ੍ਰੇਮ ਪ੍ਰੀਤੀ ਸਚ ਨਾ ਕੋਇ ਨਿਭਾਈਆ । ਉਚ ਅਰੂਜ ਵਡ ਮਹਿਬੂਬ ਤੇਰੀ ਮੁਹੱਬਤ ਵਿਚ ਡੇਰਾ ਨਾ ਕਿਸੇ ਲਾਇਆ, ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਪ੍ਰਿਥਮੀ ਆਕਾਸ਼ ਲੋਕ ਪਰਲੋਕ ਵੇਖ ਵਖਾਇਆ, ਸਚ ਸਲੋਕ ਢੋਲਾ ਸੋਹਲਾ ਸਾਰੇ ਗਏ ਭੁਲਾਈਆ । ਸਤਿਗੁਰੂ ਵਿਚੋਲਾ ਨਾ ਕਿਸੇ ਬਣਾਇਆ, ਜੀਵਾਂ ਜੰਤਾਂ ਘਰ ਘਰ ਹੁੰਦੀ ਵੇਖੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਘਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਕਹਿਣ ਪੈਗ਼ੰਬਰ ਸਤਿ, ਪ੍ਰਭੂ ਸਚ ਤੇਰੀ ਵਡਿਆਈਆ । ਕਲਜੁਗ ਅੰਤਮ ਹਰ ਘਟ ਹੋਈ ਮਨਮਤ, ਗੁਰਮਤ ਬੈਠੀ ਮੁਖ ਛੁਪਾਈਆ । ਨਾੜ ਬਹੱਤਰ ਉਬਲੇ ਰੱਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਸਾਚੇ ਮੰਦਰ ਚੜ੍ਹੇ ਕੋਇ ਨਾ ਭੱਜ, ਪੌੜੀ ਡੰਡਾ ਹੱਥ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਤੈਨੂੰ ਰਹੇ ਲੱਭ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖਣ ਥਾਉਂ ਥਾਈਆ । ਤੇਰਾ ਦਰ ਦਵਾਰ ਹਰਿ ਨਿਰੰਕਾਰ ਕਿਸੇ ਨਜ਼ਰ ਨਾ ਆਏ ਪੁਰਖ ਸਮਰਥ, ਮਹਿੰਮਾ ਅਕਥ ਨਾ ਕੋਇ ਜਣਾਈਆ । ਜੋ ਮਾਰਗ ਆਏ ਦੱਸ, ਸੋ ਸੱਜਣ ਬੈਠੇ ਭੁਲਾਈਆ । ਸਭ ਕੁਛ ਅੰਤਮ ਤੇਰੇ ਵਸ, ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰੇ ਹੱਥ ਫੜਾਈਆ । ਸਾਡੇ ਨੈਣ ਸ਼ਰਮੌਣ ਖੁਲ੍ਹੇ ਨਾ ਅੱਖ, ਨੇਤਰ ਦੇਣ ਨਾ ਕੋਇ ਗਵਾਹੀਆ । ਸਦੀ ਚੌਧਵੀਂ ਸਾਡੀ ਹੋਈ ਬਸ, ਬਸਤਾ ਬੰਨ੍ਹ ਕੇ ਤੇਰੇ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਬਾਨ ਹੋ ਸਹਾਈਆ । ਸ੍ਰੀ ਭਗਵਾਨ ਕਹੇ ਸੁਣੋ ਇਕ ਬਾਤ, ਅੰਤਮ ਅੰਤਰ ਦਿਆਂ ਜਣਾਈਆ । ਨਮੋ ਨਿਮਸਕਾਰ ਕਰੋ ਜੋੜ ਕੇ ਹਾਥ, ਬੰਦਨਾ ਇਕ ਸਮਝਾਈਆ । ਸਾਰੇ ਮਿਲਕੇ ਇਕ ਜਮਾਤ, ਢੋਲਾ ਗਾਓ ਬੇਪਰਵਾਹੀਆ । ਪਿਛਲਾ ਲੇਖਾ ਮੁਕਿਆ ਅੱਗੇ ਦੇਵੇ ਸਾਥ, ਸਦ ਮੰਨੀਏ ਸਚ ਰਜ਼ਾਈਆ । ਲੇਖਾ ਲਿਖੇ ਬਿਨ ਕਲਮ ਦਵਾਤ, ਨਿਰਅੱਖਰ ਨਾਲ ਦ੍ਰਿੜਾਈਆ । ਚਾਰ ਜੁਗ ਦਾ ਪਿਛਲਾ ਖਾਤ, ਪ੍ਰਭੂ ਤੇਰੀ ਝੋਲੀ ਪਾਈਆ । ਜੋ ਵਾਕ ਭਵਿਖਤ ਆਏ ਆਖ, ਸੋ ਪੂਰਾ ਦੇ ਕਰਾਈਆ । ਤੂੰ ਸਾਹਿਬ ਪੁਰਖ ਸਮਰਾਥ, ਵਾਲੀ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਿਓ ਲਿਖਤ, ਹਰਿ ਕਰਤਾ ਆਪ ਜਣਾਈਆ । ਤੁਹਾਡਾ ਪੂਰਾ ਕਰੇ ਭਵਿਖਤ, ਭਾਖਿਆ ਨਿਰਗੁਣ ਦਏ ਜਣਾਈਆ । ਸਾਰੇ ਮੰਨੋ ਇਕੋ ਇਸ਼ਟ, ਮਾਲਕ ਨੂਰ ਖ਼ੁਦਾਈਆ । ਮੇਰੇ ਕੋਲ ਦੋ ਜਹਾਨਾਂ ਲੱਖ

ਚੁਰਾਸੀ ਜੀਵਾਂ ਜੰਤਾ ਫ਼ਰਿਸਤ, ਬਚਿਆ ਨਜ਼ਰ ਕੋਇ ਨਾ ਆਈਆ । ਵੈਰਾਗੀ ਤਿਆਗੀ ਸਨਿਆਸੀ ਬੈਰਾਗੀ ਵੇਖਾਂ ਵਿਚ ਗ੍ਰਹਿਸਤ, ਨਰ ਮਾਦਾ ਸਾਰੇ ਖੋਜ ਖੁਜਾਈਆ । ਜਿਨ੍ਹਾਂ ਨੂੰ ਪ੍ਰਭ ਮਿਲਣ ਦਾ ਅੰਤਰ ਆਤਮ ਲੱਗਾ ਇਸ਼ਕ, ਤਿਨ੍ਹਾਂ ਦਾ ਲੇਖਾ ਲੇਖੇ ਲਵਾਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆਓ ਕਰੀਏ ਸਲਾਹ, ਮਸ਼ਵਰਾ ਇਕ ਪਕਾਈਆ । ਵੇਲਾ ਅੰਤਮ ਗਿਆ ਆ, ਜਿਸ ਦਾ ਜੁਗ ਜੁਗ ਧਿਆਨ ਲਗਾਈਆ । ਵੇਖੋ ਕੀ ਖੇਲ ਕਰੇ ਖ਼ੁਦਾ, ਖ਼ੁਦਗ਼ਰਜ਼ੀ ਸਭ ਦੀ ਦਏ ਮਿਟਾਈਆ । ਜੋ ਮਜ਼੍ਹਬਾਂ ਵਿਚ ਹੋਏ ਜੁਦਾ, ਤਿਨ੍ਹਾਂ ਦਾ ਮੇਲਾ ਲਏ ਮਿਲਾਈਆ । ਮਾਰਗ ਦੱਸਣਹਾਰਾ ਸਿੱਧਾ, ਸਾਜਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਬਣ ਕੇ ਰਿਹਾ ਸਮਝਾਈਆ । ਪੀਰ ਪੈਗ਼ੰਬਰ ਕਹਿਣ ਕਰੋ ਏਕਾ, ਏਕੰਕਾਰ ਦੇਵੇ ਵਡਿਆਈਆ । ਰਲਕੇ ਮੰਗੋ ਇਕੋ ਟੇਕਾ, ਸੀਸ ਜਗਦੀਸ਼ ਝੁਕਾਈਆ । ਸਦੀ ਵੀਹਵੀਂ ਪੂਰਾ ਕਰਦੇ ਲੇਖਾ, ਲਿਖਤ ਭਵਿਖਤ ਦਿਓ ਜਣਾਈਆ । ਜ਼ਾਤ ਪਾਤ ਦੀਨ ਮਜ਼੍ਹਬ ਦਾ ਛੱਡੋ ਠੇਕਾ, ਜਗਤ ਠੇਕੇਦਾਰੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦਏ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਚਲੋ ਜੋੜੀਏ ਹੱਥ, ਪ੍ਰਭ ਅੱਗੇ ਸੀਸ ਝੁਕਾਈਆ । ਜੋ ਕੁਛ ਤੇਰਾ ਸੋ ਤੇਰੀ ਝੋਲੀ ਦਿਤਾ ਘਤ, ਸਾਡੀ ਵਸਤ ਨਜ਼ਰ ਕੋਈ ਨਾ ਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਬੇਪਰਵਾਹੀਆ । ਤੂੰ ਕਰਨਹਾਰ ਕਰਤਾ ਪੁਰਖ ਸਮਰਥ, ਦੋ ਜਹਾਨਾਂ ਵਾਲੀ ਇਕ ਅਖਵਾਈਆ । ਕਲਜੁਗ ਅੰਤ ਹੋ ਪ੍ਰਤਖ, ਪਰਗਟ ਆਪਣੀ ਧਾਰ ਚਲਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਚਾਰ ਵਰਨ ਬਣਾਵੇ ਇਕ ਜਮਾਤ, ਬਰਨ ਅਠਾਰਾਂ ਡੇਰਾ ਢਾਹੀਆ । ਸਭ ਦੀ ਪੂਰੀ ਕਰ ਆਸ, ਆਸਾ ਤ੍ਰਿਸਨਾ ਦੇ ਮਿਟਾਈਆ । ਜੀਵਾਂ ਜੰਤਾ ਦੱਸ ਆਪਣਾ ਜਾਪ, ਜੀਵਣ ਜੁਗਤ ਦੇ ਸਮਝਾਈਆ । ਸਚ ਦਵਾਰੇ ਸਚ ਸਵਾਮੀ ਤੈਨੂੰ ਰਹੇ ਆਖ, ਆਖ਼ਰ ਬੇਨੰਤੀ ਇਕ ਜਣਾਈਆ । ਮੰਜ਼ਲ ਚੜ੍ਹਕੇ ਵੇਖ ਆਪਣੇ ਘਾਟ, ਪੱਤਣ ਬਹਿ ਕੇ ਖ਼ੁਸ਼ੀ ਮਨਾਈਆ । ਤੂੰ ਆਦਿ ਜੁਗਾਦੀ ਨਿਰਗੁਣ ਨਿਰਵੈਰ ਨਿਰਾਕਾਰ ਸਭ ਦਾ ਬਾਪ, ਸਾਂਝਾ ਯਾਰ ਸਰਬ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਦੇ ਧੁਰ ਦਾ ਵਰ, ਸਚ ਸਚ ਤੇਰੀ ਸਰਨਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਮਿਹਰਵਾਨ ਮਿਹਰ ਨਜ਼ਰ ਉਠਾਉਂਦਾ ਏ । ਸਚਖੰਡ ਨਿਵਾਸੀ ਧੁਰ ਦਾ ਹੁਕਮ ਜਣਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰਾਂ ਇਕੋ ਰਾਹ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਰਵਾਸਾ ਇਕ ਰਖਾਉਂਦਾ ਏ । ਸਚ ਭਰਵਾਸਾ ਸਰਬ ਰਖਾਵਾਂਗਾ । ਕਲਜੁਗ ਅੰਤਮ ਵੇਖ ਤਮਾਸ਼ਾ, ਲੱਖ ਚੁਰਾਸੀ ਖੋਜ ਖੁਜਾਵਾਂਗਾ । ਨਿਰਗੁਣ ਹੋ ਕੇ ਸਰਗੁਣ ਦੇਵਾਂ ਸਾਥਾ, ਸਗਲਾ ਸੰਗ ਨਿਭਾਵਾਂਗਾ । ਕੂੜੀ ਕਿਰਿਆ ਪਾਰ ਕਰਾ ਕੇ ਘਾਟਾ, ਸ਼ੌਹ ਦਰਿਆਏ ਰੁੜ੍ਹਾਵਾਂਗਾ । ਸਤਿਜੁਗ ਨੇੜੇ ਲਿਆ ਕੇ ਵਾਟਾ, ਅਗਲਾ ਪੰਧ ਮੁਕਾਵਾਂਗਾ । ਚਾਰ ਵਰਨਾਂ ਦੇ ਕੇ ਸਾਚੀ ਗਾਥਾ, ਸਬਕ ਇਲਮ ਇਕੋ ਇਕ ਪੜ੍ਹਾਵਾਂਗਾ । ਅੰਤਰ ਆਤਮ ਬਜਰ ਕਪਾਟੀ ਖੋਲ੍ਹ ਕੇ ਤਾਕਾ, ਜੋਤ ਨਿਰੰਜਣ ਡਗਮਗਾਵਾਂਗਾ । ਮੁਸੱਵਰ ਹੋ ਕੇ ਦੋ ਜਹਾਨ ਖਿੱਚਾਂ ਖ਼ਾਕਾ, ਬ੍ਰਹਿਮੰਡ ਖੰਡ ਰੂਪ ਅਨੂਪ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਪਤਿਪਰਮੇਸ਼ਵਰ ਵੇਖ ਵਖਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰੋ ਲਹਿਣਾ ਦੇਣਾ ਸਭ ਦੀ ਝੋਲੀ ਪਾਵੇਗਾ । ਜਨ ਭਗਤਾਂ ਸਾਚੇ ਸੰਤਾਂ ਆਪ ਉਠਾਵੇਗਾ । ਸਤਿਜੁਗ ਬਣਾਵੇ ਅਗਲੀ ਬਣਤਾ, ਕੂੜੀ ਕਿਰਿਆ ਮੇਟ ਮਿਟਾਵੇਗਾ । ਖੇਲੇ ਖੇਲ ਨਾਰੀ ਕੰਤਾ, ਲੱਖ ਚੁਰਾਸੀ ਆਪ ਪਰਨਾਵੇਗਾ । ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਵੇਗਾ । ਧੁਰ ਦਾ ਲੇਖਾ ਵੇਖ ਵਖਾਵਾਂਗਾ । ਨਿਰਵੈਰ ਹੋ ਕੇ ਆਵਾਂਗਾ । ਜੋਤੀ ਜੋਤ ਰੁਸ਼ਨਾਵਾਂਗਾ । ਸ਼ਬਦੀ ਡੰਕ ਵਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਵਾਂਗਾ । ਕਰੋੜ ਤੇਤੀਸ ਉਠਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਬ੍ਰਹਿਮੰਡਾਂ ਖੰਡਾਂ ਫੋਲ ਫੁਲਾਵਾਂਗਾ । ਲੋਆਂ ਪੁਰੀਆਂ ਢੋਲਾ ਗਾਵਾਂਗਾ । ਜ਼ਿਮੀਂ ਅਸਮਾਨਾਂ ਰਾਹ ਵਖਾਵਾਂਗਾ । ਬੇਈਮਾਨਾਂ ਅੰਤ ਖਪਾਵਾਂਗਾ । ਧਰਮ ਨਿਸ਼ਾਨਾ ਇਕ ਝੁਲਾਵਾਂਗਾ । ਚਾਰ ਵਰਨਾਂ ਰੰਗ ਚੜ੍ਹਾਵਾਂਗਾ । ਊਚਾਂ ਨੀਚਾਂ ਮੇਲ ਮਿਲਾਵਾਂਗਾ । ਰਾਜ ਰਾਜਾਨਾਂ ਤਖ਼ਤੋਂ ਲਾਹਵਾਂਗਾ । ਸਚ ਮੰਦਰ ਇਕ ਮਕਾਨ, ਸਾਢੇ ਤਿੰਨ ਹੱਥ ਸੋਭਾ ਪਾਵਾਂਗਾ । ਲੇਖਾ ਜਾਣ ਜੀਵ ਜਹਾਨ, ਜਾਗਰਤ ਜੋਤ ਇਕ ਜਗਾਵਾਂਗਾ । ਨਾਮ ਪਦਾਰਥ ਦੇ ਕੇ ਦਾਨ, ਖ਼ਾਲੀ ਭਾਂਡੇ ਫੇਰ ਭਰਾਵਾਂਗਾ । ਚਰਨ ਧੂੜੀ ਇਕ ਇਸ਼ਨਾਨ, ਦੁਰਮਤ ਮੈਲ ਧੁਆਵਾਂਗਾ । ਮੇਲ ਮਿਲਾ ਕੇ ਧੁਰ ਦੇ ਕਾਹਨ, ਗੋਪੀ ਸਚ ਪਰਨਾਵਾਂਗਾ । ਸੀਤਾ ਸੁਰਤੀ ਮਿਲ ਜਾਏ ਰਾਮ, ਜਗਤ ਵਿਛੋੜਾ ਦੂਰ ਕਰਾਵਾਂਗਾ । ਘਰ ਵਿਚੋਂ ਪਰਗਟਾਕੇ ਸਤਿਨਾਮ, ਫ਼ਤਿਹ ਡੰਕਾ ਇਕ ਸੁਣਾਵਾਂਗਾ । ਸਾਰੀ ਮੁਸ਼ਕਲ ਕਰ ਆਸਾਨ, ਰਹਿਮਤ ਆਪਣੀ ਇਕ ਕਮਾਵਾਂਗਾ । ਜੋ ਬਰਦੇ ਹੋਏ ਗ਼ੁਲਾਮ, ਬੰਦੀਖ਼ਾਨਾ ਸਰਬ ਤੁੜਾਵਾਂਗਾ । ਧੁਰ ਸੰਦੇਸ਼ਾ ਦੇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਆਪਣੇ ਨਾਲ ਜੁੜਾਵਾਂਗਾ । ਕਰਾਂ ਖੇਲ ਜਗਤ ਮਹਾਨ, ਮਹਿੰਮਾ ਅਕਥ ਕਥ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਸ੍ਰਿਸ਼ਟ ਸਬਾਈ ਇਕ ਜਣਾਵਾਂਗਾ । ਸਚ ਸੁਨੇਹੜਾ ਇਕ ਸੁਣਾਵੇਗਾ । ਜੋਤੀ ਸ਼ਬਦੀ ਜੋੜਾ ਜੋੜ ਜੁੜਾਵੇਗਾ । ਦੀਨ ਮਜ਼੍ਹਬੀ ਝਗੜਾ ਝੇੜਾ ਕੋਈ ਰਹਿਣ ਨਾ ਪਾਵੇਗਾ । ਕਲਜੁਗ ਕਰਕੇ ਅੰਤਮ ਬਦਲੀ, ਬਦਲਾ ਸਭ ਦਾ ਆਪ ਮੁਕਾਵੇਗਾ । ਪੁਰਖ ਅਕਾਲ ਬਣਕੇ ਅਦਲੀ, ਅਦਾਲਤ ਇਕੋ ਇਕ ਲਗਾਵੇਗਾ । ਪੰਧ ਮੁਕਾ ਕੇ ਮਜ਼ਲੋ ਮਜ਼ਲੀ, ਮੰਜ਼ਲ ਅਗੰਮੀ ਇਕ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਅਲਾ ਅਦਨੀ, ਰਾਓ ਰੰਕਾਂ ਖੋਜ ਖੁਜਾਵੇਗਾ । ਰਾਓ ਰੰਕਾਂ ਵੇਖ ਵਖਾਵੇਗਾ । ਦਵਾਰ ਬੰਕਾ ਇਕ ਸੁਹਾਵੇਗਾ । ਨਾਮ ਡੰਕਾ ਸ਼ਬਦ ਵਜਾਵੇਗਾ । ਜੀਵ ਜੰਤਾਂ ਆਪ ਉਠਾਵੇਗਾ । ਸਾਧਾਂ ਸੰਤਾਂ ਹੁਕਮ ਮਨਾਵੇਗਾ । ਨਾਰੀ ਕੰਤਾ ਮੇਲ ਮਿਲਾਵੇਗਾ । ਰੰਗ ਬਸੰਤ ਇਕ ਚੜ੍ਹਾਵੇਗਾ । ਬੋਧ ਅਗਾਧਾ ਪੰਡਤ ਇਕੋ ਨਜ਼ਰੀ ਆਵੇਗਾ । ਚਾਰ ਵਰਨ ਦੀ ਬਣਾ ਕੇ ਸਾਚੀ ਸੰਗਤ, ਸਗਲਾ ਸੰਗ ਰਖਾਵੇਗਾ । ਨਾਮ ਰੰਗੀਲਾ ਚਾੜ੍ਹਕੇ ਰੰਗਤ, ਲਾਲ ਗੁਲਾਲ ਦਾ ਲੇਖ ਮੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਖੇਲ ਖਿਲਾਵੇਗਾ । ਸਤਿ ਸਤਿਵਾਦੀ ਖੇਲ ਖਿਲਾਵੇਗਾ । ਸ਼ਬਦ ਅਨਾਦੀ ਨਾਦ ਵਜਾਵੇਗਾ । ਆਦਿ ਜੁਗਾਦੀ ਵੇਸ ਵਟਾਵੇਗਾ । ਹਾਡੀ ਹਾਡੀ ਫੋਲ ਫੁਲਾਵੇਗਾ । ਕਲਜੁਗ ਕਰ ਅੰਤ ਬਰਬਾਦੀ, ਸਤਿਜੁਗ ਬੂਟਾ ਫਿਰ ਲਗਾਵੇਗਾ । ਜਨ ਭਗਤਾਂ ਆਤਮ ਪਰਮਾਤਮ ਨਾਲ ਕਰਕੇ ਸ਼ਾਦੀ, ਘਰ ਘਰ ਵਿਚ ਸੋਹਣਾ ਸਗਨ

ਮਨਾਵੇਗਾ । ਪੰਜ ਸ਼ਬਦ ਬਣਾਏ ਲਾਗੀ, ਸੋਹਣਾ ਖੇਲ ਰਚਾਵੇਗਾ । ਅਨਹਦ ਨਾਦ ਸੁਣਾ ਅਨਾਦੀ, ਧੁਨ ਆਤਮਕ ਰਾਗ ਸੁਣਾਵੇਗਾ । ਨਿਰਗੁਣ ਜੋਤ ਕਰੇ ਪਰਕਾਸ਼ੀ, ਨੂਰ ਇਕੋ ਇਕ ਚਮਕਾਵੇਗਾ । ਖੇਲੇ ਖੇਲ ਪੁਰਖ ਅਬਿਨਾਸ਼ੀ, ਗਹਿਰ ਗੰਭੀਰ ਵੇਸ ਵਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪਿਛਲੀ ਯਾਦ ਕਰਾਏ ਸਾਖੀ, ਅਗਲਾ ਹੁਕਮ ਹੋਰ ਸੁਣਾਵੇਗਾ । ਲਹਿਣਾ ਦੇਣਾ ਚੁਕਾਏ ਬਾਕੀ, ਪਿਛਲਾ ਹਿਸਾਬ ਮੁਕਾਵੇਗਾ । ਅੱਗੇ ਧਰਮ ਸਤਿ ਦੀ ਖੋਲ੍ਹ ਕੇ ਤਾਕੀ, ਤਾਕਤ ਆਪਣੀ ਇਕ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਹਾਟੀ ਇਕ ਖੁਲ੍ਹਾਵੇਗਾ । ਪ੍ਰਭ ਸਾਚਾ ਹੱਟ ਖੁਲ੍ਹਾਵੇਗਾ । ਸਮਰਥ ਪੁਰਖ ਦਇਆ ਕਮਾਵੇਗਾ । ਤੀਰਥ ਤਟ ਨਹਾਵਣ ਕੋਇ ਨਾ ਜਾਵੇਗਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਜਨ ਭਗਤਾਂ ਚਰਨਾਂ ਹੇਠ ਵਗਾਵੇਗਾ । ਨਾਮ ਖ਼ੁਮਾਰੀ ਚਾੜ੍ਹ ਕੇ ਮਸਤੀ, ਅੱਠੇ ਪਹਿਰ ਇਕੋ ਘਰ ਬਹਾਵੇਗਾ । ਆਪਣੇ ਨਾਲ ਮਿਲਾ ਕੇ ਹਸਤੀ, ਹਸਤ ਕੀਟ ਇਕੋ ਦਰ ਵਸਾਵੇਗਾ । ਪ੍ਰੇਮ ਪ੍ਰੀਤੀ ਕਰਕੇ ਸਸਤੀ, ਬਿਨ ਪੈਸਿਉਂ ਧੇਲਿਉਂ ਗੁਰਮੁਖਾਂ ਝੋਲੀ ਪਾਵੇਗਾ । ਕਲਜੁਗ ਅੰਤਮ ਕਰ ਦਰੁਸਤੀ, ਸਤਿਜੁਗ ਸੋਹਣੀ ਵੰਡ ਵੰਡਾਵੇਗਾ । ਕਿਸੇ ਸ਼ਾਹ ਪਾਤਸ਼ਾਹ ਕੋਲ ਰਹਿਣ ਨਾ ਦੇਵੇ ਕੁਰਸੀ, ਭਿਖਿਆ ਘਰ ਘਰ ਆਪ ਮੰਗਾਵੇਗਾ । ਇਹ ਖੇਲ ਅਗੰਮੀ ਧੁਰ ਦੀ, ਨਾ ਕੋਇ ਮੇਟੇ ਮੇਟ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਪ੍ਰਭ ਕਰਨੀ ਸਚ ਕਮਾਵੇਗਾ । ਜਨ ਭਗਤਾਂ ਹਰਨੀ ਫਰਨੀ ਨੇਤਰ ਅੱਖ ਖੁਲ੍ਹਾਵੇਗਾ । ਸਚ ਦਵਾਰਾ ਦੱਸ ਕੇ ਧੁਰ ਦੀ ਚਰਨੀ, ਚਰਨੋਦਕ ਮੁਖ ਜਾਮ ਪਿਆਵੇਗਾ । ਇਕੋ ਸਿਖਿਆ ਦੱਸੇ ਪੜ੍ਹਨੀ, ਆਤਮ ਪਰਮਾਤਮ ਢੋਲਾ ਰਾਗ ਅਲਾਵੇਗਾ । ਇਕੋ ਪੌੜੀ ਦੱਸੇ ਚੜ੍ਹਨੀ, ਸੁਖਮਨ ਟੇਢੀ ਬੰਕ ਈੜਾ ਪਿੰਗਲ ਰਾਹ ਵਿਚ ਨਾ ਕੋਇ ਅਟਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵੇਗਾ । ਮਿਹਰ ਨਜ਼ਰ ਪ੍ਰਭੂ ਉਠਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਕਾਲ ਮਹਾਂਕਾਲ ਲੇਖ ਮੁਕਾਵੇਗਾ । ਸੰਤ ਸੁਹੇਲੇ ਸਾਚੇ ਲਾਲ, ਸ਼ਬਦੀ ਸੁਤ ਮਿਲਾਵੇਗਾ । ਪੂਰਬ ਜਨਮ ਦੀ ਵੇਖ ਕੇ ਘਾਲ, ਮਾਣਸ ਜਨਮ ਝੋਲੀ ਪਾਵੇਗਾ । ਫਲ ਲਗਾ ਕੇ ਸਾਢੇ ਤਿੰਨ ਹੱਥ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਵੇਗਾ । ਜੋ ਪੈਸਿਆਂ ਵਲੋਂ ਕੰਗਾਲ, ਤਿਨ੍ਹਾਂ ਦੀ ਝੋਲੀ ਨਾਮ ਭਰਾਵੇਗਾ । ਏਥੇ ਓਥੇ ਸੁਰਤ ਲਏ ਸੰਭਾਲ, ਰਾਏ ਧਰਮ ਨੇੜ ਨਾ ਆਵੇਗਾ । ਚਿਤ੍ਰਗੁਪਤ ਲੇਖਾ ਨਾ ਸਕੇ ਵਖਾਲ, ਲਾੜੀ ਮੌਤ ਨਾ ਕੋਇ ਪਰਨਾਵੇਗਾ । ਲੈ ਕੇ ਜਾਏ ਸਚ ਸੱਚੀ ਧਰਮਸਾਲ, ਸਚਖੰਡ ਦਵਾਰੇ ਆਪ ਬਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਖਿਲਾਵੇਗਾ । ਸਾਚੀ ਖੇਲ ਪ੍ਰਭੂ ਖਿਲਾਵੇਗਾ । ਜੁਗ ਵਿਛੜੇ ਮੇਲ ਮਿਲਾਵੇਗਾ । ਵੱਡੇ ਨਿਕੜੇ ਜੋੜ ਜੁੜਾਵੇਗਾ । ਵਿਗੜੇ ਤਿਗੜੇ ਵੇਖ ਵਖਾਵੇਗਾ । ਬੇਫ਼ਿਕਰੇ ਗੁਰਮੁਖ ਘਰ ਬਹਾਵੇਗਾ । ਲੱਖ ਚੁਰਾਸੀ ਵਿਚੋਂ ਥੋੜੇ ਨਿਕਲੇ, ਜਿਨ੍ਹਾਂ ਆਪਣੀ ਬੂਝ ਬੁਝਾਵੇਗਾ । ਤਿਨ੍ਹਾਂ ਦਾ ਬਣ ਕੇ ਧੁਰ ਦਾ ਪਿਤਰੇ, ਪਿਤਾ ਪੁਰਖ ਅਕਾਲ ਅਖਵਾਵੇਗਾ । ਚੋਟੀ ਚਾੜ੍ਹੇ ਉਪਰ ਸ਼ਿਖ਼ਰੇ, ਸਚ ਦਵਾਰਾ ਇਕ ਦਰਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਵੇਗਾ । ਹਰਿਜਨ ਸਾਚੇ ਵੇਖ ਵਖਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਗੁਰਮੁਖ ਆਪਣਾ ਰੰਗ ਰੰਗਾਏਗਾ । ਨਾਮ ਮਰਦੰਗ ਸ਼ਬਦ ਸੁਣਾਏਗਾ । ਨੰਗੀ ਹੋਣ ਨਾ ਦੇਵੇ ਕੰਡ, ਪੁਸ਼ਤ ਪਨਾਹ ਆਪਣਾ ਹੱਥ ਰਖਾਏਗਾ । ਲੇਖਾ

੭੧੪
੧੭

ਕਰਕੇ ਪਾਰ ਬ੍ਰਹਿਮੰਡ, ਮੰਡਲ ਮੰਡਪ ਇਕੋ ਇਕ ਵਡਿਆਏਗਾ । ਸਚ ਪ੍ਰੇਮ ਦਾ ਦੇ ਕੇ ਅਨੰਦ, ਅਨੰਦ ਆਪਣਾ ਇਕ ਦਰਸਾਏਗਾ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਏਗਾ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਏ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਦ੍ਰਿੜਾਏਗਾ । ਸੰਤ ਸੁਹੇਲਾ ਸੱਜਣ ਪ੍ਰਭ ਦਰਸ਼ਨ ਪਾਏ ਆਤਮ ਸੇਜ ਪਲੰਘ, ਘਰ ਮੰਦਰ ਇਕ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਏਗਾ । ਧੁਰ ਮਾਲਕ ਵੇਖ ਵਖਾਵੇਗਾ । ਨਿਰਗੁਣ ਸਰਗੁਣ ਲੇਖੇ ਲਾਵੇਗਾ । ਭਰਮ ਭੁਲੇਖਾ ਦੂਰ ਕਰਾਵੇਗਾ । ਜਨਮ ਜਨਮ ਦੇ ਵਿਛੜੇ, ਲੱਖ ਚੁਰਾਸੀ ਵਿਚੋਂ ਆਪ ਉਠਾਵੇਗਾ । ਦੋ ਜਹਾਨਾਂ ਆਪੇ ਵੇਖੇ, ਬ੍ਰਹਿਮੰਡਾਂ ਖੰਡਾ ਫੋਲ ਫੁਲਾਵੇਗਾ । ਨਿਰਗੁਣ ਨਿਰਵੈਰ ਧਰ ਕੇ ਭੇਖੇ, ਜੋਤੀ ਜਾਤਾ ਡਗਮਗਾਵੇਗਾ । ਸੰਬਲ ਵੜ ਕੇ ਦੇਸੇ, ਸਚ ਸਿੰਘਾਸਣ ਸੋਭਾ ਪਾਵੇਗਾ । ਨਾ ਕੋਈ ਰੂਪ ਰੰਗ ਨਾ ਰੇਖੇ, ਚਿਨ੍ਹ ਚੱਕਰ ਨਜ਼ਰ ਕਿਸੇ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਬੇਅੰਤ ਸਵਾਮੀ ਅੰਤਰਜਾਮੀ ਆਪਣੀ ਕਾਰ ਕਮਾਵੇਗਾ । ਪ੍ਰਭ ਆਪਣੀ ਕਾਰ ਕਮਾਵੇਗਾ । ਧੁਰ ਦੀ ਧਾਰ ਬਣਾਵੇਗਾ । ਵਿਚ ਸੰਸਾਰ ਵੇਖ ਵਖਾਵੇਗਾ । ਸ਼ਬਦ ਜੈਕਾਰ ਇਕ ਕਰਾਵੇਗਾ । ਸ੍ਰਿਸ਼ਟ ਸਬਾਈ ਕਰ ਪਿਆਰ, ਮੁਹੱਬਤ ਨਾਤਾ ਇਕ ਜੁੜਾਵੇਗਾ । ਲੇਖਾ ਜਾਣੇ ਦੋ ਚਾਰ, ਛੱਤੀ ਜੁਗ ਖੋਜ ਖੁਜਾਵੇਗਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪਾਵੇ ਸਾਰ, ਪੜਦਾ ਓਹਲਾ ਆਪ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਭੇਵ ਮਿਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਵਾਹ, ਪੁਰਖ ਅਕਾਲ ਤੇਰੀ ਵਡਿਆਈਆ । ਤੇਰੀ ਹਾਂ ਵਿਚ ਕਰਦੇ ਸਾਰੇ ਹਾਂ ਹਾਂ, ਹਰਿ ਜੂ ਤੇਰੀ ਓਟ ਤਕਾਈਆ । ਤੇਰੇ ਹੁਕਮ ਅੰਦਰ ਕਿਹੜਾ ਕਰੇ ਨਾਂਹ, ਨਲਾਇਕ ਪੁੱਤ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਸਾਰੇ ਭੁੱਲ ਲਓ ਬਖ਼ਸ਼ਾ, ਮੈਂ ਸਚ ਦਿਆਂ ਸੁਣਾਈਆ । ਤੁਹਾਡੇ ਪਿਛੋਂ ਕਿਸੇ ਖਾਧਾ ਸੂਰ ਕਿਸੇ ਖਾਧੀ ਗਾਂ, ਗ਼ਰੀਬਾਂ ਉਤੇ ਜ਼ੁਲਮ ਮਜ਼ਲੂਮ ਕਾਰ ਕਮਾਈਆ । ਅੰਤਮ ਕੋਈ ਨਾ ਪਕੜੇ ਬਾਂਹ, ਅੱਗੇ ਹੋ ਨਾ ਹੋਏ ਸਹਾਈਆ । ਹੋਵੇ ਵਿਛੋੜਾ ਪੁੱਤਰਾਂ ਮਾਂ, ਭੈਣ ਭਾਈ ਨਾ ਕੋਈ ਬਚਾਈਆ । ਨਾਰ ਕੰਤ ਨਾ ਦਿਸੇ ਕੋਈ ਸਹਾ, ਪਿਤਾ ਗੋਦ ਨਾ ਕੋਈ ਉਠਾਈਆ । ਜਿਨ੍ਹਾਂ ਭੁੱਲਿਆ ਬੇਪਰਵਾਹ, ਪਤਿਪਰਮੇਸ਼ਵਰ ਸੱਚਾ ਸ਼ਹਿਨਸ਼ਾਹੀਆ । ਉਨ੍ਹਾਂ ਦੇ ਬਖ਼ਸ਼ੇ ਕਵਣ ਗੁਨਾਹ, ਲਏ ਅੰਤ ਬਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਤੁਸੀਂ ਧਰੋ ਧਿਆਨ, ਕਲਜੁਗ ਅੰਤਮ ਲੱਖ ਚੁਰਾਸੀ ਖੋਜ ਖੁਜਾਈਆ । ਆਪਣੇ ਆਪਣੇ ਗੁਰਮੁਖ ਲਓ ਪਹਿਚਾਨ, ਜੋ ਹੁਕਮੇ ਅੰਦਰ ਰਹਿ ਕੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਹੁਕਮ ਵਰਤੇ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਖੋਜ ਖੁਜਾਵੇ ਬ੍ਰਹਿਮੰਡ ਬ੍ਰਹਿਮਾਦ, ਬ੍ਰਹਿਮਾਂਡ ਸਰਬ ਫਿਰਾਇੰਦਾ । ਜਿਸ ਘਰ ਵਜਦਾ ਹੋਵੇ ਨਾਦ, ਸੋ ਗੁਰਮੁਖ ਨਜ਼ਰੀ ਆਇੰਦਾ । ਜਿਸ ਗ੍ਰਹਿ ਪ੍ਰਭ ਦੀ ਹੋਵੇ ਯਾਦ, ਸੋ ਸੰਤ ਸੁਹੇਲਾ ਸੋਭਾ ਪਾਇੰਦਾ । ਜੋ ਪ੍ਰੇਮ ਪਿਆਰ ਅੰਦਰ ਹੋਇਆ ਬਰਬਾਦ, ਸੋ ਭਗਤ ਭਗਵੰਤ ਰੂਪ ਵਟਾਇੰਦਾ । ਚਾਰ ਜੁਗ ਦਾ ਲਹਿਣਾ ਹਰਿ ਪ੍ਰਭ ਸਦਾ ਸਦਾ ਸਦ ਰੱਖੇ ਯਾਦ, ਅਭੁਲ ਭੁਲ ਕਦੇ ਨਾ ਜਾਇੰਦਾ । ਤੇਈ ਅਵਤਾਰ ਉਠਕੇ ਦਿਓ ਇਕ ਆਵਾਜ਼, ਸਾਹਿਬ ਸੁਲਤਾਨ ਆਪ ਸੁਣਾਇੰਦਾ । ਈਸਾ ਮੂਸਾ ਮੁਹੰਮਦ ਸਾਚੇ ਘਰ ਪੜ੍ਹੋ ਇਕ ਨਮਾਜ਼, ਕਲਮਾ ਧੁਰ ਦਾ ਇਕ ਜਣਾਇੰਦਾ ।

੭੧੬
੧੨

ਦਸ ਗੁਰ ਕਹੋ ਵਾਹ ਵਾਹ ਨਿਰੰਕਾਰ, ਨਿਰਗੁਣ ਤੇਰਾ ਅੰਤ ਕੋਇ ਨਾ ਪਾਇੰਦਾ । ਭਗਤ ਅਠਾਰਾਂ ਕਰੋ ਨਿਮਸਕਾਰ, ਬੇਪਰਵਾਹ ਬੇਅੰਤ ਤੇਰਾ ਖੇਲ ਨਾ ਕੋਇ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਧੂੜੀ ਟਿੱਕਾ ਲਾਵੇ ਛਾਰ, ਖ਼ਾਕੀ ਖ਼ਾਕ ਰਮਾਇੰਦਾ । ਕਰੋੜ ਤੇਤੀਸਾ ਮੰਗੇ ਹਾਰ, ਬਲਹੀਣ ਸਰਬ ਨਜ਼ਰੀ ਆਇੰਦਾ । ਚਾਰੇ ਜੁਗ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਚਾਰੇ ਵੇਦ ਕਰੋ ਪੁਕਾਰ, ਚਾਰੇ ਖਾਣੀ ਤੁਹਾਡੇ ਨਾਲ ਮਿਲਾਇੰਦਾ । ਚਾਰੇ ਬਾਣੀ ਕਰੋ ਇਜ਼ਹਾਰ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਸੂਰਜ ਚੰਨ ਨੇਤਰ ਅੱਖ ਲਓ ਉਘਾੜ, ਮੰਡਲ ਮੰਡਪ ਆਪ ਸਮਝਾਇੰਦਾ । ਧਰਨੀ ਧਰਤ ਧਵਲ ਉਚੀ ਕੂਕ ਵਾਜਾਂ ਮਾਰ, ਧੁਰ ਦਾ ਹੁਕਮ ਇਕ ਸੁਣਾਇੰਦਾ । ਸਾਰੇ ਰਲ ਕੇ ਕਰੋ ਸਚ ਦਵਾਰੇ ਆਪਣਾ ਇਜ਼ਹਾਰ, ਤੁਧ ਬਿਨ ਇਜ਼ਤ ਆਬਰੂ ਦੋ ਜਹਾਨ ਨਾ ਕੋਇ ਬਚਾਇੰਦਾ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਲਾਸ਼ਰੀਕ ਤੇਹੇ ਤੌਫ਼ੀਕ, ਨਿਰਗੁਣ ਲਏ ਅਵਤਾਰ, ਅਵਤਰੀ ਆਪਣਾ ਫੇਰਾ ਪਾਇੰਦਾ । ਕਲਜੁਗ ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਦੇ ਨਿਵਾਰ, ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਤੁੜਾਈਆ । ਸਾਚੀ ਸੰਗਤਾ ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਖ਼ਸ਼ ਇਕ ਪਿਆਰ, ਪ੍ਰੇਮ ਪ੍ਰੀਤੀ ਸਾਚੀ ਨੀਤੀ ਧੁਰ ਦੀ ਰੀਤੀ ਦੇ ਦ੍ਰਿੜਾਈਆ । ਹਉਂ ਬਾਲਕ ਤੂੰ ਪ੍ਰਿਤਪਾਲਕ ਧੁਰ ਦਾ ਸਾਲਸ, ਗੁਰਮੁਖ ਕੱਢ ਅਨੋਖੇ ਖ਼ਾਲਸ, ਖ਼ਾਲਸ ਖ਼ਾਲਸਾ ਦੇ ਬਣਾਈਆ । ਦਰ ਸੇਵਕ ਤੇਰੇ ਜਾਚਕ, ਬਰਖ਼ੁਰਦਾਰ ਪਿਆਰੇ ਆਸ਼ਕ, ਆਤਸ਼ ਸਭ ਦੀ ਦੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅੰਤਮ ਵਰ, ਵਾਹਵਾ ਤੇਰੇ ਹੱਥ ਵਡਿਆਈਆ । ਤੇਰੇ ਹੱਥ ਵਡਿਆਈ ਸਵਾਮੀ, ਸਰਬ ਗੁਣਵੰਤਾ ਇਕੋ ਨਜ਼ਰੀ ਆਇੰਦਾ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਅੰਦਰ ਵੇਖ ਵਖਾਇੰਦਾ । ਬੋਧ ਅਗਾਧ ਅਗੰਮੀ ਤੇਰੀ ਬਾਣੀ, ਤੁਧ ਬਿਨ ਬਾਣ ਨਿਰਾਲਾ ਤੀਰ ਨਾ ਕੋਇ ਚਲਾਇੰਦਾ । ਲੇਖੇ ਲਾ ਚਾਰੇ ਖਾਣੀ, ਭੇਵ ਖੁਲ੍ਹਾ ਚਾਰੇ ਬਾਣੀ, ਪੜਦਾ ਓਹਲਾ ਦੂਈ ਦਵੈਤੀ ਰਹਿਣ ਕੋਇ ਨਾ ਪਾਇੰਦਾ । ਅੰਮ੍ਰਿਤ ਆਤਮ ਬਖ਼ਸ਼ ਠੰਡਾ ਪਾਣੀ, ਸਰ ਸਰੋਵਰ ਤੇਰਾ ਇਕੋ ਨਜ਼ਰੀ ਆਇੰਦਾ । ਤੂੰ ਮਾਲਕ ਦੋ ਜਹਾਨੀ, ਸਾਚੇ ਭਗਤ ਤੇਰੀ ਨਿਸ਼ਾਨੀ, ਬਿਨ ਭਗਤਾਂ ਤੇਰਾ ਨਾਉਂ ਨਾ ਕੋਇ ਪਰਗਟਾਇੰਦਾ । ਸੰਤਾਂ ਉਤੇ ਕਰ ਮਿਹਰਵਾਨੀ, ਗੁਰਮੁਖਾਂ ਦੇ ਪਦ ਨਿਰਬਾਨੀ, ਗੁਰਸਿਖਾਂ ਬਖ਼ਸ਼ ਗੁਰ ਚਰਨ ਧਿਆਨੀ, ਸੂਫ਼ੀਆਂ ਮੰਜ਼ਲ ਦੇ ਚੜ੍ਹਾਈਆ । ਤੇਰੇ ਹੱਥ ਪ੍ਰਭੂ ਲੱਖ ਚੁਰਾਸੀ ਜ਼ਿੰਦਗਾਨੀ, ਤੇਰੇ ਘਰ ਜ਼ਿੰਦਗੀ ਚਾਰ ਦਿਨ ਮਹਿਮਾਨੀ, ਅੰਤਮ ਸ੍ਰਿਸ਼ਟੀ ਸਾਰੀ ਦਿਸੇ ਫ਼ਾਨੀ, ਥਿਰ ਰਹਿਣ ਕੋਇ ਨਾ ਪਾਈਆ । ਕਲਜੁਗ ਰੈਣ ਦਿਸੇ ਤੁਗ਼ਿਆਨੀ, ਤਰਨੀ ਨਜ਼ਰ ਨਾ ਆਏ ਆਸਾਨੀ, ਮੁਸ਼ਕਲ ਹੱਲ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਤੇਰੀ ਇਕ ਸਰਨਾਈਆ । ਨਰ ਹਰਿ ਨਰਾਇਣ ਤੇਰੀ ਸਰਨਾ, ਸਰਨਗਤ ਇਕੋ ਨਜ਼ਰੀ ਆਈਆ । ਭੈ ਭੌ ਚੁਕਾਕੇ ਡਰਨਾ, ਭਿਆਨਕ ਲੇਖਾ ਦੇ ਮੁਕਾਈਆ । ਆਪਣੇ ਪ੍ਰੇਮ ਪਿਆਰ ਅੰਦਰ ਦੱਸ ਦੇ ਮਰਨਾ, ਮਰ ਜੀਵਤ ਰੂਪ ਵਟਾਈਆ । ਆਪਣੇ ਮੰਦਰ ਅੰਦਰ ਦੱਸ ਦੇ ਪੜ੍ਹਨਾ, ਮਕਤਬ ਪਾਠਸ਼ਾਲੇ ਬਾਹਰੋਂ ਕੰਮ ਕਿਸੇ ਨਾ ਆਈਆ । ਆਪਣੇ ਪੌੜੇ ਦੱਸ ਦੇ ਚੜ੍ਹਨਾ, ਘਰ ਘਰ ਵਿਚ ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਵਾਮੀ ਦਇਆ ਕਮਾਈਆ । ਹਰਿ ਸਵਾਮੀ ਦਇਆ ਕਮਾ ਦੇ ਤੂੰ, ਤੇਰੀ ਓਟ ਤਕਾਈਆ । ਨਾਅਰਾ ਦੱਸ ਦੇ ਇਕੋ ਹੂ, ਹੌਕਾ ਰਹੇ ਨਾ ਰਾਈਆ ।

ਰਸਨਾ ਜਿਹਵਾ ਬੱਤੀ ਦੰਦ ਬੋਲਣਾ ਨਾ ਪਏ ਮੂੰਹ, ਬਿਨ ਅੱਖਰਾਂ ਅੱਖਰ ਦੇ ਪੜ੍ਹਾਈਆ । ਜਿਸ ਨਾਲ ਪਵਿਤਰ ਹੋ ਜਾਏ ਬੁੱਤ ਰੂਹ, ਦੋਵਾਂ ਦੀ ਮੈਲ ਰਹੇ ਨਾ ਰਾਈਆ । ਅੰਤਰ ਆਤਮ ਆਪਣਾ ਦੱਸ ਦੇ ਡੂੰਘਾ ਖੂਹ, ਜਿਸ ਨੂੰ ਸਮਝ ਨਾ ਸਕੇ ਕੋਇ ਰਾਈਆ । ਰੰਗ ਰੰਗਾ ਦੇ ਸਾਢੇ ਤਿੰਨ ਕਰੋੜ ਰੋਮ ਰੂ, ਹੂਬਹੂ ਆਪਣੀ ਦਇਆ ਕਮਾਈਆ । ਗੁਰਮੁਖਾਂ ਆਤਮ ਪਰਮਾਤਮ ਤੇਰੇ ਨਾਲ ਜਾਏ ਛੂਹ, ਵਿਛੋੜਾ ਰਹਿਣ ਕੋਇ ਨਾ ਪਾਈਆ । ਕੀ ਹੋਇਆ ਜੇ ਵਡਿਆਈ ਦਿਤੀ ਧਰੂ, ਤੇਰੇ ਭਗਤ ਉਸ ਤੋਂ ਅੱਗੇ ਤੇਰਾ ਦਰਸ਼ਨ ਪੌਣ ਚਾਈਂ ਚਾਈਂਆ । ਉਹ ਤੇਰੀ ਸਚਖੰਡ ਵੇਖਣ ਵਾਲੇ ਜੂਹ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈ ਮਿਲਾਈਆ । ਘਰ ਮੇਲਾ ਕਰ ਮਿਲਾਪ, ਪ੍ਰਭੂ ਤੇਰੀ ਵਡ ਵਡਿਆਈਆ । ਜਨ ਭਗਤਾਂ ਕੋਲੋਂ ਜੋਗ ਅਭਿਆਸ ਵਿਚ ਜਪਿਆ ਨਹੀਂ ਜਾਂਦਾ ਜਾਪ, ਇਕੋ ਤੇਰੀ ਓਟ ਤਕਾਈਆ । ਤੈਨੂੰ ਤਸੱਵਰ ਕੀਤਾ ਬਾਪ, ਪਰਮ ਪੁਰਖ ਤੇਰੇ ਨਾਲ ਜੋੜ ਕੇ ਨਾਤ, ਨਾਤੇ ਛੱਡੇ ਸਰਬ ਲੋਕਾਈਆ । ਤੂੰ ਧੁਰ ਦਾ ਬਣਿਆ ਸਾਥ, ਸਾਥੀ ਇਕ ਅਖਵਾਈਆ । ਉਸ ਅਗੰਮੇ ਚੜ੍ਹਾ ਰਾਥ, ਜਿਸ ਦਾ ਮਾਲਕ ਬੇਪਰਵਾਹੀਆ । ਕੀ ਹੋਇਆ ਜੇ ਕਬੀਰੇ ਦੱਸੀ ਜਾਚ, ਹੁਣ ਓਸੇ ਦੇ ਵੀਰੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮਿਲਾ ਆਪਣੀ ਜ਼ਾਤ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਮਾ ਲੈ ਅੰਤ, ਅੰਤਸ਼ਕਰਨ ਰਹਿਣ ਕੋਇ ਨਾ ਪਾਈਆ । ਤੂੰ ਭਗਤਾਂ ਦਾ ਭਗਤ ਤੇਰੇ ਸੰਤ, ਸੰਤ ਸਾਜਨ ਇਕ ਅਖਵਾਈਆ । ਲੇਖਾ ਚੁਕਾ ਕੇ ਵਿਚੋਂ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਤੇਰੇ ਅੱਗੇ ਨਹੀਂ ਕਰਨੀ ਮਿੰਨਤ, ਆਪਣਾ ਹਕ ਮੰਗਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਪੈਂਡਾ ਦੇ ਮੁਕਾਈਆ । ਮੰਜ਼ਲ ਪੈਂਡਾ ਮੁਕੇ ਪੰਧ, ਗੁਰਮੁਖ ਪਾਂਧੀ ਰਹੇ ਜਣਾਈਆ । ਤੇਰੇ ਦਵਾਰੇ ਚੜ੍ਹੀਏ ਅਨੋਖਾ ਚੰਦ, ਚੰਦ ਸੂਰਜ ਦੋਵੇਂ ਸ਼ਰਮਾਈਆ । ਮਿਲਕੇ ਜੋਤ ਮਾਣੀਏ ਅਨੰਦ, ਅਨੰਦ ਵਿਚ ਸਮਾਈਆ । ਲੱਖ ਚੁਰਾਸੀ ਟੁਟੇ ਫੰਦ, ਮਾਤ ਗਰਭ ਨਾ ਫੇਰ ਤਪਾਈਆ । ਤੂੰ ਸਹਿਬ ਸਦਾ ਬਖ਼ਸ਼ੰਦ, ਰਹਿਮਤ ਤੇਰੀ ਬੇਪਰਵਾਹੀਆ । ਸਦੀ ਵੀਹਵੀਂ ਵੇਖ ਰਹੀ ਲੰਘ, ਨੱਠੀ ਜਾਂਦੀ ਵਾਹੋ ਦਾਹੀਆ । ਸੱਚੇ ਭਗਤਾਂ ਆਪਣੇ ਨਾਲ ਪਾ ਲੈ ਗੰਢ, ਬੱਧੀ ਗੰਢ ਨਾ ਕੋਇ ਖੁਲ੍ਹਾਈਆ । ਕਰ ਵਸੇਰਾ ਓਸੇ ਸਚਖੰਡ, ਜਿਸ ਘਰ ਤੇਰਾ ਨੂਰ ਕਰੇ ਰੁਸ਼ਨਾਈਆ । ਸਤਿਗੁਰੂ ਸਵਾਮੀ ਪੂਰੀ ਕਰ ਮੰਗ, ਮਾਂਗਤ ਬੈਠੇ ਆਸ ਤਕਾਈਆ । ਅਗੋਂ ਕਹੇ ਸੂਰਾ ਸਰਬੰਗ, ਦੀਨ ਦਿਆਲ ਦਇਆ ਕਮਾਈਆ । ਜਨ ਭਗਤੋ ਅੰਤਮ ਲੈ ਕੇ ਜਾਵਾਂ ਸੰਗ, ਰਾਹ ਵਿਚ ਨਾ ਕੋਇ ਅਟਕਾਈਆ । ਪਾਰ ਕਰਾਕੇ ਬ੍ਰਹਿਮੰਡ ਖੰਡ, ਆਕਾਸ਼ਾਂ ਉਤੇ ਆਪਣਾ ਘਰ ਵਖਾਈਆ । ਸੁੰਨ ਅਗੰਮੀ ਜਾਵਾਂ ਲੰਘ, ਥਿਰ ਘਰ ਪਹਿਲਾ ਚਰਨ ਟਿਕਾਈਆ । ਅੱਗੇ ਖੋਲ੍ਹ ਦਰਵਾਜ਼ਾ ਬੰਦ, ਸਚ ਦਵਾਰਾ ਦਿਆਂ ਜਣਾਈਆ । ਜਿਥੇ ਆਦਿ ਜੁਗਾਦੀ ਜੁਗ ਚੌਕੜੀ ਇਕੋ ਜਿਹਾ ਅਨੰਦ, ਬਦਲੀ ਸਕੇ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲ ਅੰਤਮ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸ਼ਬਦ ਅਗੰਮੀ ਦਾਨ, ਦਾਤਾ ਦਾਨੀ ਬੇਪਰਵਾਹੀਆ ।

## ੮ ਅੱਸੂ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹ ਨੌਰੰਗਾਬਾਦ

ਪੁਰਖ ਅਕਾਲ ਦੇਵਣਹਾਰਾ ਓਟੀ, ਓਟ ਇਕੋ ਇਕ ਜਣਾਈਆ । ਸਤਿ ਪਰਕਾਸ਼ ਕਰਾਂ ਜੋਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਭਗਤਾਂ ਸੁਰਤ ਉਠਾਵਾਂ ਸੋਤੀ, ਆਲਸ ਨਿੰਦਰਾ ਦਿਆਂ ਗਵਾਈਆ । ਬੁੱਧੀ ਰਹਿਣ ਨਾ ਦੇਵਾਂ ਖੋਟੀ, ਦੁਰਮਤ ਮੈਲ ਧੁਆਈਆ । ਆਪਣੇ ਮਿਲਣ ਦੀ ਬਖ਼ਸ਼ਾਂ ਸਾਚੀ ਸੋਝੀ, ਨਿਜ ਨੇਤਰ ਕਰ ਰੁਸ਼ਨਾਈਆ । ਕੋਈ ਸਵਾਣੀ ਰਹੇ ਨਾ ਕਮਲੀ ਕੋਝੀ, ਜੋ ਹਰਿ ਸਤਿਗੁਰ ਲਾਗੇ ਪਾਈਆ । ਲੇਖ ਚੁਕਾ ਕੇ ਜੰਞੂ ਬੋਦੀ, ਬੰਦਨਾ ਇਕੋ ਦਿਆਂ ਦ੍ਰਿੜਾਈਆ । ਹਉਮੇ ਰਹੇ ਕੋਈ ਨਾ ਰੋਗੀ, ਹੰਗਤਾ ਗੜ੍ਹ ਤੁੜਾਈਆ । ਗੁਰਮੁਖ ਬਿਰਹੋਂ ਦਾ ਰਹੇ ਨਾ ਕੋਇ ਵਿਜੋਗੀ, ਧੁਰ ਸੰਜੋਗੀ ਮੇਲ ਮਿਲਾਈਆ । ਲੇਖ ਚੁਕਾ ਕੇ ਲੋਕ ਪਰਲੋਕੀ, ਸਚ ਦਵਾਰਾ ਇਕ ਸੁਹਾਈਆ । ਜਿਥੇ ਸੋਚ ਕਦੇ ਕਿਸੇ ਨਾ ਸੋਚੀ, ਸੋ ਸਮਝ ਦਿਆਂ ਦ੍ਰਿੜਾਈਆ । ਨਾਮ ਪੜ੍ਹਾਕੇ ਅਗੰਮੀ ਪੋਥੀ, ਪੁਸਤਕ ਇਕੋ ਦਿਆਂ ਵਖਾਈਆ । ਮਤ ਰਹੇ ਕੋਇ ਨਾ ਥੋਥੀ, ਹੋਛਾਪਨ ਨਜ਼ਰ ਕੋਇ ਨਾ ਆਈਆ । ਕਲਜੁਗ ਔਧ ਭੋਗ ਲਈ ਚੋਖੀ, ਅੰਦਰ ਬਾਹਰ ਅਗਨੀ ਤਤ ਤਪਾਈਆ । ਗੁਰਮੁਖ ਗੁਰਸਿਖ ਮਾਣਕ ਵਿਰੋਲਾਂ ਸੱਚੇ ਮੋਤੀ, ਸਮੁੰਦ ਸਾਗਰ ਫੋਲ ਫੁਲਾਈਆ । ਗ਼ਰੀਬ ਨਿਮਾਣਿਆਂ ਘਰ ਬਖ਼ਸ਼ ਕੇ ਪੀਣ ਖਾਣ ਦੀ ਰੋਟੀ, ਰੱਟਾ ਭੁੱਖ ਦਾ ਦਿਆਂ ਮਿਟਾਈਆ । ਚਾਰ ਵਰਨ ਬਣਾਕੇ ਇਕੋ ਗੋਤੀ, ਘਰ ਸਾਚੇ ਮੇਲ ਮਿਲਾਈਆ । ਝਗੜਾ ਰਹੇ ਨਾ ਕਿਸੇ ਧੋਤੀ, ਕਛੈਹਰਾ ਕੱਛ ਨਾ ਕੋਇ ਲੜਾਈਆ । ਲੇਖਾ ਚੁੱਕੇ ਚਮਿਆਰ ਮੋਚੀ, ਬ੍ਰਾਹਮਣ ਸ਼ੂਦਰ ਇਕੋ ਘਰ ਵਖਾਈਆ । ਸਾਧੂ ਬੰਨ੍ਹੇ ਨਾ ਕੋਈ ਤੇੜ ਲੰਗੋਟੀ, ਸੀਸ ਖ਼ਾਕ ਨਾ ਕੋਈ ਪਵਾਈਆ । ਨਾਰੀ ਕੋਈ ਦਾਗ਼ ਲਗਾਵੇ ਨਾ ਉਪਰ ਠੋਡੀ, ਮਸਤਕ ਨੂਰ ਕਰਾਂ ਰੁਸ਼ਨਾਈਆ । ਪਰ ਨਾਰ ਰਹੇ ਕੋਇ ਨਾ ਭੋਗੀ, ਗੋਬਿੰਦ ਇਕੋ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੱਚੀ ਕਰਨੀ ਕਰੇ ਕਰਤਾਰ, ਕਾਦਰ ਬੇਪਰਵਾਹੀਆ । ਝੂਠਾ ਰਹੇ ਨਾ ਕੋਈ ਯਾਰ, ਸੱਜਣ ਠੱਗ ਸੰਗ ਨਾ ਕੋਈ ਨਿਭਾਈਆ । ਜੀਵ ਹੋਏ ਨਾ ਕੋਇ ਵਿਭਚਾਰ, ਕੂੜੀ ਧਾਰ ਦਏ ਮਿਟਾਈਆ । ਧੋਖਾ ਕਰੇ ਨਾ ਕੋਇ ਵਿਚ ਸੰਸਾਰ, ਸੌਖਾ ਮਾਰਗ ਦਏ ਸਮਝਾਈਆ । ਹਿੰਦਸਿਆਂ ਵਿਚ ਨਾ ਕੋਇ ਸ਼ੁਮਾਰ, ਗਿਣਤੀਆਂ ਵਿਚ ਨਾ ਕੋਇ ਗਿਣਾਈਆ । ਇਕ ਇਕੱਲਾ ਏਕੰਕਾਰ, ਕਲ ਆਪਣੀ ਦਏ ਬਦਲਾਈਆ । ਰਹਿਬਰ ਬਣਕੇ ਮਿਤਰ ਪਿਆਰ, ਪ੍ਰੇਮ ਪ੍ਰੀਤੀ ਇਕ ਵਧਾਈਆ । ਗੁਰਮੁਖ ਰੰਡੀ ਰਹੇ ਨਾ ਕੋਇ ਨਾਰ, ਹਰਿ ਕੰਤ ਘਰ ਘਰ ਨਜ਼ਰੀ ਆਈਆ । ਸਚ ਬਸੰਤ ਖਿੜੇ ਗੁਲਜ਼ਾਰ, ਪੱਤ ਡਾਲ੍ਹੀ ਆਪ ਮਹਿਕਾਈਆ । ਗੁਰਮੁਖਾਂ ਪ੍ਰੇਮ ਪਿਆਰ ਦੇ ਫੂਲਨ ਪਾਏ ਹਾਰ, ਸੁਗੰਧੀ ਦਿਵਸ ਰੈਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਦੇਵੇ ਪ੍ਰੇਮ ਸੁਗੰਧੀ, ਖ਼ੁਸ਼ਬੂ ਇਕੋ ਇਕ ਜਣਾਈਆ । ਵਾਸਨਾ ਰਹਿਣ ਨਾ ਦੇਵੇ ਗੰਦੀ, ਕੂੜੀ ਕਿਰਿਆ ਦਏ ਕਢਾਈਆ । ਦੀਨ ਮਜ਼੍ਹਬ ਦੀ ਤੋੜਕੇ ਸਰਬ ਪਾਬੰਦੀ, ਮਾਰਗ ਧੁਰ ਦਾ ਦਏ ਵਖਾਈਆ । ਅੰਦਰ ਬਾਹਰ ਧੁਰ ਦਾ ਸੰਗੀ, ਸਗਲਾ ਸੰਗ ਨਿਭਾਈਆ । ਦੂਈ ਦਵੈਤੀ ਢਾਹ ਕੇ ਕੰਧੀ, ਭਾਂਡਾ ਭਰਮ ਭੌ ਭੰਨਾਈਆ । ਦੇਵੇ ਮਾਣ ਸਰਬ ਵਰਭੰਡੀ, ਬ੍ਰਹਿਮੰਡੀ ਵੇਖ ਵਖਾਈਆ । ਸ਼ਬਦ ਕਟਾਰ ਕਰਕੇ ਨੰਗੀ ਦੋ ਜਹਾਨਾਂ ਰਿਹਾ ਡਰਾਈਆ । ਗੋਬਿੰਦ ਆਪਣੇ ਮਿਆਨੋ ਖਿੱਚੇ ਉਹ ਚੰਡੀ, ਜਿਹੜੀ ਲੁਹਾਰ ਤਰਖਾਣ ਨਾ ਕਿਸੇ ਘੜਾਈਆ ।

ਉਹ ਅਗੰਮੇ ਰੰਗ ਰੰਗੀ, ਲਲਾਰੀ ਸਮਝ ਕੋਇ ਨਾ ਆਈਆ । ਨਾ ਚੰਗੀ ਨਾ ਮੰਦੀ, ਲੱਖ ਚੁਰਾਸੀ ਇਕੋ ਨੈਣ ਵੇਖ ਵਖਾਈਆ । ਜੋ ਕੂੜ ਕੁੜਿਆਰ ਹੋਏ ਫ਼ਰੰਗੀ, ਤਿਨ੍ਹਾਂ ਫ਼ੈਸਲਾ ਦਏ ਕਰਾਈਆ । ਜੋ ਗੁਰਮੁਖ ਬਣੇ ਭੁਯੰਗੀ, ਤਿਨ੍ਹਾਂ ਭਜਨ ਬੰਦਗੀ ਇਕ ਦ੍ਰਿੜਾਈਆ । ਕਿਸੇ ਦੇ ਕੋਲ ਕਰੇ ਨਾ ਕੋਇ ਮਛੰਦੀ, ਮੁਛੰਦਗੀ ਰਹਿਣ ਕੋਇ ਨਾ ਪਾਈਆ । ਸਨਦ ਦੇ ਕੇ ਧੁਰ ਦੀ ਸੰਧੀ, ਸਿਦਕ ਇਕੋ ਇਕ ਸਮਝਾਈਆ । ਮਾਰਗ ਦੱਸੇ ਨਿਰਾਲੀ ਡੰਡੀ, ਚਾਰੇ ਵਰਨਾਂ ਦਏ ਚਲਾਈਆ । ਕੋਈ ਲੱਭਣ ਜਾਏ ਨਾ ਤੀਰਥ ਤੱਟਾਂ ਕੰਢੀ, ਹਰਿ ਜੂ ਘਰ ਘਰ ਨਜ਼ਰੀ ਆਈਆ । ਰਹਿਣ ਦੇਵੇ ਨਾ ਕੋਈ ਪਖੰਡੀ, ਭੇਖ ਸਾਰੇ ਦਏ ਮਿਟਾਈਆ । ਬੰਦੇ ਕੱਢਕੇ ਵਿਚੋਂ ਖ਼ਾਨੇਬੰਦੀ, ਬੰਦਨਾ ਇਕੋ ਇਕ ਸਮਝਾਈਆ । ਨੂਰ ਨੁਰਾਨਾ ਚਾੜ੍ਹ ਕੇ ਚੰਦ ਨੌਚੰਦੀ, ਨੂਰੋ ਨੂਰ ਕਰੇ ਰੁਸ਼ਨਾਈਆ । ਲੇਖਾ ਚੁਕਾ ਕੇ ਹੰ ਬ੍ਰਹਮੀ, ਪਾਰਬ੍ਰਹਮ ਇਕ ਦਰਸਾਈਆ । ਕਲਜੁਗ ਅੰਤ ਜੋ ਸ੍ਰਿਸ਼ਟੀ ਹੋ ਗਈ ਨਿਕੰਮੀ, ਨਿਕਰਮਣ ਰੂਪ ਵਟਾਈਆ । ਸਤਿਜੁਗ ਸਾਚੀ ਦੇ ਕੇ ਧਰਮ ਥੰਮੀ, ਸਹਾਰਾ ਇਕੋ ਇਕ ਵਖਾਈਆ । ਜੋਤ ਅਕਾਲਣ ਬਣਕੇ ਸਭ ਦੀ ਮੰਮੀ, ਪਿਤਾ ਪੁਰਖ ਅਕਾਲ ਸਮਝਾਈਆ । ਨੈਣਹੀਣ ਦ੍ਰਿਸ਼ਟੀ ਜੋ ਹੋ ਗਈ ਅੰਨ੍ਹੀ, ਨੇਤਰ ਅੱਖ ਦਏ ਖੁਲ੍ਹਾਈਆ । ਧੁਰ ਦਾ ਰਾਗ ਸੁਣਾਏ ਕੰਨੀਂ, ਧੁਨ ਆਤਮਕ ਇਕ ਸੁਣਾਈਆ । ਚਾਰੋਂ ਕੁੰਟ ਫਿਰੇ ਭੰਨੀ, ਜੰਗਲ ਜੂਹ ਵੇਖੇ ਚਾਈਂ ਚਾਈਂਆ । ਸੁਰਤ ਸਵਾਣੀ ਉਠਾਏ ਅੰਦਰੋਂ ਵੰਨੀ, ਮੇਲ ਮਿਲਾਵੇ ਹਰਿ ਜੂ ਸਹਿਜ ਸੁਭਾਈਆ । ਮਾਲਕ ਦਿਸੇ ਇਕੋ ਧਨੀ, ਵਡ ਧਨਾਢ ਬੇਪਰਵਾਹੀਆ । ਜਿਸ ਦੀ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਬੱਧੇ ਕੰਨੀ, ਗੱਠ ਆਪਣੇ ਨਾਲ ਦਵਾਈਆ । ਉਹ ਮਾਲਕ ਖ਼ਾਲਕ ਪ੍ਰੇਮ ਪਿਆਰਾ ਸਭ ਦਾ ਧਨੀ, ਹਿਰਦਾ ਹਰਿ ਹਰਿ ਵੇਖ ਵਖਾਈਆ । ਏਥੇ ਓਥੇ ਦੋ ਜਹਾਨ ਜਨ ਭਗਤਾਂ ਨਾਲ ਕਦੇ ਨਾ ਕਰੇ ਬਦਜ਼ਨੀ, ਕੀਤਾ ਕੌਲ ਇਕਰਾਰ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲਾ ਦੀਨ ਦਿਆਲਾ ਵਡ ਧਨਾਢ, ਦੌਲਤਮੰਦ ਇਕ ਅਖਵਾਇੰਦਾ । ਜਿਸ ਦੇ ਭਗਤ ਆਂਢ ਗਵਾਂਢ, ਦੂਜਾ ਘਰ ਨਾ ਕੋਇ ਵਸਾਇੰਦਾ । ਸਚ ਪ੍ਰੀਤੀ ਜੋੜ ਕੇ ਨਾਤ, ਨਾਤਾ ਆਪਣੇ ਨਾਲ ਰਖਾਇੰਦਾ । ਵਸਤ ਅਮੋਲਕ ਦੇ ਕੇ ਦਾਤ, ਨਾਮ ਪਦਾਰਥ ਝੋਲੀ ਪਾਇੰਦਾ । ਸ਼ਬਦ ਅਨੋਖੀ ਵਰਤੇ ਦਾਤ, ਸੌਗ਼ਾਤ ਇਕੋ ਇਕ ਵਡਿਆਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਨੂਰ ਉਪਜਾਇੰਦਾ । ਗੁਰ ਅਵਤਾਰ ਜੋ ਗਏ ਆਖ, ਆਖ਼ਰ ਹੁਕਮ ਤਾਮੀਲ ਕਰਾਇੰਦਾ । ਪੀਰ ਪੈਗ਼ੰਬਰ ਜੋ ਗਏ ਭਾਖ, ਭਾਸ਼ਾ ਸਭ ਦੀ ਅੰਤ ਬਦਲਾਇੰਦਾ । ਜਨ ਭਗਤ ਜੋ ਰਹੇ ਝਾਕ, ਪੜਦਾ ਓਹਲਾ ਸਰਬ ਉਠਾਇੰਦਾ । ਪੂਰੇ ਕਰ ਭਵਿਖਤ ਵਾਕ, ਵਕਤ ਆਪਣਾ ਇਕ ਸੁਹਾਇੰਦਾ । ਵੇਖਣਹਾਰਾ ਲੱਖ ਚੁਰਾਸੀ ਪਾਕੀ ਪਾਕ ਖ਼ਾਕੀ ਖ਼ਾਕ, ਖ਼ਾਕਾ ਸਭ ਦਾ ਆਪਣੇ ਹੱਥ ਰਖਾਇੰਦਾ । ਲਹਿਣਾ ਦੇਣਾ ਜੁਗ ਚੌਕੜੀ ਕਰਨਹਾਰ ਬੇਬਾਕ, ਹਿਸਾਬ ਕਿਤਾਬ ਬਿਨਾ ਨੇਮਾਂ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਇੰਦਾ । ਧੁਰ ਦੀ ਕਰਨੀ ਕਾਰ ਰਿਹਾ ਕਰ, ਕਰਤਾ ਵਡ ਵਡਿਆਈਆ । ਸਚਖੰਡ ਦਵਾਰਿਉਂ ਆਇਆ ਚਲ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਸਚ ਸਿੰਘਾਸਣ ਬੈਠਾ ਮੱਲ, ਸਾਢੇ ਤਿੰਨ ਹੱਥ ਡੇਰਾ ਲਾਈਆ । ਜਿਸ ਦੇ ਅੰਦਰ ਅੰਮ੍ਰਿਤ ਸਰੋਵਰ ਅਗੰਮਾ ਜਲ, ਬਾਹਰੋਂ ਖੋਜਣ ਕੋਇ ਨਾ ਜਾਈਆ । ਦੀਆ ਜੋਤੀ ਦੀਪਕ

ਰਿਹਾ ਬਲ, ਨੂਰੋ ਨੂਰ ਕਰੇ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਤਖ਼ਤ ਨਿਵਾਸੀ ਬੈਠਾ ਮਲ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਸੰਦੇਸਾ ਰਿਹਾ ਘਲ, ਚਾਰੋਂ ਕੁੰਟ ਕਰੇ ਜਣਾਈਆ । ਭਾਣਾ ਰਾਣਾ ਕਦੇ ਨਾ ਜਾਏ ਟਲ, ਕਲ ਕਲਕੀ ਰਿਹਾ ਦ੍ਰਿੜਾਈਆ । ਕਰਕੇ ਆਇਆ ਵਲ ਛਲ, ਅਛਲ ਛਲਧਾਰੀ ਫੇਰਾ ਪਾਈਆ । ਕਿਸੇ ਹੱਥ ਨਾ ਆਵੇ ਜਲ ਥਲ, ਸਮੁੰਦ ਸਾਗਰ ਸਾਰੇ ਦੇਣ ਦੁਹਾਈਆ । ਜੋਤੀ ਸ਼ਬਦੀ ਗਿਆ ਰਲ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜਨ ਭਗਤਾਂ ਹੋਇਆ ਆਪ ਵੱਲ, ਗਲਵਕੜੀ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਂਆ । ਲੇਖਾ ਦੇਵਣ ਦਾ ਸਦਾ ਚਾਓ, ਨਿਤ ਨਵਿਤ ਵੇਖ ਵਖਾਇੰਦਾ । ਭਗਤ ਸੁਹੇਲੇ ਪਕੜੇ ਬਾਹੋਂ, ਸੰਤ ਸੁਹੇਲੇ ਆਪ ਜਗਾਇੰਦਾ । ਦੋ ਜਹਾਨਾਂ ਬਣਕੇ ਪਿਤਾ ਮਾਉਂ, ਪੂਤ ਸਪੂਤੇ ਗੋਦ ਉਠਾਇੰਦਾ । ਦੂਈ ਦਵੈਤੀ ਮੇਟ ਕੇ ਘਾਓ, ਨਾਮ ਪੱਟੀ ਇਕ ਬੰਧਾਇੰਦਾ । ਪਾਰ ਕਰਾਏ ਸ਼ੌਹ ਦਰਿਆਉਂ, ਬੇੜਾ ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖਣ ਆਇਆ ਅੱਗੇ, ਅਗਲਾ ਹਾਲ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਚੜ੍ਹਕੇ ਅਸਵ ਬੱਗੇ, ਸ਼ਬਦੀ ਘੋੜਾ ਰਿਹਾ ਦੌੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫਿਰਨ ਭੱਜੇ, ਨੱਠਣ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸੱਜੇ ਖੱਬੇ, ਪੰਧ ਰਹੇ ਮੁਕਾਈਆ । ਸਰਬ ਸਵਾਮੀ ਸਭ ਦੇ ਵਿਚਕਾਰ ਸੱਜੇ, ਨੂਰ ਨੁਰਾਨਾ ਨੂਰ ਇਲਾਹੀਆ । ਕਰੇ ਖੇਲ ਸਾਹਿਬ ਸਮਰਥੇ, ਮਹਿੰਮਾ ਅਕਥ ਰਿਹਾ ਦ੍ਰਿੜਾਈਆ । ਕਲਜੁਗ ਵੇਖੋ ਅੰਧੇਰੀ ਮੱਸੇ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਇਆ ਮਮਤਾ ਅੰਦਰ ਕਲਜੁਗ ਜੀਵ ਫਸੇ, ਫਾਂਸੀ ਸਕੇ ਨਾ ਕੋਇ ਤੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪਿਛੇ ਹਟੇ, ਪੱਲੂ ਆਪਣਾ ਗਏ ਛੁਡਾਈਆ । ਕਿਸੇ ਕੰਮ ਨਾ ਆਉਣੇ ਖਾਧੇ ਵੱਛੇ ਕੱਟੇ, ਖੱਲਾਂ ਬਕਰਿਆਂ ਉਤੋਂ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਸੀਸ ਪਾਵੇ ਘੱਟੇ, ਜੋ ਹਰਿ ਕਾ ਮਾਰਗ ਗਏ ਭੁਲਾਈਆ । ਹਰਿ ਕਾ ਮਾਰਗ ਭੁੱਲਿਆ ਬ੍ਰਹਮ ਮਤ, ਮਤ ਮਤਵਾਲੀ ਦਏ ਦੁਹਾਈਆ । ਸਭ ਦੇ ਜਾਮੇ ਲੱਗੀ ਰਤ, ਦਾਗ਼ ਸਕੇ ਨਾ ਕੋਇ ਧੁਆਈਆ । ਵੇਖੇ ਖੇਲ ਪੁਰਖ ਸਮਰਥ, ਦੂਰ ਦੁਰਾਡਾ ਨੈਣ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਸਕੇ ਬਚ, ਬਚਪਨ ਸਾਰੇ ਬੈਠੇ ਗਵਾਈਆ । ਗੁਰਮੁਖ ਵਿਰਲਾ ਪ੍ਰੇਮ ਪ੍ਰੀਤੀ ਅੰਦਰ ਰਿਹਾ ਹੱਸ, ਖ਼ੁਸ਼ੀਆਂ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਜਸ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਹੋ ਮਿਹਰਵਾਨ ਕਲ ਪਤ ਲਏ ਰੱਖ, ਪਤਿਪਰਮੇਸ਼ਵਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਸਮਰਥ, ਸਰਬ ਸਵਾਮੀ ਦਇਆ ਕਮਾਈਆ । ਸਰਬ ਸਵਾਮੀ ਆਦਿ ਜੁਗਾਦਿ ਚੰਗਾ, ਚੰਗਿਆਂ ਲਏ ਤਰਾਈਆ । ਲੇਖੇ ਲਾਵੇ ਮਾੜਾ ਗੰਦਾ, ਜੋ ਚਲ ਆਵੇ ਸਰਨਾਈਆ । ਪਾਰ ਕਰਾਏ ਜਗਤ ਕੰਢਾ, ਨਈਆ ਨਾਮ ਚੜ੍ਹਾਈਆ । ਤਨ ਮਨ ਸੀਨਾ ਕਰੇ ਠੰਡਾ, ਅਗਨੀ ਤਤ ਬੁਝਾਈਆ । ਨਾਮ ਨਿਧਾਨ ਦੇ ਕੇ ਬਣਾਵੇ ਬੰਦਾ, ਬਦਲੀ ਅੰਦਰੋਂ ਦੇਵੇ ਕਰਾਈਆ । ਲੋੜ ਰਹੇ ਨਾ ਨਹਾਵਣ ਗੰਗਾ, ਮੱਠਾਂ ਵਿਚ ਨਾ ਸੀਸ ਨਿਵਾਈਆ । ਘਰ ਵਜਾਏ ਇਕ ਮਰਦੰਗਾ, ਧੁਨੀ ਰਾਗ ਅਲਾਈਆ । ਮਿਲੇ ਪਦਾਰਥ ਮੂੰਹੋਂ ਮੰਗਾ, ਭੁੱਖਿਆ ਭੁੱਖ ਮਿਟਾਈਆ । ਵਜਾਵੇ ਉਹ ਸੁਰੰਗਾ, ਜੋ ਨਾਨਕ ਨਿਰਗੁਣ ਰਿਹਾ ਉਪਜਾਈਆ । ਜਿਸ ਦੀ ਕੋਈ ਸਮਝ ਨਾ ਸਕੇ ਤੰਦ ਸਤਾਰ



੭੨੦
੧੭

ਕਿੰਗਾ, ਇਸ਼ਾਰਾ ਕਵਣ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਸ਼ਾਹ ਪਾਤਸ਼ਾਹ ਫਿਰੇ ਭੱਜਾ, ਭਜਨ ਬੰਦਗੀ ਵੇਖੇ ਥਾਉਂ ਥਾਈਂਆ । ਸ਼ਬਦ ਸਰੂਪੀ ਹੋ ਕੇ ਗੱਜਾ, ਭਬਕ ਨਾਮ ਲਗਾਈਆ । ਦੋ ਜਹਾਨਾਂ ਦੇ ਕੇ ਸੱਦਾ, ਸਾਚੇ ਦਰ ਮੰਗਾਈਆ । ਹੁਕਮੇ ਅੰਦਰ ਹਰ ਇਕ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਸਾਰੇ ਛੱਡਕੇ ਚਕਰ ਗਦਾ, ਸੁਦਰਸ਼ਨ ਚਰਨਾਂ ਵਿਚ ਸੁਟਾਈਆ । ਤੂੰ ਸਾਹਿਬ ਸੂਰਾ ਸਰਬੰਗਾ, ਬੇਅੰਤ ਤੇਰੀ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜ ਕੁੜਿਆਰਾ ਦਿਸਿਆ ਨੰਗਾ, ਘਰ ਘਰ ਨੱਚੇ ਵਾਹੋ ਦਾਹੀਆ । ਮਾਇਆ ਮਮਤਾ ਵੱਜੇ ਮਰਦੰਗਾ, ਕਾਮ ਕਰੋਧ ਰਿਹਾ ਡਰਾਈਆ । ਜਗਤ ਤ੍ਰਿਸਨਾ ਪਾਇਆ ਦੰਗਾ, ਅਗਲਾ ਪੰਧ ਨਾ ਕੋਇ ਚੁਕਾਈਆ । ਮੰਜ਼ਲ ਚੜ੍ਹੇ ਨਾ ਕੋਈ ਡੰਡਾ, ਪੌੜੀ ਸਚ ਨਾ ਕੋਇ ਵਖਾਈਆ । ਬਿਨ ਤੇਰੀ ਕਿਰਪਾ ਜਗਤ ਜਹਾਨ ਹੋਇਆ ਰੰਡਾ, ਸੁਹਾਗੀ ਰੂਪ ਨਾ ਕੋਇ ਵਖਾਈਆ । ਅੰਤਰ ਆਤਮ ਗਿਆ ਅਨੰਦਾ, ਪਰਮਾਨੰਦ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰਿਹਾ ਸਮਝਾਈਆ । ਸਚ ਕਹਾਣੀ ਜਣਾਏ ਸਚ, ਸਚ ਸਚ ਦ੍ਰਿੜਾਈਆ । ਸਤਿਗੁਰ ਸ਼ਬਦ ਇਕੋ ਸਤਿ, ਸਾਂਤਕ ਸਤਿ ਵਖਾਈਆ । ਗੁਰਮੁਖ ਪਿਆਰ ਧੁਰ ਦੀ ਮੱਤ, ਗੁਰਮਤ ਵਡਿਆਈਆ । ਅੰਤਰ ਧਾਰ ਮਿਲਣ ਦੀ ਅੱਖ, ਨਿਰੰਤਰ ਦਏ ਬੁਝਾਈਆ । ਨਿਰਗੁਣ ਨਿਰਵੈਰ ਹੋਏ ਵਸ, ਸਰਗੁਣ ਮੇਲਾ ਸਹਿਜ ਸੁਭਾਈਆ । ਭਗਵਾਨ ਹੋ ਕੇ ਗਾਏ ਜਸ, ਭਗਤਾਂ ਲਏ ਜਗਾਈਆ । ਦੂਰ ਦੁਰਾਡਾ ਆਵੇ ਨੱਸ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਲੇਖੇ ਪਾਈਆ । ਅਗਲਾ ਲੇਖਾ ਲੇਖੇ ਰੱਖ, ਰੱਖਿਆ ਕਰੇ ਹਰ ਘਟ ਥਾਈਂਆ । ਪ੍ਰੇਮ ਪ੍ਰੀਤੀ ਦੱਸੇ ਜੱਗ, ਜਾਗਰਤ ਜੋਤ ਇਕ ਰੁਸ਼ਨਾਈਆ । ਤ੍ਰੈਗੁਣ ਮਾਇਆ ਮੇਟੇ ਅੱਗ, ਅਗਨੀ ਤਤ ਬੁਝਾਈਆ । ਜਨ ਭਗਤਾਂ ਪਾਰ ਕਰਾਏ ਪਿਛਲੀ ਹੱਦ, ਅਗਲਾ ਘਰ ਵਖਾਈਆ । ਜਿਥੇ ਬਹਿ ਕੇ ਰਿਹਾ ਸਜ, ਹਰਿ ਸੱਜਣ ਸਾਹਿਬ ਸੁਖਦਾਈਆ । ਅਗੰਮੀ ਨਗਾਰੇ ਰਹੇ ਵੱਜ, ਸੁਰ ਤਾਲ ਨਾ ਕੋਇ ਦ੍ਰਿੜਾਈਆ । ਦੀਪਕ ਨਿਰਾਲੇ ਰਹੇ ਜਗ, ਦਿਵਸ ਰੈਣ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੀਪਕ ਨਿਰਾਲਾ ਜਗੇ ਜੋਤ, ਘਰ ਮੰਦਰ ਆਪ ਜਗਾਇੰਦਾ । ਗੁਰਮੁਖ ਤੇਰੀ ਪਿਛਲੀ ਚੁਕੀ ਸੋਚ, ਅੱਗੇ ਆਪਣੀ ਸਮਝ ਸਮਝਾਇੰਦਾ । ਰੱਖ ਪੁਰਖ ਅਕਾਲ ਓਟ, ਓੜਕ ਤੇਰਾ ਲੇਖਾ ਲੇਖੇ ਪਾਇੰਦਾ । ਅੰਤ ਮਿਲਾ ਕੇ ਆਪਣੀ ਗੋਤ, ਜ਼ਾਤ ਆਪਣੀ ਵਿਚ ਸਮਾਇੰਦਾ । ਪੰਜ ਤਤ ਕਾਇਆ ਮਾਟੀ ਹੋ ਜਾਏ ਫ਼ੌਤ, ਜੂਠਾ ਝੂਠਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਲਾਇੰਦਾ । ਲੇਖੇ ਲੇਖਾ ਲਾਵੇ ਏਕ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਜਨ ਸਵਾਮੀ ਦੇ ਕੇ ਟੇਕ, ਟਿੱਕਾ ਇਕ ਵਖਾਈਆ । ਨਜ਼ਰੀ ਆ ਕੇ ਨੇਤਨ ਨੇਤ, ਨੇਰਨ ਨੇਰ ਜਣਾਈਆ । ਭਗਤ ਪ੍ਰੀਤੀ ਕਰਕੇ ਹੇਤ, ਪ੍ਰੇਮੀ ਪਿਆਰ ਵਿਚ ਸਮਾਈਆ । ਜੁਗਾ ਜੁਗੰਤਰ ਕਰਨਹਾਰਾ ਖੇਲ, ਖੇਡ ਆਪੇ ਦਏ ਦ੍ਰਿੜਾਈਆ । ਜੋ ਵਿਛੜਿਆ ਸੋ ਲਿਆ ਮੇਲ, ਮਾਲਕ ਹੋ ਕੇ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਣ ਸੱਚਾ ਸੱਜਣ ਸੁਹੇਲ, ਸੱਚੇ ਸਚ ਸਚ ਵਿਚੋਂ ਲਏ ਪਰਗਟਾਈਆ ।


੭੨੧ ੧੭

## ੮ ਅੱਸੂ ੨੦੨੧ ਬਿਕ੍ਰਮੀ ਦਾਰਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ

ਚਾਰੇ ਜੁਗ ਬੈਠੇ ਗਿਰਦ, ਗਰਦਨ ਸਕੇ ਨਾ ਕੋਇ ਉਠਾਈਆ । ਕਲਜੁਗ ਕਹੇ ਮੈਂ ਹੋਇਆ ਬਿਰਧ, ਜੋਬਨ ਜਵਾਨੀ ਗਈ ਵਿਹਾਈਆ । ਨੌ ਖੰਡ ਪ੍ਰਿਥਮੀ ਵੇਖਿਆ ਖੇਲ ਫਿਰਤ ਫਿਰਤ, ਭੱਜ ਭੱਜ ਪੰਧ ਮੁਕਾਈਆ । ਕਿਸੇ ਦੀ ਖੁੱਲ੍ਹੀ ਰਹਿਣ ਨਹੀਂ ਦਿਤੀ ਸੁਰਤ ਨਿਰਤ, ਅੰਦਰ ਅੱਖ ਬੰਦ ਕਰਾਈਆ । ਪ੍ਰਭ ਤੇਰੇ ਮਿਲਣ ਦੀ ਉਪਜੀ ਨਾ ਕਿਸੇ ਹਿਰਸ, ਕੂੜੀ ਕਿਰਿਆ ਹਵਸ ਵਧਾਈਆ । ਜੂਠ ਝੂਠ ਦੀ ਕਰਕੇ ਕਿਰਸ, ਸਭ ਦੀ ਝੋਲੀ ਦਿਤੀ ਭਰਾਈਆ । ਤੇਰਾ ਕਰੇ ਨਾ ਕੋਈ ਦਰਸ, ਸਨਮੁਖ ਹੋ ਨਾ ਸੋਭਾ ਪਾਈਆ । ਦੀਨ ਮਜ਼੍ਹਬ ਦਾ ਪਾ ਕੇ ਫ਼ਰਕ, ਜ਼ਾਤਾਂ ਵਿਚ ਲੜਾਈਆ । ਮਾਇਆ ਮਮਤਾ ਪਰਗਟ ਕਰ ਨਿਧੜਕ, ਲੋਕਮਾਤ ਦਿਤੀ ਵਡਿਆਈਆ । ਹਉਮੇ ਨਾਅਰਾ ਬੋਲਿਆ ਕੜਕ, ਇਕੋ ਵਾਰ ਸੁਣਾਈਆ । ਸਦੀ ਚੌਧਵੀਂ ਰਹੇ ਨਾ ਕੋਈ ਅੜਕ, ਰਿੜਕ ਸੁੱਟੀ ਸਰਬ ਲੋਕਾਈਆ । ਸਾਧ ਸੰਤ ਆਪਣੇ ਪੈਤੜਿਉਂ ਗਏ ਥਿੜਕ, ਪੈਰ ਸਕੇ ਨਾ ਕੋਇ ਜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਖੇਲ ਖਿਲਾਈਆ । ਚਾਰੇ ਜੁਗ ਪਾ ਕੇ ਘੇਰਾ, ਦਰ ਬੈਠੇ ਸੀਸ ਨਿਵਾਈਆ । ਕਲਜੁਗ ਕਹੇ ਮੇਰਾ ਵੇਖ ਅੰਧੇਰਾ, ਚਾਰੋਂ ਕੁੰਟ ਛਾਈਆ । ਝਗੜਾ ਚੁਕਾ ਕੇ ਤੇਰਾ ਮੇਰਾ, ਮੈਂ ਮਮਤਾ ਵਿਚ ਫਸਾਈਆ । ਉਲਟਾ ਦੇ ਕੇ ਅੰਦਰ ਗੇੜਾ, ਮਨ ਕਾ ਮਣਕਾ ਦਿਤਾ ਉਲਟਾਈਆ । ਕੋਈ ਨਾ ਵੜੇ ਤੇਰੇ ਵਿਹੜਾ, ਖ਼ਾਲੀ ਮੰਦਰ ਦੇਣ ਦੁਹਾਈਆ । ਨਾਤੇ ਟੁਟ ਗਏ ਗੁਰੂ ਚੇਰਾ, ਚੇਲਾ ਗੁਰ ਸੋਭਾ ਕੋਇ ਨਾ ਪਾਈਆ । ਉਜੜਿਆ ਦਿਸੇ ਨੌ ਸੱਤ ਖੇੜਾ, ਗੁਲਸ਼ਨ ਸਚ ਨਾ ਕੋਇ ਮਹਿਕਾਈਆ । ਸੇਵਾਦਾਰ ਹੋ ਕੇ ਕਾਰਜ ਕੀਤਾ ਬਥੇਰਾ, ਥੋੜ੍ਹੇ ਸਮੇਂ ਅੰਦਰ ਬਹੁਤੇ ਦਿਤੇ ਭੁਲਾਈਆ । ਇਹੋ ਜਿਹਾ ਪ੍ਰਭ ਤੈਨੂੰ ਪੁੱਤਰ ਲੱਭੇ ਕਿਹੜਾ, ਜੋ ਗਿਆਨੀਆਂ ਧਿਆਨੀਆਂ ਉਲਟੀ ਮੱਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਧੁਰ ਦੀ ਦੇ ਵਖਾਈਆ । ਚਾਰੇ ਜੁਗ ਬੈਠੇ ਇਕੱਠੇ, ਚਾਰੋਂ ਕੁੰਟ ਧਿਆਨ ਲਗਾਈਆ । ਚੌਥਾ ਜੁਗ ਹਾਲਤ ਦੱਸੇ, ਸਹਿਜ ਸਹਿਜ ਸਮਝਾਈਆ । ਮੇਰੇ ਪ੍ਰਭ ਵੇਖ ਕਲਜੁਗ ਰੈਣ ਅੰਧੇਰੀ ਮੱਸੇ, ਸਾਚਾ ਚੰਦ ਮੁਖ ਛੁਪਾਈਆ । ਮੈਂ ਦੀਨ ਮਜ਼੍ਹਬ ਦੇ ਗਲ ਵਿਚ ਪਾ ਕੇ ਪਟੇ, ਪਟੇਦਾਰ ਦਿਤੇ ਰੁਆਈਆ । ਕੂੜੀ ਕਿਰਿਆ ਪਾ ਕੇ ਰੱਟੇ, ਰੌਣਕ ਸਾਰੀ ਦਿਤੀ ਗਵਾਈਆ । ਲਾਲ ਅਣਮੁੱਲੇ ਰਲਾਕੇ ਵਿਚ ਘੱਟੇ, ਕੌਡੀ ਕੌਡੀ ਹੱਟ ਵਿਕਾਈਆ । ਜਗਤ ਕੁੜਿਆਵੇ ਮਾਰਗ ਦੱਸੇ, ਹੰਗਤਾ ਮਮਤਾ ਵਿਚ ਸਮਝਾਈਆ । ਤ੍ਰਿਸ਼ਨਾ ਮਾਇਆ ਵਿਚ ਫਸੇ, ਫੰਦ ਨਾ ਕੋਇ ਕਟਾਈਆ । ਗੁਰਮੁਖ ਵਿਰਲੇ ਲੁਕ ਲੁਕ ਜੋੜਨ ਦੋਏ ਹੱਥੇ, ਸੀਸ ਹਥੇਲੀ ਉਤੇ ਰਖਾਈਆ । ਜਿਨ੍ਹਾਂ ਮਸਤਕ ਭਾਗ ਧੁਰ ਦਾ ਮੱਥੇ, ਤਿਨ੍ਹਾਂ ਲੇਖਾ ਦੇ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵੇਖ ਹੱਸੇ, ਆਪਣੀ ਖ਼ੁਸ਼ੀ ਮਨਾਈਆ । ਵੇਖੋ ਜਿਸ ਦੇ ਅੰਦਰ ਨੀਹਾਂ ਹੇਠਾਂ ਆਏ ਬੱਚੇ, ਉਹ ਬੱਚੂ ਸਭ ਨੂੰ ਚੰਗਾ ਬਣ ਕੇ ਰਿਹਾ ਵਖਾਈਆ । ਜਿਸ ਦੇ ਆਵੇ ਅੰਦਰ ਕਾਇਆ ਮਾਟੀ ਭਾਂਡੇ ਕੱਚੇ, ਪੁਖਤਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮੀ ਰਿਹਾ ਖਿਲਾਈਆ । ਚਾਰੇ ਜੁਗ ਹੋਏ ਇਕੱਠੇ, ਇਕ ਦੂਜੇ ਰਹੇ ਸੁਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਰਹਿ ਗਏ ਪਿਛੇ, ਪਿਛਲੇ ਲੇਖੇ ਸਰਬ ਮੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਲਿਖ ਲਿਖ ਦਿਤੇ ਹਿੱਸੇ, ਹਿੱਸੇਦਾਰੀ ਜਗਤ ਬਣਾਈਆ । ਉਹ ਕਥਾ ਕਹਾਣੀ ਬਣ ਗਏ ਕਿੱਸੇ,

ਕਿਸਮਤ ਸਕੇ ਨਾ ਕੋਇ ਬਦਲਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਆਪ ਅੱਛੇ, ਅੱਛੀ ਤਰਾ ਜਣਾਈਆ । ਸਾਚਾ ਮਾਰਗ ਧੁਰ ਦਾ ਦੱਸੇ, ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਆਪਣਾ ਦਏ ਖੁਲ੍ਹਾਈਆ । ਚਾਰੇ ਜੁਗ ਰਹੇ ਝੁਕ, ਕਲਜੁਗ ਨੀਵਾਂ ਹੋ ਕੇ ਸੀਸ ਨਿਵਾਈਆ । ਪਰਮ ਪੁਰਖ ਮੈਂ ਤੇਰਾ ਪੁੱਤ, ਪ੍ਰੇਮੀਆਂ ਵਿਚੋਂ ਪ੍ਰੇਮੀ ਬਣਕੇ ਸੇਵ ਕਮਾਈਆ । ਮੈਨੂੰ ਖ਼ੁਸ਼ੀਆਂ ਨਾਲ ਗੋਦੀ ਚੁੱਕ, ਥਾਪੀ ਦੇ ਕੇ ਦੇ ਵਡਿਆਈਆ । ਮੈਂ ਸਤਿ ਧਰਮ ਦਾ ਬੂਟਾ ਦਿਤਾ ਪੁੱਟ, ਇਹੋ ਮੇਰੀ ਚਤੁਰਾਈਆ । ਰਾਓ ਰੰਕਾਂ ਘਰ ਪਾਈ ਲੁੱਟ, ਲੁੱਟੀ ਗਈ ਸਰਬ ਲੋਕਾਈਆ । ਸਭ ਦੇ ਭਾਗ ਗਏ ਨਿਖੁੱਟ, ਭਾਗਾਂ ਭਰਿਆ ਰਹਿਣ ਕੋਇ ਨਾ ਪਾਈਆ । ਉਜਲ ਹੋਇਆ ਨਾ ਕਿਸੇ ਮੁਖ, ਕੂੜੀ ਕਿਰਿਆ ਕਾਲਖ ਟਿੱਕਾ ਮਸਤਕ ਲਾਈਆ । ਇਹੋ ਜੇਹਾ ਸੋਹਣਾ ਚੰਗਾ ਕਿਸੇ ਨਾ ਮਿਲਿਆ ਸੁਤ, ਜੋ ਸਤਿ ਸੰਤੋਖ ਸਾਰਿਆਂ ਦਏ ਗਵਾਈਆ । ਮੈਂ ਧਰਨੀ ਦੀ ਕੀਤੀ ਸਫਲ ਕੁੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਸਾਚਾ ਵੇਖ ਵਖਾਈਆ । ਸੁਣ ਕੇ ਬਾਤ ਕਲਜੁਗ ਅਨੋਖੀ, ਸਤਿਜੁਗ ਲਏ ਅੰਗੜਾਈਆ । ਪ੍ਰਭੂ ਵੇਖੀਂ ਇਸ ਦੀ ਕੋਈ ਵਿਚਾਰ ਨਾ ਸੋਚੀਂ, ਸੋਚ ਸਮਝ ਕਿਸੇ ਰਹੀ ਨਾ ਰਾਈਆ । ਤੇਰਾ ਲੇਖਾ ਜਾਣੇ ਰਵਿਦਾਸ ਚਮਾਰ ਮੋਚੀ, ਮੌਜੂਦਾ ਹੋ ਕੇ ਵੇਖ ਵਖਾਈਆ । ਤੇਰਾ ਮੰਦਰ ਵੇਖ ਕੇ ਸਾਢੇ ਤਿੰਨ ਹੱਥ ਲੰਮੀ ਚੌੜੀ ਉਚੀ ਕੋਠੀ, ਸਾਚੀ ਕੁਟੀਆ ਦਏ ਵਡਿਆਈਆ । ਜਿਥੇ ਪੜ੍ਹਨੀ ਪਏ ਨਾ ਕੋਈ ਪੋਥੀ, ਪਾਂਧਾ ਪੰਡਤ ਨਜ਼ਰ ਕੋਇ ਨਾ ਆਈਆ । ਭੇਵ ਅਭੇਦਾ ਦੱਸਣਾ ਗੋਝੀ, ਗਹਿਰ ਗੰਭੀਰ ਦਇਆ ਕਮਾਈਆ । ਕਲਜੁਗ ਨੇ ਸ੍ਰਿਸ਼ਟ ਸਬਾਈ ਕੀਤੀ ਰੋਗੀ, ਹਉਮੇ ਬੀਮਾਰੀ ਇਕ ਲਗਾਈਆ । ਸਾਚਾ ਦਿਸੇ ਨਾ ਕੋਈ ਜੋਗੀ, ਜੁਗਤ ਭੁੱਲੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪਿਛਲਾ ਦੇ ਮੁਕਾਈਆ । ਸਤਿਜੁਗ ਕਹੇ ਪ੍ਰਭ ਸੁਣ ਲੈ ਬਾਤ, ਸਚ ਦਿਆਂ ਦ੍ਰਿੜਾਈਆ । ਨਵ ਨਵ ਚਾਰ ਅੰਧੇਰੀ ਰਾਤ, ਅੰਧਲਾਪਨ ਨਾ ਕੋਈ ਗਵਾਈਆ । ਤੇਰੇ ਭਗਤ ਨੇਤਰ ਰੋ ਰੋ ਤੈਨੂੰ ਮਾਰਨ ਆਵਾਜ਼, ਉਚੀ ਕੂਕ ਕੂਕ ਸੁਣਾਈਆ । ਨਾਤਾ ਤੋੜ ਕੇ ਸੱਜਣ ਸਾਕ, ਓਟ ਤੇਰੀ ਇਕ ਰਖਾਈਆ । ਤੂੰ ਨਿਰਗੁਣ ਹੋ ਕੇ ਦੇ ਸਾਥ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਪਾਏ ਵਫ਼ਾਤ, ਮੜ੍ਹੀ ਗੋਰ ਦੇ ਦਬਾਈਆ । ਸਤਿਜੁਗ ਸਚ ਸੁਣਾ ਗਾਥ, ਸੋਹੰ ਢੋਲਾ ਇਕ ਪੜ੍ਹਾਈਆ । ਅੰਤਰ ਆਤਮ ਉਪਜੇ ਧੁਰ ਦਾ ਇਕ ਪਾਠ, ਪਾਠਸ਼ਾਲਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਚ ਪਰਗਟਾਈਆ । ਸਤਿਜੁਗ ਕਹੇ ਸੁਣ ਪੁਰਖ ਅਕਾਲ, ਅਕਲ ਕਲਾ ਤੇਰੀ ਵਡਿਆਈਆ । ਕਲਜੁਗ ਕੂੜ ਨਗਾਰਾ ਸਿਰ ਤੇ ਕੂਕੇ ਕਾਲ, ਚਾਰੋਂ ਕੁੰਟ ਦਏ ਦੁਹਾਈਆ । ਸਦੀ ਵੀਹਵੀਂ ਸਾਰੇ ਕਰ ਦੇ ਬਹਾਲ, ਬੰਦੀਖ਼ਾਨੇ ਰਹਿਣ ਕੋਇ ਨਾ ਪਾਈਆ । ਭਗਤ ਸੰਤ ਗੁਰਮੁਖ ਵੇਖ ਆਪਣੇ ਲਾਲ, ਗੁਰਸਿਖ ਗੋਦੀ ਗੋਦ ਉਠਾਈਆ । ਕੂੜੀ ਕਿਰਿਆ ਬਦਲ ਕੇ ਚਾਲ, ਸਚ ਸੁਚ ਦੇ ਪਰਗਟਾਈਆ । ਤੇਰੇ ਜਨ ਹੋਏ ਬੇਹਾਲ, ਬਹਿਬਲ ਹੋ ਕੇ ਦੇਣ ਦੁਹਾਈਆ । ਗੂੜ੍ਹੀ ਨੀਂਦ ਦੇ ਸਵਾਲ, ਸਿਰ ਆਪਣਾ ਹੱਥ ਟਿਕਾਈਆ । ਸਚ ਵਖਾ ਸੱਚੀ ਧਰਮਸਾਲ, ਧਰਮ ਦਵਾਰ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਖੋਲ੍ਹ ਮਾਲਕ, ਮਲਕੀਅਤ ਤੇਰੀ ਨਜ਼ਰੀ ਆਈਆ । ਸਚ ਦਵਾਰੇ ਕਰ ਅਦਾਲਤ, ਅਦਾਵਤ ਦੇ ਮਿਟਾਈਆ । ਪ੍ਰੇਮ ਪਿਆਰ ਦੀ ਬਖ਼ਸ਼ਿਸ਼ ਕਰ

ਸਖ਼ਾਵਤ, ਕੂੜੀ ਕਿਰਿਆ ਪਰੇ ਹਟਾਈਆ । ਤੇਰੇ ਮਿਲਣ ਦੀ ਰਹੇ ਕੋਇ ਨਾ ਮਮਾਨਤ, ਅੱਗੇ ਹੋ ਨਾ ਕੋਇ ਅਟਕਾਈਆ । ਮਾਇਆ ਮਮਤਾ ਸ਼ੌਹ ਦਰਿਆ ਰੁੜ੍ਹਾ ਜਹਾਲਤ, ਜ਼ਾਹਰ ਜ਼ਹੂਰ ਆਪਣਾ ਤਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਲੇਖਾ ਦੇ ਚੁਕਾਈਆ । ਸਤਿਜੁਗ ਕਹੇ ਮੈਂ ਮੰਗਾਂ ਮੰਗ, ਮਾਂਗਤ ਨਜ਼ਰੀ ਆਈਆ । ਤੂੰ ਦੇਵਣਹਾਰ ਸਰਬੰਗ, ਸੂਰਬੀਰ ਬੇਪਰਵਾਹੀਆ । ਤੇਰੇ ਦਵਾਰੇ ਸਦਾ ਠੰਡ, ਦਰ ਠਾਂਡਾ ਇਕੋ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਗੁਰਮੁਖ ਸਾਚੇ ਸੱਦ, ਸੱਦਾ ਦੇਕੇ ਨਾਮ ਸੁਣਾਈਆ । ਜ਼ਾਹਰ ਜ਼ਹੂਰ ਪਤਿਪਰਮੇਸ਼ਵਰ ਨਿਰਗੁਣ ਜੋਤ ਦਰਸ ਕਰੋ ਰੱਜ, ਨੇਤਰ ਲੋਚਣ ਨੈਣ ਖ਼ੁਸ਼ੀ ਮਨਾਈਆ । ਸਦੀ ਵੀਹਵੀਂ ਲਾਵੇਂ ਕਿਉਂ ਅੱਜ ਪੱਜ, ਪਾਰਬ੍ਰਹਮ ਪ੍ਰਭ ਆਪਣਾ ਭੇਵ ਪਰਦਾ ਦੇ ਉਠਾਈਆ । ਤੇਰੇ ਬਿਨਾ ਦੂਜਾ ਕਿਸੇ ਨਾ ਪੈਣਾ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਅੰਗੜਾਈ ਲੈ ਕੇ ਆ ਜਾ ਅੱਗੇ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੇਰਾ ਦੀਪਕ ਇਕੋ ਜਗੇ, ਦੂਜੀ ਸ਼ਮਾ ਰਹਿਣ ਕੋਈ ਨਾ ਪਾਈਆ । ਤੇਰੇ ਭਗਤ ਤੇਰੇ ਪਤੰਗੇ, ਦਿਵਸ ਰੈਣ ਰਾਹ ਤਕਾਈਆ । ਭੱਜੇ ਆਵਣ ਪੈਰੀ ਨੰਗੇ, ਓਢਨ ਸੀਸ ਨਾ ਕੋਇ ਟਿਕਾਈਆ । ਅੰਦਰੇ ਅੰਦਰ ਵਜਾਵਣ ਮਰਦੰਗੇ, ਢੋਲੇ ਸੋਹਲੇ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਚੀ ਕੂਕ ਕੂਕ ਕਹਿਣ ਇਹ ਸਭ ਦੇ ਨਾਲੋਂ ਚੰਗੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਪੰਜ ਤਤ ਦੇ ਖ਼ਾਕੀ ਬੰਦੇ, ਬੰਦਗੀ ਵਿਚੋਂ ਬਾਹਰ ਕਢਾਈਆ । ਮੁੜ ਕੇ ਮਾਤ ਗਰਭ ਕੀੜੇ ਹੋਣ ਕਦੇ ਨਾ ਗੰਦੇ, ਜੂਨੀ ਜੂਨ ਨਾ ਕੋਇ ਭੁਆਈਆ । ਪ੍ਰੇਮ ਪਿਆਰ ਅੰਦਰ ਰੰਗੇ, ਰੰਗ ਮਜੀਠੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭ ਲਾਹ ਦੇ ਓਹਲਾ, ਪੜਦਾ ਰਹਿਣ ਕੋਇ ਨਾ ਪਾਈਆ । ਤੇਰੇ ਬਿਨ ਦਿਸੇ ਨਾ ਕੋਇ ਵਿਚੋਲਾ, ਵਿਚਲਾ ਭੇਤ ਨਾ ਕੋਇ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਢੋਲਾ, ਸੋਹੰ ਇਕੋ ਰਾਗ ਸੁਣਾਈਆ । ਲੱਖ ਚੁਰਾਸੀ ਹੋਇਆ ਗੋਲਾ, ਬੈਠਾ ਮੁਖ ਭੁਆਈਆ । ਨਿਰਵੈਰ ਹੋ ਕੇ ਬਣ ਤੋਲਾ, ਨਾਮ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਪ੍ਰਭ ਜੀ ਠਾਕਰ, ਤੇਰੇ ਅੱਗੇ ਮੰਗ ਮੰਗਾਈਆ । ਕਲਜੁਗ ਅੰਤਮ ਵੇਖ ਬਣਿਆ ਕਾਤਲ, ਮਕਤੂਲ ਦਿਸੇ ਲੋਕਾਈਆ । ਅੱਖੋਂ ਹੀਣੇ ਬਣੇ ਹਾਫ਼ਜ਼, ਨੇਤਰ ਲੋਚਣ ਦਰਸ ਕੋਇ ਨਾ ਪਾਈਆ । ਸਤਿਜੁਗ ਕਹੇ ਕਲਜੁਗ ਵੇਲਾ ਮੈਨੂੰ ਨਹੀਂ ਮੁਆਫ਼ਕ, ਪਿਛਲਾ ਝਗੜਾ ਦੇ ਚੁਕਾਈਆ । ਮੈਂ ਮਾਰਗ ਇਕੋ ਦੱਸਾਂ ਮਾਰਫ਼ਤ, ਮਹਿਬੂਬ ਦਿਆਂ ਮਿਲਾਈਆ । ਸਨਮੁਖ ਹੋ ਕੇ ਕਰਾਂ ਤੁਆਰਫ਼, ਤਾਰੀਫ਼ ਨਾਲ ਵਡਿਆਈਆ । ਮੈਨੂੰ ਸਮਝ ਨਾ ਸਕੇ ਕੋਈ ਆਰਫ਼, ਹਰਫ਼ਾਂ ਵਿਚ ਨਾਮ ਨਾ ਕੋਈ ਸਾਲਾਹੀਆ । ਮੈਂ ਵੀਹਵੀਂ ਸਦੀ ਭਗਤਾਂ ਦੀ ਕਰਨ ਆਇਆ ਸਫ਼ਾਰਸ਼, ਦੋਵੇਂ ਜੋੜ ਵਾਸਤਾ ਪਾਈਆ । ਕੂੜੀ ਕਿਰਿਆ ਵਿਚੋਂ ਕੱਢ ਗਾਰਤ, ਗ਼ੈਰਤ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਪੱਲੂ ਆਪਣੀ ਗੰਢ ਬੰਧਾਈਆ । ਸਤਿਜੁਗ ਕਹੇ ਆਦਿ ਜੁਗਾਦੀ ਮਫ਼ਰੂਰ, ਪੜਦਾ ਦੇ ਉਠਾਈਆ । ਆ ਕੇ ਹਾਜ਼ਰ ਹੋ ਹਜ਼ੂਰ, ਹਜ਼ਰਤ ਫੇਰਾ ਪਾਈਆ । ਸਭ ਦੀ ਅਰਜ਼ ਕਰ ਮਨਜ਼ੂਰ,

ਮਨਜ਼ੂਰੀ ਤੇਰੇ ਦਰ ਤੋਂ ਸੋਭਾ ਪਾਈਆ । ਹੰਗਤਾ ਮਾਣ ਤੋੜ ਗ਼ਰੂਰ, ਗ਼ੁਰਬਤ ਦੇ ਚੁਕਾਈਆ । ਨਾਮ ਪਿਆਰ ਦਾ ਦੇ ਸਰੂਰ, ਸਹਿਮਤ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਤੇਰਾ ਮਸ਼ਕੂਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਤੂੰ ਸਾਹਿਬ ਸਵਾਮੀ ਵਡ ਮਹਿਬੂਬ, ਮਜਲਸ ਬਹਿ ਕੇ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਪਿਛੇ ਕਰ ਹਦੂਦ ਅਗਲੀ ਹੱਦ ਦੇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਹਰ ਥਾਂ ਹਰ ਘੜੀ ਮੌਜੂਦ, ਮੌਜੂਦਾ ਹੋ ਕੇ ਮੌਜ ਦੇ ਜਣਾਈਆ ।

## ੮ ਅੱਸੂ ੨੦੨੧ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਪੰਡੋਰੀ ਗੋਲਾ

ਕਿਰਪਾ ਕਰ ਬੇਪਰਵਾਹ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਚਾਰੇ ਖਾਣੀ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਸਾਚਾ ਦਿਸੇ ਨਾ ਕੋਇ ਮਲਾਹ, ਬੇੜਾ ਪਾਰ ਨਾ ਕੋਇ ਲੰਘਾਈਆ । ਕਲਜੁਗ ਅੰਧੇਰਾ ਗਿਆ ਛਾ, ਰੈਣ ਅੰਧੇਰੀ ਦਏ ਦੁਹਾਈਆ । ਸਤਿ ਧਰਮ ਸਾਰੇ ਬੈਠੇ ਗੁਆ, ਧੀਰਜ ਧੀਰ ਨਾ ਕੋਇ ਰਖਾਈਆ । ਮਾਤ ਪਿਤ ਪਿਤਾ ਪੂਤ ਨਾਤਾ ਗਏ ਤੁੜਾ, ਭਈਆਂ ਭੈਣਾਂ ਪ੍ਰੇਮ ਨਾ ਕੋਇ ਵਖਾਈਆ । ਹੰਸ ਬੁੱਧੀ ਕਾਗ ਵਾਂਗਰ ਰਹੀ ਕੁਰਲਾ, ਮਨੁਖਤਾ ਬੈਠੀ ਮੁਖ ਛੁਪਾਈਆ । ਪਰਮ ਪੁਰਖ ਤੇਰਾ ਜਪੇ ਕੋਈ ਨਾ ਨਾਂ, ਹਿਰਦੇ ਹਰਿ ਨਾ ਕੋਈ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਹੋ ਸਹਾਈਆ । ਚਾਰੇ ਖਾਣੀ ਰਹੀ ਤੱਕ, ਚਾਰ ਕੁੰਟ ਧਿਆਨ ਲਗਾਈਆ । ਚਾਰੇ ਵੇਦ ਗਏ ਥੱਕ, ਜਗਤ ਸੰਦੇਸਾ ਮਾਤ ਸੁਣਾਈਆ । ਚਾਰੇ ਬਾਣੀ ਪੜ੍ਹ ਪੜ੍ਹ ਗਏ ਅੱਕ, ਹਕ ਹਕੀਕਤ ਨਾ ਕੋਇ ਸਮਝਾਈਆ । ਚਾਰੇ ਕੁੰਟ ਰਹੇ ਨੱਠ, ਕਲਜੁਗ ਜੀਵ ਵਾਹੋ ਦਾਹੀਆ । ਨਾੜ ਬਹੱਤਰ ਉਬਲੇ ਰਤ, ਰਤੀ ਰਤ ਰੰਗ ਨਾ ਕੋਇ ਰੰਗਾਈਆ । ਫਿਰੀ ਦਰੋਹੀ ਮਨਮਤ, ਗੁਰਮਤ ਸਮਝ ਕਿਸੇ ਨਾ ਆਈਆ । ਨੇਤਰ ਰੋਂਦੇ ਵੇਖੇ ਸ਼ਿਵਦਵਾਲੇ ਮਠ, ਮਸਜਿਦ ਮੰਦਰ ਰਹੇ ਕੁਰਲਾਈਆ । ਪੀਰ ਪੈਗ਼ੰਬਰ ਕੁਤਬ ਗੌਂਸ ਔਲੀਏ ਗਏ ਨੱਠ, ਪੱਲੂ ਆਪਣਾ ਗਏ ਛੁਡਾਈਆ । ਗੁਰ ਅਵਤਾਰ ਆਵੇ ਨਾ ਕਿਸੇ ਦੇ ਵਸ, ਡੋਰੀ ਪ੍ਰੇਮ ਨਾ ਕੋਇ ਬੰਧਾਈਆ । ਕਲਜੁਗ ਰੈਣ ਅੰਧੇਰੀ ਮਸ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸਾਧ ਸੰਤ ਕਿਸੇ ਨਾ ਖੁਲ੍ਹੀ ਅੱਖ, ਨਿਜ ਨੇਤਰ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਮਾਇਆ ਮਮਤਾ ਹਉਮੇ ਹੰਗਤਾ ਗਏ ਫਸ, ਕਾਮ ਕਰੋਧ ਲੋਭ ਮੋਹ ਹੰਕਾਰ ਪੱਲੂ ਸਕੇ ਨਾ ਕੋਇ ਛੁਡਾਈਆ । ਜਗਤ ਵਿਕਾਰਾ ਨੌ ਦਵਾਰੇ ਮਾਨਣ ਰਸ, ਅੰਮ੍ਰਿਤ ਧਾਰ ਨਿਜਰ ਝਿਰਨਾ ਨਾ ਕੋਇ ਝਿਰਾਈਆ । ਕਿਰਪਾ ਕਰ ਪੁਰਖ ਸਮਰਥ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਹੋ ਸਹਾਈਆ । ਚਾਰੇ ਖਾਣੀ ਰਹੀ ਭੱਜ, ਭੱਜ ਭੱਜ ਆਪਣਾ ਪੰਧ ਮੁਕਾਈਆ । ਸਤਿ ਰਿਹਾ ਨਾ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਨੌਂ ਖੰਡ ਸੱਤ ਦੀਪ ਘਰ ਘਰ ਲੱਗੀ ਅੱਗ, ਗ੍ਰਿਹ ਗ੍ਰਿਹ ਤਪ ਤਪਾਈਆ । ਤੇਰਾ ਦਰਸ ਪਾਏ ਨਾ ਕੋਈ ਉਪਰ ਸ਼ਾਹਰਗ, ਪੜਦਾ ਦੂਈ ਨਾ ਕੋਇ ਉਠਾਈਆ । ਤੇਰੀ ਆਤਮ ਪਰਮਾਤਮ ਹੋਈ ਅੱਡ, ਘਰ ਵਿਚ ਘਰ ਬਹਿ ਨਾ ਖ਼ੁਸ਼ੀ ਮਨਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਸਚ ਖ਼ੁਮਾਰੀ ਪ੍ਰੇਮ ਨਾ ਕੋਇ ਚੜ੍ਹਾਈਆ । ਵਿਸ਼ਵ ਨਜ਼ਰ ਨਾ ਆਏ ਕੋਇ ਯੱਦ,

ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਲੜਾਈਆ । ਅੰਤਰ ਆਤਮ ਕੋਈ ਨਾ ਸੁਣੇ ਰਾਗ ਅਨਹਦ, ਧੁਨੀ ਰਾਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਦਰ, ਧੁਰਦਰਗਾਹੀ ਫੇਰਾ ਪਾਈਆ । ਚਾਰੇ ਖਾਣੀ ਕਹੇ ਵੇਖ ਕਾਇਨਾਤ, ਕਲਮਾ ਤੇਰਾ ਕੋਇ ਨਾ ਗਾਈਆ । ਸਾਚੀ ਕਰੇ ਨਾ ਕੋਈ ਬਾਤ, ਸ਼ਰਅ ਸ਼ਰੀਅਤ ਝਗੜਾ ਪਿਆ ਲੋਕਾਈਆ । ਤੇਰੇ ਮਿਲਣ ਦਾ ਖੋਲ੍ਹੇ ਕੋਈ ਨਾ ਰਾਜ਼, ਨਿਉਂ ਨਿਉਂ ਸੱਜਦੇ ਸਾਰੇ ਸੀਸ ਝੁਕਾਈਆ । ਸਾਚਾ ਹੁਜਰਾ ਸੋਹੇ ਨਾ ਕੋਇ ਮਹਿਰਾਬ, ਮਹਿਬੂਬ ਮਿਲਕੇ ਖ਼ੁਸ਼ੀ ਨਾ ਕੋਇ ਮਨਾਈਆ । ਮੱਕੇ ਕਾਅਬੇ ਕੂਕਾਂ ਮਾਰ ਮਾਰ ਤੇਰਾ ਲੈਣ ਸੁਆਦ, ਰਸਨਾ ਜਿਹਵਾ ਬੱਤੀ ਦੰਦ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਚਾਰੇ ਖਾਣੀ ਕਹੇ ਸ੍ਰੀ ਭਗਵੰਤ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਤਾ ਟੁੱਟਿਆ ਨਾਰ ਕੰਤ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਹਿਰਦੇ ਹਰਿ ਨਾ ਮਣੀਆ ਮੰਤ, ਮੰਤਰ ਸਚ ਨਾ ਕੋਇ ਸਮਝਾਈਆ । ਭਰਮੇ ਭੁੱਲਾ ਜੀਵ ਜੰਤ, ਕੂੜਾ ਗੜ੍ਹ ਨਾ ਕੋਇ ਤੁੜਾਈਆ । ਸਾਚੀ ਸਮਝ ਨਾ ਆਈ ਕਿਸੇ ਪੰਡਤ, ਮੁੱਲਾ ਸ਼ੇਖ਼ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਖਾਣੀ ਕਹੇ ਸੁਣ ਠਾਕਰ ਸਵਾਮੀ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਬਿਆਨੀ, ਸ਼ਾਸਤਰ ਸਿਮਰਤ ਵੇਦ ਕੁਰਾਨ ਲੇਖਾ ਗਏ ਲਿਖਾਈਆ । ਸੋ ਸਦੀ ਵੀਹਵੀਂ ਹਰਿ ਨਿਰੰਕਾਰ ਇਕ ਓਅੰਕਾਰ ਤੇਰੀ ਨਜ਼ਰੀ ਆਏ ਸਚ ਨਿਸ਼ਾਨੀ, ਨਿਸ਼ਾਨਾ ਇਕੋ ਦੇ ਝੁਲਾਈਆ । ਸਦੀ ਚੌਧਵੀਂ ਉਮਤ ਵਿਚੋਂ ਕੱਢਦੇ ਬੇਈਮਾਨੀ, ਬੇਵਾ ਰੂਪ ਰਹਿਣ ਕੋਇ ਨਾ ਪਾਈਆ । ਸਾਚੀ ਮੰਜ਼ਲ ਦੱਸ ਇਕ ਨੂਰਾਨੀ, ਨੂਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤੇ ਵੇਖ ਵਖਾਈਆ । ਚਾਰੇ ਖਾਣੀ ਕਹੇ ਪੁਰਖ ਅਗੰਮ, ਤੇਰੇ ਅੱਗੇ ਇਕ ਅਰਜ਼ੋਈਆ । ਸਚ ਸੰਦੇਸਾ ਸੁਣ ਲੈ ਕੰਨ, ਨਿਰਗੁਣ ਨਿਰਵੈਰ ਅੱਖ ਖੁਲ੍ਹਾਈਆ । ਸ੍ਰਿਸ਼ਟ ਸਬਾਈ ਨੇਤਰ ਹੋਈ ਅੰਨ੍ਹ, ਅੰਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟਾਂ ਦਹਿ ਦਿਸ਼ ਦੌੜੇ ਭੱਜੇ ਮਨ, ਮਨ ਕਾ ਮਣਕਾ ਨਾ ਕੋਇ ਭੁਆਈਆ । ਨਾਮ ਪਦਾਰਥ ਮਿਲੇ ਨਾ ਸੱਚਾ ਧਨ, ਕੂੜੀ ਕਿਰਿਆ ਹੋਈ ਹਲਕਾਈਆ । ਤੇਰਾ ਨਜ਼ਰ ਨਾ ਆਏ ਧੁਰ ਦਾ ਕੋਈ ਜਨ, ਮਿਲੇ ਵਡਿਆਈ ਨਾ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਘਰ ਲੱਖ ਚੁਰਾਸੀ ਦਿਤੀ ਵਸਾਈਆ । ਚਾਰੇ ਖਾਣੀ ਕਹੇ ਆ ਕੇ ਵੇਖ, ਨਿਰਵੈਰ ਫੇਰਾ ਪਾਈਆ । ਕਲਜੁਗ ਅੰਤਮ ਵਧਿਆ ਭੇਖ, ਪਖੰਡੀ ਘਰ ਘਰ ਡੇਰਾ ਲਾਈਆ । ਤੇਰਾ ਕੋਈ ਨਾ ਕਰੇ ਹੇਤ, ਹਿਤਕਾਰੀ ਰੂਪ ਨਾ ਕੋਇ ਵਖਾਈਆ । ਰੁਤ ਬਸੰਤੀ ਮੌਲੇ ਨਾ ਕੋਇ ਚੇਤ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਪਿਛੇ ਦਿਤੇ ਭੇਜ, ਅੰਤਮ ਪੱਲਾ ਗਏ ਛੁੜਾਈਆ । ਆਤਮ ਸੁੰਞੀ ਦਿਸੇ ਸੇਜ, ਪਰਮਾਤਮ ਕੰਤ ਬਹਿ ਨਾ ਖ਼ੁਸ਼ੀ ਮਨਾਈਆ । ਜੋਤੀ ਜਲਵਾ ਨਜ਼ਰ ਨਾ ਆਏ ਤੇਜ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਦੇ ਵਖਾਈਆ । ਚਾਰੇ ਖਾਣੀ ਕਹੇ ਆ ਪ੍ਰਭ ਠਾਕਰ, ਤੇਰੀ ਜੋਤ ਜੋਤ ਰੁਸ਼ਨਾਈਆ । ਕਲਜੁਗ ਵਹਿਣ ਡੂੰਘਾ ਸਾਗਰ, ਗਹਿਰ ਗੰਭੀਰ ਪਾਰ ਨਾ ਕੋਇ ਕਰਾਈਆ । ਬਿਨ

ਪੁਰਖ ਅਕਾਲ ਦੀਨ ਦਿਆਲ ਦੇਵੇ ਕੋਈ ਨਾ ਆਦਰ, ਜਗਤ ਗੁਰੂ ਕੰਮ ਕਿਸੇ ਨਾ ਆਈਆ । ਤੂੰ ਸੂਰਬੀਰ ਬਹਾਦਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦੀ ਸ਼ਬਦ ਹੋ ਉਜਾਗਰ, ਜੋਤੀ ਜੋਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਚਾਰੇ ਖਾਣੀ ਦੇਵੇ ਹੋਕਾ, ਚਾਰੋਂ ਕੁੰਟ ਜਣਾਈਆ । ਪਰਮ ਪੁਰਖ ਤੇਰੇ ਪਰਗਟ ਹੋਣ ਦਾ ਅੰਤਮ ਮੌਕਾ, ਮੁਕੰਮਲ ਗੁਰੂ ਅਵਤਾਰ ਦੇਣ ਗਵਾਹੀਆ । ਜਨ ਭਗਤਾਂ ਕਦੇ ਨਾ ਦੇਵੇਂ ਧੋਖਾ, ਸਾਚੇ ਸੰਤਾਂ ਹੋਵੇਂ ਸਹਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕਾਇਆ ਕੋਠਾ, ਬਾਹਰ ਢੂੰਡਣ ਕੋਇ ਨਾ ਜਾਈਆ । ਰੱਖਣਾ ਪਏ ਨਮਾਜ਼ ਨਾ ਰੋਜ਼ਾ, ਰਹਿਮਤ ਇਕੋ ਦੇ ਕਮਾਈਆ । ਪਰਵਰਦਿਗਾਰ ਸਾਂਝੇ ਯਾਰ ਮੁਕਾਮੇ ਹਕ ਬੈਠਾ ਕਿਉਂ ਖ਼ਾਮੋਸ਼ਾ, ਨਾਅਰਾ ਧੁਰ ਦਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਅਮਾਮ ਹੋ ਸਹਾਈਆ । ਚਾਰੇ ਖਾਣੀ ਕਹੇ ਪਾਰਬ੍ਰਹਮ, ਬ੍ਰਹਮ ਤੇਰੀ ਆਸ ਰਖਾਈਆ । ਨਿਹਕਰਮੀ ਕਰ ਆਪਣਾ ਕਰਮ, ਕਰਮ ਕਾਂਡ ਦੇ ਗਵਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਵਖਾ ਧਰਮ, ਅਧਰਮੀ ਰਹਿਣ ਕੋਇ ਨਾ ਪਾਈਆ । ਭੇਵ ਚੁਕਾ ਦੇ ਚਾਰੇ ਵਰਨ, ਜ਼ਾਤ ਪਾਤ ਡੇਰਾ ਢਾਹੀਆ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਸ੍ਰਿਸ਼ਟ ਸਬਾਈ ਇਕੋ ਪੂਜੇ ਤੇਰੇ ਚਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਲੱਖ ਚੁਰਾਸੀ ਆਤਮ ਪਰਮਾਤਮ ਪਾਰਬ੍ਰਹਮ ਜਣਾ ਬ੍ਰਹਮ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਦੇ ਵਖਾਈਆ । ਚਾਰੇ ਖਾਣੀ ਕਹੇ ਪ੍ਰਭ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਦੀਨ ਮਜ਼੍ਹਬ ਜੋ ਪਏ ਝੇੜੇ, ਝਗੜਾ ਦੇ ਚੁਕਾਈਆ । ਸਾਚੇ ਵਸ ਕਾਇਆ ਖੇੜੇ, ਬੰਦ ਕਵਾੜੀ ਬਜਰ ਕਪਾਟੀ ਖਿੜਕੀ ਦੇ ਖੁਲ੍ਹਾਈਆ । ਢੋਲੇ ਗਾਈਏ ਤੇਰੇ ਮੇਰੇ, ਸੋਹੰ ਰਾਗ ਅਲਾਈਆ । ਇਕੋ ਰੰਗ ਰੰਗਾ ਗੁਰੂ ਚੇਲੇ, ਚੇਲਾ ਗੁਰੂ ਇਕੋ ਰੰਗ ਸਮਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਲੱਗੇ ਡੇਰੇ, ਦਹਿ ਦਿਸ਼ਾ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਚਾਰੇ ਖਾਣੀ ਕਹੇ ਆ ਕੇ ਬੋਲ, ਅਨਬੋਲਤ ਰਾਗ ਅਲਾਈਆ । ਸਤਿਜੁਗ ਦਵਾਰਾ ਸਾਚਾ ਖੋਲ੍ਹ, ਖ਼ਾਲਕ ਖ਼ਲਕ ਦੇ ਸਮਝਾਈਆ । ਨਾਮ ਕੰਡੇ ਤੋਲ ਤੋਲ, ਤਰਾਜ਼ੂ ਇਕੋ ਇਕ ਉਠਾਈਆ । ਲੱਖ ਚੁਰਾਸੀ ਮਾਰੇ ਕੋਈ ਨਾ ਰੋਲ, ਝਗੜਾ ਕੂੜਾ ਦੇ ਮਿਟਾਈਆ । ਦੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕੀਤਾ ਕੌਲ, ਅੰਤ ਇਕਰਾਰ ਦਾ ਵੇਲਾ ਗਿਆ ਆਈਆ । ਤੂੰ ਸਮਰਥ ਸਵਾਮੀ ਸਦਾ ਅਡੋਲ, ਡੁੱਬਦੇ ਪਾਥਰ ਲਏਂ ਤਰਾਈਆ । ਤੇਰੇ ਕੋਲ ਵਸਤ ਅਨਮੋਲ, ਨਾਮ ਪਦਾਰਥ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਚਾਰੇ ਖਾਣੀ ਕਹੇ ਪ੍ਰਭ ਚੁੱਕ ਦੇ ਪਰਦਾ, ਓਹਲਾ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵ ਵੇਖ ਸੜਦਾ, ਤ੍ਰੈਗੁਣ ਮਾਇਆ ਤਤ ਤਪਾਈਆ । ਚਾਰੋਂ ਕੁੰਟ ਜਾਂਦਾ ਰੁੜ੍ਹਦਾ, ਵੰਝ ਮੁਹਾਣਾ ਹੱਥ ਕਿਸੇ ਨਾ ਆਈਆ । ਤੇਰਾ ਮੰਤਰ ਕੋਇ ਨਾ ਫੁਰਦਾ, ਫੁਰਨਾ ਬੰਦ ਨਾ ਕੋਇ ਕਰਾਈਆ । ਕੋਈ ਭੇਦ ਨਾ ਪਾਏ ਸ਼ਬਦੀ ਸੱਚੇ ਗੁਰ ਦਾ, ਅੰਤਰ ਆਤਮ ਖੋਜ ਨਾ ਕੋਇ ਖੁਜਾਈਆ । ਪੰਜ ਤਤ ਪ੍ਰਾਣੀ ਹੋਇਆ ਮੁਰਦਾ, ਬਿਨਾ ਮੁਰਸ਼ਦ ਜੀਵਤ ਰੂਪ ਨਾ ਕੋਇ ਵਟਾਈਆ । ਝਗੜਾ ਪਿਆ ਤਾਲ ਸੁਰ ਦਾ, ਅਨਹਦ ਰਾਗ ਨਾ

ਕੋਇ ਸੁਣਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਤੈਨੂੰ ਕੋਇ ਨਾ ਝੁਕਦਾ, ਸੀਸ ਸਚ ਨਾ ਕੋਇ ਨਿਵਾਈਆ । ਮੰਜ਼ਲ ਪੈਂਡਾ ਕਿਸੇ ਨਾ ਮੁੱਕਦਾ, ਭੱਜ ਭੱਜ ਥੱਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਅੱਖ ਖੁਲ੍ਹਾਈਆ । ਚਾਰੇ ਖਾਣੀ ਕਹੇ ਪ੍ਰਭ ਭੌ ਚੁਕਾ ਦੇ ਏਕਾ ਦੂਜਾ, ਦਵੈਤੀ ਰਹਿਣ ਕੋਇ ਨਾ ਪਾਈਆ । ਸਭ ਨੂੰ ਦੱਸ ਦੇ ਇਕੋ ਪੂਜਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਨਾਭੀ ਕਵਲ ਕਰ ਦੇ ਮੂਧਾ, ਅੰਮ੍ਰਿਤ ਝਿਰਨਾ ਸਚ ਝਿਰਾਈਆ । ਆਪਣੇ ਮਿਲਣ ਦੀ ਦੇ ਦੇ ਸੂਝਾ, ਜੋ ਬੈਠੇ ਤੈਨੂੰ ਭੁਲਾਈਆ । ਕਾਇਆ ਮੰਦਰ ਅੰਦਰ ਭੇਵ ਖੁਲ੍ਹਾ ਦੇ ਗੂੜ੍ਹਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਮਨ ਹੰਕਾਰੀ ਵਿਕਾਰੀ ਕਰ ਦੇ ਸੁੱਚਾ, ਦੁਰਮਤ ਮੈਲ ਧੁਆਈਆ । ਮਹੱਲ ਅਟਲ ਵਖਾਦੇ ਘਰ ਵਿਚ ਘਰ ਉਚਾ, ਜਿਸ ਗ੍ਰਿਹਿ ਦੀਵਾ ਬਾਤੀ ਇਕ ਰੁਸ਼ਨਾਈਆ । ਸਚ ਸਵਾਮੀ ਜਿਸ ਸੇਜ ਸੁੱਤਾ, ਸੋ ਮੰਦਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਚਾਰੇ ਖਾਣੀ ਕਹੇ ਪ੍ਰਭ ਪੂਰੀ ਕਰਦੇ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਕਲਜੁਗ ਵਾਹਵਾ ਵੇਖ ਲਿਆ ਤਮਾਸ਼ਾ, ਸਦੀ ਵੀਹਵੀਂ ਅੱਖ ਖੁਲ੍ਹਾਈਆ । ਪ੍ਰੇਮ ਪਿਆਰ ਦਾ ਸਭ ਦਾ ਟੁੱਟਾ ਨਾਤਾ, ਸਾਚਾ ਸੰਗ ਨਾ ਕੋਇ ਰਖਾਈਆ । ਘਰ ਘਰ ਦਿਸੇ ਨਾਰ ਕਮਜ਼ਾਤਾ, ਕੁਲੱਖਣੀ ਬੈਠੀ ਰੂਪ ਵਟਾਈਆ । ਕਿਸੇ ਨਾ ਮਿਲਿਆ ਪੁਰਖ ਸਮਰਾਥਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਰਸਨਾ ਕਰਦੇ ਪੂਜਾ ਪਾਠਾ, ਹਿਰਦੇ ਹਰਿ ਬਹਿ ਨਾ ਡੇਰਾ ਲਾਈਆ । ਸਦੀ ਚੌਧਵੀਂ ਪੂਰਾ ਕਰ ਦੇ ਘਾਟਾ, ਅਨਮੰਗੀ ਦੌਲਤ ਝੋਲੀ ਪਾਈਆ । ਲੱਖ ਚੁਰਾਸੀ ਵਿਚ ਜਨ ਭਗਤਾਂ ਬਣ ਰਾਖਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਚਾਰੇ ਖਾਣੀ ਕਹੇ ਪ੍ਰਭ ਆ ਜਾ ਤੁਰਤ, ਦੂਰ ਦੁਰਾਡਾ ਪੰਧ ਮੁਕਾਈਆ । ਕਿਰਪਾ ਕਰ ਅਕਾਲ ਮੂਰਤ, ਅਜੂਨੀ ਰਹਿਤ ਤੇਰੀ ਸਰਨਾਈਆ । ਨਾਮ ਨਿਧਾਨ ਵਜਾ ਤੂਰਤ ਤੁਰੀਆ ਮੁਖ ਭੁਆਈਆ । ਸਚ ਵਖਾ ਅਗੰਮੀ ਸੂਰਤ, ਛੈਲ ਛਬੀਲੇ ਬੇਪਰਵਾਹੀਆ । ਨਾਤਾ ਤੋੜ ਕੂੜੇ ਕੂੜਤ, ਸਚ ਸੁਚ ਦੇ ਵਡਿਆਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹਤ, ਮਨ ਕਾ ਮਣਕਾ ਦੇ ਭੁਆਈਆ । ਸਚ ਸਰਨਾਈ ਬਖ਼ਸ਼ ਚਰਨ ਧੂੜਤ, ਨਾਮ ਟਿੱਕਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋਕੇ ਦੇ ਸਮਝਾਈਆ । ਚਾਰੇ ਖਾਣੀ ਰਹੀ ਕੂਕ, ਕੂਕ ਕੂਕ ਸੁਣਾਈਆ । ਕਲਜੁਗ ਮਾਇਆ ਦਿਤਾ ਫੂਕ, ਅਗਨੀ ਅੱਗ ਤਪਾਈਆ । ਪੁਰਖ ਅਕਾਲ ਦੀਨ ਦਿਆਲ ਕਿਹੜੇ ਦਵਾਰੇ ਸੁੱਤਾ ਘੂਕ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਾਚੀ ਚੁੱਕੇ ਨਾ ਕੋਈ ਚੂਕ, ਚਾਰੋਂ ਕੁੰਟ ਵੇਖ ਨਾ ਕੋਇ ਵਖਾਈਆ । ਝਗੜਾ ਪਿਆ ਦੁੱਖ ਭੁੱਖ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਬਿਨ ਤੇਰੀ ਕਿਰਪਾ ਮਿਲੇ ਕਿਸੇ ਨਾ ਸੁਖ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਤੂੰ ਨਿਰਗੁਣ ਨਿਰਵੈਰ ਆਪਣੀ ਧਾਰੋਂ ਉਠ, ਤੈਨੂੰ ਜਨਮੇ ਨਾ ਕੋਇ ਪਿਤਾ ਮਾਈਆ । ਭਗਤਾਂ ਸੰਤਾਂ ਆ ਕੇ ਪੁੱਛ, ਗੁਰਮੁਖ ਗੁਰਸਿਖ ਨੇਤਰ ਰੋਵਣ ਮਾਰਨ ਧਾਈਆ । ਕਵਣ ਵੇਲਾ ਪ੍ਰਭ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਚਾਰੇ ਖਾਣੀ ਲੇਖਾ ਜਾਏ ਮੁੱਕ, ਚੁਰਾਸੀ ਗੇੜ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ ਇਕ ਸਰਨਾਈਆ । ਚਾਰੇ ਖਾਣੀ ਕਹੇ ਪ੍ਰਭ ਧੁਰ ਦੇ ਮਾਲਕ, ਮਦਦਗਾਰ ਇਕੋ ਨਜ਼ਰੀ ਆਈਆ । ਤੇਰੀ ਏਥੇ ਓਥੇ ਸੱਚੀ

ਸਚ ਅਦਾਲਤ, ਅਦਲ ਕਰ ਸੱਚੇ ਸ਼ਹਿਨਸ਼ਾਹੀਆ । ਝਗੜਾ ਪਿਆ ਤੇਰੇ ਨਾਮ ਅਬਾਦਤ, ਕਲਮਿਆਂ ਹਿੰਦਸਿਆਂ ਵਿਚ ਵੰਡ ਵੰਡਾਈਆ । ਜ਼ਬਾਨਾਂ ਵਿਚ ਲਿਖੀ ਅਬਾਰਤ, ਕਲਾਮਾਂ ਵਿਚ ਸਿਫ਼ਤ ਸਾਲਾਹੀਆ । ਤੇਰੀ ਕਰੇ ਨਾ ਕੋਇ ਸਚ ਸ਼ਨਾਖ਼ਤ, ਪਰਦਾ ਸਕੇ ਨਾ ਕੋਇ ਉਠਾਈਆ । ਦੀਨ ਮਜ਼੍ਹਬ ਕਰ ਅਦਾਵਤ, ਝਗੜਾ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਧਰਨੀ ਧਰਤ ਧਵਲ ਸੋਭਾ ਪਾਈਆ । ਚਾਰੇ ਖਾਣੀ ਕਹੇ ਪਰਵਰਦਿਗਾਰ, ਬੇਪਰਵਾਹ ਤੇਰੀ ਸਰਨਾਈਆ । ਕਾਇਨਾਤ ਵੇਖ ਵਿਚਾਰ, ਮਹਿਬਾਨ ਬੀਦੋ ਆਪਣਾ ਧਿਆਨ ਲਗਾਈਆ । ਕਲਮਿਆਂ ਵਿਚੋਂ ਕਦੇ ਨਾ ਹੋਇਓਂ ਜ਼ਾਹਰ, ਕਦਮਾਂ ਵਿਚੋਂ ਨੂਰ ਕਰੇਂ ਰੁਸ਼ਨਾਈਆ । ਤੇਰਾ ਵੱਖਰਾ ਧਾਮ ਨਿਆਰ, ਮੁਕਾਮੇ ਹਕ ਸੋਭਾ ਪਾਈਆ । ਲਾਸ਼ਰੀਕ ਪਰਵਰਦਿਗਾਰ, ਬੇਪਰਵਾਹ ਵੇਸ ਵਟਾਈਆ । ਈਸਾ ਮੂਸਾ ਮੁਹੰਮਦ ਨੈਣ ਰਹੇ ਉਠਾਲ, ਚੌਦਾਂ ਤਬਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਦਰ ਦਰਬਾਰਾ ਇਕ ਸੁਹਾਈਆ । ਚਾਰੇ ਖਾਣੀ ਕਹੇ ਮੇਰੇ ਗੁਣੀ ਗਹੀਰ, ਗਹਿਰ ਗਵਰ ਤੇਰਾ ਰਾਹ ਤਕਾਈਆ । ਤੇਰੀ ਨਜ਼ਰ ਨਾ ਆਏ ਸਚ ਤਸਵੀਰ, ਤਸੱਵਰ ਸਕੇ ਨਾ ਕੋਇ ਕਰਾਈਆ । ਕਲਜੁਗ ਅੰਤਮ ਵੇਲਾ ਵੇਖ ਅਖ਼ੀਰ, ਆਖ਼ਰ ਆਪਣਾ ਵੇਸ ਵਟਾਈਆ । ਤੇਰਾ ਵਾਕ ਭਵਿਖਤ ਦੱਸ ਕੇ ਗਏ ਗੁਰੂ ਅਵਤਾਰ ਪੀਰ, ਪੈਗ਼ੰਬਰ ਦੇਣ ਗਵਾਹੀਆ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਕੂੜੀ ਕਿਰਿਆ ਦੇ ਮਿਟਾਈਆ । ਤੇਰੇ ਹੱਥ ਇਕ ਤੌਫੀਕ, ਸ਼ਰੀਕਤ ਸਾਰੇ ਦੇ ਮਿਟਾਈਆ । ਦੂਰ ਦੁਰਾਡੇ ਆ ਨਜ਼ਦੀਕ, ਨੇਰਨ ਨੇਰ ਰੂਪ ਵਟਾਈਆ । ਘਰ ਘਰ ਤੇਰੀ ਕਰਨ ਉਡੀਕ, ਕਲ ਕਲਕੀ ਫੇਰਾ ਪਾਈਆ । ਲੱਖ ਚੁਰਾਸੀ ਦੇ ਕੇ ਭੀਖ, ਭਿਛਿਆ ਇਕ ਵਰਤਾਈਆ । ਤੂੰ ਸਵਾਮੀ ਸੱਜਣ ਮੀਤ, ਹਰ ਘਟ ਡੇਰਾ ਲਾਈਆ । ਤੂੰ ਮਾਲਕ ਊਚ ਨੀਚ, ਹਸਤ ਕੀਟ ਤੇਰੀ ਵਡਿਆਈਆ । ਸਾਰੇ ਗਾਵਣ ਤੇਰਾ ਗੀਤ, ਮੰਦਰ ਮਸੀਤ ਇਕੋ ਨਾਮ ਜਣਾਈਆ । ਵਰਨਾਂ ਬਰਨਾਂ ਦੱਸ ਪ੍ਰੀਤ, ਪ੍ਰੀਤਮ ਹੋ ਕੇ ਨਜ਼ਰੀ ਆਈਆ । ਤੂੰ ਬੈਠਾ ਸਦਾ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚਾਰੇ ਖਾਣੀ ਕਰੇ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਦਏ ਦੁਹਾਈਆ । ਜਨ ਭਗਤਾਂ ਪੈਜ ਸਵਾਰ, ਸਾਚੇ ਸੰਤਾਂ ਮੇਲ ਮਿਲਾਈਆ । ਗੁਰਮੁਖਾਂ ਕਰ ਉਧਾਰ, ਗੁਰਸਿਖਾਂ ਦੇ ਵਡਿਆਈਆ । ਸੂਫ਼ੀਆਂ ਦੱਸ ਗੁਫ਼ਤਾਰ, ਮੁਰੀਦਾਂ ਕਲਮਾ ਦੇ ਪੜ੍ਹਾਈਆ । ਪੈਗ਼ੰਬਰ ਹੋ ਕੇ ਕਰ ਪਿਆਰ, ਸਤਿਗੁਰ ਹੋ ਕੇ ਗੋਦ ਉਠਾਈਆ । ਪਤਿਪਰਮੇਸ਼ਵਰ ਹੋ ਕੇ ਸਭ ਦੀ ਸੁਰਤ ਸੰਭਾਲ, ਸ਼ਾਹ ਕੰਗਾਲ ਆਪਣੇ ਲੇਖੇ ਲਾਈਆ । ਠਾਂਡੇ ਦਰ ਬਣ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਇਕ ਕਰਾਈਆ । ਚਾਰੇ ਖਾਣੀ ਕਹੇ ਪ੍ਰਭ ਵੇਖ ਆਪਣੇ ਲਾਲ, ਜੋ ਲਾਲਨ ਤੇਰਾ ਰਾਹ ਤਕਾਈਆ । ਪੂਰਬ ਜਨਮ ਘਾਲਣ ਆਏ ਘਾਲ, ਕੀਤੀ ਘਾਲ ਲੇਖੇ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਅੰਤਰ ਆਤਮ ਮੇਲ ਨਾਲ, ਪਰਮਾਤਮ ਸੋਭਾ ਪਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣੀ ਦਇਆ ਕਮਾਈਆ । ਕਲਜੁਗ ਕੂਕੇ ਸਿਰ ਤੇ ਕਾਲ, ਝੂਠ ਨਗਾਰਾ ਰਿਹਾ ਵਜਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਤੈਨੂੰ ਰਹੇ ਭਾਲ, ਗੁਰਦਰ ਮੰਦਰ ਸ਼ਿਵਦਵਾਲੇ ਮੱਠ ਧਿਆਨ ਲਗਾਈਆ । ਤੂੰ ਕਿਸੇ ਹੱਥ ਨਾ ਆਇਉਂ ਇੱਟਾਂ

ਵਾਲੀ ਧਰਮਸਾਲ, ਕਾਇਆ ਮੰਦਰ ਅੰਦਰ ਬਹਿ ਕੇ ਸੋਭਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇ ਕੇ ਗਏ ਅਹਿਵਾਲ, ਖਾਣੀ ਬਾਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਸਤ ਅਗੰਮੀ ਇਕ ਵਰਤਾਈਆ । ਚਾਰੇ ਖਾਣੀ ਕਹੇ ਪ੍ਰਭ ਅਗੰਮ, ਅਲਖ ਅਗੋਚਰ ਤੇਰੀ ਵਡਿਆਈਆ । ਤੂੰ ਆਪੇ ਘੜੇਂ ਆਪੇ ਲਏਂ ਭੰਨ, ਘੜਨ ਭੰਨਣਹਾਰ ਆਪਣੀ ਖੇਲ ਰਚਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵੇਂ ਡੰਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜਨ ਭਗਤਾਂ ਕਹਿਣਾ ਲਵੀਂ ਮੰਨ, ਭਗਵਨ ਹੋਵੀਂ ਸਦਾ ਸਹਾਈਆ । ਭਾਗ ਲਗਾਏਂ ਮਾਟੀ ਖ਼ਾਕ ਤਨ, ਤਤਵ ਤਤ ਦਏਂ ਬੁਝਾਈਆ । ਕਰ ਪਰਕਾਸ਼ ਅੰਧੇਰੇ ਚੰਨ, ਨਿਰਗੁਣ ਜੋਤ ਕਰੇਂ ਰੁਸ਼ਨਾਈਆ । ਕਰ ਵਸੇਰਾ ਬਿਨ ਛੱਪਰ ਛੰਨ, ਸੋਹਣਾ ਮੰਦਰ ਦੇਣਾ ਵਡਿਆਈਆ । ਸੱਜਣ ਸੁਹੇਲੇ ਤੈਨੂੰ ਕਹਿਣ ਧੰਨ ਧੰਨ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਬੇੜਾ ਬੰਨ੍ਹ, ਤੁਲਹਾ ਇਕੋ ਇਕ ਵਖਾਈਆ । ਲੇਖੇ ਲਾ ਲੈ ਜਨਨੀ ਜਨ, ਜੀਵਣ ਜੁਗਤ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਅੰਧੇਰਾ ਦੇ ਗਵਾਈਆ । ਚਾਰੇ ਖਾਣੀ ਕਹੇ ਮਿਟੇ ਅੰਧ, ਕਲਜੁਗ ਅੰਧੇਰਾ ਰਹਿਣ ਨਾ ਪਾਈਆ । ਭਟਕਦਿਆਂ ਭਰਮਦਿਆਂ ਮੁੱਕੇ ਪੰਧ, ਪਾਂਧੀ ਮੰਜ਼ਲ ਦੇ ਪਹੁੰਚਾਈਆ । ਸਤਿਜੁਗ ਸਾਚਾ ਚੜ੍ਹਿਆ ਚੰਦ, ਸਤਿ ਧਰਮ ਨੂਰ ਕਰੇ ਰੁਸ਼ਨਾਈਆ । ਢੋਲਾ ਇਕੋ ਸੁਣਾ ਇਕੋ ਛੰਦ, ਲੱਖ ਚੁਰਾਸੀ ਦੇ ਪੜ੍ਹਾਈਆ । ਅੰਮ੍ਰਿਤ ਨੁਹਾ ਧੁਰ ਦੀ ਗੰਗ, ਸਚ ਸਰੋਵਰ ਇਕ ਪਰਗਟਾਈਆ । ਸੰਤ ਸੁਹੇਲੇ ਲਗਾ ਆਪਣੇ ਅੰਗ, ਅੰਗੀਕਾਰ ਇਕ ਅਖਵਾਈਆ । ਨਾਮ ਨਿਧਾਨ ਵਜਾ ਮਰਦੰਗ, ਢੋਲਕ ਛੈਣਾ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਭੱਠ ਭੱਠ ਗੰਦ, ਸੁਗੰਧ ਇਕੋ ਇਕ ਭਰਾਈਆ । ਤੂੰ ਠਾਕਰ ਸਵਾਮੀ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਤੇਰੇ ਕੋਲ ਨਜ਼ਰੀ ਆਈਆ । ਚਾਰੇ ਖਾਣੀ ਦੇ ਇਕ ਅਨੰਦ, ਅਨੰਦ ਆਤਮ ਵਿਚੋਂ ਪਰਗਟਾਈਆ । ਸਚ ਦਵਾਰ ਹਰਿ ਨਿਰੰਕਾਰ ਇਕੋ ਮੰਗ ਲਈ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਗਹਿਰ ਗੰਭੀਰ ਸੂਰਾ ਸਰਬੰਗ, ਦੇਵਣਹਾਰ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਜਿਸਦਾ ਲੇਖਾ ਫਿਰ ਮੰਗਣ ਕੋਇ ਨਾ ਆਈਆ । ।

### ✪ ੮ ਅੱਸੂ ੨੦੨੧ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਪਿੰਡ ਸ਼ਫ਼ੀਪੁਰ ✪

ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਸਚਖੰਡ ਦਵਾਰੇ ਮਹਿੰਮਾ ਅਕਥ, ਕਥਨੀ ਕਥ ਨਾ ਸਕੇ ਕੋਈ ਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੀਤਾ ਇਕੱਠ, ਸਚ ਦਵਾਰੇ ਖ਼ੁਸ਼ੀ ਮਨਾਈਆ । ਨਿਰਗੁਣ ਹੋ ਕੇ ਨਿਰਗੁਣ ਅੱਗੇ ਜੋੜਨ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਬਿਨ ਨੇਤਰਾਂ ਨੀਰ ਵਹਾਵਣ ਅੱਖ, ਹੰਝੂਆਂ ਧਾਰ ਬੰਧਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਢੱਠ, ਧੂੜੀ ਟਿੱਕਾ ਮਸਤਕ ਲਾਈਆ । ਕਰੋੜ ਤੇਤੀਸਾ ਕਹੇ ਸਾਡੀ ਹੋਈ ਬੱਸ, ਸਿਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਪਾਈ ਨੱਥ, ਨੇਤਰ ਰੋਵੇ ਮਾਰੇ ਧਾਈਆ । ਪੰਜ ਤਤ ਕਹੇ ਇਹ ਆਪਣਾ ਤਪ, ਅਗਨੀ ਤਤ ਰਹੀ ਜਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਚਾਰੇ ਲਕੀਰ ਕੱਢਣ ਨਾਲ ਨੱਕ, ਬੌਹੜੀ ਬੌਹੜੀ ਕਰ ਸੁਣਾਈਆ । ਚਾਰੇ ਖਾਣੀ ਦੂਰ ਦੁਰਾਡੀ ਟੇਕ ਕੇ ਮੱਥ, ਧੂੜੀ ਟਿੱਕਾ ਖ਼ਾਕ ਰਮਾਈਆ । ਚਾਰੇ ਬਾਣੀ ਬੋਲ ਜੈਕਾਰਾ ਹਕ, ਹਕੀਕਤ ਸਾਚੀ ਰਹੀ ਸੁਣਾਈਆ । ਲੱਖ ਚੁਰਾਸੀ ਨੌ ਖੰਡ ਸੱਤ ਦੀਪ ਕੂੜੀ ਹੋਈ ਮਤ, ਭਰਮੇਂ ਭੁੱਲੀ ਸਰਬ ਲੋਕਾਈਆ । ਸ੍ਰੀ ਭਗਵਾਨ ਕਲਜੁਗ ਅੰਤਮ ਵੇਖ ਮੱਤ, ਨਾਤਾ ਛੁੱਟਾ ਧੀਰਜ ਜਤ, ਸਤਿ ਸੰਤੋਖ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਸੱਥਰ ਬੈਠੀ ਘੱਤ, ਦਰ ਦਰ ਘਰ ਘਰ ਆਪਣੀ ਸੇਜ ਹੰਢਾਈਆ । ਮਾਇਆ ਮਮਤਾ ਮਨੂਆ ਨਾਲ ਮਿਲ ਕੇ ਰਹੀ ਨੱਚ, ਨੌ ਦਵਾਰੇ ਆਪਣਾ ਨਾਚ ਨਚਾਈਆ । ਸਾਧ ਸੰਤ ਸਦੀ ਵੀਹਵੀਂ ਕੋਈ ਨਾ ਗਿਆ ਬਚ, ਪੱਲੂ ਸਕਿਆ ਨਾ ਕੋਈ ਛੁੜਾਈਆ । ਸਾਚਾ ਦਿਸਿਆ ਨਾ ਕੋਈ ਹੱਟ, ਤੇਰਾ ਨਾਮ ਭੰਡਾਰਾ ਝੋਲੀ ਕੋਇ ਨਾ ਪਾਈਆ । ਫਿਰੀ ਦਰੋਹੀ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੰਮ੍ਰਿਤ ਸੀਰ ਮੁਖ ਨਾ ਕੋਇ ਚੁਆਈਆ । ਝਗੜਾ ਪਿਆ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂ ਦਵਾਰ ਗੁਰ ਕੀ ਧਾਰ ਨਾ ਕੋਇ ਸਮਝਾਈਆ । ਨਾੜ ਬਹੱਤਰ ਸਭ ਦੀ ਉਬਲੀ ਰੱਤ, ਬ੍ਰਹਮ ਮਤ ਨਾ ਕੋਇ ਜਣਾਈਆ । ਤੇਰੇ ਮਿਲਣ ਦੀ ਪੁਰਖ ਸਵਾਮੀ ਕੋਇ ਨਾ ਖੋਲ੍ਹੇ ਅੱਖ, ਦੋਏ ਲੋਚਣ ਜਗਤ ਤਕਾਈਆ । ਕੂੜ ਕੁੜਿਆਰ ਕਲਜੁਗ ਸਦੀ ਚੌਧਵੀਂ ਨੱਕ ਨਕੇਲ ਪਾਵੇ ਨੱਥ, ਦਹਿ ਦਿਸ਼ਾ ਰਿਹਾ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਕਲਜੁਗ ਅੰਤਮ ਫੇਰਾ ਪਾਈਆ । ਸਚਖੰਡ ਨਿਵਾਸੀ ਪ੍ਰਭ ਅਬਿਨਾਸ਼ੀ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਮੰਡਲ ਮੰਡਪ ਵੇਖ ਆਪਣੀ ਰਾਸੀ, ਗੋਪੀ ਕਾਹਨ ਨੱਚ ਨੱਚ ਥੱਕੇ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸ ਕੇ ਗਏ ਗਾਥੀ, ਗਹਿਰ ਗੰਭੀਰ ਕਰ ਪੜ੍ਹਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋੜਦਾ ਰਿਹੋਂ ਸੱਚਾ ਨਾਤੀ, ਆਤਮ ਪਰਮਾਤਮ ਮੇਲ ਮਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੜਦਾ ਖੋਲ੍ਹ ਮਾਰ ਝਾਤੀ, ਝਾਕੀ ਆਪਣੀ ਇਕ ਰਖਾਈਆ । ਚਾਰੋਂ ਕੁੰਟ ਅੰਧਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰਾਂ ਭੁੱਲੀ ਸਰਬ ਸਾਖ਼ੀ, ਸਾਖਿਆਤ ਸਤਿਗੁਰ ਨਜ਼ਰ ਨਾ ਕਿਸੇ ਆਈਆ । ਲੇਖਾ ਲਿਖਿਆ ਕਲਮ ਦਵਾਤੀ, ਕਾਲੀ ਸ਼ਾਹੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਚਖੰਡ ਦਵਾਰੇ ਬੋਲ ਜੈਕਾਰ, ਸਾਰੇ ਰਹੇ ਜਣਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਏਕੰਕਾਰ ਵੇਖ ਆਪਣਾ ਘਰ ਬਾਰ, ਆਦਿ ਨਿਰੰਜਣ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਹੋ ਖ਼ਬਰਦਾਰ, ਸ੍ਰੀ ਭਗਵਾਨ ਲਏ ਅੰਗੜਾਈਆ । ਪਾਰਬ੍ਰਹਮ ਬ੍ਰਹਮ ਕਰ ਤਿਆਰ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਲਾਸ਼ਰੀਕ ਪਰਵਰਦਿਗਾਰ, ਵਾਹਦ ਆਪਣਾ ਫੇਰਾ ਪਾਈਆ । ਸਚ ਤੌਫ਼ੀਕ ਸਾਂਝੇ ਯਾਰ, ਮਹਿਬਾਨ ਬੀਦੋ ਨੂਰੋ ਨੂਰ ਕਰ ਰੁਸ਼ਨਾਈਆ । ਪੀਰ ਪੈਗੰਬਰ ਗਏ ਹਾਰ, ਕਲਮਾ ਨਬੀ ਰਸੂਲ ਕਾਇਨਾਤ ਪੜ੍ਹਾਈਆ । ਅਲਿਫ਼ ਯੇ ਸਦੀ ਚੌਧਵੀਂ ਰੋਵੇ ਜ਼ਾਰੋ ਜ਼ਾਰ, ਮਕਤਬ ਵਿਚ ਸਿਫ਼ਤ ਨਾ ਕੋਇ ਸਾਲਾਹੀਆ । ਤੇਰੀ ਮਹਿੰਮਾ ਸਿਫ਼ਤ ਕਰੇ ਨਾ ਕੋਇ ਇਜ਼ਹਾਰ, ਧੁਰ ਦਾ ਭੇਦ ਨਾ ਕੋਇ ਜਣਾਈਆ । ਮੁੱਲਾ ਸ਼ੇਖ਼ ਮੁਸਾਇਕ ਆਪਣੀ ਕਰਨੀ ਗਏ ਹਾਰ, ਹਰਿ ਮੰਦਰ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੱਕਾ ਕਾਅਬਾ ਹੋਇਆ ਖ਼ੁਆਰ, ਹੁਜਰਾ ਹਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਫੇਰਾ ਪਾਈਆ । ਸਚ ਦਵਾਰੇ ਕਰਨ ਅਰਦਾਸ,

ਦਰ ਠਾਂਡੇ ਸੀਸ ਨਿਵਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਬੇਪਰਵਾਹ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਸ਼ਾਹੋ ਸਾਬਾਸ਼, ਸ਼ਹਿਨਸ਼ਾਹ ਤੇਰਾ ਹੁਕਮ ਇਕੋ ਨਜ਼ਰੀ ਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਚਰਨ ਧੂੜ ਮੰਗੇ ਖ਼ਾਕ, ਨਿਉਂ ਨਿਉਂ ਲਾਗੇ ਪਾਈਆ । ਪੀਰ ਪੈਗ਼ੰਬਰ ਕਹਿਣ ਤੂੰ ਪਾਕੀ ਪਾਕ, ਪਤਤ ਪੁਨੀਤ ਦੇ ਤਰਾਈਆ । ਸਦੀ ਚੌਧਵੀਂ ਸਭ ਦਾ ਟੁੱਟਾ ਇਤਫ਼ਾਕ, ਫ਼ਾਕੇ ਮਰਦੀ ਵੇਖ ਲੋਕਾਈਆ । ਅੰਦਰ ਵੜਕੇ ਖੋਲ੍ਹ ਤਾਕ, ਤਸਬੀ ਮਾਲਾ ਰਹਿਣ ਕੋਇ ਨਾ ਪਾਈਆ । ਆਪਣੇ ਮਿਲਣ ਦੀ ਆਪਣੇ ਅੰਦਰ ਦੇ ਜਾਚ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਭਾਗ ਲਗਾ ਦੇ ਮਾਟੀ ਕਾਚ, ਕੰਚਨ ਗੜ੍ਹ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚਖੰਡ ਦਵਾਰੇ ਗੁਰ ਅਵਤਾਰ ਕਹਿੰਦੇ, ਪੂਰਬ ਲਹਿਣਾ ਰਹੇ ਜਣਾਈਆ । ਕਲਜੁਗ ਵੇਖ ਪ੍ਰਭੂ ਵਹਿਣ ਵਹਿੰਦੇ, ਰੁੜ੍ਹਦੀ ਜਾਂਦੀ ਲੋਕਾਈਆ । ਫਿਰੀ ਦਰੋਹੀ ਚੜ੍ਹਦੇ ਲਹਿੰਦੇ, ਦੱਖਣ ਪਹਾੜ ਰਿਹਾ ਕੁਰਲਾਈਆ । ਸਚ ਸ਼ਰਨਾਈ ਜੀਵ ਜੰਤ ਮੂਲ ਨਾ ਢਹਿੰਦੇ, ਹਉਮੇ ਹੰਗਤਾ ਗੜ੍ਹ ਬਣਾਈਆ । ਤੇਰਾ ਨਾਮ ਅੰਤਰ ਆਤਮ ਮੂਲ ਨਾ ਲੈਂਦੇ, ਰਸਨਾ ਜਿਹਵਾ ਸਾਰੇ ਰਹੇ ਸੁਣਾਈਆ । ਕਾਇਆ ਮੰਦਰ ਅੰਦਰ ਚੜ੍ਹ ਸਾਚੇ ਘਰ ਕੋਇ ਨਾ ਬਹਿੰਦੇ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਕੂੜੀ ਕਿਰਿਆ ਅੰਦਰ ਖਹਿੰਦੇ, ਖਹਿ ਖਹਿ ਅਗਨੀ ਅੱਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਧੀਰ ਦੇ ਬੰਧਾਈਆ । ਸ੍ਰੀ ਭਗਵਾਨ ਸਚ ਸਣੈਂਦਾ ਏ । ਅਬਿਨਾਸ਼ੀ ਕਰਤਾ ਧੀਰ ਧਰੌਂਦਾ ਏ । ਘਟ ਘਟ ਵਾਸੀ ਵੇਖ ਵਖੌਂਦਾ ਏ । ਸਚਖੰਡ ਦਵਾਰਿਉਂ ਆਪਣਾ ਪੜਦਾ ਲੌਂਹਦਾ ਏ । ਥਿਰ ਘਰ ਆਪਣਾ ਹੁਕਮ ਵਰਤੌਂਦਾ ਏ । ਸੁੰਨ ਅਗੰਮੀ ਖੋਜ ਖੁਜੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਰਲੌਂਦਾ ਏ । ਨਿਰਗੁਣ ਨਿਰਵੈਰ ਦੋ ਜਹਾਨਾਂ ਵੇਖ ਵਖੌਂਦਾ ਏ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਕਾਸ਼ ਪਾਤਾਲਾਂ ਪੰਧ ਮੁਕੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹੌਂਦਾ ਏ । ਤ੍ਰੈਗੁਣ ਮਾਇਆ ਹੁਕਮ ਵਰਤੌਂਦਾ ਏ । ਪੰਜ ਤਤ ਸੋਇਆ ਰਹਿਣ ਕੋਇ ਨਾ ਪੌਂਦਾ ਏ । ਚਾਰੇ ਖਾਣੀ ਵੇਖ ਵਖੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਇਸ਼ਾਰੇ ਨਾਲ ਨਚੌਂਦਾ ਏ । ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਭੇਵ ਚੁਕੌਂਦਾ ਏ । ਵਿਰੋਲਣ ਹਾਰਾ ਅੱਠ ਸੱਠ ਤੀਰਥ ਪਾਣੀ, ਸਮੁੰਦ ਸਾਗਰ ਖੋਜ ਖੁਜੌਂਦਾ ਏ । ਚਾਰੇ ਜੁਗ ਕਰੇ ਧਿਆਨੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹਟੌਂਦਾ ਏ । ਕਲਜੁਗ ਅੰਤਮ ਵੇਖ ਕੂੜੀ ਨਿਸ਼ਾਨੀ, ਚਾਰੋਂ ਕੁੰਟ ਅੱਖ ਖਲੌਂਦਾ ਏ । ਪੀਰ ਪੈਗ਼ੰਬਰਾਂ ਦਿਤੇ ਜੋ ਬਿਆਨੀ, ਬਿਆਨ ਸਭ ਦੇ ਵੇਖ ਵਖੌਂਦਾ ਏ । ਲੱਖ ਚੁਰਾਸੀ ਹੋਈ ਹੈਰਾਨੀ, ਘਟ ਘਟ ਅੰਦਰ ਪੜਦਾ ਪੌਂਦਾ ਏ । ਸਾਧਾਂ ਸੰਤਾਂ ਜੀਵਾਂ ਜੰਤਾਂ ਵੇਖੀ ਬੇਈਮਾਨੀ, ਬੇਵਾ ਰੂਪ ਬਚਿਆ ਕੋਈ ਰਹਿਣ ਨਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਸੰਦੇਸ਼ੇ ਨਾਲ ਸਮਝੌਂਦਾ ਏ । ਸ਼ਬਦ ਸੰਦੇਸ਼ਾ ਇਕ ਸੁਣੌਂਦਾ ਏ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਅਬਿਨਾਸ਼ੀ ਕਰਤਾ ਵੇਖ ਵਖੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੀਰਜ ਧੀਰ ਆਪ ਰਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠੌਂਦਾ ਏ । ਮਿਹਰ ਨਜ਼ਰ ਇਕ ਉਠਾਵੇਗਾ । ਪਰਵਰਦਿਗਾਰ ਵੇਸ ਵਟਾਵੇਗਾ । ਸਚ ਅਮਾਮ ਹੋ ਕੇ ਆਵੇਗਾ । ਚੌਦਾਂ ਤਬਕਾਂ ਖੋਜ ਖੁਜਾਵੇਗਾ । ਕਾਇਨਾਤ ਪੜਦਾ ਲਾਹਵੇਗਾ । ਉਮਤ ਨਬੀ ਰਸੂਲ ਭੇਵ ਚੁਕਾਵੇਗਾ । ਮੁਰੀਦ ਮੁਰਸ਼ਦ

ਕਰ ਕਬੂਲ, ਕਾਇਆ ਕਾਅਬਾ ਇਕ ਵਖਾਵੇਗਾ । ਪਿਛਲਾ ਬਦਲ ਸਰਬ ਅਸੂਲ, ਸਾਚੀ ਸਿਖਿਆ ਇਕ ਦ੍ਰਿੜਾਵੇਗਾ । ਹੁਕਮ ਦੇ ਕੇ ਇਕ ਮਾਅਕੂਲ, ਮਹਿੰਮਾ ਆਪਣੀ ਇਕ ਜਣਾਵੇਗਾ । ਲੇਖਾ ਜਾਣੇ ਕਾਤਲ ਮਕਤੂਲ, ਮਕਰੂਜ਼ ਘਰ ਘਰ ਖੋਜ ਖੁਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਵੇਗਾ । ਨਿਰਗੁਣ ਆਪਣਾ ਵੇਸ ਵਟਾਵੇਗਾ । ਗੁਰ ਅਵਤਾਰ ਵੇਖ ਵਖਾਵੇਗਾ । ਬ੍ਰਹਿਮੰਡ ਖੰਡ ਬੰਨ੍ਹੇ ਧਾਰ, ਪੁਰੀਆਂ ਲੋਆਂ ਡੇਰਾ ਢਾਹਵੇਗਾ । ਕਲਜੁਗ ਕੂੜਾ ਕਰਕੇ ਪਾਰ, ਸਤਿਜੁਗ ਸਾਚਾ ਇਕ ਪਰਗਟਾਵੇਗਾ । ਲੱਖ ਚੁਰਾਸੀ ਦੇ ਅਧਾਰ, ਸੰਤ ਸੁਹੇਲੇ ਮੇਲ ਮਿਲਾਵੇਗ । ਭਗਤਾਂ ਅੰਦਰ ਬੋਲ ਜੈਕਾਰ, ਨਾਅਰਾ ਇਕੋ ਇਕ ਜਣਾਵੇਗਾ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਪਾਵੇ ਸਾਰ, ਦੂਜਾ ਸੰਗ ਨਾ ਕੋਇ ਰਲਾਵੇਗਾ । ਲੇਖਾ ਜਾਣੇ ਜ਼ਿਮੀਂ ਅਸਮਾਨ, ਧਰਨੀ ਧਰਤ ਧਵਲ ਖੋਜ ਖੁਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿਬੂਬ ਆਪਣਾ ਵੇਸ ਵਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਸਚ ਦਵਾਰ, ਸਤਿ ਸਤਿ ਰਹੇ ਜਣਾਈਆ । ਕਿਰਪਾ ਕਰ ਸਿਰਜਣਹਾਰ, ਸਤਿ ਸਤਿਵਾਦੀ ਤੇਰੇ ਹੱਥ ਵਡਿਆਈਆ । ਅਸੀਂ ਸੇਵਾ ਕਰਕੇ ਆਏ ਜੁਗ ਚਾਰ, ਚੌਕੜੀ ਤੇਰਾ ਹੁਕਮ ਮੰਨ ਮੰਨ ਸੀਸ ਨਿਵਾਈਆ । ਸ੍ਰਿਸ਼ਟ ਸਬਾਈ ਦੱਸ ਕੇ ਆਏ ਵਿਹਾਰ, ਸ਼ਾਸਤਰ ਸਿਮਰਤ ਕਰ ਪੜ੍ਹਾਈਆ । ਨਾਮ ਨਿਧਾਨ ਦੀ ਜਣਾ ਕੇ ਆਏ ਧਾਰ, ਆਤਮ ਪਰਮਾਤਮ ਪੜਦਾ ਲਾਹੀਆ । ਮੰਦਰ ਮਹੱਲ ਅਟਲ ਦੱਸ ਕੇ ਆਏ ਸਾਢੇ ਤਿੰਨ ਹੱਥ ਇਕ ਮੀਨਾਰ, ਕਾਇਆ ਮਾਟੀ ਵੱਜੇ ਵਧਾਈਆ । ਜਿਸ ਦੇ ਅੰਦਰ ਦੀਵਾ ਬਾਤੀ ਜਗੇ ਅਗੰਮ ਅਪਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਅਨਹਦ ਸ਼ਬਦ ਵੱਜੇ ਧੁਨਕਾਰ, ਅਨਰਾਗੀ ਰਾਗ ਸੁਣਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਆਤਮ ਸੇਜਾ ਕਰੇ ਪਿਆਰ, ਸਚ ਸਿੰਘਾਸਣ ਇਕ ਸੁਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਪ੍ਰਭ ਵੇਖ ਦਰਦ, ਦੀਨ ਦੁਖੀ ਰਹੇ ਕੁਰਲਾਈਆ । ਕਲਜੁਗ ਫੜੀ ਛੁਰੀ ਕਰਦ, ਹਲਾਲੀ ਝਟਕਾ ਰਿਹਾ ਵਖਾਈਆ । ਗੁਰ ਅਵਤਾਰ ਕਰਨ ਅਰਜ਼ੋਈ ਅਰਜ਼, ਨਮੋ ਨਮੋ ਸੀਸ ਝੁਕਾਈਆ । ਬਿਨ ਤੇਰੇ ਕਲ ਕਲਕੀ ਕੋਈ ਨਾ ਪੂਰਾ ਕਰੇ ਫ਼ਰਜ਼, ਫ਼ੈਸਲਾ ਹਕ ਨਾ ਕੋਇ ਸੁਣਾਈਆ । ਜਗਤ ਜਹਾਨ ਜੀਵ ਰਿਹਾ ਤੜਫ, ਬਿਹਬਲ ਹੋ ਕੇ ਦਏ ਦੁਹਾਈਆ । ਨਵ ਨੌਂ ਚਾਰ ਰਿਹਾ ਭਟਕ, ਅੱਖ ਪ੍ਰਤਖ ਨਾ ਕੋਇ ਖੁਲ੍ਹਾਈਆ । ਮੰਜ਼ਲ ਚੜ੍ਹਨ ਤੋਂ ਸਾਰੇ ਗਏ ਅਟਕ, ਦਸਮ ਦਵਾਰੀ ਬਹਿ ਕੇ ਤੇਰਾ ਦਰਸ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਲੋਕਮਾਤ ਪਰਤ, ਪ੍ਰਤੀਨਿਧ ਹੋ ਕੇ ਫੇਰਾ ਪਾਈਆ । ਹੌਲਾ ਭਾਰ ਕਰ ਧਰਤ, ਧਵਲ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਵਹਾਵਣ ਨੀਰ, ਨੈਣ ਨੈਣ ਉਛਾਲਿਆ । ਤੇਰੀ ਸਚ ਨਾ ਦਿਸੇ ਕੋਈ ਤਸਵੀਰ, ਨੂਰੋ ਨੂਰ ਨਾ ਕੋਇ ਉਜਾਲਿਆ । ਕਲਜੁਗ ਸ਼ਰਅ ਪਿਆ ਜ਼ੰਜੀਰ, ਦੀਨ ਮਜ਼੍ਹਬ ਬੰਧਨ ਨਾ ਕਿਸੇ ਤੁੜਾਲਿਆ । ਜ਼ਾਤ ਪਾਤ ਲੱਗੀ ਪੀੜ, ਹਉਮੇ ਰੋਗ ਨਾ ਕਿਸੇ ਚੁਕਾ ਲਿਆ । ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਸਤਿਗੁਰ ਦਰਸ ਕੋਇ ਨਾ ਪਾ ਲਿਆ । ਭਰਮੇ ਭੁੱਲੇ ਪੀਰ ਫ਼ਕੀਰ, ਫ਼ਿਕਰਾ ਹਕ ਨਾ ਕਿਸੇ ਸੁਣਾ ਲਿਆ । ਅੰਤਰ ਦੇਵੇ ਨਾ ਕੋਇ ਧੀਰ, ਬਸੰਤਰ ਬਾਹਰੋਂ ਨਾ ਕੋਇ ਬੁਝਾ ਰਿਹਾ । ਜੁਗ ਚੌਕੜੀ ਆਪਣਾ ਪੈਂਡਾ ਗਏ ਚੀਰ, ਕਲਜੁਗ

੭੩੩
੧੭

ਵੇਲਾ ਅੰਤ ਚਾਰੋਂ ਕੁੰਟ ਅੰਧੇਰਾ ਛਾ ਰਿਹਾ । ਸਾਚਾ ਦਿਸੇ ਨਾ ਕੋਈ ਸੰਤ, ਜੋ ਪੁਰਖ ਅਕਾਲ ਮੇਲ ਮਿਲਾ ਰਿਹਾ । ਮਾਇਆ ਪਈ ਬੇਅੰਤ, ਭਰਮੀ ਭਰਮ ਭੁੱਲਾ ਰਿਹਾ । ਤੂੰ ਆਦਿ ਜੁਗਾਦੀ ਧੁਰ ਦਾ ਕੰਤ, ਸਚ ਸਵਾਮੀ ਇਕੋ ਨਜ਼ਰੀ ਆ ਰਿਹਾ । ਹਿੰਦੂ ਮੁਸਲਿਮ ਸਿੱਖ ਈਸਾਈ ਦੱਸ ਆਪਣਾ ਮੰਤ, ਧੁਰ ਦਾ ਢੋਲਾ ਇਕ ਜਣਾ ਲਿਆ । ਗੜ੍ਹ ਤੁੱਟੇ ਹਉਮੇ ਹੰਗਤ, ਹੰ ਬ੍ਰਹਮ ਇਕ ਪਰਗਟਾ ਲਿਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣੇ ਸਾਚੀ ਸੰਗਤ, ਊਚ ਨੀਚ ਨਾ ਕੋਇ ਰਖਾ ਲਿਆ । ਬੋਧ ਅਗਾਧਾ ਬਣ ਪੰਡਤ, ਧੁਰ ਦੀ ਵਿਦਿਆ ਇਕ ਪੜ੍ਹਾ ਲਿਆ । ਸਚ ਦਵਾਰੇ ਤੇਰੇ ਸਾਰੇ ਕਰਦੇ ਮਿੰਨਤ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾ ਲਿਆ । ਪੁਰਖ ਅਕਾਲ ਤੇਰੇ ਹੱਥ ਵਡਿਆਈ ਵੱਡੀ ਹਿੰਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾ ਲਿਆ । ਸ੍ਰੀ ਭਗਵਾਨ ਸਚ ਦ੍ਰਿੜੋਂਦਾ ਏ । ਵਿਸ਼ਨ ਬ੍ਰਹਮੇ ਸ਼ਿਵ ਧੀਰ ਰਖਾਉਂਦਾ ਏ । ਕਲਜੁਗ ਵੇਲਾ ਅੰਤ ਅਖ਼ੀਰ, ਸਦੀ ਵੀਹਵੀਂ ਰੰਗ ਰੰਗਾਉਂਦਾ ਏ । ਨਿਰਗੁਣ ਸਰਗੁਣ ਖੇਲ ਕਰੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣੀ ਕਲ ਪਰਗਟਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਸ ਵਟਾਉਂਦਾ ਏ । ਸਤਿ ਸਤਿਵਾਦੀ ਵੇਸ ਵਟਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨੈਣ ਖੁਲ੍ਹਾਵਾਂਗਾ । ਦਰ ਦਰਵੇਸ਼ ਹੋ ਕੇ ਅਲਖ ਜਗਾਵਾਂਗਾ । ਜੁਗ ਚੌਕੜੀ ਧਾਰਨਹਾਰਾ ਭੇਖ, ਭੇਖੀ ਹੋ ਕੇ ਫੇਰਾ ਪਾਵਾਂਗਾ । ਡੇਰਾ ਲਾ ਕੇ ਸੰਬਲ ਦੇਸ, ਸਚ ਸੰਦੇਸਾ ਇਕ ਸੁਣਾਵਾਂਗਾ । ਦੋ ਜਹਾਨਾਂ ਬਣ ਨਰੇਸ਼, ਨਰ ਨਰਾਇਣ ਨਾਉਂ ਪਰਗਟਾਵਾਂਗਾ । ਕਲਜੁਗ ਅੰਤਮ ਖੇਲ ਕੇ ਖੇਡ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਜੋਤੀ ਜਲਵਾ ਦੇ ਕੇ ਤੇਜ, ਸ਼ਬਦ ਸ਼ਬਦੀ ਸ਼ਬਦ ਸੁਣਾਵਾਂਗਾ । ਧੁਰ ਦਾ ਦੂਤ ਇਕੋ ਭੇਜ, ਨਵ ਚਾਰ ਅੰਤ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਰਗ ਇਕੋ ਇਕ ਵਖਾਵਾਂਗਾ । ਮਾਰਗ ਇਕੋ ਇਕ ਲੱਗੇ ਗਾ । ਦੀਪਕ ਜੋਤੀ ਨੂਰ ਜਗੇ ਗਾ । ਸ਼ਬਦ ਅਨਾਦੀ ਨਾਦ ਵੱਜੇ ਗਾ । ਕੂੜੀ ਕਿਰਿਆ ਭਾਂਡਾ ਭੱਜੇਗਾ । ਸਤਿਜੁਗ ਸਾਚਾ ਉਠ ਕੇ ਗੱਜੇਗਾ । ਭਗਤ ਭਗਵਾਨ ਇਕ ਦੂਜੇ ਨੂੰ ਵੇਖ ਵੇਖ ਹੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਅੱਗੇ ਲੱਗੇ ਗਾ । ਸਾਚਾ ਰਹਿਬਰ ਹੋ ਕੇ ਆਏਗਾ । ਪੁਰਖ ਅਕਾਲ ਵੇਸ ਵਟਾਏਗਾ । ਦੇਸ ਪਰਦੇਸ ਖੋਜ ਖੁਜਾਏਗਾ । ਆਦਿ ਜੁਗਾਦੀ ਰਹਿਣ ਵਾਲਾ ਹਮੇਸ਼, ਆਪਣੀ ਕਲ ਧਰਾਏਗਾ । ਕੂੜੀ ਕਿਰਿਆ ਮੇਟ ਕੇ ਲੋਕਮਾਤ ਸਚ ਨਰੇਸ਼, ਨਾਅਰਾ ਇਕੋ ਇਕ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਏਗਾ । ਭੇਵ ਅਭੇਦਾ ਆਪ ਖੁਲ੍ਹਾਵੇਗਾ । ਚਾਰੇ ਵੇਦਾਂ ਵੇਖ ਵਖਾਵੇਗਾ । ਪੁਰਾਨ ਅਠਾਰਾਂ ਪੜਦਾ ਲਾਹਵੇਗਾ । ਛੇ ਸ਼ਾਸਤਰ ਭੇਵ ਚੁਕਾਵੇਗਾ । ਸਿਮਰਤ ਮਾਣ ਨਾ ਕੋਇ ਰਖਾਵੇਗਾ । ਅੱਠ ਦੱਸ ਖੋਜ ਖੁਜਾਵੇਗਾ । ਅੰਜੀਲ ਕੁਰਾਨਾਂ ਦਰ ਬਹਾਵੇਗਾ । ਇਕੋ ਹੁਕਮ ਸੁਣਾਵੇਗਾ । ਖਾਣੀ ਬਾਣੀ ਰੰਗ ਰੰਗਾਵੇਗਾ । ਸ਼ਬਦ ਹਾਣੀ ਇਕ ਮਿਲਾਵੇਗਾ । ਜਨ ਭਗਤਾਂ ਦੇ ਕੇ ਨਾਮ ਨਿਸ਼ਾਨੀ, ਨਿਸ਼ਾਨਾ ਤੀਰ ਇਕ ਚਲਾਵੇਗਾ । ਅੰਮ੍ਰਿਤ ਦੇ ਕੇ ਠੰਡਾ ਪਾਣੀ, ਨਿਜਰ ਝਿਰਨਾ ਇਕ ਝਿਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਲਾਵੇਗਾ । ਸਤਿਜੁਗ ਮਾਰਗ ਜਾਏ ਲੱਗ, ਹਰਿ ਕਰਤਾ ਆਪ ਲਗਾਈਆ । ਸਚ ਦਵਾਰਾ ਜਾਏ ਸਜ, ਧਰਨੀ

ਧਰਤ ਖ਼ੁਸ਼ੀ ਮਨਾਈਆ । ਸਭ ਨੂੰ ਕਰਾਏ ਇਕੋ ਹੱਜ, ਕਾਇਆ ਕਾਅਬਾ ਦਏ ਵਖਾਈਆ । ਸਾਢੇ ਤਿੰਨ ਹੱਥ ਮੰਦਰ ਮਸਜਿਦ ਮਠ, ਸ਼ਿਵਦਵਾਲਾ ਦਏ ਪਰਗਟਾਈਆ । ਹਰਿ ਮੰਦਰ ਵਖਾਏ ਪੁਰਖ ਸਮਰਥ, ਹਰ ਘਟ ਇਕੋ ਨਜ਼ਰੀ ਆਈਆ । ਦੀਪਕ ਜੋਤੀ ਰਹੀ ਜਗ, ਨਿਤ ਨਵਿਤ ਕਰੇ ਰੁਸ਼ਨਾਈਆ । ਜਗਤ ਦਵਾਰੇ ਪਾਰ ਕਰਕੇ ਹੱਦ, ਘਰ ਆਪਣੇ ਲਏ ਮਿਲਾਈਆ । ਕੂੜੀ ਕਿਰਿਆ ਸਾਰੇ ਜਾਣ ਛੱਡ, ਮਾਇਆ ਮਮਤਾ ਮੋਹ ਚੁਕਾਈਆ । ਇਕੋ ਨਾਮ ਨਿਧਾਨ ਸ਼ਬਦ ਗੁਰ ਨਿਰਗੁਣ ਲੈਣ ਭੱਜ, ਭਜਨ ਬੰਦਗੀ ਇਕੋ ਇਕ ਵਖਾਈਆ । ਇਕੋ ਨਹਾਵਣ ਤੀਰਥ ਤਟ, ਸਰ ਸਰੋਵਰ ਇਕ ਸਮਝਾਈਆ । ਇਕੋ ਖੋਲ੍ਹੇ ਧੁਰ ਦਾ ਹੱਟ, ਵਣਜਾਰਾ ਇਕੋ ਬੇਪਰਵਾਹੀਆ । ਇਕੋ ਵਸਤ ਅਮੋਲਕ ਦੇਵੇ ਘੱਤ, ਕਾਇਆ ਝੋਲੀ ਆਪ ਭਰਾਈਆ । ਇਕੋ ਦੇਵੇ ਸਾਚੀ ਮੱਤ, ਮਨ ਮਤ ਦਏ ਗਵਾਈਆ । ਇਕੋ ਖੋਲ੍ਹੇ ਨਿਜ ਨੇਤਰ ਆਪਣੀ ਅੱਖ, ਦੋਏ ਲੋਚਣ ਬੰਦ ਕਰਾਈਆ । ਇਕੋ ਤੇਰਾ ਮੇਰਾ ਢੋਲਾ ਸੋਹੰ ਗਾਏ ਜਸ, ਆਤਮ ਪਰਮਾਤਮ ਮਿਲ ਮਿਲ ਖ਼ੁਸ਼ੀ ਮਨਾਈਆ । ਇਕੋ ਮਹੱਲ ਅਟਲ ਉਚ ਮਨਾਰੇ ਜਾਵੇ ਵਸ, ਇਕੋ ਛੱਪਰ ਛੰਨ ਸੁਹਾਈਆ । ਇਕੋ ਮੇਲ ਮਿਲਾਏ ਪੁਰਖ ਸਮਰਥ, ਨਾਤਾ ਕੂੜਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਇਕ ਸਮਝਾਵਾਂਗਾ । ਗੁਰ ਅਵਤਾਰਾਂ ਸਚ ਦ੍ਰਿੜਾਵਾਂਗਾ । ਧੁਰ ਦਾ ਹੁਕਮ ਇਕ ਸੁਣਾਵਾਂਗਾ । ਕਲਜੁਗ ਮੇਟ ਕੇ ਕੂੜਾ ਤੁਖ਼ਮ, ਸਤਿਜੁਗ ਸਾਚਾ ਸਚ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਵਾਂਗਾ । ਸਿਰ ਆਪਣਾ ਰੱਖੇ ਹੱਥ, ਪ੍ਰਭ ਕਲਜੁਗ ਅੰਤਮ ਦਇਆ ਕਮਾਈਆ । ਕਰੇ ਖੇਲ ਅਗੰਮੀ ਝੱਬ, ਅਗੰਮੜੀ ਕਾਰ ਕਮਾਈਆ । ਸਦੀ ਚੌਧਵੀਂ ਪੂਰੀ ਕਰਕੇ ਹੱਦ, ਹਦੂਦ ਆਪਣੀ ਦਏ ਸਮਝਾਈਆ । ਪੀਰ ਪੈਗ਼ੰਬਰ ਦਰ ਤੇ ਸੱਦ, ਕਲਮਾ ਇਕ ਸਮਝਾਈਆ । ਪਿਛਲੀ ਰੀਤੀ ਸਾਰੇ ਜਾਓ ਛੱਡ, ਛੁਰੀ ਜ਼ਿਬਹ ਨਾ ਕੋਇ ਕਰਾਈਆ । ਮਿਲੇ ਮੇਲ ਸੂਰੇ ਸਰਬਗ, ਸਾਹਿਬ ਸੁਲਤਾਨ ਇਕ ਅਖਵਾਈਆ । ਘਰ ਵਿਚੋਂ ਬੈਠਾ ਪਏ ਲੱਭ, ਮਹਿਬੂਬ ਨੂਰ ਖ਼ੁਦਾਈਆ । ਉਸਦਾ ਕਰੋ ਸਦਾ ਅਦਬ, ਆਦਾਬ ਇਕੋ ਇਕ ਜਣਾਈਆ । ਜਿਸ ਦਾ ਨਾ ਕੋਈ ਦੀਨ ਨਾ ਮਜ਼੍ਹਬ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਜਣਾਈਆ । ਕਲਜੁਗ ਵੇਖੋ ਸਦੀ ਚੌਧਵੀਂ ਉਮਤ ਉਮਤੀ ਕੀ ਹੋਇਆ ਗ਼ਜ਼ਬ, ਗ਼ਰਜ਼ ਭਰੀ ਲੋਕਾਈਆ । ਚਾਰ ਕੁੰਟ ਹੋਈ ਤਅੱਜੁਬ, ਤੋਬਾ ਤੋਬਾ ਰਹੀ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨੂਰੀ ਖ਼ੁਦਾ ਕਰੇ ਅਦਲ, ਅਦਾਲਤ ਇਕੋ ਘਰ ਵਖਾਈਆ । ਪਿਛਲੀ ਕਰਨੀ ਦੇਵੇ ਬਦਲ, ਬਦਲਾ ਸਭ ਦਾ ਰਿਹਾ ਚੁਕਾਈਆ । ਸਾਚੇ ਦੀਪਕ ਮੁਰੀਦ ਮੁਰਸ਼ਦ ਦੋਵੇਂ ਜਗਣ, ਜੋਤੀ ਬਾਤੀ ਇਕੋ ਡਗਮਗਾਈਆ । ਕੂੜੀ ਕਿਰਿਆ ਮੇਟ ਕੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਵੇ ਅਖ਼ੀਰੀ ਮੰਜ਼ਲ, ਮੰਜ਼ਲ ਚੜ੍ਹ ਕੇ ਭਗਤ ਪੰਧ ਮੁਕਾਈਆ । ਸੋਹੰ ਢੋਲਾ ਸੁਣਾਏ ਸਾਚੀ ਗ਼ਜ਼ਲ, ਨਗ਼ਮਾ ਨਾਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਖਾਈਆ । ਧੁਰ ਦਾ ਲੇਖਾ ਇਕ ਵਖਾਉਂਦਾ ਏ । ਸਾਚਾ ਦ੍ਰਿਸ਼ ਇਕ ਜਣਾਉਂਦਾ ਏ । ਦੀਨ ਮਜ਼੍ਹਬ ਦੀ ਮੇਟ ਕੇ ਹਰਸ, ਹਵਸ ਅਗਲੀ ਬੰਦ ਕਰਾਉਂਦਾ ਏ । ਭੇਵ ਚੁਕਾਵੇ ਅਰਸ਼ ਫ਼ਰਸ਼, ਕਾਇਆ ਕਾਅਬਾ ਇਕ ਖੁਲ੍ਹਾਉਂਦਾ ਏ । ਜੋਧਾ ਸੂਰ ਬਣਕੇ ਮਰਦ, ਮਰਦਾਨਗੀ ਆਪਣੇ ਹੱਥ ਰਖਾਉਂਦਾ ਏ । ਸਦੀ ਚੌਧਵੀਂ ਬੋਲੇ ਗਰਜ, ਧੁਰ


੭੩੫
੧੭

ਦਾ ਨਾਅਰਾ ਇਕ ਲਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਉਂਦਾ ਏ । ਸਤਿਜੁਗ ਸਾਚੀ ਧਾਰ ਬੰਧਾਵਾਂਗਾ । ਚਾਰ ਯਾਰੀ ਪੰਧ ਮੁਕਾਵਾਂਗਾ । ਅੱਲਾ ਰਾਣੀ ਨੈਣ ਸ਼ਰਮਾਵਾਂਗਾ । ਇਕ ਇਕੱਲਾ ਹੁਕਮ ਮਨਾਵਾਂਗਾ । ਨੌਂ ਖੰਡ ਸੱਤ ਦੀਪ, ਮਹੱਲਾ ਇਕੋ ਇਕ ਬਣਾਵਾਂਗਾ । ਦੂਰ ਦੁਰਾਡਾ ਚਲ ਆਵਾਂ ਨਜ਼ਦੀਕ, ਨੇਰਨ ਨੇਰਾ ਹੋ ਕੇ ਨਜ਼ਰੀ ਆਵਾਂਗਾ । ਖੇਲ ਕਰਾਂ ਲਾਸ਼ਰੀਕ, ਕਲਜੁਗ ਸ਼ਿਰਕਤ ਪਰੇ ਹਟਾਂਵਗਾ । ਕਲਜੁਗ ਅੰਧੇਰਾ ਮੇਟ ਤਾਰੀਕ, ਨੂਰੀ ਚੰਦ ਇਕ ਚਮਕਾਵਾਂਗਾ । ਪ੍ਰਭ ਮਿਲਣ ਦੀ ਸਚ ਪ੍ਰੀਤ, ਸਾਚਾ ਮਾਰਗ ਇਕ ਦਰਸਾਵਾਂਗਾ । ਪੀਰ ਪੈਗ਼ੰਬਰ ਔਲੀਏ ਕੁਤਬ ਗਾਵਣ ਇਕੋ ਗੀਤ, ਢੋਲਾ ਇਕੋ ਰਾਗ ਅਲਾਵਾਂਗਾ । ਖਹਿੜਾ ਛੁੱਟ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮੱਠ ਇਕੋ ਘਰ ਜਣਾਵਾਂਗਾ । ਮਾਣ ਦਵਾਕੇ ਹਸਤ ਕੀਟ, ਊਚ ਨੀਚ ਰਾਓ ਰੰਕ ਰਾਜ ਰਾਜਾਨ ਇਕੋ ਰੰਗ ਰੰਗਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖ ਕੇ ਨੀਤ, ਨੀਤੀਵਾਨ ਹੋ ਕੇ ਆਪਣਾ ਹੁਕਮ ਵਰਤਵਾਂਗਾ । ਸਦੀ ਵੀਹਵੀਂ ਰਹੀ ਬੀਤ, ਬੀਤੀ ਕਹਾਣੀ ਸਭ ਦੀ ਝੋਲੀ ਪਾਵਾਂਗਾ । ਅੱਗੇ ਚਲੇ ਸਾਚੀ ਰੀਤ, ਸਾਚੀ ਧਾਰ ਆਪ ਰਖਾਵਾਂਗਾ । ਨਿਰਗੁਣ ਨਿਰਵੈਰ ਨਿਰੰਕਾਰ ਨੀਕਨ ਨੀਕ, ਨੂਰ ਨੁਰਾਨਾ ਜੋਤ ਜਗਾਵਾਂਗਾ । ਸ਼ਬਦ ਤਰਾਨਾ ਗਾਵਾਂ ਠੀਕ, ਠੀਕਰ ਕੂੜਾ ਭੰਨ ਵਖਾਵਾਂਗਾ । ਮਾਇਆ ਮਮਤਾ ਕਰਕੇ ਖ਼ਾਲੀ ਖ਼ੀਸ, ਸ਼ਾਹ ਸੁਲਤਾਨਾਂ ਦਰ ਦਰ ਭੀਖ ਮੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਅੰਤਮ ਲਹਿਣਾ ਤੇਰੀ ਝੋਲੀ ਪਾਵਾਂਗਾ । ਕਲਜੁਗ ਸੁਣ ਕੇ ਸਾਰੀ ਬਾਤ, ਆਪਣੀ ਲਏ ਅੰਗੜਾਈਆ । ਦੋਏ ਜੋੜ ਕੇ ਕਹੇ ਪ੍ਰਭੂ ਮੇਰੇ ਬਾਪ, ਸਚ ਖ਼ੁਦਾ ਤੇਰੀ ਸ਼ਰਨਾਈਆ । ਤੇਰੇ ਵਿਚੋਂ ਉਪਜੀ ਮੇਰੀ ਜ਼ਾਤ, ਵਖਰਾ ਨੂਰ ਨਜ਼ਰ ਨਾ ਆਈਆ । ਵਸਤ ਅਮੋਲਕ ਆਪਣੀ ਦਾਤ, ਤੂੰ ਮਾਲਕ ਝੋਲੀ ਦਿਤੀ ਪਾਈਆ । ਜੂਠ ਝੂਠ ਮੈਨੂੰ ਦੇ ਸੁਗ਼ਾਤ, ਲੋਕਮਾਤ ਸੇਵ ਲਗਾਈਆ । ਨਾਲ ਮਿਲਾਕੇ ਅੰਧੇਰੀ ਰਾਤ, ਅੰਧ ਅੰਧੇਰਾ ਦਿਤਾ ਕਰਾਈਆ । ਮੁਹੰਮਦ ਮਿਲਕੇ ਨਾਲ ਖ਼ਾਹਿਸ਼, ਖ਼ਲਕ ਤੇਰੀ ਵਿਚ ਸਮਾਈਆ । ਸਾਡਾ ਦੋਹਾਂ ਕਰ ਇਤਫ਼ਾਕ, ਫ਼ਕਤ ਆਪਣਾ ਹੁਕਮ ਸੁਣਾਈਆ । ਚਾਰੋਂ ਕੁੰਟ ਭੱਜੇ ਅਸੀਂ ਦਿਨ ਰਾਤ, ਨਵ ਸੱਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਲੇਖਾ ਰਿਹਾ ਜਣਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਦੇ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੈਂ ਸਤਿ ਧਰਮ ਦਾ ਕੀਤਾ ਨਾਸ, ਕੂੜਾ ਬੂਟਾ ਦਿਤਾ ਲਗਾਈਆ । ਮਨ ਮਨੂਆ ਕਰ ਬਦਮਾਸ਼, ਨੌਂ ਦਵਾਰੇ ਦਿਤੇ ਫਿਰਾਈਆ । ਪਿਤਾ ਦਾ ਪੁੱਤ ਕੋਲੋਂ ਕਰਾਇਆ ਘਾਤ, ਭੈਣਾਂ ਭਾਈ ਰਹੇ ਤਕਾਈਆ । ਕਲਜੁਗ ਨਾਰ ਹੋਈ ਕਮਜ਼ਾਤ, ਹਰਿ ਜੂ ਕੰਤ ਨਾ ਕੋਈ ਹੰਢਾਈਆ । ਘਰ ਘਰ ਵੰਡੀ ਝੂਠ ਸੌਗ਼ਾਤ, ਸਚ ਬੋਲਣ ਵਿਚ ਕਿਸੇ ਨਾ ਆਈਆ । ਹੋਵੇ ਸਹਾਈ ਨਾ ਕੋਈ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਸਿਰ ਹੱਥ ਨਾ ਕੋਇ ਟਿਕਾਈਆ । ਝਗੜਾ ਪਾ ਕੇ ਜ਼ਾਤ ਪਾਤ, ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਲੜਾਈਆ । ਆਪਣਾ ਕਰਕੇ ਕੰਮ ਖ਼ਾਸ, ਪ੍ਰਭੂ ਤੇਰੇ ਅੱਗੇ ਸੀਸ ਨਿਵਾਈਆ । ਏਹੋ ਜਿਹਾ ਫੇਰ ਕਿਸੇ ਨਹੀਂ ਕਰਨਾ ਰਾਜ, ਸਤਿਜੁਗ ਤ੍ਰੇਤਾ ਦੁਆਪਰ ਤੇਰੇ ਨੰਨ੍ਹੇ ਪੁੱਤ ਮੇਰੇ ਅੱਗੇ ਨਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਸਿਰ ਹੱਥ ਰਖਾਈਆ । ਕਲਜੁਗ ਸੁਣਕੇ ਬਾਤ ਏਕ, ਸਤਿਜੁਗ ਲਏ ਅੰਗੜਾਈਆ । ਪ੍ਰਭ ਮੈਂ ਨਹੀਂ ਵੇਖਣਾ ਝੂਠ ਭੇਖ, ਪਖੰਡੀ ਕੀ ਕੀ ਰਿਹਾ ਸੁਣਾਈਆ । ਇਸਨੇ

ਗੁਰੂਆਂ ਦੇ ਸਿਰ ਵਿਚ ਪਵਾਈ ਰੇਤ, ਬੱਚੇ ਨੀਹਾਂ ਹੇਠ ਦਬਾਈਆ । ਬੰਸ ਸਰਬੰਸ ਕਰਾਕੇ ਭੇਟ, ਆਪਣੀ ਖ਼ੁਸ਼ੀ ਰਿਹਾ ਵਖਾਈਆ । ਏਹੋ ਜੇਹਾ ਪੁੱਤ ਕਿਸੇ ਦੇ ਘਰ ਜੰਮੇ ਕੋਈ ਨਾ ਨੇਕ, ਜੋ ਕੁਲਘਾਤੀ ਨਜ਼ਰੀ ਆਈਆ । ਸਾਡੇ ਨਾਲੋਂ ਇਹਦਾ ਅੰਨ ਪਾਣੀ ਛੇਕ, ਭਾਈ ਚਾਰਾ ਰਹਿਣ ਕੋਈ ਨਾ ਪਾਈਆ । ਇਸਨੂੰ ਓਸ ਥਾਂ ਭੇਜ, ਜਿਥੋਂ ਸਿਰ ਨਾ ਸਕੇ ਉਠਾਈਆ । ਅਸੀਂ ਨੇਤਰ ਲਈਏ ਵੇਖ, ਇਹਨੂੰ ਕਿਵੇਂ ਮਿਲੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਸਾਚੀ ਆਸ ਪੁਜਾਈਆ । ਸਤਿਜੁਗ ਸੁਣਕੇ ਗੱਲ ਤ੍ਰੇਤਾ ਉਠੇ, ਉਠ ਉਠ ਲਏ ਅੰਗੜਾਈਆ । ਸ੍ਰੀ ਭਗਵਾਨ ਕੋਲੋਂ ਅੱਗੇ ਹੋ ਕੇ ਪੁੱਛੇ, ਦੋਏ ਜੋੜ ਪਿਆ ਸਰਨਾਈਆ । ਕਾਹਨੂੰ ਏਸ ਨੂੰ ਬਣਾਇਆ ਪੁੱਤੇ, ਜੋ ਪਿਓ ਪੁੱਤ ਰਿਹਾ ਲੜਾਈਆ । ਇਸ ਨੇ ਘਰ ਘਰ ਕਲਾ ਜਗਾਈ ਸੁੱਤੇ, ਸੁੱਤਿਆਂ ਰੋਂਦਿਆਂ ਰਿਹਾ ਜਣਾਈਆ । ਜੀਵ ਜੰਤ ਸਾਧ ਸੰਤ ਫੜ ਫੜ ਏਸ ਨੇ ਕੁੱਠੇ, ਕੂੜਾ ਡੰਡਾ ਹੱਥ ਉਠਾਈਆ । ਪ੍ਰਭ ਵੇਖ ਤੇਰੇ ਹੁੰਦੇ ਤੇਰੇ ਨਾਲੋਂ ਰੁੱਠੇ, ਏਸ ਕੀਤੀ ਆਪ ਜੁਦਾਈਆ । ਅੰਤਮ ਉਨ੍ਹਾਂ ਧਰਮ ਰਾਏ ਟੰਗੇ ਪੁੱਠੇ, ਬੌਹੜੀ ਦੇ ਸਜ਼ਾਈਆ । ਕਿਸੇ ਦੇ ਕਾਇਆ ਭਾਂਡੇ ਏਸਨੇ ਰਹਿਣ ਨਹੀਂ ਦਿਤੇ ਸੁੱਚੇ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਰਿਹਾ ਉਪਜਾਈਆ । ਅਸੀਂ ਸਾਰੇ ਏਸ ਦੇ ਨਾਲ ਹੋਏ ਗ਼ੁੱਸੇ, ਏਹੋ ਜਿਹਾ ਭਾਈ ਕੋਲ ਬਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੁਣਕੇ ਬਾਤ ਤ੍ਰੇਤੇ ਦੁਆਪਰ ਜਾਗਿਆ, ਆਪਣੀ ਲਏ ਅੰਗੜਾਈਆ । ਪ੍ਰਭ ਤੈਥੋਂ ਮੰਗਾਂ ਇਕੋ ਆਗਿਆ, ਆਗਿਆਕਾਰੀ ਹੋ ਕੇ ਸੀਸ ਨਿਵਾਈਆ । ਇਹ ਮੇਰੇ ਨਾਲੋਂ ਛੋਟਾ ਅੱਗੇ ਆਇਆ ਭਾਗਿਆ, ਲੋਕਮਾਤ ਆਪਣਾ ਡੇਰਾ ਲਾਈਆ । ਇਸ ਨੇ ਕੂੜ ਕੁੜਿਆਰੇ ਮਾਰੀ ਵਾਜਿਆ, ਜੂਠ ਝੂਠ ਲਿਆ ਉਠਾਈਆ । ਲੱਖ ਚੁਰਾਸੀ ਝੋਲੀ ਪਾਏ ਮੰਗਤਾ ਦਾਜਿਆ, ਹਉਮੇ ਹੰਗਤਾ ਕੂੜੀ ਕਿਰਿਆ ਕਰੀ ਕੁੜਮਾਈਆ । ਮਸਤਕ ਲਾਏ ਟਿੱਕਾ ਦਾਗ਼ਿਆ, ਦੁਰਮਤ ਮੈਲ ਸਕਿਆ ਨਾ ਕੋਈ ਧੁਆਈਆ । ਸਭ ਨੂੰ ਚਾੜ੍ਹ ਕੇ ਆਪਣੇ ਜਹਾਜਿਆ, ਸ਼ੌਹ ਦਰਿਆ ਰਿਹਾ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਮੁਕਾਈਆ । ਕਲਜੁਗ ਕਹੇ ਕਿਉਂ ਬੋਲੋ ਵੱਡੇ, ਤੁਹਾਨੂੰ ਮੇਰੀ ਸਮਝ ਕੋਈ ਨਾ ਆਈਆ । ਤੁਹਾਡੇ ਕੋਲ ਸਚ ਧਰਮ ਦੇ ਪੱਟੇ, ਥੋੜਾ ਹੁਕਮ ਸੁਣਾਈਆ । ਮੇਰਾ ਵੇਖੋ ਹੁਕਮ ਮੈਂ ਘਰ ਘਰ ਪਾਏ ਰੱਟੇ, ਬਚਿਆ ਕੋਈ ਨਜ਼ਰ ਨਾ ਆਈਆ । ਸ਼ਾਹ ਸੁਲਤਾਨ ਮਿਲਾਵਾਂ ਵਿਚ ਘੱਟੇ, ਖ਼ਾਕੀ ਖ਼ਾਕ ਨਾਲ ਰਲਾਈਆ । ਕਿਸੇ ਦੇ ਮੂੰਹ ਵਿਚ ਦਿਤੇ ਕੱਟੇ ਵੱਛੇ, ਕਿਸੇ ਨੂੰ ਸੂਰਾਂ ਨਾਲ ਰਜਾਈਆ । ਸਤਿ ਧਰਮ ਵਿਚ ਰਹੇ ਕੋਇ ਨਾ ਬਚੇ, ਬਚਪਨ ਸਭ ਦੇ ਦਿਤੇ ਰੁਲਾਈਆ । ਕਾਇਆ ਭਾਂਡੇ ਮਾਟੀ ਵੇਖ ਕੇ ਕੱਚੇ, ਠੋਕਰ ਉਤੇ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਿਤਾ ਇਕ ਵਰ, ਮੈਂ ਸੋਹਣੀ ਸੇਵ ਕਮਾਈਆ । ਸੇਵ ਕਰਨ ਨੂੰ ਸਭ ਤੋਂ ਚੰਗਾ, ਕਲਜੁਗ ਆਪ ਜਣਾਇੰਦਾ । ਨੇਤਰ ਰੋਵਣ ਜਮਨਾ ਸੁਰਸਤੀ ਗੋਦਾਵਰੀ ਗੰਗਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਾਧ ਸੰਤ ਵਿਚ ਨੁਹਾਇਆ ਨੰਗਾ, ਕਲਜੁਗ ਕੂੜ ਕੁੜਿਆਰ ਤਾਰੀਆਂ ਲਾਇੰਦਾ । ਬੰਦਗੀ ਵਿਚੋਂ ਭੁਲਾਇਆ ਬੰਦਾ, ਬੰਧਨ ਅੰਤ ਨਾ ਕੋਇ ਤੁੜਾਇੰਦਾ । ਮਨ ਹਰਾਮੀ ਕਰਕੇ ਗੰਦਾ, ਸਚ ਸੁੱਚ ਪਰੇ ਹਟਾਇੰਦਾ । ਕਿਸੇ ਦੇ ਅੰਦਰ ਜੋਤੀ ਚੜ੍ਹਨ ਨਾ ਦਿਤਾ ਚੰਦਾ, ਨੂਰੋ ਨੂਰ ਨਾ ਕੋਇ ਚਮਕਾਇੰਦਾ । ਅਨਹਦ ਸ਼ਬਦ ਨਾ ਵੱਜੇ ਕੋਈ ਸਾਰੰਗਾ, ਸੁਰ ਤਾਲ ਨਾ ਕੋਇ ਮਿਲਾਇੰਦਾ । ਸਾਧ


੭੩੭
੧੭

ਸੰਤ ਨੇਤਰ ਹੀਣ ਕੀਤਾ ਅੰਧਾ, ਤੀਜਾ ਲੋਚਣ ਨਾ ਕੋਇ ਖੁਲ੍ਹਾਇੰਦਾ । ਨੌਂ ਖੰਡ ਪ੍ਰਿਥਮੀ ਹੁਣ ਕਰੌਣਾਂ ਦੰਗਾ, ਦੋ ਟਾਂਗਾ ਬਚਿਆ ਰਹਿਣ ਕੋਇ ਨਾ ਪਾਇੰਦਾ । ਇਕੋ ਕੂੜ ਕੁੜਿਆਰ ਦਾ ਫੜਨਾ ਖੰਡਾ, ਖੜਗ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਮੋਹੇ ਵਰ, ਜੋ ਮੇਰੀ ਕਰਨੀ ਵੇਖ ਖ਼ੁਸ਼ੀ ਮਨਾਇੰਦਾ । ਕਲਜੁਗ ਕਹੇ ਪ੍ਰਭ ਹੋਵੇ ਖ਼ੁਸ਼, ਕਰਨੀ ਮੇਰੀ ਵੇਖ ਵਖਾਈਆ । ਮੈਂ ਉਸ ਦਾ ਲਾਡਲਾ ਪੁੱਤ, ਚੌਥਾ ਜੁਗ ਨਾਉਂ ਧਰਾਈਆ । ਮੈਂ ਸੋਹਣੀ ਵਟਾਈ ਰੁੱਤ, ਬਸੰਤ ਵਿਚੋਂ ਖ਼ਿਜਾਂ ਖ਼ਿਜ਼ਾਂ ਦਿਤੀ ਲਿਆਈਆ । ਸਾਰੇ ਅੰਦਰੋ ਅੰਦਰ ਵਿਚੋਂ ਕਰਾਕੇ ਚੁੱਪ, ਰਸਨਾ ਜਿਹਵਾ ਬਾਹਰ ਦੀ ਕਰਾਂ ਪੜ੍ਹਾਈਆ । ਆਪਣੇ ਪਿਤਾ ਪੁਰਖ ਅਕਾਲ ਕੋਲੋਂ ਪੁੱਛ, ਹੋਛੀ ਮਤ ਸਰਬ ਬਣਾਈਆ । ਅੰਤ ਅਖ਼ੀਰ ਓਸ ਨੇ ਮੈਨੂੰ ਗੋਦੀ ਲੈਣਾ ਚੁੱਕ, ਵੇਲਾ ਵਕਤ ਗਿਆ ਆਈਆ । ਮੇਰਾ ਪੈਂਡਾ ਜਾਣਾ ਮੁੱਕ, ਲੋਕਮਾਤ ਨਾਤਾ ਦਿਆਂ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਦਏ ਸਮਝਾਈਆ । ਸਾਚੀ ਕਰਨੀ ਦੱਸ ਭਗਵਾਨ, ਅੰਤਮ ਅੰਤ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਬਿਆਨ, ਅੱਖਰਾਂ ਵਿਚ ਲਿਖਾਈਆ । ਸੋ ਵਕਤ ਪਹੁੰਚਿਆ ਆਣ, ਬੀਸ ਇਕੀਸਾ ਰਾਹ ਤਕਾਈਆ । ਤੂੰ ਸੂਰਬੀਰ ਮਰਦ ਮਰਦਾਨ, ਨੌਜਵਾਨ ਬੇਅੰਤ ਬੇਪਰਵਾਹੀਆ । ਮੈਂ ਤੇਰਾ ਬੱਚਾ ਪਰਗਟ ਹੋਇਆ ਵਿਚੋਂ ਤੇਰੇ ਖ਼ਾਨਦਾਨ, ਖ਼ਾਲਸ ਤੇਰਾ ਰੂਪ ਨਜ਼ਰੀ ਆਈਆ । ਤੇਰਾ ਸਤਿਜੁਗ ਨੰਨ੍ਹਾ ਇਕ ਨਾਦਾਨ, ਜਿਸ ਦੀ ਹੌਲੀ ਹੌਲੀ ਅੱਖ ਆਪਣੇ ਨਾਲ ਮਿਲਾਈਆ । ਤ੍ਰੇਤਾ ਦੁਆਪਰ ਮੇਰੇ ਨਾਲੋਂ ਕੋਈ ਨਾ ਹੋਇਆ ਬਲਵਾਨ, ਸਾਰੇ ਬੈਠੇ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗਲਾ ਵਰ, ਪਿਛਲਾ ਲੇਖਾ ਲੇਖੇ ਪਾਈਆ । ਸ੍ਰੀ ਭਗਵਾਨ ਸੁਣ ਕੇ ਪਿਆ ਹੱਸ, ਸਚਖੰਡ ਨਿਵਾਸੀ ਖ਼ੁਸ਼ੀ ਮਨਾਈਆ । ਤੁਹਾਡੇ ਕਿਸੇ ਦੇ ਨਹੀਂ ਕੁਛ ਵਸ, ਜੋ ਕਰਨੀ ਸੋ ਕਰ ਵਖਾਈਆ । ਜੁਗ ਜੁਗ ਹੁਕਮੇ ਅੰਦਰ ਰੱਖ, ਹੁਕਮੇ ਵਿਚ ਫਿਰਾਈਆ । ਕਿਸੇ ਨੂੰ ਦੇ ਕੇ ਧੀਰਜ ਜਤ, ਕਿਸੇ ਨੂੰ ਸਤਿ ਸੰਤੋਖ ਵਰਤਾਈਆ । ਕਿਸੇ ਨੂੰ ਦੇ ਕੇ ਬ੍ਰਹਮ ਮੱਤ, ਵਿਦਿਆ ਇਕ ਪੜ੍ਹਾਈਆ । ਕਿਸੇ ਦੀ ਝੋਲੀ ਜੂਠ ਝੂਠ ਦਿਤਾ ਘੱਤ, ਜੀਵਾਂ ਜੰਤਾਂ ਰਿਹਾ ਵਰਤਾਈਆ । ਕਰੇ ਖੇਲ ਪੁਰਖ ਸਮਰਥ, ਚਾਰ ਜੁਗ ਤੁਹਾਡੀ ਚਲੇ ਨਾ ਕੋਈ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋੜਨ ਹੱਥ, ਦਰ ਠਾਂਡੇ ਸੀਸ ਝੁਕਾਈਆ । ਵਿਸ਼ਨ ਬ੍ਰਹਮ ਸ਼ਿਵ ਖੋਲ੍ਹ ਕੇ ਅੱਖ, ਸਾਚੇ ਨੇਤਰ ਦਰਸ਼ਨ ਪਾਈਆ । ਕਰੋੜ ਤੇਤੀਸਾ ਮੰਗੇ ਮੰਗ, ਸੁਰਪਤ ਇੰਦ ਝੋਲੀ ਡਾਹੀਆ । ਤੇਰਾ ਖੇਲ ਸੂਰੇ ਸਰਬੰਗ, ਦੋ ਜਹਾਨਾਂ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੇ ਸਿਫ਼ਤ ਦੇ ਗੌਂਦੇ ਛੰਦ, ਸੋਹਲੇ ਢੋਲੇ ਰਾਗ ਨਾਦਾਂ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਮਾਲਕ, ਬੇਪਰਵਾਹ ਤੇਰੀ ਓਟ ਤਕਾਈਆ । ਹਉਂ ਬਾਲੇ ਨੱਢੇ ਤੇਰੇ ਬਾਲਕ, ਬਾਲੀ ਬੁਧ ਸਮਝ ਕਿਸੇ ਨਾ ਆਈਆ । ਤੂੰ ਨਿਰਮਲ ਨੂਰ ਜੋਤ ਬਣ ਸਾਲਸ, ਸਚ ਸਾਲਸੀ ਇਕ ਕਮਾਈਆ । ਸਭ ਦੀ ਨਿੰਦਰਾ ਲਾਹ ਆਲਸ, ਨੇਤਰ ਲੋਚਣ ਅੱਖ ਖੁਲ੍ਹਾਈਆ । ਜਨ ਭਗਤਾਂ ਦੇ ਧੁਰ ਦੀ ਢਾਰਸ, ਢੱਠਿਆਂ ਲੈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਹੱਥ ਵਡਿਆਈਆ । ਤੇਰੇ ਹੱਥ ਵਡਿਆਈ ਵਡ, ਵੱਡਾ ਇਕੋ ਨਜ਼ਰੀ

ਆਇੰਦਾ । ਕਲਜੁਗ ਕੂੜਾ ਮਾਤ ਵਿਚੋਂ ਕੱਢ, ਲੋਕ ਪਰਲੋਕ ਤੇਰਾ ਜਸ ਗਾਇੰਦਾ । ਸਤਿਜੁਗ ਸਾਚਾ ਧਰਨੀ ਸੱਦ, ਸੁਲਖਣੀ ਗੋਦ ਬਹਿ ਕੇ ਖ਼ੁਸ਼ੀ ਮਨਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇ ਮਤਿ, ਮਨਮਤ ਸਭ ਤੇਰੀ ਝੋਲੀ ਪਾਇੰਦਾ । ਨਿਜ ਨੇਤਰ ਅੰਤਰ ਖੋਲ੍ਹ ਅੱਖ, ਪ੍ਰਤਖ ਤੂ ਹੀ ਨਜ਼ਰੀ ਆਇੰਦਾ । ਅੰਮ੍ਰਿਤ ਆਤਮ ਸਰੋਵਰ ਸਾਚੇ ਛੱਟ, ਤਾਲ ਸੁਹਾਵਾ ਇਕ ਤੇਰਾ ਸੋਭਾ ਪਾਇੰਦਾ । ਭਾਗ ਲਗਾ ਕਾਇਆ ਮੱਟ, ਸ਼ਬਦ ਲਗਾ ਅਨਹਦ ਸੱਟ, ਸੋਈ ਸੁਰਤ ਆਪ ਉਠਾਇੰਦਾ । ਜੋਤੀ ਜੋਤ ਕਰ ਪਰਕਾਸ਼, ਘਰ ਆ ਕੇ ਮਿਲ ਪੁਰਖ ਅਬਿਨਾਸ਼, ਆਤਮ ਸੇਜਾ ਬਹਿ ਬਹਿ ਖ਼ੁਸ਼ੀ ਮਨਾਈਆ । ਅੰਦਰ ਬਾਹਰ ਗੁਪਤ ਜ਼ਾਹਰ ਬਾਤਨ ਆਪਨਾ ਦੇ ਸਾਥ, ਜ਼ਾਹਰ ਜ਼ਹੂਰ ਤੇਰਾ ਨੂਰ ਨਜ਼ਰੀ ਆਈਆ । ਸਰਬ ਸਵਾਮੀ ਅੰਤਰ ਜਾਮੀ ਘਟ ਨਿਵਾਸੀ ਪੂਰੀ ਕਰ ਆਸ, ਤ੍ਰਿਸਨਾ ਤ੍ਰਿਖਾ ਦੇ ਬੁਝਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਮਿਲੇ ਸਚ ਸੌਗਾਤ, ਜਨ ਭਗਤਾਂ ਬਣੇ ਸਾਚਾ ਸਾਥ, ਸਗਲਾ ਸੰਗ ਇਕ ਵਖਾਈਆ । ਦਿਵਸ ਰੈਣ ਅੱਠੇ ਪਹਿਰ ਰਹੇ ਪਰਭਾਤ, ਸ਼ਬਦ ਅਗੰਮੀ ਦੇਵੀਂ ਦਾਤ, ਦਇਆਵਾਨ ਝੋਲੀ ਪਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਮਾਲਕ ਸਭ ਦਾ ਬਾਪ, ਪੂਤ ਸਪੂਤੇ ਤੇਰਾ ਧਿਆਨ ਲਗਾਈਆ । ਕਲਜੁਗ ਅੰਤ ਸਾਚੇ ਸੰਤ ਸ੍ਰੀ ਭਗਵੰਤ ਆਪ ਲੰਘੌਣੇ ਆਪਣੇ ਘਾਟ, ਪੱਤਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿ ਧਰਮ ਦੀ ਬਖ਼ਸ਼ ਸੁਗਾਤ, ਚਾਰ ਵਰਨ ਅਠਾਰਾਂ ਬਰਨ ਨਜ਼ਰੀ ਆਏ ਇਕੋ ਜ਼ਾਤ, ਦੂਈ ਦਵੈਤੀ ਦੂਜ ਪ੍ਰਭ ਏਕਮ ਵਿਚ ਸਮਾਈਆ ।



## ੯ ਅੱਸੂ ੨੦੨੧ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਪਿੰਡ ਬੰਡਾਲਾ

ਨਿਹਕਰਮੀ ਕਰੇ ਆਪਣਾ ਕਰਮ, ਪੁਰਖ ਅਕਾਲ ਦਇਆ ਕਮਾਈਆ । ਸਤਿਜੁਗ ਸਾਚਾ ਏਕੋ ਧਰਮ, ਧਰਮ ਆਤਮਾ ਦਏ ਦ੍ਰਿੜਾਈਆ । ਦੂਈ ਦਵੈਤੀ ਮੇਟ ਕੇ ਭਰਮ, ਭਾਂਡਾ ਭਰਮ ਦਏ ਭੰਨਾਈਆ । ਕਾਇਆ ਮਾਟੀ ਝਗੜਾ ਚੁਕਾਕੇ ਚਰਮ, ਚੰਮ ਦ੍ਰਿਸ਼ਟੀ ਦਏ ਗੁਆਈਆ । ਲਹਿਣਾ ਮੁਕਾ ਕੇ ਵਰਨ ਬਰਨ, ਸਰਨ ਇਕੋ ਇਕ ਵਖਾਈਆ । ਮਾਰਗ ਦੱਸੇ ਤਰਨੀ ਤਰਨ, ਹਰਿ ਚਰਨ ਮਿਲੇ ਵਡਿਆਈਆ । ਸੰਤ ਸੁਹੇਲੇ ਆਵੇ ਫੜਨ, ਨਿਰਗੁਣ ਆਪਣਾ ਵੇਸ ਵਟਾਈਆ । ਸਾਚਾ ਢੋਲਾ ਦੱਸੇ ਪੜ੍ਹਨ, ਸ੍ਰਿਸ਼ਟ ਸਬਾਈ ਇਕੋ ਗਿਆਨ ਦ੍ਰਿੜਾਈਆ । ਸੱਚੇ ਪੌੜੇ ਦੱਸੇ ਚੜ੍ਹਨ, ਮੰਜ਼ਲ ਇਕੋ ਨਜ਼ਰੀ ਆਈਆ । ਸਚ ਦਵਾਰੇ ਦੱਸੇ ਵੜਨ, ਸਚਖੰਡ ਸਾਚੇ ਸੋਭਾ ਪਾਈਆ । ਲੇਖ ਚੁਕਾਵੇ ਮਰਨ ਡਰਨ, ਜਨਮ ਕਰਮ ਭੌ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਿਹਕਰਮੀ ਕਰੇ ਆਪਣਾ ਕੰਮ, ਹਰਿ ਕਰਤਾ ਵਡ ਵਡਿਆਈਆ । ਮਾਨਸ ਜਨਮ ਵੇਖੇ ਭਗਤ ਜਨ, ਸੰਤ ਸੁਹੇਲੇ ਖੋਜ ਖੁਜਾਈਆ । ਗੁਰਮੁਖਾਂ ਕਹੇ ਧੰਨ ਧੰਨ, ਜੋ ਹਰਿ ਹਰਿ ਨਾਮ ਧਿਆਈਆ । ਗੁਰਸਿਖਾਂ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਹੋ ਕੇ ਹੋਏ ਸਹਾਈਆ । ਏਕਾ ਰਾਗ ਸੁਣਾਏ ਕੰਨ, ਸਾਚੀ ਸਿਖਿਆ ਦਏ ਸਮਝਾਈਆ । ਨਾਮ ਪਦਾਰਥ ਦੇ ਕੇ ਧਨ, ਦੌਲਤ ਇਕੋ ਝੋਲੀ ਪਾਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਸ਼ਬਦ ਸੁਣਾਈਆ । ਮਨ ਕਾ ਮਣਕਾ ਫੇਰ ਕੇ ਮਨ, ਮਮਤਾ ਮੋਹ ਮਿਟਾਈਆ । ਕਰ ਪਰਕਾਸ਼ ਕਾਇਆ ਮਾਟੀ ਤਨ, ਤਤਵ ਸਾਚਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਿਹਕਰਮੀ ਕਰੇ ਆਪਣਾ ਖੇਲ, ਹਰਿ ਵੱਡਾ ਵਡ ਵਡਿਆਈਆ । ਸੰਤ ਸੁਹੇਲੇ ਲਏ ਮੇਲ, ਗੁਰਮੁਖ ਰੰਗ ਰੰਗਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰ ਸਮਝਾਈਆ । ਦੀਨਾਂ ਦਾ ਸੱਜਣ ਇਕ ਸੁਹੇਲ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਸਚ ਦਵਾਰੇ ਬੈਠਾ ਰਹੇ ਨਵੇਲ, ਅਲਖ ਅਗੋਚਰ ਆਪਣਾ ਆਸਣ ਲਾਈਆ । ਜੁਗ ਚੌਕੜੀ ਨਿਤ ਨਵਿਤ ਕਰੇ ਖੇਲ, ਨਿਰਗੁਣ ਸਰਗੁਣ ਧਾਰ ਚਲਾਈਆ । ਕੱਟਣਹਾਰਾ ਰਾਏ ਧਰਮ ਦੀ ਜੇਲ, ਜਮ ਕੀ ਫਾਂਸੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਇਕ ਅਖਵਾਈਆ । ਨਿਹਕਰਮੀ ਕਰੇ ਆਪਣੀ ਕਰਨੀ, ਕਰਤਾ ਵਡ ਵਡਿਆਈਆ । ਸਚ ਦਰਸਾਏ ਇਕੋ ਸਰਨੀ, ਪਰਮ ਪੁਰਖ ਚਰਨ ਧਿਆਨ ਜਣਾਈਆ । ਜੋਤੀ ਜੋਤ ਜਗੇ ਘਰ ਘਰਨੀ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਸਾਚੀ ਵਿਦਿਆ ਦੱਸੇ ਪੜ੍ਹਨੀ, ਪੰਡਤ ਪਾਂਧੇ ਲੋੜ ਰਹੇ ਨਾ ਰਾਈਆ । ਸਾਚੀ ਮੰਜ਼ਲ ਦੱਸੇ ਚੜ੍ਹਨੀ, ਔਖੀ ਘਾਟੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਨਿਹਕਰਮੀ ਖੇਲ ਕਰੇ ਹਰਿ ਸਤਿ, ਸਤਿ ਦਏ ਸਮਝਾਈਆ । ਅੰਤਰ ਉਪਜਾਏ ਬ੍ਰਹਮ ਮਤ, ਬ੍ਰਹਮ ਵਿਦਿਆ ਦਏ ਪੜ੍ਹਾਈਆ । ਝੋਲੀ ਪਾ ਕੇ ਧਰਮ ਹਕ, ਹਕੂਕ ਦੇਵੇ ਥਾਉਂ ਥਾਈਂਆ । ਦੂਰ ਦੁਰਾਡਾ ਆਵੇ ਨੱਠ, ਨੇਰਨ ਨੇਰਾ ਨਜ਼ਰੀ ਆਈਆ । ਧੁਰ ਦਾ ਮਾਰਗ ਇਕੋ ਦੱਸ, ਇਕੋ ਵਾਰ ਸਮਝਾਈਆ । ਗੁਰਮੁਖ ਗੁਰ ਗੁਰ ਕਰ ਵਸ, ਗੁਰਸਿਖ ਵੇਖੇ ਚਾਈਂ ਚਾਈਂਆ । ਸਰਬ ਜੀਆਂ ਆਤਮ ਪਰਮਾਤਮ ਗਾਉਂਣਾ ਜਸ, ਸੋਹੰ ਢੋਲਾ ਰਾਗ ਸੁਣਾਈਆ । ਜਾਗਤ ਸੋਵਤ ਖੁਲ੍ਹੇ ਅੱਖ, ਇਸ਼ਟੀ ਦ੍ਰਿਸ਼ਟੀ ਬੇਪਰਵਾਹੀਆ । ਲੇਖਾ ਜਾਣੇ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਿਹਕਰਮੀ ਜਾਣੇ ਮਿਤਗਤ, ਘਰ ਘਰ ਖੋਜ ਖੁਜਾਇੰਦਾ । ਦੇਵਣਹਾਰਾ ਧੀਰਜ ਯਤਿ, ਸਤਿ ਸੰਤੋਖ ਆਪ ਦ੍ਰਿੜਾਇੰਦਾ । ਰੱਖਣਹਾਰਾ ਸਿਰ ਹੱਥ, ਮਿਹਰ ਨਜ਼ਰ ਉਠਾਇੰਦਾ । ਵੇਖਣਹਾਰਾ ਤਤ ਅੱਠ, ਨੌਂ ਦਵਾਰੇ ਖੋਜ ਖੁਜਾਇੰਦਾ । ਵਸਣਹਾਰਾ ਭਗਤਾਂ ਸਾਥ, ਸਗਲਾ ਸੰਗ ਨਿਭਾਇੰਦਾ । ਪੜ੍ਹਾਵਣਹਾਰਾ ਇਕੋ ਗਾਥ, ਆਤਮ ਪਰਮਾਤਮ ਨਾਮ ਦ੍ਰਿੜ੍ਹਾਇੰਦਾ । ਚਲਾਵਣਹਾਰਾ ਸੱਚਾ ਰਾਥ, ਰਥਵਾਹੀ ਹੋ ਕੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਇੰਦਾ । ਨਿਹਕਰਮੀ ਮੇਟੇ ਕੋਟਨ ਪਾਪ, ਪਤਤ ਪੁਨੀਤ ਕਰਾਈਆ । ਸਰਬ ਜੀਆਂ ਦਾ ਮਾਈ ਬਾਪ, ਪਿਤਾ ਪੁਰਖ ਅਖਵਾਈਆ । ਨਾਮ ਪਦਾਰਥ ਦੇ ਕੇ ਦਾਤ, ਸ੍ਰਿਸ਼ਟ ਦਏ ਸਮਝਾਈਆ । ਕਲਜੁਗ ਮੇਟ ਅੰਧੇਰੀ ਰਾਤ, ਰੈਣ ਭਿੰਨੜੀ ਸੋਭਾ ਪਾਈਆ । ਨਿਰਮਲ ਕਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਧੂੰਆਂਧਾਰ ਰਹਿਣ ਨਾ ਪਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਘਰ ਘਰ ਦਾਸ, ਗੁਰਸਿਖ ਗੁਰ ਗੁਰ ਗੋਦ ਉਠਾਈਆ । ਅੰਤਰ ਆਤਮ ਪੂਰੀ ਕਰਕੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਲੇਖੇ ਲਾਵੇ ਪਵਣ ਸਵਾਸ, ਸਾਹ ਸਾਹ ਦੇਵੇ ਵਡਿਆਈਆ । ਦਾਤਾ ਵਡ ਗੁਣਤਾਸ, ਗਹਿਰ ਗੰਭੀਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਵਖਾਈਆ । ਨਿਹਕਰਮੀ ਸੁਣਾਵੇ ਧੁਰ ਦਾ ਢੋਲਾ, ਸੱਚਾ ਰਾਗ ਅਲਾਈਆ । ਸ਼ਬਦ ਸਰੂਪੀ ਹੋਏ ਵਿਚੋਲਾ, ਸੋਈ ਸੁਰਤੀ ਦਏ ਉਠਾਈਆ । ਭੇਵ ਚੁਕਾਏ ਪੜਦਾ ਓਹਲਾ, ਬਜਰ ਕਪਾਟੀ ਕੁੰਡਾ ਲਾਹੀਆ । ਲਾਲ ਗੁਲਾਲਾ

ਖੇਲੇ ਹੋਲਾ, ਰੰਗਣ ਰੰਗ ਇਕ ਜਣਾਈਆ । ਪੰਚ ਵਿਕਾਰ ਨਾ ਪਾਏ ਰੌਲਾ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕੋ ਇਕ ਜਣਾਈਆ । ਨਿਹਕਰਮੀ ਕਰਮ ਕਾਂਡ ਦੇਵੇ ਤਜ, ਕੂੜੀ ਕਿਰਿਆ ਮੇਟ ਮਿਟਾਈਆ । ਜੂਠੀ ਝੂਠੀ ਪਾਰ ਕਰਕੇ ਹੱਦ, ਘਰ ਮੰਦਰ ਸੋਭਾ ਪਾਈਆ । ਆਤਮ ਸੇਜਾ ਚੜ੍ਹੇ ਭੱਜ, ਗੁਰਮੁਖ ਲਏ ਜਗਾਈਆ । ਸ਼ਬਦ ਅਨਾਦੀ ਵਜਾਏ ਨਦ, ਅਗੰਮੀ ਰਾਗ ਸੁਣਾਈਆ । ਸਚ ਸਿੰਘਾਸਣ ਬਹੇ ਸਜ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਖ਼ੁਸ਼ੀ ਵਖਾਈਆ । ਨਿਹਕਰਮੀ ਕਰੇ ਸਚ ਪ੍ਰੀਤ, ਪ੍ਰੀਤੀਵਾਨ ਇਕ ਅਖਵਾਇੰਦਾ । ਸੋਹੰ ਢੋਲਾ ਸੁਣਾਵੇ ਗੀਤ, ਗਾਇਤਰੀ ਮੰਤਰ ਲੇਖੇ ਪਾਇੰਦਾ । ਤ੍ਰੈ ਭਵਣ ਧਨੀ ਬੈਠ ਅਤੀਤ, ਤ੍ਰੈਗੁਣ ਡੇਰਾ ਆਪੇ ਢਾਇੰਦਾ । ਲੇਖਾ ਜਾਣ ਊਚ ਨੀਚ, ਹਸਤ ਕੀਟ ਵੇਖ ਵਖਾਇੰਦਾ । ਜਨ ਭਗਤਾਂ ਅੰਦਰ ਲੰਘ ਦਹਿਲੀਜ਼, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਨਿਹਕਰਮੀ ਸਾਚੇ ਮੰਦਰ ਵੜਦਾ, ਨਿਰਗੁਣ ਆਪਣਾ ਕਦਮ ਉਠਾਈਆ । ਮਹੱਲ ਅਟਲ ਅਗੰਮੇ ਚੜ੍ਹਦਾ, ਸਚ ਦਵਾਰੇ ਸੋਭਾ ਪਾਈਆ । ਸੁਰਤੀ ਸ਼ਬਦੀ ਖੇਲ ਕਰਦਾ, ਆਤਮ ਪਰਮਾਤਮ ਜੋੜ ਜੁੜਾਈਆ । ਸਾਚਾ ਰਾਗ ਇਕੋ ਪੜ੍ਹਦਾ, ਤੂੰ ਹੀ ਤੂੰ ਸੁਣਾਈਆ । ਗੁਰਮੁਖ ਕਰਕੇ ਸਾਚਾ ਬਰਦਾ, ਬੰਦੀਖ਼ਾਨੇ ਦਏ ਤੁੜਾਈਆ । ਲੇਖਾ ਜਾਣੇ ਘਰ ਘਰ ਦਾ, ਕਾਇਆ ਮੰਦਰ ਵੇਖੇ ਚਾਈਂ ਚਾਈਂਆ । ਰੂਪ ਧਰ ਨਰਾਇਣ ਨਰ ਦਾ, ਨਿਹਕਰਮੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿਹਕਰਮੀ ਕਰੇ ਆਪਣਾ ਕਾਜ, ਕੱਜਲ ਨੈਣ ਭਗਤਾਂ ਪਾਈਆ । ਦੋ ਜਹਾਨਾਂ ਚਰਨਾਂ ਹੇਠਾਂ ਰੱਖੇ ਰਾਜ, ਲੱਖ ਚੁਰਾਸੀ ਰਈਅਤ ਵੇਖ ਵਖਾਈਆ । ਵਸਤ ਅਮੋਲਕ ਦੇ ਕੇ ਦਾਤ, ਸ਼ਬਦ ਭੰਡਾਰੇ ਦਏ ਭਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਪੜ੍ਹਾਏ ਗਾਥ, ਮੰਤਰ ਇਕੋ ਇਕ ਸਮਝਾਈਆ । ਬਣ ਵਣਜਾਰਾ ਖੋਲ੍ਹੇ ਹਾਟ, ਸੌਦਾ ਸਾਚਾ ਹੱਟ ਵਿਕਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਧੁਨੀ ਰਾਗ ਸੁਣਾਈਆ । ਬੈਠਾ ਰਹੇ ਇਕ ਇਕਾਂਤ, ਘਰ ਘਰ ਸੋਭਾ ਪਾਈਆ । ਖੇਲੇ ਖੇਲ ਬਹੁ ਬਿਧ ਭਾਂਤ, ਭਾਵੀ ਭਾਵਨਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਜਗਾਈਆ । ਨਿਹਕਰਮੀ ਜਾਣੇ ਆਪਣਾ ਜੋਗ, ਜੁਗਤੀ ਸਾਚੇ ਘਰ ਵਸਾਇੰਦਾ । ਕਲਜੁਗ ਕਟ ਹਉਮੇ ਰੋਗ, ਹੰ ਬ੍ਰਹਮ ਦ੍ਰਿੜਾਇੰਦਾ । ਭੇਵ ਚੁਕਾਵੇ ਚੌਦਾਂ ਲੋਕ, ਸਚ ਸਲੋਕ ਇਕ ਸਮਝਾਇੰਦਾ । ਕੂੜੀ ਕਿਰਿਆ ਕੱਢ ਕੇ ਖੋਟ, ਖੋਟੇ ਖਰੇ ਆਪ ਮਿਲਾਇੰਦਾ । ਅੰਤ ਮਿਲਾਏ ਆਪਣੀ ਜੋਤ, ਹਰਿਜਨ ਜੋਤੀ ਜੋਤ ਸਮਾਇੰਦਾ । ਸਤਿ ਵਖਾਏ ਕਿਲਾ ਕੋਟ, ਭਗਤ ਦਵਾਰਾ ਇਕੋ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਨਿਹਕਰਮੀ ਕਰੇ ਆਪਣਾ ਕਾਰਜ, ਕਰਤਾ ਦਏ ਵਡਿਆਈਆ । ਪਿਛਲਾ ਲੇਖਾ ਕਰਕੇ ਸਭ ਦਾ ਖ਼ਾਰਜ, ਅਗਲਾ ਖ਼ਰਚਾ ਦਏ ਬੰਧਾਈਆ । ਦੋ ਜਹਾਨਾਂ ਲੈ ਕੇ ਚਾਰਜ, ਗੁਰ ਅਵਤਾਰਾਂ ਪੱਲੂ ਦਏ ਛੁਡਾਈਆ । ਸਚ ਸਚ ਦੀ ਲਿਖ ਇਬਾਰਤ, ਕੂੜ ਕੂੜ ਗਵਾਈਆ । ਹਰਿਜਨਾਂ ਕਰੇ ਆਪ ਸਫ਼ਾਰਸ਼, ਆਪੇ ਲਏ ਛੁਡਾਈਆ । ਦੋ ਜਹਾਨਾਂ ਸੱਚੀ ਅਦਾਲਤ, ਪੁਰਖ ਅਕਾਲ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨਿਹਕਰਮੀ ਭੌ ਚੁਕਾਵੇ ਦੂਜਾ, ਏਕਾ ਏਕੰਕਾਰ ਨਜ਼ਰੀ ਆਈਆ । ਸਾਚੀ ਦੱਸੇ ਅਗੰਮੀ ਪੂਜਾ, ਸਿਲ ਪਾਹਨ ਸੀਸ ਨਾ ਕੋਇ ਨਿਵਾਈਆ । ਭੇਵ ਖੁਲ੍ਹਾਵੇ ਗੂਝਾ, ਗੁਝੀ ਰਮਜ਼ ਲਗਾਈਆ । ਲੇਖਾ ਜਾਣੇ ਬੁੱਤ ਰੂਹ ਦਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨਿਹਕਰਮੀ ਪੂਰੀ ਕਰੇ ਖ਼ਾਹਿਸ, ਖ਼ਾਹਿਸ ਆਪਣੇ ਨਾਲ ਮਿਲਾਈਆ । ਜਨਮ ਜਨਮ ਦਿਆਂ ਵਿਛੜਿਆਂ ਪੂਰੀ ਕਰੇ ਆਸ, ਤ੍ਰਿਸਨਾ ਜਗਤ ਬੁਝਾਈਆ । ਸਵਾਮੀ ਹੋ ਕੇ ਵਸੇ ਪਾਸ, ਸਦਾ ਸੁਹੇਲਾ ਇਕੋ ਮਾਹੀਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਧਰਨੀ ਧਰਤ ਦੇਵੇ ਵਡਿਆਈਆ । ਮਿਲ ਸਖ਼ੀਆਂ ਪਾਵੇ ਰਾਸ, ਗੋਪੀ ਕਾਹਨ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਹਿੱਸਾ ਹਿੱਸੇਦਾਰਾਂ ਰਿਹਾ ਵਰਤਾਈਆ ।

## ✪ ੯ ਅੱਸੂ ੨੦੨੧ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ ਪਿੰਡ ਬੰਡਾਲਾ ✪

ਨਿਹਕਰਮੀ ਪ੍ਰਭ ਮਾਰਗ ਦੇਵੇ ਸੱਚਾ, ਸਚ ਸਚ ਸਰਬ ਜਣਾਈਆ । ਭਾਂਡਾ ਰਹੇ ਕੋਈ ਨਾ ਕੱਚਾ, ਜਿਸ ਜਨ ਜੋਤੀ ਅਗਨੀ ਦਏ ਤਪਾਈਆ । ਕੰਚਨ ਸੋਨਾ ਬਣੇ ਛੋਟਾ ਬੱਚਾ, ਪਾਰਸ ਆਪਣਾ ਨਾਮ ਛੁਹਾਈਆ । ਪ੍ਰੇਮ ਪ੍ਰੀਤੀ ਅੰਦਰ ਫਿਰੇ ਨੱਸਾ, ਭੱਜੇ ਵਾਹੋ ਦਾਹੀਆ । ਪੁਰਖ ਅਕਾਲ ਗਾਵੇ ਜਸਾ, ਹਿਰਦੇ ਹਰਿ ਵਸਾਈਆ । ਦਰਸ਼ਨ ਪਾਵੇ ਨੇਤਰ ਅੱਖਾਂ, ਪੜਦਾ ਘਰ ਖੁਲ੍ਹਾਈਆ । ਨਿਉਂ ਨਿਉਂ ਹਰਿ ਜਗਦੀਸ਼ ਟੇਕੇ ਮੱਥਾ, ਟਿੱਕਾ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿਹਕਰਮੀ ਕਹੇ ਸਤਿ ਸਤਿਵਾਦ, ਵਿਵਾਦ ਮੇਟ ਮਿਟਾਈਆ । ਕਾਇਆ ਖੇੜਾ ਕਰ ਆਬਾਦ, ਘਰ ਬੂਟਾ ਨਾਮ ਸਤਿ ਲਗਾਈਆ । ਦੀਪਕ ਜੋਤ ਜਗਾ ਚਰਾਗ਼, ਸਚ ਕਰੇ ਰੁਸ਼ਨਾਈਆ । ਝਗੜਾ ਚੁਕਾਏ ਪੂਜਾ ਪਾਠ ਨਮਾਜ, ਨਾਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਉਠਾਏ ਇਕ ਆਵਾਜ਼, ਆਲਸ ਨਿੰਦਰਾ ਦਏ ਗਵਾਈਆ । ਨਿਹਕਰਮੀ ਮਾਰੇ ਇਕ ਕੂਕ, ਗੁਰਮੁਖ ਗੁਰਸਿਖ ਆਪ ਉਠਾਈਆ । ਕੂੜੀ ਕਿਰਿਆ ਦੇਵੇ ਫੂਕ, ਫ਼ਿਕਰਾ ਸਚ ਪੜ੍ਹਾਈਆ । ਤ੍ਰਿਸ਼ਨਾ ਮੇਟੇ ਭੂਖ, ਹਉਮੇ ਰੋਗ ਚੁਕਾਈਆ । ਘਰ ਆਤਮ ਦੇ ਸੁਖ, ਦਲਿਦ੍ਰ ਦੇਵੇ ਗਵਾਈਆ । ਉਜਲ ਕਰਕੇ ਮੁਖ, ਸਿਫ਼ਤਾਂ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਨਿਹਕਰਮੀ ਦੇਵੇ ਜਨ ਵਡਿਆਈ, ਹਰਿ ਕਰਤਾ ਖੇਲ ਖਿਲਾਇੰਦਾ । ਘਰ ਵਿਚ ਵੱਜੇ ਸਦ ਸ਼ਹਿਨਾਈ, ਸੋਹਣਾ ਰਾਗ ਅਲਾਇੰਦਾ । ਅੰਤਰ ਆਤਮ ਕੱਟ ਜੁਦਾਈ, ਧੁਰ ਦਾ ਮੇਲ ਮਿਲਾਇੰਦਾ । ਜਲਵਾ ਵਖਾ ਨੂਰ ਖ਼ੁਦਾਈ, ਨੂਰੋ ਨੂਰ ਡਗਮਗਾਇੰਦਾ । ਸਾਢੇ ਤਿੰਨ ਹੱਥ ਹੋਵੇ ਰੁਸ਼ਨਾਈ, ਦੀਵਾ ਬੱਤੀ ਇਕੋ ਨਜ਼ਰੀ ਆਇੰਦਾ । ਕਿਰਪਾ ਕਰੇ ਹਰਿ ਗੁਸਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਬਹਾਇੰਦਾ । ਨਿਹਕਰਮੀ ਦੱਸੇ ਘਰ ਅਵੱਲਾ, ਹਰਿ ਕਰਤਾ ਵਡ ਵਡਿਆਈਆ । ਜਿਥੇ ਵਸੇ ਆਪ ਇਕੱਲਾ, ਸੋਹਣਾ ਆਸਣ ਲਾਈਆ । ਦੀਵਾ ਬੱਤੀ ਇਕੋ ਬਲਾ, ਜੋਤ ਕਰੇ

ਰੁਸ਼ਨਾਈਆ । ਨਿਰਗੁਣ ਸਰਗੁਣ ਫੜਾਏ ਆਪਣਾ ਪੱਲਾ, ਸੁਰਤੀ ਡੋਰੀ ਸ਼ਬਦ ਬੰਧਾਈਆ । ਲੱਖ ਚੁਰਾਸੀ ਨਾਲ ਕਰਕੇ ਵਲ ਛਲਾ, ਹਰਿਜਨ ਸਾਚੇ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਅੰਦਰ ਨਿਰਗੁਣ ਜੋਤ ਹੋ ਕੇ ਰਲਾ, ਤਿਨ੍ਹਾਂ ਜਗਤ ਰਲਿਆਂ ਬਾਹਰ ਕਢਾਈਆ ।

## ✪ ੯ ਅੱਸੂ ੨੦੨੧ ਬਿਕ੍ਰਮੀ ਬੁੱਢਾ ਸਿੰਘ ਦੇ ਗ੍ਰਿਹ ਪਿੰਡ ਬੰਡਾਲਾ ✪

ਨਿਹਕਰਮੀ ਬਖ਼ਸ਼ੇ ਸਾਚੀ ਟੇਕ, ਟਿੱਕਾ ਮਸਤਕ ਨਾਮ ਲਗਾਇੰਦਾ । ਮਨ ਬੁਧ ਕਰੇ ਬਿਬੇਕ, ਬਿਬੇਕੀ ਰੂਪ ਵਖਾਇੰਦਾ । ਅੰਤਰ ਆਤਮ ਦੱਸੇ ਭੇਤ, ਭੇਵ ਆਪ ਖੁਲ੍ਹਾਇੰਦਾ । ਨਿਜ ਨੇਤਰ ਲਏ ਵੇਖ, ਅੱਖ ਪ੍ਰਤਖ ਆਪ ਪਰਗਟਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਬਣਾਕੇ ਨੇਕ, ਨਿੱਕੇ ਵੱਡੇ ਜੋੜ ਜੁੜਾਇੰਦਾ । ਲੱਭਦੇ ਫਿਰਦੇ ਕੋਟਨ ਕੋਟ ਕੇਤ, ਜੰਗਲ ਜੂਹ ਉਜਾੜ ਹੱਥ ਕਿਸੇ ਨਾ ਆਇੰਦਾ । ਕੋਟਨ ਕੋਟ ਰਣ ਭੂਮੀ ਸੁੱਤੇ ਖੇਤ, ਬੰਦ ਬੰਦ ਧੜ ਸੀਸ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਨਿਹਕਰਮੀ ਦੇਵੇ ਧੁਰ ਦਾ ਰੰਗ, ਰੰਗੀਲਾ ਇਕ ਅਖਵਾਈਆ । ਆਤਮ ਸੇਜ ਸੁਹਾ ਪਲੰਘ, ਸੋਹਣੀ ਬਣਤ ਬਣਾਈਆ । ਸ਼ਬਦ ਅਨਾਦ ਵਜਾ ਮਰਦੰਗ, ਧੁਰ ਦਾ ਰਾਗ ਸੁਣਾਈਆ । ਮੇਘ ਵਸਾ ਪ੍ਰੇਮ ਗੰਗ, ਲਹਿਰ ਲਹਿਰ ਨਾਲ ਟਕਰਾਈਆ । ਸਚ ਸਵਾਮੀ ਦੇ ਕੇ ਆਨੰਦ, ਆਨੰਦ ਅਨੰਦ ਵਿਚੋਂ ਜਣਾਈਆ । ਭਰਮਾਂ ਕੂੜੀ ਢਾਹਕੇ ਕੰਧ, ਝਗੜਾ ਦਏ ਗਵਾਈਆ । ਸਦਾ ਸੁਹੇਲਾ ਬਣ ਕੇ ਸੰਗ, ਧੁਰਦਾ ਸੰਗ ਰਖਾਈਆ । ਜਨਮ ਜਨਮ ਦੀ ਪੂਰੀ ਕਰੇ ਮੰਗ, ਗੁਰਮੁਖ ਮਾਂਗਤ ਨਾ ਕੋਇ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਇਕ ਸ਼ਰਨਾਈਆ । ਨਿਹਕਰਮੀ ਦੇਵੇ ਧੁਰ ਦਾ ਨਾਮ, ਕਰੇ ਸਚ ਪੜ੍ਹਾਈਆ । ਮੇਲ ਮਿਲਾਵੇ ਵਿਛੜੇ ਰਾਮ, ਰੌਣਕ ਘਰ ਵਖਾਈਆ । ਪ੍ਰੇਮ ਪ੍ਰੀਤੀ ਪਿਆਏ ਜਾਮ, ਨਾਮ ਖ਼ੁਮਾਰ ਚੜ੍ਹਾਈਆ । ਭਾਗ ਲਗਾਕੇ ਕਾਇਆ ਗਰਾਮ, ਖੇੜਾ ਦਏ ਵਸਾਈਆ । ਆਸਣ ਸਿੰਘਾਸਣ ਉਤੇ ਗੁਰਮੁਖ ਸੁਆਏ ਬਾ-ਆਰਾਮ, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਈਆ । ਨਿਹਕਰਮੀ ਚੁਕਾਏ ਅਗਲਾ ਪੰਧ, ਪਿਛਾ ਰਹਿਣ ਕੋਇ ਨਾ ਪਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਈਆ । ਸਤਿ ਪ੍ਰੇਮ ਦੀ ਦੇ ਸੁਗੰਧ, ਘਰ ਖ਼ੁਸ਼ੀਆਂ ਨਾਲ ਬਠਾਈਆ । ਕੂੜੀ ਕਿਰਿਆ ਬਾਹਰ ਕਢਾਕੇ ਗੰਦ, ਪਤਤ ਪੁਨੀਤ ਰੂਪ ਵਟਾਈਆ । ਅੰਮ੍ਰਿਤ ਧਾਰ ਵਹਾਕੇ ਸਾਗਰ ਸਿੰਧ, ਸ਼ੁਧ ਅੰਤਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਝੋਲੀ ਪਾਈਆ । ਨਿਹਕਰਮੀ ਦੇਵੇ ਆਪਣੀ ਵਸਤ, ਧੁਰ ਦੀ ਦਾਤ ਵਰਤਾਈਆ । ਨਾਮ ਖ਼ੁਮਾਰੀ ਚਾੜ੍ਹੇ ਮਸਤ, ਹਸਤੀ ਦਏ ਬਦਲਾਈਆ । ਨਿਜ ਨੇਤਰ ਆਤਮ ਪਰਮਾਤਮ ਦਰਸ, ਦੀਦ ਈਦ ਚੰਦ ਰੁਸ਼ਨਾਈਆ । ਕਰਮ ਕਰਮ ਦੀ ਮੇਟ ਕੇ ਹਰਸ, ਭਰਮ ਭਰਮ ਦਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਦੀ ਦਰਦ ਵੰਡਾਈਆ । ਨਿਹਕਰਮੀ ਦੱਸੇ ਆਪਣਾ ਬੋਲ, ਅਨਬੋਲਤ ਰਾਗ ਅਲਾਈਆ । ਪਰਮ ਪੁਰਖ ਦਾ ਵੱਜੇ ਢੋਲ, ਦੋ ਜਹਾਨਾਂ ਰਿਹਾ ਸੁਣਾਈਆ । ਸਚ ਦਵਾਰਾ ਇਕੋ ਖੋਲ੍ਹ, ਰਾਓ ਰੰਕਾਂ ਇਕੋ ਘਰ ਬਹਾਈਆ । ਅੰਮ੍ਰਿਤ ਆਤਮ ਦੇ

ਕੇ ਪਾਹੁਲ, ਪਿਛਲਾ ਲੇਖਾ ਦਏ ਚੁਕਾਈਆ । ਸਾਂਤਕ ਸਤਿ ਕਰਾਏ ਗੁਰਮੁਖ ਅਡੋਲ, ਕਾਇਆ ਡੋਲੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਰਿਹਾ ਮੁਕਾਈਆ । ਨਿਹਕਰਮੀ ਵੇਖੇ ਕਾਇਆ ਡੋਲੀ, ਪੰਜ ਤਤ ਖੋਜ ਖੁਜਾਇੰਦਾ । ਜਿਨ੍ਹਾਂ ਸੁਣਾਏ ਆਪਣੀ ਬੋਲੀ, ਸੋ ਗੁਰਮੁਖ ਢੋਲਾ ਗਾਇੰਦਾ । ਮੇਲ ਮਿਲਾਵੇ ਹੌਲੀ ਹੌਲੀ, ਹਲਕਾ ਭਾਰ ਸਰਬ ਵਖਾਇੰਦਾ । ਸਚ ਪ੍ਰੀਤੀ ਜਿਨ੍ਹਾਂ ਘੋਲ ਘੋਲੀ, ਤਿਨ੍ਹਾਂ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਨਿਹਕਰਮੀ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਗੁਰਮੁਖਾਂ ਦੇਵੇ ਧੁਰ ਦਾ ਦਾਨ, ਵਸਤ ਆਪਣੀ ਝੋਲੀ ਪਾਈਆ । ਨਜ਼ਰੀ ਆਵੇ ਬਣਕੇ ਕਾਹਨ, ਬੰਸਰੀ ਨਾਮ ਸੁਣਾਈਆ । ਏਥੇ ਓਥੇ ਕਰੇ ਪਹਿਚਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਰਾਜਿਆਂ ਘਰ ਕਦੇ ਨਾ ਬਣਿਆ ਮਹਿਮਾਨ, ਗ਼ਰੀਬਾਂ ਘਰ ਜੁਗ ਜੁਗ ਫੇਰਾ ਪਾਈਆ । ਇਹੋ ਪਰਮ ਪੁਰਖ ਦਾ ਸਚ ਨਿਸ਼ਾਨ, ਜੋ ਲੋਕਮਾਤ ਰਿਹਾ ਝੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਬਾਲ ਅੰਞਾਣ, ਸੁਘੜ ਸਿਆਣੇ ਆਪ ਬਣਾਈਆ ।

## ✪ ੯ ਅੱਸੂ ੨੦੨੧ ਬਿਕ੍ਰਮੀ ਸੁਰੈਣ ਸਿੰਘ ਗ੍ਰਿਹ ਬੰਡਾਲਾ ✪



ਨਿਹਕਰਮੀ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਵੇਖਣਹਾਰਾ ਬ੍ਰਹਿਮੰਡ ਖੰਡ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਭੇਵ ਚੁਕਾਵਣਹਾਰਾ ਜੇਰਜ ਅੰਡ, ਏਕੰਕਾਰ ਪੜਦਾ ਲਾਹਿੰਦਾ । ਲੱਖ ਚੁਰਾਸੀ ਚਮਕਾਵਣਹਾਰਾ ਨੂਰੀ ਚੰਦ, ਆਦਿ ਨਿਰੰਜਣ ਡਗਮਗਾਇੰਦਾ । ਦੀਨ ਦਿਆਲ ਸਰਬ ਬਖ਼ਸ਼ੰਦ, ਅਬਿਨਾਸ਼ੀ ਕਰਤਾ ਇਕ ਹੋ ਜਾਇੰਦਾ । ਅੰਤਰ ਆਤਮ ਦੇਵਣਹਾਰਾ ਅਨੰਦ, ਸ੍ਰੀ ਭਗਵਾਨ ਵਸਤ ਅਮੋਲਕ ਆਪ ਵਰਤਾਇੰਦਾ । ਜਨਮ ਕਰਮ ਦਾ ਮੇਟਣਹਾਰਾ ਪੰਧ, ਪਾਰਬ੍ਰਹਮ ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਸਤਿਵਾਦੀ ਚਾੜ੍ਹਨਹਾਰਾ ਰੰਗ, ਗੁਰ ਸ਼ਬਦੀ ਵੇਸ ਵਟਾਇੰਦਾ । ਆਤਮ ਦੇਵਣਹਾਰਾ ਸਾਚਾ ਛੰਦ, ਧੁਰ ਦਾ ਢੋਲਾ ਰਾਗ ਸੁਣਾਇੰਦਾ । ਸੇਜ ਸੁਹੰਜਣੀ ਬੈਠ ਪਲੰਘ, ਘਰ ਠਾਂਡੇ ਸੋਭਾ ਪਾਇੰਦਾ । ਨਾਤਾ ਤੋੜ ਕੇ ਖ਼ਾਨਾ ਬੰਦ, ਬੰਦ ਖ਼ੁਲਾਸੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪਣੇ ਹੱਥ ਰਖਾਇੰਦਾ । ਨਿਹਕਰਮੀ ਸਦਾ ਸੂਰਬੀਰ, ਸੁਲਤਾਨ ਇਕ ਅਖਵਾਈਆ । ਦੋ ਜਹਾਨਾਂ ਪੈਂਡਾ ਚੀਰ, ਲੋਕਮਾਤ ਸੋਭਾ ਪਾਈਆ । ਸ਼ਬਦ ਨਿਰਾਲਾ ਮਾਰ ਤੀਰ, ਸੁੱਤੇ ਲਏ ਉਠਾਈਆ । ਜੁਗ ਚੌਕੜੀ ਪਿਛਲੀ ਮੇਟਣਹਾਰਾ ਲਕੀਰ, ਆਪਣਾ ਮਾਰਗ ਅੱਗੇ ਦਏ ਸਮਝਾਈਆ । ਸੱਯਦੇ ਕਰਦੇ ਗਏ ਪੀਰ ਫ਼ਕੀਰ, ਪੈਗ਼ੰਬਰ ਮੰਗਣ ਝੋਲੀ ਡਾਹੀਆ । ਕਰੇ ਖੇਲ ਸਦਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਭ ਦੀ ਆਪਣੇ ਹੱਥ ਰੱਖ ਤਕਦੀਰ, ਦੂਜਾ ਕੋਈ ਤਾਕਤ ਵਾਲਾ ਸਕੇ ਨਾ ਮਾਤ ਉਲਟਾਈਆ । ਜਨ ਭਗਤਾਂ ਗਲੋਂ ਸ਼ਰਅ ਸ਼ਰੀਅਤ ਲਾਹ ਕੇ ਜ਼ੰਜੀਰ, ਕੂੜਾ ਬੰਧਨ ਦਏ ਗਵਾਈਆ । ਅੰਮ੍ਰਿਤ ਬਖ਼ਸ਼ ਕੇ ਠਾਂਡਾ ਨੀਰ, ਅਗਨੀ ਤਤ ਬੁਝਾਈਆ । ਦੇ ਵਡਿਆਈ ਪੰਜ ਤਤ ਸਰੀਰ, ਸ਼ਰੀਰ ਮਨ ਦਏ ਸਮਝਾਈਆ । ਮੰਜ਼ਲ ਚੋਟੀ ਚਾੜ੍ਹ ਅਖ਼ੀਰ, ਆਖ਼ਰ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਲੇਖਾ ਜਾਣੇ ਬੇਪਰਵਾਹੀਆ । ਨਿਹਕਰਮੀ ਉਚ ਅਥਾਹ, ਅਗੰਮ ਅਗੋਚਰ ਇਕ ਅਖਵਾਇੰਦਾ । ਆਦਿ ਜੁਗਾਦੀ ਬਣੇ ਮਲਾਹ, ਜੁਗ ਜੁਗ ਬੇੜਾ ਕੰਧ ਉਠਾਇੰਦਾ । ਗੁਰ ਅਵਤਾਰਾਂ ਦਏ ਸਲਾਹ, ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਨਈਆ ਨੌਕਾ ਨਾਮ ਚਲਾ, ਸੰਤ ਸੁਹੇਲੇ ਵਿਚ ਬਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਸ ਵਟਾ, ਕਲਜੁਗ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤ ਕਰ ਰੁਸ਼ਨਾ, ਦੀਵਾ ਬਾਤੀ ਇਕੋ ਡਗਮਗਾਇੰਦਾ । ਘਰ ਵਿਚ ਘਰ ਮੰਦਰ ਦਏ ਸੁਹਾ, ਸੋਭਾਵੰਤ ਆਪਣਾ ਆਸਣ ਲਾਇੰਦਾ । ਪੂਰਬ ਜਨਮ ਦਾ ਪਿਛਲਾ ਲਹਿਣਾ ਕਰਮ ਦਾ ਰੋਗ ਦਏ ਮਿਟਾ, ਧੁਰ ਸੰਜੋਗੀ ਅਗਲਾ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਰਸ ਅਗੰਮੀ ਚੋਗ ਦਏ ਚੁਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਸਵਾਮੀ ਦਇਆ ਕਮਾਇੰਦਾ । ਨਿਹਕਰਮੀ ਬੋਧ ਅਗਾਧ, ਅਕਲ ਕਲਾ ਵਡਿਆਈਆ । ਜੁਗ ਚੌਕੜੀ ਸਾਜਣ ਸਾਜ, ਨਿਤ ਨਵਿਤ ਵੇਖ ਵਖਾਈਆ । ਨਵ ਨੌਂ ਚਾਰ ਥਾਪਣ ਥਾਪ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਣਹਾਰਾ ਜਾਪ, ਗੁਰ ਅਵਤਾਰਾਂ ਕਰੇ ਪੜ੍ਹਾਈਆ । ਏਥੇ ਓਥੇ ਸਦਾ ਸਦਾ ਸਦ ਇਕ ਇਕੇਲਾ ਆਪੇ ਪਾਕ, ਦੂਜਾ ਪਾਕੀਜ਼ਾ ਰੂਪ ਨਾ ਕੋਇ ਵਖਾਈਆ । ਧਰਮ ਦਵਾਰਾ ਖੋਲ੍ਹ ਕੇ ਧੁਰ ਦਾ ਤਾਕ, ਤਖ਼ਤਾ ਦੂਨੀ ਦਏ ਉਲਟਾਈਆ । ਸਭ ਨੂੰ ਅੰਦਰੋਂ ਕਰ ਕੇ ਚਾਕ, ਚੱਕਰ ਆਪਣਾ ਦਏ ਭੁਆਈਆ । ਲੇਖਾ ਜਾਣੇ ਸ਼ਾਹ ਨਵਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਿਹਕਰਮੀ ਵਡ ਵੱਡਾ ਬਲਵਾਨ, ਬਲਧਾਰੀ ਇਕ ਅਖਵਾਇੰਦਾ । ਜਿਸ ਦਾ ਝੁਲਦਾ ਸਚਖੰਡ ਨਿਸ਼ਾਨ, ਦੋ ਜਹਾਨਾਂ ਵੇਖ ਵਖਾਇੰਦਾ ਸੋ ਸਾਹਿਬ ਕਿਰਪਾ ਕਰੇ ਮਹਾਨ, ਮਿਹਰਵਾਨ ਆਪਣਾ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਨਾਮ ਨਿਧਾਨਾ ਦੇ ਕੇ ਦਾਨ, ਦਾਨੀ ਦਇਆ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਇਕ ਵਰਤਾਇੰਦਾ । ਨਿਹਕਰਮੀ ਦੇਵੇ ਧੁਰ ਦਾ ਹੋਕਾ, ਹੁਕਮ ਇਕ ਸੁਣਾਈਆ । ਕਲਜੁਗ ਅੰਤਮ ਪ੍ਰਭ ਮਿਲਣ ਦਾ ਮਿਲਿਆ ਮੌਕਾ, ਬਿਨ ਦਮਾਂ ਜੋੜ ਜੁੜਾਈਆ । ਇਸ ਤੋਂ ਚੰਗਾ ਹੋਰ ਨਹੀਂ ਕੋਈ ਮਾਰਗ ਸੌਖਾ, ਜੋ ਘਰ ਠਾਕਰ ਦਏ ਮਿਲਾਈਆ । ਅੰਤ ਮਿਲਾ ਕੇ ਆਪਣੀ ਜੋਤਾ, ਜੋਤੀ ਜੋਤ ਸਮਾਈਆ । ਗੁਰਮੁਖ ਮੰਗੇ ਬੇੜਾ, ਪ੍ਰਭ ਦੇਵਣਹਾਰਾ ਬਹੁਤਾ, ਵਸਤ ਅਨਮੁੱਲੜੀ ਆਪ ਵਰਤਾਈਆ । ਸੁਰੈਣ ਸਿੰਘ ਅੱਗੇ ਹਿਕਣਾ ਪਿਆ ਫੇਰ ਨਾ ਖੋਤਾ, ਸਚਖੰਡ ਦਵਾਰੇ ਮਿਲੀ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾਜ਼ਰ ਹਜ਼ੂਰ ਸਦਾ ਖਲੋਤਾ, ਆਲਸ ਨਿੰਦਰਾ ਗ਼ਫ਼ਲਤ ਵਿਚ ਕਦੇ ਨਾ ਆਈਆ ।



### ✪ ੯ ਅੱਸੂ ੨੦੨੧ ਬਿਕ੍ਰਮੀ ਤਰਲੋਕ ਸਿੰਘ ਦੇ ਗ੍ਰਿਹਿ ਪਿੰਡ ਬੰਡਾਲਾ ✪

ਨੇਹਕਰਮੀ ਹੋਏ ਪੁਰਖ ਅਕਾਲ, ਅਕਲ ਕਲ ਧਾਰੀ ਦਇਆ ਕਮਾਇੰਦਾ । ਗੁਰਮੁਖ ਵੇਖੇ ਆਪਣੇ ਲਾਲ, ਗੁਰ ਗੁਰ ਗੋਦ ਉਠਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਇੰਦਾ । ਤ੍ਰੈਗੁਣ ਮਾਇਆ ਮੇਟ ਜੰਜਾਲ, ਜੀਵਣ ਜੁਗਤ ਇਕ ਸਮਝਾਇੰਦਾ । ਸਭ ਤੋਂ ਸ੍ਰੇਸ਼ਟ ਕਾਇਆ ਮੰਦਰ ਸੱਚੀ ਧਰਮਸਾਲ, ਜਿਸ ਘਰ ਹਰਿ ਸਵਾਮੀ ਡੇਰਾ ਲਾਇੰਦਾ । ਜਿਸ ਨੂੰ ਕਦੇ ਨਾ ਖਾਏ ਕਾਲ, ਜਨਮ ਮਰਨ ਵਿਚ ਨਾ

ਫੇਰਾ ਪਾਇੰਦਾ । ਤਿਸ ਸਵਾਮੀ ਕਰੋ ਭਾਲ, ਜੋ ਭੁੱਲਿਆਂ ਭਟਕਿਆਂ ਰਾਹੇ ਲਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਉਚਾਂ ਨੀਚਾਂ ਗੋਦ ਉਠਾਇੰਦਾ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਚਾਰੇ ਖਾਣੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਨਿਹਕਰਮੀ ਨਿਰਗੁਣ ਨਿਰਵੈਰ ਨਿਰਮਲ ਜੋਤ, ਜੋਤੀ ਜਾਤਾ ਹਰਿ ਅਖਵਾਇੰਦਾ । ਵਸਣਹਾਰਾ ਸਚਖੰਡ ਸਾਚੇ ਕੋਟ, ਸਚ ਸਿੰਘਾਸਣ ਸੋਭਾ ਪਾਇੰਦਾ । ਜਨ ਭਗਤਾਂ ਨਿਤ ਨਵਿਤ ਦਰਸ ਕਰਨ ਨੂੰ ਆਪੇ ਰਿਹਾ ਲੋਚ, ਆਸਾ ਗੁਰਮੁਖਾਂ ਨਾਲ ਰਲਾਇੰਦਾ । ਲੱਖ ਚੁਰਾਸੀ ਵਿਚੋਂ ਕਰ ਕੇ ਖੋਜ, ਅੰਤਮ ਆਪਣਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਨਿਹਕਰਮੀ ਹਰਿ ਪੁਰਖ ਬਿਧਾਤਾ, ਬਦਲਾ ਜੁਗ ਜੁਗ ਰਿਹਾ ਚੁਕਾਈਆ । ਸਰਬ ਜੀਆਂ ਬਣ ਪਿਤਾ ਮਾਤਾ, ਗੋਦੀ ਗੋਦ ਸੁਹਾਈਆ । ਏਥੇ ਓਥੇ ਹੋਵੇ ਰਾਖਾ, ਰੱਖਿਆ ਕਰੇ ਥਾਉਂ ਥਾਈਂਆ । ਜਿਸ ਦੀ ਕਾਗ਼ਜ਼ਾਂ ਉਤੇ ਲਿਖੀ ਗਾਥਾ, ਨਿਮਾਜ਼ਾਂ ਵਿਚ ਸੱਜਦੇ ਰਹੇ ਝੁਕਾਈਆ । ਸੋ ਖੇਲੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਫੇਰਾ ਪਾਈਆ । ਗੁਰਮੁਖ ਵਿਰਲੇ ਲੋਕਮਾਤ ਜਾਤਾ, ਜਿਸ ਆਪਣੀ ਬੂਝ ਬੁਝਾਈਆ । ਸ੍ਰਿਸ਼ਟ ਵਖਾਏ ਸ੍ਰਿਸ਼ਟ ਤਮਾਸ਼ਾ, ਸ੍ਰਿਸ਼ਟੀ ਸ੍ਰਿਸ਼ਟੀ ਵਿਚ ਭੁਆਈਆ । ਜਨ ਭਗਤਾਂ ਵੱਖਰਾ ਰੱਖਿਆ ਸਭ ਤੋਂ ਨਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਮੇਲਾ ਰਿਹਾ ਮਿਲਾਈਆ । ਨਿਹਕਰਮੀ ਹਰਿ ਵਡ ਗੁਣਵੰਤਾ, ਗੁਣ ਭਰਪੂਰ ਅਖਵਾਈਆ । ਮਾਣ ਦਵਾ ਕੇ ਸਾਚੇ ਸੰਤਾਂ, ਸਤਿਗੁਰ ਲਏ ਤਰਾਈਆ । ਸਤਿ ਧਰਮ ਦੀ ਬਣਾ ਕੇ ਬਣਤਾ, ਘਾੜਤ ਧੁਰ ਦੀ ਲਏ ਘੜਾਈਆ । ਦੇ ਕੇ ਗਿਆਨ ਸ਼ਬਦੀ ਪੰਡਤਾ, ਬੋਧ ਦਏ ਜਣਾਈਆ । ਮੇਲ ਮਿਲਾਏ ਸਾਚੀ ਸੰਗਤਾ, ਘਰ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਹਿਨਸ਼ਾਹੀਆ । ਨਿਹਕਰਮੀ ਹਰਿ ਸ਼ਾਹ ਪਾਤਸ਼ਾਹ, ਪਰਵਰਦਿਗਾਰ ਅਖਵਾਇੰਦਾ । ਫੜ ਫੜ ਬਾਹੋਂ ਰਾਹੇ ਰਿਹਾ ਪਾ, ਰਹਿਬਰ ਇਕ ਹੋ ਆਇੰਦਾ । ਖ਼ੁਦੀ ਤਕੱਬਰ ਦਏ ਗਵਾ, ਖ਼ੁਦਾ ਖ਼ਾਲਸ ਰੂਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਵਖਾਇੰਦਾ । ਨਿਹਕਰਮੀ ਰਿਹਾ ਹੱਸ, ਹਸਤੀ ਆਪਣੀ ਮਾਤ ਪਰਗਟਾਈਆ । ਦੋ ਜਹਾਨਾਂ ਦੇ ਕੇ ਵੱਥ, ਵਸਤੂ ਰਿਹਾ ਵਰਤਾਈਆ । ਨਿਰਗੁਣ ਸਰਗੁਣ ਮੇਲ ਕੇ ਝੱਟ, ਝਗੜਾ ਰਿਹਾ ਚੁਕਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਗੁਰਮੁਖ ਵਣਜਾਰੇ ਰਿਹਾ ਕਰਾਈਆ । ਸਤਿ ਧਰਮ ਦੀ ਦੇ ਕੇ ਮੱਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸ੍ਰੀ ਭਗਵਾਨ ਦਾ ਗੌਣਾ ਸੱਚਾ ਜਸ, ਜਿਸ ਨੂੰ ਵੇਦ ਪੁਰਾਨ ਸਾਲਾਹੀਆ । ਉਹ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਜਿਸ ਦਾ ਸੋਹੰ ਇਕੋ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਸਿਖ ਗੁਰਮੁਖ ਗੁਰ ਸਤਿਗੁਰ ਰੰਗ ਰੰਗਾਈਆ ।

### ✪ ੯ ਅੱਸੂ ੨੦੨੧ ਬਿਕ੍ਰਮੀ ਵਧਾਵਾ ਸਿੰਘ ਦੇ ਗ੍ਰਿਹਿ ਪਿੰਡ ਬੰਡਾਲਾ ✪

ਨਿਹਕਰਮੀ ਹਰਿ ਸੱਚਾ ਸੱਜਣ, ਮਾਲਕ ਦੋ ਜਹਾਨ ਅਖਵਾਇੰਦਾ । ਚਰਨ ਧੂੜ ਕਰਾਏ ਮਜਨ, ਅੰਤਰ ਆਤਮ ਮੈਲ ਧੁਆਇੰਦਾ । ਲੇਖੇ ਲਾ ਕੇ ਕਾਇਆ ਮਾਟੀ ਕੰਚਨ, ਕਰਤਾ ਕੀਮਤ ਆਪ ਚੁਕਾਇੰਦਾ । ਮਨ ਵਾਸਨਾ ਦੇਵੇ ਬਦਲ, ਕੂੜੀ ਕਿਰਿਆ ਡੇਰਾ ਢਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਨਿਹਕਰਮੀ ਸਤਿਗੁਰ ਦੇਵੇ ਮੰਤਰ, ਸ਼ਬਦ ਨਾਮ ਪੜ੍ਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਭੇਵ ਖੁਲ੍ਹਾਵੇ ਬ੍ਰਹਮ ਨਿਰੰਤਰ, ਮਾਇਆ ਪਰਦਾ ਦਏ ਚੁਕਾਈਆ । ਕਰ ਪਰਕਾਸ਼ ਘਰ ਗਗਨੰਤਰ, ਗਗਨ ਮੰਡਲ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾ ਬਸੰਤਰ, ਅੰਮ੍ਰਿਤ ਮੇਘ ਬਰਸਾਈਆ । ਮੇਲ ਮਿਲਾਕੇ ਸਾਚੇ ਸੰਤਨ, ਸਾਚੀ ਸੁਰਤੀ ਦਏ ਖੁਲ੍ਹਾਈਆ । ਜੋੜ ਜੁੜਾਕੇ ਧੁਰ ਦੇ ਕੰਤਨ, ਦੁਹਾਗਣ ਲੇਖਾ ਦਏ ਮੁਕਾਈਆ । ਪਾਰ ਕਰਾ ਕੇ ਜਗਤ ਪਤਣ, ਕੰਢਾ ਇਕੋ ਇਕ ਸਮਝਾਈਆ । ਜਿਸ ਦਾ ਮਾਲਕ ਪੁਰਖ ਸਮਰਥਨ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦੀ ਮਹਿਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੁਰ ਅਵਤਾਰ ਪੈਗ਼ੰਬਰ ਕਥਨ, ਕਥਨੀ ਨਾਲ ਸੁਣਾਈਆ । ਸੋ ਸਦਾ ਸਹਾਇਕ ਧੁਰ ਦਾ ਨਾਇਕ ਹਰਿ ਖ਼ਾਲਕ ਮਾਰਗ ਆਇਆ ਦੱਸਣ, ਰਹਿਬਰ ਰਾਹ ਜਣਾਈਆ । ਕੂੜੀ ਕਿਰਿਆ ਜੂਠ ਝੂਠ ਜੜ੍ਹ ਆਇਆ ਪੁੱਟਣ, ਸਤਿ ਧਰਮ ਬੂਟਾ ਦਏ ਲਗਾਈਆ । ਜਨ ਭਗਤਾਂ ਸੁਣਾਏ ਅਨੋਖੇ ਬਚਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਨਿਹਕਰਮੀ ਹਰਿ ਪਰਮ ਪਿਆਰਾ, ਪਰਮ ਪੁਰਖ ਅਖਵਾਇੰਦਾ । ਲੇਖਾ ਜਾਣੇ ਸਦਾ ਜੁਗ ਚਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਵਰਨ ਬਰਨ ਤੋਂ ਵਸੇ ਬਾਹਰਾ, ਜੋਤੀ ਜਾਤਾ ਡਗਮਗਾਇੰਦਾ । ਕਾਗਤ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਅੰਤ ਕਿਸੇ ਨਾ ਆਇੰਦਾ । ਖੇਲੇ ਖੇਲ ਗੁਪਤ ਜ਼ਾਹਰਾ, ਨਿਤ ਨਵਿਤ ਆਪਣਾ ਫੇਰਾ ਪਾਇੰਦਾ । ਜਨ ਭਗਤਾਂ ਦੇਵੇ ਸਚ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਕਾਇਆ ਮੰਦਰ ਖੋਲ੍ਹ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇੰਦਾ । ਦੀਆ ਬਾਤੀ ਕਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡਾ ਠਾਰਾ, ਘਰ ਝਿਰਨਾ ਆਪ ਝਿਰਾਇੰਦਾ । ਸਤਿ ਸਤਿਵਾਦੀ ਬੋਲ ਜੈਕਾਰਾ, ਧੁਨ ਰਾਗੀ ਰਾਗ ਅਲਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਲੋਚਣ ਨੈਣ ਅੱਖ ਖੁਲ੍ਹਾਇੰਦਾ । ਭਗਤ ਜਨਾਂ ਜਨ ਪਾਏ ਸਾਰਾ, ਜਗਤ ਜੁਗੀਸ਼ਰ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਿਹਕਰਮੀ ਹਰਿ ਧੁਰ ਦਾ ਮਾਲਕ, ਬੇਪਰਵਾਹ ਅਖਵਾਇੰਦਾ । ਲੇਖਾ ਜਾਣੇ ਮਖ਼ਲੂਕ ਖ਼ਾਲਕ, ਲੋਕ ਪਰਲੋਕ ਪੜਦਾ ਲਾਹਿੰਦਾ । ਸਚ ਸਵਾਮੀ ਧੁਰ ਦਾ ਸਾਲਸ, ਸਤਿ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਇੰਦਾ । ਲੱਖ ਚੁਰਾਸੀ ਬਣ ਪ੍ਰਿਤਪਾਲਕ, ਪਾਲਣਾ ਸਭ ਦੀ ਆਪ ਜਣਾਇੰਦਾ । ਗੁਰਮੁਖ ਵੇਖੇ ਬਾਲੇ ਬਾਲਕ, ਬਚਪਨ ਆਪਣੇ ਵਿਚੋਂ ਪਰਗਟਾਇੰਦਾ । ਜਨਮ ਕਰਮ ਦਾ ਮੇਟ ਕੇ ਆਲਸ, ਨਿੰਦਰਾ ਕੂੜ ਗਵਾਇੰਦਾ । ਸੰਤ ਸੁਹੇਲੇ ਵਿਰੋਲੇ ਖ਼ਾਲਸ, ਖ਼ਾਸ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਾਂ ਵਿਚ ਸਮਾਇੰਦਾ । ਨਿਹਕਰਮੀ ਹਰਿ ਸੰਤ ਸਮਾਇਆ, ਵੱਜੇ ਸਚ ਵਧਾਈਆ । ਜਗਤ ਨੇਤਰ ਨਜ਼ਰ ਨਾ ਆਇਆ, ਨਿਜ ਅੱਖ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਪੰਚਮ ਦੇਵੇ ਨਾਮ ਵਡਿਆਈਆ । ਸਚ ਸੰਦੇਸਾ ਇਕ ਸੁਣਾਇਆ, ਧੁਰ ਦਾ ਰਾਗ ਅਲਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਜੋੜ ਜੁੜਾਇਆ, ਜਗਤ ਵਿਛੋੜਾ ਰਹਿਣ ਨਾ ਪਾਈਆ । ਸੱਸੇ ਉਪਰ ਹੋੜਾ ਲਾਇਆ, ਹੰ ਬ੍ਰਹਮ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਬਣਤ ਰਿਹਾ ਬਣਾਈਆ । ਨਿਹਕਰਮੀ ਬਣਤ ਬਣਾਏ ਮਾਤ, ਧੁਰ ਦਾ ਘਾੜਨ

ਰਿਹਾ ਘੜਾਈਆ । ਗੁਰਮੁਖ ਬਣਾ ਕੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਇਕੋ ਵਾਰ ਬੇਨੰਤੀ ਸੁਣ ਅਰਦਾਸ, ਅੰਦਰੇ ਅੰਦਰ ਅਦਲਾ ਬਦਲੀ ਦਿਤੀ ਕਰਾਈਆ । ਜਗਤ ਤ੍ਰਿਸ਼ਨਾ ਮਿਟਾਈ ਖਾਹਿਸ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਾ ਕੋਇ ਨਿਵਾਈਆ । ਅੱਠੇ ਪਹਿਰ ਦਿਵਸ ਰੈਣ ਸਤਿਗੁਰ ਪੂਰਾ ਸਦਾ ਵਸੇ ਪਾਸ, ਜਗਤ ਵਿਛੋੜਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿਹਕਰਮੀ ਖੇਲ ਅਨਡਿਠਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜਨ ਭਗਤਾਂ ਅੰਮ੍ਰਿਤ ਦੇ ਕੇ ਰਸ ਮਿੱਠਾ, ਕੂੜੀ ਕਿਰਿਆ ਪਰੇ ਹਟਾਇੰਦਾ । ਸਚ ਦਵਾਰੇ ਸਚ ਸਵਾਮੀ ਦਿਸਾ, ਦਹਿ ਦਿਸ਼ਾ ਨਾ ਵੰਡ ਵੰਡਾਇੰਦਾ । ਵੱਡਿਆਂ ਨਾਲੋਂ ਵੱਡਾ ਨਿਕਿਆਂ ਨਾਲੋਂ ਨਿੱਕਾ, ਮਧ ਆਪਣੀ ਧਾਰ ਚਲਾਇੰਦਾ । ਆਦਿ ਜੁਗਾਦੀ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਜਿਨ੍ਹਾਂ ਨੂੰ ਭੁੱਲ ਗਿਆ ਪਿਛਲਾ ਪਿਛਾ, ਤਿਨ੍ਹਾਂ ਨੂੰ ਸੁਰਤੀ ਸ਼ਬਦ ਜਣਾਇੰਦਾ । ਜਿਸ ਨੇ ਮਾਤ ਗਰਭ ਕੀਤੀ ਰੱਛਾ, ਸੋ ਮਾਲਕ ਅੰਤਮ ਲੇਖੇ ਲਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਉਸੇ ਦਾ ਸੱਚਾ ਬੱਚਾ, ਜੋ ਅੱਗੇ ਬੱਚਿਆਂ ਵਾਂਗ ਗੋਦ ਉਠਾਇੰਦਾ । ਕਿਸੇ ਕੰਮ ਨਹੀਂ ਔਣਾ ਕਾਇਆ ਮਾਟੀ ਭਾਂਡਾ ਕੱਚਾ, ਬਿਨ ਸਤਿਗੁਰ ਪੂਰੇ ਆਤਮ ਪਰਮਾਤਮ ਜੋੜ ਨਾ ਕੋਇ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਅੰਗ ਲਗਾਇੰਦਾ । ਨਿਹਕਰਮੀ ਲਾਏ ਆਪਣੇ ਅੰਗ, ਅੰਗੀਕਾਰ ਅਖਵਾਈਆ । ਗੁਰਮੁਖਾਂ ਨੌਂ ਦਵਾਰੇ ਵੇਖੇ ਪਾਰ ਲੰਘ, ਮੰਜ਼ਲ ਪੰਧ ਚੁਕਾਈਆ । ਦਸਮ ਦਵਾਰੀ ਅਗੰਮਾ ਅਨੋਖਾ ਪਲੰਘ, ਬਿਨ ਪਾਵੇ ਚੂਲ ਟਿਕਾਈਆ । ਦਿਵਸ ਰੈਣ ਵੱਜੇ ਮਰਦੰਗ, ਅਨਰਾਗੀ ਰਾਗ ਅਲਾਈਆ । ਸੁਰਤੀ ਸ਼ਬਦੀ ਮਿਲ ਕੇ ਗਾਵੇ ਛੰਦ, ਸੋਹੰ ਢੋਲਾ ਇਕ ਸੁਣਾਈਆ । ਓਥੇ ਹੋਏ ਬੇਨੰਤੀ ਨਾ ਬੱਤੀ ਦੰਦ, ਰਸਨਾ ਜਿਹਵਾ ਨਾ ਕੋਈ ਵਡਿਆਈਆ । ਲੋੜ ਰਹੇ ਨਾ ਸੂਰਜ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤੀਰਥ ਜਾਣਾ ਪਏ ਨਾ ਗੋਦਾਵਰੀ ਗੰਗ, ਅੰਮ੍ਰਿਤ ਮੇਘ ਇਕ ਬਰਸਾਈਆ । ਘਰ ਸਵਾਮੀ ਦੇਵੇ ਅਨੰਦ, ਪਰਮਾਨੰਦ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਏ ਬੁਝਾਈਆ । ਨਿਹਕਰਮੀ ਜਨ ਭਗਤ ਕਰੇ ਮਨਜ਼ੂਰ, ਮੰਜ਼ਲ ਸਭ ਦੀ ਵੇਖ ਵਖਾਈਆ । ਓਹਦਾ ਜਲਵਾ ਉਤੇ ਕੋਹਤੂਰ, ਮੂਸਾ ਨੈਣ ਸ਼ਰਮਾਈਆ । ਓਹ ਚੜ੍ਹਦੇ ਵੇਖੇ ਸੂਲੀ ਮਨਸੂਰ, ਸ਼ਮਸ ਬੈਠਾ ਖੱਲ ਲੁਹਾਈਆ । ਉਸਨੇ ਗੌਂਦੇ ਵੇਖੇ ਜ਼ਰੂਰ, ਕਬੀਰ ਜੁਲਾਹੇ ਜਹੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਹਾਜ਼ਰ ਹਜ਼ੂਰ, ਹਾਜ਼ਰੀ ਸਭ ਦੀ ਲੇਖੇ ਪਾਈਆ । ਨਿਹਕਰਮੀ ਕਹੇ ਮੇਰਾ ਸ਼ਬਦ ਤੁਰੰਗ, ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਦੋ ਜਹਾਨਾਂ ਆਪੇ ਜਾਏ ਪਾਰ ਲੰਘ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਨੌ ਖੰਡ ਪ੍ਰਿਥਮੀ ਸਚਖੰਡ ਜਨ ਭਗਤਾਂ ਪੂਰੀ ਕਰਾਂ ਮੰਗ, ਮਨਸਾ ਸਭ ਦੀ ਝੋਲੀ ਪਾਇੰਦਾ । ਜਿਨ੍ਹਾਂ ਕਲਜੁਗ ਅੰਤ ਸ੍ਰੀ ਭਗਵੰਤ ਢੋਲਾ ਗਾਇਆ ਸੋਹੰ ਛੰਦ, ਸੋ ਪੁਰਖ ਨਿਰੰਜਣ ਨਿਜ ਨੇਤਰ ਨੈਣ ਅੱਖ ਦਰਸ ਵਖਾਇੰਦਾ । ਦੀਨ ਦਿਆਲ ਸਰਬ ਸਵਾਮੀ ਹੋ ਬਖ਼ਸ਼ੰਦ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੇ ਨਾਲ ਮਿਲਾਇੰਦਾ ।


੭੪੮
੧੭

## ✪ ੯ ਅੱਸੂ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪਿੰਡ ਬੰਡਾਲਾ ✪

ਨਿਹਕਰਮੀ ਕਹੇ ਸੁਣੋ ਜਨ ਭਗਤ, ਅੰਤਮ ਭਾਵਨਾ ਪੂਰ ਕਰਾਈਆ । ਨਾਤਾ ਤੋੜ ਕੇ ਕੂੜੇ ਜਗਤ, ਜਗਮਗ ਜੋਤ ਕਰਾਂ ਰੁਸ਼ਨਾਈਆ । ਆਪਣੇ ਨਾਮ ਦਾ ਦੱਸਕੇ ਅਰਥ, ਅਰਥਾਤ ਸਭ ਨੂੰ ਦਿਤਾ ਜਣਾਈਆ । ਪਿਛਲਾ ਕਰਕੇ ਪੂਰਾ ਵਾਕ, ਵਕਤ ਵੇਲਾ ਰਿਹਾ ਸੁਹਾਈਆ । ਤੁਹਾਡੇ ਨਾਲ ਮਿਲਾ ਕੇ ਆਪਣੀ ਜ਼ਾਤ, ਜ਼ਾਹਰ ਕਰਾਂ ਰੁਸ਼ਨਾਈਆ । ਖੇਲਾਂ ਖੇਲ ਬਹੁ ਬਿਧ ਭਾਂਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਇਆ ਸਹਾਈਆ । ਜਨ ਭਗਤੋ ਸੁਣੋ ਇਕ ਸੰਦੇਸ, ਸਦਾ ਹਰਿ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਕੇ ਪੇਸ਼, ਪੇਸ਼ੀਨਗੋਈ ਰਹੇ ਜਣਾਈਆ । ਸਭ ਤੋਂ ਅਗਲਾ ਅਖ਼ੀਰੀ ਸਾਡਾ ਪੂਰਾ ਹੋਇਆ ਲੇਖ, ਲਿਖਤ ਦਿਤੀ ਚੁਕਾਈਆ । ਤੂੰ ਸਾਹਿਬ ਕਰਕੇ ਜੋਤੀ ਭੇਸ, ਭੇਖ ਪਾਖੰਡ ਦੇ ਗਵਾਈਆ । ਜਨ ਭਗਤਾਂ ਲਏਂ ਪੇਖ, ਆਪਣੇ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਨਿਹਕਰਮੀ ਕਹੇ ਜਨ ਭਗਤ ਪਿਆਰੇ, ਭਗਤੀ ਇਕ ਕਮਾਈਆ । ਸੋਹੰ ਸ਼ਬਦ ਸਚ ਜੈਕਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈਕਾਰ ਸੁਣਾਈਆ । ਇਸ ਤੋਂ ਕੁਛ ਨਹੀਂ ਹੋਰ ਬਾਹਰੇ, ਬ੍ਰਹਿਮੰਡ ਖੰਡ ਇਸੇ ਵਿਚ ਬੰਦ ਕਰਾਈਆ । ਖਾਣੀ ਬਾਣੀ ਏਸੇ ਦੇ ਪਨਿਹਾਰੇ, ਜੁਗ ਜੁਗ ਸੇਵ ਕਮਾਈਆ । ਗੁਰ ਅਵਤਾਰ ਏਸੇ ਦੇ ਵਣਜਾਰੇ, ਲੋਕਮਾਤ ਹੱਟ ਚਲਾਈਆ । ਜਿਨ੍ਹਾਂ ਉਪਰ ਆਪ ਕਿਰਪਾ ਧਾਰੇ, ਧਰਨੀ ਧਵਲ ਉਤੇ ਵੇਖ ਵਖਾਈਆ । ਤਿਨ੍ਹਾਂ ਦੇ ਮਾਣਸ ਜਨਮ ਗਏ ਸਵਾਰੇ, ਬਗ ਬਪੜਾ ਰਹਿਣ ਕੋਇ ਨਾ ਪਾਈਆ । ਸੋ ਗੁਰਮੁਖ ਮਿਲੇ ਹੰਸਾਂ ਡਾਰੇ, ਕਾਗੀ ਕਾਗ ਨਾ ਕੋਇ ਕੁਰਲਾਈਆ । ਸਭ ਦੀ ਮਨਜ਼ੂਰ ਕਰੇ ਨਿਮਸਕਾਰੇ, ਬੰਦਨਾ ਆਪਣੀ ਝੋਲੀ ਪਾਈਆ । ਅੰਤਮ ਬਹਾਵੇ ਓਸ ਮੁਨਾਰੇ, ਜਿਸ ਦੀ ਮੰਜ਼ਲ ਬੇਪਰਵਾਹੀਆ । ਅੱਗੇ ਹੋ ਮਿਲੇ ਨਿਰੰਕਾਰੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲੈ ਕੇ ਜਾਏ ਸਚ ਦਰਬਾਰੇ, ਦਰਗਾਹ ਸਾਚੀ ਧਾਮ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਹੁਤਿਆਂ ਵਿਚੋਂ ਥੋੜੇ ਕੀਤੇ ਪਿਆਰੇ, ਥੋੜਿਆ ਵਿਚੋਂ ਥੁੜੇ ਜੋੜ ਜੁੜਾਈਆ ।

## ✪ ੧੨ ਅੱਸੂ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਚਿਰੀ ਕੂਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੋਲਣ ਵਿਚ ਕਦੇ ਨਾ ਆਈਆ । ਦੋ ਜਹਾਨ ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਚਰਨਾਂ ਹੇਠ ਵਖਾਵੇ ਆਪਣਾ ਖੂਹਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਰ ਨਾ ਕੋਇ ਕਰਾਈਆ । ਜਲ ਧਾਰ ਅੰਦਰ ਮਨੁਸ਼ ਮਾਨਵ ਮਨੁਖ ਪਾਣੀ ਭਿੱਜਾ ਚੂਹਾ, ਭੱਜ ਸਕੇ ਨਾ ਵਾਹੋ ਦਾਹੀਆ । ਤਤ ਬੁਤ ਮਾਟੀ ਖ਼ਾਕੀ ਮੇਲ ਨਿਰਗੁਣ ਰੂਹਾ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਕੋਟਨ ਕੋਟ ਕੋਟ ਜੁਗਾਂ ਪਿਛੋਂ ਨਿੱਕਾ ਜਿਹਾ ਖੋਲ੍ਹਿਆ ਬੂਹਾ, ਜਿਸ ਵਿਚੋਂ ਗੁਰਮੁਖ ਬਾਹਰ ਕਢਾਈਆ । ਕਲਜੁਗ ਅੰਤਮ ਵੇਖ ਕੇ ਧਾਰ ਧੂੰਆਂ, ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜੋਤ ਕਰੀ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਲੇਖਾ ਜਾਣੇ ਆਤਮ ਦੁੱਖ

ਸੁਖ ਰੋਗ ਭੁੱਖ ਵਿਚ ਕਦੇ ਨਾ ਮੋਆ, ਜਨਮ ਮਰਨ ਨਾ ਕੋਇ ਜਣਾਈਆ । ਨਿਤ ਨਵਿਤ ਜੁਗਾ ਜੁਗੰਤ ਉਨ੍ਹਾਂ ਦਾ ਹੋਆ, ਜੋ ਹੌਕੇ ਸਿਸਕੀਆਂ ਵਿਚ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਚਿਰਾਂ ਪਿਛੋਂ ਕੂਇਆ ਕਰਤਾ, ਕੁਦਰਤ ਕਾਦਰ ਵੇਖ ਵਖਾਈਆ । ਜੋ ਦਰਵੇਸ਼ ਬਣੇ ਬਰਦਾ, ਭਿੱਖਕ ਭਿਛਿਆ ਝੋਲੀ ਦੇਵੇ ਪਾਈਆ । ਅਜੇ ਸਿੱਖਾਂ ਦਾ ਮਨ ਪੂਰਾ ਨਹੀਂ ਡਰਦਾ, ਭੈ ਥੋੜਾ ਥੋੜਾ ਰਖਾਈਆ । ਏਸੇ ਕਰਕੇ ਸਤਿਗੁਰ ਪੂਰਾ ਅੰਦਰ ਨਹੀਂ ਵੜਦਾ, ਬਾਹਰੋਂ ਬਾਹਰੋਂ ਮੇਲ ਮਿਲਾਈਆ । ਜੋ ਭਾਣਾ ਪੂਰਾ ਮੰਨਦਾ, ਭਾਵੀ ਖਹਿੜਾ ਦਏ ਛੁਡਾਈਆ । ਥੋੜਾ ਲੇਖਾ ਪਿਛਲੇ ਧਨ ਦਾ, ਹੌਲੀ ਹੌਲੀ ਵਰਤਾਈਆ । ਇਹ ਲਹਿਣਾ ਗੁਜਰੀ ਚੰਨ ਦਾ, ਜੋ ਚੰਦ ਦਿਨਾਂ ਵਿਚ ਦਏ ਖਪਾਈਆ । ਅੱਗੇ ਇਕੇ ਹੁਕਮ ਨਾਲ ਰੋਗ ਸੋਗ ਚਿੰਤਾ ਦੁੱਖ ਸਰਬ ਬੰਨ੍ਹਦਾ, ਬੰਧਨ ਦੇਵੇ ਪਾਈਆ । ਸ੍ਰੀ ਭਗਵਾਨ ਵਡ ਮਿਹਰਵਾਨ ਕੱਚਾ ਨਹੀਂ ਕੰਨ ਦਾ, ਸੁਣਨਹਾਰਾ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਜੀਵ ਜੰਤ ਡੰਨਦਾ, ਡੰਕੇ ਡੌਰੂ ਨਾਲ ਸਮਝਾਈਆ । ਜੋ ਘੜਿਆ ਸੋ ਭੰਨਦਾ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸੱਚਾ ਹੱਥ ਰਖਾਈਆ । ਚਿਰਾਂ ਪਿਛੋਂ ਪਿਆ ਬੋਲ, ਬੋਲੀ ਆਪਣੀ ਨਾਲ ਲਿਆਈਆ । ਜਿਸ ਦਾ ਕੋਈ ਨਾ ਤੋਲੇ ਤੋਲ, ਤਰਾਜ਼ੂ ਵਜ਼ਨ ਨਾ ਕੋਈ ਸਮਝਾਈਆ । ਸ਼ਬਦ ਨਗਾਰਾ ਵਜਾ ਕੇ ਢੋਲ, ਢੋਲੇ ਸੁਣਾਵੇ ਬੇਪਰਵਾਹੀਆ । ਜਿਨ੍ਹਾਂ ਦੇ ਅੰਦਰ ਵਸਿਆ ਕੋਲ, ਤਿਸ ਕੁਲ ਮਿਲੇ ਵਡਿਆਈਆ । ਸਤਿਗੁਰ ਸ਼ਬਦ ਸਦਾ ਅਨਮੋਲ, ਅਨਮੁੱਲੜੀ ਕੀਮਤ ਸਕੇ ਨਾ ਕੋਇ ਚੁਕਾਈਆ । ਜਨ ਭਗਤਾਂ ਦੇਵੇ ਵਡਿਆਈ ਉਪਰ ਧੌਲ, ਧਰਨੀ ਦੁੱਖ ਗਵਾਈਆ । ਗੋਬਿੰਦ ਕਰਕੇ ਗਿਆ ਕੌਲ, ਇਕਰਾਰ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਬੇਪਰਵਾਹੀਆ । ਚਿਰਾਂ ਪਿਛੋਂ ਆਇਆ ਨੱਠਾ, ਪਿਛਲਾ ਪੰਧ ਮੁਕਾਈਆ । ਭਗਤ ਸੰਤ ਕਰ ਇਕੱਠਾ, ਅਗਲੀ ਕਰੇ ਪੜ੍ਹਾਈਆ । ਕਿਸੇ ਦਾ ਮਖੌਲ ਕਿਸੇ ਦਾ ਠੱਠਾ, ਠੋਕਰ ਨਾਲ ਉਠਾਈਆ । ਪੰਜ ਤਤ ਕਾਇਆ ਬੱਧਾ ਗੱਠਾ, ਗਠੜੀ ਸੀਸ ਟਿਕਾਈਆ । ਨਾਤਾ ਜੁੜਿਆ ਤੱਤਾਂ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮੱਤ ਬੁਧ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਏ ਦ੍ਰਿੜਾਈਆ । ਸਚ ਦਵਾਰੇ ਦ੍ਰਿੜ ਵਿਸ਼ਵਾਸ, ਦ੍ਰਿੜਤਾ ਇਕ ਵਖਾਈਆ । ਜਿਸ ਦੇ ਵਿਚ ਨਾ ਹੋਵੇ ਘਾਤ, ਘਾਓ ਸਕੇ ਨਾ ਕੋਇ ਲਗਾਈਆ । ਅੰਤਰ ਆਤਮ ਬੱਝੇ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਹੁਕਮ ਮੰਨਣ ਦੀ ਧੁਰ ਦੀ ਜਾਚ, ਜਾਚਕਾਂ ਦਏ ਜਣਾਈਆ । ਕਾਇਆ ਮਾਟੀ ਕਾਚ, ਅੰਤਮ ਕੀਮਤ ਰਹੇ ਨਾ ਰਾਈਆ । ਤਨ ਖ਼ਾਕੀ ਹੋਵੇ ਨਾਸ, ਨੇਸਤੋ ਨਾਬੂਦ ਦਿਸੇ ਲੋਕਾਈਆ । ਜਨ ਭਗਤਾਂ ਮਿਹਰ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਹੋਏ ਸਹਾਈਆ । ਬੀਸ ਇਕੀਸ ਤੋਂ ਬਾਦ ਗੁਰਮੁਖਾਂ ਦਾ ਦੁਖੜਾ ਜਾਏ ਨਾਸ, ਆਪਣਾ ਮੁਖ ਛੁਪਾਈਆ । ਤਿਸ ਸਮੇਂ ਅੰਤਰ ਸ਼ਬਦ ਚਲੇ ਸਵਾਸ ਸਵਾਸ, ਸਾਹ ਸਾਹ ਸਦਾ ਸਦਾ ਗੁਣ ਗਾਈਆ । ਬਿਨ ਮੰਤਰਾਂ ਦੱਸ ਅਭਿਆਸ, ਆਬੀ ਨਾਭੀ ਮਹਿਰਾਬੀ ਮਹਿਤਾਬੀ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਕੇ ਪੂੰਜੀ ਰਾਸ, ਰਸਦ ਦਸਤ ਬਦਸਤ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਸੁਖਾਲੇ ਕਰੇ ਸਵਾਸ, ਸ਼ਬਦ

੭੫੦
੧੭

ਸੁਰਤ ਨਾਲ ਮਿਲਾਈਆ । ਦੁੱਖ ਕਹਿਣ ਸਾਡੇ ਗਾਓ ਗੀਤ, ਸਭਨਾਂ ਰਹੇ ਜਣਾਈਆ । ਕਿਸੇ ਨੂੰ ਮੰਦਰ ਕਿਸੇ ਨੂੰ ਭਜਾਇਆ ਮਸੀਤ, ਕਿਸੇ ਨੂੰ ਮੰਦਰਾਂ ਵਿਚ ਭੁਆਈਆ । ਕਿਸੇ ਨੂੰ ਪਾਣੀਆਂ ਅੰਦਰ ਨਹਾਵਣ ਦੀ ਦੱਸੀ ਰੀਤ, ਕਿਸੇ ਨੂੰ ਮੜ੍ਹੀ ਮੱਠਾਂ ਸੀਸ ਝੁਕਾਈਆ । ਬਿਨ ਭਗਤਾਂ ਪਰਮ ਪੁਰਖ ਨੂੰ ਮਿਲਣ ਦੀ ਕਿਸੇ ਨਾ ਦੱਸੀ ਰੀਤ, ਸਾਚੀ ਸਿਖਿਆ ਨਾ ਕੋਇ ਦ੍ਰਿੜਾਈਆ । ਜਿਹੜੇ ਸਮਝ ਨਹੀਂ ਸਕੇ ਠੀਕ, ਉਨ੍ਹਾਂ ਨੂੰ ਦੁਖ ਦਲਿਦ੍ਰ ਲੈ ਕੇ ਭੱਜਣ ਵਾਹੋ ਦਾਹੀਆ । ਚਲੋ ਚਲ ਕੇ ਵੇਖੀਏ ਲਾਸ਼ਰੀਕ, ਜੋ ਦੁਖੜੇ ਰਿਹਾ ਮਿਟਾਈਆ । ਇਨ੍ਹਾਂ ਦੁੱਖਾਂ ਦੀ ਦੁੱਖਾਂ ਵਿਚੋਂ ਨਿਕਲਣ ਵਾਸਤੇ ਪ੍ਰਭ ਦੇ ਨਾਲ ਪ੍ਰੀਤ, ਇਹ ਵੀ ਜਨਮ ਅਜਨਮਾਂ ਵਿਚੋਂ ਪਰਗਟਾਈਆ । ਅਠਾਸੀ ਹਜ਼ਾਰ ਰਿਸ਼ੀਆਂ ਵਿਚੋਂ ਪਰਗਟ ਕੀਤਾ ਦੁੱਖ ਇਕ ਇਕ ਨੀਚ, ਨੀਚ ਨੀਚਾਂ ਵਿਚੋਂ ਜਣਾਈਆ । ਜਿੰਨਾਂ ਚਿਰ ਸਤਿਗੁਰ ਦਾ ਦਵਾਰਾ ਨਾ ਵੇਖਣ ਦਹਿਲੀਜ਼, ਪਾਰ ਨਾ ਕੋਇ ਲੰਘਾਈਆ । ਜੋ ਕਰਿਆ ਸੋ ਭਗਵਨ ਠੀਕ, ਠਾਕਰ ਆਪਣੀ ਖੇਲ ਬਣਾਈਆ । ਤੱਤਾਂ ਸਰੀਰਕ ਅੰਦਰ ਰੱਖਕੇ ਭੀਤ, ਭੀਤਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਰਿਹਾ ਲਗਾਈਆ ।

## ✪ ੧੩ ਅੱਸੂ ੨੦੨੧ ਬਿਕ੍ਰਮੀ ਮਾਨ ਸਿੰਘ ਦੇ ਗ੍ਰਿਹ ਅੰਮ੍ਰਿਤਸਰ ✪

ਬਨਾਰਸ ਖੇਟਾ ਮਾਰਗ ਖਾਸ, ਅਧਵਾਟੀ ਨਜ਼ਰੀ ਆਈਆ । ਜਿਥੇ ਬੈਠਾ ਚਮਿਆਰ ਰਵਿਦਾਸ, ਪਾਣਾ ਗੰਢ ਖ਼ੁਸ਼ੀ ਮਨਾਈਆ । ਓਥੇ ਰਾਹੀ ਪਾਂਧੀ ਚਲਦਾ ਆਇਆ ਆਪਣੇ ਘਾਟ, ਮਾਨ ਸਿੰਘ ਪੂਰਬ ਜਨਮ ਮਲੂਕਾ ਦਿਤਾ ਸਮਝਾਈਆ । ਕੰਡਾ ਵਜਿਆ ਅੰਗੁਸ਼ਤ ਸਾਚ, ਸੱਜਾ ਚਰਨ ਹੋਇਆ ਦੁਖਦਾਈਆ । ਨੇਰਨ ਨੇਰ ਆ ਕੇ ਕੀਤੀ ਅਰਦਾਸ, ਪ੍ਰੇਮ ਪਿਆਰ ਨਾਲ ਬੇਨੰਤੀ ਦਿਤੀ ਸੁਣਾਈਆ । ਮੈਨੂੰ ਕੰਡਾ ਘਾਓ ਲਗਾ ਘਾਤ, ਦੁੱਖ ਦਰਦ ਰਿਹਾ ਸਤਾਈਆ । ਚਮਰੇਟੇ ਤੈਨੂੰ ਸੋਹਣੀ ਜਾਚ, ਆਰ ਰੰਬੀ ਨਾਲ ਬਾਹਰ ਕਢਾਈਆ । ਰਵਿਦਾਸ ਖ਼ੁਸ਼ੀਆਂ ਨਾਲ ਪਿਆ ਹਾਸ, ਹਸਤ ਕਵਲਾਂ ਸੇਵ ਕਮਾਈਆ । ਓਸ ਵੇਲੇ ਆਪ ਕਿਹਾ ਸ਼ਾਬਾਸ਼, ਜਿਸ ਮੇਰੀ ਦਰਦ ਵੰਡਾਈਆ । ਰਵਿਦਾਸ ਕਿਹਾ ਮੇਰੇ ਨਾਲੋਂ ਚੰਗਾ ਮੇਰਾ ਬਾਪ, ਪੁਰਖ ਅਕਾਲ ਜੋ ਸਭ ਦਾ ਪਿਤਾ ਮਾਈਆ । ਨਿਤ ਨਵਿਤ ਸਦਾ ਸੁਹੇਲਾ ਰਹਵੇ ਸਾਥ, ਸਗਲਾ ਸੰਗ ਨਿਭਾਈਆ । ਓਸ ਕੋਲੋਂ ਮੰਗ ਦਾਤ, ਜੋ ਦੁੱਖਾਂ ਰੋਗਾਂ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲੇਖੇ ਵਿਚੋਂ ਸਮਝਾਈਆ । ਪੂਰਬ ਜਨਮ ਵਿਚ ਕਿਹਾ ਉਹ ਕਵਣ ਬਾਪ, ਕਵਣ ਧਾਮ ਡੇਰਾ ਲਾਈਆ । ਰਵਿਦਾਸ ਕਿਹਾ ਜਨ ਭਗਤਾਂ ਸਾਖਿਆਤ, ਨਿਰਗੁਣ ਸਰਗੁਣ ਖੇਲ ਖਿਲਾਈਆ । ਜਿਸ ਦਾ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਦੇ ਜਾਪ, ਸਾਧ ਸੰਤ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗਾ ਗਾ ਵਿਸ਼ਨ ਬ੍ਰਹਮਾ ਸ਼ਿਵ ਗਾਥ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਲਾਹੀਆ । ਸੋ ਸਵਾਮੀ ਸਚ ਹਾਮੀ ਨਿਹਕਰਮੀ ਅੰਤਰਜਾਮੀ ਸਰਬ ਕਲਾ ਸਮਰਾਥ, ਮਹਿਮਾ ਅਕਥ ਕਥਨੀ ਕਥ ਨਾ ਸਕੇ ਰਾਈਆ । ਰੋਗ ਸੋਗ ਚਿੰਤਾ ਦੁਖ ਕਰਨਹਾਰ ਵਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਲੱਖ ਚੁਰਾਸੀ ਸੀਸ ਜਗਦੀਸ ਰੱਖਣਹਾਰਾ ਹਾਥ, ਮਿਹਰ

ਨਜ਼ਰ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਦੇਵਣਹਾਰਾ ਸੱਚਾ ਵਰ, ਸਾਹਿਬ ਸਰਬ ਦਾ ਇਕ ਗੁਸਾਈਆ । ਮਲੂਕੇ ਕਿਹਾ ਉਹ ਕਿਹੜਾ ਮੁਲਕ, ਮਾਲਕ ਬੈਠਾ ਬੇਪਰਵਾਹੀਆ । ਸਚ ਦੱਸ ਓਸ ਜ਼ਬਾਨ ਦਰੁਸਤ, ਜਿਸ ਵਿਚ ਦਰੁਸਤੀ ਫੇਰ ਕਦੇ ਨਾ ਆਈਆ । ਕਵਣ ਮਹੱਲਾ ਅਰਸ਼ ਕੁਰਸ਼, ਕਵਣ ਸਿੰਘਾਸਣ ਬੈਠਾ ਡੇਰਾ ਲਾਈਆ । ਰਵੀ ਕਿਹਾ ਮਨੁੱਸ਼ਾ ਵਿਚ ਮਨੁੱਸ਼ਾਂ ਵਰਗਾ ਪੁਰਸ਼, ਪਰਮ ਪੁਰਖ ਪਰਮੇਸ਼ਵਰ ਪਰਸ਼ੋਤਮ ਪਾਰਬ੍ਰਹਮ ਵੱਡੀ ਵਡਿਆਈਆ । ਅਗੰਮ ਅਥਾਹ ਉਚ ਓਸ ਦਾ ਉਰਸ, ਬੇਨਜ਼ੀਰ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਆਪ ਖੁਲ੍ਹਾਈਆ । ਰਵਿਦਾਸ ਕਿਹਾ ਮੇਰਾ ਸਾਹਿਬ ਸੁਲਤਾਨ, ਪਰਵਰਦਿਗਾਰ ਇਕ ਅਖਵਾਈਆ । ਜੋ ਜੁਗ ਚੌਕੜੀ ਨਿਤ ਨਵਿਤ ਦੇਵਣਹਾਰਾ ਧੁਰ ਦਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਤੇਰਾ ਲੇਖਾ ਚੁਕਾਏ ਵਿਚ ਜਹਾਨ, ਜਾਗਰਤ ਜੋਤ ਇਕ ਰੁਸ਼ਨਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਮਕਾਨ, ਮਹਿਰਾਬ ਹੁਜਰਾ ਇਕੋ ਇਕ ਸੁਹਾਈਆ । ਮਿਹਰ ਨਜ਼ਰ ਕਰ ਹੋਵੇ ਆਪ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਜਣਾਈਆ । ਜਿਸ ਦਾ ਵਾਸ ਉਪਰ ਜ਼ਿਮੀਂ ਆਸਮਾਨ, ਆਦਿ ਅੰਤ ਇਕ ਅਖਵਾਈਆ । ਓਸਦੀ ਦਾਸਤਾਨ ਕੀ ਕਰੇ ਬਿਆਨ, ਨਜ਼ਮ ਨਗ਼ਮਾ ਤਹਿਰੀਰ ਤਕਰੀਰ ਸਿਫ਼ਤ ਨਾ ਕੋਇ ਸਾਲਾਹੀਆ । ਉਹ ਬੇਪਰਵਾਹ ਖੇਲੇ ਖੇਲ ਦੋ ਜਹਾਨ, ਮਾਲਕ ਖ਼ਾਲਕ ਪ੍ਰਿਤਪਾਲਕ ਇਕ ਅਖਵਾਈਆ । ਇਕ ਏਕ ਰੱਖੇ ਚਰਨ ਧਿਆਨ, ਆਤਮ ਦੇਵੇ ਬ੍ਰਹਮ ਗਿਆਨ, ਵਿਦਿਆ ਸਤਿ ਸਤਿ ਸਮਝਾਈਆ । ਦੁੱਖ ਦਰਦ ਰੋਗ ਸੋਗ ਚਿੰਤ ਸਭ ਮਿਟ ਜਾਣ, ਹਉਮੇ ਹਰਸ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਘਲਾਈਆ । ਮਲੂਕ ਕਿਹਾ ਮੈਨੂੰ ਮੇਲ ਮਲੂਕ, ਮਾਲਕ ਬੇਪਰਵਾਹੀਆ । ਮੇਰਾ ਰਵਿਦਾਸ ਦੇ ਨਾਲ ਹੋਵੇ ਸਲੂਕ, ਸੁਲਹਕੁਲ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਦੂਰ ਨਜ਼ਦੀਕ, ਨੇਰਨ ਨੇਰਾ ਘਰ ਘਰ ਬੈਠਾ ਸੋਭਾ ਪਾਈਆ । ਝਗੜਾ ਰਹੇ ਨਾ ਕੋਈ ਸ਼ਰੀਕ, ਸ਼ਰਕਤ ਦਏ ਮਿਟਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਸਚ ਪ੍ਰੀਤ, ਪ੍ਰੀਤਮ ਆਪਣੀ ਗੋਦ ਬਹਾਈਆ । ਰਵਿਦਾਸ ਕਿਹਾ ਸਦੀ ਵੀਹਵੀਂ ਰੱਖ ਉਡੀਕ, ਇਕ ਇਕੀਸਾ ਹੋਏ ਸਹਾਈਆ । ਜਿਸ ਦਾ ਨਾਮ ਕਲਮਾ ਇਕ ਹਦੀਸ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਨਾਨਕ ਨਿਰਗੁਣ ਕਹੇ ਓਸਦੀ ਸਚ ਤੌਫ਼ੀਕ, ਅਮਰਦਾਸ ਨਿਉਂ ਨਿਉਂ ਲਾਗੇ ਪਾਈਆ । ਸਤਿਗੁਰ ਸਾਵਣ ਕਰੇ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਬਿਨ ਪੁਰਖ ਅਕਾਲ ਸਚ ਦਵਾਰਾ ਨਾ ਕੋਈ ਠੀਕ, ਕਾਇਆ ਠੀਕਰ ਸਭ ਦੇ ਭੰਨ ਵਖਾਈਆ । ਸੋਚਦਿਆਂ ਸੋਚਦਿਆਂ ਵਕਤ ਆਇਆ ਓਸ ਤਾਰੀਖ, ਜਿਸ ਦਾ ਤਰੀਕਾ ਸਮਝ ਕੋਇ ਨਾ ਪਾਈਆ । ਅੰਦਰ ਵੜਕੇ ਵੇਖੇ ਧਾਰ ਬਾਰੀਕ, ਡੂੰਘੀ ਭਵਰੀ ਕਵਰੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਵਣਹਾਰ ਰਵਿਦਾਸ ਚਮਾਰੇ ਆਪਣਾ ਸੰਗ ਬਣਾਈਆ । ਮਾਨ ਸਿੰਘ ਮਨ ਜਾਏ ਮੰਨ, ਮਨਸਾ ਕੋਇ ਰਹਿਣ ਨਾ ਪਾਈਆ । ਸਤਿਗੁਰ ਪੂਰਾ ਲੇਖਾ ਜਾਣੇ ਪੰਜ ਤਤ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖਣਹਾਰ ਚਾਈਂ ਚਾਈਂਆ । ਜਗਤ ਵਿਕਾਰ ਮਨ ਹੰਕਾਰ ਦੇਵੇ ਡੰਨ, ਨਾਮ ਖੰਡਾ ਹੱਥ ਉਠਾਈਆ । ਸ਼ਬਦ ਅਮੋਲਕ ਵਸਤ ਘਰ ਵਿਚ ਘਰ ਟਿਕਾਏ ਧਨ, ਦੌਲਤ ਇਕੋ ਵਾਰ ਵਰਤਾਈਆ । ਸਾਚਾ ਰਾਗ ਸੁਣਾਏ ਬਿਨ ਕੰਨ, ਅਗੰਮੀ ਨਾਦ ਵਜਾਈਆ । ਕਰੇ ਪਰਕਾਸ਼

ਬਿਨ ਸੂਰਜ ਚੰਨ, ਜੋਤੀ ਜੋਤ ਡਗਮਗਾਈਆ । ਏਥੇ ਓਥੇ ਦੋ ਜਹਾਨ ਬੇੜਾ ਦੇਵੇ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸਾਹਿਬ ਸਤਿਗੁਰੂ ਕਰੇ ਮਿਹਰ, ਮਿਹਰ ਨਜ਼ਰ ਉਠਾਇੰਦਾ । ਮਨ ਕਾ ਮਣਕਾ ਦੇਵੇ ਫੇਰ, ਸੁਰਤ ਨਿਰਤ ਖੋਜ ਖੁਜਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਰੰਗ ਵਖਾਇੰਦਾ । ਏਥੇ ਓਥੇ ਸੱਜਣ ਸੁਹੇਲ, ਧੁਰ ਦਾ ਸੰਗ ਨਿਭਾਇੰਦਾ । ਜਨਮ ਕਰਮ ਦਿਆਂ ਵਿਛੜਿਆਂ ਲਏ ਮੇਲ, ਧੁਰ ਸੰਜੋਗੀ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਹੱਥ ਨਹੀਂ ਇਹ ਸਿਰੋਪਾ, ਵਸਤ ਆਪਣੀ ਝੋਲੀ ਪਾਈਆ । ਅੱਗੇ ਮਿਲਣ ਦਾ ਸੱਚਾ ਰਾਹ, ਮਰਨ ਤੋਂ ਪਹਿਲੋਂ ਦਏ ਵਖਾਈਆ । ਰਾਏ ਧਰਮ ਅੱਧ ਵਿਚਕਾਰ ਨਾ ਸਕੇ ਕੋਇ ਅਟਕਾ, ਚਿਤ੍ਰਗੁਪਤ ਨਾ ਲੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਬੈਠਣ ਸੀਸ ਝੁਕਾ, ਨਿਉਂ ਨਿਉਂ ਲਾਗਣ ਪਾਈਆ । ਸੁਰਤੀ ਸ਼ਬਦੀ ਮੇਲਾ ਸਹਿਜ ਸੁਭਾ, ਜੋੜੀ ਇਕੋ ਘਰ ਵਖਾਈਆ । ਭੱਜੇ ਜਾਣ ਵਾਹੋ ਦਾਹ, ਮਾਰਗ ਆਪਣਾ ਆਪੇ ਨਜ਼ਰੀ ਆਈਆ । ਸੁੰਨ ਅਗੰਮੀ ਪਾਰ ਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰਾਂ ਦਿਤੀ ਸ਼ਹਾਦਤ, ਸ਼ਹਿਨਸ਼ਾਹ ਵੇਖ ਵਖਾਈਆ । ਹੁਣ ਲੋੜ ਨਾ ਰਹੇ ਕਰਨ ਦੀ ਬੰਦਗੀ ਅਬਾਦਤ, ਇਬਾਰਤ ਪੜ੍ਹਨੀ ਪਿਛਲੇ ਖ਼ਾਨੇ ਵਿਚ ਰਖਾਈਆ । ਇਕੋ ਵਾਰ ਪ੍ਰੇਮ ਪਿਆਰ ਅੰਦਰ ਕਰਕੇ ਸ਼ਫ਼ਾਰਸ਼, ਸਾਬਤ ਸੂਰਤ ਨਾਲ ਦਏ ਮਿਲਾਈਆ । ਅੰਦਰ ਬਾਹਰ ਦੇ ਕੇ ਢਾਰਸ, ਧੀਰਜ ਧੀਰ ਇਕ ਵਖਾਈਆ । ਉਹ ਸਤਿਗੁਰ ਨਹੀਂ ਜੋ ਨਾਮ ਭਜਨ ਬੰਦਗੀ ਦੀ ਲਏ ਆੜ੍ਹਤ, ਸਤਿਗੁਰ ਸੋ ਜੋ ਮਿਹਰ ਨਜ਼ਰ ਨਾਲ ਪਾਰ ਕਰਾਈਆ । ਗੁਰਮੁਖ ਨਾਲ ਕਿਆ ਕੋਈ ਵਿਕਾਰ ਕਰੇ ਸ਼ਰਾਰਤ, ਸ਼ਰਅ ਮਜ਼੍ਹਬ ਦੀਨ ਬੰਧਨ ਕੋਈ ਨਾ ਪਾਈਆ । ਸਚ ਦਵਾਰੇ ਸਚਖੰਡ ਪਰਮ ਪੁਰਖ ਦੀ ਇਕ ਵਜ਼ਾਰਤ, ਜਿਸ ਨੂੰ ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਆਸਾ ਆਸ਼ਾ ਵਿਚ ਬਦਲਾਈਆ । ਸਤਿਗੁਰ ਪੂਰਾ ਸ਼ਬਦ ਸਮਰਥ, ਆਦਿ ਜੁਗਾਦਿ ਅਖਵਾਇੰਦਾ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਅੱਖ, ਨਿਜ ਨੇਤਰ ਨੂਰ ਚਮਕਾਇੰਦਾ । ਪ੍ਰੇਮ ਪਿਆਰ ਦੀ ਮਾਰ ਕੇ ਸੱਟ, ਸੋਈ ਸੁਰਤੀ ਆਪ ਉਠਾਇੰਦਾ । ਘਰ ਵਿਚ ਘਰ ਖੋਲ੍ਹ ਕੇ ਹੱਟ, ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਿਮੰਡ ਖੰਡ ਚੌਦਾਂ ਲੋਕ ਚੌਦਾਂ ਤਬਕ ਗੁਰਮੁਖ ਦਿਆਂ ਚਰਨਾਂ ਹੇਠ ਜਾਣ ਢੱਠ, ਜਿਨ੍ਹਾਂ ਦਾ ਮੇਲ ਪਰਮ ਪੁਰਖ ਆਪ ਕਰਾਇੰਦਾ । ਓਥੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਾਰੇ ਆਪਣਾ ਮੂੰਹ ਲੈਣ ਢਕ, ਨੇਤਰ ਨੈਣਾ ਨਜ਼ਰ ਕੋਇ ਨਾ ਆਇੰਦਾ । ਇਕੋ ਏਕ ਭਗਤ ਭਗਵਾਨ ਇਕ ਦੂਜੇ ਦਾ ਕਰਨ ਜਸ, ਵੇਦ ਪੁਰਾਨ ਸਿਫ਼ਤ ਨਾ ਕੋਇ ਸਾਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਰੱਖੇ ਆਪਣਾ ਹੱਥ, ਤਿਸ ਹੱਟੋ ਹੱਟ ਨਾ ਕੋਇ ਵਿਕਾਇੰਦਾ । ਮਾਨ ਸਿੰਘ ਤਨ ਮਾਟੀ ਖ਼ਾਕੀ , ਪੰਜ ਤਤ ਮਿਲੀ ਵਡਿਆਈਆ । ਇਸ ਦੇ ਅੰਦਰ ਵਸਤ ਉਹ ਖ਼ਾਲਸ, ਜਿਸ ਦੀ ਖ਼ਸੂਸੀਅਤ ਸਮਝ ਕੋਇ ਨਾ ਪਾਈਆ । ਏਸੇ ਕਰਕੇ ਗੁਰ ਅਵਤਾਰ ਪੀਰ ਪੈਗ਼ੰਬਰ ਬਣਕੇ ਗਏ ਸਾਲਸ, ਜਗਤ ਸਮੱਸਿਆ ਸਚ ਸਮਝਾਈਆ । ਕਲਜੁਗ ਅੰਤਮ ਲੱਖ ਚੁਰਾਸੀ ਗੂੜ੍ਹੀ ਨੀਂਦ ਪਾਇਆ ਆਲਸ, ਅੰਤਰ ਅੱਖ ਨਾ ਕੋਇ ਖੁਲ੍ਹਾਈਆ । ਪਿਤਾ ਪੁਰਖ ਅਕਾਲ ਘਰ ਜੰਮੇ ਨਾ ਕੋਇ

ਬਾਲਕ, ਗੁਰਮੁਖ ਰੂਪ ਨਾ ਕੋਇ ਵਟਾਈਆ । ਉਹ ਵੇਖਣਹਾਰਾ ਲੱਖ ਚੁਰਾਸੀ ਸਾਧ ਸੰਤ ਜੀਵ ਜੰਤ ਖ਼ਲਕ ਖ਼ਾਲਕ, ਮਖ਼ਲੂਕ ਖੋਜੇ ਥਾਉਂ ਥਾਈਆ । ਚਾਰ ਵਰਨ ਅਠਾਰਾਂ ਬਰਨ ਦਰ ਦਰ ਘਰ ਘਰ ਦਿਸੇ ਜਹਾਲਤ, ਮਨ ਜਾਬਰ ਜ਼ਬਰਦਸਤੀ ਆਪਣਾ ਹੁਕਮ ਮਨਾਈਆ । ਜਿਨ੍ਹਾਂ ਨੂੰ ਪਰਮ ਪੁਰਖ ਪਰਮਾਤਮ ਮਿਲਣ ਦੀ ਪਈ ਆਦਤ, ਸੋ ਅਦਨੇ ਆਅਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲੇਖੇ ਵਿਚ ਲਗਾਈਆ । ਸਵਾਸ ਕਹਿਣ ਸੁਣ ਸਵਾਮੀ ਸਵਾਸਾ, ਸਾਹ ਸਾਹ ਤੇਰਾ ਧਿਆਨ ਲਗਾਈਆ । ਜਗਤ ਜਹਾਨ ਦਿਸਿਆ ਕੂੜਾ ਕਾਸਾ, ਸਾਚਾ ਸੰਗ ਨਾ ਕੋਇ ਨਿਭਾਈਆ । ਬਾਲ ਜਵਾਨੀ ਬਿਰਧ ਵੇਖਿਆ ਤਮਾਸ਼ਾ, ਅਵਸਥਾ ਜਗਤ ਵਸਤੂ ਵਿਚ ਲੰਘਾਈਆ । ਅੰਤਮ ਚਰਨ ਕਮਲ ਪ੍ਰਭੂ ਭਰਵਾਸਾ, ਧੁਰ ਦੀ ਓਟ ਰਖਾਈਆ । ਜਨਮ ਕਰਮ ਦੁੱਖ ਹੋਏ ਵਿਨਾਸਾ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਅੰਤ ਸ੍ਰੀ ਭਗਵੰਤ ਲੈ ਕੇ ਜਾਏ ਸਾਥਾ, ਧੁਰ ਦਾ ਸੰਗ ਬਣਾਈਆ ।

### ✪ ੩੦ ਅੱਸੂ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✪

ਕਿਰਪਾ ਕਰੇ ਨਰ ਹਰਾ, ਹਰਿ ਨਰਾਇਣ ਵੱਡੀ ਵਡਿਆਈਆ । ਲੇਖਾ ਜਾਣੇ ਦੋ ਜਹਾਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਵੇਖੇ ਥਾਉਂ ਥਾਂ, ਥਨੰਤਰ ਅੰਤਰ ਖੋਜ ਖੁਜਾਈਆ । ਸੰਤ ਸੁਹੇਲੇ ਪਕੜੇ ਬਾਂਹ, ਭਗਤ ਭਗਵੰਤ ਵੇਖ ਵਖਾਈਆ । ਸਤਿਜੁਗ ਸਤਿ ਸਤਿਵਾਦੀ ਲਿਆ ਹੰਡਾ, ਨਿਰਗੁਣ ਆਪਣਾ ਭੇਵ ਚੁਕਾਈਆ । ਤ੍ਰੇਤੇ ਰਾਮ ਰਾਮਾ ਰੂਪ ਵਟਾ, ਰਹਿਬਰ ਬੇਪਰਵਾਹੀਆ । ਰਾਵਣ ਦੁਸ਼ਟ ਦਰ ਹਰਾ, ਵੱਜੀ ਸਚ ਵਧਾਈਆ । ਕਾਹਨਾ ਕ੍ਰਿਸ਼ਨਾ ਸਚ ਘਰਾ, ਬੰਸਰੀ ਨਾਮ ਸੁਣਾਈਆ । ਗੋਬਿੰਦ ਦਰ ਇਕ ਮਿਲਾ, ਮਿਲਣੀ ਜਗਦੀਸ ਜਣਾਈਆ । ਪਟਨਾ ਸ਼ਹਿਰ ਚੰਦ ਚੜ੍ਹਾ, ਜੋਤ ਨੂਰ ਰੁਸ਼ਨਾਈਆ । ਬਾਲੀ ਬਾਲਾ ਖੇਲ ਕਰਾ, ਬਾਲਕ ਨੂਰ ਇਲਾਹੀਆ । ਸਚ ਦਵਾਰੇ ਜਾ ਵੜਾ, ਚਰਨ ਕਵਲ ਇਕ ਟਿਕਾਈਆ । ਰਾਜ ਰਾਜਾਨ ਮਾਣ ਬੜਾ, ਸ਼ਾਹ ਸੁਲਤਾਨ ਸੋਭਾ ਪਾਈਆ । ਮਾਤ ਪਿਤ ਹੇਤ ਕਰਾ, ਪਿਤਾ ਪੂਤ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਤਿ ਸਤਿਵਾਦ, ਸਾਚੀ ਦਇਆ ਕਮਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਨਿਤ ਨਵਿਤ ਵੇਖ ਵਖਾਇੰਦਾ । ਸਚ ਸਤਿ ਕਰ ਪੂਰੀ ਆਸ, ਤ੍ਰਿਸਨਾ ਮੋਹ ਮਿਟਾਇੰਦਾ । ਪੂਰਬ ਲੇਖਾ ਰੱਖੇ ਯਾਦ, ਅਭੁਲ ਭੁਲ ਵਿਚ ਨਾ ਆਇੰਦਾ । ਦੇਵਣਹਾਰਾ ਸਾਚੀ ਦਾਦ, ਵਸਤ ਅਮੋਲਕ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਨੇਹਾਰ, ਕਰਤਾ ਵਡ ਵਡਿਆਈਆ । ਲੇਖਾ ਜਾਣੇ ਜੁਗ ਚੌਕੜੀ ਚਾਰ, ਕੋਟਨ ਕੋਟ ਕਾਲ ਚਰਨਾਂ ਹੇਠ ਦਬਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਿਚ ਸੰਸਾਰ, ਸਦੀ ਸਦੀਵੀ ਖੋਜ ਖੁਜਾਈਆ । ੨੦੧੭ ਬਿਕ੍ਰਮੀ ਕਰ ਪਿਆਰ, ਬੀਸ ਅੱਠ ਜੋੜ ਜੁੜਾਈਆ । ਅੰਤਰ ਅੰਤਰ ਕਰ ਪਿਆਰ, ਪ੍ਰੀਤਮ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚ ਵਡਿਆਈ ਦੇਵੇ ਏਕ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਅੰਦਰ

ਬਾਹਰ ਗੁਪਤ ਜ਼ਾਹਰ ਲਏ ਵੇਖ, ਪੜਦਾ ਓਹਲਾ ਨਾ ਕੋਇ ਜਣਾਇੰਦਾ । ਸਚ ਸਵਾਮੀ ਖੋਲ੍ਹੇ ਭੇਤ, ਭੇਵ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਰਤੇ ਹੱਥ ਵਡਿਆਈਆ । ਰਾਜ ਰਾਜਾਨਾਂ ਦਏ ਅਧਾਰ, ਮਿਹਰ ਨਜ਼ਰ ਟਿਕਾਈਆ । ਰਾਜਾ ਮੈਹਣੀ ਮੋਹ ਪਿਆਰ, ਮੁਹੱਬਤ ਇਕ ਸਮਝਾਈਆ । ੧੭੧੮ ਬਿਕ੍ਰਮੀ ਦੁਸ਼ਟਹਾਰ, ਦੁਸਹਿਰਾ ਖ਼ੁਸ਼ੀ ਵਖਾਈਆ । ਮਾਲਣ ਆਈ ਇਕ ਦਵਾਰ, ਫੂਲਣ ਹਾਰ ਇਕ ਗੁੰਦਾਈਆ । ਕਲੀ ਕਲੀ ਕਰੇ ਪੁਕਾਰ, ਪੰਖੜੀਆਂ ਨੈਣਾਂ ਨੀਰ ਵਹਾਈਆ । ਦੋਏ ਜੋੜ ਜੋੜ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਸਾਚੇ ਬਸਤਰ ਤਨ ਸ਼ਿੰਗਾਰ, ਸ਼ਹਿਨਸ਼ਾਹ ਸੋਭਾ ਪਾਈਆ । ਤੇੜ ਧੋਤੀ ਨਾ ਸਲਵਾਰ, ਸਾਚਾ ਭੂਸ਼ਣ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹੀ ਖੇਲ ਖਿਲਾਇਆ, ਖ਼ਾਲਕ ਖ਼ਲਕ ਵੇਖ ਵਖਾਈਆ । ਰਾਜਾ ਰਾਣਾ ਰੰਗ ਰੰਗਾਇਆ, ਰੰਕਾਂ ਸੋਭਾ ਪਾਈਆ । ਸਚ ਤਿਵਹਾਰ ਦਇਆ ਕਮਾਇਆ, ਵਿਵਹਾਰ ਇਕ ਸਮਝਾਈਆ । ਮਾਲਣ ਬਣਕੇ ਮਾਲਕ ਆਇਆ, ਕਲੀ ਫੂਲ ਮਹਿਕਾਈਆ । ਸਚ ਸੰਦੇਸ਼ਾ ਗਿਆ ਜਣਾਇਆ, ਭੇਵ ਅਭੇਵ ਖੁਲ੍ਹਾਈਆ । ਸਾਢੇ ਤਿੰਨ ਵਕਤ ਸੁਹਾਇਆ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਮਹੱਲ ਅਟਲ ਹੋਏ ਰੁਸ਼ਨਾਇਆ, ਉਜਲ ਨੂਰ ਜੋਤ ਰੁਸ਼ਨਾਈਆ । ਗੋਬਿੰਦ ਛੋਹਰਾ ਬਾਂਕਾ ਖੇਲ ਰਚਾਇਆ, ਰਚਨਾ ਪਿਛਲੀ ਵੇਖ ਵਖਾਈਆ । ਕੰਚਨ ਗੜ੍ਹ ਇਕ ਸੁਹਾਇਆ, ਬੰਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਣੀ ਸੁਣੀ ਬਾਤ ਅਗੰਮ, ਅਗੰਮੜਾ ਧਿਆਨ ਲਗਾਈਆ । ਜਗਤ ਸੁਆਣੀ ਮਾਲਣ ਦੱਸ ਕੰਮ, ਭੇਵ ਅਭੇਦ ਖੁਲ੍ਹਾਈਆ । ਕਵਣ ਨੂਰ ਜ਼ਹੂਰ ਚੜ੍ਹੇ ਚੰਨ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਜਿਸ ਨੂੰ ਵੇਖ ਕਹੀਏ ਧੰਨ ਧੰਨ, ਰਸਨਾ ਢੋਲਾ ਗਾਈਆ । ਮਨ ਆਤਮਾ ਜਾਏ ਮੰਨ, ਮਨਸਾ ਮੋਹ ਮਿਟਾਈਆ । ਹੌਲੀ ਜੇਹੀ ਆਖ ਸੁਣਾਇਆ ਬਿਨ ਕੰਨ, ਗੋਬਿੰਦ ਰੰਗ ਰੰਗਾਈਆ । ਜਿਸ ਦਾ ਪਿਤਾ ਪੁਰਖ ਅਕਾਲ ਸ੍ਰੀ ਭਗਵਨ, ਭਾਗਾਂ ਭਰਿਆ ਇਕ ਅਖਵਾਈਆ । ਸੋ ਖੇਲ ਕਰੇ ਕਾਇਆ ਪੰਜ ਤਤ ਮਾਟੀ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਣੀ ਕਹੇ ਕੀ ਵਕਤ ਸਾਢੇ ਤਿੰਨ, ਸਮਝ ਕੋਇ ਨਾ ਆਈਆ । ਮਾਲਣ ਕਹੇ ਜਿਸਦਾ ਖੇਲ ਭਿੰਨ ਭਿੰਨ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਜਿਸ ਨੂੰ ਜੁਗ ਚੌਕੜੀ ਲੰਘਾਏ ਗਿਣ ਗਿਣ, ਅਗਣਤ ਵੱਡੀ ਵਡਿਆਈਆ । ਜਿਸ ਦਾ ਖੇਲ ਛਿਨ ਛਿਨ, ਕੋਟਨ ਕੋਟ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਦੱਸ ਮਾਲਣ ਕਵਣ ਮਿਹਰਵਾਨ, ਮਹਿਬੂਬ ਕਵਣ ਅਖਵਾਇੰਦਾ । ਕਿਸ ਦਵਾਰੇ ਕਰਾਂ ਪਹਿਚਾਨ, ਕਵਣ ਨੇਤਰ ਨਜ਼ਰੀ ਆਇੰਦਾ । ਕਵਣ ਜ਼ਬਾਨ ਗਾਵਾਂ ਗਾਨ, ਸਿਫ਼ਤੀ ਕਵਣ ਸਾਲਾਹਿੰਦਾ । ਕਵਣ ਵਸਤ ਦੇਵੇ ਦਾਨ, ਅਮੋਲਕ ਝੋਲੀ ਪਾਇੰਦਾ । ਮੈਂ ਵੇਖਾਂ ਉਹ ਕਾਹਨ, ਜੋ ਘਰ ਘਰ ਬੰਸਰੀ ਆਪ ਵਜਾਇੰਦਾ । ਜਿਸ ਦਾ ਮਹੱਲ ਅਟਲ ਮਕਾਨ, ਬੇਮੁਕਾਮ ਸੋਭਾ ਪਾਇੰਦਾ । ਜਲਵਾ ਨੂਰ ਦੋ ਜਹਾਨ, ਜਹਾਲਤ ਸਭ ਦੀ ਵੇਖ ਵਖਾਇੰਦਾ । ਸਚ ਸੰਦੇਸ਼ਾ ਦਏ ਪੈਗ਼ਾਮ, ਧੁਰ ਦਾ ਰਾਗੀ ਰਾਗ ਅਲਾਇੰਦਾ । ਸ਼ਾਨਾਂ ਉਤੋਂ ਵੱਖਰੀ ਉਸਦੀ ਸ਼ਾਨ, ਸ਼ਾਹਾਂ ਨਾਲੋਂ ਸ਼ਹਿਨਸ਼ਾਹ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ


੭੫੫
੧੨

੭੫੬
੧੭

ਕਰਨੀ ਕਾਰ ਕਮਾਇੰਦਾ । ਮਾਲਣ ਕਹੇ ਮੈਂ ਕੇਹੜੀ ਕਮਲੀ, ਸਮਝ ਕੋਇ ਨਾ ਆਈਆ । ਦਰ ਦਰ ਫਿਰਾਂ ਹੋ ਕੇ ਯਮਲੀ, ਜ਼ਾਹਰ ਕਰਾਂ ਨਾ ਕੋਇ ਰੁਸ਼ਨਾਈਆ । ਪੱਲੇ ਪੈਸਾ ਨਾ ਕੋਇ ਦਮੜੀ, ਜ਼ੇਵਰ ਜ਼ਰ ਨਾ ਕੋਇ ਰਖਾਈਆ । ਮਾਤ ਪਿਤ ਨਾ ਅੰਮੜੀ, ਪਿਤਾ ਪੂਤ ਨਾ ਗੋਦ ਸੁਹਾਈਆ । ਬਿਨ ਸੁਧ ਬੁਧ ਹੋਈ ਕਮਲੀ, ਕਵਲ ਨੈਨ ਵੇਖਾਂ ਚਾਈਂ ਚਾਈਂਆ । ਜਗਤ ਜਹਾਨ ਦਿਸਾਂ ਪਗ਼ਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਰਾਣੀ ਕਹੇ ਸੁਣ ਮਾਲਣ ਇਕ, ਇਕ ਦਿਆਂ ਦ੍ਰਿੜਾਈਆ । ਕਿਸ ਕੋਲੋਂ ਤੂੰ ਆਈ ਸਿਖ, ਪੱਟੀ ਕਿਸ ਪੜ੍ਹਾਈਆ । ਮੈਨੂੰ ਲੇਖਾ ਦੇ ਲਿਖ, ਲੇਖਣੀ ਨਾਲ ਰਲਾਈਆ । ਕਿਸ ਬਿਧ ਗੋਬਿੰਦ ਕਰੇ ਹਿਤ, ਪ੍ਰੀਤਮ ਗੋਦ ਸੁਹਾਈਆ । ਮੈਂ ਵੇਖਾਂ ਸਦਾ ਨਿਤ, ਨਿਜ ਨੇਤਰ ਧਿਆਨ ਲਗਾਈਆ । ਮੇਰੇ ਅੰਦਰ ਓਹੋ ਸਿਕ, ਸਿਖ਼ਰ ਚੋਟੀ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਮਾਲਣ ਕਹੇ ਸੁਣ ਰਾਣੀ ਭੋਲੀ, ਭੋਲੇ ਭਾਓ ਦਿਆਂ ਦ੍ਰਿੜਾਈਆ । ਥਿਰ ਰਹੇ ਨਾ ਕਿਸੇ ਕਾਇਆ ਪੰਜ ਤਤ ਚੋਲੀ, ਸ਼ਾਹ ਸੁਲਤਾਨ ਕੋਟਨ ਗਏ ਹੰਢਾਈਆ । ਮੇਰੀ ਸਮਝ ਲਈ ਜਿਸ ਧੁਰ ਦੀ ਬੋਲੀ, ਅਨਬੋਲਤ ਰਾਗ ਵਿਚ ਸਮਾਈਆ । ਮੈਂ ਤੇਰੇ ਕੋਲ ਅਗਲੀ ਘੁੰਡੀ ਖੋਲ੍ਹੀ, ਜਿਸ ਦਾ ਭੇਵ ਕੋਇ ਨਾ ਪਾਈਆ । ਤੇਰੇ ਗ੍ਰਿਹਿ ਮੰਦਰ ਗੋਬਿੰਦ ਆਉਂਣਾ ਹੌਲੀ ਹੌਲੀ, ਹੌਸਲਾ ਤੇਰਾ ਦਿਆਂ ਵਧਾਈਆ । ਤੇਰੇ ਨਾਲ ਜਾਏ ਕਰਕੇ ਇਕਰਾਰ ਕੌਲੀ, ਕੌਲ ਇਕੋ ਇਕ ਸਮਝਾਈਆ । ਕਲਜੁਗ ਅੰਤ ਪਰਮ ਪੁਰਖ ਖੇਲ ਕਰੇ ਉਪਰ ਧੌਲੀ, ਧਰਨੀ ਧਰਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਦਏ ਵਡਿਆਈਆ । ਸਤਿ ਸਚ ਦਏ ਵਡਿਆਈ ਏਕ, ਏਕੰਕਾਰ ਦਇਆ ਕਮਾਇੰਦਾ । ਨਿਰਗੁਣ ਹੋ ਕੇ ਧਾਰੇ ਭੇਖ, ਪੂਰਬ ਲੇਖਾ ਵੇਖ ਵਖਾਇੰਦਾ । ਬੀਸ ਇਕੀਸਾ ਖੇਲੇ ਖੇਡ, ਖਿੜਕੀ ਕੁੰਡਾ ਆਪ ਖੁਲ੍ਹਾਇੰਦਾ । ਜੋਤੀ ਜਲਵਾ ਦੇ ਕੇ ਤੇਜ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਸ਼ਬਦ ਅਗੰਮੀ ਸੰਦੇਸ਼ਾ ਭੇਜ, ਚਤਰਭੁਜ ਰੰਗ ਰੰਗਾਇੰਦਾ । ਪ੍ਰੇਮ ਪਿਆਰ ਦਾ ਪਹਿਲਾ ਹੇਤ, ਹਿਤਕਾਰੀ ਆਪ ਕਰਾਇੰਦਾ । ਦਰਸ਼ਨ ਦੇ ਕੇ ਨੇਤਨ ਨੇਤ, ਨਿਜ ਆਤਮ ਮੇਲ ਮਿਲਾਇੰਦਾ । ਦੂਰ ਦੁਰਾਡਾ ਸ਼ਬਦ ਲਏ ਵੇਖ, ਬਾਹਰੋਂ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਚ ਕਰਨੀ ਕਾਰ ਕਮਾਵੇਗਾ । ਤੇਰਾ ਲਹਿਣਾ ਲੇਖੇ ਪਾਵੇਗਾ । ਸਾਚੇ ਦੇਸ ਨਰ ਨਰੇਸ਼, ਆਪ ਵਸਾਵੇਗਾ । ਕਰ ਅਵੱਲੜਾ ਭੇਸ, ਭੇਖਾ ਧਾਰੀ ਫੇਰਾ ਪਾਵੇਗਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਵਾਲੀ ਸਾਚੀ ਖੇਡ, ਹਰਿ ਕਰਤਾ ਆਪ ਦ੍ਰਿੜਾਵੇਗਾ । ਧੁਰ ਸੰਦੇਸਾ ਇਕੋ ਭੇਜ, ਸ੍ਰਿਸ਼ਟੀ ਸਵਾਧਾਨ ਕਰਾਵੇਗਾ । ਪੂਰਬ ਲਹਿਣਾ ਚੁਕਾਏ ਲੇਖ, ਲੇਖਾ ਆਪਣੇ ਹੱਥ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਕਾਰ ਕਮਾਵੇਗਾ । ਅਬਿਨਾਸ਼ੀ ਕਰਤਾ ਖੇਲ ਖਿਲਾਵੇਗਾ । ਰਾਜ ਰਾਜਾਨਾਂ ਬਣਾ ਕੇ ਆਪਣਾ ਬਰਦਾ, ਬੰਦਗੀ ਇਕੋ ਇਕ ਦ੍ਰਿੜਾਵੇਗਾ । ਲੇਖਾ ਜਾਣੇ ਸਾਚੇ ਘਰ ਦਾ, ਗ੍ਰਿਹਿ ਮੰਦਰ ਫੋਲ ਫੁਲਾਵੇਗਾ । ਲਹਿਣਾ ਦੇਣਾ ਦੂਰ ਨੇੜ ਦਾ, ਨੇਰਨ ਨੇਰ ਹੋ ਚੁਕਾਵੇਗਾ । ਸਚ ਦਵਾਰੇ ਹਕ ਨਬੇੜਦਾ, ਹਕੀਕਤ ਇਕੋ ਇਕ ਸਮਝਾਵੇਗਾ । ਸਾਢੇ ਤਿੰਨ ਹੱਥ ਵਕਤ ਸੁਹੰਜਣੀ ਸੇਜ ਦਾ, ਆਤਮ ਪਰਮਾਤਮ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਾਇਆ ਮਾਟੀ ਰੰਗ ਰੰਗਾਵੇਗਾ । ਰਾਣੀ ਕਹੇ ਦੱਸ ਉਹ ਮਾਲਣ, ਮਾਲਕ ਬੇਪਰਵਾਹੀਆ । ਉਹ ਲੇਖਾ ਜਾਣੇ ਜੁਗ ਜੁਗ ਜਿਉਂ ਦੁਆਪਰ ਕ੍ਰਿਸ਼ਨ ਗਵਾਲਨ, ਗੋਪੀ ਰਾਸ ਰਚਾਈਆ । ਮੈਂ ਦਰ ਤੇਰੇ ਸਵਾਲਨ, ਬੇਨੰਤੀ ਇਕ ਦ੍ਰਿੜਾਈਆ । ਮੈਂ ਕਿਥੋਂ ਜਾਵਾਂ ਭਾਲਣ, ਕੁੰਟੀ ਕੁੰਟ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦੇਵਣਹਾਰ ਵਡਿਆਈਆ । ਮਾਲਣ ਕਹੇ ਪ੍ਰਭ ਛੈਲ ਛਬੀਲਾ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਜੁਗਾ ਜੁਗੰਤਰ ਨਿਤ ਨਵਿਤ ਆਪਣੇ ਮਿਲਣ ਦਾ ਆਪੇ ਬਣੇ ਵਸੀਲਾ, ਵਸਲ ਆਪਣਾ ਸਚ ਕਰਾਇੰਦਾ । ਉਸ ਦਾ ਰੂਪ ਅਨੂਪ ਕੋਈ ਨਾ ਜਾਣੇ ਸੁੰਦਰ ਸਾਵਲ ਕਾਲਾ ਪੀਲਾ, ਮੋਹਣੀ ਰੂਪ ਆਪ ਵਖਾਇੰਦਾ । ਹੱਥ ਨਾ ਆਏ ਕਦੇ ਨਾਲ ਦਲੀਲਾਂ, ਸੋਚਾਂ ਵਿਚ ਨਾ ਕੋਇ ਸਮਝਾਇੰਦਾ । ਮਿਹਰਵਾਨ ਹੋ ਕੇ ਵਸਦਾ ਰਹੇ ਅੰਦਰ ਦਹਿਲੀਜ਼ਾਂ, ਦਹਿ ਦਿਸ਼ਾ ਪੰਧ ਮੁਕਾਇੰਦਾ । ਜਨ ਭਗਤਾਂ ਜੁਗ ਜੁਗ ਪੂਰੀਆਂ ਕਰੇ ਰੀਝਾਂ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤ ਰਾਜਾ ਰਾਣੀ ਦੋਹਾਂ ਧੋਤੀ ਅੰਗੀ ਬਦਲ ਲੈਣੀਆਂ ਕਮੀਜ਼ਾਂ, ਤਨ ਕਾਇਆ ਚੋਲਾ ਆਪ ਬਦਲਾਇੰਦਾ । ਏਥੇ ਓਥੇ ਜਿਸ ਦੀਆਂ ਉਡੀਕਾਂ, ਸੋ ਆਰ ਪਾਰ ਪੰਧ ਮੁਕਾਇੰਦਾ । ਪ੍ਰਭੂ ਮਿਲਣ ਦੀਆਂ ਦੱਸਾਂ ਸਚ ਤਰੀਕਾਂ, ਭੇਵ ਅਭੇਵ ਵਿਚ ਨਾ ਕੋਇ ਦਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਜਣਾਇੰਦਾ । ਰਾਣੀ ਕਹੇ ਉਹ ਕੇਹੜੀ ਤਾਰੀਖ਼, ਸਚ ਦੇ ਦ੍ਰਿੜਾਈਆ । ਮਾਲਣ ਕਿਹਾ ਵੀਹ ਸੌ ਇੱਕੀ ਬਿਕ੍ਰਮੀ ਠੀਕ, ਦਸਰਥ ਬੇਟਾ ਦਹਿਸਿਰ ਦੇਵੇ ਘਾਈਆ । ਸਾਢੇ ਤਿੰਨ ਵਕਤ ਅੰਤਰ ਆਤਮ ਮਿਲੇ ਪ੍ਰੀਤ, ਪ੍ਰੀਤਮ ਪ੍ਰੇਮ ਜਣਾਈਆ । ਦੂਰ ਦੁਰਾਡਾ ਵੇਖੇ ਆ ਨਜ਼ਦੀਕ, ਆਪਣਾ ਪੰਧ ਚੁਕਾਈਆ । ਨਵੇਂ ਬਸਤਰ ਨਵਾਂ ਜਨਮ ਨਵੇਂ ਕਰਮ ਦੀ ਅੱਗੇ ਉਡੀਕ, ਅੱਗੇ ਨਾਲੋਂ ਅੱਗਾ ਆਪ ਹੋਰ ਦਵਾਈਆ । ਜਿਹੜਾ ਬੇੜਾ ਅੰਧੇਰਾ ਵਿਚ ਰਿਹਾ ਤਾਰੀਕ, ਧੁੰਦਲਾਪਨ ਗਵਾਈਆ । ਸਚ ਦਵਾਰ ਦੀ ਬਖ਼ਸ਼ਿਸ਼ ਕਰ ਬਖ਼ਸ਼ੀਸ਼, ਬਖ਼ਸ਼ਿੰਦ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।

## ✪ ਪਹਿਲੀ ਕੱਤਕ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਅਵਤਾਰ ਪੀਰ ਪੈਗੰਬਰ ਵੇਖ ਮੇਰਾ ਇਸ਼ਟ, ਇਸ਼ਟ ਆਪਣਾ ਗਏ ਭੁਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਕੇ ਆਪਣੀ ਫ਼ਰਿਸ਼ਤ, ਫ਼ੈਸਲਾ ਤੇਰੇ ਹੱਥ ਰਖਾਈਆ । ਨਾਤਾ ਛੋੜ ਕੇ ਦੋਜ਼ਖ਼ ਬਹਿਸ਼ਤ, ਸਵਰਗ ਜੰਨਤ ਪੰਧ ਮੁਕਾਈਆ । ਲੱਖ ਚੁਰਾਸੀ ਵੇਖ ਕੇ ਜੀਵ ਜੰਤ ਸ੍ਰਿਸ਼ਟ, ਸਾਹਿਬ ਸਚ ਸਚ ਦ੍ਰਿੜਾਈਆ । ਖੁਲ੍ਹੀ ਕਿਸੇ ਨਾ ਵੇਖੀ ਦ੍ਰਿਸ਼ਟ, ਪਰਦਾ ਸਕਿਆ ਨਾ ਕੋਇ ਉਠਾਈਆ । ਮਨ ਵਾਸਨਾ ਮਤ ਮਤਵਾਲੀ ਭੋਗੇ ਗ੍ਰਿਸਤ, ਕੰਤ ਸੁਹਾਗੀ ਨਾਰ ਨਾ ਕੋਇ ਹੰਢਾਈਆ । ਨਿਤ ਨਵਿਤ ਜੋ ਤੇਰੇ ਹੁਕਮੇ ਅੰਦਰ ਕਰ ਕੇ ਆਏ ਬਖ਼ਸ਼, ਬਖ਼ਸ਼ਿਸ਼ ਰਹਿਮਤ ਤੇਰੀ ਨਜ਼ਰੀ ਆਈਆ । ਸਦੀ ਬੀਸਵੀਂ ਸਭ ਦਾ ਚੁੱਕਿਆ ਵਕਤ, ਵੇਲਾ ਦਏ ਗਵਾਹੀਆ । ਧੁਰ ਦਾ ਲੇਖਾ ਕਦੇ ਨਾ ਹੋਵੇ ਵਿਚ ਫ਼ਰਕ, ਫ਼ੈਸਲਾ ਸਭ ਦਾ ਦੇ ਜਣਾਈਆ । ਸ੍ਰੀ ਭਗਵਾਨ ਤੇਰੇ ਉਪਰ ਕਿਸੇ ਨਾ ਕੋਈ ਹਰਖ਼, ਚਿੰਤਾ ਸੋਗ ਨਾ ਕੋਇ ਜਣਾਈਆ । ਜੁਗ ਜੁਗ ਤੇਰਾ ਸੰਦੇਸਾ

ਦੇ ਕੇ ਆਏ ਨਿਧੜਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਸਰਗੁਣ ਸਰਗੁਣ ਨਾਲ ਲਾ ਕੇ ਆਏ ਸ਼ਰਤ, ਸੋਹਣਾ ਰੰਗ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਦੀ ਚਾਲ ਨਿਰਾਲੀ ਅਨੋਖੀ ਵੱਖਰੀ ਮਟਕ, ਛੈਲ ਛਬੀਲਾ ਨੂਰ ਖ਼ੁਦਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨ ਨਾ ਜਾਏ ਅਟਕ, ਜ਼ਿਮੀਂ ਅਸਮਾਨ ਚਰਨਾਂ ਹੇਠ ਦਬਾਈਆ । ਧੁਰ ਫ਼ਰਮਾਨ ਨੌਜਵਾਨ ਰਾਜ ਰਾਜਾਨ ਜਣਾਏ ਸਖ਼ਤ, ਸਖ਼ਤੀ ਬੇਜ਼ਬਾਨ ਆਪ ਅਲਾਈਆ । ਭਗਤਾਂ ਮੇਟੇ ਜਨਮ ਕਰਮ ਦੀ ਹਰਸ, ਹਵਸ ਦਏ ਗਵਾਈਆ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਬੰਦ ਕਰੇ ਧੜਤ, ਹਰਿ ਕਾ ਨਾਮ ਹੱਟ ਨਾ ਕੋਇ ਵਿਕਾਈਆ । ਸ਼ਬਦ ਖੰਡਾ ਉਠਾਏ ਇਕੋ ਖੜਗ, ਖ਼ਾਲਸ ਆਪਣਾ ਰੰਗ ਰੰਗਾਈਆ । ਲੇਖਾ ਚੁਕਾਵੇ ਰਾਮ ਭਰਤ, ਭਰਮ ਭੌ ਆਪ ਚੁਕਾਈਆ । ਅਧਵਿਚਕਾਰ ਜੋ ਮਾਨਸ ਮਨੁੱਖ ਰਹੇ ਲਟਕ, ਜੀਵ ਜੰਤ ਖੋਜ ਖੁਜਾਈਆ । ਵੇਖ ਵਖਾਏ ਧਰਨੀ ਧਵਲ ਧਰਤ, ਧਰਮ ਧਾਰ ਬੇਪਰਵਾਹੀਆ । ਪੜਦਾ ਲਾਹ ਕੇ ਅਰਸ਼ ਫ਼ਰਸ਼, ਦੋ ਜਹਾਨਾਂ ਹੋਏ ਸਹਾਈਆ । ਜੋਧਾ ਸੂਰਬੀਰ ਬਣ ਕੇ ਮਰਦ, ਮਰਦਾਨਾ ਇਕ ਅਖਵਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਸ਼ਰਅ ਕਸਾਈ ਚਲਾਏ ਨਾ ਕੋਈ ਕਰਦ, ਕਤਲਗਾਹ ਨਾ ਕੋਇ ਵਖਾਈਆ । ਰਾਗ ਨਾਦ ਢੋਲਾ ਸੁਣਾਏ ਅਗੰਮੀ ਤਰਜ਼, ਛੱਤੀ ਰਾਗ ਸਮਝ ਨਾ ਪਾਈਆ । ਸਚਖੰਡ ਨਿਵਾਸੀ ਕੱਢ ਆਪਣੀ ਉਹ ਫ਼ਰਦ, ਜਿਸ ਦਾ ਲੇਖਾ ਨਿਰਅੱਖਰ ਵਿਚ ਲਿਖਾਈਆ । ਤੇਰੇ ਦਰ ਤੇ ਸਾਰੇ ਦੇਣ ਆਏ ਤੇਰਾ ਕਰਜ਼, ਹਿਸਾਬ ਤੇਰੇ ਹੱਥ ਫੜਾਈਆ । ਸਦੀ ਵੀਹਵੀਂ ਵੇਖ ਖੇਲ ਅਸਚਰਜ, ਅਚਰਜ ਤੇਰੀ ਬਣਤ ਨਜ਼ਰੀ ਆਈਆ । ਕੂੜੀ ਕਿਰਿਆ ਚਾਰ ਕੁੰਟ ਗੁਬਾਰ ਗਰਦ, ਗਰਦਸ਼ ਵਿਚ ਸਰਬ ਲੋਕਾਈਆ । ਸਾਚੇ ਮੰਦਰ ਸਾਢੇ ਤਿੰਨ ਹੱਥ ਚੜ੍ਹੇ ਕੋਈ ਨਾ ਚੜ੍ਹਤ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਫੋਲ ਪੋਥੀ, ਪੁਸਤਕ ਤੇਰੇ ਅੱਗੇ ਰਖਾਈਆ । ਸ੍ਰਿਸ਼ਟ ਸਬਾਈ ਤੇਰੀ ਖੋਟੀ, ਕਲਜੁਗ ਕੂੜ ਵਡਿਆਈਆ । ਮੰਦਰ ਚੜ੍ਹਿਆ ਸਾਧ ਕੋਈ ਨਾ ਚੋਟੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਭੱਜੇ ਫਿਰਦੇ ਖ਼ਾਤਰ ਰੋਟੀ, ਅੰਮ੍ਰਿਤ ਜਾਮ ਰਸ ਨਾ ਕੋਇ ਚਖਾਈਆ । ਸੁਰਤ ਸਵਾਣੀ ਸਭ ਦੀ ਹੋ ਗਈ ਕਮਲੀ ਕੋਝੀ, ਮਿਲੇ ਮੇਲ ਨਾ ਬੇਪਰਵਾਹੀਆ । ਕਿਸੇ ਕੰਮ ਨਹੀਂ ਆਉਣਾ ਜੰਞੂ ਬੋਦੀ, ਕੇਸ ਸੀਸ ਜਗਦੀਸ ਨਾ ਕੋਇ ਵਡਿਆਈਆ । ਬਿਨ ਤੇਰੇ ਭਗਤਾਂ ਬਣਿਆ ਕੋਈ ਨਾ ਸੱਚਾ ਖੋਜੀ, ਖੋਜ ਖੋਜ ਥੱਕੀ ਸਰਬ ਲੋਕਾਈਆ । ਤੂੰ ਪਰਮ ਪੁਰਖ ਅਕਾਲ ਧੁਰ ਦਾ ਚੋਜੀ, ਚੋਲਾ ਆਪਣਾ ਲਿਆ ਬਦਲਾਈਆ । ਗੁਰਮੁਖਾਂ ਦਾ ਬਣ ਕੇ ਆਇਉਂ ਧੋਬੀ, ਦੁਰਮਤ ਮੈਲ ਧੁਆਈਆ । ਅੰਦਰ ਵੜਕੇ ਦਿਤੀ ਆਪਣੀ ਸੋਝੀ, ਸੋਈ ਸੁਰਤ ਉਠਾਈਆ । ਬੇਸ਼ਕ ਤਾਅਨੇ ਦੇਵਣ ਲੋਕੀ, ਚੌਦਾਂ ਲੋਕ ਪੰਧ ਦਿਤਾ ਮੁਕਾਈਆ । ਅੱਗੇ ਘਾਟੀ ਰਹਿਣ ਨਾ ਦਿਤੀ ਔਖੀ, ਰਾਏ ਧਰਮ ਨਾ ਦਏ ਸਜ਼ਾਈਆ । ਤੇਰੀ ਵੇਖ ਕੇ ਜਗਦੀ ਜੋਤੀ, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਬਿਗਸਾਈਆ । ਤੇਰੀ ਖ਼ੁਮਾਰੀ ਸਦਾ ਮਦਹੋਸ਼ੀ, ਮਿਸਲ ਜਗਤ ਨਾ ਕੋਇ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੂੰ ਰੱਖੀ ਆਪ ਖ਼ਾਮੋਸ਼ੀ, ਸੁਖ਼ਨ ਸਤਿ ਨਾ ਕੋਇ ਦ੍ਰਿੜਾਈਆ । ਧੰਨ ਵਡਿਆਈ ਓਸ ਰਵਦਾਸ ਚਮਾਰੇ ਮੋਚੀ, ਜਿਸ ਨੇ ਸਭ ਦੇ ਮਚਲਕੇ ਦਿਤੇ ਲਿਖਾਈਆ । ਤੂੰ ਵੇਖਣਹਾਰਾ ਦੋਸ਼ੀ ਨਿਰਦੋਸ਼ੀ, ਨਿਰਗੁਣ ਸਰਗੁਣ

ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਆਹ ਲੈ ਆਪਣੇ ਗ੍ਰੰਥ, ਹਰਫ਼ ਹਰੂਫ਼ ਤੇਰੀ ਝੋਲੀ ਪਾਈਆ । ਚੱਕਰ ਗਦਾ ਲੈ ਧੁਰ ਦਾ ਸੰਖ, ਸੁਦਰਸ਼ਨ ਤੇਰੀ ਸਰਨਾਈਆ । ਤੇਰੇ ਰੂਪ ਵੇਖ ਅਨੰਤ, ਬੇਅੰਤ ਤੇਰਾ ਜਸ ਗਾਈਆ । ਤੂੰ ਬੋਧ ਅਗਾਧਾ ਧੁਰ ਦਾ ਪੰਡਤ, ਆਦਿ ਜੁਗਾਦਿ ਕਰੇਂ ਪੜ੍ਹਾਈਆ । ਦਰ ਸਵਾਲੀ ਤੇਰੇ ਮੰਗਤ, ਦਰਵੇਸ਼ ਸੀਸ ਝੁਕਾਈਆ । ਸਦੀ ਚੌਧਵੀਂ ਸਾਰੇ ਹੋਏ ਨੰਗਤ, ਈਸਾ ਮੂਸਾ ਮੁਹੰਮਦ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਈਮਾਨ, ਅਮਲਾਂ ਵਿਚ ਨਾ ਕੋਇ ਜਣਾਈਆ । ਆਹ ਲੈ ਅੱਖਰਾਂ ਵਾਲੀ ਲਿਖੀ ਕੁਰਾਨ, ਅਲਫ਼ ਯੇ ਤੇਰੀ ਝੋਲੀ ਪਾਈਆ । ਅਸੀਂ ਤੱਕੀਏ ਤੇਰਾ ਉਹ ਨਿਸ਼ਾਨ, ਬੇਨਿਸ਼ਾਨ ਦੇਣਾ ਸਮਝਾਈਆ । ਜਿਥੇ ਨਾ ਕੋਈ ਸ਼ਰਅ ਨਾ ਈਮਾਨ, ਨਾ ਕੋਈ ਸੱਜਦਾ ਸੀਸ ਝੁਕਾਈਆ । ਨਾ ਸੰਦੇਸਾ ਨਾ ਪੈਗ਼ਾਮ, ਨਾ ਪੈਗ਼ੰਬਰ ਕਰੇ ਪੜ੍ਹਾਈਆ । ਨਾ ਨਾਤਾ ਨਾ ਮਹਿਮਾਨ, ਮਿਹਰਵਾਨ ਇਕੋ ਨਜ਼ਰੀ ਆਈਆ । ਜਿਥੇ ਵਸੇ ਨਾ ਕਦੇ ਸ਼ੈਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਪੜ੍ਹੀਏ ਸਬਕ, ਸੰਥਾ ਇਕੋ ਸੱਚੀ ਭਾਈਆ । ਤੂੰ ਨਿਗਾਹਬਾਨ ਹੋ ਕੇ ਮਹਿਬਾਨ ਬੀਦੋ ਆਇਆ ਪਰਤ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਨਿਜ ਨੇਤਰ ਲੋਚਣ ਕਰ ਕੇ ਤੇਰਾ ਦਰਸ, ਬਣ ਦਾਸੀ ਦਾਸ ਸੀਸ ਝੁਕਾਈਆ । ਤੇਰਾ ਜਲਵਾ ਤੱਕ ਕੇ ਉਤੇ ਅਰਸ਼, ਆਰਜ਼ੂ ਇਕ ਜਣਾਈਆ । ਤੇਰੀ ਰਹਿਮਤ ਵਿਚ ਨਾ ਆਵੇ ਫ਼ਰਕ, ਫ਼ੈਸਲਾ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਬਸਤੇ, ਹਰਿ ਕਰਤਾ ਆਪ ਜਣਾਈਆ । ਕਲਜੁਗ ਜੀਵ ਜੰਤ ਵੇਖੋ ਮਸਤੇ, ਕੂੜੀ ਕਿਰਿਆ ਨਾਲ ਰਲਾਈਆ । ਹਰਿ ਕੇ ਨਾਮ ਸਭ ਨੇ ਕੀਤੇ ਸਸਤੇ, ਗੁਰ ਗੁਰ ਸ਼ਬਦ ਕੌਡੀ ਹੱਟ ਵਿਕਾਈਆ । ਸਾਧ ਸੰਤ ਧੁਰ ਦਾ ਮਾਰਗ ਮੂਲ ਨਾ ਦੱਸਦੇ, ਆਪਣਾ ਆਪ ਰਹੇ ਵਡਿਆਈਆ । ਨੌਂ ਦਵਾਰੇ ਸਾਰੇ ਵਸਦੇ, ਸਾਚੇ ਘਰ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਹੱਸਦੇ, ਸਤਿਗੁਰ ਸ਼ਬਦ ਨਾ ਕੋਇ ਸ਼ਨਵਾਈਆ । ਪਰਮ ਪੁਰਖ ਪਰਮਾਤਮ ਕੋਲੋਂ ਦੂਰ ਦੂਰ ਨੱਸਦੇ, ਨੇੜੇ ਹੋ ਨਾ ਦਰਸਨ ਪਾਈਆ । ਮਾਲਕ ਬਣ ਕੇ ਤਤ ਅੱਠ ਦੇ, ਨੌਂ ਦਵਾਰੇ ਬੈਠੇ ਖੁਲ੍ਹਾਈਆ । ਕੋਈ ਭੇਵ ਨਾ ਜਾਣੇ ਆਪਣੇ ਘਟ ਦੇ, ਘਟੀਆ ਹੋ ਕੇ ਆਪਣਾ ਆਪ ਰਹੇ ਗਵਾਈਆ । ਮਣਕਿਆਂ ਨਾਲ ਮਾਲਾ ਝੂਠੀ ਰਟਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨ ਤੇਰਿਆਂ ਭਗਤਾਂ ਸੱਚਾ ਲਾਹਾ ਕੋਈ ਨਾ ਖਟਦੇ, ਖਟਕੇ ਵਿਚ ਸਰਬ ਲੋਕਾਈਆ । ਰਸਨਾ ਜਿਹਵਾ ਜਗਤ ਹਲਾਲੀ ਖਾਂਦੇ ਝਟਕੇ, ਝਟਕਾ ਮਨ ਨਾ ਕੋਇ ਕਰਾਈਆ । ਕੋਈ ਰੰਗ ਨਾ ਜਾਣੇ ਸਾਚੇ ਪਿਤ ਦੇ, ਪਤਿਪਰਮੇਸ਼ਵਰ ਤੇਰੀ ਸੇਜ ਨਾ ਕੋਇ ਹੰਢਾਈਆ । ਜਗਤ ਨਾਤੇ ਕੂੜੀ ਅੱਖ ਦੇ, ਗੁਰਮੁਖ ਅੰਤਰ ਅੱਖ ਇਕੋ ਨਜ਼ਰੀ ਆਈਆ । ਸੋ ਸੱਜਣ ਸੁਹੇਲੇ ਜੋ ਤੇਰੇ ਅੰਦਰ ਵਸਦੇ, ਵਾਸਤਾ ਤੇਰੇ ਨਾਲ ਜੁੜਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਉਨ੍ਹਾਂ ਦੇ ਲੇਖੇ ਦੱਸਦੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਉਹ ਚੇਲੇ ਗੁਰੂ ਮਾਲਕ ਉਸ ਸਮਰਥ ਦੇ, ਜਿਸ ਦੀ ਸਮੱਸਿਆ ਸਮਝ ਕਿਸੇ ਨਾ ਆਈਆ । ਸਚ ਦਵਾਰੇ ਓਥੇ ਵਸਦੇ, ਜਿਥੇ ਵਸਲ ਬੇਪਰਵਾਹੀਆ । ਉਹ


੭੫੬
੧੭

ਮਾਲਕ ਹਕੀਕਤ ਹਕ ਦੇ, ਜਿਨ੍ਹਾਂ ਹਾਕਮ ਮਿਲਿਆ ਨੂਰ ਖ਼ੁਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਦਰ ਤੇ ਲੇਖੇ ਨਹੀਂ ਸ਼ੱਕ ਦੇ, ਸ਼ਿਕਵੇ ਸਾਰੇ ਦਿਤੇ ਗਵਾਈਆ । ਧੰਨ ਵਡਿਆਈ ਜੋ ਤੇਰੇ ਤੈਨੂੰ ਵੇਖ ਕਦੇ ਨਾ ਥੱਕਦੇ, ਨਿਤ ਨਵਿਤ ਤੇਰੀ ਓਟ ਰਖਾਈਆ । ਉਹ ਭੁੱਖੇ ਤੇਰੇ ਜਸ ਦੇ, ਵੇਦ ਪੁਰਾਨਾਂ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਦੱਸਣ ਸਲਾਹ, ਸਾਹਿਬ ਸਚ ਜਣਾਈਆ । ਜੁਗ ਚੌਕੜੀ ਫੇਰਾ ਆਏ ਪਾ, ਹੋਕਾ ਦੇ ਕੇ ਜਗਤ ਲੋਕਾਈਆ । ਤੇਰਾ ਪ੍ਰਭੂ ਦ੍ਰਿੜ੍ਹਾ ਕੇ ਆਏ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਪੜਦਾ ਆਏ ਖੁਲ੍ਹਾ, ਖ਼ਾਲਸ ਤੇਰਾ ਭੇਵ ਜਣਾਈਆ । ਰੱਬੀ ਨੂਰ ਰਹਿਬਰ ਇਕ ਖ਼ੁਦਾ, ਖ਼ੁਦ ਮਾਲਕ ਹਰ ਘਟ ਥਾਈਆ । ਜਿਸ ਨਾਲੋਂ ਹੋਏ ਜੁਦਾ, ਸੋ ਅੰਤਮ ਆਪਣੇ ਵਿਚ ਮਿਲਾਈਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦੱਸਦੀ ਬਿਧਾ, ਬੰਦਨਾ ਸਾਰੇ ਰਹੇ ਕਰਾਈਆ । ਬਿਨ ਤੇਰੀ ਕਿਰਪਾ ਸ੍ਰੀ ਭਗਵਾਨ ਤੈਨੂੰ ਕੋਈ ਨਾ ਮਿਲੇ ਸਿੱਧਾ, ਅਗਲਾ ਪਿਛਲਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆ ਵੇਖ ਪ੍ਰਭੂ ਉਹ ਲਿਖਤ, ਜਿਸਦਾ ਅੱਖਰ ਸਮਝ ਕੋਇ ਨਾ ਪਾਈਆ । ਗੋਬਿੰਦ ਅਰਬਾਂ ਖਰਬਾਂ ਵਿਚੋਂ ਥੋੜਾ ਦੱਸਿਆ ਭਵਿਖਤ, ਜ਼ਰਬਾਂ ਨਾਲ ਨਾ ਕੋਇ ਸਮਝਾਈਆ । ਤੇਰਾ ਹੁਕਮ ਵੇਖ ਅਸੀਂ ਸਾਰੇ ਆਪਣੀਆਂ ਗੱਦੀਆਂ ਤੋਂ ਆਏ ਖ਼ਿਸਕ, ਸਦੀਆਂ ਬੈਠੇ ਤੇਰਾ ਰਾਹ ਤਕਾਈਆ । ਦਰ ਆਇਆਂ ਮੂਲ ਨਾ ਦੇਵੀਂ ਝਿੜਕ, ਝਗੜਾ ਹੋਰ ਰਖਾਈਆ । ਅਸਾਂ ਵਿਰੋਲ ਵੇਖਿਆ ਸਮੁੰਦ ਸਾਗਰ ਰਿੜਕ, ਮਿੰਦਰਾ ਸੇਵ ਕਮਾਈਆ । ਬਿਨ ਤੇਰੀ ਕਿਰਪਾ ਕੋਇ ਨਾ ਕਰੇ ਤਰਸ, ਰਹਿਮ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਵਰ, ਦਰ ਬੈਠੇ ਸੀਸ ਨਿਵਾਈਆ । ਸ੍ਰੀ ਭਗਵਾਨ ਕਹੇ ਸੁਣੋ ਪੈਗ਼ੰਬਰ ਪੀਰ ਗੁਰੂ ਅਵਤਾਰ, ਗਹਿਰ ਗੰਭੀਰ ਜਣਾਈਆ । ਚਾਰ ਜੁਗ ਦਾ ਜੋ ਪਿਛੇ ਦਿਤਾ ਇਖ਼ਤਿਆਰ, ਇਸ਼ਤਿਹਾਰਾਂ ਵਿਚ ਸਮਝਾਈਆ । ਸਦੀ ਵੀਹਵੀਂ ਸਭ ਦਾ ਚੁੱਕਿਆ ਗਿਆ ਇਤਬਾਰ, ਆਇਤ ਸ਼ਰਾਇਤ ਨਾ ਕੋਇ ਰਖਾਈਆ । ਦੋ ਜਹਾਨਾਂ ਮਦਦ ਨਾ ਕੋਈ ਮੱਦਦਗਾਰ, ਮੁੱਦਤ ਸਭ ਦੀ ਗਈ ਵਿਹਾਈਆ । ਆਪਣਾ ਆਪਣਾ ਲੇਖਾ ਸਾਰੇ ਲਵੋ ਨਿਕਾਲ, ਨਿੱਕਿਆਂ ਵੱਡਿਆਂ ਨਾਲ ਰਲਾਈਆ । ਬਚਿਆ ਰਹੇ ਨਾ ਕੋਈ ਦਸਰਥ ਬੇਟਾ ਰਾਮ, ਕਾਹਨ ਕ੍ਰਿਸ਼ਨ ਨਾ ਭੇਵ ਛੁਪਾਈਆ । ਈਸਾ ਮੂਸਾ ਮੁਹੰਮਦ ਦੇਣਾ ਨਾ ਕੋਈ ਅਲਜ਼ਾਮ, ਆਜ਼ਮ ਆਪਣਾ ਹੁਕਮ ਮਨਾਈਆ । ਨਾਨਕ ਗੋਬਿੰਦ ਵੇਖੇ ਖੇਲ ਮਹਾਨ, ਮਿਹਰਵਾਨ ਵੇਸ ਵਟਾਈਆ । ਭੇਵ ਚੁਕਾ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨਾਂ ਪੜਦਾ ਲਾਹੀਆ । ਲੱਖ ਚੁਰਾਸੀ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖੇ ਸਚ ਇਮਾਮ, ਕਾਮਲ ਆਮਲ ਅਮਲਾਂ ਵਿਚ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਕਲਮਾ ਪੜ੍ਹੇ ਨਾ ਕੋਇ ਕਲਾਮ, ਕੁਤਬਖ਼ਾਨੇ ਦੇਣ ਗਵਾਹੀਆ । ਚੌਦਾਂ ਲੋਕ ਚੌਦਾਂ ਤਬਕ ਸਦੀ ਚੌਧਵੀਂ ਚੌਦਾਂ ਵਿਦਿਆ ਸੰਭਾਲ ਨਾ ਸਕੇ ਕੋਈ ਨਿਜ਼ਾਮ, ਨੌਬਤ ਸਚ ਨਾ ਕੋਇ ਵਜਾਈਆ । ਕਲਜੁਗ ਸਾਧ ਸੰਤ ਹੋਏ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਸਾਚਾ ਨਜ਼ਰ ਨਾ ਆਏ ਕਿਸੇ ਨਾਮ, ਸੰਦੇਸ਼ਾ ਹਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫੋਲਣ ਵਰਕੇ, ਪੱਤਰਾ ਪੱਤਰਾ ਰਹੇ ਉਲਟਾਈਆ । ਸ੍ਰੀ ਭਗਵਾਨ ਆਏ ਤੇਰੇ ਦਰ ਤੇ, ਦਰਦ ਦੁੱਖ ਭੰਜਨ ਹੋ ਸਹਾਈਆ । ਅਸੀਂ ਲੇਖੇ ਦੱਸੀਏ ਘਰ ਘਰ ਦੇ, ਲੱਖ ਚੁਰਾਸੀ ਖੋਜ ਖੁਜਾਈਆ । ਕੋਟਨ ਕੋਟ ਜੀਵ ਨਿਤ ਨਿਤ ਮਰਦੇ, ਮਰ ਮਰ ਜੰਮਣ ਚਾਈਂ ਚਾਈਂਆ । ਕੋਟਨ ਕੋਟ ਤੇਰਾ ਅੱਖਰਾਂ ਵਾਲਾ ਨਾਮ ਪੜ੍ਹਦੇ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਕੋਟਨ ਕੋਟ ਪਰਬਤ ਚੋਟੀ ਚੜ੍ਹਦੇ, ਸਮੁੰਦ ਸਾਗਰ ਡੂੰਘੀ ਖਾਈ ਆਸਣ ਲਾਈਆ । ਕੋਟਨ ਕੋਟ ਪਾਣੀ ਠਰਦੇ, ਕੋਟਨ ਕੋਟ ਅਗਨੀ ਤਨ ਜਲਾਈਆ । ਕੋਟਨ ਕੋਟ ਮੰਦਰ ਮਸਜਿਦ ਸ਼ਿਵਦਵਾਲੇ ਵੜਦੇ, ਗੁਰੂਦਵਾਰ ਭੱਜਣ ਵਾਹੋ ਦਾਹੀਆ । ਕੋਟਨ ਕੋਟ ਸੱਯਦੇ ਨਿਉਂ ਨਿਉਂ ਕਰਦੇ, ਧੂੜੀ ਖ਼ਾਕ ਰਮਾਈਆ । ਕੋਟਨ ਕੋਟ ਗੁਰੂ ਚੇਲੇ ਬਣਦੇ, ਸਾਧ ਸੰਤ ਭੇਖ ਵਟਾਈਆ । ਕੋਟਨ ਕੋਟ ਦੀਨ ਮਜ਼੍ਹਬ ਵਿਚ ਬੈਠੇ ਲੜਦੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਕੋਟਨ ਕੋਟ ਤੈਨੂੰ ਫਿਰਨ ਲੱਭਦੇ, ਥਲ ਸਾਗਰ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਬਿਨਾ ਭਗਤਾਂ ਪ੍ਰਭੂ ਤੇਰੇ ਦਰ ਕੋਈ ਨਾ ਫਬਦੇ, ਸਨਮੁਖ ਹੋ ਨਾ ਦਰਸ਼ਨ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪਤਿਪਰਮੇਸ਼ਵਰ ਤੇਰੇ ਮੇਲੇ ਲੱਭਦੇ, ਲੋਕਮਾਤ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਤੇਰੇ ਦਰ ਤੇ ਕਰਦੇ ਸੱਯਦੇ, ਸਾਹ ਸਾਹ ਧਿਆਈਆ । ਤੇਰੇ ਭਗਤ ਤੇਰਾ ਨਾਮ ਲੈ ਕੇ ਗੱਜਦੇ, ਗ਼ਜ਼ਲ ਢੋਲਾ ਨਗ਼ਮਾ ਨਾਮ ਇਕ ਸੁਣਾਈਆ । ਬਿਨ ਡੰਡੇ ਪੌੜੀਉਂ ਮੰਜ਼ਲ ਓਸ ਚੜ੍ਹਦੇ, ਜਿਹੜੀ ਹੱਥ ਕਿਸੇ ਨਾ ਆਈਆ । ਜੇ ਨਾ ਮੰਨੇਂ ਉਹ ਤੇਰੇ ਨਾਲ ਲੜਦੇ, ਦਾਅਵੇ ਬੱਚਿਆਂ ਵਾਂਗ ਰਖਾਈਆ । ਜਿੰਨਾਂ ਚਿਰ ਭੇਵ ਨਾ ਦੱਸੇਂ ਆਪਣੇ ਘਰ ਦੇ, ਪੜਦਾ ਸਚ ਉਠਾਈਆ । ਤੇਰਾ ਵਿਛੋੜਾ ਮੂਲ ਨਾ ਜਰਦੇ, ਝੱਲੀ ਨਾ ਜਾਏ ਜੁਦਾਈਆ । ਤੇਰੇ ਦਰ ਦੇ ਹੋ ਕੇ ਬਰਦੇ, ਬੰਦੀਖ਼ਾਨੇ ਗਏ ਤੁੜਾਈਆ । ਉਹ ਨਾ ਜੀਂਦੇ ਨਾ ਕਦੇ ਮਰਦੇ, ਮਰਿਆਂ ਤੇਰੀ ਗੋਦੀ ਬਹਿਕੇ ਖ਼ੁਸ਼ੀ ਮਨਾਈਆ । ਅਸੀਂ ਵੇਖੇ ਖੇਲ ਅਗੰਮੀ ਹਰਿ ਦੇ, ਹਰਿਜੂ ਆਪਣੀ ਖੇਲ ਰਚਾਈਆ । ਅੰਮ੍ਰਿਤ ਮੇਘ ਫੁਹਾਰੇ ਵੇਖੇ ਵਰ੍ਹਦੇ, ਕਰੋੜ ਛਿਆਨਵੇਂ ਮੇਘਲਾ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾ ਇਕ ਘਰ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆ ਪੜ੍ਹ ਲੈ ਆਪਣਾ ਅੱਖਰ, ਆਖ਼ਰ ਦਿਤਾ ਜਣਾਈਆ । ਕਲਜੁਗ ਅੰਤਮ ਕਿਸੇ ਨੂੰ ਸੁਟਿਆ ਰੋੜੀ ਸੱਖਰ, ਸਖੀਆਂ ਵਾਲਾ ਕਾਹਨ ਆਪਣੀ ਉਂਗਲੀਆਂ ਨਾਲ ਰਖਾਈਆ । ਕਿਸੇ ਨੂੰ ਕਰਕੇ ਆਪਣੇ ਨਾਲੋਂ ਵੱਖਰ, ਵੱਖਰਾ ਸਾਢੇ ਤਿੰਨ ਹੱਥ ਮਕਾਨ ਦਿਤਾ ਬਣਾਈਆ । ਕਿਸੇ ਨੂੰ ਫੌਜ ਦੇ ਕੇ ਲਸ਼ਕਰ, ਲਹਿੰਦੀ ਦਿਸ਼ਾ ਖ਼ੁਸ਼ੀ ਜਣਾਈਆ । ਕਿਸੇ ਦਾ ਲਹਿਣਾ ਜਾਣੇ ਤਸ਼ਕਰ, ਤਾਲਬ ਬੇਪਰਵਾਹੀਆ । ਕਿਸੇ ਨੂੰ ਪੜ੍ਹਨ ਘਲਾਇਆ ਮਕਤਬ, ਅੱਖਰਾਂ ਨਾਲ ਸਮਝਾਈਆ । ਕਿਸੇ ਨੂੰ ਖੜਗ ਖੰਡਾ ਸਮਝਾ ਕੇ ਕਰਤਬ, ਕਤਲਗਾਹ ਵਡਿਆਈਆ । ਕਿਸੇ ਦੇ ਹੱਥ ਫੜਾਕੇ ਧਨਸ਼, ਚਿੱਲਾ ਕਮਾਨ ਚੜ੍ਹਾਈਆ । ਕਿਸੇ ਦੇ ਕੋਲੋਂ ਕੁਹਾ ਕੇ ਆਪਣਾ ਬੰਸ, ਬੰਸਰੀ ਨਾਮ ਸੁਣਾਈਆ । ਕਿਸੇ ਨੂੰ ਮੁਖ ਲਗਾਕੇ ਸਹੰਸ, ਸਹੰਸਰ ਜਿਹਵਾ ਰਾਗ ਅਲਾਈਆ । ਕਿਸੇ ਨੂੰ ਬਣਾ ਕੇ ਆਪਣੀ ਅੰਸ, ਗੋਬਿੰਦ ਨਾਉਂ ਪਰਗਟਾਈਆ । ਕਿਸੇ ਨੂੰ ਵਾੜ ਕੇ ਵਿਚ ਜੰਨਤ, ਬਹਿਸ਼ਤਾਂ ਵਿਚ ਭੁਆਈਆ । ਕਿਸੇ ਨੂੰ ਸਮਝਾ ਕੇ ਧੁਰ ਦਾ ਕੰਤ, ਨਾਰ ਇਕ ਵਖਾਈਆ । ਕਿਸੇ ਨੂੰ ਲਾ ਕੇ ਆਪਣੇ ਅੰਗਤ, ਗੋਦੀ ਲਿਆ ਟਿਕਾਈਆ । ਕਿਸੇ ਨੂੰ ਵਡਿਆਈ

ਦੇ ਵਿਚ ਜੀਵ ਜੰਤ, ਜਨਕ ਰੂਪ ਸਮਾਈਆ । ਕਿਸੇ ਨੂੰ ਸਮਝਾਇਆ ਵਾਸੀ ਪੁਰੀ ਘਨਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਭ ਦੇ ਕੋਲੋਂ ਰੱਖਕੇ ਆਪਣਾ ਅੰਤ, ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਕਿਸੇ ਨੂੰ ਦੱਸਿਆ ਘਨਕਪੁਰ ਵਾਸੀ, ਸਾਹਿਬ ਇਕ ਜਣਾਈਆ । ਕਿਸੇ ਨੂੰ ਦੱਸਿਆ ਜੋਤ ਪਰਕਾਸੀ, ਨੂਰੋ ਨੂਰ ਖ਼ੁਦਾਈਆ । ਕਿਸੇ ਨੂੰ ਦੱਸਿਆ ਹਰ ਘਟ ਵਾਸੀ, ਲੱਖ ਚੁਰਾਸੀ ਰਿਹਾ ਸਮਾਈਆ । ਸਭ ਤੋਂ ਵੱਖਰਾ ਆਪਣੀ ਕਰੇ ਅਗੰਮੀ ਬਦਮਾਸ਼ੀ, ਜਿਸ ਦੀ ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਖੇਲ ਕੀਆ ਬਹੁ ਭਾਂਤੀ, ਭਾਣੇ ਵਿਚ ਲੋਕਾਈਆ । ਕਿਸੇ ਨੂੰ ਮਾਤ ਪਿਤਾ ਕਿਸੇ ਨੂੰ ਭੈਣ ਭਈਆ ਕਿਸੇ ਨੂੰ ਸਾਕ ਸੱਜਣ ਬਣੌਂਦਾ ਰਿਹਾ ਚਾਚੀ, ਚੈਹਚਹਾ ਕਰਕੇ ਆਪਣੀ ਖੇਲ ਖਿਲਾਈਆ । ਕਿਸੇ ਨੂੰ ਫੁਫੀ ਕਿਸੇ ਨੂੰ ਮਾਸੀ, ਕਿਸੇ ਨੂੰ ਮੰਜ਼ਲ ਕਿਸੇ ਨੂੰ ਵਾਟੀ, ਕਿਸੇ ਨੂੰ ਦਿਵਸ ਕਿਸੇ ਨੂੰ ਰਾਤੀ, ਕਿਸੇ ਨੂੰ ਗੱਲੀਂ ਕਿਸੇ ਨੂੰ ਬਾਤੀ, ਸਭ ਨੂੰ ਭਰਮਾਂ ਵਿਚ ਭੁਆਈਆ । ਕਿਸੇ ਨੂੰ ਸੇਜਾ ਕਿਸੇ ਨੂੰ ਖਾਟੀ, ਕਿਸੇ ਨੂੰ ਮੰਦਰ ਕਿਸੇ ਨੂੰ ਹਾਟੀ, ਕਿਸੇ ਨੂੰ ਤੀਰਥ ਕਿਸੇ ਨੂੰ ਤਾਟੀ, ਕਿਸੇ ਨੂੰ ਮੰਜ਼ਲ ਕਿਸੇ ਨੂੰ ਵਾਟੀ, ਕਿਸੇ ਨੂੰ ਪੂਜਾ ਕਿਸੇ ਨੂੰ ਗਾਥੀ, ਕਿਸੇ ਨੂੰ ਕਮਲਾਪਾਤੀ ਕਰਕੇ ਗਿਆ ਸਮਝਾਈਆ । ਕਿਸੇ ਨੂੰ ਗ੍ਰੰਥ ਕਿਸੇ ਨੂੰ ਸਾਖੀ, ਕਿਸੇ ਨੂੰ ਕਥਾ ਕਿਸੇ ਨੂੰ ਭਾਖੀ, ਕਿਸੇ ਦੀ ਸੋਪਣਾ ਕਿਸੇ ਦੀ ਰਾਖੀ, ਕਿਸੇ ਦਾ ਪੜਦਾ ਕਿਸੇ ਦੀ ਤਾਕੀ, ਤਾਕਤਵਰ ਹੋ ਕੇ ਰਿਹਾ ਖੁਲ੍ਹਾਈਆ । ਕਿਸੇ ਨੂੰ ਬੰਦਾ ਕਿਸੇ ਨੂੰ ਖ਼ਾਕੀ, ਕਿਸੇ ਨੂੰ ਗੰਦਾ ਕਿਸੇ ਨੂੰ ਆਬੀ, ਕਿਸੇ ਨੂੰ ਚੰਦਾ ਕਿਸੇ ਮਹਿਤਾਬੀ, ਕਿਸੇ ਨੂੰ ਮਸਤੀ ਕਿਸੇ ਨੂੰ ਸ਼ਰਾਬੀ, ਕਿਸੇ ਨੂੰ ਹਸਤੀ ਕਿਸੇ ਨੂੰ ਆਦਾਬੀ, ਸੱਜਦਾ ਸਰਬ ਕਰਾਈਆ । ਕਿਸੇ ਨੂੰ ਸੀਸ ਕਿਸੇ ਜਗਦੀਸ, ਕਿਸੇ ਨੂੰ ਕਲਮਾ ਕਿਸੇ ਹਦੀਸ, ਕਿਸੇ ਨੂੰ ਰਾਗ ਕਿਸੇ ਨੂੰ ਗੀਤ, ਕਿਸੇ ਨੂੰ ਹਾਰ ਕਿਸੇ ਨੂੰ ਜੀਤ, ਕਿਸੇ ਨੂੰ ਮੰਦਰ ਕਿਸੇ ਮਸੀਤ, ਆਪ ਸਭ ਤੋਂ ਵੱਖਰਾ ਬਹਿਕੇ ਖੇਲ ਵਖਾਈਆ । ਕਿਸੇ ਨੂੰ ਜੋੜਾ ਕਿਸੇ ਨੂੰ ਘੋੜਾ, ਕਿਸੇ ਨੂੰ ਕਲਗੀ ਕਿਸੇ ਨੂੰ ਤੋੜਾ, ਕਿਸੇ ਨੂੰ ਜੋਬਨ ਕਿਸੇ ਨੂੰ ਬਾਂਕਾ ਛੋਹਰਾ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕਿਸੇ ਨੂੰ ਨਾਮ ਕਿਸੇ ਨੂੰ ਜਾਮ, ਕਿਸੇ ਨੂੰ ਰਾਮ ਕਿਸੇ ਪੈਗ਼ਾਮ, ਕਿਸੇ ਨੂੰ ਸੱਜਦਾ ਕਿਸੇ ਸਲਾਮ, ਕਿਸੇ ਨੂੰ ਮੰਦਰ ਕਿਸੇ ਮਕਾਮ, ਕਿਸੇ ਨੂੰ ਅੰਦਰ ਕਿਸੇ ਨਿਸ਼ਾਨ, ਨਿਸ਼ਾਨਾ ਆਪਣਾ ਬੈਠਾ ਛੁਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਕੇ ਹੈਰਾਨ, ਹੈਰਤ ਵਿਚ ਸਰਬ ਜਣਾਈਆ । ਉਠੋ ਵੇਖੋ ਆ ਕੇ ਖੇਲ ਮਹਾਨ, ਹਰਿ ਕਰਤਾ ਰਿਹਾ ਕਰਾਈਆ । ਨਾਲੇ ਖੋਲ੍ਹੋ ਬਸਤੇ ਤਮਾਮ, ਤਰਤੀਬ ਵਾਰ ਸਮਝਾਈਆ । ਸਾਚਾ ਦੱਸੋ ਕਿਹੜਾ ਰਾਮ, ਕਾਹਨ ਕਵਣ ਵਡਿਆਈਆ । ਸਾਚਾ ਦੱਸੋ ਕਵਣ ਪੈਗ਼ੰਬਰ ਦੇਵੇ ਪੈਗ਼ਾਮ, ਕਵਣ ਕਰੇ ਸ਼ਨਵਾਈਆ । ਸਾਚਾ ਦੱਸੋ ਕਵਣ ਸਤਿਨਾਮ, ਸਤਿ ਸਤਿ ਰਿਹਾ ਸਮਾਈਆ । ਸਾਰੇ ਕਹਿਣ ਪ੍ਰਭ ਤੇਰੇ ਬਿਨਾ ਕੂੜ ਨਿਸ਼ਾਨ, ਅੱਖਰਾਂ ਵਾਲਾ ਨਾਮ ਸਾਰੇ ਆਏ ਗਾਈਆ । ਜਾਂ ਤੇਰੇ ਦਰ ਤੇ ਤੱਕਿਆ ਅਸਾਂ ਸੁਣਿਆ ਉਹ ਕਲਾਮ, ਜਿਸਦੀ ਅੱਖਰ ਸਿਫ਼ਤ ਨਾ ਕੋਇ ਸਮਝਾਈਆ । ਅਸੀਂ ਵੇਖ ਕੇ ਹੋਏ ਹੈਰਾਨ, ਹਰਿ ਜੂ ਇਹ ਕੀ ਬਣਤ ਬਣਾਈਆ । ਤੇਰੇ ਚਰਨਾਂ ਕੋਲ ਬੈਠੇ ਤੱਕੇ ਤੇਰੇ ਭਗਤ ਬਾਲ ਅੰਞਾਣ, ਅੰਞਾਣੇ ਅੰਜਨ ਇਕੋ ਨੇਤਰ ਪਾਈਆ । ਜਿਨ੍ਹਾਂ ਨੂੰ ਲੱਖ ਚੁਰਾਸੀ ਵਿਚੋਂ ਦਿਤੀ ਆਪਣੀ ਆਪ ਪਹਿਚਾਨ, ਬੇਪਹਿਚਾਨ ਭੇਵ ਖੁਲ੍ਹਾਈਆ । ਰਲ ਮਿਲ ਤੇਰਾ ਢੋਲਾ ਗੌਂਦੇ ਗਾਨ, ਗੀਤ ਗੋਬਿੰਦ ਅਲਾਈਆ । ਇਨ੍ਹਾਂ ਦਾ ਲੇਖਾ ਚੁੱਕਿਆ ਪਵਣ ਮਸਾਣ, ਮੜ੍ਹੀ ਗੋਰ ਪੰਧ ਮੁਕਾਈਆ ।

ਅੰਤਮ ਸਿੱਧੇ ਤੇਰੇ ਦਰ ਤੇ ਆਣ, ਰਾਹ ਵਿਚ ਨਾ ਕੋਇ ਅਟਕਾਈਆ । ੨੦੨੧ ਬਿਕ੍ਰਮੀ ਪਿਛੋਂ ਗੁਰ ਅਵਤਾਰ ਪੀਰ ਪੈਗ਼ੰਬਰ ਇਨ੍ਹਾਂ ਦਾ ਬਬਾਣ ਜਾਣ ਉਠਾਣ, ਸੇਵਕ ਹੋ ਕੇ ਸੇਵ ਕਮਾਈਆ । ਕਿਉਂ ਤੂੰ ਇਨ੍ਹਾਂ ਨੂੰ ਆਪ ਦਿਤਾ ਫ਼ਰਮਾਨ, ਫੁਰਨਾ ਪਿਛਲਾ ਰਹਿਣ ਨਾ ਪਾਈਆ । ਇਕੋ ਦੱਸਕੇ ਇਸ਼ਟ ਈਮਾਨ, ਧਰਮ ਦ੍ਰਿੜ ਦਿਤਾ ਦ੍ਰਿੜਾਈਆ । ਕਾਗ਼ਜ਼ਾਂ ਵਾਲੀ ਭੁੱਲ ਗਏ ਕਲਾਮ, ਹੁਕਮੇ ਵਿਚ ਸਮਾਈਆ । ਜਗਤ ਸ੍ਰਿਸ਼ਟੀ ਵਿਚ ਹੋ ਕੇ ਬਦਨਾਮ, ਤੇਰੇ ਬੰਦੀਖਾਨੇ ਵਿਚ ਆਪਣਾ ਆਪ ਬੰਦ ਕਰਾਈਆ । ਏਹੋ ਜਿਹਾ ਸੋਹਣਾ ਸੁਹੰਜਣਾ ਵੇਖ ਤੇਰਾ ਨਿਜ਼ਾਮ, ਸਾਰੇ ਖ਼ੁਸ਼ੀ ਮਨਾਈਆ । ਕਰ ਕਿਰਪਾ ਜਿਨ੍ਹਾਂ ਦੇ ਕੋਟ ਜਨਮ ਦੇ ਬਖ਼ਸ਼ ਦਿਤੇ ਜਰਾਇਮ, ਦੋਸ਼ੀ ਰਹਿਣ ਕੋਇ ਨਾ ਪਾਈਆ । ਪ੍ਰਭੂ ਬਣ ਕੇ ਆਪ ਸੱਚਾ ਕਿਰਸਾਣ, ਘਰ ਘਰ ਕਾਇਆ ਮੰਦਰ ਅੰਦਰ ਆਪਣਾ ਹਲ ਦਿਤਾ ਚਲਾਈਆ । ਅੰਮ੍ਰਿਤ ਸਿੰਚ ਸਾਢੇ ਤਿੰਨ ਹੱਥ ਮਕਾਨ, ਗ਼ੁੰਚਾ ਫੁੱਲ ਦਿਤਾ ਖਿਲਾਈਆ । ਲੱਖ ਚੁਰਾਸੀ ਵਿਚੋਂ ਏਨ੍ਹਾਂ ਦੀ ਮਹਿਕ ਸਭ ਨੇ ਲਈ ਪਹਿਚਾਨ, ਗੁਰ ਅਵਤਾਰ ਪੀਰ ਪੈਗ਼ੰਬਰ ਭੁੱਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸਦਾ ਸਦਾ ਸਦ ਸਹਿਜ ਸੁਖਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਲਿਖਿਆ ਲੇਖ ਅਨੋਖਾ, ਇਕ ਤੈਨੂੰ ਹਰਿ ਸਮਝਾਈਆ । ਤੇਰਿਆਂ ਭਗਤਾਂ ਨਾਲ ਕੋਈ ਨਾ ਧੋਖਾ, ਧੂੰਆਂਧਾਰ ਨਾ ਕੋਇ ਜਣਾਈਆ । ਜਿਨ੍ਹਾਂ ਨੂੰ ਮਾਣਸ ਜਨਮ ਲੱਖ ਚੁਰਾਸੀ ਵਿਚੋਂ ਤੇਰੇ ਮਿਲਣ ਦਾ ਮਿਲਿਆ ਮੌਕਾ, ਮੁਕੰਮਲ ਨਾਤਾ ਗਏ ਜੁੜਾਈਆ । ਓਨ੍ਹਾਂ ਮਾਰਗ ਮਿਲਿਆ ਧੁਰ ਦਾ ਸੌਖਾ, ਮੰਜ਼ਲ ਪੰਧ ਬੈਠੇ ਮੁਕਾਈਆ । ਅੰਤਮ ਅੰਤ ਅੰਤ ਉਹ ਕਦੇ ਨਾ ਮਨੌਣ ਹੌਕਾ, ਹਾਏ ਹਾਏ ਨਾ ਕੋਇ ਜਣਾਈਆ । ਜਿਨ੍ਹਾਂ ਦੇ ਆਵਣ ਖ਼ਾਤਰ ਆਪਣਾ ਸਾਫ਼ ਕਰ ਕੇ ਰੱਖਿਆ ਚੌਕਾ, ਚਾਰੋਂ ਕੁੰਟ ਇਕੋ ਨੂਰ ਰੁਸ਼ਨਾਈਆ । ਤੇਰਾ ਧਾਮ ਪ੍ਰਭੂ ਸੋਹਣਾ ਨਾਲੋਂ ਪਟਣੇ ਪੌਂਟਾ, ਪਾਟਲ ਤੇਰੇ ਹੱਥ ਵਡਿਆਈਆ । ਗੋਬਿੰਦ ਅੱਖ ਖੁਲ੍ਹੀ ਲਾ ਕੇ ਢੌਂਕਾ, ਢੱਈਆ ਤੇਰਾ ਗਿਆ ਵਿਹਾਈਆ । ਜਿਸ ਦਾ ਨਾਮ ਨਗਾਰਾ ਵੱਜੇ ਇਕੋ ਧੌਂਸਾ, ਜ਼ਿਮੀਂ ਅਸਮਾਨ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇਣਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਕੱਢੀ ਉਹ ਸਤਰ, ਜੋ ਢਾਈਆਂ ਵਿਚੋਂ ਅੱਧੀ ਨਜ਼ਰੀ ਆਈਆ । ਜਿਸ ਨੂੰ ਸਮਝ ਨਾ ਸਕੇ ਕੋਈ ਬੁਧੀਵਾਨ ਚਤੁਰ, ਅਕਲ ਅਸਲ ਨਾ ਕੋਇ ਸਮਝਾਈਆ । ਜਿਸ ਦੀ ਖੋਜ ਕਿਸੇ ਨਾ ਆਈ ਫ਼ਿਕਰ, ਫ਼ਿਕਰੇ ਸਿਫ਼ਤੀ ਗਏ ਸੁਣਾਈਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਵਾਈ ਟੱਕਰ, ਸ਼ਰਅ ਮਜ਼੍ਹਬ ਬੰਧਨ ਪਾਈਆ । ਜਿਸ ਨੇ ਲੱਖ ਚੁਰਾਸੀ ਕੀਤੀ ਫੱਟੜ, ਪੱਟੀ ਨਾਮ ਨਾ ਕੋਇ ਬੰਧਾਈਆ । ਜਿਸ ਨੇ ਦੋ ਜਹਾਨ ਤੋਲਿਆ ਤੱਕੜ, ਕੰਡਾ ਇਕ ਵਖਾਈਆ । ਜਿਸ ਨੇ ਤਤ ਵਰੋਲਿਆ ਬਜਰ ਕਪਟੀ ਵਿਚੋਂ ਪੱਥਰ, ਪੜਦਾ ਇਕ ਚੁਕਾਈਆ । ਓਸ ਦਾ ਵੱਖਰਾ ਨਿਰਾਲਾ ਅੱਖਰ, ਸ਼ਕਲ ਵਿਚ ਨਾ ਕੋਇ ਸਮਝਾਈਆ । ਓਸ ਦਾ ਸਵਾਲ ਹਲ ਨਾ ਹੋਵੇ ਵਿਚ ਕਸਰ, ਇਸ਼ਾਰੀਆ ਨਾਲ ਨਾ ਕੋਇ ਜਣਾਈਆ । ਜਿਸ ਦੀ ਸਾਇਆ ਹੇਠ ਕਰਦੇ ਰਹੇ ਆਪਣਾ ਆਪ ਬਸਰ, ਜੋ ਵਿਛੜਿਆਂ ਰਿਹਾ ਮਿਲਾਈਆ । ਓਸ ਦੇ ਨਾਮ ਦਾ ਸਭ ਦੇ ਅੰਦਰ ਹੋਵੇ ਅਸਰ, ਅਸਲੀਅਤ ਦਏ ਜਣਾਈਆ । ਜਿਸ ਦਾ ਪਸਾਰਾ ਰਿਹਾ ਪਸਰ, ਸੋ ਪਾਸਾ ਦਏ ਉਲਟਾਈਆ । ਮਾਰਗ ਵੱਖਰਾ ਦੱਸ ਅਨੋਖਾ ਚੋਟੀ ਚੜ੍ਹ ਕੇ ਵੇਖੇ ਸਿਖਰ, ਸਾਖਿਆਤ ਬੇਪਰਵਾਹੀਆ । ਧੁਰ ਸੰਦੇਸਾ ਨਰ ਨਰੇਸ਼ਾ ਦੇਵਣਹਾਰਾ ਅਗੰਮੀ ਪੱਤਰ, ਪਾਤੀ ਕਮਲਾਪਾਤੀ ਇਕ ਜਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਜਣਾਈਆ । ਸਤਰਾਂ ਵਿਚੋਂ ਸਤਰ ਲੱਭੀ ਅੱਧੀ, ਅਧਿਆਪਕ ਸਮਝ ਕੋਇ ਨਾ ਪਾਈਆ । ਜਿਸ ਦੇ ਨਾਲ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਚਲਦੀ ਰਹੀ ਗੱਦੀ, ਗਦਾਗਰ ਹੋ ਕੇ ਲੋਕਮਾਤ ਅਲਖ ਜਗਾਈਆ । ਤਾਣਾ ਪੇਟਾ ਕਬੀਰ ਜੁਲਾਹੇ ਚਲਦੀ ਰਹੀ ਖੱਡੀ, ਖਟਕਾ ਸਰਬ ਮੁਕਾਈਆ । ਰਵਦਾਸ ਚਮਾਰਾ ਪਾਣਾਂ ਗੰਢਣ ਲੱਗਾ ਜ਼ਮੀਨ ਤੇ ਰਗੜਦਾ ਰਿਹਾ ਅੱਡੀ, ਤੰਦ ਅੰਗੂਠੇ ਵਿਚ ਛੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੇਲ ਕੇ ਗਏ ਜਗਤ ਕਬੱਡੀ, ਹੱਦ ਆਪਣੀ ਹੱਥ ਲਗਾਈਆ । ਪਾਰ ਕਿਨਾਰਾ ਹਰਿ ਨਿਰੰਕਾਰਾ ਦੱਸਦੇ ਰਹੇ ਵੀਹਵੀਂ ਸਦੀ, ਸੱਦੇ ਨਾਲ ਜਣਾਈਆ । ਕਰੇ ਖੇਲ ਸਮਰਥ ਪੁਰਖ ਸੂਰਾ ਸਰਬਗੀ, ਸਰਬ ਕਲਾ ਵਡਿਆਈਆ । ਕਲਜੁਗ ਵੇਖੇ ਅੰਤਮ ਅੱਗ ਲੱਗੀ, ਤ੍ਰੈ ਪੰਜ ਤਤ ਜਲਾਈਆ । ਸਰਗੁਣ ਚੋਲਾ ਲਾਹ ਕੇ ਆਪਣੀ ਝੱਗੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਪਾਰ ਕਿਨਾਰ ਪੂਰਬ ਹੱਦੀ, ਪੱਛਮ ਪੰਧ ਮੁਕਾਈਆ । ਸਚ ਪ੍ਰੀਤੀ ਜਿਨ੍ਹਾਂ ਲੱਗੀ, ਬਿਨ ਲਗਾਂ ਮਾਤਰਾਂ ਦਏ ਸਮਝਾਈਆ । ਤਿਨ੍ਹਾਂ ਗ੍ਰਿਹਿ ਜੋਤ ਅਗੰਮੀ ਜਗੀ, ਜਾਗਰਤ ਦਏ ਜਣਾਈਆ । ਜਿਨ੍ਹਾਂ ਦੀ ਸੁਰਤ ਉਠਾਈ ਦੱਬੀ, ਪੜਦਾ ਪਰਾਂ ਹਟਾਈਆ । ਅੰਮ੍ਰਿਤ ਧਾਰ ਵਹਾ ਕੇ ਨਦੀ, ਨੌਕਾ ਨਾਮ ਦਿਤੀ ਚਲਾਈਆ । ਉਨ੍ਹਾਂ ਦੀ ਪੁਸ਼ਤ ਸੁਹੰਜਣੀ ਜੱਦੀ, ਯਾਦ ਪਿਛਲੀ ਆਪਣੇ ਨਾਲ ਮਿਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫ਼ਰਿਸਤ ਉਨ੍ਹਾਂ ਦੀ ਕੱਢੀ, ਜੋ ਜੁਗ ਜੁਗ ਪ੍ਰਭ ਦਾ ਰਾਹ ਤਕਾਈਆ । ਕਲਜੁਗ ਅੰਤਮ ਰੰਗਣ ਜਿਨ੍ਹਾਂ ਰੰਗੀ, ਰੰਗ ਰੰਗੀਲਾ ਪਾਇਆ ਬੇਪਰਵਾਹੀਆ । ਬੰਦਗੀ ਵਾਲੀ ਕੱਟਕੇ ਉਨ੍ਹਾਂ ਬੰਦੀ, ਬੰਦੇ ਆਪਣੇ ਲਏ ਬਣਾਈਆ । ਉਹ ਭਗਤ ਸਹੇਲੀ ਸਭ ਤੋਂ ਚੰਗੀ, ਜਿਸ ਦੀਆਂ ਚੰਗਿਆਈਆਂ ਪ੍ਰਭ ਆਪਣੇ ਨਾਲ ਰਲਾਈਆ । ਓਸਦਾ ਭੂਸ਼ਣ ਬਸਤਰ ਸੁਹੰਜਣੀ ਹੋਏ ਅੰਗੀ, ਅੰਗੀਕਾਰ ਇਕ ਅਖਵਾਈਆ । ਪਤਤ ਉਧਾਰਨ ਪੈਜ ਸਵਾਰਨ ਲੇਖੇ ਲਾਏ ਵੱਡੇ ਛੋਟੇ ਬਾਲ ਬਿਨਾਂ ਦੰਦੀ, ਦਹਿ ਦਿਸ਼ਾ ਹੋਏ ਸਹਾਈਆ । ਤਨ ਗਾਤਰੇ ਟਿਕਾਏ ਆਪਣੇ ਨਾਮ ਦੀ ਚੰਡੀ, ਚੰਡਾਲ ਕੂੜਾ ਦਏ ਕਢਾਈਆ । ਸ੍ਰਿਸ਼ਟ ਸਬਾਈ ਕਰਕੇ ਅੰਧੀ, ਅੰਧੇਰਾ ਚਾਰੋਂ ਕੁੰਟ ਵਖਾਈਆ । ਕਿਸੇ ਨੂੰ ਮਾਣ ਦਵਾਕੇ ਉਪਰ ਮੰਜੀ, ਕਿਸੇ ਨੂੰ ਟੱਲੀਆਂ ਵਿਚ ਬੰਧਾਈਆ । ਕਿਸੇ ਨੂੰ ਨਾਲ ਲਟਕਾਕੇ ਕੰਧੀ, ਤਸਵੀਰ ਤਸੱਵਰ ਜਗਤ ਦਿਤੀ ਕਰਾਈਆ । ਕਿਸੇ ਨੂੰ ਤਨ ਬਣਾਕੇ ਸੰਗੀ, ਪੰਜ ਤਤ ਖੇਲ ਵਖਾਈਆ । ਕਿਸੇ ਨੂੰ ਜਲ ਧਾਰਾ ਦੱਸਕੇ ਮਾਤਾ ਗੰਗੀ, ਗੋਦਾਵਰੀ ਜਮਨਾ ਸੁਰਸਤੀ ਨਾਲ ਰਲਾਈਆ । ਕਿਸੇ ਨੂੰ ਪਾ ਕੇ ਸੁਖਮਨ ਵਾਲੀ ਡੰਡੀ, ਭੀੜੀ ਗਲੀ ਫਿਰਾਈਆ । ਕਿਸੇ ਨੂੰ ਤਤ ਵਿਕਾਰੇ ਵਾੜ ਕੇ ਝੰਗੀ, ਹਉਮੇ ਬੇਲੇ ਵਿਚ ਫਸਾਈਆ । ਕਿਸੇ ਨੂੰ ਸਤਾਰ ਵਜਾ ਕੇ ਤੰਦ ਤੰਦੀ, ਰਬਾਬ ਦਿਤੀ ਸੁਣਾਈਆ । ਕਿਸੇ ਨੂੰ ਪੰਜ ਸ਼ਬਦ ਸੁਣਾਕੇ ਅਨਹਦੀ, ਹੱਦ ਵਿਚ ਦਿਤਾ ਫਸਾਈਆ । ਕਿਸੇ ਨੂੰ ਸੂਰਤ ਦੇ ਕੇ ਚੰਗੀ, ਸੁਰਤਾਲ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬਣ ਬਹੁ ਢੰਗੀ, ਢੰਗੇ ਸਭ ਨੂੰ ਦਿਤੇ ਪਾਈਆ । ਕਿਸੇ ਨੂੰ ਪਾਇਆ ਨਾਮ ਢੰਗਾ, ਡੋਰੀ ਤੰਦ ਬੰਧਾਈਆ । ਕਿਸੇ ਨੂੰ ਨਾਦ ਸੁਣਾਇਆ ਸਰੰਗਾ, ਕਿਸੇ ਨੂੰ ਬੰਸਰੀ ਨਾਲ ਪਰਚਾਈਆ । ਕਿਸੇ ਨੂੰ ਵਿਚ ਨਹਾਇਆ ਗੰਗਾ, ਕਿਸੇ ਤੋਂ ਚਮੜੇ ਦਿਤੇ ਗੰਢਾਈਆ । ਕਿਸੇ ਦੇ ਹੱਥ ਫੜਾਕੇ ਖੰਡਾ, ਕਿਸੇ ਦੇ ਸੇਲੀ ਟੋਪੀ ਸੀਸ ਟਿਕਾਈਆ । ਕਿਸੇ ਨੂੰ ਦੇ ਕੇ ਅੰਤਰ ਅਨੰਦਾ, ਆਨੰਦ ਮੰਗਲ ਦਿਤਾ ਜਣਾਈਆ । ਕਿਸੇ ਨੂੰ ਦਸਮ ਦਵਾਰੀ ਦੱਸਿਆ ਚੰਗਾ, ਕਿਸੇ ਨੂੰ ਅੰਮ੍ਰਿਤ ਰਸ ਪਿਆਈਆ । ਕਿਸੇ ਨੂੰ ਸੁਰਤੀ ਸ਼ਬਦੀ ਪਾ ਕੇ

ਫੰਦਾ, ਫਾਂਦਕੀ ਖੇਲ ਰਖਾਈਆ । ਕਿਸੇ ਨੂੰ ਚਾੜ੍ਹਕੇ ਨਿੱਕਾ ਡੰਡਾ, ਡੰਡੌਤ ਇਕੋ ਦਿਤੀ ਜਣਾਈਆ । ਕਿਸੇ ਨੂੰ ਸੂਰਜ ਚੰਦ ਨਾਲੋਂ ਪਰਕਾਸ਼ ਦੇ ਕੇ ਚੰਗਾ, ਬਾਰਾਂ ਬਾਰਾਂ ਦਿਤੇ ਜਣਾਈਆ । ਕਿਸੇ ਨੂੰ ਹੰ ਬ੍ਰਹਮ ਦੱਸਿਆ ਧੰਦਾ, ਧੰਦੇ ਦਿਤਾ ਲਗਾਈਆ । ਜੋ ਸਾਢੇ ਤਿੰਨ ਹੱਥ ਬਣ ਕੇ ਆਇਆ ਬੰਦਾ, ਤਿਸ ਨੂੰ ਬੰਦਗੀ ਵਿਚ ਲਗਾਈਆ । ਆਪ ਬਣਕੇ ਸੂਰਾ ਸਰਬੰਗਾ, ਸਚਖੰਡ ਸਾਚੇ ਡੇਰਾ ਲਾਈਆ । ਜੁਗ ਚੌਕੜੀ ਨਿਤ ਨਵਿਤ ਪੁਰਖ ਅਕਾਲ ਸਭ ਦੇ ਨਾਲ ਹੰਢਾ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਨਾਰੀ ਰੂਪ ਵਟਾਈਆ । ਕਲਜੁਗ ਅੰਤਮ ਜਨ ਭਗਤਾਂ ਵਕਤ ਸੁਹੰਜਣਾ ਚੰਗਾ, ਚਾਂਦਨੀ ਚੌਕ ਨਾਲੋਂ ਸੋਭਾ ਪਾਈਆ । ਜਿਨ੍ਹਾਂ ਦੇ ਅੰਦਰ ਗੋਬਿੰਦ ਰੱਖਿਆ ਖੰਡਾ, ਦੋਵੇਂ ਧਾਰ ਆਪਣੇ ਹੱਥ ਰਖਾਈਆ । ਉਨ੍ਹਾਂ ਦਾ ਆਵਣ ਜਾਵਣ ਪੰਧ ਮੁੱਕਿਆ ਗੰਗਾ, ਗਲੀ ਗਲੀ ਹੋਕਾ ਦੇ ਨਾ ਕੋਇ ਸੁਣਾਈਆ । ਪੂਜਾ ਪਾਠ ਦਾ ਚੁੱਕਿਆ ਧੰਦਾ, ਧੌਲ ਮਾਰ ਕੇ ਧਵਲ ਉਤੋਂ ਪਾਰ ਲੰਘਾਈਆ । ਏਸ ਖੇਲ ਨੂੰ ਸਮਝ ਕੀ ਸਕੇ ਬੰਦਾ, ਜੋ ਬੰਦਿਆਂ ਵਿਚੋਂ ਬੰਦਾ ਹੋ ਕੇ ਮਾਂ ਪਿਓ ਦਾ ਪੂਤ ਅਖਵਾਈਆ । ਉਹ ਕੀ ਜਾਣੇ ਓਸ ਅਨੰਦਾ, ਜਿਸ ਅਨੰਦ ਵਿਚੋਂ ਅਨੰਦ ਪੁਰੀ ਵਾਲਾ ਫੇਰਾ ਪਾਈਆ । ਓਸਦਾ ਅਗੰਮੀ ਇਕੋ ਕੰਢਾ, ਕੰਢੀ ਕੋਟਨ ਕੋਟ ਬੈਠੇ ਨੈਣ ਉਠਾਈਆ । ਧੰਨ ਵਡਿਆਈ ਜਿਨ੍ਹਾਂ ਭਗਤਾਂ ਸੁਣਿਆ ਓਸ ਦਾ ਛੰਦਾ, ਮੁਛੰਦਗੀ ਅੱਗੇ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਨਜ਼ਰੀ ਆਈ ਲਕੀਰ, ਨਿੰਮ੍ਹੀ ਨਿੰਮ੍ਹੀ ਕਰੇ ਰੁਸ਼ਨਾਈਆ । ਜਿਸ ਦੇ ਵਿਚ ਤੇਰੀ ਤਸਵੀਰ, ਮੁਸੱਵਰ ਤਸੱਵਰ ਕਰ ਨਾ ਕੋਇ ਸਮਝਾਈਆ । ਜਾਂ ਗ਼ੌਰ ਨਾਲ ਤੱਕਿਆ ਤੂੰ ਭਗਤਾਂ ਬਗ਼ਲਗੀਰ, ਦਾਮਨ ਆਪਣੇ ਵਿਚ ਰਖਾਈਆ । ਤੇਰਾ ਸ਼ਬਦ ਸੱਚੀ ਸ਼ਮਸ਼ੀਰ, ਸ਼ਹਿਨਸ਼ਾਹ ਨਜ਼ਰੀ ਆਈਆ । ਜਿਸ ਦੇ ਥੱਲੇ ਕੋਟਨ ਕੋਟ ਸਰ ਸੱਯਦੇ ਕਰ ਕਰ ਪੜ੍ਹਨ ਤਕਬੀਰ, ਤਦਬੀਰ ਰਹੇ ਸਮਝਾਈਆ । ਤੇਰਾ ਖੇਲ ਬੇਨਜ਼ੀਰ, ਨਜ਼ਰਾਂ ਵਿਚੋਂ ਨਜ਼ਰ ਦਏ ਬਦਲਾਈਆ । ਤੂੰ ਦਾਤਾ ਗਹਿਰ ਗੰਭੀਰ, ਗਵਰ ਤੇਰੀ ਸ਼ਰਨਾਈਆ । ਤੇਰੇ ਦਵਾਰੇ ਬਿਨ ਭਗਤਾਂ ਕੋਇ ਨਾ ਆਏ ਘਤ ਵਹੀਰ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਸਾਧ ਸੰਤ ਵੇਖੇ ਜਿਨ੍ਹਾਂ ਦੀਨ ਮਜ਼੍ਹਬ ਸ਼ਰਅ ਦਾ ਵੱਝਿਆ ਜ਼ੰਜੀਰ, ਅੱਖਰਾਂ ਨਾਲ ਪ੍ਰੀਤ ਲਗਾਈਆ । ਨਾ ਉਹ ਮੁਰਸ਼ਦ ਨਾ ਉਹ ਪੀਰ, ਮੁਰੀਦਾਂ ਵਿਚੋਂ ਮੁਰੀਦ ਨਾ ਕੋਇ ਬਣਾਈਆ । ਕੋਟਨ ਕੋਟ ਜਨਮ ਅੱਗੇ ਫਿਰਨ ਦਿਲਗੀਰ, ਦਰਦੀ ਨਜ਼ਰ ਕੋਇ ਨਾ ਆਈਆ । ਉਫ਼ ਹਾਏ ਤੋਬਾ ਬਦਲੇ ਨਾ ਕੋਇ ਤਕਦੀਰ, ਦਰੋਹੀ ਸਕੇ ਨਾ ਕੋਇ ਬਚਾਈਆ । ਜਿਸ ਧਨ ਦੌਲਤ ਨੂੰ ਸਮਝਦੇ ਰਹੇ ਜਾਗੀਰ, ਸੋ ਜਾਂਦੀ ਵਾਰੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਲੱਭੇ ਥੋੜੇ, ਚਾਰੇ ਜੁਗ ਧਿਆਨ ਲਗਾਈਆ । ਕਰ ਕਿਰਪਾ ਜਿਨ੍ਹਾਂ ਆਪਣੇ ਨਾਲ ਜੋੜੇ, ਆਤਮ ਪਰਮਾਤਮ ਮੇਲ ਮਿਲਾਈਆ । ਸ਼ਬਦ ਅਗੰਮੀ ਚਾੜ੍ਹੇ ਘੋੜੇ, ਨਵ ਨੌ ਚਾਰ ਪਾਰ ਕਰਾਈਆ । ਜੋ ਢੋਲੇ ਗਾਵਣ ਤੇਰੇ ਦੋਹਰੇ, ਧੁਰ ਦਾ ਰਾਗ ਸੁਣਾਈਆ । ਸੋ ਬਾਲੇ ਬਾਂਕੇ ਬਣੇ ਛੋਹਰੇ, ਜੋਬਨ ਇਕੋ ਰੰਗ ਵਖਾਈਆ । ਏਥੇ ਓਥੇ ਦੋ ਜਹਾਨ ਨਵੇਂ ਨਕੋਰੇ, ਪਾਟਾ ਚੀਥੜ ਨਜ਼ਰ ਕੋਇ ਨਾ ਆਈਆ । ਸਦਾ ਸਦਾ ਸਦਾ ਸਦ ਤੇਰੀ ਰੱਖਣ ਲੋੜੇ, ਨਾਤਾ ਜਗਤ ਕੂੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਕਹਿਣ ਮਿਲਿਆ ਇਕ ਹਰਫ਼, ਹਲਫ਼ੀਆ ਬਿਆਨ ਦੇ ਕੇ ਸਾਰੇ ਰਹੇ ਜਣਾਈਆ । ਜਿਸ ਦਾ ਫ਼ੈਸਲਾ ਯਕਤਰਫ, ਯਕੇ ਬਾਦ ਦੀਗਰੇ ਫੇਰ ਕੋਇ ਨਾ ਆਈਆ । ਮਾਰਗ ਧੁਰ ਦਾ ਤੇਰੀ ਸਿੱਧੀ ਸੜਕ, ਸਵਾਧਾਨ ਕਰਕੇ ਦੇ ਜਣਾਈਆ । ਤੇਰੇ ਭਗਤ ਮੰਗਣ ਤੇਰਾ ਦਰਸ, ਨਿਜ ਨੇਤਰ ਨੈਣ ਉਠਾਈਆ । ਕਲ ਕਲਕੀ ਕਰ ਤਰਸ, ਮਿਹਰਵਾਨ ਹੋ ਸਹਾਈਆ । ਦੁੱਖ ਦਰਦ ਦਲਿਦ੍ਰ ਦੇ ਵਰਜ, ਵਜਹ ਆਪਣੀ ਨਾਲ ਬਦਲਾਈਆ । ਤੇਰਾ ਕੋਈ ਨਾ ਹੋਵੇ ਹਰਜ, ਤੂੰ ਦਾਤਾ ਬੇਪਰਵਾਹੀਆ । ਕੂੜੀ ਕਿਰਿਆ ਫੇਰ ਕੇ ਕਰਦ, ਸੋਹਣਾ ਮੰਦਰ ਦੇ ਸੁਹਾਈਆ । ਤੇਰੇ ਨਾਮ ਦੀ ਲਹਿਰ ਉਠੇ ਤਰਜ਼, ਤਾਲ ਇਕੋ ਦੇ ਸੁਣਾਈਆ । ਤੇਰੇ ਭਗਤਾਂ ਨੂੰ ਤੇਰੇ ਮਿਲਣ ਦੀ ਗ਼ਰਜ਼, ਗ਼ਜ਼ਬ ਕਿਉਂ ਬੈਠਾ ਮੁਖ ਛੁਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਤੇਰੇ ਮਗਰ, ਪਿਛੇ ਭੱਜਣ ਵਾਹੋ ਦਾਹੀਆ । ਭਾਗ ਲਗਾ ਕਾਇਆ ਮਾਟੀ ਗਾਗਰ, ਸਾਢੇ ਤਿੰਨ ਹੱਥ ਸੋਭਾ ਪਾਈਆ । ਤੇਰੀ ਕਦਮ ਬੋਸੀ ਕਰੀਏ ਉਤੇ ਕਦਮ ਕਦਮ, ਅਦਮ ਅਦਲ ਬਦਲ ਆਪਣਾ ਦੇ ਸਮਝਾਈਆ । ਉਹ ਪ੍ਰਭੂ ਤੇਰੇ ਪੈਰ ਵਿਚ ਨਿਸ਼ਾਨੀ ਨਹੀਂ ਹੁਣ ਪਦਮ, ਪਤੇ ਆਪਣੇ ਦੇ ਦ੍ਰਿੜਾਈਆ । ਤੇਰਾ ਤਤ ਨਾ ਕੋਈ ਬਦਨ, ਪੰਚਮ ਰੰਗ ਨਾ ਕੋਇ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਸਾਰੇ ਕਰਕੇ ਯਤਨ, ਤੇਰਾ ਯਥਾਰਥ ਸਕੇ ਨਾ ਕੋਈ ਸਮਝਾਈਆ । ਪਤਾ ਨਹੀਂ ਤੂੰ ਕੇਹੜੇ ਚਲਕੇ ਆਇਆ ਵਤਨ, ਮੁਕਾਮ ਆਪਣਾ ਦੇ ਦ੍ਰਿੜਾਈਆ । ਤੇਰਾ ਵੇਖਿਆ ਅਨੋਖਾ ਇਕੋ ਪਤਣ, ਖੇਵਟ ਖੇਟੇ ਬੇਪਰਵਾਹੀਆ । ਫ਼ਰੀਦ ਰੋਂਦਾ ਵੇਖਿਆ ਪਾਕ ਪਟਨ, ਪਟਨੇ ਵਾਲਾ ਦੇਂਦਾ ਗਿਆ ਦੁਹਾਈਆ । ਪਰਮ ਪੁਰਖ ਪਰਮਾਤਮ ਕਲਜੁਗ ਅੰਤਮ ਆਵੇ ਪਤ ਰੱਖਣ, ਰਾਖਾ ਹੋ ਕੇ ਹੋਏ ਸਹਾਈਆ । ਗੁਰਮੁਖ ਆਏ ਗੋਦੀ ਚੁੱਕਣ, ਚਕਨਾ ਚੂਰ ਕਰੇ ਲੋਕਾਈਆ । ਜਿਹੜੀ ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇ ਅੰਦਰ ਹਾਂਢੀ ਉਤੇ ਦਿਤਾ ਢੱਕਣ, ਸੋ ਭਗਤਾਂ ਉਤੋਂ ਦੇ ਉਠਾਈਆ । ਲੱਖ ਚੁਰਾਸੀ ਵਿਚੋਂ ਵਿਰੋਲ ਕੇ ਮੱਖਣ, ਗੁਰਮੁਖ ਪਿਆਰ ਪ੍ਰੇਮ ਖ਼ੁਸ਼ੀਆਂ ਨਾਲ ਖਾਈਆ । ਉਹ ਸੰਤ ਸੁਹੇਲਾ ਸੋਹਣਾ ਬਣੇ ਫ਼ੱਕਰ, ਜਿਸ ਫ਼ੈਸਲਾ ਆਪ ਜਣਾਈਆ । ਏਥੇ ਨਹੀਂ ਵਡਿਆਈ ਕੋਈ ਅਸ਼ਟਾਬੱਕਰ, ਜਨਕ ਬੈਠਾ ਸੀਸ ਨਿਵਾਈਆ । ਕੌਣ ਸ੍ਰੀ ਭਗਵਾਨ ਨਾਲ ਲਗਾਏ ਟੱਕਰ, ਜੋ ਟਕਿਆਂ ਨਾਲੋਂ ਸਭ ਦੀ ਕੀਮਤ ਦਏ ਘਟਾਈਆ । ਕਿਸੇ ਨੂੰ ਆਪਣੀ ਬੂੰਦ ਬਣਾਇਆ ਕਤਰ, ਕਿਸੇ ਨੂੰ ਕਤਰਿਆਂ ਵਿਚੋਂ ਕਤਰਾ ਦਿਤਾ ਜਣਾਈਆ । ਏਸੇ ਕਰਕੇ ਸ੍ਰੀ ਭਗਵਾਨ ਦਾ ਕਰਦੇ ਗਏ ਸ਼ੁਕਰ, ਸ਼ਹਿਨਸ਼ਾਹ ਕਹਿਕੇ ਜਗਤ ਸੁਣਾਈਆ । ਸਚ ਦਵਾਰੇ ਆ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਸਕੇ ਕੋਈ ਨਾ ਮੁਕਰ, ਪਰਦਾ ਉਪਰ ਨਾ ਕੋਇ ਟਿਕਾਈਆ । ਤੂਲ ਅਰਜ਼ ਨਾ ਜਾਣੇ ਕੋਈ ਕੁਤਰ, ਨਿਸਫ਼ ਨਿਸਫ਼ ਵੰਡ ਨਾ ਕੋਇ ਵੰਡਾਈਆ । ਜੋ ਆਇਆ ਸੋ ਬਣਕੇ ਪੁੱਤਰ, ਪਿਤਾ ਪੁਰਖ ਅਕਾਲ ਮਨਾਈਆ । ਜੋ ਬਣਾਇਆ ਸੋ ਆਪਣੀ ਧਾਰੋਂ ਆਇਆ ਉਤਰ, ਉਤਲਾ ਲੇਖਾ ਨਾ ਕਿਸੇ ਸਮਝਾਈਆ । ਓ ਕੀ ਹੋਇਆ ਧ੍ਰੂ ਬਣਿਆ ਕੁਤਬ, ਕਾਤਬ ਕਰਕੇ ਗਏ ਲਿਖਾਈਆ । ਜਨ ਭਗਤੋ ਤੁਹਾਨੂੰ ਚੁੱਕ ਕੇ ਆਪਣੇ ਕੁੱਛੜ, ਬਿਨ ਕੁਛ ਕੀਤਿਆਂ ਪਾਰ ਲੰਘਾਈਆ । ਤੁਹਾਡੇ ਪ੍ਰੇਮ ਪਿਆਰ ਦਾ ਖਾ ਕੇ ਉਹ ਟੁੱਕਰ, ਜੋ ਟੁਕੜਿਆਂ ਵਿਚੋਂ ਟੁਕੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਇਹ ਅੱਛੇ, ਅੱਛੀ ਮਿਲੀ ਵਡਿਆਈਆ । ਜਿਸ ਨੇ ਬਣਾਏ ਕਛ ਮਛੇ, ਸਮੁੰਦ ਸਾਗਰਾਂ ਵਿਚ ਤਰਾਈਆ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਬੱਚੇ, ਪੁੱਤਰਾਂ

ਗੋਦ ਉਠਾਈਆ । ਜਿਸ ਦੇ ਲੱਖ ਚੁਰਾਸੀ ਭਾਂਡੇ ਕੱਚੇ, ਤਨ ਮਾਟੀ ਵੇਖ ਵਖਾਈਆ । ਜਿਸ ਦੇ ਨਾਮ ਰੰਗ ਗੁਰਮੁਖ ਸਾਚੇ ਰੱਤੇ, ਰੱਤੀ ਰੱਤ ਸੁਕਾਈਆ । ਜਿਸ ਦੇ ਅੰਦਰੋਂ ਮਿਲ ਗਏ ਪਤੇ, ਬਾਹਰੋਂ ਸਕੇ ਨਾ ਕੋਇ ਸਮਝਾਈਆ । ਜਿਸ ਦੇ ਦਰਸ਼ਨ ਨਿਜ ਨੇਤਰ ਅੱਖੇ, ਦੋਏ ਲੋਚਨ ਨੈਣ ਸ਼ਰਮਾਈਆ । ਜਿਸ ਨੂੰ ਝੱਲੇ ਪਵਣ ਕੋਇ ਨਾ ਪੱਖੇ, ਠੰਡੀ ਠਾਰ ਨਾ ਕੋਇ ਰਖਾਈਆ । ਸੋ ਸਮਰਥ ਸਵਾਮੀ ਜਨ ਭਗਤਾਂ ਪਤ ਰੱਖੇ, ਰੱਖਕ ਬੇਪਰਵਾਹੀਆ । ਜਿਨ੍ਹਾਂ ਦਾ ਲਹਿਣਾ ਉਨ੍ਹਾਂ ਕਰੇ ਇਕੱਠੇ, ਰੱਟੇ ਅਗਲੇ ਦਏ ਮੁਕਾਈਆ । ਕੂੜੀ ਕਿਰਿਆ ਰੁਲਣ ਨਾ ਦੇਵੇ ਵਿਚ ਘੱਟੇ, ਕੀਮਤ ਕਰਤਾ ਆਪੇ ਪਾਈਆ । ਨਾਮ ਬੀਜੇ ਸਾਚੇ ਵੱਤੇ, ਕਾਇਆ ਕਿਰਸਾਣਾ ਵੇਖ ਵਖਾਈਆ । ਭਾਗ ਲਗਾਏ ਪੱਤ ਡਾਲ੍ਹੀ ਪੱਤੇ, ਪੰਖੜੀਆਂ ਆਪ ਮਹਿਕਾਈਆ । ਹੁਣ ਲੋੜ ਰਹੀ ਨਹੀਂ ਧੰਨੇ ਵਾਂਗਰ ਚਾਰਨ ਦੀ ਵੱਛੇ, ਭਗਤ ਵਛਲ ਕਿਰਪਾ ਨਾਲ ਤਰਾਈਆ । ਖੂਹਾ ਗੇੜ ਹਲਟ ਨਾ ਹਕੇ, ਮਨ ਕਾ ਮਣਕਾ ਦਏ ਭੁਆਈਆ । ਕਟੋਰੇ ਵਿਚ ਕੁਛ ਨਾ ਛਕੇ, ਅੰਤਰ ਆਤਮ ਤ੍ਰਿਸਨ ਬੁਝਾਈਆ । ਸੁੱਕੇ ਟੁੱਕਰ ਵੇਖ ਕੇ ਮੰਡੇ ਪੱਕੇ, ਪੱਕੀ ਆਪਣੀ ਗੰਢ ਪਵਾਈਆ । ਜਨ ਭਗਤਾਂ ਅੱਗੇ ਦੇਵੇ ਨਾ ਕੋਈ ਧੱਕੇ, ਧੱਕੇ ਨਾਲ ਆਪਣੇ ਘਰ ਬਹਾਈਆ । ਲੋੜ ਰਹੀ ਨਾ ਜਾਣ ਦੀ ਮਦੀਨੇ ਮੱਕੇ, ਮਕਬਰਿਆਂ ਸੀਸ ਨਾ ਕੋਇ ਨਿਵਾਈਆ । ਖਹਿੜਾ ਛੁੱਟ ਜਾਏ ਮੰਦਰ ਮਸੀਤ ਮੱਠੇ, ਗੁਰੂ ਦਵਾਰਾ ਇਕੋ ਇਕ ਜਣਾਈਆ । ਜਿਥੇ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਬਹਿਣ ਇਕੱਠੇ, ਜ਼ਾਤ ਪਾਤ ਨਾ ਕੋਇ ਰਖਾਈਆ । ਪ੍ਰੇਮ ਪ੍ਰੀਤੀ ਡੋਰੀ ਬੰਨ੍ਹੇ ਇਕੋ ਰੱਸੇ, ਰਸਤਾ ਸਭ ਨੂੰ ਇਕ ਜਣਾਈਆ । ਜਿਨ੍ਹਾਂ ਦੇ ਅੰਦਰ ਸਵਾਮੀ ਵਸੇ, ਬਾਹਰੋਂ ਲੱਭਣ ਕੋਇ ਨਾ ਜਾਈਆ । ਜਨ ਭਗਤਾਂ ਜਨਮ ਕਰਮ ਦੇ ਮੇਟ ਕੇ ਰੱਟੇ, ਲਾਟੀ ਕੀਨ ਦਏ ਬਣਾਈਆ । ਬਾਹਰੋਂ ਚੀਥੜ ਦਿਸਣ ਫਟੇ, ਅੰਦਰੋਂ ਰੰਗ ਇਕ ਵਖਾਈਆ । ਪਿਛਲੇ ਗਲੋਂ ਲਾਹਕੇ ਜਨਮ ਕਰਮ ਦੇ ਪਟੇ, ਅੱਗੇ ਖੁਲ੍ਹੇ ਦਿਤੇ ਕਰਾਈਆ । ਪ੍ਰਭ ਸਰਨਾਈ ਜਾਵੇ ਨੱਠੇ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰੀ ਭਗਵਾਨ ਹੋਏ ਸਹਾਈਆ । ਗੁਰ ਅਵਤਾਰ ਕਹਿਣ ਤੂੰ ਹੋ ਸਹਾਇਕ, ਖ਼ਸਮ ਸੱਚਾ ਨਜ਼ਰੀ ਆਈਆ । ਪੀਰ ਪੈਗ਼ੰਬਰ ਕਹਿਣ ਤੇਰੀ ਅਸ਼ਾਇਤ, ਸ਼ਰਅ ਜ਼ੰਜੀਰ ਤੁੜਾਈਆ । ਗੁਰ ਅਵਤਾਰ ਕਹਿਣ ਤੇਰੀ ਹਦਾਇਤ, ਹੱਦ ਕੂੜੀ ਪਾਰ ਲੰਘਾਈਆ । ਪੀਰ ਪੈਗ਼ੰਬਰ ਕਹਿਣ ਕਰ ਅਨਾਇਤ, ਬਖ਼ਸ਼ਿਸ਼ ਨੂਰ ਖ਼ੁਦਾਈਆ । ਗੁਰ ਅਵਤਾਰ ਕਹਿਣ ਪ੍ਰਭੂ ਤੇਰੀ ਹਮਾਇਤ, ਹਮ ਸਾਰੇ ਰਹੇ ਸਮਝਾਈਆ । ਪੀਰ ਪੈਗ਼ੰਬਰ ਕਹਿਣ ਤੇਰੀ ਰਵਾਇਤ, ਰਵਾਦਾਰ ਨਾ ਕੋਇ ਕਰਾਈਆ । ਗੁਰ ਅਵਤਾਰ ਕਹਿਣ ਸਾਡੀ ਗਈ ਅਜ਼ਮਾਇਸ਼, ਸਚ ਸਚ ਸਮਝਾਈਆ । ਪੀਰ ਪੈਗ਼ੰਬਰ ਕਹਿਣ ਸਾਡੀ ਕਾਅਬਿਆਂ ਵਾਲੀ ਮੁੱਕੀ ਪੈਮਾਇਸ਼, ਪੈਮਾਨਾ ਤੇਰੇ ਹੱਥ ਫੜਾਈਆ । ਸ੍ਰੀ ਭਗਵਾਨ ਕਹੇ ਗੁਰ ਅਵਤਾਰ ਪੀਰ ਪੈਗ਼ੰਬਰੋ ਲੱਖ ਚੁਰਾਸੀ ਮੇਰੀ ਇਕ ਜਮਾਇਤ, ਧੁਰ ਦਾ ਅੱਖਰ ਇਕ ਸਮਝਾਈਆ । ਧੁਰ ਸੰਦੇਸਾ ਸਚ ਕਾਇਨਾਤ, ਕਲਮਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਇਕ ਅਖਵਾਈਆ । ਸਾਹਿਬ ਸੁਲਤਾਨ ਸਚ ਮਹਿਬੂਬ, ਪੈਗ਼ੰਬਰ ਰਹੇ ਜਣਾਈਆ । ਤੇਰੀ ਮੰਜ਼ਲ ਸਚ ਮਕਸੂਦ, ਮੁਕਾਮੇ ਹਕ ਤੇਰੀ ਸਰਨਾਈਆ । ਤੇਰਾ ਵੇਖਿਆ ਉਚ ਅਰੂਜ, ਅਰਸ਼ ਕੁਰਸ਼ ਬੈਠੇ ਸੀਸ ਨਿਵਾਈਆ । ਕੋਟਨ ਕੋਟ ਵਾਰ ਤੇਰੇ ਕਦਮਾਂ ਉਤੇ ਗਏ ਝੂਝ, ਪਦਮਾਂ ਵਿਚ ਗਣਤ ਨਾ ਕੋਇ ਗਣਾਈਆ । ਧੰਨ ਭਾਗ ਸਦੀ ਚੌਦਵੀਂ

ਚੌਦਾਂ ਤਬਕ ਹੋਇਆ ਮੌਜੂਦ, ਮਜਲਸ ਮੁਰਸ਼ਦ ਮੁਰੀਦਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲਹਿਣਾ ਲਹਿਣੇ ਰਿਹਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅੱਧੀ ਸਤਰ ਨਿੱਕੀ, ਬਸਤਿਆਂ ਵਿਚੋਂ ਨਜ਼ਰੀ ਆਈਆ । ਜਿਸ ਦੇ ਵਿਚੋਂ ਲੱਭੀ ਤੇਰੀ ਧੁਰ ਦੀ ਸਿੱਖੀ, ਸਿਖਿਆ ਸਚ ਦ੍ਰਿੜਾਈਆ । ਜਿਸ ਨੂੰ ਗੋਬਿੰਦ ਕਿਹਾ ਧਾਰ ਤਿੱਖੀ, ਮੁਹੰਮਦ ਸਿਫ਼ਤ ਵਡਿਆਈਆ । ਓਸ ਦੀ ਨੋਕ ਵੇਖੀ ਚਿੱਟੀ, ਚਾਰ ਕੁੰਟ ਕਰੇ ਰੁਸ਼ਨਾਈਆ । ਜਗਤ ਨੇਤਰਾਂ ਖੇਲ ਅਣਡਿਠੀ, ਅਣਡਿਠੜੇ ਧਾਮ ਵਖਾਈਆ । ਤੇਰੀ ਸਾਰੀ ਸਮਝ ਸਕੇ ਕੋਈ ਨਾ ਚਿੱਠੀ, ਸੱਤਰਾਂ ਵਿਚ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇ ਸਮਝਾਈਆ । ਅੱਧੀ ਸੱਤਰ ਦਾ ਅਗਲਾ ਹਿੱਸਾ, ਹਿੱਸੇਦਾਰ ਬਣਾਈਆ । ਬਿਨ ਤੇਰੀ ਕਿਰਪਾ ਕਿਸੇ ਨਾ ਦਿਸਾ, ਦਹਿ ਦਿਸ਼ਾ ਹੋਈ ਹਲਕਾਈਆ । ਚਾਰੇ ਖਾਣੀ ਚਾਰੇ ਬਾਣੀ ਜਿਸ ਦਾ ਗਾਵੇ ਕਿੱਸਾ, ਰਾਗਾਂ ਨਾਦਾਂ ਵਿਚ ਵਡਿਆਈਆ । ਉਸ ਦਾ ਖੇਲ ਪਤਾ ਨਹੀਂ ਅੱਗੇ ਕਿੱਡਾ, ਕੀ ਕਰੇ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲਾ ਨੱਢਾ, ਨਿੱਕੀਆਂ ਨਿੱਕੀਆਂ ਗੱਲਾਂ ਗਏ ਜਣਾਈਆ । ਅਗਲਾ ਲੇਖਾ ਪ੍ਰਭ ਦੇ ਉਤੇ ਛੱਡਾ, ਵਾਕ ਭਵਿਖਤ ਪੜ੍ਹਾਈਆ । ਆਪਣਾ ਖੇਲ ਕਰੇ ਪੁਰਖ ਸਮਰਥਾ, ਸਮਰਥ ਹੱਥ ਵਡਿਆਈਆ । ਜਿਸ ਦੀ ਕੋਈ ਗਾ ਨਾ ਸਕੇ ਕਥਾ, ਕਥਨੀ ਰਾਗ ਨਾ ਕੋਇ ਅਲਾਈਆ । ਉਸ ਦਾ ਭੇਵ ਸਮਝ ਨਾ ਆਵੇ ਰਤਾ, ਰੱਤ ਸਾਰੇ ਗਏ ਸੁਕਾਈਆ । ਸਭ ਨੇ ਦਿਤਾ ਧੁਰ ਸੰਦੇਸਾ ਪਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਕਲਜੁਗ ਅੰਤਮ ਆਵੇ ਨੱਠਾ, ਨਿਰਗੁਣ ਆਪਣਾ ਫੇਰਾ ਪਾਈਆ । ਜੁਗ ਜਨਮ ਦਾ ਵਿਛੜਿਆ ਭਗਤ ਸੰਤ ਕਰੇ ਇਕੱਠਾ, ਗੁਰਮੁਖ ਗੁਰਸਿਖ ਮੇਲ ਮਿਲਾਈਆ । ਤ੍ਰੈਗੁਣ ਅਗਨ ਤਪਾਏ ਸ੍ਰਿਸ਼ਟ ਸਬਾਈ ਭੱਠਾ, ਪੰਜ ਤਤ ਲੰਬੂ ਲਾਈਆ । ਗੁਰਮੁਖਾਂ ਦਰਸ ਕਰਾਏ ਆਪਣੀ ਅੱਖਾ, ਆਖ਼ਰ ਆਪਣਾ ਰੰਗ ਚੜ੍ਹਾਈਆ । ਦੋ ਜਹਾਨਾਂ ਬਣ ਕੇ ਸੱਜਣ ਸਖ਼ਾ, ਸਾਖਿਆਤ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਨਿੱਕੀ ਸੱਤਰ ਦਾ ਨਿੱਕਾ ਰੂਪ, ਨਿਕਿਉਂ ਨਿੱਕਾ ਨਜ਼ਰੀ ਆਈਆ । ਤੂੰ ਠਾਕਰ ਸਵਾਮੀ ਧੁਰ ਦਾ ਭੂਪ, ਭੂਪਤ ਤੇਰੀ ਵਡਿਆਈਆ । ਬਿਨ ਤੇਰੇ ਚੁੱਕੇ ਨਾ ਕੋਈ ਚੂਕ, ਚਾਕਰ ਗਏ ਫੇਰੀਆਂ ਪਾਈਆ । ਕਿਉਂ ਸੁੱਤਾ ਸਾਹਿਬ ਘੂਕ, ਨਿਰਗੁਣ ਆਪਣੀ ਲੈ ਅੰਗੜਾਈਆ । ਤੇਰੇ ਭਗਤ ਤਰਸਦੇ ਪੂਤ, ਪਤਿਪਰਮੇਸ਼ਵਰ ਗੋਦ ਉਠਾਈਆ । ਉੱਤਰ ਪੂਰਬ ਪੱਛਮ ਦੱਖਣ ਤੇਰੀ ਕੂਟ, ਕੂਟਾਂ ਵਿਚੋਂ ਕੁਟੀਆ ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਥੇ ਹਰਿ ਰਹੇ ਸਦਾ ਮੌਜੂਦ, ਮੁਫ਼ਲਿਸ ਹੋ ਕੇ ਝਟ ਲੰਘਾਈਆ । ਆਪਣੀ ਕਰਨੀ ਅੰਦਰ ਮਸਰੂਫ਼, ਮਸਲੇ ਧੁਰ ਦੇ ਰਿਹਾ ਜਣਾਈਆ । ਅਸੀਂ ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਦੇਵਣ ਵਾਲੇ ਪਰੂਫ਼, ਪਰਾ ਪਸੰਤੀ ਮਧਮ ਬੈਖਰੀ ਗਾ ਗਾ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦੇ ਸੁਹਾਈਆ । ਨਿੱਕੀ ਸੱਤਰ ਕਹੇ ਮੈਂ ਦੱਸਾਂ ਸਤ੍ਹਾ, ਸਤਿ ਸਤਿ ਸਮਝ ਕੋਇ ਨਾ ਪਾਈਆ । ਗੁਰ ਅਵਤਾਰਾਂ ਜਿਨ੍ਹਾਂ ਪਤਾ, ਪਤਰਿਆਂ ਉਤੇ ਗਏ ਲਿਖਾਈਆ । ਅੱਗੇ ਕਹਿ ਕੇ ਬੇਅੰਤ ਬੇਅੰਤਾ, ਪੱਲੂ ਸਰਬ ਛੁਡਾਈਆ । ਜਿਸ ਬਣਾ ਕੇ ਪਹਿਲੋਂ ਆਪਣੀ ਬਣਤਾ, ਫਿਰ ਸ਼ਬਦੀ ਸੁਤ ਉਠਾਈਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਖੇਲ ਖੇਲਿਆ ਅਗੰਮਤਾ, ਦਿਤੀ ਮਾਣ ਵਡਿਆਈਆ । ਜਿਸ ਨੇ ਪਰਕਾਸ਼ ਕਰਾਇਆ ਸੂਰਜ ਚੰਨ ਕਾ, ਜ਼ਿਮੀਂ ਅਸਮਾਨ ਵੰਡ ਵੰਡਾਈਆ ।

੭੬੮
੧੭

ਜੋ ਕੋਟਨ ਕੋਟ ਬ੍ਰਹਿਮੰਡ ਖੰਡ ਬੇੜਾ ਬੰਨ੍ਹਦਾ, ਪੁਰੀਆਂ ਲੋਆਂ ਸੋਭਾ ਪਾਈਆ । ਜੋ ਆਦਿ ਜੁਗਦਿ ਜੁਗ ਚੌਕੜੀ ਲੱਖ ਚੁਰਾਸੀ ਘੜਦਾ ਭੰਨਦਾ, ਜੂਨ ਅਜੂਨੀ ਖੇਲ ਖਿਲਾਈਆ । ਜਿਸ ਨੇ ਰਚਨ ਰਚਾਇਆ ਮਤ ਬੁਧ ਮਨ ਦਾ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਸੁਹਾਈਆ । ਜਿਸ ਨੇ ਖੇਲ ਰਚਾਇਆ ਨੱਕ ਮੂੰਹ ਕੰਨ ਦਾ, ਨੇਤਰਾਂ ਨੂਰ ਜੋਤ ਰੁਸ਼ਨਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਜਨਨੀ ਹੋ ਕੇ ਜਣਦਾ, ਧੁਰ ਦੀ ਗੋਦੀ ਗੋਦ ਸੁਹਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸਦਾ ਮੰਨਦਾ, ਮਨਸਾ ਪੂਰ ਅਖਵਾਈਆ । ਕੀ ਹੋਇਆ ਜੇ ਉਹ ਨਾਤਾ ਛੱਡ ਕੇ ਆਇਆ ਤਨ ਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਖਹਿੜਾ ਛੁੱਟਿਆ ਮਾਟੀ ਖੱਲ ਦਾ, ਖ਼ਾਲਕ ਖ਼ਲਕ ਬੇਪਰਵਾਹੀਆ । ਇਹ ਸਵਾਲ ਨਹੀਂ ਕਿਸੇ ਦੇ ਹਲ ਦਾ, ਹਾਲਤ ਆਪਣੀ ਲਈ ਬਦਲਾਈਆ । ਲੇਖਾ ਚੁੱਕਿਆ ਅੰਨ ਜਲ ਦਾ, ਬਸਤਰ ਓਢਨ ਤਨ ਨਾ ਕੋਇ ਜਣਾਈਆ । ਜਿਸ ਵੇਲੇ ਚਾਹੇ ਜੋਤ ਸਰੂਪੀ ਤੱਤਾਂ ਵਿਚ ਰਲਦਾ, ਤੱਤਾਂ ਵਿਚੋਂ ਬਾਹਰ ਹੋ ਜਾਈਆ । ਗੋਬਿੰਦ ਸਿੰਘਾਸਣ ਇਕੋ ਮੱਲਦਾ, ਜਿਸ ਦਾ ਮਾਲਕ ਬੇਪਰਵਾਹੀਆ । ਇਹ ਵੱਡਾ ਖੇਲ ਅਛਲ ਅਛੱਲ ਦਾ, ਕੀ ਹੋਇਆ ਜੇ ਰਾਵਣ ਛਲਿਆ ਰਾਮ ਛਲ ਕੇ ਰਾਮ ਆਪ ਅਖਵਾਈਆ । ਕਿਸੇ ਨੂੰ ਪਤਾ ਨਹੀਂ ਅਗਲੇ ਪਲ ਦਾ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਜਿਸ ਨੂੰ ਮਾਲਕ ਮੰਨਿਆ ਜਲ ਥਲ ਦਾ, ਮਹੀਅਲ ਕਹਿ ਕੇ ਗਏ ਗਾਈਆ । ਉਹ ਪ੍ਰਭ ਆਪਣੀ ਕਰਨੀ ਕਰਨੋਂ ਕਦੇ ਨਾ ਟਲਦਾ, ਟੱਲੀਆਂ ਨਾਲ ਨਾ ਕੋਇ ਮਨਾਈਆ । ਦੀਵਿਆਂ ਵਿਚ ਕਦੇ ਨਾ ਬਲਦਾ, ਹਵਨ ਘਿਰਤ ਵਿਚ ਸੁਗੰਧ ਨਾ ਕੋਇ ਸਮਾਈਆ । ਜੇ ਕਿਰਪਾ ਕਰੇ ਤੇ ਭਗਤਾਂ ਅੰਦਰ ਆਪਣਾ ਆਸਣ ਰੱਖਦਾ, ਵੱਖਰਾ ਹੋ ਨਾ ਝੱਟ ਲੰਘਾਈਆ । ਉਹ ਮਾਲਕ ਕੱਖ ਤੇ ਲੱਖ ਦਾ, ਲੱਖੋਂ ਕੱਖ ਬਣਾਈਆ । ਜਿਸ ਨੂੰ ਦਰਸ ਕਰਾਇਆ ਆਪਣੀ ਅੱਖ ਦਾ, ਵਾਂਗ ਕਬੀਰੇ ਦਏ ਦੁਹਾਈਆ । ਜੋ ਆ ਕੇ ਇਸਦੀ ਫਾਹੀ ਵਿਚ ਫਸਦਾ, ਸੋ ਫਾਂਸੀ ਗਲੋਂ ਗਿਆ ਲੁਹਾਈਆ । ਸਚ ਦਵਾਰੇ ਖ਼ੁਸ਼ੀਆਂ ਨਾਲ ਹੱਸਦਾ, ਹਸਤੀ ਵਿਚ ਮਿਲਿਆ ਬੇਪਰਵਾਹੀਆ । ਏਹੋ ਜ਼ੋਰ ਓਸ ਅਗੰਮੀ ਜੱਟ ਦਾ, ਜਿਸ ਨੂੰ ਜਟਾ ਜੂਟ ਧਾਰ ਸਮਝ ਸਕੇ ਨਾ ਰਾਈਆ । ਵੇਖੋ ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਨਾਮ ਹੈ ਰਟਦਾ, ਸੀਸ ਜਗਦੀਸ ਨਿਵਾਈਆ । ਆਪਣੀ ਹੱਥੀਂ ਪਰਮਟ ਸਭ ਦੇ ਕੱਟਦਾ, ਧੁਰ ਦਾ ਨਾਮ ਉਪਰ ਮੋਹਰ ਲਗਾਈਆ । ਫੇਰ ਬਣੇ ਉਹ ਗੁਰ ਅਵਤਾਰ ਪੀਰ ਪੈਗ਼ੰਬਰ ਮਾਲਕ ਓਸ ਹਟ ਦਾ, ਸੌਦਾ ਆਪਣੇ ਹੱਟ ਵਿਕਾਈਆ । ਜਿਸ ਵੇਲੇ ਚਾਹਵੇ ਓਸੇ ਵੇਲੇ ਫੇਰ ਸੱਦ ਦਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਇਕੋ ਇਕ ਪੁਰਖ ਅਕਾਲ ਸਚ ਮੁਕਾਮ ਬਹਿ ਕੇ ਵਸਦਾ, ਬੈਕੁੰਠ ਨਿਵਾਸੀ ਹਰਿ ਅਬਿਨਾਸ਼ੀ ਡੇਰਾ ਲਾਈਆ । ਜਨ ਭਗਤੋ ਇਹ ਬੁਰਜ ਕੋਟਨ ਵਾਰ ਬਣਦਾ ਕੋਟਨ ਵਾਰ ਢੱਠਦਾ, ਬਿਨ ਸਤਿਗੁਰ ਪੂਰੇ ਸੰਗ ਨਾ ਕੋਇ ਨਿਭਾਈਆ । ਹੁਣ ਤੁਹਾਡਾ ਨਹੀਂ ਵੇਲਾ ਪ੍ਰਭੂ ਦੇ ਜਸ ਦਾ, ਘਰ ਬੈਠਿਆਂ ਰਿਹਾ ਗਾਈਆ । ਜੋ ਪਿਛੇ ਸਭ ਤੋਂ ਵੱਖਰਾ ਵਸਦਾ, ਸੋ ਵਕਤ ਵੇਲਾ ਰਿਹਾ ਸੁਹਾਈਆ । ਕਰ ਖੇਲ ਬਾਜ਼ੀਗਰ ਨਟ ਦਾ, ਸਵਾਂਗੀ ਆਪਣਾ ਸਵਾਂਗ ਰਚਾਈਆ । ਜਨ ਭਗਤਾਂ ਪਤ ਰਖਦਾ, ਪਤਿਪਰਮੇਸ਼ਵਰ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਜਾਣੇ ਹਕੀਕਤ ਹਕ ਦਾ, ਹਾਕਮ ਇਕੋ ਇਕ ਅਖਵਾਈਆ ।

ਇਕੋ ਹਾਕਮ ਇਕੋ ਹੁਕਮ, ਹੁਕਮੀ ਇਕ ਭੁਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਤੁਖ਼ਮ, ਤਾਸੀਰ ਦਿਤੀ ਬਦਲਾਈਆ ।

ਕੀ ਲੱਭਣ ਕਾਰਨ ਸੂਖ਼ਮ, ਅਸਥੂਲ ਦਿਤੇ ਭੁਲਾਈਆ । ਫਿਰੀ ਦਰੋਹੀ ਚਾਰੇ ਕੂਟਨ, ਖਿੜਕੀ ਕੁੰਡੀ ਨਾ ਕੋਇ ਖੁਲ੍ਹਾਈਆ । ਕਲਜੁਗ ਸਾਧ ਐਵੇਂ ਭੂਤਣ, ਜਗਤ ਭੂਤਨੇ ਰੂਪ ਵਟਾਈਆ । ਉਚੀ ਕੂਕ ਕੂਕ ਕੂਕਣ, ਕੂਕ ਕੂਕ ਸੁਣਾਈਆ । ਤਨ ਕਾਇਆ ਮਾਟੀ ਫੂਕਣ, ਫੁਲਕਿਆਂ ਨਾਲ ਪੇਟ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੰਡੇ ਨਾਲ ਸਭ ਦੇ ਭੰਨੇ ਬੂਥਣ, ਮੁਖ ਦਏ ਭੁਆਈਆ ।

## ੨ ਕੱਤਕ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ ਨਾਨਕ ਪੁਰਾ ਅੰਮ੍ਰਿਤਸਰ

ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਰਟਦਾ, ਹਰਿ ਚਰਨ ਕਵਲ ਧਿਆਨ ਲਗਾਈਆ । ਆਦਿ ਜੁਗਾਦਿ ਨਿਤ ਨਵਿਤ ਜਸ ਗਾਵਣ ਪੁਰਖ ਸਮਰਥ ਦਾ, ਅੰਤਰ ਆਤਮ ਪਰਮਾਤਮ ਰਾਗ ਅਲਾਈਆ । ਸਾਚਾ ਮਾਰਗ ਧੁਰ ਦਰਗਾਹ ਅਗੰਮ ਅਗੰਮੜਾ ਇਕੋ ਦੱਸਦਾ, ਸਚ ਸਤਿ ਸਤਿ ਵਡਿਆਈਆ । ਭੇਵ ਖੋਲ੍ਹ ਕੇ ਆਪਣੀ ਅੱਖ ਦਾ, ਨਿਜ ਨੇਤਰ ਦਏ ਸਮਝਾਈਆ । ਨਾਮ ਅਗੰਮੜੇ ਰੰਗ ਰੰਗਦਾ, ਹਰਿ ਰੰਗੀਲਾ ਸ਼ਹਿਨਸ਼ਾਹੀਆ । ਭੇਵ ਖੋਲ੍ਹ ਕਾਇਆ ਮਾਟੀ ਪੰਜ ਤਤ ਤਨ ਦਾ, ਤਤਵ ਤਤ ਦਏ ਸਮਝਾਈਆ । ਬੇੜਾ ਬੰਨ੍ਹ ਵਾਸਨਾ ਮਨ ਕਾ, ਮਨ ਕਾ ਮਣਕਾ ਦਏ ਭੁਆਈਆ । ਇਕੋ ਰਾਗ ਸੁਣਾਏ ਧੰਨ ਧੰਨ ਕਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਾਰੇ ਖ਼ੁਸ਼ੀ ਮਨਾਈਆ । ਜੁਗ ਚੌਕੜੀ ਖੇਲ ਸ੍ਰੀ ਭਗਵਨ ਕਾ, ਭਗਤਨ ਮੇਲਾ ਸਹਿਜ ਸੁਭਾਈਆ । ਕਰੇ ਪਰਕਾਸ਼ ਅਨੋਖੇ ਚੰਨ ਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਲੱਖ ਚੁਰਾਸੀ ਕੂੜੀ ਕਿਰਿਆ ਆਪ ਡੰਨ ਦਾ, ਨਿਰਗੁਣ ਸਰਗੁਣ ਫੇਰਾ ਪਾਈਆ । ਸਾਚੇ ਸੰਤਾਂ ਬੇੜਾ ਬੰਨ੍ਹਦਾ, ਪਤਣ ਬਹਿ ਕੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਹਿਬ ਸਤਿਗੁਰ ਇਕੋ ਮੰਨ ਦਾ, ਪੁਰਖ ਅਕਾਲ ਪਰਵਰਦਿਗਾਰ ਮੁਕਾਮੇ ਹਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਾਵਣਹਾਰਾ ਸਚ ਦਰ, ਸਚਖੰਡ ਸਾਚਾ ਇਕ ਸੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੱਸਣ, ਬਿਨ ਰਸਨਾ ਜਿਹਵਾ ਬੱਤੀ ਦੰਦ ਰਹੇ ਸੁਣਾਈਆ । ਤੇਰੇ ਦਵਾਰੇ ਪਰਮ ਪੁਰਖ ਪਰਮਾਤਮ ਆਏ ਵਸਣ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਧਾਮ ਅਵੱਲੜਾ ਹਕੀਕਤ ਦੇ ਹਕਨ, ਹਕੂਕ ਸਭ ਦੀ ਝੋਲੀ ਪਾਈਆ । ਤੇਰੇ ਨੇਤਰ ਤੈਨੂੰ ਤੱਕਣ, ਦੋਏ ਲੋਚਣ ਮਾਣ ਮਿਟਾਈਆ । ਤੂੰ ਸਾਹਿਬ ਸਵਾਮੀ ਸਦਾ ਪਤ ਰੱਖਣ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰਾ ਰੂਪ ਅਨੂਪ ਮੋਹਨ ਮਦਨ, ਮਹਾਂਬਲੀ ਤੇਰੇ ਹੱਥ ਵਡਿਆਈਆ । ਤੇਰਾ ਨੂਰ ਆਦਿ ਨਿਰੰਜਣ, ਜੋਤੀ ਜੋਤ ਡਗਮਗਾਈਆ । ਤੇਰਾ ਨਿਰਅੱਖਰ ਸੱਚਾ ਭਜਨ, ਰਾਗ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਦਵਾਰੇ ਖ਼ੁਸ਼ੀ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਟੇਕਾ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਤੇਰੇ ਹੁਕਮੇ ਅੰਦਰ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਰਿਆ ਭੇਖਾ, ਕਾਇਆ ਮਾਟੀ ਤਤਵ ਤਨ ਹੰਢਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰੇ ਹੱਥ ਸਰਗੁਣ ਲੇਖਾ, ਆਤਮ ਪਰਮਾਤਮ ਖੋਜ ਖੁਜਾਈਆ । ਕਾਇਆ ਮੰਦਰ ਅੰਦਰ ਵੜ ਕੇ ਖੋਲ੍ਹੇਂ ਭੇਤਾ, ਪੜਦਾ ਆਪ ਚੁਕਾਈਆ । ਪੂਰਬ ਜਨਮ ਰਖੇਂ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਲੋਕਮਾਤ ਦੀਨ ਮਜ਼੍ਹਬ ਦਾ ਸਾਡਾ ਚੁੱਕਿਆ ਠੇਕਾ, ਸ਼ਰਅ ਸ਼ਰੀਅਤ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਇਕ ਆਦੇਸਾ,

ਨਮੋ ਨਮੋ ਨਿਮਸਕਾਰ ਬੰਦਨਾ ਡੰਡਾਵਤ ਇਕ ਜਣਾਈਆ । ਤੂੰ ਹਰ ਘਟ ਰਮਿਆ ਮੂੰਡ ਮੁੰਡਾਏ ਧਾਰੀ ਕੇਸਾ, ਰਾਮ ਕ੍ਰਿਸ਼ਨ ਤੇਰਾ ਰੂਪ ਅਖਵਾਈਆ ।
ਈਸਾ ਮੂਸਾ ਮੁਹੰਮਦ ਖੇਲੇ ਖੇਡਾ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਨਾਨਕ ਗੋਬਿੰਦ ਨਿਰਗੁਣ ਭੇਜਾ, ਸਰਗੁਣ ਵੰਡ ਵੰਡਾਈਆ । ਸਚ
ਪਰਕਾਸ਼ ਤੇਰਾ ਨੂਰ ਅਗੰਮੀ ਤੇਜਾ, ਜਲਵਾਗਰ ਤੇਰੀ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਰਹੇਂ ਹਮੇਸ਼ਾ, ਜ਼ਿਮੀਂ ਅਸਮਾਨ
ਹੋ ਮਿਹਰਵਾਨ ਰਵ ਸਸ ਦਏਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ
ਪੀਰ ਪੈਗ਼ੰਬਰ ਝੋਲੀ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦਾਬ, ਸੱਯਦਾ ਸੀਸ ਝੁਕਾਈਆ । ਤੇਰਾ ਮਹੱਲ ਅਟਲ ਉਚ ਮਹਿਰਾਬ,
ਤੂੰ ਮਾਲਕ ਮਹਿਬੂਬ ਬੇਪਰਵਾਹੀਆ । ਤੇਰਾ ਲੇਖਾ ਲਿਖ ਨਾ ਸਕੇ ਅਲਫ਼ ਯੇ ਸੀਨ ਸ਼ੀਨ ਸਵਾਦ, ਐਨ ਗ਼ੈਨ ਕੰਮ ਕਿਸੇ ਨਾ ਆਈਆ । ਤੇਰਾ
ਭੇਵ ਨਾ ਜਾਣੇ ਕੋਈ ਕਿਤਾਬ, ਕੁਤਬਖ਼ਾਨੇ ਰਹੇ ਕੁਰਲਾਈਆ । ਤੇਰਾ ਨਾਮ ਨਿਧਾਨਾ ਬੋਧ ਅਗਾਧ, ਜੁਗ ਚੌਕੜੀ ਕਰੇਂ ਪੜ੍ਹਾਈਆ । ਸਚਖੰਡ
ਦਵਾਰੇ ਤੇਰਾ ਰਾਜ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਤੇਈ ਅਵਤਾਰ ਤੈਥੋਂ ਲੈ ਕੇ ਗਏ ਦਾਤ, ਖ਼ਾਲੀ ਝੋਲੀ ਅੰਤ ਭਰਾਈਆ ।
ਈਸਾ ਮੂਸਾ ਮੁਹੰਮਦ ਮਸਤਕ ਲਾ ਕੇ ਖ਼ਾਕ, ਜਲਵਾ ਨੂਰ ਕੀਤਾ ਰੁਸ਼ਨਾਈਆ । ਨਾਨਕ ਗੋਬਿੰਦ ਖੋਲ੍ਹ ਕੇ ਤਾਕ, ਪੜਦਾ ਓਹਲਾ ਦਿਤਾ ਮਿਟਾਈਆ ।
ਜਨ ਭਗਤਾਂ ਜੁਗ ਜੁਗ ਬਣਾ ਕੇ ਸੱਜਣ ਸਾਕ, ਨਿਰਗੁਣ ਸਰਗੁਣ ਸੰਗ ਰਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਸਭ ਦਾ ਲੇਖਾ ਕਰੇਂ ਬੇਬਾਕ,
ਬਾਕੀ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਾਰੋਂ ਕੁੰਟ ਵੇਖ ਅੰਧੇਰੀ ਰਾਤ, ਨੌ ਖੰਡ ਪ੍ਰਿਥਮੀ ਸੱਤ ਦੀਪ ਸੱਚਾ ਚੰਦ ਨਾ ਕੋਇ
ਚਮਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣੀ ਨਾ ਇਕ ਜਮਾਤ, ਸਾਚਾ ਇਸ਼ਟ ਦੇਵ ਦੇਵ ਆਤਮਾ ਨਜ਼ਰ ਕਿਸੇ ਨਾ ਆਈਆ । ਜ਼ਾਹਰ
ਬਾਤਨ ਤੇਰੇ ਮਿਲਣ ਦੀ ਕਰੇ ਕੋਇ ਨਾ ਬਾਤ, ਸਚ ਸੰਦੇਸਾ ਨਾਮ ਨਾ ਕੋਇ ਜਣਾਈਆ । ਕਿਸੇ ਹੱਥ ਨਾ ਆਇਆ ਪਿਆਲਾ ਆਬੇ ਹਯਾਤ, ਅੰਮ੍ਰਿਤ
ਰਸ ਨਾ ਕੋਇ ਚਖਾਈਆ । ਸਦੀ ਚੌਧਵੀਂ ਕਲਜੁਗ ਖੇੜੇ ਹੁੰਦੇ ਦਿਸੇ ਬਰਬਾਦ, ਬਸੰਤ ਰੁੱਤ ਨਾ ਕੋਇ ਮਹਿਕਾਈਆ । ਸ਼ਾਹ ਸੁਲਤਾਨ ਰੁਲਦੇ
ਵੇਖੇ ਖ਼ਾਕ, ਸੀਸ ਤਾਜ ਨਾ ਕੋਇ ਟਿਕਾਈਆ । ਤੇਰੇ ਨਾਮ ਦੀ ਜੋ ਦੇ ਕੇ ਆਏ ਆਵਾਜ਼, ਧੁਰ ਸੰਦੇਸਾ ਨਾਮ ਜਣਾਈਆ । ਸ਼ਾਸਤਰ ਸਿਮਰਤ
ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖ਼ਾਲੀ ਹੁਜਰੇ ਦਿਸਣ ਮਹਿਰਾਬ, ਮੱਕਾ ਕਾਅਬਾ ਰਿਹਾ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ
ਮੱਠ ਵੱਜੇ ਕੋਈ ਨਾ ਨਾਦ, ਧੁਨ ਅਗੰਮੀ ਰਾਗ ਨਾ ਕੋਇ ਸ਼ਨਵਾਈਆ । ਮਨ ਵਾਸਨਾ ਕੂੜੀ ਕਿਰਿਆ ਸਾਰੇ ਹੋਏ ਗ਼ੁਲਾਮ, ਬੰਦੀਖ਼ਾਨਾ ਨਾ ਕੋਇ
ਤੁੜਾਈਆ । ਨਜ਼ਰ ਆਏ ਨਾ ਹਕ ਅਮਾਮ, ਅਮਲ ਕਰੇ ਨਾ ਕੋਇ ਲੋਕਾਈਆ । ਤੇਰਾ ਸੰਦੇਸਾ ਅਗੰਮੀ ਪੈਗ਼ਾਮ, ਕਾਇਨਾਤ ਆਏ ਜਣਾਈਆ ।
ਸਦੀ ਚੌਧਵੀਂ ਖੇਲ ਕਰੇ ਮਹਾਨ, ਮਹਿਬਾਨ ਬੀਦੋ ਬੀ ਖ਼ੈਰ ਯਾ ਨੂਰ ਇਲਾਹੀਆ । ਜਿਸ ਨੂੰ ਝੁਕਦੇ ਜ਼ਿਮੀ ਅਸਮਾਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ
ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਸੇ ਦੀ ਮੰਨਣ ਆਣ, ਹੁਕਮੇ ਅੰਦਰ ਫੇਰਾ ਪਾਈਆ । ਤੂੰ ਮਾਲਕ ਖ਼ਾਲਕ ਵੱਡਾ ਬਾਗ਼ਬਾਨ,
ਲੱਖ ਚੁਰਾਸੀ ਮਾਲਕ ਮਾਲੀ ਨਜ਼ਰੀ ਆਈਆ । ਤੇਰਾ ਨੂਰ ਜ਼ਹੂਰ ਜ਼ਾਹਰ ਸਕੇ ਨਾ ਕੋਇ ਪਹਿਚਾਨ, ਕਲਜੁਗ ਗ਼ਫ਼ਲਤ ਵਿਚ ਸੁੱਤੀ ਲੋਕਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਸਾ ਸੱਚਾ ਘਰ, ਜਿਸ ਗ੍ਰਿਹ ਬੈਠਾ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਕਹਿਣ ਪ੍ਰਭ ਵੇਖ ਆਪਣਾ ਨਿਰਅੱਖਰ, ਆਖਰ ਵੇਲਾ ਗਿਆ ਆਈਆ । ਚੋਟੀ ਚੜ੍ਹ ਕੇ ਮੰਜ਼ਲ ਸਿਖ਼ਰ, ਸਾਖਿਆਤ ਦਰਸ਼ਨ ਪਾਈਆ । ਤੂੰ ਨਿਰਗੁਣ ਨਿਰਵੈਰ ਸਭ ਦਾ ਮਿਤਰ, ਮੀਤ ਪਿਆਰਾ ਬੇਪਰਵਾਹੀਆ । ਸਾਚੀ ਧਾਰੋਂ ਆਏ ਨਿਕਲ, ਮਾਤ ਪਿਤ ਨਾ ਕੋਇ ਜਾਈਆ । ਤੇਰਾ ਰੂਪ ਰੰਗ ਨਾ ਦਿਸੇ ਕੋਈ ਸ਼ਕਲ, ਅਕਲ ਵਿਚ ਨਾ ਕੋਇ ਵਡਿਆਈਆ । ਖੋਜਤ ਖੋਜਤ ਦੋ ਜਹਾਨ ਹੋਏ ਪਾਗ਼ਲ, ਭੇਵ ਅਭੇਦ ਹੱਥ ਕਿਸੇ ਨਾ ਆਈਆ । ਸਾਧ ਸੰਤ ਢੂੰਡਦੇ ਪੱਥਰ ਪਾਹਨ ਵਿਚ ਜੰਗਲ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਵੇਖ ਵਖਾਈਆ । ਬਿਨ ਤੇਰੇ ਭਗਤਾਂ ਤੇਰਾ ਕਾਇਆ ਮੰਦਰ ਅੰਦਰ ਸੁਣੇ ਕੋਇ ਨਾ ਮੰਗਲ, ਰੰਗ ਰਾਗ ਨਾ ਕੋਇ ਜਣਾਈਆ । ਕਲਜੁਗ ਅੰਤਮ ਸ਼ਰਅ ਸ਼ਰੀਅਤ ਦੀਨ ਮਜ਼੍ਹਬ ਵੱਝਾ ਸੰਗਲ, ਬਿਨ ਪੁਰਖ ਅਕਾਲ ਨਾ ਕੋਇ ਤੁੜਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦਨ, ਨਿਜਰ ਰਸ ਅੰਮ੍ਰਿਤ ਝਿਰਨਾ ਨਾ ਕੋਇ ਝਿਰਾਈਆ । ਭਾਂਡਾ ਭਰਮ ਭੌ ਕਲਜੁਗ ਜੀਵ ਮੂਲ ਨਾ ਭੰਨਣ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਵਾਰਤਾ ਤੇਰੇ ਅਗੇ ਅਲਾਈਆ । ਸ੍ਰੀ ਭਗਵਾਨ ਕਹੇ ਸੁਣੋ ਗੁਰ ਅਵਤਾਰ, ਪੈਗ਼ੰਬਰਾਂ ਨਾਲ ਮਿਲਾਈਆ । ਤੁਹਾਡਾ ਖੇਲ ਵੇਖਿਆ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵਾ ਸਚ ਜਣਾਈਆ । ਨਿਤ ਨਵਿਤ ਔਂਦੇ ਰਹੇ ਵਿਚ ਸੰਸਾਰ, ਕਾਇਆ ਪੰਜ ਤਤ ਚੋਲਾ ਹੰਢਾਈਆ । ਉਚੀ ਕੂਕ ਕੂਕ ਕਰ ਕੇ ਗਏ ਪੁਕਾਰ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਸਭ ਦਾ ਸਾਂਝਾ ਮਿਤਰ ਪਿਆਰ, ਪਰਵਰਦਿਗਾਰ ਇਕ ਅਖਵਾਈਆ । ਦੀਨ ਮਜ਼੍ਹਬ ਤੋਂ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਜਣਾਈਆ । ਆਤਮ ਪਰਮਾਤਮ ਸਭ ਨੂੰ ਦਏ ਅਧਾਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਚਲੇ ਨਾਲ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਲੱਭਿਆਂ ਕੋਈ ਨਾ ਸਕੇ ਭਾਲ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਦੇਵੇ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਧੁਰ ਦਾ ਕੰਤ, ਨਰ ਨਰਾਇਣ ਵੇਸ ਵਟਾਇੰਦਾ । ਏਕੰਕਾਰਾ ਕਰੇ ਖੇਲ ਅਨੰਤ, ਮਹਿੰਮਾ ਅਗਣਤ ਆਪ ਸਮਝਾਇੰਦਾ । ਆਦਿ ਨਿਰੰਜਣ ਨੂਰ ਨੂਰੰਤ, ਨਿਰੰਤਰ ਆਪਣੀ ਕਾਰ ਕਮਾਇੰਦਾ । ਅਬਿਨਾਸ਼ੀ ਕਰਤਾ ਦੱਸਣਹਾਰਾ ਸਾਚਾ ਮੰਤ, ਮੰਤਰ ਆਪਣਾ ਇਕ ਦ੍ਰਿੜਾਇੰਦਾ । ਸ੍ਰੀ ਭਗਵਾਨ ਬੋਧ ਅਗਾਧਾ ਬਣ ਕੇ ਪੰਡਤ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਲੇਖਾ ਜਾਣੇ ਆਦਿ ਅੰਤ, ਜੁਗ ਚੌਕੜੀ ਫੇਰਾ ਪਾਇੰਦਾ । ਭੇਵ ਖੁਲ੍ਹਾ ਕੇ ਸਾਧ ਸੰਤ, ਭਗਤ ਭਗਵਾਨ ਜੋੜ ਜੁੜਾਇੰਦਾ । ਕਿਸੇ ਦਰ ਨਾ ਜਾਏ ਮੰਗਤ, ਲੱਖ ਚੁਰਾਸੀ ਭਿਛਿਆ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਇੰਦਾ । ਸਚ ਸੰਦੇਸ਼ਾ ਦੇਵੇ ਪੈਗ਼ੰਬਰ ਪੀਰ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸਦੀ ਚੌਧਵੀਂ ਵੇਖ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਪਰਗਟ ਹੋ ਬੇਨਜ਼ੀਰ, ਨਿਰਗੁਣ ਨੂਰ ਚੰਦ ਚਮਕਾਇੰਦਾ । ਕਲਜੁਗ ਅੰਤਮ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਵਿਚ ਛੁਪਾਇੰਦਾ । ਕੂੜੀ ਕਿਰਿਆ ਮੇਟੇ ਜਗਤ ਅਖ਼ੀਰ, ਨਾਮ ਸ਼ਮਸ਼ੀਰ ਹੱਥ ਚਮਕਾਇੰਦਾ । ਮੁਰੀਦ ਮੁਰਸ਼ਦ ਰਹੇ ਨਾ ਕੋਇ ਦਿਲਗੀਰ, ਭਗਤ ਭਗਵਾਨ ਜੋੜ ਜੁੜਾਇੰਦਾ । ਸਭ ਤੋਂ ਵੱਖਰੀ ਨਿਰਾਲੀ ਨਿੱਕੀ ਉਹ ਲਕੀਰ,

ਜਿਸ ਦਾ ਲੇਖਾ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪ੍ਰਭ ਦੇਵਣਹਾਰਾ ਭਰਵਾਸਾ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਵੇਂਹਦਾ ਰਿਹਾ ਤੁਹਾਡਾ ਤਮਾਸ਼ਾ, ਸਚਖੰਡ ਸਾਚੇ ਡੇਰਾ ਲਾਈਆ । ਕਿਸੇ ਨੂੰ ਭੇਜ ਵਿਚ ਬਨਬਾਸਾ, ਜੰਗਲਾਂ ਵਿਚ ਫਿਰਾਈਆ । ਕਿਸੇ ਨੂੰ ਕਾਹਨ ਬਣਾ ਕੇ ਪੁਆਈ ਰਾਸਾ, ਗੋਪੀਆਂ ਨਾਚ ਨਚਾਈਆ । ਕਿਸੇ ਨੂੰ ਦਰਸ ਦੇ ਕੇ ਸਾਖਿਆਤਾ, ਸਮਝ ਵਿਚੋਂ ਸਮਝ ਦਿਤੀ ਬਦਲਾਈਆ । ਕਿਸੇ ਦਾ ਪੂਰਾ ਕਰ ਕੇ ਘਾਟਾ, ਨਾਮ ਭੰਡਾਰਾ ਦਿਤਾ ਵਰਤਾਈਆ । ਕਿਸੇ ਨੂੰ ਰੂਪ ਵਖਾ ਕੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਦਿਤਾ ਜਣਾਈਆ । ਕਿਸੇ ਦਾ ਅੱਖਰਾਂ ਨਾਲ ਲਿਖਾਇਆ ਸਾਕਾ, ਕਾਗ਼ਜ਼ ਕਲਮ ਸ਼ਾਹੀ ਦਿਤੀ ਵਡਿਆਈਆ । ਕਿਸੇ ਦਾ ਖੋਲ੍ਹ ਬੰਦ ਤਾਕਾ, ਪੜਦਾ ਓਹਲਾ ਦਿਤਾ ਚੁਕਾਈਆ । ਕਿਸੇ ਨੂੰ ਦੱਸ ਭਵਿਖਤ ਵਾਕਾ, ਕਲਜੁਗ ਅੰਤ ਦਿਤਾ ਸਮਝਾਈਆ । ਪਰਮ ਪੁਰਖ ਦਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲ ਇਕ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਝੁਕਾਵਣ ਸੀਸ, ਸਦੀ ਵੀਹਵੀਂ ਧਿਆਨ ਲਗਾਈਆ । ਪੁਰਖ ਅਕਾਲ ਸਾਹਿਬ ਜਗਦੀਸ, ਜਗਦੀਸ਼ਰ ਤੇਰੀ ਇਕ ਸਰਨਾਈਆ । ਤੇਰੇ ਵਿਚ ਉਹ ਤੌਫ਼ੀਕ, ਤੋਹਫ਼ੇ ਘਰ ਘਰ ਰਿਹਾ ਪੁਚਾਈਆ । ਤੂੰ ਵੱਡਾ ਵਡ ਨੀਚੋਂ ਨੀਚ, ਨੀਕਨ ਨੀਕਾ ਰੂਪ ਧਰਾਈਆ । ਤੇਰਾ ਵਸੇਰਾ ਹਸਤ ਕੀਟ, ਲੱਖ ਚੁਰਾਸੀ ਸੋਭਾ ਪਾਈਆ । ਤੂੰ ਭਗਤ ਸੁਹੇਲਾ ਸੱਚਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਗਾ ਕੇ ਆਏ ਗੀਤ, ਅੱਖਰਾਂ ਮੰਤਰਾਂ ਵਿਚ ਪੜ੍ਹਾਈਆ । ਤੂੰ ਸਚਖੰਡ ਦਾ ਸਦਾ ਵਸਨੀਕ, ਵਾਸਤਾ ਆਪਣੇ ਨਾਲ ਜੁੜਾਈਆ । ਤੇਰੀ ਨਿਰਾਲੀ ਸਭ ਤੋਂ ਪ੍ਰੀਤ, ਪ੍ਰੀਤਮ ਭੇਵ ਕੋਇ ਨਾ ਪਾਈਆ । ਤੂੰ ਕਿਸੇ ਹੱਥ ਨਾ ਆਇਉਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਨਜ਼ਰੀ ਆਈਆ । ਤੇਰਾ ਧਾਮ ਇਕ ਅਨਡੀਠ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਤੂੰ ਦੂਰ ਦੁਰਾਡਾ ਨੇਰਨ ਨੇਰਾ ਨਜ਼ਦੀਕ, ਘਰ ਘਰ ਬੈਠਾ ਸੋਭਾ ਪਾਈਆ । ਸਦੀ ਚੌਧਵੀਂ ਤੇਰੇ ਦਰ ਤੇ ਦਰਵੇਸ਼ ਮੰਗਦੇ ਭੀਖ, ਭਿੱਖਕ ਭਿਛਿਆ ਦੇ ਵਰਤਾਈਆ । ਤੇਰੀ ਅਗਲੀ ਸਾਰੇ ਜਾਣੀਏ ਇਕੋ ਰੀਤ, ਰਹਿਬਰ ਇਕ ਅਖਵਾਈਆ । ਸਚਖੰਡ ਦਵਾਰੇ ਗਾ ਕੇ ਗੀਤ, ਤੇਰਾ ਨਾਮ ਸਾਲਾਹੀਆ । ਤੂੰ ਆਦਿ ਜੁਗਾਦਿ ਰਹੇਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਤੇਰਾ ਕਲਮਾ ਸਚ ਹਦੀਸ, ਪੜ੍ਹੀਏ ਬੇਪਰਵਾਹੀਆ । ਪਿਛਲੀ ਚਾਰ ਜੁਗ ਦੀ ਚੌਕੜੀ ਪਿਛੇ ਗਈ ਬੀਤ, ਅੱਗੇ ਇਕੋ ਮਾਰਗ ਦੇ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਾਇਆ ਕਰ ਠੰਡੀ ਸੀਤ, ਅਗਨੀ ਤਤ ਬੁਝਾਈਆ । ਹਰ ਘਟ ਅੰਦਰ ਵਸ ਚੀਤ, ਚੇਤਨ ਸੁਰਤੀ ਦੇ ਕਰਾਈਆ । ਤੇਰੇ ਹੱਥ ਵੱਡੀ ਬਖ਼ਸ਼ੀਸ਼, ਰਹਿਮਤ ਕਰ ਸੱਚੇ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਨਿਤ ਨਿਤ ਰੱਖਦੇ ਗਏ ਉਡੀਕ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸੋ ਵੇਲਾ ਵਕਤ ਸੁਹੰਜਣਾ ਆਈ ਉਹ ਤਾਰੀਖ਼, ਤਬਾ ਸਭ ਦੀ ਦੇ ਬਦਲਾਈਆ । ਲੱਖ ਚੁਰਾਸੀ ਸ੍ਰਿਸ਼ਟੀ ਲੈ ਜੀਤ, ਦ੍ਰਿਸ਼ਟੀ ਇਕੋ ਵਾਰ ਖੁਲ੍ਹਾਈਆ । ਤੇਰੇ ਨਾਮ ਦਾ ਸਚਖੰਡ ਨਿਵਾਸੀ ਗਾਈਏ ਸੱਚਾ ਗੀਤ, ਰਾਗ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਡਾਹ

ਕੇ ਝੋਲੀ, ਸਦੀ ਵੀਹਵੀਂ ਧਿਆਨ ਲਗਾਈਆ । ਹਉਂ ਬਰਦੇ ਦਰਵੇਸ਼ ਤੇਰੇ ਦਰ ਦੀ ਗੋਲੀ, ਚਾਕਰ ਚਾਕ ਨਜ਼ਰੀ ਆਈਆ । ਪਰਮ ਪੁਰਖ ਪਰਮਾਤਮ ਸਤਿਜੁਗ ਸਾਚੀ ਦੱਸ ਦੇ ਬੋਲੀ, ਅਨਡਿਠੜਾ ਰਾਗ ਜਣਾਈਆ । ਸਭ ਦੀ ਆਸ਼ਾ ਤੇਰੇ ਚਰਨਾਂ ਉਤੋਂ ਘੋਲੀ, ਘੋਲੀ ਘੋਲ ਘੁਮਾਈਆ । ਤੇਰੀ ਵਸਤ ਅਗੰਮ ਅਥਾਹ ਬੇਪਰਵਾਹ ਜਗਤ ਤਰਾਜ਼ੂ ਕਿਸੇ ਨਾ ਤੋਲੀ, ਬੇਅੰਤ ਤੇਰੀ ਵਡਿਆਈਆ । ਤੇਰੀ ਨਿਰਗੁਣ ਜੋਤ ਬਿਨ ਵਰਨ ਗੋਤ ਲੱਖ ਚੁਰਾਸੀ ਘਟ ਘਟ ਮੌਲੀ, ਚਾਰੇ ਖਾਣੀ ਰਿਹਾ ਸਮਾਈਆ । ਲੇਖ ਚੁਕਾ ਧਰਨੀ ਧਰਤ ਧੌਲੀ, ਧਵਲਾ ਭਾਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਵਰ ਦਾਤਾ ਆਪ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਸੰਦੇਸ਼, ਹਰਿ ਕਰਤਾ ਆਪ ਜਣਾਈਆ । ਜੁਗ ਚੌਕੜੀ ਜਿਸ ਦਾ ਖੇਲ ਹਮੇਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਸੋ ਵਸਣਹਾਰਾ ਸਾਚੇ ਦੇਸ, ਸਚਖੰਡ ਸੋਭਾ ਪਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਭੇਵ ਚੁਕਾਈਆ । ਲੱਖ ਚੁਰਾਸੀ ਬਦਲਣਹਾਰਾ ਰੇਖ, ਰੇਖਾ ਸਭ ਦੀ ਦਏ ਮਿਟਾਈਆ । ਸਚ ਸੰਦੇਸਾ ਦੇਵੇ ਏਕ, ਏਕੰਕਾਰ ਕਰੇ ਪੜ੍ਹਾਈਆ । ਕਲਜੁਗ ਅੰਤਮ ਖੋਲ੍ਹ ਅਗੰਮੀ ਭੇਤ, ਪੜਦਾ ਦੇ ਉਠਾਈਆ । ਪਰਮ ਪੁਰਖ ਪਰਮਾਤਮ ਸਭ ਨੇ ਰੱਖਣੀ ਟੇਕ, ਦੂਜਾ ਇਸ਼ਟ ਨਾ ਕੋਇ ਜਣਾਈਆ । ਜਿਸ ਦਾ ਲਿਖੇ ਨਾ ਕੋਈ ਲੇਖ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਕੋਈ ਸਮਝ ਨਾ ਸਕੇ ਮੁੱਲਾ ਸ਼ੇਖ਼, ਮੁਸਾਇਕ ਪੀਰ ਰਹੇ ਕੁਰਲਾਈਆ । ਸਾਧ ਸੰਤ ਕਲਜੁਗ ਅੰਤ ਸਮਝ ਨਾ ਸਕੇ ਖੇਵਟ ਖੇਟ, ਕੰਢੀ ਬੈਠਾ ਨਜ਼ਰ ਕਿਸੇ ਨਾ ਆਈਆ । ਨਾਤਾ ਜੁੜਿਆ ਨਾ ਕਿਸੇ ਮਾਤ ਪਿਤ ਬੇਟ, ਪਿਤਾ ਪੂਤ ਨਾ ਗੋਦ ਸੁਹਾਈਆ । ਕੂੜੀ ਰਾਸ ਸਾਰੇ ਰਹੇ ਖੇਡ, ਮਾਇਆ ਮਮਤਾ ਮੋਹ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਅਗੰਮੀ ਬਾਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਇੰਦਾ । ਇਕੋ ਮੰਤਰ ਦੇਵੇ ਪੂਜਾ ਪਾਠ, ਸਿਮਰਨ ਜੋਗ ਅਭਿਆਸ ਇਕ ਜਣਾਇੰਦਾ । ਇਕ ਸਰੋਵਰ ਤੀਰਥ ਤਾਟ, ਅੰਮ੍ਰਿਤ ਰਸ ਇਕ ਚਖਾਇੰਦਾ । ਇਕੋ ਮੰਦਰ ਸ਼ਿਵਦਵਾਲਾ ਮੱਠ, ਗੁਰੂਦਵਾਰਾ ਇਕ ਵਖਾਇੰਦਾ । ਇਕੋ ਖੋਲ੍ਹ ਕੇ ਸਾਚਾ ਹੱਟ, ਚੌਦਾਂ ਲੋਕ ਚੌਦਾਂ ਤਬਕ ਪੰਧ ਮੁਕਾਇੰਦਾ । ਇਕੋ ਵਸਣਹਾਰਾ ਘਟ ਘਟ, ਲੱਖ ਚੁਰਾਸੀ ਅੰਦਰ ਸੋਭਾ ਪਾਇੰਦਾ । ਇਕੋ ਨਾਮ ਜੈਕਾਰਾ ਬੋਲ ਅਲਖ, ਅਲਖ ਨਿਰੰਜਣ ਆਪ ਸਮਝਾਇੰਦਾ । ਇਕੋ ਸਭ ਤੋਂ ਨਿਆਰਾ ਹੋ ਕੇ ਵੱਖ, ਵੱਖਰੀ ਖੇਲ ਖਿਲਾਇੰਦਾ । ਇਕੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾ ਕੇ ਰਥ, ਬਣ ਰਥਵਾਹੀ ਫੇਰਾ ਪਾਇੰਦਾ । ਇਕੋ ਸ੍ਰਿਸ਼ਟ ਸਬਾਈ ਦੇਵੇ ਮਥ, ਨਾਮ ਖੰਡਾ ਹੱਥ ਚਮਕਾਇੰਦਾ । ਇਕੋ ਖੇਲ ਕਰੇ ਪੁਰਖ ਸਮਰਥ, ਸਮਰਥ ਸਵਾਮੀ ਦਇਆ ਕਮਾਇੰਦਾ । ਇਕੋ ਕਲਜੁਗ ਕੂੜਾ ਖੇੜਾ ਕਰੇ ਭੱਠ, ਅਗਨੀ ਭਾਹ ਜਲਾਇੰਦਾ । ਇਕੋ ਸਤਿਜੁਗ ਸਾਚਾ ਧਰਨੀ ਗੋਦ ਦੇਵੇ ਰੱਖ, ਧਵਲ ਆਪ ਸੁਹਾਇੰਦਾ । ਇਕੋ ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਦ੍ਰਿੜਾਇੰਦਾ । ਇਕੋ ਵੇਖ ਵਖਾਏ ਹਕੀਕਤ ਹਕ, ਲਾਸ਼ਰੀਕ ਇਕ ਹੋ ਆਇੰਦਾ । ਇਕੋ ਕੂੜੀ ਕਿਰਿਆ ਮਾਇਆ ਮਮਤਾ ਮੋਹ ਹੰਕਾਰ ਦੇਵੇ ਤਜ, ਆਸਾ ਤ੍ਰਿਸ਼ਨਾ ਡੇਰਾ ਢਾਹਿੰਦਾ । ਇਕੋ ਆਤਮ ਸੇਜਾ ਚੜ੍ਹੇ ਭੱਜ, ਪਾਂਧੀ ਆਪਣਾ ਪੰਧ ਮੁਕਾਇੰਦਾ । ਇਕੋ ਸ਼ਬਦ ਵਜਾਏ ਨਾਦ ਅਨਹਦ, ਧੁਨ ਆਤਮਕ ਰਾਗ ਅਲਾਇੰਦਾ । ਇਕੋ ਨਾਮ ਨਿਧਾਨ ਪਿਆਏ ਮਦਿ, ਮਦਿਰਾ ਰਸ ਕੰਮ ਕਿਸੇ ਨਾ ਆਇੰਦਾ ।

ਇਕੋ ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਹੁਜਰਾ ਹਕ ਇਕ ਵਖਾਇੰਦਾ । ਇਕੋ ਜਗਤ ਦਵਾਰੇ ਪਾਰ ਕਰੇ ਹੱਦ, ਮੰਜ਼ਲ ਆਪਣੀ ਆਪ ਚੜ੍ਹਾਇੰਦਾ । ਇਕੋ ਵਿਸ਼ਵ ਬਣਾਏ ਯੱਦ, ਵਾਸਤਾ ਆਪਣੇ ਨਾਲ ਰਖਾਇੰਦਾ । ਇਕੋ ਖੇਲ ਕਰੇ ਸੂਰਾ ਸਰਬਗ, ਸ਼ਹਿਨਸ਼ਾਹ ਪ੍ਰਭ ਹੁਕਮ ਵਰਤਾਇੰਦਾ । ਇਕੋ ਦਰਸ਼ ਦੇਵੇ ਉਪਰ ਸ਼ਾਹ ਰਗ, ਬਿਨ ਭਗਤਾਂ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਕਲਜੁਗ ਅੰਤਮ ਤੁਹਾਡੀ ਰੀਤੀ ਸਾਰੇ ਗਏ ਛੱਡ, ਸਾਬਤ ਨਜ਼ਰ ਕੋਇ ਨਾ ਆਇੰਦਾ । ਬਿਨ ਹਰਿ ਨਾਮੇ ਕਾਇਆ ਮਾਟੀ ਖ਼ਾਲੀ ਦਿਸੇ ਹੱਡ, ਕਲਜੁਗ ਸੰਤ ਹਰਿ ਕੰਤ ਨਾ ਕੋਇ ਹੰਢਾਇੰਦਾ । ਸਚ ਨਿਸ਼ਾਨਾ ਦੋ ਜਹਾਨਾਂ ਧਰਮ ਦੇਵੇ ਕੋਈ ਨਾ ਗੱਡ, ਹੁਕਮ ਹਕ ਨਾ ਕੋਇ ਦ੍ਰਿੜਾਇੰਦਾ । ਸਭ ਦੀ ਆਤਮਾ ਪਰਮਾਤਮਾ ਨਾਲੋਂ ਹੋਈ ਅੱਡ, ਵਿਛੜੀ ਮੇਲ ਨਾ ਕੋਇ ਮਿਲਾਇੰਦਾ । ਕਾਇਆ ਅੰਧੇਰੀ ਹੋਈ ਡੂੰਘੀ ਖੱਡ, ਬਜਰ ਕਪਾਟੀ ਖਿੜਕੀ ਕੁੰਡੀ ਨਾ ਕੋਇ ਖੁਲ੍ਹਾਇੰਦਾ । ਜਗਤ ਮਮਤਾ ਵਿਚ ਰਹੀ ਦਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਜਗਤ ਵਾਸਨਾ ਨੌਂ ਦਵਾਰੇ ਰਹੀ ਨੱਚ, ਸਚ ਦਵਾਰੇ ਘੁੰਗਟ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਦਿਸ਼ਾ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਰੋ ਝਾਕੀ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਦਿਆਂ ਕਿਸੇ ਨਾ ਖੁਲ੍ਹੀ ਤਾਕੀ, ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਅੰਜੀਲ ਕੁਰਾਨ ਸੁਣਦਿਆਂ ਲਹਿਣਾ ਚੁੱਕਿਆ ਕਿਸੇ ਨਾ ਬਾਕੀ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਪੰਧ ਨਾ ਕੋਇ ਮੁਕਾਈਆ । ਹੁਜਰਿਆਂ ਵਿਚ ਨਾ ਮਿਲਿਆ ਸਾਕੀ, ਆਬੇ ਹਯਾਤ ਰਸ ਨਾ ਕੋਇ ਚਖਾਈਆ । ਬੰਦਾ ਸੁਧਰਿਆ ਕੋਇ ਨਾ ਖ਼ਾਕੀ, ਖ਼ਾਲਸ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡੀ ਮੰਨੀ ਕਿਸੇ ਨਾ ਆਖੀ, ਆਖ਼ਰ ਵੇਲਾ ਗਿਆ ਆਈਆ । ਪਰਵਰਦਿਗਾਰ ਲਹਿਣਾ ਦੇਣਾ ਮੰਗੇ ਬਾਕੀ, ਲੇਖਾ ਆਪੋ ਆਪਣਾ ਦਿਓ ਜਣਾਈਆ । ਅੱਗੇ ਚਲਣੀ ਕੋਈ ਨਾ ਕਿਸੇ ਦੀ ਹਾਟੀ, ਹਟਵਾਣਾ ਇਕੋ ਬੇਪਰਵਾਹੀਆ । ਚੋਲੀ ਸਭ ਦੀ ਦਿਸੇ ਪਾਟੀ, ਪੀਤ ਪੀਤੰਬਰ ਸੀਸ ਨਾ ਕੋਇ ਸੁਹਾਈਆ । ਸਦੀ ਵੀਹਵੀਂ ਸਭ ਦੀ ਮੁੱਕੀ ਵਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਦੀ ਚੌਧਵੀਂ ਵੇਖਿਆ ਜਗ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਘਰ ਘਰ ਲੱਗੀ ਅੱਗ, ਤ੍ਰੈਗੁਣ ਮਾਇਆ ਰਹੀ ਜਲਾਈਆ । ਸਚ ਦਵਾਰਾ ਕਿਸੇ ਨਾ ਮਿਲਿਆ ਪਾਰ ਕਰ ਕੇ ਹੱਦ, ਅਧਵਿਚਕਾਰ ਸਾਰੇ ਬੈਠੇ ਰਹੇ ਕੁਰਲਾਈਆ । ਪ੍ਰਭੂ ਤੇਰਾ ਦਰਸ਼ਨ ਕਿਸੇ ਨਾ ਪਾਇਆ ਚੜ੍ਹ ਕੇ ਉਪਰ ਸ਼ਾਹ ਰਗ, ਅੰਧੇਰੀ ਸ਼ਾਮ ਨਾ ਕੋਇ ਮਿਟਾਈਆ । ਕੂੜੀ ਕਿਰਿਆ ਪੀ ਕੇ ਮਦਿ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਵਿਕਾਰਾਂ ਵਿਚ ਗਏ ਬੱਝ, ਸ਼ਿੰਗਾਰਾਂ ਵਿਚ ਲੁਭਾਈਆ । ਪੁਰਖ ਅਕਾਲ ਦੀਨ ਦਿਆਲ ਕੋਈ ਨਾ ਤੈਨੂੰ ਆਪਣੇ ਮੰਦਰ ਲਏ ਸੱਦ, ਕਾਇਆ ਖਿੜਕੀ ਕੁੰਡਾ ਲਾਹੀਆ । ਦਰੋਹੀ ਸਾਡੀ ਹੋਈ ਬਸ, ਅਲਫ਼ ਯੇ ਬਸਤੇ ਦੇ ਬੰਧਾਈਆ । ਕਲਜੁਗ ਅੰਤਮ ਧੀਰਜ ਸਭ ਦਾ ਗਿਆ ਜਤ, ਸਤਿ ਧਰਮ ਨਾ ਕੋਇ ਰਖਾਈਆ । ਤੇਰੇ ਮਿਲਣ ਦੀ ਖ਼ੁਲ੍ਹੀ ਕਿਸੇ ਨਾ ਅੱਖ, ਜਗਤ ਅੱਖਾਂ ਕੂੜ ਨਾਲ ਮਟਕਾਈਆ । ਏਸੇ ਕਾਰਨ ਸਭ ਨੂੰ ਆਏ ਛੱਡ, ਪਿਛਾ ਦੇ ਮੁਖ ਭੁਆਈਆ । ਸਭ ਕੁਛ ਤੇਰੇ ਅੱਗੇ ਦਿਤਾ ਰੱਖ, ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਖ਼ੁਦਾਈਆ । ਕਿਸੇ ਮਾਣ ਨਾ ਰਿਹਾ ਤੀਰਥ ਤਟ,

੭੭੬
੧੭

ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਅਗਲਾ ਪੜਦਾ ਦੇ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਹਰਿ ਕਰਤਾ ਆਪ ਜਣਾਈਆ । ਤੁਹਾਡੇ ਸੁਣ ਕੇ ਸਚ ਬਿਆਨ, ਸਾਚਾ ਭੇਵ ਦਿਆਂ ਖੁਲ੍ਹਾਈਆ । ਸਰਬ ਜੀਆਂ ਮੇਰਾ ਇਕ ਗਿਆਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਰਬ ਜੀਆਂ ਮੇਰਾ ਇਕ ਮਕਾਨ, ਮੁਕਾਮੇ ਹਕ ਸਰਨਾਈਆ । ਸਰਬ ਜੀਆਂ ਮੇਰਾ ਇਕ ਪੈਗ਼ਾਮ, ਪੈਗ਼ੰਬਰਾਂ ਰਿਹਾ ਸੁਣਾਈਆ । ਸਰਬ ਜੀਆਂ ਮੇਰਾ ਇਕ ਨਾਮ, ਨਾਮ ਸਤਿ ਵਖਾਈਆ । ਸਰਬ ਜੀਆਂ ਮੇਰਾ ਇਕ ਧਿਆਨ, ਇਕੋ ਅੱਖ ਖੁਲ੍ਹਾਈਆ । ਸਰਬ ਜੀਆਂ ਮੇਰਾ ਇਕ ਪਹਿਚਾਨ, ਬੇਪਹਿਚਾਨ ਨਜ਼ਰ ਕੋਇ ਨਾ ਆਈਆ । ਸਰਬ ਜੀਆਂ ਮੇਰਾ ਸਚ ਇੰਤਜ਼ਾਮ, ਨੌਬਤ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਅਗਲਾ ਭੇਦ, ਭੇਵ ਅਭੇਦਾ ਆਪ ਜਣਾਈਆ । ਜਿਸ ਨੇ ਲੇਖ ਲਿਖਾਇਆ ਚਾਰੇ ਵੇਦ, ਚਾਰੇ ਮੁਖ ਬ੍ਰਹਮਾ ਕਰੀ ਪੜ੍ਹਾਈਆ । ਸੋ ਨਿਰਗੁਣ ਸਵਾਮੀ ਅੰਤਰਜਾਮੀ ਖੇਲ ਰਿਹਾ ਖੇਡ, ਭਗਵਨ ਆਪਣੀ ਕਾਰ ਕਮਾਈਆ । ਜਿਸ ਨੇ ਲੋਕਮਾਤ ਤੁਹਾਨੂੰ ਦਿਤਾ ਭੇਜ, ਭਜਨ ਬੰਦਗੀ ਇਕ ਸਮਝਾਈਆ । ਜਿਸ ਦੀ ਗੋਬਿੰਦ ਮਾਣੀ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਜਿਸ ਦਾ ਅੱਖਰਾਂ ਵਾਲਾ ਲੇਖ, ਪੱਥਰਾਂ ਦਏ ਵਡਿਆਈਆ । ਜਿਸ ਦਾ ਬਿਨ ਛੱਪਰ ਛੰਨ ਸੂਰਜ ਚੰਦ ਸੋਹਣਾ ਦੇਸ, ਚਾਰ ਦੀਵਾਰ ਨਾ ਕੋਇ ਬਣਾਈਆ । ਜਿਸ ਦਾ ਮੰਦਰ ਆਦਿ ਜੁਗਾਦਿ ਰਹੇ ਹਮੇਸ਼, ਦਿਵਸ ਰੈਣ ਜੋਤ ਰੁਸ਼ਨਾਈਆ । ਜਿਸ ਦਾ ਮੁੱਛ ਦਾਹੜੀ ਨਾ ਕੋਈ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਵਟਾਈਆ । ਸੋ ਸਚ ਸਵਾਮੀ ਆਪਣਾ ਦੱਸੇ ਭੇਤ, ਭੇਵ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਘਲਾਈਆ । ਸਚ ਸੁਨੇਹੜਾ ਇਕ ਘਲੌਂਦਾ ਹਾਂ । ਧੁਰ ਦਾ ਸ਼ਬਦ ਰਾਗ ਅਲੋਂਦਾ ਹਾਂ । ਨਾਮ ਨਿਧਾਨ ਆਵਾਜ਼ ਸੁਣੌਂਦਾ ਹਾਂ । ਬਿਨ ਕੰਨਾਂ ਰਾਗ ਅਲੋਂਦਾ ਹਾਂ । ਗੁਰ ਅਵਤਾਰ ਪੈਗ਼ੰਬਰਾਂ ਇਕੋ ਰਾਹ ਵਖੌਂਦਾ ਹਾਂ । ਕਲਜੁਗ ਮੇਟ ਕੂੜ ਅਡੰਬਰਾਂ, ਅੱਡਰੀ ਧਾਰ ਦ੍ਰਿੜ੍ਹੌਂਦਾ ਹਾਂ । ਸਭ ਦਾ ਮਾਰਗ ਕਰ ਕੇ ਪੱਧਰਾ, ਪਾਂਧੀ ਆਪ ਬਣੌਂਦਾ ਹਾਂ । ਚਾਰ ਵਰਨਾਂ ਦੀਆਂ ਪੂਰੀਆਂ ਕਰ ਕੇ ਸੱਧਰਾਂ, ਸਿੱਧਾ ਆਪਣੇ ਘਰ ਵਸੌਂਦਾ ਹਾਂ । ਜਨ ਭਗਤਾਂ ਵੜਨ ਨਾ ਦੇਵਾਂ ਵਿਚ ਕੁੰਦਰਾਂ, ਕੰਨ ਪਾੜ ਮੁੰਦਰਾਂ ਨਾ ਕੋਈ ਪੌਂਦਾ ਹਾਂ । ਮੰਦਰ ਅੰਦਰ ਖੋਲ੍ਹ ਕੇ ਗੁੰਝਲਾਂ, ਕੁੰਜੀ ਨਾਮ ਲਗੌਂਦਾ ਹਾਂ । ਕੋਈ ਲੇਖਾ ਦੱਸਾਂ ਨਾ ਉਤੇ ਉਂਗਲਾਂ, ਹਿਸਾਬ ਕਿਤਾਬ ਨਾ ਨਾਲ ਰਲੌਂਦਾ ਹਾਂ । ਪ੍ਰੇਮ ਪਿਆਰ ਕਰ ਕੇ ਵਾਂਗ ਪੁੱਤਰਾਂ, ਗੁਰਮੁਖ ਗੁਰਸਿਖ ਆਪਣੀ ਗੋਦ ਸੁਹੌਂਦਾ ਹਾਂ । ਬਚਿਆ ਰਹਿਣ ਨਾ ਦੇਵਾਂ ਚਾਰੇ ਕੁੰਟ ਨੁਕਰਾਂ, ਨਿੱਕੇ ਵੱਡੇ ਆਪ ਉਠੌਂਦਾ ਹਾਂ । ਏਥੇ ਓਥੇ ਦੋ ਜਹਾਨ ਹੋਵਾਂ ਨਾ ਕਦੇ ਨਾਸ਼ੁਕਰਾ, ਸ਼ੁਕਰੀਏ ਵਿਚ ਸਦਾ ਸਮੌਂਦਾ ਹਾਂ । ਕੀਤਾ ਕੌਲ ਕਦੇ ਨਾ ਮੁੱਕਰਾਂ, ਮੁਕੰਮਲ ਆਪਣਾ ਹੁਕਮ ਵਰਤੌਂਦਾ ਹਾਂ । ਬਾਲ ਅੰਞਾਣੇ ਚੁੱਕ ਕੁੱਛੜਾਂ, ਆਲ੍ਹਣਿਉਂ ਡਿੱਗੇ ਬੋਟ ਗਲੇ ਲਗੌਂਦਾ ਹਾਂ । ਕਾਇਆ ਮੰਦਰ ਅੰਦਰ ਵਖਾ ਕੇ ਹੁਜਰਾ, ਹਾਜਤ ਸਭ ਦੀ ਪੂਰ ਕਰੌਂਦਾ ਹਾਂ । ਸਚ ਪ੍ਰੇਮ ਜਣਾ ਕੇ ਮੁਜਰਾ, ਮੁਜਰੇ ਮਾਣਸ ਜਨਮ ਰਖੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਕਾਰ ਕਮੌਂਦਾ ਹਾਂ । ਸਾਚੀ ਕਰਨੀ ਕਾਰ ਕਮਾਵਾਂਗਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਇਕੋ ਰਾਹ

ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਨਾਲ ਮਿਲਾਵਾਂਗਾ । ਲੱਖ ਚੁਰਾਸੀ ਬਣਾ ਕੇ ਅਪਣੀ ਬਿੰਦ, ਬੰਦਗੀ ਇਕੋ ਇਕ ਸਮਝਾਵਾਂਗਾ । ਅੰਮ੍ਰਿਤ ਧਾਰ ਵਹਾ ਕੇ ਸਿੰਧ, ਕਤਰਾ ਸਾਗਰ ਵਿਚ ਮਿਲਾਵਾਂਗਾ । ਦਾਤਾ ਬਣ ਕੇ ਗੁਣੀ ਗਹਿੰਦ, ਗਹਿਰ ਗੰਭੀਰ ਖੇਲ ਖਿਲਾਵਾਂਗਾ । ਘਰ ਘਰ ਵੱਜੇ ਨਾਮ ਕਿੰਗ, ਮਰਦੰਗ ਇਕੋ ਇਕ ਉਠਾਵਾਂਗਾ । ਭਾਗ ਲਗਾ ਕੇ ਜੀਓ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਵੇਖ ਵਖਾਏਗਾ । ਆਦਿ ਨਿਰੰਜਣ ਨੂਰ ਰੁਸ਼ਨਾਏਗਾ । ਅਬਿਨਾਸ਼ੀ ਕਰਤਾ ਬੇੜਾ ਆਪਣੇ ਕੰਧ ਉਠਾਏਗਾ । ਸ੍ਰੀ ਭਗਵਾਨ ਢੋਲਾ ਗਾਏ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਏਗਾ । ਪਾਰਬ੍ਰਹਮ ਬ੍ਰਹਮ ਮੁਕਾ ਕੇ ਪੰਧ, ਫ਼ੈਸਲਾ ਇਕੋ ਹਕ ਸੁਣਾਏਗਾ । ਸਤਿਜੁਗ ਸਾਚੇ ਢੋਲਾ ਛੰਦ, ਸੋਹੰ ਇਕੋ ਰਾਗ ਅਲਾਏਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪਾਵੇ ਗੰਢ, ਊਚਾਂ ਨੀਚਾਂ ਜੋੜ ਜੁੜਾਏਗਾ । ਮਨ ਹੰਕਾਰੀ ਪਾਏ ਠੰਡ, ਦਹਿ ਦਿਸ਼ਾ ਨਾ ਉਠ ਉਠ ਧਾਏਗਾ । ਸੁਰਤ ਸਵਾਣੀ ਹੋਣ ਨਾ ਦੇਵੇ ਰੰਡ, ਹਰਿ ਸੁਹਾਗੀ ਕੰਤ ਮਿਲਾਏਗਾ । ਮਦਿਰਾ ਪਾਨ ਨਾ ਕਰੇ ਕੋਈ ਗੰਦ, ਅੰਮ੍ਰਿਤ ਜਾਮ ਪਿਆਏਗਾ । ਸਾਢੇ ਤਿੰਨ ਹੱਥ ਚੋਲੀ ਦੇਵੇ ਰੰਗ, ਨਾਮ ਮਜੀਠੀ ਰੰਗ ਚੜ੍ਹਾਏਗਾ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਹੰ ਬ੍ਰਹਮ ਆਪ ਸਮਾਏਗਾ । ਨਿਹਕਰਮੀ ਕਰੇ ਆਪਣੇ ਕੰਮ, ਕਰਨੀ ਕਾਰ ਇਕ ਸਮਝਾਏਗਾ । ਲੇਖਾ ਜਾਣ ਪਵਣ ਸਵਾਸ ਦਮ, ਦਮ ਦਮਾਂ ਵਿਚ ਸਮਾਏਗਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਮਿਟਾਏਗਾ । ਭਾਗ ਲਗਾਏ ਕਾਇਆ ਮਾਟੀ ਚੰਮ, ਚੀਥੜ ਪੁਰਾਣੇ ਆਪ ਬਦਲਾਏਗਾ । ਕਲਜੁਗ ਅੰਤਮ ਦੇ ਕੇ ਡੰਨ, ਡੌਰੂ ਡੰਕਾ ਇਕ ਵਜਾਏਗਾ । ਜਨ ਭਗਤਾਂ ਰਹਿਣ ਨਾ ਦੇਵੇ ਨੇਤਰ ਅੰਨ੍ਹ, ਨਿਜ ਅੱਖ ਇਕ ਖੁਲ੍ਹਾਏਗਾ । ਕਰ ਪਰਕਾਸ਼ ਸੂਰਜ ਚੰਨ, ਬਿਨ ਸੂਰਜ ਚੰਨ ਜੋਤ ਜਗਾਏਗਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਅਗਲਾ ਹੁਕਮ ਲੈਣਾ ਮੰਨ, ਮਨਸਾ ਸਭ ਦੀ ਪੂਰ ਵੇਖ ਵਖਾਏਗਾ । ਇਕੋ ਇਸ਼ਟ ਸ੍ਰੀ ਭਗਵਨ, ਭਗਵਾਨ ਆਪ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਪਰਗਟਾਏਗਾ । ਸਤਿਜੁਗ ਸਾਚਾ ਹਰਿ ਪਰਗਟਾਵੇਗਾ । ਆਤਮ ਪਰਮਾਤਮ ਸ਼ਬਦ ਅਨਾਦਾ, ਅਨਾਦੀ ਰਾਗ ਸੁਣਾਵੇਗ । ਖੇਲ ਖਿਲਾਵੇ ਬ੍ਰਹਮ ਬ੍ਰਹਿਮਾਦਾ, ਬ੍ਰਹਿਮਾਂਡ ਰਾਗ ਆਲਾਵੇਗਾ । ਭੇਵ ਖੁਲ੍ਹਾਕੇ ਬੋਧ ਅਗਾਧਾ, ਅਗੰਮ ਅਗੰਮੜੀ ਕਾਰ ਕਰਾਵੇਗਾ । ਸ਼ਾਹੋ ਭੂਪ ਬਣ ਨਵਾਬਾ, ਨੌਬਤ ਆਪਣਾ ਨਾਮ ਵਜਾਵੇਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਹਿਸਾਬਾ, ਪਰਦਾ ਸਭਦਾ ਫੋਲ ਫੁਲਾਵੇਗਾ । ਲੇਖਾ ਚੁੱਕ ਜਾਏ ਮੱਕਾ ਕਾਅਬਾ, ਕਾਇਆ ਹੁਜਰਾ ਇਕ ਵਡਿਆਵੇਗਾ । ਕਿਸੇ ਨੂੰ ਦੇਣਾ ਪਵੇ ਨਾ ਦੁਰਗਾ ਜਾਗਾ, ਜਾਗਰਤ ਜੋਤ ਇਕ ਰੁਸ਼ਨਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੀਆਂ ਸੁਣੇ ਆਵਾਜ਼ਾਂ, ਅਵਲ ਆਪਣੀ ਕਾਰ ਕਮਾਵੇਗਾ । ਕਿਸੇ ਨੂੰ ਪੜ੍ਹਨ ਪੈਣ ਨਾ ਪੰਜ ਵਕਤ ਨਿਮਾਜ਼ਾਂ, ਕਾਅਬਿਆਂ ਵੱਲ ਮੁਖ ਨਾ ਕੋਇ ਰਖਾਵੇਗਾ । ਪੰਡਤਾਂ ਕੋਲੋਂ ਸੁਣਨੀਆਂ ਪੈਣ ਕੋਈ ਨਾ ਗਾਥਾਂ, ਉਪਨਿਸ਼ਦਾਂ ਰਾਗ ਨਾ ਕੋਈ ਜਣਾਵੇਗਾ । ਸਾਚਾ ਖੇਲ ਕਰੇ ਪੁਰਖ ਸਮਰਾਥਾ, ਸਮਰਥ ਆਪਣੀ ਧਾਰ ਜਣਾਵੇਗਾ । ਸਤਿਜੁਗ ਮਾਰਗ ਦੱਸਕੇ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗਲੇ ਲਗਾਵੇਗਾ । ਆਤਮ ਪਰਮਾਤਮ ਭੇਵ ਖੋਲ੍ਹ ਕੇ ਸਾਚਾ, ਸਚ ਸਾਚੀ ਖੇਲ ਰਚਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵੇਗਾ । ਮਿਹਰ ਨਜ਼ਰ ਪ੍ਰਭੂ ਉਠਾਏਗਾ । ਦੀਨ ਦਿਆਲ ਦਇਆ ਕਮਾਏਗਾ । ਸਤਿਜੁਗ ਸਾਚੀ ਧਰਮਸਾਲ, ਧਰਮ ਦਵਾਰਾ ਇਕ ਬਣਾਏਗਾ । ਜਨ ਭਗਤਾਂ ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਏਗਾ । ਲੇਖਾ ਰਹੇ ਨਾ ਕਾਲ ਮਹਾਂਕਾਲ, ਰਾਏ ਧਰਮ ਮੁਖ ਛੁਪਾਏਗਾ । ਚਿਤ੍ਰਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਪਰਨਾਏਗਾ । ਧੁਰ ਦਾ ਮੰਤਰ ਇਕ ਸਖਾਲ, ਸੁਖ ਆਤਮਕ ਇਕ ਉਪਜਾਏਗਾ । ਇਕੋ ਰੰਗ ਰੰਗ ਕੇ ਸ਼ਾਹ ਕੰਗਾਲ, ਊਚਾਂ ਨੀਚਾਂ ਜੋੜ ਜੁੜਾਏਗਾ । ਸਰਬ ਸਵਾਮੀ ਬਣ ਦਲਾਲ, ਜਗਤ ਵਿਚੋਲਾ ਵੇਖ ਵਖਾਏਗਾ । ਛੁਰੀ ਫੜਕੇ ਹੱਥ ਕਰੇ ਨਾ ਕੋਈ ਹਲਾਲ, ਗਰਦਨ ਸੀਸ ਨਾ ਕੋਇ ਕਟਾਏਗਾ । ਸਭ ਨੂੰ ਭੈ ਦੇਵੇ ਪੁਰਖ ਅਕਾਲ, ਗੁਰ ਅਵਤਾਰ ਪੰਧ ਚੁਕਾਏਗਾ । ਅਗਲੀ ਖੇਲ ਕਰੇ ਬੇਮਿਸਾਲ, ਮਿਸਲ ਵਿਚ ਨਾ ਕੋਇ ਲਿਖਾਏਗਾ । ਚਾਰ ਜੁਗ ਜਿਸ ਦਾ ਦੇ ਸਕੇ ਨਾ ਕੋਇ ਅਹਿਵਾਲ, ਸੋ ਹਾਲਤ ਸਭ ਦੀ ਆਪ ਬਦਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਏਗਾ । ਕਲਜੁਗ ਅੰਤਮ ਵੇਖਣਹਾਰਾ, ਹਰਿ ਵੱਖਰੀ ਧਾਰ ਚਲਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਆਪਣਾ ਰੂਪ ਵਟਾਇੰਦਾ । ਕਲ ਕਲਕੀ ਖੇਲ ਨਿਆਰਾ, ਅਕਲ ਕਲ ਅਖਵਾਇੰਦਾ । ਸੰਬਲ ਵਸਿਆ ਧਾਮ ਨਿਆਰਾ, ਬੰਕ ਅਨਡਿਠੜਾ ਆਪ ਸੁਹਾਇੰਦਾ । ਜੋਤੀ ਜੋਤ ਦੀਆ ਬਾਤੀ ਕਰ ਉਜਿਆਰਾ, ਦਿਵਸ ਰੈਣ ਡਗਮਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਨਈਆ ਨੌਕਾ ਕੂੜ ਆਪ ਡੁਬਾਇੰਦਾ । ਸਤਿਜੁਗ ਸਾਚਾ ਕਰ ਪਸਾਰਾ, ਪੁਸ਼ਤ ਪਨਾਹ ਹੱਥ ਟਿਕਾਇੰਦਾ । ਧੁਰਦਰਗਾਹੀ ਪਰਵਰਦਿਗਾਰਾ, ਪਰਦਾਨਸ਼ੀਂ ਪਰਦਾ ਮੁਖ ਨਕਾਬ ਆਪ ਚੁਕਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਭੇਵ ਨਾ ਕੋਇ ਖੁਲ੍ਹਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਧਾਰ ਜਣਾਇੰਦਾ । ਨਿਰਗੁਣ ਨਿਰਵੈਰ ਨਿਰੰਕਾਰ ਲਏ ਅਵਤਾਰਾ, ਨੂਰ ਇਲਾਹੀ ਵੇਸ ਵਟਾਇੰਦਾ । ਸਤਿ ਸਤਿਵਾਦੀ ਖੋਲ੍ਹ ਦਵਾਰਾ, ਦਰ ਦਰਵਾਜ਼ਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਇਕ ਲਗਾਵੇਗਾ । ਅਬਿਨਾਸ਼ੀ ਕਰਤਾ ਖੇਲ ਖਿਲਾਵੇਗਾ । ਲੱਖ ਚੁਰਾਸੀ ਜਿਸ ਦਾ ਬਰਦਾ, ਬੰਦੀਖ਼ਾਨੇ ਵਿਚੋਂ ਛੁਡਾਵੇਗਾ । ਭੇਵ ਖੁਲ੍ਹਾ ਕੇ ਆਪਣੇ ਘਰ ਦਾ, ਘਰ ਘਰ ਵਿਚ ਮੇਲ ਮਿਲਾਵੇਗਾ । ਰੂਪ ਧਾਰ ਨਾਰਾਇਣ ਨਰ ਦਾ, ਨਰ ਹਰਿ ਆਪਣਾ ਰੰਗ ਰੰਗਾਵੇਗਾ । ਪੰਧ ਮੁਕਾ ਕੇ ਜਲ ਥਲ ਦਾ, ਦੋ ਜਹਾਨਾਂ ਖੋਜ ਖੁਜਾਵੇਗਾ । ਲਹਿਣਾ ਦੇਵੇ ਗੁਜਰੀ ਚੰਨ ਦਾ, ਗੋਬਿੰਦ ਝੋਲੀ ਆਪ ਭਰਾਵੇਗਾ । ਕਲਜੁਗ ਜੀਵ ਅਜੇ ਨਹੀਂ ਮੰਨਦਾ, ਭਾਂਡਾ ਭਰਮ ਸਭ ਦਾ ਆਪ ਤੁੜਾਵੇਗਾ । ਇਹ ਲੇਖਾ ਨਹੀਂ ਰਾਗ ਕੰਨ ਦਾ, ਬਿਨ ਕੰਨਾਂ ਰਾਗ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਹਿਬਰ ਇਕੋ ਇਕ ਅਖਵਾਵੇਗਾ । ਰਹਿਬਰ ਇਕੋ ਇਕ ਅਖਵਾਉਂਦਾ ਏ । ਪਰਵਰਦਿਗਾਰ ਦਇਆ ਕਮਾਉਂਦਾ ਏ । ਨਬੀ ਰਸੂਲ ਆਪ ਪੜ੍ਹਾਉਂਦਾ ਏ । ਮਾਕੂਲ ਹੁਕਮ ਇਕ ਜਣਾਉਂਦਾ ਏ । ਕੋਈ ਨਾ ਲੇਖਾ ਜਾਣੇ ਅਰਜ਼ ਤੂਲ, ਕਸਰਾਂ ਵਿਚ ਨਾ ਕੋਇ ਸਮਝਾਉਂਦਾ ਏ । ਲੱਖ ਚੁਰਾਸੀ ਗਈ ਭੂਲ, ਹਰਿ ਜੂ ਭੁਲਿਆਂ ਮਾਰਗ ਇਕ ਵਖਾਉਂਦਾ ਏ । ਕਲਜੁਗ ਕੂੜੀ ਕਿਰਿਆ ਕੋਈ ਨਾ ਰਹੇ ਮਸੂਲ, ਮਸਲਾ ਸਭ ਦਾ ਹੱਲ ਕਰਾਉਂਦਾ ਏ । ਸਦੀ ਚੌਧਵੀਂ ਆਪ ਆਇਆ

ਹੋ ਮਜਬੂਰ, ਮਜਬੂਰੀ ਸਭ ਦੀ ਅੰਤ ਕਟਾਉਂਦਾ ਏ । ਇਕੋ ਨਾਮ ਕਰੇ ਮਸ਼ਹੂਰ, ਮਸ਼ਵਰਾ ਆਪਣੇ ਨਾਲ ਪਕਾਉਂਦਾ ਏ । ਚਾਕਰ ਧੁਰ ਦਾ ਬਣ ਮਜ਼ਦੂਰ, ਹਰਿ ਸਾਚੀ ਸੇਵ ਕਮਾਉਂਦਾ ਏ । ਜਨ ਭਗਤਾਂ ਹਾਜ਼ਰ ਹੋ ਹਜ਼ੂਰ, ਹਜ਼ਰਤ ਆਪਣਾ ਜੋੜ ਜੁੜਾਉਂਦਾ ਏ । ਕੋਟ ਜਨਮ ਦੇ ਮੇਟ ਕਸੂਰ, ਕਾਮਲ ਪੁਰਖ ਵਡਿਆਉਂਦਾ ਏ । ਹੰਗਤਾ ਗੜ੍ਹ ਤੋੜ ਗ਼ਰੂਰ, ਗ਼ੁਰਬਤ ਸਰਬ ਚੁਕਾਉਂਦਾ ਏ । ਜੋਤੀ ਜਾਤਾ ਦੇ ਕੇ ਨੂਰ, ਨੂਰ ਨੂਰ ਰੁਸ਼ਨਾਉਂਦਾ ਏ । ਅੰਤਮ ਲੇਖਾ ਮਿਟੇ ਕੂੜ, ਸਚ ਸੁਚ ਵਰਤਾਉਂਦਾ ਏ । ਗੁਰਮੁਖਾਂ ਬਖ਼ਸ਼ ਚਰਨ ਧੂੜ, ਦੁਰਮਤ ਮੈਲ ਧੁਆਉਂਦਾ ਏ । ਚਤੁਰ ਸੁਘੜ ਬਣਾਕੇ ਮੂਰਖ ਮੂੜ੍ਹ, ਨਾਮ ਧੰਦੇ ਇਕ ਲਗਾਉਂਦਾ ਏ । ਪਾਰ ਉਤਾਰੇ ਆਪਣੇ ਪੂਰ, ਮੰਝਧਾਰ ਨਾ ਕੋਇ ਡੁਬਾਉਂਦਾ ਏ । ਕਲਜੁਗ ਅੰਤਮ ਲੇਖਾ ਦਏ ਜ਼ਰੂਰ, ਜ਼ਾਹਿਰਾ ਪੀਰ ਬਣ ਕੇ ਆਉਂਦਾ ਏ । ਜਿਸ ਦਾ ਮੁਹੰਮਦ ਉਪਜਿਆ ਨੂਰ, ਈਸਾ ਮੂਸਾ ਜੋਤ ਰੁਸ਼ਨਾਉਂਦਾ ਏ । ਜਿਸ ਦਾ ਜਲਵਾ ਉਤੇ ਕੋਹਤੂਰ, ਸੋ ਕਾਤਲ ਮਕਤੂਲ ਵੇਖ ਵਖਾਉਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਏ ਇਕ ਹਦੂਦ, ਅਰਬਾਂ ਹੱਦ ਨਾ ਕੋਇ ਬਨਾਉਂਦਾ ਏ । ਦਰਗਾਹ ਸਾਚੀ ਹੋ ਮੌਜੂਦ, ਮਜਲਸ ਆਪਣੇ ਨਾਲ ਰਖਾਉਂਦਾ ਏ । ਚਰਨਾਂ ਹੇਠਾਂ ਰਹਿਣਾ ਮਹਿਫ਼ੂਜ਼, ਛੱਪਰ ਛੰਨ ਸੁਹਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਮਿਲੀ ਸਰਨਾ, ਸਰਨਗਤ ਵਡਿਆਈਆ । ਤੇਰਾ ਭਾਣਾ ਸਭ ਨੇ ਜਰਨਾ, ਨਾ ਕੋਇ ਮੇਟੇ ਮੇਟ ਮਿਟਾਈਆ । ਅਸਾਂ ਰਲ ਕੇ ਤੇਰਾ ਢੋਲਾ ਪੜ੍ਹਨਾ, ਧੁਰ ਦਾ ਰਾਗ ਅਲਾਈਆ । ਤੇਰੀ ਸੇਜ ਸੁਹੰਜਣੀ ਚੜ੍ਹਨਾ, ਬਿਨ ਪਾਵਾ ਚੂਲ ਜੋ ਲਈ ਬਣਾਈਆ । ਤੇਰੀ ਮਿਹਰ ਕਿਰਪਾ ਨਾਲ ਲੇਖਾ ਚੁਕਣਾ ਦੀਨ ਮਜ਼੍ਹਬ ਵਰਨਾਂ ਬਰਨਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਇ ਲੜਾਈਆ । ਮਿਲੀ ਸਰਨਾਈ ਸਾਚੇ ਚਰਨਾਂ, ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹਰਿ ਇਕੋ ਹੁਕਮ ਸੁਣਾਈਆ । ਇਕੋ ਹੁਕਮ ਸੁਣਾਏ ਏਕ, ਏਕੰਕਾਰ ਵਡਿਆਈਆ । ਕਲਜੁਗ ਅੰਤਮ ਹਰਿ ਕਾ ਭੇਖ, ਜੋਤੀ ਜਾਮਾ ਨਜ਼ਰੀ ਆਈਆ । ਜਿਸ ਦਾ ਭਵਿਖਤਾਂ ਵਿਚ ਲੇਖ, ਭਾਖਿਆ ਵਿਚ ਸਮਝਾਈਆ । ਸੋ ਆਇਆ ਆਪਣੇ ਦੇਸ, ਸੰਬਲ ਡੇਰਾ ਲਾਈਆ । ਵਿਸ਼ਨੂੰ ਕਰੇ ਆਦੇਸ, ਸਾਂਗੋ ਪਾਂਗ ਡੇਰਾ ਸਚ ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਕਾਰ ਕਮਾਈਆ । ਕਲ ਕਲਕੀ ਕਾਰ ਕਮਾਉਂਦਾ ਏ । ਦੀਨ ਦਿਆਲ ਵੇਖ ਵਖਾਉਂਦਾ ਏ । ਕਲਜੁਗ ਅੰਤਮ ਵੇਸ ਵਟਾਉਂਦਾ ਏ । ਸਾਧ ਸੰਤ ਭੇਵ ਨਾ ਆਉਂਦਾ ਏ । ਜੀਵ ਜੰਤ ਸਰਬ ਕੁਰਲਾਉਂਦਾ ਏ । ਪ੍ਰਭ ਬਖ਼ਸ਼ੰਦ ਨਾ ਕੋਇ ਮਨਾਉਂਦਾ ਏ । ਸੁਰਤੀ ਸ਼ਬਦ ਨਾ ਕੋਇ ਮਿਲਾਉਂਦਾ ਏ । ਰੁੱਤ ਬਸੰਤ ਨਾ ਕੋਇ ਸੁਹਾਉਂਦਾ ਏ । ਪਾਂਧਾ ਪੰਡਤ ਸਾਚਾ ਤਿਲਕ ਲਲਾਟ ਨਾ ਕੋਇ ਲਗਾਉਂਦਾ ਏ । ਝਗੜਾ ਪਿਆ ਦੋਜ਼ਖ਼ ਬਹਿਸ਼ਤ ਜੰਨਤ , ਸਾਚੇ ਘਰ ਨਾ ਕੋਇ ਪਹੁੰਚਾਉਂਦਾ ਏ । ਜਨ ਭਗਤਾਂ ਮੇਲਾ ਕਰਿਆ ਆਪ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਉਂਦਾ ਏ । ਸੋਹੰ ਢੋਲਾ ਦੱਸ ਕੇ ਮੰਤ, ਆਤਮ ਪਰਮਾਤਮ ਜੋੜ ਜੁੜਾਉਂਦਾ ਏ । ਚਾਰ ਵਰਨ ਦੀ ਸਾਚੀ ਸੰਗਤ, ਸਗਲਾ ਸੰਗ ਨਿਭਾਉਂਦਾ ਏ । ਗੁਰਮੁਖ ਦੂਜੇ ਦਰ ਨਾ ਜਾਏ ਮੰਗਤ, ਅਨਡਿਠੜੀ ਵਸਤ ਵਰਤਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਅੱਖ ਖੁਲ੍ਹਾਉਂਦਾ ਏ । ਸੰਤ


੭੭੯
੧੭

੧੭

ਸੁਹੇਲੇ ਖੋਲ੍ਹ ਕੇ ਅੱਖ, ਆਖ਼ਰ ਦਏ ਵਡਿਆਈਆ । ਸਾਖਿਆਤ ਹੋ ਪ੍ਰਤਖ, ਪ੍ਰੀਖਿਆ ਵਿਚੋਂ ਬਾਹਰ ਕਢਾਈਆ । ਜਨਮ ਕਰਮ ਦਾ ਪੂਰਬ ਝੋਲੀ ਪਾ ਕੇ ਹਕ, ਹਕੀਕਤ ਦਏ ਸਮਝਾਈਆ । ਉਠ ਭਗਤ ਤੂੰ ਮੇਰਾ ਮੈਂ ਤੇਰਾ ਗਾਵਾਂ ਜਸ, ਦੋਵਾਂ ਦਾ ਘਰ ਇਕੋ ਨਜ਼ਰੀ ਆਈਆ । ਮੈਂ ਤੇਰੇ ਅੰਦਰ ਜਾਵਾਂ ਵਸ, ਤੂੰ ਮੇਰਾ ਮਿਤਰ ਸਖਾਈਆ । ਮੈਂ ਤੇਰੀ ਸੇਜ ਮਾਣਾਂ ਇਕ ਪਲੰਘ, ਤੂੰ ਸੌਂ ਸੌਂ ਖ਼ੁਸ਼ੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਵਡਿਆਈਆ । ਜਨ ਭਗਤ ਕਹੇ ਸੁਣ ਮੇਰੇ ਭਗਵਨ, ਮੇਰਾ ਭਾਗ ਝੋਲੀ ਪਾਈਆ । ਲੇਖਾ ਮੁਕੇ ਅਵਣ ਗਵਣ, ਲੱਖ ਚੁਰਾਸੀ ਨਾ ਕੋਈ ਭੁਆਈਆ । ਸਾਚੀ ਸੇਜਾ ਮਿਲੇ ਸਵਨ, ਸੁੱਤਿਆਂ ਅੱਖ ਨਾ ਕੋਇ ਖੁਲ੍ਹਾਈਆ । ਨੇੜ ਨਾ ਆਵੇ ਕਾਮਨੀ ਕਾਮਨ, ਤ੍ਰਿਸਨਾ ਜਗਤ ਨਾ ਕੋਇ ਸਤਾਈਆ । ਅੰਦਰ ਵੜ ਕੇ ਫੜਨਾ ਦਾਮਨ, ਦਾਮਨਗੀਰ ਹੋਣਾ ਸਹਾਈਆ । ਸਚ ਦਵਾਰੇ ਬਣਨਾ ਜ਼ਾਮਨ, ਬੰਦੀਖ਼ਾਨਾ ਅੰਤ ਤੁੜਾਈਆ । ਤੇਰਾ ਲੇਖਾ ਬਿਨਾ ਸ਼ੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰਾ ਦਰਸ਼ ਆਮ੍ਹਣੇ ਸਾਮ੍ਹਣ, ਸਨਮੁਖ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਦਰ ਠਾਂਡੇ ਠੰਡਕ ਇਕ ਵਰਤਾਈਆ । ।



## ✪ ੩ ਕੱਤਕ ੨੦੨੧ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਿਹ ਨਾਨਕ ਪੁਰਾ ਅੰਮ੍ਰਿਤਸਰ ✪

੭੮੦
੧੭

ਸਤਿਗੁਰ ਪੂਰਾ ਹਰਿ ਮਲਾਹ, ਖੇਵਟ ਖੇਟਾ ਇਕ ਅਖਵਾਇੰਦਾ । ਜੁਗ ਚੌਕੜੀ ਵੇਸ ਵਟਾ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਿਆ ਹੰਢਾ, ਜੁਗ ਚੌਕੜੀ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸ਼ਬਦ ਅਨਾਦੀ ਨਾਦ ਵਜਾ, ਬ੍ਰਹਮ ਬ੍ਰਹਿਮਾਦੀ ਰਾਗ ਅਲਾਇੰਦਾ । ਨਵ ਸੱਤ ਵੇਖੇ ਥਾਉਂ ਥਾਂ, ਚਾਰੋਂ ਕੁੰਟ ਖੋਜ ਖੋਜਾਇੰਦਾ । ਖੇਲੇ ਖੇਲ ਅਗੰਮ ਅਥਾਹ, ਬੇਪਰਵਾਹ ਭੇਵ ਅਭੇਦ ਨਾ ਕੋਇ ਸਮਝਾਇੰਦਾ । ਖਾਣੀ ਬਾਣੀ ਵੰਡ ਵੰਡਾ, ਲੋਕਮਾਤ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਰ ਹਰਿ ਕਾਰ ਕਮਾਵੇ ਏਕ, ਏਕੰਕਾਰ ਵੱਡੀ ਵਡਿਆਈਆ । ਨਿਤ ਨਵਿਤ ਅਵੱਲੜਾ ਭੇਖ, ਭੇਖਾ ਧਾਰੀ ਸਮਝ ਨਾ ਆਈਆ । ਵਸਣਹਾਰਾ ਅਗੰਮੜੇ ਦੇਸ, ਸਚਖੰਡ ਬੈਠਾ ਸੋਭਾ ਪਾਈਆ । ਤਖ਼ਤ ਨਿਵਾਸੀ ਇਕ ਨਰੇਸ਼, ਸ਼ਾਹ ਪਾਤਸ਼ਾਹ ਹੁਕਮ ਸੁਣਾਈਆ । ਕਲਜੁਗ ਅੰਤਮ ਕੂੜੀ ਕਿਰਿਆ ਮੇਟੇ ਭੇਖ, ਭਾਂਡਾ ਭਰਮ ਭੌ ਭੰਨਾਈਆ । ਸਤਿਜੁਗ ਸਾਚਾ ਲਿਖੇ ਲੇਖ, ਲਿਖਤ ਭਵਿਖਤ ਦਏ ਸਲਾਹੀਆ । ਨਿਗਾਹਬਾਨ ਵੇਖਣਹਾਰਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਰਘੁਰਾਈਆ । ਕਰੇ ਖੇਲ ਹਰਿ ਨਿਰੰਕਾਰ, ਵੱਡਾ ਵਡ ਵਡਿਆਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਡੰਕਾ ਅਗੰਮ ਅਪਾਰ, ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਆਪ ਸੁਣਾਈਆ । ਪੁਰੀ ਲੋਅ ਕਰੇ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਆਲਸ ਨਿੰਦਰਾ ਦਏ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖਣਹਾਰ, ਖਾਣੀ ਬਾਣੀ ਪੜਦਾ ਦਏ ਚੁਕਾਈਆ ।

ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵੇ ਸਾਰ, ਸ੍ਰੀ ਭਗਵੰਤ ਵੱਡੀ ਵਡਿਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਕੂੜੀ ਕਿਰਿਆ ਦਏ ਦੁਹਾਈਆ । ਘਰ ਸੱਜਣ ਹਰਿ ਮਿਲੇ ਨਾ ਮੀਤ ਮੁਰਾਰ, ਬਨ ਖੋਜਣ ਥਾਈਂ ਥਾਈਆ । ਚਾਰੋਂ ਕੁੰਟ ਅੰਧੇਰ ਗੁਬਾਰ, ਗਰਦਸ਼ ਵਿਚ ਰਖਾਈਆ । ਨੂਰੀ ਚੰਦ ਨਾ ਕੋਇ ਉਜਿਆਰ, ਨਗ਼ਮਾ ਨਾਮ ਨਾ ਕੋਇ ਸੁਣਾਈਆ । ਆਤਮ ਪਰਮਾਤਮ ਮਿਲੇ ਮੇਲ ਨਾ ਕੰਤ ਭਤਾਰ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਕਾਗਦ ਕਲਮ ਸ਼ਾਹੀ ਲਿਖ ਲਿਖ ਗਈ ਹਾਰ, ਕਾਤਬ ਬੈਠੇ ਮੁਖ ਭੁਆਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਹਰਿ ਸਤਿਗੁਰ ਪੂਰਾ ਸ਼ਬਦ ਇਕੋ ਨਜ਼ਰੀ ਆਈਆ । ਪੰਜ ਤਤ ਜਿਸ ਪਸਾਰ, ਮਨ ਮਤ ਬੁਧ ਘਾੜਤ ਲਏ ਘੜਾਈਆ । ਸੋ ਸਾਹਿਬ ਸਵਾਮੀ ਧੁਰ ਦਾ ਠਠਿਆਰ, ਠਾਕਰ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਸ ਅਨੇਕ ਧਰਾਈਆ । ਕਲਜੁਗ ਅੰਤਮ ਲੈ ਅਵਤਾਰ, ਕਲ ਕਲਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲ ਕਲਕੀ ਹਰਿ ਨਿਰੰਕਾਰਾ, ਪੰਜ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਜੋਤ ਉਜਿਆਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਰਸਨਾ ਜਿਹਵਾ ਢੋਲਾ ਰਾਗ ਨਾ ਕੋਇ ਸੁਣਾਈਆ । ਜਨ ਭਗਤਾਂ ਕਰੇ ਪਿਆਰਾ, ਪਰਮ ਪੁਰਖ ਪਤਿਪਰਮੇਸ਼ਵਰ ਆਪਣੀ ਧਾਰ ਜਣਾਈਆ । ਕਾਇਆ ਮੰਦਰ ਅੰਦਰ ਖੋਲ੍ਹ ਕਿਵਾੜਾ, ਪੜਦਾ ਓਹਲਾ ਦਏ ਉਠਾਈਆ । ਅੰਮ੍ਰਿਤ ਦੇਵੇ ਠੰਡਾ ਠਾਰਾ, ਨਿਜਰ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮੀ ਅਨਹਦ ਨਾਦ ਅਨਾਦੀ ਵੱਜੇ ਬਿਨ ਤੰਦ ਸਤਾਰਾ, ਧੁਨ ਇਕੋ ਇਕ ਉਪਜਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਘਰ ਘਰ ਜੋਤ ਕਰੇ ਰੁਸ਼ਨਾਈਆ । ਸਾਚੀ ਸਖੀਆਂ ਮਿਲ ਮਿਲ ਮੰਗਲਾਚਾਰਾ, ਗੀਤ ਗੋਬਿੰਦ ਅਲਾਈਆ । ਕਲਜੁਗ ਸਾਧ ਸੰਤ ਜੀਵ ਜੰਤ ਭੁੱਲਿਆ ਚਾਰ ਕੁੰਟ ਅੰਧਿਆਰਾ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਘਟ ਆਪਣਾ ਖੇਲ ਵਖਾਈਆ । ਘਟ ਘਟ ਖੇਲ ਵੇਖੇ ਗੋਬਿੰਦ, ਗਹਿਰ ਗੰਭੀਰ ਦਇਆ ਕਮਾਇੰਦਾ । ਗੁਰਮੁਖਾਂ ਮੇਟ ਕੇ ਚਿੰਦ, ਚਿੰਤਾ ਚਿਖਾ ਜਲਾਇੰਦਾ । ਕਰੇ ਖੇਲ ਆਪ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਨਾਮ ਝੋਲੀ ਪਾਇੰਦਾ । ਭਾਗ ਲਗਾ ਕੇ ਜੀਓ ਪਿੰਡ, ਤਤਵ ਤਤ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਮਿਹਰ ਨਜ਼ਰ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਅੰਤਰ ਆਤਮ ਦੱਸੇ ਜਾਪ, ਅਜਪਾ ਜਾਪ ਕਰੇ ਪੜ੍ਹਾਈਆ । ਕੋਟ ਜਨਮ ਉਤਾਰੇ ਪਾਪ, ਪਤਤ ਪੁਨੀਤ ਦਏ ਜਣਾਈਆ । ਆਤਮ ਪਰਮਾਤਮ ਬਣਾਏ ਧੁਰ ਦਾ ਸਾਕ, ਸੱਜਣ ਇਕੋ ਇਕ ਅਖਵਾਈਆ । ਗੁਰਮੁਖਾਂ ਦੇ ਕੇ ਆਪਣਾ ਸਾਥ, ਸਗਲਾ ਸੰਗ ਹੋ ਜਾਈਆ । ਲਹਿਣਾ ਚੁਕਾਏ ਪੂਜਾ ਪਾਠ, ਘਰ ਘਰ ਮੇਲਾ ਲਏ ਮਿਲਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਪੁੱਛੇ ਵਾਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਹੋ ਆਈਆ । ਕਰਨੀ ਕਰਤਾ ਹਰਿ ਹਰਿ ਮਾਲਕ, ਬੇਪਰਵਾਹ ਅਖਵਾਇੰਦਾ । ਅਗੰਮ ਅਥਾਹ ਊਚੋ ਊਚ ਖ਼ਲਕ ਖ਼ਾਲਕ, ਮਖ਼ਲੂਕ ਆਪਣੇ ਨੈਣ ਤਕਾਇੰਦਾ । ਨਿਤ ਨਵਿਤ ਦੋ ਜਹਾਨ ਲੱਖ ਚੁਰਾਸੀ ਬਣੇ ਸਾਲਸ, ਖਾਣੀ ਬਾਣੀ ਫੋਲ ਫੁਲਾਇੰਦਾ ।

ਭਗਤ ਸੁਹੇਲੇ ਗੁਰੂ ਗੁਰ ਚੇਲੇ ਕੱਢੇ ਵਿਚੋਂ ਖ਼ਾਲਸ, ਖ਼ਾਹਿਸ਼ ਆਪਣੇ ਨਾਲ ਮਿਲਾਇੰਦਾ । ਕੂੜੀ ਕਿਰਿਆ ਮੇਟ ਕੇ ਨਿੰਦਰਾ ਆਲਸ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਹਰਿਜਨ ਰੰਗ ਰੰਗਾਏ ਮਾਟੀ ਤਨ, ਕੱਪੜ ਨਾਮ ਸੁਹਾਈਆ । ਅੰਦਰੋਂ ਬੰਨ੍ਹੇ ਵਾਸ਼ਨਾ ਮਨ, ਚਾਰੋਂ ਕੁੰਟ ਨਾ ਉਠ ਉਠ ਧਾਈਆ । ਨਾਮ ਪਦਾਰਥ ਦੇ ਕੇ ਧਨ, ਕੰਗਾਲ ਸ਼ਾਹ ਦਏ ਵਡਿਆਈਆ । ਜੋਤੀ ਨੂਰ ਚਾੜ੍ਹ ਕੇ ਚੰਨ, ਕਾਇਆ ਕਵਰੀ ਕਰੇ ਰੁਸ਼ਨਾਈਆ । ਏਥੇ ਓਥੇ ਬੇੜਾ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਸੰਤ ਸੁਹੇਲੇ ਬਣਾ ਕੇ ਜਨ, ਜਨ ਜਨਨੀ ਲੇਖਾ ਦਏ ਚੁਕਾਈਆ । ਕੂੜੀ ਕਿਰਿਆ ਭਾਂਡਾ ਭੰਨ, ਭਰਮ ਭੌ ਚੁਕਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਨਿਜ ਨੇਤਰ ਕਰੇ ਰੁਸ਼ਨਾਈਆ । ਸਚ ਵਸੇਰਾ ਬਿਨ ਛੱਪਰੀ ਛੰਨ, ਮੰਡਲ ਮੰਡਪ ਨਾ ਕੋਇ ਵਡਿਆਈਆ । ਮਿਹਰਵਾਨ ਹੋ ਸ੍ਰੀ ਭਗਵਨ, ਹਰਿਜਨ ਸਾਚੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਲੇਖਾ ਲੇਖੇ ਵਿਚੋਂ ਬਦਲਾਈਆ । ਲੇਖੇ ਵਿਚੋਂ ਲੇਖਾ ਦੇਵੇ ਬਦਲ, ਸਤਿਗੁਰ ਪੂਰਾ ਦਇਆ ਕਮਾਇੰਦਾ । ਕੂੜੀ ਕਿਰਿਆ ਕਰਕੇ ਕਤਲ, ਸਚ ਸਤਿ ਰੂਪ ਪਰਗਟਾਇੰਦਾ । ਨਾਮ ਬੀਜ ਕੇ ਆਪਣੇ ਵੱਤ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਪ੍ਰੇਮ ਪ੍ਰੀਤੀ ਦੱਸ ਕੇ ਜਗਤ, ਪਤਤ ਪੁਨੀਤ ਆਪ ਬਣਾਇੰਦਾ । ਲੇਖਾ ਜਾਣ ਊਚ ਨੀਚ, ਚਾਰੇ ਵਰਨਾਂ ਰੰਗ ਰੰਗਾਇੰਦਾ । ਸਾਚਾ ਕਲਮਾ ਨਾਮ ਹਦੀਸ, ਨਿਰਅੱਖਰ ਆਪ ਪੜ੍ਹਾਇੰਦਾ । ਸੰਤ ਸੁਹੇਲੇ ਬਖ਼ਸ਼ ਸਚ ਪ੍ਰੀਤ, ਪ੍ਰੀਤਮ ਆਪਣਾ ਜੋੜ ਜੁੜਾਇੰਦਾ । ਸਦੀ ਵੀਹਵੀਂ ਰਹੀ ਬੀਤ, ਅਗਲਾ ਲੇਖਾ ਸਮਝ ਕੋਇ ਨਾ ਆਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਹੋਏ ਖੀਸ, ਚਾਰੋਂ ਕੁੰਟ ਜੀਵ ਜੰਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਦੱਸੇ ਇਕੋ ਰੀਤ, ਮੰਦਰ ਮਸੀਤ ਕਾਇਆ ਕਾਅਬਾ ਇਕ ਸਮਝਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਸੁਣਾਏ ਆਪਣਾ ਗੀਤ, ਸੋ ਹੰ ਬ੍ਰਹਮ ਸੋਹੰ ਰੂਪ ਸਮਾਇੰਦਾ ।



## ੩ ਕੱਤਕ ੨੦੨੧ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਿਹ ਨਾਨਕ ਪੁਰਾ

ਸਤਿਗੁਰ ਪੂਰਾ ਸਚ ਪ੍ਰੀਤ, ਹਰਿ ਚਰਨ ਕਵਲ ਇਕ ਦ੍ਰਿੜਾਇੰਦਾ । ਸਤਿਗੁਰ ਪੂਰਾ ਸਾਚਾ ਗੀਤ, ਹਰਿ ਮੰਤਰ ਨਾਮ ਸੁਣਾਇੰਦਾ । ਸਤਿਗੁਰ ਪੂਰਾ ਸਾਚੀ ਰੀਤ, ਆਤਮ ਪਰਮਾਤਮ ਆਪ ਵਖਾਇੰਦਾ । ਸਤਿਗੁਰ ਪੂਰਾ ਧਾਮ ਜਣਾਏ ਇਕ ਅਨਡੀਠ, ਘਰ ਘਰ ਵਿਚ ਡੇਰਾ ਲਾਇੰਦਾ । ਸਤਿਗੁਰ ਪੂਰਾ ਸਦ ਵਸਣਹਾਰਾ ਨੀਚੋਂ ਨੀਚ, ਨੀਕਨ ਨੀਕਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਇੰਦਾ । ਸਤਿਗੁਰ ਪੂਰਾ ਸਰਬ ਸਵਾਮੀ, ਮਾਲਕ ਇਕ ਅਖਵਾਈਆ । ਸਤਿਗੁਰ ਪੂਰਾ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਸਤਿਗੁਰ ਪੂਰਾ ਸ਼ਬਦ ਅਨਾਦੀ ਬੋਲੇ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਸਤਿਗੁਰ ਪੂਰਾ ਸੁਰਤ ਮਿਲਾਵੇ ਸਾਚਾ ਹਾਣੀ, ਸ਼ਬਦੀ ਜੋੜ ਜੁੜਾਈਆ । ਸਤਿਗੁਰ ਪੂਰਾ ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਜਗਤ ਸਰੋਵਰ ਪੰਧ ਚੁਕਾਈਆ । ਸਤਿਗੁਰ ਪੂਰਾ ਮਹੱਲ ਅਟਲ ਦੇਵੇ ਇਕ ਨਿਸ਼ਾਨੀ, ਸਚ ਦਵਾਰੇ

ਦਏ ਵਖਾਈਆ । ਸਤਿਗੁਰ ਪੂਰਾ ਲੇਖ ਚੁਕਾਏ ਚਾਰੇ ਖਾਣੀ, ਖ਼ਾਕੀ ਖ਼ਾਕ ਨਾ ਕੋਇ ਮਿਲਾਈਆ । ਸਤਿਗੁਰ ਪੂਰਾ ਬਖ਼ਸ਼ਣਹਾਰਾ ਪਦ ਨਿਰਬਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਗਵਰ ਇਕ ਅਖਵਾਇੰਦਾ । ਜੁਗ ਚੌਕੜੀ ਕੱਟਣਹਾਰਾ ਭੀੜ, ਔਝੜ ਰਾਹ ਪੰਧ ਮੁਕਾਇੰਦਾ । ਸਾਚੀ ਦੱਸ ਆਪਣੀ ਤਸਵੀਰ, ਤਸਬੀ ਮਾਲਾ ਗਲੋਂ ਸੁਟਾਇੰਦਾ । ਦਰਸ ਦਿਖਾਏ ਬੇਨਜ਼ੀਰ, ਨਜ਼ਰ ਆਪਣੇ ਨਾਲ ਮਿਲਾਇੰਦਾ । ਚੋਟੀ ਚਾੜ੍ਹ ਇਕ ਅਖ਼ੀਰ, ਆਖ਼ਰ ਆਪਣੇ ਘਰ ਵਸਾਇੰਦਾ । ਜਿਸ ਨੂੰ ਸੱਯਦਾ ਕਰਦੇ ਪੀਰ ਫ਼ਕੀਰ, ਸੋ ਫ਼ਿਕਰਾ ਆਪ ਪੜ੍ਹਾਇੰਦਾ । ਮੁਰੀਦ ਮੁਰਸ਼ਦ ਦੋਵੇਂ ਬਗ਼ਲਗੀਰ, ਦਸਤ ਬਦਸਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਤਿਗੁਰ ਪੂਰਾ ਭੋਲਾ ਭਾਲਾ, ਜਗ ਨੇਤਰ ਵੇਖਿਆਂ ਨਜ਼ਰ ਕਿਸੇ ਨਾ ਆਈਆ । ਸ਼ਾਹਾਂ ਵਿਚੋਂ ਸ਼ਾਹ, ਕੰਗਾਲਾਂ ਵਿਚੋਂ ਕੰਗਾਲਾ, ਗ਼ਰੀਬਾਂ ਵਿਚੋਂ ਗ਼ਰੀਬ ਆਪ ਅਖਵਾਈਆ । ਮਿਹਰਵਾਨ ਹੋ ਕੇ ਦੱਸੇ ਮਾਰਗ ਸਚ ਸੁਖਾਲਾ, ਰਹਿਬਰ ਹੋ ਕੇ ਰਾਹੇ ਪਾਈਆ । ਮਿਤਰ ਹੋ ਕੇ ਤੋੜੇ ਜਗਤ ਜੰਜਾਲਾ, ਸ਼ੱਤਰੂ ਹੋ ਕੇ ਪੰਜਾਂ ਦੇਵੇ ਘਾਈਆ । ਪ੍ਰੇਮ ਪਿਆਰ ਦੀ ਪਾ ਕੇ ਵੱਖਰੀ ਮਾਲਾ, ਮਾਲਕ ਆਪਣਾ ਜੋੜ ਜੁੜਾਈਆ । ਅੱਗੇ ਕਿਸੇ ਦਾ ਦੇਵੇ ਨਾ ਕੋਈ ਹੋਰ ਹਵਾਲਾ, ਹਾਲ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਸਤਿਗੁਰ ਪੂਰਾ ਨਿਰਮਲ ਜੋਤ, ਜੋਤੀ ਜੋਤ ਅਖਵਾਇੰਦਾ । ਸ਼ਬਦ ਅਗੰਮੀ ਲਾਏ ਚੋਟ, ਨਗਾਰਾ ਨਾਮ ਵਜਾਇੰਦਾ । ਤਨ ਮਾਟੀ ਕੱਢ ਕੇ ਕੂੜਾ ਖੋਟ, ਹਾਟੀ ਸਚ ਸਮਝਾਇੰਦਾ । ਮਨ ਮਤ ਬੁਧ ਬਖ਼ਸ਼ ਕੇ ਆਪਣੀ ਸੋਚ, ਸਚ ਸੁਚ ਸੰਜਮ ਇਕ ਦ੍ਰਿੜ੍ਹਾਇੰਦਾ । ਲਹਿਣਾ ਮੁਕਾ ਕੇ ਲੋਕ ਪਰਲੋਕ, ਨਾਮ ਸਲੋਕ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਕਹੇ ਪ੍ਰਭ ਰੰਗ ਕੇਹੜਾ, ਜੋ ਪ੍ਰੇਮ ਪ੍ਰੀਤੀ ਅੰਦਰ ਰੰਗਾਈਆ । ਜਿਸ ਨਾਲ ਛੁੱਟੇ ਝੂਠਾ ਖਹਿੜਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਪਾਰ ਕਰਾਏ ਡੁਬਦਾ ਬੇੜਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਲਹਿਣਾ ਦੇਣਾ ਚੁਕੇ ਤੇਰਾ ਮੇਰਾ, ਮੇਰਾ ਤੇਰਾ ਇਕੋ ਰੂਪ ਸਮਾਈਆ । ਘਰ ਸਵਾਮੀ ਹੋਏ ਚਾਉ ਘਨੇਰਾ, ਵੱਜੇ ਸਤਿ ਵਧਾਈਆ । ਨਜ਼ਰੀ ਆਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਭਗਵੰਤ, ਗੁਰਮੁਖ ਆਸ ਰਖਾਈਆ । ਤੂੰ ਸੁਹਾਗੀ ਧੁਰ ਦਾ ਕੰਤ, ਹਉਂ ਨਾਰ ਦੁਹਾਗਣ ਰਹੀ ਕੁਰਲਾਈਆ । ਬਿਨ ਤੇਰੇ ਬਣਾਏ ਨਾ ਕੋਈ ਸੱਚੀ ਬਣਤ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਰਾਹ ਤੱਕਦੇ ਤੇਰੇ ਸਾਚੇ ਸੰਤ, ਸੱਜਣ ਨੈਣ ਉਠਾਈਆ । ਆ ਕੇ ਚਾੜ੍ਹ ਰੰਗ ਬਸੰਤ, ਚੋਲੀ ਤਨ ਰੰਗਾਈਆ । ਦਰ ਭਿਖਾਰੀ ਬਣੇ ਮੰਗਤ, ਦੋਏ ਜੋੜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰੱਖ ਸਮਰਥ, ਮਹਿੰਮਾ ਅਕਥ ਤੇਰੀ ਵਡਿਆਈਆ । ਮਾਰਗ ਦੱਸ, ਹਿਰਦੇ ਵਸ, ਗਾਵਾਂ ਜਸ, ਰਸਨਾ ਜਿਹਵਾ ਢੋਲਾ ਅਲਾਈਆ । ਚਲਾ ਰਥ ਕਾਇਆ ਮੱਠ, ਘਟ ਆਪਣਾ ਨੂਰ ਧਰਾਈਆ । ਮੰਤਰ ਇਕੋ ਦੱਸ ਸਚ, ਜਗ ਕੂੜੀ ਮਾਇਆ ਕੋਲੋਂ ਜਾਈਏ ਬਚ, ਬਚਪਨ ਤੇਰੀ ਝੋਲੀ ਪਾਈਆ । ਤੇਰੇ ਮਿਲਣ ਦੀ ਮੇਰੀ ਖੁਲ੍ਹੇ ਅੱਖ, ਨਜ਼ਰੀ ਆਏ ਸਾਹਿਬ ਪ੍ਰਤਖ, ਲੋਚਣ

ਨੈਣ ਵੇਖ ਵੇਖ ਬਿਗਸਾਈਆ । ਤੇਰੀ ਸਰਨਾਈ ਬੇਪਰਵਾਹੀ ਬੇਪ੍ਰਾਣੇ ਹੋ ਗਏ ਢੱਠ, ਢੱਠਿਆਂ ਲੈ ਉਠਾਈਆ । ਸਾਡਾ ਲੇਖਾ ਚੁਕਾ ਦੇ ਪੂਜਾ ਪਾਠ, ਪੁੱਜ ਕੇ ਘਰ ਆਪਣਾ ਦਰਸ ਦਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਨਾਲ ਮਿਲਿਆ ਤੇਰਾ ਸਾਥ, ਵਡਭਾਗੀ ਮਿਲੀ ਸਰਨਾਈਆ ।

## ੩ ਕੱਤਕ ੨੦੨੧ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹਿ ਨਾਨਕ ਪੁਰਾ

ਸਤਿਗੁਰ ਜੁਗ ਸਦਾ ਸਤਿ, ਸਤਿ ਸਤਿ ਸਮਝਾਇੰਦਾ । ਸਤਿ ਸਤਿਵਾਦੀ ਬ੍ਰਹਮ ਮਤ, ਵਿਦਿਆ ਬ੍ਰਹਮ ਪੜ੍ਹਾਇੰਦਾ । ਆਤਮ ਪਰਮਾਤਮ ਜੋੜ ਨਤ, ਨਾਤਾ ਬਿਧਾਤਾ ਪੁਰਖ ਅਕਾਲ ਇਕ ਅਖਵਾਇੰਦਾ । ਰੰਗ ਰੰਗੀਲੇ ਰੰਗੇ ਰੱਤ, ਰੰਗ ਇਕੋ ਇਕ ਵਖਾਇੰਦਾ । ਸਤਿ ਸਤਿ ਖੋਲ੍ਹ ਅੱਖ, ਨਿਜ ਨੇਤਰ ਨੈਣ ਪੜਦਾ ਲਾਹਿੰਦਾ । ਪੰਚ ਵਿਕਾਰਾ ਕਰ ਕੇ ਭੱਠ, ਕਾਇਆ ਖੇੜਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਤਿਜੁਗ ਸਤਿਗੁਰ ਮੀਤ, ਸਦਾ ਸਦਾ ਅਖਵਾਈਆ । ਜਨ ਭਗਤਾਂ ਦੱਸ ਕੇ ਵੱਖਰੀ ਰੀਤ, ਆਤਮ ਪਰਮਾਤਮ ਜੋੜ ਜੁੜਾਈਆ । ਸਾਚਾ ਢੋਲਾ ਦੱਸ ਕੇ ਗੀਤ, ਹੰ ਬ੍ਰਹਮ ਕਰੇ ਪੜ੍ਹਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਮਨ ਵਾਸਨਾ ਸਾਰੀ ਜੀਤ, ਕੂੜੀ ਕਿਰਿਆ ਡੇਰਾ ਢਾਹੀਆ । ਧਾਮ ਵਖਾ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਸਚ ਸਤਾਰ ਸੁਣਾਏ ਸੰਗੀਤ, ਅਨਰਾਗੀ ਰਾਗ ਅਲਾਈਆ । ਸਚ ਦਰਬਾਰੇ ਇਕ ਪ੍ਰੀਤ, ਪ੍ਰੀਤਮ ਦਏ ਸਮਝਾਈਆ । ਸਤਿਗੁਰ ਪੂਰਾ ਕਰ ਬਖ਼ਸ਼ੀਸ਼, ਵਸਤ ਅਮੋਲਕ ਨਾਮ ਝੋਲੀ ਪਾਈਆ । ਕਰਵਟ ਲੈ ਬਦਲੇ ਪੀਠ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਜਣਾਈਆ । ਸਤਿਗੁਰ ਜੁਗ ਸੋਹਣਾ ਚੰਗਾ, ਆਦਿ ਜੁਗਾਦਿ ਵੱਜੇ ਵਧਾਈਆ । ਜਿਸ ਦੇ ਅੰਦਰ ਨਾਮ ਮਰਦੰਗਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਜਿਸ ਦੇ ਗ੍ਰਿਹਿ ਸਚ ਸਰੋਵਰ ਅਗੰਮੀ ਗੰਗਾ, ਜਲਧਾਰ ਸਮਝ ਕੋਇ ਨਾ ਪਾਈਆ । ਜਿਸ ਦੇ ਮੰਦਰ ਜੋਤੀ ਨੂਰ ਅਨੋਖਾ ਵੱਖਰਾ ਚੰਦਾ, ਕੋਟਨ ਕੋਟ ਰਵ ਸਸ ਨੈਣ ਸ਼ਰਮਾਈਆ । ਜਿਸ ਦੇ ਹੱਥ ਦੋਹਰੀ ਧਾਰ ਤਿੱਖਾ ਖੰਡਾ, ਬ੍ਰਹਿਮੰਡਾਂ ਖੰਡਾਂ ਰਿਹਾ ਡਰਾਈਆ । ਜਿਸ ਦਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਨਿਆ ਇਕ ਅਨੰਦਾ, ਅਨੰਦ ਇਕੋ ਇਕ ਸਮਝਾਈਆ । ਜੋ ਬਿਨ ਬੰਦਗੀਉਂ ਪਾਰ ਕਰਾਏ ਬੰਦਾ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਗੁਰ ਸਾਚਾ ਜੁਗ ਇਕ ਸਮਝਾਈਆ । ਸਤਿਗੁਰ ਜੁਗ ਸਚ ਧਰਮ, ਅਧਰਮ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਸਾਚਾ ਦੱਸੇ ਕਰਮ, ਨਿਹਕਰਮੀ ਕਰਮ ਕਾਂਡ ਚੁਕਾਈਆ । ਇਸ਼ਟ ਦੇਵ ਸਵਾਮੀ ਜਣਾਏ ਇਕੋ ਸਰਨ, ਸਰਨ ਪੁਰਖ ਅਕਾਲ ਦਏ ਜਣਾਈਆ । ਨਾਤਾ ਤੋੜ ਕੇ ਵਰਨ ਬਰਨ, ਚਾਰ ਅਠਾਰਾਂ ਇਕੋ ਗੰਢ ਪਵਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਜੁਗ ਇਕ ਵਡਿਆਈਆ । ਸਤਿਗੁਰ ਜੁਗ ਸਦਾ ਸੱਚਾ, ਕੂੜ ਕੁੜਿਆਰਾ ਨਜ਼ਰ ਕੋਇ ਨਾ ਆਈਆ । ਸੀਤਲ ਧਾਰ ਕਦੇ ਨਾ ਹੋਵੇ ਤੱਤਾ, ਅਗਨੀ ਅੱਗ ਨਾ ਕੋਇ ਜਲਾਈਆ । ਕੂੜੀ ਕਿਰਿਆ ਹੋਏ ਨਾ ਕੱਚਾ, ਸਦ ਕੰਚਨ ਰੂਪ ਵਟਾਈਆ । ਜਨ ਭਗਤ ਬਣਾਏ

ਧੁਰ ਦਾ ਬੱਚਾ, ਬਚਪਨ ਆਪਣੇ ਲੇਖੇ ਲਾਈਆ । ਸਾਚੇ ਨੈਣ ਖੋਲ੍ਹ ਕੇ ਅੱਖਾਂ, ਘਰ ਆਖ਼ਰ ਦਏ ਵਖਾਈਆ । ਭਾਗ ਲਗਾ ਕੇ ਕੁੱਲੀ ਕੱਖਾਂ, ਦੋ ਜਹਾਨਾਂ ਲਏ ਉਠਾਈਆ । ਲੱਖ ਚੁਰਾਸੀ ਜੀਵ ਜੰਤ ਮਾਇਆ ਮਮਤਾ ਪਾ ਕੇ ਅੱਖਾਂ ਘੱਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜੁਗ ਇਕ ਵਡਿਆਈਆ । ਸਤਿਗੁਰ ਜੁਗ ਕਹੇ ਮੇਰਾ ਖੇਲ ਅਵੱਲਾ, ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਫਿਰਾਂ ਇਕੱਲਾ, ਦੋ ਜਹਾਨਾਂ ਖੇਲ ਖਿਲਾਈਆ । ਜਨ ਭਗਤ ਫੜਾ ਕੇ ਆਪਣਾ ਪੱਲਾ, ਪੱਲੂ ਗੰਢ ਵਖਾਈਆ । ਧਾਮ ਵਖਾ ਕੇ ਨਿਹਚਲ ਇਕ ਅਟਲਾ, ਉਚ ਮਹੱਲ ਦਿਆਂ ਬਹਾਈਆ । ਜਿਥੇ ਦੀਪਕ ਇਕੋ ਬਲਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਸਵਾਮੀ ਬੈਠਾ ਅਛਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਈਆ । ਜਿਸ ਦਾ ਸੰਦੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਬੇਪਰਵਾਹੀਆ । ਸਤਿਗੁਰ ਜੁਗ ਕਹੇ ਮੇਰਾ ਮਾਰਗ ਏਕ, ਏਕੰਕਾਰ ਆਪ ਲਗਾਇੰਦਾ । ਸ੍ਰਿਸ਼ਟ ਸਬਾਈ ਧੁਰ ਦੀ ਟੇਕ, ਟਿੱਕਾ ਮਸਤਕ ਨਾਮ ਲਗਾਇੰਦਾ । ਕੂੜੀ ਕਿਰਿਆ ਮੇਟ ਕੇ ਭੇਖ, ਭਾਂਡਾ ਭਰਮ ਭੌ ਭੰਨਾਇੰਦਾ । ਅੰਦਰ ਵੜ ਕੇ ਦੱਸਾਂ ਭੇਤ, ਕਾਇਆ ਮੰਦਰ ਸੋਭਾ ਪਾਇੰਦਾ । ਲੇਖੇ ਵਿਚੋਂ ਬਦਲ ਕੇ ਧੁਰ ਦਾ ਲੇਖ, ਮਸਤਕ ਆਪਣਾ ਨਾਮ ਵਡਿਆਇੰਦਾ । ਅਗਨੀ ਬੁਝਾ ਕੇ ਤੱਤੀ ਜੇਠ, ਸਾਂਤਕ ਸਤਿ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਪਰਗਟਾਇੰਦਾ । ਸਤਿਗੁਰ ਜੁਗ ਸਦਾ ਸੁਹੇਲਾ, ਸੁਹੰਜਣਾ ਨਜ਼ਰੀ ਆਈਆ । ਸੰਤ ਸਤਿਗੁਰ ਕਰ ਕਰ ਮੇਲਾ, ਘਰ ਸਾਚੇ ਦਏ ਵਡਿਆਈਆ । ਰੰਗ ਰੰਗਾ ਕੇ ਗੁਰੂ ਗੁਰ ਚੇਲਾ, ਚੇਲਾ ਗੁਰੂ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜੁਗ ਇਕ ਸਮਝਾਈਆ । ਸਤਿਗੁਰ ਜੁਗ ਕਹੇ ਮੇਰਾ ਇਕ ਸਵਾਮੀ, ਮਾਲਕ ਸਭ ਦਾ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਅੰਤਰਜਾਮੀ, ਅੰਤਰ ਆਤਮ ਖੋਜ ਖੁਜਾਈਆ । ਜਿਸ ਦਾ ਸ਼ਬਦ ਨਾਦ ਧੁਨ ਅਗੰਮੀ ਬਾਣੀ, ਰਾਗਾਂ ਨਾਦਾਂ ਸਮਝ ਕੋਇ ਨਾ ਆਈਆ । ਜਿਸ ਦਾ ਖੇਲ ਸਦਾ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਸਤਿਜੁਗ ਦੇਵੇ ਇਕ ਨਿਸ਼ਾਨੀ, ਨਿਸ਼ਾਨਾ ਆਪਣਾ ਨਾਮ ਪਰਗਟਾਈਆ । ਚਾਰ ਜੁਗ ਦੀ ਪਿਛਲੀ ਬੀਤੀ ਚੁੱਕੇ ਕਹਾਣੀ, ਵੇਦ ਅਥਰਬਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਜੁਗ ਕਹੇ ਮੈਂ ਸਤਿਗੁਰ ਵੇਖਿਆ ਗਹਿਰ ਗੰਭੀਰ, ਬਿਨ ਤੱਤਾਂ ਸੋਭਾ ਪਾਈਆ । ਪੰਜ ਤਤ ਨਾ ਕੋਇ ਸਰੀਰ, ਮਨ ਮਤ ਬੁਧ ਨਾ ਕੋਇ ਵਡਿਆਈਆ । ਉਹਦਾ ਨੂਰ ਜ਼ਹੂਰ ਬੇਨਜ਼ੀਰ, ਜਗ ਨੇਤਰ ਨੈਣ ਤੱਕ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਪਰਗਟਾਈਆ । ਸਤਿਗੁਰ ਜੁਗ ਕਹੇ ਮੇਰਾ ਮਾਰਗ ਅਨੋਖਾ, ਵੱਖਰੀ ਧਾਰ ਚਲਾਈਆ । ਜਨ ਭਗਤਾਂ ਨਾਲ ਕਦੇ ਨਾ ਕਰਾਂ ਧੋਖਾ, ਧੂਏਂ ਧਾਰ ਵਿਚ ਲੋਕਾਈਆ । ਭਾਗ ਲਗਾ ਕੇ ਕਾਇਆ ਕੋਠਾ, ਸਾਢੇ ਤਿੰਨ ਹੱਥ ਮੰਦਰ ਦਿਆਂ ਵਡਿਆਈਆ । ਕਿਸੇ ਰੱਖਣਾ ਪਏ ਨਾ ਅੱਗੇ ਰੋਜ਼ਾ, ਵੁਜ਼ੂ ਕਰ ਨਿਮਾਜ਼ ਨਾ ਕੋਇ ਪੜ੍ਹਾਈਆ । ਪੜ੍ਹਨਾ ਪਏ ਕੋਇ ਨਾ ਪੋਥਾ, ਇਕੋ ਮੰਤਰ ਆਤਮ ਅੰਤਰ ਦਿਆਂ ਜਣਾਈਆ । ਦਸਮ ਦਵਾਰੀ ਚੜ੍ਹਨਾ ਹੋਵੇ ਸੌਖਾ, ਨੌਂ ਦਵਾਰੇ ਕੂੜ ਕੁੜਿਆਰਾ ਡੇਰਾ ਢਾਹੀਆ । ਧੁਨ ਅਨਾਦ ਘਰ ਸੁਣਨ ਦਾ ਮਿਲੇ ਮੌਕਾ, ਗੁਰੂਦਵਾਰਾ ਇਕੋ ਇਕ ਜਣਾਈਆ । ਆਤਮ ਪਰਮਾਤਮ

ਮਿਲਕੇ ਗਾਏ ਸਲੋਕਾ, ਸੋਹੰ ਢੋਲਾ ਰਾਗ ਅਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪ੍ਰਭ ਦੱਸੇ ਮਾਰਗ ਸੌਖਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾ ਕੇ ਚੌਦਾਂ ਲੋਕਾ, ਚੌਦਾਂ ਵਿਦਿਆ ਡੇਰਾ ਢਾਹੀਆ । ਸਤਿਗੁਰ ਜੁਗ ਕਹੇ ਮੇਰੀ ਸਾਚੀ ਇਛਿਆ, ਆਸ਼ਕ ਮਾਸ਼ੂਕ ਦੋਵੇਂ ਵੇਖ ਵਖਾਇੰਦਾ । ਨਾਮ ਪਦਾਰਥ ਪਾ ਕੇ ਭਿਛਿਆ, ਭਿੱਖਕ ਝੋਲੀ ਸਰਬ ਭਰਾਇੰਦਾ । ਸਤਿਗੁਰ ਹੱਟ ਇਕੋ ਵਿਕਿਆ, ਦੂਜਾ ਕੀਮਤ ਨਾ ਕੋਇ ਜਣਾਇੰਦਾ । ਮੈਂ ਮਾਣ ਦਵਾਵਾਂ ਵੱਡਿਆਂ ਨਿਕਿਆਂ, ਬਿਰਧ ਬਾਲ ਨੌਜਵਾਨ ਇਕੋ ਰੰਗ ਰੰਗਾਇੰਦਾ । ਦੀਨ ਮਜ਼੍ਹਬ ਸ਼ਰਅ ਵੰਡਾਏ ਕੋਇ ਨਾ ਹਿੱਸਿਆ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਸਚ ਸਤਿਗੁਰ ਹੋ ਕੇ ਚਾਰੋਂ ਕੁੰਟ ਦਿਸਿਆ, ਦਹਿ ਦਿਸ਼ਾ ਇਕੋ ਨਜ਼ਰੀ ਆਇੰਦਾ । ਨੀਚਾਂ ਨਾਲ ਮਿਲਕੇ ਕਦੇ ਨਾ ਜਾਵੇ ਭਿਟਿਆ, ਉਚਾਂ ਵਿਚ ਬਹਿ ਕੇ ਮਾਤ ਨਾ ਕੋਇ ਵਡਿਆਇੰਦਾ । ਜਿਸ ਦਾ ਨਕਸ਼ਾ ਮੁਸੱਵਰ ਤਸੱਵਰ ਕਰ ਕਿਸੇ ਨਾ ਖਿਚਿਆ, ਇਸ਼ਾਰਿਆਂ ਨਾਲ ਨਾ ਕੋਇ ਦ੍ਰਿੜਾਇੰਦਾ । ਸੋ ਸਰਬ ਸਵਾਮੀ ਅੰਤਰਜਾਮੀ ਸਭ ਦਾ ਲੇਖਾ ਵੇਖੇ ਲਿਖਿਆ, ਪੂਰਬ ਲਹਿਣਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਤਿਗੁਰ ਜੁਗ ਕਹੇ ਮੈਂ ਸਭ ਦਾ ਮੀਤ, ਸੱਜਣਾਂ ਵਿਚੋਂ ਸੱਜਣ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਰੇ ਅੰਦਰ ਗਾਉਣਾ ਓਸਦਾ ਗੀਤ, ਜੋ ਗੀਤਾ ਗਿਆਨ ਗਿਆ ਦ੍ਰਿੜਾਈਆ । ਜਿਸ ਦੇ ਬਿਰਹੋਂ ਵਿਛੋੜੇ ਅੰਦਰ ਪੀਰ ਪੈਗ਼ੰਬਰ ਮਾਰਨ ਚੀਕ, ਝੱਲੀ ਨਾ ਜਾਏ ਜੁਦਾਈਆ । ਜਿਸ ਨੂੰ ਵਾਹਦ ਕਹਿੰਦੇ ਲਾਸ਼ਰੀਕ, ਸ਼ਿਰਕਤ ਸਭ ਦੀ ਰਿਹਾ ਮਿਟਾਈਆ । ਅੰਤ ਓਸੇ ਇਕ ਵਿਚ ਤੌਫ਼ੀਕ, ਤੋਹਫ਼ਾ ਘਰ ਘਰ ਦਏ ਪਹੁੰਚਾਈਆ । ਸਾਚਾ ਮਾਰਗ ਦੱਸੇ ਠੀਕ, ਸਤਿਜੁਗ ਸਾਚਾ ਰਾਹ ਵਖਾਈਆ । ਮੰਜ਼ਲ ਧਾਰ ਇਕ ਬਾਰੀਕ, ਬਿਨ ਸਤਿਗੁਰ ਚਰਨ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਤਿਗੁਰ ਜੁਗ ਕਹੇ ਮੇਰੀ ਆਈ ਵਾਰੀ, ਵਾਰਤਾ ਅਗਲੀ ਦਿਆਂ ਸੁਣਾਈਆ । ਨਿਰਮਲ ਜੋਤ ਜਗੇ ਨਿਰੰਕਾਰੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੱਦ ਕੇ ਸਚ ਦਵਾਰੀ, ਦਵਾਰਾ ਇਕੋ ਇਕ ਵਖਾਈਆ । ਸਾਚਾ ਢੋਲਾ ਬੋਲੋ ਜੈਕਾਰੀ, ਜੈ ਜੈਕਾਰ ਸੁਣਾਈਆ । ਲੱਖ ਚੁਰਾਸੀ ਕਲਜੁਗ ਅੰਤ ਚਾਰ ਕੁੰਟ ਵੇਖੋ ਖੁਆਰੀ, ਧੀਰਜ ਧੀਰ ਨਾ ਕੋਇ ਧਰਾਈਆ । ਨੇਤਰ ਰੋਂਦੇ ਟਿੱਲੇ ਪਰਬਤ ਉਚ ਪਹਾੜੀ, ਸਮੁੰਦ ਸਾਗਰ ਰਹੇ ਕੁਰਲਾਈਆ । ਨਵ ਨੌ ਚਾਰ ਕੋਈ ਨਾ ਉਤਰੇ ਪਾਰ ਕਿਨਾਰੀ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਕਲਜੁਗ ਅੰਤ ਸਾਚਾ ਮਿਲੇ ਨਾ ਮੀਤ ਮੁਰਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਇਕ ਅਖਵਾਈਆ । ਸਤਿਗੁਰ ਜੁਗ ਕਹੇ ਮੈਂ ਭਗਤਾਂ ਜੋਗਾ, ਜੋਗ ਜੁਗਤ ਦ੍ਰਿੜਾਇੰਦਾ । ਕਾਇਆ ਕਮਲੀ ਬਦਲ ਕੇ ਚੋਗਾ, ਚੋਗ ਇਕੋ ਨਾਮ ਮੁਖ ਪੁਆਇੰਦਾ । ਸਤਿ ਧਰਮ ਦਾ ਦੇ ਕੇ ਹੋਕਾ, ਹੁਕਮ ਇਕ ਸੁਣਾਇੰਦਾ । ਪ੍ਰਭ ਮਿਲਣ ਦਾ ਸਾਚਾ ਮੌਕਾ, ਸਦੀ ਵੀਹਵੀਂ ਵੰਡ ਵੰਡਾਇੰਦਾ । ਫਿਰੇ ਦਰੋਹੀ ਚੌਦਾਂ ਲੋਕਾਂ, ਚੌਦਾਂ ਤਬਕ ਨਾ ਕੋਇ ਵਡਿਆਇੰਦਾ । ਕਲਜੁਗ ਕਰਮ ਹੋਇਆ ਥੋਥਾ, ਹੋਛੀ ਮਤ ਵਖਾਇੰਦਾ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੇ ਸਾਰੇ ਪੋਥਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਇੰਦਾ । ਪਰਮ ਪੁਰਖ ਪਰਮਾਤਮ ਨਾਲ ਸਭ ਦਾ ਹੋਇਆ ਰੋਸਾ, ਰੁਸਿਆਂ ਅੰਤ ਨਾ ਕੋਇ ਮਿਲਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਵੇਖ ਵਖਾਇੰਦਾ । ਸਤਿਗੁਰ ਜੁਗ ਕਹੇ ਮੈਂ ਜਗਤ ਆਇਆ, ਵੱਜੇ ਸਤਿ ਵਧਾਈਆ । ਤ੍ਰੈਗੁਣ ਭੱਜੇ ਵਾਹੋ ਦਾਇਆ, ਨੇਤਰ ਨੈਣ ਸ਼ਰਮਾਈਆ । ਪੰਜ ਵਿਕਾਰਾ ਦਏ ਦੁਹਾਇਆ, ਕੂਕ ਕੂਕ ਅਲਾਈਆ । ਮਨ ਹੰਕਾਰੀ ਡੇਰਾ ਢਾਹਿਆ, ਮਤ ਮਤਵਾਲੀ ਸੀਸ ਝੁਕਾਈਆ । ਗੁਰਸਿਖ ਗੁਰਮੁਖ ਸੁਰਤ ਖੁਲ੍ਹਾਇਆ, ਸ਼ਬਦੀ ਨਾਦ ਵਜਾਈਆ । ਪੁਰਖ ਅਕਾਲਾ ਨਜ਼ਰੀ ਆਇਆ, ਦੀਨ ਦਿਆਲਾ ਬੇਪਰਵਾਹੀਆ । ਸਾਚੀ ਮਾਲਾ ਗਲ ਵਿਚ ਪਾਇਆ, ਤਸਬੀ ਇਕੋ ਇਕ ਵਖਾਈਆ । ਸ਼ਾਹ ਕੰਗਾਲਾ ਜੋੜ ਜੁੜਾਇਆ, ਦੂਈ ਦਵੈਤੀ ਡੇਰਾ ਢਾਹੀਆ । ਮੰਦਰ ਮਸੀਤ ਸ਼ਿਵਦਵਾਲਾ ਮੱਠ ਇਕ ਵਖਾਇਆ, ਕਾਇਆ ਬੰਕ ਕੁੰਡਾ ਲਾਹੀਆ । ਨਾਮ ਪਦਾਰਥ ਝੋਲੀ ਪਾਇਆ, ਵਸਤ ਅਮੋਲਕ ਆਪ ਵਰਤਾਈਆ । ਜਨਮ ਕਰਮ ਦਾ ਵਿਛੜਿਆ ਮੇਲ ਮਿਲਾਇਆ, ਧੁਰ ਸੰਜੋਗੀ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਸਾਚਾ ਦਿਤਾ ਜਣਾਈਆ । ਸਤਿਗੁਰ ਜੁਗ ਕਹੇ ਮੈਂ ਭਗਤਾਂ ਸੰਗ, ਧੁਰ ਦਾ ਸੰਗ ਨਿਭਾਈਆ । ਅੰਦਰ ਬਾਹਰ ਵਜਾਵਾਂ ਮਰਦੰਗ, ਗੁਪਤ ਜ਼ਾਹਿਰ ਸੁਣਾਈਆ । ਪਰਮ ਪੁਰਖ ਦਾ ਦੇ ਅਨੰਦ, ਆਤਮ ਰਸ ਚਖਾਈਆ । ਜੋਤ ਪਰਕਾਸ਼ ਚਾੜ੍ਹ ਕੇ ਚੰਦ, ਅੰਧ ਅੰਧੇਰ ਮਿਟਾਈਆ । ਅੰਮ੍ਰਿਤ ਸਰੋਵਰ ਨੁਹਾ ਕੇ ਗੰਗ, ਦੁਰਮਤ ਮੈਲ ਧੁਆਈਆ । ਭੇਵ ਖੁਲ੍ਹਾਕੇ ਆਤਮ ਹੰ, ਬ੍ਰਹਮ ਦਿਆਂ ਸਮਝਾਈਆ । ਪੜਦਾ ਲਾਹਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਿਆਂ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਮੇਰੀ ਸੇਵਾ ਲਾਈਆ । ਸਤਿਗੁਰ ਜੁਗ ਕਹੇ ਮੈਂ ਭਗਤ ਸੁਹਾਗੀ, ਹਰਿ ਕੰਤ ਦਿਆਂ ਮਿਲਾਈਆ । ਕੂੜੀ ਕਿਰਿਆ ਬਣਾਂ ਤਿਆਗੀ, ਤੀਬਰ ਇਛਿਆ ਇਕ ਪਰਗਟਾਈਆ । ਪ੍ਰਭ ਮਿਲਣ ਦਾ ਜਨ ਵੈਰਾਗੀ, ਵੈਰਾਗ ਸਚ ਉਪਜਾਈਆ । ਦੁਰਮਤ ਮੈਲ ਧੋਵਾਂ ਦਾਗ਼ੀ, ਨਿਰਮਲ ਦਿਆਂ ਵਖਾਈਆ । ਹੰਸ ਬਣਾਵਾਂ ਫੜਕੇ ਕਾਗੀ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜਨ ਭਗਤ ਮਿਲਣ ਦੀ ਮੈਨੂੰ ਵਾਦੀ, ਵਾਧਾ ਅੱਗੇ ਨਾਲੋਂ ਹੋਰ ਵਧਾਈਆ । ਜੋ ਪ੍ਰਭ ਨਾਲੋਂ ਵਿਛੜ ਹੋ ਗਏ ਬਾਗ਼ੀ, ਆਪਣਾ ਆਪ ਭੁਲਾਈਆ । ਮਨ ਵਾਸਨਾ ਵਿਚ ਫਿਰਨ ਆਜ਼ਾਦੀ, ਅਗਲਾ ਡਰ ਨਾ ਕੋਇ ਵਖਾਈਆ । ਉਨ੍ਹਾਂ ਖੇਲ ਅਗੰਮੀ ਦੱਸਾਂ ਡਾਢੀ, ਜਿਸ ਦੀ ਅੱਖਰਾਂ ਵਿਚ ਨਾ ਕੋਇ ਪੜ੍ਹਾਈਆ । ਪ੍ਰਭ ਮਾਲਕ ਖ਼ਾਲਕ ਧੁਰ ਦਾ ਬਾਢੀ, ਜਿਸ ਲੱਖ ਚੁਰਾਸੀ ਘਾੜਤ ਲਿਆ ਘੜਾਈਆ । ਉਹ ਨਿਰਗੁਣ ਸਰਗੁਣ ਵਰਤੇ ਸਵਾਂਗੀ, ਸਵਾਂਗ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਇਕ ਪਰਗਟਾਈਆ । ਸਤਿਗੁਰ ਜੁਗ ਕਹੇ ਮੈਂ ਕੀ ਕਰਾਂ ਤਾਰੀਫ਼, ਤੁਆਰਫ਼ ਭਗਤਾਂ ਨਾਲ ਕਰਾਈਆ । ਕਲਜੁਗ ਬੁੱਢਾ ਵੇਖ ਜ਼ਈਫ, ਮੇਰਾ ਨੈਣ ਸ਼ਰਮਾਈਆ । ਸ੍ਰਿਸ਼ਟ ਸਬਾਈ ਹੋਈ ਸ਼ਰੀਕ, ਲਾਸ਼ਰੀਕ ਬੈਠੇ ਭੁਲਾਈਆ । ਕੂੜੀ ਕਿਰਿਆ ਕਰ ਪ੍ਰੀਤ, ਪ੍ਰੀਤਮ ਨਾਲੋਂ ਹੋਈ ਜੁਦਾਈਆ । ਝਗੜਾ ਪਾ ਕੇ ਊਚ ਨੀਚ, ਦੀਨ ਮਜ਼੍ਹਬ ਕਰਨ ਲੜਾਈਆ । ਸਾਚਾ ਧਰਮ ਕਿਸੇ ਨਾ ਲੱਭਿਆ ਠੀਕ, ਠਾਕਰ ਘਰ ਨਾ ਕੋਇ ਮਨਾਈਆ । ਪ੍ਰਭ ਲੱਭਦੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਭੱਜਣ ਵਾਹੋ ਦਾਹੀਆ । ਕਾਇਆ ਕਿਸੇ ਨਾ ਹੋਈ ਠੰਡੀ ਸੀਤ, ਕਲਜੁਗ ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਧਰਮ ਇਕ ਸਮਝਾਈਆ । ਸਤਿਗੁਰ ਜੁਗ ਕਹੇ ਮੇਰਾ ਧਰਮ ਵੱਖਰਾ, ਜ਼ਾਤਾਂ ਪਾਤਾਂ ਵਿਚ ਨਾ ਆਈਆ ।

ਦੀਨ ਮਜ਼੍ਹਬ ਦਾ ਚਲੇ ਕੋਇ ਨਾ ਨਖ਼ਰਾ, ਨਕਲੀ ਰੂਪ ਨਾ ਕੋਇ ਧਰਾਈਆ । ਮੇਰੀ ਵਡਿਆਈ ਕਰੇ ਨਾ ਕੋਈ ਵਿਚ ਅੱਖਰਾਂ, ਅਲਫ਼ ਯੇ ਨਾ ਸਿਫ਼ਤ ਸਾਲਾਹੀਆ । ਮੈਂ ਕਦੇ ਨਾ ਵੜਿਆ ਵਿਚ ਪੱਥਰਾ, ਸਿਲਾਂ ਵਿਚ ਸੀਸ ਨਾ ਕੋਇ ਟਿਕਾਈਆ । ਮੇਰੇ ਪ੍ਰੇਮ ਪਿਆਰ ਦਾ ਸਭ ਤੋਂ ਵੱਖਰਾ ਪੱਤਰਾ, ਜਿਸ ਦਾ ਲੇਖ ਲਿਖੇ ਨਾ ਕਲਮ ਸ਼ਾਹੀਆ । ਕੋਟਨ ਕੋਟ ਮਿਲਣ ਦਾ ਕਰਦੇ ਰਹੇ ਯਤਨਾ, ਯਥਾ ਯੋਗ ਆਪਣਾ ਜ਼ੋਰ ਲਗਾਈਆ । ਮੈਂ ਵਸਾਂ ਓਸ ਵਤਨਾ, ਜਿਸ ਦਾ ਮੰਦਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਜੁਗ ਇਕ ਸਮਝਾਈਆ । ਸਤਿਗੁਰ ਜੁਗ ਕਹੇ ਮੈਂ ਆਵਾਂ ਜਗ, ਜੁਗ ਜੁਗ ਵੇਸ ਵਟਾਈਆ । ਧਰਨੀ ਧਰਤ ਧਵਲ ਵੇਖ ਲੱਗੀ ਅੱਗ, ਰੂਪ ਅਨੂਪ ਲਵਾਂ ਪਰਗਟਾਈਆ । ਸੰਤ ਸੁਹੇਲੇ ਸਾਚੇ ਸੱਦ, ਧੁਰ ਦਾ ਨਾਮ ਸਮਝਾਈਆ । ਦੇ ਕੇ ਦਰਸ ਉਪਰ ਸ਼ਾਹ ਰਗ, ਘਰ ਸ਼ਹਿਨਸ਼ਾਹ ਦਿਆਂ ਮਿਲਾਈਆ । ਨਾਮ ਪਿਆਲਾ ਪਿਆ ਕੇ ਮਦਿ, ਮਧੁਰ ਧੁਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦਿਆਂ ਮਾਣ ਵਡਿਆਈਆ । ਸਤਿਗੁਰ ਜੁਗ ਕਹੇ ਮੈਂ ਦਰਸ ਕਰਾਵਾਂ ਨੈਣਾਂ, ਕਵਲ ਨੈਣ ਦਿਆਂ ਮਿਲਾਈਆ । ਜਿਸ ਦੇ ਦਵਾਰੇ ਵਜੌਣਾ ਪਏ ਨਾ ਕੋਇ ਢੋਲਕ ਛੈਣਾ, ਛਹਿਬਰ ਇਕੋ ਨਾਮ ਲਗਾਈਆ । ਸਚ ਮੁਕਾਮ ਜਿਸ ਨੇ ਬਹਿਣਾ, ਫੜ ਬਾਹੋਂ ਗੋਦ ਉਠਾਈਆ । ਸੋਹੰ ਢੋਲਾ ਇਕੋ ਕਹਿਣਾ, ਕਹਿ ਕਹਿ ਖ਼ੁਸ਼ੀਆਂ ਰਾਗ ਅਲਾਈਆ । ਕੂੜੇ ਵਹਿਣ ਅੰਤ ਨਾ ਵਹਿਣਾ, ਵਹਿੰਦੀ ਧਾਰੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਇਕ ਅਖਵਾਈਆ । ਜੁਗ ਕਹੇ ਮੋਹੇ ਸਤਿਗੁਰ ਓਟ, ਓੜਕ ਆਸ ਰਖਾਈਆ । ਜਿਸ ਦੇ ਨਗਾਰੇ ਵੱਜੇ ਚੋਟ, ਚੌਕੜੀ ਚੌਕੜ ਰਿਹਾ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਾ ਕੇ ਸੋਚ, ਸਮਝ ਦਿਤੀ ਸਮਝਾਈਆ । ਨੇਤਰ ਵੇਖੇ ਲੋਕ ਪਰਲੋਕ, ਦੋ ਜਹਾਨ ਰਿਹਾ ਵਖਾਈਆ । ਕਲਜੁਗ ਝਗੜਾ ਵਰਨ ਗੋਤ, ਦੀਨ ਮਜ਼੍ਹਬ ਲੜਾਈਆ । ਆਤਮ ਪਰਮਾਤਮ ਮਿਲ ਕੇ ਮਾਣੇ ਨਾ ਕੋਇ ਮੌਜ, ਝੂਠੀ ਮਜਲਸ ਰਹੇ ਲਗਾਈਆ । ਸਤਿ ਧਰਮ ਦੀ ਕਰੇ ਕੋਇ ਨਾ ਖੋਜ, ਕਾਗ਼ਜ਼ਾਂ ਉਤੇ ਕਰ ਕਰ ਥੱਕੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਰੂਪ ਸਦਾ ਸਮਾਈਆ । ਜੁਗ ਕਹੇ ਮੇਰੇ ਸਤਿਗੁਰ ਸੱਚੇ, ਸਚ ਦਿਆਂ ਦ੍ਰਿੜਾਈਆ । ਮੈਂ ਕਾਇਆ ਮਾਟੀ ਭਾਂਡੇ ਵੇਖੇ ਕੱਚੇ, ਕਾਚੀ ਗਗਰੀਆ ਬੈਠੀ ਡੇਰਾ ਲਾਈਆ । ਨੌਂ ਦਵਾਰੇ ਮਨੂਆ ਨੱਚੇ, ਭੱਜੇ ਵਾਹੋ ਦਾਹੀਆ । ਰਸਨਾ ਜਿਹਵਾ ਕੂੜ ਕੁੜਿਆਰ ਬਕੇ, ਬਕਤਾ ਸਚ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਮੋਹ ਅੰਦਰ ਸਾਧ ਸੰਤ ਫਸੇ, ਫਾਂਸੀ ਜਮ ਨਾ ਕੋਇ ਕਟਾਈਆ । ਪੁਰਖ ਅਕਾਲ ਸਰਨਾਈ ਕੋਇ ਨਾ ਦੱਸੇ, ਅੱਖਰਾਂ ਉਤੇ ਟੇਕ ਟਿਕਾਈਆ । ਲੱਖ ਚੁਰਾਸੀ ਵਿਰਲੇ ਜੋ ਆਸਾ ਇਕੋ ਤੱਕੇ, ਨਾਤਾ ਜਗਤ ਤੁੜਾਈਆ । ਬਾਹਰੋਂ ਚੀਥੜ ਹੋਵਣ ਫਟੇ, ਅੰਦਰੋਂ ਲਾਲ ਅਮੋਲਕ ਹੀਰਾ ਨਜ਼ਰੀ ਆਈਆ । ਸਤਿਜੁਗ ਕਲਜੁਗ ਵੇਖ ਵੇਖ ਹੱਸੇ, ਹਸਤੀ ਸਭ ਦੀ ਦਿਤੀ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਸਾਰੇ ਮਧੇ, ਮਦਿਰਾ ਪਾਨ ਕਰੇ ਲੋਕਾਈਆ । ਬਿਨ ਸਾਚੇ ਓਢਨ ਸਾਰੇ ਨੰਗੇ, ਪੜਦਾ ਸਚ ਨਾ ਕੋਇ ਪਾਈਆ । ਤਨ ਮਾਟੀ ਕਿਸੇ ਨਾ ਹੋਏ ਠੰਡੇ, ਅਗਨੀ ਤਤ ਨਾ ਕੋਇ ਬੁਝਾਈਆ । ਬਿਨ ਬੰਦਗੀਉਂ ਖ਼ਾਲੀ ਦਿਸਣ ਬੰਦੇ, ਬੰਧਨ ਸਕੇ ਨਾ ਕੋਇ ਤੁੜਾਈਆ । ਬਿਨ ਹਰਿ ਕੰਤ ਸਵਾਮੀ ਹੋਏ ਰੰਡੇ, ਸ਼ੌਹਰ ਸਚ ਨਾ ਕੋਇ ਹੰਢਾਈਆ ।

ਮੰਜ਼ਲ ਚੜ੍ਹਿਆ ਕੋਇ ਨਾ ਡੰਡੇ, ਡੰਡਾਵਤ ਕਰ ਕਰ ਬੈਠੇ ਢੇਰੀਆਂ ਢਾਹੀਆ । ਹਰਿ ਕਾ ਨਾਮ ਕੋਈ ਨਾ ਵੰਡੇ, ਪੜ੍ਹ ਪੜ੍ਹ ਪੁਸਤਕ ਰਹੇ ਸੁਣਾਈਆ । ਜਗਤ ਵਾਸਨਾ ਲੱਗੇ ਧੰਦੇ, ਧੁੰਦੂਕਾਰ ਨਾ ਕੋਇ ਚੁਕਾਈਆ । ਕਿਸੇ ਸਮਝ ਨਾ ਆਈ ਜੇਰਜ ਅੰਡੇ, ਉਤਭੁਜ ਸੇਤਜ ਫੋਲ ਨਾ ਕੋਇ ਫੁਲਾਈਆ । ਸਚ ਦਵਾਰ ਕੋਈ ਨਾ ਲੰਘੇ, ਪਾਂਧੀ ਪੰਧ ਨਾ ਕੋਇ ਮੁਕਾਈਆ । ਕੋਈ ਪੂਜਾ ਕਰੇ ਵਿਸ਼ਨ ਬ੍ਰਹਮੇ, ਕੋਈ ਸ਼ੰਕਰ ਸੀਸ ਨਿਵਾਈਆ । ਕੋਈ ਕਹੇ ਤੇਈ ਅਵਤਾਰ ਚੰਗੇ, ਰਾਮ ਕ੍ਰਿਸ਼ਨ ਮਿਲੇ ਵਡਿਆਈਆ । ਕੋਈ ਕਹੇ ਈਸਾ ਮੂਸਾ ਮੁਹੰਮਦ ਸਦਾ ਸੰਗੇ, ਚਾਰ ਯਾਰੀ ਗੰਢ ਪੁਆਈਆ । ਕੋਈ ਕਹੇ ਨਾਨਕ ਗੋਬਿੰਦ ਚੁੱਕੇ ਆਪਣੇ ਕੰਧੇ, ਹੋਏ ਅੰਤ ਸਹਾਈਆ । ਸਤਿਗੁਰ ਸਵਾਮੀ ਸ਼ਬਦ ਕਹੇ ਪੁਰਖ ਅਕਾਲ ਨੇ ਲੋਕਮਾਤ ਜੁਗ ਜੁਗ ਪਾਈ ਵੰਡੇ, ਥੋੜਾ ਥੋੜਾ ਭੇਵ ਖੁਲ੍ਹਾਈਆ । ਜਿਨ੍ਹਾਂ ਉਪਰ ਸਾਹਿਬ ਸਵਾਮੀ ਆਪ ਹੋਏ ਬਖ਼ਸ਼ਿੰਦੇ, ਬਖ਼ਸ਼ਿਸ਼ ਇਕ ਵਰਤਾਈਆ । ਉਹ ਕੋਝੇ ਕਮਲੇ ਸਭ ਤੋਂ ਚੰਗੇ, ਚੰਗਿਆਂ ਵਿਚੋਂ ਚੰਗੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨ੍ਹਾਂ ਨਾਲ ਪ੍ਰੀਤਮ ਹੰਡੇ, ਪ੍ਰੀਤੀ ਜਿਨ੍ਹਾਂ ਸਚ ਲਗਾਈਆ । ਜੁਗ ਕਹੇ ਮੇਰੇ ਸਤਿਗੁਰ ਸਮਰਥ, ਤੇਰੇ ਹੱਥ ਵਡਿਆਈਆ । ਮੈਂ ਤੇਰਾ ਗਾਵਾਂ ਜਸ, ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਕਲਜੁਗ ਅੰਤਮ ਸਾਰੇ ਹੋ ਗਏ ਬਸ, ਬਸਤੇ ਸਭ ਦੇ ਬੰਨ੍ਹ ਵਖਾਈਆ । ਕੀਮਤ ਕੋਈ ਰਹੀ ਨਾ ਕੱਖ, ਹੱਟੋ ਹੱਟ ਰਹੇ ਵਿਕਾਈਆ । ਮਾਣ ਚੁਕਿਆ ਤੀਰਥ ਅੱਠ ਸੱਠ, ਜਲ ਧਾਰਾ ਨਾ ਕੋਈ ਸਮਾਈਆ । ਸਾਚੀ ਦੇ ਇਕੋ ਮਤ, ਮਨ ਮਤ ਪੰਧ ਮੁਕਾਈਆ । ਰਲ ਮਿਲ ਸਾਰੇ ਤੇਰਾ ਗਾਵਣ ਜਸ, ਪੁਰਖ ਅਕਾਲ ਇਕ ਸ਼ਰਨਾਈਆ । ਖਹਿੜਾ ਛੁਟ ਜਾਏ ਮੰਦਰ ਮਸੀਤਾਂ ਗੁਰੂਦਵਾਰੇ ਮੱਠ, ਕਾਇਆ ਮੰਦਰ ਅੰਦਰ ਇਕੋ ਨਜ਼ਰੀ ਆਈਆ । ਘਰ ਪਰਕਾਸ਼ ਜੋਤ ਜਗੇ ਲਟ ਲਟ, ਲਾਟਾਂ ਵਾਲੀ ਬੈਠੀ ਸੀਸ ਨਿਵਾਈਆ । ਚਤਰਭੁਜ ਸੀਸ ਚਰਨਾਂ ਉਤੇ ਸੱਟ, ਵਸਤ ਅਮੋਲਕ ਮੰਗ ਮੰਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਖੋਲ੍ਹ ਸਮਰਥ, ਮਹਿੰਮਾ ਅਕਥ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਜੁਗ ਸਤਿ ਮੰਗ ਮੰਗਾਈਆ । ਸਤਿਜੁਗ ਕਹੇ ਮੈਂ ਸਤਿਗੁਰ ਤੇਰਾ ਹੋਇਆ, ਹੋਕਾ ਦੇ ਕੇ ਰਿਹਾ ਜਣਾਈਆ । ਜਨ ਭਗਤ ਉਠਾਇਆ ਸੋਇਆ, ਸੁਰਤੀ ਤੇਰੇ ਨਾਲ ਮਿਲਾਈਆ । ਉਹ ਗੁਰਮੁਖ ਕਦੇ ਨਾ ਮੋਇਆ, ਮੁਰਦਾ ਜੀਵਤ ਰੂਪ ਵਟਾਈਆ । ਲੇਖਾ ਚੁਕਿਆ ਤ੍ਰੈ ਤ੍ਰੈ ਲੋਇਆ, ਲੋਕ ਪਰਲੋਕ ਖ਼ੁਸ਼ੀ ਵਖਾਈਆ । ਏਥੇ ਓਥੇ ਸਦਾ ਨਵਾਂ ਨਰੋਇਆ, ਦੁੱਖ ਰੋਗ ਸੰਤਾਪ ਨਾ ਲਾਗੇ ਰਾਈਆ । ਤੇਰੇ ਨਾਮ ਦਾ ਦੇਵਾਂ ਘਰ ਘਰ ਢੋਆ, ਦਰ ਦਰ ਤੇਰੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਚ ਤੂੰ ਹੀ ਨਜ਼ਰੀ ਆਈਆ । ਜੁਗ ਕਹੇ ਸਤਿਗੁਰ ਸੱਚੇ, ਸਚ ਤੇਰੀ ਵਡਿਆਈਆ । ਸੰਤ ਸੁਹੇਲੇ ਤੇਰੇ ਬੱਚੇ, ਬੱਚਿਆਂ ਵਾਂਗ ਗੋਦ ਉਠਾਈਆ । ਲੂੰ ਲੂੰ ਅੰਦਰ ਇਨ੍ਹਾਂ ਰਚੇ, ਸਾਢੇ ਤਿੰਨ ਕਰੋੜ ਵੱਜੇ ਵਧਾਈਆ । ਇਹ ਗ਼ਰੀਬ ਨਿਮਾਣੇ ਉਨ੍ਹਾਂ ਨਾਲੋਂ ਕੋਟਨ ਦਰਜੇ ਅੱਛੇ, ਜੋ ਜੂਠੇ ਝੂਠੇ ਕਲਜੁਗ ਮਾਇਆ ਮਮਤਾ ਵਿਚ ਫੱਸੇ, ਅੱਠੇ ਪਹਿਰ ਭੱਜਣ ਵਾਹੋ ਦਾਹੀਆ । ਏਨ੍ਹਾਂ ਬੰਨ੍ਹ ਸਚ ਡੋਰੀ ਪ੍ਰੇਮ ਆਪਣੇ ਰੱਸੇ, ਰਸਤਾ ਇਕੋ ਦੇ ਸਮਝਾਈਆ । ਤੈਨੂੰ ਮਿਲ ਕੇ ਜਨ ਤੇਰੇ ਨਾਲ ਹੱਸੇ, ਹਸਤੀ ਹਸਤੀ ਵਿਚ ਸਮਾਈਆ । ਮਾਨਸ ਜਨਮ ਅੰਤ ਨਾ ਰਲੇ ਘੱਟੇ, ਕੌਡੀ ਕੌਡੀ ਕੀਮਤ ਦੇ ਚੁਕਾਈਆ । ਕੀ ਹੋਇਆ ਜੇ ਧੰਨੇ ਮਿਲਿਆ ਵਿਚੋਂ ਵੱਟੇ, ਜਨ ਭਗਤਾਂ ਕਾਇਆ ਮੰਦਰ ਅੰਦਰ ਦਰਸ ਕਰਾਈਆ । ਸਚ ਨਿਸ਼ਾਨਾ

੭੯੦
੧੭

ਦੱਸ ਦੇ ਆਪਣੇ ਪਤੇ, ਪਤਿਪਰਮੇਸ਼ਵਰ ਫੇਰਾ ਪਾਈਆ । ਅਸੀਂ ਸ੍ਰਿਸ਼ਟ ਸਬਾਈ ਨਾਲੋਂ ਨਾਤਾ ਤੋੜ ਕੇ ਤੇਰੇ ਨਾਲ ਹੋਏ ਪੱਕੇ, ਕੱਚੀ ਗੰਢ ਨਾ ਕੋਈ ਰਖਾਈਆ । ਲੇਖਾ ਚੁਕਿਆ ਜਮ ਕੀ ਫਾਂਸੀ ਫੱਟੇ, ਫਾਟਕ ਧੁਰ ਦਾ ਦਿਤਾ ਖੁਲ੍ਹਾਈਆ । ਤੇਰਾ ਭਗਤ ਤੇਰੇ ਕੋਲੋਂ ਕਦੇ ਨਾ ਪਿਛੇ ਹਟੇ, ਮੁਖ ਸਕੇ ਨਾ ਕੋਈ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅੰਤਮ ਵਰ, ਅੰਤਰ ਤੇਰਾ ਰੰਗ ਰੰਗਾਈਆ । ਜੁਗ ਕਹੇ ਸਤਿਗੁਰ ਤੇਰਾ ਅਗੰਮੀ ਰਸਤਾ, ਬਰਾਸਤਾ ਗੁਰ ਸਤਿਗੁਰ ਨਜ਼ਰੀ ਆਈਆ । ਪੜ੍ਹਨ ਲਿਖਣ ਦਾ ਬੰਨ੍ਹ ਦੇਈਏ ਪਿਛਲਾ ਬਸਤਾ, ਅੱਗੇ ਇਕੋ ਨਾਮ ਸਾਲਾਹੀਆ । ਜਿਸ ਦਵਾਰੇ ਗੁਰੂ ਅਵਤਾਰ ਪੀਰ ਪੈਗ਼ੰਬਰ ਵਸਦਾ, ਉਸ ਮੰਦਰ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਦਰ ਤੇ ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰਦਾ ਨੱਸਦਾ, ਆਦਿ ਜੁਗਾਦਿ ਹੁਕਮੇ ਅੰਦਰ ਭੁਆਈਆ । ਉਸ ਮੰਦਰ ਦੀਪਕ ਵੇਖੀਏ ਬਲਦਾ, ਜਿਸਦੀ ਸਦਾ ਸਦਾ ਰੁਸ਼ਨਾਈਆ । ਜੋ ਸਿੰਘਾਸਣ ਸਾਹਿਬ ਸੁਲਤਾਨ ਮੱਲਦਾ, ਤਖ਼ਤ ਨਿਵਾਸੀ ਡੇਰਾ ਲਾਈਆ । ਜੋ ਸ਼ਬਦ ਸੰਦੇਸ਼ੇ ਘਲਦਾ, ਜੁਗ ਜੁਗ ਕਰੇ ਪੜ੍ਹਾਈਆ । ਉਸਦਾ ਵਿਛੋੜਾ ਝੱਲਿਆ ਜਾਏ ਨਾ ਘੜੀ ਪਲ ਦਾ, ਪਲਕ ਅੱਖ ਨਾ ਕੋਇ ਬਦਲਾਈਆ । ਖਹਿੜਾ ਛੁੱਟ ਜਾਏ ਕਲਜੁਗ ਕਲ ਦਾ, ਕਾਲਖ ਟਿੱਕਾ ਦੇ ਮਿਟਾਈਆ । ਤੇਰੀ ਜੋਤ ਜੋ ਤੇਰਾ ਹੋ ਕੇ ਰਲਦਾ, ਅੰਤਮ ਤੇਰੇ ਵਿਚ ਸਮਾਈਆ । ਸੋ ਚਰਨ ਦਵਾਰਾ ਸਾਚਾ ਮੱਲਦਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਇਹੋ ਫਲ ਪ੍ਰਭੂ ਨੂੰ ਮਿਲਣ ਦਾ, ਮਿਲਿਆ ਮੇਲ ਨਾ ਕੋਇ ਤੁੜਾਈਆ । ਲਹਿਣਾ ਚੁੱਕੇ ਜਲ ਥਲ ਦਾ, ਟਿੱਲੇ ਪਰਬਤ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਤਿਜੁਗ ਸਾਚੀ ਮੰਗ ਮੰਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਸਵਾਲ ਤੇਰੇ ਹੱਲ ਦਾ, ਅਹਿਵਾਲੇ ਸਾਰੇ ਦੇ ਦੇ ਗਏ ਸਮਝਾਈਆ । ।

## ੧੦ ਕੱਤਕ ੨੦੨੧ ਬਿਕ੍ਰਮੀ ਬਲਵੰਤ ਸਿੰਘ ਨਾਲ ਪਿੰਡ ਤ੍ਰਸਿੱਕਾ

ਸਤਿਗੁਰ ਪ੍ਰੀਤੀ ਸਚ ਅਭਿਆਸ, ਅੰਤਰ ਆਤਮ ਭੇਵ ਚੁਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਸਦ ਵਸੇ ਪਾਸ, ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਪਵਣ ਸਵਾਸ, ਸਾਹ ਸਾਹ ਸਮਾਈਆ । ਮਾਣਸ ਜਨਮ ਕਰੇ ਰਾਸ, ਪੰਜ ਤਤ ਦਏ ਵਡਿਆਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਰੇ ਨਾਸ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਘਰ ਮੰਡਲ ਵਖਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਦੇਵੇ ਦਰਸ ਬਹੁ ਬਿਧ ਭਾਂਤ, ਅਨਕ ਕਲ ਵੇਸ ਵਟਾਈਆ । ਜਗਤ ਅੰਧੇਰੀ ਮਿਟੇ ਰਾਤ, ਸੂਰਜ ਸਤਿ ਸਤਿ ਰੁਸ਼ਨਾਈਆ । ਲਹਿਣਾ ਚੁਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਪੰਧ ਮੁਕਾਈਆ । ਆਪਣਾ ਭੇਦ ਚੁਕਾਏ ਆਪੇ ਆਪ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸਰਨਾਈ ਸਾਚਾ ਜਾਪ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਸਤਿਗੁਰ ਪੂਰਾ ਕਰੇ ਪੁਨੀਤ ਪਵਿੱਤ ਪਾਕੀ ਪਾਕ, ਨੇਤਰ ਨੈਣ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕ ਦ੍ਰਿੜਾਈਆ । ਸਚ ਅਭਿਆਸ ਸਤਿਗੁਰ ਸਰਨ, ਦੇਵੇ ਮਾਣ ਵਡਿਆਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਜਗਤ ਦਵਾਰ ਜਗਤ

ਰਸ ਦਰ ਪਾਣੀ ਭਰਨ, ਬੈਠਣ ਸੀਸ ਝੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਵੜਨ, ਮੂੰਹ ਦੇ ਭਾਰ ਸੁਟਾਈਆ । ਸਰਬ ਸਵਾਮੀ ਹਰਿ ਕਰਤਾ ਕਰਨੀ ਕਰਨ, ਹਰਿ ਕਰਤਾ ਇਕ ਅਖਵਾਈਆ । ਅੰਤਰ ਆਤਮ ਆਏ ਫੜਨ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕ ਸਮਝਾਈਆ । ਸਚ ਅਭਿਆਸ ਕਾਇਆ ਜੋਗ, ਪੰਜ ਤਤ ਆਪ ਕਰਾਇੰਦਾ । ਕੂੜੀ ਕਿਰਿਆ ਕੱਟ ਕੇ ਰੋਗ, ਆਪਣੀ ਗੰਢ ਪਵਾਇੰਦਾ । ਅੰਤਰ ਅੰਦਰ ਸੁਣਾ ਸਲੋਕ, ਅਗੰਮੀ ਰਾਗ ਅਲਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਮਿਟਾਇੰਦਾ । ਆਲ੍ਹਣਿਉਂ ਡਿੱਗੇ ਉਠਾਏ ਬੋਟ, ਆਪਣੀ ਗੋਦ ਬਹਾਇੰਦਾ । ਲਹਿਣਾ ਦੇਣਾ ਚੁਕਾ ਕੇ ਹਰਖ਼ ਸੋਗ, ਚਿੰਤਾ ਗ਼ਮ ਮਿਟਾਇੰਦਾ । ਬਿਨ ਸਤਿਗੁਰ ਕਿਰਪਾ ਸਾਚੇ ਮੰਦਰ ਕੋਇ ਨਾ ਸਕੇ ਪਹੁੰਚ, ਕੋਟਨ ਕੋਟ ਜੋਗੀ ਜਤੀ ਸਤੀ ਜੋਗੀਸ਼ਰ ਧਿਆਨ ਲਗਾਇੰਦਾ । ਸਚ ਅਭਿਆਸ ਦੀ ਜਿਸ ਮਾਣਨੀ ਮੌਜ, ਸੋ ਮਜਲਸ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਚ ਅਭਿਆਸ ਕਾਇਆ ਤਨ, ਤਤਵ ਤਤ ਦਏ ਦ੍ਰਿੜਾਈਆ । ਸਤਿਗੁਰ ਪੂਰਾ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਸ਼ਬਦੀ ਡੋਰੀ ਪਾਏ ਮਨੂਆ ਮਨ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅਗੰਮੀ ਰਾਗ ਸੁਣਾਏ ਕੰਨ, ਢੋਲਕ ਛੈਣਾ ਨਾ ਕੋਇ ਵਜਾਈਆ । ਹਰਿਜਨ ਲੇਖੇ ਲਾਏ ਸ੍ਰੀ ਭਗਵਨ, ਭਾਗ ਧੁਰ ਦਾ ਝੋਲੀ ਪਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਨਿਜ ਨੈਣ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਧ ਅਗਾਧੀ ਚੜ੍ਹਾਏ ਆਪਣਾ ਚੰਨ, ਸੂਰਜ ਚੰਨ ਮੁਖ ਸ਼ਰਮਾਈਆ । ਭਾਂਡਾ ਭਰਮ ਭੌ ਕੂੜੀ ਕਿਰਿਆ ਦੇਵੇ ਭੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਪਰਗਟਾਈਆ । ਸਚ ਅਭਿਆਸ ਸਦਾ ਗੁਰ ਮੰਤਰ, ਸ਼ਬਦੀ ਸ਼ਬਦ ਵਡਿਆਈਆ । ਜੋ ਸਰਬ ਜੀਆਂ ਬਿਧ ਜਾਣੇ ਅੰਤਰ, ਬਸੰਤਰ ਦਏ ਬੁਝਾਈਆ । ਭੇਵ ਖੁਲ੍ਹਾਏ ਗਗਨ ਗਗਨੰਤਰ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਫੜ ਚੜ੍ਹਾਵੇ ਓਸ ਮੰਦਰ, ਜਿਸ ਮੰਜ਼ਲ ਕਬੀਰਾ ਚੜ੍ਹਕੇ ਦਏ ਦੁਹਾਈਆ । ਗੁਰਸਿਖ ਗੁਰ ਕਾ ਹੋਏ ਹਰਦਿਲ, ਅਜ਼ੀਜ਼ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਅਭਿਆਸ ਇਕੋ ਘਰ ਸਮਝਾਈਆ । ਸਚ ਅਭਿਆਸ ਦੀ ਸਤਿਗੁਰ ਜੁਗਤੀ, ਬਿਨ ਅੱਖਰਾਂ ਦਏ ਦ੍ਰਿੜਾਈਆ । ਅੱਗੇ ਭੱਜੀ ਜਾਏ ਆਪੇ ਸੁਰਤੀ, ਸੁਖਮਨ ਟੇਡੀ ਬੰਕ ਈੜਾ ਪਿੰਗਲ ਨਾ ਕੋਇ ਅਟਕਾਈਆ । ਸ਼ਬਦ ਗੁਰੂ ਹੱਥ ਬੜੀ ਫੁਰਤੀ, ਫੁਰਨੇ ਸਭ ਦੇ ਬੰਦ ਕਰਾਈਆ । ਨਾਦ ਸੁਣਾਏ ਆਪਣਾ ਤੂਰਤੀ, ਤੁਰੀਆ ਨੈਣ ਨਾ ਸਕੇ ਉਠਾਈਆ । ਦਰਸ ਦਿਖਾਏ ਅਕਾਲ ਮੂਰਤੀ, ਅਨਭਵ ਪਰਕਾਸ਼ ਦਏ ਜਣਾਈਆ । ਆਸਾ ਮਨਸਾ ਗੁਰਮੁਖ ਪੂਰਤੀ, ਪੂਰਨ ਪੂਰਨ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਿਗੁਰ ਮਿਲਣ ਦਾ ਜਿਨ੍ਹਾਂ ਚਾਓ ਘਨੇਰਾ, ਅੰਤਰ ਆਤਮ ਧਿਆਨ ਲਗਾਈਆ । ਸੋ ਕਾਇਆ ਮੰਦਰ ਅੰਦਰ ਵੇਖਣ ਖੁਲ੍ਹਾ ਵੇਹੜਾ, ਬ੍ਰਹਿਮੰਡ ਖੰਡ ਘਰ ਘਰ ਨਜ਼ਰੀ ਆਈਆ । ਤ੍ਰੈਗੁਣ ਮਾਇਆ ਪੰਜ ਤਤ ਚੁਕੇ ਝੇੜਾ, ਕੂੜੀ ਕਿਰਿਆ ਨਾ ਕਰੇ ਲੜਾਈਆ । ਓਥੇ ਨਜ਼ਰੀ ਆਏ ਇਕੋ ਤੇਰਾ ਮੇਰਾ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਟਾਈਆ । ਲੱਖ ਚੁਰਾਸੀ ਵਿਚੋਂ ਜਿਨ੍ਹਾਂ ਮਾਣਸ ਜਨਮ ਵਿਚ ਮਾਰਿਆ ਫੇਰਾ, ਪੰਜ ਤਤ ਕਾਇਆ ਚੋਲਾ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਦਏ ਵਖਾਈਆ। ਜੋਗ ਅਭਿਆਸ ਦਾ ਸਤਿਗੁਰ ਤਰੀਕਾ, ਇਕੋ ਇਕ ਜਣਾਈਆ। ਮਾਰਗ ਦੱਸੇ ਨੀਕਨ ਨੀਕਾ, ਨੇੜੇ ਨੇੜੇ ਹੋ ਕੇ ਗਲੇ ਲਗਾਈਆ। ਸਚ ਨਿਸ਼ਾਨਾ ਦੱਸੇ ਠੀਕਾ, ਠੀਕਰ ਕੂੜਾ ਭੰਨ ਢੇਰੀ ਦਏ ਵਖਾਈਆ। ਜੋ ਲੇਖਾ ਜਾਣੇ ਜੀਵ ਜੀਅ ਕਾ, ਲੱਖ ਚੁਰਾਸੀ ਰਿਹਾ ਸਮਾਈਆ। ਹੁਕਮ ਦੇਵੇ ਭੇਵ ਖੁਲ੍ਹਾਵੇ ਸਾਢੇ ਤਿੰਨ ਹੱਥ ਸੀਂ ਕਾ, ਰਵਦਾਸ ਚਮਾਰਾ ਦਏ ਗਵਾਹੀਆ। ਪਿਛੇ ਵੇਲਾ ਜੋ ਜਿਨ੍ਹਾਂ ਪਿਛੇ ਬੀਤਾ, ਬੀਤੀ ਕਹਾਣੀ ਸਮਝ ਕਿਸੇ ਨਾ ਆਈਆ। ਸਾਚੇ ਮੰਦਰ ਚੜ੍ਹਨ ਦੀ ਸਤਿਗੁਰ ਆਦਿ ਜੁਗਾਦਿ ਚਲਾਈ ਰੀਤਾ, ਜੁਗ ਚੌਕੜੀ ਖੇਲ ਵਖਾਈਆ। ਕਿਸੇ ਹੱਥ ਨਾ ਆਇਆ ਮੰਦਰ ਮਸੀਤਾ, ਸ਼ਿਵਦਵਾਲੇ ਮੱਠ ਦੇਣ ਦੁਹਾਈਆ। ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਰਦੀ ਗਈ ਉਡੀਕਾ, ਬ੍ਰਹਮ ਪਾਰਬ੍ਰਹਮ ਢੋਲੇ ਰਾਗ ਸੁਣਾਈਆ। ਬਿਨ ਸਤਿਗੁਰ ਕਿਰਪਾ ਤਨ ਮਨ ਕਾਇਆ ਠੰਡਾ ਕਿਸੇ ਨਾ ਕੀਤਾ, ਅਗਨੀ ਤਤ ਨਾ ਕੋਇ ਬੁਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣੀ ਕਾਰ ਕਮਾਈਆ। ਜੋਗ ਅਭਿਆਸ ਸਾਢੇ ਤਿੰਨ ਹੱਥ ਮੰਦਰ, ਹਰਿ ਕਰਤਾ ਆਪ ਜਣਾਇੰਦਾ। ਸਤਿਗੁਰ ਪੂਰਾ ਵੜ ਕੇ ਅੰਦਰ, ਪੜਦਾ ਓਹਲਾ ਪਰੇ ਹਟਾਇੰਦਾ। ਬਜਰ ਕਪਾਟੀ ਤੋੜ ਕੇ ਜੰਦਰ, ਕੁੰਡੀ ਖਿੜਕੀ ਆਪ ਖੁਲ੍ਹਾਇੰਦਾ। ਭੇਵ ਚੁਕਾ ਕੇ ਗਗਨ ਗਗਨੰਤਰ, ਬ੍ਰਹਿਮੰਡ ਖੰਡ ਚਰਨਾਂ ਹੇਠ ਵਖਾਇੰਦਾ। ਬਿਨਾਂ ਅੱਖਰਾਂ ਬਿਨ ਰਸਨਾ ਜਿਹਵਾ ਜਣਾਏ ਆਪਣਾ ਮੰਤਰ, ਮੰਤਵ ਗੁਰਮੁਖ ਹੱਲ ਕਰਾਇੰਦਾ। ਆਤਮ ਪਰਮਾਤਮ ਬਣਾਏ ਬਣਤਰ, ਘਰ ਸਾਚੇ ਜੋੜ ਜੁੜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ। ਜੋਗ ਅਭਿਆਸ ਦਾ ਸਾਚਾ ਭਾਉ, ਭਗਤੀ ਮਿਲੇ ਵਡਿਆਈਆ। ਸਾਹਿਬ ਸੁਲਤਾਨ ਸਚ ਸਵਾਮੀ ਦੱਸੇ ਰਾਹੋ, ਰਹਿਬਰ ਇਕੋ ਨੂਰ ਖ਼ੁਦਾਈਆ। ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਨਦੇ ਬੇਪਰਵਾਹੋ, ਬੇਅੰਤ ਵਡ ਵਡਿਆਈਆ। ਜਿਸ ਦੀ ਮੰਜ਼ਲ ਅਗੰਮ ਅਥਾਹੋ, ਦੂਰ ਦੁਰਾਡਾ ਤਖ਼ਤ ਨਿਵਾਸੀ ਘਰ ਸਾਚੇ ਬੈਠਾ ਸੋਭਾ ਪਾਈਆ। ਕਰ ਕਿਰਪਾ ਜਿਸ ਜੁਗ ਚੌਕੜੀ ਪਕੜੇ ਬਾਹੋਂ, ਨਿਰਵੈਰ ਆਪਣੀ ਦਇਆ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਸਮਝਾਈਆ। ਸਾਚਾ ਮਾਰਗ ਹਰਿ ਕਾ ਸਿੱਧਾ, ਸਿੱਧਾਂ ਸਮਝ ਕੋਇ ਨਾ ਆਈਆ। ਜਿਨ੍ਹਾਂ ਪ੍ਰਭੂ ਆਪਣੇ ਮਿਲਣ ਦੀ ਦੱਸੇ ਅੰਦਰ ਬਿਧਾ, ਬਿਧਨਾ ਲੇਖਾ ਦਏ ਮੁਕਾਈਆ। ਸੋ ਆਤਮ ਪਰਮਾਤਮ ਮਿਲ ਕੇ ਪਾਵਣ ਗਿੱਧਾ, ਬ੍ਰਹਮ ਪਾਰਬ੍ਰਹਮ ਵਿਚ ਸਮਾਈਆ। ਸਾਚਾ ਮੰਦਰ ਉਚ ਮਹੱਲ ਅਟਲ ਅਟਾਰ ਕੋਈ ਨਾ ਜਾਣੇ ਵੱਡਾ ਕਿੱਡਾ, ਛੱਪਰ ਛੰਨ ਚਾਰ ਦੀਵਾਰ ਸਮਝ ਕਿਸੇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਦ੍ਰਿੜਾਈਆ। ਜੋਗ ਅਭਿਆਸ ਦੀ ਸਾਚੀ ਸਿਖਿਆ, ਜੁਗ ਜੁਗ ਗੁਰ ਅਵਤਾਰ ਗਏ ਦ੍ਰਿੜਾਈਆ। ਬਿਨ ਸ੍ਰੀ ਭਗਵਾਨ ਸਨਮੁਖ ਹੋ ਪਾਵੇ ਕੋਈ ਨਾ ਭਿਛਿਆ, ਭਗਤਨ ਬਿਨ ਨੇਤਰ ਨੈਣ ਦਰਸ ਕੋਇ ਨਾ ਪਾਈਆ। ਸਾਚੇ ਮੰਦਰ ਅੰਦਰ ਉਚ ਮਨਾਰ ਸ੍ਰੀ ਭਗਵਾਨ ਨੌਜਵਾਨ ਜਿਨ੍ਹਾਂ ਦਿਸਿਆ, ਤਿਨ੍ਹਾਂ ਦ੍ਰਿਸ਼ਟੀ ਆਪ ਖੁਲ੍ਹਾਈਆ। ਸੋ ਸ੍ਰਿਸ਼ਟ ਸਬਾਈ ਜਾਨਣ ਮਿਥਿਆ, ਨਾਤਾ ਸਗਲ ਜਹਾਨ ਤੁੜਾਈਆ। ਅੱਖਰਾਂ ਕਾਗ਼ਜ਼ਾਂ ਕਲਮ ਸ਼ਾਹੀ ਜੋ ਲੇਖਾ ਲਿਖਿਆ, ਇਸ ਤੋਂ ਪਰੇ ਬੇਪਰਵਾਹੀਆ। ਜਿਨ੍ਹਾਂ ਆਪਣੇ ਪ੍ਰੇਮ ਦਾ ਦੇਵੇ ਅਨੋਖਾ ਵੱਖਰਾ ਹਿਸਿਆ, ਹਿੱਸੇਦਾਰ ਲਏ ਬਣਾਈਆ। ਤਿਨ੍ਹਾਂ ਧਾਮ ਵਖਾਏ ਉਹ ਅਨਡਿਠਿਆ, ਜਿਸ ਦਾ ਰੰਗ ਰੂਪ ਨਜ਼ਰ

੭੯੩
੧੭

ਕਿਸੇ ਨਾ ਆਈਆ । ਕਰਵਟ ਲੈ ਬਦਲਾਵੇ ਪਿਠਿਆ, ਸਨਮੁਖ ਬਹਿ ਖ਼ੁਸ਼ੀ ਵਖਾਈਆ । ਸਾਚੀ ਮੰਜ਼ਲ ਸੋ ਗੁਰਮੁਖ ਚੜ੍ਹ ਕੇ ਕਹੇ ਮੈਂ ਆਪਣਾ ਆਪ ਜਿੱਤਿਆ, ਮਨ ਜੀਤ ਜਿੱਤੀ ਲੋਕਾਈਆ । ਰਸ ਨੌਵੇਂ ਦਿਸੇ ਫਿਕਿਆ, ਨੌ ਦਵਾਰ ਨਾਤਾ ਦਿਤਾ ਤਜਾਈਆ । ਸਤਿਗੁਰ ਪੂਰਾ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਰਸ ਵਖਾਵੇ ਮਿਠਿਆ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਘਰ ਘਰ ਵਿਚੋਂ ਪਰਗਟਾਈਆ । ਸਚ ਅਭਿਆਸ ਕਰੇ ਪਰਗਟ, ਜਗ ਨੇਤਰ ਨਜ਼ਰ ਨਾ ਆਈਆ । ਅਬਿਨਾਸ਼ੀ ਕਰਤੇ ਖੋਲ੍ਹਿਆ ਹੱਟ, ਸਾਢੇ ਤਿੰਨ ਹੱਥ ਦਏ ਵਡਿਆਈਆ । ਬੇਸ਼ਕ ਬਾਹਰੋਂ ਰਸਨਾ ਜਿਹਵਾ ਬੱਤੀ ਦੰਦ ਮਣਕਿਆ ਵਾਲੀ ਮਾਲਾ ਰਹੇ ਰਟ, ਅੱਖਰਾਂ ਵਾਲਾ ਨਾਮ ਦਿਵਸ ਰੈਣ ਢੋਲੇ ਗਾਈਆ । ਜਿੰਨਾਂ ਚਿਰ ਸਤਿਗੁਰ ਪੂਰਾ ਤੀਰ ਨਿਰਾਲਾ ਅਣਿਆਲਾ ਨਾ ਮਾਰੇ ਫੱਟ, ਦੂਈ ਦਵੈਤੀ ਪੜਦਾ ਦਏ ਕਟਾਈਆ । ਓਨਾ ਚਿਰ ਮਿਲੇ ਨਾ ਕਿਸੇ ਪੁਰਖ ਸਮਰਥ, ਘਰ ਘਰ ਵਿਚ ਫੇਰਾ ਪਾਈਆ । ਸਤਿਗੁਰ ਪੂਰਾ ਮਿਹਰਵਾਨ ਹੋ ਕੇ ਜਿਸ ਦੀ ਖੋਲ੍ਹ ਦੇਵੇ ਅੰਤਰ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਉਹ ਮੰਨੇ ਮੈਨੂੰ ਪ੍ਰਭੂ ਮਿਲਿਆ ਸਚ, ਸਚ ਰੂਪ ਦਏ ਸਮਝਾਈਆ । ਮੰਜ਼ਲ ਮੁਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਕੱਚ, ਮਹੱਲ ਅਟਲ ਚੜ੍ਹ ਚੜ੍ਹ ਖ਼ੁਸ਼ੀ ਮਨਾਈਆ । ਵਾਂਗ ਮਲੰਗਾਂ ਪਏ ਨੱਚ, ਡੌਰੂ ਡੰਕਾ ਸੰਗ ਨਾ ਕੋਇ ਰਖਾਈਆ । ਮੁਰਸ਼ਦ ਮਿਲ ਕੇ ਮੁਰੀਦ ਕਹੇ ਮੇਰੀ ਮੁਕੀ ਹੱਦ, ਘਰ ਪਾਇਆ ਬੇਪਰਵਾਹੀਆ । ਜਗਤ ਕੂੜਾਵਾ ਨਾਤਾ ਦੇਵੇ ਛੱਡ, ਛੁੱਟੇ ਸਰਬ ਲੋਕਾਈਆ । ਸਾਚੀ ਮਿਲੇ ਓਸ ਯੱਦ, ਜਿਸ ਯੱਦ ਦਾ ਮਾਲਕ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸੁਰਤੀ ਕਹੇ ਮੈਂ ਸਦਾ ਅੰਞਾਣੀ, ਜੁਗ ਜੁਗ ਧਿਆਨ ਲਗਾਈਆ । ਮੈਂ ਸੁਣ ਸੁਣ ਥੱਕੀ ਚਾਰੇ ਬਾਣੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਮੈਂ ਫਿਰ ਫਿਰ ਥੱਕੀ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਚਰਨਾਂ ਹੇਠ ਦਬਾਈਆ । ਬਿਨ ਸਤਿਗੁਰ ਕਿਰਪਾ ਮਿਲਿਆ ਸ਼ਬਦ ਨਾ ਸੱਚਾ ਹਾਣੀ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਲੇਖ ਚੁਕਿਆ ਨਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਸਾਚੇ ਘਰ ਦੀ ਬਣੀ ਸਤਿ ਨਾ ਰਾਣੀ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਕਬੀਰ ਜੁਲਾਹੇ ਦੱਸਿਆ ਮੈਨੂੰ ਮਿਲ ਗਿਆ ਤਣਦਿਆਂ ਤਾਣੀ, ਇਹ ਓਸੇ ਦੀ ਬੇਪਰਵਾਹੀਆ । ਰਵਦਾਸ ਚਮਾਰੇ ਕੋਲ ਜੁੱਤੀਆਂ ਗੰਢਣ ਦੀ ਇਕ ਨਿਸ਼ਾਨੀ, ਕੱਚੀ ਡੋਰੀ ਤੰਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਅਭਿਆਸ ਆਪਣੇ ਹੱਥ ਰਖਾਈਆ । ਜੋਗ ਅਭਿਆਸ ਦੱਸਣ ਜੋਗੀ, ਜੁਗਤੀ ਨਾਲ ਦ੍ਰਿੜਾਈਆ । ਹਰਿ ਸਤਿਗੁਰ ਜੋੜਾ ਧੁਰ ਸੰਜੋਗੀ, ਜੁਗ ਜੁਗ ਵਿਛੜੇ ਦਏ ਮਿਲਾਈਆ । ਜਿਸ ਨੂੰ ਲੱਭਦੇ ਫਿਰਦੇ ਕੋਟਨ ਕੋਟੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਖੋਜ ਖੁਜਾਈਆ । ਸੋ ਘਰ ਘਰ ਬੈਠਾ ਉਪਰ ਚੜ੍ਹ ਕੇ ਚੋਟੀ, ਬਿਨ ਨਿਜ ਨੇਤਰ ਅੱਖ ਕਰੇ ਰੁਸ਼ਨਾਈਆ । ਜੇ ਸਤਿਗੁਰ ਪੂਰਾ ਕਿਰਪਾ ਕਰੇ ਸਿਰ ਰੱਖ ਦਏ ਇਹੋ ਜੇਹੀ ਸੋਟੀ, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਆਪਣਾ ਦਰਸ ਕਰਾਈਆ । ਓਹ ਗੁਰਮੁਖ ਮਾਣਕ ਧੁਰ ਦਾ ਮੋਤੀ, ਹੀਰਾ ਜਵਾਹਰ ਕੰਮ ਕਿਸੇ ਨਾ ਆਈਆ । ਜਿਸ ਨੂੰ ਸੱਯਦੇ ਕਰਦੇ ਲੋਕ ਪਰਲੋਕੀ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਲਾਗਣ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਲਿਖਦੇ ਪੋਥੀ, ਪੁਸਤਕਾਂ ਨਾਲ ਸਮਝਾਈਆ । ਉਸ ਦੀ ਸੋਚ ਕਿਸੇ

ਨਾ ਸੋਚੀ, ਸਮਝ ਸਮਝ ਨਾ ਕੋਇ ਦ੍ਰਿੜਾਈਆ । ਜਿਨ੍ਹਾਂ ਉਪਰ ਮਿਹਰਵਾਨ ਹੋਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੋਟੀ ਕਹੇ ਮੈਂ ਲੱਕੜੀ ਡੰਡਾ, ਅਭਿਆਸੀਆਂ ਹੱਥ ਆਈਆ । ਸਚ ਮੰਜ਼ਲ ਜੇ ਦੱਸੋ ਕੰਢਾ, ਪੜਦਾ ਇਕ ਉਠਾਈਆ । ਜਿਥੇ ਗੁਰਮੁਖ ਕੋਈ ਕਦੇ ਨਾ ਰੰਡਾ, ਕੰਤ ਸੁਹਾਗੀ ਇਕ ਹੰਢਾਈਆ । ਸਚ ਸਮਝੋ ਨਾ ਮਾਣਸ ਮਨੁਖ ਨਾ ਪ੍ਰਭੂ ਉਹ ਬੰਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋ ਅੰਦਰ ਵੜ ਕੇ ਦੇਵੇ ਇਕ ਅਨੰਦਾ, ਅਨੰਦ ਅਨੰਦ ਵਿਚੋਂ ਦਰਸਾਈਆ । ਕਿਰਪਾ ਕਰ ਕੇ ਖੋਲ੍ਹ ਦਏ ਜੰਦਾ, ਕੁੰਜੀ ਆਪਣੀ ਗੰਢੋਂ ਖੁਲ੍ਹਾਈਆ । ਓਥੇ ਸੁਣੇ ਇਕੋ ਛੰਦਾ, ਦੂਜੀ ਮੁਕੇ ਸਰਬ ਪੜ੍ਹਾਈਆ । ਮੰਦਰ ਮਿਲੇ ਸੁਹਾਵਣਾ ਨਾ ਤੱਤਾ ਨਾ ਠੰਡਾ, ਅਗਨੀ ਤਤ ਨਾ ਕੋਇ ਜਲਾਈਆ । ਸਚ ਸਿੰਘਾਸਣ ਮਿਲੇ ਚੰਗਾ, ਪਾਵਾ ਚੂਲ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕ ਵਖਾਈਆ । ਸੋਟੀ ਕਹੇ ਮੈਂ ਲੱਭ ਲੱਭ ਥੱਕੀ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਨਾਲ ਰਲ ਗਈ ਪੱਤੀ, ਹਿੱਸੇਦਾਰ ਸਰਬ ਅਖਵਾਈਆ । ਮੈਂ ਕਾਹਨਾਂ ਦੀ ਬਣ ਬਣ ਸਖ਼ੀ, ਮੰਡਲਾਂ ਵਿਚ ਰਾਸ ਰਚਾਈਆ । ਮੇਰਾ ਪ੍ਰੀਤਮ ਮੈਨੂੰ ਕਿਸੇ ਨਾ ਵਖਾਇਆ ਅੱਖੀਂ, ਅੱਖੀਆਂ ਵਾਲੇ ਅੱਖੀਆਂ ਗਏ ਬਦਲਾਈਆ । ਮੈਨੂੰ ਸੋ ਸਭ ਨੇ ਦੱਸੀ, ਸੁਨੇਹੜੇ ਰਹੇ ਜਣਾਈਆ । ਮੈਨੂੰ ਲਿਖੀ ਹੋਈ ਪੜ੍ਹਾਈ ਸਭ ਨੇ ਪੱਟੀ, ਜੋ ਅੱਖਰਾਂ ਨਾਲ ਜਣਾਈਆ । ਮੈਨੂੰ ਮਿਲੀ ਉਹ ਵਸਤ ਸੱਚੀ, ਜਿਸ ਵਿਚੋਂ ਸੱਚਾ ਬੈਠਾ ਮੁਖ ਲੁਕਾਈਆ । ਮੇਰਾ ਨਾਤਾ ਜੁੜਿਆ ਕਾਇਆ ਗਾਗਰ ਕੱਚੀ, ਤਤ ਮਾਟੀ ਖ਼ਾਕੀ ਹੱਡ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦਏ ਸਮਝਾਈਆ । ਸੋਟੀ ਕਹੇ ਦੱਸ ਉਹ ਰਸਤਾ, ਸਭ ਸੰਗਤ ਧਿਆਨ ਲਗਾਈਆ । ਸਭ ਨੂੰ ਮਾਰਗ ਲੱਭੇ ਸਸਤਾ, ਕੌਡੀ ਕੀਮਤ ਕੋਇ ਨਾ ਪਾਈਆ । ਬੰਨ੍ਹਣਾ ਪਏ ਕੋਈ ਨਾ ਬਸਤਾ, ਮਕਤਬ ਪਾਠਸ਼ਾਲਾ ਨਾ ਕੋਇ ਪੜ੍ਹਾਈਆ । ਲੱਭਣਾ ਪਏ ਕੋਈ ਨਾ ਬਕਤਾ, ਜੋ ਰਸਨਾ ਨਾਲ ਸੁਣਾਈਆ । ਚਾਰੋਂ ਕੁੰਟ ਰਾਹ ਦਿਸੇ ਖ਼ਸਤਾ, ਕੂੜੀ ਕਿਰਿਆ ਨਜ਼ਰੀ ਆਈਆ । ਕਲਜੁਗ ਸਾਧ ਦਿਸੇ ਮਸਤਾ, ਮਨਮਤ ਰਿਹਾ ਕੁਰਲਾਈਆ । ਪ੍ਰਭੂ ਨਾਲ ਜੋੜੇ ਨਾ ਕੋਈ ਵਾਸਤਾ, ਵਸਲ ਸਚ ਨਾ ਕੋਇ ਕਰਾਈਆ । ਅਸੀਂ ਲੱਭਦੇ ਰਹੇ ਆਹਿਸਤਾ ਆਹਿਸਤਾ, ਬਣ ਬਣ ਪਾਂਧੀ ਪੰਧ ਮੁਕਾਈਆ । ਪਰਮ ਪੁਰਖ ਦਾ ਸਭ ਤੋਂ ਵਡਾ ਬਰਾਸਤਾ, ਮੇਹਰ ਜਿਸ ਵੇਲੇ ਆਪਣੀ ਦਏ ਲਗਾਈਆ । ਓਸੇ ਵੇਲੇ ਘਰ ਵਿਚ ਹੋਏ ਸ਼ਨਾਖ਼ਤਾ, ਪੜਦਾ ਓਹਲਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਅਭਿਆਸ ਇਕੋ ਦਰ ਦਰਸਾਈਆ । ਸੋਟੀ ਕਹੇ ਦੱਸ ਉਹ ਰਾਹ, ਜੋ ਰਹਿਬਰ ਨਜ਼ਰੀ ਆਈਆ । ਮੈਂ ਮਿਲਣਾ ਰੱਬੀ ਨੂਰੀ ਖ਼ੁਦਾ, ਜਲਵੇ ਨੂਰ ਵਿਚ ਸਮਾਈਆ । ਜਿਸ ਦੇ ਨਾਲੋਂ ਹੋਈ ਜੁਦਾ, ਅੰਤਮ ਓਹੋ ਘਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਦਏ ਸੁਹਾਈਆ । ਜੋਗ ਅਭਿਆਸ ਦਾ ਰਾਹ ਪੁਛਣਾ ਚੰਗਾ, ਅੰਤਰ ਅੰਤਰ ਆਵਾਜ਼ ਸੁਣਾਈਆ । ਨਹੌਣਾ ਪਏ ਕਿਸੇ ਨਾ ਗੰਗਾ, ਅਠਸਠ ਨਾ ਫੇਰੀਆਂ ਪਾਈਆ । ਤੀਰਥ ਤਟ ਜਾਈਏ ਨਾ ਕੰਢਾ, ਅਗਨੀ ਹਵਨ ਨਾ ਕੋਇ ਤਪਾਈਆ । ਹੱਥ ਵਿਚ ਫੜਨਾ ਪਏ ਨਾ ਕੋਈ ਖੰਡਾ, ਖੜਗ ਇਕੋ ਇਕ ਦਰਸਾਈਆ । ਬਿਨਾ ਬੰਦਗੀਉਂ ਜਿਸ ਨਾਲ ਪਾਰ ਹੋਵੇ ਬੰਦਾ, ਬੰਦਨਾ ਇਕੋ ਨਜ਼ਰੀ ਆਈਆ । ਮੂਰਖ ਮੁਗਧ ਚਤੁਰ ਸੁਘੜ ਬਣੇ

ਗੰਦਾ, ਕੱਚ ਕੰਚਨ ਰੂਪ ਵਟਾਈਆ । ਘਰ ਸਾਚੇ ਮੰਜ਼ਲ ਚੜ੍ਹੇ ਡੰਡਾ, ਅਧਵਿਚਕਾਰ ਨਾ ਕੋਇ ਅਟਕਾਈਆ । ਜਿਨ੍ਹਾਂ ਨੂੰ ਪ੍ਰੇਮ ਪਿਆਰ ਕਰ ਕੇ ਪਰਮ ਪੁਰਖ ਅੰਦਰ ਵੜ ਕੇ ਸੁਣਾ ਜਾਏ ਆਪਣਾ ਛੰਦਾ, ਧੁਰ ਦਾ ਢੋਲਾ ਇਕ ਅਲਾਈਆ । ਉਹ ਚੱਖੇ ਓਸ ਪਰਮਨੰਦਾ, ਜੋ ਅਨੰਦ ਅਨੰਦ ਵਿਚੋਂ ਅਨੰਦ ਨਜ਼ਰੀ ਆਈਆ । ਸੋ ਘਰ ਸਾਚੇ ਦਾ ਚਮਕੇ ਅਗੰਮੀ ਚੰਦ, ਜਿਸ ਦੀ ਚੰਦ ਸੂਰਜ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਇਕ ਅਭਿਆਸ ਦ੍ਰਿੜਾਈਆ । ਸਤਿਗੁਰ ਅਭਿਆਸ ਉਹ ਸਚ ਕਿਹੜਾ, ਜਿਸ ਦੀ ਕਿਸਮ ਸਕੇ ਨਾ ਕੋਇ ਵਖਾਈਆ । ਕੋਈ ਕਹੇ ਅੱਲਾ ਰਾਮ ਬੰਨ੍ਹੇ ਬੇੜਾ, ਕੋਈ ਕਹੇ ਕ੍ਰਿਸ਼ਨ ਪਾਰ ਲੰਘਾਈਆ । ਕੋਈ ਕਹੇ ਈਸਾ ਮੂਸਾ ਮੁਹੰਮਦ ਵਸਾਏ ਖੇੜਾ, ਚੌਦਾਂ ਤਬਕ ਡੇਰਾ ਢਾਹੀਆ । ਕੋਈ ਕਹੇ ਨਾਨਕ ਗੋਬਿੰਦ ਇਕੋ ਘਰ ਵਖਾਏ ਸੰਝ ਸਵੇਰਾ, ਦੂਈ ਦਵੈਤੀ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਕਹੇ ਮੈਂ ਜੁਗ ਜੁਗ ਕਰਾਂ ਹਕ ਨਬੇੜਾ, ਘਟ ਘਟ ਵੇਖਾਂ ਥਾਉਂ ਥਾਈਆ । ਜਨ ਭਗਤਾਂ ਨਜ਼ਰੀ ਆਵਾਂ ਨੇੜਨ ਨੇੜਾ, ਮਨਮੁਖਾਂ ਦੂਰ ਦੁਰਾਡਾ ਵਸਾਂ ਅੱਖਾਂ ਤੱਕ ਕੋਇ ਨਾ ਪਾਈਆ । ਪ੍ਰਭ ਕਾ ਰਸਤਾ ਮਿਲੇ ਚੜ੍ਹ ਨਾ ਉਤੇ ਬਸਾਂ, ਟਰੇਨਾਂ ਵਿਚ ਨਾ ਪੰਧ ਮੁਕਾਈਆ । ਬਾਹਰੋਂ ਤੱਕ ਕੇ ਲੱਭ ਨਾ ਸਕਣ ਇੱਟਾਂ, ਹੱਥਾਂ ਨਾਲ ਕੰਡੇ ਨਾ ਪਰੇ ਹਟਾਈਆ । ਸਮਝ ਨਾ ਪਾਵੇ ਤੱਤਾਂ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਚਤੁਰਾਈਆ । ਜਿਸ ਦੇ ਉਪਰ ਕਿਰਪਾਲ ਠਾਕਰ ਸਵਾਮੀ ਨਿਰਗੁਣ ਆਪਣਾ ਰੱਖੇ ਹੱਥਾ, ਸਮਰਥ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਇਕ ਦਰ, ਗ੍ਰਿਹਿ ਮੰਦਰ ਭੇਵ ਚੁਕਾਈਆ । ਸੋਟੀ ਕਹੇ ਮੈਨੂੰ ਦੱਸਦੇ ਮੂਲ, ਮੂਲਮੰਤਰ ਸਮਝ ਕੋਇ ਨਾ ਪਾਈਆ । ਸਚ ਸਿੰਘਾਸਣ ਜਿਸ ਦਾ ਨਾ ਪਾਵਾ ਨਾ ਚੂਲ, ਆਸਣ ਬੈਠਾ ਬੇਪਰਵਾਹੀਆ । ਜੋ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਕੰਤ ਕੰਤੂਹਲ, ਬਿਨ ਨੈਣਾਂ ਨੈਣ ਉਠਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਅਗੰਮ ਅਗੰਮੜੇ ਬਰਸਨ ਫੂਲ, ਬਨਾਸਪਤ ਚਲੇ ਨਾ ਕੋਇ ਚਤੁਰਾਈਆ । ਜਿਸ ਦਾ ਮਾਰਗ ਅੰਦਰੋਂ ਬਾਹਰੋਂ ਕਲਜੁਗ ਅੰਤਮ ਸਾਰੇ ਗਏ ਭੂਲ, ਅਭੁਲ ਨਾ ਕੋਇ ਸਮਝਾਈਆ । ਉਸਦਾ ਹਕ ਕਿਸੇ ਦਰੋਂ ਨਾ ਹੋਵੇ ਵਸੂਲ, ਵਸੀਅਤ ਗਿਆ ਨਾ ਕੋਇ ਕਰਾਈਆ । ਤੁਹਾਡੇ ਬਚਨ ਦਾ ਜਵਾਬ ਮਾਕੂਲ, ਮੁਕੰਮਲ ਦਿਤਾ ਦ੍ਰਿੜਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਪੂਰੇ ਬਿਨਾ ਅੱਗੇ ਮਿਲਣ ਦਾ ਨਹੀਂ ਕੋਈ ਅਸੂਲ, ਅਸਲੀਅਤ ਸਭ ਦੇ ਵਿਚ ਟਿਕਾਈਆ । ਸੁਰਤ ਸੁਆਣੀ ਲੱਗੇ ਨਾ ਕੋਇ ਮਸੂਲ, ਰਾਹ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਹੜਾ ਵਿਛੜਿਆਂ ਲਏ ਮਿਲਾਈਆ । ਸੋਟੀ ਕਹੇ ਮੈਂ ਵੇਖਣਾ ਉਹ ਨੂਰਾਨੀ, ਜਿਸ ਦਾ ਜਲਵਾ ਬੇਪਰਵਾਹੀਆ । ਜਿਸ ਤੋਂ ਵਿਛੜ ਕੇ ਹੋਈ ਪਰੇਸ਼ਾਨੀ, ਪਰਮਾਨੰਦ ਨਾ ਕੋਇ ਵਖਾਈਆ । ਮੈਂ ਕੋਝੀ ਕਮਲੀ ਜਗਤ ਨਾਦਾਨੀ, ਜਗਤ ਵਿਦਿਆ ਪੜ੍ਹਕੇ ਭੱਜੀ ਵਾਹੋ ਦਾਹੀਆ । ਠਰ ਠਰ ਵੇਖਿਆ ਠੰਡੇ ਪਾਣੀ, ਅੰਮ੍ਰਿਤ ਜਾਮ ਰਸ ਨਾ ਕੋਇ ਚਖਾਈਆ । ਮੈਂ ਫਿਰ ਫਿਰ ਵੇਖੀ ਚਾਰੇ ਖਾਣੀ, ਲੱਖ ਚੁਰਾਸੀ ਡੇਰਾ ਲਾਈਆ । ਬਿਨ ਸਤਿਗੁਰ ਪੂਰੇ ਮਿਲਿਆ ਕੋਇ ਨਾ ਸੱਚਾ ਹਾਣੀ, ਜੋ ਸਾਚੀ ਸੇਜਾ ਲਏ ਟਿਕਾਈਆ । ਘਰ ਅੰਦਰ ਮੰਦਰ ਬਣਾਵੇ ਧੁਰ ਦੀ ਰਾਣੀ, ਰੌਣਕ ਆਪਣੇ ਨਾਲ ਰਖਾਈਆ । ਸੁਰਤ ਕਹੇ ਮੈਂ ਕਿਸ ਵੇਲੇ ਬਣਾਂ ਸੁਘੜ ਸੁਚੱਜੀ ਸਿਆਣੀ, ਸਾਵਲ ਸੁੰਦਰ ਘਰ ਮਿਲੇ ਬੇਪਰਵਾਹੀਆ । ਜਿਸ ਦੀ ਬਿਨ ਅੱਖਰਾਂ

ਤੋਂ ਸੁਣਾਂ ਬਾਣੀ, ਬਿਨ ਪਤਰਿਆਂ ਤੋਂ ਹੋਵੇ ਕਹਾਣੀ, ਬਿਨ ਕਲਮ ਸ਼ਾਹੀ ਸਿਫ਼ਤ ਸਾਲਾਹੀਆ । ਜੋ ਮਾਲਕ ਪਦ ਨਿਰਬਾਣੀ, ਨਿਰਭੈ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸੋਟੀ ਕਹੇ ਮੈਂ ਚੜ੍ਹ ਚੜ੍ਹ ਤੱਕਾਂ, ਜਲਵਾ ਨੂਰ ਇਲਾਹੀਆ । ਹਕ ਹਕੀਕਤ ਆਪਣੀ ਦੱਸਾਂ, ਪੜਦਾ ਆਪ ਉਠਾਈਆ । ਚਰਨ ਕਵਲਾਂ ਉਪਰ ਸੀਸ ਸੁੱਟਾਂ, ਸਿੱਟੇ ਬਾਜ਼ੀ ਇਕ ਲਗਾਈਆ । ਮੈਂ ਪੂਜ ਪੂਜ ਥੱਕੀ ਮੰਦਰ ਇੱਟਾਂ, ਨਿਉਂ ਨਿਉਂ ਸੀਸ ਝੁਕਾਈਆ । ਦਰੋਹੀ ਖ਼ੁਦਾਏ ਯਾ ਮੁਬੀਨ ਮਹਿਬੂਬ ਮੁਹੱਬਤ ਵਿਚ ਤੇਰੇ ਅੱਗੇ ਪਿੱਟਾਂ, ਸ੍ਰੀ ਭਗਵਾਨ ਦਿਆਂ ਦੁਹਾਈਆ । ਮੈਨੂੰ ਸਾਰੇ ਤੇਰੇ ਨਾਮ ਦੀਆਂ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚੋਂ ਕੱਢ ਵਖਾਉਂਦੇ ਚਿਟਾਂ, ਚਿੱਟੀ ਧਾਰ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਸਮਰਥ ਸਵਾਮੀ, ਸਾਹਿਬ ਸਤਿਗੁਰ ਆਪ ਦ੍ਰਿੜਾਈਆ । ਆਦਿ ਜੁਗਾਦੀ ਅੰਤਰਜਾਮੀ, ਜੁਗ ਜੁਗ ਵੇਖ ਵਖਾਈਆ । ਜਿਸ ਨੇ ਰਚਨ ਰਚਾਈ ਚਾਰੇ ਖਾਣੀ, ਵੱਜੀ ਸਚ ਵਧਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਨਿਸ਼ਾਨੀ, ਨਿਰਗੁਣ ਸਰਗੁਣ ਵੇਸ ਵਟਾਈਆ । ਜਿਸਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗ੍ਰੰਥ ਅਕਥ ਕਹਾਣੀ, ਛੱਤੀ ਰਾਗਾਂ ਮਿਲ ਮਿਲ ਗਾਈਆ । ਜਿਸਦਾ ਮੰਦਰ ਉਚ ਅਗੰਮ ਅਥਾਹ ਬੇਪਰਵਾਹ ਸੋ ਮਾਲਕ ਪਦ ਨਿਰਬਾਣੀ, ਨਿਰਵੈਰ ਨਿਰੰਕਾਰ ਨਿਰਾਕਾਰ ਇਕ ਅਖਵਾਈਆ । ਤੂੰ ਸੁਰਤੀ ਓਸ ਦੀ ਸਚ ਸਵਾਣੀ, ਜੋ ਅਕਾਲ ਮੂਰਤੀ ਨੂਰ ਰੁਸ਼ਨਾਈਆ । ਓਸ ਦੀ ਪੜ੍ਹ ਇਕੋ ਅਗੰਮੀ ਬਾਣੀ, ਜਿਸ ਦੀ ਨਿਰਅੱਖਰ ਦਏ ਗਵਾਹੀਆ । ਜੋਗ ਅਭਿਆਸ ਸਭ ਦੀ ਚੁੱਕੇ ਕਾਣੀ, ਇਕਾਵਨ ਬਾਵਨ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਮਿਲਣ ਦਾ ਦੇਵੇ ਵਰ, ਦਰ ਭਗਤਾਂ ਸੰਤਾਂ ਅੰਦਰ ਵੜਕੇ ਆਪ ਖੁਲ੍ਹਾਈਆ । ਸੋਟੀ ਕਹੇ ਮੈਂ ਸਭ ਕੁਛ ਸੁਣਿਆ, ਸੱਜਣਾਂ ਦਏ ਜਣਾਈਆ । ਲੱਖ ਚੁਰਾਸੀ ਜਿਸ ਨੇ ਪੁਣਿਆ, ਛਾਣ ਵੇਖਿਆ ਲੋਕ ਪਰਲੋਕ ਆਪ ਖ਼ੁਦਾਈਆ । ਉਸਦੇ ਹੱਥ ਸਭ ਗੁਣਿਆ, ਗੁਣਵੰਤਾ ਬੇਪਰਵਾਹੀਆ । ਜੁਗ ਜੁਗ ਜਿਨ੍ਹਾਂ ਨੂੰ ਆਪਣੀ ਕਿਰਪਾ ਕਰਕੇ ਲੋਕਮਾਤ ਵਿਚੋਂ ਚੁਣਿਆ, ਭਗਵਨ ਭਗਤਨ ਰੂਪ ਬਣਾਈਆ । ਉਹਨਾਂ ਨੂੰ ਮਿਲੇ ਓਸੇ ਵੇਲੇ ਹੁਣਿਆ, ਘੜੀ ਪਲ ਦੇਰ ਨਾ ਕੋਇ ਜਣਾਈਆ । ਸੁਰਤੀ ਚੜ੍ਹੇ ਓਸ ਪੌੜਿਆ, ਜਿਹੜੀ ਪੌੜੀ ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਵਿਦਿਆ ਇਕ ਜਣਾਈਆ । ਜੁਗ ਜੁਗ ਖੇਲ ਪੁਰਖ ਸਮਰਥ, ਆਦਿ ਜੁਗਾਦਿ ਵਡਿਆਈਆ । ਨਿਰਗੁਣ ਸਰਗੁਣ ਚਲਾਏ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਦੱਸ, ਧੁਰ ਦੀ ਕਰੇ ਸਚ ਪੜ੍ਹਾਈਆ । ਨਿਤ ਨਵਿਤ ਹੋ ਪ੍ਰਤਖ, ਖੇਲੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਕਰਕੇ ਵਸ, ਕਲਮਾ ਕਾਇਨਾਤ ਜਣਾਈਆ । ਖਾਣੀ ਬਾਣੀ ਜਣਾ ਕੇ ਜਸ, ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀਆ । ਭੇਵ ਅਭੇਦ ਆਪਣੇ ਹੱਥ ਰੱਖ, ਪੜਦਾ ਓਹਲਾ ਇਕ ਵਖਾਈਆ । ਜਿਸ ਨੂੰ ਸਾਰੇ ਰਹੇ ਲੱਭ, ਬਣ ਖੋਜਣ ਥਾਉਂ ਥਾਈਆ । ਜਗਤ ਵਾਸਨਾ ਰਹੇ ਨੱਠ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ

੭੯੬
੧੭

ਹਰਿ ਖੇਲ ਮਹਾਨਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨਾ, ਮਰਦ ਮਰਦਾਨਾ ਰੂਪ ਵਟਾਇੰਦਾ । ਏਕੰਕਾਰਾ ਵਸੇ ਸਚ ਅਸਥਾਨਾ, ਸਚਖੰਡ ਸਾਚੇ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇਵੇ ਦਾਨਾ, ਵਸਤ ਅਮੋਲਕ ਇਕ ਵਰਤਾਇੰਦਾ । ਸ੍ਰੀ ਭਗਵਾਨ ਸਚ ਫ਼ਰਮਾਨਾ, ਧੁਰ ਸੰਦੇਸਾ ਇਕ ਅਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਸਾਚਾ ਹੁਕਮ ਇਕ ਸਮਝਾਇੰਦਾ । ਜੁਗ ਚੌਕੜੀ ਮਾਤ ਨਿਸ਼ਾਨਾ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ਾਲਕ ਖ਼ਲਕ ਵਖਾਏ ਇਕ ਮਹਾਨਾ, ਮਹਾਂਬਲੀ ਆਪ ਦ੍ਰਿੜਾਇੰਦਾ । ਜੁਗਾਂ ਵਿਚੋਂ ਜੁਗ ਵੇਖਿਆ ਨੌਜਵਾਨਾ, ਕਲਜੁਗ ਇਕੋ ਨਜ਼ਰੀ ਆਇੰਦਾ । ਜਿਸ ਦਾ ਨਾਨਕ ਗੋਬਿੰਦ ਦੇ ਕੇ ਗਿਆ ਬਿਆਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਦ੍ਰਿੜਾਇੰਦਾ । ਗੋਬਿੰਦ ਕਹੇ ਮੈਂ ਦੱਸਾਂ ਸਾਚ, ਸਚ ਸਚ ਦ੍ਰਿੜਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਧੁਰ ਦਾ ਚੰਦ ਨਾ ਕੋਇ ਰੁਸ਼ਨਾਈਆ । ਮਾਣਸ ਮਨੁਖ ਬਣਨ ਨਾਰ ਕਮਜ਼ਾਤ, ਕੁਲੱਖਣੀ ਰੂਪ ਵਟਾਈਆ । ਕਿਸੇ ਨਾ ਮਿਲੇ ਕਮਲਾਪਾਤ, ਜਗਤ ਦੁਹਾਗਣ ਦਏ ਦੁਹਾਈਆ । ਸਚ ਵਸਤ ਰਹੇ ਕਿਸੇ ਨਾ ਪਾਸ, ਕੂੜੀ ਕਿਰਿਆ ਮਾਤ ਕੁੜਮਾਈਆ । ਹਰਿ ਮੰਤਰ ਭੁੱਲ ਕੇ ਪੂਜਾ ਪਾਠ, ਜਗਤ ਵਿਦਿਆ ਕਰਨ ਪੜ੍ਹਾਈਆ । ਸਦੀ ਵੀਹਵੀਂ ਹਰਿ ਵੇਖੇ ਖੇਲ ਤਮਾਸ਼, ਕੁਦਰਤ ਕਾਦਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀਆ । ਸਦੀ ਵੀਹਵੀਂ ਚੌਦਾਂ ਤਬਕ ਹੋਕਾ, ਚੌਦਾਂ ਲੋਕ ਰਹੇ ਕੁਰਲਾਈਆ । ਮੁਹੰਮਦ ਆਇਆ ਉਹ ਯਾਦ ਸਲੋਕਾ, ਜੋ ਸਚ ਖ਼ੁਦਾਏ ਦਿਤਾ ਸੁਣਾਈਆ । ਉਮਤ ਉਮਤੀ ਦੇਣਾ ਇਕ ਮੌਕਾ, ਮੁਕੰਮਲ ਹੁਕਮ ਜਣਾਈਆ । ਸਤਿ ਸਚ ਨਾਲੋਂ ਹੋਵੇ ਸਭ ਦਾ ਰੋਸਾ, ਜੂਠ ਝੂਠ ਵੱਜੇ ਵਧਾਈਆ । ਲੇਖਾ ਚੁਕਾਵੇ ਪਰਮ ਪੁਰਖ ਦਾ ਪੋਤਾ, ਗੋਬਿੰਦ ਸੁਤ ਮਿਲੇ ਵਡਿਆਈਆ । ਕਿਸੇ ਰੱਖਣਾ ਪਏ ਸੱਚਾ ਨਾ ਰੋਜ਼ਾ, ਸੀਸ ਸਚ ਹਦੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਰਿਹਾ ਸਮਝਾਈਆ । ਕਲਜੁਗ ਕਹੇ ਮੇਰਾ ਵੇਲਾ ਆਇਆ, ਸਦੀ ਵੀਹਵੀਂ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖ ਲਿਖਾਇਆ, ਨਾ ਕੋਇ ਮੇਟੇ ਮੇਟ ਮਿਟਾਈਆ । ਤ੍ਰੈਗੁਣ ਮਾਇਆ ਡੰਕ ਲਗਾਇਆ, ਪੰਜ ਤਤ ਕਰੇ ਲੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਡੰਡਾ ਹੱਥ ਉਠਾਇਆ, ਚਾਰੋਂ ਕੁੰਟ ਫਿਰੀ ਦੁਹਾਈਆ । ਗੁਰੂ ਚੇਲਾ ਇਸ਼ਟ ਦੇਵ ਨਾ ਕੋਇ ਮਨਾਇਆ, ਗੁਰੂਦਵਾਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਰਹੇ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਇਕ ਦਰਸਾਈਆ ।

## ✪ ੧੫ ਕੱਤਕ ੨੦੨੧ ਬਿਕ੍ਰਮੀ ਪਿੰਡ ਅਲੱੜਪਿੰਡੀ ਬਾਹਰ ਰਸਤੇ ਵਿਚ ✪

ਜਨਮ ਕਰਮ ਦਾ ਤਿਨਕਾ ਕਾਹੀ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਬਿਨ ਰਸਨਾ ਜਿਹਵਾ ਦਏ ਦੁਹਾਈ, ਪੀਰ ਪੈਗ਼ੰਬਰਾਂ ਆਖ ਸੁਣਾਇੰਦਾ । ਵੇਖੋ ਚਲਦਾ ਫਿਰਦਾ ਮਾਹੀ, ਮਹਿਬੂਬ ਜਿਸ ਨਾਲ ਰੰਗ ਰੰਗਾਇੰਦਾ । ਜਿਸ ਦੇ ਹੁਕਮੇਂ ਅੰਦਰ ਖ਼ੁਦਾਈ, ਖ਼ੁਦ ਆਪਣਾ ਵੇਸ ਧਰਾਇੰਦਾ । ਜਿਸ

ਦੀ ਝੱਲੇ ਨਾ ਕੋਇ ਜੁਦਾਈ, ਗੋਬਿੰਦ ਵੰਡ ਨਾ ਕੋਇ ਵੰਡਾਇੰਦਾ । ਜਿਸ ਦਾ ਮੇਲਾ ਸਹਿਜ ਸੁਭਾਈ, ਭੇਵ ਭਾਉ ਨਾ ਕੋਇ ਸਮਝਾਇੰਦਾ । ਜੁਗ ਚੌਕੜੀ ਗਏ ਵਿਹਾਈ, ਕੋਟਨ ਕਾਲ ਨੈਣ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਨੇਤਰ ਨੈਣਾਂ ਨੀਰ ਰਹੇ ਵਹਾਈ, ਛਹਿਬਰ ਮੇਘਲਾ ਧਾਰ ਬਰਸਾਇੰਦਾ । ਵਾਰ ਥਿਤ ਦਿਵਸ ਰੈਣ ਘੜੀ ਪਲ ਰਹੇ ਧਿਆਨ ਲਗਾਈ, ਧਰਤ ਧਵਲ ਜ਼ਿਮੀਂ ਅਸਮਾਨ ਗਗਨ ਮੰਡਲ ਰਵ ਸਸ ਸੂਰਜ ਚੰਨ ਖੋਜ ਖੁਜਾਇੰਦਾ । ਭਿੰਨੜੀ ਰੁੱਤ ਸੁਹੰਜਣੀ ਰੈਣ ਆਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਕਾਹੀ ਦਭ ਕਹੇ ਮੈਂ ਤਿਨਕਾ ਤਿਨਕਾ, ਮਾਹੀ ਸੇਜ ਹੰਢਾਈਆ । ਕੋਈ ਭੇਵ ਜੀਵ ਨਾ ਜਾਣੇ ਜਿਨਕਾ, ਸੋ ਸੱਜਣ ਸੈਣ ਆਇਆ ਬੇਪਰਵਾਹੀਆ । ਜਿਸ ਦਾ ਲੇਖਾ ਤਤ ਬ੍ਰਹਮਮਤ ਮਤ ਮਨ ਕਾ, ਬੁੱਧੀ ਪਰੇ ਛੁਪਾਈਆ । ਸੋ ਖੇਲ ਕਰੇ ਅਗੰਮ ਕਾ, ਚੌਦਾਂ ਵਿਦਿਆ ਸਮਝ ਸਕੇ ਨਾ ਰਾਈਆ । ਵਸੇਰਾ ਛੱਡ ਕੇ ਮਹੱਲ ਅਟਲ ਉਚ ਮਨਾਰ ਲੇਖਾ ਤੋੜ ਕੇ ਛੱਪਰ ਛੰਨ ਦਾ, ਸ਼ਹਿਨਸ਼ਾਹ ਅਪਣਾ ਫੇਰਾ ਪਾਈਆ । ਦੋ ਜਹਾਨ ਕਹਿਣ ਇਹ ਵੇਲਾ ਧੰਨ ਧੰਨ ਦਾ, ਦੂਜਾ ਢੋਲਾ ਰਾਗ ਨਾ ਕੋਇ ਸੁਣਾਈਆ । ਧੰਨ ਵਡਿਆਈ ਸਾਹਿਬ ਸੁਲਤਾਨ, ਆਦਿ ਜੁਗਾਦਿ ਜੁਗ ਚੌਕੜੀ ਜੋ ਭਗਤਾਂ ਸਾਚੀ ਮੰਨਦਾ, ਮਨਸਾ ਪੂਰ ਅਖਵਾਈਆ । ਵੇਖੋ ਲਹਿਣਾ ਗੁਜਰੀ ਚੰਨ ਦਾ, ਚਿੰਤਾ ਸਭ ਦੀ ਰਿਹਾ ਮਿਟਾਈਆ । ਜਿਸ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਲੱਖ ਚੁਰਾਸੀ ਘੜਦਾ ਭੰਨਦਾ, ਲੋਕ ਪਰਲੋਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਦੱਭ ਕਾਹੀ ਕਹੇ ਮੈਨੂੰ ਯਾਦ ਇੱਕੀ ਵਿਸਾਖ, ਵੇਖਦਿਆਂ ਵੇਖਦਿਆਂ ਵਕਤ ਗਿਆ ਵਿਹਾਈਆ । ਰਮਜ਼ ਇਸ਼ਾਰੇ ਸ਼ਬਦੀ ਧਾਰ ਨਾਲ ਗਿਆ ਆਖ, ਭੇਵ ਅਭੇਦਾ ਆਪ ਸਮਝਾਈਆ । ਜੁਗ ਜਨਮ ਦਿਆਂ ਵਿਛੜਿਆਂ ਮਿਲਣ ਦੀ ਦੱਸ ਕੇ ਆਪ ਜਾਚ, ਯਾਚਕ ਹੋ ਕੇ ਸੇਵ ਕਮਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸਮਝ ਨਾ ਸਕੇ ਬਾਤ, ਸੋ ਬਾਤਨ ਜ਼ਾਹਰ ਆਪਣਾ ਖੇਲ ਵਖਾਈਆ । ਵੇਸ ਅਨੇਕਾ ਜੁਗ ਜੁਗ ਕਰੇ ਬਹੁ ਭਾਂਤ, ਭਗਵਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੱਭ ਕਾਹੀ ਕਹੇ ਸਾਨੂੰ ਵੇਖੋ ਦਿਤਾ ਕੱਟ, ਤਿਨਕਾ ਤਿਨਕਾ ਤੋੜ ਤੁੜਾਈਆ । ਫੇਰ ਸਭ ਦਾ ਕਰ ਕੇ ਇਕੱਠ, ਵਟ ਇਕੋ ਵਾਰ ਚੜ੍ਹਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸਚਖੰਡ ਨਿਵਾਸੀ ਛੱਡ, ਨਿਰਗੁਣ ਆਪਣਾ ਫੇਰਾ ਪਾਈਆ । ਦੋ ਜਹਾਨਾਂ ਪਾਰ ਕਰ ਕੇ ਹੱਦ, ਹਦੂਦ ਵੇਖੇ ਚਾਈਂ ਚਾਈਂਆ । ਜਿਹੜਾ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚੋਂ ਪਿਆ ਨਾ ਲੱਭ, ਚਾਰ ਕੁੰਟ ਨਜ਼ਰ ਕਿਸੇ ਨਾ ਆਈਆ । ਸੋ ਸਾਹਿਬ ਸੁਲਤਾਨ ਨੌਬਤ ਸੁਣਾਏ ਸੱਜਣ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੱਭ ਕਾਹੀ ਕਹੇ ਮੈਨੂੰ ਚੜ੍ਹਿਆ ਵੱਟ, ਵਟਣਾ ਮਾਹੀ ਦਿਤਾ ਲਗਾਈਆ । ਮੇਰਾ ਨਾਤਾ ਜੋੜ ਕੇ ਚਾਰ ਪਾਵਿਆਂ ਵਾਲੀ ਖੱਟ, ਬਾਹੀ ਸੇਰੂ ਆਪ ਸੁਹਾਈਆ । ਇਕ ਦੂਜੇ ਦੇ ਅੰਦਰ ਬਾਹਰ ਦਿਤਾ ਘੱਤ, ਸੋਹਣਾ ਜੋੜ ਜੁੜਾਈਆ । ਬੇਸ਼ਕ ਸਾਡੇ ਵਿਚ ਨਹੀਂ ਕੋਈ ਰੱਤ, ਹੱਡ ਮਾਸ ਨਾੜੀ ਵੰਡ ਨਾ ਕੋਇ ਵੰਡਾਈਆ । ਸਾਡੇ ਪ੍ਰੇਮ ਪਿਆਰ ਨਹੀਂ ਕਿਸੇ ਪਟੋਲੇ ਪੱਟ, ਪੱਟੂ ਓਢਨ ਸਾਡਾ ਸੰਗ ਨਾ ਕੋਇ ਬਣਾਈਆ । ਜਿਹੜਾ ਯਾਰੜੇ ਦਾ ਸੱਥਰ ਬੈਠਾ ਘੱਤ, ਸੋਈ ਮਾਹੀ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਨੂੰ ਝੁਕਦੇ ਡਾਲ੍ਹੀ ਪੱਤ, ਪੰਖੜੀਆਂ ਗੁਲਸ਼ਨ ਵਿਚ ਆਪਣੀ ਖ਼ੁਸ਼ੀ ਮਨਾਈਆ ।

ਜਿਸ ਦੀ ਤੱਕਣ ਵਾਲੀ ਸਭ ਤੋਂ ਵੱਖਰੀ ਅੱਖ, ਆਖ਼ਰ ਆਪਣੇ ਘਰ ਜਣਾਈਆ । ਜਿਸ ਦੇ ਕੋਲ ਗ਼ਰੀਬ ਨਿਮਾਣਿਆਂ ਦਾ ਧੁਰ ਦਾ ਹਕ, ਹਕੀਕਤ ਦਏ ਸਮਝਾਈਆ । ਕਲਜੁਗ ਅੰਤਮ ਸਾਰਿਆਂ ਕਰ ਇਕੱਠ, ਰੰਗ ਆਪਣਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੱਭ ਕਾਹੀ ਕਹੇ ਮੇਰੇ ਨਾਲੋਂ ਚੰਗੀ ਚੁਗਾਠ, ਜੋ ਚੌਕੜੀ ਸੇਵ ਕਮਾਈਆ । ਚਾਰੋਂ ਕੁੰਟ ਆਪਣੀ ਬਣ ਕੇ ਆਪ ਜਮਾਤ, ਬੈਠੀ ਆਸਣ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ ਦੇ ਉਤੇ ਰੈਣ ਵਸੇਰਾ ਕੱਟ ਕੇ ਗਏ ਰਾਤ, ਪੰਜ ਤਤ ਕਾਇਆ ਤਨ ਹੰਢਾਈਆ । ਇਹ ਵੇਖਦੀ ਰਹੀ ਖੇਲ ਤਮਾਸ਼, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਕੀ ਕੀ ਖੇਲ ਖਿਲਾਈਆ । ਬਿਨਾਂ ਗੋਬਿੰਦ ਮਾਛੂਵਾੜੇ ਪੁਰਖ ਅਕਾਲ ਦੀ ਸੁਣੀ ਕਿਸੇ ਨਾ ਬਾਤ, ਸੱਜਣ ਸੰਗ ਨਾ ਕੋਇ ਨਿਭਾਈਆ । ਜੋ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਹੌਲੀ ਹੌਲੀ ਗਿਆ ਆਖ, ਅੱਖਰਾਂ ਵਿਚ ਨਾ ਕੋਇ ਪੜ੍ਹਾਈਆ । ਜਿਸ ਦਾ ਲੇਖਾ ਲੱਭੇ ਨਾ ਵਿਚ ਕਲਮ ਦਵਾਤ, ਕਾਗ਼ਜ਼ ਕਲਮ ਸ਼ਾਹੀ ਦਏ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਮੰਜੀ ਕਹੇ ਮੈਂ ਕੀ ਦੱਸਾਂ, ਦੱਸਣ ਜੋਗ ਨਜ਼ਰ ਕੋਇ ਨਾ ਆਈਆ । ਇਕੋ ਉਸ ਦੇ ਚਰਨਾਂ ਹੇਠਾਂ ਢੱਠਾਂ, ਜਿਸ ਦੇ ਅੱਗੇ ਮਾਣ ਨਾ ਕੋਇ ਵਡਿਆਈਆ । ਮੇਰੀਆਂ ਰੋਂਦੀਆਂ ਉਹ ਅੱਖਾਂ, ਜਿਨ੍ਹਾਂ ਵਿਚੋਂ ਨੀਰ ਸੁੱਕ ਕਦੇ ਨਾ ਜਾਈਆ । ਜਿਸ ਵੇਲੇ ਮਾਛੂਵਾੜੇ ਗੋਬਿੰਦ ਸਾਹਿਬ ਨਿਰਾਲਾ ਸੁੱਤਾ, ਪੁਰਖ ਅਕਾਲਾ ਪਿਤਾ ਕਰ ਬੁਲਾਈਆ । ਉਸ ਵੇਲੇ ਗੋਬਿੰਦ ਤਿਨਕਾ ਚੁਕ ਕੇ ਆਪਣੇ ਸਿਰ ਨਾਲੋਂ ਉਚਾ, ਅਬਿਨਾਸ਼ੀ ਕਰਤੇ ਦਿਤਾ ਵਖਾਈਆ । ਮੇਰੇ ਨਾਲੋਂ ਗੁਰਮੁਖ ਸੁੱਚਾ, ਜਿਸ ਦੀ ਸੂਚੀ ਮੇਰੇ ਅੰਦਰ ਆਈਆ । ਮੈਂ ਉਨ੍ਹਾਂ ਦੇ ਪ੍ਰੇਮ ਦਾ ਭੁੱਖਾ, ਜੋ ਭੁੱਖੇ ਤਿਹਾਏ ਰਹਿ ਕੇ ਤੇਰਾ ਧਿਆਨ ਲਗਾਈਆ । ਮੈਂ ਬਿਰਹੋਂ ਵੈਰਾਗ ਉਨ੍ਹਾਂ ਦਾ ਕੁੱਠਾ, ਪੱਲੇ ਕੁਛ ਨਾ ਗੰਢ ਬੰਧਾਈਆ । ਏਥੇ ਓਥੇ ਮੇਰਾ ਲੇਖਾ ਮੁਕਾ, ਸੋਹਣੀ ਤਰਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਸੰਦੇਸ਼ਾ ਗੋਬਿੰਦ ਹਰਿ, ਹਰਿ ਜੂ ਆਪ ਜਣਾਇੰਦਾ । ਤੇਰੀ ਸੱਥਰ ਸੇਜ ਵੇਖ ਕੇ ਆਵੇ ਮੈਨੂੰ ਡਰ, ਭੌਂ ਮੇਰੇ ਗਿਰਦ ਫੇਰਾ ਪਾਇੰਦਾ । ਗੋਬਿੰਦ ਕਹੇ ਮੇਰੇ ਪ੍ਰਭ ਐਸਾ ਦਰਦ ਵੇਖਿਆ ਏਸ ਤੇ ਚੜ੍ਹ, ਤੇਰੇ ਸਿੰਘਾਸਣ ਨਾਲੋਂ ਰਸ ਅੱਛਾ ਨਜ਼ਰੀ ਆਇੰਦਾ । ਸ੍ਰੀ ਭਗਵਾਨ ਹੌਲੀ ਜੇਹੀ ਅੰਦਰ ਵੜ, ਸ਼ਬਦ ਇਸ਼ਾਰੇ ਨਾਲ ਸਮਝਾਇੰਦਾ । ਤੂੰ ਬੱਚਿਆ ਲਾ ਕੇ ਜਾਏਂ ਜੜ੍ਹ, ਮੈਂ ਬੂਟਾ ਵੇਖਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਇੰਦਾ । ਗੋਬਿੰਦ ਕਹੇ ਸੂਲਾਂ ਸੱਥਰ, ਸੋਹਣੀ ਸੇਜ ਸੁਹਾਈਆ । ਪ੍ਰਭੂ ਤੇਰੇ ਕੋਲ ਕੋਈ ਲਿਖਣ ਵਾਲਾ ਨਹੀਂ ਅੱਖਰ, ਜੋ ਇਸ ਦੀ ਕਰੇ ਵਡਿਆਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਵੀਹ ਸੌ ਇੱਕੀ ਬਿਕ੍ਰਮੀ ਪਹਿਲੋਂ ਦੱਸਕੇ ਲੇਖਾ ਢਾਈ ਸਤਰ, ਸਤਰਾਂ ਵਿਚੋਂ ਅਗਲੀ ਨੋਕ ਧਾਰ ਸਮਝਾਈਆ । ਧੁਰ ਦਾ ਸੰਦੇਸ਼ਾ ਦੇ ਕੇ ਪੱਤਰ, ਪਤਿਪਰਮੇਸ਼ਵਰ ਹੋ ਕੇ ਆਪ ਸਮਝਾਈਆ । ਨਿਰਗੁਣ ਨਿਰਵੈਰ ਕਰ ਕੇ ਆਪਣਾ ਯਤਨ, ਯਥਾ ਯੋਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਕਾਇਆ ਵੇਖ ਕੇ ਵਤਨ, ਵੱਤ ਆਪਣਾ ਫੇਰਾ ਪਾਈਆ । ਸੋਹਣਾ ਵੇਖ ਕਿਨਾਰਾ ਪਤਣ, ਘਾਟ ਕੰਢੀ ਬੈਠੇ ਡੇਰਾ ਲਾਈਆ । ਉਨ੍ਹਾਂ ਦੀ ਪੱਤ ਆਏ ਰੱਖਣ, ਜਿਨ੍ਹਾਂ ਪਿਛੇ ਬੱਚੇ ਭੇਟ ਚੜ੍ਹਾਈਆ । ਚਾਰ ਵਰਨ ਦਾ ਵਰੋਲ ਕੇ ਮੱਖਣ, ਭਗਤ ਭਗਵਾਨ ਲਏ ਪਰਗਟਾਈਆ । ਤੇਰੀ ਸੇਜ ਦਾ ਤੀਲਾ ਤਿਨਕਾ

ਉਹ ਸਾਂਭ ਕੇ ਰੱਖਣ, ਧੁਰ ਦੇ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਦ੍ਰਿੜਾਈਆ । ਗੋਬਿੰਦ ਅੰਦਰੋਂ ਖੋਲ੍ਹ ਕੇ ਅੱਖ, ਉਪਰ ਧਿਆਨ ਲਗਾਈਆ । ਸਮਰਥ ਵੇਖ ਪ੍ਰਤਖ, ਨੂਰ ਨੁਰਾਨਾ ਜੋਤ ਰੁਸ਼ਨਾਈਆ । ਸੁਤ ਦੁਲਾਰੇ ਕਿਹਾ ਝਟ, ਸਹਿਜ ਨਾਲ ਸਮਝਾਈਆ । ਅਬਿਨਾਸ਼ੀ ਕਰਤੇ ਸਚ ਸਿੰਘਾਸਣ ਆਪਣਾ ਦੱਸ, ਜਿਸ ਉਪਰ ਡੇਰਾ ਲਾਈਆ । ਸ੍ਰੀ ਭਗਵਾਨ ਕਿਹਾ ਹੱਸ, ਖ਼ੁਸ਼ੀਆਂ ਨਾਲ ਸਮਝਾਈਆ । ਜਿਥੇ ਮੇਰਾ ਗੋਬਿੰਦ ਰਿਹਾ ਵਸ, ਉਹ ਸਿੰਘਾਸਣ ਸਭ ਤੋਂ ਅੱਛਾ ਦੋ ਜਹਾਨਾਂ ਨਜ਼ਰੀ ਆਈਆ । ਗੋਬਿੰਦ ਕਿਹਾ ਮੈਂ ਨਾ ਮੰਨਾਂ ਸਚ, ਦੋਏ ਜੋੜ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਦੂਰੋਂ ਆਇਆ ਨੱਠ, ਨੇੜੇ ਆ ਕੇ ਰਿਹਾ ਹਿਲਾਈਆ । ਗੋਬਿੰਦ ਓਸ ਵੇਲੇ ਕਿਹਾ ਆਪਣੇ ਨਾਲ ਹੱਥ, ਗੁਰਮੁਖਾਂ ਵਲ ਇਸ਼ਾਰਾ ਦਿਤਾ ਕਰਾਈਆ । ਜਿੰਨਾਂ ਚਿਰ ਏਨ੍ਹਾਂ ਦੀ ਪਤ ਲਈਂ ਨਾ ਰੱਖ, ਪਰਮੇਸ਼ਵਰ ਤੇਰੀ ਨਾ ਕੋਇ ਵਡਿਆਈਆ । ਸ੍ਰੀ ਭਗਵਾਨ ਓਸੇ ਵੇਲੇ ਕਿਹਾ ਝਟ, ਹੁਕਮੀ ਧੁਰ ਫ਼ਰਮਾਨ ਸੁਣਾਈਆ । ਕਲਜੁਗ ਅੰਤਮ ਤੇਰਾ ਦਵਾਰਾ ਖੋਲ੍ਹ ਕੇ ਹੱਟ, ਬਣ ਵਣਜਾਰਾ ਵੇਖ ਵਖਾਈਆ । ਤਿਨਕੇ ਤਿਨਕੇ ਦੇ ਕੇ ਵਟ, ਸੋਹਣਾ ਵਾਣ ਦਿਆਂ ਗੰਢਾਈਆ । ਚਾਰ ਜੁਗ ਦਾ ਖਾਤਾ ਆਪਣੀ ਝੋਲੀ ਘਤ, ਅਗਲਾ ਲੇਖਾ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਾਰੇ ਨਾਲ ਰਿਹਾ ਸਮਝਾਈਆ । ਗੋਬਿੰਦ ਕਹੇ ਪ੍ਰਭ ਪ੍ਰੇਮ ਵਿਛੌਣਾ, ਗੁਰਮੁਖ ਨਾੜੀ ਅੰਤੜੀਆਂ ਨਜ਼ਰੀ ਆਈਆ । ਉਸ ਦੇ ਉਤੇ ਜੇ ਭਾਵੇ ਸੌਣਾ, ਸੋਹਣੀ ਸੇਜ ਹੰਢਾਈਆ । ਏਹੋ ਜਿਹਾ ਪਿਰ ਮੇਰੇ ਗੁਰਮੁਖ ਰੌਣਾ, ਜੋ ਨਰ ਹਰਿ ਕੰਤ ਹੋ ਕੇ ਸੇਜੇ ਆਈਆ । ਦੂਸਰ ਸੰਗ ਨਾ ਅੰਗ ਲਗੌਣਾ, ਅੰਗੀਕਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਗੋਬਿੰਦ ਪੁੱਤਰ, ਬਿਨ ਪਤਰਿਆਂ ਤੇਰਾ ਹਿਸਾਬ ਲਿਖਾਈਆ । ਜਿਸ ਵੇਲੇ ਨਿਰਗੁਣ ਧਾਰੋਂ ਆਵਾਂ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖਣ ਸਮਝ ਕਿਸੇ ਨਾ ਆਈਆ । ਤੇਰੇ ਗੁਰਮੁਖਾਂ ਜਨ ਭਗਤਾਂ ਪਤ ਆਵਾਂ ਰੱਖਣ, ਰਾਖਾ ਹੋ ਕੇ ਸੇਵ ਕਮਾਈਆ । ਕੂੜੀ ਕਿਰਿਆ ਜੜ੍ਹ ਆਵਾਂ ਪੁੱਟਣ, ਚਾਰੋਂ ਕੁੰਟ ਵੇਖ ਵਖਾਈਆ । ਧੁਰ ਦਾ ਮਾਰਗ ਆਵਾਂ ਦੱਸਣ, ਚਾਰ ਜੁਗ ਚਾਰ ਵਰਨਾਂ ਕਰਾਂ ਪੜ੍ਹਾਈਆ । ਤੇਰੇ ਸੰਗ ਮਿਲ ਕੇ ਆਵਾਂ ਹੱਸਣ, ਹਸਤੀ ਤੇਰੇ ਵਿਚ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਏ ਲਗਾਈਆ । ਗੋਬਿੰਦ ਕਹੇ ਮੇਰਾ ਕੌਲ ਇਕਰਾਰ, ਬਿਨ ਅੱਖਰਾਂ ਸਤਰਾਂ ਲੇਖ ਲਿਖਾਈਆ । ਸਚ ਵੇਲੇ ਦਾ ਸਚ ਵਿਹਾਰ, ਬਿਵਹਾਰੀ ਦਏ ਸਮਝਾਈਆ । ਗੁਰਮੁਖਾਂ ਸੇਜ ਕਰੇਂ ਪਿਆਰ, ਸੋਹਣਾ ਵੇਸ ਵਟਾਈਆ । ਤੇਰਾ ਲੇਖਾ ਮੋਹੇ ਪਰਵਾਨ, ਪਰਵਾਨਗੀ ਤੇਰੇ ਹੱਥ ਫੜਾਈਆ । ਓਸ ਵੇਲੇ ਤੇਗ਼ ਬਹਾਦਰ ਦਾ ਸੇਵਾਦਾਰ ਹੋਵੇ ਮੇਰੇ ਨਾਲ, ਜਿਸ ਦਾ ਨਾਮ ਤੇਰੇ ਨਾਲ ਪਰਨਾਈਆ । ਕਿਉਂ ਪਟਨੇ ਕੀਤੀ ਮੇਰੀ ਓਸ ਸੰਭਾਲ, ਗੁਜਰੀ ਨਾਲ ਮਿਲ ਕੇ ਸੇਵ ਕਮਾਈਆ । ਦਿਵਸ ਰੈਣ ਰਾਖਾ ਬਣ ਕੇ ਫਿਰੇ ਨਾਲ ਨਾਲ, ਅੱਠੇ ਪਹਿਰ ਮਸਤਕ ਵੇਖ ਵੇਖ ਖ਼ੁਸ਼ੀ ਮਨਾਈਆ । ਲੋਕੀ ਸਾਰੇ ਕਹਿਣ ਓਨੂੰ ਕਮਲਾ ਕੰਗਾਲ, ਕਿਥੋਂ ਤੇਗਾ ਆਪਣੇ ਨਾਲ ਗਿਆ ਰਲਾਈਆ । ਇਕ ਵੇਰਾਂ ਮੈਂ ਮਿੱਟੀ ਵਿਚ ਡਿੱਗਾ ਮੇਰਾ ਉਸ ਨੇ ਮੁਖ ਪੂੰਝਿਆ ਨਾਲ ਰੁਮਾਲ, ਪ੍ਰੇਮ ਨਾਲ ਆਪਣੀ ਗੋਦ ਉਠਾਈਆ । ਮੈਂ ਹੌਲੀ ਜੇਹੀ ਕੀਤਾ ਇਕ ਸਵਾਲ, ਢਾਈ ਸਾਲ ਦੀ ਉਮਰ ਵਿਚ ਸਮਝਾਈਆ । ਜੇ ਕੋਈ ਤੈਥੋਂ ਖੋਹ ਕੇ ਮੈਨੂੰ ਲੈ ਜਾਏ ਸ਼ੈਤਾਨ, ਗੰਗਾ ਵਿਚ ਸੁਟਾਈਆ ।

ਓਸ ਵੇਲੇ ਏਸ ਕਮਲੇ ਕਿਹਾ ਮੈਂ ਬੜਾ ਬਲਵਾਨ, ਮੇਰੇ ਵਰਗਾ ਸੂਰਮਾ ਨਜ਼ਰ ਕੋਇ ਨਾ ਆਈਆ । ਮੈਂ ਬੱਚੇ ਹੁੰਦਿਆਂ ਕੀਤੀ ਜ਼ਬਾਨ, ਹੌਲੀ ਜੇਹੀ ਸੁਣਾਈਆ । ਜਿਸ ਵੇਲੇ ਮੈਂ ਨਾਲ ਆਵਾਂ ਆਪਣੇ ਭਗਵਾਨ, ਭਾਗ ਤੇਰਾ ਵੰਡ ਵੰਡਾਈਆ । ਜੇ ਤੂੰ ਸੂਰਮਾ ਸ਼ਸਤਰਾਂ ਵਾਲਾ ਜਵਾਨ, ਸ਼ਸਤਰ ਮੇਰਾ ਤੇਰਾ ਇਕੋ ਨਜ਼ਰੀ ਆਈਆ । ਜੇ ਪਿਛੇ ਨਹੀਂ ਆਈ ਪਹਿਚਾਨ, ਹੁਣ ਅੱਗੇ ਦਿਤਾ ਸਮਝਾਈਆ । ਹੁਣ ਗੋਬਿੰਦ ਨਹੀਂ ਬਾਲ ਅੰਞਾਣ, ਬਾਲ ਅੰਞਾਣੇ ਗੋਦੀਆਂ ਵਿਚ ਟਿਕਾਈਆ । ਏਹ ਮੰਜੀ ਨਹੀਂ ਟੁਟਿਆ ਵਾਣ, ਗੁਰਮੁਖਾਂ ਸੇਜ ਸੁਹਾਈਆ । ਏਹ ਦੁਸ਼ਾਲਾ ਤੁਹਾਡੇ ਲਈ ਹੋਇਆ ਪਰਵਾਨ, ਜਿਸ ਦਾ ਪਰਵਾਨਾ ਆਸਾਮ ਵਾਲੇ ਰਾਜੇ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਗੋਦ ਉਠਾਈਆ । ਟੁੱਟੇ ਵਾਣ ਦੀ ਬੋਲੇ ਮੰਜੀ, ਮਜਲਸ ਵਿਚ ਸੁਣਾਈਆ । ਜਨ ਭਗਤੋ ਮੈਂ ਸਭ ਤੋਂ ਚੰਗੀ, ਚੰਗਿਆਂ ਖ਼ਾਕ ਮਿਲਾਈਆ । ਤੁਹਾਡੀ ਜਨਮ ਮਰਨ ਦੀ ਕੱਟੀ ਗਈ ਤੰਗੀ, ਭੀੜੀ ਗਲੀ ਨਾ ਕੋਇ ਫਿਰਾਈਆ । ਕੁੱਖ ਫੇਰ ਨਹੀਂ ਵੇਖਣੀ ਕੋਈ ਗੰਦੀ, ਧੰਨ ਜਣੇਂਦੀ ਹੋਵੇ ਮਾਈਆ । ਸੁਰਤੀ ਫੇਰ ਨਾ ਹੋਵੇ ਰੰਡੀ, ਹਰਿ ਕੰਤ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜੀ ਟੁੱਟੀ ਦਏ ਸਮਝਾਈਆ । ਮੰਜੀ ਟੁੱਟੇ ਤੇਰਾ ਸੋਹਣਾ ਆਸਣ, ਅਸਲਾਂ ਵਿਚ ਅਸਲੀ ਨਜ਼ਰੀ ਆਈਆ । ਜਿਸ ਉਤੇ ਬੈਠ ਪੁਰਖ ਅਬਿਨਾਸ਼ਨ, ਆਪਣੀ ਸ਼ਰਅ ਰਿਹਾ ਸਮਝਾਈਆ । ਲੇਖੇ ਮੇਟ ਕੇ ਜ਼ਾਤ ਪਾਤਨ, ਊਚਾਂ ਨੀਚਾਂ ਜੋੜ ਜੁੜਾਈਆ । ਪੱਤਣ ਚਾੜ੍ਹ ਕੇ ਅਪਣੇ ਘਾਟਣ, ਨਈਆ ਨੌਕਾ ਨਾਮ ਬਿਠਾਈਆ । ਧੁਰ ਦਾ ਬਣ ਕੇ ਸੰਗੀ ਸਾਥਨ, ਸਗਲਾ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਈਆ । ਮੰਜੀ ਕਹੇ ਮੇਰੇ ਧੰਨ ਭਾਗ, ਭਾਗਾਂ ਭਰੀ ਨਜ਼ਰੀ ਆਈਆ । ਮੇਰਾ ਲਹਿਣਾ ਮੁੱਕਿਆ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਜਿਸ ਦੇ ਸੀਸ ਸੋਹਵਣਾ ਤਾਜ, ਸੋ ਤਖ਼ਤ ਨਿਵਾਸੀ ਮੇਰੇ ਉਪਰ ਚਰਨ ਟਿਕਾਈਆ । ਧੰਨ ਵਡਿਆਈ ਓਨ੍ਹਾਂ ਸਿੱਖਾਂ ਸ਼ਾਬਾਸ, ਜਿਨ੍ਹਾਂ ਸ਼ਬਦੀ ਸੇਜ ਸੁਹਾਈਆ । ਜਿਸ ਉਤੇ ਦੋਵੇਂ ਮਿਲ ਕੇ ਕਰਨ ਨਿਵਾਸ, ਅਸਥਾਨ ਭੂਮਿਕਾ ਸੋਭਾ ਪਾਈਆ । ਇਹ ਟੁੱਟਿਆਂ ਨੂੰ ਗੰਢਣ ਵਾਲੀ ਮੰਜੀ ਖ਼ਾਸ, ਖ਼ਾਲਸ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮੰਜੀ ਕਹੇ ਮੈਂ ਹੋ ਮਜਾਜੀ, ਮੌਜੂਦਾ ਦਿਆਂ ਸੁਣਾਈਆ । ਜਿਸ ਵੇਲੇ ਮੇਰੀ ਨਿੱਕੀ ਜੇਹੀ ਉਤੇ ਨਿੱਕਾ ਜੇਹਾ ਗੋਬਿੰਦ ਰੱਖਿਆ ਗੁਜਰੀ ਦਾਦੀ, ਦਾਅ ਆਪਣਾ ਓਸ ਵੇਲੇ ਲਿਆ ਲਗਾਈਆ । ਮੈਂ ਛਾਤੀ ਚੁੱਕ ਕੇ ਹੌਲੀ ਜੇਹੀ ਆਵਾਜ਼ ਇਕ ਆਖੀ, ਹਵਾ ਵਿਚ ਸੁਣਾਈਆ । ਗੋਬਿੰਦ ਕਿਹਾ ਫੇਰ ਚੜ੍ਹਾਂ ਤੇਰੇ ਉਤੇ ਨਾਲ ਲੈ ਕੇ ਆਪਣੇ ਸਾਥੀ, ਸੱਥਰ ਵਾਲਾ ਲੇਖਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਮੰਜੀ ਕਹੇ ਸੁਣੋ ਸਭ ਸੱਜਣ, ਸੱਜਰਾ ਹਾਲ ਸੁਣਾਈਆ । ਮੈਂ ਘਰ ਘਰ ਗਈ ਸੱਦਣ, ਸੱਦੇ ਦੇ ਕੇ ਆਈ ਜਣਾਈਆ । ਜਿਨ੍ਹਾਂ ਦਾ ਵਿਛੋੜਾ ਹੋਇਆ ਸਰਸੇ ਪਤਣ, ਵਹਿੰਦੀ ਧਾਰ ਵਹਾਈਆ । ਤਿਨ੍ਹਾਂ ਦੀ ਪਤ ਆਇਆ ਰੱਖਣ, ਪਤਤ ਪਾਪੀ ਪਾਰ ਕਰਾਈਆ । ਧੁਰ ਦੀ ਗੋਦੀ ਆਇਆ ਚੁੱਕਣ, ਚਕਨਾ ਚੂਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਮੰਜੀ ਕਹੇ ਸਾਰੇ ਵੱਡੇ ਛੋਟੇ, ਗ਼ਰੀਬ ਨਿਮਾਣਿਆਂ ਰੰਗ ਰੰਗਾਈਆ । ਪਾਰ ਉਤਾਰੇ ਮਾਪਿਆਂ ਨਾਲ ਪੁੱਤ ਪੋਤੇ, ਪੁਤਲੇ ਕਾਇਆ ਤਤ ਦਿਤੇ ਤਰਾਈਆ ।

ਸ਼ੌਹ ਦਰਿਆਏ ਕੋਈ ਨਾ ਖਾਵੇ ਗੋਤੇ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਅਗਲਾ ਫ਼ਿਕਰ ਕੋਈ ਨਾ ਸੋਚੇ, ਸਾਰੇ ਅੰਤਮ ਆਪਣੇ ਵਿਚ ਰਲਾਈਆ । ਬਾਹਰ ਕੱਢ ਕੁੜਾਵੇ ਖੋਟੇ, ਗੁਰਮੁਖ ਆਪਣੇ ਅੰਗ ਲਗਾਈਆ । ਵਿਛੜਨ ਜਨਮ ਦੇ ਮਿਟ ਗਏ ਰੋਸੇ, ਰਸਤੇ ਆਪੇ ਲਾਈਆ । ਪ੍ਰਭ ਮਿਲਣ ਦੇ ਜਿਨ੍ਹਾਂ ਨੂੰ ਮਿਲ ਗਏ ਮੌਕੇ, ਮੁਕੰਮਲ ਆਪਣਾ ਆਪ ਗਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਮੰਜੀ ਮੰਜ਼ਲਾਂ ਉਤੇ ਚੜ੍ਹਾਈਆ । ਟੁੱਟੀ ਮੰਜੀ ਕਹੇ ਮੇਰੀ ਮੰਜ਼ਲ ਮੁੱਕੀ, ਦੋ ਜਹਾਨ ਪੰਧ ਮੁਕਾਈਆ । ਮੈਂ ਅੱਗੇ ਵੇਖਾਂ ਹਰਿ ਸੰਗਤ ਸੁਖੀ, ਸੁਖ ਸਾਗਰ ਰੂਪ ਵਟਾਈਆ । ਉਜਲ ਮਾਤ ਹੋਵੇ ਮੁਖੀ, ਮੁਖ ਸਿਫ਼ਤਾਂ ਨਾਲ ਸਾਲਾਹੀਆ । ਪੰਦਰਾਂ ਕੱਤਕ ਚਰਨ ਕਵਲ ਦੀ ਸਭ ਨੂੰ ਦੇ ਕੇ ਰੁਚੀ, ਰੁਚੀ ਆਤਮ ਪਰਮਾਤਮ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣੇ ਦੀ ਪੁੱਛਣ ਪੁੱਛੀ, ਜਿਸ ਦੀ ਸਮਝ ਸਮਝੌਣ ਕੋਇ ਨਾ ਆਈਆ । ਗੁਰਮੁਖ ਮੰਜੀ ਤੇਰੀ ਸਚ ਨਿਸ਼ਾਨੀ, ਨਸ਼ੇ ਧੁਰ ਦੇ ਰਹੀ ਚੜ੍ਹਾਈਆ । ਏਹੋ ਜੇਹੀ ਅਜੇ ਤਕ ਲੱਭੀ ਕਦੇ ਨਾ ਗਾਨੀ, ਮਣਕਿਆਂ ਵਾਲੀ ਕੰਮ ਕਿਸੇ ਨਾ ਆਈਆ । ਇਸ ਦੇ ਤੀਲਿਆਂ ਤਿਨਕਿਆਂ ਵਿਚ ਉਹ ਬਾਣੀ, ਜੋ ਬਾਣ ਨਿਰਾਲੇ ਰਹੀ ਚਲਾਈਆ । ਇਹ ਗੋਬਿੰਦ ਦੀ ਪਿਛਲੀ ਕਹਾਣੀ, ਕਹਾਵਤ ਅਗਲੀ ਰਹੀ ਸਮਝਾਈਆ । ਸਚਖੰਡ ਨਿਵਾਸੀ ਲੈ ਕੇ ਜਾਵੇ ਓਸ ਮਕਾਨੀ, ਮੁਕਾਮੇ ਹਕ ਜਿਸ ਦੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇਵੇ ਵਡਿਆਈਆ । ਗਾਨੀ ਕਹੇ ਮੈਂ ਪਈ ਗਲ, ਗਲਵਕੜੀ ਆਪਣੀ ਪਾਈਆ । ਭਗਤੋ ਤੁਹਾਡੇ ਨਾਲ ਨਾ ਕਰੇ ਛਲ, ਮੈਂ ਵਟ ਦਿਤਾ ਚੜ੍ਹਾਈਆ । ਜੋ ਵਿਛੋੜਾ ਦੇਵੇ ਪਲ, ਹਲੂਣੇ ਨਾਲ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਇਹ ਗਾਨੀ ਅੱਛੀ, ਅੱਛੀ ਤਰਾ ਸਮਝਾਈਆ । ਵੇਲਾ ਮਤਸ ਯਾਦ ਜਿਸ ਵੇਲੇ ਰੂਪ ਧਾਰਿਆ ਮੱਛੀ, ਸਮੁੰਦ ਸਾਗਰ ਡੇਰਾ ਲਾਈਆ । ਉਸ ਵੇਲੇ ਪ੍ਰੇਮ ਪਿਆਰ ਦੀ ਪਾ ਕੇ ਰੱਸੀ, ਤੰਦ ਆਪਣੇ ਨਾਲ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪਿਛਲਾ ਲੇਖਾ ਰਿਹਾ ਸਮਝਾਈਆ । ਰੱਸੀ ਕਹੇ ਮੈਂ ਦੱਸਾਂ ਰਸਤਾ, ਮਾਰਗ ਇਕ ਜਣਾਈਆ । ਜਨ ਭਗਤੋ ਪ੍ਰਭ ਨੂੰ ਮਿਲਣ ਵਾਸਤੇ ਬੰਨ੍ਹਣਾ ਪਏ ਕੋਈ ਨਾ ਬਸਤਾ, ਪੋਥੀ ਕੰਮ ਕਿਸੇ ਨਾ ਆਈਆ । ਇਕੋ ਮਾਰਗ ਸਭ ਤੋਂ ਸਸਤਾ, ਨਿਉਂ ਨਿਉਂ ਲਾਗੇ ਪਾਈਆ । ਤੁਹਾਡੇ ਨਾਲ ਗੰਢ ਪਾ ਜਾਏ ਪੁਖ਼ਤਾ, ਜਿਸ ਨਾਲ ਯਸੂ ਫਾਂਸੀ ਦਿਤਾ ਲਟਕਾਈਆ । ਵਿਚ ਰਹਿਣ ਨਾ ਦੇਵੇ ਕੋਈ ਨੁਕਤਾ, ਮੁਕਤੇ ਸਾਰੇ ਦਏ ਵਡਿਆਈਆ । ਇਹ ਵੇਲਾ ਨਹੀਂ ਕੋਈ ਪੁਛ ਦਾ, ਪੁਛਣ ਦੀ ਸਮਝ ਕੋਇ ਨਾ ਪਾਈਆ । ਜੋ ਪ੍ਰੇਮ ਕਰਕੇ ਇਕ ਵਾਰ ਝੁਕਦਾ, ਤਿਸ ਨੂੰ ਕੋਟਨ ਕੋਟਨ ਵਾਰ ਆਪਣੀ ਗੋਦ ਬਹਾਈਆ । ਏਸ ਮੰਜੀ ਪਿਛੇ ਸਭ ਦਾ ਲੇਖਾ ਮੁੱਕਦਾ, ਜਿਸ ਦੀ ਡੋਰੀ ਗਲ ਵਿਚ ਸੋਭਾ ਪਾਈਆ । ਨਾਤਾ ਜੁੜ ਗਿਆ ਪਿਓ ਪੁੱਤ ਦਾ, ਅੱਗੇ ਹੋਏ ਨਾ ਕੋਇ ਜੁਦਾਈਆ । ਜੇ ਕੋਈ ਜਗਤ ਵਿਹਾਰ ਕਰਕੇ ਰੁਸਦਾ, ਅੰਤਮ ਓਹਨੂੰ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲਹਿਣੇ ਰਿਹਾ ਚੁਕਾਈਆ । ਰੱਸੀ ਕਹੇ ਮੈਂ ਦੱਸਾਂ ਰਸਮ, ਹਰਿ ਸੰਗਤ ਸਚ ਸਮਝਾਈਆ । ਤੁਹਾਡੇ ਨਾਲ ਪੈ ਗਈ ਏਸ ਦੀ ਕਸਮ, ਜਿਸ ਦੀ ਕਿਸਮਤ ਸਮਝ ਕਿਸੇ ਨਾ ਆਈਆ । ਸਚ ਪੁੱਛੋ ਤੁਹਾਡੇ ਪਿਛੇ ਬੱਚਿਆਂ ਦੀ ਲਿਆਕੇ ਭਸਮ, ਭਾਓ ਕੀਮਤ

ਆਪਣੀ ਆਪੇ ਪਾਈਆ । ਜਿਸ ਘਰ ਗੁਰ ਅਵਤਾਰ ਪੀਰ ਪੈਗ਼ੰਬਰ ਕਬੀਰ ਜੁਲਾਹੇ ਜਹੇ ਵਸਣ, ਉਨ੍ਹਾਂ ਤੋਂ ਅੱਗੇ ਤੁਹਾਨੂੰ ਲਏ ਬਹਾਈਆ । ਤੁਹਾਡੇ ਕੋਲੋਂ ਜੁਦਾ ਹੋ ਕੇ ਆਇਆ ਨਹੀਂ ਪ੍ਰਭੂ ਨੱਠਣ, ਭੱਜੇ ਜਾਂਦਿਆਂ ਆਪਣੇ ਨਾਲ ਮਿਲਾਈਆ । ਇਹ ਰਾਵੀ ਨਹੀਂ ਰਹਿਬਰ ਦਾ ਪੱਤਣ, ਪਤਿਪਰਮੇਸ਼ਵਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਗਾਨੀ ਗਲ ਲਟਕਾਈਆ । ਗਾਨੀ ਕਹੇ ਮੈਨੂੰ ਆਇਆ ਚੇਤਾ, ਪਿਛਲੀ ਕਹਾਣੀ ਦਿਆਂ ਜਣਾਈਆ । ਜਿਸ ਵੇਲੇ ਬ੍ਰਾਹਮਣ ਖਾਣ ਆਇਆ ਨੇਂਦਾ, ਆਪਣਾ ਫੇਰਾ ਪਾਈਆ । ਉਹ ਚਾਰੋਂ ਤਰਫ਼ ਵੇਂਹਦਾ, ਗੋਬਿੰਦ ਅੱਖ ਉਠਾਈਆ । ਮੌਲੀ ਤੰਦ ਕਰਕੇ ਭੇਟਾ, ਗਲ ਗਾਨੀ ਇਕ ਲਟਕਾਈਆ । ਗੋਬਿੰਦ ਤੋੜ ਕੇ ਕਿਹਾ ਮੇਰੀ ਅਵੱਲੜੀ ਖੇਡਾ, ਅਗਲੀ ਸਮਝ ਦਿਆਂ ਸਮਝਾਈਆ । ਮੈਨੂੰ ਸਭ ਤੋਂ ਚੰਗੀ ਲੱਗਣੀ ਸੂਲਾਂ ਕਾਹੀ ਵਾਲੀ ਸੇਜਾ, ਸੱਜਣਾ ਤੈਨੂੰ ਦਿਆਂ ਜਣਾਈਆ । ਜਿਸ ਨੇ ਮੈਨੂੰ ਪਿਛੋਂ ਭੇਜਾ, ਉਸ ਦੀ ਭਾਜੀ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਮੌਲੀ ਤੰਦ ਜਿਸ ਵੇਲੇ ਤੋੜੀ, ਟੁੱਟੀ ਦਏ ਦੁਹਾਈਆ । ਗੋਬਿੰਦ ਮੇਰੀ ਬੌਹੜੀ ਬੌਹੜੀ, ਹੌਕੇ ਦੇ ਰਹੀ ਸੁਣਾਈਆ । ਮੈਂ ਚੜ੍ਹਕੇ ਤੇਰੀ ਪੌੜੀ, ਫਿਰ ਖ਼ਾਕੀ ਖ਼ਾਕ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣੇ ਦੇਣੇ ਸਭ ਦੇ ਵੇਖ ਵਖਾਈਆ । ਗੋਬਿੰਦ ਕਿਹਾ ਸੁਣ ਰੀ ਮੌਲੀ, ਸਖ਼ੀਏ ਤੈਨੂੰ ਦਿਆਂ ਜਣਾਈਆ । ਮੇਰੇ ਸਾਹਿਬ ਦਾ ਖੇਲ ਹੌਲੀ ਹੌਲੀ, ਜੋ ਹਰਿ ਹਰਿ ਆਪਣਾ ਨਾਮ ਪਰਗਟਾਈਆ । ਮੈਂ ਫੇਰ ਆਵਾਂ ਉਪਰ ਧੌਲੀ, ਧਰਨੀ ਧਰਤ ਵੇਖ ਵਖਾਈਆ । ਮੈਨੂੰ ਵਸਤ ਇਕੋ ਭਉਣੀ, ਜੋ ਸਭ ਤੋਂ ਚੰਗੀ ਚੰਗੀ ਤਰਾ ਸਮਝਾਈਆ । ਮੇਰੀ ਸੇਜ ਗੁਰਮੁਖਾਂ ਕਾਨੇ ਕਾਹੀ ਬਣੌਣੀ, ਆਪਣੀ ਵੰਡ ਵੰਡਾਈਆ । ਫੇਰ ਮੇਰੇ ਪਿਆਰ ਅੰਦਰ ਸੋਹਣੀ ਮੰਜੀ ਇਕ ਡਾਹੁਣੀ, ਚਾਰ ਪਾਵੇ ਨਾਲ ਜੁੜਾਈਆ । ਉਸ ਦੇ ਵਿਚੋਂ ਮੈਂ ਪ੍ਰੇਮ ਪਿਆਰ ਦੀ ਰੱਸੀ ਇਕ ਖਿਸਕੌਣੀ, ਜਿਸ ਨੂੰ ਆਪਣੇ ਗਲ ਲਟਕਾਈਆ । ਓਸ ਵੇਲੇ ਤੇਰੀ ਪੂਰੀ ਕਰਾਂ ਭਾਉਣੀ, ਭਾਣਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਮੌਲੀ ਕਹੇ ਮੈਂ ਰੱਸੀ ਬਣ ਕੇ, ਰਾਹ ਤੱਕਾਂ ਤੇਰਾ ਮਾਹੀਆ । ਕਿਸ ਮਾਰਗ ਆਵੇਂ ਚਲ ਕੇ, ਆਪਣਾ ਪੰਧ ਮੁਕਾਈਆ । ਮੈਂ ਰਸਤਾ ਬਹਿਵਾਂ ਮੱਲ ਕੇ, ਨੇਤਰ ਅੱਖ ਖੁਲ੍ਹਾਈਆ । ਗੋਬਿੰਦ ਕਿਹਾ ਹੱਸ ਕੇ, ਖ਼ੁਸ਼ੀਆਂ ਨਾਲ ਜਣਾਈਆ । ਮੈਂ ਨਿਰਗੁਣ ਨਾਲ ਆਵਾਂ ਨੱਸ ਕੇ, ਸ਼ਬਦੀ ਰੂਪ ਵਟਾਈਆ । ਤੈਨੂੰ ਸਚ ਜਾਵਾਂ ਦੱਸ ਕੇ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਲਕ ਇਕੋ ਬੇਪਰਵਾਹੀਆ । ਮੌਲੀ ਕਹੇ ਦੱਸ ਸਬੂਤ, ਸਚ ਦੇ ਜਣਾਈਆ । ਕੀ ਪੰਜ ਤਤ ਮਾਣ ਦੇਵੇਂ ਕਲਬੂਤ, ਕਾਇਆ ਗੜ੍ਹ ਸੁਹਾਈਆ । ਕਵਣ ਦਵਾਰੇ ਹੋਏਂ ਮੌਜੂਦ, ਹਾਜ਼ਰ ਹੋ ਕੇ ਹਾਜ਼ਰੀ ਲਏਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੇ ਲੇਖੇ ਰਿਹਾ ਜਣਾਈਆ । ਗੋਬਿੰਦ ਕਿਹਾ ਆ ਜਾ ਨੇੜੇ, ਸਚ ਦਿਆਂ ਸਮਝਾਈਆ । ਅੰਤਮ ਆਵਾਂ ਗੁਰਮੁਖਾਂ ਦੇ ਖੇੜੇ, ਖਹਿੜਾ ਸਭ ਤੋਂ ਲਵਾਂ ਛੁਡਾਈਆ । ਪੰਜ ਤਤ ਦੇ ਛੱਡ ਕੇ ਝੇੜੇ, ਸ਼ਬਦੀ ਆਪਣਾ ਨਾਉਂ ਰਖਾਈਆ । ਭਗਤਾਂ ਉਤੇ ਕਰਕੇ ਮਿਹਰੇ, ਮੁਹੱਬਤ ਆਪਣੇ ਨਾਲ ਪਾਈਆ । ਉਹ ਦੂਰ ਦੁਰਾਡੇ ਇਕੱਠੇ ਹੋਣ ਨੇੜੇ, ਘਰ ਇਕੋ ਇਕ ਸੁਹਾਈਆ । ਕਰਕੇ ਵੱਡੇ ਜੇਰੇ, ਟੁੱਟੀ ਮੰਜੀ ਦੇਣ ਵਿਛਾਈਆ । ਸਭ ਦੇ ਅੰਤਰ ਹੋਵਣ ਚਾਓ

ਘਨੇਰੇ, ਖ਼ੁਸ਼ੀ ਗ਼ਮੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਹੋ ਆਈਆ । ਮੌਲੀ ਕਹੇ ਦੱਸ ਮਿਲਾਪ, ਵੇਲਾ ਵਕਤ ਸੁਹਾਈਆ । ਗੋਬਿੰਦ ਕਿਹਾ ਮੇਰਾ ਭਗਤਾਂ ਨਾਲ ਸਾਕ, ਗੁਰਮੁਖਾਂ ਜੋੜ ਜੁੜਾਈਆ । ਬੀਸ ਇਕੀਸਾ ਹੋ ਕੇ ਸਾਖਿਆਤ, ਪੁਰਖ ਅਕਾਲ ਨੂਰ ਕਰੇ ਰੁਸ਼ਨਾਈਆ । ਗੁਰਮੁਖਾਂ ਦੀ ਬੈਠ ਕੇ ਉਤੇ ਖਾਟ, ਖਟਕੇ ਸਾਰੇ ਦਿਆਂ ਗਵਾਈਆ । ਤਾਣੇ ਪੇਟੇ ਵਿਚੋਂ ਮਾਰ ਕੇ ਝਰਾਟ, ਡੋਰੀ ਤੰਦ ਇਕ ਖਿਚਾਈਆ । ਵੀਹ ਸੌ ਇੱਕੀ ਪੰਦਰਾਂ ਕੱਤਕ ਦੀ ਸੁਹੰਜਣੀ ਕਰਕੇ ਰਾਤ, ਰੁਤਬਾ ਤੇਰਾ ਦਿਆਂ ਵਧਾਈਆ । ਆਪਣੇ ਗਲ ਵਿਚ ਪਾ ਕੇ ਸਾਖਿਆਤ, ਗੁਰਸਿਖਾਂ ਦਿਆਂ ਵਖਾਈਆ । ਪੂਰਬ ਲਹਿਣਾ ਦੇਣ ਦੀ ਏਸ ਨੂੰ ਜਾਚ, ਅਭੁਲ ਭੁਲ ਵਿਚ ਨਾ ਆਈਆ । ਸਭ ਦੀ ਸੁਣ ਆਪ ਫ਼ਰਿਆਦ, ਫ਼ਰਦ ਪਿਛਲੀ ਫੋਲ ਫੁਲਾਈਆ । ਚਰਨ ਪ੍ਰੀਤੀ ਜੋੜ ਕੇ ਆਜ, ਆਜਜ਼ ਲਏ ਤਰਾਈਆ । ਭਗਤ ਭਗਵਾਨ ਦਾ ਇਕ ਸਮਾਜ, ਸਭਨਾਂ ਦਿਤਾ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਣਕੇ ਮਾਲੇ ਸਾਰੇ ਦਿਤੇ ਤਿਆਗ, ਵੈਰਾਗ ਆਪਣਾ ਇਕ ਉਪਜਾਈਆ । ਮਾਲਾ ਕਹੇ ਪ੍ਰਭ ਕੀ ਵੈਰਾਗ, ਕਿਸ ਬਿਧ ਦਏਂ ਪਰਗਟਾਈਆ । ਅਬਿਨਾਸ਼ੀ ਕਰਤਾ ਕਹੇ ਅੰਦਰ ਵੜ ਕੇ ਮਾਰ ਆਵਾਜ਼, ਸੁਰਤੀ ਸੋਈ ਲਵਾਂ ਜਗਾਈਆ । ਆਪਣੇ ਸੀਸ ਤੋਂ ਲਾਹ ਕੇ ਤਾਜ, ਗ਼ਰੀਬ ਨਿਮਾਣਿਆਂ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਵਸਤ ਅਮੋਲਕ ਨਾਮ ਭੰਡਾਰਾ ਦੇ ਕੇ ਦਾਤ, ਦਾਨੀ ਹੋ ਕੇ ਹੋਵਾਂ ਸਹਾਈਆ । ਜਨਮ ਕਰਮ ਦੀ ਪੂਰਬ ਪੂਰੀ ਕਰਕੇ ਖ਼ਾਹਿਸ਼, ਖ਼ਾਲਸ ਆਪਣੇ ਨਾਲ ਮਿਲਾਈਆ । ਰੱਸੀ ਪਿਛੇ ਤੁਹਾਡੀ ਕੱਟ ਕੇ ਜਮ ਕੀ ਫਾਸ, ਫ਼ੈਸਲੇ ਧੁਰ ਕੇ ਦਏ ਮੁਕਾਈਆ । ਓਥੇ ਲੈ ਕੇ ਜਾਏ ਜਿਥੇ ਵਸੇ ਪਾਸ, ਵਿਛੋੜਾ ਵਿਛੜਿਆਂ ਕੋਲੋਂ ਆਪਣੀ ਝੋਲੀ ਪਾਈਆ । ਮਿਹਰਵਾਨ ਹੋ ਕੇ ਦਾਸੀ ਦਾਸ, ਦਸਤ ਬਦਸਤ ਸੇਵ ਕਮਾਈਆ । ਚਰਨ ਕਵਲਾਂ ਰੱਖੇ ਸਾਥ, ਕਰਮ ਕਾਂਡ ਲੇਖਾ ਦਏ ਮੁਕਾਈਆ । ਮੰਜੀ ਦਾ ਮਾਲਕ ਸਦਾ ਵਸੇ ਸਾਥ, ਸੋਹਣਾ ਸੰਗ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਰੱਖੀ ਯਾਦ, ਯਾਦ ਪਿਛੇ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਆਇਆ ਮਾਤ, ਮੁਤਾਲਿਆ ਸਭ ਦਾ ਕਰੇ ਥਾਉਂ ਥਾਈਂਆ ।

### ✪ ੧੫ ਕੱਤਕ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਅਲੱੜਪਿੰਡੀ ✪

ਵੀਹ ਸੌ ਇੱਕੀ ਪੰਦਰਾਂ ਕੱਤਕ, ਕਤਰਾ ਕਤਰਾ ਖ਼ੁਸ਼ੀ ਮਨਾਇੰਦਾ । ਜੁਗ ਚੌਕੜੀ ਪਿਛੋਂ ਆਇਆ ਉਹ ਵਕਤ, ਜਿਸ ਦਾ ਵੇਲਾ ਵਕਤ ਸਰਬ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਣਾ ਕੇ ਆਪਣੀ ਸ਼ਕਤ, ਥੋੜੀ ਥੋੜੀ ਸ਼ਨਾਖ਼ਤ ਸਰਬ ਜਣਾਇੰਦਾ । ਕਲ ਅੰਤਮ ਲੇਖਾ ਸਾਚੇ ਭਗਤ, ਹਰਿ ਭਗਵਨ ਵੇਖ ਵਖਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਚੜ੍ਹ ਕੇ ਅਗੰਮੀ ਹਸਤ, ਹਸਤੀ ਰਿਹਾ ਬਦਲਾਈਆ । ਜੋਤ ਸਰੂਪ ਹੋ ਕੇ ਮਸਤ, ਨਾਮ ਖ਼ੁਮਾਰੀ ਇਕ ਪਰਗਟਾਈਆ । ਦੋ ਜਹਾਨਾਂ ਖੋਲ੍ਹ ਕਰਕੇ ਅਰਥ, ਅਥਵਾ ਆਪਣਾ ਖੇਲ ਕਰਾਈਆ । ਬ੍ਰਹਿਮੰਡ ਖੰਡ ਹੋਏ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਸੂਰਬੀਰ ਮਰਦਾਨਾ ਬਣਕੇ ਮਰਦ, ਮੁੱਦਾ ਸਭ ਦਾ ਵੇਖ ਵਖਾਈਆ । ਨਵ ਨੌਂ

ਚਾਰ ਦੀ ਸੁਣ ਕੇ ਅਰਜ਼, ਅਸਲ ਆਪਣਾ ਰੂਪ ਧਰਾਈਆ । ਕੂੜੀ ਕਿਰਿਆ ਵੇਖਕੇ ਗਰਦ, ਗਰਦਿਸ਼ ਵੇਖੇ ਜਗਤ ਲੋਕਾਈਆ । ਗੁਰਮੁਖਾਂ ਵੰਡਣਹਾਰਾ ਦਰਦ, ਦਰਦੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀਆ । ਪੰਦਰਾਂ ਕੱਤਕ ਪਿਛਲੀ ਯਾਦ, ਸਰਬ ਰਿਹਾ ਜਣਾਈਆ । ਗੁਰ ਅਵਤਾਰ ਸੁਣ ਆਵਾਜ਼, ਪੀਰ ਪੈਗ਼ੰਬਰ ਡੇਰਾ ਲਾਈਆ । ਸ਼ਾਹ ਸੁਤਲਾਨ ਛੱਡਕੇ ਰਾਜ, ਤਖ਼ਤ ਨਿਵਾਸੀ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਭਾਜ, ਬਣ ਬਣ ਪਾਂਧੀ ਰਾਹੀਆ । ਸ਼ਬਦ ਅਗੰਮੀ ਵੱਜੇ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਹੁਕਮ ਸੰਦੇਸਾ ਬੋਧ ਅਗਾਧ, ਅਗੰਮ ਅਥਾਹ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਪੰਦਰਾਂ ਕੱਤਕ ਵੇਖ ਕੇ ਸੋਹਣਾ, ਸੋਹਣੀ ਖ਼ੁਸ਼ੀ ਮਨਾਈਆ । ਅਠਸਠ ਤੀਰਥ ਆਇਆ ਰੋਣਾ, ਰੋ ਰੋ ਦੇਣ ਦੁਹਾਈਆ । ਸਾਡਾ ਵੇਲਾ ਵਕਤ ਜਿਸ ਸੁਹਾਉਣਾ, ਸੋ ਸਾਹਿਬ ਬੇਪਰਵਾਹੀਆ । ਸਚ ਮਧਾਣੇ ਜਿਸ ਨੇ ਦੋਹਣਾ, ਦੋ ਧਾਰਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਠਸਠ ਤੀਰਥ ਕਰਨ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਵਾਹਵਾ ਤੇਰੀ ਖੇਲ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਗੁਰ ਅਵਤਾਰ ਸੱਦ ਆਪਣੇ ਦਰਬਾਰ, ਪੀਰ ਪੈਗ਼ੰਬਰ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਸਿਰ ਆਪਣਾ ਹੱਥ ਰਖਾਈਆ । ਕਰੋੜ ਤੇਤੀਸਾ ਦੇ ਅਧਾਰ, ਸੁਰਪਤ ਮਾਣ ਵਡਿਆਈਆ । ਬਹੁੜੀ ਕਿਉਂ ਸਾਨੂੰ ਦਿਤਾ ਵਿਸਾਰ, ਵੀਹ ਸੌ ਪੰਦਰਾਂ ਤੇਰੇ ਚਰਨ ਧਿਆਨ ਲਗਾਈਆ । ਤੇਰਾ ਲੇਖਾ ਅਲੇਖ ਕੋਈ ਪੜ੍ਹ ਨਾ ਸਕੇ ਵਿਚ ਸੰਸਾਰ, ਸੰਸਾਰੀ ਸਮਝ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਸਰਬ ਦੇ ਦਾਤੇ, ਦਰ ਤੇਰੇ ਸੀਸ ਝੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤੋੜ ਕੇ ਜਗਤ ਨਾਤੇ, ਨਾਤਾ ਆਪਣੇ ਨਾਲ ਬੰਧਾਈਆ । ਚਾਰ ਜੁਗ ਦੇ ਭੁਲਾ ਕੇ ਪਿਛਲੇ ਸਾਕੇ, ਸਾਖਿਆਤ ਆਪਣਾ ਦਿਤਾ ਜਣਾਈਆ । ਆਪੇ ਵੇਖ ਖੇਲ ਤਮਾਸ਼ੇ, ਮੰਡਲ ਮੰਡਪ ਰਾਸ ਰਚਾਈਆ । ਸਾਡਾ ਤੇਰੇ ਉਤੇ ਭਰਵਾਸੇ, ਭਰਮ ਭੌ ਚੁਕਾਈਆ । ਤੇਰੇ ਦਰਸ ਸਰਬ ਪਿਆਸੇ, ਨੇਤਰ ਨੈਣ ਰਹੇ ਉਠਾਈਆ । ਸਾਡਾ ਦਿਸੇ ਨਾ ਕੋਈ ਸਾਥੇ, ਸੰਗੀ ਸੰਗ ਨਾ ਕੋਇ ਨਿਭਾਈਆ । ਦਰੋਹੀ ਫਿਰੀ ਤੀਰਥ ਤਾਟੇ, ਤਟ ਕਿਨਾਰੇ ਰਹੇ ਕੁਰਲਾਈਆ । ਮੰਜ਼ਲ ਸਭ ਦੀ ਰਹੀ ਅਧਵਾਟੇ, ਅੰਤਮ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਸਮਝਾਈਆ । ਅਠਸਠ ਕਹਿਣ ਪ੍ਰਭੂ ਲਾਸ਼ਰੀਕ, ਸ਼ਿਰਕਤ ਨਜ਼ਰ ਕੋਇ ਨਾ ਆਈਆ । ਤੇਰੇ ਵਿਚ ਇਕ ਤੌਫ਼ੀਕ, ਤੋਬਾ ਤੋਬਾ ਕਰੇ ਲੋਕਾਈਆ । ਤੂੰ ਦੂਰ ਦੁਰਾਡਾ ਵਸਿਉਂ ਆ ਨਜ਼ਦੀਕ, ਨੇਰਨ ਨੇਰਾ ਡੇਰਾ ਲਾਈਆ । ਤੇਰਾ ਰਾਹ ਤੱਕੀਏ ਠੀਕ, ਠਾਕਰ ਇਕੋ ਅੱਖ ਉਠਾਈਆ । ਕਿਉਂ ਸਾਡੇ ਨਾਲੋਂ ਤੋੜ ਪ੍ਰੀਤ, ਪ੍ਰੀਤਮ ਆਪਣਾ ਮੁਖ ਭੁਆਈਆ । ਅਸੀਂ ਸਰਦੀਆਂ ਵਿਚ ਠੰਡੇ ਸੀਤ, ਗਰਮੀਆਂ ਵਿਚ ਅਗਨੀ ਤਤ ਬੁਝਾਈਆ । ਸਾਡੀ ਵੇਖ ਪਿਛਲੀ ਰੀਤ, ਰੀਤੀਵਾਨ ਧਿਆਨ ਲਗਾਈਆ । ਕੀ ਹੋਇਆ ਜੇ ਕਲਜੁਗ ਜੀਵ ਹੋਏ ਪਲੀਤ, ਪਤ ਸਾਡੀ ਰਹੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਾਹ ਦੇ ਸਮਝਾਈਆ । ਅਠਸਠ ਤੀਰਥ ਕਹਿਣ ਹਾਏ ਹਾਏ, ਹੌਕੇ ਨਾਲ ਸੁਣਾਈਆ । ਪੰਦਰਾਂ ਕੱਤਕ ਯਾਦ ਆਏ, ਜਿਸ ਵੇਲੇ ਸਾਡੀ ਬਣਤ ਬਣਾਈਆ ।

ਆਪਣੇ ਚਰਨ ਕਵਲ ਉਪਰ ਆਪਣੀ ਧਾਰ ਟਪਕਾਏ, ਅੰਮ੍ਰਿਤ ਅਮਰ ਰਸ ਵਖਾਈਆ । ਜਿਸ ਦੀ ਬੂੰਦ ਸਵਾਂਤੀ ਮਾਤ ਰਖਾਏ, ਇਕਾਂਤੀ ਆਪਣਾ ਹੁਕਮ ਜਣਾਈਆ । ਬਹੁ ਭਾਂਤੀ ਹਰਿ ਖੇਲ ਖਿਲਾਏ, ਅਗੰਮ ਅਥਾਹ ਵੱਡੀ ਵਡਿਆਈਆ । ਸਚ ਸੁਗਾਤੀ ਜਿਸ ਰਾਤੀ ਦਾਤੀ ਝੋਲੀ ਪਾਏ, ਮਾਤੀ ਰੰਗ ਚੜ੍ਹਾਈਆ । ਜੋੜ ਨਾਤੀ ਛਾਤੀ ਨਾਲ ਲਗਾਏ, ਸਾਚੀ ਬਾਤੀ ਕਥਨੀ ਕਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਲੇਖੇ ਵਿਚ ਰਖਾਈਆ । ਅਠਸਠ ਕਹਿਣ ਅਸੀਂ ਦੱਸੀਏ ਅਸਲ, ਅਸਲੀਅਤ ਇਕ ਸਮਝਾਈਆ । ਜਿਸ ਵੇਲੇ ਪ੍ਰਭੂ ਪ੍ਰੇਮ ਪਿਆਰ ਆਪਣੇ ਨਾਲ ਕੀਤਾ ਵਸਲ, ਵਾਸਤਾ ਇਕੋ ਇਕ ਜੁੜਾਈਆ । ਓਥੋਂ ਪਰਗਟੀ ਸਾਡੀ ਨਸਲ, ਜਨਨੀ ਜਨ ਇਕ ਹੋ ਜਾਈਆ । ਦੋ ਜਹਾਨਾਂ ਕਰ ਨਾ ਸਕੇ ਕੋਈ ਕਤਲ, ਖੰਡਾ ਧਾਰ ਨਾ ਕੋਇ ਡਰਾਈਆ । ਬਿਨ ਪੁਰਖ ਅਬਿਨਾਸ਼ੀ ਰਾਹ ਸਕੇ ਕੋਈ ਨਾ ਬਦਲ, ਬਦਲਾ ਸਕੇ ਨਾ ਕੋਇ ਚੁਕਾਈਆ । ਤੇਰੇ ਦਰ ਤੇ ਭਗਵਨ ਇਕੋ ਅਦਲ, ਅਦਾਲਤ ਇਕ ਵਖਾਈਆ । ਸਾਡੀ ਪੂਰੀ ਕਰ ਦੇ ਸੱਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਤੁਧ ਬਿਨ ਕੋਈ ਨਾ ਜਾਣੇ ਸਾਡਾ ਕਦਰ, ਕੁਦਰਤ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਅੱਠ ਸੱਠ ਕਹਿਣ ਸੁਣ ਲੈ ਬਾਤ, ਜ਼ਾਹਰ ਬਾਤਨ ਜਣਾਈਆ । ਇਹ ਬਖ਼ਸ਼ਣ ਵਾਲੀ ਬਖ਼ਸ਼ਿਸ਼ ਉਹ ਦਾਤ, ਜਿਸ ਵਿਚੋਂ ਬਖ਼ਸ਼ੀਸ਼ ਲਈ ਪਰਗਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਹਿਲੋਂ ਇਕ ਕਤਰਾ ਤੇਰਾ ਬੂੰਦ ਸਵਾਂਤ, ਚਰਨ ਛੋਹ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਬੂੰਦ ਧੁਰ ਦਾ ਤੁਬਕਾ, ਤਬਕਾਂ ਸਮਝ ਕੋਇ ਨਾ ਆਈਆ । ਆਦਿ ਜੁਗਾਦਿ ਕਦੇ ਨਾ ਮੁਕਦਾ, ਮੁਫ਼ਤੋ ਮੁਫ਼ਤ ਰਿਹਾ ਵਰਤਾਈਆ । ਤੇਰਾ ਪ੍ਰੇਮ ਪਿਆਰ ਨੀਰ ਕਦੇ ਨਾ ਸੁੱਕਦਾ, ਛਹਿਬਰ ਇਕੋ ਰੰਗ ਰੰਗਾਈਆ । ਸਦਾ ਸਦਾ ਸਦ ਤੇਰੇ ਚਰਨਾ ਝੁਕਦਾ, ਅਠਸਠ ਬੈਠਾ ਸੀਸ ਨਿਵਾਈਆ । ਤੁਧ ਬਿਨ ਮਾਤ ਕੋਈ ਨਾ ਪੁਛਦਾ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਤੁਧ ਬਿਨ ਪੈਂਡਾ ਨਾ ਕਿਸੇ ਦਾ ਮੁਕਦਾ, ਗੁਰ ਅਵਤਾਰ ਗਏ ਜਣਾਈਆ । ਕਲਜੁਗ ਅੰਤਮ ਤੇਰਾ ਖੇਲ ਇਕੋ ਪਿਓ ਪੁਤ ਦਾ, ਪਿਤਾ ਹੋ ਕੇ ਗੋਦ ਉਠਾਈਆ । ਕਿਉਂ ਸਾਡੇ ਕੋਲੋਂ ਲੁਕਦਾ, ਸਨਮੁਖ ਹੋ ਨਾ ਦਰਸ ਕਰਾਈਆ । ਸਾਡਾ ਲੇਖਾ ਚੁਕਾ ਚੁੱਪ ਦਾ, ਅਨਬੋਲਤ ਸਾਚਾ ਬੋਲ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਕਹੇ ਸੁਣ ਅਠਸਠ, ਸਤਿ ਦਿਆਂ ਜਣਾਈਆ । ਤੁਹਾਡੀ ਖੋਲ੍ਹ ਕੇ ਪਿਛਲੀ ਗੱਠ, ਗਠੜੀ ਖ਼ਾਲੀ ਦਿਆਂ ਵਖਾਈਆ । ਚਾਰ ਜੁਗ ਜੋ ਦਿਤਾ ਧੀਰਜ ਜਤ, ਸਤਿ ਸੰਤੋਖ ਨਾਲ ਰਲਾਈਆ । ਪ੍ਰੇਮ ਪਿਆਰ ਦੀ ਵਸਤ ਰੱਖ, ਚਰਨੋਦਕ ਮੁਖ ਚੁਆਈਆ । ਲੋਕਮਾਤ ਦੇ ਕੇ ਹਕ, ਹੁਕਮ ਦਿਤਾ ਸਮਝਾਈਆ । ਖੇਲ ਵੇਖਿਆ ਨੱਠ ਨੱਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਰਿਹਾ ਸਮਝਾਈਆ । ਅਠਸਠ ਸੁਣ ਲੈ ਬਾਤ, ਪਾਤਸ਼ਾਹ ਸਮਝਾਇੰਦਾ । ਅੰਤਮ ਸਭ ਦਾ ਹੋਇਆ ਘਾਤ, ਬਚਿਆ ਕੋਇ ਰਹਿਣ ਨਾ ਪਾਇੰਦਾ । ਜਿਸ ਨੇ ਦਿਤੀ ਸਚ ਸੌਗਾਤ, ਸੋ ਸਾਹਿਬ ਵੇਖਣ ਆਇੰਦਾ । ਜਿਸ ਨੇ ਚਰਨ ਪ੍ਰੀਤੀ ਜੋੜਿਆ ਨਾਤ, ਸੋ ਨਾਤਾ ਬਿਧਾਤਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਇੰਦਾ ।

ਅਠਸਠ ਕਹੇ ਮੈਂ ਵੇਖੇ ਪੀਰ ਗੁਰ, ਪੈਗ਼ੰਬਰ ਦਰ ਤੇ ਨਜ਼ਰੀ ਆਈਆ । ਜਿਨ੍ਹਾਂ ਦਾ ਇਕੋ ਰਾਗ ਇਕੋ ਸੁਰ, ਇਕੋ ਤਾਲ ਰਹੇ ਵਜਾਈਆ । ਜਿਨ੍ਹਾਂ ਨੂੰ ਇਕੋ ਮੰਤਰ ਰਿਹਾ ਫੁਰ, ਫੁਰਨਾ ਤੇਰਾ ਨਾਮ ਸ਼ਨਵਾਈਆ । ਸਾਰੇ ਲੋਕਮਾਤ ਆ ਕੇ ਪਿਛੇ ਗਏ ਮੁੜ, ਦਰ ਤੇਰੇ ਸੀਸ ਨਿਵਾਈਆ । ਅੰਤਮ ਸਾਨੂੰ ਪਈ ਤੇਰੀ ਲੋੜ, ਹੋਕਾ ਦੇ ਕੇ ਰਹੇ ਜਣਾਈਆ । ਸਚ ਸਵਾਮੀ ਆ ਕੇ ਵੇਖ ਆਪਣੇ ਘੋੜ, ਦੋ ਜਹਾਨਾਂ ਪੰਧ ਚੁਕਾਈਆ । ਕਲਜੁਗ ਅੰਧੇਰਾ ਘੋਰ, ਸਚ ਚੰਦ ਨਾ ਕੋਇ ਚਮਕਾਈਆ । ਕੂੜੀ ਕਿਰਿਆ ਪਾਇਆ ਸ਼ੋਰ, ਸ਼ੋਰਸ਼ ਵਿਚ ਲੋਕਾਈਆ । ਸਾਡੇ ਵੱਲ ਤੱਕ ਕਰ ਕੇ ਗ਼ੌਰ, ਗਹਿਰ ਗੰਭੀਰ ਅੱਖ ਖੁਲ੍ਹਾਈਆ । ਸਾਡੇ ਅੰਦਰ ਮਾਣਸ ਮਾਨੁਖ ਮਾਨੁਸ਼ ਬਣ ਗਏ ਪਸ਼ੂ ਢੋਰ, ਰਵਦਾਸ ਚਮਾਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਲੈ ਬੁਲਾਈਆ । ਅੱਠ ਸੱਠ ਕਹੇ ਕੀ ਦੱਸੀਏ ਹਾਲ, ਹਾਲਤ ਦੱਸਣ ਯੋਗ ਰਹੀ ਨਾ ਰਾਈਆ । ਸਾਡਾ ਲੁੱਟਿਆ ਧਨ ਮਾਲ, ਦੌਲਤ ਖ਼ਜ਼ਾਨਾ ਸਾਰੇ ਬੈਠੇ ਗਵਾਈਆ । ਸਚ ਅੰਮ੍ਰਿਤ ਮਾਰੇ ਨਾ ਕੋਇ ਉਛਾਲ, ਸੀਰ ਰਸ ਨਾ ਕੋਇ ਵਖਾਈਆ । ਅੰਦਰੇ ਅੰਦਰ ਸਾਡੀ ਬਦਲ ਗਈ ਚਾਲ, ਚਾਲ ਨਿਰਾਲੀ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਬਣ ਗਈ ਵਿਚ ਦਲਾਲ, ਮਾਇਆ ਮਮਤਾ ਮੋਹ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦੇ ਮੁਕਾਈਆ । ਅਠਸਠ ਕਹਿਣ ਪ੍ਰਭ ਵੇਖ ਸਾਡੀ ਸੁਰਤ, ਤੇਰੇ ਚਰਨ ਧਿਆਨ ਲਗਾਈਆ । ਹੁਕਮ ਦੇ ਅਗੰਮੀ ਤੁਰਤ, ਧੁਰ ਸੰਦੇਸ ਸੁਣਾਈਆ । ਕਲਜੁਗ ਅੰਤਮ ਸੱਚਾ ਰਿਹਾ ਕੋਈ ਨਾ ਪੁਰਸ਼, ਨਰ ਨਾਰੀ ਸਾਰੇ ਬੈਠੇ ਆਪਣਾ ਆਪ ਗਵਾਈਆ । ਮਾਣਸ ਜਨਮ ਹੋਇਆ ਬੁਰਦ ਖ਼ੁਰਦ, ਖ਼ੁਦੀ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਮਿਹਰਵਾਨ ਆ ਕੇ ਤੱਕ, ਤਕਵਾ ਤੇਰਾ ਇਕ ਰਖਾਈਆ । ਕੂੜੀ ਕਿਰਿਆ ਸਾਡੇ ਅੰਦਰ ਵੜ ਗਈ ਨੱਠ, ਬਾਹਰ ਕੱਢਣ ਕੋਇ ਨਾ ਪਾਈਆ । ਸਾਧ ਸੰਤ ਛੱਡ ਕੇ ਹੱਠ, ਧੀਰਜ ਜਤ ਗਏ ਗਵਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਪ੍ਰਭੂ ਸਾਡੀ ਸ਼ਰਮ ਨਾਲ ਸ਼ਰਮਾਵੇ ਅੱਖ, ਨੈਣ ਸਕੇ ਨਾ ਕੋਇ ਉਠਾਈਆ । ਕੂੜੀ ਕਿਰਿਆ ਵੇਖ ਕੇ ਗਈ ਥੱਕ, ਮੰਜ਼ਲ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਅਠਸਠ ਵਿਚੋਂ ਕਹੇ ਗੰਗਾ, ਮੁਖ ਘੁੰਗਟ ਨੈਣ ਉਠਾਈਆ । ਵੀਹ ਸੌ ਪੰਦਰਾਂ ਮੈਨੂੰ ਲੱਗਾ ਚੰਗਾ, ਚੰਗਿਆਂ ਵਿਚੋਂ ਸੋਭਾ ਪਾਈਆ । ਜਿਸ ਵੇਲੇ ਮੈਂ ਦਰਸ਼ਨ ਪਾ ਕੇ ਹੋਈ ਅਨੰਦਾ, ਅਨੰਦ ਕਾਰਜ ਨਾਲ ਕਰਾਈਆ । ਨਜ਼ਰੀ ਆਇਆ ਗੋਬਿੰਦ ਚੰਦਾ, ਜਿਸ ਦੀ ਚਾਂਦਨੀ ਦੋ ਜਹਾਨ ਰੁਸ਼ਨਾਈਆ । ਜੇ ਕੋਈ ਏਸ ਨੂੰ ਸਮਝੇ ਬੰਦਾ, ਸੋ ਬੰਦੀਖ਼ਾਨੇ ਵਿਚ ਆਪਣਾ ਆਪ ਫਸਾਈਆ । ਏਹਦਾ ਵੇਖ ਅਗੰਮੀ ਧੰਦਾ, ਧਰਨੀ ਧਵਲ ਸੀਸ ਝੁਕਾਈਆ । ਇਸ ਦੇ ਹੱਥ ਓਹ ਖੰਡਾ, ਜਿਸ ਨੂੰ ਭਗੌਤੀ ਸੀਸ ਨਿਵਾਈਆ । ਇਸ ਦੇ ਕੋਲ ਉਹ ਅਨੰਦਾ, ਜਿਸ ਦਾ ਅਨੰਦ ਅਨੰਦ ਪੁਰੀ ਵਾਲਾ ਸਮਝਾਈਆ । ਇਸ ਦੇ ਕੋਲ ਓਹ ਰੰਦਾ, ਜੋ ਬਣ ਤਰਖਾਣ ਕਰੇ ਸਫ਼ਾਈਆ । ਇਸ ਦੇ ਕੋਲ ਉਹ ਡੰਡਾ, ਜੋ ਬਣ ਕੇ ਜੱਟ ਸਰਬ ਡਰਾਈਆ । ਇਸ ਦੇ ਕੋਲ ਉਹ ਕੰਢਾ, ਜਿਸ ਕੰਢੇ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਇਸ ਦੇ ਕੋਲ ਉਹ ਛੰਦਾ, ਜੋ ਆਦਿ ਜੁਗਾਦਿ ਭਗਤਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਪੜਦਾ ਦੇ ਖੁਲ੍ਹਾਈਆ । ਅੱਠ ਸੱਠ ਕਹਿਣ ਪ੍ਰਭ

ਵੇਖ ਤੇਰਾ ਦਰਵਾਜ਼ਾ, ਸਾਡੀ ਪਈ ਦੁਹਾਈਆ । ਤੂੰ ਮਾਲਕ ਗ਼ਰੀਬ ਨਿਵਾਜਾ, ਸਦ ਗ਼ਰੀਬ ਨਿਮਾਣਿਆਂ ਹੋਏਂ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਿਆ ਦਾਸੀ ਦਾਸਾ, ਦਰ ਠਾਂਡੇ ਸੀਸ ਝੁਕਾਈਆ । ਸਾਨੂੰ ਉਪਜੀ ਇਕੋ ਆਸਾ, ਆਸਾ ਮਨਸਾ ਪੂਰ ਵਖਾਈਆ । ਤੇਰੇ ਚਰਨਾਂ ਇਕ ਭਰਵਾਸਾ, ਚਰਨੋਦਕ ਆਪਣੇ ਵਿਚ ਰਲਾਈਆ । ਪ੍ਰਭੂ ਬਦਲ ਦੇ ਸਾਡਾ ਪਾਸਾ, ਪਾਸ਼ਾ ਜਗਤ ਦੇ ਉਲਟਾਈਆ । ਕਲਜੁਗ ਜੀਵ ਕਰਨ ਸਾਨੂੰ ਹਾਸਾ, ਹੰਸੀ ਰਹੇ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲੈ ਬੁਲਾਈਆ । ਅਠਸਠ ਕਹੇ ਪ੍ਰਭ ਦੇ ਬੁਲਾਵਾ, ਬਲਧਾਰੀ ਤੇਰੀ ਓਟ ਤਕਾਈਆ । ਤੇਰੇ ਵਿਛੋੜੇ ਦਾ ਇਕੋ ਹਾਵਾ, ਹਾਏ ਹਾਏ ਰਹੇ ਸੁਣਾਈਆ । ਜੇ ਕੋਈ ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਚੌਧਵੀਂ ਆਪਣਾ ਛੱਡ ਗਏ ਦਾਅਵਾ, ਮਿਸਲ ਤੇਰੇ ਹੱਥ ਫੜਾਈਆ । ਸਾਡਾ ਲੋਕਮਾਤ ਵਿਚੋਂ ਕੱਟ ਦੇ ਨਾਵਾਂ, ਨਿਥਾਵਿਆਂ ਆਪਣੇ ਚਰਨ ਬਹਾਈਆ । ਤੇਰੀ ਧੂੜੀ ਬਹਿਕੇ ਸਾਚਾ ਨਹਾਵਣ ਨਹਾਵਾਂ, ਮੇਰੇ ਵਿਚ ਨਹਾਵਣ ਵਾਲਾ ਨਜ਼ਰ ਕੋਇ ਨਾ ਆਈਆ । ਅਸੀਂ ਨੇਤਰ ਰੋਂਦੇ ਤੁਧ ਬਿਨ ਪਕੜੇ ਕੋਈ ਨਾ ਬਾਹਵਾਂ, ਫੜ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਬੁਲਾਈਆ । ਅਠਸਠ ਕਹਿਣ ਸਾਚੇ ਰੱਬ, ਰਮਜ਼ ਨਾਲ ਜਣਾਈਆ । ਸਦੀ ਵੀਹਵੀਂ ਲਏ ਸੱਦ, ਸੱਦਾ ਇਕ ਜਣਾਈਆ । ਅਸੀਂ ਦੂਰ ਦੁਰਾਡੇ ਆਈਏ ਭੱਜ, ਅਗਲਾ ਪੰਧ ਮੁਕਾਈਆ । ਸਭ ਕੁਛ ਮਾਤਲੋਕ ਛੱਡ, ਪੱਲੂ ਖ਼ਾਲੀ ਅੰਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਚਰਨ ਦੇ ਵਡਿਆਈਆ । ਗੰਗਾ ਗੋਦਾਵਰੀ ਕਹੇ ਜਮਨਾ ਸੁਰਸਤੀ, ਸੁਰਤੀ ਤੇਰੇ ਵਲ ਲਗਾਈਆ । ਕਲਜੁਗ ਕੂੜੀ ਸ੍ਰਿਸ਼ਟੀ ਵੇਖ ਮਸਤੀ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਮੇਰੇ ਅੰਦਰ ਨਹਾ ਕੇ ਕਿਸੇ ਨੂੰ ਸਮਝ ਨਾ ਆਵੇ ਤੇਰੀ ਹਸਤੀ, ਹੱਥਾਂ ਪੈਰਾਂ ਵਾਲੇ ਸਾਰੇ ਗਏ ਭੁਲਾਈਆ । ਏਸੇ ਕਰਕੇ ਸਾਡੀ ਹਾਲਤ ਹੋਈ ਖ਼ਸਤੀ, ਖ਼ਸਲਤ ਸਭ ਦੀ ਅੰਦਰ ਵੜ ਕੇ ਰਹੀ ਸ਼ਰਮਾਈਆ । ਪ੍ਰਭੂ ਸਾਡੀ ਕੱਢ ਦੇ ਇਕੋ ਵਾਰ ਅਰਥੀ, ਲੇਖਾ ਲੋਕਮਾਤ ਮੁਕਾਈਆ । ਤੂੰ ਮਾਲਕ ਅਰਸ਼ੀ ਫ਼ਰਸ਼ੀ, ਫ਼ਜ਼ਲ ਰਹਿਮਤ ਦੇ ਕਮਾਈਆ । ਤੂੰ ਮਾਲਕ ਧੁਰ ਦਾ ਦਰਦੀ, ਦੁਖੀਆਂ ਦੁੱਖ ਵੰਡਾਈਆ । ਸਚ ਪੁੱਛੇਂ ਗੋਦਾਵਰੀ ਕੰਢੇ ਨਦੇੜ ਗੋਬਿੰਦ ਕੋਲ ਦਿਤੀ ਅਰਜ਼ੀ, ਉਸ ਅਰਜ਼ੀ ਦੀ ਕੀਮਤ ਹੀਰਾ ਵਿਚ ਸੁਟਾਈਆ । ਤੇਰਾ ਲੇਖਾ ਆਦਿ ਜੁਗਾਦਿ ਨਕਦੋ ਨਕਦੀ, ਉਧਾਰ ਰਹਿਣ ਕੋਇ ਨਾ ਪਾਈਆ । ਸਦੀ ਵੀਹਵੀਂ ਜਾਂਦੀ ਲੰਘਦੀ, ਮਲਾਹ ਪਤਣ ਉਤੇ ਬੈਠੇ ਸਣੇ ਬੇੜੀ ਰਹੇ ਕੁਰਲਾਈਆ । ਕਲਜੁਗ ਧਾਰ ਡੂੰਘੇ ਸਾਗਰ ਮੰਝ ਦੀ, ਮੰਜ਼ਲ ਸਕੇ ਨਾ ਕੋਇ ਚੁਕਾਈਆ । ਤੇਰੇ ਦਰ ਤੇ ਇਕੋ ਵਸਤ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਨੂੰ ਕੋਈ ਲੱਜਿਆ ਨਹੀਂ ਭੁੱਖ ਨੰਗ ਦੀ, ਨਿਤ ਤੇਰਾ ਦਰਸ਼ਨ ਪਾ ਕੇ ਖ਼ੁਸ਼ੀ ਮਨਾਈਆ । ਆਸ ਮੁੱਕ ਜਾਏ ਮੁਹਾਣੇ ਵੰਝ ਦੀ, ਤੇਰਾ ਤੱਟ ਕਿਨਾਰਾ ਸੋਭਾ ਪਾਈਆ । ਸੁਣ ਫ਼ਰਿਆਦ ਭਾਗਾਂ ਮੰਦ ਦੀ, ਅਭਾਗਣ ਰਹੀ ਕੁਰਲਾਈਆ । ਕਥਾ ਕਹਾਣੀ ਨਹੀਂ ਬੱਤੀ ਦੰਦ ਦੀ, ਬਿਨ ਦੰਦਾਂ ਰਹੀ ਸੁਣਾਈਆ । ਧੁਰ ਦੇ ਲਾੜੇ ਯਾਦ ਰੱਖ ਉਹ ਕਹਾਣੀ ਇੱਕੀਆਂ ਦੀ ਜੰਞ ਦੀ, ਜਿਸ ਦੀ ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਚੁਕਾਈਆ । ਅਠਸਠ ਕਹੇ ਮੈਂ ਬੇਸ਼ਕ ਪਾਣੀ, ਤੇਰਾ ਨੀਰ ਨਜ਼ਰੀ ਆਈਆ । ਜੁਗ ਚੌਕੜੀ ਮੈਂ ਸਾਧਾਂ ਸੰਤਾਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਸੁਣਦਾ ਰਿਹਾ ਤੇਰੀ ਕਹਾਣੀ, ਜੋ

ਕੰਢੇ ਬਹਿ ਕੇ ਤੇਰਾ ਨਾਮ ਧਿਆਈਆ । ਸੋ ਵੇਲਾ ਵਕਤ ਆਇਆ ਜਗਤ ਜਹਾਨੀ, ਥਿਤ ਵਾਰ ਰਹੀ ਸਮਝਾਈਆ । ਮੈਨੂੰ ਯਾਦ ਆ ਗਈ ਉਹ ਨਿਸ਼ਾਨੀ, ਜੇਹੜੀ ਸਰਸੇ ਕੰਢੇ ਗੋਬਿੰਦ ਗਿਆ ਸਮਝਾਈਆ । ਜਿਸ ਵੇਲੇ ਮੇਰਾ ਮਾਲਕ ਦਿਲ ਦਾ ਆਵੇ ਜਾਨੀ, ਬੇ ਪਹਿਚਾਨ ਫੇਰਾ ਪਾਈਆ । ਉਸ ਦਾ ਕੋਇ ਨਾ ਦਿਸੇ ਸਾਨੀ, ਇਹਸਾਨ ਸਿਰ ਨਾ ਕੋਇ ਰਖਾਈਆ । ਉਸ ਦੀ ਖੇਲ ਹੋਵੇ ਮਹਾਨੀ, ਮਹਿੰਮਾ ਬੋਧ ਅਗਾਧ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦੇ ਮੁਕਾਈਆ । ਅਠਸਠ ਤੀਰਥ ਕਹੇ ਮੈਨੂੰ ਆਇਆ ਚੇਤਾ, ਚਿਤ ਆਪਣੇ ਨਾਲ ਸਲਾਹ ਪਕਾਈਆ । ਜਿਸ ਵੇਲੇ ਗੋਬਿੰਦ ਆਪਣੀ ਖੇਡ ਖੇਡਾ, ਚਿੱਲਾ ਤੀਰ ਕਮਾਨ ਚੜ੍ਹਾਈਆ । ਗੋਦਾਵਰੀ ਕੰਢੇ ਮਾਰ ਕੇ ਨੇਜ਼ਾ, ਨਿਜ ਧਾਰ ਲਈ ਪਰਗਟਾਈਆ । ਓਥੇ ਸਾਢੇ ਤਿੰਨ ਹੱਥ ਬਣਾ ਕੇ ਸੇਜਾ, ਇਕੱਲਾ ਆਪਣਾ ਡੇਰਾ ਲਾਈਆ । ਧੁਰ ਸੰਦੇਸ਼ ਇਕੋ ਭੇਜਾ, ਸ੍ਰੀ ਭਗਵਾਨ ਕੋਲ ਪਹੁੰਚਾਈਆ । ਅਠਸਠ ਲੇਖਾ ਕਲਜੁਗ ਭੇਟਾ, ਭੇਖੀ ਫਿਰ ਫਿਰ ਭਰਮ ਰਹੇ ਭਰਮਾਈਆ । ਸ੍ਰੀ ਭਗਵਾਨ ਕਿਹਾ ਛੇਤੀ ਇਨ੍ਹਾਂ ਦਾ ਮੇਟਾਂ ਲੇਖਾ, ਲੇਖਾ ਆਪਣੇ ਹੱਥ ਵਖਾਈਆ । ਗੋਬਿੰਦ ਤੇਰੇ ਕੋਲ ਦੇ ਕੇ ਸਭ ਦਾ ਠੇਕਾ, ਪਿਛਲੀ ਠੇਕੇਦਾਰੀ ਦਿਆਂ ਗਵਾਈਆ । ਅੱਗੇ ਕਿਸੇ ਦੀ ਰਹਿਣ ਨਾ ਦੇਵਾਂ ਭੇਟਾ, ਕਸੀਰਾ ਕੌਡੀ ਕੀਮਤ ਰਵਿਦਾਸ ਚਮਾਰੇ ਨਾਲ ਰਲਾਈਆ । ਆਪ ਬਣ ਕੇ ਖੇਵਟ ਖੇਟਾ, ਜਨ ਭਗਤਾਂ ਪਤਣ ਪਾਰ ਲੰਘਾਈਆ । ਮੈਂ ਪਿਤਾ ਤੂੰ ਮੇਰਾ ਬੇਟਾ, ਪਿਤਾ ਪੂਤ ਰੂਪ ਵਖਾਈਆ । ਇਕੋ ਵਸ ਕੇ ਸੰਬਲ ਦੇਸਾ, ਦੇਸ ਦਸੰਤਰ ਖੋਜ ਖੁਜਾਈਆ । ਮਾਲਕ ਧੁਰ ਦਾ ਬਣ ਹਮੇਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦੇਣਾ ਜਣਾਈਆ । ਗੋਬਿੰਦ ਕਹੇ ਪ੍ਰਭ ਵੇਖ ਆਪਣੇ ਅੱਠ ਸੱਠ, ਅੱਠਾਂ ਤੱਤਾਂ ਮੂਲ ਚੁਕਾਈਆ । ਛੀਕੇ ਨਾਲੋਂ ਸਿਫ਼ਰਾਂ ਹੋ ਕੇ ਅੱਡ, ਵੱਖਰਾ ਘਰ ਸੁਹਾਈਆ । ਛੇ ਘਰ ਹੋ ਗਏ ਰੱਦ, ਨਿਰਗੁਣ ਤੇਰੀ ਸਮਝ ਕੋਇ ਨਾ ਪਾਈਆ । ਜਿਸ ਵੇਲੇ ਆਵੇਂ ਆਪ ਵਿਚ ਜਗ, ਜੁਗਤ ਆਪਣੇ ਨਾਲ ਰਲਾਈਆ । ਮੋਹੇ ਪ੍ਰੇਮ ਪਿਆਰ ਅੰਦਰ ਲੈਣਾਂ ਸੱਦ, ਧੁਰ ਸੰਦੇਸ ਸੁਣਾਈਆ । ਅੱਠ ਸੱਠ ਤੀਰਥ ਫੇਰ ਵੇਖਾਂ ਨੱਠ ਨੱਠ, ਚਾਰੋਂ ਕੁੰਟ ਖੋਜ ਖੁਜਾਈਆ । ਸਭ ਦਾ ਪਿਛਲਾ ਖਿੱਚ ਕੇ ਸਤਿ, ਪਿਛਲੀ ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਜਲ ਧਾਰਾ ਕਰਕੇ ਖ਼ਾਲੀ ਹੱਥ, ਖ਼ਾਲੀ ਖਾਰੀ ਸਿਰ ਟਿਕਾਈਆ । ਜਨ ਭਗਤਾਂ ਭੇਵ ਦੱਸਕੇ ਸਚ, ਸਚ ਦਿਆਂ ਸਮਝਾਈਆ । ਵੀਹ ਸੌ ਇੱਕੀ ਤੱਕ ਕੋਈ ਨਾ ਸਕੇ ਬਚ, ਗੁਰ ਅਵਤਾਰ ਪੀਰ ਪੈਗ਼ੰਬਰ ਪਹਿਲੋਂ ਆਪਣੇ ਦਰ ਬਹਾਈਆ । ਅੰਤ ਅਖ਼ੀਰੀ ਇਨ੍ਹਾਂ ਦਾ ਖੋਹ ਕੇ ਹਕ, ਹਾਕਮ ਹੋ ਕੇ ਹੁਕਮ ਸੁਣਾਈਆ । ਅੱਗੇ ਜਨ ਭਗਤਾਂ ਨਾਲ ਕਰਕੇ ਰਹਿਣ ਫ਼ਕ, ਹਿਸਾਬ ਧੁਰ ਦਾ ਝੋਲੀ ਪਾਈਆ । ਪੰਦਰਾਂ ਕੱਤਕ ਪਿਛੋਂ ਤੀਰਥ ਤਟਾਂ ਉਤੇ ਕੋਈ ਨਾ ਰਹਿ ਜਾਏ ਸਤਿ, ਸਤਿਆ ਸਭ ਦੀ ਦਿਤੀ ਮਿਟਾਈਆ । ਕਰ ਕੇ ਖੇਲ ਪੁਰਖ ਸਮਰਥ, ਪਰਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਦੇਵੇ ਭਗਵਾਨ, ਆਪਣੀ ਦਇਆ ਕਮਾਈਆ । ਅਠਸਠ ਛੱਡ ਕੇ ਆਪੇ ਜਾਣ, ਪਿਛਲਾ ਪੰਧ ਮੁਕਾਈਆ । ਕੋਈ ਸੁੱਤਾ ਰਹੇ ਨਾ ਵਿਚ ਮੈਦਾਨ, ਜੰਗਲ ਜੂਹ ਗ਼ਫ਼ਲਤ ਨਾ ਕੋਇ ਰਖਾਈਆ । ਸਭ ਨੂੰ ਇਕੋ ਪਾ ਕੇ ਆਣ, ਭੈ ਭੌ ਰਿਹਾ ਦ੍ਰਿੜ੍ਹਾਈਆ । ਸਚ ਦਵਾਰੇ ਆ ਕੇ ਦਿਓ ਬਿਆਨ, ਆਪਣਾ ਆਪਣਾ ਲੇਖਾ ਦਿਓ ਜਣਾਈਆ । ਲਹਿਣਾ ਛੁੱਟਿਆ ਜਗਤ ਜਹਾਨ, ਪ੍ਰਭ ਚਰਨ ਮਿਲੇ ਸਰਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਿਲੋ


੮੦੯
੧੭

ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਅਠਸਠ ਤੀਰਥ ਇਕ ਦੂਜੇ ਨੂੰ ਮਾਰਨ ਆਵਾਜ਼ਾਂ, ਪੰਦਰਾਂ ਕੱਤਕ ਰਹੇ ਸੁਣਾਈਆ । ਉਠੋ ਵੇਖੋ ਦੌੜੋ ਹੁਕਮ ਦੇਵੇ ਪ੍ਰਭ ਰਾਜਨ ਰਾਜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਰੇ ਕਹਿਣ ਕਿਥੇ ਤੱਕੀਏ ਹੁਕਮ ਆਵੇ ਦੇਸ ਮਾਝਾ, ਜੋ ਸਭ ਦੇ ਤੁਖ਼ਮ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਦਾ ਬਣਕੇ ਦਾਦਾ, ਗੋਬਿੰਦ ਪਿਤਾ ਰਿਹਾ ਸਮਝਾਈਆ । ਆਪਣੀ ਹੱਥੀਂ ਉਲਟਾ ਕੇ ਸਭ ਦਾ ਪਾਸ਼ਾ, ਪੇਸ਼ੀਨਗੋਈ ਪਿਛਲੀ ਪੂਰ ਕਰਾਈਆ । ਅੱਗੇ ਵਜਾਵੇ ਆਪਣਾ ਵਾਜਾ, ਦੂਜਾ ਰਾਗ ਨਾ ਕੋਇ ਸੁਣਾਈਆ । ਦਰ ਸੁਹਾਏ ਇਕੋ ਠਾਂਡਾ, ਗਹਿਰ ਗੰਭੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਅਠਸਠ ਕਹਿਣ ਕਿਥੇ ਚਲੀਏ, ਰਸਤਾ ਨਜ਼ਰ ਕੋਇ ਨਾ ਆਈਆ । ਕਵਣ ਦਵਾਰਾ ਜਾ ਕੇ ਮੱਲੀਏ, ਮਾਲਕ ਮਿਲੇ ਬੇਪਰਵਾਹੀਆ ਪਿਛਲੀ ਕਹਾਣੀ ਜਾ ਉਥੱਲੀਏ, ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੰਗਾ ਸੁਰਸਤੀ ਜਮਨਾ ਪਈ ਬੋਲ, ਹੌਲੀ ਹੌਲੀ ਸਰਬ ਜਣਾਈਆ । ਸਾਰੇ ਉਠੋ ਆਪ ਅਡੋਲ, ਪੱਲੂ ਦੂਜੇ ਨਾਲ ਨਾ ਕੋਈ ਛੁਹਾਈਆ । ਉਹ ਮਾਲਕ ਖ਼ਾਲਕ ਧੁਰ ਦਾ ਆਇਆ ਉਪਰ ਧੌਲ, ਧਰਨੀ ਸੋਭਾ ਪਾਈਆ । ਜਿਸ ਦਾ ਰਵਦਾਸ ਚਮਾਰੇ ਨਾਲ ਕੌਲ, ਇਕਰਾਰ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰ ਘਟ ਥਾਈਆ । ਗੰਗਾ ਗੋਦਾਵਰੀ ਕਹੇ ਮੈਂ ਵਸਾਂ ਕਿਥੇ, ਗਲੀ ਕੂਚਾ ਦਿਆਂ ਸਮਝਾਈਆ । ਸਰਬ ਸਵਾਮੀ ਵਸਦਾ ਜਿਥੇ, ਜੇਹੜਾ ਮੰਦਰ ਰਿਹਾ ਵਡਿਆਈਆ । ਅਸੀਂ ਵੀਹ ਸੌ ਵੀਹ ਬਿਕ੍ਰਮੀ ਵਿਚ ਉਹ ਥਾਂ ਜਾ ਕੇ ਡਿੱਠੇ, ਛੱਬੀ ਮਾਘ ਰਹੇ ਸਮਝਾਈਆ । ਜਿਸ ਵੇਲੇ ਬ੍ਰਹਿਮਣ ਨੇ ਧੋਤੇ ਆਪਣੇ ਗਿੱਟੇ, ਹੱਥ ਮੁਖ ਨਾਲ ਰਲਾਈਆ । ਨੌ ਜਨਮ ਦੇ ਕਾਗਜ ਹੋਏ ਚਿੱਟੇ, ਦੁਰਮਤ ਲੱਥੀ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੰਗਾ ਗੋਦਾਵਰੀ ਕਹੇ ਉਹ ਵਸੇ ਕੂਟ ਲਹਿੰਦਾ, ਲਹਿਣੇਦਾਰ ਅਖਵਾਈਆ । ਜਿਸ ਦੇ ਚਰਨ ਧੋਣ ਨੂੰ ਨੱਠੀ ਮੇਰਾ ਪਾਟ ਗਿਆ ਸੀ ਲਹਿੰਗਾ, ਅੰਗੀ ਲੀਰੋ ਲੀਰ ਵਖਾਈਆ । ਉਹ ਮਾਲਕ ਸਚ ਸਿੰਘਾਸਣ ਬਹਿੰਦਾ, ਗੁਰਮੁਖਾਂ ਦਏ ਵਡਿਆਈਆ । ਉਸ ਦਾ ਉਸ ਦੀ ਕਿਰਪਾ ਬਿਨਾ ਨਾ ਮੁੱਕੇ ਪੈਂਡਾ, ਮੰਜ਼ਲ ਸਕੇ ਨਾ ਕੋਇ ਚੁਕਾਈਆ । ਉਹ ਧੁਰ ਫ਼ਰਮਾਨ ਇਕੋ ਕਹਿੰਦਾ, ਕਹਿ ਕਹਿ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਠਸਠ ਕਹਿਣ ਅੜੀਏ ਦੱਸ ਛੇਤੀ, ਅਗਲਾ ਧਿਆਨ ਲਗਾਈਆ । ਜੇ ਤੂੰ ਉਸ ਦਰ ਦੀ ਭੇਤੀ, ਭੇਵ ਸੱਚਾ ਦੇ ਸਮਝਾਈਆ । ਸਾਡੇ ਨਾਲ ਕਰ ਨੇਕੀ, ਨਿੱਕੇ ਵੱਡੇ ਘਰ ਬਹਾਈਆ । ਅਸੀਂ ਬਣ ਕੇ ਚਲੇ ਪਰਦੇਸੀ, ਦੇਸ ਲੋਕਮਾਤ ਤਜਾਈਆ । ਸਾਨੂੰ ਯਾਦ ਆਇਆ ਨਾਨਕ ਮੋਢੇ ਤੋਂ ਲਾਹ ਕੇ ਆਪਣੀ ਖੇਸੀ, ਬੇਈਂ ਵਿਚ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬੇਈਂ ਕਹੇ ਮੈਨੂੰ ਦੱਸੋ ਗੱਲ, ਕਿਉਂ ਨਾ ਨਾਨਕ ਨਾਲ ਰਲਾਈਆ । ਸਾਰੇ ਕਹਿਣ ਉਹ ਸਾਡੇ ਨਾਲ ਕਰਕੇ ਵਲ ਛਲ, ਪ੍ਰਭ ਨੂੰ ਮਿਲਣ ਗਿਆ ਚਾਈਂ ਚਾਈਆ । ਉਸ ਵੇਲੇ ਸਾਡੇ ਵਿਚੋਂ ਖਿੱਚ ਕੇ ਬੂੰਦ ਅੰਮ੍ਰਿਤ ਜਲ, ਪ੍ਰਭ ਦੇ ਚਰਨਾਂ ਜਾ ਕੇ ਭੇਟ ਚੜ੍ਹਾਈਆ । ਓਦੋਂ ਦਾ ਸਾਡਾ ਵਜੂਦ ਰਹਿ ਗਿਆ ਖੱਲ, ਅੰਦਰ ਵਸਤ ਰਹੀ ਨਾ ਰਾਈਆ । ਹੌਲੀ ਜੇਹੀ ਪ੍ਰਭ ਦੇ ਹੋ

ਕੇ ਵੱਲ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਬੇਈਂ ਕਹੇ ਨਾਨਕ ਨਹੀਂ ਮੈਂ ਵੇਖਿਆ ਰਾਮ, ਦਸਰਥ ਬੇਟਾ ਰੂਪ ਵਟਾਈਆ । ਜਿਸ ਦਿਨ ਪੰਦਰਾਂ ਕੱਤਕ ਵਿਚ ਅਯੁਧਿਆ ਕੀਤਾ ਇਸ਼ਨਾਨ, ਸਰਜੂ ਸੋਭਾ ਪਾਈਆ । ਓਸ ਵੇਲੇ ਅੰਦਰੇ ਅੰਦਰ ਆਪਣਾ ਦੇ ਕੇ ਧੁਰ ਬਿਆਨ, ਫ਼ਰਮਾਨ ਆਪਣਾ ਆਪ ਸੁਣਾਈਆ । ਪਹਿਲੋਂ ਗੋਬਿੰਦ ਆਵੇ ਨੌਜਵਾਨ, ਕੰਢੇ ਘਾਟ ਡੇਰਾ ਲਾਈਆ । ਫਿਰ ਵੀਹ ਸੌ ਪੰਦਰਾਂ ਬਿਕ੍ਰਮੀ ਖੇਲ ਕਰੇ ਭਗਵਾਨ, ਹਰਿ ਭਗਤਾਂ ਜੋੜ ਜੁੜਾਈਆ । ਵੀਹ ਸੌ ਇੱਕੀ ਅਖ਼ੀਰੀ ਮਾਰ ਕੇ ਇਕ ਧਿਆਨ, ਧੰਦੇ ਸਾਰੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਈਂ ਕਹੇ ਨਾਨਕ ਨਹੀਂ ਮੈਂ ਵੇਖਿਆ ਘਨੱਈਆ ਕ੍ਰਿਸ਼ਨ, ਬੰਸਰੀ ਵਾਲਾ ਰਾਸ ਰਚਾਈਆ । ਜਿਸ ਨੂੰ ਗੋਬਿੰਦ ਕਿਹਾ ਧਿਆਉਂ ਨਾ ਕੋਈ ਬਿਸ਼ਨ, ਕਿਸ਼ਨ ਰੱਖੇ ਨਾ ਕੋਇ ਵਡਿਆਈਆ । ਓਸ ਕੰਢੇ ਦੇ ਉਤੇ ਭਗਤ ਸੁਹੇਲੇ ਸਾਰੇ ਦਿਸਣ, ਦਹਿ ਦਿਸ਼ਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਲੇਖੇ ਰਿਹਾ ਚੁਕਾਈਆ । ਅਠਸਠ ਤੀਰਥ ਕਹਿਣ ਕਿਥੇ ਮੁੱਕਦਾ ਲੇਖਾ, ਬਿਨ ਲਿਖਤੋਂ ਦਏ ਚੁਕਾਈਆ । ਗੰਗਾ ਕਹੇ ਮੈਨੂੰ ਆਇਆ ਚੇਤਾ, ਚੇਤਨ ਹੋ ਕੇ ਰਹੀ ਜਣਾਈਆ । ਜਿਸ ਦੇ ਕੋਲ ਆਦਿ ਜੁਗਾਦਿ ਦੋ ਜਹਾਨਾਂ ਠੇਕਾ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਭੁਆਈਆ । ਉਹ ਕਲਜੁਗ ਅੰਤਮ ਨਿਰਗੁਣ ਸਰਗੁਣ ਫਿਰੇ ਵਿਚ ਖੇਤਾਂ, ਖੇਤੀ ਲੱਖ ਚੁਰਾਸੀ ਵੇਖ ਵਖਾਈਆ । ਆਪਣੇ ਘਰ ਰਹੇ ਹਮੇਸ਼ਾ, ਗੁਰਮੁਖਾਂ ਦਏ ਵਡਿਆਈਆ । ਭਗਤ ਉਧਾਰਨ ਓਸਦਾ ਪੇਸ਼ਾ, ਪੁਸ਼ਤ ਪਨਾਹ ਹੱਥ ਟਿਕਾਈਆ । ਉਹਦੇ ਦਰ ਤੇ ਮੰਗਦੇ ਬ੍ਰਹਮਾ ਵਿਸ਼ਨ ਮਹੇਸ਼ਾ, ਕੋਟਨ ਕੋਟ ਝੋਲੀਆਂ ਡਾਹੀਆ । ਓਸ ਨੇ ਸਾਡੀ ਅੰਤਮ ਮੇਟਣੀ ਰੇਖਾ, ਰਿਖੀਆਂ ਮੁਨੀਆਂ ਦੀ ਬਣੀ ਦੇਵੇ ਸਭ ਢਾਹੀਆ । ਉਸ ਦਾ ਪਰਗਟ ਹੋਇਆ ਸ਼ਬਦੀ ਪੁੱਤ ਇਕੋ ਜੇਠਾ, ਜਿਸ ਦੀ ਤਾਬ ਝੱਲ ਸਕੇ ਕੋਈ ਨਾ ਰਾਈਆ । ਉਹ ਸਭ ਦਾ ਵੇਖੇ ਸੌਹਰੇ ਪੇਈਏ ਪੇਕਾ, ਨਾਨਕ ਦਾਦਕ ਖੋਜ ਖੋਜਾਈਆ । ਕਰ ਕੇ ਨਿਰਗੁਣ ਨਿਰਵੈਰ ਅਵੱਲੜਾ ਵੇਸਾ, ਭੇਖਾਧਾਰੀ ਗਿਆ ਆਈਆ । ਸਭ ਦਾ ਮਾਲਕ ਹੋ ਕੇ ਨੇਤਾ, ਨਿਤ ਨਵਿਤ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬੈਠਾ ਖ਼ੁਸ਼ੀ ਮਨਾਈਆ । ਅਠਸਠ ਕਹਿਣ ਚਲੋ ਦਵਾਰੇ ਸਤਿ, ਸਤਿ ਸਤਿ ਦਰਸ਼ਨ ਪਾਈਆ । ਖ਼ੁਸ਼ੀਆਂ ਵਿਚ ਸਾਰੇ ਪਏ ਹੱਸ, ਹੰਸ ਮੁਖ ਵਡਿਆਈਆ । ਵਾਹੋ ਦਾਹੀ ਉਠੇ ਨੱਸ, ਬਣ ਕੇ ਪਾਂਧੀ ਰਾਹੀਆ । ਪੰਦਰਾਂ ਕੱਤਕ ਜਾ ਕੇ ਸੁਣੀਏ ਜਸ, ਜੋ ਭਗਤਾਂ ਰਿਹਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੇ ਕੀਤੇ ਵਸ, ਡੋਰੀ ਤੰਦ ਬੰਧਾਈਆ । ਉਸ ਦੀ ਚਰਨੀ ਜਾਈਏ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਮੁੜ ਕੇ ਲੋਕਮਾਤ ਫੇਰ ਨਾ ਆਈਏ ਵਤ, ਵਤਨ ਮੱਲੀਏ ਬੇਪਰਵਾਹੀਆ । ਸਾਡੇ ਅੰਦਰ ਵੜ ਕੇ ਧੋਤੀ ਟਿੱਕਾ ਬੋਦੀ ਵਾਲਾ ਪਾਣੀ ਸੂਰਜ ਕੋਈ ਨਾ ਲਵੇ ਝੱਟ, ਚੁਲੀਆਂ ਨਾਲ ਨਾ ਭੇਟ ਕਰਾਈਆ । ਜੰਞੂ ਨੂੰ ਦੇਵੇ ਫੜ ਕੇ ਕੋਈ ਨਾ ਵਟ, ਹੱਥਾਂ ਵਿਚ ਨਾ ਕੋਇ ਖ਼ਿਸਕਾਈਆ । ਬੋਦੀ ਨੂੰ ਦੇ ਕੇ ਉਤੇ ਗੱਠ, ਅੱਖਾਂ ਮੀਟ ਨਾ ਸੁਰਤੀ ਲਾਈਆ । ਸਭ ਨੂੰ ਪਿਛੇ ਜਾਈਏ ਛੱਡ, ਮਾਟੀ ਖੇਹ ਸਿਰ ਪੁਆਈਆ । ਪੰਦਰਾਂ ਕੱਤਕ ਹੋ ਕੇ ਅੱਡ, ਪ੍ਰਭ ਜਾ ਪਈਏ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਮਿਲ ਕੇ ਦੱਸੀਏ ਸਚ ਸਚ, ਬੀਤੀ ਕਹਾਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ

ਰਿਹਾ ਮੰਗਾਈਆ । ਅਠਸਠ ਤੀਰਥ ਉਠ ਉਠ ਭੱਜੇ, ਆਵਣ ਵਾਹੋ ਦਾਹੀਆ । ਚਲੋ ਵੇਖੀਏ ਜਿਸ ਨੇ ਭਾਗ ਲਗਾਇਆ ਟੁੱਟੇ ਮੰਜੇ, ਮੱਝੀਆਂ ਚਾਰਨ ਵਾਲਾ ਨਾਨਕ ਨਾਲ ਰਲਾਈਆ । ਜੋ ਗੋਬਿੰਦ ਹੋ ਕੇ ਕਲਗੀ ਵਾਲਾ ਸਜੇ, ਜਗਤ ਘੋੜੇ ਰਹੇ ਸ਼ਰਮਾਈਆ । ਜਿਸ ਦੇ ਗੁਰ ਅਵਤਾਰ ਪੀਰ ਪੈਗੰਬਰ ਬੱਧੇ, ਦਰ ਬੈਠੇ ਸੀਸ ਨਿਵਾਈਆ । ਜਿਸ ਦੇ ਭਗਤ ਸੱਜਣ ਆਏ ਸੱਦੇ, ਸਗਨਾਂ ਨਾਲ ਖ਼ੁਸ਼ੀ ਵਖਾਈਆ । ਜਿਸ ਨੇ ਮਾਣ ਦਵਾਇਆ ਘੁਮਿਆਰਾਂ ਵਾਲੇ ਗਧੇ, ਗੱਦੀਦਾਰਾਂ ਰਿਹਾ ਹਿਲਾਈਆ । ਜਿਸ ਨੇ ਭੇਵ ਚੁਕਾਇਆ ਪਾਂਡੇ ਪੰਡੇ, ਪੰਡਤ ਦਿਤੀ ਵਡਿਆਈਆ । ਜੇਹੜਾ ਟੁੱਟੀ ਮੰਜੀ ਸਜ ਟੁੱਟੀਆਂ ਸਭ ਦੀਆਂ ਗੰਢੇ, ਗੰਢਣਹਾਰ ਗੋਪਾਲ ਸਵਾਮੀ ਗੋਸਾਈਆ । ਜਿਸ ਦੀ ਧਾਰ ਤਿੱਖੀ ਖੰਡੇ, ਖੰਡਾ ਖੜਗ ਨਾਮ ਚਮਕਾਈਆ । ਚਲ ਕੇ ਬਹੀਏ ਉਸ ਦੇ ਕੰਢੇ, ਆਪਣੇ ਤਟ ਕਿਨਾਰੇ ਪੰਧ ਮੁਕਾਈਆ । ਜਿਸ ਨੇ ਬਿਨਾ ਬੰਦਗੀਉਂ ਆਪਣੇ ਬਣਾਏ ਬੰਦੇ, ਬੰਧਨ ਸਾਰੇ ਦਿਤੇ ਤੁੜਾਈਆ । ਜਿਸ ਨੇ ਗੁਰ ਅਵਤਾਰਾਂ ਸੁਣਾਏ ਆਪਣੇ ਛੰਦੇ, ਢੋਲਾ ਇਕ ਖ਼ੁਦਾਈਆ । ਜੋ ਵਸਤ ਅਮੋਲਕ ਪਿਆਰ ਪ੍ਰੀਤੀ ਵੰਡੇ, ਮੁਹੱਬਤ ਪ੍ਰੇਮ ਵਿਚੋਂ ਪਰਗਟਾਈਆ । ਜੋ ਬਿਨਾਂ ਪੌੜੀ ਡੰਡਿਉਂ ਅੰਦਰ ਸਭ ਦੇ ਲੰਘੇ, ਰਾਤੀਂ ਸੁੱਤਿਆਂ ਰਿਹਾ ਉਠਾਈਆ । ਜੋ ਚੰਗੇ ਬਣਾਏ ਭਾਂਡੇ ਮੰਦੇ, ਮਿਹਰ ਨਜ਼ਰ ਨਾਲ ਤਰਾਈਆ । ਜੋ ਏਥੇ ਓਥੇ ਦੋ ਜਹਾਨਾਂ ਨਾਲ ਹੰਢੇ, ਜਨਮ ਮਰਨ ਨਾ ਕੋਇ ਰਖਾਈਆ । ਜੋ ਭਗਤਾਂ ਚੁੱਕ ਕੇ ਆਪਣੇ ਕੰਧੇ, ਸਚਖੰਡ ਭੱਜਾ ਜਾਵੇ ਵਾਹੋ ਦਾਹੀਆ । ਚਲੋ ਓਸ ਦੇ ਫਸੀਏ ਚਲ ਕੇ ਫੰਦੇ, ਜੋ ਫਾਂਦੀ ਹੋ ਕੇ ਰਿਹਾ ਫਸਾਈਆ । ਗੰਗਾ ਨੂੰ ਯਾਦ ਆ ਗਈ ਪਿਛਲੀ ਵੰਗੇ, ਜੋ ਬ੍ਰਾਹਮਣ ਹੱਥ ਫੜਾਈਆ । ਰਵਦਾਸ ਨੂੰ ਚੇਤਾ ਆਇਆ ਜੋ ਕਲੀਰੇ ਕਿੱਲੀ ਨਾਲ ਟੰਗੇ, ਭਾਗਾਂ ਭਰੀ ਦਿਤੇ ਜਣਾਈਆ । ਸ੍ਰੀ ਭਗਵਾਨ ਨੂੰ ਖ਼ਿਆਲ ਆਇਆ ਜੋ ਰਵਦਾਸ ਦੇ ਘਰ ਬਹਿ ਕੇ ਵੰਡ ਵੰਡੇ, ਪੰਜਾਂ ਪੰਜਾਂ ਦਿਤੀ ਵਰਤਾਈਆ । ਉਸ ਦੇ ਪਿਛੇ ਅਠਸਠ ਤੀਰਥ ਆਵਣ ਪੈਰੀਂ ਨੰਗੇ, ਜੰਗਲ ਜੂਹ ਉਜਾੜ ਪਹਾੜ ਪਾਰ ਕਰਾਈਆ । ਬਿਨ ਹੁਕਮੋ ਅੰਦਰ ਲੰਘ ਨਾ ਸਕਣ ਔਹ ਕੰਧੇ, ਜਿਸ ਕੰਧ ਦਾ ਮਾਲਕ ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਅਠਸਠ ਤੀਰਥ ਆ ਕੇ ਓਹਲੇ, ਬੈਠੇ ਧਿਆਨ ਲਗਾਈਆ । ਗੰਗਾ ਵਿਚੋਂ ਇਕੋ ਬੋਲੇ, ਹੌਲੀ ਜੇਹੀ ਸੁਣਾਈਆ । ਕੌਣ ਕਿਸ਼ਨ ਸਿੰਘ ਦਾ ਕੁੰਡਾ ਖੋਲ੍ਹੇ, ਦਰਵਾਜ਼ਾ ਬੰਦ ਦਏ ਤੁੜਾਈਆ । ਰਵਦਾਸ ਕਹੇ ਮੈਂ ਗੰਢਣਹਾਰਾ ਪੌਲੇ, ਟੁਟਿਆਂ ਜੋੜ ਜੁੜਾਈਆ । ਉਚੀ ਕੂਕ ਪਾਓ ਨਾ ਰੌਲੇ, ਅੰਦਰੇ ਅੰਦਰ ਲਓ ਮਨਾਈਆ । ਮੇਰਾ ਠਾਕਰ ਸਵਾਮੀ ਹਰ ਘਟ ਅੰਦਰ ਮੌਲੇ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਆਦਿ ਜੁਗਾਦਿ ਸਾਚਾ ਤੋਲ ਤੋਲੇ, ਕੰਡਾ ਨਾਮ ਤਰਾਜ਼ੂ ਹੱਥ ਉਠਾਈਆ । ਗੁਰਮੁਖ ਸਿੰਘ ਕਹੇ ਅਠਸਠ ਤੀਰਥ ਏਹ ਗੁਰਸਿਖ ਬਣਾਓ ਵਿਚੋਲੇ, ਜੋ ਵਿਛੜਿਆਂ ਰਹੇ ਮਿਲਾਈਆ । ਏਹ ਨਾ ਜਾਣੋ ਭੋਲੇ ਭਾਲੇ, ਭਲਿਆਂ ਦੀ ਅੰਸ ਆਪ ਪਰਗਟਾਈਆ । ਇਕ ਬਚਨ ਨਾਨਕ ਕਿਹਾ ਬਾਲੇ, ਬੱਚਿਆਂ ਵਾਂਗ ਸਮਝਾਈਆ । ਪ੍ਰਭ ਦੇ ਵੱਖਰੇ ਨਖ਼ਰੇ ਸਭ ਤੋਂ ਚਾਲੇ, ਚਾਲਾਕੀ ਵਿਚ ਚਲਾਣ ਸਭ ਦੇ ਰਿਹਾ ਕਰਾਈਆ । ਮਰਾਸੀ ਕਿਹਾ ਡੂਮ ਏਹ ਤੇਰੇ ਐਂਵੇ ਖ਼ਿਆਲੇ, ਜੋ ਮੁਖ ਆਵੇ ਰਿਹਾ ਸੁਣਾਈਆ । ਨਾਨਕ ਕਿਹਾ ਮੇਰਾ ਦੂਜਾ ਹੁਕਮ ਜਿਸ ਵੇਲੇ ਜਾਵਾਂ ਘਰ ਲਾਲੇ, ਲਾਲੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖੇ ਰਿਹਾ ਮੁਕਾਈਆ । ਬਾਲੇ ਕਿਹਾ ਮੇਰੀ ਨਾਨਕ ਵੇਖ ਰਬਾਬ, ਰੱਬੀ ਰੱਬ ਰਹੀ ਜਣਾਈਆ । ਜਿਸ ਦਾ ਕੋਈ ਨਾ ਲਾਵੇ ਹਿਸਾਬ, ਸੁਰ ਤਾਲ ਨਾ ਕੋਇ

ਬੁਝਾਈਆ । ਜੇ ਮੈਂ ਨਾ ਹੋਵਾਂ ਤੇਰੀ ਲਿਖੀ ਨਾ ਜਾਏ ਕਿਤਾਬ, ਕਲਮਾ ਧੁਰ ਨਾ ਕੋਇ ਪੜ੍ਹਾਈਆ । ਨਾਨਕ ਕਿਹਾ ਡੂਮਾਂ ਵੇਖ ਇਕ ਮਹਿਰਾਬ, ਮਹਿਬੂਬ ਦਿਆਂ ਸਮਝਾਈਆ । ਜਿਸ ਦਾ ਜਲਵਾ ਨੂਰ ਮਹਿਤਾਬ, ਆਫ਼ਤਾਬ ਸ਼ਰਮਾਈਆ । ਬਾਲੇ ਕਿਹਾ ਨਹੀਂ ਏਹ ਕੋਈ ਫੁੱਲ ਗੁਲਾਬ, ਸੂਰਜ ਨਾਲ ਰੁਸ਼ਨਾਈਆ । ਐਵੇਂ ਕੀ ਏਸ ਨੂੰ ਕਰਾਂ ਆਦਾਬ, ਬੰਦਾ ਰੂਪ ਨਾ ਕੋਇ ਵਟਾਈਆ । ਨਾਨਕ ਕਿਹਾ ਏਹ ਖ਼ੁਦਾ ਪਾਕ, ਜਿਸ ਮੇਰੀ ਜ਼ਾਤ ਪਰਗਟਾਈਆ । ਬਾਲੇ ਕਿਹਾ ਮੈਂ ਫੇਰ ਵੇਖੂੰ ਸਾਖਿਆਤ, ਜਿਸ ਵੇਲੇ ਚਲ ਕੇ ਆਵੇ ਮੇਰਾ ਮਾਹੀਆ । ਓਨ੍ਹਾਂ ਵਿਚੋਂ ਦੇਵੇ ਆਪਣਾ ਆਪ ਜਵਾਬ, ਜਿਨ੍ਹਾਂ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਆਪ ਹੋ ਜਾਈਆ । ਨਾਨਕ ਕਿਹਾ ਬਾਲੇ ਤੱਕ, ਔਹ ਵੇਖ ਤਕਦੀਰ ਤੇਰੀ ਬਦਲਾਇੰਦਾ । ਬਾਲਾ ਕਹੇ ਏਹ ਗੱਲਾਂ ਛੱਡ, ਖਹਿੜਾ ਤੇਰੇ ਕੋਲੋਂ ਛੁਡਾਇੰਦਾ । ਮੈਂ ਮਾਲਕ ਵੇਖਣਾ ਜਿਸ ਦੇ ਦੋਵੇਂ ਹੋਵਣ ਹੱਥ, ਅੱਖਾਂ ਨਾਲ ਅੱਖ ਮਿਲਾਇੰਦਾ । ਜਿਸ ਦੇ ਉਤੇ ਰਹੇ ਕੋਈ ਨਾ ਸ਼ਕ, ਸ਼ਕਵੇ ਸਰਬ ਗਵਾਇੰਦਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਨਾਮ ਦੇ ਲਿਖਦਾ ਰਹਿੰਦਾ ਖ਼ਤ, ਖ਼ਤੋਕਿਤਾਬਤ ਵਿਚ ਪਰਚਾਇੰਦਾ । ਨਾਨਕ ਕਿਹਾ ਉਹ ਮਾਲਕ ਹਕ, ਹਾਕਮ ਇਕ ਅਖਵਾਇੰਦਾ । ਕਲਜੁਗ ਅੰਤ ਹੋਵੇ ਪਰਗਟ, ਤੇਰੀ ਸਾਖੀ ਸਿਖਿਆ ਵਿਚ ਸਮਝਾਇੰਦਾ । ਜਿਸ ਨੇ ਲੇਖੇ ਮਕੌਣੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਰਸ ਨਾ ਕੋਇ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇ ਸੱਦ, ਸੱਧਰਾਂ ਸਭ ਦੀਆਂ ਵੇਖ ਵਖਾਇੰਦਾ । ਜਿਨ੍ਹਾਂ ਨੂੰ ਆਪਣੇ ਨਾਲੋਂ ਕੀਤਾ ਅੱਡ, ਹੱਡ ਮਾਸ ਨਾੜੀ ਤਨ ਤਤ ਜਗਤ ਵਖਾਇੰਦਾ । ਅੰਤ ਬਣਾਏ ਆਪਣੀ ਯੱਦ, ਵਿਸ਼ਵ ਆਪਣੀ ਧਾਰ ਸਮਝਾਇੰਦਾ ।
੮੧੩ ਲੇਖਾ ਮੁਕਾ ਕੇ ਅਠਸਠ, ਅੰਮ੍ਰਿਤ ਅਮਰ ਮੇਘ ਇਕ ਬਰਸਾਇੰਦਾ । ਜਨ ਭਗਤਾਂ ਮਾਰਗ ਦੱਸ, ਦਹਿ ਦਿਸ਼ਾ ਖੋਜ ਖੁਜਾਇੰਦਾ । ਵੀਹ ਸੌ ਇੱਕੀ ੮੧੩
੧੭ ਬਿਕ੍ਰਮੀ ਪੰਦਰਾਂ ਕੱਤਕ ਸਭ ਦਾ ਲੇਖਾ ਕਰ ਕੇ ਬਸ, ਬਸਤੇ ਪਿਛਲੇ ਬੰਦ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਥ, ਸਮਰਥਿਆ ਆਪਣੀ ਅੱਗੇ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰੇ ਸਭ ਦਾ ਪੂਰਾ ਕਰਕੇ ਹਕ, ਨਿਰਾਸਾ ਆਸਾ ਵਿਚ ਬਦਲਾਇੰਦਾ । ਪੰਦਰਾਂ ਕੱਤਕ ਨਰ ਨਰੇਸ਼ਾ, ਹਰਿ ਨਿਰੰਕਾਰ ਹੁਕਮ ਸੁਣਾਇੰਦਾ । ਸ਼ਬਦ ਅਗੰਮੀ ਦਏ ਸੰਦੇਸ਼ਾ, ਅੱਖਰਾਂ ਵਾਲਾ ਲੇਖ ਮਿਟਾਇੰਦਾ । ਸਾਧਾਂ ਸੰਤਾਂ ਸੂਫ਼ੀਆਂ ਭਗਤਾਂ ਦੱਸੇ ਆਪਣਾ ਭੇਤਾ, ਭੇਵ ਅਭੇਦ ਸਮਝਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੱਸੇ ਆਪਣੀਆਂ ਖੇਡਾਂ, ਹੁਕਮੇ ਅੰਦਰ ਖੰਡਾ ਖੜਗ ਇਕ ਚਮਕਾਇੰਦਾ । ਨਾਮ ਨਿਧਾਨ ਉਠਾਕੇ ਨੇਜਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਇੰਦ ਇੰਦਰਾਸਨ ਫੋਲਣਹਾਰਾ ਸੇਜਾ, ਅਪਛਰਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਣਾਏ ਲੇਖਾ, ਲੇਖਾ ਲੇਖੇ ਵਿਚੋਂ ਕਢਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਾਏ ਚੇਤਾ, ਚੇਤਾਵਨੀ ਸਭ ਦੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਹੁਕਮ ਇਕ ਦ੍ਰਿੜਾਇੰਦਾ । ਸ਼ਬਦੀ ਹੁਕਮ ਜਾਏ ਰਾਤੋ ਰਾਤ, ਦੇਸ ਪਰਦੇਸ ਜਣਾਈਆ । ਮਾਲਕ ਖ਼ਾਲਕ ਖ਼ਾਲਸ ਪਰਗਟ ਹੋਇਆ ਸਾਖਿਆਤ, ਸ਼ਨਾਖ਼ਤ ਆਪਣੀ ਦਏ ਜਣਾਈਆ । ਨਿਰਗੁਣ ਹੋ ਕੇ ਵੇਖਣ ਆਇਆ ਹਾਲਾਤ, ਹਲਤ ਪਲਤ ਖੋਜ ਖੁਜਾਈਆ । ਕਾਅਬੇ ਵਿਚੋਂ ਫੋਲੇ ਮਹਿਰਾਬ, ਮੱਕੇ ਵਿਚੋਂ ਮਕਬਰਿਆਂ ਰਿਹਾ ਹਿਲਾਈਆ । ਮੰਦਰਾਂ ਵਿਚ ਸੁਣਾਏ ਆਵਾਜ਼, ਧੁਰ ਦਾ ਰਾਗ ਅਲਾਈਆ । ਦੋ ਜਹਾਨਾਂ ਵੇਖ ਖੇਲ ਤਮਾਸ਼, ਖ਼ਾਲਕ

ਖ਼ਲਕ ਰਿਹਾ ਉਠਾਈਆ । ਸ਼ਾਹ ਸੁਲਤਾਨਾਂ ਨਜ਼ਰੀ ਆਏ ਸ੍ਰਿਸ਼ਟੀ ਹੁੰਦੀ ਖ਼ਾਕ, ਇਤਫ਼ਾਕ ਸਕੇ ਨਾ ਕੋਇ ਕਰਾਈਆ । ਪਿਛਲਾ ਲਹਿਣਾ ਸਭ ਦਾ ਹੋਇਆ ਬੇਬਾਕ, ਅੱਗੇ ਵੰਡ ਨਾ ਕੋਇ ਵੰਡਾਈਆ । ਇਕੋ ਹੁਕਮ ਧੁਰ ਜਨਾਬ, ਜੰਨਤ ਬਹਿਸ਼ਤ ਦੋਜ਼ਖ਼ ਸਵਰਗ ਨਰਕ ਰਿਹਾ ਸੁਣਾਈਆ । ਜਿਸ ਨੂੰ ਸੱਜਦਾ ਕਰਨਾ ਪਏ ਆਦਾਬ, ਅਦਾਲਤ ਮਾਲਕ ਫੇਰਾ ਪਾਈਆ । ਮੁਖ਼ਾਤਬ ਹੋ ਕੇ ਦੇਵੇ ਖ਼ਤਾਬ, ਖ਼ਤਰੇ ਅਗਲੇ ਦਏ ਸਮਝਾਈਆ । ਪਿਛਲੇ ਛੋਟੇ ਛੋਟੇ ਭਵਿਖਤ ਵਾਕ, ਭਾਖਿਆ ਵਿਚ ਪੜ੍ਹਾਈਆ । ਅੱਗੇ ਪ੍ਰਭ ਦਾ ਇਕੋ ਬਾਬ, ਜਿਸ ਦਾ ਹਿੱਸਾ ਨਾ ਕੋਇ ਸਮਝਾਈਆ । ਬਿਨ ਅੱਖਰਾਂ ਵਾਲੀ ਕੱਢ ਕਿਤਾਬ, ਬਿਨ ਕੁਤਬਖ਼ਾਨਿਉਂ ਦਿਤੀ ਛਪਵਾਈਆ । ਇਹ ਪੰਦਰਾਂ ਕੱਤਕ ਦੀ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਰਾਤ, ਜਿਸ ਰਾਤ ਦੀ ਵਾਟ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਿਫ਼ਤਾਂ ਨਾਲ ਸਾਲਾਹੀਆ । ਜਿਥੇ ਬੈਠੀ ਇਕ ਜਮਾਤ, ਚਾਰ ਵਰਨ ਖ਼ੁਸ਼ੀ ਮਨਾਈਆ । ਸਾਹਿਬ ਸਤਿਗੁਰ ਕਰੇ ਅਨਾਇਤ, ਇਨਾਮ ਵਿਚ ਆਪਣਾ ਪ੍ਰੇਮ ਝੋਲੀ ਪਾਈਆ । ਇਹ ਸਭ ਤੋਂ ਵੱਡੀ ਜਨ ਭਗਤਾਂ ਨਾਲ ਕੀਤੀ ਹਮਾਇਤ, ਹਮਾਂ ਤੁਮਾਂ ਨੇੜ ਕੋਇ ਨਾ ਆਈਆ । ਲੱਖ ਚੁਰਾਸੀ ਵਿਚੋਂ ਕਰ ਕਫ਼ਾਇਤ, ਥੋੜ੍ਹੇ ਲਏ ਬਚਾਈਆ । ਤੁਹਾਡੇ ਨਾਲ ਕਰ ਕੇ ਪੱਕੀ ਸ਼ਰਅ ਸ਼ਰਾਇਤ, ਸ਼ਰੀਅਤ ਵਿਚ ਲਿਆ ਬੰਧਾਈਆ । ਬੇਸ਼ਕ ਪੁੱਤ ਹੋਵਣ ਨਾਲਾਇਕ, ਪਿਤਾ ਕੋਝੇ ਕਮਲਿਆਂ ਲਏ ਤਰਾਈਆ । ਸਚ ਦਵਾਰੇ ਤੁਹਾਡੀ ਵੇਖੀ ਰਿਹਾਇਸ਼, ਆਰਾਮਗਾਹ ਇਕੋ ਨਜ਼ਰੀ ਆਈਆ । ਦੋਹਾਂ ਜਹਾਨਾਂ ਕਰ ਪੈਮਾਇਸ਼, ਗੁਰਮੁਖਾਂ ਵਿਚ ਸੋਭਾ ਪਾਈਆ । ਜਨ ਭਗਤੋ ਮੇਰੀ ਕਦੇ ਨਾ ਕੀਤੀ ਕਿਸੇ ਅਜ਼ਮਾਇਸ਼, ਅਜ਼ਮਾਵਣ ਵਾਲਾ ਨਜ਼ਰ ਕੋਇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਇਹ ਕਰੇ ਰਿਆਇਤ, ਬਿਨ ਕਲਮਿਉਂ ਬਿਨ ਨਬੀਉਂ ਬਿਨ ਨਾਮ ਰਸੂਲੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਬਹਾਈਆ । ਪੰਦਰਾਂ ਕੱਤਕ ਧੁਰ ਦੀ ਧਾਰ, ਤੁਰਤ ਆਪ ਜਣਾਈਆ । ਰਾਤੀਂ ਸੁੱਤਿਆਂ ਸਾਰੇ ਕਰਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਸੂਫ਼ੀਆਂ ਸੱਜਣਾਂ ਬਣਕੇ ਯਾਰ, ਭਗਤਾਂ ਮਿਤਰਾਂ ਵਾਂਗ ਉਠਾਈਆ । ਸ਼ਤਰੂਆਂ ਫੜਕੇ ਢਾਲ ਤਲਵਾਰ, ਨਾਮ ਖੰਡੇ ਨਾਲ ਘਾਈਆ । ਜਨ ਭਗਤਾਂ ਗਲ ਪਾਏ ਆਪਣੇ ਪ੍ਰੇਮ ਦਾ ਹਾਰ, ਹਾਰਦੇ ਜਿੱਤ ਵਿਚ ਵਟਾਈਆ । ਇਹੋ ਸਭ ਤੋਂ ਵੱਡਾ ਸ਼ਿੰਗਾਰ, ਸ਼ਹਿਨਸ਼ਾਹ ਰਿਹਾ ਵਖਾਈਆ । ਆਪ ਵੇਖ ਅੰਞਾਣੇ ਬਾਲ, ਬਾਲੇ ਨੱਢੇ ਬੱਚੇ ਗੋਦ ਬਹਾਈਆ । ਸਤਿ ਸਚ ਵਖਾ ਧਰਮਸਾਲ, ਧਰਮ ਦਵਾਰੇ ਕੁੰਡਾ ਲਾਹੀਆ । ਸ਼ਬਦ ਸਰੂਪੀ ਸ਼ਾਹੋ ਭੂਪੀ ਸਭ ਨੂੰ ਆਪਣਾ ਸ਼ਬਦੀ ਦੱਸੇ ਅਹਿਵਾਲ, ਹਾਲ ਆਪਣਾ ਹੁਕਮ ਮਨਾਈਆ । ਕਲਜੁਗ ਕੂਕੇ ਸਿਰ ਤੇ ਕਾਲ, ਨਗਾਰੇ ਘਰ ਘਰ ਰਿਹਾ ਸੁਣਾਈਆ । ਪ੍ਰਭ ਦੀ ਕਰਨੀ ਪਵੇ ਨਾ ਕਿਸੇ ਨੂੰ ਭਾਲ, ਆਪਣਾ ਥਾਂ ਟਿਕਾਣਾ ਦਏ ਜਣਾਈਆ । ਭਗਤ ਦਵਾਰਾ ਉਨ੍ਹਾਂ ਦਏ ਵਖਾਲ, ਜਿਨ੍ਹਾਂ ਦਾ ਪਿਛਲਾ ਲਹਿਣਾ ਨਾਲ ਮਿਲਾਈਆ । ਇਹ ਭਾਗਾਂ ਭਰੀ ਰਾਤ ਵਿਚ ਜਹਾਨ, ਵਿਦਵਾਨ ਦਏ ਭੁਲਾਈਆ । ਮੂਰਖਾਂ ਮੁਗਧਾਂ ਦੇ ਕੇ ਗਿਆਨ, ਗੋਬਿੰਦ ਵਿਛੜਿਆਂ ਲਏ ਮਿਲਾਈਆ । ਰਾਮ ਕ੍ਰਿਸ਼ਨ ਦੋਵੇਂ ਵੇਖਣ ਆਣ, ਆਪ ਆਪਣਾ ਫੇਰਾ ਪਾਈਆ । ਵਾਹਵਾ ਤੇਰੀ ਖੇਲ ਸ੍ਰੀ ਭਗਵਾਨ, ਭਗਵਤ ਕਥਾ ਕਹਿ ਨਾ ਅੰਤ ਜਣਾਈਆ । ਤੂੰ ਆਇਉਂ ਆਪ ਵਿਚ ਮੈਦਾਨ, ਮਦਨ ਮੋਹਨ ਅਕਾਲ ਮੂਰਤ ਫੇਰਾ ਪਾਈਆ । ਤੇਰਾ ਝੁਲਦਾ ਰਹੇ ਨਿਸ਼ਾਨ, ਨਿਸ਼ਾਨੇ ਸਾਰੇ ਦਏ ਮਿਟਾਈਆ । ਤੂੰ ਅਮਾਮਾਂ ਦਾ ਅਮਾਮ, ਮੂਸੇ ਦਾ ਮਸਲਾ ਹਲ ਕਰਾਈਆ । ਈਸਾ ਨੂੰ ਅਸਲ ਦੇ ਗਿਆਨ, ਇਸਮ ਆਪਣਾ

ਦਿਤਾ ਸਮਝਾਈਆ । ਮੁਹੰਮਦ ਦੱਸ ਰੂਪ ਮਿਹਰਵਾਨ, ਮਹਿਬੂਬ ਮੇਲ ਮਿਲਾਈਆ । ਆਪਣੀ ਕਰਨੀ ਵਿਚ ਹੋ ਬਲਵਾਨ, ਕਰਤਾ ਹੋ ਕੇ ਕਾਰ ਕਮਾਈਆ । ਸ਼ਬਦੀ ਤੀਰ ਨਿਸ਼ਾਨਾ ਚਿੱਲੇ ਚੜ੍ਹਾਇਆ ਨੌਜਵਾਨ, ਕਮਾਨ ਕਮੰਦ ਰਿਹਾ ਖਿਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ਾ ਧੁਰ ਦਾ ਧੁਰ ਮਾਲਕ ਆਪ ਪਹੁੰਚਾਈਆ ।

## ✪ ੧੯ ਕੱਤਕ ੨੦੨੧ ਬਿਕ੍ਰਮੀ ਹਰਿ ਸੰਗਤ ਨਵਿਤ ਪਿੰਡ ਅਲੱੜਪਿੰਡੀ ✪

ਅਠਸਠ ਕਹਿਣ ਸੁਣ ਭੋਲੇ ਨਾਥ, ਸਚ ਸਚ ਸੁਣਾਈਆ । ਜਟਾ ਜੂਟ ਤੇਰਾ ਪਿਛਲਾ ਸਾਥ, ਪੂਰਬ ਰਿਹਾ ਵਖਾਈਆ । ਰਿਖੀਆਂ ਮੁਨੀਆਂ ਕਿਨਾਰਾ ਘਾਟ, ਤਟ ਦਏ ਦੁਹਾਈਆ । ਅਠਸਠ ਦਾ ਖੇਲ ਤਮਾਸ਼, ਜਗਤ ਜੁਗਤੀ ਵਿਚ ਬਣਾਈਆ । ਜਲ ਧਾਰਾ ਵਿਚ ਦੱਸ ਸਮਾਜ, ਸਮਗਰੀ ਦਿਤੀ ਵਖਾਈਆ । ਬਾਹਰੋਂ ਨਹਾਵਣ ਦਾ ਦੇ ਕੇ ਰਵਾਜ, ਕਾਇਆ ਮਾਟੀ ਚੰਮ ਕਰੀ ਸਫ਼ਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਦੇ ਰਹੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਸੱਚੀ ਸਮਝ ਨਾ ਆਈ ਬਾਤ, ਬਾਤਨ ਭੇਵ ਨਾ ਕੋਇ ਖੁਲ੍ਹਾਈਆ । ਜਪੀ ਤਪੀ ਰਿਖੀ ਮੁਨੀ ਆਉਂਦੇ ਰਹੇ ਕੰਢੇ ਘਾਟ, ਘਾਟਾ ਆਪਣਾ ਪੂਰ ਕਰਾਈਆ । ਰਸਨਾ ਜਿਹਵਾ ਬੱਤੀ ਦੰਦ ਗਾਉਂਦੇ ਰਹੇ ਜਾਪ, ਦਿਵਸ ਰੈਣ ਧਿਆਨ ਲਗਾਈਆ । ਬਿਨ ਕਬੀਰੇ ਕੋਈ ਨਾ ਗਿਆ ਆਖ, ਗੰਗਾ ਗੰਗੋਤਰੀ ਨਾ ਕੋਇ ਜਣਾਈਆ । ਬਿਨ ਹਰਿ ਸਵਾਮੀ ਸੱਚਾ ਦਿਸੇ ਕੋਈ ਨਾ ਨਾਤ, ਨਾਤਵਾਂ ਜ਼ਈਫ਼ ਸਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਿਤਾ ਸਮਝਾਈਆ । ਭੋਲੇ ਨਾਥ ਵੇਖ ਉਠ, ਆਪਣੀ ਲੈ ਅੰਗੜਾਈਆ । ਜਟਾ ਜੂਟ ਖੋਲ੍ਹ ਜੁਟ, ਜੋ ਜੁੰਡਲੀ ਕੁੰਡਲ ਵਾਲਾਂ ਵਿਚ ਭੁਆਈਆ । ਨੇਤਰ ਖੋਲ੍ਹਕੇ ਵੇਖ ਮੁਖ, ਮੁਖਤਿਆਰ ਆਇਆ ਧੁਰ ਦਾ ਮਾਹੀਆ । ਜਿਸ ਸਭ ਦੇ ਕੋਲੋਂ ਲੇਖਾ ਲਿਆ ਪੁਛ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਝੁਕ, ਨੇਤਰ ਅੱਖ ਨਾ ਕੋਇ ਉਠਾਈਆ । ਅੰਤਮ ਸਾਡੇ ਵੱਲ ਕਰਕੇ ਰੁਖ਼, ਹੁਕਮ ਧੁਰ ਦਾ ਆਪ ਜਣਾਈਆ । ਅਗਲਾ ਪੈਂਡਾ ਗਿਆ ਮੁਕ, ਪਿਛਲਾ ਸਫ਼ਰ ਚੁਕਾਈਆ । ਸਾਢੇ ਕੋਲ ਰਿਹਾ ਨਾ ਕੁਛ, ਖ਼ਾਲੀ ਹੱਥੀਂ ਰਹੇ ਕੁਰਲਾਈਆ । ਹੁਕਮੇ ਅੰਦਰ ਲਿਆ ਲੁੱਟ, ਸ਼ਬਦ ਨਾਲ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਧੁਰਦੀ ਰਿਹਾ ਜਣਾਈਆ । ਜਟਾ ਜੂਟ ਖੋਲ੍ਹ ਕੇ ਕੇਸ, ਜੂੜੀ ਆਪਣੀ ਵੇਖ ਵਖਾਈਆ । ਮੇਰਾ ਸਵਾਮੀ ਬਦਲ ਕੇ ਆਇਆ ਭੇਸ, ਜਿਸ ਆਦਿ ਅਨਾਦੀ ਬਣਤ ਬਣਾਈਆ । ਸ਼ਾਹ ਪਾਤਸ਼ਾਹ ਬਣ ਦਰਵੇਸ਼, ਦਰ ਦਰ ਅਲਖ ਜਗਾਈਆ । ਨਾਲ ਰਲਾਕੇ ਸੁਤ ਦੁਲਾਰਾ ਦਸਮੇਸ਼, ਦਹਿ ਦਿਸ਼ਾ ਖੋਜ ਖੁਜਾਈਆ । ਜਿਸ ਦੇ ਅੱਗੇ ਚਲੇ ਕੋਈ ਨਾ ਪੇਸ਼, ਪੇਸ਼ੀਨਗੋਈ ਸਭ ਦੀ ਪੂਰ ਕਰਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਤੇਰੀ ਕੀ ਵਡਿਆਈਆ । ਆਪਣੀ ਕਰਨੀ ਕਰਤਾ ਕਰੇ ਖੇਡ, ਪੁਰਖ ਪੁਰਖੋਤਮ ਵੇਖ ਵਖਾਈਆ । ਜਿਸ ਨੇ ਤੇਰੀ ਧਾਰ ਵਿਚੋਂ ਦਿਤਾ ਸਾਨੂੰ ਭੇਜ, ਭਾਓ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਰਘੁਰਾਈਆ । ਸ਼ੰਕਰ ਕਹੇ ਇਹ ਕੀ ਹੋਇਆ, ਅਨਹੋਣੀ ਦਿਤੀ ਸੁਣਾਈਆ । ਪੁਰਖ ਅਬਿਨਾਸ਼ੀ ਕਿਥੋਂ ਉਠਿਆ ਸੋਇਆ, ਜਿਨ੍ਹ

ਸੁੱਤੀ ਕਲਾ ਜਗਾਈਆ । ਜਿਸ ਮਾਣ ਤਾਣ ਸਭ ਦਾ ਖੋਇਆ, ਖ਼ਾਲੀ ਭਾਂਡੇ ਦਿਤੇ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਰ ਤੇ ਬਹਿ ਕੇ ਰੋਇਆ, ਨੇਤਰ ਨੈਣਾਂ ਛਹਿਬਰ ਲਾਈਆ । ਸੋ ਪੁਰਖ ਸਵਾਮੀ ਆਦਿ ਜੁਗਾਦੀ ਨਵਾਂ ਨਰੋਇਆਂ, ਨਿਰਗੁਣ ਨਿਰਵੈਰ ਨਿਰਾਕਾਰ ਅਖਵਾਈਆ । ਕਲਜੁਗ ਅੰਤਮ ਆਪਣੇ ਜਿਹਾ ਆਪੇ ਹੋਇਆ, ਦੂਜਾ ਸੰਗ ਨਾ ਕੋਇ ਰਲਾਈਆ । ਸਭ ਦੇ ਨਾਲ ਹੁਕਮੀ ਕਰਕੇ ਧਰੋਹਿਆ, ਦਰੋਹੀ ਦਿਤੀ ਫਿਰਾਈਆ । ਕਰ ਪਰਕਾਸ਼ ਅਗੰਮੀ ਲੋਇਆ, ਲੋਕ ਪਰਲੋਕ ਰਿਹਾ ਜਣਾਈਆ । ਅਠਸਠ ਜੋ ਕਰਨਹਾਰ ਜਲ ਵਿਛੋਇਆ, ਵਸਲ ਅਸਲ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣਾ ਰੰਗ ਰੰਗਾਈਆ । ਭੋਲਾ ਨਾਥ ਕਹੇ ਮੈਂ ਕੀ ਕੀ ਤੱਕਾਂ, ਤਾਕਤ ਨਜ਼ਰ ਕੋਇ ਨਾ ਆਈਆ । ਪਹਿਲਾਂ ਹੱਥ ਸੀਸ ਆਪਣੇ ਰੱਖਾਂ, ਜਗਦੀਸ਼ ਧਿਆਨ ਆਈਆ । ਜੇ ਉਹ ਖੋਲ੍ਹ ਦੇਣ ਮੇਰੀਆਂ ਅੱਖਾਂ, ਆਖ਼ਰ ਵੇਖਾਂ ਬੇਪਰਵਾਹੀਆ । ਜਿਸ ਨੇ ਲੇਖ ਮੁਕਾਇਆ ਤੀਰਥ ਤਟਾਂ, ਤਟ ਕਿਨਾਰੇ ਰਿਹਾ ਚੁਕਾਈਆ । ਜਿਸ ਗੁਰ ਅਵਤਾਰ ਕੀਤੇ ਖ਼ਾਲੀ ਹੱਥਾਂ, ਪੀਰ ਪੈਗ਼ੰਬਰਾਂ ਪਟੜੀ ਰਿਹਾ ਚੁਕਾਈਆ । ਉਸਦਾ ਖੇਲ ਵੇਖਾਂ ਮਸਤਾਨਾ ਹੋ ਕੇ ਮਸਾਂ, ਮਸਤੀ ਵਿਚ ਖ਼ੁਸ਼ੀ ਜਣਾਈਆ । ਮੈਂ ਭੋਲਾ ਨਾਥ ਪਰਗਟ ਹੋਇਆ ਕੋਟਨ ਵਾਰ ਲੱਖਾਂ, ਲੱਖ ਲਖੀਣੇ ਦਿਤੀ ਵਡਿਆਈਆ । ਮੇਰੀਆਂ ਖੁਲ੍ਹੀਆਂ ਅੱਜੇ ਨਾ ਜਟਾਂ, ਜਟਾ ਜੂਟ ਰਿਹਾ ਕੁਰਲਾਈਆ । ਮੈਂ ਅੰਦਰ ਅੰਦਰ ਉਸੇ ਦਾ ਨਾਮ ਰਟਾਂ, ਜੋ ਰੱਟਾ ਰਿਹਾ ਵਖਾਈਆ । ਦੋਵੇਂ ਹੱਥ ਮਾਰਕੇ ਦੋਹਥੜ ਆਪਣੇ ਪੱਟਾਂ, ਪੱਟੀ ਪਿਛਲੀ ਯਾਦ ਆਈਆ । ਹਰਿ ਕਾ ਖੇਲ ਬਾਜ਼ੀਗਰ ਨਟਾ, ਨਟੂਆ ਆਪਣਾ ਸਵਾਂਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਭੋਲਾ ਕਹੇ ਵੇਖੋ ਭਾਓ ਗੋਬਿੰਦ, ਗਹਿਰ ਗਵਰ ਦਿਆਂ ਸਮਝਾਈਆ । ਜਿਸ ਦੀ ਧਾਰ ਅਗੰਮੀ ਸਿੰਧ, ਸਾਗਰ ਰਿਹਾ ਸਮਾਈਆ । ਮੈਂ ਓਸੇ ਦੀ ਨਿੱਕੀ ਜੇਹੀ ਬਿੰਦ, ਬੰਦਨਾ ਡੰਡੌਤ ਕਰਕੇ ਸੀਸ ਝੁਕਾਈਆ । ਜਿਸ ਦਾ ਬ੍ਰਹਿਮੰਡ ਖੰਡ ਛੋਟਾ ਪਿੰਡ, ਬਨਾਵਣਹਾਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਾ ਲੇਖਾ ਆਪਣੇ ਹੱਥ ਰਖਾਈਆ । ਭੋਲਾ ਨਾਥ ਕਹੇ ਸੁਣੋ ਅਠਸਠ, ਸਾਖ਼ੀ ਸਚ ਸੁਣਾਈਆ । ਸਭ ਤੋਂ ਪਹਿਲੋਂ ਤੁਹਾਡਾ ਭੇਤ ਮੈਨੂੰ ਦਿਤਾ ਸਚ, ਜਿਸ ਵੇਲੇ ਆਦਿ ਬਣਤ ਬਣਾਈਆ । ਮੇਰੀ ਓਹਦੀ ਕਿਰਪਾ ਨਾਲ ਖੁਲ੍ਹੀ ਅੱਖ, ਪ੍ਰਤਖ ਰੂਪ ਗੁਸਾਈਆ । ਅੰਮ੍ਰਿਤ ਜਗਦੀਸ਼ ਦਿਤਾ ਝੱਟ, ਬੂੰਦ ਮਿਹਰ ਇਕ ਟਪਕਾਈਆ । ਹੱਦ ਹਦੂਦ ਆਈ ਟੱਪ, ਪੈਂਡਾ ਪੰਧ ਚੁਕਾਈਆ । ਉਹ ਸਾਗਰ ਗਾਗਰ ਅੰਦਰ ਦਿਤੀ ਰੱਖ, ਰਤਨਾਗਰ ਖ਼ੁਸ਼ੀ ਮਨਾਈਆ । ਕਰ ਖੇਲ ਸੂਰਾ ਸਰਬੰਗ, ਸ੍ਰਿਸ਼ਟੀ ਜਗ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇਦਾਰ ਇਕ ਹੋ ਜਾਈਆ । ਭੋਲਾ ਨਾਥ ਕਹੇ ਦੱਸਾਂ ਸਚ ਬਾਤ, ਬਾਤਨ ਹਾਲ ਜਣਾਈਆ । ਜਿਸ ਵੇਲੇ ਮਿਲੀ ਇਹ ਸੌਗਾਤ, ਸੁਗੰਧ ਖੁਆ ਕੇ ਮੈਨੂੰ ਦਿਤਾ ਸਮਝਾਈਆ । ਅੱਠ ਸੱਠ ਦੀ ਇਕ ਜਮਾਤ, ਇਕੋ ਅੱਖਰ ਸਮਝਾਈਆ । ਅਸਲ ਨਾ ਦੱਸੀ ਕੋਈ ਬਾਤ, ਵਸਲ ਕਰੇ ਲੋਕਾਈਆ । ਜੁਗ ਚੌਕੜੀ ਖੇਲ ਤਮਾਸ਼, ਅੱਖਰਾਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖ ਰਿਹਾ ਵਰਤਾਈਆ । ਭੋਲਾ ਨਾਥ ਕਹੇ ਮੈਂ ਦੱਸਾਂ ਖੇਲ, ਜੋ ਖ਼ਾਲਕ ਦਿਤਾ ਜਣਾਈਆ । ਜੋ ਸਭ ਤੋਂ ਵੱਖਰਾ ਨਵੇਲ, ਅਲਬੇਲਾ ਬੇਪਰਵਾਹੀਆ । ਸਵਾਮੀ ਬਣ ਕੇ ਸੱਜਣ ਸੁਹੇਲ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਭੋਲਾ ਨਾਥ ਕਹੇ ਇਹ ਖੇਲ ਅਪਾਰਾ, ਸਮਝ ਕੋਇ ਨਾ ਆਈਆ । ਜਲ ਜਲ ਦੇ ਕੇ ਮਾਣ ਸੰਸਾਰਾ, ਧਾਰਾ ਧੁਰ ਦੀ ਵਿਚ ਛੁਪਾਈਆ । ਇੱਟਾਂ ਪੱਥਰਾਂ ਬਣਾ ਕੇ ਕਿਨਾਰਾ, ਤੱਟਾਂ ਖ਼ੁਸ਼ੀ ਵਖਾਈਆ । ਸ੍ਰਿਸ਼ਟ ਸਬਾਈ ਦੇ ਕੇ ਲਾਰਾ, ਅੰਦਰੋਂ ਬਾਹਰੋਂ ਹੁਕਮ ਵਰਤਾਈਆ । ਰਿਖੀਆਂ ਮੁਨੀਆਂ ਬਖ਼ਸ਼ ਸਹਾਰਾ, ਜੋਗੀਆਂ ਜਤੀਆਂ ਆਪ ਦ੍ਰਿੜਾਈਆ । ਆਪਣਾ ਭੇਵ ਰੱਖ ਨਿਆਰਾ, ਨਿਰਗੁਣ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਅਠਸਠ ਤੀਰਥ ਜਗਤ ਨਾਤਾ, ਜਗਤ ਨਾਲ ਜੁੜਾਈਆ । ਅੱਖਰਾਂ ਨਾਲ ਲਿਖਕੇ ਗਾਥਾ, ਸਿਫ਼ਤਾਂ ਵਿਚ ਸਾਲਾਹੀਆ । ਆਸਾ ਵਿਚ ਬਦਲ ਕੇ ਆਸਾ, ਆਸ਼ਾ ਨਾਲ ਮਿਲਾਈਆ । ਸਭ ਤੋਂ ਵੱਖਰਾ ਆਪਣਾ ਪਾਸਾ, ਜੁਗ ਚੌਕੜੀ ਸਕੇ ਨਾ ਕੋਈ ਪਲਟਾਈਆ । ਤਟ ਕਿਨਾਰੇ ਦੇ ਦਿਲਾਸਾ, ਦੀਗਰ ਗਿਆ ਸਮਝਾਈਆ । ਰਸਨਾ ਜਿਹਵਾ ਜੀਵ ਪਿਆਸਾ, ਤ੍ਰਿਸਨਾ ਅੰਮ੍ਰਿਤ ਇਕ ਵਖਾਈਆ । ਜਗਤ ਕਟੋਰਾ ਭਰ ਕੇ ਕਾਸਾ, ਗਗਰੀਆ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਠਸਠ ਤੀਰਥ ਜਗਤ ਕਹਾਣੀ, ਜੁਗਤੀ ਬਣਤ ਬਣਾਈਆ । ਮਾਣ ਦੇ ਕੇ ਜੀਵ ਪਾਣੀ, ਪ੍ਰਾਣੀ ਦਿਤੇ ਵਡਿਆਈਆ । ਲੇਖ ਲਿਖਾ ਕੇ ਵੇਦ ਪੁਰਾਨ ਸ਼ਾਸਤਰ ਸਿਮਰਤ ਵੇਦ ਪੁਰਾਣੀ, ਬਾਣੀ ਬਾਣਾ ਰਿਹਾ ਬਦਲਾਈਆ । ਬੋਧ ਅਗਾਧੀ ਅਕਥ ਕਹਾਣੀ, ਆਦਿ ਜੁਗਾਦਿ ਨਾ ਕਿਸੇ ਜਣਾਈਆ । ਕਬੀਰ ਜੁਲਾਹਾ ਤਣਦਾ ਗਿਆ ਤਾਣੀ, ਚਮਾਰਾ ਪਾਨਹਾ ਗੰਢ ਵਖਾਈਆ । ਬਿਨ ਭਗਤਾਂ ਮਿਲੀ ਕਿਸੇ ਨਾ ਸਚ ਨਿਸ਼ਾਨੀ, ਸਚ ਵਸਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੋਲਾ ਨਾਥ ਕਹੇ ਮੈਂ ਦੱਸਾਂ ਖੋਜ, ਜੋ ਪ੍ਰਭ ਦਿਤੀ ਜਣਾਈਆ । ਓਥੇ ਚਲੇ ਮੇਰੀ ਕੋਈ ਨਾ ਸੋਚ, ਸਮਝ ਵਿਚੋਂ ਆਪਣੀ ਸਮਝ ਮਿਲਾਈਆ । ਚਰਨ ਕਵਲ ਧਿਆਨ ਧਰਕੇ ਨੇਤਰ ਲੋਚਣ ਲੋਚ, ਲੋਚਾ ਇਕ ਰਖਾਈਆ । ਪੁਰਖ ਅਬਿਨਾਸ਼ੀ ਤੇਰੀ ਅਗੰਮੀ ਮੌਜ, ਮਜਲਸ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਦ੍ਰਿੜਾਈਆ । ਭੋਲਾ ਨਾਥ ਕਹੇ ਅਠਸਠ ਤੀਰਥ, ਜਗਤ ਰੂਪ ਵਟਾਈਆ । ਇਕ ਗੱਲ ਸਮਝੀ ਜਗਤ ਭਗੀਰਥ, ਭਰਿਗੁ ਧਿਆਨ ਲਗਾਈਆ । ਗੋਬਿੰਦ ਸੂਰਬੀਰ ਜਿਸ ਵਿਚ ਅਗੰਮੀ ਬੀਰਤ, ਵਾਰਤਾ ਇਕ ਦ੍ਰਿੜਾਈਆ । ਪੁਰਖ ਅਬਿਨਾਸ਼ੀ ਲੇਖਾ ਜਾਣੇ ਪੀਰ ਪੀਰਤ, ਪੈਗ਼ੰਬਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭੋਲਾ ਨਾਥ ਕਹੇ ਅਠਸਠ ਸਮਝਿਆ ਨਾ ਕੋਇ ਸਬੱਬ, ਸਭ ਨੂੰ ਦਿਤਾ ਭੁਲਾਈਆ । ਵਹਿੰਦੀ ਧਾਰ ਨੂੰ ਕਹਿਣ ਰੱਬ, ਰੱਬੀ ਰੱਬ ਨਾ ਕੋਇ ਸਮਝਾਈਆ । ਜੋ ਪਾਣੀ ਇੱਟਾਂ ਪੱਥਰ ਗਾਰਾ ਲਾ ਕੇ ਬੰਦ, ਬੰਦੀਖਾਨੇ ਵਿਚ ਬੰਦ ਕਰਾਈਆ । ਉਸਨੂੰ ਕਹਿੰਦੇ ਸਾਰੇ ਬਖ਼ਸ਼ੰਦ, ਬਖ਼ਸ਼ਣਹਾਰਾ ਯਾਦ ਕਿਸੇ ਨਾ ਆਈਆ । ਝੂਠੀ ਕਿਰਿਆ ਵਿਚ ਫਸਾ ਕੇ ਲਾਇਆ ਫੰਦ, ਫਾਂਦਕੀ ਹਰਿ ਰਘੁਰਾਈਆ । ਜਗਤ ਵਿਦਿਆ ਪੁਆਕੇ ਡੰਡ, ਡੌਰੂ ਡੰਕਾ ਦਿਤਾ ਵਜਾਈਆ । ਕਰਕੇ ਖੇਲ ਸੂਰਾ ਸਰਬੰਗ, ਆਪਣਾ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਭੋਲਾ ਨਾਥ ਕਹੇ ਅਠਸਠ ਸਮਝਿਆ ਨਾ ਕੋਇ ਸੁਜਾਨ, ਸੋਝੀ ਹਰਿ ਨਾ ਕਿਸੇ ਦਵਾਈਆ । ਸਾਰੇ ਦੇ ਕੇ ਗਏ ਬਿਆਨ, ਪਤਰਿਆਂ ਉਤੇ ਲਿਖਾਈਆ । ਇਨ੍ਹਾਂ ਅੰਦਰ ਚੰਗਾ ਕਰਨਾ ਇਸ਼ਨਾਨ, ਬਾਹਰੋਂ ਕਰਨ ਸਫ਼ਾਈਆ ।

ਬਿਨ ਭਗਤਾਂ ਕਿਸੇ ਨਾ ਆਇਆ ਗਿਆਨ, ਲੱਖ ਚੁਰਾਸੀ ਦਿਤੀ ਦੁਹਾਈਆ । ਕਬੀਰ ਜੁਲਾਹੇ ਕਰ ਪਰਵਾਨ, ਪਰਮ ਪੁਰਖ ਲਿਆ ਮਿਲਾਈਆ । ਜੋ ਸਾਚੀ ਧਾਰਾ ਮਿਲਿਆ ਆਣ, ਬੇਪਹਿਚਾਨ ਫੇਰਾ ਪਾਈਆ । ਬਿਨ ਰਵਿਦਾਸ ਕਸੀਰੇ ਪਿਛੇ ਕਿਸੇ ਨਾ ਮਿਲਿਆ ਦਾਨ, ਕੰਗਣ ਹੱਥ ਨਾ ਕੋਇ ਫੜਾਈਆ । ਕੋਟਨ ਕੋਟ ਕੂੜੇ ਕਰਦੇ ਗਏ ਇਸ਼ਨਾਨ, ਆਸ਼ਾ ਪੂਰ ਨਾ ਕੋਇ ਵਖਾਈਆ । ਭੋਲਾ ਨਾਥ ਕਹੇ ਮੇਰਾ ਵਲੀਆ ਛਲੀਆ ਭਗਵਾਨ, ਭਰਮਾਂ ਵਿਚ ਭੁਲਾਈਆ । ਮੈਨੂੰ ਉਸ ਹੁਕਮ ਦਿਤਾ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਦੇਵੀਂ ਆਪਣਾ ਇਕ ਬਿਆਨ, ਭੇਵ ਅਭੇਦਾ ਧੁਰ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਧੁਰ ਦਾ ਹੱਥ ਟਿਕਾਈਆ । ਭੋਲਾ ਨਾਥ ਕਹੇ ਮੈਂ ਭੇਤ ਖੋਲ੍ਹਾਂ, ਸਾਚਾ ਅਠਸਠ ਦਿਆਂ ਬਤਲਾਈਆ । ਅੱਠਾਂ ਤੱਤਾਂ ਅੰਦਰ ਰਲ ਕੇ ਬੋਲਾਂ, ਅਨਬੋਲਤ ਰਾਗ ਅਲਾਈਆ । ਛੇਆਂ ਘਰਾਂ ਦਾ ਕੁੰਡਾ ਖੋਲ੍ਹਾਂ, ਜਿਸ ਦੀ ਸਮਝ ਪ੍ਰਭੂ ਸਮਝਾਈਆ । ਜ਼ੀਰੋ ਵੱਟੇ ਨਾਲ ਤੋਲਾਂ, ਧੜੀ ਪਸੇਰੀ ਕੰਮ ਕਿਸੇ ਨਾ ਆਈਆ । ਜਿਨ੍ਹਾਂ ਦੇ ਅੰਦਰ ਵੜ ਗਿਆ ਮੌਲਾ, ਮੂਲ ਮੰਤਰ ਦਏ ਸਮਝਾਈਆ । ਉਹਨਾਂ ਮਿਲੀ ਵਡਿਆਈ ਉਪਰ ਧੌਲਾ, ਧਰਨੀ ਧਰਤ ਖ਼ੁਸ਼ੀ ਮਨਾਈਆ । ਅਠਸਠ ਤੀਰਥ ਉਸ ਭਗਤ ਦਾ ਚਰਨੀ ਪਿਆ ਚੁੰਮਣ ਪੌਲਾ, ਪਾਨਹੀ ਸੀਸ ਨਿਵਾਈਆ । ਚਾਰ ਜੁਗ ਜਗਤ ਵਿਹਾਰੇ ਪਿਆ ਰਿਹਾ ਰੌਲਾ, ਰੌਣਕ ਘਰ ਨਾ ਕੋਇ ਵਖਾਈਆ । ਅੱਠਾਂ ਸੱਠਾਂ ਦਾ ਸਾਰੇ ਗੌਂਦੇ ਢੋਲਾ, ਸਠਅਠ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਭੋਲਾ ਨਾਥ ਕਹੇ ਮੈਨੂੰ ਦੱਸਿਆ ਸਚ, ਪ੍ਰਭੂ ਅਠਸਠ ਸਮਝਾਈਆ । ਜੋ ਮੇਰੀ ਚਰਨੀ ਗਿਆ ਢੱਠ, ਇਸ ਤੋਂ ਪਰੇ ਨਾ ਕੋਇ ਪੜ੍ਹਾਈਆ । ਬਿਨ ਮੇਰੀ ਕਿਰਪਾ ਕਿਸੇ ਦੀ ਦੁਰਮਤ ਮੈਲ ਗਈ ਨਾ ਲੱਥ, ਕੋਟਨ ਕੋਟ ਮੈਂਡਕ ਮੀਨ ਜਲ ਤਾਰੀਆਂ ਰਹੇ ਲਾਈਆ । ਜਿਨ੍ਹਾਂ ਮੇਰਾ ਪ੍ਰੇਮ ਅੰਦਰ ਪਿਆਰ ਲਿਆ ਰਟ, ਉਹੋ ਨਾਮ ਸੱਚਾ ਅਖਵਾਈਆ । ਮੈਂ ਅੰਦਰ ਵੜਕੇ ਝਟ, ਅੱਠਾਂ ਤੱਤਾਂ ਵੇਖ ਵਖਾਈਆ । ਛੇਵੇਂ ਘਰ ਦਾ ਬੂਹਾ ਖੋਲ੍ਹ ਕੇ ਫਟ, ਫਾਟਕ ਅਗਲਾ ਦਿਆਂ ਵਖਾਈਆ । ਜਿਥੇ ਸਤਿ ਸਤਿਵਾਦੀ ਨਟੂਆ ਨਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਜਾਂ ਜ਼ੀਰੋ ਯਾ ਪੁਰਖ ਸਮਰਥ, ਮਹਿੰਮਾ ਅਕਥ ਨਾ ਕੋਇ ਕਥਾਈਆ । ਭੋਲਾ ਨਾਥ ਸਿਰ ਚਰਨਾਂ ਉਤੇ ਰੱਖ, ਧੂੜੀ ਟਿੱਕਾ ਖ਼ਾਕ ਰਮਾਈਆ । ਜਗਤ ਨਾਤਾ ਤੁਟਿਆ ਅਠਸਠ, ਜਨ ਭਗਤਾਂ ਅੰਦਰ ਮਤ ਇਕ ਰਖਾਈਆ । ਗੁਰਮੁਖੋ ਬਾਹਰੋਂ ਕਿਸੇ ਪਿਆ ਨਾ ਲੱਭ, ਖੋਜਤ ਖੋਜ ਥੱਕੀ ਲੁਕਾਈਆ । ਹਰਿ ਜੂ ਪਰਗਟ ਹੋਇਆ ਕਦੀ ਕਿਸੇ ਨਾ ਝੱਗ, ਤਨ ਮਾਟੀ ਖ਼ਾਕ ਨਾ ਕੋਇ ਹੰਢਾਈਆ । ਉਹ ਸੂਰਾ ਸਾਹਿਬ ਸਰਬਗ, ਮਾਲਕ ਇਕ ਅਖਵਾਈਆ । ਜਿਸਦਾ ਗੁਰ ਅਵਤਾਰ ਪੀਰ ਪੈਗੰਬਰ ਵਸਾਇਆ ਜਗ, ਜਾਗਰਤ ਜੋਤ ਰੁਸ਼ਨਾਈਆ । ਜਿਸ ਦੇ ਹੁਕਮੇ ਅੰਦਰ ਜਗਤ ਵਡਿਆਈ ਅੱਠ ਸੱਠ, ਸਠਅਠ ਆਪਣੇ ਵਿਚ ਛੁਪਾਈਆ । ਸਭ ਦਾ ਹੁਕਮੇ ਅੰਦਰ ਕਰ ਇਕੱਠ, ਦੂਰ ਦੁਰਾਡੇ ਮੇਲ ਮਿਲਾਈਆ । ਵੀਹ ਸੌ ਇੱਕੀ ਪੰਦਰਾਂ ਕੱਤਕ ਬੰਦ ਕਰਕੇ ਸਭ ਦੇ ਹੱਟ, ਹੱਟੀਆਂ ਵਿਚੋਂ ਦਿਤੇ ਉਠਾਈਆ । ਆਪਣੇ ਚੁੱਕ ਕੇ ਫੱਟੇ ਫੱਟ, ਫੂੜ੍ਹੀ ਸਾਰੇ ਗਏ ਹਿਲਾਈਆ । ਇਸ਼ਾਰਿਆਂ ਨਾਲ ਗਏ ਦੱਸ, ਜੁਗ ਜੁਗ ਅੱਖਰਾਂ ਵਿਚ ਲਿਖਾਈਆ । ਜਿਸ ਵੇਲੇ ਆਵੇ ਪੁਰਖ ਸਮਰਥ, ਸਾਡੀ ਚਲੇ ਨਾ ਕੋਇ ਚਤੁਰਾਈਆ । ਸਦੀ ਵੀਹਵੀਂ ਲੇਖਾ ਹੋ ਜਾਏ ਬੱਸ, ਬਸਤੇ ਬੰਨ੍ਹ ਕੇ ਸੀਸ ਉਠਾਈਆ । ਜਿਧਰੋਂ ਆਏ ਓਧਰ ਜਾਈਏ ਨੱਠ, ਪਿਛੇ ਪਰਤ ਕੋਇ ਨਾ ਆਈਆ । ਸ੍ਰੀ ਭਗਵਾਨ ਜਨ ਭਗਤਾਂ ਅੰਦਰ

ਜਾਏ ਵਸ, ਵਾਸਤਾ ਆਪਣੇ ਨਾਲ ਰਖਾਈਆ । ਬਾਕੀ ਖੇੜੇ ਕਰਕੇ ਭੱਠ, ਅਗਨੀ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੀਰਥ ਗਏ ਜਣਾਈਆ । ਸਚ ਤੀਰਥ ਦਿਸੇ ਵਿਚ ਸ਼ਰੀਰ, ਅਠਸਠ ਜਗਤ ਜਣਾਈਆ । ਜਿਸ ਵਿਚ ਨਹਾ ਗਏ ਭਗਤ ਕਬੀਰ, ਕਾਇਆ ਕਵਰ ਗਿਆ ਤਜਾਈਆ । ਪੜ੍ਹੀ ਕੋਈ ਨਹੀਂ ਕੁਰਾਨ ਮਜੀਦ, ਹਰਫ਼ਾਂ ਨਾਲ ਨਾ ਕੋਇ ਲਿਖਾਈਆ । ਰਵਿਦਾਸ ਚਮਾਰਾ ਕਰਕੇ ਗਿਆ ਤਸਦੀਕ, ਤਸੱਵਰ ਕਰਕੇ ਨੂਰ ਖ਼ੁਦਾਈਆ । ਨਾਨਕ ਦੱਸ ਕੇ ਗਿਆ ਠੀਕ, ਕੂੜਾ ਠੀਕਰ ਸਰਬ ਭੰਨਾਈਆ । ਗੋਬਿੰਦ ਦੱਸਕੇ ਗਿਆ ਸੱਚੀ ਪ੍ਰੀਤ, ਪੁਰਖ ਅਕਾਲ ਮੇਰਾ ਮਾਹੀਆ । ਜਿਸ ਤੋਂ ਮੰਗਦੇ ਸਾਰੇ ਭੀਖ, ਦਰ ਬੈਠੇ ਝੋਲੀ ਡਾਹੀਆ । ਉਹ ਆਵੇ ਸਦਾ ਅਠਡੀਠ, ਅਨਡਿਠੜੀ ਕਾਰ ਕਮਾਈਆ । ਕਲਜੁਗ ਅੰਤਮ ਬਦਲੇ ਰੀਤ, ਮੰਦਰ ਮਸੀਤ ਦਏ ਗਵਾਈਆ । ਜਨ ਭਗਤਾਂ ਕਰ ਕੇ ਠਾਂਡੇ ਸੀਤ, ਸੀਤਲ ਧਾਰਾ ਅੰਮ੍ਰਿਤ ਮੁਖ ਚੁਆਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਦੱਸ ਕੇ ਵੱਖਰਾ ਗੀਤ, ਗੋਬਿੰਦ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਖ਼ੁਸ਼ੀ ਵਖਾਈਆ । ਅਠਸਠ ਕਹਿਣ ਅਸੀਂ ਬਾਹਰ ਦੇ ਢੋਲੇ, ਢੋਰਾਂ ਪਸ਼ੂਆਂ ਰਹੇ ਨੁਹਾਈਆ । ਜਿਨ੍ਹਾਂ ਦੇ ਅੰਦਰ ਹਰਿ ਜੀ ਮੌਲੇ, ਤਿਨ੍ਹਾਂ ਦੇ ਚਰਨ ਧੋ ਧੋ ਖ਼ੁਸ਼ੀ ਵਖਾਈਆ । ਜੇਹੜੇ ਜੁਗ ਚੌਕੜੀ ਰਹਿ ਗਏ ਓਹਲੇ, ਸੋ ਪ੍ਰਭੂ ਪੜਦੇ ਰਿਹਾ ਉਠਾਈਆ । ਕੋਈ ਵਸਤ ਨਹੀਂ ਸਾਡੇ ਕੋਲੇ, ਖ਼ਾਲੀ ਹੱਥ ਰੋ ਰੋ ਰਹੇ ਕੁਰਲਾਈਆ । ਅਸੀਂ ਫੋਕਟ ਹੋਇਆ ਭੋਹ ਛੋਲੇ, ਕਰਤਾ ਕੀਮਤ ਕੋਇ ਨਾ ਪਾਈਆ । ਕਲਜੁਗ ਉਡਦੇ ਵਿਚ ਕੂੜ ਵਰੋਲੇ, ਤੱਤੀ ਪਵਣ ਰਹੀ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖਣਹਾਰਾ ਇਕੋ ਆਈਆ । ਅਠਸਠ ਕਹਿਣ ਸਾਡੀ ਮੁੱਕੀ ਪੂਜਾ, ਪੁਜ ਕੇ ਨਹਾਵਣ ਕੋਇ ਨਾ ਆਈਆ । ਜਿਸ ਨੂੰ ਦੱਸਦਾ ਰਹੇ ਦੂਜਾ, ਸੋ ਦੂਈ ਦਾ ਮਾਲਕ ਇਕ ਅਖਵਾਈਆ । ਭੇਵ ਅਗੰਮ ਖੁਲ੍ਹਾ ਕੇ ਗੂਝਾ, ਗੁਝੀ ਰਮਜ਼ ਲਗਾਈਆ । ਜਿਸ ਦਾ ਲੇਖ ਲਿਖ ਨਾ ਸਕੇ ਬਸੁਧਾ, ਬਨਾਸਪਤ ਦਏ ਦੁਹਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਉਪਜਾਇਆ ਬੁੱਧਾ, ਬੁੱਧ ਮਤ ਮਨ ਮਾਣ ਦਿਤੀ ਵਡਿਆਈਆ । ਜਿਸ ਦਾ ਸ਼ਬਦ ਅਨਾਦੀ ਸੁਤਾ, ਸੁਤ ਦੁਲਾਰਾ ਵੇਖ ਵਖਾਈਆ । ਜਿਸ ਦਾ ਖੇਲ ਸਦਾ ਅਨਰੁਤਾ, ਰੁਤੜੀ ਰੁੱਤ ਨਾ ਕੋਇ ਸਮਝਾਈਆ । ਜਿਸ ਦਾ ਪੰਧ ਕਦੇ ਨਾ ਮੁੱਕਾ, ਸਭ ਦੇ ਪੈਂਡੇ ਰਿਹਾ ਚੁਕਾਈਆ । ਜਿਸ ਦਾ ਸਮਝੇ ਕੋਈ ਨਾ ਨੁਕਤਾ, ਨਿਰਅੱਖਰ ਅੱਖਰਾਂ ਨਾਲ ਵਖਾਈਆ । ਓਸ ਦਾ ਹੁਕਮ ਅਗੰਮੀ ਪੁਖ਼ਤਾ, ਧੁਰ ਦਾ ਨਾਦ ਵਜਾਈਆ । ਉਹ ਮਾਲਕ ਕਲਜੁਗ ਅੰਤ ਕਦੇ ਨਾ ਲੁਕਦਾ, ਜਿਸ ਦੇ ਢੋਲੇ ਸਾਰੇ ਗਏ ਸੁਣਾਈਆ । ਏਸੇ ਕਾਰਨ ਸਭ ਨੂੰ ਪੁਛਦਾ, ਪਿਛਲੀ ਕਹਾਣੀ ਫੋਲ ਫੁਲਾਈਆ । ਉਹ ਆਧਾਰੀ ਨਹੀਂ ਕਿਸੇ ਪੰਜ ਤਤ ਬੁੱਤ ਦਾ, ਪੁਤਲਿਆਂ ਆਸ ਨਾ ਕੋਇ ਰਖਾਈਆ । ਆਪਣੀ ਧਾਰੋਂ ਆਪੇ ਉਠਦਾ, ਜਿਸ ਨੂੰ ਨਾਨਕ ਮਹਾਂਬਲੀ ਗਿਆ ਗਾਈਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕਦਾ, ਜੋ ਗੋਬਿੰਦ ਚਿੱਲਾ ਤੀਰ ਕਮਾਨ ਹੱਥ ਉਠਾਈਆ । ਉਹ ਭਗਤਾਂ ਨਾਲ ਕਦੇ ਨਾ ਰੁੱਸਦਾ, ਸਦਾ ਰੁੱਠਿਆਂ ਰਿਹਾ ਮਨਾਈਆ । ਅਠਸਠ ਤੀਰਥ ਕਹੇ ਏਥੇ ਵੇਲਾ ਇਕੋ ਚੁੱਪ ਦਾ, ਸਾਡੀ ਚਲੇ ਨਾ ਕੋਇ ਚਤੁਰਾਈਆ । ਏਹ ਸ਼ੇਰ ਉਹੋ ਚਿੱਟੀ ਮੁੱਛ ਦਾ, ਜਿਸ ਦੀ ਮੁਸ਼ਕਲ ਹਲ ਨਾ ਕੋਇ ਕਰਾਈਆ । ਜਿਸ ਦੇ ਅੰਦਰ ਖੇਲ ਪਿਉ ਪੁਤ ਦਾ, ਗੋਬਿੰਦ ਨਾਲ ਹੋਈ ਕੁੜਮਾਈਆ । ਕੋਈ ਹਿਸਾਬ ਲਾ ਨਾ ਸਕਿਆ ਏਸ ਦੇ ਰੁਖ਼ ਦਾ, ਰੁਖ਼ਸਤ ਲੈ ਕੇ ਸਾਰੇ ਭੱਜੇ ਵਾਹੋ

ਦਾਹੀਆ । ਏਹ ਮਾਲਕ ਦੋ ਜਹਾਨਾਂ ਦੁੱਧ ਪੁੱਤ ਦਾ, ਦੇਵਣਹਾਰ ਇਕ ਅਖਵਾਈਆ । ਗ਼ਰੀਬ ਨਿਮਾਣਿਆਂ ਗੋਦੀ ਚੁੱਕਦਾ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਇਸ ਦਾ ਪ੍ਰੇਮ ਪਿਆਰ ਅਨੋਖੀ ਵੱਖਰੀ ਹੁੱਕ ਦਾ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਏਹ ਸਭ ਦੀਆਂ ਜੜ੍ਹਾਂ ਆਪੇ ਪੁੱਟਦਾ, ਅਠਸਠ ਰਹਿਣ ਕੋਇ ਨਾ ਪਾਈਆ । ਏਸੇ ਦਾ ਖੇਲ ਅੰਧੇਰੇ ਘੁੱਪ ਦਾ, ਘੁੰਮਣ ਘੇਰੀ ਵਿਚ ਖ਼ੁਸ਼ੀ ਜਣਾਈਆ । ਏਹ ਮਾਲਕ ਸਚ ਸੁਚ ਦਾ, ਜੂਠ ਝੂਠ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਅਠਸਠ ਕਹੇ ਕਰੀਏ ਕੀ, ਕੀਮਤ ਨਜ਼ਰ ਕੋਇ ਨਾ ਆਈਆ । ਕਿਸ ਨੂੰ ਕਹੀਏ ਅੱਗੇ ਜੀ, ਜੀਵ ਜੰਤ ਸਕੇ ਨਾ ਕੋਇ ਸਮਝਾਈਆ । ਸਾਰੇ ਕਹਿਣ ਵੇਖੀ ਪ੍ਰਭ ਦੀ ਅਗੰਮੀ ਲੀਹ, ਲਕੀਰ ਪਿਛਲੀ ਦਿਤੀ ਮਿਟਾਈਆ । ਹਰਿਜਨ ਸਾਚੇ ਸਿੱਧੇ ਬਣਾ ਕੇ ਆਪਣੇ ਪੁੱਤਰ ਧੀ, ਧਿਆਨ ਆਪਣੇ ਨਾਲ ਲਗਾਈਆ । ਜਗਤ ਵੱਖਰਾ ਬੀਜ ਕੇ ਬੀ, ਬੂਟਾ ਮਾਤ ਦਿਤਾ ਲਗਾਈਆ । ਰਵਦਾਸ ਚਮਾਰੇ ਕੋਲੋਂ ਲਿਖਾ ਕੇ ਨਾਤਾ ਤੋੜਿਆ ਸਾਢੇ ਤਿੰਨ ਹੱਥ ਸੀਂ, ਸੀਨੇ ਆਪਣੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਅਠਸਠ ਕਹਿਣ ਆਓ ਵੇਖੀਏ ਵੱਖਰ, ਨੇਤਰ ਅੱਖ ਖੁਲ੍ਹਾਈਆ । ਜਿਸ ਨੇ ਪਾਹਨ ਤਾਰੇ ਪੱਥਰ, ਸੱਥਰਾਂ ਸੇਜ ਹੰਢਾਈਆ । ਜਿਸ ਨੂੰ ਲੱਭਦੇ ਫਿਰਦੇ ਗਏ ਸੂਫ਼ੀ ਫ਼ੱਕਰ, ਫ਼ਿਕਰਿਆਂ ਵਿਚ ਗਾਈਆ । ਜੋ ਚੜ੍ਹ ਕੇ ਚੋਟੀ ਸਿਖ਼ਰ, ਸਿਕ ਆਪਣੀ ਆਪ ਸਮਝਾਈਆ । ਜਿਸ ਨੇ ਲੇਖੇ ਲਾਇਆ ਗੋਬਿੰਦ ਬਾਜਾਂ ਤਿੱਤਰ, ਮਿਤਰ ਇਕ ਹੋ ਜਾਈਆ । ਸੋ ਸੁਣਿਆ ਆਪਣੀ ਧਾਰੋਂ ਆਇਆ ਨਿੱਕਲ, ਮਾਤ ਪਿਤ ਨਾ ਕੋਇ ਬਣਾਈਆ । ਜਿਸ ਚਾਰ ਜੁਗ ਦੇ ਲੇਖ ਪਛਾਣੇ ਪਿਛਲ, ਕੰਚਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਅਠਸਠ ਕਹਿਣ ਵੇਖ ਅਜਬ ਨਜ਼ਾਰਾ, ਅਜੀਬ ਦਿਤੀ ਵਡਿਆਈਆ । ਸਾਨੂੰ ਭੁੱਲਿਆ ਪਿਛਲਾ ਕਿਨਾਰਾ, ਅੱਗੇ ਤੱਟ ਇਕ ਦਰਸਾਈਆ । ਜਿਥੇ ਵੱਜੇ ਸਚ ਨਗਾਰਾ, ਨੌਬਤ ਨਾਮ ਸੁਣਾਈਆ । ਨਾ ਮਿੱਟੀ ਨਾ ਕੋਈ ਗਾਰਾ, ਇੱਟਾਂ ਪੱਥਰਾਂ ਵੰਡ ਨਾ ਕੋਇ ਵੰਡਾਈਆ । ਮਛ ਕਛ ਨਾ ਕੋਈ ਸੰਸਾਰਾ, ਲੱਖ ਬਤਾਲੀ ਨਾ ਕੋਇ ਚਤੁਰਾਈਆ । ਸਰਦੀ ਜਗਤ ਨਾ ਠੰਡੀ ਠਾਰਾ, ਅਗਨੀ ਤਤ ਨਾ ਕੋਇ ਤਪਾਈਆ । ਨਾ ਕੋਈ ਸੂਰਜ ਚੰਦ ਮਾਰੇ ਲਿਸ਼ਕਾਰਾ, ਦਿਵਸ ਰੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਆਪਣੀ ਬਣਤ ਬਣਾਈਆ । ਅਠਸਠ ਕਹਿਣ ਔਹ ਵੇਖੀਏ ਗੁਰਮੁਖ ਨਹੌਂਦੇ, ਜਿਹੜੇ ਸਾਡਾ ਮਾਣ ਗਏ ਤਜਾਈਆ । ਜੋ ਇਕੋ ਢੋਲਾ ਅੰਦਰੋਂ ਬਾਹਰੋਂ ਗੌਂਦੇ, ਗਾ ਗਾ ਖ਼ੁਸ਼ੀ ਮਨਾਈਆ । ਲੋਚਣ ਨੇਤਰ ਹਰਿ ਹਰਿ ਦਰਸ਼ਨ ਪੌਂਦੇ, ਨਿਜ ਨੇਤਰ ਅੱਖ ਖੁਲ੍ਹਾਈਆ । ਦੁਰਮਤ ਮੈਲ ਦੂਰ ਕਰੌਂਦੇ, ਕਾਇਆ ਕੱਪੜ ਸਾਫ਼ ਵਖਾਈਆ । ਅਗਲਾ ਪਿਛਲਾ ਲੇਖ ਚੁਕੌਂਦੇ, ਦੂਜੀ ਵੇਰ ਨਾ ਹੋਏ ਜੁਦਾਈਆ । ਆਸਾ ਇਕੋ ਇਕ ਤਕੌਂਦੇ, ਮਨਸਾ ਮਨਸਾ ਵਿਚ ਸਮਾਈਆ । ਨਹਾਵਣ ਸਤਿਗੁਰ ਚਰਨ ਨਹੌਂਦੇ, ਜਿਥੇ ਪਹੁੰਚ ਸਕੇ ਕੋਈ ਨਾ ਰਾਈਆ । ਅੰਤਮ ਆਪਣਾ ਆਪ ਵਿਚ ਮਿਲੌਂਦੇ, ਮਿਲਾਵਟ ਕੂੜੀ ਗਏ ਤਜਾਈਆ । ਸਾਡੇ ਵਿਚ ਨਾ ਚਰਨ ਟਿਕੌਂਦੇ, ਅੰਤਮ ਕੰਨੀ ਰਹੇ ਕਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਅਠਸਠ ਕਹਿਣ ਉਹ ਤੀਰਥ ਚੰਗਾ, ਜਿਸ ਗ੍ਰਿਹਿ ਹਰਿ ਹਰਿ ਚਰਨ ਟਿਕਾਈਆ । ਓਥੇ ਕਰੇ ਕੀ ਵਿਚਾਰੀ

ਜਮਨਾ ਸੁਰਸਤੀ ਗੰਗਾ, ਗੋਦਾਵਰੀ ਨਾ ਕੋਇ ਵਡਿਆਈਆ । ਸਭ ਨੂੰ ਭੁੱਲ ਜਾਏ ਆਪਣਾ ਧੰਦਾ, ਹੋਛੀ ਮਤ ਵਖਾਈਆ । ਜਨ ਭਗਤਾਂ ਵੇਖ ਹੋਏ ਅਨੰਦਾ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਤੀਰਥ ਤੱਟਾਂ ਵਿਚ ਬਾਹਰੋਂ ਪੰਜ ਤਤ ਖ਼ਾਕੀ ਨਹੌਂਦਾ ਰਿਹਾ ਬੰਦਾ, ਅੰਦਰੋਂ ਪਤਤ ਪੁਨੀਤ ਪਵਿਤ ਨਾ ਕੋਇ ਕਰਾਈਆ । ਜਗਤ ਤੀਰਥ ਸੂਰਜ ਤਪਸ਼ ਕਰ ਕੇ ਠੰਡਾ, ਆਤਮ ਸ਼ਾਂਤ ਨਾ ਕੋਇ ਰਖਾਈਆ । ਏਸੇ ਕਰ ਕੇ ਕਲਜੁਗ ਅੰਤਮ ਏਨ੍ਹਾਂ ਦਾ ਕੀਤਾ ਕੰਢਾ, ਕੰਢੀ ਬਹਿ ਕੇ ਲੇਖ ਮੁਕਾਈਆ । ਸ਼ਬਦੀ ਧੁਰ ਦਾ ਪਿਛੇ ਲਾ ਕੇ ਡੰਡਾ, ਸਾਰੇ ਧਰਨੀ ਉਤੋਂ ਬਾਹਰ ਕਢਾਈਆ । ਕੋਈ ਨਾ ਪਾਵੇ ਆਪਣੀਆਂ ਵੰਡਾਂ, ਹਿੱਸੇਦਾਰ ਨਾ ਕੋਇ ਅਖਵਾਈਆ । ਸਭ ਦਾ ਮਾਲਕ ਇਕ ਬਖ਼ਸ਼ੰਦਾ, ਸ੍ਰੀ ਭਗਵਾਨ ਨਜ਼ਰੀ ਆਈਆ । ਦੂਜਾ ਸ਼ਬਦੀ ਸੁਤ ਚੰਦਾ, ਦੋ ਜਹਾਨ ਕਰੇ ਰੁਸ਼ਨਾਈਆ । ਜਨ ਭਗਤਾਂ ਲਾਵੇ ਅੰਗਾ, ਅੰਗੀਕਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਆਪਣਾ ਭੇਵ ਵੇਖ ਵਖਾਈਆ । ਸ਼ੰਕਰ ਕਹੇ ਮੈਨੂੰ ਹੋਈ ਖ਼ੁਸ਼ੀ, ਖ਼ੁਸ਼ਖ਼ਬਰੀ ਸਰਬ ਸੁਣਾਈਆ । ਪ੍ਰਭੂ ਦੀ ਭਗਤਾਂ ਨਾਲ ਲੱਗੀ ਰੁਚੀ, ਰੋਸ਼ਨ ਮਨਾਰੇ ਰਿਹਾ ਬਣਾਈਆ । ਸੋਈ ਸੁਰਤ ਉਠਾ ਕੇ ਸੁੱਤੀ, ਸੁੱਤਿਆਂ ਰਿਹਾ ਜਗਾਈਆ । ਆ ਕੇ ਓਨ੍ਹਾਂ ਦੀ ਹਾਲਤ ਪੁੱਛੀ, ਜਿਨ੍ਹਾਂ ਪਿਛੇ ਹੋਈ ਜੁਦਾਈਆ । ਓਨ੍ਹਾਂ ਦੀ ਬਾਹੋਂ ਫੜ ਕੇ ਵੀਣੀ ਗੁੱਟੀਂ, ਗੁੱਟੋਂ ਲਿਆ ਉਠਾਈਆ । ਅੱਗੇ ਤੋਂ ਲੱਖ ਚੁਰਾਸੀ ਵਿਚੋਂ ਦੇ ਕੇ ਛੁੱਟੀ, ਛੁਟਕਾਰਾ ਸਦਾ ਲਿਆ ਕਰਾਈਆ । ਇਹ ਕੋਈ ਖੇਲ ਨਹੀਂ ਲੁਕੀ, ਸਨਮੁਖ ਹੋ ਕੇ ਰਿਹਾ ਸਮਝਾਈਆ । ਅਠਸਠ ਤੀਰਥ ਜੜ੍ਹ ਗਈ ਪੁੱਟੀ, ਗੋਬਿੰਦ ਗੁਰਮੁਖ ਬੂਟਾ ਦਿਤਾ ਲਾਈਆ । ਉਹ ਵੇਲਾ ਯਾਦ ਜਿਸ ਵੇਲੇ ਹੱਥ ਰੱਖਿਆ ਬੁੱਧੂ ਸ਼ਾਹ ਦੀ ਉਤੇ ਕੁੱਜੀ, ਕੁਝ ਆਪਣਾ ਭੇਵ ਸਮਝਾਈਆ । ਜਿਸ ਵੇਲੇ ਮੇਰਾ ਮਾਲਕ ਆਵੇ ਧੁਰ ਦਾ ਮੁਖੀ, ਮੁਖ਼ਤਿਆਰ ਮੈਨੂੰ ਦਏ ਬਣਾਈਆ । ਅੱਗੇ ਚਾਰੇ ਵਰਨ ਵਸਾਵੇ ਸੁਖੀ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਭਗਤਾਂ ਭਾਗ ਲਗਾਵੇ ਮਾਂਵਾਂ ਕੁੱਖੀਂ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਇਕੱਲੇ ਤੋਂ ਪੰਡ ਜਾਵੇ ਨਾ ਚੁੱਕੀ, ਚੁਕਾਵਣਹਾਰਾ ਮੇਰਾ ਇਕੋ ਸਾਈਆ । ਜਿਸ ਦੇ ਪਿਛੇ ਨੰਗੀ ਪੈਰੀਂ ਪੈਰੋਂ ਲਾਹ ਕੇ ਜੁੱਤੀ, ਸੂਲਾਂ ਸੱਥਰ ਸੇਜ ਹੰਡਾਈਆ । ਓਸ ਦੀ ਰਜ਼ਾ ਵਿਚ ਰਹਿਣਾ ਸਦਾ ਖ਼ੁਸ਼ੀ, ਖ਼ੁਸ਼ਾਮਦ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਅਠਸਠ ਕਹਿਣ ਗੋਬਿੰਦ ਤੱਕਿਆ, ਸੋ ਤਾਕਤ ਵਾਲਾ ਨਜ਼ਰੀ ਆਈਆ । ਜਿਸ ਦਾ ਮਾਲਕ ਵੇਖੇ ਮਦੀਨਾ ਮੱਕਿਆ, ਮਕਬਰੇ ਸਾਰੇ ਖੋਜ ਖੋਜਾਈਆ । ਚਲਦਾ ਫਿਰਦਾ ਕਦੇ ਨਾ ਥੱਕਿਆ, ਸੁੱਤਿਆਂ ਰੈਣ ਨਾ ਕੋਇ ਲੰਘਾਈਆ । ਜੁਗ ਚੌਕੜੀ ਬਦਲਦੀਆਂ ਕਦੇ ਨਾ ਅੱਖੀਆਂ, ਕੋਟਨ ਕੋਟ ਕਾਲ ਗਏ ਵਿਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਦਰ ਜਗਾ ਕੇ ਨਿੱਕੀਆਂ ਨਿੱਕੀਆਂ ਬੱਤੀਆਂ, ਅਲਬੱਤਾ ਆਪਣੀ ਰਮਜ਼ ਲਗਾਈਆ । ਕਿਸੇ ਨੂੰ ਮਾਣ ਦਵਾ ਕੇ ਰਾਗਾਂ ਛੱਤੀਆਂ, ਛੱਤੀ ਜੁਗਾਂ ਵਿਚ ਭੁਆਈਆ । ਕਿਸੇ ਨੂੰ ਵਡਿਆਈ ਦੇ ਕੇ ਤੋਲੇ ਮਾਸੇ ਰੱਤੀਆਂ, ਰੱਤੀ ਰੰਗ ਦਿਤਾ ਚੜ੍ਹਾਈਆ । ਕਿਸੇ ਦੇ ਕੰਨੀ ਪਾ ਕੇ ਨੱਤੀਆਂ, ਮੁੰਦਰਾਂ ਵਾਲੇ ਦਿਤਾ ਵਡਿਆਈਆ । ਕਿਸੇ ਨੂੰ ਅੱਖਰ ਲਿਖਾ ਕੇ ਉਪਰ ਫੱਟੀਆਂ, ਅਲਫ਼ ਯੇ ਦਿਤੀ ਸਮਝਾਈਆ । ਕਿਸੇ ਤੋਂ ਚਲਾ ਕੇ ਜਗ ਹੱਟੀਆਂ, ਤੇਰਾਂ ਤੇਰਾਂ ਧਾਰ ਸੁਣਾਈਆ । ਕਿਸੇ ਨੂੰ ਬੰਧਨ ਪਾ ਕੇ ਰੱਸੀਆਂ, ਫਾਂਸੀ ਦਿਤਾ ਲਟਕਾਈਆ । ਕਿਸੇ ਨੂੰ ਮੂੰਹ ਦੇ ਭਾਰ ਸੁਟਿਆ, ਨੂਰੀ ਝਲਕ ਨੂਰ ਰੁਸ਼ਨਾਈਆ । ਕਿਸੇ ਨੂੰ ਦਰਸ

ਦਿਖਾਇਆ ਵਿਚੋਂ ਵੱਟਿਆਂ, ਕਿਸੇ ਨੂੰ ਗੰਗਾ ਵਿਚੋਂ ਗਹਿਰ ਗੰਭੀਰ ਨਜ਼ਰੀ ਆਈਆ । ਕਿਸੇ ਨੂੰ ਮਾਣ ਦਵਾਇਆ ਉਤੋਂ ਪੱਤਿਆਂ, ਸੋਹੰ ਕਰ ਪੜ੍ਹਾਈਆ । ਕਿਸੇ ਨੂੰ ਭੋਲੇ ਭਾਓ ਦੱਸਿਆ, ਅੱਖੀਆਂ ਨਾਲ ਦਿਤਾ ਜਣਾਈਆ । ਕਿਸੇ ਨੂੰ ਨਾਚ ਨਚਾਇਆ ਵਿਚ ਸਖ਼ੀਆਂ, ਕਾਹਨਾ ਰੂਪ ਵਟਾਈਆ । ਕਿਸੇ ਦੇ ਹੱਥ ਫੜਾ ਕੇ ਪੱਖੀਆਂ, ਪੌਣਾਂ ਕਰੇ ਝੁਲਾਈਆ । ਕਿਸੇ ਦਾ ਵਾਸ ਕਰਾ ਕੇ ਕੁਲੀਂ ਕੱਖੀਆਂ, ਕੱਖਾਂ ਉਤੋਂ ਲੱਖ ਬਣਾਈਆ । ਕਿਸੇ ਨੂੰ ਐਨੀਆਂ ਡੂੰਘੀਆਂ ਰਮਜ਼ਾਂ ਦੱਸੀਆਂ, ਇਸ਼ਾਰਿਆਂ ਨਾਲ ਕਰੀ ਪੜ੍ਹਾਈਆ । ਕਿਸੇ ਨੂੰ ਬਣਾ ਕੇ ਜਲ ਵਿਚ ਮੱਛੀਆਂ, ਕਿਸੇ ਨੂੰ ਕਛਵ ਰੂਪ ਵਖਾਈਆ । ਕਿਸੇ ਦੇ ਨਾਲ ਗੱਲਾਂ ਕੀਤੀਆਂ ਅਛੀਆਂ, ਸੋਹਣੀ ਸਮਝ ਸਮਝਾਈਆ । ਕਿਸੇ ਦੇ ਨੱਕ ਨਕੇਲ ਪਾ ਕੇ ਰੱਸੀਆਂ, ਚਾਰੋਂ ਕੁੰਟ ਦਿਤਾ ਭੁਆਈਆ । ਕਿਸੇ ਦੇ ਜੋਤ ਜਗਾ ਕੇ ਲਟ ਲਟੀਆਂ, ਨੂਰੋ ਨੂਰ ਕਰੀ ਰੁਸ਼ਨਾਈਆ । ਕਿਸੇ ਨੂੰ ਕਰਕੇ ਲੱਖ ਲੱਖੀਆਂ, ਲਖੀਨੇ ਦਿਤੀ ਆਪ ਵਡਿਆਈਆ । ਕਿਸੇ ਨੂੰ ਹੱਟ ਵਿਕਾ ਕੇ ਹੱਟੀਆਂ, ਕੀਮਤ ਨਾ ਕੋਇ ਰਖਾਈਆ । ਕਿਸੇ ਨੂੰ ਦੇਗ਼ ਉਬਾਲ ਕੇ ਮੱਟੀਆਂ, ਅਗਨੀ ਦਿਤਾ ਜਲਾਈਆ । ਕਿਸੇ ਦੀਆਂ ਬਾਹਰੋਂ ਬਦਲ ਕੇ ਅੱਖੀਆਂ, ਅੰਦਰੋਂ ਲਿਆ ਮਿਲਾਈਆ । ਇਹ ਸਖ਼ੀਆਂ ਸਭ ਨਾਲੋਂ ਅੱਛੀਆਂ, ਜਿਨ੍ਹਾਂ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਜਿਨ੍ਹਾਂ ਦੇ ਚਰਨ ਦਵਾਰੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਈਆ ਨੱਠੀਆਂ, ਲਹਿੰਗੇ ਮੋਢਿਆਂ ਉਤੇ ਰਖਾਈਆ । ਦੂਰ ਦੁਰਾਡੀਆਂ ਨੇੜੇ ਹੋ ਕੇ ਢੱਠੀਆਂ, ਧੂੜੀ ਖ਼ਾਕ ਰਮਾਈਆ । ਸਾਨੂੰ ਮਾਣ ਰਿਹਾ ਨਾ ਅੱਠ ਸੱਠੀਆਂ, ਅੱਠਾਂ ਦਾ ਮਾਲਕ ਛੇਆਂ ਦਾ ਯਾਚਕ ਸਿਫ਼ਰੇ ਵਿਚੋਂ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦੀਆਂ ਭਗਤਾਂ ਨਾਲ ਰਲ ਗਈਆਂ ਪੱਤੀਆਂ, ਹਿੱਸੇਦਾਰ ਰਿਹਾ ਅਖਵਾਈਆ । ਪੰਦਰਾਂ ਕੱਤਕ ਨੂੰ ਵੇਂਹਦਿਆਂ ਵੇਂਹਦਿਆਂ ਲੰਘ ਗਈਆਂ ਸਦੀਆਂ, ਸੱਦਾ ਦੇਵਣਵਾਲਾ ਨਜ਼ਰ ਕਿਸੇ ਨਾ ਆਈਆ । ਪੁਰੀਆਂ ਲੋਆਂ ਜਿਸ ਦੇ ਹੁਕਮੇ ਅੰਦਰ ਬੱਧੀਆਂ, ਬੰਦਨਾ ਕਰੇ ਲੋਕਾਈਆ । ਜਿਸ ਨੇ ਦੋ ਜਹਾਨਾਂ ਖ਼ਾਲੀ ਕਰਕੇ ਗੱਦੀਆਂ, ਗਦਾਗਰ ਦਿਤੇ ਬਣਾਈਆ । ਓਸ ਦੇ ਚਰਨ ਸਾਰੀਆਂ ਢੱਠੀਆਂ, ਛੱਡ ਕੇ ਮਾਣ ਵਡਿਆਈਆ । ਧੰਨ ਭਾਗ ਜੋ ਹੋ ਗਈਆਂ ਕੱਠੀਆਂ, ਜੁਗ ਜਨਮ ਦੇ ਵਿਛੜੇ ਰਿਹਾ ਮਿਲਾਈਆ । ਇਹ ਕਹਾਣੀਆਂ ਗੋਬਿੰਦ ਦੀਆਂ ਹੋਈਆਂ ਸੱਚੀਆਂ, ਜੋ ਭਵਿਖਤਾਂ ਵਿਚ ਲਿਖਾਈਆ । ਉਹ ਕੋਝੀਆਂ ਕਮਲੀਆਂ ਕੱਚੀਆਂ, ਜੋ ਪੱਲੂ ਗਈਆਂ ਛੁੜਾਈਆ । ਉਹ ਜਗਤ ਦਵਾਰੇ ਨੱਚੀਆਂ, ਮਿਲਿਆ ਮੇਲ ਨਾ ਧੁਰ ਦੇ ਮਾਹੀਆ । ਪ੍ਰੀਤਮ ਨਾਲ ਨਾ ਮਿਲ ਕੇ ਹੱਸੀਆਂ, ਆਤਮ ਸੇਜ ਨਾ ਕੋਇ ਸੁਹਾਈਆ । ਖ਼ਸਮ ਨਾਲ ਨਾ ਮਿਲ ਕੇ ਵਸੀਆਂ, ਵਾਸਤਾ ਜਗਤ ਨਾਲੋਂ ਤੁੜਾਈਆ । ਉਹ ਮਾਇਆ ਮਮਤਾ ਡੱਸੀਆਂ, ਡੈਣ ਰੂਪ ਵਟਾਈਆ । ਕੋਟਨ ਕੋਟ ਥਲਾਂ ਵਿਚ ਮਰ ਗਈਆਂ ਪੁਨੂੰ ਨੂੰ ਲੱਭਦੀਆਂ ਸਸੀਆਂ, ਪੂਰਾ ਸਤਿਗੁਰ ਹੱਥ ਕਿਸੇ ਨਾ ਆਈਆ । ਇਹ ਓਸ ਵੇਲੇ ਲੇਖ ਲਿਖਿਆ, ਜਿਸ ਵੇਲੇ ਛੋਟੇ ਬੱਚਿਆਂ ਨੀਹਾਂ ਵਿਚ ਦਿਤਾ ਸਰਹੰਦ ਬਸੀਆਂ, ਸੀਨੇ ਸਾਰੇ ਹੱਥ ਟਿਕਾਈਆ । ਗੁਰਮੁਖੋ ਤੁਹਾਡੀਆਂ ਉਹਦੀਆਂ ਗੰਢਾਂ ਕਸੀਆਂ, ਆਪਣੀ ਹੱਥੀਂ ਖਿੱਚ ਲਗਾਈਆ । ਇਹ ਤੜਫਦੀਆਂ ਵਿਛੋੜੇ ਅੰਦਰ ਮੱਛੀਆਂ, ਸਤਿਗੁਰ ਅੰਮ੍ਰਿਤ ਨੀਰ ਆਪਣਾ ਆਪ ਰਿਹਾ ਬਰਸਾਈਆ । ਜਿਸ ਪ੍ਰੀਤਮ ਨੂੰ ਲੱਭ ਨਾ ਸਕਣ ਅੱਖੀਆਂ, ਸੋ ਅੱਖਾਂ ਸਾਮ੍ਹਣੇ ਹੋ ਕੇ ਦਇਆ ਕਮਾਈਆ । ਕੋਟਨ ਕੋਟ ਰਾਂਝਨ ਪਿਛੇ ਰੁਲਕੇ ਮਰ ਗਈਆਂ ਹੀਰ ਸਿਆਲਾਂ ਜੱਟੀਆਂ, ਜੰਗਲ ਬੇਲੇ ਖੋਜ ਖੁਜਾਈਆ । ਇਹੋ ਜੇਹੀ ਮੌਜ ਕਿਸੇ ਕਦੀ ਨਾ ਆਈ ਉਤੇ ਮੰਜੀਆਂ, ਜੇਹੜੀ ਟੁੱਟੀ ਮੰਜੀ ਦਿਤੀ ਵਖਾਈਆ । ਉਹ ਸਖ਼ੀਆਂ

ਸਤਿ ਪ੍ਰੇਮ ਨਾਲ ਰੰਗੀਆਂ, ਰੰਗਰਾਤਾ ਇਕੋ ਰੰਗ ਚੜ੍ਹਾਈਆ । ਦਰੋਪਤੀ ਵਾਂਗ ਹੋਵਣ ਕਦੇ ਨਾ ਨੰਗੀਆਂ, ਓਢਨ ਪੜਦਾ ਸੀਸ ਟਿਕਾਈਆ । ਏਥੇ ਓਥੇ ਆਦਿ ਜੁਗਾਦਿ ਜੁਗ ਚੌਕੜੀ ਕਦੀ ਨਾ ਹੋਵਣ ਰੰਡੀਆਂ, ਹਰਿ ਕੰਤ ਲੈਣ ਹੰਢਾਈਆ । ਤੀਰਥ ਤੱਟਾਂ ਉਤੇ ਕੂੜੇ ਸਾਧਾਂ ਦੀਆਂ ਕੋਈ ਨਾ ਵੇਖਣ ਜਾਵੇ ਮੰਡੀਆਂ, ਸਰਬ ਮੰਡਲਾਂ ਦਾ ਮਾਲਕ ਇਕੋ ਨਜ਼ਰੀ ਆਈਆ । ਉਹ ਦੁਹਾਗਣਾਂ ਵਿਭਚਾਰਨਾਂ ਹੋ ਗਈਆਂ ਗੰਦੀਆਂ, ਜਿਨ੍ਹਾਂ ਭੁੱਲਿਆ ਬੇਪਰਵਾਹੀਆ । ਉਨ੍ਹਾਂ ਦੇ ਕੰਨੀਂ ਸੋਂਹਦੀਆਂ ਕਦੇ ਨਾ ਡੰਡੀਆਂ, ਮੱਥੇ ਟਿੱਕਾ ਜੋਬਨ ਰੰਗ ਨਾ ਕੋਈ ਚੜ੍ਹਾਈਆ । ਤਨ ਸ਼ਿੰਗਰ ਨਾ ਕੋਇ ਅੰਗੀਆਂ, ਸਾੜ੍ਹੀ ਸੁਭਰ ਸਾਲੂ ਕੰਮ ਕਿਸੇ ਨਾ ਆਈਆ । ਕਿਸੇ ਕੰਮ ਨਹੀਂ ਔਣਾ ਜਲ ਜਲ ਬੰਦੀਆਂ, ਮਾਸੀ ਫੁੱਫੀ ਫੁੱਲ ਸੀਸ ਗੁੰਦਾ ਮਹਿੰਦੀ ਰੰਗ ਨਾ ਕੋਇ ਚੜ੍ਹਾਈਆ । ਜਿਨ੍ਹਾਂ ਦੀਆਂ ਆਸਾ ਮਨਸਾ ਪੂਰੀਆਂ ਹੋਈਆਂ ਤੰਗੀਆਂ, ਤ੍ਰਿਸਨਾ ਦਿਤੀ ਬੁਝਾਈਆ । ਤਿਨ੍ਹਾਂ ਦੇ ਪੰਜੇਬਾਂ ਪੈਰਾਂ ਸੋਹਣੀਆਂ ਹੰਡੀਆਂ, ਹੱਥ ਸੁਕੰਗਣ ਗਲੇ ਹਾਰ ਮਿਲੀ ਵਡਿਆਈਆ । ਨਾਤਾ ਤੁਟਿਆ ਬ੍ਰਾਹਮਣ ਪਖੰਡੀਆਂ, ਪਖੰਡਾਂ ਡੰਡਾ ਦਿਤਾ ਲਗਾਈਆ । ਦੇਵੇ ਦਾਨ ਨਾ ਕੋਈ ਘਸਾਈ ਦੰਦੀਆਂ, ਭੇਟਾ ਪੂਜਾ ਨਾ ਕੋਇ ਚੜ੍ਹਾਈਆ । ਜਨ ਭਗਤਾਂ ਵਖਾ ਕੇ ਰੀਤਾਂ ਚੰਗੀਆਂ, ਚੰਗੀ ਤਰਾ ਦਿਤਾ ਸਮਝਾਈਆ । ਸ੍ਰੀ ਭਗਵਾਨ ਬਣ ਕੇ ਧੁਰ ਦਾ ਸੰਗੀਆ, ਸਗਲਾ ਸੰਗ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਪਰਕਾਸ਼ ਨੇਤਰ ਅੰਧੀਆਂ, ਅੰਧ ਅਗਿਆਨ ਦਿਤਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਏ ਤੰਬੂਰ ਰਾਗ ਸੁਰੰਗੀਆਂ, ਧੁਰ ਦੀ ਸੁਰ ਦਿਤੀ ਸਮਝਾਈਆ । ਜਿਸ ਨੂੰ ਸੁਣ ਕੇ ਤਪਦੀਆਂ ਰੂਹਾਂ ਹੋਵਣ ਠੰਡੀਆਂ, ਅਗਨੀ ਤਤ ਗਵਾਈਆ । ਲੱਭਣ ਜਾਣ ਨਾ ਬੇਲੇ ਝੰਗੀਆਂ, ਦੱਭ ਕਾਹੀ ਨਾ ਫੋਲ ਫੁਲਾਈਆ । ਅੰਤਰ ਮਾਰ ਧਿਆਨ ਕਹਿਣ ਪ੍ਰਭ ਸੂਰੇ ਸਰਬੰਗੀਆ, ਤੇਰੀ ਬੇਪਰਵਾਹੀਆ । ਤੇਰਾ ਗਾ ਕੇ ਇਕ ਛੰਦੀਆ, ਸੋਹੰ ਢੋਲਾ ਦਿਤਾ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਵੇ ਮੁਕਾਵੇ ਫਿਰ ਫੰਦੀਆ, ਸਨਮੁਖ ਹੋ ਕੇ ਹੋਏ ਸਹਾਈਆ ।



## ੧੯ ਕੱਤਕ ੨੦੨੧ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰਾ

ਪਾ ਕੇ ਦਰਸ ਅਗੰਮੀ ਗੁਰ ਦੇ, ਅਠਸਠ ਆਪਣਾ ਹਾਲ ਸੁਣਾਈਆ । ਜੁਗ ਚੌਕੜੀ ਰਹੇ ਤੁਰਦੇ, ਬਣ ਬਣ ਪਾਂਧੀ ਰਾਹੀ ਪਿਛਾ ਸਮਝ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੱਡੀਆਂ ਸੁਟਦੇ ਰਹੇ ਸਾਡੇ ਅੰਦਰ ਮੁਰਦੇ, ਮੁੱਦਾ ਸਕਿਆ ਨਾ ਕੋਇ ਸਮਝਾਈਆ । ਇਹ ਖੇਲ ਪੁਰਖ ਅਕਾਲ ਅਨੋਖੇ ਹੋਰ ਦੇ, ਹਰਿ ਜੀ ਰਚਨ ਰਚਾਈਆ । ਵੇਸ ਕਰਕੇ ਠੱਗ ਚੋਰ ਦੇ, ਜਗਤ ਭੁਲੇਖਾ ਭਰਮ ਭੁਲਾਈਆ । ਜਗਤ ਜੀਵ ਮੂਲ ਨਾ ਸੋਚਦੇ, ਸਮਝ ਆਪਣੀ ਗਏ ਗਵਾਈਆ । ਜਗਤ ਕਿਰਿਆ ਮੂਲ ਨਾ ਰੋਕਦੇ, ਰੁੱਕਾ ਸਚ ਨਾ ਕੋਇ ਪੜ੍ਹਾਈਆ । ਐਵੇਂ ਪਤਣ ਬਣਾ ਕੇ ਮੋਖ ਦੇ, ਮੁਫ਼ਤ ਆਪਣਾ ਆਪ ਲੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਕਾਰ ਕਮਾਈਆ । ਜੁਗ ਚੌਕੜੀ ਰਹੇ ਚਲਦੇ, ਵਹਿਣਾਂ ਧਾਰ ਵਹਾਈਆ । ਜਗਤ ਕਿਰਿਆ ਰਹੇ ਮੰਨਦੇ, ਮਨਸਾ ਨਾਲ ਲੋਕਾਈਆ । ਭੇਵ ਲੁਕਾ ਕੇ ਧੁਰ ਦੇ ਚੰਨ ਦੇ, ਜਗਤ ਚਾਂਦਨੀ ਨਾਲ ਰੁਸ਼ਨਾਈਆ । ਸਚ ਸਨੇਹੜਾ ਅੰਤਮ ਦੱਸਦੇ, ਦਹਿ ਦਿਸ਼ਾ ਰਹੇ ਸੁਣਾਈਆ । ਅਸੀਂ ਸਭ ਤੋਂ ਓਹਲੇ ਵਸਦੇ,

ਨਜ਼ਰ ਕੋਇ ਨਾ ਪਾਈਆ । ਬਿਨ ਭਗਤਾਂ ਭੇਵ ਲੱਭੇ ਨਾ ਅਠਸਠ ਦੇ, ਜਗਤ ਕਿਨਾਰੇ ਤੀਰਥ ਤਟ ਕੰਮ ਨਾ ਆਈਆ । ਕਲਜੁਗ ਅੰਤਮ ਸਾਰੇ ਅੱਕਦੇ, ਥੱਕ ਥੱਕ ਬੈਠੇ ਢੇਰੀਆਂ ਢਾਹੀਆ । ਚਾਰ ਕੁੰਟਾਂ ਦਹਿ ਦਿਸ਼ਾ ਵਿਚ ਨੱਸਦੇ, ਬੰਦਰ ਕਲੰਦਰ ਦੋਵੇਂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਵੇਖ ਵਖਾਈਆ । ਅਠਸਠ ਕਹਿਣ ਭੱਜੇ ਫਿਰਦੇ, ਜੁਗ ਜੁਗ ਖੇਲ ਵਖਾਈਆ । ਹੁਕਮ ਮੰਨ ਕੇ ਸਾਚੇ ਪਿਰ ਦੇ, ਵੇਖੀ ਖੇਲ ਲੋਕਾਈਆ । ਸਾਥੋਂ ਸਾਫ਼ ਨਾ ਹੋਏ ਕਿਸੇ ਦੇ ਹਿਰਦੇ, ਹਰਿ ਹਰਿ ਰੂਪ ਨਾ ਕੋਇ ਵਖਾਈਆ । ਪੈਂਡੇ ਮੁੱਕੇ ਨਾ ਦੂਰ ਨੇੜ ਦੇ, ਮੰਜ਼ਲ ਸਕੇ ਨਾ ਕੋਇ ਚੁਕਾਈਆ । ਸ਼ੱਤਰੀ ਬ੍ਰਾਹਮਣ ਦੱਸਣ ਇਨ੍ਹਾਂ ਨਾਲ ਰਹੇ ਖੇਡ ਦੇ, ਜਗਤ ਖੇਲ ਰਚਾਈਆ । ਕੁੜਿਆਰੇ ਹੱਟਾਂ ਵਿਚ ਪਾਣੀ ਰਹੇ ਵੇਚਦੇ, ਅੰਮ੍ਰਿਤ ਨਾਉਂ ਸਾਲਾਹੀਆ । ਕਿਸੇ ਨੂੰ ਭੇਤ ਨਾ ਲੱਭੇ ਓਸ ਦੇਸ ਦੇ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਅਠਸਠ ਕਹਿਣ ਭੱਜ ਭੱਜ ਥੱਕੇ, ਚੌਕੜੀ ਜਗਤ ਵਿਹਾਈਆ । ਪਾਂਧੀ ਬਣ ਬਣ ਮਾਤ ਅੱਕੇ, ਅਕਲ ਰਹੀ ਨਾ ਕੋਈ ਚਤੁਰਾਈਆ । ਸੋਭਾ ਪਾ ਪਾ ਤੀਰਥ ਤੱਟੇ, ਕਿਨਾਰੇ ਦਿਤੇ ਸੁਹਾਈਆ । ਕੰਢਿਆਂ ਉਤੇ ਟਿਕਾ ਕੇ ਮੱਥੇ, ਮਸਤਕ ਦਿਤੇ ਰਗੜਾਈਆ । ਜੀਵ ਜੰਤ ਕਰ ਕੇ ਹਕੇ ਬੱਕੇ, ਹੈਰਾਨੀ ਵਿਚ ਸਮਾਈਆ । ਮੂਰਖਾਂ ਮੁਗਦਾਂ ਸਾਡੇ ਪਿਆਲੇ ਭਰ ਭਰ ਛਕੇ, ਮੁਕਤੀ ਜਗਤ ਸਮਝਾਈਆ । ਭਗਤ ਜਨ ਵੇਖ ਵੇਖ ਹੱਸੇ, ਭਰਮੇ ਭੁੱਲੀ ਲੋਕਾਈਆ । ਜਗਤ ਵਿਵਹਾਰੀ ਜਗਤ ਰੱਟੇ, ਘਰ ਘਰ ਹਿੱਸੇ ਦਿਤੇ ਵੰਡਾਈਆ । ਸਾਚੇ ਲਾਹ ਕਿਸੇ ਨਾ ਖੱਟੇ, ਖਟਕੇ ਵਿਚ ਲੋਕਾਈਆ । ਚਾਰ ਜੁਗ ਦੇ ਦਾਰੀ ਪਟੇ, ਵਸੀਅਤ ਵਿਚ ਸਮਝਾਈਆ । ਅਸਲੀਅਤ ਵਿਚ ਹੋ ਕੇ ਪੱਕੇ, ਖ਼ਸੂਸੀਅਤ ਲਈ ਛੁਪਾਈਆ । ਬ੍ਰਾਹਮਣਾ ਕੋਲੋਂ ਧੁਆ ਕੇ ਵੱਟੇ, ਪੱਥਰਾਂ ਪੂਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਮੁਕਾਈਆ । ਅਠਸਠ ਕਹਿਣ ਬਣਦੇ ਰਹੇ ਮਲਾਹ, ਮਾਹੀ ਨਜ਼ਰ ਕਿਸੇ ਨਾ ਆਈਆ । ਦੱਸਦੇ ਰਹੇ ਸਲਾਹ, ਸਮਝ ਕਿਸੇ ਨਾ ਪਾਈਆ । ਫੜਦੇ ਰਹੇ ਬਾਂਹ, ਗੋਦ ਨਾ ਕੋਇ ਟਿਕਾਈਆ । ਜਲਧਾਰ ਰਹੇ ਨੁਹਾ, ਦੁਰਮਤ ਮੈਲ ਨਾ ਕੋਇ ਧੁਆਈਆ । ਅੰਮ੍ਰਿਤ ਰਸ ਰਹੇ ਪਿਆ, ਅੰਤਰ ਆਤਮ ਭੇਵ ਨਾ ਕੋਇ ਖੁਲ੍ਹਾਈਆ । ਗੰਗਾ ਸਾਗਰ ਵਿਚ ਡੇਰਾ ਲਾ, ਸ੍ਰਿਸ਼ਟ ਸਬਾਈ ਖ਼ਾਕ ਮਿਲਾਈਆ । ਬ੍ਰਾਹਮਣਾਂ ਹੱਥ ਮਿਲੀ ਵਡਿਆ, ਪਵਿਤ ਚੌਂਕੇ ਰਹੇ ਕਰਾਈਆ । ਬਾਲ ਜੰਮੇ ਜੋ ਜਗਤ ਮਾਂ, ਮੁਖ ਲਾ ਕੇ ਸਗਨ ਮਨਾਈਆ । ਸਚ ਸਚ ਦੇਣਾ ਸਮਝਾ, ਨੇਮ ਇਕ ਦਰਸਾਈਆ । ਬੰਧਨਾਂ ਵਿਚ ਸਰਬ ਦੇਣਾ ਫਸਾ, ਫਾਂਸੀ ਸਕਿਆ ਨਾ ਕੋਇ ਕਟਾਈਆ । ਗੁਰ ਅਵਤਾਰ ਗਏ ਸਮਝਾ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਸਾਚਾ ਤੀਰਥ ਅੰਤਰ ਆਤਮ ਇਕ ਲਿਆ ਬਣਾ, ਜਿਸਦਾ ਕੰਢਾ ਨਜ਼ਰ ਕੋਇ ਨਾ ਆਈਆ । ਬਿਨ ਸਤਿਗੁਰ ਪੂਰੇ ਕੋਇ ਨਾ ਸਕੇ ਨੁਹਾ, ਮਿਹਰ ਨਜ਼ਰ ਉਠਾਈਆ ।

### ✪ ੧੭ ਕੱਤਕ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਬਾਬੂ ਪੁਰਾ ✪

ਪੂਰਬ ਤੁਟਾ ਪਿਛਲਾ ਮਾਣ, ਅਠਸਠ ਸੀਸ ਨਿਵਾਈਆ । ਤਟ ਕਿਨਾਰਾ ਨਾ ਅਭਿਮਾਨ, ਨੱਠ ਨੱਠ ਬੈਠੇ ਮੁਖ ਛੁਪਾਈਆ । ਪੰਡਤਾਂ ਵਾਲਾ

ਨਾ ਕੋਇ ਗਿਆਨ, ਵਿਦਿਆ ਜਗਤ ਨਾ ਕੋਇ ਪੜ੍ਹਾਈਆ । ਮੈਂਡਕ ਵਾਲਾ ਨਾ ਕੋਇ ਇਸ਼ਨਾਨ, ਮੀਨ ਜਲ ਨਾ ਤਾਰੀਆਂ ਲਾਈਆ । ਤੇਰਾ ਖੇਲ ਵੇਖ ਭਗਵਾਨ, ਸ੍ਰੀ ਸ੍ਰੀ ਸਾਰੇ ਰਹੇ ਸੁਣਾਈਆ । ਸਾਹਿਬ ਵੱਡੇ ਬਲਵਾਨ, ਬਲਧਾਰੀ ਤੇਰੀ ਚਤੁਰਾਈਆ । ਸਾਰੇ ਬਣੇ ਰਹੇ ਨਾਦਾਨ, ਬਾਲੀ ਬੁੱਧ ਰਖਾਈਆ । ਤੇਰਾ ਭੇਵ ਨਾ ਆਇਆ ਵਿਚ ਜਹਾਨ, ਜ਼ਾਹਰਾ ਕਲ ਨਾ ਕੋਇ ਪਰਗਟਾਈਆ । ਲੇਖਾ ਲਿਖ ਲਿਖ ਦੇਂਦੇ ਗਏ ਬਿਆਨ, ਰਾਗਾਂ ਨਾਦਾਂ ਸਿਫ਼ਤ ਸਾਲਾਹੀਆ । ਇਸ਼ਾਰਿਆਂ ਨਾਲ ਦੱਸਦੇ ਗਏ ਨਿਸ਼ਾਨ, ਨਿਸ਼ਾਨਾ ਸਚ ਨਾ ਕੋਇ ਚਲਾਈਆ । ਅੰਮ੍ਰਿਤ ਬੂੰਦ ਸਵਾਂਤੀ ਕਰੌਂਦੇ ਗਏ ਪਾਨ, ਧੁਰ ਦੀ ਧਾਰ ਨਾ ਕੋਇ ਵਹਾਈਆ । ਤੱਟਾਂ ਉਤੇ ਰਾਸ ਪੌਂਦੇ ਗਏ ਕਾਹਨ, ਜਮਨਾ ਵਿਚ ਸੀਸ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਾਰੇ ਕਹਿਣ ਰਹੇ ਭੁਲਦੇ, ਅਭੁਲ ਤੇਰੀ ਸਰਨਾਈਆ । ਅੰਤਮ ਤੋਲ ਕਿਸੇ ਨਾ ਤੁਲਦੇ, ਅਤੁਲ ਤੇਰੀ ਵਡਿਆਈਆ । ਬਿਨ ਤੇਰੀ ਕਿਰਪਾ ਰਹੇ ਨਾ ਕਿਸੇ ਮੁੱਲ ਦੇ, ਕੀਮਤ ਸਕੇ ਨਾ ਕੋਇ ਚੁਕਾਈਆ । ਰਸ ਕੁੜਾਵੇ ਹੋਏ ਮਿੱਠੇ ਬੁੱਲ ਦੇ, ਰਸਨਾ ਸੀਰ ਨਾ ਕੋਇ ਚਖਾਈਆ । ਜੁਗ ਚੌਕੜੀ ਬੂਟੇ ਵੇਖੇ ਹੁਲਦੇ, ਸਿਮਲ ਰੁੱਖ ਮਾਤ ਲਹਿਰਾਈਆ । ਕੋਟਾਂ ਵਿਚੋਂ ਗੁਰਮੁਖ ਤੇਰੀ ਚਰਨ ਪ੍ਰੀਤੀ ਵੇਖੇ ਘੁਲਦੇ, ਬਹੁਤਿਆਂ ਵਿਚੋਂ ਥੋੜੇ ਨਜ਼ਰੀ ਆਈਆ । ਏਥੇ ਉਥੇ ਦੋ ਜਹਾਨ ਗੁਲਸ਼ਨ ਤੇਰੇ ਵਿਚੋਂ ਫੁਲਦੇ, ਪੱਤ ਡਾਲ੍ਹੀ ਆਪ ਮਹਿਕਾਈਆ । ਜਿਸ ਵੇਲੇ ਸਚ ਦਵਾਰੇ ਵੇਖੇ ਖੁਲ੍ਹਦੇ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਅਠਸਠ ਕਹਿਣ ਪਏ ਵਿਚ ਭਵਰ, ਘੁੰਮਣ ਘੇਰ ਨਜ਼ਰ ਕੋਇ ਨਾ ਆਈਆ । ਲੋਕਮਾਤ ਵੇਖਿਆ ਕਬਰ, ਮਕਬਰਾ ਦਿਤਾ ਸਮਝਾਈਆ । ਬਿਨ ਤੇਰੀ ਕਿਰਪਾ ਕਿਤੇ ਨਾ ਆਇਆ ਸਬਰ, ਸਾਹਿਬ ਮਿਲਿਆ ਨਾ ਬੇਪਰਵਾਹੀਆ । ਕੋਟਨ ਕੋਟ ਸ਼ਾਹ ਸੁਲਤਾਨ ਸਾਡੇ ਵਿਚ ਸੁਟਾਕੇ ਟੱਬਰ, ਹੱਡੀਆਂ ਅਸਤੀਆਂ ਰੂਪ ਵਟਾਈਆ । ਅਸੀਂ ਵੇਖਿਆ ਕਿਸੇ ਦੀ ਰੇਖ ਸਕੇ ਨਾ ਕੋਈ ਬਦਲ, ਬਦਲਾ ਅੱਗੇ ਨਾ ਕੋਈ ਚੁਕਾਈਆ । ਬਿਨ ਤੇਰੇ ਕਰੇ ਕੋਇ ਨਾ ਅਦਲ, ਇਨਸਾਫ਼ ਹੱਥ ਨਾ ਕੋਇ ਰਖਾਈਆ । ਜਾਂ ਚੜ੍ਹਕੇ ਵੇਖਿਆ ਗਗਨ, ਗਹਿਰ ਗੰਭੀਰ ਨਜ਼ਰੀ ਆਈਆ । ਜਿਸ ਦਾ ਤਨ ਵਜੂਦ ਨਾ ਬਦਨ, ਬਦਲੀ ਸਭ ਦੀ ਰਿਹਾ ਕਰਾਈਆ । ਦੀਪਕ ਅਗੰਮੀ ਓਥੇ ਜਗਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੰਤ ਸੁਹੇਲੇ ਬੈਠੇ ਮਗਨ, ਮੂਰਖ ਮੁਗਧ ਨਜ਼ਰ ਕੋਇ ਨਾ ਆਈਆ । ਲੋੜ ਰਹੀ ਨਿਸ਼ਾਨੀ ਕੋਈ ਨਾ ਪਦਮ, ਪਰਮਾਤਮ ਤੇਰੀ ਬੇਪਰਵਾਹੀਆ । ਜੁਗ ਚੌਕੜੀ ਖੇਲ ਕੀਤਾ ਮਧਮ, ਆਹਿਸਤਾ ਆਹਿਸਤਾ ਦਿਤਾ ਸਮਝਾਈਆ । ਕਲਜੁਗ ਅੰਤਮ ਚਰਨ ਕਵਲ ਉਠਾ ਕੇ ਕਦਮ, ਕਦੀਮ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਨਿਤ ਨਵਿਤ ਰਹੇ ਭੌਂਦੇ, ਵਹਿਣਾਂ ਧਾਰ ਵਹਾਈਆ । ਧਰਤੀ ਉਪਰ ਰਹੇ ਸੌਂਦੇ, ਆਪਣਾ ਆਸਣ ਲਾਈਆ । ਜਗਤ ਤਾਂਈ ਰਹੇ ਭਲੌਂਦੇ, ਇਸ਼ਾਰਿਆਂ ਨਾਲ ਵਡਿਆਈਆ । ਕੱਲਰ ਕੰਧਾਂ ਰਹੇ ਢਾਹੁੰਦੇ, ਆਪਣੀ ਢਾਹ ਵਖਾਈਆ । ਏਕਾ ਤੇਰਾ ਨਾਮ ਰਹੇ ਧਿਔਂਦੇ, ਚਰਨ ਕਵਲ ਸਰਨਾਈਆ । ਜੁਗ ਚੌਕੜੀ ਨੈਣ ਉਠੌਂਦੇ, ਨੇਤਰ ਤੱਕਣ ਧੁਰ ਦਾ ਮਾਹੀਆ । ਗੁਰ ਅਵਤਾਰ ਵੇਖ ਵਖੌਂਦੇ, ਨਾਤਾ ਤੋੜ ਕਲਮ ਸ਼ਾਹੀਆ । ਪੰਡਤ ਪਾਂਧੇ ਗਾਇਤਰੀ ਮੰਤਰ ਆਪ ਸੁਣੌਂਦੇ, ਅਕਸ਼ਰ ਬਾਰਾਂ ਨਾਲ ਰਲਾਈਆ । ਹਰੀ ਓਮ ਤਤ ਸਤਿ ਦ੍ਰਿੜੌਂਦੇ, ਓਮ ਓਅੰਕਾਰ ਤੇਰੀ ਸਰਨਾਈਆ । ਬੋਦੀ ਜੰਞੂ ਖੂਬ

੮੨੫
੧੭

ਹਲੌਂਦੇ, ਮਸਤਕ ਟਿੱਕਿਆਂ ਨਾਲ ਚਮਕਾਈਆ । ਧੋਤੀ ਪੱਲੂ ਉਤੇ ਸੁਟੌਂਦੇ, ਦੋਹਰੀ ਗੰਢ ਬੰਧਾਈਆ । ਸੂਰਜ ਦੇਵਤਾ ਪਾਣੀ ਚੜ੍ਹੌਂਦੇ, ਚੂਲੀਆਂ ਨਾਲ ਭਰਾਈਆ । ਬਾਹਰੋਂ ਮਲ ਮਲ ਪਿੰਡਾ ਨਹੌਂਦੇ, ਅੰਤਰ ਸਾਫ਼ ਨਾ ਕੋਇ ਵਖਾਈਆ । ਕਲਜੁਗ ਅੰਤਮ ਤੇਰੀ ਕਿਰਪਾ ਵੇਖ ਪ੍ਰਭੂ ਸ਼ਰਮੌਂਦੇ, ਸ਼ਰਮਸਾਰ ਸੀਸ ਨਾ ਕੋਇ ਉਠੌਂਦੇ, ਜਿਸਦੇ ਪਿਛੇ ਲੋਕਮਾਤ ਵਡਿਆਈ ਪੌਂਦੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਦਵਾਰੇ ਤੇਰੀ ਆਸ ਰਖਾਈਆ । ਅਠਸਠ ਕਹਿਣ ਚਾਰ ਜੁਗ ਫਿਰੇ ਭੱਜੇ, ਨੱਠੇ ਵਾਹੋ ਦਾਹੀਆ । ਤਟ ਕਿਨਾਰੇ ਵੇਖੇ ਸੱਜੇ ਖੱਬੇ, ਅੱਗਾ ਪਿੱਛਾ ਯਾਦ ਕੋਇ ਨਾ ਆਈਆ । ਜਲ ਦੀ ਧਾਰ ਵਹਿਣ ਵਗੇ, ਫਿਰ ਮੁੜ ਕੋਇ ਨਾ ਆਈਆ । ਨਾਰੀ ਪੁਰਖ ਹੁੰਦੇ ਨੰਗੇ, ਪਤ ਪੜਦਾ ਗਏ ਮੁਕਾਈਆ । ਬਗ ਬਪੜੇ ਦਿਸਦੇ ਬੱਗੇ, ਹੰਸ ਕਾਗ ਰੂਪ ਵਟਾਈਆ । ਸ੍ਰਿਸ਼ਟੀ ਮਾਇਆ ਅੰਦਰ ਦਗੇ, ਅਗਨੀ ਤਤ ਤਪਾਈਆ । ਕਾਮ ਖ਼ੁਮਾਰੀ ਅੰਦਰ ਮਧੇ, ਨਾਮ ਰਸ ਨਾ ਕੋਇ ਚਖਾਈਆ । ਸਾਚੇ ਪੜਦੇ ਕੋਇ ਨਾ ਕੱਜੇ, ਓਢਨ ਸੀਸ ਨਾ ਕੋਇ ਟਿਕਾਈਆ । ਸ਼ਾਸਤਰ ਸਿਮਰਤ ਵੇਦ ਕੁਰਾਨ ਬੋਝੇ ਲੱਦੇ, ਹੌਲਾ ਭਾਰ ਨਾ ਕੋਇ ਵਖਾਈਆ । ਅੰਤਮ ਸਾਰੇ ਪਏ ਡੂੰਘੀ ਖੱਡੇ, ਬਾਹਰ ਸਕੇ ਨਾ ਕੋਈ ਕਢਾਈਆ । ਬਲਵਾਨ ਰਹੇ ਨਾ ਵੱਡੇ ਵੱਡੇ, ਜੋਧੇ ਜੋਰ ਗਏ ਤਜਾਈਆ । ਮਾਣਸ ਜੂਨੀ ਵੇਖੇ ਗਧੇ, ਕੂਕਰ ਸੂਕਰ ਰੂਪ ਵਟਾਈਆ । ਅਠਸਠ ਤੀਰਥ ਜਿਨ੍ਹਾਂ ਪਾਣੀ ਲੱਭੇ, ਪਰਮੇਸ਼ਵਰ ਕਹਿਕੇ ਸ਼ੁਕਰ ਮਨਾਈਆ । ਉਨ੍ਹਾਂ ਦੇ ਪੱਲੇ ਕੁਛ ਨਹੀਂ ਫੱਕੇ, ਫਾਂਸੀ ਜਮ ਦੀ ਗਲ ਲਟਕਾਈਆ । ਅਸੀਂ ਧੋਵਣ ਵਾਲੇ ਵੱਟੇ, ਪੱਥਰਾਂ ਸਾਫ਼ ਕਰਾਈਆ । ਅਸੀਂ ਵਹਿਣ ਵਹਾਵਨ ਵਾਲੇ ਘੱਟੇ, ਮਿੱਟੀ ਖ਼ਾਕ ਰੁਲਾਈਆ । ਸਾਨੂੰ ਨਹੀਂ ਕੋਈ ਓਸ ਦੇ ਪਤੇ, ਪੱਤਣ ਬਹਿ ਨਾ ਕੋਈ ਸਮਝਾਈਆ । ਸਾਡੀ ਪੂਜਾ ਹੋਈ ਵਿਚ ਸ਼ੱਕੇ, ਸ਼ਹਿਨਸ਼ਾਹ ਆਪਣਾ ਪੜਦਾ ਪਾਈਆ । ਕਲਜੁਗ ਅੰਤਮ ਖੇਲ ਅਨੋਖੇ ਤੱਕੇ, ਨੇਤਰ ਅੱਖ ਖੁਲ੍ਹਾਈਆ । ਜਿਸ ਨੂੰ ਪੀਰ ਪੈਗ਼ੰਬਰ ਲੱਭਦੇ ਮਦੀਨੇ ਮੱਕੇ, ਮਕਤਬਾਂ ਵਿਚ ਮੁਤਾਲੇ ਰਹੇ ਕਰਾਈਆ । ਜਿਸ ਨੂੰ ਗੁਰੂ ਅਵਤਾਰ ਕਹਿੰਦੇ ਸਦਾ ਸਮਰਥੇ, ਸਵਾਮੀ ਅਕਥ ਵੱਡੀ ਵਡਿਆਈਆ । ਤਿਸ ਦਾ ਖੇਲ ਵੇਖ ਕੇ ਅੱਖੇ, ਨੇਤਰ ਨੈਣ ਰਹੇ ਸ਼ਰਮਾਈਆ । ਸਾਨੂੰ ਭੁੱਲ ਗਏ ਕਿਨਾਰੇ ਤੱਟੇ, ਤੀਰਥ ਰੂਪ ਨਾ ਕੋਇ ਰਖਾਈਆ । ਸਾਡੇ ਚੀਥੜ ਪੁਰਾਨੇ ਫਟੇ, ਰਵਿਦਾਸ ਚਮਾਰਾ ਦਏ ਗਵਾਹੀਆ । ਇਕ ਚਵੱਨੀ ਪਿਛੇ ਚਾਰੇ ਜੁਗ ਰੱਖੇ, ਚਾਰ ਕੁੰਟ ਵੱਜੇ ਵਧਾਈਆ । ਪੂਰਬ ਜਨਮ ਦੇ ਅਨੋਖੇ ਲੇਖ ਲਿਖੇ, ਨਾਤਾ ਜੋੜ ਕਲਮ ਸ਼ਾਹੀਆ । ਸਚ ਪ੍ਰੀਤਮ ਮਾਰਗ ਦੱਸੇ, ਭਗਵਨ ਦਏ ਸਮਝਾਈਆ । ਉਹ ਤਿੰਨੇ ਕਰ ਇਕੱਠੇ, ਗਿਰਧਾਰਾ ਪਾਲ ਦੀਦਾਰ ਰੰਗ ਚੜ੍ਹਾਈਆ । ਪਹਿਲੀ ਮੱਘਰ ਬਸਤਰ ਪੁਆ ਕੇ ਚਿੱਟੇ, ਚਿੱਟੀ ਚਾਦਰ ਉਤੇ ਦਏ ਬਹਾਈਆ । ਤਿੰਨਾਂ ਦਾ ਪਰਸ਼ਾਦ ਰੱਖ ਕੇ ਅੱਗੇ, ਅਗਲਾ ਲੇਖਾ ਦਏ ਸਮਝਾਈਆ । ਸੀਸ ਬੰਨ੍ਹ ਕੇ ਧੁਰ ਦੀ ਪੱਗੇ, ਪਗੜੀ ਪਿਛਲੀ ਦਏ ਚੁਕਾਈਆ । ਸਤਿਜੁਗ ਦੀ ਧਾਰ ਵਿਚੋਂ ਸਤਿ ਸਤਿਵਾਦੀ ਕੱਢੇ, ਜਿਨ੍ਹਾਂ ਗੋਤਮ ਨਾਲੋਂ ਹੋਈ ਜੁਦਾਈਆ । ਗੋਦਾਵਰੀ ਕੰਢਾ ਵੇਖ ਹੱਸੇ, ਛੋਟੀ ਗੁਫ਼ਾ ਰਹੀ ਸਮਝਾਈਆ । ਜਿਹਨੂੰ ਇੱਕੀ ਵੇਖ ਕੇ ਆਏ ਅੱਖੇ, ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਅਠਸਠ ਕਹੇ ਸਾਨੂੰ ਯਾਦ ਆਈ ਗੋਦ, ਵਰੀ ਵਰਿਆਮ ਦਏ ਵਡਿਆਈਆ । ਜਿਸ ਦਾ ਭੇਵ ਅਗੰਮੜਾ ਗੋਝ, ਗੁਜਰੀ ਚੰਦ ਅੰਗ ਲਗਾਈਆ । ਉਸ ਦਾ ਲੇਖਾ ਅਗਾਧ ਬੋਧ, ਬੁਧ ਮਤ ਮਨ ਨਾ ਕੋਇ ਸਮਝਾਈਆ । ਜਿਸ

ਦਾ ਲੇਖਾ ਲੋਕ ਪਰਲੋਕ, ਦੋ ਜਹਾਨ ਦਏ ਵਡਿਆਈਆ । ਜਿਸ ਦਾ ਵਖਰਾ ਨਿਰਾਲਾ ਸਭ ਤੋਂ ਸਲੋਕ, ਅੱਖਰਾਂ ਵਿਚੋਂ ਵੱਖਰੀ ਕਰੇ ਪੜ੍ਹਾਈਆ । ਉਸ ਦੇ ਘਰ ਦੀ ਵੇਖਣੀ ਮੌਜ, ਮਜਲਸ ਲਾ ਕੇ ਖ਼ੁਸ਼ੀ ਮਨਾਈਆ । ਸਚ ਪ੍ਰੀਤਮ ਅਨਡਿਠੜੇ ਕਰੇ ਚੋਜ, ਚੋਲੀ ਸਭ ਦੀ ਰਿਹਾ ਬਦਲਾਈਆ । ਪੂਰਬ ਜਨਮਾਂ ਦੀ ਕਰ ਕੇ ਖੋਜ, ਖ਼ੁਸ਼ੀਆਂ ਨਾਲ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਤੀਰਥ ਤਟ ਕਹਿਣ ਸਾਡਾ ਹੋਵੇ ਪਰਸਾਦ, ਪਰਸਾਦੀ ਦਇਆ ਕਮਾਈਆ । ਜਿਸ ਦੇ ਹੱਥ ਸਭ ਦੀ ਲਾਜ, ਲਾਜਾਵੰਤ ਵੱਡੀ ਵਡਿਆਈਆ । ਸੋ ਭਗਤਾਂ ਨਾਲ ਕਰ ਕੇ ਕਾਜ, ਆਪਣਾ ਨਾਤਾ ਲਏ ਜੁੜਾਈਆ । ਸਤਿ ਧਰਮ ਦਾ ਚਲਾ ਕੇ ਇਕ ਰਿਵਾਜ, ਰਵਾਦਾਰੀ ਦਏ ਮਿਟਾਈਆ । ਲੇਖੇ ਲਾ ਕੇ ਲੰਗੜੇ ਲੂਲ੍ਹੇ ਅਪਾਹਜ, ਨੇਤਰਹੀਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਸਤਿ, ਸਤਿ ਸਤਵਾਦੀ ਦਇਆ ਕਮਾਇੰਦਾ । ਲੇਖਾ ਜਾਣੇ ਬ੍ਰਹਮ ਮਤ, ਵਿਦਿਆ ਬ੍ਰਹਮ ਆਪ ਪੜ੍ਹਾਇੰਦਾ । ਹਕੀਕਤ ਵਿਚੋਂ ਦੇ ਕੇ ਹਕ, ਝੋਲੀ ਖ਼ਾਲੀ ਆਪ ਭਰਾਇੰਦਾ । ਲੇਖਾ ਜਾਣੇ ਪੁਰਖ ਸਮਰਥ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਹੱਥ ਰੱਖੇ ਸਵਾਮੀ, ਸਾਹਿਬ ਵੱਡੀ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਅੰਤਰ ਆਤਮ ਖੋਜ ਖੁਜਾਈਆ । ਅਠਸਠ ਵਰੋਲ ਕੇ ਠੰਡਾ ਪਾਣੀ, ਤੀਰਥ ਤਟ ਵੇਖ ਵਖਾਈਆ । ਪਹਿਲੀ ਮੱਘਰ ਰੁੱਤ ਸੁਹਾਨੀ, ਇੱਕੀ ਮਾਲਕ ਬੇਪਰਵਾਹੀਆ । ਘਰ ਘਰ ਦੇਵੇ ਦਾਤ ਦਾਨੀ, ਰਾਰਾ ਰਾਮ ਰੂਪ ਵਟਾਈਆ । ਇਹ ਮਿਸਲ ਚਾਰ ਜੁਗ ਦੀ ਪੁਰਾਣੀ, ਸਚ ਅਦਾਲਤ ਲਏ ਕਢਾਈਆ । ਗੋਤਮ ਦੱਸ ਉਹ ਨਿਸ਼ਾਨੀ, ਅਹਲਿਆ ਸਿਲਾ ਵੇਖ ਵਖਾਈਆ । ਰਾਮ ਚੰਦ ਚੜ੍ਹਾਈ ਬਬਾਣੀ, ਚਰਨ ਕਵਲ ਵਡਿਆਈਆ । ਪਾਲ ਦੀਦਾਰ ਉਸ ਵੇਲੇ ਵੇਖਣ ਇਹ ਕਹਾਣੀ, ਨੇਤਰ ਨੈਣ ਨੈਣ ਉਠਾਈਆ । ਧੁਰ ਦੇ ਰਾਮ ਸੁਣਾ ਕੇ ਬਾਣੀ, ਅੰਤਰ ਅੰਦਰੋਂ ਦਿਤਾ ਜਣਾਈਆ । ਸਚ ਪ੍ਰੇਮ ਦੀ ਸਚ ਨਿਸ਼ਾਨੀ, ਨਿਸ਼ਾਨਿਆਂ ਵਿਚੋਂ ਵਖਾਈਆ । ਕਲਜੁਗ ਅੰਤਮ ਮੇਲਾ ਫੇਰ ਵਿਚ ਜਹਾਨੀ, ਜਹਾਂ ਤਹਾਂ ਲਏ ਮਿਲਾਈਆ । ਸੋਲਾਂ ਕੱਤਕ ਪਿਛਲੀ ਰੁਤ ਵਖਾਨੀ, ਪਿਛਾ ਯਾਦ ਕਰਾਈਆ । ਇਹ ਪ੍ਰਭ ਦੀ ਵੱਡੀ ਮਿਹਰਵਾਨੀ, ਜੋ ਸੁੱਤਿਆਂ ਰਿਹਾ ਉਠਾਈਆ । ਪਹਿਲੀ ਮੱਘਰ ਜਗਤ ਲਿਖਤ ਭਵਿਖਤ ਤੋਂ ਵੱਖਰੀ ਲਿਖਾਏ ਬਾਣੀ, ਵੱਖਰਾ ਹਾਲ ਸੁਣਾਈਆ । ਗੁਰਮੁਖਾਂ ਦੇ ਚਰਨਾਂ ਉਤੇ ਅੱਠ ਸੱਠ ਦਾ ਪਾ ਕੇ ਠੰਡਾ ਪਾਣੀ, ਕੂੜੀ ਕਿਰਿਆ ਸਾਫ਼ ਕਰਾਈਆ । ਰਾਜ ਨਰੈਣ ਗ਼ੁੱਸਾ ਨਹੀਂ ਇਹ ਉਹ ਹੈਰਾਨੀ, ਜੇਹੜੀ ਦਾਅਵੇ ਦੀਵਾਨੀ ਵਿਚ ਜੁਗ ਜੁਗ ਚਲੀ ਆਈਆ । ਗੋਬਿੰਦ ਚਿੱਲਾ ਚਾੜ੍ਹ ਕੇ ਤੀਰ ਕਾਨੀ, ਗੋਦਾਵਰੀ ਕੰਢੇ ਕਮਾਨ ਖਿਚਾਈਆ । ਓਸ ਵੇਲੇ ਆਈ ਸ਼ਬਦ ਅਗੰਮੀ ਬਾਣੀ, ਪੁਰਖ ਅਕਾਲ ਦਿਤੀ ਸਮਝਾਈਆ । ਜਿਸ ਵੇਲੇ ਮੇਰਾ ਚੰਦ ਚਮਕੇ ਨੂਰ ਨੁਰਾਨੀ, ਦੋ ਜਹਾਨ ਹੋਏ ਰੁਸ਼ਨਾਈਆ । ਜੁਗ ਜਨਮ ਦਿਆਂ ਵਿਛੜਿਆਂ ਇਕੱਠਾ ਕਰ ਕੇ ਅੰਮ੍ਰਿਤ ਪਿਆਵਾਂ ਧੁਰ ਦਾ ਪਾਣੀ, ਪਾਣ ਆਪਣਾ ਨਾਮ ਚੜ੍ਹਾਈਆ । ਦੇਵਤ ਸੁਰ ਰਿਖ ਮੁਨ ਗੁਰ ਅਵਤਾਰ ਪੈਗ਼ੰਬਰ ਪੀਰ ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨੀ, ਧਿਆਨ ਵਿਚੋਂ ਧਿਆਨ ਆਪਣਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸੋਲਾਂ ਕੱਤਕ ਦੀ ਰਾਤ ਕਹੇ ਕਿਉਂ ਕੱਢੇ ਤਿੰਨ, ਕੀ ਤੇਰੀ

੮੨੭
੧੭

ਚਤੁਰਾਈਆ । ਪੁਰਖ ਅਕਾਲ ਕਹੇ ਮੇਰੇ ਵੱਖਰੇ ਸਭ ਤੋਂ ਚਿੰਨ੍ਹ, ਚਿੰਤਾ ਵਿਚੋਂ ਪਰਗਟਾਈਆ । ਮੇਰਾ ਲੇਖਾ ਕੋਈ ਨਾ ਸਕੇ ਮਿਣ, ਗਿਣਤੀਆਂ ਵਿਚ ਨਾ ਕੋਇ ਸਮਝਾਈਆ । ਕਰਾਂ ਖੇਲ ਛਿੰਨ ਛਿੰਨ, ਅਛਲ ਛਲ ਧਾਰੀ ਵੇਸ ਧਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਲੇਖਾ ਰੱਖੇ ਇੱਕੀ ਦਿਨ, ਦੋ ਇਕ ਇਕ ਨਾਲ ਵਡਿਆਈਆ । ਹਰਿ ਸੰਗਤ ਸਦਾ ਰਹਿਣਾ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਵਡਿਆਈਆ । ਤੁਸੀਂ ਜਗ ਜੀਵ ਨਹੀਂ ਏਹ ਗੋਬਿੰਦ ਲਾਲ, ਲਾਲਨ ਅੰਦਰ ਲਾਲ ਰੰਗ ਰੰਗਾਈਆ । ਪਿਛਲੇ ਵਿਛੋੜੇ ਦਾ ਹਲ ਹੋਇਆ ਸਵਾਲ, ਵਿਛੋੜਾ ਅੱਗੇ ਨਾ ਕੋਇ ਵਖਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਰਹੇ ਨਾਲ, ਸਨਮੁਖ ਹੋ ਕੇ ਦਰਸ ਦਿਖਾਈਆ । ਜਿਥੇ ਵਸੋਂ ਓਥੇ ਕਰੇ ਪ੍ਰਿਤਪਾਲ, ਦੂਰ ਨੇੜਾ ਪੰਧ ਚੁਕਾਈਆ । ਦੋ ਜਹਾਨਾਂ ਦਾ ਬਖ਼ਸ਼ ਪਿਆਰ, ਨਾਤਾ ਪ੍ਰੇਮ ਲਏ ਜੁੜਾਈਆ । ਤੁਹਾਡੇ ਕਾਇਆ ਮੰਦਰ ਅੰਦਰ ਬਣਾ ਕੇ ਸੱਚੀ ਧਰਮਸਾਲ, ਧਰਮ ਦਵਾਰਾ ਦਏ ਵਖਾਈਆ । ਤੁਹਾਡੇ ਨਾਲੋਂ ਬਹੁਤਾ ਤੁਹਾਡਾ ਪ੍ਰਭੂ ਨੂੰ ਖ਼ਿਆਲ, ਜੋ ਅੰਦਰ ਵੜ ਵੜ ਰਿਹਾ ਹਿਲਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਅੱਠੇ ਪਹਿਰ ਹੋਵੇ ਸਹਾਈਆ । ਤੁਹਾਡੀ ਕਰ ਕੇ ਆਪ ਭਾਲ, ਲੱਭ ਲੱਭ ਆਪਣੀ ਗੋਦ ਬਿਠਾਈਆ । ਸਦ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਸ਼ਹਿਨਸ਼ਾਹੀਆ । ਸਾਚੀ ਸਿਖਿਆ ਦਏ ਸਿਖਾਲ, ਧੀਰਜ ਜਤ ਜਣਾਈਆ । ਸਦਾ ਸੁਖੀ ਵਸਿਓ ਨਿੱਕੇ ਬਾਲ, ਵੱਡਿਆਂ ਰੰਗ ਰੰਗਾਈਆ । ਤੁਹਾਨੂੰ ਪੋਹ ਨਾ ਸਕੇ ਕਾਲ, ਜਮ ਜੰਦਾਰ ਨਾ ਕੋਇ ਸਤਾਈਆ । ਜਿਧਰ ਵੇਖੋ ਵਸਾਂ ਨਾਲ, ਅੱਗੇ ਪਿਛੇ ਹੋ ਹੋ ਸੇਵ ਕਮਾਈਆ । ਮਾਤਾ ਪਿਤਾ ਨਾਲੋਂ ਬਹੁਤਾ ਬਖ਼ਸ਼ ਪਿਆਰ, ਪੁੱਤਰਾਂ ਵਿਚੋਂ ਗੁਰਸਿਖ ਪੁੱਤਰ ਲਏ ਪਰਗਟਾਈਆ । ਚਰਨ ਪ੍ਰੀਤੀ ਦੇ ਕੇ ਦਾਨ, ਦਾਤੇ ਧੁਰ ਦੇ ਦਿਤਾ ਬਣਾਈਆ । ਤੁਹਾਨੂੰ ਮੇਰੀ ਸੁਗੰਦ, ਤੁਹਾਡੀ ਮੈਨੂੰ ਆਨ, ਕਸਮ ਖਾ ਕੇ ਰਿਹਾ ਜਣਾਈਆ । ਜਿਸ ਭੁੱਲਿਆਂ ਭਟਕਿਆਂ ਦੀ ਕੀਤੀ ਆਣ ਪਹਿਚਾਨ, ਬੇਪਹਿਚਾਨ ਦਇਆ ਕਮਾਈਆ । ਮਾਰ ਵੱਖਰਾ ਨਿਰਾਲਾ ਬਾਣ, ਸੋਈ ਸੁਰਤੀ ਟੁੰਬ ਉਠਾਈਆ । ਸ਼ਬਦ ਬਿਠਾ ਕੇ ਸਚ ਬਬਾਣ, ਦਿਵਸ ਰੈਣ ਰਿਹਾ ਉਡਾਈਆ । ਆਪਣਾ ਬਖ਼ਸ਼ ਕੇ ਸੱਚਾ ਮਾਣ, ਨਿਮਾਣਿਆਂ ਗਲੇ ਲਗਾਈਆ । ਇਹੋ ਆਦਿ ਜੁਗਾਦੀ ਸ੍ਰੀ ਭਗਵਾਨ, ਜਿਸ ਨੂੰ ਭਗਵਨ ਕਹਿ ਕੇ ਸਾਰੇ ਸੀਸ ਨਿਵਾਈਆ । ਸੋ ਮਿਹਰਵਾਨ ਹੋ ਕੇ ਤੁਹਾਡੇ ਅੰਦਰ ਵੜਿਆ ਆਣ, ਸਾਢੇ ਤਿੰਨ ਹੱਥ ਮੰਦਰ ਦਿਤਾ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਮਾਣ, ਨਿਮਾਣਿਆਂ ਆਪਣੇ ਘਰ ਵਸਾਈਆ । ਹਰਿ ਸੰਗਤ ਤੇਰੀ ਪ੍ਰੇਮ ਛਹਿਬਰ, ਦੋ ਜਹਾਨਾਂ ਸ਼ਮਾਂ ਗੁੱਲ ਕਰਾਈਆ । ਵੇਖਣਹਾਰਾ ਧੁਰ ਦਾ ਰਹਿਬਰ, ਰਹਿਮਤ ਵਿਚ ਖ਼ੁਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨਾਲ ਬਹਿਸਣ, ਮਸ਼ਵਰੇ ਕਰ ਕਰ ਰਹੇ ਸੁਣਾਈਆ । ਚਾਰ ਜੁਗ ਦੇ ਵੇਖਣ ਲੇਖਨ, ਪੁਸਤਕ ਫੋਲ ਫੁਲਾਈਆ । ਬਿਨ ਭਗਤਾਂ ਕਿਸੇ ਹੱਥ ਨਾ ਆਇਆ ਧੁਰ ਦਾ ਹੇਤਨ, ਹਿਤਕਾਰੀ ਰੂਪ ਨਾ ਕੋਇ ਵਟਾਈਆ । ਸਾਰੇ ਕਹਿਣ ਅਬਿਨਾਸ਼ੀ ਕਰਤੇ ਗੁਰਮੁਖਾਂ ਦੀ ਸੁਰਤੀ ਕੀਤੀ ਚੇਤਨ, ਚਾਤ੍ਰਕ ਵਾਂਗ ਰਹੇ ਬਿਲਲਾਈਆ । ਤਨ ਮਨ ਆਪਣਾ ਕਰ ਕੇ ਭੇਟਨ, ਧਨ ਚਰਨਾਂ ਹੇਠ ਦਬਾਈਆ । ਸਚ ਨਜ਼ਾਰਾ ਧੁਰ ਦਾ ਵੇਖਣ, ਨਗਾਰਾ ਨਾਮ ਵੱਜੇ ਸਚ ਸ਼ਨਵਾਈਆ । ਜੋ ਮਾਲਕ ਛੱਡ ਕੇ ਆਇਆ ਦੇਸ ਪਰਦੇਸਨ, ਦੋ ਜਹਾਨ ਤਜਾਈਆ । ਸੋ ਦਰ ਦਰ ਘਰ ਘਰ ਗ਼ਰੀਬ ਨਿਮਾਣਿਆਂ ਬਦਲ ਕੇ ਰੇਖਨ, ਰਿਖੀਆਂ ਮੁਨੀਆਂ ਨਾਲੋਂ ਵੱਡੇ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਟਿਕਾਈਆ ।

ਹਰਿ ਸੰਗਤ ਇਹ ਖੇਲ ਅਜੀਬ, ਅਜਬ ਨਿਰਾਲਾ ਰਿਹਾ ਕਰਾਈਆ । ਦੂਰ ਦੁਰਾਡਾ ਆ ਕਰੀਬ, ਕੁਦਰਤ ਰਿਹਾ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੁਹਾਡੇ ਜਾਗੇ ਨਸੀਬ, ਨਿਸਬਤ ਵਿਚ ਹਿਸਾਬ ਨਾ ਕੋਇ ਲਗਾਈਆ । ਕਿਸੇ ਨੇ ਪੱਥਰਾਂ ਨਾਲ ਲਗਾਈ ਪ੍ਰੀਤ, ਕੋਈ ਜੰਗਲਾਂ ਵਿਚ ਧਿਆਨ ਲਗਾਈਆ । ਕਿਸੇ ਦੀ ਗਾਏ ਜਵਾਈ ਮੋਈ ਠੀਕ, ਕਿਸੇ ਦਾ ਛੰਨਿਆਂ ਦੁੱਧ ਭਰਾਈਆ । ਤੁਹਾਡੇ ਸਨਮੁਖ ਹੋ ਕੇ ਤੁਹਾਡੀ ਬਿਰਹੋਂ ਦੀ ਨਿਕਲਦੀ ਵੇਖੇ ਚੀਕ, ਚਾਰੋਂ ਕੁੰਟ ਖੋਜ ਖੁਜਾਈਆ । ਤੁਹਾਡੀ ਕਲਮਿਆਂ ਨਾਲੋਂ ਚੰਗੀ ਹਦੀਸ, ਹਜ਼ਰਤਾਂ ਨਾਲੋਂ ਪੜ੍ਹਾਈਆ । ਇਹ ਧਾਰ ਉਹ ਬਾਰੀਕ, ਜਿਸ ਨੂੰ ਗੋਬਿੰਦ ਗਿਆ ਲਿਖਾਈਆ । ਤੁਹਾਨੂੰ ਮਿਲਣ ਵਿਛੜਨ ਦੀ ਅੱਗੇ ਕੋਈ ਰਹੇ ਨਾ ਤਕਲੀਫ, ਤਾਕਤ ਆਪਣੀ ਨਾਲ ਗਵਾਈਆ । ਤੁਸੀਂ ਬੱਚੇ ਬਾਲੇ ਨੱਢੇ ਉਹ ਸ਼ਰੀਫ਼, ਜਿਨ੍ਹਾਂ ਦਾ ਸ਼ੁਰਫ਼ਾ ਉਰਫ਼ਾ ਗਏ ਜਸ ਗਾਈਆ । ਸਭ ਤੋਂ ਵੱਡੀ ਕਰ ਕੇ ਜਾਵਾਂ ਬਖ਼ਸ਼ੀਸ਼, ਰਹਿਮਤ ਤੁਹਾਡੀ ਝੋਲੀ ਪਾਈਆ । ਤੁਸੀਂ ਪ੍ਰੀਤਮ ਕਰ ਕੇ ਕਰਨੀ ਪ੍ਰੀਤ, ਮੈਂ ਪੁੱਤਰਾਂ ਵਾਂਗ ਗੋਦ ਉਠਾਈਆ । ਜਨਮ ਕਰਮ ਦੀ ਵੇਖ ਕੇ ਨੀਤ, ਨੀਤੀਵਾਨ ਹੋਇਆ ਸਹਾਈਆ । ਤੁਸਾਂ ਘਰ ਬੈਠਣਾ ਸਦਾ ਅਤੀਤ, ਮੈਂ ਰਾਤੀਂ ਸੁਤਿਆਂ ਫੜ ਫੜ ਲਵਾਂ ਉਠਾਈਆ । ਨਾਮ ਸੁਣਾ ਕੇ ਆਪਣਾ ਗੀਤ, ਤੂੰ ਮੇਰਾ ਮੈਂ ਤੇਰਾ ਕਰਾਂ ਜਣਾਈਆ । ਸਦਾ ਮਿਲਣ ਦੀ ਦੇ ਨਸੀਹਤ, ਵਸੀਅਤ ਸਾਚੀ ਦਿਆਂ ਕਰਾਈਆ । ਸਚ ਪ੍ਰੇਮ ਦੀ ਇਹ ਅਸਲੀਅਤ, ਅਸਲ ਵਿਚੋਂ ਪਰਗਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਵਲਦੀਅਤ, ਵਾਲਦ ਵਾਹਦ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

### ੧੭ ਕੱਤਕ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪਿੰਡ ਨਇਆਸ਼ਾਲਾ

ਤੀਰਥ ਤਟ ਕਿਨਾਰ ਭਰਨ ਹਾਵਾ, ਹੌਕਿਆਂ ਨਾਲ ਰਹੇ ਕੁਰਲਾਈਆ । ਸਦੀ ਵੀਹਵੀਂ ਚੁਕਿਆ ਸਭ ਦਾ ਦਾਅਵਾ, ਮਾਲਕ ਰਹਿਣ ਕੋਇ ਨਾ ਪਾਈਆ । ਲੋਕਮਾਤ ਵਿਚੋਂ ਉਠਿਆ ਨਾਵਾਂ, ਨੌ ਖੰਡ ਨਾ ਕੋਇ ਵਡਿਆਈਆ । ਮਿਲੇ ਮਾਣ ਨਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਂਵਾਂ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਸਭ ਦੇ ਦਿਤੇ ਚੁਕਾਈਆ । ਤਟ ਕਿਨਾਰੇ ਵਹਾਵਣ ਨੀਰ, ਆਪਣੀ ਛਹਿਬਰ ਲਾਈਆ । ਸਾਡੀ ਮੰਜ਼ਲ ਹੋਈ ਅਖ਼ੀਰ, ਵੇਲਾ ਵਕਤ ਦਏ ਗਵਾਹੀਆ । ਸਾਡੀ ਬਦਲ ਦਿਤੀ ਤਕਦੀਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਅੱਗੇ ਕੱਟੇ ਨਾ ਕੋਇ ਜ਼ੰਜੀਰ, ਕਬੀਰ ਜੁਲਾਹਾ ਰਿਹਾ ਸਮਝਾਈਆ । ਸਾਚੀ ਦੇਵੇ ਨਾ ਕੋਇ ਧੀਰ, ਧੀਰਜ ਸਤਿ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇ ਅੰਤਮ ਵੇਖ ਵਖਾਈਆ । ਲਹਿਣਾ ਅੰਤਮ ਵੇਖੇ ਹਰਿ, ਹਰਿ ਕਰਤਾ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਲਏ ਫੜ, ਦੋ ਜਹਾਨਾਂ ਹੁਕਮ ਵਰਤਾਇੰਦਾ । ਸਚਖੰਡ ਨਿਵਾਸੀ ਸਚ ਦਵਾਰੇ ਸੱਦੇ ਘਰ, ਹੁਕਮੀ ਹੁਕਮ ਮਨਾਇੰਦਾ । ਨਿਰਗੁਣ ਸਰਗੁਣ ਖੇਲ ਰਿਹਾ ਕਰ, ਕਰਨੀ ਕਰਤਾ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਵਰ, ਲੇਖਾ ਸਭ ਦਾ ਫੋਲ ਫੁਲਾਇੰਦਾ । ਤਟ ਕਿਨਾਰੇ ਅਠਸਠ ਬਿਨ ਤੱਤਾਂ ਲਏ ਫੜ, ਡੋਰੀ ਸ਼ਬਦੀ ਤੰਦ ਬੰਧਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਇੰਦਾ । ਤੱਟ ਕਿਨਾਰੇ ਰੋਵਣ ਬੱਧੇ, ਬੰਦਨਾ ਸੀਸ ਝੁਕਾਈਆ । ਧੁਰ ਦਰਬਾਰੇ ਆਏ ਸੱਦੇ, ਹੁਕਮ ਬੇਪਰਵਾਹੀਆ । ਧਰਨੀ ਉਤੋਂ ਮਾਣ ਛੱਡੇ, ਧਵਲ ਲੇਖ ਚੁਕਾਈਆ । ਦੁਰਮਤ ਮੈਲ ਧੋ ਨਾ ਸਕੇ ਧੱਬੇ, ਕੂੜੀ ਕਿਰਿਆ ਨਾ ਸਾਫ਼ ਕਰਾਈਆ । ਕਲਜੁਗ ਸਾਧ ਸਾਡੇ ਅੰਦਰ ਡੁੱਬੇ, ਵਹਿੰਦੀ ਧਾਰ ਵਹਾਈਆ । ਸਾਚੇ ਦਰ ਕਿਸੇ ਨਾ ਸੁਝੇ, ਮੰਦਰ ਚੜ੍ਹ ਨਾ ਖ਼ੁਸ਼ੀ ਮਨਾਈਆ । ਜੁਗ ਚੌਕੜੀ ਰਹੇ ਲੁਕੇ, ਬਿਨ ਹਰਿ ਪਰਮੇਸ਼ਵਰ ਪੜਦਾ ਨਾ ਕੋਇ ਉਠਾਈਆ । ਸਾਨੂੰ ਅੰਤ ਕੋਈ ਨਾ ਪੁਛੇ, ਪਿਛਲਾ ਵੇਲਾ ਗਿਆ ਆਈਆ । ਸਰਬ ਸਵਾਮੀ ਇਕੋ ਉਠੇ, ਨਿਰਗੁਣ ਨਿਰਵੈਰ ਨਿਰੰਕਾਰ ਲਏ ਅੰਗੜਾਈਆ । ਅੰਮ੍ਰਿਤ ਜਾਮ ਜਨ ਭਗਤਾਂ ਪਿਆ ਕੇ ਘੁਟੇ, ਘਰ ਘਰ ਵਿਚ ਬੂਝ ਬੁਝਾਈਆ । ਸਤਿ ਸੁਹਾਵਣੀ ਸੁਹਾਏ ਰੁੱਤੇ, ਰੁਤ ਰੁਤੜੀ ਨਾਲ ਮਹਿਕਾਈਆ । ਸਦੀ ਵੀਹਵੀਂ ਸਾਡੇ ਪੈਂਡੇ ਮੁਕੇ, ਅੱਗੇ ਪੰਧ ਨਾ ਕੋਇ ਜਣਾਈਆ । ਕਲਜੁਗ ਜੀਵਾਂ ਭਾਰ ਨਾ ਜਾਏ ਚੁੱਕੇ, ਗਠੜੀ ਸੀਸ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੁਕਾਈਆ । ਲਹਿਣਾ ਦੇਣਾ ਰਿਹਾ ਮੁਕਾ, ਮੁਕੰਮਲ ਹੁਕਮ ਸੁਣਾਈਆ । ਜਲਵਾਗਰ ਨੂਰੀ ਖ਼ੁਦਾ, ਖ਼ੁਦ ਆਪਣੀ ਖੇਲ ਰਚਾਈਆ । ਜਿਸ ਨੂੰ ਪੀਰ ਪੈਗ਼ੰਬਰ ਗਏ ਗਾ, ਈਸਾ ਮੂਸਾ ਮੁਹੰਮਦ ਸਿਫ਼ਤ ਸਾਲਾਹੀਆ । ਸੋ ਮਾਲਕ ਖ਼ਾਲਕ ਬੇਪਰਵਾਹ, ਪਰਦਾ ਆਪਣਾ ਰਿਹਾ ਉਠਾਈਆ । ਸਾਚਾ ਕਲਮਾ ਦਏ ਸੁਣਾ, ਧੁਰ ਫ਼ਰਮਾਨਾ ਇਕ ਅਲਾਈਆ । ਅਮਾਮ ਅਮਾਮਾਂ ਵੇਸ ਵਟਾ, ਦਮਾਮਾ ਸੱਚਾ ਦਏ ਵਜਾਈਆ । ਜਗਤ ਨਜ਼ਾਮਾਂ ਦਏ ਬਦਲਾ, ਨਜ਼ਮ ਨਗ਼ਮਾ ਆਪਣਾ ਨਾਮ ਸੁਣਾਈਆ । ਵਤਨਾਂ ਤੋਂ ਬੇਵਤਨ ਦਏ ਬਣਾ, ਵਤ ਫੇਰ ਕੋਇ ਨਾ ਆਈਆ । ਮੈਂਡੀ ਤੈਂਡੀ ਲੇਖਾ ਦਏ ਚੁਕਾ, ਦਿਸ਼ਾ ਲਹਿੰਦੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਤਟ ਕਿਨਾਰੇ ਮਾਰਨ ਨਾਅਰਾ, ਅੰਤਮ ਦੇਣ ਦੁਹਾਈਆ । ਲੇਖਾ ਚੁੱਕਿਆ ਵਿਚ ਸੰਸਾਰਾ, ਮਿਲੇ ਨਾ ਮਾਣ ਵਡਿਆਈਆ । ਸਰ ਸਰੋਵਰ ਚੁਕਿਆ ਠੰਡਾ ਠਾਰਾ, ਰਸ ਅੰਮ੍ਰਿਤ ਨਾ ਕੋਇ ਭਰਾਈਆ । ਹੁਕਮੇ ਅੰਦਰ ਕਰ ਖੇਲ ਅਪਾਰਾ, ਹਰਿ ਕਰਤਾ ਰਿਹਾ ਸਮਝਾਈਆ । ਦਰ ਦਰਵੇਸ਼ ਬਣਾ ਗੁਰੂ ਅਵਤਾਰਾ, ਪੀਰ ਪੈਗ਼ੰਬਰ ਰਿਹਾ ਸਮਝਾਈਆ । ਕਰੇ ਖੇਲ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਗੁਰ ਅਵਤਾਰ ਕਹਿਣ ਚਵ੍ਹੀਆਂ ਅਵਤਾਰਾ, ਚਾਰ ਜੁਗ ਦਾ ਮਾਲਕ ਇਕ ਅਖਵਾਈਆ । ਕਾਗਦ ਕਲਮ ਸ਼ਾਹੀ ਲੇਖ ਲਿਖਤ ਤੋਂ ਬਾਹਰਾ, ਗ੍ਰੰਥਾਂ ਪੰਥਾਂ ਵਿਚ ਨਾ ਬੰਦ ਕਰਾਈਆ । ਦੋ ਜਹਾਨ ਜੁਗ ਚੌਕੜੀ ਸੁਣਾਏ ਆਪਣਾ ਨਾਮ ਜੈਕਾਰਾ, ਨਾਅਰਾ ਹਕ ਖ਼ੁਦਾਈਆ । ਕਾਤਬ ਬਣ ਕੇ ਇਕ ਲਿਖਾਰਾ, ਲੇਖ ਲੇਖਣੀ ਦਏ ਵਡਿਆਈਆ । ਸਾਚਾ ਖੋਲ੍ਹ ਭਗਤ ਦਵਾਰਾ, ਦਰਵਾਜ਼ਾ ਇਕੋ ਦਏ ਜਣਾਈਆ । ਜਿਸ ਦੇ ਅੰਦਰ ਧੁਰ ਨਜ਼ਾਰਾ, ਬਿਨ ਨਜ਼ਰਾਂ ਦਏ ਵਖਾਈਆ । ਜੋਤੀ ਦੀਪ ਹੋਏ ਉਜਿਆਰਾ, ਬਿਨ ਬਾਤੀ ਤੇਲ ਡਗਮਗਾਈਆ । ਵੇਖੇ ਵਿਗਸੇ ਵੇਖਣਹਾਰਾ, ਹਰਿ ਕਰਤਾ ਸ਼ਹਿਨਸ਼ਾਹੀਆ । ਜਿਸ ਦੇ ਪ੍ਰੇਮ ਦਾ ਇਕ ਫੁਹਾਰਾ, ਅੰਮ੍ਰਿਤ ਰੂਪ ਵਟਾਈਆ । ਜਿਸ ਦਾ ਗੁਰ ਅਵਤਾਰਾਂ ਮਿਲਿਆ ਸਹਾਰਾ, ਪੀਰ ਪੈਗ਼ੰਬਰ ਓਟ ਰਖਾਈਆ । ਜਿਸ ਦਾ ਭਗਤਾਂ ਤੱਕਿਆ ਨਜ਼ਾਰਾ, ਬੇਨਜ਼ੀਰ ਦਿਤਾ ਸਮਝਾਈਆ । ਓਸ ਦਾ ਤਟ ਨਾ ਕੋਇ ਕਿਨਾਰਾ, ਕੰਢੀ ਵਾਟ ਨਾ ਕੋਇ ਬਣਾਈਆ । ਬਾਲੂ ਰੇਤ ਨਾ ਕੋਈ ਗਾਰਾ, ਕਾਨਾ ਕਾਹੀ ਨਾ ਸੰਗ ਵਖਾਈਆ । ਓਥੇ ਇਕੋ ਸਮਰਥ

੮੩੧
੧੭

ਪੁਰਖ ਦਾ ਚਲੇ ਸਚ ਫੁਹਾਰਾ, ਅੰਮ੍ਰਿਤ ਅਮਿਉਂ ਆਪ ਬਰਸਾਈਆ । ਅੱਠਾਂ ਸੱਠਾਂ ਤੀਰਥਾਂ ਪਾਈ ਕੋਈ ਨਾ ਸਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਬੇਅੰਤ ਬੇਅੰਤ ਬੇਅੰਤ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਠਸਠ ਕਹਿਣ ਸਾਡੀ ਸਮਝੇ ਨਾ ਕੋਇ ਬਨਾਵਟ, ਘਾੜਤ ਨਜ਼ਰ ਕਿਸੇ ਨਾ ਆਈਆ । ਕਿਸ ਦਵਾਰਿਉਂ ਹੋਈ ਸਖ਼ਾਵਤ, ਪ੍ਰਭੂ ਵਸਤ ਦਿਤੀ ਵਰਤਾਈਆ । ਗ੍ਰੰਥਾਂ ਉਤੇ ਲਿਖੀ ਇਬਾਰਤ, ਅੱਖਰਾਂ ਨਾਲ ਪੜ੍ਹਾਈਆ । ਸਿਫ਼ਤਾਂ ਨਾਲ ਸਫ਼ਾਰਸ਼, ਰਸਨਾ ਨਾਲ ਜਣਾਈਆ । ਬਿਨ ਹਰਿ ਨਿਰੰਕਾਰ ਕਰੇ ਨਾ ਕੋਈ ਵਜ਼ਾਹਤ, ਵਜਹ ਸਚ ਨਾ ਕੋਇ ਸਮਝਾਈਆ । ਆਦਿ ਪੁਰਖ ਅਬਿਨਾਸ਼ੀ ਕਰਤੇ ਸ਼ੰਕਰ ਦੇ ਕੇ ਇਕ ਹਦਾਇਤ, ਹਾਸਲ ਜ਼ਰਬ ਦਿਤਾ ਸਮਝਾਈਆ । ਜਗਤ ਸ੍ਰਿਸ਼ਟੀ ਵੇਖਣੀ ਆਦਤ, ਅਦਲ ਬਦਲ ਲੋਕਾਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਆਪਣੀ ਸਚ ਲਗਾਏ ਅਦਾਲਤ, ਅਦਲੀ ਹੋ ਕੇ ਵੇਸ ਵਟਾਈਆ । ਚਾਰ ਕੁੰਟ ਕਰਨ ਬਗ਼ਾਵਤ, ਦਹਿ ਦਿਸ਼ਾ ਸ਼ੋਰ ਮਚਾਈਆ । ਕੂੜੀ ਕਿਰਿਆ ਘਰ ਘਰ ਨਜ਼ਰੀਂ ਆਏ ਬਨਾਵਟ, ਸੱਚਾ ਰੰਗ ਨਾ ਕੋਇ ਰੰਗਾਈਆ । ਬਿਨ ਮੰਜ਼ਲੋਂ ਸਾਧਾਂ ਹੋਏ ਥਕਾਵਟ, ਪੈਂਡਾ ਸਕੇ ਨਾ ਕੋਇ ਚੁਕਾਈਆ । ਸਹੀ ਦੇਵੇ ਨਾ ਕੋਈ ਸ਼ਹਾਦਤ, ਸਚ ਸਕੇ ਨਾ ਕੋਇ ਸੁਣਾਈਆ । ਬਾਣੀ ਖਾਣੀ ਦੀ ਹੋਏ ਮਿਲਾਵਟ, ਸਾਬਤ ਰੂਪ ਨਾ ਕੋਇ ਬਣਾਈਆ । ਹਰਿ ਕੀ ਕਰੇ ਨਾ ਕੋਈ ਸ਼ਨਾਖ਼ਤ, ਸ਼ਖ਼ਸੀਅਤ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਂਆ । ਅਠਸਠ ਤਟ ਤੀਰਥ ਰਹੇ ਰੋ, ਨੀਰ ਵਿਚੋਂ ਨੀਰ ਵਹਾਈਆ । ਬੌਹੜੀ ਸਾਡਾ ਟੁੱਟਾ ਮੋਹ, ਮੁਹੱਬਤ ਚੁੱਕੀ ਲੋਕਾਈਆ । ਸਭ ਕਿਛ ਹਰਿ ਜੀ ਲਿਆ ਖੋਹ, ਖ਼ਾਲੀ ਭਾਂਡੇ ਦਿਤੇ ਕਰਾਈਆ । ਸਦੀ ਵੀਹਵੀਂ ਹੋਇਆ ਧਰੋਹ, ਦਰੋਹੀ ਨਾਮ ਖ਼ੁਦਾਈਆ । ਅੰਦਰ ਵੜ ਦਰਵਾਜ਼ਾ ਲਿਆ ਢੋ, ਪੜਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਤੀਰਥ ਤਟ ਕੱਢਣ ਤਰਲਾ, ਆਪਣਾ ਸੀਸ ਨਿਵਾਈਆ । ਲੋਕਮਾਤ ਦਾ ਭੌਂ ਮਰਲਾ, ਬੀਸ ਇਕੀਸਾ ਵੇਖ ਵਖਾਈਆ । ਸਾਚਾ ਅੱਖਰ ਜਿਸ ਕਲਮਿਉਂ ਬਾਹਰ ਪੜ੍ਹਨਾ, ਸਿਫ਼ਤੀ ਨਾਮਾਂ ਵਿਚੋਂ ਵਡਿਆਈਆ । ਸਾਚੇ ਤਖ਼ਤ ਜਿਸ ਚੜ੍ਹਨਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਧੁਰ ਦਾ ਖੇਲ ਜਿਸ ਕਰਨਾ, ਕਰਨੀ ਕਰਤਾ ਕਾਰ ਕਮਾਈਆ । ਜਿਸ ਦੇ ਹੱਥ ਲੱਖ ਚੁਰਾਸੀ ਜੀਣਾ ਮਰਨਾ, ਮਰ ਜੀਵਤ ਰੂਪ ਵਟਾਈਆ । ਜਿਸ ਨੇ ਖਹਿੜਾ ਛੁਡਾਣਾ ਵਰਨਾਂ ਬਰਨਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜਿਸ ਨੇ ਕਾਇਆ ਮੰਦਰ ਅੰਦਰ ਵੜਨਾ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਅਠਸਠ ਕਹੇ ਮੇਰਾ ਚੁੱਕਿਆ ਪੜਦਾ, ਓਢਨ ਨਜ਼ਰ ਕੋਇ ਨਾ ਆਈਆ । ਕਲਜੁਗ ਅਗਨੀ ਵੇਖ ਸੜਦਾ, ਸਾਂਤਕ ਸਤਿ ਨਾ ਕੋਇ ਬਣਾਈਆ । ਵਹਿੰਦੀ ਧਾਰ ਵੇਖੋ ਹੜ ਦਾ, ਚਪੂ ਲਾ ਨਾ ਕੋਇ ਅਟਕਾਈਆ । ਚਾਰੋਂ ਕੁੰਟ ਤਰਲੇ ਕਰਦਾ, ਤਰਾ ਤਰਾ ਸਮਝਾਈਆ । ਵੇਖੋ ਅੰਤਮ ਕਿਵੇਂ ਮਰਦਾ, ਮੁਰਦੇ ਤਾਰਨਹਾਰਾ ਆਪਣਾ ਮੁਰਦਾ ਰੂਪ ਵਟਾਈਆ । ਲੇਖਾ ਚੁਕਾਵੇ ਲੋਕਮਾਤ ਘਰ ਦਾ, ਖਿੜਕੀ ਕੁੰਡਾ ਬੰਦ ਵਖਾਈਆ । ਅਨੋਖਾ ਖੇਲ ਨਰਾਇਣ ਨਰ ਦਾ, ਨਾਰੀ ਨਰ ਸਮਝ ਸਕੇ ਨਾ ਰਾਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਚਾਹੇ ਸੋ ਕਰਦਾ, ਕਰਨਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਸਮਝਾਈਆ ।


੧੭

ਅਠਸਠ ਕਹਿਣ ਕਾਹਦਾ ਝਗੜਾ, ਸੰਗੀ ਨਜ਼ਰ ਕੋਇ ਨਾ ਆਈਆ । ਜਗਤ ਜੀਵ ਜਹਾਨ ਹੋਇਆ ਪਗ਼ਲਾ, ਮਨ ਮਤ ਬੁਧ ਹੋਈ ਹਲਕਾਈਆ । ਸਾਧ ਸੰਤ ਭੇਵ ਨਾ ਜਾਣੇ ਅਗਲਾ, ਗ੍ਰੰਥ ਪੜ੍ਹ ਪੜ੍ਹ ਰਹੇ ਸੁਣਾਈਆ । ਰਿਖੀ ਮੁਨੀ ਨੇਤਰ ਅੰਧਲਾ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਜਗਤ ਜੋਗੀਸ਼ਰ ਡੰਡੌਤ ਕਰੇ ਕੋਈ ਨਾ ਬੰਦਨਾ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਖੋਲ੍ਹੇ ਭੇਵ ਨਾ ਕੋਈ ਬ੍ਰਹਿਮੰਡਨਾ, ਜੇਰਜ ਅੰਡ ਨਾ ਡੇਰਾ ਢਾਹੀਆ । ਮਹਲ ਵਖਾਵੇ ਨਾ ਕੋਈ ਰੰਗਲਾ, ਕਾਇਆ ਬੰਕ ਜੋਤ ਰੁਸ਼ਨਾਈਆ । ਸ਼ਰਅ ਤੋੜੇ ਕੋਈ ਨਾ ਸੰਗਲਾ, ਪ੍ਰੇਮ ਡੋਰ ਨਾ ਤੰਦ ਬੰਧਾਈਆ । ਕਲਜੁਗ ਅੰਤਮ ਸਭ ਦਾ ਨੀਰ ਪਾਣੀ ਗੰਧਲਾ, ਸਵੱਛ ਸਰੂਪ ਨਾ ਕੋਇ ਬਣਾਈਆ । ਸਦੀ ਚੌਧਵੀਂ ਚਲਦਾ ਫਿਰਦਾ ਹੋਇਆ ਬੰਗਲਾ, ਪੌੜੀ ਡੰਡਾ ਨਾ ਕੋਇ ਉਠਾਈਆ । ਘਨਈਆ ਮਿਲਿਆ ਨਾ ਰਾਸਾਂ ਪਾਵਣਹਾਰਾ ਬਿੰਦਰਾ, ਗੋਪੀਆਂ ਵਾਲਾ ਗੋਪ ਨਜ਼ਰ ਨਾ ਆਈਆ । ਰਾਜਾ ਮਿਲਿਆ ਨਾ ਰਾਜਨ ਇੰਦਰਾ, ਗੌਤਮ ਦਏ ਗਵਾਹੀਆ । ਸਭ ਦਾ ਖ਼ਾਲੀ ਹੋਇਆ ਕਾਇਆ ਪਿੰਜਰਾ, ਤੋਤਾ ਗਨਕਾ ਕਰੇ ਨਾ ਕੋਇ ਪੜ੍ਹਾਈਆ । ਸ੍ਰਿਸ਼ਟ ਸਬਾਈ ਗ਼ਫ਼ਲਤ ਵਿਚ ਆਈ ਗੂੜ੍ਹੀ ਨਿੰਦਰਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਭੇਵ ਜਾਣੇ ਨਾ ਕੋਈ ਜੀਉ ਪਿੰਡ ਦਾ, ਬ੍ਰਹਿਮੰਡ ਨਾ ਕੋਇ ਖੁਜਾਈਆ । ਸਤਿਗੁਰ ਰੂਪ ਅੰਮ੍ਰਿਤ ਸਾਗਰ ਸਿੰਧ ਦਾ, ਸਾਖਿਆਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਠਸਠ ਲੇਖਾ ਲੋਕਮਾਤ ਮੁਕਾਈਆ ।



## ੧੭ ਕੱਤਕ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ ਪਿੰਡ ਬੁੱਟਰ ਕਲਾਂ

ਸਚਖੰਡ ਨਿਵਾਸੀ ਸਚ ਦਰਬਾਰ, ਦਰਗਾਹ ਸਾਚੀ ਸੋਭਾ ਪਾਇੰਦਾ । ਚਾਰ ਜੁਗ ਦੇ ਇਕੱਠੇ ਕਰ ਗੁਰੂ ਅਵਤਾਰ, ਸਚ ਸੰਦੇਸਾ ਇਕ ਸੁਣਾਇੰਦਾ । ਪੈਗ਼ੰਬਰ ਪੀਰ ਕਰ ਖ਼ਬਰਦਾਰ, ਆਲਸ ਨਿੰਦਰਾ ਅੱਖ ਖੁਲ੍ਹਾਇੰਦਾ । ਲੇਖਾ ਜਾਣ ਤੀਰਥ ਤਟ ਕਿਨਾਰ, ਅਠਸਠ ਹੁਕਮ ਇਕ ਮਨਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਲਾਏ ਨਾਲ, ਧੁਰ ਦਾ ਸੰਗ ਇਕ ਜਣਾਇੰਦਾ । ਰਵ ਸਸ ਦਰ ਭਿਖਾਰ, ਮੰਡਲ ਮੰਡਪ ਮੇਲ ਮਿਲਾਇੰਦਾ । ਜ਼ਿਮੀਂ ਆਸਮਾਨ ਦੇ ਆਧਾਰ, ਗਗਨ ਗਗਨੰਤਰ ਵੇਖ ਵਖਾਇੰਦਾ । ਲੇਖਾ ਜਾਣ ਦੋ ਜਹਾਨ, ਲੋਕ ਪਰਲੋਕ ਹੁਕਮ ਵਰਤਾਇੰਦਾ । ਚੌਦਾਂ ਲੋਕ ਚੌਦਾਂ ਤਬਕ ਦੇ ਫ਼ਰਮਾਨ, ਧੁਰ ਸੰਦੇਸਾ ਇਕ ਸੁਣਾਇੰਦਾ । ਸਦੀ ਵੀਹਵੀਂ ਸਾਰੇ ਕਰੋ ਧਿਆਨ, ਨੇਤਰ ਲੋਚਣ ਅੱਖ ਇਕ ਖੁਲ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਇਕੱਠੇ ਕੀਤੇ ਆਣ, ਗੀਤਾ ਗਿਆਨ ਭੇਦ ਚੁਕਾਇੰਦਾ । ਮਸਲਾ ਵੇਖ ਅੰਜੀਲ ਕੁਰਾਨ, ਅਲਫ਼ ਯੇ ਵੰਡ ਵੰਡਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਹਰਿ ਕਰਤਾ ਕਰਨੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਨਿਰੰਕਾਰ ਨਿਰਗੁਨ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਹੁਕਮ ਸਦਾ ਵਰਤੰਤ, ਨਾ ਕੋਇ ਮੇਟੇ ਮੇਟ ਮਿਟਾਇੰਦਾ । ਆਦਿ ਜੁਗਾਦੀ ਹਰਿ ਭਗਵੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸਦੀ ਮਹਿੰਮਾ ਸਦਾ ਅਗਣਤ, ਲੇਖਾ ਗਣਤ ਨਾ ਕੋਇ ਗਣਾਈਆ । ਜਿਸ ਦਾ ਖੇਲ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜਿਸ ਦਾ ਲੇਖਾ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਬਣਾਏ ਬਣਤ, ਰਾਗਾਂ

ਨਾਦਾਂ ਸ਼ਬਦਾਂ ਕਰੇ ਸ਼ਨਵਾਈਆ । ਜਿਸ ਦਾ ਅਗੰਮ ਅਥਾਹ ਅਲਖ ਅਗੋਚਰ ਮੰਤ, ਮੰਤਵ ਧੁਰ ਦਾ ਹਲ ਕਰਾਈਆ । ਜਿਸ ਦੇ ਹੁਕਮੇ ਅੰਦਰ ਨਰਕ ਸਵਰਗ ਦੋਜ਼ਖ਼ ਜੰਨਤ, ਬਹਿਸ਼ਤ ਬ੍ਰਹਿਮੰਡ ਖੰਡ ਸਮਾਈਆ । ਜਿਸ ਦਾ ਨਾਮ ਨਿਧਾਨਾ ਬੋਧ ਅਗਾਧਾ ਧੁਰ ਦਾ ਪੰਡਤ, ਸਾਚੀ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੇਲ ਖਿਲਾਈਆ । ਸਚਖੰਡ ਨਿਵਾਸੀ ਪੁਰਖ ਸਮਰਥ, ਹਰਿ ਕਰਤਾ ਵਡ ਵਡਿਆਈਆ । ਨਿਤ ਨਵਿਤ ਚਲਾਵਣਹਾਰਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਦੱਸ, ਤੇਈ ਅਵਤਾਰਾਂ ਹੁਕਮ ਮਨਾਈਆ । ਭਗਤ ਅਠਾਰਾਂ ਦੇ ਕੇ ਰਸ, ਵਸਤ ਅਮੋਲਕ ਝੋਲੀ ਪਾਈਆ । ਈਸਾ ਮੂਸਾ ਮੁਹੰਮਦ ਨਾਅਰਾ ਦੱਸ, ਅਲਖ ਪ੍ਰਤਖ ਦਿਤਾ ਦ੍ਰਿੜਾਈਆ । ਨਾਨਕ ਗੋਬਿੰਦ ਨਿਰਗੁਣ ਜੋਤ ਕਰ ਪਰਕਾਸ਼, ਸ਼ਬਦ ਅਨਾਦੀ ਨਾਦ ਜਣਾਈਆ । ਤੀਰਥ ਤੱਟਾਂ ਦੇ ਧਰਵਾਸ, ਅੱਠਾਂ ਸੱਠਾਂ ਵੇਖ ਵਖਾਈਆ । ਜਲਧਾਰਾ ਪ੍ਰਿਥਮੀ ਆਕਾਸ਼, ਚੋਟੀ ਟਿੱਲੇ ਪਰਬਤ ਖੋਜ ਖੁਜਾਈਆ । ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਇਕ ਅਖਵਾਈਆ । ਨਿਰਗੁਣ ਦਾਤਾ ਹਰਿ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦੀ ਜਿਸ ਦੀ ਧਾਰ, ਦੋ ਜਹਾਨਾਂ ਖੇਲ ਖਿਲਾਇੰਦਾ । ਥਿਰ ਘਰ ਸਾਚੇ ਕਰ ਪਿਆਰ, ਸ਼ਬਦ ਦੁਲਾਰਾ ਸੁਤ ਉਠਾਇੰਦਾ । ਸੁੰਨ ਅਗੰਮੋਂ ਕਰਕੇ ਪਾਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਨਾਤਾ ਜੋੜ ਜੁੜਾਇੰਦਾ । ਸ਼ਬਦ ਸੰਦੇਸਾ ਏਕਾ ਵਾਰ, ਏਕੰਕਾਰਾ ਆਪ ਸੁਣਾਇੰਦਾ । ਲੱਖ ਚੁਰਾਸੀ ਕਰ ਖ਼ਬਰਦਾਰ, ਨਵ ਨੌ ਚਾਰ ਖੋਜ ਖੁਜਾਇੰਦਾ । ਖੇਲ ਕਰ ਅਗੰਮ ਅਪਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਨਾਉਂ ਧਰ ਗੁਰੂ ਅਵਤਾਰ, ਪੈਗ਼ੰਬਰ ਆਪਣੀ ਕਾਰ ਕਮਾਇੰਦਾ । ਧੁਰ ਸੰਦੇਸਾ ਵਿਚ ਸੰਸਾਰ, ਸ਼ਾਸਤਰ ਵੇਦ ਸਿਮਰਤ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣੀ ਕਲ ਵਖਾਇੰਦਾ । ਸਚਖੰਡ ਨਿਵਾਸੀ ਹਰਿ ਕਰਤਾਰ, ਕਰਤਾ ਬੇਪਰਵਾਹੀਆ । ਨੌ ਸੌ ਚੁਰਾਨਵੇ ਜੁਗ ਚੌਕੜੀ ਖੇਲ ਅਪਾਰ, ਅਪਰੰਪਰ ਸਵਾਮੀ ਦਿਤਾ ਕਰਾਈਆ । ਕਲਜੁਗ ਅੰਤਮ ਹੋ ਖ਼ਬਰਦਾਰ, ਦੋ ਜਹਾਨਾਂ ਰਿਹਾ ਉਠਾਈਆ । ਨੇਤਰ ਖੋਲ੍ਹ ਵੇਖੇ ਕਿਵਾੜ, ਲੋਚਣ ਬੰਦ ਨਾ ਕੋਇ ਜਣਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਨਾਰੀ ਕੰਤ ਨਾ ਕੋਇ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਗਏ ਹਾਰ, ਹੋਕਾ ਦੇ ਦੇ ਜਗਤ ਸੁਣਾਈਆ । ਅੱਖਰਾਂ ਵੱਖਰਾਂ ਦੇ ਆਧਾਰ, ਕਾਗ਼ਜ਼ ਕਲਮ ਸ਼ਾਹੀ ਗੰਢ ਪੁਆਈਆ । ਸ਼ਬਦ ਅਗੰਮੀ ਕਰ ਸੱਚਾ ਵਣਜ ਵਪਾਰ, ਵਣਜਾਰੇ ਹੋ ਕੇ ਗਏ ਜਣਾਈਆ । ਬਿਨ ਆਤਮ ਪਰਮਾਤਮ ਸਾਚਾ ਮੀਤ ਸੱਜਣ ਨਾ ਕੋਇ ਧੁਰ ਦਾ ਯਾਰ, ਸੰਗੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰ ਹਰਿ ਨਿਰੰਕਾਰ ਧੁਰ ਦਾ ਹੁਕਮ ਇਕ ਜਣਾਈਆ । ਧੁਰ ਦਾ ਹੁਕਮ ਸਚ ਸੰਦੇਸਾ, ਬਿਨ ਅੱਖਰਾਂ ਆਪ ਜਣਾਇੰਦਾ । ਸ਼ਾਹੋ ਭੂਪ ਹਰਿ ਵਡ ਨਰੇਸ਼ਾ, ਨਰ ਨਰਾਇਣ ਇਕ ਅਖਵਾਇੰਦਾ । ਜੁਗ ਚੌਕੜੀ ਭਗਤ ਉਧਾਰਨ ਜਿਸ ਦਾ ਪੇਸ਼ਾ, ਪੁਸ਼ਤ ਪਨਾਹ ਹੱਥ ਟਿਕਾਇੰਦਾ । ਜਿਸ ਨੂੰ ਜੁਗ ਚੌਕੜੀ

ਝੁਕਦੇ ਵਿਸ਼ਨ ਬ੍ਰਹਮਾ ਮਹੇਸ਼ਾ, ਸ਼ੰਕਰ ਨਿਉਂ ਨਿਉਂ ਧੂੜੀ ਖ਼ਾਕ ਰਮਾਇੰਦਾ । ਸਚਖੰਡ ਜਿਸ ਦਾ ਅਵੱਲੜਾ ਦੇਸਾ, ਦੋ ਜਹਾਨਾਂ ਵਾਲੀ ਸੋਭਾ ਪਾਇੰਦਾ । ਪੀਰ ਪੈਗ਼ੰਬਰ ਚਾਕਰ ਖ਼ਾਕ ਕਰਕੇ ਜਿਸ ਨੇ ਭੇਜਾ, ਗੁਰ ਅਵਤਾਰ ਬੰਦਗੀ ਨਾਮ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਇੰਦਾ । ਸਚਖੰਡ ਨਿਵਾਸੀ ਪਾਰਬ੍ਰਹਮ, ਸੋ ਪੁਰਖ ਨਿਰੰਜਣ ਖੇਲ ਰਚਾਈਆ । ਹਰਿ ਪੁਰਖ ਨਿਰੰਜਣ ਜਾਣੇ ਆਪਣਾ ਕੰਮ, ਏਕੰਕਾਰ ਵੱਡੀ ਵਡਿਆਈਆ । ਆਦਿ ਨਿਰੰਜਣ ਚਾੜ੍ਹਕੇ ਧੁਰ ਦਾ ਚੰਨ, ਅਬਿਨਾਸ਼ੀ ਕਰਤਾ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਬੇੜਾ ਸਭ ਦਾ ਬੰਨ੍ਹ, ਦੋ ਜਹਾਨਾਂ ਰਿਹਾ ਚਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਹੇ ਧੰਨ ਧੰਨ, ਵਾਹਵਾ ਵੱਡੇ ਵੱਡੀ ਤੇਰੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪੇ ਘੜੇ ਆਪੇ ਲਏ ਭੰਨ, ਜੁਗ ਚੌਕੜੀ ਆਪਣੀ ਖੇਲ ਰਚਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਕੇ ਦਾਨ, ਨਾਮ ਨਿਧਾਨ ਝੋਲੀ ਪਾਈਆ । ਬੰਸਰੀਆਂ ਵਾਲੇ ਬਣਾਕੇ ਕਾਹਨ, ਗੋਪੀਆਂ ਨਾਚ ਨਚਾਈਆ । ਬਨਬਾਸਾਂ ਵਿਚ ਭੁਆ ਕੇ ਰਾਮ, ਸੀਤਾ ਦਏ ਦੁਹਾਈਆ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਪੈਗ਼ੰਬਰਾਂ ਰਸੂਲਾਂ ਕਰੇ ਪੜ੍ਹਾਈਆ । ਧੁਰ ਦਾ ਕਲਮਾ ਇਕ ਕਲਾਮ, ਕਾਇਨਾਤ ਕਰੇਂ ਜਣਾਈਆ । ਆਪਣਾ ਮੰਤਰ ਸਤਿਨਾਮ, ਸਤਿ ਸਤਿਵਾਦੀ ਦਿਤਾ ਸਮਝਾਈਆ । ਧੁਰ ਸੰਦੇਸ਼ਾ ਦੇਵੀਂ ਆਣ, ਡੰਕਾ ਫ਼ਤਿਹ ਨਾਲ ਵਜਾਈਆ । ਤੇਰਾ ਵੇਖ ਖੇਲ ਸਾਰੇ ਹੋਣ ਹੈਰਾਨ, ਹਰਿ ਜੂ ਅੰਤ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਕਹਿਣ ਪੁਰਾਨ, ਜੀਵ ਪ੍ਰਾਣੀ ਰਹੇ ਜਸ ਗਾਈਆ । ਤੇਰਾ ਵੱਖਰਾ ਅਨੋਖਾ ਅਗੰਮਾ ਸ਼ਬਦ ਬਿਬਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜਿਸ ਉਪਰ ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਤਿਸ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਿਲਿਆ ਮਾਣ, ਅਭਿਮਾਨ ਦਿਤਾ ਮਿਟਾਈਆ । ਸਚਖੰਡ ਨਿਵਾਸੀ ਨੌਜਵਾਨ, ਤਖ਼ਤ ਤਾਜ ਤੇਰੀ ਸਰਨਾਈਆ । ਸ਼ਾਹੋ ਭੂਪ ਰਾਜ ਰਾਜਾਨ, ਰਈਅਤ ਦੋ ਜਹਾਨ ਤੇਰੀ ਲੋਕਾਈਆ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਦੇ ਕੇ ਗਏ ਬਿਆਨ, ਸ਼ਹਾਦਤ ਖਾਣੀ ਬਾਣੀ ਨਾਲ ਰਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਪਰਗਟ ਹੋਵੇ ਵਿਚ ਜਹਾਨ, ਜਿਸ ਦਾ ਪਿਤਾ ਨਾ ਕੋਈ ਮਾਈਆ । ਕੋਈ ਨਾ ਜਾਣੇ ਬੁੱਢਾ ਬਾਲ ਅੰਵਾਣ ਜਵਾਨ, ਜੋਬਨ ਰੱਤਾ ਨਜ਼ਰ ਕਿਸੇ ਨਾ ਆਈਆ । ਸਾਚੇ ਮੰਦਰ ਵਸੇ ਇਕ ਮਕਾਨ, ਸੰਬਲ ਨਗਰੀ ਡੇਰਾ ਅਗੰਮ ਲਗਾਈਆ । ਧੁਰ ਦਾ ਹੁਕਮ ਦੇਵੇ ਫ਼ਰਮਾਨ, ਸਚ ਸੰਦੇਸ਼ਾ ਇਕ ਸੁਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਵੇਖੇ ਆਣ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਅਗੰਮ, ਇਕੋ ਇਕ ਅਖਵਾਇੰਦਾ । ਜੁਗ ਚੌਕੜੀ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਇੰਦਾ । ਏਥੇ ਓਥੇ ਦੋ ਜਹਾਨ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਬੇੜਾ ਬੰਨ੍ਹ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਕਮਾਇੰਦਾ । ਨਾਮ ਪਦਾਰਥ ਸ਼ਬਦ ਅਮੋਲਕ ਜੋਤ ਪਰਕਾਸ਼ ਦੇਵਣਹਾਰਾ ਧਨ, ਅਬਿਨਾਸ਼ੀ ਆਪਣੀ ਖੇਲ ਵਖਾਇੰਦਾ । ਬਿਨ ਕੰਨਾਂ ਰਾਗ ਸੁਣਾਏ ਹਉਮੇ ਮਾਰੇ ਮਨ, ਮਮਤਾ ਮੋਹ ਮਿਟਾਇੰਦਾ । ਪੰਚ ਵਿਕਾਰਾ ਤੋੜ ਹੰਕਾਰਾ ਦੇਵੇ ਡੰਨ, ਡੋਰੀ ਸ਼ਬਦੀ ਤਨ ਬੰਧਾਇੰਦਾ । ਚੁੱਕਣਹਾਰਾ ਲੱਖ ਚੁਰਾਸੀ ਵਿਚੋਂ ਜਨ, ਜਨ ਜਨ ਕੀ, ਪੈਜ ਆਪ ਰਖਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕਰਨੀ ਆਪਣੀ ਆਪ ਜਣਾਇੰਦਾ । ਕਰਨੀ ਆਪਣੀ ਦੱਸੇ ਆਪ, ਪਤਿਪਰਮੇਸ਼ਵਰ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਜਿਸ ਥਾਪਣ ਲਿਆ ਥਾਪ, ਲੱਖ ਚੁਰਾਸੀ ਗੋਦ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਰਸਨਾ ਜਿਹਵਾ ਬੱਤੀ ਦੰਦ ਦੱਸ ਕੇ ਗਏ ਜਾਪ, ਕੋਟਨ ਕੋਟ ਸਿਫ਼ਤੀ ਨਾਮ ਸਾਲਾਹੀਆ । ਜਿਸ ਦੀ ਸਭ ਤੋਂ ਉਤਮ ਨਿਰਾਲੀ ਅਨੋਖੀ ਵੱਖਰੀ ਜ਼ਾਤ, ਜ਼ਾਹਰ ਜ਼ਹੂਰ ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਪਾਏ ਵਫ਼ਾਤ, ਮਕਬਰਿਆਂ ਵਿਚ ਨਾ ਕੋਇ ਦਬਾਈਆ । ਜਿਸ ਦੀ ਸਿਫ਼ਤਾਂ ਭਰੀ ਲਿਖ ਸਕੇ ਨਾ ਕੋਇ ਕਿਤਾਬ, ਕਾਤਬ ਬੈਠੇ ਮੁਖ ਭੁਆਈਆ । ਅਲਫ਼ ਯੇ ਲਾ ਨਾ ਸਕੇ ਹਿਸਾਬ, ਅੰਜੀਲ ਕੁਰਾਨ ਨਾ ਕੋਇ ਵਡਿਆਈਆ । ਖਾਣੀ ਬਾਣੀ ਬੇਅੰਤ ਦਾ ਨਿੱਕਾ ਜਿਹਾ ਬਾਬ, ਬਾਬਤ ਗੁਰ ਅਵਤਾਰਾਂ ਦਿਤਾ ਜਣਾਈਆ । ਜਿਸ ਨੂੰ ਸਜਦਿਆਂ ਵਿਚ ਕਰਨ ਆਦਾਬ, ਨਮੋ ਨਮੋ ਸੀਸ ਝੁਕਾਈਆ । ਹੁਜਰਿਆਂ ਵਿਚ ਵੇਖਣ ਮਹਿਰਾਬ, ਮਹਿਬੂਬ ਬੇਪਰਵਾਹੀਆ । ਸੋ ਸਚ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਕਲਜੁਗ ਅੰਤ ਇਕੋ ਰਿਹਾ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਭਵਿਖਤ ਵਾਕਾਂ ਅੰਦਰ ਸਾਰੇ ਦੇ ਕੇ ਗਏ ਆਵਾਜ਼, ਹੌਲੀ ਹੌਲੀ ਹਾਲ ਜਣਾਈਆ । ਜਿਸ ਨੂੰ ਸਾਹਿਬ ਸੁਲਤਾਨ ਸ੍ਰੀ ਭਗਵਾਨ ਕਹਿੰਦੇ ਸ਼ਾਹ ਪਾਤਸ਼ਾਹ ਗੁਰੂ ਮਹਾਰਾਜ, ਮਹਾਂਬਲੀ ਵੱਡੀ ਵਡਿਆਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਚ ਜਗਦੀਸ਼ ਜਿਸ ਦੇ ਸੀਸ ਸੋਹਵੇ ਤਾਜ, ਤਾਜ ਤਖ਼ਤ ਰਹਿਣ ਕੋਇ ਨਾ ਪਾਈਆ । ਭੂਪਤ ਭੂਪ ਵਡ ਨਵਾਬ, ਨੌਬਤ ਆਪਣਾ ਨਾਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਚੌਧਵੀਂ ਕੱਠੇ ਕੀਤੇ ਆਪ, ਪਿਤਾ ਪੁਰਖ ਅਕਾਲ ਬਾਪ ਰਿਹਾ ਸਮਝਾਈਆ । ਨੇਤਰ ਤੱਕੋ ਲੋਕਮਾਤ, ਧਰਨੀ ਧਰਤ ਧਵਲ ਰਿਹਾ ਵਖਾਈਆ । ਕਲਜੁਗ ਜੀਵਾਂ ਸਾਚਾ ਭੁੱਲਿਆਂ ਜਾਪ, ਅੰਤਰ ਆਤਮ ਹਿਰਦੇ ਹਰਿ ਨਾ ਕੋਇ ਵਸਾਈਆ । ਪੰਜ ਤਤ ਕਾਇਆ ਮਾਟੀ ਹੋਈ ਖ਼ਾਕ, ਰੂਹ ਬੁੱਤ ਪਾਕ ਨਾ ਕੋਇ ਕਰਾਈਆ । ਪਿਆਲਾ ਮਿਲੇ ਨਾ ਆਬੇ ਹਯਾਤ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਿਵਸ ਰੈਣ ਹੁੰਦਾ ਪਾਪ, ਸਾਧ ਸੰਤ ਜੀਵ ਜੰਤ ਧੀਆਂ ਭੈਣਾਂ ਰਹੇ ਤਕਾਈਆ । ਆਤਮ ਪਰਮਾਤਮ ਸਭ ਦਾ ਤੁੱਟਾ ਨਾਤ, ਮਨ ਵਾਸਨਾ ਕੂੜੀ ਕਿਰਿਆ ਕਰੀ ਕੁੜਮਾਈਆ । ਪਿਉ ਪੁੱਤ ਦਾ ਕਰੇ ਘਾਤ, ਭੈਣ ਭੱਈਆ ਰਿਹਾ ਤਕਾਈਆ । ਕੂੜ ਕੁੜਿਆਰੀ ਕੁਲਖਣੀ ਹੋਈ ਨਾਰ ਕਮਜ਼ਾਤ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਨਾਮ ਦੀ ਦੇ ਕੇ ਗਏ ਦਾਤ, ਸਾਰੇ ਖ਼ਾਲੀ ਝੋਲੀਆਂ ਬੈਠੇ ਕਰਾਈਆ । ਗੋਬਿੰਦ ਤੇਰਾ ਜਾਣੇ ਨਾ ਕੋਈ ਭਵਿਖਤ ਵਾਕ, ਨਾਨਕ ਤੇਰਾ ਨਾਮ ਨਾ ਕੋਇ ਮਨਾਈਆ । ਮੁਹੰਮਦ ਤੇਰਾ ਖੋਲ੍ਹੇ ਕੋਈ ਨਾ ਤਾਕ, ਈਸਾ ਹੋਏ ਨਾ ਕੋਇ ਰੁਸ਼ਨਾਈਆ । ਮੂਸਾ ਤੇਰਾ ਹੋਇਆ ਨਾ ਹਿਸਾਬ ਬੇਬਾਕ, ਆਕੀ ਦਿਸੇ ਖ਼ੁਦਾਈਆ । ਕ੍ਰਿਸ਼ਨ ਤੇਰੀ ਪਈ ਨਾ ਸੱਚੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾ ਰੂਪ ਵਟਾਈਆ । ਰਾਮ ਤੇਰਾ ਜਾਣੇ ਨਾ ਕੋਇ ਬਨਵਾਸ, ਸੀਤਾ ਸਵਾਣੀ ਸੰਗ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਦੀ ਵੀਹਵੀਂ ਸਾਰੇ ਹੋਏ ਉਦਾਸ, ਕਲਜੁਗ ਅੰਤਮ ਧੀਰ ਨਾ ਕੋਇ ਧਰਾਈਆ । ਮਾਇਆ ਕਾਰਨ ਸਾਧ ਸੰਤ ਸਾਡਾ ਕਰਦੇ ਪੂਜਾ ਪਾਠ, ਪੇਟ ਕਾਰਨੇ ਕਰਨ ਪੜ੍ਹਾਈਆ । ਕੀਮਤ ਨਾਲ ਹੱਟਾਂ ਵਿਚ ਵਿਕਦੇ ਵਾਂਗ ਕਿਤਾਬ, ਗੁਰੂ ਗ੍ਰੰਥ ਗੁਰਦੇਵ ਰਿਹਾ ਸੁਣਾਈਆ । ਅਬਿਨਾਸ਼ੀ ਕਰਤੇ ਸ੍ਰੀ ਭਗਵਾਨ ਸਾਚੀ ਸਿਖਿਆ ਕਿਸੇ ਰਹੀ

ਨਾ ਯਾਦ, ਯਾਦਦਾਸ਼ਤ ਸਾਰੇ ਬੈਠੇ ਗਵਾਈਆ । ਕਲਜੁਗ ਵਸਦਾ ਖੇੜਾ ਨਜ਼ਰ ਨਾ ਆਏ ਆਬਾਦ, ਗੁਲਸ਼ਨ ਸਚ ਨਾ ਕੋਇ ਮਹਿਕਾਈਆ । ਆਤਮ ਧੁਨ ਸੁਣੇ ਕੋਈ ਨਾ ਨਾਦ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਤੇਰੇ ਪ੍ਰੇਮ ਦੀ ਅੰਦਰੋਂ ਮਾਰੇ ਨਾ ਕੋਈ ਆਵਾਜ਼, ਸਚ ਸੰਦੇਸ਼ ਨਾ ਕੋਇ ਸੁਣਾਈਆ । ਬਿਨ ਸਤਿਗੁਰ ਪੂਰੇ ਖੋਲ੍ਹੇ ਕੋਈ ਨਾ ਰਾਜ਼, ਰਹਿਮਤ ਰਾਮ ਨਾ ਕੋਇ ਜਣਾਈਆ । ਸਚਖੰਡ ਨਿਵਾਸੀ ਤੇਰੀ ਨਜ਼ਰ ਨਾ ਆਈ ਕਿਸੇ ਦਾਤ, ਦਾਤੇ ਦਾਨੀ ਜੋ ਮਾਤ ਵਰਤਾਈਆ । ਸਦੀ ਚੌਧਵੀਂ ਪੀਰ ਪੈਗ਼ੰਬਰ ਕਹਿਣ ਆਈ ਅੰਧੇਰੀ ਰਾਤ, ਚੌਦਾਂ ਤਬਕ ਰਹੇ ਕੁਰਲਾਈਆ । ਅੱਲਾ ਰਾਣੀ ਪੂਰੀ ਹੋਈ ਨਾ ਖ਼ਾਹਿਸ਼, ਖ਼ਾਸਤਗਾਰ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਧੁਰ ਦਾ ਲੇਖਾ ਦੱਸੇ ਏਕ, ਏਕੋ ਏਕ ਜਣਾਈਆ । ਕਲਜੁਗ ਅੰਤਮ ਕਿਸੇ ਨਾ ਰਹੀ ਕੋਈ ਟੇਕ, ਮਸਤਕ ਟਿੱਕੇ ਬ੍ਰਾਹਮਣ ਰਹੇ ਵਖਾਈਆ । ਅੰਦਰ ਵੜਕੇ ਦੱਸੇ ਕੋਈ ਨਾ ਭੇਤ, ਕੋਟਨ ਕੋਟ ਸਾਧ ਸੰਤ ਨਾਮ ਵੰਡਣ ਥਾਉਂ ਥਾਈਆ । ਮਾਇਆ ਮਮਤਾ ਕੂੜੀ ਕਿਰਿਆ ਰਹੇ ਖੇਡ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਆਤਮ ਪਰਮਾਤਮ ਸਾਚੀ ਸਖੀ ਬਣ ਕੇ ਮਾਣੇ ਕੋਈ ਨਾ ਸੇਜ, ਸੁਹੰਜਣੀ ਰੁੱਤ ਨਾ ਕੋਇ ਸੁਹਾਈਆ । ਜੋਤੀ ਜਲਵਾ ਤੱਕੇ ਕੋਈ ਨਾ ਤੇਜ, ਤੁਅੱਜਬ ਹੋਈ ਬੈਠੀ ਲੋਕਾਈਆ । ਅੰਮ੍ਰਿਤ ਬਰਸੇ ਕੋਈ ਨਾ ਮੇਘ, ਮੇਘਲਾ ਧਾਰ ਨਾ ਕੋਇ ਬਰਸਾਈਆ । ਨਾਮ ਖੰਡਾ ਚੁੱਕੇ ਕੋਈ ਨਾ ਤੇਗ਼, ਸਾਚੀ ਖੜਗ ਨਾ ਕੋਇ ਚਮਕਾਈਆ । ਧੁਰ ਦਾ ਦੱਸੇ ਨਾ ਕੋਈ ਖੇਲ, ਸ਼ਾਸਤਰ ਸਿਮਰਤ ਪੜ੍ਹ ਪੜ੍ਹ ਸਾਰੇ ਰਹੇ ਸੁਣਾਈਆ । ਨਿਜ ਨੇਤਰ ਸਕੇ ਕੋਈ ਨਾ ਪੇਖ, ਦੋਏ ਲੋਚਣ ਅੱਖ ਉਠਾਈਆ । ਸ੍ਰਿਸ਼ਟੀ ਝਗੜਾ ਮੁੱਛ ਦਾਹੜੀ ਕੇਸ, ਮੂੰਡ ਮੁੰਡਾਏ ਦੇਣ ਦੁਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਰਿਹਾ ਹਮੇਸ਼, ਥਿਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਅੰਤਰ ਦਿਸ਼ਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੀਰਥ ਤਟ ਕਿਨਾਰੇ, ਹਰਿ ਕਰਤਾ ਵੇਖ ਵਖਾਈਆ । ਸਦੀ ਚੌਧਵੀਂ ਨੇਤਰ ਖੋਲ੍ਹ ਚਾਰੋਂ ਕੁੰਟ ਵੇਖੇ ਵਿਚ ਸੰਸਾਰੇ, ਦਹਿ ਦਿਸ਼ਾ ਧਿਆਨ ਲਗਾਈਆ । ਸਾਚੀ ਨਈਆ ਨੌਕਾ ਲੱਗੇ ਨਾ ਕੋਈ ਕਿਨਾਰੇ, ਮੰਝਧਾਰ ਰਹੀ ਡੁਬਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਦੇਂਦੇ ਰਹੇ ਲਾਰੇ, ਇਸ਼ਾਰਿਆਂ ਨਾਲ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀਆਂ ਸਿਫ਼ਤਾਂ ਵਿਚ ਪੁਕਾਰੇ, ਕੂਕ ਕੂਕ ਸੁਣਾਈਆ । ਜਿਸ ਦੇ ਆਦਿ ਜੁਗਾਦਿ ਜੁਗ ਚੌਕੜੀ ਅਸਥਲ ਸੋਹਣ ਚੁਬਾਰੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਦੀ ਮਹਿੰਮਾ ਕਾਗਦ ਕਲਮ ਸ਼ਾਹੀ ਲਿਖ ਲਿਖ ਹਾਰੇ, ਅੰਤਮ ਬੈਠੇ ਸੀਸ ਨਿਵਾਈਆ । ਜਿਸ ਨੂੰ ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰੇ, ਕਰੋੜ ਤੇਤੀਸਾ ਧਿਆਨ ਲਗਾਈਆ । ਜੋ ਸਿਫ਼ਤ ਸਲਾਹੀ ਵਸੇ ਬਾਹਰੇ, ਮਹਿਬੂਬ ਨੂਰ ਖ਼ੁਦਾਈਆ । ਜਿਸ ਖ਼ਾਲਕ ਖ਼ਲਕ ਮਖ਼ਲੂਕ ਸਾਢੇ ਤਿੰਨ ਹੱਥ ਬਣਾਏ ਤਨ ਮਨਾਰੇ, ਮੁਨੀ ਮੁਨੀਸ਼ਰ ਵੇਖਣਹਾਰਾ ਚਾਈਂ ਚਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰੇ, ਬੇਅੰਤ ਰੂਪ ਗੋਸਾਈਆਂ । ਸੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸੇ ਨਾਲ ਇਸ਼ਾਰੇ, ਲੋਕਮਾਤ ਰਾਹ ਵਖਾਈਆ । ਓਹ ਵੇਖੇ ਤੱਕੇ ਨੇਤਰ ਨੈਣ ਖ਼ਾਲੀ ਦਿਸਣ ਮੰਦਰ ਮਸਜਿਦ ਮਠ ਸ਼ਿਵਦਵਾਲੇ ਗੁਰੂਦਵਾਰੇ, ਗੁਰ ਕਾ ਰੂਪ ਨਜ਼ਰ ਕਿਸੇ ਨਾ ਆਈਆ । ਤੀਰਥ ਤੱਟ ਅਠਸਠ ਖ਼ਾਲੀ ਹੋਏ ਦਵਾਰੇ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਕਲਜੁਗ ਸੰਤ ਸਾਚੇ ਚੜ੍ਹਿਆ ਨਾ ਕੋਇ ਖਾਰੇ, ਵਟਣਾ ਨਾਮ ਨਾ ਕੋਇ

ਲਗਾਈਆ । ਕੂੜੀ ਕਿਰਿਆ ਦਰ ਦਰ ਘਰ ਘਰ ਨੇਤਰ ਨੈਣ ਰਹੀ ਸ਼ਿੰਗਾਰੇ, ਮਾਇਆ ਮਮਤਾ ਕੱਜਲ ਪਾਈਆ । ਸੀਸ ਮੀਢੀ ਗੁੰਦੇ ਅੰਤਮ ਵਾਰੇ, ਸਦੀ ਚੌਧਵੀਂ ਦਏ ਦੁਹਾਈਆ । ਈਸਾ ਮੂਸਾ ਮੁਹੰਮਦ ਵੇਖ ਹੋਏ ਸ਼ਰਮਸਾਰੇ, ਚਾਰ ਯਾਰ ਅੱਖ ਨਾ ਕੋਇ ਖੁਲ੍ਹਾਈਆ । ਅੰਜੀਲ ਕੁਰਾਨ ਕੱਢੇ ਹਾੜੇ, ਹੌਕੇ ਲੈ ਲੈ ਰਹੀ ਸੁਣਾਈਆ । ਉਮਤ ਉਮਤੀ ਦਿਨ ਆਏ ਮਾੜੇ, ਮੜ੍ਹੀ ਗੋਰ ਵਡਿਆਈਆ । ਸਚ ਖ਼ੁਦਾਏ ਤੇਰੇ ਖੇਲ ਨਿਆਰੇ, ਮਹਿਬਾਨ ਬੀਦੋ ਤੇਰਾ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਦੱਸਣਹਾਰਾ, ਹਰਿ ਕਰਤਾ ਇਕ ਅਖਵਾਇੰਦਾ । ਨਿਰਗੁਣ ਰੂਪ ਅਗੰਮ ਅਪਾਰਾ, ਅਲਖ ਅਗੋਚਰ ਵੇਸ ਵਟਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਦੋ ਜਹਾਨ ਸੁਣਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਕਰ ਖ਼ਬਰਦਾਰਾ, ਆਲਸ ਨਿੰਦਰਾ ਮੇਟ ਮਿਟਾਇੰਦਾ । ਸਦੀ ਵੀਹਵੀਂ ਕਲ ਕਲਕੀ ਲੈ ਅਵਤਾਰਾ, ਕਲ ਕਲੇਸ਼ ਵੇਖ ਵਖਾਇੰਦਾ । ਲੱਭਿਆਂ ਹੱਥ ਨਾ ਆਏ ਵਿਚ ਸੰਸਾਰਾ, ਖੋਜਿਆਂ ਖੋਜ ਨਾ ਕੋਇ ਜਣਾਇੰਦਾ । ਜਿਸ ਦਾ ਸਿਫ਼ਤਾਂ ਭਰਿਆ ਭੰਡਾਰਾ, ਵਸਤ ਅਥਾਹ ਵਰਤਾਇੰਦਾ । ਤੀਰਥ ਤੱਟਾਂ ਕਰ ਕੇ ਪਾਰ ਕਿਨਾਰਾ, ਸਹਾਰਾ ਇਕੋ ਨਾਮ ਦ੍ਰਿੜ੍ਹਾਇੰਦਾ । ਲੇਖਾ ਚੁਕਾ ਕੇ ਤੇਈ ਅਵਤਾਰਾ, ਭਗਤ ਅਠਾਰਾਂ ਪੰਧ ਮੁਕਾਇੰਦਾ । ਈਸਾ ਮੂਸਾ ਮੁਹੰਮਦ ਕਰ ਨਿਮਸਕਾਰਾ, ਨਾਨਕ ਗੋਬਿੰਦ ਸੀਸ ਝੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤਮ ਹਾਰਾ, ਆਪਣਾ ਬਲ ਨਾ ਕੋਇ ਰਖਾਇੰਦਾ । ਤੇਰੀ ਕਰਨੀ ਤੇਰੇ ਹੱਥ ਸਾਹਿਬ ਸੱਚੇ ਨਿਰੰਕਾਰਾ, ਦੂਜਾ ਵੰਡ ਨਾ ਕੋਇ ਵੰਡਾਇੰਦਾ । ਕਲਜੁਗ ਕੂੜੀ ਕਿਰਿਆ ਮੇਟ ਪਸਾਰਾ, ਪਾਸਾ ਤੇਰਾ ਇਕੋ ਨਜ਼ਰੀ ਆਇੰਦਾ । ਚਾਰ ਵਰਨਾਂ ਅਠਾਰਾਂ ਬਰਨਾਂ ਦੇ ਸਹਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਰੂਪ ਸੋਭਾ ਪਾਇੰਦਾ । ਬੰਦ ਕਿਵਾੜੀ ਖੋਲ੍ਹ ਤਾਲਾ, ਮਾਰਗ ਦੱਸ ਇਕ ਸੁਖਾਲਾ, ਭੇਵ ਚੁਕਾ ਸ਼ਾਹ ਕੰਗਾਲਾ, ਊਚ ਨੀਚ ਰਾਓ ਰੰਕ ਤੇਰਾ ਧਿਆਨ ਲਗਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਧੁਰ ਦਾ ਮੰਤਰ ਦੱਸ ਸੁਖਾਲਾ, ਆਤਮ ਪਰਮਾਤਮ ਤੇਰਾ ਰੂਪ ਨਜ਼ਰੀ ਆਇੰਦਾ । ਬਿਨ ਮਣਕਿਆਂ ਵਾਲੀ ਪਾ ਮਾਲਾ, ਲੇਖਾ ਚੁੱਕੇ ਕਾਲ ਮਹਾਂਕਾਲਾ, ਸਾਚੀ ਧਰਮਸਾਲਾ ਸਾਢੇ ਤਿੰਨ ਹੱਥ ਤੇਰਾ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗਹਿਰ ਗੰਭੀਰ ਆਪ ਸੁਣਾਇੰਦਾ । ਗਹਿਰ ਗੰਭੀਰ ਸੁਣਾਏ ਬਿਨ ਫ਼ਾਰਸੀ ਅਰਬੀ, ਇਕੋ ਨਾਮ ਦ੍ਰਿੜ੍ਹਾਈਆ । ਕਿਸੇ ਕੰਮ ਨਾ ਆਵੇ ਮਾਲਾ ਤਸਬੀ, ਮੁਤੱਸਿਬ ਦਿਓ ਗਵਾਈਆ । ਪ੍ਰੇਮ ਪ੍ਰੀਤੀ ਅੰਦਰ ਬਣੋ ਦਰਦੀ, ਦੁਖੀਆਂ ਦੁੱਖ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਏਸੇ ਨਾਮ ਦੀ ਪਾ ਕੇ ਗਏ ਅਰਜ਼ੀ, ਆਰਜ਼ੂ ਪ੍ਰਭੂ ਅੱਗੇ ਸੁਣਾਈਆ । ਪਤਿਪਰਮੇਸ਼ਵਰ ਬੇਪਰਵਾਹ ਤੇਰੀ ਸਾਚੀ ਮਰਜ਼ੀ, ਮਰਜ਼ ਹਉਮੇ ਦੇ ਗਵਾਈਆ । ਤੇਰੀ ਖੇਲ ਇਕ ਅਸਚਰਜ ਦੀ, ਅਚਰਜ ਲੀਲਾ ਰਿਹਾ ਵਰਤਾਈਆ । ਤੇਰੀ ਧਾਰ ਮਰਦਾਨੇ ਮਰਦ ਦੀ, ਮਦਦ ਇਕੋ ਇਕ ਵਖਾਈਆ । ਤੇਰੀ ਖੇਲ ਤਿੱਖੀ ਛੁਰੀ ਕਰਦ ਦੀ, ਕਾਤਲ ਮਕਤੂਲ ਦੋਵੇਂ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਵਖਾਈਆ । ਸਾਚਾ ਮਾਰਗ ਦੱਸ ਭਗਵਾਨ, ਚਾਰ ਜੁਗ ਦੇ ਗੁਰ ਅਵਤਾਰ ਸੀਸ ਨਿਵਾਈਆ । ਦੀਨ ਮਜ਼੍ਹਬ ਦਾ ਝਗੜਾ ਮੁਕੇ ਜਹਾਨ, ਸ਼ਰਅ ਸ਼ਰੀਅਤ ਕਰੇ ਨਾ ਕੋਇ ਲੜਾਈਆ । ਸਭ ਦਾ ਨਜ਼ਰੀ ਆਏ ਇਕ ਈਮਾਨ, ਅਮਲਾਂ ਵਿਚ ਰਹੇ ਲੋਕਾਈਆ ।

ਆਤਮ ਪਰਮਾਤਮ ਦੇ ਗਿਆਨ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਘਰ ਘਰ ਫਿਰਦਾ ਦਿਸੇ ਸ਼ੈਤਾਨ, ਆਸਾ ਤ੍ਰਿਸਨਾ ਮਮਤਾ ਮੋਹ ਨਾਲ ਮਿਲਾਈਆ । ਤੀਰ ਨਿਰਾਲਾ ਮਾਰ ਬਾਣ, ਸ਼ਬਦ ਅਗੰਮੀ ਇਕ ਚਲਾਈਆ । ਜੋ ਤੈਥੋਂ ਵਿਛੜੇ ਤੈਨੂੰ ਲੈਣ ਪਛਾਣ, ਬੇਪਹਿਚਾਨ ਪੜਦਾ ਦੇਣਾ ਉਠਾਈਆ । ਤੂੰ ਲੱਖ ਚੁਰਾਸੀ ਦਾ ਸੱਚਾ ਕਾਹਨ, ਬੰਸਰੀ ਨਾਮ ਦੇ ਸੁਣਾਈਆ । ਤੇਰੇ ਨਾਦ ਧੁਨ ਦਾ ਵੱਖਰਾ ਇਕ ਦੀਵਾਨ, ਜੋ ਦੀਵਾਨੇ ਦਏ ਬਣਾਈਆ । ਸਦੀ ਵੀਹਵੀਂ ਸਾਰੇ ਹੋ ਗਏ ਹੈਰਾਨ, ਮਿਹਰਵਾਨ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਬਦਲ ਦੇ ਵਿਧਾਨ, ਵਲਦੀਅਤ ਪਿਛਲੀ ਦੇ ਮਿਟਾਈਆ । ਅਗਲਾ ਦੱਸ ਧੁਰ ਫ਼ਰਮਾਨ, ਸਤਿਜੁਗ ਸਾਚਾ ਹੁਕਮ ਮਨਾਈਆ । ਤਖ਼ਤੋਂ ਲਾਹ ਦੇ ਰਾਜ ਰਾਜਾਨ, ਸੀਸ ਤਾਜ ਨਾ ਕੋਇ ਟਿਕਾਈਆ । ਕਰ ਪਰਵਾਨ ਗ਼ਰੀਬ ਨਿਮਾਣੇ ਬਾਲ ਅੰਵਾਣ, ਬਾਲਕ ਅੰਵਾਣੇ ਗੋਦ ਉਠਾਈਆ । ਤੇਰੇ ਉਤੇ ਸਰਬ ਸਵਾਮੀ ਸਭ ਦਾ ਮਾਣ, ਇਕੋ ਓਟ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਕੇ ਕਰਨ ਸਲਾਮ, ਸਜਦਿਆਂ ਵਿਚ ਵਡਿਆਈਆ । ਤੂੰ ਸਾਹਿਬ ਸਚਖੰਡ ਨਿਵਾਸੀ ਸ੍ਰੀ ਭਗਵਾਨ, ਮਹਾਂਬਲੀ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਨਾ ਦੇਣਾ ਇਕੋ ਵਰ, ਕਲਜੁਗ ਅੰਤਮ ਸਾਰੇ ਧਿਆਨ ਲਗਾਈਆ । ਕਲਜੁਗ ਅੰਤ ਧਿਆਨ ਲਗੌਂਦੇ ਨੇ । ਗੁਰ ਅਵਤਾਰ ਮੰਗ ਮੰਗੌਂਦੇ ਨੇ । ਪੀਰ ਪੈਗ਼ੰਬਰ ਝੋਲੀ ਡਾਹੁਦੇ ਨੇ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕੌਂਦੇ ਨੇ । ਕਰੋੜ ਤੇਤੀਸਾ ਨੈਣ ਸ਼ਰਮੌਂਦੇ ਨੇ । ਗਣ ਗੰਧਰਬ ਰਾਗ ਅਲੌਂਦੇ ਨੇ । ਬ੍ਰਹਿਮੰਡ ਖੰਡ ਚਰਨ ਧੂੜੀ ਖ਼ਾਕ ਰਮੌਂਦੇ ਨੇ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਤੇਰੀ ਆਪਨੀ ਝੋਲੀ ਪੌਂਦੇ ਨੇ । ਸਤਿ ਧਰਮ ਦਾ ਦੇ ਅਨੰਦ, ਅਨੰਦ ਚੰਦ ਤੇਰਾ ਰਾਹ ਤਕੌਂਦੇ ਨੇ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰਾ ਨਾਤਾ ਤੇਰੇ ਨਾਲ ਰਖੌਂਦੇ ਨੇ । ਸਚ ਸੰਦੇਸ਼ਾ ਢੋਲਾ ਸੁਣਾ ਛੰਦ, ਨਗ਼ਮਾ ਨਾਮ ਤੇਰਾ ਅੰਤ ਸੁਣੌਂਦੇ ਨੇ । ਆਵਣ ਜਾਵਣ ਪਤਤ ਪਾਵਨ ਅਗਲਾ ਪਿਛਲਾ ਚੁਕਾ ਪੰਧ, ਦਰ ਸਾਚਾ ਇਕੋ ਵੇਖ ਵਖੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗੌਂਦੇ ਨੇ । ਸੋ ਪੁਰਖ ਨਿਰੰਜਣ ਸਚ ਦ੍ਰਿੜੌਂਦਾ ਏ । ਹਰਿ ਪੁਰਖ ਨਿਰੰਜਣ ਆਖ ਸੁਣੌਂਦਾ ਏ । ਏਕੰਕਾਰਾ ਭੇਵ ਖੁਲ੍ਹੌਂਦਾ ਏ । ਆਦਿ ਨਿਰੰਜਣ ਪੜਦਾ ਲਾਹੁੰਦਾ ਏ । ਅਬਿਨਾਸ਼ੀ ਕਰਤਾ ਹੁਕਮ ਸੁਣੌਂਦਾ ਏ । ਸ੍ਰੀ ਭਗਵਾਨ ਆਪ ਸਮਝੌਂਦਾ ਏ । ਪਾਰਬ੍ਰਹਮ ਵੇਖ ਵਖੌਂਦਾ ਏ । ਸ਼ਬਦੀ ਸੁਤ ਨਾਲ ਰਲੌਂਦਾ ਏ । ਬਣ ਵਿਚੋਲਾ ਫੇਰਾ ਪੌਂਦਾ ਏ । ਲੱਖ ਚੁਰਾਸੀ ਖੋਜ ਖੁਜੌਂਦਾ ਏ । ਸਾਢੇ ਤਿੰਨ ਹੱਥ ਬੰਕ ਵਡਿਆਉਦਾ ਏ । ਸੋਈ ਸੁਰਤੀ ਆਪ ਉਠੌਂਦਾ ਏ । ਅਕਾਲ ਮੂਰਤੀ ਭੇਵ ਚੁਕੌਂਦਾ ਏ । ਨਾਦ ਤੂਰਤੀ ਇਕ ਵਜੌਂਦਾ ਏ । ਅੰਮ੍ਰਿਤ ਸਵਾਂਤੀ ਬੂੰਦ ਧੁਰ ਦੀ ਆਪ ਬਰਸੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਦ੍ਰਿੜੌਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਕੂੜੀ ਕਿਰਿਆ ਮੇਟ ਮਿਟਾਵਾਂਗਾ । ਖੇਵਟ ਖੇਟਾ ਇਕ ਅਖਵਾਵਾਂਗਾ । ਸ਼ਬਦ ਸੰਦੇਸਾ ਧੁਰ ਦਾ ਭੇਜ, ਦੋ ਜਹਾਨ ਉਠਾਵਾਂਗਾ । ਕਲਜੁਗ ਬਦਲ ਕੇ ਕੂੜੀ ਰੇਖ, ਸਤਿਜੁਗ ਸੱਚਾ ਮਾਰਗ ਲਾਵਾਂਗਾ । ਦੋ ਜਹਾਨਾਂ ਲੇਖਾ ਚੁਕਾ ਕੇ ਦੇਸ ਪਰਦੇਸ, ਪਰਦੇਸੀ ਹੋ ਕੇ ਫੇਰਾ ਪਾਵਾਂਗਾ । ਅਗਲਾ ਦੱਸ ਕੇ ਆਪਨਾ ਲੇਖ, ਅਗੰਮ ਅਥਾਹ ਰਾਹ ਜਣਾਵਾਂਗਾ । ਕੂੜੀ ਕਿਰਿਆ ਅਗਨੀ ਮੇਟ ਕੇ ਜੇਠ, ਠੰਡੀ ਪਵਣ ਇਕ ਚਲਾਵਾਂਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਸਦੀ ਵੀਹਵੀਂ ਸਾਡੇ ਬੰਨ੍ਹ ਦੇ ਬਸਤੇ, ਬਗ਼ਲਾਂ ਵਿਚ ਕੁਰਾਨ ਟਿਕਾਈਆ । ਨਾ ਸੋਗ ਨਾ ਕੋਈ ਹਰਖ਼ੇ, ਚਿੰਤਾ ਗ਼ਮ ਨਾ ਕੋਇ ਜਣਾਈਆ । ਤੇਰੇ ਨਾਮ ਕਸਵਟੀ ਉਤੇ ਗਏ ਸਾਰੇ ਪਰਖੇ, ਪਾਰਖੂ ਦੂਜਾ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਅਰਸ਼ੇ ਫ਼ਰਸ਼ੇ, ਫ਼ਾਜਲ ਫ਼ਜਲ ਫ਼ੈਸਲਾ ਸਚ ਨਾ ਕੋਇ ਕਰਾਈਆ । ਬਿਨ ਤੇਰੀ ਰਹਿਮਤ ਰਹਿਮਾਨ ਕਰੇ ਕੋਈ ਨਾ ਤਰਸੇ, ਮਿਹਰ ਨਜ਼ਰ ਨਾ ਕੋਇ ਉਠਾਈਆ । ਤੇਰੇ ਵਿਛੋੜੇ ਅੰਦਰ ਜਨ ਭਗਤ ਸਾਚੇ ਤੜਫੇ, ਜਲ ਮੀਨ ਨਾ ਦਏ ਗਵਾਹੀਆ । ਕਵਣ ਵੇਲਾ ਪ੍ਰਭ ਸਾਚਾ ਪਰਤੇ, ਪਤਿਪਰਮੇਸ਼ਵਰ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰੇ ਇਕੱਠੇ, ਇਕੋ ਦਰ ਬਹਾਈਆ । ਖਿੱਚ ਲਿਆਵੇ ਤੀਰਥ ਤੱਟੇ, ਅਠਸਠ ਨਾ ਕੋਇ ਵਡਿਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਪਤ ਕੋਈ ਨਾ ਰੱਖੇ, ਓਢਨ ਸੀਸ ਨਾ ਕੋਇ ਟਿਕਾਈਆ । ਕਰੇ ਖੇਲ ਪੁਰਖ ਸਮਰਥੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਸ਼ਾਹੀਆ । ਗੁਰਮੁਖਾਂ ਹਕੀਕਤ ਝੋਲੀ ਪਾਵੇ ਹਕੇ, ਮੁਰੀਦ ਮੁਰਸ਼ਦ ਲਏ ਤਰਾਈਆ । ਦੀਨ ਮਜ਼੍ਹਬ ਦੇ ਗਲੋਂ ਲਾਹਕੇ ਪਟੇ, ਸ਼ਰਅ ਜ਼ੰਜੀਰ ਦਏ ਕਟਾਈਆ । ਨਾਮ ਰੰਗੀਲੇ ਆਪਣੇ ਰੱਤੇ, ਰਤੀ ਰੰਗ ਦਏ ਚੜ੍ਹਾਈਆ । ਚਾਰ ਵਰਨ ਊਚ ਨੀਚ ਰਾਓ ਰੰਕ ਰਾਜ ਰਾਜਾਨ ਭੈਣ ਭਾਈ ਬਣੇ ਸਕੇ, ਸਗਲਾ ਸੰਗ ਰਖਾਈਆ । ਪ੍ਰੇਮ ਡੋਰੀ ਅੰਦਰ ਸਭ ਨੂੰ ਨੱਥੇ, ਨੱਕ ਨਕੇਲ ਇਕ ਵਖਾਈਆ । ਮਾਣ ਗਵਾ ਕੇ ਬੂਰੇ ਕੱਕੇ, ਕੋਝੇ ਕਮਲਿਆਂ ਗਲ ਲਗਾਈਆ । ਲੇਖਾ ਚੁਕਾ ਕੇ ਮਦੀਨੇ ਮੱਕੇ, ਰਸੂਲਾਂ ਦਏ ਸਮਝਾਈਆ । ਭੇਵ ਖੁਲ੍ਹਾ ਕੇ ਮੰਦਰ ਮੱਠੇ, ਸ਼ਿਵਦਵਾਲੇ ਦਏ ਦ੍ਰਿੜਾਈਆ । ਗੁਰੂਦਵਾਰ ਜੋ ਫਿਰਦੇ ਨੱਠੇ, ਭੱਜਣ ਵਾਹੋ ਦਾਹੀਆ । ਤਿਨ੍ਹਾਂ ਨੂੰ ਸਚ ਸੁਨੇਹੜਾ ਇਕੋ ਦੱਸੇ, ਦਹਿ ਦਿਸ਼ਾ ਦਏ ਸਮਝਾਈਆ । ਹਰ ਘਟ ਅੰਦਰ ਇਕੋ ਸਵਾਮੀ ਵਸੇ, ਜਿਸ ਦੀ ਜ਼ਾਤ ਪਾਤ ਨਜ਼ਰ ਕਿਸੇ ਨਾ ਆਈਆ । ਸਤਿਜੁਗ ਸਾਚਾ ਮਾਰਗ ਸਤਿ ਸਤਿਵਾਦੀ ਲੱਗੇ, ਲਾਗਤ ਕੀਮਤ ਕਰਤਾ ਨਾ ਕੋਇ ਜਣਾਈਆ । ਕਿਰਪਾ ਕਰੇ ਸੂਰਾ ਸਰਬਗੇ, ਸੂਰਬੀਰ ਹੋਏ ਸਹਾਈਆ । ਧੁਰ ਦਾ ਤਾਲ ਇਕੋ ਵੱਜੇ, ਵਾਹਦ ਨਾਅਰਾ ਦਏ ਸੁਣਾਈਆ । ਪੰਡਤ ਪਾਂਧਾ ਮੁੱਲਾ ਸ਼ੇਖ਼ ਗ੍ਰੰਥੀ ਦਏ ਕੋਈ ਨਾ ਦੰਡੇ, ਹਿੱਸਿਆਂ ਵਿਚ ਨਾ ਕੋਇ ਲੋਕਾਈਆ । ਸਭ ਨੂੰ ਮਾਰਗ ਪੌੜੀ ਇਕ ਚੜ੍ਹਾ ਕੇ ਡੰਡੇ, ਡੰਡਾਵਤ ਬੰਦਨਾ ਸਭ ਨੂੰ ਦਏ ਸਮਝਾਈਆ । ਆਤਮ ਪਰਮਾਤਮ ਦੇ ਕੇ ਪਰਮਾਨੰਦੇ, ਨਿਜਾਨੰਦ ਰਸ ਚਖਾਈਆ । ਭੇਵ ਚੁਕਾ ਕੇ ਹੰ ਬ੍ਰਹਮੇ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਜੋ ਸ਼ੰਕੇ ਸੰਸੇ ਰਹਿੰਦੇ ਮਨ ਮੇਂ, ਮਨ ਕਾ ਮਣਕਾ ਦਏ ਭੁਆਈਆ । ਭੇਵ ਖੁਲ੍ਹਾ ਕੇ ਕਾਇਆ ਤਨ ਮੇਂ, ਤਤਵ ਤਤ ਦਏ ਦ੍ਰਿੜਾਈਆ । ਨੇਤਰ ਖੋਲ੍ਹ ਅਗਿਆਨ ਅੰਧੇਰ ਅੰਨ੍ਹ ਦੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਝੇੜੇ ਚੁਕਾ ਕੇ ਛੱਪਰ ਛੰਨ ਦੇ, ਸਾਚੇ ਮੰਦਰ ਦਏ ਵਸਾਈਆ । ਜਿਥੇ ਰਾਗ ਇਕੋ ਧੰਨ ਧੰਨ ਦੇ, ਸਾਰੇ ਰਹੇ ਪ੍ਰਭੂ ਜਸ ਗਾਈਆ । ਖੇਲ ਵਖਾਏ ਅਗਲੇ ਰੰਗ ਦੇ, ਪਿਛਲੀ ਮੈਲ ਧੁਆਈਆ । ਮੇਲ ਮਿਲਾ ਕੇ ਗੁਜਰੀ ਚੰਦ ਦੇ, ਚੰਦਨ ਟਿੱਕਾ ਮਸਤਕ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਇਹੋ ਮੰਗ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਕੋਟੀ ਕੋਟ ਜੁਗ ਵੇਖੇ ਲੰਘਦੇ, ਕਲਜੁਗ ਅੰਤਮ ਗਿਆ ਆਈਆ । ਤੇਰੇ ਆਸਣ ਸੋਹਣੇ ਪ੍ਰਭੂ ਅਗੰਮੀ ਪਲੰਘ ਦੇ, ਜਿਸ ਦੀ ਪਾਵਾ ਚੂਲ ਨਾ ਕਿਸੇ ਬਣਾਈਆ । ਕਲਜੁਗ ਅੰਤਮ ਲੇਖੇ ਵੇਖ ਕਾਇਆ ਪੰਜ ਤਤ ਤਨ ਦੇ, ਅਪ ਤੇਜ ਵਾਏ

ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਇਕ ਸਮਝਾਈਆ । ਸਚ ਸਵਾਮੀ ਦੱਸ ਦੇ ਮੰਤਰ, ਮਤਲਬ ਸਭ ਦਾ ਹੱਲ ਕਰਾਈਆ । ਖੁਲ੍ਹੇ ਭੇਵ ਜੀਵ ਜਗ ਅੰਤਰ, ਅੰਤਸ਼ਕਰਨ ਦੇ ਬੁਝਾਈਆ । ਤ੍ਰੈਗੁਣ ਮਾਇਆ ਲੱਗੀ ਬੁਝੇ ਬਸੰਤਰ, ਅਗਨੀ ਤਤ ਨਾ ਕੋਇ ਤਪਾਈਆ । ਪੜਦਾ ਲਾਹ ਕੇ ਗਗਨ ਗਗਨੰਤਰ, ਬ੍ਰਹਿਮੰਡ ਖੰਡ ਦੇ ਵਖਾਈਆ । ਤੇਰੇ ਹੱਥ ਸਭ ਦੀ ਬਣਤਰ, ਘੜਨ ਭੰਨਣਹਾਰ ਤੇਰੀ ਸਰਨਾਈਆ । ਤੇਰਾ ਰੂਪ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਨਾ ਕੋਇ ਦਰਸਾਈਆ । ਤੇਰਾ ਖੇਲ ਜੁਗਾ ਜੁਗੰਤਰ, ਜੁਗ ਚੌਕੜੀ ਵੇਸ ਵਟਾਈਆ । ਤੇਰਾ ਨਾਮ ਨਿਰਾਲਾ ਅਨੋਖਾ ਸ਼ਸਤਰ, ਸ਼ੱਤਰੂ ਦੇਵੇ ਖਪਾਈਆ । ਤੇਰਾ ਸਭ ਤੋਂ ਵੱਖਰਾ ਬਸਤਰ, ਓਢਨ ਬੇਪਰਵਾਹੀਆ । ਤੇਰਾ ਸਭ ਤੋਂ ਤਿੱਖਾ ਅਸਤਰ, ਉਗਣ ਆਥਣ ਵੇਖ ਵਖਾਈਆ । ਤੇਰਾ ਕਿਸੇ ਨਾ ਸਮਝਿਆ ਆਦਿ ਜੁਗਾਦਿ ਨਛੱਤਰ, ਹਿਸਾਬ ਸਕਿਆ ਨਾ ਕੋਇ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੂੰ ਸਭ ਦਾ ਸਾਚਾ ਮਿਤਰ, ਮਿਤਰਾਂ ਵਿਚੋਂ ਇਕੋ ਨਜ਼ਰੀ ਆਈਆ । ਆਪਣੀ ਧਾਰੋਂ ਆਵੇਂ ਨਿਕਲ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਚੋਟੀ ਚੜ੍ਹ ਕੇ ਬੈਠੋਂ ਸਿਖ਼ਰ, ਘਰ ਘਰ ਆਪਣਾ ਡੇਰਾ ਲਾਈਆ । ਚਾਰ ਜੁਗ ਤੇਰਾ ਸਿਫ਼ਤਾਂ ਵਿਚ ਕਰਦੇ ਗਏ ਜ਼ਿਕਰ, ਅੱਖਰਾਂ ਲਫ਼ਜ਼ਾਂ ਜੋੜ ਜੁੜਾਈਆ । ਤੇਰਾ ਨਕਸ਼ਾ ਕੋਇ ਨਾ ਸਕਿਆ ਚਿਤ੍ਰ, ਘਾੜਤ ਦੱਸੇ ਨਾ ਕੋਇ ਸਮਝਾਈਆ । ਕਲਜੁਗ ਅੰਤਮ ਸਚ ਸਵਾਮੀ ਤੈਨੂੰ ਤੱਕਦੇ ਬਿਟਰ ਬਿਟਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਦਰੋਹੀ ਖ਼ੁਦਾਏ ਨਬੀ ਰਸੂਲ ਪੈਗ਼ੰਬਰ ਕਹਿਣ ਕਿਉਂ ਗਿਉਂ ਵਿਸਰ, ਬਿਛਰਤ ਲੈ ਮਿਲਾਈਆ । ਤੂੰ ਪਿਦਰ ਮਾਦਰ ਸਭ ਦਾ ਪਿਸਰ, ਮਿਹਰਵਾਨ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਰਹੇ ਕਰ ਕੇ ਸਿਦਕ, ਸਬੂਰੀ ਨਾਲ ਰਲਾਈਆ । ਤੈਨੂੰ ਲੱਭਦੇ ਪਹਾੜਾਂ ਵਾਲੇ ਵਿਚ ਤਿਬਤ, ਤੀਬਰ ਧਿਆਨ ਲਗਾਈਆ । ਆ ਕੇ ਵੇਖ ਜਾਗੀਰ ਆਪਣੀ ਮਿਲਖ, ਮਾਲਕ ਜਗਤ ਖ਼ੁਦਾਈਆ । ਤੇਰੇ ਭਗਤ ਸਾਚੇ ਸੰਤ ਗੁਰਮੁਖ ਗੁਰਸਿਖ ਬਿਰਹੋਂ ਵਿਚ ਰਹੇ ਵਿਲਕ, ਵਰਲਾਪ ਵਿਚ ਵਕਤ ਲੰਘਾਈਆ । ਕੇਹੜੀ ਕੂਟੇ ਕੇਹੜੀ ਧਾਰ ਕੇਹੜੇ ਮੰਦਰ ਕਿਸ ਘਰਾਨੇ ਵਿਚ ਬੈਠੋਂ ਖ਼ਿਸਕ, ਆਪਣਾ ਮੁਖ ਛੁਪਾਈਆ । ਖ਼ਾਲੀ ਦਿਸਣ ਸਵਰਗ ਬਹਿਸ਼ਤ, ਬਹਿਸ਼ਤ ਸਵਰਗ ਕੰਮ ਕਿਸੇ ਨਾ ਆਈਆ । ਤੇਰੇ ਹੱਥ ਗੁਰ ਅਵਤਾਰ ਪੀਰ ਪੈਗ਼ੰਬਰਾਂ ਦੀ ਸਾਚੀ ਫ਼ਰਿਸਤ, ਫ਼ੈਸਲਾ ਧੁਰ ਦਾ ਦੇ ਸੁਣਾਈਆ । ਤੈਨੂੰ ਖੋਜਦੇ ਗਏ ਗੁਰ ਚੇਲਾ ਰਾਮਾ ਵਸ਼ਿਸ਼ਟ, ਭੱਜ ਭੱਜ ਵਾਹੋ ਦਾਹੀਆ । ਅੰਤਮ ਜਾਣਿਆ ਤੂੰ ਸਭ ਦਾ ਇਕੋ ਇਸ਼ਟ, ਪੁਰਖ ਅਕਾਲ ਤੇਰੀ ਵਡਿਆਈਆ । ਸਚ ਦਵਾਰੇ ਖੋਲ੍ਹ ਦੇ ਦ੍ਰਿਸ਼ਟ, ਦ੍ਰਿਸ਼ਟੀ ਆਪਣੀ ਉਤੇ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਇੱਲਤ, ਆਲਮਾਂ ਆਪਣਾ ਇਲਮ ਦੇ ਸਮਝਾਈਆ । ਝੂਠੀ ਕਰੇ ਕੋਈ ਨਾ ਜ਼ਿੱਲਤ, ਖ਼ੁਆਰੀ ਦੇ ਮਿਟਾਈਆ । ਆਪਣੇ ਮਿਲਣ ਦੀ ਸਾਚੀ ਦੱਸ ਮਿੱਲਤ, ਮਿਲਣੀ ਜਗਦੀਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਮਾਰਗ ਮਾਤ ਲਗਾਈਆ । ਸਚਖੰਡ ਨਿਵਾਸੀ ਤੇਰਾ ਮਾਰਗ ਚੰਗਾ, ਦੋ ਜਹਾਨਾਂ ਨਜ਼ਰੀ ਆਈਆ । ਨਿਰਗੁਣ ਨਿਰਵੈਰ ਤੇਰਾ ਮਰਦੰਗਾ, ਸ਼ਬਦ ਅਨਾਦ ਕਰੇ ਸ਼ਨਵਾਈਆ । ਅੰਮ੍ਰਿਤ ਰਸ ਤੇਰਾ ਸਚ ਸਰੋਵਰ ਗੰਗਾ, ਗੰਗਾ ਗੋਦਾਵਰੀ ਰਹੀ ਸ਼ਰਮਾਈਆ । ਨਾਮ ਨਿਧਾਨ ਤੇਰਾ ਛੰਦਾ, ਸੋਹੰ ਢੋਲਾ ਬੇਪਰਵਾਹੀਆ । ਮੂਰਖ ਮੁਗਧ ਚਤੁਰ ਸੁਘੜ ਬਣਾਏ ਗੰਦਾ, ਦੁਰਮਤ ਮੈਲ ਧੁਆਈਆ । ਅੰਤਰ ਆਤਮ ਦੇ ਕੇ ਪਰਮਾਨੰਦਾ, ਨਿਜਾਨੰਦ

ਕਰੇ ਰਸਾਈਆ । ਤੇਰਾ ਦਵਾਰਾ ਸਦਾ ਠੰਡਾ, ਅੰਮ੍ਰਿਤ ਮੇਘ ਬਰਸਾਈਆ । ਆਪਣੀ ਬੰਦਗੀ ਵਿਚ ਲਗਾ ਦੇ ਭੁੱਲਿਆ ਬੰਦਾ, ਬੰਦਨਾ ਦੇ ਸਮਝਾਈਆ । ਤੂੰ ਸਰਬ ਸਵਾਮੀ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਤੇਰੀ ਨਜ਼ਰੀ ਆਈਆ । ਤੂੰ ਮਾਲਕ ਜੇਰਜ ਅੰਡਾ, ਉਤਭੁਜ ਸੇਤਜ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਤੇਰੀ ਓਟ ਤਕਾਈਆ ।

## ੧੮ ਕੱਤਕ ੨੦੨੧ ਬਿਕ੍ਰਮੀ ਪ੍ਰੀਤਮ ਕੌਰ ਦੇ ਗ੍ਰਹਿ ਪਿੰਡ ਠੀਕਰੀ

ਗੁਰ ਅਵਤਾਰ ਕਰਨ ਨਿਮਸਕਾਰ, ਹਰਿ ਜਗਦੀਸ਼ ਸੀਸ ਝੁਕਾਈਆ । ਊਚ ਅਗੰਮ ਅਥਾਹ ਤੇਰਾ ਦਰਬਾਰ, ਦੋ ਜਹਾਨਾਂ ਸੋਭਾ ਪਾਈਆ । ਪੀਰ ਪੈਗੰਬਰ ਸੱਜਦੇ ਕਰਦੇ ਵਾਰੋ ਵਾਰ, ਧੂੜੀ ਟਿੱਕਾ ਖ਼ਾਕ ਰਮਾਈਆ । ਜੁਗ ਚੌਕੜੀ ਦਰ ਦਰਵੇਸ਼ ਬਣੇ ਰਹੇ ਭਿਖਾਰ, ਦਰ ਠਾਂਡੇ ਅਲਖ ਜਗਾਈਆ । ਤੂੰ ਦਾਤਾ ਦੇਵਣਹਾਰ ਦਾਤਾਰ, ਦਇਆਵਾਨ ਤੇਰੀ ਸਰਨਾਈਆ । ਕਾਗਤ ਕਲਮ ਲਿਖ ਲਿਖ ਗਏ ਹਾਰ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਸਚ ਸਵਾਮੀ ਤੇਰਾ ਪ੍ਰੇਮ ਪ੍ਰੀਤੀ ਅੰਦਰ ਇਕ ਪਿਆਰ, ਨੀਤੀਵਾਨ ਤੇਰੀ ਵਡ ਚਤੁਰਾਈਆ । ਕਲਜੁਗ ਅੰਤਮ ਵੇਖ ਹੋਏ ਹੈਰਾਨ, ਚਾਰ ਜੁਗ ਦੀ ਪਿਛਲੀ ਕਹਾਣੀ ਯਾਦ ਆਈਆ । ਜਿਸ ਦੀ ਸਿਫ਼ਤ ਦੀ ਕਰਦੇ ਗਏ ਪੁਕਾਰ, ਸ਼ਬਦਾਂ ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਕਰਤਾ ਪੁਰਖ ਖੇਲ ਕਰੇ ਕਰਤਾਰ, ਕਰਨੀ ਆਪਣੀ ਰਿਹਾ ਜਣਾਈਆ । ਲੱਖ ਚੁਰਾਸੀ ਵਿਚੋਂ ਲਏ ਉਠਾਲ, ਚਾਰੇ ਖਾਣੀ ਫੋਲ ਫੁਲਾਈਆ । ਗੁਰਮੁਖ ਗੁਰਸਿਖ ਹਰਿਭਗਤ ਜੁਗ ਜਨਮ ਦੇ ਵਿਛੜੇ ਮੇਲੇ ਲਾਲ, ਲਾਲਣ ਆਪਣੇ ਘਰ ਵਸਾਈਆ । ਧਰਮ ਦਵਾਰਾ ਦੱਸ ਸੱਚੀ ਧਰਮਸਾਲ, ਗੁਰੂਦਵਾਰਾ ਇਕੋ ਇਕ ਵਖਾਈਆ । ਜਿਸ ਗ੍ਰਹਿ ਦੀਪਕ ਜੋਤੀ ਜਗੇ ਬੇਮਿਸਾਲ, ਆਦਿ ਅੰਤ ਹੋਏ ਰੁਸ਼ਨਾਈਆ । ਜਿਥੇ ਪੋਹ ਨਾ ਸਕੇ ਕਾਲ, ਜਨਮ ਮਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਨਿਰਗੁਣ ਤੇਰੀ ਵਡ ਵਡਿਆਈਆ । ਕਲਜੁਗ ਅੰਤ ਲਏ ਅਵਤਾਰ, ਸ੍ਰੀ ਭਗਵੰਤ ਖੇਲ ਰਚਾਈਆ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਮੇਲ ਮਿਲਾਈਆ । ਸਾਚਾ ਮਾਰਗ ਸਤਿ ਸਤਿਵਾਦੀ ਦਏ ਵਖਾਲ, ਵੱਖਰਾ ਰੰਗ ਰੰਗਾਈਆ । ਲਹਿਣਾ ਦੇਣਾ ਦੱਸਕੇ ਸ਼ਾਹ ਕੰਗਾਲ, ਕੰਗਾਲੋਂ ਸ਼ਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਰ ਹਰਿ ਆਪਣੇ ਹੱਥ ਰੱਖੇ ਵਡਿਆਈਆ । ਨਰ ਹਰਿ ਵੱਡਾ ਬੇਪਰਵਾਹ, ਬੇਅੰਤ ਹਰਿ ਅਖਵਾਇੰਦਾ । ਭਗਤ ਭਗਵਨ ਲਏ ਜਣਾ, ਭੈ ਭੌ ਆਪ ਸਮਝਾਇੰਦਾ । ਅੰਤਰ ਆਤਮ ਮੇਲ ਮਿਲਾ, ਪਰਮਾਤਮ ਜੋੜ ਜੁੜਾਇੰਦਾ । ਜਲਵਾ ਨੂਰੀ ਕਰ ਰੁਸ਼ਨਾ, ਅੰਧ ਅੰਧੇਰ ਚੁਕਾਇੰਦਾ । ਸ਼ਬਦ ਅਨਾਦੀ ਰਾਗ ਸੁਣਾ, ਧੁਰ ਦਾ ਨਾਦ ਵਜਾਇੰਦਾ । ਅੰਮਿਉਂ ਰਸ ਅੰਮ੍ਰਿਤ ਜਾਮ ਪਿਲਾ, ਤ੍ਰਿਸਨਾ ਭੁੱਖ ਬੁਝਾਇੰਦਾ । ਚਰਨ ਕਵਲ ਬਖ਼ਸ਼ ਸਰਨਾ, ਸਰਨਗਤ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਕਾਇਆ ਅੰਦਰ ਭੇਵ ਚੁਕਾਇੰਦਾ । ਕਾਇਆ ਮੰਦਰ ਉਚ ਮਨਾਰ, ਜਨ ਭਗਤ ਮਿਲੇ ਵਡਿਆਈਆ । ਸਤਿ ਸੁਹਾਵਣਾ ਰੂਪ ਅਨੂਪ ਗੁਰੂਦਵਾਰ, ਘਟ

ਘਟ ਆਪ ਬਣਾਈਆ । ਜਿਸ ਦੀ ਸਮਝ ਨਾ ਸਕੇ ਕੋਈ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਇ ਉਜਿਆਰ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਇਕੋ ਜੋਤ ਜਗੇ ਨਿਰੰਕਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਮੰਦਰ ਇਕ ਸੁਹਾਈਆ । ਗ੍ਰਿਹ ਮੰਦਰ ਗੁਰਮੁਖ ਅਣਡਿਠਾ, ਮੁੱਲਾ ਸ਼ੇਖ਼ ਪੰਡਤ ਪਾਂਧਾ ਨਜ਼ਰ ਕੋਇ ਨਾ ਆਈਆ । ਸਚ ਸਵਾਮੀ ਪੁਰਖ ਅਕਾਲ ਬੈਠਾ ਧੁਰ ਦਾ ਪਿਤਾ, ਪਤਿਪਰਮੇਸ਼ਵਰ ਸੋਭਾ ਪਾਈਆ । ਸੋ ਸਚ ਦਵਾਰੇ ਵੰਡਾ ਕੇ ਧੁਰ ਦਾ ਹਿੱਸਾ, ਨਾਤਾ ਹਰਿ ਹਰਿ ਨਾਲ ਜੁੜਾਈਆ । ਲਹਿਣਾ ਦੇਣਾ ਮੁੱਕੇ ਵੱਡਾ ਨਿੱਕਾ, ਬਿਰਧ ਬਾਲ ਜਵਾਨ ਇਕੋ ਰੰਗ ਵਖਾਈਆ । ਜਨ ਭਗਤਾਂ ਕਰ ਕੇ ਧੁਰ ਦਾ ਹਿੱਤਾ, ਨਿਤ ਨਵਿਤਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦਾ ਝੋਲੀ ਪਾਈਆ ।

## ੧੯ ਕੱਤਕ ੨੦੨੧ ਬਿਕ੍ਰਮੀ ਦੀਵਾਲੀ ਦਿਵਸ ਪਿੰਡ ਜੇਠੂਵਾਲ ਹਰਿ ਭਗਤ ਦਵਾਰ

ਗੁਰਮੁਖ ਦੀਪਕ ਸਦਾ ਜਗਦਾ, ਜੁਗ ਚੌਕੜੀ ਰਹੇ ਰੁਸ਼ਨਾਈਆ । ਗੁਰ ਸਤਿਗੁਰ ਪੂਰੇ ਸੋਹਣਾ ਲੱਗਦਾ, ਦੋ ਜਹਾਨਾਂ ਵੇਖ ਵੇਖ ਖ਼ੁਸ਼ੀ ਮਨਾਈਆ । ਸਾਢੇ ਤਿੰਨ ਹੱਥ ਮੰਦਰ ਅੰਦਰ ਰੱਖਦਾ, ਘਰ ਵਿਚ ਘਰ ਲਏ ਟਿਕਾਈਆ । ਲੇਖ ਚੁਕਾ ਕੇ ਮਾਚਸ ਅੱਗ ਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਤ ਨਵਿਤ ਪੇਖ ਪੇਖ ਕਦੇ ਨਾ ਰੱਜਦਾ, ਆਸਾ ਤ੍ਰਿਸਨਾ ਹੋਰ ਵਧਾਈਆ । ਦੇ ਕੇ ਲਹਿਣਾ ਹਕੀਕਤ ਹਕ ਦਾ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਨ ਨੂਰ ਕਰੇ ਰੁਸ਼ਨਾਈਆ । ਗੁਰਮੁਖ ਦੀਪਕ ਸਦਾ ਉਜਾਲਾ, ਉਜਲ ਨਜ਼ਰੀ ਆਈਆ । ਦੋ ਜਹਾਨ ਹੋਵੇ ਨਾ ਕਾਲਾ, ਕੂੜਾ ਰੰਗ ਨਾ ਕੋਇ ਵਖਾਈਆ । ਕਾਇਆ ਮੰਦਰ ਸੱਚੀ ਧਰਮਸਾਲਾ, ਸਚ ਦਵਾਰੇ ਸੋਭਾ ਪਾਈਆ । ਵੇਖਣਹਾਰਾ ਹਰਿ ਗੋਪਾਲਾ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰਮੁਖ ਦੀਪਕ ਧੁਰ ਦਾ ਚਾਨਣ, ਸੂਰਜ ਚੰਦ ਕਿਰਨ ਸ਼ਰਮਾਈਆ । ਸਚ ਦਵਾਰੇ ਸਤਿਗੁਰ ਆਵੇ ਬਾਲਣ, ਮਿਹਰ ਨਜ਼ਰ ਇਕ ਉਠਾਈਆ । ਚਮਕੇ ਦਾਮਨੀ ਨਾਲੋਂ ਤੇਜ ਦਾਮਨ, ਦਮਕ ਵੱਖਰੀ ਇਕ ਪਰਗਟਾਈਆ । ਜਿਸ ਨੂੰ ਲੱਭਦੇ ਸ਼ੂਦਰ ਵੈਸ਼ ਸ਼ੱਤਰੀ ਬ੍ਰਾਹਮਣ, ਪਾਰ ਕਿਨਾਰੇ ਧਿਆਨ ਲਗਾਈਆ । ਸੋ ਦੇਵਣਹਾਰਾ ਸਚ ਨਿਸ਼ਾਨਨ, ਨਿਸ਼ਾਨਾ ਇਕੋ ਇਕ ਵਖਾਈਆ । ਸੰਤ ਸੁਹੇਲੇ ਵਿਰਲੇ ਜਾਨਣ, ਜਿਨ੍ਹਾਂ ਦੇਵੇ ਮਾਤ ਵਡਿਆਈਆ । ਗੁਰਮੁਖ ਸੱਚੇ ਲੋਕਮਾਤ ਮਾਨਣ, ਮਨਸਾ ਮਾਣ ਮਿਟਾਈਆ । ਸਾਚਾ ਦੀਪਕ ਸਾਚੇ ਗ੍ਰਿਹ ਪਹਿਚਾਨਣ, ਸਾਚੇ ਘਰ ਵੇਖ ਵਖਾਈਆ । ਹਨਵੰਤ ਕਹੇ ਮੇਰਾ ਨੂਰ ਸੱਚਾ ਰਾਮਨ, ਜੋਤੀ ਧਾਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਗੁਰਮੁਖ ਦੀਆ ਜਗੇ ਬਿਨ ਬਾਤੀ, ਸਦ ਸਤਿਗੁਰ ਆਪ ਜਗਾਈਆ । ਕਰੇ ਪਰਕਾਸ਼ ਅੰਧੇਰੀ ਰਾਤੀ, ਜੁਗ ਚੌਕੜੀ ਸਚ ਰੁਸ਼ਨਾਈਆ । ਊਚੋ ਊਚ ਨਿਕਲੇ ਅਗੰਮੀ ਲਾਟੀ, ਜਵਾਲਾ ਅੱਖ ਨਾ ਕੋਇ ਉਠਾਈਆ । ਵੇਖਣਹਾਰਾ ਕਮਲਾਪਾਤੀ, ਪਤਿਪਰਮੇਸ਼ਵਰ ਵੇਖ

ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖ ਦੀਪਕ ਸਚ ਨਿਰਾਲਾ, ਨਿਰਗੁਣ ਆਪ ਪਰਗਟਾਈਆ । ਜਿਸ ਦੀ ਵੱਖਰੀ ਅਗੰਮੀ ਮਾਲਾ, ਦਰ ਘਰ ਕਰੇ ਰੁਸ਼ਨਾਈਆ । ਜਿਥੇ ਵੇਖਣਹਾਰਾ ਦੀਨ ਦਿਆਲਾ, ਦੂਜਾ ਨਜ਼ਰ ਕੋਇ ਨਾ ਪਾਈਆ । ਉਹ ਮੰਦਰ ਸੋਹਣਾ ਸਚ ਧਰਮਸਾਲਾ, ਦਵਾਰਾ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀਪਕ ਦਏ ਵਡਿਆਈਆ । ਗੁਰਮੁਖ ਦੀਪਕ ਸਦਾ ਜਗਦਾ, ਜੁਗ ਜੁਗ ਪਰਗਟਾਇੰਦਾ । ਬਿਨ ਅੱਖਾਂ ਸੋਹਣਾ ਲੱਗਦਾ, ਬਿਨ ਨੇਤਰ ਰੰਗ ਚੜ੍ਹਾਇੰਦਾ । ਬਿਨ ਫੱਟੀ ਸਹਾਰੇ ਸਜਦਾ, ਆਸਰਾ ਅਵਰ ਨਾ ਕੋਇ ਤਕਾਇੰਦਾ । ਮਸਤੀ ਖ਼ੁਮਾਰੀ ਅੰਦਰ ਦਗਦਾ, ਰੂਪ ਅਨੂਪ ਰੰਗ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਇਕ ਰੁਸ਼ਨਾਇੰਦਾ । ਗੁਰਮੁਖ ਦੀਪਕ ਸਭ ਤੋਂ ਸੋਹਣਾ, ਗੁਰ ਅਵਤਾਰ ਗਏ ਜਸ ਗਾਈਆ । ਜਿਸ ਨੂੰ ਤੱਕੇ ਇਕੋ ਤੀਜਾ ਨੇਤਰ ਲੋਇਣਾ, ਲੋਚਣ ਦੋਏ ਨਜ਼ਰ ਨਾ ਆਈਆ । ਸਚ ਦਵਾਰੇ ਆਪ ਟਿਕੌਣਾ, ਹਰਿ ਜੂ ਧੁਰ ਦੀ ਵੰਡ ਵੰਡਾਈਆ । ਬਿਨ ਤੇਲ ਬਾਤੀ ਡਗਮਗੌਣਾ, ਦਿਵਸ ਰੈਣ ਕਰੇ ਰੁਸ਼ਨਾਈਆ । ਹਵਾ ਝਕੋਲੇ ਝੱਖੜ ਨਾ ਕਿਸੇ ਬੁਝਾਉਂਣਾ, ਸਵਾਣੀ ਫੂਕ ਨਾ ਕੋਇ ਲਗਾਈਆ । ਬਿਨ ਸਤਿਗੁਰ ਆਪਣੀ ਜੋਤ ਨਾ ਕਿਸੇ ਮਿਲੌਣਾ, ਨੂਰ ਨੂਰ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਦੀਪਕ ਸਭ ਤੋਂ ਪਿਆਰਾ, ਮਿਤਰਾਂ ਵਿਚੋਂ ਮਿਤਰ ਨਜ਼ਰੀ ਆਈਆ । ਜਿਸ ਦਾ ਵੱਖਰਾ ਅਜੀਬ ਨਜ਼ਾਰਾ, ਬਿਨਾ ਭਗਤਾਂ ਸਮਝ ਕਿਸੇ ਨਾ ਪਾਈਆ । ਨਜ਼ਰੀ ਆਏ ਮਹੱਲ ਅਟਲ ਉਚ ਮਨਾਰਾ, ਹਰਿ ਮੰਦਰ ਦਏ ਵਡਿਆਈਆ । ਜੁਗ ਚੌਕੜੀ ਦੱਸ ਦੇ ਗਏ ਗੁਰੂ ਅਵਤਾਰਾ, ਪੈਗ਼ੰਬਰ ਮਾਤ ਜਣਾਈਆ । ਬਿਨ ਸਤਿਗੁਰ ਕਿਰਪਾ ਦੀਪਕ ਹੋਏ ਨਾ ਕੋਇ ਉਜਿਆਰਾ, ਲੱਖ ਚੁਰਾਸੀ ਅੰਧ ਅੰਧੇਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਵੇਖਣਹਾਰ ਵਡਿਆਈਆ । ਗੁਰਮੁਖ ਦੀਪਕ ਗਹਿਰ ਗੰਭੀਰ, ਗੁਰ ਕਰਤਾ ਆਪ ਜਣਾਈਆ । ਘਰ ਟਿਕਾਇਆ ਤਤ ਸਰੀਰ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਦੀਪਕ ਨੂੰ ਤੱਕ ਗਏ ਭਗਤ ਕਬੀਰ, ਨੇਤਰ ਨੀਰ ਵਹਾਈਆ । ਇਹ ਮੰਦਰ ਰੱਖਿਆ ਉਸ ਅਖ਼ੀਰ, ਧੁਰ ਦੀ ਚੋਟੀ ਦਿਤਾ ਟਿਕਾਈਆ । ਜਿਥੇ ਸ਼ਰਅ ਦੇ ਟੁੱਟੇ ਜ਼ਜੀਰ, ਮਜ਼੍ਹਬ ਦੀਨ ਨਾ ਕੋਇ ਵਖਾਈਆ । ਅੱਖਰਾਂ ਵਾਲੀ ਨਾ ਕੋਇ ਲਕੀਰ, ਹਰਫ਼ਾਂ ਵਾਲੀ ਨਾ ਕੋਇ ਪੜ੍ਹਾਈਆ । ਨਕਸ਼ਿਆਂ ਵਾਲੀ ਨਾ ਕੋਇ ਤਸਵੀਰ, ਤਸਬੀ ਹੱਥ ਨਾ ਕੋਇ ਲਟਕਾਈਆ । ਓਥੇ ਇਕੋ ਇਕ ਜੋਤ ਸਰੂਪੀ ਧੁਰ ਦਾ ਪੀਰ, ਪਤਿਪਰਮੇਸ਼ਵਰ ਡੇਰਾ ਲਾਈਆ । ਜਿਸ ਦਾ ਖੇਲ ਬੇਨਜ਼ੀਰ, ਜਗਤ ਨਜ਼ਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨੂਰ ਕਰੇ ਰੁਸ਼ਨਾਈਆ । ਗੁਰਮੁਖ ਦੀਪਕ ਨੂਰੋ ਨੂਰ, ਨੁਰਾਨਾ ਇਕ ਅਖਵਾਇੰਦਾ । ਜੋ ਜਲਵਾ ਤੱਕਿਆ ਮੂਸੇ ਉਤੇ ਕੋਹਤੂਰ, ਸੋ ਗੁਰਮੁਖ ਅੰਦਰ ਹਰਿ ਪਰਗਟਾਇੰਦਾ । ਹਰਿਜਨ ਏਸੇ ਕਾਰਨ ਮਸ਼ਹੂਰ, ਭਗਤ ਭਗਵਾਨ ਘਰ ਘਰ ਵੇਖ ਵਖਾਇੰਦਾ । ਪੰਧ ਮੁਕਾ ਕੇ ਨੇੜਾ ਦੂਰ, ਦੂਰ ਦੁਰਾਡਾ ਘਰ ਸਾਚੇ ਚਲ ਕੇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਗੁਰਮੁਖ ਦੀਪਕ ਘਰ ਮੰਦਰ ਟਿਕਿਆ, ਟਿਕਟਿਕੀ ਇਕ ਲਗਾਈਆ । ਜਿਸ ਮੰਜ਼ਲ ਤੇ ਮਿਲਦੀ ਸਾਚੀ ਸਿਖਿਆ, ਆਤਮ ਬ੍ਰਹਮ

ਹੋਵੇ ਪੜ੍ਹਾਈਆ । ਜਿਸ ਦਵਾਰੇ ਇਕੋ ਦਿਸਿਆ, ਦਹਿ ਦਿਸ਼ਾ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਨੂਰ ਕਰੇ ਰੁਸ਼ਨਾਈਆ । ਗੁਰਮੁਖ ਦੀਪਕ ਨੂਰ ਨੂਰਾਨਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਸਾਚਾ ਮੰਦਰ ਸੋਹੇ ਮਕਾਨਾ, ਬੰਕ ਦਵਾਰ ਮਿਲੇ ਵਡਿਆਈਆ । ਕਰੇ ਪਰਕਾਸ਼ ਕੋਟਨ ਭਾਨਾ, ਸੂਰਜ ਚੰਦ ਨੈਣ ਸ਼ਰਮਾਈਆ । ਮਿਹਰਵਾਨ ਹੋ ਸ੍ਰੀ ਭਗਵਾਨਾ, ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਜਨ ਭਗਤਾਂ ਦੇ ਕੇ ਦਾਨਾ, ਦਾਤੇ ਆਪਣੀ ਦਇਆ ਕਮਾਈਆ । ਅੰਤਰ ਆਤਮ ਦਿਵਸ ਰੈਣ ਅੱਠੇ ਪਹਿਰ ਨਿਰਗੁਣ ਨੂਰ ਦੀਪਕ ਜੋਤ ਜਗੇ ਮਹਾਨਾ, ਮਹਾਂਬਲੀ ਦਿਤਾ ਟਿਕਾਈਆ । ਵੇਖਣਹਾਰ ਸ੍ਰੀ ਭਗਵਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਹਾਰਾਜ ਸ਼ੇਰ ਸਿੰਘ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਘਰ ਕਰ ਪਰਵਾਨਾ, ਦੀਪਕ ਦੀਆ ਘਰ ਘਰ ਦਿਤਾ ਟਿਕਾਈਆ । ਅੱਠੇ ਪਹਿਰ ਵੇਖੇ ਮਾਰ ਧਿਆਨਾ, ਦਿਵਸ ਰੈਣ ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੀਵਾਲੀ ਦੀਪਕ ਕਰ ਪਰਧਾਨਾ, ਸਚ ਮੰਦਰ ਦਿਤਾ ਟਿਕਾਈਆ ।

## ✪ ਪਹਿਲੀ ਮੱਘਰ ੨੦੨੧ ਬਿਕ੍ਰਮੀ ਲਾਲ ਸਿੰਘ ਹੇਰਾਂ ਵਾਲੇ ਦੇ ਨਵਿਤ ਪਿੰਡ ਜੇਠੂਵਾਲ ਹਰਿ ਭਗਤ ਦਵਾਰ ✪



ਬਲਿਹਾਰੀ ਮੇਰੇ ਗੁਰਮੁਖ ਲਾਲ, ਹਰਿ ਸਤਿਗੁਰ ਘੋਲ ਘੁਮਾਈਆ । ਤੇਰੇ ਕਾਇਆ ਮੰਦਰ ਅੰਦਰ ਮੇਰੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਈਆ । ਦਿਵਸ ਰੈਣ ਅੱਠੇ ਪਹਿਰ ਵੱਜੇ ਅਗੰਮੀ ਤਾਲ, ਸ਼ਬਦ ਅਨਾਦੀ ਨਾਦ ਜਣਾਈਆ । ਅੰਮ੍ਰਿਤ ਸਰੋਵਰ ਸੁਹਾਏ ਸੱਚਾ ਤਾਲ, ਰਸ ਇਕੋ ਇਕ ਵਖਾਈਆ । ਦੀਵਾ ਬਾਤੀ ਕਮਲਾਪਾਤੀ ਘਰ ਸਾਚਾ ਬਾਲ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਗਤ ਨਿਰਾਲੀ ਵੱਖਰੀ ਚਾਲ, ਅਵੱਲੜੀ ਆਪ ਸਮਝਾਈਆ । ਸਾਹਿਬ ਪ੍ਰੀਤੀ ਨਿਭੇ ਨਾਲ, ਸਤਿ ਸਤਿਵਾਦੀ ਹੋਏ ਸਹਾਈਆ । ਪਾਨਾ ਗੜ੍ਹ ਨਹੀਂ, ਤੇਰਾ ਕਾਇਆ ਮਕਾਨ, ਜਿਸ ਘਰ ਬੈਠਾ ਬਿਨ ਜਗਤ ਅੱਖਾਂ ਨਜ਼ਰੀ ਆਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਮਿਲਣਾ ਕਿਸੇ ਨਾ ਹੋਇਆ ਆਸਾਨ, ਮੁਸ਼ਕਲ ਸਭ ਨੂੰ ਰਿਹਾ ਸਮਝਾਈਆ । ਜਿਸ ਦੇ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਲਿਔਂਦੇ ਰਹੇ ਈਮਾਨ, ਸਰਗੁਣ ਨਿਰਗੁਣ ਸੀਸ ਝੁਕਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਖਾਣੀ ਬਾਣੀ ਢੋਲਾ ਸਿਫ਼ਤੀ ਰਾਗ ਅਲਾਈਆ । ਜਿਸ ਨੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤਾਂ ਮੰਨਿਆ ਨਿਰਗੁਣ ਰੂਪ ਭਗਵਾਨ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਤ ਨਵਿਤ ਘਰ ਘਰ ਵਿਚ ਮਿਲੇ ਆਣ, ਦੂਰ ਦੁਰਾਡਾ ਨੇਰਨ ਨੇਰਾ ਆਪਣਾ ਪੰਧ ਮੁਕਾਈਆ । ਜਿਸ ਦਵਾਰੇ ਜਿਸ ਗ੍ਰਿਹਿ ਗੁਰਮੁਖ ਗੁਰਸਿਖ ਹੋਏ ਮੁਕਾਮ, ਮਾਲਕ ਹਕ ਮੁਕਾਮੇ ਤਿਸੇ ਦਏ ਵਡਿਆਈਆ । ਗੁਰਮੁਖ ਸਿਫ਼ਤ ਗਾ ਕੇ ਜਿਹਵਾ ਜ਼ਬਾਨ, ਰਸਨਾ ਰਾਗ ਅਲਾਈਆ । ਜਗ ਨਾਲੋਂ ਬੇਸ਼ਕ ਵਿਛੜਿਆ ਰਹੇ ਭਗਵਾਨ, ਭਗਤਾਂ ਕੋਲੋਂ ਵੱਖ ਨਾ ਡੇਰਾ ਲਾਈਆ । ਕਰ ਕਿਰਪਾ ਬਿਨਾ ਪੜ੍ਹਿਆਂ ਦਿਤਾ ਗਿਆਨ, ਅਗਿਆਨ ਅੰਧੇਰ ਚੁਕਾਈਆ । ਨੇੜ ਨਾ ਆਏ ਕੂੜਾ ਸ਼ੈਤਾਨ, ਮਨ ਸ਼ਰਅ ਦਿਤੀ ਗਵਾਈਆ । ਸੁਰਤ ਮਿਲਾਵਾ ਸ਼ਬਦੀ ਨੌਜਵਾਨ, ਗੋਬਿੰਦ ਆਪਣਾ ਰੰਗ ਰੰਗਾਈਆ । ਜਿਨ੍ਹਾਂ ਕਰੇ

ਆਪ ਪਰਵਾਨ, ਧੁਰ ਸੰਦੇਸਾ ਨਾਮ ਸੁਣਾਈਆ । ਤਿਨ੍ਹਾਂ ਆਵਣ ਜਾਵਣ ਰੋਵਣ ਧੋਵਣ ਚੁਕਾ ਵਿਚ ਜਹਾਨ, ਜਹਾਂ ਤਹਾਂ ਹੋਏ ਆਪ ਸਹਾਈਆ । ਜੰਗਲ ਜੂਹ ਉਜਾੜ ਪਹਾੜ ਨਾ ਵੇਖੇ ਕੋਈ ਮੈਦਾਨ, ਸਮੁੰਦ ਸਾਗਰ ਡੂੰਘੀ ਖਾਈ ਲੋਕ ਪਰਲੋਕ ਦੋ ਜਹਾਨ ਦਏ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਫਿਰੇ ਬੇਪਹਿਚਾਨ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਲਾਲ ਲਾਲ ਰੰਗੀਲਾ, ਹਰਿ ਸਤਿਗੁਰ ਰੰਗ ਰੰਗਾਇਆ । ਸ਼ਬਦ ਅਗੰਮੀ ਇਕ ਵਸੀਲਾ, ਵਸਲ ਹਕ ਦਾ ਦਏ ਕਰਾਇਆ । ਲੱਖ ਚੁਰਾਸੀ ਵਿਚੋਂ ਥੋੜਾ ਕਬੀਲਾ, ਭਗਤ ਭਗਵਾਨ ਆਪ ਬਣਾਇਆ । ਕੋਇ ਸਮਝ ਨਾ ਸਕੇ ਨਾਲ ਦਲੀਲਾ, ਰਮਜ਼ ਇਸ਼ਾਰਾ ਨਾ ਕੋਇ ਜਣਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲ ਜਿਨ੍ਹਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੀਤੀਆਂ ਅਪੀਲਾਂ, ਲੇਖਾ ਉਨ੍ਹਾਂ ਰਿਹਾ ਮੁਕਾਇਆ । ਰੁੱਤ ਨਾਲ ਰੁਤੜੀ ਰੁਤੜੀ ਨਾਲ ਮਹੀਨਾ, ਮਾਸ ਬਰਖ਼ ਦਿਵਸ ਰੈਣ ਘੜੀ ਪਲ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬਲਿਹਾਰੀ ਜਿਸ ਆਪਣਾ ਬਲ ਧਰਾਇਆ । ਗੁਰਮੁਖ ਬਲਿਹਾਰੀ ਪ੍ਰੇਮੀ ਸੱਚੇ, ਸਚ ਤੇਰੀ ਵਡਿਆਈਆ । ਲੱਖ ਚੁਰਾਸੀ ਭਾਂਡੇ ਕੱਚੇ, ਕੱਚੀ ਗਗਰੀਆ ਕੰਮ ਕਿਸੇ ਨਾ ਆਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਨੱਚੇ, ਨਵ ਨੌ ਫਿਰੇ ਹਲਕਾਈਆ । ਜਿਨ੍ਹਾਂ ਦੇ ਅੰਦਰ ਹਰਿ ਜੂ ਵਸੇ, ਵਾਸਤਾ ਆਪਣੇ ਨਾਲ ਜੁੜਾਈਆ । ਉਹ ਦਰਸ ਕਰਨ ਨੂੰ ਆਵਣ ਨੱਠੇ, ਜਗਤ ਕੂੜਾ ਪੰਧ ਮੁਕਾਈਆ । ਜਿਸ ਵੇਲੇ ਹੋੜਾ ਲੱਗਾ ਉਪਰ ਸੱਸੇ, ਨਿਰਗੁਣ ਸਰਗੁਣ ਇਕੋ ਰੂਪ ਦਰਸਾਈਆ । ਹਾਹਾ ਕਹੇ ਹੰ ਬ੍ਰਹਮ ਟਿੱਪੀ ਬਿੰਦੀ ਪਾਰਬ੍ਰਹਮ ਮਿਲ ਹੋਇ ਇਕੱਠੇ, ਦੂਜਾ ਨਜ਼ਰ ਕੋਇ ਨਾ ਆਈਆ । ਏਸੇ ਕਾਰਨ ਸੰਤ ਸੱਜਣ ਸਤਿਗੁਰ ਸਰਨਾਈ ਢੱਠੇ, ਢਹਿ ਢਹਿ ਆਪਣੀ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਅੰਦਰ ਵੜਕੇ ਸਚ ਸਵਾਮੀ ਹੋ ਕੇ ਵਸੇ, ਉਹ ਨਾਰ ਸੁਹਾਗਣ ਗੁਰਮੁਖ ਨਾਰੀ ਆਪਣੀ ਖ਼ੁਸ਼ੀ ਮਨਾਈਆ । ਲਿਖਤੀ ਪੜ੍ਹਨ ਦੇ ਕਲਮ ਸ਼ਾਹੀ ਦੇ ਰਹਿ ਜਾਣ ਪਟੇ, ਪਤਿਪਰਮੇਸ਼ਵਰ ਰਾਤੀਂ ਸੁੱਤਿਆਂ ਲਏ ਜਗਾਈਆ । ਜਿਸ ਕਾਇਆ ਅੰਦਰ ਵੱਡੇ ਵੱਡੇ ਮਦੀਨੇ ਮੱਕੇ, ਹੁਜਰਿਆਂ ਵਾਲਾ ਹਾਜ਼ਰ ਪੀਰ ਹਜ਼ਰਤ ਬੈਠਾ ਆਸਣ ਲਾਈਆ । ਉਹ ਕਿਸੇ ਕੋਲੋਂ ਕੀ ਸੱਦੇ ਪੁੱਛੇ, ਸ਼ਬਦ ਅਗੰਮੀ ਆਪਣੀ ਤਾਰ ਹਿਲਾਈਆ । ਇਹੋ ਇਸ਼ਾਰੇ ਪਰਮ ਪੁਰਖ ਦੇ ਗੁੱਝੇ, ਜਿਸਦਾ ਗੁਰ ਅਵਤਾਰ ਢੋਲਾ ਗਏ ਗਾਈਆ । ਦੂਰ ਦੁਰਾਡਿਆਂ ਸਭ ਦੇ ਪੈਂਡੇ ਮੁੱਕੇ, ਜਿਨ੍ਹਾਂ ਮੁਕੰਮਲ ਆਪਣੀ ਦਇਆ ਕਮਾਈਆ । ਆਵਣ ਜਾਵਣ ਲੱਖ ਚੁਰਾਸੀ ਗੇੜੇ ਚੁੱਕੇ, ਰਾਏ ਧਰਮ ਨਾ ਦਏ ਸਜ਼ਾਈਆ । ਬਲਿਹਾਰੀ ਗੁਰਮੁਖ ਨਗ ਨਗੀਨੇ ਸੁੱਚੇ, ਲਾਲਾਂ ਵਿਚੋਂ ਲਾਲ ਅਨਮੁੱਲੜੇ ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਿਉਂ ਆਪੇ ਉਠੇ, ਜਿਸ ਘਰ ਬੈਠਾ ਸੋਭਾ ਪਾਈਆ । ਗੁਰਮੁਖ ਲਾਲ ਆਇਆ ਭੱਜ, ਆਪਣਾ ਪੰਧ ਮੁਕਾਈਆ । ਸਤਿਗੁਰ ਪੂਰਾ ਅੰਦਰ ਵੜਕੇ ਦਰਸ਼ਨ ਕਰੇ ਹੱਜ, ਨੇਤਰ ਨੇਤਰ ਕਰੇ ਰੁਸ਼ਨਾਈਆ । ਤੀਰ ਅਣਿਆਲਾ ਉਹ ਜਾਏ ਵੱਜ, ਜਿਹੜਾ ਪੁਰਖ ਅਕਾਲ ਗੋਬਿੰਦ ਅੰਦਰ ਦਿਤਾ ਲਗਾਈਆ । ਜਿਸ ਨੇ ਆਰ ਪਾਰ ਕਰਕੇ ਹੱਦ, ਦੋ ਜਹਾਨ ਚਰਨਾਂ ਹੇਠ ਦਬਾਈਆ । ਪ੍ਰੇਮ ਪਿਆਰ ਦੀ ਪੀ ਕੇ ਮਦਿ, ਅੰਮ੍ਰਿਤ ਜਾਮ ਦਿਤਾ ਵਰਤਾਈਆ । ਸੋ ਸਾਹਿਬ ਗੁਰਮੁਖਾਂ ਸਦਾ ਰਖੇ ਲੱਜ, ਏਥੇ ਓਥੇ ਹੋਏ ਸਹਾਈਆ । ਜੇ ਕੋਈ ਵੇਖੇ ਓਹਦਾ ਵੱਡਾ ਉਚਾ ਲੰਮਾ ਕੱਦ, ਵੇਖਿਆਂ ਨਜ਼ਰ ਕਿਸੇ ਨਾ ਆਈਆ ।

ਸਚ ਪੁਛੋ ਗੁਰਮੁਖਾਂ ਅੰਦਰ ਰਿਹਾ ਵਸ, ਵਸੀਲਾ ਆਪਣਾ ਦਏ ਸਮਝਾਈਆ । ਪਾਨਾਗੜ੍ਹ ਨਹੀਂ, ਉਹ ਲਾਲ ਗੁਰਮੁਖ ਤੇਰੀ ਅੱਖ, ਜਿਸ ਵਿਚੋਂ ਪ੍ਰਤਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਬੈਠਾ ਡੇਰਾ ਲਾਈਆ । ਗੁਰਮੁਖ ਮੇਰੇ ਸੱਚੇ ਲਾਲਨ, ਲਾਲ ਲਾਲ ਤੇਰੀ ਵਡਿਆਈਆ । ਸੇਵਾ ਕਰੇ ਜੋਤ ਅਕਾਲਨ, ਨਿਰਗੁਣ ਨਿਰਵੈਰ ਫੇਰਾ ਪਾਈਆ । ਪ੍ਰੇਮ ਪਿਆਰ ਦੇ ਗੁੰਦ ਕੇ ਹਾਰ ਮਾਲਣ, ਗੁਰਮੁਖਾਂ ਗਲ ਪਹਿਨਾਈਆ । ਅੰਦਰ ਵੜਕੇ ਦੀਪ ਜਗਾਏ ਜਲਵਾ ਨੂਰ ਜਲਾਲਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸੋਈ ਸੁਰਤੀ ਆਏ ਉਠਾਲਣ, ਸ਼ਬਦੀ ਆਵਾਜ਼ ਲਗਾਈਆ । ਲੇਖ ਚੁਕਾ ਸ਼ਾਹ ਕੰਗਾਲਣ, ਗ਼ਰੀਬ ਨਿਮਾਣਿਆਂ ਗੋਦ ਬਹਾਈਆ । ਕਿਰਪਾ ਕਰ ਸ੍ਰੀ ਭਗਵਾਨਨ, ਭਗਵਤੀ ਭਗੌਤੀ ਭੌਣੀ ਸਭ ਦੀ ਸੇਵ ਲਗਾਈਆ । ਜਿਨ੍ਹਾਂ ਅੰਤਰ ਕਿਰਪਾ ਹੋਈ ਮਹਾਨਨ, ਮਹਿਮਾ ਅਕਥ ਕਥ ਸੁਣਾਈਆ । ਤਿਨ੍ਹਾਂ ਮਿਲਿਆ ਉਹ ਗਿਆਨਨ, ਜਿਸ ਵਿਚੋਂ ਅੱਖਰਾਂ ਵਾਲੀ ਗਾਥਾ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਰੰਗ ਰੰਗਾਈਆ । ਗੁਰਮੁਖ ਵਡਿਆਈ ਤੇਰੀ ਚੰਗੀ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਸ਼ਬਦ ਅਗੰਮੀ ਵੱਜੇ ਸੁਰੰਗੀ, ਸੁਰੰਗਾ ਤਾਲ ਤਲਵਾੜਾ ਬੈਠੇ ਮੁਖ ਛੁਪਾਈਆ । ਨੇਤਰ ਖੋਲ੍ਹ ਵੇਖਣ ਨਵ ਚੰਦੀ, ਰਾਮ ਕ੍ਰਿਸ਼ਨ ਤ੍ਰਲੋਕੀ ਨਾਥ ਅੱਖ ਉਠਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰਾ ਸੰਗੀ, ਸਤਿ ਸਵਾਮੀ ਅੰਤਰਜਾਮੀ ਸੋਹਣਾ ਸੰਗ ਨਿਭਾਈਆ । ਤੇਰੇ ਅੰਤਰ ਅੰਮ੍ਰਿਤ ਧਾਰ ਵਹਾਏ ਉਹ ਗੰਗੀ, ਗੰਗਾ ਜਮਨਾ ਸੁਰਸਤੀ ਗੋਦਾਵਰੀ ਜਿਸ ਦਾ ਰਾਹ ਤੱਕਣ ਆਪਣਾ ਘੁੰਗਟ ਮੁਖ ਉਠਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਤੇਰੀ ਝੋਲੀ ਪਾਈਆ । ਪੂਰਬ ਜਨਮ ਦੀ ਆਸ ਪੂਰੀ ਹੋਏ ਮੰਗੀ, ਮਨਸਾ ਮਨ ਮਨ ਹੀ ਵਿਚ ਸਮਾਈਆ । ਇਹੋ ਖੇਲ ਸਦਾ ਬਹੁਰੰਗੀ, ਜਿਸ ਦਾ ਭੇਵ ਕੋਇ ਨਾ ਪਾਈਆ । ਸ਼ਬਦ ਡੋਰੀ ਤੰਦ ਪਤੰਗੀ, ਆਕਾਸ਼ ਪਾਤਾਲ ਇਕੋ ਵਾਰ ਉਡਾਈਆ । ਬਲਿਹਾਰੀ ਜਿਸ ਗੁਰਮੁਖ ਸਤਿਗੁਰ ਪ੍ਰੇਮ ਪਿਆਰ ਦੀ ਵਸਤ ਵੰਡੀ, ਹਿੱਸਾ ਹਿੱਸਿਆਂ ਵਿਚੋਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਣਾਵਣਹਾਰਾ ਇਕੋ ਛੰਦੀ, ਸੰਸਾ ਰੋਗ ਰਿਹਾ ਚੁਕਾਈਆ ।

ਸਫ਼ਰੀ ਪਿਛੇ ਰਹਿ ਗਿਆ ਪਿਛਲਾ ਸਫ਼ਰ, ਅੱਗੇ ਮਿਲੇ ਵਡਿਆਈਆ । ਜਿਸ ਦੇ ਵਿਛੋੜੇ ਅੰਦਰ ਕੀਤਾ ਸਬਰ, ਸੋ ਸਾਬਤ ਨਜ਼ਰੀ ਆਈਆ । ਕੂੜ ਕੁਟੰਬ ਖਪਾਵਣਹਾਰਾ ਟੱਬਰ, ਵੇਖੇ ਥਾਉਂ ਥਾਈਂਆ । ਸਭ ਦੀ ਇਕੱਠੀ ਪੁੱਟੇ ਕਬਰ, ਮੁਰੀਦ ਮੁਰਸ਼ਦ ਦੋਵੇਂ ਗਏ ਦਬਾਈਆ । ਨਿਰਗੁਣ ਹੋ ਕੇ ਲੱਗਾ ਮਗਰ, ਅਗਲ ਵਾਂਡੀ ਵੇਖ ਵਖਾਈਆ । ਤੁਹਾਡੀ ਪੂਰੀ ਕਰੇ ਸਧਰ, ਸੱਦਾ ਦੇ ਦੇ ਨਾਮ ਜਣਾਈਆ । ਤਖ਼ਤ ਨਿਵਾਸੀ ਕਰਨ ਆਇਆ ਅਦਲ, ਅਦਾਲਤ ਆਪਣਾ ਨਾਮ ਵਖਾਈਆ । ਕਲਜੁਗ ਕੂੜੀ ਕਿਰਿਆ ਦੇਵੇ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਪੰਧ ਮੁਕ ਗਿਆ ਨੇੜੇ ਆ ਗਈ ਮਜ਼ਲ, ਮਕਸੂਦ ਆਪਣੀ ਝੋਲੀ ਪਾਈਆ । ਤੇਰੀ ਲੇਖੇ ਲੱਗੀ ਗਾਈ ਉਹ ਗ਼ਜ਼ਲ, ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਨਾਅਰਾ ਦਿਤਾ ਲਾਈਆ । ਪਹਿਲੀ ਵਾਰ ਦਾ ਪਹਿਲਾ ਸਗਨ, ਹਰਿ ਸੰਗਤ ਨਾਲ ਜੁੜਾਈਆ । ਰਾਤੀਂ ਸੁਤਿਆਂ ਦਿਨੇ ਜਗਦਿਆਂ ਰੱਖੇ ਮਗਨ,

ਅੰਤਰ ਆਤਮ ਕਰ ਰੁਸ਼ਨਾਈਆ । ਅੰਦਰੇ ਅੰਦਰ ਖੇਲ ਕਰਾਕੇ ਵਿਚ ਛੁਪਾਏ ਬਦਨ, ਪੰਜ ਤਤ ਵੇਖ ਵਖਾਈਆ । ਜਿਹੜਾ ਹੱਥ ਨਾ ਆਇਆ ਕਰਦਿਆਂ ਯਤਨ, ਯਥਾਰਥ ਮਿਲਿਆ ਸ਼ਹਿਨਸ਼ਾਹੀਆ । ਫੇਰ ਵਖਾਵੇ ਪਿਛਲਾ ਉਹ ਵਤਨ, ਜਿਥੋਂ ਪਾਂਧੀ ਬਣਕੇ ਆਇਆ ਰਾਹੀਆ । ਜਿਸ ਘਰ ਵਸੇ ਮੋਹਨ ਮਦਨ, ਮੂਰਤ ਅਕਾਲ ਡੇਰਾ ਲਾਈਆ । ਓਥੇ ਤ੍ਰੈਗੁਣ ਮਾਇਆ ਪੋਹ ਨਾ ਸਕੇ ਅਗਨ, ਤਤਵ ਤਤ ਨਾ ਕੋਇ ਜਲਾਈਆ । ਘਰ ਵਿਚ ਦੀਪਕ ਸਾਚੇ ਜਗਣ, ਹਰਿ ਕਰੇ ਸਚ ਰੁਸ਼ਨਾਈਆ । ਸਚ ਪ੍ਰੀਤੀ ਰੱਖੇ ਮਗਨ, ਮਤਲਬ ਪੂਰਾ ਹਲ ਕਰਾਈਆ । ਅੰਤਰ ਦੇਵੇ ਇਕ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਵਾਮੀ ਹੋਕੇ ਆਇਆ ਗੰਢਣ, ਟੁੱਟੀ ਜੋੜ ਜੁੜਾਈਆ । ਧੁਰ ਦੀ ਪ੍ਰੀਤੀ ਆਇਆ ਵੰਡਣ, ਪ੍ਰੇਮੀ ਬਣਕੇ ਹਰਿ ਗੁਸਾਈਆ । ਗੁਰਮੁਖਾਂ ਅੰਦਰ ਆਇਆ ਲੰਘਣ, ਅਧਵਿਚਕਾਰ ਨਾ ਕੋਈ ਅਟਕਾਈਆ । ਢੋਲਾ ਸੁਣਾਵਣ ਆਇਆ ਆਪਣਾ ਛੰਦਨ, ਅਨਹਦ ਰਾਗ ਅਲਾਈਆ । ਮਸਤਕ ਟਿੱਕਾ ਲਗਾਵਣ ਆਇਆ ਚੰਦਨ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਫ਼ਰ ਵੇਖੇ ਥਾਉਂ ਥਾਈਂਆ । ਸਫ਼ਰੀ ਸਫ਼ਰ ਸਫ਼ਰ ਵਿਚ ਮੁਕਿਆ ਪੰਧ, ਹਰਿ ਜੂ ਦਇਆ ਕਮਾਈਆ । ਲਹਿਣਾ ਚੁਕਿਆ ਇਕੋ ਗਾ ਕੇ ਛੰਦ, ਸ਼ੰਕੇ ਸਾਰੇ ਗਏ ਗਵਾਈਆ । ਕਲਜੁਗ ਕੂੜੀ ਕਿਰਿਆ ਕਰਕੇ ਬੰਦ, ਸ਼ੌਹ ਦਰਿਆਏ ਦਏ ਸੁਟਾਈਆ । ਸ਼ਾਹ ਸੁਲਤਾਨ ਕਰਕੇ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਮਾਇਆ ਮਮਤਾ ਹਉਮੇ ਹੰਗਤਾ ਦੇ ਕੇ ਡੰਡ, ਡੰਡਾਵਤ ਸਾਚੀ ਦਏ ਸਿਖਾਈਆ । ਦੂਈ ਦਵੈਤੀ ਢਾਹ ਕੇ ਅੰਦਰੋਂ ਕੰਧ, ਸਾਚਾ ਚੰਦ ਕਰੇ ਰੁਸ਼ਨਾਈਆ । ਸਚ ਵਸਤ ਅਮੋਲਕ ਲਈ ਮੰਗ, ਸੋਹਣੀ ਆਸ ਰਖਾਈਆ । ਮੇਲ ਮਿਲਾਵਾ ਗੁਜਰੀ ਚੰਦ, ਚੰਨ ਚਾਨਣਾ ਕਰੇ ਰੁਸ਼ਨਾਈਆ । ਸੁਰਤੀ ਹੋਣ ਨਾ ਦੇਵੇ ਰੰਡ, ਹਰਿ ਕੰਤੀ ਸ਼ਬਦ ਹੰਢਾਈਆ । ਅੰਗੀਕਾਰ ਹੋ ਕੇ ਲਾਵੇ ਅੰਗ, ਸਾਚੀ ਗੋਦ ਲਵੇ ਬਹਾਈਆ । ਕਿਸੇ ਨੇ ਪਾਨਾਗੜ੍ਹ ਤੋਂ ਕੀਤਾ ਪੰਧ, ਦੂਜਾ ਬੀਕਾਨੇਰੋਂ ਉਠ ਧਾਈਆ । ਦੋਵਾਂ ਵਿਚੋਲਾ ਇਕ ਬਖ਼ਸ਼ੰਦ, ਜਿਸ ਦਾ ਨਾ ਕੋਈ ਭੈਣ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਫ਼ਰੀ ਵੇਖ ਚੁੱਕਦਾ ਪੈਂਡਾ, ਮੰਜ਼ਲ ਦਏ ਦੁਹਾਈਆ । ਮਿਲੇ ਮੁਕਾਮ ਜਿਥੇ ਸ੍ਰੀ ਭਗਵਾਨ ਰਹਿੰਦਾ, ਸਚ ਸਿੰਘਾਸਣ ਸੋਭਾ ਪਾਈਆ । ਸਚ ਸੰਦੇਸ਼ਾ ਇਕੋ ਕਹਿੰਦਾ, ਨਰ ਨਰੇਸ਼ਾ ਆਪ ਜਣਾਈਆ । ਜਿਸ ਦਾ ਅੰਤ ਨਾ ਆਵੇ ਲਹਿੰਦਾ, ਚੜ੍ਹਦਾ ਦੱਖਣ ਪਹਾੜ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਫ਼ਰੀ ਪੰਧ ਹੋਇਆ ਦੂਰ, ਦੂਰ ਦੁਰਾਡਾ ਆਪ ਚੁਕਾਈਆ । ਅੰਦਰੋਂ ਅਰਜ਼ ਹੋਈ ਮਨਜ਼ੂਰ, ਬਾਹਰੋਂ ਬੇਨੰਤੀ ਵੇਖ ਵਖਾਈਆ । ਜਿਸ ਵੇਲੇ ਸੂਲੀ ਚੜ੍ਹਿਆ ਮਨਸੂਰ, ਓਸ ਵੇਲੇ ਤੇਰਾ ਸੰਗੀ ਉਹ ਅਖਵਾਈਆ । ਤੇਰੇ ਹੱਥ ਵਿਚ ਇਕ ਤੰਬੂਰ, ਜੋ ਇਸ਼ਾਰੇ ਨਾਲ ਦਿਤਾ ਵਜਾਈਆ । ਓਸ ਵੇਲੇ ਮਹਿਬੂਬ ਹਾਜ਼ਰ ਹਜ਼ੂਰ, ਹਜ਼ਰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਮਨਸੂਰ ਦਾ ਸੱਜਣ ਇਕ ਰਫ਼ੀਕ, ਰਫ਼ਤਾ ਰਫ਼ਤਾ ਆਪ ਜਣਾਈਆ । ਜਿਸ ਦੀ ਬਾਬੂਪੁਰ ਵਿਚ ਉਡੀਕ, ਤਰੀਖ ਸਮਝ ਕੋਇ ਨਾ ਆਈਆ । ਜਿਸ ਵੇਲੇ ਸਮਾਂ ਆਵੇ ਨਜ਼ਦੀਕ, ਹੌਲੀ ਹੌਲੀ ਸਰਬ ਲਏ ਉਠਾਈਆ । ਮਾਲਕ ਹੱਥ ਵਡ ਤੌਫ਼ੀਕ, ਤੋਹਫ਼ਾ ਦੇਵੇ ਚਾਈਂ ਚਾਈਂਆ । ਰਹਿਮਤ ਕਰਨਵਾਲਾ ਬਾਲਾ ਇਕ ਅਜ਼ੀਜ਼, ਹਰਿ ਆਜਜ਼ ਵੇਖ ਵਖਾਈਆ । ਮਨਸੂਰ ਨੇ

ਗਲੋਂ ਲਾਹ ਕੇ ਆਪਣਾ ਅੰਤ ਕਮੀਜ਼, ਤੇਰੇ ਤਨ ਵਿਚ ਦਿਤਾ ਪਹਿਨਾਈਆ । ਤੇਰਾ ਰਾਖਾ ਹੋਵੇ ਲਾਸ਼ਰੀਕ, ਵਾਹਦ ਨੂਰ ਖ਼ੁਦਾਈਆ । ਜਿਹੜਾ ਏਥੇ ਓਥੇ ਦੋ ਜਹਾਨਾਂ ਨਾ ਹੋਵੇ ਪਲੀਤ, ਪਲੀਤਾਂ ਪਾਕ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਮਨਸੂਰ ਕਹੇ ਸੁਣ ਯਾਰ ਮੀਤ, ਮਿਤਰਾ ਹਾਲ ਸੁਣਾਈਆ । ਜਿਹੜਾ ਵਸਿਆ ਨੀਚਾਂ ਨੀਚ, ਨੀਚੋਂ ਊਚ ਦਏ ਬਣਾਈਆ । ਮੇਰੀ ਓਸ ਦੇ ਨਾਲ ਪ੍ਰੀਤ, ਜਿਸ ਸੂਲੀ ਦਿਤਾ ਚੜ੍ਹਾਈਆ । ਮੇਰੇ ਅੰਦਰ ਵੇਖ ਨਿੱਕੀ ਜਿਹੀ ਝੀਤ, ਬਾਰੀ ਨਜ਼ਰ ਕੋਇ ਨਾ ਪਾਈਆ । ਸੱਜਣ ਕਿਹਾ ਮੈਨੂੰ ਦੱਸ ਮੈਂ ਕਿਸ ਦੀ ਰੱਖਾਂ ਉਡੀਕ, ਨੇਤਰ ਅੱਖ ਖੁਲ੍ਹਾਈਆ । ਮਨਸੂਰ ਕਿਹਾ ਸੋਲਾਂ ਜਾਮੇ ਬਦਲਣੇ ਪੈਣ ਠੀਕ, ਹਰ ਜਾਮਾ ਸੋਲਾਂ ਕੱਤਕ ਤੇਰਾ ਜਨਮ ਦੁਆਈਆ । ਸੱਤ ਵਿਚੋਂ ਆਵਣ ਕੀਟ, ਪੰਜ ਚਾਰ ਪਾਏ ਵਡਿਆਈਆ । ਦੋ ਪੰਖੇਰੂ ਅੰਧੇਰੇ ਵਿਚ ਤਾਰੀਕ, ਉਡਾਰੀਆਂ ਜਗਤ ਲਗਾਈਆ । ਇਕ ਬਨਾਸਪਤ ਤੇਰੀ ਸਚ ਪ੍ਰੀਤ, ਲਾਲੋ ਵੇਖ ਵਖਾਈਆ । ਸੋਲ੍ਹਵੇਂ ਜਾਮੇਂ ਸਾਹਿਬ ਮਿਲੇ ਜੋ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮਾਣਸ ਮਨੁਖ ਪੰਜ ਤਤ ਵਿਚੋਂ ਆਪੇ ਲਏ ਘਸੀਟ, ਦੂਰ ਦੁਰਾਡਾ ਵੇਖ ਵਖਾਈਆ । ਸਫ਼ਰੀ ਸਫ਼ਰ ਵਿਚੋਂ ਜੇ ਉਹ ਮਿਲ ਜਾਏ ਆ ਨਜ਼ਦੀਕ, ਅੱਗੇ ਪੈਂਡਾ ਦਏ ਮੁਕਾਈਆ । ਜੋ ਪਿਛੇ ਗਿਆ ਬੀਤ, ਉਸ ਦਾ ਚੇਤਾ ਦਿਓ ਭੁਲਾਈਆ । ਅੱਗੇ ਕਾਇਆ ਕਰ ਕੇ ਠੰਡੀ ਸੀਤ, ਅੰਮ੍ਰਿਤ ਮੇਘ ਦਏ ਬਰਸਾਈਆ । ਜਿਸ ਦੇ ਛਤਰ ਝੁਲਦਾ ਸੀਸ, ਇਹ ਗੋਬਿੰਦ ਮਾਲਕ ਖ਼ਾਲਕ ਖ਼ੈਰ ਖ਼ੁਦਾਈਆ । ਇਹ ਸਭ ਨੂੰ ਦੇਵਣਹਾਰਾ ਅਸੀਸ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਸ਼ਾਹ ਸੁਲਤਾਨਾਂ ਕਰ ਕੇ ਖ਼ਾਲੀ ਖ਼ੀਸ, ਅੰਤਮ ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰਿ ਰਘੁਰਾਈਆ । ਸਫ਼ਰ ਕਹੇ ਮੈਂ ਆਇਆ ਕਦਮ ਕਦਮ, ਬਣ ਪਾਂਧੀ ਪੰਧ ਮੁਕਾਈਆ । ਮੈਂ ਵੇਖਿਆ ਨਜ਼ਾਰਾ ਅਦਾਲਤ ਅਦਮ, ਆਦਲ ਇਕ ਅਖਵਾਈਆ । ਜਿਸ ਦੀ ਚਾਰ ਜੁਗ ਕਰਦੇ ਗਏ ਨਕਲ, ਬਣ ਨਕਲੀਏ ਸਾਂਗ ਵਰਤਾਈਆ । ਮਨਮੁਖ ਕਿਸੇ ਨਾ ਵੇਖੀ ਸ਼ਕਲ, ਸ਼ਹਿਨਸ਼ਾਹ ਮੇਲ ਨਾ ਕੋਇ ਮਿਲਾਈਆ । ਕਲਜੁਗ ਅੰਤਮ ਪਿਛਲੇ ਸਾਰੇ ਕਰ ਦੇਣੇ ਮੁਅੱਤਲ, ਹਾਕਮ ਨਜ਼ਰ ਕੋਇ ਨਾ ਆਈਆ । ਬਿਨ ਖੰਡੇ ਧਾਰੋਂ ਕਰਕੇ ਕਤਲ, ਮਕਤੂਲ ਵਖਾਏ ਸ੍ਰਿਸ਼ਟ ਸਬਾਈਆ । ਜਿਹੜਾ ਆ ਗਿਆ ਚੱਲ ਕੇ ਸਾਚੇ ਪੱਤਣ, ਧੁਰ ਦੇ ਬੇੜੇ ਦਏ ਚੜ੍ਹਾਈਆ । ਲੱਖ ਚੁਰਾਸੀ ਵਿਚੋਂ ਵਰੋਲ ਮੱਖਣ, ਗੁਰਮੁਖ ਥੋੜੇ ਬਾਹਰ ਕਢਾਈਆ । ਕੂੜੀ ਕਿਰਿਆ ਆਪਣਾ ਭਾਣਾ ਆਪੇ ਆਇਆ ਡੱਕਣ, ਚਾਰ ਜੁਗ ਦੇ ਗੁਰ ਅਵਤਾਰ ਬੈਠੇ ਸੀਸ ਨਿਵਾਈਆ । ਸਚ ਸੁਨੇਹੜਾ ਆਇਆ ਦੱਸਣ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਜਨ ਭਗਤਾਂ ਹਿਰਦੇ ਆਇਆ ਵਸਣ, ਨਿਜ ਆਤਮ ਡੇਰਾ ਲਾਈਆ । ਕੂੜ ਕੁੜਿਆਰਾ ਆਇਆ ਕੱਢਣ, ਹੁਕਮੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਫ਼ਰ ਕਹੇ ਮੈਨੂੰ ਹੋਈ ਖ਼ੁਸ਼ੀ, ਸਫ਼ਰੀ ਸੇਵ ਕਮਾਈਆ । ਮੈਂ ਵੇਖੀ ਸੰਗਤ ਉਹ ਸੁੱਚੀ, ਮਾਣਕ ਮੋਤੀਆਂ ਨਾਲੋਂ ਉਚੀ ਪ੍ਰਭੂ ਬਣਾਈਆ । ਜਿਨ੍ਹਾਂ ਦੀ ਇਕੋ ਨਾਲ ਰੁਚੀ, ਜੋ ਗੋਬਿੰਦ ਗਿਆ ਸਮਝਾਈਆ । ਇਨ੍ਹਾਂ ਦੀ ਸੁਰਤ ਸਵਾਣੀ ਸੁੱਤੀ ਉਠੀ, ਨਿਜ ਨੇਤਰ ਅੱਖ ਖੁਲ੍ਹਾਈਆ । ਕੋਈ ਪੂਜਾ ਪਾਠ ਨਾ ਕਰਦਾ ਬਹਿ ਕੇ ਗੁਠੀਂ, ਉਚੇ ਢੋਲੇ ਰਹੇ ਗਾਈਆ । ਪ੍ਰਭ ਦਾ ਦਰਸ਼ਨ ਪਾਵਣ ਸਦਾ ਸਨਮੁਖੀ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਸਫ਼ਲ ਕਰਾ ਕੇ ਮਾਂ ਦੀ ਕੁੱਖੀ, ਘਰ ਮਿਲੀ ਵਡਿਆਈਆ ।

ਚਾਰੋਂ ਤਰਫ਼ ਫਿਰਦੇ ਅੱਡੀ ਉਚੀ, ਨਿੱਕੇ ਵੱਡੇ ਦਿਤੇ ਬਣਾਈਆ । ਕੂੜੀ ਕਿਰਿਆ ਔਧ ਵੇਖੇ ਮੁੱਕੀ, ਮੁੱਕਿਆਂ ਨਾਲ ਡਰਾਈਆ । ਸਭ ਦੀ ਖੱਲ ਲਾਹਵੇ ਪੁੱਠੀ, ਚਰਖੜੀਆਂ ਉਤੇ ਦਏ ਚੜ੍ਹਾਈਆ । ਠੱਗਾਂ ਚੋਰਾਂ ਪੰਜ ਤਤ ਕਾਇਆ ਜਾਏ ਕੁੱਠੀ, ਹੱਡੀ ਹੱਡੀ ਤੋੜ ਤੁੜਾਈਆ । ਜਿਹੜੀ ਆਤਮਾ ਪਰਮਾਤਮ ਨਾਲੋਂ ਰੁੱਸੀ, ਲੱਖ ਚੁਰਾਸੀ ਵਿਚ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਸ਼ਹਿਨਸ਼ਾਹੀਆ । ਸਫ਼ਰੀ ਕੋਟਨ ਕੋਟ ਗਏ ਫਿਰਦੇ, ਫੇਰੀਆਂ ਜਗਤ ਪਾਈਆ । ਉਨ੍ਹਾਂ ਵਡਿਆਈ ਜਿਨ੍ਹਾਂ ਵਸਿਆ ਹਿਰਦੇ, ਸੰਤ ਦਾ ਹਿਰਦਾ ਸਮਝ ਕੋਇ ਨਾ ਪਾਈਆ । ਜਿਨ੍ਹਾਂ ਦਰਸ਼ਨ ਕੀਤੇ ਸੱਚੇ ਪਿਰ ਦੇ, ਪੀਆ ਪ੍ਰੀਤਮ ਇਕ ਹੰਢਾਈਆ । ਜੋ ਵਿਛੜੇ ਪੁਰਾਣੇ ਚਿਰ ਦੇ, ਪ੍ਰਭ ਛੇਤੀ ਰਿਹਾ ਮਿਲਾਈਆ । ਵੇਖੋ ਕਾਇਆ ਮੰਦਰ ਅੰਦਰ ਗੇੜ ਕਿਵੇਂ ਗਿੜਦੇ, ਉਲਟੀ ਲੱਠ ਭੁਆਈਆ । ਅੰਮ੍ਰਿਤ ਝਿਰਨੇ ਵੇਖੋ ਝਿਰਦੇ, ਬੂੰਦ ਸਵਾਂਤੀ ਇਕ ਟਪਕਾਈਆ । ਖੇਲ ਅਨੋਖੇ ਵੱਖਰੇ ਨਰਾਇਣ ਨਿਰ ਦੇ, ਨਿਰੰਕਾਰ ਸੱਚੀ ਸਰਨਾਈਆ । ਇਹ ਮੇਲੇ ਗੁਰ ਚੇਲੇ ਸੱਚੇ ਦਿਲ ਦੇ, ਵੇਹਲੇ ਕੰਮ ਕਿਸੇ ਨਾ ਆਈਆ । ਕਲਜੁਗ ਕੂੜ ਕੁੜਿਆਰ ਵੇਖੋ ਰਿੜ੍ਹਦੇ, ਕੂੜੇ ਠੀਕਰ ਦਏ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਸੁਣਾਈਆ । ਸਫ਼ਰ ਕਹੇ ਮੈਂ ਸਭ ਦਾ ਪਿਆਰਾ, ਜੋ ਗੁਰਮੁਖ ਹਰਿ ਜੂ ਮਿਲਣ ਆਈਆ । ਆਦਿ ਜੁਗਾਦੀ ਬਣ ਵਣਜਾਰਾ, ਜੁਗ ਜੁਗ ਹੱਟ ਚਲਾਈਆ । ਕਾਗਦ ਕਲਮ ਨਾ ਲਿਖਣਹਾਰਾ, ਮਸ ਮਸਾਵਣੀ ਨਾ ਕੋਇ ਚਤੁਰਾਈਆ । ਰਸਨਾ ਜਿਹਵਾ ਨਾ ਬੋਲਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਜਿਨ੍ਹਾਂ ਮਿਲਿਆ ਹਰਿ ਜੂ ਹਰਿ ਸੱਜਣ ਮੀਤ ਮੁਰਾਰਾ, ਸੋ ਘਰ ਬੈਠੇ ਖ਼ੁਸ਼ੀ ਮਨਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਕਰਨ ਦੀਦਾਰਾ, ਦਿਦਾਰ ਸਿੰਘ ਆਪਣੀ ਕਹਾਣੀ ਪਹਿਲੋਂ ਦਿਤੀ ਸੁਣਾਈਆ । ਲਾਲੋ ਵੇਲੇ ਦਾ ਇਹ ਵਣਜਾਰਾ, ਜੋ ਨਾਨਕ ਕੁਕੜਾਂ ਸੌਦੇ ਰਿਹਾ ਕਰਾਈਆ । ਏਹ ਗੋਤਮ ਲੁਕਣ ਵਾਲਾ ਵਿਚ ਗਾਰਾ, ਸੇਵਾ ਸੰਗਤ ਰਿਹਾ ਕਮਾਈਆ । ਇਹ ਪਾਲ ਤ੍ਰੇਤੇ ਜੁਗ ਦਾ ਇਕ ਇਸ਼ਾਰਾ, ਜਿਨ੍ਹਾਂ ਪਿਛੇ ਸ਼ਰਅ ਰਿਹਾ ਬਦਲਾਈਆ । ਪਾਨਾਗੜ੍ਹ ਤੋਂ ਚੱਲ ਕੇ ਆਇਆ ਉਹ ਜਿਸ ਦਾ ਪ੍ਰੀਤਮ ਇਕ ਮੁਰਾਰਾ, ਮੁਰਲੀ ਹੱਥ ਨਾ ਕੋਇ ਉਠਾਈਆ । ਜਿਸ ਨੂੰ ਮਨਸੂਰ ਦਿਤਾ ਸਹਾਰਾ, ਸੋ ਸੋਭਾ ਸੁਣ ਕੇ ਫੇਰਾ ਪਾਈਆ । ਅੱਗੇ ਹੁਕਮ ਦੇਵੇ ਨਿਰੰਕਾਰਾ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਸਾਧ ਸੰਤ ਦਾ ਸਚ ਵਿਹਾਰਾ, ਸਚਖੰਡ ਨਿਵਾਸੀ ਵੇਖਣ ਆਈਆ । ਵਿਸ਼ਨੂੰ ਉਠ ਲੈ ਹੁਲਾਰਾ, ਹੁਲੀਆ ਤੇਰਾ ਦਏ ਸਮਝਾਈਆ । ਬ੍ਰਹਮੇ ਵੇਖ ਬ੍ਰਹਮ ਪਸਾਰਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਸ਼ੰਕਰ ਵੇਖ ਧੂੰਆਂਧਾਰਾ, ਹੱਥ ਤ੍ਰਿਸੂਲ ਟਿਕਾਈਆ । ਤ੍ਰੈਗੁਣ ਮਾਇਆ ਚਾਰੋਂ ਕੁੰਟ ਲੱਗਾ ਅਖਾੜਾ, ਕੂੜੀ ਕਿਰਿਆ ਨਾਚ ਨਚਾਈਆ । ਠੱਗ ਚੋਰ ਯਾਰ ਮਾਰਨ ਧਾੜਾ, ਦਿਵਸ ਰੈਣ ਲੁੱਟੀ ਜਾਏ ਲੋਕਾਈਆ । ਪੀਰ ਫ਼ਕੀਰ ਪੈਗ਼ੰਬਰ ਕੋਈ ਨਾ ਮਦਦਗਾਰਾ, ਨਾਅਰਾ ਹਕ ਨਾ ਕੋਇ ਸੁਣਾਈਆ । ਨਾਤਾ ਤੋੜ ਗਏ ਗੁਰੂ ਅਵਤਾਰਾ, ਸਗਲਾ ਸੰਗ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਅੰਜੀਲ ਕੁਰਾਨ ਲਾਵੇ ਨਾਅਰਾ, ਤੋਬਾ ਤੋਬਾ ਦਏ ਦੁਹਾਈਆ । ਸਾਚਾ ਦਿਸੇ ਨਾ ਕੋਇ ਵਣਜਾਰਾ, ਹੱਟ ਸਤਿ ਨਾ ਕੋਇ ਖੁਲ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਧੂੰਆਂਧਾਰਾ, ਦੀਵਾ ਬਾਤੀ ਅਗਨੀ ਹਵਨ ਪਵਣ ਸੁਗੰਧ ਨਾ ਕੋਇ ਸਮਾਈਆ । ਮਿਲਾਏ ਮੇਲ ਨਾ ਕੋਈ ਕਰਤਾਰਾ, ਕੁਦਰਤ ਕਾਦਰ ਸਮਝ ਕਿਸੇ ਨਾ ਰਾਈਆ । ਸਨਮੁਖ

੮੪੯
੧੭

ਹੋਏ ਨਾ ਕੋਇ ਦੀਦਾਰਾ, ਦੀਦ ਈਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਸੁਣਾਈਆ । ਧੁਰ ਦਾ ਹੁਕਮ ਦੇਵੇ ਹੁਕਮਰਾਨ, ਹਰਿ ਕਰਤਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਸਤਿ ਸਤਿਵਾਦੀ ਖ਼ੁਸ਼ੀ ਮਨਾਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਬਲਧਾਰੀ ਲਏ ਅੰਗੜਾਈਆ । ਏਕੰਕਾਰ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਡ ਬਲਵਾਨ, ਬਲਧਾਰੀ ਬਲ ਪਰਗਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਆਪ ਆਪਣੀ ਅੱਖ ਖੁਲ੍ਹਾਈਆ । ਸਚਖੰਡ ਦਵਾਰਾ ਕਰ ਪਰਵਾਨ, ਸਿੰਘਾਸਣ ਆਸਣ ਦਏ ਵਡਿਆਈਆ । ਚਰਨ ਕਵਲ ਖੇਲ ਮਹਾਨ, ਥਿਰ ਘਰ ਸੋਭਾਵੰਤ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚਖੰਡ ਨਿਵਾਸੀ ਵੇਖੇ ਥਿਰ ਘਰ, ਦਰਗਾਹ ਸਾਚੀ ਫੋਲ ਫੁਲਾਇੰਦਾ । ਜਿਸ ਦਵਾਰੇ ਇਕੋ ਸੁਤ ਦੁਲਾਰਾ ਰਿਹਾ ਵੜ, ਸ਼ਬਦੀ ਨਾਉਂ ਜਣਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਵੰਡ ਵੰਡਾਇੰਦਾ । ਨਿਹਕਰਮੀ ਹੋ ਕੇ ਆਪਣੀ ਕਰਨੀ ਰਿਹਾ ਕਰ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਹੁਕਮ ਸੰਦੇਸਾ ਸੁਣ ਨਰਾਇਣ ਨਰ, ਸੀਸ ਜਗਦੀਸ਼ ਝੁਕਾਇੰਦਾ । ਤੂੰ ਮਾਲਕ ਬੇਪਰਵਾਹ ਕਿਰਪਾ ਕਰ, ਸਚ ਤੇਰੀ ਓਟ ਰਖਾਇੰਦਾ । ਮੁਕਾਮੇ ਹਕ ਲਾਸ਼ਰੀਕ ਤੇਰਾ ਡਰ, ਬੇਪਹਿਚਾਨ ਤੇਰੀ ਆਸ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ ਆਦਿ ਪੁਰਖ, ਆਦਨ ਆਦਿ ਜਣਾਈਆ । ਦਏ ਸੰਦੇਸ਼ਾ ਆਪਣਾ ਤੁਰਤ, ਤੁਰੀਆ ਰਾਗ ਨਾ ਕੋਇ ਅਲਾਈਆ । ਨਜ਼ਰੀ ਆਏ ਅਕਾਲ ਮੂਰਤ, ਮੂਰਤੀ ਆਪਣੀ ਨਾ ਕਿਸੇ ਸਮਝਾਈਆ । ਸਭ ਤੋਂ ਵੱਖਰੀ ਨਿਰਾਲੀ ਸੂਰਤ, ਰੂਪ ਰੰਗ ਰੇਖ ਨਾ ਕੋਇ ਰੰਗਾਈਆ । ਆਦਿ ਜੁਗਾਦਿ ਸਦਾ ਹਾਜ਼ਰ ਹਜ਼ੂਰਤ, ਸਾਚੇ ਮੰਦਰ ਸੋਭਾ ਪਾਈਆ । ਆਸਾ ਮਨਸਾ ਆਪਣੀ ਪੂਰਤ, ਪੂਰ ਰਿਹਾ ਸਭ ਠਾਈਆ । ਜਿਸ ਵੇਲੇ ਆਦਿ ਪੁਰਖ ਅਬਿਨਾਸ਼ੀ ਕਰਤੇ ਆਪਣੀ ਕੀਤੀ ਮਹੂਰਤ, ਆਪਣੇ ਹੱਥ ਰੱਖੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਏ ਸਮਝਾਈਆ । ਸਚ ਸੰਦੇਸ਼ਾ ਏਕ, ਏਕੰਕਾਰ ਜਣਾਇਆ । ਸਚ ਸਚ ਸਾਚਾ ਭੇਖ, ਸ੍ਰੀ ਭਗਵਾਨ ਆਪ ਵਟਾਇਆ । ਸਚ ਸਚ ਸਾਚਾ ਦੇਸ, ਸਚਖੰਡ ਦਵਾਰਾ ਇਕ ਸੁਹਾਇਆ । ਸਚ ਸਚ ਸਤਿ ਸੰਦੇਸ਼, ਹਰਿ ਧੁਰ ਦਾ ਰਾਗ ਅਲਾਇਆ । ਸਚ ਸਚ ਸਚ ਨਰੇਸ਼, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਇਆ । ਸਚ ਸਚ ਸਚ ਖੇਲ ਸਦਾ ਹਮੇਸ਼, ਹਰਿ ਕਰਤਾ ਆਪ ਕਮਾਇਆ । ਸਚ ਸਚ ਸਦਾ ਦਰਵੇਸ਼, ਘਰ ਆਪਣੇ ਅਲਖ ਜਗਾਇਆ । ਸਚ ਸਚ ਲਿਖਣਹਾਰਾ ਲੇਖ, ਲੇਖ ਆਪਣੀ ਧਾਰ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇਆ । ਸਾਚੀ ਕਰਨੀ ਕਰੇ ਕਰਤਾਰ, ਆਦਿ ਆਦਿ ਵਡਿਆਈਆ । ਸੁਤ ਦੁਲਾਰਾ ਇਕ ਉਠਾਲ, ਥਿਰ ਘਰ ਖ਼ੁਸ਼ੀ ਮਨਾਈਆ । ਉਠ ਲਾਡਲੇ ਮੇਰੇ ਲਾਲ, ਪੁਰਖ ਅਕਾਲ ਸਮਝਾਈਆ । ਸਤਿ ਦਵਾਰ ਤੇਰੀ ਧਰਮਸਾਲ, ਇਕੋ ਵਾਰ ਬਣਾਈਆ । ਤੈਨੂੰ ਘਾਲਣੀ ਪਏ ਕੋਈ ਨਾ ਘਾਲ, ਮੁਸ਼ੱਕਤ ਹੱਥ ਨਾ ਕੋਇ ਫੜਾਈਆ । ਸਦਾ ਕਰਾਂ ਪ੍ਰਿਤਪਾਲ, ਸਿਰ ਤੇਰੇ ਹੱਥ ਟਿਕਾਈਆ । ਤੇਰਾ ਖੇਲ ਮਹਾਨ, ਮਹਿੰਮਾ ਆਪ

ਜਣਾਈਆ । ਤੇਰੇ ਘਰ ਉਪਜਾਵਾਂ ਬਾਲ, ਵਿਸ਼ਨ ਬ੍ਰਹਮਾ ਸ਼ਿਵ ਨਾਉਂ ਧਰਾਈਆ । ਉਨ੍ਹਾਂ ਨੂੰ ਇਕੋ ਸਿਖਿਆ ਦੇਣੀ ਸਿਖਾਲ, ਸਾਚੀ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਿਤਾ ਜਣਾਈਆ । ਸ਼ਬਦੀ ਸੁਤ ਕਰ ਨਿਮਸਕਾਰ, ਨਮੋ ਨਮੋ ਸੀਸ ਨਿਵਾਇਆ । ਹਰਿ ਠਾਕਰ ਮਿਲੇ ਦਾਤਾਰ, ਵਡ ਦਾਤਾ ਬੇਪਰਵਾਹਿਆ । ਤੇਰਾ ਲੇਖਾ ਅਗੰਮ ਆਪਾਰ, ਅਗੋਚਰ ਭੇਵ ਕੋਇ ਨਾ ਰਾਇਆ । ਤੂੰ ਕਿਰਪਾ ਕੀਤੀ ਆਪਾਰ, ਅਪਰੰਪਰ ਹੋ ਸਹਾਇਆ । ਮੈਂ ਸੇਵਾ ਕਰਾਂ ਬਣਕੇ ਬਰਖ਼ੁਰਦਾਰ, ਬਰਦਾ ਨਾਉਂ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇਆ । ਸੁਣ ਸੁਤ ਸ਼ਬਦ ਮੇਰੇ ਬੱਚੇ, ਆਦਿ ਪੁਰਖ ਸਮਝਾਈਆ । ਮੇਰੇ ਹੁਕਮ ਨਾ ਹੋਵਣ ਕੱਚੇ, ਇਕੋ ਵਾਰੀ ਗੰਢ ਪਵਾਈਆ । ਮੇਰੇ ਧੁਰ ਸੰਦੇਸ਼ੇ ਪਤੇ, ਪਾਤੀ ਲਿਖਣ ਵਾਲੀ ਨਜ਼ਰ ਕੋਇ ਨਾ ਆਈਆ । ਤੇਰੇ ਅੰਤਰ ਆਪੇ ਰੱਖੇ, ਘਰ ਠਾਂਡੇ ਦਏ ਟਿਕਾਈਆ । ਤੇਰੀ ਝੋਲੀ ਪਾ ਕੇ ਆਪਣਾ ਹਕੇ, ਹਾਕਮ ਅਗਲਾ ਦਏ ਬਣਾਈਆ । ਜਿਸ ਨੂੰ ਸਮਝ ਕੋਈ ਨਾ ਸਕੇ, ਬਿਨ ਪ੍ਰਭੂ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦਿਤਾ ਜਣਾਈਆ । ਸੁਤ ਦੁਲਾਰਾ ਸ਼ਬਦ ਸੁਣਕੇ ਬੋਲੀ, ਚਰਨ ਧਿਆਨ ਲਗਾਈਆ । ਮੇਰੇ ਸਾਹਿਬ ਵਾਰੀ ਘੋਲੀ, ਸਦਕੜੇ ਇਕ ਅਖਵਾਈਆ । ਤੇਰੇ ਪ੍ਰੇਮ ਦੀ ਵੇਖ ਅਗੰਮੀ ਹੋਲੀ, ਆਪਣੀ ਖ਼ੁਸ਼ੀ ਬਣਾਈਆ । ਤੂੰ ਠਾਕਰ ਸਾਹਿਬ ਤੋਲ ਪੂਰਾ ਤੋਲੀਂ, ਅਤੁਲ ਤੇਰੀ ਸਰਨਾਈਆ । ਸਚ ਇਕਰਾਰ ਕਰੀਂ ਕੌਲੀ, ਕੌਲ ਆਪਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸੁਤ ਸ਼ਬਦ ਸੁਣ ਮੇਰੇ ਆਜ਼ਜ਼, ਪੁਰਖ ਅਕਾਲ ਜਣਾਇਆ । ਥਿਰ ਘਰ ਤੇਰਾ ਰਹੇ ਸਾਬਤ, ਸਫ਼ਰੀ ਤੇਰਾ ਪੰਧ ਜਣਾਇਆ । ਏਥੇ ਕੋਈ ਨਾ ਆਵੇ ਆਫ਼ਤ, ਸਦ ਉਲਫ਼ਤ ਬੇਪਰਵਾਹਿਆ । ਤੇਰਾ ਮੇਰਾ ਹੋਵੇ ਤੁਆਰਫ਼, ਦੂਜਾ ਰੂਪ ਨਾ ਕੋਇ ਧਰਾਇਆ । ਬਿਨ ਮੇਰੇ ਤੇਰੀ ਕਰੇ ਨਾ ਕੋਇ ਸਫ਼ਾਰਸ਼, ਸਾਹਿਬ ਸਚ ਨਾ ਕੋਇ ਅਖਵਾਇਆ । ਸ਼ਬਦ ਸੁਤ ਤੇਰੀ ਵਡਿਆਈ ਜਗਤ ਵਿਚ ਇਬਾਰਤ, ਲੇਖਾ ਅੱਖਰਾਂ ਨਾਲ ਵਡਿਆਇਆ । ਵਿਦਿਆਵਾਨ ਬਣਾਕੇ ਆਰਫ਼, ਅਲਫ਼ੀ ਚੋਲੀ ਤਨ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਗੰਮਾ ਰਿਹਾ ਖੁਲ੍ਹਾਇਆ । ਸ਼ਬਦ ਸੁਤ ਕਹੇ ਪ੍ਰਭ ਕੀ ਦੱਸੀ ਇਬਾਰਤ, ਮੋਹੇ ਸਮਝ ਜ਼ਰਾ ਨਾ ਆਈਆ । ਮੈਂ ਇਕੋ ਜਾਣਾਂ ਤੂੰ ਮੇਰਾ ਮੈਂ ਤੇਰੀ ਕਰਾਂ ਇਬਾਦਤ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਹੱਥ ਸਰਬ ਸਖ਼ਾਵਤ, ਵਸਤ ਅਮੋਲਕ ਰਿਹਾ ਵਰਤਾਈਆ । ਮੈਂ ਤੇਰੇ ਪਿਆਰ ਪ੍ਰੇਮ ਵਿਚ ਚਰਨਾਂ ਕੋਲ ਅਮਾਨਤ, ਅਮਲਾਂ ਨਾਲ ਸਮਝਾਈਆ । ਤੇਰੇ ਦਰ ਦੀ ਤੱਕ ਕੇ ਇਕ ਜ਼ਮਾਨਤ, ਜ਼ਾਮਨੀ ਆਪਣੀ ਲਈ ਬਣਾਈਆ । ਤੇਰੇ ਮਿਲਣ ਦੀ ਹੋਏ ਨਾ ਕੋਇ ਮਮਾਨਤ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦੇ ਜਣਾਈਆ । ਸ਼ਬਦ ਸੁਤ ਵੇਖ ਮੇਰੀ ਧਾਰ ਆਹ ਨਿਰਅੱਖਰ, ਜੋ ਤੇਰੇ ਵਿਚ ਸਮਾਈਆ । ਜਿਸ ਵੇਲੇ ਤੇਰੇ ਵਿਚੋਂ ਕਰਾਂ ਵੱਖਰ, ਵੱਖਰਾ ਰਾਹ ਬਣਾਈਆ । ਪਹਿਲੋਂ ਪੱਥਰਾਂ ਉਤੇ ਘਸਾ ਕੇ ਪੱਥਰ, ਹਿੰਦਸਿਆਂ ਅੱਖਰਾਂ ਜੋੜ ਜੁੜਾਈਆ । ਨਿਰਗੁਣ ਸਰਗੁਣ ਮੇਲ ਮਿਲਾਕੇ ਤੱਤਾਂ ਨਾਲ ਲਗਾਵਾਂ ਟੱਕਰ, ਠੋਕਰ ਇਕ ਜਣਾਈਆ । ਹਰਫ਼ ਹਰੂਫ਼ ਬਣਾ ਚਲਾਵਾਂ ਸਤਰ, ਥੋੜੀ ਥੋੜੀ ਸਤ੍ਰਾ ਦਿਆਂ ਸਮਝਾਈਆ । ਬਨਾਸਪਤੀ ਵਿਚੋਂ ਉਪਜਾਕੇ ਪੱਤਰ, ਪਾਤਨ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਅਗਲਾ ਲੇਖਾ ਰਿਹਾ ਜਣਾਈਆ । ਸ਼ਬਦ ਸੁਤ ਕਹੇ ਕੀ ਦ੍ਰਿੜਾਵੇਂਗਾ । ਅਗਲਾ ਭੇਵ ਕੀ ਖੁਲ੍ਹਾਵੇਂਗਾ । ਸਾਚੀ ਸੇਵ ਕੀ ਲਗਾਵੇਂਗਾ । ਤੂੰ ਵਡ ਦੇਵੀ ਦੇਵ, ਦੂਜਾ ਰਾਹ ਕੀ ਚਲਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੀ ਆਪਣਾ ਖੇਲ ਖਿਲਾਵੇਂਗਾ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਆਦਿ ਗੁਰ ਸਮਝੌਂਦਾ ਏ । ਸ਼ਬਦ ਸੁਤ ਉਠੌਂਦਾ ਏ । ਬਿਨ ਅੱਖਾਂ ਅੱਖ ਖੁਲ੍ਹੌਂਦਾ ਏ । ਅਗਲਾ ਰਾਹ ਜਣੌਂਦਾ ਏ । ਵਿਸ਼ਨੂੰ ਵਿਸ਼ਵ ਪਰਗਟੌਂਦਾ ਏ । ਬ੍ਰਹਮਾ ਬ੍ਰਹਮ ਉਠੌਂਦਾ ਏ । ਸ਼ੰਕਰ ਧੂੰਆਂ ਧਾਰ ਸਮੌਂਦਾ ਏ । ਤ੍ਰੈਗੁਣ ਵਾਹਵਾ ਵੰਡ ਵਡੌਂਦਾ ਏ । ਪੰਚਮ ਜੋੜ ਜੁੜੌਂਦਾ ਏ । ਚਾਰੇ ਖਾਣੀ ਚਾਰੇ ਬਾਣੀ ਚਾਰੇ ਜੁਗ ਰੰਗ ਰੰਗੌਂਦਾ ਏ । ਅੱਖਰਾਂ ਵਾਲੀ ਅਕਥ ਕਹਾਣੀ, ਢੋਲੇ ਧੁਰ ਦੇ ਆਪ ਸੁਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸ ਇਕ ਨਿਸ਼ਾਨੀ, ਨਿਸ਼ਾਨਾ ਅਵੱਲੜਾ ਤੀਰ ਚਲੌਂਦਾ ਏ । ਨਿਸ਼ਾਨਾ ਅਵੱਲੜਾ ਤੀਰ ਚਲਾਵਾਂਗਾ । ਗੁਣੀ ਗਹੀਰ ਹੋ ਕੇ ਖੇਲ ਖਿਲਾਵਾਂਗਾ । ਲਾ ਤਸਵੀਰ ਤਸਵੀਰ ਇਕ ਪਰਗਟਾਵਾਂਗਾ । ਬੇਨਜ਼ੀਰ ਨਜ਼ਰ ਆਪਣੀ ਆਪ ਛੁਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਸ਼ਬਦ ਸੁਤ ਤੇਰਾ ਹੁਕਮ ਵਰਤਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸਾਚਾ ਤੁਖ਼ਮ, ਤਾਸੀਰ ਤੇਰੇ ਨਾਲ ਮਿਲਾਵਾਂਗਾ । ਧੁਰ ਦੀ ਧਾਰੋਂ ਆਪੇ ਉਤਰ, ਤੇਰੇ ਪੁੱਤਰ ਮਾਣ ਦਵਾਵਾਂਗਾ । ਤੂੰ ਮੇਰਾ ਕਰਨਾ ਸ਼ੁਕਰ, ਸਿਰ ਤੇਰੇ ਹੱਥ ਟਿਕਾਵਾਂਗਾ । ਸਾਚੀ ਗੋਦੀ ਚੁੱਕ ਕੇ ਕੁੱਛੜ, ਲੋਰੀਆਂ ਦੇਕੇ ਆਪ ਉਠਾਵਾਂਗਾ । ਵੇਖੀਂ ਆਦਿ ਅੰਤ ਨਾ ਜਾਵੀਂ ਮੁੱਕਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸੁਤ ਸ਼ਬਦ ਕਹੇ ਮੈਂ ਮੰਨਦਾ ਹਾਂ । ਤੇਰੇ ਹੁਕਮ ਅੰਦਰ ਬਣ ਜਣਨੀ ਜਨ ਜਨਦਾ ਹਾਂ । ਸਾਚਾ ਬੇੜਾ ਇਕੋ ਬੰਨ੍ਹਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਲੇਖਾ ਪੁੱਛਾਂ ਇਕੋ ਗੱਲ ਦਾ ਹਾਂ । ਇਕੋ ਗੱਲ ਪੁੱਛ ਪੁਛੌਂਦਾ ਹਾਂ । ਤੇਰੇ ਅੱਗੇ ਸੀਸ ਨਿਵੌਂਦਾ ਹਾਂ । ਦੋਏ ਜੋੜ ਵਾਸਤਾ ਪੌਂਦਾ ਹਾਂ । ਆਪਣਾ ਭਰਮ ਦੂਰ ਕਰੌਂਦਾ ਹਾਂ । ਤੇਰਾ ਕਰਮ ਸਚ ਕਮੌਂਦਾ ਹਾਂ । ਵਿਸ਼ਨ ਬ੍ਰਹਮਾ ਸ਼ਿਵ ਜਨਮ ਦਵੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗੌਂਦਾ ਹਾਂ । ਦਰ ਤੇਰੇ ਮੰਗ ਮੰਗਾਵਾਂਗਾ । ਆਦਿ ਪੁਰਖ ਆਦਿ ਇਕੋ ਅਰਜ਼ ਸੁਣਾਵਾਂਗਾ । ਜਿਸ ਵੇਲੇ ਤੇਰਾ ਬ੍ਰਹਿਮੰਡ ਖੰਡ ਹੋਵੇ ਆਬਾਦ, ਪੁਰੀ ਲੋਅ ਆਕਾਸ਼ ਪਾਤਾਲ ਸੋਭਾ ਪਾਵਾਂਗਾ । ਨਿਰਗੁਣ ਸਰਗੁਣ ਹੋ ਕੇ ਕਰਾਂ ਖੇਲ ਤਮਾਸ਼, ਚਾਰੇ ਖਾਣੀ ਵੰਡ ਵੰਡਾਵਾਂਗਾ । ਸਤਿ ਸਰੂਪੀ ਹੋ ਕੇ ਮਾਰੇਂ ਆਵਾਜ਼, ਢੋਲਾ ਤੇਰਾ ਨਾਦ ਸੁਣਾਵਾਂਗਾ । ਜਿਸ ਵੇਲੇ ਖੋਲ੍ਹੇਂ ਆਪਣਾ ਰਾਜ਼, ਪੜਦਾ ਓਹਲਾ ਸਰਬ ਚੁਕਾਵਾਂਗਾ । ਜੁਗ ਚੌਕੜੀ ਤੇਰਾ ਲਾ ਕੇ ਜਗਤ ਰਿਵਾਜ, ਸਮਾਜ ਤੇਰਾ ਇਕ ਸਮਝਾਵਾਂਗਾ । ਸ਼ਹਿਨਸ਼ਾਹ ਤੇਰੇ ਸਿਰ ਤੇ ਤੱਕ ਕੇ ਤਾਜ, ਤਖ਼ਤ ਨਿਵਾਸੀ ਤੈਨੂੰ ਸੀਸ ਨਿਵਾਵਾਂਗਾ । ਮਾਣਸ ਮਾਨੁਖ ਕੋਟਨ ਕੋਟ ਬੇਸ਼ਕ ਕਰਕੇ ਜਾਣ ਰਾਜ, ਰਈਅਤ ਸ੍ਰਿਸ਼ਟੀ ਤੇਰੀ ਮੈਂ ਪਰਗਟਾਵਾਂਗਾ । ਅੰਤ ਭਗਵੰਤ ਜੁਗ ਚੌਕੜੀ ਵੇਖ ਕੇ ਖੇਲ ਤਮਾਸ਼, ਖ਼ਾਲਕ ਖ਼ਲਕ ਤੇਰੀ ਵੇਖ ਵੇਖ ਖ਼ੁਸ਼ੀ ਮਨਾਵਾਂਗਾ । ਸਚ ਦੱਸ ਮੇਰੀ ਕਿਸ ਵੇਲੇ ਪੂਰੀ ਕਰੇਂ ਆਸ, ਆਸਾ ਨਾਲ ਭਰਵਾਸਾ ਇਕ ਰਖਾਵਾਂਗਾ । ਤੂੰ ਦਾਤਾ ਸਾਹਿਬ ਸਰਬ ਗੁਣਤਾਸ, ਦੂਜੇ ਦਰ ਨਾ ਮੰਗਣ ਜਾਵਾਂਗਾ । ਸ੍ਰੀ ਭਗਵਾਨ ਕਿਹਾ

੮੫੨
੧੭

੮੫੩
੧੭

ਸ਼ਾਬਾਸ਼, ਬੱਚਿਆ ਸਿਰ ਤੇਰੇ ਹੱਥ ਟਿਕਾਵਾਂਗਾ । ਜਿਸ ਵੇਲੇ ਕੋਟਨ ਕੋਟ ਗੋਪੀ ਕਾਹਨ ਪਾ ਕੇ ਜਾਣ ਰਾਸ, ਸੀਤਾ ਰਾਮ ਬਨਬਾਸ ਵਿਚ ਫਿਰਾਵਾਂਗਾ । ਪੀਰ ਪੈਗ਼ੰਬਰ ਹੋ ਕੇ ਜਾਣ ਉਦਾਸ, ਉਦਾਸੀ ਬੈਰਾਗੀ ਸਨਿਆਸੀ ਸਰਬ ਦਰਸਾਵਾਂਗਾ । ਗੁਰੂ ਗੁਰ ਮਾਰ ਕੇ ਜਾਣ ਆਵਾਜ਼, ਉਚੀ ਉਚੀ ਰਾਗ ਅਲਾਵਾਂਗਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰਾ ਬਦਲ ਕੇ ਅੰਤ ਰਿਵਾਜ, ਰਵਾਇਤ ਆਪਣੀ ਇਕ ਸਮਝਾਵਾਂਗਾ । ਜਨ ਭਗਤਾਂ ਰਚਕੇ ਸੋਹਣਾ ਕਾਜ, ਧਰਮ ਸਮਾਜ ਇਕ ਬਣਾਵਾਂਗਾ । ਗੋਬਿੰਦ ਮਾਲੀ ਬਣਾ ਕੇ ਬੂਟੇ ਬਾਗ, ਬਗ਼ੀਚਾ ਸੋਹਣਾ ਵੇਖ ਵਖਾਵਾਂਗਾ । ਦੁਰਮਤ ਮੈਲ ਧੋ ਕੇ ਦਾਗ਼, ਚਤੁਰ ਸੁਘੜ ਰੂਪ ਪਰਗਟਾਵਾਂਗਾ । ਹੰਸ ਬਣਾ ਕੇ ਕਾਗ, ਹੰਸਾ ਡਾਰ ਮਿਲਾਵਾਂਗਾ । ਜਿਸ ਵੇਲੇ ਬੇੜਾ ਡੁੱਬਦਾ ਦਿਸੇ ਜਹਾਜ਼, ਗੁਰਮੁਖ ਸਾਚੇ ਬਾਹਰ ਕਢਾਵਾਂਗਾ । ਸ਼ਬਦ ਸੁਤ ਮੇਰੀ ਨਿਸ਼ਾਨੀ ਪੰਜ ਮੁਖ ਦਾ ਸੀਸ ਤੇ ਤਾਜ, ਸੋਹੰ ਰੂਪ ਰਖਾਵਾਂਗਾ । ਪਿਛਲੀ ਫੇਰ ਕਰਾ ਕੇ ਯਾਦ, ਯਦ ਆਪਣੀ ਆਪ ਉਠਾਵਾਂਗਾ । ਧੁਰ ਦਾ ਮਾਲਕ ਖ਼ਾਲਕ ਬਣ ਕੇ ਗਾਡ, ਲਾਸ਼ਰੀਕ ਨੂਰ ਚਮਕਾਵਾਂਗਾ । ਵਾਹਿਗੁਰੂ ਅੱਲਾ ਬਣ ਕੇ ਪਾਕ, ਰਾਮ ਰਹੀਮ ਆਪ ਅਖਵਾਵਾਂਗਾ । ਦਰਗਾਹ ਸਾਚੀ ਖੋਲ੍ਹ ਕੇ ਤਾਕ, ਥਿਰ ਘਰ ਕੁੰਡਾ ਆਪ ਖੁਲ੍ਹਾਵਾਂਗਾ । ਲਹਿਣਾ ਦੇਣਾ ਸਭ ਦਾ ਕਰ ਬੇਬਾਕ, ਹਿੱਸਾ ਤੇਰੀ ਝੋਲੀ ਪਾਵਾਂਗਾ । ਮੇਰੇ ਮਿਲਣ ਦਾ ਹੋਏ ਜਗਤ ਇਤਫ਼ਾਕ, ਇਤਫ਼ਾਕੀਆ ਫੇਰਾ ਪਾਵਾਂਗਾ । ਮੈਂ ਅੱਖਰਾਂ ਦਾ ਹੋਵਾਂ ਨਾ ਕਦੇ ਮੁਹਤਾਜ, ਸਤਰਾਂ ਵਿਚ ਨਾ ਵੰਡ ਵੰਡਾਵਾਂਗਾ । ਅਲਖ ਅਗੰਮ ਅਥਾਹ ਮੇਰਾ ਖੇਲ ਤਮਾਸ਼, ਕੋਟਨ ਨਟੂਏ ਨਾਚ ਨਚਾਵਾਂਗਾ । ਸਭ ਦੀ ਪੂਰੀ ਕਰਨਹਾਰਾ ਆਸ, ਅਸਲ ਆਪਣਾ ਰੂਪ ਦਰਸਾਵਾਂਗਾ । ਜਿਸ ਨੂੰ ਸੁਣਿਆ ਸਚਖੰਡ ਕਰਦਾ ਵਾਸ, ਸੋ ਵਾਸਤਾ ਭਗਤਾਂ ਨਾਲ ਜੁੜਾਵਾਂਗਾ । ਦੂਰੋਂ ਚਲ ਕੇ ਨੇੜੇ ਆਵਾਂ ਪਾਸ, ਸਫ਼ਰੀ ਹੋ ਕੇ ਪੰਧ ਮੁਕਾਵਾਂਗਾ । ਜੋ ਜੀਵ ਜਗਤ ਹੋਣ ਬਦਮਾਸ਼, ਬੁੱਧੀ ਸਭ ਦੀ ਅੰਤ ਖਪਾਵਾਂਗਾ । ਡੋਰੀ ਧੁਰ ਦੀ ਪਾ ਕੇ ਨਕੇਲ ਨਾਕ, ਚੌਦਾਂ ਤਬਕ ਚੌਦਾਂ ਲੋਕ ਨਚਾਵਾਂਗਾ । ਸਭ ਤੋਂ ਵੱਖਰੀ ਅਨੋਖੀ ਮੈਨੂੰ ਜਾਚ, ਆਪਣੀ ਸਿਖਿਆ ਨਾ ਕੋਇ ਸਮਝਾਵਾਂਗਾ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਜਾਵਣ ਭਾਖ, ਭਾਸ਼ਾ ਸਭ ਦੀ ਅੰਤ ਉਲਟਾਵਾਂਗਾ । ਮੈਨੂੰ ਸਾਰੇ ਕਹਿੰਦੇ ਜੋਧਾ ਸੂਰਬੀਰ ਰਾਠ, ਰੱਟੇ ਘਰ ਘਰ ਵੇਖ ਵਖਾਵਾਂਗਾ । ਕੀ ਹੋਇਆ ਜੇ ਬੀਕਾਨੇਰ ਤੋਂ ਚਲ ਕੇ ਆ ਗਿਆ ਘਾਟ, ਚਾਰ ਜੁਗ ਦੇ ਵਿਛੜੇ ਦੋ ਜਹਾਨ ਦੇ ਮੇਲੀ ਪਾਰ ਕਰਾਵਾਂਗਾ । ਸੋਲਾਂ ਕੱਤਕ ਦੀ ਉਹ ਯਾਦ ਆਈ ਰਾਤ, ਜਿਸ ਰਾਤ ਵਿਚ ਰਾਤੀਂ ਰੁੱਤ ਸੁਹਾਵਾਂਗਾ । ਸੰਗਤ ਵਿਚੋਂ ਲਾਲ ਵਰਗੀ ਵਿਛੜਨ ਵਾਲੀ ਸੀ ਜ਼ਾਤ, ਜ਼ਾਤ ਆਪਣੀ ਉਹਨੂੰ ਸਮਝਾਵਾਂਗਾ । ਉਹ ਕਿਹੜੀ ਜਗਤ ਵਫ਼ਾਤ, ਫ਼ਾਤਿਆ ਕਿਸ ਦਾ ਅੰਤ ਪੜ੍ਹਾਵਾਂਗਾ । ਅਜੇ ਮਿਲਣ ਵਾਲੀ ਸੀ ਪਿਛਲੀ ਜਮਾਤ, ਜਿਨ੍ਹਾਂ ਦਾ ਅੱਖਰ ਇਕ ਸਮਝਾਵਾਂਗਾ । ਰਵਦਾਸ ਚਮਾਰੇ ਪਿਛਲੀ ਚਵੱਨੀ ਅੱਗੇ ਰੱਖੀ ਯਾਦ, ਧੁਰ ਦਾ ਭੇਵ ਖੁਲ੍ਹਾਵਾਂਗਾ । ਬ੍ਰਾਹਮਣ ਫੇਰ ਆਣ ਪਈ ਅਫ਼ਾਤ, ਨੌ ਜਨਮ ਦਾ ਵਿਛੜਿਆ ਜੋੜ ਜੁੜਾਵਾਂਗਾ । ਚਾਰ ਕਹਾਰਾਂ ਡੋਲੀ ਵਾਲਾ ਲੇਖਾ ਕਰਨਾ ਬੇਬਾਕ, ਤੇਲੀ ਲਹਿਣਾ ਝੋਲੀ ਪਾਵਾਂਗਾ । ਸ਼ਬਦ ਸੁਤ ਨੇ ਮਾਰੀ ਇਕ ਆਵਾਜ਼, ਪ੍ਰਭੂ ਤੇਰੇ ਅੱਗੇ ਸੀਸ ਨਿਵਾਵਾਂਗਾ । ਜਿਸ ਵੇਲੇ ਮੇਰੀ ਰਚਨਾ ਰਚੀ ਆਦਿ, ਵੇਲਾ ਚੇਤਾ ਉਹ ਕਰਾਵਾਂਗਾ । ਅਬਿਨਾਸ਼ੀ ਕਰਤੇ ਕਿਹਾ ਮੈਂ ਲੇਖਾ ਲਵਾਂ ਕਾਢ, ਆਪਣਾ ਹਿਸਾਬ ਵਖਾਵਾਂਗਾ । ਮੈਂ ਧੁਰ ਦਾ ਸ਼ਾਹ ਨਵਾਬ, ਕੀਤੀ ਕਰਨੀ ਭੁੱਲ ਨਾ ਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਰਜ਼ ਸੁਣਾਵਾਂਗਾ । ਸ੍ਰੀ ਭਗਵਾਨ ਲੇਖਾ ਆਪ ਕਢੌਂਦਾ

ਏ । ਸੁਤ ਦੁਲਾਰੇ ਸਚ ਸਮਝੌਂਦਾ ਏ । ਪਿਛਲੀ ਯਾਦ ਕਰਾਈ ਆਪਣੀ ਮੱਤ, ਮਤਾਲਿਆ ਫੇਰ ਉਹ ਵਖੌਂਦਾ ਏ । ਔਹ ਵੇਖ ਉਹ ਸਰੂਪ ਸਤਿ, ਸਤਿ ਜਿਸ ਵਿਚੋਂ ਧਾਰ ਚਲੌਂਦਾ ਏ । ਤੇਰਾ ਇਨ੍ਹਾਂ ਉਤੇ ਹਕ, ਹਕੀਕਤ ਤੇਰੇ ਹੱਥ ਫੜੌਂਦਾ ਏ । ਜਿਸ ਵੇਲੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਜਾਵੇ ਥੱਕ, ਥਕਾਵਟ ਵਿਚ ਸਰਬ ਵਖੌਂਦਾ ਏ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪ੍ਰਭ ਲੱਭਣ ਨੂੰ ਪੈਣ ਨੱਠ, ਚਾਰੋਂ ਕੁੰਟ ਆਪ ਭਵੌਂਦਾ ਏ । ਫਿਰੇ ਦਰੋਹੀ ਤੀਰਥ ਅਠਸਠ, ਮੱਕਾ ਕਾਅਬਾ ਮਾਤ ਕੁਰਲੌਂਦਾ ਏ । ਝਗੜਾ ਹੋਵੇ ਸ਼ਿਵਦਵਾਲੇ ਮੰਦਰ ਮਸਜਿਦ ਮੱਠ, ਗੁਰੂਦਵਾਰ ਗੁਰੂ ਮੁਖ ਨਾ ਕੋਇ ਵਖੌਂਦਾ ਏ । ਤੇਰੀ ਕਰਨੀ ਸਾਰੇ ਜਾਣ ਛੱਡ, ਹਿਰਦੇ ਹਰਿ ਨਾ ਕੋਇ ਵਸੌਂਦਾ ਏ । ਧੁਰ ਮਾਲਕ ਨਾਲੋਂ ਹੋਵਣ ਅੱਡ, ਸਾਚਾ ਜੋੜ ਨਾ ਕੋਇ ਜੁੜੌਂਦਾ ਏ । ਕੂੜੀ ਕਿਰਿਆ ਕਰਨ ਲਾਡ, ਆਤਮ ਪਰਮਾਤਮ ਪ੍ਰੇਮ ਨਾ ਕੋਇ ਵਧੌਂਦਾ ਏ । ਧੀ ਪੁੱਤਰ ਬਣਾ ਕੇ ਸੱਜਣ ਸਾਕ, ਨਾਰ ਕੰਤ ਜਗਤ ਹੰਢੌਂਦਾ ਏ । ਮਾਇਆ ਮਮਤਾ ਮੰਗਣ ਦਾਤ, ਤ੍ਰਿਸਨਾ ਲੋਭ ਮੋਹ ਹੰਕਾਰ ਵਰਤੌਂਦਾ ਏ । ਲੇਖਾ ਕੋਇ ਨਾ ਹੋਏ ਬੇਬਾਕ, ਬਾਕੀ ਸਭ ਦੀ ਵੇਖ ਵਖੌਂਦਾ ਏ । ਥੋੜਿਆਂ ਭਗਤਾਂ ਦੇ ਕੇ ਆਪਣੀ ਯਾਦ, ਯਦੀ ਆਪਣਾ ਨਾਮ ਸਮਝੌਂਦਾ ਏ । ਓਸ ਵੇਲੇ ਤੈਨੂੰ ਸੁਣਾਵੇ ਅਗੰਮੀ ਬਾਤ, ਕਹਾਣੀ ਇਕ ਵਖੌਂਦਾ ਏ । ਸਫ਼ਰ ਕਰਦਿਆਂ ਕਰਦਿਆਂ ਜੰਮਦਿਆਂ ਮਰਦਿਆਂ ਜੀਦਿਆਂ ਜਾਗਦਿਆਂ ਭਾਗਾਂ ਭਰੀ ਆਵੇ ਉਹ ਰਾਤ, ਜਿਸ ਦਾ ਰਾਹ ਪੰਦਰਾਂ ਕੱਤਕ ਤਕੌਂਦਾ ਏ । ਸੋਲਾਂ ਕੱਤਕ ਦੀ ਦੱਸਾਂ ਗਾਥ, ਅਕਥ ਕਹਾਣੀ ਆਪ ਦ੍ਰਿੜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਸਮਝੌਂਦਾ ਏ । ਧੁਰ ਦਾ ਲੇਖਾ ਦੱਸੇ ਅਕਾਲ, ਅਕਲ ਕਲਾ ਵਡਿਆਈਆ । ਜਿਸ ਵੇਲੇ ਹੁਕਮ ਦਿਤਾ ਧੁਰ ਦੇ ਲਾਲ, ਸ਼ਬਦ ਕਰੀ ਜਣਾਈਆ । ਵਿਸ਼ਨੂੰ ਅੱਗੇ ਰਖਿਆ ਇਕ ਸਵਾਲ, ਸੱਤ ਪੱਤਰੇ ਦਿਤੇ ਫੜਾਈਆ । ਬ੍ਰਹਮੇ ਤੂੰ ਵੀ ਪੱਤ ਰੱਖ ਸੰਭਾਲ, ਸ੍ਰੀ ਭਗਵਾਨ ਆਪ ਸਮਝਾਈਆ । ਸ਼ੰਕਰ ਤੇਰੇ ਨਿਭਣ ਨਾਲ, ਦੇਵਣਹਾਰ ਵਡਿਆਈਆ । ਤਿੰਨੇ ਲਿਖੋ ਸੱਤਾਂ ਸੱਤਾਂ ਸੱਤਾਂ ਉਤੇ ਅਹਿਵਾਲ, ਕਿਸ ਬਿਧ ਤੁਹਾਡੀ ਬਣਤ ਬਣਾਈਆ । ਸਾਰੇ ਹੋ ਗਏ ਹੈਰਾਨ, ਨਜ਼ਰੀ ਆਏ ਨਾ ਪਿਤਾ ਮਾਈਆ । ਅਗੰਮੀ ਹੁਕਮ ਕਿਹਾ ਸ੍ਰੀ ਭਗਵਾਨ, ਸਚ ਦਿਆਂ ਸੁਣਾਈਆ । ਸ਼ਬਦ ਸੁਤ ਰੱਖਣਾ ਧਿਆਨ, ਧਿਆਨੀ ਧਿਆਨ ਦ੍ਰਿੜਾਈਆ । ਜਿਸ ਵੇਲੇ ਆਪ ਹੋਵਾਂ ਪਰਧਾਨ, ਲੋਕਮਾਤ ਵੇਸ ਵਟਾਈਆ । ਸਾਚੀ ਖੇਲ ਕਰਾਂ ਮਹਾਨ, ਮਹਿੰਮਾ ਅਕਥ ਸੁਣਾਈਆ । ਨਾਤਾ ਤੋੜ ਸ਼ਾਸਤਰ ਸਿਮਰਤ ਵੇਦ ਪੁਰਾਨ, ਇਕੋ ਢੋਲਾ ਰਾਗ ਸਮਝਾਈਆ । ਸਾਚਾ ਮਾਰਗ ਦੱਸ ਵਿਚ ਜਹਾਨ, ਜਹਾਲਤ ਕੂੜੀ ਦਿਆਂ ਗਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੱਖਰਾ ਵੱਖਰਾ ਮਿਲਦਾ ਰਿਹਾ ਭਗਤਾਂ ਆਣ, ਨਿਤ ਨਵਿਤ ਆਪਣਾ ਵੇਸ ਵਟਾਈਆ । ਨਵ ਨੌ ਚਾਰ ਪਿਛੋਂ ਹੋਵਾਂ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਜਨ ਭਗਤਾਂ ਦੇਵਾਂ ਧੁਰ ਦਾ ਦਾਨ, ਦਾਤਾ ਹੋ ਕੇ ਝੋਲੀ ਨਾਮ ਭਰਾਈਆ । ਘਰ ਸੁਰਤੀ ਸਵਾਮੀ ਮਿਲ ਜਾਏ ਕਾਹਨ, ਬਾਹਰੋਂ ਢੂੰਡਣ ਕੋਇ ਨਾ ਜਾਈਆ । ਜਿਹੜਾ ਰਾਮ ਦਸਰਥ ਬੇਟਾ ਵਿਚ ਜਹਾਨ, ਤਿਸ ਦਾ ਰਾਮ ਰਹਿਮਤ ਆਪ ਕਮਾਈਆ । ਪੀਰ ਪੈਗ਼ੰਬਰ ਮੁਹੰਮਦ ਈਸਾ ਮੂਸਾ ਜਿਸਦਾ ਕਲਮਾ ਗਾਣ, ਕਾਇਨਾਤ ਖ਼ੁਸ਼ੀ ਵਖਾਈਆ । ਨਾਨਕ ਗੋਬਿੰਦ ਜਿਸ ਦਾ ਸੁਣਨ ਫ਼ਰਮਾਨ, ਸੋ ਧੁਰ ਸੰਦੇਸ਼ਾ ਰਿਹਾ ਜਣਾਈਆ । ਸ਼ਬਦ ਸੁਤ ਤੇਰਾ ਰੱਖਾਂ ਮਾਣ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਸਿੱਧਾ ਮਿਲਾਂ ਆਣ, ਸਾਧਕ

ਸਿਧ ਸਮਝ ਨਾ ਰਾਈਆ । ਸਮਾਜ ਸਮਝੇ ਨਾ ਕੋਇ ਗਿਆਨ, ਬੇਪਹਿਚਾਨ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਧਿਆਨ, ਦਹਿ ਦਿਸ਼ਾ ਅੱਖ ਖੁਲ੍ਹਾਈਆ । ਜਿਸ ਵੇਲੇ ਆਪ ਪ੍ਰਭੂ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਇੱਕੀ ਪਤਰੇ ਤੁਹਾਡੇ ਛੱਡੇ ਓਸ ਵੇਲੇ ਕਰੇ ਪਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਚਲਦਾ ਪਿਛੇ ਓਸੇ ਘਰ ਪਹੁੰਚਾਈਆ । ਓਸੇ ਘਰ ਜਾਓ ਆ, ਜੋ ਸੋਲਾਂ ਕੱਤਕ ਦਏ ਵਡਿਆਈਆ । ਜਿਸ ਦਾ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋ ਠਾਕਰ ਸਰਬ ਮਲਾਹ, ਬੇੜਾ ਕੰਧ ਉਠਾਈਆ । ਜੋ ਗੁਰੂ ਅਵਤਾਰ ਪੀਰ ਪੈਗ਼ੰਬਰ ਬਣਾਏ ਗਵਾਹ, ਖਾਣੀ ਬਾਣੀ ਸ਼ਹਾਦਤ ਨਾਲ ਰਲਾਈਆ । ਜੋ ਭਗਤ ਭਗਵਾਨ ਦਏ ਸਲਾਹ, ਧੁਰ ਦੀ ਸਿਖਿਆ ਇਕ ਪੜ੍ਹਾਈਆ । ਜੋ ਲੇਖ ਲਿਖਾਏ ਕਲਮ ਸ਼ਾਹ, ਕਾਗ਼ਜ਼ ਦਏ ਵਡਿਆਈਆ । ਜੋ ਵੇਖੇ ਥਲ ਅਸਗਾਹ, ਘਟ ਘਟ ਰਿਹਾ ਸਮਾਈਆ । ਜੋ ਰਹਿਬਰ ਨੂਰ ਖ਼ੁਦਾ, ਜਲਵਾਗਰ ਸੱਚਾ ਸ਼ਹਿਨਸ਼ਾਹੀਆ । ਜੋ ਮੁਕਾਮੇ ਹਕ ਬੈਠਾ ਡੇਰਾ ਲਾ, ਸਚਖੰਡ ਦਵਾਰੇ ਸਚ ਸਿੰਘਾਸਣ ਇਕ ਬਣਾਈਆ । ਜਿਸ ਦਾ ਲਹਿਣਾ ਦੋ ਜਹਾਂ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜਿਸਨੂੰ ਬ੍ਰਹਮਾ ਸ਼ਿਵ ਵਿਸ਼ਨ ਰਹੇ ਧਿਆ, ਕਰੋੜ ਤੇਤੀਸ ਲਾਗਣ ਪਾਈਆ । ਜਿਸ ਨੂੰ ਗਣ ਗੰਧਰਬ ਰਹੇ ਗਾ, ਕਿੰਨਰ ਜੱਛਪ ਨਾਚ ਨਚਾਈਆ । ਜਿਸ ਦੀਆਂ ਮਧਰ ਧੁਨਾਂ ਰਹੇ ਗਾ, ਸੁੰਨ ਸਮਾਧ ਸਮਾਈਆ । ਜਿਸ ਨੂੰ ਆਦਿ ਪੁਰਖ ਰਹੇ ਮਨਾ, ਪਤਿਪਰਮੇਸ਼ਵਰ ਵਡ ਵਡਿਆਈਆ । ਜਿਸ ਨੂੰ ਲਾਲ ਸੁਰਖ ਰੰਗ ਰਹੇ ਚੜ੍ਹਾ, ਸੋ ਸਭ ਦੀਆਂ ਸੁਰਖ਼ੀਆਂ ਫੋਲ ਫੁਲਾਈਆ । ਜਿਨ੍ਹ ਛੋਟੇ ਛੋਟੇ ਤੁਖ਼ਮ ਆਪਣੇ ਵਿਚੋਂ ਲਏ ਪਰਗਟਾ, ਹੁਕਮ ਇਕੋ ਇਕ ਜਣਾਈਆ । ਸੋ ਮੌਕੇ ਉਤੇ ਮਾਲਕ ਹੋ ਕੇ ਜਾਵੇ ਆ, ਵੇਖੇ ਖ਼ਾਲਕ ਖ਼ਲਕ ਖ਼ੁਦਾਈਆ । ਸਫ਼ਰੀ ਜੇ ਪੰਧ ਮੁਕਿਆ ਸ਼ੁਕਰ ਕਰੋ ਓਸ ਖ਼ੁਦਾ, ਜੋ ਖ਼ੁਦ ਘਰ ਘਰ ਬੈਠਾ ਡੇਰਾ ਲਾਈਆ । ਓਸ ਦੇ ਚਰਨਾਂ ਹੋਵੋ ਫ਼ਿਦਾ, ਜੇਹੜੀ ਸਭ ਦੀ ਫ਼ਿਤਰਤ ਵੇਖ ਵਖਾਈਆ । ਸੋਲ੍ਹਾਂ ਜਨਮ ਬੈਠਾ ਰਿਹੋਂ ਜੁਦਾ, ਜੁਗਤੀ ਹੱਥ ਨਾ ਕਿਸੇ ਫੜਾਈਆ । ਤਿਨ੍ਹਾਂ ਦੀ ਭੁਲਣਾ ਪਿਛੇ ਮਿਲਿਉਂ ਆ, ਗੁਰ ਪਰਸ਼ਾਦਿ ਦਏ ਗਵਾਹੀਆ । ਰਵਿਦਾਸ ਚਮਾਰਾ ਲੇਖਾ ਲਿਖੇ ਨਾਲ ਚਾਅ, ਚਾਓ ਘਨੇਰਾ ਇਕ ਜਣਾਈਆ । ਦੁਆਬੇ ਦੋਹਰਾ ਤਾਲ ਦਿਤਾ ਵਜਾ, ਦੁਤੀਆ ਭਾਓ ਚੁਕਾਈਆ । ਹਰਿ ਸੰਗਤ ਮੇਲ ਮਿਲਾ, ਮਿਲਣੀ ਜਗਦੀਸ਼ ਕਰਾਈਆ । ਜਿਸ ਦਾ ਸਮਝ ਨਾ ਆਵੇ ਕਿਸੇ ਰਾਹ, ਸੋ ਰਹਿਬਰ ਬਣ ਕੇ ਖ਼ੁਸ਼ੀ ਵਖਾਈਆ । ਕੋਈ ਭੇਵ ਨਾ ਜਾਣੇ ਕਿਉਂ ਰੁਵਾਵੇ ਕਿਉਂ ਲਵੇ ਹਸਾ, ਹਸਤੀ ਵਿਚ ਮਸਤੀ ਕਿਵੇਂ ਚੜ੍ਹਾਈਆ । ਰੁੱਤ ਬਸੰਤੀ ਦੇਵੇ ਜਣਾ, ਨਾਰ ਕੰਤੀ ਮੇਲ ਮਿਲਾਈਆ । ਇੱਕੀਆਂ ਵਰਕਿਆਂ ਦੀ ਇਕੋ ਪੰਗਤੀ ਦਿਤੀ ਛੁੜਾ, ਪੰਡਤੀ ਧਾਰ ਨਾ ਕੋਇ ਬੰਧਾਈਆ । ਸਾਚੀ ਬੰਦਗੀ ਦਏ ਸਮਝਾ, ਬੰਦਨਾ ਇਕ ਸਰਨਾਈਆ । ਮੁਛੰਦਗੀ ਦੂਜਿਆਂ ਦੀ ਛੱਡ ਕੇ ਪ੍ਰਭ ਦਾ ਵੇਖੋ ਇਕੋ ਸਿੱਧਾ ਰਾਹ, ਗੋਬਿੰਦ ਇਸ਼ਾਰਿਆਂ ਨਾਲ ਜਣਾਈਆ । ਨਿਰਗੁਣ ਹੋ ਕੇ ਬਣ ਕੇ ਆਇਆ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਜਿਸ ਨੂੰ ਫੇਰ ਜੰਮੇ ਨਾ ਗੁਜਰੀ ਮਾਂ, ਉਹ ਗੋਬਿੰਦ ਨੂਰ ਖ਼ੁਦਾਈਆ । ਬਿਸਮਲ ਰੂਪ ਹੋ ਕੇ ਰਿਹਾ ਸਮਾ, ਇਸਮ ਆਜ਼ਮ ਇਕ ਦ੍ਰਿੜਾਈਆ । ਓਸ ਦੀ ਕਿਸਮ ਜਾਣੇ ਖ਼ੁਦਾ, ਜਿਸ ਦੀ ਕਸਮ ਓਸ ਨੇ ਖਾਈਆ । ਜਿਸ ਨੇ ਆਪਣੀ ਭਸਮ ਦੀਦ ਚਸ਼ਮ ਜਿਸਮ ਸਮੇਤ ਦਿਤੀ ਜਲਾ, ਖ਼ਾਕੀ ਖ਼ਾਕ ਵਿਚ ਉਡਾਈਆ । ਕੋਈ ਨਾ ਜਾਣੇ ਕਿਉਂ ਉਡ ਗਈ ਵਿਚ ਹਵਾ, ਪਾਤਾਲ ਆਕਾਸ਼ ਫਿਰਾਈਆ ।

ਗੋਬਿੰਦ ਕਿਹਾ ਮੈਂ ਜ਼ਿਮੀ ਤੋਂ ਉਤੇ ਅਸਮਾਨਾਂ ਤੋਂ ਪਰੇ ਗੁਰਮਖ ਜਾਂਦਿਆਂ ਦਿਆਂ ਸਮਝਾ, ਸਭ ਦਾ ਮਾਲਕ ਇਕ ਅਖਵਾਈਆ । ਏਸੇ ਕਰਕੇ ਅੰਗੀਠਾ ਨਹੀਂ ਦਿਤਾ ਫੁਲਾ, ਹੱਡੀਆਂ ਗੋਦਾਵਰੀ ਨਾ ਕੋਇ ਰੁੜ੍ਹਾਈਆ । ਮੇਰੇ ਅੰਗੀਠੇ ਅੰਦਰ ਕੋਟਨ ਕੋਟ ਗੁਰਮੁਖ ਜਾਣ ਸਮਾ, ਜਿਨ੍ਹਾਂ ਦੀ ਸਮਾਪਤੀ ਮੇਰੇ ਵਿਚ ਨਜ਼ਰੀ ਆਈਆ । ਗੁਰਮੁਖ ਕੋਇ ਨਾ ਚੜ੍ਹੇ ਪੌੜੀ ਪਾਪ ਦੀ, ਜਿਨ੍ਹਾਂ ਨੂੰ ਡੰਡਾ ਇਕੋ ਨਾਮ ਚੜ੍ਹਾਈਆ । ਗੋਬਿੰਦ ਰਾਖ ਸਭ ਨੂੰ ਆਖ ਦੀ, ਕੂਕ ਕੂਕ ਸੁਣਾਈਆ । ਏਹ ਖੇਲ ਪੁਰਖ ਅਬਿਨਾਸ਼ ਦੀ, ਜੋ ਵਿਛੜੇ ਰਿਹਾ ਮਿਲਾਈਆ । ਇਹ ਕਹਾਣੀ ਨਹੀਂ ਗੱਲ ਬਾਤ ਦੀ, ਪੂਰਬ ਲਹਿਣੇ ਝੋਲੀ ਪਾਈਆ । ਸਫ਼ਰਾਂ ਥੱਕੀ ਰਾਤ ਕੀ ਇਹ ਆਖਦੀ, ਭਿੰਨੜੀ ਰਹੀ ਜਣਾਈਆ । ਮੇਰੀ ਖ਼ੁਸ਼ੀਆਂ ਨਾਲ ਚੋਲੀ ਪਾਟਦੀ, ਅੰਗਣ ਤਣੀਆਂ ਰਹੀ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਿੰਨੜੀ ਰੈਣ ਕਹੇ ਮੈਂ ਤੱਕਾਂ ਅੱਖਾਂ, ਨੇਤਰ ਨੈਣ ਉਠਾਇਆ । ਚਾਰੋਂ ਕੁੰਟ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹਿਆ । ਕਲਜੁਗ ਰੈਣ ਅੰਧੇਰੀ ਢੱਠਾਂ, ਫੜ ਬਾਹੋਂ ਨਾ ਕੋਇ ਉਠਾਇਆ । ਕਿਤੋਂ ਨਜ਼ਰ ਨਾ ਆਏ ਮਾਹੀ ਸੱਚਾ, ਬੱਚਾ ਬੱਚਾ ਦਏ ਦੁਹਾਇਆ । ਸਾਢੇ ਤਿੰਨ ਹੱਥ ਮਾਟੀ ਭਾਂਡਾ ਕੱਚਾ, ਕਲਜੁਗ ਗੁਰੂ ਰਹੇ ਅਖਵਾਇਆ । ਮਨ ਵਾਸਨਾ ਜਗਤ ਨੱਚਾ, ਨੌ ਦਵਾਰ ਹੋਇਆ ਹਲਕਾਇਆ । ਸਚ ਪਰਮੇਸ਼ਵਰ ਮਿਲੇ ਨਾ ਪਤਾ, ਪੱਤ ਡਾਲ੍ਹੀ ਭੇਵ ਕੋਇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕੋ ਦੱਸਾਂ, ਧੁਰ ਦਾ ਹੁਕਮ ਸੁਣਾਇਆ । ਭਿੰਨੜੀ ਰੈਣ ਕਹੇ ਮੈਂ ਸੁਣਿਆ ਢੋਲਾ, ਭਗਤ ਸੁਹੇਲੇ ਰਹੇ ਗਾਈਆ । ਸੋਹੰ ਸੋਹਣਾ ਲੱਗਾ ਬੋਲਾ, ਅਨਬੋਲਤ ਰਾਗ ਜਣਾਈਆ । ਪਰਮ ਪੁਰਖ ਪ੍ਰਭ ਇਕ ਵਿਚੋਲਾ, ਲੱਖ ਚੁਰਾਸੀ ਵੇਖ ਵਖਾਈਆ । ਜਿਸ ਨੇ ਗੋਬਿੰਦ ਨਾਲ ਕੀਤਾ ਕੌਲਾ, ਇਕਰਾਰ ਆਪਣਾ ਤੋੜ ਨਿਭਾਈਆ । ਜਿਸ ਦੇ ਕਾਰਨ ਝੂਠੇ ਤਾਲ ਵਜਾ ਕੇ ਪੌਂਦੇ ਰੌਲਾ, ਪੰਡਤ ਪਾਂਧੇ ਆਪਣਾ ਰਾਗ ਅਲਾਈਆ । ਉਨ੍ਹਾਂ ਦੇ ਸਿਰ ਵਿਚ ਕੂੜ ਕੁੜਿਆਰਾ ਵੱਜਣ ਵਾਲਾ ਪੌਲਾ, ਪਾਨਹੀ ਉਠ ਉਠ ਲਏ ਅੰਗੜਾਈਆ । ਹੌਲਾ ਹੋਵੇ ਭਾਰ ਧੌਲਾ, ਧਵਲ ਮਿਲੇ ਵਡਿਆਈਆ । ਜਿਸ ਨੂੰ ਕਹਿੰਦੇ ਇਲਾਹੀ ਨੂਰ ਅਵਲਾ, ਆਲਮੀਨ ਸਮਾਈਆ । ਸੋ ਸਾਹਿਬ ਸਵਾਮੀ ਭਗਤ ਵਛਲ ਜਨ ਭਗਤਾਂ ਪਿਛੇ ਹੋਇਆ ਬਵਲਾ, ਚਾਰੋਂ ਕੁੰਟ ਖੋਜ ਖੁਜਾਈਆ । ਕਿਸੇ ਹੱਥ ਨਾ ਆਵੇ ਘਿਰਤ ਦੀਪ ਸੁਗੰਧੀ ਹਵਨਾ, ਪਵਣੀ ਪਵਣ ਨਾ ਵੇਖ ਵਖਾਈਆ । ਉਹ ਗੁਲਸ਼ਨ ਵੇਖੇ ਚਮਨਾ, ਗੋਬਿੰਦ ਮਾਲੀ ਬੇਪਰਵਾਹੀਆ । ਜਿਹਨੂੰ ਪਹਿਲੋਂ ਕਹਿੰਦੇ ਦੁਸ਼ਟ ਦਮਨਾ, ਅੰਤ ਸ਼ਬਦੀ ਰੂਪ ਵਟਾਈਆ । ਜਿਸ ਦੇ ਹੱਥ ਦੋ ਜਹਾਨਾਂ ਅਮਨਾ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਉਹਨੂੰ ਕੋਈ ਨਹੀਂ ਆਪਣੀ ਤਮੰਨਾ, ਬੱਚੇ ਨੀਹਾਂ ਹੇਠ ਦਬਾਈਆ । ਬੁਰਜ ਤੋਂ ਸੁੱਟ ਕੇ ਆਪਣੀ ਅੰਮਾਂ, ਹੱਡੀ ਹੱਡੀ ਦਿਤੀ ਤੁੜਾਈਆ । ਪਿਉ ਦਾ ਲਾ ਕੇ ਲੇਖੇ ਚੰਮਾਂ, ਸੀਸ ਧੜ ਅੱਡ ਵਖਾਈਆ । ਨਾ ਹਰਖ਼ ਨਾ ਕੋਈ ਗ਼ਮਾਂ, ਗਹਿਰ ਗੰਭੀਰ ਸਹਿਜ ਸੁਖਦਾਈਆ । ਉਸ ਨੇ ਗੁਰਮੁਖਾਂ ਬੰਨ੍ਹ ਕੇ ਬੰਨਾ, ਬੰਦਨ ਇਕੋ ਦਿਤੀ ਜਣਾਈਆ । ਬਿਨ ਪੁਰਖ ਅਕਾਲ ਸ੍ਰਿਸ਼ਟ ਸਬਾਈ ਜੀਵ ਜਗਤ ਜਹਾਨ ਹੋਵੇ ਨਕੰਮਾ, ਅੰਤ ਲੇਖਾ ਲਗੇ ਨਾ ਰਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਕਲਜੁਗ ਅੰਤ ਮੇਰੇ ਦਵਾਰੇ ਆਵੇ ਭੰਨਾ, ਦੂਰ ਦੁਰਾਡਾ ਪੰਧ ਮੁਕਾਈਆ । ਵੇਖ ਵਖਾਏ ਸਾਚੀ ਛੱਪਰ ਛੰਨਾ, ਮਹੱਲ ਅਟਲ ਨਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਮੈਂ ਤੱਕਾਂ ਤਿੰਨ, ਤ੍ਰਿਲੋਕੀ ਨਾਲ ਮਿਲਾਈਆ ।

ਮੈਨੂੰ ਯਾਦ ਆਇਆ ਸੋਲਾਂ ਕੱਤਕ ਦਿਨ, ਦੀਦਾ ਦਾਨਿਸਤਾ ਦਿਆਂ ਸਮਝਾਈਆ । ਕਰਿਆ ਖੇਲ ਅਗੰਮੀ ਭਿੰਨ, ਭਿੰਨੜੀ ਰੈਣ ਮਿਲੇ ਵਡਿਆਈਆ । ਜਿਨ੍ਹਾਂ ਦਾ ਮਨੁੱਖਾਂ ਵਰਗਾ ਚਿੰਨ੍ਹ, ਅੰਦਰ ਜੋਤ ਨੂਰ ਬੇਪਰਵਾਹੀਆ । ਜਿਨ੍ਹਾਂ ਦਾ ਤੱਤਾਂ ਬਣਿਆ ਪਿੰਡ, ਬ੍ਰਹਿਮੰਡ ਅੰਤਰ ਖੇਲ ਵਖਾਈਆ । ਕਿਰਪਾ ਕਰ ਗੁਣੀ ਗਹਿੰਦ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਤਿੰਨਾਂ ਲੇਖਾ ਅਗੰਮ ਅਪਾਰਾ, ਜੁਗ ਜੁਗ ਵੇਖ ਵਖਾਈਆ । ਸਤਿ ਸਤਿ ਦਾ ਸਤਿ ਵਰਤਾਰਾ, ਸਤਿ ਸਤਿਵਾਦੀ ਦਏ ਸਮਝਾਈਆ । ਪਰਮ ਪੁਰਖ ਪਤਿਪਰਮੇਸ਼ਵਰ ਸਰਬ ਸਵਾਮੀ ਹੋ ਉਜਿਆਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਲੇਖਾ ਜਾਣੇ ਆਪ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਮਨ ਵਾਸਨਾ ਨਹੀਂ ਇਸ਼ਾਰਾ, ਧੁਰ ਦੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਬਣਤ ਆਪਣੇ ਹੱਥ ਰਖਾਈਆ । ਆਪਣੇ ਹੱਥ ਬਣਤ ਰੱਖੇ ਬਨਵਾਰੀ, ਖੇਲ ਅਗੰਮ ਕਰਾਇੰਦਾ । ਜਗਤ ਜੁਗਤ ਜੋਗ ਭੇਵ ਨਿਰੰਕਾਰੀ, ਨਿਰਵੈਰ ਹੁਕਮ ਵਰਤਾਇੰਦਾ । ਜਿਨ੍ਹਾਂ ਲੱਗੀ ਪਿਛਲੀ ਯਾਰੀ, ਧੁਰ ਦਾ ਮੇਲਾ ਮੇਲ ਮਿਲਾਇੰਦਾ । ਗੁਰਮੁਖ ਸੁਰਤ ਨਾ ਰਹੇ ਕੁਆਰੀ, ਹਰਿ ਕੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਤਿੰਨਾਂ ਪਿਛੇ ਸਫ਼ਰ ਕੀਤਾ, ਸਫ਼ਰੀ ਸਫ਼ਰ ਜਣਾਈਆ । ਪ੍ਰਭ ਖੇਲ ਅਗੰਮੀ ਕਰੇ ਅਨਡੀਠਾ, ਜਗ ਨੇਤਰ ਨਜ਼ਰ ਨਾ ਆਈਆ । ਯਾਦ ਰੱਖ ਮਨਸੂਰ ਦਾ ਕੁੜਤਾ ਪਾ ਕੇ ਢਾਈ
੮੫੭ ਮਿੰਟਾਂ ਪਿਛੋਂ ਫਿਰਨ ਗਿਉਂ ਚੀਤਾ, ਲਹਿੰਦੀ ਦਿਸ਼ਾ ਮੁਖ ਰਖਾਈਆ । ਓਥੋਂ ਮਿਲੀ ਇਕ ਰਸੀਦਾ, ਜਿਸ ਦੇ ਉਤੇ ਅੱਖਰ ਅਲਫ਼ ਇਕੋ ਨਜ਼ਰੀ ੮੫੭
੧੭ ਆਈਆ । ਨਾਲ ਸੂਈ ਕੱਢਣ ਵਾਲੀ ਕਸੀਦਾ, ਨੱਕੇ ਵਿਚ ਧਾਗਾ ਲਾਲ ਰੰਗ ਟਿਕਾਈਆ । ਜਿਸ ਦਾ ਪਿਛਲਾ ਸਿਰਾ ਪੀਢਾ, ਘੁੱਟ ਘੁੱਟ ੧੭
ਕੇ ਗੰਢ ਪਵਾਈਆ । ਪਰਤ ਕੇ ਵੇਖਿਆ ਮਨਸੂਰ ਸੂਲੀ ਚੜ੍ਹ ਕੇ ਵਿਛੜ ਗਿਆ ਨਾਲੋਂ ਹਮੀਦਾ, ਹਮ ਦੋਸਤ ਨਜ਼ਰ ਕੋਇ ਨਾ ਆਈਆ । ਅੱਗੇ ਨੇੜੇ ਆਈ ਬਕਰੀਦਾ, ਬੱਕਰੇ ਫੜੇ ਕਸਾਈਆ । ਯਾਦ ਆਈ ਫਿਰ ਤੈਨੂੰ ਉਹ ਉਡੀਕਾ, ਜੋ ਸੱਜਣ ਗਿਆ ਸਮਝਾਈਆ । ਸੱਯਦੇ ਵਿਚ ਝੁਕ ਕੇ ਆਜਿਜ਼ ਬਣ ਕੇ ਨੀਕਣ ਨੀਕਾ, ਨਿੱਕੀ ਅਰਜ਼ ਇਕ ਸੁਣਾਈਆ । ਮੈਂ ਬੰਦਾ ਖ਼ਾਕੀ ਨਾਚੀਜ਼ਾ, ਬੁਧੀ ਚਲੇ ਨਾ ਕੋਇ ਚਤੁਰਾਈਆ । ਓਧਰੋਂ ਗਮਸ ਆਇਆ ਜਿਸ ਦਾ ਤੂੰ ਭਤੀਜਾ, ਫੁੱਫੀ ਬੇਟੀ ਜਿਸ ਪਰਨਾਈਆ । ਅੰਦਰ ਲੰਘ ਕੇ ਵੇਖਿਆ ਦਹਿਲੀਜ਼ਾ, ਸਾਢੇ ਤਿੰਨ ਹੱਥ ਬੁਰਕਾ ਸੋਭਾ ਪਾਈਆ । ਤਿੰਨਾਂ ਤੱਕਿਆ ਲਾ ਕੇ ਨੀਝਾ, ਅੱਖਾਂ ਅੱਖ ਖੁਲ੍ਹਾਈਆ । ਗਲੋਂ ਲਾਹ ਕੇ ਮਨਸੂਰ ਵਾਲੀ ਕਮੀਜ਼ਾ, ਕਿੱਲੀ ਉਤੇ ਟਿਕਾਈਆ । ਆਵਾਜ਼ ਅਗੰਮੀ ਆਈ ਤੇਰੀਆਂ ਅੰਤ ਉਸ ਨਾਲ ਲੱਗਣ ਪ੍ਰੀਤਾਂ, ਜਿਸ ਨਾਲੋਂ ਨਾ ਹੋਵੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਦੁਰਾਡੇ ਕਰ ਇਕੱਠੇ, ਲਾਲਨ ਰਿਹਾ ਮਿਲਾਈਆ । ਕੀ ਹੋਇਆ ਜੇ ਸਫ਼ਰ ਕੀਤਾ, ਬਣ ਬਣ ਪਾਂਧੀ ਰਾਹੀਆ । ਕੀ ਹੋਇਆ ਜੇ ਸੁਣਦਾ ਰਿਹੋਂ ਅਠਾਰਾਂ ਧਿਆਏ ਗੀਤਾ, ਮੰਦਰ ਮਠ ਸ਼ਿਵਦਵਾਲੇ ਬਹਿ ਬਹਿ ਖ਼ੁਸ਼ੀ ਮਨਾਈਆ । ਕੀ ਹੋਇਆ ਅਠਸਠ ਇਸ਼ਨਾਨ ਲੀਤਾ, ਗੰਗਾ ਜਲ ਸੂਰਜ ਦੇਵਤਾ ਚੜ੍ਹਾਈਆ । ਕੀ ਹੋਇਆ ਦੇਂਦਾ ਰਿਹੋਂ ਸਭ ਦੇ ਅਗਨੀ ਕੋਲ ਅੰਗੀਠਾ, ਧੂਣੀਆਂ ਤਨ ਤਪਾਈਆ । ਕੀ ਹੋਇਆ ਜੇ ਰਮਾਇਣ ਸੁਣਦਾ ਰਿਹੋਂ ਰਾਮ ਸੀਤਾ, ਸੀਤਾ ਰਾਮ ਚਤਰਭੁਜ ਦਰਸ਼ਨ ਪਾਇਆ ਥਾਉਂ ਥਾਈਂਆ । ਕੀ ਹੋਇਆ ਅਸ਼ਟਭੁਜ ਦੀਆਂ ਵੇਂਹਦਾ ਰਿਹੋਂ

ਰੀਝਾਂ, ਸਿੰਘ ਸਵਾਰ ਬੈਠੀ ਆਸਣ ਲਾਈਆ । ਕੀ ਹੋਇਆ ਮਸਲਿਆਂ ਵਿਚ ਸੁਣਦਾ ਰਿਹੋਂ ਤਮੀਜ਼ਾ, ਤਬਾ ਤਬੀਅਤ ਸਿਖਿਆ ਨਾ ਕੋਇ ਬਦਲਾਈਆ । ਕੀ ਹੋਇਆ ਪੱਕਾ ਖਾਂਦਾ ਰਿਹੋਂ ਸੀਧਾ, ਘਰ ਘਰ ਖ਼ੁਸ਼ੀ ਮਨਾਈਆ । ਕੀ ਹੋਇਆ ਚਲ ਕੇ ਆਇਉਂ ਨੇਰ ਬੀਕਾ, ਬਿਕਰੀ ਵੇਖੀ ਸਹਿਜ ਸੁਭਾਈਆ । ਜਿਨ੍ਹਾਂ ਨੂੰ ਧੁਰ ਦੇ ਨਾਮ ਦਾ ਹੋ ਗਿਆ ਟੀਕਾ, ਟਿਕਟਿਕੀ ਇਕੋ ਨਾਲ ਲਗਾਈਆ । ਬਿਰਹੋਂ ਵਿਛੋੜੇ ਅੰਦਰ ਮਾਰਨ ਚੀਕਾਂ, ਨੇਤਰ ਰੋਵਣ ਦੇਣ ਦੁਹਾਈਆ । ਜਿਸ ਦੀਆਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਗਏ ਉਡੀਕਾਂ, ਸੋ ਆਇਆ ਬੇਪਰਵਾਹੀਆ । ਜਿਸ ਦੀ ਕਾਇਆ ਚੋਲੀ ਚਾੜ੍ਹਿਆ ਰੰਗ ਮਜੀਠਾ, ਉਤਰ ਕਦੇ ਨਾ ਜਾਈਆ । ਗੋਬਿੰਦ ਫਲ ਖਵਾ ਦੇ ਮੀਠਾ, ਮਾਲਕ ਹੋ ਕੇ ਸੇਵ ਕਮਾਈਆ । ਉਹ ਗੁਰਮੁਖ ਸਦਾ ਜੀਤਾ, ਜੋ ਜੀਵਣ ਸਤਿਗੁਰ ਝੋਲੀ ਪਾਈਆ । ਉਹ ਸਭ ਕੁਛ ਦੇਵੇ ਆਪਣਾ ਕੀਤਾ, ਮਿਹਰ ਨਜ਼ਰ ਉਠਾਈਆ । ਨਾਤਾ ਤੁਟ ਜਾਏ ਮੰਦਰ ਮਸੀਤਾ, ਘਰ ਘਰ ਵਿਚ ਲਏ ਮਿਲਾਈਆ । ਤਨ ਮਨ ਅੰਤਰ ਕਰ ਕੇ ਠੰਡਾ ਸੀਤਾ, ਅਗਨੀ ਤਤ ਬੁਝਾਈਆ । ਲਹਿਣਾ ਦੇਣਾ ਚੁਕਾ ਕੇ ਊਚਾਂ ਨੀਚਾਂ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲਏ ਮਿਲਾਈਆ । ਸਚ ਫੁਲਵਾੜੀ ਮੌਲੇ ਸੋਹਣਾ ਬਾਗ਼ੀਚਾ, ਬਾਗ਼ਵਾਨ ਫੇਰਾ ਪਾਈਆ । ਸਚ ਸਿੰਘਾਸਣ ਬਹਿ ਅਤੀਤਾ, ਤ੍ਰੈਭਵਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਫ਼ਰ ਸਭ ਦੇ ਵੇਖ ਵਖਾਈਆ । ਕੀ ਹੋਇਆ ਜੇ ਸਫ਼ਰ ਕਰਿਆ, ਸੂਰਜ ਚੰਦ ਚੰਦ ਭੱਜਣ ਵਾਹੋ ਦਾਹੀਆ । ਕੀ ਹੋਇਆ ਜੰਮ ਜੰਮ ਮਰਿਆ, ਮਰ ਜੀਵਤ ਰੂਪ ਵਟਾਈਆ । ਕੀ ਹੋਇਆ ਅਨੇਕਾਂ ਸੰਤਾਂ ਗੁਰੂਆਂ ਲੜ ਫੜਿਆ, ਬੇੜਾ ਪਾਰ ਨਾ ਕੋਇ ਕਰਾਈਆ । ਕੀ ਹੋਇਆ ਗ੍ਰੰਥਾ ਪੜ੍ਹਿਆ, ਜਗਤ ਵਿਦਿਆ ਨਾਲ ਰਖਾਈਆ । ਕੀ ਹੋਇਆ ਜਗਤ ਸਰੋਵਰ ਤਰਨੀ ਤਰਿਆ, ਜਲ ਜਲ ਨਹਾਵਣ ਜਾਈਆ । ਕੀ ਹੋਇਆ ਸੰਗਤ ਪ੍ਰੀਤੀ ਵਿਚ ਗਿਆ ਜੜਿਆ, ਹਰਿ ਧੁਰ ਦੀ ਜੜਤ ਜੜਾਈਆ । ਏਥੇ ਸੱਜਣ ਮਿਲੇ ਇਕੋ ਇਕ ਅੜਿਆ, ਦੂਜਾ ਰਹਿਣ ਕੋਇ ਨਾ ਪਾਈਆ । ਲੇਖਾ ਚੁਕੇ ਗੋਰ ਮੜ੍ਹਿਆ, ਲੱਖ ਚੁਰਾਸੀ ਫੰਦ ਕਟਾਈਆ । ਦੋ ਜਹਾਨਾਂ ਵਿਚੋਂ ਕਰ ਕੇ ਬਰਿਆ, ਆਪਣੇ ਚਰਨ ਦੇਵੇ ਸਰਨਾਈਆ । ਗੋਬਿੰਦ ਬੂਟਾ ਕਰ ਕੇ ਹਰਿਆ, ਹਰੀਦਵਾਰੇ ਲਏ ਲਗਾਈਆ । ਜਿਥੇ ਭਉ ਰਹੇ ਨਾ ਡਰਿਆ, ਨਿਰਭਉ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਲਾਲ ਕਹੇ ਮੈਂ ਭੰਨਾ ਆਇਆ, ਰਾਤੀਂ ਰਾਤੀਂ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਕਹੇ ਤੈਨੂੰ ਸੱਦਾ ਘਲਾਇਆ, ਸੋਈ ਸੁਰਤ ਉਠਾਈਆ । ਰਾਜ ਨਰੈਣ ਕਹੇ ਮੈਂ ਤੇਰਾ ਭੇਵ ਨਾ ਪਾਇਆ, ਢੋਲਾ ਆਪੇ ਵੇਖ ਵਖਾਈਆ । ਪ੍ਰੀਤਮ ਸਿੰਘ ਕਿਹਾ ਮੈਂ ਦੋਹਾਂ ਦਾ ਹਿੱਸਾ ਵੰਡਾਇਆ, ਸਾਂਝੀ ਧਾਰ ਚਲਾਈਆ । ਲਾਲ ਸਿੰਘ ਮੇਰੇ ਤੇਰੇ ਰੁਪਈਏ ਤ੍ਰੈਗੁਣ ਤੇਰੀ ਭੇਟਾ ਲਾਇਆ, ਭਾਂਡਾ ਭਰਮ ਭਉ ਭੰਨਾਈਆ । ਨਹੀਉਂ ਬੇਟਾ ਮਾਂ ਪਿਉ ਜਾਇਆ, ਹੁਣ ਸਤਿਗੁਰ ਘਰ ਮਿਲੀ ਵਡਿਆਈਆ । ਇਹੋ ਜਿਹਾ ਲੇਖਾ ਅੱਗੇ ਨਾ ਕਿਸੇ ਚੁਕਾਇਆ, ਲਿਖ ਲਿਖ ਥੱਕੀ ਕਲਮ ਸ਼ਾਹੀਆ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਆਪ ਆਪਣਾ ਫੇਰਾ ਪਾਈਆ । ਦਸ ਦਸਮੇਸ਼ ਨਾਲ ਮਿਲਾਇਆ, ਸ਼ਬਦੀ ਰੂਪ ਵਖਾਈਆ । ਧੁਰ ਦਾ ਹਿਤਾ ਕਰਨ ਆਇਆ, ਪਿਤਾ ਬਣ ਕੇ ਬੇਪਰਵਾਹੀਆ । ਜਨਮ ਜਨਮ ਦਾ ਪੂਰਬ ਲੇਖਾ ਪੂਰਾ ਦਏ ਕਰਾਇਆ, ਭਰਮ ਭੁਲੇਖਾ ਬਾਹਰ ਕਢਾਈਆ । ਸਭ ਦਾ ਠੇਕਾ ਦਏ ਚੁਕਾਇਆ, ਠੇਕੇਦਾਰੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀ ਭੇਟਾ ਇਕ ਵਖਾਇਆ, ਤਿੰਨੇ ਪਰਸ਼ਾਦ ਦੇਣ ਗਵਾਹੀਆ ।

ਕਲਜੁਗ ਕਹੇ ਮੈਂ ਪੰਡਤ ਪਾਂਧਿਆਂ ਗ੍ਰੰਥੀਆਂ ਪੰਥੀਆਂ ਮੁੱਲਾਂ ਸ਼ੇਖ਼ਾਂ ਡੇਰਾ ਢਾਇਆ, ਮੁਸਾਇਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੇਵਣਹਾਰ ਵਡਿਆਈਆ । ਸਦ ਵਡਿਆਈ ਦੇਵਣ ਜੋਗ, ਜੁਗਤੀ ਇਕ ਜਣਾਇੰਦਾ । ਆਤਮ ਪਰਮਾਤਮ ਸਚ ਸਲੋਕ, ਸੋਹੰ ਢੋਲਾ ਰਾਗ ਸੁਣਾਇੰਦਾ । ਕੀ ਹੋਇਆ ਜੇ ਤਾਅਨੇ ਮਾਰਨ ਲੋਕ, ਯਰਾਨੇ ਆਪਣੇ ਨਾਲ ਲਗਾਇੰਦਾ । ਤੁਹਾਡੇ ਪੈਰਾਂ ਹੇਠ ਦਬਾ ਕੇ ਮੁਕਤੀ ਮੋਖ, ਅੰਤਰ ਜੋਤੀ ਜੋਤ ਮਿਲਾਇੰਦਾ । ਜਿਸ ਦੀ ਕੋਈ ਸੋਚ ਨਾ ਸਕਿਆ ਸੋਚ, ਸਮਝ ਸਮਝ ਨਾਲ ਆਪ ਮਿਲਾਇੰਦਾ । ਏਥੇ ਓਥੇ ਦੇ ਕੇ ਓਟ, ਓੜਕ ਆਪਣੇ ਰੰਗ ਰੰਗਾਇੰਦਾ । ਸਚਖੰਡ ਦਵਾਰੇ ਲੈ ਕੇ ਜਾਵੇ ਆਪਣੇ ਕੋਟ, ਕਿਲਾ ਕੋਟ ਇਕ ਵਡਿਆਇੰਦਾ । ਲੇਖਾ ਚੁਕਾ ਕੇ ਹਰਖ਼ ਸੋਗ, ਚਿੰਤਾ ਗ਼ਮ ਸਰਬ ਮਿਟਾਇੰਦਾ । ਸਚ ਦਵਾਰੇ ਦੀ ਦੱਸੇ ਅਗੰਮੀ ਖੋਜ, ਮਜਲਸ ਆਪਣੇ ਨਾਲ ਰਖਾਇੰਦਾ । ਜੇ ਕੋਈ ਪੁੱਛੇ ਨਾਤਾ ਥੋੜਾ ਜਿਹਾ ਫ਼ੌਜ, ਅੱਗੇ ਫ਼ੈਸਲਾ ਹਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਤੱਕ ਕੇ ਆਖਣ ਪਰਸ਼ਾਦ, ਤਿੰਨੇ ਰਹੇ ਜਣਾਈਆ । ਪ੍ਰਭੂ ਸਾਡੀ ਵੀ ਪੁਛ ਵਾਤ, ਸੋਲ੍ਹਾਂ ਕੱਤਕ ਯਾਦ ਰਾਤਰੀ ਜਿਥੇ ਆਈਆ । ਜਿਹੜੇ ਵਿਛੜੇ ਉਹ ਮੇਲੇ ਆਜ, ਅਜਬ ਤੇਰੀ ਵਡਿਆਈਆ । ਪਹਿਲੀ ਮੱਘਰ ਰਚ ਕੇ ਕਾਜ, ਗੁਰਮੁਖ ਲਏ ਬਹਾਈਆ । ਅਗਲਾ ਖੋਲ੍ਹ ਦੇ ਰਾਜ਼, ਮੁਖ ਨਕਾਬ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦ ਕਹੇ ਮੇਰਾ ਰਵਦਾਸ ਨਾਤਾ ਚਵੱਨੀ, ਚੌਦਾਂ ਜੋੜ ਜੁੜਾਈਆ । ਮੈਂ ਘੁੱਟ ਕੇ ਰੱਖੀ ਕੰਨੀ, ਕੰਨੀਂ ਵਾਜ ਸੁਣਨ ਕਿਸੇ ਨਾ ਆਈਆ । ਮੇਰੇ ਪਿਆਰ ਦੀ ਗੰਢ ਸੁਖੀ ਬਾਵੀ ਜੀਤੋ ਚੰਨੀ, ਸੂਰਜ ਚੰਦ ਦੇਣ ਗਵਾਹੀਆ । ਪ੍ਰੇਮ ਵੈਰਾਗਣ ਆਈ ਭੰਨੀ, ਪਿਆਰੀ ਪਿਆਰ ਵਿਚ ਮਿਲਾਈਆ । ਰਵਿਦਾਸ ਬਣ ਕੇ ਧੁਰ ਦਾ ਧਨੀ, ਦੌਲਤ ਰਿਹਾ ਵਰਤਾਈਆ । ਭਿੰਨੜੀ ਰੈਣ ਕਹੇ ਮੈਂ ਸੁਣ ਕੇ ਆਈ ਕੰਨੀਂ, ਜੋ ਪ੍ਰਭੂ ਗੱਲ ਸਮਝਾਈਆ । ਮੈਂ ਭਾਗ ਲੱਗਾ ਵੇਖਿਆ ਛੱਪਰ ਛੰਨੀ, ਛਹਿਬਰ ਨਾਮ ਵਖਾਈਆ । ਪੁਰਖ ਅਕਾਲ ਪਿਤਾ ਸਭ ਦਾ ਧਨੀ, ਤਨ ਨਾਤਾ ਜੋੜ ਜੁੜਾਈਆ । ਉਹ ਸਭ ਤੋਂ ਵੱਖਰਾ ਨਿਰਾਲਾ ਢੰਗੀ, ਅਛਲ ਛਲ ਬੇਪਰਵਾਹੀਆ । ਜਿਸ ਨੇ ਜਨ ਭਗਤਾਂ ਵੱਲ ਭੇਜ ਕੇ ਗੰਢੀ, ਲਾਲ ਵਰਗੇ ਦੂਰੋਂ ਲਏ ਮੰਗਾਈਆ । ਜਿਸ ਦੀ ਕਾਇਆ ਹੋ ਜਾਣੀ ਸੀ ਠੰਡੀ, ਮਾਂ ਪਿਤ ਭਾਈ ਕੰਮ ਕਿਸੇ ਨਾ ਆਈਆ । ਜਿਸ ਦੀ ਨਾਰ ਜੋਬਨ ਰਤੀ ਹੋ ਜਾਣੀ ਸੀ ਰੰਡੀ, ਜੋ ਹਰਿ ਸੰਗਤ ਖ਼ੁਸ਼ੀਆਂ ਸੇਵ ਕਮਾਈਆ । ਤੁਹਾਨੂੰ ਨਹੀਂ ਚੇਤਾ ਚਾਰ ਕੱਤਕ ਵੀਹ ਸੌ ਵੀਹ ਬਿਕ੍ਰਮੀ ਰਾਤ ਲਿਖਾਇਆ ਛੰਦਾ ਬੰਦੀ, ਵਿਚ ਢਾਈ ਸਤਰਾਂ ਦਿਤਾ ਸਮਝਾਈਆ । ਪ੍ਰਭ ਠਾਕਰ ਬੜਾ ਪਖੰਡੀ, ਅਲਖ ਅਗੋਚਰ ਵੱਡੀ ਵਡਿਆਈਆ । ਜਿਸ ਦੀ ਸਭ ਤੋਂ ਨਿਰਾਲੀ ਡੰਡੀ, ਵਖਰਾ ਰਾਹ ਵਖਾਈਆ । ਕੱਟਣਹਾਰਾ ਖ਼ਾਨਾ ਬੰਦੀ, ਬੰਦਾ ਬੰਦਗੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦ ਕਹੇ ਮੈਂ ਕੁੜਮ ਕੁੜਮੇਟਾ, ਮਾਝਾ ਮਾਲਵਾ ਦਿਤਾ ਮਿਲਾਈਆ । ਦੁਆਬੇ ਵਿਚੋਂ ਕੱਢਿਆ ਇਕੋ ਬੇਟਾ, ਜਿਸ ਦੀ ਪਿਛਲੀ ਗੰਢ ਰਖਾਈਆ । ਜਿਸ ਦਾ ਤਨ ਹੋਣਾ ਸੀ ਖੇਤਾ, ਨਾਤਾ ਤੁਟਣਾ ਜਗਤ ਲੋਕਾਈਆ । ਵਸਣਾ ਜਾ ਪ੍ਰਭੂ ਸਚ ਦੇਸਾ, ਸਾਂਝ ਇਕੋ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਤੀਜਾ ਪਰਸ਼ਾਦ ਕਹੇ ਮੈਂ ਬਣਾਇਆ

ਸੰਗਤ, ਸੰਗੀ ਸਾਥੀ ਨਜ਼ਰੀ ਆਈਆ । ਦਰ ਦਵਾਰੇ ਬਣਿਆ ਮੰਗਤ, ਝੋਲੀ ਇਕ ਵਖਾਈਆ । ਨਾਮ ਖ਼ੁਮਾਰੀ ਚਾੜ੍ਹ ਦੇ ਰੰਗਤ, ਕੂੜਾ ਰੰਗ ਚੁਕਾਈਆ । ਕੋਈ ਲੋੜ ਰਹੇ ਨਾ ਕਿਸੇ ਪੰਡਤ, ਧੁਰ ਦੀ ਕਰ ਪੜ੍ਹਾਈਆ । ਪ੍ਰਭੂ ਤੇਰੇ ਅੱਗੇ ਸਾਚੀ ਮਿੰਨਤ, ਸੀਸ ਜਗਦੀਸ ਨਿਵਾਈਆ । ਸਾਡੇ ਕੋਲ ਨਹੀਂ ਕੋਈ ਹਿੰਮਤ, ਕਲਜੁਗ ਬੈਠਾ ਬਲ ਵਧਾਈਆ । ਸਾਧ ਸੰਤ ਕਰਦੇ ਇੱਲਤ, ਗੁਰਦਰ ਮੰਦਰ ਧੀਆਂ ਭੈਣਾਂ ਰਹੇ ਤਕਾਈਆ । ਸ਼ਾਹ ਸੁਲਤਾਨਾਂ ਕੂੜਾ ਖ਼ਿੱਲਤ, ਸਚ ਪੋਸ਼ਾਕ ਨਾ ਕੋਇ ਪਹਿਨਾਈਆ । ਤੇਰੇ ਅੱਗੇ ਇਕੋ ਮਿੰਨਤ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਪਰਸਾਦ ਕਹੇ ਸਫ਼ਰ ਕੀਤਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੰਢਾਈਆ । ਭੇਟਾ ਚੜ੍ਹਦੇ ਰਹੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਆਪਣਾ ਆਪ ਤੇਰੇ ਘਰ ਟਿਕਾਈਆ । ਸਾਨੂੰ ਖਾਂਦੇ ਰਹੇ ਠੱਗ ਚੋਰ ਯਾਰ ਬੇਸ਼ੁਮਾਰ, ਗੱਫੇ ਮਾਤ ਲਗਾਈਆ । ਸਚ ਪੁਛੇਂ ਪ੍ਰਭੂ ਸਾਨੂੰ ਤੇਰੇ ਉਤੇ ਰਿਹਾ ਨਹੀਂ ਕੋਈ ਇਤਬਾਰ, ਦਾਅਵੇ ਕੂੜੇ ਨਜ਼ਰੀ ਆਈਆ । ਜੇਹੜੇ ਮੇਰੇ ਵਿਚ ਤੇਰਾ ਨਾਮ ਲੈ ਫੇਰਨ ਕਟਾਰ, ਓਹੋ ਮੈਨੂੰ ਖਾ ਖਾ ਕਾਮ ਕਰੋਧ ਰਹੇ ਵਧਾਈਆ । ਨਾਰ ਵਿਭਚਾਰ ਕਰਨ ਸ਼ਿੰਗਾਰ, ਕੂੜ ਕੁੜਿਆਰ ਚਤੁਰਾਈਆ । ਤੇਰਾ ਦਿਸੇ ਨਾ ਕੋਇ ਪਿਆਰ, ਸਚ ਪ੍ਰੀਤ ਨਾ ਕੋਇ ਲਗਾਈਆ । ਅਸੀਂ ਦੁੱਖੀ ਰਹੇ ਜੁਗ ਚਾਰ, ਬਿਨ ਗੋਬਿੰਦ ਸਾਡਾ ਰਸ ਨਾ ਕੋਇ ਭਰਾਈਆ । ਸਦੀ ਵੀਹਵੀਂ ਹੋਏ ਲਾਚਾਰ, ਲਾਚਾਰੀ ਤੈਨੂੰ ਦਿਤੀ ਸੁਣਾਈਆ । ਧੰਨ ਭਾਗ ਤੂੰ ਆਇਉਂ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਫੇਰਾ ਪਾਈਆ । ਵੀਹ ਸੌ ਇੱਕੀ ਬਿਕ੍ਰਮੀ ਸੋਲਾਂ ਕੱਤਕ ਦਿਵਸ ਵਿਚਾਰ, ਸੁਹੰਜਣੀ ਰੈਣ ਨਾਲ ਮਿਲਾਈਆ । ਓਥੇ ਥੋੜਾ ਕਲਜੁਗ ਲਹਿਣਾ ਦਿਤਾ ਝੋਲੀ ਡਾਰ, ਪਿਛਲਾ ਮੂਲ ਚੁਕਾਈਆ । ਗੁਰਮੁਖਾਂ ਕੋਲੋਂ ਜਗਤ ਕਰਾ ਵਿਹਾਰ, ਰਸਨਾ ਜਿਹਵਾ ਬੋਲ ਬੁਲਾਈਆ । ਹੁਕਮੇ ਅੰਦਰ ਕੱਢ ਕੇ ਬਾਹਰ, ਕਲਜੁਗ ਅੱਗੇ ਦਿਤਾ ਲਾਈਆ । ਤਿੰਨ ਜੁਗ ਫੇਰ ਨਾ ਵੜੇ ਏਸ ਦਰਬਾਰ, ਜਿਥੇ ਗੁਰਮੁਖ ਸੋਭਾ ਪਾਈਆ । ਅੱਗੇ ਜੁਗ ਦਾ ਇਕ ਭਗਤ ਹੋਵੇ ਦੀਦਾਰ, ਦੂਜੇ ਗਿਰਧਾਰ ਮਿਲੇ ਵਡਿਆਈਆ । ਤੀਜੇ ਪਾਲ ਹੋਵੇ ਸਿਕਦਾਰ, ਪਤਿਪਰਮੇਸ਼ਵਰ ਸੀਸ ਹੱਥ ਟਿਕਾਈਆ । ਕਲਜੁਗ ਰੋਂਦਾ ਗਿਆ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਜੇ ਬੋਲੇ ਆਪਣਾ ਸ਼ਬਦ ਅਪਾਰ, ਮੈਂ ਸੁਣਾਂ ਚਾਈਂ ਚਾਈਆ । ਪਾਰਬ੍ਰਹਮ ਪ੍ਰਭ ਹਰ ਘਟ ਜਾਨਣਹਾਰ, ਆਪਣੀ ਕਲ ਵਰਤਾਈਆ । ਗੁਰਮੁਖਾਂ ਵਾਲਾ ਛੱਡ ਕੇ ਓਥੇ ਵਿਹਾਰ, ਪਹਿਲੀ ਮੱਘਰ ਲੇਖਾ ਦਿਤਾ ਸਮਝਾਈਆ । ਜਿਥੇ ਹੋਵੇ ਭਗਤ ਦਵਾਰ, ਭਗਵਨ ਫੇਰਾ ਪਾਈਆ । ਓਥੇ ਵਿਛੜੇ ਮਿਲਣ ਯਾਰ, ਯਾਰੀ ਤੋੜ ਨਿਭਾਈਆ । ਹੰਸ ਮਿਲਣ ਕਾਗਾਂ ਡਾਰ, ਕਾਗ ਹੰਸ ਰੂਪ ਵਟਾਈਆ । ਸਤਿਗੁਰ ਦਾ ਸ਼ਬਦ ਸ਼ਿੰਗਾਰ, ਮਾਲਾ ਤਨ ਪਹਿਨਾਈਆ । ਮਨ ਕਾ ਮਣਕਾ ਕਰੇ ਇਜ਼ਹਾਰ, ਇਕੋ ਰਾਗ ਸੁਣਾਈਆ । ਤੂੰ ਹੀ ਤੂੰ ਮੇਰਾ ਨਿਰੰਕਾਰ, ਤੇਰੀ ਬੇਪਰਵਾਹੀਆ । ਤਿੰਨੇ ਉਠੋ ਇਕੋ ਵਾਰ, ਗੁਰ ਪਰਸ਼ਾਦਿ ਰਿਹਾ ਬੁਲਾਈਆ । ਸੇਵਾ ਕਰੋ ਹੋ ਕੇ ਖ਼ਬਰਦਾਰ, ਪ੍ਰਭੂ ਖ਼ਬਰ ਆਪ ਜਣਾਈਆ । ਬਾਬੂਪੁਰ ਨਹੀਂ ਇਹ ਬਾਬਲ ਦਾ ਵਿਹਾਰ, ਜਿਸ ਕੁਆਰੇ ਸਾਰੇ ਲਏ ਪਰਨਾਈਆ । ਸਭ ਦਾ ਮਾਲਕ ਕੰਤ ਭਤਾਰ, ਪੁਰਖ ਅਕਾਲ ਅਖਵਾਈਆ । ਓਥੇ ਨਾਰ ਕੰਤ ਦਾ ਨਹੀਂ ਸਵਾਲ, ਨਾਰੀ ਪੁਰਸ਼ ਇਕੋ ਰੰਗ ਰੰਗਾਈਆ । ਸਚਖੰਡ ਦੀ ਸੱਚੀ ਧਰਮਸਾਲ, ਧਰਮ ਦਵਾਰਾ ਦਏ ਵਖਾਈਆ । ਜਿਥੇ ਬੈਠਣ ਸ਼ਾਹ ਕੰਗਾਲ, ਗੁਰਮੁਖ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੮੬੦
੧੨

ਕਰੇ ਖੇਲ ਸਾਚਾ ਹਰਿ, ਰਾਜ ਨਰੈਣ ਵਿਚ ਰਖਾਈਆ । ਰਾਜ ਨਰੈਣ ਦੀ ਇਹ ਚਲਾਕੀ, ਹਰਿ ਸਾਚੀ ਸਚ ਜਣਾਈਆ । ਲਾਲ ਸਿੰਘ ਦਾ ਬਣ ਕੇ ਸਾਥੀ, ਇਕਾਨਵੇਂ ਜਨਮ ਦਾ ਲੇਖਾ ਦਿਤਾ ਮੁਕਾਈਆ । ਸੰਦੇਸ਼ਿਆਂ ਵਾਲੀ ਘੱਲ ਕੇ ਪਾਤੀ, ਪਤਣ ਦਿਤਾ ਮਿਲਾਈਆ । ਕਰ ਕੇ ਅਰਜ਼ ਓਸ ਸੀ ਰਾਤੀਂ, ਰੁਤੜੀ ਰੁਤ ਸੁਹਾਈਆ । ਜੋ ਪਿਛੇ ਰਹਿ ਗਿਆ ਬਾਕੀ, ਬਾਕੀ ਨਵੀਸ ਕੋਲੋਂ ਲਿਆ ਕਢਾਈਆ । ਜੇ ਤੂੰ ਬਖ਼ਸ਼ ਨਹੀਂ ਸਕਦਾ ਤਨ ਖ਼ਾਕੀ, ਕੀ ਰੂਹਾਂ ਪਾਰ ਕਰਾਈਆ । ਜੇ ਤੂੰ ਜਗਾ ਨਹੀਂ ਸਕਦਾ ਘਰ ਘਰ ਦੀਵਾ ਬਾਤੀ, ਤੇਰੀ ਜੋਤ ਕੰਮ ਕਿਸੇ ਨਾ ਆਈਆ । ਜੇ ਤੂੰ ਭਗਤਾਂ ਅੰਦਰ ਵੜ ਕੇ ਬਣ ਨਹੀਂ ਸਕਦਾ ਪਾਠੀ, ਤੇਰੀ ਚਲੇ ਨਾ ਕੋਇ ਵਡਿਆਈਆ । ਗੁਰਮੁਖ ਕਹਿਣ ਅਸੀਂ ਤੇਰੇ ਨਾਲ ਮਿਲ ਕੇ ਬਣ ਗਏ ਕੀਨ ਰਾਟੀ, ਰੱਟੇ ਪਿਛਲੇ ਦਿਤੇ ਚੁਕਾਈਆ । ਸਫ਼ਰ ਕਰਦਿਆਂ ਸਫ਼ਰੀ ਅੰਤ ਮੁਕਦੀ ਵਾਟੀ, ਵੱਟਾ ਅੱਗੇ ਨਾ ਕੋਇ ਲਗਾਈਆ । ਜਿਸ ਦਾ ਰੂਪ ਰੰਗ ਰੇਖ ਨਾ ਦੱਸਦੇ ਜ਼ਾਤੀ, ਸੋ ਜ਼ਾਤ ਸਫ਼ਾਤੀ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸਦਾ ਅਖਵਾਈਆ । ਪਰਸ਼ਾਦ ਕਹਿਣ ਪ੍ਰਭੂ ਜਗਤ ਖਾਂਦਾ ਵੇਖਿਆ ਪਰਸਾਦੇ, ਟੁਕੜਿਆਂ ਢਿੱਡ ਭਰਾਈਆ । ਭੁੱਲ ਗਏ ਬਚਨ ਜੋ ਪਿਤਾ ਗੋਬਿੰਦ ਸੁਣਾਏ ਪੁਰਖ ਅਕਾਲ ਦਾਦੇ, ਦਹਿ ਦਿਸ਼ਾ ਜਣਾਈਆ । ਕੋਈ ਨਾ ਵੜੇ ਘਰ ਠਾਂਡੇ, ਅਗਨੀ ਅੱਗ ਰਹੇ ਤਪਾਈਆ । ਸਫ਼ਰ ਕਰਦਿਆਂ ਕੇਤੀ ਤੁਰੇ ਜਾਂਦੇ ਵਾਂਢੇ, ਜੂਨੀ ਜੂਨ ਵਿਚ ਫੇਰਾ ਪਾਈਆ । ਸਫ਼ਰਾਂ ਵਿਚ ਕੋਟਨ ਕੋਟ ਫਿਰਦੇ ਗਾਂਦੇ, ਢੋਲੇ ਰਾਗ ਸੁਣਾਈਆ । ਸਫ਼ਰਾਂ ਵਿਚ ਕੋਟਨ ਕੋਟ ਥੱਕੇ ਮਾਂਦੇ, ਬੈਠੇ ਢੇਰੀਆਂ ਢਾਹੀਆ । ਕੋਟਨ ਕੋਟ ਚਾਰਦੇ ਢਾਂਡੇ, ਬਿਨਾ ਧੰਨੇ ਪ੍ਰਭੂ ਹੱਥ ਕਿਸੇ ਨਾ ਆਈਆ । ਕੋਟਨ ਕੋਟ ਪੀਂਦੇ ਖਾਂਦੇ, ਰਸਨਾ ਜਿਹਵਾ ਰਸ ਲਗਾਈਆ । ਕੋਟਨ ਕੋਟ ਪਾਠਸ਼ਾਲਾ ਜਾਣ ਪਾਂਧੇ, ਪੁਸਤਕ ਬਗ਼ਲ ਉਠਾਈਆ । ਕੋਟਨ ਕੋਟ ਫਿਰਦੇ ਨਹਾਂਦੇ, ਦੁਰਮਤ ਮੈਲ ਨਾ ਕੋਇ ਧੁਆਈਆ । ਕੋਟਨ ਕੋਟ ਲੱਭਣ ਆਂਢ ਗਵਾਂਢੇ, ਚਾਰੋਂ ਕੁੰਟ ਅੱਖ ਉਠਾਈਆ । ਸਫ਼ਰ ਕਰਦਿਆਂ ਜੇ ਰਿਸ਼ਤੇ ਹੋ ਜਾਣ ਸਾਂਝੇ, ਆਤਮ ਪਰਮਾਤਮ ਮੇਲ ਮਿਲਾਈਆ । ਫੇਰ ਲੋੜ ਰਹੇ ਨਾ ਫਿਰਨ ਦੀ ਨਾਂਗੇ, ਭਬੂਤੀ ਤਨ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪਰਸ਼ਾਦ ਕਹੇ ਪ੍ਰਭ ਕਰ ਤਰਸ, ਦਇਆਵਾਨ ਦਇਆ ਕਮਾਈਆ । ਅਰਸ਼ੋਂ ਆ ਜਾ ਉਤੇ ਫ਼ਰਸ਼, ਫ਼ਾਸਲਾ ਪੰਧ ਮੁਕਾਈਆ । ਤੇਰਾ ਹੋਣਾ ਕੀ ਹਰਜ, ਹਜ਼ਰਤ ਬੇਪਰਵਾਹੀਆ । ਗੋਸਾਈਂ ਸਵਾਮੀ ਸੁਣ ਅਰਜ਼, ਆਰਜ਼ੂਆਂ ਨਾਲ ਜਣਾਈਆ । ਕਲਜੁਗ ਕੂੜੀ ਕਿਰਿਆ ਲੱਗਾ ਦਰਦ, ਦੁਖੀ ਦੇਣ ਦੁਹਾਈਆ । ਕਿਸੇ ਨਾ ਸਿਰੋਂ ਲੱਥੇ ਕਰਜ਼, ਮਕਰੂਜ਼ ਹੋਈ ਲੋਕਾਈਆ । ਸ਼ਾਹ ਸੁਲਤਾਨ ਪੂਰਾ ਕਰੇ ਕੋਈ ਨਾ ਫ਼ਰਜ਼, ਸਿਰ ਹੱਥ ਨਾ ਕੋਇ ਟਿਕਾਈਆ । ਅਸੀਂ ਵੇਖ ਹੋਏ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਨਵ ਨੌਂ ਚਾਰ ਅੰਧੇਰਾ ਗਰਦ, ਉਡੇ ਖ਼ਾਕ ਸਬਾਈਆ । ਭੁੱਲਿਆ ਰਾਗ ਤੇਰਾ ਵੱਖਰੀ ਗੌਂਦੇ ਤਰਜ਼, ਪਿਛੇ ਤਮਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਚੁਕਾਈਆ । ਪਰਸ਼ਾਦਿ ਕਹੇ ਅਸੀਂ ਆਏ ਤਿੰਨੇ, ਤਿੰਨ ਤਿੰਨ ਸੁਣਾਈਆ । ਸਾਡਾ ਲੇਖਾ ਕੋਈ ਨਾ ਗਿਣੇ, ਗਿਣਤੀ ਸਰਬ ਭੁਲਾਈਆ । ਸਾਡਾ ਪੈਮਾਨਾਂ ਕੋਈ ਨਾ ਮਿਣੇ, ਨਾਪ ਹੱਥ ਨਾ ਕੋਇ ਉਠਾਈਆ । ਸਾਡਾ ਪਿਆਰ ਨਾ ਜਾਣੇ ਕੋਈ ਦਿਨੇਂ, ਰਾਤ ਸੁਤਿਆਂ ਸਰਬ ਲੰਘਾਈਆ । ਗੱਟੀਆਂ ਵਾਲੇ ਤਾਰੇ ਗਿਣੇ, ਤੇਰਾ ਨਾਮ ਨਾ ਕੋਇ ਧਿਆਈਆ । ਕੂੜ ਕੁੜਾਵੇ ਸਾਧ

ਵੇਖੇ ਜਿੰਨੇ, ਜਿੰਨ ਭੂਤ ਖ਼ਬੀਸ ਰੂਪ ਵਟਾਈਆ । ਸਚ ਟਿਕਾਣਿਉਂ ਸਾਰੇ ਹਿੱਲੇ, ਸਤਿ ਸੰਤੋਖ ਨਾ ਕੋਇ ਰਖਾਈਆ । ਕਾਚੇ ਘੜੇ ਵਾਂਗ ਪਿੱਲੇ, ਬਿਨ ਠੋਕਰ ਭੱਜ ਜਾਈਆ । ਠੱਗੀ ਕਾਰਨ ਕਢਦੇ ਚਿਲੇ, ਚਾਲੀਸਾ ਨਾਉਂ ਧਰਾਈਆ । ਦੁੱਧ ਕਟੋਰੇ ਪੀਵਣ ਬਣ ਕੇ ਬਿੱਲੇ, ਆਪਣੀ ਜੂਨੀ ਬਦਲਾਈਆ । ਪਾਹਨ ਪੱਥਰ ਪੂਜਣ ਸਿਲੇ, ਉਪਰ ਸ਼ਿਖਾਂ ਸੂਟ ਪੁਆਈਆ । ਮਸਤਕ ਤਿਲਕ ਲਾਵਣ ਚਿੱਟੇ, ਤਿਲਕ ਲਲਾਟ ਨਾ ਕੋਇ ਰੁਸ਼ਨਾਈਆ । ਹੰਕਾਰ ਵਿਕਾਰ ਦੇ ਘੜਕੇ ਕਿਲੇ, ਕਲਮਾ ਕਾਮ ਰਹੇ ਪੜ੍ਹਾਈਆ । ਗ਼ਰੀਬ ਨਿਮਾਣੇ ਜੀਵ ਨੰਨ੍ਹੇ, ਭੁੱਖਿਆਂ ਰਹੇ ਤਰਸਾਈਆ । ਸ੍ਰੀ ਭਗਵਾਨ ਏਨ੍ਹਾਂ ਨੂੰ ਇਕੋ ਵਾਰ ਕਰ ਦੇ ਬੰਨੇਂ, ਬੰਨ੍ਹਣ ਧੁਰ ਦਾ ਪਾਈਆ । ਸਤਿਜੁਗ ਜਨਨੀ ਜਨ ਇਹੋ ਜੇਹਾ ਮੂਲ ਕੋਈ ਨਾ ਜਣੇ, ਜੋ ਤੈਨੂੰ ਬੈਠੇ ਭੁਲਾਈਆ । ਕਲਜੁਗ ਮਾਇਆ ਕੀਤੇ ਅੰਨ੍ਹੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪਰਸ਼ਾਦਿ ਕਹਿਣ ਸਾਨੂੰ ਉਡੀਕੇ ਤ੍ਰਿਲੋਕੀ, ਤ੍ਰੈਲੋਕੀ ਨਾਥ ਧਿਆਨ ਲਗਾਈਆ । ਇਹੋ ਜੇਹਾ ਠਾਕਰ ਮਿਲਣਾ ਨਹੀਂ ਮੌਜੀ, ਜੋ ਮਜਲਸ ਰਿਹਾ ਵਖਾਈਆ । ਗੋਬਿੰਦ ਵਰਗਾ ਮਿਲਣਾ ਨਹੀਂ ਚੋਜੀ, ਜੋ ਚੋਜ ਨਿਰਾਲੇ ਦਏ ਜਣਾਈਆ । ਸ਼ਬਦ ਵਰਗਾ ਮਿਲਣਾ ਨਹੀਂ ਖੋਜੀ, ਜੋ ਅੰਦਰੋਂ ਖੁਰਾ ਕਢਾਈਆ । ਸਤਿਗੁਰ ਵਰਗਾ ਮਿਲਣਾ ਨਹੀਂ ਬੋਧੀ, ਜੋ ਅਗਾਧ ਬੋਧ ਸਮਝਾਈਆ । ਵਿਛੋੜੇ ਵਰਗਾ ਮਿਲਣਾ ਨਹੀਂ ਰੋਗੀ, ਜੋ ਦਿਵਸ ਰੈਣ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਮੁਕਾਈਆ । ਪਰਸ਼ਾਦਿ ਕਹਿਣ ਸਾਨੂੰ ਦੋ ਜਹਾਨ ਤੱਕਣ, ਤਕਵਾ ਤੇਰੇ ਉਤੇ ਰਖਾਈਆ । ਧੰਨ ਗੁਰਮੁਖ ਜੋ ਹਰਿ ਭਗਤ ਦਵਾਰੇ ਛਕਣ, ਸੰਸਾ ਰੋਗ ਮਿਟਾਈਆ । ਦਿਵਸ ਰੈਣ ਕਦੇ ਨਾ ਅੱਕਣ, ਅੱਖ ਨਾ ਕੋਇ ਬਦਲਾਈਆ । ਹੱਜ ਛੱਡ ਕੇ ਮਦੀਨਾ ਮੱਕਣ, ਕਾਅਬਿਆਂ ਕਬਰਾਂ ਗਏ ਭੁਲਾਈਆ । ਇਕ ਦੂਜੇ ਨੂੰ ਹੌਲੀ ਹੌਲੀ ਦੱਸਣ, ਬਿਨਾ ਪੁਰਖ ਅਕਾਲ ਨਾ ਕੋਇ ਸਰਨਾਈਆ । ਜਿਸ ਨੇ ਲੈ ਜਾਣਾ ਫੇਰ ਆਪਣੇ ਵਤਨ, ਵਤ ਫੇਰ ਕੋਇ ਨਾ ਆਈਆ । ਜੋ ਸਾਹਮਣੇ ਬਹਿਕੇ ਕਰੇ ਬਚਨ, ਬੱਚਿਆਂ ਵਾਂਗ ਗੋਦ ਉਠਾਈਆ । ਕੂੜੀ ਕਿਰਿਆ ਜੜ੍ਹ ਆਇਆ ਪੱਟਣ, ਬੂਟਾ ਗੁਰਮੁਖ ਦੇਵੇ ਲਾਈਆ । ਜੋ ਹਰਿ ਦਾ ਨਾਮ ਰਟਣ, ਇਕੋ ਧਿਆਨ ਰਖਾਈਆ । ਸੂਰਬੀਰ ਜੋਧੇ ਕਮਰਕਸੇ ਉਹ ਕਸਣ, ਸੋਹਣਾ ਬਲ ਪਰਗਟਾਈਆ । ਜਿਨ੍ਹਾਂ ਦੇ ਅੰਦਰ ਪ੍ਰਭੂ ਆਇਆ ਵਸਣ, ਪਤਿਪਰਮੇਸ਼ਵਰ ਦਇਆ ਕਮਾਈਆ । ਉਹ ਖ਼ੁਸ਼ੀਆਂ ਨਾਲ ਹੱਸਣ, ਰੋਂਦਿਆ ਲੈਣ ਹਸਾਈਆ । ਪ੍ਰੇਮ ਪਿਆਰ ਨਾਲ ਸਾਚਾ ਰਸ ਚੱਖਣ, ਅੰਮ੍ਰਿਤ ਮੁਖ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਰਸ਼ਾਦ ਕਹਿਣ ਅਸੀਂ ਸਫ਼ਰ ਕਰਿਆ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਸਫ਼ਰੀ ਤੂੰ ਕਿਉਂ ਡਰੇਂ ਅੜਿਆ, ਏਥੇ ਕੋਟਨ ਕੋਟ ਗਏ ਫੇਰੀਆਂ ਪਾਈਆ । ਹਰਿ ਸੰਗਤ ਸੰਗ ਨਾਤਾ ਜੁੜਿਆ, ਜੜਤ ਆਪ ਜੜਾਈਆ । ਵੇਖਿਓ ਨਜ਼ਾਰਾ ਜਿਸ ਵੇਲੇ ਅੰਦਰ ਵੜਿਆ, ਖਿੜਕੀ ਦਿਤੀ ਖੁਲ੍ਹਾਈਆ । ਲੇਖਾ ਚੁੱਕ ਜਾਏ ਸੀਸ ਧੜਿਆ, ਧਰਨੀ ਵੱਜੇ ਵਧਾਈਆ । ਗੁਰਮੁਖ ਕਹੇ ਮੈਂ ਜੀਵਤ ਮਰਿਆ, ਮਰ ਕੇ ਜੀਵਣ ਪਾਈਆ । ਓਨ੍ਹਾਂ ਦਾ ਕਾਰਜ ਸਰਿਆ, ਜੋ ਚਲ ਆਏ ਸਰਨਾਈਆ । ਮਾਣਸ ਜਨਮ ਕਿਸੇ ਨਾ ਹਰਿਆ, ਹਰਿ ਜੂ ਹਰਿ ਕੀ ਪੌੜੀ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦਿ ਕਹਿਣ ਪ੍ਰਭ ਕਿਰਪਾ ਨਿਧਾਨ, ਤੇਰੀ ਇਕ ਸਰਨਾਈਆ । ਤੇਰੇ

ਦਰ ਤੇ ਅਸੀਂ ਮਹਿਮਾਨ, ਬੈਠੇ ਆਸਣ ਲਾਈਆ । ਸੁਣ ਕੇ ਤੇਰਾ ਅਗੰਮ ਗਿਆਨ, ਵੱਜੀ ਸਚ ਵਧਾਈਆ । ਤੇਰੇ ਭਗਤ ਸੋਹਣ ਨਿਸ਼ਾਨ, ਦੋ ਜਹਾਨ ਝੁਲਾਈਆ । ਤੇਰੇ ਮੰਦਰ ਸੋਹਣ ਮਕਾਨ, ਜਿਸ ਘਰ ਬੈਠਾ ਡੇਰਾ ਲਾਈਆ । ਤੇਰੇ ਗੁਰਮੁਖ ਚਤੁਰ ਸੁਜਾਨ, ਜੋ ਤੇਰਾ ਨਾਮ ਧਿਆਈਆ । ਧੰਨ ਵਡਿਆਈ ਜੋ ਸਾਨੂੰ ਖਾਣ, ਖਾ ਖਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਰਸ਼ਾਦ ਕਹੇ ਮੈਂ ਪਹਿਲਾ ਇਕ, ਏਕੰਕਾਰ ਦਿਤੀ ਵਡਿਆਈਆ । ਸ੍ਰਿਸ਼ਟ ਸਬਾਈ ਆਪੇ ਜਿੱਤ, ਮਿਹਰ ਨਜ਼ਰ ਉਠਾਈਆ । ਕਰਵਟ ਲੈ ਬਦਲੀ ਪਿਠ, ਸਨਮੁਖ ਰੂਪ ਧਰਾਈਆ । ਆਪਣੇ ਮਿਲਣ ਦੀ ਪੂਰੀ ਕਰ ਕੇ ਸਿਕ, ਚੋਟੀ ਸਿਖ਼ਰ ਦਿਤਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਪਰਸ਼ਾਦ ਕਹੇ ਮੈਂ ਆਇਆ ਦੂਜਾ, ਦੋ ਧਾਰੀ ਖੇਲ ਖਿਲਾਈਆ । ਭੇਵ ਖੁਲਾਵਾਂ ਆਪਣਾ ਗੁਝਾ, ਗੁੱਝੀ ਰਮਜ਼ ਲਗਾਈਆ । ਬਿਬੇਕ ਕਰਾਂ ਉੱਤਮ ਬੁੱਧਾ, ਬੁਧ ਬਿਬੇਕ ਵਖਾਈਆ । ਨਜ਼ਰੀ ਆਏ ਜੋ ਬੈਠਾ ਲੁਕਾ, ਪੜਦਾ ਇਕ ਉਠਾਈਆ । ਪ੍ਰੇਮ ਪਿਆਰ ਦਾ ਜੋ ਗੁਰਮੁਖ ਭੁੱਖਾ, ਸੋ ਖ਼ੁਸ਼ੀਆਂ ਨਾਲ ਖਾਈਆ । ਜਨਮ ਕਰਮ ਦਾ ਮੇਟਾਂ ਦੁੱਖਾਂ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤੀਜਾ ਪਰਸ਼ਾਦ ਕਹੇ ਮੈਂ ਨੇਤਰ ਖੋਲ੍ਹਾਂ ਤੀਜਾ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਸਫ਼ਰ ਕਰਦਿਆਂ ਵੇਖੋ ਅੰਤਮ ਨਿਕਲੇ ਕੀ ਨਤੀਜਾ, ਕਦਮ ਕਦਮ ਵੇਖਣਹਾਰਾ ਬੇਪਰਵਾਹੀਆ । ਹਰਿ ਸੰਗਤ ਵਿਚ ਇਕੱਠਾ ਹੋਇਆ ਪਿਛਲਾ ਚਾਚਾ ਭਤੀਜਾ, ਧੁਰ ਦਾ ਮੇਲਾ ਮੇਲ ਮਿਲਾਈਆ । ਸਭ ਤੋਂ ਉੱਤਮ ਗੋਬਿੰਦ ਦਾ ਇਹ ਬਾਗ਼ੀਚਾ, ਜੋ ਜੁਗ ਜੁਗ ਦੇ ਬੂਟੇ ਰਿਹਾ ਪਰਗਟਾਈਆ । ਆਪਣੀ ਹੱਥੀਂ ਤਨ ਮਨ ਸਾਚਾ ਸੀਜਾ, ਹਰੀ ਸਿੰਚ ਕਿਆਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਰਸ਼ਾਦ ਕਹਿਣ ਅਸੀਂ ਆਏ ਦਰ ਤੇ, ਇਕੋ ਆਸ ਰਖਾਈਆ । ਦਰਸ਼ਨ ਕਰੀਏ ਅਗੰਮੀ ਹਰਿ ਦੇ, ਜੋ ਹਰ ਘਟ ਹਿਰਦੇ ਡੇਰਾ ਲਾਈਆ । ਜਿਸ ਦੇ ਕਲਮੇ ਸਾਰੇ ਪੜ੍ਹਦੇ, ਚਰਨਾਂ ਸੀਸ ਝੁਕਾਈਆ । ਜਿਸ ਦੇ ਸਾਰੇ ਬਰਦੇ, ਗ਼ੁਲਾਮ ਨਜ਼ਰੀ ਆਈਆ । ਸਾਰੇ ਆਈਏ ਉਸ ਦਰ ਤੇ, ਜਿਥੇ ਦਰਦੀਆਂ ਦਰਦ ਵੰਡਾਈਆ । ਗੁਰਮੁਖ ਮੰਜ਼ਲ ਵੇਖੀਏ ਚੜ੍ਹਦੇ, ਹਰਿ ਕਿਰਪਾ ਨਾਲ ਚੜ੍ਹਾਈਆ । ਸਾਚਾ ਰਾਗ ਵੇਖੀਏ ਪੜ੍ਹਦੇ, ਸੋਹੰ ਢੋਲਾ ਗਾਈਆ । ਆਤਮ ਪਰਮਾਤਮ ਵੇਖੀਏ ਵਰਦੇ, ਨਾਰ ਕੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪਰਸ਼ਾਦਿ ਕਹਿਣ ਸਾਡਾ ਸਫ਼ਰ ਮੁੱਕਾ, ਸਿਫ਼ਰਾ ਦਿਤਾ ਬਣਾਈਆ । ਗੁਰਮੁਖ ਗੋਦ ਉਠਾ ਕੇ ਆਪਣਾ ਪੁੱਤਾ, ਪਤਿਪਰਮੇਸ਼ਵਰ ਦਏ ਵਡਿਆਈਆ । ਲਹਿਣਾ ਚੁਕਾਵੇ ਅਬਿਨਾਸ਼ੀ ਅਚੁਤਾ, ਚੇਤਨ ਆਪ ਕਰਾਈਆ । ਜਨਮ ਕਰਮ ਦਾ ਪਿਛਲਾ ਰੁੱਠਾ, ਅੰਤਮ ਲਿਆ ਮਨਾਈਆ । ਉੱਤਮ ਸ੍ਰੇਸ਼ਟ ਨਿਰਮਲ ਕਰ ਕੇ ਸੁੱਚਾ, ਸੁਚ ਸੰਜਮ ਵਿਚ ਸਮਾਈਆ । ਦੁਰਮਤ ਮੈਲ ਧੋ ਕੇ ਮੁਖਾ, ਸੋਹਣਾ ਚੰਦ ਚਮਕਾਈਆ । ਜਨ ਭਗਤਾਂ ਵੇਲਾ ਢੁਕਾ, ਭਿੰਨੜੀ ਰੈਣ ਸੁਹਾਈਆ । ਹਰਿ ਸਵਾਮੀ ਉਠਿਆ ਸੁੱਤਾ, ਸੁੱਤਿਆਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਭ ਦਾ ਜੁਸਾ, ਘਟ ਘਟ ਫੋਲ ਫੁਲਾਈਆ । ਪਰਸਾਦ ਕਹੇ ਮੈਨੂੰ ਲਾ ਲਾ ਭੋਗ, ਆਪਣੀ ਦਇਆ ਕਮਾਈਆ । ਮੇਰਾ ਪੂਰਾ ਹੋ ਜਾਏ ਜੋਗ, ਜਗਤ ਮਿਲੇ ਵਡਿਆਈਆ । ਤੇਰਿਆਂ ਭਗਤਾਂ ਨਾਲ ਮੇਰਾ

੮੬੩
੧੭

ਸੰਜੋਗ, ਧੁਰ ਦਾ ਜੋੜ ਜੁੜਾਈਆ । ਸਦਾ ਵਸੇਰਾ ਕਾਇਆ ਕੋਟ, ਬੰਕ ਦਵਾਰ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਝੋਲੀ ਪਾਈਆ । ਪਰਸਾਦ ਕਹਿਣ ਅਸੀਂ ਆਏ ਅੱਗੇ, ਆਪਣਾ ਹਾਲ ਸੁਣਾਈਆ । ਜਿਹੜੇ ਪਹਿਲੋਂ ਬਗ ਬਪੜੇ ਬੱਗੇ, ਅੱਗੇ ਹੰਸ ਰੂਪ ਵਟਾਈਆ । ਦੀਪਕ ਹੋ ਕੇ ਗੁਰਮੁਖ ਜਗੇ, ਜਗਤ ਕਰਨ ਰੁਸ਼ਨਾਈਆ । ਕੂੜੀ ਕਿਰਿਆ ਲੰਘ ਕੇ ਹੱਦੇ, ਹੱਦ ਆਪਣੀ ਇਕ ਬਣਾਈਆ । ਸਫ਼ਰ ਕਰਦਿਆਂ ਕਰਦਿਆਂ ਸਭ ਨਾਲੋਂ ਅੱਗੇ ਵਧੇ, ਵਾਧਾ ਸਤਿਗੁਰ ਘਰ ਰਖਾਈਆ । ਬਿਨ ਸਤਿਗੁਰ ਕਿਰਪਾ ਕੋਈ ਪਾਰ ਨਾ ਲੰਘੇ, ਕੋਟਨ ਕੋਟ ਬੈਠੇ ਡੇਰੇ ਲਾਈਆ । ਇਹ ਨਾ ਜਾਣੇ ਕਿਸ ਬਿਧ ਬੈਠਾ ਉਪਰ ਪਲੰਘ ਮੰਜੇ, ਮੰਜ਼ਲਾਂ ਸਾਰੀਆਂ ਰਿਹਾ ਚੁਕਾਈਆ । ਇਸ ਨੂੰ ਸਾਰੇ ਇਕੋ ਜੇਹੇ ਕੇਸਾਂ ਵਾਲੇ ਸਿਰੋਂ ਗੰਜੇ, ਆਤਮ ਨਾਤਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਫ਼ਰ ਕਹੇ ਮੈਂ ਹੋਇਆ ਖ਼ੁਸ਼ਹਾਲ, ਮੇਰਾ ਗੁਰਮੁਖ ਪੰਧ ਮੁਕਾਈਆ । ਗੁਰਮੁਖ ਗੁਰ ਦਾ ਸੱਚਾ ਲਾਲ, ਲਾਲਨ ਦਏ ਵਡਿਆਈਆ । ਏਥੇ ਓਥੇ ਰੱਖੇ ਸੰਭਾਲ, ਦੂਸਰ ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਚਾਹੇ ਲੱਖ ਚੁਰਾਸੀ ਵਿਚੋਂ ਲਏ ਭਾਲ, ਆਪਣੀ ਦਇਆ ਕਮਾਈਆ । ਅੰਤਮ ਪੂਰਾ ਹੱਲ ਕਰੇ ਸਵਾਲ, ਜੋ ਸਵਾਲੀ ਦਰ ਤੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦ ਕਹੇ ਅਸੀਂ ਬਸਤਰ ਵੇਖੇ ਚਿੱਟੇ, ਚੰਦ ਚਾਂਦਨੀ ਨੈਣ ਸ਼ਰਮਾਈਆ । ਜਿਨ੍ਹਾਂ ਮਾਣਸ ਜਨਮ ਜਿੱਤੇ, ਸੋ ਮੇਰੀ ਸੇਵ ਕਮਾਈਆ । ਜਿਨ੍ਹਾਂ ਮਿਲਿਆ ਪੁਰਖ ਅਬਿਨਾਸ਼ੀ ਅਚੁਤੇ, ਚਤੁਰ ਸੁਘੜ ਸਿਆਣੇ ਨਜ਼ਰੀ ਆਈਆ । ਓਨ੍ਹਾਂ ਵਾਸ ਨਾ ਹੋਵੇ ਮਾਤ ਗਰਭ ਉਲਟੇ ਰੁੱਖੇ, ਦਸ ਦਸ ਮਾਸ ਨਾ ਕੋਇ ਤਪਾਈਆ । ਜੇ ਕੋਈ ਸਚ ਸਾਨੂੰ ਪੁੱਛੇ, ਪਰਸਾਦ ਕਹਿਣ ਅਸੀਂ ਸਚ ਦੇਈਏ ਸਮਝਾਈਆ । ਜਿਨ੍ਹਾਂ ਦੇ ਅੰਦਰ ਵੜ ਗਏ ਅਸੀਂ ਜੁੱਸੇ, ਜਿਸਮ ਦੀ ਕਿਸਮ ਦੇਈਏ ਬਦਲਾਈਆ । ਓਨ੍ਹਾਂ ਨੂੰ ਅੱਗੇ ਕੋਈ ਨਾ ਪੁੱਛੇ, ਰਾਏ ਧਰਮ ਨਾ ਦਏ ਸਜ਼ਾਈਆ । ਸਫ਼ਰਾਂ ਵਿਚ ਓਨ੍ਹਾਂ ਦੇ ਪੈਂਡੇ ਮੁੱਕੇ, ਮੁਫ਼ਤ ਬੈਠੇ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਲਗਾਈਆ । ਪਹਿਲਾ ਪਰਸ਼ਾਦ ਕਹੇ ਮੇਰੀ ਆਈ ਵਾਰੀ, ਵਾਰਤਾ ਸਚ ਸੁਣਾਈਆ । ਰਵਿਦਾਸ ਨਾਲ ਜਿਨ੍ਹਾਂ ਦੀ ਯਾਰੀ, ਸੋਹਣੀ ਬਣਤ ਬਣਾਈਆ । ਪਰਮ ਪੁਰਖ ਕਰ ਕੇ ਖੇਲ ਨਿਆਰੀ, ਨਿਰਗੁਣ ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸਾਦ ਆਪਣੇ ਲੇਖੇ ਲਾਈਆ । ਪਰਸਾਦ ਕਹੇ ਮੈਂ ਮਾਣਿਆ ਰਸ, ਹਰਿ ਰਸੀਆ ਰਸ ਵਖਾਇੰਦਾ । ਮੈਂ ਕਿਸ ਬਿਧ ਗਾਵਾਂ ਜਸ, ਮੇਰਾ ਮੁਖ ਨਾ ਕੋਇ ਵਡਿਆਇੰਦਾ । ਮੈਂ ਇਕੋ ਪਵਾਂ ਹੱਸ, ਰੋਇਆਂ ਜਗਤ ਹਸਾਇੰਦਾ । ਜਿਨ੍ਹਾਂ ਅੰਦਰ ਗਿਆ ਵਸ, ਵਾਸਤਾ ਆਪਣੇ ਨਾਲ ਕਰਾਇੰਦਾ । ਸਾਰੇ ਖੋਲ੍ਹ ਕੇ ਵੇਖੋ ਅੱਖ, ਆਖ਼ਰ ਇਕੋ ਨਜ਼ਰੀ ਆਇੰਦਾ । ਜੋਤ ਸਰੂਪੀ ਹੋ ਪ੍ਰਤਖ, ਪ੍ਰਤਖ ਪਾਰਖੂ ਆਪਣਾ ਡੇਰਾ ਲਾਇੰਦਾ । ਵੇਂਹਦਿਆਂ ਵੇਂਹਦਿਆਂ ਤੁਹਾਥੋਂ ਹੋ ਜਾਏ ਵੱਖ, ਵੱਖਰਾ ਘਰ ਬਸਾਇੰਦਾ । ਏਹੋ ਖੇਲ ਪੁਰਖ ਸਮਰਥ, ਜਿਹੜਾ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਝੋਲੀ ਪਾਏ ਹਕ, ਖ਼ਾਲੀ ਕੋਇ ਨਜ਼ਰ ਨਾ ਆਇੰਦਾ । ਪਰਸਾਦ ਕਹੇ ਦੂਜਾ ਮੈਂ ਮੇਟਾਂ ਦਵੈਤ, ਦੂਈ ਦਿਆਂ ਗਵਾਈਆ । ਲੇਖਾ ਚੁਕਾ ਕੇ ਸ਼ਰਅ ਸ਼ਰਾਇਤ, ਸ਼ਖ਼ਸੀਅਤ ਦਿਆਂ ਸਮਝਾਈਆ । ਕਰ ਕੇ ਇਕ ਅਨਾਇਤ, ਵਸਤ ਅਮੋਲਕ ਇਕ

ਵਖਾਈਆ । ਮੈਂ ਭਗਤਾਂ ਕਰਾਂ ਹਮਾਇਤ, ਹਮ ਘਰ ਸਾਜਣ ਦਿਆਂ ਮਿਲਾਈਆ । ਬੇਸ਼ਕ ਮੈਨੂੰ ਥੋੜਾ ਖਾਇਉ ਕਰਕੇ ਕਫ਼ਾਇਤ, ਕੁਫ਼ਲ ਅੰਦਰੋਂ ਦਿਆਂ ਖੁਲ੍ਹਾਈਆ । ਗੁਰਮੁਖੋ ਤੁਹਾਡੀ ਇਕ ਜਮਾਇਤ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਬਖ਼ਸ਼ਿਸ਼ ਵਿਚੋਂ ਬਖਸ਼ਿਸ ਕੀਤੀ ਅਨਾਇਤ, ਜਿਹੜੀ ਅਨਾਇਤ ਬੁਲ੍ਹੇ ਮੰਗ ਮੰਗਾਈਆ । ਸਤਿ ਪੁਰਸ਼ ਦੀ ਸਚ ਹਦਾਇਤ, ਹਜ਼ਰਤ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਵਖਾਈਆ । ਪਰਸ਼ਾਦ ਕਹੇ ਮੈਂ ਵੇਖਿਆ ਪਰਸ, ਨੇਤਰ ਨੈਣ ਉਠਾਈਆ । ਮੇਰੀ ਪਿਛਲੀ ਮਿਟ ਗਈ ਹਰਸ, ਹਵਸ ਰਹੀ ਨਾ ਰਾਈਆ । ਮੈਂ ਤੱਕਿਆ ਅਰਸ਼ ਫ਼ਰਸ਼, ਮਾਲਕ ਬੇਪਰਵਾਹੀਆ । ਜਿਹੜਾ ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ੈਸਲੇ ਹਕ ਕਰਾਈਆ । ਸਫ਼ਰ ਕਰਦਿਆਂ ਵੇਖਿਆ ਖੇਲ ਅਸਚਰਜ, ਅਚਰਜ ਲੀਲਾ ਹਰਿ ਵਖਾਈਆ । ਬਾਹਰੋਂ ਬੈਠਿਆਂ ਨਜ਼ਰੀ ਆਵੇ ਮਰਦ, ਅੰਦਰ ਮਰਦ ਮਰਦਾਨਾ ਨੂਰ ਖ਼ੁਦਾਈਆ । ਜਿਸ ਦੇ ਕੋਲ ਲੱਖ ਚੁਰਾਸੀ ਦਾ ਦਰਦ, ਦੁਖੀਆਂ ਆਪਣੀ ਗੋਦ ਉਠਾਈਆ । ਉਸ ਦਾ ਭਾਣਾ ਕਿਹੜਾ ਸਕੇ ਵਰਜ, ਅੱਗੇ ਪਿਛੇ ਨਾ ਕੋਇ ਕਰਾਈਆ । ਜਿਸ ਵੇਲੇ ਚਾਹੇ ਸਭ ਦੀ ਪੁੱਠੀ ਕਰ ਦੇਵੇ ਨਰਦ, ਪਾਸ਼ਾ ਖ਼ਾਲੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਬੰਦ ਕਰਕੇ ਧੜਤ, ਪੂਜਾ ਪਾਠ ਸਭ ਦੀ ਲਏ ਗਵਾਈਆ । ਤੀਜਾ ਪਰਸ਼ਾਦ ਕਹੇ ਮੈਂ ਬੜਾ ਸ਼ੌਕੀਨ, ਸ਼ਿਕਵੇ ਸਰਬ ਮਿਟਾਈਆ । ਜਿਸ ਵੇਲੇ ਮੇਰੀ ਮੰਦਰਾਂ ਮਸਜਿਦਾਂ ਗੁਰੂਦਵਾਰਿਆਂ ਵਿਚ ਹੋਈ ਤੋਹੀਨ, ਮੈਂ ਧੁਰ ਦੀ ਆਵਾਜ਼ ਦਿਤੀ ਸੁਣਾਈਆ । ਮੇਰੇ ਉਤੇ ਕਰਕੇ ਯਕੀਨ, ਮੇਰਾ ਮਹਿਬੂਬ ਫੇਰਾ ਪਾਈਆ । ਜਿਸ ਦੀ ਧਾਰ ਬੜੀ ਮਹੀਨ, ਬਾਰੀਕ ਤੋਂ ਬਾਰੀਕ ਨਜ਼ਰ ਕਿਸੇ ਨਾ ਆਈਆ । ਜਿਸ ਦਾ ਨਾ ਕੋਈ ਮਜ਼੍ਹਬ ਨਾ ਕੋਈ ਦੀਨ, ਸ਼ਰਅ ਵਿਚ ਨਾ ਸ਼ਰਅ ਲੜਾਈਆ । ਉਹਦਾ ਲੇਖਾ ਉਪਰ ਅਸਮਾਨ ਜ਼ਮੀਨ, ਜ਼ਾਮਨੀ ਸਭ ਦੀ ਆਪਣੇ ਉਤੇ ਰਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਤਲਕੀਨ, ਤਾਕਤ ਨਾਲ ਸਮਝਾਈਆ । ਉਸ ਦੇ ਦੋ ਜਹਾਨ ਅਧੀਨ, ਆਅਲਾ ਅਦਨਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਪਰਸਾਦ ਕਹੇ ਮੈਨੂੰ ਖਾਓ ਪੀਓ ਰੱਜੋ, ਰਜੋ ਤਮੋ ਸਤੋ ਸੀਸ ਝੁਕਾਈਆ । ਸਫ਼ਰ ਕਰਦੇ ਪ੍ਰਭ ਸਰਨਾਈ ਭੱਜੋ, ਭਜਨ ਬੰਦਗੀ ਲੇਖੇ ਪਾਈਆ । ਕੂੜੀ ਕਿਰਿਆ ਜਗਤ ਤੱਜੋ, ਛੁੱਟੇ ਸਰਬ ਲੋਕਾਈਆ । ਪ੍ਰੇਮ ਪ੍ਰੀਤੀ ਅੰਦਰ ਲੱਗੋ, ਮੁਫ਼ਤ ਰਿਹਾ ਲੁਟਾਈਆ । ਸਚ ਪਿਆਰ ਅੰਦਰ ਬੱਝੋ, ਬੰਧਨ ਇਕ ਵਖਾਈਆ । ਹੌਲੀ ਜਿਹੀ ਜੇ ਇਕ ਵਾਰੀ ਸੱਦੋ, ਰਾਤੀਂ ਸੁਤਿਆਂ ਘਰ ਘਰ ਦਰਸ ਵਖਾਈਆ । ਬੇਸ਼ਕ ਤੁਹਾਨੂੰ ਨਜ਼ਰੀ ਆਵੇ ਵੱਡਾ ਕੱਦੋਂ, ਨਿੱਕਿਆਂ ਨਾਲੋਂ ਨਿੱਕਾ ਡੇਰਾ ਲਾਈਆ । ਤੁਸੀਂ ਏਸਦੀ ਪਿਛਲੀ ਪੁਰਾਣੀ ਉਹ ਯੱਦੋ, ਜਿਸ ਯੱਦ ਵਿਚ ਯਾਦਦਾਸ਼ਤ ਆਪਣੀ ਆਪ ਬਣਾਈਆ । ਕਿਸ ਕਾਰਨ ਭਗਤੋ ਭਗਵਾਨ ਛੱਡੋ, ਆਪਣਾ ਮੁਖ ਭੁਆਈਆ । ਜਿਸ ਦੇ ਅੰਦਰ ਰਚਿਆ ਉਸ ਦੇ ਕਦੀ ਬਾਹਰ ਨਾ ਹੋਇਆ ਹੱਡੋਂ, ਨਿਰਗੁਣ ਨਿਰਵੈਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣੇ ਦੇਣੇ ਹਰਿ ਸੰਗਤ ਰਿਹਾ ਚੁਕਾਈਆ । ਹਰਿ ਸੰਗਤ ਸਫ਼ਰ ਦਾ ਕਰਨਾ ਨਾ ਕਦੇ ਵਿਚਾਰ, ਸਫ਼ਰ ਵਿਚੋਂ ਸਫ਼ਾ ਦਿਤਾ ਉਲਟਾਈਆ । ਜਿਸ ਸਫ਼ੇ ਦੇ ਉਤੇ ਬਿਨਾ ਅੱਖਰਾਂ ਵਾਲਾ ਏਕੰਕਾਰ, ਓਮ ਜਿਸ ਨੇ ਸ਼ਾਖ਼ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਪਰਸ਼ਾਦ ਛੱਕਣ ਨੂੰ ਸਾਰੇ ਤਿਆਰ, ਬੈਠੇ ਝੋਲੀਆਂ ਡਾਹੀਆ ।

ਜੇ ਕਿਰਪਾ ਕਰੇ ਆਪ ਕਰਤਾਰ, ਮਿਹਰ ਨਜ਼ਰ ਉਠਾਈਆ । ਭੱਜੇ ਆਵਣ ਗੁਰ ਅਵਤਾਰ, ਨੱਠਣ ਵਾਹੋ ਦਾਹੀਆ । ਚਲ ਕੇ ਵੇਖੀਏ ਉਹ ਦਵਾਰ, ਜਿਸ ਘਰ ਬੈਠਾ ਸੱਚਾ ਮਾਹੀਆ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਚੌਕੜੀ ਧਿਆਨ ਲਗਾਈਆ । ਉਹ ਗ਼ਰੀਬ ਨਿਮਾਣਿਆਂ ਬਣਿਆ ਯਾਰ, ਨਾਤਾ ਸੱਚਾ ਜੋੜ ਜੁੜਾਈਆ । ਉਸ ਦੇ ਦੋ ਜਹਾਨ ਅਖ਼ਤਿਆਰ, ਆਖ਼ਰ ਆਪਣਾ ਹੁਕਮ ਮਨਾਈਆ । ਜਿਸ ਨੂੰ ਕਹਿੰਦੇ ਠਠਿਆਰ, ਲੱਖ ਚੁਰਾਸੀ ਭਾਂਡੇ ਰਿਹਾ ਘੜਾਈਆ । ਸੋ ਵੇਖਣ ਆਇਆ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਪਰਸਾਦ ਕਰਾ ਤਿਆਰ, ਤ੍ਰੈਗੁਣ ਡੇਰਾ ਢਾਹੀਆ । ਤਿੰਨਾਂ ਦਾ ਤਿੰਨਾਂ ਜੁਗਾਂ ਦਾ ਇਕ ਵਿਹਾਰ, ਤਿਨਾੜਾ ਤਿੰਨਾਂ ਨਾਲ ਜੁੜਾਈਆ । ਹਰਿ ਸੰਗਤ ਤੇਰਾ ਸਚ ਪਿਆਰ, ਪ੍ਰੇਮੀ ਪ੍ਰੇਮ ਰੂਪ ਵਖਾਈਆ । ਸਭ ਦੀ ਸੁਣ ਕੇ ਸਚ ਪੁਕਾਰ, ਪੱਕਾ ਪਕਾਇਆ ਸਭ ਦੀ ਝੋਲੀ ਪਾਈਆ । ਸਾਚੀ ਭਿਛਿਆ ਨਾਲ ਭਰੇ ਭੰਡਾਰ, ਖ਼ਾਲੀ ਦਵਾਰ ਨਾ ਕੋਇ ਰਖਾਈਆ । ਦੇਵਣਹਾਰਾ ਇਕ ਨਿਰੰਕਾਰ, ਜੁਗ ਜੁਗ ਰਿਹਾ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਕੋਈ ਨਾ ਕਰੇ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਜਨ ਭਗਤਾਂ ਲਏ ਉਠਾਲ, ਫੜ ਬਾਹੋਂ ਗਲੇ ਲਗਾਈਆ । ਰਾਹ ਤੱਕੇ ਗੋਪੀਆਂ ਵਾਲਾ ਗੋਪਾਲ, ਗੁਆਲਾ ਆਪਣੀ ਅੱਖ ਖੁਲ੍ਹਾਈਆ । ਗੁਰਮੁਖਾਂ ਹੱਲ ਹੋਇਆ ਸਵਾਲ, ਅਹਿਵਾਲ ਪਿਛਲਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾ ਕੇ ਸ਼ਾਹ ਕੰਗਾਲ, ਕੰਗਾਲੋਂ ਸ਼ਾਹ ਬਣਾਈਆ ।

੮੬੬
੧੭

## ✪ ੨ ਮੱਘਰ ੨੦੨੧ ਬਿਕ੍ਰਮੀ ਜੇਠੂਵਾਲ ✪

ਸਤਿਗੁਰ ਪਰਸਾਦ ਜਿਨ੍ਹਾਂ ਮਿਲਿਆ ਕਾਇਆ ਚੋਲੀ, ਝਲਕ ਝੱਲਿਆਂ ਦਏ ਵਖਾਈਆ । ਅੰਦਰੇ ਅੰਦਰ ਬਦਲ ਦੇਵੇ ਆਪਣੀ ਬੋਲੀ, ਅਨਬੋਲਤ ਰਾਗ ਸੁਣਾਈਆ । ਸਚ ਦਵਾਰਾ ਦੇਵੇ ਖੋਲ੍ਹੀ, ਪੜਦਾ ਸਤਿ ਉਠਾਈਆ । ਬਦਲ ਦੇਵੇ ਕਾਇਆ ਚੋਲੀ, ਚੋਲਾ ਸਾਚਾ ਤਨ ਪਹਿਨਾਈਆ । ਵੇਖ ਵਖਾਣੇ ਸਾਢੇ ਤਿੰਨ ਹੱਥ ਡੋਲੀ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਵਡਿਆਈਆ । ਪਰਸਾਦ ਕਹੇ ਮੇਰਾ ਲੇਖਾ ਲੱਗਾ, ਮਿਲੀ ਮਾਣ ਵਡਿਆਈਆ । ਜਨ ਭਗਤਾਂ ਵਧੇ ਅੱਗਾ, ਪਿਛਲੀ ਰੀਤ ਚੁਕਾਈਆ । ਪੁਰਖ ਅਕਾਲ ਸੱਜਣ ਸਕਾ, ਇਕੋ ਘਰ ਵਖਾਈਆ । ਭੱਜਣਾ ਪਏ ਨਾ ਮਦੀਨਾ ਮੱਕਾ, ਕਾਅਬਾ ਘਰ ਘਰ ਦਏ ਦਰਸਾਈਆ । ਲੇਖ ਚੁਕਾ ਕੇ ਅੱਠਾਂ ਸੱਠਾਂ, ਤੀਰਥ ਤਟਾਂ ਪੰਧ ਮੁਕਾਈਆ । ਪੰਧ ਮੁਕਾ ਕੇ ਚੌਦਾਂ ਹੱਟਾਂ, ਵਿਦਿਆ ਚੌਦਾਂ ਡੇਰਾ ਢਾਹੀਆ । ਹਰਿ ਮਿਲਣ ਦੀਆਂ ਖੋਲ੍ਹ ਕੇ ਅੱਖਾਂ, ਆਖਰ ਭੇਵ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਵਡਿਆਈਆ । ਮਿਲੀ ਵਡਿਆਈ ਚਾਉ ਘਨੇਰਾ, ਪ੍ਰਭ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਅੰਦਰ ਮੇਰਾ ਡੇਰਾ, ਘਰ ਸਾਚੇ ਦਿਤਾ ਬਹਾਈਆ । ਜਿਥੇ ਢੋਲਾ ਇਕੋ ਤੇਰਾ, ਤੂੰਹੀ ਤੂੰਹੀ ਰਾਗ ਅਲਾਈਆ । ਨਾ ਕੋਈ ਸੰਝ ਨਾ ਸਵੇਰਾ, ਸੰਧਿਆ ਰੂਪ ਨਾ ਕੋਇ ਵਟਾਈਆ । ਨਜ਼ਰੀ ਆਇਆ ਨੇਰਨ ਨੇਰਾ, ਨਿਜ ਘਰ ਬੈਠਾ ਸੋਭਾ ਪਾਈਆ । ਵਸਦਾ ਵੇਖਿਆ ਸਾਚਾ ਖੇੜਾ, ਖਿੜਕੀ ਆਪ ਖੁਲ੍ਹਾਈਆ । ਚੁਕਦਾ ਵੇਖਿਆ ਝੂਠਾ ਝੇੜਾ, ਝਗੜਾ ਦਏ ਮਿਟਾਈਆ । ਗੁਆਂਦਾ ਵੇਖਿਆ ਜਗਤ

ਅੰਧੇਰਾ, ਸਚ ਪਰਕਾਸ਼ ਕਰਾਈਆ । ਸਤਿ ਧਰਮ ਦਾ ਆਇਆ ਵੇਲਾ, ਗੁਰ ਚੇਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪਰਸਾਦ ਕਹੇ ਮੇਰਾ ਅੰਦਰ ਖਾਤ, ਖਾਤਾ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਗਾਂਦੇ ਗਾਥ, ਢੋਲਿਆਂ ਰਾਗ ਅਲਾਈਆ । ਸਤਿਗੁਰ ਕਿਰਪਾ ਸਤਿ ਆਵੇ ਸਵਾਦ, ਰਸਨਾ ਜਿਹਵਾ ਸਮਝ ਸਕੇ ਨਾ ਰਾਈਆ । ਜਿਸ ਨੇ ਰਚਨਾ ਰਚੀ ਆਦਿ, ਮਧ ਅੰਤ ਵੇਖੇ ਥਾਉਂ ਥਾਈਂਆ । ਸ਼ਬਦ ਅਗੰਮੀ ਵੱਜੇ ਨਾਦ, ਵਿਜੇ ਆਪਣੀ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਪਰਸਾਦ ਕਹੇ ਮੋਹੇ ਮਿਲਿਆ ਅਸਥਾਨ, ਭੂਮਿਕਾ ਇਕ ਵਡਿਆਈਆ । ਜਿਸ ਘਰ ਵਸੇ ਸ੍ਰੀ ਭਗਵਾਨ, ਨਿਰਗੁਣ ਡੇਰਾ ਲਾਈਆ । ਸੋ ਮੰਦਰ ਸਚ ਮਕਾਨ, ਗੁਰੂਦਵਾਰ ਇਕ ਸਮਝਾਈਆ । ਜਿਥੇ ਝੁਲਦਾ ਧਰਮ ਨਿਸ਼ਾਨ, ਕੂੜ ਕੁੜਿਆਰ ਇਕ ਮਿਟਾਈਆ । ਉਥੇ ਮਿਲਦਾ ਇਕ ਗਿਆਨ, ਵਰਨਾਂ ਚਾਰ ਪੜ੍ਹਾਈਆ । ਚੜ੍ਹਾਉਂਦਾ ਸਚ ਬਿਬਾਨ, ਸ਼ਬਦੀ ਰਾਹ ਵਖਾਈਆ । ਭਗਤਾਂ ਦੇਂਦਾ ਦਾਨ, ਸੰਤਾਂ ਗਲੇ ਲਗਾਈਆ । ਗੁਰਮੁਖਾਂ ਕਰ ਪਰਵਾਨ, ਗੁਰਸਿਖਾਂ ਵੇਖ ਵਖਾਈਆ । ਸਖ਼ੀਆਂ ਮਿਲੇ ਸੱਚਾ ਕਾਹਨ, ਬੰਸਰੀ ਨਾਮ ਸੁਣਾਈਆ । ਸਈਆਂ ਸੁਹੇਲਾ ਇਕੋ ਰਾਮ, ਰਮਤਾ ਹੋ ਕੇ ਆਇਆ ਧੁਰ ਦਾ ਮਾਹੀਆ । ਗੁਰਮੁਖ ਵੇਖੇ ਬਾਲ ਅੰਞਾਣ, ਬਾਲੀ ਬੁਧ ਦਏ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਕਰਾਈਆ । ਪਰਸਾਦ ਕਹੇ ਮੈਂ ਵੜ ਕੇ ਅੰਦਰ, ਘਰ ਘਰ ਖ਼ੁਸ਼ੀ ਮਨਾਈਆ । ਸੱਜਦੇ ਕਰਦੇ ਵੇਖੇ ਸੂਰੀਆ ਚੰਦਰ, ਰਵ ਸਸ ਸੀਸ ਨਿਵਾਈਆ । ਭੈ ਵਿਚ ਵੇਖਿਆ ਹੁੰਦਾ ਮਨੂਆ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਦੀਵਾ ਜਗਦਾ ਵੇਖਿਆ ਅੰਧੇਰੀ ਕੰਦਰ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਸ਼ਰਅ ਦਾ ਤੁਟਦਾ ਵੇਖਿਆ ਸੰਗਲ, ਦੀਨ ਮਜ਼੍ਹਬ ਨਾ ਕੋਇ ਚਤੁਰਾਈਆ । ਝੁਕਦਾ ਵੇਖਿਆ ਮੰਡਲ, ਅੱਖ ਨੈਣ ਸ਼ਰਮਾਈਆ । ਭਗਤਾਂ ਸੁਣਿਆਂ ਇਕੋ ਮੰਗਲ, ਸੋਹੰ ਢੋਲਾ ਰਹੇ ਗਾਈਆ । ਅੱਗੇ ਲੋੜ ਰਹੀ ਨਾ ਜਾਣ ਦੀ ਜੰਗਲ, ਉਜਾੜ ਪਰਬਤ ਨਾ ਕੋਇ ਭੁਆਈਆ । ਸਤਿਗੁਰ ਪ੍ਰੀਤੀ ਸਾਚਾ ਬੰਧਨ, ਬੰਦਗੀ ਵਾਲਾ ਬੰਦਿਆਂ ਵਿਚ ਪਾਈਆ । ਨਾਮ ਭਬੂਤੀ ਲਾ ਕੇ ਚੰਦਨ, ਨੂਰ ਚੰਦ ਕਰੇ ਰੁਸ਼ਨਾਈਆ । ਜੁਗ ਜਨਮ ਦੀ ਟੁਟੀ ਆਇਆ ਗੰਢਣ, ਡੋਰੀ ਆਪਣਾ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਪਰਸ਼ਾਦ ਕਹੇ ਮੈਂ ਪਾਇਆ ਪਿਰ, ਪ੍ਰੀਤਮ ਦਿਤੀ ਵਡਿਆਈਆ । ਜਿਸ ਦੀ ਉਡੀਕ ਰੱਖੀ ਚਿਰ, ਚਰਿਤਰਾਂ ਵਿਚ ਵਕਤ ਲੰਘਾਈਆ । ਦਹਿ ਦਿਸ਼ਾ ਵੇਖਿਆ ਫਿਰ, ਭੱਜ ਭੱਜ ਵਾਹੋ ਦਾਹੀਆ । ਰੂਪ ਨਜ਼ਰ ਨਾ ਆਇਆ ਨਿਰਵੈਰ ਨਿਰ, ਨਿਰੰਕਾਰ ਨਾ ਕੋਇ ਮਿਲਾਈਆ । ਘਰ ਨਾ ਦਿਸਿਆ ਕਿਸੇ ਥਿਰ, ਸਚ ਦਵਾਰ ਨਾ ਕੋਇ ਬਹਾਈਆ । ਕੁਸੰਭੜੇ ਫੁੱਲ ਰਹੇ ਖਿੜ, ਪੰਖੜੀਆਂ ਜੋੜ ਜੁੜਾਈਆ । ਬਿਨ ਸਤਿਗੁਰ ਪੂਰੇ ਦੋ ਜਹਾਨਾਂ ਕੋਈ ਨਾ ਆਵੇ ਧੁਰ ਦੇ ਪਿੜ, ਪਿੰਡਾ ਖ਼ਾਲੀ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਰਸਾਦਿ ਕਹੇ ਮੇਰਾ ਅਨੋਖਾ ਲੁਤਫ਼, ਲਤੀਫ਼ਿਆਂ ਵਿਚ ਨਾ ਕੋਇ ਗਿਣਾਈਆ । ਪੁਰਖ ਅਬਿਨਾਸ਼ੀ ਵੰਡਿਆਂ ਮੁਫ਼ਤ, ਮਰਦਿਆਂ ਰਿਹਾ ਜਿਵਾਈਆ । ਗੁਰਮੁਖ ਸਭ ਤੋਂ ਉੱਤਮ ਸ੍ਰੇਸ਼ਟ ਚੁਸਤ, ਜੋ ਬਣਿਆ ਪਾਂਧੀ ਰਾਹੀਆ । ਜਿਸ ਦੀ ਮਹਿੰਮਾ ਅਥਵਾ ਉਸਤ, ਉਸਤਤ ਕਰੇ

ਲੋਕਾਈਆ । ਉਸ ਦੇ ਹੱਥ ਰਖਿਆ ਪੁਸ਼ਤ, ਪਨਾਹ ਦਿਤੀ ਸ਼ਰਨਾਈਆ । ਅੰਦਰੋਂ ਹੰਕਾਰੀ ਮੇਟ ਕੇ ਦੁਸ਼ਟ, ਦ੍ਰਿਸ਼ਟ ਦਏ ਖੁਲ੍ਹਾਈਆ । ਲਹਿਣਾ ਚੁੱਕੇ ਬਾਲਿਸ਼ਤ ਅੰਗੁਸ਼ਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਿਤੀ ਆਪ ਵਡਿਆਈਆ । ਪਰਸ਼ਾਦਿ ਕਹੇ ਮੇਰਾ ਚੁੱਕਿਆ ਲੇਖਾ, ਅਲਖ ਦਿਤੀ ਸਰਨਾਈਆ । ਤਿੰਨਾਂ ਮਿਲ ਕੇ ਕੀਤਾ ਏਕਾ, ਉਸ ਏਕੰਕਾਰ ਵਿਚ ਸਮਾਈਆ । ਸਭ ਦਾ ਅੱਗੋਂ ਮੁਕੇ ਠੇਕਾ, ਬੋਲੀ ਮਾਤ ਨਾ ਕੋਇ ਚੜ੍ਹਾਈਆ । ਨਜ਼ਰੀ ਆਏ ਸੌਹਰਾ ਪੇਕਾ, ਪੇਈਆ ਸੌਹਰਾ ਵੰਡ ਨਾ ਕੋਇ ਵੰਡਾਈਆ । ਹੁਕਮਰਾਨ ਧੁਰ ਦਾ ਨੇਤਾ, ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਭੁੱਲਿਆ ਸ੍ਰਿਸ਼ਟੀ ਚੇਤਾ, ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦ ਕਹੇ ਮੇਰੀ ਆਸਾ ਪੁੰਨੀ, ਪੂਰਨ ਸਤਿਗੁਰ ਪਾਇਆ । ਗੁਰਮੁਖ ਮਿਲਿਆ ਧੁਰ ਦਾ ਗੁਣੀ, ਗਹਿਰ ਗੰਭੀਰ ਜੋੜ ਜੁੜਾਇਆ । ਜਿਸ ਦੀ ਕਹਾਣੀ ਜੁਗ ਜੁਗ ਸੁਣੀ, ਸੋ ਸਾਹਿਬ ਹੋਏ ਸਹਾਇਆ । ਜਿਸ ਨੂੰ ਗਾਉਂਦੇ ਰਿਖੀ ਮੁਨੀ, ਗੁਰ ਅਵਤਾਰ ਧਿਆਨ ਲਗਾਇਆ । ਜਿਸ ਦੀ ਰਾਗਾਂ ਨਾਦਾਂ ਅੰਦਰ ਧੁਨੀ, ਸ਼ਬਦੀ ਤਾਲ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਹੋਇਆ ਸਹਾਇਆ । ਪਰਸ਼ਾਦਿ ਕਹੇ ਮੇਰਾ ਗਿਆ ਹਉਕਾ, ਹਉਂ ਭਾਵ ਇਕ ਜਣਾਈਆ । ਸਹਾਰਾ ਮਿਲਿਆ ਸਾਚੇ ਨਾਉਂ ਕਾ, ਨਈਆ ਨਾਮ ਦ੍ਰਿਸ਼ਟਾਈਆ । ਭੁਲੇਖਾ ਚੁੱਕਿਆ ਦੂਜੇ ਭਾਉ ਕਾ, ਭਰਮ ਗੜ੍ਹ ਤੁੜਾਈਆ । ਦਰਸ਼ਨ ਕੀਤਾ ਪੂਰੇ ਸ਼ਾਹੋ ਕਾ, ਸ਼ਹਿਨਸ਼ਾਹ ਨਜ਼ਰੀ ਆਈਆ । ਅੱਗੇ ਲੇਖਾ ਰਹੇ ਨਾ ਕਿਸੇ ਕੇ ਦਾਉ ਕਾ, ਕੂੜੀ ਕਿਰਿਆ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਈਆ । ਪਰਸਾਦ ਕਹੇ ਮੈਂ ਹੋਇਆ ਪਰਸੰਨ, ਪਰਸੰਤਾ ਨਜ਼ਰੀ ਆਈਆ । ਅੱਖੀ ਵੇਖ ਕੇ ਭਗਤਾਂ ਚਿੰਨ੍ਹ, ਮੇਰੀ ਚਿੰਤਾ ਮੁਖ ਛੁਪਾਈਆ । ਵੱਖਰਾ ਵਿਹਾਰ ਕੀਤਾ ਤਿੰਨ, ਤ੍ਰੈਲੋਕ ਰਹੇ ਜਸ ਗਾਈਆ । ਲੇਖਾ ਕੋਈ ਨਾ ਜਾਣੇ ਭਿੰਨ ਭਿੰਨ, ਭਿੰਨੜੀ ਰੈਣ ਵੱਜੇ ਵਧਾਈਆ । ਕਰ ਕੇ ਖੇਲ ਅਗੰਮੀ ਛਿੰਨ, ਸ਼ਹਿਨਸ਼ਾਹ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਰਸ਼ਾਦ ਕਹੇ ਉਹ ਆਇਆ ਅਖ਼ੀਰ, ਆਖ਼ਰ ਮਿਲੀ ਵਡਿਆਈਆ । ਹਰਿ ਜੂ ਬਦਲ ਦਿਤੀ ਤਕਦੀਰ, ਮਿਹਰ ਨਜ਼ਰ ਉਠਾਈਆ । ਬਿਰਹੋਂ ਵਿਛੋੜਾ ਕੱਟ ਕੇ ਪੀੜ, ਧੁਰ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖ ਤਦਬੀਰ ।



### ✪ ੨ ਮੱਘਰ ੨੦੨੧ ਬਿਕ੍ਰਮੀ ਇੰਦਰਪ੍ਰਸਤ ਮਾਰਗ ਅੰਮ੍ਰਿਤਸਰ ✪

ਸੁਣੋ ਸਾਚਾ ਸਚ ਅਭਿਆਸ, ਅੰਤਰ ਆਤਮ ਧਿਆਨ ਲਗਾਈਆ । ਸੇਵਾ ਲਾ ਕੇ ਪਵਣ ਸਵਾਸ, ਸਾਹ ਸਾਹ ਸਮਝਾਈਆ । ਪਰਮ ਪੁਰਖ ਦੀ ਰੱਖ ਕੇ ਆਸ, ਤ੍ਰਿਸਨਾ ਜਗਤ ਮਿਟਾਈਆ । ਨਿਰਗੁਣ ਸਮਝਿਆ ਸਰਗੁਣ ਸਾਥ, ਨਿਰਵੈਰ ਵੇਖ ਵਖਾਈਆ । ਨਾਤਾ ਤੋੜ ਕੇ ਪ੍ਰਿਥਮੀ ਅਕਾਸ਼, ਗਗਨ ਮੰਡਲ ਪੰਧ ਚੁਕਾਈਆ । ਸਦਾ ਸੁਹੇਲਾ ਵਸ ਕੇ ਸਾਥ, ਸੰਗੀ ਇਕ ਜਣਾਈਆ । ਬਿਨ ਮਾਲਾ ਮਣਕੇ ਕੀਤਾ ਜਾਪ,

ਮਨ ਕਾ ਮਣਕਾ ਦਿਤਾ ਭੁਆਈਆ । ਨਾਤਾ ਤੋੜ ਕੇ ਤੀਨੋਂ ਤਾਪ, ਤ੍ਰੈਗੁਣ ਲੇਖ ਮੁਕਾਈਆ । ਸਚ ਦਵਾਰਿਉਂ ਸਿਖੀ ਇਕ ਜਾਚ, ਜਿਸ ਦੀ ਜਾਚਕ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਅਭਿਆਸ ਇਕੋ ਇਕ ਰਖਾਈਆ । ਅਭਿਆਸ ਕੀਤਾ ਕਾਇਆ ਅੰਤਰ, ਆਤਮ ਰੰਗ ਰੰਗਾਈਆ । ਪਾਰਬ੍ਰਹਮ ਦਾ ਗਾਵਣ ਮੰਤਰ, ਸੋਹਲਾ ਸੱਚਾ ਗਾਈਆ । ਲੇਖ ਚੁਕਾ ਕੇ ਗਗਨ ਗਗਨੰਤਰ ਕੂੜਾ ਪੰਧ ਮੁਕਾਈਆ । ਘਰ ਸਚ ਬਣਾ ਕੇ ਸਾਚੀ ਬਣਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕੋ ਇਕ ਕਰਾਈਆ । ਸਚ ਅਭਿਆਸ ਰੰਗ ਨਵੇਲਾ, ਘਰ ਵੱਖਰੇ ਆਪ ਕਰਾਈਆ । ਲੇਖ ਚੁਕਾ ਕੇ ਗੁਰੂ ਚੇਲਾ, ਭੇਖ ਨਾ ਕੋਇ ਬਦਲਾਈਆ । ਜਿਸ ਅਭਿਆਸ ਵਿਚੋਂ ਮਿਲਿਆ ਸੱਜਣ ਸੁਹੇਲਾ, ਸਹਿਜ ਸੁਭਾਉ ਨਜ਼ਰੀ ਆਈਆ । ਕਲਜੁਗ ਸੰਤਾਂ ਨਾਲੋਂ ਹੋ ਕੇ ਵੇਹਲਾ, ਪ੍ਰੇਮੀਆਂ ਨਾਲ ਪ੍ਰੇਮ ਵਧਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਸਚ ਅਭਿਆਸ ਦਾ ਸੱਚਾ ਵੇਲਾ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਭਿਆਸ ਦਿਤਾ ਸਮਝਾਈਆ । ਇਕ ਅਭਿਆਸ ਧੁਰ ਦਰਗਾਹੋਂ ਸਿਖਿਆ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਏ ਗਵਾਹੀਆ । ਜਿਸ ਦਾ ਲੇਖ ਸਿਫ਼ਤਾਂ ਵਿਚ ਕਿਸੇ ਨਾ ਲਿਖਿਆ, ਨਿਰਅੱਖਰ ਦਏ ਵਡਿਆਈਆ । ਅਗੰਮੀ ਅਗੰਮ ਪਾਈ ਭਿਛਿਆ, ਮਾਰਗ ਸਚ ਦਿਤਾ ਸਮਝਾਈਆ । ਮੇਰਾ ਮਾਰਗ ਕਿਸੇ ਨਾ ਦਿਸਿਆ, ਜਗ ਨੇਤਰ ਰੋਵਣ ਦੇਣ ਦੁਹਾਈਆ । ਭਗਤਾਂ ਮਾਰਗ ਸਦਾ ਅਨਡਿਠਿਆ, ਰਹਿਬਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕੋ ਇਕ ਕਰਾਈਆ । ਸਚ ਅਭਿਆਸ ਅੰਦਰ ਕਰਿਆ, ਬਾਹਰੋਂ ਕਰੀ ਨਾ ਕੋਇ ਪੜ੍ਹਾਈਆ । ਪੰਚ ਵਿਕਾਰਾ ਕਾਮ ਕਰੋਧ ਲੋਭ ਮੋਹ ਹੰਕਾਰ ਡਰਿਆ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਮੁਖ ਛੁਪਾਈਆ । ਈੜਾ ਪਿੰਗਲ ਸੁਖਮਨ ਟੇਢੀ ਬੰਕ ਵੇਖੀ ਕਿਰਿਆ, ਸਰ ਸਰੋਵਰ ਖ਼ੁਸ਼ੀਆਂ ਤਾਲ ਸੁਹਾਈਆ । ਕਵਲ ਕਵਲਾ ਫੁੱਲ ਖਿੜਿਆ, ਮਹਿਰਾਬੀ ਮਹਿਤਾਬੀ ਜੋਤ ਰੁਸ਼ਨਾਈਆ । ਨਾਦ ਅਨਾਦੀ ਅਗੰਮੀ ਸੁਣਿਆ, ਤਾਲ ਤਲਵਾੜਾ ਇਕ ਵਖਾਈਆ । ਜਿਸ ਅਭਿਆਸ ਨੂੰ ਕਰਕੇ ਪਿਛੇ ਕੋਇ ਨਾ ਮੁੜਿਆ, ਸਚ ਦਵਾਰੇ ਜਾਵਣ ਚਾਈਂ ਚਾਈਆ । ਜਿਸ ਅਭਿਆਸ ਵਿਚ ਰਹੇ ਨਾ ਕੋਇ ਨਿਗੁਰਿਆ, ਪੁਰਖ ਅਕਾਲ ਸਤਿਗੁਰ ਬੇਪਰਵਾਹੀਆ । ਜਿਸ ਦਾ ਮਨ ਇਕੋ ਫੁਰਨਾ ਫੁਰਿਆ, ਫੁਰਨੇ ਵਿਚ ਵੇਖੇ ਸਰਬ ਲੋਕਾਈਆ । ਜਿਸ ਅਭਿਆਸ ਦਾ ਮਾਰਗ ਸਭ ਤੋਂ ਨਿਰਾਲਾ ਤੁਰਿਆ, ਤੁਰੀਆ ਤੁਰਤ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕ ਵਖਾਈਆ । ਸਚ ਅਭਿਆਸ ਜਗਤ ਕੀਤਾ, ਕਰਮਾਂ ਕਰਨੀ ਨਾਲ ਮਿਲਾਈਆ । ਬਿਨ ਅੱਖਰਾਂ ਵਾਲੀ ਪੜ੍ਹੀ ਗੀਤਾ, ਅੱਠ ਦਸ ਵੱਜੀ ਵਧਾਈਆ । ਬਿਨ ਕੁੰਡਲਾਂ ਵਾਲੀ ਵੇਖੀ ਸੀਤਾ, ਬਿਨ ਮੁੰਦਰਾਂ ਰਾਮ ਨਜ਼ਰੀ ਆਈਆ । ਸਚ ਅਭਿਆਸ ਇਕੋ ਡੀਠਾ, ਜਿਸ ਦੀ ਮੁਰਲੀ ਧੁਨਾਂ ਰਾਗਾਂ ਬਾਹਰ ਰਹੀ ਗਾਈਆ । ਓਸ ਵਿਚੋਂ ਮਿਲਿਆ ਇਕ ਅਤੀਤਾ, ਤ੍ਰੈਗੁਣ ਤ੍ਰੈਭਵਨ ਧਨੀ ਸੋਭਾ ਪਾਈਆ । ਚਾਰ ਵੇਦ ਜਸ ਜਿਸ ਨੇ ਕੀਤਾ, ਛੇ ਸ਼ਾਸਤਰ ਕਰ ਪੜ੍ਹਾਈਆ । ਓਸ ਦਾ ਅਭਿਆਸ ਇਕ ਅਣਡੀਠਾ, ਮਾਰਗ ਨਿੱਕਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਘਰ ਸਿਖਣ ਕਿਸੇ ਨਾ ਜਾਈਆ । ਸਚ ਅਭਿਆਸ ਮਿਲਿਆ ਕਾਇਆ ਤਨ, ਤਤਵ ਤਤ ਬੂਝ ਬੁਝਾਈਆ ।



੮੬੯
੧੭

ਜਗਤ ਵਾਸਨਾ ਮੇਟ ਕੇ ਮਨ, ਮਨੂਆ ਮਣਕਾ ਦਿਤਾ ਉਲਟਾਈਆ । ਪੰਚ ਵਿਕਾਰੇ ਦੇ ਕੇ ਡੰਨ, ਸ਼ਬਦ ਅਗੰਮੀ ਦਿਤਾ ਸੁਣਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਕਿਹਾ ਧੰਨ ਧੰਨ, ਵੱਜੀ ਸਚ ਵਧਾਈਆ । ਜਿਸ ਅਭਿਆਸ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਬੰਨ੍ਹ, ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਜੋਗੀ ਅਭਿਆਸੀ ਜਪੀ ਤਪੀ ਹਠੀ ਸਤੀ ਬੈਠੇ ਧਿਆਨ ਲਗਾਈਆ । ਓਸ ਅਭਿਆਸ ਦੀ ਕਰੇ ਨਾ ਕੋਇ ਅਜ਼ਮਾਇਸ਼, ਪੈਮਾਇਸ਼ ਵਿਚ ਕਦੇ ਨਾ ਆਈਆ । ਜਿਸ ਘਰ ਪਰਮ ਪੁਰਖ ਦੀ ਰਿਹਾਇਸ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬੈਠਾ ਆਸਣ ਲਾਈਆ । ਓਸ ਮਾਰਗ ਦੀ ਓਸੇ ਤੋਂ ਸਿਖੀ ਹਦਾਇਤ, ਜਿਸ ਦੀ ਹੱਦ ਹਦੂਦ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਿਤੀ ਜਣਾਈਆ । ਸਚ ਅਭਿਆਸ ਪਾਇਆ ਤਨ ਕਾਇਆ, ਚੋਲੀ ਪੰਜ ਤਤ ਰੰਗਾਈਆ । ਕੂੜੀ ਕਿਰਿਆ ਛੁੱਟੀ ਮਾਇਆ, ਮਮਤਾ ਮੋਹ ਮਿਟਾਈਆ । ਅਬਿਨਾਸ਼ੀ ਕਰਤਾ ਨਜ਼ਰੀ ਆਇਆ, ਨਰ ਨਰਾਇਣ ਨੇਤਰ ਅੱਖ ਖੁਲ੍ਹਾਈਆ । ਇਕੋ ਅਭਿਆਸ ਘਰ ਸਾਚੇ ਪਾਇਆ, ਜਿਸ ਦਾ ਲੇਖਾ ਵੇਦ ਵਿਆਸ ਬਿਨਾ ਵਿਦਿਆ ਗਿਆ ਦ੍ਰਿੜਾਈਆ । ਜੋ ਬਿਨ ਪਾਵਾ ਚੂਲ ਖਾਟ ਉਤੇ ਡੇਰਾ ਲਾਇਆ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅਭਿਆਸ ਇਕ ਵਖਾਈਆ । ਬਹੁਤਾ ਕਹਿਣਾ ਬਹੁਤਾ ਚੰਗਾ, ਚੰਗਿਆਂ ਕੋਲ ਚੰਗੀ ਮਿਲੀ ਵਡਿਆਈਆ । ਜਿਉਂ ਰਵਿਦਾਸੇ ਕਸੀਰਾ ਮਿਲਿਆ ਗੰਗਾ, ਕਬੀਰਾ ਸੋਭਾ ਪਾਈਆ । ਸੰਤ ਸਾਜਣ ਧੁਰ ਦੇ ਚੰਦਾ, ਜੋਤ ਨੂਰ ਰੁਸ਼ਨਾਈਆ । ਬੇਸ਼ਕ ਬਾਹਰੋਂ ਪੰਜ ਤਤ ਦਾ ਬੰਦਾ, ਅੰਦਰ ਬੇਪਰਵਾਹੀਆ । ਜੇਕਰ ਖੋਲ੍ਹ ਕੇ ਵੇਖੇ ਆਪਣਾ ਜੰਦਾ, ਕੁੰਜੀ ਸਾਚਾ ਨਾਮ ਲਗਾਈਆ । ਓਥੇ ਇਕੋ ਢੋਲਾ ਇਕੋ ਛੰਦਾ, ਇਕੋ ਗੀਤ ਇਕੋ ਢੋਲਾ ਰਾਮ ਸੁਣਾਈਆ । ਵਿਚ ਸਮਾਵੇ ਪਰਮਾਨੰਦਾ, ਨਿਜਾਨੰਦ ਅਨੰਦ ਵਿਚ ਰਖਾਈਆ । ਸਾਧਾਂ ਨੂੰ ਮਿਲਣਾ ਸਦਾ ਚੰਗਾ, ਮਨਮੁਖਾਂ ਕੋਲੋਂ ਪੱਲੂ ਲੈਣਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਬਹੁਤਾ ਬੋਲਿਆ ਲਿਖੇ ਚਾਰ ਵੇਦ, ਬਹੁਤੀ ਵਿਦਿਆ ਜਗਤ ਟਿਕਾਈਆ । ਜਿਨ੍ਹਾਂ ਦੇ ਅੰਦਰ ਲੱਖ ਚੁਰਾਸੀ ਦਾ ਭੇਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਚਾਰੇ ਖਾਣੀ ਚਾਰੇ ਬਾਣੀ ਬੈਠੀ ਮੁਖ ਛੁਪਾਈਆ । ਉਹਨਾਂ ਅੰਦਰ ਆਤਮ ਪਰਮਾਤਮ ਦਾ ਜਲਵਾ ਨੂਰੀ ਤੇਜ, ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਆ । ਬੋਲਣ ਕਾਰਨ ਸਾਧ ਸੰਤ ਲੋਕਮਾਤ ਦੇਵੇ ਭੇਜ, ਭਜਨ ਬੰਦਗੀ ਦੇਣ ਸੁਣਾਈਆ । ਉਹ ਸੌਣ ਨਹੀਂ ਔਦੇ ਬਿਸਤਰਿਆਂ ਵਾਲੀ ਸੇਜ, ਤਕੀਆਂ ਨਾਲ ਆਸਣ ਲਾਈਆ । ਉਹ ਦੱਸਣ ਨੇਤਨ ਨੇਤ, ਦੂਰ ਦੁਰਾਡਾ ਘਰ ਘਰ ਵਸੇ ਮਾਹੀਆ । ਇਹੋ ਸੰਤ ਜੀ ਅਨੋਖਾ ਵੱਖਰਾ ਭੇਤ, ਜੋ ਕਾਇਆ ਭਾਂਡੇ ਅੰਦਰ ਦਿਤਾ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੁਤਾ ਬੋਲਣਾ ਬੋਲ ਸਚ, ਸਚਿਆਂ ਦਿਤੀ ਵਡਿਆਈਆ । ਬਹੁਤਾ ਬੋਲੋ ਜੇ ਜਗ ਸਚ, ਕੂੜੀ ਰੀਤੀ ਰਹਿਣ ਨਾ ਪਾਈਆ । ਕਲਜੁਗ ਸ੍ਰਿਸ਼ਟ ਜੋ ਰਹੀ ਮੱਚ, ਅਗਨੀ ਤਤ ਜਲਾਈਆ । ਸਚ ਬੋਲਿਆਂ ਮਿਲੇ ਅੰਮ੍ਰਿਤ ਰਸ, ਅੰਮ੍ਰਿਤ ਬਾਣੀ ਨਿਜਰ ਧਾਰ ਵਹਾਈਆ । ਸਚ ਬੋਲਿਆਂ ਮਿਲੇ ਸਮਰਥ, ਜਿਸਦੀ ਮਹਿੰਮਾ ਅਕਥ, ਸ਼ਾਸਤਰ ਸਿਮਰਤ ਵੇਦ ਰਹੇ ਜਸ ਗਾਈਆ । ਓਥੇ ਨਹੀਂ ਬੋਲਣਾ ਜਿਥੇ ਬੰਦਾ ਨਹੀਂ ਜਿਸਦਾ ਨੱਕ ਮੂੰਹ ਨਹੀਂ ਹੱਥ, ਬਿਨ ਤੱਤਾਂ ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੮੭੦
੧੭

ਪੁੱਛਣਹਾਰਾ ਸਚ ਦਰ, ਘਰ ਸਾਚਾ ਦਿਓ ਜਣਾਈਆ । ਸਭ ਕੁਛ ਇਸ ਵਿਚ ਜੋ ਗਿਆ ਆ, ਅੱਗੇ ਹੋਰ ਵੀ ਨਜ਼ਰੀ ਆਈਆ । ਜੁਗ ਚੌਕੜੀ ਸੰਤ ਸਤਿਗੁਰ ਬਣੇ ਮਲਾਹ, ਬੇੜਾ ਲੋਕਮਾਤ ਤਰਾਈਆ । ਚੱਪੂ ਨਾਮ ਸਹਾਰਾ ਦੇਵੇ ਲਾ, ਵੰਝ ਮੁਹਾਣਾ ਇਕ ਵਖਾਈਆ । ਸਾਚੇ ਪੌੜੇ ਦੇਵੇ ਚੜ੍ਹਾ, ਮੰਜ਼ਲ ਪਿਛਲੀ ਪੰਧ ਚੁਕਾਈਆ । ਜਿਸ ਦੇ ਵੇਦ ਸ਼ਾਸਤਰ ਬਣਨ ਗਵਾਹ, ਸ਼ਹਾਦਤ ਆਪਣੀ ਰਹੇ ਭੁਗਤਾਈਆ । ਉਸ ਨਾਲ ਚਲੋ ਮਿਲੀਏ ਜਾ, ਜਿਸ ਵਿਚੋਂ ਲੱਖ ਚੁਰਾਸੀ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਅਗਲੇ ਘਰ ਵਖਾਈਆ । ਮਾਰਫ਼ਤ ਵਿਚ ਮਿਲੇ ਮਹਿਬੂਬ, ਮੁਹੱਬਤ ਇਕ ਜਣਾਈਆ । ਜਿਸ ਦਾ ਅਰਸ਼ ਕੁਰਸ਼ ਤੋਂ ਉਚਾ ਅਰੂਜ, ਆਸ਼ਰਮ ਇਕ ਸੁਹਾਈਆ । ਜਿਸ ਦਾ ਲੇਖਾ ਆਪਣੀ ਮੰਜ਼ਲੇ ਮਕਸੂਦ, ਸਚ ਦਵਾਰੇ ਦਏ ਵਡਿਆਈਆ । ਸੋ ਸਾਹਿਬ ਸਵਾਮੀ ਸਦਾ ਸਦਾ ਮੌਜੂਦ, ਘਰ ਘਰ ਡੇਰਾ ਲਾਈਆ । ਆਓ ਰਲ ਮਿਲ ਕੇ ਦੋਵੇਂ ਲਈਏ ਢੂੰਡ, ਕਿਥੇ ਬੈਠਾ ਮੁਖ ਛੁਪਾਈਆ । ਕੀ ਉਹ ਲੜਨ ਵਾਲਾ ਭਰਿੰਡ ਹੈ ਕੇ ਭੂੰਡ, ਡੰਗ ਕਿਥੋਂ ਦੇਵੇ ਚੁਭਾਈਆ । ਕਿਥੋਂ ਆਪਣਾ ਬਦਲ ਦੇਵੇ ਖ਼ੂਨ, ਕਤਲਗਾਹ ਪਰਗਟਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਮਜ਼ਮੂਨ, ਮੁਜੱਸਮ ਚਸ਼ਮ ਕਸਮ ਖਾ ਕੇ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਕਾਇਆ ਮੰਦਰ ਖੋਜ ਖੁਜਾਈਆ । ਸੰਸਾਰੀ ਨਾਮ ਜਗਤ ਪੂਰਨ, ਸਿੰਘ ਮਿਲੀ ਵਡਿਆਈਆ । ਦੂਜਾ ਨਾਮ ਦੂਰ ਦੂਰਨ, ਜ਼ਿਮੀਂ ਆਸਮਾਨਾਂ ਪਰੇ ਡੇਰਾ ਲਾਈਆ । ਸੱਚਾ ਨਾਮ ਹਾਜ਼ਰ ਹਜ਼ੂਰਨ, ਸਨਮੁਖ ਹੋ ਕੇ ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਾਲ ਨਾਮ ਦਏ ਵਡਿਆਈਆ ।

## ✪ ੨ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਵਿਸ਼ਨੂੰ ਉਠ ਸ਼ਬਦੀ ਮੁੰਡੇ, ਆਪਣੀ ਅੱਖ ਖੁਲ੍ਹਾਈਆ । ਸਚ ਭੰਡਾਰ ਦੇ ਖੋਲ੍ਹ ਕੁੰਡੇ, ਭਗਤਾਂ ਦੇ ਵਰਤਾਈਆ । ਪਹਿਲੇ ਭਗਤ ਬਣੇ ਰਹੇ ਗੁੰਗੇ, ਹੁਣ ਕੂਕ ਕੂਕ ਸੁਣਾਈਆ । ਸਾਥੋਂ ਦਿਤੇ ਨਹੀਂ ਜਾਣੇ ਤੇਰੇ ਭੁੱਗੇ, ਹਿੱਸੇ ਵੰਡ ਨਾ ਕੋਇ ਵੰਡਾਈਆ । ਜਗਤ ਤ੍ਰਿਸ਼ਨਾ ਨੰਗੇ ਭੁੱਖੇ, ਦੁਖੀ ਰਹੇ ਕੁਰਲਾਈਆ । ਜੇ ਤੇਰੇ ਘਰ ਨਾ ਮਿਲੇ ਸੁਖੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਾਹਨੂੰ ਪਾਇਆ ਜਨਣੀ ਕੁੱਖੇ, ਮਾਣਸ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਿਹਾ ਸੁਣਾਈਆ । ਵਿਸ਼ਨੂੰ ਵੇਖ ਭਗਤ ਕੀ ਕਹਿਣ, ਤੇਰੀ ਕਰਨੀ ਰਹੇ ਜਣਾਈਆ । ਜਗਤ ਦੁੱਖ ਦਾ ਭਾਣਾ ਸਹਿਣ, ਸੁਖ ਸਤਿ ਬੈਠੇ ਵਿਚ ਛੁਪਾਈਆ । ਮੈਂ ਵੀ ਵੇਖ ਕੇ ਆਪਣੇ ਨੈਣ, ਕੰਨੀ ਰਿਹਾ ਕਤਰਾਈਆ । ਉਹ ਮੰਗਣ ਆਪਣਾ ਲਹਿਣ, ਲਹਿਣੇਦਾਰ ਝੋਲੀ ਡਾਹੀਆ । ਹੁਣ ਦੇਣਾ ਪੈਣਾ ਦੇਣ, ਦੇਵਣਹਾਰ ਰਿਹਾ ਸਮਝਾਈਆ । ਸੁਣ ਕੇ ਸੁਨੇਹਾ ਚੌਦਾਂ ਰਤਨਾਂ ਵਿਚੋਂ ਰੋ ਪਈ ਕਾਮਧੇਨ, ਨੇਤਰ ਨੈਣਾਂ ਨੀਰ ਵਹਾਈਆ । ਦੁਹਾਈ ਪੌਂਦਾ ਆ ਗਿਆ ਸੈਣ, ਕਬੀਰਾ ਨਾਲ ਕੁਰਲਾਈਆ । ਬੈਣੀ ਨੇਤਰ ਨੀਰ ਵਹਾਵੇ ਨੈਣ, ਛਹਿਬਰ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਸੁਣਾਈਆ ।

ਸ੍ਰੀ ਭਗਵਾਨ ਮਾਰੇ ਦਾਬਾ, ਵਿਸ਼ਨੂੰ ਅੱਖ ਖੁਲ੍ਹਾਈਆ । ਉਠ ਵੇਖ ਆਪਣਾ ਅਗਲਾ ਛਾਬਾ, ਪਿਛਲਾ ਪਿਛੇ ਦੇ ਹਟਾਈਆ । ਸੂਮਾਂ ਵਿਚੋਂ ਸੂਮ ਦੁਆਬਾ, ਅੱਗੇ ਸ਼ਾਹ ਦੇ ਵਖਾਈਆ । ਸ਼ਾਹਾਂ ਵਿਚੋਂ ਸ਼ਾਹ ਮਾਝਾ, ਮਜਲਸ ਇਕ ਲਗਾਈਆ । ਮਜਲਸ ਵਿਚੋਂ ਆਈ ਆਵਾਜ਼ਾ, ਗੋਬਿੰਦ ਰਾਗ ਅਲਾਈਆ । ਗੋਬਿੰਦ ਦਾ ਉਹ ਸੱਚਾ ਸਾਕਾ, ਸੱਜਣ ਇਕ ਅਖਵਾਈਆ । ਜਿਸ ਨੂੰ ਲੋਕੀਂ ਕਹਿੰਦੇ ਆਕਾ, ਰਾਜ ਰਾਜਾਨ ਵਡਿਆਈਆ । ਜਿਸ ਦੇ ਘਰ ਗਿਆ ਬਣ ਕੇ ਨਿੱਕਾ ਕਾਕਾ, ਗੇਂਦ ਇਕ ਸੁਟਾਈਆ । ਪਿਆਰ ਨਾਲ ਮਿਲੀ ਰਾਣੀ ਬਣਕੇ ਮਾਤਾ, ਮਤਾ ਆਪਣੇ ਨਾਲ ਪਕਾਈਆ । ਇਹੋ ਜੇਹੀ ਮਿਲ ਜਾਏ ਦਾਤਾ, ਵਸਤ ਅਮੋਲਕ ਹੱਥ ਫੜਾਈਆ । ਅੰਤਰ ਆਤਮ ਓਸ ਪਛਾਤਾ, ਅੰਤਰਜਾਮੀ ਵੇਖ ਵਖਾਈਆ । ਸਾਚਾ ਹੁਕਮ ਸੁਣਾਏ ਗਾਥਾ, ਅਗੰਮ ਅਥਾਹ ਦ੍ਰਿੜਾਈਆ । ਸਚ ਪਕਵਾਨ ਜੋ ਤੁਸਾਂ ਖਾਦਾ, ਖ਼ਾਲਸ ਦਿਓ ਵਖਾਈਆ । ਚਨਿਆਂ ਭਰਿਆ ਇਕੋ ਬਾਟਾ, ਰਾਜਿਆਂ ਘਰੋਂ ਵਸਤ ਇਕੋ ਨਜ਼ਰੀ ਆਈਆ । ਗੋਬਿੰਦ ਕਿਹਾ ਨਾਲ ਹਾਸਾ, ਹੌਲੀ ਜਹੀ ਸਮਝਾਈਆ । ਮੈਂ ਵਿਚੋਂ ਖਾਣਾ ਇਕੋ ਮਾਸ਼ਾ, ਤੋਲਾ ਛਟਾਂਕ ਹੱਥ ਨਾ ਕੋਈ ਉਠਾਈਆ । ਇਸਦੇ ਵਿਚ ਖੇਲ ਤਮਾਸ਼ਾ, ਅਜਬ ਗਿਆ ਸਮਝਾਈਆ । ਰਾਣੀ ਕਹੇ ਮਿੱਠੀਆਂ ਬਾਤਾਂ, ਪ੍ਰੇਮ ਪਿਆਰ ਵਡਿਆਈਆ । ਗੋਬਿੰਦ ਕਿਹਾ ਸੁਣ ਮਾਤਾ, ਸਚ ਦਿਆਂ ਸਮਝਾਈਆ । ਸ਼ਬਦੀ ਹੋ ਕੇ ਜੋੜਾਵਾਂ ਨਾਤਾ, ਮਾਤਾ ਕੁੱਖ ਗੁਜਰੀ ਇਕੋ ਵਾਰ ਇਕ ਸੁਹਾਈਆ । ਕਲਜੁਗ ਅੰਤਮ ਬਦਲਾਂ ਸਾਕਾ, ਸਾਕੀ ਆਪਣੀ ਨਾਲ ਮਿਲਾਈਆ । ਪੰਜ ਤਤ ਖੇਲ ਕਾਇਆ ਮਾਟੀ ਖ਼ਾਕਾ, ਖ਼ਾਲਸ ਆਪਣਾ ਰੰਗ ਵਖਾਈਆ । ਤੇਰੇ ਚਨਿਆਂ ਪਿਛੇ ਅੱਗੇ ਭਗਤਾਂ ਦਾ ਕਟ ਦਏ ਫ਼ਾਕਾ, ਫੱਕੇ ਮਾਰਨ ਵਾਲੇ ਸਾਰੇ ਦਏ ਬਣਾਈਆ । ਕਿਰਪਾ ਕਰੇ ਬਹੁ ਬਿਧ ਭਾਂਤਾ, ਭਾਗ ਸੁਭਾਗ ਸਭਦੀ ਝੋਲੀ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਦੂਰ ਨੇੜੇ ਸੁਣਨਹਾਰਾ ਆਵਾਜ਼ਾਂ, ਆਦਿ ਜੁਗਾਦਿ ਜੁਗ ਚੌਕੜੀ ਧਿਆਨ ਲਗਾਈਆ । ਅੱਗੇ ਪੈਣ ਨਾ ਦੇਵੇ ਨਾਗਾ, ਵਸਤ ਅਮੋਲਕ ਘਰ ਘਰ ਗੋਲਕ ਵਿਚ ਟਿਕਾਈਆ । ਸ਼ਬਦ ਡੋਰ ਦਾ ਸੱਚਾ ਤਾਗਾ, ਸਾਚੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਆਪਣੀ ਦਏ ਕਰਾਈਆ । ਬਖ਼ਸ਼ਿਸ਼ ਵਿਚ ਰਾਜਨ ਰਾਜ, ਰਾਜ ਨਰਾਇਣ ਦਇਆ ਕਮਾਇੰਦਾ । ਜਿਸ ਨੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਦਲ ਦੇਣਾ ਸਮਾਜ, ਸਾਜਣ ਆਪਣਾ ਫੇਰਾ ਪਾਇੰਦਾ । ਜਿਸ ਭੁੱਖੇ ਨੰਗੇ ਕੋਝੇ ਕਮਲੇ ਕਰਨੇ ਆਪ ਆਬਾਦ, ਸਾਚੇ ਮੰਦਰ ਤੇਰੇ ਹੁਜਰੇ ਦਏ ਸੁਹਾਈਆ । ਜਿਸ ਨੇ ਰਸਨਾ ਜੇਹਵਾ ਬੱਤੀ ਦੰਦ ਦੇਣੇ ਸਵਾਦ, ਭੋਜਨ ਯੋਜਨ ਵਿਚ ਨਜ਼ਰੀ ਆਈਆ । ਵਿਸ਼ਨੂੰ ਕੋਲੋਂ ਭੰਡਾਰੇ ਲੇਵੇ ਕਾਢ, ਹੁਕਮੀ ਹੁਕਮ ਸੁਣਾਈਆ । ਗ਼ਰੀਬ ਨਿਮਾਣਿਆਂ ਦੇ ਕੇ ਦਾਤ, ਝੋਲੀ ਲੋਕਮਾਤ ਭਰਾਈਆ । ਪਰਲੋਕ ਵੱਖਰੀ ਇਕ ਸੁਗਾਤ, ਜੋ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਅਖਵਾਈਆ । ਭੁੱਖ ਨੰਗ ਉਠ ਉਠ ਨੱਠੇ, ਸਚ ਦਵਾਰੇ ਰਹਿਣ ਨਾ ਪਾਈਆ । ਵਾਹੋ ਦਾਹੀ ਜਾਂਦੀ ਡਿੱਗੇ ਢੱਠੇ, ਨੇਤਰ ਨੈਣਾਂ ਨੀਰ ਵਹਾਈਆ । ਕਿਧਰੋਂ ਜੁਗ ਜਨਮ ਦੇ ਵਿਛੜੇ ਹੋਏ ਇਕੱਠੇ, ਪਟਨੇ ਵਾਲੇ ਪਟੇ ਰਹੇ ਲਿਖਾਈਆ । ਪਿਛਲੇ ਲੇਖੇ ਸਭ ਦੇ ਡੂੰਘੇ ਖਾਤੇ ਸੁੱਟੇ, ਅੱਗੇ ਧੁਰ ਦਾ ਹੱਟ ਖੁਲ੍ਹਾਈਆ । ਸਤਿਗੁਰ ਦਾ ਤੋਲ ਕੋਈ ਨਾ ਤੋਲੇ ਵੱਟੇ, ਧੜੀ ਸੇਰ ਪਸੇਰੀ ਪਾਸਾ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਕਹੇ ਵੇਖ ਵਿਸ਼ਨ ਭੰਡਾਰੀ, ਵਿਸ਼ਨ ਹਰਿ ਜਣਾਇੰਦਾ ।

ਚਾਰੋਂ ਕੁੰਟ ਦਿਸੇ ਖੁਆਰੀ, ਹਾਹਾਕਾਰ ਸਰਬ ਸੁਣਾਇੰਦਾ । ਨੇਤਰ ਰੋਵੇ ਨਰ ਨਾਰੀ, ਧੀਰਜ ਧੀਰ ਨਾ ਕੋਇ ਰਖਾਇੰਦਾ । ਭੁਖਿਆਂ ਭੁੱਖ ਨਾ ਜਾਏ ਸਹਾਰੀ, ਦੁਖੀਆਂ ਦੁੱਖ ਨਾ ਕੋਇ ਮਿਟਾਇੰਦਾ । ਸਾਚਾ ਮਿਲੇ ਨਾ ਕੋਈ ਵਣਜਾਰਾ ਹੱਟ ਪਸਾਰੀ, ਅਤੋਟ ਅਤੁਟ ਵਸਤ ਝੋਲੀ ਕੋਇ ਨਾ ਪਾਇੰਦਾ । ਜਨ ਭਗਤ ਸੁਹੇਲੇ ਰਹੇ ਪੁਕਾਰੀ, ਕੂਕਾਂ ਨਾਲ ਸਰਬ ਸੁਣਾਇੰਦਾ । ਪ੍ਰਭੂ ਜਿਨ੍ਹਾਂ ਦੀ ਲੱਗੀ ਤੇਰੇ ਨਾਲ ਯਾਰੀ, ਯਰਾਨਾ ਇਕੋ ਘਰ ਵਖਾਇੰਦਾ । ਉਨ੍ਹਾਂ ਦੇ ਅੰਦਰੋਂ ਕੱਟ ਉਹ ਬੀਮਾਰੀ, ਜਿਸ ਦਾ ਬੀਮਾ ਸਮਝ ਕੋਇ ਨਾ ਆਇੰਦਾ । ਜੇ ਬਖ਼ਸ਼ੇ ਤੇ ਪ੍ਰੇਮ ਖ਼ੁਮਾਰੀ, ਪ੍ਰੀਤਮ ਆਪਣਾ ਰੰਗ ਵਖਾਇੰਦਾ । ਤੂੰ ਦਾਤਾ ਵਡ ਦਰਬਾਰੀ, ਨਰ ਨਿਰੰਕਾਰੀ ਸੋਭਾ ਪਾਇੰਦਾ । ਤੇਰਾ ਖੰਡਾ ਸ਼ਬਦ ਤੇਜ ਕਟਾਰੀ, ਸਾਚਾ ਘਾਉ ਘਾਇਲਾਂ ਤਿੱਖਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਧੁਰ ਦਾ ਲੇਖਾ ਆਪ ਜਣਾਇੰਦਾ । ਵਿਸ਼ਨੂੰ ਕਹੇ ਪ੍ਰਭ ਦੇ ਉਹ ਕੁੰਜੀ, ਜਿਹੜੀ ਕੰਜੂਸ ਬਣ ਕੇ ਆਪਣੇ ਹੱਥ ਛੁਪਾਈਆ । ਮੈਂ ਦੇਵਾਂ ਉਹ ਪੂੰਜੀ, ਜਿਸ ਦੀ ਪੁਜਾਰਨ ਜਗਤ ਲੋਕਾਈਆ । ਖੇਲ ਚੁੱਕੇ ਤੂੰ ਮੈਂ ਦੀ, ਮੈਂ ਤੂੰ ਇਕੋ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਵਿਸ਼ਨੂੰ ਸੁਣ ਇਹ ਕੁੰਜੀ ਰੱਖੀ, ਚਾਰ ਜੁਗ ਹੱਥ ਨਾ ਕਿਸੇ ਫੜਾਈਆ । ਕਾਹਨ ਰਾਸਾਂ ਪਾ ਕੇ ਗਿਆ ਨਾਲ ਸਖ਼ੀ, ਸਖ਼ੀਆਂ ਮੰਗਲਾਚਾਰ ਸੁਣਾਈਆ । ਰਾਮ ਸੀਤਾ ਦਾ ਬਣ ਕੇ ਪਤੀ, ਜੰਗਲਾਂ ਵਿਚ ਭੁਆਈਆ । ਮੂਸਾ ਮੂੰਹ ਦੇ ਭਾਰ ਸੁੱਟੀ, ਮਦਹੋਸ਼ ਦਿਤਾ ਕਰਾਈਆ । ਯੂਸਫ਼ ਵਿਕਾ ਕੇ ਉਤੋਂ ਅੱਟੀ, ਕੀਮਤ ਨਾ ਕੋਇ ਪਾਈਆ । ਈਸਾ ਮੰਗ ਮੰਗੇ ਦਰਸ ਦੇਣਾ ਅੱਖੀਂ, ਫੱਟਾ ਫਾਂਸੀ ਗਲ ਲਟਕਾਈਆ । ਮੁਹੰਮਦ ਕਿਹਾ ਮੇਰੀ ਨਰਦ ਨਾ ਪਵੇ ਨੱਟੀ, ਸਾਰ ਪਾਸ਼ਾ ਤੇਰੇ ਹੱਥ ਫੜਾਈਆ । ਨਾਨਕ ਗੋਬਿੰਦ ਕਿਹਾ ਅਸਾਂ ਵੇਖਣਾ ਅਖੀਂ, ਅੱਖ ਪ੍ਰਤੱਖ ਰੂਪ ਵਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਹਿਣ ਸਾਥੋਂ ਭਰੀ ਨਹੀਂ ਜਾਂਦੀ ਚੱਟੀ, ਡੰਨ ਸਹਿਣ ਕੋਇ ਨਾ ਪਾਈਆ । ਤੇਰੀ ਪੜ੍ਹਨੀ ਇਕੋ ਪੱਟੀ, ਪੱਟੇਦਾਰੀ ਦੂਜੀ ਦੇਣੀ ਗਵਾਈਆ । ਪਤਿਪਰਮੇਸ਼ਵਰ ਤੇਰੀ ਕਮਾਈ ਦੀ ਖਾਣੀ ਅਸਾਂ ਖੱਟੀ, ਸਾਨੂੰ ਖੱਟੀ ਕਮਾਉਂਣ ਦੀ ਲੋੜ ਰਹੇ ਨਾ ਰਾਈਆ । ਜੇ ਤੈਥੋਂ ਚਲਣੀ ਨਹੀਂ ਇਹ ਹੱਟੀ, ਕਿਉਂ ਲੱਖ ਚੁਰਾਸੀ ਦਿਤੀ ਬਣਾਈਆ । ਕੀ ਲੋੜ ਸੀ ਇਹ ਘਰ ਘਰ ਜਗਾਉਂਣ ਦੀ ਦੀਵਾ ਬੱਤੀ, ਤੇਰਾ ਨੂਰ ਇਕੋ ਤੇਰੇ ਘਰ ਕਰੇ ਰੁਸ਼ਨਾਈਆ । ਹੁਣ ਵੇਖ ਲੈ ਆਪਣੀ ਅੱਖੀਂ, ਪਲਕਾਂ ਅਪਣੀਆਂ ਉਪਰ ਰਖਾਈਆ । ਤੇਰੇ ਭਗਤਾਂ ਦਾ ਵਾਸ ਕੁਲੀ ਕੱਖੀਂ, ਕੁੱਲੀ ਕੱਖ ਰਹੇ ਕੁਰਲਾਈਆ । ਸਾਨੂੰ ਨਹੀਂ ਪਤਾ ਅੱਗੇ ਕਿਹੋ ਜਿਹੀ ਦੇਵੇ ਗਤੀ, ਏਥੇ ਭਗਤਾਂ ਨੀਂਦ ਨਾ ਆਈਆ । ਕਿਸੇ ਘਰ ਰੋਟੀ ਪੱਕੀ ਕਿਸੇ ਘਰ ਨਹੀਂ ਪੱਕੀ, ਪਕਵਾਨ ਪਿਛੇ ਤੇਰਾ ਨਾਮ ਬੈਠੇ ਭੁਲਾਈਆ । ਤੇਰੇ ਪਿਛੇ ਲੋਈ ਚੱਕੀ ਪੀਹ ਕੇ ਅੱਕੀ, ਰਸੋਈ ਤੇਰੀ ਬੇਪਰਵਾਹੀਆ । ਹੁਣ ਤੇਰੀ ਜੋਤ ਅਕਾਲਣ ਹੋਣੀ ਜੱਟੀ, ਜੱਟਾਂ ਦੇ ਵਸ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਓਹ ਵਿਸ਼ਨੂੰ ਵੇਖ ਜੱਟ ਕਿਰਸਾਣ, ਤੈਨੂੰ ਦਿਆਂ ਸਮਝਾਈਆ । ਜੋਧੇ ਸੂਰਬੀਰ ਬਲਵਾਨ, ਬਲ ਆਪਣਾ ਰਹੇ ਪਰਗਟਾਈਆ । ਨਾਲ ਰਲਾਇਆ ਓਹ ਤਰਖਾਣ, ਜਿਸ ਦਾ ਰੂਪ ਰੰਗ ਨਾ ਕੋਇ ਵਖਾਈਆ । ਵਿਸ਼ਨੂੰ ਤੇਰਾ ਨਾਂ ਲੈ ਕੇ ਫੇਰ ਕਹਿਣ ਭਗਵਾਨ, ਭਾਗਾਂ ਵਾਲਿਆ ਆਪਣੀ ਗੰਢ ਦੇ ਖੁਲ੍ਹਾਈਆ । ਭਗਤਾਂ ਵਰਗੇ ਲੱਭਣੇ ਫੇਰ ਨਹੀਂ ਮਹਿਮਾਨ, ਜੋ ਆਵਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰ ਵਡਿਆਈਆ । ਵਿਸ਼ਨੂੰ ਕਹੇ ਮੈਨੂੰ ਆਈ ਯਾਦ, ਪ੍ਰਭ ਸਚ ਦਿਆਂ ਸੁਣਾਈਆ । ਨੌ ਸੌ ਚੁਰਾਨਵੇਂ ਚੌਕੜੀ ਪਹਿਲੋਂ ਮਾਰ ਕੇ ਇਕ ਆਵਾਜ਼, ਸਹਿਜ ਨਾਲ ਸਮਝਾਈਆ । ਬੀਸ ਇਕੀਸਾ ਹਰਿ ਜਗਦੀਸਾ ਹੋ ਕੇ ਦੇਵਾਂ ਦਾਜ, ਦੌਲਤ ਇਕ ਵਰਤਾਈਆ । ਜਗਤ ਸਹਾਰਾ ਬਖ਼ਸ਼ ਕੇ ਖਾਜ, ਭੁੱਖ ਨੰਗ ਮਿਟਾਈਆ । ਭੂਪਤ ਭੂਪ ਬਣ ਕੇ ਸ਼ਾਹ ਨਵਾਬ, ਨੌਬਤ ਇਕ ਵਜਾਈਆ । ਜਿਸ ਵਸਤ ਦਾ ਗੁਰਮੁਖ ਲੈਣ ਖ਼ਵਾਬ, ਸੋ ਖ਼ਾਹ ਮਖਾਹ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਬਖ਼ਸ਼ੇ ਦਾਤ, ਪਰਭਾਤ ਪਹਿਲੀ ਚੇਤ ਨਾਲ ਰਲਾਈਆ ।

### ✪ ੩ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਵਡਿਆਈ ਨਾਲੋਂ ਦਰਸ਼ਨ ਚੰਗਾ, ਸਨਮੁਖ ਹੋ ਕੇ ਨਜ਼ਰੀ ਆਈਆ । ਬਿਨਾ ਬੰਦਗੀਉਂ ਤੇਰਾ ਬੰਦਾ, ਬੰਦਨਾ ਵਿਚ ਸੀਸ ਨਿਵਾਈਆ । ਬਖ਼ਸ਼ਿਸ਼ ਕਰ ਉਹ ਅਨੰਦਾ, ਸਚ ਅਨੰਦ ਸਹਿਜ ਸੁਭਾਈਆ । ਤੇਰਾ ਲਾਲ ਕਿਉਂ ਫਿਰੇ ਅੰਧਾ, ਜਗਤ ਅੰਧੇਰ ਜਣਾਈਆ । ਘਰ ਚਾੜ੍ਹ ਦੇ ਆਪਣਾ ਚੰਦਾ, ਜੋਤ ਨੂਰ ਰੁਸ਼ਨਾਈਆ । ਨਿਤ ਨਹੀਂ ਹੁੰਦਾ ਸਾਥੋਂ ਪੈਂਡਾ, ਮੰਜ਼ਲ ਇਕੋ ਵਾਰ ਦੇ ਮੁਕਾਈਆ । ਜੇ ਤੂੰ ਹਰ ਘਟ ਅੰਦਰ ਰਹਿੰਦਾ, ਸਨਮੁਖ ਹੋ ਕੇ ਕੱਟ ਜੁਦਾਈਆ । ਚਰਨ ਕਵਲ ਸਰਨਾਈ ਢਹਿੰਦਾ, ਧੂੜੀ ਖ਼ਾਕ ਰਮਾਈਆ । ਜਿਸ ਪੁਲੀ ਦੇ ਉਤੇ ਬਹਿੰਦਾ, ਉਹ ਸਤਰਾਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਉਹ ਪੁਲੀ ਨਹੀਂ ਦੋ ਜਹਾਨਾਂ ਪੁਲ, ਪਤਣ ਬੇਪਰਵਾਹੀਆ । ਜਿਸ ਦੇ ਉਤੇ ਬਹਿ ਕੇ ਤੇਰੇ ਹਿਲਦੇ ਬੁੱਲ, ਰਸਨਾ ਢੋਲਾ ਗਾਈਆ । ਉਸ ਵੇਲੇ ਹੁੰਦਾ ਤੇਰੇ ਕੋਲ, ਸਾਢੇ ਤਿੰਨ ਹੱਥ ਚਾਰੋਂ ਕੁੰਟ ਆਪਣਾ ਪੰਧ ਰਖਾਈਆ । ਸਦ ਵੇਖਦਾ ਰਹਾਂ ਅਡੋਲ, ਗੁਰਮੁਖ ਡੁਲ ਕਦੇ ਨਾ ਜਾਈਆ । ਨਿਰਗੁਣ ਹੋ ਕੇ ਅੰਦਰ ਜਾਵਾਂ ਮੌਲ, ਸਰਗੁਣ ਮੁਖ ਛੁਪਾਈਆ । ਅੱਗੇ ਤੇਰੇ ਨਾਲ ਕੌਲ, ਇਕਰਾਰਨਾਮਾ ਦਿਆਂ ਲਿਖਾਈਆ । ਜਿਸ ਦੀ ਸਮਝ ਨਾ ਪਾਏ ਪੰਡਤ ਪਾਂਧਾ ਰੌਲ, ਖਾਣੀ ਬਾਣੀ ਸਮਝ ਨਾ ਸਕੀ ਰਾਈਆ । ਤੇਰੀ ਜਿੰਦੜੀ ਜੋ ਚਰਨਾਂ ਉਤੋਂ ਦਿਤੀ ਘੋਲ, ਹਉਂ ਵਾਰੀ ਘੋਲ ਘੁਮਾਈਆ । ਬੂਟਾ ਫੁਲਵਾੜੀ ਗੁਲਸ਼ਨ ਜਾਏ ਮੌਲ, ਰੁੱਤ ਬਸੰਤ ਸੁਹਾਈਆ । ਗੱਲਾਂ ਬਾਤਾਂ ਵਾਲਾ ਜਗਤ ਸੱਜਣਾਂ ਨਾਲ ਮਖ਼ੌਲ, ਮੁਖਵਾਕ ਮੁਖਾਰਬਿੰਦ ਲੇਖਾ ਮੁਖ ਵਖਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪੁਲੀ ਕਹੇ ਮੇਰੀ ਇੱਟ ਇੱਟ, ਖ਼ੁਸ਼ੀਆਂ ਰੰਗ ਵਖਾਈਆ । ਰਵਿਦਾਸ ਵੇਲੇ ਦੀ ਉਹ ਚਿਟ, ਤੇਰਾ ਲਹਿਣਾ ਰਹੀ ਮੁਕਾਈਆ । ਜਿਸ ਵੇਲੇ ਨੌ ਕਦਮ ਤੇ ਬੈਠਾ ਵੇਂਹਦਾ ਰਿਹੋਂ ਬਿਟ ਬਿਟ, ਮੱਥੇ ਉਤੇ ਹੱਥ ਟਿਕਾਈਆ । ਓਸ ਵੇਲੇ ਰਵਿਦਾਸ ਨੇ ਦੂਰੋਂ ਪਾਨਹੀ ਤੇਰੇ ਉਤੇ ਦਿਤੀ ਸਿੱਟ, ਟਕਾ ਇਕੋ ਮੰਗ ਮੰਗਾਈਆ । ਨਾਲੇ ਹੌਲੀ ਜਿਹੀ ਫੂੜ੍ਹੀ ਦੇ ਥੱਲੇ ਲੇਖ ਦਿਤਾ ਲਿਖ, ਅੱਖਰ ਇਕੋ ਨਾਲ ਰਲਾਈਆ । ਮੇਰੇ ਬਿਨਾ ਤੈਨੂੰ ਅੱਗੇ ਅਗਲੀ ਮਿਲੇ ਨਾ ਬਿਧ, ਬਿਧਨਾ ਲੇਖ ਨਾ ਕੋਇ ਚੁਕਾਈਆ । ਏਸੇ ਕਰਕੇ ਲਾਲਨ ਤੇਰੀ ਜਿਦ, ਹਰਿ ਕਰਤਾ ਦਏ ਸਮਝਾਈਆ । ਵੇਖ ਬਹਾਨੇ ਨਾਲ ਬਣਾਈ ਬਿਧ, ਚਵਾਨੀ ਇਕੋ ਨਾਲ ਰਲਾਈਆ । ਘਰ ਵਸੇਰਾ ਕਰ ਕੇ

ਤੇਰੇ ਨਿਜ, ਨਿਜ ਆਤਮ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਟਿਕਾਈਆ । ਇੱਟ ਕਹੇ ਓਏ ਤੂੰ ਕਿਉਂ ਰੋਇਆ, ਮੈਂ ਆਪਣੀ ਕਹਾਣੀ ਦਿਆਂ ਸੁਣਾਈਆ । ਪੂਰਬ ਜਨਮ ਦਾ ਬੀਜ ਬੋਇਆ, ਪੱਥਰਾਂ ਵਿਚੋਂ ਰਿਹਾ ਉਗਾਈਆ । ਲਾਲ ਸਿੰਘ ਨਹੀਂ ਲਾਲ ਸੋਇਆ, ਲਾਲਨ ਸੁੱਤਾ ਆਪ ਉਠਾਈਆ । ਜਗ ਜਨਮਿਆ ਨਹੀਂ ਜਗ ਮੋਇਆ, ਮੋਇਆਂ ਜਨਮ ਰਿਹਾ ਬਦਲਾਈਆ । ਅੱਗੇ ਬੂਟਾ ਅਰਸ਼ੀ ਬੋਇਆ, ਫ਼ਰਸ਼ੀ ਵੇਖ ਵਖਾਈਆ । ਸਨਮੁਖ ਸਾਹਿਬ ਤੇਰੇ ਹੋਇਆ, ਹੋਕਾ ਦੇ ਜਣਾਈਆ । ਮੁਹੱਬਤ ਵਿਚ ਪਿਆਰ ਮੋਹਿਆ, ਮਹਿਬੂਬ ਕਰੀ ਕੁੜਮਾਈਆ । ਕਰੇ ਪਰਕਾਸ਼ ਸਾਚੀ ਲੋਇਆ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਦੂਰ ਨੇੜੇ ਆਪੇ ਹੋਇਆ, ਕੱਟੇ ਜਗਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਣ ਪੜ੍ਹਨ ਦਾ ਝਗੜਾ ਦਏ ਮੁਕਾਈਆ । ਲਿਖਣ ਪੜ੍ਹਨ ਦੀ ਲੋੜ ਰਹੇ ਨਾ ਚਿੱਠੀ, ਚਿੱਠੀ ਰਸੈਣ ਇਕੋ ਦਏ ਵਡਿਆਈਆ । ਖੇਲ ਵਖਾਏ ਉਹ ਅਨਡਿਠੀ, ਘਰ ਬੈਠਿਆਂ ਦੂਰ ਦੁਰਾਡਾ ਨਜ਼ਰੀ ਆਈਆ । ਤੂੰ ਨਾ ਜਾਣਿਆ ਕੀ ਨਾਤਾ ਸੁਰਸਤੀ ਬੀਬੀ, ਬੀਬਿਆਂ ਵਾਂਗ ਦਿਆਂ ਸਮਝਾਈਆ । ਕਿਸੇ ਵੇਲੇ ਉਹ ਮੇਰੀ ਭਤੀਜੀ, ਭਈਆ ਬੇਟੀ ਸੋਭਾ ਪਾਈਆ । ਜਿਸ ਵੇਲੇ ਗੋਬਿੰਦ ਦੀ ਕੀਤੀ ਰੀਝੀ, ਗੋਦੀ ਲਿਆ ਟਿਕਾਈਆ । ਮੈਂ ਉਹਦਾ ਸਦਾ ਕਰੀਬੀ, ਜੋ ਕਿਬਲਿਆਂ ਕਾਅਬਿਆਂ ਵਿਚੋਂ ਬਾਹਰ ਡੇਰਾ ਲਾਈਆ । ਮੇਰਾ ਨਾਮ ਸ਼ਬਦ ਉਹ ਕੁਰਾਨ ਮਜੀਦੀ, ਜਿਸ ਦੀ ਅਲਫ਼ ਹਰਫ਼ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਬੀਬੀ ਨਹੀਂ ਉਹ ਮੇਰਾ ਬਾਬਲ, ਬਾਵਾ ਨੌ ਜਨਮ ਦਾ ਨਜ਼ਰੀ ਆਇੰਦਾ । ਜਿਸ ਵੇਲੇ ਰੂਪ ਸੀ ਸੁੰਦਰ ਸਾਵਲ, ਕਾਹਨ ਬੰਸਰੀ ਇਕ ਵਜਾਇੰਦਾ । ਜਿਸ ਵੇਲੇ ਰਾਮ ਨੇ ਦਰਸ਼ਨ ਪਾਇਆ ਰਾਵਣ, ਰਾਵਣ ਦਰਸ ਰਾਮ ਆਪਣੇ ਨੈਣ ਤਕਾਇੰਦਾ । ਉਸ ਵੇਲੇ ਏਸ ਨੇ ਪਕੜਿਆ ਦਾਮਨ, ਜੋ ਰਾਵਣ ਦਾ ਨਫ਼ਰ ਅਖਵਾਇੰਦਾ । ਮਿਲਿਆ ਮੇਲ ਪਤਤ ਪਾਵਨ, ਮਿਹਰ ਨਜ਼ਰ ਇਕ ਟਿਕਾਇੰਦਾ । ਸਰਗੁਣ ਬਣਿਆ ਧੁਰ ਦਾ ਜ਼ਾਮਨ, ਨਿਰਗੁਣ ਜੋੜ ਜੁੜਾਇੰਦਾ । ਏਸੇ ਕਰਕੇ ਦਰਸ਼ਨ ਆਹਮਣੇ ਸਾਹਮਣ, ਵਿਛੋੜਾ ਕੋਇ ਰਹਿਣ ਨਾ ਪਾਇੰਦਾ । ਵਿਛੋੜੇ ਅੰਦਰ ਤੇਰਾ ਤੁਰੰਗ, ਪੀਆ ਭੱਜੇ ਵਾਹੋ ਦਾਹੀਆ । ਬੀਬੀ ਨਾਲ ਮਿਲ ਕੇ ਤੈਨੂੰ ਮਿਲੇ ਉਹ ਅਨੰਦ, ਜੋ ਅਨੰਦ ਪਟਣੇ ਵਾਲਿਆਂ ਦਿਤਾ ਵਖਾਈਆ । ਕਿਉਂ ਇਹ ਮਾਲਕ ਖ਼ਾਲਕ ਗੁਜਰੀ ਚੰਦ, ਚੰਦਾਂ ਤੋਂ ਬਾਹਰ ਡੇਰਾ ਲਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਰਿਹਾ ਵਰਤਾਈਆ । ਮੇਰੇ ਪਿਛੇ ਨਹੀਂ ਆਪਣੇ ਕਾਰਨ ਮਾਰਿਆ ਪੰਧ, ਤੇਰਾ ਲਹਿਣਾ ਤੈਨੂੰ ਖਿੱਚ ਲਿਆਈਆ । ਹੁਣ ਤੂੰ ਕਿਉਂ ਨਾ ਪਾਵੇਂ ਡੰਡ, ਤੇਰੇ ਅੰਦਰ ਵੜਿਆ ਬੇਪਰਵਾਹੀਆ । ਜਿੰਨਾਂ ਚਿਰ ਨਾ ਆਉਂਦੀ, ਸੁਰਸਤੀ ਦੇ ਕਿਥੋਂ ਲਿਖੇ ਜਾਂਦੇ ਛੰਦ, ਜਨਮ ਜਨਮ ਦਾ ਭੇਵ ਕੌਣ ਚੁਕਾਈਆ । ਏਹੋ ਸਤਿਗੁਰ ਦਾ ਵੱਡਾ ਫੰਦ, ਬਣ ਕੇ ਫਾਂਦਕੀ ਸਾਰੇ ਰਿਹਾ ਫਸਾਈਆ । ਭੁੱਲ ਕੇ ਨਾ ਕਹਿਣਾ ਜੇਠੂਵਾਲ ਵਿਚ ਬੰਦ, ਬੰਦੀਆਂ ਸਭ ਦੀਆਂ ਰਿਹਾ ਤੁੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਾਰੇ ਜਾਵੇ ਲੰਘ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਜਿਸ ਵੇਲੇ ਦਰਸ਼ਨ ਮੰਗੋ ਨਿਸ਼ੰਗ, ਸਨਮੁਖ ਹੋ ਕੇ ਦਰਸ ਦਿਖਾਈਆ । ਇਹ ਨਿੱਕੀ ਘੁੰਡੀ ਪਹਿਲੋਂ ਤੁੱਟਿਆਂ ਲਏ ਗੰਢ, ਆਪਣਾ ਜੋੜ ਜੁੜਾਈਆ । ਫੇਰ ਵਸੇ ਸਦਾ ਸੰਗ, ਧੁਰ ਮਾਲਕ ਖ਼ੈਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਪੁਲੀ ਵਲੇ ਪੁਲਸਦਾਰ,

ਬਣ ਕੇ ਧਿਆਨ ਲਗਾਈਆ । ਪੁਲੀ ਕਹੇ ਮੈਂ ਦੱਸਾਂ ਗੱਲ, ਪਿਛਲੀ ਕਹਾਣੀ ਦਿਆਂ ਜਣਾਈਆ । ਇਕ ਵਾਰ ਏਥੇ ਰਾਮ ਆਇਆ ਸੀ ਚੱਲ, ਨੇਤਰ ਨੈਣਾਂ ਨੀਰ ਵਹਾਈਆ । ਓਸ ਵੇਲੇ ਇਹਦੇ ਕੋਲ ਸੀ ਵੱਡੀ ਡਲ, ਜਿਸ ਵਿਚ ਬਸੀਅਰ ਡੇਰਾ ਲਾਈਆ । ਇਕ ਪਾਸੇ ਭਰਿਆ ਸੀ ਜਲ, ਜਿਸ ਵਿਚ ਭੀਲਣੀ ਰੂਪ ਸਮਾਈਆ । ਓਥੇ ਨਿਗਾਹ ਮਾਰ ਕੇ ਵੇਖਿਆ ਥੋੜਾ ਪਲ, ਰਾਮ ਅੱਖ ਉਠਾਈਆ । ਓਥੇ ਨਜ਼ਰੀ ਆਇਆ ਕਲਜੁਗ ਕਲ, ਚੌਥਾ ਜੁਗ ਆਪਣਾ ਰੂਪ ਵਟਾਈਆ । ਅੰਧੇਰੇ ਕਿਹਾ ਤੇਰੇ ਮਿਲਣ ਦਾ ਕੀ ਫੱਲ, ਸਚ ਦੇ ਸਮਝਾਈਆ । ਰਾਮ ਕਿਹਾ ਜਿਸ ਵੇਲੇ ਮੇਰੇ ਰਾਮ ਦਾ ਲਾਲ ਆਵੇ ਚੱਲ, ਤੁਹਾਡੇ ਦੁਖੜੇ ਦਏ ਗਵਾਈਆ । ਮੈਂ ਓਸ ਦੇ ਪਿਛੇ ਪਿਛੇ ਓਹਦੇ ਵੱਲ, ਚਾਰੋਂ ਕੁੰਟ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇ ਦੇਣੇ ਸਭ ਦੇ ਰਿਹਾ ਚੁਕਾਈਆ । ਪੁਲੀ ਨਹੀਂ ਉਹ ਰਾਮ ਦੀ ਚਰਨ ਧੂੜੀ, ਗੱਦੀਆਂ ਨਾਲੋਂ ਚੰਗੀ ਨਜ਼ਰੀ ਆਈਆ । ਏਸੇ ਕਰ ਕੇ ਤੇਰੇ ਲਈ ਜ਼ਰੂਰੀ, ਜਿਸ ਉਤੇ ਬਹਿ ਕੇ ਨਾਮ ਧਿਆਈਆ । ਇਹਦੀ ਬਿਨ ਕੀਮਤੋਂ ਪੂਰੀ ਕਰਾ ਮਜ਼ਦੂਰੀ, ਵਸਤ ਅਮੋਲਕ ਝੋਲੀ ਪਾਈਆ । ਕੋਈ ਨਾ ਸਮਝਿਉ ਲਾਲ ਸਿੰਘ ਦੀ ਮਗ਼ਰੂਰੀ, ਪਿਛਲਾ ਲਹਿਣਾ ਰਿਹਾ ਮੁਕਾਈਆ । ਇਹ ਦਾਤਨ ਉਹ ਜ਼ਰੂਰੀ, ਜਿਹੜੀ ਰਾਮ ਨਿਸ਼ਾਨੀ ਗਿਆ ਟਿਕਾਈਆ । ਏਸ ਦੀ ਵੇਖੋ ਸਬਰ ਸਬੂਰੀ, ਜੋ ਬਨਾਸਪਤ ਵਿਚ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਕਰੇ ਪੂਰੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਪੁਲੀ ਕਹੇ ਮੇਰੇ ਥੱਲੇ ਵੇਖੀਂ ਉਹ ਝਾੜੀ, ਲਾਲ ਵੇਖੀ ਧਿਆਨ ਲਗਾਈਆ । ਜਿਸ ਦੇ ਵਿਚ ਇਕ ਉਹ ਅਗੰਮੀ ਧਾਰੀ, ਲਾਲ ਪੀਲੇ ਦੋਵੇਂ ਰੰਗ ਵਟਾਈਆ । ਇਕ ਵਿਆਹੀ ਇਕ ਕਵਾਰੀ, ਸੁਰਤੀ ਸ਼ਬਦੋਂ ਬਾਹਰ ਟਿਕਾਈਆ । ਸ਼ਬਦ ਨਾਲ ਫੇਰ ਸ਼ਬਦੀ ਯਾਰੀ, ਸੁਰਤੀ ਆਪੇ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਤੁਹਾਡੇ ਨਾਲੋਂ ਕਿਹੜੀ ਚੰਗੀ ਯਾਰੀ, ਯਰਾਨੇ ਸਭ ਦੇ ਦਿਤੇ ਤਜਾਈਆ । ਲੇਖਾ ਮੁਕਾ ਕੇ ਗੁਰ ਅਵਤਾਰੀ, ਪੀਰ ਪੈਗ਼ੰਬਰਾਂ ਸਫ਼ਾ ਦਿਤੀ ਉਠਾਈਆ । ਭੱਜਾ ਫਿਰਦਾ ਵਿਸ਼ਨੂੰ ਭੰਡਾਰੀ, ਕੁਮੇਰ ਬੈਠਾ ਧਿਆਨ ਲਗਾਈਆ । ਬ੍ਰਹਮਾ ਕਰੇ ਦੋਏ ਜੋੜ ਨਿਮਸਕਾਰੀ, ਨਿਉਂ ਨਿਉਂ ਲਾਗੇ ਪਾਈਆ । ਸ਼ੰਕਰ ਕਹੇ ਤੇਰੀ ਖ਼ਾਕਸਾਰੀ, ਅੰਗ ਭਬੂਤ ਰਮਾਈਆ । ਤ੍ਰੈਗੁਣ ਮਾਇਆ ਕਹੇ ਮੈਂ ਪਨਿਹਾਰੀ, ਜੁਗ ਜੁਗ ਸੇਵ ਕਮਾਈਆ । ਜਨ ਭਗਤ ਕਹਿਣ ਤੇਰੇ ਨਾਮ ਦੀ ਚੜ੍ਹੇ ਖ਼ੁਮਾਰੀ, ਦੂਜੀ ਲੋੜ ਰਹੇ ਨਾ ਰਾਈਆ । ਵਿਛੋੜਾ ਕੱਟਿਆ ਨਾ ਜਾਵੇ ਬਣ ਕੇ ਵਿਚ ਸੰਸਾਰੀ, ਸੰਸਾਰ ਦੇ ਮਾਲਕ ਤੈਨੂੰ ਲਜਿਆ ਜ਼ਰਾ ਨਾ ਆਈਆ । ਬਿਰਹੋਂ ਵੈਰਾਗਣ ਫਿਰਦੀ ਜੰਗਲ ਜੂਹ ਪਹਾੜੀ, ਟਿੱਲੇ ਪਰਬਤ ਵੇਖੇ ਥਾਉਂ ਥਾਈਂਆ । ਸੁਣ ਪੁਕਾਰ ਹਰਿ ਮੀਤ ਮੁਰਾਰੀ, ਸੱਜਣ ਬੇਪਰਵਾਹੀਆ । ਤੇਰੇ ਨਾਲ ਜੇ ਲੱਗ ਗਈ ਯਾਰੀ, ਕਿਉਂ ਖ਼ੁਆਰੀ ਰਿਹਾ ਜਣਾਈਆ । ਤੂੰ ਧੁਰਦਰਗਾਹੀ ਸੱਚਾ ਦਰਬਾਰੀ, ਦੋ ਜਹਾਨਾਂ ਵੇਖ ਵਖਾਈਆ । ਜੁਗ ਚੌਕੜੀ ਬਣਿਆ ਰਿਹੋਂ ਬੇਇਤਬਾਰੀ, ਤੇਰਾ ਇਤਬਾਰ ਨਾ ਕੋਇ ਰਖਾਈਆ । ਅਛਲ ਛਲ ਤੇਰੀ ਖੇਲ ਨਿਆਰੀ, ਵਲ ਛਲ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਨਿਤ ਨਵਿਤ ਤੇਰਾ ਦਰਸ਼ਨ ਪਾਈਆ । ਪੁਲੀ ਕਹੇ ਵੇਖ ਰੋਂਦੇ ਖਟ ਦਰਸ਼ਨ, ਅੱਠ ਦੱਸ ਧਿਆਨ ਲਗਾਈਆ । ਲਾਲ ਤੇਰੇ ਅੰਤਰ ਵੀ ਉਹ ਤੜਪਣ, ਦਰਦੀਆਂ ਦਰਦ ਰਹੀ ਉਠਾਈਆ । ਪੂਰਬ ਜਨਮ ਦੀ ਸਾਚੀ ਭਟਕਣ, ਭਟਕਿਆਂ ਰਹੀ ਜਲਾਈਆ । ਅੱਗੇ ਰਹੇ ਕੋਇ ਨਾ ਅਟਕਣ,



੮੭੬
੧੭

ਅਟਕ ਵਾਲਾ ਬੰਧ ਦਏ ਤੁੜਾਈਆ । ਆਪ ਆਇਆ ਖੋਟੇ ਖਰੇ ਪਰਖਣ, ਪਰੀਖਿਆ ਆਪਣੇ ਹੱਥ ਜਣਾਈਆ । ਸਤਿ ਸਤਿਵਾਦੀ ਦੇ ਕੇ ਦਰਸ਼ਨ, ਦੀਦ ਈਦ ਚੰਦ ਰੁਸ਼ਨਾਈਆ । ਵਿਛੋੜੇ ਵਾਲੀ ਕੱਟ ਕੇ ਮਰਜ਼ਨ, ਮਰੀਜ਼ ਤਬੀਬ ਆਪਣੇ ਲਏ ਉਠਾਈਆ । ਲੇਖਾ ਜਾਣੇ ਸਰਧਨ ਨਿਰਧਨ, ਨਿਰਵੈਰ ਸਦਾ ਸਹਾਈਆ । ਨਾਤਾ ਜੋੜਿਆ ਪਿਰ ਧਨ, ਸੇਜ ਸੁਹੰਜਣੀ ਦੋਹਾਂ ਇਕੋ ਰੰਗ ਰੰਗਾਈਆ । ਜਿੰਨਾਂ ਚਿਰ ਨਾ ਲਏ ਮੰਨ, ਮਨਸਾ ਮਨ ਹੀ ਵਿਚ ਖਪਾਈਆ । ਏਸੇ ਕਾਰਨ ਬਖ਼ਸ਼ਿਆ ਤਨ, ਤਾਰਨਹਾਰ ਦਇਆ ਕਮਾਈਆ । ਕੋਟ ਜਨਮ ਦਾ ਪਿਛਲਾ ਧਨ, ਦੌਲਤ ਸਾਰੀ ਵੇਖ ਵਖਾਈਆ । ਭੁੱਖਿਆਂ ਨਾਲ ਸੀ ਪਹਿਲੋਂ ਕੰਮ, ਦੁਖੀਆਂ ਨਾਤਾ ਜੋੜ ਜੁੜਾਈਆ । ਇਕੋ ਵਾਰ ਚਾੜ੍ਹ ਦਏ ਸੱਚਾ ਚੰਨ, ਦੋ ਜਹਾਨ ਕਰੇ ਰੁਸ਼ਨਾਈਆ । ਸਭ ਦਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਰਸ਼ਨ ਕਹੇ ਪ੍ਰਭ ਬਣ ਵਿਚੋਲਾ, ਵਿਚਲੀ ਘੁੰਡੀ ਦੇ ਖੁਲ੍ਹਾਈਆ । ਸਾਰੇ ਤੈਨੂੰ ਕਹਿੰਦੇ ਗੋਲਾ, ਗੁਝੀ ਰਮਜ਼ ਨਾ ਕਿਸੇ ਸਮਝਾਈਆ । ਜੇ ਕਿਸੇ ਨੂੰ ਸੁਣਾਇਆ ਅੱਖਰਾਂ ਵਾਲਾ ਢੋਲਾ, ਕੋਈ ਓਮ ਕੋਈ ਰਾਮ ਕੋਈ ਕ੍ਰਿਸ਼ਨ ਕੋਈ ਅੱਲਾ ਕੋਈ ਸਤਿਨਾਮ ਕੋਈ ਵਾਹਿਗੁਰੂ ਰਹੇ ਜਣਾਈਆ । ਸਭ ਤੋਂ ਰੱਖ ਕੇ ਆਪਣਾ ਓਹਲਾ, ਪੜਦਾ ਲਿਆ ਛੁਪਾਈਆ । ਪੋਚ ਪਾਚ ਕੇ ਸੋਹਣਾ ਭੜੋਲਾ, ਕੁੰਜੀ ਹੱਥ ਨਾ ਕਿਸੇ ਫੜਾਈਆ । ਵਿਸ਼ਨੂੰ ਕਹੇ ਮੈਂ ਬਾਹਰੋਂ ਬਣਿਆ ਰਿਹਾ ਤੇਰਾ ਤੋਲਾ, ਬਣ ਸੇਵਕ ਸੇਵ ਕਮਾਈਆ । ਅਬਿਨਾਸ਼ੀ ਕਰਤੇ ਹੌਲੀ ਜਿਹੀ ਸੁਣਾਇਆ ਬੋਲਾ, ਅਨਬੋਲਤ ਰਾਗ ਜਣਾਈਆ । ਵਿਸ਼ਨੂੰ ਸੁਣ ਤੇਰਾ ਮੇਰਾ ਅੱਜ ਤੱਕ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਸੇ ਨਾ ਗਾਇਆ ਢੋਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਦੇਣ ਦੁਹਾਈਆ । ਹੁਣ ਭਗਤਾਂ ਕੋਲੋਂ ਪਵਾਣਾਂ ਰੌਲਾ, ਹੌਲੀ ਹੌਲੀ ਰਿਹਾ ਉਠਾਈਆ । ਉਹ ਰਵਿਦਾਸ ਦੇ ਘਰ ਦਾ ਇਕ ਚੌਲਾ, ਜਗਤ ਭੰਡਾਰਾ ਵਰਤਾਈਆ । ਅੱਗੇ ਖੇਲ ਕਰੇ ਪ੍ਰਭ ਮੌਲਾ, ਮਿਹਰਵਾਨ ਹੋਏ ਸਹਾਈਆ । ਸੰਕਟ ਕੱਟ ਕੇ ਧਰਨੀ ਧੌਲਾ, ਧਵਲ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਮੇਲ ਮਿਲਾਈਆ । ਪਟਣਾ ਨਹੀਂ ਪ੍ਰਭੂ ਸੁਰਸਤੀ, ਸੁਰਤੀ ਸ਼ਬਦ ਮਿਲਾਈਆ । ਇਕ ਵਾਰ ਰਾਮ ਨੇ ਚੁੱਕੀ ਸੀ ਓਸ ਦੀ ਅਸਥੀ, ਅਰਥੀ ਆਪਣੇ ਕੰਧ ਉਠਾਈਆ । ਏਸੇ ਕਾਰਨ ਬਖ਼ਸ਼ੀ ਧੁਰ ਦੀ ਮਸਤੀ, ਖ਼ੁਮਾਰੀ ਨਾਮ ਚੜ੍ਹਾਈਆ । ਪ੍ਰਭ ਦੀ ਦਾਤ ਸਭ ਤੋਂ ਸਸਤੀ, ਜੋ ਬਿਨ ਪੈਸਿਉਂ ਧੇਲਿਉਂ ਝੋਲੀ ਪਾਈਆ । ਤੇਰੀ ਓਸੇ ਤਰਾ ਬਣਾ ਕੇ ਬਸਤੀ, ਨਗਰ ਖੇੜਾ ਸੋਭਾ ਪਾਈਆ । ਇਹ ਵਿਹਾਰ ਜੁਗਾ ਜੁਗਾਂ ਦਾ ਜੁਗਤੀ, ਜੁਗਤ ਨਾਲ ਵਖਾਈਆ । ਇਸ ਤੋਂ ਵੱਖਰੀ ਪ੍ਰਭੂ ਦੀ ਭਗਤੀ, ਜੋ ਭਗਤਾਂ ਦਿਤੀ ਸਮਝਾਈਆ । ਪ੍ਰਭੂ ਵੀ ਬਣ ਕੇ ਇਨਸਾਨਾਂ ਵਰਗਾ ਵਿਅਕਤੀ, ਵਕਤ ਆਪਣੇ ਹੱਥ ਰਖਾਈਆ । ਆਪਣੀ ਦਾਤ ਹੌਲੀ ਹੌਲੀ ਸਭ ਨੂੰ ਰਿਹਾ ਵਰਤੀ, ਬੇਵਤਨ ਹੋ ਕੇ ਵਤਨ ਵਾਲੀ ਸਭ ਨੂੰ ਰਿਹਾ ਬਣਾਈਆ । ਇਹ ਖੇਲ ਓਸੇ ਘਰ ਦੀ, ਜਿਸ ਦਾ ਮਾਲਕ ਇਕ ਅਖਵਾਈਆ । ਜਿਸ ਦੇ ਕੋਲੋਂ ਦੋ ਜਹਾਨ ਸ੍ਰਿਸ਼ਟੀ ਦ੍ਰਿਸ਼ਟੀ ਡਰਦੀ, ਭੈ ਭਉ ਸਰਬ ਰਖਾਈਆ । ਸਿਰਫ਼ ਗੁਰਮੁਖਾਂ ਆਤਮ ਸੋਹੰ ਢੋਲਾ ਪੜ੍ਹਦੀ, ਤੂੰ ਹੀ ਤੂੰ ਰਾਗ ਅਲਾਈਆ । ਏਸੇ ਕਾਰਨ ਤੁਹਾਡਾ ਦਰਦੀ, ਦਾਦੂ ਦਿਹੁਰੇ ਵਾਲਾ ਦੁਖੀਆਂ ਦੁੱਖ ਮਿਟਾਈਆ । ਚਾਰ ਜੁਗ ਜੋ ਪਿਛਲੇ ਗਵਾਹੀ ਦੇਣ ਪ੍ਰਭੂ ਦੀ ਨਾਮਰਦੀ, ਅੱਗੇ ਮਰਦ ਬਣ ਕੇ ਦਏ ਵਖਾਈਆ । ਉਹ ਪੁਲੀ ਪੁਲੀਆਂ ਨਹੀਂ ਵਰਗੀ, ਵਲਗਣ ਪਿਛਲਾ ਰਹੀ ਪਾਈਆ । ਇਹ ਖੇਲ ਨਰਾਇਣ ਨਰ ਦੀ, ਸਮਝ

੮੭੮
੧੭

ਕਿਸੇ ਨਾ ਆਈਆ । ਗੱਲਾਂ ਬਾਤਾਂ ਨਾਲ ਭੁੱਖ ਮਿਟੇ ਨਾ ਸਰਦੀ, ਗੁਰਮੁਖ ਸਚ ਰਹੇ ਸੁਣਾਈਆ । ਪੂਜਾ ਹੋਵੇ ਨਾ ਸੰਧਿਆ ਸਰਘੀ, ਢੋਲਕ ਛੈਣਾ ਨਾ ਕੋਇ ਖੜਕਾਈਆ । ਪ੍ਰਭੂ ਜੇ ਤੇਰੇ ਘਰ ਵਿਚ ਅੰਧੇਰ ਗਰਦੀ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਸਾਨੂੰ ਲੋੜ ਨਹੀਂ ਏਹੋ ਜੇਹੇ ਪਿਰ ਦੀ, ਜੋ ਸੇਜ ਸੁਹੰਜਣੀ ਨਾ ਦਏ ਸੁਹਾਈਆ । ਇਹ ਮੰਗ ਪੁਰਾਣੀ ਚਿਰਦੀ, ਅੱਜ ਦੀ ਘੜੀ ਦਏ ਗਵਾਹੀਆ । ਏਹੋ ਸੇਜ ਸੱਚੇ ਘਰ ਥਿਰ ਦੀ, ਜਿਥੇ ਪੁਰਖ ਅਕਾਲ ਚਰਨ ਟਿਕਾਈਆ । ਅੰਦਰੇ ਅੰਦਰ ਲੱਠ ਵੇਖੋ ਗਿੜਦੀ, ਗੇੜੇ ਆਪਣੇ ਨਾਲ ਭੁਆਈਆ । ਲਾਲ ਸਿੰਘ ਦੀ ਬੁੱਧੀ ਨਹੀਂ ਸੀ ਭਿੜਦੀ, ਬੁਧੀ ਦਾ ਮਾਲਕ ਆਪਣਾ ਹੁਕਮ ਮਨਾਈਆ । ਅੰਦਰੋਂ ਇਕੋ ਧਾਰ ਕਿਰਦੀ, ਜੋ ਹੌਲੀ ਹੌਲੀ ਰਹੀ ਉਠਾਈਆ । ਉਹ ਬਜਰ ਕਪਾਟੀ ਵਾਲੀ ਗੀਟੀ ਅੱਗੇ ਕਿਵੇਂ ਰਿੜ੍ਹਦੀ, ਸਾਚੇ ਪੜਦੇ ਦਏ ਉਠਾਈਆ । ਜਨਮ ਕਰਮ ਦੀ ਵਿਛੜੀ ਆ ਗਈ ਫਿਰਦੀ ਫਿਰਦੀ, ਫੇਰੀਆਂ ਵਿਚੋਂ ਆਪਣੀ ਫੇਰੀ ਪਾਈਆ । ਇਹ ਕੋਈ ਮਿਸਲ ਮਿਸਾਲ ਨਹੀਂ ਰਾਂਝੇ ਹੀਰ ਦੀ, ਜੋ ਜਗਤ ਯਰਾਨੇ ਯਾਰ ਹੰਢਾਈਆ । ਇਹ ਮੰਗ ਉਸ ਦਰਸ਼ਨ ਤਸਵੀਰ ਦੀ, ਲਾਸ਼ਰੀਕ ਇਕੋ ਨਜ਼ਰੀ ਆਈਆ । ਇਹ ਆਸ ਲਾਲ ਗ਼ਰੀਬ ਦੀ, ਗ਼ਰੀਬਾਂ ਦੇ ਉਠਾਈਆ । ਜੇ ਤੇਰੇ ਕੋਲ ਲੇਖਣੀ ਨਹੀਂ ਨਸੀਬ ਦੀ, ਫਿਰ ਤੇਰੀ ਕੀ ਵਡਿਆਈਆ । ਇਹੋ ਖੇਲ ਪ੍ਰਭੂ ਅਜੀਬ ਦੀ, ਅੰਦਰ ਵੜ ਕੇ ਅਜੇ ਤੱਕ ਨਾ ਦਿਤੀ ਸਮਝਾਈਆ । ਸਾਡੇ ਵੇਂਹਦਿਆਂ ਵੇਂਹਦਿਆਂ ਇਹ ਵੀਹਵੀਂ ਇਕੀਵੀਂ ਸਦੀ ਜਾਏ ਬੀਤਦੀ, ਪਿਛਲੇ ਅਗਲੇ ਚੇਤੇ ਰਹੀ ਕਰਾਈਆ । ਹੁਣ ਲੋੜ ਨਹੀਂ ਗਾਉਣ ਗੀਤ ਦੀ, ਢੋਲਿਆਂ ਰਾਗ ਅਲਾਈਆ । ਚਿੰਤਾ ਚੁੱਕ ਗਈ ਮੰਦਰ ਮਸੀਤ ਦੀ, ਸ਼ਿਵਦਵਾਲੇ ਮੱਠ ਗੁਰੂਦਵਾਰ ਨਜ਼ਰ ਕੋਇ ਨਾ ਆਈਆ । ਇਕੋ ਮੰਗੀ ਮੰਗ ਪ੍ਰੀਤ ਦੀ, ਪ੍ਰੀਤਮ ਆਪਣੇ ਨਾਲ ਜੁੜਾਈਆ । ਮੈਨੂੰ ਲੋੜ ਨਹੀਂ ਆਪਣੇ ਸੀਸ ਦੀ, ਸਤਿਗੁਰ ਤੇਰਾ ਸੀਸ ਤੇਰੀ ਝੋਲੀ ਪਾਈਆ । ਜੇ ਤੇਰੇ ਕੋਲ ਰਹਿਮਤ ਨਹੀਂ ਬਖ਼ਸ਼ੀਸ਼ ਦੀ, ਕਿਉਂ ਸਾਨੂੰ ਲਿਆ ਮਿਲਾਈਆ । ਸਾਨੂੰ ਲੋੜ ਨਹੀਂ ਕਲਮੇ ਹਦੀਸ ਦੀ, ਹਜ਼ਰਤ ਮਿਲ ਆ ਕੇ ਚਾਈਂ ਚਾਈਆਂ । ਇਹ ਮੰਗ ਇਕੋ ਵਾਰ ਪੂਰੀ ਕਰ ਦੇ ਮੰਗੀ ਜੁਝਾਰ ਅਜੀਤ ਦੀ, ਅਜਿੱਤ ਤੇਰੀ ਵਡਿਆਈਆ । ਝੋਲੀ ਭਰ ਦੇ ਭਿਛਿਆ ਭੀਖ ਦੀ, ਭਿਖਿਅਕ ਰਹੇ ਸੁਣਾਈਆ । ਹੁਣ ਲੋੜ ਨਹੀਂ ਤੇਰੀ ਕੋਈ ਵਸੀਅਤ ਦੀ, ਮਿਸਲ ਸਾਚੀ ਦੇ ਵਖਾਈਆ । ਇਹ ਮੰਗ ਅਸਲੀਅਤ ਨੀਚ ਦੀ, ਨੀਚੋਂ ਊਚ ਦੇ ਬਣਾਈਆ । ਤੇਰੇ ਹੁੰਦਿਆਂ ਲੋੜ ਰਹੇ ਕਿਉਂ ਕਿਸੇ ਤਬੀਬ ਦੀ, ਨਾਲ ਰਾਜ ਨਰਾਇਣ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਦਰਸ਼ਨ ਦੇਣ ਦਾ ਚਾਓ ਰਖਾਈਆ । ਬਿਨਾ ਦਰਸ਼ਨ ਦੇ ਦੱਸ ਕਿਹੜਾ ਕੰਮ, ਕੀ ਹਰਿ ਜੂ ਖੇਲ ਕਰਾਇੰਦਾ । ਕੀ ਉਹ ਹੱਡ ਨਾੜ ਮਾਸ ਵਿਚ ਬੰਦ, ਤੱਤਾਂ ਵਿਚ ਡੇਰਾ ਲਾਇੰਦਾ । ਜੋ ਵੇਖ ਨਹੀਂ ਸਕਦਾ ਆਪਣੇ ਚੰਦ, ਪੁਰਖ ਅਕਾਲ ਕਿਉਂ ਅਖਵਾਇੰਦਾ । ਕਿਉਂ ਉਹ ਇੱਟਾਂ ਵਿਚ ਹੋਵੇ ਬੰਦ, ਜੋ ਮਾਲਕ ਘਟ ਘਟ ਅੰਦਰ ਡੇਰਾ ਲਾਇੰਦਾ । ਮਨਸਾ ਵਿਚੋਂ ਆਸਾ ਮੰਗ, ਮਨਸਾ ਵਿਚੋਂ ਭਰਵਾਸਾ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਨੱਚੇ ਵਾਂਗ ਮਲੰਗ, ਮੁਖ ਘੁੰਗਟ ਨਾ ਕੋਇ ਰਖਾਇੰਦਾ ।

✪ ੩ ਮੱਘਰ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਹਰਿ ਭਗਤਾਂ ਦੇ ਆਦੀ ਮਿਤਰ, ਪ੍ਰਭ ਆਪਣੀ ਲੈ ਅੰਗੜਾਈਆ । ਸਾਚੀ ਧਾਰੋਂ ਆਪੇ ਨਿਕਲ, ਤੁਧ ਜਨਮੇ ਕੋਇ ਨਾ ਪਿਤਾ ਮਾਈਆ । ਰਾਹ ਤੱਕਦੇ ਤੇਰਾ ਇਤਲ ਬਿਤਲ ਸਿਤਲ, ਚਾਰੋਂ ਕੁੰਟ ਧਿਆਨ ਲਗਾਈਆ । ਚੌਦਾਂ ਚੌਦਾਂ ਕਰਕੇ ਜ਼ਿਕਰ, ਜ਼ਾਹਰ ਕਰਨ ਵਡਿਆਈਆ । ਜਗਤ ਅੰਧੇਰੇ ਸਭ ਨੂੰ ਪਿਆ ਫ਼ਿਕਰ, ਫ਼ਿਕਰਾਂ ਵਿਚ ਧਿਆਨ ਲਗਾਈਆ । ਭਗਤ ਕਹਿਣ ਕਿਉਂ ਗਿਆ ਵਿਛੜ, ਸਦ ਵਿਛੜਿਆਂ ਮੇਲ ਮਿਲਾਈਆ । ਤੇਰਾ ਪ੍ਰੇਮ ਸਦਾ ਨਿਰਇੱਛਕ, ਇਛਿਆ ਜਗਤ ਨਾ ਕੋਇ ਵਖਾਈਆ । ਖੜੇ ਸਵਾਲੀ ਦਰ ਤੇ ਭਿਖਿਕ, ਭਿਛਿਆ ਦੇ ਵਰਤਾਈਆ । ਤੱਤਾਂ ਵਾਲਾ ਛੱਡ ਕੇ ਇਸ਼ਟ, ਤੇਰਾ ਨਾਮ ਸਾਲਾਹੀਆ । ਕਿਰਪਾ ਨਿਧਾਨ ਖੋਲ੍ਹ ਦੇ ਦ੍ਰਿਸ਼ਟ, ਦਰਦੀ ਦਰਦ ਵੰਡਾਈਆ । ਤੇਰੇ ਪ੍ਰੇਮ ਪਿਆਰ ਦਾ ਸਾਚਾ ਗ੍ਰਿਹਸਤ, ਆਤਮ ਸੇਜਾ ਮਿਲ ਕੇ ਲਈਏ ਹੰਢਾਈਆ । ਚਰਨਾਂ ਹੇਠਾਂ ਦਬ ਕੇ ਸਵਰਗ ਬਹਿਸ਼ਤ, ਉਪਰ ਤੇਰਾ ਰਾਹ ਤਕਾਈਆ । ਕੀ ਤੈਨੂੰ ਆਦਤ ਸਦਾ ਕਰਾਉਣ ਦੀ ਮਿੰਨਤ, ਖ਼ੁਸ਼ਾਮਦਾਂ ਵਿਚ ਖ਼ੁਸ਼ੀ ਮਨਾਈਆ । ਤੇਰੇ ਵਿਚ ਅਗੰਮੀ ਹਿੰਮਤ, ਹਮ ਸਾਜਨ ਹੋ ਕੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਦੇ ਉਠਾਈਆ । ਪੜਦਾ ਖੋਲ੍ਹ ਠਾਕਰ ਸਵਾਮੀ, ਜਨ ਭਗਤ ਰਹੇ ਜਣਾਈਆ । ਹਰ ਘਟ ਬੈਠਾ ਅੰਤਰਜਾਮੀ, ਅੰਤਸ਼ਕਰਨ ਵੇਖ ਵਖਾਈਆ । ਜੁਗ ਚੌਕੜੀ ਸਿਫ਼ਤਾਂ ਵਾਲੀ ਦੱਸਦਾ ਰਿਹੋਂ ਬਾਣੀ, ਅੱਖਰਾਂ ਨਾਮ ਵਡਿਆਈਆ । ਸੁਰਤੀ ਕਾਇਆ ਮੰਦਰ ਵਿਚ ਬਣਾ ਕੇ ਰਾਣੀ, ਕਰਦਾ ਰਿਹੋਂ ਸਦਾ ਕੁੜਮਾਈਆ । ਅੰਮ੍ਰਿਤ ਬਖ਼ਸ਼ਦਾ ਰਿਹੋਂ ਠੰਡਾ ਪਾਣੀ, ਨਿਜਰ ਧਾਰ ਵਹਾਈਆ । ਸ਼ਬਦ ਮਿਲਾਉਂਦਾ ਰਿਹੋਂ ਹਾਣੀ, ਸੋਹਣੀ ਸੇਜ ਸੁਹਾਈਆ । ਹੁਣ ਭਗਤ ਸੁਹੇਲਾ ਸਖੀ ਰਿਹਾ ਨਹੀਂ ਬਾਲ ਅੰਞਾਣੀ, ਬਾਲੀ ਬੁਧ ਨਾ ਕੋਇ ਵਖਾਈਆ । ਸਾਡੇ ਤੇ ਆਈ ਤਰਲ ਜੁਆਨੀ, ਤਰਾ ਤਰਾ ਰਹੇ ਸਮਝਾਈਆ । ਤੇਰੀ ਰਸਨਾ ਵਾਲੀ ਛੱਡਣੀ ਕਹਾਣੀ, ਬੱਤੀ ਦੰਦ ਨਾ ਕੋਇ ਪੜ੍ਹਾਈਆ ਤੂੰ ਮਾਲਕ ਧੁਰ ਦਾ ਸਾਚਾ ਦਿਲਜਾਨੀ, ਰਹਿਬਰ ਇਕ ਅਖਵਾਈਆ । ਤੇਰਾ ਮੇਲਾ ਵਿਚ ਪੇਸ਼ਾਨੀ, ਚਸ਼ਮ ਤੇਰੀ ਰੁਸ਼ਨਾਈਆ । ਤੇਰਾ ਘਰ ਇਕ ਨੁਰਾਨੀ, ਜੋਤੀ ਜੋਤ ਡਗਮਗਾਈਆ । ਤੇਰਾ ਨਾਉਂ ਸ਼ਹਿਨਸ਼ਾਹ ਸੁਲਤਾਨੀ, ਭੂਪਤ ਭੂਪ ਭੂਪ ਅਖਵਾਈਆ । ਤੇਰਾ ਖੇਲ ਸਦਾ ਕਰਨੀ ਮਿਹਰਵਾਨੀ, ਕਿਉਂ ਬੈਠਾ ਦੇਰ ਲਗਾਈਆ । ਨੇਤਰ ਤੱਕੇ ਅਸ਼ਟਭੁਜ ਆਦਿ ਭਵਾਨੀ, ਅੱਖ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਜਨ ਭਗਤ ਕਹੇ ਕਿਉਂ ਬੈਠਾ ਲੁਕ, ਆਪਣਾ ਆਪ ਛੁਪਾਈਆ । ਜੇ ਤੇਰਾ ਨਾਤਾ ਪਿਉ ਪੁੱਤ, ਪਿਤਾ ਪੂਤ ਲੈ ਬਣਾਈਆ । ਆਪਣੇ ਅੰਗਣ ਓਸ ਗੋਦੀ ਚੁੱਕ, ਜਿਥੇ ਭਾਰ ਲੱਗੇ ਨਾ ਰਾਈਆ । ਝਿੜਕ ਝੰਬ ਕੇ ਪਰੇ ਦੇਵੀਂ ਨਾ ਸੁੱਟ, ਗ਼ੁੱਸੇ ਨਾਲ ਨਾ ਕਦੇ ਡਰਾਈਆ । ਸਾਡੇ ਨਾਲ ਕਦੀ ਨਾ ਬਹੀਂ ਚੁੱਪ, ਭੇਵ ਖੁਲ੍ਹਾਉਣਾ ਚਾਈਂ ਚਾਈਂਆ । ਤੇਰੇ ਮਿਲਣ ਦੀ ਲੱਗੀ ਭੁੱਖ, ਅੰਮ੍ਰਿਤ ਜਾਮ ਦੇਣਾ ਪਿਆਈਆ । ਜੇ ਪ੍ਰਭੂ ਤੇਰੇ ਕੋਲ ਨਹੀਂ ਹੈ ਕੁਛ, ਕਿਉਂ ਸ੍ਰੀ ਭਗਵਾਨ ਨਾਮ ਧਰਾਈਆ । ਸੱਚਖੰਡ ਦਵਾਰਿਉਂ ਜਾਹ ਉਠ, ਤੇਰੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਵਡਿਆਈਆ । ਜਨ ਭਗਤ ਕਹੇ ਜੇ ਤੂੰ ਭੁੱਖਾ ਨੰਗਾ, ਕਿਉਂ ਆਪਣੀ ਰੀਤ ਚਲਾਈਆ । ਜੇ ਤੂੰ ਮੰਦਿਉਂ ਬਣਾ ਨਹੀਂ ਸਕਦਾ ਚੰਗਾ, ਚੰਗੀ ਕੀ ਤੇਰੀ ਵਡਿਆਈਆ । ਜੇ ਤੂੰ ਬਿਨਾ ਬੰਦਗੀਉਂ

ਤਾਰ ਨਹੀਂ ਸਕਦਾ ਆਪਨਾ ਬੰਦਾ, ਬੰਧਨ ਨਾ ਸਕੇਂ ਤੁੜਾਈਆ । ਫੇਰ ਤੂੰ ਆਦਿ ਜੁਗਾਦਿ ਰਹੋ ਰੰਡਾ, ਤੇਰਾ ਸੁਹਾਗ ਸੋਭਾ ਕੋਇ ਨਾ ਪਾਈਆ । ਜੇ ਤੂੰ ਦੇ ਨਹੀਂ ਸਕਦਾ ਅੰਤਰ ਆਤਮ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੇ ਜਣਾਈਆ । ਜਨ ਭਗਤ ਕਹੇ ਵੇਖ ਸਚਖੰਡ ਨਿਵਾਸੀ, ਚਾਰ ਕੁੰਟ ਧਿਆਨ ਲਗਾਈਆ । ਸਾਡੇ ਉਤੇ ਆਈ ਉਦਾਸੀ, ਧੀਰਜ ਧੀਰ ਨਾ ਕੋਇ ਧਰਾਈਆ । ਮਿਲਿਆ ਕੋਈ ਨਾ ਪੰਡਤ ਕਾਸ਼ੀ, ਕਛਿਹਰਿਆਂ ਵਾਲਾ ਪੰਧ ਪਾਰ ਨਾ ਕੋਇ ਕਰਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਵਾਟੀ ਪੰਧ ਨਾ ਕੋਇ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੇ ਗਾਥੀ, ਗਾਇਤਰੀ ਮੰਤਰ ਨਾਲ ਮਿਲਾਈਆ । ਬਾਵਨ ਅਖਸ਼ਰ ਬਣਾਂਦੇ ਰਹੇ ਸਵਾਰਥੀ, ਸਵਾਧਾਨ ਨਾ ਕੋਇ ਕਰਾਈਆ । ਧੂਪ ਦੀਪ ਘਿਰਤ ਵਾਲੀ ਕਰਦੇ ਰਹੇ ਆਰਤੀ, ਪਵਣਾਂ ਹਵਣ ਜਣਾਈਆ । ਤੇਰੀ ਸਿਫ਼ਤ ਸੁਣਦੇ ਰਿਹੇ ਹਿੰਦੀ ਉਰਦੂ ਅੰਗਰੇਜ਼ੀ ਫ਼ਾਰਸੀ, ਗੁਰਮੁਖੀ ਜੋੜ ਜੁੜਾਈਆ । ਮੁੱਲਾ ਸ਼ੇਖ਼ ਮੁਸਾਇਕ ਤੇਰੇ ਬਣੇ ਵੇਖੇ ਆੜ੍ਹਤੀ, ਧੜਤ ਵੱਟਿਆਂ ਰਹੇ ਲਗਾਈਆ । ਤੇਰੀ ਸਿਫ਼ਤ ਸੁਣੀ ਲਿਖੀ ਇਬਾਰਤੀ, ਅੱਖਰਾਂ ਨਾਲ ਰਲਾਈਆ । ਗੁਰ ਚੇਲੇ ਤਰਦੇ ਵੇਖੇ ਸਫ਼ਾਰਸ਼ੀ, ਜੁਗ ਜੁਗ ਕਾਰ ਕਮਾਈਆ । ਇਹ ਖੇਲ ਅਗੰਮੀ ਧਾਰ ਦੀ, ਜੋ ਭਗਤਾਂ ਮੰਗ ਮੰਗਾਈਆ । ਇਕ ਸਿਕ ਤੇਰੇ ਦੀਦਾਰ ਦੀ, ਦੂਜੀ ਲੋੜ ਰਹੇ ਨਾ ਰਾਈਆ । ਸਾਨੂੰ ਪ੍ਰੀਤ ਚਾਹੀਏ ਓਸ ਯਾਰ ਦੀ, ਯਾਰਾਨਾ ਲਾ ਨਾ ਮੁਖ ਭੁਆਈਆ । ਮੁਹੱਬਤ ਮਿਲ ਜਾਏ ਓਸ ਗ਼ਮਖ਼ਾਰ ਦੀ, ਜੋ ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਵਸਤ ਮਿਲ ਜਾਏ ਓਸ ਪਿਆਰ ਦੀ, ਜਿਸ ਪਿਆਰ ਵਿਚੋਂ ਮੁਹੱਬਤ ਲਈ ਪਰਗਟਾਈਆ । ਤੇਰੀ ਗੁਰਮੁਖ ਸਵਾਣੀ ਆਪਣਾ ਆਪ ਸਵਾਰਦੀ, ਸੋਹਣਾ ਰੂਪ ਧਰਾਈਆ । ਮੈਂ ਸੇਜ ਸੁਹਾਉਣੀ ਉਸ ਕੰਤ ਭਤਾਰ ਦੀ, ਜਿਸ ਦਾ ਝੂਲਾ ਨਜ਼ਰ ਕਿਸੇ ਨਾ ਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੈਨੂੰ ਵਾਜਾਂ ਮਾਰਦੀ, ਤਰਾ ਤਰਾ ਜਣਾਈਆ । ਇਹ ਗੱਲ ਨਹੀਂ ਵਿਚਾਰ ਦੀ, ਬੁਧੀ ਸਮਝ ਨਾ ਸਕੇ ਰਾਈਆ । ਜੇ ਮਿਲਣੀ ਹੋਵੇ ਨਿਰੰਕਾਰ ਦੀ, ਨਾਤੇ ਸਾਰੇ ਦਈਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤ ਕਹੇ ਮੈਂ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਜੇ ਤੂੰ ਪਿਤਾ ਪੁਰਖ ਅਕਾਲ ਮੇਰਾ ਸੱਚਾ, ਸਚਖੰਡ ਬੈਠਾ ਡੇਰਾ ਲਾਈਆ । ਆ ਕੇ ਚੁੱਕ ਆਪਣੇ ਹੱਥਾਂ, ਸੋਹਣਾ ਪ੍ਰੇਮ ਵਧਾਈਆ । ਫੇਰ ਤੈਨੂੰ ਆਪਣਾ ਦੁਖੜਾ ਹਾਲ ਦੱਸਾਂ, ਦਰਦੀਆ ਦਰਦ ਦਿਆਂ ਜਣਾਈਆ । ਮੈਂ ਰੋਵਾਂ ਬਿਨ ਅੱਖਾਂ, ਬਿਨ ਮੁਖੋਂ ਹੱਸ ਵਖਾਈਆ । ਤੇਰੇ ਭਗਤ ਸਦਾ ਰੁਲੇ ਵਿਚ ਕੱਖਾਂ, ਗੋਦੜੀਆਂ ਡੇਰਾ ਲਾਈਆ । ਫਿਰ ਵੀ ਤੇਰਾ ਗਾਉਂਦੇ ਰਹੇ ਜਸਾ, ਸਿਫ਼ਤੀ ਸਿਫ਼ਤ ਤੇਰੀ ਵਡਿਆਈਆ । ਤੂੰ ਹੋ ਕੇ ਲਾਪਤਾ, ਪਤਿਪਰਮੇਸ਼ਵਰ ਆਪਣਾ ਮੁਖ ਛੁਪਾਈਆ । ਜਗਤ ਖੁਆਰੀ ਦੇਂਦਾ ਰਿਹੋਂ ਧੱਕਾ, ਧੱਕੇ ਨਾਲ ਆਪਣੀ ਕਾਰ ਕਮਾਈਆ । ਅਗਲਾ ਬਚਨ ਸੁਣਾਈਏ ਸੱਚਾ, ਸਚ ਦਈਏ ਦ੍ਰਿੜਾਈਆ । ਜੇ ਤੂੰ ਹੈਂ ਪੁਰਖ ਸਮਰਥਾ, ਕਿਉਂ ਕੱਚਿਆਂ ਨਾਲ ਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਛੱਡ ਕੇ ਤੈਨੂੰ ਇਕੋ ਟੇਕਿਆ ਮੱਥਾ, ਮਸਤਕ ਭਾਗ ਦੇ ਬਦਲਾਈਆ । ਜਿਹੜਾ ਖ਼ਜ਼ਾਨਾ ਚਾਰ ਜੁਗ ਦਾ ਢਕਾ, ਕੁੰਜੀ ਆਪਣੇ ਹੱਥ ਰਖਾਈਆ । ਸਾਨੂੰ ਸਦਾ ਪਿਆ ਵਿਸ਼ਨੂੰ ਉਤੇ ਸ਼ੱਕਾ, ਸਚ ਦਈਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਪ੍ਰਭ ਦੇ ਦੇ ਕੁੰਜੀ, ਕੁਫ਼ਲ ਆਪਣਾ ਦੇ ਖੁਲ੍ਹਾਈਆ । ਸਤਿ ਸਚ ਦੀ ਬਖ਼ਸ਼

ਪੂੰਜੀ, ਕਿਉਂ ਬੈਠਾ ਆਪ ਦਬਾਈਆ । ਤੈਨੂੰ ਤਰਸ ਨਹੀਂ ਆਉਂਦਾ ਅਸੀਂ ਥੱਕ ਗਏ ਖਾ ਖਾ ਦਾਲ ਮੂੰਗੀ, ਜਗਤ ਜੁਗ ਤੇਰਾ ਧਿਆਨ ਲਗਾਈਆ । ਹੁਣ ਰਸਨਾ ਸਾਡੀ ਰਹਿਣੀ ਨਹੀਂ ਗੂੰਗੀ, ਗਹਿਰ ਗਵਰ ਦਈਏ ਜਣਾਈਆ । ਸਾਥੋਂ ਸਾਭੀਂ ਨਹੀਂ ਜਾਂਦੀ ਮਿਰਚਾਂ ਵਾਲੀ ਕੂੰਡੀ, ਤੇਰੇ ਅੱਗੇ ਦਈਏ ਟਿਕਾਈਆ । ਸਾਨੂੰ ਨਹੀਂ ਕੋਈ ਲੋੜ ਸਵਾਦ ਲੈਣ ਦੀ ਬੂੰਦੀ, ਮਿੱਠੇ ਰਸ ਨਾ ਕੋਇ ਲੁਭਾਈਆ । ਅਸਾਂ ਵਸਤ ਲੈਣੀ ਉਹ ਜੇਹੜੀ ਹੱਥ ਕਿਸੇ ਨਾ ਆਏ ਢੂੰਡੀ, ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਪਾਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਖ਼ਜ਼ੀਨਾ, ਖ਼ੁਸ਼ੀਆਂ ਨਾਲ ਵਰਤਾਈਆ । ਨਹੀਂ ਤੇ ਤੈਨੂੰ ਕਿਸੇ ਨਹੀਂ ਕਹਿਣਾ ਦਾਨਾ ਬੀਨਾ, ਢੋਲਾ ਸਿਫ਼ਤ ਨਾ ਕੋਇ ਸੁਣਾਈਆ । ਹਉਂ ਬਾਲਕ ਖ਼ਾਲਕ ਤੇਰੇ ਮਸਕੀਨਾ, ਮੁਸ਼ਕਲ ਹੱਲ ਦੇ ਕਰਾਈਆ । ਛੱਡ ਕੇ ਮੱਕਾ ਮਦੀਨਾ, ਕਾਅਬਾ ਤੇਰਾ ਵੇਖ ਵਖਾਈਆ । ਰਹਿਮਤ ਕਰਕੇ ਠਾਂਡਾ ਕਰਦੇ ਸੀਨਾ, ਸੀਤਲ ਧਾਰ ਵਹਾਈਆ । ਸਾਥੋਂ ਖਾਧਾ ਨਾ ਜਾਏ ਚੀਨਾ, ਚਿੰਨ੍ਹ ਤੇਰਾ ਇਕੋ ਨਜ਼ਰੀ ਆਈਆ । ਨਾਮ ਖ਼ੁਮਾਰੀ ਰੰਗ ਚਾੜ੍ਹ ਦੇ ਭੀਨਾ, ਭਿੰਨੜੀ ਰੈਣ ਮਿਲੇ ਵਡਿਆਈਆ । ਨਾਤਾ ਤੁੱਟ ਜਾਏ ਲੋਕ ਤੀਨਾਂ, ਤ੍ਰੈਗੁਣ ਲੇਖਾ ਦੇ ਮੁਕਾਈਆ । ਸਭ ਤੋਂ ਵੱਡਾ ਜਾਣ ਕੇ ਤੇਰਾ ਵਸੀਲਾ, ਵਾਸਤਾ ਤੇਰੇ ਨਾਲ ਰਖਾਈਆ । ਤੇਰੇ ਦਵਾਰੇ ਹੋ ਅਧੀਨਾ, ਅਦਨੇ ਹੋ ਕੇ ਰਹੇ ਜਣਾਈਆ । ਲੱਭਦਿਆਂ ਲੱਭਦਿਆਂ ਸਾਡਾ ਅਜੇ ਨਾ ਸੁੱਕਿਆ ਪਸੀਨਾ, ਠੰਡਾ ਸੀਤ ਨਾ ਕੋਇ ਰਖਾਈਆ । ਸਾਨੂੰ ਦੇ ਦੇ ਅਗੰਮੀ ਉਹ ਨਗੀਨਾ, ਜਿਸ ਦੀ ਜ਼ੌਹਰੀ ਕੀਮਤ ਕੋਇ ਨਾ ਪਾਈਆ । ਤੂੰ ਸਾਹਿਬ ਸਵਾਮੀ ਨਾ ਨਰ ਨਾ ਮਦੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਕਹਿਣ ਅਸੀਂ ਹੋ ਗਏ ਵੱਡੇ, ਰੀਤੀ ਨਿੱਕਿਆਂ ਵਾਲੀ ਭੁਲਾਈਆ । ਪ੍ਰੇਮ ਪਿਆਰ ਨਿਸ਼ਾਨੇ ਗੱਡੇ, ਤੇਰੇ ਦਵਾਰ ਝੁਲਾਈਆ । ਪ੍ਰਭੂ ਕਿਉਂ ਪਿਆਰ ਅਸਾਡੇ ਛੱਡੇ, ਪ੍ਰੀਤੀ ਪਰਤ ਨਾ ਕਿਉਂ ਲਗਾਈਆ । ਅਸੀਂ ਤੇਰੇ ਹੁਕਮੇ ਅੰਦਰ ਬੱਧੇ, ਬੰਦਨਾ ਕਰਕੇ ਸੀਸ ਝੁਕਾਈਆ । ਜੇ ਨਹੀਂ ਆਪਣੇ ਭੰਡਾਰ ਦੇ ਖੋਲ੍ਹਣੇ ਜਿੰਦੇ, ਫਿਰ ਕੀ ਜਮ ਜੰਦਾਰ ਤੋਂ ਲਏਂ ਬਚਾਈਆ । ਤੇਰੇ ਨਾਲੋਂ ਵੱਖਰੇ ਚੰਗੇ, ਜੇ ਆਸਾ ਨਾ ਪੂਰ ਕਰਾਈਆ । ਜੇ ਤੇਰੇ ਨਾਲ ਮਿਲਕੇ ਰਹਿਣਾ ਭੁੱਖੇ ਨੰਗੇ, ਫਿਰ ਕੀ ਤੇਰੀ ਕੁੜਮਾਈਆ । ਅਸੀਂ ਬੰਦਿਆਂ ਵਰਗੇ ਬੰਦੇ, ਬੰਧਨ ਸਾਰੇ ਜਾਈਏ ਤੁੜਾਈਆ । ਜੇ ਕਿਰਪਾ ਕਰਕੇ ਟੁੱਟੀ ਗੰਢੇਂ, ਆਤਮ ਪਰਮਾਤਮ ਮੇਲ ਮਿਲਾਈਆ । ਫਿਰ ਸ਼ੌਹ ਬਣ ਕੇ ਨਾਲ ਹੰਢੇਂ, ਸ਼ੌਹਰ ਇਕੋ ਇਕ ਅਖਵਾਈਆ । ਘਰ ਦੇ ਕੇ ਪਰਮਾਨੰਦੇ, ਪਰਮਾਰਥ ਆਪਣਾ ਦਏਂ ਸਮਝਾਈਆ । ਪਾਟੇ ਚੀਥੜ ਜਾਵਣ ਰੰਗੇ, ਰੰਗ ਮਜੀਠੀ ਇਕ ਚੜ੍ਹਾਈਆ । ਸਾਚੇ ਪੌੜੇ ਚਾੜ੍ਹ ਕੇ ਡੰਡੇ, ਦੰਡ ਦੂਤਾਂ ਦਏਂ ਤਜਾਈਆ । ਗੋਦੀ ਚੁੱਕਕੇ ਆਪਣੇ ਕੰਧੇ, ਮੰਜ਼ਲ ਅਗਲੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਝੋਲੀ ਪਾਈਆ । ਲਹਿਣਾ ਦੇ ਦੇ ਧੁਰ ਦੇ ਠਾਕਰ, ਕਿਉਂ ਠੋਕਰਾਂ ਨਾਲ ਠੁਕਰਾਇੰਦਾ । ਬੇਸ਼ਕ ਤੂੰ ਗਹਿਰ ਗੰਭੀਰ ਵੱਡਾ ਗੁਣ ਸਾਗਰ, ਬਿਨ ਭਗਤਾਂ ਕੰਮ ਕਿਸੇ ਨਾ ਆਇੰਦਾ । ਬੇਸ਼ਕ ਤੂੰ ਜੋਧਾ ਸੂਰਬੀਰ ਬਹਾਦਰ, ਬਿਨ ਭਗਤਾਂ ਤੇਰਾ ਨਿਸ਼ਾਨਾ ਸੀਨੇ ਵਿਚ ਨਾ ਕੋਇ ਲਗਾਇੰਦਾ । ਬੇਸ਼ਕ ਤੂੰ ਵਣਜ ਵਪਾਰੀ ਬੜਾ ਸੌਦਾਗਰ, ਬਿਨ ਭਗਤਾਂ ਤੇਰਾ ਹੱਟ ਨਾ ਕੋਇ ਚਲਾਇੰਦਾ । ਬੇਸ਼ਕ ਤੂੰ ਕਰਤਾ ਕਰੀਮ ਕਾਦਰ, ਬਿਨ ਭਗਤਾਂ ਤੇਰੀ ਕੁਦਰਤ ਭੇਵ ਨਾ ਕੋਇ ਖੁਲ੍ਹਾਇੰਦਾ । ਬੇਸ਼ਕ ਤੂੰ ਆਦਿ ਜੁਗਾਦੀ ਧੁਰ ਦਾ ਆਦਲ, ਬਿਨ

ਭਗਤਾਂ ਤੇਰੀ ਕਚਹਿਰੀ ਭੁਗਤਣ ਕੋਇ ਨਾ ਆਇੰਦਾ । ਬੇਸ਼ਕ ਤੇਰਾ ਖੇਲ ਅੰਦਰ ਬਾਹਰ ਗੁਪਤ ਜ਼ਾਹਰ ਬਾਤਨ, ਬਿਨ ਭਗਤਾਂ ਤੇਰੇ ਨਾਲ ਨਾਤਾ ਨਾ ਕੋਇ ਜੁੜਾਇੰਦਾ । ਅਸੀਂ ਸਾਰੇ ਰਲਕੇ ਤੈਨੂੰ ਆਏ ਆਖਣ, ਅੱਖ ਨੈਣ ਨਾ ਕੋਇ ਸ਼ਰਮਾਇੰਦਾ । ਜੇ ਵਡਿਆਈ ਦੇਵੇਂ ਕਰ ਕਰ ਭਾਸ਼ਣ, ਸਿਫ਼ਤਾਂ ਨਾਲ ਸਾਲਾਹਿੰਦਾ । ਜਿੰਨਾਂ ਚਿਰ ਆਪਣਾ ਦੇਵੇਂ ਨਾ ਸਾਚਾ ਰਾਸ਼ਨ, ਰਛਿਆ ਸਚ ਨਾ ਮਾਤ ਕਰਾਇੰਦਾ । ਅਸੀਂ ਨਹੀਂ ਕਹਿਣਾ ਤੈਨੂੰ ਪੁਰਖ ਅਬਿਨਾਸ਼ਨ, ਅਬਿਨਾਸ਼ੀ ਤੇਰਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰਾ ਸੱਚਾ ਨਜ਼ਰੀ ਆਇੰਦਾ । ਜਨ ਭਗਤ ਕਹਿਣ ਪ੍ਰਭ ਅੱਖ ਉਘਾੜ, ਬਿਨ ਨੈਣਾਂ ਨੈਣ ਖੁਲ੍ਹਾਈਆ । ਅਸੀਂ ਮੰਗੀਏ ਦਿਨ ਦਿਹਾੜ, ਰੈਣ ਅੰਧੇਰੀ ਨਾ ਕੋਇ ਰਲਾਈਆ । ਸਾਡਾ ਤੇਰੇ ਅੱਗੇ ਹਾੜ, ਹਾੜਾ ਕੱਢਕੇ ਰਹੇ ਸੁਣਾਈਆ । ਜੇ ਜਗ ਨਾਲੋਂ ਵੱਖਰੇ ਕਰਕੇ ਸਾਨੂੰ ਦਿਤਾ ਉਜਾੜ, ਜਗ ਉਜੜਿਆਂ ਘਰ ਆਪਣੇ ਲਏਂ ਵਸਾਈਆ । ਬਿਨ ਭਗਤਾਂ ਤੈਨੂੰ ਕਦੀ ਕੋਈ ਨਾ ਕਰੇ ਜ਼ਾਹਰ, ਤੇਰਾ ਨਾਮ ਨਾ ਕੋਇ ਧਿਆਈਆ । ਕਿਉਂ ਬੈਠਾ ਬਣ ਕੇ ਕਾਇਰ, ਸੂਰਬੀਰ ਨਾ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਲਏ ਨਿਭਾਈਆ । ਜਨ ਭਗਤ ਕਹੇ ਪ੍ਰਭ ਆਦਤ ਛੱਡ ਦੇ ਪੁੱਠੀ, ਨਿਰਭੈ ਹੋ ਰਿਹਾ ਜਣਾਈਆ । ਹੁਣ ਕਿਉਂ ਲੁਕ ਕੇ ਬੈਠਾ ਗੁੱਠੀ, ਯਾਰੀ ਭਗਤਾਂ ਨਾਲ ਲਗਾਈਆ । ਜਿਨ੍ਹਾਂ ਦੀ ਤੇਰੇ ਵਿਚ ਰੁਚੀ, ਉਹ ਰੋ ਰੋ ਦੇਣ ਦੁਹਾਈਆ । ਉਹਨਾਂ ਦੀ ਆਤਮ ਤੇਰੇ ਪਿਆਰ ਦੀ ਭੁੱਖੀ, ਪਰਮਾਤਮ ਹੋ ਸਹਾਈਆ । ਵਿਛੋੜੇ ਅੰਦਰ ਹੋ ਕੇ ਦੁਖੀ, ਬਿਹਬਲ ਹੋਏ ਨੈਣਾਂ ਨੀਰ ਵਹਾਈਆ । ਬਿਰਹੋਂ ਵਿਛੋੜੇ ਪ੍ਰੇਮਣ ਸੁਰਤੀ ਕੁੱਠੀ, ਅਗੰਮੀ ਸੱਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਵੇਖ ਵਖਾਈਆ । ਜਨ ਭਗਤ ਕਹਿਣ ਆ ਕੇ ਤੱਕ, ਤਾਕਤਵਰ ਫੇਰਾ ਪਾਈਆ । ਝੋਲੀ ਪਾ ਗ਼ਰੀਬਾਂ ਹਕ, ਹਕੀਕਤ ਵੇਖ ਵਖਾਈਆ । ਪਿਛਲਾ ਲਹਿਣਾ ਪਿਛੇ ਛੱਡ, ਅੱਗੇ ਦੇ ਵਡਿਆਈਆ । ਤੈਨੂੰ ਰਹਿਣ ਨਹੀਂ ਦੇਣਾ ਅੱਡ, ਵੱਖਰਾ ਘਰ ਨਾ ਕੋਇ ਬਣਾਈਆ । ਤੈਨੂੰ ਆਪਣੇ ਦਵਾਰੇ ਰਹੇ ਸੱਦ, ਸੱਦਾ ਪ੍ਰੇਮ ਜਣਾਈਆ । ਜੇ ਲਾ ਕੇ ਯਾਰੀ ਜਾਏਂ ਭੱਜ, ਭਗਵਨ ਆਪਣਾ ਮੁਖ ਭੁਆਈਆ । ਫਿਰ ਤੇਰੀ ਅੱਗੇ ਵਧੇ ਨਾ ਕੋਈ ਯੱਦ, ਬੰਸ ਸਰਬੰਸ ਨਾ ਕੋਈ ਬਣਾਈਆ । ਤੇਰੀ ਸ੍ਰਿਸ਼ਟੀ ਦੀ ਓਥੇ ਹੋ ਜਾਏ ਹੱਦ, ਬ੍ਰਹਿਮੰਡ ਨਾ ਕੋਇ ਸ਼ਨਵਾਈਆ । ਜੇ ਭਗਤਾਂ ਜਾਵੇਂ ਛੱਡ, ਪੱਲੂ ਗੰਢ ਖੁਲ੍ਹਾਈਆ । ਫਿਰ ਤੇਰੀ ਕਰਨੀ ਸਾਰੀ ਹੋ ਜਾਏ ਰੱਦ, ਕੀਮਤ ਕੋਇ ਨਜ਼ਰ ਨਾ ਆਈਆ । ਤੈਨੂੰ ਅਸੀਂ ਕਹੀਏ ਗੱਜ, ਜਨ ਭਗਤ ਰਹੇ ਜਣਾਈਆ । ਜੇ ਨਾ ਰੱਖੇਂ ਸਾਡੀ ਲਜ, ਮਿਹਰ ਨਜ਼ਰ ਉਠਾਈਆ । ਤੈਨੂੰ ਛਟੀਏ ਪਾ ਕੇ ਵਿਚ ਛੱਜ, ਹੱਥਾਂ ਨਾਲ ਫਟਕਾਰਾ ਦਈਏ ਲਗਾਈਆ । ਫਿਰ ਕਿਥੇ ਜਾਵੇਂ ਭੱਜ, ਪ੍ਰਭ ਆਪਣਾ ਆਪ ਛੁਪਾਈਆ । ਸਚ ਸਚ ਦਈਏ ਦੱਸ, ਬਿਨ ਦੱਸਿਆਂ ਰਹਿਣ ਨਾ ਪਾਈਆ । ਸਾਡੇ ਬਿਰਹੋਂ ਦੀ ਹੋ ਗਈ ਬਸ, ਬਸਤੇ ਸਾਰੇ ਦਿਤੇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮਿਲਣਾ ਚਾਈਂ ਚਾਈਆ । ਜਨ ਭਗਤ ਕਹੇ ਤੂੰ ਦੇਂਦਾ ਰਿਹੋਂ ਧੋਖੇ, ਜੁਗ ਜੁਗ ਵੇਸ ਵਟਾਈਆ । ਅਸੀਂ ਸਾਰੇ ਤੈਥੋਂ ਔਖੇ, ਬੋਲਣ ਵਿਚ ਕੋਇ ਨਾ ਆਈਆ । ਧੰਨ ਭਾਗ ਜੇ ਦਿਤੇ ਮੌਕੇ, ਧੁਰ ਦਾ ਹੁਕਮ ਸੁਣਾਈਆ । ਭਗਤ ਸੁਹੇਲੇ ਵੇਖ ਕੇ ਰੋਂਦੇ, ਦੁਖੀਆਂ ਦਰਦ ਵੰਡਾਈਆ । ਤੂੰ ਆਇਆ ਮੁੜ ਕੇ ਉਹਨਾਂ ਪੈਰੀਂ ਭੌਂਦੇ, ਭਵਜਲ ਵਿਚੋਂ ਲਏ ਤਰਾਈਆ । ਜੋ ਆਪਣੀ ਨੀਂਦੇ ਸੌਂਦੇ,

੮੮੩
੧੭

ਉਹਨਾਂ ਗ਼ਫ਼ਲਤ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਤੈਨੂੰ ਦਈਏ ਅਲਾਮਾ, ਸਿੱਧੇ ਸਾਦੇ ਰਹੇ ਜਣਾਈਆ । ਅਸੀਂ ਕੀ ਜਾਣੀਏ ਤੂੰ ਧੁਰ ਦਾ ਰਾਮਾ, ਰਾਮਾ ਜਗਤ ਸੀਤਾ ਲਏ ਪਰਨਾਈਆ । ਅਸੀਂ ਕੀ ਜਾਣੀਏ ਤੂੰ ਕ੍ਰਿਸ਼ਨਾ ਕਾਹਨਾ, ਗੋਪੀਆਂ ਰਾਸ ਰਚਾਈਆ । ਅਸੀਂ ਕੀ ਜਾਣੀਏ ਤੂੰ ਵਡ ਬਲਵਾਨਾ, ਚਿਲਿਆਂ ਤੀਰ ਚਲਾਈਆ । ਅਸੀਂ ਕੀ ਜਾਣੀਏ ਤੂੰ ਵਡ ਵਿਦਵਾਨਾ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇਂ ਲਿਖਾਈਆ । ਅਸੀਂ ਕੀ ਜਾਣੀਏ ਤੂੰ ਵਡ ਅਮਾਮਾ, ਈਸਾ ਮੂਸਾ ਮੁਹੰਮਦ ਬਣਤ ਬਣਾਈਆ । ਅਸੀਂ ਕੀ ਜਾਣੀਏ ਤੂੰ ਸ੍ਰੀ ਭਗਵਾਨਾ, ਨਾਨਕ ਗੋਬਿੰਦ ਧਾਰ ਚਲਾਈਆ । ਅਸੀਂ ਕੀ ਜਾਣੀਏ ਤੇਰਾ ਝੂਲਦਾ ਸਦਾ ਨਿਸ਼ਾਨਾ, ਦੋ ਜਹਾਨਾਂ ਵੱਜੇ ਵਧਾਈਆ । ਅਸੀਂ ਕੀ ਜਾਣੀਏ ਤੂੰ ਮਰਦ ਮਰਦਾਨਾ, ਬੇਪਰਵਾਹ ਅਖਵਾਈਆ । ਅਸੀਂ ਕੀ ਜਾਣੀਏ ਤੂੰ ਆਦਿ ਜੁਗਾਦੀ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਜਿੰਨਾਂ ਚਿਰ ਭਗਤ ਗੋਦੀ ਨਾ ਚੁੱਕੇਂ ਬਾਲ ਨਿਧਾਨਾ, ਅੰਞਾਣਾ ਆਪਣੀ ਉਂਗਲੀ ਲਾਈਆ । ਮੂਰਖ ਮੁਗਧ ਬਣਾ ਦੇ ਸੁਘੜ ਸਿਆਣਾ, ਇਕੋ ਪੱਟੀ ਨਾਮ ਪੜ੍ਹਾਈਆ । ਫਿਰ ਤੈਨੂੰ ਕਹੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਜਿਸ ਸੁਰਤ ਦਿਤੀ ਬਦਲਾਈਆ । ਸਨਮੁਖ ਨਜ਼ਰੀ ਆਏਂ ਤਾਂ ਜਾਣਾਂ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੂੰ ਕਰਨਹਾਰ ਸਰਬ ਕਲਿਆਣਾ, ਕਲਾ ਤੇਰੀ ਕਲਜੁਗ ਵਿਚ ਬਿਨ ਕਲਮਿਉਂ ਪਾਰ ਕਰਾਈਆ । ਜਨ ਭਗਤ ਕਹਿਣ ਕੀ ਕਰੀਏ ਤੇਰਾ ਕਲਮਾ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਜਨ ਭਗਤ ਕਹਿਣ ਕੀ ਕਰੀਏ ਤੇਰਾ ਕਰਮਾ, ਕਰਮ ਕਾਂਡ ਦੀ ਸਾਰ ਕਿਸੇ ਨਾ ਪਾਈਆ । ਜਨ ਭਗਤ ਕਹਿਣ ਕੀ ਕਰੀਏ ਤੇਰੇ ਧਰਮਾ, ਜਗਤ ਧਰਮਾਂ ਕਰੀ ਲੜਾਈਆ । ਜਨ ਭਗਤ ਕਹਿਣ ਕੀ ਕਰੀਏ ਤੇਰੇ ਵਰਨਾ, ਵਰਨਾਂ ਵਿਚੋਂ ਤੇਰੀ ਪ੍ਰੀਤ ਨਾ ਨਜ਼ਰੀ ਆਈਆ । ਜਨ ਭਗਤ ਕਹਿਣ ਕੀ ਕਰੀਏ ਗੁਰੂਆਂ ਚਰਨਾਂ, ਜਿਹੜੇ ਗੁਰੂ ਤੇਰੇ ਚਰਨਾਂ ਧਿਆਨ ਲਗਾਈਆ । ਜਨ ਭਗਤ ਕਹਿਣ ਕੀ ਕਰੀਏ ਉਹਨਾਂ ਨੇਤਰਾਂ ਹਰਨਾਂ ਫਰਨਾਂ, ਜਿਨ੍ਹਾਂ ਨੇਤਰਾਂ ਵਿਚੋਂ ਤੇਰੀ ਨਿੱਕੀ ਧਾਰ ਇਕ ਚਮਕਾਈਆ । ਸੇਜ ਸੁਹੰਜਣੀ ਤੇ ਸਿੱਧੇ ਤੈਨੂੰ ਮਿਲਣਾ, ਦੂਜੀ ਲੋੜ ਰਹੇ ਨਾ ਰਾਈਆ । ਤੇਰੇ ਦਵਾਰੇ ਤੋਂ ਖ਼ਾਲੀ ਕਦੀ ਨਾ ਮੁੜਨਾ, ਖ਼ਾਹ ਮਖ਼ਾਹ ਕਰੀਏ ਲੜਾਈਆ । ਜੇ ਤੂੰ ਮਾਲਕ ਤੇ ਤੇਰੇ ਨਾਲ ਜੁੜਨਾ, ਕਿਉਂ ਕੱਟੀਏ ਮਾਤ ਜੁਦਾਈਆ । ਸਾਡੇ ਨਹੀਂ ਇਹ ਵਸ ਇਹ ਤੇਰਾ ਫੁਰਨਾਂ, ਜਿਹੜਾ ਫੁਰਨਿਆਂ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਜਨ ਭਗਤ ਕਹੇ ਸੁੱਤਾ ਉਠ, ਵੇਲਾ ਗਿਆ ਆਈਆ । ਸਾਨੂੰ ਨਵਿਆਂ ਨੂੰ ਆ ਕੇ ਪੁੱਛ, ਜੋ ਰੋ ਰੋ ਦੇਣ ਦੁਹਾਈਆ । ਖ਼ਾਲੀ ਹੱਥ ਕੋਲ ਨਹੀਂ ਕੁਛ, ਕਛਹਿਰਾ ਲੰਗੋਟੀ ਤੇੜ ਨਾ ਕੋਇ ਬੰਧਾਈਆ । ਜਗਤ ਨਾਲੋਂ ਅਸੀਂ ਗਏ ਰੁੱਸ, ਜੇ ਤੂੰ ਰੁਸਿਆ ਸਾਨੂੰ ਥਾਂ ਲੱਭੇ ਨਾ ਰਾਈਆ । ਜਾਂ ਕਹਿ ਦੇ ਨਹੀਂ ਤੁਸੀਂ ਮੇਰੇ ਪੁੱਤ, ਪਿਤਾ ਪੁਰਖ ਅਕਾਲ ਨਾ ਮੈਂ ਅਖਵਾਈਆ । ਫਿਰ ਕਾਹਨੂੰ ਤੇਰੇ ਅੱਗੇ ਜਾਈਏ ਝੁਕ, ਆਪਣਾ ਸੀਸ ਤੇਰੀ ਭੇਟ ਚੜ੍ਹਾਈਆ । ਅਸੀਂ ਭਵਾ ਕੇ ਆਪਣਾ ਮੁਖ, ਤੈਨੂੰ ਆਪਣੀ ਪਿਠ ਦਈਏ ਵਖਾਈਆ । ਤੈਨੂੰ ਕਿਤੋਂ ਨਹੀਂ ਮਿਲਣਾ ਸਾਡੇ ਵਾਲਾ ਸੁਖ, ਸ੍ਰੀ ਭਗਵਾਨ ਤੇਰਾ ਗਿਆਨ ਸੁਣਨ ਕੋਇ ਨਾ ਆਈਆ । ਪਹਿਲੋਂ ਜੰਮ ਕੇ ਮਾਂ ਦੀ ਕੁੱਖ, ਹੁਣ ਤੇਰੀ ਗੋਦੀ ਬੈਠੇ ਸੁਖ ਮਨਾਈਆ । ਆਪਣਾ ਤੇਰੀ ਝੋਲੀ ਪਾ ਕੇ ਦੁੱਖ, ਭਾਰ ਤੇਰੇ ਉਤੇ ਚੁਕਾਈਆ । ਵੇਖਾਂਗੇ

ਕਿਸ ਤਰਾ ਸਾਥੋਂ ਜਾਵੇਂ ਛੁੱਟ, ਆਪਣਾ ਪੱਲੂ ਛੁੜਾਈਆ । ਅਸਾਂ ਦਾਮਨ ਫੜਿਆ ਉਹ ਘੁੱਟ, ਜਿਹੜਾ ਕਮਰਕਸੇ ਵੇਲੇ ਗੋਬਿੰਦ ਆਪਣੇ ਨਾਲ ਜੁੜਾਈਆ । ਜਿਸ ਦੇ ਅਗਲੇ ਹਿੱਸੇ ਦੋਵੇਂ ਢਾਈ ਢਾਈ ਫੁੱਟ, ਗੋਬਿੰਦ ਗੋਡਿਆਂ ਹੇਠਾਂ ਤਾਈਂ ਰਖਾਈਆ । ਓਸ ਵੇਲੇ ਇਕ ਦਿਨ ਅਜੀਤ ਵੱਡੇ ਪੁੱਤ ਲਿਆ ਪੁੱਛ, ਸਾਹਿਬ ਕੀ ਇਹਦੀ ਵਡਿਆਈਆ । ਗੋਬਿੰਦ ਕਿਹਾ ਆ ਲਾਡਲੇ ਸੁਤ, ਤੈਨੂੰ ਹੌਲੀ ਹੌਲੀ ਦਿਆਂ ਸਮਝਾਈਆ । ਜਿਹੜਾ ਗੁਰਸਿਖ ਮੇਰੇ ਕਮਰਕਸੇ ਤੋਂ ਨੀਚੇ ਜਾਵੇ ਝੁਕ, ਮੁਖ ਵੇਖਣ ਤੋਂ ਪਹਿਲੋਂ ਚਰਨਾਂ ਸੀਸ ਨਿਵਾਈਆ । ਚਰਨ ਡਿਗਦੇ ਨੂੰ ਪੁਰਖ ਅਕਾਲ ਲਏ ਚੁੱਕ, ਆਪਣੀ ਗੋਦ ਲਏ ਬਠਾਈਆ । ਮੈਂ ਵੇਖਾਂ ਗੁਰਮੁਖਾਂ ਦਾ ਸਾਚਾ ਸੁਖ, ਜਿਸ ਸੁਖ ਨਾਲ ਤੇਰੀ ਭੇਟਾ ਰਿਹਾ ਚੜ੍ਹਾਈਆ । ਅਜੀਤ ਕਿਹਾ ਮੈਂ ਵੇਖਾਂ ਉਹ ਅਬਿਨਸ਼ੀ ਅਚੁਤ, ਜੋ ਅਚਨ ਅਚੇਤ ਆਪਣੀ ਖੇਲ ਖਲਾਈਆ । ਗੋਬਿੰਦ ਕਿਹਾ ਉਹ ਸ਼ਬਦੀ ਮੌਲੇ ਰੁੱਤ, ਤੱਤਾਂ ਵਾਲੀ ਛਡੇ ਲੜਾਈਆ । ਖੰਡਾ ਖੜਗ ਚਿੱਲਾ ਤੀਰ ਕਮਾਨ ਸਾਰੇ ਦੇਵੇ ਸੁੱਟ, ਸੋਟਾ ਡਾਂਗ ਹੱਥ ਨਾ ਕੋਇ ਉਠਾਈਆ । ਹੌਲੀ ਜਹੀ ਗੁਰਮੁਖਾਂ ਦੇ ਅੰਦਰ ਵੜ ਜਾਏ ਚੁੱਪ, ਪੜਦਾ ਆਪੇ ਲਾਹੀਆ । ਪ੍ਰੇਮ ਪਿਆਰ ਨਾਲ ਕਹੇ ਤੁਸੀਂ ਗੋਬਿੰਦ ਦੇ ਸੱਚੇ ਪੁੱਤ, ਪੋਤਰੇ ਮੇਰੇ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਸਦਾ ਦੁੱਖ, ਦਰਦੀਆਂ ਦਰਦ ਵੰਡਾਈਆ । ਅਜੀਤ ਕਿਹਾ ਸਾਹਿਬ ਉਹ ਹੈਂ ਕੌਣ, ਜਿਨ੍ਹਾਂ ਦੀ ਕਰੇਂ ਵਡਿਆਈਆ । ਗੋਬਿੰਦ ਕਿਹਾ ਉਹ ਮੇਰੇ ਪੁਰਖ ਅਕਾਲ ਨਾਲ ਔਣ, ਆ ਕੇ ਲੋਕਮਾਤ ਖ਼ੁਸ਼ੀ ਮਨਾਈਆ । ਇਕੋ ਧੁਰ ਦਾ ਢੋਲਾ ਗੌਣ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਉਹ ਆਤਮ ਸੇਜਾ ਸੌਣ, ਜਗਤ ਲੇਫ ਤਲਾਈ ਕੰਮ ਕਿਸੇ ਨਾ ਆਈਆ । ਵੈਰਾਗਾਂ ਅੰਦਰ ਗੌਣ, ਖ਼ੁਸ਼ੀਆਂ ਅੰਦਰ ਭੌਣ, ਪਕਵਾਨ ਦੀ ਪਕਾ ਕੇ ਤੌਣ, ਕੱਠੇ ਲੈਣ ਖਾਈਆ । ਉਨ੍ਹਾਂ ਦਾ ਮੁੱਕ ਜਾਏ ਅਵਣ ਗਵਣ, ਮਨ ਹੰਕਾਰੀ ਕੋਲ ਨਾ ਰਹੇ ਰੌਣ, ਸੇਵਾ ਕਰੇ ਉਣੰਜਾ ਪੌਣ, ਦੋ ਜਹਾਨ ਨਿਉਂ ਨਿਉਂ ਸੀਸ ਝੁਕਾਈਆ । ਉਨ੍ਹਾਂ ਦੇ ਦੁਖੜੇ ਆਪ ਆਏ ਮਿਟੌਣ, ਦਰਗਾਹ ਸਾਚੀ ਸਚ ਬਹੌਣ, ਸਚਖੰਡ ਦਵਾਰ ਵਖੌਣ, ਵੱਖਰਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਾਧਾ ਆਪੇ ਆਏ ਵਧੌਣ, ਵਧੀਆ ਆਪਣਾ ਖੇਲ ਕਰਾਈਆ । ਖੇਲ ਕਰਾਏ ਆਪਣਾ ਵਧੀਆ, ਵਾਹਵਾ ਵੱਡੀ ਵਡਿਆਈਆ । ਜਿਸ ਦਾ ਰਾਹ ਤਕਦਿਆਂ ਬੀਤੀਆਂ ਪਿਛਲੀਆਂ ਸਦੀਆਂ, ਸੱਦੇ, ਦੇ ਦੇ ਦੋ ਜਹਾਨ ਸਦਾਈਆ । ਹੋਕੇ ਦੇਂਦੀਆਂ ਰਹੀਆਂ ਵਦੀਆਂ ਸੁਦੀਆਂ, ਸੁਖਲਾ ਕਿਸ਼ਨਾ ਪੱਖ ਗਾਈਆ । ਜਿਸ ਦੇ ਵੇਂਹਦਿਆਂ ਕੋਟਨ ਕੋਟ ਰੈਣਾਂ ਰਾਤਾਂ ਲੰਘੀਆਂ, ਆਪਣਾ ਪੰਧ ਮੁਕਾਈਆ । ਜਿਸ ਦੇ ਪਿਛੇ ਕੋਟਨ ਕੋਟ ਸਵਾਣੀਆਂ ਪੱਟੀਆਂ ਵਾਹੀਆਂ ਕੰਘੀਆਂ, ਨੇਤਰ ਨੈਣਾ ਕੱਜਲ ਧਾਰ ਬਣਾਈਆ । ਜਿਸ ਦੇ ਪਿਛੇ ਸਾੜ੍ਹੀਆਂ ਪਹਿਨ ਕੇ ਲਾਈਆ ਅੰਗੀਆਂ, ਤਣੀ ਨਾਲ ਤਣੀ ਦਿਤੀ ਗੰਢਾਈਆ । ਜਿਸ ਦੇ ਵੇਖਣ ਨੂੰ ਪਿਆਰ ਅੰਦਰ ਸੁਹਾਗਣਾਂ ਹੋਈਆਂ ਰੰਡੀਆਂ, ਜਗਤ ਕੰਤ ਹੰਢਾਈਆ । ਏਹੋ ਜਿਹੀਆਂ ਮੰਗਾਂ ਗੁਰਮੁਖਾਂ ਮੰਗੀਆਂ, ਕਬੀਰ ਜੁਲਾਹਾ ਦਏ ਗਵਾਹੀਆ । ਉਹ ਸੁਹਾਗਣ ਜਿਨ੍ਹਾਂ ਦੇ ਕੰਨੀਂ ਪਈਆਂ ਧੁਰ ਦੀਆਂ ਡੰਡੀਆਂ, ਮਾਣਕ ਮੋਤੀ ਨਾਲ ਮਿਲਾਈਆ । ਉਹ ਮੰਦੀਆਂ ਹੋਈਆਂ ਚੰਗੀਆਂ, ਜਿਨ੍ਹਾਂ ਨੂੰ ਆਪਣੇ ਨਾਲ ਮਿਲਾਈਆ । ਉਹ ਸਚ ਸੇਜ ਸੁਹੰਦੀਆਂ, ਸੋਭਾਵੰਤ ਕਰੀ ਕੁੜਮਾਈਆ । ਉਹ ਪ੍ਰੀਤਮ ਦੇ ਰੰਗ ਰੰਗੀਆਂ, ਜਿਸ ਦਾ ਰੰਗ ਉਤਰ ਕਦੇ ਨਾ ਜਾਈਆ । ਉਹ ਆਦਿ ਜੁਗਾਦਿ ਕਦੇ ਨਾ ਹੋਵਣ ਨੰਗੀਆਂ, ਓਢਨ ਇਕੋ ਦਿਤਾ ਪਾਈਆ । ਉਹ ਛੱਡ ਜਾਣ ਸੁਣਨਾ ਰਾਗ ਸੁਰੰਗੀਆਂ,

ਤਬਲਿਆਂ ਵਿਚ ਨਾ ਮਨ ਲਗਾਈਆ । ਉਹ ਕਰਕੇ ਪਾਰ ਹੱਦਾਂ ਲੰਘੀਆਂ, ਆਰ ਪਾਰ ਆਪਣਾ ਡੇਰਾ ਲਾਈਆ । ਸਾਚੇ ਮੰਦਰ ਬਹਿਕੇ ਗੌਂਦੀਆਂ ਛੰਦੀਆਂ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਬਣੇ ਧੁਰ ਦਾ ਸੰਗੀਆ । ਜੇ ਸੰਗੀ ਬਣੇ ਨਾ ਸਗਲਾ, ਭਗਤ ਭਗਵਾਨ ਤੈਨੂੰ ਕੋਈ ਨਾ ਗਾਈਆ । ਜੇ ਲੇਖਾ ਨਾ ਚੁਕਾਵੇ ਅਗਲਾ, ਖ਼ਬਰ ਅਗੰਮ ਸੁਣਾਈਆ । ਫਿਰ ਤੈਨੂੰ ਸਾਰੇ ਕਹੀਏ ਪਗਲਾ, ਸਾਹਮਣੇ ਹੋ ਕੇ ਦਈਏ ਜਣਾਈਆ । ਜੇ ਤੂੰ ਲੇਖਾ ਰਖੇਂ ਗੰਧਲਾ, ਗੁੰਝਲਾਂ ਵਿਚ ਫਿਰਾਈਆ । ਕੀ ਤੇਰਾ ਗੌਣਾ ਚਾਰ ਮੰਗਲਾ, ਧੁਨੀਆਂ ਵਿਚ ਸ਼ਨਵਾਈਆ । ਤੇਰੇ ਕਿਸੇ ਕੰਮ ਨਹੀਂ ਔਣਾ ਪ੍ਰਭੂ ਬੰਗਲਾ, ਜਿੰਨਾਂ ਚਿਰ ਭਗਤ ਮਿਲਣ ਨਾ ਆਈਆ । ਕਿਉਂ ਲੱਭੇਂ ਵਿਚੋਂ ਜਾ ਕੇ ਜੰਗਲਾਂ, ਜੰਗਲੀ ਫਿਰਦੇ ਚੌਪਾਏ ਪੰਖੇਰੂ ਭੱਜਣ ਵਾਹੋ ਦਾਹੀਆ । ਬਿਨਾ ਭਗਤਾਂ ਤੈਨੂੰ ਕਿਸੇ ਨਹੀਂ ਕਰਨੀ ਬੰਦਨਾ, ਕਿਹਦੇ ਕੋਲੋਂ ਆਪਣੀ ਕਰਾਏਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਰਹੇ ਸੁਣਾਈਆ ।

## ✪ ੩ ਮੱਘਰ ੨੦੨੧ ਬਿਕ੍ਰਮੀ ਅਮਰ ਸਿੰਘ ਦੇ ਘਰ ਪਿੰਡ ਜੇਠੂਵਾਲ ✪

ਜਨ ਭਗਤ ਕਹੇ ਚੰਗਾ ਅਸਥਾਨ, ਹਰਿ ਚਰਨ ਮਿਲੇ ਵਡਿਆਈਆ । ਜਨ ਭਗਤ ਕਹੇ ਚੰਗਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜਨ ਭਗਤ ਕਹੇ ਚੰਗਾ ਨਿਸ਼ਾਨ, ਨਿਰਗੁਣ ਨਿਰਵੈਰ ਇਕ ਝੁਲਾਈਆ । ਜਨ ਭਗਤ ਕਹੇ ਚੰਗਾ ਹੁਕਮਰਾਨ, ਨਰ ਹਰਿ ਬੈਠਾ ਸੋਭਾ ਪਾਈਆ । ਜਨ ਭਗਤ ਕਹੇ ਚੰਗਾ ਦੀਪ ਮਹਾਨ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜਨ ਭਗਤ ਕਹੇ ਚੰਗਾ ਇਕ ਮੈਦਾਨ, ਜਨ ਭਗਤ ਭੱਜਣ ਵਾਹੋ ਦਾਹੀਆ । ਜਨ ਭਗਤ ਕਹੇ ਚੰਗਾ ਸ੍ਰੀ ਭਗਵਾਨ, ਬਿਨ ਭਾਗਾਂ ਭਾਗ ਰਖਾਈਆ । ਜਨ ਭਗਤ ਕਹੇ ਚੰਗਾ ਰਾਮ, ਸਚ ਸਿੰਘਾਸਣ ਦਏ ਸੁਹਾਈਆ । ਜਨ ਭਗਤ ਕਹੇ ਚੰਗਾ ਨਿਜ਼ਾਮ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤ ਕਹੇ ਚੰਗਾ ਜਵਾਨ, ਸੂਰਬੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਜਨ ਭਗਤ ਕਹੇ ਚੰਗਾ ਦਵਾਰਾ, ਇਕੋ ਨਜ਼ਰੀ ਆਈਆ । ਜਨ ਭਗਤ ਕਹੇ ਚੰਗਾ ਘਰਬਾਰਾ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਜਨ ਭਗਤ ਕਹੇ ਉਚਾ ਮਨਾਰਾ, ਮਹੱਲ ਅਟਲ ਵੇਖ ਵਖਾਈਆ । ਜਨ ਭਗਤ ਕਹੇ ਜਲਵਾ ਨੂਰ ਪਰਵਰਦਿਗਾਰਾ, ਮੁਰਸ਼ਦ ਬੈਠਾ ਬੇਪਰਵਾਹੀਆ । ਜਨ ਭਗਤ ਕਹੇ ਹੋਵੇ ਉਜਾਲਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਨ ਭਗਤ ਕਹੇ ਚੰਗਾ ਧਰਮਸਾਲਾ, ਸੋਹਣੀ ਬਣਤ ਬਣਾਈਆ । ਜਨ ਭਗਤ ਕਹੇ ਚੰਗਾ ਹਵਾਲਾ, ਬਿਆਨਾਂ ਨਾਲ ਨਾ ਕੋਇ ਸਮਝਾਈਆ । ਜਨ ਭਗਤ ਕਹੇ ਚੰਗਾ ਪ੍ਰਿਤਪਾਲਾ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਖਿਲਾਈਆ । ਜਨ ਭਗਤ ਕਹੇ ਚੰਗਾ ਰਾਜ, ਰਾਜਨ ਇਕ ਅਖਵਾਈਆ । ਜਨ ਭਗਤ ਕਹੇ ਚੰਗਾ ਤਾਜ, ਪੰਚਮ ਮੁਖ ਸੁਹਾਈਆ । ਜਨ ਭਗਤ ਕਹੇ ਚੰਗਾ ਨਵਾਬ, ਨੌਬਤ ਇਕ ਵਜਾਈਆ । ਜਨ ਭਗਤ ਕਹੇ ਚੰਗਾ ਰਿਵਾਜ, ਭਗਤਾਂ ਮੇਲ ਮਿਲਾਈਆ । ਜਨ ਭਗਤ ਕਹੇ ਚੰਗਾ ਅਹਿਬਾਬ, ਮੁਹੱਬਤ ਵਿਚ ਸਮਾਈਆ । ਜਨ ਭਗਤ ਕਹੇ ਚੰਗਾ ਆਦਾਬ, ਪ੍ਰੀਤੀ ਅੰਦਰ ਸੀਸ ਝੁਕਾਈਆ । ਜਨ ਭਗਤ ਕਹੇ ਚੰਗਾ

ਮਹਾਰਾਜ, ਮਹਿੰਮਾ ਅਕਥ ਕਥਾਈਆ । ਜਨ ਭਗਤ ਕਹੇ ਚੰਗਾ ਮਹਿਤਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਜਨ ਭਗਤ ਕਹੇ ਚੰਗਾ ਮਹੱਲਾ, ਮਹਿਫ਼ਲ ਇਕ ਲਗਾਇੰਦਾ । ਜਨ ਭਗਤ ਕਹੇ ਚੰਗਾ ਇਹ ਕੱਲਾ, ਅਕਲ ਕਲਧਾਰੀ ਸੋਭਾ ਪਾਇੰਦਾ । ਜਨ ਭਗਤ ਕਹੇ ਚੰਗਾ ਸਚ ਸਿੰਘਾਸਣ ਮੱਲਾ, ਸਤਿ ਦਵਾਰੇ ਡੇਰਾ ਲਾਇੰਦਾ । ਜਨ ਭਗਤ ਕਹੇ ਅਛੱਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਇੰਦਾ । ਜਨ ਭਗਤ ਕਹੇ ਜੋਤੀ ਦੀਪਕ ਬਲਾ, ਨੂਰ ਇਕੋ ਡਗਮਗਾਇੰਦਾ । ਜਨ ਭਗਤ ਕਹੇ ਫੜਾਵੇ ਪੱਲਾ, ਪੱਲੂ ਆਪਣੇ ਨਾਲ ਬੰਧਾਇੰਦਾ । ਜਨ ਭਗਤ ਕਹੇ ਬੱਲਾ ਬੱਲਾ, ਵਾਹਵਾ ਸਿਫ਼ਤ ਸਲਾਹਿੰਦਾ । ਜਨ ਭਗਤ ਕਹੇ ਮੀਆਂ ਉਹ ਅੱਲਾ, ਜੋ ਅਲੈਹਦਗੀ ਵਿਚ ਡੇਰਾ ਲਾਇੰਦਾ । ਜਨ ਭਗਤ ਕਹੇ ਉਹ ਧੁਰ ਦਾ ਧਨਾ, ਧਨਾਢ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਜਨ ਭਗਤ ਕਹੇ ਚੰਗਾ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਨ ਭਗਤ ਕਹੇ ਚੰਗਾ ਅਰੂਜ, ਸੋਹਣੀ ਬਣਤ ਬਣਾਈਆ । ਜਨ ਭਗਤ ਕਹੇ ਚੰਗਾ ਮਹਿਫੂਜ਼, ਢਾਹ ਸਕੇ ਕੋਈ ਨਾ ਰਾਈਆ । ਜਨ ਭਗਤ ਕਹੇ ਚੰਗਾ ਮਕਸੂਦ, ਮੰਜ਼ਲ ਇਕ ਦਰਸਾਈਆ । ਜਨ ਭਗਤ ਕਹੇ ਚੰਗਾ ਹਦੂਦ, ਹੱਦਾਂ ਵਿਚ ਨਾ ਕੋਇ ਵੰਡਾਈਆ । ਜਨ ਭਗਤ ਕਹੇ ਚੰਗਾ ਮੌਜੂਦ, ਸਚ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਜਨ ਭਗਤ ਕਹੇ ਚੰਗਾ ਗਹਿਰ ਗੰਭੀਰ, ਗਵਰ ਨਜ਼ਰੀ ਆਇੰਦਾ । ਜਨ ਭਗਤ ਕਹੇ ਚੰਗਾ ਬਿਨ ਸਰੀਰ, ਸਤਿ ਸਰੂਪੀ ਹਰਿ ਅਖਵਾਇੰਦਾ । ਜਨ ਭਗਤ ਕਹੇ ਚੰਗਾ ਚੋਟੀ ਚੜ੍ਹ ਬੈਠਾ ਅਖ਼ੀਰ, ਆਖ਼ਰ ਆਪਣਾ ਡੇਰਾ ਲਾਇੰਦਾ । ਜਨ ਭਗਤ ਕਹੇ ਚੰਗਾ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਇੰਦਾ । ਜਨ ਭਗਤ ਕਹੇ ਚੰਗਾ ਲਾਤਸਵੀਰ, ਰੂਪ ਰੰਗ ਰੇਖ ਨਾ ਕੋਇ ਬਣਾਇੰਦਾ । ਜਨ ਭਗਤ ਕਹੇ ਚੰਗਾ ਮਸ਼ੀਰ, ਮਸ਼ਵਰਾ ਆਪਣੇ ਨਾਲ ਜੁੜਾਇੰਦਾ । ਜਨ ਭਗਤ ਕਹੇ ਚੰਗਾ ਮੁਨੀਰ, ਜੋਤੀ ਨੂਰ ਡਗਮਗਾਇੰਦਾ । ਜਨ ਭਗਤ ਕਹੇ ਚੰਗਾ ਮਦਦਗੀਰ, ਮੁੱਦਾ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਜਨ ਭਗਤ ਕਹੇ ਚੰਗਾ ਸ਼ਹਿਨਸ਼ਾਹ, ਸ਼ਾਹਾਂ ਸਿਰ ਅਖਵਾਈਆ । ਜਨ ਭਗਤ ਕਹੇ ਚੰਗਾ ਪਾਵੇ ਰਾਹ, ਰਹਿਬਰ ਇਕ ਸਮਝਾਈਆ । ਜਨ ਭਗਤ ਕਹੇ ਚੰਗਾ ਇਕ ਮਲਾਹ, ਬੇੜਾ ਕੰਧ ਉਠਾਈਆ । ਜਨ ਭਗਤ ਕਹੇ ਚੰਗਾ ਦੇਵੇ ਇਕ ਸਲਾਹ, ਸਾਚੀ ਸਿਖਿਆ ਸਚ ਸਮਝਾਈਆ । ਜਨ ਭਗਤ ਕਹੇ ਚੰਗਾ ਇਕੋ ਨਾਂ, ਨਾਉਂ ਨਿਰੰਕਾਰਾ ਦਏ ਦ੍ਰਿੜਾਈਆ । ਜਨ ਭਗਤ ਕਹੇ ਚੰਗਾ ਇਕੋ ਪਿਓ ਮਾਂ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਜਨ ਭਗਤ ਕਹੇ ਚੰਗਾ ਪਕੜੇ ਬਾਂਹ, ਫੜ ਬਾਹੋਂ ਗਲੇ ਲਗਾਈਆ । ਜਨ ਭਗਤ ਕਹੇ ਚੰਗਾ ਨਿਥਾਵਿਆਂ ਦੇਵੇ ਥਾਂ, ਸਚ ਦਵਾਰਾ ਆਪ ਸੁਹਾਈਆ । ਜਨ ਭਗਤ ਕਹੇ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਈਆ । ਜਨ ਭਗਤ ਕਹੇ ਚੰਗਾ ਸਿਰ ਦੇਵੇ ਠੰਡੀ ਛਾਂ, ਛਹਿਬਰ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਆਪ ਪਰਗਟਾਈਆ । ਜਨ ਭਗਤ ਕਹੇ ਚੰਗਾ ਚੰਗੇਰਾ, ਚੰਗੀ ਤਰਾ ਜਣਾਈਆ । ਜਨ ਭਗਤ ਕਹੇ ਚੰਗਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤ ਕਹੇ ਚੰਗਾ ਖੇੜਾ, ਸੋਹਣਾ ਘਰ ਵਖਾਈਆ । ਜਨ ਭਗਤ ਕਹੇ ਚੰਗਾ ਕਰੇ ਨਿਬੇੜਾ, ਫ਼ੈਸਲਾ ਹਕੋ ਹਕ ਸੁਣਾਈਆ । ਜਨ ਭਗਤ ਕਹੇ ਚੰਗਾ

ਬੰਨ੍ਹੇ ਬੇੜਾ, ਡੁਬਦੇ ਪਾਰ ਲੰਘਾਈਆ । ਜਨ ਭਗਤ ਕਹੇ ਨਾਤਾ ਜੋੜੇ ਤੇਰਾ ਮੇਰਾ, ਇਕੋ ਘਰ ਵਸਾਈਆ । ਜਨ ਭਗਤ ਕਹੇ ਚੰਗਾ ਸਭ ਤੋਂ ਵੱਡਾ ਰੱਖੇ ਜੇਰਾ, ਗੰਭੀਰ ਗਹਿਰ ਗਵਰ ਅਖਵਾਈਆ । ਜਨ ਭਗਤ ਕਹੇ ਚੰਗਾ ਮੇਟੇ ਅੰਧੇਰਾ, ਅੰਧ ਕੂਪ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਜਨ ਭਗਤ ਕਹੇ ਚੰਗਾ ਅਬਿਨਾਸ਼ੀ, ਜੋ ਆਪਣਿਆਂ ਲਏ ਮਿਲਾਈਆ । ਜਿਸ ਦੀ ਜੋਤ ਇਕ ਪਰਕਾਸ਼ੀ, ਪਰਕਾਸ਼ਵਾਨ ਅਖਵਾਈਆ । ਜੋ ਮੇਟਣਹਾਰਾ ਅੰਤਰ ਉਦਾਸੀ, ਧੀਰਜ ਧੀਰ ਬੰਧਾਈਆ । ਆਦਿ ਜੁਗਾਦਿ ਕਰੇ ਰਾਖੀ, ਰੱਖਕ ਹੋ ਕੇ ਸੇਵ ਕਮਾਈਆ । ਜਨ ਭਗਤਾਂ ਚੁਕਾ ਕੇ ਲਹਿਣਾ ਬਾਕੀ, ਦੇਣਾ ਝੋਲੀ ਪਾਈਆ । ਘਰ ਮੰਦਰ ਖੋਲ੍ਹ ਕੇ ਤਾਕੀ, ਤਕਵਾ ਆਪਣਾ ਦਏ ਜਣਾਈਆ । ਸਾਹਿਬ ਸੰਗੀ ਸਾਥੀ ਦੇਵੇ ਦਾਤੀ, ਦਾਤਾ ਹੋ ਕੇ ਦਏ ਵਰਤਾਈਆ । ਧਰਮ ਦਵਾਰ ਦੀ ਖੋਲ੍ਹ ਕੇ ਹਾਟੀ, ਬਣ ਬਣਜਾਰਾ ਦਏ ਲੁਟਾਈਆ । ਪੰਧ ਮੁਕਾ ਕੇ ਪਿਛਲੀ ਵਾਟੀ, ਅਗਲੇ ਮਾਰਗ ਲਾਈਆ । ਮੇਲ ਮਿਲਾ ਕੇ ਕਮਲਾਪਾਤੀ, ਕਵਲ ਨੈਣ ਰੰਗ ਰੰਗਾਈਆ । ਧੁਰ ਦਾ ਸੱਜਣ ਬਣਕੇ ਸਾਥੀ, ਸਗਲਾ ਸੰਗ ਰਖਾਈਆ । ਬਣ ਸਹਾਰਾ ਨਾਥ ਅਨਾਥੀ, ਅਨਾਥਾਂ ਦਏ ਵਡਿਆਈਆ । ਜਨ ਭਗਤਾਂ ਸਦਾ ਪੁੱਛੇ ਵਾਤੀ, ਵਤਨਾਂ ਵਾਲੇ ਵੇਖ ਵਖਾਈਆ । ਸਚ ਸੁਨੇਹੜਾ ਦੇ ਕੇ ਪਾਤੀ, ਪਤ੍ਰਕਾ ਆਪਣੀ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਖ਼ੁਸ਼ੀ ਮਨਾਈਆ । ਜਨ ਭਗਤ ਕਹੇ ਚੰਗਾ ਉਹ ਗ੍ਰਿਹਿ, ਜਿਸ ਘਰ ਡੇਰਾ ਲਾਇੰਦਾ । ਸਦਾ ਸਵਾਮੀ ਇਕੋ ਰਹੇ, ਰਹਿਬਰ ਇਕ ਅਖਵਾਇੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਕਰਦਾ ਲੈ, ਉਤਪਤ ਆਪ ਉਪਾਇੰਦਾ । ਸੋ ਸਚ ਸੰਦੇਸ਼ਾ ਧੁਰ ਦਾ ਕਹੇ, ਹਰਿਜਨ ਆਪ ਜਣਾਇੰਦਾ । ਸਚ ਦਵਾਰੇ ਜਾਣਾ ਬਹਿ, ਸਵਰਗ ਬਹਿਸ਼ਤ ਨਾਤਾ ਦੋਹਾਂ ਤੁੜਾਇੰਦਾ । ਜਿਥੇ ਪਰਲੋ ਕਦੇ ਕਰੇ ਨਾ ਲੈ, ਮਹਾਂਪਰਲੋ ਧਾਰ ਨਾ ਕੋਇ ਰੁੜ੍ਹਾਇੰਦਾ । ਉਹ ਦਵਾਰਾ ਜਨ ਭਗਤਾਂ ਦਏ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜਨ ਭਗਤ ਕਿਉਂ ਕਰੇ ਹਾਏ ਹਾਏ, ਜਿਸਦਾ ਹਾਸਲ ਜ਼ਰਬਾਂ ਨਾਲ ਵਧਾਇੰਦਾ । ਸਾਹਿਬ ਸਵਾਮੀ ਬੇਪਰਵਾਹੇ, ਬੇਪਰਵਾਹੀ ਵਿਚ ਰਖਾਇੰਦਾ । ਧੁਰ ਦਾ ਨਾਤਾ ਤੋੜ ਨਿਭਾਏ, ਅਧਵਿਚਕਾਰ ਨਾ ਕੋਇ ਤੁੜਾਇੰਦਾ । ਸਾਚੇ ਮੰਦਰ ਲੈ ਕੇ ਜਾਏ, ਮੰਜ਼ਲ ਪੰਧ ਚੁਕਾਇੰਦਾ । ਧਰਮ ਦਵਾਰੇ ਲਏ ਟਿਕਾਏ, ਟਿੱਕਾ ਮਸਤਕ ਨਾਮ ਲਗਾਇੰਦਾ । ਸੱਤ ਪਦਾਰਥ ਗੁਰਮੁਖ ਖਾਏ, ਚਾਰ ਪਦਾਰਥ ਪੰਧ ਮੁਕਾਇੰਦਾ । ਪਰਮਾਰਥ ਪਿਛੇ ਸਵਾਰਥ ਰਖਾਏ, ਸਵਾਰਥ ਵਿਚ ਸਫ਼ਾਰਸ਼ ਅਗੇ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿ ਭਗਤ ਕਹੇ ਚੰਗਾ ਭਗਵੰਤ, ਭਾਵੀ ਮੇਟ ਮਿਟਾਈਆ । ਮੇਲ ਮਿਲਾਏ ਬਣ ਕੇ ਕੰਤ, ਕੰਤੂਹਲ ਖ਼ੁਸ਼ੀ ਵਖਾਈਆ । ਸੋ ਗੁਰਮੁਖ ਕਹੀਏ ਸੱਚਾ ਸੰਤ, ਜਿਸ ਸਤਿ ਮਿਲੀ ਵਡਿਆਈਆ । ਸਤਿਗੁਰ ਘਰ ਬਣਾਈ ਬਣਤ, ਘੜਨ ਭੰਨਣਹਾਰ ਵੇਖ ਵਖਾਈਆ । ਨਾਮ ਦਸ ਕੇ ਆਪਣਾ ਮੰਤ, ਮਤਲਬ ਸਭ ਦੇ ਵੇਖ ਵਖਾਈਆ । ਦੇ ਵਡਿਆਈ ਵਿਚੋਂ ਜੀਵ ਜੰਤ, ਜੰਤਾ ਵਿਚੋਂ ਬਾਹਰ ਕਢਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਸਮਝਾਈਆ । ਜੇ ਕੋਈ ਪ੍ਰਭ ਦਾ ਪਾਉਣਾ ਚਾਹੇ ਅੰਤ, ਅੰਤ ਵਿਚ ਕਿਸੇ ਨਾ ਆਈਆ । ਸੋ ਤਰਿਆ ਜੋ ਕਰੇ ਮਿੰਨਤ, ਮਿੰਨਤ ਵਿਚ ਸਰਨਾਈਆ । ਬਿਨ ਭਗਤਾਂ ਪ੍ਰਭ ਮਿਲਣ ਦੀ ਕਿਸੇ ਕੋਲ ਨਹੀਂ ਕੋਈ ਹਿੰਮਤ, ਹੌਸਲਾ ਸਕੇ ਨਾ ਕੋਇ ਵਧਾਈਆ । ਚਾਰੇ ਕੁੰਟਾਂ ਵੇਖ ਲਉ ਸਿੰਮਤ, ਸਮੇਰੂ ਵਰਗੇ

ਰੋਂਦੇ ਮਾਰਨ ਧਾਈਆ । ਕੋਟਨ ਕੋਟ ਲੱਭਦੇ ਅਣਗਿਣਤ, ਗਿਣਤੀਆਂ ਵਿਚ ਨਾ ਕੋਇ ਗਿਣਾਈਆ । ਪ੍ਰਭ ਸਭ ਨਾਲ ਕਰਕੇ ਥੋੜੀ ਥੋੜੀ ਇੱਲਤ, ਆਲ੍ਹਣਿਉਂ ਬੋਟ ਭੁੰਜੇ ਦੇਵੇ ਸੁਟਾਈਆ । ਜੇ ਕਿਸੇ ਨੂੰ ਧਾਰ ਬਖ਼ਸ਼ ਦੇਵੇ ਕਿਣਕ, ਕਿਣਕਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਜਨ ਭਗਤ ਕਹੇ ਚੰਗਾ ਜਗ ਮੋਹਣ, ਮੋਹਣੀ ਨਜ਼ਰੀ ਆਇੰਦਾ । ਜਿਸ ਨੂੰ ਵੇਖ ਕੇ ਆਵੇ ਰੋਣ, ਰੋਂਦਿਆਂ ਗਲੇ ਲਗਾਇੰਦਾ । ਜਿਹੜਾ ਦੁਰਮਤ ਮੈਲ ਆਇਆ ਧੋਣ, ਧੋਬੀ ਬਣ ਕੇ ਸੇਵ ਕਮਾਇੰਦਾ । ਜਿਹੜਾ ਟੁੱਟਿਆਂ ਮੰਜਿਆਂ ਉਤੇ ਆਇਆ ਸੌਣ, ਪਲੰਘ ਰੰਗੀਲੇ ਪਰਾਂ ਹਟਾਇੰਦਾ । ਜਿਹੜਾ ਭਗਤਾਂ ਢੋਲਾ ਆਇਆ ਗੌਣ, ਆਪਣਾ ਰਾਗ ਨਾ ਕੋਇ ਅਲਾਇੰਦਾ । ਜਿਹੜਾ ਆਪਣਾ ਵਾਧਾ ਆਇਆ ਵਧੌਣ, ਵੇਲ ਭਗਤਾਂ ਝੋਲੀ ਪਾਇੰਦਾ । ਜਿਹੜਾ ਗੁਰਮੁਖ ਨਾਰੀ ਆਇਆ ਪਰਨੌਣ, ਪਰਾਹੁਣਾ ਦੋ ਜਹਾਨਾਂ ਇਕੋ ਨਜ਼ਰੀ ਆਇੰਦਾ । ਜਿਹੜਾ ਕੋਝੀ ਕਮਲੀ ਘਰ ਆਇਆ ਵਸੌਣ, ਵਾਸਤਾ ਆਪਣੇ ਨਾਲ ਰਖਾਇੰਦਾ । ਜਿਹੜਾ ਆਪਣੇ ਭਗਤਾਂ ਦੀ ਭੇਟੇ ਚੜ੍ਹੌਣ ਆਇਆ ਧੌਣ, ਤਤ ਨਾ ਕੋਇ ਰਖਾਈਆ । ਜਿਹੜਾ ਉਜੜੇ ਆਇਆ ਵਸੌਣ, ਸਾਚੇ ਮੰਦਰ ਦਏ ਬਹਾਈਆ । ਓਸ ਦਾ ਖੇਲ ਜਾਣੇ ਕੌਣ, ਕਵਣ ਸਕੇ ਸਮਝਾਈਆ । ਲੱਖ ਚੁਰਾਸੀ ਨਾਲ ਦਗ਼ਾ ਆਇਆ ਕਮੌਣ, ਦਾਗ਼ੀ ਕਰੇ ਥਾਉਂ ਥਾਈਂਆ । ਜਨ ਭਗਤਾਂ ਮਜ਼ਾ ਆਇਆ ਚਖੌਣ, ਮਜ਼੍ਹਬਾਂ ਵਿਚੋਂ ਬਾਹਰ ਕਢਾਈਆ । ਕੂੜੀ ਕਿਰਿਆ ਆਇਆ ਦੁਰਕੌਣ, ਨਾਮ ਖੰਡਾ ਹੱਥ ਉਠਾਈਆ । ਵਿਛੜਿਆਂ ਆਇਆ ਮਿਲੌਣ, ਮਿਲ ਮਿਲ ਖ਼ੁਸ਼ੀ ਮਨਾਈਆ । ਨਾਦ ਅਗੰਮੀ ਆਇਆ ਵਜੌਣ, ਧੁਰ ਦਾ ਤਾਲ ਸੁਣਾਈਆ । ਜਗਤ ਗ਼ਰੀਬੀ ਆਇਆ ਗਵੌਣ, ਗਵਾਹ ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਦਏ ਭੁਗਤਾਈਆ । ਆਪਣਾ ਦਰਸ ਆਇਆ ਦਖੌਣ, ਪੜਦਾ ਆਪ ਉਠਾਈਆ । ਰੁਲਦੇ ਬਾਲੇ ਲਾਲੇ ਆਇਆ ਪਰਚੌਣ, ਲਾਲਚ ਆਪਣਾ ਨਾਮ ਝੋਲੀ ਪਾਈਆ । ਭਗਤਾਂ ਦੇ ਅੰਦਰੋਂ ਕੂੜੀ ਕਿਰਿਆ ਆਇਆ ਡਰੌਣ, ਭੈੜੀ ਨਿਕੰਮੀ ਬਾਹਰ ਕਢਾਈਆ । ਸਾਚੀ ਤਰਨੀ ਆਇਆ ਤਰੌਣ, ਚਪੂ ਆਪਣਾ ਨਾਮ ਇਕ ਲਗਾਈਆ । ਆਪਣਾ ਨਾਮ ਪੂਰਾ ਪੂਰਨ ਹੋ ਕੇ ਆਇਆ ਅਖਵੌਣ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੱਜੇ ਵਧਾਈਆ । ਜਨ ਭਗਤਾਂ ਸਚਖੰਡ ਦਵਾਰੇ ਆਇਆ ਬਹੌਣ, ਬੈਠਾ ਸੋਹਣ ਸਿੰਘ ਖ਼ੁਸ਼ੀ ਮਨਾਈਆ । ਪਿਛਲਾ ਉਲ੍ਹਾਮਾ ਆਇਆ ਲੌਹਣ, ਰਾਮ ਰਮਿਆ ਬੇਪਰਵਾਹੀਆ । ਜਨ ਭਗਤਾਂ ਸੁਤਿਆਂ ਆਇਆ ਜਗੌਣ, ਜੁਗ ਵਿਛੜਿਆਂ ਰਿਹਾ ਉਠਾਈਆ । ਪਿਛਲੇ ਲੇਖੇ ਆਇਆ ਕਢੌਣ, ਵਹੀ ਖਾਤਾ ਨਾਲ ਬੰਧਾਈਆ । ਰੁਸਿਆਂ ਆਇਆ ਮਨੌਣ, ਰਸਤੇ ਰਿਹਾ ਪਾਈਆ । ਗੁੱਸਿਆਂ ਆਇਆ ਗਵੌਣ, ਗਿਲੇ ਰਿਹਾ ਚੁਕਾਈਆ । ਡਿਗਿਆਂ ਆਇਆ ਉਠੌਣ, ਢੱਠਿਆਂ ਦਏ ਤਕੜਾਈਆ । ਆਪਣੀ ਗੋਦ ਵਿਚ ਜਗਤ ਠਰਿਆਂ ਨਿੱਘੇ ਆਇਆ ਕਰੌਣ, ਕੂੜੀ ਵਾ ਨਾ ਲਾਗੇ ਰਾਈਆ । ਪ੍ਰੇਮ ਪ੍ਰੀਤੀ ਅੰਦਰ ਆਇਆ ਹਸੌਣ, ਹਸਤੀ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਦਰਸ ਆਇਆ ਦਰਸੌਣ, ਦਰਸ ਨਾਲ ਹਰਸ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੱਚਿਆਂ ਬਾਲਿਆਂ ਨਨ੍ਹਿਆਂ ਆਇਆ ਪਰਚੌਣ, ਸਿਰ ਆਪਣਾ ਹੱਥ ਟਿਕਾਈਆ ।

## ✪ ੪ ਮੱਘਰ ੨੦੨੧ ਬਿਕ੍ਰਮੀ ਠਾਕਰ ਸਿੰਘ ਦੇ ਘਰ ਜੇਠੂਵਾਲ ✪

ਜਨ ਭਗਤ ਕਹਿਣ ਪ੍ਰਭ ਤੇਰੀ ਓਟ, ਆਦਿ ਅੰਤ ਤਕਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਘਰ ਵਿਚ ਹੋਵੇ ਰੁਸ਼ਨਾਈਆ । ਸ਼ਬਦ ਅਗੰਮੀ ਲਾ ਚੋਟ, ਧੁਨ ਨਾਦ ਸ਼ਨਵਾਈਆ । ਕੂੜੀ ਕਿਰਿਆ ਕੱਢਦੇ ਖੋਟ, ਸਚ ਸੁਚ ਸਮਝਾਈਆ । ਭੇਵ ਚੁਕਾ ਦੇ ਲੋਕ ਪਰਲੋਕ, ਦੋ ਜਹਾਨਾਂ ਅੱਖ ਖੁਲ੍ਹਾਈਆ । ਨਾਮ ਸੁਣਾ ਦੇ ਸਚ ਸਲੋਕ, ਢੋਲਾ ਬੇਪਰਵਾਹੀਆ । ਚਰਨ ਕਵਲ ਦੀ ਦੇ ਦੇ ਮੌਜ, ਮਜਲਸ ਸਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਲਏ ਮਿਲਾਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ, ਹੱਥ ਤੇਰੇ ਵਡਿਆਈਆ । ਨਿਰਭੌ ਚੁਕਾ ਭੈ ਡਰ, ਨੂਰੋ ਨੂਰ ਕਰ ਰੁਸ਼ਨਾਈਆ । ਘਰ ਵਿਚ ਖੋਲ੍ਹ ਕੇ ਆਪਣਾ ਘਰ, ਗ੍ਰਿਹ ਮੰਦਰ ਦੇ ਸੁਹਾਈਆ । ਨਜ਼ਰੀ ਆ ਨਰਾਇਣ ਨਰ, ਦੂਜਾ ਇਸ਼ਟ ਨਾ ਕੋਈ ਵਖਾਈਆ । ਆਤਮ ਪਰਮਾਤਮ ਲਏ ਫੜ, ਸੁਰਤੀ ਸ਼ਬਦ ਜੁੜਾਈਆ । ਸਾਚੇ ਮੰਦਰ ਆ ਕੇ ਵੜ, ਕਿਉਂ ਬੈਠਾ ਮੁਖ ਛੁਪਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਹੰ ਬ੍ਰਹਮ ਦੇ ਸਮਝਾਈਆ । ਤੇਰਾ ਖੇਲ ਨਰਾਇਣ ਨਰ, ਨਿਰਗੁਣ ਆਦਿ ਜੁਗਾਦਿ ਨਜ਼ਰੀ ਆਈਆ । ਸਚ ਦਵਾਰੇ ਦੇ ਵਰ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਚੁੱਕ ਦੇ ਓਹਲਾ, ਪੜਦਾ ਰਹਿਣ ਕੋਇ ਨਾ ਪਾਈਆ । ਸ਼ਬਦ ਅਗੰਮੀ ਬਣ ਵਿਚੋਲਾ, ਆਪਣਾ ਮੇਲ ਮਿਲਾਈਆ । ਬੋਧ ਅਗਾਧ ਸੁਣਾ ਢੋਲਾ, ਅੱਖਰੀ ਸ਼ਬਦ ਨਾ ਕੋਈ ਜਣਾਈਆ । ਲੇਖ ਚੁਕਾ ਦੇ ਧਰਨੀ ਧਰਤ ਧੌਲਾ, ਆਪਣਾ ਘਰ ਵਖਾਈਆ । ਤੇਰੇ ਬਿਰਹੋਂ ਵਿਛੋੜੇ ਅੰਦਰ ਹੋਇਆ ਕਮਲਾ, ਬੁਧੀ ਰਹੀ ਨਾ ਰਾਈਆ । ਹੱਥਾਂ ਨਾਲ ਵਜਾਇਆ ਨਾ ਜਾਏ ਤਬਲਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੈ ਤਰਾਈਆ । ਜਨ ਭਗਤ ਕਹਿਣ ਪ੍ਰਭ ਆ ਅੱਗੇ, ਨਿਰਗੁਣ ਆਪਣਾ ਦਰਸ ਦਿਖਾਈਆ । ਤੇਰਾ ਦੀਪਕ ਜੋਤੀ ਇਕੋ ਜਗੇ, ਦੋ ਜਹਾਨ ਕਰੇ ਰੁਸ਼ਨਾਈਆ । ਤੇਰੇ ਪਿਛੇ ਸੱਜਣ ਸਾਕ ਸੈਣ ਛੱਡੇ, ਨਾਤਾ ਤੋੜਿਆ ਭੈਣ ਭਾਈਆ । ਅੰਮ੍ਰਿਤ ਰਸ ਦੇ ਦੇ ਮਜ਼ੇ ਮੰਜ਼ਲ ਆਪਣੀ ਦੇ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਬੱਧੇ, ਅੰਤਰ ਆਤਮ ਧਿਆਨ ਲਗਾਈਆ । ਸਚ ਸਿੰਘਾਸਣ ਬਹਿ ਬਹਿ ਸਜੇ, ਆਤਮ ਸੇਜਾ ਇਕ ਵਿਛਾਈਆ । ਕਾਗ ਰੂਪ ਬਗ ਬਪੜੇ ਬੱਗੇ, ਹੰਸ ਦੇ ਬਣਾਈਆ । ਧੁਨ ਆਤਮਕ ਵਜਾ ਨਦੇ, ਅਨਹਦ ਰਾਗ ਦੇ ਸੁਣਾਈਆ । ਪੰਚ ਵਿਕਾਰ ਜਾਣ ਭੱਜੇ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਪਵਣ ਅਗੰਮੀ ਠੰਡੀ ਵਗੇ, ਤੱਤੀ ਵਾ ਨਾ ਲਾਗੇ ਰਾਈਆ । ਦਿਵਸ ਰੈਣ ਰਹਿਣਾ ਸੱਜੇ ਖੱਬੇ, ਚਾਰੋਂ ਕੁੰਟ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਆਪਣਾ ਮੇਲ ਮਿਲਾਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਅੱਖ, ਆਪਣਾ ਨੈਣ ਉਠਾਈਆ । ਸਰਬ ਸਵਾਮੀ ਹੋ ਪ੍ਰਤਖ, ਸ਼ਹਿਨਸ਼ਾਹ ਬੇਪਰਵਾਹੀਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਗਾ ਗਾ ਥੱਕੇ ਜਸ, ਵੇਦ ਪੁਰਾਨ ਸ਼ਾਸਤਰ ਸਿਮਰਤ ਗਏ ਸਲਾਹੀਆ । ਸਚ ਦਵਾਰ ਹੋ ਪਰਗਟ, ਪਰਗਟ ਆਪਣੀ ਧਾਰ ਚਲਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਝਗੜਾ ਪਿਆ ਜ਼ਾਤ ਪਾਤ, ਸਚ ਜਮਾਤ ਨਜ਼ਰ ਕੋਈ

ਨਾ ਆਈਆ । ਅਲਫ਼ ਯੇ ਵਾਲੀ ਪੜ੍ਹਕੇ ਥੱਕੇ ਲੁਗਾਤ, ਤੇਰਾ ਨਿਰ ਅੱਖਰ ਸਮਝ ਕਿਸੇ ਨਾ ਆਈਆ । ਲੇਖਾ ਲਿਖਦੇ ਰਹੇ ਨਾਲ ਕਲਮ ਦਵਾਤ, ਸ਼ਾਹੀ ਜੋੜ ਜੁੜਾਈਆ । ਸਾਰੇ ਮੰਗਦੇ ਗਏ ਆਬੇ ਹਯਾਤ, ਪੀਰ ਪੈਗ਼ੰਬਰ ਤੇਰੇ ਅੱਗੇ ਝੋਲੀ ਡਾਹੀਆ । ਭਗਤਾਂ ਦੀ ਸਭ ਦੀ ਵੱਖਰੀ ਬਾਤ, ਬਾਤਨ ਮੰਗ ਮੰਗਾਈਆ । ਪੂਰਾ ਕਰ ਭਵਿਖਤ ਵਾਕ, ਜੋ ਵਾਕਿਆ ਗਿਆ ਲਿਖਾਈਆ । ਸਚ ਮਹੱਲਾ ਵੇਖ ਮਹਿਰਾਬ, ਮਹਿਬੂਬ ਆਪਣਾ ਫੇਰਾ ਪਾਈਆ । ਤੇਰੇ ਕਦਮਾ ਇਕ ਆਦਾਬ, ਚਸ਼ਮਦੀਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦ ਮੁਰਸ਼ਦ ਲਏ ਮਿਲਾਈਆ । ਜਨ ਭਗਤ ਕਹੇ ਉਠ ਪ੍ਰਭ ਠਾਕਰ, ਠੋਕਰ ਆਪਣਾ ਨਾਮ ਲਗਾਈਆ । ਕਲਜੁਗ ਵਹਿਣ ਡੂੰਘਾ ਸਾਗਰ, ਬਿਨ ਤੇਰੇ ਤਰਨ ਕੋਈ ਨਾ ਪਾਈਆ । ਬੇੜੀ ਨਈਆ ਪਾਰ ਨਾ ਕਰੇ ਕਾਗ਼ਜ਼, ਚੱਪੂ ਨਾਮ ਨਾ ਕੋਈ ਲਗਾਈਆ । ਪੰਡਤ ਪੰਧੇ ਮੁੱਲਾ ਸ਼ੇਖ਼ ਭੁੱਲੇ ਤੇਰੀ ਇਬਾਦਤ, ਕਲਮਾ ਹਕ ਨਾ ਕੋਈ ਪੜ੍ਹਾਈਆ । ਸਚ ਵਸਤ ਦੀ ਕਰੇ ਨਾ ਕੋਈ ਸਖ਼ਾਵਤ, ਨਾਮ ਨਿਰੰਕਾਰਾ ਝੋਲੀ ਕੋਈ ਨਾ ਪਾਈਆ । ਮਨ ਮਨੂਆ ਘਰ ਘਰ ਦਿਵਸ ਰੈਣ ਕਰੇ ਬਗ਼ਾਵਤ, ਭੈ ਭੌ ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਸਹੀ ਸਲਾਮਤ, ਸ਼ਹਿਨਸ਼ਾਹ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਨ੍ਹਾਂ ਦੀ ਦੇ ਕੇ ਗਏ ਜ਼ਮਾਨਤ, ਅੰਤਮ ਬਰੀ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ਜਨ ਭਗਤ ਕਹਿਣ ਪ੍ਰਭ ਚੁੱਕ ਦੇ ਪੜਦਾ, ਮੁਖ ਨਕਾਬ ਉਠਾਈਆ । ਸੰਤ ਸੁਹੇਲਾ ਵੇਖ ਸੜਦਾ, ਤ੍ਰੈਗੁਣ ਅਗਨੀ ਰਹੀ ਤਪਾਈਆ । ਗੁਰਮੁਖ ਤੇਰਾ ਸ੍ਰਿਸ਼ਟੀ ਕੋਲੋਂ ਡਰਦਾ, ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖ ਘਰ ਆਪਣੇ ਮੂਲ ਨਾ ਵੜਦਾ, ਬੇਵਤਨ ਹੋਇਆਂ ਹੋਈ ਜੁਦਾਈਆ । ਮੁਰੀਦ ਮੁਰਸ਼ਦ ਕਿਸੇ ਨਾ ਮਿਲਦਾ, ਚੌਦਾਂ ਤਬਕ ਰਹੇ ਕੁਰਲਾਈਆ । ਤੂੰ ਮਾਲਕ ਹਰ ਘਟ ਦਿਲ ਦਾ, ਦਿਲਬਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤ ਕਹੇ ਪ੍ਰਭ ਤੇਰੀ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਿਆ ਠੀਕ, ਸ਼ਬਦ ਨਿਸ਼ਾਨਾ ਤੀਰ ਚਲਾਈਆ । ਕਲਜੁਗ ਅੰਤਮ ਹੋਏ ਅੰਧੇਰਾ ਤਾਰੀਕ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਸਤਿਗੁਰ ਨਾਲ ਕਰੇ ਨਾ ਕੋਈ ਪ੍ਰੀਤ, ਹਿਰਦੇ ਹਰਿ ਨਾ ਕੋਇ ਵਸਾਈਆ । ਝਗੜਾ ਪੈ ਜਾਏ ਊਚ ਨੀਚ, ਆਤਮ ਪ੍ਰੇਮ ਨਾ ਕੋਇ ਦ੍ਰਿੜਾਈਆ । ਤੈਨੂੰ ਘਰ ਵਿਚ ਵੇਖੇ ਨਾ ਕੋਇ ਨਜ਼ਦੀਕ, ਦੂਰ ਦੁਰਾਡੇ ਸਾਰੇ ਰਹੇ ਸੁਣਾਈਆ । ਪਾਰਬ੍ਰਹਮ ਤੇਰੇ ਬਿਨ ਬਣ ਜਾਣ ਸਾਰੇ ਸ਼ਰੀਕ, ਲਾਸ਼ਰੀਕ ਤੇਰੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਚਖੰਡ ਨਿਵਾਸੀ ਬਖ਼ਸ਼ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਨਜ਼ਰੀ ਆ ਇਕੋ ਕਾਹਨ, ਓਮ ਰਹੀਮ ਬੇਪਰਵਾਹੀਆ । ਸਾਚਾ ਮੰਤਰ ਦੱਸ ਗਾਣ, ਗਹਿਰ ਗੰਭੀਰ ਸਮਝਾਈਆ । ਤੇਰਾ ਝੁੱਲੇ ਇਕ ਨਿਸ਼ਾਨ, ਦੋ ਜਹਾਨ ਸੀਸ ਨਿਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਪੜ੍ਹ ਪੜ੍ਹ ਰਹੇ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਬਿਆਨ, ਲੇਖਾ ਲਿਖ ਕੇ ਕਲਮ ਸ਼ਾਹੀਆ । ਜੋਧਾ ਸੂਰਬੀਰ ਇਕ ਬਲਵਾਨ, ਪੁਰਖ ਅਕਾਲ ਇਕ ਅਖਵਾਈਆ । ਜੋ ਸਿੱਧਾ ਜਨ ਭਗਤਾਂ ਮਿਲੇ ਆਣ, ਰਾਹ ਵਿਚ ਨਾ ਕੋਇ ਅਟਕਾਈਆ । ਨਿਰਗੁਣ

ਸਰਗੁਣ ਖੇਲ ਕਰੇ ਮਹਾਨ, ਨਿਰਵੈਰ ਵਡੀ ਵਡਿਆਈਆ । ਹਰਿਜਨ ਵੇਖੇ ਬਾਲ ਅੰਞਾਣ, ਗੁਰਮੁਖ ਗੋਦ ਉਠਾਈਆ । ਗੁਰਮੁਖਾਂ ਦੇ ਫ਼ਰਮਾਨ, ਫੁਰਨੇ ਕੂੜੇ ਬੰਦ ਕਰਾਈਆ । ਸੱਚਾ ਮੰਦਰ ਦੱਸ ਇਕ ਮਕਾਨ, ਮਹਿਬੂਬ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਜਨ ਭਗਤ ਕਹਿਣ ਪ੍ਰਭ ਦੱਸ ਦੇ ਜੋਗ, ਜੁਗਤ ਇਕ ਜਣਾਈਆ । ਜਨਮ ਜਨਮ ਦਾ ਕਟਿਆ ਜਾਏ ਵਿਜੋਗ, ਵਿਛੋੜਾ ਰਹਿਣ ਕੋਇ ਨਾ ਪਾਈਆ । ਤੇਰੇ ਨਾਲ ਹੋਵੇ ਸੰਜੋਗ, ਸੁਰਤੀ ਸ਼ਬਦ ਕੁੜਮਾਈਆ । ਸਾਡਿਆਂ ਚਰਨਾਂ ਹੇਠ ਦਬਾ ਦੇ ਮੁਕਤੀ ਮੋਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਆਵਣ ਜਾਵਣ ਲੱਖ ਚੁਰਾਸੀ ਦੀ ਮਿਟ ਜਾਏ ਸੋਚ, ਅਵਣ ਗਵਣ ਨਾ ਕੋਇ ਭੁਆਈਆ । ਨਾਮ ਖ਼ੁਮਾਰੀ ਦੇ ਮਦਹੋਸ਼, ਮਧੁਰ ਧੁਨ ਨਾ ਰਾਗ ਸੁਣਾਈਆ । ਖਹਿੜਾ ਛੁੱਟ ਜਾਏ ਲੋਕ ਪਰਲੋਕ, ਝੇੜਾ ਚੁੱਕੇ ਜਗਤ ਲੋਕਾਈਆ । ਵਸੇਰਾ ਮਿਲੇ ਧੁਰ ਦੇ ਕੋਟ, ਸਚਖੰਡ ਸਾਚਾ ਦੇ ਵਖਾਈਆ । ਜਿਥੇ ਬਿਨ ਤੇਰੀ ਕਿਰਪਾ ਕੋਈ ਨਾ ਸਕੇ ਪਹੁੰਚ, ਸ਼ਾਹ ਸੁਲਤਾਨਾ ਹੱਥ ਕਿਸੇ ਨਾ ਆਈਆ । ਪ੍ਰਭੂ ਤੇਰੇ ਚਰਨ ਦਵਾਰੇ ਮਾਣੀਏ ਸੱਚੀ ਮੌਜ, ਗ਼ਮੀ ਖ਼ੁਸ਼ੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਤੇਰੀ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਪੂਰੀ ਕਰਦੇ ਆਸਾ, ਇਕ ਤੇਰਾ ਧਿਆਨ ਲਗਾਈਆ । ਚਰਨ ਕਵਲ ਦਾ ਦੇ ਭਰਵਾਸਾ, ਭਾਵਨੀ ਪੂਰ ਵਖਾਈਆ । ਅੰਤਰ ਆਤਮ ਦੇ ਦੇ ਸਾਥਾ, ਸਗਲਾ ਸੰਗ ਨਿਭਾਈਆ । ਬਿਨ ਅੱਖਰਾਂ ਵਾਲਾ ਦੱਸ ਦੇ ਪਾਠਾ, ਪੂਜਾ ਇਕ ਜਣਾਈਆ । ਪ੍ਰੇਮ ਪਿਆਰ ਦਾ ਜੋੜ ਦੇ ਨਾਤਾ, ਹੋਵੇ ਨਾ ਕਦੇ ਜੁਦਾਈਆ । ਧੁਰ ਦਾ ਮਾਲਕ ਬਣ ਜਾ ਸੱਜਣ ਸਾਕਾ, ਸਗਲਾ ਸੰਗ ਵਖਾਈਆ । ਤੈਨੂੰ ਪੈਗ਼ੰਬਰਾਂ ਮੰਨਿਆ ਆਪਣਾ ਆਕਾ, ਗੁਰ ਗੁਰ ਪੁਰਖ ਅਕਾਲ ਜਣਾਈਆ । ਤੂੰ ਸਦਾ ਸਹਾਈ ਅਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਕਬੀਰ ਜੁਲਾਹਾ ਮਾਰ ਕੇ ਗਿਆ ਆਵਾਜ਼ਾਂ, ਸੁਤਿਆਂ ਜਗਤ ਹਿਲਾਈਆ । ਜਿਨ੍ਹਾਂ ਮਿਲਿਆ ਪੁਰਖ ਸਮਰਾਥਾ, ਉਹਨਾਂ ਹਰਸ ਰਹੀ ਨਾ ਰਾਈਆ । ਕਲਜੁਗ ਅੰਤਮ ਵੇਖ ਖੇਲ ਤਮਾਸ਼ਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਕੂੜੀ ਕਿਰਿਆ ਭੋਗ ਬਿਲਾਸਾ, ਸ੍ਰਿਸ਼ਟੀ ਦ੍ਰਿਸ਼ਟੀ ਰਹੀ ਵਖਾਈਆ । ਲੇਖਾ ਚੁਕਿਆ ਪਿਤਾ ਮਾਤਾ, ਪਿਤਾ ਪੂਤ ਨਾ ਕੋਇ ਵਡਿਆਈਆ । ਭਈਆ ਭੈਣ ਨਾ ਕੋਇ ਸਾਕਾ, ਨਾਰ ਕੰਤ ਦੋਹਾਗਣ ਰੂਪ ਵਟਾਈਆ । ਝਗੜਾ ਪਿਆ ਵਿਚ ਸਮਾਜਾਂ, ਧੀਰਜ ਧੀਰ ਨਾ ਕੋਇ ਰਖਾਈਆ । ਕਿਰਪਾ ਕਰ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਗੋਬਿੰਦ ਦੱਸਿਆ ਸੰਬਲ ਨਗਰ ਤੇਰਾ ਵਾਸਾ, ਜਿਸ ਦੀ ਸਮਝ ਕੋਇ ਨਾ ਪਾਈਆ । ਜਨ ਭਗਤਾਂ ਤੇਰੇ ਉਤੇ ਭਰਵਾਸਾ, ਭਟਕਣਾ ਸਭ ਦੀ ਦੇ ਬੁਝਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਘਰ ਕੀ ਘਾਟਾ, ਦੇਂਦਿਆਂ ਤੋਟ ਕੋਇ ਨਾ ਆਈਆ । ਤੂੰ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕ ਅਖਵਾਈਆ । ਸੰਤ ਸੁਹੇਲਾ ਰਖੇਂ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਜਨ ਭਗਤ ਕਹਿਣ ਪ੍ਰਭ ਕਰ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਆਪਣਾ ਦੱਸ ਅਗੰਮੀ ਜਾਪ, ਜਿਸ ਦਾ ਛੱਤੀ ਰਾਗ ਭੇਵ ਨਾ ਪਾਈਆ । ਧੁਰ ਦਰਬਾਰੋਂ ਮਾਰ ਆਵਾਜ਼, ਬਿਨ ਕੰਨਾਂ ਦੇ ਸੁਣਾਈਆ । ਵਸਤ ਅਮੋਲਕ ਬਖ਼ਸ਼ ਦਾਤ, ਸਤਿ ਖ਼ਜ਼ਾਨਾ ਦੇ ਭਰਾਈਆ । ਉਠ ਕੇ ਵੇਖ ਆਪਣੀ ਜ਼ਾਤ, ਆਤਮ ਪਰਮਾਤਮ ਤੇਰਾ ਰੂਪ


੮੯੧
੧੭

ਨਜ਼ਰੀ ਆਈਆ । ਸੱਜਣ ਸੁਹੇਲੇ ਜੋੜ ਨਾਤ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਜਨ ਭਗਤ ਕਹੇ ਉਠ ਨਿਰੰਕਾਰ, ਨਿਰਗੁਣ ਆਪਣੀ ਲੈ ਅੰਗੜਾਈਆ । ਸੰਤ ਸੁਹੇਲੇ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਤੈਨੂੰ ਮੰਨਿਆ ਸਭ ਦਾ ਸਾਂਝਾ ਯਾਰ, ਜੁਗ ਚੌਕੜੀ ਫੇਰਾ ਪਾਈਆ । ਕਲਜੁਗ ਦੁਆਪਰ ਤ੍ਰੇਤਾ ਸਤਿਜੁਗ ਵਿਚ ਸੰਸਾਰ, ਵੇਖੇਂ ਚਾਈਂ ਚਾਈਆ । ਸਦੀ ਵੀਹਵੀਂ ਹਾਹਾਕਾਰ, ਅਗਨੀ ਤਤ ਨਾ ਕੋਇ ਬੁਝਾਈਆ । ਕੂੜੀ ਕਿਰਿਆ ਵੱਜੇ ਨਗਾਰ, ਡੰਕਾ ਨਾਮ ਨਾ ਕੋਇ ਸੁਣਾਈਆ । ਗ਼ਫ਼ਲਤ ਵਿਚ ਸੁੱਤੇ ਪੈਰ ਪਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕੂੜੀਆਂ ਸਖ਼ੀਆਂ ਮੰਗਲਾਚਾਰ, ਸੁਰਤੀ ਸ਼ਬਦੀ ਗੋਪੀ ਕਾਹਨ ਰੂਪ ਨਾ ਕੋਇ ਵਟਾਈਆ । ਰਸਨਾ ਜਿਹਵਾ ਬੱਤੀ ਦੰਦ ਰਾਮ ਨਾਲ ਪਿਆਰ, ਆਤਮ ਰਾਮ ਮਿਲਣ ਕੋਇ ਨਾ ਪਾਈਆ । ਅੱਖਰਾਂ ਵਾਲਾ ਪੜ੍ਹਨ ਸਤਿਨਾਮ, ਸਤਿ ਸਰੂਪ ਨਾ ਕੋਇ ਸਮਾਈਆ । ਵਾਹਿਗੁਰੂ ਕਹਿ ਕੇ ਸਾਰੇ ਗਾਣ, ਗੁਰ ਗੁਰ ਰੰਗ ਨਾ ਕੋਇ ਰੰਗਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਸ਼ਾਸਤਰ ਸਿਮਰਤ ਗੀਤਾ ਗਿਆਨ ਰਹੇ ਜਣਾਈਆ । ਕਲਮਿਆਂ ਨਾਲ ਕਰ ਕਲਿਆਣ, ਤੀਸ ਬਤੀਸਾ ਰਾਗ ਅਲਾਈਆ । ਮਸਲੇ ਕਰਕੇ ਅੰਜੀਲ ਕੁਰਾਨ, ਕਾਅਬੇ ਸੀਸ ਝੁਕਾਈਆ । ਤੈਨੂੰ ਮਿਲੇ ਨਾ ਕੋਈ ਸ੍ਰੀ ਭਗਵਾਨ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਮੰਦਰ ਮਸਜਿਦ ਗੁਰਦਵਾਰੇ ਮਠ ਤੇਰਾ ਕਰਨ ਧਿਆਨ, ਅੰਦਰੋਂ ਅੱਖ ਨਾ ਕੋਇ ਖੁਲ੍ਹਾਈਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫਿਰਨ ਸਵਾਨ, ਬਜਰ ਕਪਾਟੀ ਕੁੰਡਾ ਕੋਇ ਨਾ ਲਾਹੀਆ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਕਰਨ ਇਸ਼ਨਾਨ, ਆਤਮ ਸਰੋਵਰ ਨਹਾਵਣ ਕੋਇ ਨਾ ਜਾਈਆ । ਪੂਜਾ ਪਾਠ ਕਰਕੇ ਵੰਡਦੇ ਦਾਨ, ਦਾਤੇ ਦਾਨੀ ਤੇਰੇ ਚਰਨਾਂ ਸੀਸ ਨਾ ਕੋਇ ਨਿਵਾਈਆ । ਗੁਰ ਅਵਤਾਰ ਕਹਿਣ ਅਸੀਂ ਹੋਏ ਹੈਰਾਨ, ਪੀਰ ਪੈਗ਼ੰਬਰ ਕਹਿਣ ਸਾਡੀ ਅੱਖ ਸ਼ਰਮਾਈਆ । ਤੇਰਾ ਸਾਚਾ ਸੁਣੇ ਨਾ ਕੋਈ ਫ਼ਰਮਾਨ, ਜੋ ਦਿਵਸ ਰੈਣ ਅੱਠੇ ਪਹਿਰ ਕਾਇਆ ਮੰਦਰ ਰਹੇ ਜਣਾਈਆ । ਕੂੜੀ ਕਿਰਿਆ ਜਗਤ ਹੋਇਆ ਅਭਿਮਾਨ, ਮਾਇਆ ਮਮਤਾ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਧੁਰ ਮਸਤਕ ਲੇਖਾ ਵੇਖ ਆਪ, ਆਪਣੀ ਦਇਆ ਕਮਾਈਆ । ਰੂਹ ਬੁੱਤ ਦਿਸੇ ਨਾ ਕੋਈ ਪਾਕ, ਖ਼ਾਕੀ ਖ਼ਾਕ ਨਾ ਕੋਇ ਚਤੁਰਾਈਆ । ਬੰਦ ਕੁਆੜੀ ਖੁਲ੍ਹਿਆ ਨਾ ਕਿਸੇ ਤਾਕ, ਪੜਦਾ ਸਕੇ ਨਾ ਕੋਇ ਉਠਾਈਆ । ਜਗਤ ਨੈਣਾਂ ਨਾਲ ਸਾਰੇ ਰਹੇ ਝਾਕ, ਨਿਜ ਨੇਤਰ ਅੱਖ ਨਾ ਕੋਇ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਭਵਿਖਤ ਵਾਕ, ਰਾਗਾਂ ਨਾਦਾਂ ਵਿਚ ਸੁਣਾਈਆ । ਜਨ ਭਗਤਾਂ ਆਪੇ ਦੇਵੇ ਸਾਥ, ਸਗਲਾ ਧੁਰ ਦਾ ਸੰਗ ਨਿਭਾਈਆ । ਪਰਗਟ ਹੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਫੇਰਾ ਪਾਈਆ । ਕਾਇਆ ਮੰਡਲ ਪਾ ਕੇ ਰਾਸ, ਅਚਰਜ ਲੀਲਾ ਦਏ ਵਖਾਈਆ । ਜਨ ਭਗਤਾਂ ਰੱਖੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਭੇਵ ਚੁਕਾ ਕੇ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਲੇਖਾ ਦਏ ਮੁਕਾਈਆ । ਅੰਤ ਮਿਲਾ ਕੇ ਆਪਣੀ ਜ਼ਾਤ, ਜੋਤੀ ਜੋਤ ਜੋਤ ਵਿਚ ਸਮਾਈਆ । ਕਿਰਪਾ ਕਰੇ ਕਮਲਾਪਾਤ, ਪਤਿਪਰਮੇਸ਼ਵਰ ਵਡ ਵਡਿਆਈਆ । ਸਚ ਮਹੱਲ ਵਖਾ ਮਹਿਰਾਬ, ਅਰਸ਼ ਕੁਰਸ਼ ਦੋਵੇਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਪ੍ਰਭ ਤੇਰਾ ਸਹਾਰਾ, ਦੂਜਾ ਨਜ਼ਰ ਕੋਇ


੮੯੨
੧੭

੮੯੩
੧੭

ਨਾ ਆਈਆ । ਨਿਰਗੁਣ ਰੂਪ ਤੇਰਾ ਨਿਰੰਕਾਰਾ, ਜੋਤੀ ਜੋਤ ਡਗਮਗਾਈਆ । ਸ਼ਬਦ ਅਗੰਮ ਤੇਰਾ ਜੈਕਾਰਾ, ਦੋ ਜਹਾਨਾਂ ਕਰੇ ਸ਼ਨਵਾਈਆ । ਮਹੱਲ ਅਟਲ ਤੇਰਾ ਮਨਾਰਾ, ਸਚਖੰਡ ਸਾਚਾ ਸੋਭਾ ਪਾਈਆ । ਦੀਆ ਬਾਤੀ ਤੇਰਾ ਉਜਿਆਰਾ, ਨਿਰਗੁਣ ਜੋਤ ਇਕ ਅਖਵਾਈਆ । ਅਗੰਮ ਅਥਾਹ ਤੇਰਾ ਨਗਾਰਾ, ਨੌਬਤ ਨਾਮ ਸੁਣਾਈਆ । ਤੇਰਾ ਅੰਮ੍ਰਿਤ ਠੰਡਾ ਠਾਰਾ, ਜਲਧਾਰਾ ਇਕ ਵਹਾਈਆ । ਤ੍ਰੈਗੁਣ ਮਾਇਆ ਤੇਰਾ ਅੰਗਿਆਰਾ, ਪੰਜ ਤਤ ਤੇਰੀ ਵਡਿਆਈਆ । ਜੁਗ ਚੌਕੜੀ ਖੇਲ ਨਿਆਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਵਖਾਈਆ । ਨਿਰਗੁਣ ਸਰਗੁਣ ਤੇਰਾ ਅਵਤਾਰਾ, ਗੁਰ ਅਵਤਾਰ ਤੇਰਾ ਰੂਪ ਨਜ਼ਰੀ ਆਈਆ । ਪੀਰ ਪੈਗ਼ੰਬਰ ਤੇਰਾ ਅਖਾੜਾ, ਲੋਕਮਾਤ ਰਹੇ ਵਖਾਈਆ । ਜਨ ਭਗਤ ਤੇਰਾ ਨਜ਼ਾਰਾ, ਬੇਨਜ਼ੀਰ ਨਜ਼ਰੀ ਆਈਆ । ਕਰ ਕਿਰਪਾ ਦੇ ਉਹ ਇਸ਼ਾਰਾ, ਜਿਸ ਵਿਚ ਆਸ਼ਕ ਮਾਸ਼ੂਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਤੇਰੀ ਮਹਿੰਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੁਗ ਚੌਕੜੀ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਰਿਹਾ ਸਮਾਈਆ । ਸਚ ਦਵਾਰਾ ਖੋਲ੍ਹਣ ਵਾਲਾ ਹੱਟ, ਬਣ ਵਣਜਾਰਾ ਫੇਰੀ ਪਾਈਆ । ਲੱਖ ਚੁਰਾਸੀ ਵੇਖੇ ਆਪਣੀ ਅੱਖ, ਚਾਰੇ ਖਾਣੀ ਫੋਲ ਫੁਲਾਈਆ । ਭਗਤ ਸੁਹੇਲੇ ਵਿਚੋਂ ਕੱਢ, ਗੁਰ ਚੇਲੇ ਮੇਲ ਮਿਲਾਈਆ । ਜਗਤ ਰੀਤੀ ਵਿਚੋਂ ਕਰ ਕੇ ਅੱਡ, ਮੰਦਰ ਮਸੀਤੀ ਖਹਿੜਾ ਦਏ ਛੁਡਾਈਆ । ਜਗਤ ਦਵਾਰਾ ਕਰਕੇ ਪਾਰ ਹੱਦ, ਨਵ ਨੌ ਚਾਰ ਲੇਖ ਮੁਕਾਈਆ । ਧੁਰ ਦਰਗਾਹੀ ਸੁਣਾ ਕੇ ਛੰਦ, ਸੰਸਾ ਸਾਰਾ ਦਏ ਮਿਟਾਈਆ । ਆਤਮ ਪਰਮਾਤਮ ਚਾੜ੍ਹ ਕੇ ਰੰਗ, ਕਸੁੰਭੜਾ ਰੂਪ ਦਏ ਗਵਾਈਆ । ਨਿਜ ਘਰ ਦੇ ਕੇ ਸਚ ਅਨੰਦ, ਪਰਮਾਨੰਦ ਵਿਚ ਸਮਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਸੋ ਪੁਰਖ ਕਰੇ ਪੜ੍ਹਾਈਆ । ਲੇਖਾ ਜਾਣੇ ਆਪਣਾ ਮਮ, ਮਿਹਰਵਾਨ ਵਡ ਗੁਸਾਈਂਆ । ਭਗਤ ਉਧਾਰਨ ਜਿਸ ਦਾ ਕੰਮ, ਨਿਹਕਰਮੀ ਇਕ ਅਖਵਾਈਆ । ਨਿਤ ਨਵਿਤ ਬੇੜਾ ਬੰਨ੍ਹ, ਨਈਆ ਨੌਕਾ ਨਾਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ । ਜਨ ਭਗਤ ਪ੍ਰਭ ਮਾਰਨ ਤਾਅਨਾ, ਇਕੋ ਵਾਰ ਜਣਾਈਆ । ਕਲਜੁਗ ਵੇਖ ਜਗਤ ਜਹਾਨਾ, ਆਪਣੀ ਅੱਖ ਖੁਲ੍ਹਾਈਆ । ਸਤਿ ਧਰਮ ਨਾ ਦਿਸੇ ਕੋਈ ਨਿਸ਼ਾਨਾ, ਕੂੜੀ ਕਿਰਿਆ ਵੱਜੀ ਵਧਾਈਆ । ਚਾਰੋਂ ਕੁੰਟ ਮਾਣ ਅਭਿਮਾਨਾ, ਹੰਕਾਰ ਵਿਕਾਰ ਕਰੇ ਲੜਾਈਆ । ਮਨੁਸ਼ ਦਿਸੇ ਨਾ ਕੋਈ ਦਾਨਾ, ਮੂਰਖ ਮੁਗਧ ਨਜ਼ਰੀ ਆਈਆ । ਭਰਮੇ ਭੁੱਲੇ ਰਾਜ ਰਾਜਾਨਾ, ਸ਼ਾਹ ਸੁਲਤਾਨਾ ਸਾਰ ਨਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਹਰਿ ਭਗਤ ਰਹੇ ਜਣਾਈਆ । ਸਾਡਾ ਤੇਰੇ ਉਤੇ ਮਾਣਾ, ਸਿਦਕ ਤੇਰੇ ਨਾਲ ਰਖਾਈਆ । ਤੂੰ ਹਰ ਘਟ ਜਾਣੀ ਜਾਣਾ, ਗ੍ਰਿਹਿ ਗ੍ਰਿਹਿ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਸ੍ਰੀ ਭਗਵਾਨ ਸਚ ਦ੍ਰਿੜੌਂਦਾ ਏ । ਅਬਿਨਾਸ਼ੀ ਕਰਤਾ ਆਖ ਸੁਣੌਂਦਾ ਏ । ਸੋ ਪੁਰਖ ਨਿਰੰਜਣ ਸਾਚੀ ਕਾਰ ਕਮੌਂਦਾ ਏ । ਹਰਿ ਪੁਰਖ ਨਿੰਰਜਣ ਨਰ ਨਿਰੰਕਾਰ ਵੇਸ ਵਟੌਂਦਾ ਏ । ਸੁਹਾਵਣ ਹਾਰਾ ਸਾਚਾ ਸਚਖੰਡ ਦੇਸ, ਦਸੰਤਰ ਆਪਣਾ ਫੇਰਾ ਪੌਂਦਾ ਏ । ਮਾਲਕ ਦੋ ਜਹਾਨਾਂ ਨਰੇਸ਼, ਨਿਰਗੁਣ ਆਪਣੀ ਖੇਲ ਵਖੌਂਦਾ ਏ । ਨਾ ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁਡਾਇਆ ਨਜ਼ਰ ਕੋਇ ਨਾ ਆਉਂਦਾ ਏ । ਜਿਸਨੂੰ ਪੁਰਖ ਅਕਾਲ ਮੰਨਿਆ ਦਸ ਦਸਮੇਸ, ਦਹਿ ਦਿਸ਼ਾ ਖੋਜ ਖੁਜੌਂਦਾ

ਏ । ਜੋ ਆਦਿ ਜੁਗਾਦਿ ਰਹੇ ਹਮੇਸ਼, ਜੀਵਣ ਮਰਨ ਨਾ ਰੂਪ ਵਟੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜੇ ਦੇ ਸੰਦੇਸ਼, ਸੁਨੇਹੜਾ ਇਕ ਸੁਣੌਂਦਾ ਏ । ਲੱਖ ਚੁਰਾਸੀ ਰਚਕੇ ਖੇਡ, ਅੰਡਜ ਜੇਰਜ ਉਤਭੁਜ ਸੇਤਜ ਖਾਣੀ ਬਾਣੀ ਆਪਣਾ ਰਾਹ ਵਖੌਂਦਾ ਏ । ਨਜ਼ਰੀ ਆ ਕੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕੌਂਦਾ ਏ । ਰੁੱਤ ਸੁਹਾ ਕੇ ਬਸੰਤੀ ਚੇਤ, ਗੁਲਸ਼ਨ ਆਪ ਮਹਿਕੌਂਦਾ ਏ । ਜਨ ਭਗਤਾਂ ਅੰਦਰ ਵੜਕੇ ਦੱਸੇ ਭੇਤ, ਬਾਹਰੋਂ ਵਿਦਿਆ ਨਾ ਕੋਇ ਪੜ੍ਹੌਂਦਾ ਏ । ਸਚ ਸਵਾਮੀ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣੌਂਦਾ ਏ । ਜਨ ਭਗਤਾਂ ਆਪ ਜਣੌਂਦਾ ਏ । ਦੀਨ ਦਿਆਲ ਦਇਆ ਕਮੌਂਦਾ ਏ । ਸ੍ਰੀ ਭਗਵਾਨ ਵੇਖ ਵਖੌਂਦਾ ਏ । ਨੌਜਵਾਨ ਫੇਰਾ ਪੌਂਦਾ ਏ । ਲੋਕਮਾਤ ਡੇਰਾ ਲੌਂਦਾ ਏ । ਸੰਬਲ ਨਗਰ ਇਕ ਸੁਹੋਂਦਾ ਏ । ਸੰਭਲ ਸੰਭਲ ਚਰਨ ਟਿਕੌਂਦਾ ਏ । ਜਗ ਨੇਤਰ ਨਜ਼ਰ ਕਿਸੇ ਨਾ ਔਂਦਾ ਏ । ਜਨ ਭਗਤਾਂ ਦਇਆ ਕਮੌਂਦਾ ਏ । ਆਪਣੇ ਮਿਲਣ ਦਾ ਸੋਹਣਾ ਸਮਾਂ, ਸੁਹੰਜਣੀ ਰੁੱਤ ਵਖੌਂਦਾ ਏ । ਨਾਮ ਦ੍ਰਿੜਾਵੇ ਦਮ ਦਮਾਂ, ਦਾਮਨ ਪਲੂ ਆਪ ਫੜੌਂਦਾ ਏ । ਰਾਗ ਸੁਣਾਕੇ ਧੁਰ ਦਾ ਕੰਨਾਂ, ਅਨੁਰਾਗੀ ਰਾਗ ਅਲੌਂਦਾ ਏ । ਫੜ ਉਠਾਵੇ ਉਠ ਮੇਰਿਆ ਚੰਨਾਂ, ਚੰਦ ਚਾਂਦਨਾ ਨੂਰ ਚਮਕੌਂਦਾ ਏ । ਨੇਤਰ ਵੇਖ ਸ਼ਰਮਾਏ ਧੰਨਾ, ਨਾਮਾ ਨਿਉਂ ਨਿਉਂ ਸੀਸ ਝੁਕੌਂਦਾ ਏ । ਧੁਰ ਦਾ ਠਾਕਰ ਜਿਨ੍ਹਾਂ ਨਾਲ ਮੰਨਾਂ, ਮਨਸਾ ਆਸਾ ਪੂਰ ਕਰੌਂਦਾ ਏ । ਕਲਜੁਗ ਅੰਤਮ ਜੀਵ ਜਹਾਨ ਅੰਨ੍ਹਾਂ, ਹਰਿ ਕਾ ਦਰਸ ਕੋਇ ਨਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖੌਂਦਾ ਏ । ਜਨ ਭਗਤ ਕਹਿਣ ਪ੍ਰਭ ਤੇਰਾ ਨਗਾਰਾ, ਇਕੋ ਇਕ ਵਜਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਪਰਵਾਹ ਅਖਵਾਈਆ । ਤੰਦ ਤਾਰ ਨਾ ਕੋਇ ਸਤਾਰਾ, ਰੂਪ ਰੰਗ ਨਾ ਕੋਇ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਮਾਣ ਮਿਲੇ ਨਾ ਕਿਸੇ ਸ਼ਾਹੀਆ । ਜਿਸ ਘਰ ਬਹਿ ਕੇ ਭਗਤਾਂ ਕਰੇ ਪਿਆਰਾ, ਮੰਦਰ ਮਹੱਲ ਅਟਲ ਇਕ ਅਖਵਾਈਆ । ਨਾ ਕੋਈ ਦੀਸੇ ਚਾਰ ਦੀਵਾਰਾ, ਮਿੱਟੀ ਗਾਰਾ ਨਾ ਕੋਇ ਲਗਾਈਆ । ਨਾ ਕੋਈ ਬਾਡੀ ਬਣਾਏ ਤਰਖਾਣਾ, ਘਾੜਤ ਆਪਣੇ ਹੱਥ ਰਖਾਈਆ । ਦੀਵਾ ਬਾਤੀ ਕਰਕੇ ਇਕ ਉਜਿਆਰਾ, ਕਮਲਾਪਾਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਈਆ । ਜਨ ਭਗਤ ਕਹਿਣ ਪ੍ਰਭ ਚਾੜ੍ਹ ਰੰਗ, ਰੰਗਣ ਇਕ ਰੰਗਾਈਆ । ਧੰਨ ਭਾਗ ਜੇ ਮਿਲਿਆ ਤੇਰਾ ਸੰਗ, ਸੰਜੋਗੀ ਬੇਪਰਵਾਹੀਆ । ਅੰਤਰ ਆਤਮ ਦੇ ਅਨੰਦ, ਅਨੰਦ ਇਕ ਵਖਾਈਆ । ਤੇਰੇ ਨਾਲ ਮਿਲ ਕੇ ਸਾਂਝਾ ਢੋਲਾ ਗਾਈਏ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਚ ਦੁਆਰ ਹਰਿ ਕਰਤਾਰ ਲਈਏ ਮੰਗ, ਬਣਕੇ ਮਾਂਗਤ ਭਿੱਖਕ ਆਪਣੀ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਦਾਤਾ ਗਹਿਰ ਗੰਭੀਰ ਅਖਵਾਈਆ । ਨਾਮ ਵਸਤ ਅਮੋਲਕ ਵੰਡ, ਆਪਣੀ ਹੱਥੀਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਜਨ ਭਗਤ ਕਹਿਣ ਵੇਖ ਕਲਜੁਗ ਆਇਆ, ਪ੍ਰਭ ਆਪਣੀ ਧਾਰ ਚਲਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਚਾਰ ਵਰਨ ਰਿਹਾ ਡਰਾਈਆ । ਚਾਰੇ ਖਾਣੀ ਹੋਏ ਹਲਕਾਇਆ, ਚਾਰੇ ਬਾਣੀ ਮਾਣ ਮਿਟਾਈਆ । ਚਾਰ ਜੁਗ ਦਾ ਲਹਿਣਾ ਦੇਣਾ ਨਜ਼ਰ ਨਾ ਆਇਆ, ਦਹਿ ਦਿਸ਼ਾ ਵੇਖਿਆ ਅੱਖ ਉਠਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਰਹੇ ਕੁਰਲਾਇਆ, ਉਚੀ ਕੂਕ ਕੂਕ ਸੁਣਾਈਆ । ਮੰਦਰ ਮਸਜਿਦ


੮੯੪
੧੭

ਸ਼ਿਵਦਵਾਲੇ ਮੱਠ ਦੇਣ ਦੁਹਾਇਆ, ਗੁਰੁਦਵਾਰ ਨਾ ਕੋਇ ਵਡਿਆਈਆ । ਸਾਚਾ ਮੇਲ ਨਾ ਕੋਇ ਮਿਲਾਇਆ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰਾ ਰੰਗ ਨਾ ਕੋਇ ਵਖਾਈਆ । ਕੋਟਨ ਕੋਟ ਸਿਫ਼ਤੀ ਨਾਮ ਜੀਵ ਜੰਤ ਰਹੇ ਗਾਇਆ, ਸਾਧ ਸੰਤ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਪ੍ਰਭੂ ਸਨਮੁਖ ਹੋ ਕੇ ਤੇਰਾ ਦਰਸ ਕਿਸੇ ਨਾ ਪਾਇਆ, ਸਵੱਛ ਸਰੂਪੀ ਨਜ਼ਰ ਕਿਸੇ ਨਾ ਆਈਆ । ਕਿਸੇ ਨੂੰ ਜੰਗਲਾਂ ਵਿਚ ਫਿਰਾਇਆ, ਕਿਸੇ ਨੂੰ ਧੂੜੀ ਖ਼ਾਕ ਰਮਾਈਆ । ਕਿਸੇ ਨੂੰ ਪਾਣੀ ਵਿਚ ਠਰਾਇਆ, ਕਿਸੇ ਨੂੰ ਅਗਨੀ ਨਾਲ ਜਲਾਈਆ । ਕਿਸੇ ਨੂੰ ਨਿਓਲੀ ਕਰਮ ਵਿਚ ਲਾਇਆ, ਕਿਸੇ ਨੂੰ ਕਰਮ ਕਾਂਡ ਦਿਤਾ ਸਮਝਾਈਆ । ਕਿਸੇ ਨੂੰ ਮਾਇਆ ਭਰਮ ਭੁਲਾਇਆ, ਕਿਸੇ ਨੂੰ ਚੱਕਰਾਂ ਵਿਚ ਚਲਾਈਆ । ਕਿਸੇ ਨੂੰ ਪੱਥਰਾਂ ਦੀ ਪੂਜਾ ਕਰਨ ਡਾਹਿਆ, ਕਿਸੇ ਨੂੰ ਸੱਥਰਾਂ ਸੇਜ ਸੁਆਈਆ । ਕਿਸੇ ਨੂੰ ਅੱਖਰਾਂ ਨਾਲ ਪੜ੍ਹਾਇਆ, ਕਿਸੇ ਨੂੰ ਵੱਖਰਾ ਰਾਹ ਬਤਾਈਆ । ਕਿਸੇ ਨੂੰ ਸਫ਼ਰਾਂ ਵਿਚ ਪਾਇਆ, ਸੇਲੀ ਟੋਪੀ ਸੀਸ ਟਿਕਾਈਆ । ਕਿਸੇ ਨੂੰ ਮੰਤਰਾਂ ਵਿਚ ਗਾਇਆ, ਕਿਸੇ ਨੂੰ ਨੇਤਰਾਂ ਨਾਲ ਕਰੀ ਕੁੜਮਾਈਆ । ਕਿਸੇ ਨੂੰ ਮੰਦਰਾਂ ਵਿਚ ਬਹਾਇਆ, ਕਿਸੇ ਨੂੰ ਜੰਗਲਾਂ ਵਿਚ ਰੁਲਾਈਆ । ਕਿਸੇ ਨੂੰ ਕੰਦਰਾਂ ਵਿਚ ਫਸਾਇਆ, ਕਿਸੇ ਨੂੰ ਚੋਟੀ ਪਰਬਤ ਟਿੱਲੇ ਦਿਤਾ ਚੜ੍ਹਾਈਆ । ਕਿਸੇ ਨੂੰ ਮੁੰਦਰਾਂ ਨਾਲ ਭਰਮਾਇਆ, ਕਿਸੇ ਦੇ ਮੁਰਲੀ ਹੱਥ ਫੜਾਈਆ । ਕਿਸੇ ਨੂੰ ਸੀਤਾ ਨਾਲ ਪਰਨਾਇਆ, ਕਿਸੇ ਨੂੰ ਜੰਗਲਾਂ ਵਿਚ ਜੁਦਾਈਆ । ਕਿਸੇ ਨੂੰ ਗੀਤਾ ਨਾਲ ਸਮਝਾਇਆ, ਕਿਸੇ ਨੂੰ ਪ੍ਰੀਤਾਂ ਵਿਚ ਮੇਲ ਮਿਲਾਈਆ । ਕਿਸੇ ਨੂੰ ਅੰਗੀਠੇ ਵਿਚ ਤਪਾਇਆ, ਕਿਸੇ ਨੂੰ ਤੱਤੀ ਲੋਹਾਂ ਉਤੇ ਟਿਕਾਈਆ । ਕਿਸੇ ਨੂੰ ਜੀਤੇ ਜੀ ਦਿਤਾ ਬਦਲਾਇਆ, ਕਿਸੇ ਨੂੰ ਰੀਤ ਆਪਣੀ ਇਕ ਸਮਝਾਈਆ । ਕਿਸੇ ਨੂੰ ਨੀਚੋ ਨੀਚ ਦਿਤਾ ਦਰਸਾਇਆ, ਕਿਸੇ ਨੂੰ ਊਚੋ ਊਚ ਨਜ਼ਰੀ ਆਈਆ । ਕਿਸੇ ਨੂੰ ਦਹਿਲੀਜ਼ਾਂ ਵਿਚ ਬਹਾਇਆ, ਕਿਸੇ ਨੂੰ ਗੋਦੀ ਰਿਹਾ ਉਠਾਈਆ । ਕਿਸੇ ਨੂੰ ਕਮੀਜ਼ਾਂ ਨਾਲ ਪਰਚਾਇਆ, ਕਿਸੇ ਨੂੰ ਨਗਨ ਕਰ ਕਰ ਓਢਨ ਸੀਸ ਨਾ ਕੋਇ ਟਿਕਾਈਆ । ਕਿਸੇ ਨੂੰ ਘਰ ਘਰ ਮੰਗਣ ਡਾਹਿਆ, ਕਿਸੇ ਨੂੰ ਦੇਵੇ ਰਿਜ਼ਕ ਸਬਾਈਆ । ਕਿਸੇ ਨੂੰ ਗੁਰ ਅਵਤਾਰ ਜਣਾਇਆ, ਕਿਸੇ ਨੂੰ ਪੀਰ ਪੈਗ਼ੰਬਰ ਦਿਤੀ ਵਡਿਆਈਆ । ਕਿਸੇ ਨੂੰ ਭਗਤ ਭਗਵਾਨ ਅਖਵਾਇਆ, ਕਿਸੇ ਨੂੰ ਸੰਤ ਸੱਜਣ ਜਣਾਈਆ । ਕਿਸੇ ਨੂੰ ਗੁਰਮੁਖ ਵੰਡ ਵੰਡਾਇਆ, ਕਿਸੇ ਨੂੰ ਗੁਰਸਿਖ ਰਾਹ ਵਖਾਈਆ । ਕਿਸੇ ਨੂੰ ਚਾਰੇ ਬਾਣੀ ਨਾਲ ਪੜ੍ਹਾਇਆ, ਕਿਸੇ ਨੂੰ ਭੰਡਾਰਾ ਵਰਤਾਵਣ ਸੇਵਾ ਲਾਈਆ । ਕਿਸੇ ਨੂੰ ਮਾਰਨ ਹਕ ਰਖਾਇਆ, ਲਏ ਦੀਬਾਣ ਆਪ ਜਣਾਈਆ । ਪ੍ਰਤਖ ਰੂਪ ਸਾਖਿਆਤ ਨਾ ਕਿਸੇ ਵਖਾਇਆ, ਆਖ਼ਰ ਸਭ ਨੂੰ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵਸਤ ਦੇ ਵਰਤਾਈਆ । ਜਨ ਭਗਤ ਕਹਿਣ ਤੈਨੂੰ ਮੰਗਦੇ ਵੇਖੇ ਅਸੰਖ, ਸੰਖਿਆ ਗਣਿਤ ਵਿਚ ਨਾ ਆਈਆ । ਤੈਨੂੰ ਲੱਭਦੇ ਪਰਮ ਹੰਸ, ਚੋਟੀਆਂ ਸੀਸ ਮੁਨਾਈਆ । ਤੈਨੂੰ ਸੰਤ ਬਣੌਂਦੇ ਕੰਤ, ਨਾਰ ਸੁਲਖਣੀ ਰੂਪ ਵਟਾਈਆ । ਤੈਨੂੰ ਮਾਲਕ ਕਹਿੰਦੇ ਜੀਵ ਜੰਤ, ਖ਼ਾਲਕ ਖ਼ਲਕ ਖ਼ੁਦਾਈਆ । ਤੇਰੇ ਦਰ ਤੇ ਬੈਠੇ ਕੋਟ ਮੰਗਤ, ਦਰ ਦਰਵੇਸ਼ ਅਲਖ ਜਗਾਈਆ । ਤੈਨੂੰ ਪੜ੍ਹਦੇ ਸਾਰੇ ਪੰਡਤ, ਵਿਦਿਆ ਨਾਲ ਦ੍ਰਿੜਾਈਆ । ਤੈਨੂੰ ਸਮਝਣ ਜੇਰਜ ਅੰਡਜ, ਉਤਭੁਜ ਸੇਤਜ ਰਿਹਾ ਸਮਾਈਆ । ਤੈਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਬੰਦਨ, ਕਰੋੜ ਤੇਤੀਸਾ ਸੀਸ ਨਿਵਾਈਆ । ਤੈਨੂੰ ਆਰਤੀ ਕਰਦੇ ਲਗਾ ਕੇ ਮੱਥੇ ਚੰਦਨ, ਤ੍ਰਿਸ਼ੂਲੀ ਰੂਪ ਵਟਾਈਆ । ਤੈਨੂੰ ਲੱਭਦੇ ਬਣ ਬਣ ਮਾਤ ਮਲੰਗਣ, ਭੱਜਣ ਵਾਹੋ ਦਾਹੀਆ । ਜਨ

ਭਗਤ ਤੈਨੂੰ ਘਰ ਆਪਣੇ ਸੱਦਣ, ਪ੍ਰਭੂ ਬਾਹਰ ਖੋਜਣ ਕੋਇ ਨਾ ਜਾਈਆ । ਤੂੰ ਆ ਕੇ ਵੇਖ ਭਗਤਾਂ ਦਾ ਗਗਨ, ਜੋ ਕਾਇਆ ਮੰਦਰ ਅੰਦਰ ਦਿਤਾ ਟਿਕਾਈਆ । ਜਿਸ ਭੂਮਿਕਾ ਰਹੇਂ ਮਗਨ, ਮਗਧ ਦੇਸ ਉਹ ਅਖਵਾਈਆ । ਦੀਪਕ ਨਿਰਾਲੇ ਅਗੰਮੀ ਜਗਣ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਤੇਰਾ ਰੂਪ ਸਰੂਪ ਅਨੂਪ ਮੂਰਤ ਮਦਨ, ਪੰਜ ਤਤ ਬਦਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਫੇਰਾ ਪਾਈਆ । ਜਨ ਭਗਤ ਕਹੇ ਤੈਨੂੰ ਘਰ ਮੰਗਾਉਂਣਾ, ਇਕੋ ਓਟ ਰਖਾਈਆ । ਪ੍ਰੇਮ ਪਿਆਰ ਦਾ ਵਾਸਤਾ ਪੌਣਾ, ਬਿਰਹੋਂ ਤੀਰ ਚਲਾਈਆ । ਆਹਿਸਤਾ ਆਹਿਸਤਾ ਤੇਰਾ ਪੰਧ ਮੁਕਾਉਣਾ, ਵਾਸਤਾ ਤੇਰੇ ਨਾਲ ਜੁੜਾਈਆ । ਸਿਮਰਤ ਸ਼ਾਸਤਰਾਂ ਪੰਧ ਮਕੌਣਾ, ਗਾਇਤਰੀ ਮੰਤਰ ਨਾ ਕੋਇ ਵਡਿਆਈਆ । ਨਾਮ ਗਾਤਰਾ ਇਕੋ ਪੌਣਾ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਪ੍ਰਿਥਮੀ ਆਕਾਸ਼ ਦਾ ਡੇਰਾ ਢੌਣਾ, ਗਗਨ ਗਗਨੰਤਰ ਵੇਖ ਵਖਾਈਆ । ਸਮਰਥ ਸਵਾਮੀ ਤੇਰਾ ਦਰਸ਼ਨ ਪੌਣਾ, ਦੂਜਾ ਇਸ਼ਟ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਪੂਰਬ ਦੇ ਚੁਕਾਈਆ । ਜਨ ਭਗਤ ਕਹੇ ਤੂੰ ਮੇਰਾ ਮਕਰੂਜ਼, ਕਰਜ਼ੇਦਾਰ ਅਖਵਾਈਆ । ਸਾਡਾ ਅਸਲ ਨਾਲ ਦੇਦੇ ਹੁਣ ਸੂਦ, ਲੇਖਾ ਸਭ ਦਾ ਝੋਲੀ ਪਾਈਆ । ਭਗਤ ਵੀ ਹਾਜ਼ਰ ਭਗਵਾਨ ਵੀ ਮੌਜੂਦ, ਦੋਹਾਂ ਜੁੜਿਆ ਜੋੜਾ ਇਕੋ ਥਾਈਂਆ । ਦੋਹਾਂ ਦੀ ਸਾਂਝੀ ਬਣੀ ਹਦੂਦ, ਵੰਡਣ ਵੰਡ ਨਾ ਕੋਈ ਵੰਡਾਈਆ । ਮੈਂ ਨਫ਼ਰ ਤੂੰ ਮਾਲਕ ਮੇਰਾ ਮਹਿਬੂਬ, ਮੰਜ਼ਲੇ ਮਕਸੂਦ ਚੜ੍ਹਕੇ ਆਪਣਾ ਪੰਧ ਮੁਕਾਈਆ । ਤੇਰੇ ਦਰ ਤੇ ਦੇਵਾਂ ਸਚ ਸਬੂਤ, ਸਬਰ ਨਾਲ ਸਮਝਾਈਆ । ਠਾਕਰ ਤੇਰੇ ਪ੍ਰੇਮ ਪਿਆਰ ਅੰਦਰ ਭਗਤ ਗਏ ਝੂਜ, ਝੁਕ ਝੁਕ ਆਪਣਾ ਸੀਸ ਨਿਵਾਈਆ । ਵਿਚੋਂ ਕੱਢਕੇ ਦਵੈਤੀ ਦੂਜ, ਦੂਏ ਨਾਲ ਸਿਫ਼ਰਾ ਦਿਤਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਇਕ ਸਮਝਾਈਆ । ਜਨ ਭਗਤ ਕਹਿਣ ਕੀ ਤੈਨੂੰ ਖ਼ਤਰਾ, ਪ੍ਰਭ ਸਚ ਦੇ ਸਮਝਾਈਆ । ਤੇਰੇ ਨੂਰ ਦਾ ਇਕੋ ਕਤਰਾ, ਕਾਤਲ ਮਕਤੂਲ ਪਾਰ ਕਰਾਈਆ । ਤੇਰੇ ਨਾਮ ਦਾ ਇਕੋ ਪਤਰਾ, ਬਿਨ ਹਰਫ਼ਾਂ ਨਜ਼ਰੀ ਆਈਆ । ਤੇਰੇ ਨਾਮ ਦਾ ਇਕੋ ਅੱਖਰਾ, ਨਿਰਅੱਖਰ ਰਿਹਾ ਜਣਾਈਆ । ਤੇਰੇ ਨੁਹਾਰ ਦਾ ਅਨੋਖਾ ਨਖ਼ਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੇਰੇ ਪ੍ਰੇਮ ਪਿਆਰ ਦਾ ਸੋਹਣਾ ਸਥਰਾ, ਗੋਬਿੰਦ ਗਿਆ ਹੰਢਾਈਆ । ਤੇਰਾ ਧਾਮ ਨਿਰਾਲਾ ਵੱਖਰਾ, ਸਚਖੰਡ ਸੋਭਾ ਪਾਈਆ । ਜਿਥੇ ਕੋਈ ਭੇਟਾ ਦੇਣਾ ਪਏ ਨਾ ਬਕਰਾ ਛਤਰਾ, ਵੱਢੀ ਖੋਰ ਨਾ ਕੋਇ ਅਖਵਾਈਆ । ਪੰਡਤ ਪਾਂਧਾ ਮੁੱਲਾ ਸ਼ੇਖ਼ ਮੁਸਾਇਕ ਕੋਈ ਪੜ੍ਹਾਈ ਕਰੇ ਨਾ ਵਿਚ ਸਤਰਾਂ, ਕਲਮ ਸ਼ਾਹੀ ਨਾ ਕੋਇ ਲਿਖਾਈਆ । ਜਨ ਭਗਤ ਕਹੇ ਪ੍ਰਭ ਲੈ ਜਾ ਓਸ ਵਤਨਾ, ਜਿਸ ਵਤਨ ਦਾ ਮਾਲਕ ਤੂੰ ਅਖਵਾਈਆ । ਸਾਡਾ ਚਲੇ ਕੋਈ ਨਾ ਯਤਨਾ, ਯਾਤਰੂ ਤੇਰੇ ਦਰ ਤੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਦ ਵਡਿਆਈ ਦੇਵੇ ਭਗਵੰਤ, ਜਨ ਭਗਤਾਂ ਮਾਣ ਰਖਾਇੰਦਾ । ਲੇਖਾ ਜਾਣ ਜੁਗਾਂ ਜੁਗੰਤ, ਜੁਗ ਚੌਕੜੀ ਭੇਵ ਖੁਲ੍ਹਾਇੰਦਾ । ਸਤਿ ਧਰਮ ਬਣਾ ਕੇ ਬਣਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਨਿਵਣ ਸੁ ਅੱਖਰ ਇਕ ਪੜ੍ਹਾਇੰਦਾ । ਨਾਤਾ ਤੁੜਾ ਕੇ ਸਵਰਗ ਬਹਿਸ਼ਤ ਜੰਨਤ, ਚਰਨ ਕਵਲ ਇਕ ਸਮਝਾਇੰਦਾ । ਲੇਖ ਮੁਕਾ ਕੇ ਉੱਤਰ ਪੂਰਬ ਪੱਛਮ ਦੱਖਣ ਸਿਮਤ, ਸਿਰਫ਼ ਇਕੋ ਰਾਹ

ਜਣਾਇੰਦਾ । ਜਨ ਭਗਤੋ ਤੁਹਾਡੀ ਅਗੰਮੀ ਸਿਫ਼ਤ, ਅਬਿਨਾਸ਼ੀ ਕਰਤਾ ਆਪੇ ਗਾਇੰਦਾ । ਜਿਸ ਦੇ ਪ੍ਰੇਮ ਪਿਆਰ ਅੰਦਰ ਹੋਇਆ ਗਰਿਫ਼ਤ, ਪੱਲੂ ਅਵਰ ਨਾ ਕੋਇ ਛੁਡਾਇੰਦਾ । ਨਾਤਾ ਤੋੜ ਕੇ ਸਾਰੀ ਸ੍ਰਿਸ਼ਟ, ਜਨ ਭਗਤਾਂ ਮੇਲ ਮਿਲਾਇੰਦਾ । ਕਾਇਆ ਮੰਦਰ ਖੋਲ ਕੇ ਦ੍ਰਿਸ਼ਟ, ਦ੍ਰਿਸ਼ਟੀ ਆਪਣੀ ਇਕੋ ਪਾਇੰਦਾ । ਆਤਮ ਪਰਮਾਤਮ ਮਿਲ ਕੇ ਮਾਣੇ ਸਾਚਾ ਗ੍ਰਿਹਸਤ, ਆਸ਼ਰਮ ਇਕੋ ਇਕ ਜਣਾਇੰਦਾ । ਜਨ ਭਗਤ ਸਦਾ ਰਹੇ ਨਿਸਚਿੰਤ, ਚਿੰਤਾ ਰੋਗ ਸਰਬ ਗਵਾਇੰਦਾ । ਪੁਰਖ ਅਕਾਲ ਸਾਚਾ ਪਿਤ, ਪਤਿਪਰਮੇਸ਼ਵਰ ਗੋਦ ਉਠਾਇੰਦਾ । ਏਥੇ ਓਥੇ ਦੋ ਜਹਾਨ ਕਰੇ ਹਿਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਧੁਰ ਦਾ ਲੇਖਾ ਦੇਵੇ ਲਿਖ, ਪਿਛਲਾ ਅਗਲਾ ਲਹਿਣਾ ਝੋਲੀ ਪਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਹਿਤ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਅਬਿਨਾਸ਼ੀ ਕਰਤਾ ਵਸੇ ਚਿਤ, ਚੇਤਨ ਸੁਰਤੀ ਆਪ ਉਠਾਇੰਦਾ । ਕਰਵਟ ਲੈ ਬਦਲੇ ਪਿਠ, ਸਨਮੁਖ ਆਪਣਾ ਰੂਪ ਧਰਾਇੰਦਾ । ਜਨਮ ਕਰਮ ਦਾ ਲਹਿਣਾ ਲਏ ਨਜਿਠ, ਲੇਖਾ ਧੁਰ ਦਾ ਝੋਲੀ ਪਾਇੰਦਾ । ਕਰ ਕੇ ਖੇਲ ਪ੍ਰਭੂ ਅਨਡਿਠ, ਅਨਡਿਠੀ ਕਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਚਾਰ ਕੁੰਟ, ਕੁੰਡਾ ਖਿੜਕੀ ਆਪ ਖੁਲ੍ਹਾਈਆ । ਮਿਹਰਵਾਨ ਹੋ ਨਿਵਾਸੀ ਬੈਕੁੰਠ, ਦਹਿ ਦਿਸ਼ਾ ਫੋਲ ਫੁਲਾਈਆ । ਲੇਖਾ ਜਾਣੇ ਜਿਨ੍ਹਾਂ ਕਰਾਈ ਸੁਨਤ, ਮੁੰਡ ਮੁੰਡਾਏ ਖੋਜ ਖੁਜਾਈਆ । ਕੇਸਾ ਧਾਰੀ ਦੱਸੇ ਮੁਲਕ, ਮਾਲਕ ਬੇਪਰਵਾਹੀਆ । ਜੋ ਆਪਣੀ ਧਾਰੋਂ ਪਰਤ ਕੇ ਆਇਆ ਉਲਟ, ਉਲਟੀ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੱਥ ਰਖਾਏ ਪੁਸ਼ਤ, ਪਨਾਹ ਇਕੋ ਘਰ ਵਖਾਈਆ । ਸਾਚੇ ਘਰ ਦੇਵੇ ਪਨਾਹ, ਮਿਹਰਵਾਨ ਨਜ਼ਰ ਟਿਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਧੁਆਈਆ । ਸਾਚਾ ਮੰਤਰ ਸੁਣਾ ਕੇ ਨਾਂ, ਨਾਉਂ ਨਿਰੰਕਾਰ ਦਿਤਾ ਦ੍ਰਿੜਾਈਆ । ਸਾਚਾ ਖੇੜਾ ਵਸਾਕੇ ਗਰਾਮ, ਸਾਢੇ ਤਿੰਨ ਹੱਥ ਖ਼ੁਸ਼ੀ ਵਖਾਈਆ । ਨੌਂ ਦਵਾਰੇ ਕਰ ਇੰਤਜਾਮ, ਨੌਂ ਰਸ ਬੈਠੇ ਡੇਰਾ ਢਾਹੀਆ । ਧੁਰ ਦਾ ਦੇ ਕੇ ਇਕ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਜਨ ਭਗਤ ਕਹੇ ਪ੍ਰਭ ਤੇਰੀ ਤਰਨੀ ਤਰਨਾ, ਤਰਲ ਜਵਾਨੀ ਤੇਰੀ ਝੋਲੀ ਪਾਈਆ । ਤੇਰੇ ਦਵਾਰੇ ਹਰਿ ਜੂ ਮਰਨਾ, ਬੌਹੜ ਮਰਨ ਨਾ ਕੋਇ ਰਖਾਈਆ । ਤੇਰੇ ਦਵਾਰੇ ਅੰਤਰ ਵੜਨਾ, ਬਾਹਰੋਂ ਪੰਧ ਮੁਕਾਈਆ । ਤੇਰੇ ਮੰਦਰ ਸਾਚੇ ਚੜ੍ਹਨਾ, ਸੋਹਣੀ ਸੇਜ ਸੁਹਾਈਆ । ਤੇਰਾ ਢੋਲਾ ਨਾਮ ਇਕੋ ਪੜ੍ਹਨਾ, ਸੋਹੰ ਰਾਗ ਅਲਾਈਆ । ਨਾਤਾ ਤੋੜ ਕੇ ਵਰਨਾਂ ਬਰਨਾਂ, ਸਾਚੀ ਸਰਨ ਇਕ ਰਖਾਈਆ । ਨੇਤਰ ਖੋਲ੍ਹ ਕੇ ਹਰਨਾ ਫਰਨਾ, ਨਿਜ ਘਰ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲਿਆ ਮੇਲ ਨਾ ਹੋਏ ਜੁਦਾਈਆ । ਜੁਦਾਈ ਜਗਤ ਗਵਾਵਾਂਗਾ । ਜਨ ਭਗਤ ਵਡਿਆਈ ਇਕ ਰਖਾਵਾਂਗਾ । ਘਰ ਸਾਚੇ ਕਰ ਕੁੜਮਾਈ, ਖ਼ੁਸ਼ੀ ਇਕ ਪਰਗਟਾਵਾਂਗਾ । ਗ੍ਰਿਹਿ ਮੰਦਰ ਵੱਜੇ ਵਧਾਈ, ਅਗੰਮੀ ਰਾਗ ਸੁਣਾਵਾਂਗਾ । ਲੇਖਾ ਜਾਣ ਕੇ ਥਾਉਂ ਥਾਈਂ, ਰਾਤੀਂ ਸੁਤਿਆਂ ਆਪ ਉਠਾਵਾਂਗਾ । ਕਰਾਂ ਪਿਆਰ ਜਿਉਂ ਪੁੱਤਰਾਂ ਮਾਈ, ਪੂਤ ਸਪੂਤ ਗਲੇ ਲਗਾਵਾਂਗਾ । ਚਾਰ ਵਰਨ ਦਿਆਂ ਵਡਿਆਈ, ਝੀਵਰ ਛੀਂਬੇ ਨਾਈ ਆਪਣੇ ਰੰਗ ਰੰਗਾਵਾਂਗਾ । ਕਰ ਕੇ ਖੇਲ ਬੇਪਰਵਾਹੀ, ਬੇਪਰਵਾਹੀ ਵਿਚ ਸਮਾਵਾਂਗਾ । ਜਨ ਭਗਤਾਂ ਸਾਚੇ ਮੰਦਰ ਦਿਆਂ ਬਹਾਈ, ਬਹਿ ਕੇ ਆਪਣਾ ਦਰਸ ਦਿਖਾਵਾਂਗਾ । ਜਿਥੋਂ

ਸਕੇ ਨਾ ਕੋਇ ਹਿਲਾਈ, ਹਾਲਤ ਸਭ ਦੀ ਵੇਖ ਵਖਾਵਾਂਗਾ । ਜਨ ਭਗਤੋ ਤੁਹਾਡੀ ਝੱਲਾਂ ਨਾ ਜੁਦਾਈ, ਜੁਦਾ ਰੂਪ ਨਾ ਕੋਈ ਵਟਾਵਾਂਗਾ । ਜੈਂਹ ਵੇਖੋ ਤੈਂਹ ਹੋਵਾਂ ਸਹਾਈ, ਉਗਣ ਆਥਣ ਖੇਲ ਕਰਾਵਾਂਗਾ । ਲਿਖਿਆ ਲੇਖ ਕੋਈ ਨਾ ਮੇਟੇ ਰਾਈ, ਰਈਅਤ ਦੋ ਜਹਾਨ ਬਣਾਵਾਂਗਾ । ਕੂੜਾ ਰਹੇ ਨਾ ਕੋਇ ਕਸਾਈ, ਕਜ਼ਲ ਅਜ਼ਲ ਸਭ ਦੇ ਨਾਲ ਪਰਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਭਗਤ ਕਹਿਣ ਪ੍ਰਭ ਨਾ ਦੇ ਲਾਰਾ, ਇਕੋ ਵਾਰ ਸੁਣਾਈਆ । ਤੈਨੂੰ ਲੱਭਦੇ ਰਹੇ ਜੁਗ ਚਾਰਾ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਅਠਾਰਾਂ ਮਿਲਿਆ ਤੇਰਾ ਸਹਾਰਾ, ਅੱਠ ਦਸ ਕਰੀ ਕੁੜਮਾਈਆ । ਗੁਰੂ ਦਸ ਕੀਤਾ ਪਿਆਰਾ, ਨੱਸ ਨੱਸ ਪੰਧ ਮੁਕਾਈਆ । ਈਸਾ ਮੂਸਾ ਮੁਹੰਮਦ ਕਰ ਉਜਿਆਰਾ, ਰਮਜ਼ ਇਕੋ ਇਕ ਲਗਾਈਆ । ਨਾਤਾ ਜੋੜ ਤੇਈ ਅਵਤਾਰਾ, ਨਿਰਗੁਣ ਸਰਗੁਣ ਮਾਣ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਭੰਡਾਰਾ, ਵਸਤ ਅਮੋਲਕ ਝੋਲੀ ਪਾਈਆ । ਸ਼ਬਦੀ ਸੁਤ ਕਰ ਪਿਆਰਾ, ਥਿਰ ਘਰ ਸਾਚੇ ਦਿਤਾ ਟਿਕਾਈਆ । ਸਚਖੰਡ ਸਚ ਮਨਾਰਾ, ਅਸਥਿਲ ਦਵਾਰਾ ਲਿਆ ਬਣਾਈਆ । ਦੀਵਾ ਜਗਾ ਕੇ ਅਗੰਮ ਅਪਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਹੋ ਜਾਈਆ । ਸੀਸ ਜਗਦੀਸ ਤਾਜ ਅਪਾਰਾ, ਤਖ਼ਤ ਨਿਵਾਸੀ ਸੋਭਾ ਪਾਈਆ । ਹੁਕਮੇ ਅੰਦਰ ਕਰ ਵਰਤਾਰਾ, ਹੁਕਮੀ ਹੁਕਮ ਫਿਰਾਈਆ । ਕਾਗਦ ਕਲਮ ਨਾ ਲਿਖਣਹਾਰਾ, ਸਾਰੇ ਬੈਠੇ ਮੁਖ ਭੁਆਈਆ । ਜਨ ਭਗਤ ਕਹਿਣ ਪ੍ਰਭ ਤੇਰੇ ਮਿਲਣ ਦਾ ਉਹ ਇਸ਼ਾਰਾ, ਜਿਸ ਨੂੰ ਅਸ਼ ਅਸ਼ ਕਰਕੇ ਸਾਰੇ ਰਹੇ ਗਾਈਆ । ਤੈਨੂੰ ਮਿਲ ਕੇ ਕਬੀਰ ਜੁਲਾਹੇ ਤੇਰਾ ਸ਼ੁਕਰ ਗੁਜ਼ਾਰਾ, ਰਵਿਦਾਸ ਚਮਾਰਾ ਤੇਰਾ ਰੰਗ ਰੰਗਾਈਆ । ਤੂੰ ਸਦਾ ਸੁਹੇਲਾ ਭਗਤਾਂ ਪਿਆਰਾ, ਗੁਰ ਚੇਲਾ ਮੇਲ ਮਿਲਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਨਿਰਵੈਰ ਦਿਤਾ ਕਰਾਈਆ । ਪ੍ਰੀਤਮ ਹੋ ਕੇ ਮਿਲ ਸੱਚੇ ਦਿਲਦਾਰਾ, ਦਿਲ ਦੀ ਆਸ ਪੂਰ ਕਰਾਈਆ । ਵਾਹਿਦ ਨੂਰ ਤੇਰਾ ਉਜਿਆਰਾ, ਇਕ ਇਕੱਲਾ ਆਦਿ ਜੁਗਾਦਿ ਅਖਵਾਈਆ । ਜਨ ਭਗਤ ਤੇਰੇ ਚਰਨ ਕਰੇ ਨਿਮਸਕਾਰਾ, ਦੂਸਰ ਸੀਸ ਨਾ ਕਿਸੇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰ ਰੁਸ਼ਨਾਈਆ । ਜਾਗਰਤ ਜੋਤ ਕਰ ਉਜਾਲਾ, ਕਲ ਅੰਧੇਰ ਮਿਟਾਈਆ । ਕਿਰਪਾ ਕਰ ਹਰਿ ਗੋਪਾਲਾ, ਗੋਪੀਆਂ ਵਾਲਾ ਕਾਹਨ ਧਿਆਨ ਲਗਾਈਆ । ਭਗਤ ਦਵਾਰਾ ਵੇਖ ਸੱਚੀ ਧਰਮਸਾਲਾ, ਮਹੱਲ ਅਟਲ ਵੱਜੇ ਵਧਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਨ ਜੁਗਤ ਦੇ ਬਦਲਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਦ ਵਸੇ ਨਾਲਾ, ਵਿਛੜ ਕਦੇ ਨਾ ਜਾਈਆ । ਆ ਕੇ ਵੇਖ ਮੁਰੀਦਾਂ ਹਾਲਾ, ਮੁਰਸ਼ਦ ਫੇਰਾ ਪਾਈਆ । ਜਨ ਭਗਤ ਤੇਰੇ ਅੰਞਾਣੇ ਬਾਲ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਤੂੰ ਆ ਕੇ ਸੁਰਤ ਸੰਭਾਲ, ਸੁਰਤੀ ਸ਼ਬਦ ਮਿਲਾਈਆ । ਤੇਰਾ ਲੇਖਾ ਸ਼ਾਹ ਕੰਗਾਲ, ਕੋੜ੍ਹੇ ਕਮਲੇ ਗਲੇ ਲਗਾਈਆ । ਤੂੰ ਦੋ ਜਹਾਨਾਂ ਬਣ ਦਲਾਲ, ਅਦਾਲਤ ਇਕੋ ਇਕ ਲਗਾਈਆ । ਤੇਰਾ ਨਾਉਂ ਸ੍ਰੀ ਭਗਵਾਨ, ਭਗਵਨ ਹਿੱਸਾ ਸਭ ਦਾ ਝੋਲੀ ਪਾਈਆ । ਤੂੰ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਤੇਰੇ ਭਗਤ ਤੇਰਾ ਮੰਗਣ ਦਰਸ ਮਹਾਨ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਲੇਖਾ ਆਪਣੇ ਵਿਚ ਰਖਾਈਆ । ਸ੍ਰੀ ਭਗਵਾਨ ਆਪ ਜਣੌਂਦਾ ਏ । ਜਨ ਭਗਤਾਂ ਆਖ ਸੁਣੌਂਦਾ ਏ । ਸਾਚੀ ਰੰਗਤ ਨਾਮ ਚੜ੍ਹੌਂਦਾ ਏ । ਪਾਂਧਿਆਂ

ਪੰਡਤਾਂ ਕੋਲੋਂ ਪੱਲੂ ਛਡੌਂਦਾ ਏ । ਸਾਚੀ ਸੰਗਤਾਂ ਵਿਚ ਮਿਲੌਂਦਾ ਏ । ਕਿਸੇ ਦਰ ਹੋਣ ਨਾ ਦੇਵੇ ਮੰਗਤਾ, ਪ੍ਰੇਮੀ ਭੁਖਿਆਂ ਆਪ ਰਜੌਂਦਾ ਏ । ਗੜ੍ਹ ਤੋੜ ਕੇ ਹਉਮੇ ਹੰਗਤਾ, ਪ੍ਰੇਮ ਪ੍ਰੀਤੀ ਇਕ ਸਿਖੌਂਦਾ ਏ । ਦਰਸ ਦਖਾ ਕੇ ਬਹੁ ਬਿਧ ਅਨੰਤਾ, ਅਕਲ ਕਲ ਧਾਰੀ ਆਪਣੀ ਕਲ ਵਰਤੌਂਦਾ ਏ । ਦੀਨ ਦਿਆਲ ਹੋ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੀ ਇਕ ਵਖੌਂਦਾ ਏ । ਮਾਲਕ ਬਣ ਕੇ ਗੁਜਰੀ ਚੰਦ ਦਾ, ਚੰਦ ਚਾਂਦਨਾ ਆਪ ਚਮਕੌਂਦਾ ਏ । ਲੇਖਾ ਮੁਕਾ ਕੇ ਜੇਰਜ ਅੰਡ ਦਾ, ਉਤਭੁਜ ਸੇਤਜ ਪਾਰ ਕਰੌਂਦਾ ਏ । ਭੇਵ ਖੁਲ੍ਹਾ ਕੇ ਆਪਣੇ ਛੰਦ ਦਾ, ਸ਼ਮਾਂ ਬੁਝੀ ਫੇਰ ਜਗੌਂਦਾ ਏ । ਜਨ ਭਗਤਾਂ ਵੇਲਾ ਸੁਹਾਏ ਆਤਮ ਅਨੰਦ ਦਾ, ਪਰਮਾਤਮ ਜੋੜ ਜੁੜੌਂਦਾ ਏ । ਪੜਦਾ ਲਾਹ ਕੇ ਦਵੈਤੀ ਕੰਧ ਦਾ, ਆਪਣਾ ਮੁਖ ਵਖੌਂਦਾ ਏ । ਲੇਖਾ ਚੁਕਾ ਕੇ ਕੂੜੀ ਕਿਰਿਆ ਗੰਦ ਦਾ, ਅੱਖਰ ਨਾਮ ਪੜ੍ਹੌਂਦਾ ਏ । ਮਾਣ ਗਵਾ ਕੇ ਢੋਲਕ ਮਰਦੰਗ ਦਾ, ਅਨਹਦ ਰਾਗ ਸੁਣੌਂਦਾ ਏ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲਾ ਪਾਰ ਲੰਘਦਾ, ਜਿਸ ਸਿਰ ਆਪਣਾ ਹੱਥ ਟਿਕੌਂਦਾ ਏ । ਇਹ ਆਦਿ ਜੁਗਾਦੀ ਖੇਲ ਸੂਰੇ ਸਰਬੰਗ ਦਾ, ਜਨ ਭਗਤਾਂ ਵੇਖ ਵਖੌਂਦਾ ਏ । ਨਾਤਾ ਜੋੜ ਕੇ ਆਪਣੇ ਅੰਗ ਦਾ, ਅੰਗੀਕਾਰ ਕਰੌਂਦਾ ਏ । ਇਸ਼ਨਾਨ ਬਖ਼ਸ਼ ਕੇ ਸਾਚੀ ਗੰਗ ਦਾ, ਚਰਨ ਧੂੜ ਨਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਲੋਚਣ ਅੱਖ ਖੁਲੌਂਦਾ ਏ । ਨੇਤਰ ਲੋਚਣ ਅੱਖ ਕਹੇ ਮੈਂ ਖੁਲ੍ਹੀ, ਭਗਤਾਂ ਅੰਦਰ ਡੇਰਾ ਲਾਈਆ । ਸੋਹਣੀ ਲੱਗੇ ਸਾਢੇ ਤਿੰਨ ਹੱਥ ਦੀ ਕੁਲੀ, ਜਿਸ ਵਿਚ ਪ੍ਰਭ ਨੇ ਆਪਣੀ ਕੁਲ ਉਪਜਾਈਆ । ਭਗਤਾਂ ਨਾਲ ਮਿਲ ਕੇ ਹੋਈ ਬਹੁਮੁੱਲੀ, ਮੇਰੀ ਕੀਮਤ ਨਾ ਕੋਇ ਚੁਕਾਈਆ । ਮੈਨੂੰ ਗੌਂਣਾ ਹੁਣ ਕਿਸੇ ਨਹੀਂ ਬੁੱਲ੍ਹੀਂ, ਰਸਨਾ ਨਾਲ ਸਾਲਾਹੀਆ । ਮੈਨੂੰ ਓਢਣ ਦੇਣਾ ਨਹੀਂ ਕਿਸੇ ਕੋਈ ਜੁੱਲੀ, ਤਕੀਆ ਲੇਫ਼ ਨਿਹਾਲੀ ਨਜ਼ਰ ਕੋਇ ਨਾ ਆਈਆ । ਜਿਸ ਤੋਂ ਵਿਛੜ ਕੇ ਰਹੀ ਭੁੱਲੀ, ਅੰਤਮ ਓਸੇ ਲਿਆ ਮਿਲਾਈਆ । ਮੈਂ ਖ਼ੁਸ਼ੀਆਂ ਅੰਦਰ ਫੁੱਲੀ, ਦੁਗਣੀ ਚੌਗੁਣੀ ਹੋ ਕੇ ਨਜ਼ਰੀ ਆਈਆ । ਮੇਰੇ ਨੇਤਰਾਂ ਵਿਚੋਂ ਪ੍ਰੇਮ ਦੀ ਧਾਰ ਇਕੋ ਡੁੱਲ੍ਹੀ, ਜੇਹੜੀ ਸਮੁੰਦ ਸਾਗਰਾਂ ਵਿਚੋਂ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਅੰਮ੍ਰਿਤ ਧਾਰ ਕਹੇ ਮੈਂ ਬੂੰਦ ਸਵਾਂਤੀ, ਮੇਰੀ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਮੈਂ ਵੇਖਾਂ ਮਾਰ ਝਾਤੀ, ਝਰੋਖਾ ਆਪਣਾ ਇਕ ਖੁਲ੍ਹਾਈਆ । ਮੇਰੀ ਸਮਝ ਨਾ ਆਈ ਕਿਸੇ ਨੂੰ ਤਾਕੀ, ਪੜਦਾ ਸਕੇ ਨਾ ਕੋਇ ਉਠਾਈਆ । ਮੇਰੇ ਕੋਲ ਸਭ ਦਾ ਲਹਿਣਾ ਬਾਕੀ, ਲੱਖ ਚੁਰਾਸੀ ਦਿਆਂ ਜਣਾਈਆ । ਮੈਂ ਵੇਖਾਂ ਮਾਣਸ ਮਨੁੱਖ ਤਨ ਖ਼ਾਕੀ, ਪੰਜਾਂ ਤੱਤਾਂ ਫੋਲ ਫੁਲਾਈਆ । ਮੇਰੇ ਕੋਲ ਜੋਤ ਨੁਰਾਨੀ ਬਾਤੀ, ਬਾਤਨ ਜ਼ਾਹਰ ਕਰਾਂ ਰੁਸ਼ਨਾਈਆ । ਮੇਰਾ ਸੰਗੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਮੈਂ ਉਸ ਦੀ ਗਾਥਾ ਗਾਵਾਂ ਬਾਤੀਂ, ਵਾਤਾਵਰਨ ਦਿਆਂ ਜਣਾਈਆ । ਜਿਸ ਵੇਲੇ ਜਨ ਭਗਤਾਂ ਕੋਲ ਸੁਤਿਆਂ ਜਾਵੇ ਰਾਤੀਂ, ਰੰਗ ਰਤੜਾ ਸੱਚਾ ਮਾਹੀਆ । ਹੌਲੀ ਜੇਹੀ ਖੋਲ੍ਹ ਕੇ ਅੰਦਰੋਂ ਤਾਕੀ, ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਤਾਕੀ ਕਹੇ ਮੇਰਾ ਕੋਈ ਨਾ ਜਾਣੇ ਕੁੰਡਾ, ਕੁੰਡਲੀਆਂ ਸਾਰੇ ਰਹੇ ਪਾਈਆ । ਪੁਰਖ ਅਬਿਨਾਸ਼ੀ ਇਕੋ ਮੁੰਡਾ, ਬਿਰਧ ਬਾਲ ਨਾ ਰੂਪ ਵਟਾਈਆ । ਬਿਨ ਭਗਤਾਂ ਕਿਸੇ ਨਾਲ ਕਦੇ ਨਾ ਕੂੰਦਾ, ਸਨਮੁਖ ਹੋ ਨਾ ਦਰਸ ਕਰਾਈਆ । ਲੱਭਿਆਂ ਹੱਥ ਨਾ ਆਵੇ ਢੂੰਡਾ, ਢੂੰਡ ਢੂੰਡ ਥੱਕੀ ਜਗਤ ਲੋਕਾਈਆ । ਜੁਗ ਚੌਕੜੀ ਪ੍ਰਭੂ ਰਿਹਾ ਗੂੰਗਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ

ਕੀਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮਸਤਕ ਭਾਗ ਲਗਾਈਆ । ਸਿਰ ਮਸਤਕ ਲੱਗਾ ਭਾਗ, ਭਗਤ ਮਿਲੇ ਵਡਿਆਈਆ । ਘਰ ਦੀਪਕ ਜਗੇ ਚਰਾਗ਼, ਚਾਰ ਕੁੰਟ ਰੁਸ਼ਨਾਈਆ । ਨਿਰਗੁਣ ਸਰਗੁਣ ਦਰਸ਼ਨ ਦੇ ਕੇ ਆਪ, ਆਪਣਾ ਮੇਲ ਮਿਲਾਈਆ । ਪਿਤਾ ਪੁਰਖ ਅਕਾਲ ਬਣ ਕੇ ਬਾਪ, ਸੰਤ ਸੁਹੇਲੇ ਗੋਦ ਉਠਾਈਆ । ਜਿਨ੍ਹਾਂ ਸੋਹੰ ਜਪਿਆ ਜਾਪ, ਕੋਟਨ ਪਾਪ ਗਏ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਸਾਥ, ਸਗਲਾ ਸੰਗ ਨਿਭਾਈਆ । ।

✪ ੫ ਮੱਘਰ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਹਰਿ ਸੱਜਣ ਸਵਾਮੀ ਠਾਕਰ ਮੇਰੇ, ਜਨ ਭਗਤ ਰਹੇ ਜਣਾਈਆ । ਅਬਿਨਾਸ਼ੀ ਕਰਤੇ ਆ ਵਸ ਨੇੜੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਸਚ ਦਵਾਰੇ ਕਾਇਆ ਮੰਦਰ ਅੰਦਰ ਲਾ ਕੇ ਡੇਰੇ, ਦੂਰ ਦੁਰਾਡਾ ਪੰਧ ਮੁਕਾਈਆ । ਜੁਗ ਚੌਕੜੀ ਕੋਟਨ ਕਾਲ ਬੀਤੇ ਬਥੇਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਮਾਰਕੇ ਵੇਖੇ ਗੇੜੇ, ਪੁਰੀ ਲੋਅ ਆਕਾਸ਼ ਧਿਆਨ ਲਗਾਈਆ । ਆਦਿ ਜੁਗਾਦਿ ਤੇਰਾ ਖੇਲ ਕੋਈ ਨਾ ਜਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਜਨ ਭਗਤ ਕਹੇ ਪ੍ਰਭ ਸਾਹਿਬ ਸੱਚੇ, ਸਚ ਤੇਰੀ ਵਡਿਆਈਆ । ਲੋਕਮਾਤ ਜਗਤ ਨੇਤਰ ਪੰਜ ਤਤ ਕਿਸੇ ਨਾ ਲੱਭੇ, ਲੱਖ ਚੁਰਾਸੀ ਸਾਰ ਕੋਇ ਨਾ ਪਾਈਆ । ਜਗਤ ਵੈਰਾਗੀ ਖੋਜਣ ਸ਼ਿਵਦਵਾਲੇ ਮੱਠੇ, ਮੰਦਰ ਮਸੀਤ ਧਿਆਨ ਲਗਾਈਆ । ਗੁਰੂਦਵਾਰੇ ਫਿਰਨ ਨੱਠੇ, ਤੀਰਥ ਅਠਸਠੇ ਵਾਹੋ ਦਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੇ, ਜਗਤ ਵਿਦਿਆ ਕਰ ਪੜ੍ਹਾਈਆ । ਨੇਤਰ ਖੋਲ੍ਹ ਵੇਖਣ ਮੱਕੇ, ਕਾਅਬਿਆਂ ਵੱਲ ਨੈਣ ਉਠਾਈਆ । ਜਗਤ ਦਵਾਰੇ ਪਾਰ ਕਰਨ ਹੱਦੇ, ਪਾਂਧੀ ਆਪਣਾ ਪੰਧ ਮੁਕਾਈਆ । ਢੋਲ ਨਗਾਰੇ ਮਰਦੰਗ ਜਗਤ ਦਵਾਰੇ ਵੱਜੇ, ਰਾਗ ਰਾਗਣੀਆਂ ਨਾਲ ਮਿਲਾਈਆ । ਸਾਧ ਸੰਤ ਫਿਰਨ ਨੰਗੇ, ਤਨ ਧੂੜੀ ਖ਼ਾਕ ਰਮਾਈਆ । ਅਗਨੀਆਂ ਕੋਲ ਬਹਿ ਬਹਿ ਮਘੇ, ਤਤਵ ਤਤ ਜਲਾਈਆ । ਚਾਰੋਂ ਕੁੰਟ ਵੇਖ ਅੰਧੇਰੀ ਮੱਸੇ, ਜਨ ਭਗਤ ਦੇਣ ਦੁਹਾਈਆ । ਅਬਿਨਾਸ਼ੀ ਕਰਤੇ ਸ੍ਰੀ ਭਗਵਾਨ ਤੇਰਾ ਮਾਰਗ ਕੋਇ ਨਾ ਦੱਸੇ, ਪੜਦਾ ਸਚ ਨਾ ਕੋਈ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਕੋਈ ਨਾ ਵੇਖੇ ਇਕੋ ਅੱਖੇ, ਆਖ਼ਰ ਮੇਲ ਨਾ ਕੋਇ ਮਿਲਾਈਆ । ਨਾਤਾ ਤੁੱਟਿਆ ਭੈਣ ਭਾਈ ਸਕੇ, ਪਿਤਾ ਪੂਤ ਨਾ ਕੋਇ ਵਡਿਆਈਆ । ਕੂੜੀ ਕਿਰਿਆ ਘਰ ਘਰ ਜੂਠ ਝੂਠ ਪਾਏ ਰੱਟੇ, ਰਸਨਾ ਨਾਮ ਨਾ ਕੋਈ ਧਿਆਈਆ । ਜਗਤ ਮਿਸਾਲ ਧੰਨੇ ਮਿਲਿਆ ਵਿਚੋਂ ਵੱਟੇ, ਬਜਰ ਕਪਾਟੀ ਫੱਟੇ ਪਰੇ ਨਾ ਕੋਈ ਹਟਾਈਆ । ਜਨ ਭਗਤ ਕਹਿਣ ਪ੍ਰਭ ਤੁਧ ਬਿਨ ਪਤ ਕੋਇ ਨਾ ਰੱਖੇ, ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਮਿਲਣ ਧੱਕੇ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਹੋ ਸਹਾਈਆ । ਜਨ ਭਗਤ ਕਹੇ ਮੇਰੇ ਭਗਵੰਤ, ਕਿਉਂ ਬੈਠਾ ਮੁਖ ਛੁਪਾਈਆ । ਤੂੰ ਮਾਲਕ ਖ਼ਾਲਕ ਧੁਰ ਦਾ ਕੰਤ, ਕੰਤੂਹਲ ਤੇਰੀ ਸਰਨਾਈਆ । ਤੇਰੀ ਮਹਿੰਮਾ ਸਦਾ ਬੇਅੰਤ, ਕਥਨੀ ਕਥ

ਨਾ ਕੋਇ ਜਣਾਈਆ । ਤੂੰ ਆਦਿ ਜੁਗਾਦੀ ਪੰਡਤ, ਵਿਸ਼ਨ ਬ੍ਰਹਮਾ ਸ਼ਿਵ ਕਰੇਂ ਪੜ੍ਹਾਈਆ । ਸਚ ਦਵਾਰੇ ਤੇਰੇ ਗੁਰ ਅਵਤਾਰ ਸਦਾ ਮੰਗਤ, ਭਿੱਖਕ ਝੋਲੀਆਂ ਰਹੇ ਭਰਾਈਆ । ਤੇਰਾ ਲੇਖਾ ਜੇਰਜ ਅੰਡਜ, ਉਤਭੁਜ ਸੇਤਜ ਤੇਰੀ ਧਾਰ ਨਜ਼ਰੀ ਆਈਆ । ਤੇਰੇ ਦਵਾਰੇ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਜਨ ਭਗਤਾਂ ਅੰਤਰ ਵੇਖ ਆਪਣੀ ਸਿੰਮਤ, ਸਾਹਿਬ ਸਤਿਗੁਰ ਫੇਰਾ ਪਾਈਆ । ਜਗਤ ਖ਼ੁਆਰੀ ਮੇਟ ਜ਼ਿੱਲਤ, ਬੇਨਜ਼ੀਰ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਤੇਰੀ ਓਟ, ਓਟ ਅਕਾਲ ਰਖਾਈਆ । ਸ਼ਬਦ ਅਗੰਮੀ ਲਾ ਚੋਟ, ਸੋਈ ਸੁਰਤ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਆਪਣੇ ਮਿਲਣ ਦੀ ਬਖ਼ਸ਼ ਸੋਚ, ਦੂਜੀ ਸਮਝ ਰਹੇ ਨਾ ਰਾਈਆ । ਲਹਿਣਾ ਚੁਕਾ ਦੇ ਚੌਦਾਂ ਲੋਕ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਸਚ ਸੁਣਾ ਦੇ ਇਕ ਸਲੋਕ, ਸੋਹੰ ਢੋਲਾ ਧੁਰਦਰਗਾਹੀਆ । ਤੇਰਾ ਦਰਸ਼ਨ ਕਰੀਏ ਰੋਜ਼, ਨਿਜ ਨੇਤਰ ਅੱਖ ਖੁਲ੍ਹਾਈਆ । ਰੰਗ ਚੜ੍ਹਾਦੇ ਕਾਇਆ ਮਾਟੀ ਪੋਸ਼, ਤਨ ਖ਼ਾਕੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਜੋੜ ਜੁੜਾਈਆ । ਜਨ ਭਗਤ ਕਹਿਣ ਪ੍ਰਭ ਅੰਤਰ ਪੇਖ, ਬਾਹਰੋਂ ਨਜ਼ਰ ਕੋਇ ਨਾ ਆਈਆ । ਸਚ ਮਹੱਲਾ ਤੇਰਾ ਦੇਸ, ਰਵਿਦਾਸ ਚਮਾਰਾ ਗਿਆ ਸਮਝਾਈਆ । ਸਾਢੇ ਤਿੰਨ ਹੱਥ ਅੰਦਰ ਅਵੱਲੜਾ ਭੇਸ, ਬਿਨ ਰੰਗ ਰੂਪੀ ਸੋਭਾ ਪਾਈਆ । ਸੇਜਾ ਛੱਡਕੇ ਬਾਸ਼ਕ ਸੇਜ, ਖੇਲ ਕਰੇਂ ਬੇਪਰਵਾਹੀਆ । ਸਚ ਸੁਨੇਹੜਾ ਧੁਰ ਦਾ ਭੇਜ, ਸ਼ਬਦ ਅਗੰਮੀ ਰਾਗ ਅਲਾਈਆ । ਜੋਤੀ ਜਲਵਾ ਦੇ ਤੇਜ, ਅੰਧ ਅੰਧੇਰ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਛੱਡ ਕੇ ਗਏ ਦੇਸ, ਥਿਰ ਰਹਿਣ ਕੋਇ ਨਾ ਪਾਈਆ । ਕੋਈ ਮੂੰਡ ਮੁੰਡਾਇਆ ਕਿਸੇ ਰਖਾਏ ਕੇਸ, ਕੇਸ਼ਵ ਤੇਰਾ ਭੇਦ ਕੋਇ ਨਾ ਆਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇ ਕੇ ਗਿਆ ਗੁਰ ਦਸਮੇਸ਼, ਦਹਿ ਦਿਸ਼ਾ ਕਰ ਪੜ੍ਹਾਈਆ । ਪਤਿਪਰਮੇਸ਼ਵਰ ਬਦਲ ਕੇ ਆਪਣਾ ਭੇਸ, ਪੁਰਖ ਅਕਾਲਾ ਫੇਰਾ ਪਾਈਆ । ਵੇਖ ਵਖਾਵੇ ਮੁਸਾਇਕ ਮੁੱਲਾ ਸ਼ੇਖ਼, ਪੰਡਤ ਪਾਂਧੇ ਪੜਦਾ ਲਾਹੀਆ । ਜਨ ਭਗਤਾਂ ਖੋਲ੍ਹੇ ਆਪਣਾ ਭੇਤ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਮੁਕਾਈਆ । ਜਨ ਭਗਤ ਕਹਿਣ ਪ੍ਰਭ ਉਠ ਸੁੱਤੇ, ਆਪਣੀ ਲੈ ਅੰਗੜਾਈਆ । ਤੇਰਾ ਵੇਖੀਏ ਖੇਲ ਅਬਿਨਾਸ਼ੀ ਅਚੁਤੇ, ਪਤਿਪਰਮੇਸ਼ਵਰ ਤੇਰੀ ਕੀ ਵਡਿਆਈਆ । ਜੁਗ ਚੌਕੜੀ ਜਨ ਭਗਤਾਂ ਵਾਤ ਪੁੱਛੇਂ, ਨਿਰਗੁਣ ਸਰਗੁਣ ਫੇਰਾ ਪਾਈਆ । ਕਲਜੁਗ ਅੰਤਮ ਕਿਹੜੀ ਗੱਲੋਂ ਰੁੱਸੇਂ, ਨੇਤਰ ਅੱਖ ਬਦਲਾਈਆ । ਕਿਹੜੇ ਮੰਦਰ ਲੁਕੇਂ, ਸਚਖੰਡ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਦੇ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭ ਤੈਨੂੰ ਲੱਭਦੇ, ਦੋ ਜਹਾਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸੱਯਦੇ, ਨਿਉਂ ਨਿਉਂ ਸੀਸ ਝੁਕਾਈਆ । ਜਨ ਭਗਤ ਕਹਿਣ ਲੇਖ ਮੁਕਾ ਦੀਨ ਮਜ਼੍ਹਬ ਦੇ, ਕਲਜੁਗ ਅੰਤਮ ਫੇਰਾ ਪਾਈਆ । ਭੇਵ ਖੁਲ੍ਹਾ ਆਪਣੇ ਅਦਦ ਦੇ, ਅਦਾਲਤ ਇਕੋ ਇਕ ਲਗਾਈਆ । ਹੁਕਮ ਦੇ ਅਗੰਮੀ ਮੱਦਦ ਦੇ, ਮਾਲਕ ਸਿਰ ਆਪਣਾ ਹੱਥ ਟਿਕਾਈਆ । ਵੇਖ ਖੇਲ ਮਾਤਲੋਕ ਜਗਤ ਦੇ, ਕਲਜੁਗ ਜੀਵ ਤੈਨੂੰ ਬੈਠੇ ਭੁਲਾਈਆ । ਤੇਰੇ ਭਾਂਡੇ ਬੂੰਦ ਰਕਤ ਦੇ, ਪੰਜ ਤਤ ਕਾਇਆ ਚੋਲੇ ਰਹੇ ਹੰਢਾਈਆ । ਇਹ ਭਰੇ ਕੂੜ ਕੁੜਿਆਰੀ ਸ਼ਰਕਤ ਦੇ, ਲਾਸ਼ਰੀਕ ਤੇਰੀ ਸਮਝ ਕੋਇ ਨਾ ਆਈਆ ।

ਜਨ ਭਗਤ ਤੇਰੇ ਦਰਸ ਨੂੰ ਤਰਸਦੇ, ਨਿਜ ਨੇਤਰ ਅੱਖ ਉਠਾਈਆ । ਅੰਮ੍ਰਿਤ ਮੇਘ ਅਨੋਖਾ ਬਰਸ ਦੇ, ਝਿਰਨਾ ਇਕ ਝਿਰਾਈਆ । ਆਪਣੇ ਮਿਲਣ ਦਾ ਸੋਹਣਾ ਸੁਹੰਜਣਾ ਵਕਤ ਦੇ, ਘੜੀ ਪਲ ਰਾਹ ਤਕਾਈਆ । ਪੜਦੇ ਲਾਹ ਕੇ ਅਰਸ਼ ਫ਼ਰਸ਼ ਦੇ, ਸਨਮੁਖ ਹੋ ਕੇ ਸੋਭਾ ਪਾਈਆ । ਬਿਰਹੋਂ ਵਿਛੋੜੇ ਅੰਦਰ ਬਣ ਵੈਰਾਗੀ ਤੜਫਦੇ, ਮੀਨ ਜਲ ਮਿਸਾਲ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭ ਕਰ ਨਿਬੇੜੇ ਹਕ ਦੇ, ਹਕੀਕਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਗਏ ਦੱਸਦੇ, ਚਾਰੇ ਜੁਗ ਫ਼ਰਮਾਨ ਸੁਣਾਈਆ । ਤੇਰੇ ਮਿਲਣ ਦੀਆਂ ਆਸਾਂ ਆਏ ਰੱਖਦੇ, ਭਰਵਾਸਾ ਦੇ ਧਰਾਈਆ । ਬਿਨ ਤੇਰੀ ਕਿਰਪਾ ਸਾਡੇ ਕਾਇਆ ਖੇੜੇ ਮੂਲ ਨਾ ਵਸਦੇ, ਘਰ ਵੱਜੇ ਨਾ ਨਾਮ ਵਧਾਈਆ । ਪ੍ਰੇਮ ਪ੍ਰੀਤੀ ਅੰਦਰ ਚੋਲੀ ਰੰਗਦੇ, ਕਾਇਆ ਚੋਲਾ ਦੇ ਬਦਲਾਈਆ । ਵਸਤ ਅਮੋਲਕ ਇਕੋ ਮੰਗਦੇ, ਦਰ ਠਾਂਡੇ ਝੋਲੀ ਡਾਹੀਆ । ਨਾਮ ਪਦਾਰਥ ਧੁਰ ਦਾ ਵੰਡ ਦੇ, ਅਤੋਟ ਤੋਟ ਰਹੇ ਨਾ ਰਾਈਆ । ਭੇਵ ਖੁਲ੍ਹਾ ਦੇ ਹੰ ਬ੍ਰਹਮ ਦੇ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਬੇਸ਼ਕ ਅਸੀਂ ਪੁਤਲੇ ਮਾਟੀ ਚੰਮਦੇ, ਹੱਡ ਨਾੜੀ ਜੋੜ ਜੁੜਾਈਆ । ਅਸੀਂ ਸਹਾਰੇ ਪਵਣ ਦਮ ਦੇ, ਸਾਹ ਸਾਹ ਤੇਰਾ ਰੂਪ ਨਜ਼ਰੀ ਆਈਆ । ਭੇਵ ਖੁਲ੍ਹਾਦੇ ਆਪਣੇ ਅਗੰਮ ਦੇ, ਅਲਖ ਅਗੋਚਰ ਤੇਰੀ ਓਟ ਰਖਾਈਆ । ਕੋਟਨ ਕੋਟ ਜੀਵ ਜੰਤ ਜਨਨੀ ਹੋ ਕੇ ਜਨ ਜਣਦੇ, ਬੱਚੇ ਗੋਦੀਆਂ ਵਿਚ ਟਿਕਾਈਆ । ਬਿਨ ਤੇਰੀ ਕਿਰਪਾ ਤੈਨੂੰ ਕੋਇ ਨਾ ਮੰਨਦੇ, ਮਨਸਾ ਪੂਰ ਨਾ ਕੋਇ ਕਰਾਈਆ । ਕਲਜੁਗ ਖੇਲ ਅੰਧੇਰੇ ਅੰਧ ਦੇ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਗੁਰਮੁਖਾਂ ਮੇਲੇ ਹੋਣ ਨਾ ਗੁਜਰੀ ਚੰਦ ਦੇ, ਚਾਰੋਂ ਕੁੰਟ ਜਗਤ ਹਲਕਾਈਆ । ਨਾਤੇ ਜੁੜੇ ਨਾਰ ਦੁਹਾਗਣ ਰੰਡਦੇ, ਨਰ ਹਰਿ ਕੰਤ ਨਾ ਕੋਇ ਮਿਲਾਈਆ । ਕਰਨ ਇਸ਼ਨਾਨ ਅਠਸਠ ਤੀਰਥ ਗੰਗ ਦੇ, ਦੁਰਮਤ ਮੈਲ ਨਾ ਕੋਈ ਧੁਆਈਆ । ਰਸ ਜਾਣੇ ਨਾ ਕੋਈ ਆਤਮ ਅਨੰਦ ਦੇ, ਰਸਨਾ ਜਿਹਵਾ ਜਗਤ ਹਲਕਾਈਆ । ਵੇਖ ਝਗੜੇ ਭੇਖ ਪਖੰਡ ਦੇ, ਜਨ ਭਗਤ ਦੇਣ ਦੁਹਾਈਆ । ਤੇਰਾ ਨਾਮ ਕੋਟਨ ਕੋਟ ਫਿਰਨ ਵੰਡਦੇ, ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਸੱਚੀ ਅਰਦਾਸ, ਅਰਜ਼ੋਈ ਇਕ ਸੁਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਾ ਪਾਸ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਦੀਵਾ ਬਾਤੀ ਕਮਲਾਪਾਤੀ ਸਚ ਘਰ ਕਰ ਪਰਕਾਸ਼, ਜੋਤੀ ਨੂਰ ਜ਼ਹੂਰ ਕਰ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਦਾਤਾ ਸਤਿਗੁਣ ਤਾਸ, ਗਹਿਰ ਗੰਭੀਰ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਪਾਵੇਂ ਰਾਸ, ਗੋਪੀ ਕਾਹਨ ਨਾਚ ਨਚਾਈਆ । ਲੱਖ ਚੁਰਾਸੀ ਜੀਵ ਜੰਤ ਖੇਲੇਂ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣੀ ਧਾਰ ਵਖਾਈਆ । ਬੋਧ ਅਗਾਧ ਸ਼ਬਦ ਨਾਦ ਵਜਾਵੇਂ ਆਪ, ਜਾਪ ਧੁਰ ਦਾ ਦਏਂ ਸਮਝਾਈਆ । ਪਰਵਰਦਿਗਾਰ ਸਾਂਝੇ ਯਾਰ ਬਣਾਕੇ ਪਾਕ, ਪਤਤ ਪਾਪੀ ਦਏਂ ਤਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਕੇ ਦਾਸੀ ਦਾਸ, ਸੇਵਾ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਜਨ ਭਗਤ ਕਹੇ ਪ੍ਰਭ ਮੇਰੇ ਗੁਸਾਈਂ, ਸਤਿ ਸਚ ਤੇਰੀ ਓਟ ਤਕਾਈਆ । ਆ ਜਾ ਬਣ ਕੇ ਪਾਂਧੀ ਰਾਹੀ, ਰਹਿਬਰ ਨੂਰ ਖ਼ੁਦਾਈਆ । ਕਲਜੁਗ ਮੇਟ ਅੰਧੇਰਾ ਸ਼ਾਹੀ, ਚਾਰ ਕੁੰਟ ਹੋਵੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ

ਪਕੜ ਬਾਂਹੀਂ, ਕੋੜ੍ਹੇ ਕਮਲਿਆਂ ਗਲੇ ਲਗਾਈਆ । ਮਾਣ ਦਵਾ ਦੇ ਛੀਂਬੇ ਨਾਈ, ਝੀਵਰ ਰੰਗ ਰੰਗਾਈਆ । ਦਰਸ ਦਿਖਾ ਜਾ ਧੁਰ ਦੇ ਮਾਹੀ, ਸ਼ਾਹ ਸਵਾਰੇ ਫੇਰਾ ਪਾਈਆ । ਤੇਰੇ ਪਿਛੇ ਗੋਬਿੰਦ ਬੂਟਾ ਪੁੱਟਿਆ ਇਕੋ ਕਾਹੀ, ਕਾਇਰ ਸਮਝ ਕੋਇ ਨਾ ਪਾਈਆ । ਨਾਨਕ ਗਾਇਆ ਦਾਇਆ ਦਾਈ, ਦੋ ਜਹਾਨਾਂ ਇਕ ਅਖਵਾਈਆ । ਪੀਰ ਪੈਗ਼ੰਬਰਾਂ ਕਿਹਾ ਤੇਰੀ ਸਰਨਾਈ, ਵਾਹਿਦ ਇਕੋ ਓਟ ਤਕਾਈਆ । ਦੇਵਤ ਸੁਰ ਕਿਹਾ ਆਦਿ ਸ਼ਕਤ ਮਾਈ, ਸ਼ਖ਼ਸੀਅਤ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੁਰਖ ਅਕਾਲ ਕਹਿ ਕੇ ਰਹੇ ਸੁਣਾਈ, ਢੋਲੇ ਸੋਹਲੇ ਛੰਦਾਂ ਬੰਦਾਂ ਵਿਚ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈ, ਉਚੀ ਕੂਕ ਕੂਕ ਜਣਾਈਆ । ਚਾਰ ਵੇਦ ਦੇਣ ਦੁਹਾਈ, ਅੱਠ ਦਸ ਧਿਆਨ ਲਗਾਈਆ । ਅੰਜੀਲ ਕੁਰਾਨ ਰਹੀ ਸੁਣਾਈ, ਤੀਸ ਬਤੀਸ ਵੱਜੇ ਵਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸਮਝ ਕਿਸੇ ਨਾ ਆਈ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਕਰ ਕਿਰਪਾ ਜਨ ਭਗਤਾਂ ਰਮਜ਼ ਇਕ ਲਗਾਈ, ਜਿਸ ਦੀ ਲਗ ਮਾਤਰ ਜਗ ਨਜ਼ਰ ਕੋਇ ਨਾ ਆਈਆ । ਬਣ ਸੁਹੇਲਾ ਦੇਵੀਂ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਆਇਆ, ਕਾਲੀ ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਛਹਿਬਰ ਆਪਣੀ ਇਕ ਲਗਾਈਆ । ਬੰਧਨ ਪਾਇਆ ਤ੍ਰੈਗੁਣ ਮਾਇਆ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਪੰਚ ਵਿਕਾਰਾ ਦਏ ਦੁਹਾਇਆ, ਕਾਮ ਕਰੋਧ ਲੋਭ ਮੋਹ ਹਲਕਾਈਆ । ਮਨ ਮਤ ਕਰੇ ਲੜਾਇਆ, ਬੁਧੀ ਧੀਰ ਨਾ ਕੋਇ ਧਰਾਈਆ । ਹਰਿ ਕਾ ਨਾਉਂ ਸਰਬ ਭੁਲਾਇਆ, ਹਿਰਦੇ ਹਰਿ ਨਾ ਕੋਇ ਵਸਾਈਆ । ਮਸਤਕ ਸੀਸ ਨਾ ਕੋਇ ਝੁਕਾਇਆ, ਨਾਸਤਕ ਦਿਸੇ ਲੋਕਾਈਆ । ਸਾਚਾ ਸ਼ਸਤਰ ਨਾ ਕਿਸੇ ਉਠਾਇਆ, ਸ਼ਤਰੂ ਸਕੇ ਕੋਇ ਨਾ ਘਾਈਆ । ਗੁਰ ਕਾ ਮੰਤਰ ਨਾ ਕਿਸੇ ਕਮਾਇਆ, ਕਾਮ ਕਾਮਨੀ ਵੱਜੀ ਵਧਾਈਆ । ਗਗਨ ਗਗਨੰਤਰ ਚੜ੍ਹ ਕੇ ਦਰਸ ਕਿਸੇ ਨਾ ਪਾਇਆ, ਨਿਜ ਨੇਤਰ ਅੱਖ ਖੁਲ੍ਹਾਈਆ । ਜਨਮ ਕਰਮ ਦੀ ਹਰਸ ਨਾ ਕੋਇ ਮਿਟਾਇਆ, ਹਵਸ ਸਕੇ ਨਾ ਕੋਇ ਬੁਝਾਈਆ । ਅਰਸ਼ ਫ਼ਰਸ਼ ਤੇਰਾ ਰਾਹ ਤਕਾਇਆ, ਦਹਿ ਦਿਸ਼ਾ ਅੱਖ ਖੁਲ੍ਹਾਈਆ । ਸ੍ਰੀ ਭਗਵਾਨ ਤੂੰ ਹੀ ਤਰਸ ਕਮਾਇਆ, ਜਨ ਭਗਤ ਰਹੇ ਕੁਰਲਾਈਆ । ਸੰਮਤ ਸੰਮਤੀ ਬੀਤ ਗਏ ਸੰਮਤ ਇਕੀਸਾ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਜਨ ਭਗਤ ਨਾਲ ਕਹਿਣ ਗ਼ੁੱਸੇ, ਪ੍ਰਭੂ ਇਕ ਜਣਾਈਆ । ਸਾਡੇ ਕੋਲੋਂ ਕਾਹਨੂੰ ਲੁਕੇਂ, ਕਰੇਂ ਆਪ ਜੁਦਾਈਆ । ਗੁਰਮੁਖਾਂ ਪੈਂਡੇ ਪਿਛਲੇ ਮੁੱਕੇ, ਅਗਲਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਦੇਵੇ ਆਪ ਪ੍ਰਭ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਭਗਤ ਭਗਵਾਨ ਸਾਚੇ ਲੱਭ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਸੰਤ ਸੁਹੇਲੇ ਬਣਾ ਕੇ ਆਪਣੀ ਯਦ, ਏਕੰਕਾਰ ਕਰੇ ਕੁੜਮਾਈਆ । ਗੁਰਮੁਖ ਲੱਖ ਚੁਰਾਸੀ ਨਾਲੋਂ ਕਰਕੇ ਅੱਡ, ਆਦਿ ਨਿਰੰਜਣ ਜੋਤੀ ਨੂਰ ਕਰੇ ਰੁਸ਼ਨਾਈਆ । ਗੁਰਸਿਖਾਂ ਪਾਰ ਕਰਾਕੇ ਕੂੜੀ ਹੱਦ, ਅਬਿਨਾਸ਼ੀ ਕਰਤਾ ਭੇਵ ਚੁਕਾਈਆ । ਮੁਰੀਦ ਮੁਰਸ਼ਦ ਲਏ ਸੱਦ, ਸ੍ਰੀ ਭਗਵਾਨ ਸਾਹਿਬ ਗੁਸਾਈਆਂ । ਪਾਰਬ੍ਰਹਮ ਬ੍ਰਹਮ ਵਜਾਏ ਨਦ, ਧੁਰ ਦਾ ਰਾਗ ਅਲਾਈਆ । ਕੂੜ ਕੁੜਿਆਰਾ ਜਗਤ ਵਿਹਾਰਾ ਦੇਵੇ ਛੱਡ, ਸਚ ਦਵਾਰਾ ਇਕ ਦਰਸਾਈਆ । ਕਿਰਪਾ ਕਰ ਪੁਰਖ ਸਮਰਥ,

ਹਰਿਜਨ ਸਾਚੇ ਵੇਖ ਵਖਾਈਆ । ਧੁਰ ਦਾ ਮਾਰਗ ਇਕੋ ਦੱਸ, ਆਤਮ ਅੰਤਰ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰੇ ਵਸ, ਸੋਹੰ ਇਕੋ ਰੂਪ ਸਮਾਈਆ । ਅੰਮ੍ਰਿਤ ਝਿਰਨਾ ਦੇ ਕੇ ਰਸ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਜਨ ਭਗਤ ਸੁਣੇ ਸਚ, ਹਰਿ ਸਾਚਾ ਸਚ ਜਣਾਈਆ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਲਏ ਲੱਭ, ਜੁਗ ਵਿਛੜੇ ਮੇਲ ਮਿਲਾਈਆ । ਚਰਨ ਦਵਾਰੇ ਲਏ ਸੱਦ, ਸੱਦਾ ਨਾਮ ਸੁਣਾਈਆ । ਕੂੜ ਕੁੜਾਵੇ ਦੇਵੇ ਛੱਡ, ਹਥੋਂ ਸਾਕ ਵੰਜਾਈਆ । ਸੰਤ ਸੁਹੇਲੇ ਪ੍ਰੇਮ ਪ੍ਰੀਤੀ ਲਏ ਬੰਧ, ਬੰਧਨ ਨਾਮ ਰਖਾਈਆ । ਨਿਜ ਆਤਮ ਦੇ ਕੇ ਪਰਮਾਨੰਦ, ਸੁਖ ਸਾਗਰ ਵਿਚ ਸਮਾਈਆ । ਸੀਤਲ ਧਾਰ ਪਾਏ ਠੰਡ, ਅਗਨੀ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਛੰਦ, ਸੋਹੰ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਜਨ ਭਗਤ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿੰਰਜਣ ਮਿਹਰਵਾਨ, ਮਹਿਬੂਬ ਆਪਣੀ ਅੱਖ ਖੁਲ੍ਹਾਇੰਦਾ । ਏਕੰਕਾਰ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਬਲਵਾਨ, ਜੋਧਾ ਸੂਰਬੀਰ ਅਖਵਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਸਰਗੁਣ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਬ੍ਰਹਮ ਪੜਦਾ ਆਪ ਉਠਾਇੰਦਾ । ਸ਼ਬਦ ਸੰਦੇਸ਼ਾ ਧੁਰ ਫ਼ਰਮਾਨ, ਸਤਿ ਸਤਿਵਾਦੀ ਆਪ ਸੁਣਾਇੰਦਾ । ਤਖ਼ਤ ਨਿਵਾਸੀ ਮਰਦ ਮਰਦਾਨ, ਮਦਦਗੀਰ ਇਕ ਹੋ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਕਰੋੜ ਤੇਤੀਸਾ ਅੱਖ ਨਾ ਕੋਇ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਰੋਵਣ ਕੁਰਲਾਣ, ਸਿਰ ਹੱਥ ਨਾ ਕੋਇ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਆਪਣੀ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨ, ਸਚਖੰਡ ਦਵਾਰੇ ਹਰਿ ਕਾ ਅੰਤ ਕੋਇ ਨਾ ਆਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੀ ਜਾਣ, ਜਾਨਣਹਾਰਾ ਆਪੇ ਦਇਆ ਕਮਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਜਹਾਨ, ਪਿਛਲੀ ਕਹਾਣੀ ਵੇਖ ਵਖਾਇੰਦਾ । ਜੋ ਸੰਤ ਸੁਹੇਲੇ ਗੁਰ ਚੇਲੇ ਮੰਗਦੇ ਰਹੇ ਦਾਨ, ਦਾਤਾ ਦਾਨੀ ਧੁਰ ਦੀ ਭਿਛਿਆ ਝੋਲੀ ਪਾਇੰਦਾ । ਜੋ ਸਖ਼ੀਆਂ ਬਣ ਕੇ ਰਾਹ ਤੱਕਦੇ ਰਹੇ ਕਾਹਨ, ਤਿਨ੍ਹਾਂ ਬੰਸਰੀ ਨਾਮ ਸੁਣਾਇੰਦਾ । ਜੋ ਜੰਗਲਾਂ ਵਿਚ ਵਿਛੋੜਾ ਕੱਟਦੇ ਰਹੇ ਖੇਲ ਕੀਤਾ ਸੀਤਾ ਰਾਮ, ਸਈਆ ਇਕੋ ਵੇਸ ਵਟਾਇੰਦਾ । ਜੋ ਈਸਾ ਮੂਸਾ ਮੁਹੰਮਦ ਮੁਹੱਬਤ ਵਿਚ ਦੇਂਦਾ ਰਿਹਾ ਪੈਗ਼ਾਮ, ਧੁਰ ਸੰਦੇਸ਼ਾ ਰਾਗ ਸੁਣਾਇੰਦਾ । ਜੋ ਨਾਨਕ ਨਿਰਗੁਣ ਦੱਸਦਾ ਰਿਹਾ ਸਤਿਨਾਮ, ਮੰਤਰ ਸਚ ਸਚ ਸਮਝਾਇੰਦਾ । ਜੋ ਗਬਿੰਦ ਪਿਆਉਂਦਾ ਰਿਹਾ ਅੰਮ੍ਰਿਤ ਜਾਮ, ਰਸ ਰਸਕ ਰਸਕ ਟਪਕਾਇੰਦਾ । ਸੋ ਖੇਲ ਕਰੇ ਸ੍ਰੀ ਭਗਵਾਨ, ਜਨ ਭਗਤਾਂ ਆਪ ਉਠਾਇੰਦਾ । ਪੰਧ ਮੁਕਾ ਜ਼ਿਮੀਂ ਅਸਮਾਨ, ਗੁਰਮੁਖਾਂ ਮਾਣ ਰਖਾਇੰਦਾ । ਬਾਲ ਅੰਞਾਣੇ ਵੇਖੇ ਆਣ, ਬਾਲੀ ਬੁਧ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਇੰਦਾ । ਜਨ ਭਗਤਾਂ ਰੰਗ ਰੰਗੌਂਦਾ ਏ । ਦੀਨ ਦਿਆਲ ਦਇਆ ਕਮੌਂਦਾ ਏ । ਕਲਜੁਗ ਅੰਤਮ ਵੇਸ ਵਟੌਂਦਾ ਏ । ਨਿਹਕਲੰਕਾ ਨਾਉਂ ਰਖੌਂਦਾ ਏ । ਸ਼ਬਦੀ ਡੰਕਾ ਇਕ ਵਜੌਂਦਾ ਏ । ਦਵਾਰ ਬੰਕਾ ਇਕ ਸਹੌਂਦਾ ਏ । ਰਾਓ ਰੰਕਾਂ ਆਪ ਸਮਝੌਂਦਾ ਏ । ਸੋਹਣਾ ਖੇਲ ਕਰੇ ਆਦਿਨ

ਅੰਤਾ, ਅੰਤਸ਼ਕਰਨ ਸਭ ਦਾ ਵੇਖ ਵਖੌਂਦਾ ਏ । ਨਾਮ ਜਣਾਵੇ ਧੁਰ ਦਾ ਮੰਤਾ, ਸੋਹੰ ਰਾਗ ਇਕ ਅਲੌਂਦਾ ਏ । ਪਕੜ ਉਠਾਏ ਸਾਚੇ ਸੰਤਾ, ਸੁਰਤੀ ਸ਼ਬਦ ਨਾਲ ਮਿਲੌਂਦਾ ਏ । ਭੇਵ ਖੁਲ੍ਹਾ ਕੇ ਪੂਰਨ ਭਗਤਾਂ, ਭਾਗ ਸਭ ਦੀ ਝੋਲੀ ਪੌਂਦਾ ਏ । ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਸਮਝੌਂਦਾ ਏ । ਕਰ ਪਰਕਾਸ਼ ਨੂਰੀ ਚੰਦ ਦਾ, ਦੀਵਾ ਬਾਤੀ ਇਕੋ ਡਗਮਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖੌਂਦਾ ਏ । ਜਨ ਭਗਤਾਂ ਵੇਖ ਵਖਾਵਾਂਗਾ । ਕਲਜੁਗ ਸੋਏ ਆਪ ਉਠਾਵਾਂਗਾ । ਦੁਰਮਤ ਮੈਲ ਧੋ ਕੇ, ਉਜਲ ਆਪ ਕਰਾਵਾਂਗਾ । ਪੂਰਬ ਜਨਮ ਦਾ ਦੇ ਕੇ ਢੋਏ, ਵਸਤ ਅਮੋਲਕ ਝੋਲੀ ਪਾਵਾਂਗਾ । ਲੱਖ ਚੁਰਾਸੀ ਕੂੜੀ ਰੋਏ, ਨੇਤਰ ਨੈਣਾਂ ਨੀਰ ਸਰਬ ਵਹਾਵਾਂਗਾ । ਫਿਰੇ ਦਰੋਹੀ ਤ੍ਰੈਲੋਏ, ਚੌਦਾਂ ਲੋਕ ਚੌਦਾ ਤਬਕ ਧੁਰ ਦਾ ਹੁਕਮ ਸੁਣਾਵਾਂਗਾ । ਜਨ ਭਗਤ ਸੁਹੇਲੇ ਜੀਂਦੇ ਮੋਏ, ਜਿਨ੍ਹਾਂ ਦਾ ਜੀਵਣ ਆਪਣੀ ਝੋਲੀ ਪਾਵਾਂਗਾ । ਹਰਿ ਕਾ ਭੇਵ ਸਮਝ ਸਕੇ ਨਾ ਕੋਇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵੇਖ ਵਖਾਵਾਂਗਾ । ਜਨ ਭਗਤ ਕਹਿਣ ਪ੍ਰਭ ਵੇਖ ਝੱਟ, ਕਿਉਂ ਆਪਣੀ ਦੇਰੀ ਲਾਈਆ । ਰਾਹ ਤੱਕਦੇ ਤੱਕਦੇ ਗਏ ਥੱਕ, ਸਦੀ ਵੀਹਵੀਂ ਦਏ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਵੱਖਰਾ ਨਿਰਾਲਾ ਖੋਲ੍ਹ ਹੱਟ, ਵਸਤ ਇਕੋ ਇਕ ਵਰਤਾਈਆ । ਕੂੜੀ ਕਿਰਿਆ ਖੇਲ ਚੁੱਕੇ ਬਾਜੀਗਰ ਨਟ, ਸਵਾਂਗੀ ਸਵਾਂਗ ਨਾ ਕੋਇ ਵਖਾਈਆ । ਇਕੋ ਤੇਰਾ ਨਾਮ ਲੱਖ ਚੁਰਾਸੀ ਲਏ ਜਪ, ਤੂੰ ਮੇਰਾ ਮੈਂ ਤੇਰਾ ਨਾਤਾ ਜੁੜਿਆ ਏਕਾ ਥਾਈਆ । ਲਹਿਣਾ ਮੁਕਾ ਦੇ ਸੀਆ ਸਾਢੇ ਤਿੰਨ ਹੱਥ, ਰਵਿਦਾਸ ਚਮਾਰਾ ਦਏ ਗਵਾਹੀਆ । ਆਪਣੇ ਮਿਲਣ ਦੀ ਇਕੋ ਦੇ ਦੇ ਅੱਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਹਿਰਦੇ ਅੰਦਰ ਆ ਕੇ ਵਸ, ਵਸਲ ਮਹਿਬੂਬ ਸਚ ਕਰਾਈਆ । ਪ੍ਰੇਮ ਪਿਆਰ ਦਾ ਦੇ ਰਸ, ਰਸਤੇ ਕੂੜੇ ਬੰਦ ਕਰਾਈਆ । ਅਸਾਂ ਸੁਣਿਆਂ ਤੂੰ ਵਸੇਂ ਘਟ ਘਟ, ਲੱਖ ਚੁਰਾਸੀ ਡੇਰਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਹੇ ਦੱਸ, ਖਾਣੀ ਬਾਣੀ ਨਾਲ ਰਲਾਈਆ । ਅੱਖਰਾਂ ਵਾਲਾ ਗਾਉਂਦੇ ਤੇਰਾ ਜਸ, ਅਲਿਫ਼ ਯੇ ਸਿਫ਼ਤ ਸਾਲਾਹੀਆ । ਸਾਹਿਬ ਸਵਾਮੀ ਠਾਕਰ ਧੁਰ ਦੇ ਤੂੰ ਕਿਸੇ ਨਾ ਆਇਉਂ ਹੱਥ, ਬਿਨ ਭਗਤਾਂ ਤੇਰਾ ਸੰਗ ਨਾ ਕੋਇ ਰਖਾਈਆ । ਕਲਜੁਗ ਅੰਤਮ ਤੇਰਾ ਸਹਾਰਾ ਬੈਠੇ ਤੱਕ, ਓਟ ਤੇਰੇ ਉਤੇ ਤਕਾਈਆ । ਆ ਕੇ ਲਹਿਣਾ ਦੇ ਹਕ, ਹਾਕਮ ਬਣ ਕੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਬਾਹੋਂ ਬਾਹਰ ਕਢਾਈਆ । ਸ੍ਰੀ ਭਗਵਾਨ ਕਹੇ ਨਾਲ ਪਿਆਰ, ਜਨ ਭਗਤਾਂ ਆਪ ਜਣਾਈਆ । ਜੁਗ ਜਨਮ ਦਾ ਪੂਰਬ ਉਧਾਰ, ਲਹਿਣਾ ਦਿਆਂ ਮੁਕਾਈਆ । ਜਨਮ ਜਨਮ ਦੇ ਵਿਛੜੇ ਯਾਰ, ਘਰ ਸਾਚੇ ਲਵਾਂ ਮਿਲਾਈਆ । ਭਗਤ ਉਧਾਰਨ ਮੇਰਾ ਅਖ਼ਤਿਆਰ, ਦੂਜਾ ਸੰਗ ਨਾ ਕੋਇ ਵਖਾਈਆ । ਮੇਰੀ ਮਹਿੰਮਾ ਬੇਅੰਤ ਬੇਸ਼ੁਮਾਰ, ਸ਼ਮਾ ਦੀਪ ਗੁਰੂ ਅਵਤਾਰ ਜੁਗ ਜੁਗ ਦਿਤੇ ਜਗਾਈਆ । ਉਚ ਅਗੰਮ ਅਥਾਹ ਅਟਲ ਮੇਰਾ ਮਨਾਰ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਕੋਈ ਨਾ ਪਹੁੰਚਣਹਾਰ, ਗੁਰੂ ਗੁਰ ਕਰਨ ਨਿਮਸਕਾਰ, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਕਹੇ ਪ੍ਰਭ ਤੇਰਾ ਵੇਖਣਾ ਉਹ ਮੁਕਾਮ, ਜਿਸ ਨੂੰ ਮੁਕਾਮੇ ਹਕ ਕਹਿ ਸੁਣਾਈਆ । ਸਚਖੰਡ ਤੇਰਾ ਕੀ ਨਿਜ਼ਾਮ, ਸ਼ਾਹ ਪਾਤਸ਼ਾਹ ਹੁਕਮ ਕੀ ਜਣਾਈਆ । ਸ਼ਹਿਨਸ਼ਾਹ ਝੁੱਲੇ ਤੇਰਾ ਕੀ ਨਿਸ਼ਾਨ, ਹੁਕਮ ਕੀ ਸੁਣਾਈਆ । ਕਵਣ ਨੂਰ ਪਰਕਾਸ਼


੯੦੫
੧੭

ਹੋਵੇ ਭਾਨ, ਕਵਣ ਸਚ ਕਰੇ ਰੁਸ਼ਨਾਈਆ । ਕਵਣ ਮੰਗੇ ਦਾਨ, ਦਾਨੀ ਝੋਲੀ ਅੱਗੇ ਡਾਹੀਆ । ਕਵਣ ਤੈਨੂੰ ਕਹੇ ਭਗਵਾਨ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਵਖਾਈਆ । ਜਨ ਭਗਤ ਕਹੇ ਪ੍ਰਭ ਤੇਰਾ ਘਰ ਲਈਏ ਵੇਖ, ਸਚ ਦਵਾਰਾ ਨਜ਼ਰੀ ਆਈਆ । ਜਿਥੇ ਨਾ ਕੋਈ ਰੂਪ ਰੰਗ ਰੇਖ, ਚਿੰਨ ਸਕੇ ਨਾ ਕੋਇ ਸਮਝਾਈਆ । ਨਾ ਕੋਈ ਖਟੀਆ ਨਿਹਾਲੀ ਲੇਫ਼, ਤਕੀਆ ਸੰਗ ਨਾ ਕੋਇ ਨਿਭਾਈਆ । ਨਾ ਕੋਈ ਬਾਲ ਬਿਰਧ ਜਵਾਨ, ਰਿਹਾ ਖੇਡ, ਗੋਦੀ ਗੋਦ ਨਾ ਕੋਇ ਸੁਹਾਈਆ । ਨਾ ਕੋਈ ਬਾਸ਼ਕ ਮਾਣੇ ਸੇਜ, ਵਿਸ਼ਨੂੰ ਸਾਂਗੋ ਪਾਂਗ ਨਾ ਕੋਇ ਹੰਢਾਈਆ । ਨਾ ਕੋਈ ਗੁਰੂ ਪਰਵਰਦਿਗਾਰ ਕਰੇ ਆਦੇਸ, ਸੱਜਦਾ ਸੀਸ ਨਾ ਕੋਇ ਨਿਵਾਈਆ । ਨਾ ਕੋਇ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਗਣੇਸ਼ ਨਾ ਕੋਇ ਵਡਿਆਈਆ । ਨਾ ਕੋਈ ਪੁਰੀ ਲੋਅ ਆਕਾਰ ਦਿਸੇ ਦੇਸ, ਜ਼ਿਮੀਂ ਆਸਮਾਨ ਨਾ ਕੋਇ ਵਖਾਈਆ । ਨਾ ਕੋਈ ਗੁਰੂ ਚੇਲਾ ਕਰੇ ਹੇਤ, ਮੁਰੀਦ ਮੁਰਸ਼ਦ ਵੇਖਣ ਕੋਇ ਨਾ ਪਾਈਆ । ਨਾ ਕੋਈ ਰੁੱਤ ਮੌਲੇ ਬਸੰਤੀ ਚੇਤ, ਫੁੱਲ ਫੁਲਵਾੜੀ ਨਾ ਕੋਇ ਲਗਾਈਆ । ਨਾ ਕੋਈ ਜਾਣੇ ਨੇਤਨ ਨੇਤ, ਦੂਰ ਦੁਰਾਡਾ ਨਾ ਕੋਇ ਸਮਝਾਈਆ । ਨਾ ਕੋਈ ਮੋਢੇ ਧਰੇ ਆਪਣਾ ਖੇਸ, ਖੂੰਡੀ ਹੱਥ ਨਾ ਕੋਇ ਫੜਾਈਆ । ਨਾ ਕੋਈ ਤੱਤਾਂ ਵਾਲਾ ਪੰਜ ਤਤ ਖ਼ਾਕੀ ਦਿਸੇ ਦਸ ਦਸਮੇਸ਼, ਦਹਿ ਦਿਸ਼ਾਂ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦੇਵੇ ਸੰਦੇਸ, ਅੰਜੀਲ ਕੁਰਾਨਾ ਤੀਸ ਬਤੀਸਾ ਹਦੀਸ ਨਾ ਕੋਇ ਪੜ੍ਹਾਈਆ । ਨਾ ਕੋਈ ਗੁਰੂ ਗ੍ਰੰਥ ਉਪਦੇਸ਼, ਚਾਰੇ ਖਾਣੀ ਚਾਰੇ ਬਾਣੀ ਚਾਰ ਕੁੰਟ ਚਾਰ ਜੁਗ ਚਾਰ ਵਰਨ ਨਾ ਕੋਇ ਸਮਝਾਈਆ । ਜਿਸ ਘਰ ਸਾਹਿਬ ਸਵਾਮੀ ਤੂੰ ਵਸੇਂ ਇਕੋ ਏਕ, ਏਕੰਕਾਰ ਡੇਰਾ ਲਾਈਆ । ਤੇਰੇ ਭਗਤ ਕਲਜੁਗ ਅੰਤਮ ਤੇਰੀ ਰੱਖ ਕੇ ਟੇਕ, ਟਿੱਕੇ ਪਿਛਲੇ ਰਹੇ ਧੁਆਈਆ । ਕਰ ਕਿਰਪਾ ਬੁਧ ਕਰ ਬਿਬੇਕ, ਦੁਰਮਤ ਮੈਲ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਤੇਰਾ ਦਵਾਰਾ ਲਈਏ ਵੇਖ, ਬਿਨ ਅੱਖਾਂ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਆਪਣਾ ਘਰ, ਜਿਸ ਘਰ ਬਹਿ ਕੇ ਸੋਭਾ ਪਾਈਆ । ਜਨ ਭਗਤਾਂ ਸਾਚਾ ਘਰ ਵਖਾਵਾਂਗਾ । ਦਰ ਇਕੋ ਇਕ ਖੁਲ੍ਹਾਵਾਂਗਾ । ਨਰ ਨਰਾਇਣ ਨਜ਼ਰੀ ਆਵਾਂਗਾ । ਨਾਤਾ ਤੋੜ ਕੇ ਭਾਈ ਭੈਣ, ਸੱਜਣ ਇਕੋ ਇਕ ਅਖਵਾਵਾਂਗਾ । ਜੁਗ ਜਨਮ ਦਾ ਦੇ ਕੇ ਲਹਿਣਾ ਦੇਣ, ਵਸਤ ਅਮੋਲਕ ਝੋਲੀ ਪਾਵਾਂਗਾ । ਭਗਤ ਭਗਵਾਨ ਇਕੋ ਘਰ ਇਕੱਠੇ ਰਹਿਣ, ਸਚਖੰਡ ਦਵਾਰ ਸੁਹਾਵਾਂਗਾ । ਭੈ ਚੁਕਾ ਕੇ ਲਾੜੀ ਮੌਤ ਡੈਣ, ਲੱਖ ਚੁਰਾਸੀ ਵਿਚੋਂ ਪਾਰ ਕਰਾਵਾਂਗਾ । ਰਾਏ ਧਰਮ ਅੱਖ ਨਾ ਤੱਕੇ ਨੈਣ, ਚਿਤ੍ਰਗੁਪਤ ਪੰਧ ਮੁਕਾਵਾਂਗਾ । ਧੁਰ ਦਾ ਬਣ ਕੇ ਸੈਣ, ਸਗਲੀ ਚਿੰਤ ਗਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵੇਖ ਵਖਾਵਾਂਗਾ । ਜਨ ਭਗਤ ਕਹਿਣ ਕੀ ਕਰੇਂ ਤਰਸ, ਦਰਦੀ ਦਰਦ ਵੰਡਾਈਆ । ਜਨਮ ਕਰਮ ਦੇ ਰਹੇ ਭਟਕ, ਬਿਰਹੋਂ ਰੋਗ ਸਤਾਈਆ । ਕਲਜੁਗ ਕੂੜੀ ਕਿਰਿਆ ਚੜ੍ਹਿਆ ਕਟਕ, ਚਾਰੋਂ ਕੁੰਟ ਲੜਾਈਆ । ਮਾਇਆ ਮਮਤਾ ਦੇਵੇ ਕੋਈ ਨਾ ਝਟਕ, ਖੰਡਾ ਨਾਮ ਨਾ ਹੱਥ ਉਠਾਈਆ । ਪ੍ਰਭੂ ਤੇਰੇ ਮਿਲਣ ਦਾ ਜਿਹੜਾ ਲੱਭਦੇ ਰਹੇ ਵਕਤ, ਘੜੀ ਪਲ ਖੋਜ ਖੁਜਾਈਆ । ਹੋ ਸਹਾਈ ਵਿਚ ਜਗਤ, ਜੁਗ ਚੌਕੜੀ ਦਏ ਗਵਾਹੀਆ । ਤੈਨੂੰ ਲੱਭਦੇ ਤੇਰੇ ਭਗਤ, ਭਾਂਡਾ ਭਰਮ ਭਉ ਭੰਨਾਈਆ । ਨੇਤਰ ਰੋਵੇ ਧਰਨੀ

ਧਰਤ, ਧਵਲ ਰਹੀ ਕੁਰਲਾਈਆ । ਗੋਬਿੰਦ ਨਾਲ ਤੇਰੀ ਸ਼ਰਤ, ਕਲਜੁਗ ਅੰਤਮ ਸ਼ਰਅ ਦੇਣੀ ਬਦਲਾਈਆ । ਬਣ ਕੇ ਆਵਾਂ ਜੋਧਾ ਸੂਰਬੀਰ ਮਰਦ, ਮਰਦ ਮਰਦਾਨਾ ਇਕ ਅਖਵਾਈਆ । ਜਨ ਭਗਤਾਂ ਸੁਣ ਕੇ ਅਰਜ਼, ਆਰਜ਼ੂ ਆਪਣੀ ਝੋਲੀ ਪਾਈਆ । ਰਾਗ ਸੁਣਾਵਾਂ ਅਗੰਮੀ ਤਰਜ਼, ਸੋਹੰ ਢੋਲਾ ਇਕ ਜਣਾਈਆ । ਜਨਮ ਜਨਮ ਦੀ ਮੇਟ ਕੇ ਮਰਜ਼, ਮਰਜ਼ੀ ਆਪਣੇ ਨਾਲ ਰਲਾਈਆ । ਏਹੋ ਖੇਲ ਸਦਾ ਅਸਚਰਜ, ਜਿਸਦੀ ਸਮਝ ਕਿਸੇ ਨਾ ਆਈਆ । ਗ਼ਰੀਬ ਨਿਮਾਣਿਆਂ ਵੰਡੇਂ ਦਰਦ, ਦੁਖੀਆਂ ਦੁੱਖ ਵੰਡਾਈਆ । ਛੁਰੀ ਕਸਾਈ ਫੜੇ ਕੋਈ ਨਾ ਕਰਦ, ਕਤਲਗਾਹ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤ ਵੇਖੇ ਦਿਵਸ ਰੈਣ, ਘੜੀ ਪਲ ਧਿਆਨ ਲਗਾਈਆ । ਰਸਨਾ ਸਕੇ ਕੋਈ ਨਾ ਕਹਿਣ, ਜਿਹਵਾ ਜ਼ਬਾਨ ਨਾ ਕੋਇ ਵਡਿਆਈਆ । ਕਿਸ ਬਿਧ ਆਵੇ ਦੇਣਾ ਦੇਣ, ਦਾਤਾ ਬੇਪਰਵਾਹੀਆ । ਗੁਰਮੁਖ ਵਿਰਲੇ ਹਿੱਸਾ ਲੈਣ, ਹਸਤੀ ਆਪਣੀ ਆਪ ਮਿਟਾਈਆ । ਕੂੜੀ ਕਿਰਿਆ ਮੂਲ ਨਾ ਵਹਿਣ, ਵਹਿਮ ਝੂਠਾ ਦੇਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਸਾਚੇ ਨੈਣ, ਨੈਣ ਮਤਵਾਲੇ ਦਏ ਬਣਾਈਆ । ਜਨ ਭਗਤ ਕਹਿਣ ਨਹੀਂ ਹੋਇਆ ਮਤਵਾਲਾ, ਮੁਤਲਾਸ਼ੀ ਹੋ ਕੇ ਵੇਖ ਵਖਾਈਆ । ਜਿਸ ਨੂੰ ਕਹਿੰਦੇ ਹਰਿ ਗੋਪਾਲਾ, ਗੋਬਿੰਦ ਰੂਪ ਸਮਾਈਆ । ਜਿਸ ਦੀ ਸਚਖੰਡ ਸੱਚੀ ਧਰਮਸਾਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਦਾ ਆਦਿ ਜੁਗਾਦਿ ਜੁਗਾ ਜੁਗੰਤਰ ਨੂਰ ਉਜਾਲਾ, ਜੋਤੀ ਜੋਤ ਡਗਮਗਾਈਆ । ਜਿਸ ਦਾ ਨਿਤ ਨਵਿਤ ਖੇਲ ਨਿਰਾਲਾ, ਨਿਰਵੈਰ ਪੁਰਖ ਅਖਵਾਈਆ । ਜਿਸ ਦਾ ਮਾਰਗ ਸਦਾ ਸੁਖਾਲਾ, ਜਨ ਭਗਤਾਂ ਦਏ ਸਮਝਾਈਆ । ਜਿਸ ਦਾ ਫਲ ਅਗੰਮੀ ਡਾਲ੍ਹਾ, ਪੱਤ ਟਹਿਣੀ ਆਪ ਮਹਿਕਾਈਆ । ਜਿਸ ਦਾ ਗੁਰੂ ਅਵਤਾਰ ਦੇਂਦੇ ਗਏ ਅਹਿਵਾਲਾ, ਪੀਰ ਪੈਗ਼ੰਬਰ ਇਸ਼ਾਰਿਆਂ ਨਾਲ ਗਏ ਜਣਾਈਆ । ਜਿਸ ਦੇ ਹੱਥ ਕਾਲ ਮਹਾਂਕਾਲਾ, ਮਾਲਕ ਇਕ ਅਖਵਾਈਆ । ਜਿਸ ਦਾ ਜਲਵਾ ਨੂਰ ਜਲਾਲਾ, ਜੋਬਨ ਇਕ ਹੰਢਾਈਆ । ਸੋ ਜਨ ਭਗਤਾਂ ਦੇਵੇ ਆਪਣੇ ਨਾਮ ਦੀ ਮਾਲਾ, ਮਨ ਕਾ ਮਣਕਾ ਦਏ ਭੁਆਈਆ । ਤੂੰ ਬ੍ਰਾਹਮਣ ਤੇਰਾ ਸਭ ਤੋਂ ਮਾਰਗ ਇਕ ਸੁਖਾਲਾ, ਸਾਚੀ ਧੁਰ ਦੀ ਕਰੇਂ ਪੜ੍ਹਾਈਆ । ਤ੍ਰੈਗੁਣ ਨਾਤਾ ਤੋੜ ਜੰਜਾਲਾ, ਹਰਿ ਦਾਤਾ ਹੋਏ ਸਹਾਈਆ । ਜਿਸ ਦਾ ਗੁਰ ਅਵਤਾਰ ਦੇ ਕੇ ਗਏ ਬਿਆਨਾ, ਅੰਤਮ ਲੇਖਾ ਦਏ ਮੁਕਾਈਆ । ਪਰਗਟ ਹੋ ਕੇ ਨੌਜਵਾਨਾ, ਜੋਬਨ ਰੱਤਾ ਬਿਨਾਂ ਤੱਤਾਂ ਆਵੇ ਸੱਚਾ ਮਾਹੀਆ । ਸਤਿ ਝੁਲਾਏ ਇਕ ਨਿਸ਼ਾਨਾ, ਵੇਖ ਵਖਾਏ ਦੋ ਜਹਾਨਾਂ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵਿਸ਼ਨੂੰ ਭਗਵਾਨਾ, ਭਗਤ ਭਗਵੰਤ ਭਗੌਤੀ ਭਗਵਨ ਇਕ ਜਣਾਈਆ । ਜੋਧਾ ਸੂਰਬੀਰ ਵਡ ਮਰਦ ਮਰਦਾਨਾ, ਨੈਣ ਮਤਵਾਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਜਗਾਈਆ । ਜਨ ਭਗਤ ਜਗਾਏ ਆਪਣੇ ਵੇਲਾ, ਭੇਵ ਜਗਦੀਸ਼ ਖੁਲ੍ਹਾਈਆ । ਭੇਵ ਚੁਕਾਏ ਗੁਰੂ ਗੁਰ ਚੇਲਾ, ਚੇਲਾ ਗੁਰੂ ਦਏ ਸਮਝਾਈਆ । ਧਾਮ ਵਖਾ ਕੇ ਇਕ ਨਵੇਲਾ, ਵਿਛੜੇ ਰਾਮ ਦਏ ਮਿਲਾਈਆ । ਕਾਇਆ ਮੰਦਰ ਜੰਗਲ ਜੂਹ ਉਜਾੜ ਭਿਆਨਕ ਬੇਲਾ, ਠੱਗ ਚੋਰ ਯਾਰ ਅੰਦਰ ਬੈਠੇ ਡੇਰਾ ਲਾਈਆ । ਜਿਨ੍ਹਾਂ ਮਿਲਿਆ ਪ੍ਰਭ ਸੱਜਣ ਸੁਹੇਲਾ, ਸਾਹਿਬ ਸਤਿਗੁਰ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਚਾਈਂ ਚਾਈਆ । ਹਰਿਜਨ ਤੇਰਾ ਮੇਲ ਅਪਾਰ, ਜਗਤ ਨੈਣ ਵੇਖਣ ਨਾ

ਪਾਈਆ । ਆਤਮ ਅੰਤਰ ਇਕ ਪਿਆਰ, ਪ੍ਰੇਮੀ ਪ੍ਰੇਮ ਦਏ ਸਮਝਾਈਆ । ਬਿਨ ਰਸਨਾ ਜਿਹਵਾ ਕਰ ਗੁਫ਼ਤਾਰ, ਗੁਫ਼ਤ ਸ਼ਨੀਦ ਵੇਖ ਵਖਾਈਆ । ਸਾਚੇ ਮੰਦਰ ਲਏ ਉਠਾਲ, ਅੰਦਰੇ ਅੰਦਰ ਜੋੜ ਜੁੜਾਈਆ । ਸਾਚੀ ਸੁਰਤੀ ਲਏ ਸੰਭਾਲ, ਮਿਹਰ ਨਜ਼ਰ ਉਠਾਈਆ । ਲੇਖਾ ਜਾਣ ਸ਼ਾਹ ਕੰਗਾਲ, ਕੰਗਾਲੋਂ ਸ਼ਾਹ ਬਣਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਫੇਰਾ ਪਾਈਆ । ਭਗਤ ਭਗਵੰਤ ਦੇਵੇ ਮਾਣ, ਅਭਿਮਾਨ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰੀ ਕਰਾਂ ਪਹਿਚਾਣ, ਸਚ ਸੰਦੇਸ਼ਾ ਦਏ ਸੁਣਾਈਆ । ਇਕੋ ਅੱਖਰ ਦੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਗੁਰ ਅਵਤਾਰ ਪੀਰ ਪੈਗੰਬਰ ਖ਼ੁਸ਼ੀ ਮਨਾਣ, ਤਾਲੀਆਂ ਤਾਲ ਵਜਾਈਆ । ਜਨ ਭਗਤਾਂ ਹਰਿ ਜੂ ਮਿਲਿਆ ਆਣ, ਹਾਲਤ ਸਭ ਦੀ ਵੇਖ ਵਖਾਈਆ । ਲੇਖੇ ਲਾ ਕੇ ਬਿਰਧ ਜਵਾਨ, ਬੁੱਢੇ ਨੱਢੇ ਦਏ ਤਰਾਈਆ । ਜਿਨ੍ਹਾਂ ਗੋਬਿੰਦ ਸੇਵਾ ਕੀਤੀ ਮਹਾਨ, ਉਚ ਦਾ ਪੀਰ ਕੰਧੇ ਉਤੇ ਰਖਾਈਆ । ਤਿਨ੍ਹਾਂ ਦਾ ਲੇਖਾ ਵਿਚ ਜਹਾਨ, ਜ਼ਾਹਰ ਹੋ ਕੇ ਰਿਹਾ ਚੁਕਾਈਆ । ਆਸਾ ਮਨਸਾ ਪੂਰੀ ਕਰੇ ਆਣ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਤੇਰੀ ਮਿਟੇ ਤ੍ਰਿਸਨਾ ਤ੍ਰਿਖਾ, ਸਾਂਤਕ ਸਤਿ ਦਏ ਕਰਾਈਆ । ਤੂੰ ਆਤਮ ਪਰਮਾਤਮ ਬਣਿਆ ਸਿੱਖਾ, ਸਿੱਖੀ ਸਚ ਸਚ ਦ੍ਰਿੜਾਈਆ । ਜਿਸ ਦਾ ਤੀਰ ਨਿਰਾਲਾ ਤਿੱਖਾ, ਅਣਿਆਲਾ ਆਪ ਚਲਾਈਆ । ਜਿਸ ਦਾ ਅੰਮ੍ਰਿਤ ਸਭ ਤੋਂ ਮਿੱਠਾ, ਅਨਡਿਠਾ ਰਸ ਚਖਾਈਆ । ਸੋ ਸਾਹਿਬ ਕਰੇ ਹਿੱਤਾ, ਪ੍ਰੇਮ ਪ੍ਰੀਤੀ ਇਕ ਵਧਾਈਆ । ਰੂਪ ਵਖਾ ਕੇ ਆਪਣਾ ਅਨਡਿਠਾ, ਚੇਤਨ ਸੁਰਤੀ ਰਿਹਾ ਕਰਾਈਆ । ਜਨ ਭਗਤਾਂ ਦੀ ਸੇਜੇ ਸੁੱਤਾ, ਆਤਮ ਅੰਤਰ ਡੇਰਾ ਲਾਈਆ । ਗੁਰਮੁਖ ਕੋਈ ਨਾ ਰਹੇ ਰੁੱਸਾ, ਰੁੱਸਿਆਂ ਰਿਹਾ ਮਨਾਈਆ । ਭਗਤ ਭਗਵਾਨ ਦਾ ਕਾਹਦਾ ਗ਼ੁੱਸਾ, ਖ਼ੁਸ਼ੀਆਂ ਰੰਗ ਵਖਾਈਆ । ਪਿਆਰ ਨਾਲ ਕਹੇ ਪ੍ਰਭ ਉਠ ਮੇਰੇ ਲਾਡਲੇ ਪੁੱਤਾ, ਪਤਿਪਰਮੇਸ਼ਵਰ ਦਇਆ ਕਮਾਈਆ । ਉਨ੍ਹਾਂ ਦਾ ਆਵਣ ਜਾਵਣ ਮੁੱਕਾ, ਜਿਨ੍ਹਾਂ ਮੁਕੰਮਲ ਮਿਲੀ ਸਰਨਾਈਆ । ਜਨਮ ਕਰਮ ਦਾ ਮਿਟੇ ਦੁਖਾ, ਦਲਿਦ੍ਰ ਰੋਗ ਰਹੇ ਨਾ ਰਾਈਆ । ਜਨਣੀ ਕਰਾ ਕੇ ਸਫ਼ਲ ਕੁੱਖਾ, ਧੰਨ ਜਣੇਂਦੀ ਮਾਈਆ । ਜਨ ਭਗਤ ਦਵਾਰੇ ਖਾ ਕੇ ਟੁੱਕਰ ਰੁੱਖਾ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨਾਂ ਕਦੇ ਨਾ ਪੁੱਛਾ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਸਭ ਤੋਂ ਉੱਤਮ ਸ੍ਰੇਸ਼ਟ ਸਤਿ ਸਰੂਪ ਗੁਰਮੁਖਾਂ, ਜੋ ਮੁਖ ਵਿਚੋਂ ਸੋਹੰ ਨਾਮ ਧਿਆਈਆ । ਪ੍ਰਭ ਦਾ ਖੇਲ ਨਹੀਂ ਕੋਈ ਲੁਕਾ, ਪੜਦਾ ਉਤੇ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਰਿਹਾ ਤਰਾਈਆ । ਭਗਤ ਕਹਿਣ ਪ੍ਰਭ ਕਲ ਡੂੰਘਾ ਸਾਗਰ, ਨਈਆ ਨਜ਼ਰ ਕੋਇ ਨਾ ਆਈਆ । ਭਵਰ ਹੋਈ ਕਾਇਆ ਗਾਗਰ, ਪਾਰ ਨਾ ਕੋਇ ਕਰਾਈਆ । ਸਾਚਾ ਵਣਜ ਨਾ ਕਰੇ ਕੋਈ ਸੌਦਾਗਰ, ਹੱਟ ਸਤਿ ਨਾ ਕੋਇ ਖੁਲ੍ਹਾਈਆ । ਨਿਰਮਲ ਕਰਮ ਨਾ ਹੋਏ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਸਚ ਦਵਾਰੇ ਦੇਵੇ ਕੋਈ ਨਾ ਆਦਰ, ਅੰਤਰ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਪਿਆ ਵਿਛੋੜਾ ਕਰਤੇ ਕਾਦਰ, ਕਰੀਮ ਰਹੀਮ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੇਣਾ ਆਪਣਾ ਬਾਤਨ, ਬੈਤੁਲ ਧਾਮ ਦੇਣਾ ਵਖਾਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਤਾਕੀ, ਤੁਖ਼ਮ ਤਾਸੀਰ ਦੇ ਜਣਾਈਆ । ਤੇਰੀ ਵੇਖੀਏ ਚਾਲ ਬਾਂਕੀ, ਨਿਰਗੁਣ ਬੇਪਰਵਾਹੀਆ । ਤੂੰ ਆਦਿ ਜੁਗਾਦੀ ਸਾਥੀ, ਸਗਲਾ ਸੰਗ ਨਿਭਾਈਆ । ਤੂੰ ਧੁਰ ਮੰਤਰ ਦਾ ਪਾਠੀ,

ਤੇਰੇ ਪਾਠ ਦਾ ਭੋਗ ਕੋਇ ਨਾ ਪਾਈਆ । ਤੂੰ ਸਭ ਦਾ ਕਮਲਾਪਾਤੀ, ਲੱਖ ਚੁਰਾਸੀ ਨਾਰ ਰਿਹਾ ਹੰਢਾਈਆ । ਤੂੰ ਸਦਾ ਸਦਾ ਪੁਰਖ ਅਬਿਨਾਸ਼ੀ, ਜੀਵਣ ਮਰਨ ਵਿਚ ਨਾ ਆਈਆ । ਤੇਰਾ ਨਾਮ ਸੰਦੇਸ਼ਾ ਧੁਰ ਦੀ ਪਾਤੀ, ਜਨ ਭਗਤ ਸੁਨੇਹੜਾ ਦੇ ਸਮਝਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸੱਚਾ ਚੰਦ ਚਮਕਾਈਆ । ਲਹਿਣਾ ਦੇਣਾ ਮੁੱਕੇ ਜ਼ਾਤ ਪਾਤੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਬਦਲ ਦੇ ਹਯਾਤੀ, ਹਾਜ਼ਰ ਹੋ ਕੇ ਦਇਆ ਕਮਾਈਆ । ਤੇਰੇ ਨਾਮ ਦੀ ਵੱਜੇ ਇਕ ਰਬਾਬੀ, ਰੱਬੀ ਨੂਰ ਦੇ ਦਰਸਾਈਆ । ਆਵਣ ਜਾਵਣ ਦੀ ਮਿਲੇ ਆਜ਼ਾਦੀ, ਅੱਧ ਵਿਚਕਾਰ ਨਾ ਕੋਇ ਅਟਕਾਈਆ । ਤੇਰੇ ਦਵਾਰੇ ਹੋਈਏ ਪਾਕੀ, ਭਾਗ ਹਿੱਸਾ ਝੋਲੀ ਦੇਣਾ ਪਾਈਆ । ਭਗਤ ਉਧਾਰਨਾ ਤੇਰੀ ਧੁਰ ਦੀ ਵਾਦੀ, ਵਾਧਾ ਅੱਗੇ ਦੇ ਕਰਾਈਆ । ਤੇਰੇ ਸਚਖੰਡ ਦੀ ਸੋਹੇ ਸੁਹੰਜਣੀ ਆਬਾਦੀ, ਅਬਾਦਤ ਤੇਰਾ ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸਾਚੇ ਸੰਤ ਗੁਰਮੁਖ ਗੁਰਸਿਖ ਤੇਰੀ ਮੰਗਣ ਇਕ ਸਰਨਾਈਆ ।

### ✪ ੬ ਮੱਘਰ ੨੦੨੧ ਬਿਕ੍ਰਮੀ ਗੁਰਦਾਸ ਸਿੰਘ ਦੇ ਗ੍ਰਹਿ ਪਿੰਡ ਸ਼ਾਹਵਾਲਾ ✪



ਜਨ ਭਗਤ ਹਰਿ ਦਵਾਰੇ ਘੁੰਮਦਾ, ਘੁੰਮਣ ਘੇਰੀ ਜਗਤ ਤਜਾਈਆ । ਸ਼ਬਦ ਅਗੰਮੀ ਨਾਮ ਸੁਣਦਾ, ਸੁਰਤੀ ਸ਼ਬਦ ਮਿਲਾਈਆ । ਲੇਖ ਮਿਟਾ ਕੇ ਪੂਰਬ ਅਵਗੁਣ ਦਾ, ਗੁਣ ਸਾਚਾ ਝੋਲੀ ਪਾਈਆ । ਰਸ ਮਾਣੇ ਅਗੰਮੀ ਧੁਨ ਦਾ, ਅਨਹਦ ਰਾਗ ਜਣਾਈਆ । ਪੜਦਾ ਲਾਹ ਕੇ ਡੂੰਘੀ ਸੁੰਨ ਦਾ, ਨਿਜ ਨੇਤਰ ਅੱਖ ਖੁਲ੍ਹਾਈਆ । ਸਾਕ ਛੁੱਟ ਜਾਏ ਰਿਖ ਮੁਨ ਦਾ, ਪਤਿਪਰਮੇਸ਼ਵਰ ਮਿਲੇ ਬੇਪਰਵਾਹੀਆ । ਚੋਟੀ ਸੀਸ ਕੋਇ ਨਾ ਮੁੰਨਦਾ, ਸਾਬਤ ਸੂਰਤ ਇਕ ਵਖਾਈਆ । ਲੇਖਾ ਮੁੱਕ ਜਾਏ ਰਸਨਾ ਜਿਹਵਾ ਬੁੱਲ ਦਾ, ਅੰਤਰ ਆਤਮ ਜੋੜ ਜੁੜਾਈਆ । ਨਿਜਰ ਰਸ ਕਦੇ ਨਾ ਡੁਲ੍ਹਦਾ, ਸਚ ਪਿਆਲਾ ਜਾਮ ਪਿਆਈਆ । ਤ੍ਰੈਗੁਣ ਮਾਇਆ ਵਿਚ ਨਾ ਰੁਲਦਾ, ਰੁਲਦਿਆਂ ਲਏ ਤਰਾਈਆ । ਬੂਟਾ ਬਣਾ ਦੇ ਸਾਚੀ ਕੁਲ ਦਾ, ਕੁਲਵੰਤਾ ਹੋਏ ਸਹਾਈਆ । ਆਦਿ ਜੁਗਾਦਿ ਫਲਦਾ ਫੁਲਦਾ, ਪੱਤ ਡਾਲ੍ਹੀ ਨਾਲ ਮਹਿਕਾਈਆ । ਪ੍ਰੇਮ ਹੁਲਾਰੇ ਅੰਦਰ ਝੂਲਦਾ, ਸੋਹਣੀ ਰੁੱਤ ਸੁਹਾਈਆ । ਸਚ ਪ੍ਰੀਤੀ ਅੰਦਰ ਘੋਲੀ ਘੁਲਦਾ, ਘਾਲ ਆਪਣੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਗੁਰਮੁਖ ਘੁੰਮ ਘੁੰਮ ਲਾਏ ਚੱਕਰ, ਚੱਕਰਵਰਤੀ ਵੇਖ ਵਖਾਈਆ । ਜਿਸ ਦੇ ਸੀਸ ਝੁਲਦਾ ਛਤਰ, ਛਤਰਧਾਰੀ ਇਕ ਅਖਵਾਈਆ । ਜਿਸ ਦਾ ਲੇਖਾ ਅਗੰਮੀ ਪੱਤਰ, ਬੁੱਧੀ ਸਮਝ ਸਕੇ ਨਾ ਰਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਪੁੱਤਰ, ਭਗਤਾਂ ਦਏ ਵਡਿਆਈਆ । ਜੋ ਨਿਰਗੁਣ ਧਾਰੋਂ ਆਵੇ ਉਤਰ, ਨਿਰਵੈਰ ਪੁਰਖ ਇਕ ਅਖਵਾਈਆ । ਉਸਦਾ ਸਦਾ ਕਰੀਏ ਸ਼ੁਕਰ, ਸ਼ਾਕਰ ਆਪਣੇ ਉਤੇ ਕਰਾਈਆ । ਕੀਤਾ ਕੌਲ ਜਾਏ ਨਾ ਮੁੱਕਰ, ਗੋਬਿੰਦ ਗੁਰ ਸਮਝਾਈਆ । ਸੰਤ ਸੁਹੇਲੇ ਚੁੱਕੇ ਕੁੱਛੜ, ਗੁਰਮੁਖ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਗੁਰਮੁਖ ਘੁੰਮਣ ਘਰ ਚਾਉ ਘਨੇਰਾ, ਵੱਜੇ ਨਾਮ ਵਧਾਈਆ ।

ਪੁਰਖ ਅਬਿਨਾਸ਼ੀ ਬੰਨ੍ਹੇ ਬੇੜਾ, ਸਮਰਥ ਆਪਣੇ ਕੰਧ ਉਠਾਈਆ । ਜਨਮ ਜਨਮ ਦਾ ਕੱਟ ਕੇ ਗੇੜਾ, ਲੱਖ ਚੁਰਾਸੀ ਦਏ ਕਟਾਈਆ । ਆਵਣ ਜਾਵਣ ਚੁੱਕੇ ਝੇੜਾ, ਝਗੜਾ ਰਹੇ ਨਾ ਕੋਇ ਲੋਕਾਈਆ । ਕਾਇਆ ਮੰਦਰ ਵਸੇ ਖੇੜਾ, ਸੋਹਣੀ ਬਣਤ ਬਣਾਈਆ । ਨਜ਼ਰੀ ਆਏ ਤੂੰ ਮੇਰਾ ਮੈਂ ਤੇਰਾ, ਦੂਜਾ ਰੂਪ ਨਾ ਕੋਇ ਵਟਾਈਆ । ਸ਼ਬਦ ਅਨਾਦੀ ਸਤਿਗੁਰ ਸ਼ੇਰਾ, ਸ਼ਹਿਨਸ਼ਾਹ ਵਡਿਆਈਆ । ਪ੍ਰੇਮ ਪ੍ਰੀਤੀ ਪਾ ਕੇ ਘੇਰਾ, ਡੋਰੀ ਤੰਦ ਬੰਧਾਈਆ । ਨਜ਼ਰੀ ਆਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਘੁੰਮਣ ਚਾਰ ਕੁੰਟ, ਭੱਜਣ ਵਾਹੋ ਦਾਹੀਆ । ਠਾਕਰ ਮਿਲਿਆ ਵਾਸੀ ਬੈਕੁੰਠ, ਨਿਵਾਸੀ ਇਕੋ ਨਜ਼ਰੀ ਆਈਆ । ਜਿਸ ਨੂੰ ਜੁਗ ਚੌਕੜੀ ਲੱਭਦੇ ਸੰਤ, ਭਗਤ ਅੱਖ ਖੁਲ੍ਹਾਈਆ । ਜੋ ਮਾਲਕ ਧੁਰ ਦਾ ਕੰਤ, ਵਿਛੜਿਆਂ ਰਿਹਾ ਮਿਲਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਤਨ ਮਾਟੀ ਖ਼ਾਕ ਆਪਣੇ ਨਾਮ ਰੰਗਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਨਿਵਣ ਸੁ ਅੱਖਰ ਕਰੇ ਪੜ੍ਹਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚਾ ਨਾਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਨਣਹਾਰਾ ਹਰ ਘਟ ਥਾਈਂਆ । ਗੁਰਮੁਖ ਘੁੰਮਣ ਇਰਦ ਗਿਰਦ, ਆਸ ਪਾਸ ਸੋਭਾ ਪਾਈਆ । ਜਿਸ ਸਵਾਮੀ ਧੁਰ ਦੀ ਦਰਦ, ਦੁਖੀਆਂ ਵੇਖ ਵਖਾਈਆ । ਓਸ ਅੱਗੇ ਇਕੋ ਅਰਜ਼, ਬੇਨੰਤੀ ਸਚ ਜਣਾਈਆ । ਜਨਮ ਕਰਮ ਦੀ ਮੇਟ ਦੇ ਮਰਜ਼, ਆਵਣ ਜਾਵਣ ਰਹਿਣ ਨਾ ਪਾਈਆ । ਤੇਰਾ ਪ੍ਰਭ ਕੀ ਹੋਣਾ ਹਰਜ, ਮਿਹਰ ਨਜ਼ਰ ਉਠਾਈਆ । ਸ਼ਰਅ ਕਸਾਈ ਨਾ ਮਾਰੇ ਕਰਦ, ਛੁਰੀ ਹਲਾਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਘੁੰਮ ਘੁੰਮ ਕੇ ਸਾਰੇ ਥੱਕੇ, ਜੁਗ ਚੌਕੜੀ ਪੰਧ ਮੁਕਾਈਆ । ਫਿਰ ਫਿਰ ਆਏ ਮਦੀਨੇ ਮੱਕੇ, ਕਾਅਬਾ ਕਬਰਾਂ ਵਿਚ ਧਿਆਨ ਲਗਾਈਆ । ਲੱਭਦੇ ਰਹੇ ਤੀਰਥ ਤਟੇ, ਅਠਸਠ ਖੋਜ ਖੁਜਾਈਆ । ਗੁਰਦਰ ਮੰਦਰ ਮਸਜਿਦ ਫਿਰਦੇ ਭੱਜੇ, ਬਣ ਕੇ ਪਾਂਧੀ ਰਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਅੱਕੇ, ਅਕਲ ਬੁਧ ਨਾ ਕੋਇ ਚਤੁਰਾਈਆ । ਸਾਚਾ ਮਾਰਗ ਤੇਰਾ ਸਵਾਮੀ ਮੂਲ ਨਾ ਲੱਭੇ, ਖੋਜੀ ਸ੍ਰਿਸ਼ਟ ਸਬਾਈਆ । ਚਾਰੋਂ ਕੁੰਟ ਤੱਤੀ ਵਾ ਵਗੇ, ਸਾਂਤਕ ਸਤਿ ਨਾ ਕੋਇ ਕਰਾਈਆ । ਕਲਜੁਗ ਜੀਵ ਬਗੜੇ ਹੋਏ ਬਘੇ, ਹੰਸ ਰੂਪ ਨਾ ਕੋਇ ਵਟਾਈਆ । ਬਿਰਹੋਂ ਵਿਛੋੜੇ ਅੰਦਰ ਤਪੇ, ਜਨ ਭਗਤ ਦੇਣ ਦੁਹਾਈਆ । ਕਵਣ ਵੇਲਾ ਪ੍ਰਭ ਸਿਰ ਆਪਣਾ ਹੱਥ ਰੱਖੇ, ਰੱਖਿਆ ਕਰੇ ਥਾਉਂ ਥਾਈਂਆ । ਸਾਡੇ ਲੇਖੇ ਲਾ ਲਏ ਟੇਕੇ ਮੱਥੇ, ਮਸਤਕ ਜੋਤੀ ਨੂਰ ਕਰੇ ਰੁਸ਼ਨਾਈਆ । ਸਗਲ ਵਸੂਰੇ ਜਾਇਣ ਲੱਥੇ, ਦੁੱਖ ਰੋਗ ਰਹਿਣ ਨਾ ਪਾਈਆ । ਨਾਮ ਰੰਗਣ ਵਿਚ ਆਪਣੇ ਰੱਤੇ, ਰੱਤੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਜਨ ਭਗਤ ਕਹਿਣ ਘੁੰਮ ਘੁੰਮ ਰਹੇ ਫਿਰਦੇ, ਜੁਗ ਚੌਕੜੀ ਫੇਰਾ ਪਾਈਆ । ਪ੍ਰਭੂ ਆ ਕੇ ਵਸ ਆਪਣੇ ਹਿਰਦੇ, ਹਰਿ ਅੰਤਰ ਪੜਦਾ ਲਾਹੀਆ । ਭੇਵ ਖੁਲ੍ਹਾ ਅਨੋਖੇ ਦਿਲ ਦੇ, ਦਿਲਬਰ ਆਪਣਾ ਜੋੜ ਜੁੜਾਈਆ । ਆਤਮ ਪਰਮਾਤਮ ਵੇਖੀਏ ਮਿਲਦੇ, ਮੇਲ ਮਿਲਾਵਾ ਦੇ ਸਮਝਾਈਆ । ਭੇਵ ਖੁਲ੍ਹਾ ਦੇ ਆਪਣੇ ਦਿਲ ਦੇ, ਤਿਲਕ ਲਲਾਟੀ ਨੂਰ ਕਰ ਰੁਸ਼ਨਾਈਆ । ਸੁਖ ਦੇ ਸਾਚੇ ਵਸਲ ਦੇ, ਅਸਲ ਆਪਣਾ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫਿਰਦੇ


੬੧੦
੧੭

ਫਿਰਦੇ ਆ ਗਏ ਘਰ, ਗ੍ਰਿਹ ਮੰਦਰ ਦੇ ਵਖਾਈਆ । ਜਿਥੇ ਵਸੇ ਨਰਾਇਣ ਨਰ, ਹਰਿ ਜੂ ਡੇਰਾ ਲਾਈਆ । ਓਸ ਮੰਜ਼ਲ ਜਾਈਏ ਚੜ੍ਹ, ਜਿਸ ਦਾ ਮਾਰਗ ਸਮਝ ਕੋਇ ਨਾ ਪਾਈਆ । ਤੇਰੀ ਸਰਨੀ ਡਿਗੀਏ ਦੜ, ਆਪਣਾ ਆਪ ਮਿਟਾਈਆ । ਸਾਹਿਬ ਸਵਾਮੀ ਕਿਰਪਾ ਕਰ, ਕਿਰਪਣ ਲਏ ਉਠਾਈਆ । ਨਿਰਭਉ ਚੁਕਾ ਭੈ ਡਰ, ਭਿਆਨਕ ਹੋ ਸਹਾਈਆ । ਸਵੱਛ ਸਰੂਪੀ ਅੱਗੇ ਖੜ੍ਹ, ਸਨਮੁਖ ਦਰਸ ਦੇਣਾ ਚਾਈਂ ਚਾਈਂਆ । ਤੇਰਾ ਨਾਉਂ ਨਿਰੰਕਾਰਾ ਲਈਏ ਪੜ੍ਹ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਫਿਰਦੇ ਫਿਰਦੇ ਆਏ ਆਸਣ, ਅਸਲੀਅਤ ਦੇ ਸਮਝਾਈਆ । ਤੇਰਾ ਨਾਉਂ ਪੁਰਖ ਅਬਿਨਾਸ਼ਣ, ਅਬਿਨਾਸ਼ੀ ਤੇਰੇ ਹੱਥ ਵਡਿਆਈਆ । ਭਗਤ ਸੁਹੇਲੇ ਦਾਸੀ ਦਾਸਣ, ਗੁਰ ਚੇਲੇ ਸੀਸ ਨਿਵਾਈਆ । ਪੰਧ ਮੁਕਾ ਦੇ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਡੇਰਾ ਢਾਹੀਆ । ਤੇਰਾ ਮੰਡਲ ਵੇਖਣ ਰਾਸਣ, ਸੋਹਣਾ ਵੇਸ ਧਰਾਈਆ । ਕਰ ਬੇਨੰਤੀ ਸਾਰੇ ਆਖਣ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭੂ ਤੇਰੇ ਆਏ ਪਾਤਣ, ਨਈਆ ਨੌਕਾ ਨਾਮ ਚੜ੍ਹਾਈਆ । ਦੋ ਜਹਾਨਾਂ ਬਣ ਸਾਥਣ, ਸਗਲਾ ਸੰਗ ਨਿਭਾਈਆ । ਕੋਟ ਜਨਮ ਉਤਾਰ ਪਾਪਣ, ਪਤਤ ਪੁਨੀਤ ਕਰਾਈਆ । ਤੂੰ ਧੁਰ ਦਾ ਮਾਈ ਬਾਪਣ, ਪਿਤਾ ਪੁਰਖ ਅਕਾਲ ਅਖਵਾਈਆ । ਅਸਾਂ ਤੇਰਾ ਕਰਨਾ ਇਕੋ ਜਾਪਣ, ਸੋ ਇਕੋ ਸੋਹੰ ਰਾਗ ਅਲਾਈਆ । ਗੁਰੂ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਿਆ ਭਵਿਖਤ ਵਾਕਣ, ਵੇਲਾ ਵਕਤ ਗਿਆ ਆਈਆ । ਤੇਰਾ ਭਗਤ ਨਾ ਹੋਏ ਨਿਰਾਸਣ, ਨਿਰਾਸਾ ਆਸਾ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਘੁੰਮਦੇ ਘੁੰਮਦੇ ਆ ਗਏ ਅੱਗੇ, ਆਪਣਾ ਪੰਧ ਮੁਕਾਈਆ । ਕਿਰਪਾ ਕਰ ਸੂਰੇ ਸਰਬਗੇ, ਸਚ ਤੇਰੀ ਸਰਨਾਈਆ । ਦੀਪਕ ਦੀਆ ਕਮਲਾਪਾਤੀ ਇਕੋ ਜਗੇ, ਅੰਧੇਰੀ ਰਾਤੀ ਦਏ ਮਿਟਾਈਆ । ਪਵਣ ਸੁਗੰਧੀ ਅਗੰਮੀ ਠੰਡੀ ਵਗੇ, ਤੱਤੀ ਵਾ ਨਾ ਲੱਗੇ ਰਾਈਆ । ਹੰਸ ਬਣਾ ਬਗੜੇ ਬਪੇ, ਦੁਰਮਤ ਮੈਲ ਧੁਆਈਆ । ਤੇਰਾ ਨਾਮ ਤੇਰਾ ਭਗਤ ਇਕੋ ਜਪੇ, ਜੀਵਣ ਜੁਗਤ ਇਕ ਸਮਝਾਈਆ । ਸਚ ਪ੍ਰੀਤੀ ਸੀਸ ਜਗਦੀਸ਼ ਤੇਰੇ ਅੱਗੇ, ਦੂਸਰ ਅਵਰ ਨਾ ਕੋਇ ਝੁਕਾਈਆ । ਧੁਰ ਦਰਬਾਰਾ ਹਰਿ ਨਿਰੰਕਾਰਾ ਭਗਤ ਭਗਵਾਨ ਤੇਰਾ ਲੰਘੇ, ਸਾਚੇ ਮੰਦਰ ਚੜ੍ਹ ਚੜ੍ਹ ਖ਼ੁਸ਼ੀ ਮਨਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਸਚ ਸਿੰਘਾਸਣ ਸੋਹੇਂ ਪਲੰਘੇ, ਛਤਰਧਾਰੀ ਡੇਰਾ ਲਾਈਆ । ਨਾਮ ਨਿਧਾਨ ਨੌਜਵਾਨ ਸ੍ਰੀ ਭਗਵਾਨ ਤੇਰਾ ਵੱਜੇ ਮਰਦੰਗੇ, ਅਗੰਮ ਅਗੰਮੜਾ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਰਨ ਸਰਨਾਈ ਸਾਰੇ ਢੱਠੇ, ਸਿਰ ਸਕੇ ਨਾ ਕੋਇ ਉਠਾਈਆ । ਭਗਤ ਸੁਹੇਲੇ ਪ੍ਰੇਮੀ ਪ੍ਰੇਮ ਆਪੇ ਸੱਦੇ, ਸਚ ਸੁਨੇਹੜਾ ਨਾਮ ਜਣਾਈਆ । ਦਰ ਦਵਾਰ ਤੇਰੇ ਆਈਏ ਭੱਜੇ, ਭਜਨ ਬੰਦਗੀ ਤੇਰੀ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਫੜ ਫੜ ਕੱਢੇ, ਇਹੋ ਤੇਰੀ ਵਡਿਆਈਆ । ਪਾਰ ਉਤਾਰੇ ਬੁੱਢੇ ਨੱਢੇ, ਨੌਜਵਾਨਾਂ ਹੋਏ ਸਹਾਈਆ । ਜੋ ਸਰਨਾਈ ਤੇਰੀ ਲੱਗੇ, ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਲੇਖਾ ਲੇਖੇ ਲਾਈਆ । ਘੁੰਮਦਿਆਂ ਘੁੰਮਦਿਆਂ ਮਿਲਿਆ ਦਰਵਾਜ਼ਾ, ਪੜਦਾ ਦੇ ਉਠਾਈਆ । ਤੂੰ ਸਰਬ ਸਵਾਮੀ ਗ਼ਰੀਬ ਨਿਵਾਜਾ, ਕੋੜ੍ਹੇ ਕਮਲਿਆਂ ਗਲੇ ਲਗਾਈਆ । ਭਗਤ ਸੁਹੇਲਾ ਮਾਰ ਆਵਾਜ਼ਾਂ, ਸੁਤਿਆਂ ਲੈ ਉਠਾਈਆ । ਅੰਦਰ ਵੜ ਕੇ ਖੋਲ੍ਹੇ ਰਾਜ਼ਾ, ਰਹਿਮਤ ਆਪ ਕਮਾਈਆ । ਹੋਏ ਸਹਾਈ ਨਾਥ ਅਨਾਥਾ, ਨਿਮਾਣਿਆਂ ਦੇ ਵਡਿਆਈਆ । ਜੁਗ ਚੌਕੜੀ ਤੇਰਾ ਸਾਥਾ,

ਸਗਲਾ ਸੰਗ ਇਕੋ ਨਜ਼ਰੀ ਆਈਆ । ਤੇਰੇ ਭਗਤਾਂ ਤੇਰਾ ਗੌਣਾ ਪਾਠਾ, ਤੇਰਾ ਨਾਮ ਧਿਆਈਆ । ਤੂੰ ਮਾਲਕ ਖ਼ਾਲਕ ਪੁਰਖ ਸਮਰਾਥਾ, ਸਚਖੰਡ ਨਿਵਾਸੀ ਇਕੋ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪੂਰੀ ਕਰਦੇ ਆਸਾ, ਆਸਾ ਤ੍ਰਿਸਨਾ ਮੇਟ ਮਿਟਾਈਆ । ਤੇਰੇ ਚਰਨ ਸਚ ਭਰਵਾਸਾ, ਭਾਂਡਾ ਭਰਮ ਦੇ ਭੰਨਾਈਆ । ਪਿਛਲਾ ਖੋਲ੍ਹ ਕੇ ਵੇਖ ਖਾਤਾ, ਜਨਮ ਕਰਮ ਦਾ ਲੇਖਾ ਤੇਰੀ ਝੋਲੀ ਪਾਈਆ । ਤੂੰ ਗਹਿਰ ਗੰਭੀਰ ਵੱਡਾ ਦਾਤਾ, ਬੇਨਜ਼ੀਰ ਨਜ਼ਰੀ ਆਈਆ । ਤੇਰੇ ਨਾਲ ਜੁੜਿਆ ਭਗਤਾਂ ਨਾਤਾ, ਆਤਮ ਪਰਮਾਤਮ ਮੇਲ ਮਿਲਾਈਆ । ਦੋ ਜਹਾਨਾਂ ਬਣ ਸੱਜਣ ਸਾਕਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇ ਚੁਕਾਈਆ । ਘੁੰਮ ਘੁੰਮ ਕੇ ਮੇਟਿਆ ਪੰਧ, ਪਾਂਧੀ ਰਹੇ ਜਣਾਈਆ । ਤੂੰ ਸਵਾਮੀ ਹਰਿ ਬਖ਼ਸ਼ੰਦ, ਬਖ਼ਸ਼ਿਸ਼ ਝੋਲੀ ਪਾਈਆ । ਆਪਣੇ ਪ੍ਰੇਮ ਦਾ ਦੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਘਰ ਮਿਲਾਵਾ ਸੋਹਣੇ ਚੰਦ, ਗੁਰ ਸ਼ਬਦੀ ਜੋੜ ਜੁੜਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਸੁਹਾਗੀ ਕੰਤ ਮਿਲਾਈਆ । ਸਤਿ ਸਰੂਪੀ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਭਰਮ ਭੁਲੇਖਾ ਢਹਿ ਜਾਏ ਕੰਧ, ਭਾਂਡਾ ਭਰਮ ਭੰਨਾਈਆ । ਕੂੜੀ ਕਿਰਿਆ ਮਿਟੇ ਗੰਦ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੈ ਤਰਾਈਆ । ਘੁੰਮਦੇ ਘੁੰਮਦੇ ਆ ਗਏ ਕੋਲ, ਜਨਮ ਜਨਮ ਦਾ ਪੰਧ ਮੁਕਾਈਆ । ਆਪਣੇ ਕੰਡੇ ਹਰਿ ਜੂ ਤੋਲ, ਤਰਾਜ਼ੂ ਅਵਰ ਨਾ ਕੋਇ ਟਿਕਾਈਆ । ਅੰਦਰ ਵੜ ਕੇ ਨਿਰਗੁਣ ਬੋਲ, ਸਰਗੁਣ ਦੇ ਸਮਝਾਈਆ । ਏਥੇ ਓਥੇ ਰਹੀਏ ਅਡੋਲ, ਡੁਲ ਸਕੇ ਕੋਇ ਨਾ ਰਾਈਆ । ਸਚ ਦਵਾਰਾ ਅੰਤਰ ਖੋਲ੍ਹ, ਪੜਦਾ ਆਪ ਉਠਾਈਆ । ਜੋਤ ਸਰੂਪੀ ਹੋ ਕੇ ਮੌਲ, ਮੌਲਾ ਇਕੋ ਨਜ਼ਰੀ ਆਈਆ । ਤੇਰੇ ਭੇਵ ਜਾਣੇ ਨਾ ਕੋਈ ਪੰਡਤ ਪਾਂਧਾ ਰੌਲ, ਵਿਦਿਆ ਨਾਲ ਨਾ ਕੋਇ ਵਡਿਆਈਆ । ਜਨ ਭਗਤ ਸੁਹੇਲੇ ਤੇਰਾ ਦਰਸ਼ਨ ਮੰਗਣ ਉਪਰ ਧੌਲ, ਧਰਨੀ ਧਵਲ ਧਿਆਨ ਲਗਾਈਆ । ਪੂਰਾ ਕਰਦੇ ਆਪਣਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲੌਣਾ ਸਹਿਜ ਸੁਭਾਈਆ । ਘੁੰਮਦੇ ਘੁੰਮਦੇ ਵੜ ਗਏ ਅੰਦਰ, ਬੰਕ ਦਵਾਰਾ ਵੇਖ ਵਖਾਈਆ । ਸੋਹਣਾ ਲੱਗਾ ਸਤਿਗੁਰ ਮੰਦਰ, ਹਰਿ ਜੂ ਦਏ ਵਡਿਆਈਆ । ਬਜਰ ਕਪਾਟੀ ਖੋਲ੍ਹਦੇ ਜੰਦਰ, ਕੁਫ਼ਲ ਕੂੜਾ ਦੇ ਤੁੜਾਈਆ । ਭਾਗ ਲਗਾ ਦੇ ਕਾਇਆ ਖੰਡਰ, ਜੋਤੀ ਜੋਤ ਹੋਏ ਰੁਸ਼ਨਾਈਆ । ਮਨ ਵਾਸਨਾ ਬੰਨ੍ਹ ਦੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਦੂਈ ਦਵੈਤੀ ਢਾਹ ਦੇ ਕੰਧਨ, ਪੜਦਾ ਪਰੇ ਹਟਾਈਆ । ਚਰਨ ਧੂੜ ਦਾ ਲਾ ਦੇ ਚੰਦਨ, ਮਸਤਕ ਟਿੱਕਾ ਖ਼ਾਕ ਰਮਾਈਆ । ਸਚ ਪ੍ਰੇਮ ਦਾ ਪਾ ਦੇ ਬੰਧਨ, ਡੋਰੀ ਸਕੇ ਨਾ ਕੋਇ ਤੁੜਾਈਆ । ਪੁਰਖ ਅਕਾਲ ਹੋ ਕੇ ਰੱਖ ਅੰਗਨ, ਗੋਦੀ ਇਕ ਉਠਾਈਆ । ਧੁਰ ਦਾ ਦਰ ਆਏ ਮੰਗਣ, ਇਕੋ ਮੰਗ ਮੰਗਾਈਆ । ਕਾਇਆ ਚੋਲੀ ਚੜ੍ਹ ਜਾਏ ਰੰਗਣ, ਦੁਰਮਤ ਮੈਲ ਧੁਆਈਆ । ਆਤਮ ਪਰਮਾਤਮ ਮਿਲੇ ਅਨੰਦਨ, ਬ੍ਰਹਮ ਪਾਰਬ੍ਰਹਮ ਇਕ ਸਮਾਈਆ । ਤੂੰ ਭਗਤ ਸੁਹੇਲਾ ਟੁੱਟੀ ਗੰਢਣ, ਜੁਗ ਵਿਛੜੇ ਮੇਲ ਮਿਲਾਈਆ । ਦੀਨ ਦਿਆਲ ਸਦਾ ਬਖ਼ਸ਼ੰਦਨ, ਜੁਗ ਜੁਗ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਘੁੰਮਦੇ ਘੁੰਮਦੇ ਮੰਦਰ ਲੱਭਾ, ਵੱਜੀ ਸਚ ਵਧਾਈਆ । ਹੌਕਾ ਫੇਰ ਨਾ ਨਿਕਲੇ ਹਾਏ ਰੱਬਾ, ਤੋਬਾ ਤੋਬਾ ਨਾ ਕੋਇ ਸੁਣਾਈਆ । ਤੂੰ ਸਭ ਦਾ ਪਿਤਾ ਇਕੋ ਅੱਬਾ,

ਅੰਮੀ ਮੰਮੀ ਇਕੋ ਤੂੰ ਅਖਵਾਈਆ । ਤੇਰੇ ਪਿਆਰ ਦਾ ਭਗਤ ਬੱਧਾ, ਬੰਧਨ ਸਾਰੇ ਰਿਹਾ ਤੁੜਾਈਆ । ਤੂੰ ਪਿਆਰ ਦੇ ਦੇ ਆਪਣੇ ਹੱਥਾਂ, ਸਿਰ ਆਪਣਾ ਹੱਥ ਟਿਕਾਈਆ । ਮੈਂ ਤੇਰਾ ਗਾਵਾਂ ਜਸਾ, ਜਸ ਵੇਦ ਪੁਰਾਨ ਨਾ ਸਿਫ਼ਤ ਸਲਾਹੀਆ । ਜੁਗ ਚੌਕੜੀ ਫਿਰਾਂ ਨੱਠਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਧੰਨ ਭਾਗ ਜੇ ਮਿਲਿਉਂ ਪੁਰਖ ਸਮਰਥਾ, ਸਚ ਸਵਾਮੀ ਦਇਆ ਕਮਾਈਆ । ਮੈਂ ਦਰਸ਼ਨ ਕਰਕੇ ਅੱਖਾਂ, ਨੇਤਰ ਨੈਣਾਂ ਤ੍ਰਿਖਾ ਲਈ ਬੁਝਾਈਆ । ਸਾਚੇ ਸੰਤਾਂ ਹੱਸ ਹੱਸ ਦੱਸਾਂ, ਗੁਰਮੁਖਾਂ ਦਿਆਂ ਜਣਾਈਆ । ਮੈਂ ਓਹਦੇ ਚਰਨਾਂ ਵਸਾਂ, ਜਿਸ ਦਿਤੀ ਮਾਣ ਵਡਿਆਈਆ । ਮੈਂ ਰਾਗ ਗਾਵਾਂ ਵਾਂਗ ਭੱਟਾਂ, ਧੁਰ ਦੀ ਧਾਰ ਜਣਾਈਆ । ਤੂੰ ਤਾਰਨਹਾਰਾ ਜੱਟਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੇਖ ਵਖਾਈਆ । ਤੇਰੇ ਕੋਲੋਂ ਪਿਛੇ ਕਦੇ ਨਾ ਹਟਾਂ, ਚਰਨ ਕਵਲ ਮਿਲੀ ਸਰਨਾਈਆ । ਇਕੋ ਤੇਰਾ ਨਾਮ ਰੱਟਾਂ, ਤੂ ਹੀ ਤੂ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਤਰਾਈਆ । ਜਨ ਭਗਤ ਕਹੇ ਮੈਂ ਫਿਰਦਾ ਫਿਰਾਂਦਾ, ਫੇਰੀ ਤੇਰੇ ਦਰ ਤੇ ਪਾਈਆ । ਤੇਰਾ ਨਾਮ ਧਿਆਂਦਾ, ਧਰਨੀ ਧਰਤ ਧਵਲ ਭੱਜਾਂ ਵਾਹੋ ਦਾਹੀਆ । ਤੂੰ ਹੀ ਤੂੰ ਰਾਗ ਅਲਾਂਦਾ, ਰਾਗਾਂ ਨਾਦਾਂ ਖਹਿੜਾ ਲਿਆ ਛੁਡਾਈਆ । ਇਕੋ ਤੇਰਾ ਦਰਸ਼ਨ ਪਾਂਦਾ, ਪਾਂਧੀ ਹੋ ਕੇ ਆਪਣਾ ਪੰਧ ਚੁਕਾਈਆ । ਤੇਰੀ ਚਰਨ ਧੂੜੀ ਨਹਾਂਦਾ, ਦੁਰਮਤ ਮੈਲ ਧੁਆਈਆ । ਤੂੰ ਸਵਾਮੀ ਵਰਤਿਆ ਸਵਾਂਗਾ, ਨਿਹਕਰਮੀ ਆਪਣਾ ਕਰਮ ਕਮਾਈਆ । ਤੇਰੇ ਮਿਲਣ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਤਾਂਘਾਂ, ਨਿਤ ਨਵਿਤ ਧਿਆਨ ਲਗਾਈਆ । ਤੇਰਾ ਮੰਦਰ ਅੰਦਰ ਡੂੰਘਾ ਠਾਂਡਾ, ਸਤਿ ਸਰੂਪੀ ਨਜ਼ਰੀ ਆਈਆ । ਜਿਥੇ ਬਿਨਾ ਭਗਤਾਂ ਕੋਈ ਨਾ ਜਾਂਦਾ, ਸਚ ਦਵਾਰੇ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਿਆ ਮਿਲਾਈਆ । ਘੁੰਮ ਘੁੰਮਾਕੇ ਹੋਇਆ ਮਿਲਾਪ, ਮੇਲਾ ਹਰਿ ਕਰਾਈਆ । ਜਨਮ ਕਰਮ ਦੇ ਮਿਟ ਗਏ ਪਾਪ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਸਤਿ ਸਚ ਦਾ ਦੱਸ ਕੇ ਜਾਪ, ਜੀਵਣ ਮੁਕਤ ਕਰਾਈਆ । ਕੂੜੀ ਕਿਰਿਆ ਕੱਟਕੇ ਪਾਪ, ਪਤਤ ਪੁਨੀਤ ਲਏ ਬਣਾਈਆ । ਧੁਰ ਦਾ ਮਾਲਕ ਬਣਕੇ ਬਾਪ, ਭਗਤ ਸੁਹੇਲੇ ਗੋਦ ਉਠਾਈਆ । ਏਥੇ ਓਥੇ ਹੋ ਕੇ ਸਾਥ, ਸਗਲਾ ਸੰਗ ਨਿਭਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਚਮਕਾਈਆ । ਭਗਤ ਬਣਾ ਕੇ ਆਪਣੀ ਜ਼ਾਤ, ਅੰਤਮ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਵਡਿਆਈ ਦੇਵੇ ਆਪ ਪ੍ਰਭ, ਦੀਨ ਦਿਆਲ ਦਇਆ ਕਮਾਇੰਦਾ । ਸੰਤ ਸੁਹੇਲੇ ਸੱਜਣ ਲੱਭ, ਗੁਰਮੁਖ ਜੋੜ ਜੁੜਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਨਾਤਾ ਇਕੋ ਇਕ ਵਖਾਇੰਦਾ । ਵਿਸ਼ਵ ਰੂਪ ਬਣਾ ਕੇ ਵਿਸ਼ਵ ਯੱਦ, ਵਿਸ਼ਾ ਇਕੋ ਇਕ ਦ੍ਰਿੜਾਇੰਦਾ । ਸਚ ਦਵਾਰੇ ਆਪੇ ਸਦ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਧੁਰ ਦਰਗਾਹੀ ਸੁਣਾ ਨਦ, ਅਨਾਦੀ ਰਾਗ ਅਲਾਇੰਦਾ । ਦੇ ਵਡਿਆਈ ਵੱਡਾ ਜਸ, ਵਡ ਵੱਡਾ ਆਪ ਬਣਾਇੰਦਾ । ਇਹ ਖੇਲ ਪੁਰਖ ਸਮਰਥ, ਮਹਿਮਾ ਅਕਥ ਕਥ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਝੋਲੀ ਪਾਵੇ ਹਕ, ਹਕੀਕਤ ਧੁਰ ਦੀ ਵੇਖ ਵਖਾਇੰਦਾ ।

## ੬ ਮੱਘਰ ੨੦੨੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ

ਜਨ ਭਗਤ ਬਹਿਣਾ ਸਾਚੀ ਗੋਦੀ, ਸ੍ਰੀ ਭਗਵਾਨ ਦਏ ਵਡਿਆਈਆ । ਜਿਸ ਵਿਚ ਬਹਿੰਦੇ ਰਹੇ ਬੇਦੀ ਸੋਡੀ, ਆਪਣਾ ਆਸਣ ਲਾਈਆ । ਤੂੰ ਵੀ ਉਸ ਬਾਗ਼ ਦੀ ਡੋਡੀ, ਗੁਲਸ਼ਨ ਵਿਚੋਂ ਗ਼ੁੰਚਾ ਫੁੱਲ ਰੂਪ ਵਟਾਈਆ । ਮੇਲ ਮਿਲਾਇਆ ਬਣਕੇ ਧੁਰ ਸੰਜੋਗੀ, ਵਿਛੋੜਾ ਪੰਧ ਚੁਕਾਈਆ । ਅੰਤਰ ਆਤਮ ਆਪੇ ਸੋਧੀ, ਬੁਧ ਬਿਬੇਕ ਕਰਾਈਆ । ਦੀਨ ਦਿਆਲ ਬਣਕੇ ਚੋਜੀ, ਹਰਿਜਨ ਸਾਚੇ ਵੇਖ ਵਖਾਈਆ । ਜਨਮ ਜਨਮ ਦੇ ਜਾਣੇ ਰੋਗੀ, ਦੁਖੜਾ ਰਿਹਾ ਮਿਟਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਲੱਭਿਆਂ ਹੱਥ ਕਿਸੇ ਨਾ ਆਈਆ । ਤਾਲ ਵਜੌਂਦੇ ਕਾਰਨ ਰੋਟੀ, ਚਾਰੋਂ ਕੁੰਟ ਦੁਹਾਈਆ । ਬਿਨ ਭਗਤਾਂ ਮੰਜ਼ਲ ਚੜ੍ਹੇ ਕੋਇ ਨਾ ਚੋਟੀ, ਘਰ ਸਚ ਨਾ ਕੋਇ ਸੁਹਾਈਆ । ਸਤਿਗੁਰ ਪੂਰਾ ਵਾਸਨਾ ਕੱਢੇ ਖੋਟੀ, ਸਚ ਸੁਚ ਸਮਝਾਈਆ । ਤੇਰਾ ਨੂਰ ਨਿਰਮਲ ਨਿਰਾਲਾ ਜੋਤੀ, ਜੋਤੀ ਜੋਤ ਜੋਤ ਸਮਾਈਆ । ਸਾਚੀ ਮੰਜ਼ਲ ਦੱਸੇ ਸੌਖੀ, ਪੌੜੀ ਡੰਡੇ ਆਪ ਚੜ੍ਹਾਈਆ । ਪੜ੍ਹਨੀ ਪਏ ਨਾ ਕੋਇ ਪੋਥੀ, ਪੁਸਤਕ ਹੱਥ ਨਾ ਕੋਇ ਵਖਾਈਆ । ਭਾਵੇਂ ਤਾਅਨੇ ਦੇਵਣ ਲੋਕੀਂ, ਪਰਲੋਕ ਵੱਜੇ ਵਧਾਈਆ । ਗੁਰਮੁਖ ਹੀਰਾ ਮਾਣਕ ਮੋਤੀ, ਰਤਨ ਜਵਾਹਰ ਇਕੋ ਨਜ਼ਰੀ ਆਈਆ । ਜਿਸ ਦੀ ਸੁਰਤ ਉਠਾਈ ਸੋਤੀ, ਸੁੱਤਿਆਂ ਲਿਆ ਜਗਾਈਆ । ਮੇਲ ਮਿਲਾਕੇ ਨਾਲ ਰਵਿਦਾਸ ਚਮਾਰੇ ਮੋਚੀ, ਬ੍ਰਹਿਮਣ ਰੰਗ ਰੰਗਾਈਆ । ਕਸੀਰੇ ਵਾਲਾ ਬਣ ਕੇ ਖੋਜੀ, ਰਾਜਨ ਆਪਣਾ ਫੇਰਾ ਪਾਈਆ । ਭਾਈਆਂ ਨਾਲ ਮੇਲ ਮਿਲਾ ਕੇ ਵੱਖਰੀ ਅਨੋਖੀ ਕਹਾਣੀ ਸੋਚੀ, ਸਚ ਸੁਚ ਆਪ ਜਣਾਈਆ । ਜਿਸ ਦਵਾਰੇ ਤਰਦੇ ਦੋਸ਼ੀ ਨਿਰਦੋਸ਼ੀ, ਪਾਪੀਆਂ ਪੁਨੀਤ ਦਏ ਬਣਾਈਆ । ਸੋਹਣੀ ਸੁਹੰਜਣੀ ਉੱਤਮ ਸ੍ਰੇਸ਼ਟ ਜਿਸ ਦੀ ਇਕੋ ਗੋਦੀ, ਗੋਦਾਵਰੀ ਕੰਢੇ ਗੋਬਿੰਦ ਗਿਆ ਸੁਣਾਈਆ । ਸਚ ਦਵਾਰ ਦਾ ਠਾਕਰ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਸੁਹੇਲੇ ਗੋਦੀ ਬਹਿਣਾ, ਹਰਿ ਕਰਤਾ ਆਪ ਜਣਾਇੰਦਾ । ਦਰਸ਼ਨ ਕਰਨਾ ਸਨਮੁਖ ਨੈਣਾਂ, ਨੇਤਰ ਨੈਣਾਂ ਅੱਖ ਖੁਲ੍ਹਾਇੰਦਾ । ਪ੍ਰੇਮ ਪਿਆਰ ਦਾ ਭੂਸ਼ਣ ਗਹਿਣਾ, ਤਨ ਚੋਲਾ ਇਕ ਵਖਾਇੰਦਾ । ਹਰਿ ਸਰਨਾਈ ਸਾਚੀ ਰਹਿਣਾ, ਦੂਜਾ ਇਸ਼ਟ ਨਾ ਕੋਇ ਵਡਿਆਇੰਦਾ । ਚਰਨ ਦਵਾਰੇ ਧੁਰ ਦੇ ਬਹਿਣਾ, ਅਸਥਾਨ ਭੂਮਿਕਾ ਇਕੋ ਇਕ ਸੁਹਾਇੰਦਾ । ਜੁਗ ਜਨਮ ਦਾ ਲਹਿਣਾ ਦੇਣਾ, ਪੁਰਖ ਅਕਾਲਾ ਝੋਲੀ ਪਾਇੰਦਾ । ਕੂੜੀ ਕਿਰਿਆ ਮਾਤ ਨਾ ਵਹਿਣਾ, ਸ਼ੌਹ ਦਰਿਆਏ ਨਾ ਕੋਇ ਰੁੜ੍ਹਾਇੰਦਾ । ਸਰਬ ਸਵਾਮੀ ਮਿਲੇ ਸੱਜਣ ਸੈਣਾ, ਸਾਕ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗਾਇੰਦਾ । ਪ੍ਰਭ ਦੀ ਗੋਦੀ ਸਭ ਤੋਂ ਚੰਗੀ, ਗੁਰ ਅਵਤਾਰ ਧਿਆਨ ਲਗਾਈਆ । ਦਏ ਸ਼ਹਾਦਤ ਮਾਤਾ ਗੰਗੀ, ਜਮਨਾ ਸੁਰਸਤੀ ਨਾਲ ਰਲਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਧੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਗਤ ਵਾਸਨਾ ਹੋਈ ਗੰਦੀ, ਸੁਗੰਧੀ ਨਜ਼ਰ ਕੋਇ ਨਾ ਪਾਈਆ । ਫਿਰੀ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਰਹੇ ਕੁਰਲਾਈਆ । ਜਗਤ ਦੁਹਾਗਣ ਬਣਕੇ ਰੰਡੀ, ਆਸਾ ਤ੍ਰਿਸ਼ਨਾ ਮਾਰੇ ਧਾਹੀਆ । ਚੜ੍ਹਿਆ ਚੰਦ ਨਾ ਕੋਇ ਨਵਚੰਦੀ, ਮੱਸਿਆ ਰੈਣ ਨਾ ਕੋਇ ਮਿਟਾਈਆ । ਤੁਟਾ ਖ਼ਾਨਾ ਮੂਲ ਨਾ ਬੰਦੀ, ਬੰਦਨਾ ਹਕ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾ ਕੇ ਗਏ ਡੰਡੀ, ਆਪੋ ਆਪਣਾ ਰਾਹ ਜਣਾਈਆ । ਪੁਰਖ ਅਕਾਲ ਦੀਨ ਦਿਆਲ ਸਰਬ

ਬਖ਼ਸ਼ੰਦੀ, ਲੱਖ ਚੁਰਾਸੀ ਹੋਇ ਸਹਾਈਆ । ਜਿਸ ਦੀ ਗੋਦ ਸੁਹੰਜਣੀ ਇਕ ਸੁਹੰਦੀ, ਜਨ ਭਗਤ ਬਹਿ ਬਹਿ ਖ਼ੁਸ਼ੀ ਮਨਾਈਆ । ਵੱਜੇ ਤਨ ਰਬਾਬ ਅਗੰਮੀ ਤੰਦੀ, ਰਾਗ ਤਾਲ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪ੍ਰਭ ਦੀ ਗੋਦ ਕਹੇ ਮੈਂ ਕੀ ਕੀ ਦੱਸਾਂ, ਧੁਰ ਦਾ ਹਾਲ ਸੁਣਾਈਆ । ਜਨ ਭਗਤ ਵੇਖਾਂ ਆਪਣੀ ਅੱਖਾਂ, ਆਖ਼ਰ ਪੜਦਾ ਲਾਹੀਆ । ਸਚ ਸਰਨਾਈ ਓਨ੍ਹਾਂ ਢੱਠਾ, ਜੋ ਢਹਿ ਢਹਿ ਰਹੇ ਮਨਾਈਆ । ਨਾਤਾ ਤੋੜਕੇ ਤੱਤਾਂ ਅੱਠਾਂ, ਨੌ ਦਰ ਪੰਧ ਚੁਕਾਈਆ । ਖ਼ੁਸ਼ੀਆਂ ਨਾਲ ਬਹਿ ਬਹਿ ਹੱਸਾਂ, ਹੰਸ ਮੁਖ ਆਪਣਾ ਰੂਪ ਵਟਾਈਆ । ਸਚ ਸੁਨੇਹੜਾ ਇਕੋ ਦੱਸਾਂ, ਧੁਰ ਦਾ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਪ੍ਰਭ ਗੋਦੀ ਇਕ, ਏਕੰਕਾਰ ਆਪ ਜਣਾਈਆ । ਜਿਥੇ ਠਾਕਰ ਸਵਾਮੀ ਆਏ ਦਿਸ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਆਤਮ ਪਰਮਾਤਮ ਕਰੇ ਹਿਤ, ਨਾਤਾ ਤੱਤਾਂ ਦਏ ਤੁੜਾਈਆ । ਨਿਰਗੁਣ ਹੋ ਕੇ ਸਰਗੁਣ ਲਏ ਖਿੱਚ, ਅਧ ਵਿਚ ਮੇਲ ਮਿਲਾਈਆ । ਧੁਰ ਦਾ ਮਾਲਕ ਬਣ ਕੇ ਪਿਤ, ਪੂਤ ਸਪੂਤੇ ਹੋਏ ਸਹਾਈਆ । ਕਰੇ ਖੇਲ ਆਪ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਗੋਦ ਬਹਿਣ ਦਾ ਜਿਨ੍ਹਾਂ ਚਾਅ, ਚਾਓ ਘਨੇਰਾ ਦਏ ਜਣਾਈਆ । ਪੁਰਖ ਅਬਿਨਾਸ਼ੀ ਬਣਾਓ ਇਕ ਮਲਾਹ, ਬੇੜਾ ਦੋ ਜਹਾਨ ਤਰਾਈਆ । ਸ਼ਬਦ ਅਗੰਮੀ ਦਏ ਸਲਾਹ, ਕਰੇ ਸਚ ਪੜ੍ਹਾਈਆ । ਗੋਦ ਉਠਾਏ ਜਿਉਂ ਪੁੱਤਰਾਂ ਮਾਂ, ਬਾਲਕ ਅੰਗ ਲਗਾਈਆ । ਖ਼ਾਲਕ ਖ਼ਲਕ ਰੂਪ ਖ਼ੁਦਾ, ਖ਼ੁਦ ਮਿਲੇ ਬੇਪਰਵਾਹੀਆ । ਪਰਵਰਦਿਗਾਰ ਸੱਚਾ ਸ਼ਹਿਨਸ਼ਾਹ, ਜਲਵਾ ਨੂਰ ਨੂਰ ਖ਼ੁਦਾਈਆ । ਮੁਰੀਦਾਂ ਮੁਰਸ਼ਦ ਵੇਖੇ ਆ, ਭਗਤਾਂ ਭਗਵਨ ਜੋੜ ਜੁੜਾਈਆ । ਰਹਿਬਰ ਹੋ ਕੇ ਦੱਸੇ ਰਾਹ, ਮਾਰਗ ਇਕੋ ਇਕ ਸਮਝਾਈਆ । ਸਿਰ ਆਪਣਾ ਹੱਥ ਟਿਕਾ, ਜਗਤ ਜਗਦੀਸ਼ ਵੇਖ ਵਖਾਈਆ । ਹਰਿ ਕਾ ਲੇਖਾ ਲਿਖੇ ਨਾ ਕੋਈ ਕਲਮ ਸ਼ਾਹ, ਕਾਗ਼ਜ਼ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਕਹੇ ਪ੍ਰਭ ਤੇਰੀ ਗੋਦੀ ਵੇਖ, ਵੇਖ ਵੇਖ ਬਿਗਸਾਈਆ । ਜਿਸ ਦਾ ਸਮਝ ਨਾ ਸਕੇ ਕੋਈ ਭੇਤ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਜਿਸ ਦੇ ਅੰਦਰ ਭਗਤ ਸੁਹੇਲੇ ਰਹੇ ਲੇਟ, ਤੇਰੀ ਖ਼ੁਸ਼ੀ ਮਨਾਈਆ । ਇਹੋ ਜੇਹੀ ਵਿਸ਼ਨੂੰ ਲੱਭੀ ਕੋਈ ਨਾ ਸੇਜ, ਸਾਂਗੋ ਪਾਂਗ ਦਏ ਦੁਹਾਈਆ । ਤੇਰੇ ਘਰ ਵਿਚ ਜੋਤੀ ਜਲਵਾ ਤੇਜ, ਦੀਵਾ ਬੱਤੀ ਨਾ ਕੋਇ ਜਗਾਈਆ । ਨਾ ਕੋਈ ਮੁੱਲਾ ਨਾ ਕੋਈ ਸ਼ੇਖ਼, ਪੰਡਤ ਪਾਂਧਾ ਨਜ਼ਰ ਕੋਇ ਨਾ ਆਈਆ । ਵੱਖਰਾ ਨਿਰਾਲਾ ਅਗੰਮੜਾ ਤੇਰਾ ਦੇਸ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਈ ਤੇਜ, ਜਲਵਾਗਰ ਤੇਰੀ ਰੁਸ਼ਨਾਈਆ । ਭਗਤ ਸੁਹੇਲੇ ਓਥੇ ਭੇਜ, ਜਿਥੇ ਭਜਨ ਬੰਦਗੀ ਦੀ ਲੋੜ ਰਹੇ ਨਾ ਰਾਈਆ । ਜਿਧਰ ਚਾਹੇ ਤੈਨੂੰ ਲਈਏ ਵੇਖ, ਚਾਰੋਂ ਕੁੰਟ ਨਜ਼ਰੀ ਆਈਆ । ਦਰ ਸੱਯਦਾ ਕਰੀਏ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਦੇਣਾ ਸੁਹਾਈਆ । ਜਨ ਭਗਤ ਕਹਿਣ ਪ੍ਰਭ ਤੇਰੀ ਗੋਦ ਵੱਖਰੀ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਕਿਸੇ ਨੂੰ ਹੱਥ ਨਾ ਆਵੇ ਪੜ੍ਹਿਆਂ ਅੱਖਰੀ, ਅਲਿਫ਼ ਯੇ ਨਾ ਕੋਇ ਸਮਝਾਈਆ । ਕੋਈ ਪੰਡਤ ਪਾਂਧਾ ਲੱਭ ਨਾ ਸਕੇ ਵਿਚੋਂ ਪੱਤਰੀ, ਹਿਸਾਬ ਕਿਤਾਬ ਨਾ ਕੋਇ ਦ੍ਰਿੜਾਈਆ । ਕਿਸੇ ਸਮਝ ਨਾ ਆਵੇ

ਬ੍ਰਹਿਮਣ ਸ਼ੱਤਰੀ, ਸ਼ੂਦਰ ਵੈਸ਼ ਨਾ ਕੋਇ ਜਣਾਈਆ । ਕੋਈ ਭੇਵ ਨਾ ਪਾਵੇ ਗ੍ਰਹਿ ਨਛੱਤਰੀ, ਕੁੰਡਲੀਆਂ ਵਿਚ ਨਾ ਬੰਦ ਕਰਾਈਆ । ਹੱਥਾਂ ਨਾਲ ਕਿਸੇ ਨਾ ਪਕੜੀ, ਲੇਫ ਨਿਹਾਲੀ ਨਾਲ ਨਾ ਕਿਸੇ ਸੁਹਾਈਆ । ਗੋਬਿੰਦ ਦੱਸਿਆ ਉਹ ਸੇਜ ਅਗੰਮੀ ਸਥਰੀ, ਜੇਹੜੀ ਸੂਲਾਂ ਨਾਲ ਵਿਛਾਈਆ । ਉਹ ਰੋੜਿਆਂ ਵਾਲੀ ਪੱਥਰੀ, ਪੱਥਰ ਹਿਰਦੇ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਓਟ ਇਕ ਤਕਾਈਆ । ਜਨ ਭਗਤ ਕਹਿਣ ਗੋਦ ਪ੍ਰਭ ਦੇ ਉਹ, ਜਿਸ ਦਾ ਮਾਲਕ ਤੂੰ ਅਖਵਾਈਆ । ਜਿਸ ਉਤੇ ਸੁੱਤਾ ਛੱਬੀ ਪੋਹ, ਸਤਿ ਸਰੂਪੀ ਡੇਰਾ ਲਾਈਆ । ਜਗਤ ਜਹਾਨੋਂ ਹੋ ਨਿਰਮੋਹ, ਨਾਤਾ ਭਗਤਾਂ ਨਾਲ ਜੁੜਾਈਆ । ਕਰ ਪਰਕਾਸ਼ ਸਾਚੀ ਲੋ, ਦੀਆ ਬਾਤੀ ਦਿਤਾ ਜਲਾਈਆ । ਆਪਣੇ ਜੇਹਾ ਆਪੇ ਹੋ, ਹੋਕਾ ਧੁਰ ਦਾ ਇਕ ਸੁਣਾਈਆ । ਪੁਰਖ ਅਕਾਲ ਦੀ ਸੁਣੋ ਸੋ, ਹੰ ਬ੍ਰਹਮ ਆਪ ਸਮਝਾਈਆ । ਜਨ ਭਗਤਾਂ ਅੰਮ੍ਰਿਤ ਆਤਮ ਦਿਤਾ ਚੋ, ਨਿਜਰ ਝਿਰਨਾ ਧਾਰ ਵਹਾਈਆ । ਧੁਰ ਦਾ ਢੋਆ ਦਿਤਾ ਢੋ, ਜੁਗ ਵਿਛੜੇ ਮੇਲ ਮਿਲਾਈਆ । ਗੁਰਮੁਖ ਵਿਰਲਾ ਜਾਣੇ ਕੋ, ਲੱਖ ਚੁਰਾਸੀ ਸਮਝ ਨਾ ਰਾਈਆ । ਜਿਹੜਾ ਤੇਰੇ ਨਾਲ ਜਾਏ ਛੋਹ, ਛੋਹਰਾ ਬਾਂਕਾ ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੋਦੀ ਇਕ ਟਿਕਾਈਆ । ਸਾਚੀ ਗੋਦੀ ਲਏ ਟਿਕਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸੰਤ ਸੁਹੇਲੇ ਲਏ ਬਹਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਸਾਚੀ ਸਿਖਿਆ ਦਏ ਦ੍ਰਿੜਾ, ਏਕੰਕਾਰ ਆਪ ਪੜ੍ਹਾਇੰਦਾ । ਜੋਤ ਨਿਰੰਜਣ ਦਏ ਜਗਾ, ਆਦਿ ਨਿਰੰਜਣ ਵੇਖ ਵਖਾਇੰਦਾ । ਦੋ ਜਹਾਨਾਂ ਹੋਏ ਸਹਾ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਾਚਾ ਮਾਰਗ ਦਏ ਜਣਾ, ਅਬਿਨਾਸ਼ੀ ਕਰਤਾ ਪੜਦਾ ਲਾਹਿੰਦਾ । ਪਾਰਬ੍ਰਹਮ ਪ੍ਰਭ ਮੇਲਾ ਲਏ ਮਿਲਾ, ਦੂਰ ਵਿਛੋੜਾ ਪੰਧ ਚੁਕਾਇੰਦਾ । ਸਚ ਸਿੰਘਾਸਣ ਦਏ ਵਖਾ, ਸਚਖੰਡ ਨਿਵਾਸੀ ਆਪਣਾ ਭੇਵ ਖੁਲ੍ਹਾਇੰਦਾ । ਸੰਤ ਸੁਹੇਲੇ ਭਗਤ ਭਗਵਾਨ ਲਏ ਉਠਾ, ਆਲਸ ਨਿੰਦਰਾ ਜਗਤ ਮਿਟਾਇੰਦਾ । ਫੜ ਬਾਹੋਂ ਗਲੇ ਲਗਾ, ਗਲਵਕੜੀ ਇਕੋ ਪਾਇੰਦਾ । ਦਰਦੀਆਂ ਦਰਦ ਵੰਡਾ, ਰੋਗੀਆਂ ਰੋਗ ਚੁਕਾਇੰਦਾ । ਵਿਛੜਿਆਂ ਮੇਲ ਮਿਲਾ, ਧੁਰ ਸੰਜੋਗ ਕਰਾਇੰਦਾ । ਸਾਚੀ ਸੇਜਾ ਇਕ ਸੁਹਾ, ਸੋਹਣਾ ਰੰਗ ਰੰਗਾਇੰਦਾ । ਧੁਰ ਦੀ ਗੋਦੀ ਦਏ ਵਖਾ, ਵੱਖਰਾ ਧਾਮ ਵਡਿਆਇੰਦਾ । ਜਿਥੇ ਵਸੇ ਬੇਪਰਵਾਹ ਰਾਮ ਆਪਣਾ ਆਸਣ ਲਾਇੰਦਾ । ਕੋਟ ਜਨਮ ਦੇ ਬਖ਼ਸ਼ ਗੁਨਾਹ, ਮਿਹਰ ਨਜ਼ਰ ਟਿਕਾਇੰਦਾ । ਕਰ ਪਿਆਰ ਜਿਉਂ ਪੁੱਤਰਾਂ ਮਾਂ, ਬਾਲਕ ਆਪਣੇ ਘਰ ਵਸਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਓਢਨ ਇਕੋ ਇਕ ਟਿਕਾਇੰਦਾ । ਜਿਨ੍ਹਾਂ ਜਪਾਇਆ ਆਪਣਾ ਨਾਂ, ਨਰ ਨਿਰੰਕਾਰ ਵੇਖ ਵਖਾਇੰਦਾ । ਸੋ ਸੰਤ ਸੁਹੇਲੇ ਗੋਦੀ ਬੈਠੇ ਆ, ਧੁਰ ਦਾ ਮੰਦਰ ਇਕ ਵਖਾਇੰਦਾ । ਕਿਰਪਾ ਕਰੇ ਸੱਚਾ ਸ਼ਹਿਨਸ਼ਾਹ, ਪੁਰਖ ਅਕਾਲ ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤਾਂ ਪੂਰਾ ਕਰਕੇ ਚਾ, ਜੁਗ ਜੁਗ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਲਿਆ ਧਿਆ, ਧੀਰਜ ਸਭ ਦੀ ਆਪ ਬੰਧਾਇੰਦਾ । ਧੀਰਜ ਅੰਦਰ ਪੁੱਤਰ ਧੀਆਂ, ਬੰਸ ਸਰਬੰਸ ਦਏ ਵਡਿਆਈਆ । ਗੋਬਿੰਦ ਜਣਾਏ ਮਾਲਕ ਪੀਆ, ਪ੍ਰੀਤਮ ਹੱਥ ਵਡਿਆਈਆ । ਜਿਸ ਨੇ ਬਾਲਕ ਰੱਖੇ ਹੇਠਾਂ ਨੀਹਾਂ, ਗੁਰਮੁਖ ਗੋਦ ਉਠਾਈਆ । ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਹੱਥ ਸੀਆ, ਰਵਿਦਾਸੇ ਨਾਲ ਮਿਲਾਈਆ । ਨਿਰਮਲ ਕਰਕੇ ਆਤਮ ਜੀਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਮਿਲਦਾ ਆਪੇ ਕਰਕੇ ਹੀਆ,

੯੧੬
੧੭

ਹਰਿ ਜੂ ਆਪਣੇ ਨਾਲ ਮਿਲਾਈਆ । ਕਿਆ ਕੋਈ ਜਾਣੇ ਪ੍ਰਭ ਕਾ ਕੀਆ, ਕਰਨੀ ਸਮਝ ਕਿਸੇ ਨਾ ਆਈਆ । ਪੂਰਬ ਜਨਮ ਕਰਮ ਫਲ ਜੋ ਬੀਆ, ਸੋ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵਨ ਭਗਵਾਨ ਵੇਖ ਵਖਾਈਆ ।

## ✪ ੬ ਮੱਘਰ ੨੦੨੧ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹਿ ਸ਼ਾਹਵਾਲਾ ✪

ਸਭ ਤੋਂ ਅੱਛੀ ਗੁਰਮੁਖ ਇਛਿਆ, ਨਿਰਇੱਛਕ ਦਏ ਜਣਾਈਆ । ਜੋ ਆਦਿ ਜੁਗਾਦਿ ਨਾਮ ਦੀ ਮੰਗੇ ਭਿਛਿਆ, ਦੂਜੀ ਵਸਤ ਨਾ ਮੰਗ ਮੰਗਾਈਆ । ਸਚ ਦਵਾਰੇ ਸਾਚੀ ਸਿੱਖੇ ਸਿਖਿਆ, ਮੰਤਰ ਗੁਰ ਪੜ੍ਹਾਈਆ । ਪੂਰਬ ਲਹਿਣਾ ਵੇਖੇ ਲਿਖਿਆ, ਨਿਜ ਨੇਤਰ ਅੱਖ ਖੁਲ੍ਹਾਈਆ । ਧਾਮ ਜਾਣੇ ਇਕ ਅਨਡਿਠਿਆ, ਮੰਜ਼ਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਸਮਝਾਈਆ । ਸਾਚੀ ਇਛਿਆ ਹਰਿ ਭਗਵੰਤ, ਜਨ ਭਗਤ ਦਏ ਜਣਾਈਆ । ਘਰ ਵਿਛੋੜਾ ਨਾਰ ਕੰਤ, ਸੁਰਤੀ ਸ਼ਬਦੀ ਮੇਲ ਮਿਲਾਈਆ । ਚੋਲੀ ਰੰਗ ਚਾੜ੍ਹੇ ਬਸੰਤ, ਕੂੜੀ ਕਿਰਿਆ ਦੁਰਮਤ ਮੈਲ ਧੁਆਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਕਰੇ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜਨ ਭਗਤਾਂ ਕਰਨੀ ਅੱਛੀ ਸੰਗਤ, ਸਗਲਾ ਸੰਗ ਨਿਭਾਈਆ । ਲੇਖਾ ਮੁੱਕੇ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਮਾਣਸ ਜਨਮ ਬਣੇ ਬਣਤ, ਲੱਖ ਚੁਰਾਸੀ ਡੇਰਾ ਢਾਹੀਆ । ਹਰਿ ਮਿਲਾਵਾ ਹੋਵੇ ਅੰਤ, ਅੰਤਸ਼ਕਰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵਣਹਾਰ ਵਡਿਆਈਆ । ਸਾਚੀ ਇਛਿਆ ਹਰਿ ਨਿਰੰਕਾਰ, ਆਦਿ ਜੁਗਾਦਿ ਰਖਾਇੰਦਾ । ਖੇਲੇ ਖੇਲ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤਾਇੰਦਾ । ਸਚ ਦਵਾਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਸੋਭਾ ਪਾਇੰਦਾ । ਭੂਪਤ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਅਖਵਾਇੰਦਾ । ਨਾਮ ਸੰਦੇਸਾ ਧੁਰ ਫ਼ਰਮਾਨ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਘਟ ਘਟ ਪੜਦਾ ਲਾਹਿੰਦਾ । ਸ਼ਬਦ ਅਗੰਮੀ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਆਤਮ ਪਰਮਾਤਮ ਬਖ਼ਸ਼ ਗਿਆਨ, ਅੰਧ ਅੰਧੇਰ ਚੁਕਾਇੰਦਾ । ਸਾਚਾ ਮੰਦਰ ਇਕ ਮਕਾਨ, ਘਰ ਘਰ ਵਿਚ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਸਮਝਾਇੰਦਾ । ਸਾਚੀ ਇਛਿਆ ਸ੍ਰੀ ਭਗਵਾਨ, ਭਗਤਾਂ ਆਪ ਜਣਾਈਆ । ਕਾਇਆ ਮੰਦਰ ਸਚ ਭੂਮਿਕਾ ਅਸਥਾਨ, ਆਤਮ ਸੇਜਾ ਦਏ ਵਖਾਈਆ । ਦੀਆ ਬਾਤੀ ਕਮਲਾਪਾਤੀ ਜਗਾਏ ਜੋਤ ਮਹਾਨ, ਨਿਰਗੁਣ ਨੂਰ ਜ਼ਹੂਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਰਸ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਗਵਾਈਆ । ਸ਼ਬਦ ਅਗੰਮੀ ਨਾਮ ਸੁਣਾਏ ਸੱਚੀ ਧੁਨਕਾਨ, ਅਨਹਦ ਰਾਗੀ ਰਾਗ ਅਲਾਈਆ । ਕੂੜੀ ਕਿਰਿਆ ਪੰਚ ਵਿਕਾਰਾ ਮੇਟੇ ਨਿਸ਼ਾਨ, ਧੀਰਜ ਸਤਿ ਇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਇਕ ਵਰਤਾਈਆ । ਸਾਚੀ ਭਿਛਿਆ ਆਤਮ ਰਸ, ਜਨ ਭਗਤਾਂ ਝੋਲੀ ਪਾਇੰਦਾ । ਆਤਮ ਪਰਮਾਤਮ

ਕਰਕੇ ਵਸ, ਵਸਲ ਇਕੋ ਆਪ ਵਖਾਇੰਦਾ । ਨਿਰਗੁਣ ਨੂਰ ਕਰ ਪਰਗਟ, ਅੰਧ ਅੰਧੇਰਾ ਮੇਟ ਮਿਟਾਇੰਦਾ । ਨਾਦ ਅਗੰਮੀ ਮਾਰ ਕੇ ਸੱਟ, ਸੋਈ ਸੁਰਤੀ ਆਪ ਉਠਾਇੰਦਾ । ਲਹਿਣਾ ਚੁਕਾ ਕੇ ਚੌਦਾਂ ਲੋਕ ਚੌਦਾਂ ਤਬਕ ਹੱਟ, ਘਰ ਮੰਦਰ ਇਕ ਵਡਿਆਇੰਦਾ । ਜਿਸ ਘਰ ਬੈਠਾ ਪੁਰਖ ਸਮਰਥ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਗੰਮੀ ਮਹਿੰਮਾ ਅਕਥ, ਛੱਤੀ ਰਾਗਾਂ ਬਾਹਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਦ੍ਰਿੜਾਇੰਦਾ । ਗੁਰਮੁਖ ਇਛਿਆ ਸਦਾ ਅਤੀਤ, ਤ੍ਰੈਭਵਣ ਧਨੀ ਆਪ ਜਣਾਈਆ । ਸਤਿਗੁਰ ਇਛਿਆ ਸਦਾ ਬਖ਼ਸ਼ੀਸ਼, ਰਹਿਮਤ ਝੋਲੀ ਪਾਈਆ । ਗੁਰਮੁਖ ਇਛਿਆ ਪ੍ਰਭ ਮਿਲਣ ਦੀ ਉਡੀਕ, ਦੂਜੀ ਓਟ ਨਾ ਕੋਇ ਤਕਾਈਆ । ਸਤਿਗੁਰ ਇਛਿਆ ਜਨ ਭਗਤਾਂ ਦੇਵੇ ਸਚ ਪ੍ਰੀਤ, ਪ੍ਰੇਮੀ ਹੋ ਕੇ ਮੇਲ ਮਿਲਾਈਆ । ਗੁਰਮੁਖ ਇਛਿਆ ਲੇਖਾ ਚੁਕੇ ਊਚ ਨੀਚ, ਰਾਓ ਰੰਕ ਨਾ ਕੋਇ ਸਮਝਾਈਆ । ਸਤਿਗੁਰ ਇਛਿਆ ਲਹਿਣਾ ਦੇਣਾ ਚੁਕਾਏ ਹਸਤ ਕੀਟ, ਹਸਤੀ ਆਪਣੀ ਇਕ ਸਮਝਾਈਆ । ਗੁਰਮੁਖ ਇਛਿਆ ਕਾਇਆ ਚੋਲੀ ਚੜ੍ਹੇ ਰੰਗ ਮਜੀਠ, ਦੁਰਮਤ ਮੈਲ ਧੁਆਈਆ । ਸਤਿਗੁਰ ਇਛਿਆ ਨਾਮ ਨਿਧਾਨਾ ਦੇਵੇ ਗੀਤ, ਗਹਿਰ ਗੰਭੀਰ ਗੁਣ ਇਕ ਸਮਝਾਈਆ । ਗੁਰਮੁਖ ਇਛਿਆ ਕਾਇਆ ਹੋਵੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਸਤਿਗੁਰ ਇਛਿਆ ਲਹਿਣਾ ਦੇਣਾ ਚੁਕਾਏ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਵਡਿਆਈਆ । ਸਾਚੀ ਇਛਿਆ ਕਹੇ ਸੁਣ ਗੁਰਮੁਖ ਸੱਚੇ, ਸਚ ਦਿਆਂ ਜਣਾਈਆ । ਜੁਗ ਜੁਗ ਭਗਤਾਂ ਰਾਹ ਦੱਸੇ, ਮਾਰਗ ਇਕ ਵਖਾਈਆ । ਨਿਤ ਨਿਤ ਸ੍ਰੀ ਭਗਵਾਨ ਹਿਰਦੇ ਵਸੇ, ਹਰਿ ਜੂ ਡੇਰਾ ਲਾਈਆ । ਬਿਨ ਇਛਿਆ ਸਚ ਪ੍ਰੀਤੀ ਕੋਈ ਨਾ ਫਸੇ, ਭਗਤ ਭਗਵਾਨ ਮੇਲ ਨਾ ਕੋਇ ਮਿਲਾਈਆ । ਬਿਨ ਇਛਿਆ ਗੁਰ ਚੇਲਾ ਹੋਣ ਨਾ ਕਦੇ ਇਕੱਠੇ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਬਿਨ ਇਛਿਆ ਹਰਿ ਕਾ ਨਾਮ ਕੋਈ ਨਾ ਰਟੇ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨ ਇਛਿਆ ਨਾਮੇ ਦੇ ਪ੍ਰੇਮ ਅੰਦਰ ਨਾ ਫਸੇ, ਧੰਨੇ ਵੱਛੇ ਨਾ ਕੋਇ ਚਰਾਈਆ । ਬਿਨ ਇਛਿਆ ਹੋੜਾ ਲਾਵੇ ਨਾ ਉਪਰ ਸੱਸੇ, ਹੰ ਬ੍ਰਹਮ ਨਾ ਕੋਇ ਦ੍ਰਿੜਾਈਆ । ਬਿਨ ਇਛਿਆ ਸਚ ਸਵਾਮੀ ਨਾ ਕਿਸੇ ਦਿਸੇ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਬਿਨ ਇਛਿਆ ਕਦੇ ਨਾ ਬਣਾਏ ਵੱਡਿਉਂ ਨਿੱਕੇ, ਨਿੱਕਿਉਂ ਵੱਡੇ ਰੂਪ ਵਟਾਈਆ । ਬਿਨ ਇਛਿਆ ਭਗਤਾਂ ਲੇਖ ਕੋਈ ਨਾ ਲਿਖੇ, ਲਿਖਾਰੀ ਕਾਤਬ ਨਾਤਾ ਜੋੜੇ ਨਾ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਛਿਆ ਆਪਣੀ ਆਪਣੇ ਵਿਚ ਰਖਾਈਆ । ਗੁਰਮੁਖ ਇਛਿਆ ਧੁਰ ਸੰਜੋਗ, ਹਰਿ ਕਰਤਾ ਮੇਲ ਮਿਲਾਈਆ । ਆਤਮ ਰਸ ਦੇਵੇ ਸਾਚਾ ਭੋਗ, ਸੇਜ ਸੁਹੰਜਣੀ ਸੋਭਾ ਪਾਈਆ । ਅਗੰਮ ਅਥਾਹ ਜਣਾ ਸਲੋਕ, ਢੋਲਾ ਰਾਗ ਅਲਾਈਆ । ਮੇਲ ਮਿਲਾ ਕੇ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਬਖ਼ਸ਼ਿਸ਼ ਕਰਕੇ ਇਕੋ ਓਟ, ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਕੱਢ ਕੇ ਖੋਟ, ਸਾਚੀ ਭਿਛਿਆ ਝੋਲੀ ਪਾਈਆ । ਗੁਰ ਚੇਲਾ ਘਰ ਸਾਚੇ ਮਾਣੇ ਇਕੋ ਮੌਜ, ਮਜਲਸ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਛਿਆ ਅੰਦਰ ਸੱਦਿਆ ਲਾਲ, ਸ਼ਬਦੀ ਹੁਕਮ ਜਣਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਕੋਈ ਸਮਝ ਨਾ ਸਕੇ ਜੀਵ ਜਹਾਨ, ਬੁੱਧੀ ਕੰਮ

ਕਿਸੇ ਨਾ ਆਈਆ । ਕਰਨੀ ਕਰਤਾ ਨੌਜਵਾਨ, ਨਰ ਨਿਰੰਕਾਰ ਵੱਡੀ ਵਡਿਆਈਆ । ਜਨ ਭਗਤਾਂ ਇਛਿਆ ਕਰੇ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਅਨਪੜ੍ਹਿਆਂ ਦੇ ਕੇ ਸ਼ਬਦ ਗਿਆਨ, ਗੁਰਮੰਤਰ ਇਕ ਸਮਝਾਈਆ । ਹਰਿ ਚਰਨ ਕਵਲ ਬਖ਼ਸ਼ ਧਿਆਨ, ਅਵਲ ਜਣਾਏ ਨੂਰ ਇਲਾਹੀਆ । ਭੇਵ ਖੁਲ੍ਹਾ ਕੇ ਹਕ ਮੁਕਾਮ, ਪਰਵਰਦਿਗਾਰ ਵੇਖ ਵਖਾਈਆ । ਇਛਿਆ ਅੰਤਰ ਕਰ ਪਰਵਾਨ, ਧੁਰ ਪਰਵਾਨਾ ਇਕ ਦ੍ਰਿੜਾਈਆ । ਸ਼ਾਹੋ ਭੂਪ ਹਰਿ ਵਡ ਅਮਾਮ, ਮਿਹਰਵਾਨ ਅਖਵਾਈਆ । ਸਾਚਾ ਕਲਮਾ ਦੇ ਕਲਾਮ, ਨੌਬਤ ਨਾਮ ਵਜਾਈਆ । ਹਰ ਘਟ ਸਵਾਮੀ ਜਾਣੀ ਜਾਣ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਛਿਆ ਅੰਦਰ ਭਗਤ ਵਿਜੋਗਾ, ਜਗਤ ਜੋਗੀਸ਼ਰ ਆਪ ਜਣਾਇੰਦਾ । ਇਛਿਆ ਅੰਦਰ ਦੇ ਕੇ ਹੋਕਾ, ਹੁਕਮ ਧੁਰ ਦਾ ਆਪ ਸੁਣਾਇੰਦਾ । ਇਛਿਆ ਅੰਦਰ ਦੱਸ ਕੇ ਮਾਰਗ ਸੌਖਾ, ਭਗਤ ਭਗਵਾਨ ਮੇਲ ਮਿਲਾਇੰਦਾ । ਇਛਿਆ ਅੰਦਰ ਦੇ ਕੇ ਮੌਕਾ, ਜੁਗ ਵਿਛੜੇ ਜੋੜ ਜੁੜਾਇੰਦਾ । ਇਛਿਆ ਅੰਦਰ ਗੋਬਿੰਦ ਲਾ ਕੇ ਢਈਆ ਢੌਂਕਾ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਇੰਦਾ । ਇਛਿਆ ਅੰਦਰ ਖੇਲ ਨਿਰੰਕਾਰ, ਨਿਰਗੁਣ ਸਰਗੁਣ ਧਾਰ ਚਲਾਈਆ । ਇਛਿਆ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਧਾਰ, ਮਿਹਰ ਨਜ਼ਰ ਉਠਾਈਆ । ਇਛਿਆ ਅੰਦਰ ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਦਿਤੀ ਵਡਿਆਈਆ । ਇਛਿਆ ਅੰਦਰ ਚਾਰੇ ਖਾਣੀ ਕਰ ਤਿਆਰ, ਉਤਭੁਜ ਸੇਤਜ ਅੰਡਜ ਜੇਰਜ ਜੋੜ ਜੁੜਾਈਆ । ਇਛਿਆ ਅੰਦਰ ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਈਆ । ਇਛਿਆ ਅੰਦਰ ਚਾਰੇ ਜੁਗ ਕਰ ਪਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਇਛਿਆ ਅੰਦਰ ਪੰਜ ਤਤ ਖੇਲ ਕੀਤਾ ਆਕਾਰ, ਹੱਡ ਮਾਸ ਨਾੜੀ ਜੋੜ ਜੁੜਾਈਆ । ਇਛਿਆ ਅੰਦਰ ਖੋਲ੍ਹ ਨੌਂ ਦਵਾਰ, ਨਵ ਰਸ ਮੇਲਾ ਸਹਿਜ ਸੁਭਾਈਆ । ਇਛਿਆ ਅੰਦਰ ਆਸਾ ਤ੍ਰਿਸਨਾ ਭਰ ਭੰਡਾਰ, ਮਾਇਆ ਮਮਤਾ ਨਾਲ ਰਲਾਈਆ । ਇਛਿਆ ਅੰਦਰ ਕਾਇਆ ਬੰਕ ਖੋਲ੍ਹ ਕਿਵਾੜ, ਸੁਖਮਣ ਟੇਢੀ ਧਾਰ ਸੁਹਾਈਆ । ਇਛਿਆ ਅੰਦਰ ਈੜਾ ਪਿੰਗਲ ਕਰਕੇ ਖ਼ਬਰਦਾਰ, ਧੁਰ ਦਾ ਹੁਕਮ ਰਿਹਾ ਵੰਡਾਈਆ । ਇਛਿਆ ਅੰਦਰ ਅੰਤਰ ਆਤਮ ਭਰ ਭੰਡਾਰ, ਰਸ ਸਾਚਾ ਦਿਤਾ ਟਿਕਾਈਆ । ਇਛਿਆ ਅੰਦਰ ਸ਼ਬਦ ਨਾਦ ਸੱਚੀ ਧੁਨਕਾਰ, ਘਰ ਘਰ ਰਾਗ ਸੁਣਾਈਆ । ਇਛਿਆ ਅੰਦਰ ਜੋਤ ਨਿਰੰਜਣ ਕਰ ਉਜਿਆਰ, ਦੀਵਾ ਬਾਤੀ ਕਮਲਾਪਾਤੀ ਆਪ ਟਿਕਾਈਆ । ਇਛਿਆ ਅੰਦਰ ਆਤਮ ਬ੍ਰਹਮ ਕਰ ਪਸਾਰ, ਘਰ ਘਰ ਅੰਦਰ ਦਿਤਾ ਟਿਕਾਈਆ । ਇਛਿਆ ਅੰਦਰ ਸਾਚੀ ਸੇਜਾ ਕਰ ਤਿਆਰ, ਸਚ ਸਿੰਘਾਸਣ ਵੇਖ ਵਖਾਈਆ । ਇਛਿਆ ਅੰਦਰ ਬਣ ਕੇ ਸਾਂਝਾ ਯਾਰ, ਸਗਲੀ ਚਿੰਤ ਮਿਟਾਈਆ । ਇਛਿਆ ਅੰਦਰ ਦੂਰ ਦੁਰਾਡਾ ਕਰਕੇ ਧੂੰਆਂਧਾਰ, ਸੁੰਨ ਅਗੰਮ ਖੋਜ ਖੁਜਾਈਆ । ਇਛਿਆ ਅੰਦਰ ਲੇਖਾ ਜਾਣ ਸੂਰਜ ਚੰਦ, ਵੇਖਣਹਾਰਾ ਬੇਪਰਵਾਹੀਆ । ਇਛਿਆ ਅੰਦਰ ਬੇੜਾ ਬੰਨ੍ਹ, ਦੋ ਜਹਾਨਾਂ ਰਿਹਾ ਚਲਾਈਆ । ਇਛਿਆ ਅੰਦਰ ਨਾਮ ਧਨ, ਸਚ ਖ਼ਜ਼ਾਨਾ ਆਪ ਵਰਤਾਈਆ । ਇਛਿਆ ਅੰਦਰ ਬਣਕੇ ਜਨਨੀ ਜਨ, ਭਗਤ ਸੁਹੇਲੇ ਲਏ ਪਰਗਟਾਈਆ । ਇਛਿਆ ਅੰਦਰ ਦੇਵਣਹਾਰਾ ਡੰਨ, ਡੰਕਾ ਡੌਰੂ ਹੱਥ ਉਠਾਈਆ । ਇਛਿਆ ਅੰਦਰ ਕਰੇ ਪਰਕਾਸ਼, ਇਛਿਆ ਅੰਦਰ ਅਨ੍ਹੇਰਾ ਅੰਨ੍ਹ, ਇਛਿਆ ਅੰਦਰ ਜੋਤ ਜੋਤ ਰੁਸ਼ਨਾਈਆ । ਇਛਿਆ ਅੰਦਰ ਮਨਸਾ ਮਨ, ਇਛਿਆ ਅੰਦਰ


੯੧੯
੧੭

ਤ੍ਰਿਸਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਇਛਿਆ ਇਕ ਵਖਾਈਆ । ਇਛਿਆ ਅੰਦਰ ਜਾਣਾ ਆਉਣਾ, ਜੁਗ ਚੌਕੜੀ ਖੇਲ ਖਿਲਾਇੰਦਾ । ਇਛਿਆ ਅੰਦਰ ਹਰਿ ਜੂ ਗਾਉਣਾ, ਧੁਰ ਦਾ ਢੋਲਾ ਰਾਗ ਸੁਣਾਇੰਦਾ । ਇਛਿਆ ਅੰਦਰ ਵੇਸ ਵਟੌਣਾ, ਗੁਰ ਅਵਤਾਰ ਰੂਪ ਵਟਾਇੰਦਾ । ਇਛਿਆ ਅੰਦਰ ਸ੍ਰਿਸ਼ਟ ਸਬਾਈ ਮਾਰਗ ਲਾਉਣਾ, ਧੁਰ ਫ਼ਰਮਾਨਾ ਆਪ ਦ੍ਰਿੜਾਇੰਦਾ । ਇਛਿਆ ਅੰਦਰ ਆਤਮ ਪੜਦਾ ਭੇਵ ਖੁਲ੍ਹੌਣਾ, ਮੁਖ ਨਕਾਬ ਨਾ ਕੋਇ ਜਣਾਇੰਦਾ । ਇਛਿਆ ਅੰਦਰ ਸਚ ਸਲੋਕ ਇਕ ਸੁਣੌਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਜਗਾਇੰਦਾ । ਇਛਿਆ ਅੰਦਰ ਜਨ ਭਗਤਾਂ ਨਾਤਾ ਜੋੜ ਜੁੜੌਣਾ, ਜੁੜਿਆ ਜੋੜ ਨਾ ਕੋਇ ਤੁੜਾਇੰਦਾ । ਬਿਨ ਇਛਿਆ ਖੇਲ ਨਾ ਕੋਇ ਵਖੌਣਾ, ਹਰਿ ਕਰਤਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਇਛਿਆ ਅੰਦਰ ਹੋਇਆ ਜਨਮ, ਪੰਜ ਤਤ ਮਿਲੀ ਵਡਿਆਈਆ । ਇਛਿਆ ਅੰਦਰ ਬਣਿਆ ਕਰਮ, ਨਿਹਕਰਮੀ ਦਏ ਸਮਝਾਈਆ । ਇਛਿਆ ਅੰਦਰ ਮਿਲਿਆ ਧਰਮ, ਅਧਰਮੀ ਪੰਧ ਚੁਕਾਈਆ । ਇਛਿਆ ਅੰਦਰ ਮਿਲਿਆ ਵਰਨ, ਅਵਰਨ ਡੇਰਾ ਢਾਹੀਆ । ਇਛਿਆ ਅੰਦਰ ਮਿਲੇ ਸਤਿਗੁਰ ਚਰਨ, ਸਤਿ ਮਿਲੇ ਸਰਨਾਈਆ । ਇਛਿਆ ਅੰਦਰ ਹੋਵੇ ਮਰਨ, ਭੈ ਭੌ ਇਕ ਵਖਾਈਆ । ਇਛਿਆ ਅੰਦਰ ਗੁਰਮੁਖ ਸਾਚੇ ਪੌੜੇ ਚੜ੍ਹਨ, ਜਿਸ ਘਰ ਬੈਠਾ ਬੇਪਰਵਾਹੀਆ । ਇਛਿਆ ਅੰਦਰ ਸਤਿ ਸਤਿਵਾਦੀ ਢੋਲਾ ਪੜ੍ਹਨ, ਹਰਿ ਕਾ ਨਾਮ ਧਿਆਈਆ । ਇਛਿਆ ਅੰਦਰ ਹਰੀ ਦਵਾਰੇ ਖੜ੍ਹਨ, ਮੰਜ਼ਲ ਆਪਣੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਇਛਿਆ ਅੰਦਰ ਭੌਂਦਾ ਜਗ, ਚਾਰੋਂ ਕੁੰਟ ਵਾਹੋ ਦਾਹੀਆ । ਇਛਿਆ ਅੰਦਰ ਰਹੇ ਮਘ, ਅਗਨੀ ਤਤ ਜਲਾਈਆ । ਇਛਿਆ ਅੰਦਰ ਲੱਭਦੇ ਸ਼ਿਵਦਵਾਲੇ ਮੱਠ, ਮੰਦਰ ਮਸੀਤਾਂ ਫੋਲ ਫੁਲਾਈਆ । ਇਛਿਆ ਅੰਦਰ ਮੱਕੇ ਕਾਅਬੇ ਕਰਦੇ ਹੱਜ, ਹੁਜਰਿਆਂ ਸੀਸ ਨਿਵਾਈਆ । ਇਛਿਆ ਅੰਦਰ ਖੋਜ ਕੇ ਅੱਠ ਸੱਠ, ਤੀਰਥ ਤੱਟ ਦੇਣ ਗਵਾਹੀਆ । ਇਛਿਆ ਅੰਦਰ ਖੋਲ੍ਹ ਦੇ ਹੱਟ, ਬਣ ਵਣਜਾਰੇ ਜਗਤ ਤੁਲਾਈਆ । ਇਛਿਆ ਅੰਦਰ ਮਣਕਾ ਮਣਕਾ ਮਾਲਾ ਰਹੇ ਰੱਟ, ਅਠੋਤਰੀ ਹੱਥ ਉਠਾਈਆ । ਇਛਿਆ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਦੱਸ, ਅੰਜੀਲ ਕੁਰਾਨਾਂ ਨਾਲ ਮਿਲਾਈਆ । ਇਛਿਆ ਅੰਦਰ ਬਚਨ ਬਲਾਸ ਹੁੰਦੇ ਹੱਸ ਹੱਸ, ਰਸਨਾ ਜਿਹਵਾ ਬੱਤੀ ਦੰਦ ਮਿਲੀ ਵਡਿਆਈਆ । ਇਛਿਆ ਅੰਦਰ ਤਪੀ ਕਰਕੇ ਹੱਠ, ਬੈਠੇ ਧਿਆਨ ਲਗਾਈਆ । ਇਛਿਆ ਅੰਦਰ ਜੋਗੀਆਂ ਸੁਕਾ ਲਏ ਹੱਡ, ਅਗਨੀ ਭੇਟ ਚੜ੍ਹਾਈਆ । ਇਛਿਆ ਅੰਦਰ ਘਰ ਬਾਰ ਜਾਵਣ ਛੱਡ, ਨਾਤਾ ਮੋਹ ਤੁੜਾਈਆ । ਇਛਿਆ ਅੰਦਰ ਚਾਰੋਂ ਕੁੰਟ ਵੇਖਣ ਲੱਭ, ਲੋਚਣ ਨੈਣ ਜਗਤ ਉਠਾਈਆ । ਇਛਿਆ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਹੋ ਕੇ ਵਸ, ਕੂੜੀ ਕਿਰਿਆ ਨਾਲ ਪਰਨਾਈਆ । ਇਛਿਆ ਅੰਦਰ ਰੱਖ ਕੇ ਧੀਰਜ ਜਤ, ਸਤਿ ਸੰਤੋਖ ਝੋਲੀ ਪਾਈਆ । ਇਛਿਆ ਅੰਦਰ ਫਿਰੇ ਮਨ ਮਤ, ਮਨਸਾ ਮੂਲ ਨਾ ਕੋਇ ਮਿਟਾਈਆ । ਇਛਿਆ ਅੰਦਰ ਮਿਲੇ ਪੁਰਖ ਸਮਰਥ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਇਛਿਆ ਅੰਦਰ ਲਹਿਣਾ ਦੇਣਾ ਦੇਵੇ ਹੱਥੋ ਹੱਥ, ਜਗਤ ਉਧਾਰ ਨਾ ਕੋਇ ਕਰਾਈਆ । ਇਛਿਆ ਅੰਦਰ ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਬਿਨ ਇਛਿਆ ਜਗਤ ਜਹਾਨ ਖੇੜਾ ਹੋਵੇ ਭੱਠ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭਗਤ ਇਛਿਆ ਰਿਹਾ ਵਡਿਆਈਆ । ਭਗਤ ਇਛਿਆ ਸਭ ਤੋਂ ਨਿਆਰੀ, ਨਿਰਗੁਣ ਰਾਹ ਤਕਾਈਆ । ਸਤਿ ਪੁਰਖ ਨਿਰੰਜਣ ਲਾਈ ਯਾਰੀ, ਯਾਰ ਮਿਲੇ ਬੇਪਰਵਾਹੀਆ । ਜੁਗ ਜਨਮ ਜੋ ਵਿਛੜ ਕੇ ਰਹੀ ਕਵਾਰੀ, ਅੰਤ ਲਏ ਪਰਨਾਈਆ । ਪ੍ਰੇਮ ਪਿਆਰ ਦੀ ਦੇ ਖ਼ੁਮਾਰੀ, ਖ਼ੁਸ਼ੀਆਂ ਰਾਗ ਵਖਾਈਆ । ਘਰ ਵਿਚ ਘਰ ਕਰੇ ਕਾਰੀ, ਦਿਲਦਾਰੀ ਆਪਣੀ ਦਏ ਜਣਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲਣ ਦੀ ਵਾਰੀ, ਵੇਲਾ ਗਿਆ ਹੱਥ ਨਾ ਆਈਆ । ਆਸਾ ਤ੍ਰਿਸਨਾ ਕਰ ਕਰ ਸ੍ਰਿਸ਼ਟ ਸਬਾਈ ਹਾਰੀ, ਦ੍ਰਿਸ਼ਟ ਸਕੇ ਨਾ ਕੋਇ ਖੁਲ੍ਹਾਈਆ । ਹੋਏ ਪਰਕਾਸ਼ ਨਾ ਬਹੱਤਰ ਨਾੜੀ, ਦੀਵਾ ਬਾਤੀ ਨਾ ਡਗਮਗਾਈਆ । ਕਲਜੁਗ ਅਗਨੀ ਰਹੀ ਸਾੜੀ, ਸੀਤਲ ਧਾਰ ਨਾ ਕੋਇ ਵਹਾਈਆ । ਲੱਭਿਆਂ ਹੱਥ ਨਾ ਆਏ ਉਜਾੜੀਂ, ਜੰਗਲਾਂ ਵਿਚੋਂ ਮਿਲੇ ਨਾ ਸੱਚਾ ਮਾਹੀਆ । ਜਿਨ੍ਹਾਂ ਦੀ ਇਛਿਆ ਮਿਲੀਏ ਮੇਲ ਜੋਤ ਨਿਰੰਕਾਰੀ, ਨਿਰਗੁਣ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਛਿਆ ਅੰਦਰ ਬਣਾਏ ਭਗਤ, ਭਗਵਨ ਆਪਣੀ ਦਇਆ ਕਮਾਈਆ । ਇਛਿਆ ਅੰਦਰ ਵਡਿਆਏ ਜਗਤ, ਜੁਗਤ ਜੀਵਣ ਇਕ ਦਰਸਾਈਆ । ਇਛਿਆ ਅੰਦਰ ਦੇਵੇ ਸ਼ਕਤ, ਸ਼ਿਵ ਸ਼ਕਤੀ ਮਾਤ ਕਹਾਈਆ । ਇਛਿਆ ਅੰਦਰ ਵੇਖੇ ਬੂੰਦ ਰਕਤ, ਨਾਤਾ ਧੁਰ ਦਾ ਆਪ ਬੰਧਾਈਆ । ਇਛਿਆ ਅੰਦਰ ਪੰਧ ਮੁਕਾਏ ਅਰਸ਼ ਫ਼ਰਸ਼, ਸਚ ਦਵਾਰ ਇਕ ਸੁਹਾਈਆ । ਇਛਿਆ ਅੰਦਰ ਕਰਕੇ ਤਰਸ, ਰਹਿਮਤ ਹਕ ਕਮਾਈਆ । ਇਛਿਆ ਅੰਦਰ ਜੋ ਰਹੇ ਭਟਕ, ਅੰਤਰ ਆਤਮ ਧਿਆਨ ਲਗਾਈਆ । ਇਛਿਆ ਅੰਦਰ ਉਹਨਾਂ ਦਾ ਸੁਹੰਜਣਾ ਕਰੇ ਵਕਤ, ਵੇਲਾ ਘੜੀ ਥਿਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ,
੯੨੧ ੧੭ ਆਪ ਆਪਣੀ ਕਿਰਪਾ ਕਰ, ਇਛਿਆ ਪੂਰਨ ਸਦ ਅਖਵਾਈਆ । ਇਛਿਆ ਕਹੇ ਮੈਂ ਬੜੀ ਬਲਵਾਨ, ਵੱਡੀ ਸਭ ਤੋਂ ਨਜ਼ਰੀ ਆਈਆ । ਬਿਨਾ ਮੇਰੇ ਕਿਸੇ ਨਾ ਮਿਲਿਆ ਭਗਵਾਨ, ਸਤਿਗੁਰ ਜੋੜ ਨਾ ਕੋਇ ਜੁੜਾਈਆ । ਲੋਕਮਾਤ ਨਾ ਹੋਈ ਕਲਿਆਣ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਚਰਨ ਕਵਲ ਨਾ ਮਿਲਿਆ ਧਿਆਨ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਭਾਗ ਲੱਗਾ ਨਾ ਕਿਸੇ ਮਕਾਨ, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਮੂਰਖ ਹੋਇਆ ਨਾ ਸੁਘੜ ਸਿਆਣ, ਚਤੁਰ ਨਾ ਕੋਇ ਚਤੁਰਾਈਆ । ਅੰਤਰ ਆਇਆ ਨਾ ਕਿਸੇ ਗਿਆਨ, ਅਗਿਆਨ ਨਾ ਕੋਇ ਮਿਟਾਈਆ । ਦਰਗਾਹ ਮਿਲਿਆ ਨਾ ਕਿਸੇ ਮਾਣ, ਸਿਰ ਹੱਥ ਨਾ ਕੋਇ ਰਖਾਈਆ । ਜੁਗ ਚੌਕੜੀ ਮੇਰਾ ਸਹਾਰਾ ਸਰਬ ਤਕਾਣ, ਆਸਰਾ ਇਕ ਵਖਾਈਆ । ਜਨ ਭਗਤਾਂ ਇਛਿਆ ਕਹੇ ਮੈਂ ਹੋਈ ਪਰਵਾਨ, ਪ੍ਰਭ ਸਾਚੇ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗਾਈਆ । ਇਛਿਆ ਕਹੇ ਮੈਨੂੰ ਕਹਿੰਦੇ ਕੋਝੀ ਕਮਲੀ, ਨਿਹਕਰਮਣ ਸਰਬ ਸਮਝਾਈਆ । ਮੈਂ ਪ੍ਰਭ ਦੀ ਲੱਗੀ ਸਰਨੀ, ਸਰਨਗਤ ਇਕ ਰਖਾਈਆ । ਮੇਰੀ ਆਸ਼ਾ ਆਸ਼ਾ ਵਿਚ ਮਰਨੀ, ਜੀਵਣ ਵਿਚ ਨਾ ਕੋਇ ਵਡਿਆਈਆ । ਮੈਂ ਇਕੋ ਪੌੜੀ ਚੜ੍ਹਨੀ, ਜਿਸ ਦਾ ਡੰਡਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਦਿਤੀ ਬਣਾਈਆ । ਆਸ਼ਾ ਕਹੇ ਮੇਰਾ ਘਾੜਨ ਘੜਿਆ, ਪ੍ਰਭ ਦਿਤੀ ਮਾਣ ਵਡਿਆਈਆ । ਉਸ ਦੇ ਕੋਲੋਂ ਨਿਰਅੱਖਰ ਪੜ੍ਹਿਆ, ਜਿਸਦਾ ਭੇਵ ਕਿਸੇ ਨਾ ਆਈਆ । ਜਨ ਭਗਤਾਂ ਅੰਦਰ ਵਸੇਰਾ ਆਦਿ ਜੁਗਾਦਿ ਕਰਿਆ, ਘਰ ਵਿਚ ਆਪਣਾ ਡੇਰਾ ਲਾਈਆ । ਤੇਰਾ ਮੇਰਾ ਚੁਕਾ ਕੇ ਡਰਿਆ, ਭਉ ਇਕੋ ਇਕ ਸਮਝਾਈਆ । ਭਗਤਾਂ ਮੇਲ ਮਿਲਾ

ਕੇ ਨਾਲ ਅੜਿਆ, ਆਦਤ ਪਿਛਲੀ ਦਿਤੀ ਬਦਲਾਈਆ । ਮੇਰੀ ਇਛਿਆ ਨਾਲ ਮਿਲ ਕੇ ਗੁਰਮੁਖ ਪੌੜੀ ਚੜ੍ਹਿਆ, ਸਾਚੇ ਮੰਦਰ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਵਾਮੀ ਇਕੋ ਵਰਿਆ, ਦੂਜਾ ਕੰਤ ਨਾ ਕੋਇ ਹੰਢਾਈਆ । ਜੋ ਆਦਿ ਜੁਗਾਦਿ ਜੁਗਾ ਜੁਗੰਤਰ ਸਨਮੁਖ ਸਦਾ ਖੜ੍ਹਿਆ, ਨੇਤਰ ਅੱਖ ਨਾ ਕੋਇ ਛੁਪਾਈਆ । ਬਿਨ ਇਛਿਆ ਖੇਲ ਕੋਇ ਨਾ ਕਰਿਆ, ਭਗਤਾਂ ਪ੍ਰਭ ਰਿਹਾ ਦ੍ਰਿੜਾਈਆ । ਇਛਿਆ ਅੰਤਰ ਤੁਹਾਡਾ ਪੱਲੂ ਫੜਿਆ, ਧੁਰ ਦੀ ਸਾਚੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਛਿਆ ਇਕੋ ਇਕ ਸਮਝਾਈਆ । ਇਛਿਆ ਕਹੇ ਮੈਂ ਧੁਰ ਦੀ ਰਾਣੀ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਪਤਿਪਰਮੇਸ਼ਵਰ ਮੇਰਾ ਹਾਣੀ, ਸੋਹਣਾ ਜੋੜ ਜੁੜਾਈਆ । ਜਨ ਭਗਤਾਂ ਦੀ ਮੈਂ ਸੇਵ ਕਮਾਣੀ, ਚਾਕਰ ਖ਼ਾਕ ਰੂਪ ਵਟਾਈਆ । ਸੁਘੜ ਸੁਚੱਜੀ ਬਣ ਸਵਾਣੀ, ਘਰ ਘਰ ਵੇਖ ਵਖਾਈਆ । ਅੰਮ੍ਰਿਤ ਲੈ ਕੇ ਠੰਡਾ ਪਾਣੀ, ਗੁਰਮੁਖਾਂ ਜਾਮ ਪਿਆਈਆ । ਪ੍ਰੇਮ ਪਿਆਰ ਦੀ ਦੇ ਕੇ ਜਾਵਾਂ ਨਿਸ਼ਾਨੀ, ਤੀਰ ਨਿਸ਼ਾਨਾ ਇਕ ਚਲਾਈਆ । ਜਿਸ ਦੀ ਸੁਣਦੇ ਰਹੇ ਕਹਾਣੀ, ਸੋ ਮਿਲਿਆ ਬੇਪਰਵਾਹੀਆ । ਜਿਸ ਦੀ ਸਿਫ਼ਤ ਕਰੇ ਚਾਰੇ ਬਾਣੀ, ਰਾਗਾਂ ਨਾਦਾਂ ਵਿਚ ਅਲਾਈਆ । ਜਿਸ ਦਾ ਖੇਲ ਖ਼ਲਕ ਮਹਾਨੀ, ਖ਼ਾਲਕ ਮਾਲਕ ਇਕ ਅਖਵਾਈਆ । ਜਿਸ ਦਾ ਪਦ ਇਕ ਨਿਰਬਾਣੀ, ਸਚ ਦਵਾਰੇ ਸੋਭਾ ਪਾਈਆ । ਜੋ ਹਰ ਘਟ ਜਾਣ ਜਾਣੀ, ਲੱਖ ਚੁਰਾਸੀ ਰਿਹਾ ਸਮਝਾਈਆ । ਜਿਸ ਦੀ ਮਹਿੰਮਾ ਅਕਥ ਕਹਾਣੀ, ਸ਼ਾਸਤਰ ਸਿਮਰਤ ਵੇਦ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਛਿਆ ਕਹੇ ਮੈਂ ਸਭ ਤੋਂ ਉਚੀ, ਉਚਿਆਂ ਵਿਚੋਂ ਪਰਗਟ ਹੋ ਕੇ ਆਈਆ । ਮੈਂ ਪ੍ਰਭ ਦਵਾਰੇ ਹੋ ਕੇ ਸੁੱਚੀ, ਨਹਾਵਣ ਇਕੋ ਲਿਆ ਨੁਹਾਈਆ । ਮੈਂ ਗੁਰਮੁਖਾਂ ਦੇ ਹਿਰਦਿਉਂ ਉਠੀ, ਮੈਨੂੰ ਜਨਮੇ ਕੋਈ ਨਾ ਪਿਤਾ ਮਾਈਆ । ਮੈਂ ਲੋਕਮਾਤ ਲਾਗਣ ਬਣ ਕੇ ਜਨ ਭਗਤਾਂ ਦੀ ਕਰਾਂ ਬੁੱਤੀ, ਨਿਮਾਣੀ ਹੋ ਕੇ ਘਰ ਘਰ ਫੇਰਾ ਪਾਈਆ । ਜਿਨ੍ਹਾਂ ਦੀ ਆਤਮ ਸੁੱਤੀ, ਫੜ ਹਲੂਣੇ ਦਿਆਂ ਉਠਾਈਆ । ਉਹਨਾਂ ਦੀ ਪਰਮਾਤਮਾ ਨਾਲ ਲਾਵਾਂ ਰੁਚੀ, ਜੋ ਰੁਸਿਆਂ ਰਿਹਾ ਮਨਾਈਆ । ਮਨ ਵਾਸਨਾ ਕੱਢ ਕੇ ਵਿਚੋਂ ਕੁੱਤੀ, ਸਵਾਨ ਕੂਕਰ ਸੂਕਰ ਹੰਸ ਰੂਪ ਵਟਾਈਆ । ਮੈਂ ਅੰਦਰ ਵੜ ਕੇ ਉਹਨਾਂ ਦੇ ਸੁਫ਼ਲ ਕਰਾਂ ਮੁਖੀ, ਜਿਨ੍ਹਾਂ ਦੇ ਹਿਰਦਿਉਂ ਹਰਿ ਕਾ ਨਾਮ ਪਰਗਟਾਈਆ । ਮੇਰੇ ਨਾਲ ਮਿਲ ਕੇ ਕਿਹੜਾ ਰਹਿ ਜਾਏ ਦੁਖੀ, ਦੁੱਖ ਸਾਗਰ ਕਾਇਆ ਗਾਗਰ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਛਿਆ ਕਹੇ ਮੈਂ ਡੰਮ੍ਹੀ, ਮੇਰੀ ਸਮਝ ਕਿਸੇ ਨਾ ਆਈਆ । ਬਿਨਾਂ ਭਗਤਾਂ ਮੈਨੂੰ ਸਾਰੇ ਕਹਿਣ ਨਕੰਮੀ, ਬੈਠਣ ਮੁਖ ਭੁਆਈਆ । ਜਨ ਭਗਤ ਕਹਿਣ ਇਹ ਸਾਡੀ ਅੰਮੀਂ, ਅੰਮੜੀ ਕਹਿ ਕੇ ਖ਼ੁਸ਼ੀ ਮਨਾਈਆ । ਮੈਂ ਉਹਨਾਂ ਦੇ ਪਿਛੇ ਫਿਰਾਂ ਭੰਨੀ, ਭੱਜ ਭੱਜ ਆਪਣਾ ਪੰਧ ਮੁਕਾਈਆ । ਜਾ ਕੇ ਹੁਕਮ ਸੁਣਾਵਾਂ ਕੰਨੀਂ, ਮਿਲੋ ਪੁਰਖ ਬੇਪਰਵਾਹੀਆ । ਜੋ ਮਾਲਕ ਸਭ ਦਾ ਧਨੀ, ਦੌਲਤ ਨਾਮ ਸਦਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਇਛਿਆ ਕਹੇ ਮੈਂ ਭਗਤਾਂ ਕਰਾਂ ਤਲਾਸ਼, ਕਾਇਆ ਤਤ ਫੋਲ ਫੁਲਾਈਆ । ਜਿਨ੍ਹਾਂ ਪ੍ਰਭ ਮਿਲਣ ਦੀ ਆਸ, ਤਿਨ੍ਹਾਂ ਮੇਲੇ ਦਿਆਂ ਮਿਲਾਈਆ । ਮੇਟ ਅੰਧੇਰੀ ਰਾਤ, ਸਾਚਾ ਚੰਦ ਕਰਾਂ ਰੁਸ਼ਨਾਈਆ । ਭਰਮ ਚੁਕਾ ਕੇ ਕੂੜੀ ਜ਼ਾਤ, ਦਰਸ ਦੀ ਦਾਤ ਦਿਆਂ ਵਖਾਈਆ । ਜਿਸ ਦੇ ਵਿਚ ਅਨੋਖੀ ਕਰਾਮਾਤ,

ਕਰਮਾਂ ਡੇਰਾ ਢਾਹੀਆ । ਜਿਸ ਦਾ ਅੱਖਰ ਲੱਭੇ ਨਾ ਵਿਚੋਂ ਕਿਸੇ ਲੁਗਾਤ, ਅਲਫ਼ ਯੇ ਨਾ ਸਿਫ਼ਤ ਸੁਣਾਈਆ । ਜਿਸ ਦੀ ਆਦਿ ਜੁਗਾਦਿ ਇਕੋ ਜਿਹੀ ਪਰਭਾਤ, ਸੰਧਿਆ ਰੂਪ ਨਾ ਕੋਇ ਵਟਾਈਆ । ਜੋ ਦਿਸੇ ਕਾਇਨਾਤ, ਕਲਮਾ ਨਬੀ ਰਸੂਲ ਪੜ੍ਹਾਈਆ । ਜਿਸ ਦੀ ਕਦੇ ਨਾ ਹੋਵੇ ਵਫ਼ਾਤ, ਫ਼ਾਤਿਆ ਅੰਤ ਨਾ ਕੋਇ ਜਣਾਈਆ । ਮੈਂ ਉਸ ਦੀ ਦਾਸੀ ਦਾਸ, ਜਨ ਭਗਤ ਦਵਾਰੇ ਸੇਵ ਕਮਾਈਆ । ਜਨ ਭਗਤੋ ਪ੍ਰਭ ਮਿਲਣ ਦੀ ਰੱਖੇ ਖ਼ਾਹਿਸ਼, ਖ਼ਾਲਸ ਮਿਲੇ ਸ਼ਹਿਨਸ਼ਾਹੀਆ । ਬਾਕੀ ਕੂੜੀ ਸਰਬ ਤਲਾਸ਼, ਤਬਅ ਸਕੇ ਨਾ ਕੋਇ ਬਦਲਾਈਆ । ਮੇਰਾ ਵਸੇਰਾ ਅੰਦਰ ਹੱਡ ਮਾਸ, ਕਾਇਆ ਮੰਦਰ ਡੇਰਾ ਲਾਈਆ । ਪ੍ਰਭ ਮਿਲਣ ਦੀ ਸਿੱਖ ਲਓ ਜਾਚ, ਨਿਵਣ ਸੁ ਅੱਖਰ ਦਿਆਂ ਸਮਝਾਈਆ । ਚਰਨ ਕਵਲ ਸਚ ਸਰਨ ਮੰਗੋ ਅਬਿਨਾਸ਼, ਧੂੜੀ ਖ਼ਾਕ ਰਮਾਈਆ । ਸਦਾ ਸਵਾਮੀ ਵਸਣਹਾਰਾ ਪਾਸ, ਹਰ ਘਟ ਪਰਗਟ ਹੋ ਕੇ ਦਰਸ ਦਿਖਾਈਆ । ਸ੍ਰੀ ਭਗਵਾਨ ਭਗਤਾਂ ਮਿਲਣ ਦੀ ਰੱਖੇ ਸਦਾ ਖ਼ਾਹਸ਼, ਬਿਨ ਭਗਤਾਂ ਸ੍ਰੀ ਭਗਵਾਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਖ਼ਾਹਿਸ਼ ਕਹੇ ਮੈਂ ਬਹੁਢੰਗੀ, ਠੱਗਾਂ ਚੋਰਾਂ ਯਾਰਾਂ ਵਿਚ ਆਪਣਾ ਰਾਹ ਜਣਾਈਆ । ਸਿਰ ਤੋਂ ਚੋਟੀ ਕਰਕੇ ਨੰਗੀ, ਚਾਰੋਂ ਕੁੰਟ ਭੁਆਈਆ । ਓਧਰ ਮੂਰਖ ਪਾ ਕੇ ਵੰਡੀ, ਭੁਲਾਵਾਂ ਨਾਮ ਗੁਸਾਈਂਆ । ਆਤਮ ਕਰਕੇ ਰੰਡੀ, ਘਰ ਘਰ ਦੁਹਾਗਣ ਦਿਆਂ ਬਣਾਈਆ । ਓਹ ਸਵਾਣੀ ਕਿਸੇ ਨਾ ਲੱਗੇ ਚੰਗੀ, ਜੋ ਧੁਰ ਦਾ ਹੁਕਮ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਵਿਚ ਦਿਤੀ ਸਰਬ ਵਡਿਆਈਆ । ਖ਼ਾਹਿਸ਼ ਕਹੇ ਮੈਂ ਵੇਖੇ ਜੋਗੀ, ਜਗਤ ਧਿਆਨ ਲਗਾਈਆ । ਖ਼ਾਹਿਸ਼ ਕਹੇ ਮੈਂ ਵੇਖੇ ਭੋਗੀ, ਕਾਮ ਕਰੋਧ ਹਲਕਾਈਆ । ਖ਼ਾਹਿਸ਼ ਕਹੇ ਮੈਂ ਵੇਖੇ ਰੋਗੀ, ਜਿਨ੍ਹਾਂ ਬਿਰਹੋਂ ਰੋਗ ਸਤਾਈਆ । ਖ਼ਾਹਿਸ਼ ਕਹੇ ਮੈਂ ਵੇਖੇ ਸੰਜੋਗੀ, ਜਿਨ੍ਹਾਂ ਪ੍ਰਭ ਆਪਣੀ ਸੇਜ ਬਹਾਈਆ । ਖਾਹਿਸ਼ ਕਹੇ ਮੈਂ ਵੇਖੇ ਵਿਜੋਗੀ, ਜਿਨ੍ਹਾਂ ਦਾ ਮੇਲ ਅੰਤ ਨਾ ਕੋਇ ਕਰਾਈਆ । ਖ਼ਾਹਿਸ਼ ਕਹੇ ਮੈਂ ਵੇਖੀ ਚੋਟੀ, ਘਰ ਘਰ ਡੇਰਾ ਲਾਈਆ । ਖ਼ਾਹਿਸ਼ ਕਹੇ ਮੈਂ ਵੇਖਿਆ ਵਾਸਨਾ ਖੋਟੀ, ਜੋ ਕੂੜਿਆਂ ਨਾਲ ਕਰੇ ਕੁੜਮਾਈਆ । ਖ਼ਾਹਿਸ਼ ਕਹੇ ਮੇਰੀ ਖ਼ਾਹਿਸ਼ ਬਹੁਤੀ, ਤ੍ਰਿਸਨਾ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਹਿਸ਼ ਆਪਣੇ ਨਾਲ ਮਿਲਾਈਆ । ਖ਼ਾਹਿਸ਼ ਕਹੇ ਮੈਂ ਪ੍ਰਭੂ ਦਵਾਰੇ, ਆਪਣਾ ਆਪ ਮਿਟਾਈਆ । ਸੰਤ ਸੁਹੇਲੇ ਬਣੇ ਸਰਬ ਵਣਜਾਰੇ, ਸੌਦਾ ਇਕੋ ਹੱਟ ਵਿਕਾਈਆ । ਜਿਸ ਘਰ ਗੁਰੂ ਅਵਤਾਰ ਦਿਸਣ ਭਿਖਾਰੇ, ਝੋਲੀ ਆਪਣੀ ਅੱਗੇ ਡਾਹੀਆ । ਉਸ ਦਾ ਹੁਕਮ ਸਦਾ ਜੁਗ ਚਾਰੇ, ਨਾ ਕੋਈ ਮੇਟੇ ਮੇਟ ਮਿਟਾਈਆ । ਪੀਰ ਪੈਗ਼ੰਬਰ ਨੱਚਦੇ ਓਸ ਇਸ਼ਾਰੇ, ਸ਼ਰਅ ਸਰਬ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਕਰਨ ਨਿਮਸਕਾਰੇ, ਸਿਰ ਸਕੇ ਨਾ ਕੋਇ ਉਠਾਈਆ । ਆਦਿ ਅੰਤ ਅਤੋਟ ਅਤੁਟ ਭੰਡਾਰੇ, ਖ਼ਾਹਿਸ਼ਾਂ ਭਰਿਆ ਬੇਪਰਵਾਹੀਆ । ਜਨ ਭਗਤੋ ਚੜ੍ਹ ਕੇ ਵੇਖੋ ਓਸ ਦੇ ਮਨਾਰੇ, ਜਿਸ ਦੀ ਚਾਰ ਦੀਵਾਰ ਨਾ ਕੋਇ ਬਣਾਈਆ । ਜਿਥੇ ਨਾ ਕੋਈ ਸੂਰਜ ਚੰਦ ਦਿਸੇ ਸਤਾਰੇ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਾ ਕੋਈ ਨੌਬਤ ਵੱਜਣ ਨਗਾਰੇ, ਤਾਲ ਤਲਵਾੜਾ ਨਾ ਕੋਇ ਵਖਾਈਆ । ਨਾ ਕੋਈ ਦੀਨ ਮਜ਼੍ਹਬ ਪੁਆੜੇ, ਝਗੜਾ ਕੌਮ ਨਾ ਕੋਇ ਰਖਾਈਆ । ਓਥੇ ਗੁਰਮੁਖ ਸੋਹਣੇ ਬੈਠੇ ਲਾੜੇ, ਜਿਨ੍ਹਾਂ ਪੁਰਖ ਅਕਾਲ ਸਗਣ ਲਿਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਦਿਤਾ ਸਮਝਾਈਆ । ਇਛਿਆ ਕਹੇ ਮੈਂ

ਆਈ ਦੱਸਣ, ਦਹਿ ਦਿਸ਼ਾ ਜਣਾਈਆ । ਭਗਤ ਸੁਹੇਲੇ ਉਠ ਉਠ ਨੱਠਣ, ਬਣ ਕੇ ਪਾਂਧੀ ਰਾਹੀਆ । ਚਰਨ ਕਵਲ ਸਰਨਾਈ ਹਰਿ ਕੀ ਲੱਗਣ, ਇਸ਼ਟ ਦੇਵ ਇਕ ਮਨਾਈਆ । ਪ੍ਰੇਮ ਪ੍ਰੀਤੀ ਇਕੋ ਰਹਿਣ ਮਗਨ, ਮੰਗਲਾਚਾਰ ਸੁਣਾਈਆ । ਨੌ ਦਵਾਰੇ ਮੰਜ਼ਲ ਪੰਧ ਲੰਘਣ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤ ਲਲਾਟ ਲਗਾ ਕੇ ਚੰਦਨ, ਮਸਤਕ ਟਿੱਕਾ ਇਕ ਵਖਾਈਆ । ਮਿਲਕੇ ਮੇਲ ਸਚ ਮੁਕੰਦਨ, ਅਨੰਦ ਇਕੋ ਝੋਲੀ ਪਾਈਆ । ਢੋਲਾ ਗਾਵਣ ਧੁਰ ਦਾ ਛੰਦਨ, ਸੋਹੰ ਰਾਗ ਅਲਾਈਆ । ਇਛਿਆ ਵਿਚ ਪਰਮਾਨੰਦਣ, ਆਸਾ ਪੂਰ ਕਰਾਈਆ । ਜਨ ਭਗਤਾਂ ਮਿਲਾਵਾਂ ਧੁਰ ਦਾ ਸੱਜਣ, ਜੋ ਸੱਜਣ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਪਾਈਆ । ਇਛਿਆ ਕਹੇ ਸੱਜਣ ਗਹਿਰ ਗਵਰਾ, ਇਕ ਇਕੱਲਾ ਨਜ਼ਰੀ ਆਈਆ । ਧੰਨ ਵਡਿਆਈ ਜਿਨ੍ਹਾਂ ਦਾ ਜਨਮ ਸਵਰਾ, ਸਵਾਰਥ ਪਰਮਾਰਥ ਇਕੋ ਰੰਗ ਰੰਗਾਈਆ । ਉਹ ਮੂਰਖ ਮੁਗਧ ਜਗਤ ਜਹਾਨ ਕਹੇ ਬਵਰਾ, ਭੋਲਾ ਭਾਉ ਸਮਝ ਕਿਸੇ ਨਾ ਆਈਆ । ਉਹ ਗੁਰਮੁਖ ਪ੍ਰਭ ਮਿਲਣ ਵਾਸਤੇ ਜਨਮਾ, ਜਗਤ ਕਰਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਛਿਆ ਅੰਦਰ ਮੇਟ ਕੇ ਭਰਮਾ, ਭਾਂਡਾ ਭਰਮ ਭਉ ਭੰਨਾਈਆ । ਇਛਿਆ ਕਹੇ ਮੈਂ ਸਭ ਦੀ ਸਖ਼ੀ, ਵਿਛੜਿਆ ਕਾਹਨ ਦਿਆਂ ਮਿਲਾਈਆ । ਦਰਸ ਵਖਾਵਾਂ ਨਿਜ ਅੱਖੀਂ, ਨੇਤਰ ਇਕ ਖੁਲ੍ਹਾਈਆ । ਨਾਮ ਪੜ੍ਹਾਵਾਂ ਧੁਰ ਦੀ ਪੱਟੀ, ਸਚ ਸੰਦੇਸ਼ ਸੁਣਾਈਆ । ਪ੍ਰੇਮ ਪਿਆਰ ਅੰਦਰ ਸੁਕਾਵਾਂ ਰੱਤੀ, ਰੱਤੀ ਰੱਤ ਨਜ਼ਰ ਨਾ ਆਈਆ । ਜਿਨ੍ਹਾਂ ਆਸ ਪ੍ਰਭ ਮਿਲਣ ਦੀ ਰੱਖੀ, ਤਿਨ੍ਹਾਂ ਮੇਲਾਂ ਸਹਿਜ ਸੁਭਾਈਆ । ਇਛਿਆ ਕਹੇ ਮੈਂ ਜੋੜ ਜੁੜਾਵਾਂ ਕਮਲਾਪਤੀ, ਪਤਿਪਰਮੇਸ਼ਵਰ ਨਾਲ ਮਿਲਾਈਆ । ਜਨ ਭਗਤੋ ਗੁਰਮੁਖੋ ਗੁਰਸਿਖੋ ਸਾਚੇ ਸੰਤੋ ਮੁਰੀਦੋ ਮੁਰਸ਼ਦ ਨਾਲ ਮਿਲ ਕੇ ਖੱਟੋ ਖੱਟੀ, ਅੱਗੇ ਖਟਕਾ ਕੋਇ ਰਹਿਣ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਛਿਆ ਪਤ ਆਪੇ ਰੱਖੀ, ਰਖਿਅਕ ਰੱਖਿਆ ਕਰੇ ਥਾਉਂ ਥਾਈਂਆ ।



ਇਛਿਆ ਅੰਦਰ ਗੁਰਮੁਖ ਝੋਲਾ, ਆਪਣੀ ਆਸ ਤਕਾਈਆ । ਪੁਰਖ ਅਬਿਨਾਸ਼ੀ ਤੇਰੇ ਕੰਧ ਉਠਾਣਾ ਡੋਲਾ, ਜਗਤ ਕੁਹਾਰ ਰੂਪ ਵਟਾਈਆ । ਰਸਨਾ ਨਾਲ ਨਹੀਂ ਪਾਉਣਾ ਰੌਲਾ, ਇਸ਼ਾਰਿਆਂ ਨਾਲ ਸਮਝਾਈਆ । ਤੂੰ ਆਦਿ ਜੁਗਾਦੀ ਮੌਲਾ, ਹਰ ਘਟ ਰਵਿਆ ਬੇਪਰਵਾਹੀਆ । ਮੇਰਾ ਚੁੱਕ ਕੇ ਪੜਦਾ ਓਹਲਾ, ਸਵੱਛ ਸਰੂਪੀ ਦਰਸ ਦਿਖਾਈਆ । ਪੂਰਾ ਕਰ ਇਕਰਾਰ ਕੌਲਾ, ਕਵਲ ਨਾਭੀ ਉਲਟੀ ਮੁਖੀ ਅੰਮ੍ਰਿਤ ਰਸ ਮੁਖ ਚੁਆਈਆ । ਤੇਰਾ ਖੇਲ ਵੇਖਾਂ ਉਪਰ ਧੌਲਾ, ਧਰਨੀ ਧਰਤ ਧਵਲ ਵਡਿਆਈਆ । ਤੂੰ ਨੂਰ ਖ਼ੁਦਾਈ ਅਵਲਾ, ਆਲਮੀਨ ਤੇਰੀ ਸਰਨਾਈਆ । ਤੇਰੇ ਪਿਛੇ ਹੋ ਕੇ ਬਵਲਾ, ਭੱਜਾਂ ਵਾਹੋ ਦਾਹੀਆ । ਤੂੰ ਰੂਪ ਸਾਂਵਲ ਸਵਲਾ, ਮੁਕੰਦ ਮਨੋਹਰ ਲਖਮੀ ਨਰਾਇਣ ਇਕ ਅਖਵਾਈਆ । ਤੂੰ ਆਦਿ ਜੁਗਾਦੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇਂ ਤਗ਼ਮਾ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਮੈਨੂੰ ਵੀ ਸੁਣਾ ਦੇ ਉਹ ਨਗ਼ਮਾ, ਜਿਸ ਦੀ ਸ਼ਾਇਰੀ ਸ਼ਾਇਰ ਕਰਨ ਕੋਇ ਨਾ ਪਾਈਆ । ਮੈਂ ਦਰਸ਼ਨ ਪਾਵਾਂ ਦੀਦ ਚਸ਼ਮਾਂ, ਈਦ ਚੰਦ ਰੁਸ਼ਨਾਈਆ । ਮੈਂ ਖਾ ਕੇ ਆਇਆ ਕਸਮਾਂ, ਮੈਥੋਂ ਝੱਲੀ ਨਾ ਜਾਏ ਜੁਦਾਈਆ । ਮੈਂ ਧੂੜੀ ਮੰਗੀ ਭਸਮਾ, ਤਨ ਮਾਟੀ ਖ਼ਾਕ ਰਮਾਈਆ । ਮੈਂ ਨਹੀਂ ਜਾਣਦਾ ਪਿਛਲੀਆਂ ਰਸਮਾਂ, ਗੁਰਮੁਖ ਆਪਣੀ ਝੋਲੀ

ਡਾਹੀਆ । ਬਿਨ ਤੇਰੇ ਮੂਲ ਨਹੀਂ ਬਚਣਾ, ਲੋਕਮਾਤ ਰਹਿਣਾ ਮੂਲ ਨਾ ਭਾਈਆ । ਮੈਂ ਹਾਲ ਤੈਨੂੰ ਦੱਸਣਾ, ਖੋਲ੍ਹ ਕੇ ਦਿਤਾ ਸੁਣਾਈਆ । ਜੇ ਵਸਾਂ ਤੇ ਤੇਰੇ ਚਰਨ ਵਸਣਾ, ਕੋਠੇ ਮੰਡਪ ਮਾੜੀ ਕੰਮ ਕਿਸੇ ਨਾ ਆਈਆ । ਨਾਲੇ ਰੋਵਾਂ ਨਾਲੇ ਹੱਸਣਾ, ਖ਼ੁਸ਼ੀਆਂ ਵਿਚ ਨੇਤਰ ਨੈਣਾਂ ਨੀਰ ਵਹਾਈਆ । ਜੇ ਤੂੰ ਸਾਡੇ ਪ੍ਰੇਮ ਪਿਆਰ ਵਿਚ ਨਹੀਂ ਫਸਣਾ, ਕਿਉਂ ਭਗਤਾਂ ਦਾ ਅਖਵਾਵੇਂ ਮਾਹੀਆ । ਜਿੰਨਾਂ ਚਿਰ ਤੂੰ ਸਾਡੇ ਹਿਰਦੇ ਵਿਚ ਨਾ ਵਸਣਾ, ਓਨਾਂ ਚਿਰ ਤੇਰੇ ਚਰਨਾਂ ਉਤੇ ਨਹੀਂ ਢੱਠਣਾ ਮਸਤਕ ਸੀਸ ਨਾ ਕਿਸੇ ਝੁਕਾਈਆ । ਜਿੰਨਾਂ ਚਿਰ ਪ੍ਰੇਮ ਪਿਆਰ ਦਾ ਚਾੜ੍ਹੇ ਨਾ ਵਟਨਾ, ਸਚ ਖਾਰੇ ਦਏ ਬਹਾਈਆ । ਓਨਾਂ ਚਿਰ ਤੇਰਾ ਨਾਮ ਕਦੀ ਨਹੀਂ ਰਟਣਾ, ਤੈਥੋਂ ਬੈਠਣਾ ਮੁਖ ਭੁਆਈਆ । ਬਿਨ ਭਗਤਾਂ ਤੇਰਾ ਨਾਮ ਕਿਸੇ ਨਹੀਂ ਜਪਣਾ, ਸ੍ਰੀ ਭਗਵਾਨ ਤੈਨੂੰ ਕਹਿ ਨਾ ਕੋਇ ਸੁਣਾਈਆ । ਜੇ ਤੂੰ ਸਾਥੋਂ ਵਸਿਉਂ ਵੱਖਰਾ, ਤੇਰੀ ਛੱਪਰ ਛੰਨ ਮਿਲੇ ਨਾ ਕੋਇ ਵਡਿਆਈਆ । ਜੇ ਤੂੰ ਪਰਗਟ ਹੋਇਉਂ ਵਿਚੋਂ ਪੱਥਰਾਂ, ਫਿਰ ਵੀ ਭਗਤਾਂ ਨਜ਼ਰੀ ਆਈਆ । ਜੇ ਤੂੰ ਲੇਖ ਲਿਖਿਆ ਨਾਲ ਅੱਖਰਾਂ, ਉਹ ਵੀ ਤਿਨ੍ਹਾਂ ਦੀ ਸਿਫ਼ਤ ਸਾਲਾਹੀਆ । ਪ੍ਰਭੂ ਆਪਣਾ ਪਰਤ ਕੇ ਵੇਖ ਪੱਤਰਾ, ਵਰਕਾ ਅੰਦਰੋਂ ਲਏ ਉਲਟਾਈਆ । ਤੈਨੂੰ ਭਗਤਾਂ ਬਿਨਾਂ ਸਦਾ ਖ਼ਤਰਾ, ਸਦਾ ਭਗਤ ਤੇਰਾ ਮਾਣ ਵਧਾਈਆ । ਅਸੀਂ ਛੱਡ ਕੇ ਆਪਣਾ ਵਤਨਾ, ਬੇਵਤਨ ਹੋ ਕੇ ਲੋਕਮਾਤ ਫੇਰਾ ਪਾਈਆ । ਹੁਣ ਆ ਕੇ ਮਿਲ ਆਪਣੇ ਪਤਣਾ, ਯਥਾਰਥ ਰਹੇ ਸਮਝਾਈਆ । ਅਸਾਂ ਤੇਰੇ ਕੋਲੋਂ ਨਹੀਂ ਨੱਠਣਾ, ਭੱਜਿਆਂ ਪੱਲੂ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਝੋਲਾ ਕਹੇ ਮੈਂ ਕਾਇਆ ਕੱਪੜ, ਕੱਚੇ ਤੰਦ ਡੋਰ ਬੰਧਾਈਆ । ਤੇਰੇ ਦਰ ਨਾ ਸਕਾਂ ਅੱਪੜ, ਮੰਜ਼ਲ ਪੰਧ ਨਾ ਕੋਇ ਚੁਕਾਈਆ । ਤੇਰਾ ਵਸੇਰਾ ਉਪਰ ਛੱਪਰ, ਸ਼ਹਿਨਸ਼ਾਹ ਅਖਵਾਈਆ । ਮੈਂ ਖ਼ਾਕ ਦੀ ਸੇਜਾ ਸੁੱਤਾ ਸੱਥਰ, ਸੂਲਾਂ ਸੇਜ ਹੰਢਾਈਆ । ਤੂੰ ਸਿਖਿਆ ਰਹਿਣਾ ਸਦਾ ਵੱਖਰ, ਸਚਖੰਡ ਡੇਰਾ ਲਾਈਆ । ਮੈਂ ਆ ਕੇ ਤੇਰੇ ਪਤਣ, ਆਸਣ ਲਿਆ ਜਮਾਈਆ । ਜਿੰਨਾਂ ਚਿਰ ਨਾ ਆਵੇਂ ਅੰਗਣ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਝੋਲਾ ਕਹੇ ਮੇਰੇ ਅੰਦਰ ਵਸਤ, ਗੁਰਮੁਖ ਆਪ ਟਿਕਾਈਆ । ਜਿਨ੍ਹਾਂ ਨੂੰ ਲੱਗ ਗਏ ਕਰ ਹਸਤ, ਹੱਥਾਂ ਰੰਗ ਰੰਗਾਈਆ । ਨਾਮ ਖ਼ੁਮਾਰੀ ਦੇ ਦੇ ਮਸਤ, ਮਤਵਾਲੇ ਦੇ ਕਰਾਈਆ । ਤੇਰਾ ਨਜ਼ਰੀ ਆਵੇ ਇਸ਼ਟ, ਦ੍ਰਿਸ਼ਟ ਦੇ ਵਡਿਆਈਆ । ਨਾਤਾ ਛੱਡ ਕੇ ਸਾਰੀ ਸ੍ਰਿਸ਼ਟ, ਪ੍ਰਭ ਤੇਰਾ ਧਿਆਨ ਲਗਾਈਆ । ਤੇਰੇ ਨਾਲ ਮਿਲ ਕੇ ਭੋਗਣ ਗ੍ਰਿਹਸਤ, ਦੂਜੀ ਸੇਜ ਨਾ ਕੋਇ ਹੰਢਾਈਆ । ਚਰਨਾਂ ਹੇਠਾਂ ਦੱਬ ਕੇ ਸਵਰਗ ਬਹਿਸ਼ਤ, ਉਤੇ ਅੱਡੀ ਦੇਣੀ ਲਗਾਈਆ । ਤੇਰੇ ਉਤੇ ਕਰਕੇ ਆਪਣਾ ਨਿਸਚ, ਨਿਸਚਾ ਆਪਣਾ ਲਿਆ ਜਮਾਈਆ । ਸਾਡੀ ਕਦੇ ਨਾ ਉਕੇ ਨਿਸ਼ਾਨੇ ਵਾਲੀ ਸ਼ਿਸਤ, ਜੋ ਗੋਬਿੰਦ ਚਿੱਲੇ ਤੀਰ ਦਿਤਾ ਚੜ੍ਹਾਈਆ । ਕੀ ਹੋਇਆ ਜੇ ਰਾਮ ਨੇ ਗੁਰੂ ਬਣਾਇਆ ਵਸ਼ਿਸ਼ਟ, ਵਿਸ਼ਿਆਂ ਵਾਲੇ ਗੁਰੂ ਦੀ ਸਾਨੂੰ ਲੋੜ ਰਹੀ ਨਾ ਰਾਈਆ । ਤੇਰਾ ਦਰਸ ਵੇਖਣਾ ਸਦਾ ਅਨਦ੍ਰਿਸ਼ਟ, ਨਿਜ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈਣਾ ਮਿਲਾਈਆ । ਝੋਲਾ ਕਹੇ ਮੇਰੀ ਵੇਖ ਝਲਕ, ਪੱਟੀਆਂ ਰੰਗ ਰੰਗਾਈਆ । ਮੈਂ ਨਾਤਾ ਤੋੜ ਕੇ ਖ਼ਲਕ, ਖ਼ਾਲੀ ਤੇਰੇ ਦਰ ਤੇ ਆਈਆ । ਮੈਂ ਵੇਖ ਕੇ ਅਰਸ਼ ਫ਼ਰਸ਼, ਤੇਰੇ ਚਰਨਾਂ ਧੂੜ ਰਮਾਈਆ । ਮੇਰੇ ਉਤੇ ਕਰ ਦੇ ਤਰਸ, ਰਹਿਮਤ ਹਕ ਕਮਾਈਆ । ਮੈਂ

ਜਨਮ ਜਨਮ ਦਾ ਰਿਹਾ ਭਟਕ, ਅਗਨੀ ਦੇ ਬੁਝਾਈਆ । ਬਿਰਹੋਂ ਵਿਛੋੜੇ ਵਿਚ ਰਿਹਾ ਤਰਸ, ਅੰਮ੍ਰਿਤ ਜਾਮ ਇਕ ਪਿਆਈਆ । ਮੇਰਾ ਮੇਟ ਦੇ ਸੋਗ ਹਰਖ਼, ਚਿੰਤਾ ਗ਼ਮ ਰਹੇ ਨਾ ਰਾਈਆ । ਆਪਣੇ ਦਰ ਤੇ ਕੀਮਤ ਪਾ ਦੇ ਨਿਰਖ਼, ਦੂਜੀ ਹੱਟੀ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਝੋਲਾ ਕਹੇ ਗੁਰਮੁਖ ਦੇ ਬਸਤਰ, ਬਸਤੀ ਆਪਣੀ ਵਿਚ ਲੋਕਾਈਆ । ਆਪਣੇ ਆਪ ਦਾ ਕਰ ਕੇ ਸ਼ਸਤਰ, ਲੇਖਾ ਕਰਾਂ ਥਾਉਂ ਥਾਈਆ । ਪਿਛਲੀ ਰਾਤੀ ਉਸਨੇ ਮਾਰੀ ਤੈਨੂੰ ਨਸ਼ਤਰ, ਡੂੰਘਾ ਘਾਓ ਲਗਾਈਆ । ਮੇਰੇ ਅੰਦਰ ਹੋਈ ਧੜਕਨ, ਧੀਰਜ ਧੀਰ ਨਾ ਕੋਇ ਧਰਾਈਆ । ਮੈਂ ਉਠਕੇ ਲਗਾ ਤੜਪਨ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਘਰ ਬੈਠਾ ਮਾਹੀ ਮਰਦਨ, ਮਰਦਾਨ ਸੋਭਾ ਪਾਈਆ । ਗ਼ਰੀਬਾਂ ਵੰਡੇ ਦਰਦਨ, ਦੁਖੀਆਂ ਦੁੱਖ ਗਵਾਈਆ । ਚਲਕੇ ਓਸ ਕੋਲ ਕਰਾਂ ਅਰਜ਼ਨ, ਆਰਜ਼ੂ ਓਸ ਕੋਲ ਸੁਣਾਈਆ । ਉਹ ਪੂਰਾ ਕਰੇ ਫ਼ਰਜ਼ਨ, ਫ਼ੈਸਲਾ ਹਕ ਦ੍ਰਿੜਾਈਆ । ਜਿਸ ਦਾ ਖੇਲ ਸਦਾ ਅਸਚਰਜਨ, ਅਚਰਜ ਲੀਲਾ ਰਿਹਾ ਵਰਤਾਈਆ । ਜੁਗ ਜਨਮ ਦਾ ਪਿਛਲਾ ਲਾਹਵੇ ਕਰਜ਼ਨ, ਮਕਰੂਜ਼ ਹਿਸਾਬ ਬੇਬਾਕ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਝੋਲਾ ਕਹੇ ਮੈਨੂੰ ਉਤੋਂ ਕਰਦੇ ਬੰਦ, ਬਹੁਤੀਆਂ ਗੰਢਾਂ ਪਵਾਈਆ । ਮੇਰੇ ਮੁਖ ਵਿਚ ਨਹੀਂ ਬੱਤੀ ਦੰਦ, ਰਸਨਾ ਜਿਹਵਾ ਪ੍ਰਭੂ ਨਾ ਕੋਇ ਲਗਾਈਆ । ਮੈਂ ਨਾ ਜਾਣਾ ਤੂੰ ਸਾਹਿਬ ਸਦਾ ਬਖ਼ਸ਼ੰਦ, ਰਹਿਮਤ ਸਰਬ ਕਮਾਈਆ । ਗੁਰਮੁਖ ਦੇ ਬਸਤਰ ਛੋਹਕੇ ਮੈਨੂੰ ਆਇਆ ਅਨੰਦ, ਜਿਸ ਵਿਚ ਪਗੜੀ ਦਿਤੀ ਟਿਕਾਈਆ । ਮੈਨੂੰ ਨਜ਼ਰੀ ਆਇਆ ਤੇਰਾ ਚੰਦ, ਜੋ ਨੂਰ ਕਰੇ ਰੁਸ਼ਨਾਈਆ । ਮੈਂ ਨੇਤਰ ਪਾਵਾਂ ਠੰਡ, ਅੱਖੀਆਂ ਤਪਸ਼ ਬੁਝਾਈਆ । ਮੈਂ ਓਸ ਨਾਲ ਪਾਵਾਂ ਗੰਢ, ਜਿਸ ਨਾਲੋਂ ਨਾ ਹੋਏ ਜੁਦਾਈਆ । ਰਾਤੀਂ ਸੁੱਤਿਆਂ ਸੁੱਤਿਆਂ ਏਹੋ ਮੰਗਦਾ ਰਿਹਾ ਮੰਗ, ਦੋਏ ਜੋੜ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਚੁਕਾਈਆ । ਝੋਲਾ ਕਹੇ ਮੈਂ ਚੁਕਣਹਾਰਾ ਬੋਝਾ, ਭਾਰ ਆਪਣੇ ਵਿਚ ਰਖਾਈਆ । ਵੇਖਣ ਵਿਚ ਕਮਲਾ ਕੋਝਾ, ਤੰਦ ਤੰਦ ਜੁੜਾਈਆ । ਭਗਤ ਹੱਥ ਵਿਚ ਆ ਕੇ ਮੈਨੂੰ ਮਿਲ ਗਈ ਸੋਭਾ, ਮਿਲੀ ਮਾਣ ਵਡਿਆਈਆ । ਅੱਗੇ ਹੋ ਗਿਆ ਤੇਰੇ ਜੋਗਾ, ਜਗਤ ਜੁਗ ਦਿਤਾ ਤਜਾਈਆ । ਮੈਂ ਸੁਣਾਵਣ ਆਇਆ ਹੋਕਾ, ਉਚੀ ਦੇ ਦ੍ਰਿੜਾਈਆ । ਪ੍ਰਭ ਮਿਲਣ ਦਾ ਇਕੋ ਮੌਕਾ, ਲੱਖ ਚੁਰਾਸੀ ਵਿਚੋਂ ਮਾਣਸ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਮੇਰੀ ਬਣਤ ਬਣਾਈਆ । ਝੋਲਾ ਕਹੇ ਜਿਸ ਵੇਲੇ ਫੜਿਆ ਲਾਲ, ਆਪਣੀਆਂ ਉਂਗਲਾਂ ਨਾਲ ਮਿਲਾਈਆ । ਮੈਨੂੰ ਨਜ਼ਰੀ ਆਈ ਤੇਰੀ ਸੱਚੀ ਧਰਮਸਾਲ, ਧਰਮ ਦਵਾਰਾ ਬੇਪਰਵਾਹੀਆ । ਜਿਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਚਲੇ ਨਾਲ, ਚਿਤ੍ਰਗੁਪਤ ਨਾ ਹਿਸਾਬ ਵਖਾਈਆ । ਇਕੋ ਤੇਰੇ ਨਾਮ ਦਾ ਵੱਜੇ ਤਾਲ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਭਗਤ ਸੁਹੇਲੇ ਮਿਲ ਮਿਲ ਤੇਰਾ ਢੋਲਾ ਗਾਨ, ਗਾਵਤ ਖ਼ੁਸ਼ੀਆਂ ਰੈਣ ਵਿਹਾਈਆ । ਗੁਰਮੁਖਾਂ ਮਿਲ ਕੇ ਮੈਨੂੰ ਆਵੇ ਅਰਾਮ, ਹਰਾਮ ਦਿਸੇ ਜਗਤ ਲੋਕਾਈਆ । ਮੈਂ ਸਾਰਾ ਦਿਨ ਸੰਦੇਸ਼ਾ ਦਿੰਦਾ ਰਿਹਾ ਪੈਗ਼ਾਮ, ਬੌਹੜੀ ਬੌਹੜੀ ਕਰ ਦੁਹਾਈਆ । ਕਿਸ ਵੇਲੇ ਮਿਲਾਂ ਸਾਹਿਬ ਸੁਲਤਾਨ, ਜੋ ਦੁਖੜੇ ਰਿਹਾ ਗਵਾਈਆ । ਗੁਰਮੁਖ ਤੈਨੂੰ ਝੁਕ ਝੁਕ ਕਰਾਂ ਸਲਾਮ, ਸੱਜਦਾ ਇਕ ਝੁਕਾਈਆ । ਜਿਸ ਸਚ ਦਵਾਰੇ ਪਹੁੰਚਾਇਆ ਆਣ, ਆਪਣਾ ਪੰਧ ਮੁਕਾਈਆ । ਤੇਰੀ


੯੨੬
੧੭

ਛੋਹ ਨਾਲ ਮੈਨੂੰ ਮਿਲਿਆ ਗਿਆਨ, ਗਿਆਨ ਵਿਚ ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਝੋਲਾ ਕਹੇ ਮੇਰੀ ਉੱਤਮ ਤਣੀ, ਤਾਣਾ ਪੇਟਾ ਰਹੀ ਜਣਾਈਆ । ਜਿਸਦੀ ਪਹਿਲੋਂ ਗੁਰਮੁਖ ਨਾਲ ਬਣੀ, ਫਿਰ ਸਤਿਗੁਰ ਦਏ ਵਡਿਆਈਆ । ਮੈਂ ਬਣ ਗਿਆ ਧੁਰ ਦਾ ਧਨੀ, ਖ਼ਜ਼ਾਨਾ ਹਰਿ ਜੀ ਅੰਦਰ ਪਾਈਆ । ਮੇਰੀ ਇਕੋ ਅਰਜ਼ ਮੰਨੀ, ਬਹੁਤੀਆਂ ਮਿੰਨਤਾਂ ਨਾ ਕੋਇ ਕਢਾਈਆ । ਜਿਸ ਵੇਲੇ ਹੱਥ ਲਗਾਇਆ ਸੀ ਬੀਬੀ ਚੰਨੀ, ਚਰਨ ਧਿਆਨ ਰਖਾਈਆ । ਓਸ ਵੇਲੇ ਮੈਂ ਓਨ੍ਹਾਂ ਦੇ ਵਿਚ ਆ ਗਿਆ ਸਨੀ, ਗੱਭੇ ਹੋ ਕੇ ਡੇਰਾ ਲਾਈਆ । ਵਿਚਾਲੇ ਬਹਿ ਕੇ ਵੇਖੀ ਛੱਪਰ ਛੰਨੀ, ਅੱਧ ਵਿਚਕਾਰ ਸੋਹਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਝੋਲਾ ਕਹੇ ਮੈਨੂੰ ਅੰਦਰੋਂ ਫੋਲ, ਖ਼ਾਲੀ ਨਜ਼ਰੀ ਆਈਆ । ਜਿਸ ਉਤੇ ਕੀਤਾ ਕੌਲ, ਉਹ ਕਿਤਾਬ ਦੇ ਵਡਿਆਈਆ । ਤੇਰਾ ਬਚਨ ਨਾਮ ਅਨਮੋਲ, ਭੁੱਲ ਕਦੇ ਨਾ ਜਾਈਆ । ਜਿਸ ਤਰਾ ਮੇਰਾ ਮੁਖ ਦਿਤਾ ਖੋਲ੍ਹ, ਏਸੇ ਤਰਾ ਗੁਰਮੁਖਾਂ ਦੇ ਅੰਦਰੋਂ ਪੜਦੇ ਦੇ ਖੁਲ੍ਹਾਈਆ । ਜੇ ਦੂਰ ਦੁਰਾਡਾ ਆ ਕੇ ਵਸ ਕੋਲ, ਪ੍ਰਭੁ ਆਪਣਾ ਪੰਧ ਮੁਕਾਈਆ । ਸਾਚੀ ਸੇਜਾ ਬਹਿ ਕੇ ਕਰ ਅੱਗੇ ਚੋਹਲ, ਸਾਚੀ ਚੋਲੀ ਦੇ ਬਦਲਾਈਆ । ਤੇਰੇ ਪ੍ਰੇਮ ਪਿਆਰ ਅੰਦਰ ਗਏ ਮੌਲ, ਰੁੱਤ ਬਸੰਤੀ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਝੋਲਾ ਕਹੇ ਪ੍ਰਭ ਚੁੱਕ ਦੇ ਪੜਦਾ, ਸਤਿ ਤੇਰੀ ਵਡਿਆਈਆ । ਗੁਰਮੁਖ ਬਣਾ ਲੈ ਆਪਣਾ ਬਰਦਾ, ਬੰਦੀਖਾਨਾ ਦੇ ਤੁੜਾਈਆ । ਇਹ ਆਤਮ ਪਰਮਾਤਮ ਤੇਰੇ ਵਰਗਾ, ਜੇ ਤੂੰ ਆਪਣੇ ਨਾਲ ਮਿਲਾਈਆ । ਤੇਰਾ ਕੁਛ ਨਾ ਹੋਵੇ ਹਰਜਾ, ਹਾਜ਼ਰ ਹੋ ਕੇ ਦਰਸ ਵਖਾਈਆ । ਗੁਰਮੁਖਾਂ ਦਾ ਪਿਛਲਾ ਦੇ ਦੇ ਕਰਜ਼ਾ, ਅਸਲ ਸੂਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਝੋਲਾ ਕਹੇ ਮੇਰਾ ਡੂੰਘਾ ਰਾਜ਼, ਕੋਈ ਸਮਝ ਸਕੇ ਨਾ ਰਾਈਆ । ਵੇਖੋ ਮੈਂ ਪੜ੍ਹੀ ਨਹੀਂ ਕੋਈ ਨਮਾਜ਼, ਹੁਜਰਿਆਂ ਵਿਚ ਨਾ ਸੀਸ ਝੁਕਾਈਆ । ਹੱਥ ਜੋੜ ਨਾ ਕਰੀ ਅਰਦਾਸ, ਬੇਨੰਤੀ ਕੂਕ ਨਾ ਕੋਇ ਜਣਾਈਆ । ਹਵਨ ਕੀਤਾ ਕੋਈ ਨਾ ਪਾਠ, ਧੂਪ ਦੀਪ ਘਿਰਤ ਨਾ ਕੋਇ ਜਲਾਈਆ । ਜਿਸ ਵੇਲੇ ਭਗਤ ਦਾ ਮਿਲਿਆ ਸਾਥ, ਗੁਰਮੁਖ ਉਂਗਲੀ ਲਾਈਆ । ਮੇਰੇ ਅੰਦਰੋਂ ਉਠੀ ਉਹ ਖ਼ਾਹਿਸ਼, ਜਿਸ ਖ਼ਾਹਿਸ਼ ਦੇ ਸਾਰੇ ਰਹੇ ਗੁਣ ਗਾਈਆ । ਕਿਸ ਵੇਲੇ ਚੱਲਾਂ ਪ੍ਰਭ ਦੇ ਪਾਸ, ਆਪਣਾ ਪੰਧ ਮੁਕਾਈਆ । ਬਣ ਕੇ ਦਾਸੀ ਦਾਸ, ਸੋਹਣੀ ਸੇਵ ਕਮਾਈਆ । ਇਕ ਵਾਰੀ ਦੇਵਾਂ ਆਖ, ਬੇਨੰਤੀ ਸਚ ਸੁਣਾਈਆ । ਪ੍ਰਭ ਆਪਣਿਆਂ ਭਗਤਾਂ ਦੀ ਪਤ ਰਾਖ, ਰੱਖਿਆ ਕਰ ਥਾਉਂ ਥਾਈਂਆ । ਘਰ ਘਰ ਦਰਸ਼ਨ ਦੇ ਪਰਗਟ ਹੋ ਕੇ ਸਾਖਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਲੇਖਾ ਲਿਖ ਕੇ ਗਏ ਕਲਮ ਦਵਾਤ, ਖਾਣੀ ਬਾਣੀ ਦੇਵੇ ਮਾਤ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਝੋਲੀ ਪਾਈਆ । ਝੋਲਾ ਕਹੇ ਮੈਂ ਕਰਨ ਨਹੀਂ ਆਇਆ ਝਗੜਾ, ਬੀਤੀ ਕਹਾਣੀ ਰਿਹਾ ਸੁਣਾਈਆ । ਜੇ ਮਾਰਗ ਮਿਲ ਜਾਏ ਅਗਲਾ, ਪਿਛਲਾ ਦਿਆਂ ਤਜਾਈਆ । ਲੋੜ ਪਵੇ ਨਾ ਜਾਣ ਦੀ ਜੰਗਲਾਂ, ਪਰਬਤ ਬਨ ਨਾ ਖੋਜ ਖੁਜਾਈਆ । ਦੂਜਾ ਘਰ ਪਏ ਨਾ ਮੰਗਣਾ, ਝੋਲੀ ਖ਼ਾਲੀ ਨਾ ਕਿਤੇ ਡਾਹੀਆ । ਜੇ ਸਤਿਗੁਰ ਲਾ ਲਏ ਅੰਗਣਾ, ਆਪਣੀ ਗੋਦ ਉਠਾਈਆ । ਪ੍ਰੇਮ ਪਿਆਰ ਦੀ ਚਾੜ੍ਹ ਦਏ


੯੨੭
੧੭

ਰੰਗਣਾ, ਇਕੋ ਰੰਗ ਰੰਗਾਈਆ । ਫੇਰ ਕਿਲੀਆਂ ਨਾਲ ਮੈਨੂੰ ਕਿਸੇ ਨਹੀਂ ਟੰਗਣਾ, ਗੁਰਮੁਖ ਦੇ ਹੱਥ ਆਇਆ ਮੇਰੀ ਕਟੀ ਜਾਏ ਜੁਦਾਈਆ । ਮੈਂ ਓਸ ਪਾਰ ਕਿਨਾਰੇ ਲੰਘਣਾ, ਜਿਸ ਦਾ ਵੰਝ ਮੁਹਾਣਾ ਇਕੋ ਨਜ਼ਰੀ ਆਈਆ । ਸਚ ਦਵਾਰਿਉਂ ਮੰਗ ਮੰਗਦਿਆਂ ਕਦੇ ਨਾ ਸੰਗਣਾ, ਨੇਤਰ ਰੋ ਕੇ ਦੇਵਾਂ ਹਾਲ ਦੁਹਾਈਆ । ਪ੍ਰਭੂ ਜੇ ਤੂੰ ਭਗਤਾਂ ਦਾ ਬਣਿਉਂ ਸੱਜਣਾ, ਕਿਉਂ ਨਾ ਸਾਨੂੰ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਮਰਥ ਵੱਡੀ ਵਡਿਆਈਆ । ਸੁਣ ਝੋਲੇ ਕਰ ਆਪਣੀ ਝੋਲੀ, ਧੁਰ ਦੀ ਝਲਕ ਦਿਆਂ ਵਖਾਈਆ । ਤੂੰ ਸਮਝੀ ਭਗਤਾਂ ਦੀ ਬੋਲੀ, ਅਨਬੋਲਤ ਰਾਗ ਅਲਾਈਆ । ਸਾਰਾ ਦਿਨ ਬਸਤਰਾਂ ਵਾਲੀ ਚੁੱਕੀ ਰੱਖੀ ਡੋਲੀ, ਸਿਰ ਆਪਣੇ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਸੇ ਕਾਰਨ ਤੇਰਾ ਹੋਏ ਸਹਾਈਆ । ਝੋਲੇ ਰੱਖ ਯਾਦ ਪਿਛਲੀ ਗੱਲ, ਪਿਛਾ ਰਿਹਾ ਜਣਾਈਆ । ਜਿਸ ਵੇਲੇ ਗੋਬਿੰਦ ਵੜਿਆ ਸੀ ਝੱਲ, ਮਾਛੀਵਾੜੇ ਫੇਰਾ ਪਾਈਆ । ਉਸ ਵੇਲੇ ਤੇਰੇ ਵਿਚ ਸੀ ਇਕ ਛੋਟਾ ਜੇਹਾ ਫਲ, ਜੇਹੜਾ ਬਸਤਰ ਵਿਚ ਬੰਦ ਕਰਾਈਆ । ਉਸ ਦੇ ਉਤੇ ਲੇਖ ਸੀ ਅਬਚਲ, ਨਿਹਚਲ ਧਾਮ ਦਿਤਾ ਜਣਾਈਆ । ਜਿਸ ਵੇਲੇ ਗੋਬਿੰਦ ਤੱਕਿਆ ਓਹਦੇ ਵੱਲ, ਓਹਦੇ ਵਲਵਲੇ ਦੇਣ ਦੁਹਾਈਆ । ਤੂੰ ਸੂਲਾਂ ਸੇਜ ਬੈਠੋਂ ਮੱਲ, ਮੇਰੀ ਸਾਰ ਕਿਸੇ ਨਾ ਪਾਈਆ । ਜੇ ਸਭ ਨੂੰ ਛੱਡ ਕੇ ਮੇਰੇ ਕੋਲ ਆਇਉਂ ਚੱਲ, ਕਿਉਂ ਚਲਿਤ੍ਰ ਰਿਹਾ ਵਖਾਈਆ । ਕਿਥੇ ਤੇਰਾ ਗਿਆ ਦਲ, ਸੰਗੀ ਸਾਥੀ ਨਜ਼ਰ ਕੋਇ ਨਾ ਪਾਈਆ । ਇਕ ਵੇਰੀਂ ਮਿਹਰ ਨਜ਼ਰ ਕਰਕੇ ਪਲਕ ਵਿਚੋਂ ਬਖ਼ਸ਼ ਪਲ, ਆਪਣਾ ਧਿਆਨ ਲਗਾਈਆ । ਕੀ ਹੋਇਆ ਜੇ ਬੱਚਿਆਂ ਨੂੰ ਨਹੀਂ ਦਿਤਾ ਜਲ, ਮੈਂ ਵੀ ਤੇਰੀ ਓਟ ਤਕਾਈਆ । ਜਿੰਨਾਂ ਚਿਰ ਮੇਰਾ ਨਾ ਮਿਟਿਆ ਸਲ, ਦੁਖੜਾ ਦਰਦ ਵੰਡਾਈਆ । ਗੋਬਿੰਦ ਕਿਹਾ ਜਿਸ ਵੇਲੇ ਆਵਾਂ ਅੰਤਮ ਕਲ, ਨਿਰਗੁਣ ਰੂਪ ਜੋਤ ਰੁਸ਼ਨਾਈਆ । ਤੇਰਾ ਭਗਤਾਂ ਨਾਲ ਮਿਲ ਕੇ ਵਧਾਵਾਂ ਬਲ, ਬਲਧਾਰੀ ਦਿਆਂ ਬਣਾਈਆ । ਤੂੰ ਪਾਂਧੀ ਬਣ ਕੇ ਮੇਰੇ ਦਰਸ਼ਨ ਨੂੰ ਆਵੇਂ ਚਲ, ਆਪਣੀ ਇਛਿਆ ਨਾਲ ਵਧਾਈਆ । ਫੇਰ ਤੈਨੂੰ ਏਸੇ ਫਲ ਦਾ ਦੇਵਾਂ ਫਲ, ਵਾਧਾ ਅੱਗੇ ਹੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਸਭ ਦਾ ਝੋਲੀ ਪਾਈਆ । ਲਹਿਣਾ ਦੇਣਾ ਆਇਆ ਮਕੌਣ, ਪਿਛਲਾ ਪੰਧ ਮੁਕਾਈਆ । ਅਗਲਾ ਘਰ ਆਇਆ ਦਸੌਣ, ਪਿਛਲਾ ਰਿਹਾ ਢਾਹੀਆ । ਜਿਥੇ ਇਕੋ ਮਿਲੇ ਅਗੰਮੀ ਪੌਣ, ਹਵਾ ਵਿਚੋਂ ਹਵਾ ਬਾਹਰ ਵਖਾਈਆ । ਓਥੇ ਸੇਜ ਸੂਲਾਂ ਵਾਲੀ ਕਹੇ ਮੈਂ ਆਈ ਖ਼ੁਸ਼ੀ ਮਨੌਣ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਉਹ ਤੱਕਾਂ ਵੇਖਾਂ ਅੱਖਾਂ ਕਿਸ ਵੇਲੇ ਗੋਬਿੰਦ ਮੇਰੇ ਉਤੇ ਆਏ ਸੌਣ, ਸੋਹਣਾ ਰੂਪ ਵਟਾਈਆ । ਮੈਂ ਲੰਮੀਂ ਕੀਤੀ ਧੌਣ, ਪ੍ਰੇਮ ਵਿਛਾਇਆ ਵਿਛੌਣ, ਸੋਹਣੀ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਝੋਲਾ ਕਹੇ ਮੈਂ ਤੱਕ ਕੇ ਝਲਕ ਨੂਰਾਨੀ, ਨਿਰਵੈਰ ਦਰਸ਼ਨ ਪਾਈਆ । ਪਰਵਰਦਿਗਾਰ ਮਿਲਿਆ ਜਿਹੜਾ ਵਸੇ ਉਤੇ ਅਸਮਾਨੀਂ, ਆਸਰਾ ਇਕੋ ਰਿਹਾ ਰਖਾਈਆ । ਜਿਸ ਦੀ ਮਹਿੰਮਾ ਅਕਥ ਕਹਾਣੀ, ਆਦਿ ਜੁਗਾਦਿ ਰਹੇ ਜਸ ਗਾਈਆ । ਜਨ ਭਗਤਾਂ ਕੋਲੋਂ ਮਿਲੀ ਉਹਦੀ ਨਿਸ਼ਾਨੀ, ਜੋ ਨਿਸ਼ਾਨੇ ਤੀਰ ਰਿਹਾ ਲਗਾਈਆ । ਦਰ ਘਰ ਮਿਲ ਕੇ ਮੁੱਕ ਗਈ ਆਵਣ ਜਾਣੀ, ਸੂਤਰ ਤਾਗਾ ਕਪਾਸ ਰੂਪ ਨਾ ਕੋਇ ਵਟਾਈਆ । ਇਕ ਲਾਲ ਸਿੰਘ ਦੀ ਮਿਹਰਵਾਨੀ, ਜਿਸ ਵਿਛੜਿਆਂ ਦਿਤਾ ਮਿਲਾਈਆ ।


੯੨੮
੧੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਵਖਾਈਆ । ਝੋਲਾ ਕਹੇ ਮੈਂ ਮਾਰੀ ਝਾਕੀ, ਆਪਣੀ ਅੱਖ ਖੁਲ੍ਹਾਈਆ । ਨਜ਼ਰੀ ਆਈ ਇਕੋ ਤਾਕੀ, ਜਿਸ ਦਾ ਭੇਵ ਕੋਇ ਨਾ ਪਾਈਆ । ਜਿਸ ਨੂੰ ਲੱਭਦੇ ਬੰਦੇ ਖ਼ਾਕੀ, ਭੱਜਣ ਵਾਹੋ ਦਾਹੀਆ । ਉਹ ਭਗਵਨ ਬਣਿਆ ਮੇਰਾ ਸਾਥੀ, ਬੇਜਾਨ ਦਿਤੀ ਵਡਿਆਈਆ । ਇਛਿਆ ਅੰਦਰ ਪੂਰੀ ਆਸੀ, ਤ੍ਰਿਸਨਾ ਦਿਤੀ ਬੁਝਾਈਆ । ਸਚ ਦਵਾਰੇ ਦਾ ਜਾਵਾਂ ਬਣ ਕੇ ਵਾਸੀ, ਵਾਸਤਾ ਇਕੋ ਨਾਲ ਜੁੜਾਈਆ । ਮੰਜ਼ਲ ਚੜ੍ਹ ਕੇ ਔਖੀ ਘਾਟੀ, ਘਾਟਾ ਪਿਛਲਾ ਪੂਰ ਕਰਾਈਆ । ਮੈਨੂੰ ਯਾਦ ਮਾਛੂਵਾੜੇ ਦੀ ਉਹ ਰਾਤੀ, ਜਿਸ ਰਾਤੀਂ ਪਰਭਾਤੀ ਪ੍ਰਭ ਮਿਲਿਆ ਬੇਪਰਵਾਹੀਆ । ਜਿਸ ਦਾ ਹੁਕਮ ਜ਼ਾਤ ਸਫ਼ਾਤੀ, ਆਫ਼ਤਾਬੀ ਮਹਿਤਾਬੀ ਨੂਰ ਰੁਸ਼ਨਾਈਆ । ਜਿਸ ਦੇ ਅੱਗੇ ਸਾਰੇ ਲਾਜਵਾਬੀ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਉਹ ਭਗਤਾਂ ਨਾਲ ਪੰਜਾਂ ਤੱਤਾਂ ਵਾਲਾ ਬਣਿਆ ਪੰਜਾਬੀ, ਪੰਜੇ ਨਾਲ ਪੰਜਾਂ ਰਿਹਾ ਭਜਾਈਆ । ਭਗਤ ਉਧਾਰਨ ਧੁਰ ਦੀ ਵਾਦੀ, ਅਛਲ ਛਲ ਆਪਣੀ ਖੇਲ ਖਿਲਾਈਆ । ਪ੍ਰੇਮ ਪਿਆਰ ਦਾ ਬਣ ਕੇ ਸਾਕੀ, ਗੁਰਮੁਖਾਂ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਛਿਆ ਸਭ ਦੀ ਵੇਖ ਵਖਾਈਆ । ਝੋਲਾ ਕਹੇ ਮੈਂ ਇਛਿਆ ਕਾਰਨ, ਜਨਮ ਲਿਆ ਵਟਾਈਆ । ਆਪਣਾ ਲੇਖਾ ਆਇਆ ਨਿਵਾਰਨ, ਨਿਉਂ ਨਿਉਂ ਸੀਸ ਝੁਕਾਈਆ । ਬੇੜਾ ਪਾਰ ਆਇਆ ਉਤਾਰਨ, ਬੇੜੇ ਸਚ ਚੜ੍ਹਾਈਆ । ਗੁਰਮੁਖਾਂ ਆਇਆ ਵੰਗਾਰਨ, ਉਚੀ ਕੂਕ ਕੂਕ ਸੁਣਾਈਆ । ਏਹੋ ਜੇਹਾ ਫੇਰ ਨਹੀਂ ਲੱਭਣਾ ਯਾਰਨ, ਜੇਹੜਾ ਯਾਰੜੇ ਵਾਲਾ ਸੱਥਰ ਚੰਗੇ ਫੇਰ ਰਿਹਾ ਕਰਾਈਆ । ਕੱਚੇ ਤੰਦ ਨੂੰ ਆਇਆ ਤਾਰਨ, ਬੰਦੀ ਬੰਦ ਬੰਦ ਤੁੜਾਈਆ । ਲਾਲ ਨਾਲ ਕਰਕੇ ਲਾਲ ਪਿਆਰਨ, ਪਿਆਰ ਪਿਆਰ ਵਿਚੋਂ ਪਰਗਟਾਈਆ । ਜਨ ਭਗਤਾਂ ਆਇਆ ਪੈਜ ਸੁਆਰਨ, ਸਿਰ ਆਪਣਾ ਹੱਥ ਰਖਾਈਆ । ਦੁਸ਼ਟ ਹੰਕਾਰੀ ਆਇਆ ਮਾਰਨ, ਖੰਡਾ ਇਕੋ ਨਾਮ ਚਮਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦੇ ਖੇੜੇ ਵਸਦੇ ਆਇਆ ਉਜਾੜਨ, ਸਚ ਸੁੱਚ ਸਤਿ ਧਰਮ ਦੇ ਉਜੜੇ ਖੇੜੇ ਫੇਰ ਵਸਾਈਆ । ਕੋਝੇ ਕਮਲਿਆਂ ਗ਼ਰੀਬ ਨਿਮਾਣਿਆਂ ਆਇਆ ਤਾਰਨ, ਡੁੱਬਦੇ ਪਾਥਰ ਪਾਹਨ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਪਾਟੇ ਚੀਥੜ ਆਇਆ ਉਤਾਰਨ, ਅਗਲਾ ਜਾਮਾ ਰਾਮਾ ਇਕੋ ਇਕ ਵਖਾਈਆ ।



ਪ੍ਰੇਮ ਪਿਆਰ ਦੀ ਅਗੰਮੀ ਚਿੱਠੀ, ਅੱਖਰੀ ਦਿਤੀ ਲਿਖਾਈਆ । ਆਪਣੇ ਮਿਲਣ ਦੀ ਸਾਚੀ ਬਿਧੀ, ਬਿਧ ਆਤਮ ਵਿਚ ਟਿਕਾਈਆ । ਸੁਰਤੀ ਹੋਵੇ ਸਹਿਜ ਸੁਭਾਓ ਸਿੱਧੀ, ਸੱਚਾ ਰਾਹ ਤਕਾਈਆ । ਔਕੜ ਔਝੜ ਹੋਵੇ ਕਿੱਡੀ, ਦੂਰ ਦੁਰਾਡਾ ਪੰਧ ਮੁਕਾਈਆ । ਭਗਤਨ ਕਰੇ ਸਾਚੀ ਰੀਝੀ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਤੇਰੀ ਲੱਗੀ ਰਹੇ ਪ੍ਰੀਤੀ, ਦੋ ਜਹਾਨ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਬਿਧਾਤਾ ਆਪ ਬੰਧਾਈਆ । ਪੜਦਾ ਕਹੇ ਓਢਨ ਕੋਪਨ, ਹਿਸਿਆਂ ਵਿਚੋਂ ਹਿੱਸਾ ਨਜ਼ਰੀ ਆਈਆ । ਇਹ ਅੰਚਲ ਓਹ ਦਰੋਪਤ, ਜੋ ਬਸਤਰ ਤਨ ਪਹਿਨਾਈਆ । ਜਿਸ ਦਾ ਸਹਾਰਾ ਲੋਕ ਪਰਲੋਕਨ, ਦੋ ਜਹਾਨ ਓਟ ਤਕਾਈਆ । ਜਿਸ ਦਵਾਰੇ ਸਾਚੀ ਮੌਜਨ,

ਮੌਜੂਦਾ ਹੋ ਕੇ ਵੇਖ ਵਖਾਈਆ । ਉਹ ਭਗਤ ਸੁਹੇਲੇ ਆਇਆ ਖੋਜਣ, ਖੋਜੀ ਬਣ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਕੱਪੜਾ ਕਹੇ ਮੇਰਾ ਤਾਣਾ ਪੇਟਾ, ਡੋਰੀ ਤੰਦ ਤੰਦ ਜੁੜਾਈਆ । ਮੈਂ ਹੱਥ ਆਇਆ ਖੇਵਟ ਖੇਟਾ, ਜੋ ਮਲਾਹ ਧੁਰ ਦਰਗਾਹ ਅਖਵਾਈਆ । ਜਿਸ ਨੇ ਭਗਤ ਬਣਾਇਆ ਬੇਟਾ, ਗੁਰਮੁਖ ਗੋਦ ਉਠਾਈਆ । ਨੇਤਰ ਦਰਸ਼ਨ ਆ ਕੇ ਪੇਖਾ, ਖ਼ੁਸ਼ੀਆਂ ਰੰਗ ਚੜ੍ਹਾਈਆ । ਮੈਨੂੰ ਯਾਦ ਆਇਆ ਚੇਤਾ, ਸਚ ਸਚ ਦਿਆਂ ਦ੍ਰਿੜ੍ਹਾਈਆ । ਜਿਸ ਵੇਲੇ ਨਾਨਕ ਸੁੱਤਾ ਵਣ ਹੇਠਾਂ, ਬਾਸ਼ਕ ਤਸ਼ਕਾ ਸੇਵ ਕਮਾਈਆ । ਓਸ ਵੇਲੇ ਪ੍ਰੇਮ ਨਾਲ ਮੈਨੂੰ ਉਤੇ ਮੁਖ ਲਪੇਟਾ, ਬਾਂਹ ਸਿਰਹਾਣੇ ਹੇਠ ਦਬਾਈਆ । ਨਾਨਕ ਦੇ ਨੇਤਰਾਂ ਵਿਚੋਂ ਪੁਰਖ ਅਕਾਲ ਪੇਖਾ, ਜੋਤੀ ਜੋਤ ਕਰੇ ਰੁਸ਼ਨਾਈਆ । ਓਸ ਵੇਲੇ ਮੈਂ ਮੰਗਿਆ ਆਪਣਾ ਲੇਖਾ, ਝੋਲੀ ਅੱਗੇ ਡਾਹੀਆ । ਧੁਰ ਫ਼ਰਮਾਨ ਆਇਆ ਮੇਰੀ ਆਦਿ ਜੁਗਾਦੀ ਖੇਡਾ, ਅਗਲਾ ਅੱਗੇ ਹੋਰ ਦਰਸਾਈਆ । ਜਿਸ ਵੇਲੇ ਨਿਰਵੈਰ ਪੁਰਖ ਧਾਰੇ ਵੇਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤ ਸਰੂਪੀ ਧਾਰੇ ਭੇਸਾ, ਪੰਜ ਤਤ ਨਾ ਕੋਇ ਸਮਝਾਈਆ । ਤੇਰੀ ਯਾਦ ਦਾ ਰੱਖੇ ਚੇਤਾ, ਅਭੁਲ ਭੁਲ ਕਦੇ ਨਾ ਜਾਈਆ । ਗੁਰਮੁਖਾਂ ਦੇ ਕੋਲੋਂ ਲੈ ਕੇ ਨੇਂਦਾ, ਨੀਂਦਰ ਅੱਖ ਦਏ ਖੁਲ੍ਹਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਸਭ ਨੂੰ ਵੇਂਹਦਾ, ਗ਼ਫ਼ਲਤ ਆਪਣੇ ਵਿਚ ਨਾ ਕੋਇ ਰਖਾਈਆ । ਤੇਰੇ ਪਿਛੇ ਭਗਤ ਕੋਲੋਂ ਮਰਾਵੇ ਪੈਂਡਾ, ਕਦਮ ਕਦਮ ਆਪਣੇ ਲੇਖੇ ਲਾਈਆ । ਪਿਛਲਾ ਲਹਿਣਾ ਤ੍ਰਿਬੈਣੀ ਨੈਣੀ ਦਾ, ਰਾਮ ਸੀਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਸਰਬ ਚੁਕਾਈਆ । ਓਢਨ ਕਹੇ ਮੈਂ ਕੱਚਾ ਤੰਦ ਸੂਤ, ਸੂਤਰ ਧਾਰੀ ਸਮਝ ਕੋਇ ਨਾ ਪਾਈਆ । ਮੇਰਾ ਤਨ ਵਜੂਦ ਵੇਖੋ ਕਲਬੂਤ, ਕਾਲਾ ਕੱਪੜ ਰੂਪ ਵਟਾਈਆ । ਮੈਂ ਭਗਤ ਦਿਆਂ ਹੱਥਾਂ ਵਿਚ ਮਹਿਫੂਜ਼, ਜਗਤ ਕੁੜਿਆਰ ਹੱਥ ਨਾ ਕੋਇ ਲਗਾਈਆ । ਕਲਜੁਗ ਅੰਤ ਮੇਰਾ ਅਸਲ ਨਾਲ ਮਿਲਣ ਲੱਗਾ ਸੂਦ, ਕੁਲ ਜ਼ਰ ਆਪਣਾ ਰੂਪ ਵਟਾਈਆ । ਹੱਥ ਲੱਗਾ ਉਸ ਮਹਿਬੂਬ, ਜੋ ਮੁਹੱਬਤ ਧੁਰ ਦੀ ਰਿਹਾ ਕਮਾਈਆ । ਮੈਂ ਚੜ੍ਹ ਕੇ ਮੰਜ਼ਲੇ ਮਕਸੂਦ, ਫ਼ੈਸਲਾ ਆਪਣਾ ਹਲ ਕਰਾਈਆ । ਖ਼ੁਸ਼ੀ ਮਨਾਵਾਂ ਚਾਰੇ ਕੂਟ, ਦਹਿ ਦਿਸ਼ਾ ਦਿਆਂ ਸੁਣਾਈਆ । ਹਰਿ ਕਾ ਨਾਮ ਧੁਰ ਕਾ ਸ਼ਬਦ ਕਦੇ ਨਾ ਹੋਵੇ ਝੂਠ, ਝੂਠਿਆਂ ਖਰੇ ਦਏ ਬਣਾਈਆ । ਜਿਸ ਦੇ ਉਪਰ ਸਾਹਿਬ ਜਾਏ ਤੁਠ, ਕੋਝੇ ਕਮਲੇ ਗਲੇ ਲਗਾਈਆ । ਮੈਂ ਪਿਛੇ ਵੇਂਹਦਾਂ ਰਿਹਾ ਬਹਿ ਕੇ ਚੁੱਪ, ਕਿਹੜਾ ਰੋ ਰੋ ਦਏ ਦੁਹਾਈਆ । ਜਿਸ ਵੇਲੇ ਪ੍ਰੇਮ ਦੀ ਮਿਲਣ ਵਾਲੀ ਲੱਗੀ ਭੁੱਖ, ਉਠ ਕੇ ਭੱਜਾ ਵਾਹੋ ਦਾਹੀਆ । ਆ ਕੇ ਚਰਨਾਂ ਗਿਆ ਝੁਕ, ਕਰ ਬੰਦਨਾ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਹਰ ਘਟ ਵਾਸੀ ਮੈਨੂੰ ਪੁੱਛ, ਪਸਚਾਤਾਪ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਕੱਪੜਾ ਕਹੇ ਮੈਂ ਕਾਇਆ ਤਤ, ਤਤਵ ਇਕ ਜਣਾਈਆ । ਬਿਨ ਰਸਨਾ ਜਿਹਵਾ ਬੋਲਾਂ ਸਚ, ਸਚ ਦਿਆਂ ਸਮਝਾਈਆ । ਮੈਂ ਕਰਾਂ ਸੇਵਾ ਬਿਨ ਅੱਖਾਂ ਹੱਥ, ਆਪਣੀ ਆਸ ਰਖਾਈਆ । ਚਲ ਕੇ ਆਵਾਂ ਬਿਨ ਪੈਰਾਂ ਪਗ, ਆਪਣਾ ਪੰਧ ਮੁਕਾਈਆ । ਜਨ ਭਗਤ ਦੇ ਨਾਲ ਮਿਲ ਕੇ ਕੀਤਾ ਸੱਚਾ ਹੱਜ, ਹਾਜਤ ਅਵਰ ਰਹੀ ਨਾ ਰਾਈਆ । ਮੈਂ ਤੇਰਿਆਂ ਭਗਤਾਂ ਦੇ ਪੜਦੇ ਰਿਹਾ ਕੱਜ, ਤੂੰ ਮੇਰੀ ਲਾਜ ਰਖਾਈਆ । ਮੈਂ ਦਰਸ਼ਨ ਕਰਾਂ ਰੱਜ, ਆਪਣੀ ਤ੍ਰਿਖਾ ਬੁਝਾਈਆ । ਦੋਹਾਂ ਦਾ ਤਾਲ ਇਕੋ ਜਾਏ ਵੱਜ, ਨਗਾਰਾ ਸੁਣਾਂ ਚਾਈਂ ਚਾਈਆ । ਮੈਂ ਸੁਣਿਆ ਤੂੰ

ਆਇਓਂ ਭਗਤਾਂ ਦੇ ਅੰਦਰ ਹੱਦ, ਦੂਰ ਦੁਰਾਡਾ ਪੰਧ ਮੁਕਾਈਆ । ਮੇਰੇ ਪਿਛੇ ਗੁਰਮੁਖ ਲਾਲ ਲਿਆ ਸੱਦ, ਸੁੱਤਿਆਂ ਲਿਆ ਜਗਾਈਆ । ਭਾਵੇਂ ਹੱਸੇ ਸਾਰਾ ਜਗ, ਗੁਰਮੁਖ ਨੇਤਰ ਖ਼ੁਸ਼ੀਆਂ ਨੀਰ ਵਹਾਈਆ । ਤੇਰੇ ਪ੍ਰੇਮ ਪਿਆਰ ਦੀ ਪੀ ਕੇ ਮਧ, ਖ਼ੁਮਾਰੀ ਇਕੋ ਨਾਮ ਚੜ੍ਹਾਈਆ । ਬੇਸ਼ਕ ਸੰਗੀ ਸਾਥੀ ਸਾਰੇ ਜਾਵਣ ਛੱਡ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਤੇਰੀ ਆਤਮ ਤੈਥੋਂ ਨਾ ਹੋਵੇ ਅੱਡ, ਪਰਮਾਤਮ ਤੇਰੇ ਵਿਚ ਸਮਾਈਆ । ਬ੍ਰਹਮ ਪਾਰਬ੍ਰਹਮ ਤੇਰੀ ਯਦ, ਵਿਸ਼ਵ ਰੂਪ ਦੇ ਵਖਾਈਆ । ਤੇਰੇ ਨਿਉਂ ਨਿਉਂ ਲਾਗੇ ਪਗ, ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੂਤਰ ਤੰਦ ਕਹੇ ਮੈਨੂੰ ਲੋਕੀ ਕਹਿਣ ਪਗੜੀ, ਜਗਤ ਦਸਤਾਰ ਕਹਿ ਸੁਣਾਈਆ । ਮੈਂ ਪੰਜਾਂ ਨਾਲ ਜਾਵਾਂ ਜਕੜੀ, ਚਾਰੋਂ ਕੁੰਟ ਵਾਹੋ ਦਾਹੀਆ । ਮੈਂ ਮਾਣ ਦੇਵਾਂ ਸ੍ਰਿਸ਼ਟ ਸਗਲੀ, ਸ਼ਾਹ ਸੁਲਤਾਨਾਂ ਦੇ ਸਿਰ ਤੇ ਆਸਣ ਲਾਈਆ । ਪ੍ਰਭ ਬਿਨ ਤੇਰੇ ਹੋਵਾਂ ਪਗ਼ਲੀ, ਆਪਣਾ ਆਪ ਮਿਟਾਈਆ । ਮੇਰਾ ਲੇਖਾ ਚੁਕਾ ਦੇ ਕਾਇਆ ਬਦਨੀ, ਅਗਲਾ ਤਤ ਦੇ ਬਦਲਾਈਆ । ਮੈਂ ਇਕੋ ਵਸਤ ਮੰਗਣੀ, ਝੋਲੀ ਤੇਰੇ ਅੱਗੇ ਡਾਹੀਆ । ਜੇ ਤੂੰ ਭਗਤਾਂ ਦੀ ਕਾਇਆ ਰੰਗਣੀ, ਕਿਉਂ ਨਾ ਮੇਰੇ ਉਤੇ ਰੰਗ ਚੜ੍ਹਾਈਆ । ਮੈਂ ਦਰ ਤੇ ਆਈ ਬਣ ਕੇ ਮੰਗਤੀ, ਮੁਖ ਘੁੰਗਟ ਦਿਤਾ ਉਠਾਈਆ । ਮੇਰੀ ਅੱਖ ਰਹੇ ਨਾ ਅੰਧਲੀ, ਨੇਤਰ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਈਆ । ਪੱਗ ਕਹਿੰਦੀ ਮੈਨੂੰ ਕਹਿੰਦੇ ਖਿਗੜੀ, ਦੁਪੱਟਿਆਂ ਨਾਲ ਪਰਨਾਈਆ । ਜੇ ਤੂੰ ਭਗਤਾਂ ਦੀ ਜਨਮ ਕਰਮ ਦੀ ਬਿਗੜੀ, ਆਪਣੇ ਲੇਖੇ ਲਾਈਆ । ਮੈਂ ਹੋ ਜਾਵਾਂ ਨਫ਼ਿਕਰੀ, ਦਰ ਤੇਰੇ ਸੀਸ ਝੁਕਾਈਆ । ਚੋਟੀ ਚਾੜ੍ਹ ਦੇ ਓਸ ਸਿਖ਼ਰੀ, ਜਿਸ ਘਰ ਆਪਣਾ ਡੇਰਾ ਲਾਈਆ । ਮੈਂ ਖੋਜਾਂ ਵਿਚ ਇਸ਼ਕੀ, ਮਾਸ਼ੂਕ ਰੂਪ ਵਟਾਈਆ । ਜਾਂ ਵੇਖਿਆ ਭਗਤ ਦੀ ਤੇਰੇ ਚਰਨਾਂ ਲੱਗੀ ਬਿਰਤੀ, ਸੁਰਤੀ ਨਿਰਤੀ ਦੋਵੇਂ ਰਾਹ ਤਕਾਈਆ । ਦਵਾਰੇ ਆ ਗਈ ਫਿਰਦੀ ਫਿਰਦੀ, ਆਪਣਾ ਪੰਧ ਮੁਕਾਈਆ । ਇਹ ਆਸ ਚਰੋਕੀ ਚਿਰਦੀ, ਚਿਰੀ ਵਿਛੁੰਨੇ ਰਿਹਾ ਮਿਲਾਈਆ । ਮਿਲਣੀ ਹੋਣੀ ਸਾਚੇ ਪਿਰ ਦੀ, ਪੀਆ ਪ੍ਰੀਤਮ ਦਏ ਵਡਿਆਈਆ । ਮੈਂ ਮਾਲਕ ਬਣਾਂ ਘਰ ਥਿਰ ਦੀ, ਜਿਸ ਘਰੋਂ ਫੇਰ ਨਾ ਕੋਇ ਹਿਲਾਈਆ । ਮਹਾਰਾਜ ਸ਼ੇਰ ਸੰਘ ਵਿਸ਼ਨੂੰ ਭਗਵਾਨ, ਇਕੋ ਲੋੜ ਤੇਰੀ ਮਿਹਰ ਦੀ, ਮਿਹਰਵਾਨ ਮਹਿਬਾਨ ਬੀਦੋ ਬੀਖੈਰ ਯਾ ਅਲਾਹ ਇਲਾਹੀ ਨੂਰ ਤੇਰੀ ਰੁਸ਼ਨਾਈਆ ।

ਤਖ਼ਤ ੯੩੧ ੧੭

## ✪ ੭ ਮੱਘਰ ੨੦੨੧ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਸ਼ਾਹਵਾਲਾ ✪

ਜਨ ਭਗਤ ਕਹੇ ਪ੍ਰਭ ਦੱਸ ਘਰਾਨਾ, ਗ੍ਰਿਹਿ ਆਪਣਾ ਦੇ ਜਣਾਈਆ । ਜਿਸ ਘਰ ਨਿਰਗੁਣ ਜੋਤ ਜਗੇ ਮਹਾਨਾ, ਦੀਵਾ ਬਾਤੀ ਨਾ ਕੋਇ ਟਿਕਾਈਆ । ਸ਼ਬਦ ਅਗੰਮ ਵੱਜੇ ਤਰਾਨਾ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ ਰਸ ਮਿਲੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਨਾ ਕੋਇ ਰਖਾਈਆ । ਚਰਨ ਕਵਲ ਰਹੇ ਧਿਆਨਾ, ਦੂਜੀ ਓਟ ਨਾ ਕੋਇ ਤਕਾਈਆ । ਸਤਿ ਧਰਮ ਦਿਸੇ ਨਿਸ਼ਾਨਾ, ਸ਼ਹਿਨਸ਼ਾਹ ਤੇਰਾ ਨਜ਼ਰੀ ਆਈਆ । ਭਾਗ ਲਗਾ ਦੇ ਕਾਇਆ ਸਾਢੇ ਤਿੰਨ ਹੱਥ ਮਕਾਨਾ, ਪੜਦਾ ਓਹਲਾ ਆਪ ਚੁਕਾਈਆ । ਹਰ ਘਟ ਸਵਾਮੀ ਜਾਣੀ ਜਾਣਾ, ਬੇਅੰਤ ਤੇਰੀ ਸਰਨਾਈਆ ।

ਆਦਿ ਜੁਗਾਦਿ ਜੁਗ ਚੌਕੜੀ ਤੇਰੇ ਉਤੇ ਮਾਣਾ, ਅਭਿਮਾਨ ਸਭ ਦਾ ਦੇ ਗਵਾਈਆ । ਹਉਂ ਬਾਲੀ ਬੁਧ ਗੁਰਮੁਖ ਬਾਲ ਅੰਵਾਣਾ, ਲੋਕਮਾਤ ਨਾ ਕੋਇ ਵਡਿਆਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਸ਼ਹਿਨਸ਼ਾਹ ਅਖਵਾਈਆ । ਸਚਖੰਡ ਨਿਵਾਸੀ ਰਾਜ ਰਾਜਾਨਾ, ਭੂਪਤ ਭੂਪ ਬੇਪਰਵਾਹੀਆ । ਸੂਰਬੀਰ ਮਰਦ ਮਰਦਾਨਾ, ਜੋਧਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦੇ ਬੁਝਾਈਆ । ਜਨ ਭਗਤ ਕਹੇ ਪ੍ਰਭ ਦੱਸ ਦੇ ਝੁੱਗੀ, ਜਿਸ ਅੰਦਰ ਡੇਰਾ ਲਾਈਆ । ਜਿਸ ਦੀ ਜੋਤ ਕਦੇ ਨਾ ਬੁਝੀ, ਅੰਧ ਅੰਧੇਰ ਨਾ ਕੋਇ ਵਖਾਈਆ । ਜਿਸ ਦੀ ਸ਼ਾਨ ਸਭ ਤੋਂ ਉਚੀ, ਆਲੀਸ਼ਾਨ ਨਜ਼ਰੀ ਆਈਆ । ਜਿਥੇ ਭਗਤਾਂ ਲਗਦੀ ਰੁਚੀ, ਆਤਮ ਮਿਲੇ ਵਡਿਆਈਆ । ਜਿਥੇ ਸੁਰਤੀ ਹੁੰਦੀ ਸੁੱਚੀ, ਦੁਰਮਤ ਮੈਲ ਧੁਆਈਆ । ਜਿਥੇ ਨਜ਼ਰ ਹੁੰਦੀ ਉਪਠੀ, ਉਲਟੀ ਲੱਠ ਗਿੜਾਈਆ । ਮਾਣ ਦਵਾਵੇ ਆਪਣੀ ਹੱਥੀਂ, ਗੁਰਮੁਖ ਗੋਦ ਉਠਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਘਰ ਵੇਖੀਏ ਅੱਖੀਂ, ਸੁਤਿਆਂ ਸ਼ਾਂਤ ਕੋਇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਕਥਾ ਦੱਸੀ, ਲੇਖਾ ਲਿਖ ਕੇ ਕਲਮ ਸ਼ਾਹੀਆ । ਤੇਰੀ ਵੇਖੀਏ ਉਹ ਨਿਰਾਲੀ ਹੱਟੀ, ਜਿਸ ਵਿਚ ਵਸਤ ਆਪ ਟਿਕਾਈਆ । ਮਾਣਸ ਜਨਮ ਦੀ ਖੱਟੀਏ ਖੱਟੀ, ਅੱਗੇ ਖਟਕਾ ਰਹੇ ਨਾ ਰਾਈਆ । ਤੇਰੇ ਪ੍ਰੇਮ ਦੀ ਪੜ੍ਹੀਏ ਪੱਟੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕੰਮ ਕਿਸੇ ਨਾ ਆਈਆ । ਨਾਮ ਪਦਾਰਥ ਦੇ ਦੇ ਰਤੀ, ਰਤਨ ਅਮੋਲਕ ਹੀਰੇ ਲਾਲ ਜਵਾਹਰ ਲੈ ਬਣਾਈਆ । ਲੇਖਾ ਚੁੱਕ ਜਾਏ ਰਾਗ ਛੱਤੀ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਜੋਤ ਨਿਰੰਜਣ ਤੇਰੀ ਨਿੱਕੀ ਬੱਤੀ, ਆਦਿ ਨਿਰੰਜਣ ਆਪਣੇ ਵਿਚ ਲੈ ਮਿਲਾਈਆ । ਤੂੰ ਧੁਰ ਦਾ ਕਮਲਾਪਤੀ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਗੁਰਮੁਖ ਆਤਮ ਪਰਮਾਤਮ ਤੇਰੇ ਅੱਗੇ ਢੱਠੀ, ਨਿਉਂ ਨਿਉਂ ਸੀਸ ਝੁਕਾਈਆ । ਸਾਡੀ ਆਸਾ ਤ੍ਰਿਸਨਾ ਇਛਿਆ ਪੂਰਬ ਕਰ ਇਕੱਠੀ, ਬੰਧਨ ਇਕੋ ਦੇਣਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਪੰਚ ਵਿਕਾਰ ਸੁਟੌਣਾ ਭੱਠੀ, ਤ੍ਰੈਗੁਣ ਅਗਨੀ ਤਤ ਤਪਾਈਆ । ਚਰਨ ਪ੍ਰੀਤੀ ਸਾਚੀ ਰੀਤੀ ਨਾਤਾ ਜੋੜਨਾ ਪੁਰਖ ਸਮਰਥੀ, ਦੂਜਾ ਅੰਗਣ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇਣਾ ਵਖਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਘਰ ਕਿਹੜਾ, ਨਿਰਗੁਣ ਸਚ ਦੇ ਸਮਝਾਈਆ । ਜਿਸ ਦਾ ਬ੍ਰਹਿਮੰਡਾਂ ਖੰਡਾਂ ਨਾਲੋਂ ਖੁੱਲ੍ਹਾ ਵੇਹੜਾ, ਪੁਰੀ ਲੋਅ ਸਮਝ ਕੋਇ ਨਾ ਆਈਆ । ਜਿਥੇ ਆਵਣ ਜਾਵਣ ਚੁਕੇ ਝੇੜਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਜਿਥੇ ਨਗਰ ਗਰਾਮ ਸੋਹਣਾ ਵਸੇ ਖੇੜਾ, ਮਹਿਫ਼ਲ ਤੇਰਾ ਨਾਮ ਖ਼ੁਦਾਈਆ । ਜਿਥੇ ਡੁਬਦਾ ਤਰਦਾ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜਿਥੇ ਨਜ਼ਰੀ ਆਵੇਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਥੇ ਗੁਰਮੁਖ ਸਖ਼ੀਆਂ ਪਾਇਆ ਘੇਰਾ, ਸੋਹਣਾ ਧੁਰ ਦਾ ਰਾਗ ਅਲਾਈਆ । ਜਿਥੇ ਵਸੇਂ ਹਰਿ ਜੂ ਸਿੰਘ ਸ਼ੇਰਾ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਜਿਥੇ ਹਕੀਕਤ ਹੋਏ ਨਿਬੇੜਾ, ਹਕੋ ਹਕ ਦਏ ਸਮਝਾਈਆ । ਜਿਥੇ ਗ਼ਰੀਬ ਨਿਮਾਣਿਆਂ ਉਤੇ ਕਰੇਂ ਮਿਹਰਾਂ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾ ਕੇ ਗਏ ਫੇਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਵਖਾਈਆ । ਜਨ ਭਗਤ ਕਹਿਣ ਪ੍ਰਭ ਘਰ ਦੱਸ ਦੇ ਓਹ, ਜਿਸ ਵਿਚ ਤੇਰੀ ਵਡਿਆਈਆ । ਤੇਰੇ ਨਾਲ ਜਾਈਏ ਛੋਹ, ਆਤਮ ਪਰਮਾਤਮ ਮੇਲ ਮਿਲਾਈਆ । ਤੇਰੇ ਵਰਗੇ ਜਾਈਏ ਹੋ, ਦੂਜਾ ਤਤ ਨਾ ਕੋਇ ਹੰਢਾਈਆ ।

ਜਗਤ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਸਚ ਪਰਕਾਸ਼ ਦੇ ਲੋਅ, ਜੋਤੀ ਜੋਤ ਡਗਮਗਾਈਆ । ਦੁਰਮਤ ਮੈਲ ਦੇ ਧੋ, ਪਤਤ ਪਾਪੀ ਪੁਨੀਤ ਆਪ ਵਖਾਈਆ । ਆਪਣੇ ਨਾਮ ਦੀ ਸੁਣਾ ਸਾਚੀ ਸੋ, ਸੋਹੰ ਢੋਲਾ ਇਕ ਦ੍ਰਿੜਾਈਆ । ਅੰਮ੍ਰਿਤ ਰਸ ਨਿਜਰ ਚੋ, ਝਿਰਨਾ ਇਕ ਝਿਰਾਈਆ । ਕੂੜੀ ਕਿਰਿਆ ਲੈ ਖੋਹ, ਤਨ ਮੰਦਰ ਰਹਿਣ ਨਾ ਪਾਈਆ । ਧੁਰ ਦਾ ਢੋਆ ਦੇਣਾ ਢੋ, ਨਾਮ ਪਦਾਰਥ ਇਕ ਵਰਤਾਈਆ । ਸਤਿ ਧਰਮ ਦਾ ਬੀਜ ਦੇਣਾ ਬੋ, ਪਤ ਡਾਲ੍ਹੀ ਫੁੱਲ ਆਪ ਮਹਿਕਾਈਆ । ਤੇਰੇ ਚਰਨ ਦਵਾਰੇ ਸਦਾ ਸਦ ਜਾਈਏ ਖਲੋ, ਸਨਮੁਖ ਹੋ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਦੇ ਸਮਝਾਈਆ । ਜਨ ਭਗਤ ਕਹਿਣ ਦੱਸ ਨਿਰੰਕਾਰ, ਕੀ ਘਰ ਤੇਰੇ ਵਡਿਆਈਆ । ਜਿਥੇ ਦੀਵਾ ਬਲੇ ਅਗੰਮ ਅਪਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਛੱਪਰ ਛੰਨ ਦਿਸੇ ਨਾ ਚਾਰ ਦੀਵਾਰ, ਮੰਡਲ ਮੰਡਪ ਮਾੜੀ ਨਜ਼ਰ ਕੋਇ ਨਾ ਆਈਆ । ਸੂਰਜ ਚੰਦ ਨਾ ਕੋਇ ਉਜਿਆਰ, ਦਿਵਸ ਰੈਣ ਨਾ ਕੋਇ ਵਖਾਈਆ । ਘੜੀ ਪਲ ਨਾ ਕੋਇ ਵਿਚਾਰ, ਮਾਸ ਬਰਖ਼ ਨਾ ਕੋਇ ਸਮਝਾਈਆ । ਜ਼ਿਮੀਂ ਆਸਮਾਨ ਨਾ ਕੋਇ ਪਹਾੜ, ਜੰਗਲ ਜੂਹ ਨਾ ਕੋਇ ਵਡਿਆਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਦਾ ਮਾਲਕ ਇਕ ਅਖਵਾਈਆ । ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਸਾਚੇ ਤਖ਼ਤ ਡੇਰਾ ਲਾਈਆ । ਦੋ ਜਹਾਨਾਂ ਬਣ ਕੇ ਹੁਕਮਰਾਨ, ਨਾਮ ਸੰਦੇਸਾ ਇਕ ਸੁਣਾਈਆ । ਜੁਗ ਚੌਕੜੀ ਕਰ ਫ਼ਰਮਾਨ, ਫੁਰਨੇ ਸਭ ਦੇ ਆਪ ਖੁਲ੍ਹਾਈਆ । ਗੁਰ ਅਵਤਾਰ ਬਰਖ਼ੁਰਦਾਰ, ਪੀਰ ਪੈਗ਼ੰਬਰ ਬੱਚੇ ਨੱਨ੍ਹੇ ਲਏਂ ਪਰਗਟਾਈਆ । ਜਨ ਭਗਤਾਂ ਦਏਂ ਦੀਦਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਅਸੀਂ ਵੇਂਹਦੇ ਰਹੇ ਸਦਾ ਜੁਗ ਚਾਰ, ਚੌਕੜੀ ਤੇਰਾ ਧਿਆਨ ਲਗਾਈਆ । ਰਾਹ ਤਕਦੇ ਤਕਦੇ ਗਏ ਹਾਰ, ਥੱਕ ਥੱਕ ਤੇਰੀ ਮੰਜ਼ਲ ਪੰਧ ਮੁਕਾਈਆ । ਹਕ ਦੇ ਸੱਚੀ ਸਰਕਾਰ, ਆਦਲ ਅਦਲ ਇਕ ਕਮਾਈਆ । ਦਰ ਠਾਂਡਾ ਵੇਖ ਦਰਬਾਰ, ਅਲਖ ਅਗੋਚਰ ਇਕੋ ਅਲਖ ਜਗਾਈਆ । ਸਾਚਾ ਮੰਦਰ ਦੇ ਵਖਾਲ, ਜਿਸ ਘਰ ਬਹਿ ਕੇ ਖ਼ੁਸ਼ੀ ਮਨਾਈਆ । ਇਹ ਗੁਰਮੁਖ ਤੇਰੇ ਲਾਲ, ਲਾਲਨ ਤੇਰੀ ਓਟ ਤਕਾਈਆ । ਤੂੰ ਸ਼ਹਿਨਸ਼ਾਹਾਂ ਦਾ ਸ਼ਾਹ ਹਉਂ ਕੰਗਾਲਾਂ ਦੇ ਕੰਗਾਲ, ਕੰਗਲੇ ਹੋ ਕੇ ਤੇਰੇ ਅੱਗੇ ਕਰੀ ਅਰਜ਼ੋਈਆ । ਤੂੰ ਧੁਰ ਦਾ ਬਣ ਦਲਾਲ, ਜ਼ਾਮਨੀ ਇਕੋ ਇਕ ਰਖਾਈਆ । ਸਚਖੰਡ ਦਵਾਰਾ ਵੇਖੀਏ ਤੇਰੀ ਧਰਮਸਾਲ, ਜਿਸ ਘਰ ਬਹਿ ਬਹਿ ਡੇਰਾ ਲਾਈਆ । ਜਿਥੇ ਵੱਜੇ ਅਗੰਮੀ ਤਾਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਾਡਾ ਮੰਨ ਲੈ ਇਕ ਸਵਾਲ, ਸਵਾਲੀ ਹੋ ਕੇ ਰਹੇ ਜਣਾਈਆ । ਤੂੰ ਆਦਿ ਜੁਗਾਦੀ ਸ੍ਰੀ ਭਗਵਾਨ, ਭਗਵਨ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗ੍ਰਿਹ ਮੰਦਰ ਦੇਣਾ ਸਮਝਾਈਆ । ਜਨ ਭਗਤ ਕਹਿਣ ਪ੍ਰਭੂ ਦੱਸ ਦੇ ਮੰਦਰ, ਮੰਜ਼ਲ ਆਪਣਾ ਪੰਧ ਮੁਕਾਈਆ । ਸਾਰੇ ਵਸੀਏ ਓਸੇ ਅੰਦਰ, ਜਿਥੇ ਦੁੱਖ ਨਾ ਲਾਗੇ ਰਾਈਆ । ਇਕੋ ਨਾਮ ਜਪੀਏ ਤੇਰਾ ਮੰਤਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਲੇਖਾ ਚੁਕ ਜਾਏ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਚਰਨਾਂ ਹੇਠ ਦਬਾਈਆ । ਤੇਰੇ ਨਾਲ ਮਿਲ ਕੇ ਤੇਰੀ ਬਣ ਜਾਏ ਬਣਤਰ, ਘੜਨ ਭੰਨਣਹਾਰ ਸਮਰਥ ਸਵਾਮੀ ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵਾਜ਼ਾ ਦੇਣਾ ਖੁਲ੍ਹਾਈਆ । ਭਗਤ ਕਹਿਣ ਪ੍ਰਭ ਤੇਰਾ ਘਰ ਅਵੱਲਾ, ਅਵੱਲੜੀ ਧਾਰ ਚਲਾਈਆ । ਆਦਿ ਜੁਗਾਦੀ ਰਹੇਂ ਇਕੱਲਾ, ਬੈਠਾ

ਬੇਪਰਵਾਹੀਆ । ਤੇਰਾ ਵਸਦਾ ਰਹੇ ਮਹੱਲਾ, ਮੁਹੱਬਤ ਵਿਚ ਸਮਾਈਆ । ਜੁਗ ਚੌਕੜੀ ਤੈਨੂੰ ਰਾਮ ਰਹੀਮ ਵਾਹਿਗੁਰੂ ਮੰਨਦੇ ਰਹੇ ਅੱਲਾ, ਆਲਮੀਨ ਅਖਵਾਈਆ । ਤੇਰਾ ਨਾਮ ਨਿਧਾਨਾ ਅਗੰਮੀ ਭੱਲਾ, ਦੋ ਜਹਾਨਾਂ ਰਿਹਾ ਡਰਾਈਆ । ਤੂੰ ਸਾਹਿਬ ਸਵਾਮੀ ਅਛਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਘੱਲਾ, ਭਗਤਾਂ ਹੁਕਮ ਸੁਣਾਈਆ । ਸੰਤਾਂ ਅੰਦਰ ਰਲਾ, ਗੁਰਮੁਖਾਂ ਦਏਂ ਵਡਿਆਈਆ । ਗੁਰਸਿਖ ਫੜਾ ਕੇ ਪੱਲਾ, ਆਪਣੀ ਗੰਢ ਬੰਧਾਈਆ । ਦੋ ਜਹਾਨ ਫਿਰੇਂ ਹੋ ਕੇ ਝੱਲਾ, ਝਲਕ ਨੁਰਾਨੀ ਇਕ ਚਮਕਾਈਆ । ਸਮਝ ਨਾ ਆਈ ਗੋਬਿੰਦ ਡੱਲਾ, ਬੇਪਰਵਾਹ ਤੇਰੀ ਵਡਿਆਈਆ । ਜਨ ਭਗਤ ਕਹਿਣ ਤੇਰਾ ਚਰਨ ਦਵਾਰਾ ਇਕੋ ਮੱਲਾ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਦੇ ਵਡਿਆਈਆ । ਜਨ ਭਗਤ ਕਹਿਣ ਪ੍ਰਭ ਖੋਲ੍ਹ ਦੇ ਖਿੜਕੀ, ਪੜਦਾ ਆਪ ਉਠਾਈਆ । ਤੇਰੇ ਚਰਨਾਂ ਲੱਗੇ ਸਾਚੀ ਬਿਰਤੀ, ਬਿਰਥਾ ਜਨਮ ਨਾ ਕੋਇ ਗਵਾਈਆ । ਨਜ਼ਰੀ ਆਵੇਂ ਸੁਰਤੀ ਨਿਰਤੀ, ਨਿਰਵੈਰ ਤੇਰੀ ਵਡਿਆਈਆ । ਦਵਾਰੇ ਆਈ ਫਿਰਦੀ ਫਿਰਦੀ, ਗੁਰਮੁਖ ਆਸਾ ਰਹੀ ਜਣਾਈਆ । ਮੈਂ ਢੂੰਢਦੀ ਰਹੀ ਪਿਛੇ ਚਿਰਦੀ, ਜੁਗ ਚੌਕੜੀ ਵੇਸ ਵਟਾਈਆ । ਕਿਸੇ ਸਮਝ ਨਾ ਦੱਸੀ ਘਰ ਥਿਰਦੀ, ਥਿਰ ਘਰ ਭੇਵ ਨਾ ਕੋਇ ਖੁਲ੍ਹਾਈਆ । ਕਲਜੁਗ ਅੰਤਮ ਵੇਖਾਂ ਲੱਠ ਗਿੜਦੀ, ਉਲਟਾ ਗੇੜਾ ਦੇਣਾ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਦੇਣਾ ਵਖਾਈਆ । ਜਨ ਭਗਤ ਕਹਿਣ ਤੇਰਾ ਘਰ ਅਨੋਖਾ, ਵੱਖਰੀ ਧਾਰ ਜਣਾਈਆ । ਜਿਥੇ ਹੋਵੇ ਕਦੇ ਨਾ ਧੋਖਾ, ਕੂੜਾ ਰੂਪ ਨਾ ਕੋਇ ਵਟਾਈਆ । ਮਿਲਣਾ ਹੋਵੇ ਸੌਖਾ, ਅਧਵਿਚਕਾਰ ਨਾ ਕੋਇ ਅਟਕਾਈਆ । ਮਿਲੇ ਅਗੰਮੀ ਨਈਆ ਨੌਕਾ, ਨਾਮ ਲਏ ਤਰਾਈਆ । ਜਿਸ ਨੇ ਛੱਡਿਆ ਪਟਣਾ ਪੌਂਟਾ, ਪਾਟਲ ਹੋਕੇ ਵੇਖ ਵਖਾਈਆ । ਗੁਰਮੁਖ ਮਿਲਣ ਦਾ ਰੱਖ ਕੇ ਸ਼ੌਂਕਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਚ ਦਵਾਰੇ ਆਪੇ ਪਹੁੰਚਾ, ਮੰਜ਼ਲ ਪੰਧ ਚੁਕਾਈਆ । ਦੇ ਵਡਿਆਈ ਵਿਚੋਂ ਚੌਦਾਂ ਲੋਕਾਂ, ਲੋਕ ਪਰਲੋਕ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਸਮਝਾਈਆ । ਜਨ ਭਗਤ ਮੇਰਾ ਘਰ ਸੋਹਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਾ ਹੱਸਣਾ ਨਾ ਕੋਇ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਵਡਿਆਈਆ । ਨਾ ਉਜਲ ਨਾ ਮੈਲਾ ਧੋਣਾ, ਇਕੋ ਰੰਗ ਚੜ੍ਹਾਈਆ । ਨਾ ਜਾਗਣ ਨਾ ਕੋਈ ਸੌਣਾ, ਆਲਸ ਨਿੰਦਰਾ ਨਾ ਕੋਇ ਵਖਾਈਆ । ਨਾ ਘੜਿਆ ਨਾ ਕੋਈ ਢੌਣਾ, ਅਚਰਜ ਲੀਲ੍ਹਾ ਇਕ ਰਚਾਈਆ । ਨਾ ਉਜੜਿਆ ਨਾ ਕੋਇ ਵਸੌਣਾ, ਸਦ ਖ਼ੁਸ਼ੀਆਂ ਵੇਖ ਵਖਾਈਆ । ਨਾ ਮੈਲ ਨਾ ਤੀਰਥ ਨਹੌਣਾ, ਜਲ ਧਾਰ ਨਾ ਕੋਇ ਵਹਾਈਆ । ਨਾ ਮੰਦਰ ਨਾ ਦੀਵਾ ਬਾਤੀ ਜਗੌਣਾ, ਇਕੋ ਜੋਤ ਜੋਤ ਰੁਸ਼ਨਾਈਆ । ਨਾ ਗੁਰੂ ਅਵਤਾਰ ਪੀਰ ਪੈਗ਼ੰਬਰ ਮਨੌਣਾ, ਪੁਰਖ ਅਕਾਲ ਇਕੋ ਇਸ਼ਟ ਸਮਝਾਈਆ । ਨਾ ਕੋਈ ਖ਼ਾਕੀ ਤਨ ਹੰਡੌਣਾ, ਪੰਜ ਤਤ ਸੋਭਾ ਕੋਇ ਨਾ ਪਾਈਆ । ਨਿਰਗੁਣ ਜੋਤ ਨਿਰਗੁਣ ਵਿਚ ਸਮੌਣਾ, ਧੁਰ ਦਾ ਮੇਲਾ ਮੇਲ ਮਿਲਾਈਆ । ਗੁਰਮੁਖ ਵਿਰਲਾ ਦਰ ਤੇ ਔਣਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਵਕਤ ਸੁਹੌਣਾ, ਜਨ ਭਗਤਾਂ ਅੱਖ ਖੁਲ੍ਹਾਈਆ । ਸਾਚਾ ਮੰਦਰ ਇਕ ਵਖੌਣਾ, ਉੱਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੂਝ ਬੁਝਾਈਆ । ਜਨ ਭਗਤੋ ਹਰਿ ਮੰਦਰ ਅੱਛਾ, ਹਰਿ ਕਰਤਾ ਆਪ ਜਣਾਈਆ ।

੯੩੪
੧੭

੯੩੫
੧੭

ਓਥੇ ਧੰਨੇ ਵਾਲਾ ਬੰਨ੍ਹਣਾ ਪਏ ਕੋਈ ਨਾ ਵੱਛਾ, ਨਾਲੇ ਗਊ ਨਾ ਕੋਇ ਚਰਾਈਆ । ਤੇੜ ਪੌਣਾ ਪਏ ਨਾ ਕੱਛਾ, ਬੋਦੀ ਸੀਸ ਨਾ ਕੋਇ ਟਿਕਾਈਆ । ਭਾਈਆਂ ਨਾਲ ਕਰਨਾਂ ਪਏ ਨਾ ਮਤਾ, ਨਾਰ ਕੰਤ ਨਾ ਕੋਇ ਹੰਡਾਈਆ । ਦਰਸ਼ਨ ਕਰਨਾ ਪਏ ਨਾ ਲੋਚਣ ਅੱਖਾਂ, ਹੱਥਾਂ ਨਾਲ ਨਾ ਸੇਵ ਕਮਾਈਆ । ਰਸਨਾ ਨਾਲ ਗੌਣਾ ਪਏ ਨਾ ਜਸਾ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਅਗਨੀ ਵਾਲਾ ਤੌਣਾ ਪਏ ਨਾ ਭੱਠਾ, ਭਠਿਆਲਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਘਰ ਦਏ ਵਖਾਈਆ । ਜਨ ਭਗਤੇ ਘਰ ਸੋਹਣਾ ਚੰਗਾ, ਨਰ ਹਰਿ ਨਰਾਇਣ ਬਣਤ ਬਣਾਈਆ । ਜਿਥੇ ਨਾ ਕੋਈ ਸੂਰੀਆ ਨਾ ਕੋਈ ਚੰਦਾ, ਜੋਤੀ ਨੂਰ ਨੂਰ ਰੁਸ਼ਨਾਈਆ । ਨਾ ਕੋਈ ਤਨ ਖ਼ਾਕੀ ਦਿਸੇ ਬੰਦਾ, ਬੰਦਗੀ ਵਿਚ ਧਿਆਨ ਨਾ ਕੋਇ ਲਗਾਈਆ । ਨਾ ਕੋਈ ਬ੍ਰਹਿਮੰਡ ਖੰਡ ਦਿਸੇ ਵਰਭੰਡਾ, ਜੇਰਜ ਅੰਡ ਨਾ ਵਣਜ ਕਰਾਈਆ । ਨਾ ਕੋਈ ਸੰਤ ਸਾਜਣ ਦਿਸੇ ਸੰਗਾ, ਮਜਲਸ ਰੂਪ ਨਾ ਕੋਇ ਵਟਾਈਆ । ਨਾ ਕੋਈ ਵਹਿੰਦੀ ਦਿਸੇ ਧਾਰ ਗੰਗਾ, ਜਲ ਥਲ ਮਹੀਅਲ ਨਜ਼ਰ ਕੋਇ ਨਾ ਆਈਆ । ਨਾ ਕੋਈ ਨਗਰ ਖੇੜਾ ਗਰਾਮ ਦਿਸੇ ਪੁਰੀ ਅਨੰਦਾ, ਮੱਕਾ ਕਾਅਬਾ ਰੂਪ ਨਾ ਕੋਇ ਵਟਾਈਆ । ਨਾ ਕੋਈ ਢੋਲਾ ਨਾ ਕੋਈ ਛੰਦਾ, ਨਾ ਕੋਈ ਰਾਗੀ ਰਾਗ ਸੁਣਾਈਆ । ਨਾ ਕੋਈ ਦੀਨ ਨਾ ਬਖ਼ਸ਼ੰਦਾ, ਨਾ ਕੋਈ ਆਜਜ਼ ਨਜ਼ਰੀ ਆਈਆ । ਜਿਸ ਦਵਾਰੇ ਪ੍ਰਭ ਭਗਤਾਂ ਮੇਲ ਕਰੰਦਾ, ਸੋ ਦਵਾਰਾ ਸੋਭਾ ਪਾਈਆ । ਓਥੇ ਨਾ ਕੋਈ ਸਾਜ ਤਾਲ ਵਜੇ ਸੁਰੰਗਾ, ਨਾ ਕੋਈ ਸੁਰੰਗੀ ਕਿੰਗ ਹਿਲਾਈਆ । ਨਾ ਕੋਈ ਹੱਥ ਦਿਸੇ ਮਰਦੰਗਾ, ਨੌਬਤ ਨਾਮ ਨਾ ਕੋਇ ਜਣਾਈਆ । ਪ੍ਰਭ ਸਾਹਿਬ ਦਾ ਵੱਖਰਾ ਅਨੋਖਾ ਸਭ ਤੋਂ ਢੰਗਾ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਦ੍ਰਿੜਾਈਆ । ਜਨ ਭਗਤਾਂ ਸਚ ਦ੍ਰਿੜਾਵਾਂਗਾ । ਧੁਰ ਦਾ ਮੰਦਰ ਇਕ ਵਖਾਵਾਂਗਾ । ਡੂੰਘੀ ਕੰਦਰ ਭੇਵ ਚੁਕਾਵਾਂਗਾ । ਘਰ ਸਾਚੇ ਤੋੜ ਕੇ ਜੰਦਰ, ਜੀਂਵਦਿਆਂ ਜਗਤ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਘਰ ਵਖਾਵਾਂਗਾ । ਜਨ ਭਗਤਾਂ ਘਰ ਵਖਾਏਗਾ । ਪ੍ਰਭੂ ਆਪਣੀ ਦਇਆ ਕਮਾਏਗਾ । ਨਿਰਗੁਣ ਸਰਗੁਣ ਜੋੜ ਜੁੜਾਏਗਾ । ਲੱਗੀ ਪ੍ਰੀਤੀ ਤੋੜ ਨਿਭਾਏਗਾ । ਮੇਟ ਅੰਧੇਰਾ ਘੋਰ, ਚੰਦ ਚਮਕਾਏਗਾ । ਮਾਰ ਕੇ ਪੰਜੇ ਚੋਰ, ਹੋਰ ਕਾ ਹੋਰ ਰੰਗ ਵਖਾਏਗਾ । ਸੁਰਤੀ ਬੰਨ੍ਹ ਕੇ ਸ਼ਬਦੀ ਡੋਰ, ਤੰਦ ਇਕੋ ਇਕ ਪਰਗਟਾਏਗਾ । ਜਨ ਭਗਤਾਂ ਪ੍ਰਭ ਦੀ ਸਦਾ ਲੋੜ, ਬਿਨ ਭਗਤਾਂ ਪ੍ਰਭੂ ਕੰਮ ਕਿਸੇ ਨਾ ਆਏਗਾ । ਜੁਗਾ ਜੁਗੰਤਰ ਜਾਏ ਬੌਹੜ, ਕਲਜੁਗ ਅੰਤਮ ਵੇਖ ਵਖਾਏਗਾ । ਆਪਣੇ ਅੱਗੇ ਲਏ ਤੋਰ, ਤੁਰਤ ਆਪਣਾ ਹੁਕਮ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਏਗਾ । ਜਨ ਭਗਤਾਂ ਦਇਆ ਕਮਾਵੇਗਾ । ਫੜ ਬਾਹੋਂ ਆਪ ਉਠਾਵੇਗਾ । ਸਾਚੇ ਰਾਹੇ ਆਪੇ ਪਾਵੇਗਾ । ਤਨ ਮਾਟੀ ਸਾਥ ਛੁਡਾਵੇਗਾ । ਸਾਚੀ ਹਾਟੀ ਤਨ ਵਿਕਾਵੇਗਾ । ਮੰਜ਼ਲ ਘਾਟੀ ਆਪ ਚੜ੍ਹਾਵੇਗਾ । ਦੂਰ ਦੁਰਾਡਾ ਪੰਧ ਮੁਕਾਵੇਗਾ । ਗੁਰਮੁਖਾਂ ਸੰਗ ਨਿਭਾਵੇਗਾ । ਅਗੰਮੀ ਰੰਗ ਰੰਗਾਵੇਗਾ । ਮਾਰਗ ਧੁਰ ਦੇ ਆਪ ਲਗਾਵੇਗਾ । ਅੱਧ ਵਿਚਕਾਰ ਨਾ ਕੋਇ ਅਟਕਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਗੁਰ ਅਵਤਾਰ ਪੈਗ਼ੰਬਰ ਜੱਸ ਢੋਲਾ ਰਾਗ ਅਲਾਵੇਗਾ । ਭਗਤ ਭਗਵਾਨ ਮੇਲਾ ਕਰੇ ਹੱਸ ਹੱਸ, ਸਚਖੰਡ ਸਾਚੇ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ

ਦਵਾਵੇਗਾ । ਜਨ ਭਗਤ ਖ਼ੁਸ਼ੀ ਮਨੌਂਦੇ ਨੇ । ਇਕ ਦੂਜੇ ਨੂੰ ਆਖ ਸੁਣੌਂਦੇ ਨੇ । ਕੋਟ ਜਨਮ ਦੇ ਲੱਥੇ ਪਾਪ, ਪ੍ਰਭ ਦੀ ਝੋਲੀ ਪੌਂਦੇ ਨੇ । ਰਲ ਮਿਲ ਗਾਇਆ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਰਾਗ ਅਲੌਂਦੇ ਨੇ । ਰੂਹ ਬੁੱਤ ਦੋਵੇਂ ਹੋ ਗਏ ਪਾਕ, ਪਤਤ ਪਾਪੀ ਭੇਵ ਚੁਕੌਂਦੇ ਨੇ । ਹਰਿ ਚਰਨ ਜੁੜਿਆ ਨਾਤ, ਨਾਤਾ ਇਕੋ ਨਾਲ ਰਖੌਂਦੇ ਨੇ । ਜਿਸ ਦੇ ਵਿਚੋਂ ਉਪਜੀ ਸਾਡੀ ਜ਼ਾਤ, ਅੰਤਮ ਓਸੇ ਵਿਚ ਮਿਲੌਂਦੇ ਨੇ । ਸਚਖੰਡ ਦਵਾਰੇ ਜਾ ਕੇ ਦਰਸ਼ਨ ਪਾਈਏ ਅਗੰਮੀ ਬਾਪ, ਪਿਤਾ ਪੁਰਖ ਅਕਾਲ ਸੀਸ ਨਿਵੌਂਦੇ ਨੇ । ਸਾਡਾ ਖਹਿੜਾ ਛੁੱਟ ਜਾਏ ਜਾਪ, ਤੀਰਥ ਤੱਟ ਨਹਾਵਣ ਨਾ ਕੋਇ ਨਹੌਂਦੇ ਨੇ । ਜੇ ਪ੍ਰਭ ਜੂ ਮਿਲ ਜਾਏ ਆਪ, ਦੂਸਰ ਰਾਹ ਨਾ ਕੋਇ ਤਕੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਵੇਖ ਵਖੌਂਦੇ ਨੇ । ਜਨ ਭਗਤੋ ਸਾਚਾ ਘਰ ਵਖਾਵਾਂਗਾ । ਮੰਜ਼ਲ ਪੌੜੀ ਆਪ ਚੜ੍ਹਾਵਾਂਗਾ । ਰਾਗ ਗੌੜੀ ਨਾ ਕੋਇ ਪੜ੍ਹਾਵਾਂਗਾ । ਅੱਗੇ ਗਲੀ ਜੋ ਦਿਸੇ ਭੀੜੀ, ਫੜ ਬਾਹੋਂ ਪਾਰ ਕਰਾਵਾਂਗਾ । ਜਿਉਂ ਨਰ ਸਿੰਘ ਰੂਪ ਧਾਰ ਕੇ ਕੀੜੀ, ਪ੍ਰਹਿਲਾਦ ਆਪਣੀ ਗੋਦ ਉਠਾਵਾਂਗਾ । ਜਿਸ ਦੇ ਹੱਥ ਵਿਚ ਮੀਰੀ ਪੀਰੀ, ਦੋ ਜਹਾਨਾਂ ਵੇਖ ਵਖਾਵਾਂਗਾ । ਤੁਹਾਡੇ ਗਲੋਂ ਕੱਟ ਕੇ ਸ਼ਰਅ ਜ਼ੰਜੀਰੀ, ਅਸ਼ਾਇਤ ਇਕੋ ਇਕ ਸਮਝਾਵਾਂਗਾ । ਚੋਟੀ ਚਾੜ੍ਹ ਕੇ ਓਸ ਅਖ਼ੀਰੀ, ਆਖ਼ਰ ਆਪਣਾ ਮੇਲ ਮਿਲਾਵਾਂਗਾ । ਲੱਖ ਚੁਰਾਸੀ ਵਿਚੋਂ ਮੇਲ ਹੋਇਆ ਤਕਦੀਰੀ, ਤਦਬੀਰ ਆਪਣੀ ਆਪ ਸਮਝਾਵਾਂਗਾ । ਬਿਨ ਭਗਤ ਪ੍ਰਭ ਦੀ ਚਲੇ ਕਦੇ ਨਾ ਪੀੜ੍ਹੀ, ਵਾਧਾ ਭਗਤਾਂ ਨਾਲ ਰਖਾਵਾਂਗਾ । ਤੁਹਾਡੀ ਜਨਮ ਜਨਮ ਦੀ ਕੱਟ ਦਿਲਗੀਰੀ, ਕੂੜਾ ਦਲਿਦ੍ਰ ਪਰੇ ਹਟਾਵਾਂਗਾ । ਮਹੱਲ ਵਖਾ ਬੇਨਜ਼ੀਰੀ, ਨਜ਼ਰ ਆਪਣੇ ਨਾਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਜਨ ਭਗਤ ਧਿਆਨ ਲਗੌਂਦੇ ਨੇ । ਨੇਤਰ ਅੱਖ ਉਠੌਂਦੇ ਨੇ । ਪ੍ਰਭ ਸਾਚੇ ਰਾਹ ਤਕੌਂਦੇ ਨੇ । ਵੇਲਾ ਵਕਤ ਸੁਹੌਂਦੇ ਨੇ । ਅੰਤਰ ਅੰਤਰ ਗੀਟੀਆਂ ਗਿਣ ਗਿਣ, ਆਪਣਾ ਹਾਲ ਸੁਣੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲੌਣਾ ਸਾਚੇ ਘਰ, ਘਰ ਇਕੋ ਵੇਖ ਵਖੌਂਦੇ ਨੇ । ਘਰ ਸਾਚੇ ਮੇਲ ਮਿਲਾਵਾਂਗਾ । ਜਗਤ ਵਿਛੜੇ ਜੋੜ ਜੁੜਾਵਾਂਗਾ । ਨਿਰਗੁਣ ਹੋ ਕੇ ਜਾਵਾਂ ਬਹੁੜ, ਸਰਗੁਣ ਪੜਦਾ ਲਾਹਵਾਂਗਾ । ਸਤਿ ਸਰੂਪੀ ਚਾੜ੍ਹ ਕੇ ਘੋੜ, ਸ਼ਬਦੀ ਵਾਗ ਫੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਘਰ ਵਸਾਵਾਂਗਾ । ਗੁਰਮੁਖ ਕਹਿਣ ਘਰ ਸਾਚੇ ਵਸਾਂਗੇ । ਖ਼ੁਸ਼ੀਆਂ ਨਾਲ ਬਹਿ ਬਹਿ ਹੱਸਾਂਗੇ । ਪ੍ਰੀਤਮ ਤਾਈਂ ਆਪਣਾ ਹਾਲ ਦੱਸਾਂਗੇ । ਚਰਨ ਸਰਨਾਈ ਸਾਚੀ ਢੱਠਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲੀ ਕਰਨੀ ਓਹਦੇ ਅੱਗੇ ਰੱਖਾਂਗੇ । ਪਿਛਲੀ ਕਰਨੀ ਜਬ ਅੱਗੇ ਮੇਰੇ ਟਿਕਾਓਗੇ । ਨੇਤਰ ਹਰਨ ਫਰਨ ਆਪ ਖੁਲ੍ਹਾਓਗੇ । ਜਗ ਮਰਨ ਮਾਤ ਚੁਕਾਓਗੇ । ਵਰਨ ਬਰਨ ਡੇਰਾ ਢਾਹੋਗੇ । ਪੱਟੀ ਇਕੋ ਪੜ੍ਹਨ, ਢੋਲਾ ਇਕੋ ਰਾਗ ਗਾਓਗੇ । ਸਾਚੀ ਪੌੜੀ ਚੜ੍ਹਨ, ਮੁੜ ਦੇ ਫੇਰ ਮਾਤ ਨਾ ਆਓਗੇ । ਪ੍ਰਭ ਦਰਸ ਦੀਦ ਦੀਦਾਰ ਨੇਤਰ ਲੋਚਣ ਕਰਨ, ਕਰਮਾਂ ਕਾਂਡਾਂ ਪੰਧ ਮੁਕਾਓਗੇ । ਕਿਰਪਾ ਨਿਧਾਨ ਠਾਕਰ ਸਵਾਮੀ ਆਪਣੀ ਕਿਰਪਾ ਕਰਨ, ਮੁਹੱਬਤ ਪਿਆਰ ਵਿਚ ਮਿਲਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਇਕੋ ਦਰਸ਼ਨ ਪਾਓਗੇ । ਗੁਰਮੁਖ ਕਹਿਣ ਘਰ ਸੱਚਾ ਤੱਕਿਆ, ਤਕਵਾ ਇਕ ਜਣਾਈਆ ।

੯੩੬
੧੭

ਲੇਖਾ ਮੁਕਾ ਮਦੀਨੇ ਮੱਕਿਆ, ਮਕਬਰਿਆਂ ਸੀਸ ਨਾ ਕੋਇ ਝੁਕਾਈਆ । ਲਹਿਣਾ ਚੁੱਕਾ ਤੀਰਥ ਤੱਟਿਆ, ਅਠਸਠ ਨਾ ਉਠ ਉਠ ਧਾਈਆ । ਪਤਿਪਰਮੇਸ਼ਵਰ ਸਵਾਮੀ ਮਿਲਿਆ ਸੱਚਿਆ, ਸਚ ਦਿਤੀ ਵਡਿਆਈਆ । ਲੇਖੇ ਲਾ ਕੇ ਭਾਂਡਾ ਕੱਚਿਆ, ਕਾਇਆ ਕੰਚਨ ਦਿਤੀ ਬਣਾਈਆ । ਮਨੂਆ ਵਾਸਨਾ ਵਿਚ ਨਾ ਨੱਚਿਆ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਿਰ ਹੱਥ ਸਵਾਮੀ ਰੱਖਿਆ, ਅੰਤਰਜਾਮੀ ਦਇਆ ਕਮਾਈਆ । ਜਨ ਭਗਤ ਉਠ ਮੇਰੇ ਬੱਚਿਆ, ਸਚਖੰਡ ਤੈਨੂੰ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਕਹੇ ਮੈਂ ਵੇਖਿਆ ਸਚਖੰਡ, ਬਿਨ ਅੱਖਾਂ ਨਜ਼ਰੀ ਆਈਆ । ਓਥੇ ਵਸੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੀਨ ਦਿਆਲ ਹੋ ਬਖ਼ਸ਼ੰਦ, ਰਹਿਮਤ ਆਪ ਕਮਾਈਆ । ਭਗਤ ਸੁਹੇਲੇ ਲਾ ਕੇ ਅੰਗ, ਆਪਣੀ ਗੋਦ ਉਠਾਈਆ । ਅੰਤਰ ਪਾਵੇ ਇਕੋ ਠੰਡ, ਅਗਨੀ ਤਤ ਨਾ ਲਾਗੇ ਰਾਈਆ । ਭਗਤ ਭਗਵਾਨ ਇਕੋ ਪੈ ਜਾਏ ਗੰਢ, ਬੱਧੀ ਗੰਢ ਨਾ ਕੋਇ ਖੁਲ੍ਹਾਈਆ । ਆਸਾ ਮਨਸਾ ਪੂਰੀ ਹੋਈ ਮੰਗ, ਮੰਗਤਾ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਅਨੰਦ, ਜਿਸ ਅਨੰਦ ਵਿਚੋਂ ਗੁਰ ਅਵਤਾਰ ਚੰਦ ਚਮਕਾਈਆ ।



## ੭ ਮੱਘਰ ੨੦੨੧ ਬਿਕ੍ਰਮੀ ਮਹਿੰਦਰ ਕੌਰ ਦੇ ਗ੍ਰਿਹ ਸ਼ਾਹਵਾਲਾ

ਜਨ ਭਗਤ ਕਹਿਣ ਕੀ ਪੜ੍ਹੀਏ ਪੁਸਤਕ ਪੋਥੀ, ਪੁਸ਼ਤ ਦਰ ਪੁਸ਼ਤ ਮਿਲੇ ਵਡਿਆਈਆ । ਸਾਡੀ ਮੰਜ਼ਲ ਹੋ ਜਾਏ ਸੌਖੀ, ਬਿਖੜਾ ਪੰਧ ਚੁਕਾਈਆ । ਜਿਸ ਨਾਲ ਚੜ੍ਹੀਏ ਧੁਰ ਦੀ ਚੋਟੀ, ਸੋ ਸਿਖਿਆ ਦੇਣੀ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਾਨੂੰ ਲੰਮੀ ਚੌੜੀ ਦਿਸੇ ਬਹੁਤੀ, ਸਿਫ਼ਤਾਂ ਵਾਲੀ ਰਾਣੀ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਪੜ੍ਹਨ ਵਾਲਿਆਂ ਕਿਸੇ ਨਾ ਆਈ ਸੋਝੀ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਹੱਥ ਫੇਰਦੇ ਰਹੇ ਉਤੇ ਬੋਦੀ, ਬ੍ਰਾਹਮਣ ਜੰਞੂਆਂ ਹਾਰ ਬਣਾਈਆ । ਚੌਂਕੇ ਰਹੇ ਸੋਧੀ, ਗੋਬਰ ਨਾਲ ਪੋਚਾਈਆ । ਝੁਕਦੇ ਰਹੇ ਉਤੇ ਗੋਡੀ, ਸੀਨੇ ਹੱਥ ਟਿਕਾਈਆ । ਅੱਖਰਾਂ ਵਾਲੇ ਬਣਦੇ ਰਹੇ ਖੋਜੀ, ਰਾਗਾਂ ਤਾਲ ਅਲਾਈਆ । ਜਾਂ ਤੱਕਿਆ ਦਿਸੇ ਸਰਬ ਵਿਜੋਗੀ, ਧੁਰ ਸੰਜੋਗੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਪੁਸਤਕ ਧੁਰ ਦੀ ਇਕ ਸਮਝਾਈਆ । ਜਨ ਭਗਤ ਕਹਿਣ ਪ੍ਰਭ ਦੱਸ ਦੇ ਗ੍ਰੰਥ, ਜਿਸ ਵਿਚ ਤੂੰ ਹੀ ਨਜ਼ਰੀ ਆਈਆ । ਨਾ ਮਜ਼੍ਹਬ ਦੀਨ ਕੋਈ ਪੰਥ, ਜ਼ਾਤ ਪਾਤ ਨਾ ਕੋਇ ਜਣਾਈਆ । ਰਾਗ ਨਾਦ ਨਾ ਕੋਈ ਸੰਖ, ਨਾ ਕੋਇ ਸੰਧਿਆ ਆਰਤੀ ਦਏ ਜਣਾਈਆ । ਨਾ ਕੋਈ ਤਿਲਕ ਲਗਾਵੇ ਪੰਡਤ, ਲਲਾਟ ਤ੍ਰਿਸੂਲ ਨਾ ਕੋਇ ਵਖਾਈਆ । ਨਾ ਕੋਈ ਕਾਅਬਾ ਹੋਵੇ ਮਸਜਿਦ, ਨਿਮਾਜ਼ ਪੰਜ ਨਾ ਕੋਇ ਪੜ੍ਹਾਈਆ । ਨਾ ਕੋਈ ਗੇਰੂ ਪਾਵੇ ਬਸਤਰ, ਨਾ ਕੋਈ ਮਾਲਾ ਗਲ ਲਟਕਾਈਆ । ਨਾ ਕੋਈ ਹਵਨ ਪੂਜਾ ਹੋਵੇ ਜੰਤਰ, ਘਿਰਤ ਦੀਪ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪੁਸਤਕ ਦੇ ਫੜਾਈਆ । ਪੁਸਤਕ ਦੇ ਪ੍ਰਭ ਉਹ ਕੁਰਾਨ, ਜਿਸ ਦਾ ਕੁਰਾ ਨਜ਼ਰ ਕੋਇ ਨਾ ਆਈਆ । ਜਿਥੇ

ਵਸੇ ਨਾ ਕੋਇ ਸ਼ੈਤਾਨ, ਸ਼ਰਅ ਨਾ ਕੋਇ ਲੜਾਈਆ । ਨਾ ਹਿੰਦੂ ਨਾ ਮੁਸਲਮਾਨ, ਬੋਦੀ ਟਿੱਕਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਦਿਸੇ ਬੇਈਮਾਨ, ਬੇਵਾ ਰੂਪ ਨਾ ਕੋਇ ਵਖਾਈਆ । ਜੂਠ ਝੂਠ ਨਾ ਕੋਇ ਨਜ਼ਾਮ, ਕੂੜਾ ਰਾਜ ਨਾ ਕੋਇ ਕਮਾਈਆ । ਨਾ ਨਫ਼ਰ ਨਾ ਕੋਇ ਗ਼ੁਲਾਮ, ਸਫ਼ਰਾਂ ਵਿਚ ਪੰਧ ਨਾ ਕੋਇ ਮੁਕਾਈਆ । ਨਾ ਸੱਯਦਾ ਨਾ ਸਲਾਮ, ਤੋਬਾ ਤੋਬਾ ਨਾ ਕੋਇ ਸੁਣਾਈਆ । ਨਾ ਪੈਗ਼ੰਬਰ ਨਾ ਅਮਾਮ, ਨਾ ਮਸਲੇ ਕੋਇ ਪੜ੍ਹਾਈਆ । ਨਾ ਹੁਜਰਾ ਨਾ ਨਿਸ਼ਾਨ, ਮੁਜਰਾ ਨਾਚ ਨਾ ਕੋਇ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪੁਸਤਕ ਦੇ ਪੜ੍ਹਾਈਆ । ਸਾਚੀ ਪੁਸਤਕ ਦੱਸ ਉਹ ਅੰਜੀਲ, ਜਿਸ ਵਿਚ ਅਜ਼ਲ ਨੇੜ ਨਾ ਆਈਆ । ਆਤਮ ਨਾ ਹੋਏ ਕੁਚੀਲ, ਜੁਦਾ ਰੂਪ ਨਾ ਕੋਇ ਵਟਾਈਆ । ਤੇਰੇ ਹੁਕਮ ਦੀ ਹੋਏ ਤਅਮੀਲ, ਸਿਰ ਸਕੇ ਨਾ ਕੋਇ ਉਠਾਈਆ । ਓਥੇ ਦੇਵੇ ਨਾ ਕੋਈ ਦਲੀਲ, ਵਕੀਲ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦੀਵਾਰਾਂ ਨਾ ਦਿਸੇ ਫ਼ਸੀਲ, ਫ਼ੈਸਲਾ ਹਕੋ ਹਕ ਸੁਣਾਈਆ । ਅੱਗੇ ਹੋਰ ਨਾ ਕੋਇ ਅਪੀਲ, ਬਰੀਖਾਨਾ ਅਵਰ ਨਾ ਕੋਇ ਰਖਾਈਆ । ਇਕੋ ਤੇਰੇ ਰਹੀਏ ਮਸਕੀਨ, ਮੁਸ਼ਕਲ ਧੁਰ ਦੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇਣੀ ਸਮਝਾਈਆ । ਸੱਚੀ ਪੋਥੀ ਦੇ ਭਗਵਾਨ, ਆਪਣੀ ਦਇਆ ਕਮਾਈਆ । ਨਾਤਾ ਛੁੱਟ ਜਾਏ ਅਠਾਰਾਂ ਪੁਰਾਨ, ਅੱਠ ਦਸ ਨਾ ਕੋਇ ਸੁਣਾਈਆ । ਬਿਨ ਪੜ੍ਹਿਆਂ ਆਵੇ ਗਿਆਨ, ਪਾਠਸ਼ਾਲੇ ਦੀ ਲੋੜ ਰਹੇ ਨਾ ਰਾਈਆ । ਸਿਲ ਪਾਥਰ ਪੂਜਨ ਕਰਾਏ ਨਾ ਕੋਇ ਇਸ਼ਨਾਨ, ਸੰਧੂਰ ਤਿਲਕ ਨਾ ਕੋਇ ਲਗਾਈਆ । ਲੱਭਣਾ ਪਏ ਨਾ ਬੰਸਰੀ ਵਾਲਾ ਕਾਹਨ, ਸੀਤਾ ਵਾਲਾ ਰਾਮ ਜੰਗਲ ਢੂੰਢਨ ਕੋਇ ਨਾ ਜਾਈਆ । ਮਸਲਿਆਂ ਵਾਲਾ ਪੈਗ਼ੰਬਰ ਕਰੀਏ ਨਾ ਕਿਸੇ ਸਲਾਮ, ਸਜਦਾ ਅਵਰ ਨਾ ਕੋਇ ਜਣਾਈਆ । ਈਸਾ ਮੂਸਾ ਮੁਹੰਮਦ ਤੱਕੀਏ ਨਾ ਕੋਇ ਨਿਸ਼ਾਨ, ਨਿਸ਼ਾਨਾ ਇਕੋ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਪੁਸਤਕ ਇਕ ਦ੍ਰਿੜਾਈਆ । ਸਾਚੀ ਪੁਸਤਕ ਦੇ ਦੇ ਗੀਤਾ, ਗਿਆਨਾਂ ਵਿਚੋਂ ਬਾਹਰ ਕਢਾਈਆ । ਆਪਣੇ ਮਿਲਣ ਦੀ ਦੱਸ ਦੇ ਰੀਤਾ, ਰੀਤੀਵਾਨ ਤੇਰੀ ਸਰਨਾਈਆ । ਤ੍ਰੈਗੁਣ ਤਪੇ ਨਾ ਤਤ ਅੰਗੀਠਾ, ਪੰਜ ਤਤ ਨਾ ਕੋਇ ਲੜਾਈਆ । ਭੇਵ ਚੁਕਾ ਦੇ ਊਚਾਂ ਨੀਚਾਂ, ਨੀਚੋਂ ਊਚ ਦੇ ਬਣਾਈਆ । ਤੇਰੇ ਪ੍ਰੇਮ ਦਾ ਖਾ ਲਈਏ ਸੀਧਾ, ਅੰਮ੍ਰਿਤ ਰਸ ਮੁਖ ਚਖਾਈਆ । ਮਿਲ ਸੱਜਣ ਪਾਈਏ ਗਿੱਧਾ, ਦੋ ਹੱਥਾਂ ਤਾਲ ਵਜਾਈਆ । ਤੈਨੂੰ ਮਿਲ ਕੇ ਧੁਰ ਦੇ ਪਿਤਾ, ਬਹੁ ਖ਼ੁਸ਼ੀ ਖ਼ੁਸ਼ੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਸਮਝਾਈਆ । ਸਾਚਾ ਲੇਖਾ ਦੱਸ ਦੇ ਆਪ, ਆਪਣੀ ਦਇਆ ਕਮਾਈਆ । ਤੂੰ ਵੱਡਾ ਕਿ ਵੱਡਾ ਤੇਰਾ ਜਾਪ, ਕਿਸ ਦੀ ਸੇਵ ਕਮਾਈਆ । ਤੂੰ ਪਿਤਾ ਕਿ ਤੂੰ ਮਾਈ ਬਾਪ, ਦੋਵੇਂ ਅੰਗ ਵਖਾਈਆ । ਤੂੰ ਸੱਜਣ ਤੂੰ ਸਗਲਾ ਸਾਥ, ਆਦਿ ਜੁਗਾਦਿ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਉਪਜਿਆ ਸੋ ਗਿਆ ਵਿਨਾਸ, ਥਿਰ ਕੋਇ ਰਹਿਣ ਨਾ ਪਾਈਆ । ਏਸੇ ਕਰ ਕੇ ਕੋਟਨ ਕੋਟ ਤੇਰੇ ਸਿਫ਼ਤੀ ਨਾਮ ਰਸਨਾ ਕਰਦੀ ਪਾਠ, ਜਿਹਵਾ ਨਾਲ ਮਿਲਾਈਆ । ਕੋਈ ਕਹੇ ਰਸੂਲ ਪਾਕ, ਕੋਈ ਰਾਮ ਰਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕ ਵਰ, ਧੁਰ ਦਾ ਲੇਖਾ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਦੱਸ ਦੇ ਅੱਖਰ, ਅੱਖਰਾਂ ਵਿਚੋਂ ਆਪ ਪਰਗਟਾਈਆ । ਜਿਸ ਨਾਲ ਹੋਈਏ ਸਭ ਤੋਂ ਵੱਖਰ, ਤੇਰੇ

ਵਿਚ ਸਮਾਈਆ । ਬਜਰ ਕਪਾਟੀ ਪਾੜ ਕੇ ਪੱਥਰ, ਪਤਣ ਆਪਣਾ ਦੇ ਜਣਾਈਆ । ਤੇਰਾ ਸਦਾ ਵਿਛਾਈਏ ਸੱਥਰ, ਯਾਰੜੇ ਤੇਰਾ ਰਾਹ ਤਕਾਈਆ । ਵਿਛੋੜੇ ਅੰਦਰ ਵਹਾਈਏ ਅੱਥਰ, ਨੈਣਾਂ ਨੀਰ ਇਕ ਵਖਾਈਆ । ਅੱਗੇ ਰਹਿਣ ਨਾ ਦੇਵੇਂ ਕੋਈ ਕਸਰ, ਕਸਮ ਖਾ ਕੇ ਕਹੀਏ ਕਟੀ ਨਾ ਜਾਏ ਜੁਦਾਈਆ । ਜੇ ਤੂੰ ਆਦਿ ਜੁਗਾਦਿ ਭਗਤ ਵਛਲ, ਜਨ ਭਗਤਾਂ ਮੇਲ ਮਿਲਾਈਆ । ਕਿਉਂ ਕੀਤਾ ਸਾਨੂੰ ਬੇ ਵਤਨ, ਘਰ ਆਪਣੇ ਲੈ ਬਹਾਈਆ । ਪੜ੍ਹਿਆ ਸੁਣਿਆ ਕੀਤੇ ਬਹੁਤ ਯਤਨ, ਯਥਾ ਯੋਗ ਆਪਣੀ ਤਾਕਤ ਦਿਤੀ ਲਾਈਆ । ਤੇਰਾ ਮੁਖ ਨਾ ਲੱਗਾ ਸੋਹਣਾ ਸਗਨ, ਸਗਲੀ ਚਿੰਤ ਨਾ ਕੋਇ ਮਿਟਾਈਆ । ਜਿਧਰ ਵੇਖੀਏ ਲੱਗੀ ਅਗਨ, ਪੜ੍ਹਨ ਵਾਲਿਆਂ ਦੀ ਅੱਗ ਨਾ ਕੋਇ ਬੁਝਾਈਆ । ਬਿਨ ਤੇਰੀ ਕਿਰਪਾ ਦੀਪਕ ਸਚ ਮੂਲ ਨਾ ਜਗਣ, ਘਰ ਘਰ ਵਿਚ ਨਾ ਕੋਇ ਰੁਸ਼ਨਾਈਆ । ਅਸੀਂ ਆਏ ਇਕੋ ਦਾਤ ਮੰਗਣ, ਦਰ ਤੇਰੇ ਅਲਖ ਜਗਾਈਆ । ਸਾਥੋਂ ਦਰੋਹੀ ਖ਼ੁਦਾ ਦੀ ਬੰਦਗੀ ਕਲ ਨਾ ਹੁੰਦਾ ਭਜਨ, ਬੰਦਗੀ ਕਹਿਣ ਕੋਇ ਨਾ ਪਾਈਆ । ਬਿਨ ਹਰਿ ਕਰਤਾਰ ਫਿਰਦੇ ਨਗਨ, ਓਢਨ ਸੀਸ ਨਾ ਕੋਇ ਟਿਕਾਈਆ । ਸਚ ਸਵਾਮੀ ਕਰ ਦੇ ਆਪਣਾ ਅਦਲ, ਅਦਾਲਤ ਇਕੋ ਇਕ ਲਗਾਈਆ । ਸਾਡੀ ਕਿਰਿਆ ਦੇ ਬਦਲ, ਬਦਲਾ ਦੇ ਚੁਕਾਈਆ । ਸਾਡਾ ਤੋਲੀਂ ਮੂਲ ਨਾ ਵਜ਼ਨ, ਤੋਲੇ ਮਾਸ਼ੇ ਟਾਂਕ ਰਤੀ ਨਾਲ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪੋਥੀ ਦੇ ਸਮਝਾਈਆ । ਸਾਚੀ ਪੋਥੀ ਦੱਸ ਦੇ ਪੁਸਤਕ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਇਕੋ ਤੇਰੀ ਕਰੀਏ ਉਸਤਤ, ਉਸਤਵਾ ਇਕੋ ਇਕ ਮਨਾਈਆ । ਬਾਕੀ ਸਭ ਤੋਂ ਲਈਏ ਰੁਖ਼ਸਤ, ਛੁੱਟੀ ਲਈਏ ਕਰਾਈਆ । ਸਾਨੂੰ ਬਿਨਾ ਤੇਰੇ ਮਿਲਣ ਦੀ ਦੂਜੀ ਰਹੇ ਕੋਈ ਨਾ ਫੁਰਸ਼ਤ, ਫੁਰਨੇ ਸਾਰੇ ਬੰਦ ਕਰਾਈਆ । ਤੂੰ ਡਾਹਢਾ ਪੀਰ ਅਗੰਮ ਮੁਰਸ਼ਦ, ਮੁਰੀਦਾਂ ਈਦਾਂ ਦੀਦਾਂ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਵਖਾਈਆ । ਓਥੇ ਪੋਥੀ ਦੱਸ ਦੇ ਪ੍ਰਭੂ ਨਿਰਾਲੀ, ਜਨ ਭਗਤ ਮੰਗ ਮੰਗਾਈਆ । ਤੇਰੀ ਵੇਖੀਏ ਜੋਤ ਅਕਾਲੀ, ਅਕਲ ਕਲਧਾਰੀ ਨਜ਼ਰੀ ਆਈਆ । ਕਿਸ ਬਿਧ ਸਚਖੰਡ ਦਵਾਰੇ ਬਾਲੀ, ਆਪਣੀ ਆਪ ਕਰੀ ਰੁਸ਼ਨਾਈਆ । ਤੂੰ ਧੁਰ ਦਾ ਬਣ ਕੇ ਮਾਲੀ, ਬੈਠਾ ਮੁਖ ਛੁਪਾਈਆ । ਸਾਡੇ ਚਿਹਰਿਆਂ ਤੋਂ ਉਠ ਗਈ ਲਾਲੀ, ਬਿਨ ਤੇਰੇ ਰੋ ਰੋ ਦਈਏ ਦੁਹਾਈਆ । ਕਲਜੁਗ ਵੇਖ ਰੈਣ ਅੰਧੇਰੀ ਕਾਲੀ, ਚਾਰੋਂ ਕੁੰਟ ਚੰਦ ਨਾ ਕੋਇ ਚਮਕਾਈਆ । ਪੜ੍ਹ ਪੜ੍ਹ ਥੱਕੇ ਤੂੰ ਹੱਥ ਨਾ ਆਇਆ ਭਾਲੀ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਜਾਂ ਤੱਕਿਆ ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਦੇ ਸਵਾਲੀ, ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਝੋਲੀ ਖ਼ਾਲੀ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇ ਜਣਾਈਆ । ਪੋਥੀ ਪੁਸਤਕ ਦੇ ਦੇ ਏਕ, ਏਕੰਕਾਰ ਤੇਰੀ ਸਰਨਾਈਆ । ਜਿਸ ਵਿਚ ਮਿਲੇ ਸਾਚੀ ਟੇਕ, ਟਿੱਕਾ ਇਕੋ ਨੂਰ ਖ਼ੁਦਾਈਆ । ਬੁਧੀ ਹੋਈ ਬਿਬੇਕ, ਮਨ ਮਤ ਨਾ ਕੋਇ ਵਡਿਆਈਆ । ਤੇਰੇ ਮਿਲਣ ਦਾ ਲੱਭੇ ਭੇਤ, ਬਾਹਰ ਖੋਜਣ ਕੋਇ ਨਾ ਜਾਈਆ । ਤੂੰ ਅੰਤਰ ਕਰੇਂ ਹੇਤ, ਪ੍ਰੀਤਮ ਹੋ ਕੇ ਪ੍ਰੇਮ ਕਮਾਈਆ । ਤੇਰਾ ਦਰਸ਼ਨ ਕਰੀਏ ਨੇਤਨ ਨੇਤ, ਨਿਜ ਨੇਤਰ ਅੱਖ ਖੁਲ੍ਹਾਈਆ । ਤੇਰੀ ਗੋਦੀ ਲਈਏ ਖੇਡ, ਬਹਿ ਬਹਿ ਖ਼ੁਸ਼ੀ ਮਨਾਈਆ । ਤੇਰਾ ਜਲਵਾ ਵੇਖੀਏ ਤੇਜ, ਨੂਰੀ ਜੋਤ ਰੁਸ਼ਨਾਈਆ । ਤੇਰੀ ਮਾਣੀਏ ਸੋਹਣੀ ਸੇਜ, ਸੁਹੰਜਣੀ ਰੁੱਤ ਸੋਭਾ ਪਾਈਆ । ਸਾਡਾ ਜਨਮ ਕਰਮ ਦਾ ਬਦਲ ਦੇ ਲੇਖ, ਰੇਖਾ ਆਪਣੀ ਦੇ ਜਣਾਈਆ । ਮਿਲੀਏ

੯੩੯
੧੭

ਤੇਰੇ ਦੇਸ, ਦੇਸ ਦਸੰਤਰ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਜਨ ਭਗਤੋ ਲਉ ਗੁਟਕਾ, ਇਕੋ ਇਕ ਜਣਾਈਆ । ਜਿਸਦਾ ਮੇਰੇ ਬਿਨਾ ਸਮਝੇ ਕੋਈ ਨਾ ਨੁਕਤਾ, ਮੁਫ਼ਤ ਮਾਤ ਨਾ ਕੋਇ ਵਰਤਾਈਆ । ਉਸ ਨੂੰ ਪੜ੍ਹਿਆਂ ਪੈਂਡਾ ਮੁੱਕਦਾ, ਏਥੇ ਓਥੇ ਨਾ ਰਹੇ ਜੁਦਾਈਆ । ਓਹ ਆਪੇ ਆ ਕੇ ਭਗਤਾਂ ਪੁੱਛਦਾ, ਸੁਤਿਆਂ ਲਏ ਉਠਾਈਆ । ਉਹ ਮਾਲਕ ਲੋਕ ਪਰਲੋਕ ਦਾ, ਦੋ ਜਹਾਨਾਂ ਹੋਏ ਸਹਾਈਆ । ਉਹ ਆਪਣੀ ਸੋਚ ਅਗੰਮੀ ਸੋਚਦਾ, ਜਿਸ ਦੀ ਸਮਝ ਅਗੰਮੀ ਕਿਸੇ ਨਾ ਪਾਈਆ । ਓਹ ਮਾਲਕ ਖ਼ਾਲਕ ਮੁਕਤੀ ਮੋਖ ਦਾ, ਮੁਕਤੀ ਗੁਰਮੁਖਾਂ ਚਰਨਾਂ ਹੇਠ ਦਬਾਈਆ । ਉਹ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜਦਾ, ਭਗਤਾਂ ਅੰਤਰ ਫੋਲ ਫੁਲਾਈਆ । ਓਹ ਰਸੀਆ ਆਪਣੇ ਭੋਗ ਦਾ, ਕੁੜਾਵੀ ਸੇਜ ਨਾ ਕੋਇ ਹੰਢਾਈਆ । ਓਹ ਮਾਲਕ ਆਪਣੇ ਚੋਜ ਦਾ, ਚੋਜੀ ਪ੍ਰੀਤਮ ਇਕ ਅਖਵਾਈਆ । ਓਹ ਤਬੀਬ ਦੁਖੜੇ ਰੋਗ ਦਾ, ਬਿਰਹੋਂ ਰੋਗ ਰਿਹਾ ਗਵਾਈਆ । ਓਹ ਕੰਤ ਸੁਹਾਗੀ ਸੰਜੋਗ ਦਾ, ਹਰਿਜਨ ਮੇਲੇ ਚਾਈਂ ਚਾਈਆ । ਲੇਖਾ ਜਾਣੇ ਦੋਸ਼ ਨਿਰਦੋਸ਼ ਦਾ, ਗੁਰਮੁਖ ਮਨਮੁਖ ਵੇਖੇ ਥਾਉਂ ਥਾਈਂਆ । ਪੜ੍ਹਨਾ ਜਾਣੇ ਰਸਨਾ ਜੇਹਵਾ ਹੋਠ ਦਾ, ਬੱਤੀ ਦੰਦ ਭੇਵ ਚੁਕਾਈਆ । ਰਸਤਾ ਜਾਣੇ ਆਪਣੀ ਜੋਤ ਦਾ, ਜਿਸ ਘਰ ਬਹਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰਾ ਗੁਟਕਾ ਨਿੱਕਾ, ਨਿੱਕਿਉਂ ਵੱਡਾ ਦਏ ਬਣਾਈਆ । ਉਹ ਮੇਲ ਮਿਲਾਵੇ ਇਕੋ ਪਿਤਾ, ਪਤਿਪਰਮੇਸ਼ਵਰ ਜੋੜ ਜੁੜਾਈਆ । ਉਹ ਦੇਵੇ ਸਾਚੀ ਸਿੱਖਾ, ਸਿਖਿਆ ਇਕ ਸਮਝਾਈਆ । ਜਿਸ ਦਾ ਤੀਰ ਨਿਰਾਲਾ ਤਿੱਖਾ, ਅਣਿਆਲਾ ਦਏ ਚਲਾਈਆ । ਜਿਸ ਦਾ ਲੇਖ ਗੋਬਿੰਦ ਲਿਖਾ, ਅੰਤਮ ਗਿਆ ਸਮਝਾਈਆ । ਸੋ ਰੂਪ ਅਗੰਮ ਅਨਡਿੱਠਾ, ਹੰ ਬ੍ਰਹਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੇਰੀ ਪੋਥੀ ਸੋਹੰ ਸੋ, ਸੁਰਤੀ ਸ਼ਬਦ ਮਿਲਾਈਆ । ਦੂਜਾ ਅਵਰ ਨਾ ਜਾਣੇ ਕੋ, ਕੋਟੀ ਕੋਟ ਬੈਠੇ ਧਿਆਨ ਲਗਾਈਆ । ਸਿੱਧਾ ਆਤਮ ਪਰਮਾਤਮ ਨਾਲ ਹੋਵੇ ਮੋਹ, ਮੁਹੱਬਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਸਤਿ ਸਚ ਸਮਝਾਈਆ । ਜਨ ਭਗਤ ਗਾਉਣਾ ਸੋਹੰ ਢੋਲਾ, ਤੂੰ ਮੇਰਾ ਮੈਂ ਤੇਰੀ ਕਰਾਂ ਵਡਿਆਈਆ । ਸਾਹਿਬ ਸਵਾਮੀ ਬਣ ਵਿਚੋਲਾ, ਵਿਛੜੇ ਲਏ ਮਿਲਾਈਆ । ਆਦਿ ਜੁਗਾਦੀ ਧੁਰ ਦਾ ਬੋਲਾ, ਅਨਬੋਲਤ ਦਏ ਸਮਝਾਈਆ । ਦੀਨ ਮਜ਼੍ਹਬ ਦਾ ਇਸ ਵਿਚ ਰਹੇ ਕੋਈ ਨਾ ਰੌਲਾ, ਝਗੜਾ ਜ਼ਾਤ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਸੇ ਦਾ ਇਕਰਾਰ ਕਰਦੇ ਰਹੇ ਕੌਲਾ, ਇਸ਼ਤਿਹਾਰ ਖਾਣੀ ਬਾਣੀ ਮਾਤ ਚਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਮਿਲੇ ਪ੍ਰਭ ਸਾਚਾ ਮੌਲਾ, ਮੌਲਵੀ ਮੁੱਲਾ ਸ਼ੇਖ਼ ਮੁਸਾਇਕ ਪੰਡਤ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਟਕਾ ਕਹੇ ਮੈਂ ਫੜਾਂ ਗੁੱਟ, ਆਪਣਾ ਬਲ ਧਰਾਈਆ । ਭਗਤ ਨਾਤਾ ਨਾ ਜਾਏ ਛੁੱਟ, ਛੁੱਟੇ ਸਰਬ ਲੋਕਾਈਆ । ਸੰਤ ਸੁਹੇਲਾ ਨਾ ਜਾਏ ਰੁੱਠ, ਰੁਠਿਆਂ ਲਵਾਂ ਮਨਾਈਆ । ਗੁਰਮੁਖਾਂ ਉਪਰ ਆਪੇ ਤੁਠ, ਵਸਤ ਅਮੋਲਕ ਝੋਲੀ ਪਾਈਆ । ਗੁਰਸਿਖਾਂ ਦੇ ਕੇ ਸਾਚਾ ਸੁਖ, ਸੁਖ ਆਤਮ ਇਕ ਸਮਝਾਈਆ । ਪਿਤਾ ਨਾਲੋਂ ਵਿਛੜਿਆ ਫੇਰ ਮਿਲੇ ਪੁੱਤ ਆਤਮ ਪਰਮਾਤਮ ਵਿਚ ਸਮਾਈਆ । ਸਚ ਦਵਾਰੇ ਮੌਲੇ ਉਹ ਰੁੱਤ, ਜਿਸ ਰੁੱਤ ਦੀ ਰੁੱਤ ਬਸੰਤ ਬਹਾਰ

ਸਮਝ ਸਕੀ ਨਾ ਰਾਈਆ । ਖੇਲ ਖਿਲਾਏ ਅਬਿਨਾਸ਼ੀ ਅਚੁਤ, ਚਤੁਰ ਸੁਘੜ ਸੁਜਾਨ ਦਏ ਵਡਿਆਈਆ । ਭਗਤਨ ਮੀਤਾ ਠਾਂਡਾ ਸੀਤਾ ਨੀਕਣ ਨੀਕਾ, ਘਰ ਆ ਸਵਾਮੀ ਲਏ ਪੁੱਛ, ਪੁਸ਼ਤ ਦਰ ਪੁਸ਼ਤ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਰੂਪ ਪੈਂਡਾ ਜਾਏ ਮੁੱਕ, ਪਾਂਧੀ ਪੰਧ ਨਾ ਕੋਇ ਕਰਾਈਆ । ਪਰਮ ਪੁਰਖ ਜਨਨੀ ਜਨ ਭਗਤ ਵਛਲ ਰਖੇ ਆਪਣੀ ਕੁੱਖ, ਕੁੱਖ ਸੁਹੰਜਣੀ ਇਕ ਸੁਹਾਈਆ । ਜਨ ਭਗਤਾਂ ਆਵਣ ਜਾਵਣ ਜਨਮ ਕਰਮ ਮੇਟ ਕੇ ਦੁੱਖ, ਸੁਖ ਸਾਗਰ ਸਾਗਰ ਸੁਖ ਚਰਨ ਹਰਿ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਬਦਲ ਕੇ ਸਾਰਾ ਰੁਖ਼, ਅਗੇ ਰੁਖ਼ਸਤ ਛੁੱਟੀ ਸਭ ਤੋਂ ਦਿਤੀ ਦਵਾਈਆ ।

### ✪ ੭ ਮੱਘਰ ੨੦੨੧ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹਿ ਪਿੰਡ ਚੜ੍ਹਦੀ ਤਲਵੰਡੀ ✪

ਜਨ ਭਗਤ ਕਹੇ ਪ੍ਰਭ ਤੇਰਾ ਨਾਮ ਕਿਹੜਾ, ਨਿਰਅੱਖਰ ਦੇ ਸਮਝਾਈਆ । ਦੀਨ ਮਜ਼੍ਹਬ ਦਾ ਰਹੇ ਨਾ ਝੇੜਾ, ਝਗੜਾ ਜ਼ਾਤ ਪਾਤ ਨਾ ਕੋਇ ਵਖਾਈਆ । ਨਜ਼ਰੀ ਆਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਇਕੋ ਰੰਗ ਵਖਾਏ ਸੰਝ ਸਵੇਰਾ, ਕਾਲੀ ਰੈਣ ਰਹਿਣ ਨਾ ਪਾਈਆ । ਆਤਮ ਪਰਮਾਤਮ ਕਹੇ ਤੂੰ ਮੇਰਾ ਮੈਂ ਤੇਰਾ, ਧੁਰ ਦਾ ਸਾਚਾ ਮੇਲ ਮਿਲਾਈਆ । ਜਗਤ ਧਾਰ ਡੁੱਬੇ ਨਾ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਕਾਇਆ ਮੰਦਰ ਵਸੇ ਖੇੜਾ, ਬੰਦ ਖਿੜਕੀ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਦੇ ਸਮਝਾਈਆ । ੯੪੧ ਜਨ ਭਗਤ ਕਹਿਣ ਪ੍ਰਭ ਨਾਮ ਦੱਸ, ਆਪਣਾ ਭੇਵ ਖੁਲ੍ਹਾਈਆ । ਕੂੜੀ ਕਿਰਿਆ ਹੋਵੇ ਭਸ, ਅਗਨੀ ਤਤ ਬੁਝਾਈਆ । ਨਿਜਰ ਮਿਲੇ ਤੇਰਾ ਰਸ, ਅੰਮ੍ਰਿਤ ਬੇਪਰਵਾਹੀਆ । ਮਨੂਆ ਮਨਸਾ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਿਜ ਲੋਚਣ ਦਰਸ਼ਨ ਪਾਈਏ ਅੱਖ, ਸਵੱਛ ਸਰੂਪੀ ਇਕੋ ਨਜ਼ਰੀ ਆਈਆ । ਅਗਲਾ ਪਿਛਲਾ ਮੁਕੇ ਪੰਧ, ਮੰਜ਼ਲ ਰਹਿਣ ਕੋਇ ਨਾ ਪਾਈਆ । ਸਚ ਸੁਣਾ ਦੇ ਢੋਲਾ ਛੰਦ, ਅਗੰਮੀ ਭੇਵ ਖੁਲ੍ਹਾਈਆ । ਜੁਗ ਚੌਕੜੀ ਗਏ ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਜਨ ਭਗਤ ਕਹਿਣ ਤੇਰਾ ਨਾਮ ਕੀ, ਇਕੋ ਇਕ ਜਣਾਈਆ । ਨਿਰਮਲ ਹੋਵੇ ਆਤਮ ਜੀ, ਪਤਤ ਪਵਿੱਤ ਪੁਨੀਤ ਬਣਾਈਆ । ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂ, ਜਨਮ ਮਰਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਜਨ ਭਗਤ ਕਹਿਣ ਕੀ ਤੇਰਾ ਨਾਮ ਮਲਾਹ, ਖੇਵਟ ਖੇਟਾ ਨਜ਼ਰੀ ਆਈਆ । ਅਬਿਨਾਸ਼ੀ ਕਰਤੇ ਦੇ ਸਲਾਹ, ਸਿਖਿਆ ਸਚ ਸਮਝਾਈਆ । ਕੋਟਨ ਕੋਟ ਤੇਰੇ ਸਿਫਤੀ ਨਾਂ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਗਾ, ਅੰਜੀਲ ਕੁਰਾਨ ਹੂ ਹੂ ਨਾਅਰਾ ਲਾਈਆ । ਅੱਖਰਾਂ ਨਾਲ ਰਹੇ ਪੜ੍ਹਾ, ਖਾਣੀ ਬਾਣੀ ਵੰਡ ਵੰਡਾਈਆ । ਸਤਰਾਂ ਨਾਲ ਰਹੇ ਲਿਖਾ, ਨਾਤਾ ਜੋੜ ਕਲਮ ਸ਼ਾਹੀਆ । ਤੇਰਾ ਭੇਵ ਨਿਹਕੇਵ ਸਕੇ ਕੋਈ ਨਾ ਪਾ, ਆਪਣਾ ਪੜਦਾ ਦਏ ਉਠਾਈਆ । ਜਿਸ ਨਾਮ ਵਿਚੋਂ ਗੁਰ ਅਵਤਾਰ ਪੀਰ ਪੈਗ਼ੰਬਰ ਲਏ ਪਰਗਟਾ, ਨਿਰਗੁਣ ਸਰਗੁਣ ਵੇਸ ਵਟਾਈਆ । ਉਸ ਦਾ ਮਤਲਬ ਦੇ ਸਮਝਾ, ਆਪਣੀ ਮਿਹਰ ਨਜ਼ਰ

ਉਠਾਈਆ । ਜਿਸ ਦੇ ਵਿਚ ਜ਼ਾਹਰ ਕਰੇ ਨੂਰ ਖ਼ੁਦਾ, ਜਲਵਾਗਰ ਤੇਰੀ ਰੁਸ਼ਨਾਈਆ । ਸਚ ਦਵਾਰੇ ਮੁਕਾਮੇ ਹਕ ਡੇਰਾ ਬੈਠਾ ਲਾ, ਨੇਤਰ ਨਜ਼ਰ ਕਿਸੇ ਨਾ ਆਈਆ । ਰਹਿਬਰ ਇਕੋ ਦੇ ਸਮਝਾ, ਭੇਵ ਅਭੇਦਾ ਆਪ ਖੁਲ੍ਹਾਈਆ । ਜੋ ਸਿੱਧਾ ਭਗਤਾਂ ਮਿਲੇ ਆ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਤਰ ਦੇ ਜਣਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਨਾਮ ਮੰਤਰ, ਸਮਝ ਕਿਸੇ ਨਾ ਆਈਆ । ਖੇਲੇਂ ਖੇਲ ਜੁਗਾ ਜੁਗੰਤਰ, ਜੁਗ ਚੌਕੜੀ ਵੇਸ ਵਟਾਈਆ । ਲੱਖ ਚੁਰਾਸੀ ਬਣਾਏਂ ਬਣਤਰ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਗੁਣ ਸਰਗੁਣ ਕਰੇਂ ਪੜ੍ਹਾਈਆ । ਮਾਣ ਦਵਾ ਕੇ ਜਗਤ ਸੰਤ, ਸੰਤ ਸੱਜਣ ਹੋਏਂ ਸਹਾਈਆ । ਤੇਰਾ ਕਿਸੇ ਨਾ ਪਾਇਆ ਅੰਤ, ਬੇਅੰਤ ਕਹਿ ਸੁਣਾਈਆ । ਸਾਨੂੰ ਦੱਸ ਦੇ ਉਹ ਮੰਤ, ਜੋ ਤੇਰਾ ਤੇਰੇ ਵਿਚੋਂ ਨਜ਼ਰੀ ਆਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਏਕਾ ਨਾਮ ਦੱਸ ਦੇ ਮੰਤ, ਕੀ ਉਸ ਦੇ ਵਿਚ ਵਡਿਆਈਆ । ਜੋ ਮੇਲ ਮਿਲਾਵਾ ਕਰੇ ਨਾਰ ਕੰਤ, ਸੁਰਤੀ ਸ਼ਬਦੀ ਜੋੜ ਜੁੜਾਈਆ । ਜੋ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਜੋ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇ ਦ੍ਰਿੜ੍ਹਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਨਾਮ ਨਿਧਾਨਾ, ਨੈਣ ਨਜ਼ਰ ਕਿਸੇ ਨਾ ਆਈਆ । ਜੋ ਆਦਿ ਪੁਰਖ ਆਦਿ ਦਿਤਾ ਫ਼ਰਮਾਨਾ, ਸੋ ਹੁਕਮ ਦੇ ਸੁਣਾਈਆ । ਜਿਸ ਦਾ ਰਾਗਾਂ ਨਾਦਾਂ ਵਿਚੋਂ ਬਾਹਰ ਤਰਾਨਾ, ਤੁਰੀਆ ਸਮਝ ਸਕੀ ਨਾ ਰਾਈਆ । ਜਿਸ ਦਾ ਗੁਰ ਅਵਤਾਰਾਂ ਪੀਰ ਪੈਗੰਬਰਾਂ ਕੋਲੋਂ ਬਾਹਰ ਟਿਕਾਣਾ, ਦੂਰ ਦੁਰਾਡਾ ਡੇਰਾ ਲਾਈਆ । ਜਿਸ ਦਾ ਥਿਰ ਘਰ ਹੋਏ ਮਕਾਨਾ, ਸਚਖੰਡ ਨਿਵਾਸੀ ਦੇ ਸਮਝਾਈਆ । ਜਿਸ ਦਾ ਕੋਈ ਸਮਝ ਨਾ ਸਕੇ ਮਾਪ ਪੈਮਾਨਾ, ਪੈਮਾਇਸ਼ ਵਿਚ ਕਦੇ ਨਾ ਆਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਗਾਵਣ ਬਿਨ ਰਸਨਾ ਜ਼ਬਾਨਾ, ਇਕੋ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਦੇ ਸਮਝਾਈਆ । ਜਨ ਭਗਤ ਕਹਿਣ ਤੇਰੇ ਨਾਮ ਦੀ ਕੀ ਵਡਿਆਈ, ਹਰਿ ਕਰਤੇ ਦੇ ਦ੍ਰਿੜ੍ਹਾਈਆ । ਜੁਗ ਚੌਕੜੀ ਜਿਸ ਨੇ ਧਾਰ ਬੰਧਾਈ, ਚਾਰ ਕੁੰਟ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਜਿਸ ਖੇਲ ਖਿਲਾਈ, ਲੱਖ ਚੁਰਾਸੀ ਰਿਹਾ ਸਮਾਈਆ । ਛੱਪਰ ਛੰਨ ਜਿਸ ਨਾਲ ਛੁਹਾਈ, ਮਹੱਲ ਅਟਲ ਡੇਰਾ ਲਾਈਆ । ਜਿਸ ਦੀ ਨਜ਼ਰ ਨਾ ਆਈ ਕੋਈ ਮਾਈ, ਪਿਤਾ ਪੂਤ ਨਾ ਗੋਦ ਉਠਾਈਆ । ਜਿਸ ਦਾ ਸੱਜਣ ਨਾ ਕੋਈ ਭਾਈ, ਸਗਲਾ ਸੰਗ ਨਾ ਕੋਈ ਬਣਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਲਿਖਾਈ, ਕਾਗ਼ਜ਼ ਕਲਮ ਨਾ ਦਏ ਕੋਇ ਵਡਿਆਈਆ । ਜਿਸ ਦੀ ਘਾੜਤ ਬਣਤ ਬਣ ਠਠਿਆਰ ਨਾ ਕਿਸੇ ਘੜਾਈ, ਰੂਪ ਰੰਗ ਸਮਝ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਦੇ ਦਰਸਾਈਆ । ਜਨ ਭਗਤ ਕਹਿਣ ਪ੍ਰਭ ਆਪਣੇ ਨਾਮ ਦਾ ਦੇ ਦਰਸ, ਦੂਜਾ ਦਰਸ ਕੋਇ ਨਾ ਪਾਈਆ । ਬਿਨ ਰਸਨਾ ਜਿਹਵਾ ਬੋਲਿਆਂ ਮਿਟ ਜਾਏ ਹਰਸ, ਹਸਤੀ ਦੇ ਬਦਲਾਈਆ । ਰਹਿਮਤ ਕਰਕੇ ਕਰ ਤਰਸ, ਮਿਹਰ ਨਜ਼ਰ ਉਠਾਈਆ । ਬਿਰਹੋਂ ਵਿਛੋੜੇ ਰਹੇ ਭਟਕ, ਭਟਕਣਾ ਦੇ ਬੁਝਾਈਆ । ਤੇਰੇ ਮਿਲਣ ਦਾ ਸੁਹੰਜਣਾ ਹੋਵੇ ਵਕਤ, ਘੜੀ ਪਲ ਪਿਛਲਾ ਪੰਧ

ਮੁਕਾਈਆ । ਲਹਿਣਾ ਜਗਤ ਮੁਕ ਜਾਏ ਅਰਸ਼ ਫ਼ਰਸ਼, ਜ਼ਿਮੀਂ ਅਸਮਾਨ ਚਰਨਾਂ ਹੇਠ ਦਬਾਈਆ । ਤੇਰੇ ਨਾਮ ਦੀ ਅਗੰਮੀ ਸੁਣੀਏ ਤਰਜ਼, ਨਾਦਾਂ ਵਿਚੋਂ ਬਾਹਰ ਜਣਾਈਆ । ਤੇਰਾ ਕੁਛ ਨਹੀਂ ਹੋਣਾ ਹਰਜ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਤੇਰੇ ਹੱਥ ਵਡਿਆਈਆ । ਜਨ ਭਗਤ ਸੁਹੇਲੇ ਕਰਨ ਅਰਜ਼, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਮ ਦੇ ਸਮਝਾਈਆ । ਧੁਰ ਦਾ ਨਾਮ ਦੱਸ ਸ੍ਰੀ ਭਗਵਾਨ, ਆਪਣੀ ਦਇਆ ਕਮਾਈਆ । ਵਾਹਿਗੁਰੂ ਅੱਲਾ ਸਾਰੇ ਕਹਿੰਦੇ ਰਾਮ, ਗਾਡ ਖ਼ੁਦਾ ਕ੍ਰਿਸ਼ਨ ਕਹਿ ਕਹਿ ਰਹੇ ਧਿਆਈਆ । ਜਿਸ ਨਾਲ ਸਭ ਦਾ ਕਰੇਂ ਇੰਤਜਾਮ, ਬੰਦੋਬਸਤ ਉਸੇ ਦੇ ਹੱਥ ਫੜਾਈਆ । ਜਿਸ ਦਾ ਬਦਲ ਨਾ ਜਾਏ ਨਿਜ਼ਾਮ, ਰਈਅਤ ਰੂਪ ਨਾ ਕੋਇ ਵਟਾਈਆ । ਜਿਸ ਦਾ ਆਦਿ ਜੁਗਾਦਿ ਇਕੋ ਕਲਮਾ ਇਕ ਕਲਾਮ, ਇਕੋ ਮੰਤਰ ਦਏ ਦ੍ਰਿੜਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਮ, ਬਿਨ ਹੁਜਰਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਧੁਰ ਦਾ ਮੰਤਰ ਇਕ ਦ੍ਰਿੜਾਈਆ । ਜਨ ਭਗਤ ਕਹਿਣ ਤੇਰਾ ਮੰਤਰ ਕੋਈ ਨਾ ਸਕੇ ਸਮਝ, ਸਮਝ ਵਿਚ ਕਿਸੇ ਨਾ ਆਈਆ । ਕਰ ਕਿਰਪਾ ਮਾਰ ਉਹ ਰਮਜ਼, ਇਸ਼ਾਰਾ ਇਕੋ ਇਕ ਵਖਾਈਆ । ਜਿਸ ਨਾਲ ਮਿਲੇ ਮੇਲ ਸੂਰਬੀਰ ਮਰਦਾਨੇ ਮਰਦ, ਮਦਦਗਾਰ ਇਕੋ ਨਜ਼ਰੀ ਆਈਆ । ਜੋ ਦੋ ਜਹਾਨਾਂ ਵੰਡੇ ਦਰਦ, ਦੀਨਾਂ ਹੋਏ ਸਹਾਈਆ । ਜਿਸ ਦੇ ਹੱਥ ਕਿਸੇ ਨਾ ਆਏ ਛੁਰੀ ਕਸਾਈ ਕਰਦ, ਖੰਡਾ ਖੜਗ ਨਾ ਕੋਇ ਉਠਾਈਆ । ਜਿਸ ਦੇ ਹੁਕਮੇ ਅੰਦਰ ਸਵਰਗ ਨਰਕ, ਦੋਜ਼ਖ਼ ਬਹਿਸ਼ਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਨਾਮ ਦੇਣਾ ਸਮਝਾਈਆ । ਸੋ ਪੁਰਖ ਨਿਰੰਜਣ ਦੱਸ ਆਪਣਾ ਨਾਮ, ਨਰ ਹਰਿ ਨਰਾਇਣ ਇਕ ਜਣਾਈਆ । ਹਰਿ ਪੁਰਖ ਨਿਰੰਜਣ ਦੱਸ ਆਪਣਾ ਨਾਮ, ਨਿਰਗੁਣ ਨਿਰਵੈਰ ਦੇ ਦ੍ਰਿੜਾਈਆ । ਏਕੰਕਾਰ ਦੱਸ ਆਪਣਾ ਨਾਮ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਆਦਿ ਨਿਰੰਜਣ ਦੱਸ ਆਪਣਾ ਨਾਮ, ਬੇਅੰਤ ਬੇਪਰਵਾਹੀਆ । ਅਬਿਨਾਸ਼ੀ ਕਰਤੇ ਦੱਸ ਆਪਣਾ ਨਾਮ, ਨਾਉਂ ਨਿਰੰਕਾਰਾ ਇਕ ਦਰਸਾਈਆ । ਸ੍ਰੀ ਭਗਵਾਨ ਦੱਸ ਆਪਣਾ ਨਾਮ, ਬਿਨ ਅੱਖਰਾਂ ਦੇ ਸਮਝਾਈਆ । ਪਾਰਬ੍ਰਹਮ ਦੱਸ ਆਪਣਾ ਨਾਮ, ਭੇਵ ਅਭੇਦਾ ਦੇ ਖੁਲ੍ਹਾਈਆ । ਬ੍ਰਹਮ ਆਤਮ ਕਰੇ ਸਲਾਮ, ਬੰਦਨਾ ਸੀਸ ਝੁਕਾਈਆ । ਕਲਮਿਆਂ ਵਾਲੀ ਸਾਨੂੰ ਨਾ ਚਾਹੀਏ ਕਲਾਮ, ਅਲਫ਼ ਯੇ ਦੀ ਲੋੜ ਰਹੇ ਨਾ ਰਾਈਆ । ਬਿਨ ਰਸਨਾ ਜਿਹਵਾ ਦੇ ਪੈਗ਼ਾਮ, ਪੈਗ਼ੰਬਰ ਇਕੋ ਇਕ ਆਵਾਜ਼ ਸੁਣਾਈਆ । ਹਉਂ ਬਾਲਕ ਬਾਲ ਨਿਧਾਨ, ਹੱਥ ਤੇਰੇ ਵਡਿਆਈਆ । ਕੀ ਢੋਲਾ ਗਾਈਏ ਗਾਣ, ਰਸਨਾ ਜ਼ਬਾਨ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਨਾਮ ਵਰ, ਵਰਦਾਤੇ ਤੇਰੀ ਸਰਨਾਈਆ । ਸਾਚਾ ਨਾਮ ਦੇ ਇਕ, ਇਕ ਇਕੱਲਾ ਤੂੰ ਹੀ ਨਜ਼ਰੀ ਆਈਆ । ਸਾਚਾ ਨਾਮ ਦੇ ਇਕ, ਇਕ ਦਵਾਰੇ ਸੀਸ ਜਾਏ ਟਿਕ, ਚਰਨ ਕਵਲ ਇਕ ਵਡਿਆਈਆ । ਇਕ ਘਰ ਬਾਰ ਮਿਲੇ ਭਿਖ, ਭਿਛਿਆ ਇਕ ਵਰਤਾਈਆ । ਇਕ ਨਿਰੰਕਾਰਾ ਆਵੇ ਦਿਸ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕ ਬੈਠਾ ਸਾਹਿਬ ਅਨਡਿਠ, ਸਚਖੰਡ ਸਾਚੇ ਸੋਭਾ ਪਾਈਆ । ਇਕ ਆਦਿ ਜੁਗਾਦੀ ਮਾਤ ਪਿਤ, ਪਤਿਪਰਮੇਸ਼ਵਰ ਨਾਉਂ ਧਰਾਈਆ । ਇਕੋ ਕਰੇ ਸੱਚਾ ਹਿਤ, ਪ੍ਰੀਤੀ ਆਪਣੇ ਨਾਲ ਰਖਾਈਆ । ਇਕੋ ਚਾਰ ਕੁੰਟ ਆਏ ਦਿਸ, ਦੂਜਾ ਰੂਪ ਨਾ ਕੋਇ ਧਰਾਈਆ । ਇਕੋ ਨਾਮ ਨਿਰੰਕਾਰਾ ਲਈਏ ਲਿਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਦੇਣਾ ਇਕ ਵਰ, ਜਨ ਭਗਤ ਮੰਗ ਮੰਗਾਈਆ । ਸਚ ਨਾਮ ਦਾ ਖੋਲ੍ਹ ਪੜਦਾ, ਆਪਣਾ ਭੇਵ ਚੁਕਾਈਆ । ਕੋਟ ਨਾਮ ਕਲਜੁਗ ਜੀਵ ਪੜ੍ਹਦਾ, ਤੇਰਾ ਮੇਲ ਨਾ ਕੋਇ ਮਿਲਾਈਆ । ਤ੍ਰੈਗੁਣ ਅਗਨ ਵਿਚ ਸੜਦਾ, ਪੰਜ ਤਤ ਕਰੇ ਲੜਾਈਆ । ਭੈ ਭਉ ਵਿਚ ਕੋਇ ਨਾ ਡਰਦਾ, ਨਿਰਭੈ ਤੇਰਾ ਮਾਣ ਨਾ ਕੋਇ ਰਖਾਈਆ । ਤੇਰਾ ਭਗਤ ਅੰਤਰ ਆਤਮ ਤੇਰਾ ਰਾਹ ਤੱਕਦਾ, ਨੇਤਰ ਨੈਣ ਅੱਖ ਖੁਲ੍ਹਾਈਆ । ਰਸਨਾ ਜਿਹਵਾ ਬੋਲ ਕੁਛ ਨਾ ਦੱਸਦਾ, ਬੱਤੀ ਦੰਦ ਨਾ ਕੋਇ ਵਡਿਆਈਆ । ਸ਼ਬਦ ਉਡਾਰੀ ਅਗੰਮੀ ਨੱਸਦਾ, ਭੱਜੇ ਵਾਹੋ ਦਾਹੀਆ । ਜਿਸ ਘਰ ਸਵਾਮੀ ਪ੍ਰੀਤਮ ਵਸਦਾ, ਵੇਖਾਂ ਸਹਿਜ ਸੁਭਾਈਆ । ਇਹ ਲੇਖਾ ਓਸ ਅੱਖ ਦਾ, ਜਿਸ ਦਾ ਨੇਤਰ ਨਾ ਕੋਇ ਸਮਝਾਈਆ । ਤੂੰ ਮਾਲਕ ਖ਼ਾਲਕ ਘਟ ਘਟ ਦਾ, ਪ੍ਰਿਤਪਾਲਕ ਬੇਪਰਵਾਹੀਆ । ਤੇਰਾ ਭਗਤ ਪ੍ਰਭੂ ਕਿਹੜਾ ਨਾਮ ਰਟਦਾ, ਜਿਸ ਨਾਲ ਰੱਟੇ ਦਏਂ ਮੁਕਾਈਆ । ਮਾਣ ਰਖਾਵੇਂ ਧੰਨੇ ਜੱਟ ਦਾ, ਨਾਮੇ ਗਊ ਜਿਵਾਈਆ । ਕਬੀਰ ਜੁਲਾਹਾ ਘਰ ਸੱਦਦਾ, ਰਵਿਦਾਸ ਚਮਾਰੇ ਵੱਜੇ ਵਧਾਈਆ । ਨਾਤਾ ਜੋੜ ਕੇ ਪਿਉ ਪੁੱਤ ਦਾ, ਘਰ ਸਾਚੇ ਮੇਲ ਮਿਲਾਈਆ । ਹੋਵੇ ਵੇਲਾ ਸੁਹੰਜਣੀ ਰੁੱਤ ਦਾ, ਰੁਤੜੀ ਇਕ ਮਹਿਕਾਈਆ । ਤੇਰਾ ਭਗਤ ਤੇਰੇ ਕੋਲੋਂ ਪੁੱਛਦਾ, ਸਚ ਸਚ ਦੇ ਸਮਝਾਈਆ । ਨਾਤਾ ਤੁਟੇ ਉਲਟੇ ਰੁੱਖ ਦਾ, ਮਾਤ ਗਰਭ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਦੇ ਦਰਸਾਈਆ । ਆਪਣੇ ਨਾਮ ਦਾ ਚੁੱਕਦੇ ਓਹਲਾ, ਦਰ ਠਾਂਡੇ ਮੰਗ ਮੰਗਾਈਆ । ਤੇਰਾ ਗਾਈਏ ਇਕੋ ਸੋਹਲਾ, ਸੋ ਪੁਰਖ ਨਿਰੰਜਣ ਸਿਫ਼ਤ ਸਾਲਾਹੀਆ । ਅਗੰਮ ਅਥਾਹ ਦੱਸ ਦੇ ਢੋਲਾ, ਧੁਰ ਦਾ ਢੋਆ ਝੋਲੀ ਪਾਈਆ । ਨਿਰਗੁਣ ਸਰਗੁਣ ਬਣ ਵਿਚੋਲਾ, ਵਿਚਲਾ ਭੇਵ ਦੇ ਖੁਲ੍ਹਾਈਆ । ਮਿਲਣੀ ਜਗਦੀਸ ਮਿਲੇ ਮੌਲਾ, ਮੁਹੱਬਤ ਨੂਰ ਖ਼ੁਦਾਈਆ । ਲੇਖਾ ਚੁੱਕੇ ਧਰਨੀ ਧਰਤ ਧੌਲਾ, ਧਾਮ ਇਕੋ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਝੋਲੀ ਪਾਈਆ । ਜਨ ਭਗਤ ਕਹੇ ਤੇਰੇ ਨਾਮ ਦਾ ਕੀ ਰੰਗ, ਰੰਗਾਂ ਵਿਚੋਂ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਦੇ ਦੇ ਸੰਗ, ਸਗਲਾ ਸੰਗ ਤਜਾਈਆ । ਅਨੋਖਾ ਵੱਖਰਾ ਬਖ਼ਸ਼ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਨੂਰ ਨੁਰਾਨੀ ਚਾੜ੍ਹ ਦੇ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਪੰਧ ਮੁਕਾ ਕੇ ਖੰਡ ਬ੍ਰਹਿਮੰਡ, ਬ੍ਰਹਿਮਾਂਡ ਡੇਰਾ ਢਾਹੀਆ । ਸਚ ਦੱਸ ਦੇ ਆਪਣਾ ਚਿੰਨ੍ਹ, ਜਿਸ ਦਾ ਰੂਪ ਨਾ ਕੋਇ ਸਮਝਾਈਆ । ਨਿਰਗੁਣ ਕੋਲੋਂ ਮੰਗਦੇ ਨਿਰਗੁਣ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਸੁਣ ਕੇ ਬਾਤ, ਆਪਣੀ ਲਏ ਅੰਗੜਾਈਆ । ਜਨ ਭਗਤੋ ਵੇਖੋ ਕਲਜੁਗ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰਾ ਨਾਉਂ ਰਸਨਾ ਗਾਉਂਦੇ ਬਹੁ ਭਾਂਤ, ਕੋਟੀ ਕੋਟ ਸਿਫ਼ਤ ਸਲਾਹੀਆ । ਦੀਨ ਮਜ਼੍ਹਬ ਬਣ ਜਮਾਤ, ਸ਼ਰਅ ਸ਼ਰੀਅਤ ਨਾਲ ਮਿਲਾਈਆ । ਅੰਜੀਲ ਕੁਰਾਨਾਂ ਵਾਲੀ ਆਇਤ, ਤੀਸ ਬਤੀਸਾ ਰਹੇ ਗਾਈਆ । ਵੇਦ ਪੁਰਾਨਾਂ ਵਾਲੀ ਹਦਾਇਤ, ਹੱਦਾਂ ਵਿਚ ਸਮਝਾਈਆ । ਗਿਆਨ ਧਿਆਨ ਵਾਲੀ ਰਿਹਾਇਸ਼, ਰਹਿਬਰ ਰਹੇ ਦ੍ਰਿੜਾਈਆ । ਖਾਣੀ ਬਾਣੀ ਕਰ ਅਜ਼ਮਾਇਸ਼, ਇਸਮ ਆਜ਼ਮ ਰਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤੋ ਸੁਣੋ ਹਰਿ ਕਾ ਨਾਮ, ਹਰਿ ਕਰਤਾ ਆਪ ਜਣਾਈਆ । ਜਿਸ ਦਾ ਨਜ਼ਰ ਨਾ ਆਏ ਨਿਸ਼ਾਨ, ਨਿਸ਼ਾਨੇ ਤੀਰ ਰਿਹਾ ਚਲਾਈਆ । ਜਿਸ ਦਾ ਆਦਿ

ਜੁਗਾਦਿ ਪੈਗ਼ਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਦਾ ਨਿਤ ਨਵਿਤ ਢੋਲਾ ਗਾਣ, ਸਿਫ਼ਤਾਂ ਨਾਲ ਸਾਲਾਹੀਆ । ਜਿਸ ਦੇ ਉਤੇ ਸਭ ਦਾ ਮਾਣ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਦਏ ਵਡਿਆਈਆ । ਜਨ ਭਗਤੋ ਸੁਣੋ ਸੋਹਲਾ ਸਚ, ਹਰਿ ਕਰਤਾ ਆਪ ਜਣਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਰੂਪ ਵਟਾਈਆ । ਸਚ ਸੰਦੇਸ਼ਾ ਦੇਵਾਂ ਹੱਸ ਹੱਸ, ਹਸਤੀ ਆਪਣੇ ਨਾਲ ਮਿਲਾਈਆ । ਜੁਗ ਚੌਕੜੀ ਪੰਧ ਮੁੱਕਿਆ ਨੱਸ ਨੱਸ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਇਕੱਠ, ਸਚਖੰਡ ਦਵਾਰੇ ਪ੍ਰਭ ਅੱਗੇ ਸੀਸ ਨਿਵਾਈਆ । ਨੇਤਰ ਰੋ ਪੁਕਾਰਨ ਤੀਰਥ ਤੱਟ, ਅਠਸਠ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਬਦਲ ਆਪਣੀ ਕਰਵਟ, ਸਨਮੁਖ ਆਪਣੀ ਦਇਆ ਕਮਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਬਣ ਹਟਵਾਣਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਰਿਹਾ ਦ੍ਰਿੜਾਈਆ । ਸਚ ਨਾਮ ਦਾ ਸਚ ਟਿਕਾਣਾ, ਹਰਿ ਕਰਤਾ ਆਪ ਜਣਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਸਚ ਪ੍ਰੇਮ ਦਏ ਦਰਸਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਮਹਾਂਬਲੀ ਅਖਵਾਈਆ । ਜੋਧਾ ਸੂਰਬੀਰ ਬਲਵਾਨਾ, ਬਲਧਾਰੀ ਇਕ ਹੋ ਜਾਈਆ । ਪ੍ਰਿਤਪਾਲਕ ਬਣੇ ਦੋ ਜਹਾਨਾਂ, ਲੱਖ ਚੁਰਾਸੀ ਸੇਵ ਕਮਾਈਆ । ਜੈ ਜੈਕਾਰ ਗਾਵੇ ਇਕ ਤਰਾਨਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਸੁਣੋ ਹਰਿ ਨਾਮ ਅਗੰਮ, ਅਗੰਮੜੀ ਧਾਰ ਜਣਾਇੰਦਾ । ਜੋ ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਸਤਾਇੰਦਾ । ਪਵਣ ਸਵਾਸ ਨਾ ਕੋਇ ਦਮ, ਨੇਤਰ ਨੀਰ ਨਾ ਕੋਇ ਵਹਾਇੰਦਾ । ਮਾਲ ਖ਼ਜ਼ਾਨਾ ਨਾ ਦੌਲਤ ਧਨ, ਸ਼ਾਹ ਕੰਗਾਲ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੱਚਾ ਨਾਮ ਇਕ ਦ੍ਰਿੜਾਇੰਦਾ । ਸਾਚਾ ਨਾਮ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਆਦਿ ਅੰਤ ਸਮਝ ਕਿਸੇ ਨਾ ਆਈਆ । ਨੌ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਪੁਰਖ ਅਕਾਲ ਆਪੇ ਲਏ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਅੰਦਰ ਵੜ ਕੇ ਬਹੇ, ਨਿਰਗੁਣ ਆਪਣਾ ਆਸਣ ਲਾਈਆ । ਗੜ੍ਹ ਹੰਕਾਰੀ ਤੋੜ ਕੇ ਮੈਂ, ਮਮਤਾ ਕੂੜੀ ਦਏ ਮਿਟਾਈਆ । ਪ੍ਰੇਮ ਪ੍ਰੀਤੀ ਅੰਦਰ ਕਰਕੇ ਲੈ, ਲਹਿਣਾ ਦੇਣਾ ਦਏ ਚੁਕਾਈਆ । ਇਕੋ ਨਾਮ ਆਦਿ ਜੁਗਾਦੀ ਰਹੇ, ਜੋ ਅਬਿਨਾਸ਼ੀ ਕਰਤਾ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਸਭ ਦੇ ਦਏ ਮੁਕਾਈਆ । ਇਕੋ ਨਾਮ ਤੇਰਾ ਬਬੇਰਾ, ਜਨ ਭਗਤ ਖ਼ੁਸ਼ੀ ਮਨਾਈਆ । ਜਿਸ ਨਾਲ ਡੁਬਦਾ ਤਰੇ ਬੇੜਾ, ਵੰਝ ਮੁਹਾਣਾ ਦਏ ਲਗਾਈਆ । ਉਜੜਿਆ ਵਸੇ ਖੇੜਾ, ਘਰ ਬਹਾਰ ਲਗਾਈਆ । ਸੋਹਣਾ ਲੱਗੇ ਡੇਰਾ, ਘਰ ਦਿਸੇ ਬੇਪਰਵਾਹੀਆ । ਨਾਤਾ ਤੁੱਟੇ ਤੇਰਾ ਮੇਰਾ, ਰੂਪ ਤੂੰ ਹੀ ਨਜ਼ਰੀ ਆਈਆ । ਜਨ ਭਗਤਾਂ ਮਨ ਚਾਉ ਘਨੇਰਾ, ਖ਼ੁਸ਼ੀਆਂ ਰੰਗ ਵਖਾਈਆ । ਹਕੀਕਤ ਵਿਚੋਂ ਹਕ ਨਿਬੇੜਾ, ਸਚ ਤੌਫ਼ੀਕ ਨੂਰ ਖ਼ੁਦਾਈਆ । ਮਹਿਬੂਬ ਮੁਹੱਬਤ ਵਿਚ ਕਰੇ ਮਿਹਰਾ, ਮਿਹਰਾ ਮਜ਼ਲਸ ਇਕ ਲਗਾਈਆ । ਪਰਵਰਦਿਗਾਰ ਨੂਰਾਨੀ ਦੱਸ ਕੇ ਆਪਣਾ ਚੇਹਰਾ, ਚਮਕ ਇਕ ਚਮਕਾਈਆ । ਅਬਿਨਾਸ਼ੀ ਕਰਤਾ ਵੇਖਣਹਾਰਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਸਾਚਾ ਮੰਤਰ ਗਾਉਣਾ ਸਚ ਜੀਭ, ਜਿਹਵਾ ਰਸਨਾ ਮਿਲੇ ਵਡਿਆਈਆ । ਜੁਗ ਚੌਕੜੀ ਪਿਛੋਂ ਮਿਲਿਆ ਅਜੀਬ, ਅਜਬ ਨਿਰਾਲੀ ਧਾਰ ਵਖਾਈਆ । ਪੁਰਖ ਅਕਾਲ ਆਪਣੇ ਨਾਮ ਦੀ ਦੱਸ ਕੇ ਆਪ ਤਰਤੀਬ, ਤਰਜ਼ ਰਾਗ ਸਮਝਾਈਆ । ਜਨ ਭਗਤਾਂ ਜਾਗੇ ਓਹ ਨਸੀਬ, ਜਿਸ ਦੀ ਨਿਸਬਤ ਨਾ ਕੋਇ ਕਢਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਸੋ ਦੂਰ ਦੁਰਾਡਾ ਆਇਆ ਕਰੀਬ, ਕਾਇਆ ਕਾਅਬਾ ਵੇਖ ਵਖਾਈਆ । ਗ਼ਫ਼ਲਤ ਵਿਚ ਕੋਈ ਨਾ ਸੋਏ ਨੀਂਦ, ਸੁੱਤਿਆਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਮ ਇਕ ਪੜ੍ਹਾਈਆ । ਧੁਰ ਦਾ ਨਾਮ ਗੁਰਮੁਖ ਪੜ੍ਹਿਆ, ਭਗਤ ਮਿਲੀ ਵਡਿਆਈਆ । ਘਰ ਮੰਦਰ ਸਾਚੇ ਚੜ੍ਹਿਆ, ਨਿਜ ਘਰ ਆਪਣਾ ਪੜਦਾ ਲਾਹੀਆ । ਸਚ ਸਰੋਵਰ ਅੰਦਰ ਹਰਿਆ, ਅਗਨੀ ਤਤ ਬੁਝਾਈਆ । ਰਾਗ ਅਗੰਮੀ ਸੁਣਿਆ, ਅਨਹਦ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਨਾਮ ਦੀ ਸਿਫ਼ਤ ਸਲਾਹ, ਸਾਹਿਬ ਆਪ ਜਣਾਈਆ । ਆਪਣੇ ਨਾਮ ਪਿਛੇ ਸਚਖੰਡ ਨਿਵਾਸੀ ਲੋਕਮਾਤ ਮਿਲਿਆ ਆ, ਨਿਰਗੁਣ ਆਪਣਾ ਫੇਰਾ ਪਾਈਆ । ਭਗਤ ਭਗਵਾਨ ਲਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਗ ਅਭਿਆਸ ਨਾ ਦਿਤਾ ਕੋਈ ਕਰਾ, ਸਾਧਨਾ ਜਗਤ ਨਾ ਕੋਇ ਵਡਿਆਈਆ । ਬੋਧ ਅਗਾਧਾ ਇਕੋ ਮੰਤਰ ਦਿਤਾ ਦ੍ਰਿੜਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸ਼ਾਹਰਗ ਦੇ ਉਪਰ ਡੇਰਾ ਲਾ, ਨੌਂ ਦਵਾਰੇ ਪੰਧ ਚੁਕਾਈਆ । ਰਾਤੀਂ ਸੁਤਿਆਂ ਦਰਸ ਦਿਖਾ, ਦੀਦ ਈਦ ਕਰੀ ਰੁਸ਼ਨਾਈਆ । ਇਸ ਤੋਂ ਅੱਗੇ ਨਹੀਂ ਖ਼ੁਦਾ, ਜੋ ਵੱਖਰਾ ਡੇਰਾ ਲਾਈਆ । ਜਨ ਭਗਤਾਂ ਮੇਲਾ ਸਹਿਜ ਸੁਭਾ, ਸੁਰਤੀ ਸ਼ਬਦ ਨਾਲ ਜੁੜਾਈਆ । ਨਾਨਕ ਕਬੀਰਾ ਬਣ ਗਵਾਹ, ਸ਼ਹਾਦਤ ਆਪਣੀ ਰਹੇ ਭੁਗਤਾਈਆ । ਜਿਸ ਨੂੰ ਲੱਭਣਾ ਉਤੇ ਆਸਮਾਂ, ਸੋ ਲਬਾਂ ਉਤੇ ਵੇਖ ਵਖਾਈਆ । ਆਪਣੀ ਰਸਮ ਰਿਹਾ ਬਦਲਾ, ਅਦਲ ਇਕੋ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਚੇ ਨਾਮ ਦਾ ਸਾਚਾ ਜੋਸ਼, ਜੋਗ ਜੁਗਤ ਆਪ ਜਣਾਈਆ । ਅੰਦਰ ਟਿੱਕਾ ਕੇ ਨਾੜੀ ਪੋਸ਼, ਪੁਸ਼ਤ ਪਨਾਹ ਹੱਥ ਰਖਾਈਆ । ਇਕੋ ਨਾਮ ਖ਼ੁਮਾਰੀ ਦੇ ਮਦਹੋਸ਼, ਮਦ ਇਕੋ ਜਾਮ ਪਿਆਈਆ । ਮਨ ਬੁਧ ਦੀ ਜਾਏ ਸੋਚ, ਸਮਝ ਇਕੋ ਦਏ ਸਮਝਾਈਆ । ਨੇਤਰ ਅੱਖ ਖੋਲ੍ਹ ਕੇ ਲੋਚ, ਲੋਚਨ ਲਏ ਮਿਲਾਈਆ । ਭਾਗ ਲਗਾ ਕੇ ਕਾਇਆ ਕੋਟ, ਸਾਢੇ ਤਿੰਨ ਹੱਥ ਦਏ ਵਡਿਆਈਆ । ਸ਼ਬਦ ਅਗੰਮੀ ਲਗਾਵੇ ਚੋਟ, ਸੋਈ ਸੁਰਤੀ ਆਪ ਉਠਾਈਆ । ਮਨ ਵਾਸਨਾ ਕੱਢੇ ਖੋਟ, ਮਮਤਾ ਮੋਹ ਮਿਟਾਈਆ । ਜਨਮ ਜਨਮ ਦਾ ਕੱਢੇ ਰੋਗ, ਧੁਰ ਸੰਜੋਗ ਮਿਲਾਈਆ । ਜਿਨ੍ਹਾਂ ਸੁਣਾਇਆ ਆਪਣਾ ਸਲੋਕ, ਸੋ ਸੋਹਲੇ ਗਾਉਂਦੇ ਚਾਈਂ ਚਾਈਂਆ । ਉਨ੍ਹਾਂ ਨੂੰ ਲੋੜ ਰਹੀ ਕੋਈ ਨਾ ਮੋਖ, ਅੰਤਮ ਜੋਤੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਭਗਤਾਂ ਹੱਥ ਟਿਕਾਈਆ । ਜਨ ਭਗਤੋ ਤੁਹਾਡਾ ਮੰਦਰ ਇਕ, ਮੰਜ਼ਲ ਆਪਣੀ ਦਏ ਸਮਝਾਈਆ । ਜਿਥੇ ਪੈਂਡਾ ਜਾਏ ਮੁਕ, ਪਾਂਧੀ ਨਜ਼ਰ ਕੋਇ ਨਾ ਆਈਆ । ਪਰਗਟ ਹੋਵੇ ਜੋ ਬੈਠਾ ਲੁਕ, ਸਨਮੁਖ ਹੋ ਕੇ ਦਰਸ ਦਿਖਾਈਆ । ਦਰਸ ਦੇਣ ਦੀ ਪ੍ਰਭ ਨੂੰ ਭੁੱਖ, ਜੁਗ ਚੌਕੜੀ ਆਪਣੀ ਧਾਰ ਚਲਾਈਆ । ਇਸ ਤੋਂ ਪਰੇ ਨਹੀਂ ਹੋਰ ਕੁਛ, ਧੁਰ ਦਾ ਲੇਖਾ ਦਏ ਦ੍ਰਿੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਨਸ ਮਨੁਸ਼ ਆਪਣੇ ਰੰਗ ਰੰਗਾਈਆ । ਜਨ ਭਗਤ ਕਹਿਣ ਤੇਰਾ ਸਚ ਜੈਕਾਰਾ, ਜੈ ਜੈਕਾਰ ਜਣਾਈਆ । ਤੇਰਾ ਅੰਤ ਨਾ ਪਾਰਾਵਾਰਾ, ਹਦੂਦ ਬੇਅੰਤ ਤੇਰੀ ਵਡਿਆਈਆ । ਤੂੰ ਵਸੇਂ ਧਾਮ ਨਿਆਰਾ, ਸਚਖੰਡ ਸੋਭਾ ਪਾਈਆ । ਚਰਨ ਕਵਲ ਗੁਰੂ ਅਵਤਾਰਾ, ਪੀਰ ਪੈਗੰਬਰ ਸੀਸ ਨਿਵਾਈਆ । ਭਿਖਾਰੀ ਬ੍ਰਹਮਾ ਵਿਸ਼ਨ ਸ਼ਿਵ ਮੰਗਣ ਵਾਰੋ ਵਾਰਾ, ਦਰ ਠਾਂਡੇ ਅਲਖ ਜਗਾਈਆ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰਿਆ ਪਾਰ ਕਿਨਾਰਾ, ਜੁਗ ਚੌਕੜੀ ਵੇਸ ਵਟਾਈਆ । ਨਿਰਗੁਣ ਸਰਗੁਣ ਖੇਲ ਨਿਆਰਾ, ਪੰਜ ਤਤ ਕਰੇ ਕੁੜਮਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਨੇਤਰ ਰੋਵੇ ਮਾਰੇ ਧਾਈਆਂ । ਤੇਰਾ ਭਗਤ ਤੇਰਾ ਵਣਜਾਰਾ, ਨਿਤ ਨਵਿਤ ਤੇਰੀ ਆਸ ਤਕਾਈਆ । ਕਰ ਕਿਰਪਾ ਹਰਿ ਨਿਰੰਕਾਰਾ, ਕੁਦਰਤ ਕਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਮੰਗਣ ਇਕ ਵਰ, ਵਸਤ ਅਮੋਲਕ ਝੋਲੀ ਪਾਈਆ । ਵਸਤ ਅਮੋਲਕ ਮਿਲੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਧੁਰਦਰਗਾਹੀ ਸਚ ਸੁਗਾਤ, ਸੁਗੰਦ ਖਾ ਕੇ ਝੋਲੀ ਪਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਸਿੱਧਾ ਆਪਣਾ ਮੇਲ ਮਿਲਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ ਸੱਚੀ ਗਾਥ, ਸੋਹੰ ਅੱਖਰ ਇਕ ਪੜ੍ਹਾਈਆ । ਸੱਯਦੇ ਕਰਦੇ ਸੀਸ ਝੁਕਾਂਦੇ ਤ੍ਰੈਲੋਕੀ ਨਾਥ, ਗੋਪੀ ਕਾਹਨ ਨਿਉਂ ਨਿਉਂ ਲਾਗਣ ਪਾਈਆ । ਤੂੰ ਆਪ ਸਵਾਮੀ ਹਰ ਘਟ ਵਸਿਆ ਪਾਸ, ਲੱਖ ਚੁਰਾਸੀ ਡੇਰਾ ਲਾਈਆ । ਤੇਰੇ ਮਿਲਣ ਦੀ ਇਕੋ ਖ਼ਾਹਿਸ਼, ਜਨ ਭਗਤ ਰਹੇ ਜਣਾਈਆ । ਜੰਗਲਾਂ ਵਿਚ ਨਾ ਹੋਵੇ ਤਲਾਸ਼, ਬਨ ਖੋਜਣ ਕੋਇ ਨਾ ਜਾਈਆ । ਕਰ ਕਿਰਪਾ ਆ ਜਾ ਪਾਸ, ਵਿਛੜੇ ਜੋੜ ਜੁੜਾਈਆ । ਤੂੰ ਸਾਹਿਬ ਸਵਾਮੀ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਸਾਡੀ ਨਿਮ੍ਹੀ ਨਿਮ੍ਹੀ ਸੁਣ ਆਵਾਜ਼, ਨਿਰਗੁਣ ਨਿਰਵੈਰ ਲਏ ਅੰਗੜਾਈਆ । ਪੰਧ ਮੁਕਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਘਰ ਸਾਚੇ ਵਸੇਂ ਸਾਥ, ਸੰਗੀ ਬਣ ਕੇ ਨਜ਼ਰੀ ਆਈਆ । ਆਪਣੇ ਨਾਮ ਦਾ ਦੱਸ ਦੇ ਇਕੋ ਜਾਪ, ਕੋਟ ਪਾਪ ਮਿਟਾਈਆ । ਸਤਿਜੁਗ ਸਾਚੀ ਥਾਪਣਾ ਦੇ ਥਾਪ, ਕਲਜੁਗ ਕੂੜਾ ਪਰੇ ਹਟਾਈਆ । ਤੇਰਾ ਨਾਉਂ ਰਸੂਲ ਪਾਕ, ਪਰਵਰਦਿਗਾਰ ਤੇਰਾ ਨੂਰ ਰੁਸ਼ਨਾਈਆ । ਜਨ ਭਗਤਾਂ ਤੇਰੀ ਯਾਦ, ਮੁਰੀਦ ਮੁਰਸ਼ਦ ਵੇਖ ਵਖਾਈਆ । ਆਪਣੇ ਭੇਵ ਦਾ ਖੋਲ੍ਹ ਆਗ਼ਾਜ਼, ਗ਼ਰਜ਼ ਸਭ ਦੀ ਪੂਰ ਕਰਾਈਆ । ਸਾਨੂੰ ਪੜ੍ਹਨੀ ਨਾ ਪਏ ਨਿਮਾਜ਼, ਵੁਜ਼ੂਆਂ ਵਿਚ ਨਾ ਵਕਤ ਲੰਘਾਈਆ । ਤੇਰਾ ਭਗਤਾਂ ਨਾਲ ਬਣੇ ਸੱਚਾ ਸਮਾਜ, ਚਾਰ ਵਰਨ ਦੇ ਵਡਿਆਈਆ । ਤੇਰੇ ਸੀਸ ਤੇ ਸੋਹੇ ਤਾਜ, ਹੁਕਮਰਾਨ ਤੇਰੀ ਸਰਨਾਈਆ । ਜਨ ਭਗਤ ਤੇਰੇ ਮੁਹਤਾਜ, ਮੁਹੱਬਤ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਕਰਾ ਦੇ ਸੋਮਨ, ਸੋਏ ਮਾਤ ਉਠਾਈਆ । ਏਕਾ ਰੰਗ ਰੰਗਾਂ ਦੇ ਕਾਫ਼ਰ ਮੋਮਨ, ਮੁਰਸ਼ਦ ਮੁਰੀਦ ਮੇਲ ਮਿਲਾਈਆ । ਤੇਰੇ ਵਿਛੋੜੇ ਅੰਦਰ ਸੰਤ ਰੋਵਣ, ਨੇਤਰ ਨੀਰ ਦੇਣ ਵਹਾਈਆ । ਗੁਰਮੁਖ ਗੂੜ੍ਹੀ ਨੀਂਦ ਕਦੇ ਨਾ ਸੋਵਣ, ਰਾਤੀ ਉਠ ਉਠ ਰਾਹ ਤਕਾਈਆ । ਗੁਰਸਿਖ ਹੰਝੂਆਂ ਹਾਰ ਪਰੋਵਣ, ਲੜੀ ਲੜੀ ਨਾਲ ਬੰਧਾਈਆ । ਤੇਰਾ ਮੁਖੜਾ ਵੇਖਣ ਕੋਮਲ, ਕਵਲ ਨੈਣ ਤੇਰਾ ਦਰਸ਼ਨ ਪਾਈਆ । ਤੂੰ ਆਵੀਂ ਦੁਰਮਤ ਧੋਵਣ, ਮਿਹਰਵਾਨ

ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਰਸ ਆਵੀਂ ਚੋਵਣ, ਨਿਜਰ ਧਾਰ ਵਹਾਈਆ । ਸਾਚਾ ਬੀਜ ਆਵੀਂ ਬੋਵਣ, ਫੁੱਲ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਜਨ ਭਗਤ ਮੇਰਾ ਨਾਮ ਅਲੇਖ, ਲਿਖਤ ਨਾ ਕੋਇ ਸਮਝਾਈਆ । ਜਨ ਭਗਤ ਮੇਰਾ ਨਾਮ ਅਭੇਖ, ਅਵੱਲੜਾ ਭੇਖ ਵਟਾਈਆ । ਜਨ ਭਗਤ ਮੇਰਾ ਨਾਮ ਸੰਦੇਸ਼, ਧੁਰ ਦਾ ਰਾਗ ਅਲਾਈਆ । ਜਨ ਭਗਤ ਮੇਰਾ ਨਾਮ ਪਰਵੇਸ਼, ਅੰਤਰ ਆਤਮ ਜਾਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਲਏ ਵੇਖ, ਵੇਖਣਹਾਰਾ ਇਕ ਅਖਵਾਈਆ । ਵੇਖਣਹਾਰਾ ਇਕ ਸਵਾਮੀ, ਹਰਿ ਕਰਤਾ ਬੇਪਰਵਾਹੀਆ । ਆਦਿ ਜੁਗਾਦੀ ਅੰਤਰਜਾਮੀ, ਜਲਵਾ ਨੂਰ ਰੁਸ਼ਨਾਈਆ । ਜਿਸ ਦੇ ਨਾਮ ਦੀ ਸਿਫ਼ਤ ਕਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਢੋਲਾ ਗਾਈਆ । ਸੋ ਜਨ ਭਗਤਾਂ ਦੇਵੇ ਇਕ ਨਿਸ਼ਾਨੀ, ਆਤਮ ਪਰਮਾਤਮ ਜੋੜ ਜੁੜਾਈਆ । ਸਚ ਦਵਾਰੇ ਦਾ ਪਦ ਨਿਰਬਾਣੀ, ਇਕੋ ਵਾਰ ਸਮਝਾਈਆ । ਪ੍ਰਭ ਨੂੰ ਮਿਲ ਕੇ ਭਗਤੋ ਅੱਗੇ ਮੁਕ ਜਾਏ ਕਹਾਣੀ, ਲਿਖਣ ਪੜ੍ਹਣ ਦੀ ਲੋੜ ਰਹੇ ਨਾ ਰਾਈਆ । ਸਚ ਦਵਾਰੇ ਦੀ ਬਣ ਕੇ ਸਾਚੀ ਰਾਣੀ, ਰੰਗ ਰੱਤਾ ਵੇਖੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤੋ ਨਾਮ ਤੁਮਾਰਾ ਮੀਤ, ਮਿਤਰ ਹਰਿ ਅਖਵਾਈਆ । ਤੂੰ ਮੇਰਾ ਮੈਂ ਤੇਰਾ ਗੀਤ, ਵਾਹਵਾ ਰਾਗ ਅਲਾਈਆ । ਨਾਤਾ ਛੁੱਟ ਜਾਏ ਮੰਦਰ ਮਸੀਤ, ਕਾਇਆ ਕਾਅਬਾ ਸੋਭਾ ਪਾਈਆ । ਨਜ਼ਰੀ ਆਵੇ ਇਕ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਲਹਿਣਾ ਚੁਕ ਜਾਏ ਊਚ ਨੀਚ, ਜ਼ਾਤ ਪਾਤ ਨਾ ਕੋਇ ਵਖਾਈਆ । ਸਾਚਾ ਕਲਮਾ ਦੱਸੇ ਹਦੀਸ, ਹਰਿ ਮੰਤਰ ਨਾਮ ਦ੍ਰਿੜਾਈਆ । ਚਰਨ ਕਵਲ ਉਪਰ ਧਵਲ ਦੇ ਕੇ ਆਪ ਪ੍ਰੀਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਜਿਸ ਦਵਾਰੇ ਦਾ ਆਪ ਵਸਨੀਕ, ਹਰਿਜਨ ਓਸੇ ਘਰ ਬਹਾਈਆ । ਲੋਕਮਾਤ ਨਾਮ ਸ਼ਹਾਦਤ ਪਾ ਕੇ ਆਪਣੀ ਕਰਨ ਆਇਆ ਤਸਦੀਕ, ਦੂਜਾ ਸੰਗ ਨਾ ਕੋਇ ਲਿਆਈਆ । ਕੂੜਾ ਠੀਕਰ ਭੰਨ ਕੇ ਠੀਕ, ਠਾਕਰ ਆਪਣਾ ਮੇਲ ਮਿਲਾਈਆ । ਜਨ ਭਗਤਾਂ ਕਰਕੇ ਧੁਰ ਦੀ ਰੀਝ, ਰਾਜ਼ੀ ਖ਼ੁਸ਼ੀ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਆਮਦੀਦ, ਆਮਦ ਵਿਚ ਸੋਭਾ ਪਾਈਆ । ਜਨ ਭਗਤ ਤੁਮਾਰਾ ਗ੍ਰਿਹ ਮੰਦਰ, ਤੁਮ ਠਾਕਰ ਆਪ ਬਣਾਇਆ । ਘਰ ਸਵਾਮੀ ਖੋਲ੍ਹ ਕੇ ਜੰਦਰ, ਜਗਤ ਤਮਾਸ਼ਾ ਇਕ ਦ੍ਰਿੜਾਇਆ । ਭਾਗ ਲਗਾ ਕੇ ਡੂੰਘੀ ਕੰਦਰ, ਦੀਪਕ ਦੀਆ ਇਕ ਜਗਾਇਆ । ਪਰਭਾਸ ਭੁਆ ਕੇ ਜੰਗਲ, ਮੰਦਰ ਇਕੋ ਘਰ ਰੁਸ਼ਨਾਇਆ । ਸ਼ਰਅ ਜ਼ੰਜੀਰ ਤੋੜ ਕੇ ਸੰਗਲ, ਪ੍ਰੇਮ ਡੋਰੀ ਤੰਦ ਬੰਧਾਇਆ । ਆਪਣੇ ਪਿਆਰ ਦਾ ਸੁਣਾ ਕੇ ਮੰਗਲ, ਮੰਗਲਾਚਾਰ ਇਕ ਜਣਾਇਆ । ਜਨਮ ਕਰਮ ਦਾ ਤੋੜ ਕੇ ਬੰਧਨ, ਬੰਦਗੀ ਸਾਚੀ ਬੰਦਾ ਆਪ ਆਪਣੇ ਰੰਗ ਰੰਗਾਇਆ । ਢੋਲਾ ਸੁਣਾ ਕੇ ਸੋਹੰ ਛੰਦਨ, ਸੰਸਾ ਰੋਗ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਰੱਖ ਕੇ ਅੰਗਣ, ਨਿਰਗੁਣ ਆਪਣੀ ਗੋਦ ਉਠਾਇਆ । ਆਪਣੀ ਗੋਦ ਉਠਾ ਕੇ ਨਿਰਗੁਣ, ਨਿਰਵੈਰ ਦਇਆ ਕਮਾਈਆ । ਨਿਰਾਧਾਰ ਸੁਣਾ ਕੇ ਸਾਚੀ ਧੁਨ, ਧੁਨੀ ਰਾਗ ਬੇਪਰਵਾਹੀਆ । ਆਪਣੇ ਅੰਤਰ ਜਣਾ ਕੇ ਆਪਣੇ ਗੁਣ, ਗੁਣਵੰਤੇ ਗੁਰਮੁਖ ਦਿਤੇ ਬਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਲਿਆ ਸੁਣ, ਸੋ ਸਰੋਤੇ ਸਨਮੁਖ ਬਹਿ ਬਹਿ ਦਰਸਨ ਪਾਈਆ ।

੯੪੮ ੧੭

## ੮ ਮੱਘਰ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਮਨਾਵਾਂ

ਜਨ ਭਗਤ ਕਰਨ ਪੁਕਾਰ, ਪ੍ਰਭ ਅੱਗੇ ਸੀਸ ਨਿਵਾਈਆ । ਕਿਰਪਾ ਕਰ ਸਿਰਜਣਹਾਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਚਾਰੋਂ ਕੁੰਟ ਰੈਣ ਅੰਧਿਆਰ, ਸਾਚਾ ਚੰਦ ਨਜ਼ਰ ਨਾ ਆਈਆ । ਪੜ੍ਹ ਪੜ੍ਹ ਥੱਕੇ ਜਗਤ ਸੰਸਾਰ, ਸ਼ਾਸਤਰ ਸਿਮਰਤ ਵੇਦ ਨਾਲ ਮਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੇ ਕਿਵਾੜ, ਦਰ ਦਰ ਅਲਖ ਜਗਾਈਆ । ਤੀਰਥ ਤੱਟਾਂ ਪੰਧ ਆਏ ਮਾਰ, ਭੱਜ ਭੱਜ ਵਾਹੋ ਦਾਹੀਆ । ਉਚੇ ਟਿੱਲੇ ਪਰਬਤ ਸਰਬ ਵੇਖੇ ਪਹਾੜ, ਜੰਗਲ ਜੂਹ ਖੋਜ ਖੁਜਾਈਆ । ਜਲ ਧਾਰਾ ਤਨ ਲਿਆ ਠਾਰ, ਅਗਨੀ ਤਤ ਤਪਾਈਆ । ਤਨ ਮਾਟੀ ਲਾ ਕੇ ਛਾਰ, ਖ਼ਾਕੀ ਖ਼ਾਕ ਰਮਾਈਆ । ਗਦਾਗਰ ਹੋ ਕੇ ਫਿਰੇ ਦਰ ਦਰ ਦਵਾਰ, ਭਿਛਿਆ ਮੰਗੀ ਵਾਹੋ ਦਾਹੀਆ । ਗੁਫ਼ਾ ਅੰਦਰ ਬੈਠ ਕਰਦੇ ਰਹੇ ਧਿਆਨ, ਨੇਤਰ ਅੱਖ ਬੰਦ ਕਰਾਈਆ । ਪੰਡਤਾਂ ਕੋਲੋਂ ਲੈਂਦੇ ਰਹੇ ਗਿਆਨ, ਅੱਖਰਾਂ ਵਾਲੀ ਪੜ੍ਹਾਈਆ । ਮੁੱਲਾ ਸ਼ੇਖ਼ਾਂ ਕੋਲੋਂ ਸਿਖਦੇ ਰਹੇ ਕਲਾਮ, ਕਲਮਾ ਨਬੀ ਸਾਲਾਹੀਆ । ਨੇਤਿਆਂ ਕੋਲੋਂ ਜਾਣਦੇ ਰਹੇ ਨਾਮ, ਸਤਿ ਸਤਿ ਦ੍ਰਿੜਾਈਆ । ਜਲ ਵਿਚ ਕਰਦੇ ਰਿਹੇ ਇਸ਼ਨਾਨ, ਮੈਂਡਕ ਰੂਪ ਵਟਾਈਆ । ਹੇ ਪ੍ਰਭੂ ਤੇਰਾ ਨੂਰ ਜ਼ਹੂਰ ਮਿਲਿਆ ਨਾ ਕੋਇ ਸ੍ਰੀ ਭਗਵਾਨ, ਸਾਖਿਆਤ ਨਜ਼ਰ ਕੋਇ ਨਾ ਆਈਆ । ਜਨ ਭਗਤ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਕਲਜੁਗ ਕਿਰਿਆ ਕੂੜ ਬੇਈਮਾਨ, ਬੇਵਾ ਰੂਪ ਵਟਾਈਆ । ਕਿਰਪਾ ਕਰ ਨੌਜਵਾਨ, ਹਰਿ ਨੌਬਤ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣਾ ਦਰਸ ਦਿਖਾਈਆ । ਜਨ ਭਗਤ ਕਹਿਣ ਅਸੀਂ ਫਿਰ ਫਿਰ ਥੱਕੇ, ਬਣ ਬਣ ਪਾਂਧੀ ਰਾਹੀਆ । ਵੇਖ ਕੇ ਆਏ ਮਦੀਨੇ ਮੱਕੇ, ਕਾਅਬੇ ਕਬਰਾਂ ਫੋਲ ਫੁਲਾਈਆ । ਲੱਭ ਲੱਭ ਥੱਕੇ ਮੰਦਰ ਮੱਠੇ, ਅਠਸੱਠੇ ਖੋਜ ਖੁਜਾਈਆ । ਕੂੜ ਕੁੜਿਆਰਾ ਗਲ ਧਾਗੇ ਘੱਤੇ, ਪੰਡੇ ਪਿੰਡ ਨਾ ਕੋਇ ਸਮਝਾਈਆ । ਰਸਨਾ ਜਿਹਵਾ ਬੱਤੀ ਦੰਦ ਮਣਕਿਆਂ ਵਾਲੇ ਨਾਮ ਰਟੇ, ਜਿਹਵਾ ਨਾਲ ਪੜ੍ਹਾਈਆ । ਸਚ ਨਾ ਮਿਲਿਆ ਕਿਸੇ ਹੱਟੇ, ਚੌਦਾ ਲੋਕ ਰਹੇ ਕੁਰਲਾਈਆ । ਚੌਦਾਂ ਤਬਕ ਚੀਥੜ ਫਟੇ, ਅਲਫ਼ੀ ਸਚ ਨਾ ਕੋਇ ਹੰਢਾਈਆ । ਦੀਨ ਮਜ਼੍ਹਬ ਦੇ ਝਗੜੇ ਵੇਖੇ ਰੱਟੇ, ਜ਼ਾਤ ਪਾਤ ਕਰੇ ਲੜਾਈਆ । ਕਿਸੇ ਨਾ ਖਾਧੇ ਸੂਅਰ ਕਿਸੇ ਨੇ ਵੱਛੇ ਕੱਟੇ, ਕਾਇਆ ਪਲੀਤ ਸਭ ਦੀ ਨਜ਼ਰੀ ਆਈਆ । ਤੇਰੇ ਨਾਮ ਕੋਇ ਨਾ ਦਿਸੇ ਰੰਗੇ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਬਿਨ ਹਰਿ ਓਢਨ ਸਾਰੇ ਫਿਰਦੇ ਨੰਗੇ, ਸੀਸ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤਮ ਆਇਆ ਕੰਢੇ, ਵਹਿੰਦੀ ਧਾਰ ਰਿਹਾ ਵਹਾਈਆ । ਕੋਈ ਨਾ ਚੜ੍ਹਿਆ ਆਪਣੇ ਡੰਡੇ, ਸਚ ਡੰਡੌਤ ਨਾ ਕੋਇ ਜਣਾਈਆ । ਅੰਮ੍ਰਿਤ ਧਾਰ ਨਾ ਮਿਲਿਆ ਖੰਡੇ, ਰਸੀਆ ਰਸ ਨਾ ਕੋਇ ਚਖਾਈਆ । ਮਨ ਵਾਸਨਾ ਹੋਏ ਗੰਦੇ, ਦੁਰਮਤ ਮੈਲ ਨਾ ਕੋਇ ਧੁਆਈਆ । ਬਿਨ ਹਰਿ ਕੰਤ ਸੁਹਾਗੀ ਦਿਸਣ ਰੰਡੇ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਆਤਮ ਮਿਲਿਆ ਨਾ ਕਿਸੇ ਅਨੰਦੇ, ਪਰਮਾਨੰਦ ਨਾ ਕੋਇ ਸਮਾਈਆ । ਸ੍ਰੀ ਭਗਵਾਨ ਤੁਧ ਬਿਨ ਤੁਟੀ ਕੋਈ ਨਾ ਗੰਢੇ, ਨਾਤਾ ਧੁਰ ਦਾ ਜੋੜ ਨਾ ਕੋਇ ਜੁੜਾਈਆ । ਜਨ ਭਗਤ ਸੁਹੇਲੇ ਦਰ ਠਾਂਡੇ ਰਹੇ ਮੰਗੇ, ਮਾਂਗਤ ਹੋ ਕੇ ਅਲਖ ਜਗਾਈਆ । ਹਉਂ ਖ਼ਾਕੀ ਤੇਰੇ ਬੰਦੇ, ਬੰਦੀਖ਼ਾਨਾ ਦੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਅਸੀਂ ਗਏ ਥੱਕ, ਜੁਗ ਚੌਕੜੀ ਸੇਵ

੯੪੯
੧੭

ਕਮਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੀ ਬੇਪਰਵਾਹੀਆ । ਸਾਥੋਂ ਹੁੰਦਾ ਨਹੀਂ ਕੋਈ ਤਪ, ਹਠ ਨਜ਼ਰ ਕੋਇ ਨਾ ਆਈਆ । ਸਾਡੀ ਝੋਲੀ ਪਾ ਦੇ ਹਕ, ਹਕੀਕਤ ਤੈਨੂੰ ਦਿਤੀ ਸਮਝਾਈਆ । ਜੇ ਕੋਈ ਅੰਤਰ ਸਾਡੇ ਸ਼ੱਕ, ਸ਼ਿਕਵਾ ਪਿਛਲਾ ਦੇ ਗਵਾਈਆ । ਹਿਰਦੇ ਅੰਤਰ ਆ ਕੇ ਵਸ, ਨਿਰਗੁਣ ਡੇਰਾ ਲਾਈਆ । ਸਾਡੇ ਜੋੜੇ ਦੋਵੇਂ ਹੱਥ, ਢਹਿ ਪਏ ਸਰਨਾਈਆ । ਤੇਰੇ ਮਿਲਣ ਦੀ ਖੁਲ੍ਹੇ ਅੱਖ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਜਨ ਭਗਤ ਕਹਿਣ ਅਸੀਂ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਾਡੀ ਫ਼ਰਿਆਦ ਸੁਣੇ ਨਾ ਕੋ, ਗੁਰ ਅਵਤਾਰ ਪੈਗ਼ੰਬਰ ਬੈਠੇ ਮੁਖ ਛੁਪਾਈਆ । ਜੁਗ ਚੌਕੜੀ ਤੇਰੀ ਸੁਣਦੇ ਰਹੇ ਸੋ, ਸੋ ਪੁਰਖ ਨਿਰੰਜਣ ਤੇਰਾ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਕਰ ਮੋਹ, ਸਰਗੁਣ ਇਕੋ ਓਟ ਤਕਾਈਆ । ਆਤਮ ਪਰਮਾਤਮ ਨਾਲ ਜਾਹ ਛੋਹ, ਦੂਰ ਦੁਰਾਡਾ ਫੇਰਾ ਪਾਈਆ । ਸਾਚਾ ਅੰਮ੍ਰਿਤ ਨਿਹਕਰਮੀ ਹੋ ਕੇ ਚੋਅ, ਵਰਨ ਬਰਨ ਡੇਰਾ ਢਾਹੀਆ । ਬਿਨ ਦੀਵਾ ਬਾਤੀ ਕਰਦੇ ਲੋਅ, ਕਮਲਾਪਾਤੀ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਜਨ ਭਗਤ ਕਹਿਣ ਤੇਰਾ ਜੁਗ ਜੁਗ ਪੂਜਾ ਪਾਠ, ਸਿਮਰਨ ਜੋਗ ਅਭਿਆਸ ਆਏ ਕਮਾਈਆ । ਕਲਜੁਗ ਅੰਤਮ ਇਕੋ ਮੰਗਦੇ ਦਾਤ, ਖ਼ਾਲੀ ਝੋਲੀ ਰਹੇ ਵਖਾਈਆ । ਸਾਨੂੰ ਖੋਲ੍ਹ ਦੇ ਆਪਣਾ ਰਾਜ਼, ਨੁਕਤਾ ਇਕੋ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਹੋਵਾਂ ਦਾਸ, ਘਰ ਸਾਚੇ ਵੱਜੇ ਵਧਾਈਆ । ਸਾਨੂੰ ਲੋੜ ਰਹੇ ਨਾ ਗੋਪੀਆਂ ਵਾਲੀ ਵੇਖਣ ਦੀ ਰਾਸ, ਕਾਹਨਾ ਨਾਲ ਨਾ ਖ਼ੁਸ਼ੀ ਮਨਾਈਆ । ਸਿੱਧੀ ਤੇਰੇ ਨਾਲ ਕਰੀਏ ਬਾਤ, ਬਾਤਨ ਜ਼ਾਹਰ ਤੇਰਾ ਖੇਲ ਵੇਖ ਵਖਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਗਲਾ ਸੰਗ ਬਣਨਾ ਸਾਥ, ਸਮਰਥ ਦਇਆ ਕਮਾਈਆ । ਤੇਰਾ ਪਤਣ ਵੇਖੀਏ ਘਾਟ, ਕਿਨਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹਿਣ ਸਾਥੋਂ ਹੋਏ ਨਾ ਪੂਜਾ, ਸਿਲ ਪੱਥਰ ਪੂਜਨ ਕੋਇ ਨਾ ਜਾਈਆ । ਤੁਧ ਬਿਨ ਅਵਰ ਨਾ ਦਿਸੇ ਦੂਜਾ, ਇਸ਼ਟ ਦੇਵ ਨਾ ਕੋਇ ਮਨਾਈਆ । ਆਪਣਾ ਭੇਵ ਖੁਲ੍ਹਾ ਦੇ ਗੂਝਾ, ਗਹਿਰ ਗੰਭੀਰ ਪੜਦਾ ਦੇ ਉਠਾਈਆ । ਕਵਲ ਨਾਭ ਕਰ ਊਂਧਾ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਤੂੰ ਹੱਥ ਨਾ ਆਇਓਂ ਕਿਤੇ ਢੂੰਡਾ, ਢੂੰਡ ਵੇਖੀ ਸਰਬ ਲੋਕਾਈਆ । ਜੁਗ ਚੌਕੜੀ ਬਣਿਆ ਰਿਹੋਂ ਗੂੰਗਾ, ਗੁਰ ਅਵਤਾਰਾਂ ਕੋਲੋਂ ਕਰਾਏਂ ਪੜ੍ਹਾਈਆ । ਤੇਰੇ ਨਾਮ ਦਾ ਦੋ ਜਹਾਨ ਵੱਜਦਾ ਰਿਹਾ ਹੂੰਗਾ, ਹੂ ਹੂ ਪੀਰ ਪੈਗ਼ੰਬਰ ਰਹੇ ਸੁਣਾਈਆ । ਤੂੰ ਨਾ ਮਰਿਆ ਨਾ ਜਿਉਂਦਾ, ਜਨਮ ਮਰਨ ਦੋਵੇਂ ਵੇਖ ਵਖਾਈਆ । ਤੇਰਾ ਅੰਮ੍ਰਿਤ ਰਸ ਬਰਖੇ ਬੂੰਦ ਬੂੰਦਾ, ਆਪਣੀ ਧਾਰ ਦੇ ਬਰਸਾਈਆ । ਹੋਏ ਪ੍ਰਕਾਸ਼ ਅੰਧੇਰਾ ਮੁੱਕੇ ਸਾਢੇ ਤਿੰਨ ਕਰੋੜ ਲੂੰ ਲੂੰ ਦਾ, ਨੂਰ ਜ਼ਹੂਰ ਇਕ ਵਖਾਈਆ । ਨਾਮ ਜਪਾ ਕੇ ਰਸਨਾ ਜਿਹਵਾ ਮੂੰਹ ਦਾ, ਹਿਰਦੇ ਆਪਣਾ ਡੇਰਾ ਲਾਈਆ । ਝਗੜਾ ਚੁੱਕੇ ਮੈਂ ਤੂੰ ਦਾ, ਤੂੰ ਹੀ ਤੂੰ ਹੀ ਨਜ਼ਰੀ ਆਈਆ । ਲੇਖਾ ਮੁੱਕੇ ਬੁੱਤ ਰੂਹ ਦਾ, ਆਤਮ ਪਰਮਾਤਮ ਮੇਲ ਮਿਲਾਈਆ । ਵਸੇਰਾ ਚੁੱਕੇ ਕਾਇਆ ਭਵਰੀ ਡੂੰਘੇ ਖੂਹ ਦਾ, ਡਲ ਡੇਰਾ ਦੇਣਾ ਢਾਹੀਆ । ਮਾਣ ਤੁੱਟੇ ਪਹਿਲੇ ਧਰੂ ਦਾ, ਜਨ ਭਗਤਾਂ ਆਪਣੀ ਗੋਦ ਲਏ ਉਠਾਈਆ । ਹੁਣ ਵੇਲਾ ਨਹੀਂ ਬਹਿਣਾ ਤੇਰੀ ਬਰੂਹ ਦਾ, ਤੇਰੇ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ ।

ਜਨ ਭਗਤ ਕਹਿਣ ਸਾਥੋਂ ਹੋਏ ਨਾ ਤਪ, ਕੋਟਨ ਕੋਟ ਤਪੀਸ਼ਰ ਬੈਠੇ ਧਿਆਨ ਲਗਾਈਆ । ਇਕੋ ਓਟ ਅਕਾਲ ਤੇਰੀ ਬੈਠੇ ਤੱਕ, ਨੇਤਰ ਅੱਖ ਖੁਲ੍ਹਾਈਆ । ਕਿਰਪਾ ਕਰ ਪੁਰਖ ਸਮਰਥ, ਮਹਿੰਮਾ ਅਕਥ ਦੇ ਦ੍ਰਿੜਾਈਆ । ਸਾਚਾ ਨੂਰ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਨਿਰਗੁਣ ਹੋ ਕੇ ਵਸ ਸਾਥ, ਸਗਲਾ ਸੰਗ ਨਿਭਾਈਆ । ਤੇਰੇ ਨਿਰਅੱਖਰ ਦਾ ਕਰੀਏ ਇਕੋ ਪਾਠ, ਬਾਕੀ ਛੁੱਟੇ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਸਮਝਾਈਆ । ਜਨ ਭਗਤ ਕਹਿਣ ਨਾ ਜਾਏ ਪੜ੍ਹਿਆ, ਪੜ੍ਹਿਆਂ ਹੱਥ ਕਿਛ ਨਾ ਆਈਆ । ਜਨ ਭਗਤ ਕਹਿਣ ਨਾ ਅਗਨੀ ਜਾਏ ਸੜਿਆ, ਧੂਣੀ ਤਾਅ ਨਾ ਡੇਰਾ ਲਾਈਆ । ਜਨ ਭਗਤ ਕਹਿਣ ਜਲ ਨਾ ਜਾਏ ਠਰਿਆ, ਗੰਗਾ ਧਾਰ ਨਾ ਤਾਰੀਆਂ ਲਾਈਆ । ਜਨ ਭਗਤ ਕਹਿਣ ਡੂੰਘੀ ਕੰਦਰ ਨਾ ਜਾਏ ਵੜਿਆ, ਨੇਤਰ ਮੀਟ ਨਾ ਖੋਜ ਖੁਜਾਈਆ । ਜਨ ਭਗਤ ਕਹਿਣ ਟਿੱਲੇ ਪਰਬਤ ਜਾਏ ਨਾ ਚੜ੍ਹਿਆ, ਪਰਭਾਸ ਹੱਥ ਕੋਇ ਨਾ ਆਈਆ । ਜਨ ਭਗਤ ਕਹਿਣ ਸ਼ਾਹ ਸਵਾਰ ਬਣ ਕੇ ਜਾਏ ਨਾ ਫੜਿਆ, ਪਾਂਧੀ ਤੇਰਾ ਪੰਧ ਨਾ ਕੋਇ ਮੁਕਾਈਆ । ਜਨ ਭਗਤ ਕਹਿਣ ਕਲਜੁਗ ਤਰਨੀ ਜਾਏ ਨਾ ਤਰਿਆ, ਅਣਤਾਰੂ ਬੈਠੇ ਡੇਰਾ ਲਾਈਆ । ਜਨ ਭਗਤ ਕਹਿਣ ਜਗਤ ਤ੍ਰਿਸ਼ਨਾ ਜਾਏ ਨਾ ਮਰਿਆ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਜਨ ਭਗਤ ਕਹਿਣ ਇਕੋ ਤੇਰਾ ਲੜ ਫੜਿਆ, ਨਾਤਾ ਤੋੜ ਕੇ ਸਰਬ ਲੋਕਾਈਆ । ਕਿਰਪਾ ਕਰ ਨਰਾਇਣ ਹਰਿਆ, ਹਰਿਆਵਲ ਆਪਣੀ ਦੇ ਵਖਾਈਆ । ਸਚ ਸਰਨਾਈ ਤੇਰੀ ਪਰਿਆ, ਪਰਾ ਪਸੰਤੀ ਮਧਮ ਬੈਖਰੀ ਲੋੜ ਰਹੀ ਨਾ ਰਾਈਆ । ਆਪਣਾ ਖੇਲ੍ਹ ਵਖਾ ਦੇ ਧੁਰ ਦਾ ਘਰਿਆ, ਜਿਸ ਘਰ ਬੈਠਾ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਥੇ ਸੀਸ ਚਰਨਾਂ ਧਰਿਆ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਮਨਾਈਆ । ਜਨ ਭਗਤ ਕਹਿਣ ਅਸੀਂ ਰਹੇ ਗੌਂਦੇ, ਰਸਨਾ ਜਿਹਵਾ ਕਰ ਹਲਕਾਈਆ । ਜਗਤ ਨੇਤਰ ਰਹੇ ਉਠੌਂਦੇ, ਦੋਏ ਲੋਚਨ ਸੇਵ ਲਗਾਈਆ । ਬਾਹਰੋਂ ਮੱਥਾ ਰਹੇ ਰਗੜੌਂਦੇ, ਪੱਥਰਾਂ ਨਾਲ ਘਸਾਈਆ । ਸਰਵਣ ਸੁਣ ਸੁਣ ਰਹੇ ਖ਼ੁਸ਼ੀ ਮਨੌਂਦੇ, ਮਨ ਮਿਲੀ ਵਡਿਆਈਆ । ਅੰਤਮ ਖ਼ਾਲੀ ਹੱਥ ਵਖੌਂਦੇ, ਝੋਲੀ ਸਚ ਨਾ ਕੋਇ ਭਰਾਈਆ । ਦੋਏ ਜੋੜ ਕੇ ਵਾਸਤਾ ਪੌਂਦੇ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਪੜ੍ਹਿਆਂ ਸੁਣਿਆਂ ਮੁੱਕਿਆ ਨਾ ਪੰਧ, ਬੈਠੇ ਢੇਰੀਆਂ ਢਾਹੀਆ । ਦੂਈ ਦਵੈਤੀ ਨਾ ਢੱਠੀ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਅੰਦਰ ਬਾਹਰ ਨਾ ਚੜ੍ਹਿਆ ਰੰਗ, ਦੁਰਮਤ ਮੈਲ ਨਾ ਕੋਇ ਧੁਆਈਆ । ਸ਼ਬਦ ਅਨਾਦ ਨਾ ਵੱਜਾ ਮਰਦੰਗ, ਅਨਹਦ ਰਾਗ ਨਾ ਕੋਇ ਸੁਣਾਈਆ । ਧੁਰ ਦਾ ਢੋਲਾ ਸੁਣਿਆ ਕੋਇ ਨਾ ਛੰਦ, ਜੋ ਸਹਿੰਸਾ ਦਏ ਚੁਕਾਈਆ । ਸਾਢੇ ਤਿੰਨ ਹੱਥ ਮੰਦਰ ਦਵਾਰ ਰਿਹਾ ਬੰਦ, ਕੁੰਡਾ ਖਿੜਕੀ ਨਾ ਕੋਇ ਖੁਲ੍ਹਾਈਆ । ਪ੍ਰੇਮ ਪਿਆਰ ਅੰਦਰ ਲਾਏ ਨਾ ਕੋਇ ਅੰਗ, ਅੰਗੀਕਾਰ ਨਾ ਕੋਇ ਅਖਵਾਈਆ । ਏਸੇ ਕਾਰਨ ਅਬਿਨਾਸ਼ੀ ਕਰਤੇ ਤੇਰੇ ਕੋਲੋਂ ਰਹੇ ਮੰਗ, ਦੋਏ ਜੋੜ ਵਾਸਤਾ ਪਾਈਆ । ਕਿਰਪਾ ਕਰ ਸੂਰੇ ਸਰੰਬਗ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਅਨੰਦ ਦੇ ਵਖਾਈਆ । ਜਨ ਭਗਤ ਕਹਿਣ ਪ੍ਰਭ ਬਖ਼ਸ਼ ਅਨੰਦ, ਪਰਮ ਪੁਰਖ ਤੇਰੀ ਸਰਨਾਈਆ । ਲੇਖਾ ਚੁੱਕੇ ਬੱਤੀ ਦੰਦ, ਅੰਤਰ ਆਤਮ ਕਰ ਪੜ੍ਹਾਈਆ । ਸਚ ਦਵਾਰ ਦੱਸ ਸੱਚਾ

ਸੰਗ, ਸਗਲੀ ਚਿੰਤ ਮਿਟਾਈਆ । ਪੰਚ ਵਿਕਾਰ ਕਰਨਾ ਪਏ ਨਾ ਜੰਗ, ਕੂੜੀ ਕਿਰਿਆ ਨਾ ਕੋਇ ਲੜਾਈਆ । ਮਨ ਵਾਸਨਾ ਮੇਟ ਦੇ ਮੰਦ, ਮੰਦਿਉਂ ਚੰਗੇ ਦੇ ਕਰਾਈਆ । ਨਾਮ ਡੋਰੀ ਪਾ ਤੰਦ, ਸ਼ਰਅ ਜ਼ੰਜੀਰ ਦੇ ਕਟਾਈਆ । ਰੂਪ ਵਖਾ ਕੇ ਹੰ ਬ੍ਰਹਮ, ਸੋ ਸਾਹਿਬ ਹੋ ਸਹਾਈਆ । ਸੋਹੰ ਢੋਲਾ ਤੇਰਾ ਛੰਦ, ਵਿਚੋਲਾ ਦੋ ਜਹਾਂ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਢੋਲਾ ਗੌਣਾ ਇਕ, ਇਕ ਓਅੰਕਾਰ ਲਏ ਮਿਲਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਭਵਿਖ, ਭਵਿਖਤ ਦਏ ਦ੍ਰਿੜਾਈਆ । ਜਿਸ ਦੀ ਧਾਰ ਵਿਚੋਂ ਗੁਰਮੁਖ ਬਣਦਾ ਸਿੱਖ, ਵਾਲੋਂ ਨਿੱਕੀ ਖੰਡਿਉਂ ਤਿੱਖੀ ਦਏ ਜਣਾਈਆ । ਜਗ ਨੇਤਰ ਆਵੇ ਨਾ ਦਿਸ, ਰਸਨਾ ਸਕੇ ਨਾ ਕੋਇ ਸਮਝਾਈਆ । ਓਥੇ ਹਰਿ ਜੂ ਕਰੇ ਹਿਤ, ਪ੍ਰੀਤਮ ਬੇਪਰਵਾਹੀਆ । ਅਗਲਾ ਪਿਛਲਾ ਲੇਖਾ ਲਏ ਨਜਿੱਠ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਤੇਰਾ ਸਿਮਰਨ ਏਕ, ਪੂਜਾ ਪਾਠ ਪ੍ਰਭੂ ਦ੍ਰਿੜਾਈਆ । ਹਰਿ ਸਰਨਾਈ ਸਾਚੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਅੰਦਰ ਵੜਕੇ ਖੋਲ੍ਹੇ ਭੇਤ, ਭੇਵ ਦਏ ਜਣਾਈਆ । ਹੋਰ ਲੱਭਦੇ ਕੇਤੀ ਕੇਤ, ਕੋਟਨ ਕੋਟ ਨੈਣ ਉਠਾਈਆ । ਬਿਨਾ ਭਗਤਾਂ ਕਿਸੇ ਨਾ ਮਿਲਿਆ ਆਪਣੇ ਦੇਸ, ਸਾਚਾ ਘਰ ਨਾ ਕੋਇ ਸਮਝਾਈਆ । ਆਦਿ ਜੁਗਾਦੀ ਅਵੱਲੜਾ ਵੇਸ, ਨਿਰਗੁਣ ਸਰਗੁਣ ਖੇਲ ਖਿਲਾਈਆ । ਗੁਰਮੁਖਾਂ ਮਾਣੇ ਆਪਣੀ ਸੇਜ, ਸੁਹੰਜਣੀ ਦਏ ਵਡਿਆਈਆ । ਨਾ ਕੋਈ ਲੋੜ ਰਹੇ ਨਿਹਾਲੀ ਲੇਫ਼, ਤਕੀਆ ਨਾਲ ਨਾ ਕੋਇ ਮਿਲਾਈਆ । ਨਾ ਕੋਈ ਮੋਢੇ ਧਰੇ ਖੇਸ, ਖੂੰਡੀ ਹੱਥ ਨਾ ਕੋਇ ਟਿਕਾਈਆ । ਜਿਸ ਦਵਾਰੇ ਮਿਲਿਆ ਆ ਕੇ ਗੁਰ ਦਸਮੇਸ਼, ਸੋ ਦਿਸ਼ਾ ਦਏ ਜਣਾਈਆ । ਜਿਥੇ ਆਦਿ ਜੁਗਾਦਿ ਰਹੇ ਹਮੇਸ਼, ਸਦਾ ਸਵਾਮੀ ਡੇਰਾ ਲਾਈਆ । ਨਿਰਵੈਰ ਪੁਰਖ ਬਣ ਨਰੇਸ਼, ਨਰ ਨਿਰੰਕਾਰਾ ਹੁਕਮ ਸੁਣਾਈਆ । ਜਨ ਭਗਤੋ ਤੁਹਾਡਾ ਉਥੇ ਲਿਖਿਆ ਲੇਖ, ਜਿਥੇ ਲੇਖਾ ਕੋਇ ਨਾ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਪੜ੍ਹਨ ਲਿਖਣ ਦੀ ਰਹੇ ਨਾ ਲੋੜ, ਪੂਜਾ ਪਾਠ ਨਾ ਕੋਇ ਕਰਾਈਆ । ਜਿਸ ਨੂੰ ਆਪਣੇ ਨਾਲ ਲਏ ਜੋੜ, ਜੋੜੀ ਧੁਰ ਦੀ ਲਏ ਬਣਾਈਆ । ਲੱਗੀ ਪ੍ਰੀਤ ਨਿਭਾਵੇ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਉਹਨਾਂ ਦਾ ਕਾਰਜ ਗਿਆ ਸੌਰ, ਮਾਨਸ ਜਨਮ ਲੇਖੇ ਪਾਈਆ । ਮੁੜਕੇ ਫੇਰ ਨਾ ਆਵੇ ਬਹੁਰ, ਲੱਖ ਚੁਰਾਸੀ ਨਾ ਕੋਇ ਭੁਆਈਆ । ਉਹਨਾਂ ਦੇ ਸਿਰ ਤੇ ਝੁਲਦਾ ਚੌਰ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਤੇਰਾ ਪਾਠ ਨਾ ਕੋ, ਹਰਿ ਕਰਤਾ ਆਪ ਜਣਾਈਆ । ਪਰਮ ਪੁਰਖ ਨਾਲ ਸੱਚਾ ਮੋਹ, ਮੁਹੱਬਤ ਇਕੋ ਇਕ ਵਖਾਈਆ । ਉਹ ਤੇਰਾ ਤੇਰੇ ਜੋਗਾ ਜਾਵੇ ਹੋ, ਹੋਕਾ ਦੇ ਕੇ ਆਪ ਸੁਣਾਈਆ । ਬਿਨ ਦੀਵਾ ਬਾਤੀ ਕਰਕੇ ਲੋਅ, ਅਗਿਆਨ ਅੰਧੇਰ ਮਿਟਾਈਆ । ਧੁਰ ਦਾ ਢੋਆ ਦੇਵੇ ਢੋ, ਵਸਤ ਅਮੋਲਕ ਝੋਲੀ ਪਾਈਆ । ਆਤਮ ਨਾਲ ਆਪੇ ਜਾਏ ਛੋਹ, ਪਰਮਾਤਮ ਆਪਣਾ ਮੇਲ ਮਿਲਾਈਆ । ਨਾਮ ਦ੍ਰਿੜਾ ਕੇ ਆਪਣਾ ਸੋਹੰ ਸੋ, ਬ੍ਰਹਮ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਅਖਵਾਈਆ । ਜਨ ਭਗਤ ਕੀ ਰਸਨਾ ਪੜ੍ਹਨਾ, ਪ੍ਰਭ ਮਿਲਿਆ ਬੇਪਰਵਾਹੀਆ । ਹਰਿ ਕਿਰਪਾ ਸਾਚੀ ਮੰਜ਼ਲ ਚੜ੍ਹਨਾ, ਰਾਹ

ਵਿਚ ਨਾ ਕੋਇ ਅਟਕਾਈਆ । ਸਚ ਦਵਾਰੇ ਦਰਸ਼ਨ ਕਰਨਾ, ਖ਼ੁਸ਼ੀਆਂ ਰੰਗ ਵਖਾਈਆ । ਸਨਮੁਖ ਹੋ ਕੇ ਚਰਨੀ ਪੜਨਾ, ਮਿਲੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਤਰਾਈਆ । ਜਨ ਭਗਤ ਤੇਰਾ ਮੁੱਕੇ ਪੰਧ, ਪਾਂਧੀ ਮਾਤ ਰਹਿਣ ਨਾ ਪਾਈਆ । ਦੀਨ ਦਿਆਲ ਹਰਿ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਰਿਹਾ ਕਮਾਈਆ । ਜੁਗ ਜਨਮ ਦੀ ਵਿਛੜੀ ਗੰਢ, ਟੁੱਟੀ ਤੋੜ ਨਿਭਾਈਆ । ਸਚਖੰਡ ਦਵਾਰ ਚਾੜ੍ਹ ਕੇ ਤੇਰਾ ਚੰਦ, ਆਪਣੇ ਘਰ ਕਰੇ ਰੁਸ਼ਨਾਈਆ । ਤੇਰਾ ਪ੍ਰੇਮ ਦਾ ਪ੍ਰੇਮੀ ਆਨੰਦ, ਪ੍ਰੇਮਕਾ ਰੂਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰ ਬਹਾਈਆ । ਬਿਨ ਪੜ੍ਹਿਆਂ ਲਿਖਿਆਂ ਪੂਰੀ ਆਸਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਜਿਨ੍ਹਾਂ ਦਿਤਾ ਸਚ ਭਰਵਾਸਾ, ਭਵ ਸਾਗਰ ਪਾਰ ਕਰਾਇੰਦਾ । ਕੋਟਨ ਕੋਟ ਸਾਧ ਸੰਤ ਸਚ ਦਵਾਰੇ ਲਿਖਕੇ ਦੇ ਰਹੇ ਦਰਖਾਸਾਂ, ਦਰਖਾਸਤ ਮਨਜ਼ੂਰ ਨਾ ਕਿਸੇ ਕਰਾਇੰਦਾ । ਬਿਨ ਭਗਤਾਂ ਕਿਸੇ ਨਾਲ ਨਹੀਂ ਮੇਰਾ ਸਾਕਾ, ਸੱਜਣ ਅਵਰ ਨਾ ਕੋਇ ਬਣਾਇੰਦਾ । ਪਹਿਲੋਂ ਉਹਨਾਂ ਦਾ ਪੂਰਾ ਕਰਨਾ ਘਾਟਾ, ਘਾਟੀ ਮੰਜ਼ਲ ਆਪ ਚੜ੍ਹਾਇੰਦਾ । ਜਿਨ੍ਹਾਂ ਦੇ ਪਿਛੇ ਮਾਰੇ ਵਾਟਾਂ, ਨਿਰਗੁਣ ਹੋ ਕੇ ਫੇਰਾ ਪਾਇੰਦਾ । ਪਹਿਲੋਂ ਲਿਖਕੇ ਉਹਨਾਂ ਸਾਕਾ, ਸਾਥੀ ਜਗਤ ਜਹਾਨ ਵਖਾਇੰਦਾ । ਜਿਨ੍ਹਾਂ ਦਾ ਮਾਲਕ ਇਕੋ ਆਕਾ, ਬਿਨ ਅਕਲੋਂ ਪਾਰ ਲੰਘਾਇੰਦਾ । ਜਿਨ੍ਹਾਂ ਦਾ ਓਸ ਦੇ ਅੰਦਰ ਖ਼ਾਕਾ, ਬਿਨ ਸ਼ਕਲੋਂ ਗੋਦ ਬਹਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪੂਰਾ ਕਰ ਭਵਿਖਤ ਵਾਕਾ, ਭਾਖਿਆ ਆਪਣੀ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਕਾਰ ਕਮਾਇੰਦਾ । ਜਨ ਭਗਤ ਤੇਰਾ ਸਚ ਸਵਾਮੀ, ਸਵਾਗਤ ਇਕੋ ਕਰਨ ਆਈਆ । ਆਦਿ ਜੁਗਾਦੀ ਅੰਤਰਜਾਮੀ, ਅੰਤਰ ਆਤਮਾ ਵੇਖ ਵਖਾਈਆ । ਜਨ ਭਗਤਾਂ ਪੜ੍ਹਨ ਦੀ ਇਕੋ ਬਾਣੀ, ਸੋਹੰ ਸਦਾ ਸਮਝਾਈਆ । ਜਿਸਦਾ ਰੂਪ ਚਾਰੇ ਖਾਣੀ, ਚਾਰ ਜੁਗ ਵਡਿਆਈਆ । ਜਿਸ ਦਾ ਹੁਕਮ ਚੋਜ ਵਡਾਣੀ, ਚਾਰੋਂ ਕੁੰਟ ਆਪ ਵਰਤਾਈਆ । ਜਿਸ ਦਾ ਹੁਕਮ ਖੇਲ ਮਹਾਨੀ, ਖ਼ਾਲਕ ਖ਼ਲਕ ਦਏ ਸਮਝਾਈਆ । ਜਿਸ ਦਾ ਪਦ ਇਕ ਨਿਰਬਾਨੀ, ਨਿਰਵੈਰ ਪੁਰਖ ਅਖਵਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਨਿਸ਼ਾਨੀ, ਭਗਤਾਂ ਦਏ ਵਡਿਆਈਆ । ਸੋ ਖੇਲ ਖੇਲੇ ਸ਼ਾਹ ਸੁਲਤਾਨੀ, ਕਲਜੁਗ ਅੰਤਮ ਬੇਪਰਵਾਹੀਆ । ਜਨ ਭਗਤ ਦਵਾਰੇ ਖਾ ਕੇ ਇਕ ਵਾਰ ਮਹਿਮਾਨੀ, ਅੱਗੇ ਮਹਿਮਾਨ ਸਦਾ ਦੇ ਲਏ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹੋ ਕਰਨ ਆਇਆ ਵੱਡੀ ਮਿਹਰਵਾਨੀ, ਮਿਹਰ ਨਜ਼ਰ ਨਾਲ ਆਪਣੇ ਰਿਹਾ ਤਰਾਈਆ ।

✪ ੮ ਮੱਘਰ ੨੦੨੧ ਬਿਕ੍ਰਮੀ ਗੁਰਦਿਆਲ ਸਿੰਘ ਤੇ ਚੰਦ ਕੌਰ ਦੇ ਗ੍ਰਿਹ ਪਿੰਡ ਰਾਮੂਵਾਲਾ ਨਵਾਂ ✪

ਜਨ ਭਗਤ ਕਹੇ ਪ੍ਰਭ ਕਰ ਰੱਖਿਆ, ਰੱਖਸ਼ਕ ਇਕੋ ਨਜ਼ਰੀ ਆਈਆ । ਜਨਮ ਕਰਮ ਦੀ ਪੂਰੀ ਕਰ ਇਛਿਆ, ਨਾਮ ਅਮੋਲਕ ਵਸਤ ਝੋਲੀ ਪਾਈਆ । ਚਰਨ ਪ੍ਰੀਤੀ ਦੇ ਦੇ ਭਿਛਿਆ, ਮਿਹਰ ਨਜ਼ਰ ਉਠਾਈਆ । ਆਪਣੇ ਮਿਲਣ ਦੀ ਦੱਸ ਦੇ ਸਿਖਿਆ, ਸਾਚੀ ਕਰ ਪੜ੍ਹਾਈਆ । ਸ੍ਰਿਸ਼ਟ ਸਬਾਈ ਦਿਸੇ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਤੂੰ ਮਾਣ ਦਵਾਵੇਂ ਨਿੱਕਿਆਂ ਵੱਡਿਆਂ, ਨੀਚੋਂ ਊਚ ਬਣਾਈਆ । ਤੇਰੀ ਕਿਰਪਾ ਮਨ ਜਾਏ ਜਿੱਤਿਆ, ਦੂਜੀ ਵਾਸਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਜਨ ਭਗਤ ਕਹੇ ਪ੍ਰਭ ਵੇਖ ਹਾਲ, ਹਾਲਤ ਦਿਆਂ ਜਣਾਈਆ । ਵਸਤ ਅਮੋਲਕ ਦੇ ਮਾਲ, ਦੌਲਤ ਨਾਮ ਝੋਲੀ ਪਾਈਆ । ਕੂੜੀ ਕਿਰਿਆ ਟੁੱਟੇ ਜੰਜਾਲ, ਸਤਿ ਸਚ ਇਕ ਸਮਝਾਈਆ । ਭਾਗ ਲਗਾ ਕਾਇਆ ਮਾਟੀ ਖਾਲ, ਤਤਵ ਤਤ ਦੇ ਦ੍ਰਿੜਾਈਆ । ਸਾਚੇ ਢਾਂਚੇ ਲੈਣਾ ਢਾਲ, ਸਚ ਕੁਠਾਲੀ ਆਪ ਉਪਾਈਆ । ਹਉਂ ਨੱਢੇ ਤੇਰੇ ਬਾਲ, ਬਾਲੀ ਰੂਪ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਸਿਰ ਦੇ ਤਾਜ, ਤੇਰੀ ਇਕ ਸਰਨਾਈਆ । ਜੁਗ ਚੌਕੜੀ ਰਖੀਂ ਲਾਜ, ਸਦਾ ਸਦਾ ਸਹਾਈਆ । ਦੋ ਜਹਾਨਾਂ ਤੇਰਾ ਰਿਵਾਜ, ਰਸਮ ਜਗਤ ਬਣਾਈਆ । ਭਗਤਾਂ ਕਰੀਂ ਆਪ ਕਾਜ, ਕਰਨੀ ਦਈਂ ਸਮਝਾਈਆ । ਮਸਤਕ ਟਿੱਕਾ ਸੀਸ ਗੁਰੂ ਮਹਾਰਾਜ, ਪਾਤਸ਼ਾਹ ਨਿਵਾਈਆ । ਦੂਸਰ ਖੇਲ ਸ੍ਰਿਸ਼ਟ ਤਮਾਸ਼, ਵੇਖੇ ਜਗਤ ਲੋਕਾਈਆ । ਕੂੜੀ ਕਿਰਿਆ ਕਰੇ ਨਾਚ, ਘਰ ਘਰ ਡੌਰੂ ਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ, ਕਰਤੇ ਤੇਰੀ ਇਕ ਸਰਨਾਈਆ । ਤੇਰੇ ਲੇਖੇ ਲਾਇਆ ਜਰਮ, ਜਨਮ ਤੇਰੀ ਝੋਲੀ ਪਾਈਆ । ਬਿਰਹੋਂ ਵਿਛੋੜੇ ਜ਼ਖ਼ਮਾਂ ਉਤੇ ਲਾ ਮਰਹਮ, ਪੱਟੀ ਆਪਣਾ ਨਾਮ ਬੰਧਾਈਆ । ਲੇਖ ਮੁਕਾ ਦੇ ਪਿਛਲੇ ਕਰਮ, ਕਾਂਡ ਨਾਮ ਦੇ ਸਮਝਾਈਆ । ਸਚ ਦਵਾਰੇ ਮਿਲੇ ਸਰਨ, ਸਰਨਗਤ ਇਕ ਦ੍ਰਿੜਾਈਆ । ਤੂੰ ਸਾਹਿਬ ਸਵਾਮੀ ਤਾਰਨ ਤਰਨ, ਤਾਰੀਂ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਸਾਚੇ ਵੇਖ ਵਖਾਈਆ । ਜਨ ਭਗਤ ਕਹੇ ਮੇਰਾ ਧੁਰ ਦਾ ਤਰਲਾ, ਨਿਉਂ ਨਿਉਂ ਸੀਸ ਨਿਵਾਈਆ । ਭੇਵ ਖੁਲ੍ਹਾਦੇ ਆਪਣੇ ਘਰ ਦਾ, ਪੜਦਾ ਆਪ ਚੁਕਾਈਆ । ਵਸਤ ਅਨੋਖੀ ਮੰਗ ਮੰਗਦਾ, ਨਾਮ ਪਦਾਰਥ ਦੇ ਵਰਤਾਈਆ । ਸੁਣਾਂ ਨਾਦ ਅਗੰਮੀ ਮਰਦੰਗ ਦਾ, ਧੁਨ ਆਤਮਕ ਰਾਗ ਸੁਣਾਈਆ । ਰੰਗ ਚਾੜ੍ਹ ਦੇ ਆਪਣੇ ਰੰਗ ਦਾ, ਦੁਰਮਤ ਮੈਲ ਧੁਆਈਆ । ਲੇਖਾ ਚੁੱਕੇ ਦਵੈਤੀ ਕੰਧ ਦਾ, ਭਾਂਡਾ ਭਰਮ ਭੰਨਾਈਆ । ਹੋਏ ਪਰਕਾਸ਼ ਜੋਤੀ ਚੰਦ ਦਾ, ਸੂਰਜ ਚੰਦ ਮੁਖ ਛੁਪਾਈਆ । ਵੇਖਾਂ ਖੇਲ ਸੂਰੇ ਸਰਬੰਗ ਦਾ, ਸਚ ਦਵਾਰੇ ਦੇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦੇ ਚੁਕਾਈਆ । ਜਨ ਭਗਤ ਕਹੇ ਪ੍ਰਭ ਤੇਰੀ ਆਸਾ, ਤ੍ਰਿਸਨਾ ਦੇ ਬੁਝਾਈਆ । ਚਰਨ ਕਵਲ ਸਚ ਭਰਵਾਸਾ, ਭਉ ਦੇ ਮਿਟਾਈਆ । ਆਪਣੇ ਮਿਲਣ ਦਾ ਖੋਲ੍ਹ ਕੇ ਦੱਸ ਖ਼ੁਲਾਸਾ, ਖ਼ੁਸ਼ੀਆਂ ਨਾਲ ਸਮਝਾਈਆ । ਰਸਨਾ ਗਾਈਏ ਸਵਾਸ ਸਵਾਸਾ, ਸਿਮਰਨ ਇਕ ਬਣਾਈਆ । ਕਰਵਟ ਲੈ ਬਦਲ ਲੈ ਪਾਸਾ, ਆਪਣਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲਏ ਮਿਲਾਈਆ । ਜਨ ਭਗਤ ਕਹੇ ਮੈਂ ਨਿੱਕਾ ਬੱਚਾ, ਬੱਚਿਆਂ ਵਿਚੋਂ ਨਜ਼ਰੀ ਆਈਆ । ਕਾਇਆ ਮਾਟੀ ਭਾਂਡਾ ਕੱਚਾ, ਤੱਤਾਂ ਬਣਤ ਬਣਾਈਆ । ਹਿਰਦੇ ਅੰਦਰ ਤੂੰ ਹੀ ਵਸਾ, ਨਿਰਗੁਣ ਡੇਰਾ ਲਾਈਆ । ਆਪਣੇ ਮਿਲਣ ਦੀ ਖੋਲ੍ਹਦੇ ਅੱਖਾ, ਆਖ਼ਰ ਪੜਦਾ ਦੇ ਉਠਾਈਆ । ਆਪਣਾ ਹਾਲ ਤੈਨੂੰ ਦੱਸਾਂ, ਹਕੀਕਤ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਜਨ ਭਗਤ ਕਹੇ ਮੈਂ ਤੇਰਾ ਬਰਦਾ, ਬੰਦੀਖ਼ਾਨਾ ਦੇ ਤੁੜਾਈਆ । ਤੂੰ ਮਾਲਕ ਘਰ ਘਰ ਦਾ, ਲੱਖ ਚੁਰਾਸੀ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤੈਥੋਂ ਡਰਦਾ, ਗੁਰ ਅਵਤਾਰ ਸੀਸ ਝੁਕਾਈਆ । ਪੀਰ ਪੈਗ਼ੰਬਰ ਤੇਰਾ ਕਲਮਾ ਪੜ੍ਹਦਾ, ਤੋਬਾ ਤੋਬਾ ਰਹੇ ਸੁਣਾਈਆ । ਤੇਰਾ ਰੂਪ ਨਰਾਇਣ

ਨਰ ਦਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਹੁਕਮ ਅਗੰਮੀ ਕਰਦਾ, ਧੁਰ ਫ਼ਰਮਾਨਾ ਇਕ ਸੁਣਾਈਆ । ਤੇਰੇ ਅੱਗੇ ਕੋਇ ਨਾ ਅੜਦਾ, ਦੋ ਜਹਾਨ ਬੈਠੇ ਢੇਰੀਆਂ ਢਾਹੀਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਨਾਮ ਲੱਖ ਚੁਰਾਸੀ ਜੀਵ ਜੰਤ ਪੜ੍ਹਦਾ, ਸਿਫ਼ਤਾਂ ਨਾਲ ਸਾਲਾਹੀਆ । ਤੂੰ ਮਾਲਕ ਉਸ ਦਰ ਦਾ, ਜਿਸ ਦਾ ਦਰਵਾਜ਼ਾ ਨਜ਼ਰ ਕਿਸੇ ਨਾ ਆਈਆ । ਤੇਰਾ ਭਗਤ ਸੁਹੇਲਾ ਇਕੋ ਮੰਗ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਬਿਨ ਤੇਰੀ ਕਿਰਪਾ ਅੱਗੇ ਕੋਏ ਨਾ ਲੰਘਦਾ, ਪੰਧ ਸਕੇ ਨਾ ਕੋਇ ਮੁਕਾਈਆ । ਸੁਖ ਮਾਣੇ ਨਾ ਤੇਰੀ ਸੇਜ ਪਲੰਘ ਦਾ, ਸੁਖ ਆਸਣ ਬਹਿ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਗ ਲਗਾਈਆ । ਜਨ ਭਗਤ ਕਹਿਣ ਪ੍ਰਭ ਕਰ ਮਿਲਾਪ, ਮਿਲਣੀ ਤੇਰੇ ਹੱਥ ਰਖਾਈਆ । ਕੋਟ ਜਨਮ ਦੇ ਉਤਰਨ ਪਾਪ, ਦੁਰਮਤ ਮੈਲ ਧੁਆਈਆ । ਤੂੰ ਧੁਰ ਦਾ ਸੱਜਣ ਸਾਕ, ਸਾਹਿਬ ਇਕ ਅਖਵਾਈਆ । ਕਰ ਕਿਰਪਾ ਖੋਲ੍ਹ ਤਾਕ, ਬਜਰ ਕਪਾਟੀ ਪੜਦਾ ਲਾਹੀਆ । ਸਚ ਪ੍ਰੀਤੀ ਜੋੜ ਨਾਤ, ਆਤਮ ਪਰਮਾਤਮ ਰੰਗ ਰੰਗਾਈਆ । ਤੇਰਾ ਢੋਲਾ ਗਾਈਏ ਗਾਥ, ਸੋਹੰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਜਨ ਭਗਤ ਕਹਿਣ ਜਗ ਜੀਵਣ ਦਾਤੇ, ਸਤਿ ਤੇਰੀ ਸਰਨਾਈਆ । ਆਦਿ ਜੁਗਾਦੀ ਪੁਰਖ ਅਬਿਨਾਸ਼ੇ, ਪਤਿਪਰਮੇਸ਼ਵਰ ਤੇਰੀ ਵਡਿਆਈਆ । ਜਨ ਭਗਤਾਂ ਜੁੜੇ ਤੇਰੇ ਸੰਗ ਨਾਤੇ, ਸਗਲਾ ਸੰਗ ਬਣਾਈਆ । ਦੂਸਰ ਅੱਗੇ ਕਰਨੇ ਹੋਰ ਨਾ ਕੋਇ ਅਰਦਾਸੇ, ਬੇਨੰਤੀ ਤੇਰੇ ਅੱਗੇ ਸੁਣਾਈਆ । ਸਾਡੀ ਹੋਰ ਅਰਜ਼ ਕੋਈ ਨਾ ਵਾਚੇ, ਫ਼ਰਜ਼ ਤੇਰਾ ਨਜ਼ਰੀ ਆਈਆ । ਤੂੰ ਲੱਭੇਂ ਮਾਤ ਗਵਾਚੇ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਅੰਤਮ ਢਾਲ ਆਪਣੇ ਸਾਂਚੇ, ਸੱਚਾ ਇਕੋ ਦੇ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਕਾਚੇ, ਕੱਚ ਕੰਚਨ ਰੂਪ ਵਟਾਈਆ । ਦਰਸ ਦਿਖਾ ਦੇ ਜ਼ਾਹਰ ਬਾਤਨ ਬਾਤੇ, ਬੈਤਲ ਧਾਮ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਈਆ । ਜਨ ਭਗਤ ਕਹਿਣ ਪ੍ਰਭ ਰੰਗ ਰੰਗੀਲਾ, ਰੰਗ ਰੱਤਾ ਇਕ ਅਖਵਾਈਆ । ਜੁਗ ਚੌਕੜੀ ਬਣੇ ਵਸੀਲਾ, ਕਲਜੁਗ ਅੰਤਮ ਫੇਰਾ ਪਾਈਆ । ਜਿਸ ਦਾ ਸੰਤ ਸੁਹੇਲੇ ਸਚ ਕਬੀਲਾ, ਕਿਬਲਾ ਦੇਵਣਹਾਰ ਵਡਿਆਈਆ । ਜਨ ਭਗਤਾਂ ਹੋ ਅਧੀਨਾ, ਸ਼ਾਹ ਸੁਲਤਾਨਾ ਸੇਵ ਕਮਾਈਆ । ਗ਼ਰੀਬਾਂ ਅੰਤਰ ਹੋ ਮਸਕੀਨਾ, ਮੁਸ਼ਕਲ ਹੱਲ ਕਰਾਈਆ । ਲੇਖ ਚੁਕਾਏ ਲੋਕ ਤੀਨਾ, ਤ੍ਰੈਭਵਣ ਧਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਤਰਾਈਆ । ਭਗਤ ਸੁਹੇਲਾ ਸਦਾ ਸਵਾਮੀ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਚਲ ਧਾਮ ਡੇਰਾ ਲਾਇੰਦਾ । ਸੰਤ ਸੁਹੇਲਾ ਬਣ ਕੇ ਬਾਨੀ, ਰਹਿਬਰ ਇਕੋ ਰਾਹ ਸਮਝਾਇੰਦਾ । ਨਾਮ ਨਿਧਾਨਾ ਦੇ ਨਿਸ਼ਾਨੀ, ਨਿਰਅੱਖਰ ਆਪ ਪੜ੍ਹਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਪਦ ਇਕ ਨਿਰਬਾਨੀ, ਨਿਰਵੈਰ ਪੁਰਖ ਸਮਝਾਇੰਦਾ । ਭਗਤ ਭਗਵਾਨ ਸਦਾ ਸਦਾ ਸਦ ਗਾਏ ਇਕ ਕਹਾਣੀ, ਕਹਾਵਤ ਜਗਤ ਵਿਚ ਚਲਾਇੰਦਾ । ਕੋਟਨ ਕੋਟ ਕੋਟ ਖੋਲ੍ਹਦੇ ਜਗਤ ਵਿਦਵਾਨੀ, ਵਿਦਿਆ ਅੰਤਰ ਭੇਵ ਕੋਇ ਨਾ ਪਾਇੰਦਾ । ਬਿਨ ਹਰਿ ਭਗਤਾਂ ਸਭ ਦੇ ਹੋਏ ਹੈਰਾਨੀ, ਹਰਿ ਕਾ ਮੰਤਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਉਪਰ ਕਰੇ ਆਪ ਮਿਹਰਵਾਨੀ, ਮਿਹਰਵਾਨ ਆਪਣੇ ਘਰ ਵਸਾਇੰਦਾ ।

## ੮ ਮੱਘਰ ੨੦੨੧ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹਿ ਪਿੰਡ ਰਾਮੂਵਾਲਾ

ਜਨ ਭਗਤ ਕਹੇ ਪ੍ਰਭ ਕੱਟ ਦੁੱਖ, ਅਗਨੀ ਤਤ ਨਾ ਕੋਇ ਤਪਾਈਆ । ਜਨ ਭਗਤ ਕਹੇ ਪ੍ਰਭ ਕੱਟ ਭੁੱਖ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਜਨ ਭਗਤ ਕਹੇ ਪ੍ਰਭ ਉਜਲ ਕਰ ਮੁਖ, ਦੁਰਮਤ ਮੈਲ ਧੁਆਈਆ । ਜਨ ਭਗਤ ਕਹੇ ਪ੍ਰਭ ਆਤਮ ਦੇ ਸੁਖ, ਬ੍ਰਹਮ ਨਿਰੰਤਰ ਇਕ ਦ੍ਰਿੜਾਈਆ । ਜਨ ਭਗਤ ਕਹੇ ਪ੍ਰਭ ਗੋਦੀ ਚੁੱਕ, ਧੁਰ ਦੇ ਕੋੜ੍ਹੇ ਕਮਲੇ ਗਲੇ ਲਗਾਈਆ । ਜਨ ਭਗਤ ਕਹੇ ਪ੍ਰਭ ਸੁਹਾ ਆਪਣੀ ਰੁੱਤ, ਪੱਤ ਡਾਲ੍ਹੀ ਤਨ ਮਹਿਕਾਈਆ । ਜਨ ਭਗਤ ਕਹੇ ਜੁਗ ਜਨਮ ਦੇ ਵਿਛੜਿਆਂ ਆ ਕੇ ਪੁੱਛ, ਨਿਰਗੁਣ ਆਪਣਾ ਫੇਰਾ ਪਾਈਆ । ਜਨ ਭਗਤ ਕਹੇ ਬਖ਼ਸ਼ ਸਾਚੀ ਸੁਚ, ਕੂੜੀ ਕਿਰਿਆ ਪਰੇ ਹਟਾਈਆ । ਜਨ ਭਗਤ ਕਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਪ੍ਰਭ ਬਖ਼ਸ਼ ਪ੍ਰੀਤ, ਬਿਪਰੀਤ ਦੇ ਤਜਾਈਆ । ਜਨ ਭਗਤ ਕਹੇ ਤੇਰੀ ਵੇਖੀਏ ਸਾਚੀ ਰੀਤ, ਮੰਤਰ ਨਾਮ ਇਕੋ ਦੇ ਦ੍ਰਿੜਾਈਆ । ਜਨ ਭਗਤ ਕਹੇ ਨਾਤਾ ਛੁੱਟ ਜਾਏ ਮੰਦਰ ਮਸੀਤ, ਕਾਇਆ ਕਾਅਬਾ ਦੇ ਵਖਾਈਆ । ਜਨ ਭਗਤ ਕਹੇ ਲਹਿਣਾ ਦੇਣਾ ਚੁਕਾ ਊਚ ਨੀਚ, ਰਾਓ ਰੰਕ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਰੰਗ ਵਖਾ ਹਸਤ ਕੀਟ, ਘਰ ਘਰ ਪੜਦਾ ਲਾਹੀਆ । ਜਨ ਭਗਤ ਕਹੇ ਸਚ ਕਲਮਾ ਦੱਸ ਹਦੀਸ, ਹਜ਼ਰਤ ਕਰ ਪੜ੍ਹਾਈਆ । ਜਨ ਭਗਤ ਕਹੇ ਤੇਰੇ ਹੱਥ ਪ੍ਰਭੂ ਬਖ਼ਸ਼ੀਸ਼, ਰਹਿਮਤ ਝੋਲੀ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਜਨ ਭਗਤ ਕਹੇ ਪ੍ਰਭ ਆਸਾ ਪੂਰਨ, ਪੂਰੀ ਇਛਿਆ ਦੇ ਕਰਾਈਆ । ਲੋਕਮਾਤ ਉਤਰਨ ਸਗਲ ਵਸੂਰਨ, ਵਿਖ ਰਹਿਣ ਕੋਇ ਨਾ ਪਾਈਆ । ਤੇਰੇ ਬਰਦੇ ਦਰ ਮਜ਼ਦੂਰਨ, ਸੇਵਕ ਚਾਕਰ ਪਾਖ਼ਾਕ ਨਜ਼ਰੀ ਆਈਆ । ਤੂੰ ਸਾਹਿਬ ਹਾਜ਼ਰ ਹਜ਼ੂਰਨ, ਨਿਰਗੁਣ ਨੂਰ ਕਰ ਰੁਸ਼ਨਾਈਆ । ਹਉਂ ਮੂਰਖ ਮੁਗਧ ਮੂੜ੍ਹਨ, ਅਗਿਆਨ ਅੰਧੇਰ ਦੇ ਮਟਾਈਆ । ਤੇਰੇ ਚਰਨ ਮੰਗੀਏ ਧੂੜਨ, ਮਸਤਕ ਟਿੱਕਾ ਦੇ ਲਗਾਈਆ । ਨਾਤਾ ਤੁੱਟੇ ਕੂੜੋ ਕੂੜਨ, ਕੂੜੀ ਕਿਰਿਆ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦੇ ਸਮਝਾਈਆ । ਜਨ ਭਗਤ ਕਹਿਣ ਤੇਰਾ ਸਹਾਰਾ, ਸਈਆ ਇਕੋ ਨਜ਼ਰੀ ਆਈਆ । ਕਲਜੁਗ ਵੇਖ ਜਗਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਮਿਲੇ ਕੋਈ ਨਾ ਵੰਞ ਮੁਹਾਣਾ, ਚੱਪੂ ਨਾਮ ਨਾ ਕੋਇ ਲਗਾਈਆ । ਨੇਤਰ ਰੋਂਦਾ ਰਾਜਾ ਰਾਣਾ, ਸ਼ਾਹ ਸੁਲਤਾਨ ਦਏ ਦੁਹਾਈਆ । ਸਾਧਾਂ ਮਿਲੇ ਨਾ ਕੋਇ ਟਿਕਾਣਾ, ਸੰਤ ਭੱਜਣ ਵਾਹੋ ਦਾਹੀਆ । ਕੋਈ ਨਾ ਸਮਝੇ ਤੇਰਾ ਭਾਣਾ, ਭਾਵੀ ਸਭ ਦੇ ਸਿਰ ਤੇ ਛਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਤੂੰ ਦੇਵਣਹਾਰਾ ਦਾਨਾ, ਦਾਤਾ ਇਕੋ ਇਕ ਇਕ ਤੇਰੀ ਵਡਿਆਈਆ । ਤੇਰਾ ਝੁਲਦਾ ਰਿਹੇ ਨਿਸ਼ਾਨਾ, ਦੋ ਜਹਾਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇਨੰਤੀ ਕਰ ਪ੍ਰਵਾਨਾ, ਪਰਮ ਪੁਰਖ ਤੇਰੇ ਅੱਗੇ ਇਕ ਸੁਣਾਈਆ । ਜਨ ਭਗਤ ਕਹਿਣ ਤੋਹਿ ਤੌਫ਼ੀਕ, ਤੇਰੀ ਓਟ ਤਕਾਈਆ । ਤੂੰ ਸੱਜਣ ਸੱਚਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਤੇਰੇ ਨਾਉਂ ਦਾ ਗਾਈਏ ਗੀਤ, ਗੋਬਿੰਦ ਇਕ ਸਾਲਾਹੀਆ । ਹਰ ਘਟ ਵਸਣਾ ਸਦਾ ਚੀਤ, ਠਗੌਰੀ ਮਨ ਨਾ ਕੋਇ ਰਖਾਈਆ । ਅਰਸ਼ੀ ਫ਼ਰਸ਼ੀ ਦਰ ਠਾਂਡੇ ਪਾ ਭੀਖ, ਭਿਛਿਆ ਇਕ ਵਰਤਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਝੋਲੀ ਪਾਈਆ । ਜਨ ਭਗਤ ਕਹੇ ਮੈਂ ਮਾਂਗਤ ਦਰ ਦਾ, ਦਰਵੇਸ਼ ਨਜ਼ਰੀ ਆਈਆ । ਤੂੰ ਮਾਲਕ ਅਗੰਮੀ ਘਰ ਦਾ, ਭੰਡਾਰਾ ਇਕੋ ਦੇ ਵਰਤਾਈਆ । ਤੂੰ ਰਹਿਬਰ ਸਚਖੰਡ ਦਾ, ਥਿਰ ਘਰ ਤੇਰੀ ਸੁਣੀ ਚਤੁਰਾਈਆ । ਤੂੰ ਭਗਤਾਂ ਪੈਜ ਰੱਖਦਾ, ਜੁਗ ਜੁਗ ਵੇਖ ਵਖਾਈਆ । ਸੰਤਾਂ ਦੇ ਅੰਦਰ ਵਸਦਾ, ਹਿਰਦੇ ਹਰਿ ਹਰਿ ਡੇਰਾ ਲਾਈਆ । ਪਿਆਰਾ ਗੁਰਮੁਖਾਂ ਦੇ ਰਸ ਦਾ, ਰਸ ਆਤਮ ਦੇ ਚਖਾਈਆ । ਗੁਰਸਿਖਾਂ ਨਾਲ ਬਹਿ ਬਹਿ ਹੱਸਦਾ, ਹਸਤੀ ਆਪਣੀ ਦੇ ਸਮਝਾਈਆ । ਕਲਜੁਗ ਵੇਖ ਅੰਧੇਰਾ ਰੈਣ ਘਟ ਦਾ, ਚਾਰੋਂ ਕੁੰਟ ਚੰਦ ਨਾ ਕੋਇ ਚਮਕਾਈਆ । ਤੇਰਾ ਖੇਲ ਪੁਰਖ ਸਮਰਥ ਦਾ, ਅਕਥ ਤੇਰੀ ਵਡਿਆਈਆ । ਭਗਤ ਸੁਹੇਲਾ ਦਰ ਇਕੋ ਵਸਤ ਮੰਗਦਾ, ਖ਼ਾਲੀ ਝੋਲੀ ਦੇ ਭਰਾਈਆ । ਮੈਂ ਭੁੱਖਾਂ ਫਿਰਾਂ ਅਨੰਦ ਦਾ, ਨਿਜਾ ਨੰਦ ਦੇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋ ਸਹਾਈਆ । ਜਨ ਭਗਤਾਂ ਹੋ ਸਹਾ ਸਾਹਿਬ, ਗੁਰਮੁਖ ਰਹੇ ਜਣਾਈਆ । ਤੇਰੀ ਆਦਿ ਜੁਗਾਦਿ ਸੁਣਦੇ ਰਹੇ ਹਦਾਇਤ, ਹਜ਼ਰਤ ਕਰਨ ਪੜ੍ਹਾਈਆ । ਕਲਮੇ ਵਿਚੋਂ ਕਰ ਅਨਾਇਤ, ਕਾਅਬਾ ਦਏ ਦੁਹਾਈਆ । ਆਪਣੇ ਨਾਮ ਦੀ ਦੱਸ ਸ਼ਰਾਇਤ, ਸ਼ਰਅ ਦੇ ਬਦਲਾਈਆ । ਤੇਰੇ ਹੱਥ ਸਦਾ ਹਮਾਇਤ, ਹਮ ਸਾਜਣ ਹੋ ਕੇ ਘਰ ਆਈਆ । ਤੇਰੇ ਮੰਦਰ ਅੰਦਰ ਕਰੀਏ ਰਿਹਾਇਸ਼, ਸਚ ਦਵਾਰੇ ਡੇਰਾ ਲਾਈਆ । ਤੇਰੀ ਕਰੇ ਨਾ ਕੋਈ ਅਜ਼ਮਾਇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਲੇਖਾ ਆਪਣੇ ਵਿਚ ਸਮਾਈਆ । ਜਨ ਭਗਤ ਕਹਿਣ ਪ੍ਰਭ ਸੁਰਤ ਸੰਭਾਲ, ਸੋਈ ਸਵਾਣੀ ਲਏਂ ਉਠਾਈਆ । ਨਾਤਾ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤ ਸਦਾ ਤੇਰੇ ਕੰਗਾਲ, ਭੁੱਖਿਆਂ ਵਿਚੋਂ ਭੁੱਖੇ ਨਜ਼ਰੀ ਆਈਆ । ਦੀਨਾ ਬੰਧਪ ਦੀਨ ਦਿਆਲ, ਦਇਆ ਨਿਧ ਠਾਕਰ ਠੋਕਰ ਆਪਣੀ ਦੇ ਲਗਾਈਆ । ਵਸਲ ਅਸਲ ਦੇ ਜਮਾਲ, ਅਸਲੀਅਤ ਵਸੀਅਤ ਦੇ ਕਰਾਈਆ । ਗ਼ਫ਼ਲਤ ਵਿਚ ਹੋਏ ਕੰਗਾਲ, ਉਲਫ਼ਤ ਵਿਚ ਵਡਿਆਈਆ । ਮੁਹੱਬਤ ਤੇਰੀ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਕਿਰਪਾ ਕਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦਾ ਝੋਲੀ ਪਾਈਆ ।



## ✪ ੮ ਮੱਘਰ ੨੦੨੧ ਬਿਕ੍ਰਮੀ ਮਾਧੋ ਸਿੰਘ ਦੇ ਗ੍ਰਿਹ ਰਾਮੂਵਾਲਾ ✪

ਜਨ ਭਗਤ ਕਹੇ ਪ੍ਰਭ ਕਰ ਕਿਰਪਾ, ਕਿਰਪਾ ਨਿਧਾਨ ਤੇਰੀ ਓਟ ਤਕਾਈਆ । ਤੁਧ ਬਿਨ ਅਵਰ ਨਾ ਦੂਜਾ ਦਿਸਦਾ, ਨੇਤਰ ਨੈਣ ਨਾ ਦਰਸ਼ਨ ਪਾਈਆ । ਤੀਜੇ ਉਤੇ ਕਦੇ ਨਾ ਵਿਸਦਾ, ਆਸਾ ਅਵਰ ਨਾ ਕੋਇ ਵਖਾਈਆ । ਮਿਹਰਵਾਨ ਹੋ ਕੇ ਕੱਟ ਦੇ ਬਿਪਤਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹੇ ਮੇਰਾ ਵੰਡ ਦਰਦ, ਦਰਦ ਦੁੱਖ ਭੈ ਭੰਜਨ ਨਜ਼ਰੀ ਆਇੰਦਾ । ਤੇਰੇ ਅੱਗੇ ਅਰਜ਼ੋਈ ਅਰਜ਼, ਨਮੋ ਕਰਕੇ ਸੀਸ ਝੁਕਾਇੰਦਾ । ਤੇਰਾ ਕੁਝ ਨਾ ਹੋਵੇ ਹਰਜ, ਜੁਗ ਚੌਕੜੀ ਜਨ ਭਗਤਾਂ ਸਦਾ ਤਰਾਇੰਦਾ । ਤੂੰ ਮਰਦ ਮਰਦਾਨਾ ਮਰਦ, ਮੱਦਦ ਤੇਰੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਜਨ ਭਗਤ ਕਹੇ ਕੱਟ ਦੇ ਬੰਧਨ, ਫਾਂਸੀ ਰਹਿਣ ਕੋਇ ਨਾ ਪਾਈਆ ।

ਮਸਤਕ ਟਿੱਕਾ ਲਾ ਦੇ ਚੰਦਨ, ਧੂੜੀ ਖ਼ਾਕ ਰਮਾਈਆ । ਦੂਜੇ ਦਰ ਨਾ ਜਾਏ ਮੰਗਣ, ਘਰ ਇਕੋ ਬੇਪਰਵਾਹੀਆ । ਤੇਰਾ ਸਾਹਿਬ ਸਾਚਾ ਸੰਗਣ, ਸਗਲਾ ਨਾਤਾ ਦੇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਚਰਨ ਕਵਲ ਬਖ਼ਸ਼ ਸਰਨਾਈਆ । ਜਨ ਭਗਤ ਕਹੇ ਮੇਰਾ ਕੱਟ ਜ਼ੰਜੀਰ, ਸਿਰ ਆਪਣਾ ਹੱਥ ਟਿਕਾਈਆ । ਬਿਨ ਤੇਰੇ ਵੰਡੇ ਕੋਇ ਨਾ ਪੀੜ, ਦਰਦੀ ਨਜ਼ਰ ਕੋਇ ਨਾ ਆਈਆ । ਤੇਰੇ ਅੱਗੇ ਬੇਨੰਤੀ ਇਕ ਅਖ਼ੀਰ, ਆਖ਼ਰ ਰਿਹਾ ਸੁਣਾਈਆ । ਤੂੰ ਜ਼ਾਹਰ ਜ਼ਹੂਰ ਸੱਚਾ ਪੀਰ, ਪੈਗ਼ੰਬਰ ਇਕ ਅਖਵਾਈਆ । ਪ੍ਰਭ ਬਦਲ ਦੇ ਤਕਦੀਰ, ਤਦਬੀਰ ਆਪਣੀ ਆਪ ਸਮਝਾਈਆ । ਕਰਮਾਂ ਉਤੇ ਮਾਰ ਲਕੀਰ, ਸ਼ਾਹ ਹਕੀਰ ਪਾਰ ਲੰਘਾਈਆ । ਇਕੋ ਤੇਰੀ ਨਜ਼ਰੀ ਆਵੇ ਤਸਵੀਰ, ਤਾਲਬ ਹੋ ਕੇ ਮੰਗ ਮੰਗਾਈਆ । ਤੂੰ ਦਾਤਾ ਗੁਣੀ ਗਹੀਰ, ਗਹਿਰ ਗਵਰ ਅਖਵਾਈਆ । ਤੇਰੇ ਹੱਥ ਨਾਮ ਸ਼ਮਸ਼ੀਰ, ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਖ਼ਸ਼ ਸਾਚੀ ਧੀਰ, ਧੀਰਜ ਆਪਣੇ ਚਰਨ ਬੰਧਾਈਆ ।

### ✪ ੮ ਮੱਘਰ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹ ਮੋਗਾ ✪

ਜਨ ਭਗਤ ਨਾਤਾ ਅੰਤਰ ਆਦਿ, ਬ੍ਰਹਿਮਾਦ ਵੱਜੇ ਵਧਾਈਆ । ਜਨ ਸੰਤ ਨਾਤਾ ਜੁਗਾ ਜੁਗਾਦਿ, ਜੁਗ ਚੌਕੜੀ ਵੇਖ ਵਖਾਈਆ । ਗੁਰਮੁਖ ਨਾਤਾ ਸਗਲਾ ਸਾਥ, ਏਥੇ ਓਥੇ ਸੰਗ ਨਿਭਾਈਆ । ਗੁਰਸਿਖ ਨਾਤਾ ਸਾਖਿਆਤ, ਸਨਮੁਖ ਦਇਆ ਕਮਾਈਆ । ਕਿਰਪਾ ਕਰੇ ਪੁਰਖ ਸਮਰਾਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲਹਿਣਾ ਦੇਣਾ ਹੱਥੇ ਹਾਥ, ਦੇਵਣਹਾਰ ਸਦਾ ਚੁਕਾਈਆ । ਪੂਰਬ ਜਨਮਾਂ ਕਰੇ ਆਸ, ਆਸਾ ਪੂਰੀ ਆਪ ਕਰਾਈਆ । ਸਚ ਪ੍ਰੀਤੀ ਦੇ ਭਰਵਾਸ, ਪਰਭਾਤ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜਨ ਭਗਤ ਮਿਲਾਵਾ ਸਹਾਰਾ ਏਕ, ਏਕੰਕਾਰ ਦਏ ਵਡਿਆਈਆ । ਸੰਤ ਮਿਲਾਵਾ ਧੁਰ ਦੀ ਟੇਕ, ਓਟ ਇਕ ਰਖਾਈਆ । ਗੁਰਮੁਖ ਮਿਲਾਵਾ ਪ੍ਰਭ ਦੱਸ ਅੰਤਰ ਭੇਤ, ਪੜਦਾ ਦੇ ਖੁਲ੍ਹਾਈਆ । ਗੁਰਸਿਖ ਮਿਲਾਵਾ ਸੁਰਤੀ ਕਰ ਚੇਤਨ ਚੇਤ, ਸ਼ਬਦੀ ਧਾਰ ਵਹਾਈਆ । ਅਬਿਨਾਸ਼ੀ ਕਰਤਾ ਹਰ ਘਟ ਰਿਹਾ ਵੇਖ, ਲੱਖ ਚੁਰਾਸੀ ਖੋਜ ਖੁਜਾਈਆ । ਮੰਗਣਹਾਰਾ ਸਾਚੀ ਭੇਟ, ਪ੍ਰੇਮ ਪਿਆਰ ਵਸਤ ਅਮੋਲਕ ਇਕੋ ਦੇ ਸਮਝਾਈਆ । ਦੋ ਜਹਾਨਾਂ ਬਣ ਕੇ ਖੇਵਟ ਖੇਟ, ਨਈਆ ਨੌਕਾ ਜੀਵਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਨਾਤਾ ਚਰਨ ਦਵਾਰ, ਸਚ ਮਿਲੇ ਸਰਨਾਈਆ । ਸੰਤ ਨਾਤਾ ਨੇਤਰ ਲੋਚਨ ਨੈਣ ਦਰਸ ਦੀਦਾਰ, ਦੀਦ ਖ਼ੁਸ਼ੀ ਮਨਾਈਆ । ਗੁਰਮੁਖ ਨਾਤਾ ਚਰਨ ਧੂੜੀ ਮੰਗੇ ਛਾਰ, ਦੁਰਮਤ ਮੈਲ ਧੁਆਈਆ । ਗੁਰਸਿਖ ਨਾਤਾ ਦੋਏ ਜੋੜ ਕਰੇ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਸਗਲਾ ਸਾਥਾ, ਸਗਲਾ ਸੰਗ ਰਖਾਈਆ । ਦੇਵਣਹਾਰਾ ਧੁਰ ਦੀ ਦਾਤਾ, ਮਿਹਰ ਨਜ਼ਰ ਉਠਾਈਆ । ਜਗਤ ਨਾਲ ਜਗਤ ਬੰਧਾਵਾਂ ਵਾਲਾ ਨਾਤਾ, ਬੰਧਨ ਨਾਲ ਰਖਾਈਆ । ਤਿੰਨਾਂ ਬੱਚੀਆਂ ਪਿਛੋਂ ਆਏ ਓਹ ਕਾਕਾ, ਜਿਸ ਦਾ ਕਰਮ ਪ੍ਰਭ ਆਪਣੇ ਹੱਥ ਰਖਾਈਆ ।

## ✪ ੮ ਮੱਘਰ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹ ਨਿਧਾਂਵਾਲਾ ✪

ਭਗਤ ਸੁਹੇਲੇ ਵੇਖ ਕੇ ਸੁਖੀ, ਧਰਨੀ ਧਰਤ ਧਵਲ ਲਏ ਅੰਗੜਾਈਆ । ਆਸਣ ਉਠੇ ਮੁਨੀ ਰਿਖੀ, ਮੁਨੀਸ਼ਰ ਅੱਖ ਖੁਲ੍ਹਾਈਆ । ਕਲਜੁਗ ਅੰਤਮ ਹੋਏ ਦੁਖੀ, ਦਰਦੀ ਦਰਦ ਨਾ ਕੋਇ ਵੰਡਾਈਆ । ਤੇਰੇ ਨਾਲੋਂ ਪ੍ਰੀਤੀ ਟੁੱਟੀ, ਪ੍ਰਭੂ ਸਕੇ ਨਾ ਕੋਇ ਜੁੜਾਈਆ । ਪ੍ਰੇਮ ਪਿਆਰ ਦੀ ਡੋਰੀ ਮੁੱਕੀ, ਅੱਗੇ ਤੰਦ ਨਾ ਕੋਇ ਬੰਧਾਈਆ । ਹੋਇਆ ਅੰਧੇਰਾ ਚਾਰੇ ਗੁੱਠੀਂ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਅੱਖ ਇਕ ਖੁਲ੍ਹਾਈਆ । ਰਿਖੀ ਮੁਨੀ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਬੇਪਰਵਾਹ, ਬੇਪਰਵਾਹ ਵੇਖ ਵਖਾਈਆ । ਸਾਡੇ ਅੰਤਰ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰਾ ਭੁੱਲਿਆ ਨਰ ਹਰਿ ਨਾਂ, ਨਾਉਂ ਨਿਰੰਕਾਰਾ ਨਾ ਕੋਇ ਧਿਆਈਆ । ਜੰਗਲ ਜੂਹ ਉਜਾੜ ਪਹਾੜ ਧੱਕੇ ਰਹੇ ਖਾ, ਬਾਹੋਂ ਫੜ ਗਲੇ ਨਾ ਕੋਇ ਲਗਾਈਆ । ਅਠਸਠ ਤੀਰਥ ਫੇਰੀਆਂ ਰਹੇ ਪਾ, ਬਣ ਬਣ ਪਾਂਧੀ ਰਾਹੀਆ । ਸ਼ਿਵਦਵਾਲੇ ਮੱਠਾਂ ਰਾਹ ਰਹੇ ਤਕਾ, ਨੇਤਰ ਅੱਖ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣ ਸੁਣ ਮਿਲਿਆ ਨਾ ਤੇਰਾ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਕਲਮਿਆਂ ਵਿਚੋਂ ਬਾਹਰ ਦੱਸਿਆ ਖ਼ੁਦਾ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਤੇਰੇ ਨਾਲੋਂ ਹੋਏ ਜੁਦਾ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਵੇਖ ਵਖਾਈਆ । ਮੁਨੀ ਮਨੀਸ਼ਰ ਨੇਤਰ ਰੋਂਦੇ ਨੈਣਾਂ ਨੀਰ ਵਹਾਈਆ । ਗ਼ਫ਼ਲਤ ਵਿਚ ਗੂੜ੍ਹੀ ਨੀਂਦ ਸੌਂਦੇ, ਅੰਤਰ ਲਏ ਨਾ ਕੋਇ ਅੰਗੜਾਈਆ । ਮਨ ਵਾਸਨਾ ਸਾਰੇ ਭੌਂਦੇ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਹਿਰਦੇ ਹਰਿ ਨਾ ਘਰ ਵਸੌਂਦੇ, ਵਸਲ ਯਾਰ ਨਾ ਕੋਇ ਵਖਾਈਆ । ਚਾਰੋਂ ਕੁੰਟ ਉਠ ਉਠ ਧਾਉਂਦੇ, ਭੱਜਣ ਵਾਹੋ ਦਾਹੀਆ । ਆਪਣਾ ਭੇਵ ਮੂਲ ਨਾ ਪੌਂਦੇ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਘਰ ਠਾਕਰ ਸਵਾਮੀ ਸੇਜਾ ਸਚ ਨਾ ਮੂਲ ਬਹੌਂਦੇ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਰਿਖੀ ਮੁਨ ਕੱਢਣ ਤਰਲਾ, ਤਰਾ ਤਰਾ ਜਣਾਈਆ । ਪੁਰਖ ਅਬਿਨਾਸ਼ੀ ਸਾਚੇ ਵਰ ਲਾ, ਕੰਤ ਸੁਹਾਗੀ ਫੇਰਾ ਪਾਈਆ । ਇਕੋ ਪੱਲੂ ਤੇਰਾ ਫੜਨਾ, ਛੱਡੀ ਸਰਬ ਲੋਕਾਈਆ । ਘਰ ਸਵਾਮੀ ਤੇਰੇ ਚੜ੍ਹਨਾ, ਜਗ ਮੰਦਰ ਦਿਤੇ ਤਜਾਈਆ । ਇਕੋ ਢੋਲਾ ਤੇਰਾ ਪੜ੍ਹਨਾ, ਸ਼ਬਦੀ ਰਾਗ ਅਲਾਈਆ । ਸਚ ਸਰਨਾਈ ਸਾਚੀ ਪੜਨਾ, ਸਨਮੁਖ ਤੇਰੇ ਤੇਰੀ ਓਟ ਤਕਾਈਆ । ਬਿਰਹੋਂ ਵਿਛੋੜੇ ਅੰਦਰ ਮਰਨਾ, ਮਰ ਜੀਵਤ ਰੂਪ ਵਟਾਈਆ । ਤੇਰੀ ਚਰਨ ਧੂੜੀ ਕਲਜੁਗ ਸਾਚੀ ਤਰਨਾ, ਬੇਤਰਨੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚੇ ਦੇ ਵਡਿਆਈਆ । ਰਿਖੀ ਮੁਨੀ ਕਹਿਣ ਅਸੀਂ ਵੇਖਣ ਆਏ, ਪ੍ਰਭ ਆਪਣਾ ਪੰਧ ਮੁਕਾਈਆ । ਸਚ ਦਵਾਰੇ ਡੇਰੇ ਲਾਏ, ਅਲਖ ਨਿਰੰਜਣ ਸੀਸ ਨਿਵਾਈਆ । ਦੋਏ ਜੋੜ ਵਾਸਤੇ ਪਾਏ, ਧੂੜੀ ਖ਼ਾਕ ਰਮਾਈਆ । ਮਾਣ ਅਭਿਮਾਨ ਸਰਬ ਮਿਟਾਏ, ਹੰਕਾਰ ਰਹਿਣ ਕੋਇ ਨਾ ਪਾਈਆ । ਖ਼ਾਦਮ ਹੋ ਦਰਵੇਸ਼ ਫੇਰਾ ਪਾਏ, ਅਲਫ਼ੀ ਤਨ ਨਾ ਕੋਇ ਰੰਗਾਈਆ । ਨਰ ਨਰੇਸ਼ ਪ੍ਰਭ ਦਇਆ ਕਮਾਏ, ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਨਾ ਕੋਇ ਛੁਡਾਈਆ । ਸਹੰਸਰ ਮੁਖ ਸ਼ੇਸ਼ ਰਾਗ ਨਾ ਗਾਏ, ਤਿਆਗ ਸਭ ਦੇ ਦਏ ਕਰਾਈਆ । ਆਦਿ ਜੁਗਾਦਿ ਜੁਗ ਚੌਕੜੀ ਜੋ

ਖੇਲ ਕਰਾਏ, ਪਤਿਪਰਮੇਸ਼ਵਰ ਬੇਪਰਵਾਹੀਆ । ਓਸ ਸਾਹਿਬ ਦੇ ਲਾਗੇ ਪਾਏਂ, ਜੋ ਡੁਬਦੇ ਰਿਹਾ ਤਰਾਈਆ । ਕਲਜੁਗ ਅੰਤ ਜਿਸ ਭਗਤ ਸੁਹੇਲੇ ਆਣ ਮਿਲਾਏ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰਿਖੀ ਮੁਨੀ ਕਹਿਣ ਪ੍ਰਭ ਛੱਡ ਦੇ ਤੱਟ, ਤੱਟ ਕਿਨਾਰਾ ਤੇਰਾ ਨਜ਼ਰੀ ਆਈਆ । ਖ਼ਾਲੀ ਵੇਖੇ ਚੌਦਾਂ ਹੱਟ, ਚੌਦਾਂ ਤਬਕ ਦੇਣ ਦੁਹਾਈਆ । ਰਸਨਾ ਜਿਹਵਾ ਬੱਤੀ ਦੰਦ ਨਾਮ ਆਏ ਜਪ, ਬਾਰਾਂ ਅਖਸ਼ਰ ਗਾਇਤਰੀ ਨਾਲ ਪੜ੍ਹਾਈਆ । ਜਾਂ ਵੇਖਿਆ ਤੇ ਖ਼ਾਲੀ ਹੱਥ, ਝੋਲੀ ਸਕੇ ਨਾ ਕੋਇ ਭਰਾਈਆ । ਭੈ ਭੀਤ ਭਿਆਨਕ ਅੰਦਰ ਆਏ ਨੱਠ, ਨੈਣਾਂ ਨਾਲ ਜਣਾਈਆ । ਸਰਨ ਸਰਨਾਈ ਗਏ ਢੱਠ, ਚਰਨ ਕਵਲ ਸੀਸ ਟਿਕਾਈਆ । ਦੁਰਮਤ ਮੈਲ ਦਰ ਦਵਾਰਿਉਂ ਕੱਟ, ਅੰਮ੍ਰਿਤ ਮੇਘ ਬਰਸਾਈਆ । ਸੱਚਾ ਮਾਰਗ ਇਕੋ ਦੱਸ, ਜਿਸ ਬਿਧ ਭਗਤ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਨੇਹੜਾ ਦੇਵੇ ਹੱਸ, ਨਰ ਹਰਿ ਸਾਚਾ ਆਪ ਜਣਾਈਆ । ਰਿਖੀ ਮੁਨੀ ਕਰੋ ਸਭ ਧਿਆਨ, ਹਰਿ ਕਰਤਾ ਆਪ ਜਣਾਈਆ । ਸਭ ਤੋਂ ਵਖਰਾ ਮੇਰਾ ਗਿਆਨ, ਸਮਝ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਸ਼ਰਮਾਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਮੰਗਣ ਦਾਨ, ਦਰ ਠਾਂਡੇ ਝੋਲੀ ਡਾਹੀਆ । ਮੇਰਾ ਵੱਖਰਾ ਸਭ ਤੋਂ ਜਹਾਨ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਖੇਲ ਕਰਾਂ ਮਹਾਨ, ਖ਼ਾਲਸ ਆਪਣੀ ਧਾਰ ਚਲਾਈਆ । ਦੂਜਾ ਵਿਚ ਨਾ ਕੋਇ ਬਲਵਾਨ, ਚੌਦਾਂ ਵਿਦਿਆ ਰੋਵੇ ਮਾਰੇ ਧਾਈਆ । ਸ਼ਰਅ ਵਿਚ ਨਾ ਕੋਇ ਸ਼ੈਤਾਨ, ਸ਼ਰੀਅਤ ਵਿਚ ਨਾ ਕੋਇ ਲੜਾਈਆ । ਜਿਸ ਨੂੰ ਬਖ਼ਸ਼ੇ ਚਰਨ ਧਿਆਨ, ਸੋ ਧਰਨਾਪਤ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰਿਖ ਮੁਨ ਪੁੱਛੇ ਕੋਲੋਂ ਜਾ ਕੇ ਬ੍ਰਹਮਾ, ਬ੍ਰਹਮਾ ਇਕ ਦੇ ਜਣਾਈਆ । ਜਿਸ ਦਾ ਨਿਹਚਲ ਧਰਮਾ, ਕੀ ਨਾਮ ਰਿਹਾ ਪੜ੍ਹਾਈਆ । ਜਿਸ ਦਾ ਆਦਿ ਜੁਗਾਦਿ ਕਰਮਾ, ਨਿਹਕਰਮੀ ਖੇਲ ਖਿਲਾਈਆ । ਜਿਸ ਦਾ ਲੇਖਾ ਬਾਹਰ ਵਰਨਾਂ ਬਰਨਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਜਿਸ ਦਾ ਸਹਾਰਾ ਗੁਰ ਅਵਤਾਰਾਂ ਚਰਨਾਂ, ਚਰਨੋਦਕ ਇਕੋ ਜਾਮ ਪਿਆਈਆ । ਜਿਸ ਦੇ ਕੋਲੋਂ ਦੋ ਜਹਾਨ ਡਰਨਾ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਜਿਸ ਦਾ ਕਲਮਾ ਨਬੀ ਰਸੂਲਾਂ ਪੜ੍ਹਨਾ, ਕਾਇਨਾਤ ਦਿਆਂ ਜਣਾਈਆ । ਜਿਸ ਨੂੰ ਮਿਲ ਕੇ ਭਗਤਾਂ ਤਰਨਾ, ਅਣਤਾਰੂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਰਿਖੀ ਮੁਨੀ ਕਹਿਣ ਦੱਸ ਬ੍ਰਹਮੇ, ਪ੍ਰਭ ਦੀ ਕੀ ਵਡਿਆਈਆ । ਕਲਜੁਗ ਅੰਤਮ ਅਸੀਂ ਹੋਏ ਨਿਕੰਮੇ, ਨਿਕਰਮਨ ਰਹੇ ਜਣਾਈਆ । ਮਾਵਾਂ ਘਰ ਐਵੇਂ ਜੰਮੇਂ, ਦਸ ਦਸ ਮਾਸ ਅਗਨ ਤਪਾਈਆ । ਅਸੀਂ ਸੀਰ ਚੁੰਘਿਆ ਮੰਮੇ, ਮਮਤਾ ਮੋਹ ਵਧਾਈਆ । ਬਿਨ ਹਰਿ ਕਿਰਪਾ ਰਹੇ ਔਗੁਣੇ, ਗੁਣ ਸਕੇ ਨਾ ਕੋਇ ਸਮਝਾਈਆ । ਸਚ ਦੱਸ ਲੱਖ ਚੁਰਾਸੀ ਕੌਣ ਜਾਣੇ ਛਾਣੇ ਪੁਣੇ, ਜੀਵ ਜੰਤ ਖੋਜ ਖੁਜਾਈਆ । ਕੌਣ ਲਗਾਵੇ ਧੁਰ ਦੀ ਧੁਨੇ, ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਧੁਰ ਦਾ ਲੇਖਾ ਦੇ ਦ੍ਰਿੜਾਈਆ । ਰਿਖੀ ਮੁਨੀ ਕਹਿਣ ਬ੍ਰਹਮੇ ਦੱਸ, ਕਹਾਣੀ ਧੁਰ ਦੀ ਦੇ ਜਣਾਈਆ । ਹਉਂ ਹੋ ਕੇ ਤੇਰੇ ਵਸ, ਵਾਸਤਾ ਇਕੋ ਵਾਰ ਪਾਈਆ । ਕਲਜੁਗ ਕਿਰਿਆ ਕੋਲੋਂ ਆਏ ਨੱਸ, ਦੂਰ ਦੁਰਾਡਾ ਪੰਧ ਮੁਕਾਈਆ । ਤੀਰਥ ਤੱਟ ਆਏ ਛੱਡ, ਗੰਗਾ

ਗੋਦਾਵਰੀ ਜਮਨਾ ਸੁਰਸਤੀ ਦਿਤੀ ਤਜਾਈਆ । ਸਮਾਜਾਂ ਵਿਚ ਹੋ ਕੇ ਅੱਡ, ਅੱਡਰਾ ਰਾਹ ਤਕਾਈਆ । ਸਾਨੂੰ ਦੇ ਉਹ ਮਤ, ਮੰਤਰਾਂ ਵਿਚੋਂ ਪਾਰ ਕਢਾਈਆ । ਅਸੀਂ ਮਾਣੀਏ ਉਹਦਾ ਰਸ, ਜੋ ਰਸੀਆ ਬੇਪਰਵਾਹੀਆ । ਜੋ ਭਗਤਾਂ ਅੰਦਰ ਰਿਹਾ ਵਸ, ਸਾਖਿਆਤ ਅਪਣਾ ਡੇਰਾ ਲਾਈਆ । ਉਸ ਦੇ ਅੱਗੇ ਜੋੜੀਏ ਹੱਥ, ਸਚ ਸਿੰਘਾਸਣ ਦੇ ਦ੍ਰਿੜਾਈਆ । ਉਹ ਮਹਿੰਮਾ ਜਣਾਏ ਅਕਥ, ਆਪਣਾ ਪੜਦਾ ਦਏ ਉਠਾਈਆ । ਉਹਦੀ ਚਰਨੀ ਜਾਈਏ ਢੱਠ, ਨਿਉਂ ਨਿਉਂ ਲਾਗੇ ਪਾਈਆ । ਉਹ ਪੁਰਖ ਸਾਹਿਬ ਸਮਰਥ, ਸਦਾ ਸਦਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬ੍ਰਹਮਾ ਕਹੇ ਸੁਣੋ ਮੁਨ ਰਿਖ, ਰਿਖੀਸ਼ਰ ਦਿਆਂ ਜਣਾਈਆ । ਉਸ ਦੇ ਮਿਲਣ ਦੀ ਜੇ ਲੱਗੀ ਤ੍ਰਿਖ, ਤ੍ਰਿਖਾ ਰੋਗ ਗਵਾਈਆ । ਜੇ ਜਾ ਕੇ ਵੇਖੀਏ ਓਹਦੇ ਗੁਰਸਿਖ, ਜਿਨ੍ਹਾਂ ਸਿਖਿਆ ਝੋਲੀ ਪਾਈਆ । ਜਿਨ੍ਹਾਂ ਦੀ ਪੁਸ਼ਤ ਪਨਾਹ ਹੱਥ ਰੱਖਿਆ ਪਿੱਠ, ਸੀਸ ਜਗਦੀਸ਼ ਹੋਏ ਸਹਾਈਆ । ਸਭ ਤੋਂ ਵੱਖਰੀ ਉਹਨਾਂ ਦੀ ਰੀਤ, ਮੰਦਰ ਮਸੀਤ ਕੋਇ ਨਾ ਜਾਈਆ । ਇਕੋ ਸਵਾਮੀ ਵਸੇ ਚੀਤ, ਚਿਤ ਵਿਤ ਠਗੋਰੀ ਨਾ ਕੋਇ ਰਖਾਈਆ । ਇਕੋ ਢੋਲਾ ਗਾਉਂਦੇ ਗੀਤ, ਤੂੰ ਮੇਰਾ ਮੈਂ ਤੇਰੀ ਓਟ ਤਕਾਈਆ । ਇਕੋ ਰੰਗ ਵਸਣ ਊਚ ਨੀਚ, ਜ਼ਾਤ ਪਾਤ ਨਾ ਕੋਇ ਸਮਝਾਈਆ । ਇਕੋ ਕਲਮਾ ਪੜ੍ਹਨ ਹਦੀਸ, ਇਕੋ ਹਜ਼ਰਤ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਬ੍ਰਹਮਾ ਕਹੇ ਰਿਖ ਮੁਨ ਸੁਣੋ ਲਾ ਕਰ ਕਾਨ, ਧੁਰ ਸੰਦੇਸ਼ ਸੁਣਾਈਆ । ਜਿਸ ਨੂੰ ਕਹਿੰਦੇ ਸ੍ਰੀ ਭਗਵਾਨ, ਪਾਰਬ੍ਰਹਮ ਬੇਪਰਵਾਹੀਆ । ਸੋ ਨਿਰਗੁਣ ਰੂਪ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਸੁਣਾਈਆ । ਜਨ ਭਗਤਾਂ ਦੇਵਣ ਆਇਆ ਦਾਨ, ਲੋਕਮਾਤ ਵੇਸ ਵਟਾਈਆ । ਜਿਸ ਨੂੰ ਸੀਸ ਝੁਕਾਂਦੇ ਗੋਪੀ ਕਾਹਨ, ਰਾਮ ਸੀਤਾ ਸੇਵ ਕਮਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਨ ਸਲਾਮ, ਸਜਦਿਆਂ ਨਾਲ ਮਿਲਾਈਆ । ਜਿਸ ਨੂੰ ਗੁਰ ਅਵਤਾਰ ਕਰਨ ਪਰਨਾਮ, ਟਿੱਕਾ ਮਸਤਕ ਇਕੋ ਇਕ ਛੁਹਾਈਆ । ਜਿਸ ਦਾ ਵੱਖਰਾ ਅੱਖਰਾਂ ਬਿਨਾ ਕਲਾਮ, ਕੁਦਰਤ ਕਾਦਰ ਰਿਹਾ ਸਮਝਾਈਆ । ਸੋ ਸਾਹਿਬ ਭਗਤਾਂ ਮਿਲਿਆ ਆਣ, ਭਗਵਨ ਆਪਣਾ ਫੇਰਾ ਪਾਈਆ । ਬਾਲੀ ਬੁਧ ਵੇਖ ਅੰਞਾਣ, ਕੋੜੇ ਕਮਲੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਬ੍ਰਹਮਾ ਕਹੇ ਰਿਸ਼ੀ ਮੁਨੀ ਪਿਛਲਾ ਬੰਨ੍ਹ ਲਓ ਬਸਤਾ, ਪੁਸਤਕ ਕੰਮ ਕੋਇ ਨਾ ਆਈਆ । ਪ੍ਰਭ ਮਿਲਣ ਦਾ ਇਕੋ ਰਸਤਾ, ਸਚ ਸਚ ਦਿਆਂ ਸਮਝਾਈਆ । ਜੋ ਗੁਰਮੁਖ ਹਿਰਦੇ ਹਰਿ ਹਰਿ ਨਾਮ ਰਟਦਾ, ਰੱਟੇ ਸਾਰੇ ਦਏ ਚੁਕਾਈਆ । ਉਹ ਮਾਲਕ ਆਪਣੇ ਹਕ ਦਾ, ਹਕੀਕਤ ਵੇਖ ਵਖਾਈਆ । ਪਤਿਪਰਮੇਸ਼ਵਰ ਪਰਮ ਪੁਰਖ ਉਸੇ ਦੀ ਪਤ ਰੱਖਦਾ, ਜੁਗ ਜੁਗ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਹਿਰਦੇ ਅੰਦਰ ਵਸਦਾ, ਵਸਲ ਇਕੋ ਸਚ ਕਰਾਈਆ । ਅੰਧੇਰਾ ਚੁਕਾ ਕੇ ਰੈਣ ਮਸ ਦਾ, ਨੂਰੀ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇ ਸਭ ਦੇ ਝੋਲੀ ਪਾਈਆ । ਰਿਖੀ ਮੁਨੀ ਕਹਿਣ ਬ੍ਰਹਮੇ ਤੈਥੋਂ ਬਲਿਹਾਰੀ, ਬਲ ਬਲ ਸਾਰੇ ਜਾਈਆ । ਅਸੀਂ ਮਿਲੀਏ ਉਸ ਨਿਰੰਕਾਰੀ, ਜੋ ਨਿਰਗੁਣ ਸਰਗੁਣ ਰਿਹਾ ਤਰਾਈਆ । ਚਰਨ ਕਵਲ ਕਰੀਏ ਨਿਮਸਕਾਰੀ, ਨਿਉਂ ਨਿਉਂ ਸੀਸ ਝੁਕਾਈਆ । ਵੇਖੀਏ ਦਰਸ ਸੱਚਾ ਦਰਬਾਰੀ, ਸਚ ਸਿੰਘਾਸਣ ਸੋਭਾ ਪਾਈਆ । ਚਾਰ ਕੁੰਟ ਹੋਏ ਉਜਿਆਰੀ, ਦੀਵਾ ਬਾਤੀ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਜਨ ਭਗਤ ਕਹੇ ਬਿਨ ਭਗਤਾਂ ਕਿਸੇ ਨਾ ਮਿਲਦਾ, ਰਿਸ਼ੀ ਮੁਨੀ ਨੇੜ ਕੋਇ ਨਾ ਆਈਆ । ਉਹ ਮਾਲਕ ਆਤਮ ਸਾਚੇ ਦਿਲ ਦਾ, ਦਿਲਬਰ ਦਾਤਾ ਬੇਪਰਵਾਹੀਆ । ਉਹ ਪੜਦਾ ਹਟਾਵੇ ਬਜਰ ਕਪਾਟੀ ਸਿਲ ਦਾ, ਨੇਤਰ ਅੱਖ ਇਕ ਖੁਲ੍ਹਾਈਆ । ਉਹ ਨੂਰ ਜਣਾਵੇ ਅਗੰਮੀ ਤਿਲ ਦਾ, ਤਿਲਕ ਲਲਾਟ ਲਗਾਈਆ । ਉਹ ਆਤਮ ਸੇਜਾ ਚੜ੍ਹ ਕੇ ਮਿਲਦਾ, ਬਾਹਰੋਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਿਖੀ ਮੁਨੀ ਕਹਿਣ ਉਹ ਕਿਹੜਾ ਆਸਣ, ਬ੍ਰਹਮੇ ਸਚ ਦੇ ਜਣਾਈਆ । ਜਿਥੇ ਮਿਲੇ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਫੇਰਾ ਪਾਈਆ । ਅਸੀਂ ਉਸ ਦੇ ਹੋਈਏ ਦਾਸ ਦਾਸਣ, ਬਣ ਸੇਵਕ ਸੇਵ ਕਮਾਈਆ । ਉਹ ਮਾਲਕ ਨਾਥ ਅਨਾਥਣ, ਦੀਨਣ ਗਲੇ ਲਗਾਈਆ । ਸਚ ਮਿਲਣ ਦੀ ਦੱਸ ਦੇ ਜਾਚਣ, ਜਾਚਕ ਵਾਸਤਾ ਰਹੇ ਪਾਈਆ । ਉਹਦਾ ਜਲਵਾ ਨੂਰ ਬਾਤਨ, ਕਿ ਜ਼ਾਹਰ ਕਰੇ ਰੁਸ਼ਨਾਈਆ । ਕਿ ਦਿਸੇ ਪ੍ਰਿਥਮੀ ਅਕਾਸਣ, ਮੰਡਲ ਮੰਡਪ ਉਪਰ ਡੇਰਾ ਲਾਈਆ । ਕਿਸ ਦਵਾਰਿਉਂ ਜਾਈਏ ਭਾਲਣ, ਆਪਣਾ ਪੰਧ ਮੁਕਾਈਆ । ਪ੍ਰਭ ਮਿਲੇ ਧੁਰ ਦਾ ਲਾਲਣ, ਲਾਲ ਰੰਗ ਦਏ ਚੜ੍ਹਾਈਆ । ਕਿ ਰੂਪ ਵਟਾਈਏ ਗਵਾਲਣ, ਗਗਰੀਆ ਸੀਸ ਉਠਾਈਆ । ਕਿ ਬਣ ਕੇ ਜਾਈਏ ਮਾਲਣ, ਫੁੱਲਾਂ ਹਾਰ ਪਵਾਈਆ । ਕਿ ਬਣ ਕੇ ਜਾਈਏ ਕਵਾਲਣ, ਭਗਤਾਂ ਰਾਗ ਸੁਣਾਈਆ । ਕਿ ਬਣ ਕੇ ਜਾਈਏ ਸਵਾਲਣ, ਅੱਗੇ ਆਪਣੀ ਝੋਲੀ ਡਾਹੀਆ । ਬ੍ਰਹਮਾ ਕਹੇ ਜੇ ਜਾਣਾ ਮੈਂ ਆਵਾਂ ਜਾਚ ਸਿਖਾਲਣ, ਸਾਚੀ ਸਿਖਿਆ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬ੍ਰਹਮਾ ਕਹੇ ਜੇ ਪ੍ਰਭ ਮਿਲਣ ਦਾ ਚਾਓ, ਧੁਰ ਦੀ ਧਾਰ ਦਿਆਂ ਸਮਝਾਈਆ । ਪਹਿਲੋਂ ਉਹਦਿਆਂ ਭਗਤਾਂ ਪਕੜੋ ਜਾ ਕੇ ਬਾਹੋਂ, ਆਪਣਾ ਆਪ ਮਿਟਾਈਆ । ਫਿਰ ਰੋ ਰੋ ਹਾਲ ਸੁਣਾਓ, ਨੇਤਰ ਨੈਣਾਂ ਛਹਿਬਰ ਲਾਈਆ । ਗਲਵਕੜੀ ਆਪਣੀ ਪਾਓ, ਪੱਲੂ ਗੰਢ ਬੰਧਾਈਆ । ਰੁਠਿਆਂ ਲਓ ਮਨਾਓ, ਆਪਣਾ ਆਪ ਮਿਟਾਈਆ । ਉਹਨਾਂ ਨਾਲ ਮਿਲ ਕੇ ਦੋ ਅੱਖਰਾਂ ਵਾਲਾ ਢੋਲਾ ਗਾਓ, ਗੀਤ ਗੋਬਿੰਦ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰਿਖੀ ਮੁਨੀ ਭਗਤਾਂ ਲੱਭੇ, ਚਾਰ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਉਠ ਉਠ ਭੱਜੇ, ਅਪਣਾ ਪੰਧ ਮੁਕਾਈਆ । ਜਗਤ ਸਿੰਘਾਸਣ ਕੂੜੇ ਤਜੇ, ਅਭਿਮਾਨ ਰਹਿਣ ਨਾ ਪਾਈਆ । ਜੇ ਕੋਈ ਗੁਰਮੁਖ ਮਿਲੇ ਅੱਗੋਂ, ਸੀਸ ਦੇਣਾ ਝੁਕਾਈਆ । ਫਿਰ ਆਪੇ ਬਣ ਜਾਉ ਹੰਸ ਕਗੋਂ, ਕਾਗੋਂ ਹੰਸ ਵਖਾਈਆ । ਦਰਸ਼ਨ ਕਰਕੇ ਗੁਰਮੁਖ ਰੱਜੇ, ਆਪਣੀ ਤ੍ਰਿਖਾ ਬੁਝਾਈਆ । ਉਹਨਾਂ ਨਾਲ ਅੱਗੇ ਵਧੋ, ਵਾਧਾ ਧੁਰ ਦਾ ਦਏ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਮਘੋ, ਨੂਰੀ ਚੰਦ ਚਮਕਾਈਆ । ਜਿਨ੍ਹਾਂ ਨੂੰ ਮਿਲਿਆ ਉਪਰ ਸ਼ਾਹ ਰਗੋਂ, ਉਹ ਸ਼ਹਿਨਸ਼ਾਹ ਤੁਹਾਨੂੰ ਦੇਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਦੇਣ ਵਖਾਈਆ । ਰਿਖੀ ਮੁਨੀ ਕਹਿਣ ਸਾਨੂੰ ਮਨਜ਼ੂਰ, ਤੇਰੀ ਵਡ ਵਡਿਆਈਆ । ਅਸੀਂ ਜਾ ਕੇ ਵੇਖੀਏ ਹਜ਼ੂਰ, ਆਪਣਾ ਪੰਧ ਮੁਕਾਈਆ । ਜਨ ਭਗਤਾਂ ਦਾ ਬਣ ਮਜ਼ਦੂਰ, ਧੁਰ ਦੀ ਸੇਵ ਕਮਾਈਆ । ਨਾਤਾ ਛੋੜ ਕੇ ਕੂੜੇ ਕੂੜ, ਗੁਰਮੁਖ ਸੱਜਣ ਜੋੜ ਲੈਣਾ ਜੁੜਾਈਆ । ਉਹਨਾਂ ਦੀ ਮਸਤਕ ਲਾ ਕੇ ਧੂੜ, ਟਿੱਕਾ ਇਕੋ ਦੇਣਾ ਰਮਾਈਆ । ਉਹਨਾਂ ਦਾ ਮਾਣ ਅਭਿਮਾਣ ਤੋੜ ਗ਼ਰੂਰ, ਗ਼ੁਰਬਤ ਬਾਹਰ ਦੇਣੀ ਕਢਾਈਆ ।

ਜਿਨ੍ਹਾਂ ਭਗਤਾਂ ਦੇ ਦਰਸ਼ਨ ਕਰਨ ਆਇਆ ਮਨਸੂਰ, ਸ਼ਮਸ ਤਬਰੇਜ਼ ਧਿਆਨ ਲਗਾਈਆ । ਅਸੀਂ ਵੀ ਉਹਨਾਂ ਦੇ ਹੋਏ ਮਸ਼ਕੂਰ, ਮੁਸ਼ਕਲ ਹੱਲ ਦੇਣ ਕਰਾਈਆ । ਉਨ੍ਹਾਂ ਨਾਲ ਉਹਨਾਂ ਦਾ ਮਹਿਬੂਬ, ਮੁਹੱਬਤ ਸਚ ਰਿਹਾ ਕਮਾਈਆ । ਜਿਸ ਦੀ ਮੰਜ਼ਲ ਚੜ੍ਹ ਕੇ ਮੁੱਕੇ ਅੱਗੇ ਹਦੂਦ, ਮਕਸੂਦ ਇਕੋ ਨਜ਼ਰੀ ਆਈਆ । ਜੋ ਹਰ ਘਟ ਥਾਂ ਦਿਸੇ ਸਦਾ ਮੌਜੂਦ, ਵਿਛੜ ਕਦੇ ਨਾ ਜਾਈਆ । ਉਸ ਦੇ ਨਾਲ ਮਿਲ ਕੇ ਆਪਣਾ ਦਈਏ ਸਬੂਤ, ਸਾਬਤ ਸੂਰਤ ਇਕੋ ਨਜ਼ਰੀ ਆਈਆ । ਜਿਸ ਦਾ ਰੂਹ ਨਾ ਬੁੱਤ ਕਲਬੂਤ, ਪੰਜ ਤਤ ਨਾ ਕੋਇ ਵਖਾਈਆ । ਮਹੱਲ ਅਟਲ ਵਸੇ ਅਰੂਜ, ਅਰਸ਼ਾਂ ਉਪਰ ਡੇਰਾ ਲਾਈਆ । ਜਨ ਭਗਤਾਂ ਦੇਵੇ ਆਪਣੀ ਸੂਝ, ਬੁਧ ਬਿਬੇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਲਏ ਤਰਾਈਆ । ਜਨ ਭਗਤ ਕਹਿਣ ਉਹ ਵੇਖੋ ਆ ਕੇ ਮੁਨੀ ਰਿਖੀ, ਆਪਣਾ ਪੰਧ ਮੁਕਾਈਆ । ਜਿਨ੍ਹਾਂ ਦੇ ਕੋਲ ਗਠੜੀ ਨਿੱਕੀ, ਬੋਝਿਆਂ ਰਹੇ ਉਠਾਈਆ । ਉਹਨਾਂ ਦੇ ਭਾਰ ਲੱਗਾ ਪਿੱਠੀ, ਰੋਵਣ ਦੇਣ ਦੁਹਾਈਆ । ਉਹਨਾਂ ਦੇ ਕੋਲ ਕਿਹੋ ਜਿਹੀ ਚਿੱਠੀ, ਕਬੀਰ ਜੁਲਾਹਾ ਗਿਆ ਫੜਾਈਆ । ਜਿਸ ਦੀ ਧਾਰ ਸਭ ਤੋਂ ਤਿੱਖੀ, ਨਿਰਾਲੀ ਸਮਝ ਕੋਇ ਨਾ ਆਈਆ । ਉਹ ਰੱਖੀ ਪਿਛੇ ਗੁਝੀ, ਹੋਛੀ ਮਤ ਰਖਾਈਆ । ਉਸ ਦੀ ਕਿਸੇ ਨਾ ਸਮਝੀ ਬਿਧੀ, ਭੇਵ ਸਕੇ ਨਾ ਕੋਇ ਸਮਝਾਈਆ । ਉਸ ਦੇ ਉਤੇ ਡੰਡੀ ਰੱਖੀ ਸਿੱਧੀ, ਸਿੱਧਾ ਰਾਹ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਰਿਖੀ ਮੁਨੀ ਚੁੱਕ ਕੇ ਆਏ ਬੋਝੇ, ਬੋਝਲ ਦੇਣ ਦੁਹਾਈਆ । ਦਰ ਆ ਕੇ ਭਾਰ ਡਿੱਗੇ ਗੋਡੇ, ਕੂਹਣੀਆ ਧਰਤ ਉਤੇ ਟਿਕਾਈਆ । ਸਾਡੇ ਪ੍ਰਭ ਜੀ ਥੱਕ ਗਏ ਮੋਢੇ, ਗਠੜੀ ਸੀਸ ਨਾ ਕੋਇ ਉਠਾਈਆ । ਸਾਡੇ ਚੂੰਡੇ ਹੋ ਗਏ ਰੋਡੇ, ਚੋਟੀਆਂ ਲਈਆਂ ਮੁਨਾਈਆ । ਸਾਨੂੰ ਹੱਥ ਨਾ ਆਇਉਂ ਢੂੰਡੇ, ਢੂੰਡ ਵੇਖੀ ਸਰਬ ਲੋਕਾਈਆ । ਅੰਤਮ ਹਾਰ ਕੇ ਤੇਰੇ ਦਰ ਤੇ ਹੋਏ ਮੂੰਧੇ, ਮੁਖ ਘਾਸ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਖੁਲ੍ਹਾਈਆ । ਮਿਹਰਵਾਨ ਪ੍ਰਭੂ ਹੋਇਆ ਦਿਆਲ, ਦਇਆਵਾਨ ਜਣਾਈਆ । ਭਗਤ ਸੁਹੇਲਾ ਮੇਰਾ ਲਾਲ, ਲਾਲਨ ਰੰਗ ਚੜ੍ਹਾਈਆ । ਆਪਣੀ ਚਿੱਠੀ ਦਿਉ ਵਖਾਲ, ਜੋ ਮੁਨੀ ਰਿਖੀ ਅੱਖਰ ਪੜ੍ਹਨ ਕੋਇ ਨਾ ਪਾਈਆ । ਜਿਸ ਦੇ ਉਤੇ ਇਕ ਸਵਾਲ, ਸਵਾ ਸਵਾ ਅੰਕ ਰਿਹਾ ਵਖਾਈਆ । ਸਵਾ ਰੱਤੀ ਦਾ ਲਾਲ ਨਿਸ਼ਾਨ, ਕੇਸਰ ਟਿੱਕਾ ਲਾਈਆ । ਪਿਛਲਾ ਦੇਵੇ ਆਪ ਅਹਿਵਾਲ, ਹਾਲਤ ਸਭ ਦੀ ਰਿਹਾ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਦਰਗਾਹ ਸਾਚੀ ਮਿਲੇ ਨਾ ਕੋਇ ਦਲਾਲ, ਅੱਗੇ ਹੋ ਨਾ ਕੋਇ ਛੁਡਾਈਆ । ਫੱਲ ਦਿਸੇ ਨਾ ਕਿਸੇ ਡਾਲ੍ਹ, ਸਿਮਲ ਰੁੱਖ ਰਹੇ ਲਹਿਰਾਈਆ । ਰਿਖੀ ਮੁਨੀ ਹੋਏ ਬੇਹਾਲ, ਬਿਹਬਲ ਹੋ ਕੇ ਮਾਰਨ ਧਾਈਆ । ਬਿਨ ਤੇਰੀ ਕਿਰਪਾ ਸ੍ਰੀ ਭਗਵਾਨ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਝੋਲੀ ਪਾਈਆ । ਰਿਖੀਆਂ ਮੁਨੀਆਂ ਸੁਣਿਆ ਚਿੱਠੀ ਖੋਲ੍ਹ ਰੱਖੀ, ਵਰਕਾ ਹਰਿ ਜੂ ਲਏ ਉਲਟਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਪੜ੍ਹਦਾ ਆਪਣੀ ਅੱਖੀਂ, ਕਿਹੜੇ ਅੱਖਰਾਂ ਨਾਲ ਬਣਾਈਆ । ਜਿਸ ਦੇ ਉਤੇ ਲਿਖਿਆ ਪ੍ਰਭ ਸਭ ਦਾ ਇਕੋ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿੰਨਾਂ ਚਿਰ ਉਸਦੀ ਬਣੇ ਨਾ ਸੱਚੀ ਸਖੀ, ਸਾਖਿਆਤ ਨਜ਼ਰ ਕਿਸੇ ਨਾ ਆਈਆ । ਕਬੀਰ ਜੁਲਾਹੇ ਪੜ੍ਹੀ ਇਕੋ ਪੱਟੀ, ਜਿਸ ਦਾ ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਇਹ ਉਸਦੇ ਨਾਮ ਦੀ

ਰੱਤੀ, ਜਿਹੜੀ ਇਸਦੇ ਉਤੇ ਟਿਕਾਈਆ । ਜਿਸ ਦੇ ਨਾਲ ਤ੍ਰਿਲੋਚਣ ਦੀ ਚਲਦੀ ਰਹੀ ਹੱਟੀ, ਭੰਡਾਰਾ ਮੇਰਾ ਦਿਤਾ ਵਰਤਾਈਆ । ਉਹ ਅਜੇ ਤੱਕ ਨਾ ਮੁੱਕੀ, ਅੱਗੇ ਨਾਲੋਂ ਵੱਡੀ ਨਜ਼ਰੀ ਆਈਆ । ਉਹ ਭਗਤਾਂ ਪਿਛੇ ਪ੍ਰਭ ਨੇ ਚੁੱਕ ਰੱਖੀ, ਤੁਹਾਡੀ ਗਿੱਚੀ ਪਿਛੇ ਟਿਕਾਈਆ । ਜੇ ਤੁਸਾਂ ਵਸਣਾ ਸੁਖੀ, ਸਚ ਸੰਦੇਸਾ ਦਿਆਂ ਜਣਾਈਆ । ਜੇ ਆਤਮ ਤੁਹਾਡੀ ਭੁੱਖੀ, ਪ੍ਰਭ ਦਰਸ਼ਨ ਪੌਣਾ ਚਾਈਂ ਚਾਈਆ । ਜਿਸ ਦੀ ਖੇਲ ਨਹੀਂ ਜਗ ਲੁਕੀ, ਦੋ ਜਹਾਨਾਂ ਦਏ ਵਡਿਆਈਆ । ਉਹਦੀ ਭਗਤਾਂ ਨਾਲ ਮੀਟੀ ਪੁੱਗੀ, ਦੂਜਾ ਸੰਗ ਨਾ ਕੋਇ ਰਖਾਈਆ । ਉਹ ਵੜਿਆ ਭਗਤਾਂ ਦੀ ਝੁੱਗੀ, ਮਹੱਲ ਅਟਲ ਦਿਤੇ ਤਜਾਈਆ । ਉਥੇ ਖਾ ਕੇ ਮਿੱਸੀ ਰੁੱਖੀ, ਰੁਖ਼ ਆਪਣਾ ਲਿਆ ਬਦਲਾਈਆ । ਜਾਓ ਸਾਰੇ ਮੁਨੀ ਰਿਖੀ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਿੱਠੀ ਕਹੇ ਕੋਈ ਬਣੇ ਚਿੱਠੀ ਰਸੈਣ, ਆਪਣਾ ਪੰਧ ਮੁਕਾਈਆ । ਮੇਰਾ ਨੁਕਤਾ ਨਜ਼ਰ ਨਾ ਆਇਆ ਗ਼ੈਨ, ਐਨ ਅੱਖ ਨਾ ਕੋਇ ਖੁਲ੍ਹਾਈਆ । ਹਮਜ਼ਾ ਹੋ ਬੈਠਾ ਤਰਫ਼ੈਨ, ਯੇ ਯੁਕਤੀ ਨਾ ਕੋਇ ਸਮਝਾਈਆ । ਅਲਫ਼ ਇਕੋ ਆਈ ਕਹਿਣ, ਧੁਰ ਸੰਦੇਸ਼ਾ ਰਹੀ ਸੁਣਾਈਆ । ਜੋ ਸਭ ਦਾ ਮਾਲਕ ਸੱਜਣ ਸੈਣ, ਦਾਤਾ ਬੇਪਰਵਾਹੀਆ । ਭਗਤ ਸੁਹੇਲੇ ਉਸਦੇ ਦਰ ਤੇ ਰਹਿਣ, ਆਪਣਾ ਆਸਣ ਲਾਈਆ । ਇਕੋ ਢੋਲਾ ਕਹਿਣ, ਸੋਹੰ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਚਿੱਠੀ ਕਹੇ ਮੇਰਾ ਦੱਸੋ ਮਜ਼ਮੂਨ, ਅੱਖਰਾਂ ਨਾਲ ਬਣਾਈਆ । ਮੇਰੇ ਵਿਚ ਉਹ ਕਾਨੂੰਨ, ਜੋ ਕਾਇਦੇ ਆਜ਼ਮ ਸਕੇ ਨਾ ਕੋਇ ਸਮਝਾਈਆ । ਜੋ ਮੇਰਾ ਹੋਇਆ ਮਮਨੂਨ, ਮੈਂ ਉਸ ਨਾਲ ਦਿਆਂ ਮਿਲਾਈਆ ।

੯੬੪
੧੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਿੱਠੀ ਕਹੇ ਮੇਰਾ ਫੋਲੋ ਪੜਦਾ, ਸਚ ਦਿਆਂ ਸੁਣਾਈਆ । ਸਾਹਿਬ ਮੇਰਾ ਕੀ ਕੁਛ ਕਰਦਾ, ਕੁਦਰਤ ਕਾਦਰ ਵੇਖ ਵਖਾਈਆ । ਉਸਨੂੰ ਵੇਖ ਕੇ ਗੁਰਮੁਖ ਤਰਦਾ, ਭਗਤਾਂ ਹੋਏ ਸਹਾਈਆ । ਉਹ ਮਾਲਕ ਘਰ ਘਰ ਦਾ, ਖ਼ਾਲਕ ਇਕ ਅਖਵਾਈਆ । ਨਿਰਭੈ ਕਦੇ ਨਾ ਡਰਦਾ, ਭੈ ਸਭ ਨੂੰ ਆਪ ਜਣਾਈਆ । ਰਿਖੀ ਮੁਨੀ ਉਹਦੇ ਚਰਨਾਂ ਜਾ ਕੇ ਤਰਦਾ, ਜੋ ਢਹਿ ਪਿਆ ਸਰਨਾਈਆ । ਉਹ ਰੂਪ ਅਗੰਮੀ ਧਰਦਾ, ਜੋਤੀ ਜਾਮਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਚਿੱਠੀ ਕਹੇ ਕਬੀਰ ਵਜਾਇਆ ਡੰਕ, ਨਿਰਗੁਣ ਧਾਰ ਸਰਬ ਸਮਝਾਈਆ । ਜਿਸ ਦੇ ਨਾਮ ਦਾ ਇਕੋ ਅੰਕ, ਅੰਕੜੇ ਸਰਬ ਮੁਕਾਈਆ । ਜਿਸ ਦਾ ਇਸ਼ਾਰਾ ਧੁਰ ਦੀ ਤਨਕ, ਤੰਦ ਸਤਾਰ ਹਿਲਾਈਆ । ਜਿਸ ਦਾ ਦਵਾਰਾ ਸਚਖੰਡ ਬੰਕ, ਥਿਰ ਘਰ ਵੱਜੇ ਵਧਾਈਆ । ਜਿਸ ਦਾ ਲਹਿਣਾ ਆਦਿ ਅੰਤ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਨੂੰ ਕਹਿੰਦੇ ਸ੍ਰੀ ਭਗਵੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਲੱਖ ਚੁਰਾਸੀ ਕੰਤ, ਚਾਰੇ ਖਾਣੀ ਰਿਹਾ ਹੰਢਾਈਆ । ਸੋ ਅੰਤਮ ਆਵੇ ਹੋ ਕੇ ਨਿਹਕਲੰਕ, ਬਿਨ ਅੱਖਰਾਂ ਕਬੀਰ ਜੁਲਾਹਾ ਗਿਆ ਜਣਾਈਆ । ਰਿਖੀਓ ਮੁਨੀਓ ਓਹਦੀ ਕਿਰਪਾ ਬਿਨਾ ਕੋਈ ਨਾ ਬਣਨਾ ਸੰਤ, ਸਤ੍ਹਾ ਸਭ ਦੀ ਦਏ ਬਦਲਾਈਆ । ਓਹਦਾ ਫੁਰਨਾ ਇਕੋ ਮੰਤ, ਮੰਤਵ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ੇ ਆਪ ਸੁਣਾਈਆ । ਚਿੱਠੀ ਕਹੇ ਮੇਰੀ ਅਗਲੀ ਵੇਖੋ ਸਤਰ, ਸੱਤਾਂ ਹਿੰਦਸਿਆਂ ਨਾਲ ਬਣਾਈਆ । ਉਹ ਆਪਣੇ ਦਵਾਰਿਉਂ ਆਵੇ ਉਤਰ, ਨਾ ਕੋਈ ਜੰਮੇ ਪਿਤਾ ਮਾਈਆ । ਇਕੋ

ਸ਼ਬਦ ਬਣਾਏ ਪੁੱਤਰ, ਪੋਤਰੇ ਗੁਰਮੁਖ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਸੇ ਦਾ ਕਰਨ ਸ਼ੁਕਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਭਗਤ ਸੁਹੇਲੇ ਚੁੱਕੇ ਕੁੱਛੜ, ਆਪਣੀ ਗੋਦ ਉਠਾਈਆ । ਕੀਤਾ ਕੌਲ ਨਾ ਜਾਏ ਮੁਕਰ, ਲੱਗੀ ਪ੍ਰੀਤੀ ਤੋੜ ਨਿਭਾਈਆ । ਸੰਤ ਸੁਹੇਲਿਆਂ ਆਏ ਪੁਛਣ, ਦੁਖੀਆਂ ਦਰਦ ਵੰਡਾਈਆ । ਗੁਰਮੁਖ ਕੋਈ ਨਾ ਦੇਵੇ ਲੁਕਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਗੁਰਸਿਖ ਕੋਈ ਨਾ ਦੇਵੇ ਰੁੱਸਣ, ਰੁੱਸਿਆਂ ਲਏ ਮਨਾਈਆ । ਸ਼ੇਰ ਬਘੇਲਾ ਹੋ ਕੇ ਆਏ ਬੁੱਕਣ, ਇਕੋ ਭਬਕ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਚਿੱਠੀ ਕਹੇ ਮੇਰੇ ਅੱਗੇ ਵੇਖੋ ਢਾਈ ਉਂਗਲਾਂ ਵਾਲੀ ਲਕੀਰ, ਜੋ ਇਕੋ ਦਿਤੀ ਲਗਾਈਆ । ਜਿਸ ਦੇ ਵਿਚੋਂ ਅਲਫ਼ ਦੀ ਬਣੀ ਤਸਵੀਰ, ਅਸਲੀਅਤ ਰਹੇ ਦ੍ਰਿੜਾਈਆ । ਜਿਸ ਦੀ ਮੰਜ਼ਲ ਬੇਨਜ਼ੀਰ, ਸ਼ਾਹ ਹਕੀਰ ਸਮਝ ਨਾ ਪਾਈਆ । ਜਿਸ ਦੀ ਚੋਟੀ ਇਕ ਅਖ਼ੀਰ, ਆਖ਼ਰ ਬਹਿ ਕੇ ਡੇਰਾ ਲਾਈਆ । ਜਿਸ ਦੇ ਹੱਥ ਆਦਿ ਜੁਗਾਦੀ ਤਦਬੀਰ, ਤਕਦੀਰ ਰਿਹਾ ਬਣਾਈਆ । ਜਿਸ ਦਾ ਹੁਕਮ ਮੰਨਦੇ ਪੀਰ ਫ਼ਕੀਰ, ਕਲਮਾ ਮਸਲਿਆਂ ਵਿਚ ਗਾਈਆ । ਜਿਸ ਦਾ ਤਿੱਖਾ ਨਿਰਾਲਾ ਖੰਡਾ ਸ਼ਮਸ਼ੀਰ, ਸ਼ਮਾ ਦੀਪ ਰਿਹਾ ਜਗਾਈਆ । ਉਸਦੇ ਉਤੇ ਲੇਖਾ ਲਿਖਿਆ ਪ੍ਰਭ ਨਾ ਸ਼ਹਿਨਸ਼ਾਹ ਨਾ ਗ਼ਰੀਬ, ਅਮੀਰ ਉਮਰਾਉ ਵਿਚ ਨਾ ਕਦਮ ਟਿਕਾਈਆ । ਨਾ ਪਾਤਸ਼ਾਹ ਨਾ ਵਜ਼ੀਰ, ਸ਼ਾਹ ਸਵਾਰ ਨਾ ਕੋਇ ਚਤੁਰਾਈਆ । ਉਹ ਦਾਤਾ ਗੁਣੀ ਗਹੀਰ, ਗਹਿਰ ਗਵਰ ਅਖਵਾਈਆ । ਜਿਸ ਵੇਲੇ ਗੰਗਾ ਵਿਚੋਂ ਕਬੀਰ ਦੇ ਕੱਟੇ ਜ਼ੰਜੀਰ, ਖੰਡਾ ਆਪਣਾ ਨਾਮ ਫਿਰਾਈਆ । ਉਸ ਵੇਲੇ ਕਿਹਾ ਇਹ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਖ਼ੁਦਾਈਆ । ਚਿੱਠੀ ਉਤੇ ਮਾਰ ਕੇ ਆਪ ਲਕੀਰ, ਜਗਤ ਨਿਸ਼ਾਨਾ ਗਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਸਰਨਾਈਆ । ਲਕੀਰ ਕਹੇ ਮੈਂ ਚਿੱਟੀ ਨਾ ਕਾਲੀ, ਸ਼ਾਹੀ ਰੰਗ ਨਾ ਕੋਇ ਰੰਗਾਈਆ । ਮੇਰੀ ਖੇਲ ਸਰਬ ਤੋਂ ਨਿਰਾਲੀ, ਨਿਰਾਕਾਰ ਆਪ ਜਣਾਈਆ । ਮੇਰਾ ਲਹਿਣਾ ਨਾਲ ਜੋਤ ਅਕਾਲੀ, ਦੂਜੇ ਸਮਝ ਨਾ ਸਕਣ ਰਾਈਆ । ਮੈਂ ਹੱਥ ਨਾ ਆਵਾਂ ਭਾਲੀ, ਨੌ ਖੰਡ ਨਿਸ਼ਾਨ ਨਾ ਕੋਈ ਵਖਾਈਆ । ਕਰ ਕਿਰਪਾ ਪ੍ਰਭ ਜੂ ਆਪੇ ਰੱਖੀ ਸੰਭਾਲੀ, ਰਿਖੀ ਮੁਨੀਆਂ ਦੀ ਚੋਟੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਚਿੱਠੀ ਕਹੇ ਮੈਂ ਰਹੀ ਪਟਕ, ਆਪਣਾ ਧਿਆਨ ਲਗਾਈਆ । ਤੁਸੀਂ ਖੋਲ੍ਹੋ ਮੈਨੂੰ ਛੇਤੀ ਚਟਕ, ਤੀਜਾ ਵਰਕਾ ਦਿਓ ਉਲਟਾਈਆ । ਜਿਸ ਉਤੇ ਭਗਵਾਨ ਨਾਲ ਕਬੀਰ ਨੇ ਲਿਖੀ ਸ਼ਰਤ, ਸ਼ਹਾਦਤ ਆਪਣੀ ਦਿਤੀ ਪਾਈਆ । ਜਿਸ ਵੇਲੇ ਪ੍ਰਭੂ ਨਿਰਗੁਣ ਹੋ ਕੇ ਆਵੇਂ ਪਰਤ, ਤੇਰੇ ਭਗਤਾਂ ਤੋਂ ਝੱਲੀ ਨਾ ਜਾਏ ਜੁਦਾਈਆ । ਤੇਰਾ ਵੇਖਣ ਖੇਲ ਅਸਚਰਜ, ਘਰ ਘਰ ਬੈਠਿਆਂ ਖ਼ੁਸ਼ੀ ਮਨਾਈਆ । ਜੇ ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦਗਾਰ ਇਕ ਅਖਵਾਈਆ । ਤੇਰੇ ਹੁੰਦਿਆਂ ਦੂਜਾ ਕਿਆ ਕੋਈ ਕਰੇ ਤਸ਼ੱਦਦ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਿੱਠੀ ਕਹੇ ਮੇਰਾ ਚੌਥਾ ਵਰਕਾ ਤੱਕੋ, ਇਕ ਧਿਆਨ ਲਗਾਈਆ । ਜਨ ਭਗਤੋ ਪ੍ਰਭ ਨੂੰ ਮਿਲਦੇ ਕਦੇ ਨਾ ਥੱਕੋ, ਥਕਾਵਟ ਨਜ਼ਰ ਕੋਇ ਨਾ ਆਈਆ । ਜੇ ਵਸੋ ਤੇ ਓਹਦੀ ਚਰਨੀਂ ਵਸੋ, ਬਾਕੀ ਜੀਵਨ ਦੀ ਲੋੜ ਰਹੇ ਨਾ ਰਾਈਆ । ਜੇ ਹੱਸੋ ਤੇ ਓਸੇ ਨਾਲ ਹੱਸੋ, ਬਾਕੀ ਖ਼ੁਸ਼ੀ ਕੰਮ ਕਿਸੇ ਨਾ ਆਈਆ । ਜੇ ਬਚੋ ਤੇ ਓਸੇ ਦੀ ਗੋਦੀ ਬਚੋ, ਲੱਖ ਚੁਰਾਸੀ

ਜੁਗ ਜੁਗ ਕਾਲ ਰਿਹਾ ਖਾਈਆ । ਜੇ ਮਘੋ ਤੇ ਓਸੇ ਦੇ ਨੂਰ ਅੰਦਰ ਮਘੋ, ਜੋਤੀ ਜੋਤ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚੌਥਾ ਅੰਕ ਕਹੇ ਵੇਖੋ ਕਰਦੇ ਦਸਖ਼ਤ, ਖ਼ਤਰਾ ਭਗਤਾਂ ਰਿਹਾ ਚੁਕਾਈਆ । ਜੇ ਪ੍ਰਭੂ ਮੁੜ ਕੇ ਆ ਗਿਆ ਵਤ, ਵਤਨ ਤੁਹਾਡਾ ਵੇਖ ਵਖਾਈਆ । ਬਣ ਕੇ ਕਮਲਾਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਤੁਹਾਡੇ ਨਾਲ ਮਿਲਾਏ ਅੱਖ, ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਰਿਖ ਮੁਨ ਜੇ ਪਹਿਲੋਂ ਤੁਹਾਡੀ ਚਰਨੀ ਜਾਣ ਢੱਠ, ਫੇਰ ਆਪਣੇ ਨਾਲ ਮਿਲਾਈਆ । ਗੁਰਸਿਖ ਸਰੋਵਰ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਿਉਂ ਨਿਉਂ ਲਾਗੇ ਪਾਈਆ । ਜਿਨ੍ਹਾਂ ਮਿਲਿਆ ਸਾਚਾ ਸਾਹਿਬ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਉਹਨਾਂ ਦਾ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਜਸ, ਅੰਜੀਲ ਕੁਰਾਨ ਢੋਲੇ ਰਹੇ ਸੁਣਾਈਆ । ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਅੰਤਰ ਰਿਹਾ ਵਸ, ਸਚ ਦਵਾਰੇ ਡੇਰਾ ਲਾਈਆ । ਚਿੱਠੀ ਅਨੋਖੀ ਵੱਖਰੀ ਬਿਨ ਅੱਖਰੀਂ ਰਹੀ ਦੱਸ, ਦਹਿ ਦਿਸ਼ਾ ਹਾਲ ਸੁਣਾਈਆ । ਭਰਮਦੀ ਭਟਕਦੀ ਅਟਕਦੀ ਮਟਕਦੀ ਕੋਲ ਆਈ ਪੁਰਖ ਸਮਰਥ, ਜਿਸ ਲਟਕਦੀ ਆਪਣੇ ਹੱਥ ਉਠਾਈਆ । ਜਿਸ ਦੇ ਉਤੇ ਲਾਈਨ ਸਿੱਧੀ ਸੜਕ ਦੀ, ਪ੍ਰੇਮੀ ਤਾਰ ਖੜਕਦੀ, ਮਾਰਗ ਇਕੋ ਰਹੀ ਵਖਾਈਆ । ਇਹ ਖੇਲ ਓਸ ਮਰਦ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਸੁਣ ਸੁਣ ਖ਼ੁਸ਼ੀ ਮਨਾਈਆ । ਚਿੱਠੀ ਕਹੇ ਸੁਨੇਹੜਾ ਕਬੀਰ, ਕਬਰਾਂ ਵਿਚੋਂ ਬਾਹਰ ਸੁਣਾਈਆ । ਓਹ ਮਾਲਕ ਆਇਆ ਜਿਸ ਦਾ ਤਨ ਨਾ ਕੋਇ ਸਰੀਰ, ਤਤ ਨਜ਼ਰ ਕੋਇ ਨਾ ਆਈਆ । ਦਾਤਾ ਹੋ ਕੇ ਗੁਣੀ ਗਹੀਰ, ਗਹਿਰ ਗਵਰ ਖੇਲ ਖਿਲਾਈਆ । ਜਿਹਦਾ ਨੂਰ ਜਹੂਰ ਲਾਤਸਵੀਰ, ਤਸਬੀਆਂ ਵਾਲਾ ਕੋਈ ਸਮਝ ਨਾ ਸਕੇ ਰਾਈਆ । ਕਰਨੀਆਂ ਕਰ ਕੇ ਮਸ਼ਹੂਰ, ਕਰਤਾ ਵਡ ਵਡਿਆਈਆ । ਜਿਸ ਨੇ ਮੇਰਾ ਪੰਧ ਮੁਕਾਇਆ ਦੂਰ, ਨੇਰਨ ਨੇਰਾ ਹੋ ਕੇ ਵੇਖ ਵਖਾਈਆ । ਸਭ ਤੋਂ ਅਖ਼ੀਰੀ ਲਿਖਿਆ ਅਬਿਨਾਸ਼ੀ ਕਰਤਾ ਜਨ ਭਗਤ ਦਵਾਰੇ ਬਣੇ ਮਜ਼ਦੂਰ, ਮਜ਼ਦੂਰੀ ਗੁਰਮੁਖਾਂ ਆਪ ਕਮਾਈਆ । ਨਿਹਕਲੰਕ ਨਰਾਇਣ ਨਰ ਆਵੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਓਸ ਵੇਲੇ ਭਗਤ ਹੋਏ ਮਸ਼ਕੂਰ, ਜਿਸ ਵੇਲੇ ਮੁਸੀਬਤ ਵਿਚੋਂ ਬਾਹਰ ਕਢਾਈਆ । ਬੇਸ਼ਕ ਦੁੱਖ ਦਲਿਦ੍ਰ ਦਰਦ ਪ੍ਰਭ ਦੇ ਦਰ ਤੇ ਸਾਰੇ ਰੋਵਣ ਜ਼ਰੂਰ, ਧਾਈਂ ਮਾਰਨ ਵਾਹੋ ਦਾਹੀਆ । ਪ੍ਰਭੂ ਸਾਡੀ ਕਿਰਪਾ ਨਾਲ ਹੰਕਾਰੀਆਂ ਤੁਟਦਾ ਗ਼ਰੂਰ, ਮਾਣ ਅਭਿਮਾਨ ਦੇਣ ਤਜਾਈਆ । ਦੁੱਖ ਕਾਰਨ ਤੇਰਾ ਨਾਮ ਲੈਣ ਜ਼ਰੂਰ, ਸੁਖ ਵਿਚ ਸਾਰੇ ਜਾਣ ਭੁਲਾਈਆ । ਅਸੀਂ ਤੇਰੇ ਬਰਦੇ ਬਣ ਕੇ ਮਜ਼ਦੂਰ, ਤੇਰਿਆਂ ਭਗਤਾਂ ਰਹੇ ਉਠਾਈਆ । ਭੂਤ ਪ੍ਰੇਤ ਬੇਤਾਲੇ ਬਣ ਕੇ ਰਹੇ ਘੂਰ, ਜਿੰਨ ਖ਼ਬੀਸ ਹੋ ਕੇ ਭੱਜੀਏ ਵਾਹੋ ਦਾਹੀਆ । ਉਹ ਵੀ ਸਾਡੇ ਸ਼ੁਕਰੀਏ ਦਾ ਕਰਨ ਮਸ਼ਕੂਰ, ਜਿਨ੍ਹਾਂ ਦੇ ਵਿਚੋਲੇ ਹੋ ਕੇ ਰਹੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਤੇਰਾ ਦਸਤੂਰ, ਏਥੇ ਓਥੇ ਦੋ ਜਹਾਨ ਪੁਰੀ ਲੋਅ ਬਹਿਮੰਡ ਖੰਡ ਆਕਾਸ਼ ਪਾਤਾਲ, ਜ਼ਿਮੀ ਆਸਮਾਨ ਦੀਨ ਦਿਆਲ ਕਾਲ ਮਹਾਂਕਾਲ ਕੋਇ ਮੇਟ ਨਾ ਸਕੇ ਰਾਈਆ ।

✪ ੯ ਮੱਘਰ ੨੦੨੧ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹ ਪਿੰਡ ਡਗਰੂ ✪

ਰਿਖ ਮੁਨ ਕਹਿਣ ਅਸਾਂ ਭਗਤ ਤੱਕੇ, ਨੇਤਰ ਨੈਣ ਅੱਖ ਖੁਲ੍ਹਾਈਆ । ਉਹਨਾਂ ਅੰਤ ਇਰਾਦੇ ਪੱਕੇ, ਧੁਰ ਦੀ ਆਸ ਰਖਾਈਆ । ਨਾਤਾ ਤੋੜ ਕੇ ਭਾਈ ਭੈਣ ਸਕੇ, ਪੁਰਖ ਅਕਾਲ ਇਕ ਮਨਾਈਆ । ਦੂਜੇ ਦਰ ਨਾ ਟੇਕਣ ਮੱਥੇ, ਮਸਤਕ ਇਕੋ ਸੀਸ ਝੁਕਾਈਆ । ਪ੍ਰੇਮ ਪਿਆਰ ਅੰਦਰ ਫਸੇ, ਪ੍ਰੀਤੀ ਸਚ ਲਗਾਈਆ । ਦੁੱਖਾਂ ਵਿਚ ਸੁਖੀਏ ਹੋ ਕੇ ਹੱਸੇ, ਆਪਣੀ ਖ਼ੁਸ਼ੀ ਜਣਾਈਆ । ਸਚ ਦਵਾਰੇ ਆਵਣ ਨੱਸੇ, ਕੂੜਾ ਪੰਧ ਚੁਕਾਈਆ । ਸਿਫ਼ਤ ਸਾਲਾਹ ਉਹਨਾਂ ਦੀ ਸ੍ਰੀ ਭਗਵਾਨ ਦੱਸੇ, ਅਬਿਨਾਸ਼ੀ ਕਰਤਾ ਕਰੇ ਵਡਿਆਈਆ । ਫੜ ਬਾਹੋਂ ਕਰੇ ਲੱਡੇ, ਗੋਦੀ ਸਚ ਉਠਾਈਆ । ਉਹ ਸੋਹਣੇ ਢੋਲਾ ਗੌਂਦੇ ਲੱਗੇ ਚੰਗੇ, ਇਕੋ ਨਾਮ ਧਿਆਈਆ । ਤੀਰਥ ਤੱਟ ਨਾ ਜਾਵਣ ਗੰਗੇ, ਗੋਦਾਵਰੀ ਆਸ ਨਾ ਕੋਇ ਰਖਾਈਆ । ਧੁਰ ਦਵਾਰਾ ਇਕੋ ਰਹੇ ਮੰਗੇ, ਪ੍ਰਭ ਅਗੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਿਤੀ ਆਪ ਵਡਿਆਈਆ । ਰਿਖ ਮੁਨ ਕਹਿਣ ਭਗਤਾਂ ਵੇਖਿਆ ਰਾਹ, ਹੈਰਾਨੀ ਸਾਡੇ ਉਤੇ ਆਈਆ । ਜੋ ਇਕੋ ਓਟ ਰਹੇ ਤਕਾ, ਦੂਜੀ ਸਰਨ ਨਾ ਕੋਇ ਸਰਨਾਈਆ । ਨਾਤਾ ਕੂੜਾ ਜਗਤ ਤੁੜਾ, ਸਾਚਾ ਬੰਧਨ ਨਾਮ ਰਖਾਈਆ । ਪ੍ਰਭ ਮਿਲਣ ਦਾ ਸਦਾ ਚਾਅ, ਚਾਉ ਘਨੇਰਾ ਇਕ ਸਮਝਾਈਆ । ਕਵਣ ਸੁ ਵੇਲਾ ਨਰ ਹਰਿ ਮਿਲੇ ਆ, ਹਰੀ ਹਰਿ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਆਪਣਾ ਸੰਗ ਨਿਭਾਈਆ । ਰਿਖ ਮੁਨ ਕਹਿਣ ਸਾਨੂੰ ਆਈ ਹੈਰਾਨੀ, ਹੈਰਤ ਅੰਦਰ ਛਾਈਆ । ਨੇਤਰ ਵੇਖ ਹੋਈ ਪਰੇਸ਼ਾਨੀ, ਬੁੱਧੀ ਦਏ ਦੁਹਾਈਆ । ਜਨ ਭਗਤਾਂ ਖੇਲ ਦਿਸੇ ਮਹਾਨੀ, ਮਹਿੰਮਾ ਅਕਥ ਵਡਿਆਈਆ । ਜਿਨ੍ਹਾਂ ਓਟ ਇਕ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਰਹੇ ਧਿਆਈਆ । ਸ੍ਰਿਸ਼ਟ ਸਬਾਈ ਸਮਝ ਕੇ ਫ਼ਾਨੀ, ਫ਼ੈਸਲਾ ਹਕ ਦਾ ਰਿਹਾ ਕਰਾਈਆ । ਮਿਲੇ ਉਸ ਮਹਿਬੂਬ ਦਿਲਜਾਨੀ, ਜੋ ਮੁਹੱਬਤ ਸਚ ਕਮਾਈਆ । ਜਿਸ ਦੇ ਕੋਲੋਂ ਮਿਲੀ ਸੋਹੰ ਸਚ ਨਿਸ਼ਾਨੀ, ਨਿਸ਼ਾਨਾ ਤੀਰ ਨਾਮ ਚਲਾਈਆ । ਜਿਸ ਦੀ ਤਿੱਖੀ ਵੱਡੀ ਕਾਨੀ, ਕਾਇਨਾਤ ਪਾਰ ਕਰਾਈਆ । ਓਸਦੀ ਵੇਖ ਮਿਹਰਵਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਰਿਖ ਮੁਨ ਕਹਿਣ ਵੇਖੀਏ ਪ੍ਰਭ ਦੇ ਮੀਤ, ਮਿਤਰਾਂ ਨਾਲੋਂ ਮਿਤਰ ਨਜ਼ਰੀ ਆਈਆ । ਜਿਸ ਦਾ ਇਕੋ ਸੋਹਣਾ ਗੀਤ, ਧੁਰ ਦੀ ਕਰਨ ਪੜ੍ਹਾਈਆ । ਚਰਨ ਪ੍ਰੀਤੀ ਮੰਗ ਕੇ ਭੀਖ, ਭਿਛਿਆ ਝੋਲੀ ਪਾਈਆ । ਅੰਦਰੋਂ ਹੋ ਗਏ ਸੀਤ, ਬਾਹਰੋਂ ਅਗਨ ਨਾ ਕੋਇ ਤਪਾਈਆ । ਮਾਣ ਹੰਕਾਰ ਵੱਲੋਂ ਨੀਚ, ਨੀਚਾਂ ਵਿਚੋਂ ਉਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਾਲ ਰਿਹਾ ਤਰਾਈਆ । ਰਿਖ ਮੁਨ ਕਹਿਣ ਵੇਖ ਕੇ ਗ੍ਰਿਹਿ, ਆਪਣਾ ਆਪ ਬੈਠੇ ਤਜਾਈਆ । ਜਿਸ ਘਰ ਸਵਾਮੀ ਸਤਿਗੁਰ ਰਹੇ, ਦਿਵਸ ਰੈਣ ਡੇਰਾ ਲਾਈਆ । ਓਥੇ ਇਕੋ ਢੋਲਾ ਕਹੇ, ਮੇਰਾ ਤੇਰਾ ਰਾਗ ਅਲਾਈਆ । ਉਹਨਾਂ ਪ੍ਰਭ ਕਦੇ ਨਾ ਕਰੇ ਲੈ, ਮੜ੍ਹੀ ਗੋਰ ਸਕੇ ਨਾ ਕੋਇ ਦਬਾਈਆ । ਉਹਨਾਂ ਮੇਲਾ ਸ਼ਕਤੀ ਸ਼ਵੈ, ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਰਿਖ ਮੁਨ ਕਹਿਣ ਭਗਤਾਂ ਦੀ ਵੇਖੀ ਵੱਖਰੀ ਬਸਤੀ, ਕਾਇਆ ਵਿਚੋਂ ਕਾਇਆ ਨਜ਼ਰੀ ਆਈਆ । ਜਿਥੇ ਪਰਮ ਪੁਰਖ ਦੀ ਹਸਤੀ, ਹਸਤ ਕੀਟਾਂ ਵਿਚ ਸਮਾਈਆ ।

ਓਥੇ ਵਸਤ ਅਗੰਮੀ ਸਸਤੀ, ਬਿਨ ਟੱਕਿਆਂ ਰਿਹਾ ਵਿਕਾਈਆ । ਨਾਮ ਖ਼ੁਮਾਰੀ ਦੇ ਕੇ ਮਸਤੀ, ਅਲਮਸਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਫ਼ਰਸ਼ੀ ਅਰਸ਼ੀ, ਅਰਸ਼ੀ ਪ੍ਰੀਤਮ ਵਡ ਵਡਿਆਈਆ । ਰਿਖ ਮੁਨ ਕਹਿਣ ਭਗਤਾਂ ਮਕਾਨ ਵੱਖਰਾ, ਵੱਖਰਾ ਡੇਰਾ ਲਾਈਆ । ਓਥੇ ਵਿਛਿਆ ਇਕੋ ਸਥਰਾ, ਜੋ ਗੋਬਿੰਦ ਸੇਜ ਗਿਆ ਹੰਢਾਈਆ । ਓਥੇ ਨਾਜ਼ ਅਨੋਖਾ ਨਖ਼ਰਾ, ਪ੍ਰਭ ਮਿਲਣ ਦਾ ਰਾਹ ਤਕਾਈਆ । ਉਹਨਾਂ ਦਾ ਅੰਤਰ ਆਤਮ ਪੜ੍ਹਨ ਵਾਲਾ ਪਤਰਾ, ਵਰਕਾ ਅਵਰ ਨਾ ਕੋਇ ਉਲਟਾਈਆ । ਜਿਸ ਦੇ ਪਾਟਨ ਦਾ ਨਹੀਂ ਕੋਈ ਖ਼ਤਰਾ, ਠੱਗ ਚੋਰ ਨਾ ਕੋਇ ਚੁਰਾਈਆ । ਉਹ ਲੇਖਾ ਅਗੰਮੀ ਅੱਖਰਾਂ, ਕਲਮ ਸ਼ਾਹੀ ਮੁਖ ਭੁਆਈਆ । ਓਸ ਦੇ ਅੰਦਰ ਢਾਈ ਸਤਰਾਂ, ਜੋ ਏਕੇ ਸਾਤੇ ਨਾਲ ਦੇਣ ਸਮਝਾਈਆ । ਜੋ ਕਿਸੇ ਹੱਥ ਨਾ ਆਏ ਪੀਰ ਪੈਗ਼ੰਬਰਾਂ, ਅਡੰਬਰਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਿਖ ਮੁਨ ਕਹਿਣ ਅਸੀਂ ਵੇਖੀ ਸਤਰ, ਜੋ ਸਤ੍ਹਾ ਉਤੇ ਨਜ਼ਰੀ ਆਈਆ । ਜਿਸ ਦਾ ਅੰਕ ਜ਼ੀਰੋ ਨਾਲ ਮਿਲ ਕੇ ਹੋਏ ਸੱਤਰ, ਸਤਿ ਦਏ ਸਮਝਾਈਆ । ਨਿਰਗੁਣ ਸਰਗੁਣ ਹੋ ਕੇ ਆਵੇ ਪਰਤ, ਸਾਤਾ ਦੂਆ ਜੋੜ ਜੁੜਾਈਆ । ਸਾਤਾ ਦੂਆ ਬਣੇ ਬਹੱਤਰ, ਨਾੜੀ ਨਾੜੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਰਿਖ ਮੁਨ ਕਹਿਣ ਸੱਤ ਅੱਗੇ ਵੇਖਿਆ ਚੌਕਾ, ਚਾਰੇ ਕੁੰਟ ਧਿਆਨ ਲਗਾਈਆ । ਜਿਸ ਭਗਤਾਂ ਦਿਤੀ ਸੱਚੀ ਨੌਕਾ, ਨਈਆ ਨਾਮ ਵਖਾਈਆ । ਉਹ ਸਾਹਿਬ ਸਵਾਮੀ ਅਨੋਖਾ, ਨਿਰਗੁਣ ਆਪਣੀ ਕਾਰ ਕਮਾਈਆ । ਜਿਸ ਦੇ ਘਰ ਨਹੀਂ ਕੋਈ ਧੋਖਾ, ਧੁਖਦਿਆਂ ਸ਼ਾਂਤ ਕਰਾਈਆ । ਸਚ ਪ੍ਰੀਤੀ ਬਖ਼ਸ਼ ਕੇ ਓਟਾ, ਓੜਕ ਆਪਣੇ ਨਾਲ ਮਿਲਾਈਆ । ਜਿਸ ਦਾ ਸਚਖੰਡ ਦਵਾਰਾ ਕੋਠਾ, ਛੱਪਰ ਛੰਨ ਨਾ ਕੋਇ ਸੁਹਾਈਆ । ਜਿਸ ਦੇ ਗ੍ਰਿਹਿ ਇਕੋ ਜੋਤਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦਾ ਇਕੋ ਸਚ ਸਲੋਕਾ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਕੇ ਮੌਕਾ, ਮੁਫ਼ਤ ਆਪਣੇ ਘਰ ਵਸਾਈਆ । ਰਿਖ ਮੁਨ ਕਹਿਣ ਅਸਾਂ ਵੇਖਿਆ ਨੂਰ ਰੱਬੀ, ਰਬਾਬ ਧੁਰ ਦੀ ਰਿਹਾ ਵਜਾਈਆ । ਜਿਸ ਦੀ ਤੰਦ ਸਤਾਰ ਆਪਣੇ ਨਾਲ ਬੱਧੀ, ਬੰਦਨਾ ਧੁਰ ਦੀ ਰਿਹਾ ਦ੍ਰਿੜਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਬਦਲ ਨਾ ਗਈ ਗੱਦੀ, ਸ਼ਾਹ ਪਾਤਸ਼ਾਹ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਹੁਕਮੇ ਅੰਦਰ ਖੇਲ ਚਲਦਾ ਸੁਦੀ ਵਦੀ, ਸੂਰਜ ਚੰਦ ਕਰਨ ਰੁਸ਼ਨਾਈਆ । ਜਿਸ ਦੇ ਹੁਕਮੇ ਅੰਦਰ ਸਚ ਪ੍ਰੀਤੀ ਲੱਗੀ, ਬਿਨ ਲਗ ਮਾਤਰ ਕਰੇ ਪੜ੍ਹਾਈਆ । ਜਿਸ ਦੇ ਪ੍ਰੇਮ ਅੰਦਰ ਭਗਤ ਸਵਾਣੀ ਫਿਰੇ ਭੱਜੀ, ਆਪਣਾ ਪੰਧ ਮੁਕਾਈਆ । ਓਸ ਦੀ ਮਹਿਫ਼ਲ ਵੇਖੀ ਲੱਗੀ, ਸਚ ਸਿੰਘਾਸਣ ਸੋਭਾ ਪਾਈਆ । ਜਨ ਭਗਤਾਂ ਦੀ ਪ੍ਰੇਮ ਪਿਆਰ ਦੀ ਵੇਖ ਕੇ ਮੰਜੀ, ਮੰਜ਼ਲ ਅਗਲੀ ਰਿਹਾ ਮੁਕਾਈਆ । ਜਿਹੜੀ ਸਭ ਤੋਂ ਹੋਈ ਚੰਗੀ, ਚੰਗਿਆਈ ਪ੍ਰਭੂ ਨਾਲ ਮਿਲੀ ਵਡਿਆਈਆ । ਜਨ ਭਗਤਾਂ ਬਣ ਕੇ ਸੰਗੀ, ਧੁਰ ਦਾ ਸੰਗ ਨਿਭਾਈਆ । ਜੁਗ ਜਨਮ ਦੀ ਕੱਟ ਕੇ ਤੰਗੀ, ਬਹੁਰੰਗੀ ਖੇਲ ਵਖਾਈਆ । ਅੱਗੇ ਕਿਸੇ ਦੀ ਕੱਟਣੀ ਨਾ ਪਏ ਮੁਛੰਦੀ, ਮੁਛੰਦਗੀ ਅਵਰ ਨਾ ਕੋਇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਲਿਖ ਕੇ ਦਿਤੀ ਸਨਦੀ, ਸੱਨਦ ਧੁਰ ਦੀ ਹੱਥ ਫੜਾਈਆ ।

## ੯ ਮੱਘਰ ੨੦੨੧ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਿਹ ਪਿੰਡ ਡਗਰੂ

ਰਿਖ ਮੁਨ ਕਹਿਣ ਨਾਮ ਸੋਹੰ ਚੰਗਾ, ਸੁਣ ਸੁਣ ਖ਼ੁਸ਼ੀ ਮਨਾਈਆ । ਜਿਸ ਵੇਲੇ ਭੀਲਣੀ ਕੋਲੋਂ ਸਰੋਵਰ ਕਰਾਇਆ ਚੰਗਾ, ਰਾਮ ਏਹੋ ਨਾਮ ਪੜ੍ਹਾਈਆ । ਜਿਸ ਵੇਲੇ ਦਰੋਪਤ ਪੜਦਾ ਹੋਣ ਲਗਾ ਸੀ ਨੰਗਾ, ਓਸ ਵੇਲੇ ਕ੍ਰਿਸ਼ਨ ਏਹੋ ਆਵਾਜ਼ ਸੁਣਾਈਆ । ਜਿਸ ਵੇਲੇ ਕਬੀਰ ਡੁੱਬਣ ਲੱਗਾ ਸੀ ਗੰਗਾ, ਓਸ ਵੇਲੇ ਏਹੋ ਰਾਗ ਅਲਾਈਆ । ਜਿਸ ਵੇਲੇ ਰਵਿਦਾਸ ਟੁੱਟੇ ਪਾਨਹ ਲਾਵੇ ਗੰਢਾਂ, ਓਸ ਵੇਲੇ ਏਹੋ ਨਾਮ ਧਿਆਈਆ । ਜਿਸ ਵੇਲੇ ਨਾਨਕ ਨਿਰਗੁਣ ਸਰਗੁਣ ਬਣ ਕੇ ਆਇਆ ਬੰਦਾ, ਬੰਦਗੀ ਏਹੋ ਨਾਮ ਧਿਆਈਆ । ਜਿਸ ਵੇਲੇ ਗੋਬਿੰਦ ਪੁਰਖ ਅਕਾਲ ਲਾਇਆ ਅੰਗਾ, ਓਸ ਵੇਲੇ ਗੋਬਿੰਦ ਏਹੋ ਨਾਮ ਧਿਆਈਆ । ਜਿਸ ਵੇਲੇ ਭਗਤ ਜਹਾਨ ਹੋਣ ਲੱਗੇ ਰੰਡਾ, ਓਸ ਵੇਲੇ ਏਹੋ ਨਾਮ ਆਸ ਰਖਾਈਆ । ਏਸੇ ਕਾਰਨ ਰਿਖੀ ਮੁਨੀ ਕਹਿਣ ਸ੍ਰੀ ਭਗਵਾਨ ਹੋਇਆ ਬਖ਼ਸ਼ੰਦਾ, ਮਿਹਰਵਾਨ ਆਪਣੀ ਦਇਆ ਕਮਾਈਆ । ਸਿੱਧਾ ਆਪਣਾ ਜਪਾ ਕੇ ਛੰਦਾ, ਮੁਛੰਦਗੀ ਸਭ ਦੀ ਦਿਤੀ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਚੁਕਾ ਕੇ ਜੇਰਜ ਅੰਡਾ, ਉਤਭੁਜ ਸੇਤਜ ਚਾਰੇ ਖਾਣੀ ਪੰਧ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਆਤਮ ਅਨੰਦਾ, ਅਨੰਦ ਅੰਤਰ ਆਤਮ ਆਪਣਾ ਆਪ ਜਣਾਈਆ ।

## ੯ ਮੱਘਰ ੨੦੨੧ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹ ਪਿੰਡ ਡਗਰੂ

ਰਿਖ ਮੁਨ ਕਹਿਣ ਇਹ ਧਾਰ ਧੁਰ ਦੀ, ਧੁਰ ਦਰਗਾਹੀ ਆਪ ਵਰਤਾਈਆ । ਇਹ ਨਿਸ਼ਾਨੀ ਪੁਰਖ ਅਕਾਲ ਸਾਚੇ ਸਤਿਗੁਰ ਦੀ, ਜੋ ਸਤਿ ਸਤਿ ਦਏ ਦ੍ਰਿੜਾਈਆ । ਜਿਸ ਦੀ ਕਰਨੀ ਆਦਿ ਜੁਗਾਦਿ ਕਦੇ ਨਾ ਮੁੜਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਇਹ ਵਸਤ ਨਹੀਂ ਮਾਲਕ ਕਿਸੇ ਹੋਰ ਦੀ, ਠੱਗ ਚੋਰ ਯਾਰ ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਪ੍ਰਭ ਆਸ਼ਾ ਕਰੇ ਭਗਤ ਲੋੜ ਦੀ, ਬਿਨ ਭਗਤੀ ਭਾਓ ਇਕੋ ਨਾਮ ਝੋਲੀ ਪਾਈਆ । ਓਥੇ ਕਹਾਣੀ ਨਹੀਂ ਕੋਈ ਜ਼ੋਰ ਦੀ, ਜਾਬਰ ਜ਼ਬਰ ਨਾ ਕੋਇ ਅਖਵਾਈਆ । ਇਹ ਵਸਤ ਪ੍ਰਭ ਦੇ ਕੋਲ ਦੀ, ਬਿਨ ਪਰਮਾਤਮ ਆਤਮ ਆਤਮ ਪਰਮਾਤਮ ਹਰਿ ਕਾ ਰੂਪ ਨਾ ਕੋਇ ਅਖਵਾਈਆ । ਏਹ ਸਤਾਰ ਧੁਰ ਦੇ ਢੋਲ ਦੀ, ਬਿਨ ਮਰਦੰਗਿਆਂ ਰਿਹਾ ਵਜਾਈਆ । ਏਹ ਵਸਤ ਨਹੀਂ ਕਿਸੇ ਪੰਡਤ ਪਾਂਧੇ ਰੌਲ ਦੀ, ਹਰਿਜਨ ਸਾਚੇ ਹਰਿ ਕਰਤਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰਿਖ ਮੁਨ ਕਹਿਣ ਸ਼ਬਦੀ ਕੜੀ, ਹਰਿ ਕਰਤਾ ਆਪ ਬੰਧਾਈਆ । ਸੋਹੰ ਧਾਰ ਇਕੋ ਬੜੀ, ਬਹੁਤੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਭਗਤਾਂ ਮਿਲਣ ਦੀ ਸੁਹੰਜਣੀ ਆਵੇ ਘੜੀ, ਓਸ ਵੇਲੇ ਕਰੇ ਇਹ ਪੜ੍ਹਾਈਆ । ਜਿਸ ਦੀ ਆਤਮ ਤੱਤਾਂ ਵਿਚ ਖਰੀ, ਖ਼ੈਰੀਅਤ ਨਾਲ ਆਪਣੇ ਨਾਲ ਮਿਲਾਈਆ । ਕੂੜ ਕੁੜਿਆਰਾਂ ਵਿਚੋਂ ਕਰਕੇ ਬਰੀ, ਬਾਵਰੀ ਆਪਣੇ ਘਰ ਬਹਾਈਆ । ਮਿਹਰਵਾਨ ਜਿਨ੍ਹਾਂ ਉਪਰ ਮਿਹਰ ਕਰੀ, ਮੁਹੱਬਤ ਨਾਲ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਅਖਵਾਈਆ । ਰਿਖ ਮੁਨ ਕਹਿਣ ਅਸੀਂ ਵੇਖੇ ਪੜ੍ਹਦੇ, ਪੜ੍ਹਦੇ ਵਿਚ ਨਾ ਮੁਖ ਛੁਪਾਈਆ । ਸਾਚੇ ਮੰਦਰ ਵੇਖੇ ਚੜ੍ਹਦੇ, ਭੱਜਣ

ਵਾਹੋ ਦਾਹੀਆ । ਨਿਰਭੈ ਹੋਏ ਮੂਲ ਨਾ ਡਰਦੇ, ਭਿਆਨਕ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਨਾਲ ਲੜਦੇ, ਲੜੀ ਪ੍ਰਭ ਦੇ ਨਾਲ ਬੰਧਾਈਆ । ਜਨ ਭਗਤ ਜੀਂਦੇ ਜਗ ਵਿਚ ਮਰਦੇ, ਮਰ ਕੇ ਜੀਵਣ ਲੈਣ ਬਦਲਾਈਆ । ਉਹ ਮਾਲਕ ਓਸ ਘਰ ਦੇ, ਜਿਸ ਘਰ ਬੈਠਾ ਸ਼ਹਿਨਸ਼ਾਹੀਆ । ਜਿਸ ਗ੍ਰਿਹ ਅੰਮ੍ਰਿਤ ਫੁਹਾਰ ਵਰ੍ਹਦੇ, ਅੰਮ੍ਰਿਤ ਮੇਘ ਛਹਿਬਰ ਲਾਈਆ । ਦਰਸ਼ਨ ਹੁੰਦੇ ਨਰਾਇਣ ਨਰ ਦੇ, ਨਰ ਨਾਰੀ ਰੂਪ ਨਾ ਕੋਇ ਵਟਾਈਆ । ਜੋ ਗੁਰਮੁਖ ਹਰਿ ਸੰਤ ਸੁਹੇਲੇ ਸੋਹੰ ਢੋਲਾ ਪੜ੍ਹਦੇ, ਉਹ ਪੜਦਿਆਂ ਵਿਚੋਂ ਬਾਹਰ ਡੇਰਾ ਲਾਈਆ । ਸਚ ਦਵਾਰੇ ਦੇ ਬਣ ਕੇ ਬਰਦੇ, ਬੰਦੀਖ਼ਾਨਾ ਗਏ ਤੁੜਾਈਆ । ਨਾ ਜੰਮਦੇ ਨਾ ਮਰਦੇ, ਜੋਤੀ ਜੋਤ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਤ ਦਰਸ਼ਨ ਕਰਦੇ, ਬਿਨ ਅੱਖਾਂ ਨੈਣਾਂ ਨੇਤਰਾਂ ਨਜ਼ਰੀ ਆਈਆ ।



### ✪ ੯ ਮੱਘਰ ੨੦੨੧ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਸੱਦਾ ਸਿੰਘ ਵਾਲਾ ✪

ਰਿਖ ਮੁਨ ਕਹਿਣ ਅਸਾਂ ਸੁਣੀ ਖ਼ਬਰ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਸ੍ਰੀ ਭਗਵਾਨ ਜਨ ਭਗਤਾਂ ਪੂਰੀ ਕਰੇ ਸਧਰ, ਸਤਿ ਸਤਿਵਾਦੀ ਵੇਖ ਵਖਾਈਆ । ਕੋਝੇ ਕਮਲਿਆਂ ਕਰ ਕੇ ਕਦਰ, ਕਾਦਰ ਆਪਣੇ ਰੰਗ ਰੰਗਾਈਆ । ਮਨ ਮਨੂਆ ਦੇਵੇ ਬਦਲ, ਸੁਰਤੀ ਆਪਣੇ ਸ਼ਬਦ ਜੁੜਾਈਆ । ਜਗਤ ਸ਼ਰੀਅਤ ਕਰ ਕੇ ਕਤਲ, ਕੁਦਰਤ ਆਪਣੀ ਦਏ ਸਮਝਾਈਆ । ਪੰਚ ਵਿਕਾਰਾ ਕਰ ਕੇ ਜਲਾਵਤਨ, ਘਰ ਠਾਂਡੇ ਕਰੇ ਸਫਾਈਆ । ਗੁਰਮੁਖਾਂ ਵਖਾਏ ਆਪਣਾ ਵਤਨ, ਜੋ ਬੈਠੇ ਮਾਤ ਭੁਲਾਈਆ । ਮਾਣਕ ਮੋਤੀ ਹੀਰੇ ਬਣਾ ਕੇ ਰਤਨ, ਕੀਮਤ ਆਪਣੀ ਆਪੇ ਪਾਈਆ । ਕਲਜੁਗ ਅੰਤਮ ਅਬਿਨਾਸ਼ੀ ਕਰਤਾ ਆਇਆ ਸੱਦਣ, ਸੱਦਾ ਇਕੋ ਇਕ ਜਣਾਈਆ । ਕੂੜੀ ਕਿਰਿਆ ਵਿਚੋਂ ਆਇਆ ਕੱਢਣ, ਮਾਇਆ ਮਮਤਾ ਮੋਹ ਚੁਕਾਈਆ । ਤਾਲ ਨਗਾਰਾ ਹੋ ਕੇ ਆਇਆ ਵੱਜਣ, ਗ੍ਰਿਹ ਸ਼ਬਦੀ ਰਾਗ ਅਲਾਈਆ । ਖੇਵਟ ਖੇਟਾ ਹੋ ਕੇ ਬੈਠਾ ਪੱਤਣ, ਪਤਿਪਰਮੇਸ਼ਵਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਰਿਖ ਮੁਨ ਕਹਿਣ ਅਸਾਂ ਵੇਖਿਆ ਕਲ, ਕਲ ਕਲਕੀ ਵੇਸ ਵਟਾਈਆ । ਜਿਸ ਦਾ ਵਸੇਰਾ ਜਲ ਥਲ, ਮਹੀਅਲ ਆਪਣਾ ਡੇਰਾ ਲਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਘਲ, ਨਿਰਗੁਣ ਸਰਗੁਣ ਖੇਲ ਕਰਾਈਆ । ਜਿਸ ਦਾ ਧਾਮ ਅਗੰਮੜਾ ਅਬਚਲ, ਥਿਰ ਘਰ ਵਾਸੀ ਹੁਕਮ ਵਰਤਾਈਆ । ਸੋ ਭਗਤਾਂ ਅੰਦਰ ਗਿਆ ਰਲ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਪੂਰਬ ਜਨਮ ਦਾ ਦੇਵਣ ਆਇਆ ਫਲ, ਫਲ ਅੰਮ੍ਰਿਤ ਰੂਪ ਵਟਾਈਆ । ਜਨਮ ਕਰਮ ਦਾ ਮੇਟਣ ਆਇਆ ਸੱਲ, ਦੂਈ ਦਵੈਤੀ ਡੇਰਾ ਢਾਹੀਆ । ਭਾਗ ਲਗਾਵਣ ਆਇਆ ਕਾਇਆ ਮਾਟੀ ਖੱਲ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਈਆ । ਰਿਖ ਮੁਨ ਕਹਿਣ ਅਸੀਂ ਵੇਖੇ ਤਰਦੇ, ਅਣਤਾਰੂ ਪਾਰ ਲੰਘਾਈਆ । ਹਰਿ ਸੰਤ ਸੁਹੇਲੇ ਬਣਾ ਕੇ ਬਰਦੇ, ਤੇਰੇ ਬੰਦੀਖਾਨੇ ਵਿਚੋਂ ਬਾਹਰ ਕਢਾਈਆ । ਜੋ ਇਕੋ ਢੋਲਾ ਪੜ੍ਹਦੇ, ਸੋਹੰ ਨਾਮ ਧਿਆਈਆ । ਸਾਚੇ ਮੰਦਰ ਪੌੜੀ ਚੜ੍ਹਦੇ, ਅਧਵਿਚਕਾਰ ਨਾ ਕੋਇ ਅਟਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਬੰਦਨਾ ਕਰਦੇ,

੬੭੦
੧੭

ਸਿਰ ਸਕੇ ਨਾ ਕੋਇ ਉਠਾਈਆ । ਕਰੋੜ ਤੇਤੀਸਾ ਹਾੜੇ ਕੱਢਦੇ, ਬਲਹੀਣ ਦੇਣ ਦੁਹਾਈਆ । ਗੁਰ ਅਵਤਾਰ ਖ਼ੁਸ਼ੀਆਂ ਨਾਲ ਹੱਸਦੇ, ਆਪਣਾ ਰੰਗ ਵਖਾਈਆ । ਪੀਰ ਪੈਗ਼ੰਬਰ ਕਲਮਾ ਸਾਚਾ ਪੜ੍ਹਦੇ, ਨਾਅਰਾ ਇਕ ਲਗਾਈਆ । ਵੇਖ ਖੇਲ ਅਗੰਮੀ ਹਰਿ ਦੇ, ਹਿਰਦੇ ਸਾਰੇ ਖ਼ੁਸ਼ੀ ਮਨਾਈਆ । ਭਗਤ ਸੁਹੇਲੇ ਗੁਰ ਚੇਲੇ ਵੇਖੇ ਬਣਦੇ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਮੇਲੇ ਰਿਹਾ ਮਿਲਾਈਆ । ਰਿਖੀ ਮੁਨੀ ਕਹਿਣ ਅਸੀਂ ਸੁਣੀ ਅਨੋਖੀ ਧੁਨ, ਧੁਨੀ ਨਾਦ ਵਜਾਈਆ । ਪਹਿਲੋਂ ਖੋਲ੍ਹ ਕੇ ਅਗੰਮੀ ਸੁੰਨ, ਸੁੰਨ ਸਮਾਧੀ ਦਿਤੀ ਤੁੜਾਈਆ । ਫੇਰ ਜਣਾ ਕੇ ਆਪਣਾ ਗੁਣ, ਅਵਗੁਣ ਦਿਤੇ ਤਜਾਈਆ । ਲੱਖ ਚੁਰਾਸੀ ਵਿਚੋਂ ਚੁਣ, ਚੂੰਡੀ ਸੀਸ ਵੇਖ ਵਖਾਈਆ । ਅਬਿਨਾਸ਼ੀ ਦੱਸ ਕੇ ਫੁਨ, ਫੁਰਨੇ ਸਾਰੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ । ਰਿਖੀ ਮੁਨੀ ਕਹਿਣ ਅਸੀਂ ਆਏ ਤੱਕਦੇ, ਨੈਣ ਅੱਖ ਉਠਾਈਆ । ਉਥੇ ਲਹਿਣੇ ਹਕੀਕਤ ਹਕ ਦੇ, ਲਾਸ਼ਰੀਕ ਝੋਲੀ ਪਾਈਆ । ਭਗਤ ਸੁਹੇਲੇ ਚਰਨ ਕਵਲ ਉਹਦੇ ਵਸਦੇ, ਸਚ ਦਵਾਰੇ ਡੇਰਾ ਲਾਈਆ । ਗੀਤ ਗੋਬਿੰਦ ਗਾ ਗਾ ਹੱਸਦੇ, ਆਪਣੀ ਹੱਸਤੀ ਲਈ ਬਦਲਾਈਆ । ਪ੍ਰੇਮ ਪਿਆਲੇ ਪੀਤੇ ਅੰਮ੍ਰਿਤ ਰਸ ਦੇ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਚਰਨ ਕਵਲ ਸਰਨਾਈ ਇਕ ਢੱਠ ਦੇ, ਦੂਜਾ ਦੇਵ ਨਾ ਕੋਇ ਮਨਾਈਆ । ਝਗੜੇ ਮੁਕਣ ਤਤ ਅੱਠ ਦੇ, ਨੌ ਦਵਾਰੇ ਪੰਧ ਚੁਕਾਈਆ । ਦਸਮ ਦਵਾਰੇ ਬਹਿ ਕੇ ਵਸਦੇ, ਵਾਸਤਾ ਇਕੋ ਨਾਲ ਜੁੜਾਈਆ । ਹੋਏ ਮੇਲ ਤੀਜੀ ਅੱਖ ਦੇ, ਨਿਜ ਨੇਤਰ ਹੋਏ ਰੁਸ਼ਨਾਈਆ । ਨਾਮ ਨਿਧਾਨ ਇਕੋ ਰੱਟਦੇ, ਰੱਟੇ ਕੂੜੇ ਜਗਤ ਮੁਕਾਈਆ । ਮਾਲਕ ਬਣ ਕੇ ਸਾਚੇ ਹੱਟ ਦੇ, ਖ਼ਜ਼ਾਨਾ ਆਪਣੀ ਝੋਲੀ ਪਾਈਆ । ਮਿਟੇ ਰੋਗ ਵਿਛੋੜੇ ਫੱਟ ਦੇ, ਕੱਟੀ ਗਈ ਜੁਦਾਈਆ । ਘਰ ਸਾਚੇ ਬਹਿ ਬਹਿ ਨੱਚਦੇ, ਨਾਰਦ ਮੁਨ ਸ਼ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨਾਂ ਹੇਠਾਂ ਹੱਥ ਰੱਖ ਦੇ, ਸਮਰਥ ਤੇਰੀ ਵਡਿਆਈਆ । ਜੈਕਾਰੇ ਬੋਲ ਇਕ ਅਲਖ ਦੇ, ਅਲਖ ਅਗੋਚਰ ਲਿਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਰਿਖ ਮੁਨ ਕਹਿਣ ਅਸੀਂ ਸੁਣੀ ਬੋਲੀ, ਅਨਬੋਲਤ ਆਪ ਜਣਾਈਆ । ਜੋਤ ਅਕਾਲਣ ਬਣ ਵਿਚੋਲੀ, ਧੁਰ ਦੀ ਕਰੇ ਪੜ੍ਹਾਈਆ । ਪ੍ਰੇਮ ਪਿਆਰ ਦੀ ਖੇਲਕੇ ਹੋਲੀ, ਰੰਗਣ ਨਾਮ ਰੰਗਾਈਆ । ਸਤਿ ਧਰਮ ਦੀ ਗਠੜੀ ਖੋਲ੍ਹੀ, ਵਸਤ ਇਕੋ ਇਕ ਵਖਾਈਆ । ਸੰਤ ਸੁਹੇਲੇ ਬਣਕੇ ਟੋਲੀ, ਪ੍ਰਭ ਟੋਲਣ ਚਾਈਂ ਚਾਈਆ । ਸਚ ਪ੍ਰੀਤੀ ਘੋਲ ਘੋਲੀ, ਕਵਲ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਰਿਖੀ ਮੁਨੀ ਕਹਿਣ ਅਸੀਂ ਸੁਣਿਆ ਸੰਗੀਤ, ਰਾਗਾਂ ਵਿਚ ਨਾ ਕੋਇ ਗਾਈਆ । ਨਾ ਕੋਇ ਦੇਉਰਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਨਾ ਕੋਇ ਵਡਿਆਈਆ । ਜਨ ਭਗਤਾਂ ਵੱਖਰੀ ਨਿਰਾਲੀ ਵੇਖੀ ਰੀਤ, ਰੱਤੀ ਆਪਣਾ ਰੰਗ ਰੰਗਾਈਆ । ਦਰ ਠਾਂਡੇ ਬੈਠੇ ਸੀਤ, ਅਗਨੀ ਤਤ ਬੁਝਾਈਆ । ਪੁਰਖ ਅਬਿਨਾਸ਼ੀ ਨਾਲ ਲਾ ਪ੍ਰੀਤ, ਪ੍ਰੀਤਮ ਆਪਣਾ ਰਹੇ ਮਨਾਈਆ । ਜੇਹੜਾ ਧੁਰ ਦੀ ਕਰਕੇ ਦਏ ਵਸੀਹਤ, ਅਸਲੀਅਤ ਅਗਲੀ ਦਏ ਸਮਝਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਲੈਂਦੇ ਰਹੇ ਨਸੀਹਤ, ਧੁਰ ਦੀ ਕਰੇ ਸਚ ਪੜ੍ਹਾਈਆ । ਜਿਸ ਦੀ ਦੋ ਜਹਾਨਾਂ ਇਕ ਵਲਦੀਅਤ, ਵਾਲਦ ਪਿਤਾ ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਆ । ਰਿਖੀ

ਮੁਨੀ ਕਹਿਣ ਅਸੀਂ ਵੇਖਿਆ ਪੜ੍ਹਦੇ ਰੁੱਕਾ, ਜੋ ਰੁਕਮਣੀ ਕ੍ਰਿਸ਼ਨ ਗਈ ਫੜਾਈਆ । ਜਿਸਦੇ ਉਤੇ ਅਗੰਮੀ ਲੇਖ ਲਿਖਾ, ਢਾਈ ਅੱਖਰਾਂ ਨਾਲ ਰਲਾਈਆ । ਕਰੇ ਖੇਲ ਅਬਿਨਾਸ਼ੀ ਅਚੁਤਾ, ਚਤੁਰਭੁਜ ਬੇਪਰਵਾਹੀਆ । ਜਿਸ ਦੇ ਸੀਸ ਤਾਜ ਪੰਜ ਮੁਖਾ, ਮੁਫਤ ਆਪਣੀ ਦਇਆ ਕਮਾਈਆ । ਕਲਜੁਗ ਵੇਲੇ ਅੰਤ ਹੋਏ ਸਨਮੁਖਾ, ਸਤਿ ਸਰੂਪੀ ਵੇਖ ਵਖਾਈਆ । ਜੁਗ ਜਨਮ ਦਾ ਜੋ ਗੁਰਮੁਖ ਹੋਏ ਭੁੱਖਾ, ਤਿਸ ਆਸਾ ਮਨਸਾ ਤ੍ਰਿਪਤ ਕਰਾਈਆ । ਪ੍ਰੇਮ ਪਿਆਰ ਦਾ ਪਿਆ ਕੇ ਅੰਮ੍ਰਿਤ ਘੁੱਟਾ, ਅਗਨੀ ਤਤ ਦਏ ਬੁਝਾਈਆ । ਜਨਮ ਕਰਮ ਦਾ ਹੋਵੇ ਰੁੱਠਾ, ਰੁੱਸਿਆਂ ਲਏ ਮਨਾਈਆ । ਗੂੜ੍ਹੀ ਨੀਂਦ ਵਿਚ ਹੋਵੇ ਸੁੱਤਾ, ਸੋਈ ਸੁਰਤੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਰਿਖ ਮੁਨ ਕਹਿਣ ਰੁੱਕੇ ਵਿਚੋਂ ਵੇਖੇ ਉਹ ਹਰਫ਼, ਜਿਨ੍ਹਾਂ ਦੀ ਸਮਝ ਕੋਇ ਨਾ ਪਾਈਆ । ਉਥੇ ਫ਼ੈਸਲਾ ਯੱਕਤਰਫ਼, ਦੋ ਤਰਫ਼ੀ ਧਾਰ ਨਾ ਕੋਇ ਬੰਧਾਈਆ । ਗੋਪੀ ਕਾਹਨ ਦੀ ਲੱਗੀ ਸ਼ਰਤ, ਝਗੜੇ ਨਾਲ ਜਣਾਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਸਰਗੁਣ ਨਿਰਗੁਣ ਹੋ ਕੇ ਦੇਵੇ ਦਰਸ, ਨਿਰਵੈਰ ਆਪਣੀ ਕਲ ਚਲਾਈਆ । ਵੇਖ ਵਖਾਏ ਧੁਰ ਦੇ ਭਗਤ, ਭਗਵਨ ਆਪਣਾ ਖੇਲ ਖਿਲਾਈਆ । ਸੋਹਣਾ ਹੋਵੇ ਵਕਤ, ਘੜੀ ਸੁਲੱਖਣੀ ਸੋਭਾ ਪਾਈਆ । ਗੀਤ ਗਾਵਣ ਅਰਸ਼ ਫ਼ਰਸ਼, ਦੋ ਜਹਾਨਾਂ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਅੱਖ ਖੁਲ੍ਹਾਈਆ । ਰੁੱਕੇ ਉਤੇ ਲਿਖਿਆ ਲੇਖ ਸਭ ਨੂੰ ਹੋਵੇ ਰੁਖ਼ਸਤ, ਗੁਰ ਅਵਤਾਰ ਪੀਰ ਪੈਗੰਬਰ ਪੰਧ ਮੁਕਾਈਆ । ਲੋਕਮਾਤ ਵਿਚੋਂ ਮਿਲੇ ਫ਼ੁਰਸਤ, ਫ਼ੁਰਨਾ ਬੰਦ ਵਖਾਈਆ । ਅਬਿਨਾਸ਼ੀ ਕਰਤਾ ਇਕੋ ਆਵੇ ਮੁਰਸ਼ਦ, ਮੁਰੀਦਾਂ ਵੇਖ ਵਖਾਈਆ । ਕੂੜੀ ਕਿਰਿਆ ਮੇਟੇ ਗ਼ੁਰਬਤ, ਮਾਇਆ ਮਮਤਾ ਮੋਹ ਚੁਕਾਈਆ । ਲੇਖ ਚੁਕਾ ਕੇ ਰਾਜਾ ਸੁਰਪਤ, ਇੰਦ ਇੰਦਰਾਸਣ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਰੁੱਕੇ ਉਤੇ ਲਿਖਿਆ ਇਕੋ ਲਫ਼ਜ਼, ਅਲਫ਼ ਯੇ ਸਮਝ ਕੋਇ ਨਾ ਪਾਈਆ । ਕਲਜੁਗ ਅੰਤਮ ਕਹਿਰ ਹੋਵੇ ਗ਼ਜ਼ਬ, ਤਅੱਜੁਬ ਹੋਏ ਲੋਕਾਈਆ । ਝਗੜਾ ਹੋਵੇ ਦੀਨ ਮਜ਼੍ਹਬ, ਜ਼ਾਤ ਪਾਤ ਲੜਾਈਆ । ਸ੍ਰੀ ਭਗਵਾਨ ਸਭ ਦੀ ਵੇਖੇ ਪਿਛਲੀ ਫ਼ਰਦ, ਪੂਰਬ ਲਹਿਣਾ ਖੋਜ ਖੁਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ ਭਗਤਾਂ ਕੀਤੀ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਉਨ੍ਹਾਂ ਨਾਲ ਵੰਡੇ ਦਰਦ, ਦਰਦੀ ਹੋ ਕੇ ਦਰਦ ਆਪਣੀ ਝੋਲੀ ਪਾਈਆ । ਸੂਰਬੀਰ ਮਰਦਾਨਾ ਮਰਦ, ਜੋਧਾ ਇਕੋ ਇਕ ਅਖਵਾਈਆ । ਜਿਸਦਾ ਨਾਮ ਖੰਡਾ ਧੁਰ ਦੀ ਤਿੱਖੀ ਹੋਵੇ ਖੜਗ, ਧਾਰ ਧਾਰੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਰੁੱਕਾ ਕਹੇ ਮੇਰਾ ਮਜ਼ਮੂਨ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਮੈਂ ਵੇਖਾਂ ਚੋਟੀ ਚੜ੍ਹ ਅਖ਼ੀਰ, ਮੰਜ਼ਲ ਧੁਰ ਦੀ ਡੇਰਾ ਲਾਈਆ । ਜਿਸ ਦੇ ਸਯਦੇ ਕਰਦੇ ਪੀਰ ਫ਼ਕੀਰ, ਪੈਗ਼ੰਬਰ ਧੂੜੀ ਖ਼ਾਕ ਰਮਾਈਆ । ਜਿਥੇ ਨਿਰਗੁਣ ਸਰਗੁਣ ਬਣਾਵਣਹਾਰ ਤਸਵੀਰ, ਸਤਿ ਸਤਿਵਾਦੀ ਦਇਆ ਕਮਾਈਆ । ਜਿਥੇ ਸ਼ਰਅ ਦੇ ਪੈਂਦੇ ਜ਼ੰਜੀਰ, ਸ਼ਰੀਅਤ ਨਾਲ ਰਲਾਈਆ । ਜਿਥੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਔਂਦੇ ਘਤ ਵਹੀਰ, ਲੋਕਮਾਤ ਵੇਸ ਵਟਾਈਆ । ਜਿਥੇ ਨਿਤ ਨਵਿਤ ਬਦਲਦੀ ਰਹੇ ਤਕਦੀਰ, ਤਦਬੀਰ ਆਪਣੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਾ ਲੇਖਾ ਆਪਣੇ ਹੱਥ ਰਖਾਈਆ । ਰੁੱਕਾ ਕਹੇ ਮੇਰਾ

ਅੱਖਰ ਊੜਾ, ਓਅੰਕਾਰ ਦਿਤਾ ਬਣਾਈਆ । ਜਿਸਦਾ ਰੰਗ ਅਗੰਮੀ ਗੂੜ੍ਹਾ, ਜਗਤ ਲਲਾਰੀ ਨਾ ਕੋਇ ਬਣਾਈਆ । ਚਤੁਰ ਸੁਘੜ ਬਣਾਏ ਮੂੜ੍ਹਾ, ਮੂਰਖ ਮੂੜ੍ਹੇ ਆਪਣੇ ਘਰ ਵਸਾਈਆ । ਸ੍ਰੀ ਭਗਵਾਨ ਜਿਨ੍ਹਾਂ ਦੇ ਅੰਦਰ ਆਪ ਵੜ ਕੇ ਵਜਾਏ ਤੰਬੂਰਾ, ਤਬਅ ਕਾਇਆ ਦਏ ਬਦਲਾਈਆ । ਮਾਇਆ ਮਮਤਾ ਜਗਤ ਤੋੜੇ ਮੋਹ ਗ਼ਰੂਰਾ, ਕੂੜੀ ਕਿਰਿਆ ਪਰੇ ਹਟਾਈਆ । ਜੋਤੀ ਜਲਵਾ ਬਖ਼ਸ਼ੇ ਨੂਰਾ, ਜ਼ਾਹਰ ਜਹੂਰ ਕਰੇ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਚਨ ਹੋਵੇ ਪੂਰਾ, ਜੋ ਭਵਿਖਤ ਵਾਕਾਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰੁਕਮਣੀ ਕਹੇ ਰੁੱਕਾ ਕ੍ਰਿਸ਼ਨ, ਕਿਸ਼ਨਾ ਸ਼ੁਕਲਾ ਦੋਵੇ ਪੱਖ ਗਵਾਈਆ । ਜਿਸ ਵੇਲੇ ਭਗਵਾਨ ਸੇਵਾ ਲਾਏ ਵਿਸ਼ਨ, ਵਿਸ਼ਵ ਹੁਕਮ ਵਰਤਾਈਆ । ਜਿਸ ਨੂੰ ਭਗਤ ਸੁਹੇਲੇ ਦਿਸਣ, ਨਾਤਾ ਜਗਤ ਨਾਲੋਂ ਤੁੜਾਈਆ । ਉਹਨਾਂ ਦਾ ਲੇਖ ਆਪੇ ਆਵੇ ਲਿਖਣ, ਧੁਰ ਦਾ ਮਾਲਕ ਫੇਰਾ ਪਾਈਆ । ਓਦੋਂ ਰਾਮ ਕ੍ਰਿਸ਼ਨ ਨੂੰ ਹੋਣੀ ਅੰਤਮ ਪਿਨਸ਼ਨ, ਗੋਪੀ ਮੰਡਲ ਰਾਸ ਨਾ ਕੋਇ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਰੁਕਮਣੀ ਕਹੇ ਸੁਣ ਕ੍ਰਿਸ਼ਨ ਘਨਈਆ, ਸਚ ਦਿਆਂ ਦ੍ਰਿੜਾਈਆ । ਕਲਜੁਗ ਅੰਤਮ ਡੋਲੇ ਨਈਆ, ਤਟ ਕਿਨਾਰਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਸਾਚਾ ਸਈਆ, ਤੇਰਾ ਮੇਰਾ ਮਾਲਕ ਫੇਰਾ ਪਾਈਆ । ਧੁਰ ਫ਼ਰਮਾਨ ਇਕੋ ਹੁਕਮ ਜਣਈਆ, ਜਗ ਜੀਵਣ ਦਾਤਾ ਆਪਣੇ ਹੱਥ ਰੱਖੇ ਵਡਿਆਈਆ । ਉਹਦਾ ਨਾਵਾਂ ਇਕੋ ਅੱਖਰਾਂ ਵਾਲਾ ਢਈਆ, ਢਈਆ ਢੌਂਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਸਈਆ, ਸਾਹਿਬ ਸੁਲਤਾਨ ਬੇਪਰਵਾਹੀਆ । ਰੁੱਕੇ ਉਤੇ ਖੇਲ ਅਜਬ, ਰਹਿਮਤ ਵਿਚ ਵਡਿਆਈਆ । ਹੋਏ ਹੈਰਾਨੀ ਸਰਬ ਤਅੱਜੁਬ, ਤੋਬਾ ਕਰੇ ਖ਼ੁਦਾਈਆ । ਮੁਹੰਮਦ ਨਾ ਦਿਸੇ ਅਲੀ ਮੱਦਦ, ਦਸਤਗੀਰ ਨਾ ਕੋਇ ਸਹਾਈਆ । ਪੀਰ ਪੈਗ਼ੰਬਰ ਕਰਨ ਤਸ਼ੱਦਦ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੁਰ ਅਵਤਾਰ ਝਗੜਾ ਮਜ਼੍ਹਬ, ਮਜਲਸ ਇਕ ਲਗਾਈਆ । ਪੁਰਖ ਅਬਿਨਾਸ਼ੀ ਤੋਲੇ ਸਭ ਦਾ ਆ ਕੇ ਵਜ਼ਨ, ਨਾਮ ਕੰਡਾ ਹੱਥ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਉਠ ਉਠ ਭੱਜਣ, ਨਵ ਨੌ ਚਾਰ ਵਾਹੋ ਦਾਹੀਆ । ਗੁਰਮੁਖ ਵਿਰਲੇ ਵਿਚੋਂ ਬਚਣ, ਜਿਨ੍ਹਾਂ ਧੁਰ ਦਾ ਬਚਨ ਲਿਆ ਕਮਾਈਆ । ਕਾਇਆ ਮਾਟੀ ਕਰਕੇ ਕੰਚਨ, ਕੰਚਨ ਪਾਰਸ ਨਾਲ ਛੁਹਾਈਆ । ਨੇਤਰ ਨਾਮ ਦਾ ਪਾ ਕੇ ਅੰਜਣ, ਅੰਜਣ ਇਕੋ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਅੱਖ ਖੁਲ੍ਹਾਈਆ । ਰੁਕਮਣੀ ਕਹੇ ਕ੍ਰਿਸ਼ਨ ਕਰ ਤਸਦੀਕ, ਤੇਰੇ ਹੱਥ ਫੜਾਈਆ । ਜਿਸ ਦੀ ਸਾਰੇ ਕਰਨ ਉਡੀਕ, ਆਕਾਸ਼ਾਂ ਉਤੇ ਡੇਰਾ ਲਾਈਆ । ਜਿਸ ਦੇ ਵਿਚ ਸਚ ਤੌਫ਼ੀਕ, ਕੋਟਨ ਕ੍ਰਿਸ਼ਨ ਰੂਪ ਪਰਗਟਾਈਆ । ਜੋ ਭਗਤਾਂ ਕਰੇ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਜੋ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦਾ ਵਸੇਰਾ ਊਚ ਨੀਚ, ਘਟ ਘਟ ਰਿਹਾ ਸਮਾਈਆ । ਜਿਸ ਰਾਮ ਦਾ ਰਾਮ ਗਾਉਂਦਾ ਗੀਤ, ਸੀਤਾ ਸੁਰਤੀ ਧਿਆਨ ਲਗਾਈਆ । ਉਸ ਦਾ ਆਉਣਾ ਜਾਣਾ ਠੀਕ, ਨਾ ਸਕੇ ਕੋਇ ਬਦਲਾਈਆ । ਕਲਜੁਗ ਅੰਤ ਲੋਕਮਾਤ ਦਾ ਬਣੇ ਵਸਨੀਕ, ਸਾਢੇ ਤਿੰਨ ਹੱਥ ਸੋਭਾ ਪਾਈਆ । ਖੇਲ ਕਰੇ ਲਾਸ਼ਰੀਕ, ਸ਼ਿਰਕਤ ਸਭ ਦੀ ਦਏ ਗਵਾਈਆ । ਜਨ ਭਗਤਾਂ ਸੁਣਾ ਕੇ ਆਪਣਾ ਗੀਤ, ਢੋਲਾ ਸੋਹਲਾ ਦਏ ਵਡਿਆਈਆ । ਜਿਸ ਦੇ ਪਿਛੇ ਗੋਬਿੰਦ ਸ਼ਹੀਦ ਕਰਾਏ ਜੁਝਾਰ ਅਜੀਤ, ਛੋਟੇ ਨੀਹਾਂ

ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕ੍ਰਿਸ਼ਨ ਕਹੇ ਰੁਕਮਣੀ ਵੇਖ ਰੁੱਕਾ, ਏਕਾ ਇਕੋ ਨਜ਼ਰੀ ਆਈਆ । ਜਿਸ ਦਾ ਪਿਆਰ ਇਕੋ ਸ਼ਬਦੀ ਪੁੱਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਸਚਖੰਡ ਦਵਾਰ ਰਹੇ ਸੁੱਤਾ, ਥਿਰ ਘਰ ਖ਼ੁਸ਼ੀ ਮਨਾਈਆ । ਜੋ ਜੁਗ ਚੌਕੜੀ ਉਠਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜੋ ਨਿਤ ਨਵਿਤ ਪ੍ਰੇਮ ਪਿਆਰ ਦਾ ਭੁੱਖਾ, ਜਨ ਭਗਤਾਂ ਮੇਲ ਮਿਲਾਈਆ । ਜਿਸ ਦੇ ਕੋਲ ਦੋ ਜਹਾਨਾਂ ਸੁਖਾ, ਸੁਖ ਸਾਗਰ ਰੂਪ ਸਮਾਈਆ । ਜੋ ਕਰਮ ਜਨਮ ਦਾ ਮੇਟੇ ਦੁੱਖਾ, ਦੁਖੀਆਂ ਦਰਦ ਵੰਡਾਈਆ । ਜਿਸ ਵੇਲੇ ਕਲਜੁਗ ਅੰਤਮ ਪੈਂਡਾ ਮੁੱਕਾ, ਮੁਕੰਮਲ ਆਪਣਾ ਫੇਰਾ ਪਾਈਆ । ਓਹਦੇ ਹੱਥ ਨਾ ਦਿਸੇ ਹੁੱਕਾ, ਹੁੱਕੇ ਗੱਠ ਨਾ ਕੋਇ ਖੁਲ੍ਹਾਈਆ । ਓਹਦੇ ਮੁਖ ਨਾ ਦਿਸਣ ਮੁੱਛਾਂ, ਚੋਟੀ ਸੀਸ ਨਾ ਕੋਇ ਮੁਨਾਈਆ । ਓਹਦਾ ਤਨ ਵਜੂਦ ਨਾ ਕੋਇ ਜੁੱਸਾ, ਪੰਜ ਤਤ ਨਾ ਕੋਇ ਹੰਢਾਈਆ । ਹਰਖ਼ ਸੋਗ ਨਾ ਕੋਈ ਗ਼ੁੱਸਾ, ਮਾਇਆ ਮਮਤਾ ਨਾ ਕੋਇ ਰਖਾਈਆ । ਜਗਤ ਵਿਹਾਰ ਕਦੇ ਨਾ ਰੁੱਠਾ, ਸਦ ਰੁੱਸਿਆਂ ਰਿਹਾ ਮਨਾਈਆ । ਓਹਦਾ ਲੇਖਾ ਨਾ ਹਲਾਲੀ ਕੁੱਠਾ, ਕਤਲਗਾਹ ਨਾ ਕੋਇ ਵਡਿਆਈਆ । ਉਹ ਮਿਹਰਵਾਨ ਮਹਿਬੂਬ ਸਭ ਦਾ ਸਾਂਝਾ ਪਿਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਉਸ ਦੇ ਸਰਨ ਸਰਨਾਈ ਝੁਕਾ, ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਵੇਲਾ ਲਏ ਸੁਹਾਈਆ । ਰੁਕਮਣੀ ਵੇਖ ਰੁੱਕੇ ਦਾ ਸਿਰਲੇਖ, ਬੰਸਰੀ ਵਾਲਾ ਰਿਹਾ ਜਣਾਈਆ । ਜਿਸ ਨੇ ਮੈਨੂੰ ਦਿੱਤਾ ਭੇਜ, ਹੁਕਮੀ ਹੁਕਮ ਸੁਣਾਈਆ । ਉਸ ਦਾ ਅਗੰਮੜਾ ਹੋਵੇ ਭੇਖ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਵੇਦ ਵਿਆਸਾ ਕਹੇ ਉਹ ਵਸੇ ਸੰਬਲ ਦੇਸ, ਮੈਂ ਕਹਾਂ ਉਹ ਆਪ ਆਪਣੇ ਵਿਚ ਡੇਰਾ ਲਾਈਆ । ਜਿਸ ਦਾ ਘਰ ਵਿਚ ਘਰ ਸਾਚਾ ਹੇਤ, ਦੂਜੇ ਦਰ ਨਾ ਮੰਗਣ ਜਾਈਆ । ਜਿਸ ਦੇ ਚਰਨ ਚੁੰਮੇ ਵਿਸ਼ਨੂੰ ਸੋਹਵਣਹਾਰਾ ਬਾਸ਼ਕ ਸੇਜ, ਬ੍ਰਹਮਾ ਧੂੜੀ ਖ਼ਾਕ ਰਮਾਈਆ । ਜਿਸ ਨੂੰ ਸ਼ੰਕਰ ਕਰੇ ਆਦੇਸ, ਨਿਉਂ ਨਿਉਂ ਲਾਗੇ ਪਾਈਆ । ਜਿਸ ਦਾ ਹੋਏ ਅਵੱਲੜਾ ਵੇਸ, ਜੁਗ ਜੁਗ ਵੇਸ ਵਟਾਈਆ । ਜਨ ਭਗਤਾਂ ਖੋਲ੍ਹ ਕੇ ਆਪਣਾ ਭੇਤ, ਭੇਤੀ ਆਪਣੇ ਲਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਖਾਈਆ । ਕ੍ਰਿਸ਼ਨ ਕਹੇ ਰੁੱਕੇ ਦਾ ਮਾਲਕ, ਰੁਕਮਣੀ ਇਕੋ ਨਜ਼ਰੀ ਆਈਆ । ਜਿਸ ਦੀ ਸਚ ਸੱਚੀ ਅਦਾਲਤ, ਕੋਟਨ ਕੋਟ ਕਾਹਨ ਕੰਸ ਬੈਠੇ ਡੇਰੇ ਲਾਈਆ । ਜਿਸ ਦੀ ਆਦਿ ਜੁਗਾਦਿ ਕਰੇ ਨਾ ਕੋਈ ਵਕਾਲਤ, ਵੁਕਲਾ ਸ਼ਬਦ ਇਕੋ ਬੇਪਰਵਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰਨ ਸਫ਼ਾਰਸ਼, ਸਿਫ਼ਤਾਂ ਨਾਲ ਸਾਲਾਹੀਆ । ਏਸ ਰੁੱਕੇ ਦੇ ਉਤੇ ਉਹ ਲਿਖੀ ਨਹੀਂ ਇਬਾਰਤ, ਜੋ ਕਲਮਾ ਅਮਲਾਂ ਵਿਚ ਸਮਝਾਈਆ । ਇਹ ਰੁੱਕਾ ਨਿਰਗੁਣ ਨਿਰਗੁਣ ਨਾਲ ਕਰੇ ਤੁਆਰਫ਼, ਤਰਾ ਤਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰੁਕਮਣੀ ਕਹੇ ਮੈਂ ਰੁੱਕਾ ਰੱਖਾਂ ਸਾਂਭ, ਆਪਣੀ ਝੋਲੀ ਪਾਈਆ । ਜਿਸ ਵੇਲੇ ਆਏ ਪ੍ਰਭ ਦੇਸ ਮਾਝ, ਮਜਲਸ ਆਪਣੀ ਇਕ ਲਗਾਈਆ । ਜਨ ਭਗਤਾਂ ਨਾਲ ਪਾਏ ਸਾਂਝ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਮੈਂ ਵਸਾਂ ਉਹਨਾਂ ਗਵਾਂਢ, ਆਪਣਾ ਡੇਰਾ ਲਾਈਆ । ਮੇਰਾ ਲੇਖਾ ਚੁੱਕੇ ਕਰਮ ਕਾਂਡ, ਨਿਹਕਰਮੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਰੁੱਕਾ ਰੱਖੇ

੯੭੪
੧੭

੯੭੫
੧੭

ਕਾਇਆ ਓਹਲੇ, ਚੋਲੇ ਵਿਚ ਲੋਕਾਈਆ । ਪੁਰਖ ਅਬਿਨਾਸ਼ੀ ਪੜਦਾ ਫੋਲੇ, ਹੌਲੀ ਦਏ ਉਠਾਈਆ । ਨਿਰਗੁਣ ਹੋ ਕੇ ਤੋਲ ਤੋਲੇ, ਨਾਮ ਕੰਡਾ ਇਕ ਜਣਾਈਆ । ਰਿਖ ਮੁਨ ਸਭ ਵੇਖਣ ਕੋਲੇ, ਚਾਰ ਜੁਗ ਦੇ ਨੇਤਰ ਅੱਖ ਉਠਾਈਆ । ਕਲਜੁਗ ਅੰਤਮ ਭਾਲੇ ਭੋਲੇ, ਭਗਤ ਸੁਹੇਲੇ ਲਏ ਮਿਲਾਈਆ । ਸਚ ਦਵਾਰ ਦੇ ਕਰਕੇ ਗੋਲੇ, ਗੁਲਸ਼ਨ ਆਪਣਾ ਮਾਤ ਮਹਿਕਾਈਆ । ਲੱਖ ਚੁਰਾਸੀ ਵਿਚੋਂ ਵਿਰੋਲੇ, ਨਾਮ ਮਧਾਣਾ ਇਕੋ ਪਾਈਆ । ਅੰਦਰ ਵੜ ਕੇ ਸਾਹਿਬ ਸਤਿਗੁਰ ਬੋਲੇ, ਅਨਬੋਲਤ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਮਿਲ ਕੇ ਗਾਓ ਢੋਲੇ, ਦੋ ਜਹਾਨਾਂ ਵੱਜੇ ਵਧਾਈਆ । ਪੁਰਖ ਸਮਰਥ ਸਦ ਵਸੇ ਕੋਲੇ, ਨੇਰਨ ਨੇਰਾ ਦੂਰ ਦੁਰਾਡਾ ਵਿਛੜ ਕਦੇ ਨਾ ਜਾਈਆ । ਸਭ ਦੇ ਭਾਰ ਕਰੇ ਹੌਲੇ, ਹਾਲਤ ਅੰਦਰੋਂ ਬਾਹਰੋਂ ਦਏ ਬਦਲਾਈਆ । ਸੁਰਤੀ ਅੰਦਰ ਸ਼ਬਦੀ ਹੋ ਕੇ ਮੌਲੇ, ਮੌਲਾ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਇਕੋ ਖੋਲ੍ਹੇ, ਖ਼ਾਲਕ ਖ਼ਲਕ ਮਖ਼ਲੂਕ ਦਏ ਸਮਝਾਈਆ ।

## ੧੦ ਮੱਘਰ ੨੦੨੧ ਬਿਕ੍ਰਮੀ ਬੀਬੀ ਪੰਜਾਬ ਕੌਰ ਦੇ ਗ੍ਰਿਹ ਸਦਾ ਸਿੰਘ ਵਾਲਾ

ਰਿਖ ਮੁਨ ਕਹਿਣ ਜਨ ਭਗਤ ਕੌਣ, ਜੈ ਜੈਕਾਰ ਕਰੇ ਲੋਕਾਈਆ । ਚਰਨ ਪ੍ਰੀਤੀ ਇਕ ਰਖੌਣ, ਅਵਰੀ ਓਟ ਨਾ ਕੋਇ ਤਕਾਈਆ । ਸੀਸ ਕਦਮਾਂ ਉਤੇ ਝੁਕੌਣ, ਪਤਿਪਰਮੇਸ਼ਵਰ ਧਿਆਨ ਲਗਾਈਆ । ਦਰ ਠਾਂਡੇ ਖ਼ੁਸ਼ੀ ਮਨੌਣ, ਚਿੰਤਾ ਗ਼ਮ ਨਾ ਕੋਇ ਰਖਾਈਆ । ਅਬਿਨਾਸ਼ੀ ਕਰਤਾ ਕਲ ਅੰਤਮ ਆਏ ਉਠੌਣ, ਸੁੱਤਿਆਂ ਅੱਖ ਖੁਲ੍ਹਾਈਆ । ਪ੍ਰੇਮ ਪਿਆਰ ਦੀ ਠੰਡੀ ਬਖ਼ਸ਼ ਕੇ ਪੌਣ, ਪਵਣ ਸਵਾਸੀ ਵੇਖ ਵਖਾਈਆ । ਮਨ ਹੰਕਾਰੀ ਮਾਰ ਕੇ ਰੌਣ, ਸੀਤਾ ਸੁਰਤੀ ਲਏ ਬਚਾਈਆ । ਉਜੜੇ ਖੇੜੇ ਆਇਆ ਵਸੌਣ, ਡੁਬਦੇ ਪਾਹਨ ਪਾਰ ਕਰਾਈਆ । ਸਾਚੇ ਬੇੜੇ ਆਇਆ ਚੜ੍ਹੌਣ, ਨਿਰਗੁਣ ਨਈਆ ਨੌਕਾ ਨਾਮ ਚਲਾਈਆ । ਸਚ ਦਵਾਰਾ ਆਇਆ ਵਖੌਣ, ਬੰਦ ਤਾਕੀ ਕੁੰਡਾ ਲਾਹੀਆ । ਸਚਖੰਡ ਦਵਾਰੇ ਆਇਆ ਬਹੌਣ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਆਇਆ ਸਮੌਣ, ਨਾਤਾ ਤੱਤਾਂ ਦਏ ਤੁੜਾਈਆ । ਜੁਗ ਜਨਮ ਦੇ ਵਿਛੜੇ ਆਇਆ ਮਿਲੌਣ, ਮੁਨੀ ਮੁਨੀਸ਼ਰ ਖੋਜ ਖੁਜਾਈਆ । ਵਾਧਾ ਆਇਆ ਵਧੌਣ, ਬਿਧ ਆਪਣੇ ਹੱਥ ਰਖਾਈਆ । ਸਤਿ ਸਤਿਵਾਦੀ ਮਾਰਗ ਆਇਆ ਲੌਣ, ਸਤਿਜੁਗ ਸੱਚਾ ਰਾਹ ਚਲਾਈਆ । ਕਲਜੁਗ ਕਿਰਿਆ ਆਇਆ ਮਿਟੌਣ, ਕੂੜ ਕੁੜਿਆਰਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰੰਦਾ, ਕਰਤਾ ਪੁਰਖ ਵੱਡੀ ਵਡਿਆਈਆ । ਭਗਤ ਸੁਹੇਲੇ ਮੇਲ ਮਿਲੰਦਾ, ਮਿਲਣੀ ਜਗਦੀਸ਼ ਇਕ ਕਰਾਈਆ । ਧਾਮ ਸੁਹੰਜਣਾ ਇਕ ਸੁਹੰਦਾ, ਸੋਭਾਵੰਤ ਸਮਝਾਈਆ । ਨਾਮ ਨਿਧਾਨਾ ਇਕ ਜਗੰਦਾ, ਜੋ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਸਾਚੀ ਵਿਦਿਆ ਇਕ ਪੜ੍ਹੰਦਾ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਪੜ੍ਹ ਪੜ੍ਹ ਸੀਸ ਨਿਵਾਈਆ । ਸਾਚਾ ਮਾਰਗ ਇਕ ਦਸੰਦਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਸਾਚਾ ਮੰਦਰ ਇਕ ਸੁਹੰਦਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਅਗੰਮੀ ਨਾਦ ਆਪ ਵਜੰਦਾ, ਵਜਾਵਣਹਾਰ ਬੇਪਰਵਾਹੀਆ । ਲੇਖ ਚੁਕਾ ਕੇ ਸਾਰੰਗੀ ਸਾਰੰਗਾ, ਤੰਬੂਰੀ ਇਕੋ ਇਕ ਜਣਾਈਆ । ਜਿਸ ਦੇ ਅੰਦਰ ਓਹ ਅਨੰਦਾ,

ਜੋ ਅਨੰਦ ਧਰੂ ਕਬੀਰ ਪ੍ਰਹਿਲਾਦ ਦਿਤਾ ਚਖਾਈਆ । ਕਿਰਪਾ ਕਰ ਸੂਰਾ ਸਰਬੰਗਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਸੋਹੰ ਢੋਲਾ ਸੁਣਾਕੇ ਛੰਦਾ, ਮੁਛੰਦਗੀ ਸਾਰੀ ਦਿਤੀ ਗਵਾਈਆ । ਬਿਨ ਬੰਦਗੀ ਬਣਾ ਕੇ ਬੰਦਾ, ਬੰਧਨ ਅਗਲੇ ਦਿਤੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਵਖਾਈਆ । ਮਾਰਗ ਦੱਸੇ ਏਕੰਕਾਰ, ਅਕਲ ਕਲਾ ਅਖਵਾਇੰਦਾ । ਜਿਸ ਘਰ ਵਸੇ ਆਪ ਨਿਰੰਕਾਰ, ਨਿਰਗੁਣ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸੀਸ ਨਿਵਾਵਣ ਗੁਰ ਅਵਤਾਰ, ਪੈਗ਼ੰਬਰ ਸੱਯਦਾ ਇਕ ਕਰਾਇੰਦਾ । ਦੇਵਣਹਾਰ ਵਸਤ ਭੰਡਾਰ, ਅਮੋਲਕ ਆਪ ਵਰਤਾਇੰਦਾ । ਸੰਤ ਸੁਹੇਲੇ ਵੇਖੇ ਜੁਗ ਚਾਰ, ਚੌਕੜੀ ਆਪਣਾ ਹੁਕਮ ਮਨਾਇੰਦਾ । ਭਗਤ ਵਛਲ ਬਣ ਗਿਰਧਾਰ, ਗਿਰਧਰ ਆਪਣੀ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਏ ਅਵਤਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਪਾਵਣਹਾਰਾ ਸਾਰ, ਅੰਜੀਲ ਕੁਰਾਨਾ ਫੋਲ ਫੁਲਾਇੰਦਾ । ਖਾਣੀ ਬਾਣੀ ਢੋਲ ਢਮੱਕਾ ਵਜਾਏ ਵਿਚ ਸੰਸਾਰ, ਰਾਗਾਂ ਨਾਦਾਂ ਸਿਫ਼ਤ ਸਾਲਾਇੰਦਾ । ਪੁਰੀ ਲੋਅ ਵੇਖ ਜ਼ਿਮੀਂ ਆਸਮਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਪੜਦਾ ਲਾਹਿੰਦਾ । ਲੱਖ ਚੁਰਾਸੀ ਜਾਨਣਹਾਰਾ ਜੀਵ ਜਹਾਨ, ਜੋਤੀ ਜਾਤਾ ਪੁਰਖ ਬਿਧਾਤਾ ਗ੍ਰਿਹ ਗ੍ਰਿਹ ਬੰਧਨ ਫੋਲ ਫੁਲਾਇੰਦਾ । ਚਾਰੋਂ ਕੁੰਟ ਜਗਤ ਅੰਧੇਰਾ ਕੂੜੀ ਕਿਰਿਆ ਵੇਖੇ ਆਣ, ਨੌ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾ ਆਪਣਾ ਫੇਰਾ ਪਾਇੰਦਾ । ਵਰਨ ਬਰਨ ਸ਼ਰਅ ਸ਼ਰੀਅਤ ਮਨ ਵਾਸਨਾ ਲੜੇ ਸ਼ੈਤਾਨ, ਦੂਈ ਦਵੈਤੀ ਹਉਮੇ ਹੰਗਤਾ ਹੰ ਬ੍ਰਹਮ ਨਾ ਕੋਇ ਸਮਝਾਇੰਦਾ । ਦੀਵਾ ਬਾਤੀ ਕਮਲਾਪਾਤੀ ਜਗਾਏ ਨਾ ਕੋਇ ਮਕਾਨ, ਬੰਕ ਦਵਾਰਾ ਹਰਿ ਨਿਰੰਕਾਰਾ ਖ਼ਾਲੀ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਧੁਰ ਦੀ ਕਰਨੀ ਕਾਰ ਕਮਾਇੰਦਾ । ਧੁਰ ਦੀ ਕਰਨੀ ਕਰਨੇ ਆਇਆ, ਕਰਤਾ ਪੁਰਖ ਕਰਤਾਰ । ਪਤਿਪਰਮੇਸ਼ਵਰ ਵੇਸ ਵਟਾਇਆ, ਨਿਰਗੁਣ ਨੂਰ ਜੋਤ ਉਜਿਆਰ । ਸ਼ਬਦ ਅਗੰਮੀ ਡੰਕ ਵਜਾਇਆ, ਦੋ ਜਹਾਨਾਂ ਕਰੇ ਖ਼ਬਰਦਾਰ । ਸੰਤ ਸੁਹੇਲੇ ਲਏ ਉਠਾਇਆ, ਗੁਰ ਚੇਲੇ ਮੇਲਣਹਾਰ । ਸਾਚਾ ਮਾਰਗ ਇਕ ਸਮਝਾਇਆ, ਭੇਵ ਅਭੇਦਾ ਖੋਲ੍ਹ ਕਿਵਾੜ । ਨਾਮ ਪਦਾਰਥ ਝੋਲੀ ਪਾਇਆ, ਕਿਰਪਾ ਕਰ ਸੱਚੀ ਸਰਕਾਰ । ਜਗਤ ਸਵਾਰਥ ਪੈਜ ਰਖਾਇਆ, ਪਰਮਾਰਥ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਪਰਵਰਦਿਗਾਰ । ਪਰਵਰਦਿਗਾਰ ਮੁਰੀਦਾਂ ਮੁਰਸ਼ਦ, ਮੁਸ਼ਕਲ ਹੱਲ ਕਰਾਈਆ । ਲੱਖ ਚੁਰਾਸੀ ਨਾਲੋਂ ਕਰਕੇ ਫ਼ੁਰਸਤ, ਖ਼ਾਕੀ ਪਾਕੀ ਲਏ ਉਠਾਈਆ । ਕੂੜੀ ਕਿਰਿਆ ਮੇਟ ਕੇ ਗ਼ੁਰਬਤ, ਗੁਰਮਤ ਇਕੋ ਇਕ ਸਮਝਾਈਆ । ਪਾਪਾਂ ਭਰੀ ਧੋ ਕੇ ਦੁਰਮਤ, ਸਵੱਛ ਸਰੂਪੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰਿਖ ਮੁਨ ਕਹਿਣ ਵੇਖੇ ਭਗਤ ਹਸੰਦੇ, ਹਸਤੀ ਆਪਣੀ ਗਏ ਬਦਲਾਈਆ । ਓਹ ਮਾਣਸ ਰੂਪ ਬਾਹਰੋਂ ਦਿਸਦੇ ਬੰਦੇ, ਅੰਤਰ ਆਤਮ ਪਰਮਾਤਮ ਨਾਲ ਮਿਲਾਈਆ । ਘਰ ਕਿਵਾੜ ਦੇ ਖੋਲ੍ਹ ਕੇ ਜੰਦੇ, ਕੁੰਜੀ ਧੁਰ ਦੀ ਨਿਰਗੁਣ ਲਗਾਈਆ । ਮਰਨ ਜਨਮ ਦੀ ਚੁੱਕੀ ਚਿੰਦੇ, ਚਿੰਤਾ ਗ਼ਮ ਨਾ ਕੋਇ ਸਤਾਈਆ । ਪਰਮ ਪੁਰਖ ਦੀ ਬਣ ਕੇ ਬਿੰਦੇ, ਸੁਤ ਅਨਾਦੀ ਰੂਪ ਵਟਾਈਆ । ਲੇਖ ਚੁਕਾ ਕੇ ਜੀਉ ਪਿੰਡੇ, ਬ੍ਰਹਿਮੰਡ ਖੰਡ ਖੋਜੇ ਘਰ ਸਾਚੇ ਖ਼ੁਸ਼ੀ ਮਨਾਈਆ । ਭਉ ਚੁਕਿਆ ਸੁਰਪਤ ਰਾਜੇ ਇੰਦੇ, ਵਿਸ਼ਨ ਬ੍ਰਹਮਾ ਸ਼ਿਵ ਡਰ ਨਾ

੯੭੬
੧੭

ਕੋਇ ਰਖਾਈਆ । ਸਚ ਦਵਾਰੇ ਇਕੋ ਤਾਲ ਵਜੰਦੇ, ਖ਼ੁਸ਼ੀਆਂ ਰਾਗ ਅਲਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਆਪਣੇ ਲਾਏ ਅੰਗੇ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਮਿਟਾਈਆ । ਧੁਰ ਦਾ ਲੇਖਾ ਵੇਖਿਆ ਮੁਕਦਾ, ਜਨ ਭਗਤ ਮਿਲੇ ਵਡਿਆਈਆ । ਸਾਹਿਬ ਸਤਿਗੁਰ ਪੁਰਖ ਅਬਿਨਾਸ਼ੀ ਪੁਛਦਾ, ਘਰ ਘਰ ਫੇਰਾ ਪਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਗੁਰ ਅਵਤਾਰ ਮੇਟ ਨਾ ਕੋਇ ਮਿਟਾਈਆ । ਜੋ ਆਪਣੀ ਧਾਰੋਂ ਉਠਦਾ, ਜਨਮੇ ਕੋਈ ਨਾ ਮਾਈਆ । ਕਿਰਪਾਲੂ ਹੋ ਕੇ ਤੁਠਦਾ, ਦਿਆਲੂ ਹੋ ਕੇ ਗੋਦ ਉਠਾਈਆ । ਉਸਦਾ ਖੇਲ ਨਹੀਂ ਕੋਈ ਲੁਕਦਾ, ਜਾਹਰ ਜਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਈਆ । ਰਿਖ ਮੁਨ ਕਹਿਣ ਹਰਿਜਨ ਵੇਖ ਤਰਦੇ, ਤਾਰਨਹਾਰਾ ਦਇਆ ਕਮਾਈਆ । ਸਚ ਦਵਾਰੇ ਇਕੋ ਵੜਦੇ, ਮੰਜ਼ਲ ਆਪਣਾ ਪੰਧ ਮੁਕਾਈਆ । ਮਹੱਲ ਅਟਲ ਉਚੇ ਚੜ੍ਹਦੇ, ਜਿਸ ਘਰ ਬੈਠਾ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੇ, ਢੋਲਕ ਛੈਣਾ ਨਾ ਕੋਇ ਵਜਾਈਆ । ਦਰਸ਼ਨ ਕਰ ਨਰਾਇਣ ਨਰ ਦੇ, ਨਿਰਗੁਣ ਰੂਪ ਸਮਾਈਆ । ਅੰਤਮ ਜੋਤੀ ਜੋਤ ਮਿਲਦੇ, ਮਿਲਣੀ ਜਗਦੀਸ਼ ਜਗਦੀਸ਼ਰ ਆਪਣੇ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮੀ ਪਿਰ ਦੇ, ਪੀਆ ਪ੍ਰੀਤਮ ਆਪਣੇ ਨਾਲ ਰਖਾਈਆ ।



## ✪ ੧੦ ਮੱਘਰ ੨੦੨੧ ਬਿਕ੍ਰਮੀ ਜੋਰਾ ਸਿੰਘ ਦੇ ਗ੍ਰਿਹ ਸਦਾ ਸਿੰਘ ਵਾਲਾ ✪

ਰਿਖ ਮੁਨ ਕਹਿਣ ਜਨ ਭਗਤਾਂ ਵੇਖਿਆ ਨੇਮ ਨਿਤ, ਦਿਵਸ ਰੈਣ ਧਿਆਨ ਲਗਾਈਆ । ਸ੍ਰੀ ਭਗਵਾਨ ਮੰਨਣ ਇਕੋ ਪਿਤ, ਪਤਿਪਰਮੇਸ਼ਵਰ ਓਟ ਤਕਾਈਆ । ਅੰਤਰ ਆਤਮ ਕਰਨ ਹਿਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੋ ਧੁਰ ਦਾ ਲੇਖਾ ਰਿਹਾ ਲਿਖ, ਪੂਰਬ ਰੇਖਾ ਰਿਹਾ ਮਿਟਾਈਆ । ਦਰਸ਼ਨ ਦੇਵੇ ਘਰ ਨਿਜ, ਗ੍ਰਿਹ ਮੰਦਰ ਪੜਦਾ ਲਾਹੀਆ । ਚਾਰੋਂ ਕੁੰਟ ਆਏ ਦਿਸ, ਦਹਿ ਦਿਸ਼ਾ ਭੇਵ ਖੁਲ੍ਹਾਈਆ । ਜਨਮ ਕਰਮ ਦੀ ਪੂਰੀ ਕਰੇ ਇੱਛ, ਇਛਿਆ ਪੂਰ ਵਖਾਈਆ । ਨਾਮ ਪਦਾਰਥ ਪਾ ਕੇ ਭਿਛ, ਭੁੱਖਿਆਂ ਦਏ ਰਜਾਈਆ । ਕਿਰਪਾ ਕੀਤੀ ਉਪਰ ਜਿਸ, ਜਿਸਮ ਜ਼ਮੀਰ ਦੋਵੇਂ ਦਿਤੇ ਬਦਲਾਈਆ । ਕਰਵਟ ਲੈ ਬਦਲ ਲਏ ਪਿੱਠ, ਸਨਮੁਖ ਹੋ ਕੇ ਨਜ਼ਰੀ ਆਈਆ । ਅਬਿਨਾਸ਼ੀ ਹੋ ਕੇ ਵਸੇ ਚਿਤ, ਸੁਰਤੀ ਚੇਤਨ ਦਏ ਕਰਾਈਆ । ਵਿਛੋੜਾ ਹੋਣ ਨਾ ਦੇਵੇ ਨਿਮਖ, ਘੜੀ ਪਲ ਨਾ ਕੋਇ ਜੁਦਾਈਆ । ਸੋ ਗੁਰਮੁਖ ਕਹੀਏ ਸਿੱਖ, ਜਿਸ ਸਤਿਗੁਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਫੇਰਾ ਪਾਈਆ । ਰਿਖੀ ਕਹਿਣ ਪ੍ਰਭ ਵੇਖਿਆ ਭਗਤਾਂ ਮਿਤਰ, ਮਸਤ ਅਲਮਸਤ ਖੋਜ ਖੁਜਾਈਆ । ਨਾਮ ਨਿਧਾਨਾ ਦੱਸ ਕੇ ਆਪਣਾ ਅੱਖਰ, ਆਖ਼ਰ ਲੇਖਾ ਦਏ ਮੁਕਾਈਆ । ਧੁਰ ਦੀ ਚੋਟੀ ਚਾੜ੍ਹ ਕੇ ਸ਼ਿਖ਼ਰ, ਸੱਖਣੇ ਭਾਂਡੇ ਦਏ ਭਰਾਈਆ । ਲੱਖ ਚੁਰਾਸੀ ਮੇਟ ਕੇ ਫ਼ਿਕਰ, ਫ਼ਾਕਿਆਂ ਵਿਚੋਂ ਬਾਹਰ ਕਢਾਈਆ । ਲਹਿਣਾ ਚੁਕਾ ਕੇ ਗ੍ਰਿਹ ਨਛੱਤਰ, ਮੰਤਰ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ ।

ਜਨ ਭਗਤ ਕਹੇ ਮੈਂ ਅਦਨਾ ਨੀਚ, ਕੀਟਾਂ ਵਿਚੋਂ ਕੀਟ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਤੂੰ ਮੇਰਾ ਮੀਤ, ਮਿਤਰ ਪਿਆਰਾ ਸਦਾ ਸਖਾਈਆ । ਜਨ ਭਗਤ ਕਹੇ ਮੈਂ ਸਮਝ ਨਾ ਸਕਾਂ ਪ੍ਰੀਤ, ਪ੍ਰੇਮੀ ਰੂਪ ਨਾ ਕੋਇ ਵਟਾਈਆ । ਸ੍ਰੀ ਭਗਵਾਨ ਕਹੇ ਤੂੰ ਮੇਰਾ ਧੁਰ ਦਾ ਗੀਤ, ਤੁਧ ਬਿਨ ਚਲੇ ਨਾ ਕੋਇ ਪੜ੍ਹਾਈਆ । ਜਨ ਭਗਤ ਕਹੇ ਮੈਂ ਸਦਾ ਪਲੀਤ, ਪਤਤ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਤੂੰ ਮੇਰੀ ਅਸਲੀਅਤ, ਅਸਲ ਵਜੂਦ ਦਏਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਆਪ ਬਣਾਈਆ । ਜਨ ਭਗਤ ਕਹੇ ਮੈਂ ਸਦਾ ਨਿਕੰਮਾ, ਨਿਕਰਮਣ ਨਜ਼ਰੀਂ ਆਈਆ । ਸ੍ਰੀ ਭਗਵਾਨ ਕਹੇ ਤੂੰ ਸਚ ਦਵਾਰੇ ਜਨਮਾ, ਜਨਮ ਸਤਿਗੁਰ ਘਰ ਪਾਈਆ । ਜਨ ਭਗਤ ਕਹੇ ਮੇਰਾ ਲੇਖਾ ਵਰਨਾਂ ਬਰਨਾਂ, ਜ਼ਾਤਾਂ ਪਾਤਾਂ ਵਿਚ ਸਮਾਈਆ । ਸ੍ਰੀ ਭਗਵਾਨ ਕਹੇ ਤੂੰ ਅਗੰਮੀ ਨੂਰੀ ਕਿਰਨਾ, ਆਤਮ ਬ੍ਰਹਮ ਰੂਪ ਪਰਗਟਾਈਆ । ਜਨ ਭਗਤ ਕਹੇ ਮੇਰਾ ਲੱਖ ਚੁਰਾਸੀ ਆਵਣ ਜਾਵਣ ਫਿਰਨਾ, ਜੂਨੀ ਜੂਨ ਡੇਰਾ ਲਾਈਆ । ਸ੍ਰੀ ਭਗਵਾਨ ਕਹੇ ਤੇਰਾ ਫੇਰ ਨਾ ਹੋਵੇ ਮਰਨਾ, ਪ੍ਰਭੂ ਮਿਲੀ ਸੱਚੀ ਸਰਨਾਈਆ । ਜਨ ਭਗਤ ਕਹੇ ਮੈਂ ਮੰਜ਼ਲ ਕਿਹੜੀ ਚੜ੍ਹਨਾ, ਮਾਰਗ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਕਹੇ ਤੂੰ ਪੱਲੂ ਮੇਰਾ ਫੜਨਾ, ਦੋ ਜਹਾਨਾਂ ਲੇਖ ਚੁਕਾਈਆ । ਜਨ ਭਗਤ ਕਹੇ ਮੈਂ ਢੋਲਾ ਕਿਹੜਾ ਪੜ੍ਹਨਾ, ਛੱਤੀ ਰਾਗਾਂ ਸਮਝ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਕਹੇ ਤੂੰ ਮੇਰਾ ਮੇਰਾ ਕਰਨਾ, ਮੈਂ ਮਮਤਾ ਦੇਣੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਦਏ ਬਹਾਈਆ । ਜਨ ਭਗਤ ਕਹੇ ਮੈਂ ਕੋਝਾ ਕਮਲਾ, ਬੁਧੀ ਮਤ ਨਾ ਕੋਇ ਚਤੁਰਾਈਆ । ਸ੍ਰੀ ਭਗਵਾਨ ਕਹੇ ਤੇਰੀ ਸਾਚੀ ਸਰਨਾ, ਸਰਨਗਤ ਮਿਲੇ ਵਡਿਆਈਆ । ਜਨ ਭਗਤ ਕਹੇ ਪ੍ਰਭੂ ਮੈਂ ਤੇਰੇ ਨਾਲ ਲੜਨਾ, ਝਗੜਾ ਇਕ ਰਖਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਤੈਨੂੰ ਆਪਣੀ ਗੋਦੀ ਧਰਨਾ, ਧਰਨੀ ਧਰਤ ਧਵਲ ਸੋਭਾ ਪਾਈਆ । ਜਨ ਭਗਤ ਕਹੇ ਮੈਂ ਕਲਜੁਗ ਅੰਤਮ ਜਗਤ ਸੁਹੇਲਾ ਛੱਡਣਾ, ਛੁੱਟੇ ਸਰਬ ਲੋਕਾਈਆ । ਸਚ ਦਵਾਰਾ ਤੇਰਾ ਲੱਭਣਾ, ਪੜਦਾ ਇਕ ਉਠਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਸ਼ਬਦ ਅਗੰਮੀ ਧਾਰ ਵਿਚ ਸੱਦਣਾ, ਸੱਦਾ ਇਕੋ ਨਾਮ ਸੁਣਾਈਆ । ਲੇਖ ਮੁਕਾ ਕੇ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਹੋਵਾਂ ਸਹਾਈਆ । ਜਨ ਭਗਤ ਕਹੇ ਮੈਂ ਦਵਾਰਾ ਇਕੋ ਮੰਗਣਾ, ਪੁਰਖ ਅਕਾਲ ਤੇਰੀ ਵਡਿਆਈਆ । ਆਤਮ ਪਰਮਾਤਮ ਲੈਣਾ ਅਨੰਦਨਾ, ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਾਲੀ ਛੱਡੀ ਪੜ੍ਹਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਨੂਰੀ ਦੇਵਾਂ ਚੰਦਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਦਵਾਰੇ ਤੇਰੀ ਮਨਜ਼ੂਰ ਕਰ ਕੇ ਬੰਦਨਾ, ਬੰਦੀਖ਼ਾਨਾ ਦਿਆਂ ਤੁੜਾਈਆ । ਮਸਤਕ ਟਿੱਕਾ ਨਾਮ ਦਾ ਲਾ ਕੇ ਚੰਦਨਾ, ਜੋਤੀ ਨੂਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਾਦ ਵਜਾਵੇ ਮਰਦੰਗਨਾ, ਅਨਹਦ ਰਾਗ ਸੁਣਾਈਆ । ਜਨ ਭਗਤ ਕਹੇ ਮੈਂ ਸੁਣਾਂ ਅਨਹਦ ਢੋਲਾ, ਅਨਬੋਲਤ ਦੇਣਾ ਜਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਬਣ ਵਿਚੋਲਾ, ਵਿਚਲਾ ਪੜਦਾ ਦੇਣਾ ਉਠਾਈਆ । ਤੇਰਾ ਮੇਰਾ ਰਹੇ ਕੋਈ ਨਾ ਰੌਲਾ, ਦੂਈ ਦਵੈਤੀ ਝਗੜਾ ਦੇਣਾ ਮਿਟਾਈਆ । ਸਾਚੇ ਮੰਦਰ ਸੁਣੌਣਾ ਧੁਰ ਦਾ ਸੋਹਲਾ, ਸੋ ਪੁਰਖ ਨਿਰੰਜਣ ਇਕੋ ਕਰ ਪੜ੍ਹਾਈਆ । ਹੰ ਬ੍ਰਹਮ ਪ੍ਰਭ ਤੇਰੇ ਅੰਤਰ ਮੌਲਾ, ਫੁੱਲ ਫੁਲਵਾੜੀ ਤੇਰੀ ਵੇਖ ਖ਼ੁਸ਼ੀ ਮਨਾਈਆ । ਤੇਰਾ ਅੰਮ੍ਰਿਤ ਰਸ ਝਿਰਨਾ ਝਿਰੇ ਨਾਭ ਕੌਲਾ, ਬੂੰਦ ਬੂੰਦ ਇਕ ਟਪਕਾਈਆ । ਤੇਰਾ ਨੂਰ ਖ਼ੁਦਾਈ ਨਜ਼ਰੀ ਆਵੇ ਅਵਲਾ,


੬੭੮
੧੭

ਆਲਮੀਨ ਤੇਰੀ ਸਰਨਾਈਆ । ਤੇਰੀ ਧਾਰ ਵਿਚ ਹੋਵੇ ਬਿਸਮਿਲਾ, ਬਿਸਮਿਲ ਤੇਰਾ ਰੂਪ ਵੇਖ ਵਿਚ ਸਮਾਈਆ । ਤੇਰਾ ਨਾਅਰਾ ਇਲਲਿੱਲਾ, ਅੱਲਾ ਹੂ ਤੇਰੀ ਵਡਿਆਈਆ । ਤੇਰਾ ਗੋਬਿੰਦ ਵਾਲਾ ਚਿੱਲਾ, ਸ਼ਬਦ ਕਮਾਨ ਖਿਚਾਈਆ । ਬਜਰ ਕਪਾਟੀ ਤੋੜ ਕੇ ਸਿਲਾ, ਸਿਲ ਪਾਥਰ ਬਾਹਰ ਕਢਾਈਆ । ਪੜਦਾ ਲਾਹ ਕੇ ਅੰਬਰ ਨੀਲਾ, ਸਚ ਵਸੀਲਾ ਇਕੋ ਨਜ਼ਰੀ ਆਈਆ । ਤੂੰ ਮਾਲਕ ਖ਼ਾਲਕ ਸ਼ਹਿਨਸ਼ਾਹ ਸ਼ਾਹ ਛੈਲ ਛਬੀਲਾ, ਜੋਬਨਵੰਤਾ ਸੂਰਾ ਸਰਬੰਗਾ ਇਕ ਅਖਵਾਈਆ । ਜਨ ਭਗਤ ਤੇਰਾ ਕਬੀਲਾ, ਏਥੇ ਓਥੇ ਦੋ ਜਹਾਨ ਤੇਰੀ ਸਰਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਮਿਲਣ ਦਾ ਬਿਨ ਤੇਰੀ ਕਿਰਪਾ ਕਿਸੇ ਹੱਥ ਨਾ ਆਵੇ ਹੀਲਾ, ਜਹਾਲਤ ਵਿਚ ਵੇਖੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈ ਮਿਲਾਈਆ । ਜਨ ਭਗਤ ਕਹਿਣ ਪ੍ਰਭੂ ਕਰ ਮਿਲਾਪ, ਦਰ ਤੇਰੇ ਇਕ ਅਰਜ਼ੋਈਆ । ਤੂੰ ਦੋ ਜਹਾਨਾਂ ਮਾਈ ਬਾਪ, ਪਿਤਾ ਪਰਮੇਸ਼ਵਰ ਇਕੋ ਆਪ ਅਖਵਾਈਆ । ਤੇਰਾ ਇਕੋ ਨਾਮ ਜਾਪ, ਸੋਹੰ ਢੋਲਾ ਦੇ ਸਮਝਾਈਆ । ਤ੍ਰੈਗੁਣ ਮਾਇਆ ਤੁਟੇ ਤਾਪ, ਅਗਨੀ ਤਤ ਨਾ ਕੋਇ ਜਲਾਈਆ । ਜਿਧਰ ਵੇਖੀਏ ਨਜ਼ਰੀ ਆਵੇਂ ਸਾਥ, ਸਗਲਾ ਸੰਗ ਨਿਭਾਈਆ । ਸਭ ਕੁਛ ਪ੍ਰਭ ਜੀ ਤੇਰੇ ਹਾਥ, ਸਮਰਥ ਤੇਰੀ ਸਰਨਾਈਆ । ਹਉਂ ਦੀਨਨ ਅਨਾਥਾਂ ਕੇ ਅਨਾਥ, ਨਿਥਾਵੇਂ ਤੇਰੇ ਦਰ ਤੇ ਸੀਸ ਝੁਕਾਈਆ । ਤੇਰਾ ਖੇਲ ਬਾਹਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸਮਝ ਕੋਇ ਨਾ ਆਈਆ । ਕਰ ਕਿਰਪਾ ਰੱਖ ਲੈ ਆਪਣੇ ਦਾਸ, ਦਾਸਨ ਦਾਸੀ ਹੋ ਕੇ ਸੇਵ ਕਮਾਈਆ । ਭਗਤ ਵਛਲ ਤੇਰੇ ਅੱਗੇ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਭਗਤ ਸੁਹੇਲੇ ਗੁਰ ਚੇਲੇ ਰਹੇ ਆਖ, ਧੁਰ ਦੇ ਮੇਲੇ ਲੈ ਮਿਲਾਈਆ । ਤੇਰਾ ਨਾਉਂ
੯੭੯
੧੭
ਰਸੂਲ ਪਾਕ, ਪੈਗੰਬਰ ਤੇਰੀ ਦੇਣ ਗਵਾਹੀਆ । ਮੁਰੀਦ ਮੁਰਸ਼ਦਾਂ ਉਤੇ ਮੁਸ਼ਤਾਕ, ਮੁਸ਼ਕਲ ਅਗਲੀ ਹੱਲ ਕਰਾਈਆ । ਜੇ ਬੱਚੇ ਹੋਏ ਗੁਸਤਾਖ਼, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਰੱਖਿਆ ਕਰਨੀ ਹਰ ਘਟ ਥਾਈਂਆ । ਤੇਰੇ ਨਾਮ ਦੀ ਪੜ੍ਹੀਏ ਨਿਮਾਜ਼, ਹੁਜਰਾ ਇਕੋ ਦੇਣਾ ਸੁਹਾਈਆ । ਤੇਰੇ ਨਗ਼ਮੇ ਦੀ ਆਵੇ ਆਵਾਜ਼, ਧੁਨ ਇਕੋ ਰਾਗ ਅਲਾਈਆ । ਤੂੰ ਸਾਹਿਬ ਸਵਾਮੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜਨ ਭਗਤ ਸਚ ਪ੍ਰੀਤੀ ਮੰਗਦੇ ਦਾਤ, ਚਰਨ ਕਵਲ ਕਵਲ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੂਰੀ ਹੋਣੀ ਆਸ, ਆਸਾ ਤ੍ਰਿਸਨਾ ਤ੍ਰਿਸਨਾ ਆਸਾ ਆਪਣੇ ਵਿਚ ਸਮਾਈਆ ।

## ✪ ੧੦ ਮੱਘਰ ੨੦੨੧ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ ਸਦਾ ਸਿੰਘ ਵਾਲਾ ✪

ਭਗਤ ਆਸਾ ਕਹੇ ਮੈਂ ਸਭ ਤੋਂ ਉਚੀ, ਮਿਲੀ ਸਚ ਵਡਿਆਈਆ । ਸੁਖਮਾਂ ਨਾਲੋਂ ਸੂਖ਼ਮ ਸੁੱਚੀਆਂ ਨਾਲੋਂ ਸੁੱਚੀ, ਸੋਹਣੀਆਂ ਨਾਲੋਂ ਸੋਹਣੀ ਨਜ਼ਰੀ ਆਈਆ । ਜਿਸ ਦੀ ਪਰਮ ਪੁਰਖ ਪ੍ਰੀਤਮ ਨਾਲ ਰੁਚੀ, ਰੁਚ ਆਤਮਕ ਆਪਣਾ ਰੰਗ ਰੰਗਾਈਆ । ਪਤਿਪਰਮੇਸ਼ਵਰ ਨਿਰਗੁਣ ਸਰਗੁਣ ਵੇਖ ਕੇ ਸਾਚਾ ਮੁਖੀ, ਮੁਸ਼ਕਲ ਆਪਣੀ ਹੱਲ ਕਰਾਈਆ । ਲੋਕ ਪਰਲੋਕ ਦੋ ਜਹਾਨ ਜੁਗ ਜੁਗ ਹੋਈ ਉਘੀ, ਆਪਣਾ ਮਾਣ ਵਧਾਈਆ ।

ਤੇਰੀ ਖੇਲ ਕਦੇ ਨਾ ਰਹੀ ਗੁੱਝੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਰਬ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਮੇਰੇ ਸਿਰ ਤੇ ਹੱਥ ਟਿਕਾਈਆ । ਭਗਤ ਆਸ਼ਾ ਕਹੇ ਮੇਰੀ ਸਚ ਮਹੂਰਤ, ਘੜੀ ਸੁਲੱਖਣੀ ਦਏ ਗਵਾਹੀਆ । ਹਰਿ ਪਾਇਆ ਆਸਾ ਪੂਰਤ, ਹੋਏ ਸਦਾ ਸਹਾਈਆ । ਮੇਰੀ ਤ੍ਰਿਸਨਾ ਹੋਈ ਦੂਰਤ, ਦੁੱਖ ਦਰਦ ਨਾ ਲਾਗੇ ਰਾਈਆ । ਮੈਂ ਚਤੁਰ ਸਵਾਣੀ ਹੋਈ ਮੂੜ੍ਹਤ, ਮੂਰਖ ਧੰਦੇ ਲਾਈਆ । ਮੈਂ ਵੇਖਿਆ ਚਮਕਿਆ ਨੂਰਤ, ਨੂਰ ਨੂਰ ਰੁਸ਼ਨਾਈਆ । ਮੈਨੂੰ ਇਕੋ ਪ੍ਰਭ ਦੀ ਸੱਚੀ ਜ਼ਰੂਰਤ, ਜੋ ਜ਼ਾਹਰ ਜ਼ਹੂਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਮੇਰਾ ਸੰਗ ਨਿਭਾਈਆ । ਭਗਤ ਆਸ਼ਾ ਕਹੇ ਮੇਰਾ ਹੋਇਆ ਵਾਧਾ, ਵਦੀ ਸੁਦੀ ਸਮਝ ਕੋਇ ਨਾ ਪਾਈਆ । ਜਿਸ ਨੇ ਸੁਣਿਆ ਧੁਰ ਦਾ ਰਾਗਾ, ਹਰਿ ਅਗੰਮੀ ਰਾਗ ਸੁਣਾਈਆ । ਮੇਰਾ ਸੋਇਆ ਹਿਰਦਾ ਜਾਗਾ, ਮੇਰੀ ਸੁਰਤ ਲਏ ਅੰਗੜਾਈਆ । ਮੇਰਾ ਦੁਖੜਾ ਦੂਰ ਭਾਜਾ, ਭਾਂਡਾ ਭਰਮ ਭੰਨਾਈਆ । ਹਰਿ ਮਿਲਿਆ ਸੱਜਣ ਸਾਕਾ, ਨਾਤੇ ਕੁੜਾਵੇ ਦਿਤੇ ਤਜਾਈਆ । ਕਾਇਆ ਮੰਦਰ ਅੰਦਰ ਬਦਲਕੇ ਆਪਣਾ ਆਪ ਸਮਾਜਾ, ਸਚ ਸਮਗਰੀ ਦੇ ਵਖਾਈਆ । ਜਿਥੇ ਵਜੇ ਅਨਹਦ ਵਾਜਾ, ਵਜੰਤੀਮਾਲਾ ਬੈਠੀ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਕਰਮ ਕਰੇ ਸੁਭਾਗਾ, ਸੋਭਾਵੰਤ ਦਏ ਸੁਹਾਈਆ । ਭਗਤ ਇਛਿਆ ਨੱਚੇ ਕੁੱਦੇ, ਖ਼ੁਸ਼ੀਆਂ ਰਾਗ ਅਲਾਈਆ । ਨੀ ਸਖ਼ੀਓ ਕੋਈ ਅੱਜ ਮੈਨੂੰ ਪੁਛੇ, ਆਪਣਾ ਭੇਤ ਦਏ ਸਮਝਾਈਆ । ਜਿਹੜਾ ਨੇਤਰ ਸਾਹਿਬ ਕਿਸੇ ਨਾ ਦਿਸੇ, ਓਹ ਮੇਰਾ ਬਣਿਆ ਮਾਹੀਆ । ਸਦਾ ਹੱਥ ਰੱਖੇ ਪਿੱਠੇ, ਸਾਚੀ ਓਟ ਇਕ ਜਣਾਈਆ । ਏਥੇ ਓਥੇ ਦੋ ਜਹਾਨ ਕਰੇ ਰੱਛੇ, ਰੱਛਕ ਹੋ ਕੇ ਵੇਖ ਵਖਾਈਆ । ਮੇਰੀ ਪੂਰਨ ਹੋਈ ਇੱਛੇ, ਆਸਾ ਤ੍ਰਿਸਨਾ ਦਏ ਮਿਟਾਈਆ । ਅਗਲਾ ਲੇਖਾ ਆਪਣੇ ਨਾਲ ਲਿਖੇ, ਲਿਖਤ ਭਵਿਖਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤ ਇਛਿਆ ਕਹੇ ਮੈਂ ਸਖ਼ੀ ਸਹੇਲੀ, ਸੱਜਣ ਦਿਆਂ ਸਮਝਾਈਆ । ਮੈਂ ਫਿਰਾਂ ਮਾਤ ਅਲਬੇਲੀ, ਜੋਬਨਵੰਤੀ ਵਾਹੋ ਦਾਹੀਆ । ਮੈਂ ਚੇਰੀ ਇਕ ਅਕੇਲੀ, ਜਿਸ ਦੀ ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਭਗਤ ਇਛਿਆ ਕਹੇ ਮੈਂ ਵਡਭਾਗਣ, ਭਾਗਾਂ ਭਰੀ ਰਹੀ ਜਣਾਈਆ । ਗੁਰਮੁਖ ਵਿਰਲੇ ਕਲਜੁਗ ਜਾਗਣ, ਸੁੱਤੀ ਮਾਤ ਲੋਕਾਈਆ । ਮੈਂ ਸਚ ਸੁਨੇਹੜਾ ਆਈ ਆਖਣ, ਧੁਰ ਦਾ ਰਾਗ ਜਣਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਅਬਿਨਾਸ਼ੀ ਕਰਤਾ ਆਖਣ, ਪਤਿਪਰਮੇਸ਼ਵਰ ਕਹਿ ਕੇ ਰਹੇ ਗਾਈਆ । ਸੋ ਸਰਬ ਸਵਾਮੀ ਮੇਰਾ ਬਣਿਆ ਸਾਥਣ, ਧੁਰ ਦਾ ਸੰਗ ਨਿਭਾਈਆ । ਨਿਜ ਘਰ ਆਤਮ ਕਰਕੇ ਵਾਸਣ, ਘਰ ਬੈਠਾ ਡੇਰਾ ਲਾਈਆ । ਮੇਰੀ ਸੁਹੰਜਣੀ ਹੋਈ ਪ੍ਰਭਾਤਣ, ਸੰਧਿਆ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਪੂਰਬ ਕਰਮ ਆਇਆ ਵਾਚਣ, ਵਾਚਕ ਗਿਆਨ ਨਾ ਕੋਇ ਸੁਣਾਈਆ । ਭਗਤ ਇਛਿਆ ਕਹੇ ਮੈਂ ਪਾਇਆ ਰਸ, ਹਰਿ ਰਸੀਆ ਦਇਆ ਕਮਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਘਰ ਸਾਚੇ ਜੋੜ ਜੁੜਾਇੰਦਾ । ਮਾਰਗ ਧੁਰ ਦਾ ਇਕੋ ਦੱਸ ਭਾਂਡਾ ਭਰਮ ਭੰਨਾਇੰਦਾ । ਹਰਿ ਸੰਗਤ ਸੰਗ ਕਰ ਇਕੱਠ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਭਗਤਾਂ ਗਾਵੇ ਜਸ, ਅੰਦਰ ਵੜ ਕੇ ਮੇਰਾ ਰਾਹ ਤਕਾਇੰਦਾ ।

## ✪ ੧੦ ਮੱਘਰ ੨੦੨੧ ਬਿਕ੍ਰਮੀ ਗਹਿਣਾ ਸਿੰਘ ਦੇ ਗ੍ਰਿਹ ਪਿੰਡ ਕਲਾਸ਼ ✪

ਦੀਨਾ ਨਾਥ ਸਹਿਜ ਸੁਖਦਾਇਕ, ਸਰਬ ਸਵਾਮੀ ਦਇਆ ਕਮਾਈਆ । ਨਿਰਧਨ ਸਿਰਧਨ ਹੋਏ ਸਹਾਇਕ, ਮਿਹਰ ਨਜ਼ਰ ਉਠਾਈਆ । ਜਨਮ ਕਰਮ ਦੀ ਕਰ ਅਨਾਇਤ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਨਿਭਾਈਆ । ਦੀਨਾ ਨਾਥ ਦਰਦ ਦੁੱਖ ਭੈ ਭੰਜਨ, ਭੈ ਭਿਆਨਕ ਦਇਆ ਕਮਾਈਆ । ਜਨ ਭਗਤਾਂ ਬਣ ਕੇ ਸੱਚਾ ਸੱਜਣ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਦੁੱਖ ਦਲਿਦ੍ਰ ਕਰੇ ਦਜਨ, ਮਿਹਰ ਨਜ਼ਰ ਉਠਾਈਆ । ਸਚ ਪ੍ਰੀਤੀ ਰੱਖੇ ਮਗਨ, ਦੇਵੇ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਵਿਚੋਂ ਲੇਖਾ ਰਿਹਾ ਵਰਤਾਈਆ । ਲੇਖੇ ਵਿਚੋਂ ਲੇਖ ਅਪਾਰਾ, ਅਪਰੰਪਰ ਝੋਲੀ ਪਾਇੰਦਾ । ਡੁਬਦਿਆਂ ਲਾਵੇ ਪਾਰ ਕਿਨਾਰਾ, ਨਈਆ ਆਪਣੀ ਆਪ ਚੜ੍ਹਾਇੰਦਾ । ਸਾਜਨ ਬਣ ਕੇ ਮੀਤ ਮੁਰਾਰਾ, ਸਿਰ ਸਤਿਗੁਰ ਹੱਥ ਟਿਕਾਇੰਦਾ । ਜਨਮ ਕਰਮ ਦਾ ਰੋਗ ਨਿਵਾਰਾ, ਚਿੰਤਾ ਸੋਗ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸਚ ਸਹਾਰਾ ਸਾਹਿਬ ਸਵਾਮੀ, ਹਰਿ ਕਰਤਾ ਇਕ ਜਣਾਈਆ । ਸਚ ਪ੍ਰੀਤੀ ਪ੍ਰਭ ਚਰਨ ਧਿਆਨੀ, ਗਿਆਨੀ ਉੱਤਮ ਦਏ ਵਡਿਆਈਆ । ਧੁਰ ਦੀ ਧੂਲ ਸਤਿ ਇਸ਼ਨਾਨੀ, ਦੁਰਮਤ ਮੈਲ ਧੁਆਈਆ । ਵੇਖਦਿਆਂ ਵੇਖਦਿਆਂ ਦੁੱਖ ਦਰਦ ਦੀ ਬਦਲ ਦੇਵੇ ਕਹਾਣੀ, ਮਿਹਰਵਾਨੀ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨ ਫ਼ਰਮਾਨੀ ਇਕ ਸੁਣਾਈਆ ।



## ✪ ੧੦ ਮੱਘਰ ੨੦੨੧ ਬਿਕ੍ਰਮੀ ਸੰਪੂਰਨ ਸਿੰਘ ਦੇ ਗ੍ਰਿਹ ਪਿੰਡ ਫ਼ਿਰੋਜ਼ਸ਼ਾਹ ✪

ਸਚਖੰਡ ਦਵਾਰ ਪੁਰਖ ਸਮਰਥੇ, ਸਤਿ ਸਤਿਵਾਦੀ ਦਇਆ ਕਮਾਈਆ । ਧੁਰ ਫ਼ਰਮਾਨੇ ਨਾਲ ਸੱਦੇ, ਸ਼ਬਦ ਸੁਨੇਹੜਾ ਇਕ ਘਲਾਈਆ । ਗੁਰ ਅਵਤਾਰ ਆਉ ਅੱਗੇ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਭਗਤ ਸੁਹੇਲੇ ਆਓ ਭੱਜੇ, ਦੂਰ ਦੁਰਾਡਾ ਪੰਧ ਮੁਕਾਈਆ । ਸੀਸ ਨਿਵਾਓ ਤੀਰਥ ਅੱਠ ਸੱਠੇ, ਮਾਣ ਅਭਿਮਾਣ ਮਿਟਾਈਆ । ਵੇਦ ਪੁਰਾਨ ਹੋ ਇਕੱਠੇ, ਵਿਛੋੜਾ ਦੂਰ ਕਰਾਈਆ । ਸ਼ਾਸਤਰ ਸਿਮਰਤ ਹੁਕਮੇਂ ਅੰਦਰ ਬੱਧੇ, ਆਪਣਾ ਪੰਧ ਲਵੋ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਦੇਵੇ ਹੁਕਮਰਾਨ, ਹਰਿ ਕਰਤਾ ਆਪ ਜਣਾਈਆ । ਅੱਠ ਦੱਸ ਦਾ ਗੀਤਾ ਗਿਆਨ, ਦਰ ਠਾਂਡੇ ਲਏ ਮੰਗਾਈਆ । ਭੇਵ ਚੁਕਾ ਅੰਜੀਲ ਕੁਰਾਨ, ਕੁਰਾ ਆਪਣਾ ਦਏ ਸਮਝਾਈਆ । ਸੱਯਦਾ ਸੀਸ ਝੁਕਾ ਕਰੋ ਸਲਾਮ, ਆਦਾਬ ਇਕ ਦ੍ਰਿੜਾਈਆ । ਖਾਣੀ ਬਾਣੀ ਕਰੋ ਪਰਨਾਮ, ਧੁਰ ਸੰਦੇਸ਼ਾ ਇਕ ਜਣਾਈਆ । ਸਤਿਜੁਗ ਉਠ ਮਾਰ ਧਿਆਨ, ਤ੍ਰੇਤਾ ਆਪਣਾ ਨੈਣ ਖੁਲ੍ਹਾਈਆ । ਦੁਆਪਰ ਵੇਖ ਗੋਪੀਆਂ ਵਾਲਾ ਕਾਹਨ, ਚਾਰੋਂ ਕੁੰਟ ਰਾਹ ਤਕਾਈਆ । ਕਲਜੁਗ ਧੁਰ ਦਾ ਵੇਖ ਨਿਸ਼ਾਨ, ਹਰਿ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਬੇਪਰਵਾਹੀਆ । ਸਚਖੰਡ ਨਿਵਾਸੀ ਹਰਿ ਨਿਰੰਕਾਰਾ, ਇਕੋ ਨਾਮ ਜਣਾਈਆ । ਕਰੇ ਕਰਾਏ ਖ਼ਬਰਦਾਰਾ, ਆਲਸ ਨਿੰਦਰਾ ਦਏ ਮਿਟਾਈਆ । ਪੰਜ ਤਤ ਦਏ ਹੁਲਾਰਾ, ਸੋਇਆ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਖੋਲ੍ਹੇ ਕਿਵਾੜਾ, ਚਾਰੇ ਖਾਣੀ ਵੇਖ ਵਖਾਈਆ । ਚਾਰੇ ਬਾਣੀ ਬੋਲੇ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਸੁਣਾਈਆ । ਚਾਰੇ ਕੁੰਟ ਆਵੇ ਵਾਰੋ ਵਾਰਾ, ਉੱਤਰ ਪੂਰਬ ਪੱਛਮ ਦੱਖਣ ਆਪਣਾ ਪੰਧ ਮੁਕਾਈਆ । ਨੌ ਖੰਡ ਵੇਖੇ ਸਚ ਅਖਾੜਾ, ਦੀਪ ਸੱਤ ਨਾਲ ਮਿਲਾਈਆ । ਛੇ ਰੁੱਤ ਕਰੇ ਪਿਆਰਾ, ਧੁਰ ਫ਼ਰਮਾਨਾ ਇਕ ਸਮਝਾਈਆ । ਮਾਸ ਬਰਖ ਨਾ ਕੋਈ ਰਹੇ ਬਾਹਰਾ, ਦਿਵਸ ਰੈਣ ਘੜੀ ਪਲ ਨਾਲ ਜੋੜ ਜੁੜਾਈਆ । ਕਾਗ਼ਜ਼ ਕਲਮ ਸ਼ਾਹੀ ਦਏ ਇਸ਼ਾਰਾ, ਸੈਨਤ ਨਾਲ ਸਮਝਾਈਆ । ਕਾਤਬ ਉਠੇ ਸਰਬ ਲਿਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਦੇਵੇ ਭਗਵਾਨ, ਹਰਿ ਕਰਤਾ ਆਪ ਜਣਾਈਆ । ਆਪ ਭੇਵ ਖੁਲ੍ਹਾਏ ਦੀਨ ਮਜ਼੍ਹਬ ਇਸਲਾਮ, ਧੁਰ ਫ਼ਰਮਾਨਾ ਇਕ ਸੁਣਾਈਆ । ਕਲਮਾ ਛੋਹਵੇ ਆਪਣਾ ਕਲਾਮ, ਕਾਇਨਾਤ ਦ੍ਰਿੜਾਈਆ । ਜਲ ਥਲ ਮਹੀਅਲ ਵੇਖੇ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਡੂੰਘੀ ਕੰਦਰ ਫੋਲ ਫੁਲਾਈਆ । ਹੁਕਮੇ ਅੰਦਰ ਖੇਲ ਖਿਲਾਏ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਆਪਣੀ ਧਾਰ ਜਣਾਈਆ । ਜੁਗ ਚੌਕੜੀ ਵੇਖਣਹਾਰਾ ਮਰਦ ਮਰਦਾਨਾ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸਾਰੇ ਰਿਹਾ ਮਿਲਾਈਆ । ਸਚ ਦਵਾਰੇ ਸਦ ਨਿਰੰਕਾਰ, ਇਕੋ ਹੁਕਮ ਸੁਣਾਈਆ । ਨੇਤਰ ਖੋਲ੍ਹੋ ਗੁਰ ਅਵਤਾਰ, ਪੀਰ ਪੈਗ਼ੰਬਰ ਨੈਣ ਉਠਾਈਆ । ਲੋਕਮਾਤ ਕਰੋ ਵਿਚਾਰ, ਚਾਰ ਯਾਰੀ ਭੇਵ ਖੁਲ੍ਹਾਈਆ । ਸ੍ਰਿਸ਼ਟ ਸਬਾਈ ਕੂੜਾ ਵੱਜੇ ਤਾਲ, ਤਲਵਾੜਾ ਸਕੇ ਨਾ ਕੋਇ ਜਣਾਈਆ । ਜੋ ਸਿਖਿਆ ਜੁਗ ਜੁਗ ਲੋਕਮਾਤ ਆਏ ਸਿਖਾਲ, ਧੁਰ ਮੰਤਰ ਨਾਮ ਪੜ੍ਹਾਈਆ । ਨਿਰਗੁਣ ਸਰਗੁਣ ਬਣ ਕੇ ਆਏ ਦਲਾਲ, ਜਗਤ ਵਿਚੋਲੇ ਸੇਵ ਕਮਾਈਆ । ਸਚ ਪ੍ਰੀਤੀ ਕਿਸੇ ਨਾ ਨਿਭੇ ਨਾਲ, ਨਾਤੇ ਸਾਰੇ ਗਏ ਤੁੜਾਈਆ । ਫੁੱਲ ਨਾ ਦਿਸੇ ਕਿਸੇ ਡਾਲ੍ਹ, ਲੱਖ ਚੁਰਾਸੀ ਸਿਮਲ ਰੁੱਖ ਲਹਿਰਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਨਗਾਰਾ ਰਿਹਾ ਵਜਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋਈ ਬੇਹਾਲ, ਸੱਚਾ ਗ੍ਰਿਹਸਤੀ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਨੇਤਰ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਨੇਤਰ ਨੈਣ ਨੈਣ ਉਠਾਈਆ । ਸ੍ਰਿਸ਼ਟ ਸਬਾਈ ਰਹੀ ਦਗ, ਕਲਜੁਗ ਅਗਨੀ ਰਿਹਾ ਲਗਾਈਆ । ਸਾਚਾ ਹੋਇਆ ਕਿਸੇ ਨਾ ਹੱਜ, ਹਾਜਤ ਪੂਰ ਨਾ ਕੋਇ ਕਰਾਈਆ । ਮਨ ਵਾਸਨਾ ਸਾਰੇ ਰਹੇ ਭੱਜ, ਦਿਵਸ ਰੈਣ ਵਾਹੋ ਦਾਹੀਆ । ਕਿਸੇ ਨਾ ਮਿਲਿਆ ਮੇਲ ਪੁਰਖ ਸਮਰਥ, ਸ਼ਿਵਦਵਾਲੇ ਮੱਠ ਮਸਜਿਦ ਕੂਕ ਕੂਕ ਸੁਣਾਈਆ । ਨੇਤਰ ਰੋਵਣ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣਾ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਨੇਤਰ ਖੋਲ੍ਹੋ ਪੀਰ ਪੈਗ਼ੰਬਰ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਕੂੜਾ ਵੇਖ ਅਡੰਬਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸੁਰਤੀ ਸ਼ਬਦੀ ਦਿਸੇ ਨਾ ਕੋਇ ਸਵੰਬਰ, ਧੁਰ ਦਾ ਮੇਲ ਨਾ ਕੋਇ ਮਿਲਾਇੰਦਾ । ਦਾਤਾ ਮਿਲੇ ਨਾ ਕਿਸੇ ਪੀਆ ਪੀਤ ਪੀਤੰਬਰ, ਪੁਰਖ ਅਕਾਲ ਸੀਸ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਗੁਰ ਅਵਤਾਰਾਂ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਕਹਿੰਦੇ, ਬਿਨ ਰਸਨਾ ਰਹੇ ਜਣਾਈਆ । ਪੁਰਖ ਅਕਾਲ ਦੀਨ ਦਿਆਲ ਅਸੀਂ ਫਿਰਦੇ ਆਏ ਚੜ੍ਹਦੇ ਲਹਿੰਦੇ, ਨੱਠ ਨੱਠ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਅੰਦਰ ਕਲਜੁਗ ਵਹਿਣ ਵੇਖੇ ਵਹਿੰਦੇ, ਸਾਚੇ ਨਾਮ ਤਾਰੀ ਕੋਇ ਨਾ ਲਾਈਆ । ਕੂੜੀ ਕਿਰਿਆ ਹੰਕਾਰੀ ਬੁਰਜ ਬਿਨ ਤੇਰੀ ਕਿਰਪਾ ਮੂਲ ਨਾ ਢਹਿੰਦੇ, ਸਾਡਾ ਅੱਖਰ ਵੱਖਰ ਤੇਰਾ ਨਾਮ ਗਏ ਭੁਲਾਈਆ । ਦੀਨ ਮਜ਼੍ਹਬ ਵੇਖੇ ਖਹਿੰਦੇ, ਝਗੜਾ ਜਾਤ ਪਾਤ ਨਜ਼ਰੀ ਆਈਆ । ਤੇਰੇ ਮੰਦਰ ਸਚ ਸਨਮੁਖ ਹੋ ਕੋਇ ਨਾ ਬਹਿੰਦੇ, ਸਤਿ ਸਰੂਪੀ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਰਨ ਹੌਕਾ, ਪ੍ਰਭ ਅੱਗੇ ਸੀਸ ਨਿਵਾਈਆ । ਕਲਜੁਗ ਵੇਲਾ ਅੰਤਮ ਨਾਤਾ ਤੁਟਿਆ ਪਿਤਾ ਪਿਉ ਦਾ, ਪੂਤ ਸਪੂਤਾ ਰੂਪ ਨਾ ਕੋਇ ਵਟਾਈਆ । ਤੇਰੀ ਸਰਨ ਸਰਨਾਈ ਕੋਇ ਨਾ ਰੱਖੇ ਓਟ, ਤਨ ਚੋਟ ਨਗਾਰੇ ਨਾਮ ਨਾ ਕੋਇ ਲਗਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕੱਢੇ ਕੋਈ ਨਾ ਖੋਟ, ਮਨ ਵਾਸਨਾ ਸਰਬ ਹਲਕਾਈਆ । ਫਿਰੀ ਦਰੋਹੀ ਚੌਦਾਂ ਲੋਕ, ਚੌਦਾਂ ਤਬਕ ਦੇਣ ਦੁਹਾਈਆ । ਤੇਰਾ ਗਾਏ ਨਾ ਕੋਈ ਸਲੋਕ, ਸੋਹਲਾ ਸਚ ਨਾ ਕੋਇ ਸੁਣਾਈਆ । ਪ੍ਰਭ ਇਹ ਵੀ ਤੇਰੇ ਅਨੋਖੇ ਚੋਜ, ਜਿਸ ਦੀ ਸਾਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਕਰਦੇ ਆਏ ਸਾਰੇ ਖੋਜ, ਖੋਜਤ ਖੋਜਤ ਫੇਰੀਆਂ ਪਾਈਆ । ਤੂੰ ਸਦਾ ਸੁਹੇਲਾ ਇਕ ਅਕੇਲਾ ਸਦ ਵਸੇਂ ਆਪਣੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਉਥੇ ਕਿਸੇ ਦੀ ਕੋਈ ਨਾ ਦਿਸੇ ਪਹੁੰਚ, ਦੂਰ ਦੁਰਾਡੇ ਸਾਰੇ ਸੀਸ ਨਿਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਡੀ ਚਲੇ ਨਾ ਕੋਈ ਸੋਚ, ਸਮਝ ਸਕੇ ਨਾ ਕੁਝ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਸ੍ਰੀ ਭਗਵਾਨ ਕਹੇ ਸੁਣੋ ਗੁਰੂ ਅਵਤਾਰ, ਗੁਰ ਕਰਤਾ ਆਪ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਕੌਲ ਇਕਰਾਰ ਕੀਤੇ ਕਦੇ ਨਾ ਭੁੱਲੇ ਸਿਰਜਣਹਾਰ, ਵਾਕ ਭਵਿਖਤਾਂ ਖੋਜ ਖੁਜਾਈਆ । ਲੇਖ ਲਿਖਤ ਤੋਂ ਵਸੇ ਬਾਹਰ ਕਲਮੇ ਵਿਚ ਬੰਦ ਨਾ ਕੋਇ ਕਰਾਈਆ । ਇਸ਼ਟਾਂ ਵਿਚੋਂ ਇਸ਼ਟ ਨਿਰੰਕਾਰ, ਦੂਜਾ ਇਸ਼ਟ ਨਾ ਕੋਇ ਜਣਾਈਆ । ਬਹਿਸ਼ਤਾਂ ਵਿਚੋਂ ਬਹਿਸ਼ਤ ਬਖ਼ਸ਼ੇ ਚਰਨ ਦਵਾਰ, ਸੱਚਾ ਘਰ ਬਾਰ ਇਕ ਦ੍ਰਿੜਾਈਆ । ਉਠੋ ਚਾਰੋਂ ਕੁੰਟ ਕਰੋ ਧਿਆਨ, ਬੇਪਹਿਚਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਲੋ ਸੰਗ, ਹਰਿ ਕਰਤਾ ਆਪ ਜਣਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਵੇਖੋ ਲੰਘ, ਲੋਕਮਾਤ ਰਾਹ ਜਣਾਇੰਦਾ । ਭਗਤ ਸੁਹੇਲਾ ਇਕ ਅਕੇਲਾ ਸਾਹਿਬ ਸਵਾਮੀ ਜਨ ਭਗਤਾਂ ਵਸੇ ਸੰਗ, ਨਿਰਗੁਣ ਵਿਛੜ ਕਦੇ ਨਾ ਜਾਇੰਦਾ । ਜਿਸ ਨੇ ਗੋਬਿੰਦ ਪੁਰੀ ਅਨੰਦ ਦਿਤਾ ਅਨੰਦ, ਸੋ ਨੰਦ ਚੰਦ ਨੂਰੋ ਨੂਰ ਰੁਸ਼ਨਾਇੰਦਾ । ਸ਼ਬਦੀ ਧਾਰ ਅਗੰਮ ਅਪਾਰ ਆਪੇ ਗੰਢ, ਦੋ ਜਹਾਨਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਇੰਦਾ । ਗੁਰ ਅਵਤਾਰ ਚਲੋ ਦਵਾਰੇ, ਦਵਾਰਕਾ ਕੰਮ ਕਿਸੇ ਨਾ ਆਈਆ । ਵੇਖੋ ਖੇਲ ਸਿਰਜਣਹਾਰੇ, ਹਰਿ ਕਰਤਾ ਖੇਲ ਕਰਾਈਆ । ਕਾਗਤ ਕਲਮ ਨਾ ਲਿਖਣਹਾਰੇ, ਸ਼ਾਸਤਰ ਸਿਮਰਤ ਬੈਠੇ ਮੁਖ ਭੁਆਈਆ । ਪੀਰ ਪੈਗ਼ੰਬਰ ਕਰ ਨਿਮਸਕਾਰੇ,

ਸੱਜਦਾ ਸੀਸ ਝੁਕਾਈਆ । ਅਠਸਠ ਰੇਵਣ ਜ਼ਾਰੋ ਜ਼ਾਰੇ, ਨੇਤਰ ਨੈਣਾ ਨੀਰ ਵਹਾਈਆ । ਕਲਜੁਗ ਖੇਲ ਕਰੇ ਆਪ ਕਰਤਾਰੇ, ਕੁਦਰਤ ਕਾਦਰ ਆਪਣਾ ਰੰਗ ਰੰਗਾਈਆ । ਭਗਤ ਸੁਹੇਲੇ ਆਪ ਉਠਾਲੇ, ਸੋਈ ਸੁਰਤੀ ਆਪ ਜਗਾਈਆ । ਲੇਖ ਮੁਕਾ ਕੇ ਸ਼ਾਹ ਕੰਗਾਲੇ, ਊਚ ਨੀਚ ਡੇਰਾ ਢਾਹੀਆ । ਕਾਇਆ ਮੰਦਰ ਬਣਾ ਕੇ ਸੱਚੀ ਧਰਮਸਾਲੇ, ਧਰਮ ਦਵਾਰਾ ਇਕ ਬਣਾਈਆ । ਦੀਆ ਬਾਤੀ ਕਮਲਾਪਾਤੀ ਜੋਤ ਇਕੋ ਬਾਲੇ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਮੰਦਰ, ਹਰਿ ਕਰਤਾ ਆਪ ਜਣਾਈਆ । ਜਿਥੇ ਸ਼ਰਅ ਦਿਸੇ ਕੋਈ ਨਾ ਸੰਗਲ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਮਨ ਵਾਸਨਾ ਭਵੇ ਕੋਇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕੂੜੀ ਕਿਰਿਆ ਨਾ ਦਿਸੇ ਜੰਦਰ, ਮਾਇਆ ਮਮਤਾ ਮੋਹ ਮਿਟਾਈਆ । ਭਗਤ ਸੁਹੇਲੇ ਲਾ ਕੇ ਅੰਗਣ, ਇਕੋ ਗੋਦ ਸੁਹਾਈਆ । ਜਿਨ੍ਹਾਂ ਦੇ ਅੰਦਰ ਬਾਹਰ ਇਕੋ ਰੰਗਣ, ਰੰਗ ਅਗੰਮੜਾ ਦਿਤਾ ਰੰਗਾਈਆ । ਸਦਾ ਵਸਣ ਪਰਮਾਨੰਦਨ, ਨਿਜਾਨੰਦ ਵਿਚ ਸਮਾਈਆ । ਮੱਥੇ ਲਾਵੇ ਧੁਰ ਦਾ ਟਿੱਕਾ ਚੰਦਨ, ਚੰਦ ਆਪਣੇ ਲਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਵੇਖ ਜਨ ਭਗਤ, ਭਗਵਨ ਰਹੇ ਜਣਾਈਆ । ਪ੍ਰਭ ਤੇਰੇ ਹੱਥ ਤੇਰੀ ਸ਼ਕਤ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਕਲਜੁਗ ਤੇਰਾ ਸੋਹੇ ਵਕਤ, ਸਾਡੀ ਚਲੇ ਨਾ ਕੋਇ ਚਤੁਰਾਈਆ । ਤੇਰਾ ਲੇਖਾ ਸ੍ਰਿਸ਼ਟੀ ਜਗਤ, ਦੋ ਜਹਾਨਾਂ ਸੋਭਾ ਪਾਈਆ । ਤੂੰ ਮਾਲਕ ਅਰਸ਼ ਫ਼ਰਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਗ਼ਰੀਬਾਂ ਉਤੇ ਕਰ ਕੇ ਤਰਸ, ਰਹਿਮਤ ਆਪ ਕਮਾਈਆ । ਅੰਮ੍ਰਿਤ ਮੇਘ ਦਿਤਾ ਬਰਸ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੇ ਭਗਤ ਚੰਗੇ, ਕਲਜੁਗ ਅੰਤਮ ਨਜ਼ਰੀ ਆਈਆ । ਜਿਨ੍ਹਾਂ ਦੇ ਚਰਨ ਚੁੰਮੇ ਗੰਗੇ, ਗੋਦਾਵਰੀ ਬੈਠੀ ਸੀਸ ਝੁਕਾਈਆ । ਜਿਨ੍ਹਾਂ ਦੇ ਅੰਦਰ ਵਜਦੇ ਨਾਮ ਮਰਦੰਗੇ, ਧੁਰ ਦੇ ਰਾਗ ਸੁਣਾਈਆ । ਜਿਨ੍ਹਾਂ ਦੇ ਅੰਦਰ ਜੋਤੀ ਨੂਰ ਚਮਕਦੇ ਚੰਦੇ, ਅਗਿਆਨ ਅੰਧੇਰ ਮਿਟਾਈਆ । ਉਹ ਬਾਹਰੋਂ ਬੰਦਿਆਂ ਵਰਗੇ ਬੰਦੇ, ਅੰਦਰ ਵੜਿਆ ਬੇਪਰਵਾਹੀਆ । ਨਾਮ ਅਗੰਮੀ ਰੰਗਣ ਰੰਗੇ, ਰੰਗ ਮਜੀਠੀ ਨੈਣ ਸ਼ਰਮਾਈਆ । ਤੇਰੇ ਨਾਲ ਮਿਲ ਕੇ ਤੇਰੇ ਗੌਂਦੇ ਛੰਦੇ, ਸੋਹੰ ਇਕ ਪੜ੍ਹਾਈਆ । ਤੇਰਾ ਦਰਸ਼ਨ ਪਾ ਕੇ ਠੰਡੇ, ਤੱਤੀ ਵਾ ਨਾ ਲਾਗੇ ਰਾਈਆ । ਲੱਖ ਚੁਰਾਸੀ ਜੀਵ ਜੰਤ ਸਦੀ ਚੌਧਵੀ ਹੋਏ ਅੰਧੇ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਅੰਤਮ ਆਇਆ ਕੰਢੇ, ਢਾਹ ਸਾਰੇ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਭਗਤ ਤੱਕੇ, ਲੱਖ ਚੁਰਾਸੀ ਖੋਜ ਖੁਜਾਈਆ । ਜਿਨ੍ਹਾਂ ਦੇ ਅੰਦਰ ਠਾਕਰ ਹੋ ਕੇ ਵਸੇਂ, ਠੋਕਰ ਨਾਮ ਲਗਾਈਆ । ਪ੍ਰੀਤਮ ਹੋ ਕੇ ਪ੍ਰੇਮ ਦਸੇਂ, ਪ੍ਰੀਤੀ ਇਕੋ ਨਾਲ ਲਗਾਈਆ । ਸੱਜਣ ਹੋ ਕੇ ਕਰੇਂ ਇਕੱਠੇ, ਵਿਛੜੇ ਲਏ ਮਿਲਾਈਆ । ਜਨਮ ਕਰਮ ਦੇ ਮੇਟ ਕੇ ਰਟੇ, ਝਗੜਾ ਲੱਖ ਚੁਰਾਸੀ ਦਏਂ ਚੁਕਾਈਆ । ਕੀ ਹੋਇਆ ਜੇ ਧੰਨੇ ਮਿਲਿਆ ਵੱਟੇ, ਕਲਜੁਗ ਅੰਤਮ ਜਨ ਭਗਤਾਂ ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਲਏ ਮਿਲਾਈਆ । ਗੁਰ ਅਵਤਾਰ ਕਹਿਣ ਤੇਰੇ ਭਗਤ

ਜੋਗੀ, ਜੋਗੀਸ਼ਰਾਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਮਿਲਿਆ ਧੁਰ ਸੰਜੋਗੀ, ਜੁਗਤੀ ਆਪਣੀ ਦਿਤੀ ਜਣਾਈਆ । ਆਤਮ ਸੇਜਾ ਬਣ ਕੇ ਭੋਗੀ, ਧੁਰ ਦਾ ਮੇਲਾ ਆਪਣੇ ਘਰ ਕਰਾਈਆ । ਜਨਮ ਜਨਮ ਦੇ ਦੁਖੀਏ ਵੇਖੇ ਰੋਗੀ, ਸੁਖ ਸਾਗਰ ਵਿਚ ਸਮਾਈਆ । ਕੋਈ ਨਾ ਜਾਣੇ ਟਿੱਕਾ ਜੰਞੂ ਬੋਦੀ, ਮੁੱਛ ਦਾਹੜੀ ਕੇਸ ਇਕੋ ਰੰਗ ਵਖਾਈਆ । ਤੇਰਾ ਖੇਲ ਨਿਆਰਾ ਵੇਦੀ ਸੋਢੀ, ਸ਼ਰਅ ਵਿਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦੇਣੀ ਸਰਨਾਈਆ । ਤੇਰੇ ਭਗਤ ਪ੍ਰਭੂ ਵੇਖੇ ਤਰਦੇ, ਕਲਜੁਗ ਅੰਤਮ ਖ਼ੁਸ਼ੀ ਮਨਾਈਆ । ਇਕੋ ਢੋਲਾ ਤੇਰਾ ਪੜ੍ਹਦੇ, ਤੂੰ ਹੀ ਤੂੰ ਰਾਗ ਅਲਾਈਆ । ਦੂਜਾ ਦਰ ਕੋਈ ਨਾ ਮੰਗਦੇ, ਭਿਛਿਆ ਝੋਲੀ ਨਾ ਕੋਇ ਰਖਾਈਆ । ਇਕੋ ਮੰਦਰ ਤੇਰਾ ਲੰਘਦੇ, ਆਪਣਾ ਪੰਧ ਮੁਕਾਈਆ । ਰਸ ਮਾਨਣ ਉਸ ਅਨੰਦ ਦੇ, ਜਿਸ ਅਨੰਦ ਵਿਚੋਂ ਅਨੰਦ ਆਪਣਾ ਦਏਂ ਚਖਾਈਆ । ਤੇਰੀ ਸਚ ਪ੍ਰੀਤੀ ਨਾਲ ਹੰਢਦੇ, ਜਨਮ ਮਰਨ ਦੋਵੇਂ ਦਿਤੇ ਤਜਾਈਆ । ਸੁਰਤੀ ਸ਼ਬਦੀ ਡੋਰ ਗੰਢਦੇ, ਏਥੇ ਓਥੇ ਸਕੇ ਨਾ ਕੋਇ ਤੁੜਾਈਆ । ਦਰਸ਼ਨ ਕਰਕੇ ਗੁਜਰੀ ਚੰਨ ਦੇ, ਚੰਦ ਤੇਰੇ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੁਲ੍ਹਾ ਦੇ ਹੰ ਬ੍ਰਹਮ ਦੇ, ਬ੍ਰਹਮ ਤੇਰੀ ਅੰਸ ਅਖਵਾਈਆ । ਗੁਰ ਅਵਤਾਰ ਕਹਿਣ ਤੇਰਾ ਵੇਖਿਆ ਬ੍ਰਹਮ, ਪਾਰਬ੍ਰਹਮ ਤੇਰੀ ਵਡਿਆਈਆ । ਤੂੰ ਭਗਤਾਂ ਇਕੋ ਧਰਮ, ਅਧਰਮੀ ਨਜ਼ਰ ਕੋਇ ਨਾ ਆਈਆ । ਝੋਲੀ ਪਾ ਕੇ ਤੇਰੀ ਕਰਮ, ਕਰਮ ਕਾਂਡ ਡੇਰਾ ਬੈਠੇ ਢਾਹੀਆ । ਨਾਤਾ ਤੋੜ ਕੇ ਵਰਨ ਬਰਨ, ਸਰਨ ਤੇਰੀ ਇਕ ਤਕਾਈਆ । ਜਿਧਰ ਵੇਖਣ ਠਾਕਰ ਸਵਾਮੀ ਤੇਰੇ ਚਰਨ, ਚਰਨੋਦਕ ਅੰਮ੍ਰਿਤ ਮੁਖ ਜਾਮ ਲਾਈਆ । ਨੇਤਰ ਖੁਲ੍ਹੇ ਹਰਨ ਫਰਨ, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਨਿਤ ਨਵਿਤ ਕਰ ਕਰ ਹਿਤ ਅਬਿਨਾਸ਼ੀ ਅਚੁਤ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏਂ ਵਡਿਆਈਆ । ਭਗਤ ਸੁਹੇਲਾ ਬਣਿਆ ਸੱਜਣ, ਹਰਿ ਸਤਿਗੁਰ ਦਇਆ ਕਮਾਈਆ । ਚਰਨ ਧੂੜੀ ਦੇ ਕੇ ਮਜਨ, ਦੁਰਮਤ ਮੈਲ ਧੁਆਈਆ । ਜਨਮ ਕਰਮ ਦਾ ਤੋੜ ਕੇ ਬੰਧਨ, ਲੱਖ ਚੁਰਾਸੀ ਫਾਂਸੀ ਦਿਤੀ ਤੁੜਾਈਆ । ਸਤਿ ਸਤਿ ਦਾ ਪਾ ਕੇ ਕੰਗਣ, ਹੱਥੋ ਹੱਥ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਲਾਵੇ ਆਪਣੇ ਅੰਗਣ, ਅਨਭਵ ਆਪਣੀ ਖੇਲ ਵਖਾਈਆ । ਨਾਮ ਨਿਧਾਨ ਵਜਾ ਮਰਦੰਗਣ, ਮਰਦ ਮਰਦਾਨਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਗੁਰ ਅਵਤਾਰ ਕਹਿਣ ਭਗਤ ਸੁਹੇਲੇ, ਸਈਆ ਧੁਰ ਦਾ ਵੇਖ ਵਖਾਈਆ । ਸਚਖੰਡ ਦਵਾਰੇ ਆਪੇ ਮੇਲੇ, ਥਿਰ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਚਾੜ੍ਹ ਕੇ ਤੇਲੇ, ਜੋਤ ਨਿਰੰਜਣ ਸਗਨ ਮਨਾਈਆ । ਅਚਰਜ ਖੇਲ ਪ੍ਰਭੂ ਰਿਹਾ ਖੇਲੇ, ਸਰਗੁਣ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰ ਮਿਲਾਈਆ । ਜਨ ਭਗਤ ਕਹੇ ਮੈਂ ਆਇਆ ਦਰ, ਪ੍ਰਭ ਪਿਛਲਾ ਪੰਧ ਮੁਕਾਈਆ । ਨਿਰਵੈਰ ਹੋ ਕੇ ਪੱਲੂ ਫੜ, ਆਪਣੀ ਗੰਢ ਪੁਆਈਆ । ਸਚ ਦਵਾਰੇ ਜਾਵਾਂ ਚੜ੍ਹ, ਮੰਜ਼ਲ ਪੰਧ ਮੁਕਾਈਆ । ਦਰਸ਼ਨ ਤੇਰਾ ਕਰਾਂ ਖੜ੍ਹ, ਸਨਮੁਖ ਨਜ਼ਰੀ ਆਈਆ । ਇਕੋ ਢੋਲਾ ਲਵਾਂ ਪੜ੍ਹ, ਤੇਰੀ ਵੱਜੇ ਨਾਮ ਵਧਾਈਆ । ਸਚ ਸਰਨਾਈ ਡਿੱਗਾਂ ਦੜ, ਆਪਣਾ ਆਪ ਗਵਾਈਆ । ਪੁਰਖ ਅਬਿਨਾਸ਼ੀ ਲੈਣਾ ਫੜ, ਧੁਰ ਦੀ ਗੋਦ ਸੁਹਾਈਆ । ਤੇਰਾ ਨਾਉਂ ਨਰਾਇਣ ਨਰ, ਤੂੰ ਆਦਿ ਜੁਗਾਦੀ ਪਿਤਾ ਮਾਈਆ ।

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਦੇਂਦਾ ਰਿਹਾ ਵਰ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਸਾਚੇ ਲਏ ਤਰਾਈਆ । ਜਨ ਭਗਤ ਕਹੇ ਖੋਲ੍ਹ ਦਰਵਾਜ਼ਾ, ਦਰ ਤੇਰੇ ਆਸ ਤਕਾਈਆ । ਤੂੰ ਸਾਹਿਬ ਗ਼ਰੀਬ ਨਿਵਾਜਾ, ਨਿਮਾਣਿਆਂ ਗਲੇ ਲਗਾਈਆ । ਤੇਰੇ ਸੀਸ ਸੋਹਵੇ ਤਾਜਾ, ਸਚਖੰਡ ਵੱਜੇ ਵਧਾਈਆ । ਤੂੰ ਭੂਪਤ ਰਾਜਨ ਰਾਜਾ, ਸ਼ਹਿਨਸ਼ਾਹ ਅਖਵਾਈਆ । ਤੂੰ ਦੋ ਜਹਾਨਾਂ ਕਰੇਂ ਕਾਜਾ, ਨਿਰਗੁਣ ਸਰਗੁਣ ਖੇਲ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਕਰਦੇ ਗਏ ਅਰਦਾਸਾ, ਨਿਉਂ ਨਿਉਂ ਸੀਸ ਝੁਕਾਈਆ । ਹੁਜਰਿਆਂ ਅੰਦਰ ਪੜ੍ਹਦੇ ਗਏ ਨਿਮਾਜ਼ਾਂ, ਕਾਅਬਿਆਂ ਵਿਚ ਧਿਆਨ ਲਗਾਈਆ । ਮੰਦਰਾਂ ਵਿਚ ਮਾਰਦੇ ਗਏ ਅਵਾਜ਼ਾਂ, ਕੂਕ ਕੂਕ ਸੁਣਾਈਆ । ਗ੍ਰੰਥਾਂ ਵਿਚ ਲਿਖ ਕੇ ਗਏ ਤੇਰੀ ਗਾਥਾ, ਗਹਿਰ ਗੰਭੀਰ ਤੇਰੀ ਵਡਿਆਈਆ । ਤੂੰ ਨਿਤ ਨਵਿਤ ਜੁਗ ਚੌਕੜੀ ਜਨ ਭਗਤਾਂ ਦੇਵੇਂ ਸਾਥਾ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਿਆਂ ਤੇਰੀ ਰੱਖੀ ਆਸਾ, ਦੂਜੀ ਤ੍ਰਿਸਨਾ ਨਾ ਕੋਇ ਵਧਾਈਆ । ਸਚ ਪੁਛੇਂ ਪ੍ਰਭ ਤੇਰੇ ਉਤੇ ਸਚ ਭਰਵਾਸਾ, ਕੂੜੇ ਭਰਮ ਦਿਤੇ ਮਿਟਾਈਆ । ਨਿਜ ਘਰ ਆਤਮ ਆ ਕੇ ਕਰ ਵਾਸਾ, ਵਸਲ ਸਚ ਦੇ ਕਰਾਈਆ । ਤੇਰੇ ਨਾਲੋਂ ਤੁਟੇ ਨਾ ਨਾਤਾ, ਨਾਤਾ ਛੱਡਿਆ ਜਗਤ ਲੋਕਾਈਆ । ਤੂੰ ਧੁਰ ਦਾ ਪਿਤਾ ਮਾਤਾ, ਪੁਰਖ ਅਕਾਲ ਇਕ ਅਖਵਾਈਆ । ਤੇਰਾ ਸਿਫ਼ਤਾਂ ਵਾਲਾ ਸੁਣਦੇ ਆਏ ਸਾਕਾ, ਚਾਰੇ ਬਾਣੀ ਦਏ ਗਵਾਹੀਆ । ਤੇਰਾ ਹਰਫ਼ਾਂ ਵਾਲਾ ਵੇਖਦੇ ਆਏ ਖ਼ਾਕਾ, ਅੱਖਰਾਂ ਵਾਲੀ ਪੜ੍ਹਾਈਆ । ਤੇਰਾ ਰਸਨਾ ਵਾਲਾ ਪੜ੍ਹਦੇ ਆਏ ਪਾਠਾ, ਬੱਤੀ ਦੰਦਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣੇ ਵਿਚ ਸਮਾਈਆ । ਜਨ ਭਗਤ ਕਹਿਣ ਪ੍ਰਭ ਅੰਤਰ ਆਤਮ ਬੋਲ, ਅਨਬੋਲਤ ਰਾਗ ਸੁਣਾਈਆ । ਤੇਰੇ ਨਾਮ ਦਾ ਵੱਜੇ ਢੋਲ, ਅਨਹਦ ਨਾਦ ਬੇਪਰਵਾਹੀਆ । ਅੰਮ੍ਰਿਤ ਆਤਮ ਦੇ ਦੇ ਪਾਹੁਲ, ਰਸ ਇਕੋ ਇਕ ਚਖਾਈਆ । ਏਥੇ ਓਥੇ ਰਹੀਏ ਅਡੋਲ, ਡੁਲ ਸਕੇ ਕੋਇ ਨਾ ਰਾਈਆ । ਸਦਾ ਸੁਹੇਲੇ ਵਸ ਕੋਲ, ਵਿਛੜ ਕਦੇ ਨਾ ਜਾਈਆ । ਕਾਇਆ ਅੰਦਰ ਆਪੇ ਮੌਲ, ਮੌਲਾ ਹੋ ਕੇ ਨਜ਼ਰੀ ਆਈਆ । ਪੂਰਾ ਕਰ ਦੇ ਕੀਤਾ ਕੌਲ, ਇਕਰਾਰ ਆਪਣੀ ਝੋਲੀ ਪਾਈਆ । ਹੋ ਸਹਾਈ ਉਪਰ ਧੌਲ, ਧਰਨੀ ਧਵਲ ਖ਼ੁਸ਼ੀ ਮਨਾਈਆ । ਸਦਾ ਪ੍ਰੀਤੀ ਚਰਨ ਰਹੇ ਘੋਲ, ਘੋਲ ਘੁਮਾਈ ਵੇਖ ਵਖਾਈਆ । ਤੇਰਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਸਮਝ ਕਿਸੇ ਨਾ ਆਈਆ । ਤੇਰਾ ਮਾਰਗ ਆਤਮ ਪਰਮਾਤਮ ਇਕ ਨਿਰੋਲ, ਨਿਰਵੈਰ ਸਿਖਿਆ ਦੇ ਸਮਝਾਈਆ । ਜਨ ਭਗਤ ਕਹੇ ਪ੍ਰਭ ਮੇਰੀ ਪਾਪਾਂ ਭਰੀ ਨਾ ਗਠੜੀ ਫੋਲ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਜਨ ਭਗਤ ਕਹੇ ਮੈਂ ਕਲਜੁਗ ਰੋਂਦਾ, ਰੋ ਰੋ ਦਿਆਂ ਦੁਹਾਈਆ । ਬਿਰਹੋਂ ਵਿਛੋੜੇ ਵਿਚ ਨਾ ਸੌਂਦਾ, ਭਿੰਨੜੀ ਰੈਣ ਨਾ ਕੋਇ ਵਡਿਆਈਆ । ਨਿਤ ਨਵਿਤ ਤੇਰਾ ਢੋਲਾ ਗਾਉਂਦਾ, ਸੋਹੰ ਰਾਗ ਅਲਾਈਆ । ਹੇ ਪ੍ਰਭੂ ਤੂੰ ਕਿਉਂ ਮੁਖ ਛੁਪਾਂਦਾ, ਕਰਵਟ ਲੈ ਨਾ ਪਿਠ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਨ ਭਗਤ ਮੰਗ ਮੰਗਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸ਼ਬਦ ਅਨਾਦੀ ਰਾਗ ਸੁਣੌਂਦਾ ਏ । ਬ੍ਰਹਮ ਬ੍ਰਹਿਮਾਦੀ ਵੇਖ ਵਖੌਂਦਾ ਏ । ਆਦਿ ਜੁਗਾਦੀ ਫੇਰਾ ਪੌਂਦਾ ਏ । ਵਡ ਸਵਾਂਗੀ ਸਵਾਂਗ ਰਚੌਂਦਾ ਏ । ਜਨ ਭਗਤਾਂ ਵੇਖ ਕੇ ਸੱਚੀ ਤਾਂਘ, ਜੋਤੀ ਜਾਮਾ ਵੇਸ

ਵਟੌਂਦਾ ਏ । ਅੰਤਰ ਆਤਮ ਪੂਰੀ ਕਰੇ ਮਾਂਗ, ਮਾਂਗਤ ਭਿਛਿਆ ਝੋਲੀ ਆਪੇ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਦ੍ਰਿੜਾਉਂਦਾ ਏ । ਜਨ ਭਗਤ ਦਇਆ ਕਮਾਵਾਂਗਾ । ਘਰ ਸਾਚਾ ਵੇਖ ਵਖਾਵਾਂਗਾ । ਦਰ ਠਾਂਡੇ ਅਲਖ ਜਗਾਵਾਂਗਾ । ਪ੍ਰਤਖ ਹੋ ਕੇ ਦਰਸ ਕਰਾਵਾਂਗਾ । ਲੱਖ ਚੁਰਾਸੀ ਵਿਚੋਂ ਰੱਖ, ਆਪਣੀ ਗੋਦ ਬਹਾਵਾਂਗਾ । ਕੂੜ ਕੁੜਿਆਰੇ ਨਾਲੋਂ ਕਰ ਵੱਖ, ਵੱਖਰੀ ਧਾਰ ਇਕ ਸਮਝਾਵਾਂਗਾ । ਸਤਿ ਸਤਿਵਾਦ ਝੋਲੀ ਪਾ ਕੇ ਹਕ, ਹਕੀਕਤ ਇਕੋ ਇਕ ਦ੍ਰਿੜਾਵਾਂਗਾ । ਨਾਮ ਅਗੰਮੀ ਚਾੜ੍ਹ ਕੇ ਰਥ, ਲੋਆਂ ਪੁਰੀਆਂ ਪਾਰ ਕਰਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਰਾਹ ਜਾਂਦਿਆਂ ਦੋਵੇਂ ਜੋੜਨ ਹੱਥ, ਨਮੋ ਨਮੋ ਸਰਬ ਵਖਾਵਾਂਗਾ । ਸੁੰਨ ਅਗੰਮ ਸਕੇ ਕੋਇ ਨਾ ਡਕ, ਥਿਰ ਘਰ ਆਪਣਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਅਨੰਦ, ਅਨੰਦ ਇਕੋ ਇਕ ਵਖਾਵਾਂਗਾ । ਅਨੰਦ ਸਾਚਾ ਇਕ ਵਖਾਵਾਂਗਾ । ਲੱਖ ਚੁਰਾਸੀ ਤੋੜ ਕੇ ਫੰਦ, ਫਾਂਸੀ ਜਮ ਦੀ ਅੰਤ ਮੁਕਾਵਾਂਗਾ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਦੀਨ ਦਿਆਲ ਇਕ ਅਖਵਾਵਾਂਗਾ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਵਿਚ ਸਮਾਵਾਂਗਾ । ਲੇਖੇ ਲਾ ਕੇ ਪੌਣ ਸਵਾਸੀ ਦਮ, ਉਨੰਜਾ ਪਵਣ ਡੇਰਾ ਢਾਵਾਂਗਾ । ਨਿਹਕਰਮੀ ਹੋ ਕੇ ਕਰਾਂ ਆਪਣਾ ਕੰਮ, ਕਿਰਿਆ ਅੱਗੇ ਨਾ ਕੋਇ ਰਖਾਵਾਂਗਾ । ਜਗਤ ਤ੍ਰਿਸਨਾ ਮੇਟ ਕੇ ਤਮ, ਮਾਇਆ ਮਮਤਾ ਮੋਹ ਚੁਕਾਵਾਂਗਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਵਖਾਵਾਂਗਾ । ਇਕ ਵਾਰ ਜਣੇਂਦੀ ਜਨ ਭਗਤ ਪਿਆ ਜੰਮ, ਦੂਜੀ ਵਾਰ ਗਰਭ ਨਾ ਫੇਰ ਲਿਆਵਾਂਗਾ । ਮਾਣਸ ਜਨਮ ਬੇੜਾ ਬੰਨ੍ਹ, ਅੰਤਮ ਆਪਣੇ ਕੰਧ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸਚ ਵਸਾਵਾਂਗਾ । ਜਨ ਭਗਤ ਖ਼ੁਸ਼ੀ ਮਨੌਂਦੇ ਨੇ । ਦਰ ਇਕੋ ਸੀਸ ਨਿਵੌਂਦੇ ਨੇ । ਵਰ ਧੁਰ ਦਾ ਸਾਚਾ ਪੌਂਦੇ ਨੇ । ਡਰ ਰਾਏ ਧਰਮ ਗਵੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲੌਂਦੇ ਨੇ । ਜਨ ਭਗਤ ਕਹੇ ਘਰ ਤੇਰਾ ਕਿਹੜਾ, ਸਚ ਸਚ ਦੇ ਸਮਝਾਈਆ । ਸ੍ਰੀ ਭਗਵਾਨ ਕਹੇ ਜਿਥੇ ਹੋਏ ਨਾ ਕੋਈ ਝੇੜਾ, ਝਗੜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਪ੍ਰਭ ਤੇਰਾ ਕਿਹੋ ਜਿਹਾ ਖੇੜਾ, ਦਰ ਸਾਚਾ ਦੇ ਜਣਾਈਆ । ਸ੍ਰੀ ਭਗਵਾਨ ਕਹੇ ਜਿਥੇ ਰੂਪ ਇਕੋ ਤੇਰਾ ਮੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਤੇਰਾ ਕਿਹੋ ਜਿਹਾ ਡੇਰਾ, ਹਰਿ ਪੜਦਾ ਦੇ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਜਿਥੇ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਵੇ ਅੰਧੇਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤ ਕਹੇ ਪ੍ਰਭ ਤੇਰਾ ਕਿਹੋ ਜਿਹਾ ਨਬੇੜਾ, ਭੇਵ ਅਭੇਦਾ ਦੇ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਮੇਰਾ ਹਕੀਕਤ ਵਲੋਂ ਸਭ ਤੋਂ ਵੱਡਾ ਜੇਰਾ, ਸ਼ਰੀਕਤ ਵਲੋਂ ਲਾਸ਼ਰੀਕ ਨਜ਼ਰੀ ਆਈਆ । ਮਹੱਲ ਅਟਲ ਉਚ ਅਗੰਮ ਅਥਾਹ ਚੰਗੇਰਾ, ਸਚਖੰਡ ਦਵਾਰਾ ਮੁਕਾਮੇ ਹਕ ਸੋਭਾ ਪਾਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਸਮਝੇ ਸੰਝ ਸਵੇਰਾ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਸਮਝਾਈਆ । ਜਨ ਭਗਤੋ ਮੰਦਰ ਸੋਹਣਾ ਮਹੱਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਵਸੇ ਇਕ ਇਕੱਲਾ, ਏਕੰਕਾਰ ਆਪਣਾ ਡੇਰਾ ਲਾਈਆ । ਆਪਣੇ ਪਰਕਾਸ਼ ਆਪੇ ਬਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਸਚ ਸਿੰਘਾਸਣ ਸ਼ਾਹੋ ਭੂਪ ਆਪੇ

ਮੱਲਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸ਼ਬਦੀ ਫੜਾਏ ਪੱਲਾ, ਡੋਰੀ ਆਪਣੇ ਨਾਲ ਬੰਧਾਈਆ । ਜਿਧਰ ਵੇਖੋ ਜਲਾਂ ਥਲਾਂ, ਮਹੀਅਲ ਰਿਹਾ ਸਮਾਈਆ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਸਚ ਦਵਾਰ ਮੱਲਾ, ਸਮੁੰਦ ਖਾਈ ਡੂੰਘੀ ਕੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਭਗਤ ਪਿਆਰ ਸਦਾ ਜੁਗ ਚਾਰ ਵਿਚ ਸੰਸਾਰ ਪ੍ਰੇਮ ਪਿਆਰ ਅੰਦਰ ਹੋਵੇ ਝੱਲਾ, ਬਨ ਖੰਡ ਖੋਜਣ ਆਪੇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਈ ਦਵੈਤੀ ਮੇਟਣਹਾਰਾ ਸੱਲਾ, ਅਸਲ ਵਸਲ ਆਪਣਾ ਦਏ ਸਮਝਾਈਆ । ਜਨ ਭਗਤੋ ਹਰਿ ਮੰਦਰ ਸਚ ਮੁਕਾਮ, ਕਿਆਮਗਾਹ ਇਕ ਅਖਵਾਈਆ । ਜਿਥੇ ਕਦੇ ਨਾ ਬਦਲੇ ਨਿਜ਼ਾਮ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜਿਥੇ ਬਰਦਾ ਇਕ ਗੁਲਾਮ, ਸਤਿ ਦਵਾਰਾ ਬਹਿ ਬਹਿ ਖ਼ੁਸ਼ੀ ਮਨਾਈਆ । ਓਥੇ ਨਾ ਸੱਯਦਾ ਨਾ ਸਲਾਮ, ਨਮੋ ਸਤਿ ਸਤਿ ਨਾ ਕੋਇ ਸੁਣਾਈਆ । ਨਾ ਸੀਤਾ ਨਾ ਰਾਮ, ਰਾਧਾ ਕ੍ਰਿਸ਼ਨ ਨਾ ਕੋਇ ਵਡਿਆਈਆ । ਨਾ ਪੈਗ਼ੰਬਰ ਨਾ ਕਲਮਾ ਨਾ ਕਾਇਨਾਤ ਨਾ ਨਗ਼ਮਾ ਨਾ ਅਮਾਮ, ਰੂਹ ਬੁੱਤ ਖ਼ਾਕੀ ਤਤਵ ਤਤ ਨਾ ਕੋਇ ਦਰਸਾਈਆ । ਇਕ ਅਕੇਲਾ ਸਦਾ ਸੁਹੇਲਾ ਨੌਜਵਾਨ ਸ੍ਰੀ ਭਗਵਾਨ, ਭਗਵਨ ਆਪੇ ਸੋਭਾ ਪਾਈਆ । ਜਨ ਭਗਤਾਂ ਉਤੇ ਹੋ ਮਿਹਰਵਾਨ, ਮਿਹਬਾਨ ਬੀਦੋ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਸ਼ਕਲ ਕਰਕੇ ਆਪ ਆਸਾਨ, ਮੁਰੀਦ ਮੁਰਸ਼ਦ ਮੁਰਾਸਲੇ ਇਕੇ ਦਏ ਪਹੁੰਚਾਈਆ । ਜਨ ਭਗਤੋ ਹਰਿ ਕਾ ਮੰਦਰ ਸੋਹਣਾ, ਸੋਹਣਿਆਂ ਵਿਚੋਂ ਨਜ਼ਰੀ ਆਈਆ । ਨਾ ਹੱਸਣਾ ਨਾ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਵਡਿਆਈਆ । ਨਾ ਜਾਗਣਾ ਨਾ ਸੌਣਾ, ਆਲਸ ਨਿੰਦਰਾ ਰੂਪ ਨਾ ਕੋਇ ਵਖਾਈਆ । ਜਿਧਰ ਵੇਖੋ ਉਧਰ ਜੋਤ ਸਰੂਪ ਨਜ਼ਰੀ ਆਉਣਾ, ਬਿਨ ਰੰਗ ਰੂਪ ਰੇਖ ਬੇਪਰਵਾਹੀਆ । ਜਿਸ ਨੇ ਆਪਣੀ ਗੋਦ ਬਹੌਣਾ, ਫੜ ਬਾਹੋਂ ਲਏ ਉਠਾਈਆ । ਹਿਰਦਾ ਸੋਧ ਜਿਸ ਦਰਸ ਦਖੌਣਾ, ਘਰ ਘਰ ਫੇਰਾ ਪਾਈਆ । ਆਪਣੀ ਮੌਜ ਵਿਚ ਮਜਲਸ ਲੌਣਾ, ਮਹਿਬੂਬ ਮੁਹੱਬਤ ਇਕ ਰਖਾਈਆ । ਬਿਨ ਭਗਤਾਂ ਸ੍ਰੀ ਭਗਵਾਨ ਦਰਸ ਕਿਸੇ ਨਾ ਪੌਣਾ, ਤਰਸ ਵਿਚ ਬੈਠੀ ਸਰਬ ਲੋਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੁਗ ਵਿਛੜੇ ਜਨਮ ਰੁਠੜੇ ਆਪਣੇ ਸੰਗ ਰਖੌਣਾ, ਸੰਗੀ ਸਾਥੀ ਬਣ ਕੇ ਧੁਰ ਦਾ ਮਾਲਕ ਵੇਖ ਵਖਾਈਆ । ਸਤਿਜੁਗ ਸਾਚਾ ਰਾਹ ਚਲੌਣਾ, ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਜਪੌਣਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਇਕ ਸਰਨਾਈਆ । ਭਗਤ ਸੁਹੇਲਾ ਗੁਰੂ ਗੁਰ ਚੇਲਾ ਆਪਣੇ ਘਰ ਬਹੌਣਾ, ਪੂਰਨ ਬ੍ਰਹਮ ਪਾਰਬ੍ਰਹਮ ਨਿਰੰਤਰ ਬ੍ਰਹਮ ਮਾਇਆ ਬ੍ਰਹਮ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰੇ ਆਪਣਾ ਕਰਮ, ਕਲਕਾਤੀ ਡੇਰਾ ਢਾਹੀਆ ।

੬੮੮ ੧੭

✪ ੧੧ ਮੱਘਰ ੨੦੨੧ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਿਹ ਫ਼ਿਰੋਜ਼ਸ਼ਾਹ ✪

ਪੁਰਖ ਅਕਾਲ ਵੇਖੀ ਦੁਨੀ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਝਗੜਾ ਪਾਇਆ ਜਗਤ ਰਿਖੀ ਮੁਨੀ, ਚਾਰ ਕੁੰਟ ਦੁਹਾਈਆ । ਭਰਮ ਭੁਲੇਖੇ ਅੰਦਰ ਵਿਦਵਾਨੀ ਗੁਣੀ, ਭਰਮ ਭਉ ਨਾ ਕੋਇ ਮਿਟਾਈਆ । ਸਚ ਪੁਕਾਰ ਨਾ ਕਿਸੇ ਸੁਣੀ, ਜੀਵ ਜੰਤ ਰਹੇ ਕੁਰਲਾਈਆ । ਕਾਇਆ ਮਾਟੀ ਭਾਂਡਾ ਖ਼ਾਲੀ ਕੁੰਨੀ, ਵਸਤ ਹਕ ਨਾ ਕੋਇ ਟਿਕਾਈਆ । ਸਿਰ ਓਢਣ ਸੀਸ ਨਾ ਦਿਸੇ ਚੁੰਨੀ, ਮਿਹਰ ਨਜ਼ਰ ਨਾ ਕੋਇ ਉਠਾਈਆ ।

ਨਾਮ ਨਿਧਾਨ ਸੁਣਾਏ ਕੋਇ ਨਾ ਧੁਨੀ, ਅਨਹਦ ਨਾਦ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਵੇਖਿਆ ਜਗ, ਕਲਜੁਗ ਅੰਤਮ ਧਿਆਨ ਲਗਾਈਆ । ਨਵ ਨੌ ਚਾਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਾਮ ਪਿਆਲਾ ਪੀਏ ਕੋਈ ਨਾ ਮਦਿ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕੂੜੀ ਵਾਸਨਾ ਸ੍ਰਿਸ਼ਟੀ ਰਹੀ ਭੱਜ, ਦ੍ਰਿਸ਼ਟੀ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੁਰਖ ਅਕਾਲ ਵੇਖੀਂ ਧਰਨੀ, ਧਰਤ ਧਵਲ ਵੇਖ ਵਖਾਈਆ । ਝਗੜਾ ਪਿਆ ਵਰਨੀ ਬਰਨੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਨੇਤਰ ਖੁਲ੍ਹੇ ਨਾ ਹਰਨੀ ਫਰਨੀ, ਦੋਏ ਲੋਚਣ ਜਗਤ ਤਕਾਈਆ । ਸਾਚੀ ਮੰਜ਼ਲ ਮਿਲੇ ਨਾ ਚੜ੍ਹਨੀ, ਰਹਿਬਰ ਰਾਹ ਨਾ ਕੋਇ ਵਖਾਈਆ । ਅਗੰਮੀ ਪੌੜੀ ਮਿਲੇ ਨਾ ਪੜ੍ਹਨੀ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਵੇਸ ਵਟਾਈਆ । ਪੁਰਖ ਅਕਾਲ ਵੇਖ ਜਹਾਨ, ਚਾਰੋਂ ਕੁੰਟ ਧਿਆਨ ਲਗਾਈਆ । ਝੁਲਦਾ ਦਿਸੇ ਨਾ ਕੋਇ ਨਿਸ਼ਾਨ, ਧਰਮ ਦਵਾਰ ਨਾ ਕੋਇ ਵਡਿਆਈਆ । ਹਿਰਦੇ ਹਰਿ ਨਾ ਕੋਇ ਵਸਾਣ, ਮੰਦਰ ਦਰ ਨਾ ਕੋਇ ਸੁਹਾਈਆ । ਕੁੜਿਆਰੀ ਗੋਪੀਆਂ ਰਾਸ ਮਿਲ ਕੇ ਗਾਣ, ਘਨ੍ਹਈਆ ਨਜ਼ਰ ਕਿਸੇ ਨਾ ਆਈਆ । ਭੱਥਿਆਂ ਵਾਲਾ ਬਣਾਵਣ ਰਾਮ, ਰਮਈਆ ਰੰਗ ਨਾ ਕੋਇ ਰੰਗਾਈਆ । ਸਾਚਾ ਦਿਸੇ ਨਾ ਕੋਇ ਅਮਾਮ, ਅਮਲ ਸਤਿ ਨਾ ਕੋਇ ਕਮਾਈਆ । ਕੂੜੀ ਕਿਰਿਆ ਬਰਦੇ ਬਣੇ ਗ਼ੁਲਾਮ, ਸੇਵਾ ਸਚ ਨਾ ਕੋਇ ਜਣਾਈਆ । ਮਾਇਆ ਮਮਤਾ ਲੋਭ ਹੰਕਾਰੀ ਬਣੀ ਅਵਾਮ, ਆਮਦ ਪ੍ਰਭ ਨਾ ਵੇਖ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਬਦਨਾਮ, ਬਦੀ ਸਕੇ ਨਾ ਕੋਇ ਗਵਾਈਆ । ਸਚ ਦਵਾਰੇ ਮਿਲੇ ਨਾ ਕਿਸੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਪੁਰਖ ਅਕਾਲ ਤੱਕੇ ਚਾਰੋਂ ਕੁੰਟ ਦੁਹਾਈ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਅੰਦਰ ਬਾਹਰ ਹੋਵੇ ਨਾ ਕੋਈ ਸਹਾਈ, ਸਿਰ ਹੱਥ ਨਾ ਕੋਇ ਟਿਕਾਈਆ । ਸਾਚੇ ਮੰਦਰ ਨਾ ਵੱਜੇ ਵਧਾਈ, ਖ਼ੁਸ਼ੀਆਂ ਰਾਗ ਨਾ ਕੋਇ ਅਲਾਈਆ । ਨੇਤਰ ਰੋਂਦੀ ਵੇਖੀ ਮਾਈ, ਪੂਤ ਸਪੂਤਾ ਗੋਦ ਨਜ਼ਰ ਕੋਇ ਨਾ ਆਈਆ । ਪੀਰ ਫ਼ਕੀਰ ਰਹੀ ਮਨਾਈ, ਸਿਲ ਪੂਜਸ ਸੀਸ ਝੁਕਾਈ, ਮੜ੍ਹੀ ਗੋਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਵੇਖਿਆ ਬਿਨ ਪੁੱਤਰਾਂ ਰੋਂਦੀ ਮਾਂ, ਨੇਤਰ ਨੈਣਾਂ ਨੀਰ ਵਹਾਈਆ । ਜਗਤ ਦਿਸੇ ਕੋਈ ਨਾ ਨਾਂ, ਪੀੜ੍ਹੀ ਅਵਰ ਨਾ ਕੋਇ ਵਧਾਈਆ । ਬ੍ਰਾਹਮਣਾਂ ਕੋਲ ਮਣਸ ਥੱਕੇ ਗਾਂ, ਅੰਨ ਦਾਨ ਭੇਟ ਕਰਾਈਆ । ਸਿਰ ਦੇਵੇ ਕੋਈ ਨਾ ਠੰਡੀ ਛਾਂ, ਤ੍ਰਿਸਨਾ ਅੱਗ ਨਾ ਕੋਇ ਬੁਝਾਈਆ । ਸਾਚਾ ਕਰੇ ਨਾ ਕੋਇ ਨਿਆਂ, ਅਦਾਲਤ ਹਕ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ੍ਰਿਸ਼ਟੀ ਵੇਖੀ ਮਾਰਦੀ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਮਿਲੇ ਨਾ ਕੋਇ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਡੁਬਦੇ ਪਾਹਨ ਸਕੇ ਨਾ ਕੋਇ ਤਰਾ, ਮੰਝਧਾਰ ਬਾਹਰ ਨਾ ਕੋਇ ਕਢਾਈਆ । ਸਾਚਾ ਰਹਿਬਰ ਮਿਲੇ ਕੋਇ ਨਾ ਆ, ਮਾਰਗ ਦੱਸੇ ਨਾ ਚਾਈਂ ਚਾਈਂਆ । ਚਾਰ ਕੁੰਟ ਦਹਿ ਦਿਸ਼ਾ ਨੇਤਰ ਅੱਖ ਰਹੇ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸ੍ਰੀ ਭਗਵਾਨ

ਤੱਕ ਕੇ ਲੋਕਮਾਤ, ਅੰਤਰ ਅੰਤਰ ਧਿਆਨ ਲਗਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਕਲਜੁਗ ਆਪਣਾ ਜੋਬਨ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਦਾਤ, ਨਿਰਗੁਣ ਸਰਗੁਣ ਹੋ ਕੇ ਮਾਤ ਵਰਤਾਈਆ । ਸਮੇਂ ਸਮੇਂ ਲੈ ਕੇ ਗਏ ਸ਼ਾਬਾਸ, ਪ੍ਰਭ ਦੇਵਣਹਾਰ ਵਡਿਆਈਆ । ਅੰਤਮ ਸਭ ਦੀ ਲੇਖੇ ਲੱਗੀ ਖ਼ਾਹਿਸ਼, ਸ਼ਾਹ ਪਾਤਸ਼ਾਹ ਆਸਾ ਮਨਸਾ ਪੂਰ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਦਰ ਕਰਦੇ ਸਰਬ ਤਲਾਸ਼, ਗ੍ਰੰਥਾਂ ਪੰਥਾਂ ਅੰਦਰ ਖੋਜ ਖੁਜਾਈਆ । ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਕਿਸੇ ਨਾ ਆਵੇ ਹਾਥ, ਤੀਰਥ ਤਟ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਕਲ ਪਾ ਕੇ ਫੇਰਾ ਅਬਿਨਾਸ਼ੀ ਅਚੁੱਤ, ਨਵ ਨੌ ਚਾਰ ਵੇਖ ਵਖਾਈਆ । ਸਾਚੀ ਮੌਲੇ ਕੋਇ ਨਾ ਰੁੱਤ, ਬਸੰਤ ਖ਼ਿਜ਼ਾਂ ਰੂਪ ਵਟਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁੱਤ, ਪੰਜ ਤਤ ਨਾ ਕੋਇ ਸੁਹਾਈਆ । ਨੇਤਰ ਰੋਵੇ ਮਾਤ ਖ਼ਾਲੀ ਗੋਦ ਦਿਸੇ ਪੁੱਤ, ਧੁਰ ਦਾ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਖ਼ਾਲੀ ਗੋਦ ਵੇਖ ਕੇ ਮਈਆ, ਹਰਿ ਧੁਰ ਦਾ ਹੁਕਮ ਸੁਣਾਈਆ । ਬ੍ਰਹਮੇ ਉਠ ਵੇਖ ਆਪਣੀ ਨਈਆ, ਨੌਕਾ ਰਿਹਾ ਜਣਾਈਆ । ਸ਼ਾਹ ਪਾਤਸ਼ਾਹ ਸਾਜਣ ਸਈਆ, ਸਹੀ ਸਲਾਮਤ ਰਿਹਾ ਉਠਾਈਆ । ਆਪਣਾ ਲੇਖਾ ਕੱਢ ਉਪਰ ਵਹੀਆ, ਹਿਸਾਬ ਕਿਤਾਬ ਦੇ ਦ੍ਰਿੜਾਈਆ । ਲੇਖਾ ਚੁਕਿਆ ਕਲਜੁਗ ਢਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬ੍ਰਹਮਾ ਖੋਲ੍ਹ ਆਪਣਾ ਗੁਟਕਾ, ਸ੍ਰੀ ਭਗਵਾਨ ਅੱਗੇ ਰਿਹਾ ਟਿਕਾਈਆ । ਤੇਰਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਕੀ ਪ੍ਰਭੂ ਮੇਰੇ ਕੋਲੋਂ ਪੁਛਦਾ, ਮੈਂ ਸੇਵਕ ਹੋ ਕੇ ਸੇਵ ਕਮਾਈਆ । ਤੇਰਾ ਨਾਤਾ ਪਿਉ ਪੁੱਤ ਦਾ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜੋ ਮਨੁਸ਼ ਨੌ ਜਨਮ ਤੇਰੇ ਪਿਆਰ ਪ੍ਰੇਮ ਤੋਂ ਰੁਸਦਾ, ਤਿਸ ਘਰ ਅੰਸ ਨਜ਼ਰ ਨਾ ਆਈਆ । ਇਹ ਬਚਨ ਕਿਸੇ ਮਾਣਸ ਨਹੀਂ ਮਨੁੱਖ ਦਾ, ਬ੍ਰਹਮਵੇਤਾ ਰਿਹਾ ਸੁਣਾਈਆ । ਬਿਨ ਤੇਰੀ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਧੁਰ ਦਾ ਵਰ, ਦੋ ਜਹਾਨਾਂ ਖੋਜ ਖੁਜਾਈਆ । ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀਆਂ ਨਾਲ ਜਣਾਈਆ । ਬ੍ਰਹਮੇਂ ਮੈਂ ਸਭ ਕੁਛ ਕੀਤਾ ਤੇਰੇ ਵਸ, ਉਤਭੁਜ ਤੇਰੀ ਧਾਰ ਚਲਾਈਆ । ਇਕੋ ਜਿਹਾ ਸਭ ਨੂੰ ਦੇਣਾ ਹਕ, ਖ਼ਾਲੀ ਨਜ਼ਰ ਕੋਇ ਨਾ ਆਈਆ । ਜੇ ਕਿਸੇ ਉਤੇ ਪਵੇ ਸ਼ਕ, ਉਸ ਦਾ ਲੇਖਾ ਮੈਨੂੰ ਦੇਣਾ ਸਮਝਾਈਆ । ਮੈਂ ਸਾਹਿਬ ਪੁਰਖ ਸਮਰਥ, ਸਦ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮਾ ਕਹੇ ਪ੍ਰਭ ਵੇਖ ਮੇਰੀ ਕਿਤਾਬ, ਕੁਤਬਖ਼ਾਨੇ ਵਿਚੋਂ ਬਾਹਰ ਕਢਾਈਆ । ਜਿਸ ਦੇ ਅੰਦਰ ਲੱਖ ਚੁਰਾਸੀ ਲਿਖਿਆ ਹਿਸਾਬ, ਨਿਸਬਤ ਸਕੇ ਨਾ ਕੋਇ ਸਮਝਾਈਆ । ਉਸ ਦਾ ਪਹਿਲਾ ਵੇਖ ਬਾਬ, ਇਕੋ ਹਿੱਸਾ ਖੋਲ੍ਹ ਵਖਾਈਆ । ਜਿਹੜੀ ਗੋਦ ਖ਼ਾਲੀ ਦਿਸੇ ਮਾਤ, ਬਿਨ ਪੁੱਤਰਾਂ ਨਜ਼ਰੀ ਆਈਆ । ਉਹ ਤੈਥੋਂ ਵਿਛੜੀ ਤੇਰੀ ਜ਼ਾਤ, ਤੇਰਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਮਿਹਰਵਾਨ ਹੋ ਸਹਾਈਆ । ਬ੍ਰਹਮਾ ਕਹੇ ਬੇਸ਼ਕ ਮੇਰਾ ਬ੍ਰਹਮ, ਘਰ ਘਰ ਨਜ਼ਰੀ ਆਈਆ । ਹੁਕਮੇਂ ਅੰਦਰ ਕਰਾਂ ਕਰਮ, ਬਣ ਸੇਵਕ ਸੇਵ ਕਮਾਈਆ । ਹੁਕਮੇਂ ਅੰਦਰ ਹੋਵੇ ਜਨਮ, ਮਰ ਜੰਮਣ ਰੂਪ ਵਟਾਈਆ । ਸਚ ਸੁਹੰਜਣੀ ਤੇਰੀ ਸਰਨ, ਸਰਨਗਤ ਵੱਡੀ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਕਹੇ ਵੇਖ ਆਪਣਾ ਵਰਕਾ, ਹਿੱਸਾ ਦੂਜਾ ਫੋਲ ਫੁਲਾਈਆ । ਜਿਸ ਦੇ ਉਤੇ ਨੁਕਤੇ ਵਾਲਾ ਇਕੋ ਕਤਰਾ, ਬੂੰਦ ਅਗੰਮੀ ਦਿਤਾ ਬਰਸਾਈਆ । ਜਿਸ ਦੇ ਵਿਚ ਆਦਿ ਜੁਗਾਦੀ ਨਿਕਰਮਣਾ ਵਾਲਾ ਸ਼ਜਰਾ, ਨਿਹਕਰਮੀ ਆਪ ਰਖਾਈਆ । ਜਿਸ ਦਾ ਲੇਖਾ ਬਿਨ ਹਰਿ ਨਿਰੰਕਾਰ ਕਿਸੇ ਨਾ ਬਦਲਾ, ਬਦਲੀ ਸਕੇ ਨਾ ਕੋਇ ਕਰਾਈਆ । ਉਸ ਦਾ ਹਿਸਾਬ ਕਿਤਾਬ ਵੱਖਰਾ, ਵੱਖਰੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬ੍ਰਹਮਾ ਕਹੇ ਮੈਂ ਵੇਖਿਆ ਦੂਜਾ ਹਿੱਸਾ, ਪਤਰਾ ਲਿਆ ਉਲਟਾਈਆ । ਉਥੇ ਇਕੋ ਤੇਰਾ ਨਾਉਂ ਦਿੱਸਾ, ਅੱਗੇ ਮਿਹਰ ਕਰੀ ਪੜ੍ਹਾਈਆ । ਜਿਸ ਦਾ ਰੂਪ ਅਨੂਪ ਸਭ ਤੋਂ ਨਿੱਕਾ, ਵੱਡਿਆਂ ਵਿਚੋਂ ਵੱਡਾ ਸਦ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਸਮਝਾਈਆ । ਵਰਕੇ ਉਤੇ ਵੇਖ ਲਕੀਰ, ਬਿਨ ਲੱਗੀ ਕਲਮ ਸ਼ਾਹੀਆ । ਜਿਸ ਦੇ ਵਿਚੋਂ ਆਉਂਦੇ ਸ਼ਾਹ ਹਕੀਰ, ਪਾਤਸ਼ਾਹ ਮਿਲੇ ਵਡਿਆਈਆ । ਜਿਸ ਧਾਰੋਂ ਲੱਖ ਚੁਰਾਸੀ ਘੱਤੇ ਵਹੀਰ, ਭੱਜੇ ਵਾਹੋ ਦਾਹੀਆ । ਜਿਸ ਵਿਚ ਮੇਰੀ ਤਸਵੀਰ, ਬਿਨ ਨੈਣਾਂ ਨੂਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਧੁਰ ਦਾ ਲੇਖਾ ਵੇਖ ਆਪ, ਹਰਿ ਕਰਤਾ ਆਪ ਜਣਾਈਆ । ਜਿਨ੍ਹਾਂ ਦਾ ਪੁਰਖ ਅਕਾਲ ਬਣੇ ਬਾਪ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਉਹਨਾਂ ਦਾ ਜਗਤ ਜੋੜੇ ਨਾਤ, ਨਾਤਾ ਧੁਰ ਦਾ ਲਏ ਬਣਾਈਆ । ਘਰ ਸੁਹੇਲੇ ਬਣਾ ਕੇ ਸਾਕ, ਸੱਜਣ ਦਏ ਵਡਿਆਈਆ । ਬ੍ਰਹਮੇ ਹੁਕਮੇਂ ਅੰਦਰ ਅੱਗੇ ਲੇਖਾ ਲਿਖ ਦੇ ਕਲਮ ਦਵਾਤ, ਸ਼ਾਹੀ ਮੇਰਾ ਨਾਮ ਟਿਕਾਈਆ । ਖ਼ਾਲੀ ਗੋਦ ਦਿਸੇ ਨਾ ਕੋਈ ਵਿਚ ਮਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬ੍ਰਹਮਾ ਕਹੇ ਪ੍ਰਭ ਕਿਹੜੀ ਕਲਮ, ਜੋ ਤੇਰਾ ਕਲਮਾ ਦਏ ਲਿਖਾਈਆ । ਮੈਨੂੰ ਸਮਝ ਨਾ ਆਵੇ ਇਲਮ, ਹਰਫਾਂ ਵਾਲੀ ਨਾ ਕੋਇ ਪੜ੍ਹਾਈਆ । ਮੈਂ ਤੇਰੀ ਕਿਰਪਾ ਨਾਲ ਲਿਆ ਜਨਮ, ਆਪਣਾ ਜਨਮ ਸਮਝ ਸਕਾਂ ਨਾ ਰਾਈਆ । ਕਿਉਂ ਭਰਮ ਭੁਲੇਖਾ ਪਾਵੇਂ ਭਰਮ, ਭਰਮੀਆਂ ਗੜ੍ਹ ਤੁੜਾਈਆ । ਜੋ ਆ ਜਾਏ ਤੇਰੀ ਸਰਨ, ਸਰਨਗਤ ਇਕ ਰਖਾਈਆ । ਤੂੰ ਮਾਲਕ ਤਰਨੀ ਤਰਨ, ਤਾਰਨਹਾਰ ਤੇਰੀ ਵਡਿਆਈਆ । ਤੂੰ ਸਭ ਦਾ ਪੱਲੂ ਫੜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਕਹੇ ਭਗਵਾਨ, ਆਪਣੀ ਦਇਆ ਕਮਾਈਆ । ਸਚ ਤੇਰਾ ਫ਼ਰਮਾਨ, ਫੁਰਨੇ ਬੰਦ ਵਖਾਈਆ । ਮੈਂ ਵੇਖਣ ਵਾਲਾ ਤੁਰਦਾ ਫਿਰਦਾ ਇਨਸਾਨ, ਇਨਸਾਨਾਂ ਵਿਚੋਂ ਚੋਲਾ ਤਤ ਤੱਤ ਹੰਢਾਈਆ । ਭਗਤਾਂ ਵਲੋਂ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਭਾਗ ਹਿੱਸਾ ਸਭ ਦੀ ਝੋਲੀ ਪਾਈਆ । ਜਿਨ੍ਹਾਂ ਬਖ਼ਸ਼ਿਆਂ ਸਿਦਕ ਈਮਾਨ, ਸਬਰ ਸਬੂਰੀ ਦਿਤੀ ਸਮਝਾਈਆ । ਵਸਤ ਅਮੋਲਕ ਪਾ ਕੇ ਦਾਨ, ਸੁੱਕੇ ਕਾਸ਼ਟ ਹਰੇ ਕਰਾਈਆ । ਜਗਤ ਜਹਾਨ ਰੱਖ ਕੇ ਨਾਮ, ਨਾਤਾ ਸ੍ਰਿਸ਼ਟੀ ਨਾਲ ਬੰਧਾਈਆ । ਦੇ ਕੇ ਇਕੋ ਧੁਰ ਫ਼ਰਮਾਨ, ਧੁਰ ਲੇਖਾ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਬ੍ਰਹਮਾ ਕਹੇ ਤੇਰੀ ਮਿਹਰਵਾਨੀ, ਸ਼ੁਕਰੀਆ ਕਹਿ ਕਹਿ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਖੇਲ ਨੂਰਾਨੀ, ਨਿਰਵੈਰ ਨਿਰੰਕਾਰ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਭ ਨੂੰ ਹੋਏ ਪਰੇਸ਼ਾਨੀ, ਬਿਨ ਤੇਰੇ ਸਿਦਕ ਭਰੋਸਾ ਸਚ ਨਾ

ਕੋਇ ਰਖਾਈਆ । ਮੁੱਲਾ ਸ਼ੇਖ਼ ਮਸਾਇਕ ਗਲ ਮਣਕਿਆਂ ਵਾਲੀ ਪਾਉਂਦੇ ਗਾਨੀ, ਗਹਿਰ ਗੰਭੀਰ ਤੇਰਾ ਨਾਮ ਨਿਧਾਨਾ ਸਮਝ ਕੋਇ ਨਾ ਆਈਆ । ਪੰਡਤ ਪਾਂਧੇ ਜਲ ਧਾਰਾ ਨਹਾਉਂਦੇ ਠੰਡੇ ਪਾਣੀ, ਅੰਮ੍ਰਿਤ ਵੇਲੇ ਉਠ ਉਠ ਧਾਈਆ । ਤੇਰੇ ਪ੍ਰੇਮ ਪਿਆਰ ਦੀ ਅਗੰਮ ਅਥਾਹ ਪੜ੍ਹੇ ਕੋਇ ਨਾ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਚਲਾਈਆ । ਜਗਤ ਅਵਧੂਤ ਖੇਡਣ ਵਿਚ ਮਸਾਣੀ, ਤਨ ਮਾਟੀ ਖ਼ਾਕੀ ਭਸਮੀ ਭਸਮ ਰਮਾਈਆ । ਆਤਮ ਪਰਮਾਤਮ ਤੇਰਾ ਬਣੇ ਨਾ ਕੋਇ ਬ੍ਰਹਮ ਗਿਆਨੀ, ਜਗਤ ਵਿਦਿਆ ਚੌਂਦਾਂ ਹੱਟ ਵਣਜਾਰਾ ਬਣ ਖੜੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਹੱਥ ਪ੍ਰਭੂ ਵਡਿਆਈਆ । ਪਾਰਬ੍ਰਹਮ ਪ੍ਰਭ ਦੱਸੇ ਆਪਣੀ ਹਸਤੀ, ਹਾਸਲ ਜ਼ਰਬ ਨਾ ਕੋਇ ਵਖਾਈਆ । ਮਾਲਕ ਅਰਸ਼ੀ ਫ਼ਰਸ਼ੀ, ਦੋ ਤਰਫ਼ੀ ਧਾਰ ਚਲਾਈਆ । ਜਿਉਂ ਭਾਵੇ ਤਿਉਂ ਕਰੇ ਮਰਜ਼ੀ, ਮਜ਼ਲੂਮ ਮੁਫ਼ਲਿਸ ਵੇਖੇ ਜਗਤ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਜੁਗ ਚੌਕੜੀ ਪਾਉਂਦੇ ਗਏ ਅਰਜ਼ੀ, ਕਾਗ਼ਜ਼ ਕਲਮ ਨਾਲ ਰਲਾ ਕੇ ਸ਼ਾਹੀਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ੍ਰੀ ਪਤ ਵੇਖਣਹਾਰਾ ਧਾਮ ਅਗੰਮ ਦੀ, ਬੇਪਰਵਾਹ ਵੱਡੀ ਵਡਿਆਈਆ । ਖੇਲ ਅਨੋਖੀ ਵੱਖਰੀ ਸ੍ਰੀ ਭਗਵਨ ਦੀ, ਰਸਨਾ ਜਿਹਵਾ ਬੱਤੀ ਦੰਦ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਕੇ ਪਰਮ, ਪੁਰਖ ਪਰਮਾਤਮ ਵੇਖ ਵਖਾਈਆ । ਆਦਿ ਜੁਗਾਦਿ ਕੱਢਣਹਾਰਾ ਭਰਮ, ਭਰਮੀਆਂ ਭਰਮ ਮਿਟਾਈਆ । ਕਰਤਾ ਪੁਰਖ ਕਰਨੀ ਕਰਨ, ਕੁਦਰਤ ਕਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਝੋਲੀ ਪਾਈਆ ।

੯੯੨ ੧੭

ਬ੍ਰਹਮਾ ਕਹੇ ਤੂੰ ਦੇਵਣਹਾਰਾ, ਹੱਥ ਤੇਰੇ ਵਡਿਆਈਆ । ਤੇਰਾ ਖੇਲ ਜਗਤ ਨਿਆਰਾ, ਨਿਰੰਕਾਰ ਤੇਰੀ ਸਰਨਾਈਆ । ਭਗਤਾਂ ਦੇਵੇ ਸਚ ਸਹਾਰਾ, ਮਿਹਰ ਨਜ਼ਰ ਉਠਾਈਆ । ਨਈਆ ਡੋਲੇ ਅੰਤ ਕਿਨਾਰਾ, ਵੰਝ ਮੁਹਾਣਾ ਦੇ ਲਗਾਈਆ । ਸਾਚੀ ਵਸਤ ਅਮੋਲਕ ਦੇ ਕੇ ਥਾਰਾ, ਥਿਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਬ੍ਰਹਮਾ ਕਹੇ ਪ੍ਰਭ ਕਰ ਕਿਰਪਾ, ਹੱਥ ਤੇਰੇ ਵਡਿਆਈਆ । ਦੁਖੀਆਂ ਦੀ ਦੁੱਖ ਵਾਲੀ ਕਟ ਬਿਪਤਾ, ਰੋਗੀਆਂ ਰੋਗ ਚੁਕਾਈਆ । ਮਾਨਸ ਜਨਮ ਬੀਤੇ ਸੁਖ ਦਾ, ਇਕੋ ਤੇਰਾ ਨਾਮ ਧਿਆਈਆ । ਲੱਖ ਚੁਰਾਸੀ ਵਿਚੋਂ ਬਾਣਾ ਮਿਲਿਆ ਮਨੁੱਖ ਦਾ, ਮਨੁੱਸ਼ ਹੋ ਕੇ ਤੇਰੀ ਸੇਵ ਕਮਾਈਆ । ਲੇਖ ਮੁਕਾ ਦੇ ਖ਼ਾਲੀ ਕੁੱਖ ਦਾ, ਨਾਤਾ ਪੁੱਤਰਾਂ ਨਾਲ ਜੁੜਾਈਆ । ਤੇਰਾ ਭੰਡਾਰਾ ਪ੍ਰਭੂ ਕਦੇ ਨਾ ਮੁੱਕਦਾ, ਦੇਂਦਿਆਂ ਤੋਟ ਰਹੇ ਨਾ ਰਾਈਆ । ਜੁਗ ਚੌਕੜੀ ਵਿਸ਼ਨ ਬ੍ਰਹਮਾ ਸ਼ਿਵ ਰਲ ਕੇ ਰਿਹਾ ਲੁੱਟਦਾ, ਅੰਦਰ ਵੜ ਵੜ ਬਾਹਰ ਕਢਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੂੰ ਸਾਹਿਬ ਇਕੋ ਵਾਰ ਪੁੱਛਦਾ, ਲੇਖੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਰੱਖੀ ਆਸ ਦਰ ਦਰਵੇਸ਼, ਧਿਆਨੀ ਧਿਆਨ ਲਗਾਈਆ । ਤੂੰ ਆਦਿ ਜੁਗਾਦੀ ਰਹੇਂ ਹਮੇਸ਼, ਹਮ ਸਾਜਣ ਬੇਪਰਵਾਹੀਆ । ਨਮੋ ਨਮੋ ਕਰੀਏ ਆਦੇਸ, ਸੱਜਦਾ ਸੀਸ ਝੁਕਾਈਆ । ਤੇਰੀ ਕਿਰਪਾ ਸਦ ਵਸੀਏ ਤੇਰੇ ਚਰਨਾਂ ਹੇਠ, ਦੇਸ ਸੁਹੰਜਣੇ ਸੋਭਾ ਪਾਈਆ । ਤੇਰੀ ਮਿਹਰ ਤੇਰਾ ਦਰਸ਼ਨ ਲਈਏ ਪੇਖ, ਨੇਤਰ ਨੈਣ ਨੈਣ ਰੁਸ਼ਨਾਈਆ । ਤੂੰ ਸਵਾਮੀ ਕਰਨਹਾਰਾ ਹੇਤ, ਜਨ ਭਗਤਾਂ ਜੋੜ ਜੁੜਾਈਆ । ਲੱਖ ਚੁਰਾਸੀ

ਜੁਗ ਚੌਕੜੀ ਹੁੰਦੀ ਆਈ ਖੇਤ, ਥਿਰ ਨਜ਼ਰ ਕੋਇ ਨਾ ਆਈਆ । ਜਨਮ ਮਰਨ ਤੇਰੀ ਖੇਡ, ਘੜਨ ਭੰਨਣਹਾਰ ਤੇਰਾ ਅੰਤ ਕੋਇ ਨਾ ਪਾਈਆ । ਇਕ ਆਪਣੀ ਕਿਰਪਾ ਨਾਲ ਇਕ ਦੁਲਾਰਾ ਆਪਣਾ ਭੇਜ, ਵਣਜਾਰਾ ਜਗਤ ਲੋਕਾਈਆ । ਸੁਹੰਜਣੀ ਹੋਵੇ ਸੇਜ, ਸੋਭਾਵੰਤ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖਾ ਲੇਖੇ ਵਿਚੋਂ ਲਿਖਾਈਆ ।

## ੧੧ ਮੱਘਰ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਿਹਿ ਬਸਤੀ ਖਲੀਲ

ਬ੍ਰਹਮਾ ਕਹੇ ਮੈਂ ਵਰਕਾ ਦਿਤਾ ਉਲਟ, ਪ੍ਰਭੂ ਤੇਰੇ ਹੁਕਮੇ ਕਾਰ ਕਮਾਈਆ । ਵਿਚੋਂ ਮਿਲਿਆ ਅਮੋਲਕ ਤੇਰਾ ਲਿਖਿਆ ਹੋਇਆ ਦਰੁਸਤ, ਜਿਸ ਦਾ ਭੇਵ ਕੋਇ ਨਾ ਪਾਈਆ । ਚਾਰ ਮੁਖ ਕਰ ਨਾ ਸਕਣ ਉਸਤਤ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਗਹਿਰ ਗੰਭੀਰ ਦਾਤਾ ਧੁਰ ਦਾ ਮੁਰਸ਼ਦ, ਮੈਂ ਮੁਰੀਦ ਤੇਰਾ ਗੁਸਾਈਆਂ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮਿਲੀ ਤੈਨੂੰ ਫ਼ੁਰਸਤ, ਲੇਖਾ ਵੇਖਿਆ ਬੇਪਰਵਾਹੀਆ । ਗੁਰ ਅਵਤਾਰ ਤੇਰੀ ਕਰਦੇ ਗਏ ਉਲਫ਼ਤ, ਪੀਰ ਪੈਗੰਬਰ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਵਰਕੇ ਅੰਦਰ ਲਿਖਿਆ ਵਕਤ, ਵੇਲਾ ਰਿਹਾ ਦ੍ਰਿੜਾਈਆ । ਜਿਸ ਦਾ ਫ਼ਿਕਰਾ ਇਕੋ ਫ਼ਕਤ, ਫ਼ੈਸਲਾ ਹਕ ਸੁਣਾਈਆ । ਜੁਗ ਚੌਕੜੀ ਕਲਜੁਗ ਆਵੇ ਅੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਕਿਰਪਾ ਕਰ ਸ੍ਰੀ ਭਗਵੰਤ, ਭਗਵਨ ਆਪਣੀ ਖੇਲ ਰਚਾਈਆ । ਲਹਿਣਾ ਦੇਣਾ ਵੇਖ ਲੱਖ ਚੁਰਾਸੀ ਜੀਵ ਜੰਤ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਲੇਖਾ ਜਾਣ ਬ੍ਰਹਮੇ ਪੰਡਤ, ਪੜਦਾ ਓਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪਣੇ ਵਿਚ ਛੁਪਾਈਆ । ਬ੍ਰਹਮਾ ਕਹੇ ਵਰਕਾ ਲਿਖਿਆ ਬਿਨ ਅੱਖਰ, ਤੇਰੀ ਕਿਰਪਾ ਨਾਲ ਨਜ਼ਰੀ ਆਈਆ । ਜਿਸ ਦੀ ਲਿਖਤਾਂ ਵਾਲੀ ਨਾ ਕੋਈ ਸਤਰ, ਛੰਦ ਬੰਦ ਨਾ ਕੋਇ ਵਡਿਆਈਆ । ਸੰਦੇਸ਼ਿਆਂ ਵਾਲਾ ਨਾ ਕੋਈ ਪੱਤਰ, ਸੁਨੇਹੜਾ ਰਾਗ ਨਾ ਕੋਇ ਸੁਣਾਈਆ । ਯਾਰਾਂ ਵਾਲਾ ਨਾ ਕੋਈ ਸੱਥਰ, ਸੇਜਾਂ ਵਾਲੀ ਸੇਜ ਨਾ ਕੋਇ ਸੁਹਾਈਆ । ਜ਼ੀਰੋ ਸਿਫ਼ਰਾ ਨਾ ਕੋਈ ਕਸਰ, ਇਸ਼ਾਰੀਆ ਅੰਕ ਨਾ ਕੋਇ ਬਣਾਈਆ । ਵਜੂਦ ਤਤ ਨਾ ਕੋਇ ਵਸਲ, ਅਸਲ ਭੇਵ ਇਕ ਦਰਸਾਈਆ । ਲੱਖ ਚੁਰਾਸੀ ਨਾ ਕੋਈ ਨਸਲ, ਵੰਡਣ ਵੰਡ ਨਾ ਕੋਇ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਤੇਰਾ ਲੇਖਾ ਹਮ ਵਤਨ, ਦੂਜਾ ਹੁਕਮ ਨਾ ਕੋਇ ਸੁਣਾਈਆ । ਲੇਖਾ ਕੋਈ ਲੇਖ ਨਾ ਸਕੇ ਲਿਖਣ, ਕਾਤਬ ਚਲੇ ਨਾ ਕੋਇ ਚਤੁਰਾਈਆ । ਮੈਂ ਆਇਆ ਹਿਸਾਬ ਦੱਸਣ, ਦਰ ਬਰਦਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਦ੍ਰਿੜਾਈਆ । ਬ੍ਰਹਮਾ ਕਹੇ ਪਤਰੇ ਉਤੋਂ ਮਿਲਿਆ ਹਿਸਾਬ, ਪੁਸਤਕ ਇਕੋ ਦਿਆਂ ਜਣਾਈਆ । ਨਿਉਂ ਕੇ ਸੱਯਦਾ ਕਰਾਂ ਆਦਾਬ, ਨਮੋ ਨਮੋ ਸੀਸ ਨਿਵਾਈਆ । ਸਿਫ਼ਤ ਕਰ ਤੇਰੀ ਮਹਾਰਾਜ, ਮਹਿੰਮਾ ਅਕਥ ਅਕਥ ਵਡਿਆਈਆ । ਚਰਨ ਕਵਲ ਹੋ ਕੇ ਦਾਸੀ ਦਾਸ, ਬਰਦਾ ਦਰ ਦਾ ਨਜ਼ਰੀ ਆਈਆ । ਖੋਲ੍ਹ ਕੇ ਦੱਸਾਂ ਆਪਣੀ ਉਹ ਲੁਗਾਤ, ਜਿਸ ਵਿਚ ਅਲਫ਼ ਯੇ ਨਜ਼ਰ ਕੋਇ ਨਾ ਆਈਆ । ਬਿਨ ਹਰਫ਼ਾਂ ਵਾਲੀ ਕਿਤਾਬ, ਬਿਨ ਨਾਦਾਂ ਸ਼ਬਦਾਂ ਕਲਮਿਆਂ ਦਿਤੀ ਲਿਖਾਈਆ ।

੯੯੪ ੧੭

ਜਿਸ ਦੇ ਅੰਦਰ ਇਸ਼ਾਰਾ ਆਦਿ ਜੁਗਾਦਿ, ਰਮਜ਼ਾਂ ਨਾਲ ਸਮਝਾਈਆ । ਜਿਸ ਵਿਚ ਜੁਗ ਜੁਗ ਲਹਿਣਾ ਦੇਣਾ ਹੋਵੇ ਬੇਬਾਕ, ਲੇਖਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਅੰਤਰ ਦੇਣਾ ਜਣਾਈਆ । ਬ੍ਰਹਮਾ ਕਹੇ ਮੈਂ ਪੜ੍ਹਿਆ ਬਿਨ ਅੱਖਰ, ਤੇਰੀ ਰਮਜ਼ ਨਜ਼ਰੀ ਆਈਆ । ਬਿਨ ਅੱਖਾਂ ਵੇਖੀ ਸਤਰ, ਜੋ ਸਤਿ ਸਤਿ ਸਮਝਾਈਆ । ਪਰਮ ਪੁਰਖ ਜਿਸ ਜਣਾਇਆ ਧੁਰ ਦਾ ਮਿਤਰ, ਮੀਤ ਇਕੋ ਇਕ ਅਖਵਾਈਆ । ਨਿਰਗੁਣ ਧਾਰੋਂ ਆਵੇ ਨਿਕਲ, ਜਗਤ ਜਨਮੇਂ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਰ ਕਹੇ ਵਰਕਾ ਤੀਜਾ ਖੋਲ੍ਹ, ਹੌਲੀ ਜਿਹੀ ਜਣਾਈਆ । ਮੈਂ ਚੁੱਕ ਕੇ ਵੇਖਿਆ ਅਡੋਲ, ਤੇਰਾ ਧਿਆਨ ਲਗਾਈਆ । ਅੱਗੋ ਸੁਣਿਆ ਅਗੰਮੀ ਬੋਲ, ਬਿਨ ਰਸਨਾ ਜਿਹਵਾ ਗਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਜੁਗ ਚੌਕੜੀ ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਗਟ ਹੋਵੇ ਉਪਰ ਧੌਲ, ਜੋਤੀ ਜਾਮਾ ਵੇਸ ਵਟਾਈਆ । ਜੋਤੀ ਸ਼ਬਦੀ ਜਾਏ ਮੌਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਾਚੇ ਕੰਡੇ ਤੋਲੇ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਕੋਈ ਸਮਝ ਨਾ ਸਕੇ ਪੰਡਤ ਪਾਂਧਾ ਰੌਲ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੀਜਾ ਵਰਕਾ ਕਹੇ ਮੇਰੀ ਸਤਰ ਤੀਜੀ, ਤਿੰਨਾਂ ਲੋਕਾਂ ਬਾਹਰ ਨਜ਼ਰੀ ਆਈਆ । ਜਿਸ ਦੀ ਸਮਝ ਕਿਸੇ ਨਾ ਕੀਤੀ, ਵਿਦਿਆ ਵਿਚ ਨਾ ਕੋਇ ਪੜ੍ਹਾਈਆ । ਜਿਸ ਦੇ ਅੰਦਰ ਪਾਰਬ੍ਰਹਮ ਦੀ ਇਕੋ ਰੀਤੀ, ਗੁਰ ਗੁਰ ਧਾਰ ਨਾ ਕੋਇ ਵਖਾਈਆ । ਜਿਸ ਦੀ ਖੇਲ ਸਦਾ ਅਨਡਿਠੀ, ਜਗ ਨੇਤਰ ਨਜ਼ਰ ਨਾ ਆਈਆ । ਜੋ ਕਰੇ ਸਚ ਹਦੀਸੀ, ਧੁਰ ਦਾ ਨਾਮ ਪੜ੍ਹਾਈਆ । ਜੋ ਬਖ਼ਸ਼ੇ ਸਚ ਪ੍ਰੀਤੀ, ਪੀਆ ਪ੍ਰੀਤਮ ਮੇਲ ਮਿਲਾਈਆ । ਜੋ ਜਣਾਏ ਧੁਰ ਦੀ ਨੀਤੀ, ਰੀਤੀ ਇਕ ਸਮਝਾਈਆ । ਜਿਸ ਦੇ ਵਿਚ ਮਿਹਰ ਮੁਹੱਬਤ ਸਚ ਬਖ਼ਸ਼ੀਸ਼ੀ, ਬਖ਼ਸ਼ਿਸ਼ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਰਿਹਾ ਵਖਾਈਆ । ਤੀਜੀ ਸਤਰ ਕਹੇ ਬ੍ਰਹਮੇ ਮੇਰਾ ਵੇਖ ਕਿਨਾਰਾ, ਆਪਣੀ ਅੱਖ ਖੁਲ੍ਹਾਈਆ । ਜਿਥੇ ਲਿਖਿਆ ਇਕੋ ਏਕੰਕਾਰਾ, ਓਮ ਆਕਾਰ ਵਿਚ ਵੇਖੀ ਸਰਬ ਲੋਕਾਈਆ । ਜਿਥੇ ਭਰਿਆ ਅਤੁਟ ਭੰਡਾਰਾ, ਬੇਅੰਤ ਰਿਹਾ ਵਰਤਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਸੱਚਾ ਸਿਕਦਾਰਾ, ਹੁਕਮੀ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਿਨਾਰੇ ਅੱਗੇ ਵੇਖ ਨੁਕਤਾ, ਕੋਨਾ ਕੋਨਾ ਰਿਹਾ ਜਣਾਈਆ । ਜਿਸ ਦਾ ਖੇਲ ਕਦੇ ਨਾ ਮੁੱਕਦਾ, ਉਹ ਕਰਤਾ ਵੇਸ ਵਟਾਈਆ । ਜਿਸ ਦਾ ਭਗਤ ਜਨ ਬੂਟਾ ਕਦੇ ਨਾ ਸੁੱਕਦਾ, ਦੋ ਜਹਾਨਾਂ ਆਦਿ ਜੁਗਾਦਿ ਸਦਾ ਲਹਿਰਾਈਆ । ਜੋ ਬ੍ਰਹਮੇ ਤੇਰੇ ਕੋਲੋਂ ਬੈਠਾ ਪੁੱਛਦਾ, ਬੇਪਰਵਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੁਕਤੇ ਅੱਗੇ ਵੇਖ ਸਿਫ਼ਰ, ਇਕੋ ਰੰਗ ਵਖਾਈਆ । ਬ੍ਰਹਮੇ ਕਰਨਾ ਪਵੇ ਫ਼ਿਕਰ, ਫ਼ਿਕਰਾ ਤੈਨੂੰ ਰਿਹਾ ਸਮਝਾਈਆ । ਸ੍ਰੀ ਭਗਵਾਨ ਕਿਸੇ ਨਾ ਜਾਵੇ ਵਿਸਰ, ਭੁੱਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਤੀਜੀ ਸਤਰ ਕਹੇ ਵੇਖ ਚੌਥੀ, ਚੌਥੇ ਜੁਗ ਮਿਲੇ ਵਡਿਆਈਆ । ਜਿਸ ਦੀ ਮੰਜ਼ਲ ਸਭ ਤੋਂ ਸੌਖੀ, ਬਿਨ

ਪੌੜੀ ਡੰਡੇ ਪਾਰ ਕਰਾਈਆ । ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਹੋਰ ਨਾ ਹੱਥ ਫੜਾਈਆ । ਪੈਂਡਾ ਚੁਕੇ ਲੋਕ ਪਰਲੋਕੀ, ਦੋ ਜਹਾਨਾਂ ਪੰਧ ਮੁਕਾਈਆ । ਸਾਚਾ ਮੇਲ ਨਿਰਗੁਣ ਜੋਤੀ, ਜੋਤੀ ਜੋਤ ਜੋਤ ਸਮਾਈਆ । ਮੰਜ਼ਲ ਚੜ੍ਹਨੀ ਪਏ ਇਕੋ ਚੋਟੀ, ਅਧਵਿਚਕਾਰ ਨਾ ਕੋਇ ਅਟਕਾਈਆ । ਸ੍ਰੀ ਭਗਵਾਨ ਜਨ ਭਗਤਾਂ ਬਣੇ ਗੋਤੀ, ਨਾਤਾ ਆਪਣੇ ਨਾਲ ਰਖਾਈਆ । ਓਸ ਕਿਤਾਬ ਦੀ ਗੰਢ ਪਾਈ ਪੁਰਖ ਅਕਾਲ ਆਪ ਬਣਕੇ ਮੋਚੀ, ਤਾਗਾ ਆਪਣਾ ਨਾਮ ਅੰਦਰ ਬਾਹਰ ਦਿਤਾ ਲੰਘਾਈਆ । ਬ੍ਰਹਮੇ ਮਾਰ ਕੇ ਇਕ ਸੋਟੀ, ਸ਼ਬਦ ਇਸ਼ਾਰੇ ਨਾਲ ਹਿਲਾਈਆ । ਬ੍ਰਹਮੇ ਇਕੋ ਖ਼ਾਹਿਸ਼ ਅੰਦਰ ਸੋਚੀ, ਸਚ ਕਵਲ ਚਰਨ ਧਿਆਨ ਰਖਾਈਆ । ਮੈਂ ਮਾਰਿਆ ਗਿਆ ਬੇਦੋਸ਼ੀ, ਦੋਸ਼ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਫੜ ਕੇ ਹਲਾਇਆ ਉਤੋਂ ਠੋਡੀ, ਚਾਰੇ ਮੁਖ ਦਿਤੇ ਭੁਆਈਆ । ਤੈਨੂੰ ਦੇਵਾਂ ਅਗਲੀ ਪਿਛਲੀ ਸੋਝੀ, ਧੁਰ ਦਾ ਹੁਕਮ ਇਕ ਸੁਣਾਈਆ । ਮੈਂ ਠਾਕਰ ਤੇਰਾ ਮੌਜੀ, ਮੌਜੂਦਾ ਹੋ ਕੇ ਕਰਾਂ ਪੜ੍ਹਾਈਆ । ਤੂੰ ਕਦੇ ਨਾ ਬਣਨਾ ਲੋਭੀ, ਮਮਤਾ ਵਿਚ ਨਾ ਕਦੇ ਲਲਚਾਈਆ । ਬ੍ਰਹਮੇ ਕਿਹਾ ਮੈਂ ਤੇਰੇ ਦਰ ਸੀਸ ਨਿਵਾਕੇ ਸੁਣਾਂ ਇਕ ਸਲੋਕੀ, ਸੋਹਲਾ ਆਪਣਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਚੌਥੀ ਸਤਰ ਕਹੇ ਚੌਥੇ ਅੱਖਰ ਉਤੇ ਲਿਖਿਆ ਸੱਚਾ ਯਾਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜਿਸ ਦਾ ਖੇਲ ਅਗੰਮ ਅਪਾਰ, ਅਪਰੰਪਰ ਧਾਰ ਦਏ ਚਲਾਈਆ । ਆਦਿ ਜੁਗਾਦੀ ਹੋ ਉਜਿਆਰ, ਜੁਗ ਚੌਕੜੀ ਖੇਲ ਵਖਾਈਆ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਾ ਅਖਾੜ, ਗੋਪੀ ਕਾਹਨ ਨਾਚ ਨਚਾਈਆ । ਜੋਧਾ ਸੂਰਬੀਰ ਬਣ ਬਲਕਾਰ, ਖੰਡਾ ਖੜਗ ਨਾਮ ਚਮਕਾਈਆ । ਧਨੁਸ਼ ਬਾਣ ਚਿੱਲਾ ਲੈ ਕਮਾਨ, ਜ਼ਿਮੀ ਆਸਮਾਨ ਦਏ ਹਿਲਾਈਆ । ਕਲਮਿਆਂ ਵਾਲੀ ਬੋਲ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਮੰਤਰਾਂ ਵਾਲਾ ਸਤਿਨਾਮ, ਸਤਿ ਸਤਿਵਾਦੀ ਦਏ ਸਮਝਾਈਆ । ਫ਼ਤਹਿ ਵਾਲਾ ਡੰਕਾ ਦੋ ਜਹਾਨ, ਨਿਰਗੁਣ ਸਰਗੁਣ ਦਏ ਸੁਣਾਈਆ । ਜੋਬਨਵੰਤਾ ਨੌਜਵਾਨ, ਛੈਲ ਛਬੀਲਾ ਇਕ ਅਖਵਾਈਆ । ਸ਼ਾਹੋ ਭੂਪ ਬਣ ਸੁਲਤਾਨ, ਰਾਜਨ ਰਾਜ ਵੱਡੀ ਵਡਿਆਈਆ । ਚੌਦਾਂ ਲੋਕ ਖੋਲ੍ਹ ਦੁਕਾਨ, ਚੌਦਾਂ ਤਬਕ ਵੇਖ ਵਖਾਈਆ । ਚਾਰੇ ਖਾਣੀ ਦੇਵਣਹਾਰ ਗਿਆਨ, ਚਾਰੇ ਵੇਦਾਂ ਸਿਫ਼ਤ ਸਾਲਾਹੀਆ । ਅੱਠ ਦਸ ਕਰ ਪਰਧਾਨ, ਤਤਵ ਤਤ ਰੰਗ ਰੰਗਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਬ੍ਰਹਮੇ ਨੇਤਰ ਖੋਲ੍ਹ ਮਾਰ ਧਿਆਨ, ਚੌਥੀ ਸਤਰ ਕੀ ਰਹੀ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵਾਨ, ਹਰ ਘਟ ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਮੋਚੀ ਵਾਲਾ ਰੂਪ ਧਾਰਕੇ ਬਣੇ ਆਪ ਚਮਿਆਰ, ਚਮਰੇਟਾ ਹੋ ਕੇ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚੌਥੀ ਸਤਰ ਕਹੇ ਮੇਰਾ ਵੇਖੋ ਅੱਗਾ, ਇਕੋ ਵਾਰ ਰਹੀ ਜਣਾਈਆ । ਮੇਰਾ ਮਾਲਕ ਸ਼ਾਹ ਪਾਤਸ਼ਾਹ ਸੂਰਾ ਸਰਬਗਾ, ਜੋ ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਜਿਸ ਦੇ ਹੁਕਮੇਂ ਅੰਦਰ ਆਦਿ ਜੁਗਾਦਿ ਬੱਧਾ, ਦੋ ਜਹਾਨ ਸੀਸ ਨਿਵਾਈਆ । ਜਿਸ ਦਾ ਹਿਸਾਬ ਕਿਸੇ ਨਾ ਕੱਢਾ, ਅੰਕੜੇ ਸਕੇ ਨਾ ਕੋਇ ਸਮਝਾਈਆ । ਜਿਸ ਦਾ ਰੂਪ ਬਾਲ ਜਵਾਨ ਨਾ ਕਦੇ ਨੱਢਾ, ਬਿਰਧ ਵੇਸ ਨਾ ਕੋਇ ਵਟਾਈਆ । ਆਦਿ ਅੰਤ ਰਹੇ ਸਦਾ, ਸਦਕੇ ਵਾਰੀ ਘੋਲੀ ਘੋਲ ਘਮਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬਹਿ

ਕੇ ਸਜਾ, ਸਤਿ ਸਤਿਵਾਦੀ ਡੇਰਾ ਲਾਈਆ । ਬ੍ਰਹਮਵੇਤਾ ਹੁਕਮੇ ਅੰਦਰ ਫਿਰੇ ਭੱਜਾ, ਬਣ ਕੇ ਪਾਂਧੀ ਰਾਹੀਆ । ਚੌਥੀ ਸਤਰ ਕਹੇ ਮੇਰੇ ਪ੍ਰੇਮ ਅੰਦਰ ਵੱਜੇ ਮਰਦੰਗਾ, ਮਰਦ ਮਰਦਾਨੇ ਆਪ ਵਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਅਬਿਨਾਸ਼ੀ ਕਰਤਾ ਸ਼ਬਦੀ ਧਾਰ ਹੋਏ ਨੰਗਾ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਚੌਥੀ ਸਤਰ ਕਹੇ ਮੈਂ ਗਈ ਮੁਕ, ਆਪਣਾ ਪੰਧ ਮੁਕਾਈਆ । ਪੰਜਵੀਂ ਸਤਰ ਕਹੇ ਬਹ੍ਮੇ ਮੇਰੇ ਵੱਲ ਕਰ ਮੁਖ, ਪਹਿਲਾ ਅੱਖਰ ਦਿਆਂ ਸਮਝਾਈਆ । ਜਿਸ ਦੀ ਜੁਗ ਚੌਕੜੀ ਤੁਕ ਨਾ ਜਾਏ ਮੁਕ, ਗਾਵਣਹਾਰੇ ਗਾ ਗਾ ਆਪਣਾ ਸ਼ੁਕਰ ਮਨਾਈਆ । ਓਸਦਾ ਲੇਖ ਜਨ ਭਗਤਾਂ ਪ੍ਰਭ ਸਦਾ ਮੰਗੇ ਸੁਖ, ਸੁਖ ਸਾਗਰ ਰੂਪ ਵਖਾਈਆ । ਮਿਹਰ ਨਜ਼ਰ ਕਰਕੇ ਮੇਟੇ ਦੁੱਖ, ਜਨਮ ਮਰਨ ਦਾ ਵੱਡਾ ਦੁੱਖ ਰਹਿਣ ਨਾ ਪਾਈਆ । ਸਫਲ ਕਰਾਕੇ ਜਨਨੀ ਕੁੱਖ, ਕੂਕਰ ਸੂਕਰ ਪਾਰ ਕਰਾਈਆ । ਪੰਜਵੀਂ ਸਤਰ ਕਹੇ ਜੇ ਕੋਈ ਮੈਨੂੰ ਲਏ ਪੁੱਛ, ਮੈਂ ਸਚ ਸਚ ਦਿਆਂ ਸਮਝਾਈਆ । ਲੱਖ ਚੁਰਾਸੀ ਓਸੇ ਦੀ ਇਕੋ ਓਟ, ਜਿਹੜਾ ਓੜਕ ਇਕੋ ਨਜ਼ਰੀ ਆਈਆ । ਜਿਸ ਦੀ ਕੋਟਨ ਕੋਟ ਬ੍ਰਹਮੇ ਸੋਚ ਨਾ ਸਕਣ ਸੋਚ, ਸਮਝ ਨਾਲ ਨਾ ਕੋਇ ਸਮਝਾਈਆ । ਇਹ ਉਸੇ ਦਾ ਓਤ ਪੋਤ, ਪਿਤਾ ਪੂਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਜਵੀਂ ਸਤਰ ਕਹੇ ਮੈਨੂੰ ਵੇਖੋ ਵਿਚ ਅੱਧ, ਆਪਣਾ ਹਿੱਸਾ ਰਹੀ ਵੰਡਾਈਆ । ਓਥੇ ਇਕ ਜੈਕਾਰਾ ਬੋਲਾਂ ਗੱਜ, ਤੂੰ ਹੀ ਤੂੰ ਰਾਗ ਅਲਾਈਆ । ਅਬਿਨਾਸ਼ੀ ਕਰਤਾ ਆਵੇ ਭੱਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੱਗੇ ਹੌਲੀ ਜੇਹੀ ਦੇਵੇ ਦੱਸ, ਇਸ਼ਾਰੇ ਨਾਲ ਸਮਝਾਈਆ । ਪੰਜਵੀਂ ਸਤਰ ਅੱਧ ਨਾਲੋਂ ਅੱਗੇ ਵਧ, ਵਾਧਾ ਤੇਰੇ ਹੱਥ ਫੜਾਈਆ । ਜਿਸ ਵੇਲੇ ਮੈਂ ਆਵਾਂ ਓਸੇ ਵੇਲੇ ਪਰਗਟ ਹੋਵੇ ਭਗਤਾਂ ਯੱਦ, ਬਿਨ ਭਗਵਾਨ ਭਗਤ ਨਾ ਕੋਇ ਬਣਾਈਆ । ਓਥੇ ਬ੍ਰਹਮਾ ਜੋੜ ਕੇ ਦੋਵੇਂ ਹੱਥ, ਕਰ ਬੰਦਨਾ ਸੀਸ ਨਿਵਾਈਆ । ਜੋ ਕੁਛ ਪ੍ਰਭ ਤੇਰੇ ਵਸ, ਹਉਂ ਸੇਵਕ ਰੂਪ ਸਖਾਈਆ । ਤੇਰੇ ਚਰਨ ਕਵਲ ਟੇਕਾਂ ਮੱਥ, ਮਸਤਕ ਧੂੜੀ ਖ਼ਾਕ ਰਮਾਈਆ । ਅਬਿਨਾਸ਼ੀ ਕਰਤਾ ਪਿਆ ਹੱਸ, ਇਸ਼ਾਰਿਆਂ ਨਾਲ ਰਿਹਾ ਦ੍ਰਿੜਾਈਆ । ਬ੍ਰਹਮੇ ਖੋਲ੍ਹ ਕੇ ਵੇਖ ਆਪਣੀ ਅਗਲੀ ਅੱਖ, ਅਗਲਾ ਅੱਖਰ ਕੀ ਸਮਝਾਈਆ । ਬ੍ਰਹਮੇ ਭਗਤ ਭਗਵਾਨ ਕਦੇ ਨਾ ਹੋਏ ਵੱਖ, ਵੱਖਰੀ ਧਾਰ ਨਾ ਕੋਇ ਚਲਾਈਆ । ਤੇਰੇ ਚਾਰੇ ਵੇਦ ਇਹਨਾਂ ਦਾ ਗਾਵਣ ਜਸ, ਸਿਫ਼ਤਾਂ ਨਾਲ ਕਰਨ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਛੇਵੀਂ ਸਤਰ ਕਹੇ ਮੇਰੀ ਨਾ ਸਿਹਾਰੀ ਨਾ ਬਿਹਾਰੀ, ਨੁਕਤਾ ਕੰਨਾਂ ਨਜ਼ਰ ਕੋਇ ਨਾ ਆਈਆ । ਮੇਰੀ ਇਕੋ ਸੱਜਣ ਨਾਲ ਯਾਰੀ, ਜੋ ਆਦਿ ਜੁਗਾਦਿ ਵਿਛੜ ਕਦੇ ਨਾ ਜਾਈਆ । ਜਿਸ ਦਾ ਖੇਲ ਅਗੰਮ ਅਥਾਹ ਬੇਅੰਤ ਨਿਆਰੀ, ਨਿਰਵੈਰ ਪੁਰਖ ਅਖਵਾਈਆ । ਜਿਸ ਦੀ ਦੋ ਜਹਾਨ ਸਦਾ ਸਿਕਦਾਰੀ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਛੇਵੀਂ ਸਤਰ ਕਹੇ ਵੇਖ ਮੇਰਾ ਘਰ, ਥਿਰ ਦੇਵਾਂ ਇਕ ਜਣਾਈਆ । ਜਿਥੇ ਸ਼ਬਦੀ ਸੁਤ ਬੈਠਾ ਵੜ, ਆਪਣਾ ਆਸਣ ਲਾਈਆ । ਨਾ ਕੋਈ ਸੀਸ ਨਾ ਧੜ, ਤਤਵ ਤਤ ਨਾ ਕੋਇ ਰਖਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਡਾਲ੍ਹੀ ਪੱਤ ਨਜ਼ਰ ਕੋਇ ਨਾ ਆਈਆ । ਨਾ ਕੋਈ ਵਿਦਿਆ ਰਿਹਾ ਪੜ੍ਹ, ਨਾ ਕੋਈ ਨਾਦਾਂ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਬਣਤ ਰਿਹਾ ਬਣਾਈਆ । ਛੇਵੀਂ ਸਤਰ ਕਹੇ ਮੇਰੀ ਹੋਈ ਅਖ਼ੀਰ, ਅੱਖਰ ਅਗਲਾ ਦਿਆਂ ਸਮਝਾਈਆ । ਸਤਿ ਸਤਿਵਾਦੀ ਬੇਨਜ਼ੀਰ, ਸੱਤਵੀਂ ਧਾਰ ਰਿਹਾ ਚਲਾਈਆ । ਜਿਸ ਦੇ ਹੱਥ ਸਰਬ ਤਦਬੀਰ, ਤਕਦੀਰ ਸਭ ਦੀ ਰਿਹਾ ਬਣਾਈਆ । ਜਿਸ ਦੇ ਅੰਦਰੋਂ ਨਿਕਲਦੇ ਗੁਰ ਅਵਤਾਰ ਪੈਗ਼ੰਬਰ ਪੀਰ, ਵਿਸ਼ਨ ਬ੍ਰਹਮਾ ਸ਼ਿਵ ਸਦਾ ਪਰਗਟਾਈਆ । ਅੱਗੇ ਮਾਰ ਕੇ ਆਪਣੇ ਹੁਕਮ ਦੀ ਇਕ ਲਕੀਰ, ਕਲਮੇ ਕਲਮਾਂ ਵਾਲੇ ਬੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੱਤਵੀਂ ਸਤਰ ਕਹੇ ਮੈਂ ਦੱਸਾਂ ਸਤਿ, ਦੋ ਇਕ ਜਣਾਈਆ । ਬ੍ਰਹਮੇ ਜਿਸ ਤੇਰੇ ਨੂਰ ਕੀਤਾ ਉਤਪਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਨੇ ਆਪਣਾ ਲੇਖ ਲਿਖ ਕੇ ਤੇਰੇ ਫੜਾਇਆ ਹੱਥ, ਭੇਵ ਆਪਣੇ ਵਿਚ ਛੁਪਾਈਆ । ਤੇਰੀ ਖੁਲ੍ਹਾ ਕੇ ਖੱਬੀ ਅੱਖ, ਸੱਜੀ ਪਹਿਲੋਂ ਬੰਦ ਕਰਾਈਆ । ਹੇਠਲੀ ਪੁਤਲੀ ਥਾਣੀ ਚਾਰੇ ਵੇਦ ਦਿਤੇ ਦੱਸ, ਉਤੋਂ ਪਲਕ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਸਤਰਾਂ ਕਹਿਣ ਸਤਿ ਪੁਰਖ ਨਿਰੰਜਣ, ਇਕੋ ਨਜ਼ਰੀ ਆਈਆ । ਜੋ ਬ੍ਰਹਮਾ ਤੈਨੂੰ ਪਾਏ ਨੇਤਰ ਅੰਜਨ, ਅੱਖ ਇਕ ਖੁਲ੍ਹਾਈਆ । ਉਸਦੀ ਚਰਨ ਧੂੜੀ ਕਰ ਮਜਨ, ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤਵੀਂ ਸਤਰ ਕਹੇ ਜਿਸ ਵੇਲੇ ਮੈਂ ਹੋਵਾਂ ਬੰਦ, ਬੰਦਨਾ ਸਭ ਦੀ ਵੇਖ ਵਖਾਈਆ । ਮੇਰੇ ਨੂਰ ਦਾ ਚਮਕੇ ਇਕ ਚੰਦ, ਏਕਾ ਏਕ ਕਰੇ ਰੁਸ਼ਨਾਈਆ । ਮੇਰੇ ਨਾਮ ਦਾ ਇਕੋ ਛੰਦ, ਮੇਰੇ ਵਿਚੋਂ ਢੋਲਾ ਗਾਈਆ । ਮੇਰੇ ਪ੍ਰੇਮ ਦਾ ਇਕੋ ਅਨੰਦ, ਅਨੰਦ ਵਿਚੋਂ ਲਵਾਂ ਪਰਗਟਾਈਆ । ਮੈਂ ਹੋ ਕੇ ਬਿਨ ਕਲਮ ਬੰਦ, ਬੰਦਗੀ ਇਕੋ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਸੱਤ ਸਤਰਾਂ ਕਹਿਣ ਸਾਡੀ ਉਹ ਕਤਾਰ, ਜਿਹੜੀ ਹਰਿ ਜੂ ਆਪ ਬਣਾਈਆ । ਜਿਹਨੂੰ ਵੇਖੇ ਇਕ ਨਿਰੰਕਾਰ, ਪੜ੍ਹੇ ਬੇਪਰਵਾਹੀਆ । ਬ੍ਰਹਮੇ ਫਿਰਦੇ ਵੇਖੇ ਬੇਸ਼ੁਮਾਰ, ਦਰ ਘਰ ਸਾਚੇ ਸੀਸ ਨਿਵਾਈਆ । ਨਿਤ ਨਵਿਤ ਦੇਂਦੇ ਰਹੇ ਹਿਸਾਬ, ਲਹਿਣਾ ਅੰਤ ਚੁਕਾਈਆ । ਮੇਰਾ ਭੇਵ ਵਿਚ ਕਿਸੇ ਨਾ ਦਿਤਾ ਕਿਤਾਬ, ਕੁਤਬਖਾਨੇ ਨਾ ਕਿਸੇ ਟਿਕਾਈਆ । ਕੀਤੀ ਬੰਦ ਨਾ ਕਿਸੇ ਮਹਿਰਾਬ, ਛੱਪਰ ਛੰਨ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਸੱਤ ਸਤਰਾਂ ਕਹਿਣ ਸਾਡਾ ਇਕੋ ਸਈਆ, ਸਾਹਿਬ ਸੁਲਤਾਨ ਨਜ਼ਰੀ ਆਈਆ । ਸਾਡਾ ਲੇਖਾ ਇਕੋ ਵਹੀਆ, ਪੁਸਤਕ ਪੋਥੀ ਵੰਡ ਨਾ ਕੋਈ ਵੰਡਾਈਆ । ਸਾਡਾ ਇਕੋ ਮਾਤ ਪਿਤ ਭਾਈ ਭੈਣ ਭਈਆ, ਸੱਜਣ ਸੈਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਸਤਵੀਂ ਸੱਤਰ ਕਹੇ ਮੈਂ ਦੇਂਵਾ ਇਸ਼ਾਰਾ, ਧੁਰ ਦੀ ਧਾਰ ਜਣਾਈਆ । ਕਲਜੁਗ ਅੰਤ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਖੇਲ ਹੋਏ ਜੁਗ ਨਿਆਰਾ, ਜਗਤ ਜੁਗਤ ਨਾ ਕੋਇ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕੱਠੇ ਕਰੇ ਇਕੋ ਵਾਰਾ, ਧੁਰ ਫ਼ਰਮਾਨਾ ਆਪ ਸੁਣਾਈਆ । ਲੇਖਾ ਮੰਗੇ ਗੁਰ ਅਵਤਾਰਾ, ਪੀਰ ਪੈਗ਼ੰਬਰ ਕੋਲ ਬਹਾਈਆ । ਹੁਕਮ ਦੇਵੇ ਸ਼ਾਹ ਸਿਕਦਾਰਾ, ਦੋ ਜਹਾਨਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸੱਤਵੀਂ ਸਤਰ ਕਹੇ ਮੈਂ ਦੱਸਾਂ ਸ਼ੱਤਰੂ ਮਿਤਰ, ਮੀਤਾਂ ਵਿਚੋਂ ਮੀਤ ਇਕ ਅਖਵਾਈਆ ।

੯੯੭ ੧੭

ਸਭ ਦਾ ਬਣੇ ਪਿਤਰ, ਪਿਸਰ ਬੇਪਰਵਾਹੀਆ । ਚੋਟੀ ਚੜ੍ਹਕੇ ਬਹੇ ਸਿਖਰ, ਅਧਵਿਚਕਾਰ ਨਾ ਕੋਈ ਅਟਕਾਈਆ । ਜਿਸ ਨੂੰ ਭਗਤਾਂ ਸਦਾ ਫਿਕਰ, ਜੁਗ ਚੌਕੜੀ ਵੇਖ ਵਖਾਈਆ । ਸਾਚੀ ਧਾਰੋਂ ਆਪੇ ਨਿਕਲ, ਨਕਲੀਏ ਸਾਰੇ ਦਏ ਗਵਾਈਆ । ਬ੍ਰਹਮੇ ਤੈਥੋਂ ਇਕ ਵਾਰ ਸ਼ਬਦੀ ਪੁੱਛੇ ਜਿਕਰ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮਾ ਕਹੇ ਮੈਂ ਮਜ਼ਦੂਰ, ਪ੍ਰਭ ਸੇਵਾ ਸਚ ਕਮਾਈਆ । ਚਰਨ ਕਵਲ ਸਦਾ ਹਜ਼ੂਰ, ਨਿਉਂ ਨਿਉਂ ਸੀਸ ਝੁਕਾਈਆ । ਮਾਣ ਅਭਿਮਾਣ ਨਾ ਕੋਇ ਗ਼ਰੂਰ, ਨਿਮਾਣਾ ਹੋ ਕੇ ਦਿਆਂ ਦੁਹਾਈਆ । ਤੇਰੀ ਮਿਹਰ ਦਾ ਸਦਾ ਮਸ਼ਕੂਰ, ਸ਼ੁਕਰਾਨਾ ਗਾ ਗਾ ਖ਼ੁਸ਼ੀ ਵਖਾਈਆ । ਤੇਰੇ ਭਗਤਾਂ ਦੀ ਮੰਗਾਂ ਧੂੜ, ਟਿੱਕਾ ਇਕ ਰਮਾਈਆ । ਜਿਨ੍ਹਾਂ ਨੂੰ ਮਿਲੇ ਆਪ ਜ਼ਰੂਰ, ਜ਼ਾਹਿਰ ਹੋ ਕੇ ਦਰਸ ਵਖਾਈਆ । ਜੋਤੀ ਜਲਵਾ ਦੇਵੇ ਨੂਰ, ਅੰਧ ਅੰਧੇਰਾ ਇਕ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਮੁਕਾਈਆ । ਸ੍ਰੀ ਭਗਵਾਨ ਕਹੇ ਸੱਤਾਂ ਸੱਤਰਾਂ ਵਾਲੀ ਲੈ ਕਿਤਾਬ, ਤੇਰੇ ਹੱਥ ਫੜਾਈਆ । ਜਿਸ ਦੇ ਵਿਚ ਹੁਕਮ ਇਕ ਜਨਾਬ, ਜਨਾਬੇਆਲੀ ਰਿਹਾ ਸਮਝਾਈਆ । ਇਹਨੂੰ ਜੁਗ ਜੁਗ ਕਰਦਾ ਰਹੀਂ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਵੇਲੇ ਮੈਂ ਨਿਰਗੁਣ ਹੋ ਕੇ ਮਾਰਾਂ ਤੈਨੂੰ ਅਵਾਜ਼, ਹਾਜ਼ਰ ਹੋ ਕੇ ਅੱਗੇ ਦੇਵੀਂ ਟਿਕਾਈਆ । ਇਸ ਦੇ ਵਿਚ ਇਕੋ ਹੁਕਮ ਲਿਖਿਆ ਵਾਹਦ, ਲਾਸ਼ਰੀਕ ਰਿਹਾ ਸਮਝਾਈਆ । ਜਿਸ ਦਾ ਕਾਇਦਾ ਸਮਝ ਸਕੇ ਨਾ ਕੋਈ ਕਾਨੂੰਨ ਕਵਾਇਦ, ਆਦਤ ਸਭ ਦੀ ਦਏ ਬਦਲਾਈਆ । ਜਨ ਭਗਤਾਂ ਕਰ ਇਸ਼ਾਇਤ, ਇਸਮ ਆਪਣਾ ਦਏ ਸਮਝਾਈਆ । ਇਸ ਵਿਚ ਬ੍ਰਹਮੇ ਤੈਨੂੰ ਕਰਨ ਨਾ ਦੇਵੇ ਕੋਈ ਕਫ਼ਾਇਤ, ਕਾਫ਼ਰ ਰੂਪ ਨਾ ਕੋਈ ਵਖਾਈਆ । ਇਹ ਕਿਤਾਬ ਪੋਥੀ ਨਹੀਂ ਪੁਸਤਕ ਇਹ ਤੇਰੀ ਕਰੇ ਹਮਾਇਤ, ਹਮ ਘਰ ਸਾਜਨ ਲਏ ਮਿਲਾਈਆ । ਬ੍ਰਹਮਾ ਨਿਉਂ ਕੇ ਕਹੇ ਪ੍ਰਭੂ ਤੇਰੇ ਹੱਥ ਮੇਰੀ ਪੈਦਾਇਸ਼, ਮੈਨੂੰ ਸਮਝ ਨਾ ਆਇਆ ਕਵਣ ਪਿਤਾ ਮਾਈਆ । ਸ੍ਰੀ ਭਗਵਾਨ ਕਿਹਾ ਤੇਰੀ ਮੇਰੇ ਚਰਨਾਂ ਹੇਠ ਰਿਹਾਇਸ਼, ਲਾਮੁਕਾਮ ਬੇਮੁਕਾਮ ਸਚ ਮਕਾਨ ਰਿਹਾ ਸਮਝਾਈਆ । ਬ੍ਰਹਮੇ ਕਿਹਾ ਮੇਰੀ ਠਾਕਰ ਕਦੇ ਨਾ ਕਰੀਂ ਅਜ਼ਮਾਇਸ਼, ਅਜ਼ਮਾਵਣ ਵਿਚ ਕਦੇ ਨਾ ਆਈਆ । ਤੇਰੀ ਕਿਤਾਬ ਮੇਰੇ ਕੋਲੋਂ ਨਾ ਹੋਵੇ ਗ਼ਾਇਬ, ਅੱਗੇ ਪਿਛੇ ਨਾ ਕੋਈ ਚੁਰਾਈਆ । ਸ੍ਰੀ ਭਗਵਾਨ ਕਿਹਾ ਇਹ ਖੇਲ ਮੇਰਾ ਅਜਾਇਬ, ਅਜਬ ਲੀਲਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਕਿਤਾਬ ਕਹੇ ਮੈਂ ਪ੍ਰਭ ਦੀ ਅਮਾਨਤ, ਬ੍ਰਹਮੇ ਤੇਰੇ ਹੱਥ ਫੜਾਈਆ । ਮੈਂ ਰਹਿਣਾ ਸਹੀ ਸਲਾਮਤ, ਜੁਗ ਜੁਗ ਵੇਖ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਪਿਛੋਂ ਦੇਣੀ ਭਗਤਾਂ ਇਕ ਜ਼ਮਾਨਤ, ਜ਼ਾਮਨ ਹੋ ਕੇ ਲਵਾਂ ਛੁਡਾਈਆ । ਪ੍ਰਭੂ ਦਵਾਰੇ ਜਾਣ ਦੀ ਮੈਨੂੰ ਕੋਈ ਨਹੀਂ ਮਮਾਨਤ, ਮਹਿਮਾਨਖਾਨਿਆਂ ਵਿਚ ਨਾ ਕੋਈ ਅਟਕਾਈਆ । ਮੇਰੀ ਅੱਖਰਾਂ ਵਾਲੀ ਨਹੀਂ ਬਨਾਵਟ, ਪੱਥਰਾਂ ਵਾਲੀ ਨਹੀਂ ਲਿਖਾਈਆ । ਮੇਰੇ ਅੰਦਰ ਪ੍ਰਭੂ ਦੇ ਪ੍ਰੇਮ ਦੀ ਸਖ਼ਾਵਤ, ਖ਼ਾਲੀ ਝੋਲੀਆਂ ਦਿਆਂ ਭਰਾਈਆ । ਮੈਂ ਕਿਸੇ ਦਵਾਰਿਉਂ ਨਾ ਹੋਵਾਂ ਬਰਾਮਦ, ਲੱਭਿਆਂ ਹੱਥ ਕਿਸੇ ਨਾ ਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਕਰਦੇ ਜਾਣ ਖ਼ੁਸ਼ਾਮੰਦ, ਵਰਕਾ ਖੋਲ੍ਹਣ ਕੋਈ ਨਾ ਪਾਈਆ । ਜਿਸ ਵੇਲੇ ਮੇਰੇ ਪ੍ਰਭ ਦੀ ਹੋਵੇ ਆਮਦ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਕਿਤਾਬ ਕਹੇ ਮੈਂ ਧੁਰ ਦੀ ਪੂੰਜੀ,

ਬ੍ਰਹਮੇ ਹੱਥ ਫੜਾਈਆ । ਮੈਂ ਨਾ ਬੋਲਦੀ ਨਾ ਕੂੰਦੀ, ਰਾਗਾਂ ਵਿਚ ਰਾਗ ਨਾ ਕੋਇ ਅਲਾਈਆ । ਮੈਂ ਕਿਸੇ ਹੱਥ ਨਾ ਆਵਾਂ ਢੂੰਡੀ, ਦੋ ਜਹਾਨ ਫਿਰ ਫਿਰ ਥੱਕੇ ਪਾਂਧੀ ਰਾਹੀਆ । ਮੇਰੇ ਪ੍ਰਭ ਦੇ ਹੱਥ ਮੇਰੀ ਕੁੰਜੀ, ਕੁਫ਼ਲ ਸਕੇ ਨਾ ਕੋਇ ਖੁਲ੍ਹਾਈਆ । ਮੈਂ ਜੁਗ ਚੌਕੜੀ ਰਹਵਾਂ ਗੁੰਗੀ, ਬਿਨ ਭਗਤਾਂ ਕਿਸੇ ਨਾਲ ਬੋਲ ਕੇ ਖ਼ੁਸ਼ੀ ਨਾ ਕਦੇ ਮਨਾਈਆ । ਮੈਂ ਜੁਗ ਚੌਕੜੀ ਸਭ ਦੀ ਸੋ ਰਹਵਾਂ ਸੁਣਦੀ, ਬਿਨ ਕੰਨਾਂ ਕੰਨ ਟਿਕਾਈਆ । ਖੇਲ ਵੇਖਾਂ ਗੁਣ ਅਵਗੁਣ ਦੀ, ਲੱਖ ਚੁਰਾਸੀ ਫੋਲ ਫੁਲਾਈਆ । ਸੁਰਤੀ ਵੇਖਾਂ ਰਿਖ ਮੁਨ ਦੀ, ਮੁੱਲਾ ਸ਼ੇਖ਼ ਮੁਸਾਇਕ ਬਚਿਆ ਕੋਈ ਨਜ਼ਰ ਨਾ ਆਈਆ । ਜਿਸ ਵੇਲੇ ਘੜੀ ਸੁਹੰਜਣੀ ਆਵੇ ਮੇਰੇ ਮਾਲਕ ਪਿਰ ਦੀ, ਪੀਆ ਪ੍ਰੀਤਮ ਫੇਰਾ ਪਾਈਆ । ਮੈਂ ਵੀ ਆ ਜਾਵਾਂ ਓਥੇ ਫਿਰਦੀ ਫਿਰਦੀ, ਜਿਸ ਦਵਾਰੇ ਬਹਿ ਕੇ ਆਪਣਾ ਰੰਗ ਰੰਗਾਈਆ । ਇਹ ਮੇਰੀ ਆਸ ਚਿਰ ਦੀ, ਜੁਗ ਚੌਕੜੀ ਪਿਛੋਂ ਪੂਰੀ ਦਏ ਕਰਾਈਆ । ਮੈਂ ਵਸਣਹਾਰੀ ਓਸ ਘਰ ਥਿਰ ਦੀ, ਜਿਸ ਦਾ ਮਾਲਕ ਇਕ ਅਖਵਾਈਆ । ਗੁੱਸੇ ਵਿਚ ਆ ਕੇ ਕਦੇ ਨਾ ਚਿੜਦੀ, ਹੌਕਿਆਂ ਵਿਚ ਹਾ ਨਾ ਕੋਈ ਲਗਾਈਆ । ਬਸੰਤ ਬਹਾਰ ਵਿਚ ਆ ਕੇ ਗੁਲਸ਼ਨ ਵਿਚ ਗੁਲ ਹੋ ਕਦੇ ਨਾ ਖਿੜਦੀ, ਪੰਖੜੀ ਪੰਖੜੀ ਰੂਪ ਨਾ ਕਦੇ ਵਟਾਈਆ । ਮੈਂ ਵੇਖਾਂ ਇਕੋ ਧਾਰ ਨਿਰਗੁਣ ਨਿਰ ਦੀ, ਜੋ ਨਿਰਵੈਰ ਨਿਰਾਕਾਰ ਨਿਰੰਕਾਰ ਪੁਰਖ ਅਕਾਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੀ ਝੋਲੀ ਪਾਈਆ । ਕਿਤਾਬ ਕਹੇ ਮੈਂ ਧੁਰ ਦੀ ਬਰਦੀ, ਪ੍ਰਭ ਸਾਚੇ ਦਿਤੀ ਵਡਿਆਈਆ । ਮੈਂ ਮਾਲਕਨ ਓਸ ਘਰ ਦੀ, ਜਿਸ ਘਰ ਵਸੇ ਬੇਪਰਵਾਹੀਆ । ਮੈਂ ਆਸਾਂ ਵਿਚ ਰਾਹ ਤਕਦੀ, ਜਿਥੋਂ ਨਿਰਾਸਾ ਨਜ਼ਰ ਕੋਇ ਨਾ ਆਈਆ । ਮੈਂ ਪ੍ਰੇਮਣ ਓਸ ਰਸ ਦੀ, ਜਿਸ ਦਾ ਰਸ ਰਸਾਂ ਵਿਚੋਂ ਬਾਹਰ ਸਮਝਾਈਆ । ਮੈਂ ਇਸ਼ਾਰਨ ਓਸ ਅੱਖ ਦੀ, ਜਿਹੜੀ ਪ੍ਰਤਖ ਮਿਲੇ ਗੋਸਾਈਆ । ਮੈਂ ਓਸ ਦੇ ਕੋਲ ਵਸਦੀ, ਜੋ ਮੇਰੇ ਪ੍ਰਭ ਨੂੰ ਰਹੇ ਧਿਆਈਆ । ਮੈਂ ਬ੍ਰਹਮੇ ਕਦੇ ਨਾ ਸਚ ਦੱਸਦੀ, ਅੰਦਰ ਵੜ ਕੇ ਮੁਖ ਛੁਪਾਈਆ । ਕਲਜੁਗ ਅੰਤ ਸ੍ਰੀ ਭਗਵਾਨ ਪਿਛੇ ਭਗਤਾਂ ਦਵਾਰੇ ਨੱਠਦੀ, ਆਪਣਾ ਪੰਧ ਮੁਕਾਈਆ । ਮੈਂ ਕਹਾਣੀ ਦੱਸਾਂ ਸਚ ਦੀ, ਸਚ ਸਚ ਦਿਆਂ ਦ੍ਰਿੜਾਈਆ । ਮੈਂ ਸੰਤ ਸੁਹੇਲੇ ਵੇਖ ਕੇ ਹੱਸਦੀ, ਮੇਰੀ ਹਸਤੀ ਪਿਛਲੀ ਪਿਛੇ ਮਾਹੀ ਦਿਤੀ ਬਦਲਾਈਆ । ਮੈਂ ਬ੍ਰਹਮੇ ਹੁਣ ਅਗਲਾ ਹਾਲ ਦੱਸਦੀ, ਅਹਿਵਾਲ ਦਿਆਂ ਜਣਾਈਆ । ਮੇਰੀ ਵੇਖ ਆਸ ਜੁਗ ਚੌਕੜੀ ਹੱਬ ਦੀ, ਕੋਟਨ ਕੋਟ ਕਾਲ ਤੇਰੇ ਕੋਲ ਬੈਠੀ ਰਹੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਪੂਰ ਕਰੇ ਸਭ ਦੀ ਸਾਹਿਬ ਬੇਪਰਵਾਹੀਆ । ਕਿਤਾਬ ਕਹੇ ਮੇਰੀਆਂ ਸੱਤਾਂ ਸਤਰਾਂ ਵਿਚ ਰਮਜ਼ ਇਕ, ਬਿਨ ਰਮਈਆ ਸਮਝ ਕੋਇ ਨਾ ਪਾਈਆ । ਜਿਸ ਨੇ ਮੇਰਾ ਲੇਖ ਦਿਤਾ ਲਿਖ, ਅੰਤਮ ਉਹੋ ਰਿਹਾ ਸਮਝਾਈਆ । ਮੈਂ ਜੁਗ ਚੌਕੜੀ ਕਿਸੇ ਨਾ ਆਈ ਦਿਸ, ਆਪਣਾ ਘੁੰਗਟ ਨਾ ਸਕੀ ਮੁਖ ਉਠਾਈਆ । ਸਾਰਿਆਂ ਵੱਲ ਕਰਕੇ ਪਿਠ, ਆਪਣੀ ਕਰਵਟ ਲਈ ਬਦਲਾਈਆ । ਬ੍ਰਹਮੇ ਮੈਂ ਕਦੀ ਨਾ ਕੀਤੀ ਜ਼ਿਦ, ਹੋਛੀ ਬਣ ਨਾ ਗਲ ਸੁਣਾਈਆ । ਭਾਵੇਂ ਵਸਦੀ ਰਹੀ ਤੇਰੇ ਕੋਲ ਤੇਰੇ ਪਿੰਡ, ਤੇਰੇ ਕੋਲ ਤੇਰੇ ਦਰ ਤੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਹਿੰਮਾ ਆਪਣੇ ਹੱਥ ਰਖਾਈਆ । ਬ੍ਰਹਮਾ ਕਹੇ ਮੈਂ ਨਹੀਂ ਟੋਲਿਆਂ ਬਸਤਾ, ਵਰਕਾ ਤੇਰਾ ਨਾ ਕੋਈ ਉਲਟਾਈਆ । ਮੈਨੂੰ ਸਮਝ ਨਾ ਆਇਆ ਰਸਤਾ, ਜੋ ਭਗਵਨ ਦਿਤਾ ਲਿਖਾਈਆ । ਮੈਂ ਅੱਗੇ ਕੀ ਕਿਸੇ ਨੂੰ ਦੱਸਦਾ, ਚਾਰੇ ਮੁਖਾਂ ਕਰ ਪੜ੍ਹਾਈਆ । ਮੈਂ ਹਰਫ ਵੇਖਿਆ ਖੇਲ ਇਕੋ ਖੱਬੀ ਅੱਖ ਦਾ, ਜਿਸ

ਦੀ ਖ਼ਬਰ ਹੇਠਾਂ ਹੇਠਾਂ ਰਿਹਾ ਜਣਾਈਆ । ਤੇਰੇ ਕੋਲੋਂ ਸੱਜੀ ਅੱਖ ਦੱਬਦਾ, ਸ਼ਰਮ ਨਾਲ ਸ਼ਰਮਾਈਆ । ਮੈਂ ਨਹੀਂ ਜਾਣਾਂ ਸ੍ਰੀ ਭਗਵਾਨ ਤੇਰੇ ਵਿਚ ਵਸਦਾ, ਮੇਰੇ ਕੋਲ ਆ ਕੇ ਮੁਖ ਛੁਪਾਈਆ । ਵਿਚੋਂ ਨੁਕਤਾ ਬੋਲਿਆ ਇਹ ਖੇਲ ਪੁਰਖ ਸਮਰਥ ਦਾ, ਹੱਥ ਨਾ ਕਿਸੇ ਫੜਾਈਆ । ਜੁਗ ਚੌਕੜੀ ਵੇਲਾ ਵਕਤ ਵੇਖਿਆ ਲੰਘਦਾ, ਬਣਕੇ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਿਆ ਮੰਗਦਾ, ਝੋਲੀਆਂ ਅੱਗੇ ਡਾਹੀਆ । ਭਗਵਾਨ ਭਗਤਾਂ ਸੂਲੀ ਵੇਖਿਆ ਟੰਗਦਾ, ਮੁਰਸ਼ਦ ਹੋ ਕੇ ਮੁਰੀਦਾਂ ਖੱਲ ਲੁਹਾਈਆ । ਸੂਫ਼ੀਆਂ ਧਾਰ ਤਿੱਖੀ ਨਾਲ ਰੰਗਦਾ, ਪੁੱਠੀ ਖੱਲ ਲੁਹਾਈਆ । ਤੱਤੀ ਲੋਹ ਬਹਾ ਕੇ ਰਸ ਵਖਾਏ ਸੇਜ ਪਲੰਘ ਦਾ, ਬੱਚੇ ਨੀਹਾਂ ਹੇਠ ਦਬਾਈਆ । ਮੇਰਾ ਬੇੜਾ ਅਜੇ ਨਾ ਉਲਟ ਦਾ, ਘਟ ਘਟ ਵੇਖਣਹਾਰ ਬੇਪਰਵਾਹੀਆ । ਬ੍ਰਹਮੇ ਬੇਸ਼ਕ ਤੇਰੇ ਕੋਲ ਰਖਦਾ, ਅਨਭੋਲ ਬਣਾ ਕੇ ਦਿਤਾ ਸਵਾਈਆ । ਜਿਸ ਵੇਲੇ ਹੁਣ ਵਕਤ ਆਇਆ ਹੋਣ ਪਰਗਟ ਦਾ, ਪਰਗਟ ਹੋ ਕੇ ਰਿਹਾ ਜਣਾਈਆ । ਮੇਲਾ ਮੇਲ ਕੇ ਸਾਚੇ ਭਗਤ ਦਾ, ਭਾਵ ਦਏ ਜਣਾਈਆ । ਲਹਿਣਾ ਤੋੜ ਕੇ ਪਿਛਲੀ ਹਰਸ ਦਾ, ਅੱਗੇ ਹਵਸ ਦਏ ਬੁਝਾਈਆ । ਮਾਲਕ ਬਣਕੇ ਰਹਿਮਤ ਤਰਸ ਦਾ, ਦਰਦੀਆਂ ਦਰਦ ਦੁੱਖ ਵੰਡਾਈਆ । ਏਹੋ ਖੇਲ ਇਕ ਅਸਚਰਜ ਦਾ, ਜੋ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਵਟਾ ਕੇ ਮਰਦਾਨੇ ਮਰਦ ਦਾ, ਮਦਦ ਕਰਨ ਆਇਆ ਥਾਈਂ ਥਾਈਆ । ਕਿਤਾਬ ਕਹੇ ਮੈਂ ਅੰਦਰੋਂ ਬਾਹਰੋਂ ਬੰਦ, ਪੜਦਾ ਸਕਿਆ ਨਾ ਕੋਈ ਖੁਲ੍ਹਾਈਆ । ਇਕ ਵਾਰੀ ਮੇਰੀਆਂ ਤਿੰਨ ਸਤਰਾਂ ਤੱਕੀਆਂ ਗੁਜਰੀ ਚੰਦ, ਜਿਸ ਵੇਲੇ ਸੂਲਾਂ ਸੇਜ ਆਸਣ ਲਾਈਆ । ਉਸੇ ਵੇਲੇ ਕਿਹਾ ਤੂੰ ਹੀ ਸਾਹਿਬ ਬਖ਼ਸ਼ੰਦ, ਪੁਰਖ ਅਕਾਲ ਤੇਰੀ ਵਡਿਆਈਆ । ਤੂੰ ਮੇਰਾ ਮੈਂ ਤੇਰਾ ਇਹੋ ਢੋਲਾ ਸੋਹਲਾ ਤੇਰਾ ਤੇਰੇ ਪਸੰਦ, ਸੋਹੰ ਰਾਗ ਦਿਤਾ ਸੁਣਾਈਆ । ਭੱਥੇ ਵਾਲੇ ਹੱਥ ਨਾਲ ਮੁੱਠੀ ਵੇਖੀ ਗੰਢ, ਕਮਾਨ ਧਨੁਸ਼ ਕੰਧੇ ਨਾਲੋਂ ਹਿਲਾਈਆ । ਦੂਜੀ ਵਾਰੀ ਤੇਰੇ ਦਵਾਰੇ ਆਵਾਂ ਟੰਗ, ਇਸ ਦੀ ਲੋੜ ਰਹੇ ਨਾ ਰਾਈਆ । ਪ੍ਰਭੂ ਮੈਂ ਕਿਸ ਦੇ ਨਾਲ ਕਰਾਂ ਜੰਗ, ਜੋ ਤੇਰਾ ਸੋ ਮੇਰਾ ਨਜ਼ਰੀ ਆਈਆ । ਮੇਰੇ ਕੋਲ ਨਹੀਂ ਕਿਸੇ ਦੀ ਵੰਡ, ਬ੍ਰਹਿਮੰਡ ਖੰਡ ਤੇਰਾ ਰੂਪ ਸਮਾਈਆ । ਤੇਰਾ ਪ੍ਰੇਮ ਵੇਖ ਕੇ ਪਰਮਾਨੰਦ, ਪਰਮ ਪੁਰਖ ਤੇਰੀ ਵੱਡੀ ਵਡਿਆਈਆ । ਅੱਗੋਂ ਹੱਸ ਕੇ ਸ੍ਰੀ ਭਗਵਾਨ ਕਿਹਾ ਸੂਰੇ ਸਰਬੰਗ, ਸਹਿਜ ਨਾਲ ਸਾਲਾਹੀਆ । ਵਾਹ ਮੇਰੇ ਲਾਡਲੇ ਗੁਜਰੀ ਦੇ ਚੰਦ, ਅੰਤਮ ਗੋਦ ਆਪਣੀ ਲਵਾਂ ਉਠਾਈਆ । ਸੱਤ ਸਤਰਾਂ ਵਾਲੀ ਕਿਤਾਬ ਜੋ ਰੱਖੀ ਬੰਦ, ਤੇਰੇ ਹੱਥ ਦੇਵਾਂ ਫੜਾਈਆ । ਗੋਬਿੰਦ ਕਿਹਾ ਮੈਂ ਵਸਣਾ ਸਦਾ ਗੁਰਮੁਖਾਂ ਸੰਗ, ਮੈਥੋਂ ਝੱਲੀ ਨਾ ਜਾਏ ਜੁਦਾਈਆ । ਪੁਰਖ ਅਕਾਲ ਕਿਹਾ ਭਗਤਾਂ ਦਾ ਘਰ ਤੇਰਾ ਪੁਰੀ ਅਨੰਦ, ਦੀਵਾ ਬਾਤੀ ਕਮਲਾਪਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਮਾ ਰੱਖ ਕੇ ਹੱਥ ਪੇਸ਼ਾਨੀ, ਨੇਤਰ ਅੱਖ ਖੁਲ੍ਹਾਈਆ । ਅੰਦਰੇ ਅੰਦਰ ਆਈ ਹੈਰਾਨੀ, ਬਾਹਰੋਂ ਸਕੇ ਨਾ ਕੁਛ ਸੁਣਾਈਆ । ਸ੍ਰੀ ਭਗਵਾਨ ਕਰੇ ਖੇਲ ਆਪਣੀ ਮਹਾਨੀ, ਮਿਹਰਵਾਨੀ ਵਿਚ ਸਮਾਈਆ । ਮੈਂ ਸਮਝਿਆ ਇਸ ਕਿਤਾਬ ਵਿਚ ਕੋਈ ਕਹਾਣੀ, ਜਿਹੜੀ ਕਹਾਵਤ ਲਈ ਬਣਾਈਆ । ਜਾਂ ਵੇਖਿਆ ਇਸ ਦਾ ਲੇਖਾ ਬਾਹਰ ਦੋ ਜਹਾਨੀ, ਦੋ ਜਹਾਨਾਂ ਮਾਲਕ ਆਪਣੇ ਹੱਥ ਰਖਾਈਆ । ਇਸ ਦੇ ਵਿਚੋਂ ਲੱਭੀ ਓਹ ਨਿਸ਼ਾਨੀ, ਜਿਸ ਦਾ ਨਿਸ਼ਾਨਾ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਕਿਤਾਬ ਕਹੇ ਮੇਰੇ ਵਿਚ ਉਹ ਇਬਾਦਤ, ਜੋ ਬਿਨ

ਅਮਲਾਂ ਪਾਰ ਕਰਾਈਆ । ਪ੍ਰਭ ਕਿਰਪਾ ਨਾਲ ਭਗਤਾਂ ਦੀ ਬਦਲ ਦੇਵਾਂ ਆਦਤ, ਅਦਨੇ ਆਅਲਾ ਲਵਾਂ ਤਰਾਈਆ । ਮੇਰਾ ਲੇਖਾ ਨਹੀਂ ਕਿਸੇ ਉਤੇ ਕਾਗ਼ਜ਼, ਕਲਮ ਸ਼ਾਹੀ ਨਜ਼ਰ ਕੋਇ ਨਾ ਆਈਆ । ਮੈਂ ਉਨ੍ਹਾਂ ਦੇ ਦਰ ਦੀ ਹੋਈ ਆਜਜ਼, ਮਸਕੀਨ ਹੋ ਕੇ ਫੇਰਾ ਪਾਈਆ । ਜਿਨ੍ਹਾਂ ਨੂੰ ਪ੍ਰਭ ਨੇ ਆਪਣੇ ਮਿਲਣ ਦੀ ਦਿਤੀ ਇਜਾਜ਼ਤ, ਬੰਧਨ ਸਾਰੇ ਦਿਤੇ ਤੁੜਾਈਆ । ਸਚ ਪੁਛੋ ਮੈਂ ਸਚ ਦਵਾਰੇ ਖਲੋ ਕੇ ਭਗਤਾਂ ਦੀ ਕਰਾਂ ਸਫ਼ਾਰਸ਼, ਸ਼ਹਾਦਤ ਆਪਣੀ ਦਿਆਂ ਭੁਗਤਾਈਆ । ਉਹ ਪ੍ਰਭੂ ਮੇਰੀ ਲਿਖੀ ਨਹੀਂ ਇਬਾਰਤ, ਏਸੇ ਤਰਾ ਇਨ੍ਹਾਂ ਦਾ ਲੇਖਾ ਪਾਰ ਕਰਾਈਆ । ਜੇ ਤੇਰੀ ਐਡੀ ਹੋਵੇ ਵੱਡੀ ਅਦਾਲਤ, ਵਾਹਦ ਆਪਣਾ ਹੁਕਮ ਮਨਾਈਆ । ਵੁਕਲਾ ਕਿਆ ਕੋਈ ਕਰੇ ਵਕਾਲਤ, ਧੁਰ ਦਾ ਹੁਕਮ ਇਕ ਸੁਣਾਈਆ । ਤੇਰੇ ਭਗਤ ਤੇਰੀ ਅਮਾਨਤ, ਅੰਤਮ ਤੇਰੇ ਹੱਥ ਫੜਾਈਆ । ਤੂੰ ਸਦਾ ਰੱਖ ਸਹੀ ਸਲਾਮਤ, ਅਲਾਮਤ ਕੋਈ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਕਿਤਾਬ ਕਹੇ ਮੈਂ ਭਗਤੋ ਤੁਹਾਡੀ, ਜੁਗ ਜੁਗ ਆਸ ਰਖਾਈਆ । ਮੈਨੂੰ ਕੋਈ ਗਾ ਨਾ ਸਕਿਆ ਢਾਡੀ, ਰਾਗਾਂ ਵਿਚ ਅਲਾਈਆ । ਮੈਨੂੰ ਕੋਈ ਸਮਝ ਨਾ ਸਕਿਆ ਕਾਇਆ ਵਿਚ ਬਾਡੀ, ਜਿਸਮ ਜ਼ਮੀਰ ਰਮਜ਼ ਨਾ ਕੋਇ ਲਗਾਈਆ । ਮੇਰਾ ਭੇਵ ਨਾ ਪਾਇਆ ਕਿਸੇ ਰਾਗੀ ਨਾਦੀ, ਕਲਾਮ ਕਲਮਾ ਨਾ ਕੋਇ ਸਮਝਾਈਆ । ਮੈਂ ਸਭ ਤੋਂ ਰਹੀ ਗਵਾਚੀ, ਫੜ ਕੇ ਹੱਥ ਨਾ ਕੋਇ ਉਠਾਈਆ । ਅੰਤਮ ਕਲ ਹੁਕਮੇ ਅੰਦਰ ਬਣ ਕੇ ਦਾਸੀ, ਸੇਵਕਣ ਹੋ ਕੇ ਸੇਵ ਕਮਾਈਆ । ਜਿਨ੍ਹਾਂ ਪਾਰਬ੍ਰਹਮ ਮਿਲਿਆ ਸ਼ਾਹੋ ਸ਼ਬਾਸ਼ੀ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਉਨ੍ਹਾਂ ਦੱਸਾਂ ਖੇਲ ਸਾਚੀ, ਸਚ ਸਚ ਦਿਆਂ ਦ੍ਰਿੜਾਈਆ । ਬਿਨਾ ਸ੍ਰੀ ਭਗਵਾਨ ਜਨ ਭਗਤੋ ਕੋਈ ਨਾ ਅੱਗੇ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਸੱਤਾਂ ਸਤਰਾਂ ਦਾ ਮੂਲ ਜਿਸ ਨੂੰ ਸਮਝ ਕੇ ਸ਼ੰਕਰ ਹੱਥੋਂ ਸੁਟ ਦਏ ਤ੍ਰਿਸੂਲ, ਵਿਸ਼ਨੂੰ ਬਾਸ਼ਕ ਸੇਜਾਂ ਜਾਏ ਭੂਲ, ਸਾਂਗੋਂ ਪਾਂਗ ਨਾ ਕੋਇ ਹੰਢਾਈਆ । ਜਿਸ ਦਾ ਇਕੋ ਇਕ ਅਸੂਲ, ਮਾਅਕੂਲ, ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਬ੍ਰਹਮੇ ਵੇਖ ਸੱਤਾਂ ਸਤਰਾਂ ਦਾ ਉਪਰਲਾ ਕਿਨਾਰਾ, ਅਪਰੰਪਰ ਰਿਹਾ ਜਣਾਈਆ । ਜਿਸ ਦੇ ਉਤੇ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜਿਸ ਦੇ ਹੁਕਮੇ ਅੰਦਰ ਜੈ ਜੈਕਾਰ ਕਰਨ ਥਾਉਂ ਥਾਈਆ । ਤੇਰਿਆਂ ਵੇਦਾਂ ਵਿਚੋਂ ਅੱਖਰ ਬਣਿਆ ਨਾ ਕੋਇ ਲਿਖਾਰਾ, ਲਿਖਤ ਭਵਿਖਤ ਨਾ ਕੋਇ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰੂ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕੀਤਾ ਉਧਾਰਾ, ਨਕਦੋ ਨਕਦੀ ਸੌਦਾ ਹੱਥ ਨਾ ਕਿਸੇ ਫੜਾਈਆ । ਰਮਜ਼ਾਂ ਨਾਲ ਸਮਝਾਇਆ ਪਰਗਟ ਹੋਵੇ ਨਿਹਕਲੰਕ ਅਵਤਾਰਾ, ਨਰ ਨਰਾਇਣ ਫੇਰਾ ਪਾਈਆ । ਇਸ਼ਾਰਿਆਂ ਨਾਲ ਦੱਸਿਆ ਅਮਾਮ ਅਮਾਮਾ ਪਰਵਰਦਿਗਾਰਾ, ਸਾਂਝਾ ਯਾਰਾ ਵੇਸ ਵਟਾਈਆ । ਅੰਤਮ ਖੇਲ ਕਰੇ ਨਿਆਰਾ, ਨਿਰਵੈਰ ਆਪਣਾ ਹੁਕਮ ਮਨਾਈਆ । ਭਗਤਾਂ ਕਰੇ ਪਿਆਰਾ, ਭਗਵਨ ਆਪਣੀ ਗੋਦ ਉਠਾਈਆ । ਇਕੋ ਚਰਨ ਕਵਲ ਦੇ ਸਹਾਰਾ, ਮਹਾਸਾਰਥੀ ਜਗਤ ਸਾਗਰ ਪਾਰ ਲੰਘਾਈਆ । ਧੁਰ ਧਾਮ ਬਖ਼ਸ਼ ਦਵਾਰਾ, ਰਾਮ ਸਾਚਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਤੇਰੇ ਅੱਖਰਾਂ ਦਾ ਅਗਲਾ ਨਜ਼ਾਰਾ, ਆਪਣਿਆਂ ਅੱਖਰਾਂ ਵਿਚੋਂ ਦਏ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਇਕ ਇਕੇਲਾ ਵਿਚ ਸੰਸਾਰਾ, ਦੂਜਾ ਸੰਗ ਨਾ ਕੋਇ ਰਖਾਈਆ ।

## ✪ ੧੨ ਮੱਘਰ ੨੦੨੧ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹ ਖਲੀਲ ਬਸਤੀ ✪

ਸੱਤਵੀਂ ਸਤਰ ਕਹੇ ਮੈਨੂੰ ਪੜ੍ਹੋ ਉਲਟੀ, ਬਿਨ ਅੱਖਰਾਂ ਅੱਖਰ ਜੁੜਾਈਆ । ਮੈਥੋਂ ਪਰਮ ਪੁਰਖ ਦੀ ਪੀੜ੍ਹੀ ਤੁਰਦੀ, ਲੇਖਾ ਦਿਆਂ ਸਮਝਾਈਆ । ਸਮਝ ਜਣਾਵਾਂ ਸ਼ਬਦੀ ਗੁਰ ਦੀ, ਜੋ ਥਿਰ ਘਰ ਡੇਰਾ ਲਾਈਆ । ਜਿਥੋਂ ਹੁਕਮੇ ਅੰਦਰ ਧਾਰ ਤੁਰਦੀ, ਚਲੇ ਵਾਹੋ ਦਾਹੀਆ । ਜਿਥੇ ਵਿਸ਼ਨ ਬ੍ਰਹਮਾ ਸ਼ਿਵ ਉਪਜਾਵਣ ਦੀ ਤ੍ਰਿਸਨਾ ਫੁਰਦੀ, ਆਸਾ ਇਕ ਵਖਾਈਆ । ਜਿਥੇ ਲੋੜ ਨਹੀਂ ਕਿਸੇ ਹੋਰ ਦੀ, ਅਵਰਾ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਵਿਚ ਸਮਾਈਆ । ਸੱਤਵੀਂ ਸਤਰ ਕਹੇ ਮੈਨੂੰ ਪੜ੍ਹੋ ਪਿਛੋਂ, ਅੱਗੇ ਅਗਲਾ ਲੇਖਾ ਦਿਆਂ ਸਮਝਾਈਆ । ਜਿਸ ਦਾ ਭੇਵ ਨਾ ਲੱਗਾ ਅਜੇ, ਅੱਜ ਤਕ ਸਮਝ ਕੋਇ ਨਾ ਪਾਈਆ । ਕੋਟਨ ਕੋਟ ਜੁਗ ਚੌਕੜੀ ਕਾਲ ਲੰਘੇ, ਵਿਸ਼ਨ ਬ੍ਰਹਮਾ ਸ਼ਿਵ ਗਏ ਫੇਰੀਆਂ ਪਾਈਆ । ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਬਹਿ ਕੇ ਗਏ ਸਿੰਘਾਸਣ ਉਤੇ ਮੰਜੇ, ਮਜਲਸ ਨਿਰਗੁਣ ਸਰਗੁਣ ਸਚ ਲਗਾਈਆ । ਕੋਟਨ ਕੋਟ ਬੇੜੇ ਪਾਰ ਲੰਘਦੇ ਵੇਖੇ ਕੰਢੇ, ਆਪਣਾ ਪੰਧ ਮੁਕਾਈਆ । ਮੇਰਾ ਹਿੱਸਾ ਘਰ ਸਾਚੇ ਕੋਈ ਨਾ ਵੰਡੇ, ਵੰਡਣਹਾਰਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਪੁਰਖ ਅਕਾਲ ਗੋਬਿੰਦ ਧਾਰ ਦਿਤੀ ਖੰਡੇ, ਮੇਰਾ ਰਸ ਅਧਵਿਚਕਾਰੋਂ ਦਿਤਾ ਚੁਆਈਆ । ਮੈਂ ਗਾ ਕੇ ਕਿਹਾ ਇਕੋ ਛੰਦੇ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਵਸੇਰਾ ਇਕੋ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਸਦਾ ਜੁੜਾਈਆ । ਸੱਤਵੀਂ ਸਤਰ ਕਹੇ ਮੇਰਾ ਵੇਖੋ ਚੁੱਕ ਕੇ ਪੜਦਾ, ਨਕਾਬ ਨਜ਼ਰ ਕੋਇ ਨਾ ਆਈਆ । ਓਥੇ ਲੇਖ ਓਸ ਘਰ ਦਾ, ਜਿਸ ਘਰ ਦਾ ਮਾਲਕ ਬੇਪਰਵਾਹੀਆ । ਬਿਨ ਪੁਰਖ ਅਕਾਲ ਦੂਜਾ ਕਦੇ ਨਾ ਕੋਈ ਪੜ੍ਹਦਾ, ਸਿਖਿਆ ਵਿਚ ਨਾ ਕੋਇ ਸਮਝਾਈਆ । ਭੈ ਅੰਦਰ ਭਉ ਵਿਚ ਸਰਬ ਡਰਦਾ, ਸਿਰ ਸਕੇ ਨਾ ਕਇ ਉਠਾਈਆ । ਜਿਸ ਵੇਲੇ ਪ੍ਰਭ ਆਪਣੀ ਕਿਰਪਾ ਕਰਦਾ, ਮਿਹਰਵਾਨ ਦਇਆ ਕਮਾਈਆ । ਉਸ ਵੇਲੇ ਮੇਰੇ ਨਾਲ ਰਲਦਾ, ਆਪਣੀ ਖ਼ੁਸ਼ੀ ਮੇਰੀ ਖ਼ੁਸ਼ੀ ਵਿਚ ਮਿਲਾਈਆ । ਮੈਂ ਕਰਾਂ ਨਾ ਵਸਾਹ ਘੜੀ ਪਲ ਦਾ, ਵਿਛੋੜਾ ਵੰਡ ਨਾ ਕੋਇ ਵੰਡਾਈਆ । ਓਥੇ ਝਗੜਾ ਇਕੋ ਗੱਲ ਦਾ, ਮੈਂ ਅੱਗੇ ਹੋ ਕੇ ਦਿਆਂ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਭਗਤ ਲੋਕਮਾਤ ਕਿਉਂ ਰੁਲਦਾ, ਨੇਤਰ ਨੈਣਾਂ ਨੀਰ ਵਹਾਈਆ । ਅਬਿਨਾਸ਼ੀ ਕਰਤੇ ਕਿਹਾ ਓਹਦਾ ਹੰਝੂ ਅੱਥਰੂ ਜੋ ਡੁਲ੍ਹਦਾ, ਪ੍ਰੇਮ ਰਸ ਮੇਰਾ ਨਜ਼ਰੀ ਆਈਆ । ਮੈਂ ਮਾਲਕ ਓਸ ਕੁਲ ਦਾ, ਜਿਸ ਕੁਲ ਵਿਚੋਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੁੜ ਮੁੜ ਫੇਰੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤਵੀ ਸਤਰ ਕਹੇ ਮੇਰੀ ਸਭ ਤੋਂ ਪਿਛੇ ਘੁੰਡੀ, ਘੁੰਗਟ ਨਜ਼ਰ ਕੋਇ ਨਾ ਆਈਆ । ਮੇਰੀ ਓਸ ਦੇ ਹੱਥ ਕੁੰਜੀ, ਜੋ ਕੰਜੂਸਾਂ ਵਿਚੋਂ ਕੰਜੂਸ ਸ਼ਹਿਨਸ਼ਾਹਾਂ ਵਿਚੋਂ ਸ਼ਹਿਨਸ਼ਾਹ ਅਖਵਾਈਆ । ਮੈਂ ਪਰਮ ਪੁਰਖ ਦੀ ਪੂੰਜੀ, ਵਸਤ ਅਮੋਲਕ ਮੇਰਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਰ ਕਹੇ ਮੇਰਾ ਅੱਗਾ ਆਇਆ ਪਿਛੇ, ਪਿਛਲਾ ਲੇਖਾ ਵੇਖ ਵਖਾਈਆ । ਸਾਹਿਬ ਸੁਲਤਾਨ ਇਕੋ ਦਿਸੇ, ਦੂਜਾ ਰੂਪ ਨਾ ਕੋਇ ਜਣਾਈਆ । ਜੋ ਮੇਰਾ ਲੇਖ ਲਿਖੇ, ਲਿਖਤੀ ਮਿਲੇ ਨਾ ਕੋਇ ਵਡਿਆਈਆ । ਧੁਰ ਦਰਗਾਹੀ ਬਣ ਕੇ ਪਿਤੇ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਦੀ ਧਾਰ ਦਏ ਸਮਝਾਈਆ । ਪਿਛਲਾ ਹਿੱਸਾ ਕਹੇ ਮੇਰਾ ਨਾਤਾ ਨਾਲ ਓਸ ਸ਼ਕਤ, ਜਿਸ ਦੀ ਸ਼ਨਾਖ਼ਤ ਸਮਝ ਕਿਸੇ ਨਾ ਆਈਆ । ਜੇ ਮਿਲਿਆ ਜਗਤ ਸੱਜਣ ਸਾਚੇ ਭਗਤ, ਭਗਤਾਂ ਆਪਣਾ ਘਰ ਵਖਾਈਆ । ਤੋੜ ਨਿਭਾਵਣ ਦੀ ਲਾ ਕੇ ਸ਼ਰਤ, ਸ਼ਰੀਅਤ ਆਪਣੀ ਦਏ ਸਮਝਾਈਆ । ਜੁਗਾਂ ਪਿਛੋਂ ਮਿਲਣ ਦਾ ਆਵੇ ਵਕਤ, ਚੌਕੜੀ ਬੈਠੀ ਰਾਹ ਤਕਾਈਆ । ਅੱਗੇ ਜਾਣ ਵਾਲਾ ਦਏ ਕੋਈ ਨਾ ਖ਼ਰਚ, ਦਰਜ ਆਪਣੇ ਘਰ ਕਰਾਈਆ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਸਚ ਦਵਾਰੇ ਕਰ ਕੇ ਮੇਰੀ ਲਿਖਤ ਪੜ੍ਹਤ, ਪਤਰਾ ਚੌਥਾ ਦਏ ਸਫ਼ਾਈਆ । ਨਾਤਾ ਤੋੜ ਕੇ ਅਰਸ਼ ਫ਼ਰਸ਼, ਫ਼ਾਸਲਾ ਅਗਲਾ ਦਏ ਵਖਾਈਆ । ਰਹਿਮਤ ਵਿਚ ਨਾ ਕਿਸੇ ਕਰੇ ਤਰਸ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਮੇਰਾ ਅੱਗਾ ਪਿਛਾ ਇਕੋ ਰੰਗ, ਸਤਰ ਸੱਤਵੀਂ ਰਹੀ ਜਣਾਈਆ । ਅਧਵਿਚਕਾਰ ਮੇਰਾ ਇਕੋ ਮਰਦੰਗ, ਅਨੁਰਾਗੀ ਰਾਗ ਅਲਾਈਆ । ਵੱਡੇ ਛੋਟੇ ਹਿੱਸਿਆਂ ਵਿਚ ਮੇਰਾ ਸੰਗ, ਸਾਚਾ ਸੰਗ ਨਿਭਾਈਆ । ਮੇਰੇ ਅੰਦਰ ਜਨ ਭਗਤਾਂ ਖ਼ਾਹਿਸ਼ ਉਮੰਗ, ਆਸਾ ਰੂਪ ਵਟਾਈਆ । ਉਸੇ ਆਸਾ ਕਾਰਨ ਮਿਲੇ ਸੂਰਾ ਸਰਬੰਗ, ਬੇਪਰਵਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜ੍ਹਾਈਆ । ਸਤਰ ਵਾਲੇ ਸਾਰੇ ਅੱਖਰ ਹਿੰਦਸੇ, ਅਣਗਿਣਤ ਰਹੇ ਜਣਾਈਆ । ਅਸੀਂ ਉਪਜੇ ਪ੍ਰਭ ਦੀ ਬਿੰਦ ਸੇ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਲੇਖੇ ਲਿਖੇ ਵਿਸ਼ਨ ਬ੍ਰਹਮਾ ਸ਼ਿਵ ਇੰਦ ਦੇ, ਧੁਰ ਦੀ ਬਣਤ ਬਣਾਈਆ । ਅਸੀਂ ਮਾਲਕ ਓਸ ਪਿੰਡ ਦੇ, ਜਿਸ ਘਰ ਵਸੇ ਹਰਿ ਰਘੁਰਾਈਆ । ਜੁਗ ਚੌਕੜੀ ਕਾਲ ਮਨਵੰਤਰ ਰਹੀਏ ਗਿਣਦੇ, ਹਿਸਾਬ ਆਪਣੇ ਘਰ ਲਿਖਾਈਆ । ਦੋ ਜਹਾਨ ਰਹੀਏ ਮਿਣਦੇ, ਤੋਲੇ ਬਣ ਕੇ ਸੇਵ ਕਮਾਈਆ । ਵੇਖੀਏ ਖੇਲ ਭਿੰਨ ਭਿੰਨ ਦੇ, ਪੁਰਖ ਅਬਿਨਾਸ਼ੀ ਕੀ ਕੀ ਰਚਨ ਰਚਾਈਆ । ਲਹਿਣੇ ਦੇਣੇ ਜਾਣੀਏ ਰੈਣ ਦਿਨ ਦੇ, ਘੜੀ ਪਲ ਧੁਰ ਦਾ ਹੁਕਮ ਮਨਾਈਆ । ਨਜ਼ਾਰੇ ਵੇਖੀਏ ਭੰਗਰ ਛਿਨ ਦੇ, ਪਲਕ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਾਡਾ ਰਿਹਾ ਜਣਾਈਆ । ਅੱਖਰਾਂ ਨਾਲ ਨਜ਼ਰ ਆਵਣ ਵਾਲੇ ਡੰਡੇ, ਵੱਡੇ ਛੋਟੇ ਸਾਰੇ ਰਹੇ ਜਣਾਈਆ । ਅਸੀਂ ਬੈਠੇ ਓਸ ਕੰਢੇ, ਜਿਸ ਦਾ ਪਤਣ ਇਕ ਅਖਵਾਈਆ । ਓਥੇ ਮੁਰਸ਼ਦ ਮੁਰੀਦ ਕਦੇ ਕੋਈ ਨਾ ਲੰਘੇ, ਦਵਾਰੇ ਆ ਕੇ ਨਾਨਕ ਕਬੀਰਾ ਸੀਸ ਨਿਵਾਈਆ । ਫੇਰ ਅੱਗੇ ਝੋਲੀ ਡਾਹ ਕੇ ਵਸਤ ਮੰਗੇ, ਵਾਸਤਾ ਆਪਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਵਿਚ ਟਿਕਾਈਆ । ਡੰਡੇ ਕਹਿਣ ਆਦਿ ਜੁਗਾਦਿ ਸਾਨੂੰ ਕਰਦੇ ਰਹੇ ਸਰਬ ਡੰਡੌਤ, ਬੰਦਨਾ ਕਰ ਕਰ ਸੀਸ ਨਿਵਾਈਆ । ਸਾਡੇ ਅੰਦਰ ਕੋਈ ਨਾ ਸਕੇ ਪਹੁੰਚ, ਜੰਦਰ ਸਕੇ ਨਾ ਕੋਇ ਖੁਲ੍ਹਾਈਆ । ਕੋਟਨ ਕੋਟ ਰੋਂਦੇ ਵੇਖੇ ਪੀਰ ਪੈਗ਼ੰਬਰ ਕੁਤਬ ਗੌਂਸ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਅੱਖਰਾਂ ਵਾਲੇ ਡੰਡੇ ਕਹਿਣ ਵੇਖੋ ਸਾਡਾ ਮੋੜ, ਆਪਣਾ ਰੰਗ ਬੈਠੇ ਬਦਲਾਈਆ । ਜਿਸ ਵੇਲੇ ਪ੍ਰਭ ਨੂੰ ਪਏ ਆਪਣੀ ਲੋੜ, ਓਸ ਵੇਲੇ ਸਾਡਾ ਪੜਦਾ ਲਾਹੀਆ । ਜਿਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਦੇਵੇ ਤੋਰ, ਓਸ ਵਕਤ ਸਾਡਾ ਵਰਕਾ ਨਾ ਕੋਇ ਉਲਟਾਈਆ । ਓਸ ਦੇ ਅੱਗੇ ਕਿਸੇ ਦਾ ਨਹੀਂ ਕੋਈ ਜ਼ੋਰ, ਹੁਕਮੇ ਅੰਦਰ ਸਾਰੇ ਸੇਵ ਕਮਾਈਆ । ਜਿਸ ਵੇਲੇ ਜਨ ਭਗਤ ਸਿੱਧੇ ਪ੍ਰਭ ਮਿਲਣ

ਦਾ ਪਾਵਣ ਸ਼ੋਰ, ਕੂਕਣ ਦੇਣ ਦੁਹਾਈਆ । ਜਗਤ ਵੇਖ ਅੰਧੇਰਾ ਘੋਰ, ਅੰਧ ਅੰਧਿਆਰਾ ਛਾਈਆ । ਓਸ ਵੇਲੇ ਸਹਿਜ ਨਾਲ ਸਾਡਾ ਪੜਦਾ ਖੋਲ੍ਹ, ਇਸ਼ਾਰੇ ਨਾਲ ਸਮਝਾਈਆ । ਬ੍ਰਹਮੇ ਹੁਕਮ ਦੇਵੇ ਅਡੋਲ, ਮੇਰੀ ਕਿਤਾਬ ਲੈ ਉਠਾਈਆ । ਬ੍ਰਹਮਾ ਉਠੇ ਆਪ ਅਨਭੋਲ, ਸਮਝ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਪਹਿਲਾ ਦੂਜਾ ਤੀਜਾ ਚੌਥਾ ਵਰਕਾ ਲਏ ਵਿਰੋਲ, ਵਰਕੇ ਵਿਚੋਂ ਸਤਰਾਂ ਅੱਖਰਾਂ ਵਾਲੀਆਂ ਦਏ ਸਮਝਾਈਆ । ਜਿਸ ਦੇ ਉਤੇ ਲੇਖਾ ਅਨਮੋਲ, ਅਨਮੁੱਲੜੀ ਵਸਤ ਵਿਚ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਆਪਣੇ ਰੱਖੇ ਕੋਲ, ਜਿਸ ਵਿਚੋਂ ਕੁਲ ਭਗਤਾਂ ਲਏ ਪਰਗਟਾਈਆ ।

### ✪ ੧੨ ਮੱਘਰ ੨੦੨੧ ਬਿਕ੍ਰਮੀ ਗੁਰਦੀਪ ਸਿੰਘ ਦੇ ਗ੍ਰਹਿ ਤੂਤਾਂ ਵਾਲੀ ✪

ਸਚਖੰਡ ਨਿਵਾਸੀ ਤੇਰਾ ਅਗੰਮਾ ਦੇਸ, ਬ੍ਰਹਮਵੇਤਾ ਬ੍ਰਹਮਾ ਰਿਹਾ ਜਣਾਈਆ । ਮੈਂ ਨਾ ਜਾਣਾਂ ਤੇਰਾ ਬਿਨ ਅੱਖਰਾਂ ਵਾਲਾ ਲੇਖ, ਨਿਰਅੱਖਰ ਸਮਝ ਕੋਇ ਨਾ ਆਈਆ । ਜਿਸ ਦੀ ਧਾਰ ਵਿਚੋਂ ਆਦਿ ਜੁਗਾਦਿ ਜੁਗ ਚੌਕੜੀ ਸ਼ਾਸਤਰ ਸਿਮਰਤ ਦਏਂ ਭੇਜ, ਧੁਰ ਸੰਦੇਸ਼ਾ ਇਕ ਸੁਣਾਈਆ । ਲੋਕ ਪਰਲੋਕ ਦੋ ਜਹਾਨ ਬ੍ਰਹਿਮੰਡ ਖੰਡ ਦੇਵੇਂ ਸੰਦੇਸ, ਸੋਹਲੇ ਰਾਗ ਨਾਦ ਸੁਣਾਈਆ । ਨਿਤ ਨਵਿਤ ਨਿਰਵੈਰ ਨਿਰਾਕਾਰ ਧਾਰ ਅਵਲੱੜਾ ਭੇਸ, ਭੇਖਾਧਾਰੀ ਆਪਣੀ ਖੇਲ ਖਿਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਖੇਲੇਂ ਖੇਡ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਨਿਉਂ ਨਿਉਂ ਚਰਨ ਕਵਲਾਂ ਉਤੇ ਕਰਾਂ ਆਦੇਸ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਤੂੰ ਆਦਿ ਜੁਗਾਦਿ ਰਹੇਂ ਹਮੇਸ਼, ਕੋਟਨ ਕੋਟ ਬ੍ਰਹਮੇ ਗਏ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚਾ ਵਰ, ਭੇਵ ਅਭੇਦਾ ਦੇ ਜਣਾਈਆ । ਬ੍ਰਹਮੇ ਮੇਰੀ ਕਿਤਾਬ ਵੱਖਰੀ, ਸੋ ਸਾਹਿਬ ਆਪ ਜਣਾਈਆ । ਜਿਸ ਨੂੰ ਸਮਝ ਨਾ ਸਕੇ ਕੋਇ ਬਾਵਨ ਅੱਖਰੀ, ਸਰਗੁਣ ਰੂਪ ਨਾ ਕੋਇ ਦ੍ਰਿੜਾਈਆ । ਜੇਹੜੀ ਲਿਖੀ ਨਾ ਜਾਏ ਉਤੇ ਕਾਗ਼ਜ਼ ਪਤਰੀਂ, ਕਲਮ ਸ਼ਾਹੀ ਨਾ ਕੋਇ ਜੁੜਾਈਆ । ਜਿਸ ਨੂੰ ਸਮਝ ਪਾਏ ਨਾ ਕੋਇ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਚਾਰੇ ਖਾਣੀ ਚਾਰੇ ਬਾਣੀ ਧਿਆਨ ਨਾ ਕੋਇ ਲਗਾਈਆ । ਆਦਿ ਜੁਗਾਦਿ ਜੁਗ ਚੌਕੜੀ ਵਿਸ਼ਨ ਬ੍ਰਹਮਾ ਸ਼ਿਵ ਤੁਹਾਥੋਂ ਤਿੰਨਾਂ ਤੋਂ ਰੱਖੀ ਵੱਖਰੀ, ਭੇਵ ਅਭੇਦ ਨਾ ਕੋਇ ਸਮਝਾਈਆ । ਤਿਸ ਦਾ ਲੇਖਾ ਹਰਫ਼ਾਂ ਵਿਚ ਨਾ ਸਤਰੀਂ, ਹਰੂਫ਼ ਸਕੇ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੇ ਵਿਚ ਛੁਪਾਈਆ । ਬ੍ਰਹਮਾ ਕਹੇ ਮੈਂ ਨਾ ਸਕਾਂ ਵਾਚ, ਸਮਝ ਰਮਜ਼ ਨਾ ਕੋਇ ਲਗਾਈਆ । ਹਉਂ ਬਾਲਕ ਨੱਢਾ ਤੇਰਾ ਦਾਸ, ਬੇਅੰਤ ਤੇਰੀ ਸਰਨਾਈਆ । ਹੁਕਮੇ ਅੰਦਰ ਵੇਖਾਂ ਖੇਲ ਤਮਾਸ਼, ਨਿਤ ਨਿਤ ਸੇਵ ਕਮਾਈਆ । ਦੋਏ ਜੋੜ ਕਰਾਂ ਅਰਦਾਸ, ਬੇਨੰਤੀ ਇਕੋ ਇਕ ਜਣਾਈਆ । ਆਪਣਾ ਭੇਵ ਖੋਲ੍ਹ ਕੇ ਰਾਜ਼, ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਬ੍ਰਹਮੇ ਮੇਰਾ ਅੱਖਰ ਨਿਰਾਲਾ, ਆਦਿ ਜੁਗਾਦਿ ਸਕੇ ਨਾ ਕੋਇ ਸਮਝਾਈਆ । ਜਿਸ ਦਾ ਮਾਲਕ ਇਕੋ ਪੁਰਖ ਅਕਾਲਾ, ਅਕਲ ਕਲ ਧਾਰੀ ਆਪਣੀ ਰਚਨ ਰਚਾਈਆ । ਜੋ ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਚ ਦਵਾਰੇ

ਸੋਭਾ ਪਾਈਆ । ਜਿਸ ਦਾ ਮਾਰਗ ਘਰ ਸਾਚੇ ਸਚ ਸੁਖਾਲਾ, ਔਝੜ ਰਾਹ ਨਾ ਕੋਇ ਜਣਾਈਆ । ਜਿਸ ਦਾ ਨਿਰਗੁਣ ਨੂਰ ਜੋਤ ਉਜਾਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਬ੍ਰਹਮਾ ਕਹੇ ਮੇਰੀ ਮੰਗ, ਦਰ ਠਾਂਡੇ ਸੀਸ ਝੁਕਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸਰਨਾਈਆ । ਵਿਚੋਂ ਖੋਲ੍ਹ ਕੇ ਦੱਸ ਇਸ ਦਾ ਅੰਕ, ਪਹਿਲਾ ਦੂਜਾ ਸਫ਼ਾ ਦੇ ਉਠਾਈਆ । ਤੀਜੇ ਦਵਾਰਿਉਂ ਖੋਲ੍ਹ ਕੇ ਬੰਕ, ਚੌਥਾ ਅੱਖਰ ਦੇ ਪੜ੍ਹਾਈਆ । ਨਮੋ ਨਮੋ ਤੇਰਾ ਕੋਈ ਨਾ ਜਾਣਾਂ ਅੰਤ, ਅੰਤਰ ਆਪਣਾ ਭੇਵ ਚੁਕਾਈਆ । ਦਰ ਦਰਵੇਸ਼ ਭਿਖਾਰੀ ਖੜਾ ਮੰਗਤ, ਯਾਚਕ ਆਪਣੀ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵੰਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦਰ ਦਵਾਰੇ ਕਰਾਂ ਮਿੰਨਤ, ਨੇਤਰ ਨੈਣ ਅੱਖ ਸ਼ਰਮਾਈਆ । ਤੇਰਾ ਹਰਫ਼ ਪੜ੍ਹਨ ਦੀ ਨਹੀਂ ਕੋਈ ਹਿੰਮਤ, ਹੌਸਲਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਲੇਖਾ ਵੇਖਾਂ ਜੀਵ ਜੰਤ, ਜੋ ਭਾਂਡੇ ਦਿਤੇ ਬਣਾਈਆ । ਚੌਦਾਂ ਵਿਦਿਆ ਬਣਾ ਕੇ ਬਣਤ, ਅੱਖਰਾਂ ਨਾਲ ਦਿਤਾ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਕੀਤੀ ਮਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਦ੍ਰਿੜਾਈਆ । ਸ੍ਰੀ ਭਗਵਾਨ ਕਿਹਾ ਇਸ਼ਾਰੇ, ਸੈਨਤ ਨਾਲ ਜਣਾਈਆ । ਬ੍ਰਹਮੇ ਏਥੇ ਕੋਟਨ ਕੋਟ ਬਣ ਕੇ ਗਏ ਵਣਜਾਰੇ, ਹੁਕਮੇ ਅੰਦਰ ਫੇਰੀਆਂ ਪਾਈਆ । ਏਸ ਅੱਖਰ ਨੂੰ ਲੱਭਦੇ ਗੁਰੂ ਅਵਤਾਰੇ, ਪੀਰ ਪੈਗ਼ੰਬਰ ਬਣ ਬਣ ਪਾਂਧੀ ਰਾਹੀਆ । ਕਿਸੇ ਹੱਥ ਨਾ ਆਇਆ ਲਿਖਿਆ ਲੇਖ ਲਿਖਤ ਲਖਾਰੇ, ਜਗਦੀਸ਼ ਆਪਣੇ ਹੱਥ ਰੱਖੀ ਵਡਿਆਈਆ । ਉਠ ਵੇਖ ਨੇਤਰ ਰੋਂਦੇ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਣ ਦੁਹਾਈਆ । ਗਲ ਵਿਚ ਪੱਲੂ ਪਾ ਕੇ ਖੜੇ ਤੇਈ ਅਵਤਾਰੇ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਝੁਕ ਝੁਕ ਕਰਨ ਨਮਸਕਾਰੇ, ਸੱਯਦਾ ਸੀਸ ਨਿਵਾਈਆ । ਨਾਨਕ ਗੋਬਿੰਦ ਦਹਿ ਦਿਸ਼ਾ ਲੱਗੇ ਵੇਖ ਅਖਾੜੇ, ਸੋਹਲਾ ਢੋਲਾ ਇਕੋ ਨਾਮ ਧਿਆਈਆ । ਭਗਤ ਸੁਹੇਲੇ ਬਣ ਵਣਜਾਰੇ, ਹੱਟੋ ਹੱਟ ਵੇਖ ਵਖਾਈਆ । ਕਾਗਤ ਕਲਮ ਲਿਖ ਲਿਖ ਹਾਰੇ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਰਾਹ ਤੱਕਣ ਜ਼ਿਮੀਂ ਅਸਮਾਨ ਸੂਰਜ ਚੰਨ ਸਤਾਰੇ, ਮੰਡਲ ਮੰਡਪ ਆਪਣੀ ਅੱਖ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਜੀਵ ਜੰਤ ਵੇਖੇ ਪਨਿਹਾਰੇ, ਜੁਗ ਜੁਗ ਆਪਣੀ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਭੱਜੇ ਫਿਰਨ ਦਰ ਦਵਾਰੇ, ਆਪ ਆਪਣਾ ਬਲ ਧਰਾਈਆ । ਮੇਰਾ ਅੰਤ ਨਾ ਪਾਰਾਵਾਰੇ, ਬੇਅੰਤ ਮੇਰੀ ਵਡਿਆਈਆ । ਮੇਰਾ ਨਿਰਅੱਖਰ ਨਾ ਕੋਇ ਵਿਚਾਰੇ, ਚੋਟੀ ਸ਼ਿਖ਼ਰ ਚੜ੍ਹਕੇ ਸਾਖਿਆਤ ਰੂਪ ਨਾ ਕੋਇ ਵਟਾਈਆ । ਜੋ ਦੀਸੇ ਸੋ ਚਰਨ ਦਵਾਰੇ, ਥਿਰ ਘਰ ਬਹਿ ਕੇ ਸਾਰੇ ਢੋਲੇ ਗਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਰ ਨਿਰੰਕਾਰ ਪਰਵਰਦਿਗਾਰ ਧੁਰਦਰਗਾਹੀ ਆਪ ਜਣਾਈਆ । ਬ੍ਰਹਮਾ ਕਹੇ ਮੈਂ ਖੋਲ੍ਹਦਾ ਬਸਤਾ, ਅਵਿਦਿਆ ਵਿਦਿਆ ਦੋਵੇਂ ਨਜ਼ਰੀ ਆਈਆ । ਤੇਰਾ ਮਾਰਗ ਵੱਖਰਾ ਰਸਤਾ, ਬੇਪਰਵਾਹ ਸਮਝ ਕੋਇ ਨਾ ਪਾਈਆ । ਜਿਸ ਦਵਾਰੇ ਨਾਮ ਖ਼ੁਮਾਰੀ ਚਾੜ੍ਹੇਂ ਮਸਤਾ, ਆਪਣਾ ਰੰਗ ਰੰਗਾਈਆ । ਲੇਖ ਚੁਕਾਵੇਂ ਕੀਟਾਂ ਹਸਤਾਂ, ਊਚਾਂ ਨੀਚਾਂ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸਿਫ਼ਤ ਸਾਲਾਹੀ ਨਾਮ ਦੱਸਦਾ, ਜੁਗ ਚੌਕੜੀ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਭਗਤ ਸੁਹੇਲਾ ਤੇਰਾ ਆਸ ਲੋਕਮਾਤ ਰੱਖਦਾ, ਕਵਣ ਵੇਲਾ

੧੦੦੫
੧੭

ਨਿਰਗੁਣ ਸਰਗੁਣ ਹੋ ਕੇ ਮੇਲ ਮਿਲਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਤੇਰਾ ਢੋਲਾ ਗਾਵੇ ਜਸ ਦਾ, ਖ਼ੁਸ਼ੀਆਂ ਰਾਗ ਅਲਾਈਆ । ਤੂੰ ਸਭ ਤੋਂ ਵੱਖਰਾ ਨਿਰਾਲਾ ਅਗੰਮ ਅਥਾਹ ਆਪਣੇ ਘਰ ਵਸਦਾ, ਸਚ ਦਵਾਰੇ ਡੇਰਾ ਲਾਈਆ । ਤੇਰੇ ਹੁਕਮੇ ਅੰਦਰ ਜੁਗ ਚੌਕੜੀ ਬੁਰਜ ਮਨਾਰਾ ਢੱਠਦਾ, ਲੱਖ ਚੁਰਾਸੀ ਖ਼ਾਕੀ ਖ਼ਾਕ ਮਿਲਾਈਆ । ਸ਼ਬਦ ਸੁਹੇਲਾ ਗੁਰੂ ਗੁਰ ਚੇਲਾ ਤੇਰਾ ਨਾਮ ਜਪਦਾ, ਜਪ ਜਪ ਆਪਣੀ ਖ਼ੁਸ਼ੀ ਪਰਗਟਾਈਆ । ਤੇਰਾ ਵੇਸ ਅਨੋਖਾ ਪੁਰਖ ਸਮਰਥ ਦਾ, ਕੋਈ ਸਮਝ ਸਕੇ ਨਾ ਰਾਈਆ । ਤੇਰਾ ਇਸ਼ਾਰਾ ਓਸ ਅੱਖ ਦਾ, ਜਿਹੜਾ ਨੇਤਰ ਨੇਤਰਾਂ ਵਿਚੋਂ ਬਾਹਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੁਲ੍ਹਾ ਆਪਣੇ ਹੱਟ ਦਾ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਮੇਰਾ ਹੱਟ ਅਨੋਖਾ, ਆਪ ਆਪਣੀ ਬਣਤ ਬਣਾਈਆ । ਜਿਸ ਦੇ ਅੰਦਰ ਰਖਿਆ ਆਪਣਾ ਪੋਥਾ, ਪੁਸਤਕ ਪੜ੍ਹਨ ਕੋਇ ਨਾ ਆਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਦੇ ਲੋਚਾ, ਅੰਤਰ ਰੁਚੀ ਆਤਮਕ ਧਿਆਨ ਲਗਾਈਆ । ਜਿਥੇ ਜੋਤ ਪਰਕਾਸ਼ ਜਗਮਗ ਜਗੇ ਜੋਤਾ, ਨੂਰੋ ਨੂਰ ਨੂਰ ਡਗਮਗਾਈਆ । ਜਿਥੇ ਲਹਿਣਾ ਦੇਣਾ ਚੁਕੇ ਲੋਕ ਪਰਲੋਕਾ, ਜਗਤ ਸਲੋਕਾਂ ਰਾਗ ਨਾ ਕੋਇ ਸੁਣਾਈਆ । ਸਚ ਪੁਛੇਂ ਮੇਰਾ ਸ਼ਬਦੀ ਸੁਤ ਇਕ ਵਿਸ਼ਨ ਬ੍ਰਹਮਾ ਸ਼ਿਵ ਅੱਗੇ ਬਣਿਆ ਪੋਤਾ, ਪਿਤਾ ਪੂਤ ਆਪਣੀ ਖੇਲ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਇਕ ਵਾਰ ਦੇਵਾਂ ਸਭ ਨੂੰ ਮੌਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਬ੍ਰਹਮਾ ਕਹੇ ਮੇਰੀ ਅਰਜ਼, ਆਰਜ਼ੂ ਤੇਰੇ ਅੱਗੇ ਜਣਾਈਆ । ਤੇਰਾ ਖੇਲ ਪ੍ਰਭੂ ਅਸਚਰਜ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਸੂਰਬੀਰ ਮਰਦਾਨਾ ਮਰਦ, ਬਲਧਾਰੀ ਇਕ ਅਖਵਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਕਰੇਂ ਅਦਲ, ਅਦਾਲਤ ਧੁਰ ਦੀ ਇਕ ਲਗਾਈਆ । ਕੋਟਨ ਕੋਟ ਬ੍ਰਹਮੇ ਦਿਤੇ ਬਦਲ, ਗੁਰ ਅਵਤਾਰ ਜੁਗ ਜੁਗ ਸੇਵ ਕਮਾਈਆ । ਤੇਰੀ ਕੋਇ ਨਾ ਜਾਣੇ ਧੁਰ ਦੀ ਮਜ਼ਲ, ਮੁਕਾਮੇ ਹਕ ਤੇਰਾ ਖੇਲ ਬੇਪਰਵਾਹੀਆ । ਕੋਟਨ ਕੋਟ ਸ਼ੰਕਰ ਲੱਖ ਚੁਰਾਸੀ ਕਰ ਕਰ ਥੱਕੇ ਕਤਲ, ਮਕਤੂਲ ਤੇਰੇ ਦਰ ਤੇ ਬੈਠੇ ਡੇਰੇ ਲਾਈਆ । ਵਿਸ਼ਨ ਭੰਡਾਰਾ ਤੇਰਾ ਕਰ ਨਾ ਸਕੇ ਵਜ਼ਨ, ਤੋਲ ਤਰਾਜ਼ੂ ਕੰਡਾ ਤੇਰਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭੇਦ ਅਭੇਦਾ ਅਛਲ ਅਛੇਦਾ ਦੇ ਜਣਾਈਆ । ਸ੍ਰੀ ਭਗਵਾਨ ਕਹੇ ਇਕੋ ਏਕ, ਏਕੰਕਾਰ ਰਿਹਾ ਜਣਾਈਆ । ਸਭ ਤੋਂ ਵੱਖਰਾ ਮੇਰਾ ਭੇਖ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮੈਂ ਵਸਾਂ ਧੁਰ ਦੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਜੁਗ ਚੌਕੜੀ ਲਵਾਂ ਪੇਖ, ਨੇਤਰ ਆਪਣਾ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦਾ ਸਦਾ ਸਦ ਭੇਜ, ਧੁਰ ਦਾ ਹੁਕਮ ਮਨਾਈਆ । ਜੁਗ ਚੌਕੜੀ ਖੇਲ ਕੇ ਖੇਡ, ਬਣ ਖਡਾਰੀ ਖ਼ੁਸ਼ੀ ਮਨਾਈਆ । ਜੋਤੀ ਜਲਵਾ ਦੇ ਕੇ ਤੇਜ, ਸ਼ਬਦੀ ਨਾਦ ਕਰਾਂ ਸ਼ਨਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਲਿਖ ਕੇ ਲੇਖ, ਨਿਰਗੁਣ ਸਰਗੁਣ ਸੇਵ ਕਮਾਈਆ । ਤਿੰਨ ਜੁਗ ਦੇ ਦੇ ਜਾਣ ਸੰਦੇਸ਼, ਸੋਹਲੇ ਢੋਲੇ ਜਗਤ ਜਣਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਨਰ ਨਰੇਸ਼, ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਮੁੱਛ ਦਾਹੜੀ ਨਾ ਕੋਇ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਵਖਾਈਆ । ਲੱਖ ਚੁਰਾਸੀ ਅੰਦਰ ਘਟ ਘਟ ਹੋ ਪਰਵੇਸ਼, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣਾ

ਧਾਰ ਅਵੱਲੜਾ ਭੇਸ, ਧੁਰ ਦੀ ਕਾਰ ਕਮਾਈਆ । ਭਾਗ ਲਗਾ ਕੇ ਸੰਬਲ ਦੇਸ, ਸੋਹਣਾ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਇਕ ਵਰ, ਧੁਰ ਸੰਦੇਸ਼ਾ ਆਪ ਜਣਾਈਆ । ਬ੍ਰਹਮਾ ਕਹੇ ਪ੍ਰਭੂ ਸੰਬਲ ਖੇੜਾ ਨਗਰ, ਚਾਰ ਜੁਗ ਰਹੇ ਜਸ ਗਾਈਆ । ਜਿਸ ਦੀ ਤੇਰੇ ਦਵਾਰੇ ਹੋਵੇ ਕਦਰ, ਕੁਦਰਤ ਵਿਚੋਂ ਬਾਹਰ ਵਖਾਈਆ । ਜਿਥੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਪੂਰੀ ਹੋਵੇ ਸਧਰ, ਆਸਾ ਮਨਸਾ ਵੇਖ ਵਖਾਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਉਠ ਉਠ ਨੱਠਣ, ਭੱਜਣ ਵਾਹੋ ਦਾਹੀਆ । ਜਿਥੇ ਭਗਤ ਭਗਵਾਨ ਅੱਗੇ ਦੁਖੜਾ ਦੱਸਣ, ਨੇਤਰ ਨੈਣਾਂ ਰੋ ਰੋ ਨੀਰ ਵਹਾਈਆ । ਜਿਥੇ ਆਤਮ ਪਰਮਾਤਮ ਆਏ ਹੱਸਣ, ਮਿਲ ਸਾਹਿਬ ਖ਼ੁਸ਼ੀ ਮਨਾਈਆ । ਜਿਥੇ ਸ਼ਬਦ ਅਗੰਮੀ ਸੁਤ ਦੁਲਾਰਾ ਤੀਰ ਅਨਿਆਲਾ ਆਏ ਕਸਣ, ਚਿੱਲਾ ਕਮਾਨ ਨਾ ਹੱਥ ਉਠਾਈਆ । ਜਿਥੇ ਅਬਿਨਾਸ਼ੀ ਕਰਤੇ ਭਗਤਾਂ ਪਤ ਆਵੇ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਬਾਹਰ ਆਏ ਕੱਢਣ, ਜਮ ਕੀ ਫਾਸ ਤੁੜਾਈਆ । ਜਿਥੇ ਸਤਿ ਸਤਿਵਾਦੀ ਇਕ ਕਰਾਏ ਅਦਲ, ਕੂੜੀ ਕਿਰਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਬ੍ਰਹਮੇ ਮੇਰੀ ਸੱਤਾਂ ਕਤਾਰਾਂ ਵਾਲੀ ਇਕ ਕਿਤਾਬ, ਜਿਸ ਦੇ ਵਿਚ ਲੇਖਾ ਦਿਤਾ ਲਿਖਾਈਆ । ਸਤ ਲੋਕ ਦਾ ਮਾਲਕ ਇਕ ਜਨਾਬ, ਆਅਲਾ ਅਦਨਾ ਬੇਪਰਵਾਹੀਆ । ਜਿਸ ਦਾ ਲੇਖਾ ਕਦੇ ਨਾ ਹੋਏ ਬੇਬਾਕ, ਲਹਿਣਾ ਸਕੇ ਨਾ ਕੋਇ ਚੁਕਾਈਆ । ਜਿਸ ਦਾ ਸਭ ਤੋਂ ਉਚਾ ਮਹਿਰਾਬ, ਮਹਿਬੂਬ ਹੋ ਕੇ ਡੇਰਾ ਲਾਈਆ । ਜਿਸ ਦੀ ਸਭ ਤੋਂ ਵੱਖਰੀ ਆਵਾਜ਼, ਸ਼ਬਦੀ ਨਾਦ ਸੁਣਾਈਆ । ਜਿਸ ਦੇ ਅੰਦਰ ਡੂੰਘਾ ਰਾਜ਼, ਸਮਝ ਕੋਇ ਨਾ ਪਾਈਆ । ਜਿਸ ਦਾ ਦੋ ਜਹਾਨ ਖੇਲ ਤਮਾਸ਼, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਦੀ ਜੁਗ ਚੌਕੜੀ ਸਾਰੇ ਰੱਖਦੇ ਗਏ ਆਸ, ਤ੍ਰਿਸ਼ਨਾ ਨਾਲ ਮਿਲਾਈਆ । ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼, ਅਬਿਨਾਸ਼ੀ ਹੋ ਕੇ ਖੇਲ ਖਿਲਾਈਆ । ਸੋ ਸਚ ਦਵਾਰੇ ਕਰੇ ਨਿਵਾਸ, ਅਸਥਾਨ ਭੂਮਿਕਾ ਦਏ ਵਡਿਆਈਆ । ਉਹ ਸੰਬਲ ਨਗਰ ਖ਼ਾਸ, ਜਿਸ ਦੀ ਖ਼ੁਸੂਸੀਅਤ ਸਮਝ ਸਕੇ ਨਾ ਰਾਈਆ । ਜਿਥੇ ਮਨ ਮਨੂਆ ਨਾ ਕੋਇ ਬਦਮਾਸ਼, ਨਾਰੀ ਨਰ ਰੂਪ ਨਾ ਕੋਇ ਵਟਾਈਆ । ਨਾ ਪਵਣ ਨਾ ਸਵਾਸ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਨਾ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਸੋਭਾ ਪਾਈਆ । ਨਾ ਗੋਪੀ ਨਾ ਕਾਹਨ ਪਾਏ ਰਾਸ, ਨਾ ਸੁਰਤੀ ਰਾਮ ਹੋਏ ਜੁਦਾਈਆ । ਨਾ ਗੁਰੂ ਅਵਤਾਰ ਪੀਰ ਪੈਗ਼ੰਬਰ ਦਾਸੀ ਦਾਸ, ਸੇਵਕ ਰੂਪ ਨਾ ਕੋਇ ਵਖਾਈਆ । ਨਾ ਕੋਇ ਸਮੁੰਦ ਸਾਗਰ ਡੂੰਘਾ ਖਾਤ, ਉਚੇ ਟਿੱਲੇ ਪਰਬਤ ਜੰਗਲ ਜੂਹ ਪਹਾੜ ਨਜ਼ਰ ਕੋਇ ਨਾ ਆਈਆ । ਇਕੋ ਇਕ ਪਰਮ ਪੁਰਖ ਪਰਮਾਤਮ ਵਸੇ ਸਾਖਿਆਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਲੇਖਾ ਸਦਾ ਸਦ ਬਿਨਾਂ ਕਲਮ ਦਵਾਤ, ਮਸਾਵਣੀ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕੋ ਇਕ ਸਮਝਾਈਆ । ਬ੍ਰਹਮਾ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਕਹਿ ਬੁਲਾਈਆ । ਤੂੰ ਦਾਤਾ ਪਰਵਰਦਿਗਾਰ, ਨਰ ਨਰਾਇਣ ਤੇਰੀ ਵਡਿਆਈਆ । ਤੂੰ ਕਾਤਬ ਅਗੰਮੜਾ ਲਿਖਾਰ, ਕੁਤਬਖ਼ਾਨਿਆਂ ਤੇਰੀ ਸਮਝ ਕੋਇ ਨਾ ਪਾਈਆ । ਜੋ ਆਇਆ ਸੋ ਬੇਅੰਤ ਬੇਅੰਤ ਬੇਅੰਤ ਗਿਆ ਉਚਾਰ, ਅੰਤ ਵਿਚ ਅੰਦਰ ਅੰਤਸ਼ਕਰਨ ਗਿਆ ਸਮਾਈਆ । ਤੇਰੇ ਕੋਟਨ ਕੋਟ ਜੁਗ ਬੀਤ ਗਏ ਵਿਚ ਸੰਸਾਰ, ਸੰਸਾਰੀ ਭੰਡਾਰੀ ਬਣਕੇ ਸਾਰੇ

ਸੇਵ ਕਮਾਈਆ । ਜਿਸ ਨੂੰ ਲਾਏ ਦੀਬਾਣ ਦਾ ਦਿਤਾ ਅਖਤਿਆਰ, ਉਹ ਵੀ ਦਰ ਤੇ ਸੀਸ ਨਿਵਾਈਆ । ਸੁਣ ਸੁਣ ਤੇਰਾ ਫ਼ਰਮਾਨ, ਫ਼ੁਰਨੇ ਸਾਰੇ ਬੈਠੇ ਬੰਦ ਕਰਾਈਆ । ਤੇਰਾ ਨਿਰਅੱਖਰਾਂ ਵਾਲਾ ਉਹ ਨਿਸ਼ਾਨ, ਜੋ ਨਿਸ਼ਾਨੇ ਤੀਰ ਨਿਰਾਲੇ ਰਿਹਾ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸੇ ਨਾ ਪਰਚਾ ਪਿਆ ਵਿਚ ਇਮਤਿਹਾਨ, ਸਵਾਲ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਖਾਈਆ । ਬ੍ਰਹਮੇ ਲੇਖਾ ਲਿਖਣ ਸੁਣਨ ਤੋਂ ਬਾਹਰ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਮੇਰਾ ਖੇਲ ਗੁਪਤ ਜ਼ਾਹਰ, ਜ਼ਾਹਰ ਜ਼ਹੂਰ ਬੇਨਜ਼ੀਰ ਆਪਣੀ ਕਲ ਵਰਤਾਈਆ । ਜਦ ਕਰਾਂ ਜਨ ਭਗਤਾਂ ਪਿਆਰ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਸਾਚਾ ਮਾਰਗ ਦਿਆਂ ਵਖਾਲ, ਅੰਤਰ ਆਤਮ ਕਰ ਪੜ੍ਹਾਈਆ । ਕਾਇਆ ਮੰਦਰ ਬਣਾ ਕੇ ਸੱਚੀ ਧਰਮਸਾਲ, ਸ਼ਿਵਦਵਾਲੇ ਮੱਠ ਖਹਿੜਾ ਦਿਆਂ ਮੁਕਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਦੀਨ ਦਿਆਲ ਦੇਵਾਂ ਮਿਲਾਈਆ । ਆਪੇ ਵੇਖ ਮੁਰੀਦਾਂ ਹਾਲ, ਮੁਰਸ਼ਦ ਮਿਲ ਮਿਲ ਖ਼ੁਸ਼ੀ ਵਖਾਈਆ । ਘਰ ਸੁਹਾ ਕੇ ਅੰਮ੍ਰਿਤ ਤਾਲ, ਰਸ ਇਕੋ ਜਾਮ ਪਿਆਈਆ । ਜੋਤੀ ਦੀਪਕ ਦੀਆ ਬਾਲ, ਅੰਧ ਅੰਧੇਰ ਦਿਆਂ ਮਿਟਾਈਆ । ਸਦ ਲੈ ਕੇ ਜਾਵਾਂ ਨਾਲ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਆਪਣਾ ਭੇਵ ਖੁਲ੍ਹਾਈਆ । ਜਨ ਭਗਤ ਮੇਰਾ ਜਾਣੇ ਮੰਤਰ, ਮੰਤਵ ਸਭ ਦਾ ਹੱਲ ਕਰਾਈਆ । ਮੇਰਾ ਮੇਲਾ ਆਤਮ ਅੰਤਰ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਪੰਜ ਤਤ ਬੁਝਾਵਾਂ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਪੰਧ ਮੁਕਾ ਕੇ ਗਗਨ ਗਗਨੰਤਰ, ਗ੍ਰਹਿ ਮੰਦਰ ਦਿਆਂ ਸੁਹਾਈਆ । ਭੇਵ ਚੁਕਾ ਕੇ ਬ੍ਰਹਮ ਨਿਰੰਤਰ, ਨਿਰਵੈਰ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਖੋਜ ਖੁਜਾਈਆ । ਬ੍ਰਹਮਾ ਕਹੇ ਵਾਹ ਪ੍ਰਭੂ ਤੇਰੇ ਭਗਤ ਚੰਗੇ, ਮੈਂ ਸੁਣ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਆਤਮ ਅੰਦਰ ਨਿਰਗੁਣ ਹੋ ਕੇ ਲੰਘੇ, ਸਚ ਸਿੰਘਾਸਣ ਸੋਭਾ ਪਾਈਆ । ਨਾਮ ਨਿਧਾਨ ਵਜਾਏਂ ਮਰਦੰਗੇ, ਅਨਹਦ ਰਾਗੀ ਰਾਗ ਅਲਾਈਆ । ਅੰਮ੍ਰਿਤ ਧਾਰ ਦੇਵੇਂ ਜਲ ਠੰਡੇ, ਨਿਜਰ ਝਿਰਨਾ ਇਕ ਝਿਰਾਈਆ । ਗੀਤ ਸੁਹਾਗੀ ਸੁਣਾਏਂ ਇਕ ਛੰਦੇ, ਸੋਹੰ ਢੋਲਾ ਰਾਗ ਅਲਾਈਆ । ਬੰਦਗੀ ਵਿਚੋਂ ਬਾਹਰ ਕੱਢ ਕੇ ਬੰਦੇ, ਬੰਧਨ ਸਾਰੇ ਦਏਂ ਤੁੜਾਈਆ । ਪ੍ਰੇਮ ਪ੍ਰੀਤੀ ਨਾਲ ਰਹਿੰਦੇ ਰੰਗੇ, ਰੰਗ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਹੱਥ ਸੱਚੀ ਵਡਿਆਈਆ । ਬ੍ਰਹਮਾ ਕਹੇ ਮੈਂ ਵੇਖੇ ਭਗਤ ਸੁਹੇਲੇ, ਸਈਆਂ ਵਿਚੋਂ ਸੋਹਣੇ ਨਜ਼ਰੀ ਆਈਆ । ਜਿਨ੍ਹਾਂ ਦੇ ਹਰਿ ਜੂ ਤੇਰੇ ਨਾਲ ਮੇਲੇ, ਹਰਿ ਕਾ ਮੰਦਰ ਵੇਖ ਖ਼ੁਸ਼ੀ ਮਨਾਈਆ । ਉਹ ਵਸਣ ਧਾਮ ਨਵੇਲੇ, ਨਿਜ ਘਰ ਬੈਠਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਜੋਗਾ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਬਦਲ ਦੇਵਾਂ ਕਾਇਆ ਚੋਗਾ, ਚੋਲੀ ਆਪਣਾ ਰੰਗ ਰੰਗਾਇੰਦਾ । ਅੰਦਰ ਵੜ ਕੇ ਦੇਵਾਂ ਹੋਕਾ, ਸੋਈ ਸੁਰਤੀ ਆਪ ਉਠਾਇੰਦਾ । ਨਾਮ ਸੁਣਾ ਕੇ ਸਚ ਸਲੋਕਾ, ਇਕੋ ਰਾਗ ਦ੍ਰਿੜਾਇੰਦਾ । ਮੇਲ ਮਿਲਾ ਕੇ ਧੁਰ ਦੀ ਜੋਤਾ, ਜੋਤੀ ਜੋਤ ਜੋਤ ਮਿਲਾਇੰਦਾ । ਜਨਮ ਮਰਨ ਦੀ ਕੱਟ ਕੇ ਸੋਚਾ, ਆਵਣ ਜਾਵਣ ਗੇੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਭਗਤ ਸੁਹੇਲੇ ਗੋਦ ਬਹਾਇੰਦਾ । ਬ੍ਰਹਮਾ ਕਹੇ ਮੈਂ ਵੇਖੇ ਭਗਤ ਗੋਦੀ ਚੁੱਕੇ, ਦਰਗਾਹ ਬੈਠੇ ਖ਼ੁਸ਼ੀ ਮਨਾਈਆ । ਉਨ੍ਹਾਂ ਦੇ ਪੈਂਡੇ ਮੁੱਕੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਉਹ ਪਾਰ ਲੰਘੇ ਸੁੱਕੇ, ਕੂੜੇ ਵਹਿਣ ਨਾ ਕੋਇ ਵਹਾਈਆ । ਉਹ ਗੂੜ੍ਹੀ ਨੀਂਦ ਸੁੱਤੇ, ਸਚ ਦਵਾਰਿਉਂ ਸਕੇ ਨਾ ਕੋਇ ਉਠਾਈਆ । ਉਹਨਾਂ ਦੇ ਲੇਖੇ ਚੁੱਕੇ ਕਾਇਆ ਮਾਟੀ ਜੁਸੇ, ਤਤਵ ਤਤ ਫੇਰ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਭਗਤ ਮੇਰਾ ਮੀਤ, ਆਦਿ ਜੁਗਾਦਿ ਦਿਆਂ ਜਣਾਈਆ । ਜਿਸ ਨਾਲ ਚਲੇ ਮੇਰੀ ਰੀਤ, ਨਿਰਗੁਣ ਸਰਗੁਣ ਵੱਜੇ ਵਧਾਈਆ । ਜਿਸ ਦਾ ਮਾਰਗ ਸਦਾ ਬਾਰੀਕ, ਤਿੱਖੀ ਧਾਰ ਰਖਾਈਆ । ਜਿਸ ਦਾ ਰੂਪ ਨੀਕਣ ਨੀਕ, ਹੰਕਾਰੀ ਗੜ੍ਹ ਨਾ ਕੋਇ ਦ੍ਰਿੜਾਈਆ । ਜਿਸਦਾ ਨਜ਼ਰ ਨਾ ਆਵੇ ਕੋਈ ਸ਼ਰੀਕ, ਲਾਸ਼ਰੀਕ ਨੂਰ ਖ਼ੁਦਾਈਆ । ਸਾਚੇ ਭਗਤ ਵਿਚ ਇਕ ਤੌਫੀਕ, ਤਵਾਰੀਖ ਸਿਫ਼ਤਾਂ ਨਾਲ ਸਾਲਾਹੀਆ । ਉਸ ਨੂੰ ਇਕੋ ਇਕ ਉਡੀਕ, ਪਾਰਬ੍ਰਹਮ ਪਤਿਪਰਮੇਸ਼ਵਰ ਮਿਲੇ ਚਾਈਂ ਚਾਈਆ । ਮੇਰਾ ਅੰਦਰ ਬਾਹਰ ਕਰਦੇ ਸੀਤ, ਅਗਨੀ ਤਤ ਰਹਿਣ ਨਾ ਪਾਈਆ । ਜਿਸ ਨੂੰ ਮਿਲਿਆਂ ਲੇਖਾ ਛੁੱਟ ਜਾਏ ਮੰਦਰ ਮਸੀਤ, ਕਾਇਆ ਕਾਅਬਾ ਦਏ ਦੁਹਾਈਆ । ਜਿਸ ਨੂੰ ਮਿਲਿਆਂ ਤਨ ਮਨ ਹੋਏ ਨਾ ਕਦੇ ਪਲੀਤ, ਪਾਕੀ ਪਾਕ ਦਏ ਜਣਾਈਆ । ਜਿਸ ਮਿਲਿਆਂ ਲੇਖਾ ਚੁੱਕ ਜਾਏ ਊਚ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ ਕੇ ਸਚ ਪ੍ਰੀਤ, ਪ੍ਰੀਤਮ ਆਪਣੇ ਨਾਲ ਮਿਲਾਈਆ । ਬ੍ਰਹਮਾ ਕਹੇ ਵੇਖੇ ਮੈਂ ਜਨ ਭਗਤ ਮਿਲਦੇ, ਆਤਮ ਪਰਮਾਤਮ ਜੋੜ ਜੁੜਾਈਆ । ਕੀਤੇ ਕੌਲ ਕਦੇ ਨਾ ਫਿਰਦੇ, ਇਕਰਾਰ ਸਕਣ ਨਾ ਕਦੇ ਭੁਲਾਈਆ । ਪੜਦੇ ਚੁੱਕ ਕੇ ਬਜਰ ਕਪਾਟੀ ਸਿਲ ਦੇ, ਸਨਮੁਖ ਹੋ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰਾ ਚਾਈਂ ਚਾਈਆ । ਜਨ ਭਗਤ ਕਹੇ ਮੇਰਾ ਸ਼ੁਕਰਾਨਾ, ਪ੍ਰਭ ਆਪਣੀ ਦਇਆ ਕਮਾਈਆ । ਘਰ ਮਿਲਿਆ ਸ੍ਰੀ ਭਗਵਾਨਾ, ਗ੍ਰਿਹਿ ਮੰਦਰ ਵਿਚੋਂ ਉਠ ਕੇ ਦਰਸ ਦਿਖਾਈਆ । ਨਾਮ ਸੁਣਾਇਆ ਇਕ ਤਰਾਨਾ, ਤੁਰੀਆ ਮੁਖ ਸ਼ਰਮਾਈਆ । ਦੀਪਕ ਜਗਾਇਆ ਇਕ ਮਹਾਨਾ, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਿਤੀ ਆਪ ਵਡਿਆਈਆ । ਜਨ ਭਗਤ ਕਹੇ ਘਰ ਪਾਇਆ ਠਾਕੁਰ, ਹਰਿ ਮਿਲਿਆ ਬੇਪਰਵਾਹੀਆ । ਜਿਨ ਭਾਗ ਲਗਾਇਆ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੀ ਵਧਾਈਆ । ਸੁਰਤ ਸਵਾਣੀ ਦਿਤਾ ਆਦਰ, ਸ਼ਬਦੀ ਮਾਣ ਵਧਾਈਆ । ਨਿਰਮਲ ਕਰਮ ਕੀਤਾ ਉਜਾਗਰ, ਦੁਰਮਤ ਮੈਲ ਧੁਆਈਆ । ਬਣ ਕੇ ਸੂਰਬੀਰ ਬਹਾਦਰ, ਕੂੜੀ ਕਿਰਿਆ ਕੋਲੋਂ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਮੈਂ ਪਾਇਆ ਭਗਵੰਤ, ਆਸਾ ਪੂਰ ਕਰਾਈਆ । ਘਰ ਸਵਾਮੀ ਮਿਲਿਆ ਕੰਤ, ਖ਼ੁਸ਼ੀਆਂ ਰੰਗ ਵਖਾਈਆ । ਨਾਤਾ ਤੋੜ ਕੇ ਲੱਖ ਚੁਰਾਸੀ ਜੀਵ ਜੰਤ, ਯਾਤਰੂ ਆਪਣਾ ਲਿਆ ਬਣਾਈਆ । ਘਰ ਰਿਹਾ ਨਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਰਿਹਾ ਸਮਝਾਈਆ । ਮੇਲ ਮਿਲਾ ਕੇ ਧੁਰ ਦੀ ਸੰਗਤ, ਸੰਗ ਆਪਣਾ ਦਿਤਾ ਸਮਝਾਈਆ । ਹਰਿ ਕਾ ਭਗਤ ਦੂਜੇ ਦਰ ਕਦੇ ਨਾ ਜਾਵੇ ਬਣ ਕੇ ਮੰਗਤ, ਝੋਲੀ ਅੱਗੇ ਨਾ ਕਿਸੇ ਫੈਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨੂੰ ਨਾਮ ਖ਼ੁਮਾਰੀ ਚਾੜ੍ਹੀ

ਰੰਗਤ, ਜਗਤ ਲਲਾਰੀ ਕੰਮ ਕਿਸੇ ਨਾ ਆਈਆ । ਜਨ ਭਗਤ ਕਹੇ ਮੋਹੇ ਮਿਲਿਆ ਸਵਾਮੀ, ਸੋਮਾ ਅੰਮ੍ਰਿਤ ਦਿਤਾ ਪਰਗਟਾਈਆ । ਅੰਦਰ ਵੜ ਕੇ ਸੁਣਾਈ ਆਪਣੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਮੇਰਾ ਨਾਤਾ ਤੁਟ ਗਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖਾ ਦਿਤਾ ਮੁਕਾਈਆ । ਮੇਰੀ ਸੁਰਤੀ ਹੋ ਕੇ ਸੁਘੜ ਸੁਚੱਜੀ ਰਾਣੀ, ਨੇਤਰ ਨੈਣ ਰਹੀ ਉਠਾਈਆ । ਸ਼ਬਦ ਮਿਲੇ ਧੁਰ ਦਾ ਹਾਣੀ, ਘਰ ਸਾਚੇ ਜੋੜ ਜੁੜਾਈਆ । ਲੇਖਾ ਚੁੱਕੇ ਆਵਣ ਜਾਣੀ, ਪਾਂਧੀ ਬਣ ਕੇ ਫੇਰਾ ਫੇਰ ਕੋਇ ਨਾ ਪਾਈਆ । ਦਰਸ਼ਨ ਕਰਾਂ ਉਸ ਸ਼ਾਹ ਸੁਲਤਾਨੀ, ਜੋ ਸ਼ਹਿਨਸ਼ਾਹ ਨੂਰ ਖ਼ੁਦਾਈਆ । ਸਾਚੇ ਮੰਦਰ ਬਹਿ ਕੇ ਚਰਨ ਕਵਲ ਕਰਾਂ ਧਿਆਨੀ, ਦੂਸਰ ਅੱਖ ਨਾ ਕੋਇ ਉਠਾਈਆ । ਜਿਸ ਕਿਰਪਾ ਕਰਕੇ ਕੀਤੀ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਲਿਆ ਮਿਲਾਈਆ । ਜਨ ਭਗਤਾਂ ਦਿਤੀ ਉਹ ਨਿਸ਼ਾਨੀ, ਜਿਸ ਨਿਸ਼ਾਨੀ ਦਾ ਬ੍ਰਹਮਾ ਬੈਠਾ ਰਾਹ ਰਿਹਾ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਹੁਕਮਰਾਨ, ਹਕੂਮਤ ਇਕੋ ਘਰ ਵਖਾਈਆ ।

### ✪ ੧੨ ਮੱਘਰ ੨੦੨੧ ਬਿਕ੍ਰਮੀ ਨਿਹਾਲ ਕੌਰ ਦੇ ਗ੍ਰਿਹ ਗੋਲੇਵਾਲਾ ✪



ਬ੍ਰਹਮਾ ਕਹੇ ਮੇਰਾ ਮਿਟਿਆ ਮਾਣ, ਮੇਰੀ ਵਿਦਿਆ ਨਾ ਕੋਇ ਚਤੁਰਾਈਆ । ਬਿਨ ਅੱਖਰਾਂ ਵਾਲਾ ਦੇ ਪ੍ਰਭ ਗਿਆਨ, ਧੁਰ ਦੀ ਧਾਰ ਜਣਾਈਆ । ਚਾਰੇ ਵੇਦ ਹੋਏ ਹੈਰਾਨ, ਸਿਰ ਸਕੇ ਨਾ ਕੋਇ ਉਠਾਈਆ । ਸਿਮਰਤ ਪੁਰਾਨ ਸਰਬ ਕੁਰਲਾਣ, ਕੂਕ ਕੂਕ ਸੁਣਾਈਆ । ਨੇਤਰ ਰੋਵੇ ਅੰਜੀਲ ਕੁਰਾਨ, ਅੱਖ ਸਕੇ ਨਾ ਕੋਇ ਉਠਾਈਆ । ਅੱਠ ਦਸ ਵੇਖ ਹੋਏ ਹੈਰਾਨ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਖਾਣੀ ਬਾਣੀ ਹੋ ਗ਼ੁਲਾਮ, ਆਪਣੀ ਸੇਵ ਕਮਾਈਆ । ਸਿਫ਼ਤ ਸਾਲਾਹੀ ਤੇਰਾ ਗਾਉਂਦੇ ਰਹੇ ਨਾਮ, ਜੁਗ ਚੌਕੜੀ ਦੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਪੈਗ਼ਾਮ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਮ ਕਾਗ਼ਜ਼ ਸ਼ਾਹੀ ਉਤੇ ਲਿਖਦੇ ਗਏ ਬਿਆਨ, ਹਰਫ਼ ਹਰੂਫ਼ ਜੋੜ ਜੁੜਾਈਆ । ਸੰਦੇਸੇ ਸੁਣਾਂਦੇ ਗਏ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਰਾਗ ਅਲਾਈਆ । ਸਤਿ ਧਰਮ ਦੇ ਦੱਸਦੇ ਗਏ ਨਿਸ਼ਾਨ, ਧੁਰ ਦਾ ਹੁਕਮ ਜਣਾਈਆ । ਚਿੱਲੇ ਧਨੁਸ਼ ਚੁਕਦੇ ਗਏ ਕਮਾਨ, ਭੱਥੇ ਸੰਗ ਰਖਾਈਆ । ਖੰਡਾ ਖੜਗ ਚਮਕਾਉਂਦੇ ਗਏ ਕਿਰਪਾਨ, ਤਿੱਖੀ ਧਾਰ ਜਣਾਈਆ । ਸੱਯਦਿਆਂ ਵਿਚ ਕਰਦੇ ਗਏ ਸਲਾਮ, ਨਮਸਤੇ ਕਹਿ ਕਹਿ ਸੀਸ ਨਿਵਾਈਆ । ਡੰਡੌਤ ਬੰਦਨਾ ਕਰਦੇ ਗਏ ਪਰਨਾਮ, ਨਿਉਂ ਨਿਉਂ ਲਾਗਣ ਪਾਈਆ । ਜੁਗ ਜਗਤ ਜਗ ਬਣਾਉਂਦੇ ਗਏ ਨਿਜ਼ਾਮ, ਨੌਬਤ ਤੇਰਾ ਨਾਮ ਵਜਾਈਆ । ਰਾਹ ਤੱਕਦੇ ਰਹੇ ਸੁਬਹ ਸ਼ਾਮ, ਘੜੀ ਪਲ ਦਿਵਸ ਰੈਣ ਆਪਣੀ ਅੱਖ ਖੁਲ੍ਹਾਈਆ । ਤੇਰਾ ਭੇਵ ਕਿਸੇ ਨਾ ਪਾਇਆ ਸ੍ਰੀ ਭਗਵਾਨ, ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਤੇਰਾ ਧੁਰ ਸੰਦੇਸ਼ਾ ਬਿਨ ਤੇਰੀ ਕਿਰਪਾ ਸੁਣੇ ਨਾ ਕੋਈ ਇਨਸਾਨ, ਮਨ ਮਤ ਬੁਧ ਸਮਝ ਕਿਸੇ ਨਾ ਆਈਆ । ਸਚਖੰਡ ਨਿਵਾਸੀ ਤੇਰਾ ਜਾਣੇ ਨਾ ਕੋਇ ਵਿਧਾਨ, ਪੜਦਾ ਸਕੇ ਨਾ ਕੋਇ ਉਠਾਈਆ । ਉਹ ਆਦਿ ਜੁਗਾਦੀ ਸਭ ਦਾ ਹੁਕਮਰਾਨ, ਹਾਕਮ ਬੇਪਰਵਾਹੀਆ । ਸਚ ਦਵਾਰਾ ਤੇਰਾ ਮਕਾਨ, ਮੁਕਾਮੇ ਹਕ ਸੋਭਾ ਪਾਈਆ ।

੧੦੧੦

ਸਚਖੰਡ ਤੇਰਾ ਨਿਸ਼ਾਨ, ਏਕੰਕਾਰ ਇਕੋ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਿਆ ਖੇਲ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਬ੍ਰਹਮਾ ਕਹੇ ਮੇਰੀ ਹੋਈ ਬਸ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤਮ ਖ਼ਾਲੀ ਹੱਥ, ਸਚ ਦਵਾਰੇ ਦਿਆਂ ਦਰਸਾਈਆ । ਤੇਰਾ ਖੇਲ ਪੁਰਖ ਸਮਰਥ, ਮੇਰੀ ਸਮਝ ਵਿਚ ਨਾ ਆਈਆ । ਮੈਂ ਨਾਤਾ ਜੋੜਦਾ ਰਿਹਾ ਤਤ ਅੱਠ, ਨੌ ਦਰ ਨਾਤਾ ਜਗਤ ਬੰਧਾਈਆ । ਦਸਵੇਂ ਨੂਰ ਜਹੂਰ ਰੱਖ, ਆਤਮ ਤੇਰੀ ਵੰਡ ਵੰਡਾਈਆ । ਬ੍ਰਹਮ ਹੋ ਕੇ ਲਿਆ ਹਕ, ਹਕੀਕਤ ਵਿਚ ਟਿਕਾਈਆ । ਜੁਗ ਚੌਕੜੀ ਸੇਵਾ ਕਰ ਕਰ ਗਿਆ ਥੱਕ, ਮੰਜ਼ਲ ਆਪਣੀ ਪੰਧ ਮੁਕਾਈਆ । ਅੰਤਮ ਲਹਿਣਾ ਦੇਣਾ ਤੇਰੇ ਹੱਥ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਦਰ ਤੇਰੇ ਓਟ ਤਕਾਈਆ । ਕਲਜੁਗ ਅੰਤਮ ਖੇੜਾ ਹੁੰਦਾ ਦਿਸੇ ਭੱਠ, ਸਗਲ ਸ੍ਰਿਸ਼ਟੀ ਰਹੀ ਕੁਰਲਾਈਆ । ਨਾੜ ਬਹੱਤਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦੋ ਜਹਾਨਾਂ ਰੱਖੇ ਕੋਈ ਨਾ ਪਤ, ਮਿਹਰ ਨਜ਼ਰ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਨੱਸ, ਕਲਜੁਗ ਅੰਤ ਪੱਲੂ ਲੋਕਮਾਤ ਛੁਡਾਈਆ । ਸ਼ਬਦ ਇਸ਼ਾਰੇ ਨਾਲ ਗਏ ਦੱਸ, ਦਹਿ ਦਿਸ਼ਾ ਆਪ ਜਣਾਈਆ । ਸਦੀ ਵੀਹਵੀਂ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਨਿਰਗੁਣ ਨਿਰਵੈਰ ਨਿਰੰਕਾਰ ਆਵੇ ਨੱਠ, ਬਣ ਕੇ ਪਾਂਧੀ ਪੰਧ ਮੁਕਾਈਆ । ਜੋਤ ਸਰੂਪ ਸ਼ਾਹੋ ਭੂਪ ਸਤਿ ਸਤਿਵਾਦੀ ਹੋਏ ਪਰਗਟ, ਬੋਧ ਅਗਾਧੀ ਧਾਰ ਚਲਾਈਆ । ਸਚ ਦਵਾਰਾ ਏਕੰਕਾਰਾ ਧੁਰ ਦਾ ਖੋਲ੍ਹੇ ਹੱਟ, ਅਬਿਨਾਸ਼ੀ ਕਰਤਾ ਬਣ ਵਣਜਾਰਾ ਵੇਖੇ ਚਾਈਂ ਚਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਸੱਜਣ ਲਏ ਰੱਖ, ਰੱਖਿਆ ਕਰੇ ਹਰ ਘਟ ਥਾਈਂਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮੁਖ ਪੜਦਾ ਲੈਣ ਢੱਕ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਅਗੰਮੀ ਘਟ ਘਟ, ਊਚ ਨੀਚ ਨਜ਼ਰੀ ਆਈਆ । ਤੇਰਾ ਸਿੰਘਾਸਣ ਖਟੋਲਾ ਵੇਖੀਏ ਅਗੰਮੀ ਖਾਟ, ਖਟੀਆ ਇਕੋ ਨਜ਼ਰੀ ਆਈਆ । ਨਿਰਗੁਣ ਜੋਤ ਕਰ ਪਰਕਾਸ਼, ਅਬਿਨਾਸ਼ੀ ਕਰਤੇ ਫੇਰਾ ਪਾਈਆ । ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਨੂਰੀ ਚੰਦ ਹੋਏ ਰੁਸ਼ਨਾਈਆ । ਸਤਿ ਧਰਮ ਦੀ ਉਪਜੇ ਇਕ ਪਰਭਾਤ, ਸੁਹੰਜਣੀ ਘੜੀ ਨਾਲ ਮਿਲਾਈਆ । ਵਾਕ ਭਵਿਖਤ ਜੋ ਗਏ ਆਖ, ਆਖ਼ਰ ਸੰਦੇਸ਼ੇ ਦੇ ਜਗਤ ਲੋਕਾਈਆ । ਸਾਹਿਬ ਸਵਾਮੀ ਪਰਗਟ ਹੋਵੇ ਸਾਖਿਆਤ, ਸਖਾ ਸੁਹੇਲਾ ਇਕੋ ਨਜ਼ਰੀ ਆਈਆ । ਕਲਮਾ ਪੜ੍ਹਾਏ ਕਾਇਨਾਤ, ਨਬੀ ਰਸੂਲਾਂ ਦਏ ਸਮਝਾਈਆ । ਜਾਮ ਪਿਆਲਾ ਪਿਆਏ ਆਬੇਹਯਾਤ, ਅੰਮ੍ਰਿਤ ਮੁਖ ਚੁਆਈਆ । ਦੋ ਜਹਾਨਾਂ ਵੇਖੇ ਹਾਲਾਤ, ਹਾਲਤ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬ੍ਰਹਮਾ ਕਹੇ ਮੈਂ ਵੇਖਿਆ ਜਗ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਕਾਅਬੇ ਵਾਲਿਆਂ ਭੁੱਲਾ ਹੱਜ, ਮੱਕਾ ਰੋ ਰੋ ਰਿਹਾ ਸੁਣਾਈਆ । ਫਿਰੀ ਦਰੋਹੀ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਮਾਰਨ ਧਾਹੀਆ । ਨੇਤਰ ਨੀਰ ਵਰੋਲਨ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧੀਰ ਨਾ ਕੋਇ ਧਰਾਈਆ । ਖਾਣੀ ਬਾਣੀ ਜਗਤ ਰਸਨਾ ਰਹੇ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਹਉਮੇ ਹੰਗਤਾ ਮਾਇਆ ਮਮਤਾ ਸਭ ਨੂੰ ਲੱਗਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਤੇਰੇ ਪ੍ਰੇਮ ਦਾ ਰਸ ਕੋਈ ਨਾ ਲਵੇ ਚਖ, ਅੰਤਰ ਰਸ ਨਾ ਕੋਇ ਸਮਝਾਈਆ । ਸਭ ਦੇ ਕਾਇਆ ਚੀਥੜ ਰਹੇ ਫਟ, ਓਢਣ ਸੀਸ ਨਾ ਕੋਇ ਟਿਕਾਈਆ । ਕਲਜੁਗ ਖੇਲ ਕਰੇ

ਬਣ ਨਟੂਆ ਨਟ, ਘਰ ਘਰ ਆਪਣਾ ਸਵਾਂਗ ਵਰਤਾਈਆ । ਮੁੱਲਾ ਸ਼ੇਖ਼ ਮੁਸਾਇਕ ਪਾਂਧੇ ਬੁਧ ਬਿਬੇਕੀ ਹੋਏ ਨਾ ਕੋਈ ਮਤ, ਸਤਿ ਦਵਾਰ ਨਜ਼ਰ ਕੋਇ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਚਾਰੋਂ ਕੁੰਟ ਰਿਹਾ ਨੱਚ, ਮੁਖ ਘੁੰਗਟ ਦਿਤਾ ਲਾਹੀਆ । ਕਾਇਆ ਖੇੜਾ ਅੰਦਰ ਦਿਸੇ ਭੱਠ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਹਮਾ ਕਹੇ ਮੈਂ ਵੇਖਿਆ ਚਾਰ ਕੁੰਟ ਜਗਤ ਜਹਾਨ ਰੋਂਦਾ, ਨੇਤਰ ਨੈਣਾਂ ਛਹਿਬਰ ਲਾਈਆ । ਸੁਖ ਆਸਣ ਸੇਜ ਕੋਈ ਨਾ ਸੌਂਦਾ, ਕੂੜੀ ਸੇਜਾ ਸਾਰੇ ਰਹੇ ਹੰਢਾਈਆ । ਪਤਿਪਰਮੇਸ਼ਵਰ ਤੇਰਾ ਦਰਸ਼ਨ ਕੋਈ ਨਾ ਪਾਉਂਦਾ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਹਰਿ ਜਗਦੀਸ਼ ਤੇਰੇ ਚਰਨ ਕਵਲ ਸੀਸ ਨਾ ਕੋਇ ਝੁਕਾਉਂਦਾ, ਪੱਥਰ ਪਾਹਨ ਸਿਲ ਪੂਜਸ ਵਕਤ ਲੰਘਾਈਆ । ਤੇਰੇ ਨਾਮ ਦਾ ਅਗੰਮੀ ਢੋਲਾ ਕੋਈ ਨਾ ਗਾਉਂਦਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਸਨਾ ਜਿਹਵਾ ਬੱਤੀ ਦੰਦ ਕਰਨ ਪੜ੍ਹਾਈਆ । ਤੇਰਾ ਇਸ਼ਟ ਦੇਵ ਸਵਾਮੀ ਦਰਸ਼ਨ ਅੰਦਰ ਨਾ ਕੋਇ ਸਮਾਉਂਦਾ, ਗ੍ਰਿਹਸਤੀ ਵੈਰਾਗੀ ਸਾਰੇ ਰਹੇ ਕੁਰਲਾਈਆ । ਚਾਰ ਕੁੰਟ ਜਗਤ ਅੰਧੇਰਾ ਕੂੜੀ ਕਿਰਿਆ ਨਾ ਕੋਇ ਮਿਟਾਉਂਦਾ, ਨੂਰ ਅਗੰਮੀ ਜੋਤੀ ਚੰਦ ਨਾ ਕੋਈ ਚਮਕਾਈਆ । ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਫੰਦ ਨਾ ਕੋਇ ਕਟਾਉਂਦਾ, ਸਾਚੇ ਦਰ ਨਾ ਕੋਇ ਬਹਾਈਆ । ਜੁਗ ਚੌਕੜੀ ਵਿਛੜਿਆ ਤੇਰੇ ਨਾਲ ਨਾ ਕੋਇ ਮਿਲਾਉਂਦਾ, ਆਤਮ ਪਰਮਾਤਮ ਗੰਢ ਨਾ ਕੋਇ ਪੁਆਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲਾ ਤੇਰਾ ਰਾਹ ਤਕਾਉਂਦਾ, ਨਿਜ ਨੇਤਰ ਧਿਆਨ ਲਗਾਈਆ । ਕੂੜੀ ਕਿਰਿਆ ਨਾਤਾ ਜਗਤ ਤੁੜਾਉਂਦਾ, ਮਾਇਆ ਮਮਤਾ ਮੋਹ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਬ੍ਰਹਮਾ ਕਹੇ ਮੈਂ ਹੋਇਆ ਹੈਰਾਨ, ਦਹਿ ਦਿਸ਼ਾ ਵੇਖ ਵਖਾਈਆ । ਚਾਰ ਜੁਗ ਦਾ ਗੁਰ ਅਵਤਾਰ ਜੋ ਦੇ ਕੇ ਗਏ ਬਿਆਨ, ਲੇਖਾ ਕਲਮਬੰਦ ਕਰਾਈਆ । ਸੰਦੇਸ਼ਾ ਦੇ ਕੇ ਆਏ ਦੋ ਜਹਾਨ, ਭੇਵ ਅਭੇਦ ਆਪ ਖੁਲ੍ਹਾਈਆ । ਸਭ ਦਾ ਮਾਲਕ ਹੁਕਮਰਾਨ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਹੋਏ ਹੈਰਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਲੇਖਾ ਜਾਣੇ ਸੀਤਾ ਰਾਮ, ਗੋਪੀਆਂ ਵਾਲੀ ਰਾਸ ਕਾਹਨਾਂ ਕੋਲੋਂ ਪੁਆਈਆ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਕਲਮੇ ਹਕ ਜਣਾਈਆ । ਜਨ ਭਗਤਾਂ ਜੁਗ ਜੁਗ ਸਿੱਧਾ ਮਿਲੇ ਆਣ, ਸਾਖਿਆਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਬ੍ਰਹਮਾ ਕਹੇ ਮੈਂ ਵੇਖੇ ਕਲਜੁਗ ਰੁਲਦੇ, ਗਿਆਨ ਧਿਆਨ ਤੇਰੀ ਸਾਰ ਕਿਸੇ ਨਾ ਆਈਆ । ਪੰਡਤ ਪਾਂਧੇ ਵੇਖੇ ਭੁਲਦੇ, ਪੁਸਤਕ ਵਾਚ ਨਾ ਕੋਇ ਸਮਝਾਈਆ । ਮੁੱਲਾ ਸ਼ੇਖ਼ ਮੁਸ਼ਾਇਕ ਵੇਖੇ ਡੁਲਦੇ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨ ਬੂਟੇ ਵੇਖੇ ਹੁਲਦੇ, ਪਤ ਡਾਲ੍ਹੀ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਭਗਤ ਸੁਹੇਲੇ ਤੇਰੀ ਪ੍ਰੀਤੀ ਜੁੜਦੇ, ਆਪ ਆਪਣਾ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਬ੍ਰਹਮਾ ਕਹੇ ਮੈਂ ਵੇਖ ਕੇ ਦੁਨੀਆ, ਦੁਨੀਦਾਰ ਤੈਨੂੰ ਦਿਆਂ ਸਮਝਾਈਆ । ਜਗਤ ਪਿਆਰ ਰਿਖੀਆਂ ਮੁਨੀਆਂ, ਮੰਤਰ ਸਤਿ ਨਾ ਕੋਇ ਸਹਾਈਆ । ਸਭ ਦੀਆਂ ਚੋਟੀਆਂ ਗਈਆਂ ਮੁੰਨੀਆਂ, ਓਢਣ ਨਜ਼ਰ ਕੋਇ ਨਾ ਆਈਆ । ਭਰਮੇ ਭੁੱਲੇ ਵਡ ਵਡ ਗੁਣੀਆਂ, ਗਹਿਰ ਗੰਭੀਰ ਤੇਰਾ ਸੰਗ ਨਾ ਕੋਇ ਨਿਭਾਈਆ । ਤੇਰੇ ਸੰਤ ਸੁਹੇਲੇ ਰਾਹ ਤੱਕਣ ਸਾਢੇ ਤਿੰਨ ਹੱਥ ਕਾਇਆ ਕੁੱਲੀਆਂ, ਮੰਦਰ ਮਹੱਲ ਅਟਲ

੧੦੧੨ ੧੭

ਗਏ ਤਜਾਈਆ । ਜਿਨ੍ਹਾਂ ਦੀਆਂ ਅੰਦਰੋਂ ਸੁਰਤੀਆਂ ਖੁਲ੍ਹੀਆਂ, ਸੁਰਤੀ ਸ਼ਬਦੀ ਮੇਲ ਮਿਲਾਈਆ । ਉਨ੍ਹਾਂ ਦੀਆਂ ਬਾਹਰੋਂ ਹਿਲਦੀਆਂ ਕਦੇ ਨਾ ਬੁੱਲੀਆਂ, ਹੇਠਾਂ ਵਾਲਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਮਿਲਾਈਆ । ਬ੍ਰਹਮਾ ਕਹੇ ਮੈਂ ਵੇਖ ਹੋਇਆ ਅਸਚਰਜ, ਅਚਰਜ ਲੀਲਾ ਵੇਖ ਕੇ ਤੇਰੀ ਬੇਪਰਵਾਹੀਆ । ਤੂੰ ਲੱਖ ਚੁਰਾਸੀ ਜੋੜ ਜੁੜਾਇਆ ਨਾਰ ਮਰਦ, ਇਸਤਰੀ ਪੁਰਸ਼ ਦਿਤੀ ਵਡਿਆਈਆ । ਕਲਜੁਗ ਅੰਤਮ ਸਭ ਦੇ ਅੰਤਰ ਵੇਖੀ ਛੁਰੀ ਨਿਰਾਲੀ ਕਰਦ, ਮਾਇਆ ਮਮਤਾ ਰੂਪ ਵਟਾਈਆ । ਜਿਸ ਦੇ ਅੰਦਰ ਨਹੀਂ ਕੋਈ ਦਰਦ, ਦੁਖੀਆਂ ਰਹੇ ਦੁਖਾਈਆ । ਏਸੇ ਕਾਰਨ ਪ੍ਰਭ ਤੇਰੇ ਅੱਗੇ ਕਰਾਂ ਅਰਜ਼, ਆਰਜ਼ੂ ਇਕ ਸੁਣਾਈਆ । ਜੁਗ ਚੌਕੜੀ ਪਿਛਲੀ ਛੱਡ ਪੜ੍ਹਤ, ਲਿਖਤ ਆਪਣੀ ਫੋਲ ਫੁਲਾਈਆ । ਜੀਵ ਜੰਤ ਸਾਧ ਸੰਤ ਜੋ ਤੇਰੇ ਨਾਮ ਦਾ ਲੈਂਦੇ ਧੜਤ, ਤੇਰੀ ਕੀਮਤ ਰਹੇ ਪਾਈਆ । ਓਹਨਾਂ ਦੀ ਫੋਲ ਪਿਛਲੀ ਫ਼ਰਦ, ਪੜਦਾ ਓਹਲਾ ਦੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਧੁਰ ਦਾ ਵੇਖ ਵਖਾਈਆ । ਬ੍ਰਹਮਾ ਕਹੇ ਮੇਰੀ ਸ਼ਰਮਾਏ ਅੱਖ, ਨੇਤਰ ਨੈਣ ਨਾ ਕੋਇ ਉਠਾਈਆ । ਮੈਂ ਵੇਖ ਆਇਆ ਪ੍ਰਤਖ, ਕਲਜੁਗ ਅੰਤਮ ਸਾਧ ਸੰਤ ਧੀਆਂ ਭੈਣਾਂ ਰਹੇ ਤਕਾਈਆ । ਤੂੰ ਗ਼ਫ਼ਲਤ ਵਿਚ ਪ੍ਰਭ ਕਿਥੇ ਰਿਹਾ ਵਸ, ਦੂਰ ਦੁਰਾਡਾ ਡੇਰਾ ਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰਦਵਾਰੇ ਰਹੇ ਕੁਰਲਾਈਆ । ਘਰ ਘਰ ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਤੇਰਾ ਨਾਮ ਨਜ਼ਰ ਕਿਸੇ ਨਾ ਆਈਆ । ਸਾਚੇ ਭਗਤਾਂ ਰੱਖੇ ਕੋਇ ਨਾ ਪਤ, ਪਤਿਪਰਮੇਸ਼ਵਰ ਜੋ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਚੁਕਾਈਆ । ਬ੍ਰਹਮਾ ਕਹੇ ਕਿਉਂ ਹੋਇਆ ਭੋਲਾ, ਨਿਰਗੁਣ ਨਿਰਵੈਰ ਵੇਖ ਵਖਾਈਆ । ਤੇਰਾ ਨਾਮ ਰਸਨਾ ਸੁਣਿਆ ਨਾ ਕੋਇ ਢੋਲਾ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਤੇਰਾ ਜੀਵ ਹੋਇਆ ਗੋਲਾ, ਕਾਇਆ ਗੋਲਕ ਸਚ ਵਸਤ ਨਾ ਕੋਇ ਟਿਕਾਈਆ । ਮਨ ਵਾਸਨਾ ਪਿਆ ਰੌਲਾ, ਬੁੱਧੀ ਕਰੇ ਪੜ੍ਹਾਈਆ । ਕਾਇਆ ਬਦਲੇ ਕੋਈ ਨਾ ਚੋਲਾ, ਚੋਲੇ ਰੰਗ ਨਾ ਕੋਇ ਵਖਾਈਆ । ਕਿਉਂ ਕਰਕੇ ਬੈਠਾ ਪੜਦਾ ਓਹਲਾ, ਪੁਰਖ ਅਬਿਨਾਸ਼ੀ ਆਪਣਾ ਮੁਖ ਛੁਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਦੱਸਦੇ ਵੇਲਾ, ਸਦੀ ਵੀਹਵੀਂ ਇਸ਼ਾਰਿਆਂ ਨਾਲ ਸਮਝਾਈਆ । ਤੂੰ ਸਭ ਦਾ ਮਾਲਕ ਖ਼ਾਲਕ ਬੇਪਰਵਾਹ ਮੌਲਾ, ਮਿਹਰਵਾਨ ਤੇਰੀ ਵਡਿਆਈਆ । ਧਰਨੀ ਵੇਖ ਆਪਣੀ ਧੌਲਾ, ਧਵਲ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਰਤਾਈਆ । ਬ੍ਰਹਮਾ ਕਹੇ ਮੈਨੂੰ ਤੇਰੇ ਉਤੇ ਗ਼ੁੱਸਾ, ਪ੍ਰਭੂ ਬੇਨੰਤੀ ਨਾਲ ਜਣਾਈਆ । ਜੇ ਤੇਰਾ ਗ਼ਰੀਬਾਂ ਵਰਗਾ ਹੋਵੇ ਜੁੱਸਾ, ਨੰਗਾ ਦਰ ਦਰ ਨਜ਼ਰੀ ਆਈਆ । ਉਹਨਾਂ ਵਿਚ ਰੱਖਾਂ ਭੁੱਖਾ, ਵਿਸ਼ਨੂੰ ਦਿਆਂ ਸਮਝਾਈਆ । ਤੇਰੇ ਹੱਥ ਫੜਾਵਾਂ ਟੁੱਕਰ ਰੁੱਖਾ, ਆਪਣਾ ਮੁਖ ਭੁਆਈਆ । ਮੁੜਕੇ ਫੇਰ ਕਦੇ ਨਾ ਪੁੱਛਾਂ, ਸਾਰ ਲੈਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਖ ਵਖਾਈਆ । ਬ੍ਰਹਮਾ ਕਹੇ ਮੈਂ ਵੇਖਿਆ ਕਲਜੁਗ ਵੇਲਾ, ਸਦੀ ਚੌਧਵੀਂ ਦਏ ਦੁਹਾਈਆ । ਝਗੜਾ ਪਿਆ ਗੁਰੂ ਗੁਰ ਚੇਲਾ, ਚੇਲਾ ਗੁਰ ਨਾ ਕੋਇ ਸਮਝਾਈਆ । ਤੂੰ ਕਿਥੇ ਵਸਿਆ ਧਾਮ ਨਵੇਲਾ, ਤੂੰ ਕਿਥੇ ਰਿਹਾਂ ਸਚ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਕਹੇ ਪੁਰਖ ਅਕਾਲ, ਬ੍ਰਹਮੇ ਦਿਆਂ ਜਣਾਈਆ ।



੧੦੧੩
੧੭

ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਅਹਿਵਾਲ, ਹਾਲਤ ਸਭ ਦੀ ਖੋਜ ਖੁਜਾਈਆ । ਗ਼ਰੀਬ ਨਿਮਾਣਿਆਂ ਨਿਰਧਨਾਂ ਸਰਬ ਸੁਣਾਂ ਆਵਾਜ਼, ਜੋ ਅੰਤਰ ਆਤਮ ਦੇਣ ਦੁਹਾਈਆ । ਜੁਗ ਚੌਕੜੀ ਮੇਰਾ ਖੇਲ ਤਮਾਸ਼, ਨਿਤ ਨਵਿਤ ਵੇਖ ਵਖਾਈਆ । ਗੁਰ ਅਵਤਾਰਾਂ ਪੂਰੀ ਕਰਾਂ ਖ਼ਾਹਿਸ਼, ਪੀਰ ਪੈਗ਼ੰਬਰਾਂ ਮਨਸਾ ਦਿਆਂ ਮਿਟਾਈਆ । ਭਗਤ ਸੁਹੇਲੇ ਕਰ ਤਲਾਸ਼, ਤਾਲਬ ਆਪਣੇ ਦਿਆਂ ਬਣਾਈਆ । ਲੇਖਾ ਜਾਣ ਕੇ ਪਵਣ ਸਵਾਸ, ਸਾਹ ਸਾਹ ਖੋਜ ਖੁਜਾਈਆ । ਕਲਜੁਗ ਵੇਖ ਅੰਧੇਰੀ ਰਾਤ, ਮੇਰੀ ਖ਼ੁਸ਼ੀ ਲਏ ਅੰਗੜਾਈਆ । ਧੰਨ ਭਾਗ ਜੇ ਸਾਰੇ ਮੈਨੂੰ ਕਰਦੇ ਯਾਦ, ਚਾਰ ਜੁਗ ਦੇ ਮਾਲਕ ਧਿਆਨ ਲਗਾਈਆ । ਮੈਂ ਜਾ ਕੇ ਸੁਣਾਂ ਫ਼ਰਿਆਦ, ਨਿਰਗੁਣ ਵੇਸ ਵਟਾਈਆ । ਅੰਦਰ ਵੜ ਕੇ ਖੋਲ੍ਹਾਂ ਰਾਜ਼, ਪੜਦਾ ਇਕ ਚੁਕਾਈਆ । ਜਨ ਭਗਤਾਂ ਪੂਰੀ ਕਰਾਂ ਆਸ, ਤ੍ਰਿਸਨਾ ਦਿਆਂ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਦਇਆ ਕਮੌਂਦਾ ਏ । ਬ੍ਰਹਮੇ ਧੁਰ ਦਾ ਸੰਦੇਸ਼ ਇਕ ਸੁਣੌਂਦਾ ਏ । ਮੈਂ ਵਸਾਂ ਸਚਖੰਡ ਸਾਚੇ ਦੇਸ, ਦੋ ਜਹਾਨਾਂ ਖੋਜ ਖੁਜੌਂਦਾ ਏ । ਗੁਰ ਅਵਤਾਰ ਲਿਖ ਕੇ ਗਏ ਲੇਖ, ਪੀਰ ਪੈਗ਼ੰਬਰ ਕਲਮ ਚਲੌਂਦਾ ਏ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਆਵੇ ਸਚ ਨਰੇਸ਼, ਨਰ ਨਿਰੰਕਾਰਾ ਨਾਉਂ ਪਰਗਟੌਂਦਾ ਏ । ਸਤਿ ਸਤਿਵਾਦੀ ਖੇਡੇ ਖੇਡ, ਖ਼ਾਲਕ ਖ਼ਲਕ ਭੇਵ ਚੁਕੌਂਦਾ ਏ । ਜੋਤੀ ਜਲਵਾ ਕਰ ਕੇ ਤੇਜ, ਨੂਰੀ ਚੰਦ ਇਕ ਰੁਸ਼ਨੌਂਦਾ ਏ । ਭਗਤ ਭਗਵਾਨ ਲਏ ਪੇਖ, ਲੱਖ ਚੁਰਾਸੀ ਵਿਚੋਂ ਆਪ ਪਰਗਟੌਂਦਾ ਏ । ਸ਼ਬਦ ਸੁਨੇਹੜਾ ਇਕੋ ਭੇਜ, ਸੋਈ ਸੁਰਤੀ ਆਪ ਜਗੌਂਦਾ ਏ । ਸਚ ਸੁਹੰਜਣੀ ਵਖਾ ਕੇ ਆਪਣੀ ਸੇਜ, ਆਤਮ ਪਰਮਾਤਮ ਪੜਦਾ ਲਾਹੁੰਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮੌਂਦਾ ਏ । ਧੁਰ ਦੀ ਕਰਨੀ ਕਾਰ ਕਮਾਵਾਂਗਾ । ਲੱਖ ਚੁਰਾਸੀ ਕਾਰ ਕਮਾਵਾਂਗਾ । ਭਗਤ ਸੁਹੇਲੇ ਮੇਲ ਮਿਲਾਵਾਂਗਾ । ਗੁਰ ਚੇਲੇ ਜੋੜ ਜੁੜਾਵਾਂਗਾ । ਸੱਜਣ ਸੁਹੇਲੇ ਨਾਲ ਰਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਰੰਗ ਰੰਗਾਵਾਂਗਾ । ਕਲਜੁਗ ਅੰਤਮ ਰੰਗ ਰੰਗਾਵੇਗਾ । ਅਬਿਨਾਸ਼ੀ ਕਰਤਾ ਵੇਖ ਵਖਾਵੇਗਾ । ਕਲਜੁਗ ਕੂੜੀ ਕਿਰਿਆ ਰੇਖ ਮਿਟਾਵੇਗਾ । ਸਤਿ ਸੰਦੇਸ਼ ਇਕ ਜਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਨੇਸ਼ ਸੀਸ ਝੁਕਾਵੇਗਾ । ਕਰੋੜ ਤੇਤੀਸਾ ਕਰੇ ਆਦੇਸ, ਸੁਰਪਤ ਇੰਦ ਸਿਰ ਨਾ ਕੋਈ ਉਠਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਹੇਤ, ਹਿਤਕਾਰੀ ਇਕੋ ਨਜ਼ਰੀ ਆਵੇਗਾ । ਜਨ ਭਗਤਾਂ ਰੁਤ ਸੁਹੰਜਣੀ ਮੌਲੇ ਚੇਤ, ਫੱਲ ਫੁਲਵਾੜੀ ਆਪ ਮਹਿਕਾਵੇਗਾ । ਸਚ ਦਵਾਰਾ ਵਖਾ ਕੇ ਆਪਣਾ ਦੇਸ, ਨਾਤਾ ਜਗਤ ਨਾਲੋਂ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵੇਗਾ । ਧੁਰ ਦੀ ਕਰਨੀ ਕਾਰ ਕਮਾਵੇਗਾ । ਵਰਨੀ ਬਰਨੀ ਡੇਰਾ ਢਾਵੇਗਾ । ਸਾਚੀ ਤਰਨੀ ਇਕ ਸਖਾਵੇਗਾ । ਨੇਤਰ ਹਰਨੀ ਫਰਨੀ ਆਪ ਖੁਲ੍ਹਾਵੇਗਾ । ਭਗਤਾਂ ਮਰਨੀ ਡਰਨੀ ਭੇਵ ਚੁਕਾਵੇਗਾ । ਸਾਚੀ ਸਰਨੀ ਇਕ ਰਖਾਵੇਗਾ । ਬ੍ਰਹਮੇ ਉਹ ਪੱਟੀ ਦੱਸਾਂ ਪੜ੍ਹਨੀ, ਜਿਸ ਵਿਚ ਆਪਣਾ ਰਾਗ ਜਣਾਵਾਂਗਾ । ਸਾਚੀ ਪੱਟੀ ਦੱਸਾਂ ਪੜ੍ਹਨੀ ਦੋ ਜਹਾਨਾਂ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਖਿਲਾਵਾਂਗਾ । ਜਨ ਭਗਤ ਖੇਲਣ ਆਉਣਗੇ । ਘਰ ਸਾਚੇ ਦਰਸ਼ਨ ਪਾਉਣਗੇ । ਜਨਮ ਜਨਮ ਦੀ ਹਰਸ ਮਿਟੌਣਗੇ । ਅਰਸ਼ ਫ਼ਰਸ਼ ਦੋਵੇਂ ਪੰਧ ਮੁਕੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੧੦੧੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਢੋਲਾ ਇਕੋ ਗੌਣਗੇ । ਸਾਚਾ ਢੋਲਾ ਇਕ ਪੜ੍ਹਾਵਾਂਗਾ । ਸ਼ਬਦ ਵਿਚੋਲਾ ਨਾਲ ਮਿਲਾਵਾਂਗਾ । ਸੋਹਲਾ ਧੁਰ ਦਾ ਰਾਗ ਸੁਣਾਵਾਂਗਾ । ਪੜਦਾ ਓਹਲਾ ਆਪ ਚੁਕਾਵਾਂਗਾ । ਬਣ ਕੇ ਮੌਲਾ ਨਜ਼ਰੀ ਆਵਾਂਗਾ । ਜਨ ਭਗਤਾਂ ਅੰਦਰ ਮਨ ਮਨੂਆ ਪਾਏ ਕੋਈ ਨਾ ਰੌਲਾ, ਇਕੋ ਧੁਰ ਦਾ ਹੁਕਮ ਸੁਣਾਵਾਂਗਾ । ਸਚ ਪ੍ਰੀਤੀ ਪ੍ਰੇਮ ਪਿਆਰ ਦਾ ਖੇਲ ਕੇ ਹੋਲਾ, ਹੌਲੀ ਹੌਲੀ ਆਪਣਾ ਰੰਗ ਚੜ੍ਹਾਵਾਂਗਾ । ਜੋ ਅੱਖਰਾਂ ਵਾਲਾ ਸੁਣ ਕੇ ਸੋਹਲਾ, ਦੋਹਰੀ ਆਪਣੀ ਧਾਰ ਪਰਗਟਾਵਾਂਗਾ । ਵਿਚੋਂ ਕੱਢ ਕੇ ਪੰਜਾਂ ਚੋਰਾਂ, ਪੰਚਮ ਪੰਜਾਂ ਆਪ ਪਰਗਟਾਵਾਂਗਾ । ਜਨ ਭਗਤ ਬਣਾ ਕੇ ਬਾਂਕਾ ਛੋਹਰਾ, ਜੋਬਨ ਇਕੋ ਇਕ ਵਖਾਵਾਂਗਾ । ਜਨ ਭਗਤ ਦੀ ਪ੍ਰਭ ਨੂੰ ਸਦਾ ਲੋੜਾ, ਲੁੜੀਂਦਾਂ ਸਾਜਨ ਘਰ ਮਿਲਾਵਾਂਗਾ । ਭਗਤ ਭਗਵਾਨ ਦਾ ਆਦਿ ਜੁਗਾਦੀ ਜੋੜਾ, ਬ੍ਰਹਮੇ ਬਿਨ ਭਗਤਾਂ ਪ੍ਰਭ ਕੰਮ ਕਿਸੇ ਨਾ ਆਵੇਗਾ । ਇਕੋ ਸੱਸੇ ਉਪਰ ਲਾ ਕੇ ਹੋੜਾ, ਹੰ ਬ੍ਰਹਮ ਆਪ ਜਣਾਵਾਂਗਾ । ਕਰ ਪਰਕਾਸ਼ ਕਲਜੁਗ ਅੰਧ ਘੋਰਾ, ਨੂਰੋ ਨੂਰ ਨੂਰ ਚਮਕਾਵਾਂਗਾ । ਅਗਲਾ ਵਕਤ ਕੋਈ ਨਾ ਜਾਣੇ ਰਹਿ ਗਿਆ ਥੋੜਾ, ਪਾਂਧੀ ਹੋ ਕੇ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵੇਖ ਵਖਾਵਾਂਗਾ । ਜਨ ਭਗਤਾਂ ਵੇਖਣ ਆਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਆਤਮ ਅੰਤਰ ਰਾਹ ਵਖਾਵੇਗਾ । ਕਲਜੁਗ ਲੱਗੀ ਬਸੰਤਰ ਆਪ ਬੁਝਾਵੇਗਾ । ਤੂੰ ਮੇਰਾ ਮੈਂ ਤੇਰਾ ਸੋਹੰ ਮੰਤਰ ਇਕ ਸੁਣਾਵੇਗਾ । ਕੂੜੀ ਕਿਰਿਆ ਚੁੱਕ ਕੇ ਡੇਰਾ, ਘਰ ਆਪਣੇ ਅੰਤ ਲਿਆਵੇਗਾ । ਜਿਥੇ ਵਸਦਾ ਸਦਾ ਖੇੜਾ, ਖਹਿੜਾ ਜਗਤ ਕੋਲੋਂ ਛੁਡਾਵੇਗਾ । ਹਕੀਕਤ ਵਿਚੋਂ ਕਰੇ ਹਕ ਨਬੇੜਾ, ਲਾਸ਼ਰੀਕ ਵੇਖ ਵਖਾਵੇਗਾ । ਸਦ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਵੇਗਾ । ਬ੍ਰਹਮੇ ਜਨ ਭਗਤਾਂ ਇਕੋ ਮੇਰਾ ਅੱਖਰ ਬਥੇਰਾ, ਬਿਨਾਂ ਵਿਦਿਆ ਪਾਰ ਲੰਘਾਵਾਂਗਾ । ਜਿਥੇ ਆਦਿ ਜੁਗਾਦਿ ਕਦੇ ਨਾ ਹੋਵੇ ਅੰਧੇਰਾ, ਬਿਨ ਸੂਰਜ ਚੰਦ ਜੋਤ ਜਗਾਵਾਂਗਾ । ਕੂੜੀ ਕਿਰਿਆ ਅੰਤਮ ਡੋਬ ਕੇ ਬੇੜਾ, ਸਤਿ ਸਚ ਇਕ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਵਾਂਗਾ । ਬ੍ਰਹਮਾਵੇਤਾ ਸੀਸ ਨਿਵੌਂਦਾ ਏ । ਬਿਨ ਰਸਨਾ ਜਿਹਵਾ ਬੋਲ ਸੁਣੌਂਦਾ ਏ । ਜਿਸ ਵੇਲੇ ਪ੍ਰਭ ਆਵੇ ਭਗਤਾਂ ਕੋਲ, ਉਹ ਵੇਲਾ ਵਕਤ ਸੁਹੌਂਦਾ ਏ । ਮੈਂ ਵੇਖਾਂ ਉਠ ਅਡੋਲ, ਸਦ ਤੇਰਾ ਰਾਹ ਤਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਤੇਰੀ ਆਸ ਤਕੌਂਦਾ ਏ । ਜਨ ਭਗਤਾਂ ਕੋਲ ਮੈਂ ਆਵਾਂਗਾ । ਬ੍ਰਹਮੇ ਇਕੋ ਰਾਗ ਸੁਣਾਵਾਂਗਾ । ਤੂੰ ਮੈਂ ਝਗੜਾ ਮੇਟ ਮਿਟਾਵਾਂਗਾ । ਜਿਸ ਘਰ ਸਵਾਮੀ ਇਕੋ ਰਹੇ, ਦੂਜਾ ਇਸ਼ਟ ਨਾ ਕੋਇ ਦਰਸਾਵਾਂਗਾ । ਕੂੜੀ ਕਿਰਿਆ ਕਰ ਕੇ ਖੈ, ਖ਼ਾਲਸ ਖ਼ਾਲਸਾ ਆਪ ਵਖਾਵਾਂਗਾ । ਜਿਥੇ ਜੋਤ ਪਰਕਾਸ਼ੇ ਸ਼ਕਤੀ ਸਵੇ, ਸ਼ੰਕਰ ਬ੍ਰਹਮਾ ਵਿਸ਼ਨ ਤੇਰਾ ਨੈਣ ਅੱਖ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਵਾਂਗਾ । ਬ੍ਰਹਮਾ ਕਹੇ ਪ੍ਰਭੂ ਤੇਰੇ ਪੁੱਤ ਵੱਡੇ ਹੋਣਗੇ । ਨਿਤ ਤੇਰਾ ਨਾਮ ਗੌਣਗੇ । ਦੂਜਾ ਇਸ਼ਟ ਨਾ ਕੋਈ ਮਨੌਣਗੇ । ਤੇਰੀ ਆਤਮ ਸੇਜਾ ਸੌਣਗੇ । ਪੀਆ ਕੰਤ ਭਤਾਰ ਇਕ ਹੰਢੌਣਗੇ । ਦੂਜਾ ਅੰਗ ਨਾ ਕੋਈ ਲਗੌਣਗੇ । ਕੂੜੀ ਕਿਰਿਆ ਕੋਲੋਂ ਨਹੀਂ ਸ਼ਰਮੌਣਗੇ । ਜਨ ਭਗਤਾਂ ਵੇਖ ਵੇਖ ਖ਼ੁਸ਼ੀ ਮਨੌਣਗੇ । ਤੇਰੇ ਨਾਲ ਮਿਲਾ ਕੇ ਅੰਤਮ ਰੁਚੀ, ਰਚਨਾਤਮਕ ਰੰਗ ਰੰਗੌਣਗੇ । ਆਪਣੀ ਸੁਰਤੀ ਕਰਕੇ ਸੁੱਚੀ, ਅਕਾਲ ਮੂਰਤੀ ਤੇਰੇ ਘਰ ਵਸੌਣਗੇ । ਜਿਨ੍ਹਾਂ ਦੀ ਮੰਜ਼ਲ ਸਭ ਤੋਂ ਉਚੀ, ਉਹ

ਉਚੇ ਹੋ ਕੇ ਤੇਰਾ ਨਾਦ ਵਜੌਣਗੇ । ਉਹਨਾਂ ਦੀ ਵੱਖਰੀ ਸਭ ਤੋਂ ਖ਼ੁਸ਼ੀ, ਖ਼ੁਸ਼ਹਾਲੀ ਵਿਚ ਡੇਰਾ ਲੌਣਗੇ । ਤੂੰ ਉਹਨਾਂ ਵਾਤ ਪੁੱਛੀਂ, ਜਿਹੜੇ ਤੇਰੇ ਮੈਖਾਨੇ ਵਿਚ ਝਟ ਲੰਘੌਣਗੇ । ਉਹ ਭਗਤ ਲੱਖ ਚੁਰਾਸੀ ਵਿਚੋਂ ਇਕੋ ਮੁੱਠੀ, ਕਲਜੁਗ ਅੰਤਮ ਨਜ਼ਰੀ ਔਣਗੇ । ਜਿਨ੍ਹਾਂ ਦੀ ਭਾਗ ਲੱਗਾ ਸਾਢੇ ਤਿੰਨ ਹੱਥ ਕਾਇਆ ਕੁਟੀ, ਕੁਟੀਆ ਇਕੋ ਇਕ ਦਰਸੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਨ ਭਗਤ ਸੁਹੇਲੇ ਤੇਰਾ ਰਾਹ ਤਕੌਣਗੇ । ਜਨ ਭਗਤਾਂ ਦਰਸ ਦਿਖਾਵਾਂਗਾ । ਜਨਮ ਜਨਮ ਦੀ ਹਰਸ ਮਿਟਾਵਾਂਗਾ । ਅਰਸ਼ ਫ਼ਰਸ਼ ਦਾ ਪੰਧ ਮੁਕਾਵਾਂਗਾ । ਸਾਖਿਆਤ ਨਜ਼ਰੀ ਆਵਾਂਗਾ । ਜਨ ਭਗਤ ਬਣਾ ਕੇ ਪਾਰਜਾਤ, ਆਪਣੇ ਘਰ ਵਸਾਵਾਂਗਾ । ਜਿਨ੍ਹਾਂ ਦੀ ਕਥਾ ਕਹਾਣੀ ਜੁਗ ਚੌਕੜੀ ਚਲੇ ਗਾਥ, ਸ਼ਬਦੀ ਰਾਗਾਂ ਨਾਦਾਂ ਵਿਚ ਸੁਣਾਵਾਂਗਾ । ਵਸਤ ਅਮੋਲਕ ਦੇ ਕੇ ਦਾਤ, ਧੁਰ ਦੇ ਦਾਤੇ ਆਪ ਬਣਾਵਾਂਗਾ । ਨਾਤਾ ਤੋੜ ਕੇ ਨਾਰ ਕਮਜ਼ਾਤ, ਗੁਰ ਸ਼ਬਦੀ ਆਪ ਪਰਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੰਗਲ ਆਪ ਸੁਣਾਵਾਂਗਾ । ਧੁਰ ਦਾ ਮੰਗਲ ਧੁਰ ਦੀ ਬਾਣੀ, ਜਨ ਭਗਤਾਂ ਕਰੇ ਪੜ੍ਹਾਈਆ । ਧੁਰ ਦਾ ਰਸ ਅੰਮ੍ਰਿਤ ਠੰਡਾ ਪਾਣੀ, ਨਿਜਰ ਜਾਮ ਪਿਆਈਆ । ਜਨ ਭਗਤਾਂ ਮਾਲਕ ਸ਼ਬਦ ਹਾਣੀ, ਸਚ ਸਵਾਣੀ ਲਏ ਗਲ ਲਾਈਆ । ਮਹੱਲ ਅਟਲ ਦਿਸਾਏ ਇਕ ਮਕਾਨੀ, ਸਚ ਮੁਕਾਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੁਸ਼ਕਲ ਕਰ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜਨ ਭਗਤਾਂ ਸਿਰ ਨਾ ਕੋਇ ਅਹਿਸਾਨ, ਹਰਿ ਜੂ ਆਪਣੀ ਸੇਵ ਕਮਾਈਆ । ਸਚ ਪਦਾਰਥ ਦੇਵਣਹਾਰਾ ਦਾਨ, ਦਾਤਾ ਹੋ ਵਰਤਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਮਕਾਨ, ਮੁਕੰਮਲ ਆਪਣਾ ਰਾਹ ਵਖਾਈਆ । ਬਿਨ ਪੜ੍ਹਿਆਂ ਦੇ ਕੇ ਗਿਆਨ, ਧੁਰ ਦੇ ਗਿਆਨੀ ਦਏ ਬਣਾਈਆ । ਨਾਤਾ ਤੋੜ ਕੇ ਜਗਤ ਜਹਾਨ, ਬਿਧਾਤਾ ਆਪਣੇ ਰੰਗ ਰੰਗਾਈਆ । ਪਿਤਾ ਮਾਤਾ ਬਣ ਕੇ ਸ੍ਰੀ ਭਗਵਾਨ, ਭਗਤ ਸੁਹੇਲੇ ਆਪਣੀ ਗੋਦ ਉਠਾਈਆ । ਲੇਖੇ ਲਾ ਕੇ ਨੌਜਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲਏ ਵਸਾਈਆ । ਬ੍ਰਹਮਾ ਉਠੇ ਹੱਸਦਾ ਹੱਸਦਾ, ਹਰਿ ਹਸਤੀ ਵੇਖ ਖ਼ੁਸ਼ੀ ਮਨਾਈਆ । ਮੈਂ ਭਗਤ ਸੁਹੇਲਾ ਵੇਖਾਂ ਤੇਰੇ ਘਰ ਵਸਦਾ, ਘਰ ਸਾਚੇ ਸੋਭਾ ਪਾਈਆ । ਅਬਿਨਾਸ਼ੀ ਕਰਤਾ ਸ਼ਬਦ ਇਸ਼ਾਰੇ ਨਾਲ ਦੱਸਦਾ, ਧੁਰ ਦਾ ਹੁਕਮ ਅਲਾਈਆ । ਮੇਰਾ ਭਗਤ ਕਦੇ ਵਿਛੋੜਾ ਸਹਿ ਨਾ ਸਕਦਾ, ਝੱਲੇ ਲੋਕਮਾਤ ਨਾ ਕਦੇ ਜੁਦਾਈਆ । ਉਹਦੇ ਅੰਦਰ ਪ੍ਰੇਮ ਪਿਆਰ ਹੱਟ ਹਠ ਦਾ, ਹਠੀ ਤਪੀ ਸਮਝ ਕੋਇ ਨਾ ਪਾਈਆ । ਲਾ ਕੇ ਪ੍ਰੀਤ ਪਿਛੇ ਨਾ ਹਟਦਾ, ਨਾਤਾ ਛੱਡ ਜਗਤ ਲੋਕਾਈਆ । ਇਕੋ ਨਾਮ ਪੁਰਖ ਅਕਾਲ ਰਟਦਾ, ਰੱਟੇ ਕੂੜੇ ਦਏ ਚੁਕਾਈਆ । ਜਿੰਨਾਂ ਚਿਰ ਦਰਸ਼ਨ ਕਰੇ ਨਾ ਪੁਰਖ ਸਮਰਥ ਦਾ, ਆਪਣੀ ਅੱਖ ਨਾ ਲਏ ਬਦਲਾਈਆ । ਬ੍ਰਹਮੇ ਹਰਿ ਕਾ ਭਗਤ ਸਦਾ ਮੇਰੇ ਦਵਾਰੇ ਵਸਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬ੍ਰਹਮਾ ਕਹੇ ਪ੍ਰਭੂ ਮੈਂ ਤੇਰੇ ਭਗਤ ਵੇਖੇ ਭੋਲੇ, ਵਿਦਵਾਨ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਕਹੇ ਬ੍ਰਹਮੇ ਮੈਂ ਵਸਾਂ ਉਹਨਾਂ ਦੇ ਚੋਲੇ, ਕਾਇਆ ਅੰਤਰ ਡੇਰਾ ਲਾਈਆ । ਹੌਲੀ ਜਿਹੀ ਪੜਦਾ ਦੇਵਾਂ ਖੋਲ੍ਹੇ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਉਹ ਖ਼ੁਸ਼ੀਆਂ ਅੰਦਰ ਕਾਇਆ ਮੰਦਰ ਡੂੰਘੀ ਕੰਦਰ ਮੇਰੇ ਗਾਉਂਦੇ ਢੋਲੇ, ਧੁਰ ਦਾ

ਰਾਗ ਅਲਾਈਆ । ਉਹ ਕਦੇ ਨਾ ਅੱਕਦੇ ਕਦੇ ਨਾ ਥੱਕਦੇ ਭੁੱਖੇ ਖਾ ਕੇ ਕੱਚੇ ਛੋਲੇ, ਛੱਤੀ ਪਦਾਰਥ ਰਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬ੍ਰਹਮਾ ਕਹੇ ਪ੍ਰਭੂ ਤੇਰਾ ਖੇਲ ਅਜ਼ੀਬ, ਮੈਂ ਜੁਗ ਚੌਕੜੀ ਵੇਖ ਵਖਾਈਆ । ਤੂੰ ਸਦਾ ਵਸੇਂ ਘਰ ਗ਼ਰੀਬ, ਸ਼ਾਹ ਸੁਲਤਾਨਾਂ ਦਏਂ ਤਜਾਈਆ । ਕੋੜ੍ਹਿਆਂ ਕਮਲਿਆਂ ਬਣਾਵੇਂ ਨਸੀਬ, ਕਰਮ ਕਾਂਡ ਡੇਰਾ ਢਾਹੀਆ । ਕਾਇਆ ਮਾਟੀ ਕਾਚੀ ਹਾਟੀ ਕਰਕੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਜਿਸ ਦੇ ਅੰਦਰ ਵੜ ਕੇ ਆਪਣਾ ਦੱਸ ਦਏਂ ਗੀਤ, ਉਹ ਗੋਬਿੰਦ ਮਿਲੇ ਚਾਈਂ ਚਾਈਂਆ । ਉਹਦੇ ਛਤਰ ਝੁਲਦਾ ਸੀਸ, ਜਗਦੀਸ ਦਏ ਵਡਿਆਈਆ । ਲੇਖਾ ਮੁੱਕ ਜਾਏ ਹਸਤ ਕੀਟ, ਊਚ ਨੀਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਤੇਰਾ ਸਹਾਰਾ, ਏਕਾ ਇਕੋ ਨਜ਼ਰੀ ਆਈਆ । ਜਗਤ ਛੱਡ ਕੇ ਤਟ ਕਿਨਾਰਾ, ਨਈਆ ਨੌਕਾ ਤੇਰਾ ਨਾਮ ਚਲਾਈਆ । ਇਕੋ ਬੋਲ ਹਕ ਜੈਕਾਰਾ, ਜ਼ਾਹਰਾ ਪੀਰ ਰਹੇ ਮਨਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਪਰਵਰਦਿਗਾਰਾ ਨੂਰ ਖ਼ੁਦਾਈਆ । ਸੋ ਸਾਹਿਬ ਮਿਲਿਆ ਸਾਂਝਾ ਯਾਰਾ, ਲੱਗੀ ਯਾਰੀ ਤੋੜ ਨਿਭਾਈਆ । ਜਗਤ ਜਨਮ ਜੋ ਕਰਦਾ ਰਿਹਾ ਅਧਾਰਾ, ਕਲਜੁਗ ਅੰਤਮ ਲੇਖਾ ਰਿਹਾ ਝੋਲੀ ਪਾਈਆ । ਪਤਿਪਰਮੇਸ਼ਵਰ ਦੀਨ ਦਿਆਲ ਠਾਕਰ ਸਵਾਮੀ ਕਲ ਕਲਕੀ ਲੈ ਅਵਤਾਰਾ, ਕਾਲਖ ਟਿੱਕੇ ਦੁਰਮਤ ਮੈਲ ਧੋਵੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਦਰਸ ਦੀਦਾਰਾ, ਦੀਦਾਂ ਵਿਚੋਂ ਦੀਦ ਈਦਾਂ ਵਿਚੋਂ ਈਦ, ਆਤਮ ਪਰਮਾਤਮ ਜੋਤ ਕਰੇ ਰੁਸ਼ਨਾਈਆ ।

## ੧੩ ਮੱਘਰ ੨੦੨੧ ਬਿਕ੍ਰਮੀ ਕਿਰਪਾਲ ਸਿੰਘ ਦੇ ਘਰ ਪਿੰਡ ਗੋਲੇਵਾਲ

ਬ੍ਰਹਮਾ ਕਹੇ ਪ੍ਰਭ ਤੇਰਾ ਸੁਣਿਆ ਉੱਤਰ, ਮੇਰੀ ਸੁਧ ਰਹੀ ਨਾ ਰਾਈਆ । ਸ਼ੁਕਰੀਏ ਸ਼ੁਕਰਾਨੇ ਵਿਚ ਕਰਾਂ ਸ਼ੁਕਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਕਦੇ ਨਾ ਜਾਵਾਂ ਮੁੱਕਰ, ਅਭੁੱਲ ਤੇਰੀ ਓਟ ਤਕਾਈਆ । ਤੂੰ ਭਗਤਾਂ ਚੁੱਕੀਂ ਆਪਣੇ ਕੁੱਛੜ, ਧੁਰ ਦੀ ਗੋਦ ਉਠਾਈਆ । ਮੈਂ ਲੱਖ ਚੁਰਾਸੀ ਵੇਖਾਂ ਜਿਨ੍ਹਾਂ ਘਰ ਨਹੀਂ ਕੋਈ ਪੁੱਤਰ, ਖ਼ਾਲੀ ਗੋਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਬ੍ਰਹਮਾ ਕਹੇ ਮੈਂ ਸੁਣੀ ਤੇਰੀ ਸਿਖਿਆ, ਜੋ ਸਾਹਿਬ ਦਿਤੀ ਜਣਾਈਆ । ਮੈਂ ਵੇਖਿਆ ਤੇਰਾ ਲੇਖ ਲਿਖਿਆ, ਪਹਿਲਾ ਅੰਕ ਦਿਤਾ ਉਲਟਾਈਆ । ਕਰ ਕਿਰਪਾ ਜੇ ਪਾਵੇਂ ਆਪ ਭਿਖਿਆ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇਂ ਮਾਣ ਵਡਿਆਈਆ । ਬ੍ਰਹਮਾ ਕਹੇ ਮੈਂ ਸੰਦੇਸ਼ਾ ਸੁਣਿਆ, ਅੰਤਰ ਧਿਆਨ ਲਗਾਈਆ । ਤੇਰਾ ਖੇਲ ਪ੍ਰਭੂ ਗੁਣ ਅਵਗੁਣਿਆ, ਗੁਣਵੰਤ ਤੇਰੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਛਾਣਿਆ ਪੁਣਿਆ, ਵੇਖੀ ਸਰਬ ਲੋਕਾਈਆ । ਦਹਿ ਦਿਸ਼ਾ ਚਾਰ ਕੁੰਟ ਵੇਖਿਆ ਕੋਨਿਆਂ, ਕਾਇਆ ਕੁਰੇ ਖੋਜ ਖੁਜਾਈਆ । ਲਹਿਣਾ ਦੇਣਾ ਵੇਖਿਆ ਕੇਸਾ ਧਾਰੀ ਮੋਨਿਆਂ, ਦਰ ਦਰ ਘਰ ਘਰ ਭੇਵ ਚੁਕਾਈਆ । ਦੁੱਖ ਦਰਦ ਬਿਰਹੋਂ ਅੰਦਰ ਵਿਰਲਾ ਗੁਰਮੁਖ ਬੋਲਿਆ, ਜੋ ਆਪਣੀ ਆਵਾਜ਼ ਸੁਣਾਈਆ । ਲੋਕਮਾਤ ਬਿਨਾ ਪੁੱਤਰਾਂ ਪਿਤਾ ਡੋਲਿਆ, ਮਾਈ ਵੱਜੇ

੧੦੧੮
੧੭

ਨਾ ਕੋਇ ਵਧਾਈਆ । ਮੈਂ ਆਪਣਾ ਖਾਤਾ ਸਾਰਾ ਫੋਲਿਆ, ਹਿਸਾਬ ਸਮਝ ਕੋਇ ਨਾ ਆਈਆ । ਤੇਰੀ ਚਰਨ ਪ੍ਰੀਤੀ ਘੋਲ ਘੋਲਿਆ, ਸੀਸ ਜਗਦੀਸ ਤੇਰੇ ਭੇਟ ਚੜ੍ਹਾਈਆ । ਜਿਸ ਆਦਿ ਜੁਗਾਦਿ ਤਤ ਵਿਰੋਲਿਆ, ਮਥਨ ਕੀਤੀ ਸਰਬ ਲੋਕਾਈਆ । ਸਚ ਦਵਾਰ ਇਕੋ ਖੋਲ੍ਹਿਆ, ਦੋ ਜਹਾਨਾਂ ਰਿਹਾ ਜਣਾਈਆ । ਸਾਚੇ ਕੰਡੇ ਤੋਲ ਤੋਲਿਆ, ਧਰਮ ਦੁਆਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਮਾ ਕਹੇ ਮੈਨੂੰ ਸੁਣ ਕੇ ਆਈ ਹੈਰਾਨੀ, ਹਰਿ ਜੂ ਕੀ ਦਿਆਂ ਜਣਾਈਆ । ਤੇਰਾ ਖੇਲ ਗਹਿਰ ਗੰਭੀਰ ਵਡ ਮਹਾਨੀ, ਮਹਿੰਮਾ ਅਕਥ ਅਕਥ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚੋਂ ਤੇਰੀ ਮਿਲੀ ਨਾ ਇਹ ਕਹਾਣੀ, ਜਿਹੜੀ ਬਿਨ ਅੱਖਰਾਂ ਮੈਨੂੰ ਦਿਤੀ ਸੁਣਾਈਆ । ਇਹ ਨਿਰਾਲੀ ਬਿਨ ਰਸਨਾ ਜਿਹਵਾ ਬੋਲਣ ਵਾਲੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਮੇਰਾ ਤੁੱਟਾ ਮਾਣ ਅਭਿਮਾਣੀ, ਬਲਹੀਣ ਦਿਆਂ ਦੁਹਾਈਆ । ਸ੍ਰੀ ਭਗਵਾਨ ਤੇਰੀ ਵਡਿਆਈ ਧੰਨ ਜੇ ਉਹਨਾਂ ਦੇਵੇਂ ਮਾਤ ਨਿਸ਼ਾਨੀ, ਜੋ ਨਿਸ਼ਾਨਾ ਤੇਰਾ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇਂ ਮਾਣ ਵਡਿਆਈਆ । ਬ੍ਰਹਮਾ ਕਹੇ ਤੇਰਾ ਖੇਲ ਨਿਆਰਾ, ਤੇਰੀ ਬੇਪਰਵਾਹੀਆ । ਤੂੰ ਵਸਣਹਾਰਾ ਹਰ ਘਟ ਬਾਰਾ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਲੱਖ ਚੁਰਾਸੀ ਤੇਰਾ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਕਮਾਈਆ । ਤੇਰਾ ਲੇਖਾ ਸਦਾ ਜੁਗ ਚਾਰਾ, ਚੌਕੜੀ ਬਹਿ ਬਹਿ ਖ਼ਾਕ ਰਮਾਈਆ । ਨਾਤਾ ਜੋੜ ਜਗਤ ਸੰਸਾਰਾ, ਸਾਚੀ ਰਚਨਾ ਦਿਤੀ ਬਣਾਈਆ । ਮਾਤ ਪਿਤ ਦਾ ਪੁੱਤਰਾਂ ਨਾਲ ਪਿਆਰਾ, ਬੰਧਨ ਇਕੋ ਇਕ ਵਖਾਈਆ । ਜਨਮ ਜਨਮ ਦਾ ਜਿਨ੍ਹਾਂ ਤੇਰਾ ਨਾਉਂ ਵਿਸਾਰਾ, ਨੌਂ ਪੰਜ ਚਾਰ ਡੇਰਾ ਢਾਹੀਆ । ਤੇਰੇ ਹੁਕਮੇ ਅੰਦਰ ਅੱਗੇ ਬ੍ਰਹਮਾ ਬਣੇ ਫੇਰ ਲਿਖਾਰਾ, ਲੇਖਾ ਲਿਖ ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬ੍ਰਹਮੇ ਫੜ ਕਲਮਦਾਨੀ, ਹਰਿ ਕਰਤਾ ਆਪ ਜਣਾਈਆ । ਦਾਦ ਦੇਵੇ ਦਾਨ ਦਾਤਾ ਦਾਨੀ, ਦਇਆਨਿਧ ਵਰਤਾਈਆ । ਸਤਿਜੁਗ ਦੀ ਸਚ ਨਿਸ਼ਾਨੀ, ਸਤਿ ਸਤਿਵਾਦੀ ਆਪ ਪਰਗਟਾਈਆ । ਘਰ ਘਰ ਦੇਵੇ ਬਾਲ ਨਿਸ਼ਾਨੀ, ਪ੍ਰਿਤਪਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਹਮਾ ਕਹੇ ਪ੍ਰਭ ਸਚ ਤੇਰੀ ਤਾਰੀਫ਼, ਤੁਆਰਫ਼ ਵਿਚ ਸਾਰੇ ਰਹੇ ਗਾਈਆ । ਤੂੰ ਆਪਣੇ ਹੁਕਮ ਦੀ ਕਰ ਤਸਦੀਕ, ਅੱਖਰਾਂ ਲੇਖ ਲਿਖਾਈਆ । ਮੈਂ ਉਹ ਸਤਰ ਵੇਖਾਂ ਠੀਕ, ਜਿਹੜੀ ਦੂਜੇ ਪਤਰੇ ਉਤੇ ਦਿਤੀ ਟਿਕਾਈਆ । ਜਿਥੇ ਹੁਕਮ ਇਕ ਅਤੀਤ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੀ ਧਾਰ ਸਦਾ ਬਾਰੀਕ, ਜਗਤ ਨਜ਼ਰ ਨਾ ਆਈਆ । ਜਿਸ ਦੀ ਕਰਦੇ ਗਏ ਉਡੀਕ, ਸਾਰੇ ਧਿਆਨ ਲਗਾਈਆ । ਜੋ ਸਚਖੰਡ ਦਾ ਸਚ ਵਸਨੀਕ, ਦਵਾਰਾ ਇਕੋ ਇਕ ਸੁਹਾਈਆ । ਜੋ ਬਖ਼ਸ਼ਣਹਾਰਾ ਸਚ ਪ੍ਰੀਤ, ਪ੍ਰੀਤਮ ਬੇਪਰਵਾਹੀਆ । ਜੋ ਵਸਤ ਅਮੋਲਕ ਝੋਲੀ ਪਾਵਣਹਾਰਾ ਚੀਜ਼, ਧੁਰ ਦੀ ਦਾਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਪਾਈਆ । ਬ੍ਰਹਮਾ ਕਹੇ ਪ੍ਰਭ ਕਰ ਦਸਖ਼ਤ, ਉਤੇ ਆਪਣੀ ਮੋਹਰ ਲਗਾਈਆ । ਵੇਖੀਂ ਭੁੱਲ ਨਾ ਜਾਈਂ ਵਤ, ਬੇਵਤਨ ਕਰਕੇ ਦੇਵੇਂ ਅੰਤ ਜੁਦਾਈਆ । ਤੇਰਾ ਰੂਪ ਆਦਿ ਜੁਗਾਦਿ ਸਤਿ, ਸਤਿ ਤੇਰੀ ਵਡਿਆਈਆ । ਬ੍ਰਹਮਾ ਤੇਰਾ ਨੂਰ ਰਤ, ਉਤਪਤ ਤੇਰੀ ਸੇਵ ਕਮਾਈਆ । ਉਹਨਾਂ ਦੀ ਪਤ ਲਵਾਂ ਰੱਖ, ਜਿਨ੍ਹਾਂ ਘਰ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਆਪਣੇ ਹੁਕਮ

ਨਾਲ ਮੈਨੂੰ ਦੇ ਦੇ ਹਕ, ਹਾਕਮ ਹੋ ਸਮਝਾਈਆ । ਮੈਂ ਮੁਖ ਵੇਖਾਂ ਝੱਟ, ਚਾਰੇ ਖਾਣੀ ਫੋਲ ਫੁਲਾਈਆ । ਵਾਹੋ ਦਾਹੀ ਜਾਵਾਂ ਨੱਠ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਮਾ ਕਹੇ ਪ੍ਰਭੂ ਲਾ ਅੰਗੂਠਾ, ਨਿਸ਼ਾਨ ਆਪਣਾ ਦੇ ਜਣਾਈਆ । ਮੇਰਾ ਖ਼ਾਲੀ ਭਰਦੇ ਠੂਠਾ, ਭੰਡਾਰਾ ਇਕ ਵਰਤਾਈਆ । ਰਸ ਆਪਣਾ ਦੇ ਅਨੂਠਾ, ਅੰਮ੍ਰਿਤ ਇਕ ਪਿਆਈਆ । ਮੈਂ ਵੇਖਾਂ ਚਾਰੇ ਕੂਟਾ, ਦਹਿ ਦਿਸ਼ਾ ਧਿਆਨ ਲਗਾਈਆ । ਮਾਨਸ ਸਿੰਮਲ ਵਾਂਗ ਖ਼ਾਲੀ ਰਹੇ ਕੋਈ ਨਾ ਬੂਟਾ, ਫਲ ਘਰ ਘਰ ਨਜ਼ਰੀ ਆਈਆ । ਆਪਣੇ ਹੁਕਮ ਦਾ ਦੇ ਸਬੂਤਾ, ਸਾਹਿਬ ਆਪਣਾ ਭੇਵ ਚੁਕਾਈਆ । ਮੈਂ ਲੇਖਾ ਜਾਣਾਂ ਕਾਇਆ ਤਤ ਕਲਬੂਤਾ, ਪੰਚਮ ਖੋਜ ਖੁਜਾਈਆ । ਅੱਗੇ ਫੇਰ ਨਾ ਹੋਵਾਂ ਝੂਠਾ, ਸਤਿਜੁਗ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਦੇ ਦ੍ਰਿੜਾਈਆ । ਬ੍ਰਹਮਾ ਕਹੇ ਪ੍ਰਭ ਅੰਗੂਠਾ ਉਤੋਂ ਦੱਬ, ਬਿਨ ਸ਼ਾਹੀ ਨਿਸ਼ਾਨ ਨਜ਼ਰੀ ਆਈਆ । ਜਿਧਰ ਵੇਖਾਂ ਪਏਂ ਲੱਭ, ਹਰ ਘਟ ਬੇਪਰਵਾਹੀਆ । ਪਿਛਲੀ ਕੀਤੀ ਕਰ ਦੇ ਰੱਦ, ਅਗਲਾ ਹੁਕਮ ਵਰਤਾਈਆ । ਬਿਨ ਬੱਚਿਆਂ ਖ਼ਾਲੀ ਰਹੇ ਕੋਇ ਨਾ ਯੱਦ, ਪੁਸ਼ਤ ਦਰ ਪੁਸ਼ਤ ਪੀੜ੍ਹੀ ਦੇਣੀ ਚਲਾਈਆ । ਜੋ ਜਨਮ ਨੌ ਤੈਨੂੰ ਗਏ ਛੱਡ, ਹੱਡ ਮਾਸ ਨਾੜੀ ਉਹਨਾਂ ਵੇਖ ਵਖਾਈਆ । ਤੇਰੀ ਕਿਰਪਾ ਨਾਲ ਤੈਥੋਂ ਕੋਈ ਨਾ ਹੋਵੇ ਅੱਡ, ਮਿਹਰਵਾਨ ਵਿਛੜੇ ਜੋੜ ਜੁੜਾਈਆ । ਮੈਂ ਕਹਾਂ ਦੋਵੇਂ ਜੋੜਕੇ ਹੱਥ, ਪੱਲੂ ਗਲ ਵਿਚ ਪਾਈਆ । ਤੂੰ ਸਾਹਿਬ ਪੁਰਖ ਅਕਾਲ ਸਮਰਥ, ਸਚ ਤੇਰੀ ਸਰਨਾਈਆ । ਸਭ ਦਾ ਝੋਲੀ ਪਾ ਦੇ ਹਕ, ਵਸਤ ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਅੰਗੂਠਾ ਦੱਬ ਤੇਰੀ ਨਜ਼ਰੀ ਆਏ ਲਕੀਰ, ਚੱਕਰਧਾਰੀ ਚੱਕਰ ਲਗਾਈਆ । ਜਿਸ ਹੁਕਮ ਨੂੰ ਮੰਨਦੇ ਪੀਰ ਫ਼ਕੀਰ, ਪੈਗ਼ੰਬਰ ਧਿਆਨ ਲਗਾਈਆ । ਜਿਸ ਦੇ ਨਾਲ ਧੁਰ ਦਾ ਵੱਝੇ ਜ਼ੰਜੀਰ, ਕੁਫਲ ਸਕੇ ਨਾ ਕੋਇ ਖੁਲ੍ਹਾਈਆ । ਜਿਸ ਦਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਨਾ ਆਈਆ । ਜਿਸਦੀ ਸਮਝ ਨਾ ਸਕੇ ਕੋਇ ਤਸਵੀਰ, ਮੁਸੱਵਰ ਨਕਸ਼ ਨਾ ਕੋਇ ਜਣਾਈਆ । ਜੋ ਆਦਿ ਜੁਗਾਦੀ ਜ਼ਾਹਿਰਾ ਪੀਰ, ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਜੋ ਦੋ ਜਹਾਨਾਂ ਸਦਾ ਮਦਦਗੀਰ, ਮਿਹਰ ਨਜ਼ਰ ਇਕ ਉਠਾਈਆ । ਜਿਸ ਦਾ ਲਹਿਣਾ ਦੇਣਾ ਸ਼ਾਹ ਹਕੀਰ, ਲੱਖ ਚੁਰਾਸੀ ਵੇਖ ਵਖਾਈਆ । ਤੇਰੇ ਹੱਥ ਤੇਰੀ ਤਦਬੀਰ, ਦੂਸਰ ਚਲੇ ਨਾ ਕੋਇ ਚਤੁਰਾਈਆ । ਮੈਂ ਸੇਵਕ ਦਰ ਮਸਕੀਨ, ਆਜਜ਼ ਹੋ ਕੇ ਰਿਹਾ ਸੁਣਾਈਆ । ਰੋਂਦੇ ਵੇਖੇ ਲੋਕ ਤੀਨ, ਚੌਦਾਂ ਤਬਕ ਰਹੇ ਕੁਰਲਾਈਆ । ਤੜਫਦੀ ਵੇਖੀ ਬਿਨਾ ਜਲ ਮੀਨ, ਬਲ ਆਪਣਾ ਆਪ ਗਵਾਈਆ । ਮੈਂ ਹੋ ਕੇ ਤੇਰੇ ਅਧੀਨ, ਨਿਰਧਨ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖ ਦੇ ਸਮਝਾਈਆ । ਬ੍ਰਹਮਾ ਕਹੇ ਮੇਰੀ ਫ਼ਰਿਆਦ, ਕਲਜੁਗ ਅੰਤ ਦਿਆਂ ਸੁਣਾਈਆ । ਅਬਿਨਾਸ਼ੀ ਕਰਤੇ ਦੇ ਦੇ ਦਾਦ, ਆਸਾ ਪੂਰਨ ਤੇਰੀ ਓਟ ਤਕਾਈਆ । ਨਾਤਾ ਜੋੜ ਦੇ ਲੋਕਮਾਤ, ਧੁਰ ਦੀ ਸਾਂਝ ਬਣਾਈਆ । ਦਰਵੇਸ਼ ਹੋ ਕੇ ਰਿਹਾ ਆਖ, ਅਲਖ ਨਿਰੰਜਣ ਤੇਰੀ ਆਸ ਤਕਾਈਆ । ਮੈਂ ਤੇਰੀ ਨਜ਼ਰੀ ਆਵਾਂ ਇਕੋ ਸ਼ਾਖ਼, ਜਿਸਦੀ ਲੱਖ ਚੁਰਾਸੀ ਪੱਤ ਡਾਲ੍ਹੀ ਰਹੀ ਮਹਿਕਾਈਆ । ਤੂੰ ਸਭ ਦੀ ਪੁੱਛਣਹਾਰਾ ਵਾਤ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬ੍ਰਹਮਾ ਕਹੇ ਕਰ ਮਨਜ਼ੂਰ, ਬੇਨੰਤੀ ਤੇਰੇ ਅੱਗੇ ਸੁਣਾਈਆ । ਅਬਿਨਾਸ਼ੀ ਕਰਤਾ ਕਹੇ

ਮੈਂ ਜੁਗ ਜੁਗ ਬਦਲਾਂ ਦਸਤੂਰ, ਦਸਤ ਆਪਣੇ ਹੱਥ ਰੱਖਾਂ ਵਡਿਆਈਆ । ਕਲਜੁਗ ਨਾਤਾ ਤੁਟੇ ਕੂੜ, ਕੂੜੀ ਕਿਰਿਆ ਦਿਆਂ ਖਪਾਈਆ । ਜਨ ਭਗਤਾਂ ਲਾ ਕੇ ਮਸਤਕ ਧੂੜ, ਟਿੱਕਾ ਨਾਮ ਚਮਕਾਈਆ । ਮਨਸਾ ਆਸਾ ਕਰਾਂ ਪੂਰ, ਤ੍ਰਿਸ਼ਨਾ ਜਗਤ ਬੁਝਾਈਆ । ਵਸਤ ਅਮੋਲਕ ਦਿਆਂ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਸਚ ਭੰਡਾਰੇ ਕਰ ਭਰਪੂਰ, ਭਵਰੀ ਕਵਰੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਰਹਿਮਤ ਵਿਚ ਸਮਾਈਆ । ਬ੍ਰਹਮਾ ਕਹੇ ਮੇਰੀ ਨਿਮਸਕਾਰ, ਨਿਮਖ ਨਿਮਖ ਧਿਆਈਆ । ਤੇਰਾ ਖੇਲ ਸਦਾ ਜੁਗ ਚਾਰ, ਚੌਕੜੀ ਵੇਖ ਵਖਾਈਆ । ਕਲਜੁਗ ਆਈ ਅੰਤਮ ਵਾਰ, ਵਾਰਤਾ ਤੇਰੇ ਅੱਗੇ ਸੁਣਾਈਆ । ਜਿਹੜੇ ਤੇਰੇ ਜਨ ਹੋਏ ਲਾਚਾਰ, ਜਨਨੀ ਬਣਕੇ ਦਏ ਦੁਹਾਈਆ । ਨਾਤਾ ਦਿਸੇ ਨਾ ਵਿਚ ਸੰਸਾਰ, ਟੁੱਟੀ ਗੰਢ ਨਾ ਕੋਇ ਬੰਧਾਈਆ । ਬ੍ਰਹਮਾ ਕਹੇ ਮੈਂ ਕਰਾਂ ਆਪ ਪੁਕਾਰ, ਦਰ ਤੇਰੇ ਮੰਗ ਮੰਗਾਈਆ । ਅੱਗੇ ਲੇਖਾ ਲਿਖ ਦੇ ਸੱਚੀ ਸਰਕਾਰ, ਨਿਰਦੋਸ਼ ਮੈਨੂੰ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕ ਅਖਵਾਈਆ । ਬ੍ਰਹਮੇ ਤੈਨੂੰ ਕਰਾਂ ਬਰੀ, ਮਿਹਰ ਨਜ਼ਰ ਉਠਾਈਆ । ਸੇਵਾ ਲਾ ਕੇ ਹਰਿ ਹਰੀ, ਹਰਿਜਨ ਦਏ ਵਡਿਆਈਆ । ਸਤਿਜੁਗ ਸੁਹੰਜਣੀ ਆਏ ਘੜੀ, ਵੇਲਾ ਵਕਤ ਵਡਿਆਈਆ । ਦੌਲਤ ਧੁਰ ਦੀ ਮਿਲੇ ਬੜੀ, ਬਹੁ ਬਿਧ ਝੋਲੀ ਪਾਈਆ । ਜਿਨ੍ਹਾਂ ਪੱਟੀ ਇਕੋ ਪੜ੍ਹੀ, ਪਤਣ ਬੈਠੇ ਆਈਆ । ਤਿਨ੍ਹਾਂ ਦੀ ਜੁਗ ਪੀੜ੍ਹੀ ਚਲੇ ਲੜੀ, ਲੜੀ ਲੜੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮਾ ਕਹੇ ਕੀ ਹੋਇਆ ਨੌ ਜਨਮ ਵਿਛੜੇ, ਕੋਟਨ ਕੋਟ ਜਨਮ ਸਮਝ ਕਿਸੇ ਨਾ ਆਈਆ । ਇਹ ਤੇਰੇ ਮਾਣਕ ਮੋਤੀ ਬਿਖਰੇ, ਮਾਣਸ ਜਨਮ ਤੇਰੇ ਹੁਕਮੇ ਅੰਦਰ ਪਾਈਆ । ਇਨ੍ਹਾਂ ਵਾਸਨਾ ਮੁਕਾ ਦੇ ਫ਼ਿਕਰੇ, ਚਿੰਤਾ ਗ਼ਮ ਨਾ ਕੋਇ ਜਣਾਈਆ । ਚੋਟੀ ਚਾੜ੍ਹ ਦੇ ਫੜ ਕੇ ਸਿਖ਼ਰੇ, ਅੱਧ ਵਿਚਕਾਰ ਨਾ ਕੋਇ ਅਟਕਾਈਆ । ਜਿਸ ਧਾਰੋਂ ਪ੍ਰਭੂ ਆਪ ਨਿੱਕਲੇ, ਨਿੱਕਲ ਕੇ ਸਾਡੀ ਬਣਤ ਬਣਾਈਆ । ਕੀ ਹੋਇਆ ਜੇ ਤੈਨੂੰ ਤੇਰੇ ਵਿਸਰੇ, ਤੂੰ ਅਭੁੱਲ ਭੁੱਲ ਕਦੇ ਨਾ ਜਾਈਆ । ਤੂੰ ਧੁਰ ਦਾ ਸੱਜਣ ਮਿਤਰੇ, ਮਾਲਕ ਇਕ ਅਖਵਾਈਆ । ਬਿਨ ਤੇਰੀ ਕਿਰਪਾ ਦਰਸ਼ਨ ਕਰੇ ਕੋਈ ਨਾ ਨਿਤ ਦੇ, ਨਵਿਤ ਸਮਝ ਕੋਇ ਨਾ ਪਾਈਆ । ਤੂੰ ਮਾਲਕ ਸਭ ਦਾ ਉਹਨਾਂ ਦੇ ਲੇਖ ਲਿਖ ਦੇ, ਜਿਨ੍ਹਾਂ ਦੇ ਲੇਖੇ ਵਿਚ ਤੇਰਾ ਲੇਖਾ ਨਜ਼ਰੀ ਆਈਆ । ਭੰਡਾਰੇ ਪਾ ਦੇ ਆਸਾ ਭਿਖ ਦੇ, ਭਿਛਿਆ ਇਕ ਵਰਤਾਈਆ । ਪ੍ਰੇਮ ਵਧਾ ਦੇ ਗੁਰਮੁਖ ਸਿੱਖ ਦੇ, ਸਿਖਿਆ ਇਕ ਦ੍ਰਿੜਾਈਆ । ਨਾਤੇ ਜੋੜ ਦੇ ਆਤਮ ਹਿਤ ਦੇ, ਹਿਤਕਾਰੀ ਲਏ ਮਿਲਾਈਆ । ਜੋ ਤੇਰੇ ਚਰਨ ਕਵਲਾਂ ਉਤੋਂ ਵਿਕਦੇ, ਉਹਨਾਂ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬ੍ਰਹਮਾ ਕਹੇ ਕੀ ਤੇਰਾ ਘਟਦਾ, ਘਾਟਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਤੂੰ ਆਪਣਾ ਵਰਕਾ ਉਲਟਦਾ, ਇਸ਼ਾਰੇ ਨਾਲ ਜਣਾਈਆ । ਓਥੋਂ ਖੇਲ ਨਜ਼ਰੀ ਆਵੇ ਇਕ ਸਮਰਥ ਦਾ, ਸਮਰਥ ਵੱਜੇ ਵਧਾਈਆ । ਓਥੇ ਹੁਕਮ ਇਕ ਅਕਥ ਦਾ, ਕਥਨੀ ਕਥ ਨਾ ਸਕੇ ਰਾਈਆ । ਜੋ ਭਗਤਾਂ ਪੈਜ ਰੱਖਦਾ, ਜੁਗ ਜੁਗ ਹੋਏ ਸਹਾਈਆ । ਜਿਸ ਹਿਰਦੇ ਅੰਦਰ ਵਸਦਾ, ਘਰ ਘਰ ਡੇਰਾ ਲਾਈਆ । ਜੋ ਲੇਖਾ ਜਾਣੇ ਧੁਰ ਦੇ ਨੱਤ ਦਾ, ਸੱਜਣ ਸਾਕ ਬੰਧਨ ਪਾਈਆ । ਹਕੀਕਤ ਓਸ ਦੇ ਕੋਲ ਦੱਸਦਾ, ਪੜਦਾ ਵਿਚ ਰਹੇ ਨਾ ਰਾਈਆ । ਬਿਨਾਂ ਪੁੱਤਰਾਂ ਬਾਪ ਦਾ ਖੇੜਾ ਕਦੇ

ਨਾ ਵਸਦਾ, ਖ਼ੁਸ਼ੀ ਘਰ ਨਾ ਕੋਇ ਮਨਾਈਆ । ਤੇਰਾ ਖੇਲ ਆਪਣੇ ਪਲਕ ਅੱਖ ਦਾ, ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਬ੍ਰਹਮੇ ਤੇਰੀ ਵੇਖੀ ਉਤਪਤ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤਮ ਆਈ ਰੁੱਤ, ਰੁਤੜੀ ਨਾਲ ਮਹਿਕਾਈਆ । ਜਿਨ੍ਹਾਂ ਦੇ ਘਰ ਸੰਤਾਨ ਨਹੀਂ ਕੋਈ ਪੁੱਤ, ਨੇਤਰ ਰੋਵਣ ਮਾਰਨ ਧਾਈਆਂ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੂੰ ਉਹਨਾਂ ਦੀ ਪੁੱਛੀ ਸੁਖ, ਪਹਿਲੋਂ ਅੱਖ ਨਾ ਕੋਇ ਖੁਲ੍ਹਾਈਆ । ਚਾਲੀ ਲੱਖ ਸਦਾ ਖ਼ਾਲੀ ਰਹਿੰਦੀ ਰਹੀ ਕੁੱਖ, ਜਿਨ੍ਹਾਂ ਭਗਵਨ ਭਾਗ ਨਾ ਕੋਇ ਲਗਾਈਆ । ਅਗਲੀ ਰੀਤੀ ਸਾਰਾ ਮੇਟ ਕੇ ਦੁੱਖ, ਦੁਖੜੇ ਦਏ ਗਵਾਈਆ । ਜੋ ਚੁਰਾਸੀ ਵਿਚੋਂ ਜਨਮ ਧਾਰ ਕੇ ਆਏ ਮਾਣਸ ਮਨੁੱਖ, ਬਿਨਾ ਪੁੱਤਰ ਪੁੱਤ ਰਹਿਣ ਕੋਇ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਵਸਤ ਤੇਰੀ ਝੋਲੀ ਜਾਵੇ ਸੁੱਟ, ਛੱਟਾ ਦੇਣਾ ਥਾਉਂ ਥਾਈਆ ।

## ✪ ੧੩ ਮੱਘਰ ੨੦੨੧ ਬਿਕ੍ਰਮੀ ਸੁਲੱਖਣ ਸਿੰਘ ਦੇ ਗ੍ਰਿਹ ਪਿੰਡ ਮੂੰਗਲਾ ✪

ਅਬਿਨਾਸ਼ੀ ਕਰਤਾ ਜੁਗ ਜੁਗ ਖੇਲ ਖਿਲੌਂਦਾ ਹੈ । ਆਦਿ ਜੁਗਾਦੀ ਨਿਤ ਨਵਿਤ ਵੇਖ ਵਖੌਂਦਾ ਹੈ । ਬ੍ਰਹਮ ਬ੍ਰਹਿਮਾਦੀ ਬ੍ਰਹਿਮੰਡ ਭੇਵ ਚੁਕੌਂਦਾ ਹੈ । ਨਿਰਗੁਣ ਸਰਗੁਣ ਬਣ ਕੇ ਵਰਤਾਏ ਸਵਾਂਗ, ਸਵਾਂਗੀ ਅਪਣੀ ਅਚਰਜ ਲੀਲ੍ਹਾ ਆਪਣੇ ਵਿਚ ਛਪੌਂਦਾ ਹੈ । ਪੂਰਬ ਜਨਮ ਦੀ ਤੁਹਾਨੂੰ ਕਰਾਏ ਯਾਦ, ਪਿਛਲਾ ਲੇਖਾ ਆਪ ਲਿਔਂਦਾ ਹੈ । ਇਹ ਹਰਬੰਸ ਕੌਰ ਉਹ ਰਾਜ, ਜਿਹੜਾ ਗੋਬਿੰਦ ਬੱਚਿਆਂ ਇੱਟਾਂ ਠੋਕ ਠੋਕ ਲਗੌਂਦਾ ਹੈ । ਉਸ ਵੇਲੇ ਇਹਦੀ ਤੇਸੀ ਕਾਂਡੀ ਵਿਚ ਸਵਾਦ, ਹਾਡੀ ਮਾਟੀ ਤੇਰੇ ਸੀਸ ਚੁਕੌਂਦਾ ਹੈ । ਜ਼ੋਰਾਵਰ ਸਿੰਘ ਇਕ ਵੇਰਾਂ ਪੁਛਿਆਂ ਇਕ ਜਵਾਬ, ਹੌਲੀ ਜਹੀ ਦ੍ਰਿੜੌਂਦਾ ਹੈ । ਕੀ ਤੈਨੂੰ ਵੀ ਕੋਈ ਔਂਦਾ ਸਵਾਦ, ਜਿਸ ਵੇਲੇ ਮੇਰੀ ਛਾਤੀ ਉਪਰ ਠੋਕਰ ਲੌਂਦਾ ਹੈ । ਉਸਨੇ ਕਿਹਾ ਹਾਂ ਮੇਰਾ ਖ਼ੁਸ਼ ਹੁੰਦਾ ਨਵਾਬ, ਮੈਂ ਜਿਸ ਦੀ ਸੇਵ ਕਮੌਂਦਾ ਹਾਂ । ਉਸ ਨੇ ਕਿਹਾ ਸ਼ਾਬਾਸ਼, ਮੈਂ ਖ਼ੁਸ਼ੀਆਂ ਵਿਚ ਤੇਰਾ ਦਰਸ਼ਨ ਪੌਂਦਾ ਹਾਂ । ਜੇ ਕਿਤੇ ਮੇਰਾ ਸਾਹਮਣੇ ਹੋਵੇ ਬਾਪ, ਫੇਰ ਉਸਨੂੰ ਇਹ ਹਾਲ ਵਖੌਂਦਾ ਹਾਂ । ਅਸੀਂ ਮਾਸੂਮ ਚੁੱਪ ਚਾਪ, ਰਸਨਾ ਜਿਹਵਾ ਨਾ ਕੋਇ ਅਲੌਂਦਾ ਹਾਂ । ਜਿਧਰ ਵੇਖਾਂ ਪਰਮ ਪੁਰਖ ਦਾ ਖੁੱਲ੍ਹਾ ਤਾਕ, ਬਾਲੀ ਬੁਧ ਵੱਡਾ ਖ਼ਿਆਲ ਬਣੌਂਦਾ ਹਾਂ । ਮੇਰੇ ਅੰਦਰੋਂ ਨਿਕਲੇ ਏਹੋ ਪਾਠ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗੌਂਦਾ ਹਾਂ । ਫਤਹਿ ਸਿੰਘ ਹੌਲੀ ਜਹੀ ਮੁਖ ਚੋਂ ਕਿਹਾ ਇਕ ਵਾਕ, ਵਾਕਿਆ ਅਗਲਾ ਨਾਲ ਰਲੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰਾਂ ਨਜ਼ਰਾਂ ਵਿਚ ਸਮੌਂਦਾ ਹਾਂ । ਛੋਟੇ ਕਿਹਾ ਓ ਰਾਜ ਜਗਤ ਮਜ਼ਦੂਰ, ਤੈਨੂੰ ਦਿਆਂ ਸੁਣਾਈਆ । ਉਹ ਕਿਹੜਾ ਸਾਡਾ ਕਸੂਰ, ਨੀਹਾਂ ਵਿਚ ਦਬਾਈਆ । ਅਸੀਂ ਪ੍ਰਭ ਦਾ ਹੁਕਮ ਮੰਨੀਏ ਜ਼ਰੂਰ, ਪ੍ਰਭ ਦਾ ਭਾਣਾ ਸੀਸ ਟਿਕਾਈਆ । ਉਹ ਮਾਲਕ ਨਹੀਂ ਦੂਰ, ਸਾਡੇ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਇਹ ਸੋਹਣੇ ਚੰਦ ਦਾ ਸੋਹਣਾ ਨੂਰ, ਕਿਉਂ ਖ਼ਾਕ ਵਿਚ ਰਿਹਾ ਦਬਾਈਆ । ਕੋਟਨ ਕੋਟ ਜੁਗਾਂ ਪਰਵਾਨ ਭਰ ਕੇ ਬੇੜੇ ਡੁੱਬਦੇ ਰਹੇ ਪੂਰ, ਬਿਨ ਸਤਿਗੁਰ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਧੁਰ ਦਾ ਲਹਿਣਾ ਜੁਗ ਜੁਗ ਰਿਹਾ ਚੁਕਾਈਆ । ਵੱਡੇ ਕਿਹਾ ਸੁਣ ਇਕ ਬਾਤ, ਤੈਨੂੰ ਦਿਆਂ ਜਣਾਈਆ । ਇੱਟ ਲਾਵਣ ਦੀ ਤੈਨੂੰ ਪੂਰੀ ਨਹੀਂ ਜਾਚ, ਸਾਚੀ ਸਿਖਿਆ ਦਿਆਂ ਦ੍ਰਿੜਾਈਆ । ਸਿੱਧੀ ਮੇਰੇ ਸੀਨੇ ਰੱਖ ਉਤੇ ਹਿੱਕ, ਪਿਛੋਂ ਜ਼ੋਰ ਨਾਲ ਦਬਾਈਆ । ਮੈਂ ਅੰਦਰੋਂ ਸਾਹ ਲਵਾਂ ਖਿੱਚ, ਤੂੰ ਹੀ ਤੂੰ ਰਾਗ ਅਲਾਈਆ । ਓਸ ਵੇਲੇ ਮੇਰਾ ਪ੍ਰਭ ਅੰਦਰ ਆਏ ਮੇਰੇ ਵਿਚ, ਵਿਚਕਾਰ ਡੇਰਾ ਲਾਈਆ । ਫੇਰ ਵੇਖਾਂ ਆਪਣਾ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਕੋਇ ਸਮਝ ਨਾ ਸਕੇ ਹਿਤ, ਜਗਤ ਜੀਵ ਭੇਤ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿੱਕਾ ਕਹੇ ਰਾਜ ਨਾਲ ਪੰਜ ਮਜ਼ਦੂਰ, ਭੱਜਣ ਵਾਹੋ ਦਾਹੀਆ । ਹੁਕਮੇ ਅੰਦਰ ਹੋ ਮਜਬੂਰ, ਸੇਵਕ ਬਣਕੇ ਸੇਵਾ ਰਹੇ ਕਮਾਈਆ । ਇਸ ਦੇ ਅੰਦਰ ਇਕ ਗ਼ਰੂਰ, ਗ਼ੁਰਬਤ ਰਿਹਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਰਾਜ ਨਬੀ ਦੇਂਦਾ ਆਇਆ ਵਾਰ, ਆਪਣਾ ਜ਼ੋਰ ਲਗਾਈਆ । ਜਿਸ ਵੇਲੇ ਕੰਧ ਆਈ ਮੁਖ ਦੇ ਸਾਰ, ਠੋਡੀ ਚਿੰਨ ਨਾਲ ਛੁਹਾਈਆ । ਓਸ ਵੇਲੇ ਬਚਨ ਨਿਕਲਿਆ ਤੂੰ ਹਰਿ ਹਰਿ ਨਿਰੰਕਾਰ, ਸਭ ਤੇਰੀ ਬੇਪਰਵਾਹੀਆ । ਵੱਡੇ ਕਿਹਾ ਸਭ ਕੁਛ ਓਸੇ ਦੇ ਅਖ਼ਤਿਆਰ, ਜੋ ਕਰਨੀ ਰਿਹਾ ਕਮਾਈਆ । ਜਿਸ ਸਾਡਾ ਤੱਤਾਂ ਦਾ ਮਹੱਲ ਦਿਤਾ ਉਸਾਰ, ਉਹੋ ਕੰਧਾਂ ਵਿਚ ਟਿਕਾਈਆ । ਜਿਸ ਨੇ ਬੰਦਾ ਬਣਾਇਆ ਇਨਸਾਨ, ਗੰਦਾ ਕਰਕੇ ਬੁਧ ਭੁਆਈਆ । ਨਿੱਕਾ ਵੇਖ ਹੋਇਆ ਹੈਰਾਨ, ਅੰਦਰੋਂ ਅੱਖ ਖੁਲ੍ਹਾਈਆ । ਇਹ ਸ਼ਰਅ ਵਾਲੇ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਅੰਦਰੋਂ ਬੇਈਮਾਨ, ਬਾਹਰੋਂ ਦੇਣ ਸਫਾਈਆ । ਅਸੀਂ ਬੱਚੇ ਬਾਲ ਨਿਧਾਨ, ਗੋਬਿੰਦ ਸੁਤ ਅਖਵਾਈਆ । ਜਿਨ੍ਹਾਂ ਦੀ ਬਲੀ ਪਰਮ ਪੁਰਖ ਕਰੇ ਪਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਦ੍ਰਿੜਾਈਆ । ਮੁਖ ਤੱਕ ਆਈ ਦੀਵਾਰ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਅੱਗੋਂ ਹੱਸ ਕੇ ਰਾਜ ਕਿਹਾ ਬਿੰਦ ਮੁਖਾਰ, ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਤੁਹਾਡਾ ਨਾਤਾ ਛੁੱਟਣ ਲੱਗਾ ਸੰਸਾਰ, ਵੇਖੋ ਅੱਖ ਉਠਾਈਆ । ਨਾਵੇਂ ਸਾਲ ਦਾ ਨਵਾਂ ਇਕ ਪਿਆਰ, ਛੋਟਾ ਰਿਹਾ ਜਣਾਈਆ । ਲਹਿਣਾ ਦੇਣਾ ਸਿਰਜਣਹਾਰ, ਜੁਗ ਜੁਗ ਆਪਣੇ ਹੱਥ ਰਖਾਈਆ । ਵੱਡੇ ਕਿਹਾ ਮੂਰਖਾ ਕੇਤੇ ਜਗਤ ਮਹੱਲ ਦਿਤੇ ਉਸਾਰ, ਇਹੋ ਜਿਹੀ ਸੇਵਾ ਤੈਨੂੰ ਅੱਗੇ ਕਿਸੇ ਨਾ ਲਾਈਆ । ਇਹ ਦੀਵਾਰ ਨਹੀਂ ਤੇਰੇ ਲਈ ਦੁਸ਼ਵਾਰ, ਜੋ ਦੁਸ਼ਮਣ ਬਣ ਕੇ ਦੀਦਾ ਦਾਨਿਸਤਾ ਨਜ਼ਰੀ ਆਈਆ । ਛੋਟੇ ਕਿਹਾ ਸਹਿਜ ਨਾਲ ਇਕ ਵਾਰ, ਮੇਰੇ ਅੰਦਰੋਂ ਮੇਰਾ ਰਿਹਾ ਹਿਲਾਈਆ । ਕੁਛ ਬਖ਼ਸ਼ ਮੈਨੂੰ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਤੂੰ ਸਦਾ ਭਗਤ ਉਧਾਰਨ ਪਾਪੀਆਂ ਦੇਵੇਂ ਤਾਰ, ਸਿਰ ਆਪਣਾ ਹੱਥ ਟਿਕਾਈਆ । ਵੱਡੇ ਕਿਹਾ ਅਗਲੇ ਜਨਮ ਦਾ ਹੁਦਾਰ, ਅੱਗਾ ਦਿਆਂ ਜਣਾਈਆ । ਮੇਰੇ ਅੰਤਰ ਆਵੇ ਉਛਾਲ, ਬੇਪਰਵਾਹ ਰਿਹਾ ਸਮਝਾਈਆ । ਕਲਜੁਗ ਅੰਤਮ ਜਿਸ ਵੇਲੇ ਆਏ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਅਗਲੇ ਜਨਮ ਦਾ ਦੇ ਅਹਿਵਾਲ, ਇਕੋ ਵਾਰ ਸਮਝਾਈਆ । ਜਨਮ ਜਨਮ ਖਾਏ ਕਾਲ, ਰਾਏ ਧਰਮ ਦਏ ਸਜ਼ਾਈਆ । ਜਿਸ ਵੇਲੇ ਆਵੇ ਦੀਨ ਦਿਆਲ, ਦਇਆਨਿਧ ਆਪਣਾ ਫੇਰਾ ਪਾਈਆ । ਓਧਰੋਂ ਗੁਜਰੀ ਦੀ ਆਤਮਾ ਮਾਰੀ ਆਵਾਜ਼, ਬਿਨ ਅਰਸ਼ ਫਰਸ਼ ਰਹੀ ਸੁਣਾਈਆ । ਮੋਮਨੋ ਤੁਹਾਡੀ ਕਿਧਰ ਗਈ

੧੦੨੨
੧੭

ਨਿਮਾਜ਼, ਕਾਫ਼ਰ ਬੈਠੇ ਰੂਪ ਵਟਾਈਆ । ਜੇ ਤੂੰ ਇੱਟਾਂ ਲਾਵਣ ਵਾਲਾ ਰਾਜ, ਮੇਰੇ ਫੁੱਲ ਗੁਲਾਬ ਕਿਉਂ ਨੀਹਾਂ ਹੇਠ ਰਖਾਈਆ । ਜੇ ਮਨੁੱਸ਼ ਨਹੀਂ ਇਸਤਰੀ ਹੁੰਦੀ ਤੇਰੇ ਅੰਦਰ ਪੁੱਤਾਂ ਦਾ ਹੁੰਦਾ ਪਿਆਰ, ਨੇਤਰ ਅੱਖਾਂ ਨੀਰ ਵਹਾਈਆ । ਜੋਰਾਵਰ ਸੁਣ ਅਗੰਮੀ ਧਾਰ, ਅੰਦਰੇ ਅੰਦਰ ਦਿਤਾ ਸੁਣਾਈਆ । ਏਸ ਜਨਮ ਨਹੀਂ ਤੇ ਦੂਜੀ ਵਾਰ, ਨਾਰੀ ਜਾਮਾ ਲਏ ਬਦਲਾਈਆ । ਪੰਜ ਮਜ਼ਦੂਰ ਜੋ ਇਹਦੇ ਨਾਲ, ਜਿੰਨ ਖ਼ਬੀਸ ਰੂਪ ਵਟਾਈਆ । ਮੈਂ ਛੋਟਾ ਬੱਚਾ ਨੌ ਸਾਲ, ਫ਼ਤਹਿ ਸਿੰਘ ਰਿਹਾ ਸਮਝਾਈਆ । ਇਸੇ ਤਰ੍ਹਾਂ ਇਹਦਾ ਦੁਖੀਆਂ ਵਾਲਾ ਹਾਲ, ਧੱਕੇ ਠੋਕ ਠੋਕ ਲਗਾਈਆ । ਇਨ ਇੱਟਾਂ ਦੀ ਚਿਣੀ ਦੀਵਾਰ, ਇਹਦੀ ਕਾਇਆ ਦੀਵਾਰ ਅੰਦਰ ਉਹ ਸੂਖ਼ਮ ਆਤਮ ਸੁਖ ਕਦੇ ਨਾ ਪਾਈਆ । ਇਹ ਦੁੱਖ ਦਾ ਨਹੀਂ ਪਿਆਰ, ਇਹ ਭੁੱਖ ਦਾ ਨਹੀਂ ਵਣਜਾਰ, ਪੂਰਬ ਲਹਿਣਾ ਲੇਖੇ ਵਿਚੋਂ ਝੋਲੀ ਰਿਹਾ ਭਰਾਈਆ । ਇਕ ਸਾਲ ਅੱਜੇ ਬਾਕੀ ਓਨਾਂ ਚਿਰ ਕਿਸੇ ਨਹੀਂ ਲੈਣੀ ਸਾਰ, ਕਿੰਨਾਂ ਚਿਰ ਰੋਵੇ ਕੁਰਲਾਵੇ ਮਾਰੇ ਧਾਹੀਆ । ਲਿਖਿਆ ਬਚਨ ਸੁਣਿਆ ਵਾਕ ਜੋ ਏਕ ਵਾਰ ਏਕੰਕਾਰ, ਕੋਇ ਨਾ ਸਕੇ ਬਦਲਾਈਆ । ਇਹ ਆਦਿ ਜੁਗਾਦੀ ਧੁਰ ਦੀ ਕਾਰ, ਧਰਨੀ ਧਰਤ ਵੇਖ ਵਖਾਈਆ । ਇਸ ਤੋਂ ਵੱਡਾ ਅਜੇ ਹੋਰ ਵਿਹਾਰ, ਜੋ ਆਪਣੇ ਸ਼ਬਦਾਂ ਵਿਚ ਬੰਦ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਲੇਖਾ ਦੱਸਣ ਤੋਂ ਅਜੇ ਇਨਕਾਰ, ਇਨਕੁਆਇਰੀ ਵਿਚ ਖੁਆਰੀ ਵਿਚ ਬੀਮਾਰੀ ਵਿਚ ਤੀਮਾਰੀ ਵਿਚ ਉਧਾਰੀ ਆਪਣਾ ਖੇਲ ਆਪਣੇ ਹੱਥ ਰਖਾਈਆ ।



## ੧੩ ਮੱਘਰ ੨੦੨੧ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹ ਗਵਾਲ ਟੋਲੀ ਫ਼ਿਰੋਜ਼ਪੁਰ ਛੌਣੀ

ਸਚਖੰਡ ਨਿਵਾਸੀ ਸਾਹਿਬ ਸੁਲਤਾਨ, ਹਰਿ ਕਰਤਾ ਖੇਲ ਕਰਾਈਆ । ਸ਼ਾਹੋ ਭੂਪ ਵਡ ਰਾਜ ਰਜਾਨ, ਸ਼ਹਿਨਸ਼ਾਹ ਧੁਰ ਫ਼ਰਮਾਨਾ ਇਕ ਸੁਣਾਈਆ । ਮੁਕਾਮੇ ਹਕ ਨੌਜਵਾਨ, ਲਾਸ਼ਰੀਕ ਬੇਪਰਵਾਹੀਆ । ਜੋਤੀ ਜਾਤਾ ਹੋ ਪਰਧਾਨ, ਨੂਰ ਨੂਰਾਨਾ ਡਗਮਗਾਈਆ । ਆਦਿ ਜੁਗਾਦੀ ਹੁਕਮਰਾਨ, ਦੋ ਜਹਾਨਾਂ ਖ਼ਾਲਕ ਪਾਲਕ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਧੁਰ ਦਰਗਾਹੀ ਵਡ ਅਮਾਮ, ਹਰਿ ਕਰਤਾ ਹੁਕਮ ਵਰਤਾਇੰਦਾ । ਪੀਰ ਪੈਗ਼ੰਬਰ ਸੁਣੇ ਕਲਾਮ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਈਸਾ ਮੂਸਾ ਮੁਹੰਮਦ ਕਰੇ ਸਲਾਮ, ਸੱਜਦਾ ਇਕੋ ਘਰ ਜਣਾਇੰਦਾ । ਜਿਸ ਦਾ ਮਜ਼੍ਹਬ ਨਾ ਕੋਇ ਇਸਲਾਮ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇੰਦਾ । ਸਤਿ ਸਰੂਪੀ ਨੌਜਵਾਨ, ਮਰਦ ਮਰਦਾਨਾ ਇਕ ਅਖਵਾਇੰਦਾ । ਜਿਸ ਦਾ ਜਲਵਾ ਨੂਰ ਮਹਾਨ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਮਿਹਰਵਾਨ, ਮਹਿਬੂਬ ਇਕੋ ਇਕ ਅਖਵਾਇੰਦਾ । ਪਤਿਪਰਮੇਸ਼ਵਰ ਹੋ ਪਰਧਾਨ, ਪਾਰਬ੍ਰਹਮ ਪ੍ਰਭ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਦ੍ਰਿੜਾਇੰਦਾ । ਧੁਰ ਦੀ ਕਰਨੀ ਅਗੰਮ ਅਥਾਹ, ਬੇਪਰਵਾਹ ਆਪ ਜਣਾਈਆ । ਧੁਰ ਸੰਦੇਸ਼ਾ ਇਕ ਸੁਣਾ, ਸ਼ਬਦੀ ਆਵਾਜ਼ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਬਿਨ ਅੱਖਾਂ ਰਿਹਾ ਜਣਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਬੋਲੇ ਜ਼ਬਾਨ, ਬੇਖਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ

ਆਪ ਦ੍ਰਿੜਾਈਆ । ਭੇਦ ਅਭੇਦਾ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਮਹਿਬੂਬ ਆਪਣੇ ਹੱਥ ਰੱਖੇ ਵਡਿਆਈਆ । ਏਕੰਕਾਰਾ ਨੌਜਵਾਨ, ਮਰਦ ਮਰਦਾਨਾ ਆਪਣੀ ਧਾਰ ਚਲਾਈਆ । ਆਦਿ ਨਿਰੰਜਣ ਜੋਤੀ ਨੂਰ ਨੂਰ ਮਹਾਨ, ਨਿਰਗੁਣ ਆਪਣੀ ਕਾਰ ਕਮਾਈਆ । ਅਬਿਨਾਸ਼ੀ ਕਰਤਾ ਝੁਲਾਵਣਹਾਰਾ ਸਚ ਨਿਸ਼ਾਨ, ਸਤਿ ਸਤਿਵਾਦੀ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਵੇਖਣਹਾਰਾ ਦੋ ਜਹਾਨ, ਬ੍ਰਹਿਮੰਡ ਖੰਡ ਆਪਣੇ ਵਿਚੋਂ ਪਰਗਟਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰ ਫ਼ਰਮਾਨ, ਧੁਰ ਸੰਦੇਸ਼ਾ ਇਕ ਅਲਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸਚ ਸਿੰਘਾਸਣ ਬਹਿ ਬਹਿ ਆਪਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਇਕ ਇਕੱਲਾ, ਏਕੰਕਾਰ ਵੱਡੀ ਵਡਿਆਈਆ । ਵਸਣਹਾਰਾ ਸਚ ਮਹੱਲਾ, ਸਚ ਦਵਾਰੇ ਸੋਭਾ ਪਾਈਆ । ਜੋਤੀ ਸ਼ਬਦੀ ਧਾਰ ਰੱਲਾ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਆਪਣੇ ਪਰਕਾਸ਼ ਆਪੇ ਬੱਲਾ, ਕੋਇ ਜਨਮੇ ਨਾ ਪਿਤਾ ਮਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸਚ ਦਵਾਰੇ ਆਪੇ ਮੱਲਾ, ਮੁਕਾਮੇ ਹਕ ਡੇਰਾ ਲਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਆਪਣਾ ਫੜਕੇ ਆਪੇ ਪੱਲਾ, ਨਿਰਾਕਾਰ ਨਿਰੰਕਾਰ ਨਿਰਵੈਰ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪਣੇ ਹੱਥ ਰਖਾਈਆ । ਧੁਰ ਦਾ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਜਣਾਇੰਦਾ । ਸਚ ਦਵਾਰੇ ਰਿਹਾ ਵਸ, ਛੱਪਰ ਛੰਨ ਨਾ ਕੋਇ ਸੁਹਾਇੰਦਾ । ਮੰਡਲ ਮੰਡਪ ਨਾ ਕੋਇ ਰਵ ਸਸ, ਜ਼ਿਮੀਂ ਆਸਮਾਨ ਨਜ਼ਰ ਕੋਇ ਨਾ ਆਇੰਦਾ । ਰੂਪ ਰੰਗ ਰੇਖ ਨਾ ਕੋਇ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਨਾ ਕੋਇ ਜੁੜਾਇੰਦਾ ।

੧੦੨੪

੧੭

ਤ੍ਰੈਗੁਣ ਮਾਇਆ ਚਲੇ ਕੋਈ ਨਾ ਰਥ, ਪੰਜ ਦੱਸ ਵੰਡ ਨਾ ਕੋਇ ਵੰਡਾਇੰਦਾ । ਪੂੰਜੀ ਕੁਛ ਨਾ ਆਵੇ ਹੱਥ, ਖ਼ਾਲੀ ਹੱਥ ਸਰਬ ਫਿਰਾਇੰਦਾ । ਸਤਿ ਸਤਿਵਾਦੀ ਆਦਿ ਜੁਗਾਦੀ ਆਪਣੀ ਖੇਲ ਕਰੇ ਅਕਥ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲਾ ਕੋਇ ਨਾ ਗਾਇੰਦਾ । ਉਚ ਅਗੰਮ ਅਥਾਹ ਬੇਪਰਵਾਹ ਨਿਰਾਕਾਰ ਆਪੇ ਰਿਹਾ ਵਸ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸੋਭਾਵੰਤ ਡੇਰਾ ਲਾਇੰਦਾ । ਧੁਰ ਦਾ ਪੀਰ ਬੇਨਜ਼ੀਰ ਲਾਤਸਵੀਰ ਲਾਸ਼ਰੀਕ ਹਕ ਤੌਫ਼ੀਕ, ਤੁਆਰਫ਼ ਆਪਣੇ ਨਾਲ ਕਰਾਇੰਦਾ । ਬੈਠਾ ਰਹੇ ਸਦਾ ਅਤੀਤ, ਨਾ ਠਾਂਡਾ ਨਾ ਸੀਤ, ਅਗਨੀ ਅੱਗ ਨਾ ਕੋਇ ਤਪਾਇੰਦਾ । ਨਾ ਢੋਲਾ ਗਾਏ ਗੀਤ, ਨਾ ਮਾਰਗ ਕੋਇ ਰੀਤ, ਹਸਤ ਕੀਟ ਰੂਪ ਨਾ ਕੋਇ ਵਖਾਇੰਦਾ । ਘਰ ਸਵਾਮੀ ਘਰ ਠਾਕਰ ਘਰ ਕਰੇ ਪ੍ਰੀਤ, ਘਰ ਮੇਲਾ ਸਹਿਜ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਸਚ ਦਵਾਰਾ ਇਕੋ ਇਕ ਸੁਹਾਇੰਦਾ । ਸਚ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਆਪ ਬਣਾਏ ਆਪਣੀ ਬਣਤ, ਬਾਡੀ ਸੰਗ ਨਾ ਕੋਇ ਰਖਾਈਆ । ਖੇਲੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਵੇਸ ਵਟਾਏ ਨਾਰ ਕੰਤ, ਨਰ ਨਰਾਇਣ ਸੇਜ ਸੁਹਜੰਣੀ ਆਪੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸਚ ਦਵਾਰੇ ਬਹਿ ਬਹਿ ਖ਼ੁਸ਼ੀ ਮਨਾਈਆ । ਸਚ ਦਵਾਰਾ ਸੋਭਨੀਕ, ਸਚਖੰਡ ਮਿਲੇ ਵਡਿਆਈਆ । ਜਿਥੇ ਅਵਰ ਨਾ ਕੋਇ ਸ਼ਰੀਕ, ਸ਼ਿਰਕਤ ਵੰਡ ਨਾ ਕੋਇ ਵੰਡਾਈਆ । ਹਰਿ ਕਾਦਰ ਕਰਤਾ ਇਕ ਤੌਫ਼ੀਕ, ਦੂਜੇ ਦਰ ਨਾ ਮੰਗਣ ਜਾਈਆ । ਛਤਰ ਝੁੱਲੇ ਹਰਿ ਸਾਚੇ ਸੀਸ, ਸੀਸ ਜਗਦੀਸ਼ ਸਮਝ ਕੋਇ ਨਾ ਪਾਈਆ । ਨਾ ਕਲਮਾ ਨਾ ਕੋਇ ਹਦੀਸ, ਨਾ ਹਜ਼ਰਤ

ਕਰੇ ਪੜ੍ਹਾਈਆ । ਮਿਹਰਵਾਨ ਆਪਣੀ ਕਰੇ ਆਪ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹੱਲ ਅਟਲ ਇਕੋ ਨੂਰ ਕਰੇ ਰੁਸ਼ਨਾਈਆ । ਮਹੱਲ ਅਟਲ ਸਚ ਪਰਕਾਸ਼, ਪਰਕਾਸ਼ਵਾਨ ਆਪ ਕਰਾਇੰਦਾ । ਦੀਵਾ ਬਾਤੀ ਕਮਲਾਪਾਤੀ ਕੋਈ ਨਾ ਰੱਖੇ ਸਾਥ, ਧੂਪ ਦੀਪ ਹਵਨ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਨਿਤ ਨਵਿਤ ਆਪਣੇ ਮੰਡਲ ਆਪਣੇ ਘਰ ਆਪਣੇ ਗ੍ਰਿਹਿ ਪਾਵੇ ਆਪਣੀ ਰਾਸ, ਸਤਿ ਸਵਾਮੀ ਅੰਤਰਜਾਮੀ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਏਕੰਕਾਰਾ ਮਹੱਲ ਮੁਨਾਰਾ ਆਪਣਾ ਆਪ ਸੁਹਾਇੰਦਾ । ਮਹੱਲ ਮੁਨਾਰਾ ਊਚੋ ਊਚ, ਹਰਿ ਦੇਵਣਹਾਰ ਵਡਿਆਈਆ । ਦੂਸਰ ਸਕੇ ਨਾ ਕੋਇ ਬੂਝ, ਬੇਅੰਤ ਕਹਿ ਕਹਿ ਢੋਲਾ ਇਕ ਸੁਣਾਈਆ । ਆਪਣੇ ਅੰਦਰ ਰੱਖੇ ਆਪਣੀ ਸੂਝ, ਸਚ ਸਵਾਮੀ ਬੇਪਰਵਾਹੀਆ । ਜਿਸ ਦੀ ਦਿਸ਼ਾ ਸਮਝ ਨਾ ਆਏ ਕੂਟ, ਉੱਤਰ ਪੂਰਬ ਪੱਛਮ ਦੱਖਣ ਦਹਿ ਦਿਸ਼ਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਦਾ ਤਤ ਵਜੂਦ ਨਾ ਕਲਬੂਤ, ਮਨਸਾ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰੇ ਹਰਿ ਕਰਤਾ ਪੁਰਖ, ਆਪਣੀ ਕਰਨੀ ਕਾਰ ਕਮਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਆਪਣੀ ਆਪੇ ਜਾਣੇ ਪਰਖ, ਪ੍ਰੀਖਿਆ ਵਿਚ ਖੇਲ ਨਾ ਕੋਇ ਖਿਲਾਈਆ । ਆਪੇ ਠਾਕਰ ਆਪੇ ਸੇਵਕ ਆਪੇ ਚਾਕਰ ਆਪੇ ਦੇਵਣਹਾਰਾ ਦਰਸ, ਦੀਦਾਰੀ ਆਪੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਆਪਣਾ ਹੁਕਮ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸੁਤ ਦੁਲਾਰਾ ਸ਼ਬਦ ਉਠਾਲ, ਧੁਰ ਦਾ ਹੁਕਮ ਸੁਣਾਈਆ । ਉਠ ਲਾਡਲੇ ਮੇਰੇ ਲਾਲ, ਲਾਲਨ ਦੇਵਣਹਾਰ ਵਡਿਆਈਆ । ਥਿਰ ਘਰ ਵੇਖ ਆਪਣੀ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਿਆਲ, ਬਿਨ ਨੇਤਰ ਅੱਖ ਖੁਲ੍ਹਾਈਆ । ਤ੍ਰੈਗੁਣ ਉਠ ਹੋ ਪਰਧਾਨ, ਪੰਜ ਤਤ ਆਪਣਾ ਪੜਦਾ ਲਾਹੀਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਫੇਰਾ ਪਾਈਆ । ਨਿਰਗੁਣ ਸਰਗੁਣ ਖੇਲ ਖੇਲਦਾ ਰਿਹਾ ਹੋ ਪਰਧਾਨ, ਪਰਮ ਪੁਰਖ ਪਰਮਾਤਮ ਆਤਮ ਵੰਡ ਵੰਡਾਈਆ । ਪਾਰਬ੍ਰਹਮ ਬ੍ਰਹਮ ਦੇਂਦਾ ਰਿਹਾ ਨਿਸ਼ਾਨ, ਬ੍ਰਹਮ ਅਪਣਾ ਰੂਪ ਦਰਸਾਈਆ । ਹੁਕਮੇ ਅੰਦਰ ਹੁਕਮਰਾਨ, ਧੁਰ ਸੰਦੇਸ਼ਾ ਇਕ ਸਮਝਾਈਆ । ਤੱਤਾਂ ਵਾਲੀ ਖੋਲ੍ਹ ਦੁਕਾਨ, ਵਸਤ ਧੁਰ ਦੀ ਵਿਚ ਰਖਾਈਆ । ਜਿਸ ਨੂੰ ਸਕੇ ਨਾ ਕੋਇ ਪਹਿਚਾਨ, ਜਗਤ ਨੇਤਰ ਨਜ਼ਰ ਨਾ ਆਈਆ । ਜੁਗ ਚੌਕੜੀ ਹੋ ਪਰਧਾਨ, ਪੁਰਖ ਅਬਿਨਾਸ਼ੀ ਆਪਣੀ ਬੂਝ ਬੁਝਾਈਆ । ਬ੍ਰਹਮੇ ਇਕ ਫੁੰਕਾਰਾ ਲਾਇਆ ਕਾਨ, ਸੁਰਤੀ ਸੁਰਤ ਸੁਰਤ ਭੁਲਾਈਆ । ਚਾਰੇ ਵੇਦਾਂ ਦੇ ਗਿਆਨ, ਗਿਆਤਾ ਇਕੋ ਵਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਧੁਰ ਦੀ ਕਰਨੀ ਹਰਿ ਕਰਨੇ ਯੋਗ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਕਰ ਸੰਜੋਗ, ਪਤ ਪਤਨੀ ਵੇਸ ਵਟਾਇੰਦਾ । ਭਾਗ ਲਗਾ ਕੇ ਕਾਇਆ ਕੋਟ, ਬੰਕ ਦਵਾਰ ਹਰਿ ਸੁਹਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਜਗਾ ਕੇ ਜੋਤ, ਦੀਵਾ ਬਾਤੀ ਘਰ ਘਰ ਆਪ ਰੁਸ਼ਨਾਇੰਦਾ । ਸ਼ਬਦ ਅਗੰਮੀ ਲਾ ਕੇ ਚੋਟ, ਗ੍ਰਿਹਿ ਮੰਦਰ ਨਗਾਰਾ ਇਕ ਵਜਾਇੰਦਾ ।

ਆਸਾ ਤ੍ਰਿਸ਼ਨਾ ਮਾਇਆ ਮਮਤਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਭਰ ਕੇ ਪੋਟ, ਤਤਵ ਤਤ ਵਿਚ ਸਮਾਇੰਦਾ । ਹੱਡ ਮਾਸ ਨਾੜੀ ਰਕਤ ਬੂੰਦ ਕਰਕੇ ਧੁਰ ਦੀ ਸੋਚ, ਸਵੱਛ ਸਰੂਪੀ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਇੰਦਾ । ਧੁਰ ਦੀ ਖੇਲ ਕਰਨੇਹਾਰਾ, ਆਪਣੇ ਹੱਥ ਰੱਖੇ ਵਡਿਆਈਆ । ਇਕੋ ਸ਼ਬਦੀ ਸੁਤ ਬਲਕਾਰਾ, ਬਲੀ ਬਲਵਾਨ ਆਪ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਜੋ ਦੇਵਣਹਾਰ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਬਣ ਕੇ ਸੇਵਾਦਾਰਾ, ਸਾਚੀ ਸੇਵਾ ਇਕ ਵਖਾਈਆ । ਕਾਗਤ ਕਲਮ ਨਾ ਲਿਖਣਹਾਰਾ, ਮਸਾਵਣੀ ਰੰਗ ਨਾ ਕੋਇ ਚੜ੍ਹਾਈਆ । ਨਿਊਂ ਨਿਊਂ ਸੱਯਦਾ ਸੀਸ ਕਰ ਨਿਮਸਕਾਰਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰੇ ਖਾਣੀ ਕਰ ਪਨਿਹਾਰਾ, ਚਾਰੇ ਬਾਣੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪਣੇ ਹੱਥ ਰਖਾਈਆ । ਧੁਰ ਦੀ ਧਾਰ ਆਪਣੇ ਹੱਥ ਰੱਖ, ਰੱਖਿਆ ਕਰੇ ਹਰ ਘਟ ਥਾਈਆ । ਅਬਿਨਾਸ਼ੀ ਕਰਤਾ ਪੁਰਖ ਸਮਰਥ, ਦਾਤਾ ਦਾਨੀ ਬੇਪਰਵਾਹੀਆ । ਜੁਗ ਚੌਕੜੀ ਹੋ ਪਰਗਟ, ਗੁਰ ਅਵਤਾਰ ਲਏ ਪਰਗਟਾਈਆ । ਨਾਮ ਨਿਧਾਨਾ ਦੇ ਕੇ ਦਾਤ, ਵਸਤ ਅਮੋਲਕ ਝੋਲੀ ਪਾਈਆ । ਅੰਤਰ ਅੰਤਰ ਜੋੜ ਕੇ ਨਾਤ, ਧੁਰ ਦਾ ਮੇਲਾ ਲਏ ਮਿਲਾਈਆ । ਬਿਨ ਅੱਖਰਾਂ ਵਾਲੀ ਦੱਸੇ ਗਾਥ, ਨਿਰਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਤ ਨਵਿਤ ਆਪਣਾ ਖੇਲ ਵਖਾਈਆ । ਨਿਤ ਨਵਿਤ ਖੇਲ ਕਰਦਾ, ਕਰਤਾ ਪੁਰਖ ਦਇਆ ਕਮਾਈਆ । ਜੁਗ ਚੌਕੜੀ ਵੇਸ ਧਰਦਾ, ਰੂਪ ਅਨੂਪ ਆਪ ਵਟਾਈਆ । ਸ਼ਬਦੀ ਢੋਲਾ ਇਕੋ ਪੜ੍ਹਦਾ, ਦੂਜਾ ਰਾਗ ਨਾ ਕੋਇ ਸੁਣਾਈਆ । ਸੰਤ ਸੁਹੇਲੇ ਸਾਚੇ ਵਰਦਾ, ਜਨ ਭਗਤਾਂ ਮੇਲ ਮਿਲਾਈਆ । ਗੁਰਮੁਖਾਂ ਅੰਦਰ ਆਪੇ ਵੜਦਾ, ਕਾਇਆ ਮੰਦਰ ਅੰਦਰ ਮਹੱਲ ਅਟਲ ਸੋਭਾ ਪਾਈਆ । ਗੁਰਸਿਖਾਂ ਲੇਖਾ ਆਪੇ ਕਰਦਾ, ਕਰਨੀ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦਏ ਵਡਿਆਈ ਆਦਿ ਜੁਗਾਦਿ, ਜੁਗ ਚੌਕੜੀ ਵੇਖ ਵਖਾਇੰਦਾ । ਸ਼ਬਦ ਅਗੰਮੀ ਇਕੋ ਨਾਦ, ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਕੇ ਆਪਣੀ ਸ਼ਾਖ਼, ਸ਼ਨਾਖ਼ਤ ਵਿਚੋਂ ਬਾਹਰ ਕਢਾਇੰਦਾ । ਮੇਟਣਹਾਰਾ ਸਦਾ ਅੰਧੇਰੀ ਰਾਤ, ਸਚ ਪਰਕਾਸ਼ ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਤ ਨਵਿਤ ਆਪਣਾ ਹੁਕਮ ਵਰਤਾਇੰਦਾ । ਨਿਤ ਨਵਿਤ ਹੁਕਮੀ ਕਾਰ, ਹਰਿ ਕਰਤਾ ਆਪ ਕਮਾਈਆ । ਵੇਖਣਹਾਰਾ ਜੁਗ ਚੌਕੜੀ ਚਾਰ, ਕੋਟਨ ਕੋਟ ਕਾਲ ਹੁਕਮੇ ਵਿਚ ਫਿਰਾਈਆ । ਸੇਵਾ ਲਾ ਗੁਰੂ ਅਵਤਾਰ, ਸਾਚੀ ਸਿਖਿਆ ਇਕ ਸਮਝਾਈਆ । ਪੀਰ ਪੈਗ਼ੰਬਰਾਂ ਦੇ ਅਧਾਰ, ਧੁਰ ਦੀ ਸਿਖਿਆ ਕਰੇ ਪੜ੍ਹਾਈਆ । ਕਾਇਆ ਕਾਅਬਾ ਕਰਕੇ ਤਿਆਰ, ਹੁਜਰਾ ਹਕ ਦਏ ਵਖਾਈਆ । ਜਲਵਾ ਨੂਰ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਇਕੋ ਮਾਰ ਅਗੰਮੀ ਆਵਾਜ਼, ਹੂ ਹੂ ਨਾਅਰਾ ਦਏ ਸੁਣਾਈਆ । ਹੂਬਹੂ ਨਜ਼ਰੀ ਆਏ ਆਪ ਨਿਰੰਕਾਰ, ਏਕਾ ਦੂਆ ਭਉ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਸੱਚੀ ਉਪਮਾ, ਅਬਿਨਾਸ਼ੀ ਕਰਤਾ ਮਿਹਰ ਨਜ਼ਰ ਉਠਾਇੰਦਾ । ਗੀਤ ਨਾ ਗਾਵੇ ਕੋਈ ਮੁਖਣਾ, ਅਨਹਦ ਨਾਦੀ ਅਗੰਮੀ ਰਾਗ

ਸੁਣਾਇੰਦਾ । ਘਰ ਸਾਚਾ ਦੇਵੇ ਧੁਰ ਦਾ ਸੁਖਣਾ, ਸੁਖ ਸਾਗਰ ਰੂਪ ਵਟਾਇੰਦਾ । ਨਿਰਗੁਣ ਧਾਰੋਂ ਆਪੇ ਉਠਣਾ, ਆਪ ਆਪਣਾ ਬਲ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਹੁਕਮੇ ਅੰਦਰ ਰਾਹ ਚਲਾਇੰਦਾ । ਹੁਕਮੇ ਅੰਦਰ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਹੁਕਮੇ ਅੰਦਰ ਸੁਤ ਦੁਲਾਰ, ਸ਼ਬਦੀ ਰੂਪ ਪਰਗਟਾਈਆ । ਹੁਕਮੇ ਅੰਦਰ ਓਮ ਉਜਿਆਰ, ਆਪਣੀ ਕਲ ਧਰਾਈਆ । ਹੁਕਮੇ ਅੰਦਰ ਨਿਰਗੁਣ ਨਿਰਗੁਣ ਬਣ ਕੇ ਸਾਂਝਾ ਯਾਰ, ਸੋਹੰ ਰੂਪ ਸਮਾਈਆ । ਹੁਕਮੇ ਅੰਦਰ ਵਸ ਕੇ ਬਾਹਰ, ਸਚ ਸਿੰਘਾਸਣ ਰਾਮ ਬੈਠਾ ਆਸਣ ਲਾਈਆ । ਹੁਕਮੇ ਅੰਦਰ ਭਰ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਹੁਕਮੇ ਅੰਦਰ ਲੱਖ ਚੁਰਾਸੀ ਕਰ ਕੇ ਖ਼ਬਰਦਾਰ, ਘੜ ਭਾਂਡੇ ਵੇਖ ਵਖਾਈਆ । ਹੁਕਮੇ ਅੰਦਰ ਘਰ ਘਰ ਦੀਆ ਬਾਤੀ ਕਰ ਉਜਿਆਰ, ਹੁਕਮੇ ਅੰਦਰ ਸ਼ਬਦੀ ਨਾਦ ਸੁਣਾਈਆ । ਹੁਕਮੇ ਅੰਦਰ ਅੰਮ੍ਰਿਤ ਦੇ ਕੇ ਦੇਵੇ ਠਾਰ, ਹੁਕਮੇ ਅੰਦਰ ਝਿਰਨਾ ਕਵਲ ਨਾਭ ਝਿਰਾਈਆ । ਹੁਕਮੇ ਅੰਦਰ ਧੁੰਆਂਧਾਰ, ਹੁਕਮੇ ਅੰਦਰ ਸੁੰਨ ਸਮਾਧ ਵਖਾਈਆ । ਹੁਕਮੇ ਅੰਦਰ ਬਜਰ ਕਪਾਟੀ ਤਾਲਾ ਮਾਰ, ਹੁਕਮੇ ਅੰਦਰ ਪੜਦਾ ਦਏ ਉਠਾਈਆ । ਹੁਕਮੇ ਅੰਦਰ ਚੌਦਾਂ ਲੋਕ ਹਾਟੀ ਕਰ ਤਿਆਰ, ਚੌਦਾਂ ਤਬਕ ਵੇਖੇ ਚਾਈਂ ਚਾਈਂਆ । ਹੁਕਮੇ ਅੰਦਰ ਚੌਦਾਂ ਵਿਦਿਆ ਕਰ ਤਿਆਰ, ਹੁਕਮੇ ਅੰਦਰ ਅੱਖਰਾਂ ਵਾਲੀ ਕਰੇ ਪੜ੍ਹਾਈਆ । ਹੁਕਮੇ ਅੰਦਰ ਕਲਮ ਸ਼ਾਹੀ ਕਾਗ਼ਜ਼ ਕਰ ਅਧਾਰ, ਹੁਕਮੇ ਅੰਦਰ ਹਰਫ਼ ਹਰੂਫ਼ ਨਾਤਾ ਦਏ ਜੁੜਾਈਆ । ਹੁਕਮੇ ਅੰਦਰ ਖੇਲ ਖੇਲ ਕੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਹੁਕਮੇ ਅੰਦਰ ਭੇਜ ਤੇਈ ਅਵਤਾਰ, ਦੁਤਰ ਪਾਰ ਕਰਾਈਆ । ਹੁਕਮੇ ਅੰਦਰ ਭਗਤ ਅਠਾਰਾਂ ਬੋਲ ਜੈਕਾਰ, ਧੁਰ ਦਾ ਨਾਅਰਾ ਗਏ ਸੁਣਾਈਆ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਕਰ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਹੁਕਮੇ ਅੰਦਰ ਨਾਨਕ ਗੋਬਿੰਦ ਕਰ ਨਿਮਸਕਾਰ, ਘਰ ਠਾਂਡੇ ਸੀਸ ਨਿਵਾਈਆ । ਹੁਕਮੇ ਅੰਦਰ ਚਾਰੇ ਵੇਦ ਕਰ ਤਿਆਰ, ਚਾਰੇ ਖਾਣੀ ਚਾਰੇ ਬਾਣੀ ਦਿਤੀ ਜਣਾਈਆ । ਹੁਕਮੇ ਅੰਦਰ ਸ਼ਾਸਤਰ ਸਿਮਰਤ ਪਾਵਣ ਸਾਰ, ਹੁਕਮੇ ਅੰਦਰ ਗੀਤਾ ਗਿਆਨ ਦਿਤਾ ਦ੍ਰਿੜਾਈਆ । ਹੁਕਮੇ ਅੰਦਰ ਅੰਜੀਲ ਕੁਰਾਨ ਅਲਫ਼ ਯੇ ਬਣਾਇਆ ਮਨਾਰ, ਮਜ਼ਾਰ ਸਭ ਦਾ ਦਿਤਾ ਵਖਾਈਆ । ਹੁਕਮੇ ਅੰਦਰ ਗੁਰ ਅਵਤਾਰ ਦੇ ਕੇ ਗਏ ਬਿਆਨ, ਗ੍ਰੰਥ ਪੰਥ ਮਾਰਗ ਰਾਹ ਜਗਤ ਵਖਾਈਆ । ਹੁਕਮੇ ਅੰਦਰ ਦ੍ਰਿਸ਼ਟੀ ਇਸ਼ਟੀ ਸ੍ਰਿਸ਼ਟੀ ਕਰਿਆ ਖੇਲ ਅਪਾਰ, ਗ੍ਰਿਹਸਤੀ ਜੋਗੀ ਸਨਿਆਸੀ ਜੰਗਮ ਰੂਪ ਵਟਾਈਆ । ਹੁਕਮੇ ਅੰਦਰ ਦੋਜ਼ਖ਼ ਬਹਿਸ਼ਤੀ, ਨਰਕ ਸਵਰਗ ਰਚਨ ਰਚਾਈਆ । ਸਭ ਤੋਂ ਉੱਤਮ ਹਰਿ ਕਾ ਸ਼ਬਦ, ਜੋ ਗੁਰਮੂਰਤ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਦੀਨ ਨਾ ਮਜ੍ਹਬ, ਜ਼ਾਤ ਪਾਤ ਨਾ ਵੰਡ ਵੰਡਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਕਰਦੇ ਅਦਬ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੇ ਅੱਗੇ ਪਿਛੇ ਜਾਵਣ ਵਾਲਾ ਅਗੰਮਾ ਆਵੇ ਕਦਮ, ਚਾਰ ਕੁੰਟ ਦਹਿ ਦਿਸ਼ਾ ਹਰ ਘਟ ਜ਼ਿਮੀਂ ਅਸਮਾਨਾਂ ਦੋ ਜਹਾਨਾਂ ਨਜ਼ਰੀ ਇਕੋ ਵਾਰ ਆਈਆ । ਉਸ ਦਾ ਲੇਖਾ ਕੋਈ ਨਾ ਸਕੇ ਬਦਲ, ਅਦਲ ਆਪਣੇ ਹੱਥ ਵਖਾਈਆ । ਸਾਚਾ ਗੁਰੂ ਕੋਈ ਕਰ ਨਾ ਸਕੇ ਕਤਲ, ਮਕਤੂਲ ਰੂਪ ਨਾ ਕੋਇ ਵਟਾਈਆ । ਪੰਜ ਤਤ ਉਸ ਦਾ ਤੋਲ ਨਾ ਸਕੇ ਵਜਨ, ਤਰਾਜ਼ੂ ਮਾਤ ਨਾ ਕੋਇ ਚੜ੍ਹਾਈਆ । ਜਗ ਨੇਤਰ ਕੋਈ ਵੇਖ ਨਾ ਸਕੇ ਚਰਨ, ਸਰਨ ਨਜ਼ਰ ਕੋਇ ਨਾ ਪਾਈਆ ।

੧੦੨੮
੧੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹੁਕਮੇ ਅੰਦਰ ਹਰ ਪ੍ਰਕਿਰਤੀ, ਤੱਤਾਂ ਵਿਚ ਸਮਾਈਆ । ਹੁਕਮੇ ਅੰਦਰ ਸੁਰਤੀ ਨਿਰਤੀ, ਅਗੰਮੀ ਖੇਲ ਜਣਾਈਆ । ਹੁਕਮ ਅੰਦਰ ਬੰਨ੍ਹੇ ਬਿਰਤੀ, ਅੰਤਰ ਆਤਮ ਵੇਖ ਵਖਾਈਆ । ਹੁਕਮੇ ਅੰਦਰ ਖੋਲ੍ਹੇ ਖਿੜਕੀ, ਬੰਦ ਕਿਵਾੜੀ ਪੜਦਾ ਲਾਹੀਆ । ਹੁਕਮੇ ਅੰਦਰ ਸੇਜ ਵਖਾਏ ਪਿਰ ਦੀ, ਪੀਆ ਪ੍ਰੀਤਮ ਮੇਲ ਮਿਲਾਈਆ । ਹੁਕਮੇ ਅੰਦਰ ਮੇਲ ਮਿਲਾਏ ਵਿਛੁੰਨੀ ਚਿਰ ਦੀ, ਫੜ ਬਾਹੋਂ ਗਲੇ ਲਗਾਈਆ । ਹੁਕਮੇ ਅੰਦਰ ਕਵਲ ਫੁੱਲ ਗ਼ੁੰਚਾ ਫੁਲ ਫੁਲਵਾੜੀ ਖਿਲਦੀ, ਕਲੀ ਕਲੀ ਕਲੀ ਮਹਿਕਾਈਆ । ਹੁਕਮੇ ਅੰਦਰ ਸਖ਼ੀ ਸਹੇਲੀ ਮੰਜ਼ਲ ਚੜ੍ਹਦੀ, ਪੰਧ ਆਪਣਾ ਇਕ ਮੁਕਾਈਆ । ਹੁਕਮੇ ਅੰਦਰ ਆਤਮ ਮਿਲ ਪਰਮਾਤਮ ਸੋਹੰ ਢੋਲਾ ਪੜ੍ਹਦੀ, ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਝੱਲੀ ਨਾ ਜਾਏ ਜੁਦਾਈਆ । ਤੇਰੇ ਪ੍ਰੇਮ ਪਿਆਰ ਅੰਦਰ ਪਰਮ ਪੁਰਖ ਪਰਮਾਤਮ ਮੈਂ ਘੇਰੇ ਅੰਦਰ ਘਿਰਦੀ, ਬਾਹਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪਾਰਬ੍ਰਹਮ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਆਦਿ ਜੁਗਾਦੀ ਜਿਸ ਦਾ ਇਕ ਧਰਮ, ਧਰਮਾਤਮਾ ਦੂਜਾ ਸੰਗ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜਿਸ ਦੀ ਸਰਨ, ਸਰਨਗਤ ਸਭ ਨੂੰ ਇਕ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਜਿਸਦਾ ਢੋਲਾ ਪੜ੍ਹਨ, ਕੋਟਨ ਕੋਟ ਸਿਫ਼ਤੀ ਨਾਮ ਸਾਲਾਹਿੰਦਾ । ਨਿਤ ਨਵਿਤ ਸਾਧ ਸੰਤ ਜਿਸ ਦੀ ਮੰਜ਼ਲ ਚੜ੍ਹਨ, ਪਾਂਧੀ ਬਣ ਕੇ ਪੰਧ ਮੁਕਾਇੰਦਾ । ਜਿਸ ਦੀ ਸੇਵਾ ਪੰਜ ਤਤ ਤ੍ਰੈਗੁਣ ਮਾਇਆ ਚਾਕਰ ਹੋ ਕੇ ਕਰਨ, ਚਾਕਰੀ ਸਭ ਦੀ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਖੇਲ ਖਿਲਾਇੰਦਾ । ਜੁਗ ਚੌਕੜੀ ਦਾ ਇਕੋ ਕਰਤਾ, ਪਰਵਰਦਿਗਾਰ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲਦਾ, ਧੁਰ ਸੰਦੇਸ਼ਾ ਇਕ ਸੁਣਾਈਆ । ਜੋਤੀ ਧਾਰ ਹੋ ਕੇ ਅੰਦਰ ਰਲਦਾ, ਸ਼ਬਦੀ ਨਾਦ ਵਜਾਈਆ । ਭੇਵ ਚੁਕਾ ਕੇ ਕਾਇਆ ਡੂੰਘੀ ਡੱਲ ਦਾ, ਮਹੱਲ ਅਟਲ ਕਰੇ ਰੁਸ਼ਨਾਈਆ । ਪੜਦਾ ਲਾਹ ਕੇ ਘੜੀ ਪੱਲ ਦਾ, ਨਿਮਖ ਨਿਮਖ ਦਾ ਲੇਖਾ ਦਏ ਮੁਕਾਈਆ । ਆਰ ਪਾਰ ਕਿਨਾਰੇ ਆਪੇ ਸੱਲ ਦਾ, ਅਧਵਿਚਕਾਰ ਨਾ ਕੋਇ ਅਟਕਾਈਆ । ਮਾਲਕ ਬਣ ਕੇ ਜਲ ਥਲ ਦਾ, ਮਈਅਲ ਖੋਜ ਖੁਜਾਈਆ । ਲੱਖ ਚੁਰਾਸੀ ਅੰਤਰ ਆਤਮ ਡੇਰਾ ਮੱਲਦਾ, ਚਾਓ ਘਨੇਰਾ ਜਨ ਭਗਤਾਂ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣਾ ਹੁਕਮ ਮਨਾਈਆ । ਸਤਿ ਸਤਿਵਾਦੀ ਹੁਕਮਨਾਮਾ, ਧੁਰ ਦਰਬਾਰੀ ਆਪ ਘਲਾਇੰਦਾ । ਗੁਰ ਅਵਤਾਰ ਕਰੋ ਧਿਆਨਾ, ਘਰ ਘਰ ਵਿਚੋਂ ਆਪ ਉਠਾਇੰਦਾ । ਪੀਰ ਪੈਗ਼ੰਬਰ ਦਿਉ ਬਿਆਨਾ, ਸਭ ਦੀ ਅੱਖ ਖੁਲ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਆਪਣਾ ਦੱਸੋ ਗਿਆਨਾ, ਹਰਿ ਕਰਤਾ ਮੰਗ ਮੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਤਿੰਨੇ ਕਰੋ ਪਹਿਚਾਨਾ, ਨੇਤਰ ਅੱਖ ਖੁਲ੍ਹਾਇੰਦਾ । ਕਲਜੁਗ ਕੂੜ ਕੁੜਿਆਰਾ ਵੇਖੇ ਪਰਧਾਨਾ, ਚਾਰੋਂ ਕੁੰਟ ਨਜ਼ਰੀ ਆਇੰਦਾ । ਅੰਤਰ ਆਤਮ ਮਿਲੇ ਨਾ ਕਿਸੇ ਸ੍ਰੀ ਭਗਵਾਨਾ, ਧੁਰ ਸੰਜੋਗੀ ਮੇਲ ਨਾ ਕੋਇ ਕਰਾਇੰਦਾ । ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਉਣ ਗਾਣਾ, ਅਨਹਦ ਨਾਦੀ ਨਾਦ ਧੁਨ ਆਤਮਕ ਨਾ ਕੋਇ ਸੁਣਾਇੰਦਾ । ਕੂੜੀ ਕਿਰਿਆ ਲੱਗਾ ਜਗਤ ਜੀਵ ਜਹਾਨਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਚਾ ਕਰਮ ਨਾ ਕੋਇ ਕਮਾਇੰਦਾ । ਪੰਡਤਾਂ ਵਿਦਿਆ ਹੋਇਆ ਅਭਿਮਾਨਾ,

ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਦੇਸ਼ਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਕੇ ਲਉ ਤੱਕ, ਨਿਰਗੁਣ ਹੋ ਕੇ ਲਉ ਅੰਗੜਾਈਆ । ਸਭ ਦਾ ਲੇਖਾ ਮੁੱਕਿਆ ਹਕੀਕਤ ਹਕ, ਨਿਜ ਨੇਤਰ ਅੱਖ ਮਾਤ ਨਾ ਕੋਇ ਖੁਲ੍ਹਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਕਰਮਾਂ ਕਾਂਡਾਂ ਵਿਚ ਗਏ ਫਸ, ਮਾਇਆ ਮਮਤਾ ਮੋਹ ਵਧਾਈਆ । ਜੋ ਆਤਮ ਪਰਮਾਤਮ ਮਿਲਣ ਦਾ ਮਾਰਗ ਆਏ ਦੱਸ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਸਾਰੇ ਕਰਦੇ ਪਾਠ, ਹਵਨ ਆਹੁਤੀ ਦੇ ਦੇ ਘਿਰਤ ਸੁਗੰਧੀ ਰਹੇ ਜਣਾਈਆ । ਫਿਰ ਫਿਰ ਥੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਖ ਨਾ ਕੋਇ ਖੁਲ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰਿਆਂ ਅੰਦਰ ਕਰਨ ਇਕੱਠ, ਸਤਿਸੰਗ ਲਾ ਲਾ ਕਰਨ ਪੜ੍ਹਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਮਨੂਏ ਉਤੇ ਲਾਏ ਕੋਈ ਨਾ ਸੱਟ, ਸੋਈ ਸੁਰਤ ਨਾ ਕੋਇ ਉਠਾਈਆ । ਚਾਰੋਂ ਕੁੰਟ ਸਾਧਾਂ ਖੋਲ੍ਹੇ ਹੱਟ, ਬਣ ਵਣਜਾਰੇ ਨਾਮ ਵਰਤਾਈਆ । ਸ੍ਰੀ ਭਗਵਾਨ ਕਿਸੇ ਨਾ ਆਇਆ ਹੱਥ, ਖ਼ਾਲੀ ਹੱਥ ਦੇਣ ਦੁਹਾਈਆ । ਰਸਨਾ ਵਾਲਾ ਅੱਖਰਾਂ ਨਾਲ ਗਾਉਂਦੇ ਜਸ, ਵਟਣਾ ਪ੍ਰੇਮ ਰੰਗ ਨਾ ਕੋਇ ਰੰਗਾਈਆ । ਸਚ ਪ੍ਰੀਤੀ ਜੁੜਿਆ ਕਿਸੇ ਨਾ ਨਤ, ਨੌ ਦਵਾਰੇ ਪਾਰ ਕਰਕੇ ਹੱਦ, ਇੰਡ ਪਿੰਡ ਬ੍ਰਹਿਮੰਡ ਡੇਰਾ ਪਾਰ ਨਾ ਕੋਇ ਕਰਾਈਆ । ਚਾਰ ਯਾਰੀ ਨਾਲ ਮਿਲ ਮਿਲ ਕਰਨ ਸੰਗ, ਪੰਚਮ ਬਹਿ ਬਹਿ ਖ਼ੁਸ਼ੀ ਮਨਾਈਆ । ਭਰਮਾਂ ਵਾਲੀ ਢਾਹ ਨਾ ਸਕੇ ਕੰਧ, ਦੂਈ ਦਵੈਤ ਨਾ ਕੋਇ ਚੁਕਾਈਆ । ਬਿਨ ਭਗਤਾਂ ਆਤਮ ਪਰਮਾਤਮ ਨਾਲ ਮਿਲ ਕੇ ਸੋਹੰ ਕੋਇ ਨਾ ਗਾਏ ਛੰਦ, ਸੰਸਾ ਸਕੇ ਨਾ ਕੋਇ ਮਿਟਾਈਆ । ਜਗਤ ਵਡਿਆਈ ਦਾ ਸਾਰੇ ਮਾਣਦੇ ਅਨੰਦ, ਨਿਜਾਨੰਦ ਨਾ ਕੋਇ ਸਮਾਈਆ । ਸ਼ਬਦੀ ਡੋਰੀ ਤੁੱਟਾ ਤੰਦ, ਸੁਰਤੀ ਬੰਧਨ ਕੋਇ ਨਾ ਪਾਈਆ । ਘਰ ਸਵਾਮੀ ਲਾਏ ਕਿਸੇ ਨਾ ਅੰਗ, ਜਗਤ ਦੋਹਾਗਣ ਦਏ ਦੁਹਾਈਆ । ਮਾਸ ਖਲੜੀ ਲਹੂ ਮਿਝ ਰੱਤ ਪਾ ਕੇ ਵੰਡ, ਹਿੱਸਿਆਂ ਵੇਖ ਵਖਾਈਆ । ਜੋ ਮਾਲਕ ਖ਼ਾਲਕ ਸਭ ਦਾ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਸਦਾ ਆਤਮ ਸੇਜਾ ਸੁੱਤਾ ਰਹੇ ਪਲੰਘ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਵੇਲੇ ਸਤਿਗੁਰ ਪੂਰੇ ਦਾ ਹੋਵੇ ਸੰਗ, ਸਗਲਾ ਲੇਖਾ ਦਏ ਮੁਕਾਈਆ । ਓਥੇ ਕਰਮ ਕਾਂਡ ਸਾਰੇ ਕਰਕੇ ਖੰਡ, ਜਗਤ ਕਿਰਿਆ ਦਏ ਮਿਟਾਈਆ । ਘਰ ਸੁਹਾਗਣ ਨਾਰ ਕਰ ਦੇਵੇ ਅੱਗੇ ਨਾ ਹੋਵੇ ਰੰਡ, ਅੱਗੇ ਦਾ ਰੰਡੇਪਾ ਦਏ ਮੁਕਾਈਆ । ਇਕੋ ਗੀਤ ਸੁਣਾ ਕੇ ਆਪਣਾ ਛੰਦ, ਲੇਖਾ ਮੰਦਰ ਮਸੀਤ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਕਹੇ ਗੁਰ ਪੀਰ ਅਵਤਾਰ ਵੇਖੋ ਮੁਰਸ਼ਦ, ਸਦੀ ਚੌਧਵੀਂ ਧਿਆਨ ਲਗਾਈਆ । ਪਰਵਰਦਿਗਾਰ ਮਿਲਣ ਦੀ ਕਿਸੇ ਨਾ ਮਿਲੇ ਫ਼ੁਰਸਤ, ਵੇਲਾ ਨਜ਼ਰ ਕੋਇ ਨਾ ਆਈਆ । ਘਰ ਘਰ ਅੰਦਰ ਮੈਲ ਹੋਈ ਦੁਰਮਤ, ਵੁਜ਼ੂਆਂ ਨਾਲ ਸਾਫ਼ ਨਾ ਕੋਇ ਕਰਾਈਆ । ਕਾਇਆ ਹੁਜਰੇ ਦੀ ਕਰੇ ਨਾ ਕੋਇ ਮੁਰੰਮਤ, ਅੰਦਰ ਵੜ ਕੇ ਵੇਖਣ ਕੋਇ ਨਾ ਆਈਆ । ਨੇਤਰ ਰੋਂਦੀ ਸਾਰੀ ਉਮਤ, ਅਮਲ ਵਿਚ ਨਾ ਕੋਇ ਜਣਾਈਆ । ਕਿਸੇ ਕੰਮ ਨਾ ਆਈ ਕੀਤੀ ਸੁੰਨਤ, ਪਰਵਰਦਿਗਾਰ ਦਏ ਭੁਲਾਈਆ । ਲੇਖਾ ਮੁਕਿਆ ਨਾ ਮੂੰਡ ਮੁੰਨਤ, ਲਬਾਂ ਮੁੱਛ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਪੀਰ ਪੈਗ਼ੰਬਰ ਵੇਖੋ ਨਾਲ ਇਸ਼ਾਰੇ, ਹਰਿ ਕਰਤਾ ਆਪ ਜਣਾਈਆ । ਖ਼ਾਲੀ ਦਿਸਦੇ ਮਸਜਿਦਾਂ

ਵਾਲੇ ਮਨਾਰੇ, ਮੁੱਲਾ ਸ਼ੇਖ਼ ਮੁਸਾਇਕ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਉਚੀ ਕੂਕ ਕੂਕ ਜੋ ਬੋਲਦੇ ਰਹੇ ਜੈਕਾਰੇ, ਰਸਨਾ ਢੋਲੇ ਧੁਰ ਦੇ ਗਾਈਆ । ਉਹ ਖ਼ਾਲੀ ਦਿਸੇ ਸਾਢੇ ਤਿੰਨ ਹੱਥ ਕਾਇਆ ਜਗਤ ਅਖਾੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਕਹਿਣ ਪ੍ਰਭ ਹੋਏ ਹੈਰਾਨ, ਹੈਰਾਨੀ ਸਾਡੇ ਉਤੇ ਛਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਿਆ ਮਾਰ ਧਿਆਨ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੀ ਅੱਖ ਖੁਲ੍ਹਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸ਼ਰਅ ਸ਼ਰੀਅਤ ਕੀਤਾ ਬੇਈਮਾਨ, ਸਚ ਅਮਾਮ ਨਾ ਕੋਇ ਮਨਾਈਆ । ਮਨ ਵਾਸਨਾ ਹੋਏ ਗ਼ੁਲਾਮ, ਬੁੱਧੀ ਕਰੇ ਨਾ ਕੋਈ ਕਾਮ, ਹੰਕਾਰੀ ਵੜਿਆ ਅੰਦਰ ਸ਼ੈਤਾਨ, ਚਾਰੋਂ ਕੁੰਟ ਰਿਹਾ ਭੁਆਈਆ । ਮਸਲਾ ਹਕ ਨਾ ਕੋਇ ਕੁਰਾਨ, ਇਸਮ ਆਜਮ ਮਿਲਿਆ ਨਾ ਕਿਸੇ ਆਣ, ਤੁਖਮ ਤਾਸੀਰ ਸਕੇ ਨਾ ਕੋਇ ਬਦਲਾਈਆ । ਅੱਖਰਾਂ ਵਾਲਾ ਤੇਰਾ ਬਿਆਨ, ਸੱਬਰਾਂ ਵਾਲਾ ਤੇਰਾ ਨਿਸ਼ਾਨ, ਸਿਫ਼ਤਾਂ ਵਾਲਾ ਤੇਰਾ ਪੈਗ਼ਾਮ, ਬੇਮੁਕਾਮ ਸਮਝ ਕੋਇ ਨਾ ਪਾਈਆ । ਸਾਚਾ ਸੱਯਦਾ ਕਰੇ ਨਾ ਕੋਇ ਸਲਾਮ, ਭਰਮੇ ਭੁੱਲੀ ਸਰਬ ਅਵਾਮ ਤਮਾਮ, ਤੈਨੂੰ ਸੀਸ ਨਾ ਕੋਇ ਝੁਕਾਈਆ । ਕੂੜੀ ਕਿਰਿਆ ਹੋਏ ਗ਼ੁਲਾਮ, ਮੁਸ਼ਕਲ ਹੱਲ ਨਾ ਕਰੇ ਕੋਈ ਆਸਾਨ, ਸਾਚਾ ਕਲਮਾ ਉਲਮਾ ਪੜ੍ਹਨ ਕੋਇ ਨਾ ਆਈਆ । ਤੇਰਾ ਬਦਲ ਗਿਆ ਨਿਜ਼ਾਮ, ਤੇਰੇ ਅਦਲ ਦਾ ਦਿਸੇ ਨਾ ਕਿਸੇ ਕਿਆਮ, ਚਾਰੋਂ ਕੁੰਟ ਅੰਧੇਰੀ ਸ਼ਾਮ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਜੋ ਦੇ ਕੇ ਗਏ ਪੈਗ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਅੱਗੋਂ ਕਹਿੰਦੇ, ਦਰ ਠਾਂਡੇ ਸੀਸ ਨਿਵਾਈਆ । ਸ਼ਹਿਨਸ਼ਾਹ ਅਸੀਂ ਵੇਖ ਕੇ ਆਏ ਚੜ੍ਹਦੇ ਲਹਿੰਦੇ, ਦੱਖਣ ਪਹਾੜ ਫੇਰਾ ਪਾਈਆ । ਮਾਨਸ ਮਾਨਸਾਂ ਨਾਲ ਵੇਖੇ ਖਹਿੰਦੇ, ਮਨੁੱਸ਼ ਮਨੁੱਖ ਨਾਲ ਕਰੇ ਲੜਾਈਆ । ਕਾਇਆ ਮੰਦਰ ਅੰਦਰ ਵੜ ਮੂਲ ਨਾ ਬਹਿੰਦੇ, ਚਾਰ ਕੁੰਟ ਲੱਭਣ ਵਾਹੋ ਦਾਹੀਆ । ਅੰਤਰ ਆਤਮ ਤੇਰਾ ਨਾਮ ਮੂਲ ਨਾ ਲੈਂਦੇ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਕਹਿਣ ਅਸੀਂ ਮਾਰ ਕੇ ਵੇਖਿਆ ਫੇਰਾ, ਨਵ ਨੌ ਚਾਰ ਖੋਜ ਖੁਜਾਈਆ । ਚਾਰੋਂ ਕੁੰਟ ਦਿਸੇ ਅੰਧੇਰਾ, ਸਤਿ ਨੂਰ ਨਾ ਕੋਇ ਰੁਸ਼ਨਾਈਆ । ਕਲਜੁਗ ਉਲਟਾ ਗੇੜ ਗੇੜਾ, ਲੱਠ ਅੰਦਰੋਂ ਦਿਤੀ ਭੁਆਈਆ । ਬਿਨਾ ਭਗਤਾਂ ਘਰ ਘਰ ਲੱਗਾ ਝੇੜਾ, ਪੰਜ ਸਕੇ ਨਾ ਕੋਇ ਸਮਝਾਈਆ । ਸਾਢੇ ਤਿੰਨ ਹੱਥ ਉਜੜਦਾ ਵੇਖਿਆ ਖੇੜਾ, ਰਾਖਾ ਸਕੇ ਨਾ ਕੋਇ ਬਚਾਈਆ । ਸਤਿ ਧਰਮ ਨੂੰ ਲੱਗਾ ਉਖੇੜਾ, ਕਲਜੁਗ ਆਪਣਾ ਬਲ ਵਖਾਈਆ । ਹੰਕਾਰ ਕਰੇ ਮੇਰਾ ਮੇਰਾ, ਵਿਕਾਰ ਆਪਣਾ ਰੰਗ ਚੜ੍ਹਾਈਆ । ਕੋਟਨ ਕੋਟ ਕਲਜੁਗ ਸੰਤ ਲਾ ਕੇ ਬੈਠੇ ਡੇਰਾ, ਤੇਰਾ ਘਰ ਨਾ ਕੋਇ ਵਖਾਈਆ । ਮਾਇਆ ਕਾਰਨ ਕਰਦੇ ਝੇੜਾ, ਮੰਦਰਾਂ ਮਸਜਿਦਾਂ ਕਾਰਨ ਹੋਏ ਲੜਾਈਆ । ਗੁਰੂਦਵਾਰ ਨਾ ਹਕ ਨਿਬੇੜਾ, ਹਕੀਕਤ ਸਕੇ ਨਾ ਕੋਇ ਸਮਝਾਈਆ । ਬਿਨ ਤੇਰੀ ਕਿਰਪਾ ਕਿਸੇ ਉਤੇ ਨਾ ਹੋਏ ਮਿਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵਸਤ ਦਏ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਹੋ ਕੇ ਪ੍ਰਭ ਅੱਗੇ ਪਏ ਰੋ, ਖ਼ਾਲੀ ਹੱਥ ਦੇਣ ਦੁਹਾਈਆ । ਪਤਿਪਰਮੇਸ਼ਵਰ ਸਾਹਿਬ ਸਵਾਮੀ ਸਦੀ ਵੀਹਵੀਂ ਇਹ ਕੀ ਗਿਆ ਹੋ, ਹੋਕਾ ਦੇ ਕੇ ਰਹੇ ਜਣਾਈਆ । ਗੁਰ ਕਾ ਸ਼ਬਦ ਸਭ ਨਾਲੋਂ ਤੁੱਟਾ ਮੋਹ, ਮੁਹੱਬਤ ਸਚ ਨਾ ਕੋਇ ਕਮਾਈਆ । ਸਾਡੀ ਸਿਖਿਆ ਸ਼ਾਸਤਰ ਸਿਮਰਤ

ਵੇਦ ਪੁਰਾਨਾਂ ਵਾਲੀ ਸਾਰੇ ਬੈਠੇ ਖੋਹ, ਖ਼ਾਲੀ ਝੋਲੀ ਨਜ਼ਰੀ ਆਈਆ । ਆਪਣੀ ਦੁਰਮਤ ਮੈਲ ਸਕੇ ਨਾ ਕੋਈ ਧੋ, ਤੂੰਬੜੀ ਸਾਫ਼ ਨਾ ਕੋਇ ਕਰਾਈਆ । ਗਿਆਨੀਆਂ ਅੰਦਰ ਤੇਰੇ ਨੂਰ ਦੀ ਹੋਈ ਨਾ ਲੋਅ, ਵਿਦਵਾਨਾਂ ਅੰਦਰ ਸ਼ਬਦ ਨਾਦ ਨਾ ਕੋਇ ਸੁਣਾਈਆ । ਅੰਮ੍ਰਿਤ ਰਸ ਨਿਜਰ ਝਿਰਨਾ ਕੋਈ ਨਾ ਸਕੇ ਚੋਅ, ਕਵਲੀ ਕਵਲ ਨਾ ਕੋਇ ਉਲਟਾਈਆ । ਦਰੋਹੀ ਖ਼ੁਦਾਏ ਦੀ ਯਾ ਪੀਰ ਦਸਤਗੀਰ ਕਲਜੁਗ ਅੰਤ ਸਭ ਨਾਲ ਕੀਤਾ ਧਰੋ, ਧੁਰ ਦੇ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਵੇਖਿਆ ਲਿਵ ਸਭ ਦੀ ਛੁਟਕੀ, ਧਿਆਨ ਨਾ ਕੋਇ ਲਗਾਈਆ । ਜਗਤ ਦੋਹਾਗਣ ਫਿਰੇ ਸੁਰਤੀ, ਸ਼ਬਦੀ ਕੰਤ ਨਾ ਕੋਇ ਮਿਲਾਈਆ । ਬਿਨ ਹਰਿ ਸਵਾਮੀ ਹੋਈ ਮੁਰਦੀ, ਮਨੂਆ ਆਪਣਾ ਜ਼ੋਰ ਵਧਾਈਆ । ਉਹਨੂੰ ਸਮਝ ਨਾ ਆਈ ਆਪਣੇ ਪਿਰ ਦੀ, ਪੀਆ ਪ੍ਰੀਤਮ ਹੋਈ ਜੁਦਾਈਆ । ਤੇਰੀ ਖੇਲ ਨਿਰੰਕਾਰ ਨਿਰਵੈਰ ਨਿਰ ਦੀ, ਨਿਰਾਕਾਰ ਭੇਵ ਚੁਕਾਈਆ । ਉਹ ਵਾਸਣ ਥਿਰ ਘਰ ਦੀ, ਸਚ ਦਵਾਰੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਦੇਣ ਸੰਦੇਸਾ, ਸਦੀ ਵੀਹਵੀਂ ਹਾਲ ਸੁਣਾਈਆ । ਚੌਦਾਂ ਲੋਕ ਵੇਖਿਆ ਭੇਖਾ, ਚੌਦਾਂ ਤਬਕ ਰਹੇ ਕੁਰਲਾਈਆ । ਕਲਜੁਗ ਸਾਧਾਂ ਤੇਰੇ ਨਾਮ ਦਾ ਲਿਆ ਠੇਕਾ, ਠੇਕੇਦਾਰੀ ਰਹੇ ਕਮਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਤੇਰਾ ਪ੍ਰਭੂ ਸਾਖਿਆਤ ਦਰਸ ਕਿਸੇ ਨਾ ਪੇਖਾ, ਪਿਛਲੀ ਰਸਨਾ ਕਰਨ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਪਾਇਆ ਕਿਸੇ ਨਾ ਭੇਤਾ, ਭੇਵ ਸਕੇ ਨਾ ਕੋਇ ਜਣਾਈਆ । ਸੀਸ ਜਗਦੀਸ ਕਰੇ ਨਾ ਕੋਈ ਭੇਟਾ, ਮਾਣ ਅਭਿਆਨ ਨਾ ਕੋਇ ਤਜਾਈਆ । ਨਜ਼ਰ ਨਾ ਆਵੇ ਕੋਈ ਖੇਵਟ ਖੇਟਾ, ਜੋ ਨਈਆ ਨੌਕਾ ਲਏ ਚੜ੍ਹਾਈਆ । ਪਾਰਬ੍ਰਹਮ ਸਭ ਤੋਂ ਵੱਡਾ ਮੁਰਸ਼ਦ ਤੇਰਾ ਸ਼ਬਦੀ ਸੁਤ ਬੇਟਾ, ਨਾ ਮਰੇ ਨਾ ਜਾਈਆ । ਜਿਸ ਦੀ ਧਾਰ ਵਿਚੋਂ ਸਾਨੂੰ ਭੇਜਾ, ਭਜਨ ਬੰਦਗੀ ਇਕ ਸੁਣਾਈਆ । ਉਹ ਵੇਂਹਦਾ ਰਿਹਾ ਆਪਣਾ ਤੇਰੇ ਹੁਕਮ ਵਾਲਾ ਸੰਦੇਸ਼ਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕਦੇ, ਸੀਸ ਜਗਦੀਸ ਨਿਵਾਈਆ । ਪ੍ਰਭ ਇਹ ਖੇਲ ਨਹੀਂ ਹੁਣ ਮੁੱਕਦੇ, ਨਿਰਗੁਣ ਨੂਰ ਮੰਨ ਅਰਜ਼ੋਈਆ । ਅਸੀਂ ਸਾਰੇ ਤੈਥੋਂ ਪੁੱਛਦੇ, ਖ਼ਾਲੀ ਝੋਲੀ ਅੱਗੇ ਡਾਹੀਆ । ਸਾਡੇ ਨਾਤੇ ਤੇਰੇ ਨਾਲ ਪਿਉ ਪੁੱਤ ਦੇ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਤੇਰੇ ਭਾਣੇ ਆਦਿ ਜੁਗਾਦਿ ਕਦੇ ਨਾ ਰੁਕਦੇ, ਦੋ ਜਹਾਨਾਂ ਮੇਟ ਨਾ ਕੋਇ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੈਂਡੇ ਵੇਖੇ ਮੁੱਕਦੇ, ਕਲਜੁਗ ਅੰਤਮ ਰਾਹ ਤਕਾਈਆ । ਕੋਟਨ ਕੋਟ ਬੂਟੇ ਵੇਖੇ ਸੁੱਕਦੇ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਕੋਟਨ ਕੋਟ ਜੀਵ ਜੰਤ ਕਰਮ ਕਾਂਡਾ ਵਿਚ ਵੇਖੇ ਰੁੱਸਦੇ, ਲੋਕਮਾਤ ਮੁਖ ਭੁਆਈਆ । ਕੋਟਨ ਕੋਟ ਜੀਵ ਵੇਖੇ ਖ਼ਾਲੀ ਕੁੱਖ ਦੇ, ਖ਼ਾਲੀ ਕੁੱਖੀਂ ਭਾਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲ ਤੇਰੀ ਆਸ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਅਸੀਸ, ਉਦੇ ਅਸਤ ਤੇਰੀ ਸਰਨਾਈਆ । ਤੂੰ ਸਰਬ ਸਵਾਮੀ ਇਕ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਤੇਰਾ ਕਲਮਾ ਸਚ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਤੇਰਾ ਮਾਰਗ ਸਦਾ ਬਾਰੀਕ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਤੇਰੇ ਵਿਚ ਸਚ

ਤੌਫ਼ੀਕ, ਲਾਸ਼ਰੀਕ ਨੂਰ ਖ਼ੁਦਾਈਆ । ਤੇਰਾ ਰਾਹ ਤੱਕਦੇ ਰਹੇ ਸਾਰੇ ਕਰ ਉਡੀਕ, ਕਲਜੁਗ ਵੇਲਾ ਅੰਤਮ ਆਈਆ । ਲੱਖ ਚੁਰਾਸੀ ਵੇਖੇ ਨੀਤ, ਨੀਤੀਵਾਨ ਹੋਏ ਸਹਾਈਆ । ਝਗੜਾ ਮੁਕਾ ਦੇ ਊਚ ਨੀਚ, ਜ਼ਾਤ ਪਾਤ ਮਿਟਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਕਰੇ ਠਾਂਡੇ ਸੀਤ, ਅਗਨੀ ਤਤ ਬੁਝਾਈਆ । ਸ੍ਰਿਸ਼ਟ ਸਬਾਈ ਦੱਸ ਕੇ ਇਕੋ ਢੋਲਾ ਗੀਤ, ਸੋਹੰ ਕਰੇ ਪੜ੍ਹਾਈਆ । ਰਾਮ ਵਾਹਿਗੁਰੂ ਅੱਲਾ ਗਾਡ ਖ਼ੁਦਾ ਕਹੇ ਠੀਕ, ਤਾਰੀਫ਼ ਵਿਚ ਸਮਝਾਈਆ । ਜਿਸ ਨੂੰ ਕਹਿੰਦੇ ਦੂਰ ਦੁਰਾਡਾ ਸੋ ਹਰ ਘਟ ਵਸੇ ਨਜ਼ਦੀਕ, ਬਾਹਰੋਂ ਖੋਜਣ ਕੋਇ ਨਾ ਜਾਈਆ । ਸਚ ਬ੍ਰਹਮ ਦੀ ਦੱਸੇ ਪ੍ਰੀਤ, ਧੁਰ ਦੀ ਸਿਖਿਆ ਇਕ ਸਮਝਾਈਆ । ਅਲਫ਼ ਵਾਂਗਰਾਂ ਖਿੱਚਣੀ ਨਾ ਪਏ ਲੀਕ, ਨੁਕਤਿਆਂ ਵਾਲੀ ਨੂਨ ਨਾ ਕੋਇ ਸਮਝਾਈਆ । ਹਰਫ਼ਾਂ ਵਾਲਾ ਲੇਖਾ ਚੁੱਕੇ ਕਦੀਮ, ਮੁਨੀਮ ਸੰਗ ਨਾ ਕੋਇ ਰਖਾਈਆ । ਆਪਣੇ ਹੁਕਮ ਵਿਚ ਕਰ ਤਰਮੀਮ, ਧੁਰ ਸੰਦੇਸਾ ਦਏ ਜਣਾਈਆ । ਖੇਲੇ ਖੇਲ ਆਲਮੀਨ, ਆਲਮ ਉਲਮਾ ਸ਼ੁਰਫਾ ਸਾਰੇ ਦਏ ਸਮਝਾਈਆ । ਪ੍ਰਭ ਦੀ ਕਿਸੇ ਹੱਥ ਨਾ ਆਈ ਤਾਲੀਮ, ਤੋਬਾ ਤੋਬਾ ਕਰਕੇ ਪੀਰ ਪੈਗ਼ੰਬਰ ਸੀਸ ਨਿਵਾਈਆ । ਜਿਸ ਦਾ ਘਰ ਸ਼ਾਨ ਅਜ਼ੀਮ, ਆਜ਼ਮ ਇਕ ਅਖਵਾਈਆ । ਉਸ ਦੇ ਹੁਕਮੇ ਅੰਦਰ ਸਾਰੇ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਜੇ ਉਹ ਮਾਲਕ ਤੱਕੀਏ ਨਾ ਨਰ ਨਾ ਮਦੀਨ, ਇਸਤਰੀ ਪੁਰਸ਼ ਰੂਪ ਨਾ ਕੋਇ ਵਟਾਈਆ । ਕਰ ਕਿਰਪਾ ਜਿਸ ਨੂੰ ਆਪਣਾ ਦੇਵੇ ਆਪ ਯਕੀਨ, ਯਕਤਰਫ਼ਾ ਆਪਣਾ ਹੁਕਮ ਸੁਣਾਈਆ । ਉਹ ਉਸੇ ਵੇਲੇ ਉਸ ਦਾ ਸੱਜਦਾ ਕਰੇ ਤਸਲੀਮ, ਨਿਉਂ ਨਿਉਂ ਸੀਸ ਝੁਕਾਈਆ । ਉਹਨੂੰ ਪੜ੍ਹਨਾ ਨਾ ਪਏ ਕੁਰਾਨ ਮਜੀਦ, ਤੀਸ ਬਤੀਸ ਨਾ ਕੋਇ ਵਡਿਆਈਆ । ਜਿਸ ਦੀ ਪੀਰ ਪੈਗ਼ੰਬਰ ਕਰ ਕੇ ਗਏ ਤਮਹੀਦ, ਸੋ ਵਾਹਿਦ ਇਕੋ ਖੇਲ ਖਿਲਾਈਆ । ਜਨ ਭਗਤਾਂ ਮਿਲੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਕਹਿਣ ਐ ਧੁਰ ਦੇ ਰਾਮ, ਰਾਮ ਦਸਰਥ ਰਿਹਾ ਜਣਾਈਆ । ਤੇਰਾ ਵੇਖ ਕੇ ਆਏ ਨਿਜ਼ਾਮ, ਘਟ ਘਟ ਵਾਸੀ ਰਾਮ ਤੇਰੀ ਬੇਪਰਵਾਹੀਆ । ਤੇਰਾ ਸਮਝ ਨਾ ਆਏ ਕੋਈ ਕਾਮ, ਸਭ ਤੋਂ ਨਿਆਰੇ ਰਾਮ ਤੇਰੇ ਹੱਥ ਵਡਿਆਈਆ । ਤੂੰ ਸਾਹਿਬ ਇਕ ਸੁਲਤਾਨ, ਸ਼ਹਿਨਸ਼ਾਹ ਅਖਵਾਈਆ । ਗੁਰ ਅਵਤਾਰ ਮੰਗਣ ਦਾਨ, ਬੈਠੇ ਝੋਲੀਆਂ ਡਾਹੀਆ । ਕਲਜੁਗ ਅੰਤਮ ਸਭ ਨੂੰ ਭੁੱਲਿਆ ਗਿਆਨ, ਅੱਠ ਦਸ ਗੀਤਾ ਦਏ ਗਵਾਹੀਆ । ਨੇਤਰ ਰੋਵਣ ਅਠਾਰਾਂ ਪੁਰਾਨ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਆਪਣੀ ਹਾਲਤ ਰਹੇ ਜਣਾਈਆ । ਕੂੜੀ ਕਿਰਿਆ ਹੋਈ ਪਰਧਾਨ, ਗੁਰ ਅਵਤਾਰਾਂ ਪੀਰਾਂ ਟੁਟਾ ਮਾਣ, ਤੀਰਥ ਤੱਟਾਂ ਨਾ ਕੋਇ ਅਸਥਾਨ, ਸਚ ਸਰੋਵਰ ਨਹਾਵਣ ਕੋਇ ਨਾ ਆਈਆ । ਤੀਰ ਨਿਰਾਲਾ ਮਾਰੇ ਨਾ ਕੋਈ ਬਾਣ, ਸ਼ਬਦ ਖੰਡਾ ਤਨ ਪਹਿਨਾਏ ਨਾ ਕੋਈ ਕਿਰਪਾਨ, ਗਾਤਰੇ ਸਾਰੇ ਗਏ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਕਲ ਤੇਰੀ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਤੇਰੀ ਆਸ, ਨਰ ਹਰਿ ਨਰਾਇਣ ਤੇਰੀ ਓਟ ਤਕਾਈਆ । ਤੇਰਾ ਖੇਲ ਵੇਖ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਬੈਠਾ ਡੇਰਾ ਲਾਈਆ । ਤੇਰਾ ਜੋਤੀ ਜਲਵਾ ਤੱਕ ਕੇ ਨੂਰੀ ਪਰਕਾਸ਼, ਰਵ ਸਸ ਸੂਰਜ ਚੰਦ ਨੇਤਰ ਨੈਣ ਸ਼ਰਮਾਈਆ । ਤੇਰਾ ਵੇਖ ਖੇਲ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਜਗਾ

ਦੇ ਸੁਰਤੀ, ਸੁੱਤਿਆਂ ਸ਼ਬਦ ਉਠਾਈਆ । ਰੂਪ ਵਖਾ ਦੇ ਅਕਾਲ ਮੂਰਤੀ, ਜਿਸ ਨੂੰ ਕਾਲ ਕਦੇ ਨਾ ਖਾਈਆ । ਨਾਦ ਵਜਾ ਦੇ ਤੂਰਤੀ, ਤੁਰੀਆ ਅੱਖ ਸ਼ਰਮਾਈਆ । ਖੇਲ ਕਰਾ ਦੇ ਆਪਣੇ ਹਾਜ਼ਰ ਹਜ਼ੂਰ ਦੀ, ਹਜ਼ਰਤ ਵੇਖ ਵਖਾਈਆ । ਇਹ ਅਰਜ਼ ਗ਼ਰਜ਼ ਇਕ ਮਜ਼ਦੂਰ ਦੀ, ਆਜਿਜ਼ ਹੋ ਕੇ ਸੀਸ ਨਿਵਾਈਆ । ਤੇਰੀ ਖ਼ੁਮਾਰੀ ਇਕ ਸਰੂਰ ਦੀ, ਬੀਮਾਰੀ ਸਾਰੀ ਦਏ ਗਵਾਈਆ । ਤੇਰੀ ਮਿਹਰ ਆਸਾ ਮਨਸਾ ਸਭ ਦੀ ਪੂਰ ਦੀ, ਤ੍ਰਿਸ਼ਨਾ ਭੁੱਖ ਗਵਾਈਆ । ਏਥੇ ਅਕਲ ਵਡਿਆਈ ਨਾ ਕੋਈ ਸ਼ਅਊਰ ਦੀ, ਸ਼ੋਹਰਤ ਕੰਮ ਕਿਸੇ ਨਾ ਆਈਆ । ਸ਼ਕਲ ਵਖਾ ਦੇ ਉਸ ਹਜ਼ੂਰ ਦੀ, ਜੋ ਘਰ ਘਰ ਵਿਚ ਰਹਿ ਕੇ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਰਤਾਈਆ । ਪੁਰਖ ਅਬਿਨਾਸ਼ੀ ਕਰ ਦੇ ਨਿਰਨਾ, ਨਿਰਵੈਰ ਤੇਰੀ ਸਰਨਾਈਆ । ਪਰਮਾਤਮ ਆਤਮ ਤੇਰੀ ਨੂਰੀ ਕਿਰਨਾ, ਕਿਰਨ ਕਿਰਨ ਵਿਚੋਂ ਪਰਗਟਾਈਆ । ਲੱਖ ਚੁਰਾਸੀ ਵਿਚੋਂ ਮੁੱਕ ਜਾਏ ਇਹਦਾ ਫਿਰਨਾ, ਚਾਰੇ ਖਾਣੀ ਵੰਡ ਨਾ ਕੋਇ ਵੰਡਾਈਆ । ਉਲਟਾ ਗੇੜਾ ਹਟ ਜਾਏ ਗਿੜਨਾ, ਉਲਟੀ ਲੱਠ ਨਾ ਕੋਇ ਭੁਆਈਆ । ਇਕੋ ਸਿਖ ਲਏ ਤੈਨੂੰ ਮਿਲਣਾ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦਿਸ਼ਾ ਵੇਖ ਵਖਾਈਆ । ਕਲਜੁਗ ਦਿਸ਼ਾ ਵੇਖ ਅੰਧੇਰੀ ਰੈਣ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਇਆ ਮਮਤਾ ਸਭ ਨੂੰ ਖਾਏ ਡੈਣ, ਬਚਿਆ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਵਹਿੰਦਾ ਵਹਿਣ, ਰੁੜ੍ਹਦੀ ਜਾਏ ਲੋਕਾਈਆ । ਸੱਜਣ ਮਿਲੇ ਨਾ ਕੋਈ ਸੈਣ, ਧੁਰ ਦਾ ਸੰਗ ਨਾ ਕੋਇ ਵਖਾਈਆ । ਲਹਿਣਾ ਦੇਵੇ ਨਾ ਕੋਈ ਦੇਣ, ਝੋਲੀ ਸਚ ਨਾ ਕੋਇ ਭਰਾਈਆ । ਨਾਤਾ ਜੁੜਿਆ ਮਾਤ ਪਿਤ ਸਾਕ ਸੱਜਣ ਭਾਈ ਭੈਣ, ਸਚ ਸਵਾਮੀ ਤੇਰਾ ਮੇਲ ਨਾ ਕੋਈ ਮਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਿਲਿਆ ਬਹਿਣ, ਆਤਮ ਸੇਜਾ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਉਤਮ ਸ੍ਰੇਸ਼ਟ ਸਭ ਤੋਂ ਵੱਡੀ ਰਸੈਣ, ਲੋਹਾ ਪਾਰਸ ਕੰਚਨ ਰੂਪ ਦਏ ਵਟਾਈਆ । ਸਦਾ ਸਦਾ ਸਦ ਤੇਰਾ ਦਰਸ਼ਨ ਪੇਖੇ ਨੈਣ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਮਿਹਰਵਾਨ ਮਿਹਰ ਨਜ਼ਰ ਉਠੌਂਦਾ ਏ । ਧੁਰ ਸੰਦੇਸ਼ਾ ਇਕ ਅਲੌਂਦਾ ਏ । ਪੀਰ ਪੈਗ਼ੰਬਰਾਂ ਆਪ ਸੁਣੌਂਦਾ ਏ । ਕੂੜੀ ਕਿਰਿਆ ਵੇਖ ਵਖੌਂਦਾ ਏ । ਨਰ ਨਰੇਸ਼ ਫੇਰਾ ਪੌਂਦਾ ਏ । ਦੇਸ ਦਸੰਤਰ ਪੜਦਾ ਲਾਹੁੰਦਾ ਏ । ਕਲਜੁਗ ਲੱਗੀ ਬਸੰਤਰ ਆਪ ਬੁਝੌਂਦਾ ਏ । ਸਰਬ ਜੀਆਂ ਜਾਣੇ ਅੰਤਰ, ਲੱਖ ਚੁਰਾਸੀ ਖੋਜ ਖੁਜੌਂਦਾ ਏ । ਭੇਵ ਚੁਕਾਏ ਬ੍ਰਹਮ ਨਿਰੰਤਰ, ਪੜਦਾ ਓਹਲਾ ਆਪ ਉਠੌਂਦਾ ਏ । ਵੇਖ ਵਖਾਏ ਕਾਇਆ ਗਗਨ ਗਗਨੰਤਰ, ਗਹਿਰ ਗੰਭੀਰ ਰਾਹ ਤਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠੌਂਦਾ ਏ । ਮਿਹਰ ਨਜ਼ਰ ਆਪ ਉਠਾਵਾਂਗਾ । ਲੱਖ ਚੁਰਾਸੀ ਵੇਖ ਵਖਾਵਾਂਗਾ । ਜਨ ਭਗਤ ਦਾਸੀ ਮੇਲ ਮਿਲਾਵਾਂਗਾ । ਪਵਣ ਸਵਾਸੀ ਰੰਗ ਰੰਗਾਵਾਂਗਾ । ਮੰਡਲ ਰਾਸੀ ਖੋਜ ਖੁਜਾਵਾਂਗਾ । ਕਾਇਆ ਹਾਟੀ ਪੜਦਾ ਲਾਹਵਾਂਗਾ । ਨੌਂ ਦਵਾਰੇ ਵਾਟੀ ਪੰਧ ਮੁਕਾਵਾਂਗਾ । ਸੁਖਮਣ ਟੇਢੀ ਬੰਕ ਪਾਰ ਕਰਾਵਾਂਗਾ । ਈੜਾ ਪਿੰਗਲ ਆਪਣੇ ਹੁਕਮ ਵਿਚ ਰਖਾਵਾਂਗਾ । ਅੰਮ੍ਰਿਤ ਧਾਰ ਬੂੰਦ ਸਵਾਂਤ ਚੁਆਵਾਂਗਾ । ਬਜਰ ਕਪਾਟੀ ਖੋਲ੍ਹ ਵਖਾਵਾਂਗਾ । ਦੀਆ ਬਾਤੀ ਜੋਤ ਅਗੰਮੀ ਇਕ ਜਗਾਵਾਂਗਾ । ਬਣ ਕੇ ਸਾਕੀ ਜਾਮ ਪਿਆਵਾਂਗਾ ।

ਮਾਨਸ ਵੇਖ ਬੰਦਾ ਖ਼ਾਕੀ, ਅਬਿਨਾਸ਼ੀ ਆਪਣੇ ਰੰਗ ਰੰਗਾਵਾਂਗਾ । ਸੁਰਤੀ ਸ਼ਬਦ ਬਣਾ ਕੇ ਸਾਥੀ, ਧੁਰ ਦਾ ਰਾਹ ਵਖਾਵਾਂਗਾ । ਆਤਮ ਸੇਜ ਸੁਹਾ ਕੇ ਸਾਚੀ, ਸਾਚੀ ਕਰਨੀ ਕਾਰ ਕਮਾਵਾਂਗਾ । ਆਪੇ ਦੱਸ ਕੇ ਆਪਣੀ ਗਾਥੀ, ਤੂੰ ਮੇਰਾ ਮੈਂ ਤੇਰਾ ਨਿਰਗੁਣ ਢੋਲਾ ਨਿਰਗੁਣ ਹੋ ਸੁਣਾਵਾਂਗਾ । ਕਾਇਆ ਮੰਦਰ ਪਾਰ ਕਰਕੇ ਘਾਟੀ, ਸਾਚੇ ਮੰਦਰ ਇਕੋ ਪਾਵਾਂਗਾ । ਅਲਖ ਅਗੰਮ ਅਗਾਧ ਅਗੋਚਰ ਦ੍ਰਿਸ਼ਟ, ਇਸ਼ਟ ਆਪਣਾ ਇਕ ਵਖਾਵਾਂਗਾ । ਲਹਿਣਾ ਚੁਕਾ ਕੇ ਦੋਜ਼ਖ਼ ਬਹਿਸ਼ਤ, ਡੇਰਾ ਸਵਰਗਾਂ ਉਤੇ ਲਾਵਾਂਗਾ । ਓਮ ਰੂਪ ਸਰਬ ਪਰਕਾਸ਼ੀ, ਵਿਸ਼ਨ ਬ੍ਰਹਮਾ ਸ਼ਿਵ ਖੇਲ ਖਿਲਾਵਾਂਗਾ । ਜਿਸ ਦਾ ਨੂਰ ਇਕੋ ਜ਼ਾਤੀ, ਅੰਤਮ ਜ਼ਾਤ ਵਿਚ ਮਿਲਾਵਾਂਗਾ । ਥਿਰ ਘਰ ਦੇ ਕੇ ਸਾਚੀ ਦਾਤੀ, ਵਸਤ ਭੰਡਾਰਾ ਆਪ ਭਰਾਵਾਂਗਾ । ਸਚਖੰਡ ਦਵਾਰੇ ਚਰਨ ਕਵਲ ਬਣਾ ਕੇ ਦਾਸੀ, ਸਿਰ ਆਪਣਾ ਹੱਥ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵਾਂਗਾ । ਧੁਰ ਦੀ ਕਰਨੀ ਕਾਰ ਕਰਾਂਗਾ । ਜਨ ਭਗਤ ਸੁਹੇਲੇ ਵਰਾਂਗਾ । ਸੰਤਾਂ ਦੀ ਸੇਜੇ ਚੜ੍ਹਾਂਗਾ । ਗੁਰਮੁਖ ਸੁਹੇਲੇ ਫੜਾਂਗਾ । ਲੱਖ ਚੁਰਾਸੀ ਨਾਲ ਲੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪੇ ਕਰਾਂਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਨਿਰਗੁਣ ਸਰਗੁਣ ਮੇਲ ਮਿਲਾਵਾਂਗਾ । ਸੱਜਣ ਸੁਹੇਲ ਇਕ ਅਖਵਾਵਾਂਗਾ । ਬਿਨ ਬਾਤੀ ਤੇਲ, ਦੀਪ ਆਪ ਜਗਾਵਾਂਗਾ । ਸਦ ਵਸਾਂ ਧਾਮ ਨਵੇਲ, ਧਾਮ ਵੱਖਰਾ ਆਪ ਬਹਾਵਾਂਗਾ । ਲੱਖ ਚੁਰਾਸੀ ਰਾਏ ਧਰਮ ਦੀ ਕੱਟ ਕੇ ਜੇਲ, ਬੰਦੀਖ਼ਾਨਾ ਤੋੜ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਵਾਂਗਾ । ਧੁਰ ਸੰਦੇਸ਼ਾ ਇਕ ਸੁਣਾਵਾਂਗਾ । ਰਾਮ ਰਹੀਮ ਆਪ ਅਖਵਾਵਾਂਗਾ । ਅੱਗੇ ਤਕਸੀਮ ਨਾ ਕੋਇ ਕਰਾਵਾਂਗਾ । ਧੁਰ ਦਾ ਨੇਮ ਹੋਰ ਨਾ ਕੋਈ ਬਣਾਵਾਂਗਾ । ਜਨ ਭਗਤਾਂ ਦੇ ਕੇ ਆਪਣਾ ਯਕੀਨ, ਯਥਾ ਯੁਗਤ ਆਪ ਆਪਣਾ ਦਰਸ ਦਿਖਾਵਾਂਗਾ । ਉਹਨਾਂ ਨੂੰ ਪੜ੍ਹਨੀ ਨਾ ਪਏ ਅੱਖਰਾਂ ਵਾਲੀ ਤਾਲੀਮ, ਜਿਨ੍ਹਾਂ ਨੂੰ ਅੰਤਰ ਆਤਮ ਆਪਣਾ ਨਾਮ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਮਿਹਰ ਨਜ਼ਰ ਪ੍ਰਭੂ ਉਠਾਏਗਾ । ਰਹਿਮਤ ਫ਼ਜ਼ਲ ਆਪ ਕਮਾਏਗਾ । ਕਲਜੁਗ ਕਿਰਿਆ ਦੇਵੇ ਬਦਲ, ਬਦਲਾ ਸਭ ਦੀ ਝੋਲੀ ਪਾਏਗਾ । ਜਨ ਭਗਤਾਂ ਕਰਕੇ ਮਦਦ, ਮੁੱਦਾ ਆਪਣਾ ਇਕ ਦਰਸਾਏਗਾ । ਲੱਖ ਚੁਰਾਸੀ ਵਿਚੋਂ ਥੋੜੇ ਅਦਦ, ਸ਼ੁਮਾਰ ਆਪਣੇ ਘਰ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਮਿਹਰ ਨਜ਼ਰ ਕਬ ਉਠਾਵੇਂਗਾ । ਬਿਨ ਮੱਕੇ ਕਿਵੇਂ ਜੁੜਾਵੇਂਗਾ । ਬਿਨ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦਰਸ ਦਿਖਾਵੇਗਾ । ਬਿਨ ਤੀਰਥ ਤਟ ਇਸ਼ਨਾਨ ਕਰਾਵੇਂਗਾ । ਬਿਨ ਲੋਕ ਪਰਲੋਕ ਚੌਦਾਂ ਹੱਟ, ਆਪਣਾ ਘਰ ਵਖਾਵੇਂਗਾ । ਮਿਹਰਵਾਨ ਹੋ ਕੇ ਲਏ ਸੱਦ, ਸੱਦਾ ਇਕੋ ਇਕ ਸੁਣਾਵੇਂਗਾ । ਤੇਰਾ ਪ੍ਰਭੂ ਮੰਦਰ ਵੇਖੀਏ ਨੱਠ, ਪਲੰਘ ਰੰਗੀਲਾ ਕੀ ਵਿਛਾਵੇਂਗਾ । ਜਨ ਭਗਤ ਕਹਿਣ ਕਿਸ ਬਿਧ ਅੰਦਰ ਵਜਾਏਂ ਮਰਦੰਗ, ਰਾਗ ਕੀ ਅਲਾਵੇਂਗਾ । ਕਿਹੜੀ ਧਾਰ ਵਗਾਏਂ ਗੰਗ, ਅੰਮ੍ਰਿਤ ਸੀਰ ਪਿਆਵੇਂਗਾ । ਕਿਸ ਬਿਧ ਓਢਣ ਦੇਵੇਂ ਨੰਗ, ਪੜਦਾ ਆਪਣਾ ਪਾਵੇਂਗਾ । ਸਾਡੀ ਆਸਾ ਪੂਰੀ ਹੋਵੇ ਮੰਗ, ਮੰਗਣ ਦੀ ਹਿਰਸ ਗਵਾਵੇਗਾ । ਇਕੋ ਢੋਲਾ ਸੁਣਾ ਕੇ ਸੋਹੰ ਛੰਦ, ਰਾਮ ਆਪਣੇ ਵਿਚ ਸਮਾਏਗਾ । ਤੇਰੇ ਲੱਗ ਕੇ ਧੁਰ ਦੇ ਅੰਗ, ਨਾਤਾ ਦੂਜਾ ਤੋੜ ਤੁੜਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਮਿਹਰਵਾਨ ਆਪਣੀ ਮਿਹਰ ਵਿਚ ਰਖਾਵੇਂਗਾ । ਜਨ ਭਗਤ ਆਖ ਸੁਣੌਂਦੇ ਨੇ । ਅਬਿਨਾਸ਼ੀ ਕਰਤੇ ਤੇਰਾ ਰਾਹ ਤਕੌਂਦੇ ਨੇ । ਨੇਤਰ ਨੈਣ ਅੱਖ ਧਿਆਨ ਲਗੌਂਦੇ ਨੇ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਰਾਗ ਅਲੌਂਦੇ ਨੇ । ਅੰਤਰ ਰੱਖ ਚਾਓ ਘਨੇਰਾ, ਮਨ ਮਨਸਾ ਮੇਟ ਮਿਟੌਂਦੇ ਨੇ । ਲੱਖ ਚੁਰਾਸੀ ਘਰ ਘਰ ਦਰ ਦਰ ਜੰਗਲ ਜੂਹ ਉਜਾੜ ਪਹਾੜ ਮਾਰਦੇ ਫੇਰਾ, ਤਟ ਕਿਨਾਰੇ ਨਜ਼ਰ ਕਿਸੇ ਨਾ ਆਉਂਦਾ ਏ । ਸਚ ਸਵਾਮੀ ਅੰਤਰਜਾਮੀ ਤੇਰਾ ਦੱਸ ਕਿਹੜਾ ਡੇਰਾ, ਜਿਸ ਘਰ ਬਹਿ ਕੇ ਭਗਤ ਮਨੌਂਦਾ ਏ । ਓਥੇ ਹੋਵੇ ਹਕ ਨਿਬੇੜਾ, ਝਗੜਾ ਰਹਿਣ ਕੋਇ ਨਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਕਰੌਂਦਾ ਏ । ਗੁਰ ਅਵਤਾਰ ਕਹਿਣ ਪ੍ਰਭ ਵੇਖੀ ਕਲਜੁਗ ਚਮੜੀ, ਕਾਇਆ ਮਾਟੀ ਨਜ਼ਰੀ ਆਈਆ । ਜਿਸ ਦੀ ਕੀਮਤ ਅੰਤ ਪਏ ਨਾ ਦਮੜੀ, ਹੱਟੋ ਹੱਟ ਨਾ ਕੋਇ ਵਿਕਾਈਆ । ਮਿਲੇ ਵਡਿਆਈ ਨਾ ਜਨਮ ਵਾਲੀ ਅਮੜੀ, ਪਿਤਾ ਸੋਭਾ ਕੋਇ ਨਾ ਪਾਈਆ । ਬਿਨ ਹਰਿ ਪਿਆਰ ਹੋਈ ਨਕਮੜੀ, ਨਕਰਮਣ ਦਏ ਦੁਹਾਈਆ । ਤੇਰੀ ਖੇਲ ਸਦਾ ਅਗੰਮੜੀ, ਅਗੰਮ ਪੁਰਖ ਬਿਨ ਤੇਰੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੰਗ ਮੰਗਾਈਆ । ਘਰ ਮਾਂਗਤ ਆਏ ਦਾਤ ਮੰਗਣ, ਸਚਖੰਡ ਨਿਵਾਸੀ ਤੇਰੀ ਇਕ ਸਰਨਾਈਆ । ਚੋਲੀ ਚਾੜ੍ਹ ਦੇ ਆਪਣੀ ਰੰਗਣ, ਜਗਤ ਲਲਾਰੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਦੇ ਦੇ ਇਕ ਅਨੰਦਨ, ਦੂਜੀ ਕਰਨੀ ਨਾ ਪਏ ਪੜ੍ਹਾਈਆ । ਧੂੜੀ ਟਿੱਕਾ ਮਸਤਕ ਲਾ ਦੇ ਚੰਦਨ, ਦੁਰਮਤ ਮੈਲ ਧੁਆਈਆ । ਬਿਨ ਤੇਰੇ ਚਰਨਾ ਦੂਸਰ ਹੋਰ ਨਾ ਕਰੀਏ ਬੰਦਨ, ਬੰਦਗੀ ਡੰਡੌਤ ਸਜਦਾ ਸੀਸ ਨਾ ਕਿਸੇ ਨਿਵਾਈਆ । ਦੂਜੇ ਘਰ ਨਾ ਜਾਈਏ ਮੰਗਣ, ਆਪਣਾ ਭੰਡਾਰਾ ਦੇ ਭਰਾਈਆ । ਭੇਵ ਖੁਲ੍ਹਾ ਦੇ ਇਕੋ ਵਾਰ ਹੰ ਬ੍ਰਹਮਨ, ਪਾਰਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਢੋਲਾ ਗਾ ਕੇ ਸਾਚਾ ਛੰਦਨ, ਸੰਸੇ ਤੇਰੇ ਅੰਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਦੇਵੇ ਵਡਿਆਈਆ । ਸਾਹਿਬ ਕਹੇ ਮੈਂ ਸਚ ਸੁਣਾਵਾਂਗਾ । ਧੁਰ ਦਾ ਰਾਮ ਇਕ ਦ੍ਰਿੜ੍ਹਾਵਾਂਗਾ । ਸ਼ਬਦੀ ਸੁਤ ਇਕ ਪਰਗਟਾਵਾਂਗਾ । ਜੋਤ ਸ਼ਬਦ ਸੋਹੰ ਰੂਪ ਅਖਵਾਵਾਂਗਾ । ਸ਼ਬਦੀ ਸੁਤ ਹੁਕਮ ਮਨਾਵਾਂਗਾ । ਵਿਸ਼ਨ ਆਪਣੀ ਧਾਰ ਚਲਾਵਾਂਗਾ । ਸੋਹੰ ਰੂਪ ਆਪ ਅਖਵਾਵਾਂਗਾ । ਵਿਸ਼ਨ ਅੰਮ੍ਰਿਤ ਰਸ ਪਿਆਵਾਂਗਾ । ਕਵਲ ਨਾਭ ਖੁਲ੍ਹਾਵਾਂਗਾ । ਬ੍ਰਹਮ ਰੂਪ ਪਰਗਟਾਵਾਂਗਾ । ਸੋਹੰ ਰੂਪ ਬਣ ਜਾਵਾਂਗਾ । ਧੁੰਆਂਧਾਰ ਸਮਾਵਾਂਗਾ । ਸੁੰਨ ਸਮਾਧ ਪਰਗਟਾਵਾਂਗਾ । ਆਦਿ ਸ਼ਕਤ ਖੇਲ ਖਿਲਾਵਾਂਗਾ । ਸ਼ੰਕਰ ਆਪਣੇ ਰੰਗ ਰੰਗਾਵਾਂਗਾ । ਪਿਤਾ ਪੂਤ ਆਪ ਬਣਾਵਾਂਗਾ । ਸਤਿ ਸਰੂਪ ਨਜ਼ਰੀਂ ਆਵਾਂਗਾ । ਤਿੰਨਾਂ ਇਕੋ ਮਾਣ ਵਖਾਵਾਂਗਾ । ਸ਼ਬਦੀ ਜੋੜ ਜੁੜਾਵਾਂਗਾ । ਸੋਹੰ ਰੂਪ ਫੇਰ ਵਖਾਵਾਂਗਾ । ਸੋਹੰ ਰੂਪ ਓਮ ਦਾ ਮੂਲ, ਮੰਤਰ ਮੰਤਰਾਂ ਵਿਚੋਂ ਦ੍ਰਿੜ੍ਹਾਵਾਂਗਾ । ਵਿਸ਼ਨ ਭੰਡਾਰਾ ਕਰ ਭਰਪੂਰ, ਬ੍ਰਹਮੇ ਬ੍ਰਹਮ ਵਿਦਿਆ ਦਿਤੀ ਪੜ੍ਹਾਈਆ । ਸ਼ੰਕਰ ਹੱਥ ਫੜ ਤ੍ਰਿਸੂਲ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਦਿਤਾ ਸੁਣਾਈਆ । ਦਾਤਾ ਬਣ ਕੇ ਕੰਤ ਕੰਤੂਹਲ, ਕਿਰਪਾ ਕਰੀ ਬੇਪਰਵਾਹੀਆ । ਕਰ ਕੇ ਖੇਲ ਬਿਨ ਤਤ ਵਜੂਦ, ਸਚ ਸਬੂਤ ਦਿਤਾ ਸਮਝਾਈਆ । ਆਪਣਾ ਬੰਨ੍ਹ ਕੇ ਆਪ ਅਸੂਲ, ਨਿਰਗੁਣ ਨਿਰਗੁਣ ਕਰੀ ਕੁੜਮਾਈਆ । ਸੋਹੰ ਰੂਪ ਕੋਈ ਨਾ ਜਾਵੇ ਭੂਲ, ਬਿਨ ਸੋਹੰ ਹਰਿ ਕਾ ਖੇਲ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੋਹੰ ਰੂਪ ਸਤਿ ਸਤਿਵਾਦ, ਆਦਿ ਜੁਗਾਦਿ ਇਕ

੧੦੩੫
੧੭

ਅਖਵਾਇੰਦਾ । ਸੋਹੰ ਸਰੂਪ ਵਿਸ਼ਨ ਬ੍ਰਹਮਾ ਸ਼ਿਵ ਮਿਲੀ ਦਾਦ, ਜਿਨ੍ਹਾਂ ਦਾ ਨਾਨਕ ਦਾਦਕ ਸਮਝ ਕੋਇ ਨਾ ਪਾਇੰਦਾ । ਸੋਹੰ ਸਰੂਪ ਤ੍ਰੈਗੁਣ ਮਾਇਆ ਪੰਜ ਤਤ ਤਤਵ ਵਾਲੀ ਚਲੀ ਸ਼ਾਖ਼, ਸ਼ਨਾਖ਼ਤ ਘਰ ਨਾ ਕੋਇ ਸਮਝਾਇੰਦਾ । ਸੋਹੰ ਸਰੂਪ ਲੱਖ ਚੁਰਾਸੀ ਆਤਮ ਪਰਮਾਤਮ ਬਖ਼ਸ਼ ਦਾਤ, ਨੂਰ ਨੁਰਾਨਾ ਵਿਚ ਟਿਕਾਇੰਦਾ । ਸੋਹੰ ਸਰੂਪ ਪਾਰਬ੍ਰਹਮ ਬ੍ਰਹਮ ਵੇਖਿਆ ਖੇਲ ਤਮਾਸ਼, ਖ਼ਾਲਕ ਖ਼ਲਕ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਹੰ ਕਹੇ ਮੈਂ ਹੋਇਆ ਸੋ, ਸਾਹਿਬ ਦੇਵੇ ਵਡਿਆਈਆ । ਸੋ ਪੁਰਖ ਨਿਰੰਜਣ ਕਹੇ ਮੈਂ ਹੰ ਵਿਚ ਗਿਆ ਸਮੋ, ਬਿਨ ਹੰ ਮੇਰਾ ਨਾਮ ਨਾ ਕੋਇ ਜਣਾਈਆ । ਦੋਹਾਂ ਦਾ ਰੂਪ ਇਕੋ ਆਦਿ ਜੁਗਾਦਿ ਸਦਾ ਨਿਰਮੋਹ, ਜਗਤ ਮੁਹੱਬਤ ਵਿਚ ਕਦੇ ਨਾ ਆਈਆ । ਜਿਸ ਵੇਲੇ ਪਰਮਾਤਮ ਆਤਮ ਨਾਲ ਜਾਏ ਛੋਹ, ਜੋਤੀ ਜੋਤ ਨਾਲ ਜੋਤ ਕਰੇ ਰੁਸ਼ਨਾਈਆ । ਅਗਲਾ ਪਿਛਲਾ ਲੇਖਾ ਸਭ ਕੁਛ ਦੇਵੇ ਖੋਹ, ਨਾਤਾ ਅਵਰ ਰਹਿਣ ਕੋਇ ਨਾ ਪਾਈਆ । ਇਕ ਦੂਜੇ ਦੇ ਦੋਵੇਂ ਜਾਵਣ ਹੋ, ਹੋਕਾ ਦੇ ਕੇ ਦੇਣ ਸੁਣਾਈਆ । ਸ਼ਬਦ ਗੁਰੂ ਗੁਰੂ ਸ਼ਬਦ ਬਿਨ ਸ਼ਬਦ ਗੁਰੂ ਕੋਈ ਨਾ ਜਾਣੇ ਸੋ, ਸੋਇਆ ਹੰ ਨਾ ਕੋਇ ਉਠਾਈਆ । ਜਿਸ ਹੰ ਦੀ ਲੋਕਮਾਤ ਵਿਚ ਲੋਅ, ਬ੍ਰਹਮ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਮਧ ਆਪਣੀ ਖੇਲ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਮੁਕਿਆ ਨਾ ਕਦੇ ਹਿਸਾਬ, ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਪੀਰ ਸ਼ਬਦ ਰਾਗ ਨਾਦ ਅੱਖਰਾਂ ਪੱਥਰਾਂ ਉਤੇ ਗਏ ਲਿਖਾਈਆ ।


੧੦੩੬ ੧੨

ਗੁਰਮੁਖ ਸੁਰਤ ਦਾ ਸਤਿਗੁਰ ਮਾਲਕ, ਆਦਿ ਅੰਤ ਇਕ ਅਖਵਾਇੰਦਾ । ਸੇਵਾਦਾਰ ਹੋ ਕੇ ਸਦਾ ਕਰੇ ਪ੍ਰਿਤਪਾਲਕ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਇੰਦਾ । ਸਚਖੰਡ ਨਿਵਾਸੀ ਆਪਣੀ ਲਾਏ ਅਗੰਮ ਅਦਾਲਤ, ਅਦਲ ਇਨਸਾਫ਼ ਆਪਣਾ ਆਪ ਜਣਾਇੰਦਾ । ਆਪਣੇ ਨਾਮ ਦੀ ਦੇ ਕੇ ਜ਼ਮਾਨਤ, ਬਰੀਖ਼ਾਨਾ ਆਪ ਵਖਾਇੰਦਾ । ਜਨ ਭਗਤ ਜੁਗ ਜੁਗ ਘਰ ਸਾਚੇ ਦੀ ਸਚ ਅਮਾਨਤ, ਜੁਗ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੂੜੀ ਕਿਰਿਆ ਜਗਤ ਅਲਾਮਤ ਦੁਰਮਤ ਮੈਲ ਪੁਰਖ ਅਬਿਨਾਸ਼ੀ ਆਪ ਧਵਾਇੰਦਾ । ਸਤਿਗੁਰ ਸਵਾਮੀ ਸਦਾ ਸਦ ਰਾਖਾ, ਰੱਖਕ ਇਕੋ ਨਜ਼ਰੀ ਆਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਹੋਵੇ ਸਗਲਾ ਸਾਥਾ, ਏਥੇ ਓਥੇ ਦੋ ਜਹਾਨ ਸਿਰ ਆਪਣਾ ਹੱਥ ਟਿਕਾਇੰਦਾ । ਧੁਰਦਰਗਾਹੀ ਬੇਪਰਵਾਹ ਬਣ ਕੇ ਦਾਤਾ, ਨਾਮ ਪਦਾਰਥ ਝੋਲੀ ਪਾਇੰਦਾ । ਦਿਨੇ ਜਾਗਦਿਆਂ ਰਾਤੀਂ ਸੁਤਿਆਂ ਮਨ ਵਾਸਨਾ ਤੋਂ ਬਾਹਰ ਬਖ਼ਸ਼ੇ ਦਾਤਾਂ, ਅੰਤਰ ਆਤਮ ਖੋਜ ਖੁਜਾਇੰਦਾ । ਜਿਸ ਦੇ ਨਾਲ ਸ਼ਬਦੀ ਜੁੜੇ ਨਾਤਾ, ਧੁਰ ਦਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣ ਕੇ ਮਾਈ ਬਾਪਾ, ਪਿਤਾ ਪੁਰਖ ਅਕਾਲ ਆਪਣੀ ਗੋਦ ਉਠਾਇੰਦਾ । ਜਨ ਭਗਤ ਸੁਹੇਲਾ ਗੁਣੀ ਗਹੀਰ, ਗਹਿਰ ਗਵਰ ਬੇਪਰਵਾਹੀਆ । ਸਚਖੰਡ ਨਿਵਾਸੀ ਘੱਤ ਕੇ ਆਏ ਵਹੀਰ, ਦੋ ਜਹਾਨਾਂ ਪੰਧ ਚਰਨਾਂ ਹੇਠ ਦਬਾਈਆ । ਜਿਨ੍ਹਾਂ ਦਾ ਅੰਤਰ ਆਤਮ ਪ੍ਰਭ ਮਿਲਣ ਨੂੰ ਹੋਇਆ ਦਿਲਗੀਰ, ਸਾਖਿਆਤ ਸਵੱਛ ਸਰੂਪੀ ਤਸਵੀਰ ਦਏ ਵਖਾਈਆ ।

ਅੰਦਰ ਵੜ ਕੇ ਚੋਟੀ ਚਾੜ੍ਹੇ ਉਸ ਅਖ਼ੀਰ, ਜਿਸ ਨੂੰ ਕਬੀਰ ਗਾ ਗਾ ਖ਼ੁਸ਼ੀ ਮਨਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਦੇ ਕੱਟ ਜ਼ੰਜੀਰ, ਡੋਰੀ ਆਪਣੀ ਤੰਦ ਬੰਧਾਈਆ । ਮੁਰਸ਼ਦਾਂ ਦਾ ਮੁਰਸ਼ਦ ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਸਤਗੀਰਾਂ ਦਾ ਦਸਤਗੀਰ, ਦਰਦੀ ਦੀਨਾਂ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਹੋਏ ਸਹਾਈਆ । ਭਗਤ ਸੁਹੇਲਾ ਆਪ ਪ੍ਰਭ, ਨਿਰਗੁਣ ਸਰਗੁਣ ਖੋਜ ਖੁਜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਦੀ ਛੱਡ ਕੇ ਹੱਦ, ਲੱਖ ਚੁਰਾਸੀ ਵਿਚੋਂ ਹਰਿਜਨ ਆਪਣੇ ਲਏ ਜਗਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਦੀਪਕ ਹੋ ਕੇ ਜਾਏ ਜਗ, ਨਾਦ ਹੋ ਕੇ ਜਾਏ ਵੱਜ, ਅੰਮ੍ਰਿਤ ਹੋ ਕੇ ਬੁਝਾਏ ਅੱਗ, ਤ੍ਰਿਸਨਾ ਜਗਤ ਮਿਟਾਈਆ । ਆਤਮ ਸੇਜਾ ਬਹੇ ਸਜ, ਦਰਸ ਕਰਾਏ ਰੱਜ ਰੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਵਸਾਈਆ । ਜਨ ਭਗਤਾਂ ਦਾ ਸਦਾ ਸੰਗੀ, ਧੁਰ ਧਾਮੀ ਇਕ ਅਖਵਾਈਆ । ਸਦਾ ਵਸਤ ਅਮੋਲਕ ਦੇਵੇ ਮੰਗੀ, ਕਦੇ ਕਦੇ ਬਿਨ ਮੰਗਿਆਂ ਵੀ ਝੋਲੀ ਪਾਈਆ । ਜਿਹਨੂੰ ਪ੍ਰਭ ਮਿਲਣ ਦੀ ਜਣਾਈ ਢੰਗੀ, ਤੰਗ ਰਾਸਤੇ ਵਿਚ ਅੰਦਰ ਵੜ ਕੇ ਆਪਣਾ ਨੂਰ ਦਏ ਚਮਕਾਈਆ । ਉਥੇ ਨੇਤਰ ਰੋਵੇ ਸੁਰਸਤੀ ਜਮਨਾ ਗੋਦਾਵਰੀ ਗੰਗੀ, ਜਿਸ ਵੇਲੇ ਅੰਮ੍ਰਿਤ ਆਪਣਾ ਮੇਘ ਬਰਸਾਈਆ । ਗੁਰਮੁਖ ਸੁਰਤੀ ਕਹੇ ਮੈਨੂੰ ਮਿਲ ਗਈ ਉਹ ਡੰਡੀ, ਜਿਸ ਦਾ ਮਾਰਗ ਬਾਹਰੋਂ ਨਾ ਕੋਇ ਸਮਝਾਈਆ । ਮੈਂ ਛੁੱਟੀ ਵਿਚੋਂ ਬੰਦੀ, ਬੰਦਨਾ ਇਕੋ ਕਰਾਂ ਚਾਈਂ ਚਾਈਂਆ । ਮੇਰੀ ਚੋਟੀ ਨਾ ਹੋਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਚਾਹੇ ਚੰਗੀ ਚਾਹੇ ਮੰਦੀ, ਅੰਤ ਉਸੇ ਦੀ ਅਖਵਾਈਆ । ਕੀ ਹੋਇਆ ਜੇ ਗੁਰਮੁਖ ਪਟਿਆਂ ਵਿਚ ਵਾਹੀ ਨਾ ਕੰਘੀ, ਕਲਜੁਗ ਨੇਤਰ ਕੱਜਲ ਧਾਰ ਨਾ ਕੋਇ ਬਣਾਈਆ । ਕੀ ਹੋਇਆ ਜੇ ਗਲ ਅਲਫ਼ੀ ਨਹੀਂ ਕੋਈ ਅੰਗੀ, ਤਨ ਲਬਾਸ ਨਾ ਕੋਇ ਰਖਾਈਆ । ਸਤਿ ਸਚ ਤੇਰੇ ਪ੍ਰੇਮ ਪਿਆਰ ਦੀ ਵਸਤ ਸਭ ਤੋਂ ਚੰਗੀ, ਜਿਹੜੀ ਹੱਟ ਬਾਜ਼ਾਰਾਂ ਵਿਚੋਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਇਕੇਲਾ ਸਾਹਿਬ ਸਦਾ ਬਖ਼ਸ਼ੰਦੀ, ਬਖ਼ਸ਼ਸ਼ ਰਹਿਮਤ ਆਪਣੀ ਝੋਲੀ ਪਾਈਆ । ਬਾਪੂ ਤਾਰਨਹਾਰਾ ਕਟੇ ਬਿਪਤਾ, ਨਾਤਾ ਕੂੜ ਜਗਤ ਤੁੜਾਈਆ । ਜਿਸ ਨੇ ਭਾਗ ਲਗਾਇਆ ਗੋਦ ਤ੍ਰਿਪਤਾ, ਉਹ ਮਾਲਕ ਹੋਏ ਸਹਾਈਆ । ਅੰਦਰ ਵੜ ਕੇ ਆਪਣਾ ਆਪ ਬੰਧਾ ਦਏ ਨਿਸਚਾ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਸਚ ਪ੍ਰੇਮ ਦਾ ਲਾ ਕੇ ਇਸ਼ਕਾ, ਆਸ਼ਕ ਮਾਅਸ਼ੂਕ ਦੋਹਾਂ ਮਾਣ ਗਵਾਈਆ । ਇਸ਼ਾਰੇ ਨਾਲ ਖੋਲ੍ਹ ਕੇ ਦ੍ਰਿਸ਼ਟਾ, ਇਸ਼ਟ ਇਕੋ ਦਏ ਵਖਾਈਆ । ਗੁਰਮੁਖ ਆਸਾ ਕਦੇ ਨਾ ਜਾਏ ਬਿਰਥਾ, ਸਤਿਗੁਰ ਪੂਰਾ ਸਦਾ ਸਦਾ ਸਦ ਗੁਰ ਸ਼ਬਦੀ ਪੂਰੀ ਆਸ ਕਰਾਈਆ । ਏਹੋ ਖੇਲ ਅਗੰਮੀ ਪਿਰ ਦਾ, ਪਿਤਾ ਪੁਰਖ ਅਕਾਲ ਹੋ ਕੇ ਹੋਏ ਸਹਾਈਆ । ਸੁਰਤ ਕਰਨ ਪ੍ਰਭ ਠਾਕਰ ਆਇਆ, ਠੋਕਰ ਨਾਮ ਲਗਾਈਆ । ਕੂੜੀ ਕਿਰਿਆ ਕੱਟ ਕੇ ਮਾਇਆ, ਮਮਤਾ ਮੋਹ ਚੁਕਾਈਆ । ਸਿਰ ਸਮਰਥ ਰੱਖੇ ਆਪਣੀ ਛਾਇਆ, ਸ਼ਹਿਨਸ਼ਾਹ ਦਇਆ ਕਮਾਈਆ । ਪੂਰਬ ਜਨਮ ਦਾ ਲਹਿਣਾ ਝੋਲੀ ਪਾਇਆ, ਮਕਰੂਜ਼ ਆਪਣਾ ਕਰਜ਼ਾ ਰਿਹਾ ਚੁਕਾਈਆ । ਅਗਲਾ ਸੂਦ ਅਜੇ ਬਾਕੀ ਰਖਾਇਆ, ਹੌਲੀ ਹੌਲੀ ਮੰਜ਼ਲੇ ਮਕਸੂਦ ਦਏ ਚੜ੍ਹਾਈਆ । ਸਚ ਅਰੂਜ ਦਏ ਵਖਾਇਆ, ਮਹਿਬੂਬ ਮੇਲ ਮਿਲਾਈਆ । ਮੌਜੂਦ ਹੋ ਕੇ ਮੁਜਰਾ ਦਏ ਲਗਾਇਆ, ਬਿਨ ਗੋਪੀ ਕਾਹਨ ਆਪਣੀ ਰਾਸ ਦਏ ਵਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਘਰ ਸੱਜਣ ਲਏ ਮਿਲਾਈਆ । ਰੰਕਾਂ ਵਿਚ ਵੜਿਆ ਰਾਓ, ਹਰਿ ਕਰਤਾ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪਕੜੇ ਬਾਹੋਂ, ਜਗ ਡੁਬਦਿਆਂ ਪਾਰ ਲੰਘਾਈਆ । ਸਦਾ ਸੁਹੇਲਾ ਇਕ ਇਕੇਲਾ ਸਿਰ ਦੇਵੇ ਠੰਡੀ ਛਾਉਂ, ਮਿਹਰਵਾਨ ਆਪਣਾ ਹੱਥ ਟਿਕਾਈਆ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸਾਚੀ ਗੋਦ ਬਹਾਏ ਜਿਉਂ ਬਾਲਕ ਮਾਉਂ, ਪਿਤਾ ਪੂਤ ਸਹਿਜ ਸੁਖਦਾਈਆ । ਕਲਜੁਗ ਆਇਆ ਕਰਨ ਹਕ ਨਿਆਉਂ, ਹਕੀਕਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਸਰਬ ਪਾਈਆ । ਰੰਕਾਂ ਅੰਦਰ ਰਾਓ ਵੜਿਆ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਬਿਨ ਪੌੜੀ ਡੰਡੇ ਅੰਦਰ ਚੜ੍ਹਿਆ, ਸਾਢੇ ਤਿੰਨ ਹੱਥ ਬੰਕ ਦਏ ਵਡਿਆਈਆ । ਸਚ ਦਵਾਰੇ ਜਾ ਕੇ ਖੜਿਆ, ਘਰ ਗੁਰਮੁਖ ਅਲਖ ਜਗਾਈਆ । ਉਠ ਮਿਤਰ ਮੇਰੇ ਯਾਰ ਅੜਿਆ, ਧੁਰ ਦਾ ਹੁਕਮ ਸੁਣਾਈਆ । ਜਿਸ ਵੇਲੇ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਿਆ, ਨਾਤਾ ਛੁਟਿਆ ਸਰਬ ਲੋਕਾਈਆ । ਅੰਦਰ ਆ ਕੇ ਤੇਰਾ ਆਤਮ ਪਰਮਾਤਮ ਵਰਿਆ, ਨਾਰ ਕੰਤ ਸ੍ਰੀ ਭਗਵੰਤ ਸਾਚਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਰੰਕਾਂ ਅੰਦਰ ਰਾਓ ਆ ਕੇ, ਆਕੀ ਮਨੂਆ ਦਏ ਮਿਟਾਈਆ । ਪੰਜ ਚੋਰ ਹੁਕਮ ਨਾਲ ਧਮਕਾ ਕੇ, ਭੈ ਵਿਚ ਡਰਾਈਆ । ਧੁਰ ਫ਼ਰਮਾਨ ਇਕ ਸੁਣਾ ਕੇ, ਸੁਤਿਆਂ ਲਏ ਜਗਾਈਆ । ਆਓ ਮਿਲੋ ਗਲਵਕੜੀ ਪਾ ਕੇ, ਸਾਚੀ ਤੱਕੜੀ ਤੋਲ ਤੁਲਾਈਆ । ਨਕਲੀਆਂ ਕੋਲੋਂ ਪੱਲਾ ਛੁਡਾ ਕੇ, ਅਸਲ ਦਏ ਮਿਲਾਈਆ । ਧੁਰ ਦਾ ਮੰਤਰ ਇਕ ਪੜ੍ਹਾ ਕੇ, ਪੱਟੀ ਆਪਣੀ ਦਏ ਸਮਝਾਈਆ । ਜਿਸ ਨਾਲੋਂ ਵਿਛੜੀ ਉਸੇ ਦੀ ਯਾਦ ਕਰਾ ਕੇ, ਅੰਤਮ ਓਸੇ ਵਿਚ ਮਿਲਾਈਆ । ਸੱਜਣ ਦੇ ਘਰ ਸੱਜਣ ਬਹਾ ਕੇ, ਮਜਨ ਅਸ਼ਨਾਨ ਦਏ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਦਾ ਜੁਗ ਜੁਗ ਦਰਸ਼ਨ ਪਾ ਕੇ, ਘਰ ਆਪਣੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਰੰਕਾਂ ਦਏ ਵਡਿਆਈਆ । ਰੰਕਾਂ ਅੰਦਰ ਵੜਿਆ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸੋਹਣੀ ਵੇਖੀ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਜਿਥੇ ਪ੍ਰੇਮ ਪਿਆਰ ਦਾ ਝੁਲਦਾ ਇਕ ਨਿਸ਼ਾਨ, ਮੁਹੱਬਤ ਵਿਚ ਲਹਿਰਾਈਆ । ਉਹ ਮੰਗਦਾ ਦਰਸ ਦਾ ਇਕੋ ਦਾਨ, ਦੂਜੀ ਹਰਸ ਨਾ ਕੋਇ ਵਖਾਈਆ । ਜੇ ਮਿਲੇ ਤੇ ਮਿਲੇ ਸ੍ਰੀ ਭਗਵਾਨ, ਦੂਜੇ ਦੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਸੇ ਦੇ ਬਾਲ ਅੰਞਾਣ, ਨਿੱਕੇ ਨੰਨੇ ਰੂਪ ਨਜ਼ਰੀ ਆਈਆ । ਉਹ ਸ਼ਹਿਨਸ਼ਾਹਾਂ ਦਾ ਸ਼ਾਹ ਧੁਰ ਦਰਗਾਹੀ ਸੁਲਤਾਨ, ਸੁਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਰੰਕਾਂ ਅੰਦਰ ਸੋਹਣਾ ਸੁਖ, ਹਰਿ ਰਾਓ ਦਏ ਜਣਾਈਆ । ਬੇਸ਼ਕ ਵੇਖਣ ਵਿਚ ਸਾਰੇ ਮਨੁੱਖ, ਬਿਨ ਗ਼ਰੀਬਾਂ ਮੇਰੇ ਨਾਲ ਪ੍ਰੇਮ ਨਾ ਕੋਇ ਕਰਾਈਆ । ਉਹ ਮੇਰੇ ਲਾਡਲੇ ਉਹ ਪੁੱਤ, ਜਿਨ੍ਹਾਂ ਨੂੰ ਪਹਿਲਾਂ ਜੰਮਿਆਂ ਮਾਂ ਫੇਰ ਆਪਣੀ ਗੋਦ ਬਿਠਾਈਆ । ਮੈਂ ਉਨ੍ਹਾਂ ਉਤੇ ਖ਼ੁਸ਼, ਜਿਹੜੇ ਮੇਰਾ ਰਾਹ ਤਕਾਈਆ । ਮੈਂ ਉਨ੍ਹਾਂ ਦੇ ਅੰਦਰੋਂ ਪਵਾਂ ਉਠ, ਘਰ ਵਿਚੋਂ ਲਵਾਂ ਆਪ ਅੰਗੜਾਈਆ । ਨਿਜ ਨੇਤਰ ਖੋਲ੍ਹ ਕੇ ਨਜ਼ਰੀ ਆਵਾਂ ਸਚ ਸੁੱਚ, ਕੂੜੀ ਕਿਰਿਆ ਦਿਆਂ ਤਜਾਈਆ । ਸਚ ਪੁੱਛੋ ਮੇਰੀ ਨਾ ਦਾਹੜੀ ਨਾ ਮੁੱਛ, ਚੋਟੀ ਸੀਸ ਨਾ ਕਦੇ ਮੁਨਾਈਆ । ਜਨ

ਭਗਤਾਂ ਅੱਗੇ ਗਿਆ ਝੁਕ, ਮਾਣ ਅਭਿਮਾਨ ਦੋਵੇਂ ਦਿਤੇ ਗਵਾਈਆ । ਬਾਕੀ ਲੱਖ ਚੁਰਾਸੀ ਤੋਂ ਸਦਾ ਰਿਹਾ ਲੁਕ, ਲੱਭਿਆਂ ਹੱਥ ਕਿਸੇ ਨਾ ਆਈਆ । ਕੋਈ ਢੋਲਾ ਸੋਹਲਾ ਗੌਂਦੇ ਬਾਣੀ ਤੁਕ, ਰਾਗਾਂ ਨਾਦਾਂ ਵੇਦਾਂ ਵਿਚ ਧਿਆਨ ਲਗਾਈਆ । ਤੀਰਥ ਨਹੌਂਦਿਆਂ ਮੰਦਰੀਂ ਜਾਂਦਿਆਂ ਮਸਜਿਦਾਂ ਸੀਸ ਝੁਕਾਦਿਆਂ ਮੇਰਾ ਪੈਂਡਾ ਜਾਏ ਨਾ ਮੁੱਕ, ਮੰਜ਼ਲ ਚੜ੍ਹ ਦਰਸ ਕੋਇ ਨਾ ਪਾਈਆ । ਜਿਸ ਉਤੇ ਕਿਰਪਾ ਕਰਾਂ ਉਸ ਦੇ ਅੰਦਰ ਵੜ ਜਾਵਾਂ ਛੁਪ, ਓਸ ਨੂੰ ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੰਕ ਕਹਿਣ ਅਸੀਂ ਪਾਇਆ ਰਾਣਾ, ਜੋ ਰਈਅਤ ਵੇਖ ਵਖਾਈਆ । ਜਿਸ ਦਾ ਹੁਕਮ ਇਕ ਫ਼ਰਮਾਨਾ, ਦੋ ਜਹਾਨਾਂ ਰਿਹਾ ਸੁਣਾਈਆ । ਜਿਸ ਦਾ ਛੱਤੀਆਂ ਰਾਗਾਂ ਤੋਂ ਬਾਹਰ ਗਾਣਾ, ਇਲਮਾਂ ਤੋਂ ਪਰੇ ਪੜ੍ਹਾਈਆ । ਅਲਿਫ਼ ਯੇ ਤੋਂ ਬਾਹਰ ਟਿਕਾਣਾ, ਸੱਦਿਆਂ ਨਾਲ ਸੱਦ ਘਰ ਨਾ ਕੋਇ ਬਹਾਈਆ । ਜੇ ਕਦੀ ਹੋਇਆ ਤੇ ਭਗਤਾਂ ਦੇ ਘਰ ਮਹਿਮਾਨਾ, ਜੁਗ ਜੁਗ ਨਿਰਗੁਣ ਸਰਗੁਣ ਫੇਰਾ ਪਾਈਆ । ਆਪਣੇ ਪ੍ਰੇਮ ਦਾ ਦੇ ਕੇ ਜਾਵੇ ਨਿਸ਼ਾਨਾ, ਨਿਸ਼ਾਨੀ ਆਪਣੀ ਦਏ ਜਣਾਈਆ । ਗੀਤਾਂ ਵਿਚੋਂ ਗੀਤ ਦੱਸ ਕੇ ਜਾਏ ਤਰਾਨਾ, ਜੋ ਤਬੀਅਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਦਾਤਾ, ਦਾਤਾ ਇਕੋ ਇਕ ਅਖਵਾਈਆ । ਰਾਓ ਕਹਿਣ ਪ੍ਰਭ ਪਾਇਆ ਦਾਤਾ, ਦਇਅਵਾਨ ਦਇਆ ਕਮਾਈਆ । ਰੰਕ ਕਹਿਣ ਨਹੀਂ ਸਾਨੂੰ ਓਸ ਪਛਾਤਾ, ਜਿਸ ਪਿਛਲੀ ਯਾਦ ਕਰਾਈਆ । ਉਹ ਮਾਲਕ ਖ਼ਾਲਕ ਧੁਰ ਦਾ ਆਕਾ, ਅਕਲ ਸਮਝ ਸਕੇ ਨਾ ਰਾਈਆ । ਜਿਸ ਵੇਲੇ ਅੰਦਰ ਵੜਕੇ ਖੋਲ੍ਹਿਆ ਤਾਕਾ, ਮੇਰਾ ਪੜਦਾ ਦਿਤਾ ਉਠਾਈਆ । ਮੈਨੂੰ ਉਹ ਵੀ ਨਜ਼ਰ ਆਇਆ ਪਿਤਾ ਮਾਤਾ, ਨਾਤਾ ਜਗਤ ਦਿਤਾ ਤੁੜਾਈਆ । ਮੈਂ ਛੱਡ ਕੇ ਸਰਬ ਸਾਕਾ, ਚਿੰਤਾ ਰੋਗ ਸੋਗ ਦੁੱਖ ਭੁੱਖ ਓਸੇ ਦੀ ਝੋਲੀ ਪਾਈਆ । ਇਕੋ ਪ੍ਰੇਮ ਅੰਦਰ ਮਿਲਣ ਦੀ ਰੱਖ ਕੇ ਆਸਾ, ਜਗ ਤ੍ਰਿਸ਼ਨਾ ਦਿਤੀ ਮਿਟਾਈਆ । ਜਿਨ੍ਹਾਂ ਨੂੰ ਸਤਿਗੁਰ ਪੂਰਾ ਆਪ ਦੇਵੇ ਭਰਵਾਸਾ, ਓਨ੍ਹਾਂ ਨੂੰ ਕੋਈ ਕਰਮ ਕਿਰਿਆ ਕਰਨ ਦੀ ਲੋੜ ਰਹੇ ਨਾ ਰਾਈਆ ।



ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰਾ ਉਹ ਦਵਾਰਾ, ਜਿਸ ਘਰ ਵਸੇ ਸਦਾ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰਾ ਉਚ ਮਨਾਰਾ, ਇਕੋ ਵੇਖੇ ਵੇਖਣਹਾਰਾ, ਦੂਜੇ ਨਜ਼ਰ ਕਿਸੇ ਨਾ ਆਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ , ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰਾ ਅਗੰਮ ਪਿਆਰਾ, ਅੰਦਰ ਬਾਹਰ ਗੁਪਤ ਜ਼ਾਹਰਾ, ਨਾਤਾ ਸਤਿਗੁਰ ਚਰਨ ਜੁੜਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰਾ ਘਰ ਬਾਰਾ, ਪ੍ਰਭ ਨੂੰ ਮਿਲਿਆ ਧਾਮ ਬਾਰਾ, ਸਚਖੰਡ ਨਿਵਾਸੀ ਆਪਣਾ ਫੇਰਾ ਪਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰਾ ਸੋਹਣਾ ਆਸਣ, ਜਿਥੇ ਸੋਹੇ ਪੁਰਖ ਅਬਿਨਾਸ਼ਨ, ਸਨਮੁਖ ਹੋ ਕੇ ਦਰਸ ਵਖਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਹਰਿਸੰਗਤ ਤੇਰੀ ਸੋਹਣੀ ਸੇਜਾ, ਜੋਤੀ ਜਲਵਾ ਨੂਰੀ ਤੇਜਾ, ਸ਼ਬਦੀ ਰਾਗ ਸੁਣਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਨਿਧਾਨ ਆਪਣੀ ਖੇਲ ਰਚਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਗੁਰਮੁਖੋ ਮੈਨੂੰ ਦਰਸ ਦਿਖਾਓ, ਜੁਗ ਜੁਗ ਦੀ ਪਿਆਸ ਬੁਝਾਓ, ਪ੍ਰੇਮ ਪ੍ਰੀਤੀ ਰੰਗ ਚੜ੍ਹਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਗੁਰਮੁਖੋ ਮੈਨੂੰ ਦਿਓ ਦੀਦਾਰ, ਆਪਣੇ ਨਾਲ ਸਾਂਝਾ ਕਰੋ ਪਿਆਰ, ਵੱਖਰਾ ਰਹਿਣਾ ਮੈਨੂੰ ਕਦੇ ਨਾ ਭਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।



ਗੁਰਮੁਖੋ ਮੇਰੇ ਨਾਲ ਮਿਲਾਉ ਨੈਣ, ਮੈਂ ਤੁਹਾਡੇ ਅੰਦਰ ਆਇਆ ਬਹਿਣ, ਲੱਖ ਚੁਰਾਸੀ ਜਗਤ ਤਜਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਮੇਰੇ ਨਾਲ ਮਿਲਾਓ ਅੱਖ, ਮੈਂ ਆਪਣਾ ਭੇਤ ਦੇਵਾਂ ਦੱਸ, ਅੰਦਰੋਂ ਪੜਦਾ ਦਵੈਤ ਚੁਕਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਮੇਰੇ ਨਾਲ ਮਿਲਾਓ ਨੇਤਰ, ਤੁਹਾਡਾ ਲਹਿਣਾ ਚੁਕਾਵਾਂ ਛੇਕੜ, ਅੱਗੇ ਲੇਖਾ ਮੰਗਣ ਕੋਇ ਨਾ ਆਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਜਨ ਭਗਤੋ ਮੇਰੇ ਨਾਲ ਮਿਲਾਓ ਹੱਥ, ਮੈਂ ਓਹੀ ਪੁਰਖ ਸਮਰਥ, ਜੋ ਜੁਗ ਜੁਗ ਵੇਸ ਵਟਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਸਚਖੰਡ ਦਵਾਰਿਉਂ ਆਇਆ ਨੱਸ, ਤੁਹਾਡੇ ਅੰਦਰ ਜਾਵਾਂ ਵਸ, ਵਸਲ ਇਕੋ ਯਾਰ ਕਰਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

ਮੇਰਾ ਨਾਤਾ ਹੋਵੇ ਪੱਕ, ਵੇਖਿਓ ਪਿਆਰ ਕਰਦਿਆਂ ਨਾ ਜਾਣਾ ਥੱਕ, ਥਕਾਵਟ ਪਿਛਲੀ ਦਿਆਂ ਗਵਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ

ਚਲ ਪਰਮੇਸ਼ਵਰ ਆਇਆ ।
ਜੇ ਪਿਛੇ ਗੋਬਿੰਦ ਗਿਆ ਛੱਡ, ਹੁਣ ਕਦੇ ਨਾ ਹੋਵਾਂ ਅੱਡ, ਵੱਖਰੀ ਧਾਰ ਨਾ ਕੋਇ ਰਖਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।
ਜੇ ਬੱਧਕ ਲਿਆ ਸੱਦ, ਮੈਂ ਪਾਰ ਕਰਕੇ ਆਇਆ ਹੱਦ, ਮਹਿਦੂਦ ਹੋ ਕੇ ਤੁਹਾਡੇ ਅੰਦਰ ਡੇਰਾ ਲਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।
ਮੈਂ ਖ਼ੁਸ਼ੀਆਂ ਨਾਲ ਗਾਵਾਂ ਤੁਹਾਡਾ ਜਸ, ਤੁਸਾਂ ਅੱਗੋਂ ਮਿਲਣਾ ਹੱਸ, ਮੈਂ ਆਪਣੀ ਹਸਤੀ ਤੁਹਾਡੀ ਮਸਤੀ ਵਿਚ ਰਖਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।
ਮਾਰਗ ਇਕੋ ਦੇਵਾਂ ਦੱਸ, ਜਪ ਤਪ ਕੋਈ ਕਰਨਾ ਪਏ ਨਾ ਹੱਠ, ਬਿਨ ਪੜ੍ਹਿਆਂ ਪਾਰ ਲੰਘਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।
ਏਥੇ ਓਥੇ ਲਵਾਂ ਰੱਖ, ਝੋਲੀ ਪਾ ਕੇ ਹਕੀਕਤ ਹਕ, ਹਾਕਮ ਧੁਰ ਦੇ ਦੇਵਾਂ ਬਣਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਅੰਦਰ ਤੁਹਾਡੇ ਅੱਗੇ ਜਾਏ ਢੱਠ, ਆਪਣਾ ਬਲ ਨਾ ਕੋਇ ਰਖਾਇਆ ; ਹਰਿਸੰਗਤ ਤੇਰੇ ਦਰਸ਼ਨ ਨੂੰ, ਘਰ ਚਲ ਪਰਮੇਸ਼ਵਰ ਆਇਆ ।

## ੧੪ ਮੱਘਰ ੨੦੨੧ ਬਿਕ੍ਰਮੀ ਹਰਦੇਵ ਸਿੰਘ ਦੇ ਗ੍ਰਹਿ ਫਿਰੋਜ਼ਪੁਰ ਛਾਉਣੀ ਗਵਾਲ ਟੋਲੀ

ਜਨ ਭਗਤਾਂ ਵਰਗ ਲਾਏ ਏਕ, ਇਕ ਇਕੱਲਾ ਦਇਆ ਕਮਾਈਆ । ਸਚ ਪ੍ਰੀਤੀ ਬਖ਼ਸ਼ ਕੇ ਟੇਕ, ਚਰਨ ਕਵਲ ਦਏ ਸਰਨਾਈਆ । ਬੁੱਧੀ ਕਰਕੇ ਆਪ ਬਿਬੇਕ, ਸਤਿ ਸਰੂਪ ਦਏ ਬਣਾਈਆ । ਅੰਦਰ ਵੜ ਕੇ ਲਏ ਪੇਖ, ਗ੍ਰਹਿ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵਰਗ ਸਰਬ ਸਮਝਾਈਆ । ਸਾਚਾ ਵਰਗ ਜਿਨ੍ਹਾਂ ਲੱਗਾ, ਵੇਲਾ ਵਕਤ ਗਏ ਭੁਲਾਈਆ । ਪਿਛਲਾ ਲੇਖਾ ਛੱਡ ਸੁਆਰਿਆ ਅੱਗਾ, ਅਗੰਮ ਮਿਲੀ ਵਡਿਆਈਆ । ਜਨਮ ਕਰਮ ਦਾ ਹੀਣ ਜੋ ਫਿਰੇ ਭੱਜਾ, ਤਟ ਕਿਨਾਰੇ ਫੇਰੀ ਪਾਈਆ । ਮਾਣਸਾਂ ਵਾਲੇ ਜੋ ਖਾਂਦਾ ਰਿਹਾ ਹੱਡਾ, ਢੋਰਾਂ ਖੱਲ ਲੁਹਾਈਆ । ਜੋਬਨ ਹੰਡੌਂਦਾ ਰਿਹਾ ਬੁੱਢਾ ਨੱਢਾ, ਮਸਤ ਜਵਾਨੀ ਵਿਚ ਸਮਾਈਆ । ਹੱਥ ਫੜੌਂਦਾ ਰਿਹਾ ਚੱਕਰ ਗੱਦਾ, ਧਨੁਸ਼ਧਾਰੀ ਰੂਪ ਵਟਾਈਆ । ਡੂੰਮ ਹੋ ਕੇ ਘਰ ਘਰ ਦੇਂਦਾ ਰਿਹਾ ਸੱਦਾ, ਸੇਵਾ ਸਚ ਕਮਾਈਆ । ਪ੍ਰਭ ਦੀ ਕਿਰਪਾ ਵਰਗ ਇਕੋ ਲੱਗਾ, ਜਿਸ ਦਾ ਵਰਮ ਅੰਦਰ ਦਿਤਾ ਕਰਾਈਆ । ਸਚ ਪ੍ਰੇਮ ਅੰਦਰ ਬੱਧਾ, ਬੰਦਨਾ ਇਕੋ ਦਿਤੀ ਸੁਣਾਈਆ । ਸਚ

ਮੁਕਾਮ ਕਰਾ ਕੇ ਹੱਜਾ, ਹਾਜਤ ਪੂਰੀ ਰਿਹਾ ਵਖਾਈਆ । ਨਾਮ ਖ਼ੁਮਾਰੀ ਅੰਦਰ ਮਧਾ, ਮਧੁ ਸੂਦਨ ਵੇਖ ਵਖਾਈਆ । ਸਚ ਪਰਕਾਸ਼ ਵਿਚ ਜਗਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵਰਗ ਲਗਾਈਆ । ਜੁਗ ਜੁਗ ਵਰਗ ਲਗਾਵਣਹਾਰਾ, ਹਰਿ ਕਰਤਾ ਇਕ ਅਖਵਾਈਆ । ਭਗਤ ਸੁਹੇਲੇ ਜਗਾਵਣ ਵਾਲਾ, ਜੁਗ ਚੌਕੜੀ ਫੇਰੀ ਪਾਈਆ । ਨਾਮ ਸੰਦੇਸ ਸੁਣਾਵਣਹਾਰਾ, ਸੁਤਿਆਂ ਲਏ ਉਠਾਈਆ । ਸਚ ਭੰਡਾਰੀ ਬਣ ਵਣਜਾਰਾ, ਵਸਤ ਅਮੋਲਕ ਝੋਲੀ ਪਾਈਆ । ਪਾਰ ਕਰਾ ਕੇ ਤਟ ਕਿਨਾਰਾ, ਨੱਈਆ ਨੌਕਾ ਨਾਮ ਚੜ੍ਹਾਈਆ । ਸੱਜਣ ਮਿਲਾ ਕੇ ਇਕ ਨਿਰੰਕਾਰਾ, ਨਿਰਗੁਣ ਸਰਗੁਣ ਲੇਖ ਮੁਕਾਈਆ । ਮਹੱਲ ਵਖਾਏ ਇਕ ਘਰ ਬਾਰਾ, ਸੋਹਣਾ ਮੰਦਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਜੁਗ ਚੌਕੜੀ ਵੇਖਿਆ ਵਰਗ ਲੱਗਦਾ, ਸਮਝ ਵਾਲਾ ਸਮਝ ਕੋਇ ਨਾ ਪਾਈਆ । ਵਰਗਾਂ ਅੰਦਰ ਅਬਿਨਾਸ਼ੀ ਕਰਤਾ ਸਦਾ ਭੱਜਦਾ, ਬਣ ਬਣ ਪਾਂਧੀ ਰਾਹੀਆ । ਪੰਧ ਮੁਕਾ ਕੇ ਦੂਰ ਹੱਦ ਦਾ, ਨੇਰਨ ਨੇਰਾ ਨਜ਼ਰੀ ਆਈਆ । ਵੇਖ ਨਜ਼ਾਰਾ ਆਪਣੇ ਜੱਗ ਦਾ, ਜਗ ਜੀਵਣ ਦਾਤਾ ਭਗਤਾਂ ਲਏ ਮਿਲਾਈਆ । ਸਚ ਨਾਮ ਅੰਦਰ ਰੰਗਦਾ, ਖ਼ਾਕੀ ਤਨ ਮਿਲੇ ਵਡਿਆਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਮੁਕਾ ਕੇ ਖ਼ੁਸ਼ੀ ਗ਼ਮ ਦਾ, ਸਦ ਇਕੋ ਰੰਗ ਚੜ੍ਹਾਈਆ । ਵਰਗ ਕਹੇ ਮੈਂ ਕਦੇ ਕਿਸੇ ਨਾ ਲੱਗਾ, ਮੇਰਾ ਖੇਲ ਸਮਝ ਕੋਇ ਨਾ ਪਾਈਆ । ਜਨ ਭਗਤ ਕਹੇ ਮੈਂ ਤੇਰੇ ਮਗਰ ਲੱਗਾ, ਨਾਤੇ ਸਾਰੇ ਦਿਤੇ ਤੁੜਾਈਆ । ਵਰਗ ਕਹੇ ਮੈਂ ਪ੍ਰਭ ਦੇ ਹੁਕਮ ਅੰਦਰ ਬੱਧਾ, ਬਿਨ ਹੁਕਮੇ ਕਾਰ ਨਾ ਕੋਇ ਕਮਾਈਆ । ਜਨ ਭਗਤ ਕਹੇ ਮੈਂ ਤੈਨੂੰ ਘਰ ਸਾਚੇ ਲੱਭਾ, ਆਪਣੀ ਅੱਖ ਖੁਲ੍ਹਾਈਆ । ਵਰਗ ਕਹੇ ਬਿਨ ਮੇਰੀ ਕਿਰਪਾ ਸਾਚਾ ਕਿਸੇ ਕੀਤਾ ਨਾ ਹੱਜਾ, ਹਾਜਤ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਸਾਚਾ ਸਿੱਖੋ ਵਰਗ ਲੈਣਾ, ਹਰਿ ਕੁੰਡੀ ਆਪ ਖੁਲ੍ਹਾਈਆ । ਪਹਿਲੋਂ ਪ੍ਰਭ ਦਾ ਦਰਸ਼ਣ ਪੌਣਾ, ਨੇਤਰ ਅੱਖ ਖੁਲ੍ਹਾਈਆ । ਦੂਜੇ ਢਹਿ ਢਹਿ ਚਰਨੀਂ ਸੀਸ ਨਿਵੌਣਾ, ਮਸਤਕ ਧੂੜੀ ਖ਼ਾਕ ਰਮਾਈਆ । ਤੀਜੇ ਬਹਿ ਬਹਿ ਮੰਗਲ ਗੌਣਾ, ਸਾਚਾ ਨਾਮ ਅਲਾਈਆ । ਚੌਥੇ ਮਾਣ ਅਭਿਮਾਨ ਮਿਟੌਣਾ, ਗੜ੍ਹ ਹੰਕਾਰ ਨਜ਼ਰ ਨਾ ਆਈਆ । ਪੰਜਵੇਂ ਪੰਜਾਂ ਇਕੋ ਰੰਗ ਰੰਗੌਣਾ, ਦੂਜੀ ਵੰਡ ਨਾ ਕੋਇ ਵੰਡਾਈਆ । ਛੇਵੇਂ ਕਾਇਆ ਛੱਪਰ ਛੰਨ ਛਹੌਣਾ, ਸੋਹਣਾ ਮੰਦਰ ਲੈਣਾ ਬਣਾਈਆ । ਸਤਵੇਂ ਸਤਿ ਸਤਿਵਾਦੀ ਅੰਦਰ ਵਸੌਣਾ, ਸੋਹਣੀ ਕਰ ਸਫ਼ਾਈਆ । ਅੱਠਵੇਂ ਅੱਠਾਂ ਤੱਤਾਂ ਸੇਵਾ ਲੌਣਾ, ਅੱਗੇ ਸੀਸ ਨਾ ਕੋਇ ਉਠਾਈਆ । ਨੌਵੇਂ ਨੌ ਦਰ ਪੰਧ ਮੁਕੌਣਾ, ਲੇਖਾ ਰਹੇ ਨਾ ਰਾਈਆ । ਦਸਵੇਂ ਦਰ ਘਰ ਸਾਚੇ ਵੇਖ ਵਖੌਣਾ, ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਇਕ ਦਸ ਦੀ ਵੰਡ ਵੰਡੌਣਾ, ਦਸ ਦੋ ਵੱਜੇ ਵਧਾਈਆ । ਤਿੰਨ ਦਸ ਦਾ ਤੰਦ ਬਧੌਣਾਂ, ਦਸ ਚਾਰ ਨਾ ਹੋਏ ਜੁਦਾਈਆ । ਪੰਜ ਦਸ ਦਾ ਸੰਗ ਨਿਭੌਣਾ, ਦਸ ਛੇ ਪੜਦਾ ਦਏ ਉਠਾਈਆ । ਸੱਤ ਦਸ ਦਾ ਸੋਹਣਾ ਰੰਗ ਚੜ੍ਹੌਣਾ, ਅੱਠ ਦਸ ਵੇਖਣਾ ਚਾਈਂ ਚਾਈਆ । ਨੌ ਦਸ ਦਾ ਮਲੰਗ ਨਚੌਣਾ, ਦਸ ਦਸ ਬੀਸ ਦਾ ਇਕੋ ਇਕ ਗੋਸਾਈਆ । ਬੀਸ ਇਕ ਦਾ ਅੰਕ ਬਣੌਣਾ, ਦੂਆ ਏਕਾ ਗੰਢ ਪਵਾਈਆ । ਇੱਕੀਆਂ ਵਾਲਾ ਵਕਤ ਸੁਹੌਣਾ, ਇਕੀਸਾ ਜਗਦੀਸਾ ਸੋਭਾ ਪਾਈਆ । ਜਨ ਭਗਤਾਂ

੧੦੪੨ ੧੭

ਵਰਗ ਲੈਣ ਦਾ ਤਰੀਕਾ ਇਕ ਰਖੌਣਾ, ਮਿਹਰ ਨਜ਼ਰ ਆਪ ਉਠਾਈਆ । ਵੱਡਿਆਂ ਛੋਟਿਆਂ ਭੇਵ ਚੁਕੌਣਾ, ਬਾਲਾਂ ਬਿਰਧਾਂ ਨੌਜਵਾਨਾਂ ਦੇਵੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਬ੍ਰਾਹਮਣ ਵਰਗ ਕੀ ਸਕੇ ਲਾ, ਵਿਦਿਆ ਬ੍ਰਹਮ ਪੜ੍ਹਨ ਨਾ ਪਾਈਆ । ਜਿਨ੍ਹਾਂ ਰਹਿਮਤ ਕਰੇ ਖ਼ੁਦਾ, ਖ਼ੁਦੀ ਤਕੱਬਰ ਦਏ ਗਵਾਈਆ । ਜੋ ਕਰਮਾਂ ਕਾਰਨ ਹੋਏ ਜੁਦਾ, ਹੁਕਮੇ ਵਿਚ ਭੁਆਈਆ । ਤਿਨ੍ਹਾਂ ਲੇਖਾ ਦਏ ਚੁਕਾ, ਭੁਲੇਖਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਰਗ ਕਹੇ ਮੈਂ ਸੱਚਾ, ਮੈਨੂੰ ਆਖੇ ਸਕੇ ਨਾ ਕੋਇ ਲਗਾਈਆ । ਮੈਂ ਉਸ ਪਰਮ ਪੁਰਖ ਦਾ ਬੱਚਾ, ਜਿਸ ਨਾਲ ਨਾਤਾ ਪੱਕਾ ਲਿਆ ਜੁੜਾਈਆ । ਮੈਂ ਸਦਾ ਵੇਖਾਂ ਕਾਇਆ ਮਾਟੀ ਭਾਂਡਾ ਕੱਚਾ, ਸਾਢੇ ਤਿੰਨ ਹੱਥ ਗਗਰੀਆ ਨਜ਼ਰੀ ਆਈਆ । ਜਿਸ ਵੇਲੇ ਮੇਰੇ ਸਾਹਿਬ ਦਾ ਮੈਨੂੰ ਹੁਕਮ ਸੰਦੇਸ਼ਾ ਮਿਲੇ ਪਤਾ, ਪਤਿਪਰਮੇਸ਼ਵਰ ਦਏ ਜਣਾਈਆ । ਮੈਂ ਖੋਲ੍ਹ ਕੇ ਵੇਖਾਂ ਅੱਖਾਂ, ਆਪਣੀ ਪਲਕ ਇਕ ਉਠਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਦੋਵੇਂ ਰੰਗ ਜਣਾਈਆ । ਮੈਂ ਮਾਰ ਦੋਹੱਥੜ ਹੱਥ ਮੱਥੇ ਰੱਖਾਂ, ਸੋਚ ਸਮਝ ਨਾ ਆਏ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ । ਵਰਗ ਕਹੇ ਮੈਂ ਧੁਰ ਦਾ ਸਾਥੀ, ਆਦਿ ਜੁਗਾਦਿ ਨਜ਼ਰੀ ਆਈਆ । ਜਿਸ ਵੇਲੇ ਜਨ ਭਗਤ ਦਾ ਲਹਿਣਾ ਮੁਕਣਾ ਹੋਵੇ ਬਾਕੀ, ਬਹੁਤਿਉਂ ਥੋੜਾ ਨਜ਼ਰੀ ਆਈਆ । ਓਸ ਵੇਲੇ ਮੈਂ ਕਰਾਂ ਇਕ ਚਾਲਾਕੀ, ਆਪਣਾ ਬਲ ਪਰਗਟਾਈਆ । ਅੰਦਰ ਵੜ ਕੇ ਠੋਕਰ ਲਾਵਾਂ ਉਤੇ ਛਾਤੀ, ਸੀਨਾ ਸੁੱਤਾ ਦਿਆਂ ਉਠਾਈਆ । ਸ਼ਾਹਰਗ ਦੇ ਉਤੋਂ ਖੋਲ੍ਹਣ ਦੀ ਜਾਚ ਦੱਸਾਂ ਤਾਕੀ, ਹੌਲੀ ਜਹੀ ਸਮਝਾਈਆ । ਲੋਕੀਂ ਮੈਨੂੰ ਕਹਿਣ ਵਰਗ ਮੈਂ ਵਰਗ ਉਹ ਨਾਮ ਵਾਲਾ ਸਾਥੀ, ਜਿਸ ਨੂੰ ਨਮਸਤੇ ਕਹਿ ਕਹਿ ਸਾਰੇ ਸੀਸ ਨਿਵਾਈਆ । ਮੇਰੀ ਸਿਖਿਆ ਸੁਣ ਕੇ ਸਾਧ ਸੰਤ ਜੁਗ ਚੌਕੜੀ ਚੜ੍ਹੇ ਮੰਜ਼ਲ ਘਾਟੀ, ਪੰਧ ਆਪਣਾ ਆਪ ਮੁਕਾਈਆ । ਇਕ ਗੱਲ ਉਚੇ ਮੰਦਰ ਬਹਿ ਕੇ ਕਬੀਰ ਜੁਲਾਹੇ ਮੈਨੂੰ ਆਖੀ, ਖ਼ੁਸ਼ੀ ਨਾਲ ਸੁਣਾਈਆ । ਅੱਗੇ ਕਲਜੁਗ ਆਉਣੀ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਪਰਗਟ ਹੋਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਉਹਦੀ ਕੋਈ ਸਮਝ ਨਾ ਸਕੇ ਸਾਖੀ, ਸਾਖਿਆਤ ਹੋ ਕੇ ਖੇਲ ਵਖਾਈਆ । ਜਿਸ ਵੇਲੇ ਤੈਨੂੰ ਹੁਕਮ ਦੇਵੇ ਤੂੰ ਭਗਤ ਉਠਾਵੇਂ ਸਾਥੀ, ਅੰਦਰ ਵੜ ਵੜ ਸਾਰਿਆਂ ਨੂੰ ਇਕੋ ਵਰਗ ਲਗਾਈਆ । ਜੇ ਮਿਲਾਵੇਂ ਤੇ ਮਿਲਾਵੇਂ ਕਮਲਾਪਾਤੀ, ਪਤਿਪਰਮੇਸ਼ਵਰ ਨਾਤਾ ਦਏਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਖਿਲਾਈਆ । ਵਰਗ ਕਹੇ ਸੁਣ ਭਗਤ ਕਬੀਰ, ਮੈਂ ਨਕਰਮਣ ਦਿਆਂ ਜਣਾਈਆ । ਮੇਰਾ ਤੱਤਾਂ ਵਾਲਾ ਨਹੀਂ ਸਰੀਰ, ਸਡੌਲ ਰੂਪ ਨਜ਼ਰ ਕੋਇ ਨਾ ਆਈਆ । ਮੈਂ ਪੈਗ਼ੰਬਰਾਂ ਵਰਗਾ ਨਹੀਂ ਪੀਰ, ਗੁਰੂਆਂ ਵਰਗਾ ਗੁਰੂ ਨਾ ਕੋਇ ਅਖਵਾਈਆ । ਮੇਰੀ ਕਾਗ਼ਜਾਂ ਉਤੇ ਨਹੀਂ ਕੋਈ ਤਸਵੀਰ, ਮਣਕਿਆਂ ਵਾਲੀ ਤਸਬੀ ਹੱਥ ਨਾ ਕੋਇ ਉਠਾਈਆ । ਮੈਂ ਕਿਸੇ ਭੰਡਾਰਿਉਂ ਖਾਧੀ ਕਦੇ ਨਾ ਖੀਰ, ਪੂੜੀ ਕੜਾਹ ਮੰਗ ਨਾ ਕੋਇ ਮੰਗਾਈਆ । ਮੈਂ ਕਦੀ ਨਾ ਨਹਾਵਣ ਗਿਆ ਅਠਸਠ ਨੀਰ, ਤੱਟ ਕਿਨਾਰਾ ਫੇਰਾ ਕਦੇ ਨਾ ਪਾਈਆ । ਮੈਂ ਮੰਦਰਾਂ ਮਸਜਿਦਾਂ ਵਿਚ ਪੰਧ ਲਿਆ ਨਾ ਚੀਰ, ਬਣ ਕੇ ਪਾਂਧੀ ਰਾਹੀਆ । ਮੈਂ ਟਿੱਲਿਆਂ ਪਰਬਤਾਂ ਪਹਾੜਾਂ ਚੋਟੀ ਚੜ੍ਹਿਆ ਨਾ ਕਦੇ ਅਖ਼ੀਰ, ਜੰਗਲ ਜੂਹਾਂ ਵਿਚ ਫੇਰਾ ਨਾ ਪਾਈਆ । ਮੈਂ ਜਕੜਿਆਂ ਗਿਆ ਨਾ ਕਿਸੇ ਜ਼ੰਜੀਰ, ਸ਼ਰਅ ਡੋਰ ਨਾ ਕੋਇ ਵਖਾਈਆ ।

ਜਿਸ ਵੇਲੇ ਮੇਰਾ ਸਾਹਿਬ ਦਾਤਾ ਗੁਣੀ ਗਹੀਰ, ਮੇਰੇ ਵੱਲ ਅੱਖ ਲਏ ਉਠਾਈਆ । ਮੈਂ ਦੂਰ ਦੁਰਾਡਾ ਨੇੜੇ ਆਵਾਂ ਨਜ਼ਦੀਕ, ਨਿਉਂ ਨਿਉਂ ਸੀਸ ਝੁਕਾਈਆ । ਓਸ ਵੇਲੇ ਪ੍ਰਭੂ ਆਪਣਾ ਹੁਕਮ ਦੇਵੇ ਠੀਕ, ਧੁਰ ਫ਼ਰਮਾਨਾ ਇਕ ਜਣਾਈਆ । ਜਿਹੜੇ ਭਗਤ ਮੇਰੀ ਕਰਦੇ ਰਹੇ ਉਡੀਕ, ਓਨ੍ਹਾਂ ਦੇ ਅੰਦਰ ਵੜ ਕੇ ਮੇਰੇ ਨਾਮ ਦਾ ਵਰਗ ਦੇ ਲਗਾਈਆ । ਸਾਚੀ ਬੱਝ ਜਾਏ ਇਕ ਪ੍ਰੀਤ, ਪ੍ਰੀਤਮ ਨਾਲੋਂ ਨਾ ਹੋਏ ਜੁਦਾਈਆ । ਜੁਗ ਚੌਕੜੀ ਗਏ ਬੀਤ, ਬੀਤੀ ਕਹਾਣੀ ਅੱਗੇ ਮਾਰਗ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰਾ ਥਾਉਂ ਥਾਈਆ । ਕਬੀਰ ਕਹੇ ਇਹ ਰੱਖੀਂ ਯਾਦ, ਸਚ ਸਚ ਦਿਤਾ ਦ੍ਰਿੜਾਈਆ । ਕਲਜੁਗ ਅੰਤਮ ਅਵੱਲੜਾ ਚਲੇ ਰਿਵਾਜ, ਰਸਮ ਸਮਝ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਆਤਮ ਪਰਮਾਤਮ ਕਰਨ ਆਵੇ ਕਾਜ, ਸ਼ਬਦ ਵਿਚੋਲਾ ਵਿਚ ਬਣਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਲੈ ਕੇ ਨਾਲ ਦਾਜ, ਦਾਤ ਧੁਰ ਦੀ ਇਕ ਪਰਗਟਾਈਆ । ਧੁਰ ਸੰਦੇਸਾ ਮਾਰ ਆਵਾਜ਼, ਦਰ ਤੈਨੂੰ ਲਏ ਬੁਲਾਈਆ । ਹੌਲੀ ਜੇਹੀ ਦੇਵੇ ਆਖ, ਇਕੋ ਹੁਕਮ ਸੁਣਾਈਆ । ਜਾ ਮੇਰੇ ਭਗਤਾਂ ਦੀ ਖੋਲ੍ਹ ਜਾਗ, ਸੁੱਤਿਆਂ ਰੈਣ ਨਾ ਕੋਇ ਵਿਹਾਈਆ । ਵਰਗ ਲਗਾ ਕੇ ਕਹੋ ਚਲੋ ਬੇੜੇ ਚੜ੍ਹੋ ਜਹਾਜ਼, ਬੇੜੀਆਂ ਨਈਆ ਕਿਸ਼ਤੀਆਂ ਨੌਕਾਂ ਸਾਰੇ ਦਿਉਂ ਤਜਾਈਆ । ਜਗਤ ਨਾਤੇ ਤੋੜ ਸਮਾਜ, ਸਮਝ ਇਕੋ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਦਏ ਮੁਕਾਈਆ । ਵਰਗ ਕਹੇ ਧੰਨ ਭਗਤ, ਦਿਤਾ ਮੋਹੇ ਸਮਝਾਈਆ । ਜਿਸ ਵੇਲੇ ਆਵੇ ਸੁਹੰਜਣਾ ਵਕਤ, ਭਗਤ ਦਵਾਰ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣੇ ਅਰਸ਼ ਫ਼ਰਸ਼, ਦੋ ਜਹਾਨਾਂ ਵੇਖ ਵਖਾਈਆ । ਮੇਰੇ ਉਤੇ ਕਰ ਕੇ ਤਰਸ, ਧੁਰ ਸੰਦੇਸਾ ਦਏ ਸੁਣਾਈਆ । ਮੈਂ ਆ ਕੇ ਨਿਮਾਣਾ ਹੋ ਕੇ ਕਰਾਂ ਅਰਜ਼, ਦੋਏ ਜੋੜ ਸੀਸ ਨਿਵਾਈਆ । ਹੇ ਪ੍ਰਭੂ ਮੇਰਾ ਕੀ ਫ਼ਰਜ਼, ਸਚ ਸਚ ਦੇ ਜਣਾਈਆ । ਸ੍ਰੀ ਭਗਵਾਨ ਕਹੇ ਮੇਰੇ ਭਗਤਾਂ ਨਾਲ ਵੰਡ ਜਾ ਕੇ ਦਰਦ, ਦਰਦ ਦੁੱਖ ਭੈ ਭੰਜਨ ਆਪ ਜਣਾਈਆ । ਉਨ੍ਹਾਂ ਦੇ ਅੰਦਰ ਵੜ ਕੇ ਖੇਲ ਕਰਾਂ ਅਸਚਰਜ, ਅਚਰਜ ਲੀਲਾ ਦਏ ਵਖਾਈਆ । ਭਾਵੇਂ ਨਾਰ ਭਾਵੇਂ ਮਰਦ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਸਚ ਪ੍ਰੇਮ ਦੀ ਫੜ ਕੇ ਕਰਦ, ਕੂੜੀ ਕਿਰਿਆ ਅੰਦਰੋਂ ਕਤਲ ਦੇਣੀ ਕਰਾਈਆ । ਤੇਰਾ ਕੋਈ ਨਾ ਹੋਵੇ ਖ਼ਰਚ, ਬਿਨ ਪੈਸੇ ਧੇਲੇ ਆਸਾ ਪੂਰ ਵਖਾਈਆ । ਤੂੰ ਪੋਪਾਂ ਹੱਥ ਨਾ ਆਵੇਂ ਵਿਚ ਚਰਚ, ਮੰਦਰ ਮਸਜਿਦ ਸਾਰੇ ਬੈਠੇ ਤੇਰਾ ਰਾਹ ਤਕਾਈਆ । ਵਰਗ ਕਹੇ ਮੇਰੇ ਉਤੇ ਕਰੀਂ ਤਰਸ, ਮਿਹਰ ਨਜ਼ਰ ਉਠਾਈਆ । ਮੈਂ ਵੀ ਤੇਰੇ ਵਿਛੋੜੇ ਅੰਦਰ ਰਿਹਾ ਤੜਪ, ਕਬੀਰ ਜੁਲਾਹਾ ਗਿਆ ਸਮਝਾਈਆ । ਮੈਂ ਤੇਰਾ ਢੋਲਾ ਸੁਣਾਵਾਂ ਕੜਕ, ਉਚੀ ਉਚੀ ਨਾਦ ਵਜਾਈਆ । ਜਨ ਭਗਤੋਂ ਮਾਰਗ ਸਿੱਧਾ ਵੇਖੋ ਸੜਕ, ਸਾਢੇ ਤਿੰਨ ਹੱਥ ਅੰਦਰੋਂ ਪਾਰ ਲੰਘਾਈਆ । ਜਿਸ ਨੂੰ ਮੇਰਾ ਵਰਗ ਲੱਗਾ ਉਹ ਕਦੇ ਨਾ ਜਾਵੇ ਅਟਕ, ਰਾਹ ਵਿਚ ਨਾ ਕੋਇ ਠਹਿਰਾਈਆ । ਓਥੇ ਕੀ ਕਰੇ ਪੰਚ ਵਿਕਾਰਾ ਕਟਕ, ਜਿਥੇ ਮਿਹਰਵਾਨ ਤੇਰਾ ਹੁਕਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਸਾਚਾ ਦਰਸ, ਆਪਣੀ ਆਸ ਸੁਣਾਈਆ । ਵਰਗ ਕਹੇ ਮੈਂ ਜਿਸ ਦਰ ਵੜਿਆ, ਸੁੱਤੇ ਦਿਆਂ ਉਠਾਈਆ । ਜਿਸ ਪੌੜੇ ਜਾ ਕੇ ਚੜ੍ਹਿਆ, ਡੰਡੇ ਦਿਆਂ ਹਿਲਾਈਆ । ਜਿਸ ਮੰਦਰ ਜਾ ਕੇ ਖੜ੍ਹਿਆ, ਧੁਰ ਦੀ ਅਲਖ ਸੁਣਾਈਆ । ਜਿਸ ਘਰ ਜਾ ਕੇ ਸਾਚਾ ਢੋਲਾ ਪੜ੍ਹਿਆ, ਸੋਇਆ

ਕੋਇ ਰਹਿਣ ਨਾ ਪਾਈਆ । ਇਕੋ ਤੇਰਾ ਪੱਲੂ ਫੜਿਆ, ਜਗ ਸਕੇ ਨਾ ਕੋਇ ਛੁਡਾਈਆ । ਕਿਰਪਾ ਕਰ ਨਰਾਇਣ ਨਰਿਆ, ਨਿਰਵੈਰ ਤੇਰੀ ਵਡਿਆਈਆ । ਮੈਂ ਸਾਚੀ ਸੇਵਾ ਘਰ ਸਾਚੇ ਕਰਿਆ, ਕਰ ਕਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਬਹਾਈਆ । ਵਰਗ ਕਹੇ ਤੇਰਾ ਵੇਖਿਆ ਵਲਗਣ, ਹੱਡ ਮਾਸ ਨਾੜੀ ਚਾਰ ਦੀਵਾਰੀ ਇਕ ਬਣਾਈਆ । ਓਸ ਦੇ ਅੰਦਰ ਯਾਤਰੀ ਤਿਲਕਣ, ਸੰਭਲ ਪੈਰ ਨਾ ਕੋਇ ਟਿਕਾਈਆ । ਚਾਰ ਜੁਗ ਕਲਜੁਗ ਸੰਤ ਸਾਧ ਸਾਰੇ ਵਿਲਕਣ, ਨੇਤਰ ਰੋਵਣ ਦੇਣ ਦੁਹਾਈਆ । ਜਿਥੇ ਪ੍ਰਭ ਤੂੰ ਵਸੇਂ ਕੂੜ ਕੁੜਿਆਰੇ ਉਥੋਂ ਖਿਸਕਣ, ਭੱਜਣ ਵਾਹੋ ਦਾਹੀਆ । ਤੇਰੇ ਭਗਤ ਸੁਹੇਲੇ ਨੂਰ ਅਗੰਮੀ ਚੰਦ ਚਮਕਣ, ਮੰਡਲ ਮੰਡਪ ਨੈਣ ਸ਼ਰਮਾਈਆ । ਜੋਧੇ ਸੂਰਬੀਰ ਨੌਜਵਾਨ ਤੱਕਣ, ਬਲਧਾਰੀ ਰੂਪ ਵਟਾਈਆ । ਜਿਨ੍ਹਾਂ ਦੀ ਪਤ ਆਇਉਂ ਰੱਖਣ, ਰੱਖਕ ਹੋ ਕੇ ਸੇਵ ਕਮਾਈਆ । ਦਰਸ ਦਿਖਾਏਂ ਨੇਤਰ ਲੋਚਣ ਅੱਖਣ, ਨੈਣ ਦੇਵੇਂ ਵਡਿਆਈਆ । ਉਹ ਮਾਹੀ ਤੇਰੇ ਬਹਿਕੇ ਪੱਤਣ, ਗਠੜੀ ਭਾਰ ਤੇਰੇ ਉਤੇ ਟਿਕਾਈਆ । ਮੈਂ ਬਾਕੀ ਸੁੱਤਿਆਂ ਨੂੰ ਫੇਰ ਜਾਵਾਂ ਦੱਸਣ, ਅੰਦਰ ਵੜਕੇ ਦਿਆਂ ਹਿਲਾਈਆ । ਉਠੋ ਵੇਖੋ ਜਿਸ ਜਹਾਜ਼ ਤਰਾਇਆ ਲਬਾਣੇ ਮੱਖਣ, ਬੇੜਾ ਕੰਧ ਉਠਾਈਆ । ਜਿਸ ਮਾਣ ਰਖਾਇਆ ਸੱਮਣ ਮੂਸਣ, ਮੁਸ਼ਕਲ ਹੱਲ ਕਰਾਈਆ । ਜਿਸ ਦਾ ਵਸੇਰਾ ਚਾਰੇ ਕੂਟਨ, ਦਹਿ ਦਿਸ਼ਾ ਵੇਖ ਵਖਾਈਆ । ਜਿਸਦਾ ਹੁਲਾਰਾ ਭਗਤ ਸੁਹੇਲੇ ਝੂਟਣ, ਦੋ ਜਹਾਨਾਂ ਆਪ ਜਣਾਈਆ । ਸੋ ਸਾਹਿਬ ਸਵਾਮੀ ਆਇਆ ਪੁੱਛਣ, ਪੁਸ਼ਤ ਪਨਾਹੀ ਫੇਰਾ ਪਾਈਆ । ਗੁਰਮੁਖਾਂ ਦੇ ਅੰਦਰ ਆਇਆ ਲੁਕਣ, ਨਿਰਗੁਣ ਹੋ ਕੇ ਡੇਰਾ ਲਾਈਆ । ਕੂੜੀ ਕਿਰਿਆ ਆਇਆ ਕੁੱਟਣ, ਨਾਮ ਖੰਡਾ ਹੱਥ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਵਰਗ ਕਹੇ ਮੈਂ ਬਾਲਿਆਂ ਵਿਚੋਂ ਨਿੱਕਾ ਬਾਲਾ, ਬਚਪਨ ਆਪਣਾ ਇਕ ਬਣਾਈਆ । ਜਿਸ ਦਾ ਕਬੀਰ ਦੇ ਕੇ ਗਿਆ ਅਹਿਵਾਲਾ, ਅਹਿਲਕਾਰ ਇਕੋ ਨੂਰ ਖ਼ੁਦਾਈਆ । ਜਿਸ ਦਾ ਰੰਗ ਰੂਪ ਚਿੱਟਾ ਗੋਰਾ ਦਿਸੇ ਨਾ ਕਾਲਾ, ਸੂਹਾ ਪੀਲਾ ਵੇਸ ਨਾ ਕੋਇ ਵਟਾਈਆ । ਜਿਸ ਦੇ ਉਤੇ ਰੱਖਣਾ ਨਾ ਪਏ ਕੋਇ ਰੁਮਾਲਾ, ਦਰਵਾਜ਼ਿਆਂ ਵਿਚ ਨਾ ਬੰਦ ਕਰਾਈਆ । ਜਿਸ ਦੇ ਉਤੇ ਰੱਖਣਾ ਪਏ ਨਾ ਕੋਇ ਗਵਾਲਾ, ਗਊਆਂ ਪੂਜ ਨਾ ਸੇਵ ਕਮਾਈਆ । ਜਿਸ ਦਾ ਮੰਦਰ ਮੱਠ ਨਾ ਸ਼ਿਵਦਵਾਲਾ, ਮੜ੍ਹੀ ਗੋਰ ਨਾ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਇਕੋ ਘਰ ਸੱਚੀ ਧਰਮਸਾਲਾ, ਸਚਖੰਡ ਸਾਚਾ ਰਿਹਾ ਸੁਹਾਈਆ । ਸੋ ਖ਼ਾਲਕ ਖ਼ਲਕ ਖੇਲ ਕਰੇ ਨਿਰਾਲਾ, ਨਿਰਗੁਣ ਆਪਣਾ ਫੇਰਾ ਪਾਈਆ । ਸੋ ਲਹਿਣਾ ਤੇਗ ਬਹਾਦਰ ਸਿੰਘ ਪਾਲਾ, ਪੱਲੂ ਆਪਣੇ ਨਾਲ ਗੰਢਾਈਆ । ਸੋ ਲਹਿਣਾ ਗੋਬਿੰਦ ਸੋਹਣਾ ਪੁੱਤਰ ਲਾਲਾ, ਪੂਰਨ ਪੁਰਖ ਰਿਹਾ ਸਮਝਾਈਆ । ਸੋ ਹੁਕਮ ਸਦਾ ਕਾਲ ਮਹਾਂਕਾਲਾ, ਆਦਿ ਜੁਗਾਦਿ ਰਿਹਾ ਵਰਤਾਈਆ । ਵਰਗ ਕਹੇ ਮੈਂ ਓਸਦਾ ਸਦਾ ਹੱਥ ਉਠਾਵਣ ਵਾਲਾ ਪਿਆਲਾ, ਗੁਰਮੁਖਾਂ ਭਰ ਸੁਰਾਹੀ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਨਾਲ ਮੁਕਾਈਆ । ਵਰਗ ਕਹੇ ਜਨ ਭਗਤ ਸੱਚੇ ਸੱਜਣ, ਸਚ ਦਿਆਂ ਸੁਣਾਈਆ । ਤੁਹਾਡੇ ਨਾਲ ਮਿਲ ਕੇ ਮੈਂ ਵੀ ਕਰਾਂ ਮਜਨ, ਸਰੋਵਰ ਸਾਚੇ ਨਹਾਈਆ । ਮੇਰੀ ਅਗਲੀ ਪਿਛਲੀ ਚਾਰ ਜੁਗ ਦੀ ਮਿਟੇ ਅਗਨ, ਤੱਤੀ ਵਾਓ ਨਾ ਕੋਇ ਤਪਾਈਆ । ਤੁਹਾਡੇ ਨਾਲ ਰਲ ਕੇ ਪ੍ਰੇਮ ਪਿਆਰ ਦਾ ਮੇਰੇ ਮੁਖ ਲੱਗ ਜਾਏ ਸਗਨ, ਸਗਲੀ ਸ੍ਰਿਸ਼ਟੀ ਦਿਆਂ ਤਜਾਈਆ । ਉਸੇ ਦੀ ਯਾਦ ਵਿਚ ਹੋ ਜਾਵਾਂ

ਮਗਨ, ਮਗਰਲੀ ਗੱਲ ਸਾਰੀ ਦਿਆਂ ਬੁਝਾਈਆ । ਜਿਸ ਪਾਰ ਕਰਾਇਆ ਬੱਧਕ ਅਧਿਕ ਆਪਣੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਰਗ ਕਹੇ ਇਕ ਬੱਧਕ ਤੇ ਇਕ ਸਾਥੀ, ਜੋ ਨੌ ਕਦਮ ਪਿਛੇ ਡੇਰਾ ਲਾਈਆ । ਸਤਾਰਾਂ ਸਾਲ ਉਮਰ ਉਸ ਦੀ ਆਖੀ, ਹਿਨਸਿਆਂ ਨਾਲ ਸਮਝਾਈਆ । ਜਿਸ ਵੇਲੇ ਬਾਣ ਲਗਾ ਕ੍ਰਿਸ਼ਨ ਮੁਖੋਂ ਹਰਦੇਵ ਇਹ ਗੱਲ ਆਖੀ, ਵਾਹ ਵਾਹ ਤੇਰੀ ਵਡਿਆਈਆ । ਬੱਧਕ ਦਾ ਸਾਥੀ ਬੁਧੂ ਜਿਸ ਦੇ ਕੋਲ ਢਾਈ ਉਂਗਲਾਂ ਵਾਲੀ ਇਕ ਗਲਾਸੀ, ਉਸ ਵਿਚ ਪਾਣੀ ਭਰ ਕੇ ਕ੍ਰਿਸ਼ਨ ਦੇ ਹੱਥ ਦਿਤਾ ਫੜਾਈਆ । ਉਸ ਨੇ ਕਿਹਾ ਮੇਰੀ ਲੱਭੀ ਹੁਣ ਉਦਾਸੀ, ਪਿਆਰ ਤੇਰੇ ਵਿਚੋਂ ਨਜ਼ਰੀ ਆਈਆ । ਓਸ ਨਿਉਂ ਕੇ ਮਾਰੀ ਝਾਤੀ, ਚਰਨ ਕਵਲ ਧਿਆਨ ਰਖਾਈਆ । ਕ੍ਰਿਸ਼ਨ ਪੁੱਠਾ ਹੱਥ ਮਾਰ ਕੇ ਛਾਤੀ, ਸਿਰ ਉਪਰ ਦਿਤਾ ਟਿਕਾਈਆ । ਤੁਹਾਡਾ ਦੋਹਾਂ ਦਾ ਲਹਿਣਾ ਕੁਛ ਬਾਕੀ, ਲੇਖਾ ਅੱਗੇ ਦਿਆਂ ਰਖਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤੀ, ਹਰਿ ਕਰਤਾ ਫੇਰਾ ਪਾਈਆ । ਦੋਹਾਂ ਦਾ ਪਿਉ ਪੁੱਤਰਾਂ ਵਾਲਾ ਰਿਸ਼ਤਾ ਜੋੜ ਕੇ ਨਾਤੀ, ਨਾਤਾ ਫੇਰ ਆਪਣੇ ਨਾਲ ਰਖਾਈਆ । ਬੇਸ਼ਕ ਏਸ ਜਨਮ ਦੇ ਇਕੋ ਜਿਹੇ ਵੱਡੇ ਛੋਟੇ ਜਮਾਤੀ, ਮਾਤਾ ਪਿਤਾ ਵੱਖੇ ਵੱਖਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਪੂਰੀ ਕਰ ਕੇ ਆਖੀ, ਆਖ਼ਰ ਆਪਣੇ ਨਾਲ ਰਖਾਈਆ ।



## ✪ ੧੪ ਮੱਘਰ ੨੦੨੧ ਬਿਕ੍ਰਮੀ ਅਜਮੇਰ ਸਿੰਘ ਦੇ ਗ੍ਰਿਹਿ ਡੇਰੀ ਫ਼ਾਰਮ ਫ਼ਿਰੋਜ਼ਪੁਰ ਛਾਉਣੀ ✪

ਚਾਰੇ ਖਾਣੀ ਪਿਆ ਝਗੜਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਅੱਗੇ ਅਰਜ਼ੋਈਆ । ਕੋਈ ਮਾਰਗ ਸਮਝੇ ਨਾ ਅਗਲਾ, ਚਾਰੇ ਬਾਣੀ ਦਏ ਦੁਹਾਈਆ । ਪਰਾ ਪਸੰਤੀ ਮਧਮ ਬੈਖਰੀ ਕਹੇ ਕਲਜੁਗ ਹੋਇਆ ਪਗ਼ਲਾ, ਬੁਧ ਬਿਬੇਕ ਨਾ ਕੋਇ ਕਰਾਈਆ । ਲੇਖਾ ਮੁੱਕੇ ਕਿਸੇ ਨਾ ਸਗਲਾ, ਪਰਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਢੇ ਤਿੰਨ ਹੱਥ ਕਾਇਆ ਮੰਦਰ ਹੰਢਾ ਕੇ ਗਏ ਬੰਗਲਾ, ਨਿਤ ਨਵਿਤ ਆਪਣਾ ਫੇਰਾ ਪਾਈਆ । ਭਗਤ ਭਗਵਾਨ ਲੱਭਦੇ ਗਏ ਜੂਹਾ ਜੰਗਲਾਂ, ਟਿੱਲੇ ਪਰਬਤ ਖੋਜ ਖੁਜਾਈਆ । ਰਾਗਾਂ ਨਾਦਾਂ ਗੌਂਦੇ ਗਏ ਕੀਰਤਨ ਵਿਚ ਮੰਗਲਾ, ਢੋਲੇ ਸੋਹਲੇ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਸਾਧ ਸੰਤ ਸੀਸ ਜਗਦੀਸ ਝੁਕਾ ਕੇ ਕਰਦੇ ਗਏ ਬੰਦਨਾ, ਡੰਡੌਤ ਵਿਚ ਆਪਣਾ ਆਪ ਮਿਟਾਈਆ । ਦਰ ਦਰਵੇਸ਼ ਭਿਖਾਰੀ ਭਿਛਿਆ ਰਹੇ ਮੰਗਣਾ, ਮਾਂਗਤ ਹੋ ਕੇ ਲੈਣੀ ਝੋਲੀ ਡਾਹੀਆ । ਧੂਤ ਅਵਧੂਤ ਹੱਥੀਂ ਪੌਂਦੇ ਰਹੇ ਕੰਗਣਾ, ਤਨ ਮਾਟੀ ਖ਼ਾਕ ਰਮਾਈਆ । ਪੰਡਤ ਪਾਂਧੇ ਮਸਤਕ ਲੌਂਦੇ ਰਹੇ ਚੰਦਨਾ, ਤਿਲਕ ਲਲਾਟੀ ਭੇਵ ਨਾ ਆਈਆ । ਸਚ ਦਵਾਰੇ ਸਾਚਾ ਕਰੇ ਕੋਈ ਨਾ ਅਦਲਾ, ਅਦਾਵਤ ਸਕੇ ਨਾ ਕੋਇ ਮਿਟਾਈਆ । ਜੁਗ ਚੌਕੜੀ ਲੇਖਾ ਕਦੇ ਕਿਸੇ ਨਾ ਬਦਲਾ, ਲਹਿਣਾ ਦੇਣਾ ਨਾ ਕੋਇ ਮੁਕਾਈਆ । ਲੋਕਮਾਤ ਪ੍ਰਭ ਵੇਖ ਆਪਣਾ ਵਤਨਾ, ਬੇਵਤਨ ਹੋ ਕੇ ਦੇਣ ਦੁਹਾਈਆ । ਸਾਚਾ ਕੰਢਾ ਲੱਭੇ ਕਿਸੇ ਨਾ ਪੱਤਣਾ, ਸ਼ੌਹ ਦਰਿਆ ਰੁੜ੍ਹੀ ਦਿਸੇ ਲੋਕਾਈਆ । ਮਨ ਹੰਕਾਰੀ ਕਰੇ ਕੋਈ ਨਾ ਕਤਲਾ, ਮਕਤੂਲ ਰੂਪ ਨਾ ਕੋਇ ਵਟਾਈਆ । ਤਨ ਮਾਟੀ ਖ਼ਾਕੀ ਦਿਸੇ ਸਭ ਦਾ ਸੱਖਣਾ, ਹਿਰਦੇ ਹਰਿ ਹਰਿ ਨਾਮ ਨਾ ਕੋਇ ਵਸਾਈਆ ।

ਨਿਜ ਨੇਤਰ ਖੋਲ੍ਹੇ ਕੋਈ ਨਾ ਅੱਖਣਾ, ਦੋਏ ਲੋਚਣ ਜਗਤ ਰਾਹ ਤਕਾਈਆ । ਤੇਰੇ ਮੰਦਰ ਕੋਈ ਨਾ ਜਾਣੇ ਵਸਣਾ, ਭਗਤ ਦਵਾਰਾ ਖੋਜਣ ਕੋਇ ਨਾ ਆਈਆ । ਅੰਮ੍ਰਿਤ ਰਸ ਕੋਈ ਨਾ ਜਾਣੇ ਰਸਨਾ, ਜਿਹਵਾ ਰਸ ਨੌਂ ਹਲਕਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਕਰੇ ਨਖ਼ਰਾ, ਤੇਰਾ ਭੇਵ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹਦੇ ਨਾਲ ਅੱਖਰਾਂ, ਨਿਰਅੱਖਰ ਤੇਰਾ ਨਜ਼ਰ ਕਿਸੇ ਨਾ ਆਈਆ । ਕਲਮ ਸ਼ਾਹੀ ਕਾਗਜ ਲੇਖਾ ਲਿਖਦੇ ਵਿਚ ਸਤਰਾਂ, ਸਤਿ ਸਤਿਵਾਦੀ ਤੇਰਾ ਮੇਲ ਨਾ ਕੋਇ ਮਿਲਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਅੰਕਾਂ ਵਾਲਾ ਬਦਲਨ ਪਤਰਾ, ਬਜਰ ਕਪਾਟੀ ਪੜਦਾ ਸਕੇ ਨਾ ਕੋਇ ਉਠਾਈਆ । ਬਾਹਰੋਂ ਠੱਗਾਂ ਚੋਰਾਂ ਕੋਲੋਂ ਸਮਝਣ ਸਾਰੇ ਖ਼ਤਰਾ, ਪੰਜ ਵਿਕਾਰਾ ਅੰਦਰੋਂ ਬਾਹਰ ਨਾ ਕੋਇ ਕਢਾਈਆ । ਪ੍ਰੇਮ ਪਿਆਰ ਨਾਲ ਤੇਰਾ ਗੀਤ ਗੌਂਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਚਾਰੇ ਬਾਣੀ ਕਿਹਾ ਪਿਆ ਰੌਲਾ, ਹਾਹਾਕਾਰ ਲੋਕਾਈਆ । ਚਾਰੇ ਖਾਣੀ ਚੁੱਕੇ ਕੋਈ ਨਾ ਓਹਲਾ, ਅੰਤਰ ਆਤਮ ਭੇਵ ਨਾ ਕੋਇ ਖੁਲ੍ਹਾਈਆ । ਮਨ ਹੰਕਾਰੀ ਹੋਇਆ ਬਵਲਾ, ਅੰਦਰ ਰਾਗ ਧੁਨ ਸ਼ਬਦ ਸੁਣਨ ਕੋਇ ਨਾ ਪਾਈਆ । ਪਾਰਬ੍ਰਹਮ ਬ੍ਰਹਮ ਜਾਣੇ ਨਾ ਕੋਇ ਢੋਲਾ, ਗੀਤ ਗਾਵਤ ਗਾ ਗਾ ਜਗਤ ਖ਼ੁਸ਼ੀ ਮਨਾਈਆ । ਤੇਰਾ ਸਮਝ ਨਾ ਆਏ ਧੁਰ ਦਾ ਸੋਹਲਾ, ਸਲੋਕਾਂ ਨਾਲ ਰਾਗ ਰਾਗਨੀ ਰਹੇ ਗਾਈਆ । ਕੋਈ ਨਾ ਜਾਣੇ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਨਾਮ ਅਨਮੋਲਾ, ਅਨਮੁੱਲੀ ਦਾਤ ਵਸਤ ਝੋਲੀ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਨੂੰ ਦੱਸ ਕੇ ਗਏ ਹਰਿ ਕਾ ਸ਼ਬਦ ਸਦਾ ਵਿਚੋਲਾ, ਏਥੇ ਓਥੇ ਦੋ ਜਹਾਨਾਂ ਬੇੜਾ ਪਾਰ ਕਰਾਈਆ । ਜੋ ਅੰਤਰ ਅੰਤਰ ਉਲਟਾ ਕਰੇ ਨਾਭ ਕਵਲਾ, ਝਿਰਨਾ ਇਕੋ ਦਏ ਝਿਰਾਈਆ । ਇਹੋ ਜਿਹਾ ਕਲਜੁਗ ਅੰਤਮ ਘਟ ਸੁਹੇਲਾ ਮਿਲੇ ਵਿਰਲਾ, ਵਰਲਾਪ ਵਿਚ ਰੋਂਦੀ ਵੇਖੀ ਸਰਬ ਲੋਕਾਈਆ । ਚਾਰੇ ਬਾਣੀ ਕਹੇ ਪ੍ਰਭੂ ਠਾਕਰ ਹੋ ਕੇ ਮੰਨ ਲੈ ਤਰਲਾ, ਸਵਾਮੀ ਤੇਰੇ ਚਰਨਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਚਾਰੇ ਬਾਣੀ ਕਹੇ ਮੈਂ ਵੇਖਿਆ ਜਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਮਰਥ ਸਵਾਮੀ ਨਵ ਸੱਤ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚੇ ਕਾਅਬੇ ਕਰੇ ਕੋਈ ਨਾ ਹੱਜ, ਮਹੱਲ ਅਟਲ ਚੜ੍ਹ ਮਨਾਰ ਦਰਸ ਕੋਇ ਨਾ ਪਾਈਆ । ਜਗਤ ਵਾਸਨਾ ਸਾਰੇ ਰਹੇ ਭੱਜ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਬੁਝਾਈਆ । ਘਰ ਦਾ ਠਾਕਰ ਆਪਣਾ ਛੱਡ, ਬਨ ਖੰਡ ਖੋਜਣ ਜਾਈਆ । ਬਾਹਰੋਂ ਤਾਲ ਵੇਖਦੇ ਰਹਿਣ ਜੋ ਹੱਥਾਂ ਨਾਲ ਰਹੇ ਵੱਜ, ਅੰਤਰ ਤਾਲ ਸੁਣਨ ਕੋਇ ਨਾ ਪਾਈਆ । ਵਿਸ਼ਾ ਵਿਕਾਰ ਆਸ਼ਾ ਤ੍ਰਿਸ਼ਨਾ ਭਗ, ਭਾਂਡਾ ਭਰਮ ਨਾ ਕੋਇ ਭੰਨਾਈਆ । ਖ਼ਾਲੀ ਦਿਸੇ ਭੰਡਾਰੇ ਕਾਇਆ ਮਾਟੀ ਹੱਡ, ਸਚ ਵਸਤ ਨਾ ਕੋਇ ਟਿਕਾਈਆ । ਤੇਰਾ ਪ੍ਰੇਮ ਪਿਆਰ ਭਗਤੀ ਭਾਵ ਜਗਤ ਤ੍ਰਿਸਨਾ ਕਰ ਕੇ ਗਏ ਛੱਡ, ਨੇਤਰ ਨੈਣ ਅੱਖ ਰਾਹ ਨਾ ਕੋਇ ਤਕਾਈਆ । ਵਿਸ਼ਵ ਰੂਪ ਬਣੇ ਕੋਇ ਨਾ ਸਾਚੀ ਯੱਦ, ਵਿਸ਼ਨ ਬ੍ਰਹਮਾ ਸ਼ਿਵ ਦੇਣ ਗਵਾਹੀਆ । ਕਲਜੁਗ ਕਿਰਿਆ ਕੂੜੀ ਹੋ ਗਈ ਹੱਦ, ਹਜ਼ਰਤ ਤੇਰੇ ਅੱਗੇ ਅਰਜ਼ੋਈਆ । ਅਲਫ਼ ਯੇ ਨਾਤਾ ਗਈ ਛੱਡ, ਕਾਤਬ ਕਲਮ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਚਾਰੇ ਬਾਣੀ ਕਹੇ ਸੁਣ ਫ਼ਰਿਆਦ, ਤੁਧ ਬਿਨ ਦੂਜਾ ਨਜ਼ਰ

ਕੋਇ ਨ ਆਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਖੇਲ ਬ੍ਰਹਮ ਬ੍ਰਹਿਮਾਦ, ਵਿਸ਼ਨ ਬ੍ਰਹਮਾ ਸ਼ਿਵ ਸੇਵਕ ਧੁਰ ਦੇ ਨਜ਼ਰੀ ਆਈਆ । ਤ੍ਰੈਗੁਣ ਮਾਇਆ ਪੰਜ ਤਤ ਭੰਡਾਰਾ ਤੇਰੀ ਦਾਤ, ਜਗਤ ਵਣਜਾਰਾ ਬਣ ਕੇ ਖੇਲ ਖਿਲਾਈਆ । ਰਸਨਾ ਪੜ੍ਹ ਪੜ੍ਹ ਸਾਰੇ ਥੱਕੇ ਗਾਥ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਫੇਰੀਆਂ ਪਾਈਆ । ਅੰਤਰ ਆਤਮ ਕਿਸੇ ਨਾ ਖੁਲ੍ਹਿਆ ਤਾਕ, ਦੀਆ ਬਾਤੀ ਕਮਲਾਪਾਤੀ ਜੋਤ ਨੂਰ ਨਾ ਕੋਇ ਰੁਸ਼ਨਾਈਆ । ਜਿਧਰ ਵੇਖਾਂ ਤੱਕਾਂ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਬੁਧੀ ਨਾਲ ਕਰਨ ਵਾਕ, ਲੇਖਾ ਬੇਬਾਕ ਨਾ ਕੋਇ ਕਰਾਈਆ । ਤੇਰਾ ਖੇਲ ਵੇਖ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਹੈਰਾਨੀ ਇਕੋ ਆਈਆ । ਕਲਮਿਆਂ ਵਾਲੀ ਵੇਖੀ ਤੇਰੀ ਨਿਮਾਜ਼, ਸੱਯਦਿਆਂ ਵਾਲਾ ਸੀਸ ਨਜ਼ਰੀ ਆਈਆ । ਅੰਦਰੋਂ ਮਨ ਠੀਕ ਨਾ ਹੋਇਆ ਗੁਸਤਾਖ਼, ਗੁੱਸਾ ਗ਼ਮ ਚਿੰਤਾ ਰੋਗ ਨਾ ਕੋਇ ਮਿਟਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਕਲਜੁਗ ਸਾਧਾਂ ਅੰਦਰੋਂ ਖੁਲ੍ਹਿਆ ਕਿਸੇ ਨਾ ਰਾਜ਼, ਰਸਤਾ ਹਕ ਨਾ ਕੋਇ ਵਖਾਈਆ । ਗ੍ਰਹਿ ਮੰਦਰ ਚੜ੍ਹ ਕੇ ਤੇਰੇ ਦਰ ਮਾਰੇ ਨਾ ਕੋਇ ਆਵਾਜ਼, ਅਲਖ ਅਲਖ ਨਾ ਕੋਇ ਸੁਣਾਈਆ । ਹਉਂ ਸ਼ਾਕਰ ਤੇਰੇ ਮੁਹਤਾਜ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਵੇਖ ਡੂੰਘਾ ਖਾਤ, ਭੰਡਾਰਾ ਬੇਪਰਵਾਹੀਆ । ਸਾਚੇ ਭਗਤਾਂ ਪੁੱਛੇ ਕੋਇ ਨਾ ਬਾਤ, ਜੋ ਬਾਤਨ ਤੇਰਾ ਧਿਆਨ ਲਗਾਈਆ । ਤੇਰਾ ਇਕੋ ਅੱਖਰ ਹਿਰਦੇ ਅੰਦਰ ਲੈਣ ਵਾਚ, ਵਾਚਕ ਕਰਨ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਤੈਨੂੰ ਬਣਾਵਣ ਧੁਰ ਦਾ ਸਾਕ, ਸਗਲਾ ਸੰਗ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਬਾਣੀ ਕਹੇ ਪ੍ਰਭ ਵੇਖ ਆਪਣੀ ਅਗੰਮੀ ਪੱਤਰੀ, ਜਿਸ ਦਾ ਲੇਖਾ ਸਮਝ ਕੋਇ ਨਾ ਆਈਆ । ਰੋਂਦੇ ਵੇਖੇ ਬ੍ਰਾਹਮਣ ਸ਼ੂਦਰ ਵੈਸ਼ ਖੱਤਰੀ, ਖ਼ਤਰਾ ਸਭ ਨੂੰ ਰਿਹਾ ਡਰਾਈਆ । ਸਾਚਾ ਤੋਲ ਤਰਾਜ਼ੂ ਤੋਲੇ ਕੋਇ ਨਾ ਤੱਕੜੀ, ਨਾਮ ਕੰਡਾ ਹੱਥ ਨਾ ਕੋਇ ਉਠਾਈਆ । ਸਗਨਾਂ ਵਾਲੀ ਤੇਰੇ ਪਿਆਰ ਦੀ ਬੰਨ੍ਹੇ ਕੋਈ ਨਾ ਰੱਖੜੀ, ਸੁਗੰਧੀ ਤੰਦ ਨਾ ਕੋਇ ਜਣਾਈਆ । ਤੇਰਾ ਲੇਖਾ ਕੁੰਡਲੀਆਂ ਰਾਸਾਂ ਵਿਚ ਲੱਭਦੇ ਨਛੱਤਰੀ, ਨਿਸ਼ਾਨੇ ਆਪਣੇ ਰਹੇ ਚਲਾਈਆ । ਠਾਕਰ ਸਵਾਮੀ ਤੇਰੀ ਧਾਰ ਸਭ ਤੋਂ ਵੱਖਰੀ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਲੇਖਾ ਚੁਕਾ ਕੇ ਅੰਦਰੋਂ ਸਿਲਾ ਪੱਥਰੀ, ਪੜਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਚਾਰੇ ਖਾਣੀ ਕਹੇ ਜਗਤ ਵਿਦਿਆ ਰਹੀ ਰੋ, ਚੌਦਾਂ ਲੋਕ ਚੌਦਾਂ ਤਬਕ ਤੇਰੀ ਸਾਰ ਕਿਸੇ ਨਾ ਪਾਈਆ । ਹਰਿ ਕਾ ਮਾਰਗ ਬੈਠੇ ਖੋ, ਬ੍ਰਾਹਮਣ ਹੋ ਕੇ ਬਣੇ ਨਾ ਪਾਂਧੀ ਰਾਹੀਆ । ਸਚ ਪਰਕਾਸ਼ ਨਾ ਮਿਲੀ ਲੋਅ, ਅੰਧੇਰਾ ਅੰਧ ਨਾ ਕੋਇ ਚੁਕਾਈਆ । ਪਰਮਾਤਮ ਨਾਲ ਆਤਮ ਕਰੇ ਕੋਈ ਨਾ ਮੋਹ, ਕੂੜੀ ਕਿਰਿਆ ਕਰੀ ਜੁਦਾਈਆ । ਸਚ ਪ੍ਰੀਤਮ ਨਾਲ ਜਾਏ ਕੋਈ ਨਾ ਛੋਹ, ਅੰਗੀ ਅੰਗੀਕਾਰ ਨਾ ਕੋਇ ਅਖਵਾਈਆ । ਦੁਰਮਤ ਮੈਲ ਦੇਵੇ ਨਾ ਕੋਈ ਧੋ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਲਏ ਜੋਹ, ਅੰਦਰ ਵੜ ਵੜ ਵੇਖ ਵਖਾਈਆ । ਇਕ ਦੂਜੇ ਨਾਲ ਜ਼ਾਤ ਪਾਤ ਕਰਨ ਧਰੋ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਬਾਣੀ ਕਹੇ ਪ੍ਰਭੂ ਮੇਰਾ ਗਿਆ ਅਦਬ, ਆਦਾਬ ਸੀਸ ਨਾ ਕੋਇ ਨਿਵਾਈਆ । ਝਗੜਾ ਕਰਦੇ ਦੀਨ ਮਜ਼੍ਹਬ, ਜ਼ਾਤ ਪਾਤ ਰਹੀ ਕੁਰਲਾਈਆ । ਸਦੀ ਚੌਧਵੀਂ ਹੋਈ ਹੈਰਾਨੀ ਗ਼ਜ਼ਬ, ਗਹਿਰ ਗੰਭੀਰ

ਬੇਪਰਵਾਹੀਆ । ਲਾਸ਼ਰੀਕ ਕਰ ਮਦਦ, ਸਚ ਤੌਫੀਕ ਇਕ ਖ਼ੁਦਾਈਆ । ਕੂੜੀ ਕਿਰਿਆ ਮੇਟ ਤਸ਼ਦੱਦ, ਤਸੱਵਰ ਆਪਣਾ ਆਪ ਕਰਾਈਆ । ਸਤਿਜੁਗ ਵੇਲਾ ਸੋਹੇ ਵਕਤ, ਸਤਿ ਦਵਾਰ ਦਏ ਗਵਾਹੀਆ । ਨਜ਼ਰੀ ਆਏ ਇਕੋ ਫਕਤ, ਜੋ ਫ਼ਿਕਰਾ ਇਕੋ ਦਏ ਜਣਾਈਆ । ਜਿਸ ਦੇ ਦਰਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਰਹੇ ਤਰਸ, ਨਿਜ ਨੇਤਰ ਧਿਆਨ ਲਗਾਈਆ । ਸੋ ਕਿਰਪਾ ਨਿਧਾਨ ਮਿਹਰਵਾਨ ਮਿਟਾ ਸਭ ਦੀ ਹਰਸ, ਹਵਸ ਅੱਗੇ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਅਰਸ਼ ਫ਼ਰਸ਼, ਫ਼ਲਕ ਉਪਰ ਆਪਣਾ ਡੇਰਾ ਲਾਈਆ । ਤੇਰਾ ਪਹਿਲਾ ਲੇਖਾ ਸਾਰੇ ਕਰਦੇ ਤਰਕ, ਉਠ ਵੇਖ ਤੁਰੀਆ ਰੋ ਰੋ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਈਆ । ਚਾਰੇ ਬਾਣੀ ਕਹੇ ਆਪਣੀ ਵੇਖੀ ਪੈਂਦੀ ਕੀਮਤ, ਟਕਿਆਂ ਨਾਲ ਹੱਟ ਵਿਕਾਈਆ । ਦਰੋਹੀ ਖ਼ੁਦਾਏ ਕੀ ਹੋਈ ਗ਼ਨੀਮਤ, ਗਹਿਰ ਗੰਭੀਰ ਸਮਝ ਕੋਇ ਨਾ ਆਈਆ । ਕੋਈ ਨਾ ਲੱਭੇ ਸਾਡੀ ਅਸਲੀਅਤ, ਅਸਲ ਰੂਪ ਨਾ ਕੋਇ ਜਣਾਈਆ । ਪੈਗ਼ੰਬਰਾਂ ਮੁਰਸ਼ਦਾਂ ਮੁਰੀਦਾਂ ਦੇ ਨਾਮ ਤੇ ਕੀਤੀ ਵਸੀਅਤ, ਸ਼ਜਰਾ ਹੁਜਰਾ ਸਚ ਨਾ ਕੋਇ ਸਮਝਾਈਆ । ਸਾਡੇ ਅੰਦਰ ਉਹ ਨਸੀਹਤ, ਜਿਸ ਦੀ ਨਕਲ ਕਰੇ ਲੋਕਾਈਆ । ਕਲਜੁਗ ਕੋਈ ਨਾ ਜਾਣੇ ਸੱਚੀ ਖ਼ੁਸੂਸੀਅਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰਵਾਨ ਤੇਰੀ ਵਡਿਆਈਆ । ਚਾਰੇ ਬਾਣੀ ਕਹੇ ਮੈਂ ਸਿਫ਼ਤਾਂ ਕਰਾਂ ਤੇਰੇ ਨਾਮ, ਜੁਗ ਚੌਕੜੀ ਅੱਖਰਾਂ ਨਾਲ ਵਡਿਆਈਆ । ਧੁਰ ਸੰਦੇਸ਼ਾ ਦੇਵਾਂ ਸਦਾ ਪੈਗ਼ਾਮ, ਪੀਰ ਪੈਗ਼ੰਬਰਾਂ ਨਾਲ ਮਿਲਾਈਆ । ਅੰਮ੍ਰਿਤ ਰਸ ਪਿਆਵਾਂ ਜਾਮ, ਧੁਰ ਦੀ ਧਾਰ ਵਰਤਾਈਆ । ਸਦਾ ਸੇਵਾ ਕਰਾਂ ਨਿਸ਼ਕਾਮ, ਆਪਣੀ ਆਸ ਨਾ ਕੋਇ ਰਖਾਈਆ । ਤੇਰੇ ਬਰਦੇ ਬਣਾਵਾਂ ਗ਼ੁਲਾਮ, ਬੰਦੀਖ਼ਾਨਾ ਜਗਤ ਤੁੜਾਈਆ । ਤੇਰੇ ਘਰ ਦਾ ਦੱਸਾਂ ਨਿਸ਼ਾਨ, ਸਚਖੰਡ ਨਿਵਾਸੀ ਤੇਰਾ ਹੁਕਮ ਮਨਾਈਆ । ਕਲਜੁਗ ਅੰਤਮ ਮੈਨੂੰ ਸਾਰੇ ਕਰਨ ਬਦਨਾਮ, ਰਸਨਾ ਪੜ੍ਹ ਪੜ੍ਹ ਅੰਦਰੋਂ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਚਾਰੇ ਬਾਣੀ ਕਹੇ ਪ੍ਰਭੂ ਤੇਰਾ ਭੁੱਲਿਆ ਮੰਤਰ, ਮੰਤਵ ਹੱਲ ਨਾ ਕੋਇ ਕਰਾਈਆ । ਮੈਂ ਵੇਖ ਕੇ ਆਈ ਸਭ ਦੇ ਅੰਤਰ, ਮਾਨਸ ਮਨੁੱਖ ਮਨੁੱਸ਼ ਤੇਰਾ ਧਿਆਨ ਨਾ ਕੋਇ ਲਗਾਈਆ । ਕੂੜੀ ਕਿਰਿਆ ਮਾਇਆ ਮਮਤਾ ਲਗੀ ਬਸੰਤਰ, ਦਿਵਸ ਰੈਣ ਅਗਨੀ ਤਤ ਰਹੀ ਜਲਾਈਆ । ਕੋਈ ਚੜ੍ਹ ਨਾ ਵੇਖੇ ਆਪਣੇ ਗਗਨ ਗਗਨੰਤਰ, ਗਹਿਰ ਗੰਭੀਰ ਤੇਰਾ ਦਰਸ ਕੋਇ ਨਾ ਪਾਈਆ । ਨੇਤਰ ਰੋਵੇ ਜੇਰਜ ਅੰਡਜ, ਉਤਭੁਜ ਸੇਤਜ ਰਹੀ ਕੁਰਲਾਈਆ । ਕੋਈ ਭੇਵ ਨਾ ਜਾਣੇ ਪਾਂਧਾ ਪੰਡਤ, ਗ੍ਰੰਥੀ ਪੰਥੀ ਸਮਝ ਕੋਇ ਨਾ ਆਈਆ । ਮੁੱਲਾ ਸ਼ੇਖ਼ ਚੜ੍ਹਾਏ ਕੋਈ ਨਾ ਰੰਗਤ, ਦੁਰਮਤ ਮੈਲ ਨਾ ਕੋਇ ਧੁਆਈਆ । ਜਿਧਰ ਵੇਖਿਆ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਭਗਤਾਂ ਵਾਲੀ ਮਿਲੇ ਕੋਈ ਨਾ ਸੰਗਤ, ਹੰਸ ਕਾਗ ਰੂਪ ਵਟਾਈਆ । ਦਰ ਦਰ ਘਰ ਘਰ ਜਗਤ ਭਿਖਾਰੀ ਫਿਰਨ ਮੰਗਤ, ਤੇਰੇ ਅੱਗੇ ਝੋਲੀ ਕੋਈ ਨਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਇਕੋ ਮੰਨ ਮਿੰਨਤ, ਦਰ ਤੇਰੇ ਰਹੀ ਸੁਣਾਈਆ । ਚਾਰੇ ਬਾਣੀ ਕਹੇ ਪ੍ਰਭ ਹੋਇਆ ਅੰਧੇਰਾ, ਅੰਧ ਆਤਮ ਨਾ ਕੋਇ ਮਿਟਾਈਆ । ਉਲਟਾ ਗਿੜੇ ਕੋਈ ਨਾ ਗੇੜਾ, ਅੰਤਰ ਲੱਠ ਨਾ ਕੋਇ ਭੁਆਈਆ । ਬਿਨ ਤੇਰੀ ਕਿਰਪਾ ਚੁੱਕੇ ਨਾ ਕਿਸੇ ਤੇਰਾ ਮੇਰਾ, ਤੂੰਹੀ ਤੂੰ ਰਾਗ ਨਾ ਕੋਇ ਅਲਾਈਆ । ਤੇਰੇ ਨਾਮ ਦਾ ਇਕੋ ਅੱਖਰ ਬਬੇਰਾ, ਜੁਗ

ਜੁਗ ਜੋ ਜਨ ਭਗਤਾਂ ਦਿਤਾ ਸਖਾਈਆ । ਉਸੇ ਵਿਚੋਂ ਕਰਕੇ ਮਿਹਰਾਂ, ਅੰਤਮ ਆਪਣੇ ਨਾਲ ਮਿਲਾਈਆ । ਹਕੀਕਤ ਵਿਚੋਂ ਕਰੇਂ ਹਕ ਨਬੇੜਾ, ਹਾਕਮ ਹੋ ਕੇ ਬੇਪਰਵਾਹੀਆ । ਸਾਚਾ ਵਸੇ ਨਾ ਸਾਢੇ ਤਿੰਨ ਹੱਥ ਕਾਇਆ ਖੇੜਾ, ਘਰ ਖ਼ੁਸ਼ੀਆਂ ਰਾਗ ਨਾ ਕੋਇ ਅਲਾਈਆ । ਪਤਿਪਰਮੇਸ਼ਵਰ ਸਰਬ ਸਵਾਮੀ ਕਿਉਂ ਲਾਈ ਦੇਰਾ, ਦੂਰ ਦੁਰਾਡੇ ਧੁਰ ਦੇ ਮਾਹੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਚਾਰ ਚਾਰ ਚਾਰ ਤੇਰਾ ਧਿਆਨ ਲਗਾਈਆ ।

## ✪ ੧੪ ਮੱਘਰ ੨੦੨੧ ਬਿਕ੍ਰਮੀ ਸੁਰਜਨ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਸ਼ਹਿਰ ✪

ਚਾਰੇ ਬਾਣੀ ਕਹੇ ਮੇਰਾ ਸਮਝੇ ਕੋਈ ਨਾ ਨੁਕਤਾ, ਬੁੱਧੀ ਬਲ ਨਾ ਕੋਇ ਰਖਾਈਆ । ਜਿਸ ਨੂੰ ਜਾਣਿਆਂ ਪੈਂਡਾ ਮੁੱਕਦਾ, ਮੰਜ਼ਲ ਪੰਧ ਚੁਕਾਈਆ । ਘਰ ਸਵਾਮੀ ਆ ਕੇ ਪੁੱਛਦਾ, ਬੇਪਰਵਾਹ ਫੇਰਾ ਪਾਈਆ । ਪੜਦਾ ਲਾਹਵੇ ਆਪਣੀ ਲੁਕ ਦਾ, ਨਕਾਬ ਨਜ਼ਰ ਕੋਇ ਨਾ ਆਈਆ । ਦਰਸ ਕਰਾਵੇ ਸਤਿ ਸਰੂਪ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲੇਖਾ ਮੁਕਾ ਦੇ ਜੂਠ ਝੂਠ ਦਾ, ਸਾਚਾ ਨਾਮ ਇਕ ਦ੍ਰਿੜਾਈਆ । ਨਾਤਾ ਜੁੜ ਜਾਏ ਪਿਤਾ ਪੁੱਤ ਦਾ, ਜਗਤ ਚਲਿਤ੍ਰ ਰਹਿਣ ਕੋਇ ਨਾ ਪਾਈਆ । ਮਾਰਗ ਮਿਲ ਜਾਏ ਪ੍ਰਭ ਸਾਚੇ ਦੇ ਰੁਖ਼ ਦਾ, ਰਹਿਬਰ ਇਕੋ ਨਜ਼ਰੀ ਆਈਆ । ਖਹਿੜਾ ਛੁੱਟ ਜਾਏ ਜਨਣੀ ਕੁੱਖ ਦਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਝਗੜਾ ਮੁੱਕ ਜਾਏ ਕੂੜੀ ਭੁੱਖ ਦਾ, ਮਾਇਆ ਤ੍ਰਿਸਨਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰਾ ਸਮਝਿਆ ਕਿਸੇ ਨਾ ਕੰਨਾ, ਕੰਨਾਂ ਵਾਲਿਆਂ ਰਾਗ ਨਾ ਕੋਇ ਜਣਾਈਆ । ਸਾਹਿਬ ਸਵਾਮੀ ਇਕ ਕਿਸੇ ਨਾ ਮੰਨਾ, ਧੁਰ ਦਾ ਇਸ਼ਟ ਨਾ ਕੋਇ ਮਨਾਈਆ । ਜਿਸ ਦੀ ਹੱਦ ਨਾ ਕੋਈ ਬੰਨਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜਿਸ ਦਾ ਨੂਰ ਅਗੰਮੀ ਇਕੋ ਚੰਨਾ, ਸਚ ਦਵਾਰ ਕਰੇ ਰੁਸ਼ਨਾਈਆ । ਨਿਤ ਨਵਿਤ ਫਿਰੇ ਭੰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰਾ ਜਾਣੇ ਕੋਇ ਨਾ ਮੁਕਤਾ, ਜੋ ਮੁਫ਼ਤ ਦਾਤ ਵਰਤਾਈਆ । ਜਿਸ ਦੇ ਬਿਨਾ ਅੱਗੇ ਕੋਈ ਨਾ ਪੁੱਛਦਾ, ਲੱਖ ਚੁਰਾਸੀ ਰਹੀ ਕੁਰਲਾਈਆ । ਜਿਥੇ ਲੇਖਾ ਮੁਕਦਾ ਦੁੱਖ ਸੁਖ ਦਾ, ਸੱਚਾ ਰੰਗ ਇਕ ਰੰਗਾਈਆ । ਠਾਕਰ ਹੋ ਕੇ ਗੋਦੀ ਚੁੱਕਦਾ, ਫੜ ਬਾਹੋਂ ਗਲੇ ਲਗਾਈਆ । ਕੋਈ ਭੇਵ ਨਾ ਜਾਣੇ ਉਸਦਾ, ਜਿਸ ਦੀ ਉਸਤੱਤ ਮੈਂ ਰਾਗਾਂ ਨਾਦਾਂ ਵਿਚ ਗਾਈਆ । ਉਹ ਧੁਰ ਦਾ ਮਾਲਕ ਕਦੇ ਨਾ ਰੁੱਸਦਾ, ਸਦਾ ਰੁੱਸਿਆਂ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰੀ ਸਮਝ ਨਾ ਸਕਿਆ ਕੋਈ ਸਿਹਾਰੀ, ਸਈਆ ਸਚ ਨਾ ਕੋਇ ਮਿਲਾਈਆ । ਸਾਚੀ ਪ੍ਰੀਤ ਪ੍ਰੀਤਮ ਕਰੇ ਨਾ ਕੋਇ ਪਿਆਰੀ, ਪ੍ਰੀਆ ਪ੍ਰੇਮ ਨਾ ਕੋਇ ਵਧਾਈਆ । ਸਚ ਦਵਾਰੇ ਲਾਏ ਕੋਇ ਨਾ ਸੱਚੀ ਯਾਰੀ, ਜਗਤ ਯਰਾਨੇ ਰਹੇ ਹੰਢਾਈਆ । ਮਾਤ ਮੇਟੇ ਨਾ ਕੋਇ ਖੁਆਰੀ, ਅੰਧੇਰੀ ਰਾਤ ਨਾ ਕੋਇ ਚੁਕਾਈਆ । ਲੱਖ ਚੁਰਾਸੀ ਸ੍ਰਿਸ਼ਟੀ ਬਿਨ ਖੁਲ੍ਹੀ ਦ੍ਰਿਸ਼ਟੀ ਹਾਰੀ, ਬੰਦ ਕਿਵਾੜੀ ਕੁੰਡਾ ਨਾ ਕੋਇ ਲਾਹੀਆ । ਮੈਂ ਨੇਤਰ ਵੇਖੇ ਰੋਂਦੇ ਨਰ ਨਾਰੀ, ਨਰਾਇਣ ਨਜ਼ਰ ਕਿਸੇ ਨਾ

ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰੀ ਵੇਖੇ ਨਾ ਕੋਇ ਬਿਹਾਰੀ, ਜੋ ਬਾਬਲ ਦਏ ਮਿਲਾਈਆ । ਜਿਸ ਦਾ ਅੰਤ ਨਾ ਪਾਰਾਵਾਰੀ, ਉਹ ਉਸੇ ਦੀ ਸੇਵਾ ਕਰਨ ਆਈਆ । ਅੱਗੇ ਹੋ ਕੇ ਹਰ ਅੱਖਰ ਨੂੰ ਰਹੀ ਵੰਗਾਰੀ, ਉਚੀ ਕੂਕ ਕੂਕ ਸੁਣਾਈਆ । ਮੈਂ ਸਭ ਦੇ ਹੋਵਾਂ ਅਗਾੜੀ, ਅੱਗੇ ਹੋ ਕੇ ਮਿਲਾਂ ਮਾਹੀਆ । ਜਿਸ ਦੀ ਮੰਜ਼ਲ ਉਚ ਅਟਾਰੀ, ਦਰਗਾਹ ਸਾਚੀ ਸੋਭਾ ਪਾਈਆ । ਸਚਖੰਡ ਜਿਹਦੀ ਸਿਕਦਾਰੀ, ਵਾਲੀ ਦੋ ਜਹਾਨ ਅਖਵਾਈਆ । ਮੈਂ ਉਸ ਦੀ ਪਨਿਹਾਰੀ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਾਰੇ ਬਾਣੀ ਕਹੇ ਮੇਰਾ ਔਂਕੜ ਵਾਲਾ ਸਮਝਿਆ ਨਾ ਕਿਸੇ ਡੰਡਾ, ਜੋ ਸਭ ਦੇ ਥੱਲੇ ਦਿਤਾ ਲਗਾਈਆ । ਇਸ ਦੇ ਵਿਚੋਂ ਮਾਣਸ ਮਾਨੁਖ ਉਪਜਿਆ ਬੰਦਾ, ਬੰਦਗੀ ਧੁਰ ਦੀ ਰਿਹਾ ਪੜ੍ਹਾਈਆ । ਸਚ ਪ੍ਰੇਮ ਚਾੜ੍ਹੇ ਆਪਣਾ ਰੰਗਾ, ਰੰਗ ਇਕੋ ਦਏ ਵਖਾਈਆ । ਪਤਤ ਪਾਪੀ ਸਾਫ਼ ਕਰਕੇ ਗੰਦਾ, ਨਿਰਮਲ ਨਿਰਵੈਰ ਦਏ ਬਣਾਈਆ । ਸਦਾ ਸੁਹੇਲਾ ਬਣ ਕੇ ਸੰਗਾ, ਰਾਹ ਸਾਚਾ ਦਏ ਵਖਾਈਆ । ਜਿਥੇ ਅੰਮ੍ਰਿਤ ਜਲ ਮਿਲੇ ਠੰਡਾ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਚਾਰੇ ਬਾਣੀ ਕਹੇ ਮੇਰੇ ਦੁਲੈਂਕੜੇ ਜਾਣੇ ਕੋਈ ਨਾ ਦੋ, ਸਦ ਦੋਹਰੀ ਧਾਰ ਚਲਾਈਆ । ਨਿਰਗੁਣ ਸਰਗੁਣ ਆਪੇ ਹੋ, ਹਰਿ ਕਰਤਾ ਵੇਸ ਵਟਾਈਆ । ਲੱਖ ਚੁਰਾਸੀ ਘਟ ਘਟ ਅੰਤਰ ਆਪੇ ਟੋਹ, ਹਾਟੀ ਮਾਟੀ ਵੇਖ ਵਖਾਈਆ । ਸਚ ਪਰਕਾਸ਼ ਕਰ ਕੇ ਲੋਅ, ਦੀਵਾ ਬਾਤੀ ਦਏ ਜਗਾਈਆ । ਆਪਣੇ ਨਾਲ ਕਰਾ ਕੇ ਮੋਹ, ਮੁਹੱਬਤ ਇਕੋ ਘਰ ਵਖਾਈਆ । ਆਪਣੇ ਨਾਮ ਦੀ ਦੇ ਕੇ ਸੋ, ਸੋਈ ਸੁਰਤੀ ਲਏ ਉਠਾਈਆ । ਕਿਸੇ ਨਾਲ ਨਾ ਕਰੇ ਧਰੋ, ਮਿਹਰਵਾਨ ਦਇਆ ਕਮਾਈਆ । ਜਿਸ ਦੇ ਨਾਲ ਆਪੇ ਜਾਏ ਛੋਹ, ਆਪਣੇ ਵਰਗਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਵਖਾਈਆ । ਚਾਰੇ ਬਾਣੀ ਕਹੇ ਮੇਰਾ ਰੂਪ ਕਿਸੇ ਨਾ ਜਾਣਿਆ ਏ, ਏਕੰਕਾਰ ਦਿਤੀ ਵਡਿਆਈਆ । ਮੇਰਾ ਉਸੇ ਨਾਲ ਨੇਂਹ, ਜੋ ਨਿਰੰਕਾਰ ਆਪ ਅਖਵਾਈਆ । ਜੋ ਅੰਮ੍ਰਿਤ ਬਰਖੇ ਮੇਂਹ, ਅਗਨੀ ਤਤ ਬੁਝਾਈਆ । ਜਿਸ ਦੀ ਕਿਸੇ ਨਜ਼ਰ ਨਾ ਆਵੇ ਦੇਹ, ਬਿਨ ਤੱਤਾਂ ਖੇਲ ਖਿਲਾਈਆ । ਜਿਸ ਦੀ ਕਦੇ ਨਾ ਉਡਦੀ ਖੇਹ, ਮਾਟੀ ਖ਼ਾਕ ਨਾ ਕੋਇ ਰਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ, ਸਚਖੰਡ ਸਾਚੇ ਸੋਭਾ ਪਾਈਆ । ਜੋ ਸਦਾ ਪਦਾਰਥ ਧੁਰ ਦਾ ਦਏ, ਦੇਵਣਹਾਰ ਇਕ ਅਖਵਾਈਆ । ਜਿਸ ਦਾ ਨਾਮ ਜੁਗ ਚੌਕੜੀ ਸਾਰੇ ਰਹੇ ਲਏ, ਕੋਟਨ ਕੋਟ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਚਾਰੇ ਬਾਣੀ ਕਹੇ ਮੇਰੀਆਂ ਸਮਝੇ ਕੋਇ ਨਾ ਦੁਲਾਵਾਂ, ਤਾਰੀਫ਼ ਨਜ਼ਰ ਕੋਇ ਨਾ ਆਈਆ । ਇਹ ਪ੍ਰਭ ਦੀਆਂ ਸੱਚੀਆਂ ਭੁਜਾਂ ਬਾਹਵਾਂ, ਜਿਨ੍ਹਾਂ ਉਤੇ ਭਗਤਾਂ ਲਏ ਉਠਾਈਆ । ਹੰਸ ਰੂਪ ਬਣਾਏ ਫੜ ਕੇ ਕਾਵਾਂ, ਕਾਗੋਂ ਹੰਸ ਉਡਾਈਆ । ਦਰਗਾਹ ਸਾਚੀ ਲਾ ਕੇ ਨਾਵਾਂ, ਨਾਮ ਆਪਣੇ ਵਿਚ ਸਮਾਈਆ । ਉਸ ਨੂੰ ਕਿਹੜੀ ਸਿਫ਼ਤ ਸਲਾਹਵਾਂ, ਕਵਣ ਕਰਾਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰਾ ਵੇਖਿਆ ਕਿਸੇ ਨਾ ਹੋੜਾ, ਹੋੜ ਥੱਕੀ ਸਰਬ ਲੋਕਾਈਆ । ਜੋ ਸਭ ਤੋਂ ਲੰਮਾ ਵੱਡਾ ਚੌੜਾ, ਪੈਮਾਨਿਆਂ ਵਿਚ ਨਾਪ ਨਾ ਕੋਇ ਰਖਾਈਆ । ਜਿਸ

ਦੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੱਖੀ ਲੋੜਾ, ਧੁਰ ਦਾ ਧਿਆਨ ਇਕ ਲਗਾਈਆ । ਜੋ ਸਾਹਿਬ ਸੱਚੇ ਦਾ ਬਾਂਕਾ ਛੋਹਰਾ, ਬਾਲਕ ਰੂਪ ਸਖਾਈਆ । ਜਿਸ ਦੇ ਕੋਲ ਅਗੰਮੀ ਘੋੜਾ, ਚਾਲ ਬਾਂਕੀ ਇਕ ਚਲਾਈਆ । ਜਿਸ ਦੇ ਹੱਥ ਵਿਚ ਸਭ ਦੀ ਡੋਰਾ, ਧੁਰ ਦਾ ਬੈਠਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚਾਰੇ ਬਾਣੀ ਕਹੇ ਮੇਰਾ ਵੇਖਿਆ ਕਿਸੇ ਨਾ ਕਨੌੜਾ, ਕਮਲਾਪਾਤੀ ਮੇਲ ਨਾ ਕੋਇ ਮਿਲਾਈਆ । ਲੇਖਾ ਅਵਰ ਤੇ ਅਵਰਾ, ਬਹੁੜ ਜਨਮ ਨਾ ਪਾਈਆ । ਜਿਸ ਦਾ ਨਾਮ ਨਿਧਾਨਾ ਢੋਲਾ, ਅਨਬੋਲਤ ਰਾਗ ਸੁਣਾਈਆ । ਜਿਸ ਦਾ ਛੰਦਾਂ ਬੰਦਾਂ ਬਾਹਰ ਸੋਹਲਾ, ਸੋਹਣੀ ਕਰੀ ਪੜ੍ਹਾਈਆ । ਜਿਸ ਦੇ ਦਵਾਰੇ ਕੋਈ ਨਾ ਪਾਏ ਰੌਲਾ, ਆਪਣੀ ਦੱਸੇ ਨਾ ਕੋਇ ਚਤੁਰਾਈਆ । ਜਿਸ ਦਾ ਆਦਿ ਜੁਗਾਦਿ ਸਭ ਦੇ ਨਾਲ ਇਕਰਾਰ ਕੌਲਾ, ਕਰਨੀ ਕਰਤਾ ਭੁੱਲ ਕਦੇ ਨਾ ਜਾਈਆ । ਜਿਸ ਦਾ ਲੇਖਾ ਜ਼ਿਮੀਂ ਆਸਮਾਨ ਧਰਨੀ ਧੌਲਾ, ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਈਆ । ਚਾਰੇ ਬਾਣੀ ਕਹੇ ਮੇਰੀ ਸਮਝੀ ਕਿਸੇ ਨਾ ਟਿੱਪੀ, ਜੋ ਟਿੱਕੇ ਘਰ ਘਰ ਮਸਤਕ ਲਾਈਆ । ਜਿਸ ਦੇ ਵਿਚੋਂ ਗੋਬਿੰਦ ਕੱਢੀ ਸਿੱਖੀ, ਸਿਖਿਆ ਇਕੋ ਵਾਰ ਸਮਝਾਈਆ । ਜਿਸ ਦੀ ਸਿਫ਼ਤ ਸੰਬਲ ਧਾਰ ਹੋਏ ਲਿਖੀ, ਸੁਖ ਸਾਗਰ ਵਿਚ ਸਮਾਈਆ । ਜਿਸ ਦਾ ਅੰਤ ਆਦਿ ਜੁਗਾਦਿ ਕੋਈ ਸਮਝ ਨਾ ਸਕੇ ਇੱਕੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਕਰਾਈਆ । ਜਿਸ ਦੀ ਵਾਚ ਨਾ ਸਕਿਆ ਕੋਈ ਚਿੱਠੀ, ਚਿੱਠੀ ਰਸੈਣ ਕੋਟਨ ਫੇਰੀਆਂ ਗਏ ਪਾਈਆ । ਅੱਖਰਾਂ ਵਾਲੀ ਕਿਸੇ ਨਾ ਦਿਸੀ, ਸਤਰਾਂ ਨਾਲ ਨਾ ਕੋਇ ਪੜ੍ਹਾਈਆ । ਜਿਸ ਦੇ ਇਸ਼ਾਰੇ ਨਾਲ ਕੋਟਨ ਤਰ ਗਏ ਮੁਨੀ ਰਿਖੀ, ਭਗਤ ਭਗਵਾਨ ਜੋੜ ਜੁੜਾਈਆ । ਜਿਸ ਦੀ ਕੋਈ ਸਮਝ ਨਾ ਸਕੇ ਸੰਮਤਾਂ ਵਾਲੀ ਮਿਤੀ, ਮਿਤਰ ਪਿਆਰਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਪਰਗਟਾਈਆ । ਚਾਰੇ ਬਾਣੀ ਕਹੇ ਮੇਰੀ ਸਭ ਤੋਂ ਅਗੰਮੀ ਬਿੰਦੀ, ਬਿੰਦਰਾਬਨ ਵਾਲਾ ਬੈਠਾ ਮੁਖ ਛੁਪਾਈਆ । ਖਾਣੀ ਬਾਣੀ ਬਾਹਰ ਕੋਈ ਸਮਝ ਨਾ ਸਕੇ ਫ਼ਾਰਸੀ ਉਰਦੂ ਹਿੰਦੀ, ਚੌਦਾਂ ਵਿਦਿਆ ਸਮਝ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਕੋਇ ਨਾ ਸਕੇ ਨਿੰਦੀ, ਨਿੰਦਿਆ ਵਿਚ ਕਦੇ ਨਾ ਆਈਆ । ਨਾ ਬੋਲੇ ਨਾ ਹੱਸੇ ਨਾ ਕੁੰਦੀ, ਚੁਪ ਚਾਪ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰੇ ਬਾਣੀ ਕਹੇ ਮੇਰਾ ਪੰਜ ਸੱਤ ਖੇਲ, ਸਮਝ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲ, ਆਪਣਾ ਭਾਗ ਚਲਾਇਆ । ਜੁਗ ਚੌਕੜੀ ਦੱਸਦਾ ਰਿਹਾ ਨਵੇਲ, ਵੱਖਰਾ ਧਾਮ ਪਰਗਟਾਇਆ । ਨਿਰਗੁਣ ਸਰਗੁਣ ਹੋ ਕੇ ਖੇਲਦਾ ਰਿਹਾ ਖੇਲ, ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਦਾ ਹੁਕਮ ਮਨਾਇਆ । ਸਗਨਾਂ ਵਾਲੀ ਮੇਰੀ ਕਰਦੇ ਰਹੇ ਵੇਲ, ਵਾਹਵਾ ਆਪਣਾ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਣ ਤਾਣ ਰਖਾਇਆ । ਚਾਰੇ ਬਾਣੀ ਕਹੇ ਮੈਂ ਵੇਖੇ ਚਾਰੇ ਜੁਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਸਦੀ ਵੀਹਵੀਂ ਸਾਰੇ ਆ ਕੇ ਅਖ਼ੀਰੀ ਨੁਕਤੇ ਉਤੇ ਗਏ ਰੁਕ, ਅੱਗੇ ਕਦਮ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੈਠੇ ਰਹੇ ਲੁਕ, ਸਿਰ ਸਕੇ ਨਾ ਕੋਇ ਉਠਾਈਆ । ਅਬਿਨਾਸ਼ੀ ਕਰਤੇ ਇਨ੍ਹਾਂ ਕੋਲੋਂ ਪੁਛ, ਸਨਮੁਖ ਆਪਣੇ ਲਏ ਮੰਗਾਈਆ । ਤੇਰੇ ਦਵਾਰੇ ਕੋਈ ਨਾ ਰਹੇ ਚੁਪ, ਸੁੰਨ ਸਮਾਧ ਨਾ ਕੋਇ ਸਮਾਈਆ । ਜਿਸ ਤਰ੍ਹਾਂ

੧੦੫੩
੧੭

ਅਸਾਂ ਫੋਲਿਆ ਆਪਣਾ ਦੁੱਖ, ਏਸੇ ਤਰ੍ਹਾਂ ਸਾਰੇ ਬੀਤੀ ਕਹਾਣੀ ਦੇਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਅੱਖ ਖੁਲ੍ਹਾਈਆ । ਚਾਰੇ ਬਾਣੀ ਕਹੇ ਮੇਰਾ ਲਿਖਦੇ ਰਹੇ ਕਲਮਾ ਵਿਚ ਕਲਾਮ, ਕਾਇਨਾਤ ਦ੍ਰਿੜਾਈਆ । ਪੜ੍ਹਨ ਵਾਲਿਆਂ ਕਿਸੇ ਹੱਥ ਨਾ ਆਇਆ ਅਮਾਮ, ਸਨਮੁਖ ਦਰਸ ਕੋਇ ਨਾ ਪਾਈਆ । ਏਸੇ ਕਾਰਨ ਹੋਈ ਹੈਰਾਨ, ਦਰ ਤੇਰੇ ਸੀਸ ਨਿਵਾਈਆ । ਸਦੀ ਚੌਧਵੀਂ ਘਰ ਘਰ ਵੜਿਆ ਸ਼ੈਤਾਨ, ਸ਼ਰਅ ਕਰੇ ਲੜਾਈਆ । ਸਾਚਾ ਸੁਣੇ ਨਾ ਕੋਈ ਫ਼ਰਮਾਨ, ਫ਼ੁਰਨੇ ਮਨ ਦੇ ਰਹੇ ਸਤਾਈਆ । ਮੈਂ ਰੋਂਦੀ ਵੇਖੀ ਕੁਰਾਨ, ਅੰਜੀਲ ਧੀਰ ਨਾ ਕੋਇ ਧਰਾਈਆ । ਪ੍ਰਭੂ ਸਭ ਦੇ ਲਏ ਬਿਆਨ, ਲੇਖਾ ਵੇਖ ਥਾਉਂ ਥਾਈਂਆ । ਕਾਅਬੇ ਵਿਚੋਂ ਮਿਲੇ ਨਾ ਕੋਈ ਗਿਆਨ, ਮੱਕੇ ਮੁਖ ਨਕਾਬ ਨਾ ਕੋਇ ਖੁਲ੍ਹਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਬੂਰੀ ਸਚ ਨਾ ਕੋਇ ਜਣਾਈਆ । ਅਲਿਫ਼ ਯੇ ਹਰਫਾਂ ਵਾਲੀ ਚਲਦੀ ਵੇਖੀ ਦੁਕਾਨ, ਨਵ ਨੌ ਚਾਰ ਫੇਰਾ ਪਾਈਆ । ਤੈਨੂੰ ਕੋਈ ਨਾ ਮਿਲੇ ਸਿੱਧਾ ਆਣ, ਸਤਿ ਸਰੂਪੀ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਵੇਖ ਵਖਾਈਆ । ਚਾਰੇ ਬਾਣੀ ਕਹੇ ਮੈਨੂੰ ਸਾਰੇ ਪੜ੍ਹਦੇ ਲਿਖਦੇ, ਆਪਣਾ ਲੇਖਾ ਸਮਝ ਕੋਇ ਨਾ ਪਾਈਆ । ਸਾਚੀ ਸਿਖਿਆ ਮੂਲ ਨਾ ਸਿਖਦੇ, ਸਾਖੀ ਘਰ ਘਰ ਰਹੇ ਜਣਾਈਆ । ਭੇਵ ਨਾ ਜਾਨਣ ਧੁਰ ਦੇ ਪਿਰ ਦੇ, ਪਤਿਪਰਮੇਸ਼ਵਰ ਤੇਰੀ ਓਟ ਨਾ ਕੋਇ ਤਕਾਈਆ । ਅੱਖਰਾਂ ਅੰਦਰ ਵੇਖੇ ਵਿਕਦੇ, ਪੱਥਰਾਂ ਸੀਸ ਝੁਕਾਈਆ । ਬ੍ਰਾਹਮਣਾਂ ਕੋਲੋਂ ਪੁਛਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਮਿਲੇ ਇਕ ਸਰਨਾਈਆ । ਚਾਰੇ ਬਾਣੀ ਕਹੇ ਤੂੰ ਸੁਣ ਦੀਨ ਦਿਆਲਾ, ਦਰ ਠਾਂਡੇ ਇਕ ਸੁਣਾਈਆ । ਕਾਇਆ ਮਾਟੀ ਖ਼ਾਲੀ ਦਿਸਿਆ ਜਗਤ ਪਿਆਲਾ, ਵਸਤੂ ਸਚ ਨਾ ਕੋਇ ਟਿਕਾਈਆ । ਤੇਰੇ ਨਾਲੋਂ ਵਿਛੜ ਕੇ ਕੂੜ ਕੁੜਿਆਰਾ ਹੋਇਆ ਮੁਖ ਕਾਲਾ, ਸ਼ਾਹੀ ਕੂੜ ਨਾ ਕੋਇ ਧੁਆਈਆ । ਤੈਨੂੰ ਪੜ੍ਹ ਕੇ ਮੰਦਰ ਚੜ੍ਹ ਕੇ ਘਰ ਵੇਖੇ ਨਾ ਕੋਈ ਸੱਚੀ ਧਰਮਸਾਲਾ, ਮੰਦਰ ਹਕ ਨਾ ਕੋਇ ਸੁਹਾਈਆ । ਸਚ ਸਰੋਵਰ ਮਾਰੇ ਨਾ ਕੋਇ ਉਛਾਲਾ, ਅਠਸਠ ਭੱਜਣ ਵਾਹੋ ਦਾਹੀਆ । ਅੰਦਰੋਂ ਖੋਲ੍ਹੇ ਕੋਈ ਨਾ ਤਾਲਾ, ਬਾਹਰੋਂ ਮੱਠਾਂ ਕੁੰਡੇ ਰਹੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚਾਰੇ ਬਾਣੀ ਕਹੇ ਮੈਂ ਵੇਖੀ ਪੰਡਤਾਂ ਵਾਲੀ ਧੋਤੀ, ਥੱਲੇ ਉਪਰ ਧਿਆਨ ਲਗਾਈਆ । ਮੈਂ ਵੇਖੀ ਮੁੰਨੀ ਚੋਟੀ, ਚੂੰਡਾ ਨਜ਼ਰ ਕੋਇ ਨਾ ਆਈਆ । ਉਨ੍ਹਾਂ ਦੇ ਅੰਦਰ ਸੁਰਤ ਸਵਾਣੀ ਰਹੀ ਸੋਤੀ, ਸੁੱਤੀ ਅੱਖ ਨਾ ਕੋਇ ਖੁਲ੍ਹਾਈਆ । ਮੈਂ ਮੇਢੀ ਖੁਲ੍ਹੀ ਵੇਖੀ ਗੁੱਤੀ, ਸੀਸ ਸੁਹਾਗ ਨਾ ਕੋਇ ਸੁਹਾਈਆ । ਮੈਂ ਖਿਜ਼ਾਂ ਬਹਾਰ ਵੇਖੀ ਰੁੱਤੀ, ਬਸੰਤ ਗੁਲਜ਼ਾਰ ਨਾ ਕੋਇ ਖਿਲਾਈਆ । ਮੈਂ ਮਤ ਵੇਖੀ ਜਗਤ ਪੁੱਠੀ, ਜੋ ਪ੍ਰਭ ਤੈਨੂੰ ਗਏ ਭੁਲਾਈਆ । ਸਾਧ ਬਣੇ ਕਲਜੁਗ ਮਾਇਆ ਕਾਰਨ ਰੋਟੀ, ਆਪਣਾ ਮਾਣ ਨਾ ਕੋਇ ਰਖਾਈਆ । ਮੰਜ਼ਲ ਚੜ੍ਹਿਆ ਨਾ ਕੋਈ ਚੋਟੀ, ਚੁਟਕੀਆਂ ਮਾਰ ਕੇ ਸਾਰੇ ਖ਼ੁਸ਼ੀਆਂ ਰਹੇ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਸੁਣਾਵੇ ਪੜ੍ਹ ਕੇ ਪੋਥੀ, ਕੋਈ ਗੁਰੂ ਗ੍ਰੰਥ ਧਿਆਨ ਲਗਾਈਆ । ਮੇਰੇ ਸਵਾਮੀ ਤੇਰੇ ਮਿਲਣ ਦੀ ਕਿਸੇ ਨਾ ਆਈ ਸੋਝੀ, ਇੱਟਾਂ ਪੱਥਰਾਂ ਮਿੱਟੀ ਗਾਰੇ ਸਾਰੇ ਸੀਸ ਨਿਵਾਈਆ । ਸ਼ਬਦੀ ਬਣਿਆ ਕੋਈ ਨਾ ਖੋਜੀ, ਖੋਜਤ ਖੋਜਤ ਤੇਰਾ ਭੇਵ ਕਿਸੇ ਨਾ ਆਈਆ । ਮੈਂ ਰੋਂਦੇ ਵੇਖੇ ਵੇਦੀ ਸੋਢੀ, ਜਿਨ੍ਹਾਂ ਨਾਨਕ ਗੋਬਿੰਦ ਦੇ ਕੇ ਮਤ ਗਿਆ ਸਮਝਾਈਆ । ਉਹ ਕਰਮ ਕਾਂਡ ਮਾਇਆ ਮਮਤਾ ਦੇ ਹੋ ਗਏ ਰੋਗੀ,

ਕੂੜੀ ਕਿਰਿਆ ਕਰੀ ਪੜ੍ਹਾਈਆ । ਤੇਰਾ ਨਾਮ ਅੰਦਰ ਵੜਿਆ ਨਾ ਧੁਰ ਦਾ ਧੋਬੀ, ਪਾਪਾਂ ਗੜ੍ਹ ਨਾ ਸਾਫ਼ ਕਰਾਈਆ । ਮੈਂ ਰੁਲਦੇ ਵੇਖੇ ਜੰਗਲਾਂ ਵਿਚ ਜੋਗੀ, ਜਿਨ੍ਹਾਂ ਜੁਗਤ ਨਾ ਕੋਇ ਜਣਾਈਆ । ਮੈਂ ਫਿਰਦੇ ਵੇਖੇ ਵਿਜੋਗੀ, ਭੱਜਣ ਵਾਹੋ ਦਾਹੀਆ । ਮੈਂ ਟੱਪਦੇ ਵੇਖੇ ਅਖਾੜਿਆਂ ਵਾਲੇ ਮੋਢੀ, ਜੋ ਆਪਣਾ ਬਲ ਵਖਾਈਆ । ਮੈਂ ਭੁੱਲਦੇ ਵੇਖੇ ਜੋ ਬੁੱਧ ਮਤ ਦੇ ਬੋਧੀ, ਸਚ ਸੰਦੇਸ਼ ਨਾ ਕੋਇ ਸੁਣਾਈਆ । ਮੈਂ ਵੇਖਿਆ ਅੰਧੇਰਾ ਚੌਦਾਂ ਲੋਕੀ, ਸਚ ਪਰਕਾਸ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਚਾਰੇ ਬਾਣੀ ਕਹੇ ਮੈਂ ਦੱਸਾਂ ਹਾਲ, ਹਰਿ ਸਾਚੇ ਆਪ ਜਣਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਨਾਲ, ਰਲ ਕੇ ਸਾਰੇ ਦੇਣ ਗਵਾਹੀਆ । ਕਲਜੁਗ ਅੰਤਮ ਸ੍ਰਿਸ਼ਟੀ ਹੋਈ ਬੇਹਾਲ, ਬੇਵਾ ਰੂਪ ਨਜ਼ਰੀ ਆਈਆ । ਸਾਡਾ ਛੱਡ ਕੇ ਸਾਰੇ ਮਾਣ, ਅਭਿਮਾਨ ਆਪਣੇ ਘਰ ਦਿਸਾਈਆ । ਤੇਰੇ ਨਾਮ ਨੂੰ ਵੇਚ ਕੇ ਲੈਂਦੇ ਦਾਨ, ਸ੍ਰੀ ਭਗਵਾਨ ਤੇਰੀ ਕੀਮਤ ਕੋਇ ਨਾ ਪਾਈਆ । ਤੇਰੇ ਨਾਮ ਦੇ ਪਿਛੇ ਕਰਨ ਹਰਾਮ, ਈਮਾਨ ਸਾਰੇ ਬੈਠੇ ਗਵਾਈਆ । ਕੋਈ ਕਹੇ ਰਾਮ ਕੋਈ ਕਹੇ ਕਾਹਨ, ਕੋਈ ਇਸ਼ਟ ਦੇਵਾ ਦੇਵ ਆਤਮਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮਾਰਗ ਦੇ ਜਣਾਈਆ । ਚਾਰੇ ਬਾਣੀ ਕਹੇ ਪ੍ਰਭੂ ਮੇਰਾ ਬੰਨ੍ਹ ਦੇ ਬਸਤਾ, ਕਲਜੁਗ ਜੀਵਾਂ ਲੋੜ ਰਹੀ ਨਾ ਰਾਈਆ । ਮੇਰਾ ਵੇਖ ਹਾਲ ਹੋਇਆ ਖ਼ਸਤਾ, ਖ਼ਾਲਸ ਰੂਪ ਨਾ ਕੋਇ ਵਟਾਈਆ । ਤੇਰਾ ਨਾਮ ਕਰਕੇ ਸਸਤਾ, ਮੈਨੂੰ ਟਕਿਆਂ ਨਾਲ ਹੱਟਾਂ ਵਿਚ ਵਿਕਾਈਆ । ਕੋਈ ਨਾ ਦੇਵੇ ਭੇਦ ਕਾਗ਼ਜ਼ਾਂ ਵਾਲਾ ਦਸਤਾ, ਰਿਮਾਂ ਵਿਚੋਂ ਬਾਹਰ ਕਢਾਈਆ । ਕੋਈ ਕਹੇ ਇਹਦੇ ਉਤੇ ਕੀ ਕਰਨਾ ਨਿਸਚਾ, ਨਿਹਫਲ ਜਨਮ ਗਵਾਈਆ । ਕੋਈ ਹੱਟਾਂ ਵਿਚ ਮੇਰੇ ਉਤੇ ਵੇਚਦਾ ਪਿਸਤਾ, ਪਿਸਰ ਸਾਰੇ ਗਏ ਭੁਲਾਈਆ । ਜੇ ਤੂੰ ਕਿਸੇ ਨੂੰ ਹੋਵੇਂ ਦਿਸਦਾ, ਤੇਰਾ ਭੇਵ ਨਾ ਕਿਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾ ਆਪਣਾ ਘਰ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਚਾਰੇ ਬਾਣੀ ਕਹੇ ਮੈਂ ਚਾਰ ਜੁਗ ਦੀ ਰਾਣੀ, ਤੇਰੇ ਨਾਲ ਮਿਲੀ ਵਡਿਆਈਆ । ਮੇਰੇ ਅੰਤਰ ਠੰਡਾ ਪਾਣੀ, ਪੀਵਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਸਭ ਤੋਂ ਸੁਘੜ ਸੁਚੱਜੀ ਸਵਾਣੀ, ਘਰ ਸੋਹਣਾ ਸਾਫ਼ ਸੁਥਰਾ ਦਿਆਂ ਬਣਾਈਆ । ਸਦਾ ਤੇਰੀ ਸਿਫ਼ਤ ਦੀ ਗਾਵਾਂ ਬਾਣੀ, ਦੂਜੀ ਕਰਾਂ ਨਾ ਕੋਇ ਪੜ੍ਹਾਈਆ । ਤੇਰੇ ਘਰ ਦੀ ਦੱਸਾਂ ਨਿਸ਼ਾਨੀ, ਸੁਨੇਹੜੇ ਧੁਰ ਦੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚਾਰੇ ਬਾਣੀ ਕਹੇ ਮੈਂ ਕੱਢਿਆ ਤਰਲਾ, ਦਰ ਤੇਰੇ ਅਲਖ ਜਗਾਈਆ । ਸਾਹਿਬ ਸਵਾਮੀ ਮੈਨੂੰ ਵਰ ਲਾ, ਕਲਜੁਗ ਮੈਥੋਂ ਝੱਲੀ ਨਾ ਜਾਏ ਜੁਦਾਈਆ । ਮੈਥੋਂ ਲੋਕਮਾਤ ਕੋਈ ਨਾ ਡਰਦਾ, ਭੈ ਸੀਸ ਨਾ ਕੋਇ ਰਖਾਈਆ । ਰਸਨਾ ਜਿਹਵਾ ਬੇਸ਼ਕ ਮੈਨੂੰ ਜਗਤ ਜਹਾਨ ਪੜ੍ਹਦਾ, ਅੰਤਰ ਅੰਤਰ ਨਾ ਕੋਇ ਵਸਾਈਆ । ਮੰਦਰ ਮਸਜਿਦ ਗੁਰਦਵਾਰਿਆਂ ਵਿਚ ਵੇਖ ਗ੍ਰੰਥੀ ਪੰਥੀ ਪੰਡਤ ਪਾਂਧਾ ਮੁੱਲਾ ਸ਼ੇਖ਼ ਲੜਦਾ, ਸ਼ੇਖ਼ੀ ਆਪਣੀ ਰਹੇ ਜਣਾਈਆ । ਮੇਰਾ ਮਾਣ ਗਿਆ ਸਾਚੇ ਘਰ ਦਾ, ਅੰਤਮ ਖਹਿੜਾ ਦੇ ਛੁਡਾਈਆ । ਮੈਂ ਰੰਗ ਮਾਣਾਂ ਤੇਰੇ ਦਰ ਦਾ, ਦਰ ਠਾਂਡੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਚਾਰੇ ਬਾਣੀ ਕਹੇ ਮੈਂ ਤੇਰੀ ਦਾਸੀ, ਸੇਵਕ ਨਜ਼ਰੀ ਆਈਆ । ਕਲਜੁਗ ਜੀਵ ਮੈਨੂੰ ਕਰਦੇ ਹਾਸੀ, ਤੇਰੀ ਹਸਤੀ ਗਏ ਭੁਲਾਈਆ । ਓਹ ਵੇਖ ਨੇਤਰ ਰੋਂਦੇ ਪੰਡਤ ਕਾਸ਼ੀ, ਹਰਿ ਮੰਦਰ


੧੦੫੪ ੧੭

ਵਾਲੇ ਰਹੇ ਕੁਰਲਾਈਆ । ਸਭ ਦੀ ਅਗਨੀ ਲੱਗੀ ਛਾਤੀ, ਸੀਨਾ ਸ਼ਾਂਤ ਨਾ ਕੋਇ ਕਰਾਈਆ । ਤ੍ਰੈਗੁਣ ਮਾਇਆ ਅੰਦਰ ਸੜਦੇ ਵੇਖੇ ਪਾਠੀ, ਅਗਨੀ ਤਤ ਨਾ ਕੋਇ ਬੁਝਾਈਆ । ਸਾਰੰਗੀਆਂ ਵਿਚ ਰੋਂਦੇ ਵੇਖੇ ਰਾਗੀ, ਮਾਇਆ ਕਾਰਨ ਤਾਲ ਵਜਾਈਆ । ਪ੍ਰੇਮ ਪਿਆਰ ਦਾ ਮਿਲਿਆ ਨਾ ਕੋਇ ਵੈਰਾਗੀ, ਜੋ ਵਿਛੋੜੇ ਅੰਦਰ ਦਏ ਵਖਾਈਆ । ਪ੍ਰਭੂ ਮੈਂ ਤੇਰੀ ਦੁਨੀਆ ਕੂੜੀ ਸਰਬ ਤਿਆਗੀ, ਝੂਠਿਆਂ ਨਾਲ ਕਰਾਂ ਨਾ ਕਦੇ ਕੁੜਮਾਈਆ । ਅੱਗੇ ਚੰਗੇ ਨਹੀਂ ਲਗਦੇ ਮੈਨੂੰ ਗਵਾਂਢੀ, ਨਾਤਾ ਸਭ ਨਾਲੋਂ ਲਵਾਂ ਤੁੜਾਈਆ । ਮੈਂ ਤੇਰੇ ਦਰ ਦੀ ਬਾਂਦੀ, ਬੰਦਨਾ ਕਰਕੇ ਸੀਸ ਨਿਵਾਈਆ । ਮੈਂ ਤੇਰਾ ਗੀਤ ਗਾਂਦੀ, ਸਿਫ਼ਤਾਂ ਨਾਲ ਸਾਲਾਹੀਆ । ਜੁਗ ਚੌਕੜੀ ਥੱਕੀ ਮਾਂਦੀ, ਦਰ ਤੇ ਆਈ ਬਣ ਕੇ ਪਾਂਧੀ ਰਾਹੀਆ । ਮੇਰੇ ਸੀਸ ਨਾ ਕੋਇ ਪਰਾਂਦੀ, ਸਚ ਸਚ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਖਿਆਤ ਵੇਖ ਵਖਾਈਆ । ਚਾਰੇ ਬਾਣੀ ਕਹੇ ਮੇਰੀ ਲੈ ਖ਼ਬਰ, ਖਬਰੇ ਤੈਨੂੰ ਕੀ ਹੋਇਆ, ਆਪਣੀ ਨਾ ਅੱਖ ਖੁਲ੍ਹਾਈਆ । ਮੇਰੀ ਯਾਦ ਕਰਨ ਵਾਲੇ ਪੈਗ਼ੰਬਰ ਲੁਕ ਗਏ ਵਿਚ ਕਬਰ, ਕਾਅਬਿਆਂ ਵਾਲੇ ਬੈਠੇ ਮੁਖ ਛੁਪਾਈਆ । ਜੋ ਪਿਛੇ ਉਮਤ ਛੱਡ ਕੇ ਗਏ ਆਪਣਾ ਟੱਬਰ, ਮੁਰਸ਼ਦਾਂ ਨਾਲ ਕਰਨ ਲੜਾਈਆ । ਉਨ੍ਹਾਂ ਦੇ ਅੰਦਰੋਂ ਗਿਆ ਸਬਰ, ਸਾਬਤ ਰਹਿਣ ਕੋਇ ਨਾ ਪਾਈਆ । ਮੈਂ ਉਨ੍ਹਾਂ ਦੇ ਨਹੀਂ ਲੱਗਣਾ ਮਗਰ, ਜੋ ਕੂੜੀ ਕਰਨ ਪੜ੍ਹਾਈਆ । ਤੇਰੇ ਘਰ ਜੇ ਧੁਰ ਦਾ ਅਦਲ, ਇਨਸਾਫ਼ ਤੇਰੇ ਨਾਲ ਕਮਾਈਆ । ਮੈਂ ਕੱਟ ਕੇ ਆਈ ਮਜ਼ਲ, ਮੰਜ਼ਲ ਤੇਰੀ ਇਕ ਤਕਾਈਆ । ਮੇਰੀ ਪੂਰੀ ਕਰਦੇ ਸਧਰ, ਸਦਕੇ ਵਾਰੀ ਘੋਲ ਘੁਮਾਈਆ । ਆਪਣਾ ਖੇਲ ਦੇ ਬਦਲ, ਬਦਲੀ ਸਭ ਦੀ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡੇ ਲੈਣਾ ਬਹਾਈਆ । ਚਾਰੇ ਬਾਣੀ ਕਹੇ ਮੈਂ ਵੇਖੇ ਸਾਰੇ ਸੀਸ ਨਿਵੌਂਦੇ, ਠੱਗ ਚੋਰ ਯਾਰ ਬੇਨੰਤੀ ਕਰ ਖ਼ੁਸ਼ੀ ਮਨਾਈਆ । ਮੈਂ ਵੇਖੇ ਧਿਆਨ ਲਗੌਂਦੇ, ਮਾਇਆ ਮਮਤਾ ਕਾਰਨ ਆਪਣੀ ਆਸ ਵਧਾਈਆ । ਮੈਂ ਵੇਖੇ ਫੇਰੀਆਂ ਪੌਂਦੇ, ਜੋ ਧੀਆਂ ਭੈਣਾਂ ਰਹੇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਏ ਵਡਿਆਈਆ । ਸ੍ਰੀ ਭਗਵਾਨ ਮਾਰ ਕੇ ਆਵਾਜ਼, ਚਾਰੇ ਬਾਣੀ ਰਿਹਾ ਬੁਲਾਈਆ । ਆਉ ਨੇੜੇ ਤੁਹਾਨੂੰ ਦੱਸਾਂ ਇਕ ਬਾਤ, ਹੌਲੀ ਹੌਲੀ ਜਿਹੀ ਸੁਣਾਈਆ । ਬੇਸ਼ਕ ਕਲਜੁਗ ਅੰਧੇਰੀ ਰਾਤ, ਹਰਿ ਕਾ ਚੰਦ ਛੁਪ ਕਦੇ ਨਾ ਜਾਈਆ । ਤੈਨੂੰ ਵਖਾਵਾਂ ਸਚ ਤਮਾਸ਼, ਨੇਤਰ ਅੱਖ ਖੁਲ੍ਹਾਈਆ । ਓਹ ਤੱਕ ਭਗਤ ਜਨਾਂ ਨੂੰ ਮੇਰੇ ਮਿਲਣ ਦੀ ਆਸ, ਬੈਠੇ ਨੈਣ ਖੁਲ੍ਹਾਈਆ । ਪ੍ਰਭ ਮਿਲਣ ਦੀ ਰੱਖ ਪਿਆਸ, ਦੁਖੜੇ ਦੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਚਾਰੇ ਬਾਣੀ ਉਹ ਤੱਕ ਸੱਜਣ, ਸੋਹਣੇ ਦਿਆਂ ਵਖਾਈਆ । ਜਿਨ੍ਹਾਂ ਦਾ ਇਕੋ ਇਕ ਭਜਨ, ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਗਾਈਆ । ਇਹੋ ਮੇਰਾ ਇਨਸਾਫ਼ ਅਦਲ, ਸਚ ਅਦਾਲਤ ਰਿਹਾ ਵਖਾਈਆ । ਅੰਦਰ ਵੜ ਕੇ ਜਿਨ੍ਹਾਂ ਦੀ ਖ਼ਾਹਿਸ਼ ਦਿਤੀ ਬਦਲ, ਆਪ ਆਪਣਾ ਨਾਲ ਮਿਲਾਈਆ । ਆਸਾ ਤ੍ਰਿਸਨਾ ਕਰਕੇ ਕਤਲ, ਸੱਧਰ ਆਪਣੇ ਨਾਲ ਜਣਾਈਆ । ਜਿਹੜਾ ਛੱਡ ਕੇ ਆਏ ਵਤਨ, ਅੰਤ ਉਸੇ ਵਤਨ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮੁਕਾਈਆ । ਚਾਰੇ ਬਾਣੀ ਕਹੇ ਮੈਂ ਵੇਖਾਂ ਭਗਤ ਨਿਰਾਲੇ, ਜੋ ਨਿਰਗੁਣ ਰਹੇ ਮਨਾਈਆ । ਜਿਨ੍ਹਾਂ ਦੀ ਓਟ ਇਕ ਅਕਾਲੇ, ਦੂਸਰ ਇਸ਼ਟ ਨਾ ਕੋਇ ਰਖਾਈਆ । ਉਹ ਲੱਖ ਚੁਰਾਸੀ ਵਿਚੋਂ ਲੱਭਿਆ ਹੱਥ

ਨਾ ਆਵਣ ਭਾਲੇ, ਭਗਤਾਂ ਵਿਚੋਂ ਥੋੜੇ ਲਏ ਮਨਾਈਆ । ਜੋ ਇਕੋ ਵਸਣ ਸਚ ਕਾਇਆ ਧਰਮਸਾਲੇ, ਦੂਜੇ ਮੰਦਰ ਕੋਇ ਨਾ ਜਾਈਆ । ਜਿਨ੍ਹਾਂ ਦੇ ਸਵਾਮੀ ਸਦਾ ਵਸੇ ਨਾਲੇ, ਘਰ ਬਹਿ ਬਹਿ ਖ਼ੁਸ਼ੀ ਵਖਾਈਆ । ਉਨ੍ਹਾਂ ਦੇ ਅੱਗੇ ਸਭ ਨੇ ਦੇਣੇ ਅਹਿਵਾਲੇ, ਸ਼ਹਾਦਤਾਂ ਨਾਲ ਗਵਾਹੀ ਸਰਬ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨਇਆ ਰੰਗ ਰੰਗਾਈਆ । ਚਾਰੇ ਬਾਣੀ ਕਹੇ ਤੇਰੇ ਭਗਤ ਧੰਨ, ਧੰਨ ਧੰਨ ਜਣੇਂਦੀ ਮਾਈਆ । ਜਿਨ੍ਹਾਂ ਇਕੋ ਤੈਨੂੰ ਲਿਆ ਮੰਨ, ਦੂਜੀ ਓਟ ਨਾ ਕੋਇ ਰਖਾਈਆ । ਪ੍ਰਭੂ ਉਨ੍ਹਾਂ ਨੂੰ ਕਿਹੜਾ ਦੇਵੇ ਡੰਨ, ਰਾਏ ਧਰਮ ਉਹਨਾਂ ਦੇ ਚਰਨ ਚੁੰਮ ਚੁੰਮ ਖ਼ੁਸ਼ੀ ਮਨਾਈਆ । ਜਿਹਨਾਂ ਦੇ ਆਪ ਹੋਇਉਂ ਵੱਲ, ਵਲਵਲੇ ਸਾਰੇ ਦਏਂ ਮੁਕਾਈਆ । ਉਨ੍ਹਾਂ ਦਾ ਨਾਤਾ ਤੁੱਟਾ ਕਲਜੁਗ ਕਲ, ਕਾਲਖ ਟਿੱਕਾ ਗਏ ਧੁਆਈਆ । ਉਨ੍ਹਾਂ ਦਾ ਦੂਈ ਦਵੈਤੀ ਮਿਟਿਆ ਸੱਲ, ਸਲਲ ਇਕੋ ਤੇਰਾ ਇਸ਼ਟ ਵੇਖ ਵਖਾਈਆ । ਵਿਛੋੜਾ ਸਹਿ ਨਾ ਸਕਣ ਪਲ, ਪਲਕ ਅੱਖ ਨਾ ਕੋਇ ਝਮਕਾਈਆ । ਉਨ੍ਹਾਂ ਦੇ ਅੰਤਰ ਅੰਮ੍ਰਿਤ ਭਰ ਕੇ ਠੰਡਾ ਜਲ, ਸਾਂਤਕ ਸਤਿ ਦਿਤਾ ਕਰਾਈਆ । ਸ਼ਬਦ ਅਗੰਮੀ ਵਜਾ ਕੇ ਟੱਲ, ਸੋਈ ਸੁਰਤੀ ਦਿਤੀ ਉਠਾਈਆ । ਦੀਪਕ ਜੋਤੀ ਗਿਆ ਬਲ, ਅੰਧ ਅੰਧੇਰਾ ਨਜ਼ਰ ਨਾ ਆਈਆ । ਤੇਰਾ ਦਵਾਰਾ ਬੈਠੇ ਮੱਲ, ਘਰ ਸਾਚੇ ਸੋਭਾ ਪਾਈਆ । ਤੂੰ ਕਿਰਸਾਨਾ ਬਣ ਕੇ ਉਹਨਾਂ ਅੰਦਰ ਚਲਾਇਆ ਹਲ, ਬੀਜ ਇਕੋ ਨਾਮ ਪਾਈਆ । ਮੈਂ ਦੋ ਜਹਾਨਾਂ ਦਾ ਅੰਮ੍ਰਿਤ ਲਗਾਵਾਂ ਫਲ, ਜਿਸ ਨੂੰ ਨੇਤਰ ਵੇਖਣ ਨੈਣ ਉਠਾਈਆ । ਮੈਂ ਵੀ ਉਨ੍ਹਾਂ ਦੇ ਅੰਦਰ ਜਾਵਾਂ ਰਲ, ਪਰਾ ਪਸੰਤੀ ਮਧਮ ਬੈਖਰੀ ਕਹੇ ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਜੋ ਤੇਰੇ ਦਵਾਰੇ ਆਏ ਚਲ, ਜਗਤ ਚਲਿਤ੍ਰ ਸਰਬ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਗੀਕਾਰ ਲੈਣਾ ਕਰਾਈਆ । ਚਾਰੇ ਬਾਣੀ ਕਹੇ ਸੁਣੋਂ ਜਨ ਭਗਤੋ, ਮੈਂ ਆਪਣੀ ਕਹਾਣੀ ਦਿਆਂ ਸੁਣਾਈਆ । ਮੈਂ ਵੀ ਮੰਗਾਂ ਨਿਤ ਉਸੇ ਦਰ ਤੋਂ, ਜੋ ਮਾਲਕ ਬੇਪਰਵਾਹੀਆ । ਪੱਲਾ ਛੁਡਾ ਦੇ ਕੂੜੇ ਕਲਜੁਗ ਜਗ ਤੋਂ, ਜਗਤ ਮਾਲਕ ਆਪਣੀ ਦਇਆ ਕਮਾਈਆ । ਆਪਣਾ ਮੇਲ ਮਿਲਾ ਕੇ ਉਪਰ ਸ਼ਾਹਰਗ ਤੋਂ, ਥੱਲੇ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਬਚਾ ਲੈ ਅੱਗ ਤੋਂ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਸ਼ਤ ਪਨਾਹ ਹੱਥ ਟਿਕਾਈਆ । ਜਨ ਭਗਤੋ ਮੈਂ ਤੁਹਾਡੀ ਸਚ ਸ਼ਹਾਦਤ, ਸ਼ਹਿਨਸ਼ਾਹ ਅੱਗੇ ਸੁਣਾਈਆ । ਇਨ੍ਹਾਂ ਦੀ ਕਿਹੜੀ ਬਾਕੀ ਇਬਾਦਤ, ਜੋ ਤੈਨੂੰ ਮਿਲ ਕੇ ਤੇਰਾ ਦਰਸ਼ਨ ਪਾਈਆ । ਇਨ੍ਹਾਂ ਨੂੰ ਕੀ ਲੋੜ ਲਿਖੀ ਹੋਈ ਪੜ੍ਹਨ ਦੀ ਇਬਾਰਤ, ਜਿਨ੍ਹਾਂ ਨੂੰ ਆਪਣੇ ਘਰ ਲਿਆ ਸਮਾਈਆ । ਮੁਕਤਾ ਕੰਨਾਂ ਸਿਹਾਰੀ ਬਿਹਾਰੀ ਔਂਕੜ ਦੁਲੈਂਕੜੇ ਲਾਵਾਂ ਦੁਲਾਵਾਂ ਹੋੜਾ ਕਨੌੜਾ ਇਹਨਾਂ ਦੀ ਕਰੇ ਸਫ਼ਾਰਸ਼, ਅਬਿਨਾਸ਼ੀ ਕਰਤੇ ਅੱਗੇ ਸੀਸ ਨਿਵਾਈਆ । ਤੇਰੀ ਵੇਖੀ ਇਕ ਅਦਾਲਤ, ਅਦਲ ਕਰਨਾ ਧੁਰ ਦਰਗਾਹੀਆ । ਤੇਰੇ ਭਗਤ ਰਹਿਣ ਸਦਾ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਦਰਗਾਹ ਸਾਚੀ ਦੀ ਸਚ ਅਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲੈਣਾ ਮਿਲਾਈਆ । ਚਾਰੇ ਬਾਣੀ ਕਹੇ ਭਗਤੋ ਤੁਸਾਂ ਗਾਇਆ ਉਹ ਗੀਤ, ਜਿਹੜਾ ਨਾਨਕ ਗਿਆ ਗਾਈਆ । ਝਗੜਾ ਛੁੱਟ ਗਿਆ ਮੰਦਰ ਮਸੀਤ, ਮਸਲਾ ਇਕੋ ਵਾਰ ਹੱਲ ਕਰਾਈਆ । ਤੁਹਾਡੀ ਠਾਕਰ ਨਾਲ ਪ੍ਰੀਤ, ਠੋਕਰ ਜਗਤ ਨਾ ਕੋਇ ਲਗਾਈਆ । ਨਾਤਾ ਤੁੱਟਾ ਹਸਤ ਕੀਟ, ਊਚ ਨੀਚ ਰਾਓ ਰੰਕ ਇਕੋ ਰੰਗ ਵਖਾਈਆ । ਤੁਹਾਡੀ ਕਾਇਆ ਸੀਤਲ ਸੀਤ, ਮਨ ਮਨੂਆ ਉਠ ਨਾ ਦਹਿ ਦਿਸ਼

ਧਾਈਆ । ਤੁਸੀਂ ਜੀਵਦਿਆਂ ਜਗ ਗਏ ਜੀਤ, ਮਰਿਆਂ ਪਿਛੋਂ ਜੰਮਣਾ ਫੇਰ ਨੇੜ ਕਦੇ ਨਾ ਆਈਆ । ਇਹ ਪ੍ਰਭ ਦੀ ਵੱਡੀ ਬਖ਼ਸ਼ੀਸ਼, ਜਿਹੜਾ ਤੁਹਾਨੂੰ ਆਪਣਾ ਨਾਮ ਦਿਤਾ ਸਮਝਾਈਆ । ਮੇਲ ਮਿਲਾ ਕੇ ਨਾਲ ਕਲਗੀਧਰ ਜਗਦੀਸ਼, ਈਸ਼ ਆਪਣੀ ਦਿਸ਼ਾ ਦਿਤੀ ਵਖਾਈਆ । ਜਿਸ ਦੀ ਮਹਿੰਮਾ ਸਿਫ਼ਤ ਸਲਾਹ ਕਰਦੇ ਰਾਗ ਛਤੀਸ, ਤੀਸ ਬਤੀਸ ਹਦੀਸ ਕਲਮਿਆਂ ਵਿਚ ਪੜ੍ਹਾਈਆ । ਇਹ ਸਾਰੇ ਕਰਦੇ ਗਏ ਉਡੀਕ, ਜੋ ਆਖ਼ਰ ਮਿਲਿਆ ਨਿਰਗੁਣ ਧੁਰ ਦਾ ਦਾਤਾ ਸੱਚਾ ਮਾਹੀਆ । ਜਿਸ ਦਾ ਚਾਰੇ ਬਾਣੀ ਸਿਫ਼ਤਾਂ ਵਾਲੀ ਕਰੇ ਤਾਰੀਫ਼, ਸੋ ਤੁਆਰਫ਼ ਆਪਣਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਗੁਸਾਈਆ । ਚਾਰੇ ਬਾਣੀ ਕਹੇ ਮੈਨੂੰ ਹੋਈ ਖ਼ੁਸ਼ੀ, ਖ਼ੁਸ਼ਹਾਲੀ ਸਚ ਘਰ ਨਜ਼ਰੀ ਆਈਆ । ਜਿਨ੍ਹਾਂ ਦੀ ਇਕੋ ਨਾਲ ਲੱਗੀ ਰੁਚੀ, ਰਸਤਾ ਇਕੋ ਵੇਖ ਵਖਾਈਆ । ਉਹਨਾਂ ਆਤਮ ਹੋ ਗਈ ਸੁੱਚੀ, ਦੁਰਮਤ ਮੈਲ ਰਹਿਣ ਨਾ ਪਾਈਆ । ਉਹਨਾਂ ਦੀ ਅਗਲੀ ਮੰਜ਼ਲ ਮੁੱਕੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਚਾਰੇ ਬਾਣੀ ਕਹੇ ਮੈਂ ਬਣਦੀ ਰਹੀ ਮਲਾਹ, ਪ੍ਰਭ ਹੁਕਮ ਦੇ ਸੁਣਾਈਆ । ਅਬਿਨਾਸ਼ੀ ਕਰਤੇ ਕਿਹਾ ਨੀ ਤੂੰ ਹੁਣ ਬਣ ਗਵਾਹ, ਸ਼ਹਾਦਤ ਦੇ ਭੁਗਤਾਈਆ । ਜਨ ਭਗਤਾਂ ਇਕੋ ਇਕ ਏਕੰਕਾਰ ਸਦਾ ਮਿਲੇ ਆ, ਆਪ ਆਪਣਾ ਫੇਰਾ ਪਾਈਆ । ਫੜ ਗੋਦੀ ਲਏ ਉਠਾ, ਗਲ ਆਪਣੇ ਨਾਲ ਛੁਹਾਈਆ । ਜਿਹਨੂੰ ਮਿਲਿਆਂ ਪੜ੍ਹਨ ਲਿਖਣ ਦੀ ਲੋੜ ਰਹੇ ਨਾ, ਰਾਗਾਂ ਨਾਦਾਂ ਵਾਲੇ ਗੀਤ ਨਾ ਕੋਇ ਸੁਣਾਈਆ । ਜਿਧਰ ਵੇਖੇ ਉਧਰ ਇਕੋ ਨਜ਼ਰੀ ਜਾਏ ਆ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਜੋਤ ਸਰੂਪੀ ਜੋਤੀ ਜੋਤ ਕਰ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਹੋ ਸਹਾ, ਸਾਹਿਬ ਸਹੀ ਸਲਾਮਤ ਆਪਣੇ ਘਰ ਰਖਾਈਆ ।

### ✪ ੧੫ ਮੱਘਰ ੨੦੨੧ ਬਿਕ੍ਰਮੀ ਬਲਬੀਰ ਸਿੰਘ ਦੇ ਗ੍ਰਿਹਿ ਫ਼ਾਜ਼ਿਲਕਾ ✪

ਆਦਿ ਅੰਤ ਭਗਵਾਨ ਸਦਾ ਮਾਲਕ ਜਗਤ, ਦੋ ਜਹਾਨਾਂ ਵਾਲੀ ਇਕ ਅਖਵਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਦੇਵਣਹਾਰਾ ਸ਼ਕਤ, ਜੋਤੀ ਜਾਤਾ ਪੁਰਖ ਬਿਧਾਤਾ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਵੇਖਣਹਾਰਾ ਭਗਤ, ਭਗਵਨ ਆਪਣੇ ਰੰਗ ਰੰਗਾਇੰਦਾ । ਕੂੜੀ ਕਿਰਿਆ ਮੇਟਣਹਾਰਾ ਵਿਚ ਸੰਸਾਰਾ, ਕਲ ਕਲਕੀ ਜਾਣੇ ਆਪਣਾ ਵਕਤ, ਘੜੀ ਵਾਰ ਥਿਤ ਆਪਣੇ ਘਰ ਰਖਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਸ੍ਰਿਸ਼ਟ ਸਬਾਈ ਇਕੋ ਦੱਸੇ ਪੁਰਖ ਅਕਾਲਾ ਇਸ਼ਟ, ਖ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰਾਹ ਵਖਾਈਆ । ਅੰਤਰ ਆਤਮ ਬ੍ਰਹਮ ਪਾਰਬ੍ਰਹਮ ਖੋਲ੍ਹਣਹਾਰਾ ਦ੍ਰਿਸ਼ਟ, ਸ਼ਬਦ ਅਨਾਦੀ ਨਾਦ ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਵਿਸ਼ਨੂੰ ਕਹੇ ਮੈਂ ਸੇਵਾਦਾਰ, ਸ੍ਰੀ ਭਗਵਾਨ ਕਹੇ ਹੁਕਮੇ ਅੰਦਰ ਖੇਲ ਖਿਲਾਈਆ । ਗੁਰ ਅਵਤਾਰ ਕਹਿਣ ਜੁਗ ਚੌਕੜੀ ਕਰੀਏ ਕਾਰ, ਨਿਤ ਨਵਿਤ ਹੁਕਮੇ ਅੰਦਰ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਅੰਜੀਲ ਕੁਰਾਨ ਚਾਰੇ ਖਾਣੀ ਚਾਰੇ ਬਾਣੀ ਰਹੀ ਜਣਾਈਆ । ਸਭ ਦਾ ਮਾਲਕ ਏਕੰਕਾਰਾ ਹਰਿ ਨਿਰੰਕਾਰਾ ਧੁਰ ਦਰਗਾਹੀ ਪਰਵਰਦਿਗਾਰ, ਸਚਖੰਡ

ਨਿਵਾਸੀ ਪੁਰਖ ਅਬਿਨਾਸ਼ੀ ਮੁਕਾਮੇ ਹਕ ਡੇਰਾ ਲਾਈਆ । ਜਿਸ ਦਾ ਭਵਿਖਤਾਂ ਵਿਚ ਕਰਦੇ ਗਏ ਵਿਚਾਰ, ਲਿਖਤਾਂ ਵਿਚ ਸੁਨੇਹੜੇ ਦਿੰਦੇ ਗਏ ਸੰਸਾਰ, ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਵਡ ਬਲਕਾਰ, ਨਿਹਕਲੰਕ ਆਪਣਾ ਡੰਕ ਵਜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਕਰੇ ਖੁਆਰ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਨਾਮ ਡੰਕਾ ਰਾਓ ਰੰਕਾਂ ਆਪ ਸੁਣਾ ਕੇ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਜਗਮਗ ਜੋਤ ਜੋਤ ਜਗੇ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਕਰੇ ਸਚ ਰੁਸ਼ਨਾਈਆ । ਗੁਰਮੁਖ ਗੁਰਸਿਖ ਸੱਜਣ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਧੁਰ ਦੀ ਸਿਖਿਆ ਇਕੋ ਦਏ ਸਿਖਾਲ, ਸਾਚੀ ਕਰੇ ਪੜ੍ਹਾਈਆ । ਉਠ ਲਾਡਲੇ ਮੇਰੇ ਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਨਿਰੰਕਾਰ, ਕਰਤੇ ਹੱਥ ਵੱਡੀ ਵਡਿਆਈਆ । ਬੀਸ ਇਕੀਸਾ ਹੋਇਆ ਖ਼ਬਰਦਾਰ, ਧੁਰ ਸੰਦੇਸ਼ਾ ਰਿਹਾ ਸੁਣਾਈਆ । ਸਦੀ ਚੌਧਵੀਂ ਮਾਰੇ ਮਾਰ, ਚੌਦਾਂ ਤਬਕ ਦਏ ਹਿਲਾਈਆ । ਚੌਦਾਂ ਲੋਕ ਰੋਵਣ ਧਾਹੀਂ ਮਾਰ, ਬ੍ਰਹਿਮੰਡ ਖੰਡ ਸਰਬ ਕੁਰਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਵੇ ਨਾ ਕੋਇ ਆਧਾਰ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਧਰਾਈਆ । ਖੜਗ ਖੰਡਾ ਨਾਮ ਕਟਾਰ, ਤੇਜ ਪਰਚੰਡਾ ਇਕੋ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਖੇਲ ਕਰੇ ਵਿਸ਼ਨੂੰ ਭਗਵਾਨਾ, ਵੱਡੀ ਵਡ ਵਡਿਆਈਆ । ਸਤਿ ਧਰਮ ਦਾ ਇਕ ਨਿਸ਼ਾਨਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਝੁਲਾਈਆ । ਗੁਰਮੁਖਾਂ ਗੁਰਸਿਖਾਂ ਦੇਵੇ ਨਾਮ ਨਿਧਾਨਾ, ਅੰਮ੍ਰਿਤ ਰਸ ਇਕੋ ਜਾਮ ਪਿਆਈਆ । ਭਾਗ ਲਗਾਏ ਕਾਇਆ ਮੰਦਰ ਸਾਢੇ ਤਿੰਨ ਹੱਥ ਮਕਾਨਾ, ਘਰ ਵਿਚ ਘਰ ਕਰੇ ਰੁਸ਼ਨਾਈਆ । ਸ਼ਬਦ ਸੁਣਾਏ ਅਗੰਮੀ ਗਾਣਾ, ਅਨਹਦ ਨਾਦੀ ਨਾਦ ਵਜਾਈਆ । ਹਰਿ ਕਾ ਰੋਕ ਨਾ ਸਕੇ ਕੋਈ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਬੀਸ ਇਕੀਸਾ ਹਰਿ ਜਗਦੀਸਾ ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਛਤਰ ਨਾ ਕੋਇ ਝੁਲਾਈਆ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਖੋਜ ਖੁਜਾਈਆ । ਜੋਤ ਸਰੂਪੀ ਪਹਿਰੇ ਬਾਣਾ, ਨਿਹਕਲੰਕ ਬਲੀ ਬਲਵਾਨਾ, ਭੇਦ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਬਖ਼ਸ਼ੇ ਸਚ ਸਰਨਾਈਆ । ਨਿਹਕਲੰਕ ਵਡ ਰਾਜਨ ਰਾਜ, ਪਾਰਬ੍ਰਹਮ ਅਖਵਾਇੰਦਾ । ਜਿਸ ਦੇ ਸੀਸ ਸੋਹੇ ਇਕੋ ਤਾਜ, ਤਖ਼ਤ ਨਿਵਾਸੀ ਸਾਰੇ ਮੇਟ ਮਿਟਾਇੰਦਾ । ਕਰਨੀ ਕਰਤਾ ਕਰੇ ਆਪਣਾ ਕਾਜ, ਕੁਦਰਤ ਕਾਦਰ ਖੇਲ ਵਖਾਇੰਦਾ । ਜਨ ਭਗਤਾਂ ਰੱਖੇ ਲਾਜ, ਗੁਰਮੁਖਾਂ ਆਪਣੇ ਰੰਗ ਰੰਗਾਇੰਦਾ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਸ਼ਬਦ ਸਰੂਪੀ ਮਾਰੇ ਆਵਾਜ਼, ਸੋਈ ਸੁਰਤ ਆਪ ਉਠਾਇੰਦਾ । ਸਾਚੇ ਬੇੜੇ ਨਾਮ ਚੜ੍ਹਾ ਕੇ ਜਹਾਜ਼, ਨਈਆ ਨੌਕਾ ਪਾਰ ਕਰਾਇੰਦਾ । ਏਥੇ ਓਥੇ ਦੋ ਜਹਾਨਾਂ ਦੇ ਕੇ ਸਾਥ, ਧੁਰ ਦਾ ਸੰਗੀ ਵੇਖ ਵਖਾਇੰਦਾ । ਸਾਚਾ ਸਿਮਰਨ ਪੂਜਾ ਪਾਠ, ਜੋਗ ਅਭਿਆਸ ਹਠ ਤਪ ਸਾਧਨ ਇਕੋ ਨਾਮ ਜਣਾਇੰਦਾ । ਕਾਇਆ ਮੰਦਰ ਅੰਦਰ ਸੁਰਤੀ ਸ਼ਬਦੀ ਗੋਪੀ ਕਾਹਨ ਪੁਆਏ ਰਾਸ, ਘਨਈਆ ਸਈਆ ਇਕੋ ਨਜ਼ਰੀਂ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਪੂਰੀ ਕਰਕੇ ਆਸ, ਨਾਨਕ ਗੋਬਿੰਦ ਆਪਣੀ

ਖੇਲ ਵਖਾਇੰਦਾ । ਨਿਹਕਲੰਕ ਹਰਿ ਗੋਬਿੰਦ ਸੂਰਾ, ਸ਼ਬਦੀ ਰੂਪ ਵਟਾਈਆ । ਏਥੇ ਓਥੇ ਦੋ ਜਹਾਨਾਂ ਹਾਜ਼ਰ ਹਜ਼ੂਰਾ, ਹਜ਼ਰਤਾਂ ਵਿਚੋਂ ਬੇਪਰਵਾਹੀਆ । ਸੇਵਕਾਂ ਵਿਚੋਂ ਸੇਵਕ ਚਾਕਰ ਬਣੇ ਮਜ਼ਦੂਰਾ, ਮਾਣ ਅਭਿਮਾਨ ਨੇੜ ਕੋਈ ਨਾ ਆਈਆ । ਰਾਗਾਂ ਵਿਚੋਂ ਨਾਦ ਅਗੰਮੀ ਵਜਾਏ ਅਨਹਦ ਸਾਚੀ ਤੂਰਾ, ਧੁਰ ਦੀ ਬਾਣੀ ਆਪ ਸੁਣਾਈਆ । ਭਵਿਖਤ ਵਾਕਾਂ ਕਰਕੇ ਪੂਰਾ, ਲੇਖਾ ਲਿਖਤ ਦਏ ਕਰਾਈਆ । ਕਲਜੁਗ ਕਿਰਿਆ ਸਾਫ਼ ਕਰੇ ਕੂੜਾ, ਸਤਿਜੁਗ ਸਾਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਹਕਲੰਕ ਹਰਿ ਗੋਬਿੰਦ ਆਇਆ, ਸ਼ਬਦੀ ਧਾਰ ਜਣਾਈਆ । ਤ੍ਰੈਗੁਣ ਕੂੜੀ ਮੇਟਣਹਾਰਾ ਮਾਇਆ, ਮਮਤਾ ਮੋਹ ਚੁਕਾਈਆ । ਸਾਚਾ ਮਾਰਗ ਇਕ ਰਖਾਇਆ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਪੁਰਖ ਅਕਾਲ ਸਭ ਦਾ ਇਸ਼ਟ ਜਣਾਇਆ, ਦ੍ਰਿਸ਼ਟ ਦਿਬ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਨਿਹਕਲੰਕ ਹਰਿ ਕਾ ਰੂਪ, ਹਰਿ ਹੀ ਨਜ਼ਰੀਂ ਆਈਆ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿਵਾਦੀ ਖੇਲ ਖਿਲਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਗੁਰਮੁਖ ਵੇਖੇ ਸਚ ਸਪੂਤ, ਸੰਤ ਸੁਹੇਲੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਬੇਪਰਵਾਹੀਆ । ਸਾਹਿਬ ਸੁਲਤਾਨ ਸ੍ਰੀ ਭਗਵੰਤ, ਏਕੰਕਾਰਾ ਇਕ ਅਖਵਾਇੰਦਾ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਜਗਤ ਜੁਗਤ ਆਪਣੇ ਹੱਥ ਰਖਾਇੰਦਾ । ਕਲਜੁਗ ਵੇਲਾ ਆਇਆ ਅੰਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਅੰਦਰ ਵੜਕੇ ਰੋਂਦੇ ਗੁਰਮੁਖ ਸੱਚੇ ਭਗਤ, ਨੇਤਰ ਨਿਜ ਧਿਆਨ ਸਰਬ ਲਗਾਇੰਦਾ । ਕਿਰਪਾ ਕਰ ਵਾਲੀ ਅਰਸ਼ ਫ਼ਰਸ਼, ਆਸ਼ਰਮ ਤੇਰਾ ਸੱਚਾ ਨਜ਼ਰ ਕਿਸੇ ਨਾ ਆਇੰਦਾ । ਜਗਤ ਤ੍ਰਿਸਨਾ ਮਾਇਆ ਮਮਤਾ ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਭੜਕ, ਅਗਨੀ ਅੱਗ ਅੰਮ੍ਰਿਤ ਸਿੰਚ ਨਾ ਕੋਇ ਬੁਝਾਇੰਦਾ । ਸਤਿ ਧਰਮ ਜਤ ਸੀਲ ਸੰਤੋਖ ਤੁਟਾ ਤਗ, ਡੋਰੀ ਨਾਮ ਤੰਦ ਨਾ ਕੋਇ ਵਖਾਇੰਦਾ । ਕਲਜੁਗ ਜੀਵ ਹੰਸ ਬੁੱਧੀ ਹੋਈ ਕਗ, ਬਗਲਾ ਬਧ ਨਜ਼ਰੀ ਆਇੰਦਾ । ਅੰਤਰ ਵੇਖ ਖੇਲ ਪੁਰਖ ਸਮਰਥ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਾਹ ਤਕਾਇੰਦਾ । ਨਿਹਕਲੰਕ ਹੋ ਪਰਗਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰਾ ਦਰ ਸੁੱਚਾ ਨਜ਼ਰੀਂ ਆਇੰਦਾ । ਵਿਸ਼ਨੂੰ ਭਗਵਾਨ ਤੇਰੀ ਆਸ਼ਾ, ਆਸਾ ਆਸਾ ਵਿਚੋਂ ਪਰਗਟਾਈਆ । ਨਿਤ ਨਵਿਤ ਤੇਰਾ ਭਰਵਾਸਾ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤਮ ਕੂੜੀ ਕਿਰਿਆ ਵੇਖ ਤਮਾਸ਼ਾ, ਜੂਠ ਝੂਠ ਵੱਜੀ ਵਧਾਈਆ । ਜੀਵਾ ਜੰਤਾਂ ਸਾਧਾ ਸੰਤਾਂ ਅੰਦਰੋਂ ਖ਼ਾਲੀ ਕਾਸਾ, ਨਾਮ ਪਦਾਰਥ ਵਸਤੂ ਸਚ ਝੋਲੀ ਨਾ ਕੋਈ ਟਿਕਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕੇ ਗਾਥਾ, ਵਿਦਿਆ ਨਾਲ ਕਰਨ ਲੜਾਈਆ । ਜਿਧਰ ਵੇਖੋ ਸਭ ਨੂੰ ਦਿਸੇ ਘਾਟਾ, ਕੰਨੀ ਗੰਢ ਨਾ ਕੋਇ ਵਖਾਈਆ । ਤੁਧ ਬਿਨ ਸਾਹਿਬ ਸਵਾਮੀ ਕਲ ਦਿਸੇ ਕੋਈ ਨਾ ਰਾਖਾ, ਰੱਖਿਆ ਕਰੇ ਨਾ ਕੋਈ ਥਾਉਂ ਥਾਈਂਆ । ਗੋਬਿੰਦ ਸੂਰਾ ਲਿਖਾ ਕੇ ਗਿਆ ਸਾਕਾ, ਸਾਖੀ ਆਪਣੀ ਇਕ ਸਮਝਾਈਆ । ਕਲਜੁਗ ਅੰਤਮ ਸਦੀ ਵੀਹਵੀਂ ਲਹਿਣਾ ਦੇਣਾ ਦੇਵਾਂ ਬਾਕਾ, ਲੇਖਾ ਅਗਲਾ ਪਿਛਲਾ ਝੋਲੀ ਪਾਈਆ । ਅੱਗੇ ਰਹਿਣ ਨਾ ਦੇਵਾਂ ਕੋਈ ਆਕਾ, ਅਕਲ ਸਭ ਦੀ ਦਿਆਂ ਭੁਆਈਆ । ਸਚ ਦਵਾਰ ਦਾ ਖੋਲ੍ਹ ਕੇ ਸਾਚਾ ਤਾਕਾ, ਸਤਿਜੁਗ ਸੱਚਾ ਰਾਹ ਚਲਾਈਆ । ਸਭ ਦਾ ਬਣਕੇ ਮਾਈ ਬਾਪਾ, ਪਿਤਾ ਪੁਰਖ ਅਕਾਲ

ਦੇਣਾ ਮਿਲਾਈਆ । ਜਿਸ ਦੀ ਜ਼ਾਤ ਪਾਤ ਨਾ ਕੋਈ ਵਰਨ ਬਰਨ ਜ਼ਾਤਾ, ਉਚ ਨੀਚ ਰਾਓ ਰੰਕ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਦਇਆ ਕਮਾਈਆ । ਸਤਿ ਸਤਿਵਾਦੀ ਸਾਚਾ ਕਰਮ, ਹਰਿ ਕਰਤਾ ਆਪ ਕਮਾਈਆ । ਇਕ ਵਖਾਏ ਸ੍ਰਿਸ਼ਟੀ ਧਰਮ, ਕੂੜੀ ਕਿਰਿਆ ਬਾਹਰ ਕਢਾਈਆ । ਭੇਵ ਚੁਕਾਏ ਆਤਮ ਬ੍ਰਹਮ, ਪਾਰਬ੍ਰਹਮ ਪੜਦਾ ਦਏ ਉਠਾਈਆ । ਗੋਬਿੰਦ ਦੱਸੇ ਸਾਚੀ ਸਰਨ, ਪੁਰਖ ਅਕਾਲ ਮਿਲਾਈਆ । ਠੱਗਾਂ ਚੋਰਾਂ ਯਾਰਾਂ ਆਵੇ ਫੜਨ, ਕੂੜ ਕੁੜਿਆਰਾਂ ਬੰਧਨ ਦੇਵੇ ਪਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਨਾਲ ਆਇਆ ਲੜਨ, ਸਾਚਾ ਖੰਡਾ ਖੜਗ ਤੇਗ ਖਿੱਚ ਇਕੋ ਹੱਥ ਉਠਾਈਆ । ਸਾਚੀ ਮੰਜ਼ਲ ਆਇਆ ਚੜ੍ਹਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਫੇਰਾ ਪਾਈਆ । ਕਲਜੁਗ ਕਿਰਪਾ ਆਇਆ ਕਰਨ, ਗੁਰਮੁਖ ਗੁਰਸਿਖ ਵੇਖ ਵਖਾਈਆ । ਜੋ ਨਿਤ ਨਵਿਤ ਆਤਮ ਅੰਤਰ ਧਿਆਨ ਕਰਨ, ਬਿਨ ਸਮਾਧੀ ਸਮਾਧੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਖੋਲ੍ਹਕੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਵਿਸ਼ਨੂੰ ਭਗਵਾਨ ਜੋਤ ਮੈਂ ਜਾਤਾ, ਅਕਲ ਕਲਾ ਅਖਵਾਈਆ । ਆਦਿ ਜੁਗਾਦਿ ਬਣ ਗਿਆਤਾ, ਗਿਆਨ ਇਕੋ ਇਕ ਦ੍ਰਿੜਾਈਆ । ਸੁਰਤੀ ਸ਼ਬਦੀ ਬੰਨ੍ਹ ਕੇ ਨਾਤਾ, ਆਤਮ ਪਰਮਾਤਮ ਮੇਲ ਮਿਲਾਈਆ । ਕਲਜੁਗ ਅੰਤਮ ਵੇਖਣਹਾਰ ਤਮਾਸ਼ਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਾਵਣਹਾਰਾ ਰਾਸਾਂ, ਮੰਡਲ ਮੰਡਪ ਸਾਰੇ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬੰਸਰੀ ਨਾਮ ਵਜਾਈਆ । ਸਾਚੀ ਬੰਸਰੀ ਵਜਾਵੇ ਬੀਨ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਲੇਖਾ ਚੁੱਕੇ ਲੋਕ ਤੀਨ, ਤ੍ਰੈਗੁਣ ਡੇਰਾ ਢਾਹੀਆ । ਮਾਰਗ ਦੱਸ ਇਕ ਮਹੀਨ, ਸੁਖਮਨ ਪੰਧ ਮੁਕਾਈਆ । ਤੇਰਾ ਨਾਮ ਲਈਏ ਚੀਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰੇ ਉਤੇ ਸਭ ਦਾ ਆਵੇ ਯਕੀਨ, ਭਰੋਸਾ ਇਕੋ ਦੇ ਕਰਾਈਆ । ਸਵਾਮੀ ਤੇਰੀ ਸ੍ਰਿਸ਼ਟੀ ਤੇਰੇ ਹੋਏ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਨਰ ਮਦੀਨ, ਨਾਰੀ ਨਰ ਦੋਵੇਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦੋ ਜਹਾਨਾਂ ਵੇਖ ਵਖਾਈਆ । ਦੋ ਜਹਾਨਾਂ ਹਰਿ ਜੂ ਮਾਲਕ, ਏਕੰਕਾਰ ਆਪ ਅਖਵਾਈਆ । ਸ੍ਰਿਸ਼ਟ ਸਬਾਈ ਬਣ ਪ੍ਰਿਤਪਾਲਕ, ਵਿਸ਼ਨੂੰ ਹੋ ਕੇ ਸੇਵ ਕਮਾਈਆ । ਨੂਰ ਖ਼ੁਦਾਈ ਜ਼ਾਹਰ ਜ਼ਹੂਰ ਹੋ ਕੇ ਖ਼ਲਕ ਖ਼ਾਲਕ, ਮਖ਼ਲੂਕ ਆਪਣੇ ਰੰਗ ਰੰਗਾਈਆ । ਕਲਜੁਗ ਅੰਤਮ ਸਭ ਦੀ ਸੂਰਤ ਰੱਖੇ ਸਾਬਤ, ਸਤਿਜੁਗ ਸਾਚਾ ਰਾਹ ਚਲਾਈਆ । ਜਿਸ ਕਰਨੀ ਕਰਨ ਆਇਆ ਬਾਬਤ, ਬਾਬਲ ਆਪਣਾ ਫੇਰਾ ਪਾਈਆ । ਸੋ ਸਭ ਦੀ ਪੂਰੀ ਕਰਕੇ ਹਾਜਤ, ਹੁਜਰਾ ਹਕ ਦਏ ਵਖਾਈਆ । ਜਿਥੇ ਵੱਜੇ ਇਕੋ ਨੌਬਤ, ਡੰਕਾ ਨਾਮ ਸੁਣਾਈਆ । ਪਰਮ ਪੁਰਖ ਦੀ ਹੋਵੇ ਸੋਹਬਤ, ਇਕੋ ਨਾਮ ਧਿਆਈਆ । ਕਲਜੁਗ ਅੰਤਮ ਮੁੱਕੀ ਵੇਖੋ ਮੁਹਲਤ, ਵੇਲਾ ਵਕਤ ਦਏ ਦੁਹਾਈਆ । ਸਭ ਦੀ ਖ਼ਾਲੀ ਹੋਣੀ ਕੂੜੀ ਗੋਲਕ, ਮਾਇਆ ਮੋਹ ਰਹਿਣ ਨਾ ਪਾਈਆ । ਗੋਬਿੰਦ ਡੰਕਾ ਵੱਜਣਾ ਇਕ ਅਮੋਲਕ, ਦੋ ਜਹਾਨਾਂ ਕਰੇ ਸ਼ਨਵਾਈਆ । ਪਰਮ ਪੁਰਖ ਦਾ ਮੇਲਾ ਹੋਣਾ ਓੜਕ, ਨਾਤਾ ਤੁੱਟੇ ਸਰਬ ਲੁਕਾਈਆ । ਜਿਸਨੂੰ ਖੋਜਦੇ ਗਏ ਕੋਟ ਕੋਟਨ, ਕੋਟੀ ਕੋਟ ਧਿਆਨ ਲਗਾਈਆ । ਉਹ ਚੜ੍ਹਕੇ ਵੇਖੇ ਕਾਇਆ ਮੰਦਰ ਅੰਦਰ ਸਭ ਦੀ ਚੋਟਨ, ਸਚ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣੋ ਲੋਕ ਪਰਲੋਕ, ਬ੍ਰਹਿਮੰਡ ਖੰਡ ਦਿਆਂ ਜਣਾਈਆ । ਕਲਜੁਗ ਅੰਤਮ ਸ਼ਬਦ ਸੰਦੇਸ਼ਾ ਦੇਵਾਂ ਧੁਰ ਸਲੋਕ, ਸੋਹਲਾ ਆਪਣਾ ਨਾਮ ਸੁਣਾਈਆ । ਨਿਹਕਲੰਕ ਨਿਰਗੁਣ ਜੋਤ, ਰੂਪ ਰੰਗ ਰੇਖ ਸਮਝ ਕਿਸੇ ਨਾ ਆਈਆ । ਸਤਿ ਦਵਾਰੇ ਬਿਨ ਸਤਿਗੁਰ ਪੂਰੇ ਕੋਈ ਨਾ ਸਕੇ ਪਹੁੰਚ, ਕੋਟਨ ਕੋਟ ਪਾਂਧੀ ਰਾਹੀ ਰਾਹ ਵਿਚ ਬੈਠੇ ਡੇਰਾ ਲਾਈਆ । ਬੁੱਧੀ ਨਾਲ ਕਿਸੇ ਨਾ ਆਵੇ ਸੋਚ, ਕਲਜੁਗ ਜੀਵ ਅਨਭਵ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਲੇਖਾ ਦਏ ਮੁਕਾਈਆ । ਕਲਜੁਗ ਕੂਚ ਹੋਣਾ ਡੇਰਾ, ਲੋਕਮਾਤ ਰਹਿਣ ਨਾ ਪਾਈਆ । ਸ਼ਬਦ ਗੁਰ ਗੋਬਿੰਦ ਮਾਰੇ ਫੇਰਾ, ਵੇਸ ਆਪਣਾ ਆਪ ਵਟਾਈਆ । ਲੱਖ ਚੁਰਾਸੀ ਉਲਟਾ ਦੇਵੇ ਗੇੜਾ, ਸ਼ਬਦੀ ਲੱਠ ਭੁਆਈਆ । ਏਸ ਭਾਣੇ ਨੂੰ ਰੋਕੇ ਕਿਹੜਾ, ਰਾਜੇ ਰਾਣੇ ਸਰਬ ਖ਼ਾਕ ਮਿਲਾਈਆ । ਕੂੜੀ ਕਿਰਿਆ ਮਾਤ ਵਿਚੋਂ ਚੁੱਕੇ ਝੇੜਾ, ਸਚ ਸੁੱਚ ਵੱਜੇ ਵਧਾਈਆ । ਚਾਰ ਕੁੰਟ ਦਹਿ ਦਿਸ਼ਾ ਵਸਦਾ ਉਜੜੇ ਸਾਰਾ ਖੇੜਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਅੱਠਾਂ ਸੱਠਾਂ ਤੀਰਥ ਤੱਟਾਂ ਹੋਇਆ ਅੰਧੇਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਨੀਰ ਰਹੀ ਵਹਾਈਆ । ਬਿਨ ਸਾਹਿਬ ਸਵਾਮੀ ਅੰਤਰਜਾਮੀ ਕੋਈ ਨਾ ਬੰਨ੍ਹੇ ਬੇੜਾ, ਸ਼ੌਹ ਦਰਿਆ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਰਿਹਾ ਸੁਣਾਈਆ । ਕਲਜੁਗ ਅੰਤਮ ਸਾਰੇ ਰਹੇ ਦੌੜ, ਭੱਜਣ ਵਾਹੋ ਦਾਹੀਆ । ਕੋਈ ਕਹੇ ਓ ਬ੍ਰਾਹਮਣ ਗੌੜ, ਨੇਤਰ ਨੈਣ ਅੱਖ ਖੁਲ੍ਹਾਈਆ । ਕੋਈ ਕਹੇ ਉਸ ਜਾਣਾ ਬਹੁੜ, ਜੋ ਅਮਾਮਾਂ ਦਾ ਅਮਾਮ ਬੇਪਰਵਾਹੀਆ । ਕੋਈ ਕਹੇ ਉਸਨੇ ਵੇਖਣਾ ਤੱਕ ਕੇ ਗੌਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦੇ ਆਦਿ ਜੁਗਾਦਿ ਸਿਰ ਤੇ ਝੁਲਦਾ ਚੌਰ, ਸੋ ਸਾਹਿਬ ਸਵਾਮੀ ਲਾਸਾਨੀ ਇਕੋ ਇਕ ਅਖਵਾਈਆ । ਨਾਨਕ ਗੋਬਿੰਦ ਕਿਹਾ ਕਲ ਕਲਕੀ ਜਾਏ ਬਹੁੜ, ਨਿਹਕਲੰਕ ਆਪਣਾ ਨਾਮ ਰਖਾਈਆ । ਜਿਸ ਦੇ ਹੱਥ ਵਿਚ ਲੱਖ ਚੁਰਾਸੀ ਡੋਰ, ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਵਿਚ ਭੁਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਉਸਦੇ ਅੱਗੇ ਖੜ੍ਹੇ ਹੱਥ ਜੋੜ, ਨਮੋ ਨਮੋ ਸੱਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਨਿਹਕਲੰਕ ਨਿਹਕਰਮੀ, ਕਰਮ ਕਾਂਡ ਨਜ਼ਰ ਕੋਇ ਨਾ ਆਈਆ । ਧੁਰ ਦਾ ਮਾਲਕ ਸਭ ਦਾ ਧਰਮੀ, ਧਰਮ ਇਕੋ ਇਕ ਲਗਾਈਆ । ਵਸੇ ਬਾਹਰ ਵਰਨੀ ਬਰਨੀ, ਜ਼ਾਤ ਪਾਤ ਵਿਚ ਵੜਕੇ ਆਪਣਾ ਆਪ ਨਾ ਕਦੇ ਫਸਾਈਆ । ਜੀਵ ਜੰਤ ਸਾਧ ਸੰਤ ਸਭ ਨੂੰ ਬਖ਼ਸ਼ੇ ਇਕੋ ਸਰਨੀ, ਸਰਨਗਤ ਇਕੋ ਦਏ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਇਕੋ ਤੁਕ ਪੜ੍ਹਨੀ, ਸੋਹੰ ਸਤਿ ਸਰੂਪ ਸਮਾਈਆ । ਸਾਚੀ ਮੰਜ਼ਲ ਗੁਰਮੁਖ ਚੜ੍ਹਨੀ, ਕਾਇਆ ਮੰਦਰ ਅੰਦਰ ਪੌੜੀ ਡੰਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲ ਕਲਕੀ ਬੇਪਰਵਾਹੀਆ । ਕਲ ਕਲਕੀ ਹਰਿ ਫੇਰਾ ਪਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਜਿਸ ਦਾ ਰੂਪ ਰੰਗ ਕਿਸੇ ਨਜ਼ਰ ਨਾ ਆਇਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਸੁਣਾਈਆ । ਸਾਚੇ ਨਗਰ ਡੇਰਾ ਲਾਇਆ, ਉਚ ਮੁਨਾਰਾ ਇਕ ਸੁਹਾਇਆ, ਸੰਬਲ ਮਿਲੀ ਵਡਿਆਈਆ । ਅਦਲ ਇਨਸਾਫ ਕਰਨੇ ਆਇਆ, ਜਗਤ ਗੁਸਤਾਖ਼ ਮੇਟਣ ਆਇਆ, ਭਗਤ ਉਦਾਸ ਵੇਖਣ ਆਇਆ, ਗੁਰਮੁਖ ਲਏ ਜਗਾਈਆ । ਪ੍ਰਿਥਮੀ ਆਕਾਸ਼ ਖੋਜਣ ਆਇਆ,


੧੦੬੧
੧੨

ਬ੍ਰਹਮ ਬ੍ਰਹਿਮਾਦ ਵਿਰੋਲਣ ਆਇਆ, ਸ਼ਬਦ ਅਗੰਮੀ ਬੋਲਣ ਆਇਆ, ਧੁਰ ਦਾ ਰਾਗ ਸੁਣਾਈਆ । ਲੱਖ ਚੁਰਾਸੀ ਨਾਮ ਕੰਡੇ ਤੋਲਣ ਆਇਆ, ਸਚ ਦਵਾਰ ਸ੍ਰਿਸ਼ਟ ਸਬਾਈ ਇਕੋ ਖੋਲ੍ਹਣ ਆਇਆ, ਏਕਾ ਦੂਜਾ ਭਉ ਸਰਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਕਲ ਕਲਕੀ ਵਰਤੇ ਆਪਣੀ ਕਲ, ਕਾਲਖ ਟਿੱਕਾ ਦਏ ਮਿਟਾਈਆ । ਆਦਿ ਜੁਗਾਦੀ ਜਿਸ ਦਾ ਛਲ, ਅਛਲ ਛਲ ਧਾਰੀ ਆਪਣਾ ਖੇਲ ਵਖਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਦੀਨ ਦਿਆਲ ਬੈਠਾ ਮੱਲ, ਛੱਪਰ ਛੰਨ ਚਾਰ ਦੀਵਾਰ ਨਜ਼ਰ ਕੋਇ ਨਾ ਪਾਈਆ । ਜੋਤ ਸ਼ਬਦ ਸ਼ਬਦ ਜੋਤ ਗਿਆ ਰਲ, ਰਲ ਮਿਲ ਆਪਣਾ ਹੁਕਮ ਵਰਤਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲ, ਸਮੁੰਦ ਸਾਗਰ ਖੋਜ ਖੁਜਾਈਆ । ਕਰੇ ਖੇਲ ਘੜੀ ਘੜੀ ਪਲ ਪਲ, ਛਿਨ ਛਿਨ ਆਪਣੀ ਕਾਰ ਕਮਾਈਆ । ਸ਼ਾਹ ਪਾਤਸ਼ਾਹਾਂ ਰਾਜ ਰਾਜਾਨਾਂ ਦੇਵੇ ਦਲ, ਆਪਣਿਆਂ ਚਰਨਾ ਹੇਠ ਦਬਾਈਆ । ਸਾਚਾ ਤਖ਼ਤ ਦਿਲੀ ਦਵਾਰਾ ਲਏ ਮੱਲ, ਮਾਲਕ ਇਕ ਅਖਵਾਈਆ । ਧਾਮ ਵਖਾ ਕੇ ਇਕ ਨਿਹਚਲ, ਨਿਸਚਾ ਸਭ ਦਾ ਦਏ ਬੰਧਾਈਆ । ਪ੍ਰਭ ਨੂੰ ਸ੍ਰਿਸ਼ਟੀ ਦ੍ਰਿਸ਼ਟੀ ਬਦਲਣ ਲੱਗਿਆਂ ਕੋਈ ਨਾ ਹੋਵੇ ਖੇਚਲ, ਅੰਦਰੋ ਅੰਦਰੇ ਸੁਰਤੀ ਸੁਰਤ ਦਏ ਭੁਆਈਆ । ਸੰਤ ਸੁਹੇਲੇ ਗੁਰਮੁਖ ਸੱਚੇ ਮੁਰੀਦ ਮੁਰਸ਼ਦ ਨਾਲ ਮਿਲ ਕੇ ਵੇਖਣ, ਬਿਨ ਅੱਖਾਂ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਕਾਤੀ ਦਏ ਮਿਟਾਈਆ । ਕਲਜੁਗ ਕੂੜਾ ਵੇਲਾ ਚੁੱਕਣਾ, ਚਾਰ ਕੁੰਟ ਖ਼ੁਸ਼ੀ ਮਨਾਈਆ । ਸਫਾ ਮਲੇਛ ਉਠਣਾ, ਬਸਤੇ ਸਭ ਦੇ ਬੰਨ੍ਹ ਵਖਾਈਆ । ਹੰਕਾਰ ਵਿਕਾਰ ਕੁੱਟਣਾ, ਨਾਮ ਖੰਡਾ ਹੱਥ ਉਠਾਈਆ । ਝੂਠਾ ਬੂਟਾ ਪੁੱਟਣਾ, ਸ਼ੌਹ ਦਰਿਆ ਸੁਟਾਈਆ । ਸੰਤ ਸੁਹੇਲਿਆ ਪੁੱਛਣਾ, ਹਰਿਜਨ ਮੇਲ ਮਿਲਾਈਆ । ਪ੍ਰਭ ਦਾ ਤੀਰ ਨਿਸ਼ਾਨਿਉਂ ਕਦੇ ਨਾ ਉਕਣਾ, ਅਣਿਆਲਾ ਆਪ ਰਿਹਾ ਚਲਾਈਆ । ਸ੍ਰਿਸ਼ਟ ਸਬਾਈ ਉਸ ਦੇ ਅੱਗੇ ਝੁਕਣਾ, ਜੋ ਝੁਕਦਿਆਂ ਰਿਹਾ ਤਰਾਈਆ । ਦੂਈ ਦਵੈਤੀ ਮੇਟੇ ਦੁੱਖਣਾ, ਦਰਦੀਆਂ ਦਰਦ ਵੰਡਾਈਆ । ਭੁੱਖਿਆਂ ਦੀ ਕੱਢੇ ਭੁੱਖਣਾ, ਤ੍ਰਿਸਨਾ ਤ੍ਰਿਪਤ ਵਖਾਈਆ । ਏਸੇ ਕਾਰਨ ਗੁਰੂ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਸ੍ਰੀ ਭਗਵੰਤ ਦੇ ਆਉਣ ਦੀਆਂ ਸੁੱਖਦੇ ਗਏ ਸੁੱਖਣਾਂ, ਲਿਖਤਾਂ ਭਵਿਖਤਾਂ ਵਾਕਾਂ ਵਿਚ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

### ✪ ੧੫ ਮੱਘਰ ੨੦੨੧ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ ਪਿੰਡ ੨੫ ਬੀ੦ ਬੀ੦ ਰਾਜਸਥਾਨ ✪

ਸੋ ਪੁਰਖ ਨਿਰੰਜਣ ਮਹੱਲ ਅਟਲ ਬੈਠਾ ਉਚ ਉਚੇਰੇ, ਸਚਖੰਡ ਸਾਚੇ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਸ਼ਬਦ ਇਸ਼ਾਰੇ ਨਾਲ ਜਣਾਈਆ । ਕਲਜੁਗ ਵੇਖੋ ਅੰਤਮ ਝਗੜੇ ਝੇੜੇ, ਝੰਝਟ ਪਿਆ ਸਰਬ ਲੋਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਚੇ ਦਿਸੇ ਕੋਈ ਨਾ ਡੇਰੇ, ਸਤ ਸਤਿਵਾਦੀ ਨਜ਼ਰ ਕੋਇ ਨਾ ਆਈਆ । ਹਕੀਕਤ ਹਕ ਝਗੜਾ ਕਵਣ ਨਬੇੜੇ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਭਰੇ ਬੇੜੇ, ਸਾਚੀ ਨਈਆ ਨਜ਼ਰ ਕੋਇ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪਾਏ ਘੇਰੇ,



੧੦੬੨
੧੭

ਪੱਲੂ ਸਕੇ ਨਾ ਕੋਈ ਛੁਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹਨ ਬਥੇਰੇ, ਹਿਰਦੇ ਹਰਿ ਸਕੇ ਨਾ ਕੋਇ ਵਸਾਈਆ । ਜਗਤ ਹੰਝੂਆਂ ਨੇਤਰ ਸਭ ਨੇ ਕੇਰੇ, ਬਿਰਹੋਂ ਵੈਰਾਗੀ ਨਜ਼ਰ ਕੋਇ ਨਾ ਆਈਆ । ਨਾਰ ਕੰਤ ਜੀਵ ਜੰਤ ਮਾਨੁਖ ਮਾਨੁਸ਼ ਚਾਰ ਲਾਵਾਂ ਵਾਲੇ ਲੈ ਲਏ ਸਭ ਨੇ ਫੇਰੇ, ਆਤਮ ਪਰਮਾਤਮ ਨਾਲ ਨਾ ਕੋਈ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਅੱਗੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡਾ ਲਹਿਣਾ ਦਏ ਵਖਾਈਆ । ਸ੍ਰਿਸ਼ਟ ਸਬਾਈ ਅਗਨੀ ਦਗੇ, ਤ੍ਰੈਗੁਣ ਮਾਇਆ ਰਹੀ ਤਪਾਈਆ । ਹੰਸ ਰੂਪ ਹੋਏ ਕੱਗੇ, ਰਸਨਾ ਕਾਗ ਵਾਂਗ ਕੁਰਲਾਈਆ । ਘਰ ਸਵਾਮੀ ਕੋਈ ਨਾ ਸੱਦੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਭੱਜਣ ਵਾਹੋ ਦਾਹੀਆ । ਕੂੜੀ ਕਿਰਿਆ ਅੰਦਰੋਂ ਬਾਹਰ ਕੋਈ ਨਾ ਕੱਢੇ, ਅਠਸਠ ਤੀਰਥ ਨਹਾ ਨਹਾ ਖ਼ੁਸ਼ੀ ਮਨਾਈਆ । ਸਚ ਜੈਕਾਰਾ ਏਕੰਕਾਰਾ ਰਸਨਾ ਜਿਹਵਾ ਕੋਈ ਨਾ ਦੱਸੇ, ਹਿੱਸਿਆਂ ਵਿਚ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਅੰਗੜਾਈ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਰਿਹਾ ਸਮਝਾਈ, ਏਕੰਕਾਰਾ ਹੁਕਮ ਅਲਾਇੰਦਾ । ਆਦਿ ਨਿਰੰਜਣ ਕਹੇ ਵੇਖੋ ਆਪਣੀ ਰੁਸ਼ਨਾਈ, ਜਗਤ ਅੰਧੇਰਾ ਦੂਰ ਨਾ ਕੋਇ ਕਰਾਇੰਦਾ । ਅਬਿਨਾਸ਼ੀ ਕਰਤਾ ਵੇਖਣਹਾਰਾ ਚਾਈਂ ਚਾਈਂ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਵੇਖ ਵਖਾਇੰਦਾ । ਸ੍ਰੀ ਭਗਵਾਨ ਬੇਪਰਵਾਹੀ, ਬੇਪਰਵਾਹ ਆਪਣੀ ਕਲ ਧਰਾਇੰਦਾ । ਪਾਰਬ੍ਰਹਮ ਪ੍ਰਭ ਸਚ ਗੁਸਾਈਂ, ਗਹਿਰ ਗੰਭੀਰ ਧੁਰ ਦੀ ਕਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਨੈਣ, ਨੇਤਰ ਇਕੋ ਇਕ ਜਣਾਈਆ । ਕੂੜੀ ਕਿਰਿਆ ਵਹਿੰਦਾ ਵੇਖੋ ਵਹਿਣ, ਚਾਰ ਕੁੰਟ ਨਜ਼ਰੀ ਆਈਆ । ਨਾਤਾ ਤੁੱਟਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਸੰਗ ਨਾ ਕੋਇ ਨਿਭਾਈਆ । ਆਤਮ ਪਰਮਾਤਮ ਕੋਈ ਨਾ ਦੇਵੇ ਲਹਿਣਾ ਦੇਣ, ਜਗਤ ਵਣਜਾਰੇ ਵਪਾਰੀ ਘਰ ਘਰ ਫੇਰੀਆਂ ਪਾਈਆ । ਨਾਮ ਕਸਵੱਟੀ ਕਿਸੇ ਹੱਥ ਨਾ ਆਈ ਰਸੈਣ, ਕਲਜੁਗ ਸਾਧ ਸੰਤ ਵਾਚਕ ਬਚਨ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਤੱਕ, ਲੋਕਮਾਤ ਧਿਆਨ ਲਗਾਈਆ । ਪ੍ਰਭ ਮਿਲਣ ਦੀ ਕਿਸੇ ਨਾ ਮਿਲੀ ਅੱਖ, ਸੁੰਞੀ ਵੇਖੀ ਜਗਤ ਲੋਕਾਈਆ । ਦੀਆ ਬਾਤੀ ਘਰ ਜੋਤ ਨਾ ਕੋਇ ਪਰਕਾਸ਼, ਸ਼ਬਦ ਅਗੰਮੀ ਨਾਦ ਨਾ ਕੋਇ ਵਜਾਈਆ । ਚਾਰ ਵਰਨ ਅਠਾਰਾਂ ਬਰਨ ਭੱਜੇ ਫਿਰਨ ਵਿਚ ਪਰਭਾਸ, ਗ੍ਰਿਹਿ ਮੰਦਰ ਖੋਜਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਤੱਕੋ ਆਪਣੀ ਦੁਨੀਆ, ਹਰਿ ਕਰਤਾ ਆਪ ਜਣਾਈਆ । ਮਿਲਿਆ ਮੇਲ ਨਾ ਕਿਸੇ ਰਿਸ਼ੀਆਂ ਮੁੰਨੀਆਂ, ਕਲਜੁਗ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਤੇਈ ਅਵਤਾਰ ਵੇਖੋ ਚੋਟੀਆਂ ਮੁਨੀਆਂ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਈਸਾ ਮੂਸਾ ਮੁਹੰਮਦ ਵੇਖੋ ਸੁੰਨੀਆਂ, ਕਲਮਾ ਹਕ ਨਾ ਕੋਇ ਸਮਝਾਈਆ । ਨਾਨਕ ਗੋਬਿੰਦ ਵੇਖੋ ਧੁਨੀਆਂ, ਅਨਹਦ ਨਾਦੀ ਨਾਦ ਆਤਮਕ ਧੁਨ ਨਾ ਕੋਇ ਸ਼ਨਵਾਈਆ । ਰਸਨਾ ਜਿਹਵਾ ਬੱਤੀ ਦੰਦ ਮਾਇਆ ਕਾਰਨ ਸਭ ਦੀਆਂ ਹਿਲਦੀਆਂ

ਬੁੱਲੀਆਂ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਢੋਲੇ ਰਹੇ ਗਾਈਆ । ਧੁਰ ਪੁਕਾਰ ਹਰਿ ਨਿਰੰਕਾਰ ਕਿਸੇ ਨਾ ਸੁਣੀਆਂ, ਬੋਧ ਅਗਾਧਾ ਸ਼ਬਦ ਅਨਾਦਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਭਗਤਾਂ ਵਾਲੀ ਕਿਸੇ ਨਾ ਮਿਲੀ ਪਰਭਾਤ, ਪਰਭਾਤੀ ਉਠ ਕੇ ਸਾਰੇ ਮਜਨ ਰਹੇ ਕਰਾਈਆ । ਮਨ ਮਤ ਦੂਰ ਨਾ ਹੋਈ ਕਮਜ਼ਾਤ, ਕੁਲੱਖਣੀ ਘਰੋਂ ਬਾਹਰ ਨਾ ਕੋਇ ਕਢਾਈਆ । ਮਨੂਆ ਕਰੇ ਨਾ ਕੋਇ ਘਾਤ, ਹੰਕਾਰ ਅੰਦਰ ਬਹਿ ਬਹਿ ਡੇਰਾ ਲਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਜੋੜੇ ਕੋਈ ਨਾ ਨਾਤ, ਧੁਰ ਦਾ ਸੱਜਣ ਮੇਲ ਨਾ ਕੋਇ ਮਿਲਾਈਆ । ਬੰਦ ਕਿਵਾੜੀ ਬਜਰ ਕਪਾਟੀ ਖੋਲ੍ਹੇ ਕੋਈ ਨਾ ਤਾਕ, ਪੜਦਾ ਸਕੇ ਨਾ ਕੋਇ ਉਠਾਈਆ । ਝਗੜਾ ਪਿਆ ਵਰਨ ਬਰਨ ਜ਼ਾਤ ਪਾਤ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਜੋ ਕਲਮਾ ਲਿਖ ਕੇ ਆਏ ਕਾਇਨਾਤ, ਹਰਫ਼ ਹਰੂਫ਼ ਅਲਫ਼ ਯੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਵੇਖੋ ਦਰਵਾਜ਼ਾ, ਦੀਨ ਦੁਨੀ ਦੋਵੇਂ ਰਹੇ ਕੁਰਲਾਈਆ । ਕਿਸੇ ਨਾ ਮਿਲਿਆ ਗ਼ਰੀਬ ਨਿਵਾਜ਼ਾ, ਆਤਮ ਅੰਤਰ ਸਵੱਛ ਸਰੂਪੀ ਦਰਸ਼ਨ ਕੋਈ ਨਾ ਪਾਈਆ । ਫਿਰ ਫਿਰ ਆਏ ਮੱਕਾ ਕਾਅਬਾ, ਕਾਇਆ ਹੁਜਰਾ ਵੇਖਣ ਕੋਇ ਨਾ ਪਾਈਆ । ਪੰਜ ਵਕਤ ਪੜ੍ਹਦੇ ਰਹੇ ਨਿਮਾਜ਼ਾ, ਸਾਚਾ ਵੁਜ਼ੂ ਹਕ ਹਲਾਲ ਗ੍ਰਿਹ ਮੰਦਰ ਨਾ ਕੋਇ ਵਖਾਈਆ । ਵੇਦ ਪੁਰਾਨਾਂ ਸ਼ਾਸਤਰਾਂ ਪੜ੍ਹਦੇ ਪੂਜਾ ਪਾਠਾ, ਹਵਨ ਦੀਪ ਘਿਰਤ ਆਰਤੀ ਸੁਗੰਧੀ ਨਾਲ ਮਿਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾਉਂਦੇ ਤੀਰਥ ਤਾਟਾ, ਤਟ ਕਿਨਾਰੇ ਫਿਰਨ ਵਾਹੋ ਦਾਹੀਆ । ਸਾਹਿਬ ਸਵਾਮੀ ਅੰਤਰਜਾਮੀ ਕਿਸੇ ਨਾ ਮਿਲਿਆ ਸਾਥਾ, ਘਰ ਸਾਚੇ ਮਿਲ ਮਿਲ ਖ਼ੁਸ਼ੀ ਨਾ ਕੋਇ ਮਨਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡਾ ਮੰਨੇ ਕੋਈ ਨਾ ਆਖਾ, ਸਦੀ ਵੀਹਵੀਂ ਦਏ ਦੁਹਾਈਆ । ਕਰਵਟ ਲੈ ਆਪਣਾ ਬਦਲੋ ਪਾਸਾ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਮਾਤਰ ਭੂਮੀ, ਧਰਨੀ ਧਰਤ ਧਵਲ ਧਿਆਨ ਲਗਾਈਆ । ਕੋਈ ਨਾ ਦਿਸੇ ਗਹਿਰ ਗੰਭੀਰ ਬੇਨਜ਼ੀਰ ਸਾਚਾ ਗੁਣੀ, ਅਵਗੁਣ ਘਰ ਘਰ ਨਜ਼ਰੀ ਆਈਆ । ਸਚ ਆਵਾਜ਼ ਧੁਰ ਦਰਗਾਹੀ ਨਾ ਕਿਸੇ ਸੁਣੀ, ਸਰਵਣ ਸਮਝ ਕਿਸੇ ਨਾ ਆਈਆ । ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਸਾਰੀ ਪੁਣੀ, ਜੀਵ ਜੰਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਇਕ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਵੱਲ ਤੱਕਣ, ਪ੍ਰਭ ਚਰਨ ਸੀਸ ਨਿਵਾਈਆ । ਸਦੀ ਚੌਧਵੀਂ ਕੋਈ ਨਾ ਜਾਣੇ ਹਕੀਕਤ ਹਕਨ, ਹਕੂਕ ਆਪਣੇ ਸਾਰੇ ਬੈਠੇ ਗਵਾਈਆ । ਬਣ ਬਣ ਪਾਂਧੀ ਸਾਰੇ ਥੱਕਣ, ਮੰਜ਼ਲ ਨਜ਼ਰ ਕਿਸੇ ਨਾ ਆਈਆ । ਕੂੜ ਕੁੜਿਆਰਾ ਕੁੱਠਾ ਛਕਣ, ਆਬੇ ਹਯਾਤ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਮਨ ਵਾਸਨਾ ਉਠ ਉਠ ਨੱਸਣ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਉਂ ਨਿਉਂ ਸਾਰੇ ਲਾਗਣ ਪਾਈਆ । ਤੇਈ ਅਵਤਾਰ ਉਠ

ਖਲੋਤੇ, ਆਪਣਾ ਬਲ ਧਰਾਈਆ । ਆਪਣੀ ਸੋਚ ਕੋਈ ਨਾ ਸੋਚੇ, ਸਮਝ ਸਮਝ ਨਾ ਕੋਇ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਅਥਾਹ ਸਾਗਰ ਵਿਚ ਸਾਰੇ ਖਾਂਦੇ ਗੋਤੇ, ਤਾਰੂ ਤਰਨ ਕੋਇ ਨਾ ਪਾਈਆ । ਸਾਧ ਸੰਤ ਵੇਖੇ ਰੋਂਦੇ, ਨੇਤਰ ਨੈਣਾਂ ਨੀਰ ਵਹਾਈਆ । ਦੁਰਮਤ ਮੈਲ ਬਿਨ ਤੇਰੀ ਕਿਰਪਾ ਕੋਈ ਨਾ ਧੋਂਦੇ, ਸਤਿ ਸਰੂਪ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਈਸਾ ਮੂਸਾ ਕਹੇ ਮੁਹੰਮਦ, ਮਿਹਰਵਾਨ ਤੇਰੀ ਸਰਨਾਈਆ । ਲਾਸ਼ਰੀਕ ਤੇਰੀ ਸਮਝੇ ਕੋਈ ਨਾ ਰਮਜ਼, ਇਸ਼ਾਰਾ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਵੇਖ ਕੇ ਅਸੀਂ ਹੋਏ ਤਅੱਜਬ, ਹੈਰਾਨੀ ਉਤੇ ਛਾਈਆ । ਯਾ ਮਹਿਬੂਬ ਇਹ ਕੀ ਹੋਇਆ ਗ਼ਜ਼ਬ, ਤੇਰੀ ਗ਼ਰਜ਼ ਕਿਸੇ ਰਹੀ ਨਾ ਰਾਈਆ । ਸਿਦਕ ਸਬੂਰੀ ਤੁੱਟੀ ਨਾਰ ਮਰਦ, ਮਰਦ ਮਰਦਾਨੇ ਤੇਰਾ ਦਰਸ ਕੋਇ ਨਾ ਪਾਈਆ । ਹੱਥ ਕਸਾਈ ਸਭ ਨੇ ਫੜੀ ਕਰਦ, ਕਾਤਲ ਮਕਤੂਲ ਭਰਮ ਨਾ ਕੋਇ ਮੁਕਾਈਆ । ਦੀਨਾਂ ਅਨਾਥਾਂ ਕੋਈ ਨਾ ਵੰਡੇ ਦਰਦ, ਦੁਖੀਆਂ ਦੁੱਖ ਝੋਲੀ ਕੋਇ ਨਾ ਪਾਈਆ । ਸਾਰੇ ਵੇਖ ਹੋਏ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਦਰਸਾਈਆ । ਅੱਗੇ ਹੋ ਕੇ ਜਾਣ ਗੁਰਦੇਵ, ਵਾਹ ਵਾਹ ਤੇਰੀ ਬੇਪਰਵਾਹੀਆ । ਅਸੀਂ ਲਾ ਕੇ ਆਏ ਸਾਚੀ ਸੇਵ, ਸੇਵਕ ਰੂਪ ਬਣਾਈਆ । ਤੇਰਾ ਧਾਮ ਦੱਸ ਕੇ ਆਏ ਇਕ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਅੰਮ੍ਰਿਤ ਰਸ ਦੇਵੇ ਮੇਵ, ਵਸਤ ਅਮੋਲਕ ਇਕ ਵਰਤਾਈਆ । ਜਿਸ ਨੂੰ ਦਾਤਾ ਦਾਨੀ ਗਹਿਰ ਗੰਭੀਰ ਕਹਿੰਦੇ ਅਲਖ ਅਭੇਵ, ਅਗੰਮ ਅਥਾਹ ਅਗੋਚਰ ਇਕੋ ਨਜ਼ਰੀ ਆਈਆ । ਜਿਸ ਦੀ ਸਿਫ਼ਤ ਸਲਾਹ ਸਦਾ ਕਰੇ ਰਸਨਾ ਜਿਹਵ, ਜੀਵਣ ਜੁਗਤ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦੇਣਾ ਦੇ ਚੁਕਾਈਆ । ਸ੍ਰੀ ਭਗਵਾਨ ਸਹਿਜ ਸੁਭਾਉ ਹੱਸਦਾ, ਬੀਸ ਇਕੀਸੀ ਖ਼ੁਸ਼ੀ ਮਨਾਈਆ । ਬੇਸ਼ਕ ਮੈਂ ਸਭ ਦੇ ਅੰਦਰ ਵਸਦਾ, ਘਟ ਘਟ ਡੇਰਾ ਲਾਈਆ । ਕੋਟਨ ਕੋਟਾਂ ਵਿਚੋਂ ਭਗਤ ਵਿਰਲੇ ਆਪਣਾ ਭੇਵ ਦੱਸਦਾ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਬਾਕੀ ਸਭ ਦੇ ਅੰਦਰ ਵੜ ਕੇ ਲੁਕਦਾ, ਲੱਭਿਆਂ ਹੱਥ ਕਿਸੇ ਨਾ ਆਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਏਸੇ ਕਾਰਨ ਤੁਹਾਨੂੰ ਪੁੱਛਦਾ, ਕਿਉਂ ਤੁਹਾਡੇ ਨਾਲੋਂ ਉਹਨਾਂ ਦੀ ਹੋਈ ਜੁਦਾਈਆ । ਜੋ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਾ ਕੇ ਝੁਕਦਾ, ਤਿਨ੍ਹਾਂ ਦਾ ਮੇਲ ਨਾ ਕੋਇ ਕਰਾਈਆ । ਅੰਦਰ ਵੜ ਕੇ ਕੂੜਾ ਬੂਟਾ ਜੜ੍ਹ ਕੋਈ ਨਾ ਪੁੱਟਦਾ, ਸਚ ਫੁਲਵਾੜੀ ਨਾ ਕੋਇ ਮਹਿਕਾਈਆ । ਕਲਜੁਗ ਭਰਿਆ ਵੇਖੋ ਦੁੱਖ ਦਾ, ਦਲਿਦ੍ਰ ਦਏ ਦੁਹਾਈਆ । ਕੋਝਿਆਂ ਕਮਲਿਆਂ ਕੋਇ ਨਾ ਪੁੱਛਦਾ, ਗ਼ਰੀਬਾਂ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣ ਕੇ ਹੋਏ ਚੁੱਪ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਪ੍ਰਭੂ ਵੇਖ ਅੰਧੇਰਾ ਘੁੱਪ, ਸਾਡੀ ਚਲੇ ਨਾ ਕੋਇ ਚਤੁਰਾਈਆ । ਕੂੜੀ ਕਿਰਿਆ ਕਲਜੁਗ ਜੀਵ ਕੀਤੇ ਬੇਮੁਖ, ਸਨਮੁਖ ਨਜ਼ਰ ਕੋਇ ਨਾ ਆਈਆ । ਤੈਨੂੰ ਭੁੱਲ ਕੇ ਪਾਵਣ ਦੁੱਖ, ਸਾਡੇ ਨਾਲੋਂ ਹੋਈ ਜੁਦਾਈਆ । ਕੋਈ ਨਾ ਫੜੇ ਕਿਸੇ ਦਾ ਸਗਨਾ ਵਾਲਾ ਗੁੱਟ, ਧੁਰ ਦਾ ਸੰਗ ਨਾ ਕੋਇ ਰਖਾਈਆ । ਸਭ ਦੀ ਅੰਤਰ ਆਤਮ ਲਿਵ ਗਈ ਛੁਟ, ਛੁਟਕੀ ਲਿਵ ਨਾ ਕੋਇ ਜੁੜਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸੇ ਬੁੱਤ, ਪੰਜ ਤਤ ਕੂੜ ਵਿਕਾਰਾ ਡੇਰਾ ਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦੇ ਵਖਾਈਆ । ਸ੍ਰੀ ਭਗਵਾਨ ਦੀਨ ਦਿਆਲਾ, ਦਇਆਨਿਧ ਦਇਆ ਕਮਾਇੰਦਾ । ਸਭ ਨੂੰ ਦੇਵਾਂ ਇਕ ਅਹਿਵਾਲਾ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਪਤਿਪਰਮੇਸ਼ਵਰ ਆਦਿ ਜੁਗਾਦਿ ਸਦਾ ਰਖਵਾਲਾ, ਰੱਖਕ ਇਕੋ ਨਜਰੀਂ ਆਇੰਦਾ । ਸਚਖੰਡ ਵਸੇ ਸੱਚੀ ਧਰਮਸਾਲਾ, ਮੁਕਾਮੇ ਹਕ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਛੋਟੇ ਬੱਚੇ ਨੰਨ੍ਹੇ ਨੰਨ੍ਹੇ ਬਾਲਾ, ਲਾਲਨ ਆਪਣਾ ਹੁਕਮ ਮਨਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇ ਅੰਦਰ ਘਾਲਨ ਆਏ ਘਾਲਾ, ਸੇਵਕ ਸੇਵਾ ਸਾਚੀ ਸਚ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲਿਖ ਕੇ ਆਏ ਜਹਾਨ, ਕਲਮ ਸ਼ਾਹੀ ਕਾਗ਼ਜ਼ ਵੰਡ ਵੰਡਾਇੰਦਾ । ਕੋਟਨ ਕੋਟ ਸਿਫ਼ਤੀ ਨਾਮ ਦੇ ਕੇ ਆਏ ਪੈਗ਼ਾਮ, ਪੀਰ ਪੈਗ਼ੰਬਰ ਸਿਫ਼ਤਾਂ ਨਾਲ ਸਲਾਹਿੰਦਾ । ਲੇਖਾ ਜਾਣੇ ਸ਼ਾਹ ਸੁਲਤਾਨ ਨੌਜਵਾਨ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਅਬਿਨਾਸ਼ੀ ਕਰਤਾ ਕਹੇ ਸੁਣੋ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਸਮਝ ਕੋਇ ਨਾ ਆਈਆ । ਸ੍ਰੀ ਭਗਵਾਨ ਕਹੇ ਸੁਣੋ ਨਾਮ, ਅੰਡਜ ਜੇਰਜ ਉਤਭੁਜ ਸੇਤਜ ਭੇਵ ਕੋਇ ਨਾ ਪਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਹੇ ਸੁਣੋ ਰਾਮ, ਜੋ ਹਰ ਘਟ ਰਮਿਆ ਲੱਖ ਚੁਰਾਸੀ ਅੰਦਰ ਗ੍ਰਿਹਿ ਗ੍ਰਿਹਿ ਆਪਣਾ ਡੇਰਾ ਲਾਈਆ । ਪਤਿਪਰਮੇਸ਼ਵਰ ਕਹੇ ਸੁਣੋ ਧੁਰ ਦਾ ਕਾਹਨ, ਜੋ ਘਨ੍ਹਈਆ ਨਈਆ ਨੌਕਾ ਨਾਮ ਬੰਸਰੀ ਗ੍ਰਿਹਿ ਗ੍ਰਿਹਿ ਰਿਹਾ ਸੁਣਾਈਆ । ਸ਼ਾਹੋ ਭੂਪ ਕਹੇ ਸੁਣੋ ਅਮਾਮ, ਜੋ ਪੀਰ ਪੈਗ਼ੰਬਰਾਂ ਮੁੱਲਾਂ ਸ਼ੇਖ਼ਾਂ ਮੁਸਾਇਕਾਂ ਕਲਮਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਪੀਰ ਪੈਗ਼ੰਬਰ ਗੁਰੂ ਅਵਤਾਰ ਦੋਏ ਜੋੜ ਸਾਰੇ ਗਏ ਝੁਕ, ਪ੍ਰਭੂ ਚਰਨ ਕਵਲ ਧਿਆਨ ਲਗਾਈਆ । ਕਲਜੁਗ ਅੰਤਮ ਸਾਡਾ ਪੈਂਡਾ ਗਿਆ ਮੁੱਕ, ਅੱਗੇ ਪੰਧ ਨਾ ਕੋਇ ਵਖਾਈਆ । ਤੇਰੇ ਦਰ ਤੇ ਸਾਰੇ ਬੈਠੇ ਹੋ ਸਨਮੁਖ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਤੂੰ ਸਾਹਿਬ ਸੁਲਤਾਨ ਸ੍ਰੀ ਭਗਵਾਨ ਸ਼ਬਦ ਦੁਲਾਰਾ ਇਕੋ ਭੇਜ ਆਪਣਾ ਸੁਤ, ਸਤਿ ਸਤਿਵਾਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਦੇ ਬਣਾਈਆ । ਸ੍ਰੀ ਭਗਵਾਨ ਕਹੇ ਸੁਣੋ ਸੰਦੇਸ਼, ਸੱਦਾ ਇਕ ਜਣਾਈਆ । ਉਹ ਵੇਖੋ ਦਰ ਤੇ ਆਏ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਨਿਉਂ ਨਿਉਂ ਸੀਸ ਨਿਵਾਈਆ । ਕਰੋੜ ਤੇਤੀਸਾ ਨੇਤਰ ਨੈਣ ਨੀਰ ਵਹਾ ਕਰੇ ਆਦੇਸ, ਸੁਰਪਤ ਇੰਦ ਰਿਹਾ ਕੁਰਲਾਈਆ । ਚਾਰੋਂ ਕੁੰਟ ਵੇਖ ਕੂੜੀ ਖੇਡ, ਧੀਰਜ ਸਕੇ ਨਾ ਕੋਇ ਧਰਾਈਆ । ਮੁੱਲਾਂ ਸ਼ੇਖ਼ਾਂ ਮੁਸਾਇਕਾਂ ਕੋਈ ਨਾ ਸੁਣੇ ਹਦਾਇਤ, ਹਾਜ਼ਰ ਹੋ ਕੇ ਹੁਕਮ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਆਪਣਾ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਸਚ ਨਾ ਕੋਈ ਸੱਯਦਾ, ਧੂੜੀ ਟਿੱਕਾ ਖ਼ਾਕ ਨਾ ਕੋਇ ਰਮਾਈਆ । ਪਰਮ ਪੁਰਖ ਬਣੇ ਕੋਈ ਨਾ ਬਰਦਾ, ਗ਼ੁਲਾਮ ਨਫ਼ਰ ਸਾਰੇ ਘਰ ਘਰ ਇਕ ਦੂਜੇ ਦੇ ਨਜ਼ਰੀ ਆਈਆ । ਅੰਦਰੋਂ ਸਾਫ਼ ਗੁਸਤਾਖ਼ ਕਿਸੇ ਨਾ ਹੋਇਆ ਹਿਰਦਾ, ਹਰਦਮ ਹਰਿ ਹਰਿ ਧਿਆਨ ਨਾ ਕੋਇ ਲਗਾਈਆ । ਅੰਤਰ ਝਿਰਨਾ ਨਾ ਵੇਖੇ ਕਿਸੇ ਦਾ ਝਿਰਦਾ, ਬੂੰਦ ਸਵਾਂਤੀ ਨਾ ਕਿਸੇ ਟਪਕਾਈਆ । ਕਾਇਆ ਮੰਦਰ ਅੰਦਰ ਸਚ ਮਨਾਰੇ ਚੜ੍ਹ ਕੇ ਕੋਈ ਨਾ ਵੇਖਿਆ ਫਿਰਦਾ, ਬੰਦ ਕਿਵਾੜੀ ਕੁੰਡਾ ਕੋਇ ਨਾ ਲਾਹੀਆ । ਸਾਚੀ ਸੇਜਾ ਬਹਿ ਕੇ ਆਤਮ ਰਸ

ਮਾਣੇ ਕੋਈ ਨਾ ਪਿਰ ਦਾ, ਕੂੜੀ ਕਿਰਿਆ ਸੇਜ ਸਰਬ ਹੰਢਾਈਆ । ਦਰਸ ਪਾਇਆ ਨਾ ਕਿਸੇ ਘਰ ਥਿਰ ਦਾ, ਰਸਨਾ ਗਾ ਗਾ ਸਾਰੇ ਰਹੇ ਸੁਣਾਈਆ । ਵੇਰਵਾ ਕਿਸੇ ਨਾ ਕਰਿਆ ਨਿਰਵੈਰ ਨਿਰਾਕਾਰ ਨਿਰੰਕਾਰ ਨਿਰ ਦਾ, ਸਰਗੁਣ ਬੁਧ ਮਤ ਮਨ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਓਟ, ਓੜਕ ਇਕ ਧਿਆਨ ਲਗਾਈਆ । ਸਾਡੀ ਚਲੇ ਨਾ ਕੋਈ ਸੋਚ, ਸੋਚ ਸਮਝ ਨਾ ਕੋਈ ਰਖਾਈਆ । ਤੂੰ ਮਾਲਕ ਖ਼ਾਲਕ ਨਿਰਵੈਰ ਪੁਰਖ ਅਗੰਮੀ ਜੋਤ, ਘਰ ਘਰ ਤੇਰਾ ਨੂਰ ਰੁਸ਼ਨਾਈਆ । ਤੇਰਾ ਖੇਲ ਬ੍ਰਹਿਮੰਡ ਖੰਡ ਪੁਰੀ ਲੋਅ ਕੋਟਨ ਕੋਟ, ਧਰਤ ਧਵਲ ਜ਼ਿਮੀਂ ਆਸਮਾਨ ਤੇਰਾ ਲਹਿਣਾ ਦੇਣਾ ਚੌਦਾਂ ਤਬਕ ਚੌਦਾਂ ਲੋਕ, ਚੌਦਾਂ ਵਿਦਿਆ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਛਾਇਆ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਹੁਕਮੇ ਅੰਦਰ ਸੇਵ ਕਮਾਇਆ, ਸਿਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਭੱਜੇ ਵਾਹੋ ਦਾਹਿਆ, ਪੰਜ ਤਤ ਕਾਇਆ ਰਚਨ ਰਚਾਇਆ, ਪੰਜ ਦਸ ਪੰਝੀ ਵੰਡ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਠਾਂ ਤੱਤਾਂ ਜੋੜ ਜੁੜਾਇਆ, ਨੌਂ ਦਰ ਰਾਹ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਗੜ੍ਹ ਬੰਕ ਸੁਹਾਇਆ, ਮਹੱਲ ਅਟਲ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਵਿਚ ਘਰ ਇਕ ਪਰਗਟਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੀਵਾ ਬਾਤੀ ਕਮਲਾਪਾਤੀ ਇਕ ਜਗਾਇਆ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤਾਲ ਤਲਵਾੜਾ ਇਕ ਵਜਾਇਆ, ਅਨਹਦ ਨਾਦੀ ਨਾਦ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਚ, ਸਚ ਤੇਰੀ ਵਡਿਆਈਆ । ਕਾਇਆ ਮਾਟੀ ਭਾਂਡੇ ਵੇਖੇ ਕੱਚ, ਸਾਢੇ ਤਿੰਨ ਹੱਥ ਸੋਹਣੀ ਬਣਤ ਬਣਾਈਆ । ਮਨ ਮਨੂਆ ਵਿਚ ਰਿਹਾ ਨੱਚ, ਦਹਿ ਦਿਸ਼ਾ ਉਠ ਉਠ ਧਾਈਆ । ਜੋ ਮਾਰਗ ਅਸੀਂ ਆਏ ਦੱਸ, ਕਲਜੁਗ ਜੀਵ ਗਏ ਭੁਲਾਈਆ । ਅੰਤਰ ਅੰਤਰ ਮਿਲੇ ਕਿਸੇ ਨਾ ਸਾਥ, ਸਭ ਤੋਂ ਹੋਈ ਜੁਦਾਈਆ । ਅੱਖਰਾਂ ਵਾਲਾ ਪੜ੍ਹ ਪੜ੍ਹ ਥੱਕੇ ਪਾਠ, ਨਿਰਅੱਖਰ ਭੇਵ ਨਾ ਕੋਇ ਖੁਲ੍ਹਾਈਆ । ਪਤਣਾਂ ਉਤੇ ਬਹਿ ਬਹਿ ਆਏ ਘਾਟ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਦਰੋਹੀ ਖ਼ੁਦਾ ਦੀ ਸਾਡੀ ਮੁੱਕੀ ਵਾਟ, ਪੀਰ ਪੈਗ਼ੰਬਰ ਸੀਸ ਝੁਕਾਈਆ । ਗੁਰ ਅਵਤਾਰ ਕਹਿਣ ਪ੍ਰਭ ਤੂੰ ਸਾਹਿਬ ਸਦਾ ਸਾਖਿਆਤ, ਸੱਜਣ ਸਖਾ ਇਕ ਅਖਵਾਈਆ । ਅਸੀਂ ਲੇਖਾ ਲਿਖ ਕੇ ਆਏ ਕਲਮ ਦਵਾਤ, ਭਵਿਖਤਾਂ ਵਿਚ ਸ਼ਹਾਦਤ ਏਕਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਆਵੇ ਕਮਲਾਪਾਤ, ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਦੀ ਸਭ ਤੋਂ ਵੱਖਰੀ ਨਿਰਾਲੀ ਜ਼ਾਤ, ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦੇ ਵਖਾਈਆ । ਸ੍ਰੀ ਭਗਵਾਨ ਕਹੇ ਤੱਕੋ ਜ਼ਿਮੀਂ ਆਸਮਾਨ, ਰਵ ਸਸ ਮੰਡਲ ਮੰਡਪ ਰਿਹਾ ਕੁਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਕੁਰਲਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹਿਆਂ ਕਿਸੇ ਨਾ ਆਇਆ ਗਿਆਨ, ਗੁਣੀਆਂ ਸਮਝ ਕੋਇ ਨਾ ਆਈਆ । ਚਾਰ ਕੁੰਟ ਮਨ ਵਾਸਨਾ ਭੱਜੇ ਸਵਾਨ,


੧੦੬੭
੧੭

ਉਠ ਉਠ ਦਹਿ ਦਿਸ਼ ਧਾਈਆ । ਕਾਇਆ ਮੰਦਰ ਖੋਜੇ ਨਾ ਕੋਇ ਮਕਾਨ, ਮਕਬਰਿਆਂ ਜਾ ਜਾ ਸੀਸ ਨਿਵਾਈਆ । ਘਰ ਸਵਾਮੀ ਕਿਸੇ ਨਾ ਮਿਲਿਆ ਆਣ, ਜੰਗਲ ਜੂਹ ਉਜਾੜ ਪਹਾੜ ਢੂੰਡਣ ਮੂਰਖ ਸਮਝ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਸਿਖਿਆ ਦੇ ਕੇ ਆਏ ਜਹਾਨ, ਜਹਾਲਤ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਸਾਰੇ ਦੇ ਦਿਉ ਅਸਤੀਫ਼ਾ, ਮਾਲਕ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਆਪਣਾ ਵੇਖੇ ਆਪ ਬਾਗ਼ੀਚਾ, ਨਵ ਨੌ ਚਾਰ ਖੋਜ ਖੁਜਾਈਆ । ਸਾਚਾ ਨਾਮ ਸਾਚਾ ਕਲਮਾ ਕਾਇਨਾਤ ਸ੍ਰਿਸ਼ਟ ਸਬਾਈ ਦੇਵੇ ਇਕ ਹਦੀਸਾ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਭੇਵ ਚੁਕਾਏ ਰਾਓ ਰੰਕਾਂ ਊਚਾਂ ਨੀਚਾਂ, ਜ਼ਾਤ ਪਾਤ ਵਰਨ ਬਰਨ ਰਹਿਣ ਕੋਇ ਨਾ ਪਾਈਆ । ਮਾਣ ਦਵਾਏ ਹਸਤ ਕੀਟਾਂ, ਧਾਮ ਵਖਾਏ ਇਕ ਅਨਡੀਠਾ, ਤ੍ਰੈਗੁਣ ਅਗਨੀ ਨਾ ਤਪੇ ਅੰਗੀਠਾ, ਅੰਮ੍ਰਿਤ ਜਾਮ ਦਏ ਪਿਆਈਆ । ਸਤਿਜੁਗ ਚਲਾਏ ਆਪਣੀ ਰੀਤਾ, ਨਾਤਾ ਛੁੱਟੇ ਮੰਦਰ ਮਸੀਤਾ, ਇਕੋ ਢੋਲਾ ਗਾਉਣਾ ਗੀਤਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਾਇਆ ਤਤ ਕਰੇ ਠਾਂਡਾ ਸੀਤਾ, ਮਿੱਠਾ ਕੌੜਾ ਹੋਵੇ ਰੀਠਾ, ਅੰਮ੍ਰਿਤ ਰਸ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਦਿਉ ਦਰਖ਼ਾਸਤ, ਬੇਨੰਤੀ ਆਪਣੀ ਇਕ ਸੁਣਾਈਆ । ਸਾਡਾ ਲਹਿਣਾ ਦੇਣਾ ਹੋਵੇ ਬਰਖ਼ਾਸਤ, ਲੋਕਮਾਤ ਹੁਕਮ ਰਹਿਣ ਕੋਇ ਨਾ ਪਾਈਆ । ਅਸੀਂ ਪ੍ਰਭ ਦੇ ਸਹਾਰੇ ਆਏ ਮਾਰਫ਼ਤ, ਮਹਿਬੂਬ ਦਾ ਹੁਕਮ ਮਾਤ ਸੁਣਾਈਆ । ਪਤਿਪਰਮੇਸ਼ਵਰ ਦੀ ਕਰਾਕੇ ਗਏ ਤੁਆਰਫ਼, ਧੁਰ ਦਾ ਰਾਗ ਅਲਾਈਆ । ਅੰਤਮ ਸਾਰੇ ਹੋਏ ਆਜਿਜ਼, ਸਿਰ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਦੱਸੀ ਇਬਾਦਤ, ਲੋਕਮਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਦਿਓ ਆਪਣੀ ਅਰਜ਼, ਆਰਜ਼ੂ ਇਕ ਜਣਾਈਆ । ਕਲਜੁਗ ਜੀਵ ਕੋਈ ਨਾ ਸਕੇ ਵਰਜ, ਭੈ ਭਉ ਨਾ ਕੋਇ ਰਖਾਈਆ । ਦੁਖੀਆਂ ਵੰਡੇ ਕੋਈ ਨਾ ਦਰਦ, ਦੀਨਾਂ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਤਰ ਆਈ ਚਿੰਦ, ਇਕੋ ਧਿਆਨ ਲਗਾਈਆ । ਕੀ ਸਾਹਿਬ ਹੁਕਮ ਦੇਵੇਂ ਬਖ਼ਸ਼ਿੰਦ, ਸ਼ਾਹ ਸੁਲਤਾਨ ਰਿਹਾ ਸੁਣਾਈਆ । ਗਹਿਰ ਗੰਭੀਰ ਅੱਗੋਂ ਬੋਲਿਆ ਗੁਰ ਗੋਬਿੰਦ, ਸੂਰਬੀਰ ਅੱਖ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਮੈਂ ਤੇਰੀ ਅਨਾਦੀ ਬਿੰਦ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਮੈਂ ਤੇਰਾ ਅੰਮ੍ਰਿਤ ਰਸ ਪੀਤਾ ਸਾਗਰ ਸਿੰਧ, ਜੋ ਜਗਤ ਅੰਧੇਰੀ ਸੰਧਿਆ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਧੁਰ ਸੰਦੇਸ਼ ਦਿਆਂ ਸੁਣਾਈਆ । ਗੋਬਿੰਦ ਕਿਹਾ ਸੁਣ ਭਗਵਾਨ, ਇਕੋ ਵਾਰ ਜਣਾਈਆ । ਤੇਰਾ ਮੇਰਾ ਇਕ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਮਾਛੂਵਾੜਾ ਵਕਤ ਪਹਿਚਾਨ, ਸੂਲਾਂ ਸੇਜ ਸੁਹਾਈਆ । ਦਿਤਾ ਸੁਨੇਹੜਾ ਹਰਿ ਫ਼ਰਮਾਨ, ਧੁਰ ਦੀ ਧਾਰ ਜਣਾਈਆ । ਗੋਦੀ ਚੁੱਕ ਕੇ ਕਿਹਾ ਮੇਰੇ ਬਾਲ ਅੰਞਾਣ, ਲਾਲ ਤੇਰੀ ਵਡਿਆਈਆ । ਤੈਨੂੰ ਥੋੜਾ ਰੱਖਾਂ ਆਪਣੇ ਨਾਲ, ਦੋ

ਜਹਾਨ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚ ਰਖਾਈਆ । ਗੋਬਿੰਦ ਕਹੇ ਪ੍ਰਭ ਮੇਰੀ ਸਧਰ, ਇਕੋ ਵਾਰ ਜਣਾਈਆ । ਤੂੰ ਠਾਕਰ ਹੋ ਕੇ ਕਰੀਂ ਅਦਲ, ਮੈਂ ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਦਈਏ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਸਭ ਦੇ ਅੰਦਰੋਂ ਕੂੜੀ ਕਿਰਿਆ ਨਾਮ ਖੰਡੇ ਨਾਲ ਕਰੀਏ ਕਤਲ, ਸੀਸ ਧੜ ਅੱਡ ਨਾ ਕੋਇ ਕਰਾਈਆ । ਮਾਰਗ ਭੁੱਲਿਆਂ ਇਹਨਾਂ ਦੱਸੀਏ ਪਿਛਲਾ ਵਤਨ, ਜਿਸ ਘਰ ਤੋਂ ਵਿਛੜ ਕੇ ਹੋਈ ਜੁਦਾਈਆ । ਇਹ ਗੁਰਮੁਖ ਲਾਲ ਰੰਗੀਲੇ ਰਤਨ, ਰੱਤੀ ਰੱਤ ਰੰਗ ਨਾਲ ਰੰਗਾਈਆ । ਤੇਰੀ ਪ੍ਰੀਤੀ ਪ੍ਰੇਮ ਅੰਦਰ ਮਗਨ, ਦੂਜੀ ਲਿਵ ਨਾ ਕੋਇ ਰਖਾਈਆ । ਸਚ ਦਵਾਰਾ ਹਰਿ ਨਿਰੰਕਾਰਾ ਧੁਰ ਦਰਬਾਰਾ ਮਹੱਲ ਅਟਲ ਉਚ ਅਗੰਮ ਅਥਾਹ ਲੰਘਣ, ਅੱਗੇ ਸਕੇ ਨਾ ਕੋਇ ਅਟਕਾਈਆ । ਦਰ ਦਰਵੇਸ਼ ਨਰ ਨਰੇਸ਼ ਵਸਤ ਅਮੋਲਕ ਤੇਰੇ ਘਰ ਚੋਂ ਮੰਗਣ, ਖ਼ਾਲੀ ਝੋਲੀ ਅੱਗੇ ਡਾਹੀਆ । ਨਾਮ ਪਦਾਰਥ ਪਾ ਦੇ ਧੁਰ ਦਾ ਸਗਣ, ਸਗਲੀ ਚਿੰਤਾ ਦੇ ਮਿਟਾਈਆ । ਨੇਤਰ ਨਾਮ ਨਿਧਾਨ ਛੁਹਾਵੇ ਕਜਲ, ਦੁਰਮਤ ਮੈਲ ਧੁਆਈਆ । ਤੂੰ ਆਦਿ ਜੁਗਾਦੀ ਸਭ ਦਾ ਸੱਚਾ ਸੱਜਣ, ਸਾਧ ਸੰਤ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੋਬਿੰਦ ਕਹੇ ਸੁਣ ਮੇਰੇ ਬਾਪ, ਪਿਤਾ ਪੁਰਖ ਅਕਾਲ ਜਣਾਈਆ । ਇਕੋ ਦੱਸ ਸ੍ਰਿਸ਼ਟ ਸਬਾਈ ਜਾਪ, ਧੁਰ ਦਾ ਨਾਮ ਆਪ ਦ੍ਰਿੜਾਈਆ । ਤ੍ਰੈਗੁਣ ਮਾਇਆ ਮੇਟ ਤੀਨੋ ਤਾਪ, ਪੰਜ ਤਤ ਅਗਨੀ ਦੇ ਬੁਝਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਇਕ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਸਾਰੇ ਗਏ ਆਖ, ਕਲਜੁਗ ਅੰਤਮ ਆਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਬਣਾ ਇਕ ਜਮਾਤ, ਧੁਰ ਦੀ ਪੱਟੀ ਸਚ ਪੜ੍ਹਾਈਆ । ਗੋਬਿੰਦ ਕਹੇ ਮੈਂ ਅਸਤੀਫ਼ਾ ਕਦੇ ਨਾ ਲਿਖਦਾ, ਹੱਥ ਨਾ ਤੇਰੇ ਫੜਾਈਆ । ਪ੍ਰਭੂ ਮੈਂ ਰਾਖਾ ਉਸ ਸਿੱਖ ਦਾ, ਜੋ ਤੇਰੇ ਚਰਨ ਧਿਆਨ ਲਗਾਈਆ । ਮੈਂ ਬਿਨ ਅੱਖਾਂ ਜਗਤ ਦਿਸਦਾ, ਅੰਦਰ ਵੜ ਵੜ ਦਰਸ ਦਿਖਾਈਆ । ਨਾਤਾ ਜੋੜ ਕੇ ਪਿਓ ਪੁੱਤ ਦਾ, ਪਿਤਾ ਪੂਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਈਆ । ਗੋਬਿੰਦ ਕਹੇ ਮੇਰਾ ਇਨਕਾਰ, ਪ੍ਰਭ ਸਚ ਦੇਣਾ ਸੁਣਾਈਆ । ਮੇਰਾ ਭਗਤਾਂ ਨਾਲ ਪਿਆਰ, ਗੁਰਮੁਖਾਂ ਆਪ ਵਧਾਈਆ । ਗੁਰਸਿਖਾਂ ਘਰ ਬਾਰ, ਗ੍ਰਿਹ ਗ੍ਰਿਹ ਡੇਰਾ ਲਾਈਆ । ਸਾਢੇ ਤਿੰਨ ਹੱਥ ਖੋਲ੍ਹ ਕਿਵਾੜ, ਜੋਤੀ ਜੋਤ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮੇਰਾ ਲੇਖਾ ਆਪਣੇ ਨਾਲ ਰਖਾਈਆ । ਗੋਬਿੰਦ ਕਹੇ ਮੈਂ ਨਹੀਂ ਗੁਸਤਾਖ, ਖ਼ੁਸ਼ੀਆਂ ਨਾਲ ਜਣਾਇੰਦਾ । ਕਲਜੁਗ ਅੰਤਮ ਸਦੀ ਵੀਹਵੀਂ ਜਨ ਭਗਤਾਂ ਜਨਮ ਜਨਮ ਕਰਨਾ ਮੁਆਫ਼, ਮਿਹਰ ਨਜ਼ਰ ਉਠਾਈਆ । ਫੜ ਕੇ ਬਾਹੋਂ ਤੋਰਨਾ ਸਾਥ, ਸਗਲਾ ਸੰਗ ਬਣਾਈਆ । ਤੇਰਾ ਮੇਰਾ ਦੱਸਣਾ ਜਾਪ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਜੋ ਨਾਨਕ ਨਿਰਗੁਣ ਗਿਆ ਆਖ, ਗੋਬਿੰਦ ਅੰਤ ਅੰਤ ਸੁਣਾਈਆ । ਜਿਸ ਭਵਿਖਤ ਨੂੰ ਕੋਈ ਨਾ ਸਕਿਆ ਵਾਚ, ਗਿਆਨੀ ਧਿਆਨੀ ਸਮਝ ਕਿਸੇ ਨਾ ਆਈਆ । ਜੋ ਲਿਖਿਆ ਜਾਏ ਨਾ ਕਲਮ ਦਵਾਤ, ਕਾਗ਼ਜ਼ ਉਤੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ੍ਰੀ ਭਗਵਾਨ ਤੇਰੀ ਆਸ ਰਖਾਈਆ । ਸ੍ਰੀ ਭਗਵਾਨ ਕਹੇ ਸ਼ਾਬਾਸ਼, ਸੀਸ

੧੦੬੯
੧੭

ਤੇਰੇ ਹੱਥ ਟਿਕਾਈਆ । ਤੇਰੇ ਨਾਲ ਮੇਰੀ ਆਸ, ਆਸ ਨਾਲ ਖ਼ਾਹਿਸ਼, ਖ਼ਾਹਿਸ਼ ਨਾਲ ਸਵਾਸ ਵੱਜੇ ਵਧਾਈਆ । ਗੋਬਿੰਦ ਤੇਰਾ ਬੂਟਾ ਕਦੇ ਨਾ ਹੋਵੇ ਨਾਸ, ਫੁੱਲ ਡਾਲ੍ਹੀ ਪੱਤ ਪਤਿਪਰਮੇਸ਼ਵਰ ਆਪ ਮਹਿਕਾਈਆ । ਤੇਰੇ ਭਗਤ ਸੁਹੇਲੇ ਗੁਰੂ ਗੁਰ ਚੇਲੇ ਸਦਾ ਰੱਖਾਂ ਸਾਥ, ਸਗਲਾ ਸੰਗ ਬਣਾਈਆ । ਇਕੋ ਦੱਸ ਕੇ ਆਤਮ ਪਰਮਾਤਮ ਜਾਪ, ਜੀਵਣ ਜੁਗਤ ਦਿਆਂ ਜਣਾਈਆ । ਰੂਹ ਬੁੱਤ ਦੋਵੇਂ ਕਰਕੇ ਪਾਕ, ਸੁਰਤੀ ਸ਼ਬਦ ਵਿਚ ਸਮਾਈਆ । ਜਿਸ ਦਾ ਕਦੇ ਨਾ ਹੋਵੇ ਨਾਸ, ਸੋ ਨਾਸਤਕਾਂ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੀ ਕਰਨਹਾਰਾ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਖ਼ਾਲਸ ਰੰਗੇ ਰੰਗ ਰਾਤਾ, ਰੰਗਣਹਾਰਾ ਇਕ ਅਖਵਾਈਆ । ਪਰਮ ਪੁਰਖ ਪ੍ਰਭ ਸਰਬ ਵਿਧਾਤਾ, ਬਿਧ ਆਪਣੀ ਦਏ ਜਣਾਈਆ । ਜਨ ਭਗਤਾਂ ਨਿਰਗੁਣ ਨਿਰਗੁਣ ਜੋੜ ਕੇ ਨਾਤਾ, ਸਰਗੁਣ ਸਰਗੁਣ ਵੇਖ ਵਖਾਈਆ । ਦੀਆ ਬਾਤੀ ਕਰ ਪਰਕਾਸ਼ਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਲੇਖਾ ਜਾਣ ਪਵਣ ਸਵਾਸਾ, ਉਨੰਜਾ ਪਵਣਾਂ ਡੇਰਾ ਢਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਪ੍ਰਭੂ ਤੇਰੇ ਉਤੇ ਇਕ ਭਰਵਾਸਾ, ਤੇਰੀ ਭਾਵੀ ਭਾਣੇ ਵਿਚ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵੇਖਣਾ ਸਾਚਾ ਘਰ, ਸਚਖੰਡ ਨਿਵਾਸੀ ਪੜਦਾ ਲਾਹਿਆ । ਗੋਬਿੰਦ ਕਹੇ ਮੈਂ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਤੇਰਾ ਬਚਨ ਸੁਣਾਵਾਂ ਸੱਚਾ, ਸਚ ਸਚ ਦਿਆਂ ਸੁਣਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚਾ, ਸੰਬਲ ਨਗਰ ਖੇਲ ਵਖਾਈਆ । ਜਿਸ ਦਾ ਕਿਸੇ ਨਾ ਲੱਗਾ ਪਤਾ, ਪਤਰੀ ਵਾਚ ਕੇ ਵੰਡ ਨਾ ਕੋਇ ਵੰਡਾਈਆ । ਜਗਤ ਨੇਤਰ ਨਜ਼ਰ ਨਾ ਆਇਆ ਅੱਖਾਂ, ਲੱਖ ਚੁਰਾਸੀ ਅੱਖ ਨਾ ਕੋਇ ਖੁਲ੍ਹਾਈਆ । ਮੈਂ ਕੁੱਲੀ ਵਸਾਂ ਕਦੇ ਨਾ ਕੱਖਾਂ, ਮਹੱਲਾਂ ਵਿਚ ਨਾ ਡੇਰਾ ਲਾਈਆ । ਜਨ ਭਗਤਾਂ ਅੰਦਰ ਪ੍ਰੇਮ ਪ੍ਰੀਤੀ ਨਾਲ ਹੱਸਾਂ, ਹਸਤੀ ਵਿਚ ਆਪਣੀ ਹਸਤੀ ਦਿਆਂ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਉ ਗੁਰ ਅਵਤਾਰ ਵੇਖੋ ਅਜਬ ਨਜ਼ਾਰਾ, ਹਰਿ ਕਰਤਾ ਆਪ ਵਖਾਈਆ । ਜਿਨ੍ਹਾਂ ਮਿਲਿਆ ਪ੍ਰੀਤਮ ਪਿਆਰਾ, ਪਤਿਪਰਮੇਸ਼ਵਰ ਬੇਪਰਵਾਹੀਆ । ਤਿਨ੍ਹਾਂ ਦੇ ਅੰਦਰ ਨਾਮ ਖ਼ੁਮਾਰਾ, ਖ਼ੁਸ਼ੀਆਂ ਰੰਗ ਚੜ੍ਹਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਸਾਹਿਬ ਸੁਲਤਾਨ ਦਾ ਬੋਲਣ ਇਕ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਤਿਨ੍ਹਾਂ ਮਿਲਿਆ ਵਡ ਭੰਡਾਰਾ, ਅਤੋਟ ਅਤੁਟ ਵਰਤਾਈਆ । ਉਹ ਕਲਜੁਗ ਪਾਰ ਕਰਨ ਕਿਨਾਰਾ, ਅਧਵਿਚਕਾਰ ਨਾ ਕੋਇ ਅਟਕਾਈਆ । ਜਗਤ ਮਿਟਿਆ ਧੂੰਆਂਧਾਰਾ, ਸਚ ਪਰਕਾਸ਼ ਇਕੋ ਨੂਰ ਰੁਸ਼ਨਾਈਆ । ਦੋਏ ਜੋੜ ਸਮਰਥ ਸਵਾਮੀ ਕਰਕੇ ਨਿਮਸਕਾਰਾ, ਦੂਸਰ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਦਏ ਵਖਾਈਆ । ਘਰ ਠਾਂਡਾ ਹਰਿ ਦਰਬਾਰਾ, ਧੁਰ ਦਰਬਾਰੀ ਆਪ ਵਖਾਇੰਦਾ । ਜਿਸ ਗ੍ਰਹਿ ਵਸੇ ਨਰ ਨਿਰੰਕਾਰਾ, ਨਿਰਗੁਣ ਆਸਣ ਲਾਇੰਦਾ । ਦੀਆ ਬਾਤੀ ਇਕ ਉਜਿਆਰਾ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸ਼ਬਦ ਅਗੰਮੀ ਵੱਜੇ ਨਗਾਰਾ, ਨੌਬਤ ਆਪਣਾ ਨਾਮ ਸੁਣਾਇੰਦਾ । ਅੰਮ੍ਰਿਤ ਭਰਿਆ ਰਸ ਭੰਡਾਰਾ, ਨਿਜਰ ਝਿਰਨਾ ਇਕ ਝਿਰਾਇੰਦਾ । ਜਨ ਭਗਤਾਂ ਕਰ ਪਿਆਰਾ, ਸਚ ਪ੍ਰੀਤੀ ਇਕ ਵਖਾਇੰਦਾ । ਸਦੀ ਚੌਧਵੀਂ ਮੁਰੀਦ ਮੁਰਸ਼ਦ ਇਕ ਦੂਜੇ ਦਾ ਕਰਨ ਦੀਦਾਰਾ, ਦੀਦ ਈਦ ਚੰਦ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਘਰ ਪਰਮੇਸ਼ਵਰ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸਲਾਹ, ਸਾਹ ਸਾਹ ਜਣਾਈਆ । ਕਲਜੁਗ ਅੰਤਮ ਬਣ ਪ੍ਰਭੂ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਕੂੜੀ ਕਿਰਿਆ ਪਾਰ ਕਰਾ, ਗਹਿਰ ਗੰਭੀਰ ਤੇਰੀ ਸਰਨਾਈਆ । ਸਤਿਜੁਗ ਸੱਚਾ ਮਾਰਗ ਲਾ, ਜਨ ਭਗਤ ਆਪ ਪਰਗਟਾਈਆ । ਕਾਗੋਂ ਹੰਸ ਬਣਾ, ਸੋਹੰ ਮਾਣਕ ਮੋਤੀ ਚੋਗ ਇਕੋ ਮੁਖ ਵਖਾਈਆ । ਧੁਰ ਦੀ ਗੋਦ ਇਕੋ ਆਪ ਬਹਾ, ਬਾਹਰ ਸਕੇ ਨਾ ਕੋਇ ਕਢਾਈਆ । ਸਭ ਦਾ ਹਿਰਦਾ ਸੋਧ ਸਾਚੀ ਬੂਝ ਦਏ ਬੁਝਾ, ਬੁਧ ਬਿਬੇਕ ਕਰਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰਾ ਜਪਣ ਇਕੋ ਨਾਂ, ਹਿੰਦੂ ਮੁਸਲਿਮ ਸਿੱਖ ਈਸਾਈ ਮਜ਼੍ਹਬਾਂ ਵਿਚ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਦਇਆਵਾਨ ਹੋ ਕੇ ਬਖ਼ਸ਼ ਗੁਨਾਹ, ਪਤਤ ਪਾਪੀ ਪੁਨੀਤ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਦੇ ਦੇ ਪ੍ਰਭ ਠਾਕਰ, ਦਰ ਤੇਰੇ ਇਕ ਅਰਜ਼ੋਈਆ । ਕਲਜੁਗ ਵੇਖ ਕੇ ਡੂੰਘਾ ਸਾਗਰ, ਨੇਤਰ ਸਾਰੇ ਰਹੇ ਰੋਈਆ । ਧੁਰ ਦਾ ਮਿਲੇ ਕਿਸੇ ਨਾ ਆਦਰ, ਦਰਗਾਹ ਸਚ ਨਾ ਕੋਇ ਢੋਈਆ । ਨਿਰਮਲ ਕਰਮ ਨਾ ਕੋਇ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਸਾਚਾ ਵਣਜ ਕਰੇ ਨਾ ਕੋਇ ਸੌਦਾਗਰ, ਸੌਦਾ ਹੱਟ ਨਾ ਕੋਇ ਵਿਕਾਈਆ । ਭਾਗ ਲਗਾ ਦੇ ਕਾਇਆ ਗਾਗਰ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਤੂੰ ਮਾਲਕ ਖ਼ਾਲਕ ਕਰੀਮ ਕਰਤਾ ਕਾਦਰ, ਕੁਦਰਤ ਰੂਪ ਤੇਰਾ ਨਜ਼ਰੀ ਆਈਆ । ਸਦੀ ਚੌਧਵੀਂ ਕਰ ਦੇ ਸੱਚਾ ਅਦਲ, ਅਦਾਲਤ ਇਕੋ ਇਕ ਵਖਾਈਆ । ਆਪਣੇ ਹੁਕਮ ਨਾਲ ਸ੍ਰਿਸ਼ਟ ਸਬਾਈ ਦੇ ਬਦਲ, ਬਦਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਸ੍ਰੀ ਭਗਵਾਨ ਸਚ ਜਣੌਂਦਾ ਏ । ਸ਼ਬਦ ਅਗੰਮੀ ਇਕ ਸੁਣੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭੇਵ ਖਲੌਂਦਾ ਏ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਲੇਖਾ ਸਭ ਦਾ ਵੇਖ ਵਖੌਂਦਾ ਏ । ਕਲਜੁਗ ਅੰਤਮ ਜਾਵੇ ਮੁੱਕਦਾ, ਪੰਧ ਆਪਣਾ ਆਪ ਮਿਟੌਂਦਾ ਏ । ਸਤਿਜੁਗ ਸਾਚਾ ਜਾਏ ਉਠਦਾ, ਆਲਸ ਨਿੰਦਰਾ ਅੱਖ ਆਪ ਖੁਲ੍ਹੌਂਦਾ ਏ । ਪੁਰਖ ਅਕਾਲ ਇਕੋ ਤੁਠਦਾ, ਬਣ ਵਿਚੋਲਾ ਖੇਲ ਖਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮੌਂਦਾ ਏ । ਧੁਰ ਕਰਨੀ ਕਾਰ ਕਮਾਵਾਂਗਾ । ਦਇਆਵਾਨ ਅਖਵਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਕਲਜੁਗ ਕੂੜ ਖਪਾਵਾਂਗਾ । ਭਗਤ ਸੁਹੇਲੇ ਮੇਲ ਮਿਲਾਵਾਂਗਾ । ਗੁਰ ਚੇਲੇ ਗੋਦ ਬਹਾਵਾਂਗਾ । ਸੰਤ ਸੱਜਣ ਅੰਗ ਲਗਾਵਾਂਗਾ । ਗੁਰਮੁਖ ਧੂੜੀ ਮਜਨ ਆਪ ਕਰਾਵਾਂਗਾ । ਗੁਰਸਿਖ ਧੁਰ ਦੇ ਮੇਲ ਕੇ ਸੱਜਣ, ਸਗਲਾ ਸੰਗ ਰਖਾਵਾਂਗਾ । ਤੂੰ ਮੇਰਾ ਮੈਂ ਤੇਰਾ ਬੰਦਗੀ ਦੱਸ ਕੇ ਧੁਰ ਦਾ ਭਜਨ, ਭਗਵਨ ਰੂਪ ਸਰਬ ਸਮਝਾਵਾਂਗਾ । ਜੋਤੀ ਜੋਤ ਕਰਕੇ ਮਗਨ, ਮਾਲਕ ਇਕੋ ਇਕ ਦਰਸਾਵਾਂਗਾ । ਘਰ ਨਾਦ ਅਨਾਦੀ ਵੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਆਪਣੇ ਹੱਥ ਰਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨੌਣਗੇ । ਧੁਰ ਦਾ ਗੀਤ ਇਕੋ ਗੌਣਗੇ । ਵਿਸ਼ਨ ਬ੍ਰਹਮਾ ਸ਼ਿਵ ਨਰ ਹਰਿ ਅਲੌਣਗੇ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਉਚੀ ਕੂਕ ਸੁਣੌਣਗੇ । ਜਿਸ ਆਦਿ ਜੁਗਾਦਿ ਜੁਗ ਚੌਕੜੀ ਬਣਾਈ ਬਣਤ, ਉਸਦਾ ਇਸ਼ਟ ਇਕ ਧਰਾਉਣਗੇ । ਜੋ ਲੱਖ ਚੁਰਾਸੀ ਦਾ ਮਾਲਕ ਸੁਹਾਗੀ ਇਕ ਕੰਤ, ਕੰਤ ਕੰਤੂਹਲ ਵੇਖ ਵਖਾਉਣਗੇ । ਜਿਸ ਦੀ ਮਹਿੰਮਾ ਅਗਣਤ,

ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕਹਿਣ ਨਾ ਪਾਉਂਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਵੇਖ ਵਖਾਉਂਣਗੇ । ਘਰ ਸਾਚੇ ਸਚ ਵਖਾਵਾਂਗਾ । ਦੀਨ ਦਿਆਲ ਹੋ ਕੇ ਦਇਆ ਕਮਾਵਾਂਗਾ । ਕਲਜੁਗ ਕੂੜਾ ਕਾਲਖ ਟਿੱਕਾ ਮਸਤਕ ਲਾਹਵਾਂਗਾ । ਸਤਿਜੁਗ ਦਾ ਸਾਚਾ ਸਿੱਕਾ, ਇਕੋ ਨਾਮ ਚਲਾਵਾਂਗਾ । ਚਾਰ ਵਰਨ ਦਾ ਗੁਰਮੁਖ ਸਿੱਖਾ, ਸਿੱਖੀ ਇਕ ਦ੍ਰਿੜਾਵਾਂਗਾ । ਲੇਖੇ ਲਾ ਕੇ ਵੱਡਾ ਨਿੱਕਾ, ਬੁੱਢਾ ਬਾਲ ਬਿਰਧ ਜਵਾਨਾਂ ਇਕੋ ਘਰ ਵਸਾਵਾਂਗਾ । ਪੁਰਖ ਅਕਾਲ ਬਣ ਕੇ ਪਿਤਾ, ਭਗਤ ਭਗਵਾਨ ਆਪਣੀ ਗੋਦ ਉਠਾਵਾਂਗਾ । ਜੋ ਜੁਗ ਚੌਕੜੀ ਨਿਰਗੁਣ ਹੋ ਕੇ ਰਿਹਾ ਸੁੱਤਾ, ਅੰਤਮ ਆਪਣਾ ਵੇਸ ਵਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤ੍ਰਿਸਨਾ ਆਪ ਮਿਟਾਵਾਂਗਾ । ਤ੍ਰਿਸ਼ਨਾ ਅੰਤ ਬੁਝਾਏਗਾ । ਸਤਿ ਸਵਾਮੀ ਖੇਲ ਖਿਲਾਏਗਾ । ਅੰਤਰਜਾਮੀ ਵੇਖ ਵਖਾਏਗਾ । ਧੁਰ ਦੀ ਬਾਣੀ ਰਾਗ ਅਲਾਏਗਾ । ਅੰਮ੍ਰਿਤ ਪਾਣੀ ਜਾਮ ਪਿਲਾਏਗਾ । ਸ਼ਬਦ ਹਾਣੀ ਸੁਰਤ ਮਿਲਾਏਗਾ । ਜਾਣਜਾਣੀ ਅਕਾਲ ਮੂਰਤ ਨਜ਼ਰੀਂ ਆਏਗਾ । ਭੇਵ ਖੋਲ੍ਹ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਲਾਹੇਗਾ । ਸੇਵਾ ਲਾ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਏਗਾ । ਜਨ ਭਗਤਾਂ ਸਾਚੇ ਸੰਤਾਂ ਆਪਣੀ ਦੇ ਕੇ ਸਚ ਨਿਸ਼ਾਨੀ, ਨਿਸ਼ਾਨਾ ਇਕੋ ਇਕ ਝੁਲਾਏਗਾ । ਮਿਹਰਵਾਨ ਹੋ ਕੇ ਸਭ ਦੇ ਉਤੇ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਤਾ ਬਿਧਾਤਾ ਆਪਣੇ ਨਾਲ ਜੁੜਾਏਗਾ ।


੧੦੭੨
੧੭

### ✪ ੧੬ ਮੱਘਰ ੨੦੨੧ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਰਾਜਸਥਾਨ ✪

ਗੱਫਾ ਬਖ਼ਸ਼ਣਹਾਰਾ ਸਤਿਗੁਰ ਦਾਨੀ, ਆਦਿ ਜੁਗਾਦਿ ਜੁਗ ਚੌਕੜੀ ਦਇਆ ਕਮਾਇੰਦਾ । ਸ਼ਬਦ ਅਗੰਮੀ ਦਏ ਨਿਸ਼ਾਨੀ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਨਿਜਰ ਝਿਰਨਾ ਇਕ ਝਿਰਾਇੰਦਾ । ਨਿਰਮਲ ਜੋਤ ਜਗਾਏ ਮਹਾਨੀ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਅਮੋਲਕ ਸਤਿ ਵਰਤਾਇੰਦਾ । ਸਾਚਾ ਗੱਫਾ ਨਾਮ ਮੰਤਰ, ਗੁਰਮੁਖ ਗੁਰ ਗੁਰ ਝੋਲੀ ਪਾਈਆ । ਕੂੜੀ ਕਿਰਿਆ ਮੇਟੇ ਲੱਗੀ ਬਸੰਤਰ, ਅਗਨੀ ਤਤ ਨਾ ਕੋਇ ਤਪਾਈਆ । ਖੇਲ ਵਖਾਏ ਗਗਨ ਗਗਨੰਤਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਮਾਣਸ ਜਨਮ ਬਣਾਏ ਬਣਤਰ, ਪੰਜ ਤਤ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਹਿਜ ਸੁਖਦਾਈਆ । ਸਾਚਾ ਗੱਫਾ ਅੰਮ੍ਰਿਤ ਰਸ, ਗੁਰ ਸਤਿਗੁਰ ਝੋਲੀ ਪਾਇੰਦਾ । ਮਨ ਮਨੂਆ ਹੋਏ ਵਸ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਸਾਚਾ ਮਾਰਗ ਦੇਵੇ ਦੱਸ, ਨੌ ਦਵਾਰੇ ਪੰਧ ਚੁਕਾਇੰਦਾ । ਖੇਲ ਖਿਲਾ ਪੁਰਖ ਸਮਰਥ, ਮਹਿੰਮਾ ਅਕਥ ਕਥ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਾਚਾ ਗੱਫਾ ਹਰਿ ਮਹਿਬੂਬ, ਮੁਹੱਬਤ ਵਿਚ ਜਣਾਈਆ । ਕਾਇਆ ਕਾਅਬਾ ਵਸੇ ਸਚ ਅਰੂਜ, ਅਰਸ਼ ਕੁਰਸ਼ ਭੇਵ ਖੁਲ੍ਹਾਈਆ । ਚਾੜ੍ਹੇ ਸਚ ਮੰਜ਼ਲੇ ਮਕਸੂਦ, ਪਾਰਬ੍ਰਹਮ ਬ੍ਰਹਮ ਆਪਣਾ ਘਰ ਵਖਾਈਆ ।

ਕੂੜੀ ਕਿਰਿਆ ਪਰੇ ਕਰੇ ਹਦੂਦ, ਗ੍ਰਿਹ ਮੰਦਰ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਗੱਫਾ ਸਤਿ ਸਤਿਵਾਦੀ ਝੋਲੀ ਪਾਈਆ । ਸਾਚਾ ਗੱਫਾ ਦੇਵੇ ਮੀਤ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਅੰਤਰ ਆਤਮ ਪਰਖੇ ਨੀਤ, ਕਾਇਆ ਕੱਪੜ ਖੋਜ ਖੁਜਾਇੰਦਾ । ਘਰ ਵਿਚ ਘਰ ਦਿਸੇ ਠੀਕ, ਠੀਕਰ ਕੂੜਾ ਭੰਨ ਵਖਾਇੰਦਾ । ਦੂਰ ਦੁਰਾਡਾ ਨਜ਼ਰੀ ਆਵੇ ਨਜ਼ਦੀਕ, ਘਰ ਬੈਠਾ ਸੋਭਾ ਪਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਨਿਰਗੁਣ ਕਰੇ ਸਚ ਪ੍ਰੀਤ, ਸਰਗੁਣ ਆਪਣੀ ਕਾਰੇ ਲਾਇੰਦਾ । ਤਨ ਮਾਟੀ ਖ਼ਾਕੀ ਤਤਵ ਤਤ ਕਰੇ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਇੰਦਾ । ਦਿਵਸ ਰੈਣ ਘੜੀ ਪਲ ਵਸੇ ਚੀਤ, ਮਨ ਚਿਤ ਠਗੌਰੀ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਸੱਚਾ ਗੱਫਾ ਦੇਵਣ ਜੋਗ, ਸਤਿਗੁਰ ਪੂਰਾ ਇਕ ਅਖਵਾਈਆ । ਜੁਗ ਜਨਮ ਦੀ ਵਿਛੜੀ ਆਤਮ ਪਰਮਾਤਮ ਕਰੇ ਸਚ ਸੰਜੋਗ, ਧੁਰ ਦਾ ਮੇਲਾ ਲਏ ਮਿਲਾਈਆ । ਕਰ ਪਰਕਾਸ਼ ਕਾਇਆ ਕੋਟ, ਬੰਕ ਦਵਾਰਾ ਦਏ ਸੁਹਾਈਆ । ਸ਼ਬਦ ਅਗੰਮੀ ਲਾ ਕੇ ਚੋਟ, ਸੋਈ ਸੁਰਤੀ ਆਪ ਉਠਾਈਆ । ਪੜਦਾ ਲਾਹ ਕੇ ਲੋਕ ਪਰਲੋਕ, ਦੋ ਜਹਾਨਾਂ ਭੇਵ ਖੁਲ੍ਹਾਈਆ । ਮੇਲ ਮਿਲਾ ਕੇ ਸਾਚੀ ਜੋਤ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਾਤਾ ਦਾਨੀ ਬੇਪਰਵਾਹੀਆ । ਜਿਸ ਨੂੰ ਨਾਮ ਗੱਫਾ ਦਿਤਾ, ਮਿਹਰ ਨਜ਼ਰ ਇਕ ਉਠਾਈਆ । ਉਹ ਗੁਰਮੁਖ ਬਣਿਆ ਸੱਚਾ ਬੱਚਾ, ਬਚਪਨ ਆਪਣਾ ਗਿਆ ਭੁਲਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚਾ, ਗਗਰੀਆ ਸੋਹਣੀ ਦਿਤੀ ਸੁਹਾਈਆ । ਮਨ ਵਾਸਨਾ ਕੋਇ ਨਾ ਨੱਚਾ, ਬੁੱਧ ਬਿਬੇਕ ਦਏ ਵਖਾਈਆ । ਨਾਮ ਰੰਗਣ ਚਾੜ੍ਹ ਕੇ ਰੱਤਾ, ਰੱਤੀ ਰੱਤ ਆਪਣੇ ਰੰਗ ਰੰਗਾਈਆ । ਚਰਨ ਸਰਨ ਬਖ਼ਸ਼ ਕੇ ਸਾਚੀ ਰੀਤਾ, ਰੀਤੀਵਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਗੱਫਾ ਦੇਵਣਹਾਰ ਸਵਾਮੀ, ਨਿਤ ਨਵਿਤ ਵੇਖ ਵਖਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਇੰਦਾ । ਜੀਵ ਜੰਤ ਕਰੇ ਧਿਆਨੀ, ਬ੍ਰਹਮ ਗਿਆਨੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਗੱਫਾ ਲੈਣ ਦਾ ਜਿਨ੍ਹਾਂ ਚਾਅ, ਚਾਉ ਘਨੇਰਾ ਇਕ ਰਖਾਈਆ । ਸਤਿਗੁਰ ਪੂਰਾ ਲੱਭਣਾ ਮਲਾਹ, ਬੇੜਾ ਬੰਨੇ ਦਏ ਲਗਾਈਆ । ਇਕੋ ਚੱਪੂ ਦਏ ਲਗਾ, ਵੰਝ ਮੁਹਾਣੇ ਲੋੜ ਰਹੇ ਨਾ ਰਾਈਆ । ਇਕੋ ਸਿਖਿਆ ਦਏ ਸਿਖਾ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਇਕੋ ਮੰਤਰ ਦਏ ਪੜ੍ਹਾ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਇਕੋ ਮੰਦਰ ਦਏ ਵਖਾ, ਜਿਸ ਘਰ ਵਸੇ ਬੇਪਰਵਾਹੀਆ । ਇਕੋ ਜਾਮ ਦਏ ਪਿਲਾ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਇਕੋ ਰਾਗ ਦਏ ਸੁਣਾ, ਸ਼ਬਦ ਅਨਾਦੀ ਰਾਗ ਅਲਾਈਆ । ਇਕੋ ਜੋਤ ਦਏ ਜਗਾ, ਜੋਤੀ ਜੋਤ ਕਰੇ ਰੁਸ਼ਨਾਈਆ । ਇਕੋ ਚੋਟ ਦਏ ਲਗਾ, ਆਲਸ ਨਿੰਦਰਾ ਦਏ ਮਿਟਾਈਆ । ਹਉਮੇ ਹੰਗਤਾ ਦਏ ਗਵਾ, ਮਾਇਆ ਮਮਤਾ ਨੇੜ ਨਾ ਆਈਆ । ਲੇਖਾ ਜਾਣ ਪਵਣ ਸਵਾਸ ਸਚ ਹਵਾ, ਪਵਣ ਉਨੰਜਾ ਡੇਰਾ ਢਾਹੀਆ । ਸਚ ਦਵਾਰੇ ਲਏ ਮਿਲਾ, ਮਿਲਣੀ ਜਗਦੀਸ਼ ਆਪਣੇ ਨਾਲ ਕਰਾਈਆ । ਆਵਣ ਜਾਵਣ ਲੱਖ ਚੁਰਾਸੀ ਲਹਿਣਾ ਦੇਣਾ ਦਏ ਮੁਕਾ, ਦਸ ਦਸ ਮਾਸ

ਅਗਨ ਅੱਗ ਨਾ ਕੋਇ ਤਪਾਈਆ । ਜਮ ਕੀ ਫਾਸੀ ਦਏ ਤੁੜਾ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਲੇਖਾ ਸਕੇ ਨਾ ਕੋਇ ਵਖਾ, ਲਾੜੀ ਮੌਤ ਨਾ ਅੰਤ ਪਰਨਾਈਆ । ਮੜ੍ਹੀ ਗੋਰ ਸਕੇ ਨਾ ਅੰਤ ਕੋਇ ਦਬਾ, ਖ਼ਾਕੀ ਖ਼ਾਕ ਨਾ ਕੋਇ ਮਿਲਾਈਆ । ਸਾਹਿਬ ਸਤਿਗੁਰ ਸਦਾ ਸਵਾਮੀ ਜਿਨ੍ਹਾਂ ਆਪਣਾ ਗੱਫਾ ਦਏ ਛਕਾ, ਆਵਣ ਜਾਵਣ ਪਤਤ ਪਾਵਨ ਦੋ ਜਹਾਨਾਂ ਲੇਖ ਮੁਕਾਈਆ । ਸਤਿਗੁਰ ਗੱਫਾ ਜੋ ਜਨ ਛਕਦਾ, ਅੰਤਰ ਆਤਮ ਰਸ ਦਏ ਵਖਾਈਆ । ਵੇਖੇ ਖੇਲ ਪੁਰਖ ਸਮਰਥ ਦਾ, ਘਰ ਵਿਚ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਨਾ ਉਠ ਉਠ ਨਠਦਾ, ਬਨ ਖੰਡ ਖੋਜਨ ਕੋਇ ਨਾ ਜਾਈਆ । ਲਹਿਣਾ ਦੇਣਾ ਚੁਕਾਏ ਤੀਰਥ ਤਟ ਦਾ, ਘਰ ਸਰੋਵਰ ਇਕ ਨੁਹਾਈਆ । ਲਹਿਣਾ ਮੁਕਾ ਕੇ ਚੌਦਾਂ ਹੱਟ ਦਾ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਇਕੋ ਰਾਗ ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਰਟਦਾ, ਰੱਟੇ ਕੂੜੇ ਸਰਬ ਗਵਾਈਆ । ਨੇਤਰ ਖੋਲ੍ਹ ਪੜਦਾ ਆਪਣੀ ਅੱਖ ਦਾ, ਨਿਜ ਲੋਚਨ ਦਰਸ਼ਨ ਪਾਈਆ । ਸਦਾ ਪ੍ਰੇਮ ਪਿਆਰ ਪ੍ਰੀਤੀ ਵਿਚ ਵਸਦਾ, ਪ੍ਰੀਤਮ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਜਿਸ ਜਨ ਝੋਲੀ ਪਾਈਆ । ਸਾਚਾ ਗੱਫਾ ਜਿਸ ਚੱਖਿਆ ਮੁਖ, ਸਤਿਗੁਰ ਪੂਰਾ ਦਏ ਵਰਤਾਈਆ । ਜਨਮ ਕਰਮ ਦਾ ਮਿਟੇ ਦੁੱਖ, ਸਹਿੰਸਾ ਰੋਗ ਰਹਿਣ ਨਾ ਪਾਈਆ । ਉਜਲ ਹੋਵੇ ਮਾਤ ਮੁਖ, ਦੋ ਜਹਾਨ ਮਿਲੇ ਵਡਿਆਈਆ । ਸਫਲ ਹੋਵੇ ਮਾਤਾ ਕੁੱਖ, ਜਨ ਜਨਨੀ ਲੇਖੇ ਲਾਈਆ । ਘਰ ਮੌਲੇ ਬਸੰਤੀ ਰੁੱਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਭਾਗ ਲੱਗੇ ਕਾਇਆ ਬੁੱਤ, ਸਾਢੇ ਤਿੰਨ ਹੱਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੱਫਾ ਹਰਿਜਨ ਸਾਚੇ ਆਪ ਛਕਾਈਆ । ਸਾਚਾ ਗੱਫਾ ਜਿਸ ਜਨ ਖਾਧਾ, ਸਤਿਗੁਰ ਪੂਰਾ ਦਇਆ ਕਮਾਈਆ । ਉਸ ਨੂੰ ਨਜ਼ਰੀ ਆਏ ਇਕੋ ਮਾਧੋ ਮਾਧਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਨੂੰ ਗੋਬਿੰਦ ਪਿਤਾ ਮੰਨ ਕੇ ਕਿਹਾ ਪੁਰਖ ਅਕਾਲ ਦਾਦਾ, ਦੂਜਾ ਸੰਗ ਨਾ ਕੋਇ ਵਖਾਈਆ । ਬਿਨ ਮੱਕੇ ਕਾਅਬਿਉਂ ਘਰ ਵਿਚ ਘਰ ਵੇਖੀਏ ਸੱਚਾ ਹਾਜਾ, ਹਾਜੀ ਬਣਕੇ ਬਾਹਰ ਫੇਰਾ ਕੋਇ ਨਾ ਪਾਈਆ । ਦਿਵਸ ਰੈਣ ਅੱਠੇ ਪਹਿਰ ਵੱਜਦਾ ਰਹੇ ਵਾਜਾ, ਅਨਹਦ ਰਾਗੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਾਚਾ ਗੱਫਾ ਸਦਾ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਪਰਮ ਪੁਰਖ ਪਰਮਾਤਮ ਦੇਵਣਹਾਰਾ ਧੰਨ, ਅਨਮੁੱਲੜੀ ਦਾਤ ਆਪ ਵਰਤਾਇੰਦਾ । ਸੰਤ ਸੁਹੇਲੇ ਗੁਰਮੁਖ ਸੱਜਣ ਲਏ ਲੱਭ, ਲੱਖ ਚੁਰਾਸੀ ਖੋਜ ਖੁਜਾਇੰਦਾ । ਦੂਰ ਦੁਰਾਡਾ ਨਿਰਗੁਣ ਨਿਰਵੈਰ ਪੁਰਖ ਅਕਾਲ ਆਵੇ ਭੱਜ, ਸ਼ਾਹ ਸੁਲਤਾਨ ਆਪਣਾ ਫੇਰਾ ਪਾਇੰਦਾ । ਆਤਮ ਪਰਮਾਤਮ ਧੁਰ ਦਾ ਮਾਰਗ ਦੇਵੇ ਦੱਸ, ਈੜਾ ਪਿੰਗਲ ਸੁਖਮਨ ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੱਫਾ ਜਿਸ ਹੱਥ ਫੜਾਇੰਦਾ । ਸਾਚਾ ਗੱਫਾ ਗੁਰਮੁਖ ਵਿਰਲਾ ਲੈਂਦਾ, ਕੋਟਾਂ ਵਿਚੋਂ ਨਜ਼ਰੀ ਆਈਆ । ਰਸਨਾ ਬੇਸ਼ਕ ਸ੍ਰਿਸ਼ਟ ਜਹਾਨ ਕਹਿੰਦਾ, ਬੱਤੀ ਦੰਦਾਂ ਨਾਲ ਸੁਣਾਈਆ । ਸਤਿਗੁਰ ਸਰਨਾਈ ਬਿਨ ਗੁਰਮੁਖ ਪੂਰੇ ਕੋਇ ਨਾ ਢਹਿੰਦਾ, ਧੂੜੀ ਟਿੱਕਾ ਮਸਤਕ ਖ਼ਾਕ ਨਾ ਕੋਇ ਰਮਾਈਆ । ਸਾਚਾ ਲਹਿਣਾ ਸਾਚੇ ਘਰੋਂ ਕੋਈ ਨਾ ਲੈਂਦਾ, ਦੇਵਣਹਾਰਾ ਜੁਗ ਚੌਕੜੀ ਰਾਹ ਤਕਾਈਆ । ਜਿਸ ਵੇਲੇ ਗੁਰਮੁਖ ਗੁਰਮੁਖਾਂ ਦੀ ਪੰਗਤ ਬਹਿੰਦਾ, ਉਸ ਵਕਤ ਗੱਫਾ

ਅੰਮ੍ਰਿਤ ਭੰਡਾਰਾ ਰਸ ਦਏ ਛਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਬੇਪਰਵਾਹੀਆ । ਗੱਫਾ ਛਕੌਣਾ ਧੁਰ ਦੀ ਵਾਦੀ, ਨਿਰਗੁਣ ਸਰਗੁਣ ਦਇਆ ਕਮਾਈਆ । ਜਨ ਭਗਤਾਂ ਦੇ ਕੇ ਹੋਵੇ ਰਾਜੀ, ਗੁਰਮੁਖਾਂ ਝੋਲੀ ਭਰਾਈਆ । ਜਿਨ੍ਹਾਂ ਆਸਾ ਉਹਨਾਂ ਦਾ ਸਾਥੀ, ਸਗਲਾ ਸੰਗ ਨਿਭਾਈਆ । ਸਾਹਿਬ ਸਤਿਗੁਰ ਸਦ ਬੇਨੰਤੀ ਮੰਨੇ ਆਖੀ, ਆਰਜ਼ੂ ਅਰਜ਼ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੱਫਾ ਚੰਗਾ ਦੇਵੇ ਅੰਦਰ ਵੜਕੇ ਪੌੜੇ ਚੜ੍ਹਕੇ ਹੌਲੀ ਜੇਹੀ ਖੋਲ੍ਹ ਦੇਵੇ ਤਾਕੀ, ਪੜਦਾ ਓਹਲਾ ਦਏ ਉਠਾਈਆ । ਸਾਖਿਆਤ ਨਜ਼ਰੀ ਆਵੇ ਪੁਰਖ ਸਮਰਾਥੀ, ਰੂਪ ਅਨੂਪ ਸਤਿ ਸਰੂਪ ਆਪਣਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਏਨਾ ਨਹੀਂ ਅਜੇ ਬਹੁਤ, ਬਹੁਤਿਆਂ ਵਿਚੋਂ ਬਹੁਤ ਨਜ਼ਰੀ ਆਈਆ । ਜਿੰਨਾਂ ਚਿਰ ਗੁਰਮੁਖਾਂ ਦਾ ਅੰਦਰੋਂ ਨਾ ਖੁਲ੍ਹੇ ਸੋਤ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਨਾਮ ਨਗਾਰਾ ਨਾ ਲਾਏ ਚੋਟ, ਤਨ ਵਜੂਦ ਮਹਿਬੂਬ ਦਏ ਮਿਲਾਈਆ । ਮਨ ਵਾਸਨਾ ਨਾ ਚੁੱਕੇ ਸੋਚ, ਬੁਧ ਬਿਬੇਕ ਨਾ ਦਏ ਕਰਾਈਆ । ਲੇਖਾ ਚੁੱਕੇ ਨਾ ਲੋਕ ਪਰਲੋਕ, ਦੋ ਜਹਾਨਾਂ ਇਕੋ ਨਜ਼ਰੀ ਆਈਆ । ਜਬ ਤਕ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮਿਲੇ ਨਾ ਪ੍ਰਭ ਦੀ ਜੋਤ, ਜੋਤੀ ਜੋਤ ਵਿਚ ਨਾ ਕੋਇ ਸਮਾਈਆ । ਓਨਾਂ ਚਿਰ ਕਦੀ ਨਾ ਜਾਣੋ ਗੱਫਾ ਬਹੁਤ, ਸਤਿਗੁਰ ਗੱਫਾ ਜਿਸ ਨੂੰ ਮਿਲਿਆ, ਉਹ ਜੁਗ ਚੌਕੜੀ ਫੇਰਾ ਲੋਕਮਾਤ ਨਾ ਪਾਈਆ । ਅਜੇ ਪੂਰੀ ਨਹੀਂ ਹੋਈ ਮਿਹਰ, ਮਿਹਰ ਗੱਲਾਂ ਬਾਤਾਂ ਵਾਲੀ ਨਜ਼ਰੀ ਆਈਆ । ਜਿੰਨਾਂ ਚਿਰ ਸਤਿਗੁਰ ਪੂਰਾ ਨਾ ਜਾਏ ਬੌਹੜ, ਸਾਚਾ ਸੰਗ ਨਾ ਕੋਇ ਜਣਾਈਆ । ਕੂੜੀ ਕਿਰਿਆ ਲਹਿਣਾ ਦੇਣਾ ਦਏ ਨਬੇੜ, ਮਾਇਆ ਮਮਤਾ ਦਏ ਚੁਕਾਈਆ । ਹੌਲੀ ਜਿਹੀ ਸੁਰਤ ਸੁਆਣੀ ਲਏ ਛੇੜ, ਸ਼ਬਦ ਇਸ਼ਾਰੇ ਨਾਲ ਉਠਾਈਆ । ਆਪਣਾ ਗੇੜ ਕੇ ਅਗੰਮਾ ਗੇੜ, ਉਲਟਾ ਗੇੜਾ ਦਏ ਵਖਾਈਆ । ਦੂਰ ਦੁਰਾਡਾ ਨਜ਼ਰੀ ਆਵੇ ਨੇਰਨ ਨੇਰ, ਘਰ ਘਰ ਵਿਚ ਸੱਚਾ ਮਾਹੀਆ । ਉਸ ਵੇਲੇ ਕਹੀਏ ਸਾਹਿਬ ਸਤਿਗੁਰ ਤੇਰੀ ਮਿਹਰ, ਜਿਸ ਵੇਲੇ ਸੁੱਤਿਆਂ ਜਾਗਦਿਆਂ ਸਨਮੁਖ ਨਜ਼ਰੀ ਆਈਆ । ਮਿਹਰਾਂ ਦਾ ਦਾਤਾ ਹੋਵੇ ਬੇਨਜ਼ੀਰ, ਨਜ਼ਰ ਆਪਣੀ ਲਏ ਉਠਾਈਆ । ਉਹ ਸਦਾ ਸਵਾਮੀ ਨਜ਼ਰੀ ਆਏ ਬੇ ਸਰੀਰ, ਤਤਵ ਤਤ ਨਾ ਕੋਇ ਵਖਾਈਆ । ਕਰ ਕਿਰਪਾ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਚੋਟੀ ਚਾੜ੍ਹਕੇ ਮੰਜ਼ਲ ਓਸ ਅਖ਼ੀਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਜਿਥੇ ਸ਼ਰਅ ਦਾ ਟੁਟੇ ਜ਼ੰਜੀਰ, ਲਾਸ਼ਰੀਕ ਇਕੋ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਮੁਹੱਬਤ ਆਪਣੇ ਹੱਥ ਰਖਾਈਆ ।



੧੦੭੫ ੧੨

✪ ੧੯ ਮੱਘਰ ੨੦੨੧ ਬਿਕ੍ਰਮੀ ਮਹਾਂ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਰਾਜਸਥਾਨ ✪

ਪੁਰਖ ਅਕਾਲ ਕਹੇ ਵੇਖੋ ਗੁਰ ਅਵਤਾਰ ਪੈਗੰਬਰ ਪੀਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਕਲਜੁਗ ਵੇਖਿਆ ਅੰਤ ਅਖ਼ੀਰ, ਨਵ ਨੌਂ ਚਾਰ ਆਪਣਾ ਪੰਧ ਮੁਕਾਈਆ । ਤਨ ਅਲਫ਼ੀ ਨਾ ਦਿਸੇ ਕਿਸੇ ਪੀਰ ਫ਼ਕੀਰ, ਓਢਨ ਸੀਸ ਸੰਤ ਨਾ ਕੋਇ ਟਿਕਾਈਆ । ਨੇਤਰ ਰੋਵਣ ਸ਼ਾਹ

ਹਕੀਰ, ਉਚ ਨੀਚ ਦੇਣ ਦੁਹਾਈਆ । ਅੰਤਰ ਅੰਤਰ ਸਾਰੇ ਹੋਏ ਦਿਲਗੀਰ, ਬਸੰਤਰ ਤਤ ਨਾ ਕੋਇ ਬੁਝਾਈਆ । ਜੋ ਚਿੱਟੇ ਉਤੇ ਕਾਲੀ ਮਾਰ ਕੇ ਆਏ ਲਕੀਰ, ਕਲਮ ਸ਼ਾਹੀ ਵੰਡ ਵੰਡਾਈਆ । ਤਿਸ ਦੀ ਹੱਥ ਮੇਰੇ ਤਦਬੀਰ, ਦੂਜਾ ਸਮਝ ਸਕੇ ਕੋਇ ਨਾ ਰਾਈਆ । ਖੇਲ ਅਵੱਲਾ ਬੇਨਜ਼ੀਰ, ਇਕ ਇਕੱਲਾ ਆਪ ਦ੍ਰਿੜਾਈਆ । ਦਾਤਾ ਦਾਨੀ ਗੁਣੀ ਗਹੀਰ, ਗੁਣਵੰਤਾ ਰਿਹਾ ਸੁਣਾਈਆ । ਕੂੜੀ ਕਾਇਆ ਕੱਪੜ ਤਨ ਪਾਟੇ ਚੀਥੜ ਵੇਖ ਚੀਰ, ਸਚ ਪੋਸ਼ਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਿਹਾ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਗਲ ਦੋ ਹਰਫ਼ੀ, ਇਕੋ ਵਾਰ ਜਣਾਈਆ । ਮੈਂ ਤੱਕਿਆ ਚਾਰ ਤਰਫ਼ੀ, ਚਾਰ ਕੁੰਟ ਦਹਿ ਦਿਸ਼ਾ ਆਪਣਾ ਧਿਆਨ ਲਗਾਈਆ । ਜਗਤ ਪੜ੍ਹਾਈ ਵੇਖੀ ਹਰਫ਼ੀ, ਅੱਖਰਾਂ ਦੀ ਵਡਿਆਈਆ । ਕਲਜੁਗ ਅੰਤ ਅਖ਼ੀਰੀ ਬਰਸੀ, ਸਾਰੇ ਖ਼ੁਸ਼ੀਆਂ ਲਓ ਮਨਾਈਆ । ਕਰੇ ਖੇਲ ਅਗੰਮੀ ਅਰਸ਼ੀ, ਪਤਿਪਰਮੇਸ਼ਵਰ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੜਦਾ ਓਹਲਾ ਆਪ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਇਕ ਬਾਤ, ਹਰਿ ਕਰਤਾ ਆਪ ਜਣਾਈਆ । ਕਲਜੁਗ ਵੇਖੀ ਅੰਧੇਰੀ ਰਾਤ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਸਨਮੁਖ ਹੋ ਕੇ ਵੇਖੋ ਸਾਖਿਆਤ, ਸਮਰਥ ਸਵਾਮੀ ਰਿਹਾ ਸਮਝਾਈਆ । ਰਲ ਮਿਲ ਸਾਰੇ ਬਣੋ ਇਕ ਜਮਾਤ, ਝਗੜਾ ਦੀਨ ਮਜ਼੍ਹਬ ਮਿਟਾਈਆ । ਰਸਨਾ ਜਿਹਵਾ ਬਿਨ ਬੋਲ ਕਹੋ ਪੁਰਖ ਸਮਰਾਥ, ਸਚ ਤੇਰੀ ਸਰਨਾਈਆ । ਹਉਂ ਬਾਲਕ ਨੱਢੇ ਤੇਰੇ ਦਾਸ, ਬਾਲੀ ਬੁਧ ਨਾ ਕੋਇ ਚਤੁਰਾਈਆ । ਸਚ ਦਵਾਰੇ ਕਰ ਨਿਵਾਸ, ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਖ਼ੁਸ਼ੀ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਮੁਕਾਕੇ ਆਏ ਪੰਧ, ਲੋਕਮਾਤ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਦਿਸੀ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਰਸਨਾ ਜਿਹਵਾ ਕੂੜਾ ਗੰਦ, ਮਮਤਾ ਮੋਹ ਹੋਈ ਹਲਕਾਈਆ । ਅੰਤਰ ਆਤਮ ਮਿਲੇ ਕਿਸੇ ਨਾ ਅਨੰਦ, ਨਿਜਾਨੰਦ ਨਾ ਕੋਇ ਸਮਾਈਆ । ਅੰਮ੍ਰਿਤ ਆਤਮ ਬਰਸ ਪਾਏ ਕੋਈ ਨਾ ਠੰਡ, ਅਗਨੀ ਤਤ ਨਾ ਕੋਇ ਬੁਝਾਈਆ । ਤੇਰਾ ਪ੍ਰਭ ਢੋਲਾ ਗਾਏ ਕੋਈ ਨਾ ਛੰਦ, ਧੁਰ ਦਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਨਮੋ ਨਮੋ ਨਿਮਸਕਾਰ, ਸੱਯਦਾ ਸੀਸ ਝੁਕਾਈਆ । ਤੇਰੀ ਸੇਵਾ ਕਰਨ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਧੁਰ ਸੰਦੇਸਾ ਦੇਂਦੇ ਗਏ ਵਾਰੋ ਵਾਰ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਉਚੀ ਕੂਕ ਕਰਦੇ ਗਏ ਪੁਕਾਰ, ਤੇਰਾ ਢੋਲਾ ਸੋਹਲਾ ਰਾਗ ਸੁਣਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਰਦੇ ਗਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਦੇ ਧੁਰ ਦਾ ਵਰ, ਲੇਖਾ ਆਪਣੀ ਝੋਲੀ ਪਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸੁਣੋ ਇਕ ਸੰਦੇਸਾ, ਹਰਿ ਕਰਤਾ ਆਪ ਜਣਾਇੰਦਾ । ਸ਼ਾਹ ਪਾਤਸ਼ਾਹ ਹਰਿ ਵਡ ਨਰੇਸ਼ਾ, ਨਰ ਨਰਾਇਣ ਹੁਕਮ ਵਰਤਾਇੰਦਾ । ਲੇਖਾ ਜਾਣੇ ਦੇਸ ਪਰਦੇਸਾ, ਦੋ ਜਹਾਨਾਂ ਖੋਜ ਖੁਜਾਇੰਦਾ । ਸਦੀ ਚੌਧਵੀਂ ਸਭ ਦਾ ਦੀਨ ਮਜ਼੍ਹਬ ਦਾ ਚੁੱਕਿਆ ਠੇਕਾ, ਠੇਕੇਦਾਰੀ ਮਾਤ ਨਾ ਕੋਇ ਕਮਾਇੰਦਾ । ਸਚ ਦਵਾਰੇ ਰਲ ਮਿਲ ਕਰੋ ਏਕਾ, ਏਕਾ

ਏਕ ਏਕੰਕਾਰ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਨਿਵਾਸੀ ਜੋਤ ਸਰੂਪੀ ਵਟਾਵੇ ਭੇਸਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਇੰਦਾ । ਜੀਵ ਜੰਤ ਸਾਧ ਸੰਤ ਭਗਤ ਭਗਵਾਨ ਲੱਖ ਚੁਰਾਸੀ ਜਾਨਣਹਾਰਾ ਲੇਖਾ, ਬੋਧ ਅਗਾਧਾ ਸ਼ਬਦ ਅਨਾਦਾ ਅਗੰਮ ਆਪਣੀ ਕਾਰ ਕਮਾਇੰਦਾ । ਪੂਰਬ ਜਨਮ ਸਭ ਦਾ ਜਾਣੇ ਲੇਖਾ, ਲੇਖ ਭਵਿਖਤ ਦ੍ਰਿਸ਼ਟ ਇਸ਼ਟ ਸ੍ਰਿਸ਼ਟ ਸਰਬ ਵਖਾਇੰਦਾ । ਠਾਕਰ ਸਵਾਮੀ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਣ ਕੇ ਜਾਏ ਸਭ ਦਾ ਨੇਤਾ, ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਸਲਾਮ, ਹਰਿ ਕਰਤਾ ਆਪ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਵਰਦਿਗਾਰ ਸਾਂਝਾ ਯਾਰ ਪਰਗਟ ਹੋਵੇ ਇਕ ਅਮਾਮ, ਅਮਲ ਆਮਲ ਸਭ ਦੇ ਵੇਖ ਵਖਾਈਆ । ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਕਰਨਹਾਰਾ ਕਾਮ, ਕਰਨੀ ਕਰਤਾ ਆਪਣੀ ਦਏ ਦ੍ਰਿੜਾਈਆ । ਬੰਦੀਖਾਨਿਉਂ ਛੁਡਾ ਕੇ ਸੰਤ ਸੁਹੇਲੇ ਗੁਰਮੁਖ ਚੇਲੇ ਗ਼ੁਲਾਮ, ਬੰਦਨਾ ਆਪਣੀ ਦਏ ਦ੍ਰਿੜਾਈਆ । ਸਚ ਸੰਦੇਸ਼ਾ ਦੇਵੇ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਆਪ ਜਣਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਅਬਿਨਾਸ਼ੀ ਕਰਤਾ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਜ਼ਹੂਰ ਜ਼ਾਹਰ ਇਕੋ ਇਕ ਖ਼ੁਦਾਈਆ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਵਿਚ ਜਹਾਨ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਸਾਹਿਬ ਸਵਾਮੀ ਬੇਪਰਵਾਹ, ਹਰਿ ਕਰਤਾ ਆਪ ਜਣਾਇੰਦਾ । ਗੁਰ ਅਵਤਾਰ ਕਰੋ ਸਲਾਹ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਓ ਉਠਾ, ਸੋਇਆ ਕੋਇ ਨਜ਼ਰ ਨਾ ਆਇੰਦਾ । ਤ੍ਰੈਗੁਣ ਮਾਇਆ ਇਸ਼ਾਰਾ ਦਿਓ ਜਣਾ, ਸੈਨਤ ਇਕੋ ਇਕ ਦਰਸਾ, ਪੰਜ ਤਤ ਪੜਦਾ ਦਿਓ ਲਾਹ, ਭਾਂਡਾ ਭਰਮ ਭੌ ਭੰਨਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦਰ ਠਾਂਡੇ ਲਓ ਮੰਗਾ, ਅੰਜੀਲ ਕੁਰਾਨਾਂ ਇਕੋ ਹੁਕਮ ਵਰਤਾਇੰਦਾ । ਸਾਰੇ ਰਲ ਕੇ ਸਚ ਦਵਾਰੇ ਕਰੋ ਦੁਆ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਪਰਗਟ ਹੋ ਪਾਰਬ੍ਰਹਮ ਪਤਿਪਰਮੇਸ਼ਵਰ ਆ, ਅਬਿਨਾਸ਼ੀ ਕਰਤੇ ਤੇਰਾ ਰਾਹ ਸਰਬ ਤਕਾਇੰਦਾ । ਲੱਖ ਚੁਰਾਸੀ ਬਣ ਮਲਾਹ, ਤੁਧ ਬਿਨ ਬੇੜਾ ਕੰਧ ਨਾ ਕੋਇ ਉਠਾਇੰਦਾ । ਕਲਜੁਗ ਕੂੜ ਕੁੜਿਆਰ ਗਿਆ ਛਾ, ਸ਼ਾਹੀ ਟਿੱਕਾ ਦੁਰਮਤ ਮੈਲ ਨਾ ਕੋਇ ਧੁਆਇੰਦਾ । ਸਾਚਾ ਮੰਦਰ ਕਾਇਆ ਕਾਅਬਾ ਦਏ ਨਾ ਕੋਇ ਵਖਾ, ਹੁਜਰਾ ਹਕ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦੋ ਜਤ ਸਤਿ, ਧੀਰਜ ਆਪਣੇ ਨਾਲ ਮਿਲਾਈਆ । ਪਕੜ ਉਠਾਓ ਬ੍ਰਹਮ ਮਤ, ਕਿਉਂ ਸੁੱਤੀ ਨਾ ਲਏ ਅੰਗੜਾਈਆ । ਸਚ ਦਵਾਰੇ ਜੋੜੋ ਹੱਥ, ਦਸਤ ਬਦਸਤ ਬੰਦ ਵਖਾਈਆ । ਕਿਰਪਾ ਕਰ ਪੁਰਖ ਸਮਰਥ, ਸਚ ਤੇਰੀ ਸਰਨਾਈਆ । ਸਾਡਾ ਝੋਲੀ ਪਾ ਦੇ ਪਿਛਲਾ ਹਕ, ਜੋ ਤੇਰੀ ਸੇਵ ਕਮਾਈਆ । ਅੰਤਮ ਸਾਰੇ ਗਏ ਥੱਕ, ਇਹ ਵੀ ਤੇਰੀ ਵਡ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਹਉਂ ਬਾਲਕ ਰੂਪ ਸਖਾਈਆ । ਸੱਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਇਕੋ ਨਾਮ ਹਿਰਦੇ ਆਪਣਾ ਰੱਖ, ਘਟ ਘਟ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ

ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦੇ ਕਲਜੁਗ, ਆਪਣੇ ਨਾਲ ਲਓ ਮਿਲਾਈਆ । ਜਿਸ ਦੀ ਔਧ ਰਹੀ ਪੁਗ, ਉਸ ਨੂੰ ਪੁੱਛੇ ਚਾਈਂ ਚਾਈਂਆ । ਲੋਕਮਾਤ ਵਿਚੋਂ ਜਾ ਉਠ, ਆਪਣਾ ਚਰਨ ਉਠਾਈਆ । ਆਪਣੇ ਖ਼ਾਲੀ ਭਾਂਡੇ ਲੈ ਜਾ ਠੁਠ, ਕਾਸੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਦੇਵਣ ਸੱਦਾ, ਇਕੋ ਵਾਰ ਜਣਾਈਆ । ਸਚ ਦਵਾਰੇ ਆ ਭੱਜਾ, ਪੰਧ ਮੁਕੌਣਾ ਵਾਹੋ ਦਾਹੀਆ । ਪਹਿਲੋਂ ਚਰਨ ਚੁੱਕਣਾ ਸੱਜਾ, ਖੱਬਾ ਅੱਗੇ ਨਾ ਕਦੇ ਟਿਕਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਬਹਿ ਕੇ ਸਜਾ, ਤਖ਼ਤ ਨਿਵਾਸੀ ਡੇਰਾ ਲਾਈਆ । ਜਿਸ ਦੇ ਹੁਕਮੇ ਅੰਦਰ ਦੋ ਜਹਾਨ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਤੇਰਾ ਲਹਿਣਾ ਦੇਣਾ ਪਰਵਰਦਿਗਾਰ ਆਪੇ ਲੱਧਾ, ਖ਼ੁਦਾ ਖ਼ੁਦ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਸਾਚਾ ਘਰ, ਸਚ ਸੁਨੇਹੜਾ ਰਿਹਾ ਸੁਣਾਈਆ । ਕਲਜੁਗ ਕਹੇ ਗੁਰੂ ਅਵਤਾਰ, ਮੈਂ ਆਵਾਂ ਚਾਈਂ ਚਾਈਂਆ । ਸਾਹਿਬ ਸੱਚੇ ਦਾ ਵੇਖ ਦਰਬਾਰ, ਨਿਉਂ ਨਿਉਂ ਲਾਗਾਂ ਪਾਈਆ । ਮੈਂ ਪੇਖਣਾ ਸਚ ਵਿਹਾਰ, ਲੱਖ ਚੁਰਾਸੀ ਸੇਵ ਕਮਾਈਆ । ਚਾਰੋਂ ਕੁੰਟ ਕਰ ਅੰਧਿਆਰ, ਸਾਚਾ ਚੰਦ ਦਿਤਾ ਛੁਪਾਈਆ । ਦੀਵਾ ਬਾਤੀ ਕਿਸੇ ਘਰ ਨਾ ਹੋਏ ਉਜਿਆਰ, ਸੰਤ ਸਾਧ ਅੰਧ ਅੰਧੇਰ ਬੈਠੇ ਡੇਰਾ ਲਾਈਆ । ਆਤਮ ਅੰਮ੍ਰਿਤ ਜਾਮ ਸਕੇ ਨਾ ਕੋਇ ਪਿਆਲ, ਖ਼ਾਲੀ ਭਾਂਡੇ ਸਾਰੇ ਦਏ ਕਰਾਈਆ । ਕਿਸੇ ਦਾ ਹੱਲ ਨਾ ਹੋਵੇ ਕੋਈ ਸਵਾਲ, ਬੇਨੰਤੀ ਕੰਮ ਕਿਸੇ ਨਾ ਆਈਆ । ਸ਼ਾਹ ਸੁਲਤਾਨ ਕਰ ਬੇਹਾਲ, ਖ਼ਾਕੀ ਖ਼ਾਕ ਦਏ ਮਿਲਾਈਆ । ਨੇਤਰ ਰੋਵਣ ਗ਼ਰੀਬ ਕੰਗਾਲ, ਕੋਝੇ ਕਮਲੇ ਸਾਰ ਕੋਇ ਨਾ ਪਾਈਆ । ਫਲ ਨਾ ਰਹੇ ਕਿਸੇ ਡਾਲ੍ਹ, ਪਤਝੜ ਰੁੱਤ ਖ਼ਿਜ਼ਾਂ ਦਿਤੀ ਬਣਾਈਆ । ਸਾਹਿਬ ਅੱਗੇ ਦੱਸਾਂ ਆਪਣਾ ਹਾਲ, ਹਾਲਤ ਸੱਚੀ ਦਿਆਂ ਜਣਾਈਆ । ਮੇਰੀ ਸਭ ਤੋਂ ਵੱਖਰੀ ਨਿਰਾਲੀ ਚਾਲ, ਚੌਥਾ ਜੁਗ ਕਹੇ ਮੈਨੂੰ ਦਿਓ ਵਡਿਆਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਮੈਂ ਸਦਾ ਸਦਾ ਸਦ ਤੁਹਾਡੇ ਨਾਲ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਅੱਖ ਖੁਲ੍ਹਾਈਆ । ਕਲਜੁਗ ਕਹੇ ਮੈਂ ਸੋਹਣਾ ਜੋਬਨ ਮੱਤਾ, ਪਰਮ ਪੁਰਖ ਦਿਤੀ ਵਡਿਆਈਆ । ਮੈਂ ਵੇਖਣਹਾਰਾ ਪਿਛਾ ਅੱਗਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੈਂ ਲੱਖ ਚੁਰਾਸੀ ਜੀਵ ਜੰਤ ਕੋਈ ਬਣਿਆ ਰਹਿਣ ਨਾ ਦਿਤਾ ਸਕਾ, ਸੱਜਣਾਂ ਮੇਲ ਨਾ ਕੋਇ ਮਿਲਾਈਆ । ਜੀਵਾਂ ਜੰਤਾਂ ਦੇ ਕੇ ਧੱਕਾ, ਕਾਇਆ ਮੰਦਰ ਮੁਨਾਰਿਉਂ ਦਿਤਾ ਸੁਟਾਈਆ । ਕਿਸੇ ਨੂੰ ਖਵਾਇਆ ਕੱਟਾ ਵੱਛਾ, ਕਿਸੇ ਨੂੰ ਛੁਰੀਆਂ ਗਲ ਫਿਰਾਈਆ । ਕਿਸੇ ਤੋਂ ਕੁਹਾਇਆ ਨਿੱਕਾ ਬੱਚਾ, ਨੀਹਾਂ ਹੇਠ ਦਬਾਈਆ । ਕਿਸੇ ਦਾ ਰਹਿਣ ਨਾ ਦਿਤਾ , ਧੂੜੀ ਖ਼ਾਕ ਵਿਚ ਉਡਾਈਆ । ਤੀਰਥ ਤੱਟਾਂ ਪਾਣੀ ਕਰਕੇ ਤੱਤਾ, ਅਗਨੀ ਰੂਪ ਦਿਤਾ ਬਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕੋਈ ਰਹਿਣ ਨਾ ਦਿਤੀ ਸੱਤਾ, ਸਤਿ ਸਰੂਪ ਨਾ ਕੋਇ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ, ਮੇਰੀ ਕਰਨੀ ਸਾਰੇ ਵੇਖੋ ਅੱਖਾਂ, ਆਖ਼ਰ ਸਭ ਨੂੰ ਰਿਹਾ ਸੁਣਾਈਆ । ਕਿਸੇ ਦੇ ਕੋਲ ਰਹਿਣ ਨਾ ਦਿਤੀ ਗੁਰਮਤਾ, ਮਨਮਤ ਘਰ ਘਰ ਦਿਤੀ ਬਹਾਈਆ । ਧੀਰਜ ਰਿਹਾ ਨਾ ਕੋਇ ਜਤਾ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਅੰਦਰ ਬੁੱਢਾ ਬਿਰਧ ਜਵਾਨ ਢੱਠਾ, ਬਲ ਸਕੇ ਨਾ ਕੋਇ ਵਖਾਈਆ । ਧੰਨ ਭਾਗ ਅਬਿਨਾਸ਼ੀ ਕਰਤੇ ਸਭ ਨੂੰ ਕੀਤਾ ਕੱਠਾ, ਇਕੋ ਹੁਕਮ

ਸੁਣਾਈਆ । ਸਾਰੇ ਆਪਣਾ ਚਾਰ ਜੁਗ ਦਾ ਪਿਛਲਾ ਵਖਾਓ ਪੱਟਾ, ਹਿੱਸੇਦਾਰੀ ਮਾਤ ਦਿਉ ਜਣਾਈਆ । ਤੁਸਾਂ ਅੱਗੇ ਦੀਨ ਮਜ਼੍ਹਬ ਦਾ ਲੋਕਮਾਤ ਪਾਇਆ ਰਟਾ, ਕੌਮਾਂ ਵਿਚ ਕਰੀ ਲੜਾਈਆ । ਮੈਂ ਵੀ ਅਗਨੀ ਤਾਅ ਕੇ ਭੱਠਾ, ਇਸ ਦੇ ਵਿਚ ਰਿਹਾ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸੇਵਾ ਸਚ ਲਗਾਈਆ । ਕਲਜੁਗ ਕਹੇ ਗੁਰ ਅਵਤਾਰੋ ਪੀਰ ਪੈਗ਼ੰਬਰੋ ਸੁਣੋ ਕਹਾਣੀ, ਮੈਂ ਸਚ ਸਚ ਦਿਆਂ ਜਣਾਈਆ । ਸਦੀ ਵੀਹਵੀਂ ਆਈ ਉਹ ਨਿਸ਼ਾਨੀ, ਜਿਸ ਦਾ ਨਿਸ਼ਾਨਾ ਸਾਰੇ ਗਏ ਲਗਾਈਆ । ਕਰੇ ਖੇਲ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਬੇਪਰਵਾਹ ਵੱਡੀ ਵਡਿਆਈਆ । ਨੇਤਰ ਰੋਂਦੀ ਵੇਖੇ ਚਾਰੇ ਬਾਣੀ, ਚਾਰੇ ਖਾਣੀ ਸਾਰ ਕੋਇ ਨਾ ਆਈਆ । ਸੁਰਤੀ ਸ਼ਬਦ ਮਿਲੇ ਨਾ ਹਾਣੀ, ਅੰਮ੍ਰਿਤ ਮਿਲੇ ਨਾ ਠੰਡਾ ਪਾਣੀ, ਤ੍ਰਿਸਨਾ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲਜੁਗ ਸੁਣ ਲੈ ਏਕ, ਇਕੋ ਵਾਰ ਜਣਾਈਆ । ਸਭ ਕੁਛ ਤੇਰਾ ਪਰਮ ਪੁਰਖ ਪਰਮਾਤਮ ਲਿਆ ਵੇਖ, ਭੁੱਲ ਰਹੀ ਨਾ ਰਾਈਆ । ਹੁਕਮ ਕਰ ਕੇ ਗਿਆ ਸਾਹਿਬ ਦਸਮੇਸ਼, ਦਹਿ ਦਿਸ਼ਾ ਕਰ ਜਣਾਈਆ । ਕਲਜੁਗ ਅੰਤ ਕਲ ਕਲਕੀ ਪਰਗਟ ਹੋਵੇ ਨਰ ਨਰੇਸ਼, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਕੂੜੀ ਕਿਰਿਆ ਬਦਲ ਦਏ ਰੇਖ, ਰੇਖਾ ਸਭ ਦੀ ਦਏ ਗਵਾਈਆ । ਲੇਖ ਚੁਕਾਵੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਆਪਣਾ ਕਰਨ ਓਸ ਦੇ ਭੇਟ, ਸਿਰ ਸਕੇ ਨਾ ਕੋਇ ਉਠਾਈਆ । ਅਬਿਨਾਸ਼ੀ ਕਰਤਾ ਇਕੋ ਬਣੇ ਖੇਵਟ ਖੇਟ, ਦੋ ਜਹਾਨ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲਜੁਗ ਛੱਡ ਦੇ ਝਗੜਾ, ਵੇਲਾ ਅੰਤਮ ਆਈਆ । ਹੁਣ ਰਸਤਾ ਵੇਖ ਅਗਲਾ, ਪਿਛਲੀ ਬੀਤੀ ਕੰਮ ਕਿਸੇ ਨਾ ਆਈਆ । ਸਚ ਦਵਾਰਿਉਂ ਵਸਤ ਅਗੰਮੀ ਮੰਗ ਲਾ, ਪ੍ਰਭ ਦੇਵਣਹਾਰ ਦਇਆ ਕਮਾਈਆ । ਜੀਵ ਜੰਤ ਜਗਤ ਜਹਾਨ ਹੋਇਆ ਕੰਗਲਾ, ਵਸਤ ਅਮੋਲਕ ਹੱਥ ਨਾ ਕੋਇ ਫੜਾਈਆ । ਲੋਕਮਾਤ ਦਾ ਛੱਡਣਾ ਪਏ ਬੰਗਲਾ, ਥਿਰ ਕੋਇ ਰਹਿਣ ਨਾ ਪਾਈਆ । ਆਪਣਾ ਬਸਤਾ ਭਾਰ ਆਪੇ ਬੰਧ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਕਲਜੁਗ ਕਹੇ ਮੈਂ ਬੜਾ ਚਲਾਕ, ਸਭ ਨੂੰ ਦਿਆਂ ਸਮਝਾਈਆ । ਮੈਂ ਜਾਂਦਾ ਜਾਂਦਾ ਸ਼ਾਹ ਸੁਲਤਾਨਾਂ ਮਿਲਾ ਜਾਵਾਂ ਵਿਚ ਖ਼ਾਕ, ਖ਼ਾਕੀ ਖ਼ਾਕ ਵਿਚ ਸਮਾਈਆ । ਲੱਖ ਚੁਰਾਸੀ ਉਤਾਰਾਂ ਆਪਣੇ ਘਾਟ, ਬੇੜੇ ਸ਼ੌਹ ਦਰਿਆ ਰੁੜ੍ਹਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਬੇਸ਼ਕ ਮੇਰਾ ਛੱਡ ਜਾਓ ਸਾਥ, ਸੰਗੀ ਸੰਗ ਨਾ ਕੋਇ ਨਿਭਾਈਆ । ਮੈਂ ਵੇਖਾਂ ਆਪਣਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਛੱਡ ਦੇ ਝੇੜਾ, ਝਗੜਾ ਰਹਿਣ ਕੋਇ ਨਾ ਪਾਈਆ । ਧਰਤ ਮਾਤ ਦਾ ਖ਼ਾਲੀ ਕਰ ਦੇ ਵਿਹੜਾ, ਕਿਉਂ ਬੈਠਾ ਆਸਣ ਲਾਈਆ । ਸਦਾ ਕਿਸੇ ਦਾ ਰਿਹਾ ਨਾ ਏਥੇ ਵਸੇਰਾ, ਜੁਗ ਚੌਕੜੀ ਕੋਟਨ ਕਾਲ ਗਏ ਵਿਹਾਈਆ । ਅੰਤਮ ਵਕਤ ਆ ਗਿਆ ਨੇੜਾ, ਨੇਰਨ ਨੇਰਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਮੁਕਾਈਆ । ਕਲਜੁਗ ਕਹੇ ਮੈਂ ਜੋਧਾ ਸੂਰ, ਬੀਰਤਾ ਵਿਚੋਂ ਨਜ਼ਰੀ ਆਈਆ । ਮੈਂ ਜਾ ਕੇ ਕਹਾਂ

ਹਜ਼ੂਰ, ਹਰਿ ਜੂ ਸਾਚੇ ਦਿਆਂ ਸੁਣਾਈਆ । ਪ੍ਰਭ ਮੇਰਾ ਕੀ ਕਸੂਰ, ਕਿਉਂ ਮੈਨੂੰ ਰਿਹਾ ਬਦਲਾਈਆ । ਮੈਂ ਤੇਰਾ ਬਣ ਕੇ ਰਿਹਾ ਮਜ਼ਦੂਰ, ਸਾਚੀ ਸੇਵ ਕਮਾਈਆ । ਘਰ ਘਰ ਨਾਤਾ ਜੋੜ ਕੇ ਕੂੜ, ਝੂਠੀ ਕਰੀ ਜਗਤ ਪੜ੍ਹਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਤੇਰੀ ਸਮਝ ਕਿਸੇ ਨਾ ਆਈਆ । ਕੋਈ ਨਾ ਲਾਵੇ ਮਸਤਕ ਤੇਰੀ ਧੂੜ, ਟਿੱਕਾ ਨਾਮ ਨਾ ਕੋਇ ਛੁਹਾਈਆ । ਉਠ ਕੇ ਵੇਖ ਪ੍ਰਭੂ ਸਾਰੇ ਹੋਏ ਮਫ਼ਰੂਰ, ਨਿਵਣ ਸੁ ਅੱਖਰ ਘਰ ਨਾ ਕੋਇ ਜਣਾਈਆ । ਮੈਂ ਤੇਰੇ ਹੁਕਮੇ ਅੰਦਰ ਹੋਇਆ ਮਜਬੂਰ, ਦੋਏ ਜੋੜ ਵਾਸਤਾ ਪਾਈਆ । ਤੂੰ ਮੇਰਾ ਸਚ ਮਹਿਬੂਬ, ਮੁਹੱਬਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਨਾ ਬੋਲ, ਬੋਲਿਆਂ ਹੱਥ ਕੁਛ ਨਾ ਆਈਆ । ਅਬਿਨਾਸ਼ੀ ਕਰਤਾ ਤੋਲਣਹਾਰਾ ਸਾਚਾ ਤੋਲ, ਜੁਗ ਚੌਕੜੀ ਕੰਡਾ ਆਪਣੇ ਹੱਥ ਉਠਾਈਆ । ਤੇਰਿਆਂ ਕਰਮਾਂ ਰਿਹਾ ਵਰੋਲ, ਨਾਮ ਮਧਾਣਾ ਇਕ ਵਖਾਈਆ । ਸਚ ਵਸਤ ਨਾ ਤੇਰੇ ਕੋਲ, ਝੂਠੇ ਭਾਂਡੇ ਰਿਹਾ ਭਰਾਈਆ । ਅਨੰਦਪੁਰੀ ਹੋਇਆ ਕੌਲ, ਵੇਲਾ ਇਕਰਾਰ ਦਾ ਗਿਆ ਆਈਆ । ਸਦੀ ਚੌਧਵੀਂ ਖ਼ਾਲੀ ਕਰ ਦੇ ਧੌਲ, ਧਰਨੀ ਧਰਤ ਦਏ ਦੁਹਾਈਆ । ਏਥੋਂ ਉਠ ਜਾ ਆਪ ਅਡੋਲ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਕਲਜੁਗ ਅੱਗੋਂ ਕਹੇ ਹੱਸ, ਹਸਤੀ ਸਰਬ ਜਣਾਈਆ । ਤੁਹਾਡੇ ਮੇਰੇ ਕੁਛ ਨਹੀਂ ਵਸ, ਵਾਸਤਾ ਇਕੋ ਨਾਲ ਰਖਾਈਆ । ਜਿਸ ਨੇ ਲੋਕਮਾਤ ਕੀਤਾ ਪਰਗਟ, ਪਰਗਟ ਕਰਕੇ ਮੇਰਾ ਹੱਟ ਚਲਾਈਆ । ਉਹ ਸਾਹਿਬ ਪੁਰਖ ਸਮਰਥ, ਸ਼ਹਿਨਸ਼ਾਹ ਅਖਵਾਈਆ । ਜੁਗ ਚੌਕੜੀ ਚਲਾਵੇ ਰਥ, ਬਣ ਰਥਵਾਹੀ ਫੇਰਾ ਪਾਈਆ । ਮੈਂ ਉਸ ਦੇ ਚਰਨਾਂ ਜਾਵਾਂ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਜਿਸ ਤੁਹਾਡਾ ਕੀਤਾ ਇਕੱਠ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ, ਵਾਹਵਾ ਤੇਰੀ ਵਡਿਆਈਆ । ਉਠ ਕੇ ਆਪਣਾ ਹਾਲ ਦੇ ਸੁਣਾ, ਕਿਉਂ ਬੈਠਾ ਮੁਖ ਭੁਆਈਆ । ਅਸੀਂ ਸਾਰੇ ਤੇਰੇ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਵੇਲਾ ਵਕਤ ਦਈਏ ਸੁਹਾ, ਸੁਹੰਜਣੀ ਘੜੀ ਨਾਲ ਮਿਲਾਈਆ । ਕਾਗਦ ਕਲਮ ਨਾ ਲੇਖਾ ਲਿਖਣਾ ਪਏ ਨਾਲ ਸ਼ਾਹ, ਧੁਰ ਸਵਾਮੀ ਆਪਣਾ ਹੁਕਮ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸੁਣ ਪ੍ਰਭ ਠਾਕਰ, ਦਰ ਤੇਰੇ ਅਰਜ਼ ਸੁਣਾਈਆ । ਤੇਰੀ ਲਹਿਰ ਦਾ ਡੂੰਘਾ ਸਾਗਰ, ਭਵਰ ਵਿਚ ਸਰਬ ਲੋਕਾਈਆ । ਜੋਧਾ ਦਿਸੇ ਨਾ ਕੋਇ ਬਹਾਦਰ, ਜੋ ਸਕੇ ਬਾਹਰ ਕਢਾਈਆ । ਕਲਜੁਗ ਤੇਰੇ ਦਰ ਤੇ ਮੰਗਣ ਆਇਆ ਆਦਰ, ਆਪਣਾ ਆਦਰਸ਼ ਦੇ ਜਣਾਈਆ । ਸਦੀ ਚੌਧਵੀਂ ਦਾ ਲੇਖਾ ਲੱਭ ਵੇਖ ਲੈ ਆਪਣੇ ਕਾਗਜ, ਪੜਦਾ ਅੰਤਰ ਉਠਾਈਆ । ਹਉਂ ਸੇਵਕ ਬਰਦੇ ਤੇਰੇ ਆਜਜ਼, ਆਜਜ਼ੀ ਨਾਲ ਸੀਸ ਨਿਵਾਈਆ । ਇਹ ਕਰਕੇ ਆਇਆ ਲੱਖ ਚੁਰਾਸੀ ਨਾਲ ਸਾਜ਼ਸ਼, ਸਗਲੀ ਸ੍ਰਿਸ਼ਟ ਰਹੀ ਕੁਰਲਾਈਆ । ਤੇਰੀ ਭੁਲਾਈ ਸਚ ਇਬਾਦਤ, ਅਮਲਾਂ ਵਿਚ ਨਾ ਕੋਇ ਲੋਕਾਈਆ । ਲੱਖ ਚੁਰਾਸੀ ਜੀਵ ਜੰਤ ਨੌ ਖੰਡ ਪ੍ਰਿਥਮੀ ਘਰ ਘਰ ਕਰੀ ਬਗ਼ਾਵਤ, ਗ੍ਰਿਹਿ ਗ੍ਰਿਹਿ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਕਹਿਣ ਪ੍ਰਭ ਧੁਰ ਦੇ

ਮਾਲਕ, ਸਚ ਕਹਾਣੀ ਦਈਏ ਜਣਾਈਆ । ਤੂੰ ਠਾਕਰ ਹੋਕੇ ਬਣਨਾ ਸਾਲਸ, ਦੂਜਾ ਸੰਗ ਨਾ ਕੋਇ ਰਖਾਈਆ । ਕਲਜੁਗ ਮਸਤਕ ਵੇਖ ਟਿੱਕਾ ਲੱਗਾ ਕਾਲਖ, ਬਾਹਰੋਂ ਸਕੇ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਵੇਖਣਹਾਰਾ ਹਰਿ ਨਿਰੰਕਾਰ, ਇਕੋ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਪਿਆਰ, ਪਰਮ ਪੁਰਖ ਰਿਹਾ ਸਮਝਾਈਆ । ਕਲਜੁਗ ਪੁੱਤ ਬੜਾ ਹੁਸ਼ਿਆਰ, ਸੂਰਬੀਰ ਅਖਵਾਈਆ । ਜਿਸ ਚਾਰ ਕੁੰਟ ਦਹਿ ਦਿਸ਼ਾ ਕਰੀ ਖੁਆਰ, ਸਿਦਕ ਸਬੂਰੀ ਨਜ਼ਰ ਕਿਸੇ ਨਾ ਆਈਆ । ਅੰਦਰ ਵੜ ਵੜ ਪੌੜੀ ਚੜ੍ਹ ਚੜ੍ਹ ਪੰਜਾਂ ਤੱਤਾਂ ਦਿਤਾ ਹੁਲਾਰ, ਪੰਚਮ ਪੰਚਮ ਅੱਗ ਵਧਾਈਆ । ਸਾਚਾ ਕਰਨ ਨਾ ਦਿਤਾ ਕਿਸੇ ਪਿਆਰ, ਨਾਰ ਕੰਤ ਸਰਬ ਵਿਭਚਾਰ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਜੋ ਸਿਖਿਆ ਆਏ ਸਿਖਾਲ, ਨਿਰਗੁਣ ਸਰਗੁਣ ਬਣ ਦਲਾਲ, ਫੇਰਾ ਮਾਤਲੋਕ ਪਾਈਆ । ਕਲਜੁਗ ਜੀਵ ਭੁੱਲੇ ਆਣ, ਸਾਚੀ ਕਰੇ ਨਾ ਕੋਇ ਪਛਾਣ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲਜੁਗ ਕੂੜ ਕੁੜਿਆਰਾ, ਪ੍ਰਭ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਕਹੇ ਏਸ ਨੂੰ ਇਕ ਸਹਾਰਾ, ਜੋ ਇਕੋ ਆਸ ਤਕਾਈਆ । ਕਲਜੁਗ ਕਹੇ ਪ੍ਰਭੂ ਸਭ ਦਾ ਮੇਰੇ ਨਾਲ ਕਰ ਕਿਨਾਰਾ, ਘਰ ਇਕੋ ਦੇ ਵਖਾਈਆ । ਸਚ ਮਾਰਗ ਦਾ ਕਰ ਪਸਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਤਿਜੁਗ ਸਾਚਾ ਉਠਾ ਆਪਣਾ ਸੁਤ ਦੁਲਾਰਾ, ਲੈ ਆਪ ਅੰਗੜਾਈਆ । ਮਿਹਰਵਾਨ ਹੋ ਕੇ ਦੱਸ ਆਪਣੀ ਧਾਰਾ, ਧੁਰ ਦੀ ਸਿਖਿਆ ਇਕ ਸਮਝਾਈਆ । ਲੇਖਾ ਚੁੱਕ ਜਾਏ ਨਾਲ ਗੁਰੂ ਅਵਤਾਰਾ, ਪੀਰ ਪੈਗ਼ੰਬਰਾਂ ਲਹਿਣਾ ਦੇਣਾ ਰਹੇ ਨਾ ਰਾਈਆ । ਸਤਿਜੁਗ ਸਾਚੇ ਤੇਰੇ ਨਾਮ ਦਾ ਵੱਜੇ ਇਕ ਨਗਾਰਾ, ਦੋ ਜਹਾਨਾਂ ਕਰ ਸ਼ਨਵਾਈਆ । ਸ੍ਰਿਸ਼ਟ ਸਬਾਈ ਤੇਰਾ ਬੋਲੇ ਸਚ ਜੈਕਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਜ਼ਾਹਰ ਹਾਜ਼ਰ ਪਰਵਰਦਿਗਾਰਾ, ਬੇਵਫ਼ਾ ਨਜ਼ਰ ਕੋਇ ਨਾ ਆਈਆ । ਤੂੰ ਸਚਖੰਡ ਨਿਵਾਸੀ ਏਕੰਕਾਰਾ, ਅਕਲ ਤੇਰੀ ਸਮਝ ਕੋਇ ਨਾ ਪਾਈਆ । ਹਉਂ ਭਿੱਖਕ ਹੋ ਕੇ ਮੰਗਾਂ ਇਕ ਦਵਾਰਾ, ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਬੇਨੰਤੀ ਤੇਰੇ ਅੱਗੇ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਕਲਜੁਗ ਕੀ ਕਹਿੰਦਾ, ਆਪਣੀ ਕਹਾਣੀ ਰਿਹਾ ਸੁਣਾਈਆ । ਅਸੀਂ ਵੇਖ ਕੇ ਆਏ ਚੜ੍ਹਦਾ ਲਹਿੰਦਾ, ਦੱਖਣ ਪਹਾੜ ਫੇਰਾ ਪਾਈਆ । ਸਾਚੇ ਧਾਮ ਜੀਵ ਜਹਾਨ ਕੋਇ ਨਾ ਬਹਿੰਦਾ, ਭੱਜੇ ਵਾਹੋ ਦਾਹੀਆ । ਤੇਰਾ ਨਾਮ ਕੋਇ ਨਾ ਲੈਂਦਾ, ਲਹਿਣੇ ਵਿਚ ਨਾ ਕੋਇ ਲੋਕਾਈਆ । ਹੰਕਾਰੀ ਰੂਪ ਕਰ ਕਰ ਖਹਿੰਦਾ, ਗ੍ਰਿਹਿ ਗ੍ਰਿਹਿ ਹੋਵੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਸਾਲਸ ਬਣ ਕੇ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਲੇਖਾ ਮੁੱਕੇ, ਪ੍ਰਭ ਤੇਰੀ ਝੋਲੀ ਪਾਈਆ । ਕਿਰਪਾ ਕਰ ਅਬਿਨਸ਼ੀ ਅਚੁਤੇ, ਮਿਹਰਵਾਨ ਹੋ ਸਹਾਈਆ । ਤੇਰਾ ਸੁਤ ਦੁਲਾਰਾ ਸ਼ਬਦੀ ਉਠੇ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਰਹੀ ਲੁਕੇ, ਫੜ ਬਾਹੋਂ ਬਾਹਰ ਕਢਾਈਆ । ਇਕ ਸੁਹੰਜਣੀ ਸਾਚੀ ਰੁੱਤੇ, ਰੁਤ ਰੁਤੜੀ ਆਪ ਮਹਿਕਾਈਆ । ਕੋਈ ਨਾ ਪੂਜਾ ਰਹੇ ਬੁੱਤੇ, ਇਕੋ ਤੇਰਾ ਰੂਪ ਨਜ਼ਰੀ ਆਈਆ । ਜਨ ਭਗਤ ਸੁਹੇਲੇ ਉਠਾ ਸੁੱਤੇ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੦੮੧
੧੭

ਕਰ, ਪ੍ਰਭ ਹੋਣਾ ਆਪ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੇ ਸਚ ਬਾਤ, ਸੋ ਸਾਹਿਬ ਸਵਾਮੀ ਆਪ ਜਣਾਈਆ । ਕਲਜੁਗ ਅੰਤਮ ਮਿਟ ਜਾਏ ਅੰਧੇਰੀ ਰਾਤ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚੀ ਸੋਹਣੀ ਹੋਵੇ ਪਰਭਾਤ, ਸਾਂਤਕ ਸਤਿ ਦਏ ਵਰਤਾਈਆ । ਸਭ ਦੀ ਪੂਰੀ ਅੰਤਰ ਕਰੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਲੇਖਾ ਚੁਕਾਏ ਪੁਰਖ ਅਬਿਨਾਸ਼, ਸ੍ਰੀ ਭਗਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਜੁਗ ਕਹੇ ਮੇਰੀ ਸਦੀ ਚੌਧਵੀਂ ਰਹਿੰਦੀ ਬਾਕੀ, ਥੋੜਾ ਹਿੱਸਾ ਨਜ਼ਰੀ ਆਈਆ । ਫੇਰ ਮੇਰੀ ਬਦਲ ਦੇਣੀ ਹਯਾਤੀ, ਤੇਰੇ ਅੱਗੇ ਸੀਸ ਨਿਵਾਈਆ । ਮੇਰੇ ਲੇਖੇ ਵਾਲੀ ਤੇਰੇ ਕੋਲ ਕਾਪੀ, ਕੁਤਬਖਾਨੇ ਨਾ ਕਿਸੇ ਫੜਾਈਆ । ਜੇ ਮੈਂ ਹੁੰਦਾ ਨਾ ਏਨਾਂ ਪਾਪੀ, ਕਲਜੁਗ ਪੰਧ ਨਾ ਕੋਇ ਮੁਕਾਈਆ । ਪ੍ਰਭੂ ਤੂੰ ਕਿਥੋਂ ਬਣਦੋਂ ਭਗਤਾਂ ਸਾਥੀ, ਛੇਤੀ ਆਪਣਾ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੌਣ ਪੂਰਾ ਕਰਦਾ ਭਵਿਖਤ ਵਾਕੀ, ਜੋ ਰਸਨਾ ਜਿਹਵਾ ਗਏ ਸੁਣਾਈਆ । ਕਵਣ ਜਾਮ ਪਿਆਉਂਦਾ ਬਣਕੇ ਧੁਰ ਦਾ ਸਾਕੀ, ਸਚ ਪਿਆਲਾ ਹੱਥ ਉਠਾਈਆ । ਕਵਣ ਬੋਧ ਅਗਾਧ ਸੁਣੌਂਦਾ ਸਾਖੀ, ਸਾਚਾ ਨਾਮ ਇਕ ਸਮਝਾਈਆ । ਕਵਣ ਭਾਗ ਲਗੌਂਦਾ ਤਨ ਖ਼ਾਕੀ, ਪੰਜ ਤਤ ਦਏ ਵਡਿਆਈਆ । ਇਕੋ ਬੇਨੰਤੀ ਦਰ ਤੇਰੇ ਸਾਚੀ ਆਖੀ, ਆਖ਼ਰ ਦਿਆਂ ਸੁਣਾਈਆ । ਤੂੰ ਸਚਖੰਡ ਦਾ ਸੱਚਾ ਵਾਸੀ, ਮੁਕਾਮੇ ਹਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਮੇਰੀ ਅੰਤ ਪੁਕਾਰ, ਪ੍ਰਭ ਸਾਚੇ ਦਿਆਂ ਸੁਣਾਈਆ । ਤੂੰ ਬਣਨਾ ਮਦਦਗਾਰ, ਸਿਰ ਆਪਣਾ ਹੱਥ ਟਿਕਾਈਆ । ਮੈਂ ਹੋਵਾਂ ਸਦਾ ਤਿਆਰ, ਤੇਰਾ ਰਾਹ ਤਕਾਈਆ । ਤੂੰ ਲੈਣ ਔਣਾ ਧੁਰ ਦੇ ਯਾਰ, ਨਿਰਗੁਣ ਆਪਣਾ ਵੇਸ ਵਟਾਈਆ । ਮੈਂ ਵੇਖਾਂ ਤੇਰਾ ਦਰਬਾਰ, ਜਿਸ ਘਰ ਬੈਠਾ ਸੋਭਾ ਪਾਈਆ । ਝੁਕਦੇ ਵੇਖਾਂ ਗੁਰ ਅਵਤਾਰ, ਪੀਰ ਪੈਗ਼ੰਬਰ ਸੀਸ ਨਿਵਾਈਆ । ਦਰ ਠਾਂਡੇ ਕਰ ਨਿਮਸਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਚੁਕਾਈਆ । ਕਲਜੁਗ ਕਹੇ ਮੈਂ ਮੁਕਾਵਾਂ ਪੰਧ, ਅਗਲਾ ਲੇਖਾ ਤੇਰੇ ਹੱਥ ਫੜਾਈਆ । ਤੇਰਾ ਸਤਿਜੁਗ ਉਠੇ ਸਾਚਾ ਚੰਦ, ਲਏ ਮਾਤ ਅੰਗੜਾਈਆ । ਮੇਲ ਮਿਲਾਵੇ ਗੁਜਰੀ ਚੰਦ, ਚੰਦ ਚੰਦ ਨਾਲ ਰੁਸ਼ਨਾਈਆ । ਮੈਂ ਵੇਖਾਂ ਤੇਰਾ ਖੇਲ ਬ੍ਰਹਿਮੰਡ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਕਮਾਈਆ । ਸਚ ਦਵਾਰਾ ਜਾਵਾਂ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਤੇਰੀ ਸੇਜ ਸੁਹੰਜਣੀ ਵੇਖ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਵੱਜੇ ਮਰਦੰਗ, ਤਰਾਨਾ ਇਕੋ ਨਾਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਮੰਗ, ਖ਼ਾਲੀ ਝੋਲੀ ਰਹੇ ਡਾਹੀਆ । ਮੇਰੀ ਔਧ ਗਈ ਹੰਢ, ਸਦੀ ਚੌਧਵੀਂ ਦਏ ਦੁਹਾਈਆ । ਅੰਤਮ ਮੇਟੇ ਭੇਖ ਪਖੰਡ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਬੱਚਾ ਤੇਰਾ ਸਤਿ ਸਤਿਵਾਦੀ ਚਾੜ੍ਹੇ ਰੰਗ, ਰੰਗੀਲਾ ਇਕੋ ਰੰਗ ਵਖਾਈਆ । ਅੰਤਰ ਆਤਮ ਸਭ ਨੂੰ ਮਿਲੇ ਅਨੰਦ, ਛੰਦ ਢੋਲਾ ਤੇਰਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਸਰਬ ਵਡਿਆਈਆ । ਅਬਿਨਾਸ਼ੀ ਕਰਤਾ ਦੇਵੇ ਧੀਰ, ਸ਼ਬਦੀ ਸ਼ਬਦ ਜਣਾਈਆ । ਕਲਜੁਗ ਸਤਿਜੁਗ ਤੇਰਾ ਪਹਿਲਾ ਵੀਰ, ਮੈਂ ਦਿਆਂ ਆਪ ਉਠਾਈਆ । ਮੁਖ ਲਗਾਕੇ ਅੰਮ੍ਰਿਤ ਸੀਰ, ਸਾਂਤਕ ਸਤਿ ਦਿਆਂ ਕਰਾਈਆ । ਆਪਣੀ ਮੰਜ਼ਲ ਦੱਸ ਅਖ਼ੀਰ, ਚੋਟੀ ਦਿਆਂ ਬਹਾਈਆ । ਤੇਰਾ ਕੱਟ ਕੇ ਸ਼ਰਅ ਜ਼ੰਜੀਰ,

ਅੱਗੇ ਸਫਾ ਦਿਆਂ ਮਿਟਾਈਆ । ਸਤਿ ਧਰਮ ਦੀ ਦੱਸ ਇਕ ਤਦਬੀਰ, ਧੁਰ ਦਾ ਹੁਕਮ ਸੁਣਾਈਆ । ਇਕੋ ਜਿਹਾ ਲੇਖਾ ਸ਼ਾਹ ਫ਼ਕੀਰ, ਆਅਲਾ ਅਦਨਾ ਇਕੋ ਰੰਗ ਵਖਾਈਆ । ਇਕੋ ਅੰਮ੍ਰਿਤ ਬਖ਼ਸ਼ਾਂ ਨੀਰ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇਵੇ ਵਡਿਆਈਆ । ਕਲਜੁਗ ਤੇਰਾ ਸਤਿਜੁਗ ਭਾਈ, ਆਪਣੀ ਲਏ ਅੰਗੜਾਈਆ । ਰਲ ਮਿਲ ਸਾਰੇ ਦਿਓ ਵਧਾਈ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਹੋ ਸਹਾਈ, ਇਕ ਬੇਨੰਤੀ ਰਿਹਾ ਜਣਾਈਆ । ਲੋਕਮਾਤ ਜਾਵਾਂ ਚਾਈਂ ਚਾਈਂ, ਤੇਰੇ ਹੁਕਮੇ ਅੰਦਰ ਪੰਧ ਮੁਕਾਈਆ । ਤੂੰ ਠਾਕਰ ਪਕੜੀਂ ਬਾਹੀਂ, ਸਰਬ ਸਵਾਮੀ ਸਿਰ ਆਪਣਾ ਹੱਥ ਰਖਾਈਆ । ਸਾਚੇ ਭਗਤਾਂ ਪਹਿਲੋਂ ਮਿਲਾਈਂ, ਜਿਨ੍ਹਾਂ ਮਿਲਿਆਂ ਤੇਰਾ ਰੂਪ ਨਜ਼ਰੀ ਆਈਆ । ਕੂੜੇ ਘਰ ਨਾ ਕਦੇ ਫਿਰਾਈਂ, ਝੂਠਿਆਂ ਨਾਲ ਨਾ ਕਰੀਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿਜੁਗ ਬੱਚੇ, ਤੈਨੂੰ ਦਿਆਂ ਜਣਾਈਆ । ਭਗਤ ਸੁਹੇਲੇ ਮੇਰੇ ਸੱਚੇ, ਸਚ ਦਿਆਂ ਦ੍ਰਿੜਾਈਆ । ਤੇਰਾ ਰਾਹ ਰਹੇ ਤੱਕੇ, ਨੇਤਰ ਅੱਖ ਖੁਲ੍ਹਾਈਆ । ਤੂੰ ਪੰਧ ਮੁਕੌਣਾ ਨੱਠ ਨੱਠੇ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਤੇਰੇ ਭਗਤ ਦੀ ਕੀ ਨਿਸ਼ਾਨੀ, ਮੈਨੂੰ ਸਮਝ ਕੋਇ ਨਾ ਆਈਆ । ਸ੍ਰੀ ਭਗਵਾਨ ਕਰੇ ਮਿਹਰਵਾਨੀ, ਮਹਿਬੂਬ ਦਏ ਸਮਝਾਈਆ । ਜਿਨ੍ਹਾਂ ਦੇ ਅੰਤਰ ਇਕੋ ਉਪਜੇ ਬਾਣੀ, ਧੁਰ ਦਾ ਰਾਗ ਅਲਾਈਆ । ਜਿਨ੍ਹਾਂ ਦੀ ਮੰਜ਼ਲ ਹੋਈ ਆਸਾਨੀ, ਰਾਹ ਵਿਚ ਨਾ ਕੋਇ ਅਟਕਾਈਆ । ਜੋ ਬੈਠੇ ਪਦ ਨਿਰਬਾਨੀ, ਨਿਰਬਾਨ ਪਦ ਵਿਚ ਸਮਾਈਆ । ਮੈਂ ਓਨ੍ਹਾਂ ਦਾ ਜਾਣ ਜਾਣੀ, ਸਚ ਸਚ ਦਿਆਂ ਦ੍ਰਿੜਾਈਆ । ਸਤਿਜੁਗ ਤੇਰਾ ਮੇਲਾ ਵਿਚ ਦੋ ਜਹਾਨੀ, ਜੋ ਲੋਕਮਾਤ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਪ੍ਰਭੂ ਕੀ ਭਗਤਾਂ ਰੰਗ, ਸਚ ਹੁਲੀਆ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਹੇ ਉਹਨਾਂ ਦੇ ਅੰਦਰ ਇਕ ਅਨੰਦ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਇਕੋ ਦਰਸ਼ਨ ਮੇਰਾ ਰਹੇ ਮੰਗ, ਦੂਜੀ ਓਟ ਨਾ ਕੋਇ ਤਕਾਈਆ । ਕਦੇ ਨਾ ਨਹਾਵਣ ਜਾਣ ਤੀਰਥ ਤਟ ਗੰਗ, ਘਰ ਇਕੋ ਸਰੋਵਰ ਨਹਾ ਨਹਾ ਖ਼ੁਸ਼ੀ ਮਨਾਈਆ । ਇਕੋ ਢੋਲਾ ਗਾਵਣ ਛੰਦ, ਤੂੰ ਮੇਰਾ ਮੈਂ ਤੇਰਾ ਧੁਰ ਦੀ ਕਰਨ ਪੜ੍ਹਾਈਆ । ਉਚੀ ਕੂਕ ਨਾ ਪਾਵਣ ਡੰਡ, ਅਜੱਪਾ ਜਾਪ ਦਿਤਾ ਸਿਖਾਈਆ । ਕਾਇਆ ਮੰਦਰ ਅੰਦਰ ਸਾਚੀ ਵਸਤ ਕਰਕੇ ਬੰਦ, ਜਨ ਭਗਤਾਂ ਹੱਥ ਫੜਾਈਆ । ਕੋਈ ਦੱਸ ਨਾ ਸਕੇ ਬੱਤੀ ਦੰਦ, ਬੰਦਨਾ ਇਕੋ ਦਿਤੀ ਜਣਾਈਆ । ਉਹਨਾਂ ਦੇ ਦਵਾਰੇ ਜਾਵੀਂ ਲੰਘ, ਸਤਿਜੁਗ ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪੜਦਾ ਦਏ ਉਠਾਈਆ । ਸਤਿਜੁਗ ਕਹੇ ਪ੍ਰਭ ਸਾਹਿਬ ਸਤਿਗੁਰ, ਸਚ ਤੇਰੀ ਸਰਨਾਈਆ । ਤੇਰਾ ਲੇਖਾ ਲਿਖਿਆ ਜੋ ਧੁਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਜਨ ਭਗਤਾਂ ਨਾਲ ਜਾਵਾਂ ਜੁੜ, ਜੋੜੀ ਆਪਣੇ ਨਾਲ ਰਖਾਈਆ । ਉਹਨਾਂ ਦੇ ਦਵਾਰਿਉਂ ਖ਼ਾਲੀ ਕਦੇ ਨਾ ਆਵਾਂ ਮੁੜ, ਜੋ ਤੇਰਾ ਨਾਮ ਧਿਆਈਆ । ਤੂੰ ਵੀ ਉਠ ਆਵੀਂ ਤੁਰ, ਨਿਰਗੁਣ ਆਪਣਾ ਫੇਰਾ ਪਾਈਆ । ਸਦਾ ਸਦਾ ਸਦ ਤੇਰੀ ਲੋੜ, ਦਰ ਤੇਰੇ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਸਤਿਜੁਗ ਕਹੇ ਪ੍ਰਭ ਮੈਂ ਜਾਵਾਂ ਧਰਤ, ਧਰਨੀ ਵੇਖ

ਵਖਾਈਆ । ਬਿਨ ਤੇਰੇ ਹੁਕਮ ਫੇਰ ਨਾ ਆਵਾਂ ਪਰਤ, ਬਣ ਸੇਵਕ ਸੇਵ ਕਮਾਈਆ । ਮੇਰੀ ਭਗਤਾਂ ਨਾਲ ਲੱਗੀ ਸ਼ਰਤ, ਮਿਲ ਕੇ ਦੋਵੇਂ ਸ਼ਰਅ ਦਈਏ ਗਵਾਈਆ । ਮਾਣਸ ਮਾਣਸ ਵਿਚ ਰਹੇ ਨਾ ਫ਼ਰਕ, ਆਤਮ ਬ੍ਰਹਮ ਸਰਬ ਦ੍ਰਿੜਾਈਆ । ਤੂੰ ਅੰਮ੍ਰਿਤ ਮੇਘ ਇਕੋ ਦੇਣਾ ਬਰਸ, ਮਿਹਰ ਨਜ਼ਰ ਉਠਾਈਆ । ਗ਼ਰੀਬ ਨਿਵਾਜ ਗ਼ਰੀਬਾਂ ਉਤੇ ਕਰਨਾ ਤਰਸ, ਤੇਰੀ ਰਹਿਮਤ ਬਖ਼ਸ਼ੀਸ਼ ਬੇਪਰਵਾਹੀਆ । ਜੋ ਬਿਰਹੋਂ ਵਿਛੋੜੇ ਅੰਤਰ ਰਹੇ ਤੜਫ, ਤਿਨ੍ਹਾਂ ਦਰਸ ਦਿਖਾਣਾ ਚਾਈਂ ਚਾਈਂਆ । ਕਲਜੁਗ ਕੂੜੀ ਕਿਰਿਆ ਕਰਕੇ ਗ਼ਰਕ, ਗਹਿਰ ਗੰਭੀਰ ਤੇਰਾ ਨਾਮ ਲੱਖ ਚੁਰਾਸੀ ਦਿਆਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸਤਿਜੁਗ ਸੱਚਾ ਝੋਲੀ ਡਾਹੀਆ । ਸਤਿਜੁਗ ਸਾਚੇ ਝੋਲੀ ਭਰ ਲੈ, ਭਰਮ ਭੁਲੇਖਾ ਰਹਿਣ ਨਾ ਪਾਈਆ । ਸਚ ਦਵਾਰੇ ਸਾਚਾ ਵਰ ਲੈ, ਵਰਦਾਤਾ ਆਪ ਜਣਾਈਆ । ਧੁਰ ਦੀ ਸਿਖਿਆ ਇਕੋ ਪੜ੍ਹ ਲੈ, ਦੂਜੀ ਕਰਨੀ ਨਾ ਪਏ ਪੜ੍ਹਾਈਆ । ਪਰਮ ਪੁਰਖ ਦਾ ਪੱਲੂ ਇਕੋ ਫੜ ਲੈ, ਫੜਿਆ ਛੁੱਟ ਨਾ ਜਾਈਆ । ਸਾਚੇ ਮੰਦਰ ਇਕੋ ਚੜ੍ਹ ਲੈ, ਜਿਸ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਚ ਸਚ ਸਮਝਾਈਆ । ਸਤਿਜੁਗ ਕਹੇ ਮੈਂ ਤੇਰਾ ਬੱਚਾ ਨੰਨ੍ਹਾ, ਨਿਕਿਆਂ ਵਿਚੋਂ ਨਿੱਕਾ ਨਜ਼ਰੀਂ ਆਈਆ । ਜ਼ਾਤ ਪਾਤ ਹੱਦ ਰਹਿਣ ਨਾ ਦੇਵਾਂ ਬੰਨਾ, ਕੂੜੀ ਕਿਰਿਆ ਦਿਆਂ ਮਿਟਾਈਆ । ਸਚ ਸੁਣਾਵਾਂ ਇਕੋ ਛੰਦਾ, ਧੁਰ ਦਾ ਢੋਲਾ ਰਾਗ ਅਲਾਈਆ । ਬੰਦਗੀ ਵਿਚ ਲਾਵਾਂ ਤੇਰਾ ਬੰਦਾ, ਬੰਦਨਾ ਧੁਰ ਦੀ ਦਿਆਂ ਸਮਝਾਈਆ । ਕੂੜਾ ਰਹੇ ਕੋਈ ਨਾ ਗੰਦਾ, ਨਿਰਗੁਣ ਚੰਦ ਕਰਾਂ ਰੁਸ਼ਨਾਈਆ । ਤੂੰ ਸਦਾ ਸਦ ਦੇਣਾ ਆਪਣਾ ਸੰਗਾ, ਸਗਲਾ ਸਾਥੀ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਸਚ ਰਖਾਈਆ । ਸਤਿਜੁਗ ਕਹੇ ਪ੍ਰਭੂ ਮੈਂ ਪਹਿਲਾਂ ਤੱਕਾਂ ਤੇਰੇ ਭਗਤ, ਘਰ ਸਾਚੇ ਅਲਖ ਜਗਾਈਆ । ਜਿਨ੍ਹਾਂ ਪਿਛੇ ਵਡਿਆਈ ਮੈਨੂੰ ਮਿਲੇ ਜਗਤ, ਲੋਕਮਾਤ ਹੋਵੇਂ ਸਹਾਈਆ । ਮੇਰੀ ਪੂਰੀ ਕਰੀਂ ਅਰਜ਼, ਫ਼ਰਜ਼ ਆਪਣਾ ਤੋੜ ਨਿਭਾਈਆ । ਤੇਰੇ ਸੰਤਾਂ ਮਿਲਣ ਦੀ ਮੈਨੂੰ ਗ਼ਰਜ਼, ਆਸਾ ਇਕੋ ਨਾਲ ਰਖਾਈਆ । ਤੇਰਾ ਲੇਖਾ ਖੇਲ ਅਸਚਰਜ, ਅਚਰਜ ਲੀਲਾ ਦੇਣੀ ਰਚਾਈਆ । ਤੂੰ ਸੂਰਬੀਰ ਮਰਦਾਨਾ ਮਰਦ, ਮਦਦਗੀਰ ਖ਼ੈਰ ਖ਼ੁਦਾਈਆ । ਤੇਰਾ ਲੇਖਾ ਅਰਸ਼ ਫ਼ਰਸ਼, ਹਰਸ ਸਭ ਦੀ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵਸਤ ਝੋਲੀ ਦੇਣੀ ਪਾਈਆ । ਸਤਿਜੁਗ ਕਹੇ ਮੰਗਾਂ ਤੇਰਾ ਦਰਬਾਰਾ, ਢਾਢੀ ਹੋ ਕੇ ਰਾਗ ਅਲਾਈਆ । ਤੂੰ ਸਾਹਿਬ ਸਵਾਮੀ ਏਕੰਕਾਰਾ, ਅਕਲ ਕਲ ਤੇਰੀ ਵਡਿਆਈਆ । ਆਦਿ ਜੁਗਾਦੀ ਦੇਵਣਹਾਰਾ, ਅਤੋਟ ਅਤੁਟ ਵਰਤਾਈਆ । ਕੋਟਨ ਕੋਟ ਗੁਰ ਪੀਰ ਅਵਤਾਰ ਤੇਰਾ ਤੱਕਣ ਸਹਾਰਾ, ਤੁਧ ਬਿਨ ਸਾਰ ਕੋਇ ਨਾ ਪਾਈਆ । ਮੈਂ ਤੇਰੇ ਨਾਮ ਦਾ ਬਣ ਵਣਜਾਰਾ, ਲੋਕਮਾਤ ਹੱਟ ਚਲਾਈਆ । ਸਤਿ ਧਰਮ ਦਾ ਬੋਲ ਜੈਕਾਰਾ, ਸਾਚੀ ਸਿਖਿਆ ਦਿਆਂ ਸਮਝਾਈਆ । ਬਿਨ ਪੁਰਖ ਅਕਾਲ ਕੋਇ ਨਾ ਮੀਤ ਮੁਰਾਰਾ, ਮਤਲਬ ਹੱਲ ਨਾ ਕੋਇ ਕਰਾਈਆ । ਜਨ ਭਗਤਾਂ ਮਿਲ ਕੇ ਕਰਾਂ ਸਚ ਪਿਆਰਾ, ਪ੍ਰੇਮੀ ਹੋ ਕੇ ਪ੍ਰੇਮ ਕਮਾਈਆ । ਸੋਹਣਾ ਲੱਗੇ ਉਹ ਦਵਾਰਾ, ਜਿਥੇ ਇਕੋ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਕਹੇ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਦਇਆ ਕਮਾਈਆ ।



੧੦੮੪ ੧੨

ਸਤਿਜੁਗ ਬਖ਼ਸ਼ ਸੱਚੀ ਦਾਦ, ਵਸਤ ਅਮੋਲਕ ਤੇਰੀ ਝੋਲੀ ਪਾਈਆ । ਮੇਰੇ ਨਾਮ ਦਾ ਇਕੋ ਰਾਗ, ਜਨ ਭਗਤ ਸੁਹੇਲੇ ਰਹੇ ਗਾਈਆ । ਸ੍ਰਿਸ਼ਟ ਸਬਾਈ ਕਰ ਤਿਆਗ, ਰਾਗ ਇਕੋ ਨਜ਼ਰੀਂ ਆਈਆ । ਸੁਰਤੀ ਨਾਲ ਰਹੇ ਜਾਗ, ਮਨ ਵਾਸਨਾ ਗੂੜ੍ਹੀ ਨੀਂਦ ਸਵਾਈਆ । ਉਨ੍ਹਾਂ ਮਾਰ ਜਾ ਕੇ ਆਪ ਆਵਾਜ਼, ਜਿਸ ਦਾ ਅੱਖਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਰਾਹ ਰਿਹਾ ਵਖਾਈਆ । ਸਤਿਜੁਗ ਕਹੇ ਪ੍ਰਭ ਤੇਰਾ ਮਾਰਗ ਵੇਖਾਂ ਆਹਿਸਤਾ ਆਹਿਸਤਾ, ਆਸਾ ਸਚ ਦੇਣੀ ਜਣਾਈਆ । ਦੂਜਾ ਦੱਸੀ ਨਾ ਕੋਇ ਬਰਾਸਤਾ, ਸਿੱਧਾ ਆਪਣਾ ਮੇਲ ਮਿਲਾਈਆ । ਜਨ ਭਗਤਾਂ ਤੇਰੇ ਨਾਲ ਹੋਣਾ ਵਾਸਤਾ, ਵਾਸਤਵ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਹੋਣਾ ਖ਼ਾਤਮਾ, ਖ਼ਤਰੇ ਵਿਚ ਦਿਸੇ ਲੋਕਾਈਆ । ਕਰਨਾ ਖੇਲ ਪੁਰਖ ਅਬਿਨਾਸ਼ਣਾ, ਅਬਿਨਾਸ਼ੀ ਕਰਤੇ ਤੇਰੀ ਬੇਪਰਵਾਹੀਆ । ਗੁਰ ਅਵਤਾਰਾਂ ਪੂਰੀ ਕਰਨੀ ਵਾਸ਼ਨਾ, ਪੀਰ ਪੈਗ਼ੰਬਰਾਂ ਆਸਾ ਆਸਾ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਉਡੇ ਨਾ ਖ਼ਾਕਨਾ, ਧੂੜੀ ਧੂੜ ਨਾ ਕੋਇ ਉਡਾਈਆ । ਸਤਿ ਧਰਮ ਮਾਰਗ ਚਲੌਣਾ ਲੋਕ ਮਾਤਨਾ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਜਨ ਭਗਤਾਂ ਪਤ ਰਾਖਨਾ, ਰੱਖਕ ਹੋ ਕੇ ਸੇਵ ਕਮਾਈਆ । ਤੇਰਾ ਸੋਹਲਾ ਢੋਲਾ ਇਕੋ ਆਖਣਾ, ਔਖੀ ਮੰਜ਼ਲ ਰਹਿਣ ਕੋਇ ਨਾ ਪਾਈਆ । ਤੇਰਾ ਦਰਸ਼ਨ ਕਰਨ ਜ਼ਾਹਰ ਬਾਤਨਾ, ਅੰਦਰ ਬਾਹਰ ਇਕੋ ਰੂਪ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ । ਸਤਿਜੁਗ ਕਹੇ ਮੈਂ ਤੇਰੇ ਘਰ ਦਾ ਗੋਲਾ, ਸੇਵਕ ਇਕੋ ਨਜ਼ਰੀ ਆਈਆ । ਮੈਨੂੰ ਦੱਸ ਦੇ ਆਪਣਾ ਬੋਲਾ, ਪ੍ਰਭ ਆਪਣਾ ਅਨਬੋਲਤ ਰਾਗ ਸੁਣਾਈਆ । ਮੈਂ ਬਦਲ ਕੇ ਚਲਿਆ ਚੋਲਾ, ਚੋਲੀ ਅਲਫ਼ੀ ਤੇਰੀ ਤਨ ਹੰਢਾਈਆ । ਤੇਰੇ ਨਾਮ ਦਾ ਬੋਲਾਂ ਇਕੋ ਢੋਲਾ, ਢੰਡੋਰਾ ਦੇਵਾਂ ਸਰਬ ਲੋਕਾਈਆ । ਅਬਿਨਾਸ਼ੀ ਕਰਤੇ ਦਰ ਦਰਵਾਜ਼ਾ ਇਕੋ ਖੋਲ੍ਹਾ, ਵਸਤ ਅਮੋਲਕ ਰਿਹਾ ਵਰਤਾਈਆ । ਧਰਨੀ ਧਰਤ ਧੌਲ ਦਾ ਕਰੇ ਭਾਰ ਹੌਲਾ, ਦੁਸ਼ਟ ਹੰਕਾਰੀ ਦਏਂ ਖਪਾਈਆ । ਮਨਮੁਖ ਪਾਵੇ ਕੋਈ ਨਾ ਰੌਲਾ, ਗੁਰਮੁਖ ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰੇ ਸਤਿ ਪੜ੍ਹਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਨਾਮ, ਪੁਰਖ ਅਕਾਲ ਤੇਰੀ ਵਡਿਆਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਅਮਾਮ, ਜੋ ਹਰ ਘਟ ਰਿਹਾ ਸਮਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਰਾਮ, ਜੋ ਰਹਿਮਤ ਰਿਹਾ ਕਮਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਕਾਹਨ, ਜੋ ਗ੍ਰਿਹਿ ਗ੍ਰਿਹਿ ਬੰਸਰੀ ਨਾਮ ਵਜਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਪੈਗ਼ਾਮ, ਜੋ ਪੈਗ਼ੰਬਰਾਂ ਕੀਤੀ ਪੜ੍ਹਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਸਤਿਨਾਮ, ਜੋ ਇਕੋ ਸਤਿ ਨਜ਼ਰੀ ਆਈਆ । ਸਤਿਜੁਗ ਕਹੇ ਮੈਂ ਇਕੋ ਡੰਕਾ ਦੱਸਾਂ ਦੋ ਜਹਾਨ, ਜੋ ਵਾਹਵਾ ਗੁਰੂ ਰਿਹਾ ਵਜਾਈਆ । ਸਤਿਜੁਗ ਕਹੇ ਮੈਂ ਦੱਸਾਂ ਸਚ ਵਿਧਾਨ, ਸਚ ਇਕੋ ਰੰਗ ਵਖਾਈਆ । ਸਤਿਜੁਗ ਕਹੇ ਮੈਂ ਦੱਸਾਂ ਸਚ ਨਿਸ਼ਾਨ, ਜੋ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਰਿਹਾ ਵਖਾਈਆ । ਸਤਿਜੁਗ ਕਹੇ ਮੈਂ ਦੱਸਾਂ ਸਚ ਮਕਾਨ, ਘਰ ਘਰ ਦਿਆਂ ਦਰਸਾਈਆ । ਸਤਿਜੁਗ ਕਹੇ ਮੈਂ ਇਕੋ ਦੱਸਾਂ ਸਾਚਾ ਰਾਮ, ਬਿਨ ਹਰਿ ਚਰਨਾਂ ਸਾਂਤ ਕਿਸੇ ਨਾ ਆਈਆ । ਸਤਿਜੁਗ ਕਹੇ ਮੈਂ ਇਕੋ ਦੱਸਾਂ ਭਾਨ, ਨੂਰੀ ਚੰਦ ਕਰੇ ਰੁਸ਼ਨਾਈਆ । ਸਤਿਜੁਗ ਕਹੇ ਮੈਂ ਇਕੋ ਦੱਸਾਂ ਇਸ਼ਨਾਨ, ਪ੍ਰਭ ਚਰਨ ਸਰਨ ਦਏ ਵਡਿਆਈਆ । ਸਤਿਜੁਗ ਕਹੇ ਮੈਂ ਇਕੋ ਦੱਸਾਂ ਬਾਣ, ਸ਼ਬਦ ਨਿਰਾਲਾ ਤੀਰ ਚਲਾਈਆ । ਸਤਿਜੁਗ

ਕਹੇ ਮੈਂ ਇਕੋ ਦੱਸਾਂ ਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸੇਵਾ ਇਕ ਲਗਾਈਆ । ਸਤਿਜੁਗ ਕਹੇ ਮੈਂ ਦੱਸਾਂ ਜੋਗ, ਜੋਗੀਸ਼ਰਾਂ ਦਿਆਂ ਸਮਝਾਈਆ । ਸਤਿਜੁਗ ਕਹੇ ਮੈਂ ਦੱਸਾਂ ਭੋਗ, ਆਤਮ ਸੇਜਾ ਭੋਗ ਦਿਆਂ ਜਣਾਈਆ । ਸਤਿਜੁਗ ਕਹੇ ਮੈਂ ਦੱਸਾਂ ਸੰਜੋਗ, ਬਿਨ ਪਤਿਪਰਮੇਸ਼ਵਰ ਸੱਚੀ ਦਿਸੇ ਨਾ ਕੋਇ ਕੁੜਮਾਈਆ । ਸਤਿਜੁਗ ਕਹੇ ਮੈਂ ਦੱਸਾਂ ਚੌਦਾਂ ਲੋਕ, ਚੌਦਾਂ ਤਬਕ ਕਰਾਂ ਸ਼ਨਵਾਈਆ । ਸਤਿਜੁਗ ਕਹੇ ਮੈਂ ਦੱਸਾਂ ਇਕੋ ਓਟ, ਬਿਨ ਪੁਰਖ ਅਕਾਲ ਨਾ ਕੋਇ ਸਹਾਈਆ । ਸਤਿਜੁਗ ਕਹੇ ਮੈਂ ਦੱਸਾਂ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਸਤਿਜੁਗ ਕਹੇ ਮੈਂ ਦੱਸਾਂ ਮੌਜ, ਪ੍ਰਭ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਤ੍ਰਿਸਨਾ ਸਭ ਦੀ ਮੇਟ ਮਿਟਾਈਆ । ਸਤਿਜੁਗ ਕਹੇ ਮੈਂ ਦੱਸਾਂ ਨਿਰੰਕਾਰ, ਨਿਰਗੁਣ ਦਿਆਂ ਜਣਾਈਆ । ਜੋ ਭਗਤਾਂ ਕਰੇ ਪਿਆਰ, ਜੁਗ ਜੁਗ ਵੇਖ ਵਖਾਈਆ । ਕਲਜੁਗ ਅੰਤਮ ਆਪਣਾ ਕਰਜ਼ਾ ਰਿਹਾ ਉਤਾਰ, ਮਕਰੂਜ਼ ਆਪਣਾ ਫ਼ਰਜ ਰਿਹਾ ਨਿਭਾਈਆ । ਲੱਖ ਚੁਰਾਸੀ ਵਿਚੋਂ ਆਪ ਉਠਾਲ, ਫੜ ਬਾਹੋਂ ਗਲੇ ਲਗਾਈਆ । ਨਾਤਾ ਤੋੜ ਕੇ ਸ਼ਾਹ ਕੰਗਾਲ, ਕੋੜ੍ਹਿਆਂ ਕਮਲਿਆਂ ਦਏ ਵਡਿਆਈਆ । ਸਤਿਜੁਗ ਵੇਖ ਹੋਏ ਨਿਹਾਲ, ਨੇਤਰ ਨੈਣ ਅੱਖ ਮਿਲਾਈਆ । ਪ੍ਰਭ ਠਾਕਰ ਹੋਇਆ ਦਿਆਲ, ਦੀਨਣ ਰਿਹਾ ਤਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੁਰੀਦਾਂ ਪੁੱਛਣ ਆਇਆ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਤਾ ਤੋੜੇ ਕਾਲ ਮਹਾਂਕਾਲ, ਸੱਚੀ ਧਰਮਸਾਲ ਦਏ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਿਸਣ ਨਾਲ, ਵਿਛੋੜਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਅੰਤ ਹੋਏ ਬੇਹਾਲ, ਬਿਹਬਲ ਹੋ ਕੇ ਦੇਣ ਦੁਹਾਈਆ । ਸਤਿਜੁਗ ਸੱਚਾ ਧਰਨੀ ਧਰਤ ਧਵਲ ਲੇਖਾ ਲਏ ਸੰਭਾਲ, ਸਚ ਸਿੰਘਾਸਣ ਸੋਭਾ ਪਾਈਆ । ਅਗਲਾ ਲੇਖਾ ਜਾਣੇ ਸ੍ਰੀ ਭਗਵਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਸੁਣਨਹਾਰਾ ਬਿਆਨ, ਅਭੁੱਲ ਭੁੱਲ ਕਦੇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਬਾਲ ਬਿਰਧ ਨੌਜਵਾਨ ਰੂਪ ਨਾ ਕੋਇ ਵਟਾਈਆ ।

### ✪ ੧੭ ਮੱਘਰ ੨੦੨੧ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਰਤੇਵਾਲ ✪

ਪੁਰਖ ਅਕਾਲ ਕਹੇ ਮੈਂ ਵੇਖਾਂ ਸੰਸਾਰ, ਸ੍ਰਿਸ਼ਟ ਸਬਾਈ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਪਾਵਾਂ ਸਾਰ, ਸਾਧ ਸੰਤ ਹੋਵਾਂ ਸਹਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਬੰਨ੍ਹਾਂ ਧਾਰ, ਗੁਰ ਅਵਤਾਰ ਖੇਲ ਖਿਲਾਈਆ । ਸਚ ਸੰਦੇਸਾ ਜਣਾਵਾਂ ਨਾਮ ਜੈਕਾਰ, ਧੁਰ ਦਾ ਰਾਗ ਅਲਾਈਆ । ਆਤਮ ਪਰਮਾਤਮ ਖੋਲ੍ਹ ਕਿਵਾੜ, ਘਰ ਮੰਦਰ ਦਿਆਂ ਵਖਾਈਆ । ਮਨ ਮਤ ਬੁਧ ਦੇ ਅਧਾਰ, ਜਗਤ ਵਾਸਨਾ ਨਾਲ ਰਲਾਈਆ । ਭਗਤ ਸੁਹੇਲੇ ਨਿਤ ਨਿਤ ਲਵਾਂ ਉਠਾਲ, ਸੋਏ ਆਪ ਜਗਾਈਆ । ਕਾਇਆ ਮਾਟੀ ਬਣਾ ਕੇ ਸਾਚੀ ਧਰਮਸਾਲ, ਧਰਮ ਦਵਾਰਾ ਦਿਆਂ ਸੁਹਾਈਆ । ਅੰਮ੍ਰਿਤ ਆਤਮ ਸਾਚਾ ਜਾਮ ਪਿਆਲ, ਨਾਮ ਖ਼ੁਮਾਰੀ ਦਿਆਂ ਚੜ੍ਹਾਈਆ । ਸ਼ਬਦ ਸਰੂਪ ਵਜਾ ਤਾਲ, ਧੁਰ ਦੀ ਧਾਰ ਦ੍ਰਿੜਾਈਆ । ਚਰਨ ਪ੍ਰੀਤੀ ਬਖ਼ਸ਼ ਪਿਆਰ, ਸਾਚੀ ਰੀਤੀ ਦਿਆਂ ਵਖਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਮੁਹੱਬਤ ਇਕੋ ਨਾਲ ਵਖਾਈਆ । ਜੋਤੀ ਜੋਤ ਸਰੂਪ

੧੦੮੬
੧੭

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਵੱਡੀ ਵਡਿਆਈਆ । ਪੁਰਖ ਅਕਾਲ ਕਹੇ ਮੈਂ ਆਦਿ ਜੁਗਾਦੀ ਮਾਲਕ, ਦੋ ਜਹਾਨ ਅਖਵਾਇੰਦਾ । ਲੱਖ ਚੁਰਾਸੀ ਸ੍ਰਿਸ਼ਟੀ ਸਦਾ ਪ੍ਰਿਤਪਾਲਕ, ਘਰ ਘਰ ਰਿਜ਼ਕ ਪੁਚਾਇੰਦਾ । ਨਿਰਗੁਣ ਸਰਗੁਣ ਬਣ ਕੇ ਸਾਲਸ, ਲਹਿਣਾ ਦੇਣਾ ਸਰਬ ਮੁਕਾਇੰਦਾ । ਕੂੜੀ ਕਿਰਿਆ ਨਿੰਦਰਾ ਲਾਹ ਕੇ ਆਲਸ, ਜਨ ਭਗਤਾਂ ਮਾਤ ਉਠਾਇੰਦਾ । ਸਤਿ ਸਰੂਪ ਬਣਾ ਕੇ ਖ਼ਾਲਸ, ਧੁਰ ਦੀ ਰੰਗਣ ਨਾਮ ਰੰਗਾਇੰਦਾ । ਮਾਇਆ ਮਮਤਾ ਰਹੇ ਨਾ ਆਲਸ, ਸਚ ਪ੍ਰੀਤੀ ਜੋੜ ਜੁੜਾਇੰਦਾ । ਕੂੜਾ ਟਿੱਕਾ ਲਾਹ ਕੇ ਕਾਲਖ, ਜੋਤ ਲਲਾਟੀ ਤਿਲਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਪੁਰਖ ਅਕਾਲ ਕਹੇ ਮੈਂ ਸਭ ਦਾ ਮੀਤਾ, ਏਕੰਕਾਰ ਇਕੋ ਨਜ਼ਰੀਂ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਰੀਤਾ, ਹੁਕਮੇ ਅੰਦਰ ਬਣਾਈਆ । ਲੱਖ ਚੁਰਾਸੀ ਘਟ ਘਟ ਅੰਦਰ ਸਦ ਵਸਾਂ ਧਾਮ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਵੇਖ ਵਖਾਵਾਂ ਊਚਾਂ ਨੀਚਾਂ, ਰਾਓ ਰੰਕਾਂ ਖੋਜ ਖੁਜਾਈਆ । ਵਰਨ ਬਰਨ ਜੀਵ ਜੰਤ ਫੁਲਵਾੜੀ ਬਾਗ਼ੀਚਾ, ਪੱਤ ਟਹਿਣੀ ਖੋਜ ਖੁਜਾਈਆ । ਧੁਰ ਦਾ ਕਲਮਾ ਦੱਸ ਹਦੀਸਾ, ਹਜ਼ਰਤ ਹੋ ਕੇ ਕਰਾਂ ਪੜ੍ਹਾਈਆ । ਰੂਪ ਜਣਾ ਕੇ ਨੀਕਣ ਨੀਕਾ, ਆਤਮ ਬ੍ਰਹਮ ਦਿਆਂ ਸਮਝਾਈਆ । ਕੂੜ ਕੁੜਾਵਾ ਦੱਸਾਂ ਰਸ ਫੀਕਾ, ਫ਼ਿਕਰਾ ਆਪਣਾ ਨਾਮ ਸੁਣਾਈਆ । ਜਨ ਭਗਤਾਂ ਦੱਸ ਕੇ ਸਚ ਤਰੀਕਾ, ਘਰ ਮੰਜ਼ਲ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਪੁਰਖ ਅਕਾਲ ਕਹੇ ਮੈਂ ਸਰਬ ਗੁਸਾਈਂ, ਨਈਆ ਨੌਕਾ ਦੋ ਜਹਾਨ ਚਲਾਇੰਦਾ । ਸੰਤ ਸੁਹੇਲੇ ਪਕੜਾਂ ਬਾਹੀਂ, ਫੜ ਬਾਹੋਂ ਗੋਦ ਉਠਾਇੰਦਾ । ਸਾਚਾ ਮੰਤਰ ਸਰਬ ਦਿਆਂ ਸੁਣਾਈ, ਢੋਲਾ ਇਕੋ ਰਾਗ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਰਹੇ ਕਮਾਈ, ਧੁਰ ਦਾ ਹੁਕਮ ਇਕ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੰਦੇਸ਼ ਦੇਵਣ ਚਾਈਂ ਚਾਈਂ, ਚਾਰ ਜੁਗ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਖਿਲਾਇੰਦਾ । ਪੁਰਖ ਅਕਾਲ ਕਹੇ ਮੈਂ ਘਰ ਘਰ ਵਾਸੀ, ਘਟ ਘਟ ਡੇਰਾ ਲਾਈਆ । ਨਿਰਗੁਣ ਨੂਰ ਨੂਰ ਪਰਕਾਸ਼ੀ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਸਦਾ ਅਬਿਨਾਸ਼ੀ, ਜਨਮ ਮਰਨ ਨਾ ਕੋਇ ਰਖਾਈਆ । ਜਨ ਭਗਤ ਬਣਾ ਕੇ ਸਾਚੀ ਦਾਸੀ, ਸੇਵਾ ਇਕੋ ਇਕ ਦ੍ਰਿੜਾਈਆ । ਆਪਣਾ ਸੰਦੇਸ਼ਾ ਦੇ ਕੇ ਪਾਤੀ, ਭਰਮ ਭੁਲੇਖਾ ਦੂਰ ਕਰਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤੀ, ਅਗਨੀ ਤਤ ਬੁਝਾਈਆ । ਨਿਰਗੁਣ ਜੋਤ ਜਗਾ ਕੇ ਬਾਤੀ, ਅਗਿਆਨ ਅੰਧੇਰ ਮਿਟਾਈਆ । ਭਵਜਲ ਅੰਦਰ ਕਰਕੇ ਰਾਖੀ, ਫੜ ਬਾਹੋਂ ਪਾਰ ਲੰਘਾਈਆ । ਲਹਿਣਾ ਦੇਣਾ ਚੁਕਾ ਕੇ ਬਾਕੀ, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰੇ ਖੋਲ੍ਹ ਕੇ ਤਾਕੀ, ਗ੍ਰਿਹਿ ਮੰਦਰ ਦਿਆਂ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਰਾਖਾ, ਰੱਖਕ ਇਕੋ ਨਜ਼ਰੀ ਆਈਆ । ਦੀਨ ਦਿਆਲ ਬਣ ਕੇ ਦਾਤਾ, ਵਸਤ ਅਮੋਲਕ ਆਪ ਵਰਤਾਈਆ । ਬੋਧ ਅਗਾਧ ਬਣ ਕੇ ਗਿਆਤਾ, ਗਿਆਨ ਧਿਆਨ ਇਕ ਸਮਝਾਈਆ । ਅੰਤਰ ਆਤਮ ਬਣ ਕੇ ਸਾਥਾ, ਸਗਲਾ ਸੰਗ ਰਖਾਈਆ । ਟਿੱਕਾ ਲਾ ਕੇ ਨਾਮ ਮਸਤਕ ਮਾਥਾ, ਜੋਤ ਲਲਾਟੀ ਡਗਮਗਾਈਆ । ਜੁਗ ਚੌਕੜੀ ਚਲਾ ਕੇ ਰਾਥਾ, ਰਥ ਰਥਵਾਹੀ ਆਪਣੀ ਖ਼ੁਸ਼ੀ ਮਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਜੋੜ ਕੇ ਨਾਤਾ, ਧੁਰ ਦਾ ਸੰਗ ਆਪ ਨਿਭਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਪਿਆਰਾ, ਪ੍ਰੀਤਮ ਇਕ ਅਖਵਾਈਆ । ਸਦ ਵਸਾਂ ਧਾਮ ਨਿਆਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਜੋਤ ਉਜਿਆਰਾ, ਸੁਰਤੀ ਸ਼ਬਦ ਰੂਪ ਸਮਾਈਆ । ਕਾਗਤ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਜੁਗ ਚੌਕੜੀ ਖੇਲ ਕਰ ਅਗੰਮ ਅਪਾਰਾ, ਅਲਖ ਆਪਣਾ ਨਾਮ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਕਹੇ ਮੈਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਵੇਖਾਂ ਖੇਲ ਗੁਰੂ ਗੁਰ ਚੇਰਾ, ਚੇਲਾ ਗੁਰੂ ਵੇਖ ਵਖਾਈਆ । ਜਨ ਭਗਤਾਂ ਬੰਨ੍ਹਾਂ ਸਦਾ ਬੇੜਾ, ਵੰਝ ਮੁਹਾਣਾ ਨਾਮ ਲਗਾਈਆ । ਲੱਖ ਚੁਰਾਸੀ ਕੱਟ ਕੇ ਗੇੜਾ, ਫਾਸੀ ਜਮ ਕਟਾਈਆ । ਮਿਹਰ ਮੁਹੱਬਤ ਨਜ਼ਰ ਕਰਕੇ ਮਿਹਰਾ, ਮਹਿਬੂਬ ਹੋ ਕੇ ਮਿਲਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਡ ਦਾਤਾ ਇਕ ਅਖਵਾਈਆ । ਪੁਰਖ ਅਕਾਲ ਕਹੇ ਮੈਂ ਗਹਿਰ, ਗੰਭੀਰ ਗਵਰਾ ਨਜ਼ਰੀ ਆਈਆ । ਮੇਰੀ ਆਦਿ ਜੁਗਾਦੀ ਸ਼ਬਦੀ ਲਹਿਰ, ਨਿਰਗੁਣ ਧਾਰ ਦਿਤੀ ਚਲਾਈਆ । ਜੁਗ ਚੌਕੜੀ ਕਰਾਂ ਮਿਹਰ, ਮਿਹਰ ਨਜ਼ਰ ਉਠਾਈਆ । ਭਗਤ ਸੁਹੇਲੇ ਸੱਜਣ ਘੇਰ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਲਹਿਣਾ ਦੇਣਾ ਦਿਆਂ ਨਬੇੜ, ਲੇਖਾ ਅਵਰ ਰਹਿਣ ਨਾ ਪਾਈਆ । ਕੂੜੀ ਕਿਰਿਆ ਮਿਟੇ ਝਗੜਾ ਝੇੜ, ਸਚ ਸਚ ਦਿਆਂ ਸਮਝਾਈਆ । ਭਾਗ ਲੱਗੇ ਕਾਇਆ ਖੇੜ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਪੁਰਖ ਅਕਾਲ ਕਹੇ ਮੈਂ ਠਾਂਡਾ ਸੀਤ, ਸੀਤਲ ਧਾਰ ਇਕ ਵਖਾਈਆ । ਮੇਰੀ ਭਗਤਾਂ ਨਾਲ ਪ੍ਰੀਤ, ਪ੍ਰੀਤਮ ਹੋ ਕੇ ਤੋੜ ਨਿਭਾਈਆ । ਢੋਲਾ ਗਾਵਾਂ ਇਕੋ ਗੀਤ, ਧੁਰ ਦਾ ਰਾਗ ਅਲਾਈਆ । ਲੇਖਾ ਚੁੱਕ ਜਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਪੜਦਾ ਖੁਲ੍ਹੇ ਭੀਤਰ ਭੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੁਰਖ ਅਕਾਲ ਕਹੇ ਮੈਂ ਖੇਲ ਕਰਾਂ ਬ੍ਰਹਿਮਾਦੀ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਮੇਰਾ ਸ਼ਬਦ ਅਗੰਮ ਅਥਾਹ ਅਨਾਦੀ, ਰਾਗਾਂ ਨਾਦਾਂ ਦਿਆਂ ਵਡਿਆਈਆ । ਮੇਰਾ ਰੂਪ ਸਦਾ ਵਿਸਮਾਦੀ, ਜਨ ਭਗਤਾਂ ਵਿਚ ਸਮਾਈਆ । ਮੇਰਾ ਢੋਲਾ ਸਚ ਦਵਾਰੇ ਦਾ ਸੱਚਾ ਰਾਗੀ, ਤਰਜ਼ ਤਰਾਨਾ ਇਕੋ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਕਰਨੀ ਕਰਤਾ, ਕੁਦਰਤ ਆਪਣੀ ਵੇਖ ਵਖਾਈਆ । ਆਦਿ ਜੁਗਾਦਿ ਕਦੇ ਨਾ ਮਰਦਾ, ਮੜ੍ਹੀ ਗੋਰ ਨਾ ਕੋਇ ਦਬਾਈਆ । ਜੁਗ ਚੌਕੜੀ ਵੇਸ ਧਰਦਾ, ਨਿਰਗੁਣ ਸਰਗੁਣ ਫੇਰਾ ਪਾਈਆ । ਸੰਤ ਸੁਹੇਲੇ ਸੱਜਣ ਫੜਦਾ, ਮੁਰੀਦ ਮੁਰਸ਼ਦ ਲਏ ਉਠਾਈਆ । ਸਚ ਦਵਾਰੇ ਆਪਣੇ ਖੜਦਾ, ਘਰ ਘਰ ਵਿਚ ਅਲਖ ਜਗਾਈਆ । ਕਰ ਖੇਲ ਨਰ ਹਰਿ ਦਾ, ਨਰ ਨਰਾਇਣ ਦਇਆ ਕਮਾਈਆ । ਭਗਤ ਭਗਵਾਨ ਆਪੇ ਵਰਦਾ, ਧੁਰ ਸੰਜੋਗੀ ਮੇਲ ਮਿਲਾਈਆ । ਸੁਰਤ ਸਵਾਣੀ ਲਾਹ ਕੇ ਪੜਦਾ, ਅੰਤਰ ਘੁੰਗਟ ਦਏ ਉਠਾਈਆ । ਦਰਸ ਕਰਾ ਕੇ ਸਾਚੇ ਪਿਰ ਦਾ, ਪਿਛਲਾ ਲੇਖਾ ਦਿਆਂ ਚੁਕਾਈਆ । ਵਸੇਰਾ ਕਰ ਕੇ ਘਰ ਥਿਰ ਦਾ, ਦਰਗਾਹ ਸਾਚੀ ਜੋੜ ਜੁੜਾਈਆ । ਸਚਖੰਡ ਦਵਾਰੇ ਜੋਤੀ ਜੋਤ ਮਿਲਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੂਜਾ ਸੰਗ ਨਾ ਕੋਇ ਵਖਾਈਆ ।

## ✪ ੧੭ ਮੱਘਰ ੨੦੨੧ ਬਿਕ੍ਰਮੀ ਮਲਕੀਅਤ ਸਿੰਘ ਦੇ ਗ੍ਰਿਹਿ ਪਿੰਡ ਬਨ੍ਹਵਾਲਾ ਜ਼ਿਲਾ ਗੰਗਾ ਨਗਰ ✪

ਕਿਰਪਾ ਕਰ ਹਰਿ ਜਗਦੀਸ਼, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋ ਰੋ ਨੀਰ ਵਹਾਈਆ । ਗੁਰ ਅਵਤਾਰ ਕਹਿਣ ਪ੍ਰਭ ਵੇਖ ਬੀਸ ਇਕੀਸ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਪੀਰ ਪੈਗੰਬਰ ਕਹਿਣ ਵੇਖ ਸਚ ਹਦੀਸ, ਹਜ਼ਰਤ ਆਪਣਾ ਪੜਦਾ ਲਾਹੀਆ । ਭਗਤ ਕਹਿਣ ਭਗਵਨ ਰਹੇ ਉਡੀਕ, ਨਿਜ ਨੇਤਰ ਧਿਆਨ ਲਗਾਈਆ । ਸੰਤ ਕਹਿਣ ਸਚ ਦੱਸ ਪ੍ਰੀਤ, ਪ੍ਰੀਤਮ ਪ੍ਰੀਤਮ ਮੇਲ ਮਿਲਾਈਆ । ਗੁਰਮੁਖ ਕਹਿਣ ਸਾਡੀ ਪਰਖ ਨੀਤ, ਨੀਤੀਵਾਨ ਤੇਰੀ ਸਰਨਾਈਆ । ਗੁਰਸਿਖ ਕਹਿਣ ਲੇਖੇ ਲਾ ਊਚ ਨੀਚ, ਰਾਓ ਰੰਕ ਤੇਰੀ ਵਡਿਆਈਆ । ਧਰਨੀ ਧਰਤ ਧਵਲ ਮੰਗੇ ਭੀਖ, ਬਣ ਨਿਮਾਣੀ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਕਿਰਪਾ ਕਰ ਅਤੀਤ, ਤ੍ਰੈਭਵਨ ਧਨੀ ਤੇਰੀ ਸਰਨਾਈਆ । ਤ੍ਰੇਤਾ ਕਹੇ ਤੇਰੇ ਵਿਚ ਇਕ ਤੌਫੀਕ, ਦੂਈ ਦੇ ਮਿਟਾਈਆ । ਦੁਆਪਰ ਕਹੇ ਦੂਰ ਦੁਰਾਡੇ ਘਰ ਵਸ ਨਜ਼ਦੀਕ, ਪਾਂਧੀ ਹੋ ਕੇ ਪੰਧ ਮੁਕਾਈਆ । ਕਲਜੁਗ ਕਹੇ ਕਿਰਪਾ ਕਰ ਲਾਸ਼ਰੀਕ, ਸ਼ਿਰਕਤ ਸਭ ਦੀ ਦੇ ਗਵਾਈਆ । ਅਠਸਠ ਤੀਰਥ ਕਹਿਣ ਸ੍ਰਿਸ਼ਟੀ ਆਪਣੀ ਵੇਖ ਹੋਈ ਪਲੀਤ, ਪਾਕੀ ਪਾਕ ਨਜ਼ਰ ਕੋਇ ਨਾ ਆਈਆ । ਸਾਂਤਕ ਦਿਸੇ ਨਾ ਕੋਈ ਠਾਂਡਾ ਸੀਤ, ਅਗਨੀ ਤਤ ਰਹੀ ਤਪਾਈਆ । ਫਿਰੀ ਦਰੋਹੀ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਆਤਮ ਪਰਮਾਤਮ ਢੋਲਾ ਗਾਏ ਕੋਇ ਨਾ ਗੀਤ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਛਤਰ ਝੁਲੇ ਕਿਸੇ ਨਾ ਸੀਸ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਹੁਕਮ ਨਾ ਕੋਇ ਸੁਣਾਈਆ । ਲੇਖਾ ਮੁੱਕੇ ਨਾ ਹਸਤ ਕੀਟ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੋਲ੍ਹ ਕੇ ਵੇਖ ਭੀਤ, ਆਦਿ ਜੁਗਾਦਿ ਲੇਖਾ ਦਿਤਾ ਲਿਖਾਈਆ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕ ਨੈਣ ਉਠਾਈਆ । ਚੌਦਾਂ ਲੋਕ ਵੇਖਣ ਲਾ ਕੇ ਨੀਝ, ਨੇਤਰ ਅੱਖ ਨਾਲ ਮਿਲਾਈਆ । ਸਵਾਮੀ ਆਪਣਾ ਭੇਵ ਖੋਲ੍ਹ ਠੀਕ, ਠੀਕਰ ਕੂੜਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਦਇਆ ਕਮਾਈਆ । ਗੁਰ ਅਵਤਾਰ ਕਹਿਣ ਪ੍ਰਭ ਪਾ ਭਿਛਿਆ, ਬੀਸ ਇਕੀਸਾ ਦਏ ਗਵਾਹੀਆ । ਚਾਰ ਜੁਗ ਦਾ ਵੇਖ ਲੇਖ ਭਵਿਖਤ ਲਿਖਿਆ, ਕਲਮ ਸ਼ਾਹੀ ਦਏ ਗਵਾਹੀਆ । ਸਾਚਾ ਨੂਰੀ ਚੰਦ ਤੇਰਾ ਨਾਮ ਕਿਸੇ ਨਾ ਦਿਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਕੂੜ ਕੁੜਿਆਰ ਜਗਤ ਵਣਜਾਰਾ ਲੱਖ ਚੁਰਾਸੀ ਘਰ ਘਰ ਵਿਕਿਆ, ਸਚ ਸੁਚ ਨਜ਼ਰ ਕੋਇ ਨਾ ਆਈਆ । ਸੱਜਣ ਮੀਤ ਦਿਸੇ ਨਾ ਕੋਈ ਮਿਤਿਆ, ਮਿਤਰ ਪਿਆਰਾ ਸੰਗ ਨਾ ਕੋਇ ਰਖਾਈਆ । ਪਿਤਾ ਪੂਤ ਰਿਹਾ ਨਾ ਕੋਈ ਹਿਤਿਆ, ਮਾਤਾ ਗੋਦ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਨੇਤਰ ਰੋ ਕੇ ਕਹੇ ਧਰਨੀ ਧਰਤ, ਧੁਰ ਦਰਗਾਹੀ ਇਕ ਅਰਜ਼ੋਈਆ । ਪੁਰਖ ਅਬਿਨਾਸ਼ੀ ਨਿਰਵੈਰ ਵੇਖ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਜਗਤ ਦੁਹਾਗਣ ਸਭ ਬਣਿਆ ਨਾਰ ਮਰਦ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਛੁਰੀ ਕਸਾਈ ਫੜ ਕੇ ਕਰਦ, ਦੀਨ ਮਜ਼੍ਹਬ ਕਰਨ ਲੜਾਈਆ । ਵੇਖ ਖੇਲ ਹੋਈ ਅਸਚਰਜ, ਬਣ ਨਿਮਾਣੀ ਸੇਵ ਕਮਾਈਆ । ਦੁਖੀਆਂ ਵੰਡੇ ਕੋਇ ਨਾ ਦਰਦ, ਭੁਖਿਆਂ ਭੁੱਖ ਨਾ ਕੋਇ ਮਿਟਾਈਆ । ਅੰਮ੍ਰਿਤ ਮੇਘ ਨਾ ਦੇਵੇ ਕੋਇ ਬਰਸ, ਅਗਨੀ ਤਤ ਨਾ ਕੋਇ ਬੁਝਾਈਆ । ਬਿਰਹੋਂ ਵਿਛੋੜੇ ਅੰਦਰ ਤੇਰੇ ਭਗਤ ਰਹੇ ਤੜਪ, ਸਨਮੁਖ ਸਵੱਛ ਸਰੂਪੀ ਤੇਰਾ

ਨੂਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਨੇਤਰ ਰੋ ਕੇ ਕਹੇ ਵਿਸ਼ਨ ਬ੍ਰਹਮਾ ਸ਼ਿਵ, ਸ਼ਿਵ ਸ਼ਕਤੀ ਨਜ਼ਰ ਕੋਇ ਨਾ ਆਈਆ । ਤੇਰੇ ਨਾਲੋਂ ਛੁੱਟੀ ਸਭ ਦੀ ਲਿਵ, ਆਤਮ ਜੋੜ ਨਾ ਕੋਇ ਜੁੜਾਈਆ । ਅਲਖ ਅਗੋਚਰ ਅਗੰਮ ਅਥਾਹ ਆਪਣਾ ਦੱਸ ਭੇਵ, ਅਭੇਦ ਦੇ ਜਣਾਈਆ । ਤੂੰ ਆਦਿ ਜੁਗਾਦਿ ਸਚ ਸਵਾਮੀ ਵਡ ਦੇਵੀ ਦੇਵ, ਦੇਵਤ ਸੁਰ ਤੇਰਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਤੇਰੀ ਕਰਦੇ ਰਹੇ ਸੇਵ, ਬਣ ਚਾਕਰ ਸੀਸ ਜਗਦੀਸ ਝੁਕਾਈਆ । ਵਸਣਹਾਰਾ ਸਦਾ ਸਦਾ ਧਾਮ ਨਿਹਕੇਵ, ਨਿਹਚਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਵੇਖ ਵਖਾਈਆ । ਜਨ ਭਗਤ ਕਰਨ ਪੁਕਾਰ, ਅੰਤਰ ਆਤਮ ਧਿਆਨ ਲਗਾਈਆ । ਸੋ ਪੁਰਖ ਨਿਰੰਜਣ ਕਰ ਖ਼ਬਰਦਾਰ, ਹਰਿ ਪੁਰਖ ਨਿਰੰਜਣ ਆਪਣੀ ਅੱਖ ਖੁਲ੍ਹਾਈਆ । ਏਕੰਕਾਰਾ ਬੇਪਰਵਾਹ ਹੋ ਤਿਆਰ, ਗ਼ਫ਼ਲਤ ਨਜ਼ਰ ਕੋਇ ਨਾ ਆਈਆ । ਆਦਿ ਨਿਰੰਜਣ ਸਾਚਾ ਦੀਪ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਸਚ ਸੰਦੇਸ਼ਾ ਸੁਣਾਵੇ ਆਪਣੀ ਧਾਰ, ਧੁਰ ਦਾ ਨਾਦ ਵਜਾਈਆ । ਸ੍ਰੀ ਭਗਵਾਨ ਬਣ ਮੀਤ ਮੁਰਾਰ, ਮਿਤਰ ਪਿਆਰੇ ਹੋ ਸਹਾਈਆ । ਪਾਰਬ੍ਰਹਮ ਆਪਣੇ ਪ੍ਰੇਮ ਕਰ ਪਿਆਰ, ਨਿਹਕਰਮੀ ਆਪਣਾ ਕਰਮ ਕਮਾਈਆ । ਚੌਥੇ ਜੁਗ ਸਦੀ ਵੀਹਵੀਂ ਵੇਖ ਸੰਸਾਰ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਹੋਏ ਖੁਆਰ, ਗੁਰਮਤ ਸਚ ਨਾ ਕੋਇ ਕਮਾਈਆ । ਦਰ ਦਰ ਘਰ ਘਰ ਦਿਸੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮਾਇਆ ਮਮਤਾ ਬੈਠੀ ਡੇਰਾ ਲਾਈਆ । ਤੇਰਾ ਨਾਤਾ ਛੱਡ ਕੇ ਧੁਰਦਰਗਾਹੀ ਸਾਂਝੇ ਯਾਰ, ਕੂੜ ਕੁੜਿਆਰਾ ਨਾਤਾ ਰਹੇ ਹੰਢਾਈਆ । ਸ਼ਾਹ ਸੁਲਤਾਨਾ ਨੌਜਵਾਨਾ ਮਦਦਗਾਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਮੁਕਾਮੇ ਹਕ ਤੇਰਾ ਮਨਾਰ, ਨੂਰ ਖ਼ੁਦਾਈ ਜਲਵਾ ਤੇਰਾ ਉਜਿਆਰ, ਮਹਿਬਾਨ ਬੀਦੋ ਆਪਣਾ ਤਰਸ ਕਮਾਈਆ । ਸਚਖੰਡ ਨਿਵਾਸੀ ਸਚ ਤੇਰਾ ਅਸਥਾਨ, ਨਾ ਕੋਈ ਜ਼ਿਮੀਂ ਨਾ ਕੋਈ ਅਸਮਾਨ, ਇਕੋ ਸੂਰਬੀਰ ਬਲੀ ਬਲਵਾਨ, ਸ਼ਾਹ ਪਾਤਸ਼ਾਹ ਆਪਣਾ ਡੇਰਾ ਲਾਈਆ । ਭੂਪਤ ਭੂਪ ਰਾਜ ਰਾਜਾਨ, ਆਦਿ ਜੁਗਾਦੀ ਹੁਕਮਰਾਨ, ਦੋ ਜਹਾਨਾਂ ਵੇਖ ਵਖਾਈਆ । ਸਾਡੀ ਬੇਨੰਤੀ ਕਰ ਪਰਵਾਨ, ਲੋਕਮਾਤ ਕਰ ਧਿਆਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਕਹਿਣ ਉਠ ਜਾਗ, ਪੁਰਖ ਅਕਾਲ ਲੈ ਅੰਗੜਾਈਆ । ਕਲਜੁਗ ਜੀਵ ਹੰਸ ਬਣੇ ਕਾਗ, ਬੁਧ ਬਿਬੇਕ ਨਾ ਕੋਇ ਰਖਾਈਆ । ਸਾਚੀ ਕਰਨੀ ਸਾਰੇ ਗਏ ਤਿਆਗ, ਜੂਠ ਝੂਠ ਕਰੀ ਕੁੜਮਾਈਆ । ਅੰਤਰ ਆਤਮ ਕਿਸੇ ਨਾ ਉਪਜੇ ਵੈਰਾਗ, ਵੈਰੀ ਘਰ ਘਰ ਨਜ਼ਰੀ ਆਈਆ । ਨਿਰਗੁਣ ਜੋਤ ਨਾ ਕੋਇ ਪਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਅੰਮ੍ਰਿਤ ਬੂੰਦ ਨਿਜਰ ਰਸ ਮਿਲੇ ਨਾ ਕੋਇ ਸਵਾਂਤ, ਅਠਸਠ ਤੀਰਥ ਭੱਜਣ ਵਾਹੋ ਦਾਹੀਆ । ਸ਼ਬਦ ਅਗੰਮੀ ਅਨਹਦ ਨਾਦੀ ਸੁਣੇ ਨਾ ਕੋਇ ਆਵਾਜ਼, ਰਾਗਾਂ ਨਾਦਾਂ ਵਿਚ ਮਸਤ ਵੇਖੀ ਲੋਕਾਈਆ । ਤੇਰਾ ਨਾਤਾ ਜੋੜੇ ਨਾ ਕੋਇ ਕੰਤ ਸੁਹਾਗ, ਨਰ ਨਾਰੀ ਤੇਰਾ ਰੂਪ ਨਾ ਕੋਇ ਵਟਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਨਾਮ ਦੇਵੇ ਨਾ ਕੋਇ ਸਾਚੀ ਦਾਤ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਕਲਜੁਗ ਅੰਤਮ ਵੇਖ ਅੰਧੇਰੀ ਰਾਤ, ਸੂਰਜ ਚੰਦ ਦੋਵੇਂ ਮੁਖ ਸ਼ਰਮਾਈਆ । ਧੀਰਜ ਮਿਲੇ ਨਾ ਕੋਇ ਪ੍ਰਿਥਮੀ ਅਕਾਸ਼, ਗਗਨ ਮੰਡਲ ਰਿਹਾ ਕੁਰਲਾਈਆ । ਨਿਤ ਨਵਿਤ ਜੁਗ ਚੌਕੜੀ ਤੇਰੀ ਕਰਦੇ ਗਏ ਆਸ, ਤ੍ਰਿਸਨਾ ਤੇਰੇ ਨਾਲ ਮਿਲਾਈਆ ।

ਕਿਰਪਾ ਕਰ ਸਰਬ ਗੁਣਤਾਸ, ਗੁਣਵੰਤ ਤੇਰੀ ਸ਼ਰਨਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਾਰੇ ਗਏ ਭਾਖ, ਭਾਖਿਆ ਵਿਚ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਗੁਰਸਿਖ ਕਹਿਣ ਪ੍ਰਭ ਠਾਕਰ ਸਵਾਮੀ, ਇਕੋ ਤੇਰੀ ਓਟ ਜਣਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਪੜ੍ਹ ਕੇ ਸੁਣਕੇ ਵੇਖੀ ਤੇਰੀ ਬਾਣੀ, ਜੋ ਬਾਣ ਨਿਰਾਲਾ ਤੀਰ ਰਹੀ ਚਲਾਈਆ । ਸੰਦੇਸ਼ਾ ਦੇਵੇ ਦੋ ਜਹਾਨੀ, ਬ੍ਰਹਿਮੰਡ ਖੰਡ ਸ਼ਨਵਾਈਆ । ਜਿੰਨਾਂ ਚਿਰ ਪਰਮ ਪੁਰਖ ਮਿਲੇ ਨਾ ਸ਼ਾਹ ਸੁਲਤਾਨੀ, ਸਾਂਤਕ ਸਤਿ ਨਾ ਕੋਇ ਕਰਾਈਆ । ਲੇਖਾ ਮੁੱਕੇ ਨਾ ਆਵਣ ਜਾਣੀ, ਲੱਖ ਚੁਰਾਸੀ ਫੰਦ ਨਾ ਕੋਇ ਕਟਾਈਆ । ਸਚ ਦਵਾਰ ਦੀ ਦੇਵੇ ਨਾ ਕੋਇ ਨਿਸ਼ਾਨੀ, ਮੰਜ਼ਲ ਹਕ ਨਾ ਕੋਇ ਪੁਚਾਈਆ । ਪੁਰਖ ਅਕਾਲ ਮਿਹਰਵਾਨ ਆਪਣੀ ਕਰ ਮਿਹਰਵਾਨੀ, ਮਹਿਬੂਬ ਤੇਰੀ ਆਸ ਰਖਾਈਆ । ਕਲਜੁਗ ਅੰਤ ਵੇਖ ਹੁੰਦੀ ਵੈਰਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾ ਦੇ ਠਾਕਰ, ਸਭ ਤੇਰਾ ਧਿਆਨ ਲਗਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧੁਆਈਆ । ਸਚ ਵਣਜਾਰਾ ਬਣ ਸੌਦਾਗਰ, ਨਾਮ ਹੱਟ ਇਕ ਖੁਲ੍ਹਾਈਆ । ਸੁਰਤੀ ਨਿਰਤੀ ਬਿਰਤੀ ਕਰ ਦੇ ਆਪ ਇਕਾਗਰ, ਬਿਰਥਾ ਸਾਂਸ ਕੋਇ ਨਾ ਜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਦਰ ਆਪਣੇ ਦੇ ਦੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਤੂੰ ਗਹਿਰ ਗੰਭੀਰ ਬੇਨਜ਼ੀਰ ਹਰਿ ਕਰਤਾ ਕਾਦਰ, ਕੁਦਰਤ ਤੇਰੀ ਤੇਰੇ ਅੰਦਰ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਸਾਲਸ, ਧੁਰ ਦੀ ਸਾਲਸੀ ਆਪ ਕਮਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਮੇਟ ਦੇ ਆਲਸ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਸੱਜਣ ਲੱਖ ਚੁਰਾਸੀ ਵਿਚੋਂ ਕੱਢ ਖ਼ਾਲਸ, ਖ਼ਾਲਸ ਆਪਣਾ ਰੂਪ ਵਖਾਈਆ । ਅੰਦਰ ਵੜਕੇ ਸਾਢੇ ਤਿੰਨ ਹੱਥ ਮੰਦਰ ਚੜ੍ਹ ਕੇ ਮਨ ਮਨੂਏ ਦੀ ਬਦਲ ਦੇ ਆਦਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ੍ਰੀ ਭਗਵਾਨ ਤੇਰੇ ਹੱਥ ਸੱਚੀ ਅਦਾਲਤ, ਅਦਲ ਇਨਸਾਫ਼ ਇਕੋ ਇਕ ਕਰਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਵੇਖ ਹੁੰਦੀ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਦਇਆ ਕਮਾਈਆ । ਸਾਸਤਰ ਸਿਮਰਤ ਵੇਦ ਪੁਰਾਨ ਪਏ ਕੂਕ, ਉਚੀ ਨਾਅਰਾ ਆਪ ਲਗਾਈਆ । ਪੁਰਖ ਅਕਾਲ ਫਿਰੀ ਦੁਹਾਈ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਸਰਬ ਦਏ ਦੁਹਾਈਆ । ਝਗੜਾ ਵਧਿਆ ਜੂਠ ਝੂਠ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਾਚਾ ਦਿਸੇ ਨਾ ਕੋਈ ਪੂਤ, ਸਪੂਤ ਨਜ਼ਰ ਕੋਇ ਨਾ ਆਈਆ । ਸਤਿ ਧਰਮ ਕਰ ਗਿਆ ਕੂਚ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਸਤਿ ਧਰਮ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਾਰੇ ਮਿਲਕੇ ਝੁਕਦੇ ਦਰ, ਬੇਨੰਤੀ ਇਕ ਸੁਣਾਈਆ । ਕਿਰਪਾ ਕਰ ਨਰਾਇਣ ਨਰ, ਨਰ ਹਰਿ ਤੇਰੀ ਸਦ ਸਰਨਾਈਆ । ਜੋਤ ਸਰੂਪ ਜਾਮਾ ਧਰ, ਕਲ ਕਲਕੀ ਵੇਸ ਵਟਾਈਆ । ਦਰ ਦਰਵੇਸ਼ ਵੇਖਣ ਦਰ ਖੜ੍ਹ, ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਪ੍ਰਭ ਕਰ ਦੇ ਮਿਹਰ, ਮਹਿਬੂਬ ਤੇਰੀ ਸਰਨਾਈਆ । ਪੁਰਖ ਅਕਾਲ

ਦੀਨ ਦਿਆਲ ਕਿਉਂ ਲਾਈ ਦੇਰ, ਦੂਰ ਦੁਰਾਡੇ ਨੇਰਨ ਨੇਰ ਹੋ ਕੇ ਦਰਸ ਦਿਖਾਈਆ । ਹਕ ਹਕੀਕਤ ਲਹਿਣਾ ਦੇਣਾ ਕਲਜੁਗ ਅੰਤਮ ਦੇ ਨਬੇੜ, ਬਿਨ ਤੇਰੇ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਰਹੇ ਵਿਚ ਗੇੜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਸਾਰੇ ਮਿਲਕੇ ਕਰੋ ਇਕ ਪਰਨਾਮ, ਸਚ ਜਗਦੀਸ਼ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣੋ ਫ਼ਰਮਾਨ, ਧੁਰ ਦਾ ਆਪਣਾ ਆਪ ਦ੍ਰਿੜਾਈਆ । ਗੁਰ ਅਵਤਾਰ ਸੁਣੋ ਪੈਗ਼ਾਮ, ਪੀਰ ਪੈਗ਼ੰਬਰ ਇਕੋ ਨਾਮ ਜਣਾਈਆ । ਭਗਤ ਸੰਤ ਗੁਰਮੁਖ ਗੁਰਸਿਖ ਵੇਖੋ ਨਿਸ਼ਾਨ, ਹਰਿ ਕਰਤਾ ਆਪ ਉਠਾਈਆ । ਧਰਨੀ ਧਰਤ ਧਵਲ ਮੰਗਦੇ ਦਾਨ, ਦਾਤਾ ਦਾਨੀ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਾਰੇ ਮਿਲ ਕੇ ਕਹਿਣ ਪ੍ਰਭ ਅੰਤਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਲਜੁਗ ਲੱਗੀ ਬੁਝਾ ਦੇ ਬਸੰਤਰ, ਅੰਮ੍ਰਿਤ ਮੇਘ ਬਰਸਾਈਆ । ਸ੍ਰਿਸ਼ਟ ਸਬਾਈ ਜਣਾ ਦੇ ਆਪਣਾ ਮੰਤਰ, ਸ਼ਬਦ ਅਨਾਦੀ ਨਾਦ ਸੁਣਾਈਆ । ਭਾਗ ਲਗਾ ਦੇ ਕਾਇਆ ਮੰਦਰ ਅੰਦਰ ਗਗਨੰਤਰ, ਬ੍ਰਹਿਮੰਡ ਖੰਡ ਘਰ ਘਰ ਦੇ ਵਖਾਈਆ । ਤੇਰਾ ਰੂਪ ਨਜ਼ਰੀ ਆਵੇ ਬ੍ਰਹਮ ਨਿਰੰਤਰ, ਨਿਰਾਕਾਰ ਤੇਰੀ ਸਰਨਾਈਆ । ਇਕੋ ਮੰਗ ਮੰਗੀਏ ਸਾਰੇ ਅੰਤਮ, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਦੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣੋ ਸਭ, ਸਰਬ ਦਿਆਂ ਸਮਝਾਈਆ । ਇਕੋ ਠਾਕਰ ਸਵਾਮੀ ਲੱਖ ਚੁਰਾਸੀ ਲਏ ਲੱਭ, ਦੂਜਾ ਇਸ਼ਟ ਨਾ ਕੋਇ ਮਨਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਮੇਟ ਦੇਵਾਂ ਹੱਦ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਸਚ ਦਵਾਰ ਏਕੰਕਾਰ ਬਿਨ ਮੱਕੇ ਕਾਅਬੇ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮਠ ਦਸਾਏ ਕਾਇਆ ਸਾਢੇ ਤਿੰਨ ਹੱਥ, ਘਰ ਘਰ ਵਿਚ ਪੜਦਾ ਆਪ ਉਠਾਈਆ । ਅੰਮ੍ਰਿਤ ਆਤਮ ਨਿਜਰ ਝਿਰਨਾ ਬੂੰਦ ਸਵਾਂਤੀ ਦੇਵੇ ਰਸ, ਅਠਸਠ ਖੋਜਣ ਕੋਇ ਨਾ ਜਾਈਆ । ਨਿਰਗੁਣ ਜੋਤ ਜੋਤ ਕਰ ਪਰਕਾਸ਼, ਸਤਿ ਸਰੂਪ ਇਕੋ ਨੂਰ ਦਏ ਚਮਕਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਕਰੇ ਪਵਿਤ ਪਾਕ, ਪਤਤ ਪੁਨੀਤ ਰੂਪ ਵਟਾਈਆ । ਅੰਤਰ ਅੰਤਰ ਖੋਲ੍ਹ ਕੇ ਤਾਕ, ਦ੍ਰਿਸ਼ਟੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਅੰਤਮ ਦਏ ਚੁਕਾਈਆ । ਕਲਜੁਗ ਅੰਤਮ ਲੇਖਾ ਮੁੱਕਣਾ, ਲੋਕਮਾਤ ਰਹਿਣ ਨਾ ਪਾਈਆ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਅਗੰਮੀ ਨੌਜਵਾਨ ਇਕੋ ਉਠਣਾ, ਬਲਧਾਰੀ ਬਲ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਜੀਵ ਜੰਤ ਜਿਸ ਪੁੱਛਣਾ, ਅੰਡਜ ਜੇਰਜ ਉਤਭੁਜ ਸੇਤਜ ਬਚਿਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਉਜਲ ਕਰੇ ਮੁਖੜਾ, ਸੰਤ ਸੁਹੇਲੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਕਲਜੁਗ ਕੂੜ ਕੁੜਿਆਰਾ ਮੁੱਕੇ ਪੰਧ, ਅੰਤਮ ਅੰਤ ਰਹਿਣ ਨਾ ਪਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦੇ ਵਖਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਆਤਮ ਪਰਮਾਤਮ ਦੇ ਕੇ ਅਨੰਦ, ਨਿਜਾਨੰਦ ਇਕ ਦਰਸਾਈਆ । ਕਾਇਆ

੧੦੯੨
੧੭

੧੦੯੩
੧੭

ਚੋਲੀ ਸਭ ਦੀ ਦੇਵੇ ਰੰਗ, ਨਾਮ ਮਜੀਠੀ ਰੰਗ ਚੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਦੱਸੇ ਇਕੋ ਛੰਦ, ਧੁਰ ਦਾ ਢੋਲਾ ਇਕ ਪੜ੍ਹਾਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦੀਖ਼ਾਨਾ ਲੱਖ ਚੁਰਾਸੀ ਦਏ ਤੁੜਾਈਆ । ਕੂੜੀ ਕਿਰਿਆ ਮੇਟ ਕੇ ਭੇਖ ਪਖੰਡ, ਸਚ ਸੁਚ ਦਏ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੀ ਪੂਰੀ ਕਰੇ ਮੰਗ, ਵੇਲਾ ਵਕਤ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਜੁਗ ਜੁਗ ਲਹਿਣਾ ਦੇਣਾ ਰੱਖੇ ਹੱਥ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਜਿਸ ਚਲਾਇਆ ਰਥ, ਦੁਆਪਰ ਕਲਜੁਗ ਫੇਰਾ ਪਾਇੰਦਾ । ਸਰਬ ਕਲਾ ਪ੍ਰਭ ਆਪ ਸਮਰਥ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਵਾਕ ਭਵਿਖਤ ਜੋ ਸਰਗੁਣ ਨਿਰਗੁਣ ਗਏ ਦੱਸ, ਦਹਿ ਦਿਸ਼ਾ ਆਪ ਮਨਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਪਰਗਟ, ਨਿਰਗੁਣ ਨਿਰਵੈਰ ਆਪਣਾ ਖੇਲ ਕਰਾਇੰਦਾ । ਜਗਤ ਜੀਵ ਜਹਾਨ ਕੋਈ ਨਾ ਸਮਝੇ ਹਰਿ ਕਾ ਖੇਲ ਅਕਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਜਨ ਭਗਤ ਕਹਿਣ, ਬਿਨ ਰਸਨਾ ਜਿਹਵਾ ਬੱਤੀ ਦੰਦ, ਅੰਤਰ ਅੰਤਰ ਆਵਾਜ਼ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਖੇਲ ਸ੍ਰੀ ਭਗਵਨ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਸਦੀ ਚੌਧਵੀਂ ਕਰ ਖੰਡ ਖੰਡ, ਨਾਮ ਖੰਡਾ ਤੇਜ ਪਰਚੰਡਾ ਬ੍ਰਹਿਮੰਡਾਂ ਇਕ ਜਣਾਈਆ । ਤੇਰੀ ਕਿਰਪਾ ਅੰਦਰ ਕਿਰਪਾ ਨਿਧਾਨ ਸਾਰੇ ਰਹੇ ਮੰਗ, ਦੂਜੀ ਆਸਾ ਤ੍ਰਿਸ਼ਨਾ ਹੋਰ ਨਾ ਕੋਇ ਵਖਾਈਆ । ਸਰਬ ਸਵਾਮੀ ਅੰਤਰਜਾਮੀ ਕਾਇਆ ਮੰਦਰ ਅੰਦਰ ਗੁਰਮੁਖਾਂ ਦੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾਵਣਹਾਰਾ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਮੇਟੇ ਕੂੜ ਅੰਧਿਆਰਾ, ਕਲ ਕਲਕੀ ਵੇਸ ਵਟਾਇੰਦਾ । ਗੋਬਿੰਦ ਮੀਤਾ ਠਾਂਡਾ ਸੀਤਾ ਏਕੰਕਾਰਾ, ਅਕਲ ਕਲਧਾਰੀ ਜੋਤ ਨਿਰੰਕਾਰੀ ਆਪਣੀ ਕਾਰ ਕਮਾਇੰਦਾ । ਸੰਬਲ ਵਸੇ ਧਾਮ ਨਿਆਰਾ, ਸ਼ਬਦ ਅਗੰਮੀ ਵਜਾਏ ਨਗਾਰਾ, ਨੌਬਤ ਇਕੋ ਇਕ ਸੁਣਾਇੰਦਾ । ਕਲਜੁਗ ਜੀਵ ਸਮਝ ਨਾ ਸਕੇ ਕੋਈ ਸੰਸਾਰਾ, ਮਨ ਮਤ ਬੁਧ ਮਿਲੇ ਨਾ ਕੋਇ ਅਧਾਰਾ, ਭੇਵ ਅਭੇਦਾ ਅਛਲ ਅਛੇਦਾ ਪੜਦਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਹਰਿ ਵੇਖੇ ਗਹਿਰ ਗੰਭੀਰ, ਕਰਤੇ ਹੱਥ ਵਡਿਆਈਆ । ਖੋਜ ਖੁਜਾਏ ਪੰਜ ਤਤ ਕਾਇਆ ਸਰੀਰ, ਨੌ ਦਰ ਵੇਖੇ ਥਾਉਂ ਥਾਈਆ । ਨਵ ਨੌ ਖੰਡ ਸੰਤ ਸੁਹੇਲੇ ਜੋ ਬੈਠੇ ਦਿਲਗੀਰ, ਰਾਹ ਤੱਕਣ ਚਾਈਂ ਚਾਈਆ । ਤਿਨ੍ਹਾਂ ਅੰਦਰ ਵੜ ਕੇ ਚੋਟੀ ਚੜ੍ਹੇ ਅਖ਼ੀਰ, ਸੁਖਮਣ ਟੇਢੀ ਬੰਕ ਰਾਹ ਵਿਚ ਨਾ ਕੋਇ ਅਟਕਾਈਆ । ਸਾਚੀ ਜਣਾਏ ਇਕ ਤਸਵੀਰ, ਜਿਸ ਦਾ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਦਏ ਵਡਿਆਈਆ । ਵਡਿਆਈ ਦੇਵੇ ਆਪ ਪ੍ਰਭ, ਜੁਗ ਜੁਗ ਦਇਆ ਕਮਾਇੰਦਾ । ਕੂੜੀ ਕਿਰਿਆ ਕਲਜੁਗ ਦੇਵੇ ਦੱਬ, ਸ਼ੌਹ ਦਰਿਆਏ ਆਪ ਸੁਟਾਇੰਦਾ । ਸੰਤ ਸੁਹੇਲੇ ਸੱਜਣ ਲੱਭ, ਗੁਰਮੁਖ ਆਪ ਉਠਾਇੰਦਾ । ਅੰਮ੍ਰਿਤ ਚੁਆ ਕੇ ਕਵਲ ਨੱਭ, ਪੱਤ ਡਾਲ੍ਹੀ ਆਪ ਮਹਿਕਾਇੰਦਾ ।

ਜਗਤ ਦਵਾਰਾ ਪਾਰ ਕਰਕੇ ਹੱਦ, ਘਰ ਬਾਰਾ ਇਕ ਵਖਾਇੰਦਾ । ਦਿਵਸ ਰੈਣ ਸੁਣਾਏ ਨੱਦ, ਅਨਹਦ ਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਲੇਖਾ ਵੇਖ ਵਖਾਇੰਦਾ । ਕਲਜੁਗ ਲੇਖਾ ਵੇਖੇ ਅੰਤ, ਅੰਤਸ਼ਕਰਨ ਸਭ ਦੇ ਖੋਜ ਖੁਜਾਈਆ । ਕਿਰਪਾ ਕਰ ਸ੍ਰੀ ਭਗਵੰਤ, ਭਗਵਨ ਲਹਿਣਾ ਦੇਣਾ ਦਏ ਚੁਕਾਈਆ । ਸੰਤ ਸੁਹੇਲੇ ਵੇਖ ਕੇ ਭਗਤ, ਭਾਗ ਸਭ ਦਾ ਝੋਲੀ ਪਾਈਆ । ਜਗਤ ਵਿਹਾਰਾ ਕੁੜਿਆਰਾ ਵੇਖ ਜਗਤ, ਜਗਜੀਵਨ ਦਾਤਾ ਦਏ ਸਜ਼ਾਈਆ । ਲੇਖਾ ਜਾਨਣਹਾਰ ਸਵਰਗ ਨਰਕ, ਦੋਜ਼ਖ਼ ਬਹਿਸ਼ਤ ਖੋਜ ਖੁਜਾਈਆ । ਲਹਿਣਾ ਦੇਣਾ ਚੁਕਾਏ ਅਰਸ਼ ਫ਼ਰਸ਼, ਕਾਇਆ ਕਾਅਬਾ ਵੇਖ ਵਖਾਈਆ । ਹੌਲਾ ਭਾਰ ਕਰੇ ਧਰਨੀ ਧਵਲ ਧਰਤ, ਦੁਸ਼ਟ ਹੰਕਾਰੀ ਦੇਣ ਦੁਹਾਈਆ । ਅੰਮ੍ਰਿਤ ਮੇਘ ਇਕੋ ਬਰਸ, ਅਗਨੀ ਤਤ ਸ਼ਾਂਤ ਕਰਾਈਆ । ਜਨ ਭਗਤਾਂ ਦੇ ਕੇ ਘਰ ਵਿਚ ਘਰ ਦਰਸ, ਜਨਮ ਜਨਮ ਦੀ ਹਰਸ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲ ਕਲਕੀ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੁਣੇ ਸੰਦੇਸ਼, ਵਿਸ਼ਨ ਬ੍ਰਹਮਾ ਸ਼ਿਵ ਸੋਇਆ ਕੋਇ ਰਹਿਣ ਨਾ ਪਾਈਆ । ਹਰਿ ਕਰਤਾ ਕਾਦਰ ਇਕ ਨਰੇਸ਼, ਸ਼ਾਹ ਸੁਲਤਾਨ ਵਾਲੀ ਦੋ ਜਹਾਨ ਪਰਮ ਪੁਰਖ ਬੇਪਰਵਾਹੀਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣਪਤ ਗਣੇਸ਼, ਕਰੋੜ ਤੇਤੀਸਾ ਸੁਰਪਤ ਇੰਦ ਲਾਗੇ ਪਾਈਆ । ਜੋ ਵਸਣਹਾਰਾ ਸਚਖੰਡ ਅਗੰਮੜੇ ਦੇਸ, ਸਚ ਸਿੰਘਾਸਣ ਡੇਰਾ ਲਾਈਆ । ਸੋ ਸਾਹਿਬ ਸਵਾਮੀ ਕਲਜੁਗ ਅੰਤਮ ਨਿਰਗੁਣ ਧਰ ਕੇ ਆਇਆ ਭੇਖ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਸਚ ਦਵਾਰ ਏਕੰਕਾਰ ਵਸਿਆ ਸੰਬਲ ਦੇਸ, ਦੇਸ ਦਸੰਤਰ ਦੋਵੇਂ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਖੇਡ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜਲਵਾ ਦੇ ਕੇ ਤੇਜ, ਅੰਧ ਅਗਿਆਨ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋਏ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਭਰੋਸਾ, ਬੀਸ ਇਕੀਸਾ ਹਰਿ ਜਗਦੀਸ਼ਾ ਆਪ ਜਣਾਇੰਦਾ । ਪਰਮ ਪੁਰਖ ਪਰਮਾਤਮ ਜਾਣੇ ਆਪਣਾ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਇੰਦਾ । ਨਿਤ ਨਵਿਤ ਕਰੇ ਕਦੇ ਨਾ ਕੋਈ ਧੋਖਾ, ਸਾਖਿਆਤ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਵੇਖ ਵਖਾਇੰਦਾ । ਲਹਿਣਾ ਦੇਣਾ ਸਭ ਦਾ ਦਏ ਵਖਾਲ, ਬਾਕੀ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਦੀਨ ਦਿਆਲ, ਦਇਆਨਿਧ ਹੋਏ ਸਹਾਈਆ । ਸਭ ਦਾ ਪੂਰਾ ਕਰੇ ਸਵਾਲ, ਨਿਰਾਸਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਜਗਤ ਜੰਜਾਲ, ਸ਼ਰਅ ਵਿਚੋਂ ਸ਼ਰਅ ਦਏ ਬਦਲਾਈਆ । ਸ੍ਰਿਸ਼ਟ ਸਬਾਈ ਵਖਾ ਇਕ ਧਰਮਸਾਲ, ਧਰਮ ਦਵਾਰਾ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਕਿਰਪਾ ਸਚ, ਸਤਿ ਸਤਿਵਾਦੀ ਨਜ਼ਰੀ ਆਈਆ । ਖ਼ੁਸ਼ੀਆਂ ਨਾਲ ਸਾਰੇ ਗਾਵਣ ਤੇਰਾ ਜਸ, ਢੋਲੇ ਰਾਗਾਂ ਨਾਦਾਂ ਨਾਲ ਅਲਾਈਆ । ਧੰਨ ਵਡਿਆਈ ਜੇ ਨਿਰਗੁਣ ਹੋ ਕੇ ਵੇਖੇਂ ਆਪਣਾ ਹੱਟ, ਦੋ ਜਹਾਨਾਂ ਪੜਦਾ ਲਾਹੀਆ । ਚਰਨ ਕਵਲ ਸਰਨਾਈ ਸਾਰੇ ਜਾਈਏ ਢੱਠ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਤੇਰੀ ਮਿਹਰ ਪੁਰਖ ਸਮਰਥ, ਸਾਰੇ ਸੀਸ ਰਹੇ ਝੁਕਾਈਆ । ਸਭ ਦੀ ਝੋਲੀ ਪਾਉਣਾ

ਆਪਣਾ ਹਕ, ਹਾਕਮ ਬੇਪਰਵਾਹੀਆ । ਬੀਸ ਇਕੀਸਾ ਪੰਧ ਮੁਕਾ ਦੇ ਨੱਸ ਨੱਸ, ਭੱਜਾ ਜਾਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧੀਰ, ਹਰਿ ਕਰਤਾ ਆਪ ਜਣਾਈਆ । ਸਦੀ ਚੌਧਵੀਂ ਵੇਖੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਸਭ ਦੀ ਬਦਲ ਦੇਵੇ ਤਕਦੀਰ, ਤਦਬੀਰ ਇਕੋ ਇਕ ਸਮਝਾਈਆ । ਸ਼ਰਅ ਦਾ ਕੱਟ ਜ਼ੰਜੀਰ, ਲਾਸ਼ਰੀਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਸਦਕਾ, ਸਦ ਸਚ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਸਾਚੇ ਪਦ ਦਾ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੇਰਾ ਲਹਿਣਾ ਦੇਣਾ ਜੁਗ ਚੌਕੜੀ ਆਪਣੀ ਹੱਦ ਦਾ, ਮਹਿਦੂਦ ਕਰੇ ਲੋਕਾਈਆ । ਹਉਂ ਸੇਵਕ ਚਾਕਰ ਬਾਲਕ ਹੋ ਕੇ ਮੰਗਦਾ, ਝੋਲੀ ਤੇਰੇ ਅੱਗੇ ਡਾਹੀਆ । ਕਲਜੁਗ ਲੇਖਾ ਮੁੱਕੇ ਭੇਖ ਪਖੰਡ ਦਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਡੰਕਾ ਇਕੋ ਵੱਜੇ ਸੂਰੇ ਸਰਬੰਗ ਦਾ, ਗੋਬਿੰਦ ਖੰਡਾ ਇਕ ਚਮਕਾਈਆ । ਸਿੰਘਾਸਣ ਸੋਹੇ ਇਕੋ ਨੰਦ ਦਾ, ਜਿਸ ਦਾ ਨੂਰ ਜ਼ਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਕਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਪੜਦਾ ਓਹਲਾ ਦੇ ਉਠਾਈਆ । ਮੁਖ ਨਕਾਬ ਰਹੇ ਨਾ ਕੋਈ ਯਾਰ, ਨੇਤਰ ਨੈਣ ਅੱਖ ਨਾ ਕੋਇ ਸ਼ਰਮਾਈਆ । ਰਾਹ ਤੱਕਦੇ ਰਹੇ ਵਿਚ ਸੰਸਾਰ, ਸੰਸਾਰੀ ਤੇਰਾ ਧਿਆਨ ਲਗਾਈਆ । ਮੁਰੀਦ ਮੁਰਸ਼ਦ ਕਰਦੇ ਰਹੇ ਪਿਆਰ, ਪਿਆਰ ਮੁਹੱਬਤ ਵਿਚ ਬਦਲਾਈਆ । ਕਲਜੁਗ ਅੰਤਮ ਅੰਤਰ ਕਰ ਵਿਚਾਰ, ਬੇਅੰਤ ਤੇਰੀ ਸਰਨਾਈਆ । ਡੁੱਬਦੇ ਪਾਹਨ ਦਏ ਤਾਰ, ਸਚ ਕਿਨਾਰਾ ਇਕ ਦ੍ਰਿੜਾਈਆ । ਤੂੰ ਕਰਤਾ ਪੁਰਖ ਕਰਤਾਰ ਕਰਨੇਹਾਰ, ਕਰਨੀ ਤੇਰੀ ਸਭ ਨੂੰ ਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲਿਖਦੇ ਗਏ ਜੁਗ ਚਾਰ, ਚੌਕੜੀ ਤੇਰਾ ਹਾਲ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲਏ ਅਵਤਾਰ, ਜੋਤੀ ਜਾਮਾ ਧੁਰ ਦਾ ਰਾਮਾ ਸੱਚਾ ਕਾਹਨਾ ਵਡ ਅਮਾਮਾ ਆਪਣਾ ਫੇਰਾ ਪਾਈਆ । ਜਨ ਭਗਤਾਂ ਲਏ ਉਠਾਲ, ਘਰ ਸੰਤਾਂ ਦੀਆ ਬਾਤੀ ਜੋਤ ਬਾਲ, ਗੁਰਮੁਖ ਰੱਖ ਆਪਣੇ ਨਾਲ, ਗੁਰਸਿਖ ਵੇਖ ਬੱਚੇ ਸਕੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿ ਸਚ ਸਤਿ ਤੇਰੀ ਸਰਨਾਈਆ । ਸਚ ਸਰਨਾਈ ਦੇ ਸੱਚੇ ਮਾਲਕ, ਸਾਹਿਬ ਸਵਾਮੀ ਤੇਰੀ ਆਸ ਰਖਾਈਆ । ਜਨ ਭਗਤਾਂ ਬਣ ਪ੍ਰਿਤਪਾਲਕ, ਸੇਵਕ ਹੋ ਕੇ ਸੇਵ ਕਮਾਈਆ । ਲੱਖ ਚੁਰਾਸੀ ਵਿਚੋਂ ਕੱਢ ਖ਼ਾਲਸ, ਖ਼ਾਲਸ ਆਪਣਾ ਰੰਗ ਰੰਗਾਈਆ । ਕਲਜੁਗ ਬਦਲ ਦੇ ਆਦਤ, ਸਤਿਜੁਗ ਸੱਚਾ ਰਾਹ ਵਖਾਈਆ । ਤੇਰੇ ਨਾਮ ਦੀ ਇਕੋ ਬੰਦਗੀ ਭਜਨ ਹੋਵੇ ਇਬਾਦਤ, ਇਕੋ ਇਸ਼ਟ ਦੇਵ ਸਵਾਮੀ ਸਭ ਨੂੰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਦਰਗਾਹੀ ਬੇਪਰਵਾਹੀ ਨੂਰ ਇਲਾਹੀ ਸ਼ਬਦ ਅਥਾਹੀ ਸਚ ਮਲਾਹੀ, ਬੇੜਾ ਜਨ ਭਗਤਾਂ ਪਾਰ ਕਰਾਈਆ ।

੧੦੯੫
੧੭

## ✪ ੧੮ ਮੱਘਰ ੨੦੨੧ ਬਿਕ੍ਰਮੀ ਬੀਬੀ ਤੇਜ ਕੌਰ ਦੇ ਗ੍ਰਿਹ ਪਿੰਡ ਬਣਵਾਲੀ ✪

ਗ਼ਰੀਬਾਂ ਉਤੇ ਸਦਾ ਦਿਆਲ, ਸ੍ਰੀ ਭਗਵਾਨ ਦਇਆ ਕਮਾਇੰਦਾ । ਜੁਗ ਜੁਗ ਵੇਖੇ ਗੁਰਮੁਖ ਅਨਮੁੱਲੜੇ ਲਾਲ, ਲੱਖ ਚੁਰਾਸੀ ਖੋਜ ਖੁਜਾਇੰਦਾ । ਜਿਨ੍ਹਾਂ ਦੇ ਅੰਦਰ ਬਖ਼ਸ਼ੇ ਪਿਆਰਾ ਨਾਮ, ਬਾਣੀ ਧੁਰ ਦੀ ਆਪ ਸਮਝਾਇੰਦਾ । ਕਾਇਆ ਖੇੜਾ ਭਾਗ ਲਗਾਵੇ ਮੰਦਰ ਗਰਾਮ, ਸਾਢੇ ਤਿੰਨ ਹੱਥ ਅੰਦਰ ਸੋਭਾ ਪਾਇੰਦਾ । ਨਾਮ ਪਿਆਲਾ ਅੰਮ੍ਰਿਤ ਦੇਵੇ ਜਾਮ, ਕੂੜਾ ਰਸ ਸਰਬ ਮੁਕਾਇੰਦਾ । ਨਾਦ ਅਨਾਦੀ ਸੁਣਾਏ ਸੱਚੀ ਧੁਨਕਾਨ, ਅਨਹਦ ਰਾਗ ਆਪ ਅਲਾਇੰਦਾ । ਕੂੜੀ ਕਿਰਿਆ ਜਗਤ ਮੇਟੇ ਤ੍ਰਿਸ਼ਨਾ ਪੀਣ ਖਾਣ, ਧੀਰਜ ਸਤਿ ਸੰਤੋਖ ਇਕ ਦ੍ਰਿੜਾਇੰਦਾ । ਸਚ ਦਵਾਰੇ ਦਰਗਾਹ ਸਾਚੀ ਦੇਵੇ ਮਾਣ, ਸਿਰ ਸਮਰਥ ਆਪਣਾ ਹੱਥ ਟਿਕਾਇੰਦਾ । ਮੂਰਖ ਮੁਗਧ ਲੇਖੇ ਲਾਏ ਬਾਲ ਅੰਞਾਣ, ਚਰਨ ਪ੍ਰੀਤੀ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਗ਼ਰੀਬ ਨਿਮਾਣਿਆਂ ਸਿਰ ਰੱਖੇ ਹੱਥ, ਸਾਹਿਬ ਸਵਾਮੀ ਵਡ ਵਡਿਆਈਆ । ਕਲਜੁਗ ਅਗਨੀ ਵਿਚੋਂ ਲਏ ਰੱਖ, ਤੱਤੀ ਵਾ ਨਾ ਲਾਗੇ ਰਾਈਆ । ਆਪਣੇ ਮਿਲਣ ਦੀ ਬਖ਼ਸ਼ ਦੇਵੇ ਅੱਖ, ਘਰ ਬੈਠਿਆਂ ਦੂਰ ਦੁਰਾਡਾ ਨਜ਼ਰੀ ਆਈਆ । ਪੂਰਬ ਜਨਮ ਦਾ ਝੋਲੀ ਪਾਵੇ ਹਕ, ਮਿਹਰਵਾਨ ਹੋ ਸਹਾਈਆ । ਅਗਲਾ ਮਾਰਗ ਦੇਵੇ ਦੱਸ, ਅੰਤਰ ਆਤਮ ਕਰ ਪੜ੍ਹਾਈਆ । ਗੁਰਮੁਖ ਤੂੰ ਮੇਰੇ ਮੈਂ ਤੇਰੇ ਵਸ, ਨਾਤਾ ਧੁਰ ਦਾ ਲਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗ਼ਰੀਬ ਨਿਮਾਣਿਆਂ ਬਖ਼ਸ਼ੇ ਓਟ, ਪੁਰਖ ਅਕਾਲ ਦਇਆ ਕਮਾਈਆ । ਕੂੜੀ ਕਿਰਿਆ ਅੰਦਰੋਂ ਕੱਢੇ ਖੋਟ, ਸਤਿ ਸਚ ਵਿਚ ਸਮਾਈਆ । ਹਉਮੇ ਹੰਗਤਾ ਕੱਟੇ ਰੋਗ, ਧੁਰ ਸੰਜੋਗ ਆਪ ਮਿਲਾਈਆ । ਨਾਮ ਨਿਧਾਨਾ ਸੁਣਾਏ ਸਲੋਕ, ਗੁਰ ਸ਼ਬਦੀ ਆਪ ਪੜ੍ਹਾਈਆ । ਆਤਮ ਪਰਮਾਤਮ ਮਿਲਾਏ ਜੋਤ, ਜੋਤੀ ਜੋਤ ਵਿਚ ਸਮਾਈਆ । ਝਗੜਾ ਮਿਟ ਜਾਏ ਵਰਨ ਗੋਤ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੱਟਣਹਾਰਾ ਹਉਮੇ ਰੋਗ, ਦੂਈ ਦਵੈਤੀ ਡੇਰਾ ਢਾਹੀਆ । ਗ਼ਰੀਬ ਨਿਮਾਣਿਆਂ ਦੇਵੇ ਚਰਨ ਸਹਾਰਾ, ਸਤਿਗੁਰ ਪੂਰਾ ਦਇਆ ਕਮਾਇੰਦਾ । ਭਵਜਲ ਕਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਸਾਚਾ ਮੰਦਰ ਬਖ਼ਸ਼ੇ ਇਕ ਦਵਾਰਾ, ਜਿਸ ਗ੍ਰਿਹ ਆਪਣਾ ਡੇਰਾ ਲਾਇੰਦਾ । ਦੀਵਾ ਬਾਤੀ ਜਗੇ ਅਗੰਮ ਅਪਾਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸਾਚੀ ਸਖੀਆਂ ਮੰਗਲਾਚਾਰਾ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਆਪਣੀ ਦਾਤ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਚ ਚੰਦ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਸੁਰਤੀ ਸ਼ਬਦੀ ਜੋੜ ਕੇ ਨਾਤ, ਬਿਧਾਤਾ ਆਪਣੇ ਰੰਗ ਰੰਗਾਈਆ । ਜਨਮ ਕਰਮ ਦੀ ਪੂਰੀ ਕਰੇ ਖਾਹਿਸ਼, ਆਸ਼ਾ ਮਨਸਾ ਨਾਲ ਮਿਲਾਈਆ । ਏਥੇ ਓਥੇ ਪੁੱਛੇ ਵਾਤ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਸਦ ਵਡਿਆਈਆ । ਗ਼ਰੀਬ ਨਿਮਾਣਾ ਕੋਝਾ ਕਮਲਾ, ਹਰਿ ਸਤਿਗੁਰ ਗਲੇ ਲਗਾਇੰਦਾ । ਲਹਿਣਾ ਦੇਣਾ ਚੁਕਾਏ ਜਗਤ ਅਮਲਾਂ, ਅਮਲ ਇਕੋ ਨਾਮ ਦਸਾਇੰਦਾ । ਕਾਇਆ ਮੰਦਰ ਅੰਦਰ ਘਰ ਵਿਚ ਘਰ ਵਖਾਏ ਸੋਹਣਾ ਬੰਗਲਾ, ਜਿਸ ਘਰ ਸਵਾਮੀ ਬਹਿ ਬਹਿ ਰੰਗ ਰੰਗਾਇੰਦਾ । ਨਿਜਾਨੰਦ ਦੇਵੇ ਸਚ ਅਨੰਦਨਾ,

ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰੰਗ ਵਖਾਇੰਦਾ । ਗੁਰਮੁਖ ਰੰਗ ਵਖਾਏ ਸਦਾ ਅਨਡਿਠਾ, ਗੁਰ ਸਤਿਗੁਰ ਦਇਆ ਕਮਾਈਆ । ਅੰਮ੍ਰਿਤ ਰਸ ਦੇਵੇ ਮਿੱਠਾ, ਨੌ ਰਸ ਜਗਤ ਦਏ ਤਜਾਈਆ । ਨੌ ਦਵਾਰੇ ਨਾਤਾ ਤੋੜੇ ਫਿੱਕਾ, ਨੌ ਖੰਡ ਵੱਜੇ ਇਕ ਵਧਾਈਆ । ਪਰਮ ਪੁਰਖ ਪਰਮਾਤਮ ਆਤਮ ਮਿਲੇ ਸੱਚਾ ਪਿਤਾ, ਪਤਿਪਰਮੇਸ਼ਵਰ ਹੋਏ ਸਹਾਈਆ । ਜਿਸ ਜਨਮ ਕਰਮ ਦਾ ਲੇਖ ਲਿਖਾ, ਸੋ ਆਪੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਗਲੇ ਲਗਾਈਆ । ਗ਼ਰੀਬ ਨਿਮਾਣਿਆਂ ਸਦਾ ਸਹਾਇਕ, ਆਦਿ ਜੁਗਾਦਿ ਦਇਆ ਕਮਾਇੰਦਾ । ਸ਼ਬਦ ਸਵਾਮੀ ਧੁਰ ਦਾ ਨਾਇਕ, ਨਰ ਨਰਾਇਣ ਵੇਖ ਵਖਾਇੰਦਾ । ਧੁਰ ਸੰਦੇਸ਼ਾ ਦੇ ਹਦਾਇਤ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਵੇਖ ਵਖਾਇੰਦਾ । ਗੁਰਮੁਖ ਤੇਰਾ ਦਰ ਘਰ ਸੱਚਾ, ਸਚ ਮਿਲੇ ਵਡਿਆਈਆ । ਲੇਖੇ ਲਾਏ ਵੱਡਾ ਛੋਟਾ ਨੱਢਾ ਬੱਚਾ, ਬਿਰਧ ਬਾਲਾਂ ਸਿਰ ਆਪਣਾ ਹੱਥ ਰਖਾਈਆ । ਭਾਗ ਲਗਾਏ ਕਾਇਆ ਮਾਟੀ ਭਾਂਡਾ ਕੱਚਾ, ਗਗਰੀਆ ਆਪਣੇ ਰੰਗ ਰੰਗਾਈਆ । ਮਨੂਆ ਮਨ ਉਠ ਨਾ ਦਹਿ ਦਿਸ਼ ਨੱਠਾ, ਡੋਰੀ ਸ਼ਬਦੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਨਾਲ ਤਾਰੇ ਆਪ, ਹਰਿ ਸਤਿਗੁਰ ਦਇਆ ਕਮਾਇੰਦਾ । ਪਤਿਪਰਮੇਸ਼ਵਰ ਬਣਕੇ ਮਾਈ ਬਾਪ, ਗੁਰਮੁਖ ਗੁਰਸਿਖ ਗੋਦ ਉਠਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਸੋਹੰ ਢੋਲਾ ਇਕ ਪੜ੍ਹਾਇੰਦਾ । ਸਚ ਦਵਾਰੇ ਬੱਝੇ ਨਾਤ, ਜੁੜਿਆ ਨਾਤਾ ਨਾ ਕੋਇ ਤੁੜਾਇੰਦਾ । ਸਾਚੀ ਮੰਜ਼ਲ ਪੌੜੇ ਚਾੜ੍ਹੇ ਘਾਟ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਤੇਰਾ ਸਚ ਪਿਆਰ, ਪ੍ਰੀਤਮ ਪ੍ਰੀਤਮ ਦਏ ਜਣਾਈਆ । ਜਿਸ ਦਾ ਲੇਖਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖਿਲਾਈਆ । ਜਿਸ ਦਾ ਸੰਤ ਸੁਹੇਲੇ ਮੰਗਣ ਦੀਦਾਰ, ਨੇਤਰ ਨੈਣ ਅੱਖ ਉਠਾਈਆ । ਜਿਸ ਨੂੰ ਗੁਰ ਅਵਤਾਰ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੀ ਚਰਨ ਧੂੜੀ ਮੁਰਸ਼ਦ ਲੌਂਦੇ ਸ਼ਾਰ, ਪੀਰ ਪੈਗ਼ੰਬਰ ਖ਼ਾਕ ਰਮਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਪੁਕਾਰ, ਸਿਫ਼ਤਾਂ ਢੋਲਿਆਂ ਨਾਲ ਗਾਈਆ । ਜਿਸ ਦਾ ਹੁਕਮ ਲੱਖ ਚੁਰਾਸੀ ਵਿਚ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਭੱਜਣ ਵਾਹੋ ਦਾਹੀਆ । ਜਿਸ ਦਾ ਨੂਰ ਸੂਰਜ ਚੰਦ ਉਜਿਆਰ, ਮੰਡਲ ਮੰਡਪ ਖੇਲ ਖਿਲਾਈਆ । ਜਿਸ ਦਾ ਹੁਕਮ ਕੋਇ ਨਾ ਮੇਟਣਹਾਰ, ਸਿਰ ਸਕੇ ਨਾ ਕੋਇ ਉਠਾਈਆ । ਸੋ ਸਾਹਿਬ ਸਵਾਮੀ ਪੁਰਖ ਅਕਾਲ, ਮਿਹਰਵਾਨ ਹੋਏ ਸਹਾਈਆ । ਗੁਰਸਿਖ ਵੇਖੇ ਸੱਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਪੂਰਬ ਜਨਮ ਦੀ ਝੋਲੀ ਪਾਏ ਘਾਲ, ਸਤਿ ਮੁਸ਼ੱਕਤ ਹੱਥ ਫੜਾਈਆ । ਫਲ ਲਗਾਕੇ ਸਾਚੇ ਡਾਲ੍ਹ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਾਚੇ ਗੁਰਸਿਖ, ਸਿਖਿਆ ਇਕ ਦ੍ਰਿੜਾਇੰਦਾ । ਨਾਮ ਪਦਾਰਥ ਪਾਵੇ ਭਿਖ, ਭਿਖਿਆ ਸਤਿ ਵਰਤਾਇੰਦਾ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਕਰਮ ਮਿਟਾਇੰਦਾ । ਸਚ ਦਵਾਰੇ ਸਾਚਾ ਹਿਤ, ਹਿਤਕਾਰੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਦੇ ਨਾ ਦੇਵੇ ਪਿਠ, ਸਨਮੁਖ ਹੋ ਕੇ ਨਜ਼ਰੀ

ਆਇੰਦਾ । ਸਨਮੁਖ ਸਤਿਗੁਰ ਸਦਾ ਸਵਾਮੀ, ਪੜਦਾ ਓਹਲਾ ਨਾ ਕੋਇ ਰਖਾਈਆ । ਘਟ ਘਟ ਵੇਖੇ ਅੰਤਰਜਾਮੀ, ਭੇਵ ਅਭੇਦਾ ਦਏ ਜਣਾਈਆ । ਸ਼ਬਦ ਅਗੰਮੀ ਦੇ ਕੇ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਪਾਣੀ, ਅਗਨੀ ਤਤ ਬੁਝਾਈਆ । ਸਚ ਪ੍ਰੀਤੀ ਚਰਨ ਧਿਆਨੀ, ਦ੍ਰਿਸ਼ਟ ਇਸ਼ਟ ਵਡਿਆਈਆ । ਲੇਖ ਚੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾ ਕੋਇ ਭੁਆਈਆ । ਸ਼ਬਦ ਮਿਲਾਕੇ ਸੁਰਤੀ ਹਾਣੀ, ਧੁਰ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸੱਚਾ ਸਦਾ ਤਰਦਾ, ਨਈਆ ਨੌਕਾ ਪਾਰ ਲੰਘਾਈਆ । ਜਨਮ ਕਰਮ ਵਿਚ ਕਦੇ ਨਾ ਮਰਦਾ, ਮਰ ਜੀਵਤ ਰੂਪ ਵਟਾਈਆ । ਸ਼ੌਹ ਦਰਿਆ ਕਦੇ ਨਾ ਹੜ੍ਹਦਾ, ਪਾਰ ਕਿਨਾਰੇ ਬਹਿ ਬਹਿ ਖ਼ੁਸ਼ੀ ਮਨਾਈਆ । ਚਰਨ ਕਵਲ ਧਿਆਨ ਇਕੋ ਧਰਦਾ, ਦੂਜੀ ਓਟ ਨਾ ਕੋਇ ਰਖਾਈਆ । ਸਤਿਗੁਰ ਪੂਰਾ ਨਿਰਗੁਣ ਹੋ ਕੇ ਸਰਗੁਣ ਫੜਦਾ, ਸਰਗੁਣ ਅੰਦਰੋਂ ਨਿਰਗੁਣ ਮੇਲ ਮਿਲਾਈਆ । ਸਚ ਦਵਾਰੇ ਆਪੇ ਖੜਦਾ, ਜਿਸ ਘਰ ਬੈਠਾ ਬੇਪਰਵਾਹੀਆ । ਕਿਰਪਾਨਿਧਾਨ ਆਪਣੀ ਕਿਰਪਾ ਕਰਦਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਸੁਹੇਲਾ ਇਕ ਅਖਵਾਈਆ । ਸਦਾ ਸੁਹੇਲਾ ਹਰਿ ਨਿਰੰਕਾਰ, ਆਦਿ ਜੁਗਾਦਿ ਵੇਖ ਵਖਾਇੰਦਾ । ਭਗਤ ਉਧਾਰਨਾ ਜਿਸ ਦੀ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਗ਼ਰੀਬ ਉਭਾਰੇ ਪਾਵੇ ਸਾਰ, ਮਹਾਂਸਾਰਥੀ ਵੇਖ ਵਖਾਇੰਦਾ । ਕਲਜੁਗ ਵੇਖੇ ਵਿਗਸੇ ਵੇਖਣਹਾਰ, ਅਨਡਿਠ ਪ੍ਰਤਖ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸਦਾ ਸਦ ਸੱਚਾ ਸੰਗ ਨਿਭਾਇੰਦਾ । ਸਗਲਾ ਸੰਗ ਰੱਖੇ ਰਘੁਨਾਥ, ਰਘੁਪਤ ਆਪਣੀ ਦਇਆ ਕਮਾਈਆ । ਗੁਰਮੁਖ ਬਣਾ ਕੇ ਪਾਰਜਾਤ, ਸਾਚੇ ਰੂਪ ਸਮਾਈਆ । ਵਸਤ ਅਮੋਲਕ ਦੇ ਕੇ ਦਾਤ, ਖ਼ਾਲੀ ਭੰਡਾਰੇ ਦਏ ਭਰਾਈਆ । ਅੰਤਰ ਆਤਮਾ ਵਾਸਨਾ ਸਭ ਦੀ ਲਏ ਵਾਚ, ਦੱਸਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਪੂਰੀ ਆਸ, ਸਿਰ ਆਪਣਾ ਹੱਥ ਰਖਾਈਆ । ਗੁਰਮੁਖ ਆਸਾ ਫਿਰੇ ਭੱਜੀ, ਚਾਰ ਕੁੰਟ ਵਾਹੋ ਦਾਹੀਆ । ਸਾਹਿਬ ਸਤਿਗੁਰ ਪੜਦਾ ਕੱਜੀਂ, ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਪਤ ਰੱਖੀਂ, ਤੇਰੇ ਚਰਨ ਮਿਲੇ ਵਡਿਆਈਆ । ਜਗਤ ਵਿਕਾਰ ਨਜ਼ਰ ਨਾ ਆਏ ਅੱਖੀਂ, ਇਕੋ ਨੇਤਰ ਤੇਰਾ ਦਰਸ਼ਨ ਪਾਈਆ । ਗੁਰਮੁਖ ਗੁਰਸਿਖ ਸਾਹਿਬ ਸਤਿਗੁਰ ਤੇਰੀ ਬੱਚੀਆਂ ਵਿਚੋਂ ਬੱਚੀ, ਬਚਪਨ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਪੜ੍ਹਾਦੇ ਆਪਣੀ ਪੱਟੀ, ਜਿਸ ਦਾ ਲੇਖਾ ਮਿਟ ਕਦੇ ਨਾ ਜਾਈਆ ।



### ੧੮ ਮੱਘਰ ੨੦੨੧ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ ਸੀਡ ਫ਼ਾਰਮ ਅਬੋਹਰ

ਭਿਛਿਆ ਕਹੇ ਮੈਂ ਸਭ ਤੋਂ ਚੰਗੀ, ਆਦਿ ਪੁਰਖ ਮੇਰੀ ਬਣਤ ਬਣਾਈਆ । ਸਤਿ ਦੁਆਰਿਉਂ ਰਹੇ ਸਾਰੇ ਮੰਗੀ, ਗੁਰ ਅਵਤਾਰ ਝੋਲੀਆਂ ਡਾਹੀਆ । ਪੀਰ ਪੈਗ਼ੰਬਰ ਸੀਸ ਪੱਟੀ ਵਾਹ ਕੇ ਕੰਘੀ, ਅੱਲਾ ਰਾਣੀ ਨਾਲ ਮਿਲਾਈਆ । ਭਗਤ ਭਗਵਾਨ ਪ੍ਰਭ ਦੀ ਕਰਦੇ ਬੰਦਗੀ, ਬੰਦੀਖ਼ਾਨਾ

ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤੀ ਸਚ ਵਡਿਆਈਆ । ਭਿਛਿਆ ਕਹੇ ਮੈਂ ਸਭ ਤੋਂ ਚਾਤਰ, ਵੱਡਿਆਂ ਵਿਚੋਂ ਵੱਡੀ ਨਿਕਿਆਂ ਵਿਚੋਂ ਨਿੱਕੀ ਨਜ਼ਰੀ ਆਈਆ । ਮੇਰੇ ਪਿਛੇ ਸਾਰੇ ਕਰਦੇ ਦੂਜੀ ਖ਼ਾਤਰ, ਅੰਦਰ ਬਾਹਰ ਸੇਵ ਕਮਾਈਆ । ਜੁਗ ਚੌਕੜੀ ਫਿਰਦੇ ਉਤੇ ਪਾਤਣ, ਕੰਢੀ ਆਪਣੇ ਡੇਰੇ ਲਾਈਆ । ਸੰਤ ਸੁਹੇਲੇ ਕਹਿਣ ਬਣ ਸਾਥਣ, ਸੱਚਾ ਸੰਗ ਵਖਾਈਆ । ਗੁਰਮੁਖ ਗੁਰਸਿਖ ਕਰਨ ਪੂਜਾ ਪਾਠਨ, ਅੰਤਰ ਆਸਾ ਇਕ ਵਧਾਈਆ । ਕਵਣ ਵੇਲਾ ਭਿਛਿਆ ਪਾਏ ਪੁਰਖ ਅਬਿਨਾਸ਼ਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਭਿਛਿਆ ਕਹੇ ਮੈਂ ਅਮੋਲਕ ਵਸਤ, ਪ੍ਰਭ ਆਪਣੇ ਹੱਥ ਰਖਾਈਆ । ਕਰ ਕਿਰਪਾ ਜਿਸ ਦੇ ਦੇਵੇ ਦਸਤ, ਦਸਤਗੀਰ ਲਏ ਬਣਾਈਆ । ਸਚ ਖ਼ੁਮਾਰੀ ਚਾੜ੍ਹ ਕੇ ਮਸਤ, ਰਸ ਇਕੋ ਇਕ ਵਖਾਈਆ । ਲੇਖ ਚੁਕਾ ਕੇ ਕੀਟ ਹਸਤ, ਹਸਤੀ ਆਪਣੀ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਸੰਗ ਨਿਭਾਈਆ । ਭਿਛਿਆ ਕਹੇ ਮੇਰੀ ਸਭ ਨੂੰ ਲੋੜ, ਮਾਂਗਤ ਦਿਸੀ ਸਰਬ ਲੋਕਾਈਆ । ਸਚ ਦਵਾਰੇ ਸਾਰੇ ਹੱਥ ਰਹੇ ਜੋੜ, ਕਰ ਬੰਦਨਾ ਡੰਡੌਤ ਸੀਸ ਨਿਵਾਈਆ । ਨੇਤਰ ਰੋ ਰੋ ਪਾਵਣ ਸ਼ੋਰ, ਹੋਕੇ ਦੇ ਦੇ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਪਣੇ ਹੱਥ ਰੱਖੇ ਵਡਿਆਈਆ । ਭਿਛਿਆ ਕਹੇ ਮੈਂ ਸਦਾ ਸੁਹੇਲੀ, ਸਾਧਾਂ ਸੰਤਾਂ ਜੀਵਾਂ ਜੰਤਾਂ ਦਿਆਂ ਵਡਿਆਈਆ । ਜੁਗ ਜੁਗ ਖੇਲ ਅਗੰਮੜੀ ਖੇਲੀ, ਖ਼ਾਲਕ ਖਲਕ ਰਿਹਾ ਵਖਾਈਆ । ਸੰਤ ਸੁਹੇਲੇ ਬਣਾ ਕੇ ਮੇਲੀ, ਮਿਲਣੀ ਜਗਦੀਸ਼ ਕਰਾਈਆ । ਜੋਤੀ ਜੋਤ

੧੦੯੯ ੧੨

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਹੱਥ ਰਖਾਈਆ । ਭਿਛਿਆ ਕਹੇ ਪ੍ਰਭ ਮੇਰਾ ਸੱਜਣ, ਸਦ ਆਪਣੇ ਸੰਗ ਰਖਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਮੰਗਣ, ਥੋੜੀ ਥੋੜੀ ਦਏ ਵਰਤਾਈਆ । ਭਗਤਾਂ ਨਾਲ ਲਾ ਕੇ ਅੰਗਣ, ਅੰਗ ਆਪਣਾ ਲਏ ਛੁਹਾਈਆ । ਸੰਤਾਂ ਦੇ ਕੇ ਸਾਚੇ ਅਨੰਦਨ, ਅਨੰਦ ਅਨੰਦ ਵਿਚ ਸਮਾਈਆ । ਸਭ ਦੇ ਅੰਦਰ ਰੱਖ ਕੇ ਢੋਲਾ ਛੰਦਨ, ਮੇਰਾ ਹਿੱਸਾ ਝੋਲੀ ਪਾਈਆ । ਅਨਡਿਠੀ ਚਾੜ੍ਹ ਕੇ ਆਪਣੀ ਰੰਗਣ, ਰੰਗਣ ਇਕ ਵਖਾਈਆ । ਸਚ ਦਵਾਰੇ ਸਾਰੇ ਢੱਠਣ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਇਕ ਵਖਾਈਆ । ਭਿਛਿਆ ਕਹੇ ਮੇਰਾ ਦਾਤਾ ਏਕ, ਪਰਮ ਪੁਰਖ ਪ੍ਰਭ ਨਜ਼ਰੀ ਆਈਆ । ਜੁਗ ਚੌਕੜੀ ਸਭ ਨੂੰ ਦੇਵਣਹਾਰਾ ਭੇਟ, ਹਿੱਸਿਆਂ ਵਿਚੋਂ ਹਿੱਸਾ ਝੋਲੀ ਪਾਈਆ । ਮੈਂ ਨੇਤਰ ਅੱਖ ਖੋਲ੍ਹ ਲਵਾਂ ਵੇਖ, ਪਲਕ ਉਪਰ ਉਠਾਈਆ । ਕਵਣ ਸਯਦਾ ਕਰੇ ਆਦੇਸ, ਆਪਣੀ ਝੋਲੀ ਅੱਗੇ ਡਾਹੀਆ । ਸਾਚਾ ਕਰੇ ਹੇਤ, ਪ੍ਰੇਮੀ ਰੂਪ ਵਟਾਈਆ । ਰਾਹ ਤੱਕੇ ਨੇਤਨ ਨੇਤ, ਦੂਰ ਦੁਰਾਡਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੱਚੀ ਬਣਤ ਬਣਾਈਆ । ਭਿਛਿਆ ਕਹੇ ਪ੍ਰਭ ਦੇਵੇ ਦਾਨ, ਜਨ ਭਗਤਾਂ ਝੋਲੀ ਪਾਈਆ । ਮੇਰੀ ਇਛਿਆ ਵਡ ਬਲਵਾਨ, ਵੇਖਾਂ ਥਾਉਂ ਥਾਈਂਆ । ਸਾਚੀ ਵਸਤ ਸਚ ਮਹਾਨ, ਘਰ ਮੰਦਰ ਦਿਆਂ ਟਿਕਾਈਆ । ਤ੍ਰਿਸਨਾ ਭੁੱਖ ਰਹੇ ਨਾ ਵਿਚ ਜਹਾਨ, ਜਿਸ ਦੇ ਅੰਦਰ ਆਪਣਾ ਡੇਰਾ ਲਾਈਆ । ਸਚ ਦਵਾਰੇ ਬਖ਼ਸ਼ਾਂ ਮਾਣ, ਕੂੜੀ ਹਿਰਸ ਮਿਟਾਈਆ । ਪ੍ਰਭ ਦੀ ਭਿਛਿਆ ਕੋਇ ਨਾ ਸਕੇ ਪਹਿਚਾਨ, ਬਾਟਾ ਹੱਥਾਂ ਵਿਚ ਨਾ ਕੋਇ ਉਠਾਈਆ । ਜਦ ਦੇਵੇ ਕਿਰਪਾ ਕਰ ਅਣਮੰਗਿਆ ਦਾਨ, ਘਰ ਸਾਚੇ

ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਭਿਛਿਆ ਕਹੇ ਮੈਂ ਭਗਤਾਂ ਮਿਲਦੀ, ਦੂਸਰ ਹੱਥ ਕਿਸੇ ਨਾ ਆਈਆ । ਮੈਂ ਰੱਖਾਂ ਨਿਸ਼ਾਨੀ ਓਸ ਚਿੰਨ੍ਹ ਦੀ, ਜਿਥੇ ਚਿੰਤਾ ਗ਼ਮੀ ਰਹਿਣ ਕੋਇ ਨਾ ਪਾਈਆ । ਮੈਂ ਦੱਸਾਂ ਰੁਸ਼ਨਾਈ ਓਸ ਦਿਨ ਦੀ, ਜਿਥੇ ਰੈਣ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਕਰ ਕਿਰਪਾ ਮੋਹੇ ਰਿਹਾ ਵਰਤਾਈਆ । ਭਿਛਿਆ ਕਹੇ ਮੈਂ ਜਨ ਭਗਤ ਪਿਆਰੀ, ਸਾਹਿਬ ਸਤਿਗੁਰ ਦਿਤੀ ਵਡਿਆਈਆ । ਸਤਿ ਧਰਮ ਦੀ ਖੋਲ੍ਹ ਪਟਾਰੀ, ਪਾਟਲ ਸਭ ਦੀ ਝੋਲੀ ਪਾਈਆ । ਮੈਂ ਵੇਖ ਵੇਖ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜਿਨ੍ਹਾਂ ਮਿਲਿਆ ਹਰਿ ਨਿਰੰਕਾਰੀ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਲਿਖਾਈਆ । ਭਿਛਿਆ ਕਹੇ ਮੈਂ ਜਨ ਭਗਤਾਂ ਝੋਲੀ ਭਰਦੀ, ਘਰ ਘਰ ਸੇਵ ਕਮਾਈਆ । ਲੋਕ ਲੱਜਿਆ ਕੋਲੋਂ ਕਦੇ ਨਾ ਡਰਦੀ, ਆਪਣਾ ਪੰਧ ਮੁਕਾਈਆ । ਸਚ ਸਿਖਿਆ ਇਕੋ ਦੱਸਦੀ, ਧੁਰ ਦੀ ਧਾਰ ਜਣਾਈਆ । ਮੈਂ ਉਨ੍ਹਾਂ ਅੰਦਰ ਵਸਦੀ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਖ਼ੁਸ਼ੀਆਂ ਨਾਲ ਹੱਸਦੀ, ਗਹਿਰ ਗੰਭੀਰ ਗੁਣ ਗਾਈਆ । ਧਾਰ ਦੇਵਾਂ ਅਨੋਖੇ ਰਸ ਦੀ, ਰਸਨਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਾਚਾ ਸੰਗ ਬਣਾਈਆ । ਭਿਛਿਆ ਕਹੇ ਮੈਂ ਭਗਤਾਂ ਦਾਸੀ, ਪ੍ਰਭ ਸਾਚੇ ਦਿਤੀ ਬਣਾਈਆ । ਹੁਕਮ ਦੇਵੇ ਪੁਰਖ ਅਬਿਨਾਸ਼ੀ, ਆਪਣਾ ਆਪ ਸਮਝਾਈਆ । ਕਿਸੇ ਹੱਥ ਨਾ ਆਵਾਂ ਪੰਡਤ ਕਾਸ਼ੀ, ਗਿਆਨੀ ਧਿਆਨੀ ਖੋਜਣ ਥਾਉਂ ਥਾਈਆ । ਜਿਨ੍ਹਾਂ ਸਾਹਿਬ ਸੁਲਤਾਨ ਮਿਲਿਆ ਸਾਖਿਆਤੀ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਤਿਨ੍ਹਾਂ ਦਵਾਰ ਵੇਖਾਂ ਖੇਲ ਤਮਾਸ਼ੀ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਬਣਾਈਆ । ਭਿਛਿਆ ਕਹੇ ਮੇਰੀ ਸੱਚੀ ਖ਼ਾਹਿਸ਼, ਆਦਿ ਜੁਗਾਦਿ ਇਕੋ ਨਜ਼ਰੀ ਆਈਆ । ਮੈਂ ਜਨ ਭਗਤਾਂ ਕਰਾਂ ਤਲਾਸ਼, ਜਿਨ੍ਹਾਂ ਦੇ ਅੰਦਰ ਵੜ ਕੇ ਸੁਖ ਸਾਗਰ ਰੂਪ ਸਮਾਈਆ । ਸਤਿ ਭੰਡਾਰਾ ਸਾਚੀ ਦਾਤ, ਕਾਇਆ ਮੰਦਰ ਦਿਆਂ ਟਿਕਾਈਆ । ਸਚ ਪ੍ਰੀਤੀ ਸਾਚਾ ਨਾਤ, ਸਚ ਚਰਨ ਦਿਆਂ ਜੁੜਾਈਆ । ਸਾਚਾ ਸੋਹਲਾ ਸਾਚੀ ਗਾਥ, ਸਾਚਾ ਢੋਲਾ ਘਰ ਆਪਣੇ ਦਿਆਂ ਵਖਾਈਆ । ਇਕੋ ਭਿਛਿਆ ਨਾਮ ਪਦਾਰਥ ਜੋ ਜੁਗ ਜੁਗ ਪ੍ਰਭ ਭਗਤਾਂ ਦੇਵੇ ਦਾਤ, ਦੂਸਰ ਹੱਥ ਨਾ ਕਿਸੇ ਫੜਾਈਆ । ਕੋਟਨ ਕੋਟ ਜਗਤ ਤ੍ਰਿਸ਼ਨਾ ਭਿਛਿਆ ਸਾਰੇ ਰਹੇ ਬਾਂਟ, ਲੱਖ ਚੁਰਾਸੀ ਜੂਠੀ ਝੂਠੀ ਝੋਲੀ ਜਗਤ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਇਕ ਇਕੇਲਾ ਧੁਰ ਦੀ ਭਿਛਿਆ ਆਪਣੀ ਇਛਿਆ ਜਨ ਭਗਤਾਂ ਸਿਖਿਆ, ਸਤਿ ਸਚ ਸਚ ਵਿਚ ਮਿਲਾਈਆ । ਸਤਿਗੁਰ ਦਵਾਰ ਜੋ ਮੰਗਦੀ, ਰੂਹ ਭਟਕੀ ਦਰ ਤੇ ਆਈਆ । ਅੰਦਰੋਂ ਆਪਣਾ ਆਪ ਰੰਗਦੀ, ਬਾਹਰੋਂ ਖ਼ੁਸ਼ੀ ਵਖਾਈਆ । ਨੌਂ ਦਵਾਰੇ ਮੰਜ਼ਲ ਪੰਧ ਲੰਘਦੀ, ਟੇਢੀ ਬੰਕ ਨਾ ਕੋਇ ਅਟਕਾਈਆ । ਅੰਮ੍ਰਿਤ ਧਾਰ ਮਿਲੇ ਓਸ ਅਨੰਦ ਦੀ, ਝਿਰਨਾ ਨਿਜਰ ਦਏ ਝਿਰਾਈਆ । ਬਜਰ ਕਪਾਟੀ ਸਿਲਾ ਟੁੱਟੇ ਕੰਧ ਦੀ, ਪੜਦਾ ਓਹਲਾ ਦਏ ਮਿਟਾਈਆ । ਧੁਨ ਸੁਣੇ ਅਗੰਮੀ ਛੰਦ ਦੀ, ਜੋ ਬਿਨ ਰਬਾਬ ਰਿਹਾ ਵਜਾਈਆ । ਮਾਣੇ ਮੌਜ ਉਸ ਸੇਜ ਪਲੰਘ ਦੀ, ਜਿਸ ਘਰ ਬੈਠਾ ਡੇਰਾ ਲਾਈਆ । ਭਟਕਣਾ ਮਿਟ ਜਾਏ ਇਧਰ ਉਧਰ ਦਹਿ ਦਿਸ਼ਾ ਜਗ ਦੀ, ਚਾਰ ਕੁੰਟ ਨਾ ਉਠ ਉਠ ਧਾਈਆ ।

ਖੇਲ ਵੇਖੇ ਉਪਰ ਸ਼ਾਹ ਰਗ ਦੀ, ਜਿਸ ਘਰ ਦੀਆ ਬਾਤੀ ਕਮਲਾਪਾਤੀ ਇਕੋ ਇਕ ਜਗਾਈਆ । ਜਗਤ ਬੇੜੀ ਉਨ੍ਹਾਂ ਦੀ ਪਾਰ ਲੰਘਦੀ, ਜਿਨ੍ਹਾਂ ਸਤਿਗੁਰ ਸ਼ਬਦ ਮਿਲਿਆ ਬੇਪਰਵਾਹੀਆ । ਉਹ ਲਹਿਰ ਧਾਰ ਨਾ ਵੇਖਣ ਮੰਝ ਦੀ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭੁੱਲੀ ਭਟਕੀ ਜੋ ਹੋਏ ਨਿਮਾਣੀ, ਦਰ ਸਤਿਗੁਰ ਡੇਰਾ ਲਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਕਲਜੁਗ ਅਗਨੀ ਤਤ ਬੁਝਾਈਆ । ਅੰਤਰ ਅੰਤਰ ਸੁਣਾਵੇ ਬਾਣੀ, ਬਿਨ ਰਸਨਾ ਜਿਹਵਾ ਬੱਤੀ ਦੰਦ ਅਲਾਈਆ । ਦੀਆ ਬਾਤੀ ਜੋਤ ਜਗਾ ਨੂਰਾਨੀ, ਨੂਰੋ ਨੂਰ ਕਰੇ ਰੁਸ਼ਨਾਈਆ । ਸਚ ਮਹੱਲ ਅਟਲ ਮੁਨਾਰ ਘਰ ਵਖਾਵੇ ਇਕ ਮੁਕਾਮੀ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਮਿਲਣ ਦੀ ਇਹ ਨਿਸ਼ਾਨੀ, ਅੰਦਰ ਬਾਹਰ ਗੁਪਤ ਜ਼ਾਹਰ ਦਰਸ਼ਨ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋ ਮੰਗਤੀ ਹੋਏ ਦੀਦਾਰ, ਦਿਲ ਆਸਾ ਇਕ ਰਖਾਈਆ । ਗੁਰ ਸ਼ਬਦੀ ਕਰੇ ਪਿਆਰ, ਕਾਇਆ ਮਾਟੀ ਖੋਜ ਖੁਜਾਈਆ । ਦਿਨੇ ਜਾਗਦਿਆਂ ਸਨਮੁਖ ਹੋ ਕੇ ਦਰਸ ਦਏ ਵਖਾਲ, ਨੇਤਰ ਲੋਚਣ ਨੈਣ ਅੰਤਰ ਅੱਖ ਖੁਲ੍ਹਾਈਆ । ਸਤਿ ਸਰੂਪੀ ਹੋ ਕੇ ਕਰੇ ਸੰਭਾਲ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਤੋੜ ਜੰਜਾਲ, ਲੇਖਾ ਕਾਲ ਮਹਾਂਕਾਲ ਦੋਵੇਂ ਦਏ ਮੁਕਾਈਆ । ਬਣ ਭਿਖਾਰੀ ਜੋ ਆਏ ਦਰ ਤੇ, ਇਕੋ ਅਲਖ ਜਗਾਈਆ । ਦਰਸ਼ਨ ਕਰੇ ਘਰ ਆਪਣੇ ਵੜ ਕੇ, ਘਰ ਘਰ ਖੋਜ ਖੁਜਾਈਆ । ਪੌੜੀ ਵੇਖੇ ਮੰਦਰ ਚੜ੍ਹ ਕੇ, ਸਾਢੇ ਤਿੰਨ ਹੱਥ ਪੰਧ ਮੁਕਾਈਆ । ਸਾਹਿਬ ਸਵਾਮੀ ਅੱਗੋਂ ਮਿਲੇ ਹੱਸ ਕੇ, ਨਿਰਗੁਣ ਦਾਤਾ ਆਪਣਾ ਰੰਗ ਵਖਾਈਆ । ਮਾਂਗਤ ਦਰਵੇਸ਼ ਨਾਮ ਭਿਛਿਆ ਝੋਲੀ ਜਾਏ ਭਰ ਕੇ, ਖ਼ਾਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਕਾਇਆ ਗੋਲਕ ਆਪਣੀ ਆਪ ਟਿਕਾਈਆ ।

## ✪ ੧੮ ਮੱਘਰ ੨੦੨੧ ਬਿਕ੍ਰਮੀ ਲਾਭ ਸਿੰਘ ਦੇ ਗ੍ਰਿਹਿ ਚੱਕ ਫ਼ਤਿਹ ਸਿੰਘ ਵਾਲਾ ਜ਼ਿਲਾ ਬਠਿੰਡਾ ✪

ਦੋ ਜਹਾਨ ਮੰਗਣ ਦਾਨ, ਦਰ ਠਾਂਡੇ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਸਾਚਾ ਨਾਮ ਇਕ ਪਰਗਟਾਈਆ । ਅੰਤਰ ਆਤਮ ਦੇ ਬ੍ਰਹਮ ਗਿਆਨ, ਸ੍ਰਿਸ਼ਟ ਸਬਾਈ ਕਰ ਪੜ੍ਹਾਈਆ । ਕਾਇਆ ਮੰਦਰ ਦੱਸ ਮਕਾਨ, ਪੜਦਾ ਓਹਲਾ ਦੇ ਉਠਾਈਆ । ਮੂਰਖ ਮੂੜ੍ਹ ਬਣਾ ਚਤੁਰ ਸੁਘੜ ਸੁਜਾਨ, ਮਨਮਤ ਦੂਰ ਕਰਾਈਆ । ਨਿਜਰ ਝਿਰਨਾ ਪਿਆ ਜਾਮ, ਰਸ ਇਕੋ ਇਕ ਵਖਾਈਆ । ਤੇਰੇ ਚਰਨ ਕਵਲ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਬੋਧ ਅਗਾਧ ਸ਼ਬਦ ਅਨਾਦ ਸਚ ਸਵਾਮੀ ਦੇ ਗਿਆਨ, ਧੁਰ ਦੀ ਬਾਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੋ ਜਹਾਨ ਮੰਗਣ ਮੰਗ, ਸਦੀ ਵੀਹਵੀਂ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗ, ਸਤਿ ਸਤਿਵਾਦੀ ਤੇਰੀ ਆਸ ਰਖਾਈਆ । ਕੂੜੀ ਕਿਰਿਆ ਮੇਟ ਭੇਖ ਪਖੰਡ, ਚਾਰ ਕੁੰਟ ਦਹਿ ਦਿਸ਼ਾ ਰਹਿਣ ਕੋਇ ਨਾ ਪਾਈਆ । ਕਾਇਆ ਚੋਲੀ ਸਭ ਦੀ

ਰੰਗ, ਜੋ ਬੈਠੇ ਤੈਨੂੰ ਧਿਆਈਆ । ਸ਼ਬਦ ਨਾਦ ਧੁਨ ਵਜਾ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਦੂਈ ਦਵੈਤੀ ਭਰਮਾਂ ਢਾਹ ਕੰਧ, ਭਾਂਡਾ ਭਰਮ ਭਉ ਭੰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੁਣਾ ਸਾਚਾ ਛੰਦ, ਧੁਰ ਦਾ ਰਾਗੀ ਰਾਗ ਅਲਾਈਆ । ਨਿਜ ਘਰ ਵਾਸੀ ਸਾਚਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸੰਤ ਸੁਹੇਲੇ ਚਾੜ੍ਹ ਆਪਣੇ ਚੰਦ, ਜਗਤ ਅੰਧੇਰਾ ਦੇ ਗਵਾਈਆ । ਬਣ ਸਵਾਮੀ ਲਾ ਅੰਗ, ਅੰਗੀਕਾਰ ਇਕ ਅਖਵਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਦੋ ਜਹਾਨ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਤੂੰ ਦਾਤਾ ਕਰਤਾ ਕਰਨੇਹਾਰ ਬੇਅੰਤ, ਤੇਰੀ ਵਡਿਆਈਆ । ਹਉਂ ਮਾਂਗਤ ਦਰ ਖੜੇ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਸਾਚੀ ਭਿਛਿਆ ਆਪਣੀ ਡਾਰ, ਵਸਤ ਅਮੋਲਕ ਨਾਮ ਵਰਤਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਹਾਰ, ਸਦੀ ਸਦੀਵੀ ਸੰਗ ਨਾ ਕੋਇ ਨਿਭਾਈਆ । ਖਹਿੜਾ ਛੁਡਾ ਦੇ ਗੁਰੂ ਅਵਤਾਰ, ਪੀਰ ਪੈਗ਼ੰਬਰ ਅੰਗ ਨਾ ਕੋਇ ਲਗਾਈਆ । ਭਗਤ ਭਗਵਾਨ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸਾਚੇ ਸੰਤ ਕਰਨ ਗਿਰਿਆਜ਼ਾਰ, ਕਲਜੁਗ ਅੰਤਮ ਧੀਰਜ ਧੀਰ ਨਾ ਕੋਇ ਰਖਾਈਆ । ਗੁਰਮੁਖ ਉਚੀ ਕੂਕਣ ਧਾਹਾਂ ਮਾਰ, ਸਤਿ ਸੰਤੋਖ ਰੂਪ ਨਾ ਕੋਇ ਵਟਾਈਆ । ਗੁਰਮੁਖ ਮੰਗਣ ਤੇਰਾ ਦੀਦਾਰ, ਨਿਤ ਨਵਿਤ ਨਿਜ ਨੇਤਰ ਨੈਣ ਇਕੋ ਆਸ ਰਖਾਈਆ । ਤੂੰ ਸਮਰਥ ਪੁਰਖ ਸਰਬ ਕਿਛ ਕਰਨੇਹਾਰ, ਅੰਤਰਜਾਮੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਦੋ ਜਹਾਨ ਕਹਿੰਦੇ ਬਿਨ ਮੁਖ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਮੇਟ ਦੁੱਖ, ਦੀਨਾਂ ਨਾਥ ਦੀਨਾਂ ਹੋ ਸਹਾਈਆ । ਸਚਖੰਡ ਦਵਾਰੇ ਕਿਉਂ ਬੈਠਾ ਲੁਕ, ਨਿਰਗੁਣ ਆਪਣਾ ਡੇਰਾ ਲਾਈਆ । ਜਨ ਭਗਤ ਸੁਹੇਲੇ ਸੱਜਣ ਆਪੇ ਪੁੱਛ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖ ਗੁਰਸਿਖ ਆਪਣੀ ਗੋਦੀ ਚੁੱਕ, ਫੜ ਬਾਹੋਂ ਗਲੇ ਲਗਾਈਆ । ਸਚ ਸੁਹੰਜਣੀ ਮੌਲੇ ਰੁੱਤ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਦੋ ਜਹਾਨ ਕਹਿਣ ਪ੍ਰਭ ਠਾਕਰ, ਹੱਥ ਤੇਰੇ ਵਡਿਆਈਆ । ਕਲਜੁਗ ਵੇਖ ਡੂੰਘਾ ਸਾਗਰ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਵਣਜ ਵਪਾਰੀ ਦਿਸੇ ਨਾ ਕੋਈ ਸੌਦਾਗਰ, ਹਰਿ ਕਾ ਨਾਮ ਹੱਟ ਨਾ ਕੋਇ ਚਲਾਈਆ । ਕੋਈ ਨਾ ਮੇਲੇ ਮੇਲ ਕਰਤਾ ਕਰੀਮ ਕਾਦਰ, ਕਾਇਆ ਕਾਅਬਾ ਪੜਦਾ ਨਾ ਕੋਇ ਉਠਾਈਆ । ਤੂੰ ਸਾਹਿਬ ਸੁਲਤਾਨ ਸੱਚਾ ਆਦਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਕਿਉਂ ਦਰਵੇਸ਼ ਖੜ੍ਹੇ ਆਜ਼ਜ਼, ਬੰਦਗੀ ਕਰ ਕਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦੋ ਜਹਾਨ ਸੀਸ ਝੁਕਾਈਆ । ਦੋ ਜਹਾਨ ਰਹੇ ਝੁਕ, ਹਰਿ ਕਦਮਾਂ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਸਦੀ ਚੌਧਵੀਂ ਪੈਂਡਾ ਰਿਹਾ ਮੁੱਕ, ਚਾਰ ਕੁੰਟ ਦਹਿ ਦਿਸ਼ਾਂ ਵੇਖ ਵਖਾਈਆ । ਤੇਰਾ ਭਾਣਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਜਾਵੇ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਦੁਖੀਆਂ ਦਰਦੀਆਂ ਵੰਡਾ ਦੁੱਖ, ਕੂੜੀ ਕਿਰਿਆ ਪਰੇ ਹਟਾਈਆ । ਦੋ ਜਹਾਨ ਨੇਤਰ ਵਹਾਵਣ ਨੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਦੂਰ ਦੁਰਾਡਾ ਪੰਧ


੧੧੦੨

ਆਏ ਚੀਰ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਚਰਨਾਂ ਹੇਠ ਦਬਾਈਆ । ਤੇਰਾ ਦਰ ਗ਼ਰੀਬ ਨਿਵਾਜ਼ ਵੇਖਿਆ ਇਕ ਅਖ਼ੀਰ, ਆਖ਼ਰ ਮੰਜ਼ਲ ਬੇਪਰਵਾਹੀਆ । ਕਿਰਪਾ ਕਰ ਲਾਸ਼ਰੀਕ, ਤੇਰੇ ਵਿਚ ਇਕ ਤੌਫ਼ੀਕ, ਤੋਬਾ ਕਰ ਕਰ ਰਹੇ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਕਰਦੇ ਗਏ ਉਡੀਕ, ਜੁਗ ਚੌਕੜੀ ਨੇਤਰ ਨੈਣ ਲੋਚਨ ਅੱਖ ਖੁਲ੍ਹਾਈਆ । ਸਾਹਿਬ ਸਵਾਮੀ ਸਦੀ ਵੀਹਵੀਂ ਵੇਲਾ ਰਿਹਾ ਬੀਤ, ਦਿਵਸ ਰੈਣ ਘੜੀ ਪਲ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਈਆ । ਦੋ ਜਹਾਨ ਕਹਿਣ ਪ੍ਰਭ ਵੇਖ ਕਲਜੁਗ ਰਿਖੀ ਮੁਨੀ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਸਾਚਾ ਨਾਦ ਨਾ ਕੋਈ ਰਿਹਾ ਸੁਣੀ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਬੋਧ ਅਗਾਧ ਸ਼ਬਦ ਅਨਾਦ ਦਿਸੇ ਨਾ ਕੋਇ ਗੁਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਵੱਜੇ ਤੇਰੇ ਵਧਾਈਆ । ਦੋ ਜਹਾਨ ਕਹਿੰਦੇ ਪ੍ਰਭੂ ਸਾਡੀ ਇਕ ਅਰਦਾਸ, ਦਰ ਤੇਰੇ ਸਚ ਸੁਣਾਈਆ । ਕਲਜੁਗ ਕੂੜੀ ਕਿਰਿਆ ਘਰ ਘਰ ਪੈਂਦੀਂ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਨਾ ਕੋਇ ਨਚਾਈਆ । ਆਤਮ ਪਰਮਾਤਮ ਵਸੇ ਨਾ ਕਿਸੇ ਪਾਸ, ਸਗਲਾ ਸੰਗ ਨਾ ਕੋਇ ਰਖਾਈਆ । ਸਾਚਾ ਮਾਹੀ ਪਤਣ ਮਿਲੇ ਨਾ ਕਿਸੇ ਘਾਟ, ਪਨਘਟ ਬੈਠੀ ਜਗਤ ਲੋਕਾਈਆ । ਨਾਮ ਪਦਾਰਥ ਦੇਵੇ ਕੋਈ ਨਾ ਦਾਤ, ਅੱਖਰਾਂ ਵਾਲੀ ਕਰਨ ਸਰਬ ਪੜ੍ਹਾਈਆ । ਲੇਖਾ ਚੁੱਕੇ ਨਾ ਜ਼ਾਤ ਪਾਤ, ਊਚ ਨੀਚ ਰਾਓ ਰੰਕ ਡੇਰਾ ਕੋਇ ਨਾ ਢਾਹੀਆ । ਸਚ ਸਵਾਮੀ ਅਸੀਂ ਵੇਖ ਕੇ ਆਏ ਸਾਖਿਆਤ, ਲੋਕਮਾਤ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਹੋਈ ਨਾਰ ਕਮਜ਼ਾਤ, ਨਰ ਹਰਿ ਕੰਤ ਸੁਹਾਗੀ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟ ਅੰਧੇਰੀ ਰਾਤ, ਧੁਰ ਦਾ ਚੰਦ ਇਕ ਚਮਕਾਈਆ । ਦੋ ਜਹਾਨ ਨਿਵਾਵਣ ਸੀਸ, ਚਰਨ ਕਵਲ ਧਿਆਨ ਲਗਾਈਆ । ਤੂੰ ਠਾਕਰ ਸਵਾਮੀ ਹਰਿ ਜਗਦੀਸ, ਜਗਦੀਸ਼ਰ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਗਿਆ ਬੀਤ, ਵੇਲਾ ਵਕਤ ਦੇ ਵਡਿਆਈਆ । ਸ੍ਰਿਸ਼ਟ ਸਬਾਈ ਬਦਲ ਨੀਤ, ਕੂੜੀ ਕਿਰਿਆ ਦੇ ਖਪਾਈਆ । ਵੇਖ ਆਪਣਾ ਨਿਰਗੁਣ ਸ਼ਿਵਦਵਾਲਾ ਮੰਦਰ ਮਸੀਤ, ਗੁਰੂਦਵਾਰ ਫੇਰਾ ਪਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਸਾਰੇ ਰਹੇ ਚੀਤ, ਸਚ ਹਦੀਸ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਦੋ ਜਹਾਨ ਕਹਿਣ ਸੁਣ ਬੇਨੰਤੀ, ਤੁਧ ਬਿਨ ਦੇਵੇ ਕੋਈ ਨਾ ਢੋਈਆ । ਸ੍ਰਿਸ਼ਟ ਸਬਾਈ ਕੂੜ ਕੁੜਿਆਰੀ ਹੋਈ ਮੰਗਤੀ, ਸਚ ਦਵਾਰ ਮੰਗਣ ਕੋਇ ਨਾ ਜਾਈਆ । ਮਾਇਆ ਮਮਤਾ ਗੜ੍ਹ ਬਣਿਆ ਹਉਮੇ ਹੰਗਤੀ, ਹੰ ਬ੍ਰਹਮ ਨਾ ਕੋਇ ਸਮਝਾਈਆ । ਸਾਚਾ ਮੇਲ ਨਾ ਮਿਲੇ ਹਰਿ ਕੀ ਸੰਗਤੀ, ਗੁਰਮੁਖ ਰੰਗ ਨਾ ਕੋਇ ਵਟਾਈਆ । ਮੂਲ ਮੰਤਰ ਲੱਭਦੇ ਫਿਰਦੇ ਕੋਲੋਂ ਪੰਡਤੀ, ਧੁਰ ਦਾ ਪੰਡਤ ਹਰਿ ਕਰਤਾਰ ਕਰੇ ਨਾ ਕੋਈ ਪੜ੍ਹਾਈਆ । ਭਰਮੇ ਭੁੱਲੇ ਜੇਰਜ ਅੰਡਜੀ, ਉਤਭੁਜ ਸੇਤਜ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਦੋ ਜਹਾਨ ਜਗਾਵਣ ਅਲਖ, ਸਚਖੰਡ ਸਾਚੇ ਮੰਗ ਮੰਗਾਈਆ । ਸੋ ਪੁਰਖ ਨਿਰੰਜਣ ਹੋ ਪ੍ਰਤਖ, ਹਰਿ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਏਕੰਕਾਰ ਜਿਉਂ ਭਾਵੇ ਤਿਉਂ ਲੈਣਾ ਰੱਖ, ਆਦਿ ਨਿਰੰਜਣ ਆਪਣਾ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਸਤਿ ਸਤਿਵਾਦੀ ਮਾਰਗ ਸੱਚਾ ਦੱਸ,

ਸ੍ਰੀ ਭਗਵਾਨ ਧੁਰ ਦੀ ਕਰ ਪੜ੍ਹਾਈਆ । ਪਾਰਬ੍ਰਹਮ ਦੇ ਆਪਣੀ ਮੱਤ, ਬ੍ਰਹਮ ਵਿਦਿਆ ਇਕ ਸਮਝਾਈਆ । ਆਪਣੇ ਮਿਲਣ ਦੀ ਨਿਜ ਨੇਤਰ ਖੋਲ੍ਹ ਕੇ ਅੱਖ, ਪੰਚ ਵਿਕਾਰ ਪਾ ਨੱਥ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਟਾਈਆ । ਤ੍ਰੈਗੁਣ ਮਾਇਆ ਅਗਨੀ ਬੁਝੇ ਭੱਠ, ਤਤਵ ਤਤ ਨਾ ਕੋਇ ਤਪਾਈਆ । ਗੁਰਮੁਖ ਸੁਹੇਲੇ ਮਾਤ ਰੱਖ, ਗੁਰਸਿਖ ਆਪਣੇ ਰੰਗ ਰੰਗਾਈਆ । ਮੁਰੀਦ ਮੁਰਸ਼ਦ ਤੇਰੇ ਚਰਨ ਕਦਮ ਜਾਵਣ ਢੱਠ, ਤਸ਼ੱਦਦ ਰਹਿਣ ਕੋਇ ਨਾ ਪਾਈਆ । ਕਿਰਪਾ ਕਰ ਪੁਰਖ ਸਮਰਥ, ਮਹਿੰਮਾ ਅਕਥ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨ ਕਰਨ ਸਲਾਮ, ਚੌਦਾਂ ਤਬਕਾਂ ਨਾਲ ਮਿਲਾਈਆ । ਹਉਂ ਬਰਦੇ ਤੇਰੇ ਗ਼ੁਲਾਮ, ਚਾਕਰ ਰੂਪ ਨਜ਼ਰੀ ਆਈਆ । ਕਿਰਪਾ ਕਰ ਵਡ ਅਮਾਮ, ਮੁਕਾਮੇ ਹਕ ਤੇਰੀ ਰੁਸ਼ਨਾਈਆ । ਕਲਜੁਗ ਅੰਤਮ ਕਰ ਆਸਾਨ, ਮੁਸ਼ਕਲ ਕੋਇ ਰਹਿਣ ਨਾ ਪਾਈਆ । ਹਉਂ ਬਾਲਕ ਨੱਢੇ ਤੇਰੇ ਨਿਧਾਨ, ਬੱਚਿਆਂ ਵਿਚੋਂ ਬੱਚੇ ਨਜ਼ਰੀ ਆਈਆ । ਤੂੰ ਦਾਤਾ ਦਾਨੀ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਈਆ । ਦੋ ਜਹਾਨ ਕੱਢਣ ਹਾੜ੍ਹਾ, ਹੌਕੇ ਲੈ ਕੇ ਰਹੇ ਜਣਾਈਆ । ਲੱਖ ਚੁਰਾਸੀ ਲੱਗੀ ਅੱਗ ਬਹੱਤਰ ਨਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੀ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਦੇਣ ਦੁਹਾਈਆ । ਨਾਤਾ ਤੁਟਿਆ ਪੁਰਖ ਨਾਰਾ, ਵਿਭਚਾਰੀ ਵੇਖੀ ਸਰਬ ਲੋਕਾਈਆ । ਆਤਮ ਪਰਮਾਤਮ ਕਰੇ ਨਾ ਕੋਈ ਪਿਆਰਾ, ਗੁਰ ਸ਼ਬਦ ਨਾ ਕੋਇ ਕਮਾਈਆ । ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਨੂਰ ਨਾ ਕੋਇ ਚਮਕਾਈਆ । ਪ੍ਰਿਥਮੀ ਆਕਾਸ਼ ਲੱਗਾ ਅਖਾੜਾ, ਕੂੜੀ ਕਿਰਿਆ ਨਾਚ ਨਚਾਈਆ । ਕਲਜੁਗ ਮੰਗੀ ਜਾਏ ਦਿਨ ਦਿਹਾੜਾ, ਮੂਰਖ ਮੁਗਧ ਸਰਬ ਰਿਹਾ ਬਣਾਈਆ । ਤੇਰੇ ਨਾਮ ਦਾ ਪ੍ਰਭੂ ਦਿਸੇ ਨਾ ਕੋਇ ਵਣਜਾਰਾ, ਖ਼ਰੀਦਦਾਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਸਹਾਈਆ । ਦੋ ਜਹਾਨ ਡਿੱਗਣ ਦੜ, ਬਲਹੀਣ ਕੁਰਲਾਈਆ । ਸ੍ਰੀ ਭਗਵਾਨ ਪ੍ਰਭ ਪੱਲੂ ਫੜ, ਆਪਣੀ ਗੰਢ ਪੁਆਈਆ । ਲੇਖਾ ਮੁੱਕਿਆ ਸੀਸ ਧੜ, ਤਤਵ ਤਤ ਜੁਦਾਈਆ । ਕਿਰਪਾ ਨਿਧਾਨ ਕਿਰਪਾ ਕਰ, ਕਿਰਪਨ ਲਏ ਤਰਾਈਆ । ਸਾਚਾ ਸੋਹਲਾ ਤੇਰਾ ਇਕੋ ਲਈਏ ਪੜ੍ਹ, ਬਹੁਤੀ ਵਿਦਿਆ ਕੰਮ ਕਿਸੇ ਨਾ ਆਈਆ । ਦਰਸ਼ਨ ਵੇਖੀਏ ਨਰਾਇਣ ਨਰ, ਨਰ ਹਰਿ ਆਪਣਾ ਮੇਲ ਮਿਲਾਈਆ । ਮਿਹਰਵਾਨ ਹੋ ਕੇ ਦੇ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਦੋ ਜਹਾਨ ਕਹਿਣ ਪ੍ਰਭ ਦੇ ਖ਼ੁਸ਼ੀ, ਖ਼ੁਸ਼ਹਾਲੀ ਤੇਰੇ ਵਿਚੋਂ ਨਜ਼ਰੀਂ ਆਈਆ । ਤੂੰ ਮਾਲਕ ਖ਼ਾਲਕ ਪੰਜ ਮੁਖੀ, ਮੁਫ਼ਤ ਆਪਣਾ ਨਾਮ ਵਰਤਾਈਆ । ਬਿਰਹੋਂ ਵੈਰਾਗਣ ਵੇਖੇਂ ਦੁਖੀ, ਦਰਦੀਆਂ ਦਰਦ ਵੰਡਾਈਆ । ਤੇਰੇ ਕੋਲੋਂ ਕੋਈ ਗੱਲ ਨਹੀਂ ਗੁੱਝੀ, ਹਰ ਘਟ ਬੈਠਾ ਖੋਜ ਖੁਜਾਈਆ । ਜਿਨ੍ਹਾਂ ਭਗਤਾਂ ਦੀ ਤੇਰੇ ਨਾਲ ਰੁਚੀ, ਸੁਰਤੀ ਸ਼ਬਦ ਨਾਲ ਜੁੜਾਈਆ । ਉਹਨਾਂ ਦੀ ਭਾਗ ਲਗੌਣਾ ਕੁੱਖੀਂ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਦੋ ਜਹਾਨ ਕਹਿਣ ਹਉਂ ਘੋਲੀ, ਘੋਲ ਘੁਮਾਈ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤਰਜਾਮੀ ਨਿਰਗੁਣ ਨਿਰਵੈਰ ਆਪਣੀ ਦੱਸ ਅਗੰਮੀ ਬੋਲੀ, ਅਨਬੋਲਤ ਆਪਣਾ ਰਾਗ ਜਣਾਈਆ । ਪੰਜ ਤਤ ਕਾਇਆ ਸਾਢੇ ਤਿੰਨ ਹੱਥ ਰੰਗ

ਦੇ ਚੋਲੀ, ਰੰਗ ਰਤੜੇ ਇਕੋ ਰੰਗ ਰੰਗਾਈਆ । ਤੇਰੇ ਪ੍ਰੇਮ ਪਿਆਰ ਦੀ ਗੁਰਮੁਖ ਖੇਲਣ ਹੋਲੀ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਜੋਤ ਅਕਾਲਣ ਅੰਦਰ ਬਾਹਰ ਬਣ ਵਿਚੋਲੀ, ਵਿਚਲਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੀਂ ਮਾਣ ਵਡਿਆਈਆ । ਦੋ ਜਹਾਨ ਕਹਿਣ ਪ੍ਰਭ ਜਨ ਭਗਤਾਂ ਤੱਕ, ਜੋ ਤੇਰਾ ਧਿਆਨ ਲਗਾਈਆ । ਨੇਤਰ ਵੇਖਦੇ ਗਏ ਥੱਕ, ਪਲਕ ਸਕੇ ਨਾ ਕੋਇ ਬਦਲਾਈਆ । ਅੰਤਰ ਆਸਾ ਇਕੋ ਰੱਖ, ਬੈਠੇ ਵਾਸਤਾ ਪਾਈਆ । ਕਵਣ ਵੇਲਾ ਕਿਰਪਾ ਕਰੇ ਪੁਰਖ ਸਮਰਥ, ਦੀਨਾਂ ਨਾਥ ਦਇਆ ਕਮਾਈਆ । ਨਿਰਗੁਣ ਹੋ ਕੇ ਆਵੇ ਨੱਠ, ਬਣ ਕੇ ਪਾਂਧੀ ਪੰਧ ਮੁਕਾਈਆ । ਸਾਚਾ ਦੱਸੇ ਆਪਣਾ ਜਸ, ਧੁਰ ਦਾ ਰਾਗ ਸੁਣਾਈਆ । ਝੋਲੀ ਪਾ ਕੇ ਆਪਣਾ ਹਕ, ਹਕੀਕਤ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਜਗਾਈਆ । ਦੋ ਜਹਾਨ ਕਹਿਣ ਅਸਾਂ ਵੇਖਿਆ ਦੋ ਜਹਾਨ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਚਾਰੋਂ ਕੁੰਟ ਫਿਰਨ ਸ਼ੈਤਾਨ, ਬੇਈਮਾਨ ਕਰਨ ਲੜਾਈਆ । ਸਾਬਤ ਦਿਸਿਆ ਨਾ ਕਿਸੇ ਈਮਾਨ, ਸਤਿ ਸੰਤੋਖ ਨਾ ਕੋਇ ਰਖਾਈਆ । ਕਾਇਆ ਖ਼ਾਲੀ ਦਿਸੇ ਮਕਾਨ, ਸਾਚਾ ਨਾਮ ਵਿਚ ਨਾ ਕੋਇ ਟਿਕਾਈਆ । ਦ੍ਰਿਸ਼ਟੀ ਭੁੱਲਿਆ ਸ੍ਰੀ ਭਗਵਾਨ, ਇਸ਼ਟੀ ਗੁਰੂ ਮਨਾਈਆ । ਕਿਰਪਾ ਕਰ ਨੌਜਵਾਨ, ਹਰਿ ਕਰਤੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਆਪ ਰਖਾਈਆ । ਦੋ ਜਹਾਨ ਕਹਿੰਦੇ ਨਾਲ ਜ਼ੋਰ, ਪ੍ਰਭ ਸਾਚੇ ਸਚ ਦੇ ਸਰਨਾਈਆ । ਚਰਨ ਕਵਲ ਤੇਰੇ ਚਲ ਕੇ ਆਏ ਕੋਲ, ਕੌਲ ਇਕਰਾਰ ਪੂਰਾ ਦੇ ਕਰਾਈਆ । ਸਦੀ ਚੌਧਵੀਂ ਸਾਰੇ ਗਏ ਡੋਲ, ਧੀਰਜ ਰਹਿਣ ਕੋਇ ਨਾ ਪਾਈਆ । ਨੇਤਰ ਰੋਂਦੀ ਵੇਖੀ ਧਰਨੀ ਧਰਤ ਧੌਲ, ਹੰਝੂਆਂ ਹਾਰ ਰਹੀ ਬਣਾਈਆ । ਸਤਿ ਧਰਮ ਜਤ ਸਤਿ ਰਿਹਾ ਨਾ ਕਿਸੇ ਕੋਲ, ਖ਼ਾਲੀ ਭਾਂਡੇ ਰਹੇ ਨਜ਼ਰੀ ਆਈਆ । ਦੇ ਵਸਤ ਨਾਮ ਅਨਮੋਲ, ਅਬਿਨਾਸ਼ੀ ਕਰਤੇ ਆਪ ਵਰਤਾਈਆ । ਸਚ ਦਵਾਰਾ ਇਕੋ ਖੋਲ੍ਹ, ਸ੍ਰਿਸ਼ਟ ਸਬਾਈ ਦੇ ਸਮਝਾਈਆ । ਨਾਮ ਨਿਧਾਨ ਵਜਾ ਢੋਲ, ਡੰਕਾ ਇਕੋ ਹੱਥ ਉਠਾਈਆ । ਧੁਰ ਦੇ ਕੰਡੇ ਤੋਲ ਤੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਮੁਕਾਈਆ । ਦੋ ਜਹਾਨ ਕਹਿਣ ਸੁਣ ਸਾਡੀ ਆਵਾਜ਼, ਜੋ ਇਕੋ ਵਾਰ ਸੁਣਾਈਆ । ਆਪਣੇ ਮਿਲਣ ਦਾ ਖੋਲ੍ਹ ਰਾਜ਼, ਪੜਦਾ ਦੇ ਉਠਾਈਆ । ਕਲਜੁਗ ਨਈਆ ਨੌਕਾ ਡੋਲੇ ਜਹਾਜ਼, ਵੰਝ ਮੁਹਾਣਾ ਚਪੂ ਨਾਮ ਨਾ ਕੋਇ ਲਗਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਸੀਸ ਦਿਸੇ ਨਾ ਕੋਈ ਤਾਜ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ, ਤੁਧ ਬਿਨ ਸਾਚਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਸਾਚੇ ਸੰਤਾਂ ਰੱਖ ਲਾਜ, ਸਮਰਥ ਪੁਰਖ ਤੇਰੀ ਵਡਿਆਈਆ । ਗੁਰਮੁਖਾਂ ਕਰ ਅੰਤਰ ਕਾਜ, ਬਸੰਤਰ ਬਾਹਰੋਂ ਦੇ ਬੁਝਾਈਆ । ਗੁਰਮੁਖਾਂ ਦੇ ਅਨਰਸ ਸਵਾਦ, ਅੰਮ੍ਰਿਤ ਆਤਮ ਜਾਮ ਪਿਆਈਆ । ਕੂੜੀ ਕਿਰਿਆ ਕੱਢ ਦੇ ਵਾਦ ਵਿਵਾਦ, ਵਿਖ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਕਰ ਸਫਾਈਆ । ਦੋ ਜਹਾਨ ਕਹਿਣ ਪ੍ਰਭ ਕਿਰਪਾ ਕਰ ਸੋ, ਸਚ ਸਤਿ ਤੇਰੀ ਸਰਨਾਈਆ । ਹੰ ਬ੍ਰਹਮ ਆਪੇ ਹੋ, ਸੋਹੰ ਰੂਪ ਦੇ ਦ੍ਰਿੜਾਈਆ । ਜਗਤ ਨਾਤਾ ਤੁੱਟੇ ਮੋਹ, ਮੁਹੱਬਤ ਪ੍ਰਭੂ ਆਪਣੇ ਨਾਲ ਰਖਾਈਆ । ਕੂੜੀ ਕਿਰਿਆ ਲੈਣੀ ਖੋਹ, ਨਾਮ ਵਸਤ ਝੋਲੀ ਪਾਈਆ । ਤੇਰੇ ਜੋਗੇ ਜਾਈਏ ਹੋ, ਹੋਕਾ ਦੇ ਕੇ ਅੰਤ ਸੁਣਾਈਆ । ਘਰ ਪਰਕਾਸ਼ ਕਰ ਲੋ, ਜੋਤੀ

ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਤਰਾਈਆ । ਦੋ ਜਹਾਨ ਕਹਿਣ ਪ੍ਰਭ ਧੁਰ ਸੰਜੋਗੀ, ਤੁਧ ਬਿਨ ਮੇਲ ਨਾ ਕੋਇ ਮਿਲਾਈਆ । ਜਨਮ ਜਨਮ ਦੇ ਜਗਤ ਵਿਜੋਗੀ, ਜਨਮੇ ਜਨਮੇ ਜਨਮ ਜਨਮੇ, ਫਿਰ ਫਿਰ ਆਪਣਾ ਫੇਰਾ ਪਾਈਆ । ਮਾਣਸ ਜਨਮ ਪਏ ਭਰਮੇ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋ ਜਨ ਆਇਨ ਤੇਰੀ ਸਰਨੇ, ਸਰਨ ਸਰਨਾਈ ਦੇ ਵਡਿਆਈਆ । ਫੜ ਬਾਹੋਂ ਪਾਰ ਕਰਨੇ, ਅਧਵਿਚਕਾਰ ਨਾ ਕੋਇ ਰੁੜ੍ਹਾਈਆ । ਤੇਰੇ ਗੀਤ ਸਾਚੇ ਢੋਲੇ ਪੜ੍ਹਨੇ, ਸੋਹੰ ਸੋ ਸਦਾ ਸ਼ਨਵਾਈਆ । ਗੁਰੂ ਅਵਤਾਰਾਂ ਪੀਰ ਪੈਗੰਬਰਾਂ ਪੱਲੂ ਫੜਨੇ, ਲੜ ਆਪਣੇ ਨਾਲ ਜੁੜਾਈਆ । ਤੇਰੇ ਭਗਤ ਸੁਹੇਲੇ ਗੁਰੂ ਗੁਰ ਚੇਲੇ ਸਾਚੇ ਮੰਦਰ ਚੜ੍ਹਨੇ, ਉਚ ਅਗੰਮ ਅਥਾਹ ਬੇਪਰਵਾਹ ਦਰਗਾਹ ਸਾਚੀ ਸਚਖੰਡ ਦੇਣੀ ਵਡਿਆਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪੁਰਖ ਅਕਾਲਾ ਪਿਤਾ ਮਾਂ, ਪੂਤ ਸਪੂਤ ਤੇਰਾ ਰੂਪ ਨਜ਼ਰੀ ਆਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਣੀ ਵਡਿਆਈਆ । ਦੋ ਜਹਾਨ ਕਹਿਣ ਤੇਰੀ ਵਡਿਆਈ ਵਡ, ਬੇਅੰਤ ਸਮਝ ਕੋਇ ਨਾ ਪਾਈਆ । ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਕੱਢ, ਕਲਜੁਗ ਆਪਣੇ ਨਾਲ ਮਿਲਾਈਆ । ਰੱਤੀ ਰੱਤ ਰੰਗ ਚਾੜ੍ਹ ਕੇ ਕਾਇਆ ਮਾਟੀ ਹੱਡ, ਨਾੜੀ ਨਾੜੀ ਕਰ ਰੁਸ਼ਨਾਈਆ । ਨੌ ਦਵਾਰ ਚੁਕਾ ਕੇ ਪੰਧ, ਨਵਖੰਡ ਲੇਖਾ ਦੇਣਾ ਮੁਕਾਈਆ । ਵਿਸ਼ਨੂੰ ਧਾਰ ਬਣਾ ਕੇ ਯੱਦ, ਵਿਸ਼ਵ ਇਕੋ ਰੂਪ ਵਖਾਈਆ । ਧੁਰ ਦਰਬਾਰੇ ਸਾਚੇ ਸੱਦ, ਦਰਗਾਹ ਸਾਚੀ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ । ਦੋ ਜਹਾਨ ਮੰਗਣ ਸਰਨਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਮਿਲੇ ਪ੍ਰੀਤੀ ਸਾਚੇ ਚਰਨਾ, ਚਰਨ ਕਵਲ ਵਡਿਆਈਆ । ਦੇਣਾ ਮਾਣ ਉਪਰ ਧਰਨਾ, ਧਰਤ ਧਵਲ ਸੁਹਾਈਆ । ਸਾਚਾ ਮੰਤਰ ਤੇਰਾ ਪੜ੍ਹਨਾ, ਇਕੋ ਦੇ ਸਮਝਾਈਆ । ਸਚ ਦਵਾਰੇ ਤੇਰੇ ਖੜਨਾ, ਅਲਖ ਅਗੋਚਰ ਤੇਰਾ ਨਾਮ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਦੋ ਜਹਾਨ ਕਹਿਣ ਪ੍ਰਭ ਵੇਖੇ ਭਗਤ, ਜੋ ਭਾਗ ਹਿੱਸਾ ਰਹੇ ਵੰਡਾਈਆ । ਵੱਖਰੇ ਨਿਰਾਲੇ ਦਿਸਣ ਵਿਚੋਂ ਜਗਤ, ਜੁਗ ਚੌਕੜੀ ਦੇਣ ਗਵਾਹੀਆ । ਜਿਨ੍ਹਾਂ ਦੇ ਅੰਦਰ ਤੇਰੀ ਸ਼ਕਤ, ਸ਼ਖ਼ਸ਼ੀਅਤ ਗਏ ਬਦਲਾਈਆ । ਇਕੋ ਤੇਰੇ ਮਿਲਣ ਦੀ ਰੱਖ ਕੇ ਹਰਸ, ਨਾਤੇ ਕੂੜੇ ਦਿਤੇ ਤੁੜਾਈਆ । ਦਰਸ ਪ੍ਰੇਮੀ ਰਹੇ ਤੜਫ, ਬਿਰਹੋਂ ਅੱਗ ਜਲਾਈਆ । ਅੰਮ੍ਰਿਤ ਮੇਘ ਪ੍ਰਭ ਸਾਚੇ ਦੇ ਬਰਖ, ਤ੍ਰਿਸਨਾ ਅੱਗ ਬੁਝਾਈਆ । ਕਾਇਆ ਤਨ ਦੁੱਖ ਰਹੇ ਨਾ ਦਰਦ, ਰੋਗ ਸੋਗ ਚਿੰਤ ਗਵਾਈਆ । ਹੋਣਾ ਸਹਾਈ ਅਰਸ਼ ਕੁਰਸ਼, ਸਿਰ ਆਪਣਾ ਹੱਥ ਟਿਕਾਈਆ । ਤੇਰੀ ਰਹਿਮਤ ਤੇਰਾ ਤਰਸ, ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨ ਸੰਗ ਦੇਣਾ ਨਿਭਾਈਆ । ਦੋ ਜਹਾਨ ਕਹਿਣ ਪ੍ਰਭ ਵੇਖੇ ਤੇਰੇ ਸੰਤ, ਕਲਜੁਗ ਅੰਤਮ ਧਿਆਨ ਲਗਾਈਆ । ਜਿਨ੍ਹਾਂ ਦਾ ਮੇਲਾ ਨਰ ਹਰਿ ਸਾਚੇ ਕੰਤ, ਸੁਹਾਗੀ ਇਕੋ ਇਕ ਹੰਢਾਈਆ । ਧੁਰ ਦਾ ਢੋਲਾ ਪੜ੍ਹਦੇ ਮੰਤ, ਸੋਹੰ ਰਾਗ ਅਲਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹਰਿ ਹਰਿਜੂ ਤੇਰੇ ਵਿਚ ਸਮਾਈਆ । ਦੂਜੇ ਦਰ ਨਾ ਜਾਣ ਮੰਗਤ, ਭਿਛਿਆ ਇਕੋ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਬਾਹੋਂ ਗਲੇ ਲਗਾਈਆ । ਦੋ ਜਹਾਨ ਕਹਿਣ ਵੇਖੇ ਤੇਰੇ ਗੁਰਮੁਖ, ਜੋ ਮੁਖੜੇ ਮੁਖ ਸਾਲਾਹੀਆ । ਜਿਨ੍ਹਾਂ ਦੀ ਅੰਦਰੋਂ ਸੁਰਤੀ ਗਈ ਉਠ,

ਸੁੱਤਿਆਂ ਰੈਣ ਨਾ ਕੋਇ ਵਿਹਾਈਆ । ਬਾਹਰੋਂ ਦਿਸਣ ਬੈਠੇ ਚੁਪ, ਅੰਦਰੇ ਅੰਦਰ ਤੇਰਾ ਨਾਮ ਧਿਆਈਆ । ਉਹਨਾਂ ਦੇ ਆਪਣਾ ਸੁਖ, ਜੋ ਸੁਖ ਸਾਗਰ ਵਿਚ ਸਮਾਈਆ । ਕੂੜੀ ਕਿਰਿਆ ਜਗਤ ਤ੍ਰਿਸਨਾ ਮੇਟ ਦੇ ਭੁੱਖ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦੋ ਜਹਾਨ ਕਹਿਣ ਤੇਰੇ ਵੇਖੇ ਸਿੱਖ, ਜਿਨ੍ਹਾਂ ਸਿਖਿਆ ਸਚ ਸਮਝਾਈਆ । ਤੇਰੇ ਮਿਲਣ ਦੀ ਰੱਖ ਕੇ ਤ੍ਰਿਖ, ਤਿੱਖੇ ਤੀਰ ਨਿਰਾਲੇ ਪ੍ਰੇਮ ਰਹੇ ਚਲਾਈਆ । ਮਨ ਵਾਸਨਾ ਸਾਰੀ ਜਿੱਤ, ਹਿਰਸ ਹਵਸ ਬੁਝਾਈਆ । ਇਕੋ ਰੱਖਣ ਤੈਨੂੰ ਚਿੱਤ, ਚੇਤਨ ਹੋ ਕੇ ਗਾਈਆ । ਚਾਰ ਕੁੰਟ ਦਹਿ ਦਿਸ਼ਾ ਆਵੇਂ ਦਿਸ, ਸਤਿ ਸਰੂਪੀ ਨਜ਼ਰੀ ਆਈਆ । ਕਰਵਟ ਲੈ ਪ੍ਰਭ ਬਦਲ ਪਿੱਠ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਅਬਿਨਾਸ਼ੀ ਕਰਤਾ ਆਪ ਸੁਣੌਂਦਾ ਏ । ਸ਼ਬਦ ਅਨਾਦੀ ਨਾਦ ਵਜੌਂਦਾ ਏ । ਦੋ ਜਹਾਨਾਂ ਆਪ ਸਮਝੌਂਦਾ ਏ । ਅੰਤਰ ਭੇਵ ਅਭੇਦ ਆਪ ਖਲੌਂਦਾ ਏ । ਜਿਸ ਨੂੰ ਸਮਝ ਸਕੇ ਨਾ ਚਾਰੇ ਵੇਦ, ਉਸ ਦਾ ਪੜਦਾ ਆਪ ਉਠੌਂਦਾ ਏ । ਜੋ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਖੇਲੇ ਖੇਡ, ਖ਼ਾਲਕ ਖ਼ਲਕ ਰੂਪ ਵਟੌਂਦਾ ਏ । ਜਿਸ ਦਾ ਜੋਤੀ ਜਲਵਾ ਨੂਰੀ ਤੇਜ, ਅਨਭਵ ਪਰਕਾਸ਼ ਆਪਣਾ ਰੰਗ ਰੰਗੌਂਦਾ ਏ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖਣਹਾਰਾ ਲੱਖ ਚੁਰਾਸੀ ਖੇਲ ਤਮਾਸ਼, ਮੰਡਲ ਮੰਡਪ ਗੋਪੀ ਕਾਹਨ ਸੀਤਾ ਰਾਮ ਆਪਣਾ ਹੁਕਮ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣੌਂਦਾ ਏ । ਭੇਵ ਅਭੇਦਾ ਆਪ ਜਣਾਵਾਂਗਾ । ਅਛਲ ਅਛੇਦਾ ਹੋ ਕੇ ਖੇਲ ਖਿਲਾਵਾਂਗਾ । ਜਨ ਭਗਤ ਸੁਹਾ ਕੇ ਸੇਜਾ, ਨਿਰਗੁਣ ਹੋ ਕੇ ਆਸਣ ਲਾਵਾਂਗਾ । ਸਾਚਾ ਨੂਰੀ ਦੇ ਕੇ ਤੇਜਾ, ਦੀਪਕ ਜੋਤੀ ਇਕ ਜਗਾਵਾਂਗਾ । ਪਰਮਾਤਮ ਆਤਮ ਨਾਲ ਮਿਲ ਕੇ ਖੇਲਾਂ ਖੇਡਾਂ, ਕਾਇਆ ਖਿੜਕੀ ਆਪ ਖੁਲ੍ਹਾਵਾਂਗਾ । ਸ਼ਬਦ ਅਗੰਮੀ ਦੇ ਸੰਦੇਸਾ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਇਕ ਪੜ੍ਹਾਵਾਂਗਾ । ਪੜਦਾ ਲਾਹ ਕੇ ਸਚਖੰਡ ਸਾਚੇ ਦੇਸਾ, ਥਿਰ ਘਰ ਆਪਣੇ ਰੰਗ ਰੰਗਾਵਾਂਗਾ । ਸੁੰਨ ਅਗੰਮ ਦਾ ਰਹੇ ਕੋਈ ਨਾ ਠੇਕਾ, ਠੇਕਦਾਰੀ ਮੇਟ ਮਿਟਾਵਾਂਗਾ । ਦੋ ਜਹਾਨਾਂ ਬਣ ਕੇ ਨੇਤਾ, ਧੁਰ ਦਾ ਹੁਕਮ ਇਕ ਸੁਣਾਵਾਂਗਾ । ਜਨ ਭਗਤਾਂ ਲੋਕਮਾਤ ਦਾ ਚੁੱਕੇ ਲੇਖਾ, ਅੱਗੇ ਹਿਸਾਬ ਨਾ ਕੋਇ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਵਾਂਗਾ । ਕਲ ਕਲ ਵੇਖੇ ਹਰਿ ਜੂ ਕਾਤੀ, ਕਤਲਗਾਹ ਰਹਿਣ ਕੋਇ ਨਾ ਪਾਈਆ । ਨਿਰਗੁਣ ਸਰਗੁਣ ਬਣੇ ਸਾਥੀ, ਆਤਮ ਪਰਮਾਤਮ ਸੰਗ ਨਿਭਾਈਆ । ਘਰ ਪਰਕਾਸ਼ ਕਰੇ ਏਕ ਕਮਲਾਪਾਤੀ, ਕੂੜੀ ਕਿਰਿਆ ਜਗਤ ਅੰਧੇਰ ਮਿਟਾਈਆ । ਅੰਮ੍ਰਿਤ ਜਾਮ ਪਿਆਏ ਬਣ ਕੇ ਧੁਰ ਦਾ ਸਾਕੀ, ਸਾਖਿਆਤ ਆਪਣਾ ਦਰਸ ਦਿਖਾਈਆ । ਪੰਚ ਵਿਕਾਰਾ ਗੜ੍ਹ ਹੰਕਾਰਾ ਰਹਿਣ ਨਾ ਦੇਵੇ ਆਕੀ, ਅਕਲ ਬੁਧ ਮਨ ਮਤ ਨਾ ਕੋਇ ਚਤੁਰਾਈਆ । ਜਨ ਭਗਤ ਸੁਹੇਲਾ ਬਣਾਏ ਆਪਣੀ ਦਾਸੀ, ਨਾਰ ਪੁਰਖ ਵੰਡ ਨਾ ਕੋਇ ਵੰਡਾਈਆ । ਖੇਲੇ ਖੇਲ ਪੁਰਖ ਅਬਿਨਾਸ਼ੀ, ਅਬਚਲ ਆਪਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਪੁਰਖ ਬੇਪਰਵਾਹੀਆ । ਦੋ ਜਹਾਨ ਕਹਿਣ ਪ੍ਰਭ ਬੇਪਰਵਾਹ, ਗਹਿਰ ਗੰਭੀਰ ਤੂੰ ਅਖਵਾਇੰਦਾ । ਕਲਜੁਗ ਅੰਤਮ ਬਣ ਮਲਾਹ, ਖੇਵਟ ਖੇਟਾ ਦੂਜਾ ਨਜ਼ਰ ਕੋਇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ

ਦੇ ਕੇ ਗਏ ਸਲਾਹ, ਖਾਣੀ ਬਾਣੀ ਧੁਰ ਦੀ ਧਾਰ ਜਣਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਆਵੇ ਸ਼ਹਿਨਸ਼ਾਹ, ਪਾਤਸ਼ਾਹ ਆਪਣਾ ਫੇਰਾ ਪਾਇੰਦਾ । ਜਿਸ ਦਾ ਰੂਪ ਰੰਗ ਰੇਖ ਸਮਝ ਨਾ ਸਕੇ ਕੋਈ ਰਾਅ, ਪੜਦਾ ਓਹਲਾ ਨਾ ਕੋਇ ਉਠਾਇੰਦਾ । ਜਿਸ ਨੂੰ ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾ, ਸਿਰ ਉਪਰ ਨਾ ਕੋਇ ਉਠਾਇੰਦਾ । ਨੂਰੀ ਨੂਰ ਮੰਨਣ ਖ਼ੁਦਾ, ਲਾਸ਼ਰੀਕ ਇਕ ਅਖਵਾਇੰਦਾ । ਜਿਸ ਨੂੰ ਤੇਈ ਅਵਤਾਰ ਇਸ਼ਟ ਦੇਵ ਸਵਾਮੀ ਗਏ ਜਣਾ, ਅੰਤਰਜਾਮੀ ਫੇਰਾ ਪਾਇੰਦਾ । ਜਿਸ ਨੂੰ ਭਗਤ ਸੁਹੇਲੇ ਗਏ ਗਾ, ਰਾਗਾਂ ਨਾਦਾਂ ਵਿਚ ਬੰਦ ਨਾ ਕੋਇ ਕਰਾਇੰਦਾ । ਜਿਸ ਨੂੰ ਨਾਨਕ ਗੋਬਿੰਦ ਪੁਰਖ ਅਕਾਲ ਗਏ ਦ੍ਰਿੜਾ, ਅਕਲ ਕਲਧਾਰੀ ਵੇਸ ਵਟਾਇੰਦਾ । ਨਿਰਗੁਣ ਨੂਰ ਨੂਰ ਕਰ ਰੁਸ਼ਨਾ, ਜੋਤੀ ਜਾਮਾ ਆਪ ਪਰਗਟਾਇੰਦਾ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਗਗਨ ਪਤਾਲਾਂ ਲਹਿਣਾ ਦੇਣਾ ਦਏ ਚੁਕਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਭਗਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਗੁਰਮੁਖ ਸੱਜਣ ਲਏ ਬਚਾ, ਬਚਪਨ ਆਪਣੇ ਲੇਖੇ ਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਹਕ ਨਬੇੜਾ ਦਏ ਕਰਾ, ਕੂੜੀ ਵੰਡ ਨਾ ਕੋਇ ਵੰਡਾਇੰਦਾ । ਪ੍ਰੇਮ ਪ੍ਰੀਤੀ ਨਾਲ ਪ੍ਰਭੂ ਦਏ ਸਮਝਾ, ਸਮਝ ਰਮਝ ਨਾਲ ਮਿਲਾਇੰਦਾ । ਅੰਤਮ ਲੇਖਾ ਚੁਕਾਏ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਇੰਦਾ । ਸਾਚੇ ਭਗਤਾਂ ਪਕੜੇ ਬਾਂਹ, ਫੜ ਬਾਹੋਂ ਆਪ ਉਠਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਂ, ਪੂਤ ਸਪੂਤਾਂ ਵੇਖ ਵਖਾਇੰਦਾ । ਏਥੇ ਓਥੇ ਦੋ ਜਹਾਨਾਂ ਸਿਰ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਇੰਦਾ । ਮਿਹਰਵਾਨ ਸਾਹਿਬ ਸਤਿਗੁਰ ਪੁਰਖ ਅਕਾਲ ਜਿਨ੍ਹਾਂ ਮਿਲਿਆ ਆ, ਆਪ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦ੍ਰਿੜਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸ੍ਰੀ ਭਗਵੰਤ, ਜੁਗਾ ਜੁਗੰਤ ਖ਼ਾਲਕ ਖ਼ਲਕ ਮਖ਼ਲੂਕ ਆਪਣੀ ਖੇਲ ਕਰਾਇੰਦਾ ।



੧੧੦੮ ੧੨

### ੧੯ ਮੱਘਰ ੨੦੨੧ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਿਹਿ ਹਰਿਰਾਏਪੁਰ

ਜਨ ਭਗਤ ਕਹਿਣ ਪ੍ਰਭ ਕਰ ਮਿਹਰਵਾਨੀ, ਮਿਹਰਵਾਨ ਤੇਰੀ ਸਰਨਾਈਆ । ਕਲਜੁਗ ਅੰਤਮ ਹੋਈ ਹੈਰਾਨੀ, ਧੀਰਜ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਪਰੇਸ਼ਾਨੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ਼ਾਹ ਸੁਲਤਾਨ ਕਰਨ ਬੇਈਮਾਨੀ, ਸਚ ਸੁਚ ਕੋਇ ਨਜ਼ਰ ਨਾ ਆਈਆ । ਅੰਮ੍ਰਿਤ ਰਸ ਮਿਲੇ ਨਾ ਠੰਡਾ ਪਾਣੀ, ਅਠਸਠ ਤੀਰਥ ਰਹੇ ਕੁਰਲਾਈਆ । ਹਿਰਦੇ ਵਸਾਏ ਕੋਈ ਨਾ ਤੇਰੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਦੇਣ ਗਵਾਹੀਆ । ਅੰਤਰ ਆਤਮ ਮਿਲੇ ਨਾ ਸਚ ਨਿਸ਼ਾਨੀ, ਪੜਦਾ ਦੂਈ ਦਵੈਤ ਨਾ ਕੋਇ ਉਠਾਈਆ । ਬਿਰਹੋਂ ਤੀਰ ਨਿਰਾਲਾ ਵੱਜੇ ਨਾ ਕੋਇ ਕਾਨੀ, ਸੁਰਤੀ ਕਾਇਨਾਤ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾਂ ਦਿਸੇ ਸ਼ੈਤਾਨੀ, ਦੀਨ ਮਜ਼੍ਹਬ ਸ਼ਰਅ ਕਰੇ ਲੜਾਈਆ । ਬੋਧ ਅਗਾਧਾ ਆਤਮ ਪੰਡਤ ਦਿਸੇ ਨਾ ਕੋਈ ਗਿਆਨੀ, ਜਗਤ ਵਿਦਿਆ ਪੜ੍ਹ ਪੜ੍ਹ ਹੋਏ ਹਲਕਾਈਆ । ਲੇਖਾ ਮੁੱਕੇ ਨਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੱਲੂ ਨਾ ਕੋਇ ਛੁਡਾਈਆ । ਭੇਵ ਨਾ ਪਾਏ ਕੋਈ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ

੧੧੦੯

ਸਮਝ ਕਿਸੇ ਨਾ ਆਈਆ । ਸੁਰਤ ਸ਼ਬਦ ਮਿਲਾਵੇ ਮੇਲ ਨਾ ਕੋਇ ਹਾਣੀ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਵੇਖ ਆਪਣਾ ਜੱਗ, ਸਦੀ ਵੀਹਵੀਂ ਧਿਆਨ ਲਗਾਈਆ । ਚਾਰ ਵਰਨ ਲੱਗੀ ਅੱਗ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਅਗਨੀ ਤਤ ਨਾ ਕੋਇ ਬੁਝਾਈਆ । ਕਾਇਆ ਕਾਅਬੇ ਕਰੇ ਕੋਈ ਨਾ ਹੱਜ, ਹੁਜਰਾ ਹਕ ਨਜ਼ਰ ਕਿਸੇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਸਾਰੇ ਰਹੇ ਨੱਠ, ਕਾਇਆ ਮੱਠ ਖੋਜ ਨਾ ਕੋਇ ਖੁਜਾਈਆ । ਤੇਰਾ ਸ਼ਬਦ ਸਵਾਮੀ ਸੁਣੇ ਨਾ ਕੋਈ ਅਨਹਦ, ਘਰ ਘਰ ਵਿਚ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਝਿਰਨਾ ਝਿਰੇ ਨਾ ਨਿਜਰ ਧਾਰ ਦਏ ਪਲਟ, ਰਸ ਇਕੋ ਇਕ ਵਖਾਈਆ । ਨਿਰਗੁਣ ਜੋਤ ਨਜ਼ਰ ਨਾ ਆਏ ਲਟ ਲਟ, ਕਮਲਾਪਾਤੀ ਦੀਆ ਬਾਤੀ ਗ੍ਰਿਹਿ ਮੰਦਰ ਦਿਸੇ ਨਾ ਕੋਈ ਰੁਸ਼ਨਾਈਆ । ਚੌਦਾਂ ਤਬਕ ਚੌਦਾਂ ਲੋਕ ਰੋਂਦੇ ਵੇਖੇ ਖ਼ਾਲੀ ਹੱਟ, ਬਣ ਵਣਜਾਰਾ ਸਾਚੀ ਵਸਤ ਨਾ ਕੋਇ ਵਿਕਾਈਆ । ਜੀਵ ਜੰਤ ਸਾਧ ਸੰਤ ਨਾੜ ਬਹੱਤਰ ਉਬਲੀ ਰੱਤ, ਗੁਰਮਤ ਸਮਝ ਕੋਇ ਨਾ ਪਾਈਆ । ਮਨ ਵਾਸਨਾ ਦ੍ਰਿਸ਼ਟੀ ਸ੍ਰਿਸ਼ਟੀ ਇਸ਼ਟੀ ਰਹੀ ਨੱਠ, ਸਾਚਾ ਸੱਜਣ ਮਿਲੇ ਕਿਸੇ ਨਾ ਮਾਹੀਆ । ਦੁਰਮਤ ਮੈਲ ਦੂਈ ਦਵੈਤੀ ਮਾਇਆ ਮਮਤਾ ਹਉਮੇ ਹੰਗਤਾ ਸਕੇ ਕੋਈ ਨਾ ਕੱਟ, ਸਚ ਖ਼ੁਮਾਰੀ ਨਾਮ ਨਾ ਕੋਇ ਚੜ੍ਹਾਈਆ । ਤੇਰੀ ਚਰਨ ਪ੍ਰੀਤੀ ਸਾਚੀ ਰੀਤੀ ਮਿਲੇ ਕਿਸੇ ਨਾ ਰਸ, ਜਗਤ ਰਸਨਾ ਨੌਂ ਦਵਾਰ ਹੋਈ ਹਲਕਾਈਆ । ਤੇਰੇ ਮਿਲਣ ਦੀ ਸਾਹਿਬ ਸਤਿਗੁਰ ਕਿਸੇ ਨਾ ਖੁਲ੍ਹੀ ਅੱਖ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ ਮਿਲ ਕੇ ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਜਸ, ਧੁਰ ਦਾ ਨਾਅਰਾ ਸਚ ਨਾ ਕੋਇ ਅਲਾਈਆ । ਗੁਰ ਅਵਤਾਰ ਪੀਰ ਪੈਗੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਆਏ ਦੱਸ, ਸੋ ਸਿਖਿਆ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹੇ ਪ੍ਰਭ ਸਾਡੇ ਨੇਤਰ ਵੇਖ ਰੋਂਦੇ, ਨੈਣਾਂ ਛਹਿਬਰ ਲਾਈਆ । ਬਿਰਹੋਂ ਵਿਛੋੜੇ ਅੰਦਰ ਮੂਲ ਨਾ ਸੌਂਦੇ, ਗਿੱਟੀਆਂ ਗਿਣ ਗਿਣ ਰਾਤ ਲੰਘਾਈਆ । ਅੰਦਰੇ ਅੰਦਰ ਕਾਇਆ ਮੰਦਰ ਤੇਰੇ ਨਾਮ ਦਾ ਢੋਲਾ ਗੌਂਦੇ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਦਾ ਸਦਾ ਸਦ ਤੇਰਾ ਰਾਹ ਤਕੌਂਦੇ, ਕਵਣ ਵੇਲਾ ਮਿਲੇ ਸੱਚਾ ਮਾਹੀਆ । ਦੋਏ ਜੋੜ ਚਰਨ ਧੂੜੀ ਟਿੱਕਾ ਮਸਤਕ ਲੌਂਦੇ, ਇਕੋ ਖ਼ਾਕ ਰਮਾਈਆ । ਗਲ ਪੱਲੂ ਨਮੋ ਨਮੋ ਨਿਮਸਕਾਰ ਸੱਯਦਾ ਕਰਕੇ ਖ਼ੁਸ਼ੀ ਮਨੌਂਦੇ, ਵਾਹ ਵਾਹ ਤੇਰੀ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਪ੍ਰਿਥਮੀ ਆਕਾਸ਼ ਤੇਰਾ ਧਿਆਨ ਲਗੌਂਦੇ, ਮੰਡਲ ਮੰਡਪ ਤੇਰਾ ਰਾਹ ਤਕਾਈਆ । ਕਲਜੁਗ ਜੀਵ ਜੰਤ ਤੇਰੇ ਕੋਲੋਂ ਅੱਖ ਸ਼ਰਮੌਂਦੇ, ਨੇਤਰ ਨੈਣ ਨਾ ਕੋਇ ਮਿਲਾਈਆ । ਜਗਤ ਵਿਕਾਰ ਕਰਨ ਮਨ ਭੌਂਦੇ, ਭੈ ਭਉ ਸਿਰ ਤੋਂ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਵੇਖ ਆਪਣੀ ਦੁਨੀਆ, ਨੌ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਸਤਿ ਰਿਹਾ ਨਾ ਰਿਖੀਆਂ ਮੁਨੀਆਂ, ਮੁੱਲਾ ਸ਼ੇਖ਼ ਮੁਸਾਇਕ ਮਸਲਾ ਹਕ ਨਾ ਕੋਇ ਸੁਣਾਈਆ । ਸਿਰ ਤੋਂ ਓਢਣ ਲੱਥੇ ਚੁੰਨੀਆਂ, ਚੋਟੀ ਪੜਦਾ ਸੀਸ ਨਾ ਕੋਇ ਟਿਕਾਈਆ । ਤੇਰਾ ਭੇਵ ਨਾ ਆਇਆ ਗਹਿਰ ਗੰਭੀਰ ਵਡ ਵਡ ਗੁਣੀਆਂ, ਵਿਦਤ ਸਮਝ ਕੋਏ ਨਾ ਪਾਈਆ । ਤੇਰੀ ਅੰਦਰੋਂ ਅੜਕੇ ਧਾਰ ਸ਼ਬਦ ਅਨਾਦ ਕਿਸੇ ਨਾ ਸੁਣੀਆ, ਰਾਗੀ ਆਪਣਾ ਆਪਣਾ ਰਾਗ ਰਹੇ ਅਲਾਈਆ ।

ਅੰਦਰ ਵੜ ਕੇ ਸੁਰਤੀ ਸੁਰਤ ਤੇਰੀ ਕਿਰਪਾ ਨਾਲ ਕਿਸੇ ਨਾ ਖੁਲ੍ਹੀਆ, ਅਕਾਲ ਮੂਰਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਜਨ ਭਗਤ ਕਹਿਣ ਤੇਰਾ ਵੇਖਿਆ ਖੇਲ ਅਜੀਬ, ਅਜਬ ਤੇਰੀ ਵਡਿਆਈਆ । ਕਲਜੁਗ ਰੋਂਦੇ ਵੇਖੇ ਨਿਮਾਣੇ ਗ਼ਰੀਬ, ਮਿਹਰ ਨਜ਼ਰ ਨਾ ਕੋਇ ਉਠਾਈਆ । ਭਾਈ ਭਾਈਆਂ ਬਣੇ ਸ਼ਰੀਕ, ਪਿਤਾ ਪੂਤ ਕਰੇ ਲੜਾਈਆ । ਗੁਰ ਚੇਲਾ ਚੇਲਾ ਗੁਰੂ ਦਏ ਹਦੀਸ, ਕਲਮਾ ਕਲਾਮ ਜਗਤ ਸੁਣਾਈਆ । ਲੇਖਾ ਚੁਕਿਆ ਨਾ ਹਸਤ ਕੀਟ, ਊਚ ਨੀਚ ਪੰਧ ਨਾ ਕੋਇ ਮੁਕਾਈਆ । ਕਾਇਆ ਦਿਸੇ ਨਾ ਕੋਈ ਠਾਂਡੀ ਸੀਤ, ਅਗਨੀ ਅੱਗ ਰਹੀ ਤਪਾਈਆ । ਸ੍ਰੀ ਭਗਵਾਨ ਤੇਰੇ ਨਾਲ ਲਾਏ ਨਾ ਕੋਈ ਪ੍ਰੀਤ, ਸਾਚਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਸਹਾਈਆ । ਜਨ ਭਗਤ ਕਹੇ ਵੇਖ ਆਪਣਾ ਜਹਾਨ, ਜਹਾਲਤ ਚਾਰੋਂ ਕੁੰਟ ਨਜ਼ਰੀ ਆਈਆ । ਕਿਸੇ ਨਜ਼ਰ ਨਾ ਆਏ ਧੁਰ ਦਾ ਰਾਮ, ਜੋ ਹਰ ਘਟ ਰਿਹਾ ਸਮਾਈਆ । ਕੋਈ ਵੇਖ ਨਾ ਸਕੇ ਸੱਚਾ ਕਾਹਨ, ਜੋ ਲੱਖ ਚੁਰਾਸੀ ਅੰਦਰ ਬੰਸਰੀ ਨਾਮ ਰਿਹਾ ਵਜਾਈਆ । ਕੋਈ ਸਮਝ ਨਾ ਸਕੇ ਉਹਦਾ ਅਮਾਮ, ਪਰਵਰਦਿਗਾਰ ਨੂਰ ਇਲਾਹੀਆ । ਕੋਈ ਜਾਣ ਨਾ ਸਕੇ ਪੁਰਖ ਅਕਾਲ, ਕੀ ਤੇਰੀ ਵਡਿਆਈਆ । ਕੂੜੀ ਕਿਰਿਆ ਚਾਰੋਂ ਕੁੰਟ ਨੱਚੇ ਕੁੱਦੇ ਪਾਵੇ ਧਮਾਲ, ਮੁਖ ਘੁੰਗਟ ਰਹੀ ਉਠਾਈਆ । ਵਰਨਾਂ ਬਰਨਾਂ ਸਕੇ ਨਾ ਕੋਇ ਸੰਭਾਲ, ਸਿਰ ਹੱਥ ਨਾ ਕੋਇ ਟਿਕਾਈਆ । ਬਿਨ ਹਰਿ ਨਾਮੇ ਸਾਰੇ ਦਿਸੇ ਕੰਗਾਲ, ਖ਼ਾਲੀ ਭਾਂਡੇ ਨਜ਼ਰੀ ਆਈਆ । ਸਾਚਾ ਬਣੇ ਨਾ ਕੋਇ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਹਕੀਕਤ ਦੱਸੇ ਨਾ ਕੋਇ ਹਲਾਲ, ਮਨਸਾ ਪੂਰ ਨਾ ਕੋਇ ਵਖਾਈਆ । ਚਾਰ ਕੁੰਟ ਅਵੱਲੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਸਿਰ ਮਸਤਕ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਵੇਖ ਲੋਕਮਾਤ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਸਾਚਾ ਦੇਵੇ ਨਾ ਕੋਈ ਸਾਥ, ਧੁਰ ਦਾ ਸੰਗੀ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹਨ ਤੇਰਾ ਪਾਠ, ਅੰਦਰ ਵੜ ਕੇ ਨਿਰਗੁਣ ਤੇਰਾ ਦਰਸ ਕੋਇ ਨਾ ਪਾਈਆ । ਸਾਹਿਬ ਸਵਾਮੀ ਵੇਖ ਅੰਧੇਰੀ ਰਾਤ, ਅੰਤਰਜਾਮੀ ਫੇਰਾ ਪਾਈਆ । ਲੱਖ ਚੁਰਾਸੀ ਕਿਸੇ ਲੇਖੇ ਲੱਗੇ ਨਾ ਪਵਣ ਸਵਾਸ, ਪਵਣ ਪਵਣੀ ਦਏ ਦੁਹਾਈਆ । ਮੰਜ਼ਲ ਪੌੜੀ ਚੜ੍ਹੇ ਕੋਈ ਨਾ ਘਾਟ, ਰੁੜ੍ਹਦੀ ਵੇਖ ਲੋਕਾਈਆ । ਆਤਮ ਸੇਜਾ ਸੁੱਤਾ ਕੋਈ ਨਾ ਖਾਟ, ਜਗਤ ਸਿੰਘਾਸਣ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਤੇਰੀ ਓਟ, ਆਸਰਾ ਦੂਜਾ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਅੰਦਰੋਂ ਕੱਢ ਦੇ ਖੋਟ, ਖੋਟੇ ਖਰੇ ਲਏ ਬਣਾਈਆ । ਆਪਣੇ ਨਾਮ ਦੀ ਲਾ ਅਗੰਮੀ ਚੋਟ, ਸੋਈ ਸੁਰਤੀ ਦੇ ਉਠਾਈਆ । ਆਲ੍ਹਣਿਉਂ ਡਿੱਗੇ ਫੜ ਬੋਟ, ਬੇਪਰਵਾਹ ਦਇਆ ਕਮਾਈਆ । ਕਰ ਪਰਕਾਸ਼ ਘਰ ਨਿਰਮਲ ਜੋਤ, ਦੀਵਾ ਬਾਤੀ ਲੋੜ ਰਹੇ ਨਾ ਰਾਈਆ । ਪੜਦਾ ਚੁਕ ਜਾਏ ਚੌਦਾਂ ਲੋਕ, ਚੌਦਾਂ ਤਬਕ ਇਕੋ ਰੰਗ ਵਖਾਈਆ । ਆਪਣੇ ਨਾਮ ਦਾ ਸਾਚਾ ਦੱਸ ਸਲੋਕ, ਬਹੁਤੀ ਕਰਨੀ ਨਾ ਪਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਦੱਸ ਦੇ ਪੜ੍ਹਨਾ, ਨਿਰਅੱਖਰ ਦੇ ਸਮਝਾਈਆ । ਆਪਣੀ ਮੰਜ਼ਲ ਦੱਸਦੇ ਚੜ੍ਹਨਾ, ਘਰ ਘਰ ਵਿਚ ਰਾਹ ਪਰਗਟਾਈਆ । ਟੇਢੀ ਬੰਕ ਦੱਸਦੇ ਪਾਰ ਕਰਨਾ, ਈੜਾ ਪਿੰਗਲ

ਬੈਠੇ ਸੀਸ ਨਿਵਾਈਆ । ਸਚ ਦਵਾਰੇ ਦੱਸ ਦੇ ਖੜ੍ਹਨਾ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਸਾਚਾ ਢੋਲਾ ਦੱਸਦੇ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੀਂਵਦਿਆਂ ਜਗ ਦੱਸਦੇ ਮਰਨਾ, ਮਰਿਆਂ ਜੀਵਤ ਰੂਪ ਵਟਾਈਆ । ਆਪਣੇ ਅੰਦਰ ਦੱਸਦੇ ਵਸਣਾ, ਮਹੱਲ ਅਟਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਪੜਦਾ ਖੋਲ੍ਹ, ਓਹਲਾ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦਾ ਸੁਣੀਏ ਅਗੰਮੀ ਢੋਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਤੇਰਾ ਸੰਦੇਸ਼ਾ ਸੁਣੀਏ ਅਨੋਖਾ ਬੋਲ, ਜਿਸ ਦਾ ਜਸ ਛੱਤੀ ਰਾਗ ਰਹੇ ਗਾਈਆ । ਤੇਰਾ ਦਰਸ ਕਰੀਏ ਅਨਮੋਲ, ਸਨਮੁਖ ਆਪਣਾ ਮੁਖੜਾ ਦੇ ਵਖਾਈਆ । ਸਦ ਵਸੀਏ ਤੇਰੇ ਕੋਲ, ਜਗਤ ਵਿਛੋੜਾ ਪੰਧ ਮੁਕਾਈਆ । ਅੰਤਰ ਆਤਮ ਜਾਣਾ ਮੌਲ, ਪਰਮਾਤਮ ਭੇਵ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਚਾੜ੍ਹ ਦੇ ਰੰਗ, ਅਨਡਿਠੜਾ ਆਪ ਰੰਗਾਈਆ । ਤੂੰ ਸਾਹਿਬ ਸੂਰਾ ਸਰਬੰਗ, ਸਮਰਥ ਤੇਰੀ ਸਰਨਾਈਆ । ਦਰ ਠਾਂਡਾ ਤੇਰਾ ਇਕੋ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਆਪਣੇ ਪ੍ਰੇਮ ਦਾ ਦੇ ਆਨੰਦ, ਨਿਜਾਨੰਦ ਅਨੰਦ ਵਿਚੋਂ ਦਰਸਾਈਆ । ਤੇਰਾ ਢੋਲਾ ਗਾਈਏ ਛੰਦ, ਇਕੋ ਰਾਗ ਅਲਾਈਆ । ਲੇਖਾ ਮੁਕ ਜਾਏ ਬੱਤੀ ਦੰਦ, ਰਸਨਾ ਜਿਹਵਾ ਲੋੜ ਰਹੇ ਨਾ ਰਾਈਆ । ਘਰ ਪਰਕਾਸ਼ ਕਰਨਾ ਚੰਦ, ਜੋਤੀ ਜੋਤ ਡਗਮਗਾਈਆ । ਤੇਰੀ ਸੇਜ ਵੇਖੀਏ ਇਕ ਪਲੰਘ, ਜਿਸ ਉਪਰ ਨਿਰਗੁਣ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਜਨ ਭਗਤ ਕਹਿਣ ਸਾਡਾ ਵੇਖ ਸਰੀਰ, ਪੰਜਾਂ ਤੱਤਾਂ ਵਾਲਾ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਆਵੇ ਨਾ ਕੋਈ ਧੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਸ਼ਰਅ ਵੱਝਾ ਜ਼ੰਜੀਰ, ਕਲ ਸਕੇ ਨਾ ਕੋਇ ਤੁੜਾਈਆ । ਬਦਲੀ ਵਿਚ ਬਦਲ ਸਕੇ ਨਾ ਕੋਇ ਤਕਦੀਰ, ਤਦਬੀਰ ਸਕੇ ਨਾ ਕੋਇ ਬਣਾਈਆ । ਤੈਨੂੰ ਲੱਭਦੇ ਫਿਰਦੇ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਵਡ ਫ਼ਕੀਰ, ਫ਼ਿਕਰਿਆਂ ਵਿਚ ਤੇਰਾ ਰਾਗ ਸੁਣਾਈਆ । ਤੂੰ ਚੋਟੀ ਚਾੜ੍ਹ ਓਸ ਅਖ਼ੀਰ, ਜਿਸ ਘਰ ਵਸੇਂ ਸ਼ਹਿਨਸ਼ਾਹੀਆ । ਜਿਸ ਗ੍ਰਿਹਿ ਮਿਲਾਵਾ ਹੋਇਆ ਕਬੀਰ, ਸੋ ਮੰਦਰ ਦੇ ਵਖਾਈਆ । ਤੇਰਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਦੀ ਵੀਹਵੀਂ ਹੋਏ ਦਿਲਗੀਰ, ਦਿਲਬਰ ਮਿਲਿਆ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਤਰਾਈਆ । ਜਨ ਭਗਤ ਕਹਿਣ ਤੇਰੀ ਵੇਖੀ ਸ੍ਰਿਸ਼ਟੀ, ਚਾਰ ਕੁੰਟ ਧਿਆਨ ਲਗਾਈਆ । ਲੱਖ ਚੁਰਾਸੀ ਜੋੜਾ ਜੋੜਾ ਦਿਸੇ ਗ੍ਰਿਹਿਸਤੀ, ਆਤਮ ਸੇਜਾ ਸ੍ਰੀ ਭਗਵੰਤ ਤੇਰੀ ਸਚ ਨਾ ਕੋਇ ਹੰਢਾਈਆ । ਸਚ ਦਵਾਰੇ ਖੁਲ੍ਹੀ ਵੇਖੀ ਨਾ ਕਿਸੇ ਦ੍ਰਿਸ਼ਟੀ, ਦੀਦ ਈਦ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਰਿਹਾ ਸਵਰਗ ਬਹਿਸ਼ਤੀ, ਦੋਵੇਂ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਘਰ ਵਖਾਈਆ । ਜਨ ਭਗਤ ਕਹਿਣ ਖੋਲ੍ਹ ਦਰਵਾਜ਼ਾ, ਘਰ ਠਾਂਡੇ ਇਕ ਅਰਜ਼ੋਈਆ । ਤੂੰ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਅਖਵਾਈਆ । ਜੁਗ ਚੌਕੜੀ ਨਿਤ ਨਵਿਤ ਗੁਰਮੁਖਾਂ ਰੱਖੇਂ ਲਾਜਾ, ਹਰਿਜਨ ਸਾਚੇ ਗਲੇ ਲਗਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਭਿੰਨੜੀ ਰੈਣ ਦੇ ਵਖਾਈਆ । ਨਜ਼ਰੀ ਆਵੇਂ ਇਕ ਇਕਾਂਤਾ, ਦੂਜਾ ਸੰਗ ਨਾ ਕੋਇ ਨਿਭਾਈਆ । ਤੂੰ ਹੀ ਪਿਤਾ ਤੂੰ ਹੀ

ਮਾਤਾ, ਪਿਤਾ ਪੂਤ ਗੋਦ ਉਠਾਈਆ । ਧੁਰ ਦਾ ਦੇ ਦੇ ਆਪਣਾ ਸਾਥਾ, ਸੰਗੀ ਹੋ ਕੇ ਅੰਗ ਲਗਾਈਆ । ਨਾਤਾ ਤੁੱਟ ਜਾਏ ਤਤ ਆਠਾ, ਨੌਂ ਦਵਾਰੇ ਪੰਧ ਚੁਕਾਈਆ । ਦਸਵੇਂ ਵੇਖਾਂ ਇਕ ਤਮਾਸ਼ਾ, ਤੇਰਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤ ਕਹਿਣ ਤੇਰੇ ਚਰਨ ਲੱਗੇ ਸੁਰਤੀ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਇਕੋ ਧਾਰ ਨਜ਼ਰੀ ਆਏ ਨਿਰਤੀ, ਨਿਰਵੈਰ ਤੇਰੀ ਸਰਨਾਈਆ । ਤੇਰੇ ਚਰਨ ਕਵਲ ਲੱਗੀ ਰਹੇ ਬਿਰਤੀ, ਕਲਜੁਗ ਕਿਰਿਆ ਨਾ ਸਕੇ ਤੁੜਾਈਆ । ਮੈਂ ਦੁਹਾਗਣ ਲੱਖ ਚੁਰਾਸੀ ਵਿਚੋਂ ਆਈ ਫਿਰਦੀ, ਤੇਰੀ ਆਤਮ ਦਿਆਂ ਦੁਹਾਈਆ । ਮੈਨੂੰ ਉਡੀਕ ਪ੍ਰਭ ਤੇਰੀ ਚਿਰ ਦੀ, ਪਿਛਲਾ ਲੇਖਾ ਦੇ ਮੁਕਾਈਆ । ਇਹ ਖੇਲ ਅਗੰਮੀ ਨਿਰਵੈਰ ਨਿਰ ਦੀ, ਨਿਰਾਕਾਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਮੇਰੀ ਆਸਾ ਮਨਸਾ, ਪ੍ਰਭ ਤੇਰੀ ਆਸ ਰਖਾਈਆ । ਜਨਮ ਜਨਮ ਦਾ ਚੁੱਕ ਜਾਏ ਸੰਸਾ, ਹਉਮੇ ਰੋਗ ਰਹਿਣ ਨਾ ਪਾਈਆ । ਬਣ ਨਿਮਾਣਾ ਦਰ ਤੇ ਕਹਿੰਦਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਤੇਰੀ ਓਟ ਤਕਾਈਆ । ਸਚ ਦਵਾਰੇ ਕਰ ਬੇਨੰਤੀ ਢਹਿੰਦਾ, ਗਲ ਵਿਚ ਪੱਲੂ ਪਾਈਆ । ਮੈਨੂੰ ਕੋਈ ਨਜ਼ਰ ਨਾ ਆਏ ਚੜ੍ਹਦਾ ਲਹਿੰਦਾ, ਦੱਖਣ ਪਹਾੜ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਜਨ ਭਗਤ ਕਹੇ ਮੇਰੀ ਵੇਖ ਤ੍ਰਿਸਨਾ, ਤ੍ਰਿਖਾ ਰਹੀ ਜਣਾਈਆ । ਮੈਂ ਵੇਖੇ ਬ੍ਰਹਮਾ ਸ਼ਿਵ ਵਿਸ਼ਨਾ, ਨਿਰਗੁਣ ਸਰਗੁਣ ਖੋਜ ਖੁਜਾਈਆ । ਮੈਂ ਰਾਹ ਤਕਿਆ ਰਾਮਾ ਕ੍ਰਿਸ਼ਨਾ, ਈਸਾ ਮੂਸਾ ਮੁਹੰਮਦ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਘਰ, ਜਿਸ ਗ੍ਰਿਹਿ ਮਿਲੇ ਮਾਣ ਵਡਿਆਈਆ । ਜਨ ਭਗਤ ਕਹੇ ਮੈਂ ਤੇਰਾ ਚੰਦ, ਕੋਟਨ ਕੋਟ ਚੰਦ੍ਰਮਾ ਬੈਠੇ ਸੀਸ ਨਿਵਾਈਆ । ਤੇਰੇ ਨਾਮ ਦਾ ਢੋਲਾ ਸਦਾ ਗਾਵਾਂ ਛੰਦ, ਧੁਰ ਦਾ ਰਾਗ ਇਕ ਅਲਾਈਆ । ਤੇਰੇ ਪ੍ਰੇਮ ਦਾ ਮਾਣਾਂ ਅਨੰਦ, ਨਾਤਾ ਤੋੜ ਕੇ ਜਗਤ ਲੋਕਾਈਆ । ਤੂੰ ਠਾਕਰ ਸਵਾਮੀ ਪਤਿਪਰਮੇਸ਼ਵਰ ਅੰਤਰਜਾਮੀ ਜੁਗ ਜਨਮ ਦੀ ਟੁੱਟੀ ਲੈਣੀ ਗੰਢ, ਗੰਢਣਹਾਰ ਤੇਰੇ ਹੱਥ ਵਡਿਆਈਆ । ਸਵੱਛ ਸਰੂਪੀ ਬਿਨ ਰੰਗ ਰੂਪੀ ਸ਼ਾਹੋ ਭੂਪੀ ਦਰਸ਼ਨ ਦੇ ਕੇ ਕਰਨਾ ਅਨੰਦ, ਅਨੰਦ ਆਪਣਾ ਮੇਰੀ ਝੋਲੀ ਪਾਈਆ । ਹਉਂ ਭਿੱਖਕ ਭਿਖਾਰੀ ਦਰਵੇਸ਼ ਤੇਰੇ ਦਰ ਤੇ ਰਿਹਾ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਤਾ ਛੱਡ ਸ੍ਰਿਸ਼ਟ ਸਬਾਈ ਵਰਭੰਡ, ਬ੍ਰਹਿਮੰਡ ਤੇਰੇ ਚਰਨਾਂ ਹੇਠਾਂ ਨਜ਼ਰੀ ਆਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਸ਼ਾਹ ਪਾਤਸ਼ਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਮੁਕਾਈਆ । ਜਨ ਭਗਤ ਕਹੇ ਮੈਂ ਤੇਰਾ ਜੋਗੀ, ਜੰਗਲ ਜੂਹ ਉਜਾੜ ਪਹਾੜ ਖੋਜਣ ਕੋਇ ਨਾ ਜਾਈਆ । ਤੂੰ ਠਾਕਰ ਮੇਰਾ ਧੁਰ ਸੰਜੋਗੀ, ਜਨ ਵਿਛੜੇ ਲਏਂ ਮਿਲਾਈਆ । ਤੂੰ ਆਤਮ ਰਸੀਆ ਸਾਚਾ ਭੋਗੀ, ਸਾਚੀ ਸੇਜਾ ਇਕ ਸੁਹਾਈਆ । ਮੈਂ ਬਿਰਹੋਂ ਵਿਜੋਗੀ ਧੁਰ ਦਾ ਰੋਗੀ, ਜੁਗ ਜੁਗ ਤੇਰਾ ਧਿਆਨ ਲਗਾਈਆ । ਤੂੰ ਲੱਖ ਚੁਰਾਸੀ ਸਾਚਾ ਖੋਜੀ, ਕੋਟਨ ਕੋਟਾਂ ਵਿਚੋਂ ਗੁਰਮੁਖ ਆਪਣੇ ਲਏਂ ਉਠਾਈਆ । ਤੂੰ ਅੰਤਰ ਆਤਮ ਬੁਧ ਬਿਬੇਕ ਸਭ ਦੀ ਰਿਹਾ ਸੋਧੀ, ਦੁਰਮਤ ਮੈਲ ਆਪ ਧੁਆਈਆ । ਧੰਨ ਭਾਗ ਪ੍ਰਭ ਜੇ ਆਪਣੇ ਮਿਲਣ ਦੀ ਦੇਵੇਂ ਸੋਝੀ, ਪੜਦਾ ਉਪਰ ਉਠਾਈਆ । ਬੇਸ਼ਕ ਮੈਨੂੰ ਤਾਅਨੇ ਦੇਵਣ ਲੋਕੀ, ਝਗੜਾ ਕਰੇ ਲੋਕਾਈਆ ।

ਮੈਂ ਕਹਾਂ ਮੈਨੂੰ ਠਾਕਰ ਮਿਲਿਆ ਮੌਜੀ, ਜੋ ਮੇਰੀ ਕਾਇਆ ਮੰਦਰ ਅੰਦਰ ਆਪਣੀ ਮਜਲਸ ਸਦਾ ਲਗਾਈਆ । ਉਹ ਬਣ ਕੇ ਧੁਰ ਦਾ ਧੋਬੀ, ਮੇਰੀ ਦੁਰਮਤ ਮੈਲ ਰਿਹਾ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਦੇਣੀ ਇਕ ਸਰਨਾਈਆ । ਜਨ ਭਗਤ ਕਹੇ ਮੈਂ ਛੱਡਿਆ ਝਗੜਾ ਝੇੜਾ, ਪ੍ਰਭ ਚਰਨ ਕਵਲ ਮਿਲੀ ਸਰਨਾਈਆ । ਮੇਰਾ ਸਾਢੇ ਤਿੰਨ ਹੱਥ ਵਸਿਆ ਖੇੜਾ, ਬੰਕ ਹੋਈ ਰੁਸ਼ਨਾਈਆ । ਆਵਣ ਜਾਵਣ ਚੁੱਕਿਆ ਗੇੜਾ, ਲੱਖ ਚੁਰਾਸੀ ਪੰਧ ਕਟਾਈਆ । ਮਾਤ ਗਰਭ ਪੌਣਾ ਪਏ ਨਾ ਫੇਰਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਸ਼ੌਹ ਦਰਿਆਏ ਡੁਬੇ ਨਾ ਬੇੜਾ, ਬਿਨ ਵੰਝ ਮੁਹਾਣੇ ਪਾਰ ਲੰਘਾਈਆ । ਜਿਸ ਨਾਮ ਜਣਾਇਆ ਤੇਰਾ ਮੇਰਾ, ਸੋਹੰ ਸਚ ਦ੍ਰਿੜਾਈਆ । ਸੋ ਸਾਹਿਬ ਸਵਾਮੀ ਨੇਰਨ ਨੇਰਾ, ਘਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਪ੍ਰੀਤੀ ਤੋੜ ਨਿਭਾਈਆ । ਜਨ ਭਗਤ ਕਹੇ ਮੇਰੀ ਨਿਭ ਜਾਏ ਤੋੜ, ਅਧਵਿਚਕਾਰ ਨਾ ਕੋਇ ਰਖਾਈਆ । ਪੁਰਖ ਅਕਾਲ ਕਹੇ ਮੈਂ ਨਿਰਗੁਣ ਹੋ ਕੇ ਆਪਣੇ ਨਾਲ ਲਿਆ ਜੋੜ, ਸਰਗੁਣ ਮੇਲਾ ਸਹਿਜ ਸੁਭਾਈਆ । ਜਨ ਭਗਤ ਕਹੇ ਮੇਰਾ ਲੇਖਾ ਮੁੱਕੇ ਅੰਧੇਰਾ ਘੋਰ, ਅੰਧ ਅਗਿਆਨ ਨਜ਼ਰ ਨਾ ਆਈਆ । ਸ੍ਰੀ ਭਗਵਾਨ ਕਹੇ ਤੇਰੀ ਮੇਰੇ ਹੱਥ ਡੋਰ, ਚੋਰ ਯਾਰ ਲੁੱਟ ਕੋਇ ਨਾ ਜਾਈਆ । ਜਨ ਭਗਤ ਕਹੇ ਮੈਂ ਵੇਖਾਂ ਕਰ ਕੇ ਗ਼ੌਰ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਕਹੇ ਪ੍ਰਭੂ ਜਨ ਭਗਤਾਂ ਰੱਖੇ ਸਦਾ ਲੋੜ, ਭਗਤ ਭਗਵਾਨ ਇਕੋ ਰੰਗ ਸਮਾਈਆ । ਕਲਜੁਗ ਅੰਤਮ ਜਾਏ ਬੌਹੜ, ਬੌਹੜੀ ਬੌਹੜੀ ਕਰਨੀ ਨਾ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਈਆ । ਜਨ ਭਗਤ ਕਹੇ ਪ੍ਰਭ ਤੇਰਾ ਮਿਲਾਪ, ਮੇਲ ਮਿਲਾਵਾ ਸਾਚਾ ਨਜ਼ਰੀ ਆਈਆ । ਤੂੰ ਠਾਕਰ ਸਵਾਮੀ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਮੈਂ ਤੇਰਾ ਕਰਾਂ ਇਕੋ ਜਾਪ, ਅਵਰ ਨਾ ਕੋਇ ਸਰਨਾਈਆ । ਤ੍ਰੈਗੁਣ ਮਾਇਆ ਮੇਟ ਸੰਤਾਪ, ਪੰਜ ਤਤ ਨਾ ਕੋਇ ਲੜਾਈਆ । ਦਰਸ਼ਨ ਦੇ ਸਾਖਿਆਤ, ਘਰ ਘਰ ਵਿਚ ਨਜ਼ਰੀ ਆਈਆ । ਸੁਰਤੀ ਸ਼ਬਦੀ ਜੋੜ ਨਾਤ, ਨਾਤਾ ਆਪਣੇ ਨਾਲ ਰਖਾਈਆ । ਅੰਤਰ ਆਤਮ ਪੂਰੀ ਹੋਵੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਬਿਰਥਾ ਜਾਏ ਕੋਈ ਨਾ ਸਾਂਸ, ਸਾਹ ਸਾਹ ਤੋਹੇ ਧਿਆਈਆ । ਰੂਹ ਬੁੱਤ ਪਤਤ ਪੁਨੀਤ ਦੋਵੇਂ ਕਰਨੇ ਪਾਕ, ਪਤਤ ਰਹਿਣ ਕੋਇ ਨਾ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਦੋ ਜਹਾਨਾਂ ਦੇਣਾ ਸਗਲਾ ਸਾਥ, ਧੁਰ ਦੇ ਮਾਲਕ ਖ਼ਾਲਕ ਬਣ ਪ੍ਰਿਤਪਾਲਕ ਆਪਣੀ ਸੇਵ ਕਮਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜ਼ਾਤ, ਪਾਰਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਦੇਣੀ ਦਾਤ, ਵਸਤ ਅਮੋਲਕ ਕਾਇਆ ਗੋਲਕ ਨਾਮ ਭੰਡਾਰਾ ਬਣ ਵਰਤਾਰਾ ਝੋਲੀ ਪਾਈਆ ।

✪ ੧੯ ਮੱਘਰ ੨੦੨੧ ਬਿਕ੍ਰਮੀ ਜਾਗੀਰ ਦਾਸ ਦੇ ਗ੍ਰਿਹ ਖ਼ਿਆਲੀਵਾਲਾ ✪

ਜਨ ਭਗਤ ਕਹੇ ਪ੍ਰਭ ਖੋਲ੍ਹ ਦੇ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹਾ ਦੇ ਆਪਣੇ ਘਰ ਦਾ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ ।

ਜੁਗ ਚੌਕੜੀ ਨਿਤ ਨਵਿਤ ਤੈਨੂੰ ਲੱਭਦਾ, ਦੂਜੀ ਆਸ ਨਾ ਕੋਇ ਰਖਾਈਆ । ਬਿਨ ਤੇਰੇ ਚਰਨਾਂ ਕਰਾਂ ਕੋਇ ਨਾ ਸੱਜਦਾ, ਸੀਸ ਜਗਦੀਸ ਨਾ ਕਿਸੇ ਝੁਕਾਈਆ । ਬਿਨ ਤੇਰੀ ਮੰਜ਼ਲ ਮੇਰਾ ਪੈਂਡਾ ਮੂਲ ਨਾ ਮੁੱਕਦਾ, ਚਾਰੋਂ ਕੁੰਟ ਭੱਜਾਂ ਬਣ ਬਣ ਪਾਂਧੀ ਰਾਹੀਆ । ਲੇਖਾ ਮੁਕਾ ਦੇ ਆਰ ਪਾਰ ਹਦ ਦਾ, ਮਿਹਰ ਨਜ਼ਰ ਇਕ ਉਠਾਈਆ । ਮੈਂ ਬਾਲਾ ਨੱਢਾ ਤੇਰੀ ਯੱਦ ਦਾ, ਪੁਸ਼ਤ ਪਨਾਹ ਹੱਥ ਟਿਕਾਈਆ । ਤੇਰਾ ਖੇਲ ਅਗੰਮੀ ਅੱਖ ਦਾ, ਨਿਰਗੁਣ ਨਿਰਵੈਰ ਕਰ ਰੁਸ਼ਨਾਈਆ । ਮੈਂ ਦਰਸ ਕਰਾਂ ਪ੍ਰਤਖ ਦਾ, ਬਾਹਰ ਖੋਜਣ ਕੋਇ ਨਾ ਜਾਈਆ । ਮੇਰਾ ਲਹਿਣਾ ਦੇ ਦੇ ਹਕ ਦਾ, ਹਕੀਕਤ ਤੇਰੇ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈ ਮਿਲਾਈਆ । ਜਨ ਭਗਤ ਕਹੇ ਪ੍ਰਭ ਖੋਲ੍ਹ ਦੇ ਪੜਦਾ, ਕਿਉਂ ਬੈਠਾ ਮੁਖ ਛੁਪਾਈਆ । ਮੈਂ ਬਣ ਬੈਰਾਗੀ ਬਿਰਹੋਂ ਅੰਦਰ ਸੜਦਾ, ਅਗਨੀ ਤਤ ਤਪਾਈਆ । ਤੂੰ ਰੂਪ ਅਨੂਪ ਨਰਾਇਣ ਨਰ ਦਾ, ਨਰ ਹਰਿ ਤੇਰੀ ਬੇਪਰਵਾਹੀਆ । ਤੂੰ ਸਚਖੰਡ ਦਵਾਰੇ ਉਚ ਮਨਾਰੇ ਵਸਦਾ, ਮੈਂ ਲੋਕਮਾਤ ਧਿਆਨ ਲਗਾਈਆ । ਮੈਂ ਭੁੱਖਾ ਤੇਰੇ ਜਸ ਦਾ, ਸਦ ਸਿਫ਼ਤਾਂ ਵਿਚ ਸਾਲਾਹੀਆ । ਤੂੰ ਰਹਿਬਰ ਮੇਰੇ ਰਬ ਦਾ, ਸਾਢੇ ਤਿੰਨ ਹੱਥ ਦੇ ਵਡਿਆਈਆ । ਮੈਂ ਤੇਰਾ ਨਾਮ ਰਟਦਾ, ਮਨ ਕਾ ਮਣਕਾ ਦੇ ਭੁਆਈਆ । ਤੂੰ ਮਾਲਕ ਮੇਰੇ ਹੱਟ ਦਾ, ਬਣ ਵਣਜਾਰਾ ਸੇਵ ਕਮਾਈਆ । ਮੈਂ ਪਿਆਸਾ ਤੇਰੇ ਰਸ ਦਾ, ਅੰਮ੍ਰਿਤ ਝਿਰਨਾ ਦੇ ਝਿਰਾਈਆ । ਤੂੰ ਹਰ ਘਟ ਅੰਦਰ ਵਸਦਾ, ਘਰ ਮੰਦਰ ਖ਼ੁਸ਼ੀ ਮਨਾਈਆ । ਇਕੋ ਬੋਲ ਜੈਕਾਰਾ ਅਲਖ ਦਾ, ਦਰ ਤੇਰੇ ਅਲਖ ਸੁਣਾਈਆ । ਤੂੰ ਸਾਹਿਬ ਸੁਲਤਾਨ ਕਿਉਂ ਵੱਖਰਾ ਵਸਦਾ, ਝੱਲੀ ਨਾ ਜਾਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈ ਮਿਲਾਈਆ । ਜਨ ਭਗਤ ਕਹੇ ਪ੍ਰਭ ਕਿਉਂ ਫਿਰੇਂ ਲੁਕਦਾ, ਮੁਖ ਘੁੰਗਟ ਦੇ ਉਠਾਈਆ । ਤੇਰਾ ਨਾਤਾ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਮੇਰਾ ਝਗੜਾ ਮੁੱਕੇ ਦੁੱਖ ਦਾ, ਸੁਖ ਸਾਗਰ ਰੂਪ ਸਮਾਈਆ । ਤੂੰ ਆਦਿ ਜੁਗਾਦਿ ਜਨ ਭਗਤਾਂ ਗੋਦੀ ਚੁੱਕਦਾ, ਗਲਵਕੜੀ ਇਕੋ ਪਾਈਆ । ਦੋ ਜਹਾਨ ਕਦੇ ਨਾ ਰੁਸਦਾ, ਸਨਮੁਖ ਹੋ ਨਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਆਪਣੇ ਲੇਖੇ ਪਾਈਆ । ਜਨ ਭਗਤ ਕਹੇ ਪ੍ਰਭ ਮੇਲ ਅੱਖੀਂ, ਕਿਉਂ ਆਪਣਾ ਆਪ ਰਿਹਾ ਬਦਲਾਈਆ । ਮੈਂ ਆਦਿ ਜੁਗਾਦੀ ਤੇਰੀ ਸਖ਼ੀ, ਤੂੰ ਮਾਲਕ ਬੇਪਰਵਾਹੀਆ । ਤੂੰ ਸ਼ਾਹ ਸ਼ਾਹਾਨਾ ਧੁਰ ਦਾ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਮੈਂ ਲਾਲ ਰੰਗਣ ਤੇਰੀ ਲਾਈ ਹੱਥੀਂ, ਦੋਏ ਜੋੜ ਸੀਸ ਨਿਵਾਈਆ । ਮੈਂ ਸੀਸ ਗੁੰਦਾਂ ਪੱਟੀ, ਨੇਤਰ ਕੱਜਲ ਧਾਰ ਬੰਧਾਈਆ । ਇਕੋ ਆਸ ਪ੍ਰੀਤਮ ਰੱਖੀ, ਸ੍ਰੀ ਭਗਵਾਨ ਤੇਰਾ ਰਾਹ ਤਕਾਈਆ । ਕਵਣ ਵੇਲਾ ਆਏ ਵਹੀਰ ਘੱਤੀ, ਧੁਰ ਦਾ ਪਾਂਧੀ ਬਣ ਕੇ ਰਾਹੀਆ । ਆਪਣੇ ਨਾਮ ਦੀ ਸਮਝਾ ਦੇ ਪੱਟੀ, ਜਗਤ ਵਿਦਿਆ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਕਿਉਂ ਹੋਇਆ ਓਹਲੇ, ਅਛਲ ਛਲ ਧਾਰੀ ਆਪਣਾ ਖੇਲ ਖਿਲਾਈਆ । ਭਾਗ ਲਗਾ ਦੇ ਕਾਇਆ ਚੋਲੇ, ਬੰਕ ਦਵਾਰੀ ਤੇਰੀ ਵੱਜੇ ਵਧਾਈਆ । ਸਚ ਨਾਮ ਸੁਣਾ ਦੇ ਸੋਹਲੇ, ਢੋਲੇ ਰਾਗ ਅਲਾਈਆ । ਤੁਧ ਬਿਨ ਪੜਦਾ ਕੋਈ ਨਾ ਖੋਲ੍ਹੇ, ਬਜਰ ਕਪਾਟ ਨਾ ਕੋਇ ਤੁੜਾਈਆ । ਸੁਰਤੀ ਅੰਤਰ ਸ਼ਬਦ ਨਾ ਮੌਲੇ, ਵਿਸਮਾਦੀ ਵਿਸਮਾਦ ਰੂਪ ਨਾ ਕੋਇ ਜਣਾਈਆ । ਸੋਹਣਾ ਗੀਤ ਅਗੰਮੀ ਛੰਦ ਕੋਈ ਨਾ ਬੋਲੇ, ਸੋਹੰ ਕਰੇ ਨਾ ਕੋਇ

੧੧੧੪
੧੭

ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੀਵਾਂ ਜੰਤਾਂ ਬਣ ਕੇ ਗਏ ਵਿਚੋਲੇ, ਭਗਵਨ ਭਗਤ ਸਿੱਧਾ ਤੇਰਾ ਰਾਹ ਤਕਾਈਆ । ਦੁੱਖ ਰੋਗ ਸੰਤਾਪ ਵੇਖ ਕਦੇ ਨਾ ਡੋਲੇ, ਮਨ ਕਾ ਮਣਕਾ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਜਣ ਲੈ ਮਿਲਾਈਆ । ਜਨ ਭਗਤ ਕਹਿਣ ਕਿਉਂ ਖੇਲੇਂ ਲੁਕਣ ਮੀਟੀ, ਮੈਂਡਾ ਤੈਂਡਾ ਲੇਖਾ ਦੇ ਮੁਕਾਈਆ । ਤੇਰੀ ਧਾਰ ਬਾਰੀਕ ਸਭ ਤੋਂ ਨਿੱਕੀ, ਨਿੱਕੀ ਨਿੱਕਿਆਂ ਵਿਚੋਂ ਨਜ਼ਰੀ ਆਈਆ । ਤੇਰੀ ਚਾਰ ਵਰਨ ਤੋਂ ਬਾਹਰ ਸਦਾ ਸਿੱਖੀ, ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਰਖਾਈਆ । ਇਕੋ ਤੇਰੇ ਨਾਮ ਦੀ ਪੜ੍ਹਦੇ ਸਾਚੀ ਚਿੱਠੀ, ਦੂਜਾ ਹਰਫ਼ ਵੇਖਣ ਕੋਇ ਨਾ ਪਾਈਆ । ਜਿਧਰ ਵੇਖਣ ਤੇਰੀ ਧਾਰ ਦਿਸੀ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈ ਮਿਲਾਈਆ । ਜਨ ਭਗਤ ਕਹਿਣ ਪ੍ਰਭ ਆ ਜਾ ਅੱਗੇ, ਪਿਛਲਾ ਪੰਧ ਮੁਕਾਈਆ । ਦਰ ਦਰਵੇਸ਼ ਤੇਰੇ ਹੁਕਮੇ ਬੱਧੇ, ਬੈਠੇ ਸੀਸ ਨਿਵਾਈਆ । ਕਲਜੁਗ ਬਪੜੇ ਹੋਏ ਬੱਗੇ, ਕਾਗ ਹੰਸ ਰੂਪ ਨਾ ਕੋਇ ਵਟਾਈਆ । ਬਿਨ ਓਢਨ ਫਿਰਦੇ ਨੰਗੇ, ਸੀਸ ਜਗਦੀਸ ਨਾ ਕੋਇ ਸੁਹਾਈਆ । ਰਸ ਮਿਲੇ ਨਾ ਅੰਮ੍ਰਿਤ ਠੰਡੇ, ਅਗਨੀ ਤਤ ਨਾ ਕੋਇ ਬੁਝਾਈਆ । ਜਨਮ ਕਰਮ ਦੀ ਟੁੱਟੀ ਕੋਈ ਨਾ ਗੰਢੇ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰਾ ਰਹੇ ਮੰਗੇ, ਦਰ ਦਰਵੇਸ਼ ਅਲਖ ਜਗਾਈਆ । ਤੂੰ ਸਾਹਿਬ ਸੁਲਤਾਨ ਭਗਤ ਸੁਹੇਲਾ ਸੂਰਾ ਸਰਬੰਗੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਧਾਰ ਵੇਖ ਕੰਢੇ, ਕੂੜ ਕੁੜਿਆਰਾ ਰਿਹਾ ਕੁਰਲਾਈਆ । ਮਨ ਵਾਸਨਾ ਜੀਵ ਜੰਤ ਹੋਏ ਗੰਦੇ, ਦੁਰਮਤ ਮੈਲ ਨਾ ਕੋਇ ਧੁਆਈਆ । ਹਉਂ ਠਾਕਰ ਸਵਾਮੀ ਭਗਤ ਭਗਵਾਨ ਤੇਰੇ ਬੰਦੇ, ਬੰਦਨਾ ਕਰ ਕਰ ਇਕੋ ਸੀਸ ਨਿਵਾਈਆ । ਸਾਕ ਸੱਜਣ ਭਾਈ ਭੈਣ ਕੁੜਾਵੇ ਛੱਡੇ, ਮਾਤ ਪਿਤ ਸੰਗ ਨਾ ਕੋਇ ਰਖਾਈਆ । ਸਚ ਪ੍ਰੀਤੀ ਧੁਰ ਦੀ ਰੀਤੀ ਸਰਨ ਸਰਨਾਈ ਤੇਰੀ ਲੱਗੇ, ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਰਾਹ ਤਕਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਅਗਨੀ ਅੱਗ ਤਪੇ, ਸਾਂਤਕ ਸਤਿ ਨਾ ਕੋਇ ਕਰਾਈਆ । ਜਨ ਭਗਤ ਸੁਹੇਲਾ ਤੇਰਾ ਇਕੋ ਢੋਲਾ ਜਪੇ, ਸੋਹੰ ਸਤਿ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਬਹਾਈਆ । ਜਨ ਭਗਤ ਕਹੇ ਪ੍ਰਭ ਦੇ ਦਿਲਾਸਾ, ਸਰਨ ਤੇਰੀ ਸਰਨਾਈਆ । ਚਰਨ ਕਵਲ ਮਿਲੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਸਚ ਪ੍ਰੀਤੀ ਜੁੜੇ ਨਾਤਾ, ਕੂੜੀ ਕਿਰਿਆ ਦੇ ਤਜਾਈਆ । ਏਥੇ ਓਥੇ ਹੋ ਰਾਖਾ, ਸੇਵਕ ਬਣ ਕੇ ਸੇਵ ਕਮਾਈਆ । ਖ਼ਾਲੀ ਭਰ ਦੇ ਕਾਇਆ ਕਾਸਾ, ਵਸਤ ਅਮੋਲਕ ਇਕ ਵਰਤਾਈਆ । ਦੀਆ ਬਾਤੀ ਨੂਰ ਹੋਵੇ ਪਰਕਾਸ਼ਾ, ਅੰਧ ਅੰਧੇਰ ਮਿਟਾਈਆ । ਸਾਚੇ ਮੰਡਲ ਪਵੇ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਭਾਗ ਲੱਗੇ ਵਿਚ ਪਰਭਾਸਾ, ਸੀਤਾ ਰਾਮ ਵੱਜੇ ਵਧਾਈਆ । ਨਾਨਕ ਗੋਬਿੰਦ ਗਾਵੇ ਗਾਥਾ, ਤੂੰ ਮੇਰਾ ਮੈਂ ਤੇਰੀ ਕਰਾਂ ਪੜ੍ਹਾਈਆ । ਜਨ ਭਗਤਾਂ ਦਰ ਮਿਲੇ ਠਾਂਡਾ, ਅਗਨੀ ਤਤ ਗਵਾਈਆ । ਸੰਤ ਸੁਹੇਲਾ ਤੇਰਾ ਢੋਲਾ ਗਾਂਦਾ, ਗਾ ਗਾ ਸ਼ੁਕਰ ਮਨਾਈਆ । ਗੁਰਮੁਖ ਤੇਰਾ ਪ੍ਰੇਮ ਪਿਆਰ ਪ੍ਰੀਤੀ ਤੋੜ ਨਿਭਾਂਦਾ, ਓੜਕ ਤੇਰੀ ਸੇਵ ਕਮਾਈਆ । ਗੁਰਸਿਖ ਚਰਨ ਕਵਲ ਸੀਸ ਨਿਵਾਂਦਾ, ਧੂੜੀ ਟਿੱਕਾ ਖ਼ਾਕ ਰਮਾਈਆ । ਮੁਰੀਦ ਮੁਰਸ਼ਦ ਤੇਰੇ ਹੁਕਮ ਬਾਂਧਾ, ਬੰਦਨਾ ਕਹਿ ਕਹਿ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੧੧੫
੧੭

ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਰਿਹਾ ਜਣਾਈਆ । ਜਨ ਭਗਤ ਕਹੇ ਤੂੰ ਠਾਕਰ ਮੇਰਾ, ਠੋਕਰ ਆਪਣਾ ਨਾਮ ਲਗਾਈਆ । ਅਬਿਨਾਸ਼ੀ ਕਰਤਾ ਕਹੇ ਤੂੰ ਮੇਰਾ ਚੇਰਾ, ਘਰ ਸਾਚੇ ਵੱਜੇ ਵਧਾਈਆ । ਜਨ ਭਗਤ ਕਹੇ ਪ੍ਰਭ ਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਸ੍ਰੀ ਭਗਵਾਨ ਕਹੇ ਮੈਂ ਤੇਰਾ ਵਸਾਵਾਂ ਖੇੜਾ, ਘਰ ਸਾਚੇ ਖ਼ੁਸ਼ੀ ਮਨਾਈਆ । ਜਨ ਭਗਤ ਕਹੇ ਪ੍ਰਭ ਜੂਠਾ ਝੂਠਾ ਢਾਹ ਦੇ ਡੇਰਾ, ਭਾਂਡਾ ਭਰਮ ਭੌ ਭੰਨਾਈਆ । ਸ੍ਰੀ ਭਗਵਾਨ ਕਹੇ ਮੈਂ ਖੁਲ੍ਹਾ ਕਰਾਂ ਵੇਹੜਾ, ਕੂੜੀ ਕਿਰਿਆ ਕੋਇ ਰਹਿਣ ਨਾ ਪਾਈਆ । ਜਨ ਭਗਤ ਕਹੇ ਮੇਰਾ ਆਪਣੇ ਕੰਧ ਉਠਾ ਲੈ ਬੇੜਾ, ਬਣ ਮਲਾਹ ਹੋ ਸਹਾਈਆ । ਸ੍ਰੀ ਭਗਵਾਨ ਕਹੇ ਮੈਂ ਖੇਵਟ ਖੇਟਾ ਤੇਰਾ, ਨਈਆ ਨੌਕਾ ਆਪਣਾ ਨਾਮ ਚੜ੍ਹਾਈਆ । ਜਨ ਭਗਤ ਕਹੇ ਮੇਰਾ ਆਵਣ ਜਾਵਣ ਲੱਖ ਚੁਰਾਸੀ ਚੁੱਕ ਜਾਏ ਝੇੜਾ, ਝਗੜਾ ਅਵਰ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਕਹੇ ਤੇਰਾ ਸਾਚੇ ਘਰ ਵਸੇਰਾ, ਸਚਖੰਡ ਦਿਆਂ ਮਾਣ ਵਡਿਆਈਆ । ਜਨ ਭਗਤ ਕਹੇ ਪ੍ਰਭੂ ਤੇਰੇ ਚਰਨਾਂ ਲੱਗੇ ਡੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕਹੇ ਤੂੰ ਮੇਰਾ ਮੈਂ ਤੇਰਾ, ਦੋਹਾਂ ਦਾ ਇਕੋ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਚ ਸੱਚੀ ਸਰਨਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਜਨ ਲਾਲ, ਲਾਲਨ ਦਿਆਂ ਜਣਾਈਆ । ਭਾਗ ਲਗਾਵਾਂ ਕਾਇਆ ਸੱਚੀ ਧਰਮਸਾਲ, ਧਰਮ ਦਵਾਰ ਇਕ ਵਖਾਈਆ । ਕੂੜੀ ਕਿਰਿਆ ਕੂੜ ਜੰਜਾਲ, ਮਾਇਆ ਮਮਤਾ ਮੋਹ ਮਿਟਾਈਆ । ਮੁਰਸ਼ਦ ਹੋ ਕੇ ਪੁੱਛਾਂ ਹਾਲ, ਮੁਰੀਦਾਂ ਦਿਆਂ ਮਾਣ ਵਡਿਆਈਆ । ਲੇਖਾ ਚੁਕਾ ਕੇ ਸ਼ਾਹ ਕੰਗਾਲ, ਨੀਚ ਊਚ ਆਪਣੇ ਰੰਗ ਰੰਗਾਈਆ । ਸਤਿ ਸਰੂਪੀ ਵਜਾ ਕੇ ਤਾਲ, ਧੁਨ ਨਾਦ ਰਾਗ ਇਕ ਸ਼ਨਵਾਈਆ । ਭਾਗ ਲਗਾ ਕੇ ਕਾਇਆ ਮਾਟੀ ਖਾਲ, ਖ਼ਾਲਸ ਆਪਣਾ ਰੂਪ ਦਿਆਂ ਦਰਸਾਈਆ । ਸੁਰਤੀ ਕਦੇ ਨਾ ਹੋਵੇ ਬੇਹਾਲ, ਬਿਹਬਲ ਹੋ ਨਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਸਮਝਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਅਨੋਖੇ, ਹਰਿ ਵੱਖਰੀ ਧਾਰ ਚਲਾਇੰਦਾ । ਭਾਗ ਲਗਾ ਕੇ ਕਾਇਆ ਕੋਠੇ, ਕੱਪੜ ਆਪਣਾ ਮਾਟੀ ਤਨ ਆਪ ਵਡਿਆਇੰਦਾ । ਗਹਿਰ ਗੰਭੀਰ ਬੇਨਜ਼ੀਰ ਜਨ ਭਗਤਾਂ ਸੋਚ ਆਪੇ ਸੋਚੇ, ਦੂਜਾ ਸਮਝ ਨਾ ਕੋਇ ਸਮਝਾਇੰਦਾ । ਨਾਮ ਜਣਾ ਕੇ ਇਕ ਸਲੋਕੇ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਪੜ੍ਹਨੇ ਪੈਣ ਨਾ ਪੁਸਤਕ ਪੋਥੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਕਹੇ ਪ੍ਰਭ ਦੇ ਦੇ ਨਾਮ, ਨਿਰਅੱਖਰ ਕਰ ਪੜ੍ਹਾਈਆ । ਅੰਮ੍ਰਿਤ ਆਤਮ ਪਿਆ ਦੇ ਜਾਮ, ਸਚ ਖ਼ੁਮਾਰੀ ਇਕ ਵਖਾਈਆ । ਭੇਵ ਖੁਲ੍ਹਾ ਦੇ ਕਾਇਆ ਗਰਾਮ, ਨਗਰ ਖੇੜਾ ਇਕ ਵਸਾਈਆ । ਸ਼ਬਦ ਨਿਰਾਲਾ ਲਾ ਦੇ ਬਾਣ, ਅਣਿਆਲਾ ਆਪ ਚਲਾਈਆ । ਭਾਗ ਲਗਾ ਦੇ ਸਚ ਮਕਾਨ, ਕਾਇਆ ਕਾਅਬਾ ਕਰ ਰੁਸ਼ਨਾਈਆ । ਨਜ਼ਰੀ ਆਏ ਇਕ ਅਮਾਮ, ਬੇਪਰਵਾਹ ਫੇਰਾ ਪਾਈਆ । ਸਾਚਾ ਕਲਮਾ ਸੁਣਾ ਦੇ ਕਾਨ, ਕਾਇਨਾਤ ਮਿਲੇ ਵਡਿਆਈਆ । ਧੁਰ ਸੰਦੇਸ਼ਾ ਦੇ ਫ਼ਰਮਾਨ, ਫ਼ੁਰਨਾ ਮਨ ਦਾ ਬੰਦ ਕਰਾਈਆ । ਅਗਲੀ ਮੁਸ਼ਕਲ ਕਰ ਆਸਾਨ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਖੇਲ ਸਦਾ ਮਹਾਨ, ਖ਼ਾਲਕ ਖ਼ਲਕ ਸਮਝ ਸਕੇ ਕੋਈ ਨਾ ਰਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਚੜ੍ਹਦਾ ਵੇਖ ਤੂਫ਼ਾਨ, ਲਹਿਰ ਲਹਿਰ ਨਾਲ ਟਕਰਾਈਆ । ਸਾਬਤ ਦਿਸੇ ਨਾ ਕੋਈ ਧਰਮ ਈਮਾਨ, ਸਿਦਕ ਸਬੂਰੀ ਨਜ਼ਰ ਕੋਇ ਨਾ

ਆਈਆ । ਨੇਤਰ ਰੋਂਦੀ ਅੰਜੀਲ ਕੁਰਾਨ, ਕਾਅਬਿਆਂ ਵਿਚ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੈ ਤਰਾਈਆ । ਜਨ ਭਗਤ ਕਹੇ ਮੈਂ ਤੇਰਾ ਬਰਦਾ, ਬੰਦੀਖ਼ਾਨਾ ਦੇ ਤੁੜਾਈਆ । ਤੂੰ ਮਾਲਕ ਮੇਰੇ ਘਰ ਦਾ, ਪਤਿਪਰਮੇਸ਼ਵਰ ਇਕ ਅਖਵਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਸਦਾ ਤੈਥੋਂ ਡਰਦਾ, ਦੂਜਾ ਭੈ ਨਾ ਕੋਇ ਜਣਾਈਆ । ਬਿਨ ਤੇਰੇ ਨਾਮ ਕਲਮਾ ਕੋਈ ਨਾ ਪੜ੍ਹਦਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਬਿਨ ਤੇਰੇ ਮੰਦਰ ਕੋਇ ਨਾ ਚੜ੍ਹਦਾ, ਦੂਜੇ ਦਰ ਨਾ ਫੇਰਾ ਪਾਈਆ । ਬਿਨ ਤੇਰੇ ਪੱਲੂ ਲੜ ਕੋਇ ਨਾ ਫੜਦਾ, ਦੂਜਾ ਅੰਗ ਨਾ ਕੋਇ ਰਖਾਈਆ । ਤੇਰਾ ਰੂਪ ਅਨੂਪ ਵੇਖ ਨਰਾਇਣ ਨਰ ਦਾ, ਮੇਰੀ ਆਸਾ ਖ਼ੁਸ਼ੀ ਮਨਾਈਆ । ਤੂੰ ਦਰਸ ਕਰਾ ਥਿਰ ਘਰ ਦਾ, ਜਿਸ ਘਰ ਸ਼ਬਦੀ ਬੈਠਾ ਬੇਪਰਵਾਹੀਆ । ਅੱਗੇ ਪੁਰਖ ਅਕਾਲ ਦਾਦਾ, ਪਤਿਪਰਮੇਸ਼ਵਰ ਆਪਣੇ ਅੰਗ ਲਗਾਈਆ । ਜਿਥੇ ਗਿਆ ਫੇਰ ਕੋਈ ਨਾ ਮੁੜਦਾ, ਅਵਣ ਗਵਣ ਨਾ ਕੋਇ ਭੁਆਈਆ । ਅੰਤਮ ਜੋਤੀ ਜੋਤ ਮਿਲਦਾ, ਤੱਤਾਂ ਵਾਲਾ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦਾ ਹੋ ਸਹਾਈਆ । ਜਨ ਭਗਤ ਕਹੇ ਕਰ ਮਿਹਰਵਾਨੀ, ਮਹਿਬੂਬ ਤੇਰੀ ਸਰਨਾਈਆ । ਤੇਰੇ ਦਰ ਦੀ ਵੇਖਾਂ ਨਿਸ਼ਾਨੀ, ਨਛਾਵਰ ਆਪਣਾ ਆਪ ਕਰਾਈਆ । ਜਿਥੇ ਅੰਮ੍ਰਿਤ ਪੀਣਾ ਪਏ ਨਾ ਪਾਣੀ, ਤ੍ਰਿਸਨਾ ਭੁੱਖ ਨਾ ਕੋਇ ਸਤਾਈਆ । ਜਿਥੇ ਪੜ੍ਹਨੀ ਪਏ ਨਾ ਬਾਣੀ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਲਕਾਈਆ । ਜਿਥੇ ਨਜ਼ਰ ਨਾ ਆਏ ਕੋਈ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰੂਪ ਨਾ ਕੋਇ ਵਟਾਈਆ । ਅਗੰਮ ਅਥਾਹ ਬੇਪਰਵਾਹ ਤੇਰੀ ਇਕੋ ਜੋਤ ਨੂਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਮੈਂ ਵੇਖਾਂ ਤੇਰਾ ਹਕ ਮੁਕਾਮੀ, ਜਿਸ ਘਰ ਬੈਠਾ ਸੋਭਾ ਪਾਈਆ । ਸ਼ਾਹ ਪਾਤਸ਼ਾਹ ਸੱਚੇ ਸੁਲਤਾਨੀ, ਇਕ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡੇ ਲੈਣਾ ਬਹਾਈਆ । ਜਨ ਭਗਤ ਕਹੇ ਠਾਂਡੇ ਘਰ ਸੱਦ, ਸਦਾ ਨਾਉਂ ਸੁਣਾਈਆ । ਜਗਤ ਕਿਨਾਰਾ ਪਾਰ ਹੋਵੇ ਹੱਦ, ਅਧਵਿਚਕਾਰ ਨਾ ਕੋਇ ਰਖਾਈਆ । ਤੇਰੀ ਸੇਜੇ ਚੜ੍ਹਾਂ ਭੱਜ, ਆਪਣਾ ਬਲ ਧਰਾਈਆ । ਤੇਰਾ ਨਾਮ ਭੰਡਾਰਾ ਪੀਵਾਂ ਸਾਚੀ ਮਧ, ਰਸ ਇਕੋ ਇਕ ਰਖਾਈਆ । ਸਾਚਾ ਢੋਲਾ ਗਾਵਾਂ ਛੰਦ, ਨਾਅਰਾ ਹਕ ਅਲਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦ, ਤੇਰੀ ਬੰਦਨਾ ਇਕੋ ਭਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਦੇ ਕਮਾਈਆ । ਤੇਰੇ ਨਾਲ ਮਿਲ ਕੇ ਤੇਰਾ ਆਵੇ ਅਨੰਦ, ਦੂਜੀ ਆਸ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਣੀ ਵਡਿਆਈਆ । ਜਨ ਭਗਤ ਕਹੇ ਤੇਰਾ ਦਰ ਘਰ ਚੰਗਾ, ਪ੍ਰਭ ਇਕੋ ਨਜ਼ਰੀ ਆਈਆ । ਜਿਥੇ ਨਹੌਣਾ ਪਏ ਨਾ ਕਿਸੇ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਇਕੋ ਪ੍ਰੇਮ ਰਸ ਮਿਲੇ ਠੰਡਾ, ਅਗਨੀ ਅੱਗ ਨਾ ਲਾਗੇ ਰਾਈਆ । ਜਨ ਭਗਤ ਕਹੇ ਨਾ ਕੋਈ ਤੱਤਾਂ ਵਾਲਾ ਮਨੁੱਸ਼ ਦਿਸੇ ਬੰਦਾ, ਖ਼ਾਕੀ ਖ਼ਾਕ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲੈ ਟਿਕਾਈਆ । ਜਨ ਭਗਤ ਕਹੇ ਤੇਰਾ ਸਚ ਟਿਕਾਣਾ, ਟਿਕਟਿਕੀ ਲਾ ਕੇ ਧਿਆਨ ਲਗਾਈਆ । ਪ੍ਰਭ ਦੇ ਦੇ ਸ਼ਬਦ ਬਬਾਣਾ, ਬਣ ਸਵਾਲੀ ਅਲਖ ਜਗਾਈਆ । ਕਿਸੇ ਹੱਥ ਨਾ ਆਵੇ ਰਾਜਾ ਰਾਣਾ, ਕੋਟਨ ਕੋਟ ਰੋਂਦੇ ਵੇਖੇ ਮਾਰਨ ਧਾਹੀਂਆ । ਕਲਜੁਗ ਅੰਤਮ ਵਰਤੇ ਭਾਣਾ, ਭਾਵੀ ਸਭ ਦੇ ਸਿਰ ਤੇ ਛਾਈਆ । ਕਿਰਪਾ ਕਰ ਸ੍ਰੀ ਭਗਵਾਨਾ,

੧੧੧੭
੧੭

ਭਗਵਨ ਤੇਰਾ ਰਾਹ ਤਕਾਈਆ । ਹਉਂ ਮੂਰਖ ਮੁਗਧ ਬਾਲ ਅੰਞਾਣਾ, ਬਚਪਨ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਪ੍ਰਭ ਕਰ ਬਖ਼ਸ਼ੀਸ਼, ਰਹਿਮਤ ਸਚ ਕਮਾਈਆ । ਛਤਰ ਝੁੱਲੇ ਇਕ ਤੇਰੇ ਸੀਸ, ਛਤਰਧਾਰੀ ਇਕ ਅਖਵਾਈਆ । ਤੈਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਜਗਦੀਸ਼, ਜਗਤ ਦਾ ਮਾਲਕ ਬੇਪਰਵਾਹੀਆ । ਤੇਰਾ ਕਲਮਾ ਪੜ੍ਹਨ ਹਦੀਸ, ਤੇਰੇ ਨਾਮ ਦੇ ਢੋਲੇ ਗਾ ਗਾ ਸ਼ੁਕਰ ਮਨਾਈਆ । ਤੂੰ ਬੈਠਾ ਰਹੇਂ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਕਿਸੇ ਹੱਥ ਨਾ ਆਵੇਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਜਨ ਭਗਤ ਰੱਖਣ ਸਦ ਤੇਰੀ ਉਡੀਕ, ਜੁਗ ਜੁਗ ਜਨ ਭਗਤਾਂ ਹੋਏਂ ਸਹਾਈਆ । ਪ੍ਰਭ ਆਪਣੇ ਘਰ ਆਪਣੀ ਵੇਖ ਤਾਰੀਖ, ਜਿਸ ਦਾ ਮਾਸ ਬਰਖ ਦਿਵਸ ਰੈਣ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਮਾਲਕ ਹੋ ਸਹਾਈਆ । ਜਨ ਭਗਤ ਕਹੇ ਪ੍ਰਭ ਪੂਰਨ ਬ੍ਰਹਮ, ਪਾਰਬ੍ਰਹਮ ਦੇ ਜਣਾਈਆ । ਮੈਂ ਸਮਝ ਨਾ ਸਕਾਂ ਆਪਣਾ ਕਰਮ, ਨਿਹਕਰਮੀ ਭੇਵ ਖੁਲ੍ਹਾਈਆ । ਮੈਂ ਜਾਣ ਨਾ ਸਕਾਂ ਆਪਣਾ ਧਰਮ, ਅਧਰਮੀ ਰੂਪ ਨਾ ਕੋਇ ਦ੍ਰਿੜਾਈਆ । ਮੈਂ ਪਾ ਨਾ ਸਕਾਂ ਆਪਣਾ ਵਰਨ, ਅਵਰਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੱਸ ਦੇ ਚੜ੍ਹਨ, ਘਾਟੀ ਆਪਣੀ ਪਾਰ ਕਰਾਈਆ । ਜਨ ਭਗਤ ਕਹੇ ਤੇਰੀ ਔਖੀ ਮੁਸ਼ਕਲ ਕੇਹੜੀ ਘਾਟੀ, ਲੱਖ ਚੁਰਾਸੀ ਚੜ੍ਹਨ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਕਹੇ ਇਹ ਦੱਸਣ ਵਾਲੀ ਨਹੀਂ ਕੋਈ ਬਾਤੀ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਾਲਾਹੀਆ । ਜਿਨ੍ਹਾਂ ਭਗਤਾਂ ਦਾ ਬਣਾਂ ਆਪ ਸਾਥੀ, ਅੰਦਰ ਹੋ ਕੇ ਸੰਗ ਨਿਭਾਈਆ । ਉਹ ਮੰਜ਼ਲ ਚੜ੍ਹਨ ਮੇਰੀ ਘਾਟੀ, ਪੰਧ ਆਪਣਾ ਲੈਣ ਮੁਕਾਈਆ । ਲਹਿਣਾ ਦੇਣਾ ਮੁਕਾ ਕੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਉਪਰ ਸੋਭਾ ਪਾਈਆ । ਮਿਲੇ ਮੇਲ ਪੁਰਖ ਅਬਿਨਾਸ਼ੀ, ਆਵਣ ਜਾਵਣ ਪਤਤ ਪਾਵਨ ਲੇਖਾ ਦਏ ਮੁਕਾਈਆ । ਭਗਤ ਭਗਵਾਨ ਦੀ ਇਕੋ ਰਾਸੀ, ਰਿਸ਼ੀ ਮੁਨੀ ਸਾਰੇ ਗਏ ਜਸ ਗਾਈਆ । ਜਿਸ ਘਰ ਮੰਦਰ ਗ੍ਰਿਹ ਦਾ ਆਪ ਨਿਵਾਸੀ, ਵਾਸਾ ਓਸੇ ਥਾਂ ਕਰਾਈਆ । ਜਨ ਭਗਤਾਂ ਪਿਛੇ ਰਹਿਣ ਨਾ ਦੇਵੇ ਕੋਈ ਬਾਕੀ, ਅਗਲਾ ਪਿਛਲਾ ਲੇਖਾ ਸਾਰਾ ਦਏ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਮਿਲਿਆ ਧੁਰ ਦਾ ਸਾਥੀ, ਉਹ ਜਨ ਭਗਤ ਸਾਥ ਸਾਰੇ ਗਏ ਤਜਾਈਆ ।

## ੨੦ ਮੱਘਰ ੨੦੨੧ ਬਿਕ੍ਰਮੀ ਬੁਘਰ ਸਿੰਘ ਦੇ ਗ੍ਰਿਹ ਬਰਗਾੜੀ

ਗੁਰਮੁਖ ਆਸਾ ਕਹੇ ਮੈਂ ਤੱਕਾਂ ਰਾਹ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਸਤਿ ਸਤਿਵਾਦੀ ਬੇੜਾ ਆਪਣੇ ਕੰਧ ਉਠਾਈਆ । ਜਨਮ ਕਰਮ ਦਾ ਲਹਿਣਾ ਦੇਣਾ ਦਏ ਮੁਕਾ, ਲੇਖਾ ਧੁਰ ਦਾ ਝੋਲੀ ਪਾਈਆ । ਸਾਚਾ ਮੰਤਰ ਦਏ ਦ੍ਰਿੜਾ, ਢੋਲਾ ਆਪਣਾ ਨਾਮ ਸੁਣਾਈਆ । ਪੜਦਾ ਓਹਲਾ ਦਏ ਉਠਾ, ਘਰ ਘਰ ਵਿਚ ਭੇਦ ਖੁਲ੍ਹਾਈਆ । ਅੰਤਰ ਆਤਮ ਅੰਮ੍ਰਿਤ ਰਸ ਦਏ ਪਿਆ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਸ਼ਬਦ ਅਨਾਦੀ ਅਗੰਮੀ ਨਾਦ ਦਏ ਸੁਣਾ, ਰਾਗਾਂ ਨਾਦਾਂ ਲੋੜ ਰਹਿਣ ਨਾ ਪਾਈਆ । ਜੋਤੀ ਜਾਤਾ ਪੁਰਖ

ਬਿਧਾਤਾ ਦੀਆ ਬਾਤੀ ਕਮਲਾਪਾਤੀ ਕਰੇ ਰੁਸ਼ਨਾ, ਜੋਤ ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਸੁਹੰਜਣਾ ਸੋਭਾਵੰਤ ਸ੍ਰੀ ਭਗਵੰਤ ਗ੍ਰਿਹਿ ਮੰਦਰ ਦਏ ਵਖਾ, ਮੰਜ਼ਲ ਆਪਣਾ ਪੰਧ ਮੁਕਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਮਿਲੇ ਸਹਿਜ ਸੁਭਾ, ਬੰਧਨ ਦੂਆ ਰਹਿਣ ਕੋਇ ਨਾ ਪਾਈਆ । ਘਰ ਸਵਾਮੀ ਠਾਕਰ ਮੀਤਾ ਠਾਂਡਾ ਸੀਤਾ ਨਿਜ ਨੇਤਰ ਦਰਸ ਦਏ ਵਖਾ, ਸਵੱਛ ਸਰੂਪੀ ਸਤਿ ਸਰੂਪੀ ਅਨਰੰਗ ਰੂਪੀ ਸ਼ਾਹੋ ਭੂਪੀ ਇਕੋ ਨਜ਼ਰੀ ਆਈਆ । ਚਾਉ ਘਨੇਰਾ ਵਸੇ ਨੇਰਾ, ਦੂਰ ਦੁਰਾਡਾ ਪੰਧ ਦਏ ਮੁਕਾ, ਮਹਿਬੂਬ ਸਚ ਅਰੂਜ ਹੁਜਰਾ ਹਕ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਪੂਰ ਕਰਾਈਆ । ਗੁਰਮੁਖ ਆਸਾ ਕਹੇ ਮੈਂ ਤੱਕਾਂ ਨੈਣ, ਨਿਜ ਨੇਤਰ ਅੱਖ ਖੁਲ੍ਹਾਈਆ । ਬਿਰਹੋਂ ਵੈਰਾਗਣ ਬਣ ਕੇ ਪਾਵਾਂ ਵੈਣ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਨਾਤਾ ਛੱਡ ਕੇ ਸਾਕ ਸੱਜਣ ਸੈਣ, ਠਾਕਰ ਇਕੋ ਤੇਰੀ ਓਟ ਰਖਾਈਆ । ਕਵਣ ਵੇਲਾ ਪ੍ਰਭ ਚੁਕਾਵੇਂ ਲਹਿਣ ਦੇਣ, ਪੂਰਬ ਲਹਿਣਾ ਝੋਲੀ ਪਾਈਆ । ਚਰਨ ਕਵਲ ਬਖ਼ਸ਼ੇਂ ਸੱਚਾ ਬਹਿਣ, ਦੋ ਜਹਾਨਾਂ ਪੰਧ ਮੁਕਾਈਆ । ਇਹੋ ਨਾਮ ਸੰਗੀਤ ਢੋਲਾ ਗਾਵਾਂ ਗਾਇਣ, ਗਹਿਰ ਗੰਭੀਰ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਵਾਮੀ ਵੇਖ ਵਖਾਈਆ । ਗੁਰਮੁਖ ਆਸਾ ਕਹੇ ਮੈਂ ਜਗਤ ਨਿਮਾਣੀ, ਹੰਕਾਰ ਵਿਕਾਰ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਇਕੋ ਚਾਓ ਮਿਲਾਂ ਧੁਰ ਦੇ ਹਾਣੀ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਜਿਸ ਦੀ ਮਹਿੰਮਾ ਅਕਥ ਕਥਾ ਗਾਵੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਅਲਾਈਆ । ਜਿਸ ਦਾ ਉੱਤਮ ਸ੍ਰੇਸ਼ਟ ਨਿਰਮਲ ਅਠਸਠ ਤੀਰਥ ਨਾਲੋਂ ਅੰਮ੍ਰਿਤ ਜਲ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਿਉਂ ਨਿਉਂ ਲਾਗਣ ਪਾਈਆ । ਜਿਸ ਦੀ ਰਚਨਾ ਚਾਰ ਜੁਗ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ, ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਨਿਤ ਨਵਿਤ ਲੱਖ ਚੁਰਾਸੀ ਜੀਵ ਜੰਤ ਹਰ ਘਟ ਜਾਣ ਜਾਣੀ, ਨਿਰਵੈਰ ਨਿਰਾਕਾਰ ਨਿਰੰਕਾਰ ਘਰ ਘਰ ਡੇਰਾ ਲਾਈਆ । ਮੈਂ ਉਸ ਦੀ ਸੁਘੜ ਸੁਚੱਜੀ ਪ੍ਰੇਮ ਪ੍ਰੀਤੀ ਵਿਚ ਬਣਾਂ ਸਵਾਣੀ, ਦਿਵਸ ਰੈਣ ਅੱਠੇ ਪਹਿਰ ਘੜੀ ਪਲ ਬਰਖ ਮਾਸ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਰਖਾਈਆ । ਗੁਰਮੁਖ ਆਸਾ ਕਹੇ ਮੈਂ ਰਹੀ ਭੱਜ, ਚਾਰ ਕੁੰਟ ਆਪਣਾ ਪੰਧ ਮੁਕਾਈਆ । ਕਵਣ ਵੇਲੇ ਮੇਰਾ ਸਵਾਮੀ ਠਾਕਰ ਗ੍ਰਿਹਿ ਮੰਦਰ ਲਏ ਸੱਦ, ਸੱਦਾ ਆਪਣਾ ਨਾਮ ਸੁਣਾਈਆ । ਜਨਮ ਕਰਮ ਦੀ ਮੇਟ ਕੇ ਹੱਦ, ਨਿਹਕਰਮੀ ਅਪਣੇ ਰੰਗ ਰੰਗਾਈਆ । ਜਿਸ ਨਾਲੋਂ ਵਿਛੜ ਕੇ ਹੋਈ ਅਲੱਗ, ਸੋ ਆਪਣੇ ਅੰਗ ਲਏ ਲਗਾਈਆ । ਕਿਰਪਾ ਕਰੇ ਸੂਰਾ ਸਰਬਗ, ਸਤਿ ਸਤਿਵਾਦੀ ਹੋਏ ਸਹਾਈਆ । ਮੇਰਾ ਲੇਖਾ ਛੁਟ ਜਾਏ ਕਾਅਬਿਆਂ ਵਾਲਾ ਹੱਜ, ਘਰ ਹੁਜਰਾ ਦਏ ਵਖਾਈਆ । ਮੈਂ ਨੇਤਰ ਲੋਚਣ ਦਰਸ਼ਨ ਕਰਾਂ ਰੱਜ, ਨੂਰੀ ਜਲਵਾ ਜ਼ਾਹਰ ਜ਼ਹੂਰ ਇਕੋ ਨਜ਼ਰੀ ਆਈਆ । ਕੂੜ ਕੁੜਿਆਰਾ ਨਾਤਾ ਦੇਵਾਂ ਤਜ, ਕਾਮ ਕਰੋਧ ਲੋਭ ਮੋਹ ਹੰਕਾਰ ਮੇਰੇ ਸੰਗ ਰਹਿਣ ਨਾ ਪਾਈਆ । ਮੈਂ ਜਨਮ ਕਰਮ ਦਾ ਪੂਰਬ ਲੇਖਾ ਨੇਤਰ ਰੋ ਕੇ ਦੇਵਾਂ ਦੱਸ, ਭੇਵ ਅਭੇਦਾ ਆਪਣਾ ਦਿਆਂ ਖੁਲ੍ਹਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੀ ਮਹਿੰਮਾ ਗਾਵਾਂ ਅਕਥ, ਦੂਜੀ ਕਰਾਂ ਨਾ ਕੋਇ ਪੜ੍ਹਾਈਆ । ਤੇਰੇ ਚਰਨ ਸਰਨ ਕਵਲ ਜਾਵਾਂ ਢੱਠ, ਸਤਿ ਸੰਤੋਖ ਧੀਰਜ ਦੇ ਜਤ, ਸਤਿ ਸਤਿਵਾਦੀ ਤੇਰੀ ਓਟ

ਰਖਾਈਆ । ਅੰਦਰ ਬਾਹਰ ਗੁਪਤ ਜ਼ਾਹਰ ਅੰਤਰ ਆਤਮ ਪਰਮਾਤਮ ਸਾਚੀ ਦੇ ਮਤ, ਮਨੂਆ ਮਨ ਉਠ ਨਾ ਦਹਿ ਦਿਸ਼ ਧਾਈਆ । ਤੇਰੇ ਮਿਲਣ ਦੀ ਇਕੋ ਖੁਲ੍ਹੇ ਅੱਖ, ਦੋਏ ਲੋਚਣ ਲੋੜ ਰਹੇ ਨਾ ਰਾਈਆ । ਜੇ ਗਾਵਾਂ ਤੇ ਤੇਰਾ ਜਸ, ਢੋਲਾ ਧੁਰ ਦਾ ਰਾਗ ਅਲਾਈਆ । ਮੇਰੇ ਪ੍ਰੀਤਮ ਮੇਰਾ ਝੋਲੀ ਪਾ ਦੇ ਹਕੀਕਤ ਹਕ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਗੁਰਮੁਖ ਆਸਾ ਕਹੇ ਮੈਂ ਛੋਟੀ ਤ੍ਰਿਸ਼ਨਾ, ਤ੍ਰਿਖਾ ਤੇਰੀ ਇਕ ਰਖਾਈਆ । ਮੈਂ ਛੱਡ ਕੇ ਬ੍ਰਹਮਾ ਸ਼ਿਵ ਮਹੇਸ਼ ਵਿਸ਼ਨਾ, ਮਹਿਖਾਸੁਰ ਵਰਗੇ ਦੈਤਾਂ ਦਿਤਾ ਤਜਾਈਆ । ਮੈਂ ਨਾਤਾ ਤੋੜ ਕੇ ਰਾਮਾ ਕ੍ਰਿਸ਼ਨਾ, ਦਰ ਸਦਾ ਤੇਰੀ ਓਟ ਰਖਾਈਆ । ਮੈਂ ਲੱਖ ਕਰੋੜ ਜਨਮ ਜਨਮ ਦੇ ਕੀਤੇ ਯਤਨਾਂ, ਯਥਾ ਯੋਗ ਤੇਰੀ ਸੇਵ ਕਮਾਈਆ । ਕਵਣ ਵੇਲਾ ਪ੍ਰਭ ਮੇਰੇ ਘਰ ਆਏ ਆਪਣੇ ਵਤਨਾ, ਬੇਵਤਨ ਆਪਣੇ ਨਾਲ ਮਿਲਾਈਆ । ਜਿਸ ਦੇ ਸਨਮੁਖ ਹੋ ਕੇ ਹੱਸਣਾ, ਹਸਤੀ ਵਿਚੋਂ ਹਸਤੀ ਲਏ ਪਰਗਟਾਈਆ । ਜਿਸ ਦਾ ਅੰਮ੍ਰਿਤ ਅਗੰਮੀ ਇਕੋ ਚੱਖਣਾ, ਰਸਨਾ ਜਿਹਵਾ ਸਵਾਦ ਨਾ ਕੋਇ ਵਡਿਆਈਆ । ਜਿਸ ਦੇ ਚਰਨ ਕਵਲ ਸਦਾ ਵਸਣਾ, ਦੋ ਜਹਾਨ ਨਾ ਕੋਇ ਜੁਦਾਈਆ । ਜਿਸ ਦਾ ਮਾਰਗ ਇਕੋ ਲੱਗਣਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰਮੁਖ ਤ੍ਰਿਸ਼ਨਾ ਕਹੇ ਮੈਂ ਕਮਲੀ ਕੋਝੀ, ਤੁਧ ਬਿਨ ਸੁਰਤ ਕੋਇ ਨਾ ਆਈਆ । ਆਪਣੇ ਮਿਲਣ ਦੀ ਆਪੇ ਬਖ਼ਸ਼ ਸੋਝੀ, ਸੋਈ ਸਵਾਣੀ ਆਪ ਉਠਾਈਆ । ਮੈਂ ਜਨਮ ਕਰਮ ਦੀ ਪਿਛਲੀ ਰੋਗੀ, ਅਵਗੁਣ ਹਾਰ ਦਿਆਂ ਦੁਹਾਈਆ । ਮੇਰਾ ਨਾਤਾ ਛੱਡ ਗਏ ਵੇਦੀ ਸੋਢੀ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਬਿਨ ਪੁਰਖ ਅਕਾਲ ਕੋਈ ਨਾ ਚੁੱਕੇ ਗੋਦੀ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਮੈਨੂੰ ਤਾਅਨੇ ਦੇਂਦੇ ਲੋਕੀ, ਚਾਰ ਕੁੰਟ ਪਈ ਦੁਹਾਈਆ । ਮੈਥੋਂ ਪੜ੍ਹੀ ਨਹੀਂ ਜਾਂਦੀ ਅੱਖਰਾਂ ਵਾਲੀ ਪੋਥੀ, ਇਕੋ ਤੇਰਾ ਨਾਮ ਧਿਆਈਆ । ਮੈਨੂੰ ਮੰਜ਼ਲ ਦੱਸ ਦੇ ਸੌਖੀ, ਪੰਧ ਅਗਲਾ ਲਵਾਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰੇ ਆਸ ਰਖਾਈਆ । ਗੁਰਮੁਖ ਆਸਾ ਕਹੇ ਮੈਂ ਮੰਗਾਂ ਸਰਨ, ਤੇਰੇ ਹੱਥ ਵਡਿਆਈਆ । ਸੇਵਾ ਕਰਾਂ ਇਕੋ ਚਰਨ, ਚਰਨੋਦਕ ਮੁਖ ਚਵਾਈਆ । ਮੇਰਾ ਨੇਤਰ ਖੁਲ੍ਹੇ ਹਰਨ ਫਰਨ, ਨਿਤ ਨਿਤ ਤੇਰਾ ਦਰਸਨ ਪਾਈਆ । ਮੇਰਾ ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਨਾ ਕੋਇ ਭੁਆਈਆ । ਤੂੰ ਸਾਹਿਬ ਸਵਾਮੀ ਤਰਨੀ ਤਰਨ, ਤਾਰਨਹਾਰਾ ਇਕ ਅਖਵਾਈਆ । ਮੇਰਾ ਲਹਿਣਾ ਚੁਕਾ ਦੇ ਵਰਨ ਬਰਨ, ਜ਼ਾਤ ਪਾਤ ਊਚ ਨੀਚ ਨਜ਼ਰ ਕੋਇ ਨਾ ਆਈਆ । ਢੋਲਾ ਸਿਖਾ ਦੇ ਇਕੋ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਹੋਵੇ ਇਕ ਪੜ੍ਹਾਈਆ । ਸਾਚਾ ਪੌੜਾ ਦੱਸ ਦੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਸਚ ਦਵਾਰੇ ਤੇਰਾ ਦਰਸ਼ਨ ਆਵਾਂ ਕਰਨ, ਕਰਤਾ ਪੁਰਖ ਇਕੋ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਮਿਲਾਈਆ । ਗੁਰਮੁਖ ਆਸਾ ਕਹੇ ਮੈਂ ਬਾਲੀ ਨੱਢੀ ਬੱਚੀ, ਬੱਚਿਆਂ ਵਿਚੋਂ ਨਿੱਕੀ ਨਜ਼ਰੀ ਆਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤਕਦੀ ਖੋਲ੍ਹ ਕੇ ਅੱਖੀਂ, ਆਖ਼ਰ ਤੇਰਾ ਰਾਹ ਤਕਾਈਆ । ਤੇਰਾ ਦਰਸ ਭੋਰਾ ਮਿਲੇ ਮਹਿਬੂਬ ਰਤੀ, ਰੱਤੀ ਰੰਗ ਦਏਂ ਰੰਗਾਈਆ । ਕਲਜੁਗ ਅੰਤਮ ਸਦੀ ਚੌਧਵੀਂ ਚਾਰੋਂ ਕੁੰਟ ਵਾ ਤੱਤੀ, ਠੰਡੀ ਪਵਣ ਨਾ ਕੋਇ ਵਖਾਈਆ । ਮੈਂ ਜੋੜ ਖਲੋਤੀ ਦਰ ਦੋਏ ਹੱਥੀਂ, ਨਿਉਂ ਨਿਉਂ ਲਾਗਾਂ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੜ੍ਹਾ ਦੇ ਇਕੋ ਪੱਟੀ, ਪੜਦਾ ਓਹਲਾ ਆਪ ਉਠਾਈਆ । ਗੁਰਮੁਖ ਆਸਾ ਕਹੇ ਮੈਨੂੰ ਤੇਰਾ ਸਦਕਾ, ਹਉਂ ਵਾਰੀ ਘੋਲੀ ਘੋਲ ਘੁਮਾਈਆ । ਮੈਂ ਨਾ ਜਾਣਾਂ ਤੂੰ ਵਿਛੜਿਆ ਕਦ ਕਾ, ਕਵਣ ਵੇਲਾ ਵਕਤ ਦਏ ਜਣਾਈਆ । ਮੈਂ ਲੇਖਾ ਮੰਗਾਂ ਅੱਜ ਦਾ, ਪਿਛਲਾ ਝਗੜਾ ਦੇ ਚੁਕਾਈਆ । ਤੂੰ ਸਭ ਦੇ ਪੜਦੇ ਕੱਜਦਾ, ਸਮਰਥ ਤੇਰੀ ਸਰਨਾਈਆ । ਤੇਰਾ ਖੇਲ ਆਪਣੇ ਫੁਰਨੇ ਵਾਲੀ ਅੱਖ ਦਾ, ਦੂਜਾ ਰਾਹ ਨਾ ਕੋਇ ਜਣਾਈਆ । ਨਿਤ ਨਵਿਤ ਤੂੰ ਭਗਤਾਂ ਅੰਦਰ ਵਸਦਾ, ਸੰਤਾਂ ਕਰੇਂ ਰਸਾਈਆ । ਗੁਰਮੁਖਾਂ ਨਾਲ ਹੱਸਦਾ, ਗੁਰਸਿਖਾਂ ਦਏਂ ਵਡਿਆਈਆ । ਬਿਨਾ ਤੇਰੀ ਕਿਰਪਾ ਤੇਰਾ ਨਾਮ ਕੋਈ ਨਾ ਜਪਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਜਨ ਤੇਰੀ ਆਸ ਰੱਖਦਾ, ਆਸਾ ਆਸਾ ਵਿਚੋਂ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਚੁਕਾਈਆ । ਗੁਰਮੁਖ ਆਸਾ ਕਹੇ ਮੈਂ ਅੱਡਾਂ ਝੋਲੀ, ਪ੍ਰਭ ਤੇਰੇ ਅੱਗੇ ਡਾਹੀਆ । ਚਰਨ ਕਵਲ ਸਚ ਦਵਾਰ ਬਣਾ ਲੈ ਗੋਲੀ, ਦੂਸਰ ਸੇਵ ਨਾ ਕੋਇ ਕਮਾਈਆ । ਅਗੰਮ ਅਥਾਹ ਬੇਪਰਵਾਹ ਆਪਣੇ ਨਾਮ ਦੀ ਸਮਝਾ ਦੇ ਬੋਲੀ, ਅਨਬੋਲਤ ਆਪਣਾ ਰਾਗ ਅਲਾਈਆ । ਤੇਰੇ ਪ੍ਰੇਮ ਪਿਆਰ ਰੰਗਣ ਦੀ ਖੇਲਾਂ ਹੋਲੀ, ਲਾਲ ਗੁਲਾਲਾ ਰੰਗ ਚੜ੍ਹਾਈਆ । ਸਚ ਸੁਹੰਜਣੀ ਚੜ੍ਹਾਂ ਡੋਲੀ, ਜਗਤ ਕਹਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਸਾ ਮਨਸਾ ਪੂਰ ਵਖਾਈਆ । ਗੁਰਮੁਖ ਆਸਾ ਕਹੇ ਮੈਂ ਦਰ ਤੇਰੇ ਜਾਵਾਂ ਝੁਕ, ਨਿਉਂ ਨਿਉਂ ਲਾਗਾਂ

ਪਾਈਆ । ਹੇ ਪ੍ਰਭੂ ਮੇਰਾ ਪੈਂਡਾ ਅਗਲਾ ਜਾਏ ਮੁੱਕ, ਪੰਧ ਵਿਚ ਨਾ ਕੋਇ ਭੁਆਈਆ । ਤੇਰਾ ਦਰਸ ਕਰਾਂ ਸਨਮੁਖ, ਆਪਣੀ ਕਰਵਟ ਲਏਂ ਬਦਲਾਈਆ । ਜਨਮ ਕਰਮ ਦਾ ਰਹੇ ਕੋਇ ਨਾ ਦੁੱਖ, ਸੁਖ ਸਾਗਰ ਰੂਪ ਸਮਾਈਆ । ਫੜ ਬਾਹੋਂ ਲੈਣਾ ਚੁੱਕ ਕੋਝੇ ਕਮਲੇ ਗਲੇ ਲਗਾਈਆ । ਭਗਤ ਸੁਹੇਲੇ ਤੇਰੇ ਸੁਤ, ਪੁੱਤ ਅਪਰਾਧੀ ਪਾਰ ਲੰਘਾਈਆ । ਕਿਉਂ ਠਾਕਰ ਸਾਹਿਬ ਬੈਠਾ ਲੁਕ, ਪੜਦਾ ਆਪਣਾ ਦੇ ਉਠਾਈਆ । ਮੈਂ ਆਸਾ ਨਿਮਾਣੀ ਤੈਥੋਂ ਰਹੀ ਪੁਛ, ਗਲ ਪਲੂ ਇਕੋ ਪਾਈਆ । ਕਿਸ ਬਿਧ ਮੇਰੇ ਨਾਲ ਗਿਉਂ ਰੁਸ, ਰੁਠਿਆਂ ਨਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੁਰਮੁਖ ਆਸਾ ਕਹੇ ਖੋਲ੍ਹ ਆਪਣਾ ਪੜਦਾ, ਕਿਉਂ ਬੈਠਾ ਮੁਖ ਛੁਪਾਈਆ । ਮੈਂ ਭਿਖਾਰੀ ਤੇਰੇ ਦਰ ਦਾ, ਦਰਵੇਸ਼ ਹੋ ਕੇ ਅਲਖ ਜਗਾਈਆ । ਤੂੰ ਮਾਲਕ ਮੇਰੇ ਘਰ ਦਾ, ਘਰ ਘਰ ਵਿਚ ਡੇਰਾ ਲਾਈਆ । ਮੈਂ ਤੇਰਾ ਨਾਉਂ ਪੜ੍ਹਦਾ, ਇਕੋ ਰਾਗ ਅਲਾਈਆ । ਬਿਰਹੋਂ ਵਿਛੋੜੇ ਅੰਦਰ ਸੜਦਾ, ਅਗਨੀ ਤਤ ਨਾ ਕੋਇ ਤਪਾਈਆ । ਨਿਤ ਨਿਤ ਏਹੋ ਮੰਗ ਮੰਗਦਾ, ਪ੍ਰਭ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਲੇਖਾ ਦੇਣਾ ਚੁਕਾਈਆ । ਗੁਰਮੁਖ ਆਸਾ ਕਹੇ ਮੈਂ ਖੋਲ੍ਹਾਂ ਅੱਖ, ਨੇਤਰ ਅੱਖ ਉਠਾਈਆ । ਜਿਧਰ ਵੇਖਾਂ ਪ੍ਰਭ ਨਜ਼ਰੀ ਆਵੇਂ ਪ੍ਰਤਖ, ਚਾਰ ਕੁੰਟ ਇਕੋ ਰੰਗ ਰੰਗਾਈਆ । ਮੈਂ ਸਖ਼ੀ ਸਹੇਲੀਆਂ ਦੇਵਾਂ ਦੱਸ, ਗੁਰਮੁਖਾਂ ਆਸ ਜਣਾਈਆ । ਵੇਖੋ ਮੇਰਾ ਸਾਹਿਬ ਸਮਰਥ, ਜੋ ਦਾਤਾ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਨਿਥਾਵਿਆਂ ਦਿੰਦਾ ਹਕ, ਵਸਤ ਅਮੋਲਕ ਧੁਰ ਦੀ ਝੋਲੀ ਪਾਈਆ । ਆਤਮ ਪਰਮਾਤਮ ਜੋੜਦਾ ਨਤ, ਨਾਤਾ ਧੁਰ ਦਾ ਆਪ ਬਣਾਈਆ । ਹਿਰਦੇ ਅੰਦਰ ਨਿਰਗੁਣ ਹੋ ਕੇ ਜਾਏ ਵਸ, ਸਰਗੁਣ ਲੇਖਾ ਦਏ ਮੁਕਾਈਆ । ਅੰਮ੍ਰਿਤ ਆਤਮ ਨਿਜਰ ਦੇਵੇ ਰਸ, ਬਿਨ ਰਸਨਾ ਆਪ ਚਖਾਈਆ । ਤੀਰ

ਅਣਿਆਲਾ ਮਾਰੇ ਕਸ, ਤਿੱਖੀ ਮੁਖੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰ ਗੁਸਾਈਆ । ਗੁਰਮੁਖ ਆਸਾ ਕਹੇ ਪ੍ਰਭ ਸਾਹਿਬ ਸਵਾਮੀ, ਤੇਰੀ ਇਕ ਸਰਨਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਤੇਰੇ ਨਾਮ ਦੀ ਪੜ੍ਹਾਂ ਬਾਣੀ, ਧੁਰ ਦਾ ਰਾਗ ਅਲਾਈਆ । ਮਹੱਲ ਅਟਲ ਵਖੌਣੀ ਸਚ ਨਿਸ਼ਾਨੀ, ਜਿਸ ਘਰ ਬੈਠਾ ਡੇਰਾ ਲਾਈਆ । ਤੇਰਾ ਜਲਵਾ ਤੱਕਾਂ ਜੋਤ ਨੁਰਾਨੀ, ਅਰਸ਼ ਕੁਰਸ਼ ਕਰੇ ਰੁਸ਼ਨਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨੀ, ਜਗਤ ਜਗਦੀਸ਼ ਤੇਰੀ ਵਡਿਆਈਆ । ਤੇਰਾ ਵੇਖਾਂ ਪਦ ਨਿਰਬਾਨੀ, ਨਿਰਵੈਰ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਬਹਾਈਆ । ਗੁਰਮੁਖ ਆਸਾ ਕਹੇ ਮੈਂ ਤੇਰੀ ਬਰਦੀ, ਬੰਦੀਖ਼ਾਨਾ ਦੇ ਤੁੜਾਈਆ । ਸੇਵਾ ਕਰਾਂ ਸਾਚੇ ਦਰ ਦੀ, ਦਰਦੀ ਹੋ ਕੇ ਦਰਦ ਵੰਡਾਈਆ । ਲੱਖ ਚੁਰਾਸੀ ਮੇਰੇ ਨਾਲ ਲੜਦੀ, ਝੰਜਟ ਵਿਚ ਜੁਦਾਈਆ । ਮੈਂ ਇਕੋ ਆਸਾ ਰੱਖਦੀ, ਰੱਖਿਆ ਕਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਗੁਰਮੁਖ ਆਸਾ ਕਹੇ ਮੇਰੀ ਮਨਸਾ ਕਰ ਪੂਰ, ਪ੍ਰਭ ਪੂਰ ਰਿਹਾ ਸਰਬ ਠਾਈਆ । ਪੰਧ ਮੁਕਾ ਦੇ ਨੇੜੇ ਦੂਰ, ਦੂਰ ਦੁਰਾਡਾ ਨੇੜੇ ਨਜ਼ਰੀ ਆਈਆ । ਜਦ ਵੇਖਾਂ ਤਾਂ ਹਾਜ਼ਰ ਹਜ਼ੂਰ, ਸਨਮੁਖ ਨਜ਼ਰੀ ਆਈਆ । ਤੇਰੇ ਚਰਨ ਕਵਲ ਲਾਵਾਂ ਧੂੜ, ਮਸਤਕ ਟਿੱਕਾ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਦੇ ਮਤ ਸੁਮਤ ਆਪ ਸਮਝਾਈਆ । ਆਪਣਾ ਜੋਤੀ ਦੇ ਦੇ ਨੂਰ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਤੂੰ ਦਾਤਾ ਜੋਧਾ ਵੱਡਾ ਸੂਰ, ਬੀਰਤਾ ਤੇਰੀ ਨਜ਼ਰੀ ਆਈਆ । ਜਨਮ ਜਨਮ ਦੇ ਮੇਰੇ ਬਖ਼ਸ਼ ਦੇ ਕਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਤੇਰੇ ਦਰ ਹੋਵਾਂ ਮਸ਼ਕੂਰ, ਮੇਰੀ ਮੁਸ਼ਕਲ ਹਲ ਕਰਾਈਆ । ਮੇਰਾ ਮਾਣ ਨਾ ਰਹੇ ਗ਼ਰੂਰ, ਗ਼ੁਰਬਤ ਦੇ ਕਢਾਈਆ । ਤੇਰੇ ਦਰ ਦੀ ਬਣਾਂ ਮਜ਼ਦੂਰ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਕਰਾਈਆ । ਗੁਰਮੁਖ ਆਸਾ ਕਹੇ ਮੇਰੀ ਆਸਾ ਭਰਦੇ, ਭਾਉ ਭਗਤੀ ਆਪਣੀ ਇਕ ਦ੍ਰਿੜ੍ਹਾਈਆ । ਅਸੀਂ ਸੇਵਕ ਬਣੀਏ ਤੇਰੇ ਦਰ ਦੇ, ਧੁਰ ਦੀ ਸੇਵ ਕਮਾਈਆ । ਮਾਲਕ ਬਣੀਏ ਓਸ ਘਰ ਦੇ, ਜਿਸ ਘਰ ਵਿਚੋਂ ਤੇਰੀ ਨਾ ਹੋਏ ਜੁਦਾਈਆ । ਏਸੇ ਕਾਰਨ ਗੁਰਸਿਖ ਗੁਰ ਸਤਿਗੁਰ ਦਾ ਪੱਲੂ ਫੜਦੇ, ਦੋ ਜਹਾਨਾਂ ਅਧਵਿਚਕਾਰ ਨਾ ਕੋਇ ਅਟਕਾਈਆ । ਨਾ ਜੀਂਦੇ ਨਾ ਮਰਦੇ, ਮਰਿਆਂ ਪਿਛੋਂ ਆਪਣਾ ਜਨਮ ਸਤਿਗੁਰ ਝੋਲੀ ਪਾਈਆ । ਏਸੇ ਕਾਰਨ ਪ੍ਰੇਮ ਪ੍ਰੀਤੀ ਅੰਦਰ ਸੇਵਾ ਕਰਦੇ, ਸੇਵਕ ਹੋ ਕੇ ਸੇਵਾ ਵਿਚ ਸਮਾਈਆ । ਕਿਰਪਾ ਨਿਧਾਨ ਠਾਕਰ ਸਤਿਗੁਰ ਸਵਾਮੀ ਹੋ ਕੇ ਕਿਰਪਾ ਕਰ ਦੇ, ਕਿਰਪਨ ਆਪਣੇ ਗਲੇ ਲਗਾਈਆ । ਜੁਗ ਚੌਕੜੀ ਜੋ ਵਿਛੜੇ ਚਿਰ ਦੇ, ਚਿਰੀ ਵਿਛੁਨਿਆਂ ਲੈ ਮਿਲਾਈਆ । ਏਹੋ ਖੇਲ ਅਗੰਮੀ ਪਿਰ ਦੇ, ਜੋ ਪ੍ਰੀਤਮ ਹੋ ਕੇ ਦਇਆ ਕਮਾਈਆ । ਮਹੱਲ ਅਟਲ ਵੇਖੀਏ ਤੇਰੇ ਥਿਰ ਘਰ ਦੇ, ਜਿਸ ਗ੍ਰਿਹ ਸ਼ਬਦੀ ਸ਼ਬਦ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਾਚਾ ਵਰ, ਗੁਰਮੁਖ ਆਸਾ ਲੈ ਜਾ ਆਪਣੇ ਘਰ, ਜਿਸ ਘਰ ਵਿਚ ਘਰ ਦਾ ਮਾਲਕ ਇਕੋ ਨਜ਼ਰੀ ਆਈਆ ।

## ੨੦ ਮੱਘਰ ੨੦੨੧ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹ ਰਾਜੇਆਣਾ

ਗੁਰਮੁਖ ਆਸਾ ਕਹੇ ਮੇਰੀ ਇਕ ਉਮੰਗ, ਸਾਹਿਬ ਸਤਿਗੁਰ ਸਚ ਸਰਨਾਈਆ । ਅੰਤਰ ਆਤਮ ਦੇ ਅਨੰਦ, ਨਿਜਾਨੰਦ ਰਸ ਵਖਾਈਆ । ਘਰ ਪਰਕਾਸ਼ ਕਰ ਚੰਦ, ਜੋਤੀ ਜੋਤ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਇਕੋ ਛੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਨਮ ਕਰਮ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਜੋੜ ਜੁੜਾਈਆ । ਦੂਈ ਦਵੈਤੀ ਢਾਹ ਭਰਮਾਂ ਕੰਧ, ਭਾਂਡਾ ਭਰਮ ਭਉ ਭੰਨਾਈਆ । ਦੀਨ ਦਿਆਲ ਠਾਕਰ ਸਵਾਮੀ ਬਖ਼ਸ਼ੰਦ, ਬਖ਼ਸ਼ਿਸ਼ ਤੇਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰਸਿਖ ਇਛਿਆ ਕਹੇ ਪ੍ਰਭ ਮਿਲੇ ਸੱਜਣ ਮੀਤ, ਦੂਜੀ ਓਟ ਨਾ ਕੋਇ ਰਖਾਈਆ । ਕਾਇਆ ਮਾਟੀ ਕਰੇ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਲਹਿਣਾ ਦੇਣਾ ਚੁਕਾਏ ਊਚ ਨੀਚ, ਜ਼ਾਤ ਪਾਤ ਵਰਨ ਬਰਨ ਰਹਿਣ ਕੋਇ ਨਾ ਪਾਈਆ । ਧਾਮ ਅਵੱਲੜਾ ਵਖਾਏ ਇਕ ਅਨਡੀਠ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਢੋਲਾ ਸੋਹਲਾ ਗਾਏ ਇਕੋ ਗੀਤ, ਗੀਤ ਗੋਬਿੰਦ ਇਕ ਸੁਣਾਈਆ । ਲਹਿਣਾ ਦੇਣਾ ਲੇਖਾ ਚੁੱਕੇ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਆਸਾ ਕਹੇ ਮੇਰੇ ਗੋਬਿੰਦ, ਤੇਰੀ ਚਰਨ ਸੱਚੀ ਸਰਨਾਈਆ । ਤੂੰ ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗਵਰ ਤੇਰੀ ਵਡਿਆਈਆ । ਤੂੰ ਸਾਗਰ ਡੂੰਘਾ ਅਗੰਮਾ ਸਿੰਧ, ਭਵਰ ਵਿਚ ਰਖੇਂ ਸਰਬ ਲੋਕਾਈਆ । ਦਰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਸੁਰਪਤ ਇੰਦ, ਦਰ ਦਵਾਰੇ ਅਲਖ ਜਗਾਈਆ । ਸੰਤ ਸੁਹੇਲੇ ਭਗਤ ਭਗਵਾਨ ਸ਼ਬਦ ਅਨਾਦੀ ਸ਼ਬਦੀ ਬਿੰਦ, ਪਾਰਬ੍ਰਹਮ ਪਤਿਪਰਮੇਸ਼ਵਰ ਸਭ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈਣਾ ਮਿਲਾਈਆ । ਗੁਰਮੁਖ ਆਸਾ ਕਹੇ ਮੈਂ ਪ੍ਰੇਮ ਪਿਆਰ ਭੁੱਖੀ, ਤ੍ਰਿਸਨਾ ਅਗਨ ਨਾ ਕੋਇ ਬੁਝਾਈਆ । ਜੁਗ ਚੌਕੜੀ ਵਸਦੀ ਰਹੀ ਘਰ ਮਨੁੱਖੀਂ, ਮਾਨਸ ਮਨੁੱਸ਼ ਅੰਦਰ ਡੇਰਾ ਲਾਈਆ । ਕਲਜੁਗ ਅੰਤਮ ਸਦੀ ਵੀਹਵੀਂ ਸਾਰੇ ਵੇਖੇ ਦੁਖੀ, ਸੁਖ ਸਾਗਰ ਰੂਪ ਤੇਰੇ ਨਾਮ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਸਰਨਾਈਆ । ਗੁਰਮੁਖ ਆਸਾ ਕਹੇ ਪ੍ਰਭ ਆ ਵਸ ਖੇੜੇ, ਸਾਢੇ ਤਿੰਨ ਹੱਥ ਦੇ ਵਡਿਆਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਚੁੱਕਣ ਝੇੜੇ, ਝਗੜਾ ਮਨ ਨਾ ਕੋਇ ਕਰਾਈਆ । ਦੂਰ ਦੁਰਾਡੇ ਸਚ ਸਵਾਮੀ ਘਰ ਮੰਦਰ ਵਸ ਨੇੜੇ, ਬਣ ਕੇ ਪਾਂਧੀ ਪੰਧ ਮੁਕਾਈਆ । ਗ੍ਰਿਹਿ ਹੋਵਣ ਚਾਉ ਘਨੇਰੇ, ਘਰ ਵੱਜੇ ਸਚ ਵਧਾਈਆ । ਢੋਲੇ ਗਾਈਏ ਮਿਲ ਕੇ ਤੇਰੇ ਮੇਰੇ, ਧੁਰ ਦਾ ਰਾਗ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰਮੁਖ ਤੇਰਾ ਰਾਹ ਤਕਾਈਆ । ਗੁਰਮੁਖ ਆਸਾ ਕਹੇ ਮੈਂ ਲਾਵਾਂ ਮਸਤਕ ਧੂੜੀ, ਟਿੱਕਾ ਖ਼ਾਕ ਰਮਾਈਆ । ਰੰਗਣ ਚੜ੍ਹੇ ਇਕੋ ਗੂੜ੍ਹੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜਲਵਾ ਮਿਲੇ ਇਕੋ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਸ਼ਬਦ ਨਾਦ ਸੁਣੇ ਸਚ ਤੂਰੀ, ਤੁਰੀਆ ਬੈਠੇ ਮੁਖ ਛੁਪਾਈਆ । ਮੇਰੀ ਆਸਾ ਮਨਸਾ ਹੋਵੇ ਪੂਰੀ, ਮਨ ਹੀ ਮਾਹੀਂ ਪ੍ਰਭ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕੋ ਦੇਣਾ ਸਾਚਾ ਵਰ, ਸਦ ਤੇਰੇ ਨਾਮ ਦੀ ਵੱਜੇ ਇਕ ਵਧਾਈਆ । ਗੁਰਮੁਖ ਆਸਾ ਕਹੇ ਮੈਂ ਕਰਾਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਮੰਦਰ ਸੋਹੇ ਇਕ ਦਵਾਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਦੀਆ ਬਾਤੀ ਇਕੋ ਹੋਏ ਉਜਿਆਰ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਮਿਲੇ ਠੰਡਾ ਠਾਰ, ਅਠਸਠ ਤੀਰਥ ਨਹਾਵਣ ਕੋਇ ਨਾ ਜਾਈਆ । ਦਿਵਸ ਰੈਣ ਘੜੀ ਪਲ ਅੱਠੇ ਪਹਿਰ ਹੋਵੇ ਤੇਰੀ ਗੁਫ਼ਤਾਰ, ਅਲਫ਼ ਯੇ ਕਰਾਂ ਨਾ ਕੋਇ ਪੜ੍ਹਾਈਆ । ਤੂੰ ਸਾਹਿਬ ਸੱਜਣ ਘਰ ਮਿਲੇਂ ਮੀਤ ਮੁਰਾਰ, ਨਿਤ ਨਵਿਤ ਨਿਜ ਨੇਤਰ ਦਰਸਨ ਪਾਈਆ । ਖੋਜਤ ਖੋਜਤ ਵੇਖਿਆ ਸਰਬ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਨੇਤਰ ਰੋਵੇ ਮਾਰੇ ਧਾਈਆ । ਸਾਚੀ ਮੰਜ਼ਲ ਚੜ੍ਹ ਕੇ ਕੋਈ ਤੇਰਾ ਦਰਸ ਨਾ ਪਾਵੇ ਸ਼ੁਮਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜਾਗਰਤ ਜੋਤ ਕਰੇ ਨਾ ਕੋਇ ਰੁਸ਼ਨਾਈਆ । ਆਸਾ ਤ੍ਰਿਸ਼ਨਾ ਮਾਇਆ ਮਮਤਾ ਮੇਟੇ ਨਾ ਵਿਚ ਜਹਾਨ, ਹਉਮੇ ਰੋਗ ਨਾ ਕੋਇ ਗਵਾਈਆ । ਸਾਚੀ ਸਖ਼ੀ ਸੁਰਤ ਸਵਾਣੀ ਮਿਲੇ ਨਾ ਧੁਰ ਦਾ ਕਾਹਨ, ਬੰਸਰੀ ਨਾਮ ਨਾ ਕੋਇ ਸੁਣਾਈਆ । ਸਚ ਸਿੰਘਾਸਣ ਮਿਲੇ ਨਾ ਕੋਇ ਬਿਸਰਾਮ, ਕੋਟਨ ਕੋਟ ਆਸਣ ਜਪੀ ਸਤੀ ਤਪੀ ਹਠੀ ਕਲਜੁਗ ਸੰਤ ਰਹੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰਮੁਖ ਆਸਾ ਰਹੀ ਕੁਰਲਾਈਆ । ਗੁਰਮੁਖ ਆਸਾ ਮਾਰੇ ਕੂਕ, ਉਚੀ ਉਚੀ ਕੂਕ ਸੁਣਾਈਆ । ਕਲਜੁਗ ਮਾਇਆ ਤ੍ਰੈਗੁਣ ਅਗਨੀ ਰਹੀ ਫੂਕ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਨਿਵਾਸੀ ਕਿਹੜੀ ਕੂਟੇ ਸੁੱਤੋਂ ਘੂਕ, ਸਦੀ ਵੀਹਵੀਂ ਅਜੇ ਨਾ ਲਈ ਅੰਗੜਾਈਆ ।



ਚਾਰ ਕੁੰਟ ਦਹਿ ਦਿਸ਼ਾ ਤੇਰਾ ਲੱਭਦੇ ਸਾਰੇ ਰੰਗ ਰੂਪ, ਰੇਖ ਭੇਖ ਸਮਝ ਕੋਇ ਨਾ ਪਾਈਆ । ਸਤਿ ਸਵਾਮੀ ਅੰਤਰਜਾਮੀ ਜਨ ਭਗਤਾਂ ਆਪਣਾ ਦੇ ਸਬੂਤ, ਸਾਖਿਆਤ ਸਵੱਛ ਸਰੂਪੀ ਨਜ਼ਰੀ ਆਈਆ । ਭਾਗ ਲਗਾ ਸਾਢੇ ਤਿੰਨ ਹੱਥ ਕਾਇਆ ਤਤ ਕਲਬੂਤ, ਨਿਹਕਰਮੀ ਆਪਣਾ ਕਰਮ ਕਮਾਈਆ । ਤੇਰਾ ਮਹੱਲ ਅਟਲ ਅਰਸ਼ ਫ਼ਰਸ਼ ਉਚ ਅਰੂਜ, ਆਲੀਸ਼ਾਨ ਤੇਰਾ ਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਦੇ ਆਪਣੀ ਮਕਸੂਦ, ਮਸਲਾ ਸਭ ਦਾ ਹਲ ਕਰਾਈਆ । ਜਨ ਭਗਤ ਆਸਾ ਰਹੀ ਰੋ, ਬਿਨ ਅੱਖਾਂ ਨੀਰ ਵਹਾਈਆ । ਆਤਮ ਪਰਮਾਤਮ ਕਿਉਂ ਤੋੜਿਆ ਮੋਹ, ਮੁਹੱਬਤ ਗਿਆ ਛੁਡਾਈਆ । ਸਚ ਵਸਤ ਨਾਮ ਪਦਾਰਥ ਕਿਉਂ ਲਈ ਖੋਹ, ਖ਼ਾਲੀ ਭਾਂਡੇ ਦਿਤੇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਕਿਸੇ ਨਾ ਮਿਲਦੀ ਢੋਈ ਢੋਅ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤ ਸਦੀ ਚੌਧਵੀਂ ਸਭ ਨਾਲ ਕੀਤਾ ਧਰੋ, ਦਰੋਹੀ ਦਰੋਹੀ ਕਰੇ ਸਰਬ ਖ਼ੁਦਾਈਆ । ਗੁਰ ਚੇਲੇ ਰਿਹਾ ਨਾ ਕੋਈ ਮੋਹ, ਮੁਰੀਦ ਮੁਰਸ਼ਦ ਸੰਗ ਨਾ ਕੋਇ ਨਿਭਾਈਆ । ਘਰ ਸਾਚੇ ਸਚ ਪਰਕਾਸ਼ ਨਾ ਦਿਸੇ ਲੋਅ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਗੁਰਮੁਖ ਆਸਾ ਤੇਰੀ ਆਸ ਰਖਾਈਆ । ਗੁਰਮੁਖ ਆਸਾ ਕਹੇ ਪੁਕਾਰ, ਪੁਨਹ ਪੁਨਹ ਸੀਸ ਸੀਸ ਨਿਵਾਈਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਤੂੰ ਨੂਰ ਨੁਰਾਨਾ ਮੁਕਾਮੇ ਹਕ ਪਰਵਰਦਿਗਾਰ, ਲਾਸ਼ਰੀਕ ਤੇਰੀ ਬੇਪਰਵਾਹੀਆ । ਸੁਤ ਦੁਲਾਰਾ ਸ਼ਬਦੀ ਇਕ ਉਠਾਲ, ਦੀਨ ਦਿਆਲ ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਸੱਜਣ ਲੈ ਭਾਲ, ਲੱਖ ਚੁਰਾਸੀ

ਖੋਜ ਖੁਜਾਈਆ । ਗੁਰਮੁਖ ਗਲੇ ਲਗਾਵੇ ਤੇਰੇ ਲਾਲ, ਲਾਲਨ ਆਪਣਾ ਰਸ ਵਖਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਅੰਮ੍ਰਿਤ ਆਤਮ ਧੁਰ ਦਾ ਜਾਮ ਦਏ ਪਿਆਲ, ਰਸ ਮਿੱਠਾ ਇਕ ਚਖਾਈਆ । ਆ ਕੇ ਪੁੱਛੇ ਮੁਰਸ਼ਦ ਮੁਰੀਦਾਂ ਹਾਲ, ਬੇਪਰਵਾਹ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋਈ ਬੇਹਾਲ, ਗ੍ਰਿਹਸਤੀ ਧੀਰ ਨਾ ਕੋਇ ਰਖਾਈਆ । ਸਵਰਗ ਬਹਿਸ਼ਤੀ ਹੋਏ ਹਾਹਾਕਾਰ, ਨਰਕ ਦੋਜ਼ਖ਼ ਦੋਵੇਂ ਦੇਣ ਦੁਹਾਈਆ । ਲੋਕ ਪਰਲੋਕ ਕਰੇ ਨਾ ਕੋਇ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਗੁਰਮੁਖ ਆਸਾ ਕਹੇ ਤੇਰੇ ਦਰ ਭਿਖਾਰੀ, ਮਿਹਰਵਾਨ ਮੰਗ ਮੰਗਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਜੋਤ ਨੂਰ ਉਜਿਆਰੀ, ਅਕਲ ਕਲ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਦੇ ਬਣਦੇ ਰਹੇ ਪਨਿਹਾਰੀ, ਬਣ ਸੇਵਕ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮੇ ਅੰਦਰ ਆਉਂਦੇ ਰਹੇ ਵਾਰੋ ਵਾਰੀ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦ ਅਗੰਮੀ ਬੋਲ ਜੈਕਾਰੀ, ਜੈ ਜੈਕਾਰ ਜਗਤ ਸੁਣਾਈਆ । ਕੋਟਨ ਕੋਟ ਸਿਫ਼ਤੀ ਨਾਮ ਉਚਾਰੀ, ਸਾਹਿਬ ਸਚ ਗਏ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਰੇ ਕਹਿ ਕੇ ਗਏ ਤੇਰੀ ਇਕੋ ਵਾਰੀ, ਵਾਰਤਾ ਆਪਣੀ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਗੁਰਮੁਖ ਆਸਾ ਕਹੇ ਪ੍ਰਭ ਖੋਲ੍ਹ ਦੇ ਪੜਦਾ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਭੇਵ ਖੁਲ੍ਹਾ ਦੇ ਆਪਣੇ ਘਰ ਦਾ, ਘਰ ਘਰ ਵਿਚ ਵੱਜੇ ਵਧਾਈਆ । ਮੇਰਾ ਲੇਖਾ ਮੁਕੇ ਭਉ ਡਰ ਦਾ, ਭੈ ਭਿਆਨਕ ਰਹਿਣ ਕੋਇ ਨਾ ਪਾਈਆ । ਏਸੇ ਕਾਰਨ ਸ੍ਰੀ ਭਗਵਾਨ ਭਗਤ ਜਨ ਤੇਰਾ ਪੱਲੂ ਫੜਦਾ, ਦੂਜਾ ਨਾਤਾ ਨਾ ਕੋਇ ਜੁੜਾਈਆ । ਬਿਨ ਪੌੜੀ ਮੰਜ਼ਲ ਤੇਰੀ ਚੜ੍ਹਦਾ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਜ ਨੇਤਰ ਲੋਚਣ ਨੈਣ ਸਚ ਸਵਾਮੀ ਤੇਰਾ ਦਰਸਨ ਕਰਦਾ, ਇਸ਼ਟ ਦੇਵ ਪੁਰਖ ਅਕਾਲ ਇਕੋ ਇਕ ਮਨਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਚਖੰਡ ਦਾ, ਸਚ ਦਵਾਰੇ ਬੈਠਾ ਸੋਭਾ ਪਾਈਆ । ਤੇਰਾ ਗੁਰਮੁਖ ਤੇਰਾ ਭਗਤ ਦਰ ਇਕੋ ਵਸਤ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਭੁੱਖਾ ਪਿਆਸਾ ਤੇਰੇ ਸਗਲੇ ਸੰਗ ਦਾ, ਧੁਰ ਦਾ ਸੰਗੀ ਬਣ ਕੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰਮੁਖ ਤੇਰਾ ਮੇਲ ਮਿਲਾਈਆ । ਗੁਰਮੁਖ ਆਸਾ ਕਹੇ ਮੇਰੀ ਬੰਦਨਾ, ਸੀਸ ਜਗਦੀਸ ਝੁਕਾਈਆ । ਕਿਰਪਾ ਨਿਧਾਨ ਸਵਾਮੀ ਲਾਵੇ ਆਪਣੇ ਅੰਗਣਾ, ਅੰਗੀਕਾਰ ਇਕ ਹੋ ਜਾਈਆ । ਸਚ ਦਵਾਰੇ ਚਾੜ੍ਹ ਅਗੰਮੀ ਰੰਗਣਾ, ਜਿਸ ਨੂੰ ਜਗਤ ਲਲਾਰੀ ਸਮਝ ਸਕੇ ਨਾ ਰਾਈਆ । ਸਤਿ ਦਵਾਰ ਤੇਰਾ ਇਕੋ ਲੰਘਣਾ, ਸਤਿ ਸਤਿਵਾਦੀ ਪਿਛਲਾ ਪੰਧ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਗੁਰਮੁਖ ਆਸਾ ਕਹੇ ਮੇਰਾ ਵੇਖ ਅੰਤ, ਅੰਤਰ ਧਿਆਨ ਲਗਾਈਆ । ਤੁਧ ਬਿਨ ਦੂਜਾ ਕੋਈ ਨਾ ਕੰਤ, ਲੋਕਮਾਤ ਹੰਢਾਈਆ । ਤੇਰਾ ਪ੍ਰੇਮ ਪਿਆਰ ਦਾ ਢੋਲਾ ਮੰਤ, ਇਕੋ ਨਾਮ ਧਿਆਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਗਿਆ ਸਮਾਈਆ । ਤੂੰ ਬੋਧ ਅਗਾਧਾ ਪੰਡਤ, ਨਿਰਅੱਖਰ ਦੇ ਜਣਾਈਆ । ਲੇਖਾ ਚੁਕ ਜਾਏ ਜੇਰਜ ਅੰਡਜ, ਉਤਭੁਜ ਸੇਤਜ ਰਹਿਣ ਨਾ ਪਾਈਆ ।


੧੧੨੫
੧੭

ਨਾਤਾ ਤੁਟ ਜਾਏ ਸਾਕ ਸੱਜਣ ਸੈਣ ਬੰਧਪ, ਮਾਤ ਪਿਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਦੇਣਾ ਵਖਾਈਆ । ਗੁਰਮੁਖ ਆਸਾ ਕਹੇ ਲੈ ਚਲ ਸਾਥ, ਸਾਥੀ ਇਕੋ ਨਜ਼ਰੀਂ ਆਈਆ । ਕਿਰਪਾ ਕਰ ਪੁਰਖ ਸਮਰਾਥ, ਸੀਸ ਜਗਦੀਸ ਇਕੋ ਵਾਰ ਝੁਕਾਈਆ । ਜੁਗ ਜਨਮ ਦੀ ਵਿਛੜੀ ਪੂਰੀ ਕਰ ਦੇ ਆਸ, ਤ੍ਰਿਸਨਾ ਦੇ ਬੁਝਾਈਆ । ਤੇਰਾ ਖ਼ਾਲਸ ਖ਼ਾਲਸਾ ਰੂਪ ਤੂੰ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਇਕੋ ਤੇਰੇ ਨਾਲ ਜੁੜਿਆ ਨਾਤ, ਆਤਮ ਪਰਮਾਤਮ ਰੰਗ ਵਖਾਈਆ । ਲੇਖਾ ਮੁਕ ਜਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਈਆ । ਤੇਰਾ ਅਗੰਮ ਅਥਾਹ ਬੇਪਰਵਾਹ ਵੇਖਾਂ ਖੇਲ ਤਮਾਸ਼, ਜੋਤੀ ਜਾਤੇ ਪੁਰਖ ਬਿਧਾਤੇ ਅੰਤਮ ਤੇਰੇ ਵਿਚ ਸਮਾਈਆ । ਮੇਰੀ ਅਰਜ਼ੋਈ ਨਿੱਕੀ ਜਿਹੀ ਬਾਤ, ਬਹੁਤੀ ਗਾਥਾ ਨਾ ਕੋਇ ਸੁਣਾਈਆ । ਜਨ ਭਗਤਾਂ ਮਿਲੇ ਸਚ ਜਮਾਤ, ਜਿਥੇ ਲੇਖਾ ਲਿਖੇਂ ਬਿਨ ਕਲਮ ਦਵਾਤ, ਸ਼ਾਹੀ ਕਾਗ਼ਜ਼ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਘਰ, ਗੁਰਮੁਖ ਆਸਾ ਵਸੇ ਚਾਈਂ ਚਾਈਂਆ । ਗੁਰਮੁਖ ਆਸਾ ਕਹੇ ਮੇਰਾ ਕਰ ਵਸੇਰਾ, ਸਾਚੇ ਘਰ ਮਿਲੇ ਵਡਿਆਈਆ । ਨਿਤ ਸਵਾਮੀ ਦਿਸੇ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਜਣਾਈਆ । ਦਿਵਸ ਰੈਣ ਰਹੇ ਚਾਓ ਘਨੇਰਾ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਨਿਤ ਢੋਲਾ ਗਾਵਾਂ ਤੇਰਾ ਮੇਰਾ, ਸੋਹੰ ਸਚ ਪੜ੍ਹਾਈਆ । ਤੇਰੇ ਕੰਧ ਮੇਰਾ ਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਲੈਣਾ ਟਿਕਾਈਆ । ਗੁਰਮੁਖ ਆਸਾ ਕਹੇ ਮੇਰਾ ਕਰ ਦੇ ਵਾਸ, ਵਾਸਤਾ ਆਪਣੇ ਨਾਲ ਜਣਾਈਆ । ਤੂੰ ਸਾਹਿਬ ਸਵਾਮੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਸਦਾ ਸਦਾ ਸਦ ਰਹਾਂ ਚਰਨ ਦਾਸ, ਚਾਕਰ ਰੂਪ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਮਿਲਣ ਦੀ ਇਕੋ ਖ਼ਾਹਿਸ਼, ਬਾਕੀ ਸਵਾਸ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਦੇ ਅਗੰਮੀ ਦਾਤ, ਕਲਜੁਗ ਅੰਧੇਰੀ ਰਾਤ ਦੇ ਮਿਟਾਈਆ ।

## ੨੦ ਮੱਘਰ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹ ਮੋਗਾ

ਗੁਰਮੁਖ ਆਸਾ ਕਹੇ ਪ੍ਰਭ ਬਖ਼ਸ਼ ਧਾਮ ਅਨਡੀਠ, ਧੁਰ ਦਰਬਾਰਾ ਇਕ ਦਰਸਾਈਆ । ਅੰਤਰ ਆਤਮ ਬਦਲ ਦੇ ਰੀਤ , ਮਿਹਰਵਾਨ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਦੱਸ ਸਚ ਪ੍ਰੀਤ, ਨਾਤਾ ਧੁਰ ਦਾ ਆਪ ਜੁੜਾਈਆ । ਤੇਰੇ ਨਾਮ ਦਾ ਸੁਣਾਂ ਇਕੋ ਗੀਤ, ਨਾਦ ਧੁਨ ਇਕ ਸ਼ਨਵਾਈਆ । ਲੇਖਾ ਮੁਕ ਜਾਏ ਹਸਤ ਕੀਟ, ਊਚ ਨੀਚ ਨਜ਼ਰ ਕੋਇ ਨਾ ਆਈਆ । ਤੇਰਾ ਦਵਾਰਾ ਲੰਘ ਕੇ ਵੇਖਾਂ ਦਹਿਲੀਜ਼, ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਅੰਤਰ ਦੇ ਸਮਝਾਈਆ । ਗੁਰਮੁਖ ਆਸਾ ਕਹੇ ਮੋਹੇ ਤੇਰਾ ਸਹਾਰਾ, ਸਚ ਤੇਰੀ ਸਰਨਾਈਆ । ਕਲਜੁਗ ਵੇਖ ਕੂੜ ਕਿਨਾਰਾ, ਨਈਆ ਡੋਲੇ ਰਹੀ ਖਾਈਆ । ਸਾਚਾ ਮਿਲੇ ਨਾ ਵੰਝ ਮੁਹਾਣਾ, ਨਾਮ

ਚੱਪੂ ਨਾ ਕੋਇ ਲਗਾਈਆ । ਸਤਿ ਸਤਿਵਾਦੀ ਰਹੇ ਨਾ ਰਾਜਾ ਰਾਣਾ, ਧੀਰਜ ਧੀਰ ਨਾ ਕੋਇ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਹੋਈ ਪਰਧਾਨਾ, ਮਾਇਆ ਮਮਤਾ ਘਰ ਘਰ ਦਿਸੇ ਹਲਕਾਈਆ । ਗੁਰ ਕਾ ਸ਼ਬਦ ਗਾਏ ਕੋਈ ਨਾ ਗਾਣਾ, ਗਹਿਰ ਗੰਭੀਰ ਬੇਨਜ਼ੀਰ ਤੇਰੀ ਸਰਨ ਨਾ ਕੋਇ ਤਕਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌ ਸੱਤ ਦਿਸੇ ਵੈਰਾਨਾ, ਫੁਲ ਫੁਲਵਾੜੀ ਸਚ ਨਾ ਕੋਇ ਮਹਿਕਾਈਆ । ਸੁਰਤੀ ਸ਼ਬਦ ਕਿਸੇ ਨਾ ਮਿਲੇ ਸਚ ਗਿਆਨਾ, ਰਸਨਾ ਜਿਹਵਾ ਬੱਤੀ ਦੰਦ ਕਰਨ ਸਰਬ ਪੜ੍ਹਾਈਆ । ਮਹੱਲ ਅਟਲ ਤੇਰਾ ਜਾਣੇ ਨਾ ਕੋਇ ਮੁਕਾਮਾ, ਹਕ ਮੁਕਾਮੇ ਆਸਣ ਕੋਇ ਨਾ ਲਾਈਆ । ਨੇਤਰ ਲੋਚਣ ਨੈਣ ਨਿਜ ਦਰਸ ਪਾਏ ਨਾ ਕੋਈ ਸ੍ਰੀ ਭਗਵਾਨਾ, ਸਵੱਛ ਸਰੂਪੀ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਸ੍ਰੀ ਭਗਵਾਨਾ, ਸਾਹਿਬ ਤੇਰੀ ਸਚ ਸਰਨਾਈਆ । ਗੁਰਮੁਖ ਆਸਾ ਕਹੇ ਮੈਂ ਬੁਧ ਬਲਹੀਣ, ਮਨ ਮਤ ਚਲੀ ਨਾ ਕੋਇ ਚਤੁਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਏ ਚੀਨ, ਪੜ੍ਹ ਪੜ੍ਹ ਥੱਕੀ ਤੇਰਾ ਸੰਦੇਸ਼ ਬੇਪਰਵਾਹੀਆ । ਤੇਰਾ ਮਾਰਗ ਡੂੰਘਾ ਮਿਲਿਆ ਨਾ ਕੋਇ ਮਹੀਨ, ਰਹਿਬਰ ਪੰਧ ਨਾ ਕੋਇ ਮੁਕਾਈਆ । ਤੇਰੇ ਦਰ ਸਜਦਾ ਮੇਰਾ ਘਰ ਸਾਚੇ ਕਰ ਤਸਲੀਮ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਗੁਰਸਿਖ ਆਸਾ ਕਹੇ ਮੈਂ ਫਿਰਾਂ ਜੰਗਲ ਜੂਹ, ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਮੇਰਾ ਬਿਨ ਤੇਰੇ ਕੋਈ ਲੇਖ ਨਾ ਮੁਕਾਵੇ ਬੁੱਤ ਰੂਹ, ਅੰਤਸ਼ਕਰਨ ਸਮਝ ਕੋਇ ਨਾ ਪਾਈਆ । ਸ਼ਹਾਦਤ ਦੇਣ ਸਾਢੇ ਤਿੰਨ ਕਰੋੜ ਲੂੰ, ਰੋਮ ਰੋਮ ਰਹੇ ਸੁਣਾਈਆ । ਜਬ ਤੱਕ ਨਜ਼ਰ ਨਾ ਆਏ ਨਿਰਗੁਣ ਹੂਬਹੂ, ਸਾਖਿਆਤ ਆਪਣਾ ਦਰਸ ਦਿਖਾਈਆ । ਲੇਖਾ ਚੁੱਕੇ ਨਾ ਮੈਂ ਤੂੰ, ਤੂੰ ਮੈਂ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਰੰਗ ਰੰਗਾਈਆ । ਗੁਰਮੁਖ ਆਸਾ ਕਹੇ ਤੂੰ ਰੰਗ ਰੰਗੀਲਾ, ਪ੍ਰਭ ਤੇਰੀ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੱਸ ਕੇ ਗਏ ਵਸੀਲਾ, ਵਸਲ ਸਚ ਇਕੋ ਘਰ ਕਰਾਈਆ । ਭਗਤ ਜਨ ਜਨ ਤੇਰਾ ਕਬੀਲਾ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਧੁਰ ਦਾ ਘਰ, ਜਿਸ ਘਰ ਇਕੋ ਨਜ਼ਰੀਂ ਆਈਆ । ਗੁਰਮੁਖ ਆਸਾ ਕਹੇ ਦੱਸ ਆਪਣੀ ਬਿਧ, ਅੰਤਰ ਆਤਮ ਦੇ ਜਣਾਈਆ । ਕਰੇ ਵਸੇਰਾ ਘਰ ਨਿਜ, ਦੂਰ ਦੁਰਾਡਾ ਪੰਧ ਮੁਕਾਈਆ । ਬਿਨ ਕਲਮ ਸ਼ਾਹੀ ਵੇਖਾਂ ਲਿਖ, ਕਾਗ਼ਜ਼ ਲੋੜ ਰਹੇ ਨਾ ਰਾਈਆ । ਜੀਵਨ ਜੁਗਤ ਸਮਝਾ ਭਵਿਖ, ਭੇਵ ਆਪਣਾ ਇਕ ਦਰਸਾਈਆ । ਤੇਰੀ ਸਿਖਿਆ ਸਤਿ ਸਰੂਪ ਬਣਾਏ ਸਿੱਖ, ਕੂੜੀ ਕਿਰਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਸਾ ਤੇਰਾ ਧਿਆਨ ਲਗਾਈਆ । ਗੁਰਮੁਖ ਆਸਾ ਕਰੇ ਧਿਆਨ, ਧਿਆਨ ਤੇਰਾ ਰਾਹ ਤਕਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੇ ਗਿਆਨ, ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਅੱਖਰ ਇਕ ਸਮਝਾਈਆ । ਸਾਚਾ ਮੰਦਰ ਗ੍ਰਿਹ ਵੇਖਾਂ ਉਚ ਮਹੱਲ ਅਟਲ ਮਕਾਨ, ਦੀਵਾ ਬਾਤੀ ਕਮਲਾਪਾਤੀ ਜੋਤੀ ਜੋਤ ਕਰ ਰੁਸ਼ਨਾਈਆ । ਆਪਣਾ ਬ੍ਰਹਮ ਆਪ ਪਛਾਣ, ਪਾਰਬ੍ਰਹਮ ਤੇਰਾ ਵੇਖਾਂ ਖੇਲ ਮਹਾਨ, ਸਚਖੰਡ ਦਵਾਰਾ ਏਕੰਕਾਰਾ ਇਕੋ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਚਰਨ ਕਵਲ ਦੇਣੀ ਸਰਨਾਈਆ । ਗੁਰਮੁਖ ਆਸਾ ਕਹੇ ਮੈਂ ਮੰਜ਼ਲ ਚੜ੍ਹਨਾ,

ਜਨਮ ਜਨਮ ਦਾ ਪੰਧ ਮੁਕਾਈਆ । ਅਬਿਨਾਸ਼ੀ ਕਰਤੇ ਘਰ ਤੇਰੇ ਵੜਨਾ, ਅਧਵਿਚਕਾਰ ਵਿਸ਼ਨ ਬ੍ਰਹਮ ਸ਼ਿਵ ਸਕੇ ਨਾ ਕੋਇ ਅਟਕਾਈਆ । ਸਨਮੁਖ ਹੋ ਕੇ ਤੇਰੇ ਖੜ੍ਹਨਾ, ਸਚ ਸਰੂਪ ਇਕੋ ਨਜ਼ਰੀਂ ਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨਾ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਸੀਸ ਜਗਦੀਸ ਝੁਕੌਣਾ ਤੇਰੇ ਚਰਨਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਗੁਰਮੁਖ ਆਸਾ ਕਹੇ ਤੂੰ ਸਚ ਸਵਾਮੀ, ਸਾਹਿਬ ਇਕੋ ਨਜ਼ਰੀ ਆਈਆ । ਆਦਿ ਜੁਗਾਦੀ ਅੰਤਰਜਾਮੀ, ਲੱਖ ਚੁਰਾਸੀ ਘਟ ਘਟ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਸੰਦੇਸਾ ਸੁਣੌਂਦੇ ਗਏ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲੇ ਰਾਗ ਅਲਾਈਆ । ਨੇਤਰ ਲੋਚਣ ਨੈਣ ਉਹ ਤੱਕਦੇ ਰਹੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਖੇਲ ਖਲਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਾਲੀ ਦੋ ਜਹਾਨੀ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦਰਗਾਹ ਸਾਚੀ ਸੋਭਾ ਪਾਈਆ । ਗੁਰਮੁਖ ਆਸਾ ਤੇਰੇ ਚਰਨ ਕਵਲ ਵਿਟੋਂ ਕੁਰਬਾਨ ਸਦ ਮੰਗੇ ਸਚ ਇਕ ਨਿਸ਼ਾਨੀ, ਧਰਮ ਦਵਾਰਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਈਆ । ਗੁਰਮੁਖ ਆਸਾ ਕਹੇ ਮੈਂ ਵੇਖਾਂ ਤੇਰਾ ਕੋਟ, ਕੋਟੀ ਕੋਟ ਮੰਦਰ ਤਜਾਈਆ । ਜਿਥੇ ਸ਼ਬਦ ਅਗੰਮੀ ਵੱਜੇ ਚੋਟ, ਸੁਰ ਤਾਲ ਸਮਝ ਕਿਸੇ ਨਾ ਆਈਆ । ਸਚ ਪਰਕਾਸ਼ ਇਕੋ ਦੇ ਨਿਰਮਲ ਜੋਤ, ਦੀਵਾ ਬਾਤੀ ਅਵਰ ਨਾ ਕੋਇ ਟਿਕਾਈਆ । ਜਨਮ ਮਰਨ ਆਵਣ ਜਾਵਣ ਰਹੇ ਨਾ ਰੋਗ, ਲੱਖ ਚੁਰਾਸੀ ਨਾ ਕੋਇ ਭੁਆਈਆ । ਆਤਮ ਪਰਮਾਤਮ ਪਰਮ ਪੁਰਖ ਤੇਰੇ ਨਾਲ ਹੋਵੇ ਸੰਜੋਗ, ਧੁਰ ਦਾ ਮੇਲਾ ਲੈਣਾ ਮਿਲਾਈਆ । ਚਰਨਾਂ ਹੇਠ ਦਬਾ ਕੇ ਚੌਦਾਂ ਤਬਕ ਚੌਦਾਂ ਲੋਕ, ਸਾਚਾ ਮੰਦਰ ਦੇਣਾ ਸੁਹਾਈਆ । ਇਕ ਸੁਣੌਣਾ ਸਚ ਸਲੋਕ, ਧੁਰ ਦਾ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣੇ ਵਿਚ ਸਮਾਈਆ । ਗੁਰਮੁਖ ਆਸਾ ਕਹੇ ਤੇਰੇ ਵਿਚ ਸਮੌਣਾ, ਦੂਜੀ ਆਸ ਨਾ ਕੋਇ ਰਖਾਈਆ । ਤੇਰਾ ਨੂਰ ਤੇਰੇ ਵਿਚ ਟਿਕੌਣਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਜ਼ਹੂਰ ਤੇਰੇ ਵਿਚ ਰਖੌਣਾ, ਤੇਰੀ ਵਸਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਦੇ ਸਾਚਾ ਘਰ, ਜਿਸ ਘਰ ਮਿਲਿਆਂ ਵਿਛੜ ਕਦੇ ਨਾ ਜਾਈਆ । ਗੁਰਮੁਖ ਆਸਾ ਕਹੇ ਮੇਰਾ ਹੋਏ ਅੰਤ ਮਿਲਾਪ, ਮਿਲਣੀ ਤੇਰੇ ਨਾਲ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਜਗਜੀਵਣ ਦਾਤੇ ਤੇਰੀ ਸਿਫ਼ਤ ਸਾਲਾਹੀਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਮੈਂ ਆਤਮ ਨਿਮਾਣੀ ਤੇਰੇ ਨਾਲ ਜੋੜ ਨਾਤ, ਧੁਰ ਦਾ ਸੰਗ ਲਿਆ ਬਣਾਈਆ । ਜਿਸ ਨੂੰ ਚਾਰ ਜੁਗ ਸ਼ਾਸਤਰ ਸਿਮਰਤ ਵੇਦ ਰਹੇ ਆਖ, ਆਖਰ ਇਕੋ ਮਾਲਕ ਨਜ਼ਰੀ ਆਈਆ । ਅੰਤ ਕੰਤ ਭਗਵੰਤ ਬੇਅੰਤ ਸਦ ਵਸਾਂ ਤੇਰੇ ਪਾਸ, ਪਸ਼ਚਾਤਾਪ ਰਹਿਣ ਕੋਇ ਨਾ ਪਾਈਆ । ਗੁਰਮੁਖ ਆਸਾ ਦਰ ਦਵਾਰੇ ਮੰਗੇ ਦਾਤ, ਮਿਹਰਵਾਨ ਆਪਣੀ ਰਹਿਮਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਾਖਿਆਤ, ਸਵੱਛ ਸਰੂਪੀ ਆਪਣੀ ਦਇਆ ਕਮਾਈਆ ।

## ✪ ੨੦ ਮੱਘਰ ੨੦੨੧ ਬਿਕ੍ਰਮੀ ਸ਼ਾਮ ਕੌਰ ਦੇ ਗ੍ਰਿਹ ਮੋਗਾ ✪

ਅੰਮ੍ਰਿਤ ਰਸ ਹਰਿ ਕਾ ਨਾਮ, ਗੁਰ ਸਤਿਗੁਰ ਜਾਮ ਪਿਆਈਆ । ਭਾਗ ਲਗਾਏ ਕਾਇਆ ਖੇੜਾ ਗਰਾਮ, ਸਾਢੇ ਤਿੰਨ ਹੱਥ ਮੰਦਰ ਇਕ ਸੁਹਾਈਆ । ਅੰਧ ਅੰਧੇਰੀ ਮੇਟ ਕੇ ਅੰਤਰ, ਸ਼ਾਮ, ਨੂਰੀ ਚੰਦ ਜੋਤ ਚਮਕਾਈਆ । ਆਤਮ ਸੇਜਾ ਸਚ ਦੇ ਆਰਾਮ, ਸਾਂਤਕ ਸਤਿ ਸਰੂਪ ਸਮਾਈਆ । ਧੁਰ ਦਾ ਸ਼ਬਦ ਸੁਣਾ ਕੇ ਗਾਨ, ਸੋਈ ਸੁਰਤੀ ਆਪ ਉਠਾਈਆ । ਮਹਿੰਮਾ ਆਪਣੀ ਦੱਸ ਮਹਾਨ, ਭੇਵ ਅਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਇਕੋ ਨਾਮ ਦ੍ਰਿੜਾਈਆ । ਹਰਿ ਕਾ ਨਾਮ ਸਾਗਰ ਸੁਖ, ਗਹਿਰ ਗੰਭੀਰ ਨਜ਼ਰੀ ਆਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਧੁਆਈਆ । ਰੋਗ ਸੰਤਾਪ ਮੇਟੇ ਦੁੱਖ, ਕੂੜੀ ਕਿਰਿਆ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਦਏ ਸਮਝਾਈਆ । ਹਰਿ ਕਾ ਨਾਮ ਸਤਿ ਸਰੂਪ, ਘਟ ਘਟ ਨਜ਼ਰੀ ਆਇੰਦਾ । ਹਰਿ ਕਾ ਨਾਮ ਚਾਰੇ ਕੂਟ, ਦਹਿ ਦਿਸ਼ਾ ਸੋਭਾ ਪਾਇੰਦਾ । ਹਰਿ ਕਾ ਨਾਮ ਨਾਤਾ ਤੋੜੇ ਜੂਠ ਝੂਠ, ਸਚ ਸੁਚ ਇਕ ਸਮਝਾਇੰਦਾ । ਹਰਿ ਕਾ ਨਾਮ ਕਾਇਆ ਮੰਦਰ ਅੰਦਰ ਪਏ ਉਠ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਗੁਰਮੁਖਾਂ ਝੋਲੀ ਪਾਇੰਦਾ । ਹਰਿ ਕਾ ਨਾਮ ਉਚਾ ਜਾਪ, ਰਸਨਾ ਜਿਹਵਾ ਬੱਤੀ ਦੰਦ ਲੋੜ ਰਹੇ ਨਾ ਰਾਈਆ । ਮੇਟਣਹਾਰਾ ਰੋਗ ਸੰਤਾਪ, ਦਰਦੀਆਂ ਦਰਦ ਵੰਡਾਈਆ । ਲੇਖਾ ਜਾਣੇ ਮਾਟੀ ਖ਼ਾਕ, ਤਤਵ ਤਤ ਖੋਜ ਖੁਜਾਈਆ । ਅੰਤਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਦੇਵੇ ਸਾਥ, ਧੁਰ ਦਾ ਸੰਗ ਆਪ ਨਿਭਾਈਆ । ਬੰਦ ਕਵਾੜੀ ਖੋਲ੍ਹ ਕੇ ਤਾਕ, ਪੜਦਾ ਦੂਈ ਦਏ ਗਵਾਈਆ । ਰਾਗ ਸੁਣਾਏ ਸ਼ਬਦ ਅਨਾਹਤ, ਧੁਨ ਆਤਮਕ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਦਏ ਵਡਿਆਈਆ । ਸਚ ਨਾਮ ਹਿਰਦੇ ਅੰਤਰ, ਹਰਿ ਕਰਤਾ ਆਪ ਜਣਾਈਆ । ਗੁਰਮੁਖ ਵਿਰਲਾ ਜਾਣੇ ਮੰਤਰ, ਸਾਚੀ ਬੂਝ ਬੁਝਾਈਆ । ਭੇਵ ਖੁਲ੍ਹਾਵੇ ਬ੍ਰਹਮ ਨਿਰੰਤਰ, ਮਾਇਆ ਮਮਤਾ ਮੋਹ ਮਿਟਾਈਆ । ਕੂੜੀ ਬੁਝਾਏ ਲੱਗੀ ਬਸੰਤਰ, ਅਗਨੀ ਤਤ ਨਾ ਕੋਇ ਜਲਾਈਆ । ਕਰ ਪਰਕਾਸ਼ ਅੰਤਰ ਗਗਨ ਗਗਨੰਤਰ, ਦੀਵਾ ਬਾਤੀ ਕਮਲਾਪਾਤੀ ਇਕੋ ਇਕ ਟਿਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਗੁਰ ਸ਼ਬਦ ਬਣਾਏ ਬਣਤਰ, ਮੂਰਖ ਮੂੜ੍ਹੇ ਚਤੁਰ ਸੁਘੜ ਸੁਜਾਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਸਾਚਾ ਨਾਮ ਸਚ ਗੁਰਦੇਵ, ਆਤਮ ਮੇਲ ਮਿਲਾਈਆ । ਨਿਹਕਰਮੀ ਕਰੇ ਸਚੀ ਸੇਵ, ਸਿਫ਼ਤ ਸਾਲਾਹੀ ਆਪਣਾ ਹੁਕਮ ਮਨਾਈਆ । ਪਤਿਪਰਮੇਸ਼ਵਰ ਵਡ ਦੇਵੀ ਦੇਵ, ਆਤਮ ਦੇਵ ਆਪ ਸਮਝਾਈਆ । ਮੇਲ ਮਿਲਾ ਕੇ ਧਾਮ ਨਿਹਕੇਵ, ਨਿਹਚਲ ਆਪਣਾ ਆਸਣ ਲਾਈਆ । ਸਾਚਾ ਰਸ ਦੇ ਕੇ ਮੇਵ, ਅੰਮ੍ਰਿਤ ਫੱਲ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਇਕ ਪਰਗਟਾਈਆ । ਸਾਚਾ ਨਾਮ ਹਿਰਦੇ ਅੰਦਰ, ਘਰ ਘਰ ਵਿਚ ਦਏ ਜਣਾਈਆ । ਭਾਗ ਲਗਾ ਕੇ ਬੰਕ ਦਵਾਰੇ ਮੰਦਰ, ਤਤਵ ਤਤ ਖੋਜ ਖੁਜਾਈਆ । ਕਰ ਪਰਕਾਸ਼ ਅੰਧੇਰੀ ਕੰਦਰ, ਧੂੰਆਂਧਾਰ ਦੇ ਮਿਟਾਈਆ । ਮਨ ਮਨੂਆ ਨਾ ਦੌੜੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਬਜਰ ਕਪਾਟੀ ਤੋੜੇ ਜੰਦਰ, ਮਿਹਰਵਾਨ ਮਿਹਰ ਨਜ਼ਰ ਤਕਾਈਆ ।


੧੧੨੯ ੧੭

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਤਿਲਕ ਲਗਾਏ ਸਾਚਾ ਚੰਦਨ, ਧੂੜੀ ਖ਼ਾਕ ਇਕ ਰਮਾਈਆ । ਸਾਚਾ ਨਾਮ ਕਹੇ ਮੈਂ ਧੁਰ ਦਾ ਸੰਜੋਗੀ, ਜੁਗ ਵਿਛੜੇ ਮੇਲ ਮਿਲਾਈਆ । ਮੇਰਾ ਠਾਕਰ ਸਵਾਮੀ ਇਕੋ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਮੈਂ ਜਨਮ ਕਰਮ ਦਾ ਲੱਖ ਚੁਰਾਸੀ ਬਣ ਕੇ ਖੋਜੀ, ਘਟ ਘਟ ਅੰਦਰ ਫੋਲ ਫੁਲਾਈਆ । ਗੁਰਮੁਖਾਂ ਦੇ ਕੇ ਸਾਚੀ ਸੋਝੀ, ਸੁਰਤ ਸਵਾਣੀ ਦਿਆਂ ਉਠਾਈਆ । ਜਨਮ ਕਰਮ ਦਾ ਵੇਖਾਂ ਰੋਗੀ, ਮਾਇਆ ਮਮਤਾ ਮੋਹ ਦਿਆਂ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਜੋਤੀ, ਦੀਆ ਬਾਤੀ ਇਕੋ ਘਰ ਕਰੇ ਰੁਸ਼ਨਾਈਆ । ਸਾਚਾ ਨਾਮ ਕਹੇ ਮੈਂ ਭਗਤ ਪਿਆਰਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੁਗ ਚੌਕੜੀ ਸੇਵਾਦਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸਾਚੇ ਮੰਦਰ ਕਰ ਉਜਿਆਰਾ, ਅੰਧ ਅੰਧੇਰਾ ਦਿਆਂ ਗਵਾਈਆ । ਘਰ ਵਿਚ ਵਸਤ ਰੱਖਾਂ ਸਚ ਥਾਰਾ, ਥਿਰ ਘਰ ਮੇਲਾ ਦਿਆਂ ਮਿਲਾਈਆ । ਜਿਸ ਘਰ ਵਸੇ ਆਪ ਨਿਰੰਕਾਰਾ, ਬੈਠਾ ਸੋਭਾ ਪਾਈਆ । ਗੁਰਮੁਖਾਂ ਵਖਾਵਾਂ ਉਹ ਦਵਾਰਾ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਦੀਆ ਬਾਤੀ ਬਲੇ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਆਪੇ ਰਿਹਾ ਜਗਾਈਆ । ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਸਚ ਨਾਮ ਬਣਾਏ ਆਪ ਵਣਜਾਰਾ, ਅੰਤਮ ਓਸੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲਣਹਾਰਾ ਖੇਲ ਨਿਆਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ ।


੧੧੩੦

## ੨੦ ਮੱਘਰ ੨੦੨੧ ਬਿਕ੍ਰਮੀ ਕਿਹਰ ਸਿੰਘ ਦੇ ਗ੍ਰਿਹਿ ਰੱਜੀਵਾਲਾ

ਜਨ ਭਗਤ ਕਹੇ ਕਿਉਂ ਹੋਇਉਂ ਅਲੋਪ, ਪਰਮ ਪੁਰਖ ਪ੍ਰਭ ਆਪਣਾ ਭੇਵ ਜਣਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਤੈਨੂੰ ਲੱਭਦੇ ਪੋਪ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜਗਤ ਸਵਾਮੀ ਅੰਤਰਜਾਮੀ ਤੇਰੀ ਸਮਝ ਨਾ ਆਈ ਕਿਸੇ ਕੂਟ, ਭੇਵ ਅਭੇਦ ਕਹਿਣ ਕੋਇ ਨਾ ਪਾਈਆ । ਜਗਤ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਜੂਠ ਝੂਠ, ਚਾਰ ਕੁੰਟ ਅੰਧੇਰਾ ਛਾਈਆ । ਬਿਨ ਤੇਰੇ ਨਾਮੇ ਖ਼ਾਲੀ ਦਿਸਣ ਬੁੱਤ, ਬੁਤਖ਼ਾਨੇ ਰੋ ਰੋ ਦੇਣ ਦੁਹਾਈਆ । ਸਤਿ ਸਤਿਵਾਦੀ ਤੇਰਾ ਦਿਸੇ ਨਾ ਕੋਈ ਸੁਤ, ਮਾਨਸ ਮਾਨੁਖ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਕਿਉਂ ਹੋਇਆ ਓਹਲੇ, ਨਿਰਗੁਣ ਮੁਖ ਛੁਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਤੇਰੀ ਸਿਫ਼ਤ ਬੋਲੇ, ਖਾਣੀ ਬਾਣੀ ਢੋਲੇ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਬਣਦੇ ਗਏ ਵਿਚੋਲੇ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲ ਮਿਲਾਈਆ । ਭਗਤ ਭਗਵਾਨ ਤੈਨੂੰ ਦੱਸਦੇ ਗਏ ਸਦਾ ਵਸੇਂ ਕੋਲੇ, ਘਰ ਘਰ ਆਪਣਾ ਡੇਰਾ ਲਾਈਆ । ਕਰ ਪਰਕਾਸ਼ ਪੁਰਖ ਅਬਿਨਾਸ਼ ਕਾਇਆ ਮਾਟੀ ਸਾਚੇ ਚੋਲੇ, ਚੋਲੀ ਦੇ ਬਦਲਾਈਆ । ਹਉਂ ਵਾਰੀ ਸਦਕੇ ਤੈਥੋਂ ਪ੍ਰੇਮ ਪ੍ਰੀਤੀ ਅੰਤਰ ਘੋਲੇ, ਆਪ ਆਪਣਾ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇ ਵਡਿਆਈਆ । ਜਨ ਭਗਤ ਕਹਿਣ ਕਿਉਂ ਹੋਇਆ ਚੁੱਪ, ਖ਼ਾਮੋਸ਼ੀ ਤੇਰੇ ਉਤੇ ਛਾਈਆ । ਕਲਜੁਗ ਵੇਖ ਅੰਧੇਰਾ ਘੁੱਪ, ਕਿਉਂ ਆਪਣੀ ਅੱਖ ਬਦਲਾਈਆ । ਦੁਖੀ ਹੋ ਕੇ ਤੈਨੂੰ ਰਹੇ

ਪੁੱਛ, ਪੁਰਖ ਅਕਾਲ ਦੇ ਸਮਝਾਈਆ । ਧਰਤ ਮਾਤ ਦੀ ਖ਼ਾਲੀ ਕਦੇ ਨਾ ਹੋਵੇ ਕੁੱਖ, ਜਨ ਜਨਣੀ ਭਗਤ ਜਨ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਆ ਅੱਗੇ, ਧੁਰ ਦਾ ਪੰਧ ਮੁਕਾਈਆ । ਤੇਰਾ ਨਾਮ ਨਗਾਰਾ ਇਕੋ ਵੱਜੇ, ਚੌਦਾਂ ਲੋਕ ਹੋਵੇ ਸ਼ਨਵਾਈਆ । ਕੂੜ ਕੁੜਿਆਰ ਜਾਣ ਭੱਜੇ, ਨੱਠਣ ਵਾਹੋ ਦਾਹੀਆ । ਤੇਰਾ ਮੰਦਰ ਇਕੋ ਸੋਹਣਾ ਸਜੇ, ਗੁਰੂਦਵਾਰ ਇਕੋ ਦੇ ਵਡਿਆਈਆ । ਅੰਮ੍ਰਿਤ ਰਸ ਚਖਾ ਮਜ਼ੇ, ਨਾ ਮਾਲੂਮ ਆਪਣਾ ਰਸ ਵਖਾਈਆ । ਤੇਰੇ ਦਰ ਦੇ ਦਰਵੇਸ ਸਾਰੇ ਬੱਧੇ, ਬੰਦਨਾ ਕਰ ਕਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਲਏ ਮਿਲਾਈਆ । ਜਨ ਭਗਤ ਕਹਿਣ ਵੱਡਾ ਅਛੱਲ, ਅਛਲ ਛਲਧਾਰੀ ਆਪਣੀ ਲਏ ਅੰਗੜਾਈਆ । ਜਗਤ ਅੰਧੇਰੀ ਰਹੀ ਚਲ, ਚਾਰ ਕੁੰਟ ਅੰਧੇਰਾ ਰਿਹਾ ਛਾਈਆ । ਡੂੰਘਾ ਖ਼ਾਨਾ ਦਿਸੇ ਡੱਲ, ਕੰਢਾ ਪਾਰ ਨਾ ਕੋਇ ਵਖਾਈਆ । ਨੇਤਰ ਰੋਂਦੇ ਜਲ ਥਲ, ਮਹੀਅਲ ਰਹੇ ਕੁਰਲਾਈਆ । ਦੂਈ ਦਵੈਤੀ ਸਭ ਨੂੰ ਲੱਗਾ ਸੱਲ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਕਲਜੁਗ ਵੇਖੀ ਕਲ, ਕਾਲਖ ਟਿੱਕਾ ਧੋਵੇ ਨਾ ਕੋਇ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਾਚੇ ਹੋ ਸਹਾਈਆ । ਜਨ ਭਗਤ ਕਹਿਣ ਐ ਧੁਰ ਦੇ ਮਾਲਕ, ਮੁਲਕ ਆਪਣਾ ਵੇਖ ਵਖਾਈਆ । ਜਗਤ ਪਿਤ ਜਗਦੀਸ਼ਰ ਖ਼ਾਲਕ, ਮਖ਼ਲੂਕ ਦਏ ਦੁਹਾਈਆ । ਸ਼ਾਹ ਨਵਾਬ ਬਣ ਸਾਲਸ, ਆਦਾਬ ਸੱਜਦਾ ਸੀਸ ਝੁਕਾਈਆ । ਲੱਖ ਚੁਰਾਸੀ ਵਿਚੋਂ ਕੱਢ ਖ਼ਾਲਸ, ਸੰਤ ਸੁਹੇਲੇ ਆਪ ਪਰਗਟਾਈਆ । ਮਾਇਆ ਮਮਤਾ ਮੇਟ ਲਾਲਸ, ਲਾਲਨ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਰਹੇ ਨਾ ਸਾਜ਼ਸ਼, ਭਾਂਡਾ ਭਰਮ ਦੇ ਭੰਨਾਈਆ । ਅਗਨੀ ਤਤ ਰਹੇ ਨਾ ਆਤਸ, ਅੰਮ੍ਰਿਤ ਮੇਘ ਸਚ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਜਨ ਭਗਤ ਕਹਿਣ ਪ੍ਰਭ ਪਾ ਫੇਰਾ, ਵੇਲਾ ਵਕਤ ਰਿਹਾ ਕੁਰਲਾਈਆ । ਕੂੜੀ ਕਿਰਿਆ ਚੁੱਕੇ ਡੇਰਾ, ਡੰਡਾਵਤ ਸੀਸ ਨਿਵਾਈਆ । ਤੇਰੇ ਪ੍ਰੇਮ ਪਿਆਰ ਦਾ ਦਿਸੇ ਖੇੜਾ, ਖਿੜਕੀ ਕੁੰਡੀ ਦੇ ਖੁਲ੍ਹਾਈਆ । ਮਨ ਮਨੂਆ ਉਲਟਾ ਆਵੇ ਗੇੜਾ, ਮਤਵਾਲੀ ਮਤ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਅੰਦਰ ਮਾਰ ਫੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸੁਰਤੀ ਹੋਵੇ ਚਾਓ ਘਨੇਰਾ, ਸ਼ਬਦੀ ਵੱਜੇ ਵਧਾਈਆ । ਦਰਸਨ ਪਾ ਕੇ ਢੋਲਾ ਗਾਵਾਂ ਤੇਰਾ ਮੇਰਾ, ਸੋਹੰ ਸਚ ਇਕ ਪੜ੍ਹਾਈਆ । ਜਿਥੇ ਰਹੇ ਨਾ ਕੋਇ ਅੰਧੇਰਾ, ਜੋਤ ਜੋਤ ਰੁਸ਼ਨਾਈਆ । ਇਕੋ ਮੰਜ਼ਲ ਚੜ੍ਹ ਕੇ ਵੇਖੇ ਖੇੜਾ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹੇ ਦੇ ਦਰਸ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਤੂੰ ਆਦਿ ਜੁਗਾਦੀ ਏਕੰਕਾਰ, ਅਕਲ ਕਲ ਅਖਵਾਈਆ । ਤੇਰਾ ਖੇਲ ਸਦਾ ਜੁਗ ਚਾਰ, ਚੌਕੜੀ ਵੇਸ ਵਟਾਈਆ । ਲੇਖਾ ਦੇਵੇਂ ਗੁਰੂ ਅਵਤਾਰ, ਪੈਗ਼ੰਬਰਾਂ ਹੱਥ ਰਖਾਈਆ । ਵਾਕ ਭਵਿਖਤ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਕਲ ਕਲਕੀ ਇਕ ਅਵਤਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਰੂਪ ਰੰਗ ਸਮਝ ਨਾ ਸਕੇ ਵਿਚ ਸੰਸਾਰ, ਭੇਖ ਨਜ਼ਰ ਕਿਸੇ ਆਈਆ । ਦਾਤਾ ਜੋਧਾ ਸੂਰਬੀਰ ਬਲਕਾਰ, ਬਲਧਾਰੀ ਇਕ ਅਖਵਾਈਆ । ਜਿਸ ਦਾ ਨਾਮ ਖੰਡਾ ਤੇਜ਼ ਕਟਾਰ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਜਿਸ ਦਾ ਮਹੱਲ ਅਟਲ ਉਚ ਮਨਾਰ, ਦਰਗਾਹ ਸਾਚੀ ਸੋਭਾ


੧੧੩੧
੧੭

ਪਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦੀ ਬੋਧ ਅਗਾਧ ਸ਼ਬਦ ਅਗੰਮੀ ਗੁਫ਼ਤਾਰ, ਕਲਮਾ ਕਾਇਨਾਤ ਸੁਣਾਈਆ । ਜੋ ਪੀਰ ਪੀਰਾਂ ਵਡ ਅਮਾਮ ਧੁਰ ਸਰਦਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਦਾ ਅਲਫ ਯੇ ਸਿਫ਼ਤਾਂ ਵਿਚ ਕਰੇ ਇਜ਼ਹਾਰ, ਆਜ਼ਮ ਇਕੋ ਨਜ਼ਰੀ ਆਈਆ । ਸੋ ਸਾਹਿਬ ਸਵਾਮੀ ਭਗਤਾਂ ਦੇ ਦੀਦਾਰ, ਨੇਤਰ ਲੋਚਨ ਆਪਣੀ ਅੱਖ ਖੁਲ੍ਹਾਈਆ । ਗ਼ਫ਼ਲਤ ਵਿਚ ਕਿਉਂ ਸੁੱਤਾ ਪੈਰ ਪਸਾਰ, ਸਦੀ ਚੌਧਵੀਂ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਲੈਣੀ ਅੰਗੜਾਈਆ । ਜਨ ਭਗਤ ਕਹਿਣ ਪੜਦਾ ਚੁੱਕ, ਕਿਉਂ ਘੁੰਗਟ ਮੁਖ ਰਖਾਈਆ । ਸਾਢੇ ਤਿੰਨ ਹੱਥ ਅੰਦਰ ਬੈਠੋਂ ਲੁਕ, ਲੋਕ ਲਾਜ ਦੇ ਤਜਾਈਆ । ਅੰਤਰ ਆਤਮ ਦੇ ਸੁਖ, ਸੁਖ ਸਾਗਰ ਰੂਪ ਸਮਾਈਆ । ਤੇਰੇ ਵਿਛੋੜੇ ਦਾ ਮਿਟੇ ਦੁੱਖ, ਵਿਛੜੇ ਆਪਣੇ ਘਰ ਮਿਲਾਈਆ । ਸੁਹੰਜਣੀ ਮੌਲੇ ਸੋਹਣੀ ਰੁੱਤ, ਰੁੱਤ ਬਸੰਤ ਦੇ ਮਹਿਕਾਈਆ । ਨਿਰਧਨ ਸਰਧਨ ਆ ਕੇ ਪੁਛ, ਸਤਿ ਸਤਿਵਾਦੀ ਵੇਸ ਵਟਾਈਆ । ਤੇਰੇ ਚਰਨ ਕਵਲ ਸਰਨਾਈ ਸਾਚੀ ਜਾਈਏ ਝੁਕ, ਮਸਤਕ ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਬਹਿਕੇ ਇਕੋ ਢੋਲਾ ਗਾਈਆ । ਜਨ ਭਗਤ ਕਹੇ ਪ੍ਰਭ ਮੇਰੇ ਠਾਕਰ, ਆਪਣਾ ਭੇਵ ਖੁਲ੍ਹਾਈਆ । ਫਿਰ ਕੇ ਵੇਖੇ ਜਗਤ ਸਾਗਰ, ਡੂੰਘੀ ਭਵਰੀ ਡੇਰਾ ਲਾਈਆ । ਪੜ੍ਹ ਪੜ੍ਹ ਥੱਕਿਆ ਵੇਦ ਸ਼ਾਸਤਰ, ਸਿਮਰਤ ਪੁਰਾਨ ਖੋਜ ਖੁਜਾਈਆ । ਗੁਰ ਅਵਤਾਰਾਂ ਜੋ ਦਿਤੇ ਪਾਤਰ, ਪਾਤੀ ਅੱਖਰਾਂ ਨਾਲ ਮਿਲਾਈਆ । ਕਲਮ ਸ਼ਾਹੀ ਬਣ ਕੇ ਕਾਤਬ, ਹਰਫ਼ ਹਰੂਫ਼ ਜੋੜ ਜੁੜਾਈਆ । ਤੇਰਾ ਭੇਵ ਨਾ ਦੱਸਣ ਬਾਤਨ, ਬਾਹਰ ਕਰਨ ਸਫ਼ਾਈਆ । ਤੂੰ ਸਾਹਿਬ ਪੁਰਖ ਸਮਰਾਥਣ, ਸਤਿ ਸਚ ਤੇਰੀ ਵਡਿਆਈਆ । ਜਨ ਭਗਤ ਸੁਹੇਲੇ ਤੈਨੂੰ ਆਖਣ, ਜ਼ੋਰ ਨਾਲ ਰਹੇ ਦ੍ਰਿੜ੍ਹਾਈਆ । ਫੜ ਕੇ ਚਾੜ੍ਹ ਆਪਣੇ ਘਾਟਨ, ਘਾਟ ਪਿਛਲੀ ਦੇ ਮੁਕਾਈਆ । ਬੋਧ ਅਗਾਧ ਸੁਣਾ ਗਾਥਣ, ਨਿਰਗੁਣ ਨਿਰਅੱਖਰ ਦੇ ਪੜ੍ਹਾਈਆ । ਤੇਰੇ ਚਰਨ ਕਵਲ ਹੋਏ ਦਾਸਣ, ਵਾਸਤਾ ਦੋ ਜਹਾਨਾਂ ਦੇ ਤੁੜਾਈਆ । ਤੇਰੇ ਨਾਮ ਦਾ ਹੋਵੇ ਪਾਠਨ, ਸਿਲ ਪੂਜਸ ਪਾਹਨ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਜਨ ਭਗਤ ਕਹਿਣ ਐ ਪਰਵਰਦਿਗਾਰ, ਦਰੋਹੀ ਤੇਰੇ ਨਾਮ ਸੁਣਾਈਆ । ਤੂੰ ਲਾਸ਼ਰੀਕ ਸਾਂਝਾ ਯਾਰ, ਸਚ ਤੌਫ਼ੀਕ ਤੋਹੇ ਖ਼ੁਦਾਈਆ । ਦੋਏ ਜੋੜ ਕਰਾਂ ਨਿਮਸਕਾਰ, ਸੱਜਦਾ ਤੇਰੇ ਚਰਨ ਜਣਾਈਆ । ਮੈਂ ਬਰਦਾ ਦਰ ਦਰਬਾਰ, ਦਰਵੇਸ਼ ਨਜ਼ਰੀ ਆਈਆ । ਤੂੰ ਦੇਵਣਹਾਰ ਦਾਤਾਰ, ਵਡ ਤੇਰੀ ਵਡਿਆਈਆ । ਕਲਜੁਗ ਅੰਤਮ ਵੇਖ ਵਿਚਾਰ, ਭੇਵ ਅਭੇਦਾ ਦੇ ਖੁਲ੍ਹਾਈਆ । ਲੋੜ ਰਹੇ ਨਾ ਚਾਰ ਯਾਰ, ਜਗਤ ਯਾਰੀ ਨਾ ਕੋਇ ਹੰਢਾਈਆ । ਨਬੀਆਂ ਨਾਲ ਨਾ ਕੋਇ ਪਿਆਰ, ਹਜ਼ਰਤਾਂ ਨਾਲ ਨਾ ਕੋਇ ਪੜ੍ਹਾਈਆ । ਇਕ ਮਹਿਬੂਬ ਮੁਹੱਬਤ ਵਿਚ ਦੇ ਦੀਦਾਰ, ਦਰਸ ਸਾਚਾ ਸਚ ਕਰਾਈਆ । ਮੇਰੀ ਨੈਣ ਅੱਖ ਹੋਵੇ ਬੇਦਾਰ, ਆਲਸ ਨਿੰਦਰਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਦੇ ਚੁਕਾਈਆ । ਜਨ ਭਗਤ ਕਹੇ ਤੇਰਾ ਵੇਖਾਂ ਘਰ ਸੁਹੰਜਣਾ, ਸੋਭਾਵੰਤ ਰਿਹਾ ਸੁਹਾਈਆ । ਜਿਥੇ ਦੀਵਾ ਬਾਤੀ ਜਗੇ ਆਦਿ ਨਿਰੰਜਣਾ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਜਿਥੇ ਸਾਹਿਬ ਸਵਾਮੀ ਮਿਲੇ ਸਦਾ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ ।

ਜਿਥੇ ਨਾਮ ਨਿਧਾਨ ਨੇਤਰ ਮਿਲੇ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜੀ ਮਿਲੇ ਸਾਚਾ ਮਜਨਾ, ਦੁਰਮਤ ਮੈਲ ਧੁਆਈਆ । ਅੰਗੀਕਾਰ ਇਕੋ ਅੰਗ ਲੱਗਣਾ, ਦੂਜੀ ਸੇਜ ਨਾ ਕੋਇ ਹੰਢਾਈਆ । ਜਨ ਭਗਤ ਕਹੇ ਮਸਤਕ ਟਿੱਕਾ ਧੂੜੀ ਲੱਗੇ ਚੰਦਨਾ, ਸਤਿ ਸਤਿਵਾਦੀ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਨਿਜ ਘਰ ਮਿਲੇ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨ ਭਗਤ ਕਹੇ ਮਾਲਕ ਖ਼ਾਲਕ ਮਿਲੇ ਸਦਾ ਬਖ਼ਸ਼ੰਦਨਾ, ਬਖ਼ਸ਼ਿਸ਼ ਰਹਿਮਤ ਝੋਲੀ ਦੇਵੇ ਪਾਈਆ । ਬਿਨ ਹੱਥਾਂ ਸੀਸ ਹੋਵੇ ਬੰਦਨਾ, ਜਗਦੀਸ਼ ਵੇਖਣਹਾਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦੇਣਾ ਸੁਹਾਈਆ । ਜਨ ਭਗਤ ਕਹੇ ਮੈਂ ਵੇਖਾਂ ਤੇਰਾ ਮੁਨਾਰ, ਸਚਖੰਡ ਸਾਚਾ ਨਜ਼ਰੀ ਆਈਆ । ਜਿਥੇ ਦੀਵਾ ਬਾਤੀ ਜਗੇ ਅਗੰਮ ਅਪਾਰ, ਹਵਣ ਪਵਣ ਨਜ਼ਰ ਕੋਇ ਨਾ ਪਾਈਆ । ਇਕ ਅਕੇਲਾ ਬੈਠਾ ਦਿਸੇ ਪਰਵਰਦਿਗਾਰ, ਸਾਂਝਾ ਯਾਰ ਨੂਰ ਖ਼ੁਦਾਈਆ । ਮੁਰੀਦ ਮੁਰਸ਼ਦ ਕਰੇ ਦੀਦਾਰ, ਦਰ ਠਾਂਡੇ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਲੇਖਾ ਮੁਕੇ ਵਿਚ ਸੰਸਾਰ, ਸੰਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਸੁਣ ਜਨ ਭਗਤ, ਸਤਿ ਸਚ ਦਿਆਂ ਦ੍ਰਿੜਾਈਆ । ਕਿਰਪਾ ਕਰਾਂ ਵਿਚ ਲੋਕਮਾਤ ਜਗਤ, ਜੁਗਤ ਆਪਣੀ ਦਿਆਂ ਜਣਾਈਆ । ਸਦੀ ਚੌਧਵੀਂ ਵੇਲਾ ਸੁਹੰਜਣਾ ਸੋਹਣਾ ਆਇਆ ਵਕਤ, ਵਾਰ ਥਿਤ ਦਏ ਗਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿ ਕੇ ਗਏ ਪਰਮ ਪੁਰਖ ਪਰਮੇਸ਼ਵਰ ਆਏ ਫ਼ਕਤ, ਦੋ ਜਹਾਨਾਂ ਵਾਲੀ ਫੇਰਾ ਪਾਈਆ । ਜਿਸ ਦਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਸਖ਼ਤ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਿਰ ਸਕੇ ਨਾ ਕੋਇ ਉਠਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਦੇਵੇ ਦਰਸ, ਆਦਰਸ਼ ਆਪਣਾ ਇਕ ਵਖਾਈਆ । ਰਹੀਮ ਰਹਿਮਾਨ ਸ਼ਾਹ ਸੁਲਤਾਨ ਰਹਿਮਤ ਵਿਚ ਕਰੇ ਤਰਸ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ । ਲਹਿਣਾ ਦੇਣਾ ਮੁਕਾ ਕੇ ਸੋਗ ਹਰਖ਼, ਚਿੰਤਾ ਗ਼ਮ ਦਏ ਚੁਕਾਈਆ । ਸਚ ਕਸਵਟੀ ਲਾ ਕੇ ਕਰੇ ਆਪਣੀ ਪਰਖ, ਪਾਰਖੂ ਇਕੋ ਦਾਤਾ ਬੇਪਰਵਾਹੀਆ । ਜੁਗ ਜਨਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤ ਸੁਹੇਲੇ ਜੋ ਰਹੇ ਤੜਪ, ਆਤਮ ਦਰਸੀ ਆਪਣਾ ਦਰਸ ਦਏ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਜਾਮਾ ਵੇਸ ਵਟਾ ਆਏ ਪਰਤ, ਪਤਿਪਰਮੇਸ਼ਵਰ ਅੰਤਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਤੇਰੀ ਆਸਾ ਮਨਸਾ ਪੂਰ, ਅੰਤਮ ਪੂਰੀ ਦਿਆਂ ਕਰਾਈਆ । ਜਿਧਰ ਵੇਖੇਂ ਹਾਜ਼ਰ ਹਜ਼ੂਰ, ਬਿਨਾ ਅੱਖਾਂ ਨਜ਼ਰੀ ਆਈਆ । ਕੋਟ ਜਨਮ ਦੇ ਬਖ਼ਸ਼ ਕਸੂਰ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਆਤਮ ਦੇ ਕੇ ਨੂਰ, ਜਗਤ ਅੰਧੇਰਾ ਦਿਆਂ ਗਵਾਈਆ । ਕਲਜੁਗ ਨਾਤਾ ਤੋੜ ਕੇ ਕੂੜੋ ਕੂੜ, ਸਚ ਸਮਗਰੀ ਝੋਲੀ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਧੁਰ ਦਾ ਇਹ ਦਸਤੂਰ, ਨਿਤ ਨਵਿਤ ਦਰਦੀਆਂ ਦਰਦ ਵੰਡਾਈਆ । ਉਹ ਭਗਤ ਸੁਹੇਲੇ ਸਦਾ ਮੋਹੇ ਮਨਜ਼ੂਰ ਜੋ ਮੁਸ਼ਕਲ ਅੰਦਰ ਇਕੋ ਨਾਮ ਧਿਆਈਆ । ਚੋਟੀ ਚੜ੍ਹ ਕੇ ਓਸ ਕੋਹਤੂਰ, ਜਿਸ ਕੋਹਤੂਰ ਉਤੇ ਮੂਸਾ ਮੂੰਹ ਦੇ ਭਾਰ ਸੁਟਾਈਆ । ਮੈਂ ਸਦਾ ਸਦਾ ਸਦ ਜਨ ਭਗਤ ਦਵਾਰ ਹੋ ਮਜਦੂਰ, ਸੇਵਕ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਸਮਝਾਈਆ । ਜਨ ਭਗਤ ਤੇਰਾ ਚੁੱਕਾਂ ਪੜਦਾ,


੧੧੩੩
੧੭

ਤਨ ਮਾਟੀ ਅੰਦਰ ਰਹਿਣ ਨਾ ਪਾਈਆ । ਭੇਵ ਖੁਲ੍ਹਾਵਾਂ ਤੇਰੇ ਘਰ ਦਾ, ਘਰ ਘਰ ਵਿਚ ਕਰਾਂ ਜਣਾਈਆ । ਜਾਮ ਪਿਆਵਾਂ ਅੰਮ੍ਰਿਤ ਜਲ ਦਾ, ਨਿਜਰ ਝਿਰਨਾ ਇਕ ਝਿਰਾਈਆ । ਰਾਗ ਸੁਣਾਵਾਂ ਸ਼ਬਦ ਅਗੰਮੀ ਅਨਹਦ ਦਾ, ਨਾਦੀ ਧੁਨ ਵਜਾਈਆ । ਘਰ ਪਰਕਾਸ਼ ਦੀਪਕ ਜੋਤ ਕਰੇ ਜੋ ਜਗ ਦਾ, ਬਿਨ ਤੇਲ ਬਾਤੀ ਸੋਭਾ ਪਾਈਆ । ਸਿੰਘਾਸਣ ਵਖਾਵਾਂ ਆਤਮ ਸੇਜ ਜੋ ਸਜਦਾ, ਲੇਫ ਨਿਹਾਲੀ ਲੋੜ ਰਹੇ ਨਾ ਰਾਈਆ । ਤੇਰਾ ਮੰਦਰ ਖੇੜਾ ਵਖਾਵਾਂ ਵਸਦਾ, ਜਿਸ ਘਰ ਸੁਰਤੀ ਸ਼ਬਦੀ ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਤੇਰਾ ਪ੍ਰੀਤਮ ਵਖਾਵਾਂ ਆਤਮ ਪਰਮਾਤਮ ਨਾਲ ਹੱਸਦਾ, ਹਸਤੀ ਜੁਦਾ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਜਨ ਭਗਤ ਸੁਣਾਂ ਤੇਰੀ ਫ਼ਰਿਆਦ, ਅਭੁਲ ਭੁਲ ਕਦੇ ਨਾ ਜਾਈਆ । ਸਚ ਦਵਾਰੇ ਦੇਵਾਂ ਦਾਦ, ਦੌਲਤ ਨਾਮ ਇਕੋ ਝੋਲੀ ਪਾਈਆ । ਤੇਰੀ ਬਿਰਹੋ ਵੈਰਾਗਣ ਸੁਣੀ ਆਵਾਜ਼, ਜੋ ਆਪਣਾ ਰਾਗ ਰਹੀ ਅਲਾਈਆ । ਪੁਰਖ ਅਕਾਲਾ ਦੀਨ ਦਿਆਲਾ ਤੇਰਾ ਕਰੇ ਕਾਜ, ਕਰਤਾ ਦੇਵਣਹਾਰ ਵਡਿਆਈਆ । ਸਚ ਦਵਾਰੇ ਜੋੜ ਕੇ ਆਪਣਾ ਨਾਤ, ਬਿਧਾਤਾ ਵੇਖੇ ਥਾਉਂ ਥਾਈਂਆ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰੀ ਗਾਵਾਂ ਗਾਥ, ਸੋਹੰ ਢੋਲਾ ਇਕ ਸੁਣਾਈਆ । ਤੂੰ ਮੇਰਾ ਬਾਲਕ ਮੈਂ ਤੇਰਾ ਪਿਤ ਮਾਤ, ਪਿਤਾ ਪੂਤ ਨਾਤਾ ਸਕੇ ਨਾ ਕੋਇ ਤੁੜਾਈਆ । ਭਗਤ ਭਗਵਾਨ ਦੀ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਈਆ । ਨੇਤਰ ਲੋਚਨ ਨੈਣ ਵਖਾਵਾਂ ਸਾਖਿਆਤ, ਸਨਮੁਖ ਆਪਣਾ ਰੂਪ ਪਰਗਟਾਈਆ । ਜਨਮ ਕਰਮ ਬੰਧਨ ਵਿਚੋਂ ਕਰਾਵਾਂ ਨਜਾਤ, ਜਮ ਕੀ ਫਾਸੀ ਲੱਖ ਚੁਰਾਸੀ ਅੱਗੇ ਰਹਿਣ ਨਾ ਪਾਈਆ । ਏਥੇ ਓਥੇ ਦੋ ਜਹਾਨ ਚਰਨ ਕਵਲ ਸਦਾ ਸਦਾ ਸਦ ਰੱਖਾਂ ਪਾਸ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਮੰਜ਼ਲ ਪੌੜੀ ਚੜ੍ਹਾਵਾਂ ਆਪਣੇ ਘਾਟ, ਸਿਰ ਆਪਣਾ ਹੱਥ ਰਖਾਈਆ । ਦੂਰ ਦੁਰਾਡੀ ਦੋ ਜਹਾਨਾਂ ਮੁੱਕੇ ਵਾਟ, ਘਰ ਸਾਚੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਸੱਚਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੇਵਾ ਕਰੇ ਬਣਕੇ ਦਾਸੀ ਦਾਸ, ਸਵਾਰਥ ਪਰਮਾਰਥ ਜਨ ਭਗਤਾਂ ਦਏ ਬਣਾਈਆ ।

## ✪ ੨੧ ਮੱਘਰ ੨੦੨੧ ਬਿਕ੍ਰਮੀ ਮਲ ਸਿੰਘ ਦੇ ਗ੍ਰਹਿ ਪਿੰਡ ਰੱਜੀਵਾਲਾ ✪

ਜਨ ਭਗਤਾਂ ਸਦ ਰਖੇ ਪੱਤ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਜਨਮ ਮਰਨ ਦਾ ਲਹਿਣਾ ਰੋਗ ਦੇਵੇ ਕੱਟ, ਆਵਣ ਜਾਵਣ ਪਤਤ ਪਾਵਣ ਪੰਧ ਮੁਕਾਇੰਦਾ । ਏਥੇ ਓਥੇ ਦੋ ਜਹਾਨਾਂ ਸਰਬ ਸਵਾਮੀ ਸਿਰ ਰੱਖੇ ਆਪਣਾ ਹੱਥ, ਆਤਮ ਪਰਮਾਤਮ ਨਿਰਗੁਣ ਨਿਰਗੁਣ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਣ ਦਵਾਇੰਦਾ । ਭਗਤ ਸੁਹੇਲਾ ਹਰਿ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਲਹਿਣਾ ਦੇਣਾ ਦੇਵੇ ਮਾਤ ਨਿਵਾਰ, ਪੂਰਬ ਕਰਮਾਂ ਖੋਜ ਖੁਜਾਈਆ । ਕੂੜੀ ਕਿਰਿਆ ਨਾਤਾ ਤੋੜ ਸਰਬ ਸੰਸਾਰ, ਸੁਰਤੀ ਸ਼ਬਦ ਸੰਗ ਮਿਲਾਈਆ । ਨਾਮ ਪਦਾਰਥ ਦੇ ਭੰਡਾਰ, ਕਾਇਆ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ

ਸੁਹੇਲਾ ਬੇਪਰਵਾਹੀਆ । ਜਨ ਭਗਤਾਂ ਸਦਾ ਮੀਤ, ਜੁਗ ਚੌਕੜੀ ਖੇਲ ਖਿਲਾਇੰਦਾ । ਸਤਿ ਸਤਿਵਾਦੀ ਦੱਸਕੇ ਆਪਣੀ ਰੀਤ, ਮੰਤਰ ਧੁਰ ਦਾ ਨਾਮ ਦ੍ਰਿੜਾਇੰਦਾ । ਤਨ ਮਾਟੀ ਕਰਕੇ ਠਾਂਡੀ ਸੀਤ, ਅਗਨੀ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਜਨ ਭਗਤਾਂ ਸਿਰ ਰੱਖੇ ਹੱਥ, ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਵਿਚੋਂ ਕਰਕੇ ਵੱਖ, ਧਾਮ ਅਵੱਲੜੇ ਦਏ ਬਹਾਈਆ । ਕਰ ਵਸੇਰਾ ਸੱਚੇ ਸਚਖੰਡ, ਥਿਰ ਘਰ ਠਾਂਡਾ ਦਰ ਇਕ ਵਖਾਈਆ । ਜਨਮ ਕਰਮ ਦੀ ਟੁੱਟੀ ਗੰਢ, ਡੋਰੀ ਆਪਣੇ ਨਾਲ ਬੰਧਾਈਆ । ਆਸਾ ਮਨਸਾ ਪੂਰੀ ਕਰੇ ਮੰਗ, ਤ੍ਰਿਸਨਾ ਤ੍ਰਿਖਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਜਨ ਭਗਤਾਂ ਪ੍ਰਭ ਦੇਵੇ ਮਾਣ, ਨਿਮਾਣਿਆਂ ਗਲੇ ਲਗਾਈਆ । ਸਚ ਦਵਾਰ ਇਕ ਮਕਾਨ, ਮਹੱਲ ਅਟਲ ਦਏ ਵਖਾਈਆ । ਜਿਸ ਘਰ ਦੀਵਾ ਬਾਤੀ ਜਗੇ ਮਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੱਠੇ ਪਹਿਰ ਹੋਵੇ ਗਾਨ, ਧੁਨ ਅਗੰਮੀ ਰਾਗ ਸੁਣਾਈਆ । ਕੂੜਾ ਨਾਤਾ ਛੱਡ ਜਗਤ ਜਹਾਨ, ਸ੍ਰੀ ਭਗਵਾਨ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਦਏ ਚੁਕਾਈਆ । ਜਨ ਭਗਤਾਂ ਪ੍ਰਭ ਲੇਖ ਚੁਕੌਂਦਾ, ਜੁਗ ਚੌਕੜੀ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖੌਂਦਾ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਆਪ ਉਠੌਂਦਾ, ਸੁਰਤੀ ਸ਼ਬਦੀ ਇਕ ਗਿਆਨ ਸਮਝਾਈਆ । ਅੰਤਰ ਆਤਮ ਪੜਦਾ ਖੋਲ੍ਹ ਸਤਿ ਸਰੂਪੀ ਦਰਸ ਕਰੌਂਦਾ, ਜੋਤੀ ਜਾਤਾ ਨਜ਼ਰੀ ਆਈਆ । ਮੰਜ਼ਲ ਪੰਧ ਇਕ ਚੜ੍ਹੌਂਦਾ, ਦਰਗਾਹ ਸਾਚੀ ਸਾਚੇ ਘਰ ਦਏ ਵਡਿਆਈਆ । ਫੜ ਫੜ ਕਾਗੋਂ ਹੰਸ ਬਣੌਂਦਾ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਹਰਿ ਧੁਰ ਦਾ ਸੱਜਣ, ਸੰਗੀ ਸਾਥੀ ਇਕੋ ਨਜ਼ਰੀ ਆਈਆ । ਚਰਨ ਕਵਲ ਧੂੜੀ ਦੇਵੇ ਮਜਨ, ਦੁਰਮਤ ਮੈਲ ਧੁਆਈਆ । ਪੜਦੇ ਆਵੇ ਕੱਜਣ, ਸ਼ਬਦ ਦੁਸ਼ਾਲਾ ਉਪਰ ਇਕ ਰਖਾਈਆ । ਹੁਕਮੇ ਆਵੇ ਸੱਦਣ, ਧੁਰ ਸੰਦੇਸ਼ਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਭਗਤ ਸੁਹੇਲਾ ਸਾਹਿਬ ਪ੍ਰਭ, ਪਰਮ ਪੁਰਖ ਵੱਡੀ ਵਡਿਆਈਆ । ਗੁਰਮੁਖ ਗੁਰ ਗੁਰ ਲਏ ਲੱਭ, ਅੰਤਰ ਆਤਮ ਖੋਜ ਖੁਜਾਈਆ । ਜਗਤ ਧਾਰ ਕਰਾਏ ਪਾਰ ਹੱਦ, ਆਪਣੀ ਦਇਆ ਕਮਾਈਆ । ਸਾਚਾ ਨਾਮ ਸੁਣਾ ਕੇ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਰਿਹਾ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਦੇ ਅਨੰਦ, ਨਿਜਾਨੰਦ ਵਿਚ ਸਮਾਈਆ । ਜਨਮ ਕਰਮ ਦੀ ਟੁੱਟੀ ਗੰਢ, ਡੋਰੀ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹੰ ਬ੍ਰਹਮ, ਪਾਰਬ੍ਰਹਮ ਆਪਣੇ ਵਿਚ ਸਮਾਈਆ । ਜਨ ਭਗਤ ਕਹੇ ਪ੍ਰਭ ਰਿਹਾ ਖੋਜ, ਘਟ ਘਟ ਵੇਖ ਵਖਾਈਆ । ਜੁਗ ਜਨਮ ਦੀ ਮੇਟੇ ਸੋਚ, ਚਿੰਤਾ ਗ਼ਮ ਗਵਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਮਿਟਾਈਆ । ਸੁਰਤੀ ਸ਼ਬਦ ਹੋਏ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਆਵਣ ਜਾਵਣ ਕੱਟੇ ਰੋਗ, ਜਮ ਕੀ ਫਾਸੀ ਦਏ ਤੁੜਾਈਆ । ਘਰ ਵਖਾ ਕੇ ਸਾਚਾ ਕਿਲਾ ਕੋਟ, ਭਗਤ ਦਵਾਰਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤਾਂ ਦੱਸੇ ਘਰ

ਇਕ, ਜਿਸ ਦੀ ਸਮਝ ਕੋਇ ਨਾ ਪਾਈਆ । ਜਿਸ ਗ੍ਰਿਹ ਮੰਦਰ ਅੰਦਰ ਸਚ ਸਵਾਮੀ ਆਏ ਦਿਸ, ਦੂਜਾ ਨਜ਼ਰ ਕੋਇ ਨਾ ਪਾਈਆ । ਬਿਨ ਕਲਮ ਸ਼ਾਹੀ ਕਾਗ਼ਜ਼ ਲੇਖਾ ਦਏ ਲਿਖ, ਧੁਰ ਮਸਤਕ ਆਪ ਜਣਾਈਆ । ਸਚ ਪਦਾਰਥ ਪਾਵੇ ਭਿਖ, ਵਸਤ ਅਮੋਲਕ ਇਕ ਵਰਤਾਈਆ । ਜਿਧਰ ਵੇਖੇ ਓਧਰ ਆਏ ਦਿਸ, ਦਹਿ ਦਿਸ਼ਾ ਚਾਰ ਕੁੰਟ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਹਰਿ ਸੱਚਾ ਠਾਕਰ, ਹਰਿ ਕਰਤਾ ਨਜ਼ਰੀ ਆਈਆ । ਕਲਜੁਗ ਕੱਢੇ ਡੂੰਘੇ ਸਾਗਰ, ਭਵਰੀ ਵਿਚ ਨਾ ਕੋਇ ਭੁਆਈਆ । ਦਰ ਘਰ ਸਾਚੇ ਦੇਵੇ ਆਦਰ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਮਲ ਕਰਮ ਕਰੇ ਉਜਾਗਰ, ਦੂਈ ਦਵੈਤੀ ਦੁਰਮਤ ਮੈਲ ਆਪ ਧੁਆਈਆ । ਭਗਤ ਸੁਹੇਲਾ ਸਾਹਿਬ ਗੁਣਵੰਤ, ਹਰਿ ਕਰਤਾ ਬੇਪਰਵਾਹੀਆ । ਲੇਖਾ ਜਾਣੇ ਜੁਗਾ ਜੁਗੰਤ, ਨਿਤ ਨਵਿਤ ਵੇਖ ਵਖਾਈਆ । ਭੇਵ ਚੁਕਾਏ ਸਾਚੇ ਸੰਤ, ਗੁਰਮੁਖ ਬੂਝ ਬੁਝਾਈਆ । ਮੇਲ ਮਿਲਾਵਾ ਨਾਰ ਕੰਤ, ਧੁਰ ਦਾ ਜੋੜ ਜੁੜਾਈਆ । ਨਾਮ ਜਣਾਏ ਬੋਧ ਅਗਾਧਾ ਬਣ ਕੇ ਪੰਡਤ, ਸ਼ਬਦੀ ਸ਼ਬਦ ਆਪ ਸੁਣਾਈਆ । ਲੇਖਾ ਜਾਣੇ ਹੰ ਬ੍ਰਹਮ ਜੇਰਜ ਅੰਡਜ, ਉਤਭੁਜ ਸੇਤਜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਪ੍ਰਭ ਸਦਾ ਸੁਹੇਲਾ, ਏਥੇ ਓਥੇ ਨਜ਼ਰੀ ਆਈਆ । ਅੰਤਰ ਆਤਮਾ ਕਰੇ ਮੇਲਾ, ਪਰਮਾਤਮ ਜੋੜ ਜੁੜਾਈਆ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਧੁਰ ਦਾ ਸੰਗੀ ਇਕ ਅਖਵਾਈਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਵੇਸ ਵਟਾ ਕੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣਾ ਨਾਉਂ ਪਰਗਟਾਈਆ । ਗੁਰਮੁਖਾਂ ਗੁਰਸਿਖਾਂ ਰਾਏ ਧਰਮ ਦੀ ਕੱਟੇ ਜੇਲਾ, ਚਿਤ੍ਰਗੁਪਤ ਲੇਖਾ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਕਰਾਏ ਆਪਣਾ ਮੇਲਾ, ਧੁਰ ਸੰਜੋਗੀ ਵੇਖ ਵਖਾਈਆ । ਜਨ ਭਗਤਾਂ ਹਰਿ ਜੁਗ ਜੁਗ ਰਖਦਾ, ਨਿਤ ਨਵਿਤ ਸੇਵ ਕਮਾਈਆ । ਧੁਰ ਦਾ ਮਾਰਗ ਇਕੋ ਦੱਸਦਾ, ਸਹਿਜ ਸੁਭਾਉ ਕਰੇ ਪੜ੍ਹਾਈਆ । ਹਿਰਦੇ ਅੰਦਰ ਆ ਕੇ ਵਸਦਾ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਕਰੇ ਖੇਲ ਪੁਰਖ ਸਮਰਥ ਦਾ, ਮਹਿਮਾ ਅਕਥ ਕਥ ਦ੍ਰਿੜਾਈਆ । ਲਹਿਣਾ ਦੇਣਾ ਦੇਵੇ ਸਾਚੇ ਹਕ ਦਾ, ਵਸਤ ਅਮੋਲਕ ਇਕੋ ਇਕ ਵਰਤਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਰਨ ਸਰਨ ਸਰਨਾਈ ਸਾਚੀ ਰਖਦਾ, ਬੇਪਰਵਾਹ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਟ ਘਟ ਅੰਤਰ ਨਿਰਗੁਣ ਹੋ ਕੇ ਵਸਦਾ, ਨਿਰਵੈਰ ਆਪਣੀ ਧਾਰ ਚਲਾਈਆ ।



## ✪ ੨੧ ਮੱਘਰ ੨੦੨੧ ਬਿਕ੍ਰਮੀ ਸੋਹਨ ਸਿੰਘ ਦੇ ਗ੍ਰਿਹ ਮੁੰਡੀ ਜੁਮਾਲ ✪

ਗੁਰਮੁਖਾਂ ਗੁਰ ਦਏ ਇਸ਼ਾਰਾ, ਅੰਤਰ ਆਤਮ ਰਮਜ਼ ਲਗਾਈਆ । ਨਿਰਗੁਣ ਨੂਰ ਕਰੇ ਉਜਿਆਰਾ, ਦੀਆ ਦੀਪਕ ਇਕ ਜਗਾਈਆ । ਕੂੜੀ ਕਿਰਿਆ ਮੇਟੇ ਅੰਧ ਅੰਧਿਆਰਾ, ਰੈਣ ਅੰਧੇਰੀ ਦਏ ਗਵਾਈਆ । ਸਾਚਾ ਸਚ ਸੁਹਾਏ ਬੰਕ ਦਵਾਰਾ, ਕਾਇਆ ਮਾਟੀ ਖ਼ੁਸ਼ੀ ਮਨਾਈਆ । ਨਾਮ ਨਿਧਾਨ ਸੁਣਾਏ ਸੱਚੀ ਧੁਨਕਾਰਾ, ਅਗੰਮੀ ਰਾਗ ਅਲਾਈਆ । ਭੇਵ ਅਭੇਦਾ ਖੋਲ੍ਹੇ ਸਿਰਜਣਹਾਰਾ, ਪੜਦਾ ਓਹਲਾ ਆਪ ਉਠਾਈਆ । ਲੱਖ

ਚੁਰਾਸੀ ਕਰਜ਼ਾ ਲਾਹੇ ਆਪ ਨਿਰੰਕਾਰਾ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੀ ਬੂਝ ਬੁਝਾਈਆ । ਗੁਰਸਿਖ ਅੰਤਰ ਵੇਖੇ ਸੁਰਤ, ਨਿਰਤ ਹੋਵੇ ਸਹਾਈਆ । ਕਿਰਪਾ ਕਰ ਅਕਾਲ ਮੂਰਤ, ਅਨਭਵ ਪਰਕਾਸ਼ ਦਏ ਜਣਾਈਆ । ਸਤਿ ਨਾਮ ਸੁਣਾ ਕੇ ਤੂਰਤ, ਤੁਰਤ ਆਪਣਾ ਹੁਕਮ ਮਨਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੁੜ੍ਹਤ, ਸਾਚੀ ਵਿਦਿਆ ਦਏ ਪੜ੍ਹਾਈਆ । ਹਰਿ ਸਰਨਾਈ ਧੁਰ ਦੀ ਧੂੜਤ, ਮਸਤਕ ਟਿੱਕਾ ਇਕ ਰਮਾਈਆ । ਮਨਸਾ ਮਨ ਰਹੇ ਕੋਇ ਨਾ ਮੂਰਖ, ਮਿਹਰਵਾਨ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਗਲੇ ਲਗਾਈਆ । ਗੁਰਮੁਖਾਂ ਪ੍ਰਭ ਦੇਵੇ ਯੁਕਤੀ, ਗੁਰ ਸਤਿਗੁਰ ਦਇਆ ਕਮਾਇੰਦਾ । ਲਹਿਣਾ ਚੁਕਾ ਕੇ ਮੋਖ ਮੁਕਤੀ, ਮਿਸਲ ਆਪਣੇ ਨਾਲ ਰਲਾਇੰਦਾ । ਖੇਲ ਖਿਲਾ ਕੇ ਨਿਰਤੀ ਸੁਰਤੀ, ਸੂਰਤ ਸਾਬਤ ਆਪ ਦ੍ਰਿੜਾਇੰਦਾ । ਭੇਵ ਚੁਕਾ ਕੇ ਸ਼ਕਤੀ ਭੁਗਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਵੇਖ ਵਖਾਇੰਦਾ । ਗੁਰਮੁਖਾਂ ਗੁਰ ਖੋਲ੍ਹੇ ਰਾਜ਼, ਬੰਦ ਕਵਾੜੀ ਕੁੰਡਾ ਲਾਹੀਆ । ਸ਼ਬਦ ਅਗੰਮੀ ਮਾਰ ਆਵਾਜ਼, ਜਗ ਸੋਏ ਲਏ ਉਠਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਕੇ ਦਾਤ, ਖ਼ਾਲੀ ਭੰਡਾਰ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਵੇਖ ਵਖਾਈਆ । ਗੁਰਮੁਖਾਂ ਗੁਰ ਦੱਸੇ ਰਸਤਾ, ਰਹਿਬਰ ਹੋ ਦਇਆ ਕਮਾਈਆ । ਮਾਰਗ ਜਣਾਏ ਇਕੋ ਪੁਖਤਾ, ਮੁਕੰਮਲ ਆਪਣਾ ਹੁਕਮ ਜਣਾਈਆ । ਦਰਸ ਦਿਖਾਏ ਜੋ ਘਰ ਘਰ ਲੁਕਦਾ, ਪੜਦਾ ਓਹਲਾ ਆਪ ਚੁਕਾਈਆ । ਜਗਤ ਜਹਾਨ ਪੈਂਡਾ ਮੁੱਕਦਾ, ਸਫ਼ਰਾਂ ਵਿਚ ਨਾ ਕੋਇ ਭੁਆਈਆ । ਨਾਤਾ ਜੋੜ ਕੇ ਪਿਤਾ ਪੁੱਤ ਦਾ, ਪੁਰਖ ਅਕਾਲ ਗੋਦ ਉਠਾਈਆ । ਵਕਤ ਸੁਹੰਜਣਾ ਲਿਆਏ ਅਗੰਮੇ ਸੁਖ ਦਾ, ਸੁਖ ਸਾਗਰ ਵਿਚ ਸਮਾਈਆ । ਅੰਤਰ ਆਤਮ ਆਪਣੀਆਂ ਭੁਜਾਂ ਚੁੱਕਦਾ, ਚਤਰਭੁਜ ਭੇਵ ਨਾ ਰਾਈਆ । ਲੇਖਾ ਚੁੱਕੇ ਪਾਰਬ੍ਰਹਮ ਬ੍ਰਹਮ ਗੁਝ ਦਾ, ਪੜਦਾ ਓਹਲਾ ਦਏ ਉਠਾਈਆ । ਭੇਵ ਖੁਲ੍ਹਾਵੇ ਆਪਣੇ ਅੱਖਰ ਇਕ ਤੁਕ ਦਾ, ਦੋ ਜਹਾਨਾਂ ਖ਼ੁਸ਼ੀ ਵਖਾਈਆ । ਜੋੜ ਜੁੜਾ ਕੇ ਸਚ ਸੁੱਚ ਦਾ, ਕੂੜ ਕੁੜਿਆਰਾ ਦਏ ਖਪਾਈਆ । ਕਰ ਉਜਾਲਾ ਉਜਲ ਮੁਖ ਦਾ, ਅੰਧ ਗੁਬਾਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਜਾਮਾ ਦੇ ਮਨੁਖ ਦਾ, ਮਾਨੁਖ ਆਪਣੇ ਲੇਖੇ ਲਾਈਆ । ਗੁਰਮੁਖ ਲੇਖਾ ਹੱਥ ਗੁਰਦੇਵ, ਜੁਗ ਚੌਕੜੀ ਖੇਲ ਖਿਲਾਇੰਦਾ । ਦਾਤਾ ਦਾਨੀ ਅਲਖ ਅਭੇਵ, ਅਗੋਚਰ ਅਗੰਮ ਅਥਾਹ ਵੇਖ ਵਖਾਇੰਦਾ । ਅੰਮ੍ਰਿਤ ਰਸ ਦੇਵਣਹਾਰਾ ਸਾਚਾ ਮੇਵ, ਧੁਰ ਦਾ ਫਲ ਇਕ ਖਵਾਇੰਦਾ । ਰਸ ਭਰਾ ਕੇ ਰਸਨਾ ਜਿਹਵ, ਰੁਚਆਤਮਕ ਇਕ ਧਿਆਨ ਦ੍ਰਿੜਾਇੰਦਾ । ਧਾਮ ਵਖਾ ਕੇ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲਾਇੰਦਾ । ਚਰਨ ਪ੍ਰੀਤੀ ਸਾਚੀ ਸੇਵ, ਸਚ ਸਵਾਮੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰੰਗ ਰੰਗਾਇੰਦਾ । ਗੁਰਸਿਖਾਂ ਪ੍ਰਭ ਖੋਲ੍ਹੇ ਦ੍ਰਿਸ਼ਟ ਦਿਬ, ਦੇਵ ਨੇਤ ਨਜ਼ਰੀਂ ਆਈਆ । ਮਾਣ ਅਭਿਮਾਨ ਨਾ ਕੋਇ ਗਰਬ, ਹੰਕਾਰ ਵਿਕਾਰ ਦਏ ਗਵਾਈਆ । ਕਿਰਪਾ ਕਰ ਸਤਿਗੁਰ ਸਵਾਮੀ ਪ੍ਰਭ, ਪਤਿਪਰਮੇਸ਼ਵਰ ਵੇਖ ਵਖਾਈਆ । ਲੇਖਾ ਚੁਕਾ ਕੇ ਨਾਰ ਮਰਦ, ਇਸਤਰੀ ਪੁਰਸ਼ ਇਕੋ ਰੰਗ ਵਖਾਈਆ । ਗ਼ਰੀਬ ਨਿਮਾਣਿਆਂ ਸਦਾ ਸੁਹੇਲਾ ਸਦ ਵੰਡੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਜਨਮ ਕਰਮ ਦਾ ਲੇਖਾ ਖੋਲ੍ਹ ਕੇ ਵੇਖੇ ਪਿਛਲੀ ਫ਼ਰਦ, ਜੁਗ ਚੌਕੜੀ ਭੁੱਲ

ਕਦੇ ਨਾ ਜਾਈਆ । ਪ੍ਰੇਮ ਪਿਆਰ ਦਾ ਲਾ ਕੇ ਸਾਚਾ ਵਰਗ, ਨਾਤਾ ਧੁਰ ਦਾ ਲਏ ਜੁੜਾਈਆ । ਏਹੋ ਖੇਲ ਸਦਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਗੁਰਮੁਖਾਂ ਜਨਮ ਕਰਮ ਦਾ ਦੇਵਣ ਆਏ ਕਰਜ਼, ਪਿਛਲਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਗੁਰਮੁਖ ਲੇਖਾ ਘਰ ਨਿਰੰਕਾਰ, ਜੁਗ ਜੁਗ ਦੇਵਣਹਾਰ ਵਡਿਆਈਆ । ਕਲਜੁਗ ਅੰਤਮ ਕਰ ਪਿਆਰ, ਪਰਮ ਪ੍ਰੀਤਮ ਸੇਵ ਕਮਾਈਆ । ਨਾਮ ਪਦਾਰਥ ਭਰ ਭੰਡਾਰ, ਸਾਚੀ ਸੇਵਾ ਸੇਵਕ ਬਣ ਕੇ ਆਪ ਕਮਾਈਆ । ਕਾਇਆ ਮੰਦਰ ਦੇ ਅਧਾਰ, ਧੀਰਜ ਜਤ ਸਤਿ ਸੰਤੋਖ ਇਕ ਵਖਾਈਆ । ਨਾਤਾ ਜੋੜ ਕੇ ਧੁਰ ਦਾ ਯਾਰ, ਮਿਤਰ ਪਿਆਰਾ ਹੋ ਕੇ ਨਜ਼ਰੀ ਆਈਆ । ਨਾਮ ਸੁਣਾ ਕੇ ਸਚ ਜੈਕਾਰ, ਸੋਹੰ ਕਰੇ ਪੜ੍ਹਾਈਆ । ਤੇਰਾ ਮੇਰਾ ਇਕ ਪਿਆਰ, ਗੁਰਮੁਖ ਗੁਰਸਿਖ ਗੁਰ ਗੁਰ ਵਿਛੜ ਕਦੇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੁਗ ਜਨਮ ਪੈਜ ਦੇਵੇ ਸਵਾਰ, ਭਗਤ ਸਵਾਰਥੀ ਆਪਣਾ ਫੇਰਾ ਪਾਈਆ ।

### ੨੨ ਮੱਘਰ ੨੦੨੧ ਬਿਕ੍ਰਮੀ ਬਾਗੀਚਾ ਸਿੰਘ ਦੇ ਗ੍ਰਿਹਿ ਮੁੰਡੀ ਜਮਾਲ ਜ਼ਿਲਾ ਫ਼ਿਰੋਜ਼ਪੁਰ



ਗੁਰਮੁਖ ਸਾਚੇ ਪ੍ਰਭ ਦੇਵੇ ਮਤ, ਧੀਰਜ ਜਤ ਝੋਲੀ ਪਾਈਆ । ਅੰਤਰ ਆਤਮ ਦੇਵੇ ਬ੍ਰਹਮ ਮਤ, ਮਨ ਮਤ ਲੇਖਾ ਦਏ ਚੁਕਾਈਆ । ਧੁਰ ਦਾ ਰਾਗ ਸੁਣਾਏ ਸ਼ਬਦ ਅਗੰਮੀ ਅਨਹਦ, ਧੁਨ ਆਤਮਕ ਰਾਗ ਜਣਾਈਆ । ਅੰਮ੍ਰਿਤ ਆਤਮ ਨਿਜਰ ਝਿਰਨਾ ਬੂੰਦ ਸਵਾਂਤੀ ਦੇਵੇ ਝੱਟ, ਰਿਸਕ ਰਿਸਕ ਆਪ ਟਪਕਾਈਆ । ਪੜਦਾ ਓਹਲਾ ਦੂਈ ਦਵੈਤੀ ਬਜਰ ਕਪਾਟੀ ਖੋਲ੍ਹੇ ਫਟ, ਭੇਵ ਅਭੇਦ ਦਏ ਜਣਾਈਆ । ਨਿਰਮਲ ਜੋਤ ਦੀਆ ਬਾਤੀ ਕਮਲਾਪਾਤੀ ਕਰੇ ਪਰਕਾਸ਼, ਨੂਰੋ ਨੂਰ ਡਗਮਗਾਈਆ । ਕੂੜੀ ਕਿਰਿਆ ਮਾਇਆ ਮਮਤਾ ਮੇਟੇ ਅੰਧੇਰੀ ਰਾਤ, ਸਚ ਚੰਦ ਨੂਰ ਰੁਸ਼ਨਾਈਆ । ਸੇਜ ਸੁਹੰਜਣੀ ਆਤਮ ਵੇਖੇ ਸਾਹਿਬ ਪੁਰਖ ਸਮਰਾਥ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਮਾਤ ਵਡਿਆਈਆ । ਗੁਰਮੁਖ ਕਾਇਆ ਮੰਦਰ ਅੰਦਰ ਗਏ ਜਾਗ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸੋਈ ਸੁਰਤੀ ਜਾਏ ਜਾਗ, ਨਿਜ ਨੇਤਰ ਅੱਖ ਖੁਲ੍ਹਾਈਆ । ਹੰਸ ਰੂਪ ਹੋਏ ਕਾਗ, ਗੁਰ ਸਤਿਗੁਰ ਦੁਰਮਤ ਮੈਲ ਧੁਆਈਆ । ਇਕ ਉਪਜਾਏ ਸਚ ਵੈਰਾਗ, ਬਿਰਹੋਂ ਚੋਟ ਲਗਾਈਆ । ਮਾਇਆ ਮਮਤਾ ਮਿਟੇ ਵਿਵਾਦ, ਕੂੜੀ ਤ੍ਰਿਸ਼ਨਾ ਦਏ ਬੁਝਾਈਆ । ਸ਼ਬਦ ਅਗੰਮੀ ਸੁਣਾਵੇ ਨਾਦ, ਏਕਾ ਧੁੰਨ ਜਣਾਈਆ । ਅੰਮ੍ਰਿਤ ਰਸ ਦੇਵੇ ਸਚ ਸੁਆਦ, ਰਸਨਾ ਰਸ ਨਾ ਕੋਈ ਵਖਾਈਆ । ਜਗਤ ਮਾਇਆ ਲੱਗੀ ਬੁਝਾਏ ਆਗ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਆਤਮ ਦੇਵੇ ਸੱਚੀ ਪੁਸਤਕ, ਬਿਨ ਅੱਖਰਾਂ ਕਰੇ ਪੜ੍ਹਾਈਆ । ਜਿਸ ਵਿਚ ਪਰਮ ਪੁਰਖ ਦੀ ਉਸਤਤ, ਦੂਜਾ ਰੂਪ ਨਾ ਕੋਇ ਵਖਾਈਆ । ਮਿਲੇ ਮੇਲ ਅਗੰਮੀ ਮੁਰਸ਼ਦ, ਮੁਰੀਦ ਅਪਣੇ ਅੰਗ ਲਗਾਈਆ । ਧੋ ਕੇ ਮੈਲ ਕੁੜਿਆਰੀ ਦੁਰਮਤ, ਸਵੱਛ ਸਰੂਪੀ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਰੰਗ ਚੜ੍ਹਾਈਆ । ਗੁਰਮੁਖ ਅੰਤਰ ਚਾੜ੍ਹੇ ਰੰਗ, ਸੋ ਸਾਹਿਬ ਸਤਿਗੁਰ ਦਇਆ ਕਮਾਇੰਦਾ । ਨੌਂ ਦਵਾਰੇ ਪਾਰ ਲੰਘ, ਘਰ

ਸਾਚੇ ਸੋਭਾ ਪਾਇੰਦਾ । ਸੇਜ ਸੁਹਾਵੀ ਵੇਖ ਪਲੰਘ, ਆਤਮ ਅੰਤਰ ਆਸਣ ਲਾਇੰਦਾ । ਆਸਾ ਮਨਸਾ ਪੂਰੀ ਕਰ ਉਮੰਗ, ਤ੍ਰਿਸ਼ਨਾ ਤ੍ਰਿਖਾ ਸਰਬ ਬੁਝਾਇੰਦਾ । ਨਿਰਗੁਣ ਹੋ ਕੇ ਵਸੇ ਸੰਗ, ਜੋਤੀ ਜਾਤਾ ਡਗਮਗਾਇੰਦਾ । ਆਵਣ ਜਾਵਣ ਚੁਕਾ ਕੇ ਪੰਧ, ਘਰ ਸਾਚੇ ਜੋੜ ਜੁੜਾਇੰਦਾ । ਨਿਜ ਘਰ ਵਾਸੀ ਦੇ ਕੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਧੁਰ ਦਾ ਢੋਲਾ ਸੁਣਾ ਕੇ ਛੰਦ, ਸੋਹੰ ਨਾਦ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਅੰਦਰ ਵੇਖੇ ਖੋਲ੍ਹ, ਬੰਦ ਤਾਕੀ ਕੁੰਡੀ ਲਾਹੀਆ । ਸਾਹਿਬ ਸਵਾਮੀ ਬੈਠ ਅਡੋਲ, ਅੰਤਰਜਾਮੀ ਭੇਵ ਚੁਕਾਈਆ । ਅਨਰਾਗੀ ਅਨਬੋਲਤ ਪਏ ਬੋਲ, ਅਗੰਮੀ ਆਵਾਜ਼ ਸੁਣਾਈਆ । ਸਚ ਦਵਾਰਾ ਘਰ ਘਰ ਵਿਚ ਖੋਲ੍ਹ, ਸਨਮੁਖ ਹੋ ਕੇ ਨਜ਼ਰੀ ਆਈਆ । ਆਤਮ ਪਰਮਾਤਮ ਮਿਲ ਕੇ ਕਰੇ ਚੋਹਲ, ਚੋਜੀ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਤਾਰੇ ਕਾਇਆ ਮੰਦਰ, ਮਨ ਮਣਕਾ ਆਪ ਭੁਆਈਆ । ਦਹਿ ਦਿਸ਼ਾ ਨਾ ਉਠ ਉਠ ਧਾਵੇ ਬੰਦਰ, ਚਾਰ ਕੁੰਟ ਨਾ ਕੋਇ ਫਿਰਾਈਆ । ਭਾਗ ਲਗਾ ਕੇ ਗਹਿਰੀ ਕੰਦਰ, ਭਵਰੀ ਭਵਰ ਕਰੇ ਰੁਸ਼ਨਾਈਆ । ਮਾਇਆ ਮਮਤਾ ਤੋੜ ਕੇ ਜੰਦਰ, ਕੁੰਡਾ ਖਿੜਕੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਏ ਵਡਿਆਈਆ । ਗੁਰਮੁਖ ਅੰਦਰ ਖੋਲ੍ਹ ਕੇ ਤਾਕੀ, ਹਰਿ ਸਤਿਗੁਰ ਦਇਆ ਕਮਾਇੰਦਾ । ਅੰਮ੍ਰਿਤ ਜਾਮ ਪਿਆਏ ਬਣ ਕੇ ਸਾਕੀ, ਸਚ ਪਿਆਲਾ ਮੁਖ ਲਗਾਇੰਦਾ । ਨਿਰਗੁਣ ਨਿਰਗੁਣ ਜੁੜਾਏ ਨਾਤੀ, ਨਾਤਾ ਬਿਧਾਤਾ ਆਪ ਬੰਧਾਇੰਦਾ । ਅੰਤਰ ਅੰਤਰ ਬਣੇ ਸਾਥੀ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਤੂੰ ਮੇਰਾ ਮੈਂ ਤੇਰਾ ਸਚ ਪੜ੍ਹਾਏ ਗਾਥੀ, ਸੋਹਲਾ ਢੋਲਾ ਇਕ ਦ੍ਰਿੜਾਇੰਦਾ । ਲੇਖਾ ਚੁਕਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਖ਼ਾਕੀ, ਖ਼ਾਲਸ ਆਪਣਾ ਰੂਪ ਸਮਝਾਇੰਦਾ । ਨਜ਼ਰ ਆਏ ਕਮਲਾਪਾਤੀ, ਕਵਲ ਨੈਣ ਬਿਨ ਅੱਖਾਂ ਅੱਖ ਮਟਕਾਇੰਦਾ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਚਰਨਾਂ ਹੇਠ ਰਖਾਇੰਦਾ । ਮੇਲ ਮਿਲਾ ਕੇ ਪੁਰਖ ਅਬਿਨਾਸ਼ੀ, ਅਬਚਲ ਆਪਣਾ ਘਰ ਸੁਹਾਇੰਦਾ । ਥਿਰ ਘਰ ਦੇਵੇ ਮਾਣ ਬਹੁ ਬਿਧ ਭਾਂਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਰ ਵਸਾਇੰਦਾ । ਗੁਰਮੁਖ ਦਵਾਰਾ ਸਾਢੇ ਤਿੰਨ ਹੱਥ, ਮਾਣਸ ਮਾਟੀ ਬਣਤ ਬਣਾਈਆ । ਤਿੰਨ ਪੰਜ ਦਾ ਕਰ ਇਕੱਠ, ਸਾਚੀ ਘਾੜਤ ਲਈ ਘੜਾਈਆ । ਨੌਂ ਦਵਾਰੇ ਜਗਤ ਰੱਖ, ਕੂੜੀ ਵਾਸਨਾ ਵਿਚ ਸਮਾਈਆ । ਦਸਵੇਂ ਬੈਠ ਪੁਰਖ ਸਮਰਥ, ਸਚ ਸਿੰਘਾਸਣ ਡੇਰਾ ਲਾਈਆ । ਗੁਰਮੁਖ ਸਾਚਾ ਰਾਹ ਰਿਹਾ ਤੱਕ, ਆਦਿ ਜੁਗਾਦਿ ਵੇਖ ਵਖਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਆਪਣੀ ਗੋਦੀ ਲਏ ਚੱਕ, ਫੜ ਬਾਂਹੋਂ ਗਲੇ ਲਗਾਈਆ । ਜਨਮ ਕਰਮ ਦਾ ਲਹਿਣਾ ਦੇਵੇ ਹਕ, ਹਕੀਕਤ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਕਰ ਕੇ ਵਾਸ, ਅਸਥਾਨ ਭੂਮਿਕਾ ਸਾਚੀ ਦਏ ਵਖਾਈਆ । ਗੁਰਮੁਖ ਅੰਦਰ ਸਚ ਅਸਥਾਨ, ਆਤਮ ਸੇਜਾ ਇਕ ਸੁਹਾਈਆ । ਜਿਥੇ ਝੁੱਲੇ ਧਰਮ ਨਿਸ਼ਾਨ, ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਦੀਆ ਬਾਤੀ ਜਗੇ ਇਕ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਗੰਮੀ ਸੁਣੇ ਧੁਨਕਾਨ, ਅਨਰਾਗੀ ਰਾਗ ਸੁਣਾਈਆ । ਕਿਰਪਾ ਕਰ ਸ੍ਰੀ ਭਗਵਾਨ, ਮਹਿੰਮਾ ਅਕਥ ਦਏ ਦ੍ਰਿੜਾਈਆ । ਸਚ ਸੁਹਾਏ ਇਕ ਮਕਾਨ, ਕਾਇਆ ਕਾਅਬਾ ਮਿਲੇ

ਵਡਿਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਿਸੇ ਹੱਥ ਨਾ ਆਇਆ ਵਿਚ ਜਹਾਨ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਸਾਚਾ ਘਰ, ਘਰ ਘਰ ਵਿਚ ਪੜਦਾ ਲਾਹੀਆ । ਗੁਰਮੁਖਾਂ ਪ੍ਰਭ ਦੇਵੇ ਵਸਤ, ਨਾਮ ਅਮੋਲਕ ਝੋਲੀ ਪਾਈਆ । ਲੇਖਾ ਚੁਕਾਏ ਕੀਟ ਹਸਤ, ਊਚ ਨੀਚ ਡੇਰਾ ਢਾਹੀਆ । ਨਾਮ ਖ਼ੁਮਾਰੀ ਰੱਖੇ ਮਸਤ, ਦਿਵਸ ਰੈਣ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਦੱਸ ਕੇ ਆਪਣਾ ਇਸ਼ਟ, ਏਕਾ ਘਰ ਦਏ ਸਮਝਾਈਆ । ਗੁਰਮੁਖਾਂ ਪ੍ਰਭ ਬਣੇ ਮਲਾਹ, ਬੇੜਾ ਲੋਕਮਾਤ ਤਰਾਈਆ । ਜੁਗ ਜੁਗ ਦੇਵਣਹਾਰਾ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਢੋਲਾ ਲੈਣਾ ਗਾ, ਆਦਿ ਜੁਗਾਦੀ ਸਚ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੂਜਾ ਦਿਸੇ ਕੋਈ ਨਾ, ਨਰ ਨਿਰੰਕਾਰ ਤੇਰੀ ਸਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੈਨੂੰ ਰਹੇ ਗਾ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਧਿਆਨ ਲਗਾਈਆ । ਰਵ ਸਸ ਸੂਰਜ ਚੰਦ ਜ਼ਿਮੀਂ ਅਸਮਾਨ, ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਸੱਜਦੇ ਕਰਨ ਸੀਸ ਝੁਕਾ, ਜਗਦੀਸ਼ ਜਗਦੀਸ਼ਰ ਤੇਰੀ ਮੰਗਣ ਇਕ ਸਰਨਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਨਿਵਾਸੀ ਬਣ ਮਲਾਹ, ਖੇਵਟ ਖੇਟਾ ਆਪਣਾ ਬੇੜਾ ਕੰਧ ਉਠਾਈਆ । ਗੁਰਮੁਖ ਗੁਰਸਿਖ ਨਿਜ ਨੇਤਰ ਨਿਰਵੈਰ ਪੁਰਖ ਤੇਰਾ ਤੱਕਣ ਰਾਹ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਲੋਕਮਾਤ ਮਾਰ ਝਾਤ ਕਲਜੁਗ ਅੰਤਮ ਪਕੜ ਬਾਂਹ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਤੁਟਾ ਪੁੱਤਰਾਂ ਮਾਂ, ਪਿਤਾ ਪੂਤ ਦੇਵੇ ਨਾ ਕੋਇ ਵਡਿਆਈਆ । ਨਾਰ ਕੰਤ ਗਈ ਤਜਾ, ਵਿਭਚਾਰ ਭਰੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰਮੁਖ ਆਸਾ ਮਨਸਾ ਪੂਰ ਕਰਾਈਆ । ਗੁਰਮੁਖ ਤੇਰਾ ਘਰ ਸੁਹੰਜਣਾ, ਘਰ ਘਰ ਵੱਜੇ ਵਧਾਈਆ । ਪਰਮ ਪੁਰਖ ਪਰਮਾਤਮ ਮਿਲਿਆ ਧੁਰ ਦਾ ਸੱਜਣਾ, ਸਾਹਿਬ ਸਵਾਮੀ ਹੋਏ ਸਹਾਈਆ । ਆਤਮ ਅੰਤਰ ਤੇਰੀ ਸੁਰਤ ਕਰਾਏ ਸਾਚਾ ਮਜਨਾ, ਸਰ ਸਰੋਵਰ ਇਕੋ ਇਕ ਨੁਹਾਈਆ । ਕੂੜੀ ਕਿਰਿਆ ਕਾਇਆ ਗੜ੍ਹ ਹੰਕਾਰੀ ਭਾਂਡਾ ਭੱਜਣਾ, ਭਰਮ ਭੌ ਦਏ ਚੁਕਾਈਆ । ਨੇਤਰ ਨਾਮ ਨਿਧਾਨ ਪਾਏ ਅੰਜਨਾ, ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਇਕੋ ਇਕ ਸਮਝਾਈਆ । ਗੁਰਮੁਖ ਸੱਜਣ ਉਠ ਨੇਤਰ ਪੇਖ, ਨਿਜ ਨੈਣ ਧਿਆਨ ਲਗਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਕਰੇ ਹੇਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਅੰਦਰ ਬਾਹਰ ਗੁਪਤ ਜ਼ਾਹਰ ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰ ਗੁਰ ਰਿਹਾ ਵੇਖ, ਪੜਦਾ ਓਹਲਾ ਦਏ ਉਠਾਈਆ । ਸੁਰਤੀ ਸ਼ਬਦੀ ਕਰੇ ਹੇਤ, ਹਿਤਕਾਰੀ ਹੋ ਕੇ ਆਪਣਾ ਮੇਲ ਮਿਲਾਈਆ । ਡੂੰਘੇ ਰਾਜ਼ ਦਾ ਖੋਲ੍ਹੇ ਭੇਤ, ਪਰਮ ਪੁਰਖ ਪਰਮਾਤਮ ਆਪਣੀ ਗੰਢ ਖੁਲ੍ਹਾਈਆ । ਸਦਾ ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਇਕੋ ਘਰ ਵਸਾਈਆ । ਗੁਰਮੁਖ ਤੇਰਾ ਸਚ ਘਰ ਵਸੇਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਸਚ ਭੂਮਿਕਾ

ਲਾਏ ਡੇਰਾ, ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਇਕੋ ਘਰ ਬਹਾਇੰਦਾ । ਜਿਥੇ ਕੋਈ ਨਾ ਹੋਏ ਝਗੜਾ ਝੇੜਾ, ਝੰਝਟ ਅਵਰ ਨਾ ਕੋਇ ਵਖਾਇੰਦਾ । ਇਕੋ ਰਾਗ ਤੇਰਾ ਮੇਰਾ, ਤੂੰ ਹੀ ਤੂੰ ਅਲਾਇੰਦਾ । ਹਕ ਮੁਕਾਮੇ ਹੋਏ ਵਸੇਰਾ, ਸਚ ਸਿੰਘਾਸਣ ਇਕ ਸੁਹਾਇੰਦਾ । ਆਵਣ ਜਾਵਣ ਲੱਖ ਚੁਰਾਸੀ ਲੋਕਮਾਤ ਚੁੱਕੇ ਝੇੜਾ, ਰਾਏ ਧਰਮ ਬੰਧਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਆਪਣੀ ਗੋਦ ਬਹਾਇੰਦਾ । ਗੁਰਮੁਖ ਤੇਰੀ ਗੋਦੀ ਸਚਖੰਡ, ਸੋ ਪੁਰਖ ਨਿਰੰਜਣ ਆਪ ਬਣਾਈਆ । ਕਰ ਵਸੇਰਾ ਉਪਰ ਬ੍ਰਹਿਮੰਡ, ਗ੍ਰਹਿ ਆਪਣੇ ਚਰਨ ਟਿਕਾਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਕੋਈ ਨਾ ਸਕੇ ਲੰਘ, ਸੋ ਭੂਮਿਕਾ ਤੇਰੀ ਦਏ ਸੁਹਾਈਆ । ਸਤਿ ਸਤਿਵਾਦੀ ਦੇ ਕੇ ਸਚ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਨਾਲ ਗੁਰਮੁਖ ਰਿਹਾ ਤਰਾਈਆ ।

### ✪ ੨੧ ਮੱਘਰ ੨੦੨੧ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਜਨ ਭਗਤ ਤੇਰਾ ਖੇੜਾ ਸਾਢੇ ਤਿੰਨ ਹੱਥ, ਮਹੱਲ ਅਟਲ ਸੋਹਣਾ ਨਜ਼ਰੀ ਆਇੰਦਾ । ਜਿਸ ਅੰਤਰ ਸ਼ਬਦ ਅਨਾਦ ਬੋਧ ਅਗਾਧ ਹੋਏ ਅਕਥ, ਰਸਨਾ ਜਿਹਵਾ ਬੱਤੀ ਦੰਦ ਨਾਲ ਨਾ ਕੋਇ ਮਿਲਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜੋਤ ਹੋਏ ਪਰਕਾਸ਼, ਦੀਵਾ ਬਾਤੀ ਦੂਜਾ ਸੰਗ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਹੋ ਕੇ ਵਸੇ ਸਾਥ, ਆਤਮ ਪਰਮਾਤਮ ਮੇਲ ਮਿਲਾਇੰਦਾ । ਸਚ ਪ੍ਰੀਤੀ ਜੋੜ ਕੇ ਨਾਤ, ਪਰਮ ਪੁਰਖ ਬਿਧਾਤਾ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਇਕ ਵਡਿਆਇੰਦਾ । ਗੁਰਮੁਖ ਤੇਰਾ ਮੰਦਰ ਸੋਹਣਾ ਸੁਹੰਜਣਾ, ਤਨ ਮਾਟੀ ਨਜ਼ਰੀ ਆਈਆ । ਜਿਸ ਅੰਦਰ ਆਦਿ ਪੁਰਖ ਨਿਰੰਜਣਾ, ਜੋਤ ਨਿਰੰਜਣ ਰਿਹਾ ਜਗਾਈਆ । ਸਾਚੇ ਅੰਮ੍ਰਿਤ ਸਰ ਸਰੋਵਰ ਕਰਾਏ ਮਜਨਾ, ਦੁਰਮਤ ਮੈਲ ਆਪ ਧੁਆਈਆ । ਨੇਤਰ ਨਾਮ ਨਿਧਾਨ ਨਿਜ ਨੈਣ ਪਾਏ ਅੰਜਨਾ, ਅਗਿਆਨ ਅੰਧੇਰ ਦਏ ਚੁਕਾਈਆ । ਪੀਆ ਪ੍ਰੀਤਮ ਘਰ ਠਾਕਰ ਮਿਲੇ ਸੱਜਣਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਸੁਹਾਈਆ । ਗੁਰਮੁਖ ਤੇਰਾ ਕਾਇਆ ਖੇੜਾ, ਸਤਿ ਸਤਿਵਾਦੀ ਨਜ਼ਰੀ ਆਇੰਦਾ । ਪੰਚ ਵਿਕਾਰਾ ਚੁੱਕੇ ਝੇੜਾ, ਝਗੜਾ ਮਨ ਨਾ ਕੋਇ ਵਖਾਇੰਦਾ । ਬੁੱਧ ਮੱਤ ਨਾ ਭੇੜ ਭੇੜਾ, ਹਿੰਸਾ ਰੂਪ ਨਾ ਕੋਇ ਵਟਾਇੰਦਾ । ਲਹਿਣਾ ਦੇਣਾ ਚੁੱਕੇ ਤੇਰਾ ਮੇਰਾ, ਦੂਜਾ ਵੇਸ ਨਾ ਕੋਇ ਵਖਾਇੰਦਾ । ਨਜ਼ਰੀ ਆਏ ਦੂਰ ਦੁਰਾਡਾ ਨੇਰਨ ਨੇਰਾ, ਬਣ ਪਾਂਧੀ ਪੰਧ ਮੁਕਾਇੰਦਾ । ਸਚ ਦਵਾਰਾ ਵੇਖੇ ਖੁਲ੍ਹਾ ਵੇਹੜਾ, ਚਾਰ ਕੁੰਟ ਦਹਿ ਦਿਸ਼ਾ ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਗੁਰਮੁਖ ਤੇਰੀ ਕਾਇਆ ਗਾਗਰ, ਸਤਿ ਸਤਿਵਾਦੀ ਨਜ਼ਰੀ ਆਈਆ । ਜਿਸ ਅੰਦਰ ਵੱਡਾ ਡੂੰਘਾ ਸਾਗਰ, ਕਲਜੁਗ ਜੀਵ ਤਰਨ ਨਾ ਪਾਈਆ । ਜਿਸ ਦਾ ਮਾਲਕ ਸਾਹਿਬ ਸੁਲਤਾਨ ਕਰੀਮ ਕਰਤਾ ਕਾਦਰ, ਪਰਵਰਦਿਗਾਰ ਨੂਰ ਖ਼ੁਦਾਈਆ । ਸ਼ਬਦੀ ਧਾਰ ਓਢਨ ਚਿੱਟੀ ਚਾਦਰ, ਸਤਿ ਸਰੂਪੀ ਦਏ

ਸਮਝਾਈਆ । ਮਿਹਰਵਾਨ ਹੋ ਜਿਸ ਘਰ ਆਪਣਾ ਬਖ਼ਸ਼ੇ ਆਦਰ, ਆਦਰਸ਼ ਆਪਣਾ ਦਏ ਵਖਾਈਆ । ਸੋ ਗੁਰਮੁਖ ਸੂਰਬੀਰ ਬਹਾਦਰ, ਜੋਧਾ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖ ਤੇਰਾ ਕਾਇਆ ਮਹੱਲ ਮਨਾਰਾ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਦੀਵਾ ਬਾਤੀ ਜੋਤੀ ਜੋਤ ਹੋਏ ਉਜਿਆਰਾ, ਧੁੰਆਧਾਰ ਨਜ਼ਰ ਕੋਇ ਨਾ ਆਈਆ । ਸ਼ਬਦ ਅਨਾਦ ਵੱਜੇ ਸੱਚੀ ਧੁਨਕਾਰਾ, ਅਨਹਦ ਰਾਗੀ ਆਪਣਾ ਰਾਗ ਸੁਣਾਈਆ । ਸਾਚੀ ਸਖੀਆਂ ਮੰਗਲਾਚਾਰਾ, ਗੀਤ ਗੋਬਿੰਦ ਸਰਬ ਗੁਣ ਗਾਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਸਚ ਸਰੋਵਰ ਝਿਰਨਾ ਇਕ ਝਿਰਾਈਆ । ਸਾਚਾ ਮੇਲਾ ਸੁਰਤੀ ਸ਼ਬਦੀ ਨਾਰ ਕੰਤ ਭਤਾਰਾ, ਸੇਜ ਸੁਹੰਜਣੀ ਡੇਰਾ ਲਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਅਨੋਖਾ ਪਿਆਰਾ, ਵੱਖਰੀ ਧਾਰ ਆਪ ਸਮਝਾਈਆ । ਸਾਖਿਆਤ ਨਿਰਗੁਣ ਨਿਰਵੈਰ ਨਜ਼ਰ ਆਏ ਨਿਰੰਕਾਰਾ, ਬੇਪਰਵਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਦਰਸਾਈਆ । ਗੁਰਮੁਖ ਤੇਰਾ ਕਾਇਆ ਮਹੱਲ ਉਚ ਅਟਾਰੀ, ਅਟਲ ਮਹੱਲ ਇਕ ਜਣਾਇੰਦਾ । ਜਿਸ ਘਰ ਵਸੇ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਜਿਸ ਅੰਦਰ ਹੁਕਮ ਹੋਵੇ ਸਦਾ ਜੁਗ ਚਾਰੀ, ਮਾਣਸ ਮਾਨੁਖ ਆਪ ਸਮਝਾਇੰਦਾ । ਜਿਸ ਦੇ ਅੰਦਰ ਕਾਤਬ ਬਣੇ ਵਡ ਲਿਖਾਰੀ, ਕਲਮ ਸ਼ਾਹੀ ਗੰਢ ਪੁਆਇੰਦਾ । ਜਿਸ ਦੇ ਅੰਦਰ ਮੁਖਾਤਬ ਹੋ ਕੇ ਖੇਲ੍ਹੇ ਭੇਵ ਆਪ ਨਿਰੰਕਾਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਸਾਚੇ ਖ਼ੁਸ਼ੀ ਮਨਾਇੰਦਾ । ਗੁਰਮੁਖ ਤੇਰਾ ਕਾਇਆ ਦਵਾਰਾ ਬੰਕ, ਦਵਾਰਕਾ ਬੈਠੀ ਮੁਖ ਸ਼ਰਮਾਈਆ । ਜਿਥੇ ਵੱਜੇ ਇਕੋ ਡੰਕ, ਨਾਮ ਨਿਧਾਨ ਕਰੇ ਸ਼ਨਵਾਈਆ । ਜਿਥੇ ਗੜ੍ਹ ਟੁੱਟੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜਿਥੇ ਬੋਧ ਅਗਾਧਾ ਮਿਲੇ ਪੰਡਤ, ਨਿਰਅੱਖਰ ਕਰੇ ਪੜ੍ਹਾਈਆ । ਜਿਥੇ ਸਤਿ ਸਤਿਵਾਦੀ ਭਗਤਾਂ ਮਿਲੇ ਸੰਗਤ, ਮਨਮੁਖ ਨਜ਼ਰ ਕੋਇ ਨਾ ਆਈਆ । ਨਾਤਾ ਤੋੜੇ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਕਾਇਆ ਖੇੜਾ ਰਿਹਾ ਸੁਹਾਈਆ । ਗੁਰਮੁਖ ਕਾਇਆ ਪੰਜ ਤਤ ਅਸਥੂਲ, ਤਨ ਮਾਟੀ ਖ਼ਾਕੀ ਨਜ਼ਰੀ ਆਈਆ । ਜਿਸ ਅੰਦਰ ਵਸੇ ਨਰ ਹਰਿ ਨਰਾਇਣ ਕੰਤ ਕੰਤੂਹਲ, ਸਚ ਸਵਾਮੀ ਡੇਰਾ ਲਾਈਆ । ਜਿਸ ਦੀ ਸੁਹੰਜਣੀ ਵੱਖਰੀ ਫੁੱਲਾਂ ਨਾਲੋਂ ਸੇਜ ਅਗੰਮੜੀ ਫੂਲ, ਬਰਖਾ ਧੁਰ ਦੀ ਆਪੇ ਲਾਈਆ । ਜਿਸ ਦਾ ਸਿੰਘਾਸਣ ਨਾ ਕੋਈ ਪਾਵਾ ਨਾ ਕੋਈ ਚੂਲ, ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਦਵਾਰ ਦਏ ਵਡਿਆਈਆ । ਗੁਰਮੁਖ ਤੇਰਾ ਦਵਾਰ ਚੰਗਾ, ਚੰਗਿਆਂ ਵਿਚੋਂ ਚੰਗਾ ਨਜ਼ਰੀ ਆਈਆ । ਜਿਥੇ ਵੱਜੇ ਧੁਰ ਮਰਦੰਗਾ, ਮਰਦ ਮਰਦਾਨਾ ਆਪ ਵਜਾਈਆ । ਜਿਸ ਦੇ ਅੰਦਰ ਸਤਿ ਸਰੋਵਰ ਅੰਮ੍ਰਿਤ ਰਸ ਭਰੀ ਵਗੇ ਗੰਗਾ, ਜਗਤ ਗੰਗਾ ਲੋੜ ਰਹੇ ਨਾ ਰਾਈਆ । ਜਿਥੇ ਗੀਤ ਗੋਬਿੰਦ ਇਕੋ ਗਾਇਣ ਹੋਵੇ ਛੰਦਾ, ਸੋਹੰ ਕਰੇ ਪੜ੍ਹਾਈਆ । ਅੰਤਰ ਆਤਮ ਨਿਜ ਘਰ ਆਏ ਉਹ ਅਨੰਦਾ, ਜਿਸ ਅਨੰਦ ਵਿਚੋਂ ਆਪਣਾ ਅਨੰਦ ਦਏ ਪਰਗਟਾਈਆ । ਗੁਰਮੁਖ ਸੱਚਾ ਬਾਹਰੋਂ ਤੱਤਾਂ ਵਾਲਾ ਬੰਦਾ, ਅੰਦਰ ਮਿਲਿਆ ਬੇਪਰਵਾਹੀਆ । ਜਿਸ ਨੇ ਬਜਰ ਕਪਾਟੀ ਖੋਲ੍ਹਿਆ ਕੁੰਡਾ, ਪੜਦਾ ਓਹਲਾ ਦਿਤਾ ਚੁਕਾਈਆ । ਜੋ ਹਰ ਘਟ ਅੰਦਰ ਖ਼ਾਮੋਸ਼ ਹੋ ਕੇ ਬੈਠਾ ਗੁੰਗਾ, ਸੋ ਗੁਰਮੁਖਾਂ ਆਪਣਾ

ਨਾਮ ਸੁਣਾਈਆ । ਕਿਸੇ ਹੱਥ ਨਾ ਆਵੇ ਲੱਖ ਚੁਰਾਸੀ ਜੀਵ ਜੰਤ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਢੂੰਡਾ, ਜੰਗਲ ਜੂਹ ਉਜਾੜ ਪਹਾੜ ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਤੇਰਾ ਘਰ ਵੇਖੇ ਚਾਈਂ ਚਾਈਂਆ । ਗੁਰਮੁਖ ਤੇਰਾ ਮੰਦਰ ਅਪਾਰ, ਅਪਰੰਪਰ ਸਵਾਮੀ ਦਏ ਜਣਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਰਾਗਾਂ ਨਾਦਾਂ ਵਿਚ ਸੁਣਾਈਆ । ਜਿਸ ਦੇ ਅੰਦਰ ਸਤਿ ਸਤਿਵਾਦੀ ਸਤਿ ਸਚ ਵਸੇ ਨਿਰੰਕਾਰ, ਨਿਰਗੁਣ ਆਪਣਾ ਡੇਰਾ ਲਾਈਆ । ਜਿਸ ਅੰਦਰ ਅੰਮ੍ਰਿਤ ਸਰੋਵਰ ਭਰਿਆ ਭੰਡਾਰ, ਅਤੋਟ ਅਤੁਟ ਦਿਤਾ ਟਿਕਾਈਆ । ਜਿਸ ਅੰਦਰ ਹਰਿ ਮੰਦਰ ਘਰ ਵਿਚ ਘਰ ਸੁਹਾਏ ਆਪ ਕਰਤਾਰ, ਕਰਤਾ ਪੁਰਖ ਆਪਣੀ ਦਇਆ ਕਮਾਈਆ । ਸੋ ਗੁਰਮੁਖ ਗੁਰਸਿਖ ਗੁਰ ਗੁਰ ਇਕ ਵਿਚਾਰ, ਜਗਤ ਸਮਝ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਅੰਦਰ ਨਾਮ ਸਤਿ ਸਤਿ ਵਜਾਏ ਆਪ ਸਤਾਰ, ਸੋ ਮੰਦਰ ਬੰਕ ਸੋਹੇ ਦਵਾਰ, ਦਰਵਾਜ਼ਾ ਅਗਲਾ ਦਏ ਖੁਲ੍ਹਾਈਆ ।

## ✪ ੨੧ ਮੱਘਰ ੨੦੨੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ ਚੰਬਲ ✪

ਪੁਰਖ ਅਕਾਲ ਸਚ ਸੰਦੇਸ਼, ਏਕੰਕਾਰਾ ਏਕਾ ਏਕ ਜਣਾਈਆ । ਸਚਖੰਡ ਨਿਵਾਸੀ ਨਰ ਨਰੇਸ਼, ਨਰ ਨਰਾਇਣ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਲਏ ਪੇਖ, ਨਿਰਗੁਣ ਨਿਰਗੁਣ ਖੋਜ ਖੁਜਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਿਆ ਖੇਡ, ਦੋ ਜਹਾਨਾਂ ਆਪਣਾ ਫੇਰਾ ਪਾਈਆ । ਜੋਤੀ ਜਲਵਾ ਲੱਖ ਚੁਰਾਸੀ ਦਿਤਾ ਤੇਜ, ਨੂਰੋ ਨੂਰ ਨੂਰ ਕਰ ਰੁਸ਼ਨਾਈਆ । ਆਤਮ ਪਰਮਾਤਮ ਸਚ ਸੁਹੰਜਣੀ ਮਾਣੀ ਸੇਜ, ਆਸਣ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸ਼ਾ ਹਰਿ ਨਿਰੰਕਾਰਾ, ਹਰਿ ਕਰਤਾ ਆਪ ਜਣਾਇੰਦਾ । ਸ਼ਾਹੋ ਭੂਪ ਵਡ ਸਿਕਦਾਰਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਤ ਨਵਿਤ ਆਪਣੀ ਕਲ ਧਰਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰ ਸਹਾਰਾ, ਮਿਹਰ ਨਜ਼ਰ ਇਕ ਉਠਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਪਾਵਣਹਾਰਾ ਸਾਰਾ, ਸਾਹਿਬ ਸਵਾਮੀ ਅੰਤਰਜਾਮੀ ਆਪਣੀ ਖੇਲ ਖਿਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾਮ ਨਿਧਾਨ ਬੋਲਣਹਾਰਾ ਜੈਕਾਰਾ, ਬੋਧ ਅਗਾਧਾ ਆਪਣਾ ਨਾਮ ਧਰਾਇੰਦਾ । ਕਲਮ ਸ਼ਾਹੀ ਕਾਗ਼ਜ਼ ਲੇਖ ਬਨਾਵਣਹਾਰਾ, ਕਾਤਬ ਹੋ ਕੇ ਆਪਣਾ ਹੁਕਮ ਮਨਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਫਿਰਨਹਾਰਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਧੁਰ ਦਾ ਹੁਕਮ ਹਰਿ ਭਗਵੰਤ, ਹਰਿ ਕਰਤਾ ਆਪ ਜਣਾਈਆ । ਲੱਖ ਚੁਰਾਸੀ ਜੀਵ ਜੰਤ, ਜਾਗਰਤ ਅੱਖ ਇਕ ਖੁਲ੍ਹਾਈਆ । ਕੂੜ ਕੁੜਿਆਰ ਕਲ ਵੇਖੇ ਅੰਤ, ਚਾਰੋਂ ਕੁੰਟ ਦਹਿ ਦਿਸ਼ਾ ਡੇਰਾ ਲਾਈਆ । ਹਰਿ ਕਾ ਭੁੱਲਿਆ ਸਭ ਨੂੰ ਮੰਤ, ਨਿਰਗੁਣ ਰਾਗ ਨਾ ਕੋਇ ਅਲਾਈਆ । ਹੋਈ ਦੋਹਾਗਣ ਸੁਰਤ ਸਵਾਣੀ ਹਰਿ ਨਾ ਮਿਲਿਆ ਕੰਤ, ਸੱਜਣ ਹੋਏ ਨਾ ਕੋਇ ਸਹਾਈਆ । ਕਾਇਆ ਚੋਲੀ ਰੰਗ ਚੜ੍ਹਿਆ ਨਾ ਕੋਇ ਬਸੰਤ, ਓਢਣ ਸੀਸ ਨਾ ਕੋਇ ਟਿਕਾਈਆ । ਧੁਰ ਦਰਗਾਹੀ

ਸਤਿ ਸਤਿਵਾਦੀ ਮਿਲਿਆ ਕੋਇ ਨਾ ਪੰਡਤ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਸਚ ਸੰਦੇਸ਼ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਗੁਰਮੁਖ ਵੇਖੋ ਮਾਰ ਧਿਆਨ, ਗੁਰ ਕਰਤਾ ਭੇਵ ਖੁਲ੍ਹਾਈਆ । ਕਾਇਆ ਮੰਦਰ ਵੇਖੋ ਸਚ ਮਕਾਨ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮਾਲਕ ਖ਼ਾਲਕ ਬੈਠਾ ਇਕ ਭਗਵਾਨ, ਖ਼ਾਲਸ ਆਪਣਾ ਹੁਕਮ ਵਰਤਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਜਗੇ ਮਹਾਨ, ਅੰਮ੍ਰਿਤ ਬੂੰਦ ਸਵਾਂਤੀ ਠਾਂਡਾ ਜਾਮ ਪਿਆਈਆ । ਕੂੜ ਕੁੜਿਆਰੀ ਰਾਤੀ ਮੇਟੇ ਵਿਚ ਜਹਾਨ, ਸਤਿ ਸਤਿਵਾਦੀ ਸਾਚਾ ਚੰਦ ਕਰੇ ਰੁਸ਼ਨਾਈਆ । ਬਹੁ ਬਿਧ ਭਾਂਤੀ ਜਨ ਭਗਤਾਂ ਮਿਲੇ ਆਣ, ਨਾਮ ਸੁਗ਼ਾਤੀ ਝੋਲੀ ਪਾਈਆ । ਇਕ ਇਕਾਂਤੀ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਧੁਰ ਸੰਦੇਸ਼ਾ ਸੋ ਪੁਰਖ ਨਿਰੰਜਣ, ਸਚ ਸਵਾਮੀ ਆਪ ਸੁਣਾਇੰਦਾ । ਮਿਹਰਵਾਨ ਦਰਦ ਦੁੱਖ ਭੈ ਭੰਜਨ, ਭਗਤ ਸੁਹੇਲੇ ਆਪ ਉਠਾਇੰਦਾ । ਨੇਤਰ ਪਾਵੇ ਨਾਮ ਅੰਜਣ, ਅਗਿਆਨ ਅੰਧੇਰ ਚੁਕਾਇੰਦਾ । ਧੁਰ ਦਰਬਾਰੀ ਧੁਰ ਦਾ ਸੱਜਣ, ਸਚਖੰਡ ਨਿਵਾਸੀ ਵੇਖ ਵਖਾਇੰਦਾ । ਏਥੇ ਓਥੇ ਦੋ ਜਹਾਨਾਂ ਪੜਦੇ ਕੱਜਣ, ਮਿਹਰ ਨਜ਼ਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੁਝਾਵਣਹਾਰਾ ਕੂੜੀ ਅਗਨ, ਲਗਨ ਇਕੋ ਨਾਲ ਮਿਲਾਇੰਦਾ । ਧੁਰ ਸੰਦੇਸ਼ਾ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਗੁਰਮੁਖ ਉਠ ਵਿਚ ਜਹਾਨ, ਜਾਗਰਤ ਜੋਤ ਹੋਏ ਰੁਸ਼ਨਾਈਆ । ਦਰ ਦਵਾਰੇ ਮੰਗ ਸੱਚਾ ਦਾਨ, ਦਇਆਵਾਨ ਖ਼ਾਲੀ ਝੋਲੀ ਦਏ ਭਰਾਈਆ । ਪਰਮ ਪੁਰਖ ਪਰਮਾਤਮ ਲੱਖ ਚੁਰਾਸੀ ਦਾ ਸੱਚਾ ਕਾਹਨ, ਮੋਹਣੀ ਆਪਣਾ ਰੂਪ ਵਟਾਈਆ । ਸਰਬ ਆਤਮ ਦਾ ਪਰਮਾਤਮ ਰਾਮ, ਰਮਈਆ ਆਪਣੀ ਖੇਲ ਖਿਲਾਈਆ । ਸਰਬ ਪੈਗ਼ੰਬਰਾਂ ਦਾ ਇਕ ਅਮਾਮ, ਪਰਵਰਦਿਗਾਰ ਨੂਰ ਖ਼ੁਦਾਈਆ । ਸਰਬ ਗੁਰੂਆਂ ਦਾ ਇਕ ਭਗਵਾਨ, ਬਿਨ ਰੰਗ ਰੂਪ ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਦੇਵਣਹਾਰਾ ਮਾਣ, ਸਿਰ ਆਪਣਾ ਹੱਥ ਰਖਾਈਆ । ਵਸਤ ਅਮੋਲਕ ਦੇਵੇ ਦਾਨ, ਨਾਮ ਭੰਡਾਰਾ ਝੋਲੀ ਪਾਈਆ । ਕੂੜੀ ਕਿਰਿਆ ਸ਼ਰਅ ਮੇਟ ਨਿਸ਼ਾਨ, ਸਤਿ ਸਚ ਕਰੇ ਪੜ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੇਵੇ ਗਿਆਨ, ਅਲਫ਼ ਯੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧੁਰ ਸੰਦੇਸ਼ਾ ਦੇਵੇ ਏਕੰਕਾਰਾ, ਅਕਲ ਕਲ ਵਡ ਵਡਿਆਈਆ । ਜਨ ਭਗਤੋ ਉਠੋ ਕਰੋ ਦੀਦਾਰਾ, ਘਰ ਸੱਜਣ ਬੇਪਰਵਾਹੀਆ । ਫਿਰਨਾ ਪਏ ਨਾ ਜੰਗਲ ਜੂਹ ਵਿਚ ਪਹਾੜਾ, ਟਿੱਲੇ ਪਰਬਤ ਖੋਜਣ ਕੋਇ ਨਾ ਜਾਈਆ । ਸੱਤ ਸਮੁੰਦਰ ਵੇਖਣੀ ਪਏ ਨਾ ਡੂੰਘੀ ਗਾਰਾ, ਭਵਰੀ ਵਿਚ ਭਵਰ ਨਾ ਕੋਇ ਭੁਆਈਆ । ਘਰ ਸਵਾਮੀ ਬੈਠਾ ਸਿਰਜਣਹਾਰਾ, ਅੰਤਰਜਾਮੀ ਦਾਤਾ ਬੇਪਰਵਾਹੀਆ । ਨਿਹਕਰਮੀ ਨਿਹਕਾਮੀ ਕਰੇ ਖੇਲ ਅਪਾਰਾ, ਵਰਨੀ ਬਰਨੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਧੁਰ ਸੰਦੇਸ਼ਾ ਸੁਣੋ ਜਗ, ਹਰਿ ਕਰਤਾ ਆਪ ਜਣਾਈਆ । ਪਤਿਪਰਮੇਸ਼ਵਰ ਵੇਖੇ ਉਪਰ ਸਾਹਰਗ, ਨੀਚੇ ਨਜ਼ਰ ਕਿਸੇ ਨਾ ਆਈਆ । ਜਿਥੇ ਇਕੋ ਦੀਆ ਦੀਪਕ ਰਿਹਾ ਜਗ, ਤੇਲ ਬਾਤੀ ਲੋੜ ਰਹੇ ਨਾ ਰਾਈਆ । ਇਕੋ ਨਾਦ ਰਿਹਾ ਵੱਜ, ਛੱਤੀ ਰਾਗ ਢੋਲਾ ਕੋਇ ਨਾ ਗਾਈਆ । ਇਕੋ ਅੰਮ੍ਰਿਤ ਦੇਵੇ ਰਸ, ਅਠਸਠ

ਬੈਠੇ ਮੁਖ ਛੁਪਾਈਆ । ਇਕੋ ਪਰਮ ਪੁਰਖ ਅਕਾਲ ਸਨਮੁਖ ਹੋ ਕੇ ਰਿਹਾ ਹੱਸ, ਬਹੁਤੇ ਗੁਰੂਆਂ ਲੋੜ ਰਹੀ ਨਾ ਰਾਈਆ । ਸਾਚਾ ਮਾਰਗ ਆਤਮ ਪਰਮਾਤਮ ਰਿਹਾ ਦੱਸ, ਨਿਰਗੁਣ ਨਿਰਗੁਣ ਰਿਹਾ ਜਣਾਈਆ । ਰਮਜ਼ ਇਸ਼ਾਰੇ ਨਾਲ ਮਿਲਾਵੇ ਆਪਣੀ ਅੱਖ, ਆਖ਼ਰ ਆਪਣਾ ਘਰ ਵਖਾਈਆ । ਜਿਸ ਘਰ ਬੈਠਾ ਹੋ ਪ੍ਰਤਖ, ਸਾਖਿਆਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੁਨੇਹੜਾ ਇਕ ਘਲਾਈਆ । ਧੁਰ ਸੁਨੇਹੜਾ ਦੇਵੇ ਜਨ ਭਗਤ, ਭਗਵਨ ਆਪਣੀ ਕਾਰ ਕਮਾਇੰਦਾ । ਸੇਵਾ ਚਾਕਰ ਕਰਦੀ ਵੇਖੋ ਆਦਿ ਸ਼ਕਤ, ਧੁਰ ਫ਼ਰਮਾਨਾ ਆਪ ਮਨਾਇੰਦਾ । ਰਾਹ ਤੱਕਣ ਅਰਸ਼ ਫ਼ਰਸ਼, ਦੋ ਜਹਾਨਾਂ ਅੱਖ ਖੁਲ੍ਹਾਇੰਦਾ । ਜੁਗ ਚੌਕੜੀ ਰਹੇ ਹਰਸ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਆਵੇ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਇੰਦਾ । ਕਾਗ਼ਜ਼ ਕਲਮ ਸ਼ਾਹੀ ਨਾਲ ਲਾ ਕੇ ਗਏ ਸ਼ਰਤ, ਲੇਖਾ ਲਿਖਤ ਭਵਿਖਤ ਵਿਚ ਸਮਝਾਇੰਦਾ । ਪਰਗਟ ਹੋਵੇ ਜੋਧਾ ਸੂਰਬੀਰ ਮਰਦਾਨਾ ਮਰਦ, ਮਾਤ ਪਿਤ ਲੋਕਮਾਤ ਨਾ ਕੋਇ ਬਣਾਇੰਦਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵੰਡੇ ਦਰਦ, ਦੁਖੀਆਂ ਆਪਣੀ ਗੋਦ ਉਠਾਇੰਦਾ । ਕੂੜੀ ਕਿਰਿਆ ਮੇਟੇ ਗੁਬਾਰ ਗਰਦ, ਅੰਧ ਅੰਧੇਰਾ ਆਪ ਚੁਕਾਇੰਦਾ । ਕਰੇ ਖੇਲ ਆਪ ਅਸਚਰਜ, ਅਸਚਰਜ ਲੀਲਾ ਭੇਵ ਕੋਇ ਨਾ ਪਾਇੰਦਾ । ਪੁੱਠੀ ਸਭ ਦੀ ਕਰੇ ਨਰਦ, ਸਾਰ ਪਾਸ਼ਾ ਆਪ ਉਲਟਾਇੰਦਾ । ਚਾਰ ਜੁਗ ਦੀ ਪਿਛਲੀ ਸਭ ਦੀ ਫੋਲੇ ਫ਼ਰਦ, ਹਰਫ਼ ਹਰੂਫ਼ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਖਲੋਤੇ ਕਰਨ ਅਰਜ਼, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਸਭ ਨੂੰ ਲਾਵੇ ਇਕੋ ਵਰਗ, ਬਚਿਆ ਕੋਇ ਰਹਿਣ ਨਾ ਪਾਇੰਦਾ । ਧੁਰ ਸੰਦੇਸ਼ਾ ਦੇਵੇ ਅੰਤਰਜਾਮੀ, ਅੰਤਰਜਾਮਤਾ ਸਭ ਦੀ ਮੇਟ ਮਿਟਾਇੰਦਾ । ਲੱਖ ਚੁਰਾਸੀ ਜੀਵ ਜੰਤ ਹੋਏ ਕੂੜ ਕੁੜਿਆਰ ਕਾਮੀ, ਕਰੋਧ ਲੋਭ ਮੋਹ ਹੰਕਾਰ ਪਰੇ ਨਾ ਕੋਇ ਹਟਾਇੰਦਾ । ਰਸਨਾ ਜਿਹਵਾ ਬੱਤੀ ਦੰਦ ਸਾਰੇ ਪੜ੍ਹਦੇ ਬਾਣੀ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਭਰਮੇ ਭੁੱਲੀ ਚਾਰੇ ਖਾਣੀ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਨੇਤਰ ਰੋਂਦੇ ਅਠ ਸਠ ਤੀਰਥ ਪਾਣੀ, ਸਚ ਸਰੋਵਰ ਨਜ਼ਰ ਕਿਸੇ ਨਾ ਆਇੰਦਾ । ਸੁਰਤੀ ਸ਼ਬਦੀ ਮਿਲੇ ਨਾ ਸੱਚਾ ਹਾਣੀ, ਧੁਰ ਦਾ ਜੋੜ ਨਾ ਕੋਇ ਜੁੜਾਇੰਦਾ । ਆਤਮ ਸੇਜਾ ਹੋਈ ਪੁਰਾਣੀ, ਘਰ ਕੰਤ ਕੰਤੂਹਲ ਧੁਰ ਦਾ ਸੰਗ ਨਾ ਕੋਇ ਨਿਭਾਇੰਦਾ । ਸ੍ਰਿਸ਼ਟ ਸਬਾਈ ਅੰਤਮ ਦਿਸੇ ਫ਼ਾਨੀ, ਥਿਰ ਰਹਿਣ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਕੱਟ ਕੇ ਗਏ ਗੁਲਾਮੀ, ਹੁਕਮੇ ਅੰਦਰ ਸਰਬ ਫਿਰਾਇੰਦਾ । ਨਿਉਂ ਨਿਉਂ ਚਰਨ ਕਵਲ ਕਦਮ ਪਰਵਰਦਿਗਾਰ ਕਰਦੇ ਗਏ ਸਲਾਮੀ, ਇਸਮ ਆਜ਼ਮ ਇਕੋ ਇਕ ਦਰਸਾਇੰਦਾ । ਉੱਤਮ ਸ੍ਰੇਸ਼ਟ ਸ੍ਰੀ ਭਗਵੰਤ ਪਰਵਰਦਿਗਾਰ ਏਕੰਕਾਰ ਜਲਵਾ ਨੂਰ ਨੁਰਾਨੀ, ਤਤਵ ਤਤ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਖੇਲ ਦੋ ਜਹਾਨੀ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਜਣਾਇੰਦਾ । ਧੁਰ ਦਾ ਹੁਕਮ ਦੇਵੇ ਕਰਤਾਰ, ਕੁਦਰਤ ਕਰਤਾ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਹੋਵੋ ਖ਼ਬਰਦਾਰ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਨੇਤਰ ਰੋਂਦੇ ਵੇਖੋ ਚਾਰ ਯਾਰ, ਧੁਰ ਦੀ ਯਾਰੀ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਧਾਹਾਂ ਰਹੇ ਮਾਰ, ਅੰਜੀਲ ਕੁਰਾਨ ਧੀਰਜ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਹਾਹਾਕਾਰ,

ਹਾਲਤ ਸਭ ਦੀ ਅੰਦਰੋਂ ਅੰਦਰ ਗਈ ਬਦਲਾਈਆ । ਆਤਮ ਪਰਮਾਤਮ ਕਰੇ ਨਾ ਕੋਇ ਸਚ ਪਿਆਰ, ਸਚ ਪ੍ਰੀਤਮ ਮੇਲ ਨਾ ਕੋਇ ਮਿਲਾਈਆ ।
ਲੱਖ ਚੁਰਾਸੀ ਜੀਵ ਜੰਤ ਹੋਈ ਨਾਰ ਕਮਜ਼ਾਤ, ਕੁਲੱਖਣੀ ਘਰ ਘਰ ਡੇਰਾ ਲਾਈਆ । ਸਮਰਥ ਸਵਾਮੀ ਦੀ ਸੁਣੇ ਕੋਇ ਨਾ ਬਾਤ, ਕਾਇਆ
ਮੰਦਰ ਅੰਦਰ ਅਗੰਮੀ ਨਾਦ ਨਾ ਕੋਇ ਸ਼ਨਵਾਈਆ । ਨਿਰਗੁਣ ਵਸੇ ਕਿਸੇ ਨਾ ਪਾਸ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਬਿਨ ਹਰਿ
ਕਿਰਪਾ ਕਿਸੇ ਕੰਮ ਨਹੀਂ ਆਉਣਾ ਪੂਜਾ ਪਾਠ, ਤੀਰਥ ਤਟ ਨਾ ਕੋਇ ਵਡਿਆਈਆ । ਬਿਨ ਹਰਿ ਕਿਰਪਾ ਕੋਈ ਨਾ ਚੜ੍ਹਿਆ ਮੰਜ਼ਲ ਘਾਟ, ਅਗਲਾ
ਪਿਛਲਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਧੁਰ ਦਾ
ਹੁਕਮ ਸੁਣੋ ਸਾਚੇ ਗੁਰਮੁਖ, ਗੁਰ ਗੁਰ ਦਏ ਜਣਾਈਆ । ਬਿਨ ਸਤਿਗੁਰ ਸਰਨਾਈ ਨਹੀਂ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਲੱਖ
ਚੁਰਾਸੀ ਵਿਚੋਂ ਜਾਮਾ ਮਿਲਿਆ ਮਨੁੱਖ, ਮੁਫ਼ਤ ਐਵੇਂ ਨਾ ਦੇਣਾ ਵਰਤਾਈਆ । ਜਨਮ ਜਨਮ ਦਾ ਕਟਣਾ ਦੁੱਖ, ਹਰਿ ਚਰਨ ਲੱਗ ਸਰਨਾਈਆ ।
ਸਫ਼ਲ ਕਰਨੀ ਮਾਤ ਕੁੱਖ, ਗੁਰ ਸਤਿਗੁਰ ਦਰਸ਼ਨ ਪਾਈਆ । ਆਵਣ ਜਾਵਣ ਦਾ ਪੈਂਡਾ ਜਾਏ ਮੁੱਕ, ਲੱਖ ਚੁਰਾਸੀ ਪੰਧ ਨਾ ਕੋਇ ਰਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਦ੍ਰਿੜਾਈਆ । ਧੁਰ ਸੰਦੇਸ਼ਾ ਦੇਵੇ ਮੀਤ, ਮਿਤਰ ਪਿਆਰਾ ਦਇਆ
ਕਮਾਇੰਦਾ । ਜਨ ਭਗਤੋ ਗਾਉ ਇਕੋ ਗੀਤ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਨਾਤਾ ਛੁੱਟ ਜਾਏ ਮੰਦਰ ਮਸੀਤ, ਕਾਇਆ ਕਾਅਬਾ ਇਕ
ਵਖਾਇੰਦਾ । ਜਿਸ ਘਰ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਵਿਸ਼ਿਆਂ ਨਾਲ ਨਾ ਹੋਏ ਪਲੀਤ, ਕਾਮ ਕਰੋਧ ਲੋਭ ਮੋਹ
ਹੰਕਾਰ ਡੰਕ ਨਾ ਕੋਇ ਵਜਾਇੰਦਾ । ਸਾਚਾ ਕਲਮਾ ਓਸ ਦਾ ਸੁਣੋ ਇਕ ਹਦੀਸ, ਜੋ ਹੌਲੀ ਹੌਲੀ ਅੰਦਰੇ ਅੰਦਰ ਪੜ੍ਹਾਇੰਦਾ । ਰਹਿਮਤ ਨਾਲ
ਕਰ ਬਖ਼ਸ਼ੀਸ਼, ਬਖ਼ਸ਼ਿਸ਼ ਧੁਰ ਦੀ ਝੋਲੀ ਆਪ ਭਰਾਇੰਦਾ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਉਡੀਕ, ਸੋ
ਸਮਰਥ ਸਵਾਮੀ ਆਪਣੀ ਖੇਲ ਕਰਾਇੰਦਾ । ਜਿਸਦਾ ਲਹਿਣਾ ਦੇਣਾ ਸਮਝ ਨਾ ਸਕੇ ਕੋਈ ਤਾਰੀਖ, ਤਵਾਰੀਖ ਵਿਚ ਕਦੇ ਨਾ ਆਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਧੁਰ ਦੀ ਸਿਖਿਆ ਸੁਣ ਗੁਰਸਿਖ, ਹਰਿ ਕਰਤਾ ਆਪ ਜਣਾਈਆ ।
ਕਲਜੁਗ ਅੰਤਮ ਚਾਰ ਕੁੰਟ ਜ਼ਹਰੀਲੀ ਦਿਸੇ ਵਿਸ਼, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜਨਮ ਕਰਮ ਦਾ ਲਹਿਣਾ ਦੇਣਾ ਸਕੇ ਨਾ ਕੋਇ ਨਜਿੱਠ,
ਸਿਰ ਹੱਥ ਨਾ ਕੋਇ ਰਖਾਈਆ । ਕਿਸੇ ਤੋਂ ਪੈਂਡਾ ਮੰਜ਼ਲ ਮੁੱਕੇ ਨਾ ਸਵਾ ਗਿੱਠ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਕੋਈ ਮਿਲ
ਨਾ ਸਕੇ ਘਰ ਸਵਾਮੀ ਪਰਮੇਸ਼ਵਰ ਪਿਤ, ਸਨਮੁਖ ਹੋ ਨਾ ਦਰਸ਼ਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿ ਕੇ ਗਏ ਹਰਿ ਠਾਕਰ ਵਸੇ
ਸਭ ਦੇ ਵਿਚ, ਵਿਚਲਾ ਭੇਦ ਨਾ ਕੋਇ ਖੁਲ੍ਹਾਈਆ । ਬਿਨ ਨੈਣੋਂ ਬਿਨ ਬਾਹੋਂ ਬਿਨ ਅੱਖੋਂ ਬਿਨ ਨੇਤਰਾਂ ਆਏ ਦਿਸ, ਦ੍ਰਿਸ਼ਟੀ ਆਪਣੇ ਨਾਲ ਮਿਲਾਈਆ ।
ਜਨ ਭਗਤਾਂ ਕਰੇ ਸਾਚਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਆਵੇ ਜਾਵੇ ਨਿਤ ਨਵਿਤ, ਜੁਗ ਚੌਕੜੀ ਫੇਰਾ ਪਾਈਆ । ਕਰਵਟ ਲੈ
ਕਦੇ ਨਾ ਬਦਲੇ ਪਿਠ, ਮੁਖੜਾ ਮੁਖ ਨਾ ਕਦੇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ ।
ਧੁਰ ਦਾ ਹੁਕਮ ਸੁਣੋ ਹਰਿਜਨ, ਹਰੀ ਹਰਿ ਨਰਾਇਣ ਆਪ ਜਣਾਈਆ । ਪ੍ਰਭ ਦਾ ਹੁਕਮ ਨਹੀਂ ਸੁਣਨ ਵਾਲਾ ਜਗਤ ਕੰਨ, ਬਿਨ ਕੰਨਾਂ ਦਏ

੧੧੪੯
੧੭

ਸਮਝਾਈਆ । ਜਿਸ ਦੇ ਨਾਲ ਮਨ ਵਾਸਨਾ ਬੰਨ੍ਹੇ ਮਨ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਹੰਕਾਰੀ ਵਿਕਾਰੀ ਕੂੜਾ ਭਾਂਡਾ ਦੇਵੇ ਭੰਨ, ਭਰਮ ਭਉ ਦਏ ਚੁਕਾਈਆ । ਲਾਲਚ ਰਹੇ ਨਾ ਕਿਸੇ ਧੰਨ, ਨਾਮ ਖ਼ਜ਼ਾਨਾ ਝੋਲੀ ਪਾਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਇਕੋ ਨਾਮ ਸੁਣਾਈਆ । ਮਾਣਸ ਜਨਮ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਭਗਤ ਸੁਹੇਲੇ ਲੋਕਮਾਤ ਚਾੜ੍ਹ ਕੇ ਚੰਨ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਸੇ ਨਜ਼ਰ ਨਾ ਆਵੇ ਨੇਤਰ ਅੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਸਾਚਾ ਹੁਕਮ ਦੇਵੇ ਹਰਿ ਕਰਤਾ ਪੁਰਖ, ਪੁਰਖੋਤਮ ਆਪ ਜਣਾਈਆ । ਜਨ ਭਗਤ ਨਾ ਕੋਈ ਸੋਗ ਨਾ ਹਰਖ਼, ਚਿੰਤਾ ਗ਼ਮ ਨਾ ਕੋਇ ਵਖਾਈਆ । ਬਿਨ ਸਤਿਗੁਰ ਪੂਰੇ ਪੁਰਖ ਅਕਾਲ ਸਕੇ ਕੋਈ ਨਾ ਪਰਖ, ਜਗਤ ਕਸਵੱਟੀ ਕੰਮ ਕਿਸੇ ਨਾ ਆਈਆ । ਕਰ ਕਿਰਪਾ ਜਿਸ ਦੱਸੇ ਆਪਣਾ ਆਦਰਸ਼, ਦਹਿ ਦਿਸ਼ਾ ਇਕੋ ਨਜ਼ਰੀ ਆਈਆ । ਉਸ ਦਾ ਲੇਖਾ ਮੁਕੇ ਅਰਸ਼ ਫ਼ਰਸ਼, ਜ਼ਿਮੀਂ ਅਸਮਾਨਾ ਡੇਰਾ ਢਾਹੀਆ । ਉਹ ਮਾਲਕ ਖ਼ਾਲਕ ਸਦ ਵਸੇ ਉਤੇ ਫ਼ਲਕ, ਮੁਕਾਮੇ ਹਕ ਸੋਭਾ ਪਾਈਆ । ਜਿਸ ਦਾ ਸਿੱਧਾ ਭਗਤਾਂ ਨਾਲ ਤਅਲੁਕ, ਦੂਜਾ ਜੋੜ ਨਾ ਕੋਇ ਜੁੜਾਈਆ । ਜਿਸ ਦਾ ਨਾਅਰਾ ਮਨਸੂਰ ਲਾਇਆ ਐਨਲ ਹਕ, ਉਹ ਹਕ ਹਕੀਕਤ ਦਏ ਜਣਾਈਆ । ਜਿਸ ਨੂੰ ਲੱਭ ਲੱਭ ਸਾਰੇ ਗਏ ਥੱਕ, ਥਕਾਵਟ ਵਿਚ ਲੋਕਾਈਆ । ਸੋ ਸਾਹਿਬ ਸਵਾਮੀ ਹਰ ਘਟ ਰਿਹਾ ਵਸ, ਬਿਸਤਰ ਆਸਣ ਸਿੰਘਾਸਣ ਡੇਰਾ ਲਾਈਆ । ਜਿਸ ਦਾ ਜੁਗ ਚੌਕੜੀ ਰਾਗਾਂ ਵੇਦਾਂ ਨਾਲ ਗਾਉਂਦੇ ਜਸ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਉਹ ਪਰਮ ਪੁਰਖ ਪਰਮਾਤਮ ਹਰਿ ਸਮਰਥ, ਮਹਿੰਮਾ ਅਕਥ ਰਿਹਾ ਦ੍ਰਿੜਾਈਆ । ਗੁਰਮੁਖਾਂ ਦਰਸ ਕਰਾਏ ਆਪਣੀ ਅੱਖ, ਦੋਏ ਲੋਚਨ ਬੰਦ ਕਰਾਈਆ । ਸਤਿ ਸਵਾਮੀ ਹੋ ਪਰਗਟ, ਪਰਮ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਧੁਰ ਦਾ ਹੁਕਮ ਸਾਚੀ ਸਿਖਿਆ, ਸੋ ਪੁਰਖ ਨਿਰੰਜਣ ਆਪ ਦ੍ਰਿੜਾਇੰਦਾ । ਜਨ ਭਗਤਾਂ ਪਾ ਕੇ ਧੁਰ ਦੀ ਭਿਛਿਆ, ਖ਼ਾਲੀ ਭਾਂਡੇ ਆਪ ਭਰਾਇੰਦਾ । ਪੂਰਾ ਕਰੇ ਵਾਕ ਭਵਿਖਤ ਜੋ ਲਿਖਿਆ, ਲੇਖ ਅਲੇਖ ਆਪਣੇ ਹੱਥ ਰਖਾਇੰਦਾ । ਜਗਜੀਵਣ ਦਾਤਾ ਜਗ ਨੇਤਰ ਕਿਸੇ ਨਾ ਦਿਸਿਆ, ਜਨ ਭਗਤਾਂ ਆਪਣਾ ਪੜਦਾ ਲਾਹਿੰਦਾ । ਪ੍ਰੇਮ ਪ੍ਰੀਤੀ ਅੰਦਰ ਵਿਕਿਆ, ਕਰਤਾ ਪੁਰਖ ਆਪਣੀ ਕੀਮਤ ਨਾ ਕੋਇ ਰਖਾਇੰਦਾ । ਬਿਨ ਢਾਹਿਉਂ ਗੁਰਮੁਖਾਂ ਅੱਗੇ ਢੱਠਿਆ, ਮਾਣ ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਪ੍ਰੇਮ ਪ੍ਰੀਤੀ ਕਰਨੋਂ ਸ੍ਰੀ ਭਗਵਾਨ ਕਦੇ ਨਾ ਹਟਿਆ, ਪਿਛੇ ਮੋੜ ਨਾ ਕੋਇ ਹਟਾਇੰਦਾ । ਕੀ ਹੋਇਆ ਜੇ ਪਰਗਟ ਹੁੰਦਾ ਰਿਹਾ ਵਿਚੋਂ ਵੱਟਿਆ, ਕਲਜੁਗ ਅੰਤਮ ਸਨਮੁਖ ਹੋ ਕੇ ਦਰਸ ਦਿਖਾਇੰਦਾ । ਕੀ ਹੋਇਆ ਜੇ ਚਾਰਦਾ ਰਿਹਾ ਵੱਛਿਆਂ ਕੱਟਿਆਂ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਇੰਦਾ । ਧੁਰ ਦਾ ਹੁਕਮ ਸੁਣੋ ਜਗ ਮਿਤਰ, ਮਿਤਰ ਪਿਆਰਾ ਆਪ ਜਣਾਈਆ । ਕੀ ਹੋਇਆ ਜੇ ਬਾਜ਼ਾਂ ਕੋਲੋਂ ਤੁੜਾਂਦਾ ਰਿਹਾ ਤਿੱਤਰ, ਤ੍ਰੈਗੁਣ ਅਤੀਤਾ ਆਪਣਾ ਖੇਲ ਕਰਾਈਆ । ਨਿਰਗੁਣ ਧਾਰੋਂ ਆਪੇ ਆਇਆ ਨਿਕਲ, ਨਾ ਕੋਈ ਜਨਮੇ ਪਿਤਾ ਮਾਈਆ । ਜਨ ਭਗਤਾਂ ਅੰਦਰ ਪ੍ਰੇਮ ਪਿਆਰ ਦਾ ਸਾਚਾ ਕਰੇ ਇਸ਼ਕ, ਆਸ਼ਕ ਮਾਸ਼ੂਕ ਆਪਣਾ ਰੂਪ ਵਟਾਈਆ । ਖੋਲ੍ਹਣਹਾਰਾ ਡੂੰਘੀ ਦ੍ਰਿਸ਼ਟ, ਵਸ਼ਿਸ਼ਟ ਰਾਮ ਦਏ ਗਵਾਹੀਆ । ਪ੍ਰਭ ਦਾ ਸਭ ਤੋਂ ਵੱਡਾ

ਆਤਮ ਸੇਜਾ ਭੋਗੀ ਗ੍ਰਿਹਸਤ, ਆਪਣੀ ਧਾਰ ਵਿਚੋਂ ਹਰਿ ਕਰਤਾਰ, ਜਨ ਭਗਤ ਲਏ ਪਰਗਟਾਈਆ । ਜਿਨ੍ਹਾਂ ਨੂੰ ਲੋੜ ਰਹੇ ਨਾ ਸਵਰਗ ਬਹਿਸ਼ਤ, ਦੋਜ਼ਖ਼ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਦੇਵੇ ਸੰਦੇਸ਼ਾ ਗੁਰਮੁਖ ਏਕ, ਇਕ ਇਕੱਲਾ ਆਪ ਜਣਾਈਆ । ਜਨ ਭਗਤ ਤੇਰੀ ਸਾਚੀ ਟੇਕ, ਦੂਜਾ ਦਰ ਨਾ ਕੋਇ ਵਖਾਈਆ । ਲੋਕਮਾਤ ਤੈਨੂੰ ਭੇਜ, ਭਜਨ ਬੰਦਗੀ ਆਪਣੀ ਦਿਤੀ ਸਮਝਾਈਆ । ਤੇਰੇ ਅੰਦਰ ਵੜ ਕੇ ਮਾਣਾਂ ਤੇਰੀ ਸੇਜ, ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਤੇਰੇ ਤਨ ਕੱਪੜ ਦਾ ਸੁਹਾਵਣਾ ਹੋਵੇ ਲੇਖ, ਓਢਣ ਪ੍ਰੇਮ ਨਾਲ ਮਿਲਾਈਆ । ਤੇਰੀ ਮੁਹੱਬਤ ਦਾ ਸੱਚਾ ਹੇਤ, ਨੇਤਨ ਨੇਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਤੇਰਾ ਸੁਹਾਵੇ ਦੇਸ, ਘਰ ਸੱਜਣ ਫੇਰਾ ਪਾਈਆ । ਸੁਣੇ ਸੰਦੇਸਾ ਗਹਿਰ ਗੰਭੀਰ, ਸਰਬ ਕਲਾ ਸਮਰਥ ਆਪ ਜਣਾਇੰਦਾ । ਪ੍ਰਭ ਦਾ ਖੇਲ ਸਦਾ ਬਿਨ ਸਰੀਰ, ਤਦਬੀਰ ਆਪਣੀ ਆਪ ਪਰਗਟਾਇੰਦਾ । ਬੰਦ ਹੋਇਆ ਨਾ ਕਦੇ ਵਿਚ ਸ਼ਰਅ ਜ਼ੰਜੀਰ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਜਿਸਦੀ ਨਜ਼ਰ ਨਾ ਆਏ ਜਗਤ ਤਸਵੀਰ, ਸੋ ਭਗਤਾਂ ਅੰਦਰ ਡੇਰਾ ਲਾਇੰਦਾ । ਜਿਸ ਨੂੰ ਮੰਜ਼ਲ ਚੜ੍ਹ ਚੜ੍ਹ ਲੱਭਦੇ ਗਏ ਸੂਫੀ ਫ਼ਕੀਰ, ਫ਼ਿਕਰਿਆਂ ਨਾਲ ਢੋਲੇ ਗਾ ਗਾ ਸਰਬ ਸੁਣਾਇੰਦਾ । ਸੋ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਸਤਿ ਸਵਾਮੀ ਆਇਆ ਘਤ ਵਹੀਰ, ਵਾਹੋ ਦਾਹੀ ਆਪਣਾ ਪੰਧ ਮੁਕਾਇੰਦਾ । ਕਰੇ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖਾਂ ਚੋਟੀ ਚੜ੍ਹ ਕੇ ਆਪ ਅਖ਼ੀਰ, ਘਰ ਸਾਚੇ ਰੰਗ ਰੰਗਾਇੰਦਾ । ਜਿਸ ਮੰਦਰ ਅੰਦਰ ਦਾ ਮਾਲਕ ਇਕ ਕਬੀਰ, ਓਸੇ ਮੰਜ਼ਲ ਅੰਤ ਅਖ਼ੀਰ ਭਗਤ ਸੁਹੇਲੇ ਆਪ ਬਹਾਇੰਦਾ । ਆਪ ਪਾਤਸ਼ਾਹ ਸ਼ਹਿਨਸ਼ਾਹ ਸਚਖੰਡ ਦਵਾਰੇ ਦੂਜਾ ਭਗਤ ਵਜੀਰ, ਤੀਜਾ ਨਜ਼ਰ ਕੋਇ ਨਾ ਆਇੰਦਾ । ਓਥੇ ਪੱਥਰਾਂ ਵਾਲੀ ਨਹੀਂ ਕੋਈ ਲਕੀਰ, ਹਰਫ਼ਾਂ ਵਾਲੀ ਨਹੀਂ ਕੋਈ ਤਦਬੀਰ, ਬਿਨ ਅੱਖਰਾਂ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਜਿਥੇ ਗੁਰੂ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਬਹੁਤੀ ਨਹੀਂ ਭੀੜ, ਬਹੁਤਿਆਂ ਵਿਚੋਂ ਥੋੜੇ ਆਪਣੇ ਕੋਲ ਬਹਾਇੰਦਾ । ਸੰਦੇਸ਼ਾ ਦੇਵੇ ਅੰਤ ਕਲ, ਕਲਕਾਤੀ ਵੇਖ ਵਖਾਈਆ । ਜਿਸ ਦਾ ਵਸੇਰਾ ਜਲ ਥਲ, ਮਹੀਅਲ ਰਿਹਾ ਸਮਾਈਆ । ਜਿਸ ਦਾ ਮਹੱਲ ਉਚ ਅਟਲ, ਸਚ ਦਵਾਰ ਮਿਲੇ ਵਡਿਆਈਆ । ਸੋ ਧੁਰ ਸੰਦੇਸਾ ਰਿਹਾ ਘਲ, ਸ਼ਬਦੀ ਕਰੇ ਪੜ੍ਹਾਈਆ । ਕਲਜੁਗ ਭਾਣਾ ਨਾ ਜਾਏ ਟਲ, ਨਾ ਕੋਈ ਮੇਟ ਮਿਟਾਈਆ । ਹਰਿ ਕਾ ਰਉ ਕੋਈ ਨਾ ਸਕੇ ਠੱਲ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਛਲ ਅਛੱਲ, ਵਲ ਛਲਧਾਰੀ ਆਪਣੀ ਕਾਰ ਕਮਾਈਆ । ਦੇਵੇ ਸੰਦੇਸ਼ਾ ਵੇਖੋ ਕਲ ਆਇਆ ਕਲਕੀ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਜਿਸ ਦੀ ਤੱਤਾਂ ਵਾਲੀ ਬਾਹਰੋਂ ਵਰਦੀ, ਅੰਦਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਉਂ ਭਾਵੇ ਤਿਉਂ ਕਰੇ ਆਪਣੀ ਮਰਜ਼ੀ, ਖ਼ੁਦਮੁਖ਼ਤਿਆਰ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦੀ ਬਣ ਕੇ ਸੱਚਾ ਫ਼ਰਜ਼ੀ, ਫ਼ਰਜ਼ ਆਪਣਾ ਦਏ ਨਿਭਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਸੁਣਦਾ ਰਿਹਾ ਅਰਜ਼ੀ, ਜੋ ਜੁਗ ਚੌਕੜੀ ਗਏ ਸੁਣਾਈਆ । ਕਲਜੁਗ ਅੰਤਮ ਵੇਖੇ ਹਨੇਰ ਗਰਦੀ, ਗਦਾਗਰ ਹੋਈ ਲੋਕਾਈਆ । ਸਾਧਾਂ ਸੁਰਤੀ ਸਾਚੇ ਮੰਦਰ ਮੂਲ ਨਾ ਚੜ੍ਹਦੀ, ਡੂੰਘੀ ਭਵਰ ਨਾ ਕੋਇ ਲੰਘਾਈਆ । ਜਗਤ ਵਿਕਾਰੇ ਕੋਲੋਂ ਡਰਦੀ, ਅੰਦਰ ਬੈਠੀ ਮੁਖ ਛੁਪਾਈਆ ।



੧੧੪੮
੧੭

੧੧੪੯
੧੭

ਬੇਸ਼ਕ ਅੰਮ੍ਰਿਤ ਵੇਲੇ ਉਠ ਕੇ ਅੱਖਰਾਂ ਵਾਲੀ ਬਾਣੀ ਪੜ੍ਹਦੀ, ਕਲਮਿਆਂ ਰਹੀ ਗਾਈਆ । ਬਿਨ ਪੁਰਖ ਅਕਾਲ ਬਣਿਆ ਕੋਈ ਨਾ ਦਰਦੀ, ਦਿਲਬਰ ਮਿਲਿਆ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਸੰਦੇਸ਼ਾ ਸੁਣੋ ਜਨ ਜੋਗੀ, ਜਪੀ ਤਪੀ ਸਤੀ ਹਠੀ ਦਿਆਂ ਦ੍ਰਿੜਾਈਆ । ਸਦੀ ਵੀਹਵੀਂ ਹਰਿ ਕਾ ਦਰਸ ਕਿਸੇ ਨਾ ਪਾਇਆ ਅੱਖੀਂ, ਚਾਰ ਕੁੰਟ ਰਿਹਾ ਕੁਰਲਾਈਆ । ਝੁੱਗੀ ਭਾਗ ਨਾ ਲੱਗਾ ਕੱਖੀਂ, ਮਹੱਲ ਅਟਲ ਨਾ ਕੋਇ ਸੁਹਾਈਆ । ਕੂੜੀ ਵਾਸਨਾ ਘਰ ਘਰ ਰਹੀ ਨੱਚੀ, ਮੁਖ ਘੁੰਗਟ ਅੰਤ ਉਠਾਈਆ । ਨਾਲ ਵਾ ਵਗੇ ਤੱਤੀ, ਅਗਨੀ ਭਾਅ ਲਗਾਈਆ । ਕਾਮਵੰਤੀ ਹੋ ਕੇ ਸਖ਼ੀ, ਕਾਮਨ ਰੂਪ ਵਟਾਈਆ । ਨਾਮ ਰੰਗ ਨਾ ਚੜ੍ਹਿਆ ਰਤੀ, ਚੋਲੀ ਤਨ ਨਾ ਕੋਇ ਰੰਗਾਈਆ । ਹਰਿ ਕੰਤ ਨਾ ਮਿਲਿਆ ਪਤੀ, ਕੁੜਿਆਰੀ ਸੇਜ ਸਰਬ ਹੰਢਾਈਆ । ਸਤਿਗੁਰ ਸਰਨਾਈ ਮੂਲ ਨਾ ਢੱਠੀ, ਮਣਕਾ ਮਨ ਨਾ ਕੋਇ ਭੁਆਈਆ । ਜਗਤ ਦੁਹਾਗਣ ਫਿਰੇ ਨੱਠੀ, ਭੱਜੇ ਵਾਹੋ ਦਾਹੀਆ । ਅੰਤਮ ਕਰਮਾਂ ਭਰੇ ਚੱਟੀ, ਰਾਏ ਧਰਮ ਦਏ ਸਜ਼ਾਈਆ । ਚਿਤ੍ਰਗੁਪਤ ਲੇਖਾਂ ਵਾਲੀ ਕੱਢੇ ਪੱਟੀ, ਹਿਸਾਬ ਸਕੇ ਨਾ ਕੋਇ ਮੁਕਾਈਆ । ਦੋਜ਼ਖ਼ ਵਾਲੀ ਤਪਦੀ ਵੇਖੀ ਭੱਠੀ, ਹਾਏ ਹਾਏ ਦਏ ਦੁਹਾਈਆ । ਜਨ ਭਗਤ ਕਹੇ ਸਹੇਲੀਓ ਬਿਨ ਸਾਹਿਬ ਸਵਾਮੀ ਪਤ ਕਿਸੇ ਨਾ ਰੱਖੀ, ਆਤਮ ਜੋਤੀ ਜੋਤ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ । ਧੁਰ ਫ਼ਰਮਾਨਾ ਸੁਣੋ ਸਹੇਲੀ, ਹਰਿ ਸੱਜਣ ਸਚ ਜਣਾਈਆ । ਆਤਮ ਨਿਮਾਣੀ ਫਿਰੇ ਅਕੇਲੀ, ਸੱਜਣ ਮੀਤ ਸੰਗ ਨਾ ਕੋਇ ਨਿਭਾਈਆ । ਜਗ ਜੋਬਨਵੰਤੀ ਹੋਈ ਅਲਬੇਲੀ, ਮਾਣ ਅਭਿਮਾਨ ਵਡਿਆਈਆ । ਆਸਾ ਮਨਸਾ ਖੇਲ ਰਹੀ ਖੇਲੀ, ਖ਼ਲਕ ਵਿਚ ਆਪਣਾ ਆਪ ਪਰਚਾਈਆ । ਕੂੜੀ ਕਿਰਿਆ ਵਿਚੋਂ ਹੋਈ ਨਾ ਵਿਹਲੀ, ਬੰਧਨ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਸੁਣੋ ਸੰਦੇਸ਼ਾ ਸਾਚੀ ਸਈਆ, ਹਰਿ ਸੱਜਣ ਆਪ ਜਣਾਈਆ । ਖ਼ਾਲੀ ਵੇਖੋ ਆਪਣੀ ਬਹੀਆ, ਚੂੜਾ ਲਾਲ ਨਾ ਕੋਇ ਚੜ੍ਹਾਈਆ । ਸਾਚੀ ਮਿਲੇ ਨਾ ਨੌਕਾ ਨਈਆ, ਬੇੜਾ ਕੰਧ ਨਾ ਕੋਇ ਉਠਾਈਆ । ਲੇਖਾ ਮੰਗੇ ਧਰਮ ਰਾਏ ਕੱਢਕੇ ਵਹੀਆ, ਗੁਣ ਅਵਗੁਣ ਸਰਬ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੁਣੋ ਸੰਦੇਸ਼ਾ ਰੀ, ਸਚ ਸਖੀਆਂ ਆਪ ਜਣਾਇੰਦਾ । ਕਲਜੁਗ ਵੇਖੋ ਹੋਇਆ ਕੀ, ਕੀਮਤ ਕਰਤਾ ਕਿਸੇ ਨਾ ਪਾਇੰਦਾ । ਝੂਠਾ ਨਾਤਾ ਪੁੱਤਰ ਧੀ, ਪਿਤਾ ਪੂਤ ਨਾ ਕੋਇ ਛੁਡਾਇੰਦਾ । ਅੰਤਮ ਲਹਿਣਾ ਦੇਣਾ ਸਾਢੇ ਤਿੰਨ ਹੱਥ ਸੀਂ, ਰਵਿਦਾਸ ਚਮਾਰਾ ਲੇਖ ਲਿਖਾਇੰਦਾ । ਜਨ ਭਗਤਾਂ ਘਰ ਆਇਆਂ ਪ੍ਰਭ ਕਹੇ ਜੀ, ਜੀਵਣ ਜੁਗਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਇੰਦਾ । ਸੁਣੋ ਸੰਦੇਸਾ ਅੰਤਰ ਧਿਆਨ, ਧਿਆਨੀ ਆਪ ਜਣਾਈਆ । ਦੇਵਣਹਾਰ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਰਿਹਾ ਸੁਣਾਈਆ । ਹੰ ਬ੍ਰਹਮ ਕਰ ਪਰਵਾਨ, ਸੀਸ ਜਗਦੀਸ਼ ਝੁਕਾਈਆ । ਆਤਮ ਪਰਮਾਤਮ ਤੇਰਾ ਮਿਲੇ ਧੁਰ ਦਾ ਕਾਹਨ, ਘਨਈਆ ਆਪਣਾ ਵੇਸ ਵਟਾਈਆ । ਤੈਨੂੰ ਜੰਗਲਾਂ ਵਿਚੋਂ ਲੱਭਣਾ ਪਏ ਨਾ ਰਾਮ, ਮੰਦਰ ਬੈਠਾ ਸੋਭਾ ਪਾਈਆ । ਉਸ ਦੀ ਸੇਜਾ ਕਰ ਬਿਸਰਾਮ, ਸੁਖ ਆਸਣ ਡੇਰਾ ਲਾਈਆ । ਤੇਰੀ ਇਛਿਆ ਪੂਰਨ ਕਰੇ ਕਾਮ, ਨਿਹਕਰਮੀ ਕਰਮ ਕਮਾਈਆ । ਤੈਨੂੰ ਅੱਗੇ ਦੇਵੇ ਨਾ ਕੋਇ ਇਲਜ਼ਾਮ, ਬਰੀਖ਼ਾਨਾ ਦਏ

ਵਖਾਈਆ । ਤੇਰਾ ਮਾਲਕ ਸ੍ਰੀ ਭਗਵਾਨ, ਦੂਜਾ ਕੰਤ ਨਜ਼ਰ ਕੋਇ ਨਾ ਆਈਆ । ਜਿਸ ਦਾ ਸਚਖੰਡ ਦਵਾਰੇ ਝੁਲਦਾ ਨਿਸ਼ਾਨ, ਦੋ ਜਹਾਨਾਂ ਹੁਕਮ ਮਨਾਈਆ । ਜਿਸ ਨੂੰ ਸੱਯਦਾ ਕਰਦੇ ਜ਼ਿਮੀਂ ਅਸਮਾਨ, ਚੌਦਾਂ ਲੋਕ ਨਿਉਂ ਨਿਉਂ ਲਾਗਣ ਪਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਜਪਦੇ ਨਾਮ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਸੋ ਤੇਰੀ ਰਖਸ਼ਾ ਕਰੇ ਆਣ, ਕਲਜੁਗ ਅੰਤਮ ਵੇਖ ਵਖਾਈਆ । ਤੂੰ ਬਾਲੀ ਨੱਢੀ ਇਕ ਅੰਞਾਣ, ਤੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਇਕੋ ਸੁਣਨਾ ਗਿਆਨ, ਦਰ ਠਾਂਡੇ ਦੇਵੇ ਮਾਣ ਤੇਰਾ ਸਾਹਿਬ ਸ੍ਰੀ ਭਗਵਾਨ, ਵਡ ਰਾਜਨ ਰਾਜ ਰਾਜਾਨ ਸ਼ਹਿਨਸ਼ਾਹ ਇਕ ਅਖਵਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਸੰਤ ਇਕੋ ਢੋਲਾ ਗਾਉਣਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਤੇਰਾ ਤੇਰੀ ਝੋਲੀ ਪਾਈਆ ।

## ੨੨ ਮੱਘਰ ੨੦੨੧ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ

ਇੱਕੀ ਦਿਵਸ ਧੁਰ ਦੀ ਧਾਰ, ਹਰਿ ਕਰਤਾ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਖੋਲ੍ਹ ਕਿਵਾੜ, ਹਰਿ ਪੁਰਖ ਨਿਰੰਜਣ ਅੱਖ ਖੁਲ੍ਹਾਇੰਦਾ । ਏਕੰਕਾਰਾ ਹੋ ਕੇ ਖ਼ਬਰਦਾਰ, ਆਦਿ ਨਿਰੰਜਣ ਇਕੋ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਵੇਖਣਹਾਰ, ਸ੍ਰੀ ਭਗਵਾਨ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਪ੍ਰਭ ਹੋ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਬ੍ਰਹਮਵੇਤਾ ਸਾਂਝਾ ਯਾਰ, ਲਾਸ਼ਰੀਕ ਜਲਵਾ ਨੂਰ ਡਗਮਗਾਇੰਦਾ । ਸ਼ਬਦੀ ਸੁਤ ਕਰ ਪਿਆਰ, ਅਬਿਨਾਸ਼ੀ ਸਿਰ ਆਪਣਾ ਹੱਥ ਟਿਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰ, ਮਿਹਰ ਨਜ਼ਰ ਇਕ ਟਿਕਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜਾਂ ਤੱਤਾਂ ਖੇਲ ਖਿਲਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਧੁਰ ਦਾ ਰਾਗ ਆਪ ਸੁਣਾਇੰਦਾ । ਚਾਰੇ ਵੇਦ ਕਰ ਤਿਆਰ, ਤ੍ਰੈਗੁਣ ਅਤੀਤਾ ਆਪਣੀ ਕਲ ਧਰਾਇੰਦਾ । ਚਾਰੋਂ ਕੁੰਟ ਖੇਲ ਅਪਾਰ, ਅਪਰੰਮਪਰ ਸਵਾਮੀ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰੇ ਕਰਤਾਰ, ਕੁਦਰਤ ਕਾਦਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਇੱਕੀ ਦਿਵਸ ਦਾ ਸਚ ਵਿਹਾਰਾ, ਹਰਿ ਕਰਤਾ ਆਪ ਕਰਾਇੰਦਾ । ਏਕਾ ਘਰ ਬਾਰਾ, ਦੂਜਾ ਦੀਵਾ ਬਾਤੀ ਕਮਲਾਪਾਤੀ ਜੋਤੀ ਜਾਤਾ ਡਗਮਗਾਇੰਦਾ । ਤੀਜਾ ਸ਼ਬਦ ਨਾਦ ਧੁਨਕਾਰਾ, ਜੈ ਜੈਕਾਰਾ ਆਪ ਸੁਣਾਇੰਦਾ । ਚੌਥੇ ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਧੁਰ ਸੰਦੇਸ਼ਾ ਰਾਗ ਅਲਾਇੰਦਾ । ਪੰਜਵੇਂ ਤ੍ਰੈਗੁਣ ਮਾਇਆ ਪੰਜ ਤਤ ਵੇਖਣਹਾਰਾ ਅਖਾੜਾ, ਗ੍ਰਿਹਿ ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਛੇਵੇਂ ਛੱਪਰ ਛੰਨ ਵਸੇ ਬਾਹਰਾ, ਮਹੱਲ ਅਟਲ ਨਜ਼ਰ ਕਿਸੇ ਨਾ ਆਇੰਦਾ । ਸਤਵੇਂ ਸਤਿ ਸਤਿਵਾਦੀ ਖੇਲ ਕਰੇ ਨਿਰੰਕਾਰਾ, ਨਿਰਵੈਰ ਆਪਣੀ ਕਲ ਪਰਗਟਾਇੰਦਾ । ਅਠਵੇਂ ਅੱਠਾਂ ਤੱਤਾਂ ਸੰਦੇਸ਼ਾ ਦੇਵੇ ਜੀਵ ਸੰਸਾਰਾ, ਨੌਵੇ ਨੌ ਦਰ ਪਾਰ ਕਰਾਇੰਦਾ । ਦਸਵੇਂ ਰੂਪ ਅਨੂਪ ਜੋਤੀ ਜਾਤਾ ਕਰ ਉਜਿਆਰਾ, ਨਿਰਗੁਣ ਆਪਣਾ ਭੇਵ ਖੁਲ੍ਹਾਇੰਦਾ । ਇਕ ਦਸ ਦਾ ਸਚ ਵਿਹਾਰਾ, ਵਿਵਹਾਰੀ ਆਪਣੇ ਹੱਥ ਰਖਾਇੰਦਾ । ਦੋ ਦਸ ਦਾ ਖੋਲ੍ਹ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਤਿੰਨ ਦਸ ਦਾ ਠਾਂਡਾ ਨਿਰਵੈਰਾ, ਘਰ ਘਰ ਵਿਚੋਂ ਆਪ ਪਰਗਟਾਇੰਦਾ । ਚਾਰ ਦਸ ਦਾ ਬੋਲ ਜੈਕਾਰਾ, ਚੌਦਾਂ ਲੋਕਾਂ ਚੌਦਾ ਤਬਕਾਂ ਚੌਦਾਂ ਵਿਦਿਆ ਆਪ

ਸੁਣਾਇੰਦਾ । ਪੰਜ ਦਸ ਦਾ ਬਣ ਵਣਜਾਰਾ, ਪੰਜ ਪੰਜ ਪੰਝੀ ਪੱਚੀਸ ਦਸ ਆਪਣਾ ਹੁਕਮ ਵਰਤਾਇੰਦਾ । ਦਸ ਛੇ ਸੋਲਾਂ ਦਾ ਸੰਗ ਕਰੇ ਆਪ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤ ਦਸ ਆਪਣਾ ਹੁਕਮ ਵਰਤਾਇੰਦਾ । ਅੱਠ ਦਸ ਖੇਲ ਨਰ ਨਾਰਾ, ਕੰਤ ਭਤਾਰਾ ਆਪਣੀ ਕਲ ਵਰਤਾਇੰਦਾ । ਦਸ ਨੌ ਉਨੀਸਾ ਹਰਿ ਜਗਦੀਸਾ ਖੇਲੇ ਖੇਲ ਦਸ ਦਸ ਬੀਸਾ, ਭੇਵ ਅਭੇਦ ਸਮਝ ਕਿਸੇ ਨਾ ਆਇੰਦਾ । ਬੀਸ ਇਕੀਸ ਦੋ ਜਹਾਨ ਵਾਲੀ ਖੇਲੇ ਖੇਲ ਆਪ ਜਗਦੀਸਾ, ਜਗਦੀਸ਼ਰ ਸਵਾਮੀ ਅੰਤਰਜਾਮੀ ਬੋਧ ਅਗਾਧਾ ਸ਼ਬਦ ਅਨਾਦਾ ਧੁਰ ਦਰਗਾਹੀ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਇੰਦਾ । ਇੱਕੀ ਦਿਵਸ ਕਹੇ ਮੈਂ ਲੁਕ ਲੁਕ ਰਿਹਾ ਤੱਕਦਾ, ਜੁਗ ਚੌਕੜੀ ਧਿਆਨ ਲਗਾਈਆ । ਮੈਂ ਵੇਖਾਂ ਖੇਲ ਪੁਰਖ ਸਮਰਥ ਦਾ, ਕਵਣ ਦਵਾਰੇ ਦਏ ਕਰਾਈਆ । ਜਨ ਭਗਤਾਂ ਪੈਜ ਕਿਵੇਂ ਰੱਖਦਾ, ਲੋਕਮਾਤ ਦਏ ਵਡਿਆਈਆ । ਹਿਰਦੇ ਅੰਦਰ ਕਿਵੇਂ ਵਸਦਾ, ਘਰ ਘਰ ਆਪਣਾ ਡੇਰਾ ਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਿਵੇਂ ਦੱਸਦਾ ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਕੀਸ ਕਹੇ ਮੈਂ ਖੋਲ੍ਹੀ ਅੱਖ, ਨੇਤਰ ਨੈਣ ਉਘਾੜਿਆ । ਪ੍ਰਭ ਨਜ਼ਰੀ ਆਇਆ ਇਕ ਸਮਰਥ, ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨਿਆਂ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਸੀਸ ਨਿਵੌਂਦੇ ਮੱਥ, ਮਸਤਕ ਟਿੱਕਾ ਧੂੜੀ ਖ਼ਾਕ ਰਮਾ ਲਿਆ । ਜੋ ਆਦਿ ਜੁਗਾਦਿ ਨਿਤ ਨਵਿਤ ਲੱਖ ਚੁਰਾਸੀ ਹਰ ਘਟ ਅੰਦਰ ਰਿਹਾ ਵਸ, ਰੂਪ ਰੰਗ ਰੇਖ ਸਮਝ ਕੋਇ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਸਮਝਾ ਰਿਹਾ । ਇਕੀਸ ਕਹੇ ਮੈਂ ਵੇਖਾਂ ਇਕ ਇਕੇਲਾ, ਸਚਖੰਡ ਜਿਸ ਦੀ ਵਡ ਵਡਿਆਈਆ । ਦੋ ਜਹਾਨ ਜਿਸ ਦਾ ਇਕ ਮਹੱਲਾ, ਮਹਿਫ਼ਲ ਆਪਣਾ ਨਾਮ ਲਗਾਈਆ । ਕਰੇ ਵਸੇਰਾ ਜਲਾਂ ਥਲਾਂ, ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਮਹੀਅਲ ਰਿਹਾ ਸਮਾਈਆ । ਦੂਰ ਦੁਰਾਡਾ ਨਜ਼ਰੀ ਆਵੇ ਨੇਰਨ ਨੇਰਾ, ਘਰ ਠਾਕਰ ਸਵਾਮੀ ਮਾਲਕ ਖ਼ਾਲਕ ਬੇਪਰਵਾਹੀਆ । ਕੂੜੀ ਕਿਰਿਆ ਲੋਕਮਾਤ ਜਗਤ ਚੁਕਾਏ ਝੇੜਾ, ਸਚ ਸੁਚ ਸਤਿ ਸਤਿਵਾਦੀ ਮਾਰਗ ਦਏ ਲਗਾਈਆ । ਜਨ ਭਗਤਾਂ ਆਪਣੇ ਕੰਧ ਉਠਾਏ ਬੇੜਾ, ਦੂਜਾ ਸੰਗੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਇਕੀਸ ਕਹੇ ਮੈਂ ਵੇਖਾਂ ਜਗਦੀਸ਼, ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਜਸ ਜਗ ਰਹੇ ਗਾਈਆ । ਜਿਸ ਦੇ ਛਤਰ ਝੁੱਲੇ ਸੀਸ, ਸ਼ਾਹ ਪਾਤਸ਼ਾਹ ਵਡ ਵਡਿਆਈਆ । ਜਿਸ ਦਾ ਕਲਮਾ ਇਕ ਹਦੀਸ, ਪੀਰ ਪੈਗ਼ੰਬਰਾਂ ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਦੀ ਸਤਿ ਨਾਲ ਪ੍ਰੀਤ, ਕੂੜੀ ਕਿਰਿਆ ਨਾ ਕੋਇ ਜਣਾਈਆ । ਜਿਸ ਦਾ ਨਾਮ ਨਿਧਾਨਾ ਢੋਲਾ ਇਕੋ ਗੀਤ, ਗੁਰ ਅਵਤਾਰ ਪੈਗ਼ੰਬਰ ਰਹੇ ਜਸ ਗਾਈਆ । ਜਿਸ ਦਾ ਲੇਖਾ ਬਾਹਰ ਮੰਦਰ ਮਸੀਤ, ਸ਼ਿਵਦਵਾਲੇ ਮੱਠ ਹੱਥ ਕਿਸੇ ਨਾ ਆਈਆ । ਜਿਸ ਦਾ ਵਸੇਰਾ ਰਾਓ ਰੰਕ ਊਚ ਨੀਚ, ਹਸਤ ਕੀਟਾਂ ਅੰਦਰ ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਕੀਸ ਕਹੇ ਮੈਂ ਆਇਆ ਜਗ, ਜਗਜੀਵਣ ਦਾਤੇ ਦਿਤੀ ਵਡਿਆਈਆ । ਤ੍ਰੈਗੁਣ ਮਾਇਆ ਮਿਟਾਵਾਂ ਅੱਗ, ਅਗਨੀ ਅੱਗ ਦਿਆਂ ਬੁਝਾਈਆ । ਬਿਨ ਮੱਕੇ


੧੧੫੧
੧੭

ਕਾਅਬੇ ਕਰਾਵਾਂ ਹੱਜ, ਹੁਜਰਾ ਹਕ ਦਿਸਾਈਆ । ਜਨ ਭਗਤਾਂ ਪ੍ਰਭ ਮਿਲਣ ਦੀ ਖੋਲ੍ਹ ਕੇ ਅੱਖ, ਸਮਰਥ ਮੇਲਾਂ ਘਰ ਗੁਸਾਈਆ । ਜਿਉਂ ਭਾਵੇਂ ਤਿਉਂ ਲਏ ਰੱਖ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਇਕੀਸ ਕਹੇ ਮੈਂ ਵੇਖਿਆ ਜਹਾਨ, ਚਾਰ ਕੁੰਟ ਧਿਆਨ ਲਗਾਈਆ । ਪਤਿਪਰਮੇਸ਼ਵਰ ਸ੍ਰੀ ਭਗਵਾਨ, ਇਕ ਇਕੱਲਾ ਖੇਲ ਖਿਲਾਈਆ । ਜਨ ਭਗਤਾਂ ਦੇਂਦਾ ਆਇਆ ਦਾਨ, ਨਿਰਗੁਣ ਸਰਗੁਣ ਪਾਰ ਕਰਾਈਆ । ਆਤਮ ਅੰਤਰ ਬਖ਼ਸ਼ੇ ਚਰਨ ਧਿਆਨ, ਚਰਨੋਦਕ ਇਕੋ ਇਕ ਪਿਆਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਨੀ ਧਰਤ ਧਵਲ ਵੇਖ ਵਖਾਈਆ । ਇਕੀਸ ਕਹੇ ਮੈਂ ਰਵਾਂ ਇੱਕੀ, ਜਿਸ ਦੀ ਸਮਝ ਕਿਸੇ ਨਾ ਆਈਆ । ਜਿਹੜੀ ਕਲਮ ਦਵਾਤ ਕਿਸੇ ਨਾ ਲਿਖੀ, ਕਾਗ਼ਜ਼ ਮਿਲੀ ਨਾ ਕੋਇ ਵਡਿਆਈਆ । ਜਿਸ ਦੀ ਧਾਰ ਖੰਡੇ ਵਾਲੀ ਨਾ ਜਾਣੀ ਤਿੱਖੀ, ਕੋਟਨ ਕੋਟ ਲੋਹਾਰ ਤਰਖਾਣ ਸ਼ਸਤਰ ਗਏ ਘੜਾਈਆ । ਜਿਸ ਦੀ ਗੋਬਿੰਦ ਹੱਥ ਚਿੱਠੀ, ਪੁਰਖ ਅਕਾਲ ਮਾਛੂਵਾੜੇ ਦਿਤੀ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਕਹੇ ਮੈਂ ਇੱਕੀਆਂ ਆਈ, ਅੰਤਰ ਆਤਮ ਖੋਜ ਖੁਜਾਈਆ । ਦੋ ਜਹਾਨਾਂ ਪਏ ਦੁਹਾਈ, ਲੋਕ ਪਰਲੋਕ ਰਹੇ ਕੁਰਲਾਈਆ । ਪ੍ਰਭ ਮਿਲੇ ਨਾ ਸੱਚਾ ਮਾਹੀ, ਪਰਵਰਦਿਗਾਰ ਨਜ਼ਰ ਕਿਸੇ ਨਾ ਆਈਆ । ਭਰਮੇ ਭੁੱਲੇ ਪਾਂਧੀ ਰਾਹੀ, ਨੌ ਖੰਡ ਪ੍ਰਿਥਮੀ ਸੱਤ ਦੀਪ ਨੱਠਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸੱਚੀ ਵਡਿਆਈਆ । ਇੱਕੀ ਕਹੇ ਮੈਂ ਇੱਕੀ ਗੁਣਾਂ, ਬੀਸ ਬੀਸਾ ਨਾਲ ਮਿਲਾਈਆ । ਸਚ ਪੁਕਾਰ ਇਕੋ ਸੁਣਾਂ, ਜੋ ਸਾਹਿਬ ਸਵਾਮੀ ਰਿਹਾ ਜਣਾਈਆ । ਲੱਖ ਚੁਰਾਸੀ ਛਾਣਾਂ ਪੁਣਾਂ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਇੱਕੀ ਕਹੇ ਮੈਂ ਇੱਕੀ ਆਈ ਉਹ, ਓੜਕ ਸਭ ਨੂੰ ਦਿਆਂ ਜਣਾਈਆ । ਮੇਰਾ ਮਾਲਕ ਖ਼ਾਲਕ ਸਭ ਦਾ ਲਹਿਣਾ ਦੇਣਾ ਲੇਖਾ ਛੱਬੀ ਪੋਹ, ਵਦੀ ਸੁਦੀ ਸਮਝ ਕੋਇ ਨਾ ਪਾਈਆ । ਸੋ ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਆਪੇ ਹੋ, ਨਿਰਗੁਣ ਦਾਤਾ ਪੁਰਖ ਬਿਧਾਤਾ ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਦੀ ਆਤਮ ਨਾਲ ਅੰਦਰ ਵੜ ਕੇ ਗਿਆ ਛੋਹ, ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਕਾ ਰੂਪ ਨਜ਼ਰੀ ਆਈਆ । ਨਾਮ ਨਿਧਾਨ ਸ੍ਰੀ ਭਗਵਾਨ ਸਾਚਾ ਢੋਆ ਦਿਤਾ ਢੋ, ਸੋਹੰ ਢੋਲਾ ਕਰੇ ਇਕ ਪੜ੍ਹਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਆਪਣਾ ਮੋਹ, ਮੁਹੱਬਤ ਕੂੜਾ ਨਾਤਾ ਜਗਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰ ਕੇ ਅਗੰਮੀ ਲੋ, ਅੰਧ ਅੰਧੇਰਾ ਰਿਹਾ ਗਵਾਈਆ । ਇੱਕੀ ਕਹੇ ਮੈਨੂੰ ਦਿਓ ਵਧਾਈ ਗੁਰਮੁਖ ਸਿੱਖ, ਲੇਖਾ ਸਭ ਨੂੰ ਰਹੀ ਸਮਝਾਈਆ । ਬਿਨ ਪਤਿਪਰਮੇਸ਼ਵਰ ਕੋਈ ਨਾ ਪਾਏ ਭਿੱਖ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਸਿਫ਼ਤ ਗਏ ਲਿਖ, ਖਾਣੀ ਬਾਣੀ ਦਏ ਗਵਾਹੀਆ । ਜਿਸ ਦਾ ਸਭ ਤੋਂ ਵੱਖਰਾ ਨਿਰਾਲਾ ਭਵਿਖ, ਭਵਿਖਤ ਵਿਚ ਆਪਣਾ ਹੁਕਮ ਵਰਤਾਈਆ । ਜੋ ਬਿਨ ਭਗਤਾਂ ਕਿਸੇ ਨਾ ਆਵੇ ਦਿਸ, ਲੱਖ ਚੁਰਾਸੀ ਨੇਤਰ ਨੈਣ ਅੰਧ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਗੁਸਾਈਆ । ਇੱਕੀ ਕਹੇ ਜਨ ਭਗਤਾਂ ਬੋਲ ਜੈਕਾਰਾ, ਜੈ ਜੈਕਾਰ ਇਕ ਸੁਣਾਈਆ । ਪਰਮ ਪੁਰਖ ਪ੍ਰਭ ਆਇਆ ਪਿਆਰਾ, ਹਰਿ ਪ੍ਰੀਤਮ ਬੇਪਰਵਾਹੀਆ । ਭਗਤਾਂ ਮੇਲ ਕਰੇ ਵਿਚ ਸੰਸਾਰਾ, ਚੁਰਾਸੀ ਨਾਤਾ ਦਿਤਾ ਤੁੜਾਈਆ । ਅੰਤਰ ਅੰਤਰ ਵੇਖਣਹਾਰਾ, ਬਾਹਰੋਂ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇੱਕੀ ਕਹੇ ਮੇਰੀ ਵੇਖੋ ਲੇਖਣ, ਜੋ ਗੋਬਿੰਦ ਗਿਆ ਲਿਖਾਈਆ । ਪਰਮ ਪੁਰਖ ਪਰਮਾਤਮ ਰੂਪ ਵਟਾਇਆ ਅਵੱਲੜਾ ਭੇਸਨ, ਰੰਗ ਰੇਖ ਨਜ਼ਰ ਕੋਇ ਨਾ ਆਈਆ । ਜੋਤ ਅਕਾਲਣ ਹੋ ਕੇ ਆਈ ਪਰਦੇਸਣ, ਦੇਸ ਆਪਣਾ ਗਈ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਰਿਹਾ ਸਮਝਾਈਆ । ਇੱਕੀ ਕਹੇ ਮੈਨੂੰ ਆਵੇ ਹਾਸਾ, ਹਸਤੀ ਵੇਖ ਕੇ ਬੇਪਰਵਾਹੀਆ । ਜੋ ਵੇਖਣ ਆਇਆ ਜਗਤ ਤਮਾਸ਼ਾ, ਪ੍ਰਭ ਬਣ ਕੇ ਪਾਂਧੀ ਰਾਹੀਆ । ਜਨ ਭਗਤਾਂ ਦੇਵੇ ਆਪਣਾ ਸਾਥਾ, ਸਗਲਾ ਸੰਗ ਨਿਭਾਈਆ । ਨਿਰਵੈਰ ਹੋ ਕੇ ਚਲਾਏ ਰਾਥਾ, ਬਣ ਰਖਵਾਹੀ ਸੇਵ ਕਮਾਈਆ । ਸੋਹੰ ਸੋ ਸੁਣਾ ਕੇ ਗਾਥਾ, ਗਹਿਰ ਗੰਭੀਰ ਆਪਣਾ ਭੇਵ ਦਿਤਾ ਚੁਕਾਈਆ । ਹੋ ਸਹਾਈ ਨਾਥ ਅਨਾਥਾਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਇਕੋ ਮੰਤਰ ਇਕੋ ਪੂਜਾ ਪਾਠਾ, ਇਕੋ ਸਿਮਰਨ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਇੱਕੀ ਕਹੇ ਮੈਂ ਆਈ ਘੁੰਮਦੀ, ਜੁਗ ਚੌਕੜੀ ਚੱਕਰ ਲਾਈਆ । ਜਗਤ ਭਵਰੀ ਪੇਖੀ ਡੂੰਘੇ ਡੂੰਭ ਦੀ, ਸਾਗਰ ਸਮਝ ਕੋਇ ਨਾ ਪਾਈਆ । ਏਸੇ ਕਾਰਨ ਸਾਹਿਬ ਸਵਾਮੀ ਹਰਿ ਪੁਰਖ ਅਕਾਲ ਦੇ ਚਰਨ ਚੁੰਮਦੀ, ਰਸਨਾ ਜਿਹਵਾ ਰਸ ਲਗਾਈਆ । ਮੈਨੂੰ ਆਵਾਜ਼ ਦੇਵੇ ਆਪਣੀ ਧੁਨ ਦੀ, ਆਤਮਕ ਰਾਗ ਸੁਣਾਈਆ । ਬਿਨ ਪ੍ਰੀਤਮ ਮੈਂ ਹੋਰ ਕੁਛ ਨਾ ਸੁਣਦੀ, ਜਗਤ ਰਾਗ ਨਾ ਕੋਇ ਵਡਿਆਈਆ । ਮੈਂ ਭਿਖਾਰਨ ਓਸੇ ਗੁੜ ਦੀ, ਜੋ ਜਨ ਭਗਤਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਝੋਲੀ ਦੇਵੇ ਭਰਾਈਆ । ਇੱਕੀ ਕਹੇ ਮੇਰੀ ਝੋਲੀ ਭਰ ਦੇ, ਭਾਉ ਭਗਤੀ ਇਕੋ ਇਕ ਸਮਝਾਈਆ । ਪੜਦੇ ਲਾਹ ਦੇ ਆਪਣੇ ਘਰ ਦੇ, ਕਿਉਂ ਬੈਠਾ ਮੁਖ ਛੁਪਾਈਆ । ਚਾਰ ਕੁੰਟ ਦਹਿ ਦਿਸ਼ਾ ਜੀਵ ਜਹਾਨ ਵੇਖੇ ਲੜਦੇ, ਝਗੜੇ ਵਿਚ ਲੋਕਾਈਆ । ਕੋਟਾਂ ਵਿਚੋਂ ਥੋੜੇ ਗੁਰਮੁਖ ਵੇਖੇ ਜੋ ਤੇਰਾ ਮੇਰਾ ਢੋਲਾ ਪੜ੍ਹਦੇ, ਸੋਹੰ ਰਹੇ ਧਿਆਈਆ । ਉਹ ਬਿਨ ਘਾਟੀਉਂ ਤੇਰੀ ਮੰਜ਼ਲ ਚੜ੍ਹਦੇ, ਦਰ ਠਾਂਡੇ ਮਿਲ ਕੇ ਦਰਸਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਵਖਾਈਆ । ਪੁਰਖ ਅਕਾਲ ਕਹੇ ਸੁਣ ਸਿੱਖਾਂ ਵਾਲੀ ਇੱਕੀ, ਗੁਰੂਆਂ ਲੋੜ ਰਹੀ ਨਾ ਰਾਈਆ । ਉਠ ਵੇਖ ਉਹ ਗੋਬਿੰਦ ਵਾਲੀ ਚਿੱਠੀ, ਜਿਹੜੀ ਪੁਰਖ ਅਕਾਲ ਫੜਾਈਆ । ਜਿਸ ਦੇ ਉਤੇ ਪੰਦਰਾਂ ਕੱਤਕ ਲਿਖੀ ਮਿਤੀ, ਸੋਲਾਂ ਅਗਲੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦੇਣਾ ਮੁਕਾਈਆ । ਇੱਕੀ ਕਹੇ ਚਿੱਠੀ ਦਾ ਸਿਰਲੇਖ, ਪ੍ਰਭ ਇਕੋ ਦਿਆਂ ਜਣਾਈਆ । ਜਨ ਭਗਤਾਂ ਕਰਨਾ ਸਾਚਾ ਹੇਤ, ਗੋਬਿੰਦ ਗਿਆ ਲਿਖਾਈਆ । ਨਿਰਗੁਣ ਧਾਰ ਅਵੱਲੜਾ ਵੇਸ, ਜੋਤੀ ਜਾਤਾ ਹੋ ਕੇ ਵੇਸ ਵਟਾਈਆ । ਦਰ ਠਾਂਡੇ ਤੇਰੇ ਕਰਾਂ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਆਦਿ ਜੁਗਾਦਿ ਰਹੇਂ ਸਦਾ ਹਮੇਸ਼, ਨਾ ਮਰੇਂ ਨਾ ਜਾਈਆ । ਤੇਰਾ ਸੁਤ ਦੁਲਾਰਾ ਦਸ ਦਸਮੇਸ਼, ਲੇਖਾ ਤੇਰਾ ਗਿਆ ਬਣਾਈਆ । ਕਲਜੁਗ ਅੰਤਮ ਆ ਕੇ ਰਿਹਾ ਵੇਖ, ਬੇਪਰਵਾਹ

ਫੇਰਾ ਪਾਈਆ । ਇੱਕੀ ਕਹੇ ਮੈਂ ਇੱਕੀਆਂ ਦੀ ਭੇਟ, ਇੱਕੀ ਸਿੱਖੀ ਦਿਆਂ ਬਣਾਈਆ । ਤੇਰੀ ਮੌਲੇ ਅਗਲੀ ਰੁਤ ਚੇਤ, ਜਿਸ ਦਾ ਸੰਮਤ ਨਾ ਕੋਇ ਸਮਝਾਈਆ । ਮੈਂ ਆਪਣੀ ਅਰਜ਼ ਆਰਜ਼ੂ ਉਸ ਵੇਲੇ ਕਰਾਂ ਤੇਰੇ ਪੇਸ਼, ਬਣ ਸੇਵਕ ਅੱਗੇ ਡਾਹੀਆ । ਤੂੰ ਪੁਰਖ ਅਕਾਲ ਦੀਨ ਦਿਆਲ ਲੈਣੀ ਵੇਖ, ਸੱਤਾਂ ਸਤਰਾਂ ਵਾਲੀ ਕੀ ਕੀ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਅਗਲਾ ਅੱਗੇ ਪਿਛਲਾ ਪਿਛੇ ਦੋਹਾਂ ਵੇਖ ਵਖਾਈਆ ।

## ✪ ਪਹਿਲੀ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਪੁੱਤਰ, ਪੁਰਖ ਅਕਾਲ ਦੀਨ ਦਿਆਲ ਵੱਡੀ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਧਾਰੋਂ ਆਇਆ ਉਤਰ, ਜੋਤੀ ਜਾਤਾ ਪੁਰਖ ਬਿਧਾਤਾ ਨਾ ਕੋਈ ਜਨਮੇ ਪਿਤਾ ਮਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਕਰੇ ਸ਼ੁਕਰ, ਸੁਰਪਤ ਇੰਦ ਨਿਉਂ ਨਿਉਂ ਲਾਗੇ ਪਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਨ ਭਗਤਾਂ ਚੁੱਕੇ ਆਪਣੇ ਕੁੱਛੜ, ਸੰਤ ਸੁਹੇਲੇ ਕਰ ਕਰ ਮੇਲੇ ਗੋਦ ਉਠਾਈਆ । ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਕੀਤਾ ਕੌਲ ਨਾ ਜਾਏ ਮੁੱਕਰ, ਬੇਪਰਵਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਦਰ ਘਰ ਸਾਚਾ ਇਕ ਸੁਹਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਮੰਨਦੇ ਰਹੇ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਸਨਾ ਜਿਹਵਾ ਬੱਤੀ ਦੰਦ ਜਿਸ ਦਾ ਜਪਦੇ ਰਹੇ ਜਾਪ, ਸ਼ਬਦ ਅਨਾਦੀ ਬੋਧ ਅਗਾਧੀ ਢੋਲਾ ਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਰਗੁਣ ਸਰਗੁਣ ਜਿਸ ਦਾ ਵਡ ਪਰਤਾਪ, ਜਲ ਥਲ ਮਹੀਅਲ ਘਟ ਘਟ ਆਪਣਾ ਖੇਲ ਖਿਲਾਈਆ । ਨਿਤ ਨਵਿਤ ਵੇਖੇ ਖੇਲ ਦਿਵਸ ਰਾਤ, ਅਨਦਿਨ ਆਪਣੀ ਕਾਰ ਕਮਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖਣਹਾਰਾ ਮਾਰ ਝਾਤ, ਉਤਭੁਜ ਸੇਤਜ ਪੜਦਾ ਆਪ ਖੁਲ੍ਹਾਈਆ । ਸ੍ਰੀ ਭਗਵਾਨਾ ਮਿਹਰਵਾਨਾ ਮਰਦ ਮਰਦਾਨਾ ਨੌਜਵਾਨਾ ਪੂਰਾ ਆਪਣਾ ਕਰਨਹਾਰਾ ਵਾਕ, ਭਵਿਖ ਭਾਖਿਆ ਵੇਖ ਵਖਾਈਆ । ਗੁਰਮੁਖ ਮੀਤਾ ਠਾਂਡਾ ਸੀਤਾ ਸੱਜਣ ਸੁਹੇਲਾ ਧੁਰ ਦਾ ਸਾਕ, ਬੰਧਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਗਏ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਾਕਾਰ ਕਰੇ ਆਪਣਾ ਹਿਤਾ, ਹਿਤਕਾਰੀ ਆਪਣਾ ਵੇਸ ਵਟਾਈਆ । ਜੋਤੀ ਨੂਰ ਜਗ ਨੇਤਰ ਨਜ਼ਰ ਨਾ ਆਏ ਸਭ ਤੋਂ ਨਿੱਕਾ, ਨਿੱਕੇ ਵਡ ਵੱਡਾ ਸਮਝ ਕੋਇ ਨਾ ਪਾਈਆ । ਵਸਣਹਾਰਾ ਚਾਰ ਕੁੰਟ ਦਹਿ ਦਿਸ਼ਾਂ, ਜ਼ਿਮੀਂ ਆਸਮਾਨਾਂ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਪੌਂਦਾ ਰਿਹਾ ਹਿੱਸਾ, ਵੰਡ ਆਪਣੇ ਹੱਥ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਗਾਉਂਦੇ ਗਏ ਕਿੱਸਾ, ਹਰਿ ਕੀ ਕਿਸਮ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਅਨਡਿਠ, ਅਨਡਿਠੜੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਗਏ ਮਾਲਕ, ਬੇਪਰਵਾਹ ਇਕ ਅਖਵਾਇੰਦਾ । ਆਦਿ ਜੁਗਾਦੀ ਜੋ ਸਦਾ ਸਦਾ ਬਣੇ ਪ੍ਰਿਤਪਾਲਕ, ਬਣ ਸੇਵਕ ਸੇਵ ਕਮਾਇੰਦਾ । ਜੋ ਲੱਖ ਚੁਰਾਸੀ ਜੀਵ ਜੰਤ ਹੋਵੇ ਖ਼ਾਲਕ, ਖ਼ਾਲਕ ਮਖ਼ਲੂਕ ਆਪਣਾ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਬਣੇ ਸਾਲਸ, ਸਾਹਿਬ ਸਵਾਮੀ ਆਪਣਾ ਵੇਸ ਵਟਾਇੰਦਾ । ਗੁਰਮੁਖਾਂ ਗੁਰਸਿਖਾਂ ਮੇਟਣਹਾਰਾ ਨਿੰਦਰਾ ਆਲਸ, ਸੁਰਤੀ ਸ਼ਬਦ ਸ਼ਬਦ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੱਭੇ ਖਾਲਸ਼, ਖ਼ਾਹਿਸ਼ ਆਪਣੀ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਉਠਾਏ ਇਕੋ ਬਾਲਕ, ਸ਼ਬਦੀ ਸੁਤ ਆਪ ਜਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਮੰਨਦੇ ਗਏ ਕਹਿਣਾ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦਾ ਦੋ ਜਹਾਨਾਂ ਭਾਣਾ ਸਹਿਣਾ, ਪੁਰੀ ਲੋਅ ਬ੍ਰਹਿਮੰਡ ਖੰਡ ਸਕੇ ਨਾ ਕੋਇ ਮਿਟਾਈਆ । ਜਿਸ ਦੇ ਹੁਕਮੇ ਅੰਦਰ ਸਮੁੰਦ ਸਾਗਰ ਜਲ ਧਾਰ ਬਹਿਣਾ, ਟਿੱਲੇ ਪਰਬਤ ਬੈਠੇ ਸੀਸ ਨਿਵਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਦਰਸ਼ਨ ਦੇਵੇ ਅੰਤਰ ਨੈਣਾਂ, ਨਿਜ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਸੱਜਦਾ, ਦਰ ਠਾਂਡੇ ਸੀਸ ਨਿਵਾਈਆ । ਸੋ ਪਰਵਰਦਿਗਾਰ ਸਾਂਝਾ ਯਾਰ ਖੇਲ ਅਗੰਮਾ ਕਰਦਾ, ਪਤਿਪਰਮੇਸ਼ਵਰ ਬੇਪਰਵਾਹੀਆ । ਨਿਰਭੈ ਹੋ ਕਦੇ ਨਾ ਡਰਦਾ, ਭੈ ਸਭ ਨੂੰ ਇਕ ਜਣਾਈਆ । ਜੁਗ ਚੌਕੜੀ ਵੇਸ ਅਵੱਲਾ ਕਰਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਸਕੇ ਨਾ ਰਾਈਆ । ਨਾਮ ਨਿਧਾਨ ਨਿਤ ਨਵਿਤ ਰਿਹਾ ਪੜ੍ਹਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਰਦੇ ਗਏ ਸਲਾਮ, ਕਦਮਾਂ ਉਪਰ ਸੀਸ ਝੁਕਾਈਆ । ਸੋ ਮੁਕਾਮੇ ਹਕ ਵਸੇ ਅਮਾਮ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਜਲਵਾ ਨੂਰ ਦੋ ਜਹਾਨ, ਚੌਦਾਂ ਤਬਕ ਕਰੇ ਰੁਸ਼ਨਾਈਆ । ਜਿਸ ਦਾ ਕਲਮਾ ਇਲਾਹੀ ਕਲਾਮ, ਈਸਾ ਮੂਸਾ ਮੁਹੰਮਦ ਕਰੇ ਪੜ੍ਹਾਈਆ । ਜਿਸ ਦਾ ਮਹੱਲ ਅਟਲ ਉਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਦਾ ਨਾਦ ਧੁਨ ਅਗੰਮੀ ਗਾਣ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਖੇਲ ਕਰੇ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਸਤਿਗੁਰ, ਗੁਰ ਗੁਰ ਸੀਸ ਨਿਵਾਈਆ । ਸੋ ਸਾਹਿਬ ਸਵਾਮੀ ਪੁਰਖ ਅਕਾਲ ਜੋਤੀ ਧਾਰ ਆਇਆ ਮੁੜ, ਬੇਪਰਵਾਹ ਆਪਣਾ ਫੇਰਾ ਪਾਈਆ । ਪੁਰਖ ਬਿਧਾਤਾ ਵੇਖਣ ਆਇਆ ਖੇਲ ਤਮਾਸ਼ਾ, ਲੋਕਮਾਤ ਜਨ ਭਗਤਾਂ ਗਿਆ ਬੌਹੜ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਵਾਰੇ ਬੈਠੇ ਹੱਥ ਜੋੜ, ਸੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਅਰਦਾਸਾ, ਅਰਜ਼ ਅਰਜ਼ੋਈ ਇਕ ਸੁਣਾਈਆ । ਸਰਗੁਣ ਹੋ ਕੇ ਰੱਖਦੇ ਗਏ ਭਰਵਾਸਾ, ਨਿਰਗੁਣ ਓਟ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਦਰ ਦੱਸਦੇ ਗਏ ਖ਼ਲਾਸਾ, ਖਾਣੀ ਬਾਣੀ ਨਾਲ ਮਿਲਾਈਆ । ਵਾਕ ਭਵਿਖਤਾਂ ਅੰਦਰ ਰੱਖਦੇ ਗਏ ਆਸਾ, ਤ੍ਰਿਸਨਾ ਵਿਚ ਸਮਾਈਆ । ਜਿਸ ਦੇ ਹੁਕਮੇ

੧੧੫੫
੧੭

ਅੰਦਰ ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਬੈਠੇ ਡੇਰਾ ਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖਣ ਆਏ ਜਗਤ ਤਮਾਸ਼ਾ, ਨਿਰਾਕਾਰ ਆਪਣਾ ਰੂਪ ਧਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਪਿਛਲਾ ਵੇਖੇ ਡੂੰਘਾ ਖਾਤਾ, ਨਿਰ ਅੱਖਰ ਵਾਲੀ ਕੱਢ ਪੜ੍ਹਾਈਆ । ਜਿਥੇ ਨਾ ਕੋਈ ਏਕਾ ਨਾ ਕੋਈ ਸਾਤਾ, ਦੂਆ ਤੀਆ ਪਾਂਜਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਕਾਤਬ ਤੁਲਬਾ ਪੜ੍ਹੇ ਜਮਾਤਾ, ਪੱਟੀ ਕਲਮ ਦਵਾਤ ਨਾ ਕੋਇ ਸ਼ਾਹੀਆ । ਨਾ ਕੋਈ ਟੀਚਰ ਨਾ ਉਸਤਾਦਾ, ਨਾ ਕੋਈ ਅਲਫ਼ ਯੇ ਵੰਡ ਵੰਡਾਈਆ । ਨਾ ਕੋਈ ਪੁਸਤਕ ਨਾ ਕਿਤਾਬਾ, ਬਸਤਾ ਬੰਨ੍ਹ ਸੀਸ ਨਾ ਕੋਇ ਉਠਾਈਆ । ਨਾ ਕੋਈ ਮੰਦਰ ਮੱਠ ਸ਼ਿਵਦਵਾਲਾ ਮਸਜਿਦ ਦਿਸੇ ਮਹਿਰਾਬਾ, ਮਹਿਬੂਬ ਇਕੋ ਬੇਪਰਵਾਹੀਆ । ਜਿਸ ਨੂੰ ਬਿਨ ਹੱਥਾਂ ਬਿਨ ਸਿਰ ਹੋਵੇ ਆਦਾਬਾ, ਬਿਨ ਅੱਖਾਂ ਦ੍ਰਿਸ਼ਟੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕਦੇ, ਹੁਜਰਿਆਂ ਵਿਚ ਸੀਸ ਨਿਵਾਈਆ । ਜਿਸ ਦਾ ਅੰਤਰ ਆਤਮ ਰਾਹ ਰਹੇ ਪੁਛਦੇ, ਸੁੰਨ ਸਮਾਧੀ ਵਿਚ ਸਮਾਈਆ । ਜਿਸ ਦਾ ਹੁਕਮ ਮੰਨ ਕੇ ਚੋਟੀਆਂ ਰਹੇ ਮੁੰਨਦੇ, ਲਬਾਂ ਸੀਸ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਰਹੇ ਗ਼ਰੀਬ ਨਿਵਾਜ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਬਿਨ ਨਾਨਕ ਤੱਕਿਆ ਕਿਸੇ ਨਾ ਤਾਜ, ਤਖ਼ਤ ਨਿਵਾਸੀ ਨਜ਼ਰ ਕੋਇ ਨਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਚਾ ਰਾਜ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਵਿਸ਼ਨ ਬ੍ਰਹਮਾ



ਸ਼ਿਵ ਰਚਨਾ ਰਚੀ ਧੁਰ ਦਾ ਕਾਜ, ਕੋਟਨ ਕੋਟ ਆਪਣਾ ਖੇਲ ਵਖਾਈਆ । ਜਿਸ ਦਾ ਲੱਖ ਚੁਰਾਸੀ ਘੜਨ ਭੰਨਣ ਆਪਣਾ ਸਾਜ, ਸੱਜਣ ਹੋ ਕੇ ਵੇਖ ਵਖਾਈਆ । ਜਿਸ ਦਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਰਨ ਕਵਲ ਦਿਤਾ ਸਾਥ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਵੀਹਵੀਂ ਇਕੱਠੇ ਕੀਤੇ ਅੰਤ, ਅੰਤਰ ਸਭ ਦਾ ਵੇਖ ਵਖਾਈਆ । ਉਠੋ ਵੇਖੋ ਨੇਤਰ ਨੈਣ ਪੁਰਖ ਅਬਿਨਾਸ਼ੀ ਸਭ ਦਾ ਕੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਆਪਣਾ ਕਲਮਾ ਪੜ੍ਹੇ ਨਾਮ ਮੰਤ, ਅੱਖਰੀ ਸ਼ਬਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਹੁਕਮ ਰਹੇ ਮੰਨਦੇ, ਲੋਕਮਾਤ ਸੇਵ ਕਮਾਈਆ । ਵੇਖੇ ਖੇਲ ਉਸ ਭਗਵਨ ਦੇ, ਜੋ ਭੇਵ ਅਭੇਦਾ ਰਿਹਾ ਜਣਾਈਆ । ਲੇਖੇ ਦੇਣੇ ਆ ਗਏ ਗੁਜਰੀ ਚੰਨ ਦੇ, ਦੋ ਜਹਾਨ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆ ਵੇਖੋ ਪੱਟੀ, ਜਿਹੜੀ ਬਿਨ ਅੱਖਰਾਂ ਆਪ ਲਿਖਾਈਆ । ਜਿਸ ਦੇ ਵਿਚੋਂ ਨਾਨਕ ਚਲਾਈ ਹੱਟੀ, ਭੰਡਾਰਾ ਇਕ ਵਰਤਾਈਆ । ਜਿਸ ਦੀ ਗੋਬਿੰਦ ਖਟੀ ਖੱਟੀ, ਲਾਹਾ ਆਪਣਾ ਗੁਰਮੁਖਾਂ ਝੋਲੀ ਪਾਈਆ । ਲੇਖੇ ਲਾ ਕੇ ਆਪਣੀ ਰੱਤ ਦੀ ਰਤੀ, ਰੱਤਨ ਅਮੋਲਕ ਹੀਰੇ ਗੁਰਸਿਖ ਗਿਆ ਬਣਾਈਆ । ਸੰਦੇਸਾ ਦੇ ਕੇ ਗਿਆ ਸਭ ਦਾ ਮਾਲਕ ਧੁਰ ਦਾ ਪੁਰਖ ਅਕਾਲ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਗੁਰਮੁਖੋ ਦੂਜਾ ਇਸ਼ਟ ਨਾ ਵੇਖਣਾ ਅੱਖੀਂ, ਬਿਨ ਹਰਿ ਕੰਤ ਨਾ ਕੋਇ ਹੰਢਾਈਆ । ਜਿਸ ਦੇ ਚਰਨ ਦਵਾਰ ਲੱਖ ਚੁਰਾਸੀ ਸਦਾ ਇਕੱਠੀ, ਵਿਛੋੜਾ ਆਪਣਾ ਖੇਲ ਬਣਾਈਆ । ਜਿਸ ਦੀ ਸ਼ਬਦ ਅਗੰਮੀ ਧੁਰ ਦੀ

ਸੱਚੀ ਮਿਤੀ, ਅੱਗੇ ਮਤ ਭੇਦ ਨਾ ਕੋਇ ਰਖਾਈਆ । ਜਿਸ ਦੇ ਦਵਾਰੇ ਆਦਿ ਜੁਗਾਦਿ ਗੁਰ ਅਵਤਾਰ ਰਹੇ ਢੱਠੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਵੇਖੇ ਜਲਵਾ, ਜਲਵਾਗਰ ਜਣਾਇੰਦਾ । ਕੂੜੀ ਕਿਰਿਆ ਕਲਜੁਗ ਹੋਇਆ ਬਲਵਾ, ਭੈ ਭਉ ਨਾ ਕੋਇ ਵਖਾਇੰਦਾ । ਪੀਰ ਫ਼ਕੀਰ ਖਾਏ ਕੋਈ ਨਾ ਹਲਵਾ, ਹਾਲਤ ਸਭ ਦੀ ਆਪ ਦਰਸਾਇੰਦਾ । ਅੱਖਰਾਂ ਵਾਲਾ ਕੰਮ ਨਾ ਆਇਆ ਕਲਮਾ, ਸਦੀ ਚੌਧਵੀਂ ਢੋਲਾ ਇਕ ਜਣਾਇੰਦਾ । ਸਦੀ ਵੀਹਵੀਂ ਸਭ ਦੇ ਉਤੋਂ ਪੜਦੇ ਵਾਲਾ ਲਾਹ ਦੇ ਮੁਲੰਮਾ, ਕੂੜੀ ਕਿਰਿਆ ਪਰੇ ਹਟਾਇੰਦਾ । ਮਮਤਾ ਮੋਹ ਮਿਟਾ ਕੇ ਤਮਾਂ, ਤਾਮਸ ਤ੍ਰਿਸਨਾ ਦੂਰ ਕਰਾਇੰਦਾ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਸ਼ਬਦੀ ਧਾਰ ਘਰ ਪੁਰਖ ਅਕਾਲ ਜੰਮਾ, ਪਿਤਾ ਮਾਤ ਇਕੋ ਨਜ਼ਰੀ ਆਇੰਦਾ । ਜੋ ਏਥੇ ਓਥੇ ਦੋ ਜਹਾਨ ਆਦਿ ਜੁਗਾਦਿ ਨਾ ਹੋਏ ਨਿਕੰਮਾ, ਨਿਕਰਮਣ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਮੰਗਦੇ ਰਹੇ ਇੱਕੀ, ਵੀਹ ਇੱਕੀ ਧਿਆਨ ਲਗਾਈਆ । ਵੀਹ ਇਕ ਇੱਕੀ ਗੁਰਦਾਸ ਇੱਕੀ ਵਾਰ ਲਿਖੀ, ਇੱਕੀ ਵੀਹ ਵੀਹ ਇੱਕੀ ਇਕੀ ਇੱਕੀ ਭਾਵ ਜਣਾਈਆ । ਇਹ ਸਮਝ ਨਾ ਆਈ ਕਿਸੇ ਨੂੰ ਸਿੱਖੀ, ਸਿਖਿਆ ਵਿਚ ਜਗਤ ਲੋਕਾਈਆ । ਉਹ ਪੁਰਖ ਅਕਾਲ ਦੀ ਅਗੰਮੀ ਚਿੱਠੀ, ਜਿਹੜੀ ਅੱਖਰਾਂ ਬਿਨਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।
ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਉਹ ਚਿੱਠੀ ਅਵੱਲੀ, ਸਾਨੂੰ ਸਮਝ ਕਿਸੇ ਨਾ ਆਈਆ । ਜਿਹੜੀ ਸੁਤ ਦੁਲਾਰੇ ਹੱਥ ਘੱਲੀ, ਸ਼ਬਦੀ ਰਿਹਾ ੧੧੫੭ ੧੭
ਪੜ੍ਹਾਈਆ । ਜਿਸ ਦੀ ਲੇਖਣੀ ਕਦੇ ਨਾ ਟਲੀ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਰੋਂਦੇ ਗਏ ਅਲੀ, ਅੱਲਾ ਹੂ ਨਾਅਰਾ ਲਾਈਆ । ਕੁਤਬ ਗੌਂਸ ਰਿਹਾ ਕੋਈ ਨਾ ਵਲੀ, ਵਲਦੀਅਤ ਸਭ ਦੀ ਆਪਣੇ ਹੱਥ ਰਖਾਈਆ । ਉਹ ਨਿਰਅੱਖਰ ਦਾ ਮਾਲਕ ਇਕੋ ਬਲੀ, ਬਲਧਾਰੀ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਕਿਰਨ ਪਰਕਾਸ਼ ਹੋ ਕੇ ਗੋਬਿੰਦ ਅੰਦਰ ਜਲੀ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਵਜੌਂਦੇ ਗਏ ਰਬਾਬ, ਨਾੜ ਬਹੱਤਰ ਸਤਾਰ ਬਣਾਈਆ । ਜਿਸ ਨੂੰ ਮੰਨਦੇ ਗਏ ਅਹਿਬਾਬ, ਦੋ ਸੱਤ ਨੂਰ ਖ਼ੁਦਾਈਆ । ਜਿਸ ਦਾ ਤੱਕਦੇ ਗਏ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਈਆ । ਜਿਸ ਦਾ ਜਲਵਾ ਉਪਰ ਆਕਾਸ਼, ਮੁਕਾਮੇ ਹਕ ਸੋਭਾ ਪਾਈਆ । ਜਿਸ ਦੀ ਕਰਦੇ ਗਏ ਤਲਾਸ਼, ਨੇਤਰ ਨੈਣ ਲੋਚਣ ਅੱਖ ਉਠਾਈਆ । ਜਿਸ ਦਾ ਲਿਖਦੇ ਗਏ ਭਵਿਖਤ ਵਾਕ, ਕਲਮਿਆਂ ਵਿਚ ਵਡਿਆਈਆ । ਸੋ ਸਾਹਿਬ ਸਵਾਮੀ ਕਲਜੁਗ ਅੰਤਮ ਪਰਗਟ ਹੋਇਆ ਸਾਖਿਆਤ, ਸਦਾ ਸੁਹੇਲਾ ਇਕ ਅਕੇਲਾ ਫੇਰਾ ਪਾਈਆ । ਪੂਰਬ ਲੇਖਾ ਸਭ ਦਾ ਵੇਖੇ ਹਿਸਾਬ ਕਿਤਾਬ, ਲਹਿਣਾ ਦੇਣਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪ ਵਰਤਾਈਆ । ਅਗਲਾ ਹੁਕਮ ਸੁਣੋ ਗੁਰ ਅਵਤਾਰ ਪੈਗ਼ੰਬਰ ਪੀਰ, ਪਤਿਪਰਮੇਸ਼ਵਰ ਆਪ ਜਣਾਈਆ । ਕੂੜੀ ਕਿਰਿਆ ਅੰਤ ਅਖ਼ੀਰ, ਆਖ਼ਰ ਅੱਖਾਂ ਦਿਆਂ ਵਖਾਈਆ । ਆਪਣੇ ਦੀਨ ਮਜ਼੍ਹਬ ਦੀ ਵੇਖੋ ਮਾਤ ਤਸਵੀਰ, ਤਸਬੀ ਘਰ ਘਰ ਮਣਕੇ ਰਹੇ ਲਟਕਾਈਆ । ਸ਼ਰਅ ਵੱਝਾ ਕੂੜ ਜ਼ੰਜੀਰ, ਹਕ ਹਕੀਕਤ ਨਾ ਕੋਇ ਸਮਝਾਈਆ ।

ਕਿਸੇ ਨਜ਼ਰ ਨਾ ਆਵੇ ਬੇਨਜ਼ੀਰ, ਨਗ਼ਮਾ ਨਾਮ ਨਾ ਕੋਇ ਸੁਣਾਈਆ । ਤਮਾਂ ਪਿਛੇ ਫਿਰਨ ਫ਼ਕੀਰ, ਮਾਇਆ ਸਾਧਾਂ ਕਰਿਆ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਦਏ ਵਖਾਈਆ । ਨੇਤਰ ਨੈਣ ਵਖਾਵਾਂ ਅੰਤ, ਕਲਜੁਗ ਵੇਲਾ ਵਕਤ ਦੁਹਾਈਆ । ਵੇਖੋ ਲੋਕਮਾਤ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਮਾਇਆ ਪਈ ਬੇਅੰਤ, ਮਮਤਾ ਮੋਹ ਨਾ ਕੋਇ ਮਿਟਾਈਆ । ਗੜ੍ਹ ਤੁੱਟੇ ਨਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਸਾਚਾ ਦਿਸੇ ਨਾ ਕੋਈ ਪੰਡਤ, ਧੁਰ ਦੀ ਵਿਦਿਆ ਨਾ ਕੋਇ ਸਿਖਾਈਆ । ਨਾਰੀ ਮਿਲੇ ਨਾ ਨਰ ਹਰਿ ਕੰਤ, ਸੁਹੰਜਣੀ ਸੇਜ ਦਏ ਦੁਹਾਈਆ । ਆਤਮ ਪਰਮਾਤਮ ਗਾਵੇ ਕੋਈ ਨਾ ਮੰਤ, ਮਨ ਵਾਸਨਾ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਰਿਹਾ ਦਰਸਾਈਆ । ਅਵਤਾਰ ਪੈਗ਼ੰਬਰ ਵੇਖੋ ਗੁਰ, ਹਰਿ ਕਰਤਾ ਆਪ ਜਣਾਈਆ । ਮਿਲਿਆ ਮੇਲ ਨਾ ਕਿਸੇ ਧੁਰ, ਮਸਤਕ ਰੇਖ ਨਾ ਕੋਇ ਮਿਟਾਈਆ । ਆਤਮ ਪਰਮਾਤਮ ਗਈ ਕੋਈ ਨਾ ਜੁੜ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਸ਼ਬਦ ਸਰੂਪੀ ਚੜ੍ਹੇ ਨਾ ਕੋਇ ਘੋੜ, ਅਵਣ ਗਵਣ ਪੰਧ ਨਾ ਕੋਇ ਮੁਕਾਈਆ । ਨਾਤਾ ਤੁੱਟਾ ਨਾ ਪੰਜ ਚੋਰ, ਸ਼ਬਦ ਪੰਜ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਵੇਖੋ ਆਪਣੀ ਪਰਭਾਤੀ, ਸੁਬਹ ਸੁਹਾਵਣੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਧੁਰ ਦਾ ਢੋਲਾ ਗਾਵੇ ਨਾ ਕੋਇ ਗਾਥੀ, ਵਿਦਿਆ ਹਕ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਮਿਲੇ ਕੋਇ ਨਾ ਪਾਠੀ, ਰਸਨਾ ਜਿਹਵਾ ਹੋਈ ਹਲਕਾਈਆ । ਅੰਮ੍ਰਿਤ ਬੂੰਦ ਦੇਵੇ ਨਾ ਕੋਇ ਸਵਾਂਤੀ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਤੀਰ ਨਿਰਾਲਾ ਮਾਰੇ ਨਾ ਕੋਇ ਛਾਤੀ, ਆਰ ਪਾਰ ਨਾ ਕੋਇ ਵਖਾਈਆ । ਘਰ ਵਿਚ ਘਰ ਜਗਾਏ ਨਾ ਕੋਇ ਦੀਵਾ ਬਾਤੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਮੰਜ਼ਲ ਪੰਧ ਮੁਕਾਏ ਨਾ ਕੋਇ ਵਾਟੀ, ਸਾਚੀ ਘਾਟੀ ਨਾ ਕੋਇ ਚੜ੍ਹਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਦੀ ਵੀਹਵੀਂ ਤੁਹਾਡੀ ਮੰਨੇ ਨਾ ਕੋਇ ਆਖੀ, ਅੰਦਰੋਂ ਬਾਹਰੋਂ ਸਾਰੇ ਗਏ ਭੁਲਾਈਆ । ਪੁਰਖ ਅਬਿਨਾਸ਼ੀ ਸਭ ਦਾ ਲਹਿਣਾ ਦੇਣਾ ਦੇਵੇ ਬਾਕੀ, ਅੱਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆਪਣਾ ਦੀਨ ਮਜ਼੍ਹਬ, ਨੇਤਰ ਨੈਣਾਂ ਆਪ ਵਖਾਈਆ । ਸਤਿ ਸਚ ਨਾ ਕੋਇ ਅਦਬ, ਜੂਠ ਝੂਠ ਕਰੇ ਲੜਾਈਆ । ਗੁਰੂਦਵਾਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਇਆ ਗ਼ਜ਼ਬ, ਨੇਤਰ ਨੈਣਾਂ ਧੀਆਂ ਭੈਣਾਂ ਰਹੇ ਤਕਾਈਆ । ਸਚ ਦਵਾਰੇ ਕੋਈ ਨਾ ਜਾਏ ਚਲ ਕੇ ਆਪਣੇ ਕਦਮ, ਸੱਯਦਾ ਸੀਸ ਨਾ ਕੋਇ ਨਿਵਾਈਆ । ਧੁਰ ਸੰਦੇਸਾ ਨਾਮ ਕਲਮਾ ਪੜ੍ਹੇ ਕੋਈ ਨਾ ਨਜ਼ਮ, ਸ਼ਬਦ ਅਨਾਦੀ ਰਾਗ ਨਾ ਕੋਇ ਸੁਣਾਈਆ । ਲੇਖੇ ਲੱਗੇ ਨਾ ਕਾਇਆ ਮਾਟੀ ਖ਼ਾਕ ਕਿਸੇ ਬਦਨ, ਅੰਤਰ ਬਦਲੀ ਨਾ ਕੋਇ ਕਰਾਈਆ । ਮਾਇਆ ਕਾਰਨ ਸਾਰੇ ਭੱਜਣ, ਨੱਠਣ ਵਾਹੋ ਦਾਹੀਆ । ਸਤਿਗੁਰ ਕਿਸੇ ਨਾ ਮਿਲਿਆ ਸੱਜਣ, ਪੁਰਖ ਅਕਾਲ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆਪਣੇ ਮੰਦਰ ਮੱਠ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਨਾ ਕੋਈ ਧੀਰਜ ਦਿਸੇ ਸਤਿ, ਯਤਿ ਬੈਠਾ ਮੁਖ ਛੁਪਾਈਆ ।

ਦੂਰ ਦੁਰਾਡੀ ਹੋ ਗਈ ਗੁਰਮਤ, ਮਨਮਤ ਕਰੇ ਲੜਾਈਆ । ਹਕੀਕਤ ਜਾਣੇ ਨਾ ਕੋਈ ਹਕ, ਧੁਰ ਦਾ ਸੰਗ ਨਾ ਕੋਇ ਵਖਾਈਆ । ਮਨ ਵਾਸਨਾ ਸ੍ਰਿਸ਼ਟੀ ਰਹੀ ਨੱਠ, ਦ੍ਰਿਸ਼ਟੀ ਦਿਬ ਨਾ ਕੋਇ ਖੁਲ੍ਹਾਈਆ । ਜੋ ਮਾਰਗ ਲੋਕਮਾਤ ਆਏ ਦੱਸ, ਦਹਿ ਦਿਸ਼ਾ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸੁਣ ਕੇ ਸ਼ਬਦ ਅਗੰਮਾ ਹਰਿ ਸਵਾਮੀ, ਸ਼ਬਦੀ ਗੁਰ ਲਏ ਅੰਗੜਾਈਆ । ਪਰਮ ਪੁਰਖ ਪ੍ਰਭ ਤੂੰ ਠਾਕਰ ਅੰਤਰਜਾਮੀ, ਘਟ ਘਟ ਵੇਖੇਂ ਥਾਉਂ ਥਾਈਂਆ । ਤੇਰੇ ਹੁਕਮੇ ਅੰਦਰ ਸ਼ਬਦ ਅਨਾਦ ਰਚੀ ਬਾਣੀ, ਸਿਮਰਤ ਸ਼ਾਸਤਰ ਕਰੀ ਪੜ੍ਹਾਈਆ । ਤੇਰਾ ਖੇਲ ਵੇਖਿਆ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਲਾਈਆ । ਤੇਰਾ ਹੁਕਮ ਸੁਣਾਇਆ ਦੋ ਜਹਾਨੀ, ਨਿਰਗੁਣ ਸਰਗੁਣ ਪੜਦਾ ਲਾਹੀਆ । ਤੇਰੇ ਹੁਕਮ ਦੀ ਦੇ ਕੇ ਆਏ ਨਿਸ਼ਾਨੀ, ਜੀਵ ਜੰਤ ਜਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ਬਦ ਕਹੇ ਮੈਂ ਤੇਰਾ ਗੋਬਿੰਦ ਰੂਪ, ਪਿਤਾ ਪੁਰਖ ਅਕਾਲ ਮਨਾਇਆ । ਮੈਂ ਵੇਖਾਂ ਚਾਰੇ ਕੂਟ, ਤੇਰਾ ਖੇਲ ਬੇਪਰਵਾਹਿਆ । ਲਹਿਣਾ ਤੂੰ ਕਲਜੁਗ ਦਿਤਾ ਜੂਠ ਝੂਠ, ਦਵਾਰੇ ਸਾਚੇ ਝੋਲੀ ਭਰਾਇਆ । ਮਿਹਰਵਾਨ ਹੋ ਕੇ ਗਿਉਂ ਤੁਠ, ਸਿਰ ਆਪਣਾ ਹੱਥ ਟਿਕਾਇਆ । ਇਕੋ ਨਾਮ ਦੀ ਸੁਣਾ ਕੇ ਅਗੰਮੀ ਤੁਕ, ਬਿਨ ਅੱਖਰਾਂ ਦਿਤਾ ਪੜ੍ਹਾਇਆ । ਜਿਸ ਵੇਲੇ ਕਲਜੁਗ ਨਿਉਂ ਕੇ ਕਿਹਾ ਝੁਕ, ਮੈਂ ਤੇਰਾ ਚੌਥਾ ਪੁੱਤ ਛੋਟਾ ਇਕ ਅਖਵਾਇਆ । ਸ੍ਰੀ ਭਗਵਾਨ ਕਿਹਾ ਮੈਂ ਤੇਰਾ ਵੇਖਾਂ ਅੰਤਮ ਦੁੱਖ, ਦੁਖੀਆਂ ਦਰਦ ਆਪ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਦਰਸਾਇਆ । ਸੁਣ ਕੇ ਬਚਨ ਸ਼ਬਦ ਗੁਰ ਏਕ, ਗੁਰ ਗੁਰ ਲਏ ਅੰਗੜਾਇਆ । ਕੀ ਹੋਇਆ ਗੁਰ ਅਵਤਾਰ ਪੀਰ ਪੈਗ਼ੰਬਰ ਰੱਖ ਕੇ ਗਏ ਤੇਰੀ ਟੇਕ, ਟਿੱਕਾ ਤੇਰਾ ਨਾਮ ਮਸਤਕ ਧੂੜੀ ਲਾਇਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੁਗ ਜੁਗ ਰਿਹਾ ਵੇਖ, ਅਨਡਿਠੜੇ ਧਾਮ ਬੈਠਾ ਸੋਭਾ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਕੋਟ ਵਾਰ ਦਿਤੇ ਮੇਟ, ਧੁਰ ਫ਼ਰਮਾਨਾ ਹੁਕਮ ਸੁਣਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਗੋਬਿੰਦ ਹੋ ਕੇ ਖੇਵਟ ਖੇਟ, ਧੁਰ ਦਾ ਹੁਕਮ ਇਕ ਵਰਤਾਇਆ । ਤੂੰ ਪਿਤਾ ਮੈਂ ਤੇਰਾ ਬੇਟ, ਦੂਜਾ ਨਾਤਾ ਨਾ ਕੋਇ ਜੁੜਾਇਆ । ਗੁਰ ਅਵਤਾਰ ਤੇਰੀ ਖੇਡ, ਪੀਰ ਪੈਗ਼ੰਬਰ ਤੇਰੀ ਸੇਵ ਕਮਾਇਆ । ਤੂੰ ਸਦਾ ਸੁਹੇਲਾ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਇਆ । ਮੈਂ ਲਿਖਿਆ ਤੇਰਾ ਉਹ ਲੇਖ , ਜੋ ਬਿਨ ਰਸਨਾ ਜਿਹਵਾ ਦਿਤਾ ਸਮਝਾਇਆ । ਮੈਂ ਦਿਤਾ ਤੇਰਾ ਸੰਦੇਸ਼, ਧੁਰ ਦਾ ਨਾਦ ਵਜਾਇਆ । ਮੈਂ ਕਰ ਕੇ ਸੱਚਾ ਵੇਸ, ਮੁੱਛ ਦਾਹੜੀ ਕੇਸ ਰੂਪ ਵਟਾਇਆ । ਮੈਂ ਹੋ ਕੇ ਦਸ ਦਸਮੇਸ, ਦਹਿ ਦਿਸ਼ਾ ਇਕੋ ਰੰਗ ਰੰਗਾਇਆ । ਮੈਂ ਆਖਿਆ ਇਕ ਨਰੇਸ਼, ਨਰ ਨਿਰੰਕਾਰ ਬੇਪਰਵਾਹਿਆ । ਜਿਸ ਦੇ ਅੱਗੇ ਕਲਜੁਗ ਅੰਤਮ ਚਲੇ ਨਾ ਕੋਈ ਕਿਸੇ ਦੀ ਪੇਸ਼, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਦਏ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇਆ । ਗੋਬਿੰਦ ਕਹੇ ਸੁਣੋ ਗੁਰ ਅਵਤਾਰ ਪੀਰ ਪੈਗ਼ੰਬਰ ਏਕ, ਏਕਾ ਵਾਰ ਜਣਾਈਆ । ਸਾਰੇ ਉਠ ਕੇ ਕਹੋ ਪ੍ਰਭ ਕੱਢ ਆਪਣਾ ਲੇਖ, ਜਿਸ ਲੇਖੇ ਵਿਚੋਂ ਸਾਨੂੰ ਮਾਤ ਘਲਾਈਆ । ਜੇ ਕਿਸੇ ਨੂੰ ਪਹਿਲੋਂ ਨਹੀਂ ਆਇਆ ਭੇਤ, ਨਾਨਕ ਨਿਰਗੁਣ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਗੁਰ ਅਵਤਾਰ ਪੀਰ

ਪੈਗ਼ੰਬਰ ਪੈਣ ਸੋਚ, ਸੋਚ ਵਿਚ ਆਪਣੀ ਸੋਚ ਲਗਾਈਆ । ਕਿਸ ਦੇ ਉਪਰ ਦੇਈਏ ਦੋਸ਼, ਨਿਰਦੋਸ਼ ਆਪਣਾ ਆਪ ਬਣਾਈਆ । ਪਰਵਰਦਿਗਾਰ ਸਾਂਝਾ ਯਾਰ ਜਿਸ ਦੇ ਹੁਕਮੇ ਅੰਦਰ ਮਾਣੀਏ ਮੌਜ, ਸਦ ਮਜਲਸ ਬੇਪਰਵਾਹੀਆ । ਬੇਸ਼ਕ ਅਸੀਂ ਲੋਕਮਾਤ ਉਸ ਦੀ ਥੋੜੀ ਥੋੜੀ ਦੱਸਕੇ ਆਏ ਖੋਜ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਸ਼ਬਦ ਕਹੇ ਸੁਣੋ ਇਕ ਬਾਤ, ਧੁਰ ਦੀ ਦਿਆਂ ਸੁਣਾਈਆ । ਬੇਸ਼ਕ ਤੁਸੀਂ ਉਸ ਦੀ ਜ਼ਾਤ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮੈਂ ਉਹਨੂੰ ਕਿਹਾ ਬਾਪ, ਪਿਤਾ ਪੁਰਖ ਅਕਾਲ ਜਣਾਈਆ । ਗੁਜਰੀ ਨਾਲ ਝੂਠਾ ਸਾਕ, ਨਾਤਾ ਤੱਤਾਂ ਆਇਆ ਤੁੜਾਈਆ । ਮੇਰੀ ਮਿੱਟੀ ਉਡ ਗਈ ਹੱਡੀਆਂ ਵਾਲੀ ਰਾਖ, ਨਾੜੀ ਕੰਮ ਕਿਸੇ ਨਾ ਆਈਆ । ਮੈਂ ਖੋਲ੍ਹ ਕੇ ਅਗਲਾ ਤਾਕ, ਪੜਦਾ ਪਰੇ ਹਟਾਈਆ । ਪੁਰਖ ਅਕਾਲ ਵੇਖਿਆ ਸਾਖਿਆਤ, ਸਚ ਸਿੰਘਾਸਣ ਬੈਠਾ ਧੁਰ ਦਾ ਮਾਹੀਆ । ਉਹਦੇ ਚਰਨਾਂ ਮਿਲੀ ਨਜਾਤ, ਸਾਂਤਕ ਸਤਿ ਸਤਿ ਵਰਤਾਈਆ । ਹੌਲੀ ਜਿਹੀ ਉਸ ਮੈਨੂੰ ਦਿਤਾ ਆਖ, ਇਸ਼ਾਰੇ ਨਾਲ ਸਮਝਾਈਆ । ਤੇਰਾ ਵੇਖਾਂ ਭਵਿਖਤ ਵਾਕ, ਜੋ ਬੀਸ ਇਕੀਸਾ ਦਏ ਵਡਿਆਈਆ । ਕਲਜੁਗ ਮੇਟਾਂ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੜ੍ਹਾਵਾਂ ਆਪਣੀ ਗਾਥ, ਇਕੋ ਨਾਮ ਸੁਣਾਈਆ । ਲੇਖਾ ਚੁੱਕੇ ਦੀਨ ਮਜ਼੍ਹਬ ਜ਼ਾਤ ਪਾਤ, ਝਗੜਾ ਕੋਇ ਰਹਿਣ ਨਾ ਪਾਈਆ । ਇਕੋ ਮੰਦਰ ਘਰ ਵਖਾਵਾਂ ਸਚ ਦਵਾਰੇ ਧੁਰ ਦਾ ਪਾਠ, ਪਾਠਸ਼ਾਲਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਆਖੇ ਮੈਂ ਵੇਖਿਆ ਨਰਾਇਣ, ਘਰ ਸੱਚਾ ਬੇਪਰਵਾਹੀਆ । ਜਿਥੇ ਭਗਤ ਸੁਹੇਲੇ ਬਹਿਣ, ਬਹਿ ਬਹਿ ਖ਼ੁਸ਼ੀ ਮਨਾਈਆ । ਇਕੋ ਢੋਲਾ ਤੇਰਾ ਮੇਰਾ ਕਹਿਣ, ਸੋਹੰ ਰੂਪ ਸਮਾਈਆ । ਉਹ ਸਵਾਮੀ ਠਾਕਰ ਸਭ ਦਾ ਬਣੇ ਸੈਣ, ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਮੈਂ ਪ੍ਰਭ ਦਾ ਵੇਖਿਆ ਚਰਨਾਂ ਕੋਲ ਇਕ ਗੁਟਕਾ, ਅੱਖਰ ਨਜ਼ਰ ਕੋਇ ਨਾ ਆਈਆ । ਨਾ ਕੋਈ ਕੰਨਾਂ ਨਾ ਕੋਈ ਮੁਕਤਾ, ਏ ਲਾਂਵ ਨਾ ਕੋਇ ਬਣਾਈਆ । ਦੋਲਾਂਵ ਨਾ ਕੋਇ ਨੁਕਤਾ, ਔਂਕੁੜ ਦੁਲੈਂਕੜ ਰੂਪ ਨਾ ਕੋਇ ਵਖਾਈਆ । ਹੋੜਾ ਕਨੌੜਾ ਰੂਪ ਨਾ ਕੋਇ ਦਿਸਦਾ, ਟਿੱਪੀ ਬਿੰਦੀ ਕਰੇ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੈਂ ਵੇਖਿਆ ਤਖ਼ਤ ਨਿਵਾਸੀ, ਬੇਨਜ਼ੀਰ ਨਜ਼ਰ ਆਇਆ । ਨਿਰਗੁਣ ਨੂਰ ਜੋਤ ਪਰਕਾਸ਼ੀ, ਦੀਵਾ ਬਾਤੀ ਨਾ ਕੋਇ ਜਗਾਇਆ । ਨਾ ਕੋਈ ਸੰਗੀ ਨਾ ਕੋਈ ਸਾਥੀ, ਇਕ ਇਕੱਲਾ ਸੋਭਾ ਪਾਇਆ । ਨਾ ਕੋਈ ਰੂਪ ਰੰਗ ਰੇਖ ਚੱਕਰ ਚਿੰਨ੍ਹ ਨਾ ਜ਼ਾਤੀ, ਪਾਤਸ਼ਾਹ ਇਕੋ ਇਕ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਇਆ । ਗੋਬਿੰਦ ਕਹੇ ਮੈਂ ਤੱਕਿਆ ਅਕਾਲ, ਅਕਲ ਕਲਧਾਰੀ ਨਜ਼ਰੀ ਆਈਆ । ਜਿਸ ਦਾ ਇਕੋ ਸ਼ਬਦ ਅਗੰਮਾ ਲਾਲ, ਪੂਤ ਸਪੂਤੇ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਸੇ ਦਾ ਪੱਤ ਡਾਲ੍ਹ, ਫੁੱਲ ਫੁਲਵਾੜੀ ਲੋਕਮਾਤ ਮਹਿਕਾਈਆ । ਜਿਸ ਵੇਲੇ ਮੁਰਸ਼ਦ ਮੇਰਾ ਮੁਰੀਦ ਦਾ ਤੱਕਿਆ ਹਾਲ, ਹਾਲਤ ਮੇਰੀ ਦਿਤੀ ਬਦਲਾਈਆ । ਮੈਂ ਉਸ ਵੇਲੇ ਕੀਤਾ ਇਕ ਸਵਾਲ, ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਮੇਰੇ ਗੁਰਮੁਖ ਗੁਰਸਿਖ

ਲੋਕਮਾਤ ਖਾਏ ਕਦੇ ਨਾ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਤ੍ਰੈਗੁਣ ਮਾਇਆ ਨਾ ਰਹੇ ਜੰਜਾਲ, ਪੰਜ ਤਤ ਨਾ ਕੋਇ ਲੜਾਈਆ । ਜਿਨ੍ਹਾਂ ਪਿਛੇ ਨਿਰਗੁਣ ਪ੍ਰਭੂ ਤੇਰੀ ਘਾਲੀ ਘਾਲ, ਕੀਤੀ ਘਾਲ ਲੇਖੇ ਪਾਈਆ । ਮੈਨੂੰ ਪੁੱਤਰਾਂ ਨਾਲੋਂ ਗੁਰਮੁਖ ਚੰਗੇ ਲਾਲ, ਜੋ ਮਾਣਕ ਮੋਤੀ ਦਿਤੇ ਬਣਾਈਆ । ਕਲਜੁਗ ਅੰਤ ਉਨ੍ਹਾਂ ਦਾ ਸ੍ਰਿਸ਼ਟ ਸਬਾਈ ਦੇਵਾਂ ਅਹਿਵਾਲ, ਨੌਂ ਖੰਡ ਪ੍ਰਿਥਮੀ ਸੱਤ ਦੀਪ ਦਿਆਂ ਜਣਾਈਆ । ਉਠੋ ਵੇਖੋ ਤੱਕੋ ਜਿਨ੍ਹਾਂ ਦਾ ਪਿਤਾ ਇਕੋ ਪੁਰਖ ਅਕਾਲ, ਸੋ ਬੇਅਕਲ ਅਕਲਾਂ ਵਾਲਿਆਂ ਨਾਲੋਂ ਚੰਗੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਇਕ ਵਡਿਆਈਆ । ਗੋਬਿੰਦ ਕਹੇ ਮੈਂ ਵੇਖਿਆ ਅਗੰਮ, ਸਚਖੰਡ ਨਿਵਾਸੀ ਇਕੋ ਮੇਰਾ ਮਾਹੀਆ । ਜਿਸ ਦੀ ਧਾਰੋਂ ਪਿਆ ਜੰਮ, ਦੂਜੀ ਗੋਦ ਨਾ ਕੋਇ ਸੁਹਾਈਆ । ਉਹ ਨਿਹਕਰਮੀ ਮੇਰਾ ਜਾਣੇ ਕੰਮ, ਕਰਨੀ ਆਪਣੀ ਦਏ ਸਮਝਾਈਆ । ਦੋ ਜਹਾਨਾਂ ਬੇੜਾ ਬੰਨ੍ਹ, ਆਪਣੇ ਹੁਕਮੇ ਵਿਚ ਫਿਰਾਈਆ । ਮੈਂ ਵੇਖਾਂ ਧਾਮ ਨਿਹਚਲ ਅਟਲ, ਜਿਸ ਦਾ ਮੰਡਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਵਖਾਈਆ । ਗੋਬਿੰਦ ਕਹੇ ਮੇਰੀ ਆਸਾ ਇਕ, ਪੁਰਖ ਅਕਾਲ ਜਣਾਈਆ । ਜੋ ਚੌਥੀ ਸਤਰ ਵਿਚ ਦਿਤਾ ਲਿਖ, ਉਹ ਲੇਖਾ ਪੂਰ ਕਰਾਈਆ । ਪਹਿਲੀ ਸਤਰ ਤੇਈ ਅਵਤਾਰ ਸਕੇ ਨਾ ਵੇਖ, ਅੱਗੇ ਪੜ੍ਹਨ ਕੋਇ ਨਾ ਜਾਈਆ । ਈਸਾ ਮੂਸਾ ਮੁਹੰਮਦ ਦਵਾਰੇ ਬੈਠੇ ਹੇਠ, ਸੰਦੇਸ਼ੇ ਸੁਣਨ ਚਾਈਂ ਚਾਈਂਆ । ਸਤਿਜੁਗ ਤ੍ਰੇਤਾ ਦੁਆਪਰ ਜੋ ਹੁਕਮ ਸੁਨੇਹੜੇ ਦਿਤੇ ਭੇਜ, ਭਜਨ ਬੰਦਗੀ ਨਾਉਂ ਧਰਾਈਆ ।



ਗੋਬਿੰਦ ਕਿਹਾ ਮੈਂ ਉਨ੍ਹਾਂ ਨੂੰ ਆਇਆ ਲਪੇਟ, ਮੈਨੂੰ ਲੋੜ ਰਹੀ ਨਾ ਰਾਈਆ । ਜਿਸ ਕਾਰਨ ਤੇਰੀ ਸੱਥਰ ਸੂਲਾਂ ਵਾਲੀ ਹੰਡਾਈ ਸੇਜ, ਸੋਹਣਾ ਇਕੋ ਇਕ ਰਾਹ ਤਕਾਈਆ । ਸੋ ਆਪਣਾ ਦੱਸ ਦੇ ਭੇਤ, ਭੇਵ ਅਭੇਦਾ ਦੇ ਖੁਲ੍ਹਾਈਆ । ਕੀ ਹੋਇਆ ਜੇ ਤੇਰੇ ਨਾਮ ਦੀ ਮਹਿੰਮਾ ਕਰਕੇ ਗੁਰ ਅਰਜਨ ਸੀਸ ਪਵਾਈ ਰੇਤ, ਅਗਨੀ ਤਤ ਤਪਾਈਆ । ਕੀ ਹੋਇਆ ਤੇਰਾ ਬਰਦਾ ਬਣਕੇ ਨਾਨਕ ਧਰਿਆ ਭੇਖ, ਸੇਲੀ ਟੋਪੀ ਸੀਸ ਬੰਧਾਈਆ । ਕੀ ਹੋਇਆ ਗੁਰ ਤੇਗ ਬਹਾਦਰ ਸੀਸ ਲਗਾਈ ਤੇਗ, ਦੋ ਧਾਰੀ ਧਾਰ ਚਲਾਈਆ । ਕੀ ਹੋਇਆ ਬਾਲੇ ਕੀਤੇ ਭੇਟ, ਤੇਰੀ ਖ਼ੁਸ਼ੀ ਮਨਾਈਆ । ਕੀ ਹੋਇਆ ਦੱਬੇ ਨੀਂਹਾ ਹੇਠ, ਤੇਰੀ ਬੇਪਰਵਾਹੀਆ । ਕੀ ਹੋਇਆ ਤੂੰ ਵਸਿਉਂ ਸਚਖੰਡ ਦੇਸ, ਮੈਂ ਲੋਕਮਾਤ ਤੇਰਾ ਹੁਕਮ ਸੁਣਾਈਆ । ਜਿੰਨਾਂ ਚਿਰ ਪੁਰਖ ਅਕਾਲ ਆਪਣਾ ਨਿਰਗੁਣ ਹੋ ਨਾ ਬਦਲੇ ਵੇਸ, ਧਰਨੀ ਧਰਤ ਧਵਲ ਉਤੇ ਫੇਰਾ ਪਾਈਆ । ਉਨ੍ਹਾਂ ਚਿਰ ਮੇਰੇ ਗੁਰਮੁਖਾਂ ਦਾ ਵਸਣਾ ਨਹੀਂ ਦੇਸ, ਧਰਨੀ ਧਰਤ ਧਵਲ ਖ਼ੁਸ਼ੀ ਨਾ ਕੋਇ ਮਨਾਈਆ । ਕੀ ਹੋਇਆ ਤੇਰਾ ਨਾਮ ਗੌਂਦਾ ਸਹੰਸਰ ਮੁਖ ਫਨ ਸ਼ੇਸ਼, ਆਦਿ ਅੰਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਚੁਕਾਈਆ । ਗੋਬਿੰਦ ਕਿਹਾ ਮੈਂ ਵੇਖਾਂ ਜਲਵਾ ਨੂਰ ਨੁਰਾਨੀ, ਪਰਵਰਦਿਗਾਰ ਮੁਖ ਪੜਦਾ ਦਿਤਾ ਉਠਾਈਆ । ਜਿਹੜਾ ਭੇਡੂਆਂ ਛਤਰਿਆਂ ਦੀ ਲੈਂਦਾ ਰਿਹਾ ਕੁਰਬਾਨੀ, ਉਹਦੇ ਉਤੇ ਆਪਣਾ ਸਰਬੰਸ ਦਿਤਾ ਲੁਟਾਈਆ । ਪੁਰਖ ਅਕਾਲ ਤੈਥੋਂ ਮੰਗਣੀ ਇਕ ਨਿਸ਼ਾਨੀ, ਝੋਲੀ ਆਪਣੀ ਲੈਣੀ ਭਰਾਈਆ । ਜਿਸ ਵੇਲੇ ਕਲਜੁਗ ਅੰਤਮ ਸ੍ਰਿਸ਼ਟੀ ਹੋਏ ਦੀਵਾਨੀ, ਗੁਰਮਤ ਨਜ਼ਰ ਕੋਇ ਨਾ ਆਈਆ । ਅਠਸਠ ਤੀਰਥ ਉਬਲੇ ਪਾਣੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਵੇ ਹਾਨੀ, ਹਰਿ ਕਾ ਨਾਮ ਨਾ ਕੋਇ ਧਿਆਈਆ । ਚਾਰ ਕੁੰਟ ਦਹਿ ਦਿਸ਼ਾ ਜੀਵ ਜੰਤ ਹੋਣ ਹਰਾਮੀ, ਸਤਿ ਧਰਮ ਨਜ਼ਰ ਕੋਇ ਨਾ ਆਈਆ ।

ਤੇਰਾ ਪ੍ਰੇਮ ਨਾ ਕਰੇ ਕੋਈ ਸ਼ਬਦਾਂ ਨਾਲ ਬਾਣੀ, ਕਲਮਿਆਂ ਵਿਚ ਕਾਇਮ ਨਜ਼ਰ ਕੋਇ ਨਾ ਆਈਆ । ਘਰ ਘਰ ਨਾਚ ਕਰੇ ਨਟੂਆ ਬਣ ਕੇ ਮਾਇਆ ਰਾਣੀ, ਮੁਖ ਘੁੰਗਟ ਲਏ ਉਠਾਈਆ । ਸਾਧਾਂ ਸੰਤਾਂ ਹੋਏ ਹੈਰਾਨੀ, ਪਰੇਸ਼ਾਨੀ ਨਾ ਕੋਇ ਮੁਕਾਈਆ । ਓਸ ਵੇਲੇ ਪ੍ਰਭ ਤੂੰ ਕਿਰਪਾ ਕਰੀਂ ਆਪ ਮਹਾਨੀ, ਮਿਹਰ ਨਜ਼ਰ ਉਠਾਈਆ । ਵੇਸ ਵਟੌਣਾ ਜੋਤ ਨੂਰਾਨੀ, ਨੂਰੋ ਨੂਰ ਨੂਰ ਦਰਸਾਈਆ । ਏਹੋ ਤੇਰੀ ਵੱਡੀ ਮਿਹਰਵਾਨੀ, ਸਿਰ ਮੇਰੇ ਅਹਿਸਾਨ ਚੜ੍ਹਾਈਆ । ਮੇਰੇ ਗ੍ਰਿਹ ਕੱਟਣ ਆਵੀਂ ਮਹਿਮਾਨੀ, ਅੰਦਰ ਵੜ ਕੇ ਡੇਰਾ ਲਾਈਆ । ਫੇਰ ਮੈਂ ਮੰਨਾਂ ਕਿ ਤੂੰ ਵੀ ਦੇਵੇਂ ਕੁਰਬਾਨੀ, ਆਪਾ ਛੱਡ ਮਾਪਾ ਹੋ ਕੇ ਫੇਰਾ ਪਾਈਆ । ਤੇਰੀ ਮੇਰੀ ਮਿਸਲ ਬਣੇ ਅੱਗੇ ਲਾਸਾਨੀ, ਜਿਸ ਦੀ ਸਮਝ ਕੋਇ ਨਾ ਪਾਈਆ । ਕੋਟਨ ਕੋਟ ਵਾਰ ਤੇਰੀ ਸ੍ਰਿਸ਼ਟੀ ਹੋਈ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਨਿਭਾਈਆ । ਗੋਬਿੰਦ ਕਹੇ ਮੈਂ ਸੱਚਖੰਡ ਵੇਖਿਆ, ਨੇਤਰ ਨੈਣਾਂ ਅੱਖ ਖੁਲ੍ਹਾਈਆ । ਪੁਰਖ ਅਗੰਮਾ ਇਕੋ ਬੈਠਿਆ, ਸਚ ਸਿੰਘਾਸਣ ਡੇਰਾ ਲਾਈਆ । ਮੈਨੂੰ ਹੌਲੀ ਜਿਹੀ ਦੇਣ ਲੱਗਾ ਸੰਦੇਸ਼ਿਆ, ਆਪਣਾ ਹੁਕਮ ਵਰਤਾਈਆ । ਮੈਂ ਉਸੇ ਵੇਲੇ ਚਰਨਾਂ ਵਿਚ ਲੇਟਿਆ, ਨੇਤਰ ਨੈਣਾਂ ਨੀਰ ਵਹਾਈਆ । ਜੇ ਤੂੰ ਦੁਸ਼ਟ ਦਮਨ ਤੋਂ ਬਣਾਇਆ ਆਪਣਾ ਬੇਟਿਆ, ਪਿਤਾ ਹੋ ਕੇ ਗੋਦ ਉਠਾਈਆ । ਅੱਗੇ ਫੇਰ ਜੇ ਕੱਲਾ ਭੇਜਿਆ, ਲੋਕਮਾਤ ਕਦੇ ਨਾ ਜਾਈਆ । ਪੁਰਖ ਅਕਾਲ ਕਿਹਾ ਮੇਰਾ ਇਹ ਵੇਸਿਆ, ਜੁਗ ਜੁਗ ਖੇਲ ਕਰਾਈਆ । ਗੋਬਿੰਦ ਕਿਹਾ ਜੇ ਮਾਣਾਂ ਤੇ ਤੇਰੀ ਸੇਜਿਆ, ਦੂਜੀ ਵੇਰਾਂ ਸੱਬਰ ਯਾਰ ਨਾ ਕੋਇ ਹੰਢਾਈਆ । ਪੁਰਖ ਅਕਾਲ ਕਿਹਾ ਤੂੰ ਮੇਰਾ ਨਰ ਨਰੇਸ਼ਿਆ, ਸ਼ਾਹ ਪਾਤਸ਼ਾਹ ਅਖਵਾਈਆ । ਗੋਬਿੰਦ ਕਿਹਾ ਤੂੰ ਰਹੇਂ ਸਦਾ ਹਮੇਸ਼ਿਆ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਿਹਾ ਮੈਂ ਵੇਖਿਆ ਸਚਖੰਡ ਚੜ੍ਹ ਕੇ, ਪੌੜਾ ਨਾਨਕ ਇਕ ਲਗਾਈਆ । ਦਰਸ਼ਨ ਕਰਿਆ ਦਵਾਰੇ ਖੜ੍ਹ ਕੇ, ਨੂਰ ਨੂਰ ਵਿਚ ਸਮਾਈਆ । ਮਾਣ ਗਵਾਇਆ ਚਰਨ ਫੜ ਕੇ, ਮੁਹੱਬਤ ਵਿਚ ਟਿਕਾਈਆ । ਵਰ ਮੰਗਿਆ ਅੱਗੇ ਅੜ ਕੇ, ਮਿੰਨਤ ਕਰੀ ਕੋਈ ਨਾ ਰਾਈਆ । ਮੈਂ ਤੇਰੇ ਹੁਕਮੇ ਅੰਦਰ ਲੋਕਮਾਤ ਸਾਚਾ ਘਾੜਨ ਆਇਆ ਘੜ ਕੇ, ਚਾਰ ਵਰਨਾਂ ਇਕੋ ਰੰਗ ਰੰਗਾਈਆ । ਅੰਮ੍ਰਿਤ ਆਤਮ ਗੁਰਮੁਖਾਂ ਅੰਦਰ ਆਇਆ ਧਰ ਕੇ, ਸਚ ਪਿਆਲਾ ਜਾਮ ਪਿਆਈਆ । ਤੇਰਾ ਨਾਮ ਸਨੇਹੜਾ ਆਇਆ ਦੱਸ ਕੇ, ਭਵਿਖਤਾਂ ਵਿਚ ਜਣਾਈਆ । ਸਾਢੇ ਤਿੰਨ ਹੱਥ ਵਿਚੋਂ ਨਦੇੜੋਂ ਆਇਆ ਨੱਠ ਕੇ, ਲੱਭਿਆਂ ਹੱਥ ਕਿਸੇ ਨਾ ਆਈਆ । ਚਰਨ ਦਵਾਰੇ ਪ੍ਰਭ ਤੇਰੇ ਢੱਠ ਕੇ, ਇਕੋ ਮੰਗ ਮੰਗਾਈਆ । ਕਲਜੁਗ ਅੰਤਮ ਤੇਰੇ ਬਿਨਾ ਮੂਲ ਨਹੀਂ ਬਚਦੇ, ਜੋ ਗੁਰਮੁਖ ਤੇਰਾ ਨਾਮ ਧਿਆਈਆ । ਪੁਰਖ ਅਕਾਲ ਇਹ ਬਚਨ ਮੇਰੇ ਸਚ ਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਤਲਬਗਾਰ ਤੇਰੀ ਉਸ ਅੱਖ ਦੇ, ਜਿਸ ਨੇਤਰ ਆਪਣਾ ਰੂਪ ਦਰਸਾਈਆ । ਉਹ ਮਾਲਕ ਉਸ ਹਕ ਦੇ, ਜਿਹੜੀ ਹਕੀਕਤ ਸਮਝ ਕੋਇ ਨਾ ਪਾਈਆ । ਉਹ ਬੱਚੇ ਮੇਰੀ ਰੱਤ ਦੇ, ਕੂੜੀ ਰੱਤ ਨਾ ਕੋਇ ਰੰਗਾਈਆ । ਉਹ ਪੁਤਲੇ ਬ੍ਰਹਮ ਮਤ ਦੇ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਉਹ ਬਿਨ ਮੇਰੇ ਤੇਰੇ ਦੂਜੇ ਨਾਲ ਕਦੇ ਨਾ ਹੱਸਦੇ, ਖ਼ੁਸ਼ੀ ਵਿਚ ਖ਼ੁਸ਼ੀ ਨਾ ਕੋਇ ਜਣਾਈਆ । ਸ੍ਰੀ ਭਗਵਾਨ ਤੇਰੇ ਕਦਮਾਂ ਉਪਰ ਢੱਠਦੇ, ਸੀਸ ਜਗਦੀਸ ਇਕ ਝੁਕਾਈਆ । ਤੂੰ ਮੇਰਾ ਮੈਂ ਤੇਰਾ ਨਾਮ ਰਟਦੇ, ਜੋ ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ । ਕਿਸੇ ਦੇ ਹਟਾਇਆਂ ਪਿਛੇ ਮੂਲ ਨਹੀਂ

ਹਟਦੇ, ਧੱਕੇ ਦੇਵੇ ਜਗਤ ਲੋਕਾਈਆ । ਉਨ੍ਹਾਂ ਦੇ ਲੇਖੇ ਮੁਕੇ ਸ਼ੱਕ ਦੇ, ਸੰਸਾ ਰਹਿਣ ਕੋਇ ਨਾ ਪਾਈਆ । ਮੈਂ ਵੀ ਬਿਆਨ ਦੇਣੇ ਉਨ੍ਹਾਂ ਦੇ ਹਕ ਦੇ, ਏਥੇ ਓਥੇ ਦਿਆਂ ਸਫ਼ਾਈਆ । ਜੋ ਮੇਰੇ ਨਾਲ ਵਸਦੇ, ਉਨ੍ਹਾਂ ਤੇਰੇ ਕੋਲ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਕਾਲ ਕਿਹਾ ਸੁਣ ਨਿਰਗੁਣ, ਸਰਗੁਣ ਦੂਆ ਇਕ ਜਣਾਇਆ । ਗੁਰ ਅਵਤਾਰ ਪੈਗ਼ੰਬਰ ਚੁਣ, ਆਪਣਾ ਖੇਲ ਵਖਾਇਆ । ਗੋਬਿੰਦ ਪੁਕਾਰ ਤੇਰੀ ਸੁਣ, ਸਾਹਿਬ ਸਵਾਮੀ ਇਕੋ ਢੋਲਾ ਗਾਇਆ । ਕਲਜੁਗ ਅੰਤਮ ਵੇਖੇ ਗੁਣ, ਅਵਗੁਣ ਲੱਖ ਚੁਰਾਸੀ ਫੋਲ ਫੁਲਾਇਆ । ਲੇਖਾ ਜਾਣੇ ਰਿਖ ਮੁਨ, ਸੁੰਨ ਸਮਾਧੀ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੋਬਿੰਦ ਕਿਹਾ ਨਿਰਗੁਣ ਸਰਗੁਣ ਦੂਆ ਅੰਤਮ ਹੋਵੇ ਸਿਫ਼ਰਾਂ, ਲੋਕਮਾਤ ਰਹਿਣ ਨਾ ਪਾਈਆ । ਤੇਰੇ ਨਾਮ ਦਾ ਗਾ ਕੇ ਫ਼ਿਕਰਾ, ਜਗਤ ਜਹਾਨ ਦਏ ਜਣਾਈਆ । ਮੈਂ ਚੋਟੀ ਚੜ੍ਹ ਕੇ ਵੇਖਿਆ ਸ਼ਿਖ਼ਰਾ, ਅਗੰਮ ਅਥਾਹ ਤੇਰੀ ਵਡਿਆਈਆ । ਏਥੇ ਪ੍ਰਭੂ ਲੋੜ ਰਹੀ ਨਾ ਬਾਜਾਂ ਤਿੱਤਰਾਂ, ਖੰਡਾ ਖੜਗ ਤੀਰ ਤਰਕਸ਼ ਕੰਮ ਕਿਸੇ ਨਾ ਆਈਆ । ਜਿਧਰ ਵੇਖਾਂ ਓਧਰ ਤੂੰ ਹੀ ਇਕੋ ਮੇਰਾ ਮਿਤਰਾ, ਮੀਤ ਪਿਆਰਾ ਬੇਪਰਵਾਹੀਆ । ਅੰਦਰ ਵੜ ਕੇ ਵੇਖਿਆ ਮੈਂ ਏਸੇ ਧਾਰੋਂ ਨਿੱਕਲਾਂ, ਕਿਰਨ ਨੂਰ ਜੋਤ ਰੁਸ਼ਨਾਈਆ । ਪਹਿਲੋਂ ਲੇਖਾ ਆਇਆ ਯਾਦ ਪਿਛਲਾ, ਜੋ ਪਿਛੇ ਦਿਤਾ ਸਮਝਾਈਆ । ਏਸੇ ਕਾਰਨ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਆਪਣਾ ਲੇਖਾ ਪੁਛ ਲਾ, ਡੋਰੀ ਤੇਰੇ ਹੱਥ ਫੜਾਈਆ । ਮੈਂ ਤੇਰਾ ਭਾਣਾਂ ਮੰਨਾਂ ਮਿੱਠੜਾ, ਖ਼ੁਸ਼ੀਆਂ ਗੀਤ ਅਲਾਈਆ । ਤੇਰਾ ਖੇਲ ਸਦਾ ਅਨਡਿਠੜਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿਰਗੁਣ ਨਿਰਗੁਣ ਕਿਹਾ ਗੋਬਿੰਦ ਤੇਰਾ ਮੇਰਾ ਰੂਪ ਬੀਸ, ਬਿਸਤਰ ਸੇਜਾ ਸੁੱਤਾ ਨਜ਼ਰ ਕਿਸੇ ਨਾ ਆਈਆ । ਬੀਸ ਕਿਹਾ ਮੇਰਾ ਸਾਹਿਬ ਜਗਦੀਸ਼, ਜਗਤ ਈਸ਼ਰ ਵਡ ਵਡਿਆਈਆ । ਜਗਦੀਸ਼ਰ ਕਿਹਾ ਮੇਰੀ ਧਾਰ ਇਕੀਸ, ਏਕੰਕਾਰ ਹੁਕਮ ਸੁਣਾਈਆ । ਏਕੰਕਾਰ ਕਹੇ ਮੇਰੀ ਆਪਣੀ ਹਦੀਸ, ਜਿਹੜੀ ਹਜ਼ਰਤ ਸਮਝ ਕੋਇ ਨਾ ਪਾਈਆ । ਧਾਰ ਕਹੇ ਮੈਂ ਉਹ ਅਗੰਮੀ ਠੀਕ, ਜਿਸਦਾ ਠੀਕਰ ਨਾ ਕੋਇ ਭੰਨਾਈਆ । ਜਿਸ ਦੀ ਵੱਖਰੀ ਨਿਰਾਲੀ ਸਭ ਤੋਂ ਤਾਰੀਖ, ਤਵਾਰੀਖ ਵਿਚ ਲਿਖ ਕੇ ਸਮਝਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਉਡੀਕ, ਨਿਰਗੁਣ ਹੋ ਕੇ ਰਾਹ ਤਕਾਈਆ । ਸੋ ਸਾਹਿਬ ਸਤਿਗੁਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਮਿਹਰ ਕਰੇ ਬਖ਼ਸ਼ੀਸ਼, ਰਹਿਮਤ ਇਕ ਵਰਤਾਈਆ । ਗੋਬਿੰਦ ਮੇਲਾ ਖੇਲ ਗੁਰੂ ਗੁਰ ਚੇਲਾ ਘਰ ਠਾਂਡੇ ਕਰੇ ਠੀਕ, ਠਾਕਰ ਆਪਣਾ ਵੇਸ ਵਟਾਈਆ । ਨਾਮ ਢੋਲਾ ਬਣ ਵਿਚੋਲਾ ਗਾਏ ਅਤੀਤ, ਤ੍ਰੈਗੁਣ ਲੇਖਾ ਰਿਹਾ ਵਖਾਈਆ । ਵੇਖ ਵਖਾਏ ਹਸਤ ਕੀਟ, ਊਚ ਨੀਚ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਪਾਵੇ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਗੁਰਮੁਖ ਗੁਰਸਿਖ ਦੇ ਕੇ ਸਚ ਹਦੀਸ, ਧੁਰ ਦੀ ਸਿਖਿਆ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗੌਣਾ ਗੀਤ, ਗੁਰਮੁਖ ਗੁਰਸਿਖ ਗੁਰ ਗੋਬਿੰਦ ਵਿਚ ਸਮਾਈਆ । ਗੋਬਿੰਦ ਕਹੇ ਮੇਰਾ ਪੁਰਖ ਅਕਾਲ ਜਿਸ ਨਾਲ ਸਚ ਪ੍ਰੀਤ, ਪ੍ਰੀਤੀ ਪ੍ਰੀਤਮ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਗੋਬਿੰਦ ਕਹੇ ਉਠ ਵੇਖ ਅਬਿਨਾਸ਼ੀ, ਆਪਣਾ ਧਿਆਨ ਲਗਾਈਆ । ਰੋਂਦੇ ਫਿਰਦੇ ਪੰਡਤ ਕਾਸ਼ੀ, ਜਗਤ ਵਿਦਿਆ ਹੋਈ

ਹਲਕਾਈਆ । ਚਾਰੋਂ ਕੁੰਟ ਹੋਈ ਉਦਾਸੀ, ਧੀਰਜ ਧੀਰ ਨਾ ਕੋਇ ਰਖਾਈਆ । ਮਨ ਮਨੂਆ ਸਭ ਨੂੰ ਕਰੇ ਦਾਗ਼ੀ, ਦੁਰਮਤ ਮੈਲ ਨਾ ਕੋਇ ਧੁਆਈਆ । ਸਦੀ ਵੀਹਵੀਂ ਸੋਈ ਸੁਰਤ ਕਿਸੇ ਨਾ ਜਾਗੀ, ਕਲਜੁਗ ਸੰਤ ਅੱਖ ਨਾ ਕੋਇ ਖੁਲ੍ਹਾਈਆ । ਹੰਸ ਰੂਪ ਹੋਏ ਕਾਗੀ, ਸੋਹੰ ਹੰਸਾ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਜੋ ਬਣੇ ਵਾਗੀ, ਅੰਤਮ ਪੱਲੂ ਗਏ ਛੁਡਾਈਆ । ਆਤਮ ਤੇਰੀ ਪਰਮਾਤਮ ਦਿਸਦਾ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਸਦੀ ਵੀਹਵੀਂ ਸਭ ਦੀ ਪੂਰੀ ਕਰ ਦੇ ਆਖੀ, ਆਖ਼ਰ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਮੁਕਾ ਦੇ ਬਾਕੀ, ਬਾਬਲ ਤੇਰੀ ਓਟ ਤਕਾਈਆ । ਗੁਰਮੁਖ ਵੇਖ ਖੋਲ੍ਹ ਕੇ ਤਾਕੀ, ਬਜਰ ਕਪਾਟੀ ਕੁੰਡਾ ਲਾਹੀਆ । ਭਰ ਪਿਆਲਾ ਜਾਮ ਦੇ ਦੇ ਧੁਰ ਦੇ ਸਾਕੀ, ਆਬੇ ਹਯਾਤ ਮੁਖ ਚੁਆਈਆ । ਜੀਵਣ ਵਿਚੋਂ ਬਦਲ ਦੇ ਹਯਾਤੀ, ਆਪ ਆਪਣੇ ਘਰ ਵਸਾਈਆ । ਗੁਰਮੁਖ ਗੁਰਸਿਖ ਹਰਿਜਨ ਤੇਰੀ ਹੋਵੇ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਸ਼ਾਹ ਪਾਤਸ਼ਾਹ ਤੇਰੀ ਸ਼ਹਿਨਸ਼ਾਹੀਆ । ਬੀਸ ਇਕੀਸ ਤੇਰੀ ਸੱਚੀ ਦਾਤੀ, ਦਾਤੇ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਦਏ ਲਗਾਈਆ । ਪੁਰਖ ਅਕਾਲ ਕਿਹਾ ਉਠ ਵੇਖ ਹਸਤੀ, ਹਰਿ ਜੂ ਹਰਿ ਹਰਿ ਆਪ ਦ੍ਰਿੜਾਇੰਦਾ । ਕਰੇ ਖੇਲ ਪ੍ਰਭ ਅਰਸ਼ੀ ਫਰਸ਼ੀ, ਦੋ ਜਹਾਨਾਂ ਪੰਧ ਮੁਕਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਬਣੇ ਗ਼ਰਜ਼ੀ, ਫ਼ਰਜ਼ੀ ਖੇਲ ਨਾ ਕੋਇ ਖਿਲਾਇੰਦਾ । ਗੋਬਿੰਦ ਤੇਰੀ ਮਨਜ਼ੂਰ ਕਰੇ ਅਰਜ਼ੀ, ਆਰਜ਼ੂ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਇੰਦਾ । ਸਿਰ ਤੇਰੇ ਹੱਥ ਰੱਖੇ ਆਪ ਨਿਰੰਕਾਰ, ਹਰਿ ਕਰਤਾ ਸਚ ਦ੍ਰਿੜਾਈਆ । ਸਭ ਦਾ ਲੇਖਾ ਦਏ ਨਿਵਾਰ, ਬਾਕੀ ਕੋਈ ਰਹਿਣ ਨਾ ਪਾਈਆ । ਵੀਹ ਸੌ ਇੱਕੀ ਬਿਕ੍ਰਮੀ ਦਾ ਅੱਗੇ ਜਾਣੇ ਨਾ ਕੋਈ ਅਹਿਵਾਲ, ਲੇਖਾ ਸਕਿਆ ਨਾ ਕੋਇ ਸਮਝਾਈਆ । ਸਤਿਜੁਗ ਮਾਰਗ ਸਕੇ ਨਾ ਕੋਇ ਵਖਾਲ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕਵਣ ਬਿਧ ਸੰਮਤ ਚਲੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਤੇਰਾ ਲੇਖਾ ਪੂਰ, ਪੁਰਖ ਅਕਾਲ ਦਏ ਕਰਾਈਆ । ਛੱਬੀ ਪੋਹ ਨੇੜੇ ਨਹੀਂ ਦੂਰ, ਦੂਰ ਦੁਰਾਡਾ ਵੇਖ ਵਖਾਈਆ । ਕੂੜੀ ਕਿਰਿਆ ਨਾਤਾ ਤੋੜ ਕੇ ਕੂੜ, ਸਚ ਸੁਚ ਇਕ ਸਮਝਾਈਆ । ਸਤਿਜੁਗ ਦਾ ਸਚ ਦੱਸੇ ਦਸਤੂਰ, ਹੁਕਮੀ ਹੁਕਮ ਇਕ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨ ਦਵਾਰੇ ਹੋਣ ਮਜਬੂਰ, ਨਿਉਂ ਨਿਉਂ ਸਾਰੇ ਸੀਸ ਝੁਕਾਈਆ । ਤੂੰ ਸਾਹਿਬ ਸਦਾ ਹਾਜ਼ਰ ਹਜ਼ੂਰ, ਹਜ਼ਰਤ ਇਕ ਅਖਵਾਈਆ । ਤੇਰਾ ਜਲਵਾ ਤੱਕ ਕੇ ਕੋਹਤੂਰ, ਮੂਸਾ ਅੱਖ ਨਾ ਸਕੇ ਉਠਾਈਆ । ਮੁਹੰਮਦ ਮੰਗੇ ਤੇਰੀ ਧੂੜ, ਖ਼ਾਕ ਪਾਖ਼ਾਕ ਚਰਨ ਰਮਾਈਆ । ਈਸਾ ਸੂਲੀ ਚੜ੍ਹਨ ਕੀਤਾ ਮਨਜ਼ੂਰ, ਫਾਂਸੀ ਗਲ ਲਟਕਾਈਆ । ਤੇਰਾ ਆਉਣਾ ਦੱਸ ਕੇ ਗਿਆ ਜ਼ਰੂਰ, ਮੇਰਾ ਪਿਤਾ ਆਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਤੇਰਾ ਦੱਸਾਂ ਸੰਮਤ ਸਚ, ਚਾਰ ਜੁਗ ਸਮਝ ਕਿਸੇ ਨਾ ਆਈਆ । ਜਿਸ ਵਿਚ ਇਕੋ ਚਲੇ ਮਤ, ਭੇਦ ਰਹੇ ਨਾ ਰਾਈਆ । ਇਕੋ ਦੀਨ ਇਕੋ ਮਜ਼੍ਹਬ ਇਕੋ ਮੰਦਰ ਮਸਜਿਦ ਮੱਠ, ਸ਼ਿਵਦਵਾਲਾ ਇਕ ਅਖਵਾਈਆ । ਇਕੋ ਤੀਰਥ ਇਕੋ ਤਟ, ਇਕੋ ਸ਼ਬਦ ਗੁਰੂ ਵਣਜਾਰਾ ਹੱਟ, ਇਕੋ ਸੌਦਾ ਦਏ

ਵਿਕਾਈਆ । ਇਕੋ ਨੇਤਰ ਇਕੋ ਅੱਖ, ਇਕੋ ਪ੍ਰਤਖ ਨਜ਼ਰੀ ਆਏ ਗੁਸਾਈਆ । ਇਕੋ ਮਹਿੰਮਾ ਸਿਫ਼ਤ ਸਾਲਾਹ ਜਸ, ਇਕੋ ਕਰੇ ਪੜ੍ਹਾਈਆ । ਇਕ ਤੋਂ ਅੱਗੇ ਸਭ ਦਾ ਖੋਹ ਕੇ ਹਕ, ਹੁਕਮ ਇਕੋ ਆਪਣਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਵਡਿਆਈਆ । ਗੋਬਿੰਦ ਕਹੇ ਮੈਂ ਮੰਗੀ ਇੱਕੀ, ਇਕੱਲੇ ਝੋਲੀ ਡਾਹੀਆ । ਜਿਸ ਵਿਚ ਦੋ ਜਹਾਨਾਂ ਸਿੱਖੀ, ਦੇਵਤ ਸੁਰ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਖੋਲ੍ਹਾਂ ਪਹਿਲੀ ਚੇਤਰ ਉਹ ਚਿੱਠੀ, ਜਿਸ ਦਾ ਹਿਸਾਬ ਕਿਤਾਬ ਪੁਰਖ ਅਕਾਲ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਆਪੇ ਝੋਲੀ ਪਾਈਆ । ਪੁਰਖ ਅਕਾਲ ਕਹੇ ਮੈਂ ਦੱਸਾਂ ਰਾਹ, ਰਹਿਬਰ ਇਕ ਬਣਾਈਆ । ਵਰਨਾਂ ਬਰਨਾਂ ਸਚ ਸਲਾਹ, ਚਾਰ ਅਠਾਰਾਂ ਦਿਆਂ ਸਮਝਾਈਆ । ਇਕੋ ਇਸ਼ਟ ਦੇਵ ਸਵਾਮੀ ਆਤਮ ਪਰਮਾਤਮ ਲੈਣਾ ਮਨਾ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਸਲਾਹੀ ਰਹੇ ਗਾ, ਧੁਰ ਸੁਨੇਹੜਾ ਜਗਤ ਜਣਾਈਆ । ਸਭ ਤੋਂ ਵੱਖਰਾ ਨੂਰ ਨੁਰਾਨਾ ਵਸੇ ਖ਼ੁਦਾ, ਸਚ ਦਵਾਰੇ ਡੇਰਾ ਲਾਈਆ । ਜਿਸ ਦੇ ਨਾਲੋਂ ਹੁਕਮੇ ਅੰਦਰ ਹੋ ਜੁਦਾ, ਤਤਵ ਤਤ ਗਿਆ ਸਮਾਈਆ । ਅੰਤਮ ਓਸੇ ਮਿਲਣਾ ਆ, ਜੋ ਆਦਿ ਜੁਗਾਦਿ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਸਾਚਾ ਲੇਖਾ ਵਖੌਣਾ ਜੱਗ, ਜਾਗਰਤ ਜੋਤ ਕਰ ਰੁਸ਼ਨਾਈਆ । ਕੂੜੀ ਕਿਰਿਆ ਮੇਟ ਕੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਬਿਨ ਮੱਕਿਉਂ ਕਾਅਬਿਉਂ ਕਰਾ ਕੇ ਹੱਜ, ਕਾਇਆ ਹੁਜਰਾ ਦੇਣਾ ਵਖਾਈਆ । ਸਾਢੇ ਤਿੰਨ ਹੱਥ ਸੋਹਣਾ ਮੱਠ, ਗੁਰੂਦਵਾਰਾ ਸੋਭਾ ਪਾਈਆ । ਜਿਸ ਅੰਦਰ ਪੁਰਖ ਅਕਾਲ ਰਿਹਾ ਵਸ, ਦਿਵਸ ਰੈਣ ਡੇਰਾ ਲਾਈਆ । ਗੁਰਮੁਖਾਂ ਵਖਾ ਕੇ ਆਪਣੀ ਅੱਖ, ਆਖ਼ਰ ਪੜਦਾ ਦੇਣਾ ਉਠਾਈਆ । ਦਰਸ਼ਨ ਪਾ ਕੇ ਗੁਰਮੁਖ ਆਪੇ ਕਹਿਣ ਤੂੰ ਸਾਹਿਬ ਪੁਰਖ ਸਮਰਥ, ਸੱਚੀ ਤੇਰੀ ਸ਼ਹਿਨਸ਼ਾਹੀਆ । ਤੂੰ ਮੇਰਾ ਮੈਂ ਤੇਰਾ ਗਾਵਾਂ ਜਸ, ਸੋਹੰ ਢੋਲਾ ਜੋ ਨਾਨਕ ਗਿਆ ਗਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਹਕ, ਹਾਕਮ ਇਕੋ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਦੇਸ਼ਾ ਇਕ ਸੁਣਾਈਆ । ਧੁਰ ਦਾ ਸੰਦੇਸ਼ਾ ਸੁਣ ਕੇ ਗੁਰ ਅਵਤਾਰ, ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਵਾਹ ਵਾਹਵਾ ਕਿਰਪਾ ਕਰੇ ਪਰਵਰਦਿਗਾਰ, ਬੇਪਰਵਾਹ ਫੇਰਾ ਪਾਈਆ । ਨਿਰਗੁਣ ਹੋ ਕੇ ਸਾਚਾ ਯਾਰ, ਸਾਚੀ ਸਿਖਿਆ ਦਏ ਪੜ੍ਹਾਈਆ । ਜਿਸ ਦਾ ਕਰਦੇ ਆਏ ਇਜ਼ਹਾਰ, ਅਲਫ਼ ਯੇ ਨਾਲ ਵਡਿਆਈਆ । ਜੋ ਸਾਖਿਆਤ ਨਜ਼ਰੀ ਆਏ ਨਿਰੰਕਾਰ, ਨਿਰਗੁਣ ਦਾਤਾ ਆਪ ਅਖਵਾਈਆ । ਜੋ ਲੱਭੇ ਕਲਮਿਉਂ ਦਿਸੇ ਬਾਹਰ, ਅੱਖਰਾਂ ਵਿਚ ਬੰਦ ਨਾ ਕੋਇ ਕਰਾਈਆ । ਜੋ ਚਰਨੀ ਢੱਠੇ ਸਦਾ ਸਦਾ ਸਦ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋ ਓਸ ਦੇ ਬਣੇ ਲਾਲ, ਲਾਲ ਗੋਬਿੰਦ ਪੁਰਖ ਅਕਾਲ ਝੋਲੀ ਪਾਈਆ । ਗੁਰਮੁਖੋ ਗੁਰਸਿਖੋ ਤੁਹਾਡੀ ਉਹ ਸਚ ਸੱਚੀ ਧਰਮਸਾਲ, ਜਿਥੇ ਕਾਲ ਪੋਹ ਨਾ ਸਕੇ ਰਾਈਆ । ਕਲਜੁਗ ਅੰਤਮ ਲੱਖ ਚੁਰਾਸੀ ਵਿਚੋਂ ਭਾਲ, ਬਹੁਤਿਆਂ ਵਿਚੋਂ ਥੋੜੇ ਥੋੜਿਆਂ ਵਿਚੋਂ ਜੋਤੀ ਧਾਰ ਜੋੜੇ, ਸ਼ਬਦੀ ਨਾਦ ਸੁਣਾਈਆ । ਜਿਨ੍ਹਾਂ ਦੀ ਪੁਰਖ ਅਕਾਲ ਨੂੰ ਪਈ ਲੋੜੇ, ਸੋ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਚੋਂ ਬਾਹਰ ਕਢਾਈਆ । ਜਿਨ੍ਹਾਂ ਦੇ ਪਿਛੇ ਗੋਬਿੰਦ ਵਾਰੇ ਜੋੜੇ ਜੋੜੇ, ਸੋ ਜੋੜੀਆਂ ਵਿਚ ਆਪਣੇ ਰੰਗ ਰੰਗਾਈਆ । ਬੇਸ਼ਕ ਮਾਨਸ ਜਨਮ ਲੋਕਮਾਤ ਕਿਸੇ ਦੇ ਬਹੁਤੇ ਕਿਸੇ ਦੇ ਥੋੜੇ,

ਅੰਤਮ ਜੋਤੀ ਜੋਤ ਵਿਚ ਮਿਲਾਈਆ । ਗੁਰਮੁਖਾਂ ਬੇੜਾ ਸ਼ੌਹ ਦਰਿਆ ਕੋਈ ਨਾ ਰੋੜ੍ਹੇ, ਡੁਬਦੇ ਪਾਹਨ ਪਾਰ ਕਰਾਈਆ । ਗੁਰ ਸ਼ਬਦ ਸਵਾਮੀ ਚਾੜ੍ਹ ਕੇ ਆਪਣੇ ਘੋੜੇ, ਲੇਖਾ ਆਰ ਪਾਰ ਆਪ ਮੁਕਾਈਆ । ਉਥੇ ਭਗਤ ਭਗਵਾਨ ਮਿਲ ਕੇ ਗਾਉਂਦੇ ਢੋਲੇ, ਤੂੰ ਮੇਰਾ ਮੈਂ ਤੇਰਾ ਸੋਹੰ ਰਾਗ ਅਲਾਈਆ । ਗੁਰਮੁਖ ਕਹਿਣ ਅਸੀਂ ਤੇਰੇ ਘਰ ਦੇ ਗੋਲੇ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਖੇ ਚਾਈਂ ਚਾਈਂਆ । ਗੋਬਿੰਦ ਕਿਹਾ ਮੈਂ ਨਾ ਜਾਣਾਂ ਪ੍ਰਭ ਤੇਰਾ ਚਾਓ, ਕੀ ਤੇਰੀ ਵਡਿਆਈਆ । ਜਿੰਨਾਂ ਚਿਰ ਮੇਰੇ ਗੁਰਮੁਖ ਨਾ ਪਕੜੇਂ ਬਾਹੋਂ, ਫੜ ਆਪਣੇ ਗਲੇ ਲਗਾਈਆ । ਓਨਾਂ ਚਿਰ ਨਾ ਮੰਨਾਂ ਨਿਆਉਂ, ਸਚ ਸਚ ਦਿਆਂ ਸੁਣਾਈਆ । ਜਿੰਨਾਂ ਚਿਰ ਹੰਸ ਬਣਾਏਂ ਨਾ ਫੜ ਕੇ ਕਾਉਂ, ਕਾਗੋਂ ਹੰਸ ਉਡਾਈਆ । ਮੈਂ ਦੱਸ ਕੇ ਆਇਆ ਇਕੋ ਤੇਰਾ ਨਾਉਂ, ਪੁਰਖ ਅਕਾਲ ਤੇਰੀ ਓਟ ਜਣਾਈਆ । ਤੂੰ ਹੀ ਪਿਤਾ ਤੂੰ ਹੀ ਮਾਉਂ, ਦੂਜੀ ਜਨਣੀ ਗੋਦ ਨਾ ਕੋਇ ਬਹਾਈਆ । ਤੂੰ ਹੀ ਖੇੜਾ ਤੂੰ ਹੀ ਨਗਰ ਗਰਾਉਂ, ਤੂੰ ਹੀ ਆਸਣ ਸੇਜਾ ਸੋਭਾ ਪਾਈਆ । ਤੂੰ ਹੀ ਰੰਕ ਤੂੰ ਹੀ ਰਾਓ, ਤੂੰ ਸ਼ਹਿਨਸ਼ਾਹ ਅਖਵਾਈਆ । ਵੇਖੀਂ ਕਿਤੇ ਮੇਰਿਆਂ ਗੁਰਮੁਖਾਂ ਨਾਲ ਨਾ ਲਾਵੀਂ ਦਾਉ, ਅਛਲ ਛਲ ਤੇਰੀ ਚਾਲ ਅਜੇ ਤੱਕ ਨਾ ਕਿਸੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦੇਣਾ ਚੁਕਾਈਆ । ਗੋਬਿੰਦ ਕਿਹਾ ਪੁਰਖ ਅਕਾਲ ਮੈਂ ਤੇਰਾ ਸੂਰਬੀਰ, ਬੀਰਤਾ ਵਿਚ ਅਖਵਾਈਆ । ਇਹ ਗੁਰਮੁਖ ਮੇਰੀ ਤਸਵੀਰ, ਤੇਰੇ ਰੂਪ ਵਿਚ ਸਮਾਈਆ । ਇਹ ਮੇਰਾ ਮਿਲਖ ਜਾਗੀਰ, ਜਿਨ੍ਹਾਂ ਦੇ ਅੰਦਰ ਵੜ ਕੇ ਡੇਰਾ ਲਾਈਆ । ਮੇਰੀ ਮੰਜ਼ਲ ਇਨ੍ਹਾਂ ਨਾਲ ਅਖ਼ੀਰ, ਚੋਟੀ ਚੜ੍ਹ ਕੇ ਖ਼ੁਸ਼ੀ ਵਖਾਈਆ । ਇਨ੍ਹਾਂ ਮੇਰਾ ਅੰਮ੍ਰਿਤ ਪੀਤਾ ਸੱਚਾ ਸੀਰ, ਸੀਰਖ਼ਾਰ ਬੱਚੇ ਨਜ਼ਰੀਂ ਆਈਆ । ਜੇ ਤੂੰ ਪੁਰਖ ਅਕਾਲ ਪਾਤਸ਼ਾਹ ਮੈਂ ਤੇਰਾ ਵਜ਼ੀਰ, ਦੋਹਾਂ ਬਿਨਾ ਰਈਅਤ ਕੰਮ ਕਿਸੇ ਨਾ ਆਈਆ । ਜੇ ਤੂੰ ਮਾਲਕ ਤੇ ਮੈਂ ਤੇਰੀ ਤਕਦੀਰ, ਬਿਨ ਤਕਦੀਰ ਤਦਬੀਰ ਚਲੇ ਨਾ ਕੋਇ ਚਤੁਰਾਈਆ । ਜੇ ਤੂੰ ਆਕਾ ਤੇ ਮੈਂ ਤੇਰਾ ਫ਼ਕੀਰ, ਬਿਨ ਦਰਵੇਸ਼ ਤੇਰੇ ਦਰ ਤੇ ਅਲਖ ਨਾ ਕੋਇ ਜਗਾਈਆ । ਜੇ ਤੂੰ ਬੇਨਜ਼ੀਰ, ਮੈਂ ਤੇਰੀ ਨਜ਼ਰ ਲੋਕਮਾਤ ਗੁਰਮੁਖਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗੀ ਬਣਕੇ ਸੰਗ ਨਿਭਾਈਆ । ਗੋਬਿੰਦ ਕਿਹਾ ਵੇਖ ਮੇਰਾ ਗੁਰਮੁਖ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜਿਸ ਦੇ ਅੰਦਰ ਮੇਰਾ ਸੁਖ, ਬਿਨ ਗੁਰਮੁਖ ਮੇਰਾ ਘਰ ਕੋਇ ਰਹਿਣ ਨਾ ਪਾਈਆ । ਉਹਨਾਂ ਆ ਕੇ ਪ੍ਰਭ ਆਪ ਆਪਣੀ ਗੋਦੀ ਚੁੱਕ, ਧੁਰ ਦਾ ਮਾਲਕ ਹੋ ਕੇ ਸੇਵ ਕਮਾਈਆ । ਫੇਰ ਮੈਂ ਕਹਾਂ ਮੇਰੀ ਸਫ਼ਲ ਹੋਈ ਕੁੱਖ, ਗੁਰਮੁਖਾਂ ਦੁੱਖ ਨਾ ਲਾਗੇ ਰਾਈਆ । ਉਹ ਵੇਲਾ ਆਇਆ ਢੁਕ, ਸਦੀ ਵੀਹਵੀਂ ਦਏ ਦੁਹਾਈਆ । ਇਕੀਸੇ ਲੇਖਾ ਰਿਹਾ ਚੁੱਕ, ਬਾਕੀ ਸਭ ਦੀ ਹੱਥ ਫੜਾਈਆ । ਛੱਬੀ ਪੋਹ ਮੈਂ ਆਪਣਾ ਹਿਸਾਬ ਕਿਤਾਬ ਸਤਾਰਾਂ ਸੌ ਛਪੰਜਾ ਵਾਲਾ ਲੈਣਾ ਪੁਛ, ਪੈਂਸਠ ਵਾਲਾ ਫੇਰ ਅੱਗੇ ਟਿਕਾਈਆ ।



੧੧੬੬
੧੭

### ✪ ੨ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਜਗਦੀਸ਼ ਕਹੇ ਵੇਖ ਕਲਗੀਧਰ, ਧਰਨੀ ਧਰਤ ਧਵਲ ਦਿਆਂ ਵਡਿਆਈਆ । ਸੁਤ ਦੁਲਾਰੇ ਤੇਰਾ ਪੂਰਾ ਕਰ ਵਰ, ਵਾਰਤਾ ਪਿਛਲੀ ਨਾਲ

ਰਲਾਈਆ । ਕਰ ਵਸੇਰਾ ਤੇਰੇ ਘਰ, ਗ੍ਰਿਹਿ ਮੰਦਰ ਦਿਆਂ ਵਡਿਆਈਆ । ਨਾਉਂ ਰਖਾ ਕੇ ਨਰਾਇਣ ਨਰ, ਨਰ ਪਤਿ ਆਪਣਾ ਹੁਕਮ ਵਰਤਾਈਆ । ਤੇਰਾ ਹੋ ਕੇ ਤੇਰੇ ਲਏ ਫੜ, ਲੱਖ ਚੁਰਾਸੀ ਵੇਖ ਵਖਾਈਆ । ਤੇਰਾ ਬੂਟਾ ਵੇਖੇ ਆਪਣੀ ਜੜ੍ਹ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਵੇਖ ਧਰ ਕਲਗੀ, ਅਕਲ ਕਲਧਾਰੀ ਰਿਹਾ ਜਣਾਈਆ । ਜੋਤ ਅਗੰਮੀ ਇਕੋ ਬਲਦੀ, ਬਲ ਬਲ ਵਾਰੀ ਘੋਲੀ ਘੋਲ ਘੁਮਾਈਆ । ਇਹ ਖੇਲ ਪੁਰਖ ਅਗੰਮ ਦੀ, ਅਗੰਮੜੀ ਕਾਰ ਕਮਾਈਆ । ਤੇਰੇ ਵਰਗਾ ਸੁਤ ਜਨਣੀ ਮਾਤ ਕੋਇ ਨਾ ਜੰਮਦੀ, ਗੋਦੀ ਤਨ ਖ਼ਾਕ ਨਾ ਕੋਇ ਹੰਢਾਈਆ । ਮੈਂ ਖੇਲ ਦੱਸਾਂ ਆਪਣੇ ਅਛਲ ਅਛੱਲ ਦੀ, ਵਲ ਛਲ ਧਾਰੀ ਰਿਹਾ ਦ੍ਰਿੜਾਈਆ । ਸਾਰ ਪਾ ਕੇ ਜਲ ਥਲ ਦੀ, ਮਹੀਅਲ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਵੇਖ ਕਲਗੀ ਧਰ, ਕਲਕਾਤੀ ਨਜ਼ਰੀ ਆਈਆ । ਜਗਤ ਜਹਾਨ ਰਿਹਾ ਸੜ, ਅਗਨੀ ਤਤ ਤਪਾਈਆ । ਤੇਰਾ ਪੱਲੂ ਸਕੇ ਕੋਈ ਨਾ ਫੜ, ਮੇਰਾ ਦਰਸ ਕੋਇ ਨਾ ਪਾਈਆ । ਸਾਚੇ ਪੌੜੇ ਸਕੇ ਕੋਈ ਨਾ ਚੜ੍ਹ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਸਤਿ ਦਵਾਰਾ ਵੇਖੇ ਕੋਈ ਨਾ ਖੜ੍ਹ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਵਖਾਵਾਂ ਜਗਤ ਗੜ੍ਹ, ਗੜ੍ਹੀ ਚਮਕੌਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਉਲੇਖ ਰਿਹਾ ਦ੍ਰਿੜਾਈਆ । ਪੁਰਖ ਅਕਾਲ ਕਹੇ ਕਲਗੀਧਰ ਤੇਰਾ ਪਿਛਲਾ ਚੇਤਾ, ਚਤਰਥ ਭੁੱਲ ਕਦੇ ਨਾ ਜਾਈਆ । ਜਿਸ ਵੇਲੇ ਸੁਤ ਦੁਲਾਰੇ ਕਰਨ ਲੱਗਾ ਸੀ ਭੇਟਾ, ਸਿੰਘ ਅਜੀਤ ਅੱਖ ਖੁਲ੍ਹਾਈਆ । ਓਸ ਵੇਲੇ ਕਿਹਾ ਪੁਰਖ ਅਕਾਲ ਮੈਂ ਤੇਰਾ ਬੇਟਾ, ਬੇਟਾ ਬਣ ਕੇ ਬਾਪ ਨਾ ਮਾਤ ਅਖਵਾਈਆ । ਓਸ ਵੇਲੇ ਲਿਖਿਆ ਇਕ ਲੇਖਾ, ਅਲਖ ਦਿਤਾ ਜਣਾਈਆ । ਤੇਰਾ ਮੇਰੇ ਨਾਲ ਹਿੱਸਾ, ਸਾਂਝੀ ਵੰਡ ਇਕੋ ਵੰਡਾਈਆ । ਜੇ ਮੈਂ ਬਣਿਆ ਤੇਰਾ ਪਿਤਾ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਅਬਿਨਾਸ਼ੀ ਕਰਤਾ ਕਹੇ ਸੁਣ ਕਲਗੀਧਰ, ਤੇਰਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਮੰਗਿਆ ਵਰ, ਸਿਰ ਅਜੀਤ ਹੱਥ ਟਿਕਾਈਆ । ਤੇਰੀ ਝੋਲੀ ਤੇਰੇ ਦਿਤੇ ਧਰ, ਮੇਰਾ ਮੂਲ ਰਿਹਾ ਨਾ ਰਾਈਆ । ਸੋਹਣਾ ਵੇਖ ਅਗੰਮਾ ਘਰ, ਤੇਰੇ ਦਰ ਦਿਤੇ ਪੁਚਾਈਆ । ਜੇ ਮੈਂ ਤੇਰਾ ਬੂਟਾ ਤੂੰ ਮੇਰੀ ਲਾਣੀ ਜੜ੍ਹ, ਗੁਰਮੁਖ ਸਾਚੇ ਲਏਂ ਪਰਗਟਾਈਆ । ਜਿਨ੍ਹਾਂ ਦੇ ਅੰਦਰੋਂ ਮੇਰੀ ਯਾਦ ਕਦੇ ਨਾ ਜਾਵੇ ਮਰ, ਮਰਿਆਂ ਪਿਛੋਂ ਜੀਵਣ ਤੇਰੇ ਵਿਚ ਸਮਾਈਆ । ਇਹ ਚਾਰ ਦੁਲਾਰੇ ਰੱਖਾਂ ਤੇਰੇ ਦਰ, ਦਰਵੇਸ਼ੀ ਹੋ ਕੇ ਸੇਵ ਕਮਾਈਆ । ਜੇ ਸਾਚੇ ਲਾਵੇਂ ਲੜ, ਲੜੀ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪਾਰਬ੍ਰਹਮ ਕਹੇ ਸੁਣ ਧਰ ਕਲਗੀ, ਪੁਰਖ ਅਕਾਲ ਦਿਤਾ ਜਣਾਈਆ । ਤੇਰੀ ਮਨਜ਼ੂਰ ਦਵਾਰੇ ਅਰਜ਼ੀ, ਖਾਤੇ ਆਪਣੇ ਵਿਚ ਰਖਾਈਆ । ਅੱਗੇ ਕਰਾਂ ਜੋ ਤੇਰੀ ਮਰਜ਼ੀ, ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨਾਂ ਬਣਕੇ ਦਰਦੀ, ਸਦ ਤੇਰਾ ਦਰਦ ਵੰਡਾਈਆ । ਤੂੰ ਲਹਿਣੇਦਾਰ ਮੈਂ ਤੇਰਾ ਕਰਜ਼ੀ, ਮਕਰੂਜ਼ ਇਕ ਅਖਵਾਈਆ । ਮੈਂ ਪੂਰਾ ਕਰਾਂ ਫ਼ਰਜ਼ੀ, ਸੇਵਕ ਹੋ ਕੇ ਸੇਵ ਕਮਾਈਆ । ਕਾਰ ਕਰਾਂ ਨਰਾਇਣ ਨਰ ਦੀ, ਬੇਅੰਤ ਬੇਪਰਵਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ ।

ਕਲਗੀ ਧਰ ਤੇਰੀ ਯਾਦ ਚੀਚੀ, ਜਿਸ ਉਤੇ ਚੋਭਾ ਕਟਾਰ ਲਗਾਈਆ । ਖ਼ੂਨ ਕੱਢ ਸੀਂ ਨਾ ਕੀਤੀ, ਖ਼ੁਸ਼ੀਆਂ ਵਿਚ ਢੋਲਾ ਗਾਈਆ । ਅਜੀਤ ਚਾੜ੍ਹ ਕੇ ਰੰਗ ਮਜੀਠੀ, ਰੰਗਣ ਤੇਰੀ ਇਕ ਨਜ਼ਰੀ ਆਈਆ । ਮਸਤਕ ਟਿੱਕਾ ਲਾ ਕੇ ਕਿਹਾ ਤੇਰੀ ਫਲਦੀ ਰਹੇ ਬਗ਼ੀਚੀ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਇਹ ਨੰਨ੍ਹੀ ਜਾਣ ਨਿੱਕੀ, ਨਿਕਿਉਂ ਵੱਡੇ ਰਹੀ ਬਣਾਈਆ । ਸਾਚੇ ਘਰ ਲੱਗੇ ਪ੍ਰੀਤੀ, ਜਿਥੋਂ ਸਕੇ ਨਾ ਕੋਇ ਤੁੜਾਈਆ । ਉਸ ਵੇਲੇ ਗੋਬਿੰਦ ਆਪਣੇ ਮਸਤਕ ਉਤੇ ਇਕ ਧਾਰ ਸੋਹਣੀ ਲਿਖੀ, ਜਿਸ ਦਾ ਚਿੰਨ੍ਹ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੁਰਖ ਅਕਾਲ ਕਹੇ ਤੇਰਾ ਪਿਛਲਾ ਲਹਿਣਾ, ਸਦਾ ਸਦ ਜ਼ਾਹਰ ਨਜ਼ਰੀ ਆਈਆ । ਤੂੰ ਮੰਨਿਆ ਧੁਰ ਦਾ ਕਹਿਣਾ, ਭਾਣੇ ਵਿਚ ਸਮਾਈਆ । ਖੇਲ ਵੇਖ ਕੇ ਆਪਣੇ ਨੈਣਾਂ, ਅੰਤਮ ਖ਼ੁਸ਼ੀਆਂ ਰੰਗ ਚੜ੍ਹਾਈਆ । ਸਚ ਸੰਦੇਸ਼ਾ ਧੁਰ ਦਾ ਕਹਿਣਾ, ਕਰੀ ਹਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਕਹੇ ਮੈਨੂੰ ਯਾਦ ਤੇਰੀ ਗੜ੍ਹੀ ਵਾਲੀ ਸੁਗੰਦ, ਕਸਮ ਖਾ ਕੇ ਖ਼ਸਮ ਲਿਆ ਮਨਾਈਆ । ਅਚੁੱਤ ਸੁਣਾ ਕੇ ਢੋਲਾ ਛੰਦ, ਸੋਹੰ ਦਿਤਾ ਪੜ੍ਹਾਈਆ । ਓਸ ਦਵਾਰੇ ਲਏ ਅਨੰਦ, ਜਿਸ ਘਰ ਦਾ ਮਾਲਕ ਬੇਪਰਵਾਹੀਆ । ਸਚ ਦਵਾਰ ਦਾ ਬਣ ਚੰਦ, ਚੰਦਾਂ ਤੋਂ ਪਰੇ ਤੇਰੀ ਰੁਸ਼ਨਾਈਆ । ਇਹ ਰਣਭੂਮੀ ਨਹੀਂ ਨਾ ਕੋਈ ਜੋਧਿਆਂ ਵਾਲਾ ਜੰਗ, ਇਹ ਪਿਤਾ ਪੂਤ ਦਾ ਪਰਸੰਗ, ਪ੍ਰਭ ਨੇ ਸੋਹਣਾ ਖੇਲ ਬਣਾਈਆ । ਤੁਹਾਡੇ ਪਿਛੇ ਮੇਰੀ ਪੂਰੀ ਹੋਵੇ ਮੰਗ, ਆਸਾ ਨਾਲ ਵਡਿਆਈਆ । ਮੇਰਾ ਲੇਖੇ ਲਗੇ ਕਸਿਆ ਅਸਵ ਤੰਗ, ਧਨੁਸ਼ ਬਾਣ ਲਏ ਅੰਗੜਾਈਆ । ਮੇਰੀ ਸੋਭਨੀਕ ਹੋਵੇ ਕੰਡ, ਜੋ ਭੱਥਾ ਰਹੀ ਉਠਾਈਆ । ਮੇਰਾ ਦੋ ਜਹਾਨ ਮੁਕੇ ਪੰਧ, ਤਤਵ ਤਤ ਨਾ ਕੋਇ ਭੁਆਈਆ । ਮੇਰਾ ਲੇਖਾ ਮੁਕੇ ਪੁਰੀ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਮੇਰੀ ਧੁਰ ਦੀ ਪਏ ਗੰਢ, ਨਾਤਾ ਸਕੇ ਨਾ ਕੋਇ ਤੁੜਾਈਆ । ਮੈਂ ਦਰ ਦਰਵਾਜ਼ਾ ਵੇਖਾਂ ਲੰਘ, ਜਿਸ ਘਰ ਵਸੇ ਬੇਪਰਵਾਹੀਆ । ਮੈਂ ਸ਼ਹਿਨਸ਼ਾਹ ਸੁਹਾਵਾਂ ਪਲੰਘ, ਜਿਸ ਦਾ ਪਾਵਾ ਚੂਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਬਣਾਈਆ । ਕਲਗੀ ਧਰ ਕਹੇ ਮੇਰਾ ਖ਼ੂਨ ਦਾ ਤੁਬਕਾ, ਮਸਤਕ ਰੰਗ ਚੜ੍ਹਾਈਆ । ਇਹ ਲਹਿਣਾ ਦੇਣਾ ਕਦ ਕਾ, ਕੁਦਰਤ ਕਾਦਰ ਖੇਲ ਵਖਾਈਆ । ਇਹ ਮੂਲ ਕਲਜੁਗ ਹੱਦ ਕਾ, ਅੰਤਮ ਡੇਰਾ ਢਾਹੀਆ । ਮੇਰਾ ਲਹਿਣਾ ਲੇਖੇ ਲਗਦਾ, ਅਲੇਖ ਦਏ ਵਡਿਆਈਆ । ਪ੍ਰਭ ਮਾਲਕ ਆਦਿ ਜੁਗਾਦੀ ਦੋ ਜਹਾਨਾਂ ਜਗ ਦਾ, ਜੁਗ ਚੌਕੜੀ ਵੇਖ ਵਖਾਈਆ । ਜੋ ਮਾਲਕ ਸਦਾ ਸੁਹੇਲਾ ਸਭ ਦਾ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਜੋ ਲੱਭਿਆ ਕਿਸੇ ਨਾ ਲੱਭਦਾ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਉਹ ਸੰਦੇਸ਼ਾ ਅਗੰਮੀ ਧਾਰੋਂ ਘੱਲਦਾ, ਹੁਕਮੀ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਕਲਗੀਧਰ ਸੁਣ ਸਾਚੇ ਸੁਤ, ਸਤਿ ਸਤਿਵਾਦੀ ਆਪ ਜਣਾਇੰਦਾ । ਉਹ ਸੁਹੰਜਣੀ ਸੋਹਣੀ ਰੁੱਤ, ਜਿਸ ਵੇਲੇ ਚੇਤ ਬਾਹਰ ਕਢਾਇੰਦਾ । ਓਸ ਵੇਲੇ ਇਕੋ ਵਾਰ ਪ੍ਰਭ ਤੋਂ ਲਿਆ ਪੁਛ, ਕਰ ਬੇਨੰਤੀ ਸੀਸ ਨਿਵਾਇੰਦਾ । ਤੇਰਾ ਸਦਾ ਉਜਲ ਮੁਖ, ਸੋਹਣਾ ਰੰਗ ਚਮਕਾਇੰਦਾ । ਤੈਨੂੰ ਬਖ਼ਸ਼ੇ ਉਹ ਪੁੱਤ, ਜਿਨ੍ਹਾਂ ਦਾ ਪਿਤਾ ਜੰਮਣ ਮਰਨ ਵਿਚ ਕਦੇ ਨਾ ਆਇੰਦਾ । ਪੁਰਖ ਅਕਾਲ ਅੱਗੋਂ ਉਠ, ਜੋਤੀ ਧਾਰੋਂ ਹੁਕਮ ਸੁਣਾਇੰਦਾ । ਮੈਂ ਝੋਲੀ ਪਾਵਾਂ ਤੇਰੀ ਸਭ ਕੁਛ, ਮੁਫ਼ਤ ਆਪਣਾ

ਆਪ ਲੁਟਾਇੰਦਾ । ਜਿਸ ਵੇਲੇ ਕਲਜੁਗ ਔਧ ਜਾਏ ਮੁਕ, ਮੁਫ਼ਤ ਆਪਣੀ ਸੇਵ ਕਮਾਇੰਦਾ । ਤੇਰੇ ਅੰਦਰ ਜਾਵਾਂ ਲੁਕ, ਘਰ ਸਾਚਾ ਇਕ ਸੁਹਾਇੰਦਾ । ਜਨ ਭਗਤ ਪਰਗਟਾ ਕੇ ਤੇਰੇ ਪੁੱਤ, ਸਿੱਧਾ ਆਪਣੇ ਨਾਲ ਮਿਲਾਇੰਦਾ । ਦੂਜਾ ਬਦਲੇ ਕੋਈ ਨਾ ਰੁਖ਼, ਰਾਹ ਮਾਰਗ ਇਕ ਸਮਝਾਇੰਦਾ । ਜਨਮ ਕਰਮ ਦਾ ਮੇਟ ਕੇ ਦੁੱਖ, ਚਿੰਤਾ ਰੋਗ ਸੋਗ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸੁਣ ਕੇ ਬਚਨ ਕਲਗੀਧਰ ਜਗਦੀਸ, ਨਿਉਂ ਨਿਉਂ ਸੀਸ ਨਿਵਾਈਆ । ਇਕੋ ਛਤਰ ਝੁੱਲੇ ਪ੍ਰਭ ਤੇਰੇ ਸੀਸ, ਦੂਜੀ ਰੀਤ ਨਾ ਕੋਇ ਚਲਾਈਆ । ਜੇ ਗਾਵਾਂ ਤੇ ਤੇਰਾ ਗੀਤ, ਗੁਰਮੁਖਾਂ ਸਚ ਪੜ੍ਹਾਈਆ । ਜੇ ਵਸਾਂ ਤੇ ਤੇਰੀ ਮਸੀਤ, ਕਾਇਆ ਕਾਅਬਾ ਇਕ ਜਣਾਈਆ । ਜੇ ਹੱਸਾਂ ਤੇ ਤੇਰੇ ਚੀਤ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਲੇਖੇ ਲਾਈਆ । ਆਪਣੇ ਲੇਖੇ ਲਾਉਣਾ ਇਕ, ਇਕੋ ਵਾਰ ਜਣਾਈਆ । ਮੇਰੇ ਨਾਲੋਂ ਚੰਗਾ ਮੇਰਾ ਸਿੱਖ, ਜੋ ਤੇਰਾ ਨਾਮ ਧਿਆਈਆ । ਮੇਰੀ ਝੋਲੀ ਪਾਉਂਣੀ ਭਿਖ, ਵਸਤ ਇਕ ਵਰਤਾਈਆ । ਮੈਂ ਅਗਲਾ ਲੇਖਾ ਜਾਵਾਂ ਲਿਖ, ਭਵਿਖ ਦਿਆਂ ਸਮਝਾਈਆ । ਸਚ ਸਵਾਮੀ ਖੋਲ੍ਹੇ ਦ੍ਰਿਸ਼ਟ, ਇਸ਼ਟ ਇਕ ਵਡਿਆਈਆ । ਤੂੰ ਆਤਮ ਪਰਮਾਤਮ ਮਾਲਕ ਬਣ ਕੇ ਭੋਗੇਂ ਗ੍ਰਿਹਸਤ, ਗ੍ਰਿਹਿ ਮੰਦਰ ਡੇਰਾ ਲਾਈਆ । ਮੇਰੇ ਗੁਰਮੁਖਾਂ ਤੇਰੇ ਮਿਲਣ ਦਾ ਇਸ਼ਕ, ਆਸ਼ਕ ਮਾਸ਼ੂਕ ਇਕੋ ਰੰਗ ਵਖਾਈਆ । ਮੇਰੀ ਚੀਚੀ ਵਾਲਾ ਪ੍ਰੇਮ ਪਿਆਰ ਦਾ ਤਿਲਕ, ਹਰਿਜਨ ਸਾਚੇ ਦੇਣਾ ਛੁਹਾਈਆ । ਜਿਉਂ ਤੇਰੇ ਵਿਛੋੜੇ ਵਿਚ ਮੇਰੀ ਨਿਕਲੇ ਕਿਲਕ, ਏਥੇ ਓਥੇ ਝੱਲਾਂ ਨਾ ਕੋਇ ਜੁਦਾਈਆ । ਭਗਤ ਸੁਹੇਲਾ ਹੋ ਕੇ ਕਰਨੀ ਮਿੱਲਤ, ਮੇਲਾ ਆਪਣੇ ਨਾਲ ਮਿਲਾਈਆ । ਅਛਲ ਛਲਧਾਰੀ ਵੇਖੀਂ ਮੇਰੇ ਨਾਲ ਕਰੀਂ ਨਾ ਇੱਲਤ, ਪਿਛਲੀ ਰੀਤੀ ਦੇਣੀ ਗਵਾਈਆ । ਤੇਰੇ ਨਾਮ ਪ੍ਰੇਮ ਪਿਆਰ ਦਾ ਓਢਣ ਮੇਰੀ ਖਿੱਲਤ, ਸੋਹਣਾ ਭੂਸ਼ਣ ਬੇਪਰਵਾਹੀਆ । ਨਾਲੇ ਜ਼ੋਰ ਨਾਲੇ ਮਿੰਨਤ, ਜਿਵੇਂ ਮੰਨੇਂ ਓਸੇ ਤਰਾ ਲੈਣਾ ਮਨਾਈਆ । ਮੇਰੇ ਅੰਤਰ ਭਰਨੀ ਆਪਣੀ ਹਿੰਮਤ, ਹੌਸਲਾ ਤੇਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਹੱਥ ਮੂਸੇ ਮੂੰਹ ਕੇ ਭਾਰ ਡਿਗ ਦੇ ਵੇਖਿਆ ਤੇਰਾ ਵਿਲੇਜ, ਮੰਦਰ ਸੋਹਣਾ ਤੇਰਾ ਨਜ਼ਰੀ ਆਈਆ । ਚੀਖ ਪੁਕਾਰ ਕਰਕੇ ਗਿਆ ਚੈਲੰਜ, ਚਰਚਾਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਪੁਰਖ ਅਕਾਲ ਕਹੇ ਮੈਂ ਦੱਸਾਂ ਉਹ ਨਿਸ਼ਾਨੀ, ਨਿਛਾਵਰ ਗੋਬਿੰਦ ਆਪਣਾ ਆਪ ਕਰਾਈਆ । ਜਿਸ ਵੇਲੇ ਅਜੀਤ ਦੀ ਹੋਈ ਕੁਰਬਾਨੀ, ਧਾਰ ਆਰ ਪਾਰ ਲੰਘ ਖ਼ੁਸ਼ੀ ਮਨਾਈਆ । ਓਸ ਵੇਲੇ ਉਸ ਦੇ ਗਲ ਸੀ ਨਵਾਂ ਮਣਕਿਆਂ ਵਾਲੀ ਇਕ ਗਾਨੀ, ਹੀਰੇ ਲਾਲ ਜ਼ਮੁਰਦ ਮੋਤੀ ਰੰਗ ਵਟਾਈਆ । ਉਨ੍ਹਾਂ ਆਈ ਇਕ ਹੈਰਾਨੀ, ਹੌਕੇ ਨਾਲ ਸੁਣਾਈਆ । ਕਿਧਰ ਗਈ ਅਲੜ੍ਹ ਜਵਾਨੀ, ਜੋਬਨ ਮੁਖ ਭੁਆਈਆ । ਜਾਂ ਵੇਖਿਆ ਜਲਵਾ ਨੁਰਾਨੀ, ਨੂਰੋ ਨੂਰ ਰੁਸ਼ਨਾਈਆ । ਦਿਤਾ ਸੰਦੇਸ਼ਾ ਹੁਕਮਰਾਨੀ, ਸ਼ਾਹ ਪਾਤਸ਼ਾਹ ਆਪ ਸਮਝਾਈਆ । ਇਹ ਖੇਲ ਉਹ ਸੁਲਤਾਨੀ, ਜਿਸ ਦਾ ਸਾਨੀ ਨਜ਼ਰ ਕੋਇ ਨਾ ਆਈਆ । ਤੁਸੀਂ ਮਣਕੇ ਬਣਕੇ ਸਾਥੀ ਬਣਿਆ ਨਾ ਕੋਇ ਦਿਲਜਾਨੀ, ਅੱਗੇ ਸੰਗ ਨਾ ਕੋਇ ਰਖਾਈਆ । ਸੁਣੋ ਅੱਗੇ ਜਣਾਵਾਂ ਉਹ ਕਹਾਣੀ, ਕਹਾਵਤ ਆਪਣੀ ਦਿਆਂ ਜਣਾਈਆ । ਗੋਬਿੰਦ ਬੱਚੇ ਦੀ ਉਹ ਨਿਸ਼ਾਨੀ, ਗੁਰਮੁਖ ਗੁਰਸਿਖ ਲਵਾਂ ਪਰਗਟਾਈਆ । ਜਿਨ੍ਹਾਂ ਨੂੰ ਆਪਣੇ ਗਲ ਦੀ ਬਣਾ ਕੇ ਗਾਨੀ, ਬਣ ਧੁਰ ਦਾ ਮਾਲਕ ਆਪ ਅਖਵਾਈਆ । ਮਣਕਿਆਂ

ਕਿਹਾ ਤੇਰੀ ਮਿਹਰਵਾਨੀ, ਹੱਥ ਤੇਰੇ ਵਡਿਆਈਆ । ਜੇ ਤੂੰ ਗੁਰਮੁਖਾਂ ਦਾ ਪਿਆਰਾ ਗੋਬਿੰਦ ਮਾਰ ਅੰਦਰ ਇਕ ਹੋਰ ਕਾਨੀ, ਤੀਰ ਨਿਸ਼ਾਨਾ ਲਾਈਆ । ਜੇ ਉਹ ਤੇਰਾ ਪੁੱਤਰ ਆਪਣੇ ਪੁੱਤਰ ਨਾ ਦੇਵੇ ਪਾਣੀ, ਜੁਝਾਰ ਤੇਰੀ ਭੇਟ ਚੜ੍ਹਾਈਆ । ਫੇਰ ਮੰਨਾਂ ਤੂੰ ਸ਼ਹਿਨਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਪੁਰਖ ਅਕਾਲ ਕਿਹਾ ਇਸ ਵਿਚ ਕੀ ਹੈਰਾਨੀ, ਹੈਰਤ ਵਾਲੀ ਖੇਲ ਨਾ ਕੋਇ ਜਣਾਈਆ । ਤੂੰ ਸੂਰਬੀਰ ਵੱਡਾ ਬਲਵਾਨੀ, ਬਲਧਾਰੀ ਇਕ ਅਖਵਾਈਆ । ਬੱਚੇ ਦੇਂਦਿਆਂ ਕਦੇ ਨਾ ਆਵੇ ਪਰੇਸ਼ਾਨੀ, ਸੰਸਾ ਚਿੱਤ ਨਾ ਲਿਆਈਆ । ਉਸ ਦੀ ਮੰਗ ਇਕ ਮਹਾਨੀ, ਜੋ ਅੰਦਰੇ ਅੰਦਰ ਰਿਹਾ ਸੁਣਾਈਆ । ਪਰਮ ਪੁਰਖ ਪਰਮਾਤਮ ਮੇਰੀ ਤੇਰੇ ਨਾਲ ਤੇਰੀ ਮੇਰੇ ਨਾਲ ਬਣੀ ਰਹੇ ਸਦਾ ਜਵਾਨੀ, ਜੋਬਨ ਜੋਬਨਾਂ ਵਿਚੋਂ ਬਦਲ ਕਦੇ ਨਾ ਜਾਈਆ । ਤੇਰਾ ਮੇਰਾ ਨਾਤਾ ਤੁੱਟੇ ਜੋ, ਤਿੰਨਾਂ ਵਾਲਾ ਨਜ਼ਰੀ ਆਈਆ । ਜੇ ਤੂੰ ਮੇਰਾ ਮੈਂ ਤੇਰੇ ਵਰਗਾ ਜਾਵਾਂ ਹੋ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਨਾ ਕੋਈ ਪੁੱਤਰਾਂ ਦਾ ਨਾ ਮਿਤਰਾਂ ਦਾ ਨਾ ਕੋਈ ਦੁੱਖ ਨਾ ਧਰੋ, ਜਗਤ ਰੋਣਾ ਨਜ਼ਰ ਕਦੇ ਨਾ ਆਈਆ । ਜੇ ਮਿਹਰ ਕਰੇਂ ਆਤਮ ਪਰਮਾਤਮ ਜਾਵਾਂ ਛੋਹ, ਸਵਾਤਮ ਆਪਣਾ ਦਿਆਂ ਬਦਲਾਈਆ । ਜਿਸ ਕਰਕੇ ਸਭ ਕੁਛ ਦਿਤਾ ਖੋਹ, ਖ਼ਾਲੀ ਹੱਥ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਿਹਾ ਉਠ ਹੱਸ, ਹਸਤੀ ਦਿਆਂ ਜਣਾਈਆ । ਤੇਰੇ ਬਾਹਰ ਦਿਸਾਂ ਪ੍ਰਤੱਖ, ਅੰਦਰ ਵਸਾਂ ਸਮਰਥ, ਨੇਤਰ ਮਿਲਾ ਕੇ ਅੱਖ, ਬਿਨ ਹੱਥਾਂ ਹੱਥ ਜੁੜਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਰਸ, ਜਿਸ ਰਸ ਵਿਚੋਂ ਅੰਮ੍ਰਿਤ ਦਿਤਾ ਪਰਗਟਾਈਆ । ਜੋ ਸਤਿਗੁਰ ਦਾ ਅੰਮ੍ਰਿਤ ਲਏ ਚਖ, ਤਿਸ ਨੂੰ ਦੂਜੇ ਪਿਆਲੇ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਕਿਹਾ ਕਿਹੜਾ ਗੁਰਸਿਖ ਕਿਹੜਾ ਗੁਰਮੁਖ ਕਿਹੜਾ ਭਗਤ ਕਿਹੜਾ ਸੰਤ ਜਿਹੜਾ ਕਲਜੁਗ ਵਿਚੋਂ ਪੀਵੇ ਗਟ ਗਟ, ਆਪਣਾ ਬਲ ਧਰਾਈਆ । ਪੁਰਖ ਅਕਾਲ ਕਿਹਾ ਜਿਸ ਦੇ ਹਿਰਦੇ ਅੰਦਰ ਮਾਰਾਂ ਸੱਟ, ਸਾਚਾ ਪ੍ਰੇਮ ਕਰਾਂ ਪਰਗਟ, ਸੋ ਪੀਵੇ ਪਿਆਲਾ ਉਹ ਝੱਟ, ਬਿਨ ਰਸਨਾ ਰਸ ਆਪਣੇ ਅੰਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਆਪਣੀ ਖੇਲ ਖਿਲਾਈਆ ।



### ੫ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਗੋਬਿੰਦ ਕਹੇ ਵੇਖੇ ਗੁਰ ਪੈਗ਼ੰਬਰ ਅਵਤਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਕਾਲ ਖੇਲ ਕਰੇ ਅਗੰਮ ਅਪਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਨਾਮ ਜੈਕਾਰ, ਰਾਗਾਂ ਨਾਦਾਂ ਢੋਲਿਆਂ ਕਲਮਿਆਂ ਵਿਚ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਸ ਵਟਾਏ ਆਪ ਨਿਰੰਕਾਰ, ਕੁਦਰਤ ਦਾ ਕਾਦਰ ਵੇਖ ਵਖਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰੇ ਪੁਕਾਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੂੰ ਹੀ ਤੂੰ ਹੀ ਰਾਗ ਅਲਾਈਆ । ਜੋ ਸਤਿ ਸਵਾਮੀ ਸਦਾ ਨਿਹਕਾਮੀ ਵਸਣਹਾਰਾ ਨਿਹਚਲ ਧਾਮ ਧਾਮ ਨਿਆਰ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ, ਪੁਰੀ ਲੋਅ ਬ੍ਰਹਿਮੰਡ ਖੰਡ ਪਾਵਣਹਾਰਾ ਸਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ ।

ਸਰਗੁਣ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖੇਲ ਕਰੇ ਵਿਚ ਸੰਸਾਰ, ਜੋਤੀ ਜਾਤਾ ਪੁਰਖ ਬਿਧਾਤਾ ਦੀਵਾ ਬਾਤੀ ਕਮਲਾਪਾਤੀ ਏਕਾ ਜੋਤ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਲਾਏ ਇਕ ਦਰਬਾਰ, ਧੁਰ ਦੀ ਧਾਰ ਆਪ ਬਣਾਈਆ । ਬੀਸ ਇਕੀਸਾ ਹਰਿ ਜਗਦੀਸਾ ਹੋਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਰੁੱਤ ਸੁਹੰਜਣੀ ਕਰੇ ਆਪ ਪਿਆਰ, ਪਰਮ ਪੁਰਖ ਪ੍ਰੀਤਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਭਗਤ ਸੁਹੇਲਾ ਇਕ ਇਕੇਲਾ ਲੇਖਾ ਜਾਣੇ ਸਚ ਦਰਬਾਰ, ਦਰ ਦਰਬਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਵੇਖੋ ਪੀਰ ਪੈਗ਼ੰਬਰ ਗੁਰ ਅਵਤਾਰ ਖੋਲ੍ਹ ਕੇ ਅੱਖ, ਆਖ਼ਰ ਦਿਆਂ ਜਣਾਈਆ । ਜਿਸ ਦਾ ਮਾਰਗ ਸ੍ਰਿਸ਼ਟ ਸਬਾਈ ਵਰਨਾਂ ਬਰਨਾਂ ਜ਼ਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਆਏ ਦੱਸ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਜਿਸ ਦਾ ਮੱਕਾ ਕਾਅਬਾ ਹੁਜਰਿਆਂ ਅੰਦਰ ਦੱਸ ਕੇ ਆਏ ਹੱਜ, ਮਹਿਬੂਬ ਮੁਹੱਬਤ ਇਕੋ ਇਕ ਜਣਾਈਆ । ਜਿਸ ਦਾ ਨਾਮ ਨਿਸ਼ਾਨ ਦੱਸਦੇ ਆਏ ਮੰਦਰ ਸ਼ਿਵਦਵਾਲੇ ਮੱਠ, ਜਗਤ ਵਿਦਿਆ ਕਰ ਪੜ੍ਹਾਈਆ । ਜਿਸ ਨੂੰ ਲੱਭਦੇ ਗੁਰਦਰ ਤੀਰਥ ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਜਿਸ ਦਾ ਖਾਣੀ ਬਾਣੀ ਗਾਵੇ ਜਸ, ਸੋਹਲੇ ਢੋਲੇ ਸਿਫ਼ਤ ਸਾਲਾਹੀਆ । ਜਿਸ ਦਾ ਵਾਕ ਭਵਿਖਤਾਂ ਅੰਦਰ ਲਿਖਾ ਕੇ ਆਏ ਜਗ, ਜਗਜੀਵਣ ਦਾਤਾ ਨਾਉਂ ਧਰਾਈਆ । ਸੋ ਸਾਹਿਬ ਸਵਾਮੀ ਹੋ ਪਰਗਟ, ਪੁਰਖ ਅਕਾਲਾ ਖੇਲ ਖਿਲਾਈਆ । ਜਿਸ ਭਗਤ ਦਵਾਰ ਖੋਲ੍ਹ ਹੱਟ, ਅਲਖ ਅਗੋਚਰ ਅਗੰਮ ਅਥਾਹ ਵਸਤ ਇਕ ਵਰਤਾਈਆ । ਅੰਤਰ ਆਤਮ ਪਰਮਾਤਮ ਨਿਜ ਘਰ ਲਾ ਕੇ ਸ਼ਬਦੀ ਸੱਟ, ਸੋਈ ਸੁਰਤੀ ਆਪ ਉਠਾਈਆ । ਕੂੜੀ ਕਿਰਿਆ ਮੇਟ ਕੇ ਮਨਮਤ, ਗੁਰਮਤ ਇਕੋ ਇਕ ਸਮਝਾਈਆ । ਨਿਜਰ ਝਿਰਨਾ ਦੇਵੇ ਸਾਚਾ ਰਸ, ਬੂੰਦ ਸਵਾਂਤੀ ਆਪ ਚੁਆਈਆ । ਜਨਮ ਕਰਮ ਦਾ ਲਹਿਣਾ ਝੋਲੀ ਪਾ ਕੇ ਹਕ, ਹਰਖ਼ ਸੋਗ ਚਿੰਤਾ ਗ਼ਮ ਰਿਹਾ ਮਿਟਾਈਆ । ਸਤਿਜੁਗ ਸਾਚਾ ਮਾਰਗ ਰਿਹਾ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਸੰਤ ਸੁਹੇਲਾ ਹੋ ਕੇ ਵਸ, ਗੁਰਮੁਖ ਗੁਰ ਗੁਰ ਚੇਲਾ ਮੇਲ ਮਿਲਾਈਆ । ਸਵਾਂਗੀ ਹੋ ਕੇ ਖੇਲ ਕਰੇ ਬਾਜ਼ੀਗਰ ਨਟ, ਅਛਲ ਛਲਧਾਰੀ ਆਪਣੀ ਕਾਰ ਕਮਾਈਆ । ਸਾਰੇ ਉਠੋ ਛੇਤੀ ਝਟ, ਬਿਨ ਤਨ ਲਉ ਅੰਗੜਾਈਆ । ਸ੍ਰੀ ਭਗਵਾਨ ਆਪਣੀ ਬਦਲ ਰਿਹਾ ਕਰਵਟ, ਮਿਹਰਵਾਨ ਆਪਣੀ ਦਇਆ ਕਮਾਈਆ । ਵਕਤ ਸੁਹੰਜਣਾ ਆਦਿ ਨਿਰੰਜਣਾ ਕਰੇ ਖੇਲ ਆਪ ਸਮਰਥ, ਦੂਜਾ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਗੋਬਿੰਦ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦਾ ਆਦਿ ਜੁਗਾਦੀ ਸਚ ਗਿਆਨ, ਨਜ਼ਰ ਇਕੋ ਨਾਮ ਦ੍ਰਿੜਾਈਆ । ਜਿਸ ਨੂੰ ਮੰਨਦੇ ਰਹੇ ਸ੍ਰੀ ਭਗਵਾਨ, ਜਨ ਭਗਤਾਂ ਹੋਏ ਸਹਾਈਆ । ਜਿਸ ਦੇ ਦਰ ਤੋਂ ਲੈਂਦੇ ਰਹੇ ਦਾਨ, ਖ਼ਾਲੀ ਝੋਲੀ ਸਦਾ ਭਰਾਈਆ । ਉਹ ਕਰੇ ਖੇਲ ਆਪ ਮਹਾਨ, ਮਿਹਰਵਾਨ ਸਮਝ ਕੋਇ ਨਾ ਆਈਆ । ਕਾਗ਼ਜ਼ ਕਲਮ ਸ਼ਾਹੀ ਹੋਈ ਹੈਰਾਨ, ਹਰਿ ਕਾ ਲੇਖ ਨਾ ਕੋਇ ਸਮਝਾਈਆ । ਜੋ ਮਾਛੂਵਾੜੇ ਦੇ ਕੇ ਆਇਆ ਬਿਆਨ, ਧੁਰ ਸੰਦੇਸ਼ਾ ਰਾਗ ਅਲਾਈਆ । ਕਲ ਕਲਕੀ ਪਰਗਟ ਹੋਵੇ ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਜਿਸ ਦਾ ਸਾਚਾ ਚਿੱਲਾ ਤੀਰ ਕਮਾਨ, ਤਰਕਸ਼ ਇਕੋ ਹੱਥ ਰਖਾਈਆ । ਜਿਸ ਦਾ ਲੇਖਾ ਦੋ ਜਹਾਨ, ਲੋਕ ਪਰਲੋਕ ਵੇਖੇ ਚਾਈਂ ਚਾਈਂਆ । ਓਸ

ਦਾ ਸੰਦੇਸ਼ਾ ਦੇਵਾਂ ਧੁਰ ਫ਼ਰਮਾਨ, ਧੁਰ ਦਾ ਹੁਕਮ ਸੁਣਾਈਆ । ਬੀਸ ਇਕੀਸ ਝੁਲਾਵਣਹਾਰ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਗੋਬਿੰਦ ਕਹੇ ਉਠੋ ਆਪਣਾ ਬਲਧਾਰ, ਹਰਿ ਕਰਤਾ ਆਪ ਸੁਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਈਆ । ਚਾਰੋਂ ਕੁੰਟ ਵੇਖ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਪੀਰ ਪੈਗ਼ੰਬਰ ਹੋਵੋ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਈਆ । ਵੇਲਾ ਵਕਤ ਸੁਹੇਲਾ ਗੁਰ ਚੇਲਾ ਕਰੇ ਪਿਆਰ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਹੁਲਾਰਾ, ਇਕੋ ਵਾਰ ਸੁਣਾਈਆ । ਤੂੰ ਦਸ ਦਸਮੇਸ ਸੁਤ ਦੁਲਾਰਾ, ਪੁਰਖ ਅਕਾਲ ਇਕ ਅਖਵਾਈਆ । ਤੇਰਾ ਸਚ ਸਚ ਪਿਆਰਾ, ਪ੍ਰੀਤਮ ਪ੍ਰੇਮੀ ਇਕੋ ਨਜ਼ਰੀ ਆਈਆ । ਜੁਗ ਚੌਕੜੀ ਅਸੀਂ ਦੇਂਦੇ ਆਏ ਲਾਰਾ, ਜੀਵਾਂ ਜੰਤਾਂ ਤਾਈਂ ਜਣਾਈਆ । ਕਲ ਕਲਕੀ ਲਏ ਅਵਤਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਇਕੋ ਸਚ ਅਖਾੜਾ, ਸਚਖੰਡ ਬੈਠਾ ਆਸਣ ਲਾਈਆ । ਜਿਸ ਦੇ ਹੁਕਮੇ ਅੰਦਰ ਤੇਈ ਅਵਤਾਰਾ, ਭਗਤ ਅਠਾਰਾਂ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਸੱਜਦਾ ਕਰਨ ਵਾਰੋ ਵਾਰਾ, ਨਿਉਂ ਨਿਉਂ ਲਾਗਣ ਪਾਈਂਆ । ਨਾਨਕ ਗੋਬਿੰਦ ਦੇ ਅਧਾਰਾ, ਦਰ ਠਾਂਡੇ ਖ਼ੁਸ਼ੀ ਮਨਾਈਆ । ਸਾਚਾ ਦੱਸ ਸਤਿ ਵਿਹਾਰਾ, ਵਿਵਹਾਰੀ ਦਏ ਸਮਝਾਈਆ । ਗੋਬਿੰਦ ਦੱਸੇ ਨਾਲ ਇਸ਼ਾਰਾ, ਸ਼ਬਦੀ ਧਾਰ ਪਰਗਟਾਈਆ । ਉਠੋ ਵੇਖੋ ਚਲ ਭਗਤ ਦਵਾਰਾ, ਭਗਵਨ ਬੈਠਾ ਸੋਭਾ ਪਾਈਆ । ਬੀਸ ਇਕੀਸਾ ਹੋ ਉਜਿਆਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਦਸ ਸਾਲ ਜਿਸ ਦਾ ਸੁਣਦੇ ਰਹੇ ਨਗਾਰਾ, ਨੌਬਤ ਨਾਮ ਵਜਾਈਆ । ਸੋ ਵੇਖਣਹਾਰਾ ਖੇਲ ਅਪਾਰਾ, ਅਪਰੰਪਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਗੋਬਿੰਦ, ਸਾਡੀ ਇਕ ਅਰਜ਼ੋਈਆ । ਪੁਰਖ ਅਕਾਲ ਗਹਿਰ ਗੰਭੀਰ ਸਾਗਰ ਸਿੰਧ, ਹਉਂ ਬੂੰਦ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਵੇਖੀ ਚਿੰਦ, ਚਿੰਤਾ ਚਿਖਾ ਰਹੀ ਜਲਾਈਆ । ਗੁਰਮੁਖ ਵਿਰਲਾ ਸੱਜਣ ਸੁਹੇਲਾ ਸ਼ਬਦ ਅਨਾਦੀ ਹੋਏ ਬਿੰਦ, ਮਾਤ ਪਿਤ ਖਹਿੜਾ ਲਏ ਛੁਡਾਈਆ । ਉਹ ਵੇਖ ਨੇਤਰ ਰੋਂਦਾ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਦਏ ਦੁਹਾਈਆ । ਸ਼ੰਕਰ ਛੱਡ ਕੇ ਆਪਣਾ ਪਿੰਡ, ਬੇਵਤਨ ਹੋਇਆ ਦਏ ਦੁਹਾਈਆ । ਬ੍ਰਹਮਾ ਰੋ ਰੋ ਕਹੇ ਮੇਰੇ ਸਾਹਿਬ ਬਖ਼ਸ਼ਿੰਦ, ਬਖ਼ਸ਼ਿਸ਼ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਵੇਖ ਵਖਾਈਆ । ਗੁਰ ਅਵਤਾਰ ਕਹਿਣ ਸੁਣ ਕਲਗੀਧਰ, ਜਗਤ ਜਗਦੀਸ਼ ਕੀ ਕੀ ਖੇਲ ਕਰਾਈਆ । ਕੀ ਭਗਤਾਂ ਦੇਵੇ ਧੁਰ ਦਾ ਵਰ, ਵਸਤ ਅਮੋਲਕ ਝੋਲੀ ਪਾਈਆ । ਸਤਿ ਦਵਾਰਿਉਂ ਸਭ ਨੂੰ ਆਵੇ ਡਰ, ਭੈ ਭਉ ਰਿਹਾ ਮਨਾਈਆ । ਕਲਜੁਗ ਜੀਵ ਕੂੜੀ ਕਿਰਿਆ ਕਰਨੀ ਗਏ ਗਲ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਤੇਰੀ ਸਿਖਿਆ ਉਤੇ ਕੋਈ ਨਾ ਸਕਿਆ ਚਲ, ਚਲਿਤ੍ਰਾਂ ਭਰੀ ਸਰਬ ਲੋਕਾਈਆ । ਖ਼ਾਲੀ ਮੰਦਰਾਂ ਵਿਚ ਖੜਕਦੇ ਸੁਣੇ ਟੱਲ, ਸੰਖਾਂ ਵਾਲੇ ਮੁਖ ਰਹੇ ਵਜਾਈਆ । ਰਸ ਰਿਹਾ ਨਾ ਤੀਰਥ ਅਠਸਠ ਜਲ, ਮੰਦਰ ਮਸਜਿਦ ਮੱਠ ਦਏ ਦੁਹਾਈਆ । ਦੂਈ ਦਵੈਤੀ ਮੇਟ ਨਾ ਸਕਿਆ ਕੋਈ ਸੱਲ, ਕੂੜੀ ਸ਼ਰਅ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਦੱਸ, ਬੀਸ ਇਕੀਸਾ ਮੰਗ ਮੰਗਾਈਆ । ਮੁਰੀਦਾਂ ਮੁਰਸ਼ਦਾਂ ਕਿਹੜਾ ਹੱਜ, ਬਿਨ ਕਾਅਬਿਉਂ ਨਜ਼ਰੀ ਆਈਆ । ਬਿਨ ਗੁਰੂਆਂ ਕਿਹੜਾ ਮੱਠ, ਮੰਦਰ ਕਵਣ ਸੁਹਾਈਆ । ਬਿਨ ਅੰਮ੍ਰਿਤ ਕਿਹੜਾ ਤਟ, ਕਿਨਾਰਾ ਦੇ ਦਰਸਾਈਆ । ਬਿਨ ਸੌਦਿਉਂ ਕਿਹੜਾ ਹੱਟ, ਵਣਜਾਰਾ ਕਵਣ ਅਖਵਾਈਆ । ਬਿਨ ਹਰਿਨਾਮੇ ਕਿਹੜਾ ਦਾਸ, ਭਗਤੀ ਧੁਰ ਦੀ ਰਿਹਾ ਕਮਾਈਆ । ਗੋਬਿੰਦ ਸਚ ਸੁਨੇਹੜਾ ਇਕੋ ਵਾਰ ਦੇ ਆਖ, ਬਿਨ ਅੱਖਰਾਂ ਆਪ ਜਣਾਈਆ । ਪੁਰਖ ਅਕਾਲ ਸਭ ਦਾ ਮਾਈ ਬਾਪ, ਪਤਿਪਰਮੇਸ਼ਵਰ ਵਡ ਵਡਿਆਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਤਖ਼ਤ ਬੈਠਾ ਆਪ, ਦੋ ਜਹਾਨਾਂ ਹੁਕਮ ਵਰਤਾਈਆ । ਜੋ ਕੂੜੀ ਕਿਰਿਆ ਮੇਟਣਹਾਰਾ ਪਾਪ, ਪਤਤ ਪੁਨੀਤ ਦਏ ਬਨਾਈਆ । ਜੋ ਜਨ ਭਗਤਾਂ ਨਜ਼ਰੀ ਆਏ ਸਾਖਿਆਤ, ਸਚ ਦਰਬਾਰੇ ਸੋਭਾ ਪਾਈਆ । ਮੈਂ ਏਸੇ ਕਾਰਨ ਤੁਹਾਨੂੰ ਰਿਹਾ ਆਖ, ਉਠੋ ਚਲੋ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਜਿਸ ਵੇਲੇ ਜਾਈਏ ਪ੍ਰਭੂ ਦੇ ਪਾਸ, ਨਿਉਂ ਨਿਉਂ ਮਸਤਕ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਲੈ ਲਈਏ ਸਾਥ, ਪਿਛੇ ਰਹਿਣ ਕੋਇ ਨਾ ਪਾਈਆ । ਸਾਚੇ ਭਗਤਾਂ ਦਈਏ ਆਖ, ਕਬੀਰ ਜੁਲਾਹਾ ਨਾਲ ਸਲਾਹੀਆ । ਚਲੋ ਵੇਖੀਏ ਪਤਣ ਘਾਟ, ਜਿਸ ਦਰ ਬੈਠਾ ਬੇਪਰਵਾਹੀਆ । ਦੂਰ ਦੁਰਾਡੇ ਮੁਕੇ ਵਾਟ, ਪੰਧ ਅਗਲਾ ਨੇੜੇ ਆਈਆ । ਸਾਰੇ ਕਹਿਣ ਅੱਜ ਕਿਹੜਾ ਦਿਨ ਗੋਬਿੰਦ ਕਹੇ ਪੰਜ ਪੋਹ ਦੀ ਰਾਤ, ਜਿਸ ਦਾ ਭੇਵ ਕੋਇ ਨਾ ਪਾਈਆ । ਵੀਹ ਸੌ ਗਿਆਰਾਂ ਬਿਕ੍ਰਮੀ ਜਨ ਭਗਤਾਂ ਜੋੜ ਕੇ ਸਾਚਾ ਨਾਤ, ਧੁਰ ਦਰਬਾਰਾ ਦਿਤਾ ਬਣਾਈਆ । ਨੌ ਦਵਾਰੇ ਖੋਲ੍ਹ ਕੇ ਤਾਕ, ਦਸਵੇਂ ਆਪਣੇ ਰੰਗ ਰੰਗਾਈਆ । ਕੋਝਿਆਂ ਕਮਲਿਆਂ ਕੋਟ ਜਨਮ ਦੇ ਧੋ ਕੇ ਪਾਪ, ਦੁਰਮਤ ਮੈਲ ਧੁਆਈਆ । ਆਤਮ ਪਰਮਾਤਮ ਨਾਤਾ ਜੋੜ ਕੇ ਸਾਕ, ਬ੍ਰਹਮ ਪਾਰਬ੍ਰਹਮ ਸੱਜਣ ਲਿਆ ਮਨਾਈਆ । ਚਾਰ ਵਰਨ ਜਿਸ ਦੀ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਆਈ ਮਸਤੀ, ਅਲਮਸਤ ਰੂਪ ਵਟਾਈਆ । ਚਲੋ ਵੇਖੀਏ ਅਗੰਮੀ ਹਸਤੀ, ਜਿਸਦਾ ਹਾਸਲ ਜ਼ਰਬ ਸਮਝ ਕੋਇ ਨਾ ਪਾਈਆ । ਜਾ ਕੇ ਮਿਲੀਏ ਪ੍ਰੀਤਮ ਅਰਸ਼ੀ, ਜੋ ਕੁਰਸ਼ੀ ਫ਼ਰਸ਼ ਵਡਿਆਈਆ । ਜੋ ਗ਼ਰੀਬ ਨਿਮਾਣਿਆਂ ਬਣ ਕੇ ਆਇਆ ਦਰਦੀ, ਦੁਖੀਆਂ ਦੁੱਖ ਵੰਡਾਈਆ । ਜਿਸ ਦੀ ਸਦਾ ਸਦਾ ਸਦ ਕਲਾ ਹੋਵੇ ਚੜ੍ਹਦੀ, ਗੋਬਿੰਦ ਡੰਕਾ ਫ਼ਤਿਹ ਗਿਆ ਸੁਣਾਈਆ । ਜਿਸ ਨੂੰ ਕਹਿ ਕੇ ਗਿਆ ਨਰ ਨਰਾਇਣ ਕਲਕੀ, ਕਲਕਾਤੀ ਫੇਰਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਆਪਣੀ ਮਰਜ਼ੀ, ਮਜਲਸ ਭਗਤਾਂ ਨਾਲ ਰਖਾਈਆ । ਓਸ ਦੇ ਦਰ ਤੇ ਮਨਜ਼ੂਰ ਹੋਵੇ ਸਭ ਦੀ ਅਰਜ਼ੀ, ਆਰਜ਼ੂ ਸਭ ਦੀ ਵੇਖ ਵਖਾਈਆ । ਇਹ ਖੇਲ ਅਗੰਮੀ ਨਰ ਦੀ, ਨਰ ਨਾਰੀ ਨਾ ਕੋਇ ਜਣਾਈਆ । ਜਿਸ ਦਾ ਢੋਲਾ ਸੋਹਲਾ ਲੱਖ ਚੁਰਾਸੀ ਜੀਵ ਜੰਤ ਪੜ੍ਹਦੀ, ਅਨਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕ ਵਾਰ, ਏਕੋ ਏਕ ਜਣਾਈਆ । ਅਸੀਂ ਰਾਹ ਤੱਕਦੇ ਰਿਹੇ ਨੌ ਸੌ ਚੁਰਾਨਵੇਂ ਚੌਕੜੀ ਜੁਗ ਚਾਰ, ਕੋਟਨ ਕੋਟ ਕਾਲ ਧਿਆਨ ਲਗਾਈਆ । ਧੰਨ ਸੁ ਵੇਲਾ

ਕਿਰਪਾ ਕਰੀ ਅਪਾਰ, ਅਪਰੰਪਰ ਸਵਾਮੀ ਆਪਣੀ ਖੇਲ ਵਖਾਈਆ । ਓਸ ਦੇ ਚਰਨ ਕਵਲ ਕਰੀਏ ਨਿਮਸਕਾਰ, ਧੂੜੀ ਮਸਤਕ ਟਿੱਕਾ ਖ਼ਾਕ ਰਮਾਈਆ । ਪੰਜ ਪੋਹ ਦਾ ਦਿਵਸ ਵਿਚਾਰ, ਦਹਿ ਦਿਸ਼ਾ ਖ਼ੁਸ਼ੀ ਜਣਾਈਆ । ਇਕ ਇਕ ਦਾ ਇਕ ਪਿਆਰ, ਦੂਆ ਏਕਾ ਜੋੜ ਜੁੜਾਈਆ । ਸਾਚੀ ਕਿਰਪਾ ਕਰੇ ਆਪ ਕਰਤਾਰ, ਕਰਤਾ ਬੇਪਰਵਾਹੀਆ । ਆਪਣਾ ਸੱਤ ਰੰਗ ਨਿਸ਼ਾਨਾ ਦੇਵੇ ਚਾੜ੍ਹ, ਇੱਕੀ ਦਿਵਸ ਮਾਤ ਲਹਿਰਾਈਆ । ਇੱਕੀ ਦਿਨ ਲੋਕਮਾਤ ਗੁਰ ਅਵਤਾਰ ਪੀਰ ਪੈਗ਼ੰਬਰ ਆਉਂਦੇ ਰਹਿਣ ਵਾਰੋ ਵਾਰ, ਬਣ ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ । ਗੋਬਿੰਦ ਦੱਸ ਸ੍ਰੀ ਭਗਵਾਨ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਪ੍ਰਭੂ ਤੇਰਾ ਝੁਲਦਾ ਰਹੇ ਨਿਸ਼ਾਨ, ਦਿਵਸ ਰੈਣ ਇਕੋ ਰੰਗ ਰੰਗਾਈਆ । ਨਿਉਂਦੇ ਰਹਿਣ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਉਂਦੇ ਰਹਿਣ ਗਾਨ, ਚਾਰ ਵੇਦ ਸਿਫ਼ਤ ਸਾਲਾਹੀਆ । ਭਗਤ ਸੁਹੇਲੇ ਮੰਗਦੇ ਰਹਿਣ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇਣਾ ਵਖਾਈਆ । ਗੋਬਿੰਦ ਜਾ ਕੇ ਦੱਸ ਸ੍ਰੀ ਭਗਵੰਤ, ਸਚ ਸੰਦੇਸਾ ਇਕ ਜਣਾਈਆ । ਤੂੰ ਮਾਲਕ ਧੁਰ ਦਾ ਕੰਤ, ਹਉਂ ਨਾਰੀ ਸੇਵ ਕਮਾਈਆ । ਤੇਰਾ ਖੇਲ ਵੇਖੀਏ ਅੰਤ, ਅੰਤਸ਼ਕਰਨ ਸਭ ਦਾ ਖੋਜ ਖੁਜਾਈਆ । ਤੇਰਾ ਨਾਮ ਬਚਨ ਸੁਣੀਏ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਤੇਰੀ ਮਹਿੰਮਾ ਵੇਖ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਤੂੰ ਬੋਧ ਅਗਾਧਾ ਪੰਡਤ, ਤੇਰੀ ਵਿਦਿਆ ਸਮਝ ਕੋਇ ਨਾ ਪਾਈਆ । ਹਉਂ ਦਰਵੇਸ਼ ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਤੇ ਮੰਗਤ, ਚਾਕਰ ਨਜ਼ਰੀ ਆਈਆ । ਪੰਜ ਪੋਹ ਕਰੀਏ ਮਿੰਨਤ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ । ਗੁਰ ਗੋਬਿੰਦ ਕਹੇ ਮੈਂ ਜੀਂਵਦਿਆਂ ਅਬਿਨਾਸ਼ੀ ਕਰਤੇ ਸੀਸ ਨਿਵੌਂਦਾ ਹਾਂ । ਪੁਰਖ ਅਕਾਲ ਇਕ ਮਨੌਂਦਾ ਹਾਂ । ਧੁਰ ਦਾ ਹਾਲ ਆਪ ਜਣੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗੌਂਦਾ ਹਾਂ । ਸਚ ਦਵਾਰੇ ਅਲਖ ਜਗਾਵਾਂਗਾ । ਪ੍ਰਤਖ ਪਰਮੇਸ਼ਵਰ ਦਰਸ਼ਨ ਪਾਵਾਂਗਾ । ਹਕੀਕਤ ਵਿਚੋਂ ਮੰਗਾਂ ਹਕ, ਧੁਰ ਦੀ ਝੋਲੀ ਆਪ ਭਰਾਵਾਂਗਾ । ਤੁਹਾਡੀ ਇਛਿਆ ਦੇਵਾਂ ਦੱਸ, ਪੜਦਾ ਓਹਲਾ ਨਾ ਕੋਈ ਰਖਾਵਾਂਗਾ । ਕਲਜੁਗ ਵੇਖ ਅੰਧੇਰੀ ਮਸ, ਚੰਦ ਨੂਰ ਇਕ ਚਮਕਾਵਾਂਗਾ । ਕੂੜੀ ਕਿਰਿਆ ਪ੍ਰਭ ਖੇੜਾ ਕਰ ਦਏ ਭੱਠ, ਅਗਨੀ ਤਤ ਤਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਝੋਲੀ ਅੱਗੇ ਡਾਹਵਾਂਗਾ । ਸਾਚੀ ਝੋਲੀ ਇਕ ਵਖਾਵਾਂਗਾ । ਹੌਲੀ ਹੌਲੀ ਪ੍ਰਭੂ ਜਣਾਵਾਂਗਾ । ਸਭ ਦੀ ਬੋਲੀ ਆਪ ਪਰਨਾਵਾਂਗਾ । ਬਣ ਕੇ ਢੋਲੀ ਢੋਲ ਵਜਾਵਾਂਗਾ । ਧੁਰ ਦਾ ਬਣ ਕੇ ਸਾਚਾ ਤੋਲੀ, ਤੋਲ ਆਪਣੇ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਰਸ਼ਨ ਪਾਵਾਂਗਾ । ਗੋਬਿੰਦ ਉਠ ਜਾ ਕੇ ਦੱਸ, ਦਸ ਦਸਮੇਸ਼ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦੇ ਚਰਨਾਂ ਰਹੇ ਢੱਠ, ਮਾਣ ਅਭਿਮਾਨ ਨਾ ਕੋਇ ਰਖਾਈਆ । ਸ੍ਰੀ ਭਗਵਾਨ ਆਪਣਾ ਪਰਗਟ ਕਰ ਰੰਗ ਸਤ, ਸਤਿ ਸਤਿਵਾਦੀ ਆਪ ਉਠਾਈਆ । ਸ੍ਰਿਸ਼ਟ ਸਬਾਈ ਦੇ ਮਤ, ਮਨਮਤ ਦੂਰ ਕਰਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਜੋ ਤੈਥੋਂ ਵਿਛੜ ਕੇ ਹੋਏ ਅੱਡ, ਓਨ੍ਹਾਂ ਆਪਣੇ ਵਿਚ ਮਿਲਾਈਆ । ਕੀ ਹੋਇਆ ਜੇ ਭੁੱਲ

ਕੇ ਤੇਰੇ ਤੈਨੂੰ ਗਏ ਛੱਡ, ਤੂੰ ਅਭੁੱਲ ਇਕ ਅਖਵਾਈਆ । ਤੇਰੀ ਕਿਰਪਾ ਨਾਲ ਤੇਰੇ ਚਰਨ ਜਾਵਣ ਢੱਠ, ਧੂੜੀ ਟਿੱਕਾ ਖ਼ਾਕ ਰਮਾਈਆ । ਨਾਤਾ ਤੁਟ ਜਾਏ ਤਤ ਅੱਠ, ਨੌ ਦਰ ਪੰਧ ਚੁਕਾਈਆ । ਦਸਵੇਂ ਘਰ ਮਿਲ ਸਚ, ਸਚ ਤੇਰੀ ਸਰਨਾਈਆ । ਸਾਢੇ ਤਿੰਨ ਕਰੋੜ ਅੰਦਰ ਜਾਣਾ ਰਚ, ਲੂੰ ਲੂੰ ਤੇਰਾ ਰਾਗ ਅਲਾਈਆ । ਲੱਭ ਲੱਭ ਤੈਨੂੰ ਸਾਰੇ ਗਏ ਥੱਕ, ਖੋਜਿਆਂ ਹੱਥ ਕਿਤੇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਖ਼ਾਲੀ ਦਿਸੇ ਮੱਠ, ਅਬਿਨਾਸ਼ੀ ਕਰਤਾ ਨੂਰ ਨਾ ਕੋਇ ਰੁਸ਼ਨਾਈਆ । ਸਾਧ ਸੰਤ ਜੀਵ ਜੰਤ ਮਨ ਵਾਸਨਾ ਸਾਰੇ ਰਹੇ ਭੱਜ, ਬਣ ਬਣ ਪਾਂਧੀ ਰਾਹੀਆ । ਮੁੱਲਾ ਸ਼ੇਖ਼ ਮੁਸਾਇਕ ਕਰਦੇ ਹੱਜ, ਮੱਕਾ ਕਾਅਬਾ ਫਿਰੀ ਦੁਹਾਈਆ । ਤੇਰੀ ਆਤਮ ਪਰਮਾਤਮ ਤੈਥੋਂ ਹੋਈ ਅਲੱਗ, ਸਰਬਗ ਮੇਲ ਨਾ ਕੋਇ ਮਿਲਾਈਆ । ਪੰਚਮ ਪੋਹ ਸਾਰੇ ਚਰਨੀਂ ਰਹੇ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਆਪਣਾ ਚਾੜ੍ਹ ਨਿਸ਼ਾਨਾ ਦੋ ਜਹਾਨਾਂ ਖੋਲ੍ਹ ਅੱਖ, ਸੋਇਆ ਕੋਇ ਰਹਿਣ ਨਾ ਪਾਈਆ । ਬੋਲ ਜੈਕਾਰਾ ਇਕ ਅਲਖ, ਅਲਖ ਅਗੋਚਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੋਬਿੰਦ ਕਹੇ ਸੁਣ ਭਗਵੰਤ, ਪ੍ਰਭ ਤੈਨੂੰ ਦਿਆਂ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਮਿੰਨਤ, ਨਿਰਧਨ ਹੋ ਕੇ ਸੀਸ ਨਿਵਾਈਆ । ਸਦੀ ਬੀਸਵੀਂ ਬੀਸ ਇਕੀਸੇ ਸਾਡੀ ਮੁਕੀ ਹਿੰਮਤ, ਹੌਸਲਾ ਰਹੇ ਢਾਹੀਆ । ਤੇਰਾ ਵੇਖੀਏ ਅਗੰਮੀ ਖਿੱਲਤ, ਸੋਹਣਾ ਰੂਪ ਨਜ਼ਰੀ ਆਈਆ । ਸਚ ਦਵਾਰੇ ਹੋਵੇ ਮਿੱਲਤ, ਦੂਈ ਦਵੈਤ ਚੁਕਾਈਆ । ਮਨੂਆ ਮਨ ਨਾ ਕਰੇ ਇੱਲਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜਿਧਰ ਵੇਖੀਏ ਉੱਤਰ ਪੂਰਬ ਪੱਛਮ ਦੱਖਣ ਤੇਰੀ ਨਜ਼ਰੀ ਆਏ ਇਕੋ ਸਿੰਮਤ, ਦੂਜੀ ਵੰਡ ਨਾ ਕੋਇ ਵੰਡਾਈਆ । ਨਬੀ ਰਸੂਲ ਲੇਖਾ ਮੁਕਾ ਦੇ ਉਮਤ, ਮਿਹਰ ਨਜ਼ਰ ਅੱਖ ਉਠਾਈਆ । ਲੇਖਾ ਚੁਕ ਜਾਏ ਮੂੰਡ ਮੁੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੇ ਪਰਗਟਾਈਆ । ਗੋਬਿੰਦ ਕਹੇ ਪ੍ਰਭ ਮੇਰੀ ਅਰਜ਼, ਅੰਤਮ ਇਕ ਜਣਾਈਆ । ਮੇਰਾ ਲਾਹ ਦੇ ਪਿਛਲਾ ਕਰਜ਼, ਬੱਚੇ ਨੀਂਹਾਂ ਹੇਠ ਦਬਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮਦਦ ਤੇਰੀ ਓਟ ਤਕਾਈਆ । ਤੇਰਾ ਕੁਛ ਨਾ ਹੋਵੇ ਹਰਜ, ਹਰਜਾਨੇ ਸਭਦੇ ਪੂਰ ਕਰਾਈਆ । ਜੇ ਗ਼ਰੀਬਾਂ ਦਾ ਤੈਨੂੰ ਦਰਦ, ਦੁਖੀਆਂ ਦੁੱਖ ਵੰਡਾਈਆ । ਕੂੜੀ ਕਿਰਿਆ ਮੇਟ ਦੇ ਧੜਤ, ਪੂਜਾ ਕੋਇ ਰਹਿਣ ਨਾ ਪਾਈਆ । ਇਕੋ ਤੇਰਾ ਹੁਕਮ ਵਰਤੇ ਅਰਸ਼ ਫ਼ਰਸ਼, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਤੇਰਾ ਢੋਲਾ ਗਾਈਆ । ਕਿਸੇ ਦੀ ਅਵਰ ਨਾ ਰਹੇ ਕੋਈ ਹਰਸ, ਹਵਸ ਸਭ ਦੀ ਦੇ ਬੁਝਾਈਆ । ਸਾਰੇ ਤੇਰੀ ਰਹਿਮਤ ਮੰਗਦੇ ਤਰਸ, ਮਿਹਰਵਾਨ ਹੋਣਾ ਸਹਾਈਆ । ਸ਼ਰਅ ਸ਼ਰੀਅਤ ਤਿੱਖੀ ਰਹੇ ਨਾ ਕਰਦ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਤੇਰਾ ਲੇਖਾ ਕੋਈ ਨਾਪ ਨਾ ਸਕੇ ਮੀਲ ਵਰਗ, ਹਿੰਦਸਿਆਂ ਵਿਚ ਨਾ ਕੋਇ ਜਣਾਈਆ । ਏਹੋ ਤੇਰਾ ਖੇਲ ਪ੍ਰਭੂ ਅਸਚਰਜ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਉਠ ਵੇਖ ਆਪਣੀ ਉਹ ਫ਼ਰਦ, ਜਿਸਦਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਚਾੜ੍ਹ ਸੱਤ ਰੰਗ, ਰੰਗ ਰੰਗੀਲੇ ਤੇਰੇ ਹੱਥ ਵਡਿਆਈਆ । ਜੁਗ ਜੁਗ ਦੀ ਪੂਰੀ ਕਰ ਦੇ ਮੰਗ, ਸਤਿਜੁਗ ਤ੍ਰੇਤਾ ਦੁਆਪਰ ਗਏ ਵਿਹਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਮੈਂ ਛੱਡ ਕੇ ਪੁਰੀ ਅਨੰਦ, ਤੇਰੇ ਚਰਨ ਡੇਰਾ ਲਾਈਆ । ਬੀਸ ਇਕੀਸੇ ਪਾਉਣੀ

ਗੰਢ, ਨਾ ਹੋਵੇ ਮਾਤ ਜੁਦਾਈਆ । ਤੇਰਾ ਸੱਤ ਰੰਗ ਨਿਸ਼ਾਨਾ ਭਗਤਾਂ ਪਾਵੇ ਠੰਡ, ਅੰਮ੍ਰਿਤ ਮੇਘ ਬਰਸਾਈਆ । ਵੀਹ ਸੌ ਇੱਕੀ ਬਿਕ੍ਰਮੀ ਸ੍ਰਿਸ਼ਟ ਸਬਾਈ ਨਾਲ ਪਵੇ ਗੰਢ, ਹੌਲੀ ਹੌਲੀ ਤੰਦ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਨਿਸ਼ਾਨਾ ਚਾੜ੍ਹ ਪ੍ਰਭ, ਸਤਿ ਤੇਰੀ ਵਡਿਆਈਆ । ਚਵ੍ਹੀ ਹੱਥ ਝੁਲੇ ਝੱਬ, ਛੱਤੀ ਆਪਣੀ ਵੰਡ ਵੰਡਾਈਆ । ਜੁਗ ਛੱਤੀਸਾ ਮੁੱਕੇ ਹੱਦ, ਛੱਤੀ ਰਾਗ ਦੇਣ ਦੁਹਾਈਆ । ਕਿਰਪਾ ਕਰ ਹਰਿ ਸਮਰਥ, ਤੇਰੇ ਹੱਥ ਵਡਿਆਈਆ । ਸੰਤ ਸੁਹੇਲੇ ਤੈਨੂੰ ਲੈਣ ਲੱਭ, ਦੂਰ ਦੁਰਾਡੇ ਧਿਆਨ ਲਗਾਈਆ । ਜਨ ਭਗਤਾਂ ਪੜਦਾ ਲੈਣਾ ਕੱਜ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਨਾਮ ਦਾ ਢੋਲਾ ਸੋਹਲਾ ਗੌਂਦੇ ਰਹੀਏ ਛੰਦ, ਇੱਕੀ ਦਿਨ ਸੇਵ ਕਮਾਈਆ । ਸਾਚੀ ਕਰ ਕੇ ਆਏ ਵੰਡ, ਪੋਹ ਛੇ ਦੇਈਏ ਜਣਾਈਆ । ਛੱਬੀ ਪੋਹ ਤੇਰਾ ਮਾਣ ਕੇ ਅਨੰਦ, ਅਨੰਦ ਤੇਰੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਵਖਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਜੋਤ ਸਰੂਪੀ ਜੋਤ ਡਗਮਗੌਂਦਾ ਏ । ਸ਼ਬਦ ਅਗੰਮੀ ਹੁਕਮ ਸੁਣੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਰਜ਼ ਮੰਨੀ, ਮਨਸਾ ਸਭ ਦੀ ਵੇਖ ਵਖੌਂਦਾ ਏ । ਅਰਸ਼ ਫ਼ਰਸ਼ ਦਾ ਮਾਲਕ ਬਣ ਕੇ ਧਨੀ, ਦੌਲਤ ਨਾਮ ਖਜਾਨਾ ਆਪ ਵਰਤੌਂਦਾ ਏ । ਧੁਰ ਸੰਦੇਸ਼ਾ ਸੁਣਾਵੇ ਬਿਨਾ ਕੰਨੀਂ, ਆਪਣਾ ਹੁਕਮ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ । ਸਚ ਕਰਨੀ ਕਾਰ ਕਮਾਵਾਂਗਾ । ਸੱਤ ਰੰਗ ਨਿਸ਼ਾਨ ਚੜ੍ਹਾਵਾਂਗਾ । ਚਾਰ ਜੁਗ ਦੀ ਪੂਰੀ ਮੰਗ ਕਰਾਵਾਂਗਾ । ਨਾਮ ਨਿਧਾਨ ਅਗੰਮਾ ਛੰਦ, ਬਿਨ ਮਹੱਲ ਅਟਲ ਪੜ੍ਹਾਵਾਂਗਾ । ਜਨ ਭਗਤਾਂ ਦੇ ਕੇ ਅੰਤਰ ਅਨੰਦ, ਖ਼ਾਦਮ ਰਸ ਚਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਕੇ ਬਣੌਣਾ ਸੱਚਾ ਸੰਗ, ਲੇਖਾ ਦੀਨ ਮਜ਼੍ਹਬ ਮਿਟਾਵਾਂਗਾ । ਕਲਜੁਗ ਔਧ ਰਹੀ ਹੰਢ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਕੂੜੀ ਕਿਰਿਆ ਕਰਕੇ ਖੰਡ ਖੰਡ, ਸਤਿ ਧਰਮ ਇਕ ਪਰਗਟਾਵਾਂਗਾ । ਨਾਰ ਦੋਹਾਗਣ ਮੇਟ ਕੇ ਰੰਡ, ਕੰਤ ਸੁਹਾਗੀ ਜੋੜ ਜੁੜਾਵਾਂਗਾ । ਲੇਖਾ ਜਾਣ ਕੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਵਾਂਗਾ । ਪੜਦਾ ਲਾਹ ਕੇ ਕੋਟ ਬ੍ਰਹਿਮੰਡ, ਪੁਰੀ ਲੋਅ ਆਕਾਸ਼ ਚਰਨਾਂ ਹੇਠ ਦਬਾਵਾਂਗਾ । ਸਤਿ ਝੁਲਾ ਕੇ ਨਿਸ਼ਾਨਾ ਸੱਤ ਰੰਗ, ਰੰਗਤ ਇਕੋ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਵਖਾਵਾਂਗਾ । ਸਚ ਕਰਨੀ ਖੇਲ ਵਖਾਵੇਗਾ । ਧਰਤ ਧਵਲ ਧਰਨੀ ਸੋਭਾ ਪਾਵੇਗਾ । ਗੁਰ ਅਵਤਾਰ ਪੈਗ਼ੰਬਰ ਪੀਰ ਸਰਨੀ ਲਾਵੇਗਾ । ਸ਼ਬਦ ਅਗੰਮੀ ਚਲੇ ਤੀਰ, ਦੋ ਜਹਾਨਾਂ ਪਾਰ ਕਰਾਵੇਗਾ । ਮੰਜ਼ਲ ਚੋਟੀ ਚੜ੍ਹ ਅਖ਼ੀਰ, ਲੱਖ ਚੁਰਾਸੀ ਵੇਖ ਵਖਾਵੇਗਾ । ਕਲਜੁਗ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਆਪ ਦ੍ਰਿੜਾਵੇਗਾ । ਸ਼ਰਅ ਕੂੜਾ ਕੱਟ ਜ਼ੰਜੀਰ, ਡੋਰੀ ਤੰਦ ਨਾਮ ਬੰਧਾਵੇਗਾ । ਲੇਖਾ ਚੁੱਕੇ ਸ਼ਾਹ ਵਜ਼ੀਰ, ਲਸ਼ਕਰ ਸ਼ਾਹੀ ਖ਼ਾਕ ਮਿਲਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਘਤ ਕੇ ਆਵਣ ਵਹੀਰ, ਰਹਿਬਰ ਹੋ ਕੇ ਆਪ ਸਮਝਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਧੀਰ , ਸਿਰ ਆਪਣਾ ਹੱਥ ਟਿਕਾਵੇਗਾ । ਦਾਤਾ ਹੋ ਕੇ ਗੁਣੀ ਗਹੀਰ, ਵਸਤ ਅਮੋਲਕ ਝੋਲੀ ਪਾਵੇਗਾ । ਜੋਤ ਚਮਕਾ ਕੇ ਬੇਨਜ਼ੀਰ, ਜਨ ਭਗਤਾਂ ਨਜ਼ਰੀ ਆਵੇਗਾ । ਆਪਣੀ ਦੱਸ ਸਚ ਤਸਵੀਰ, ਤਸੱਵਰ ਆਪਣਾ ਆਪ ਕਰਾਵੇਗਾ । ਲੇਖਾ ਜਾਣ ਕੇ ਹਸਤ ਕੀਟ, ਕੀਟ ਕੀਟਾਂ ਵਿਚ ਡੇਰਾ ਲਾਵੇਗਾ । ਕਲਜੁਗ ਕੂੜੀ ਕਿਰਿਆ ਕੱਟ ਕੇ ਭੀੜ,

ਭਾਂਡਾ ਭਰਮ ਭਉ ਭੰਨਾਵੇਗਾ । ਸਚ ਨਿਸ਼ਾਨਾ ਚਾੜ੍ਹੇ ਮਾਤ ਅਖ਼ੀਰ, ਅਕਲ ਕਲਧਾਰੀ ਆਪਣੀ ਕਲ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੱਕੀ ਦਿਵਸ ਆਪ ਝੁਲਾਵੇਗਾ । ਇੱਕੀ ਦਿਵਸ ਨਿਸ਼ਾਨਾ ਝੁੱਲੇਗਾ । ਸਚ ਦਵਾਰਾ ਧੁਰ ਦਾ ਖੁਲ੍ਹੇਗਾ । ਗੁਰਮੁਖ ਕੋਈ ਮਾਤ ਨਾ ਰੁਲੇਗਾ । ਭਗਤ ਸੁਹੇਲਾ ਕਦੇ ਨਾ ਭੁਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕੋ ਮੱਲੇਗਾ । ਸਚ ਸਿੰਘਾਸਣ ਇਕ ਸੁਹਾਵਾਂਗਾ । ਨਵ ਨੌ ਚਾਰ ਵੇਖ ਵਖਾਵਾਂਗਾ । ਦੋ ਜਹਾਨ ਹੁਕਮ ਮਨਾਵਾਂਗਾ । ਧਰਮ ਨਿਸ਼ਾਨਾ ਇਕ ਉਠਾਵਾਂਗਾ । ਸ੍ਰਿਸ਼ਟ ਸਬਾਈ ਨੇਤਰ ਅੱਖ ਦਰਸਾਵਾਂਗਾ । ਕਰਕੇ ਖੇਲ ਅਗੰਮ ਅਥਾਹੀ, ਧੁਰ ਦੀ ਅਲਖ ਇਕ ਜਣਾਵਾਂਗਾ । ਬੀਸ ਇਕੀਸਾ ਹਰਿ ਜਗਦੀਸਾ ਕਰੇ ਖੇਲ ਬੇਪਰਵਾਹੀ, ਬੇਪਰਵਾਹੀ ਵਿਚ ਸਮਾਵਾਂਗਾ । ਵਰਨ ਬਰਨ ਪਏ ਦੁਹਾਈ, ਚਾਰ ਅਠਾਰਾਂ ਜੋੜ ਜੁੜਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਆਵਣ ਰਾਹੀ, ਪਾਂਧੀਆਂ ਪੰਧ ਵਿਚ ਜਣਾਵਾਂਗਾ । ਸਵਾ ਘੰਟਾ ਵੱਜਦੀ ਰਹੇ ਵਧਾਈ, ਸੱਤ ਪੰਜ ਜੋੜ ਜੁੜਾਵਾਂਗਾ । ਸੱਤਰ ਬਹੱਤਰ ਚੁਹੱਤਰ ਕਰ ਰੁਸ਼ਨਾਈ, ਪਝੰਤਰ ਆਪਣਾ ਰੰਗ ਰੰਗਾਵਾਂਗਾ । ਬਣ ਕੇ ਧੁਰ ਦਾ ਦਾਇਆ ਦਾਈ, ਸੰਤ ਸੁਹੇਲੇ ਗੋਦ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਵੇਗਾ । ਪ੍ਰਭ ਅਬਿਨਾਸ਼ੀ ਖੇਲ ਖਿਲਾਵੇਗਾ । ਧੁਰ ਦਾ ਸਾਥੀ ਨਜ਼ਰੀ ਆਵੇਗਾ । ਸਾਚਾ ਮੰਤਰ ਅੰਤਰ, ਪਾਠੀ ਜਾਪ ਜਪਾਵੇਗਾ । ਤ੍ਰੈਗੁਣ ਲਗੇ ਨਾ ਮਾਇਆ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਵੇਗਾ । ਬ੍ਰਹਮ ਜਣਾ ਕੇ ਇਕ ਨਿਰੰਤਰ, ਨਿਰਵੈਰ ਕਾਰ ਕਮਾਵੇਗਾ । ਲੇਖਾ ਚੁਕਾ ਕੇ ਗਗਨ ਗਗਨੰਤਰ, ਚਰਨ ਕਵਲ ਇਕ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਝੁਲਾਵੇਗਾ । ਸਚ ਨਿਸ਼ਾਨ ਸਚ ਝੁਲਾਵਾਂਗਾ । ਦੋ ਜਹਾਨਾਂ ਆਪ ਵਖਾਵਾਂਗਾ । ਗੋਪੀ ਕਾਹਨਾ ਨਾਲ ਮਿਲਾਵਾਂਗਾ । ਸੀਤਾ ਰਾਮ ਪੜਦਾ ਲਾਹਵਾਂਗਾ । ਈਸਾ ਮੂਸਾ ਮੁਹੰਮਦ ਸੱਯਦਾ ਸੀਸ ਝੁਕਾਨ, ਕਲਮਿਆਂ ਵਿਚੋਂ ਕਲਮਾ ਆਪ ਪੜ੍ਹਾਵਾਂਗਾ । ਬਣ ਕੇ ਧੁਰ ਦਾ ਇਕ ਅਮਾਮ, ਅਮਲ ਸਭ ਦੇ ਵੇਖ ਵਖਾਵਾਂਗਾ । ਮੁਕਾਮੇ ਹਕ ਹੋ ਮਿਹਰਵਾਨ, ਚੌਦਾਂ ਲੋਕ ਚੌਦਾ ਤਬਕ ਹੁਕਮ ਵਰਤਾਵਾਂਗਾ । ਬਿਨ ਨੇਤਰ ਵੇਖੇ ਜ਼ਿਮੀਂ ਆਸਮਾਨ, ਮੰਡਲ ਮੰਡਪ ਖੋਜ ਖੁਜਾਵਾਂਗਾ । ਧਰਮ ਦਵਾਰੇ ਬਣ ਕੇ ਹੁਕਮਰਾਨ, ਹੁਕਮ ਹਾਕਮਾਂ ਆਪ ਸੁਣਾਵਾਂਗਾ । ਇੱਕੀ ਦਿਵਸ ਦਾ ਖੇਲ ਮਹਾਨ, ਇੱਕੀ ਇੱਕੀਆਂ ਭਾਈ ਤਾਈਂ ਆਪ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ ।

### ✪ ੬ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਰੈਣ ਸਬਾਈ ਰਹੇ ਫਿਰਦੇ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਦਰਸ਼ਨ ਕੀਤੇ ਸਾਚੇ ਪਿਰ ਦੇ, ਪਤਿਪਰਮੇਸ਼ਵਰ ਸੀਸ ਨਿਵਾਈਆ । ਸੁਣੇ ਸੰਦੇਸੇ ਪੂਰਬ ਚਿਰਦੇ, ਅੰਤਰ ਅੰਤਰ ਧਿਆਨ ਰਖਾਈਆ । ਜਨ ਭਗਤਾਂ ਰੱਖੇ ਪ੍ਰਭ ਸਾਚਾ ਬਿਰਦੇ, ਮਿਹਰ ਨਜ਼ਰ ਇਕ ਉਠਾਈਆ । ਜਾਂ ਤੱਕਿਆ ਗੁਰਮੁਖਾਂ ਵਸਿਆ ਹਿਰਦੇ, ਸਚ ਦਵਾਰਾ ਇਕ ਸੁਹਾਈਆ । ਮਾਲਕ ਬਣ ਕੇ ਘਰ ਥਿਰ ਦੇ, ਘਰ ਸਾਚੇ ਦਏ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਰਹੇ ਤੱਕਦੇ, ਦੋ ਜਹਾਨਾਂ ਅੱਖ ਖੁਲ੍ਹਾਈਆ । ਖੇਲ ਵੇਖੀਏ ਪੁਰਖ ਸਮਰਥ ਦੇ, ਸਾਹਿਬ ਸੁਲਤਾਨ ਕੀ ਕੀ ਰਚਨ ਰਚਾਈਆ । ਨਾਅਰੇ ਸੁਣੀਏ ਸਚ ਅਲੱਖ ਦੇ, ਦੋ ਜਹਾਨਾਂ ਵੱਜੇ ਵਧਾਈਆ । ਰਸ ਮਾਣੀਏ ਓਸ ਜਸ ਦੇ, ਜੋ ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਦਰਸ਼ਨ ਪਾਈਏ ਅਗੰਮੀ ਨੇਤਰ ਅੱਖ ਦੇ, ਜੋ ਆਖ਼ਰ ਫ਼ੈਸਲੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰੈਣ ਸਬਾਈ ਫਿਰ ਫਿਰ ਥੱਕੇ, ਭੱਜੇ ਵਾਹੋ ਦਾਹੀਆ । ਖ਼ਾਲੀ ਵੇਖੇ ਮਦੀਨੇ ਮੱਕੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਚਾਰ ਕੁੰਟ ਦਹਿ ਦਿਸ਼ਾ ਪਤ ਕੋਇ ਨਾ ਰੱਖੇ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਲਿਆ ਨੱਠ, ਬਣ ਬਣ ਪਾਂਧੀ ਪੰਧ ਮੁਕਾਈਆ । ਖੋਜ ਖੋਜ ਵੇਖੇ ਅੱਠ ਸੱਠ, ਤੀਰਥ ਤਟ ਫੇਰਾ ਪਾਈਆ । ਜਗਤ ਵਣਜਾਰੇ ਵੇਖੇ ਹੱਟ, ਨਵ ਨੌਂ ਚਾਰ ਪੜਦਾ ਲਾਹੀਆ । ਨੌਂ ਦਵਾਰੇ ਵੇਖੇ ਰਸ, ਕੂੜੀ ਕਿਰਿਆ ਸ੍ਰਿਸ਼ਟ ਹਲਕਾਈਆ । ਜੀਵਾਂ ਜੰਤਾਂ ਵੇਖੀ ਮਤ, ਸਾਧ ਸੰਤ ਰਹੇ ਕੁਰਲਾਈਆ । ਮਿਲੇ ਮੇਲ ਨਾ ਕੋਇ ਪੁਰਖ ਸਮਰਥ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਸਭ ਦਾ ਖੇੜਾ ਹੁੰਦਾ ਦਿਸੇ ਭੱਠ, ਅੱਗੇ ਹੋ ਨਾ ਕੋਇ ਬਚਾਈਆ । ਰਸਨਾ ਜਿਹਵਾ ਬੱਤੀ ਦੰਦ ਮਣਕਿਆਂ ਵਾਲਾ ਨਾਮ ਰਹੇ ਰਟ, ਅੰਤਰ ਆਤਮ ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਿਤਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਰੈਣ ਸਬਾਈ ਫਿਰੇ ਭੱਜੇ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਲੱਭੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਨਾਮ ਪਿਆਲੇ ਪੀ ਕੇ ਰਸ ਮਧੇ, ਮਧੁਰ ਧੁਨ ਰਹੇ ਜਸ ਗਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਕਲਜੁਗ ਤੱਤੀ ਵਾ ਵਗੇ, ਸਾਂਤਕ ਸਤਿ ਨਾ ਕੋਇ ਕਰਾਈਆ । ਮਾਨਸ ਮਨੁੱਖ ਹੋਏ ਹੰਸ ਜੀਵ ਕੱਗੇ, ਸੋਹੰ ਹੰਸਾ ਰੂਪ ਨਾ ਕੋਇ ਵਟਾਈਆ । ਨਾਰੀ ਪੁਰਸ਼ ਵੇਖੇ ਨੰਗੇ, ਧੀਰਜ ਧੀਰ ਸਤਿ ਸੰਤੋਖ ਸਤਿ ਸਤਿਵਾਦ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰੇ ਹੱਥ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀ ਮਾਰ ਕੇ ਨਜ਼ਰ, ਬੇਨਜ਼ੀਰ ਤੇਰੀ ਸਰਨਾਈਆ । ਗੁਰ ਅਵਤਾਰਾਂ ਰਹੀ ਕੋਈ ਨਾ ਕਦਰ, ਮਾਣ ਤਾਣ ਨਾ ਕੋਇ ਵਡਿਆਈਆ । ਗੁਰਮੁਖਾਂ ਪੂਰੀ ਹੋਵੇ ਨਾ ਸਧਰ, ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਕੁੰਟ ਕੂੜੀ ਕਿਰਿਆ ਪਿਆ ਗ਼ਦਰ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਸ਼ਾਹ ਸੁਲਤਾਨ ਕਮਾਵੇ ਕੋਈ ਨਾ ਅਦਲ, ਇਨਸਾਫ਼ ਹੱਥ ਕਿਸੇ ਨਾ ਆਈਆ । ਰੈਣ ਅੰਧੇਰੀ ਘਟਾ ਵੇਖੀ ਬੱਦਲ, ਸੂਰੀਆ ਸਚ ਨਾ ਕੋਇ ਰੁਸ਼ਨਾਈਆ । ਪੌੜੀ ਚੜ੍ਹੇ ਕੋਈ ਨਾ ਮੰਜ਼ਲ, ਦਰਗਾਹ ਸਚ ਨਾ ਕੋਇ ਸਮਾਈਆ । ਮਨ ਵਾਸਨਾ ਕਰੇ ਕੋਈ ਨਾ ਕਤਲ, ਖੰਡਾ ਨਾਮ ਨਾ ਹੱਥ ਉਠਾਈਆ । ਮੁੜ ਕੇ ਜਾਏ ਕੋਈ ਨਾ ਆਪਣੇ ਵਤਨ, ਜਗਤ ਵਿਛੋੜਾ ਪੰਧ ਮੁਕਾਈਆ । ਗੁਰਮੁਖ ਥੋੜੇ ਸੱਜਣ ਸੁਹੇਲੇ ਮੱਲ ਕੇ ਬੈਠੇ ਧੁਰ ਦਾ ਪਤਨ, ਖੇਵਟ ਖੇਟਾ ਇਕੋ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਤੱਕਿਆਂ ਜਲ ਥਲ, ਮਹੀਅਲ

ਖੋਜ ਖੁਜਾਈਆ । ਬਿਨ ਭਗਤਾਂ ਦੀਪਕ ਜੋਤੀ ਕੋਈ ਨਾ ਰਿਹਾ ਬਲ, ਸੁੰਞ ਮਸਾਣ ਦਿਸੀ ਲੋਕਾਈਆ । ਵੇਖ ਕੇ ਆਏ ਡੂੰਘੀ ਡਲ, ਉਜਾੜ ਪਹਾੜ ਸਮੁੰਦ ਸਾਗਰ ਫੋਲ ਫੁਲਾਈਆ । ਉਚੇ ਟਿੱਲੇ ਪਰਬਤ ਵੇਖੇ ਥਲ, ਵਹਿੰਦੀ ਧਾਰ ਖੋਜ ਖੁਜਾਈਆ । ਬਿਨ ਜਨ ਭਗਤਾਂ ਸਾਚਾ ਦਰ ਕੋਈ ਨਾ ਬੈਠਾ ਮੱਲ, ਸਤਿ ਦਵਾਰੇ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਿਤਾ ਦਰਸਾਈਆ । ਰੈਣ ਸਬਾਈ ਰਹੇ ਲੱਭਦੇ, ਨਿਰਗੁਣ ਤੇਰੀ ਖੋਜ ਖੁਜਾਈਆ । ਪੈਂਡੇ ਮੁਕਾਂਦੇ ਰਹੇ ਜਗਤ ਜਹਾਨ ਹੱਦ ਦੇ, ਦੂਰ ਦੁਰਾਡੇ ਨੇੜੇ ਆਈਆ । ਸੰਤ ਸੁਹੇਲੇ ਰਹੇ ਸੱਦਦੇ, ਹੋਕਾ ਨਾਮ ਜਣਾਈਆ । ਵੇਖੋ ਕਲਜੁਗ ਅੰਗਿਆਰੇ ਅੱਗ ਦੇ, ਅਗਨੀ ਤਤ ਤਪਾਈਆ । ਕੂੜੀ ਕਿਰਿਆ ਪਿਆਲੇ ਮਦਿ ਦੇ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਸਚ ਦਵਾਰੇ ਸਜਦੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਆਏ ਭੌਂ, ਹਰਿ ਜੂ ਪਿਛਲਾ ਪੰਧ ਮੁਕਾਈਆ । ਮਾਨਵ ਮਾਨੁਖ ਸਾਰੇ ਰਹੇ ਸੌਂ, ਸੁੱਤਿਆਂ ਰੈਣ ਵਿਹਾਈਆ । ਭਗਤ ਸੁਹੇਲੇ ਤੇਰਾ ਜਪਦੇ ਨਾਉਂ, ਨਿਰੰਕਾਰ ਇਕ ਧਿਆਈਆ । ਅਰਬਾਂ ਖਰਬਾਂ ਵਿਚੋਂ ਥੋੜੇ ਵਸਦੇ ਵੇਖੇ ਗਾਉਂ, ਸਾਢੇ ਤਿੰਨ ਹੱਥ ਨਗਰ ਜਿਥੇ ਤੇਰੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਮੁਕਿਆ ਪੰਧ, ਪਾਂਧੀ ਰਹੇ ਸੁਣਾਈਆ । ਲੱਖ ਚੁਰਾਸੀ ਰਸਨਾ ਜਿਹਵਾ ਕੂੜੀ ਕਿਰਿਆ ਲੱਗਾ ਵੇਖਿਆ ਗੰਦ, ਸੱਚੀ ਧਾਰ ਨਾ ਕੋਇ ਵਹਾਈਆ । ਗੁਰਮੁਖ ਥੋੜੇ ਸੰਤ ਸੁਹੇਲੇ ਜਨ ਭਗਤ ਗੌਂਦੇ ਸੋਹੰ ਛੰਦ, ਸਹਿੰਸਾ ਰੋਗ ਸਰਬ ਚੁਕਾਈਆ । ਜਿਨ੍ਹਾਂ ਦੇ ਅੰਦਰ ਵੇਖਿਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟ ਹੋ ਕੇ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰਾ ਨਜ਼ਰੀ ਆਈਆ । ਰੈਣ ਸਬਾਈ ਰਹੇ ਖੋਜਦੇ, ਖੋਜਤ ਖੋਜਤ ਵੇਖ ਵਖਾਈਆ । ਵੇਖੇ ਨਜ਼ਾਰੇ ਤੇਰੀ ਮੌਜ ਦੇ, ਮਜਲਸ ਭਗਤਾਂ ਨਾਲ ਲਗਾਈਆ । ਲਹਿਣੇ ਚੁਕਾ ਕੇ ਲੋਕ ਪਰਲੋਕ ਦੇ, ਚਰਨ ਕਵਲ ਦਿਤੀ ਸਰਨਾਈਆ । ਪਿਆ ਪਿਆਲੇ ਨਾਮ ਖ਼ੁਮਾਰੀ ਮਦਹੋਸ਼ ਦੇ, ਮਸਤ ਮਸਤਾਨੇ ਦਏ ਬਣਾਈਆ । ਉਹ ਦਰਸ ਤੇਰਾ ਪ੍ਰਭ ਲੋਚਦੇ, ਲੋਚਨ ਨੇਤਰ ਨੈਣ ਅੱਖ ਉਠਾਈਆ । ਜਨ ਭਗਤਾਂ ਲੇਖੇ ਮੁਕੇ ਅਫ਼ਸੋਸ ਦੇ, ਚਿੰਤਾ ਰੋਗ ਗਵਾਈਆ । ਇਕੋ ਦਰਸ਼ਨ ਤੇਰਾ ਲੋਚਦੇ, ਦੂਜੀ ਲੋੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਪਿਛੋਂ ਵੇਖਿਆ ਦਿਵਸ ਚੜ੍ਹਦਾ, ਲੋਕਮਾਤ ਵੱਜੀ ਵਧਾਈਆ । ਭਗਤ ਸੁਹੇਲਾ ਇਕ ਅਕੇਲਾ ਸਚ ਦਵਾਰੇ ਵੇਖਿਆ ਖੜ੍ਹਦਾ, ਬਲਧਾਰੀ ਆਪਣਾ ਬਲ ਧਰਾਈਆ । ਦੋ ਜਹਾਨ ਵੇਖਿਆ ਡਰਦਾ, ਭੈ ਭਉ ਸਿਰ ਰਖਾਈਆ । ਖੇਲ ਵੇਖਿਆ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਿਵਸ ਵੇਖਿਆ ਵੇਲਾ ਸੁਹੰਜਣਾ ਸਾਢੇ ਦਸ, ਦਸਤਗੀਰ ਮਿਲੀ ਵਡਿਆਈਆ । ਸਾਡੀ ਪਲਕ ਨਾ ਖੁਲ੍ਹੀ ਅੱਖ, ਪ੍ਰਤਖ ਰੂਪ ਗੁਸਾਈਂਆ । ਜਨ ਭਗਤਾਂ ਦੇਵਣਹਾਰਾ ਹਕ, ਹਿਕਮਤ ਆਪਣੇ ਹੱਥ ਰਖਾਈਆ । ਜਿਸ ਵਕਤ ਸੁਹੇਲੇ ਭਗਤ ਦਵਾਰੇ ਨੀਂਹ ਦਿਤੀ ਰੱਖ, ਨੀਵਿਆਂ ਉਚੇ ਰਿਹਾ ਬਣਾਈਆ । ਓਸ ਦਾ ਨਿਸ਼ਾਨਾ ਚੜ੍ਹਿਆ ਝੱਟ,

ਫੱਟ ਦੋ ਜਹਾਨ ਲਗਾਈਆ । ਅੱਗੇ ਜਾ ਕੇ ਰਿਹਾ ਦੱਸ, ਜਨ ਭਗਤਾਂ ਆਪ ਜਣਾਈਆ । ਉਠੋ ਵੇਖੋ ਲੋਕਮਾਤ, ਧਰਨੀ ਧਰਤ ਧਵਲ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਪੁਰਖ ਪੁਰਖੋਤਮ ਖੇਲ ਕਰੇ ਸਾਖਿਆਤ, ਬੰਦ ਤਾਕ ਨਾ ਕੋਇ ਰਖਾਈਆ । ਲੇਖਾ ਜਾਣੇ ਭਵਿਖਤ ਵਾਕ, ਵੇਲਾ ਵਕਤ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸਾਢੇ ਦਸ ਵੇਖਿਆ ਨਿਸ਼ਾਨਾ, ਨਿਸ਼ਾ ਸਭ ਦੀ ਰਿਹਾ ਕਰਾਈਆ । ਜਿਸ ਦਾ ਦੇ ਕੇ ਗਿਆ ਬਿਆਨਾ, ਤਿਸ ਦਾ ਹਕ ਝੋਲੀ ਪਾਈਆ । ਲੇਖਾ ਜਾਣ ਸ੍ਰੀ ਭਗਵਾਨਾ, ਭਾਗ ਭਗਤਾਂ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਗੰਮ ਅਥਾਹੀਆ । ਸੱਤ ਰੰਗ ਨਿਸ਼ਾਨਾ ਵੇਖ ਬ੍ਰਹਮ, ਬ੍ਰਹਮਾ ਸੀਸ ਨਿਵਾਈਆ । ਕਰੇ ਖੇਲ ਸ੍ਰੀ ਭਗਵਨ, ਭਗਤਾਂ ਦਏ ਵਡਿਆਈਆ । ਲੱਖ ਚੁਰਾਸੀ ਦੇਵੇ ਡੰਨ, ਬਚਿਆ ਕੋਇ ਰਹਿਣ ਨਾ ਪਾਈਆ । ਸੰਤ ਸੁਹੇਲੇ ਸਾਚੇ ਚੰਨ, ਬਿਨ ਚੰਦ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬੇੜਾ ਬੰਨ੍ਹ, ਬੰਨੇ ਅਗਲੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੋ ਕੇ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਈਆ । ਜਨ ਭਗਤਾਂ ਹੋਇਆ ਆਪ ਦਿਆਲ, ਦੀਨਣ ਗਲੇ ਲਗਾਈਆ । ਸਚ ਦਵਾਰੇ ਵੇਖੀ ਸੱਚੀ ਧਰਮਸਾਲ, ਧਰਮੀ ਇਕੋ ਬੇਪਰਵਾਹੀਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਓਸ ਨੂੰ ਦੱਸੀਏ ਅੱਖੀਂ ਵੇਖਿਆ ਹਾਲ, ਪੜਦਾ ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖਿਆ ਪੋਹ ਛੇ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਲੱਖ ਚੁਰਾਸੀ ਕਾਇਆ ਮਾਟੀ ਸਭ ਦੀ ਦਿਸੇ ਥੇਹ, ਸਚ ਮਨਾਰ ਨਾ ਕੋਇ ਸੁਹਾਈਆ । ਕੋਟਨ ਕੋਟ ਕੋਟਾਂ ਵਿਚੋਂ ਜਨ ਭਗਤਾਂ ਲੱਗਾ ਤੇਰੇ ਨਾਲ ਨੇਂਹਉਂ, ਨਿਉਂ ਨਿਉਂ ਬੈਠਣ ਸੀਸ ਝੁਕਾਈਆ । ਤੈਨੂੰ ਮਾਲਕ ਖ਼ਾਲਕ ਪ੍ਰਿਤਪਾਲਕ ਮੰਨ ਕੇ ਧੁਰ ਦਾ ਪਿਉ, ਪਿਤਾ ਇਕੋ ਇਕ ਬਣਾਈਆ । ਅਸਾਂ ਵੇਖਿਆ ਸਚਖੰਡ ਮਾਰ ਧਿਆਨ ਪਤਾ ਨਹੀਂ ਕਿਸ ਵੇਲੇ ਕਿਥੇ ਗਿਉਂ, ਗਹਿਰ ਗੰਭੀਰ ਆਪਣੀ ਖੇਲ ਖਿਲਾਈਆ । ਸਾਨੂੰ ਗੋਬਿੰਦ ਦੱਸਿਆ ਭਗਤਾਂ ਅੰਦਰ ਰਿਹੋਂ, ਦੂਜਾ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਦੇਣਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਿਵਸ ਦਿਨ ਰਹੇ ਲੱਭਦੇ, ਥਾਨ ਥਨੰਤਰ ਖੋਜ ਖੁਜਾਈਆ । ਬਿਨ ਪੈਰਾਂ ਰਹੇ ਭੱਜਦੇ, ਅਗਲਾ ਪਿਛਲਾ ਪੰਧ ਮੁਕਾਈਆ । ਕੂਕਾਂ ਮਾਰ ਮਾਰ ਰਹੇ ਸੱਦਦੇ, ਹੋਕੇ ਹਕ ਜਣਾਈਆ । ਵਾਹੋ ਦਾਹੀ ਅੱਗੇ ਰਹੇ ਵਧਦੇ, ਬਲ ਆਪਣਾ ਆਪ ਪਰਗਟਾਈਆ । ਜਿਸ ਵੇਲੇ ਵੇਖਿਆ ਭਗਤ ਦਵਾਰਾ ਲੰਘ ਕੇ, ਆਪਣੀ ਅੱਖ ਖੁਲ੍ਹਾਈਆ । ਅਬਿਨਾਸ਼ੀ ਕਰਤਾ ਬੈਠਾ ਕੋਲ ਪਲੰਘ ਦੇ, ਸਾਢੇ ਤਿੰਨ ਹੱਥ ਮੰਦਰ ਇਕ ਸੁਹਾਈਆ । ਜਿਥੇ ਨਾਦ ਅਗੰਮੀ ਵਜਦੇ, ਸ਼ਬਦ ਧੁਨ ਕਰਨ ਸ਼ਨਵਾਈਆ । ਜਨ ਭਗਤ ਸੁਹੇਲੇ ਸੱਜਣ ਉਥੇ ਸਜਦੇ, ਸਜਦਿਆਂ ਵਾਲਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਨਿਧਾਨਾ ਜਪਦੇ, ਜਪ ਜੀਵਣ ਖ਼ੁਸ਼ੀ ਵਖਾਈਆ । ਝਗੜੇ ਛੱਡ ਕੇ ਦੀਨ ਮਜ਼੍ਹਬ ਦੇ, ਮਜਲਸ ਇਕੋ ਰਹੇ ਵਖਾਈਆ । ਕਾਇਆ ਚੋਲੀ ਆਪਣੀ ਰੰਗਦੇ, ਕੂੜੀ ਕਿਰਿਆ ਮੈਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰੀ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ

ਕਹਿਣ ਛੇ ਪੋਹ ਦੀ ਛੇਵੀਂ ਰਾਤ, ਗੋਬਿੰਦ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਜਨ ਭਗਤਾਂ ਦੇਵਣ ਜਾਣਾ ਨਾਮ ਸੁਗਾਤ, ਗਿਆਰਾਂ ਸਦ ਸੌ ਇਕੋ ਵਾਰ ਦਰਸ ਦਿਖਾਈਆ । ਅਗਲੀ ਖ਼ੁਸ਼ੀਆਂ ਵਾਲੀ ਚੜ੍ਹੇ ਪਰਭਾਤ, ਗੁਰਮੁਖ ਪਰਭਾਤੀ ਘਰ ਵੱਜੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੰਡਣ ਜਾਏ ਆਪ ਸੁਗਾਤ, ਸੁਗੰਦ ਖਾ ਕੇ ਗੁਰਮੁਖਾਂ ਝੋਲੀ ਦਏ ਭਰਾਈਆ ।

### ✪ ੭ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਿਆ, ਦੋ ਜਹਾਨ ਬ੍ਰਹਿਮੰਡ ਖੰਡ ਖੋਜ ਖੁਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੂੰ ਭਗਤਾਂ ਅੰਦਰ ਵਸਿਆ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਡੇਰਾ ਲਾਈਆ । ਕਲਜੁਗ ਕੂੜ ਕੁੜਿਆਰ ਮੇਟੀ ਰੈਣ ਅੰਧੇਰੀ ਮੱਸਿਆ, ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਕਰ ਰੁਸ਼ਨਾਈਆ । ਸਚ ਜੈਕਾਰਾ ਬੋਲਿਆ ਇਕ ਅਲੱਖਿਆ, ਧੁਰ ਦਾ ਢੋਲਾ ਸੋਹਲਾ ਰਾਗ ਅਲਾਈਆ । ਸਾਚਾ ਮਾਰਗ ਸਤਿ ਸਤਿਵਾਦੀ ਪਾਰਬ੍ਰਹਮ ਬ੍ਰਹਮ ਏਕਾ ਦੱਸਿਆ, ਅੰਤਰ ਆਤਮ ਪੜਦਾ ਲਾਹੀਆ । ਨਿਜ ਨੇਤਰ ਲੋਚਨ ਨੈਣ ਦਰਸ ਕਰਾਇਆ ਆਪਣੀ ਅੱਖਿਆ, ਦੂਈ ਦਵੈਤੀ ਪੜਦਾ ਆਪ ਉਠਾਈਆ । ਅੰਮ੍ਰਿਤ ਆਤਮ ਰਸ ਨਿਜਰ ਝਿਰਨਾ ਬੂੰਦ ਸਵਾਂਤੀ ਦਿਤੀ ਰਸਿਆ, ਕੂੜ ਕੁੜਿਆਰਾ ਰਸ ਰਹਿਣ ਕੋਇ ਨਾ ਪਾਈਆ । ਨਾਮ ਰੰਗਣ ਪੰਜ ਤਤ ਕਾਇਆ ਚੋਲਾ ਰੰਗਿਆ, ਦੁਰਮਤ ਮੈਲ ਧੁਆਈਆ । ਘਰ ਨਾਦ ਸੁਣਾਇਆ ਸ਼ਬਦ ਅਨਹੱਦਿਆ, ਭੇਵ ਅਭੇਦਾ ਆਪ ਖੁਲ੍ਹਾਈਆ । ਨਾਮ ਖ਼ੁਮਾਰੀ ਰਸ ਚਾੜ੍ਹਿਆ ਮੱਧਿਆ, ਦਿਵਸ ਰੈਣ ਉਤਰ ਕਦੇ ਨਾ ਜਾਈਆ । ਤ੍ਰੈਗੁਣ ਮਾਇਆ ਮੇਟੀ ਅੱਗਿਆ, ਪੰਚਮ ਨਾਤਾ ਮੋਹ ਮੁਕਾਈਆ । ਸਚ ਦਰਬਾਰ ਸੰਤ ਸੁਹੇਲਾ ਸੱਦਿਆ, ਸ਼ਬਦ ਸੁਨੇਹੜਾ ਇਕ ਜਣਾਈਆ । ਧਰਮ ਨਿਸ਼ਾਨਾ ਧੁਰ ਦਾ ਗੱਡਿਆ, ਪੁਰੀ ਲੋਅ ਆਪ ਵਖਾਈਆ । ਸ਼ਾਹ ਸੁਲਤਾਨ ਮਹਿਬੂਬ ਮੁਹੱਬਤ ਵਿਚ ਗੱਜਿਆ, ਨਰ ਨਿਰੰਕਾਰ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਖੇਲੇ ਖੇਲ ਸੂਰਾ ਸਰਬਗਿਆ, ਨਿਰਗੁਣ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਸਚ, ਸਤਿ ਸਤਿਵਾਦੀ ਇਕ ਜਣਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਵੇਖ ਨੱਠ, ਨਵ ਨੌ ਆਪਣਾ ਪੰਧ ਮੁਕਾਈਆ । ਅੰਦਰ ਵੜ ਕੇ ਵੇਖਿਆ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਗ੍ਰਹਿ ਮੰਦਰ ਵੇਖਿਆ ਸ਼ਿਵਦਵਾਲਾ ਮੰਦਰ ਮਸਜਿਦ ਮੱਠ, ਗੁਰੂਦਵਾਰਾ ਪੜਦਾ ਲਾਹੀਆ । ਸ੍ਰਿਸ਼ਟ ਸਬਾਈ ਕੂੜੀ ਕਿਰਿਆ ਜਗਤ ਮਾਇਆ ਰਹੀ ਮੱਚ, ਅਗਨੀ ਤਤ ਨਾ ਕੋਇ ਬੁਝਾਈਆ । ਮਨ ਵਾਸਨਾ ਸਾਰੇ ਰਹੇ ਨੱਚ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਰਸਨਾ ਜਿਹਵਾ ਬੱਤੀ ਦੰਦ ਮਣਕਿਆਂ ਵਾਲੀ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਆਈਆ । ਜਗਤ ਵਣਜਾਰੇ ਖੋਲ੍ਹ ਕੇ ਬੈਠੇ ਹੱਟ, ਹਰਿ ਕਾ ਨਾਮ ਝੋਲੀ ਕੋਇ ਨਾ ਪਾਈਆ । ਬਿਨ ਭਗਤਾਂ ਤੇਰੇ ਮਿਲਣ ਦੀ ਖੁਲ੍ਹੀ ਕਿਸੇ ਨਾ ਅੱਖ, ਪ੍ਰਤਖ ਦਰਸ ਕੋਇ ਨਾ ਪਾਈਆ । ਕਲਜੁਗ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਪੁਰਖ ਅਕਾਲ ਤੇਰੇ ਅੱਗੇ ਜੋੜ ਕੇ ਹੱਥ, ਨਮਸਤੇ ਕਹਿ ਕੇ ਸੀਸ ਝੁਕਾਈਆ । ਤੇਰਾ

੧੧੮੨ ੧੭

ਜੈਕਾਰਾ ਬੋਲ ਕੇ ਅਲੱਖ, ਧੁਰ ਦਾ ਹੋਕਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸੀ ਸਚ ਸਲਾਹ, ਧੁਰ ਦਾ ਹੁਕਮ ਇਕ ਜਣਾਈਆ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਸਦਾ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਜਿਸ ਦੇ ਢੋਲੇ ਰਹੇ ਗਾ, ਗਿਆਨ ਗੀਤਾ ਖਾਣੀ ਬਾਣੀ ਸਿਫ਼ਤ ਸਲਾਹੀਆ । ਜੋ ਆਦਿ ਜੁਗਾਦੀ ਰਹਿਬਰ ਜਲਵਾ ਨੂਰੀ ਇਕ ਖ਼ੁਦਾ, ਮਾਲਕ ਮੁਕਾਮੇ ਹਕ ਇਕ ਅਖਵਾਈਆ । ਜੋ ਸਚਖੰਡ ਦਵਾਰੇ ਸਚ ਸਿੰਘਾਸਣ ਡੇਰਾ ਬੈਠਾ ਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਪਾਈਆ । ਜੋ ਲੇਖਾ ਜਾਨਣਹਾਰਾ ਦੋ ਜਹਾਂ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਹਿਰਦੇ ਭਗਤਾਂ ਅੰਦਰ ਵਸਦਾ, ਦੂਜੇ ਦਰ ਨਜ਼ਰ ਕੋਇ ਨਾ ਆਈਆ । ਪਿਆਰ ਦੇ ਕੇ ਆਪਣੇ ਰਸ ਦਾ, ਰਸਤਾ ਸਾਚਾ ਦਏ ਜਣਾਈਆ । ਜਿਸ ਗ੍ਰਿਹਿ ਮੰਦਰ ਮਹੱਲ ਅਟਲ ਪਰਵਰਦਿਗਾਰ ਵਸਦਾ, ਪਰਮ ਪੁਰਖ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਆਪਣਾ ਖੇਲ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੇ ਜਨ ਭਗਤ, ਭਾਉ ਇਕੋ ਨਜ਼ਰੀ ਆਈਆ । ਨਾਤਾ ਤੋੜ ਕੇ ਸ੍ਰਿਸ਼ਟੀ ਜਗਤ, ਜਗਜੀਵਣ ਦਾਤਾ ਇਕ ਧਿਆਈਆ । ਰਾਹ ਤੱਕ ਕੇ ਅਰਸ਼ ਫ਼ਰਸ਼, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮਾਇਆ ਮਮਤਾ ਮੋਹ ਕਰਕੇ ਤਰਕ, ਆਸਾ ਮਨਸਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਸਭ ਦੇ ਰਿਹਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੇ ਜਨ ਭਗਤ ਧਿਔਂਦੇ, ਅੰਤਰ ਆਤਮ ਇਕ ਆਵਾਜ਼ ਲਗਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਗੌਂਦੇ, ਸੋਹੰ ਸਚ ਪੜ੍ਹਾਈਆ । ਘਰ ਸਵਾਮੀ ਆਪਣਾ ਪੌਂਦੇ, ਬਾਹਰ ਖੋਜਣ ਕੋਇ ਨਾ ਜਾਈਆ । ਸਚ ਸਰੋਵਰ ਅੰਤਰ ਤੀਰਥ ਨਹੌਂਦੇ, ਦੁਰਮਤ ਮੈਲ ਧੁਆਈਆ । ਅਨਹਦ ਰਾਗੀ ਰਾਗ ਸੁਣੌਂਦੇ, ਅਗੰਮੀ ਸੁਰ ਤਾਲ ਵਜਾਈਆ । ਨਿਜ ਘਰ ਨਿਜ ਨੇਤਰ ਹਰਿ ਸਤਿਗੁਰ ਦਰਸ਼ਨ ਪੌਂਦੇ, ਸਚ ਸਰੂਪੀ ਨਜ਼ਰੀ ਆਈਆ । ਦੋਏ ਜੋੜ ਚਰਨ ਕਵਲ ਸੀਸ ਝੁਕੌਂਦੇ, ਬੰਦਨਾ ਕਹਿ ਕਹਿ ਸ਼ੁਕਰ ਮਨਾਈਆ । ਵੇਲਾ ਵਕਤ ਮਾਤ ਸੁਹੌਂਦੇ, ਘੜੀ ਸੁਹੰਜਣੀ ਮਿਲੀ ਵਡਿਆਈਆ । ਦਿਨੇ ਜਾਗਦਿਆਂ ਰਾਤੀ ਸੁੱਤਿਆਂ ਆਸਾ ਮਨਸਾ ਇਕ ਰਖੌਂਦੇ, ਦੂਜੀ ਤ੍ਰਿਖਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਗਿਆਰਾਂ ਸੌ ਵੇਖਿਆ ਰਾਤੀਂ, ਰੰਗ ਰੰਤੜਾ ਦਏ ਵਡਿਆਈਆ । ਜਿਨ੍ਹਾਂ ਦੇ ਅੰਦਰ ਮਾਰ ਕੇ ਝਾਤੀ, ਝਾਕੀ ਆਪਣੀ ਦਿਤੀ ਵਖਾਈਆ । ਨਾਮ ਸੁਨੇਹੜਾ ਦੇ ਕੇ ਗਾਥੀ, ਸਾਚਾ ਸੋਹਲਾ ਦਿਤਾ ਜਣਾਈਆ । ਕਰ ਪਰਕਾਸ਼ ਬਿਨ ਦੀਆ ਬਾਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਪਿਆਲਾ ਦਿਤਾ ਬਣ ਕੇ ਸਾਕੀ, ਸਗਲੀ ਚਿੰਤ ਗਵਾਈਆ । ਮਨ ਮਨੂਆ ਨਾ ਰਹੇ ਆਕੀ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਘਰ ਵਿਚ ਘਰ ਵਖਾਈ ਸਚ ਪਰਭਾਤੀ, ਪ੍ਰਭ ਆਪਣਾ ਮੇਲ ਮਿਲਾਈਆ । ਚਾਰ ਜੁਗ ਦੀ ਸੱਚੀ ਸਾਖੀ, ਸਾਹਿਬ ਸਵਾਮੀ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਭਗਤ ਸੁਹੇਲੇ, ਕੋਟਨ ਕੋਟਾਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ

ਦੇ ਅੰਤਰ ਆਤਮ ਪਰਮਾਤਮ ਨਾਲ ਮੇਲੇ, ਬਾਹਰੋਂ ਕਰਨ ਨਾ ਕੋਇ ਪੜ੍ਹਾਈਆ । ਇਕੇ ਮੰਦਰ ਅੰਦਰ ਵਸਣ ਗੁਰੂ ਗੁਰ ਚੇਲੇ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਵੇਖੇ ਕਰਦੇ ਧਿਆਨ, ਚਰਨ ਕਵਲ ਕਵਲ ਸਰਨਾਈਆ । ਸਾਚਾ ਤੱਕਦੇ ਉਹ ਨਿਸ਼ਾਨ, ਜਿਸ ਦਾ ਮਾਲਕ ਬੇਪਰਵਾਹੀਆ । ਨਿਜ ਨੇਤਰ ਦਰਸ਼ਨ ਆਪਣੇ ਪਾਣ, ਕੂੜੀ ਕਿਰਿਆ ਰਿਹਾ ਮਿਟਾਈਆ । ਨਾਤਾ ਤੋੜ ਕੇ ਕੂੜ ਜਹਾਨ, ਪ੍ਰੀਤੀ ਪ੍ਰੀਤਮ ਸਚ ਕਮਾਈਆ । ਚਰਨ ਧੂੜ ਕਰ ਇਸ਼ਨਾਨ, ਦੁਰਮਤ ਮੈਲ ਧੁਆਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗਾਣ, ਖ਼ੁਸ਼ੀਆਂ ਆਪਣਾ ਰੰਗ ਰੰਗਾਈਆ । ਅਸੀਂ ਵੇਖ ਕੇ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਕਲਜੁਗ ਜੀਵ ਭੁੱਲੇ ਵੇਖੇ ਸਰਬ ਨਾਦਾਨ, ਗੁਰ ਕਾ ਭੈ ਨਾ ਕੋਇ ਜਣਾਈਆ । ਭਗਤ ਸੁਹੇਲੇ ਵੇਖੇ ਜੋ ਨਿਉਂ ਨਿਉਂ ਮੰਗਣ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਤੂੰ ਸਾਹਿਬ ਸਵਾਮੀ ਸਖ਼ੀਆਂ ਵਾਲਾ ਕਾਹਨ, ਬੰਸਰੀ ਸਾਚਾ ਨਾਮ ਸੁਣਾਈਆ । ਤੂੰ ਸਾਖਿਆਤ ਸੀਤਾ ਵਾਲਾ ਸਈਆ ਰਾਮ, ਰਮਈਆ ਹਰ ਘਟ ਨਜ਼ਰੀ ਆਈਆ । ਤੂੰ ਪੈਗ਼ੰਬਰਾਂ ਸੁਨਾਵਣਹਾਰਾ ਪੈਗ਼ਾਮ, ਕਲਮਾ ਅਗੰਮ ਅਥਾਹ ਜਣਾਈਆ । ਤੂੰ ਨਿਰਗੁਣ ਸਰਗੁਣ ਝੁਲਾਵਣਹਾਰ ਨਿਸ਼ਾਨ, ਨਾਨਕ ਗੋਬਿੰਦ ਭੇਵ ਖੁਲ੍ਹਾਈਆ । ਤੂੰ ਸਾਹਿਬ ਸਵਾਮੀ ਬਣ ਕੇ ਹੁਕਮਰਾਨ, ਧੁਰ ਦਾ ਹੁਕਮ ਇਕ ਮਨਾਈਆ । ਲੱਖ ਚੁਰਾਸੀ ਦੇਵਣਹਾਰ ਗਿਆਨ, ਬੋਧ ਅਗਾਧ ਕਰੇਂ ਪੜ੍ਹਾਈਆ । ਜਨ ਭਗਤਾਂ ਬਖ਼ਸ਼ਣਹਾਰਾ ਚਰਨ ਧਿਆਨ, ਚਰਨ ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੇ ਜਨ ਭਗਤ ਮੰਗਦੇ, ਸਚ ਦਵਾਰ ਅਲਖ ਜਗਾਈਆ । ਸਾਚੀ ਝੋਲੀ ਕਾਇਆ ਰੰਗਦੇ, ਰੰਗ ਮਜੀਠੀ ਇਕ ਚੜ੍ਹਾਈਆ । ਰਸ ਦੇ ਅਗੰਮੀ ਅਨੰਦ ਦੇ, ਨਿਜਾਨੰਦ ਵੱਜੇ ਵਧਾਈਆ । ਜਨਮ ਕਰਮ ਦੀ ਟੁੱਟੀ ਪ੍ਰਭ ਆਪਣੇ ਨਾਲ ਗੰਢ ਦੇ, ਏਥੇ ਓਥੇ ਅੱਗੇ ਨਾ ਹੋਵੇ ਜੁਦਾਈਆ । ਅਸੀਂ ਤੇਰਾ ਢੋਲਾ ਸੋਹਲਾ ਇਕੋ ਮੰਗਦੇ, ਸ਼ਬਦ ਅਨਾਦੀ ਦੇ ਦ੍ਰਿੜਾਈਆ । ਝਗੜੇ ਮੁਕ ਜਾਣ ਵਿਛੋੜੇ ਰੰਡ ਦੇ, ਕੰਤ ਸੁਹਾਗੀ ਇਕ ਹੰਢਾਈਆ । ਰਾਗ ਮੁਕ ਜਾਣ ਸਤਾਰ ਤੰਦ ਦੇ, ਇਕੋ ਤੂੰ ਹੀ ਤੂੰ ਹੀ ਨਜ਼ਰੀ ਆਈਆ । ਪੜਦੇ ਲਾਹ ਦੇ ਅੰਧੇਰੇ ਅੰਧ ਦੇ, ਨਿਜ ਨੇਤਰ ਹੋਵੇ ਰੁਸ਼ਨਾਈਆ । ਝਗੜੇ ਮੁਕਾ ਦੇ ਸੂਰਜ ਚੰਦ ਦੇ, ਜੋਤ ਨਿਰੰਜਣ ਡਗਮਗਾਈਆ । ਲੇਖੇ ਛੁਟ ਜਾਣ ਅਗਲੇ ਪੰਧ ਦੇ, ਮੰਜ਼ਲ ਅਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਵੇਖ ਕੇ ਆਏ ਅੱਖੀਆਂ, ਆਖ਼ਰ ਆਪਣਾ ਪੰਧ ਮੁਕਾਈਆ । ਤੇਰੇ ਭਗਤ ਸੁਹੇਲੇ ਸਾਚੀ ਸਖ਼ੀਆਂ, ਦਿਵਸ ਰੈਣ ਤੇਰਾ ਰਾਹ ਤਕਾਈਆ । ਕਾਇਆ ਮੰਦਰ ਅੰਦਰ ਵੜਕੇ ਛੱਡ ਗਏ ਜਗਾਉਂਣੀਆ ਬੱਤੀਆਂ, ਇਕੋ ਤੇਰਾ ਨੂਰ ਨਜ਼ਰੀ ਆਈਆ । ਤੂੰ ਸਾਹਿਬ ਸਵਾਮੀ ਮਾਲਕ ਧੁਰ ਦਾ ਪਤੀ ਪਤੀਆ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਪੈਜਾਂ ਰੱਖੀਆਂ, ਨਿਰਗੁਣ ਸਰਗੁਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤਾਂ ਅੰਦਰ ਇਕੋ ਆਸ, ਪ੍ਰਭ ਮਿਲਣ ਦੀ ਸਦਾ ਤਕਾਈਆ । ਕਿਰਪਾ ਨਿਧਾਨ ਮੇਟ ਦੇ ਅੰਤ ਪਿਆਸ, ਤ੍ਰਿਸਨਾ ਰਹੇ ਨਾ ਰਾਈਆ । ਅੰਦਰ ਵੜਕੇ ਹੋ ਸਾਥ, ਧੁਰ ਦਾ ਸੰਗ ਨਿਭਾਈਆ ।

ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਬਣ ਜਾਏ ਪਾਠ, ਸਿਮਰਨ ਪੂਜਾ ਜੋਗ ਅਭਿਆਸ ਤੇਰਾ ਚਰਨ ਨਜ਼ਰੀ ਆਈਆ । ਮੰਜ਼ਲ ਪੌੜੀ ਪੰਧ ਮੁਕ ਜਾਏ ਅਗਲੇ ਘਾਟ, ਵਾਟ ਨੇੜੇ ਦੇ ਵਖਾਈਆ । ਜਨ ਭਗਤ ਸੁਹੇਲੇ ਤੇਰੀ ਰਖਦੇ ਯਾਦ, ਦਿਵਸ ਰੈਣ ਧਿਆਨ ਲਗਾਈਆ । ਉਨ੍ਹਾਂ ਮਾਰ ਆਪਣੀ ਆਵਾਜ਼, ਕਲਜੁਗ ਸੁਤਿਆਂ ਲਏ ਜਗਾਈਆ । ਅੰਦਰ ਵੜ ਕੇ ਖੋਲ੍ਹ ਰਾਜ਼, ਪੜਦਾ ਓਹਲਾ ਮੇਟ ਮਿਟਾਈਆ । ਸਾਚਾ ਦੱਸਦੇ ਇਕ ਸਮਾਜ, ਜਿਸ ਦੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਤੇਰੇ ਭਗਤ ਸੁਹੇਲੇ ਵੇਖੇ ਗੁਣਵੰਤ, ਵੱਜੇ ਸਚ ਵਧਾਈਆ । ਉਹ ਸੰਤਾਂ ਵਿਚੋਂ ਸਾਚੇ ਸੰਤ, ਜੋ ਸਤਿ ਪੁਰਖ ਨਿਰੰਜਣ ਤੇਰੀ ਆਸ ਤਕਾਈਆ । ਤੂੰ ਉਹਨਾਂ ਬਣ ਕੇ ਧੁਰ ਦਾ ਕੰਤ, ਸਦ ਦੇਣੀ ਮਾਣ ਵਡਿਆਈਆ । ਹਉਂ ਜਾਚਕ ਦਰ ਤੇ ਮੰਗਤ, ਭਿਖਾਰੀ ਝੋਲੀ ਡਾਹੀਆ । ਤੂੰ ਬੋਧ ਅਗਾਧਾ ਧੁਰ ਦਾ ਪੰਡਤ, ਚੌਦਾਂ ਵਿਦਿਆ ਸਮਝ ਨਾ ਰਾਈਆ । ਤੇਰਾ ਲੇਖਾ ਜੇਰਜ ਅੰਡਜ, ਉਤਭੁਜ ਸੇਤਜ ਰਿਹਾ ਸਮਾਈਆ । ਸਚ ਦਵਾਰਾ ਤੇਰਾ ਆਏ ਮੰਗਤ, ਵਸਤ ਅਮੋਲਕ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੇ ਭਗਤ ਜਨ ਸੁੱਤੇ, ਖਟੀਆ ਸੋਹਣੀ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਜੋ ਉਹਨਾਂ ਜਾ ਕੇ ਪੁਛੇ, ਜਿਨ੍ਹਾਂ ਅੱਗਾ ਪਿਛਾ ਰਿਹਾ ਕੋਇ ਨਾ ਰਾਈਆ । ਆਪਣੇ ਕਰਮ ਧਰਮ ਜਨਮ ਲੇਖ ਪ੍ਰਭ ਦੀ ਝੋਲੀ ਸੁੱਟੇ, ਕਿਰਿਆ ਕਾਂਡ ਨਾ ਕੋਇ ਵਰਤਾਈਆ । ਇਕੋ ਵਾਰ ਹਰਿ ਨਿਰੰਕਾਰ ਸ੍ਰੀ ਭਗਵਾਨ ਸੀਸ ਝੁਕੇ, ਦੂਜੀ ਵਾਰ ਪਰੇ ਨਾ ਕੋਇ ਹਟਾਈਆ । ਤਿਨ੍ਹਾਂ ਦੇ ਕਲਜੁਗ ਅੰਤਮ ਪੈਂਡੇ ਵੇਖੇ ਮੁਕੇ, ਪਾਂਧੀ ਰਹੇ ਖ਼ੁਸ਼ੀ ਮਨਾਈਆ । ਸੰਤ ਸੁਹੇਲੇ ਸੁੱਚਿਆਂ ਨਾਲੋਂ ਸੁੱਚੇ, ਮਾਣਕਾਂ ਨਾਲੋਂ ਮਾਣਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਭਗਤਾਂ ਵੇਖਿਆ ਓਹਲਾ, ਕਾਇਆ ਮਾਟੀ ਪੜਦਾ ਪਾਈਆ । ਅੰਤਰ ਤੇਰੇ ਪ੍ਰੇਮ ਦਾ ਬੋਲਾ, ਅਨਬੋਲਤ ਰਹੇ ਜਣਾਈਆ । ਜੋ ਗਾਵਣ ਸੋਹੰ ਢੋਲਾ, ਤੂੰ ਮੇਰਾ ਮੈਂ ਤੇਰਾ ਹੋਵੇ ਨਾ ਕਦੇ ਜੁਦਾਈਆ । ਓਥੇ ਸ਼ਬਦ ਗੁਰੂ ਗੁਰਦੇਵ ਸਵਾਮੀ ਬਣੇ ਵਿਚੋਲਾ, ਜੁਗ ਵਿਛੜਿਆਂ ਲਏ ਮਨਾਈਆ । ਬਿਨ ਹਰਿ ਭਗਤਾਂ ਸ੍ਰਿਸ਼ਟੀ ਦ੍ਰਿਸ਼ਟੀ ਜਗਤ ਵਾਸਨਾ ਪੌਂਦੀ ਵੇਖੀ ਰੌਲਾ, ਹਾਹਾਕਾਰ ਸੁਣਾਈਆ । ਤੇਰਾ ਭਗਤ ਸੁਹੇਲਾ ਨਾਤਾ ਤੋੜ ਕੇ ਸਵਰਗ ਬਹਿਸ਼ਤੀ, ਇਕੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਆਣ ਅਗਲੀ ਰੈਣ, ਸਪਤਮ ਪੋਹ ਮਿਲੇ ਵਡਿਆਈਆ । ਜਨ ਭਗਤਾਂ ਹਰਿ ਦਰਸ਼ਨ ਜਾਵੇ ਦੇਣ, ਦੂਰ ਦੁਰਾਡਾ ਪੰਧ ਮੁਕਾਈਆ । ਆਪਣਾ ਨਾਮ ਸੰਦੇਸ਼ਾ ਜਾਏ ਕਹਿਣ, ਸ਼ਬਦੀ ਆਵਾਜ਼ ਲਗਾਈਆ । ਪੜਦਾ ਲਾਹ ਕੇ ਅੰਤਰ ਨੈਣ, ਲੋਚਨ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆਈ ਰੁਤੜੀ, ਭਿੰਨੜੀ ਰੈਣ ਰਹੀ ਜਸ ਗਾਈਆ । ਜਿਸ ਦਾ ਲੇਖਾ ਪਿਤਾ ਪੁੱਤਰੀ, ਸੋ ਵੇਖਣਹਾਰਾ ਬਣਿਆ ਆਪ ਗੁਸਾਈਆ । ਜਿਸ ਦੇ ਕੋਲੋਂ ਕਦੇ ਨਾ ਹੋਵੇ ਨਾਸ਼ੁਕਰੀ, ਜਨ ਭਗਤਾਂ ਦਏ ਵਡਿਆਈਆ । ਉਹ ਲੇਖਾ ਜਾਣੇ ਪੱਛਮ ਦੱਖਣ ਪੂਰਬ ਉੱਤਰੀ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਚੁਕਾਈਆ । ਜਨ ਭਗਤ ਸੁਹੇਲੇ


੧੧੮੪ ੧੭

ਗੌਂਦੇ ਵੇਖੀਏ ਅੰਤਰ ਗੀਤ, ਗਹਿਰ ਗੰਭੀਰ ਤੇਰਾ ਨਾਮ ਧਿਆਈਆ । ਸਾਢੇ ਤਿੰਨ ਹੱਥ ਕਾਇਆ ਕਾਅਬਾ ਬਣ ਕੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਗੁਰੂਦਵਾਰ ਇਕ ਸੁਹਾਈਆ । ਨਾਤਾ ਤੋੜ ਕੇ ਊਚ ਨੀਚ, ਰਾਓ ਰੰਕਾਂ ਡੇਰਾ ਢਾਹੀਆ । ਮਨ ਮਨੂਆ ਕਰਕੇ ਠਾਂਡਾ ਸੀਤ, ਸੁਰਤੀ ਸ਼ਬਦ ਨਾਲ ਮਿਲਾਈਆ । ਸੱਜਣ ਹੋ ਕੇ ਵਸੀਂ ਚੀਤ, ਜਗਤ ਠਗੌਰੀ ਨਾ ਕੋਇ ਵਖਾਈਆ । ਸਚ ਦਵਾਰੇ ਬੈਠਾ ਰਹੀਂ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਸਾਡਾ ਲੇਖਾ ਮੁੱਕਿਆ ਕਲਮਾ ਹਦੀਸ, ਰਾਗ ਛਤੀਸ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੇ ਤੇਰੇ ਭਗਤ ਸਾਥੀ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦੀ ਮਿਲ ਗਈ ਤੇਰੇ ਨਾਲ ਜ਼ਾਤੀ, ਦੂਜੀ ਜ਼ਾਤ ਨਾ ਕੋਇ ਬਣਾਈਆ । ਉਹ ਅੱਠੇ ਪਹਿਰ ਤੇਰੇ ਨਾਮ ਦੀ ਸਮਝਣ ਇਕ ਪਰਭਾਤੀ, ਸੰਧਿਆ ਰੂਪ ਨਾ ਕੋਇ ਵਖਾਈਆ । ਜਿਨ੍ਹਾਂ ਤੀਰ ਨਿਰਾਲਾ ਲੱਗਾ ਕਾਤੀ, ਸੋ ਅੱਖਰਾਂ ਵਾਲਾ ਕਲਮਾ ਗਏ ਭੁਲਾਈਆ । ਉਨ੍ਹਾਂ ਤੁਟ ਗਈ ਬਜਰ ਕਪਾਟੀ, ਪੜਦਾ ਓਹਲਾ ਰਹੇ ਨਾ ਰਾਈਆ । ਉਹ ਸਾਚੀ ਦਰਗਾਹ ਦੇ ਬਣ ਗਏ ਹਕੀਕਤ ਵਾਲੇ ਨਿਮਾਜ਼ੀ, ਵੁਜ਼ੂ ਹਕ ਇਕੋ ਵਾਰ ਕਰਾਈਆ । ਜਿਨ੍ਹਾਂ ਦਾ ਮੇਲ ਮਿਲਿਆ ਤੇਰੇ ਨਾਲ ਇਤਫ਼ਾਕੀ, ਸੋ ਫ਼ਿਕਰਾ ਢੋਲਾ ਤੇਰਾ ਨਾਮ ਗਾਈਆ । ਤੇਰਾ ਦਰਸ਼ਨ ਪਾ ਕੇ ਸਾਂਝੇ ਯਾਰ ਬਦਲ ਜਾਏ ਹਯਾਤੀ, ਜੀਵਣ ਜੀਵਣ ਵਿਚੋਂ ਪਰਗਟਾਈਆ । ਤੇਰਾ ਖੇਲ ਵੇਖ ਪੁਰਖ ਅਬਿਨਾਸ਼ੀ, ਗੁਰ ਅਵਤਾਰ ਪੈਗ਼ੰਬਰ ਸਾਰੇ ਖ਼ੁਸ਼ੀ ਮਨਾਈਆ । ਧੰਨ ਵਡਿਆਈ ਜੇ ਲਹਿਣਾ ਦੇਣਾ ਸਭ ਦਾ ਦੇਵੇਂ ਬਾਕੀ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਾਚਾ ਸੰਗ ਰਖਾਈਆ । ਧੁਰ ਦਾ ਸੰਗ ਰੱਖਿਆ ਜਨ ਭਗਤਾਂ ਆਪ, ਪ੍ਰਭ ਆਪਣੀ ਦਏ ਵਡਿਆਈਆ । ਦੁਰਮਤ ਮੈਲ ਕਲੇਵਰ ਧੋ ਕੇ ਪਾਪ, ਪਤਤ ਪੁਨੀਤ ਦਏ ਬਣਾਈਆ । ਸਤਿ ਸਤਿਵਾਦੀ ਜਪਾ ਕੇ ਸੱਚਾ ਜਾਪ, ਜੀਵਣ ਜੁਗਤ ਦਏ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਸਤਿ ਸਚ ਰਹੇ ਆਖ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਤੇਰੇ ਚਰਨ ਕਵਲ ਪੈਂਦੀ ਵੇਖੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੇਣਾ ਇਕ ਘਰ, ਜਿਸ ਗ੍ਰਿਹਿ ਇਕੋ ਤੂ ਹੀ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਤੇਰਾ ਵਰ, ਵਰ ਦਾਤੇ ਤੇਰੀ ਬੇਪਰਵਾਹੀਆ ।



### ✪ ੮ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀ ਪ੍ਰਭ ਦੁਨੀ, ਸ੍ਰਿਸ਼ਟ ਸਬਾਈ ਖੋਜ ਖੁਜਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਜਗਤ ਸੰਤ ਵੇਖੇ ਮੁਨੀ, ਸੁੰਨੀ ਘਰ ਘਰ ਖੋਜ ਖੁਜਾਈਆ । ਵੇਦ ਵੇਦਾਂਤੀ ਸ਼ਰਅ ਸ਼ਰਾਇਤੀ ਜਗਤ ਵਿਦਿਆ ਵੇਖੇ ਗੁਣੀ, ਸ਼ਾਸਤਰ ਸਿਮਰਤ ਵੇਦ ਫੋਲ ਫੁਲਾਈਆ । ਕੋਟਨ ਕੋਟਾਂ ਵਿਚੋਂ ਜਨ ਭਗਤ ਸੁਹੇਲੇ ਤੇਰੀ ਧੁਨ ਸੁਣੀ, ਅੰਤਰ ਆਤਮ ਹੁਕਮ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਖ਼ਾਲੀ ਵੇਖੀ ਦ੍ਰਿਸ਼ਟੀ ਕੁੰਨੀ, ਵਸਤ ਸਚ ਨਾ ਕੋਇ ਟਿਕਾਈਆ । ਨਿਰਤ ਸੁਰਤ ਸਾਧ ਸੰਤ ਨਾ ਕਿਸੇ ਖੁਲ੍ਹੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਭਾਗ ਲੱਗਾ

ਵੇਖਿਆ ਨਾ ਕਿਸੇ ਕੁੱਲੀ, ਮਹੱਲ ਅਟਲ ਨਾ ਕੋਇ ਸੁਹਾਈਆ । ਅੰਮ੍ਰਿਤ ਰਸ ਨਾ ਵੇਖਿਆ ਚੁਲੀ, ਸਰ ਸਰੋਵਰ ਰੋਵਣ ਮਾਰਨ ਧਾਈਆ । ਕੂੜ ਕੁੜਿਆਰ ਅੰਧੇਰੀ ਝੁੱਲੀ, ਠੰਡੀ ਪਵਣ ਨਾ ਕੋਇ ਵਖਾਈਆ । ਤੇਰਾ ਨਾਂ ਰਟਦੇ ਵੇਖੇ ਬੁੱਲੀਂ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਗੁਰਮੁਖ ਸੱਜਣ ਵੇਖੇ ਜੋ ਪ੍ਰੇਮ ਪ੍ਰੀਤੀ ਅੰਦਰ ਘੋਲ ਘੁਲੀ, ਆਪਾ ਵਾਰ ਖ਼ੁਸ਼ੀ ਮਨਾਈਆ । ਉਨ੍ਹਾਂ ਵਸਤ ਦੇ ਅਨਮੁੱਲੀ, ਅਨਡਿਠੜੀ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀ ਕਾਇਨਾਤ, ਚਾਰੋਂ ਕੁੰਟ ਧਿਆਨ ਲਗਾਈਆ । ਕਾਇਆ ਤਨ ਵੱਜੇ ਨਾ ਕੋਇ ਰਬਾਬ, ਸਤਿ ਸਤਾਰ ਨਾ ਕੋਇ ਹਿਲਾਈਆ । ਸਾਚਾ ਮਿਲੇ ਨਾ ਕੋਈ ਅਹਿਬਾਬ, ਮੁਹੱਬਤ ਹਕ ਨਾ ਕੋਇ ਕਮਾਈਆ । ਜਗਤ ਵਾਸਨਾ ਵੇਖੇ ਸ਼ਾਹ ਨਵਾਬ, ਕੂੜੀ ਨੌਬਤ ਰਹੇ ਵਜਾਈਆ । ਸੱਜਦੇ ਵਿਚ ਕਰੇ ਨਾ ਕੋਇ ਆਦਾਬ, ਧੂੜੀ ਖ਼ਾਕ ਨਾ ਕੋਇ ਰਮਾਈਆ । ਸਾਚੇ ਅਸਵ ਚੜ੍ਹੇ ਨਾ ਕੋਇ ਮਾਰ ਪਲਾਕ, ਸ਼ਾਹ ਸਵਾਰਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਸਾਰੇ ਹੋਏ ਉਦਾਸ, ਹੈਰਾਨੀ ਘਰ ਘਰ ਡੇਰਾ ਲਾਈਆ । ਸਚ ਮਿਲੇ ਨਾ ਕੋਇ ਖ਼ਤਾਬ, ਖ਼ਿੱਲਤ ਨਜ਼ਰ ਕੋਇ ਨਾ ਆਈਆ । ਹੁਜਰਾ ਸੋਹੇ ਨਾ ਕੋਇ ਮਹਿਰਾਬ, ਮਹਿਬੂਬ ਅੰਗ ਨਾ ਕੋਇ ਲਗਾਈਆ । ਨਜ਼ਰੀ ਆਏ ਨਾ ਰਸੂਲ ਪਾਕ, ਪੜਦਾ ਦੂਈ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਤੇਰੇ ਦਰ ਰਹੀਏ ਮੁਸ਼ਤਾਕ, ਮੁਸ਼ਕਲ ਅਗਲੀ ਹੱਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖਿਆ ਸਾਰਾ ਜਗਤ, ਜਗਜੀਵਣ ਦਾਤੇ ਤੇਰੀ ਓਟ ਤਕਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਭਗਤ, ਜੋ ਭਗਵਨ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਧੁਰ ਦਾ ਬੈਠਾ ਸਾਚੇ ਤਖ਼ਤ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਬੀਸ ਇਕੀਸੇ ਸਭ ਨੂੰ ਪਿਆ ਵਖ਼ਤ, ਭਾਰ ਸਕੇ ਨਾ ਕੋਇ ਉਠਾਈਆ । ਮਾਤ ਗਰਭ ਜੋ ਉਲਟੇ ਹੋਏ ਦਰਖ਼ਤ, ਨਵ ਦਸ ਅਗਨ ਤਪਾਈਆ । ਪ੍ਰੀਤਮ ਨਿਭੇ ਕੋਈ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਕਰਨ ਬੇਨੰਤੀ ਜੋੜ ਕੇ ਹਾਥ, ਡੰਡਾਵਤ ਇਕ ਸਰਨਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਤੇਰੀ ਇਕ ਸਰਨਾਈਆ । ਚਾਰ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਬਿਨ ਭਗਤਾਂ ਸਾਚੀ ਦਿਸੇ ਨਾ ਕੋਇ ਜਮਾਤ, ਇਕੋ ਨਾਮ ਨਾ ਕੋਇ ਧਿਆਈਆ । ਅਸੀਂ ਲੇਖਾ ਲਿਖ ਕੇ ਆਏ ਨਾਲ ਕਲਮ ਦਵਾਤ, ਕਾਗ਼ਜ਼ ਕਲਮ ਸ਼ਾਹੀ ਵੰਡ ਵੰਡਾਈਆ । ਕਲਜੁਗ ਅੰਤਮ ਖੇਲੇ ਖੇਲ ਜਗਤ ਤਮਾਸ਼, ਬੇਪਰਵਾਹ ਵੇਸ ਵਟਾਈਆ । ਜਨ ਭਗਤਾਂ ਸੂਫ਼ੀਆਂ ਪੂਰੀ ਕਰੇ ਆਸ, ਨਿਰਾਸਾ ਦਏ ਗਵਾਈਆ । ਅੰਤਰ ਆਤਮ ਕਰ ਮਿਲਾਪ, ਦੂਈ ਵਿਛੋੜਾ ਦਏ ਮਿਟਾਈਆ । ਪਾਰਬ੍ਰਹਮ ਬ੍ਰਹਮ ਨਾਤਾ ਜੋੜ ਕੇ ਪਿਤਾ ਮਾਤ, ਸੁਤ ਦੁਲਾਰੇ ਗੋਦ ਉਠਾਈਆ । ਚਰਨ ਪ੍ਰੀਤੀ ਸੱਚਾ ਨਾਤ, ਸੱਜਣ ਇਕ ਅਖਵਾਈਆ । ਆਤਮ ਸੇਜਾ ਸੋਹੇ ਘਾਟ, ਖਾਟ ਸੁਹੰਜਣੀ ਦਏ ਵਡਿਆਈਆ । ਪੂਰਬ ਜਨਮ ਦੀ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜਨ ਭਗਤਾਂ ਸੁਣ ਫ਼ਰਿਆਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਵੇਖੀ ਸ੍ਰਿਸ਼ਟੀ ਖੋਟੀ, ਕਲਜੁਗ ਅੰਤਮ ਨਜ਼ਰੀ ਆਈਆ । ਘਰ ਪਰਕਾਸ਼ ਜਗੇ ਕੋਈ ਨਾ ਜੋਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮੰਜ਼ਲ ਵੇਖੇ ਕੋਈ ਨਾ ਚੋਟੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਤੇਰਾ ਬਣੇ ਕੋਇ


੧੧੮੬
੧੭

੧੧੮੭
੧੭

ਨਾ ਗੋਤੀ, ਜ਼ਾਤ ਪਾਤ ਵਰਨ ਬਰਨ ਖਹਿੜਾ ਨਾ ਕੋਇ ਛੁਡਾਈਆ । ਤੇਰਾ ਢੋਲਾ ਨਾ ਗਾਏ ਸਲੋਕੀ, ਮੇਰਾ ਤੇਰਾ ਨਾਦ ਵਜਾਈਆ । ਅਸੀਂ ਹੋਕਾ ਦੇ ਕੇ ਆਏ ਮਾਤਲੋਕੀ, ਚਾਰ ਕੁੰਟ ਜਣਾਈਆ । ਕਲਜੁਗ ਅੰਤਮ ਘਾਟੀ ਆਵੇ ਔਖੀ, ਬਿਨ ਪੁਰਖ ਅਕਾਲ ਚੜ੍ਹਨ ਕੋਇ ਨਾ ਪਾਈਆ । ਸਾਥ ਦੇਵੇ ਕੋਈ ਨਾ ਪੋਥੀ, ਪੁਸਤਕ ਪਾਰ ਨਾ ਕੋਇ ਲੰਘਾਈਆ । ਸ੍ਰਿਸ਼ਟ ਸਬਾਈ ਵੇਖੀ ਰੋਤੀ, ਨੇਤਰ ਨੈਣਾਂ ਨੀਰ ਵਹਾਈਆ । ਲੇਖਾ ਮੁੱਕਣਾ ਟਿੱਕਾ ਬੋਦੀ ਧੋਤੀ, ਲਬਾਂ ਮੁੱਛ ਨਾ ਕੋਇ ਕਟਾਈਆ । ਤੇਰੇ ਮਿਲਣ ਦੀ ਸਭ ਨੂੰ ਆਵੇ ਸੋਝੀ, ਸੁਲਾਹਕੁਲ ਦੇ ਸਮਝਾਈਆ । ਜਗਤ ਸ੍ਰਿਸ਼ਟੀ ਹਉਮੇ ਰੋਗ ਹੋਈ ਰੋਗੀ, ਤਬੀਬ ਤਬਾ ਨਾ ਕੋਇ ਬਦਲਾਈਆ । ਅੰਦਰ ਵੜ ਬਣੇ ਕੋਇ ਨਾ ਘੋਖੀ, ਪੜਦਾ ਪਰੇ ਨਾ ਕੋਇ ਹਟਾਈਆ । ਧੁਰ ਸਵਾਮੀ ਕਿਉਂ ਬੈਠਾ ਕਰ ਖ਼ਾਮੋਸ਼ੀ, ਸਤਿ ਸਤਿਵਾਦੀ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਬੇਸ਼ਕ ਤੇਰੀ ਦੁਨੀਆ ਤੁਰਦੀ ਫਿਰਦੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਅੰਦਰੋਂ ਥਿਰ ਦਿਸੇ ਨਾ ਕੋਈ ਬਿਰਤੀ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸਾਢੇ ਤਿੰਨ ਹੱਥ ਖੁਲ੍ਹੀ ਕਿਸੇ ਨਾ ਖਿੜਕੀ, ਸਚ ਨੂਰ ਨਾ ਕੋਇ ਚਮਕਾਈਆ । ਪੁਰਖ ਅਕਾਲ ਸਾਨੂੰ ਆਸਾ ਚਿਰ ਦੀ, ਇਕੱਠੇ ਹੋ ਕੇ ਸਰਬ ਸੁਣਾਈਆ । ਤੇਰੇ ਬਿਨਾ ਇਹ ਖੇਲ ਨਹੀਂ ਨਿਬੜਦੀ, ਝਗੜਾ ਨਾ ਕੋਇ ਚੁਕਾਈਆ । ਇਹ ਮਿਹਰ ਤੁਹਾਡੇ ਬਿਰਦ ਦੀ, ਬਿਧ ਆਪਣੀ ਦੇ ਜਣਾਈਆ । ਹੁਣ ਲੋੜ ਨਾ ਰਿਧ ਸਿਧ ਦੀ, ਕਰਾਮਾਤ ਨਾ ਕੋਇ ਸਾਲਾਹੀਆ । ਇਕੋ ਆਸਾ ਦਰਸ਼ਨ ਤੇਰੇ ਨਿਜ ਦੀ, ਤ੍ਰਿਸਨਾ ਅਵਰ ਨਾ ਕੋਇ ਵਧਾਈਆ । ਪ੍ਰੀਤੀ ਮੰਗੀਏ ਸਾਚੇ ਪਿਤ ਦੀ, ਜੋ ਪਤਿਪਰਮੇਸ਼ਵਰ ਇਕ ਅਖਵਾਈਆ । ਖੇਲ ਮੁਕ ਜਾਏ ਨਿਤ ਨਵਿਤ ਦੀ, ਹਿਤ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸ੍ਰਿਸ਼ਟੀ ਤੇਰੀ ਸੁੱਤੀ, ਸੁੱਤਿਆਂ ਰੈਣ ਵਿਹਾਈਆ । ਸਾਚੀ ਦਿਸੇ ਕਿਸੇ ਨਾ ਰੁਚੀ, ਰਚਨਾ ਤੇਰੀ ਵੇਖਣ ਕੋਇ ਨਾ ਆਈਆ । ਮਾਨਸ ਜਨਮ ਕੱਟਣ ਆਏ ਬੁੱਤੀ, ਵਾਂਗ ਡੂੰਮਾਂ ਫੇਰਾ ਪਾਈਆ । ਆਸਾ ਮਨਸਾ ਕੂੜੀ ਝੂਠੀ, ਮਾਇਆ ਮਮਤਾ ਮੋਹ ਹਲਕਾਈਆ । ਤੇਰੇ ਨਾਲ ਨਾ ਲਾਏ ਕੋਈ ਰੁਚੀ, ਅੰਤਰ ਅੰਤਰ ਧਿਆਨ ਰਖਾਈਆ । ਬੁਧ ਬਿਬੇਕ ਹੋਏ ਨਾ ਸੁੱਚੀ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਦੇ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਹੋਈ ਹੈਰਾਨੀ, ਹਾਲਤ ਵੇਖ ਕੇ ਦੇਣ ਦੁਹਾਈਆ । ਸਤਿ ਧਰਮ ਦੀ ਦਿਸੇ ਨਾ ਕੋਈ ਨਿਸ਼ਾਨੀ, ਧੁਰ ਨਿਸ਼ਾਨਾ ਸਾਰੇ ਗਏ ਭੁਲਾਈਆ । ਲੱਖ ਚੁਰਾਸੀ ਘਰ ਘਰ ਅੰਦਰ ਵੜਿਆ ਕੂੜ ਸ਼ੈਤਾਨੀ, ਸ਼ਰਅ ਕਰੇ ਲੜਾਈਆ । ਜਨ ਭਗਤਾਂ ਉਤੇ ਤੇਰੀ ਨਜ਼ਰ ਆਵੇ ਮਿਹਰਵਾਨੀ, ਜੋ ਸਿਰ ਆਪਣਾ ਹੱਥ ਟਿਕਾਈਆ । ਉਹ ਇਕੋ ਪੜ੍ਹਦੇ ਤੇਰੇ ਨਾਮ ਦੀ ਸੋਹੰ ਬਾਣੀ, ਦੂਜਾ ਨਾਦ ਨਾ ਕੋਇ ਸ਼ਨਵਾਈਆ । ਇਹ ਅੱਖਰਾਂ ਵਾਲੀ ਨਹੀਂ ਕਹਾਣੀ, ਪੱਥਰਾਂ ਵਾਲੀ ਲਕੀਰ ਕੰਮ ਕਿਸੇ ਨਾ ਆਈਆ । ਇਹ ਜਨ ਭਗਤਾਂ ਦੀ ਖੇਲ ਮਹਾਨੀ, ਰੂਹ ਬੁੱਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਦੱਸ ਇਕ ਆਸਾਨੀ, ਅਹਿਸਾਨ ਫੇਰ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲੱਖ ਚੁਰਾਸੀ ਵੇਖਿਆ ਹੌਕਾ, ਹਾਏ ਹਾਏ ਕਰੇ ਲੋਕਾਈਆ । ਸਾਚੀ ਮਿਲੇ ਕੋਇ ਨਾ ਨਈਆ ਨੌਕਾ, ਬੇੜੇ ਹਕ ਨਾ ਕੋਇ ਚੜ੍ਹਾਈਆ ।

ਝਗੜਾ ਪਿਆ ਸੱਕੇ ਪਿਉ ਪੁੱਤ ਦਾ, ਲੇਖਾ ਸਕੇ ਨਾ ਕੋਇ ਮਿਟਾਈਆ । ਨਾਤਾ ਤੁੱਟਿਆ ਹਰਿ ਜੂ ਤੇਰੇ ਨੇਂਹੁ ਦਾ, ਸਚ ਪ੍ਰੀਤ ਨਾ ਕੋਇ ਕਮਾਈਆ । ਜਲ ਸੁੱਕਿਆ ਅੰਮ੍ਰਿਤ ਮੇਹੁ ਦਾ, ਬੂੰਦ ਸਵਾਂਤੀ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸ੍ਰਿਸ਼ਟ ਸਬਾਈ ਹੋਈ ਵਿਜੋਗਣ, ਧੀਰਜ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਹਉਮੇ ਰੋਗਣ, ਹਿਕਮਤ ਸਚ ਨਾ ਕੋਇ ਸਮਝਾਈਆ । ਫਿਰੀ ਦਰੋਹੀ ਲੋਕ ਪਰਲੋਕਣ, ਬ੍ਰਹਿਮੰਡ ਖੰਡ ਕੁਰਲਾਈਆ । ਬਿਨ ਭਗਤਾਂ ਖੁਲ੍ਹਿਆ ਕਿਸੇ ਦਾ ਨਾ ਅੰਤਰ ਲੋਚਨ, ਨਿਜ ਨੈਣ ਨਾ ਕੋਇ ਰੁਸ਼ਨਾਈਆ । ਬਾਹਰੋਂ ਸਾਰੇ ਤੈਨੂੰ ਖੋਜਣ, ਭੱਜਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰ ਦੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖਿਆ ਤੇਰਾ ਇਕ ਦਵਾਰਾ, ਦਵਾਰਕਾ ਵਾਸੀ ਬੈਠਾ ਸੀਸ ਨਿਵਾਈਆ । ਸੀਸ ਝੁਕਦੇ ਵੇਖੇ ਰਾਮ ਅਵਤਾਰਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸੱਜਦਿਆਂ ਵਿਚ ਪੈਗ਼ੰਬਰ ਕਰਨ ਪਿਆਰਾ, ਬਰਦਿਆਂ ਵਾਂਗਰ ਸੇਵ ਕਮਾਈਆ । ਪਿਤਾ ਵਾਂਗ ਮੰਨਣ ਗੁਰੂ ਅਵਤਾਰਾ, ਮਾਣ ਤੇਰੀ ਵਡਿਆਈਆ । ਜਨ ਭਗਤਾਂ ਤੇਰਾ ਸਹਾਰਾ, ਸਚ ਸਾਹਿਬ ਸਰਨਾਈਆ । ਕਲਜੁਗ ਅੰਤਮ ਮੇਲ ਅਪਾਰਾ, ਅਪਰੰਪਰ ਆਪ ਵਖਾਈਆ । ਜਨ ਭਗਤਾਂ ਦੇ ਅਧਾਰਾ, ਸਿਰ ਆਪਣਾ ਹੱਥ ਟਿਕਾਈਆ । ਬੀਸ ਇਕੀਸ ਦਾ ਅੱਠ ਦਿਹਾੜਾ, ਵਦੀ ਸੁਦੀ ਨਾ ਨਾਲ ਮਿਲਾਈਆ । ਭਗਤ ਭਗਵੰਤ ਲੱਗਾ ਅਖਾੜਾ, ਧੁਰ ਦਾ ਨਾਚ ਨਚਾਈਆ । ਜਗਤ ਜਹਾਨ ਹੋਇਆ ਬੇ ਇਤਬਾਰਾ, ਯਕੀਨ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਮਿਲ ਕੇ ਆਪ ਸੰਸਾਰਾ, ਸੰਸਾਰੀ ਹੋ ਕੇ ਵਿਚ ਸਮਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੋਏ ਅਸਚਰਜ, ਅਚਰਜ ਲੀਲਾ ਹਰਿ ਵਰਤਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮਦਦ ਭਗਤਾਂ ਰਿਹਾ ਕਰਾਈਆ । ਕੋਟਾਂ ਵਿਚੋਂ ਥੋੜੇ ਅਦਦ, ਅਦਲ ਕਰਕੇ ਵੇਖ ਵਖਾਈਆ । ਕੂੜੀ ਕਿਰਿਆ ਨਾਲ ਤਸ਼ੱਦਦ, ਵੇਖਣਹਾਰਾ ਬੇਪਰਵਾਹੀਆ । ਨਾਮ ਨਿਧਾਨ ਸੁਣਕੇ ਗ਼ਜ਼ਲ, ਢੋਲਾ ਇਕ ਜਣਾਈਆ । ਜਨ ਭਗਤਾਂ ਮੁਕਾਕੇ ਅਗਲੀ ਪਿਛਲੀ ਮਜ਼ਲ, ਮੰਜ਼ਲ ਆਪਣੀ ਦਿਤੀ ਜਣਾਈਆ । ਸ਼ਬਦ ਸ਼ਹੀਦ ਕਰਕੇ ਕਤਲ, ਮਕਤੂਲ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸ਼ਰਨਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੇ ਭਗਤ ਚੰਗੇਰੇ, ਵੇਖ ਵੇਖ ਪੈਗ਼ੰਬਰ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਵਸੇਂ ਸਦਾ ਨੇੜੇ, ਨਿਜ ਘਰ ਬੈਠਾ ਡੇਰਾ ਲਾਈਆ । ਉਹ ਵਸਦੇ ਆਪਣੇ ਖੇੜੇ, ਬਸੰਤ ਬਹਾਰ ਨਾਲ ਮਿਲਾਈਆ । ਝਗੜੇ ਮੁਕ ਜਾਣ ਤੇਰੇ ਮੇਰੇ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰਾ ਲੇਖਾ ਸੁਬਹ ਸਵੇਰੇ, ਸ਼ਾਮ ਰੈਣ ਸੰਧਿਆ ਇਕੋ ਰੰਗ ਵਖਾਈਆ । ਜਨ ਭਗਤਾਂ ਚਾਉ ਘਨੇਰੇ, ਘਰ ਬੈਠਿਆਂ ਖ਼ੁਸ਼ੀ ਮਨਾਈਆ । ਜਿਹੜੇ ਵੜ ਜਾਣ ਤੇਰੇ ਵੇਹੜੇ, ਬੇੜੇ ਆਪਣੇ ਲਏਂ ਚੜ੍ਹਾਈਆ । ਆਵਣ ਜਾਵਣ ਜਨਮ ਕਰਮ ਦੇ ਕੱਟ ਕੇ ਗੇੜੇ, ਦਰਗਾਹ ਸਾਚੀ ਸਚ ਟਿਕਾਈਆ । ਹੁਕਮੇ ਅੰਦਰ ਕਰਕੇ ਹਕ ਨਬੇੜੇ, ਹਿਕਮਤ ਆਪਣੀ ਦੇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਜੁਗ ਜੁਗ ਖੇਲ ਵੇਖੇ ਬਥੇਰੇ, ਏਹੋ ਜਿਹੀ ਧਾਰ ਨਜ਼ਰ ਕੋਇ ਨਾ ਆਈਆ । ਜ਼ਾਤ ਪਾਤ ਊਚ ਨੀਚ ਰਾਓ ਰੰਕ ਦੇ ਮੇਟ ਕੇ ਝੇੜੇ, ਸਿੱਧਾ ਮਾਰਗ

ਇਕ ਵਖਾਈਆ । ਜਿਸ ਦਰ ਤੇ ਸਦਾ ਮੁਹੱਬਤ ਸਦਾ ਮਿਹਰੇ, ਮਿਹਰਵਾਨ ਇਕ ਅਖਵਾਈਆ । ਉਹ ਨਾਉਂ ਧਰ ਕੇ ਸਿੰਘ ਸ਼ੇਰੇ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਜਨ ਭਗਤ ਦਵਾਰ ਭਗਤਾਂ ਆਇਆ ਵੇਹੜੇ, ਬਣ ਕੇ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪਾਵਣ ਘੇਰੇ, ਚਾਰੋਂ ਕੁੰਟ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਦਾ ਸਦਾ ਸਦ ਵੱਡੇ ਜੇਰੇ, ਜੇਰਜ ਅੰਡਜ ਉਤਭੁਜ ਸੇਤਜ ਆਪੇ ਰਿਹਾ ਸਮਾਈਆ ।,

ਦਰਵਾਜ਼ਾ ਕਹੇ ਮੇਰੀ ਇਕੋ ਅਰਜ਼ੀ, ਦਰ ਠਾਂਡੇ ਅਰਜ਼ੋਈਆ । ਤੂੰ ਭਗਤ ਸੁਹੇਲਾ ਧੁਰ ਦਾ ਦਰਦੀ, ਦਰਦੀਆਂ ਦਰਦ ਵੰਡਾਈਆ । ਵੀਹ ਸੌ ਗਿਆਰਾਂ ਬਿਕ੍ਰਮੀ ਅਠਾਈ ਪੋਹ ਤੈਨੂੰ ਯਾਦ ਕਰਦੀ, ਦਸ ਸਾਲ ਬੈਠੀ ਰਹੀ ਅੱਖ ਉਠਾਈਆ । ਨਿਤ ਨਵਿਤ ਤੇਰੇ ਢੋਲੇ ਪੜ੍ਹਦੀ, ਸੋਹਣਾ ਰਾਗ ਅਲਾਈਆ । ਮੈਂ ਵੇਖਾਂ ਪ੍ਰਭ ਦੀ ਮਰਜ਼ੀ, ਕਿਸ ਬਿਧ ਆਪਣੀ ਧਾਰ ਚਲਾਈਆ । ਸਚ ਦਵਾਰੇ ਖੜਦੀ, ਆਸਾ ਨਾਲ ਵਧਾਈਆ । ਤੇਰੀ ਖੇਲ ਭੰਨਣ ਘੜਨ ਦੀ, ਸਮਰਥ ਪੁਰਖ ਬੇਪਰਵਾਹੀਆ । ਜਨ ਭਗਤ ਰੁੱਤ ਆਈ ਡੋਲੀ ਚੜ੍ਹਨ ਦੀ, ਸਚ ਦਵਾਰੇ ਸੋਭਾ ਪਾਈਆ । ਪ੍ਰਭੂ ਇਹ ਰੁੱਤ ਨਹੀਂ ਜ਼ਿੰਦਗੀ ਵਿਚੋਂ ਮਰਨ ਦੀ, ਮਰਨ ਵਿਚੋਂ ਮੁਰੱਮਤ ਦੇ ਕਰਾਈਆ । ਤੇਰੀ ਖੇਲ ਕਰਤੇ ਕਰਨ ਦੀ, ਕਰਤਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਪੋਹ ਅਠਾਈ ਕਹੇ ਮੈਂ ਰਹੀ ਉਡੀਕ, ਆਸਾਂ ਵਾਲੀ ਆਸ ਰਖਾਈਆ । ਜਿਸ ਦਾ ਲੇਖਾ ਲਿਖਕੇ ਗਿਉਂ ਠੀਕ, ਆਪਣਾ ਹੁਕਮ ਵਰਤਾਈਆ । ਓਸ ਦੀ ਅੱਗੇ ਲੱਗੇ ਪ੍ਰੀਤ, ਪਿਛਾ ਜਾਏ ਚੁਕਾਈਆ । ਜਿਸ ਦਾ ਨਾਮ ਸਿੰਘ ਬਖ਼ਸ਼ੀਸ਼, ਨਾਤਾ ਰਿਹਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਿੰਘ ਬਖ਼ਸ਼ੀਸ਼ ਵੇਲਾ ਅੰਤਮ ਵੇਖ, ਗੁਰਮੁਖ ਸਾਚੇ ਸਚਖੰਡ ਖੰਡ ਲੈਣ ਅੰਗੜਾਈਆ । ਸਿੰਘ ਪਾਲ ਆਇਆ ਬਣ ਦਰਵੇਸ਼, ਦਰ ਸਵਾਲੀ ਹੋ ਕੇ ਰਿਹਾ ਜਣਾਈਆ । ਪੁਰਖ ਅਕਾਲ ਮਿਹਰਵਾਨ ਹੋ ਕੇ ਵੇਖ, ਆਪਣੀ ਦਇਆ ਕਮਾਈਆ । ਉਹ ਸੋਹਣਾ ਸੁਹੰਜਣਾ ਦੇਸ, ਜਿਥੇ ਆਪਣਾ ਡੇਰਾ ਲਾਈਆ । ਗੁਰਮੁਖ ਬੱਚੇ ਤੇਰੀ ਗੋਦ ਰਹੇ ਖੇਡ, ਕਿਉਂ ਲੋਕਮਾਤ ਕਰੇਂ ਜੁਦਾਈਆ । ਇੱਕੀ ਸਾਲ ਪਿਛੋਂ ਫੇਰ ਦੇਵੀਂ ਭੇਜ, ਹੁਣ ਮੇਰੀ ਜ਼ਾਮਨੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਦ ਵਡਿਆਈਆ । ਪਾਲ ਸਿੰਘ ਕਿਹਾ ਪ੍ਰਭ ਵੇਖ ਖੋਲ੍ਹ ਪਲਕ, ਪਾਲਣਹਾਰਾ ਤੂੰ ਹੀ ਨਜ਼ਰੀ ਆਈਆ । ਲੱਖ ਚੁਰਾਸੀ ਤੇਰੀ ਮਖ਼ਲੂਕ ਖ਼ਲਕ, ਖ਼ਾਲਸ ਗੁਰਮੁਖ ਥੋੜ੍ਹੇ ਤੇਰੇ ਵਿਚ ਸਮਾਈਆ । ਇਹਨਾਂ ਉਤੇ ਕਰ ਤਰਸ, ਰਹਿਮਤ ਤੇਰੀ ਬੇਪਰਵਾਹੀਆ । ਬੇਸ਼ਕ ਤੇਰੇ ਵਾਸਤੇ ਸੋਹਣਾ ਸੁਹੇਲਾ ਵਕਤ, ਭਗਤਾਂ ਜਗਤ ਜੁਦਾਈਆ । ਮੇਰੀ ਮਰਜ਼ੀ ਨਾਲ ਮਨਜ਼ੂਰ ਕਰ ਮੇਰੀ ਅਰਜ਼, ਆਸਾ ਤੇਰੇ ਨਾਲ ਜਣਾਈਆ । ਹੋ ਹੈਰਾਨ ਨਾ ਵੇਖੀਂ ਅਸਚਰਜ, ਅਚਰਜ ਤੇਰੀ ਬੇਪਰਵਾਹੀਆ । ਮੈਂ ਪ੍ਰੇਮ ਵਿਚ ਬੋਲਾਂ ਗਰਜ, ਉਚੀ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਨ ਆਪਣਾ ਝੋਲੀ ਪਾਈਆ । ਪਾਲ ਸਿੰਘ ਕਹੇ ਮੈਂ ਮੰਗਾਂ ਮੰਗ ਵਿਚ ਦਰਵਾਜ਼ਾ, ਅੰਦਰ ਬਾਹਰ ਵੰਡ ਨਾ ਕੋਇ ਵੰਡਾਈਆ । ਬਣ ਵਿਚੋਲਾ ਆਇਆ ਸਾਂਝਾ, ਬੇਨੰਤੀ ਇਕ ਸੁਣਾਈਆ ।

ਬੇਸ਼ਕ ਹੁਕਮੇ ਤੇਰੇ ਅੰਦਰ ਬਾਂਧਾ, ਚਲੇ ਕੋਈ ਨਾ ਕਿਸੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਵਸਤ ਝੋਲੀ ਪਾਈਆ । ਵਿਚ ਦਰਵਾਜ਼ੇ ਸਚ ਦਹਿਲੀਜ਼, ਤੂੰ ਹੀ ਨਜ਼ਰੀ ਆਈਆ । ਜੇ ਤੇਰੀ ਭਗਤਾਂ ਨਾਲ ਪ੍ਰੀਤ, ਕਿਉਂ ਨਾ ਭਗਤ ਦਏਂ ਤਰਾਈਆ । ਬਖ਼ਸ਼ੀਸ਼ ਉਤੇ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਜ਼ਿੰਦਗੀ ਦੇ ਪਰਤਾਈਆ । ਅਠਾਈ ਪੋਹ ਦੀ ਬਦਲ ਦੇ ਤਾਰੀਖ਼, ਯਕਤਰਫ਼ਾ ਹੋ ਕੇ ਅਰਜ਼ ਸੁਣਾਈਆ । ਤੈਨੂੰ ਮਿਲ ਕੇ ਜੇ ਬਦਲੇ ਨਾ ਨਸੀਬ, ਜਨਮ ਕਰਮ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਚੁਕਾਈਆ । ਪਾਲ ਸਿੰਘ ਕਹੇ ਮੇਰੇ ਭਗਵਾਨ, ਸਚ ਦਿਆ ਜਣਾਈਆ । ਮੈਂ ਸਚਖੰਡ ਵਿਚੋਂ ਸਿੱਧਾ ਮਿਲਿਆ ਤੈਨੂੰ ਆਣ, ਅਧਵਿਚਕਾਰ ਨਾ ਕੋਇ ਅਟਕਾਈਆ । ਤੇਰੇ ਚਰਨ ਕਰ ਪਰਨਾਮ, ਪਿਛਲੀ ਖ਼ੁਸ਼ੀ ਅੱਗੇ ਨੇੜੇ ਆਈਆ । ਸਚ ਵਿਥਿਆ ਆਇਆ ਸੁਨਾਣ, ਦਰ ਤੇਰੇ ਦਿਆਂ ਦੁਹਾਈਆ । ਵੀਹ ਸੌ ਇੱਕੀ ਹੋਈ ਪਰਧਾਨ, ਪਰਧਾਨਗੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਪਾਲ ਸਿੰਘ ਕਹੇ ਮੇਰਾ ਕੌਲ ਇਕਰਾਰ, ਵੇਲਾ ਵਕਤ ਗਿਆ ਆਈਆ । ਬਿਆਲੀ ਸਾਲ ਹੋ ਗਏ ਕਰਦਿਆਂ ਉਧਾਰ, ਤਰਤਾਲੀਵਾਂ ਆਪਣਾ ਰੰਗ ਰੰਗਾਈਆ । ਆਪਣੇ ਲੇਖੇ ਵਿਚੋਂ ਕੱਢ ਉਹ ਕਿਤਾਬ, ਜਿਹੜੀ ਬਿਨ ਅੱਖਰਾਂ ਲਈ ਛਪਵਾਈਆ । ਜਿਸ ਦੇ ਵਿਚ ਤੇਰੇ ਭਗਤਾਂ ਦਾ ਹਿਸਾਬ, ਮੇਰੀ ਲਏਂ ਗਵਾਹੀਆ । ਉਸ ਦਾ ਲੇਖਾ ਮੰਗਣਾ ਆਜ, ਜੋਤ ਸਰੂਪ ਇੱਕੀ ਸਾਲ ਪਿਛੋਂ ਤੇਰੀ ਆਸ ਰਖਾਈਆ । ਜਿੰਨਾ ਚਿਰ ਮੈਂ ਹੋਵਾਂ ਨਾ ਤੇਰੇ ਸਾਥ, ਉਨ੍ਹਾਂ ਚਿਰ ਭਗਤ ਬਬਾਣ ਨਾ ਕੋਇ ਉਠਾਈਆ । ਇਹ ਮੇਰੀ ਪਿਛਲੀ ਤੋਂ ਪਿਛਲੀ ਦਾਤ, ਜਿਸ ਦੇ ਪਿਛੇ ਦਿਤਾ ਸੀਸ ਕਟਾਈਆ । ਸਿਰ ਦੇ ਕੇ ਗੋਬਿੰਦ ਦੇ ਸਿਰ ਧਰਿਆ ਤਾਜ, ਕਲਗੀ ਤੇਰੀ ਚਮਕਾਈਆ । ਤੇਰਾ ਜੀਂਵਦਿਆਂ ਮਰਨ ਤੋਂ ਪਹਿਲਾਂ ਦਿਤਾ ਸਾਥ, ਦੋ ਜਹਾਨਾਂ ਸੰਗ ਰਖਾਈਆ । ਯਾਦ ਰੱਖ ਉਹ ਬਾਤ, ਜਿਹੜੀ ਉਨੀ ਸੌ ਇਕਾਨਵੇਂ ਬਿਕ੍ਰਮੀ ਦਿਤੀ ਸੁਣਾਈਆ । ਤੀਹ ਸਾਲ ਪਿਛੋਂ ਆਈ ਉਹ ਰਾਤ, ਜਿਸ ਦੀ ਪਰਭਾਤ ਨਾ ਕਿਸੇ ਬਣਾਈਆ । ਮੈਂ ਮਾਰੀ ਇਕ ਅਵਾਜ਼, ਧੁਰ ਦਾ ਨਾਅਰਾ ਲਾਈਆ । ਜੋ ਤੈਨੂੰ ਮੇਰੀ ਲਾਜ, ਗੁਰਮੁਖ ਲੈ ਬਚਾਈਆ । ਦਰ ਦਵਾਰੇ ਜਾ ਕੇ ਦੇ ਕੇ ਆਵੀਂ ਦਾਤ, ਦਾਤਾ ਹੋ ਕੇ ਦਇਆ ਕਮਾਈਆ । ਤੇਰਾਂ ਪੋਹ ਮੈਂ ਵੇਖਣ ਆਵਾਂ ਖ਼ਾਸ, ਨਿਰਗੁਣ ਤੇਰਾ ਪੰਧ ਮੁਕਾਈਆ । ਪੁਰਖ ਅਕਾਲ ਵੇਖਿਆ ਮਾਰ ਝਾਤ, ਆਪਣੀ ਅੱਖ ਖੁਲ੍ਹਾਈਆ । ਮੇਰੇ ਨਾਲ ਕੌਣ ਕਰਦਾ ਬਾਤ, ਕਵਣ ਦਰ ਦਰਵਾਜ਼ੇ ਰਿਹਾ ਅਟਕਾਈਆ । ਜਾਂ ਮਸਤਕ ਤੱਕਿਆਂ ਉਹ ਫੁੱਲ ਗੁਲਾਬ, ਜਿਸ ਦੀ ਮਹਿਕ ਗੁਰਮੁਖਾਂ ਅੰਦਰ ਸਮਾਈਆ । ਜਿਸ ਦੇ ਸੁਤ ਬਿਨਾ ਭਗਵਨ ਕਹੇ ਮੇਰੀ ਰੱਖੇ ਕੌਣ ਲਾਜ, ਨਗਰ ਖੇੜਾ ਵਸਣ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਦੇ ਪਿਛੇ ਮੇਰੇ ਸੀਸ ਤੇ ਸੋਹਿਆ ਤਾਜ, ਬਿਨ ਸੀਸ ਧੜ ਮਿਲੀ ਵਡਿਆਈਆ । ਮੈਂ ਹੌਲੀ ਜਿਹੀ ਦੇਵਾਂ ਆਖ, ਸੁਣ ਪਾਲ ਮੈਂ ਸਦਾ ਤੇਰਾ ਸੰਗ ਨਿਭਾਈਆ । ਤੂੰ ਪਹਿਲੋਂ ਇੱਕੀ ਦਿਨ ਭਗਤਾਂ ਦੀ ਕਰਦਾ ਰਹੇਂ ਤਲਾਸ਼, ਫੇਰ ਮੇਰੇ ਕੋਲ ਆਣਾ ਚਾਈਂ ਚਾਈਂਆ । ਏਸ ਤੋਂ ਪਿਛੋਂ ਜਨ ਭਗਤਾਂ ਲੈ ਕੇ ਜਾਵਾਂ ਆਪਣੇ ਘਾਟ, ਸਚ ਦਵਾਰੇ ਦਿਆਂ ਬਹਾਈਆ । ਬਿਨ ਤੇਰੇ ਮੇਰੇ ਜਨ ਭਗਤਾਂ ਵਿਚੋਂ ਕੋਈ ਨਾ ਜਾਏ ਲੋਕਮਾਤ, ਦੋਹਾਂ ਦਾ ਇਕੋ ਵਾਰ ਇਕੱਠਾ ਦਰਸ਼ਨ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਹਿਣਾ ਚੁਕਾ ਕੇ ਜ਼ਿੰਦਗੀ ਵਫ਼ਾਤ, ਵਫ਼ਾਤ ਜ਼ਿੰਦਗੀ ਵਿਚ ਬਦਲਾਈਆ । ਜੇ ਪੰਜ ਵਾਰਾਂ ਆਤਮਾ ਸਿੰਘ

ਦੇਵੇ ਆਖ, ਬਖ਼ਸ਼ੀਸ਼ ਸਿੰਘ ਉਤੇ ਦਇਆ ਦਿਉ ਕਮਾਈਆ । ਏਸੇ ਕਰਕੇ ਮੰਗਾਇਆ ਨਾਲ ਸਾਥ, ਵਿਚੋਲਾ ਦਏ ਜਣਾਈਆ । ਪਿਛਲਾ ਲੇਖਾ ਜਾਏ ਪਾਟ, ਅਗਲਾ ਲਹਿਣਾ ਲਹਿਣੇ ਵਿਚ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥ, ਜੋ ਚਾਹੇ ਸੋ ਕਰਕੇ ਦਏ ਵਖਾਈਆ ।

ਕਿਰਪਾ ਕਰ ਪ੍ਰਭ ਕਮਲਾਪਤੀ, ਪਾਤੀ ਪਿਛਲੀ ਰਹੀ ਜਣਾਈਆ । ਦੋ ਜਹਾਨ ਕਹਿਣ ਅਸੀਂ ਵੇਖਿਆ ਅੱਖੀਂ, ਆਪਣਾ ਧਿਆਨ ਲਗਾਈਆ । ਜਿਸ ਵੇਲੇ ਅਰਜਨ ਬੈਠਾ ਲੋਹ ਤੱਤੀ, ਸੋਹਣੇ ਆਸਣ ਸੋਭਾ ਪਾਈਆ । ਥੱਲੇ ਅੱਗ ਡਾਹੁੰਦਾ ਸੀ ਜੋ ਮੱਠੀ ਮੱਠੀ, ਭੱਠੀ ਖੂਬ ਤਪਾਈਆ । ਉਸ ਅੰਤਰ ਆਸ ਇਕ ਰੱਖੀ, ਤ੍ਰਿਸ਼ਨਾ ਨਾਲ ਮਿਲਾਈਆ । ਪ੍ਰਭੂ ਮੇਰੀ ਬੇਵਸੀ, ਹੁਕਮੇਂ ਅੰਦਰ ਕਾਰ ਕਮਾਈਆ । ਲੱਕੜੀ ਦੋਹਥੜਾ ਮਾਰ ਕੇ ਪਿੱਟੀ, ਜੋ ਵਹਿਣਾਂ ਦੇ ਅੰਦਰ ਸਾਢੇ ਤਿੰਨ ਮੀਲ ਵਹਿੰਦੀ ਆਈਆ । ਜਿਸ ਕਾਰਨ ਰਾਵੀ ਕੰਡੇ ਸੁੱਟੀ, ਸਾਢੇ ਤਿੰਨ ਰੁਪਈਏ ਕੀਮਤ ਪਾਈਆ । ਉਸ ਅਰਜਨ ਦੀ ਤਾਈ ਹੱਡੀ ਹੱਡੀ, ਆਪਣੀ ਸੇਵ ਕਮਾਈਆ । ਪਿਛਲੀ ਯਾਦ ਅਜੇ ਪ੍ਰੇਮ ਵਿਚ ਬੱਧੀ, ਨਾਤਾ ਨਾ ਸਕੇ ਛੁਡਾਈਆ । ਜਿਸ ਨੇ ਅੱਗ ਡਾਹੀ ਤੱਤੀ, ਉਸ ਨੂੰ ਵਾ ਦੇਣੀ ਠੰਡੀ, ਅਗਨੀ ਅੱਗ ਬੁਝਾਈਆ । ਵੀਹ ਸੌ ਵੀਹ ਬਿਕ੍ਰਮੀ ਮਣਸਾ ਸਿੰਘ ਘਰ ਖਾਧੀ ਸੁਗੰਦੀ, ਅੱਗੇ ਜਾਣ ਦੀ ਅਜੇ ਪਾਬੰਦੀ, ਰਾਵੀ ਰਾਹ ਵਿਚ ਰੋਵੇ ਮਾਰੇ ਧਾਈਆ । ਉਸ ਵੇਲੇ ਅਰਜਨ ਮੰਗ ਇਕ ਮੰਗੀ, ਟੁੱਟੀ ਆਪਣੇ ਨਾਲ ਗੰਢੀਂ, ਜਿਸ ਵੇਲੇ ਦੋ ਤੋਂ ਇਕ ਨਜ਼ਰੀ ਆਈਆ । ਦੋ ਇਕ ਦੀ ਇੱਕੀ ਚੰਗੀ, ਜਿਸ ਵਿਚ ਭਗਤਾਂ ਰਹੇ ਕੋਈ ਨਾ ਤੰਗੀ, ਸ੍ਰਿਸ਼ਟੀ ਅੰਧੀ ਨਜ਼ਰੀ ਆਈਆ । ਉਸ ਵੇਲੇ ਆਵੀਂ ਇਵੇਂ ਪੈ ਕੇ ਚੌਦਾਂ ਤੋਂ ਅਗਲਾ ਦਿਨ ਪੰਦਰਾਂ ਪੋਹ ਟੇਢੀ ਡੰਡੀ, ਅਗਲਾ ਪੰਧ ਮੁਕਾਈਆ । ਫੇਰ ਮੈਂ ਦੱਸਾਂ ਅਗਲੀ ਖੇਲ ਇਕ ਹੋਰ ਚੰਗੀ, ਤੇਰੇ ਅੱਗੇ ਵਾਸਤਾ ਪਾਈਆ । ਇਕ ਹੋਰ ਮੇਰਾ ਸੰਗੀ, ਜੋ ਦਰਬਾਨ ਚੰਦੂ ਦੀ ਨੂੰਹ ਅੱਗੇ ਲੰਘਾਈਆ । ਉਸ ਦਾ ਪ੍ਰਭੂ ਤੂੰ ਬਣਨਾ ਪੱਕਾ ਸੰਬੰਧੀ, ਨਾਤਾ ਪੱਕਾ ਜੋੜ ਜੁੜਾਈਆ । ਬੇਸ਼ਕ ਤੂੰ ਅਛਲ ਛਲਧਾਰੀ ਬਹੁਢੰਗੀ, ਤੇਰੇ ਭਗਤ ਤੇਰੇ ਕੋਲੋਂ ਚੰਗੀ ਕਰਨ ਪੜ੍ਹਾਈਆ । ਮੇਰੇ ਕੋਲੋਂ ਆ ਕੇ ਰਾਵੀ ਫੇਰ ਲੰਘੀਂ, ਆਪਣਾ ਚਰਨ ਉਠਾਈਆ । ਓਹਦੀ ਜਨਮ ਜਨਮ ਦੀ ਕੱਟਣੀ ਫੰਦੀ, ਫ਼ੈਸਲਾ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇਣਾ ਵਰਤਾਈਆ । ਭਠਿਆਲਾ ਕਹੇ ਮੇਰੇ ਨਿਰੰਕਾਰ, ਮੇਰੀ ਇਕ ਅਰਜ਼ੋਈਆ । ਬੇਸ਼ਕ ਮੈਂ ਅਗਨੀ ਰਿਹਾ ਬਾਲ, ਅੰਦਰੋਂ ਤੇਰਾ ਨਾਮ ਧਿਆਈਆ । ਮੈਂ ਕੰਗਾਲਾਂ ਵਿਚੋਂ ਕੰਗਾਲ, ਸ਼ਹਿਨਸ਼ਾਹ ਹੁਕਮ ਨਾਲ ਹੁਕਮ ਰਿਹਾ ਮਨਾਈਆ । ਮੈਂ ਨੀਵੇਂ ਹੋ ਕੇ ਵੇਖਿਆ ਉਹ ਦਰਬਾਨ, ਜੋ ਮਿਹਰ ਨਜ਼ਰ ਉਠਾਈਆ । ਜਿਸ ਬਾਲੀ ਨੱਢੀ ਨੌਜਵਾਨ, ਅਰਜਨ ਦਿਤੀ ਮਿਲਾਈਆ । ਓਸ ਚਰਨੀ ਢਹਿ ਕੇ ਕਿਹਾ ਮੇਰੇ ਗੁਣ ਨਿਧਾਨ, ਤੇਰੀ ਬੇਪਰਵਾਹੀਆ । ਮੇਰੇ ਨਾਲੋਂ ਪਹਿਲੋਂ ਪਾਰ ਉਤਾਰਨਾ ਇਹ ਜੁਆਨ, ਜੋ ਤੇਰਾ ਦਰਸ ਰਿਹਾ ਕਰਾਈਆ । ਅਰਜਨ ਇਸ਼ਾਰੇ ਨਾਲ ਦੱਸਿਆ ਬਿਨਾ ਜ਼ਬਾਨ, ਉਂਗਲੀ ਉਪਰ ਰਖਾਈਆ । ਜਿਸ ਵੇਲੇ ਆਪ ਆਏ ਵਾਲੀ ਦੋ ਜਹਾਨ, ਦੋਹਾਂ ਦਾ ਲੇਖਾ ਦਏ ਮੁਕਾਈਆ । ਤੂੰ ਮਾਂ ਤੇ ਇਹ ਤੇਰਾ ਪੁੱਤ ਬਣੇ ਨਾਦਾਨ, ਦੋਹਾਂ ਅੰਦਰ ਦਿਸੇ ਆਪ ਰਘੁਰਾਈਆ । ਲੋਕਮਾਤ ਲੇਖਾ ਚੁਕਾਏ ਆਣ,


੧੧੯੧
੧੭

ਲਹਿਣਾ ਪੂਰਬ ਝੋਲੀ ਪਾਈਆ । ਉਨ੍ਹਾਂ ਦਾ ਜਨਮ, ਉਨ੍ਹਾਂ ਦਾ ਕਰਮ, ਉਹਨਾਂ ਦਾ ਧਰਮ, ਮਾਂ ਬੰਤੀ ਤੇ ਪੁੱਤ ਦਲੀਪ ਸਿੰਘ ਬਲਵਾਨ, ਬੇਪਹਿਚਾਨ ਦੇ ਸਮਝਾਈਆ । ਸੋਲਾਂ ਪੋਹ ਘਰ ਜਾ ਕੇ ਕਰੇ ਕਲਿਆਣ, ਹਰਿ ਸੰਗਤ ਖ਼ੁਸ਼ੀਆਂ ਰੰਗ ਰੰਗਾਈਆ । ਗਲ ਦਰਵੇਸ਼ਾਂ ਵਾਲਾ ਚੋਲਾ ਪਾ ਕੇ ਮੰਗੇ ਦਾਨ, ਗੁਰਮੁਖ ਹਮੇਸ਼ਾਂ ਲਈ ਪਾਰ ਕਰਾਈਆ । ਇਕੋ ਦਰ ਵਖਾ ਕੇ ਬਿਰਧ ਬਾਲ ਜੁਆਨ, ਨੱਢੇ ਅਧਵਿਚਕਾਰ ਨਾ ਕੋਇ ਅਟਕਾਈਆ । ਭੁੱਖਿਆਂ ਨਾਲੋਂ ਭੁੱਖਾ ਨੰਗਿਆਂ ਨਾਲੋਂ ਨੰਗਾ ਹੋਏ ਆਪ ਭਗਵਾਨ, ਚੰਨਾਂ ਨਾਲੋਂ ਚੰਗੇ ਗੁਰਮੁਖ ਦਏ ਵਖਾਈਆ । ਬੰਦਿਆਂ ਵਿਚੋਂ ਬੰਦੇ ਟੁਟਿਆਂ ਵਿਚੋਂ ਗੰਢੇ ਜਿਨ੍ਹਾਂ ਦੇ ਨਾਲ ਦੋ ਜਹਾਨ ਹੰਢੇ, ਪੱਲਾ ਸਕੇ ਨਾ ਕੋਇ ਛੁਡਾਈਆ । ਜਿਹੜੀ ਵਸਤ ਅਰਜਨ ਅੰਤਰ ਮੰਗੇ, ਉਹ ਪੂਰਾ ਕਰੇ ਸੂਰਾ ਸਰਬੰਗੇ, ਉਜਾਗਰ ਸਿੰਘ ਲੇਖਾ ਦਏ ਚੁਕਾਈਆ । ਅੱਗੇ ਪਾ ਕੇ ਆਪਣੇ ਫੰਦੇ, ਆਪਣੇ ਮਹੱਲ ਅੰਦਰ ਟੰਗੇ, ਅਟਲ ਪਦਵੀ ਇਕ ਜਣਾਈਆ । ਪਹਿਲੋਂ ਧਾਰ ਪਿਆਈ ਅੰਮ੍ਰਿਤ ਖੰਡੇ, ਹੁਣ ਮਿਹਰਵਾਨ ਮਿਹਰ ਨਜ਼ਰ ਨਾਲ ਕਾਇਆ ਚੋਲੀ ਅੰਤਰ ਰੰਗੇ, ਗੁਰਮੁਖ ਖ਼ੁਸ਼ੀਆਂ ਨਾਲ ਪਾਰ ਲੰਘੇ, ਸਤਿਗੁਰ ਦਾਤਾ ਦਏ ਵਡਿਆਈਆ । ਜਨ ਭਗਤ ਇੱਕੀ ਸੌ ਦਾ ਹਾਰ ਪ੍ਰਭ ਅਬਿਨਾਸ਼ੀ ਦੇ ਗਲ ਬੰਨ੍ਹੇ, ਰਵਿਦਾਸ ਵਿਚੋਲਾ ਨਾਲ ਰਖਾਈਆ । ਅੱਗੇ ਆਪੇ ਪ੍ਰਭ ਜਨ ਭਗਤਾਂ ਦੀ ਸਦ ਮੰਨੇ, ਮੁਜਰਮ ਹੋ ਕੇ ਮੁਕਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਥੋਂ ਮਾਰੇ ਇਕ ਉਛੱਲੇ, ਭੱਜੇ ਵਾਹੋ ਦਾਹੀਆ । ਸਤਾਰਾਂ ਪੋਹ ਭਲਾਈਪੁਰ ਆ ਕੇ ਗੁਰਮੁਖ ਚਮਕਾਵੇ ਆਪਣੇ ਚੰਨੇ, ਸਾਚੇ ਚੰਦ ਕਰੇ ਰੁਸ਼ਨਾਈਆ । ਆਤਮਾ ਸਿੰਘ ਸਾਥ ਰਹਿਣਾ ਭੋਲੇ ਭਾਲੇ ਧੰਨੇ, ਰਾਵੀ ਆਪਣੇ ਕੰਧੇ ਚੁੱਕ ਕੇ ਪਾਰ ਦਏ ਲੰਘਾਈਆ । ਵੇਖੋ ਤੁਹਾਡੇ ਕਹਿਣੇ ਕਿਵੇਂ ਮੰਨੇ, ਮਨਸਾ ਵਿਚ ਰੁਝਾਈਆ । ਤੁਹਾਡੇ ਜੋੜਿਆਂ ਦੇ ਘਸਦੇ ਹੋਵਣ ਤਲੇ, ਥੱਲੇ ਆਪਣਾ ਆਪ ਵਿਛਾਈਆ । ਤੁਸਾਂ ਫਿਰ ਕਹਿਣਾ ਪ੍ਰਭੂ ਵਾਹ ਬੱਲੇ ਬੱਲੇ, ਜੋ ਭਗਤਾਂ ਅੰਦਰ ਸਿਰ ਨਾ ਸਕੇ ਉਠਾਈਆ । ਉਸ ਵੇਲੇ ਇਕ ਗੱਲ ਯਾਦ ਕਰੌਣੀ ਜੋ ਕੀਤੀ ਨਾਲ ਡੱਲੇ, ਰਾਵੀ ਦੇ ਅਧਵਿਚਕਾਰ ਜਾ ਕੇ ਡੇਰਾ ਲਾਈਆ । ਅੱਜੇ ਜ਼ਖ਼ਮ ਉਹ ਅੱਲੇ, ਜੋ ਘਾਉ ਪਠਾਨਾਂ ਛੁਰਿਆਂ ਨਾਲ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਚਾਲ ਆਪਣੀ ਚਲੇ, ਪਿਛਲੇ ਲੇਖੇ ਸਰਬ ਮਿਟਾਈਆ ।

## ✪ ੯ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ✪

ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਨਵਖੰਡ, ਨਵ ਪੋਹ ਧਿਆਨ ਲਗਾਈਆ । ਖੋਜ ਖੁਜਾਏ ਤੇਰੇ ਬ੍ਰਹਿਮੰਡ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਪੜਦਾ ਚੁੱਕ ਕੇ ਵੇਖਿਆ ਸ੍ਰਿਸ਼ਟ ਵਰਭੰਡ, ਪੜਦਾ ਪਰੇ ਹਟਾਈਆ । ਸਾਚਾ ਨਜ਼ਰ ਨਾ ਆਇਆ ਕੋਈ ਰੰਗ, ਰੰਗਤ ਸਚ ਨਾ ਕੋਇ ਵਖਾਈਆ । ਤੀਰਥ ਤਟ ਵੇਖੇ ਨੰਗ, ਅਠਸਠ ਰਹੇ ਕੁਰਲਾਈਆ । ਸਾਚਾ ਚਮਕੇ ਕੋਈ ਨਾ ਚੰਦ, ਅੰਧ ਅੰਧੇਰਾ ਇਕੋ ਛਾਈਆ । ਭਗਤ ਸੁਹੇਲੇ ਥੋੜ੍ਹੇ ਵੇਖੇ ਜੋ ਤੇਰਾ ਗਉਂਦੇ ਛੰਦ, ਸੋਹੰ ਢੋਲਾ ਰਾਗ ਅਲਾਈਆ । ਉਹਨਾਂ ਦੇ ਅੰਤਰ ਵੇਖੀ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਪ੍ਰੇਮ ਪ੍ਰੀਤੀ ਅੰਦਰ ਮਾਨਣ ਅਨੰਦ, ਨਿਜਾਨੰਦ ਖ਼ੁਸ਼ੀ ਮਨਾਈਆ । ਭਾਂਡਾ ਭਰਮ ਢਾਹ ਕੇ ਕੰਧ, ਦੂਈ ਦਵੈਤੀ ਦਿਤੀ ਚੁਕਾਈਆ । ਇਕੋ ਤੇਰਾ ਲੱਭ ਕੇ ਸੰਗ,

ਸੰਗੀ ਧੁਰ ਦਾ ਲਿਆ ਬਣਾਈਆ । ਜਿਨ੍ਹਾਂ ਪਿਛੇ ਮਾਰੇਂ ਆਪ ਪੰਧ, ਬਣ ਕੇ ਪਾਂਧੀ ਰਾਹੀਆ । ਅਸੀਂ ਵੇਖਣੀ ਸੇਜ ਸੁਹੰਜਣੀ ਉਹ ਪਲੰਘ, ਜੋ ਭਗਤਾਂ ਅੰਦਰ ਆਪ ਸੁਹਾਈਆ । ਜਿਥੇ ਅੱਠੇ ਪਹਿਰ ਵੱਜੇ ਮਰਦੰਗ, ਬਿਨ ਤੰਦ ਸਤਾਰ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਿਤਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੇ ਨੌਂ ਦਰ, ਲੱਖ ਚੁਰਾਸੀ ਖੋਜ ਖੁਜਾਈਆ । ਸਾਚਾ ਮਿਲਿਆ ਨਾ ਕਿਸੇ ਘਰ, ਕੁੰਡਾ ਮੰਦਰ ਨਾ ਕੋਇ ਖੁਲ੍ਹਾਈਆ । ਪੌੜੇ ਸਕਿਆ ਕੋਈ ਨਾ ਚੜ੍ਹ, ਡੰਡਾ ਹੱਥ ਨਾ ਕੋਇ ਫੜਾਈਆ । ਸਾਚਾ ਤੇਰਾ ਨਾਉਂ ਕੋਈ ਨਾ ਸਕਿਆ ਪੜ੍ਹ, ਹਿੱਸਿਆਂ ਵਿਚ ਵੰਡਾਈਆ । ਸਤਿ ਸਰੂਪੀ ਤੇਰਾ ਦਰਸ ਸਕਿਆ ਕੋਈ ਨਾ ਕਰ, ਸਨਮੁਖ ਹੋ ਕੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਖੇਲ ਅਗੰਮੀ ਰਿਹਾ ਕਰ, ਹਰਿ ਕਰਤੇ ਤੇਰੀ ਵਡਿਆਈਆ । ਭਗਤ ਸੁਹੇਲੇ ਲਏ ਵਰ, ਨਾਤਾ ਆਪਣੇ ਨਾਲ ਜੁੜਾਈਆ । ਨਿਰਭੈ ਹੋ ਕੇ ਭੈ ਚੁਕਾਇਆ ਡਰ, ਭਾਵੀ ਸੀਸ ਰਹੀ ਨਾ ਰਾਈਆ । ਕੂੜੀ ਕਿਰਿਆ ਤੋੜ ਕੇ ਗੜ੍ਹ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਦੇਣੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੇ ਨੌਂ ਰਸ, ਸ੍ਰਿਸ਼ਟ ਹੋਈ ਹਲਕਾਈਆ । ਤੇਰੇ ਮਿਲਣ ਦੀ ਖੁਲ੍ਹੀ ਕਿਸੇ ਨਾ ਅੱਖ, ਪ੍ਰਤਖ ਰੂਪ ਨਾ ਕੋਇ ਗੁਸਾਈਆਂ । ਜਗਤ ਵਾਸਨਾ ਸਾਰੇ ਰਹੇ ਨੱਠ, ਭੱਜਣ ਵਾਹੋ ਦਾਹੀਆ । ਦੀਨਾਂ ਮਜ਼੍ਹਬਾਂ ਵਾਲੀ ਲੈ ਕੇ ਮਤ, ਮਤੇ ਮਨ ਦੇ ਨਾਲ ਪਕਾਈਆ । ਹਕੀਕਤ ਜਾਣੇ ਨਾ ਕੋਈ ਹਕ, ਹੁਕਮ ਸੀਸ ਨਾ ਕੋਇ ਟਿਕਾਈਆ । ਕਲ ਕਲਕੀ ਹੋ ਪਰਗਟ, ਪਤਿਪਰਮੇਸ਼ਵਰ ਆਪਣੀ ਧਾਰ ਚਲਾਈਆ । ਸਾਡੀ ਸਭ ਦੀ ਹੋਈ ਬਸ, ਤੇਰੇ ਅੱਗੇ ਇਕ ਅਰਜ਼ੋਈਆ । ੧੧੯੩
ਜਿਧਰ ਵੇਖੀਏ ਤੇਰੇ ਭਗਤ ਤੇਰੇ ਗਾਉਂਦੇ ਜਸ, ਸਾਡੀ ਕਰੇ ਨਾ ਕੋਇ ਪੜ੍ਹਾਈਆ । ਤੂੰ ਉਹਨਾਂ ਪਿਛੇ ਜਾਏਂ ਨੱਠ, ਲੋਕਮਾਤ ਵਾਹੋ ਦਾਹੀਆ । ਭਗਤ ਦਵਾਰਾ ਖੋਲ੍ਹ ਹੱਟ, ਬਣ ਵਣਜਾਰਾ ਸਚ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੀ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੇ ਨੌਂ ਨਿਧ, ਚਾਰ ਕੁੰਟ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਚਲੇ ਨਾ ਕੋਈ ਕਿਸੇ ਬਿਧ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਸਦੀ ਵੀਹਵੀਂ ਸਾਡੀ ਅੰਤਮ ਤੇਰੇ ਨਾਲ ਜ਼ਿਦ, ਬਾਲੇ ਨੰਨ੍ਹੇ ਹੋ ਕੇ ਰਹੇ ਸੁਣਾਈਆ । ਤੂੰ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਤੇਰੀ ਸਰਨਾਈਆ । ਤੇਰੇ ਹੁਕਮ ਅੰਦਰ ਸੁਰਪਤ ਇੰਦ, ਸ਼ੰਕਰ ਨਿਉਂ ਨਿਉਂ ਸੀਸ ਝੁਕਾਈਆ । ਬ੍ਰਹਮਾ ਦਰਸ਼ਨ ਕਰੇ ਨਿਤ, ਨੇਤਰ ਅੱਖ ਖੁਲ੍ਹਾਈਆ । ਸਦਾ ਖੇਲ ਵੇਖੀ ਅਨਡਿਠ, ਹੈਰਾਨੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਵੱਲੜੀ ਕਾਰ ਕਮਾਈਆ । ਅਵੱਲੜੀ ਕਾਰ ਤੇਰੀ ਕਰਤਾਰ, ਕਰਨੀ ਤੇਰੀ ਬੇਪਰਵਾਹੀਆ । ਤੇਰਾ ਹੁਕਮ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਹਉਂ ਤੇਰੇ ਬਰਖ਼ੁਰਦਾਰ, ਬਾਲ ਨਿਮਾਣੇ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵਾਦਾਰ, ਚਾਕਰ ਹੋ ਕੇ ਸੀਸ ਝੁਕਾਈਆ । ਤੂੰ ਸਾਹੋ ਭੂਪ ਸੱਚੀ ਸਰਕਾਰ, ਸ਼ਹਿਨਸ਼ਾਹ ਅਖਵਾਈਆ । ਹਉਂ ਦਰ ਭਿਖਾਰੀ ਖ਼ਿਦਮਤਗਾਰ, ਦਰਵੇਸ਼ ਰੂਪ ਵਟਾਈਆ । ਤੂੰ ਨੂਰ ਅਲਾਹੀ ਪਰਵਰਦਿਗਾਰ, ਸਾਂਝਾ ਪੀਰ ਅਖਵਾਈਆ । ਹਉਂ ਦੋਏ ਜੋੜ ਕਰੀਏ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਤੂੰ ਪਿਤਾ ਪੁਰਖ ਅਕਾਲ, ਅਕਲ ਕਲ ਤੇਰੀ ਵਡਿਆਈਆ । ਹਉਂ ਬਾਲੇ ਨੱਢੇ ਛੋਟੇ ਤੇਰੇ ਲਾਲ, ਲਾਲਨ ਤੇਰਾ ਰੰਗ ਰੰਗਾਈਆ । ਤੂੰ ਸ਼ਹਿਨਸ਼ਾਹ ਸ਼ਾਹ ਸੁਲਤਾਨ,

ਭੂਪਤ ਭੂਪ ਬੇਪਰਵਾਹੀਆ । ਤੂੰ ਨਿਰਗੁਣ ਸਰਗੁਣ ਵਸੇਂ ਨਾਲ, ਸਦ ਆਪਣੀ ਦਇਆ ਕਮਾਈਆ । ਤੂੰ ਦਾਤਾ ਦਾਨੀ ਦੀਨ ਦਿਆਲ, ਦਇਆ ਨਿਧ ਤੇਰੀ ਸਰਨਾਈਆ । ਹਉਂ ਨਿਤ ਨਵਿਤ ਘਾਲਣ ਤੇਰੇ ਘਾਲ, ਘੋਲੀ ਘੋਲ ਘੋਲ ਘੁਮਾਈਆ । ਤੂੰ ਵੇਖਣਹਾਰਾ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਅੱਠ ਪੋਹ ਅੱਧੀ ਰਾਤ ਵੇਖਿਆ ਤੇਰਾ ਸਿੰਘ ਪਾਲ, ਜਿਸ ਦੀ ਪਾਲਕੀ ਇਕ ਉਠਾਈਆ । ਤੇਰੇ ਦਰ ਤੇ ਓਸ ਕੀਤਾ ਇਕ ਸਵਾਲ, ਪੂਰਬ ਲਹਿਣਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਅਸਾਂ ਵੇਖਿਆ ਮੰਗਦਾ, ਨਿਧੜਕ ਹੋ ਕੇ ਸੀਸ ਨਿਵਾਈਆ । ਤੇਰੇ ਦਵਾਰੇ ਮੂਲ ਨਾ ਸੰਗਦਾ, ਖ਼ੁਸ਼ੀਆਂ ਨਾਲ ਜਣਾਈਆ । ਪੁਰਖ ਅਕਾਲ ਕਿਉਂ ਮੇਰੇ ਬਿਨਾ ਜਨ ਭਗਤਾਂ ਅੰਦਰ ਲੰਘਦਾ, ਇਕ ਇਕੱਲਾ ਫੇਰਾ ਪਾਈਆ । ਵੇਖ ਮੇਰਾ ਨੂਰ ਜ਼ਹੂਰ ਅਗੰਮੀ ਚੰਦ ਦਾ, ਗੋਬਿੰਦ ਕਰੇ ਰੁਸ਼ਨਾਈਆ । ਨਾਤਾ ਛੱਡ ਕੇ ਜੀਉ ਪਿੰਡ ਦਾ, ਇੰਡ ਬ੍ਰਹਿਮੰਡ ਦਿਤਾ ਤਜਾਈਆ । ਕਿਨਾਰਾ ਛੱਡ ਕੇ ਸਾਗਰ ਸਿੰਧ ਦਾ, ਗੁਣੀ ਗਹਿੰਦ ਤੇਰੇ ਵਿਚ ਸਮਾਈਆ । ਮੇਰਾ ਪਵਿਤਰ ਰੂਪ ਸੁਰਪਤ ਇੰਦ ਦਾ, ਸ਼ੰਕਰ ਅੱਖਾਂ ਨਾਲ ਵਖਾਈਆ । ਮੈਂ ਨੂਰ ਤੇਰੀ ਬਿੰਦ ਦਾ, ਸਚਖੰਡ ਦਵਾਰੇ ਜਨਮੇ ਕੋਇ ਨਾ ਮਾਈਆ । ਤੇਰਾ ਖੇਲ ਸਾਗਰ ਸਿੰਧ ਦਾ, ਅਲਖ ਅਗੰਮ ਤੇਰੀ ਵਡ ਵਡਿਆਈਆ । ਬੇਸ਼ਕ ਆਦਿ ਜੁਗਾਦਿ ਜੁਗ ਚੌਕੜੀ ਮੂਰਖ ਮੁਗਧ ਅੰਞਾਣ ਤੈਨੂੰ ਨਿੰਦ ਦਾ, ਜਨ ਭਗਤ ਤੇਰਾ ਜਸ ਗਾਈਆ । ਤੇਰੇ ਦਵਾਰੇ ਕੋਈ ਰਾਗ ਤਾਲ ਨਹੀਂ ਸੁਰ ਕਿੰਗ ਦਾ, ਤਲਵਾੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖਿਆ ਬਲਕਾਰੀ, ਬਲ ਇਕੋ ਨਜ਼ਰੀ ਆਈਆ । ਜਿਨ੍ਹਾਂ ਭਗਤਾਂ ਦਿਤੀ ਸਰਦਾਰੀ, ਸੋ ਸਦ ਸਦ ਵਾਰੀ ਘੋਲ ਘੁਮਾਈਆ । ਅੱਗੇ ਉਹਨਾਂ ਦੀ ਆਈ ਵਾਰੀ, ਪਿਛਲੀ ਖ਼ੁਆਰੀ ਦੇਣ ਮਿਟਾਈਆ । ਚੰਗਿਆਂ ਨਾਲੋਂ ਚੰਗੀ ਤੇਰੀ ਯਾਰੀ, ਯਰਾਨਾ ਇਕੋ ਨਾਲ ਰਖਾਈਆ । ਹੇ ਭਗਵਨ ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਜੋਤ ਅਕਾਲਣ ਰਹੀ ਕਵਾਰੀ, ਸਚ ਦਵਾਰ ਨਾ ਕਿਸੇ ਪਰਨਾਈਆ । ਬੀਸ ਇਕੀਸੇ ਹਰਿ ਜਗਦੀਸੇ ਛੱਬੀ ਪੋਹ ਵੱਜਣੀ ਅਗੰਮੀ ਤਾੜੀ, ਬਿਨਾਂ ਹੱਥਾਂ ਤਾਲ ਵਜਾਈਆ । ਤੈਨੂੰ ਲੇਖਾ ਚੁਕੌਣਾ ਪੈਣਾ ਜੋ ਸਿੰਘ ਪਾਲ ਚਰਨਾਂ ਨਾਲ ਛੁਹਾਈ ਦਾੜ੍ਹੀ, ਅੰਤਰ ਆਤਮ ਸੇਵ ਕਮਾਈਆ । ਜਨ ਭਗਤਾਂ ਭਿਛਿਆ ਪਾਉਣੀ ਸਾਚਾ ਨਾਮ ਇਹੋ ਸਾਉਣੀ ਹਾੜੀ, ਅੱਗੇ ਹਾੜਾ ਕੱਢਣ ਦੀ ਲੋੜ ਰਹੇ ਨਾ ਰਾਈਆ । ਭਗਤ ਜਨ ਤੇਰੇ ਮੰਗਤੇ ਨਹੀਂ ਨਾ ਮੰਗਣ ਆਏ ਦਿਹਾੜੀ, ਮਜ਼ਦੂਰਾਂ ਵਾਂਗ ਮਜ਼ਦੂਰ ਨਾ ਫੇਰੀ ਪਾਈਆ । ਮੈਂ ਉਪਰ ਚੜ੍ਹ ਕੇ ਵੇਖਿਆ ਦੋ ਜਹਾਨ ਤੱਕਿਆ ਤੇਰੀ ਆਦਿ ਜੁਗਾਦੀ ਇਹਨਾਂ ਨਾਲ ਯਾਰੀ, ਪਿਛਾ ਦੇ ਨਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਰਹੇ ਝੁਕਦੇ, ਜੁਗ ਚੌਕੜੀ ਸੀਸ ਨਿਵਾਈਆ । ਕਲਜੁਗ ਅੰਤਮ ਸਚਖੰਡ ਵੇਖਿਆ ਤੇਰੇ ਗੁਰਮੁਖ ਬੁੱਕਦੇ, ਸ਼ੇਰ ਸ਼ੇਰ ਵਾਂਗ ਭਬਕ ਲਗਾਈਆ । ਤੂੰ ਮਾਲਕ ਬਣਾ ਕੇ ਇਕੋ ਤੁਕ ਦੇ, ਤੁਖ਼ਮ ਤਾਸੀਰ ਆਪਣੇ ਨਾਲ ਰਲਾਈਆ । ਉਹ ਕਿਸੇ ਕੋਲੋਂ ਨਹੀਂ ਪੁੱਛਦੇ, ਸਿੱਧੇ ਆਵਣ ਭੱਜਣ ਵਾਹੋ ਦਾਹੀਆ । ਉਹ ਰੋਕਿਆਂ ਨਹੀਂ ਰੁਕਦੇ, ਬੈਠੇ ਪੰਧ ਮੁਕਾਈਆ । ਉਹ ਭੁੱਖੇ ਤੇਰੇ ਦਰਸ ਪਿਆਰੇ ਮੁਖ ਦੇ, ਦੂਜੀ ਨਜ਼ਰ ਨਾ ਕੋਇ ਟਿਕਾਈਆ । ਉਹ ਵਣਜਾਰੇ ਤੇਰੇ ਨਾਮ ਸੁਖ ਦੇ, ਦੂਜੀ ਆਸ ਨਾ ਕੋਇ ਵਧਾਈਆ ।

ਕਲਜੁਗ ਅੰਤਮ ਲੁਕਾਇਆਂ ਨਹੀਂ ਲੁਕਦੇ, ਸਭ ਤੋਂ ਵਖਰੇ ਢੋਲੇ ਰਹੇ ਗਾਈਆ । ਨਾਤੇ ਜੋੜ ਕੇ ਪਿਉ ਪੁੱਤ ਦੇ, ਗੋਬਿੰਦ ਮੇਲਾ ਲਿਆ ਮਿਲਾਈਆ । ਵੇਖ ਭਾਗ ਆਪਣੀ ਕੁੱਖ ਦੇ, ਬਣ ਕੇ ਜਣ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੱਸੀਏ ਕੀ, ਕਥਾ ਕਹਾਣੀ ਸਾਰੀ ਦਿਤੀ ਬਦਲਾਈਆ । ਤੇਰੇ ਭਗਤ ਇਕ ਤੈਨੂੰ ਕਹਿੰਦੇ ਜੀ, ਦੂਸਰ ਸੀਸ ਨਾ ਕਿਸੇ ਝੁਕਾਈਆ । ਸਾਡੀ ਦੀਨਾਂ ਮਜ਼੍ਹਬਾਂ ਵਾਲੀ ਛੱਡ ਗਏ ਲੀਹ, ਲਾਈਨ ਆਪਣੀ ਲਈ ਬਦਲਾਈਆ । ਕੋਈ ਕਹੇ ਮੈਂ ਪੁੱਤਰ ਕੋਈ ਕਹੇ ਮੈਂ ਧੀ, ਨਾਤਾ ਤੇਰੇ ਨਾਲ ਜੁੜਾਈਆ । ਸਾਢੇ ਤਿੰਨ ਹੱਥ ਸਿੰਘ ਮਨਜੀਤ ਸੁਹਾ ਕੇ ਨੀਂਹ, ਸੀਆ ਸੋਹਣੀ ਦਿਤੀ ਵਡਿਆਈਆ । ਸਚ ਦਵਾਰੇ ਬੀਜ ਦਿਤਾ ਬੀ, ਫੁੱਲ ਫੁਲਵਾੜੀ ਗੁਰਮੁਖ ਆਪ ਮਹਿਕਾਈਆ । ਏਸੇ ਕਰਕੇ ਗੋਬਿੰਦ ਦਿਤੀ ਵਡਿਆਈ ਵੀਹ ਸੌ ਵੀਹ, ਇੱਕੀ ਤੇਰੇ ਹੱਥ ਫੜਾਈਆ । ਓਸ ਇੱਕੀ ਦੀ ਰੱਖਣੀ ਨੀਂਹ, ਜਿਸ ਦੇ ਪਿਛੇ ਬੱਚੇ ਨੀਹਾਂ ਵਿਚ ਦਬਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਲਿਹਾਰੇ ਜਾਵਣ ਬੀ, ਨਿਉਂ ਨਿਉਂ ਸੀਸ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਿਆ ਤੇਰਾ ਚਰਨ ਦਵਾਰਾ ਵਸੀਹ, ਪੈਮਾਇਸ਼ ਵਿਚ ਨਾਪ ਨਾ ਕੋਇ ਕਰਾਈਆ । ਸਭ ਤੋਂ ਵੱਖਰੀ ਨਿਰਾਲੀ ਵੇਖੀ ਤੇਰੀ ਤਰਜੀਹ, ਧੁਰ ਦੇ ਹੁਕਮ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਵਿਚੋਂ ਉਠਿਆ ਕ੍ਰਿਸ਼ਨ ਕਾਹਨ, ਕਹਿਣ ਕਹਿਣ ਕੁਛ ਆਈਆ । ਬੇਸ਼ਕ ਤ੍ਰਿਲੋਕੀ ਦਾ ਦਿਤਾ ਮੈਨੂੰ ਮਾਣ, ਤ੍ਰੈਭਵਣ ਤੇਰੀ ਵਡਿਆਈਆ । ਸਖ਼ੀਆਂ ਨਾਲ ਕੀਤਾ ਖੇਲ ਮਹਾਨ, ਪਨਘਟ ਆਪਣਾ ਫੇਰਾ ਪਾਈਆ । ਬੰਸਰੀ ਨਾਲ ਸੁਣਾਇਆ ਗਾਨ, ਗਊਆਂ ਚਾਰ ਖ਼ੁਸ਼ੀ ਮਨਾਈਆ । ਜੋਧਾ ਬਣ ਕੇ ਵਿਚ ਬਲਵਾਨ, ਸੂਰਬੀਰ ਦਿਤੇ ਲੜਾਈਆ । ਅੰਤਮ ਖ਼ਾਲੀ ਕਰ ਮੈਦਾਨ, ਮਦਦ ਤੇਰੀ ਇਕ ਤਕਾਈਆ । ਫੇਰ ਸੁੱਤਾ ਵਿਚ ਬੀਆਬਾਨ, ਚਰਨ ਗੋਡੇ ਉਪਰ ਟਿਕਾਈਆ । ਉਧਰੋਂ ਬੱਧਕ ਮਾਰਿਆ ਬਾਣ, ਲੇਖਾ ਪੂਰ ਵਖਾਈਆ । ਉਸ ਮੰਗਿਆ ਫੇਰ ਦਾਨ, ਰੋ ਰੋ ਝੋਲੀ ਡਾਹੀਆ । ਮੈਨੂੰ ਖ਼ਿਮਾ ਕਰ ਭਗਵਾਨ, ਭੁੱਲ ਦੇ ਬਖ਼ਸ਼ਾਈਆ । ਉਸ ਵੇਲੇ ਮੈਨੂੰ ਆਇਆ ਇਕ ਫ਼ਰਮਾਨ, ਫੁਰਨਿਆਂ ਵਿਚੋਂ ਜਣਾਈਆ । ਤੇਰਾ ਲੇਖਾ ਮੁਕਣਾ ਵਿਚ ਜਹਾਨ, ਕਲਜੁਗ ਅੰਤਮ ਦਏ ਗਵਾਹੀਆ । ਮਾਣਸ ਦੇਹੀ ਹੋਵੇ ਸਿੰਘ ਰਾਮ, ਰਾਮ ਤੇਰੀ ਵਡਿਆਈਆ । ਉਸ ਦਾ ਦੂਜਾ ਮਿਤਰ ਉਨੀਵੇਂ ਸਾਲ ਵਿਚ ਅੰਵਾਣ, ਕੋਲੋਂ ਦਏ ਸਲਾਹੀਆ । ਏਹੋ ਜਿਹਾ ਪ੍ਰੇਮੀ ਮਿਲਣਾ ਨਹੀਂ ਭਗਵਾਨ, ਜੋ ਸ਼ਤਰੂ ਲਏ ਤਰਾਈਆ । ਨੇਤਰ ਰੋ ਕੇ ਚਰਨੀਂ ਡਿੱਗਾ ਆਣ, ਬੇਨੰਤੀ ਇਕ ਸੁਣਾਈਆ । ਮਾਨੁਖ ਜਨਮ ਕਰ ਪਰਵਾਨ, ਮਨੁਖਤਾ ਲੇਖੇ ਲਾਈਆ । ਓਸ ਵੇਲੇ ਆਇਆ ਇਕ ਧਿਆਨ, ਅੰਤਰ ਅੰਤਰ ਆਸ ਉਪਜਾਈਆ । ਧੰਨ ਮਾਤਾ ਜਿਸ ਇਹ ਜੰਮਿਆ ਬਾਲ, ਮੁਖ ਸੀਰ ਲਗਾਈਆ । ਉਸੇ ਵੇਲੇ ਕਿਹਾ ਕ੍ਰਿਸ਼ਨ ਸੁਣ ਬੱਚੇ ਅੰਵਾਣ, ਇਹ ਇਛਿਆ ਮੂਲ ਨਾ ਭਾਈਆ । ਦੂਜੀ ਵਾਰੀ ਆਉਣਾ ਪਏ ਵਿਚ ਜਹਾਨ, ਕੰਨਿਆ ਰੂਪ ਵਟਾਈਆ । ਬੱਧਕ ਨਾਲ ਨਾਤਾ ਜੁੜੇ ਮਹਾਨ, ਜਿਸ ਦੀ ਦਿਤੀ ਗਵਾਹੀਆ । ਤੇਰਾ ਨਾਮਾਂ ਵਿਚੋਂ ਨਾਮ ਸ਼ਾਨਾਂ ਵਿਚੋਂ ਸ਼ਾਨ, ਸ਼ਹਿਨਸ਼ਾਹ ਦਏ ਵਡਿਆਈਆ । ਪਿਤਾ ਪੁੱਤਰੀ ਨਾਤਾ ਇਕ ਸਮਾਨ, ਲੋਕਮਾਤ ਦਏ ਜੁੜਾਈਆ । ਉਸ ਦੇ ਨਾਲ ਸੀ ਇਕ ਸਵਾਨ, ਛੇ ਮਹੀਨੇ ਪੰਜ ਦਿਨ ਉਮਰ ਗਿਣਾਈਆ । ਉਹ ਵੇਖ ਕੇ ਹੋਇਆ ਹੈਰਾਨ, ਪ੍ਰਭ ਕੀ ਕੀ ਬਚਨ ਸੁਣਾਈਆ । ਜਿਸ ਬੱਧਕ ਮਾਰਿਆ ਬਾਣ,

੧੧੯੫
੧੭

ਓਸੇ ਨੂੰ ਦਏ ਵਡਿਆਈਆ । ਜੇ ਮੇਰਾ ਲੇਖਾ ਮੁਕਾਵੇ ਆਣ, ਸਿਰ ਮੇਰੇ ਹੱਥ ਰਖਾਈਆ । ਮੈਂ ਮੰਗਾਂ ਇਕੋ ਦਾਨ, ਆਪਣੀ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਮੇਰਾ ਨਾਤਾ ਜੋੜ ਦੇ ਇਹਨਾਂ ਨਾਲ, ਅੱਗੇ ਨਾ ਹੋਏ ਜੁਦਾਈਆ । ਜੇ ਸਵਾਣ ਤੋਂ ਬਣਾਏਂ ਇਨਸਾਨ, ਇਹ ਵੀ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦੀ ਸਦਾ ਸਦਾ ਸਦ ਮਿਹਰਵਾਨ, ਸਿਰ ਆਪਣਾ ਹੱਥ ਟਿਕਾਈਆ । ਉਸੇ ਵੇਲੇ ਹੋਇਆ ਫ਼ਰਮਾਨ, ਬਿਨ ਲੇਖੇ ਲੇਖ ਦਿਤਾ ਦ੍ਰਿੜਾਈਆ । ਤੇਰਾ ਇਹਨਾਂ ਨਾਲ ਮਾਣ, ਧਿਆਨ ਧਿਆਨ ਨਾਲ ਜੁੜਾਈਆ । ਬੱਚੀ ਨਾਲ ਬੱਚੀ ਹੋਵੇ ਪਰਵਾਨ, ਪਿਤਾ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਲੇਖਾ ਚੁੱਕੇ ਜਹਾਨ, ਅਬਿਨਾਸ਼ੀ ਕਰਤਾ ਦਏ ਮੁਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵੇਖਣਹਾਰਾ ਮਾਰ ਧਿਆਨ, ਧਿਆਨੀ ਏਕਾ ਧਿਆਨ ਰਖਾਈਆ । ਜ਼ਿੰਦਗੀ ਵਿਚੋਂ ਜ਼ਿੰਦਗੀ ਬਲੀਦਾਨ, ਜਿੰਦਰੇ ਵਿਚੋਂ ਬਾਹਰ ਕੱਢ ਜਿੰਦਰ ਪਾਰ ਕਰਾਈਆ । ਉਸੇ ਵੇਲੇ ਇਕ ਪੰਖੀ ਆਇਆ ਮਾਰ ਉਡਾਰ, ਸਾਢੇ ਤਿੰਨ ਹੱਥ ਕੋਲ ਡੇਰਾ ਲਾਈਆ । ਮੈਂ ਸੁਣਿਆ ਤੇਰਾ ਗਿਆਨ, ਧੁਰ ਦਾ ਰਾਗ ਅਲਾਈਆ । ਮੇਰੇ ਉਤੇ ਹੋ ਮਿਹਰਵਾਨ, ਦੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਆਇਆ ਪੰਖੇਰੂ ਇਕ ਗਰੜ, ਆਪਣੇ ਪੰਖ ਸੁਆਰਿਆ । ਉਚੀ ਬੋਲ ਸੁਣਾਇਆ ਕੜਕ, ਧੁਰ ਦਾ ਨਾਮ ਉਚਾਰਿਆ । ਤੇਰਾ ਲਹਿਣਾ ਸਦਾ ਨਿਧੜਕ, ਅੰਤ ਨਾ ਪਾਰਾਵਾਰਿਆ । ਤੂੰ ਮਾਲਕ ਅਰਸ਼ ਫ਼ਰਸ਼, ਤ੍ਰੈਲੋਕੀ ਨਾਥ ਅਖਵਾ ਰਿਹਾ । ਮੇਰੇ ਉਤੇ ਕਰ ਤਰਸ, ਇਕੋ ਮੰਗ ਮੰਗਾ ਰਿਹਾ । ਮੈਂ ਤੇਰਾ ਕੀਤਾ ਦਰਸ, ਸ੍ਰੀ ਭਗਵਾਨ ਤੇਰਾ ਰੂਪ ਨਜ਼ਰੀ ਆ ਰਿਹਾ । ਕ੍ਰਿਸ਼ਨ ਕਿਹਾ ਇਹ ਖੇਲ ਇਕ ਅਸਚਰਜ, ਜਿਸ ਦਾ ਭੇਵ ਕੋਇ ਨਾ ਪਾ ਰਿਹਾ । ਤੂੰ ਨਾ ਜਾਣੇ ਆਪਣੀ ਅਗਲੀ ਪਿਛਲੀ ਫ਼ਰਦ, ਲਹਿਣਾ ਲੇਖ ਨਾ ਕੋਇ ਵਖਾ ਰਿਹਾ । ਪਹਿਲੇ ਜਟਾਊ ਰਿਹਾ ਭੜਕ, ਹੁਣ ਅਗਲਾ ਰਾਹ ਤਕਾ ਲਿਆ । ਫੇਰ ਮਾਣਸ ਬਣਨਾ ਮਰਦ, ਮਨੁੱਖ ਰੂਪ ਵਟਾ ਰਿਹਾ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਗਰਦ, ਸਾਚਾ ਚੰਦ ਨੂਰ ਮੁਖ ਛੁਪਾ ਲਿਆ । ਉਸ ਵੇਲੇ ਤੇਰਾ ਇਕੋ ਫ਼ਰਜ਼, ਤੈਨੂੰ ਸਚ ਸਮਝਾ ਲਿਆ । ਨਿਰਗੁਣ ਸਰਗੁਣ ਹੋ ਕੇ ਆਵੇ ਪਰਤ, ਗੁਰ ਗੁਰ ਖੇਲ ਖਿਲਾ ਰਿਹਾ । ਨਾਨਕ ਧਾਰ ਅਰਜਨ ਵਡਿਆਈ ਦੇਵੇ ਧਰਤ, ਧਰਨੀ ਆਪ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਲਿਖਾ ਲਿਆ । ਕ੍ਰਿਸ਼ਨ ਕਹੇ ਸੁਣ ਪੰਖੇਰੂ ਪੰਖੀ, ਤੈਨੂੰ ਦਿਆਂ ਦ੍ਰਿੜਾਈਆ । ਤੇਰਾ ਹਾਲ ਸ੍ਰੀ ਭਗਵਾਨ ਵੇਖੇ ਅੱਖੀਂ, ਪੜਦਾ ਓਹਲਾ ਨਾ ਕੋਇ ਰਖਾਈਆ । ਪਹਿਲੋਂ ਗੁਰ ਅਰਜਨ ਦੀ ਤਪਣੀ ਭੱਠੀ, ਅਗਨੀ ਡਾਹੁਣਾ ਤੇਰੀ ਸੇਵ ਜਣਾਈਆ । ਉਥੇ ਆਉਣੀ ਫੇਰ ਤੈਨੂੰ ਮਤੀ, ਅੰਤਰ ਅੰਤਰ ਵੱਜੇ ਵਧਾਈਆ । ਸ੍ਰਿਸ਼ਟੀ ਦਿਸੇ ਲੋਹ ਤਪੀ, ਤੇਰੇ ਨੈਣ ਵੇਖ ਵੇਖ ਖ਼ੁਸ਼ੀ ਮਨਾਈਆ । ਉਸ ਵੇਲੇ ਪੜ੍ਹਨੀ ਇਕ ਪੱਟੀ, ਜੋ ਹੌਲੀ ਹੌਲੀ ਅਰਜਨ ਅੰਦਰੇ ਅੰਦਰ ਗਾਈਆ । ਪੁਰਖ ਅਕਾਲ ਦੀ ਬਣ ਕੇ ਸਖ਼ੀ, ਸਖ਼ਾ ਸੰਗ ਜਾਏ ਤਜਾਈਆ । ਓਅੰ ਸੋਹੰ ਧਾਰ ਜਿਸ ਦੇ ਅੰਦਰ ਵਸੀ, ਵਸਲ ਸਚ ਦਏ ਕਰਾਈਆ । ਫੇਰ ਤੇਰੇ ਜਨਮ ਦੀ ਜੋਤ ਨਿਰੰਜਣ ਜਗਣ ਵਾਲੀ ਬੁਝਣੀ ਬੱਤੀ, ਸਾਢੇ ਤਿੰਨ ਹੱਥ ਰਹਿਣ ਨਾ ਪਾਈਆ । ਜਿਸ ਵੇਲੇ ਪਤਿਪਰਮੇਸ਼ਵਰ ਆਵੇ ਕਮਲਾਪਤੀ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਈਆ । ਉਸ ਵੇਲੇ ਤੇਰਾ ਜਨਮ ਦੇਵੇ ਇਕ ਜੱਟੀ, ਕੋਝੀ ਕਮਲੀ ਨਜ਼ਰੀ ਆਈਆ । ਵੇਖੇ ਖੇਲ ਪੁਰਖ ਅਬਿਨਾਸ਼ੀ ਸੱਚੀ, ਸਚ ਸਚ ਦਿਆਂ ਸਮਝਾਈਆ ।

ਕਲਜੁਗ ਅੰਤਮ ਸਤਿ ਕਿਤੇ ਨਾ ਰਹੇ ਰਤੀ, ਕੂੜ ਕੁੜਿਆਰਾ ਘਰ ਘਰ ਫੇਰਾ ਪਾਈਆ । ਤੇਰਾ ਲਹਿਣਾ ਫੇਰ ਮੁਕਾਵੇ ਪੁਰਖ ਅਕਾਲ ਇਕ ਵਡ ਸਮਰਥੀ, ਸਿਰ ਆਪਣਾ ਹੱਥ ਟਿਕਾਈਆ । ਜਿਸ ਕਿਨਾਰੇ ਤੇਰੀ ਹੱਟੀ, ਰਾਵੀਉਂ ਲਹਿੰਦੀ ਦਿਸ਼ਾਂ ਵੇਖ ਵਖਾਈਆ । ਉਸੇ ਕਿਨਾਰੇ ਆਵੇ ਪੁਰਖ ਸਮਰਥੀ, ਆਪਣਾ ਫੇਰਾ ਪਾਈਆ । ਬੱਧਕ ਨਾਲ ਮਿਲਾ ਕੇ ਤੇਰੀ ਅੱਖੀਂ, ਬਾਲਿਆਂ ਨਾਲ ਵੰਡ ਵੰਡਾਈਆ । ਪੰਦਰਾਂ ਪੋਹ ਪਿਛੋਂ ਫੇਰ ਭਰਨੀ ਪਏ ਨਾ ਕਿਸੇ ਦੀ ਚੱਟੀ, ਚਿਤ੍ਰਗੁਪਤ ਲੇਖਾ ਨਾ ਕੋਇ ਵਖਾਈਆ । ਭਾਗ ਲਗਾ ਕੇ ਕੁੱਲੀ ਕੱਖੀਂ, ਕੱਖੋਂ ਲੱਖ ਦਏ ਬਣਾਈਆ । ਲੱਖਾਂ ਦਾ ਦਾਤਾ ਗੁਰਮੁਖ ਅਰਬਾਂ ਖਰਬਾਂਪਤੀ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਸਦਾ ਸਦਾ ਸਦ ਜੁਗ ਜੁਗ ਆਪ ਮੁਕਾਈਆ ।

### ✪ ੧੦ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਦਸ ਪੋਹ ਕਹੇ ਮੈਂ ਵੇਖਿਆ ਲੱਖ ਚੁਰਾਸੀ ਜਿਸਮ, ਤਨ ਮਾਟੀ ਖ਼ਾਕੀ ਖੋਜ ਖੁਜਾਈਆ । ਸਾਚਾ ਨੂਰ ਜ਼ਹੂਰ ਮਿਲਿਆ ਕਿਸੇ ਨਾ ਇਸਮ, ਅਸਮਤ ਸਾਰੇ ਬੈਠੇ ਲੁਟਾਈਆ । ਮੈਂ ਸੁਗੰਧ ਖਾ ਕੇ ਕਹਾਂ ਕਸਮ, ਹਕ ਹਕੀਕਤ ਇਕ ਜਣਾਈਆ । ਬਿਨ ਜਨ ਭਗਤਾਂ ਵੜਿਆ ਕੋਇ ਨਾ ਦਵਾਰੇ ਦਸਮ, ਦਹਿ ਦਿਸ਼ਾ ਨਾ ਰੰਗ ਰੰਗਾਈਆ । ਸਭ ਤੋਂ ਵੱਖਰੀ ਨਿਰਾਲੀ ਚਲਾ ਕੇ ਰਸਮ, ਆਪਣੀ ਖੇਲ ਖਿਲਾਈਆ । ਲੇਖੇ ਲਾ ਕੇ ਪਿਛਲੀ ਭਸਮ, ਭਾਂਡਾ ਭਰਮ ਭੰਨਾਈਆ । ਗੁਰਮੁਖਾਂ ਅੰਦਰ ਆਇਆ ਵਸਣ, ਸਚ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦਸ ਪੋਹ ਕਹੇ ਮੈਂ ਵੇਖਿਆ ਸੰਸਾਰ, ਚਾਰੋਂ ਕੁੰਟ ਖੋਜ ਖੁਜਾਈਆ । ਸਾਚਾ ਕਰੇ ਨਾ ਕੋਇ ਦੀਦਾਰ, ਦਰਸ ਦੀਦ ਕੋਇ ਨਾ ਪਾਈਆ । ਚਾਰ ਕੁੰਟ ਵੇਖੀ ਖੁਆਰ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਨਾ ਕੋਇ ਅਖ਼ਤਿਆਰ, ਸਚ ਦਰਬਾਰ ਨਾ ਕੋਇ ਲਗਾਈਆ । ਦੋ ਜਹਾਨ ਰੋਂਦੇ ਧਾਹਾਂ ਮਾਰ, ਧਰਨੀ ਧਰਤ ਧਵਲ ਕੁਰਲਾਈਆ । ਬਿਨ ਭਗਤਾਂ ਕੋਈ ਨਾ ਮਿਲਿਆ ਹਰਿ ਨਿਰੰਕਾਰ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੋਹ ਦਸ ਕਹੇ ਮੈਂ ਦਸਮ ਦਵਾਰਾ ਵੇਖਿਆ ਆਪ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਬਿਨ ਭਗਤਾਂ ਕਿਸੇ ਨਾ ਲੱਭੀ ਜਾਚ, ਅੰਦਰ ਵੜਨ ਕੋਇ ਨਾ ਪਾਈਆ । ਅੱਖਰਾਂ ਵਾਲੀ ਪੜ੍ਹਨ ਗਾਥ, ਸਤਰਾਂ ਵਾਲੀ ਕਰਨ ਪੜ੍ਹਾਈਆ । ਨਟੂਆ ਬਣ ਕੇ ਕਰਨ ਨਾਚ, ਮਨੂਆ ਨਾਲ ਰਲਾਈਆ । ਭੇਖਾਂ ਵਾਲੀ ਕਰਨ ਬਾਤ, ਸਚ ਸਤਿ ਨਾ ਕੋਇ ਸਮਝਾਈਆ । ਦੁਹਾਗਣ ਬਣ ਕੇ ਨਾਰ ਕਮਜ਼ਾਤ, ਕੂੜ ਕੁੜਿਆਰਾ ਜਗਤ ਹੰਢਾਈਆ । ਸਾਚਾ ਮਿਲੇ ਨਾ ਧੁਰ ਦਾ ਬਾਪ, ਪਿਤਾ ਪੁਰਖ ਨਾ ਗੋਦ ਉਠਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਕਾਂਪ, ਥਰ ਥਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਖਿਲਾਈਆ । ਦਸ ਪੋਹ ਕਹੇ ਮੈਂ ਦਸਮ ਦਵਾਰ ਦੀ ਵੇਖੀ ਤਾਕੀ, ਕੁੰਡੀ ਖਿੜਕੀ ਜਨ ਭਗਤਾਂ ਦਿਤੀ ਖੁਲ੍ਹਾਈਆ । ਉਹਨਾਂ ਦਾ ਪੁਰਖ ਅਕਾਲ ਬਣਿਆ ਸਾਥੀ, ਧੁਰ ਦਾ ਸੰਗ ਨਿਭਾਈਆ ।

ਦਿਵਸ ਰੈਣ ਕਰੇ ਬਾਤੀ, ਬਾਤਨ ਹਾਲ ਜਣਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਸਤਿ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਮੰਨ ਕੇ ਆਖੀ, ਅੱਖਰ ਆਪਣਾ ਦਿਤਾ ਸਮਝਾਈਆ । ਹਿਰਦੇ ਅੰਦਰ ਬਣ ਨਿਵਾਸੀ, ਆਸਣ ਸੋਹਣਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਦਸ ਪੋਹ ਕਹੇ ਮੈਂ ਵੇਖੀ ਝਲਕ, ਨੂਰ ਨੁਰਾਨਾ ਆਪ ਜਣਾਈਆ । ਜਨ ਭਗਤਾਂ ਖੁਲ੍ਹੀ ਵੇਖੀ ਪਲਕ, ਹਰਨ ਫਰਨ ਡੇਰਾ ਢਾਹੀਆ । ਪ੍ਰੇਮ ਪਿਆਰ ਦਾ ਲਗਾ ਕੇ ਤਿਲਕ, ਤਅਲੁਕ ਆਪਣੇ ਨਾਲ ਬਣਾਈਆ । ਦੋ ਜਹਾਨ ਦੇ ਕੇ ਖ਼ਿੱਲਤ, ਖ਼ਾਲਸ ਆਪਣਾ ਰੰਗ ਰੰਗਾਈਆ । ਸਚ ਦਵਾਰੇ ਕਰਕੇ ਮਿੱਲਤ, ਮੇਲਾ ਕੀਤਾ ਸਹਿਜ ਸੁਭਾਈਆ । ਉਥੇ ਸ਼ੈਤਾਨ ਕਰੇ ਕੀ ਇੱਲਤ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਿਸੇ ਦੀ ਕਰਨ ਦੇਵੇ ਨਾ ਮਿੰਨਤ, ਫੜ ਬਾਹੋਂ ਪਾਰ ਲੰਘਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਦੀ ਪਈ ਕੋਈ ਨਾ ਹਿੰਮਤ, ਹੌਸਲਾ ਅੱਗੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦਸ ਪੋਹ ਕਹੇ ਮੈਂ ਵੇਖੇ ਦਸ ਦਸ, ਦਹਿ ਦਿਸ਼ਾ ਧਿਆਨ ਲਗਾਈਆ । ਜਨ ਭਗਤਾਂ ਭਗਵਨ ਮਿਲੇ ਹੱਸ ਹੱਸ, ਹਸਤੀ ਆਪਣੀ ਦਿਤੀ ਛੁਪਾਈਆ । ਤੀਰ ਨਿਰਾਲਾ ਮਾਰੇ ਕਸ ਕਸ, ਧੁਰ ਦੇ ਚਿੱਲੇ ਬਾਣ ਚੜ੍ਹਾਈਆ । ਪੰਧ ਮੁਕਾਵੇ ਨੱਠ ਨੱਠ, ਭੱਜੇ ਪਾਂਧੀ ਰਾਹੀਆ । ਜਨ ਭਗਤਾਂ ਪ੍ਰੇਮ ਪ੍ਰੀਤੀ ਰਟ ਰਟ, ਨਾਤਾ ਕੂੜਾ ਦਿਤਾ ਤੁੜਾਈਆ । ਗੁਰਮੁਖਾਂ ਦਵਾਰੇ ਖੋਲ੍ਹ ਹੱਟ ਹੱਟ, ਸਚ ਵਸਤ ਇਕ ਵਰਤਾਈਆ । ਆਪਣੇ ਮਿਲਣ ਦੀ ਅੱਖ ਖੋਲ੍ਹ ਪ੍ਰਤਖ, ਨੇਤਰ ਲੋਚਨ ਨੈਣਾਂ ਖ਼ੁਸ਼ੀ ਵਖਾਈਆ । ਆਤਮ ਪਰਮਾਤਮ ਜਣਾ ਕੇ ਧੁਰ ਦਾ ਜਸ, ਵੇਦ ਪੁਰਾਨਾਂ ਖਹਿੜਾ ਦਿਤਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦਸ ਪੋਹ ਕਹੇ ਮੈਂ ਵੇਖਿਆ ਦਹਿ ਦਿਸ਼ਾ ਵਾਸੀ, ਵਾਸਤਾ ਆਪਣੇ ਨਾਲ ਰਖਾਈਆ । ਜੋ ਨਿਤ ਨਵਿਤ ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਧੁਰ ਦਾ ਸਾਥੀ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਰੱਖੇ ਚਾਲ ਬਾਂਕੀ, ਅਸ਼ਟਬੱਕਰ ਬੈਠਾ ਸੀਸ ਨਿਵਾਈਆ । ਅੱਠਾਂ ਤੱਤਾਂ ਵਾਲੀ ਕਾਇਆ ਪੋਸ਼ ਦੀ ਲਾਹ ਕੇ ਟਾਕੀ, ਪ੍ਰਭ ਚਰਨਾਂ ਹੇਠ ਵਿਛਾਈਆ । ਲਹਿਣਾ ਦੇਣਾ ਦੇ ਦੇ ਬਾਕੀ, ਜਿਹੜੀ ਰਮਜ਼ ਜਨਕ ਵੇਲੇ ਸਮਝਾਈਆ । ਮੈਨੂੰ ਰੜਕੇ ਅਜੇ ਹਿਰਖ ਛਾਤੀ, ਅਭੁਲ ਭੁਲ ਕਦੇ ਨਾ ਜਾਈਆ । ਜਿਹੜੀ ਰਵਿਦਾਸ ਘਰ ਜੰਮੀ ਕਾਕੀ, ਓਸ ਵੇਲੇ ਨੌ ਸਾਲ ਦੀ ਮੇਰੀ ਉਂਗਲੀ ਲੱਗ ਕੇ ਆਈਆ । ਤੂੰ ਕਰਕੇ ਜਗਤ ਚਾਲਾਕੀ, ਮੇਰੀ ਅੰਦਰੋਂ ਤਾਕੀ ਦਿਤੀ ਖੁਲ੍ਹਾਈਆ । ਮੈਨੂੰ ਹੱਸਦੇ ਬੰਦੇ ਖ਼ਾਕੀ, ਚੰਮ ਦ੍ਰਿਸ਼ਟੀ ਵੇਖ ਵਖਾਈਆ । ਮੇਰਾ ਮਾਲਕ ਤੂੰ ਪਤਿਪਰਮੇਸ਼ਵਰ ਕਮਲਾਪਾਤੀ, ਪਤਣ ਇਕੋ ਨਜ਼ਰੀ ਆਈਆ । ਭਗਤਾਂ ਨਾਲੋਂ ਚੰਗੇ ਤੇਰੇ ਸਾਥੀ, ਕਲਜੁਗ ਵੇਖ ਵਖਾਈਆ । ਰਾਜਾ ਜਨਕ ਮਾਰੇ ਆਪਣੀ ਝਾਤੀ, ਬਿਨ ਨੈਣਾਂ ਅੱਖ ਖੁਲ੍ਹਾਈਆ । ਜਿਸ ਅਠਾਰਾਂ ਤੋਂ ਅਠਾਈ ਕੁੰਡ ਕਰਕੇ ਵੇਖੇ ਖੇਲ ਤਮਾਸ਼ੀ, ਲੋਕਮਾਤ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦਸ ਪੋਹ ਕਹੇ ਮੈਂ ਵੇਖੀ ਜਨਕ ਸਪੁੱਤਰੀ, ਦਰ ਦਵਾਰੇ ਧਿਆਨ ਲਗਾਈਆ । ਉਹ ਪੱਛਮ ਦਿਸ਼ਾ ਉੱਤਰੀ, ਪੂਰਬ ਅੱਖ ਉਠਾਈਆ । ਛੋਟਾ ਬਾਲਾ ਲੈ ਕੇ ਪਿਛੜੀ, ਅੰਤਰ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦੇਣਾ ਮੁਕਾਈਆ । ਪੋਹ

ਦਸ ਕਹੇ ਮੈਂ ਵੇਖੀ ਆਈ ਭੀਲਨੀ ਬਹੁਰੰਗੀ, ਗਲ ਪਾਟੇ ਚੀਥੜ ਪਾਈਆ । ਉਹਦੇ ਖੱਬੇ ਕੰਨ ਵਿਚ ਇਕ ਕੁੰਡਲਾਂ ਵਾਲੀ ਡੰਡੀ, ਦੋ ਟਾਂਕ ਵਜ਼ਨ ਵਖਾਈਆ । ਤੇਰਾਂ ਦੰਦਿਆਂ ਵਾਲੀ ਕੰਘੀ, ਚੋਟੀ ਨਾਲ ਮਿਲਾਈਆ । ਪੰਜਾਂ ਰੰਗਾਂ ਵਾਲੀ ਅੰਗੀ, ਟੁਕੜਿਆਂ ਗੰਢ ਲਗਾਈਆ । ਦੋਹਾਂ ਪੈਰਾਂ ਨਾਲੋਂ ਨੰਗੀ, ਪਾਨਹੀ ਚਰਨ ਨਾ ਕੋਇ ਛੁਹਾਈਆ । ਜਗਤ ਲੋਕ ਲਾਜ ਕੋਲੋਂ ਨਾ ਸੰਗੀ, ਆਈ ਵਾਹੋ ਦਾਹੀਆ । ਮੈਂ ਵੇਖਾਂ ਉਹ ਭੁਜੰਗੀ, ਜਿਨ੍ਹਾਂ ਨੂੰ ਭੁਯੰਗ ਕੁਮਾਰ ਰਿਹਾ ਬਣਾਈਆ । ਜਿਨ੍ਹਾਂ ਦੇ ਅੰਦਰ ਉਸ ਸਰੋਵਰ ਨਾਲੋਂ ਸੋਹਣੀ ਸੁਗੰਧੀ, ਜਿਸ ਸਰੋਵਰ ਨੂੰ ਦਿਤੀ ਰਾਮ ਵਡਿਆਈਆ । ਮੈਂ ਆਸਾ ਪਿਛਲੀ ਪੂਰੀ ਕਰਾਂ ਮੰਗ ਮੰਗੀ, ਮਾਂਗਤ ਹੋ ਕੇ ਵੇਖ ਵਖਾਈਆ । ਤੂੰ ਅਛੱਲ ਛਲਧਾਰੀ ਪ੍ਰਭੂ ਬੜਾ ਢੰਗੀ, ਬੇਅੰਤ ਤੇਰੀ ਵਡਿਆਈਆ । ਜਿਸ ਵੇਲੇ ਸ੍ਰਿਸ਼ਟ ਸਬਾਈ ਹੋਵੇ ਅੰਧੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਂ ਉਸ ਵੇਲੇ ਵੇਖਾਂ ਤੈਨੂੰ ਕਿਵੇਂ ਬਣੇ ਭਗਤਾਂ ਸੰਗੀ, ਸਗਲਾ ਸੰਗ ਨਿਭਾਈਆ । ਮੈਂ ਨਾਲ ਲਿਆਈ ਆਪਣੀ ਚੌਹ ਕੰਨੀਆਂ ਵਾਲੀ ਬਗ਼ਲੀ ਉਹ ਟੰਗੀ, ਜਿਸ ਵਿਚ ਕੱਚੇ ਬੇਰ ਟਿਕਾਈਆ । ਜਿਨ੍ਹਾਂ ਨੂੰ ਖਾਧਾ ਨਾਲ ਦੰਦੀਂ, ਹੇਠਲੇ ਉਪਰ ਲਬਾਂ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਭੀਲਣੀ ਕਹੇ ਵੇਖ ਹਾਲ ਦਿਲ ਦਾ, ਦਿਲਦਾਰ ਦਿਆਂ ਜਣਾਈਆ । ਮੈਨੂੰ ਵੇਲਾ ਯਾਦ ਜਿਸ ਵੇਲੇ ਖਾਧਾ ਛਿਲਕਾ, ਰਸ ਆਪਣਾ ਆਪ ਬਣਾਈਆ । ਮੈਂ ਉਹ ਸਾਂਭ ਕੇ ਰੱਖੀ ਗਿਟਕਾ, ਦੂਸਰ ਕਿਸੇ ਨਾ ਹੱਥ ਫੜਾਈਆ । ਮੇਰਾ ਧਿਆਨ ਪਿਛਲਾ ਚਿਰ ਦਾ, ਬੈਠੀ ਰਾਹ ਤਕਾਈਆ । ਹੁਣ ਆਇਆ ਰਾਮ ਫਿਰਦਾ ਫਿਰਦਾ, ਬਨਬਾਸੀ ਫੇਰਾ ਪਾਈਆ । ਜੋ ਬਿਨ ਸੱਦਿਆਂ ਘਰ ਆ ਕੇ ਮਿਲਦਾ, ਲਹਿਣੇ ਦੇਣੇ ਚੁਕਾਈਆ । ਉਸ ਰਾਮ ਕਿਹਾ ਇਹ ਹੁਕਮ ਮੇਰੇ ਨਰਾਇਣ ਨਰ ਦਾ, ਜੋ ਮਾਲਕ ਬੇਪਰਵਾਹੀਆ । ਭੀਲਣੀ ਕਿਹਾ ਮੈਨੂੰ ਭੇਤ ਦੱਸ ਉਸ ਘਰ ਦਾ, ਜਿਸ ਘਰ ਹਰ ਘਟ ਵਸਿਆ ਰਾਮ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਸ ਪੋਹ ਕਹੇ ਮੈਂ ਵੇਖੇ ਔਂਦੇ, ਜੋ ਪਿਛਲਾ ਪੰਧ ਮੁਕਾਈਆ । ਗੁਰਮੁਖ ਢੋਲੇ ਢਈਏ ਵਾਲੇ ਗੌਂਦੇ, ਗੋਬਿੰਦ ਰਾਗ ਅਲਾਈਆ । ਬਿਸਮਿਲ ਹੋ ਕੇ ਵਿਚ ਵਿਸਮੌਂਦੇ, ਵਿਸਮਾਦੀ ਰੂਪ ਵਟਾਈਆ । ਸਖ਼ੀਆਂ ਬਣ ਕੇ ਅੱਖੀਆਂ ਦਰਸ਼ਨ ਪੌਂਦੇ, ਘਰ ਸਾਚੇ ਖ਼ੁਸ਼ੀ ਮਨਾਈਆ । ਜਗਤ ਹੱਟੀਆਂ ਮੂਲ ਨਾ ਭੌਂਦੇ, ਸਚ ਦਵਾਰਾ ਇਕੋ ਨਜ਼ਰੀ ਆਈਆ । ਮਨਖਟੂ ਹੋ ਕੇ ਮੁੜ ਘਰ ਨਾ ਭੌਂਦੇ, ਵਸਤ ਅਮੋਲਕ ਲੈ ਕੇ ਝੋਲੀ ਨਾਮ ਭਰਾਈਆ । ਚਰਨ ਲੱਗ ਨਾ ਫਿਰ ਪਛਤੌਂਦੇ, ਪਸ਼ਚਾਤਾਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰਾ ਰਾਹ ਤਕਾਈਆ । ਦਸਮ ਪੋਹ ਕਹੇ ਮੈਂ ਵੇਖਿਆ ਦੋਜ਼ਖ਼ ਬਹਿਸ਼ਤ, ਨਰਕ ਸਵਰਗ ਖੋਜ ਖੁਜਾਈਆ । ਜਨ ਭਗਤ ਸੁਹੇਲੇ ਦੋਹਾਂ ਤੋਂ ਬਾਹਰ ਆਪਣੇ ਮਾਰਗ ਜਾਣ ਖ਼ਿਸਕ, ਬਿਨ ਕਦਮਾਂ ਕਦਮ ਉਠਾਈਆ । ਸੂਫ਼ੀਆਂ ਕਿਹਾ ਤੇਰਾ ਸਭ ਤੋਂ ਵੱਖਰਾ ਇਸ਼ਕ, ਮਾਸ਼ੂਕ ਮਸ਼ਕ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਸਤ, ਵਸਤੂ ਇਕ ਵਰਤਾਈਆ । ਪੋਹ ਦਸ ਕਹੇ ਮੈਂ ਵੇਖਿਆ ਲਹਿੰਦਾ ਚੜ੍ਹਦਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਕਲਜੁਗ ਰੂਪ ਹੰਕਾਰ ਗੜ੍ਹਦਾ, ਮਮਤਾ ਮੋਹ ਹਲਕਾਈਆ । ਗੁਰਮੁਖ ਵਿਰਲਾ ਧੁਰ ਦਾ ਢੋਲਾ ਪੜ੍ਹਦਾ, ਸੋਹੰ ਰਾਗ ਅਲਾਈਆ । ਸਚ ਦਵਾਰੇ ਹੋ ਕੇ ਬਰਦਾ, ਸਤਿ ਬੰਦਗੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੱਗੇ ਹੋ ਕੇ ਮਿਲਦਾ, ਮਿਲਣੀ ਜਗਦੀਸ਼ ਕਰਾਈਆ ।

ਪੜਦਾ ਲਾਹ ਕੇ ਤੀਜੇ ਤਿਲ ਦਾ, ਨੂਰੋ ਨੂਰ ਕਰੇ ਰੁਸ਼ਨਾਈਆ । ਮਾਲਕ ਬਣਕੇ ਸਾਚੇ ਦਿਲ ਦਾ, ਅੰਦਰੋਂ ਦਲੀਲ ਦਏ ਬਦਲਾਈਆ । ਪੜਦਾ ਲਾਹ ਕੇ ਬਜਰ ਕਪਾਟੀ ਸਿਲ ਦਾ, ਸਿੱਧਾ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਸ ਪੋਹ ਕਹੇ ਮੈਂ ਵੇਖਿਆ ਆ ਕੇ, ਘਰ ਸਾਚੇ ਵੱਜੇ ਵਧਾਈਆ । ਜਨ ਭਗਤ ਸੋਂਹਦੇ ਹਰਿ ਦਰਸ਼ਨ ਪਾ ਕੇ, ਪਤਤ ਪੁਨੀਤ ਰੂਪ ਵਟਾਈਆ । ਜਿਨ੍ਹਾਂ ਨੂੰ ਸਾਹਿਬ ਸੁਲਤਾਨ ਆਪਣੀ ਚੁੱਕੇ ਢਾਕੇ, ਢਾਹ ਢੇਰੀ ਖ਼ਾਕ ਨਾ ਕੋਇ ਬਣਾਈਆ । ਜਿਨ੍ਹਾਂ ਦੇ ਜੁਗ ਚੌਕੜੀ ਚੱਲੇ ਸਾਕੇ, ਕਲਮਾਂ ਸ਼ਾਹੀਆਂ ਦੇਣ ਗਵਾਹੀਆ । ਉਹਨਾਂ ਦਾ ਮੇਲ ਮਿਲਿਆ ਇਤਫ਼ਾਕੇ, ਬੇਪਰਵਾਹ ਹੋਇਆ ਸਹਾਈਆ । ਕੂੜ ਕੁੜਿਆਰੇ ਤੋੜੇ ਨਾਤੇ, ਸੱਜਣ ਸਾਚੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣੇ ਵਿਚ ਚੁਕਾਈਆ । ਦਸਮ ਪੋਹ ਕਹੇ ਖੇਲ ਵੇਖਿਆ ਸੋਹਣਾ ਸੁਹੇਲਾ, ਸੱਜਣ ਇਕ ਅਖਵਾਈਆ । ਗੁਰੂਆਂ ਵਰਗਾ ਗੁਰੂ ਚੇਲਿਆਂ ਵਰਗਾ ਚੇਲਾ, ਪੈਗ਼ੰਬਰਾਂ ਵਰਗਾ ਪੈਗ਼ੰਬਰ ਗੁਰੂਆਂ ਪੈਗ਼ੰਬਰਾਂ ਤੋਂ ਪਰੇ ਮਾਲਕ ਆਪ ਅਖਵਾਈਆ । ਜਨ ਭਗਤਾਂ ਕਰ ਕੇ ਸਹਿਜ ਸੁਭਾਉ ਮੇਲਾ, ਮਿਲਾਵਟ ਪਿਛਲੀ ਦਿਤੀ ਚੁਕਾਈਆ । ਪਿਛਲਾ ਚੁਕਾ ਕੇ ਵਕਤ ਦੁਹੇਲਾ, ਇਕੱਲਾ ਹੋਇਆ ਆਪ ਸਹਾਈਆ । ਸਾਚਾ ਸਮਾਂ ਸੁਹਾ ਕੇ ਵੇਲਾ, ਵੇਖਣ ਵਾਲੇ ਚੁੱਪ ਕਰਾਈਆ । ਜਨ ਭਗਤ ਕੋਈ ਨਾ ਰਹੇ ਪੁੱਤ ਸੁਤੇਲਾ, ਨਾਤਾ ਕੂੜਾ ਦਿਤਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਪਹਾੜ ਜੰਗਲ ਜੂਹ ਉਚੇ ਟਿੱਲੇ ਪਰਬਤ ਬੇਲਾ, ਸਮੁੰਦ ਸਾਗਰ ਡੂੰਘੀ ਖਾਈ ਖੋਜ ਖੁਜਾਈਆ । ਦਸ ਪੋਹ ਕਹੇ ਮੈਂ ਖਾਵਾਂ ਸੁਗੰਦੀ, ਸਚ ਸਚ ਦ੍ਰਿੜਾਈਆ । ਜਨ ਭਗਤਾਂ ਕੱਟਦਾ ਵੇਖਿਆ ਫੰਦੀ, ਫਾਸੀ ਅੱਗੇ ਨਾ ਕੋਇ ਲਟਕਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਸ਼ਰਅ ਸ਼ਰੀਅਤ ਨਾ ਕੋਇ ਰਖਾਈਆ । ਲੱਖ ਚੁਰਾਸੀ ਖ਼ਾਨਾ ਤੋੜ ਕੇ ਬੰਦੀ, ਬਰੀ ਆਪਣੇ ਹੁਕਮ ਰਖਾਈਆ । ਪੀਠ ਰਹੇ ਕੋਈ ਨਾ ਨੰਗੀ, ਸੀਸ ਆਪਣਾ ਹੱਥ ਟਿਕਾਈਆ । ਗੁਰਮੁਖ ਸਵਾਣੀ ਨਜ਼ਰ ਨਾ ਆਵੇ ਕੋਈ ਰੰਡੀ, ਗੋਬਿੰਦ ਸ਼ਬਦ ਹਾਣੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਦਸਮ ਪੋਹ ਕਹੇ ਮੈਥੋਂ ਪੁੱਛੋ, ਪਿਛਲਾ ਹਾਲ ਸੁਣਾਈਆ । ਗੁਰਮੁਖ ਉਸ ਨਾਲ ਨਾ ਰੁਸੋ, ਰੁਸਿਆਂ ਰਿਹਾ ਮਨਾਈਆ । ਉਸ ਦੀ ਚਰਨੀਂ ਝੁਕੋ, ਜੋ ਝੁਕ ਝੁਕ ਤੁਹਾਡੀ ਸੇਵ ਕਮਾਈਆ । ਉਸ ਦੇ ਕੋਲੋਂ ਮੂਲ ਨਾ ਲੁਕੋ, ਜੋ ਜੁਗ ਜਨਮ ਦਿਆਂ ਲੁਕਿਆਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਦਸ ਪੋਹ ਕਹੇ ਸੁਣੋ ਬੇਨੰਤੀ ਇਕ, ਦਰ ਠਾਂਡੇ ਦਿਆਂ ਜਣਾਈਆ । ਪੰਜਾਂ ਤੱਤਾਂ ਵਾਲਿਉ ਬਣ ਜਾਉ ਸਾਚੇ ਸਿੱਖ, ਸਤਿਗੁਰ ਸਿਖਿਆ ਇਕ ਦ੍ਰਿੜਾਈਆ । ਜਿਨ੍ਹਾਂ ਦੇ ਪੂਰਬ ਲੇਖੇ ਲਏ ਲਿਖ, ਅੰਤਮ ਝੋਲੀ ਪਾਈਆ । ਜੇ ਸ੍ਰੀ ਭਗਵਾਨ ਤੁਹਾਡੇ ਉਤੇ ਗਿਆ ਵਿਸ, ਵਿਸਰਿਆਂ ਫੇਰ ਉਠਾਈਆ । ਤੁਹਾਡਾ ਔਂਦਿਆਂ ਦਾ ਵੇਖੇ ਮੁਖ, ਜਾਂਦਿਆਂ ਦੀ ਤੱਕੇ ਪਿਠ, ਸਵਾ ਗਿਠ ਅੰਦਰ ਆਪਣੀ ਖੇਲ ਰਚਾਈਆ । ਜਿਸ ਦਸਮ ਦਵਾਰੀ ਦੀ ਕਰਦੇ ਰਹੇ ਸਾਰੇ ਖਿਚ, ਜੋਗ ਅਭਿਆਸ ਤਪ ਸਾਧਨਾ ਜਗਤ ਕਰਾਈਆ । ਉਸ ਦੀ ਜਨ ਭਗਤਾਂ ਘਰ ਬੈਠਿਆਂ ਦੇ ਦੇਵੇ ਚਿਟ, ਉਪਰ ਸੋਹੰ ਨਾਮ ਰਖਾਈਆ । ਗੁਰਸਿਖ ਤੂੰ ਮੇਰਾ ਮੈਂ ਤੇਰਾ ਪਿਤ, ਪਿਤਾ ਪੂਤ ਇਕੋ ਘਰ ਦੇ ਮਾਲਕ ਨਜ਼ਰੀ ਆਈਆ । ਜਿਨ੍ਹਾਂ ਦੇ ਅੰਦਰ ਮੈਂ ਵੜ ਜਾਵਾਂ ਵਿਚ, ਉਹਨਾਂ ਨੂੰ ਦਸਮ ਦਵਾਰੀ ਚੰਗੀ ਮੂਲ ਨਾ ਭਾਈਆ ।

ਉਹ ਕੌਡੀ ਵਾਂਗ ਸਿੱਕੇ ਭਰੀ ਰਿਚ, ਵਿੱਚੇ ਬੰਦ ਕਰਾਈਆ । ਜਿਨ੍ਹਾਂ ਦੇ ਅੰਤਰ ਵਸੇਰਾ ਹੋਇਆ ਨਿਜ, ਉਹਨਾਂ ਨਿਜ ਨੇਤਰ ਪੰਧ ਮੁਕਾਈਆ । ਮੈਂ ਭਗਤਾਂ ਨਾਲ ਆਦਿ ਜੁਗਾਦੀ ਨਿਰਗੁਣ ਹੋ ਕੇ ਗਿਆ ਗਿੜ, ਸਰਗੁਣ ਖ਼ੁਸ਼ੀ ਮਨਾਈਆ । ਜੁਗ ਚੌਕੜੀ ਮੇਰੀ ਵੱਖਰੀ ਬਿਧ, ਸ਼ਾਸਤਰ ਸਿਮਰਤ ਵੇਦ ਨਾ ਕੋਇ ਸਮਝਾਈਆ । ਜੇ ਦਸ ਪੋਹ ਰਾਤ ਨੂੰ ਲੱਗੇ ਪਾਲਾ ਤੁਹਾਡੇ ਅੰਦਰ ਵੜ ਕੇ ਮਾਣਾ ਨਿੱਘ, ਨਿਗਾਹ ਤੁਹਾਡੀ ਆਪਣੇ ਵਿਚ ਮਿਲਾਈਆ । ਜੇ ਤੁਸੀਂ ਕਰੋ ਜ਼ਿਦ, ਆਪਣਾ ਬਲ ਵਧਾਈਆ । ਮੈਂ ਫੇਰ ਵੀ ਕਹਿਣਾ ਇਹ ਛਿੰਦੇ ਮੇਰੇ ਪੁੱਤ, ਜਿਨ੍ਹਾਂ ਆਪਣੀ ਗੋਦ ਉਠਾਈਆ । ਜਿਨ੍ਹਾਂ ਨਾਲ ਮੇਰੀ ਮੌਲੇ ਰੁੱਤ, ਸੁਹੰਜਣੀ ਘੜੀ ਸੋਭਾ ਪਾਈਆ । ਉਹਨਾਂ ਉਤੇ ਕਿਉਂ ਨਾ ਹੋਵਾਂ ਖ਼ੁਸ਼, ਜੋ ਖ਼ੁਸ਼ੀਆਂ ਵਿਚ ਮੇਰਾ ਨਾਮ ਧਿਆਈਆ । ਸ੍ਰਿਸ਼ਟੀ ਨਾਲੋਂ ਹੋ ਕੇ ਚੁੱਪ, ਮੁਖ ਆਪਣਾ ਬੈਠੇ ਬਦਲਾਈਆ । ਜਨ ਭਗਤਾਂ ਕੋਲੋਂ ਭਗਤ ਰਹੇ ਪੁੱਛ, ਕਿਥੇ ਮਿਲੇ ਬੇਪਰਵਾਹੀਆ । ਪਾਲ ਸਿੰਘ ਕਹੇ ਉਹ ਸਭ ਦੀ ਮੰਗੇ ਸੁਖ, ਚਾਰ ਕੁੰਟ ਧਿਆਨ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਮਾਨਸ ਨਾ ਮਨੁੱਖ, ਜੋਤੀ ਜਾਤਾ ਪੁਰਖ ਬਿਧਾਤਾ ਮਾਲਕ ਖ਼ਾਲਕ ਪਤਿਪਰਮੇਸ਼ਵਰ ਪਾਰਬ੍ਰਹਮ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੂੰ ਭਗਤਾਂ ਮਿਲਣ ਦੀ ਲੱਗੀ ਭੁੱਖ, ਬਿਨ ਦਰਸ਼ਨ ਸਾਂਤ ਕਦੇ ਨਾ ਆਈਆ । ਸੋ ਦੂਰ ਦੁਰਾਡਾ ਨੇਰਨ ਨੇਰਾ ਨੇੜੇ ਗਿਆ ਢੁਕ, ਲਹਿਣਾ ਦੇਣਾ ਪੰਧ ਮੁਕਾਈਆ । ਜਨ ਭਗਤੋ ਉਸ ਤੋਂ ਲਹਿਣਾ ਦੇਣਾ ਲੈ ਲਿਉ ਕੁਛ, ਜਿਹੜਾ ਲਵ ਕੁਛ ਸੀਤਾ ਜਨਕ ਸਪੁੱਤਰੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਨਾਲ ਪਾਰ ਕਰਾਈਆ ।

## ✪ ੧੧ ਪੋਹ ੨੦੨੧ ਬਿਕ੍ਰਮੀ ਪਾਕਿਸਤਾਨੀ ਮੁਸਲਮਾਨਾਂ ਦੇ ਨਾਲ ਪਿੰਡ ਮਸਾਣੀਆਂ ✪

ਤਮੰਨਾ ਹੋਏ ਜਿਸ ਜ਼ਾਤੀ ਮਜ਼੍ਹਬ, ਜਲਵਾ ਤੱਕੇ ਨੂਰ ਖ਼ੁਦਾਈਆ । ਕੀ ਹੋਇਆ ਜੇ ਕਾਇਨਾਤ ਕਰੇ ਨਾ ਫ਼ਕੀਰਾਂ ਅਦਬ, ਮਹਿਬੂਬ ਹਕ ਵੇਖਣ ਕੋਇ ਨਾ ਪਾਈਆ । ਸੂਫ਼ੀ ਕਦੇ ਨਾ ਕਹਿਣ ਹੋਇਆ ਗ਼ਜ਼ਬ, ਚਲਣ ਪਰਵਰਦਿਗਾਰੇ ਰਜ਼ਾਈਆ । ਸਦੀ ਚੌਧਵੀਂ ਖੇਲ ਰਿਹਾ ਬਦਲ, ਅਦਲ ਹੱਥ ਬੇਪਰਵਾਹੀਆ । ਜਿਨ੍ਹਾਂ ਕੀਤਾ ਅਸਲ ਵਸਲ, ਵਾਸਤਾ ਵਾਹਿਦ ਨਾਲ ਰਖਾਈਆ । ਉਹ ਉਸ ਦੀ ਜ਼ਾਤ ਓਸੇ ਦੀ ਨਸਲ, ਤਤ ਪੋਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਨੂਰ ਖ਼ੁਦਾ ਦਾ ਫ਼ਜ਼ਲ, ਰਹਿਮਤ ਇਕ ਰਖਾਈਆ । ਸਾਚਾ ਨਗ਼ਮਾ ਨਾਮ ਉਸ ਦੀ ਗ਼ਜ਼ਲ, ਕੂੜੀ ਗ਼ਫ਼ਲਤ ਦਏ ਮਿਟਾਈਆ । ਜਿਨ੍ਹਾਂ ਚੜ੍ਹ ਕੇ ਵੇਖਿਆ ਓਸ ਮਹਿਬੂਬ ਦੀ ਸਾਚੀ ਮੰਜ਼ਲ, ਜਿਥੇ ਨਾਅਰਾ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਤੌਫ਼ੀਕ ਇਕ ਖ਼ੁਦਾ ਚੌਦਾਂ ਤਬਕਾਂ ਰਫ਼ੀਕ ਮਿਹਰਬਾਂ ਮੁਹੱਬਤ ਵਿਚ ਸਮਾਈਆ । ਮਿਲਿਆ ਮੇਲ ਕਰੋ ਤੁਆਰਫ਼, ਤਾਰੀਫ਼ ਨਾਲ ਸਮਝਾਈਆ । ਹੁਜਰੇ ਹਕ ਦੀ ਹੋਏ ਜ਼ਿਆਰਤ, ਨਜ਼ਰੇ ਨੂਰ ਇਲਾਹੀਆ । ਜਿਸ ਮਿਲਿਆ ਮੁਰਸ਼ਦ ਸੋ ਮੁਰੀਦ ਕਰੇ ਸਫ਼ਾਰਸ਼, ਫੜ ਬਾਹੋਂ ਸੰਗ ਰਖਾਈਆ । ਓਥੇ ਅਲਫ ਯੇ ਦੀ ਮੁਕੇ ਅਬਾਰਤ, ਰਸਨਾ ਜਿਹਵਾ ਜ਼ਬਾਨ ਨਾ ਕੋਇ ਪੜ੍ਹਾਈਆ । ਬਰੀਖ਼ਾਨੇ ਵਿਚੋਂ ਬਰੀ ਕਰੇ ਬਿਨਾ ਜ਼ਮਾਨਤ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਜਿਸ ਦੀ ਸਦਾ ਸਦਾ ਬਣੇ ਰਹੇ ਅਮਾਨਤ, ਸੋ ਅਮਨ ਵਿਚ ਵੇਖੇ ਏਕਾ

ਏਕ ਧਿਆਨ ਲਗਾਈਆ । ਜਿਸ ਦੀ ਖੋਜ ਕਰ ਕਰ ਥੱਕੇ ਆਰਫ਼, ਉਲਮਾ ਕਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵਸਣਹਾਰਾ ਸਾਚੇ ਘਰ, ਮੁਕਾਮੇ ਹਕ ਸੋਭਾ ਪਾਈਆ । ਮੁਕਾਮੇ ਹਕ ਦੀ ਦੱਸੇ ਤਾਰੀਫ਼, ਵਾਹਿਦ ਕਲਮਾ ਇਕ ਜਣਾਈਆ । ਜਿਸ ਨੂੰ ਕਹਿੰਦੇ ਮੁਜਾਰੇ ਸ਼ਰੀਫ਼, ਸਲਲ ਬੈਠਾ ਆਸਣ ਲਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਸ਼ਰੀਕ, ਲਾਸ਼ਰੀਕ ਇਕ ਅਖਵਾਈਆ । ਜਿਸ ਦੇ ਵਿਚ ਵਡ ਤੌਫ਼ੀਕ, ਤੋਹਫ਼ੇ ਸੰਤਾਂ ਭਗਤਾਂ ਫ਼ਕੀਰਾਂ ਸੂਫ਼ੀਆਂ ਘਰ ਘਰ ਝੋਲੀ ਪਾਈਆ । ਓਸ ਦੀ ਸਚ ਸਚ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਉਹ ਅੰਦਰ ਦਾ ਖੋਜੀ ਧੁਰ ਦਾ ਤਬੀਬ, ਕੂੜੀ ਕਿਰਿਆ ਰੋਗ ਦਏ ਗਵਾਈਆ । ਜੋ ਮੁਹੰਮਦ ਕਰਕੇ ਗਿਆ ਨਸੀਹਤ, ਵਸੀਅਤ ਉਮਤ ਹੱਥ ਫੜਾਈਆ । ਉਹ ਲੱਭੇ ਕਿਥੋਂ ਅਸਲੀਅਤ, ਇਸਮ ਆਜ਼ਮ ਦਏ ਜਣਾਈਆ । ਮੁਰੀਦ ਮੁਰਸ਼ਦ ਮਿਲ ਕੇ ਦੋਹਾਂ ਦੀ ਇਕੋ ਜਿਹੀ ਹੋ ਜਾਏ ਤਬੀਅਤ, ਅੰਦਰੋਂ ਤਬਾ ਦਏ ਬਦਲਾਈਆ । ਸਚ ਪੁੱਛੋ ਸਾਰਿਆਂ ਦੀ ਇਕੋ ਵਲਦੀਅਤ, ਵਾਹਿਦ ਖ਼ੁਦਾ ਸਭ ਦਾ ਬਾਪ ਮਾਲਕ ਇਕ ਅਖਵਾਈਆ । ਮਿਹਰਵਾਨ ਅੰਦਰ ਸਦਾ ਮਿਹਰਵਾਨ, ਮਹਿਬੂਬ ਇਕ ਅਖਵਾਈਆ । ਜਿਸ ਦਾ ਸਤਿ ਸਚ ਨਿਸ਼ਾਨ, ਜ਼ਿਮੀਂ ਅਸਮਾਨਾਂ ਉਪਰ ਝੁਲਾਈਆ । ਜਿਸ ਨੂੰ ਮੁਸਲਿਮ ਹਿੰਦੂ ਸਿੱਖ ਇਸਾਈ ਸਾਰੇ ਗਾਣ, ਰਾਗਾਂ ਨਾਦਾਂ ਕਲਮਿਆਂ ਵਿਚ ਢੋਲੇ ਰਹੇ ਸ਼ਨਵਾਈਆ । ਜਿਸ ਦਾ ਸਦਾ ਸਦਾ ਵਸੇਰਾ ਅੰਦਰ ਬਣਿਆ ਰਹੇ ਮਹਿਮਾਨ, ਦਰਵੇਸ਼ ਹੋ ਕੇ ਅਲਖ ਜਗਾਈਆ । ਜਿਸ ਦੀ ਸਿਫ਼ਤ ਮਜੀਦ ਕੁਰਾਨ, ਤੀਸ ਬਤੀਸਾ ਮਿਲੇ ਮਾਣ ਵਡਿਆਈਆ । ਉਹ ਸ਼ਹਿਨਸ਼ਾਹ ਪਾਤਸ਼ਾਹ ਸਭ ਦਾ ਸੁਲਤਾਨ, ਭੂਪਨ ਭੂਪ ਬੇਪਰਵਾਹੀਆ । ਮਾਤਲੋਕ ਮਖ਼ਲੂਕ ਸਾਰਾ ਓਸ ਦਾ ਖ਼ਾਨਦਾਨ, ਦੀਨ ਮਜ਼੍ਹਬ ਫ਼ਿਰਕਾ ਰੂਪ ਵਖਾਈਆ । ਉਸ ਦਾ ਇਕੋ ਇਕ ਈਮਾਨ, ਕਾਮਲ ਮੁਰਸ਼ਦ ਆਮਲ ਅਮਲ ਵਿਚ ਰਖੇ ਲੋਕਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਮਹਿੰਦੀ ਅਮਾਮ, ਅਮਨ ਦਾ ਦਾਤਾ ਸਾਹਿਬ ਇਕ ਅਖਵਾਈਆ । ਰਸਨਾ ਜਿਹਵਾ ਜ਼ਬਾਨ ਨਾਲ ਸਾਰੇ ਕਰਦੇ ਓਸ ਦੀਆਂ ਬਾਤਾਂ, ਅੰਦਰ ਵੜ ਮੰਦਰ ਚੜ੍ਹ ਸਾਚੇ ਹੁਜਰੇ ਨੂਰੀ ਦਰਸ ਕੋਇ ਨਾ ਪਾਈਆ । ਉਹਨਾਂ ਦੀਆਂ ਲੇਖੇ ਲੱਗਣ ਨਿਮਾਜ਼ਾਂ, ਜਿਨ੍ਹਾਂ ਮਿਲਿਆ ਗ਼ਰੀਬ ਨਿਵਾਜਾ, ਬਿਨ ਮੱਕੇ ਕਾਅਬਿਉਂ ਕਰਾ ਦਏ ਕਾਇਆ ਅੰਦਰ ਹਾਜਾ, ਅਗਲੀ ਹਾਜਤ ਰਹੇ ਨਾ ਰਾਈਆ । ਉਹ ਪ੍ਰੇਮ ਪਿਆਰ ਦਾ ਵੇਖਿਆ ਇਕ ਮੁਹਤਾਜਾ, ਮਹਿਜ਼ ਆਸ਼ਕ ਮਾਸ਼ੂਕ ਵੇਖੇ ਥਾਉਂ ਥਾਈਆ । ਉਹ ਖ਼ਵਾਜਿਆਂ ਦਾ ਖ਼ਵਾਜਾ, ਨਵਾਬਾਂ ਦਾ ਨਵਾਬ, ਜਨਾਬਾਂ ਦਾ ਜਨਾਬ, ਆਲੀਸ਼ਾਨ ਬੇਪਹਿਚਾਨ ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਉਹ ਮਕਾਨ, ਜਿਸ ਮਕਾਨ ਦਾ ਮਾਲਕ ਇਕੋ ਨਜ਼ਰੀ ਆਈਆ । ਦਰਬਾਨ ਦਾ ਵੇਖਿਆ ਦਰਬਾਰ, ਸ਼ਾਹ ਬਦਰ ਚਾਰ ਮਨਾਰ, ਚਾਰੋਂ ਕੁੰਟ ਰਿਹਾ ਵਖਾਈਆ । ਜਿਸ ਦੀ ਅੰਤਰ ਖ਼ਾਹਿਸ਼ ਇਕੋ ਸਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਜੋ ਇਨਸਾਫ਼ ਵਿਚੋਂ ਚਾਹੇ ਇਨਸਾਫ਼ ਅਦਲਾਂ ਵਿਚੋਂ ਅਦਲ, ਆਦਲ ਇਕੋ ਨਜ਼ਰੀ ਆਈਆ । ਜੋ ਕੂੜੀ ਕਿਰਿਆ ਕਾਇਆ ਅੰਦਰੋਂ ਸਭ ਦੀ ਦੇਵੇ ਬਦਲ, ਬਦਲਾ ਲੈਣ ਵਾਲਾ ਰਹਿਣ ਕੋਇ ਨਾ ਪਾਈਆ । ਮਖ਼ਲੂਕੇ ਖ਼ੁਦਾ ਕਵਣ ਮਕਤੂਲ ਕਵਣ ਕਰੇ ਕਤਲ, ਕਵਣ ਖੰਡਾ ਖੰਜਰ ਤਲਵਾਰ ਹੱਥ ਉਠਾਈਆ । ਜਿਨ੍ਹਾਂ ਸੂਫ਼ੀਆਂ ਸਚ ਖ਼ੁਦਾ ਦੇ ਮਿਲਣ ਦਾ ਮਤਲਬ, ਉਹ ਜਗਤ ਨਾਤੇ ਗਏ ਤੁੜਾਈਆ । ਉਸਦੇ ਵਿਚ ਹੋਵੇ ਤਲਬ, ਸਾਖਿਆਤ ਉਸ ਦਾ ਦਰਸ਼ਨ ਪਾਈਆ । ਇਹ ਕੋਈ ਕਹਾਣੀ ਗੌਣ ਵਾਲੀ ਨਹੀਂ ਨਜ਼ਮ, ਨਜ਼ਾਕਤ ਨਾਲ ਹਫਾਜ਼ਤ

ਨਾਲ ਰਫ਼ਾਕਤ ਨਾਲ ਮੁਰੀਦ ਮੁਰਸ਼ਦ ਆਪਣੇ ਗਲੇ ਲਗਾਈਆ । ਤਬੀਅਤ ਅੰਦਰ ਤਾਬੇਦਾਰੀ, ਦਰ ਦਰਵੇਸ਼ਾ ਮੰਗ ਮੰਗਾਈਆ । ਜਿਨ੍ਹਾਂ ਦੀ ਹਕੀਕਤ ਵਿਚੋਂ ਹਕ ਨਾਲ ਲੱਗ ਗਈ ਯਾਰੀ, ਯਰਾਨੇ ਰਿਹਾ ਤੋੜ ਨਿਭਾਈਆ । ਮਜਲਸਾਂ ਵਿਚ ਨਾ ਹੋਏ ਖੁਆਰੀ, ਮਿਹਰਵਾਨ ਜਿਸ ਉਪਰ ਮਿਹਰ ਨਜ਼ਰ ਇਕ ਉਠਾਈਆ । ਜੋ ਮੁਰੀਦ ਮੁਰਸ਼ਦ ਦਾ ਹੋ ਕੇ ਰਹੇ ਤਾਬੇਦਾਰੀ, ਸਿਰ ਕਦਮਾਂ ਉਪਰ ਟਿਕਾਈਆ । ਉਹ ਨਾ ਮਾਸ਼ੂਕ ਨਾ ਆਸ਼ਕ ਨਾ ਨਰ ਨਾ ਨਾਰੀ, ਇਕੋ ਉਸ ਦਾ ਨੂਰ ਨਜ਼ਰੀ ਆਈਆ । ਡਿੱਠਾ ਨੂਰ ਨਾਨਕ ਨਿਰੰਕਾਰੀ, ਮੁਹੰਮਦ ਮਹਿਬੂਬ ਇਕੋ ਨਜ਼ਰੀ ਆਈਆ । ਜਿਨ੍ਹਾਂ ਸਮਝ ਲਈ ਉਸ ਦੀ ਰਮਜ਼, ਰਹਿਮਤ ਵਿਚ ਸਮਾਈਆ । ਉਹ ਮਨਸੂਰ ਬਣ ਗਏ ਸ਼ਮਸ, ਆਪਣਾ ਆਪ ਕੁਰਬਾਨ ਕਰਾਈਆ । ਬੰਦਿਆਂ ਵਿਚੋਂ ਖ਼ਾਕੀ ਬੰਦਾ, ਪੋਸ਼ ਚਮੜਾ ਨਜ਼ਰੀ ਆਈਆ । ਚੰਦਾਂ ਵਿਚੋਂ ਓਸ ਦਾ ਨੂਰੀ ਚੰਦਾ, ਜੋ ਅੰਦਰ ਬਾਹਰ ਕਰੇ ਰੁਸ਼ਨਾਈਆ । ਪ੍ਰੇਮੀਆ ਵਿਚੋਂ ਓਸ ਦੇ ਪ੍ਰੇਮ ਦਾ ਫੰਦਾ, ਜਿਸ ਦੀ ਡੋਰ ਨਾ ਕੋਇ ਕਟਾਈਆ । ਆਪਣੇ ਨਾਲੋਂ ਤੁਹਾਨੂੰ ਸਮਝੇ ਚੰਗਾ, ਜੋ ਮਿਲਕੇ ਖ਼ੁਸ਼ੀ ਮਨਾਈਆ । ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਇਕ ਨੂਰ ਜ਼ਹੂਰ ਵਸੰਦਾ, ਮਸ਼ਹੂਰ ਅੱਖਰਾਂ ਵਿਚ ਵਡਿਆਈਆ । ਵਜੂਦ ਜੇਠੂਵਾਲ ਵਸੰਦਾ, ਅੰਦਰ ਹੁਕਮ ਸਚ ਖ਼ੁਦਾ ਬੇਪਰਵਾਹੀਆ । ਠੇਕੇਦਾਰ ਵਾਹਦ ਮਾਲਕ, ਏਕਾ ਏਕ ਏਕ ਅਖਵਾਇੰਦਾ । ਜੋ ਵੇਖਣਹਾਰਾ ਖ਼ਲਕ ਖ਼ਾਲਕ, ਮਖ਼ਲੂਕ ਆਪਣਾ ਰੰਗ ਪਰਗਟਾਇੰਦਾ । ਦੋ ਜਹਾਨਾਂ ਬਣੇ ਸਾਲਸ, ਅਦਲ ਇਨਸਾਫ ਵਾਲਾ ਇਕ ਅਖਵਾਇੰਦਾ । ਦੀਨਾਂ ਮਜ਼੍ਹਬਾਂ ਵਿਚੋਂ ਕੱਢ ਕੇ ਖ਼ਾਲਸ, ਖ਼ਾਹਿਸ਼ ਹਵਸ ਹਰਸ ਹਾਫ਼ਜ਼ਾਂ ਆਪਣੇ ਨਾਲ ਮਿਲਾਇੰਦਾ । ਆਪਣੀ ਜ਼ਾਤ ਨਾਲ ਕਰਕੇ ਤਅਲੁਕ ਤਾਬੇਦਾਰੀ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੁਰਾਨਾ ਵੇਖ ਵਖਾਇੰਦਾ । ਦੱਸੋ ਕਿਹੜੇ ਜਾਣਾ ਅੰਦਰ, ਗੁਸਲ ਹਮਾਮ ਕਿਹੜਾ ਨਜ਼ਰੀ ਆਇੰਦਾ । ਝਾਤੀ ਮਾਰੋ ਹਨੇਰੀ ਕੰਦਰ, ਵਸਲ ਯਾਰ ਕਵਣ ਕਰਾਇੰਦਾ । ਜਿਥੇ ਨਾ ਕੋਈ ਸੂਰੀਆ ਨਾ ਕੋਈ ਚੰਦਰ, ਜ਼ਿਮੀਂ ਅਸਮਾਨ ਰੂਪ ਨਾ ਕੋਇ ਵਖਾਇੰਦਾ । ਹਕ ਮੁਕਾਮੇ ਵੇਖੋ ਮੰਜ਼ਲ, ਮਜ਼ਾ ਮਹਿਬੂਬ ਕੀ ਚਖਾਇੰਦਾ । ਮਿਹਰੇ ਕਰਮ ਕਰੇ ਨਜ਼ਰ, ਫ਼ਜ਼ਲ ਆਪਣਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਨੂਰ ਧਰ, ਨੂਰਾਂ ਵਿਚੋਂ ਨੂਰ ਇਕ ਵਖਾਇੰਦਾ । ਗੁਸਲ ਕਰਨਾ ਕਿਹੜਾ ਬਦਨ, ਤਨ ਮਾਟੀ ਖ਼ਾਕੀ ਸਾਫ਼ ਕਰਾਈਆ । ਕਿਹੜੀ ਤਮੰਨਾ ਅੰਦਰੋਂ ਰਹੀ ਬਦਲ, ਨਫ਼ਸ ਰਹੀ ਹਿਲਾਈਆ । ਕਿਹੜੀ ਖ਼ਾਹਿਸ਼ ਕਿਹੜੀ ਸਧਰ, ਕਿਹੜੀ ਬਦਰ ਕਰੇ ਪੜ੍ਹਾਈਆ । ਕਿਹੜੀ ਤਕਦੀਰ ਕਰੇ ਭਗਵਧਰ, ਤਦਬੀਰ ਤਕਦੀਰ ਤਸੱਵਰ ਕੌਣ ਕਰਾਈਆ । ਕਵਣ ਬੈਠਾ ਅੰਦਰ ਝਗੜਾ ਕਰਕੇ ਆਪ ਵਖਾਏ ਗ਼ਦਰ, ਗ਼ੁਰਬਤ ਗ਼ੈਰਤ ਗਿਰਹਾ ਵਿਚ ਛੁਪਾਈਆ । ਕਿਸ ਬਿਧ ਹੋਵੇ ਉਹਦੀ ਮੁਰੰਮਤ, ਸਚ ਸਚ ਦਿਉ ਸਮਝਾਈਆ । ਜੇ ਤੁਹਾਡੇ ਉਤੇ ਹੋਈ ਖ਼ੁਦਾ ਦੀ ਰਹਿਮਤ, ਰਹੀਮ ਆਪਣਾ ਦਿਉ ਮਿਲਾਈਆ । ਜੇ ਉਹ ਤੁਹਾਡੇ ਨਾਲ ਸਹਿਮਤ, ਸਹਿਮ ਅੰਦਰੋਂ ਦਿਉ ਚੁਕਾਈਆ । ਸਾਚਾ ਕਲਮਾ ਦਿਉ ਇਕ ਨਿਆਮਤ, ਨੇਮ ਹੁਕਮ ਉਸ ਦਾ ਪੂਰ ਕਰਾਈਆ । ਜੇ ਉਸ ਦੇ ਘਰ ਵੜਨ ਦੀ ਨਹੀਂ ਮਮਾਨਤ, ਮਹਿਮਾਨਖ਼ਾਨੇ ਵਿਚ ਮਹਿਜ਼ ਇਕੋ ਦਿਉ ਮਿਲਾਈਆ । ਜੋ ਸਦਾ ਸਦਾ ਸਦ ਰਹੇ ਸਹੀ ਸਲਾਮਤ, ਮੜ੍ਹੀ ਗੋਰ ਡੇਰਾ ਕਦੇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਦਰ, ਜਿਸ ਦਾ ਦਰਵਾਜ਼ਾ, ਸਾਚੀ ਦਰਗਾਹ ਜਗਤ ਅੱਖਾਂ ਨਜ਼ਰ ਕਿਸੇ ਨਾ ਆਈਆ । ਜਗਤ ਅੱਖਾਂ ਹੋਈ ਬੀਨਾਈ, ਨੂਰ ਜ਼ਹੂਰ ਦਿਉ

ਦ੍ਰਿੜਾਈਆ । ਕਿਹੜੀ ਮੰਜ਼ਲ ਕਿਹੜੀ ਰੁਸ਼ਨਾਈ, ਕਿਹੜੀ ਸ਼ਨਵਾਈ ਰਿਹਾ ਵਜਾਈਆ । ਕਿਹੜੀ ਪੀਰ ਕਿਹੜੀ ਪੈਗ਼ੰਬਰ ਕਿਹੜੀ ਰਸੂਲ ਦਏ ਵਡਿਆਈ, ਅਸੂਲ ਆਪਣਾ ਦਏ ਜਣਾਈਆ । ਕਾਇਆ ਅੰਦਰ ਹੋਏ ਸਾਰੇ ਕਰਜ਼ਾਈ, ਮਕਰੂਜ਼ ਬੈਠੇ ਨਜ਼ਰੀ ਆਈਆ । ਜਿਸ ਦੇ ਨਾਲੋਂ ਹੋਈ ਜੁਦਾਈ, ਜੁਜ਼ ਓਸੇ ਨਾਲ ਮਿਲਾਈਆ । ਫ਼ਿਤਰਤ ਵਿਚ ਮਿਟੇ ਫ਼ਿਦਾਈ, ਫ਼ਜ਼ੀਲਤ ਵਿਚ ਫ਼ਾਜ਼ਲ ਫ਼ਜ਼ਲ ਰਹਿਮ ਕਮਾਈਆ । ਵਾਹਿਦ ਇਕ ਲਾਸ਼ਰੀਕ ਦੇਣਾ ਮਿਲਾਈ, ਮਿਲਾਵਟ ਬਨਾਵਟ ਰਹਿਣ ਕੋਇ ਨਾ ਪਾਈਆ । ਜਿਸ ਵਸਲ ਨਾਲ ਦੁਰਮਤ ਮੈਲ ਬਿਨ ਗੁਸਲ ਕੀਤੇ ਦੂਰ ਹੋ ਜਾਈ, ਨਿਰਮਲ ਨੂਰ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਨੁਰਾਨਾ ਸ਼ਾਹ ਸੁਲਤਾਨਾ ਵੇਖਣਹਾਰਾ ਸਰਬ ਮੈਖ਼ਾਨਾ, ਮੁਫ਼ਤ ਆਪਣਾ ਫੇਰਾ ਪਾਈਆ ।

## ੧੧ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਇਕ ਇਕ ਦਾ ਹੋਇਆ ਜੋੜ, ਜੋੜੀ ਜਗਦੀਸ਼ ਬਣਾਇੰਦਾ । ਇਕ ਇਕ ਨਾਲ ਦੇਵੇ ਤੋਰ, ਤੁਰਤ ਆਪਣਾ ਹੁਕਮ ਮਨਾਇੰਦਾ । ਇਕ ਇਕ ਨਾਲ ਚਾੜ੍ਹੇ ਘੋੜ, ਸ਼ਾਹ ਸਵਾਰਾ ਰੂਪ ਵਟਾਇੰਦਾ । ਇਕ ਇਕ ਨਾਲ ਰੱਖੇ ਲੋੜ, ਲੋੜੀਂਦਾ ਸੱਜਣ ਨਜ਼ਰੀ ਆਇੰਦਾ । ਇਕ ਇਕ ਨਾਲ ਕਰੇ ਨਾ ਕੋਈ ਜ਼ੋਰ, ਜਾਬਰ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਇਕ ਇਕ ਦਾ ਮੇਲਾ ਗਿਆਰਾਂ, ਦਸ ਇਕ ਵਧਾਈਆ । ਵੇਖਿਆ ਖੇਲ ਭਗਤ ਦਵਾਰਾ, ਅਸ਼ਟਭੁਜ ਖ਼ੁਸ਼ੀ ਮਨਾਈਆ । ਦੁਰਗਾ ਕਹੇ ਮੈਂ ਕਰ ਦੀਦਾਰਾ, ਦੀਦ ਚਸ਼ਮ ਖ਼ੁਸ਼ੀ ਮਨਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਿਸ ਦਾ ਸਭ ਤੋਂ ਵੱਡਾ ਵਸੀਹ ਦਰਬਾਰਾ, ਲੰਮਾ ਚੌੜਾ ਨਾ ਕੋਇ ਸਮਝਾਈਆ । ਓਸ ਦਾ ਵੇਖ ਕੇ ਹਕ ਨਜ਼ਾਰਾ, ਹਕੀਕਤ ਅੱਖ ਸ਼ਰਮਾਈਆ । ਓਸ ਦਾ ਸੁਣ ਕੇ ਨਾਮ ਜੈਕਾਰਾ, ਬ੍ਰਹਿਮੰਡ ਖੰਡ ਖ਼ੁਸ਼ੀ ਮਨਾਈਆ । ਓਸ ਦਾ ਵੇਖ ਕੇ ਭਗਤ ਪਿਆਰਾ, ਮੇਰੀ ਭਾਵਨਾ ਦੂਣ ਸਵਾਈਆ । ਓਸ ਦਾ ਵੇਖ ਕੇ ਘਰ ਸੱਚਾ ਘਰ ਬਾਰਾ, ਬ੍ਰਹਿਮੰਡ ਖੰਡ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਕ ਇਕ ਕਹੇ ਸਾਡਾ ਅੰਕ ਗਿਆਰਾਂ, ਧੁਰ ਸੰਦੇਸ਼ਾ ਦਿਆਂ ਜਣਾਈਆ । ਮਿਤਰ ਪਿਆਰਾ ਸੱਚਾ ਯਾਰਾ, ਯਾ ਮਹਿਬੂਬ ਨਜ਼ਰੀ ਆਈਆ । ਜਿਸ ਦੀ ਅਗੰਮੀ ਸਤਿ ਸਤਾਰਾ, ਬਿਨ ਤੰਦੀ ਤੰਦ ਵਜਾਈਆ । ਜਿਸ ਦਾ ਹੁਕਮ ਵਾਲਾ ਇਸ਼ਾਰਾ, ਸ਼ਬਦੀ ਦਏ ਸਮਝਾਈਆ । ਜਿਸ ਦਾ ਪ੍ਰੇਮ ਅਗੰਮ ਅਪਾਰਾ, ਨੇਮ ਇਕ ਰਖਾਈਆ । ਜਿਸ ਦਾ ਜਲਵਾ ਨੂਰ ਉਜਿਆਰਾ, ਜੋਤੀ ਜੋਤ ਡਗਮਗਾਈਆ । ਜਿਸਦਾ ਦੋ ਜਹਾਨ ਅਖਾੜਾ, ਬ੍ਰਹਿਮੰਡ ਖੰਡ ਨਾਚ ਨਚਾਈਆ । ਜਿਸ ਦਾ ਖੰਡਾ ਖੜਗ ਦੋ ਧਾਰਾ, ਨਿਰਗੁਣ ਸਰਗੁਣ ਰੂਪ ਵਟਾਈਆ । ਜਿਸ ਦਾ ਵਣਜ ਸਚ ਵਪਾਰਾ, ਨਾਮ ਭੰਡਾਰਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗਿਆਰਾਂ ਕਹੇ ਮੈਂ ਵੇਖਿਆ ਅੱਜ, ਆਪਣਾ ਧਿਆਨ ਲਗਾਈਆ । ਨੇਤਰ ਪੇਖ ਕੇ ਮੰਨਿਆ ਸਚ, ਇਹ ਉਹੋ ਬੇਪਰਵਾਹੀਆ । ਜੋ ਲੂੰ ਲੂੰ ਅੰਦਰ ਰਿਹਾ ਰਚ, ਘਟ ਘਟ


੧੨੦੪ ੧੭

ਰਿਹਾ ਸਮਾਈਆ । ਜੋ ਮਨੂਆ ਹੋ ਕੇ ਰਿਹਾ ਨੱਚ, ਆਪਣਾ ਸਵਾਂਗ ਵਰਤਾਈਆ । ਜੋ ਭਾਗ ਲਗਾਵੇ ਕਾਇਆ ਕੱਚ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਜੋ ਮਾਰਗ ਧੁਰ ਦਾ ਰਿਹਾ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਜੋ ਭਗਤਾਂ ਪੂਰੀ ਕਰੇ ਆਸ, ਤ੍ਰਿਸਨਾ ਜਗਤ ਬੁਝਾਈਆ । ਜੋ ਨਿਰਗੁਣ ਜੋਤ ਕਰੇ ਪਰਕਾਸ਼, ਦੀਵਾ ਬਾਤੀ ਨਾ ਕੋਇ ਵਖਾਈਆ । ਜੋ ਭਗਤਨ ਸੇਜਾ ਕਰੇ ਬਲਾਸ, ਪਤਿਪਰਮੇਸ਼ਵਰ ਨਾਉਂ ਧਰਾਈਆ । ਜੋ ਨਜ਼ਰੀ ਆਏ ਸਾਖਿਆਤ, ਸਹਿਜ ਸੁਖ ਦਾਤਾ ਸਦਾ ਸਹਾਈਆ । ਜੋ ਦੇਵਣਹਾਰ ਨਜਾਤ, ਮਾਣ ਅਭਿਮਾਨ ਮਿਟਾਈਆ । ਜੋ ਕੱਟਣਹਾਰ ਹਵਾਲਾਤ, ਬੰਦੀਖ਼ਾਨਾ ਦਏ ਤੁੜਾਈਆ । ਜੋ ਵਜਾਵਣਹਾਰ ਰਬਾਬ, ਰਹਿਮਤ ਆਪਣੀ ਆਪ ਕਮਾਈਆ । ਜੋ ਬਣਨਹਾਰ ਨਵਾਬ, ਤਖ਼ਤ ਨਿਵਾਸੀ ਸ਼ਹਿਨਸ਼ਾਹੀਆ । ਜੋ ਚਰਨ ਘੋੜੇ ਦੇਵੇ ਰਕਾਬ, ਰਕਬਾ ਆਪਣੇ ਚਰਨਾਂ ਹੇਠ ਰਖਾਈਆ । ਜੋ ਲੱਖ ਚੁਰਾਸੀ ਕਰੇ ਮੁਹਤਾਜ, ਮਹਿਰਮ ਬਣ ਕੇ ਬੇਪਰਵਾਹੀਆ । ਜੋ ਸੰਤ ਸੁਹੇਲਾ ਮਾਰੇ ਆਵਾਜ਼, ਗੁਰ ਚੇਲਾ ਲਏ ਉਠਾਈਆ । ਜੋ ਕਲਜੁਗ ਬਦਲ ਕੇ ਸਤਿਜੁਗ ਚਲਾਏ ਰਿਵਾਜ, ਕੂੜੀ ਸਾਜ਼ਸ਼ ਮੇਟ ਮਿਟਾਈਆ । ਜੋ ਮਮਨੂਨ ਹੋਏ ਮੁਹਤਾਜ, ਨਮਾਜ਼ ਸਾਚੀ ਸਚ ਪੜ੍ਹਾਈਆ । ਜੋ ਜਲਵਾ ਨੂਰ ਹੋਵੇ ਆਫ਼ਤਾਬ, ਮਹਿਤਾਬ ਕਰੇ ਰੁਸ਼ਨਾਈਆ । ਜੋ ਅਨਰਸ ਹੋਏ ਸਵਾਦ, ਅੰਮ੍ਰਿਤ ਆਬੇ ਹਯਾਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗਿਆਰਾਂ ਕਹਿਣ ਅਸੀਂ ਵੇਖਿਆ ਯਰਾਨਾ, ਜ਼ਾਹਰ ਜ਼ਹੂਰ ਭਗਤਾਂ ਨਾਲ ਰਖਾਈਆ । ਅੰਦਰ ਵੜ ਕੇ ਗਾਏ ਤਰਾਨਾ, ਤੁਰੀਆ ਤੂੰ ਹੀ ਤੂੰ ਹੀ ਅਲਾਈਆ । ਨਾਉਂ ਧਰਾ ਵਿਸ਼ਨੂੰ ਭਗਵਾਨਾ, ਵਿਸ਼ਵ ਲਹਿਣਾ ਦਏ ਮੁਕਾਈਆ । ਸਚਖੰਡ ਦਾ ਸਚ ਨਿਸ਼ਾਨਾ, ਸਚ ਦਵਾਰੇ ਆਪ ਝੁਲਾਈਆ ।

ਭਗਤ ਵਛਲ ਵਡ ਗੋਪੀ ਕਾਹਨਾ, ਵੇਸ ਅਨੇਕਾ ਰੂਪ ਧਰਾਈਆ । ਸਤਿ ਸਰੂਪੀ ਸੀਤਾ ਰਾਮਾ, ਆਪਣਾ ਖੇਲ ਖਿਲਾਈਆ । ਸ਼ਬਦ ਸਰੂਪੀ ਗੁਰ ਗੁਰ ਗਾਣਾ, ਗਹਿਰ ਗੰਭੀਰ ਸੁਣਾਈਆ । ਜੋਤ ਸਰੂਪੀ ਨੂਰ ਮਹਾਨਾ, ਸਚ ਸਚ ਰਿਹਾ ਚਮਕਾਈਆ । ਪ੍ਰੇਮ ਪ੍ਰੀਤੀ ਚਰਨ ਧਿਆਨਾ, ਬਖ਼ਸ਼ਿਸ਼ ਰਿਹਾ ਕਮਾਈਆ । ਰਹਿਮਤ ਵਿਚ ਰਹੀਮ ਰਹਿਮਾਨਾ, ਰਮਜ਼ ਇਸ਼ਾਰਾ, ਇਕ ਜਣਾਈਆ । ਮੈਦਾਨਾਂ ਵਿਚ ਸੂਰਬੀਰ ਨੌਜਵਾਨਾ, ਖੜਗ ਖੰਡਾ ਹੱਥ ਉਠਾਈਆ । ਮਿਹਰ ਵਿਚ ਗੁਣ ਨਿਧਾਨਾ, ਗਹਿਰ ਗੰਭੀਰ ਅਖਵਾਈਆ । ਸੈਰ ਵਿਚ ਫਿਰੇ ਦੋ ਜਹਾਨਾਂ, ਲੋਕ ਪਰਲੋਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਵਖਾਈਆ । ਗਿਆਰਾਂ ਅੰਕ ਕਹੇ ਮੈਂ ਵੇਖਿਆ ਯਾਰੜਾ, ਯਾਦ ਪਿਛਲੀ ਰਿਹਾ ਦਵਾਈਆ । ਜਿਸ ਦਾ ਰਾਗ ਗਾਏ ਨਾ ਕੋਈ ਸਾਰੰਗ ਸਾਰੰਗੜਾ, ਰਬਾਬ ਤੰਦੀ ਨਾ ਕੋਇ ਵਜਾਈਆ । ਜਿਸ ਦਾ ਭੇਵ ਪਾਏ ਨਾ ਕੋਈ ਕਾਹਨੜਾ, ਕਲਿਆਨਾ ਸਕੇ ਨਾ ਕੋਇ ਜਣਾਈਆ । ਜਿਸ ਦਾ ਲੇਖ ਸਭ ਤੋਂ ਨਿਰਾਲੜਾ, ਵੱਖਰੀ ਧਾਰ ਜਣਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਬਿਆਨੜਾ, ਲਹਿਣਾ ਦੇਣਾ ਰਿਹਾ ਚੁਕਾਈਆ । ਜਿਸ ਦਾ ਨੂਰ ਜੋਤ ਪਰਕਾਸ਼ ਕੋਟਨ ਭਾਨੜਾ, ਰਵ ਸਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਗਿਆਰਾਂ ਕਹੇ ਮੈਂ ਵੇਖਿਆ ਜੋਰਾਵਰ, ਸ਼ਹਾਦਤ ਵਿਚ ਨਾ ਕੋਇ ਅਜ਼ਮਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਡਰ, ਭੈ ਭਉ ਸਭ ਦੇ ਸਿਰ ਤੇ ਛਾਈਆ । ਮਹੱਲ ਅਟਲ ਚੋਟੀ ਬੈਠਾ ਚੜ੍ਹ, ਚੜ੍ਹਦੀ ਕਲਾ ਆਪ ਜਣਾਈਆ । ਭਗਤ ਸੁਹੇਲੇ ਲਾ ਕੇ ਲੜ, ਪੱਲੂ ਆਪਣੀ ਗੰਢ ਪਵਾਈਆ । ਗ੍ਰਿਹ ਮੰਦਰ ਸਾਚੇ ਖੜ੍ਹ, ਖਿੜਕੀ

੧੨੦੬
੧੭

ਕੁੰਡਾ ਦਿਤਾ ਖੁਲ੍ਹਾਈਆ । ਕਰ ਪਰਕਾਸ਼ ਨਰਾਇਣ ਨਰ, ਨਾਰੀ ਨਰ ਰਿਹਾ ਤਰਾਈਆ । ਸੰਤ ਸੁਹੇਲਾ ਦੇਵੇ ਵਰ, ਝੂਠਾ ਵਰਗ ਨਾ ਕੋਇ ਲਗਾਈਆ । ਸੁੱਕੇ ਕਾਸ਼ਟ ਹਰੇ ਕਰ, ਪੱਤ ਡਾਲ੍ਹੀ ਫੁੱਲ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗਿਆਰਾਂ ਕਹੇ ਮੈਂ ਵੇਖੀ ਉਸ ਦੀ ਯਾਦ, ਭੁੱਲ ਕਦੇ ਨਾ ਜਾਈਆ । ਮੇਲ ਮਿਲਾ ਕੇ ਆਪਣਾ ਵਾਸਤਵ, ਵਸੀਅਤਨਾਮਾ ਖੋਜ ਖੁਜਾਈਆ । ਹੁਕਮ ਸੁਣਾ ਕੇ ਸਚ ਅਦਾਲਤ, ਅਦਲ ਇਨਸਾਫ਼ ਇਕ ਦ੍ਰਿੜਾਈਆ । ਜਨ ਭਗਤ ਬਣਾ ਖ਼ੁਸ਼ਾਮਦ, ਬੰਦੀਖ਼ਾਨੇ ਵਿਚੋਂ ਬਰੀ ਰਿਹਾ ਕਰਾਈਆ । ਆਪਣੇ ਕੋਲ ਰੱਖ ਕੇ ਆਪਣੀ ਅਮਾਨਤ, ਸਾਚੀ ਖੇਲ ਆਪਣੇ ਹੱਥ ਰਖਾਈਆ । ਕੋਈ ਸਮਝ ਨਾ ਸਕੇ ਜੀਵ ਅਨਜਾਨਤ, ਮਨ ਮਤ ਬੁਧ ਚਲੇ ਨਾ ਕੋਈ ਚਤੁਰਾਈਆ । ਗਹਿਰ ਗੰਭੀਰ ਗਵਰ ਕਾਇਆ ਕਵਰ ਕਰੇ ਪਛਾਨਤ, ਸਬਰ ਸਬੂਰੀ ਇਕ ਸਮਝਾਈਆ । ਹਰਿ ਸਰਨਾਈ ਸਚ ਨਿਆਮਤ, ਤੋਹਫ਼ਾ ਤਾਰੀਫ਼ ਵਾਲਾ ਆਪਣੀ ਝੋਲੀ ਪਾਈਆ । ਸਿਰ ਰਹੇ ਨਾ ਕੋਈ ਗ਼ੁਲਾਮਤ, ਗੁਲਾਮ ਬਰਦਾ ਸਚ ਸਰਦਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਸੰਗੀ ਵੇਖ ਵਖਾਈਆ । ਗਿਆਰਾਂ ਕਹੇ ਮੈਂ ਵੇਖਿਆ ਜਗ, ਆਪਣੀ ਅੱਖ ਖੁਲ੍ਹਾਈਆ । ਉਹ ਲੰਘ ਕੇ ਦੋ ਜਹਾਨਾਂ ਹੱਦ, ਹਾਜ਼ਰ ਹੋ ਕੇ ਡੇਰਾ ਲਾਈਆ । ਭਗਤ ਸੁਹੇਲੇ ਸੱਜਣ ਸੱਦ, ਸਚ ਸਾਧਨਾ ਰਿਹਾ ਕਰਾਈਆ । ਜਿਸ ਨੂੰ ਸਾਰੇ ਰਹੇ ਲੱਭ, ਖੋਜ ਵਿਚ ਲੋਕਾਈਆ । ਉਹਦਾ ਦਰਸ਼ਨ ਕਰੋ ਰੱਜ, ਰਾਜਸ ਤਾਮਸ ਸਾਂਤਕ ਵਿਚ ਸਮਾਈਆ । ਤ੍ਰਿਸਨਾ ਬੁਝਾਓ ਅੱਗ, ਅਗਨੀ ਤਤ ਬੁਝਾਈਆ । ਬਿਨ ਕਾਅਬਿਉਂ ਕਰੋ ਹੱਜ, ਹੁਜਰਾ ਇਕ ਸੁਹਾਈਆ । ਜਿਸ ਨੂੰ ਕਹਿੰਦੇ ਰਬੀਉਲ ਰੱਬ, ਰਾਮ ਨੂਰ ਖ਼ੁਦਾਈਆ । ਸੋ ਸਭ ਤੋਂ ਅੱਗੇ ਸਭ ਤੋਂ ਨੇੜੇ ਆਇਆ ਵਸ, ਵਾਹਿਗੁਰੂ ਆਪਣਾ ਰੂਪ ਵਟਾਈਆ । ਮਾਣ ਅਭਿਮਾਨ ਮੇਟ ਕੇ ਗ਼ਰਬ, ਸਚ ਧਿਆਨ ਦਏ ਜਣਾਈਆ । ਹੁਕਮ ਸੰਦੇਸ਼ਾ ਦੇ ਕੇ ਸਰਬ, ਸੋਈ ਸੁਰਤੀ ਦਏ ਉਠਾਈਆ । ਕਿਸੇ ਕੰਮ ਨਹੀਂ ਆਉਣਾ ਦਰਬ, ਮਾਇਆ ਮਮਤਾ ਮੋਹ ਚੁਕਾਈਆ । ਜਿਸ ਦਾ ਲੇਖਾ ਅਰਬ ਖ਼ਰਬ, ਕਦਮਾਂ ਵਿਚ ਨਾ ਕੋਇ ਸਮਝਾਈਆ । ਇਕ ਕਹੇ ਜੇ ਇਕ ਨਾਲ ਇਕ ਨੂੰ ਦੇਵੋ ਜ਼ਰਬ, ਇਕ ਦਾ ਇਕੋ ਨਜ਼ਰੀ ਆਈਆ । ਜਿਸ ਦਾ ਕੋਈ ਸਮਝ ਨਾ ਸਕੇ ਮੀਲ ਵਰਗ, ਹੱਦ ਨਾ ਕੋਇ ਦ੍ਰਿੜਾਈਆ । ਜਿਸ ਨੂੰ ਕਿਆ ਕੋਈ ਆਖੇ ਨਾਰ ਕਿ ਮਰਦ, ਇਸਤਰੀ ਪੁਰਸ਼ ਰੂਪ ਨਾ ਕੋਇ ਵਟਾਈਆ । ਜਿਸ ਦਾ ਖੇਲ ਅਸਚਰਜ, ਅਚਰਜ ਲੀਲਾ ਆਪ ਵਖਾਈਆ । ਜੁਗ ਚੌਕੜੀ ਪੁੱਠੀ ਸਿੱਧੀ ਕਰੇ ਨਰਦ, ਜਨ ਭਗਤਾਂ ਪਾਰ ਲੰਘਾਈਆ । ਛੁਰੀ ਨਾਮ ਚਲਾ ਕੇ ਕਰਦ, ਕੂੜੀ ਕਿਰਿਆ ਕਤਲ ਕਰਾਈਆ । ਦੁਖੀਆਂ ਦੁੱਖ ਵੰਡਾ ਕੇ ਦਰਦ, ਗ਼ਰੀਬ ਨਿਮਾਣਿਆਂ ਦਰਦ ਵੰਡਾਈਆ । ਗਿਆਰਾਂ ਕਹੇ ਮੈਂ ਕਰਾਂ ਅਰਜ਼, ਆਰਜ਼ੂ ਇਕ ਸੁਣਾਈਆ । ਤੇਰਾ ਤਾਲ ਬਹਿਰ ਵੇਖਿਆ ਸਭ ਤੋਂ ਵੱਖਰੀ ਤੇਰੀ ਤਰਜ਼, ਰਾਗਾਂ ਨਾਦਾਂ ਧੁਨਾਂ ਤੋਂ ਬਾਹਰ ਰਖਾਈਆ । ਜਨ ਭਗਤਾਂ ਮਿਲਣ ਦੀ ਤੇਰੀ ਮਰਜ਼, ਜਗਤ ਭੁੱਲਿਆਂ ਸਮਝ ਕੋਇ ਨਾ ਆਈਆ । ਪੂਰਬ ਲਹਿਣਾ ਦੇਵੇ ਕਰਜ਼, ਲੇਖਾ ਝੋਲੀ ਪਾਈਆ । ਪ੍ਰੇਮ ਪਿਆਰ ਦੀ ਰੱਖ ਕੇ ਗ਼ਰਜ਼, ਦੂਰ ਦੁਰਾਡਾ ਚਲ ਕੇ ਆਈਆ । ਜਨਮ ਜਨਮ ਦੀ ਖੋਲ੍ਹ ਕੇ ਫਰਦ, ਪਿਛਲੇ ਲੇਖੇ ਰਿਹਾ ਚੁਕਾਈਆ । ਅੱਗੇ ਰਹਿ ਨਾ ਜਾਏ ਕੋਈ ਰੜਕ, ਰੋੜਾ ਸਕੇ ਨਾ ਕੋਇ ਅਟਕਾਈਆ । ਜਨ ਭਗਤਾਂ ਪਾ ਕੇ ਸਿੱਧੀ ਸੜਕ, ਭਗਤ ਦਵਾਰੇ ਦਿਤਾ ਬਿਠਾਈਆ । ਨਾਤਾ ਤੁੱਟ ਗਿਆ ਸਵਰਗ ਨਰਕ, ਦੋਹਾਂ ਤੋਂ ਅੱਗੇ ਪਾਰ ਲੰਘਾਈਆ । ਏਸੇ ਕਾਰਨ ਗੋਬਿੰਦ ਲਾ ਕੇ

ਗਿਆ ਸ਼ਰਤ, ਮਾਛੂਵਾੜੇ ਗੰਢ ਪਵਾਈਆ । ਮੇਰਾ ਤੇਰਾ ਪਵੇ ਨਾ ਫ਼ਰਕ, ਫ਼ਿਕਰਾ ਵੰਡ ਨਾ ਕੋਇ ਜਣਾਈਆ । ਤੂੰ ਮਰਦਾਨਾ ਮਰਦ, ਮਹਿਦੂਦ ਮਦਦ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗਿਆਰਾਂ ਕਹੇ ਮੈਂ ਵੇਖਿਆ ਯਦੀ, ਪੁਸ਼ਤ ਪਨਾਹ ਦਏ ਵਡਿਆਈਆ । ਜਿਸ ਦਾ ਹੁਕਮ ਬੀਸਵੀਂ ਸਦੀ, ਸਾਧਾਂ ਸੰਤਾਂ ਰਿਹਾ ਹਿਲਾਈਆ । ਜਿਸ ਨੇ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖੋਹਣੀ ਗੱਦੀ, ਗਦਾਗਰ ਦਏ ਬਣਾਈਆ । ਜਿਸ ਨੇ ਪਿਛਲੀ ਖੇਲ ਕਰਨੀ ਰੱਦੀ, ਅਗਲਾ ਹੁਕਮ ਆਪ ਵਰਤਾਈਆ । ਜਿਸ ਦੀ ਹਕੂਮਤ ਸਭ ਤੋਂ ਵੱਡੀ, ਸੋ ਵੱਡਾ ਬੇਪਰਵਾਹੀਆ । ਜਿਸ ਦੀ ਸੁਖ ਸਕੂਨਤ ਸਭ ਤੋਂ ਅੱਡੀ, ਵੱਖਰਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜੋ ਧੁਰ ਦਾ ਮਾਲਕ ਪਿਛਲੀ ਯੱਦੀ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਗਿਆਰਾਂ ਕਹੇ ਮੈਂ ਵੇਖਿਆ ਜੋਧਾ, ਸੂਰਬੀਰ ਬੈਠੇ ਸੀਸ ਨਿਵਾਈਆ । ਜਿਸ ਦੇ ਹੱਥ ਅਗੰਮੀ ਸੋਟਾ, ਸ਼ਬਦੀ ਰੂਪ ਵਟਾਈਆ । ਜਿਹੜਾ ਪੈਮਾਨਿਆਂ ਤੋਂ ਬਾਹਰ ਮੋਟਾ, ਤੂਲ ਅਰਜ਼ ਕੁਤਰ ਨਾ ਕੋਇ ਸਮਝਾਈਆ । ਜਿਹੜਾ ਜਗਤ ਜਹਾਨ ਵੇਖਣ ਵਿਚ ਨਾ ਆਏ ਛੋਟਾ, ਵੱਡਾ ਸਕੇ ਨਾ ਕੋਇ ਜਣਾਈਆ । ਪਤਾ ਨਹੀਂ ਉਹ ਰੱਖਿਆ ਕਿਹੜੇ ਕੋਠਾ, ਆਪਣੇ ਅੰਦਰ ਟਿਕਾਈਆ । ਗੋਬਿੰਦ ਕਸ ਕੇ ਆਪ ਲੰਗੋਟਾ, ਜ਼ੋਰ ਨਾਲ ਰਿਹਾ ਜਣਾਈਆ । ਹੋਕਾ ਦੇ ਕੇ ਲੋਕ ਪਰਲੋਕਾਂ, ਦੋ ਜਹਾਨਾਂ ਕਰੇ ਸ਼ਨਵਾਈਆ । ਜਿਨ੍ਹਾਂ ਤੇਰੇ ਮਿਲਣ ਦਾ ਸ਼ੌਕਾ ਉਹਨਾਂ ਆਪਣਾ ਦਰਸ ਦਿਖਾਈਆ । ਨਾਮ ਚੜ੍ਹਾ ਲਏ ਸਾਚੀ ਨੌਕਾ, ਨਈਆ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਕਰੇ ਨਾ ਕਦੇ ਰੋਸਾ, ਸਦ ਰੁਸਿਆਂ ਲਏ ਮਨਾਈਆ । ਗਿਆਰਾਂ ਕਹੇ ਮੈਂ ਕਰਾਂ ਯਾਦ, ਘੜੀ ਪਲ ਧਿਆਨ ਲਗਾਈਆ । ਉਚੀ ਕੂਕ ਪੁਕਾਰਾਂ ਮਾਰ ਆਵਾਜ਼, ਤੂੰ ਹੀ ਤੂੰ ਰਾਗ ਅਲਾਈਆ । ਭਗਤਾਂ ਖੇੜਾ ਨਾ ਹੋਏ ਬਰਬਾਦ, ਉਜੜੇ ਸਰਬ ਲੋਕਾਈਆ । ਗੁਰੂਆਂ ਪੀਰਾਂ ਅਵਤਾਰਾਂ ਨਾਲੋਂ ਵੱਖਰਾ ਤੇਰਾ ਰਿਵਾਜ, ਦੀਨਾਂ ਮਜ਼੍ਹਬਾਂ ਵਿਚੋਂ ਬਾਹਰ ਕਢਾਈਆ । ਵਾਰਸ ਬਣ ਕੇ ਵੇਖੇ ਹਿਸਾਬ, ਹਸਬ ਜ਼ੈਲ ਥਾਂ ਥਾਂ ਖੋਜ ਖੁਜਾਈਆ । ਪ੍ਰੇਮ ਪ੍ਰੀਤੀ ਅੰਦਰ ਕਰੇ ਵੈਰਾਗ, ਦੂਤ ਦੁਸ਼ਟ ਸ਼ੱਤਰੂ ਮਿਤਰ ਲੈਣ ਬਣਾਈਆ । ਸਤਿ ਧਰਮ ਦਾ ਦੱਸ ਸਮਾਜ, ਸਮਝ ਸਮਝ ਨਾਲ ਮਿਲਾਈਆ । ਇਕ ਨਾਲ ਇਕ ਮਿਲਣ ਦਾ ਇਕੋ ਲਾਭ, ਬਿਨਾਂ ਲੱਭਿਆਂ ਘਰ ਬੈਠਿਆਂ ਨਜ਼ਰੀ ਆਈਆ । ਅੰਮ੍ਰਿਤ ਝਿਰਨਾ ਝਿਰਾ ਕੇ ਨਾਭ, ਬੂੰਦ ਸਵਾਂਤੀ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਆਪਣਾ ਵੇਖ ਵਖਾਈਆ । ਗਿਆਰਾਂ ਕਹੇ ਮੈਂ ਵੇਖੇ ਯੋਗੀ, ਜੁਗਤੀ ਵਿਚ ਧਿਆਨ ਲਗਾਈਆ । ਗਿਆਰਾਂ ਕਹੇ ਮੈਂ ਵੇਖੇ ਜੋਗੀ, ਜੋਗੀਸ਼ਰ ਰਹੇ ਮਨਾਈਆ । ਗਿਆਰਾਂ ਕਹੇ ਮੈਂ ਵੇਖੇ ਰੋਗੀ, ਵਿਛੋੜੇ ਵਿਚ ਕੁਰਲਾਈਆ । ਗਿਆਰਾਂ ਕਹੇ ਮੈਂ ਵੇਖੇ ਭੋਗੀ, ਆਤਮ ਸੇਜ ਹੰਢਾਈਆ । ਗਿਆਰਾਂ ਕਹੇ ਮੈਂ ਵੇਖੇ ਲੋਕ ਪਰਲੋਕੀ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਗਿਆਰਾਂ ਕਹੇ ਮੈਂ ਵੇਖੇ ਦੋਸ਼ੀ ਬੇਦੋਸ਼ੀ, ਲੱਖ ਚੁਰਾਸੀ ਪੜਦਾ ਲਾਹੀਆ । ਗਿਆਰਾਂ ਕਹੇ ਮੈਂ ਵੇਖੀ ਖ਼ਾਮੋਸ਼ੀ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਗਿਆਰਾਂ ਕਹੇ ਮੈਂ ਵੇਖੀ ਮਦਹੋਸ਼ੀ, ਸੁਧ ਬੁਧ ਨਾ ਕੋਇ ਜਣਾਈਆ । ਗਿਆਰਾਂ ਕਹੇ ਮੈਂ ਵੇਖੀ ਰੂਪੋਸ਼ੀ, ਨੌਂ ਸੌ ਚੁਰਾਨਵੇ ਚੌਕੜੀ ਜੁਗ ਨਜ਼ਰ ਕਿਸੇ ਨਾ ਆਈਆ । ਗਿਆਰਾਂ ਕਹੇ ਮੈਂ ਵੇਖੀ ਤ੍ਰੈਲੋਕੀ, ਆਪਣੀ ਅੱਖ ਖੁਲ੍ਹਾਈਆ । ਗਿਆਰਾਂ ਕਹੇ ਮੈਂ ਵੇਖੇ ਮੌਜੀ, ਜਨ ਭਗਤ ਸੁਹੇਲੇ ਖ਼ੁਸ਼ੀ


੧੨੦੭
੧੭

ਮਨਾਈਆ । ਗਿਆਰਾਂ ਕਹੇ ਮੈਂ ਵੇਖੇ ਖ਼ੋਜੀ, ਜੋ ਆਪਣੇ ਅੰਦਰ ਪੈੜਾਂ ਰਹੇ ਦਬਾਈਆ । ਗਿਆਰਾਂ ਕਹੇ ਮੈਂ ਵੇਖੇ ਬੋਧੀ, ਜੋ ਇਕੋ ਢੋਲਾ ਗਾਈਆ । ਗਿਆਰਾਂ ਕਹੇ ਮੈਂ ਵੇਖੇ ਵਿਜੋਗੀ, ਜੋ ਲੱਭਣ ਚਾਈਂ ਚਾਈਆ । ਗਿਆਰਾਂ ਕਹੇ ਮੈਂ ਵੇਖੇ ਧੁਰ ਸੰਜੋਗੀ, ਜੋ ਭਗਤ ਦਵਾਰੇ ਮਿਲ ਕੇ ਖ਼ੁਸ਼ੀ ਮਨਾਈਆ । ਗਿਆਰਾਂ ਕਹੇ ਮੈਂ ਵੇਖੇ ਸਚ ਸਲੋਕੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਦਇਆ ਕਮਾਈਆ । ਗਿਆਰਾਂ ਕਹੇ ਮੈਂ ਵੇਖੇ ਬਨਖੰਡ ਫਿਰਦੇ, ਚੋਟੀਆਂ ਪਰਬਤ ਡੇਰਾ ਲਾਈਆ । ਗਿਆਰਾਂ ਕਹੇ ਮੈਂ ਵੇਖੇ ਵਿਛੜੇ ਚਿਰ ਦੇ, ਚਿਰੀ ਵਿਛੁੰਨੇ ਨਾ ਕੋਇ ਮਿਲਾਈਆ । ਗਿਆਰਾਂ ਕਹੇ ਮੈਂ ਵੇਖੇ ਜੁਗ ਜੁਗ ਗੇੜੇ ਗਿੜਦੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਗਿਆਰਾਂ ਕਹੇ ਮੈਂ ਵੇਖੇ ਦੀਨ ਮਜ਼੍ਹਬ ਭਿੜਦੇ, ਝਗੜੇ ਵਿਚ ਲੋਕਾਈਆ । ਗਿਆਰਾਂ ਕਹੇ ਮੈਂ ਉਲਟੇ ਗੇੜੇ ਵੇਖੇ ਗਿੜਦੇ, ਧੀਰਜ ਧੀਰ ਨਾ ਕੋਇ ਰਖਾਈਆ । ਗਿਆਰਾਂ ਕਹੇ ਮੈਂ ਭਗਤ ਭਗਵੰਤ ਵੇਖੇ ਮਿਲਦੇ, ਮਿਲਾਪ ਆਪਣੇ ਘਰ ਜਣਾਈਆ । ਗਿਆਰਾਂ ਕਹੇ ਮੈਂ ਵੇਖੇ ਮਾਲਕ ਦਿਲ ਦੇ, ਦਿਲਬਰ ਨਾਲ ਦਲੀਲ ਰਖਾਈਆ । ਗਿਆਰਾਂ ਕਹੇ ਮੈਂ ਵੇਖੇ ਖੇਲ ਅਛਲ ਛਲ ਦੇ, ਲੱਖ ਚੁਰਾਸੀ ਭਰਮ ਭੁਲਾਈਆ । ਗਿਆਰਾਂ ਕਹੇ ਮੈਂ ਨੂਰ ਵੇਖੇ ਤਿਲ ਦੇ, ਜੋ ਘਰ ਘਰ ਚਮਕ ਰਹੇ ਚਮਕਾਈਆ । ਗਿਆਰਾਂ ਕਹੇ ਮੈਂ ਬ੍ਰਹਿਮੰਡ ਖੰਡ ਵੇਖੇ ਹਿਲਦੇ, ਹਾਲਤ ਸਭ ਦੀ ਰਿਹਾ ਬਦਲਾਈਆ । ਗਿਆਰਾਂ ਕਹੇ ਜਨ ਭਗਤਾਂ ਹੰਝੂ ਵੇਖੇ ਕਿਰਦੇ, ਛਹਿਬਰ ਨੈਣਾਂ ਨਾਲ ਲਗਾਈਆ । ਉਹ ਦਰਸ਼ਨ ਮੰਗਣ ਇਕੋ ਨਿਰਵੈਰ ਨਿਰ ਦੇ, ਜੋ ਨੇਰਨ ਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਜਨ ਭਗਤਾਂ ਰੱਖੇ ਬਿਰਦੇ, ਬਿਰਧ ਬਾਲ ਜਵਾਨ ਬੁੱਢੇ ਨੱਢੇ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਸੇ ਹਿਰਦੇ, ਹਿਰਦੇ ਦਾ ਮਾਲਕ ਦਿਲ ਦਾ ਸਾਲਸ ਰੂਪ ਦਾ ਖ਼ਾਲਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਅਖਵਾਈਆ ।

## ੧੨ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਪਿੰਡ ਜੇਠੂਵਾਲ

ਪੋਹ ਕਹੇ ਮੈਂ ਦਿਵਸ ਬਾਰਾਂ, ਦੋ ਜਹਾਨ ਵੇਖ ਵਖਾਈਆ । ਚਾਰ ਜੁਗ ਵੇਖਿਆ ਰੂਪ ਕਹਾਰਾਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਜ਼ਰੀ ਆਈਆ । ਚਾਰ ਕੁੰਟ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਲੱਖ ਚੁਰਾਸੀ ਚੁੱਕੇ ਆਪਣਾ ਭਾਰਾ, ਕੂੜੀ ਕਿਰਿਆ ਗਠੜੀ ਬੰਧ ਵਖਾਈਆ । ਬ੍ਰਹਿਮੰਡ ਖੰਡ ਮਿਲੇ ਨਾ ਕੋਇ ਸਹਾਰਾ, ਮਿਹਰ ਨਜ਼ਰ ਨਾ ਕੋਇ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਵਿਚਾਰਾ, ਵਿਚਲਾ ਭੇਵ ਰਹੇ ਜਣਾਈਆ । ਜਿਸ ਨੂੰ ਕਹਿੰਦੇ ਰਹੇ ਨਰ ਨਿਰੰਕਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲਏ ਅਵਤਾਰਾ, ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਕਾਤਬ ਸਮਝੇ ਕੋਇ ਨਾ ਰਾਈਆ । ਬੋਲਣਹਾਰਾ ਨਾਮ ਜੈਕਾਰਾ, ਧੁਰ ਦਾ ਨਾਅਰਾ ਇਕ ਅਲਾਈਆ । ਵਸਣਹਾਰਾ ਸਚਖੰਡ ਧਾਮ ਅਪਾਰਾ, ਅਪਰੰਪਰ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਬਾਰਾਂ ਪੋਹ ਕਹੇ ਮੈਂ ਵੇਖੇ ਚਾਰ ਜੁਗ, ਬਿਨ ਅੱਖਾਂ ਅੱਖ ਖੁਲ੍ਹਾਈਆ ।

ਸਭ ਦੀ ਔਧ ਗਈ ਮੁੱਕ, ਥਿਰ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਸੂਰਾ ਸਮਰਥ ਰਿਹਾ ਬੁੱਕ, ਸ਼ਬਦ ਅਗੰਮੀ ਭਬਕ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਰਾਂ ਪੋਹ ਕਿਹਾ ਮੈਂ ਵੇਖਿਆ ਲੋਕਮਾਤ, ਚੌਥਾ ਜੁਗ ਮਤਾ ਪਕਾਈਆ । ਚਾਰੋਂ ਕੁੰਟਾਂ ਅੰਧੇਰੀ ਰਾਤ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਸਾਚਾ ਸੱਜਣ ਨਾ ਮਿਲੇ ਕੋਈ ਸਾਕ, ਸਗਲਾ ਸੰਗ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਜੋ ਗਏ ਆਖ, ਲੇਖਾ ਲੇਖ ਲੇਖ ਲਿਖਾਈਆ । ਵੇਖਣਹਾਰਾ ਖੇਲ ਤਮਾਸ਼, ਬੇਪਰਵਾਹ ਬੇਪਰਵਾਹੀਆ । ਪੜਦਾ ਲਾਹੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਗੋਪੀ ਕਾਹਨਾ ਸ੍ਰੀ ਭਗਵਾਨਾ ਪੈਂਦੀ ਵੇਖੇ ਰਾਸ, ਨਟੂਆ ਕੋਟਨ ਸਵਾਂਗ ਵਰਤਾਈਆ । ਤੀਰਥ ਤੱਟਾਂ ਵੇਖੇ ਘਾਟ, ਪਤਣ ਬਹਿਕੇ ਬੇਪਰਵਾਹੀਆ । ਦੀਨ ਮਜ਼੍ਹਬ ਵੇਖੇ ਜ਼ਾਤ ਪਾਤ, ਝਗੜਾ ਜਗਤ ਲੋਕਾਈਆ । ਹਰਫ਼ਾਂ ਵਾਲੀ ਵੇਖੇ ਕਿਤਾਬ, ਅੱਖਰਾਂ ਵਾਲੀ ਪੜ੍ਹਾਈਆ । ਸ਼ਬਦਾਂ ਵਾਲੀ ਜਾਣੇ ਗਾਥ, ਨਗ਼ਮਿਆਂ ਵਾਲਾ ਕਲਮਾ ਇਕ ਅਲਾਈਆ । ਪ੍ਰੇਮ ਵਾਲੀ ਜਾਣੇ ਰਬਾਬ, ਅਹਿਬਾਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਾਰ ਜੁਗ ਵੇਖੇ ਫਿਰਦੇ, ਭੱਜਣ ਵਾਹੋ ਦਾਹੀਆ । ਸਦੀ ਚੌਧਵੀਂ ਸਾਰੇ ਘਿਰਦੇ, ਹਰਿ ਘੇਰਾ ਇਕ ਰਖਾਈਆ । ਭੇਵ ਨਾ ਜਾਨਣ ਸਾਚੇ ਪਿਰ ਦੇ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਉਲਟੇ ਗੇੜ ਅਨੋਖੇ ਗਿੜਦੇ, ਸ੍ਰਿਸ਼ਟੀ ਦ੍ਰਿਸ਼ਟੀ ਲਈ ਆਪ ਭੁਆਈਆ । ਜਨ ਭਗਤਾਂ ਵੇਖੇ ਸਾਚੇ ਹਿਰਦੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਝਗੜਾ, ਵਰਨ ਬਰਨ ਨਜ਼ਰੀ ਆਈਆ । ਕੋਈ ਭੇਵ ਨਾ ਜਾਣੇ ਅਗਲਾ, ਲੇਖਾ ਲੇਖ ਸਕੇ ਨਾ ਕੋਇ ਸਮਝਾਈਆ । ਮਾਨਸ ਮਨੁੱਸ਼ ਮਨੁਖ ਹੋਇਆ ਪਗਲਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਬਿਨ ਹਰਿ ਨਾਮੇ ਹੋਇਆ ਕੰਗਲਾ, ਸਾਚਾ ਸੰਗ ਨਾ ਕੋਇ ਨਿਭਾਈਆ । ਮਨ ਵਾਸਨਾ ਮਨ ਦਾ ਲਏ ਬਦਲਾ, ਜਨਮ ਕਰਮ ਦੀ ਸਾਰ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਸੋਹੇ ਕੋਈ ਨਾ ਬੰਗਲਾ, ਬਗ਼ਲਗੀਰ ਨਾ ਮਿਲਿਆ ਬੇਪਰਵਾਹੀਆ । ਲੇਖਾ ਸਭ ਦਾ ਹੋਇਆ ਗੰਧਲਾ, ਪਤਿਪਰਮੇਸ਼ਵਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਬਾਰਾਂ ਪੋਹ ਕਹੇ ਮੈਂ ਵੇਖੀ ਸ੍ਰਿਸ਼ਟੀ ਸੁੱਤੀ, ਕਲਜੁਗ ਸੁੱਤਿਆਂ ਰੈਣ ਵਿਹਾਈਆ । ਸਤਿਗੁਰ ਹੁਕਮ ਮੂਲ ਨਾ ਉਠੀ, ਕਾਇਆ ਤਤ ਨਾ ਲਏ ਅੰਗੜਾਈਆ । ਆਤਮ ਪਰਮਾਤਮ ਕਿਸੇ ਨਾ ਲੱਗੀ ਰੁਚੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਧੁਰਦਰਗਾਹੋਂ ਜਗਤ ਸਵਾਣੀ ਰਹੀ ਰੁੱਠੀ, ਹਰਿ ਕੰਤ ਨਾ ਕੋਇ ਮਨਾਈਆ । ਅੰਤਮ ਖਲੜੀ ਲਹਿਣੀ ਸਭ ਦੀ ਪੁੱਠੀ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਬਾਰਾਂ ਪੋਹ ਕਹੇ ਮੈਂ ਦੇਵਾਂ ਹੋਕਾ, ਦੋ ਜਹਾਨਾਂ ਸੱਦ ਸੁਣਾਈਆ । ਹਰਿ ਕਾ ਹੁਕਮ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਮਾਨਸ ਜਨਮ ਸਾਚਾ ਮੌਕਾ, ਮੁਫ਼ਤ ਆਪਣਾ ਰੰਗ ਰੰਗਾਈਆ । ਕੂੜ ਕੁੜਿਆਰਾ ਕਲਜੁਗ ਦਹਿ ਦਿਸ਼ਾ ਕਰੇ ਧੋਖਾ, ਝੰਝਟ ਵਿਚ ਲੋਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਲਿਖਾਈਆ । ਬਾਰਾਂ ਪੋਹ ਕਹੇ ਮੈਂ ਵੇਖਾਂ ਭੱਜ, ਆਪਣਾ ਪੰਧ ਮੁਕਾਈਆ । ਕੂੜੀ
ਕਿਰਿਆ ਜਗਤ ਜਹਾਨ ਗੁਰਮੁਖ ਸੱਜਣ ਦਿਉ ਤੱਜ, ਮਾਣ ਅਭਿਮਾਨ ਰਹਿਣ ਨਾ ਪਾਈਆ । ਇਕੋ ਢੋਲਾ ਗਾਉ ਛੰਦ, ਮਿਲੇ ਮੇਲ ਸਾਚੇ ਮਾਹੀਆ ।
ਦਰਸ਼ਨ ਕਰੋ ਉਪਰ ਸ਼ਾਹਰਗ, ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਆਤਮ ਸੇਜਾ ਚੜ੍ਹੋ ਭੱਜ, ਸੁਖ ਆਸਣ ਬਹਿ ਕੇ ਖ਼ੁਸ਼ੀ ਮਨਾਈਆ ।
ਬਿਨ ਮੱਕੇ ਕਾਅਬਿਉਂ ਕਰੋ ਹੱਜ, ਹਾਜਤ ਹੋਰ ਰਹੇ ਨਾ ਰਾਈਆ । ਤ੍ਰੈਗੁਣ ਅਗਨੀ ਬੁਝੇ ਅੱਗ, ਸਾਂਤਕ ਸਤਿ ਰੂਪ ਵਟਾਈਆ । ਅੰਮ੍ਰਿਤ ਜਾਮ
ਪੀਓ ਮਦਿ, ਸਚ ਖ਼ੁਮਾਰੀ ਇਕ ਵਖਾਈਆ । ਘਰ ਪਰਮਾਤਮ ਲੈਣਾ ਲੱਭ, ਬਾਹਰ ਖੋਜਣ ਕੋਇ ਨਾ ਜਾਈਆ । ਗ੍ਰਿਹਿ ਵਸੇ ਪੁਰਖ ਸਮਰਥ,
ਹਰਿ ਬੈਠਾ ਸੋਭਾ ਪਾਈਆ । ਜਿਸ ਦੀ ਕਹਾਣੀ ਇਕ ਅਕਥ, ਜੁਗ ਚੌਕੜੀ ਸਿਫ਼ਤ ਸਾਲਾਹੀਆ । ਸੋ ਦੇਵਣਹਾਰਾ ਸਾਚੀ ਵਥ, ਵਸਤ ਅਮੋਲਕ
ਰਿਹਾ ਵਰਤਾਈਆ । ਅੰਤਮ ਖੋਲ੍ਹ ਕੇ ਆਪਣੀ ਅੱਖ, ਆਖ਼ਰ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਲਹਿਣਾ ਦੇਣਾ ਰਿਹਾ ਚੁਕਾਈਆ । ਬਾਰਾਂ ਪੋਹ ਕਹੇ ਮੈਂ ਦੱਸਾਂ ਏਕ, ਏਕੰਕਾਰ ਦਏ ਵਡਿਆਈਆ । ਜਿਸ ਦਾ ਜੁਗ ਚੌਕੜੀ ਅਵੱਲੜਾ
ਭੇਖ, ਭੇਖਾਧਾਰੀ ਆਪਣਾ ਰੂਪ ਵਟਾਈਆ । ਜਿਸ ਦਾ ਮੁੱਛ ਦਾਹੜੀ ਨਾ ਕੋਈ ਕੇਸ, ਮੁੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਰੂਪ ਰੰਗ
ਨਾ ਕੋਈ ਰੇਖ, ਅਨਭਵ ਆਪਣੀ ਧਾਰ ਰਿਹਾ ਜਣਾਈਆ । ਤੱਤਾਂ ਵਾਲੀ ਕੋਈ ਨਾ ਮਾਣੇ ਸੇਜ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਚਖੰਡ ਸਾਚੇ
ਸੋਭਾ ਪਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਰੋ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੇ ਦਰ ਦੇ ਮੰਗਤੇ ਵਿਸ਼ਨ ਬ੍ਰਹਮਾ ਮਹੇਸ਼
ਗਣੇਸ਼, ਕਰੋੜ ਤੇਤੀਸਾ ਸੁਰਪਤ ਇੰਦ ਖ਼ਾਲੀ ਝੋਲੀ ਸਰਬ ਵਖਾਈਆ । ਸੋ ਮਾਲਕ ਖ਼ਾਲਕ ਇਕ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ ।
ਸਚਖੰਡ ਵਸੇ ਅਗੰਮੜੇ ਦੇਸ, ਬ੍ਰਹਿਮੰਡ ਖੰਡ ਚਰਨਾਂ ਹੇਠ ਰਖਾਈਆ । ਜਿਸ ਨੇ ਲੋਕਮਾਤ ਹੁਕਮੇਂ ਅੰਦਰ ਦਿਤੇ ਭੇਜ, ਭਜਨ ਬੰਦਗੀ ਇਕ ਸਮਝਾਈਆ ।
ਓਸਦਾ ਦਰਸ਼ਨ ਲਉ ਪੇਖ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਬਾਰਾਂ ਪੋਹ ਕਹੇ ਮੈਂ ਵੇਖੇ ਚਾਰ ਜੁਗ ਇਕੱਠੇ, ਦਰ ਬੈਠੇ ਸੀਸ ਨਿਵਾਈਆ । ਇਕ ਦੂਜੇ ਨੂੰ
ਹਾਲ ਰਹੇ ਦੱਸੇ, ਬੀਤੀ ਕਹਾਣੀ ਸਰਬ ਸੁਣਾਈਆ । ਕਲਜੁਗ ਕਹੇ ਤੁਸੀਂ ਸਾਰੇ ਮੈਥੋਂ ਮੂਲ ਨਾ ਅੱਛੇ, ਚੰਗਾ ਨਜ਼ਰ ਕੋਇ ਨਾ ਆਈਆ । ਕੀ
ਹੋਇਆ ਜੇ ਪ੍ਰਭੂ ਧੰਨੇ ਦੇ ਚਾਰੇ ਵੱਛੇ, ਹੁਣ ਭਗਤ ਸੁਹੇਲੇ ਆਪਣੀ ਗੋਦ ਬਹਾਈਆ । ਕੀ ਹੋਇਆ ਜੇ ਸੁਦਾਮੇ ਦੇ ਤੰਦਲ ਚੱਬੇ, ਹੁਣ ਬਿਨ ਖਾਧਿਆਂ
ਪੀਤਿਆਂ ਪਾਰ ਲੰਘਾਈਆ । ਕੀ ਹੋਇਆ ਜੇ ਕਬੀਰ ਦੇ ਫਿਰਦਾ ਅੱਗੇ ਪਿਛੇ, ਹੁਣ ਦਿਵਸ ਰੈਣ ਅੱਠੇ ਪਹਿਰ ਸੇਵ ਕਮਾਈਆ । ਕੀ ਹੋਇਆ
ਤ੍ਰੈਲੋਚਨ ਦੇ ਵੱਟੇ ਚੁੱਕੇ, ਹੁਣ ਭਗਤਾਂ ਅੰਦਰ ਆਪਣਾ ਹੱਟ ਖੁਲ੍ਹਾਈਆ । ਕੀ ਹੋਇਆ ਰਵਿਦਾਸ ਦੇ ਟੁਕੜੇ ਖਾਧੇ ਸੁੱਕੇ, ਹੁਣ ਸਨਮੁਖ ਹੋ ਕੇ
ਦਰਸ ਦਿਖਾਈਆ । ਕੀ ਹੋਇਆ ਹਰਨਾਕਸ਼ ਆਪਣੀ ਹੱਥੀਂ ਚੁੱਕੇ, ਹੁਣ ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਅੰਦਰ ਬਾਹਰ, ਬਾਤਨ ਬੈਠਾ ਬੇਪਰਵਾਹੀਆ । ਕਰੇ ਖੇਲ ਜ਼ਹੂਰ
ਜ਼ਾਹਰ, ਜ਼ਾਹਰਾ ਰੂਪ ਵਟਾਈਆ । ਕੋਈ ਸਮਝੇ ਨਾ ਐਰ ਗੈਰ, ਜਨ ਭਗਤਾਂ ਦਏ ਜਣਾਈਆ । ਪ੍ਰੇਮ ਪਿਆਰ ਦੀ ਬਖ਼ਸ਼ ਕੇ ਲਹਿਰ, ਪ੍ਰੀਤਮ

ਪ੍ਰੀਤੀ ਇਕ ਲਗਾਈਆ । ਮਾਇਆ ਮਮਤਾ ਮਨਸਾ ਮੇਟ ਕੇ ਕੂੜੀ ਕਿਰਿਆ ਕਹਿਰ, ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਕਰਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਅਜੀਬ, ਅਜਬ ਨਿਰਾਲਾ ਨਜ਼ਰੀ ਆਈਆ । ਜੋ ਦੂਰ ਦੁਰਾਡਾ ਨੇਰਨ ਨੇਰਾ ਵਸੇ ਕਰੀਬ, ਕਲਮਿਉਂ ਬਾਹਰ ਆਪਣਾ ਹੁਕਮ ਵਰਤਾਈਆ । ਜਿਸ ਦੀ ਬਿਨ ਅੱਖਰਾਂ ਚਲੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਸੋ ਰਹਿਮਤ ਕਰਨਹਾਰ ਬਖ਼ਸ਼ੀਸ਼, ਮਿਹਰ ਨਜ਼ਰ ਇਕ ਉਠਾਈਆ । ਜਿਸ ਦੀ ਆਦਿ ਜੁਗਾਦਿ ਸਾਚੀ ਰੀਤ, ਰੀਤੀਵਾਨ ਬੇਪਰਵਾਹੀਆ । ਜਨ ਭਗਤਾਂ ਸਦਾ ਗੌਂਦਾ ਗੀਤ, ਬਿਨ ਰਾਗਾਂ ਨਾਦ ਆਵਾਜ਼ ਸੁਣਾਈਆ । ਸਦਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਬਾਰਾਂ ਪੋਹ ਕਹੇ ਮੈਂ ਤੱਕਿਆ ਨਜ਼ਾਰਾ, ਬੇਨਜ਼ੀਰ ਦਿਤਾ ਜਣਾਈਆ । ਸ਼ਬਦ ਅਗੰਮੀ ਇਕ ਇਸ਼ਾਰਾ, ਜਨ ਭਗਤਾਂ ਰਿਹਾ ਲਗਾਈਆ । ਕਾਇਆ ਮੰਦਰ ਅੰਦਰ ਸਚ ਦਵਾਰਾ, ਗੁਰ ਸਤਿਗੁਰ ਬੂਝ ਬੁਝਾਈਆ । ਦੀਵਾ ਬਾਤੀ ਜਗੇ ਅਗੰਮ ਅਪਾਰਾ, ਦਿਵਸ ਰੈਣ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਠੰਡਾ ਠਾਰਾ, ਸਾਚਾ ਝਿਰਨਾ ਆਪ ਝਿਰਾਈਆ । ਨਿਰਗੁਣ ਹੋ ਕੇ ਨਿਰਗੁਣ ਕਰੇ ਪਿਆਰਾ, ਸਰਗੁਣ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਧਾਰ ਬਾਰੀਕ, ਨੀਕਨ ਨੀਕਾ ਨਜ਼ਰੀ ਆਈਆ । ਜਿਸ ਦੇ ਵਿਚ ਸਚ ਤੌਫ਼ੀਕ, ਤੋਬਾ ਤੋਬਾ ਪੀਰ ਪੈਗ਼ੰਬਰ ਚਰਨ ਰਹੇ ਸੁਣਾਈਆ । ਜੋ ਨਿਰਗੁਣ ਰੂਪ ਲਾਸ਼ਰੀਕ, ਸ਼ਹਿਨਸ਼ਾਹ ਇਕ ਅਖਵਾਈਆ । ਜੋ ਧੁਰ ਦਾ ਸੱਚਾ ਤਬੀਬ, ਕੂੜੀ ਤਬਾ ਦਏ ਬਦਲਾਈਆ । ਸੋ ਬਦਲਣਹਾਰਾ ਜਗਤ ਜਹਾਨ ਨਸੀਬ, ਨੌਬਤ ਆਪਣਾ ਨਾਮ ਵਜਾਈਆ । ਕਲਜੁਗ ਅੰਤਮ ਸਾਚੀ ਦੇਵੇ ਤਰਤੀਬ, ਸਤਿਜੁਗ ਸਾਚੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਬਾਗ਼ਬਾਨ, ਮਾਲੀ ਬੇਪਰਵਾਹੀਆ । ਜੋ ਮਾਲਕ ਦੋ ਜਹਾਨ, ਲੱਖ ਚੁਰਾਸੀ ਬੂਟਾ ਰਿਹਾ ਲਗਾਈਆ । ਜੋ ਖੰਡਾਂ ਬ੍ਰਹਿਮੰਡਾਂ ਹੁਕਮਰਾਨ, ਲੋਆਂ ਪੁਰੀਆਂ ਆਪ ਸੁਣਾਈਆ । ਜੋ ਸਤਿ ਸਤਿਵਾਦੀ ਝੁਲਾਏ ਇਕ ਨਿਸ਼ਾਨ, ਨਿਸ਼ਾਨੇ ਕੂੜੇ ਦਏ ਮਿਟਾਈਆ । ਜੋ ਨਿਰਗੁਣ ਹੋ ਕੇ ਬਣਿਆ ਰਹੇ ਬੇਪਹਿਚਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਕਰਕੇ ਗਏ ਧਿਆਨ, ਰਸਨਾ ਜਿਹਵਾ ਬੱਤੀ ਦੰਦ ਮੰਤਰ ਨਾਮ ਸਾਲਾਹੀਆ । ਸੋ ਸਮਰਥ ਪੁਰਖ ਸਾਹਿਬ ਸ੍ਰੀ ਭਗਵਾਨ, ਜਨ ਭਗਤਾਂ ਦਏ ਵਡਿਆਈਆ । ਜਿਸ ਨੂੰ ਮੁਹੰਮਦ ਮੰਨਿਆ ਅਮਾਮ, ਈਸਾ ਕਿਹਾ ਮਿਹਰਵਾਨ, ਮੂਸਾ ਕਿਹਾ ਦੇਵਣਹਾਰਾ ਦਾਨ, ਦਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਮਹਿਬੂਬ, ਮੁਹੱਬਤ ਵਿਚ ਸਦਾ ਸਮਾਈਆ । ਜਿਸ ਦਾ ਕੁਰਸ਼ ਅਰਸ਼ ਤੋਂ ਉਚਾ ਅਰੂਜ, ਅਜ਼ੀਮ ਆਜ਼ਮ ਨੂਰ ਖ਼ੁਦਾਈਆ । ਜੋ ਬਿਨ ਦਰਬਾਨਾਂ ਸਦਾ ਮਹਿਫੂਜ਼, ਹਕ ਮੁਕਾਮੇ ਨਾਉਂ ਵਡਿਆਈਆ । ਜਿਥੇ ਕਲਮਿਆਂ ਵਾਲਾ ਦਿਸੇ ਨਾ ਕੋਇ ਸਕੂਲ, ਤਲਬਾ ਤਾਲਬ ਕਰੇ ਨਾ ਕੋਇ ਪੜ੍ਹਾਈਆ । ਜਿਸ ਦਾ ਕੋਈ ਨਾ ਜਾਣੇ ਅਸਲ ਅਸੂਲ, ਅਸਲੀਅਤ ਸਮਝ ਕੋਇ ਨਾ ਪਾਈਆ । ਉਹ ਲੇਖਾ ਲਹਿਣਾ ਦੇਣਾ ਸਭ ਦਾ ਕਰੇ ਵਸੂਲ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਸ ਦਾ ਹੁਕਮ ਇਕ ਮਾਕੂਲ,

ਨਾ ਕੋਇ ਮੇਟੇ ਮੇਟ ਮਿਟਾਈਆ । ਪੀਰ ਪੈਗ਼ੰਬਰ ਜਿਸ ਦੇ ਬਰਦੇ ਦਰ ਮਜ਼ਦੂਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਦਾ ਜੋਤੀ ਜੋਤ ਨਿਰਾਲਾ ਅਗੰਮੀ ਨੂਰ, ਨੂਰ ਨੁਰਾਨਾ ਇਕ ਅਖਵਾਈਆ । ਜਿਸ ਦਾ ਨਾਦ ਧੁਨ ਸ਼ਬਦ ਰਾਗ ਸਾਚਾ ਤੂਰ, ਤੁਰੀਆ ਹੁਕਮ ਵਰਤਾਈਆ । ਸੋ ਸਾਹਿਬ ਸਵਾਮੀ ਸਦਾ ਸੁਹੇਲਾ ਹਾਜ਼ਰ ਹਜ਼ੂਰ, ਹਜ਼ਰਤ ਇਕ ਅਖਵਾਈਆ । ਜਨ ਭਗਤਾਂ ਜਰਮ ਕਰਮ ਦਾ ਮੇਟ ਦੇਵੇ ਕਸੂਰ, ਕੂੜੀ ਕਿਰਿਆ ਡੇਰਾ ਢਾਹੀਆ । ਆਪਣੇ ਦਰ ਤੇ ਕਰ ਮਨਜ਼ੂਰ, ਮਜਲਸ ਸਾਚੀ ਵਿਚ ਰਲਾਈਆ । ਸ਼ੈਤਾਨ ਪਾਏ ਨਾ ਕੋਇ ਫ਼ਤੂਰ, ਫ਼ਤਵਾ ਆਪਣਾ ਇਕ ਲਗਾਈਆ । ਆਪਣਾ ਹੁਕਮ ਦੱਸ ਦਸਤੂਰ, ਦਸਤ ਦਸਤ ਨਾਲ ਮਿਲਾਈਆ । ਮਮਤਾ ਗੜ੍ਹ ਤੋੜ ਗ਼ਰੂਰ, ਹੰਕਾਰ ਦਏ ਮਿਟਾਈਆ । ਸਚ ਪ੍ਰੇਮ ਦਾ ਬਖ਼ਸ਼ ਕੇ ਸ਼ਊਰ, ਸ਼ੋਹਰਤ ਵਿਚ ਵਡਿਆਈਆ । ਮਾਣਸ ਜਨਮ ਨਾ ਜਾਏ ਫ਼ਜ਼ੂਲ, ਫ਼ਜ਼ਲ ਰਹਿਮਤ ਆਪ ਕਮਾਈਆ । ਕਰਮਾਂ ਦਾ ਮੰਗੇ ਨਾ ਅੱਗੇ ਕੋਇ ਮਸੂਲ, ਰਾਏ ਧਰਮ ਨਾ ਦਏ ਸਜ਼ਾਈਆ । ਜਨ ਭਗਤਾਂ ਸੀਸ ਨਿਵਾਏ ਸ਼ੰਕਰ ਸੁੱਟ ਕੇ ਹੱਥ ਤ੍ਰਿਸੂਲ, ਨਿਉਂ ਨਿਉਂ ਲਾਗੇ ਪਾਈਆ । ਬ੍ਰਹਮਾ ਵੇਖ ਕੇ ਚਰਨੀ ਲਾਏ ਧੂਲ, ਟਿੱਕਾ ਇਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਦਰਦੀ, ਹਰਿ ਕਰਤਾ ਨਜ਼ਰੀ ਆਈਆ । ਚੌਥੇ ਜੁਗ ਮਨਜ਼ੂਰ ਕਰੇ ਪਿਛਲੀ ਅਰਜ਼ੀ, ਜੋ ਆਰਜ਼ੂ ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਅੱਗੇ ਕਰੇ ਆਪਣੀ ਮਰਜ਼ੀ, ਮਾਲਕ ਹੋ ਕੇ ਹੁਕਮ ਵਰਤਾਈਆ । ਏਹੋ ਖੇਲ ਨਰਾਇਣ ਨਰ ਦੀ, ਦੋ ਜਹਾਨਾਂ ਦਏ ਜਣਾਈਆ । ਕੁੰਡੀ ਲਾਹ ਕੇ ਘਰ ਘਰ ਦੀ, ਪੜਦੇ ਓਹਲੇ ਫੋਲ ਫੁਲਾਈਆ । ਜੋ ਆਤਮ ਪਰਮਾਤਮ ਵਿਛੋੜੇ ਅੰਦਰ ਹੋਵੇ ਮਰਦੀ, ਤਿਸ ਦਾ ਮਰਨਾ ਦਏ ਮਿਟਾਈਆ । ਉਹ ਸਖ਼ੀ ਸਹੇਲੀ ਸੱਜਣਾਂ ਵਿਚ ਰਲਦੀ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਪਾਵੇ ਸਾਰ ਨਿਹਚਲ ਧਾਮ ਅਟਲ ਦੀ, ਜਿਸ ਘਰ ਵਸੇ ਬੇਪਰਵਾਹੀਆ । ਚਰਨ ਦਵਾਰਾ ਹਰਿ ਨਿਰੰਕਾਰਾ ਇਕੋ ਮਲਦੀ, ਦੂਜੀ ਓਟ ਨਾ ਕੋਇ ਤਕਾਈਆ । ਦਾਸੀ ਬਣਕੇ ਸ੍ਰੀ ਭਗਵਨ ਦੀ, ਮਿਲ ਭਗਤਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਕਮਾਈਆ । ਬਾਰਾਂ ਪੋਹ ਕਹੇ ਮੈਂ ਵੇਖ ਕੇ ਕਲਜੁਗ ਅੰਤਮ ਮੀਤਾ, ਮਿਤਰਾਂ ਦਿਆਂ ਜਣਾਈਆ । ਘਰ ਸਾਹਿਬ ਸਵਾਮੀ ਠਾਂਡਾ ਸੀਤਾ, ਗਹਿਰ ਗੰਭੀਰ ਨਜ਼ਰੀ ਆਈਆ । ਧਾਮ ਅਵੱਲੜੇ ਬੈਠਾ ਆਪ ਅਤੀਤਾ, ਤ੍ਰੈਭਵਣ ਧਨੀ ਸਹਿਜ ਸੁਖਦਾਈਆ । ਬੁਝਾਵਣਹਾਰਾ ਅਗਨੀ ਵਾਲਾ ਅੰਗੀਠਾ, ਅੰਮ੍ਰਿਤ ਮੇਘ ਬਰਸਾਈਆ । ਬਦਲਾਵਣਹਾਰਾ ਜੁਗ ਜੁਗ ਰੀਤਾ, ਕਲਜੁਗ ਅੰਤਰ ਸਤਿਜੁਗ ਦਏ ਵਖਾਈਆ । ਜਨ ਭਗਤਾਂ ਜੋੜ ਕੇ ਸਚ ਪ੍ਰੀਤਾ, ਪਤਿਪਰਮੇਸ਼ਵਰ ਆਪਣਾ ਮੇਲ ਮਿਲਾਈਆ । ਲੇਖ ਚੁਕਾ ਕੇ ਊਚਾਂ ਨੀਚਾਂ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਰਾਂ ਪੋਹ ਕਹੇ ਮੈਂ ਕਲਜੁਗ ਵੇਖਿਆ ਚੋਗਾ, ਚੁਗ਼ਲੀ ਨਿੰਦਿਆ ਅੰਦਰ ਟਿਕਾਈਆ । ਹਉਮੇ ਹੰਗਤਾ ਭਰਿਆ ਰੋਗਾ, ਆਸਾ ਤ੍ਰਿਸਨਾ ਮਾਇਆ ਮਮਤਾ ਨਾਲ ਮਿਲਾਈਆ । ਪੁਰਖ ਅਕਾਲ ਨਾਲੋਂ ਜੀਵਾਂ ਜੰਤਾਂ ਕੀਤਾ ਵਿਜੋਗਾ, ਪੜਦਾ ਓਹਲਾ ਇਕ ਰਖਾਈਆ । ਕੂੜੀ ਕਿਰਿਆ ਫੜਕੇ ਹੱਥ ਵਿਚ ਸੋਟਾ, ਚਾਰੋਂ ਕੁੰਟ ਰਿਹਾ ਡਰਾਈਆ । ਸਾਧ ਸੰਤ ਕਿਸੇ ਜਤ ਰਿਹਾ ਨਾ ਲੰਗੋਟਾ, ਧੀਰਜ ਧੀਰ ਨਾ ਕੋਇ ਰਖਾਈਆ । ਜਗਤ ਵਾਸਨਾ ਜਗਤ ਹੋਇਆ ਖੋਟਾ, ਬੁਧ ਬਿਬੇਕ ਨਾ ਕੋਇ ਕਰਾਈਆ ।

ਸਾਢੇ ਤਿੰਨ ਹੱਥ ਭਾਰ ਚੁੱਕੀ ਫਿਰਦਾ ਖੋਤਾ, ਬਿਨ ਗੁਰ ਗਿਆਨ ਖਰ ਰੂਪ ਵਟਾਈਆ । ਸੁੱਤਾ ਮਾਤ ਨਾ ਉਠਿਆ ਸੋਤਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਦੁਰਮਤ ਪਾਪ ਕਿਸੇ ਨਾ ਧੋਤਾ, ਪੁਨੀਤ ਨਜ਼ਰ ਕੋਇ ਨਾ ਆਈਆ । ਬਾਰਾਂ ਪੋਹ ਕਹੇ ਮੈਂ ਜਗਤ ਸੁਣਾਵਾਂ ਲੋਕਾਂ, ਲੁਕਵੀਂ ਕਥਾ ਨਾ ਕੋਇ ਜਣਾਈਆ । ਜਿਨ੍ਹਾਂ ਨੂੰ ਪ੍ਰਭ ਮਿਲਣ ਦਾ ਸ਼ੌਕਾ, ਸ਼ੌਕ ਪੂਰਾ ਦਿਆਂ ਵਖਾਈਆ । ਸਾਚੇ ਨਾਮ ਨਈਆ ਚੜ੍ਹੇ ਨੌਕਾ, ਅਧਵਿਚਕਾਰ ਨਾ ਕੋਇ ਅਟਕਾਈਆ । ਹੁਕਮ ਮੰਨੇ ਸਾਚੇ ਪਿਓ ਕਾ, ਪੂਤ ਸਪੂਤੇ ਰੂਪ ਵਟਾਈਆ । ਗ੍ਰਹਿ ਮਿਲੇ ਉਸ ਮਾਲਕ ਦਿਓ ਕਾ, ਜਿਸ ਨੂੰ ਈਸਾ ਮੂਸਾ ਮੁਹੰਮਦ ਮਾਲਕ ਵਾਹਿਦ ਗਏ ਸੁਣਾਈਆ । ਵੇਖੋ ਨਜ਼ਾਰਾ ਸੱਚੇ ਸਤਿਗੁਰ ਦੇ ਨਿਹੋਂ ਕਾ, ਨੀਂਵਿਆਂ ਉਚੇ ਦਏ ਬਣਾਈਆ । ਨਾਤਾ ਤੁਟ ਜਾਏ ਹਉਮੇ ਹਉਂ ਕਾ, ਹੰ ਬ੍ਰਹਮ ਦਏ ਸਮਝਾਈਆ । ਸੁਖ ਮਾਣੋ ਸਾਚੀ ਛਾਉਂ ਕਾ, ਬਿਨ ਸਰੀਰ ਸਿਰ ਆਪਣਾ ਹੱਥ ਟਿਕਾਈਆ । ਪੰਧ ਮੁਕ ਜਾਵੇ ਆਵਣ ਜਾਵਣ ਜਗਤ ਰਾਹੋ ਕਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਗੁਰਮੁਖ ਸੱਜਣ ਬਣਕੇ ਵੇਖੋ ਖੇਲ ਸਾਚੇ ਸ਼ਾਹੋ ਕਾ, ਜੋ ਸ਼ਹਿਨਸ਼ਾਹ ਸ਼ਾਨ ਵਿਚੋਂ ਸ਼ਾਨ ਦਏ ਬਦਲਾਈਆ । ਹੁਣ ਵੇਲਾ ਨਹੀਂ ਹਰਿ ਕਾ ਨਾਮ ਪੁੱਛਣ ਭਾਓ ਕਾ, ਜਗਤ ਵੱਟਿਆਂ ਵਿਚ ਤੋਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਬਾਰਾਂ ਪੋਹ ਕਹੇ ਮੈਂ ਵੇਖਿਆ ਰੰਗ ਰੰਗੀਲਾ, ਰੰਗ ਰਤੜਾ ਬੇਪਰਵਾਹੀਆ । ਜੋ ਨਿਰਗੁਣ ਬਣ ਕੇ ਆਇਆ ਵਸੀਲਾ, ਜੁਗ ਵਿਛੜਿਆਂ ਜੋੜ ਜੁੜਾਈਆ । ਅੰਬਰ ਪਾੜ ਕੇ ਆਇਆ ਨੀਲਾ, ਨੀਲੇ ਵਾਲਾ ਫੇਰਾ ਪਾਈਆ । ਜੋ ਹੱਥ ਨਾ ਆਵੇ ਜਗਤ ਦਲੀਲਾਂ, ਮਨ ਵਾਸਨਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਬਾਰਾਂ ਪੋਹ ਕਹੇ ਮੈਂ ਮਾਲਕ ਵੇਖਿਆ ਸਭ ਦਾ, ਸਬਰ ਸਬੂਰੀ ਇਕ ਸਮਝਾਈਆ । ਉਹ ਨੂਰ ਅਗੰਮੀ ਓਸੇ ਰੱਬ ਦਾ, ਜਿਸ ਨੂੰ ਰਾਮ ਰਹੀਮ ਸੀਸ ਨਿਵਾਈਆ । ਉਹ ਲੱਭਿਆਂ ਜੰਗਲ ਪਹਾੜਾਂ ਵਿਚੋਂ ਮੂਲ ਨਾ ਲੱਭਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਜੋ ਜੁਗ ਚੌਕੜੀ ਪਿਛਲੀ ਕੀਤੀ ਰੱਦ ਦਾ, ਅਗਲੀ ਆਪਣੀ ਧਾਰ ਬੰਧਾਈਆ । ਉਹ ਮਾਲਕ ਦੋ ਜਹਾਨਾਂ ਹੱਦ ਦਾ, ਆਦਿ ਅੰਤ ਬੇਅੰਤ ਇਕ ਅਖਵਾਈਆ । ਜੋ ਓਸ ਦੀ ਚਰਨੀ ਲਗਦਾ, ਸੋ ਸਚ ਦਵਾਰੇ ਸਜਦਾ, ਚਰਨ ਕਵਲ ਮਿਲੇ ਵਡਿਆਈਆ । ਲੇਖਾ ਚੁੱਕ ਜਾਏ ਰਹਿਣਾ ਅੱਡ ਦਾ, ਪਿਆਲਾ ਦੇਵੇ ਨਾਮ ਮਦਿ ਦਾ, ਸਚ ਸਰੂਰ ਵਿਚ ਸਮਾਈਆ । ਝਗੜਾ ਚੁੱਕ ਜਾਏ ਕਾਅਬਿਆਂ ਵਾਲੇ ਹੱਜ ਦਾ, ਮੁਕਾਮ ਦੱਸੇ ਵੱਖਰਾ ਇਕ ਅਲੱਗ ਦਾ, ਜਿਥੇ ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਉਥੇ ਚਰਾਗ਼ ਇਕੋ ਜਗਦਾ, ਆਦਿ ਜੁਗਾਦਿ ਕਦੇ ਨਾ ਬੁਝਦਾ, ਭੇਦ ਖੋਲ੍ਹੇ ਆਪਣੇ ਗੁੱਝ ਦਾ, ਪੜਦਾ ਓਹਲਾ ਦਏ ਉਠਾਈਆ । ਓਥੇ ਜਨ ਭਗਤਾਂ ਪੈਂਡਾ ਮੁੱਕਦਾ, ਨਾਤਾ ਛੁੱਟੇ ਜਨਨੀ ਕੁੱਖ ਦਾ, ਜਨਮ ਲੇਖੇ ਲੱਗੇ ਮਨੁੱਖ ਦਾ, ਨਾਤਾ ਜੁੜੇ ਪਿਉ ਪੁੱਤ ਦਾ, ਭਗਤ ਭਗਵਾਨ ਇਕੋ ਰੂਪ ਨਜ਼ਰੀ ਆਈਆ । ਜਿਥੇ ਆਸਣ ਇਕੋ ਸੁਖ ਦਾ, ਝਗੜਾ ਰਹੇ ਨਾ ਕੋਇ ਦੁੱਖ ਦਾ, ਪਾਠ ਕਰਨਾ ਪਏ ਨਾ ਕਿਸੇ ਤੁਕ ਦਾ, ਇਕੋ ਚਰਨ ਸਰਨ ਮਿਲੇ ਸਰਨਾਈਆ । ਓਥੇ ਰਹਿਣਾ ਚੰਗਾ ਚੁੱਪ ਦਾ, ਪੁਰਖ ਅਬਿਨਾਸ਼ੀ ਗੋਦੀ ਚੁੱਕ ਦਾ, ਅਗਲਾ ਪਿਛਲਾ ਹਾਲ ਪੁੱਛਦਾ, ਪਸਚਾਤਾਪ ਨਜ਼ਰ ਕੋਇ ਨਾ ਆਈਆ । ਬਾਰਾਂ ਪੋਹ ਕਹੇ ਮੈਂ ਭਗਤਾਂ ਖੇੜਾ ਵੇਖਿਆ ਵਸਦਾ, ਭਗਵਨ ਖੁਸ਼ੀਆਂ ਵਿਚ ਹੱਸਦਾ, ਧੁਰ ਦਾ ਮਾਰਗ ਇਕ ਦੱਸਦਾ, ਦਹਿ ਦਿਸ਼ਾ ਪੰਧ ਮੁਕਾਈਆ । ਪ੍ਰੇਮ ਦੇਵੇ ਆਪਣੇ ਰਸ ਦਾ, ਦਰਸ

ਕਰਾਏ ਨੇਤਰ ਅੱਖ ਦਾ, ਰੂਪ ਪਰਗਟਾਏ ਸਾਖਿਆਤ ਪ੍ਰਤਖ ਦਾ, ਪਤਿਪਰਮੇਸ਼ਵਰ ਦਇਆ ਕਮਾਈਆ । ਨਾਅਰਾ ਦੱਸੇ ਇਕ ਅਲੱਖ ਦਾ, ਜਨ ਭਗਤਾਂ ਪੈਜ ਰੱਖਦਾ, ਜੁਗ ਚੌਕੜੀ ਪੜਦਾ ਢਕਦਾ, ਓਢਣ ਆਪਣਾ ਨਾਮ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਘਰ ਸਾਚੇ ਬਹਿ ਕੇ ਸਜਦਾ, ਦੂਜੇ ਦਰ ਨਾ ਡੇਰਾ ਲਾਈਆ । ਪੋਹ ਬਾਰਾਂ ਕਹੇ ਮੇਰਾ ਲੇਖਾ ਲੇਖੇ ਲੱਗਾ ਅੱਜ ਦਾ, ਪਿਛਲਾ ਲਹਿਣਾ ਦਿਤਾ ਮੁਕਾਈਆ ।

## ✪ ੧੩ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ✪

ਸਿੰਘ ਪਾਲ ਕਿਹਾ ਨਾਲ ਅਨੰਦ, ਨੰਦ ਮੇਰੇ ਮਿਲੀ ਵਡਿਆਈਆ । ਬਤਾਲੀ ਸਾਲ ਦੀ ਪਿਛਲੀ ਮੰਗ, ਸਾਲ ਤਰਤਾਲੀਵੇਂ ਝੋਲੀ ਡਾਹੀਆ । ਮੈਂ ਤੇਰੇ ਬਚਨ ਦੀ ਸਾਂਭ ਕੇ ਰੱਖੀ ਗੰਢ, ਲੋਕਮਾਤ ਨਾ ਜਗਤ ਭੁਲਾਈਆ । ਵੇਂਹਦਾ ਰਿਹਾ ਬੈਠਕੇ ਵਿਚ ਸਚਖੰਡ, ਬਿਨ ਅੱਖਾਂ ਧਿਆਨ ਲਗਾਈਆ । ਜਿਹੜੀ ਗੋਬਿੰਦ ਪਾ ਗਿਆ ਵੰਡ, ਹਿੱਸਾ ਆਪਣਾ ਇਕ ਕਢਾਈਆ । ਉਹ ਪੂਰਾ ਕਰੇ ਸੂਰਾ ਸਰਬੰਗ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਦੀ ਵੀਹਵੀਂ ਰਹੀ ਲੰਘ, ਇਕ ਇਕੀਸਾ ਵੇਖ ਵਖਾਈਆ । ਜਨ ਭਗਤਾਂ ਪ੍ਰਭ ਹੋ ਜਾ ਸਦਾ ਸੰਗ, ਪਿਛਲੀ ਰੀਤੀ ਦੇ ਮਿਟਾਈਆ । ਆਤਮ ਹੋਵੇ ਨਾ ਕਦੇ ਰੰਡ, ਦੁਹਾਗਣ ਨਜ਼ਰ ਕੋਇ ਨਾ ਆਈਆ । ਅੱਠੇ ਪਹਿਰ ਵਜਾ ਮਰਦੰਗ, ਅਗੰਮੀ ਨਾਦ ਸ਼ਨਵਾਈਆ । ਅੰਮ੍ਰਿਤ ਧਾਰ ਵਹਾ ਗੰਗ, ਮਿਹਰ ਨਜ਼ਰ ਉਠਾਈਆ । ਤੇਰਾ ਮੰਦਰ ਵੇਖਣ ਲੰਘ, ਸਚ ਪਲੰਘ ਸੇਜ ਸੁਹਾਈਆ । ਨਿਰਗੁਣ ਹੋ ਕੇ ਚਾੜ੍ਹ ਚੰਦ, ਅਗਿਆਨ ਅੰਧੇਰ ਦੇ ਮਿਟਾਈਆ । ਤੇਰਾ ਵੇਖਿਆ ਅਗੰਮਾ ਨਿਸ਼ਾਨ ਸੱਤ ਰੰਗ, ਜੋ ਧਰੂ ਦਰਬਾਨ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਪਾਲ ਸਿੰਘ ਕਹੇ ਮੈਂ ਮੰਗਾਂ ਇਕ, ਏਕਮ ਏਕ ਮਿਲੇ ਵਡਿਆਈਆ । ਪੂਰਬ ਲਹਿਣਾ ਅਗਲਾ ਦੇ ਲਿਖ, ਪਿਛਲਾ ਝੋਲੀ ਪਾਈਆ । ਤੂੰ ਗੁਰਮੁਖਾਂ ਦਾ ਗੁਰਮੁਖ ਸਿੱਖਾਂ ਦਾ ਸਿੱਖ, ਭਗਤਾਂ ਦਾ ਭਗਤ ਗੁਰੂਆਂ ਦਾ ਗੁਰ ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਪਾਤਸ਼ਾਹ ਆਪ ਅਖਵਾਈਆ । ਸਭ ਦਾ ਪੂਰਾ ਕਰ ਭਵਿਖ, ਅਗਲਾ ਪਿਛਲਾ ਦੋ ਜਹਾਨਾਂ ਮਿਹਰਵਾਨਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਾਲ ਸਿੰਘ ਕਹੇ ਮੈਨੂੰ ਯਾਦ ਉਹ ਆਈ, ਜੋ ਆਪਣੇ ਆਪ ਜਣਾਈਆ । ਮੈਂ ਘਬਰਾ ਕੇ ਕਿਹਾ ਦੁਹਾਈ ਦੁਹਾਈ, ਬੌਹੜੀ ਬੌਹੜੀ ਕਰ ਸੁਣਾਈਆ । ਤੂੰ ਹੌਲੀ ਜਿਹੀ ਕਿਹਾ ਸੁਣ ਸਿੱਖ ਮੇਰੇ ਭਾਈ, ਭਾਵ ਆਪਣਾ ਦਿਆਂ ਜਣਾਈਆ । ਜਿਸ ਵੇਲੇ ਲੋਕਮਾਤ ਸਤਿ ਸਚ ਰਿਹਾ ਨਾ ਰਾਈ, ਰਹਿਬਰ ਹੋ ਕੇ ਨੈਣਾਂ ਦਿਆਂ ਦਰਸਾਈਆ । ਮੈਂ ਹੱਸ ਕੇ ਕਿਹਾ ਤੂੰ ਸਾਹਿਬ ਵਡ ਗੁਸਾਂਈ, ਗਹਿਰ ਗੰਭੀਰ ਤੇਰੀ ਸਰਨਾਈਆ । ਤੂੰ ਮਸਤਕ ਉਂਗਲੀ ਲਾ ਕੇ ਕਿਹਾ ਚਾਈਂ ਚਾਈਂ, ਹੌਲੀ ਜਿਹੀ ਪੋਟੇ ਨਾਲ ਦਬਾਈਆ । ਤੇਰਾ ਨੂਰ ਕਰਾਂ ਰੁਸ਼ਨਾਈ, ਜ਼ਹੂਰ ਆਪਣਾ ਨਾਲ ਪਰਗਟਾਈਆ । ਮਜ਼ਦੂਰ ਹੋ ਕੇ ਸੇਵ ਕਮਾਈ, ਖ਼ਾਦਮ ਆਪਣਾ ਨਾਉਂ ਧਰਾਈਆ । ਪਾਲ ਸਿੰਘ ਕਿਹਾ ਮੈਨੂੰ ਲੋੜ ਕੋਇ ਨਾ ਰਾਈ, ਆਪਣੀ ਮੰਗ ਨਾ ਕੋਇ ਮੰਗਾਈਆ । ਤੂੰ ਮਿਹਰਵਾਨ ਮਹਿਬੂਬ ਮੁਹੱਬਤ ਵਿਚ

ਆਪਣਾ ਖੇਲ ਖਿਲਾਈ, ਖ਼ਾਲਕ ਖਲਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਾਲ ਸਿੰਘ ਕਿਹਾ ਮੈਨੂੰ ਯਾਦ ਆਈ ਉਹ, ਸਚ ਦਿਆਂ ਸੁਣਾਈਆ । ਜਿਸ ਵੇਲੇ ਲੋਕਮਾਤ ਛੱਡ ਕੇ ਗਿਆ ਛੱਬੀ ਪੋਹ, ਜੋਤੀ ਜਾਤਾ ਰੂਪ ਵਟਾਈਆ । ਹੌਲੀ ਜਿਹੀ ਮੇਰੀ ਸੇਜਾ ਲਈ ਟੋਹ, ਮਲਕੜੇ ਘੁੱਟ ਕੇ ਜੱਫੀ ਪਾਈਆ । ਮੈਂ ਕਿਹਾ ਪ੍ਰਭੂ ਤੂੰ ਬੜਾ ਨਿਰਮੋਹ, ਗੁਰਮੁਖ ਭੁੱਲ ਕੇ ਆਪਣਾ ਝੱਟ ਲੰਘਾਈਆ । ਪੁਰਖ ਅਕਾਲ ਬਿਨ ਨੈਣਾਂ ਨੇਤਰਾਂ ਪਿਆ ਰੋ, ਹੌਕਿਆਂ ਨਾਲ ਸੁਣਾਈਆ । ਮੈਂ ਕਦੇ ਨਾ ਕਰਾਂ ਭਗਤਾਂ ਨਾਲ ਧਰੋ, ਦਰੋਹੀ ਦਰੋਹੀ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਪਾਈਆ । ਪਾਲ ਸਿੰਘ ਕਹੇ ਵੇਖ ਨਿਸ਼ਾਨਾ ਆਪਣਾ, ਜੋ ਭਗਤਾਂ ਦਰ ਝੁਲਾਈਆ । ਮੈਂ ਲੋਕਮਾਤ ਵੇਖਿਆ ਮਾਰ ਧਿਆਨਾ, ਜਗਤ ਨੇਤਰ ਵੇਖ ਕੋਇ ਨਾ ਪਾਈਆ । ਤੂੰ ਹੋ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਕਿਰਪਾ ਕਰ ਗੁਣ ਨਿਧਾਨਾ, ਸਚ ਸਾਚੀ ਬਣਤ ਬਣਾਈਆ । ਮੇਰੀ ਆਸਾ ਮਨਸਾ ਪੂਰ ਕਰਾਨਾ, ਲੇਖਾ ਲੇਖੇ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਸਮਝਾਈਆ । ਪਾਲ ਸਿੰਘ ਕਹੇ ਮੈਨੂੰ ਤੇਰਾ ਯਾਦ ਉਹ ਖ਼ਿਆਲ, ਜਿਹੜਾ ਪਿੱਠ ਉਤੇ ਹੱਥ ਰੱਖ ਕੇ ਦਿਤਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਪਰਗਟਾਵਾਂ ਇਕ ਲਾਲ, ਜਮਾਲ ਆਪਣਾ ਨਾਲ ਰਖਾਈਆ । ਜੋ ਸਾਰੇ ਹੱਲ ਕਰੇ ਸਵਾਲ, ਨਫ਼ੀ ਵਿਚ ਰਹਿਣ ਕੋਇ ਨਾ ਪਾਈਆ । ਸਭ ਦਾ ਬਣੇ ਦਲਾਲ, ਹਕ ਦਲਾਲੀ ਇਕ ਕਮਾਈਆ । ਪਾਲ ਸਿੰਘ ਕਿਹਾ ਬੋਲ ਅੱਗੋਂ ਨਾਲ ਜ਼ਬਾਨ, ਹੰਸ ਮੁਖ ਸੁਣਾਈਆ । ਮੈਂ ਵੇਖਾਂ ਕਿਵੇਂ ਹੋਵੇਂ ਮਿਹਰਵਾਨ, ਮੁਹੱਬਤ ਵਿਚ ਸਮਾਈਆ । ਉਸੇ ਵੇਲੇ ਨੌਂ ਕਦਮ ਦੂਰ ਹੋ ਵਿਚ ਮੈਦਾਨ, ਸਨਮੁਖ ਹੋ ਕੇ ਦਿਤਾ ਸੁਣਾਈਆ । ਮੈਂ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਰਾਜਿਆਂ ਦਾ ਰਾਜਾਨ, ਪਾਤਸ਼ਾਹਾਂ ਦਾ ਪਾਤਸ਼ਾਹ ਅਖਵਾਈਆ । ਦੋ ਜਹਾਨਾਂ ਹੁਕਮਰਾਨ, ਹਕੂਮਤ ਆਪਣਾ ਨਾਮ ਦਰਸਾਈਆ । ਜੁਗ ਚੌਕੜੀ ਵੇਖਾਂ ਮਾਰ ਧਿਆਨ, ਨਿਤ ਨਵਿਤ ਵੇਸ ਵਟਾਈਆ । ਸਭ ਤੋਂ ਵੱਖਰਾ ਨਿਰਾਲਾ ਮੇਰਾ ਨਿਸ਼ਾਨ, ਜੋ ਭਗਤਾਂ ਨਜ਼ਰੀ ਆਈਆ । ਸਧਰਾਂ ਭਰਿਆ ਮੇਰਾ ਵਿਧਾਨ, ਜਿਸ ਦੀ ਧਾਰਾ ਨਾ ਕੋਇ ਬਦਲਾਈਆ । ਤਰਮੀਮ ਕਰੇ ਨਾ ਕੋਇ ਇਨਸਾਨ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਪਾਲ ਸਿੰਘ ਕਿਹਾ ਮੈਂ ਸਭ ਕੁਝ ਸੁਣਿਆ, ਮਿਹਰਵਾਨੀ ਤੇਰੀ ਮੋਹੇ ਭਾਈਆ । ਤੂੰ ਦਾਤਾ ਗਹਿਰ ਗੰਭੀਰ ਵਡ ਗੁਣਿਆ, ਗਵਰ ਤੇਰੀ ਸਰਨਾਈਆ । ਤੂੰ ਵਸਣਹਾਰਾ ਧਾਰੀ ਕੇਸਾ ਚੋਟੀ ਮੁੰਨੀਆਂ, ਜੋਗੀਸ਼ਰਾਂ ਮੁਨੀਸ਼ਰਾਂ ਤਪੀਸ਼ਰਾਂ ਰਿਹਾ ਸਮਝਾਈਆ । ਕੋਟਨ ਕੋਟ ਸਾਧਾਂ ਸੰਤਾਂ ਤੇਰੀਆਂ ਸੁਣੀਆਂ ਧੁਨੀਆਂ, ਰਾਗਾਂ ਨਾਦਾਂ ਨਾਲ ਜਣਾਈਆ । ਕੋਟਨ ਕੋਟ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤੇਰੀਆਂ ਹੰਢਾਈਆਂ ਕੁੱਲੀਆਂ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਕੋਟਨ ਕੋਟ ਖਾਣੀਆਂ ਬਾਣੀਆਂ ਵਿਕਣ ਤੇਰੀਆਂ ਅਨਮੁਲੀਆਂ, ਕਰਤੇ ਕੀਮਤ ਕੋਇ ਨਾ ਪਾਈਆ । ਕੋਟਨ ਕੋਟ ਜਸ ਵੇਦ ਪੁਰਾਨ ਸਿਫ਼ਤ ਸੁਣੇਂਦੀਆਂ ਬੁੱਲੀਆਂ, ਰਸਨਾ ਜਿਹਵਾ ਬੱਤੀ ਦੰਦ ਨਾਲ ਮਿਲਾਈਆ । ਕੋਟਨ ਕੋਟ ਬਿਰਹੋਂ ਵੈਰਾਗਣਾਂ ਹੋ ਕੇ ਫਿਰਨ ਝੱਲੀਆਂ, ਆਪਣਾ ਆਪ ਭੁਲਾਈਆ । ਕੋਟਨ ਕੋਟ ਤੇਰੇ ਵਿਛੋੜੇ ਅੰਦਰ ਹੋਈਆਂ ਪਗ਼ਲੀਆਂ, ਤਨ ਮਾਟੀ ਖ਼ਾਕ ਸੀਸ ਉਡਾਈਆ । ਕੋਟਨ ਕੋਟ ਤੇਰੇ ਅੰਮ੍ਰਿਤ ਦੀਆਂ ਭਰਦੀਆਂ ਗਈਆਂ ਚੁਲੀਆਂ, ਬਾਹਰੋਂ ਅੰਦਰ ਅੰਦਰੋਂ ਬਾਹਰ ਕਢਾਈਆ । ਮੈਂ ਗੱਲਾਂ ਕਰਾਂ ਤੇਰੇ ਨਾਲ ਖੁਲ੍ਹੀਆਂ, ਪੜਦਾ

੧੨੧੯

ਓਹਲਾ ਨਾ ਕੋਇ ਰਖਾਈਆ । ਜਿਸ ਵੇਲੇ ਕਲਜੁਗ ਕੂੜ ਅੰਧੇਰੀਆਂ ਝੁਲੀਆਂ, ਕਵਣ ਬਖ਼ਸ਼ੇ ਸਚ ਸਰਨਾਈਆ । ਸਾਧਾਂ ਸੰਤਾਂ ਫਿਰਨ ਟੋਲੀਆਂ, ਚਾਰੋਂ ਕੁੰਟ ਵਾਹੋ ਦਾਹੀਆ । ਸਚ ਦੱਸ ਤੇਰੇ ਦਵਾਰੇ ਕਵਣ ਹੋਵਣ ਗੋਲੀਆਂ, ਜੋ ਧੁਰ ਦੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਕਿਹਾ ਉਹ ਮੇਰੇ ਨਾਲ ਮੌਲੀਆਂ, ਜਿੰਨ੍ਹਾਂ ਆਪਣੀ ਦਇਆ ਕਮਾਈਆ । ਉਹ ਰੰਗ ਰਤੜੀਆਂ ਬਿਨ ਰੰਗੋਂ ਖੇਲਣ ਹੋਲੀਆਂ, ਲਾਲ ਗੁਲਾਲਾ ਰੰਗ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਰਲ ਕੇ ਸੱਜਣ ਨਾਲ ਪਾਵਣ ਬੋਲੀਆਂ, ਢੋਲੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਾਲ ਸਿੰਘ ਅੱਗੋਂ ਕਿਹਾ ਹੱਸ, ਵਾਹ ਤੇਰੀ ਸਰਨਾਈਆ । ਮੈਂ ਓਸ ਵੇਲੇ ਖੋਲ੍ਹਾਂ ਅੱਖ, ਜਿਸ ਵੇਲੇ ਜਗਤ ਪਏ ਦੁਹਾਈਆ । ਤੇਰਾ ਪਿਛਲਾ ਕੌਲ ਇਕਰਾਰ ਦੇਵਾਂ ਦੱਸ, ਸੁਨੇਹੜਾ ਸਚ ਸੁਣਾਈਆ । ਨਾਲੇ ਤੱਕਾਂ ਕਿਵੇਂ ਭਗਤਾਂ ਹੋਵੇਂ ਵਸ, ਆਪ ਆਪਣਾ ਮਾਣ ਮਿਟਾਈਆ । ਕਿਸ ਬਿਧ ਉਹਨਾਂ ਲਿਖੇਂ ਜਸ, ਜਿਹਨਾਂ ਦਾ ਜੁਗ ਜੁਗ ਗੁਰ ਅਵਤਾਰ ਪੈਗ਼ੰਬਰ ਲਹਿਣਾ ਗਏ ਬਣਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਪੁਰਖ ਸਮਰਥ, ਇਹੋ ਮੇਰੀ ਵਡਿਆਈਆ । ਜੇ ਭਾਵੇ ਤੇ ਕੋਝੇ ਕਮਲਿਆਂ ਤਾਰਾਂ ਝਟ, ਪਲਕ ਤੋਂ ਪਲਕ ਸਮਝ ਕੋਇ ਨਾ ਪਾਈਆ । ਜੇ ਕਰਕੇ ਬਹਿ ਜਾਵਾਂ ਹੱਠ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਸਿੰਘ ਪਾਲ ਕਿਹਾ ਇਹ ਨਹੀਂ ਚੰਗੀ ਬਾਤ, ਪ੍ਰਭੂ ਸਚ ਦਿਆਂ ਦ੍ਰਿੜਾਈਆ । ਜਿਹੜੇ ਤੇਰੀ ਰੱਖਣ ਆਸ, ਕਿਉਂ ਉਹਨਾਂ ਦਏਂ ਭੁਲਾਈਆ । ਮੈਂ ਫੇਰ ਕਰਾਂ ਫ਼ਰਿਆਦ, ਜਿਸ ਵੇਲੇ ਤੇਰਾ ਨੂਰ ਹੋਵੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਵੀਹ ਸੌ ਇੱਕੀ ਬਿਕ੍ਰਮੀ ਬਦਲਣਾ ਸਮਾਜ, ਸੋਹਣੀ ਬਣਤ ਬਣਾਈਆ । ਸਚਖੰਡ ਦਾ ਖੇਲ ਤਮਾਸ਼, ਲੋਕਮਾਤ ਦੇਵਾਂ ਵਖਾਈਆ । ਆਪਣੇ ਸੀਸ ਤੇ ਰੱਖ ਕੇ ਤਾਜ, ਭਗਤ ਸੁਹੇਲੇ ਨਾਲ ਜੁੜਾਈਆ । ਭਗਤ ਨਿਸ਼ਾਨਾ ਧੁਰ ਦੀ ਦਾਤ, ਲੋਕਮਾਤ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਸਮਝਾਈਆ । ਸ੍ਰੀ ਭਗਵਾਨ ਦਿਤਾ ਇਸ਼ਾਰਾ, ਸ਼ਬਦ ਸਚ ਜਣਾਈਆ । ਵੇਖਾਂ ਖੇਲ ਵਿਚ ਸੰਸਾਰਾ, ਲੋਕਮਾਤ ਕਰ ਰੁਸ਼ਨਾਈਆ । ਬਤਾਲੀ ਸਾਲ ਦਾ ਤੇਰਾਂ ਪੋਹ ਦਾ ਇਹ ਦਿਹਾੜਾ, ਪੂਰਬ ਲੇਖੇ ਲਾਈਆ । ਗੁਰਮੁਖ ਤੇਰੀ ਸੁਣ ਪੁਕਾਰਾ, ਜਨ ਭਗਤਾਂ ਦਏ ਵਡਿਆਈਆ । ਅੱਜ ਤੋਂ ਅੱਗੇ ਜਿਹੜਾ ਗੁਰਮੁਖਾਂ ਘਰ ਹੋਏ ਵਿਹਾਰਾ, ਉਸ ਦੀ ਰੀਤ ਇਕ ਦਰਸਾਈਆ । ਉਹ ਗੁਰਮੁਖ ਸੁੱਚਾ ਹੱਥ ਫੜੇ ਇਕ ਨਿਸ਼ਾਨਾ, ਸੱਤ ਰੰਗ ਨਜ਼ਰੀ ਆਈਆ । ਉਸ ਦਾ ਵਸਦਾ ਰਹੇ ਮਕਾਨਾ, ਸਤਿਜੁਗ ਸਾਰੇ ਲੱਭਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦੇਵੇ ਮਾਣ ਵਡਿਆਈਆ । ਪੋਹ ਕਹੇ ਮੈਂ ਆਇਆ ਤੇਰਾਂ, ਨਾਨਕ ਧਾਰ ਚੇਤੇ ਆਈਆ । ਕਲਜੁਗ ਹੋਇਆ ਜਗਤ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਪਾਲ ਸਿੰਘ ਤੇਰਾ ਵਕਤ ਸੁਹੇਲਾ, ਸੱਜਣ ਸੁਹੇਲਾ ਦਏ ਬਣਾਈਆ । ਜੋ ਵਸਣਹਾਰਾ ਧਾਮ ਨਵੇਲਾ, ਜਨ ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਹ ਤੇਰਾਂ ਕਹੇ ਮੈਂ ਵੇਖਿਆ ਚੁੱਕ ਕੇ ਅੱਖ, ਜ਼ਿਮੀਂ ਅਸਮਾਨਾਂ ਪਰੇ ਨਿਗਾਹ ਲਗਾਈਆ । ਅਬਿਨਾਸ਼ੀ ਕਰਤਾ ਇਕ ਪ੍ਰਤਖ, ਸਾਖਿਆਤ ਦਰਸ ਦਿਖਾਈਆ । ਉਸ ਦੇ ਨਾਲ ਸਿੰਘ ਪਾਲ ਰਿਹਾ ਹੱਸ, ਖ਼ੁਸ਼ੀਆਂ ਨਾਲ ਖ਼ੁਸ਼ੀ ਵਖਾਈਆ । ਉਚੀ ਬੋਲ ਬੋਲ ਰਿਹਾ ਦੱਸ, ਸ੍ਰੀ ਭਗਵਾਨ ਭਗਤਾਂ ਹੋਣਾ ਸਦਾ ਸਹਾਈਆ । ਪਹਿਲੋਂ ਮੇਰਾ ਨਿਸ਼ਾਨ ਫੜਾ ਆਪਣੇ ਹੱਥ, ਤੇਰਾਂ ਪੋਹ ਖ਼ੁਸ਼ੀ ਮਨਾਈਆ ।

ਚੌਦਾਂ ਪੋਹ ਸਿੰਘ ਜਗਦੀਸ਼ ਸੇਵਾ ਜਾਏ ਲੱਗ, ਨਿਸ਼ਾਨਾ ਆਪਣੇ ਹੱਥ ਵਖਾਈਆ । ਪੰਦਰਾਂ ਪੋਹ ਸਿੰਘ ਮਨਜੀਤ ਆਏ ਸਜ, ਬਾਲਾ ਨੱਢਾ ਨੌਜਵਾਨ ਫੇਰਾ ਪਾਈਆ । ਸੋਲਾਂ ਪੋਹ ਸਿੰਘ ਸਰਵਨ ਟੇਕ ਮੱਥ, ਦਰ ਤੇਰੇ ਖ਼ੁਸ਼ੀ ਮਨਾਈਆ । ਸਤਾਰਾਂ ਪੋਹ ਬਲ ਰਾਜਾ ਹੋ ਕੇ ਤੇਰੇ ਵਸ, ਗੁਰਦਿਆਲ ਸਿੰਘ ਗੀਤ ਇਕ ਗਾਈਆ । ਪੰਜੇ ਦਿਨ ਵਾਰੋ ਵਾਰੀ ਸਚ ਨਿਸ਼ਾਨਾ ਫੜ ਕੇ ਹੱਥ, ਜਨ ਭਗਤ ਦਵਾਰੇ ਦੇਣ ਝੁਲਾਈਆ । ਜੋ ਬਿਨ ਅੱਖਰਾਂ ਬਿਨ ਸਤਰਾਂ ਬਿਨ ਹਰੂਫਾਂ ਬਿਨ ਤਾਰੀਫਾਂ ਰਵਿਦਾਸ ਗਿਆ ਦੱਸ, ਵਡ ਆਪਣੀ ਆਸ ਰਖਾਈਆ । ਜਿਸ ਵੇਲੇ ਮੇਰਾ ਆਵੇ ਪੁਰਖ ਸਮਰਥ, ਬੇਪਰਵਾਹ ਫੇਰਾ ਪਾਈਆ । ਉਹ ਭਗਤਾਂ ਸੰਤਾਂ ਪੈਜ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਉਥੇ ਕ੍ਰਿਸ਼ਨ ਅੱਗੋਂ ਬੋਲੇ ਝੱਟ, ਤ੍ਰਿਲੋਕੀ ਨਾਥ ਆਪਣਾ ਬਚਨ ਸੁਣਾਈਆ । ਮੇਰੇ ਚਰਨ ਦੀ ਇਕ ਬੂੰਦ ਜੋ ਬੱਧਕ ਰਸਨਾ ਨਾਲ ਲਈ ਚੱਟ, ਓਸੇ ਦਾ ਰਸ ਅਜੇ ਮੁੱਕ ਨਾ ਜਾਈਆ । ਅਗਲਾ ਲੇਖਾ ਅੱਗੇ ਦੇਣਾ ਦੱਸ, ਪੜਦਾ ਓਹਲਾ ਦਏ ਉਠਾਈਆ । ਜਨ ਭਗਤਾਂ ਦਾ ਸਚ ਭਗਤੀ ਝੋਲੀ ਪਾ ਕੇ ਹਕ, ਹੁਕਮ ਆਪਣੇ ਵਿਚ ਰਖਾਈਆ । ਅੱਗੇ ਰਹੇ ਨਾ ਕੋਈ ਸ਼ੱਕ, ਸ਼ਿਕਵੇ ਸਾਰੇ ਦਏ ਗਵਾਈਆ । ਜੁਗ ਚੌਕੜੀ ਲੱਭਦੇ ਲੱਭਦੇ ਸਾਰੇ ਗਏ ਥੱਕ, ਥਕਾਵਟ ਪਿਛਲੀ ਦਏ ਮੁਕਾਈਆ । ਪ੍ਰੇਮ ਪਿਆਰ ਪ੍ਰੀਤੀ ਦੇ ਲੱਗੇ ਘਾਉ ਫੱਟ, ਪੱਟੀ ਮਰਹਮ ਆਪਣੀ ਹੱਥੀਂ ਦਏ ਬੰਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੀ ਦਾਤ ਭਗਤਾਂ ਦੀ ਵਸਤ ਭਗਤਾਂ ਫੜਾ ਕੇ ਹੱਥ, ਆਪ ਪ੍ਰਤਖ ਹੋ ਕੇ ਵੇਖੇ ਚਾਈਂ ਚਾਈਂਆ ।

## ੧੩ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹ

ਤੇਰਾਂ ਪੋਹ ਕਹੇ ਸੁਣੋ ਫ਼ਰਮਾਨ, ਸੋ ਸਾਹਿਬ ਸਵਾਮੀ ਅੰਤਰਜਾਮੀ ਆਪ ਸੁਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਬ੍ਰਹਿਮੰਡ ਖੰਡ ਲੋਕ ਪਰਲੋਕ ਕਰੋ ਧਿਆਨ, ਜ਼ਿਮੀਂ ਅਸਮਾਨ ਰਿਹਾ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਵੋ ਸਾਵਧਾਨ, ਨੇਤਰ ਲੋਚਨ ਨੈਣ ਸਰਬ ਅੱਖ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਦੇਵਤ ਸੁਰ ਸੁਣੋ ਲਾ ਕਰ ਕਾਨ, ਬਚਿਆ ਕੋਇ ਰਹਿਣ ਨਾ ਪਾਈਆ । ਪੜਦੇ ਲਾਹੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਚੁਕਾਈਆ । ਅਠਸਠ ਤੀਰਥ ਕਰੋ ਪਹਿਚਾਨ, ਚਾਰ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਡੂੰਗਰ ਖਾਈ ਹੁਕਮ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਕਰੋ ਪਰਵਾਨ, ਧੁਰ ਪਰਵਾਨਾ ਸ੍ਰੀ ਭਗਵਾਨਾ ਆਪ ਇਕ ਸੁਣਾਈਆ । ਬੀਸ ਬੀਸਾ ਹਰਿ ਜਗਦੀਸਾ ਖੇਲੇ ਖੇਲ ਨੌਜਵਾਨ, ਜੋਧਾ ਸੂਰਬੀਰ ਵੱਡੀ ਵਡਿਆਈਆ । ਭਗਤ ਸੁਹੇਲਾ ਇਕ ਇਕੇਲਾ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਜੀਵ ਜੰਤ ਅੰਡਜ਼ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਏਥੇ ਉਥੇ ਦੋ ਜਹਾਨਾਂ ਹੁਕਮਰਾਨ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਸੰਦੇਸ਼ਾ ਇਕ ਸੁਣਾਈਆ । ਅੰਦਰ ਬਾਹਰ ਗੁਪਤ ਜਾਹਰ ਨਿਰਗੁਣ ਸਰਗੁਣ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਅਰਸ਼ ਫ਼ਰਸ਼ ਪਲਕ ਆਪਣਾ ਹੁਕਮ ਵਰਤਾਈਆ । ਰਵ ਸਸ ਸੂਰਜ ਚੰਦ ਮੰਡਲ ਮੰਡਪ ਵੇਖੇ ਇਕ ਨਿਸ਼ਾਨ, ਸ਼ਾਹ ਸੁਲਤਾਨਾਂ ਨੌਜਵਾਨਾ ਮਰਦ ਮਰਦਾਨਾ ਹਰਿ ਕਰਤਾ ਆਪ

ਜਣਾਈਆ । ਆਦਿ ਜੁਗਾਦਿ ਨਵ ਨੌ ਚਾਰ ਜਿਸ ਦਾ ਮੰਗਦੇ ਗਏ ਦਾਨ, ਖ਼ਾਲੀ ਝੋਲੀ ਅੱਗੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਆਪਣੀ ਖੇਲ ਖਿਲਾਈਆ । ਤੇਰਾਂ ਪੋਹ ਕਹੇ ਉਠੋ ਜਨ ਭਗਤ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਵਕਤ ਸੁਹੰਜਣਾ ਵੇਲਾ ਆਇਆ ਜਗਤ, ਚਾਰ ਕੁੰਟ ਵੱਜੇ ਵਧਾਈਆ । ਨਾਮ ਖ਼ੁਮਾਰੀ ਵਿਚ ਰਹਿਣਾ ਮਸਤ, ਆਲਸ ਨਿੰਦਰਾ ਦੂਰ ਕਰਾਈਆ । ਨਾਤਾ ਤੋੜ ਕੇ ਕੀਟ ਹਸਤ, ਊਚ ਨੀਚ ਰਾਉ ਰੰਕ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਨਾਲ ਮਿਲਾਓ ਹਸਤ, ਦਸਤ ਆਪਣਾ ਅੱਗੇ ਟਿਕਾਈਆ । ਝੋਲੀ ਪਾਓ ਅਮੋਲਕ ਵਸਤ, ਜਿਸ ਨੂੰ ਜੁਗ ਚੌਕੜੀ ਮੰਗਦੇ ਗਏ ਨੇਤਰ ਨੈਣਾਂ ਨੀਰ ਵਹਾਈਆ । ਜਿਸ ਸਾਹਿਬ ਸੁਲਤਾਨ ਦਾ ਖਾਣੀ ਬਾਣੀ ਕਰੇ ਨਾ ਕੋਇ ਅਰਥ, ਅਥਵਾ ਸਚ ਨਾ ਕੋਇ ਸਮਝਾਈਆ । ਜਿਸ ਦੀ ਮਨ ਮਤ ਬੁਧ ਕਰ ਨਾ ਸਕੇ ਪਰਖ, ਕਸਵਟੀ ਰਗੜ ਨਾ ਕੋਇ ਲਗਾਈਆ । ਜੋ ਮਾਲਕ ਮਾਲਕ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਉਸ ਦਾ ਕਰੋ ਇਕ ਦਰਸ, ਦੂਜੀ ਲੋੜ ਰਹੇ ਨਾ ਰਾਈਆ । ਜੋ ਨਿਰਗੁਣ ਹੋ ਕੇ ਸਰਗੁਣ ਉਤੇ ਕਰੇ ਤਰਸ, ਰਹਿਮਤ ਰਹਿਮਾਨ ਆਪ ਕਮਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਚਿੰਤਾ ਗਵਾ ਕੇ ਰੋਗ ਹਰਖ਼, ਸੋਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤੇਰਾਂ ਪੋਹ ਕਹੇ ਗੁਰ ਅਵਤਾਰ ਪੀਰ ਪੈਗ਼ੰਬਰੋ ਮਾਰੋ ਝਾਤੀ, ਹਰਿ ਕਰਤਾ ਖੇਲ ਕਰਾਈਆ । ਅਰਜ਼ਾਂ ਅਰਜ਼ੋਈਆਂ ਦੀ ਮੰਨ ਕੇ ਆਖੀ, ਬੇਨੰਤੀਆਂ ਝੋਲੀ ਪਾਈਆ । ਧੁਰ ਦਾ ਬਣ ਕੇ ਆਇਆ ਸਾਕੀ, ਭਰ ਪਿਆਲਾ ਨਾਮ ਜਾਮ ਪਿਆਈਆ । ਨਿਰਮਲ ਜੋਤ ਇਕ ਪਰਕਾਸ਼ੀ, ਨੂਰੋ ਨੂਰ ਕਰੇ ਰੁਸ਼ਨਾਈਆ । ਬ੍ਰਹਿਮੰਡ ਖੰਡ ਮੰਡਲ ਪਾਵੇ ਆਪਣੀ ਰਾਸੀ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਲੇਖਾ ਸਭ ਦਾ ਜਾਣੇ ਕਮਲਾਪਾਤੀ, ਪਤਿਪਰਮੇਸ਼ਵਰ ਵਡ ਵਡਿਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਸੁਹੰਜਣੀ ਰਾਤੀ, ਜੋ ਰੁਤੜੀ ਆਪਣਾ ਰੰਗ ਵਖਾਈਆ । ਗੁਰਮੁਖ ਗੁਰਸਿਖ ਸਤਿ ਦਵਾਰੇ ਰਹੇ ਕੋਇ ਨਾ ਪਾਪੀ, ਦੁਰਮਤ ਮੈਲ ਦਏ ਧੁਆਈਆ । ਏਕਾ ਕਥਾ ਸੁਣਾਏ ਸਾਚੀ, ਐਹਨੁਲ ਆਪਣਾ ਨਾਉਂ ਜਣਾਈਆ । ਲੇਖਾ ਰਹੇ ਕੋਇ ਨਾ ਬਾਕੀ, ਲਹਿਣਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤੇਰਾਂ ਪੋਹ ਕਹੇ ਗੋਬਿੰਦ ਖੋਲ੍ਹ ਆਪਣੀ ਚਿੱਠੀ, ਸੱਤਾਂ ਸਤਰਾਂ ਵਾਲੀ ਆਪਣਾ ਪੜਦਾ ਦੇ ਉਠਾਈਆ । ਜਿਹੜੀ ਬਿਨ ਕਲਮ ਸ਼ਾਹੀ ਹਰਫ਼ਾਂ ਲਿਖੀ, ਅਬਾਰਤ ਨਜ਼ਰ ਕਿਸੇ ਨਾ ਆਈਆ । ਨੈਣਾਂ ਲੋਚਨਾਂ ਕਿਸੇ ਨਾ ਦਿਸੀ, ਅੰਦਰ ਬਾਹਰ ਸਮਝ ਕੋਇ ਨਾ ਪਾਈਆ । ਕੋਈ ਜਾਣ ਨਾ ਸਕਿਆ ਮੁਨੀ ਰਿਖੀ, ਪੀਰ ਫ਼ਕੀਰ ਹਰਫ ਨਾ ਕੋਇ ਦ੍ਰਿੜ੍ਹਾਈਆ । ਜਿਸਦੀ ਧਾਰ ਵੱਖਰੀ ਰੱਖੀ, ਹਰਿ ਕਰਤੇ ਆਪ ਜਣਾਈਆ । ਸਤਿਜੁਗ ਦੀ ਸਭ ਤੋਂ ਨਿਰਾਲੀ ਬਣਾਉਣੀ ਸਿੱਖੀ, ਧੁਰ ਦੀ ਸਿਖਿਆ ਕਰ ਪੜ੍ਹਾਈਆ । ਉਸ ਦੀ ਪਹਿਲੀ ਥਿਤ ਪਹਿਲੀ ਮਿਤੀ, ਤੇਰਾਂ ਪੋਹ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਚਿੱਠੀ ਹੌਲੀ ਹੌਲੀ ਦਿਤੀ ਖੋਲ੍ਹ, ਧੁਰ ਦਾ ਲੇਖ ਆਪ ਵਖਾਈਆ । ਬਿਨ ਹੱਥਾਂ ਫੜ ਅਡੋਲ, ਬਿਨ ਨੈਣਾਂ ਧਿਆਨ ਲਗਾਈਆ । ਜਾਂ ਵੇਖਿਆ ਪਰਮ ਪੁਰਖ ਪਰਮਾਤਮ ਪੁਰਖ ਅਕਾਲ ਨਜ਼ਰੀ ਆਇਆ ਕੋਲ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਉਸ ਦਾ ਵੱਜਾ ਇਕੋ ਢੋਲ, ਮਰਦੰਗਾ ਦਏ

੧੨੧੮
੧੭

ਸ਼ਨਵਾਈਆ । ਤੂੰ ਮੇਰਾ ਮੈਂ ਤੇਰੇ ਨਾਲ ਕੀਤਾ ਕੌਲ, ਇਕਰਾਰ ਦਿਆਂ ਸਮਝਾਈਆ । ਜਿਸ ਵੇਲੇ ਮੇਰੀ ਲੋੜ ਪਵੇ ਉਪਰ ਧੌਲ, ਧਰਨੀ ਉਤੇ ਧਿਆਨ ਲਗਾਈਆ । ਮੈਂ ਤੇਰੇ ਅੰਦਰ ਜਾਵਾਂ ਮੌਲ, ਮੌਲਾ ਹੋ ਕੇ ਖੇਲ ਵਖਾਈਆ । ਕੋਈ ਨਾ ਸਮਝੇ ਪੰਡਤ ਪਾਂਧਾ ਰੌਲ, ਜਗਤ ਵਿਦਿਆ ਨਾ ਕੋਇ ਵਡਿਆਈਆ । ਤੈਨੂੰ ਰੱਖਾਂ ਆਪ ਅਡੋਲ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਹੱਸ ਕੇ ਕਿਹਾ ਨਾਲ ਮਖ਼ੌਲ, ਵੇਖੀਂ ਕਿਤੇ ਪਿਛਲੀ ਕਹਾਣੀ ਯਾਦ ਨਾ ਫੇਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਿੱਠੀ ਦੀ ਪਹਿਲੀ ਸਤਰ ਦਾ ਇਹ ਬਿਆਨ, ਪਰਮ ਪੁਰਖ ਬੇਪਰਵਾਹੀਆ । ਸਦੀ ਵੀਹਵੀਂ ਜਿਸ ਵੇਲੇ ਹੋਵੇ ਮਿਹਰਵਾਨ, ਜਨ ਭਗਤਾਂ ਦਇਆ ਕਮਾਈਆ । ਜੀਂਵਦਿਆਂ ਜੀਵਣ ਦਾ ਦੇ ਕੇ ਦਾਨ, ਮੋਇਆਂ ਦਾ ਮਹਿਰਮ ਬਣ ਕੇ ਆਪਣੇ ਗਲੇ ਲਗਾਈਆ । ਸਤਿਗੁਰ ਦਾ ਸਾਚਾ ਖੇਲ ਕਰ ਮਹਾਨ, ਈਮਾਨ ਸਾਚਾ ਦਏ ਸਮਝਾਈਆ । ਜਿਸ ਦਾ ਸਭ ਤੋਂ ਪਹਿਲੋਂ ਰਖਿਆ ਮਾਣ, ਸਿੰਘ ਪਾਲ ਅੰਗ ਲਗਾਈਆ । ਉਹ ਮੰਗੇ ਇਕੋ ਚਰਨ ਧਿਆਨ, ਸਚ ਪ੍ਰੀਤੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਤੇਰਾਂ ਪੋਹ ਕਹੇ ਭਗਤੋ ਵੇਖੋ ਖੇਲ ਆਪਣੀ ਕੁਲ ਦਾ, ਕੁਲਵੰਤਾ ਆਪ ਕਰਾਈਆ । ਪਤਿਪਰਮੇਸ਼ਵਰ ਕਦੇ ਨਾ ਭੁੱਲਦਾ, ਅਭੁੱਲ ਵੱਡੀ ਵਡਿਆਈਆ । ਜੋ ਸੰਤ ਸੁਹੇਲਾ ਹੋ ਕੇ ਤਰਾਜ਼ੂ ਕੰਡੇ ਤੋਲ ਤੁਲਦਾ, ਤਿਸ ਦਾ ਅੰਤ ਲਏ ਬਣਾਈਆ । ਉਹ ਕੂੜੀ ਕਿਰਿਆ ਵਿਚ ਕਦੇ ਨਾ ਰੁਲਦਾ, ਮਾਟੀ ਖ਼ਾਕ ਨਾ ਕੋਇ ਸਮਾਈਆ ।
੧੨੧੯ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪਹਿਲੀ ਸਤਰ ਦਾ ਅੱਖਰ ਚੌਥਾ, ਚੌਥੇ ਜੁਗ ਰਿਹਾ ਜਣਾਈਆ । ਪਰਮ ਪੁਰਖ ਦਾ ਮਾਰਗ ਸੌਖਾ, ਸਦੀ ਵੀਹਵੀਂ ਮਿਲੇ ਵਡਿਆਈਆ । ਜਨ ਭਗਤਾਂ ਪੜ੍ਹਨਾ ਪਏ ਕੋਈ ਨਾ ਪੋਥਾ ਪੁਸਤਕ ਬਗਲ ਨਾ ਕੋਇ ਉਠਾਈਆ । ਮਿਹਰਵਾਨ ਹੋ ਕੇ ਆਪਣੇ ਮਿਲਣ ਦਾ ਦੇਵੇ ਆਪ ਮੌਕਾ, ਫੜ ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪਹਿਲੀ ਸਤਰ ਕਹੇ ਵੇਖੋ ਮੇਰੀ ਕਤਾਰ, ਇਕੋ ਵਾਰ ਨਜ਼ਰ ਟਿਕਾਈਆ । ਭਗਤ ਸੁਹੇਲਾ ਏਕਾ ਏਕੰਕਾਰ, ਅਕਲ ਕਲਧਾਰੀ ਬੇਪਰਵਾਹੀਆ । ਜੋ ਨਿਤ ਨਵਿਤ ਜੁਗਾ ਜੁਗੰਤ ਕਰੇ ਪਿਆਰ, ਪੀਆ ਪ੍ਰੀਤਮ ਪ੍ਰੀਤੀ ਸਚ ਕਮਾਈਆ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਤਖ਼ਤੋਂ ਦਿਤੇ ਉਤਾਰ, ਸ਼ਾਹੀ ਰਹਿਣ ਕੋਇ ਨਾ ਪਾਈਆ । ਗੁਰਮੁਖ ਸੰਤ ਸੁਹੇਲੇ ਸਾਚੇ ਦਿਤੇ ਬਿਠਾਲ, ਸਿਰ ਆਪਣਾ ਹੱਥ ਟਿਕਾਈਆ । ਜਲਵਾ ਵੇਖ ਨੂਰੀ ਜਲਾਲ, ਗਹਿਰ ਗੰਭੀਰ ਵਿਚ ਸਮਾਈਆ । ਉਹਨਾਂ ਮੰਗੀ ਮੰਗ ਇਕ ਕੋਲੋਂ ਸ੍ਰੀ ਭਗਵਾਨ, ਆਪਣੀ ਝੋਲੀ ਅੱਗੇ ਡਾਹੀਆ । ਸਾਚੇ ਭਗਤਾਂ ਕਰ ਪਰਵਾਨ, ਅੰਤਰ ਆਤਮ ਮੇਲ ਮਿਲਾਈਆ । ਆਦਿ ਜੁਗਾਦਿ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤੇਰੇ ਨਾਮ ਦਾ ਝੁਲਾਇਆ ਨਿਸ਼ਾਨ, ਤੇਰੀ ਕਰ ਕਰ ਗਏ ਵਡਿਆਈਆ । ਗ਼ਰੀਬ ਨਿਮਾਣਿਆਂ ਕਿਸੇ ਨਾ ਦਿਤਾ ਮਾਣ, ਏਸੇ ਕਾਰਨ ਦਰ ਦਰ ਧੱਕੇ ਖਾਈਆ । ਕੀ ਹੋਇਆ ਜੇ ਇਕ ਦੋ ਚਾਰ ਤਾਰ ਦਿਤੇ ਵਿਚ ਦੋ ਜਹਾਨ, ਜੁਗ ਚੌਕੜੀ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਵੇਖ ਹੋਏ ਹੈਰਾਨ, ਹੈਰਾਨੀ ਘਰ ਘਰ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਅੰਦਰ ਵੜਿਆ ਸ਼ੈਤਾਨ, ਕੂੜੀ ਸ਼ਰਅ ਕਰੇ ਲੜਾਈਆ । ਪਿਤਾ ਪੁੱਤ ਹੋਏ ਬੇਈਮਾਨ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਸਖ਼ੀ ਮਿਲੇ ਨਾ ਕੋਈ ਕਾਹਨ, ਸੀਤਾ ਸੁਰਤੀ ਰਾਮ ਨਾ ਕੋਈ ਪਰਨਾਈਆ । ਚਾਰ

ਕੁੰਟ ਦਹਿ ਦਿਸ਼ਾ ਤੇਰੀ ਕਰੇ ਨਾ ਕੋਇ ਪਹਿਚਾਨ, ਭਾਂਡਾ ਭਰਮ ਨਾ ਕੋਇ ਭੰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਯਦਿਆਂ ਅੰਦਰ ਮੰਗਣ ਦਾਨ, ਝੋਲੀ ਆਪਣੀ ਅੱਗੇ ਡਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਖ਼ਾਲੀ ਵੇਖੇ ਮਕਾਨ, ਮਕਬਰਿਆਂ ਵਿਚੋਂ ਹਕ ਆਵਾਜ਼ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇ ਮਾਣ ਵਡਿਆਈਆ । ਤੇਰਾਂ ਪੋਹ ਕਹੇ ਜਨ ਭਗਤ ਮੰਗ ਲੋ ਦਾਤ, ਹਰਿ ਕਰਤਾ ਦਇਆ ਕਮਾਇੰਦਾ । ਉਠ ਵੇਖੋ ਆਇਆ ਸਾਥ, ਸਿੰਘ ਪਾਲ ਵੇਸ ਵਟਾਇੰਦਾ । ਜਿਸ ਨੇ ਅੱਗੇ ਕਰਿਆ ਸੱਜਾ ਹਾਥ, ਪੰਜੇ ਉਂਗਲਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸੱਜਾ ਹੱਥ ਕਰਕੇ ਅੱਗੇ, ਇਕੋ ਵਾਰ ਮਸਤਕ ਲਾਈਆ । ਤੇਰਾ ਨੂਰ ਦੀਪਕ ਇਕੋ ਜਗੇ, ਦੂਜੀ ਅਵਰ ਨਾ ਕੋਇ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਸਚਖੰਡ ਦਵਾਰਾ ਸੋਹਣਾ ਲੱਗੇ, ਜਿਥੇ ਜਨ ਭਗਤ ਬੈਠੇ ਖ਼ੁਸ਼ੀ ਮਨਾਈਆ । ਬਿਨ ਖਾਧਿਆਂ ਪੀਤਿਆਂ ਸਦਾ ਰੱਜੇ, ਤ੍ਰਿਸਨਾ ਭੁੱਖ ਨਾ ਕੋਇ ਵਧਾਈਆ । ਬਿਨ ਮੱਕੇ ਕਾਅਬਿਉਂ ਹੋਏ ਹੱਜੇ, ਬਿਨ ਮੰਦਰ ਮਸੀਤਾਂ ਤੇਰਾ ਦਰਸ਼ਨ ਪਾਈਆ । ਬਿਨ ਹੱਥਾਂ ਪੈਰਾਂ ਫਿਰਨ ਨੱਠੇ, ਭੱਜਣ ਵਾਹੋ ਦਾਹੀਆ । ਸਚ ਜਮਾਤ ਬਹਿ ਇਕੱਠੇ, ਇਕੋ ਕਰਨ ਪੜ੍ਹਾਈਆ । ਓਥੇ ਦੀਨ ਮਜ਼੍ਹਬ ਦੇ ਨਹੀਂ ਕੋਈ ਰੱਟੇ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਨਾ ਕੋਈ ਖਾਵੇ ਵੱਛੇ ਕੱਟੇ, ਸੂਰਾਂ ਸੀਸ ਨਾ ਕੋਇ ਕਟਾਈਆ । ਨਾ ਕੋਈ ਧੀਆਂ ਪੁੱਤਰ ਮੰਗੇ ਬੱਚੇ, ਨਾ ਕੋਈ ਨਾਰੀ ਖੌਂਤ ਸੇਜ ਹੰਢਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਪੜ੍ਹਨ ਦੇ ਰੱਟੇ, ਸ਼ਾਸਤਰ ਸਿਮਰਤ ਵੇਦ ਪੁਰਾਨ ਨਜ਼ਰ ਕੋਇ ਨਾ ਆਈਆ । ਨਾ ਕੋਈ ਨੇਤਰ ਲੋਚਨ ਨੈਣ ਅੱਖੇ, ਜਗਤ ਨਜ਼ਰ ਨਾ ਕੋਇ ਕਰਾਈਆ । ਇਕੋ ਸਾਹਿਬ ਸਵਾਮੀ ਘਟ ਘਟ ਤੂੰ ਹੀ ਵਸੇ, ਸਚ ਸਿੰਘਾਸਣ ਡੇਰਾ ਲਾਈਆ । ਗੁਰਮੁਖ ਤੇਰਾ ਤੇਰੇ ਨਾਲ ਹੱਸੇ, ਹਸਤੀ ਆਪਣੀ ਤੇਰੇ ਵਿਚ ਮਿਲਾਈਆ । ਤੇਰਾਂ ਪੋਹ ਦੋਵੇਂ ਰਲਕੇ ਨਿਰਗੁਣ ਸਰਗੁਣ ਧਾਰ ਆਏ ਨੱਠੇ, ਬਣਕੇ ਪਾਂਧੀ ਪੰਧ ਮੁਕਾਈਆ । ਭਗਤ ਪਿਆਰੇ ਵੇਖ ਕੇ ਬੱਚੇ, ਬਚਪਨ ਆਪਣੀ ਝੋਲੀ ਪਾਈਆ । ਫੱਲ ਟੁੱਟਣ ਨਾ ਦਿਤੇ ਕੱਚੇ, ਕੱਚਿਉਂ ਪੱਕੇ ਦਏ ਬਣਾਈਆ । ਪ੍ਰੇਮ ਰੰਗਣ ਇਕੋ ਰੱਤੇ, ਰੰਗ ਰੰਗੀਲਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰੱਖੇ ਨਿਰੰਕਾਰਾ, ਹਰਿਜਨ ਸਾਚੇ ਦਇਆ ਕਮਾਇੰਦਾ । ਸਤਿ ਸਤਿਵਾਦੀ ਕਰ ਵਿਹਾਰਾ, ਸਾਚਾ ਰੰਗ ਇਕ ਲਗਾਇੰਦਾ । ਅੱਗੇ ਜਨ ਭਗਤਾਂ ਬਣਿਆ ਰਹੇ ਰਖਵਾਰਾ, ਭੈ ਭਉ ਸਰਬ ਮਿਟਾਇੰਦਾ । ਦਰਸ਼ਨ ਦਿੰਦਾ ਰਹੇ ਆਪ ਕਰਤਾਰਾ, ਕਰਨੀ ਕਰਤਾ ਆਪ ਕਰਾਇੰਦਾ । ਦਰ ਸੁਹੌਂਦਾ ਰਹੇ ਦਵਾਰਾ, ਜਿਸ ਗ੍ਰਿਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਤੇਰਾਂ ਪੋਹ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਤੱਕ, ਚੌਂਹ ਤਰਫ ਧਿਆਨ ਲਗਾਈਆ । ਜਨ ਭਗਤਾਂ ਲਹਿਣਾ ਮਿਲਦਾ ਵੇਖੋ ਅੱਜ, ਧੁਰ ਦਾ ਹਾਕਮ ਝੋਲੀ ਪਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਖ ਕੇ ਗਏ ਆਸ, ਤ੍ਰਿਸ਼ਨਾ ਆਪਣੀ ਅੱਗੇ ਵਧਾਈਆ । ਸੋ ਮਾਲਕ ਆਇਆ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਰਿਹਾ ਰਾਖ, ਗੁਰਮੁਖ ਦਏ ਵਡਿਆਈਆ । ਤਨ ਮਾਟੀ ਖ਼ਾਕੀ ਖੋਲ੍ਹ ਤਾਕ, ਨੂਰ ਜ਼ਹੂਰ ਦਏ ਦਰਸਾਈਆ । ਆਪਣੇ ਵਿਚ ਮਿਲਾ ਕੇ ਆਪਣੀ ਜ਼ਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣੇ ਹੱਥ ਟਿਕਾਈਆ । ਤੇਰਾਂ ਪੋਹ

ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਸੱਜਦਾ, ਕਾਅਬਾ ਸਭ ਨੂੰ ਇਕੋ ਨਜ਼ਰੀ ਆਈਆ । ਜੋ ਮਾਲਕ ਖ਼ਾਲਕ ਘਰ ਘਰ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਰੂਪ ਅਨੂਪਾ ਵੇਸ ਧਰਦਾ, ਧਰਨੀ ਧਰਤ ਧਵਲ ਦਏ ਵਡਿਆਈਆ । ਜੋ ਲੱਖ ਚੁਰਾਸੀ ਜੀਵ ਜੰਤ ਘਾੜਨ ਘੜਦਾ, ਭੰਨਣਹਾਰ ਵੱਡੀ ਵਡਿਆਈਆ । ਜੋ ਖੇਲ ਕਰੇ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਕਹਿੰਦੇ, ਸਚ ਦਵਾਰੇ ਸਰਬ ਜਣਾਈਆ । ਇਕੋ ਵੇਖੀਏ ਚੜ੍ਹਦੇ ਲਹਿੰਦੇ, ਦੱਖਣ ਪਹਾੜ ਅੱਖ ਖੁਲ੍ਹਾਈਆ । ਕਿਹੜੇ ਸੰਤ ਭਗਤ ਭਗਵੰਤ ਚਰਨੀ ਢਹਿੰਦੇ, ਸਰਗੁਣ ਹੋ ਕੇ ਨਿਰਗੁਣ ਰਹੇ ਮਨਾਈਆ । ਜਿਹੜੇ ਜੀਵ ਮਾਇਆ ਮਮਤਾ ਕੂੜੇ ਵਹਿਣ ਵਹਿੰਦੇ, ਰੁੜ੍ਹਦੀ ਜਾਏ ਲੋਕਾਈਆ । ਕਵਣ ਗੁਰਮੁਖ ਹਰਿ ਕਾ ਭਾਣਾ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਸਮਝਾਈਆ । ਗੁਰੂਆਂ ਵਿਚੋਂ ਉਠਿਆ ਗੁਰੂ, ਗੋਬਿੰਦ ਲਏ ਅੰਗੜਾਈਆ । ਪੁਰਖ ਅਕਾਲ ਦੀ ਸਿੱਖੀ ਹੋਣੀ ਸ਼ੁਰੂ, ਸ਼ਰਅ ਪਿਛਲੀ ਦਏ ਬਦਲਾਈਆ । ਜਿਸ ਦਾ ਮੰਤਰ ਇਕੋ ਫੁਰੂ, ਫੁਰਨੇ ਸਭ ਦੇ ਬੰਦ ਕਰਾਈਆ । ਜਿਸ ਦੀ ਤੋਰ ਦਸਮ ਦਵਾਰੀ ਤੋਂ ਅੱਗੇ ਤੁਰੂ, ਥੱਲੇ ਰਹਿਣ ਕੋਇ ਨਾ ਪਾਈਆ । ਜੋ ਸਤਿਗੁਰ ਦਵਾਰੇ ਗਿਆ ਪਿਛੇ ਨਾ ਮੁੜੂ, ਘਰ ਆਪਣੇ ਜਾਏ ਵਾਹੋ ਦਾਹੀਆ । ਆਤਮ ਪਰਮਾਤਮ ਨਾਲ ਜੁੜੂ, ਜੋੜੀ ਧੁਰਦੀ ਦਏ ਵਖਾਈਆ । ਸ਼ੌਹ ਦਰਿਆ

ਕਦੇ ਨਾ ਰੁੜੂ, ਲੱਖ ਚੁਰਾਸੀ ਨਾ ਕੋਇ ਭੁਆਈਆ । ਗੁਰਮੁਖ ਅਣਤਾਰੂ ਆਪੇ ਤਰੂ, ਵੰਝ ਮੁਹਾਣਾ ਲੋੜ ਰਹੇ ਨਾ ਰਾਈਆ । ਰਾਏ ਧਰਮ ਦੀ ਮੌਤ ਕਦੇ ਨਾ ਮਰੂ, ਸਤਿਗੁਰ ਸ਼ਬਦ ਸ਼ਹੀਦ ਕਰਾਈਆ । ਅੰਮ੍ਰਿਤ ਧਾਰ ਏਕਾ ਵਰੂ, ਕੂੜੀ ਕਿਰਿਆ ਦਏ ਰੁੜ੍ਹਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਆਪੇ ਫੜੂ, ਦਰ ਦਰ ਘਰ ਘਰ ਫੇਰੀਆਂ ਪਾਈਆ । ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਆਪੇ ਲੜੂ, ਸੰਤ ਸੁਹੇਲਾ ਲੜਨ ਕੋਇ ਨਾ ਜਾਈਆ । ਨਾਮ ਡੰਡਾ ਸਭ ਦੇ ਸੀਸ ਜੜੂ, ਬਲ ਅੱਗੇ ਨਾ ਕੋਇ ਰਖਾਈਆ । ਸ਼ਾਹ ਸੁਲਤਾਨ ਕੋਇ ਨਾ ਅੜੂ, ਸਭ ਦੀਆਂ ਕੰਡਾਂ ਦਏ ਵਢਾਈਆ । ਰਾਏ ਧਰਮ ਨੂੰ ਦੇ ਕੇ ਹੁਕਮ ਹੱਥਾਂ ਪੈਰਾਂ ਵਿਚ ਪਵਾਵੇ ਕੜੂ, ਜਗਤ ਦੁਹਾਗਣ ਲੱਖ ਚੁਰਾਸੀ ਦਏ ਬਣਾਈਆ । ਜਨ ਸੰਤ ਸੁਹੇਲੇ ਸਭ ਦੇ ਸਾਹਮਣੇ ਆਪਣੇ ਨਾਲ ਖੜੂ, ਪੜਦਾ ਓਹਲਾ ਨਾ ਕੋਇ ਰਖਾਈਆ । ਰਾਤੀ ਸੁੱਤਿਆਂ ਅੰਦਰ ਵੜੂ, ਗ਼ਫ਼ਲਤ ਵਿਚ ਹੋਏ ਸਹਾਈਆ । ਆਪਣੀ ਕਰਨੀ ਕਰਕੇ ਕਦੇ ਨਾ ਹਰੂ, ਹਾਰ ਜਿੱਤ ਵਿਚ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰੂਆਂ ਵਿਚੋਂ ਉਠਿਆ ਗੁਰ ਬਲਕਾਰੀ, ਬਲਧਾਰੀ ਦਏ ਜਣਾਈਆ । ਸਭ ਤੋਂ ਵੱਡੀ ਪਰਮ ਪੁਰਖ ਦੀ ਯਾਰੀ, ਜਗਤ ਯਰਾਨੇ ਕੰਮ ਕਿਸੇ ਨਾ ਆਈਆ । ਜਿਸ ਦੀ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਵਾਰੀ, ਵਾਰਤਾ ਸਭ ਦੀ ਰਿਹਾ ਦੁਹਰਾਈਆ । ਜੁਗ ਚੌਕੜੀ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਬੌਹੜੀ ਉਸ ਦੀ ਬਣ ਗਏ ਸਭ ਨਾਰੀ, ਨਰ ਰਹਿਣ ਕੋਇ ਨਾ ਪਾਈਆ । ਦੋਏ ਦੋਏ ਜੋੜ ਚਰਨ ਕਵਲ ਕਰੀਏ ਨਿਮਸਕਾਰੀ, ਧੂੜੀ ਟਿੱਕਾ ਮਸਤਕ ਲਾਈਆ । ਧੰਨਭਾਗ ਜੋ ਲੋਕਮਾਤ ਦੀ ਮਜ਼ਦੂਰੀ ਸਾਡੀ ਲੇਖੇ ਲਾ ਲਏ ਦਿਹਾੜੀ, ਜੋ ਜੀਵਾਂ ਜੰਤਾਂ ਭਾਰ ਸਿਰ ਚੁੱਕ ਕੇ ਖਾਰੀ ਛੋਟੀ ਉਠਾਈਆ । ਮਿਹਰਵਾਨ ਹੋ ਕੇ ਜੇ ਪੱਤ ਰੱਖ ਲੈ ਦਾਹੜੀ, ਦਾਦੇ ਪੋਤਰੇ ਨਾਲ ਤਰਾਈਆ । ਗੋਬਿੰਦ

ਕਹੇ ਮੈਂ ਸਭ ਤੋਂ ਪਹਿਲੋਂ ਆਪਣੇ ਪਿਤਾ ਦੀ ਲਾਵਾਂ ਵਾਰੀ, ਵਾਹਵਾ ਸਾਚੀ ਸੇਵ ਕਮਾਈਆ । ਜਨ ਭਗਤਾਂ ਦੇ ਦਰ ਦਾ ਬਣ ਦਰਬਾਰੀ, ਦਰ ਦਰਵਾਜ਼ੇ ਸੋਭਾ ਪਾਈਆ । ਮੇਰੀ ਪੁਰਖ ਅਕਾਲ ਨਾਲ ਯਾਰੀ, ਤੇਰਾ ਪ੍ਰੇਮ ਓਹੋ ਰਿਹਾ ਨਿਭਾਈਆ । ਤੇਰੇ ਭਗਤਾਂ ਦੀ ਹੋਏ ਨਾ ਖੁਆਰੀ, ਸਚ ਸੰਦੇਸ਼ਾ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਗੋਬਿੰਦ ਕਿਹਾ ਮੈਂ ਕੀ ਉਠਾਂ, ਵੇਲਾ ਵਕਤ ਦਏ ਗਵਾਹੀਆ । ਕੀ ਉਹਦੇ ਕੋਲੋਂ ਪੁਛਾਂ, ਜੋ ਘਟ ਘਟ ਵੇਖ ਵਖਾਈਆ । ਮੈਂ ਇਕੋ ਸਚ ਸੁਨੇਹੜਾ ਦੱਸਾਂ, ਹੌਲੀ ਜਹੀ ਜਣਾਈਆ । ਜਿਸ ਵੇਲੇ ਮਾਛੂਵਾੜੇ ਤੇਰੇ ਸਿਰ ਧਰਿਆ ਸੀ ਪੱਟਾਂ, ਆਪਣਾ ਆਪ ਭੇਟ ਚੜ੍ਹਾਈਆ । ਤੂੰ ਓਸ ਵੇਲੇ ਮੇਰੀ ਸਿਫ਼ਤ ਗਾਈ ਸੀ ਵਾਂਗ ਭੱਟਾਂ, ਬਿਨਾਂ ਬਨਾਸਪਤ ਸੁਣਨ ਕੋਇ ਨਾ ਪਾਈਆ । ਮੈਂ ਅੱਗੋਂ ਪਾ ਕੇ ਬਹਿ ਗਿਆ ਰੱਟਾ, ਝਗੜਾ ਇਕ ਰਖਾਈਆ । ਤੇਰੇ ਅੱਗੇ ਵਾਸਤਾ ਇਕ ਘੱਤਾਂ, ਨਿਉਂ ਨਿਉਂ ਸੀਸ ਨਿਵਾਈਆ । ਦੂਜੀ ਵਾਰੀ ਗੁਰਸਿਖਾਂ ਦੁੱਖ ਨਾ ਦੇਵੀਂ ਮੇਰੇ ਸਾਹਮਣੇ ਅੱਖਾਂ, ਸੱਥਰਾਂ ਵਾਲੀ ਸੇਜ ਏਸੇ ਕਾਰਨ ਹੰਢਾਈਆ । ਪੁਰਖ ਅਕਾਲ ਕਿਹਾ ਮੈਂ ਤੇਰੇ ਨਾਲ ਤੇਰੇ ਸਿੱਖਾਂ ਦੀ ਪਤ ਰੱਖਾਂ, ਰੱਖਿਆ ਕਰਾਂ ਥਾਈਂ ਥਾਈਂਅ । ਦਿਵਸ ਰੈਣ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹੀਆ । ਸਾਚਾ ਲਾਹਾ ਉਹਨਾਂ ਤੋਂ ਖੱਟਾਂ, ਖੱਟੀ ਆਪਣੀ ਝੋਲੀ ਪਾਈਆ । ਲਾਗਿਉਂ ਕ੍ਰਿਸ਼ਨ ਕਹੇ ਅੱਛਾ, ਸੋਹਣੀ ਆਖ ਸੁਣਾਈਆ । ਨਾਮੇ ਕਿਹਾ ਮੈਨੂੰ ਲੋੜ ਨਹੀਂ ਮੇਰੀ ਗਾਂ ਚੁਆਏਂ ਵੱਛਾ, ਦੇਵੇਂ ਜਗਤ ਵਡਿਆਈਆ । ਕਾਹਨ ਕਿਹਾ ਮੈਨੂੰ ਚੇਤੇ ਆਇਆ ਪਿਛਲਾ ਤੀਰ ਲੱਗਾ, ਗੋਬਿੰਦ ਤੈਨੂੰ ਦਿਆਂ ਸਮਝਾਈਆ । ਗੋਬਿੰਦ ਭੱਥੇ ਵਿਚੋਂ ਖਿੱਚ ਕੇ ਨਾਲ ਛੁਹਾਇਆ ਦੱਸ ਕੀ ਉਹ ਇਹਦੇ ਨਾਲੋਂ ਚੰਗਾ, ਚੰਗੀ ਤਰ੍ਹਾਂ ਜਣਾਈਆ । ਉਸੇ ਵੇਲੇ ਲਹੂ
੧੨੨੨
ਦੇ ਬਦਲੇ ਅੰਮ੍ਰਿਤ ਧਾਰ ਵਹੀ ਗੰਗਾ, ਰਸ ਇਕੋ ਨਜ਼ਰੀ ਆਈਆ । ਗੋਬਿੰਦ ਕਿਹਾ ਜੇ ਪੁਰਖ ਅਕਾਲ ਹੋਵੇ ਸਾਡੇ ਵਰਗਾ ਬੰਦਾ, ਉਹਨੂੰ ਰਸ ਦਿਆਂ ਚਖਾਈਆ । ਕਿਹੜੇ ਕਾਰਨ ਸਾਨੂੰ ਪਾਇਆ ਇਹ ਧੰਦਾ, ਦਿਤੀ ਜਗਤ ਲੜਾਈਆ । ਤੇਰੇ ਕੋਲ ਮੇਰੇ ਵਰਗਾ ਸ਼ਬਦੀ ਡੰਡਾ, ਜੋ ਬਿਨ ਤੱਤਾਂ ਲਏ ਪਰਗਟਾਈਆ । ਤੇਰੇ ਕੋਲ ਅਗੰਮਾ ਸੋਹਣਾ ਖੰਡਾ, ਜਿਸ ਦੀ ਧਾਰ ਨਾ ਕੋਇ ਬਣਾਈਆ । ਕ੍ਰਿਸ਼ਨ ਕਿਹਾ ਗੋਬਿੰਦ ਮੈਂ ਵੀ ਮੰਗਾਂ ਤੇਰਾ ਸੰਗਾ, ਅਗਲਾ ਸੰਗ ਬਣਾਈਆ । ਹੌਲੀ ਜਿਹੀ ਮੈਨੂੰ ਦੱਸ ਦੇ ਢੰਗਾ, ਅਗਲੀ ਬਿਧ ਦ੍ਰਿੜਾਈਆ । ਗੋਬਿੰਦ ਕਿਹਾ ਉਹ ਮਾਲਕ ਮੇਰਾ ਸਰਬੰਗਾ, ਸੂਰਬੀਰ ਅਖਵਾਈਆ । ਤੂੰ ਯਾਦ ਕਰ ਉਹ ਅਨੰਦਾ, ਜਿਸ ਵੇਲੇ ਬੱਧਕ ਬਾਣ ਲਗਾਈਆ । ਕ੍ਰਿਸ਼ਨ ਕਿਹਾ ਉਹ ਮੈਨੂੰ ਲੱਗਾ ਸਭ ਤੋਂ ਚੰਗਾ, ਫੜ ਸੀਨੇ ਨਾਲ ਛੁਹਾਈਆ । ਓਸ ਵੇਲੇ ਓਸ ਕੋਲ ਆਇਆ ਇਕ ਪਰਿੰਦਾ, ਪੰਖੇਰੂ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਵੇਖ ਵਖਾਈਆ । ਚਿੱਠੀ ਕਹੇ ਮੈਂ ਉਹ ਪਾਤਰ, ਜੋ ਪਤ ਪਤਨੀ ਰੂਪ ਨਾ ਕਦੇ ਵਟਾਈਆ । ਜੇ ਪਰਗਟ ਹੋਵਾਂ ਤੇ ਭਗਤਾਂ ਖ਼ਾਤਰ, ਖਾਹਿਸ ਅਵਰ ਨਾ ਕੋਇ ਰਖਾਈਆ । ਜੇ ਬਣਾਂ ਤੇ ਸਤਿਗੁਰ ਦਾਸੀ ਵੱਡੀ ਚਾਕਰ, ਦੂਜੀ ਚਲੇ ਨਾ ਕੋਇ ਚਤੁਰਾਈਆ । ਜੇ ਹੋਵਾਂ ਤੇ ਪਰਮ ਪੁਰਖ ਦੀ ਸਾਥਣ, ਦੂਜਾ ਸੰਗੀ ਨਾ ਕੋਇ ਬਣਾਈਆ । ਜੇ ਬੋਲਾਂ ਤੇ ਢੋਲਾ ਇਕੋ ਭਾਸ਼ਨ, ਸੋਹੰ ਰਾਗ ਅਲਾਹੀਆ । ਜੇ ਪੜ੍ਹਨ ਜਾਣਾ ਤੇ ਭਗਤਾਂ ਬਣਾਂ ਜਮਾਤਣ, ਦੂਜੀ ਪੱਟੀ ਨਾ ਕੋਇ ਵਖਾਈਆ । ਜੇ ਕੋਈ ਮੈਨੂੰ ਪੁੱਛਣ ਆਵੇ ਮੈਂ ਪਰਮ ਪੁਰਖ ਦਾ ਦੱਸਾਂ ਮਹਾਤਮ, ਜਿਸ ਦੀ ਮਹਿੰਮਾ ਵੇਦ ਪੁਰਾਨ ਨਾ ਕੋਇ ਜਣਾਈਆ । ਇਹ ਜੋਤ ਅਕਾਲਣ ਵੱਡੀ ਨਾਗਣ, ਲੱਖ ਚੁਰਾਸੀ ਵਿਸ ਨਾਲ ਭਰਾਈਆ ।

ਥੋੜੇ ਬਣਾ ਕੇ ਆਪਣੇ ਆਪ ਸੁਹਾਗਣ, ਸੋਭਾਵੰਤ ਆਪਣੇ ਨਾਲ ਰਲਾਈਆ । ਸਤਿ ਸਰੂਪ ਮਾਰ ਆਵਾਜ਼ਣ, ਸੁੱਤਿਆਂ ਲਏ ਉਠਾਈਆ । ਸਚਖੰਡ ਦਾ ਸਚ ਰਿਵਾਜਨ, ਸਚ ਰਸਮ ਇਕ ਦ੍ਰਿੜਾਈਆ । ਜਿਥੇ ਪਰਮ ਪੁਰਖ ਅਬਿਨਾਸ਼ੀ ਲਾਏ ਆਸਣ, ਸਿੰਘਾਸਣ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਜ਼ਰਾਂ ਵਿਚੋਂ ਨਜ਼ਰ ਆਈ ਇਕ, ਗੁਰਮੁਖ ਨਜ਼ਰ ਮਿਲੇ ਵਡਿਆਈਆ । ਜਿਸਦੀ ਪਰਮ ਪੁਰਖ ਨੂੰ ਸਿਕ, ਸਿਖ਼ਰ ਚੋਟੀ ਚੜ੍ਹ ਕੇ ਵੇਖ ਵਖਾਈਆ । ਜਿਸ ਦੇ ਨਾਲ ਗੁਰ ਅਵਤਾਰਾਂ ਪੈਗ਼ੰਬਰਾਂ ਦਾ ਪੂਰਾ ਹੋਣਾ ਭਵਿਖ, ਭਵਿਸ਼ ਆਪਣਾ ਦਏ ਜਣਾਈਆ । ਜਿਸ ਦੇ ਵਿਚੋਂ ਪਰਗਟ ਹੋਣੇ ਗੁਰਮੁਖ ਸਾਚੇ ਸਿੱਖ, ਸਿੱਖੀ ਸਿਖਿਆ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੇਰਾਂ ਪੋਹ ਕਹੇ ਮੈਂ ਜਾਣਾ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਧਿਆਂ, ਬਿਨ ਅੱਖਾਂ ਰਾਹ ਤਕਾਇੰਦਾ । ਇਕ ਇਕੱਲਾ ਏਕੰਕਾਰਾ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਇੰਦਾ । ਜਿਸ ਦੀ ਭਗਤ ਦੇਵੇ ਸਲਾਹ, ਸਾਚਾ ਰਾਹ ਇਕ ਦ੍ਰਿੜਾਇੰਦਾ । ਬੀਸ ਇਕੀਸਾ ਹਰਿ ਜਗਦੀਸ਼ਾ ਵੇਖੇ ਆ, ਨਿਰਗੁਣ ਆਪਣਾ ਫੇਰਾ ਪਾਇੰਦਾ । ਡੁੱਬਦੇ ਪਾਥਰ ਲਏ ਤਰਾ, ਕਵਲ ਫੁੱਲ ਜਗਤ ਮਹਿਕਾਇੰਦਾ । ਸਾਚਾ ਹੁਕਮ ਇਕ ਵਰਤਾ, ਧੁਰ ਸੰਦੇਸ਼ਾ ਆਪ ਜਣਾਇੰਦਾ । ਧਰਮ ਵਿਚੋਲਾ ਇਕ ਬਣਾ, ਸਿੰਘ ਪਾਲ ਵਡਿਆਇੰਦਾ । ਤੇਰਾਂ ਪੋਹ ਰੁੱਤ ਸੁਹਾ, ਵਦੀ ਸੁਦੀ ਨਾ ਕੋਇ ਜਣਾਇੰਦਾ । ਸਚ ਨਿਸ਼ਾਨਾ ਹੱਥ ਫੜਾ, ਸੱਤ ਰੰਗ ਆਪ ਹਿਲਾਇੰਦਾ । ਜਨ ਭਗਤੋ ਅੱਗੇ ਜਨਮ ਮਰਨ ਦਾ ਲੇਖਾ ਰਿਹਾ ਨਾ ਰਾ, ਆਵਣ ਜਾਵਣ ਰਹਿਣ ਕੋਇ ਨਾ ਪਾਇੰਦਾ । ਸ਼ਹਾਦਤ ਦੇਣ ਵਾਲਾ ਗੋਬਿੰਦ ਸੱਚਾ ਗਵਾਹ, ਜੋ ਏਥੇ ਉਥੇ ਮੁਕਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਇੰਦਾ । ਸਚ ਨਿਸ਼ਾਨ ਫੜ ਕੇ ਗੁਰਮੁਖ ਗ੍ਰਿਹਿ, ਖ਼ੁਸ਼ੀ ਇਕ ਮਨਾਈਆ । ਦੋ ਜਹਾਨਾਂ ਇਕੋ ਹੁਕਮ ਰਹੇ, ਰਹਿਬਰ ਇਕ ਅਖਵਾਈਆ । ਨਿਰਭਉ ਜਣਾਏ ਆਪਣਾ ਭੈ, ਕੂੜੀ ਕਿਰਿਆ ਗੜ੍ਹ ਤੁੜਾਈਆ । ਜਗਤ ਸ੍ਰਿਸ਼ਟੀ ਹੋਣੀ ਲੈ, ਲਹਿਣੇ ਸਭ ਦੇ ਦੇਣੇ ਵਿਚ ਮੁਕਾਈਆ । ਜਨ ਭਗਤਾਂ ਕੋਲ ਸਚਖੰਡ ਦਵਾਰਾ ਅੱਜ ਤੋਂ ਕੀਤਾ ਬੈਅ, ਗਿਰਵੀ ਵਾਲਾ ਲੇਖਾ ਰਿਹਾ ਨਾ ਰਾਈਆ । ਇਸ ਤੋਂ ਚੰਗੀ ਹੋਰ ਕਿਹੜੀ ਸ਼ੈਅ, ਜੋ ਸ਼ਹਿਨਸ਼ਾਹ ਦਏ ਵਰਤਾਈਆ । ਭਗਤ ਭਗਵਾਨ ਮਿਲ ਕੇ ਇਕੋ ਅੰਦਰ ਬਹੇ, ਮੰਦਰ ਆਪ ਸੁਹਾਈਆ । ਜਨ ਭਗਤ ਸੁਹੇਲਾ ਹਰਿ ਸਰਨਾਈ ਢਏ, ਢੱਠਿਆਂ ਫੜ ਬਾਹੋਂ ਗਲੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਨਾਮ ਵਡਿਆਈਆ । ਗੋਬਿੰਦ ਕਹੇ ਵਖਾਓ ਬੈ ਨਾਮਾ, ਜੋ ਭਗਤੋ ਲਿਆ ਲਿਖਾਈਆ । ਸ਼ਹਾਦਤ ਨਾਲ ਦਿਓ ਕ੍ਰਿਸ਼ਨਾ ਰਾਮਾ, ਦੋਵੇਂ ਮੇਲ ਮਿਲਾਈਆ । ਮੈਂ ਪ੍ਰਭ ਦਾ ਵੇਖਾਂ ਅਗਲਾ ਕੀ ਨਿਜ਼ਾਮਾ, ਬਦਲੀ ਕੀ ਕਰਾਈਆ । ਅਗੋਂ ਆਇਆ ਇਕ ਫ਼ਰਮਾਨਾ, ਧੁਰ ਦਾ ਹੁਕਮ ਸੁਣਾਈਆ । ਬੇਸ਼ਕ ਗੁਰਮੁਖ ਗੁਰਸਿਖ ਜਨ ਭਗਤ ਹੋਵੇ ਬਾਲ ਅੰਞਾਣਾ, ਮੈਂ ਸੁਘੜ ਸਿਆਣਾ ਦਿਆਂ ਬਣਾਈਆ । ਏਸੇ ਕਾਰਨ ਜਨ ਭਗਤ ਦਵਾਰੇ ਝੁਲੌਣ ਲੱਗਾ ਨਿਸ਼ਾਨਾ, ਜਿਸ ਨਿਸ਼ਾਨ ਦੇ ਹੇਠਾਂ ਗੁਰ ਪੀਰ ਅਵਤਾਰ ਸੇਵ ਕਮਾਈਆ । ਉਹਨਾਂ ਮਿਲੇ ਆਪ ਭਗਵਾਨਾ, ਦੂਜੀ ਲੋੜ ਰਹੇ ਨਾ ਰਾਈਆ । ਜਨ ਭਗਤ ਖ਼ੁਸ਼ੀਆਂ ਨਾਲ ਗਾਵਣ ਗਾਣਾ, ਤੂੰਹੀ ਤੂੰਹੀ ਰਾਗ ਅਲਾਈਆ । ਸਚ ਦਾ ਮਿਲਿਆ ਇਕ ਟਿਕਾਣਾ, ਮੰਦਰ ਇਕ ਸੁਹਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਗੋਬਿੰਦ ਕਹੇ ਪ੍ਰਭ ਆਪਣਾ ਲਾ ਅੰਗੂਠਾ, ਇਕੋ ਵਾਰ ਜਣਾਈਆ । ਜੁਗ ਚੌਕੜੀ ਤੂੰ ਅਛਲ ਅਛੱਲ ਝੂਠਿਆਂ ਨਾਲ ਮਿਲ ਕੇ ਹੋ ਜਾਏਂ ਝੂਠਾ, ਸੱਚਿਆਂ ਨਾਲ ਮਿਲ ਕੇ ਬੇਸ਼ਕ ਬੋਲੇਂ ਸੱਚਾ, ਸਚ ਬੋਲਣ ਵਾਲੇ ਥੋੜੇ ਨਜ਼ਰੀ ਆਈਆ । ਪੁਰਖ ਅਕਾਲ ਕਹੇ ਗੋਬਿੰਦ ਤੈਨੂੰ ਕਿਉਂ ਨਹੀਂ ਚੜ੍ਹਦਾ ਗ਼ੁੱਸਾ, ਜੋ ਮੇਰਾ ਨਾਮ ਭੁਲਾਈਆ । ਗੋਬਿੰਦ ਕਿਹਾ ਮੈਂ ਹੁਣ ਬੰਦਿਆਂ ਵਰਗਾ ਨਹੀਂ ਰੱਖਣਾ ਜੁੱਸਾ, ਫੜਿਆਂ ਹੱਥ ਕਿਸੇ ਨਾ ਆਈਆ । ਮੇਰੀਆਂ ਨਜ਼ਰ ਨਾ ਆਵਣ ਮੁੱਛਾਂ, ਸੀਸ ਕੇਸ ਨਾ ਕੋਇ ਜਣਾਈਆ । ਮੈਂ ਮਾਰਿਆਂ ਢਾਹਿਆਂ ਨਾ ਤੈਥੋਂ ਨਾ ਤੇਰੀ ਲੋਕਾਈ ਕੋਲੋਂ ਮੁਕਾਂ, ਮੁਕੰਮਲ ਤੇਰਾ ਰੂਪ ਨਜ਼ਰੀ ਆਈਆ । ਮੈਨੂੰ ਲੋੜ ਕੋਈ ਨਾ ਪੁੱਤਾਂ, ਜੇ ਪੁੱਤ ਵੇਖਾਂ ਤੇ ਗੁਰਮੁਖ ਨਜ਼ਰੀ ਆਈਆ । ਮੈਂ ਪ੍ਰਭੂ ਇਕੋ ਤੈਨੂੰ ਪੁਛਾਂ, ਪਿਛਲੀ ਯਾਦ ਕਰਾਈਆ । ਜਿਸ ਵੇਲੇ ਮੈਨੂੰ ਨੌ ਬਰਸ ਦੇ ਨੂੰ ਅੰਦਰ ਮਾਰੀਆਂ ਗੁੱਝਾਂ, ਹੌਲੀ ਜਿਹੀ ਉਠਾਈਆ । ਭੇਵ ਦੱਸ ਕੇ ਗੁੱਝਾ, ਇਕੋ ਰਮਜ਼ ਲਗਾਈਆ । ਜਿਸ ਦੇ ਹੁਕਮ ਨਾਲ ਮੇਰਾ ਪਿਤਾ ਤੇਗ਼ ਬਹਾਦਰ ਝੂਝਾ, ਆਪ ਆਪਣਾ ਭੇਟ ਕਰਾਈਆ । ਮੈਨੂੰ ਖ਼ੁਸ਼ੀ ਹੋਈ ਉਹ ਫੇਰ ਹੋਇਆ ਅੱਜ ਮੌਜੂਦਾ, ਨਿਰਗੁਣ ਹੋ ਕੇ ਫੇਰਾ ਪਾਈਆ । ਜਨ ਭਗਤਾਂ ਨੂੰ ਦੇਣ ਆਇਆ ਸਬੂਤਾ, ਸਾਖਿਆਤ ਮਰਦੇ ਲਏ ਬਚਾਈਆ । ਨਾਲੇ ਮੇਲ ਮਿਲਾ ਕੇ ਨਾਲ ਮਹਿਬੂਬਾ, ਮੁਹੱਬਤ ਵਿਚ ਰਖਾਈਆ । ਮੈਂ ਉਸ ਵੇਲੇ ਇਹ ਬਣਾਇਆ ਸੀ ਮਨਸੂਬਾ, ਜਿਸ ਵੇਲੇ ਪਿਤਾ ਅੱਗੇ ਸੀਸ ਨਿਵਾਈਆ । ਕਦੀ ਪ੍ਰਭੂ ਵੀ ਆਵੇਗਾ ਸਾਡੀ ਹੱਦ ਅੰਦਰ ਹਦੂਦਾ, ਦਾਇਰਿਆਂ ਵਿਚ ਰਖਾਈਆ । ਮੈਂ ਆਪਣੇ ਅੰਦਰ ਬੰਦ ਕਰਾਂ ਜਿਉਂ ਮਿਸ਼ਰੀ ਅੰਦਰ ਕੂਜਾ, ਕੁਛ ਮੇਰੇ ਬਿਨਾ ਉਸ ਦਾ ਵਸ ਨਾ ਚਲੇ ਰਾਈਆ । ਕਿਸੇ ਨੂੰ ਹੱਥ ਨਾ ਆਵੇ ਢੂੰਡਾ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਮੇਰੀ ਝੋਲੀ ਪਾਈਆ । ਗੋਬਿੰਦ ਕਹੇ ਮੈਨੂੰ ਯਾਦ ਨੌ ਸਾਲ ਦੀ ਅਵਸਥਾ, ਅਭੁੱਲ ਤੇਰੀ ਵਡਿਆਈਆ । ਤੇਰੇ ਪ੍ਰੇਮ ਨਾਲੋਂ ਆਪਣਾ ਤਨ ਕਰਕੇ ਸਸਤਾ, ਪਿਤਾ ਤੇਰੀ ਝੋਲੀ ਪਾਈਆ । ਮੈਨੂੰ ਅੱਜ ਖ਼ੁਸ਼ੀ ਉਹ ਭਗਤਾਂ ਦੱਸਣ ਆਇਆ ਰਸਤਾ, ਸ਼ਬਦ ਨਾਲ ਜਣਾਈਆ । ਜਨ ਭਗਤੋ ਤੁਹਾਡਾ ਸਭ ਤੋਂ ਵੱਖਰਾ ਪ੍ਰਭ ਦੇ ਕੋਲ ਬੰਨ੍ਹਾ ਕੇ ਆਇਆ ਬਸਤਾ, ਫ਼ਾਈਲ ਦੂਜੇ ਹੱਥ ਨਾ ਕੋਇ ਫੜਾਈਆ । ਤੁਹਾਡਾ ਹਾਲ ਰਹਿਣ ਨਹੀਂ ਦੇਣਾ ਖਸਤਾ, ਖ਼ਾਲਸ ਆਪਣੇ ਰੰਗ ਰੰਗਾਈਆ । ਗੁਰਮੁਖ ਭਗਤ ਕੂੜੀ ਕਿਰਿਆ ਦਾ ਲੜਾਕਾ ਸੋਹਣਾ ਦਸਤਾ, ਬਲਕਾਰੀ ਨਜ਼ਰੀ ਆਈਆ । ਜੋ ਹਰਿ ਸਰਨਾਈ ਵਸਦਾ, ਵੱਖਰਾ ਧਾਮ ਨਾ ਕੋਇ ਬਣਾਈਆ । ਉਹ ਮੇਲ ਕਰਾਏ ਆਪਣੀ ਅੱਖ ਦਾ, ਪ੍ਰਤਖ ਨਜ਼ਰੀ ਆਈਆ । ਜਦ ਵੇਖੋ ਤੇ ਤੁਹਾਡੇ ਅੰਦਰ ਵਸਦਾ, ਵਸਲ ਆਪਣਾ ਸਚ ਕਰਾਈਆ । ਪਿਛਾ ਦੇ ਕਦੇ ਨਾ ਨੱਸਦਾ, ਪੱਲੂ ਗੰਢ ਨਾ ਕੋਇ ਛੁਡਾਈਆ । ਗੋਬਿੰਦ ਵੇਸ ਅਵੱਲੜੇ ਜੱਟ ਦਾ, ਜੱਟ ਸ਼ਬਦ ਨਾਉਂ ਪਰਗਟਾਈਆ । ਸ਼ਬਦ ਸਤਿਗੁਰ ਕਿਸੇ ਦਾ ਨਾਮ ਕਦੇ ਨਾ ਰਟਦਾ, ਰੱਟਿਆਂ ਵਿਚ ਰੱਖੇ ਲੋਕਾਈਆ । ਜੋ ਚਾਹੇ ਸੋ ਆਪਣੀ ਕੀਮਤ ਵੱਟਦਾ, ਆਪਣੇ ਹੱਟ ਵਿਕਾਈਆ । ਉਹ ਕਦੇ ਮੇਲ ਨਹੀਂ ਹੁੰਦਾ ਬੂੰਦ ਰੱਤ ਦਾ, ਮਾਤ ਗਰਭ ਨਾ ਡੇਰਾ ਲਾਈਆ । ਉਹ ਜੋਤ ਸਰੂਪ ਜੋਤੀ ਨੂਰ ਲਟ ਲਟ ਜਗਦਾ, ਦੋ ਜਹਾਨ ਕਰੇ ਰੁਸ਼ਨਾਈਆ । ਸੰਤ ਭਗਤ ਭਗਵਾਨ ਆਪਣੀ ਖਾਹਿਸ਼ ਨਾਲ ਸੱਦਦਾ, ਲੋੜ ਆਪਣੀ ਨਾਲ ਮਿਲਾਈਆ । ਮਿਹਰਵਾਨ ਹੋ ਕੇ ਪੜਦਾ ਕਜਦਾ, ਦਇਆਵਾਨ ਹੋ ਕੇ ਹੋਏ ਸਹਾਈਆ । ਤੁਹਾਨੂੰ ਬਣਾਕੇ ਮਾਲਕ ਘਰ ਅੱਧ ਦਾ, ਅੱਧਾ ਹਿੱਸਾ ਤੁਹਾਡੀ ਝੋਲੀ

ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਓਸ ਦਵਾਰ ਬਹਿ ਕੇ ਸਜਦਾ, ਜਿਸ ਦਵਾਰੇ ਆਦਿ ਜੁਗਾਦਿ ਜੁਗ ਚੌਕੜੀ ਸੱਤ ਰੰਗ ਨਿਸ਼ਾਨ ਇਕੋ ਨਜ਼ਰੀ ਆਈਆ । ਸਤਿ ਨਿਸ਼ਾਨ ਕਹੇ ਮੇਰੀ ਰੱਖੀਂ ਲਾਜ, ਅਭੁੱਲ ਭੁੱਲ ਕਦੇ ਨਾ ਜਾਈਆ । ਮੈਂ ਵੇਖ ਕੇ ਤੇਰਾ ਤਾਜ, ਤਖ਼ਤ ਨਿਵਾਸੀ ਖ਼ੁਸ਼ੀ ਮਨਾਈਆ । ਮੈਂ ਵੇਖਣਾ ਤੇਰੇ ਭਗਤਾਂ ਦਾ ਬੇੜਾ ਤਰਦਾ ਜਹਾਜ਼, ਜੋ ਤੇਰੀ ਛਾਤੀ ਉਪਰ ਆਸਣ ਲਾਈਆ । ਮੈਂ ਦੱਸਣਾ ਉਹ ਰਿਵਾਜ, ਜਿਸ ਦੀ ਰਸਮ ਅਦਾ ਨਾ ਕਿਸੇ ਕਰਾਈਆ । ਉਹ ਗੁਰਮੁਖੋ ਜਨ ਭਗਤੋ ਨਾ ਕੋਈ ਰੋਜ਼ਾ ਨਾ ਨਿਮਾਜ਼, ਨਾ ਕੋਈ ਬੰਦਗੀ ਨਾ ਕੋਈ ਮੰਤਰ ਵੇਦ ਪਾਠ ਪੁਰਾਨ ਕਰੇ ਪੜ੍ਹਾਈਆ । ਸਿੱਧਾ ਨਜ਼ਰੀ ਆਵਾਂ ਸਾਖਿਆਤ, ਸਵੱਛ ਸਰੂਪ ਹੋ ਕੇ ਦਰਸ ਦਿਖਾਈਆ । ਪਹਿਲੀ ਮੰਗ ਪਹਿਲੀ ਵਾਰ ਆਜ, ਸ੍ਰੀ ਭਗਵਾਨ ਸੱਚੇ ਮਹਾਰਾਜ, ਤੇਰੀ ਇਕ ਸਰਨਾਈਆ ।

## ✪ ੧੪ ਪੋਹ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ ✪

ਸੱਚ ਨਿਸ਼ਾਨ ਕਹੇ ਪ੍ਰਭ ਬਖ਼ਸ਼ ਸਚ ਧਰਮ, ਚਾਰ ਵਰਨ ਅਠਾਰਾਂ ਬਰਨ ਦੇ ਸਮਝਾਈਆ । ਕੂੜੀ ਕਿਰਿਆ ਮੇਟ ਕਾਂਡ ਕਰਮ, ਨਿਹਕਰਮੀ ਆਪਣਾ ਕਰਮ ਦੇ ਸਮਝਾਈਆ । ਪੁਰਖ ਅਕਾਲ ਸਭ ਨੂੰ ਮਿਲੇ ਸਾਚੀ ਸ਼ਰਨ, ਆਤਮ ਪਰਮਾਤਮ ਇਸ਼ਟ ਸਰਬ ਮਨਾਈਆ । ਗੁਰ ਸ਼ਬਦੀ ਪੱਲੂ ਸਾਰੇ ਫੜਨ, ਪੰਜ ਤਤ ਗੁਰੂ ਨਾ ਕੋਇ ਮਨਾਈਆ । ਕਾਇਆ ਮੰਦਰ ਅੰਦਰ ਆਪਣੀ ਮੰਜ਼ਲ ਚੜ੍ਹਨ, ਮਹੱਲ ਅਟਲ ਦਰਸ਼ਨ ਪਾਈਆ ।

ਸਤਿ ਸਰੂਪੀ ਤੇਰਾ ਦਰਸ਼ਨ ਕਰਨ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਨੈਣ ਕਰ ਰੁਸ਼ਨਾਈਆ । ਤੂੰ ਦਾਤਾ ਦਾਨੀ ਕਰਨੀ ਕਰਨ, ਕਰਤਾ ਪੁਰਖ ਤੇਰੀ ਵਡਿਆਈਆ । ਕੂੜੀ ਕਿਰਿਆ ਹਉਮੇ ਰੋਗ ਸਭ ਦੇ ਝੜ੍ਹਨ, ਮਾਇਆ ਮਮਤਾ ਰਹਿਣ ਨਾ ਪਾਈਆ । ਗੁਰਸਿਖ ਗੁਰਸਿਖ ਨਾਲ ਮੂਲ ਨਾ ਲੜਨ, ਗੁਰਮਤ ਗੁਰ ਗੁਰ ਦੇ ਬੁਝਾਈਆ । ਚਰਨ ਪ੍ਰੀਤੀ ਬਖ਼ਸ਼ ਉਪਰ ਧਰਨੀ ਧਰਨ, ਧਵਲ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਚ ਨਿਸ਼ਾਨਾ ਕਹੇ ਪ੍ਰਭ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਤਿ ਸੰਤੋਖ ਧੀਰਜ ਦੇ ਸਤਿ, ਅਗਨੀ ਤਤ ਗਵਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅੰਮ੍ਰਿਤ ਮੇਘ ਇਕ ਬਰਸਾਈਆ । ਆਪਣੇ ਮਿਲਣ ਦੀ ਖੋਲ੍ਹ ਦੇ ਅੱਖ, ਪ੍ਰਤਖ ਰੂਪ ਨਜ਼ਰ ਆਏ ਗੁਸਾਈਆ । ਸਾਚੇ ਸੰਤਾਂ ਝੋਲੀ ਪਾ ਦੇ ਹਕ, ਪੂਰਬ ਲਹਿਣਾ ਵੇਖ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਜਾਵਣ ਛੱਡ, ਕੂੜੀ ਕਿਰਿਆ ਪਰੇ ਸੁਟਾਈਆ । ਜਗਤ ਜਹਾਨੋਂ ਹੋ ਜਾਣ ਅੱਡ, ਇਕੋ ਤੇਰੀ ਓਟ ਤਕਾਈਆ । ਲੇਖੇ ਲਾ ਦੇ ਸਾਢੇ ਤਿੰਨ ਹੱਥ ਕਾਇਆ ਮਾਟੀ ਹੱਡ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤ੍ਰੈਗੁਣ ਮਾਇਆ ਲੱਗੀ ਬੁਝਾਦੇ ਅੱਗ, ਸਾਂਤਕ ਸਤਿ ਕਰਾਈਆ । ਬਿਨ ਮੱਕੇ ਕਾਅਬਿਉਂ ਕਰਾ ਦੇ ਹੱਜ, ਹੁਜਰਾ ਕਾਇਆ ਹਕ ਵਖਾਈਆ । ਸ਼ਬਦ ਅਗੰਮੀ ਵਜਾ ਦੇ ਨਾਦ, ਢੋਲਕ ਛੈਣਾ ਲੋੜ ਰਹੇ ਨਾ ਰਾਈਆ । ਨਾਮ ਸੁਣਾ ਦੇ ਬੋਧ ਅਗਾਧ, ਰਸਨਾ ਜਿਹਵਾ ਚੁੱਕੇ ਸਰਬ ਪੜ੍ਹਾਈਆ । ਆਤਮ ਪਰਮਾਤਮ ਬਣਾ ਦੇ ਇਕ ਸਮਾਜ, ਦੂਜੀ ਰਸਮ ਨਾ ਕੋਇ ਜਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ ।

ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਨਿਜਰ ਝਿਰਨਾ ਆਪ ਝਿਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਰਾਹ ਵਖਾਈਆ । ਤੇਰੇ ਨਾਉਂ ਦੀ ਸਾਰੇ ਗਾਵਣ ਇਕੋ ਗਾਥ, ਨਾਮ ਕਲਮਾ ਇਕੋ ਰੂਪ ਸਮਾਈਆ । ਤੇਰਾ ਜੈਕਾਰਾ ਇਕੋ ਆਏ ਆਵਾਜ਼, ਤੂੰ ਹੀ ਤੂੰ ਹੀ ਰਾਗ ਅਲਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਵਾਹਦ, ਲਾਸ਼ਰੀਕ ਤੇਰੀ ਸਰਨਾਈਆ । ਆਪਣਾ ਹੁਕਮ ਕਰ ਆਇਦ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਚ ਕਾਨੂੰਨ ਬਣਾ ਕਵਾਇਦ, ਧਾਰਾ ਆਪਣੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਹਿਜ ਸਹਿਜ ਤੇਰੀ ਸਰਨਾਈਆ । ਨਿਸ਼ਾਨ ਕਹੇ ਪ੍ਰਭ ਬਖ਼ਸ਼ ਦੇ ਧੀਰਜ ਸਤਿ ਸੰਤੋਖ, ਜੀਵਾਂ ਜੰਤਾਂ ਦੇ ਸਮਝਾਈਆ । ਆਪਣੇ ਨਾਮ ਦੀ ਬਖ਼ਸ਼ ਚੋਗ, ਕੂੜੀ ਤ੍ਰਿਸ਼ਨਾ ਦੇ ਮਿਟਾਈਆ । ਹਉਮੇ ਕੱਟ ਦੇ ਰੋਗ, ਹੰ ਬ੍ਰਹਮ ਇਕ ਸਮਝਾਈਆ । ਜਨਮ ਜਨਮ ਨਾ ਹੋਏ ਵਿਜੋਗ, ਅਗਲਾ ਵਿਛੋੜਾ ਦੇ ਕਟਾਈਆ । ਆਪਣੇ ਨਾਲ ਕਰ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਭਾਗ ਲਗਾ ਦੇ ਕਾਇਆ ਕੋਟ, ਸਾਢੇ ਤਿੰਨ ਹੱਥ ਮੰਦਰ ਵੱਜੇ ਵਧਾਈਆ । ਅਨਹਦ ਨਾਦੀ ਵੱਜੇ ਚੋਟ, ਧੁਨ ਰਾਗ ਇਕ ਸ਼ਨਵਾਈਆ । ਸਤਿ ਸਰੂਪੀ ਨਜ਼ਰੀ ਆਏ ਜੋਤ, ਪਰਕਾਸ਼ਵਾਨ ਤੇਰੀ ਬੇਪਰਵਾਹੀਆ । ਲਹਿਣਾ ਦੇਣਾ ਮੁੱਕ ਜਾਏ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਿਤ ਨਵਿਤ ਤੇਰਾ ਦਰਸ਼ਨ ਕਰੀਏ ਅਮੋਘ, ਸਵੱਛ ਸਰੂਪੀ ਤੂੰਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਸ੍ਰਿਸ਼ਟ ਸਬਾਈ ਦੇ ਸਮਝਾਈਆ । ਧਰਮ ਨਿਸ਼ਾਨਾ ਕਹੇ ਸੁਣ ਮੇਰੇ ਠਾਕਰ, ਪ੍ਰਭ ਅਬਿਨਾਸ਼ੀ ਤੇਰੀ ਓਟ ਤਕਾਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਬੇਅੰਤ ਤੇਰੀ ਵਡਿਆਈਆ । ਤੂੰ ਜੋਧਾ ਸੂਰਬੀਰ ਬਹਾਦਰ, ਬਲਧਾਰੀ ਇਕ ਅਖਵਾਈਆ । ਕਿਰਪਾ ਕਰ ਕਰੀਮ ਕਾਦਰ, ਕੁਦਰਤ ਤੇਰਾ ਰਾਹ ਤਕਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਆਦਲ, ਅਦਾਲਤ ਇਕੋ ਇਕ ਲਗਾਈਆ । ਝਗੜਾ ਮੁਕਾ ਦੇ ਮਕਤੂਲ ਕਾਤਲ, ਛੁਰੀ ਵਿਚ ਹੱਥ ਨਾ ਕੋਇ ਰਖਾਈਆ । ਆਪਣਾ ਜਲਵਾ ਨੂਰ ਦੇ ਦੇ ਬਾਤਨ, ਜ਼ਾਹਰ ਜਹੂਰ ਤੂੰ ਹੀ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਮਿਆਂ ਅੰਦਰ ਜਿਸ ਨੂੰ ਆਖਣ, ਨਾਮਾਂ ਵਿਚ ਸਲਾਹੀਆ । ਕਲਾਮਾਂ ਵਿਚ ਦੇਵਣ ਭਾਸ਼ਣ, ਸਲਾਮਾਂ ਵਿਚ ਨਿਉਂ ਨਿਉਂ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਹਿਨਸ਼ਾਹ ਇਕ ਅਖਵਾਈਆ । ਲੱਖ ਚੁਰਾਸੀ ਤੇਰੀ ਮੁਹਤਾਜਣ, ਲੋੜੀਂਦੀ ਵਸਤ ਜਨ ਭਗਤਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਮ ਨਿਸ਼ਾਨਾ ਕਹੇ ਪ੍ਰਭ ਕਰ ਦੇ ਰਹਿਮਤ, ਰਹਿਮਾਨ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਾਲ ਸਹਿਮਤ, ਫ਼ਿਰਕਾ ਨਜ਼ਰ ਕੋਇ ਨਾ ਆਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਅਹਿਮਕ, ਸਾਚੀ ਸਿਖਿਆ ਹੱਥ ਕਿਸੇ ਨਾ ਆਈਆ । ਕਿਸੇ ਨੇ ਬੱਧੀ ਧੋਤੀ ਕਿਸੇ ਨੇ ਬੱਧੀ ਤਹਿਮਤ, ਕੋਈ ਤੰਬਿਆਂ ਪੜਦਾ ਬਦਨ ਰਿਹਾ ਪਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਸ਼ਬਦ ਦੀ ਮਾਰ ਇਕੋ ਸੈਨਤ, ਸਚ ਇਸ਼ਾਰੇ ਨਾਲ ਓਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਈਆ । ਸਤਿ ਨਿਸ਼ਾਨਾ ਕਹੇ ਮੈਂ ਵੇਖਿਆ ਕਲਜੁਗ ਸਦੀ ਬੀਸ, ਚਾਰੋਂ ਕੁੰਟ ਧਿਆਨ ਲਗਾਈਆ । ਮੁੱਲਾ ਸ਼ੇਖ਼ ਮੁਸਾਇਕ ਭੁੱਲੇ ਕਲਮਾ ਹਕ ਹਦੀਸ, ਹਜ਼ਰਤ ਕਰੇ ਨਾ ਕੋਇ ਪੜ੍ਹਾਈਆ । ਝਗੜਾ ਪਿਆ ਜ਼ਾਤ ਪਾਤ ਊਚ ਨੀਚ, ਰਾਓ ਰੰਕ ਖਹਿ ਖਹਿ ਮਰੇ ਲੋਕਾਈਆ । ਪੰਡਤ

ਪਾਂਧੇ ਕਾਇਆ ਹੋਈ ਨਾ ਕਿਸੇ ਠੰਡੀ ਸੀਤ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਗ੍ਰੰਥੀ ਪੰਥੀ ਤੇਰੀ ਸੱਚੀ ਨਜ਼ਰ ਨਾ ਆਈ ਪ੍ਰੀਤ, ਹਉਮੇ ਹੰਗਤਾ ਮਾਇਆ ਮਮਤਾ ਬੈਠੇ ਗੜ੍ਹ ਬਣਾਈਆ । ਪਰਮ ਪੁਰਖ ਪਰਮਾਤਮ ਜਨ ਭਗਤਾਂ ਆਤਮ ਤੇਰੀ ਕਰੇ ਉਡੀਕ, ਅੰਤਰ ਅੰਤਰ ਧਿਆਨ ਲਗਾਈਆ । ਤੂੰ ਵਾਹਦ ਲਾਸ਼ਰੀਕ, ਸਚ ਤੌਫ਼ੀਕ ਨੂਰ ਖ਼ੁਦਾਈਆ । ਤੇਰੀ ਧਾਰ ਅਜ਼ਬ ਬਾਰੀਕ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਤੂੰ ਰਹਿਮਤ ਕਰ ਬਖ਼ਸ਼ੀਸ਼, ਰਹਿਮਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਮ ਨਿਸ਼ਾਨਾ ਕਹੇ ਪ੍ਰਭ ਖੋਲ੍ਹ ਦੇ ਪੜਦਾ, ਭਰਮ ਭੁਲੇਖਾ ਸਰਬ ਕਢਾਈਆ । ਜਨ ਭਗਤ ਗੋਲਾ ਬਣਾ ਆਪਣੇ ਦਰ ਦਾ, ਦਰਵੇਸ਼ ਹੋ ਕੇ ਅਲਖ ਜਗਾਈਆ । ਤੂੰ ਮਾਲਕ ਘਰ ਘਰ ਦਾ, ਲੱਖ ਚੁਰਾਸੀ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਕੋਲੋਂ ਡਰਦਾ, ਭੈ ਵਿਚ ਸਰਬ ਲੋਕਾਈਆ । ਤੇਰੇ ਅੱਗੇ ਕੋਈ ਨਾ ਅੜਦਾ, ਜੋ ਘੜਿਆ ਭੰਨ ਵਖਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਤੇਰੇ ਚਰਨ ਦਵਾਰੇ ਸੇਵ ਕਰਦਾ, ਆਦਿ ਜੁਗਾਦਿ ਜੁਗ ਚੌਕੜੀ ਨਿਉਂ ਨਿਉਂ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਮਿਹਰਵਾਨ ਆਪਣੀ ਕਿਰਪਾ ਕਰਦਾ, ਮਹਿਬੂਬ ਤੇਰੀ ਵਡ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਉਠ ਵੇਖ ਅਗਨੀ ਸੜਦਾ, ਸਦੀ ਚੌਧਵੀਂ ਤਤ ਅੱਗ ਨਾ ਕੋਇ ਬੁਝਾਈਆ । ਹੁਜਰੇ ਹਕ ਕੋਈ ਨਾ ਵੜਦਾ, ਮੰਦਰ ਸਾਚੇ ਆਸਣ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ । ਸਤਿ ਨਿਸ਼ਾਨਾ ਕਹੇ ਪ੍ਰਭ ਵੇਖ ਕਲਜੁਗ ਮਾਇਆ, ਲੱਖ ਚੁਰਾਸੀ ਬੰਧਨ ਪਾਈਆ । ਘਰ ਘਰ ਤੇਰਾ ਨਾਉਂ ਭੁਲਾਇਆ, ਵੱਜੇ ਸਚ ਨਾ ਕੋਇ ਵਧਾਈਆ । ਕੂੜੀ ਕਿਰਿਆ ਵਿਚ ਭਰਮਾਇਆ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਚਾ ਸਤਿਗੁਰ ਕਿਸੇ ਨਜ਼ਰ ਨਾ ਆਇਆ, ਪੁਰਖ ਅਕਾਲ ਤੇਰਾ ਦਰਸ ਕੋਇ ਨਾ ਪਾਈਆ । ਕੋਟਨ ਕੋਟ ਗੁਰੂ ਕਲਜੁਗ ਰਹੇ ਅਖਵਾਇਆ, ਸਤਿਗੁਰ ਤੇਰਾ ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਬੇਪਰਵਾਹਿਆ, ਲੋਕਮਾਤ ਹੋ ਸਹਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਪਣਾ ਵੇਸ ਵਟਾਇਆ, ਭੇਵ ਅਭੇਦਾ ਦੇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਪੁਰੀ ਲੋਅ ਆਕਾਸ਼ ਤੇਰਾ ਰਾਹ ਤਕਾਇਆ, ਜਲ ਥਲ ਬੈਠੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬਿਨਾਸ਼ੀ ਕਰਤੇ ਹੋ ਸਹਾਈਆ । ਸਚ ਨਿਸ਼ਾਨਾ ਕਹੇ ਮੈਂ ਤੇਰਾ ਨਿਸ਼ਾਨ, ਤੁਧ ਬਿਨ ਸਕੇ ਨਾ ਕੋਇ ਝੁਲਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨ, ਸਤਿ ਸਤਿਵਾਦੀ ਇਕ ਅਖਵਾਈਆ । ਮੈਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਇਆ ਵਿਚ ਜਹਾਨ, ਲੋਕਮਾਤ ਫੇਰਾ ਪਾਈਆ । ਤੇਰਾ ਬਣਾਵਾਂ ਸਚ ਵਿਧਾਨ, ਸਾਚੀ ਧਾਰਾ ਇਕ ਪਰਗਟਾਈਆ । ਚਾਰ ਵਰਨ ਦਾ ਇਕ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਿਆਂ ਸਮਝਾਈਆ । ਭੇਵ ਚੁਕਾ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਗੀਤਾ ਗਿਆਨ ਪੜਦਾ ਲਾਹੀਆ । ਖਾਣੀ ਬਾਣੀ ਵੇਖਾਂ ਮਾਰ ਧਿਆਨ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੁਕਮਰਾਨ, ਮੈਂ ਹੁਕਮੇ ਵਿਚ ਰੱਖਾਂ ਲੋਕਾਈਆ । ਨੌ ਖੰਡ ਸੱਤ ਦੀਪ ਮੰਨਣ ਤੇਰੀ ਆਨ, ਸਿਰ ਸਕੇ ਨਾ ਕੋਇ ਉਠਾਈਆ । ਪਹਿਲੋਂ ਭਗਤਾਂ ਦੇਵਾਂ ਗਿਆਨ, ਸਾਚੇ ਸੰਤਾਂ ਬਖ਼ਸ਼ਾਂ ਮਾਣ, ਗੁਰਮੁਖਾਂ ਕਰਾਂ ਪਹਿਚਾਣ, ਗੁਰਸਿਖਾਂ ਦਰ ਘਰ ਮਿਲਾਂ ਆਣ, ਸਤਿ

ਸਤਿਵਾਦੀ ਤੇਰੀ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਕਵਲ ਮਿਲੇ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਤੋਂ ਵੱਖਰਾ, ਮੇਰੀ ਬਣਤ ਨਾ ਕਿਸੇ ਬਣਾਈਆ । ਨਾ ਕਿਸੇ ਹਿਸਾਬ ਕਿਤਾਬ ਲਿਖਾਇਆ ਵਿਚ ਅੱਖਰਾਂ, ਚਾਰ ਜੁਗ ਗਣਤ ਨਾ ਕੋਇ ਗਿਣਾਈਆ । ਨਾ ਪ੍ਰਭੂ ਤੇਰੀ ਕਿਤਾਬ ਦਾ ਉਲਟਾਇਆ ਕਿਸੇ ਪੱਤਰਾ, ਸੱਤਾਂ ਸਤਰਾਂ ਵਾਲੀ ਸਮਝ ਕਿਸੇ ਨਾ ਆਈਆ । ਜਿਸ ਵੇਲੇ ਮੈਂ ਭਗਤਾਂ ਘਰ ਚੜ੍ਹਿਆ ਲੱਖ ਚੁਰਾਸੀ ਪੈਣਾ ਖ਼ਤਰਾ, ਖ਼ਤਰੇ ਵਿਚ ਲੋਕਾਈਆ । ਖ਼ੂਨ ਉਬਲੇ ਕਤਰਾ ਕਤਰਾ, ਬੂੰਦ ਬੂੰਦ ਆਪਣਾ ਰੰਗ ਵਖਾਈਆ । ਜਿੰਨਾਂ ਚਿਰ ਮੈਂ ਹੋਇਆ ਰਿਹਾ ਮਕਰਾ, ਆਪਣੀ ਨਾ ਲਈ ਅੰਗੜਾਈਆ । ਕਿਸੇ ਨੇ ਖਾਧੀ ਗਾਂ ਕਿਸੇ ਨੇ ਖਾਧਾ ਬੱਕਰਾ, ਪ੍ਰਭ ਨੂੰ ਦੋਵੇਂ ਗਏ ਭੁਲਾਈਆ । ਪੈਗ਼ੰਬਰਾਂ ਕੋਲੋਂ ਭੇਟਾ ਲੈ ਕੇ ਛਤਰਾ, ਸ਼ਰਅ ਦਿਤੀ ਬਣਾਈਆ । ਹੁਣ ਕਲਜੁਗ ਅੰਤਮ ਹੋ ਕੇ ਆਵਾਂ ਅਥਰਾ, ਜ਼ਿੱਦ ਵਿਚ ਆਇਆ ਮੰਨ ਕਦੇ ਨਾ ਜਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਹੁਕਮ ਦਾ ਝੁੱਲੇ ਅੰਧੇਰਾ ਝੱਖੜਾ, ਕੂੜੀ ਕਿਰਿਆ ਜੜ੍ਹ ਦੇ ਉਖੜਾਈਆ । ਤੇਰਾ ਹੁਕਮ ਕੋਈ ਨਾ ਮਿਸਾਲ ਦੇਵੇ ਲਕੀਰ ਉਤੇ ਪੱਥਰਾ, ਪੱਥਰਾਂ ਵਾਲੀ ਲਕੀਰ ਅੰਤਮ ਮਿਟ ਜਾਈਆ । ਜਿਸ ਗੋਬਿੰਦ ਨੇ ਤੇਰਾ ਹੰਢਾਇਆ ਇਕ ਸਥਰਾ, ਉਹ ਤੇਰੀ ਦਏ ਗਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਅੱਗੇ ਖੇਲ ਕਰਨ ਨਹੀਂ ਦੇਣਾ ਕੋਈ ਮਸਖ਼ਰਾ, ਭੰਡਾਂ ਵਾਂਗ ਭੰਡੀ ਭਗਤਾਂ ਨਾਲ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਦਰਦੀ ਹੋ ਕੇ ਮੰਗ ਮੰਗਾਈਆ ।



੧੨੨੮

## ✪ ੧੪ ਪੋਹ ੨੦੨੧ ਬਿਕ੍ਰਮੀ ਹਰਜੀਤ ਸਿੰਘ ਦੇ ਗ੍ਰਿਹ ✪

ਸਤਿ ਨਿਸ਼ਾਨ ਕਹੇ ਪ੍ਰਭ ਮੇਰੀ ਅਰਦਾਸ, ਤਖ਼ਤ ਨਿਵਾਸੀ ਬੇਨੰਤੀ ਇਕ ਸੁਣਾਈਆ । ਤੇਰੇ ਭਗਤ ਸੰਤ ਸਦ ਵਸਣ ਤੇਰੇ ਪਾਸ, ਜੁਗ ਚੌਕੜੀ ਨਾ ਹੋਏ ਜੁਦਾਈਆ । ਤੇਰੇ ਮਿਲਣ ਦੀ ਰੱਖਣ ਆਸ, ਦੂਜੀ ਓਟ ਨਾ ਕੋਇ ਰਖਾਈਆ । ਲੋਕਮਾਤ ਨਾ ਹੋਵਣ ਉਦਾਸ, ਹੈਰਾਨੀ ਮਨ ਕੋਇ ਨਾ ਪਾਈਆ । ਤੇਰੇ ਗੀਤ ਅੰਦਰ ਗਾਵਣ ਸਵਾਸ ਸਵਾਸ, ਪਵਣ ਪਵਣੀ ਸੇਵ ਕਮਾਈਆ । ਚਰਨ ਕਵਲ ਸੇਵਾ ਕਰਨ ਬਣਕੇ ਦਾਸੀ ਦਾਸ, ਨਿਉਂ ਨਿਉਂ ਲਾਗਣ ਪਾਈਆ । ਬਿਨ ਕੀਮਤ ਵਿਕਣ ਤੇਰੇ ਹਾਟ, ਦੂਜਾ ਹਿੱਸਾ ਨਾ ਕੋਇ ਵੰਡਾਈਆ । ਪਤਿ ਪਰਮੇਸ਼ਵਰ ਪਤ ਉਹਨਾਂ ਲੈਣੀ ਰਾਖ, ਪਤਵੰਤਾ ਹੋ ਕੇ ਦਇਆ ਕਮਾਈਆ । ਸਦਾ ਤੇਰੀ ਮੰਜ਼ਲ ਚੜ੍ਹਨ ਘਾਟ, ਸਨਮੁਖ ਤੇਰਾ ਦਰਸ਼ਨ ਪਾਈਆ । ਕਲਜੁਗ ਵੇਖ ਅੰਧੇਰੀ ਰਾਤ, ਨੇਤਰ ਨੈਣ ਆਪਣਾ ਆਪ ਖੁਲ੍ਹਾਈਆ । ਅਬਿਨਾਸ਼ੀ ਕਰਤੇ ਉਹਨਾਂ ਪੁਛ ਵਾਤ, ਜੋ ਜੁਗ ਜਨਮ ਦੇ ਤੇਰੀ ਆਸ ਰਖਾਈਆ । ਦੀਵਾ ਬਾਤੀ ਕਮਲਾਪਾਤੀ ਨਿਜ ਘਰ ਕਰ ਪਰਕਾਸ਼, ਬੂੰਦ ਸਵਾਂਤੀ ਮੁਖ ਚੁਆਈਆ । ਨਾਮ ਪਦਾਰਥ ਬਖ਼ਸ਼ ਦਾਤ, ਸਚ ਸੁਗਾਤ ਸੁਗੰਧੀ ਵਾਲੀ ਝੋਲੀ ਪਾਈਆ । ਅੱਠੇ ਪਹਿਰ ਰੱਖ ਪਰਭਾਤ, ਅਨਦਿਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸਚ ਨਿਸ਼ਾਨਾ ਕਹੇ ਕਰ ਕਿਰਪਾ, ਦੀਨ ਦਿਆਲ ਕਿਰਪਾਲ ਤੇਰੀ ਵਡਿਆਈਆ । ਜਨ ਭਗਤਾਂ ਕੂੜੀ ਰਹੇ ਕੋਈ ਨਾ

੧੨੨੯
੧੭

ਬਿਪਤਾ, ਰੋਗ ਸੰਤਾਪ ਨਾ ਕੋਇ ਸਤਾਈਆ । ਪੂਰਬ ਪੂਰੀਆਂ ਕਰ ਦੇ ਲਿਖਤ ਭਵਿਖਤਾ, ਭੇਵ ਅਭੇਦਾ ਆਪ ਖੁਲ੍ਹਾਈਆ । ਆਪਣੇ ਘਰ ਦਾ ਦੱਸ ਦੇ ਇਕੋ ਹਿੰਦਸਾ, ਜਿਸਦਾ ਅੰਕੜਾ ਸਮਝ ਕੋਇ ਨਾ ਪਾਈਆ । ਤੂੰ ਮਾਲਕ ਜੀਵ ਜਨ ਕਾ, ਹਰਿਜਨ ਤੇਰੀ ਆਸ ਰਖਾਈਆ । ਤੂੰ ਪਾਰਖੂ ਸਾਚੇ ਮਨ ਕਾ, ਮਨ ਕਾ ਮਣਕਾ ਦੇ ਬਦਲਾਈਆ । ਤੂੰ ਦਾਤਾ ਸਾਚੇ ਦਾਨ ਕਾ, ਨਾਮ ਨਿਧਾਨਾ ਦੇ ਵਰਤਾਈਆ । ਤੂੰ ਰੂਪ ਅਗੰਮੀ ਕਾਹਨ ਕਾ, ਕੋਟਨ ਕੋਟ ਕਾਹਨ ਕ੍ਰਿਸ਼ਨ ਤੇਰੇ ਚਰਨਾਂ ਹੇਠਾਂ ਸੀਸ ਟਿਕਾਈਆ । ਤੂੰ ਰਾਮ ਦਸਰਥ ਬੇਟੇ ਰਾਮ ਕਾ, ਕੋਟਨ ਕੋਟ ਤੱਤਾਂ ਵਾਲੇ ਰਾਮ ਤੇਰੀ ਸੇਵ ਕਮਾਈਆ । ਤੂੰ ਸਤਿ ਸਰੂਪ ਸਾਹਿਬ ਸੁਲਤਾਨ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਚ ਨਿਸ਼ਾਨਾ ਕਹੇ ਮੇਰੇ ਮਹਿਬੂਬ, ਮੁਹੱਬਤ ਤੇਰੀ ਮੰਗ ਮੰਗਾਈਆ । ਸੂਫ਼ੀਆਂ ਦੱਸ ਦੇ ਆਪਣਾ ਉਚ ਅਰੂਜ, ਜਿਥੇ ਮਹਿਫ਼ਲ ਬੇਪਰਵਾਹੀਆ । ਚੌਦਾਂ ਤਬਕਾਂ ਨਾਲੋਂ ਰੱਖ ਮਹਿਫ਼ੂਜ਼, ਹਿਫ਼ਾਜ਼ਤ ਆਪਣੀ ਵਿਚ ਟਿਕਾਈਆ । ਕਿਲਾ ਕੋਟ ਬਣਾ ਦੇ ਸਚ ਮਜ਼ਬੂਤ, ਜਗਤ ਸ਼ੱਤਰੂ ਢਾਹ ਸਕੇ ਕੋਈ ਨਾ ਰਾਈਆ । ਸਦਾ ਸਦਾ ਸਦ ਰਹਿਣਾ ਮੌਜੂਦ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਤੇਰਾ ਨਾਮ ਨਾ ਹੋਵੇ ਨੇਸਤੋ ਨਾਬੂਦ, ਵਜੂਦ ਨਜ਼ਰ ਕਿਸੇ ਨਾ ਆਈਆ । ਆਪਣਾ ਦੇ ਦੇ ਸਚ ਸਬੂਤ, ਸਬਰ ਸਬੂਰੀ ਇਕ ਦ੍ਰਿੜਾਈਆ । ਤੂੰ ਸਾਹਿਬ ਭਗਤਾਂ ਸਦਾ ਮਕਰੂਜ਼, ਕਰਜਾ ਆਪਣਾ ਦੇ ਚੁਕਾਈਆ । ਗੋਬਿੰਦ ਏਸੇ ਕਰਕੇ ਲਿਖ ਕੇ ਗਿਆ ਤੈਨੂੰ ਸਤਿ ਖ਼ਤੂਤ, ਖ਼ਤੋ ਕਿਤਾਬਤ ਬਿਨ ਅੱਖਰਾਂ ਤੇਰੇ ਨਾਲ ਰਖਾਈਆ । ਤੇਰਾ ਖੇਲ ਕੋਈ ਨਾ ਜਾਣ ਸਕੇ ਮਹਿਦੂਦ, ਆਰ ਪਾਰ ਹੱਦ ਨਾ ਕੋਈ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸਤਿ ਨਿਸ਼ਾਨ ਪ੍ਰਭ ਕਰ ਮਨਜ਼ੂਰ, ਬੇਨੰਤੀ ਸਾਚੇ ਦਰ ਸੁਣਾਈਆ । ਦਰਸ਼ ਵਖੌਣਾ ਹਾਜਰ ਹਜ਼ੂਰ, ਜੋਤ ਸਰੂਪੀ ਜੋਤ ਰੁਸ਼ਨਾਈਆ । ਜਨ ਭਗਤਾਂ ਬਖ਼ਸ਼ ਦੇਣੇ ਕਸੂਰ, ਕਸਰ ਅਸ਼ਾਰੀਏ ਨਾਲ ਉਡਾਈਆ । ਤੇਰੇ ਬਰਦੇ ਹੋਏ ਮਜ਼ਦੂਰ, ਦਰ ਠਾਂਡੇ ਸੇਵ ਕਮਾਈਆ । ਇਹਨਾਂ ਨੂੰ ਸੂਲੀ ਚੜ੍ਹਨਾ ਨਾ ਪਏ ਵਾਂਗ ਮਨਸੂਰ, ਪੁੱਠੀ ਖੱਲ ਨਾ ਕੋਇ ਲੁਹਾਈਆ । ਤਖ਼ਤ ਨਿਵਾਸੀ ਸਾਚੇ ਆਦਲ ਤੇਰਾ ਸਚ ਸੱਚਾ ਦਸਤੂਰ, ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਦਈਂ ਵਡਿਆਈਆ । ਪਰਮ ਪੁਰਖ ਪਰਮਾਤਮ ਤੇਰਾ ਭੰਡਾਰ ਸਦਾ ਭਰਪੂਰ, ਪੁਰਖ ਅਕਾਲ ਦੇ ਵਰਤਾਈਆ । ਆਪਣੇ ਚਰਨ ਦਾ ਬਖ਼ਸ਼ ਦੇ ਸਰਬ ਸਰੂਰ, ਰਸ ਇਕੋ ਇਕ ਵਖਾਈਆ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਨਾ ਜਾਏ ਫ਼ਜ਼ੂਲ, ਫ਼ਾਜ਼ਲ ਫ਼ਜ਼ਲ ਰਹਿਮਤ ਦੇ ਕਰਾਈਆ । ਤੇਰੇ ਮਿਲਣ ਦਾ ਪੀਰ ਪੈਗ਼ੰਬਰ ਦੱਸ ਕੇ ਗਏ ਅਸੂਲ, ਅਸਲੀਅਤ ਦੇ ਜਣਾਈਆ । ਤੇਰਾ ਹੁਕਮ ਸਦਾ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੇ ਸੰਤਾਂ ਬਖ਼ਸ਼ ਦੇ ਚਰਨ ਧੂੜ, ਧੂੜੀ ਟਿੱਕਾ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਮੂਰਖ ਮੂੜ੍ਹੇ ਆਪਣੇ ਰੰਗ ਰੰਗਾਈਆ । ਨਾਤਾ ਤੋੜ ਦੇ ਕੂੜੋ ਕੂੜ, ਸਚ ਸੁਚ ਦੇ ਵਰਤਾਈਆ । ਭਗਤਾਂ ਕੋਲੋਂ ਚੰਗਾ ਰਹਿਣਾ ਨਹੀਂ ਦੂਰ, ਨੇੜਨ ਨੇੜਾ ਹੋ ਕੇ ਫੇਰਾ ਪਾਈਆ । ਕਲਜੁਗ ਚਾਰ ਕੁੰਟ ਦਹਿ ਦਿਸ਼ਾ ਪਾਇਆ ਫ਼ਤੂਰ, ਫਤਵੇ ਵਿਚ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਅਮਾਮ ਤੇਰਾ ਨਾਮ ਕਰਕੇ ਗਏ ਮਸ਼ਹੂਰ, ਕਲ ਕਲਕੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕ ਵਰ, ਜੋ ਨਾਨਕ ਅੰਗਦ ਬਖ਼ਸ਼ਿਸ਼ ਕੀਤੀ ਖਡੂਰ, ਕਾਇਆ ਖੁੱਡਾ ਵੇਖ ਵਖਾਈਆ । ਤ੍ਰੈਗੁਣ ਅਗਨੀ ਤਤ ਬੁਝੇ ਤੰਦੂਰ, ਤਪਸ਼ ਹਵਸ ਦੇ ਮਿਟਾਈਆ । ਮਨ

੧੨੩੦

ਵਾਸਨਾ ਭੱਜੇ ਨਾ ਬੰਦਰ ਵਾਂਗ ਲੰਗੂਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਤੇਰੀ ਸਿਫ਼ਤ ਦਾ ਇਕੋ ਮਿਲੇ ਸ਼ਅਊਰ, ਸ਼ਹਿਨਸ਼ਾਹ ਤੇਰਾ ਢੋਲਾ ਗਾਈਆ । ਜੋਤੀ ਜਾਤੇ ਸਾਚਾ ਬਖ਼ਸ਼ ਦੇ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਮਾਣ ਤੁੱਟ ਜਾਏ ਕੋਹਤੂਰ, ਜੋ ਮੂਸਾ ਮੂੰਹ ਦੇ ਭਾਰ ਸੁਟਾਈਆ । ਈਸਾ ਵੇਖ ਕੇ ਕਹੇ ਹਾਜ਼ਰ ਹੋਇਆ ਹਜ਼ੂਰ, ਮੁਰੀਦਾਂ ਮੁਰਸ਼ਦ ਪਾਰ ਲੰਘਾਈਆ । ਮੁਹੰਮਦ ਕਹੇ ਮੇਰਾ ਰਿਹਾ ਨਾ ਕੋਈ ਗ਼ਰੂਰ, ਗ਼ੁਰਬਤ ਦਏ ਚੁਕਾਈਆ । ਕਲਜੁਗ ਅੰਤਮ ਸਦੀ ਚੌਧਵੀਂ ਪਰਵਰਦਿਗਾਰ ਸਾਂਝਾ ਯਾਰ ਗ਼ਰੀਬ ਨਿਮਾਨਿਆਂ ਅਰਜ਼ ਕਰੇ ਮਨਜ਼ੂਰ, ਸਚ ਤੌਫ਼ੀਕ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਨਿਸ਼ਾਨਾ ਹਰਿ ਆਪ ਜਣਾਈਆ । ਧਰਮ ਨਿਸ਼ਾਨ ਕਹੇ ਪ੍ਰਭ ਆਪਣੀ ਕਿਰਪਾ ਨਾਲ ਕਰ ਦਸਖ਼ਤ, ਮਨਜ਼ੂਰੀ ਦੇ ਕੇ ਹੁਕਮ ਸੁਣਾਈਆ । ਲੋਕਮਾਤ ਮੁੜਕੇ ਆਇਆ ਵਤ, ਵਤਨ ਬੇਵਤਨ ਹੋ ਕੇ ਫੇਰਾ ਪਾਈਆ । ਕਦੇ ਚੋਲਾ ਹੰਢਾਇਆ ਕਾਇਆ ਤੱਤ, ਹੁਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਆਪਣੇ ਮਿਲਨ ਦੀ ਦੇ ਦੇ ਅੱਖ, ਜਗਤ ਅੱਖੀਆਂ ਨਜ਼ਰ ਕਿਸੇ ਨਾ ਆਈਆ । ਹਿਰਦੇ ਅੰਦਰ ਸਮਾ ਦੇ ਸਚ, ਜੂਠ ਝੂਠ ਬਾਹਰ ਕਢਾਈਆ । ਕਾਇਆ ਮਾਟੀ ਕੰਚਨ ਬਣਾ ਦੇ ਕੱਚ, ਕਾਚੀ ਗਗਰੀਆ ਲੇਖੇ ਲਾਈਆ । ਨੌ ਦਵਾਰੇ ਮੁਕ ਜਾਏ ਹੱਦ, ਸੁਖਮਨ ਟੇਡੀ ਬੰਕ ਰਾਹ ਵਿਚ ਨਾ ਕੋਈ ਅਟਕਾਈਆ । ਤੇਰੇ ਭਗਤ ਸੁਣਨ ਤੇਰਾ ਛੰਦ, ਅੰਦਰ ਅਨਹਦ ਨਾਦੀ ਨਾਦ ਵਜਾਈਆ । ਆਤਮ ਸੇਜਾ ਸੌਣਾ ਸਦਾ ਪਲੰਘ, ਭਗਤ ਸਿੰਘਾਸਣ ਡੇਰਾ ਲਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਘਰ ਸ਼ਬਦੀ ਮੇਲ ਮਿਲਾਈਆ । ਲੇਖਾ ਚੁਕ ਜਾਏ ਸੂਰਜ ਚੰਦ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੜਦਾ ਲਹਿ ਜਾਏ ਬ੍ਰਹਿਮੰਡ ਖੰਡ, ਚੌਦਾਂ ਲੋਕ ਇਕੋ ਨੂਰ ਨਜ਼ਰੀ ਆਈਆ । ਭੇਵ ਮੁਕਾ ਦੇ ਹੰ ਬ੍ਰਹਮ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਤੇਰੇ ਭਗਤ ਸੁਹੇਲੇ ਤੇਰੇ ਘਰ ਪੈਣ ਜੰਮ, ਜਨਮ ਜਨਮ ਵਿਚੋਂ ਬਦਲਾਈਆ । ਤ੍ਰਿਸਨਾ ਮਿਟਾ ਦੇ ਕੂੜੀ ਤਮ, ਤਮੰਨਾ ਆਪਣੇ ਨਾਲ ਰਲਾਈਆ । ਰੁੜ੍ਹਦਾ ਬੇੜਾ ਦੇ ਬੰਨ੍ਹ, ਖੇਵਟ ਖੇਟਾ ਹੋ ਕੇ ਦਇਆ ਕਮਾਈਆ । ਵੇਖੀਂ ਆਪਣੇ ਭਗਤਾਂ ਕਦੀ ਨਾ ਦੇਵੀ ਡੰਨ, ਡੰਨਣ ਵਾਲੀ ਹੋਰ ਬਹੁਤ ਲੋਕਾਈਆ । ਸਚ ਨਿਸ਼ਾਨਾ ਕਹੇ ਜਿਨ੍ਹਾਂ ਮਿਲ ਗਈ ਪ੍ਰਭੂ ਤੇਰੀ ਸਰਨ, ਸਰਨਾਈ ਇਕ ਰਖਾਈਆ । ਉਹ ਦੱਸ ਹੋਰ ਕਿਹੜੀ ਤਰਨੀ ਤਰਨ, ਬਿਨ ਤੇਰੇ ਸਰੋਵਰ ਦੂਜਾ ਨਜ਼ਰ ਕੋਇ ਨਾ ਆਈਆ । ਉਹ ਕਿਹੜੀ ਮਰਨੀ ਮਰਨ, ਜੋ ਮਰਕੇ ਤੇਰੀ ਜੋਤ ਵਿਚ ਸਮਾਈਆ । ਉਹ ਕਿਹੜੀ ਪੌੜੀ ਚੜ੍ਹਨ, ਜਿਸ ਦੇ ਡੰਡੇ ਚੜ੍ਹਿਆਂ ਤੇਰਾ ਨੂਰ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਉਹ ਮੇਰੀ ਸਰਨੀ ਪੜਨ, ਨਿਉਂ ਨਿਉਂ ਲਾਗਣ ਪਾਈਆ । ਸਿੱਧੇ ਸਚਖੰਡ ਦਵਾਰੇ ਵੜਨ, ਰਾਹ ਵਿਚ ਨਾ ਕੋਇ ਅਟਕਾਈਆ । ਇਹੋ ਜਿਹਾਂ ਭਗਤਾਂ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸਿਰ ਤੇ ਚੌਰ ਕਰਨ, ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕੇ ਵਾਸਤਾ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਣ ਸਾਚੀ ਦਇਆ ਆਪ ਕਮਾਈਆ ।

## ✪ ੧੪ ਪੋਹ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹ ✪

ਪਗ ਤਨ ਮੁਖ ਸੀਸ ਸੁਹਾਵਾ, ਜਿਨ੍ਹਾਂ ਉਪਰ ਹਰਿ ਜੂ ਦਇਆ ਕਮਾਈਆ । ਉਹਨਾਂ ਹੰਸ ਬਣਾਏ ਫੜ ਕੇ ਵਿਚੋਂ ਕਾਵਾਂ, ਕਾਗੋਂ ਹੰਸ

ਉਡਾਈਆ । ਗੋਦ ਉਠਾਵੇ ਜਿਉਂ ਪੁੱਤਰਾਂ ਮਾਵਾਂ, ਬਾਲ ਅੰਞਾਣੇ ਵੇਖ ਵਖਾਈਆ । ਦਰਗਾਹ ਸਾਚੀ ਸਾਚਾ ਲਾ ਕੇ ਨਾਵਾਂ, ਬੰਦੀਖ਼ਾਨੇ ਵਿਚੋਂ ਬਰੀ ਕਰਾਈਆ । ਜਨਮ ਕਰਮ ਦਾ ਰਹੇ ਕੋਈ ਨਾ ਹਾਵਾ, ਹੌਕੇ ਦਏ ਮਿਟਾਈਆ । ਜੋਤੀ ਨਾਲ ਜੋਤ ਮਿਲੌਣ ਦਾ ਕਰਕੇ ਦਾਅਵਾ, ਅਦਾਲਤ ਇਕੋ ਇਕ ਦਰਸਾਈਆ । ਮੇਲ ਮਿਲਾ ਕੇ ਨਾਲ ਕਬੀਰ ਜਿਹਾਂ ਭਗਤ ਭਰਾਵਾਂ, ਰਵਿਦਾਸੇ ਨਾਲ ਜੋੜ ਜੁੜਾਈਆ । ਤਰਾਜ਼ੂ ਕੰਡਾ ਤੋਲ ਕੇ ਆਪਣੇ ਨਾਲ ਸਾਵਾਂ, ਰੰਗ ਇਕੋ ਇਕ ਚੜ੍ਹਾਈਆ । ਫੜ ਕੇ ਗਲੇ ਲਗਾਵਾਂ ਬਾਹਵਾਂ, ਡਿਗਦਿਆਂ ਲਏ ਉਠਾਈਆ । ਪਾਰ ਕਰਾ ਦਏ ਸ਼ੌਹ ਜਗਤ ਦਰਿਆਵਾਂ, ਕੂੜੀ ਧਾਰ ਨਾ ਕੋਇ ਵਹਾਈਆ । ਬਲਿਹਾਰੀ ਉਹਨਾਂ ਗੁਰਮੁਖਾਂ ਗੁਰਸਿਖਾਂ ਜਾਵਾਂ, ਜੋ ਬਣ ਬਣ ਬੈਠੇ ਪਾਂਧੀ ਰਾਹੀਆ । ਸਮਝ ਵਾਲਿਆਂ ਨੂੰ ਅਗਲਾ ਲੇਖ ਸਮਝਾਵਾਂ, ਬੁਧ ਬਿਬੇਕ ਕਰਾਈਆ । ਸੋ ਹਰਫ਼ ਸੋ ਪੁਰਖ ਨਿਰੰਜਣ ਦਾ ਆਪਣਾ ਨਾਵਾਂ, ਪਤਿਪਰਮੇਸ਼ਵਰ ਆਪਣੀ ਆਪ ਕਰੇ ਵਡਿਆਈਆ । ਹੰ ਬ੍ਰਹਮ ਲੱਖ ਚੁਰਾਸੀ ਜੀਵ ਜੰਤ ਸ੍ਰਿਸ਼ਟ ਸਬਾਈ ਬਣਾਵਾਂ, ਨਿਰਗੁਣ ਹੋ ਕੇ ਨਿਰਗੁਣ ਵੰਡ ਵੰਡਾਈਆ । ਰਾਜਿਆਂ ਦਾ ਰਾਜਾ ਮਹਾਰਾਜ ਅਖਵਾਵਾਂ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਸ਼ੇਰਾਂ ਦਾ ਸ਼ੇਰ ਬਲਧਾਰੀ ਸਿੰਘ ਆਪਣਾ ਜੋਰ ਪਰਗਟਾਵਾਂ, ਦੂਜਾ ਸਾਨੀ ਨਜ਼ਰ ਕੋਇ ਨਾ ਆਈਆ । ਵਿਸ਼ਨੂੰ ਹੋ ਕੇ ਘਰ ਘਰ ਦਰ ਦਰ ਸਭ ਦੀ ਸੇਵ ਕਮਾਵਾਂ, ਮਾਣ ਵਡਿਆਈ ਨਾ ਕੋਇ ਰਖਾਈਆ । ਭਗਵਾਨ ਹੋ ਕੇ ਏਥੇ ਓਥੇ ਦੋ ਜਹਾਨਾਂ ਆਦਿ ਜੁਗਾਦਿ ਇਕੋ ਹੁਕਮ ਸੁਣਾਵਾਂ, ਨਾ ਕੋਇ ਮੇਟੇ ਮੇਟ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਜੈ ਜੈਕਾਰ ਕਰਾਵਾਂ, ਬਿਨ ਜੈਕਾਰ ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਜੈਕਾਰ ਦਾ ਡੰਕਾ ਗੋਬਿੰਦ ਕੋਲੋਂ ਵਜਾਵਾਂ, ਫ਼ਤਹਿ ਇਕੋ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਖੇਲ ਖਿਲਾਈਆ । ਸੋਹੰ ਅੱਖਰ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਮਹਾਰਾਜ ਸਭ ਤੋਂ ਵੱਡਾ ਸ਼ੇਰਾ, ਸਿੰਘ ਪੁਰਖ ਅਕਾਲ ਵੱਡੀ ਵਡਿਆਈਆ । ਵਿਸ਼ਨੂੰ ਹੋ ਕੇ ਬ੍ਰਹਮਾ ਬੱਧਾ ਬੇੜਾ, ਆਪਣੇ ਵਿਚੋਂ ਲਿਆ ਪਰਗਟਾਈਆ । ਭਗਵਾਨ ਹੋ ਕੇ ਸਭ ਨੂੰ ਪਾਇਆ ਘੇਰਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣੇ ਵਿਚ ਛੁਪਾਈਆ । ਜੈ ਜੈ ਜੈ ਕਰਾ ਕੇ ਸਭ ਦਾ ਕਰ ਦੇ ਨਿਬੇੜਾ, ਇਕੋ ਆਪਣਾ ਹੁਕਮ ਮਨਾਈਆ । ਪਗ ਤਨ ਮੁਖ ਸੀਸ ਸੁਹਾਵਾ, ਸੋਹਣੀ ਵੱਜੀ ਵਧਾਈਆ । ਕਲਜੁਗ ਜੀਵ ਪੰਜ ਤਤ ਦਾ ਪੁਤਲਾ ਬਾਵਾ, ਬਉਰਾ ਹੋਇਆ ਸਮਝ ਕੋਈ ਨਾ ਆਈਆ । ਬਿਨ ਸੋਚਿਆਂ ਸਮਝਿਆਂ ਬਿਨ ਸਤਿਗੁਰ ਮਿਲਿਆਂ ਐਵੇਂ ਕਰਦਾ ਰਹੇ ਵਾਹਵਾ ਵਾਹਵਾ, ਵਾਹਦ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਜਪਿਆ ਸੋਹੰ ਸੋ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਨੂਰ ਨਜ਼ਰੀ ਆਈਆ । ਆਦਿ ਅੰਤ ਤੇਰਾ ਜਾਵਾਂ ਹੋ, ਹੋਕਾ ਦੇ ਕੇ ਗਿਆ ਸੁਣਾਈਆ । ਲੱਖ ਚੁਰਾਸੀ ਨਾਲੋਂ ਹੋ ਨਿਰਮੋਹ, ਨਾਤਾ ਪੁਰਖ ਅਕਾਲ ਜੁੜਾਈਆ । ਧੁਰ ਦਾ ਲੈ ਕੇ ਢੋਆ ਢੋ, ਸਤਿਨਾਮ ਜੀਵਾਂ ਜੰਤਾਂ ਗਿਆ ਵਰਤਾਈਆ । ਮਹਾਰਾਜ ਕਹਿ ਕੇ ਉਸਦੀ ਚਰਨੀ ਗਿਆ ਛੋਹ, ਸਿੰਘ ਸ਼ੇਰ ਮੰਨ ਕੇ ਉਸਦੀ ਓਟ ਤਕਾਈਆ । ਵਿਸ਼ਨੂੰ ਹੋ ਕੇ ਅਗਲੀ ਪਿਛਲੀ ਸੁਣੀ ਸੋ, ਸੋਭਾ ਵਿਚ ਵਡਿਆਈਆ । ਸ੍ਰੀ ਭਗਵਾਨ ਕਿਸੇ ਨਾਲ ਨਾ ਕਰੇ ਧਰੋਹ, ਉਚੀ ਦੇ ਕੇ ਆਵਾਜ਼ ਗਿਆ ਜਣਾਈਆ । ਜੈ ਜੈਕਾਰ ਕਰੇ ਸਭ ਬ੍ਰਹਿਮੰਡ ਲੋਅ, ਦੇਵਤ ਸੁਰ ਗਣ ਗੰਧਰਬ ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਸੋਹੰ ਕਰੇ ਆਤਮ ਪਰਮਾਤਮ ਮਿਲਾਪ, ਵਿਛੋੜਾ ਕੋਇ ਨਜ਼ਰ ਨਾ ਆਈਆ । ਮਹਾਰਾਜ ਸਭ ਦੇ ਕੱਟਣਹਾਰਾ ਪਾਪ, ਦੁਰਮਤ ਮੈਲ ਧੁਆਈਆ । ਸ਼ੇਰ ਸਿੰਘ ਸਭ ਦਾ ਬਣੇ ਰਾਖਾ ਰਾਖ, ਰੱਖਕ ਇਕ ਅਖਵਾਈਆ । ਵਿਸ਼ਨੂੰ ਹੋ ਕੇ ਘਰ ਘਰ ਵੇਖੇ ਮਾਰ ਝਾਤ, ਭੁੱਖਾ ਰਹਿਣ ਕੋਇ ਨਾ ਪਾਈਆ । ਭਗਵਾਨ ਹੋ ਕੇ ਸਭ ਦੇ ਮੇਟੇ ਰੋਗ ਸੰਤਾਪ, ਸਤਿ ਸਤਿਵਾਦੀ ਇਕੋ ਘਰ ਜਣਾਈਆ । ਜਿਨ੍ਹਾਂ ਨੇ ਜੈ ਜੈਕਾਰ ਕੀਤਾ ਉਹਨਾਂ ਨੂੰ ਮਿਲਿਆ ਸਾਖਿਆਤ, ਸਾਂਝਾ ਯਾਰ ਹੋ ਕੇ ਆਪਣਾ ਰੰਗ ਰੰਗਾਈਆ । ਨਾਨਕ ਗੋਬਿੰਦ ਕਹਿ ਕੇ ਗਿਆ ਸਾਫ਼, ਸ੍ਰਿਸ਼ਟ ਦ੍ਰਿਸ਼ਟ ਆਪ ਜਣਾਈਆ । ਈਸਾ ਮੂਸਾ ਮੁਹੰਮਦ ਕਹਿ ਕੇ ਗਏ ਉਹ ਰਸੂਲਾਂ ਦਾ ਰਸੂਲ ਪਾਕ, ਪਰਵਰਦਿਗਾਰ ਨੂਰ ਇਲਾਹੀਆ । ਕਵਣ ਜਾਣੇ ਕਿਸ ਦੇ ਨਾਲ ਉਹਦਾ ਹੋਵੇ ਇਤਫ਼ਾਕ, ਇਤਫ਼ਾਕੀਆ ਆਪਣਾ ਮੇਲ ਮਿਲਾਈਆ । ਗੋਬਿੰਦ ਲਿਖਿਆ ਇਕ ਭਵਿਖਤ ਵਾਕ, ਸੋਹਣਾ ਬੰਦ ਬਣਾਈਆ । ਮੇਰਾ ਪਰਮ ਪੁਰਖ ਪਿਤਾ ਪੁਰਖ ਅਕਾਲ ਸਭ ਦੀ ਪੁਛੇ ਵਾਤ, ਵਾਹਵਾ ਆਪਣਾ ਵੇਸ ਵਟਾਈਆ । ਉਹ ਅਗੰਮੀ ਦੱਸੇ ਸਾਂਝੀ ਸਭ ਨੂੰ ਗਾਥ, ਬੋਧ ਅਗਾਧ ਕਰੇ ਪੜ੍ਹਾਈਆ । ਬੁਧੀਵਾਨ ਕੋਈ ਨਾ ਸਕੇ ਵਾਚ, ਵਾਚਕ ਗਿਆਨੀ ਸਮਝ ਸਕੇ ਨਾ ਰਾਈਆ । ਜੋ ਨਾਮ ਪਿਆਰ ਸਤਿਗੁਰ ਪ੍ਰੇਮੀ ਹੋਏ ਮੁਸ਼ਤਾਕ, ਨਸ਼ਾਵਰ ਆਪਣਾ ਆਪ ਕਰਾਈਆ । ਉਸ ਦਾ ਲਹਿਣਾ ਨੇਤਰ ਨੈਣਾਂ ਦੇਵਣਹਾਰਾ ਕਰੇ ਬੇਬਾਕ, ਧੁਰ ਦਾ ਲੇਖਾ ਝੋਲੀ ਪਾਈਆ । ਰਸਨਾ ਜਿਹਵਾ ਬੱਤੀ ਦੰਦ ਕਰੇ ਅੱਖਰਾਂ ਵਾਲਾ ਪਾਠ, ਅੰਤਰ ਆਤਮ ਪਰਮਾਤਮ ਆਪਣੀ ਵੱਖਰੀ ਦੱਸੇ ਪੜ੍ਹਾਈਆ । ਜਿਥੇ ਮਣਕਿਆਂ ਵਾਲੀ ਮਾਲਾ ਨਹੀਂ ਕੋਈ ਸਾਥ, ਹੱਥਾਂ ਵਾਲੀ ਚਰਖੜੀ ਨਾ ਕੋਇ ਭੁਆਈਆ । ਲਿਖਣ ਵਾਲੀ ਨਹੀਂ ਕਲਮ ਦਵਾਤ, ਕਾਗਜ ਸ਼ਾਹੀ ਰੰਗ ਨਾ ਕੋਇ ਚੜ੍ਹਾਈਆ । ਜਨ ਭਗਤਾਂ ਬਖ਼ਸ਼ ਕੇ ਉਹ ਅਜੱਪਾ ਜਾਪ, ਜਗਜੀਵਣ ਦਾਤਾ ਜੀਵਣ ਵਿਚੋਂ ਜੀਵਣ ਦਏ ਬਦਲਾਈਆ । ਪੈਰ ਤਨ ਮੁਖ ਸਿਰ ਸਾਰੇ ਉਹ ਪਾਕ, ਪਤਤ ਪੁਨੀਤ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਦ ਦੇਵਣਹਾਰ ਵਡਿਆਈਆ । ਸੋ ਕਹੇ ਪ੍ਰਭ ਸਰਬ ਵਿਆਪੀ, ਆਦਿ ਅੰਤ ਇਕ ਅਖਵਾਈਆ । ਹੰ ਕਹੇ ਪ੍ਰਭ ਵਡ ਪਰਤਾਪੀ, ਮਹਾਰਾਜ ਅਖਵਾਈਆ । ਮਹਾਰਾਜ ਕਹੇ ਮੇਰੇ ਬਲ ਦਾ ਸਰਬ ਮੁਹਤਾਜੀ, ਸ਼ੇਰ ਸਿੰਘ ਮੇਰੀ ਵਡਿਆਈਆ । ਵਿਸ਼ਨੂੰ ਕਹੇ ਮੈਂ ਘਰ ਘਰ ਦੇਵਾਂ ਭਾਜੀ, ਧੁਰ ਦੀ ਵਸਤ ਵਰਤਾਈਆ । ਭਗਵਾਨ ਕਹੇ ਮੈਂ ਜੁਗ ਚੌਕੜੀ ਖੇਲਾਂ ਖੇਲ ਆਪਣੀ ਅਗੰਮੀ ਬਾਜ਼ੀ, ਬਣਕੇ ਨਟੂਆ ਧੁਰ ਦਾ ਸਵਾਂਗ ਵਰਤਾਈਆ । ਕੋਟਨ ਕੋਟਾਂ ਵਿਚੋਂ ਲੋਕਮਾਤ ਥੋੜ੍ਹੇ ਗੁਰਮੁਖ ਕਰਾਂ ਰਾਜ਼ੀ, ਜਿਨ੍ਹਾਂ ਆਪਣੇ ਨਾਲ ਮਿਲਾਈਆ । ਮੈਂ ਵੇਖਾਂ ਕਦੇ ਨਾ ਕੋਇ ਸ਼ਰਅ ਨਮਾਜ਼ੀ, ਤਿਲਕਾਂ ਵਾਲਿਆਂ ਨਾ ਕੋਇ ਵਡਿਆਈਆ । ਜੋ ਅੰਤਰ ਆਤਮ ਮੈਨੂੰ ਮੰਗਦੇ ਸਾਥੀ, ਉਹਨਾਂ ਦਾ ਸੰਗ ਨਿਭਾਈਆ । ਊਚਾਂ ਨੀਚਾਂ ਬਣ ਕੇ ਕਮਲਾਪਾਤੀ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਜਿਨ੍ਹਾਂ ਨੇ ਸਤਿਗੁਰ ਸ਼ਬਦ ਹੁਕਮ ਦੀ ਮੰਨ ਲਈ ਆਖੀ, ਆਖ਼ਰ ਪੜਦਾ ਦਿਆਂ ਤੁੜਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕੀ, ਸਾਚਾ ਨੂਰ ਦਿਆਂ ਚਮਕਾਈਆ । ਨਿਰਗੁਣ ਜੋਤ ਜਗਾ ਕੇ ਘਰ ਸਾਚਾ ਦੀਵਾ ਬਾਤੀ, ਅਗਿਆਨ ਅੰਧੇਰ ਦਿਆਂ ਮਿਟਾਈਆ । ਆਤਮ ਸੇਜਾ ਦਾ ਬਣਕੇ ਆਪ ਨਿਵਾਸੀ, ਭੂਮਿਕਾ ਆਪਣੀ ਆਪ ਸੁਹਾਈਆ । ਅਗਲੀ ਦੱਸਾਂ ਫੇਰ ਬਾਤੀ, ਬੇਵਤਨਾਂ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਕਹਿਣ ਪ੍ਰਭ ਤੇਰੇ ਮਿਲਣ ਦਾ ਕੀ ਲਾਭ, ਇਕੋ ਵਾਰ ਦੇ ਸਮਝਾਈਆ । ਸਾਨੂੰ ਸ੍ਰਿਸ਼ਟੀ ਕਹਿੰਦੀ ਇਹ ਕਰਦੇ ਨਹੀਂ ਕੋਈ ਜਾਪ, ਸ਼ਿਵਦਵਾਲੇ ਮੰਦਰ ਮੱਠ ਨਜ਼ਰ ਕੋਇ ਨਾ ਆਈਆ । ਇਸ਼ਨਾਨ ਕਰਕੇ ਲਾਹੁੰਦੇ ਨਹੀਂ ਸੰਤਾਪ, ਅੰਮ੍ਰਿਤ ਵੇਲੇ ਉਠ ਨਾ ਧਿਆਨ ਲਗਾਈਆ । ਅਬਿਨਾਸ਼ੀ ਕਰਤਾ ਹੱਸ ਕੇ ਕਹੇ ਆਓ ਲੰਘੋ ਤੁਹਾਨੂੰ ਵਖਾਵਾਂ ਭਗਤਾਂ ਵਾਲੀ ਜਮਾਤ, ਜਿਥੇ ਇਕੋ ਇਕ ਪੜ੍ਹਾਈਆ । ਨਾ ਕੋਈ ਦਿਵਸ ਤੇ ਨਾ ਕੋਈ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਕਲਮ ਨਾ ਦਵਾਤ, ਨਾ ਕੋਈ ਕਾਗ਼ਜ਼ ਨਾ ਕੋਈ ਸ਼ਾਹੀਆ । ਨਾ ਕੋਈ ਪਿਤਾ ਨਾ ਕੋਈ ਮਾਤ, ਇਕੋ ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਜਿਸ ਦਾ ਜੁਗ ਚੌਕੜੀ ਇਕੋ ਇਕ ਬਾਬ, ਦੂਜਾ ਹਿਸਾਬ ਨਾ ਕੋਇ ਕਢਾਈਆ । ਜਿਸ ਦੀ ਇਕੋ ਇਕ ਆਵਾਜ਼, ਇਕੋ ਰਾਗ ਸੁਣਾਈਆ । ਜਿਸ ਨੂੰ ਦੱਸ ਦਿਤਾ ਤੂੰ ਮੇਰਾ ਮੈਂ ਤੇਰਾ ਦੂਜਾ ਨਹੀਂ ਕੋਈ ਸਾਕ, ਸਗਲਾ ਨਾਤਾ ਦਿਤਾ ਤੁੜਾਈਆ । ਉਹ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਦਾ ਸੁਹੇਲਾ ਰਿਹਾ ਜਾਗ, ਜਗਤ ਆਲਸ ਨਿੰਦਰਾ ਨੇੜ ਕੋਇ ਨਾ ਆਈਆ । ਉਹਨਾਂ ਦਾ ਇਕੋ ਪੁਰਖ ਅਕਾਲ ਉਹ ਪੁਰਖ ਅਕਾਲ ਦਾ ਜਾਪ, ਸ੍ਰੀ ਭਗਵਾਨ ਉਹਨਾਂ ਦੇ ਢੋਲੇ ਗਾਈਆ । ਉਹਨਾਂ ਦੇ ਕੋਲ ਕੀ ਲੈਣ ਔਣ ਪਾਪ, ਜਿਨ੍ਹਾਂ ਨੂੰ ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਉਹਨਾਂ ਦੇ ਕੋਟ ਜਨਮ ਦੇ ਕਸੂਰ ਕਰਕੇ ਮੁਆਫ, ਬਰੀਖਾਨਾ ਦਏ ਵਖਾਈਆ । ਉਹ ਰੂਹ ਬੁੱਤ ਦੋਵੇਂ ਕਰਕੇ ਪਾਕ, ਮਿਹਰ ਨਜ਼ਰ ਨਾਲ ਤਰਾਈਆ । ਉਹ ਕਿਉਂ ਕਰਨ ਨਿੱਕੀ ਜਿਹੀ ਬਾਤ, ਜਿਨ੍ਹਾਂ ਨੂੰ ਵੱਡੇ ਤੋਂ ਵੱਡਾ ਮਿਲਿਆ ਸ਼ਹਿਨਸ਼ਾਹੀਆ । ਉਹਨਾਂ ਕੀ ਕਰਨਾ ਅੱਖਰਾਂ ਵਾਲਾ ਜਾਪ, ਜਿਨ੍ਹਾਂ ਨੂੰ ਅਨਮੰਗੀ ਦੌਲਤ ਝੋਲੀ ਰਿਹਾ ਪਾਈਆ । ਵੀਹ ਸੌ ਇੱਕੀ ਲੰਘਣ ਦਿਓ ਮੈਂ ਸਭ ਨੂੰ ਦੱਸ ਦਿਉਂ ਸਾਫ, ਕੀ ਕੁਛ ਭਗਵਨ ਹੱਥ ਵਡਿਆਈਆ । ਜਨ ਭਗਤਾਂ ਕਿਸੇ ਨੂੰ ਕੁੱਛੜ ਚੁੱਕਾਂ ਕਿਸੇ ਨੂੰ ਢਾਕ, ਕਿਸੇ ਨੂੰ ਕੰਧਿਆ ਉਪਰ ਉਠਾਈਆ । ਨਾਲੇ ਆਪਣੇ ਮਿਲਣ ਦੀ ਦੱਸ ਕੇ ਜਾਚ, ਸਿੱਧਾ ਰਾਹ ਵਖਾਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਝੁਕਕੇ ਆਪਣਾ ਰਗੜਨ ਨਾਕ, ਸੋ ਪੁਰਖ ਅਕਾਲ ਦਾ ਸੱਚਾ ਦਵਾਰਾ ਦਰਗਾਹ ਸਾਚੀ ਸੋਭਾ ਪਾਈਆ । ਉਸ ਦਾ ਭੇਵ ਬਿਆਨ ਦੱਸਾਂ ਨਾਲ ਵਜ਼ਾਹਤ, ਵਜਹ ਅਗਲੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗਹਿਰ ਗੰਭੀਰ ਆਪਣੇ ਹੱਥ ਰੱਖੇ ਵਡਿਆਈਆ ।



## ✪ ੧੪ ਪੋਹ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਨਵਿਤ ✪

ਸਤਿ ਨਿਸ਼ਾਨਾ ਕਹੇ ਸੁਣ ਸਾਹਿਬ ਸ੍ਰੀ ਮਹਾਰਾਜ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਹਿੱਸਾ ਦੇ ਦੇ ਭਾਗ, ਭਗਵਨ ਆਪਣੀ ਦਇਆ ਕਮਾਈਆ । ਦਿਵਸ ਰੈਣ ਅੱਠੇ ਪਹਿਰ ਰੱਖਣ ਤੇਰੀ ਯਾਦ, ਅਭੁਲ ਭੁਲ ਕਦੇ ਨਾ ਜਾਈਆ । ਨਾਮ ਭੰਡਾਰਾ ਬਖ਼ਸ਼ਿਸ਼ ਕਰ ਕੇ ਸਾਚੀ ਦਾਦ, ਦਾਤ ਆਪਣੀ ਝੋਲੀ ਪਾਈਆ । ਕਾਇਆ ਮੰਦਰ ਅੰਦਰ ਦੀਵਾ ਬਾਤੀ ਜਗਾ ਦੇ ਚਰਾਗ਼, ਜੋਤੀ ਨੂਰ ਕਰ ਰੁਸ਼ਨਾਈਆ । ਜਨਮ ਕਰਮ ਦਾ ਪੂਰਬ ਧੋ ਦੇ ਦਾਗ਼, ਦੁਰਮਤ ਮੈਲ ਕਟਾਈਆ । ਕੂੜੀ ਕਿਰਿਆ ਤ੍ਰਿਸਨਾ ਬੁਝਾ ਦੇ ਆਗ, ਅੰਮ੍ਰਿਤ ਮੇਘ ਬਰਸਾਈਆ । ਧੁਨ ਆਤਮਕ

ਸੁਣਾ ਦੇ ਇਕ ਆਵਾਜ਼, ਰਾਗਾਂ ਨਾਦਾਂ ਡੇਰਾ ਦੇ ਢਾਹੀਆ । ਆਤਮ ਪਰਮਾਤਮ ਆਪਣਾ ਬਣਾ ਲੈ ਸਮਾਜ, ਦੂਸਰ ਨਜ਼ਰ ਕੋਇ ਨਾ ਆਈਆ । ਇਕੋ ਤੇਰਾ ਨੂਰ ਨਜ਼ਰੀ ਆਏ ਵਾਹਦ, ਵਾਹਵਾ ਕਹਿ ਕੇ ਢੋਲਾ ਗਾਈਆ । ਇਹਨਾਂ ਤੋਂ ਪੜ੍ਹੀ ਨਹੀਂ ਜਾਣੀ ਅੱਗੇ ਨਿਮਾਜ਼, ਸੱਯਦਾ ਇਕੋ ਇਕ ਕਰਾਈਆ । ਬਿਨ ਤੈਥੋਂ ਕਿਸੇ ਦਾ ਕਰਨ ਨਾ ਹੋਰ ਆਦਾਬ, ਅਦਬ ਤੇਰਾ ਇਕੋ ਭਾਈਆ । ਦੀਨ ਮਜ਼੍ਹਬ ਦੇ ਵਿਚੋਂ ਕਰਦੇ ਆਜ਼ਾਦ, ਦੀਨ ਸ਼ਰਅ ਸ਼ਰੀਅਤ ਬੰਧਨ ਦੇ ਕਟਾਈਆ । ਮੁਖ ਪੜਦਾ ਲਾਹ ਦੇ ਨਕਾਬ, ਸਨਮੁਖ ਹੋ ਕੇ ਨਜ਼ਰੀ ਆਈਆ । ਜੇ ਤੈਥੋਂ ਕੁਛ ਨਹੀਂ ਹੁੰਦਾ ਦੇ ਦੇ ਸਾਨੂੰ ਜਵਾਬ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਿਹਾ ਵਾਹ ਸ਼ਾਬਾਸ਼, ਸਚ ਨਿਸ਼ਾਨੇ ਤੇਰੀ ਬੇਪਰਵਾਹੀਆ । ਮੈਂ ਕੁਲ ਮਾਲਕ ਹੋ ਕੇ ਸਭ ਦਾ ਬਾਪ, ਕਿਉਂ ਬੱਚਿਆਂ ਦੇਵਾਂ ਤਰਸਾਈਆ । ਜਿਨ੍ਹਾਂ ਦੇ ਨਾਲ ਮਿਲ ਕੇ ਆਪਣਾ ਬਣਾਵਾਂ ਜਾਪ, ਬਿਨ ਭਗਤਾਂ ਭਗਵਨ ਰਾਗ ਨਾ ਕੋਈ ਅਲਾਈਆ । ਮੈਂ ਉਹਨਾਂ ਦਾ ਹੋ ਕੇ ਰਹਵਾਂ ਦਾਸ, ਬਣ ਦਾਸੀ ਦਾਸ ਸੇਵ ਕਮਾਈਆ । ਆਸਾ ਮਨਸਾ ਪੂਰੀ ਕਰਾਂ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਬਿਨ ਮੇਰੀ ਕਿਰਪਾ ਮੇਰੇ ਉਤੇ ਕਿਸੇ ਦਾ ਕਦੇ ਨਾ ਆਇਆ ਵਿਸ਼ਵਾਸ਼, ਵਿਸ਼ਵ ਰੂਪ ਨਾ ਕੋਇ ਸਮਾਈਆ । ਬੇਸ਼ਕ ਹਨੋਰੇ ਅੰਦਰ ਮੈਨੂੰ ਭਗਤਾਂ ਕਿਹਾ ਬਦਮਾਸ਼, ਜੋ ਵਲ ਛਲ ਕਰਕੇ ਆਪਣਾ ਵਕਤ ਲੰਘਾਈਆ । ਅੱਗੇ ਹੁਣ ਸਭ ਦਾ ਪੜਦਾ ਕਰ ਦਿਆਂ ਫ਼ਾਸ਼, ਓਹਲਾ ਨਜ਼ਰ ਕੋਇ ਨਾ ਆਈਆ । ਗੁਰਮੁਖਾਂ ਕਰਕੇ ਜਨਮ ਕਰਮ ਮੁਆਫ਼, ਮੁਆਫ਼ੀ ਇਕੋ ਝੋਲੀ ਪਾਈਆ । ਜੇ ਕੋਈ ਜ਼ਬਾਨ ਦਾ ਹੋਇਆ ਗੁਸਤਾਖ਼, ਗ਼ੁੱਸਾ ਗਿਲਾ ਦਿਆਂ ਗਵਾਈਆ । ਚਰਨ ਧੂੜੀ ਟਿੱਕਾ ਲਾ ਕੇ ਉਹਨਾਂ ਮਸਤਕ ਮਾਥ, ਮਥਰਾ ਵਾਲੇ ਕਾਹਨ ਨਾਲੋਂ ਅੱਗੇ ਦਿਆਂ ਪਹੁੰਚਾਈਆ । ਜਿਥੇ ਸਚਖੰਡ ਨਿਵਾਸੀ ਵਸੇ ਆਪ ਅਬਿਨਾਸ਼, ਸਤਿ ਸਤਿਵਾਦੀ ਡੇਰਾ ਲਾਈਆ । ਜਿਥੇ ਤੱਤਾਂ ਵਾਲਾ ਕੋਈ ਨਾ ਕਰੇ ਰਾਜ, ਰਈਅਤ ਰੂਪ ਨਾ ਕੋਇ ਵਟਾਈਆ । ਜਿਥੇ ਸਾਹਿਬ ਸੁਲਤਾਨ ਇਕੋ ਆਪਣੇ ਸੀਸ ਸੁਹਾਏ ਤਾਜ, ਜਿਸ ਦੀ ਆਦਿ ਜੁਗਾਦਿ ਬਦਲੀ ਨਾ ਕੋਇ ਕਰਾਈਆ । ਸਚ ਨਿਸ਼ਾਨੇ ਤੇਰੀ ਪਿਛਲੀ ਕਹਾਣੀ ਰੱਖੀ ਯਾਦ, ਜਿਸ ਵੇਲੇ ਸ਼ਬਦੀ ਸੁਤ ਲਿਆ ਪਰਗਟਾਈਆ । ਮੇਰਾ ਇਸ਼ਾਰਾ ਲੱਕੜੀ ਬਣਿਆ ਰਾਡ, ਡੰਡਾ ਇਕ ਅਖਵਾਈਆ । ਜਿਸ ਦੇ ਨਾਲ ਤੈਨੂੰ ਲਿਆ ਗਾਡ, ਗੱਡ ਕੇ ਫੇਰ ਆਪਣਾ ਨਾਉਂ ਗਾਡ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਣਹਾਰ ਸਚ ਸਰਨਾਈਆ । ਸਚ ਨਿਸ਼ਾਨਾ ਕਹੇ ਪ੍ਰਭੂ ਮੈਂ ਵੇਖਿਆ ਤੇਰਾ ਸ਼ਬਦ ਦੂਤੀ, ਦੋ ਜਹਾਨਾਂ ਫੇਰਾ ਪਾਇੰਦਾ । ਜਿਸ ਦੇ ਕੋਲੋਂ ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਮੰਗੀ ਭਬੂਤੀ, ਚਰਨ ਧੂੜੀ ਥੋੜ੍ਹੀ ਹੱਥ ਫੜਾਇੰਦਾ । ਜਿਸ ਦਾ ਨਾਮ ਅਗੰਮੀ ਬੂਟੀ, ਨਸ਼ਾ ਅੱਠੇ ਪਹਿਰ ਰਖਾਇੰਦਾ । ਜੋ ਨਿਤ ਨਵਿਤ ਜਨ ਭਗਤਾਂ ਕਰੇ ਬੁੱਤੀ, ਦਰ ਦਰ ਘਰ ਘਰ ਫੇਰਾ ਪਾਇੰਦਾ । ਆਤਮ ਉਠਾਵੇ ਕਾਇਆ ਅੰਦਰ ਸੁੱਤੀ, ਨਾਮ ਹਲੂਣਾ ਇਕ ਲਗਾਇੰਦਾ । ਫੜ ਕੇ ਚੋਟੀਉਂ ਕਰ ਦਏ ਉਚੀ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਤੂੰ ਸਭ ਦੇ ਨਾਲੋਂ ਸੁੱਚੀ, ਸੂਖਮ ਰੂਪ ਦਰਸਾਇੰਦਾ । ਕਿਉਂ ਬੈਠੀ ਅੰਦਰ ਲੁਕੀ, ਤੇਰਾ ਸਾਹਿਬ ਤੈਨੂੰ ਮਿਲਣ ਆਇੰਦਾ । ਕਿਉਂ ਬੈਠੀ ਆਪ ਰੁਠੀ, ਬਿਨ ਹਰਿ ਰੁਠਿਆਂ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਇੰਦਾ । ਸਚ ਨਿਸ਼ਾਨਾ ਕਹੇ ਮੈਂ ਵੇਖਿਆ ਤੇਰਾ ਉਹ ਨੁਕਤਾ, ਜਿਹੜਾ ਏਕੇ ਦੇ ਪਿਛੇ ਦਿਤਾ ਲਾਈਆ । ਜਿਸ ਦਾ ਹਿਸਾਬ ਕਿਤਾਬ ਆਪਣੇ ਹੱਥ ਰੱਖਿਆ ਪੁਖ਼ਤਾ,

ਜੁਗ ਚੌਕੜੀ ਸਕਿਆ ਨਾ ਕੋਇ ਬਦਲਾਈਆ । ਜਦ ਵੰਡੇਂ ਜਨ ਭਗਤਾਂ ਬਿਨ ਕੀਮਤੋਂ ਮੁਫ਼ਤਾ, ਮਿਹਰ ਨਜ਼ਰ ਨਾਲ ਸਾਚੀ ਝੋਲੀ ਪਾਈਆ । ਜਿਸਦਾ ਖੇਲ ਹੁਕਮਾਂ ਸਦਾ ਦਰੁਸਤਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਵੇਲੇ ਹਰਿ ਭਗਤ ਲੰਘ ਕੇ ਜਾਂਦੇ ਅੱਗੇ ਸਵਰਗ ਬਹਿਸ਼ਤਾ, ਆਪਣਾ ਪੰਧ ਮੁਕਾਈਆ । ਓਥੇ ਉਸ ਨੁਕਤੇ ਦੇ ਇਸ਼ਾਰੇ ਨਾਲ ਮਹਾਂਕਾਲ ਵੇਖਣਹਾਰਾ ਸਭ ਦੀਆਂ ਲਿਸਟਾਂ, ਫ਼ਰਿਸਤਾਂ ਆਪਣੇ ਹੱਥ ਉਠਾਈਆ । ਜਿਨ੍ਹਾਂ ਦਾ ਪਰਮ ਪੁਰਖ ਉਤੇ ਨਿਸਚਾ, ਫੜ ਬਾਹੋਂ ਬਾਹਰ ਕਢਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਦੀ ਚਰਨੀ ਰਿਹਾ ਡਿਗਦਾ, ਓਹਨੂੰ ਇਸ਼ਾਰੇ ਨਾਲ ਸਮਝਾਈਆ । ਓਨਾਂ ਚਿਰ ਸ੍ਰੀ ਭਗਵਾਨ ਕਦੇ ਨਾ ਰੀਝਦਾ, ਜਬ ਤਕ ਜਨ ਭਗਤ ਸਾਚਾ ਸੰਤ ਨਾ ਰੂਪ ਵਟਾਈਆ । ਉਹ ਕਿਸੇ ਦੇ ਉਤੇ ਨਹੀਂ ਪਤੀਜਦਾ, ਹੁਕਮ ਸਣੌਨ ਵਾਲੇ ਸਾਰੇ ਓਸੇ ਦਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਸੁਣ ਅਸੁਤੇ ਪਰਕਾਸ਼ੀ, ਦਰ ਤੇਰੇ ਅਲਖ ਜਗਾਈਆ । ਜੇ ਤੂੰ ਹੈਂ ਪੁਰਖ ਅਬਿਨਾਸ਼ੀ, ਅਬਿਨਾਸ਼ ਆਪਣਾ ਨਾਉਂ ਧਰਾਈਆ । ਆਪਣੇ ਨਾਲ ਰਲਾ ਲੈ ਆਪਣੇ ਸਾਥੀ, ਜਨ ਭਗਤਾਂ ਜੋੜ ਜੁੜਾਈਆ । ਸਾਚੇ ਅਸਵ ਘੋੜੇ ਪਾਖਰ ਪਾ ਕਾਠੀ, ਜ਼ੀਨ ਆਪਣਾ ਤੰਗ ਕਸਾਈਆ । ਖਹਿੜਾ ਛਡ ਦੇ ਐਰਾਪਤ ਹਾਥੀ, ਇਸ ਦੀ ਲੋੜ ਰਹੀ ਨਾ ਰਾਈਆ । ਜਾ ਕੇ ਵੇਖ ਜਨ ਭਗਤਾਂ ਦੀ ਮੰਜ਼ਲ ਉਹ ਘਾਟੀ, ਜਿਸ ਦੀ ਅਧਵਾਟੀ ਨਜ਼ਰ ਕੋਇ ਨਾ ਆਈਆ । ਉਹ ਤੇਰਾ ਰਾਹ ਰਹੇ ਝਾਕੀ, ਝਾਕੀਆਂ ਜਗਤ ਰਹੇ ਤਜਾਈਆ । ਉਹਨਾਂ ਦਾ ਲਹਿਣਾ ਦੇ ਬਾਕੀ, ਪਿਛਲਾ ਹਿਸਾਬ ਮੁਕਾਈਆ । ਸਤਿ ਦਵਾਰੇ ਬੰਧਾ ਨਾਤੀ, ਨਾਤਾ ਧੁਰ ਦਾ ਜੋੜ ਜੁੜਾਈਆ । ਜੇ ਸਾਹਿਬ ਤੂੰ ਸਚਖੰਡ ਨਿਵਾਸੀ, ਭਗਤ ਸੁਹੇਲੇ ਕਿਉਂ ਦਰ ਦਰ ਰੁਲਾਈਆ । ਮਿਹਰਵਾਨ ਹੋ ਕੇ ਮੰਨ ਆਖੀ, ਆਖਰ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਹੁਸੀਨ ਹੁਸੀਨਾਂ ਵਿਚੋਂ ਮਸਕੀਨ ਮਸਕੀਨਾਂ ਵਿਚੋਂ ਤਾਲੀਮਾਂ ਕਰੇ ਤਲਕੀਨ, ਤਲਕੀਨਾਂ ਦਾ ਮਾਲਕ ਹੋਇ ਆਪ ਅਧੀਨ, ਅਦਨਾ ਹੋ ਕੇ ਝਟ ਲੰਘਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਿਕਾਰ ਖੇਡਣ ਵਾਲਾ ਬੜਾ ਸ਼ੌਕੀਨ, ਲੱਖ ਚੁਰਾਸੀ ਖੁੱਡਾਂ ਬਿੱਲਾਂ ਜੰਗਲਾਂ ਜੂਹਾਂ ਉਜਾੜ ਪਹਾੜਾਂ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਤਟਾਂ ਅਠਸਠ ਹੱਟਾਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰਾਂ ਵਿਚੋਂ ਸਾਰੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਨਾਲ ਭਗਤ ਸੁਹੇਲੇ ਪਾਰ ਲੰਘਾਈਆ ।



## ✪ ੧੪ ਪੋਹ ੨੦੨੧ ਬਿਕ੍ਰਮੀ ਲੈਫ਼ਟੀਨੈਂਟ ਮੁਹਿੰਦਰ ਸਿੰਘ ਦੇ ਨਵਿਤ ✪

ਸਤਿ ਨਿਸ਼ਾਨ ਕਹੇ ਮੈਂ ਹੱਥ ਸਿੰਘ ਜਗਦੀਸ਼, ਪੁਰਖ ਅਕਾਲ ਦੀਨ ਦਿਆਲ ਦਿਤੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਮੰਨਣ ਹਦੀਸ, ਦਰ ਠਾਂਡੇ ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸਦੀ ਅਵੱਲੜੀ ਰੀਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋ ਸਾਚੇ ਧਾਮ ਅਵੱਲੜਾ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸੋ ਸਾਹਿਬ

ਸੁਲਤਾਨਾ ਹਰਿ ਮਿਹਰਵਾਨਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਠੀਕ, ਠਾਕਰ ਸਵਾਮੀ ਵਡ ਵਡਿਆਈਆ । ਨਿਤ ਨਵਿਤ ਸਦਾ ਸੁਹੇਲਾ ਸਤਿ ਸਤਿਵਾਦੀ ਝੋਲੀ ਪਾਏ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਨੌ ਸੌ ਚੁਰਾਨਵੇਂ ਚੋਕੜੀ ਜੁਗ ਪਿਛੋਂ ਕਲਜੁਗ ਰਿਹਾ ਬੀਤ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੀ ਦਰੋਹੀ ਮੰਦਰ ਮਸੀਤ, ਸ਼ਿਵਦਵਾਲੇ ਮਠ ਗੁਰੂਦਵਾਰ ਰਹੇ ਕੁਰਲਾਈਆ । ਝਗੜਾ ਪਿਆ ਊਚ ਨੀਚ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਤਮ ਪਰਮਾਤਮ ਕਰੇ ਨਾ ਕੋਇ ਪ੍ਰੀਤ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਨਿਸ਼ਾਨਾ ਕਹੇ ਮੈਂ ਹੱਥ ਭਗਤ, ਭਗਵਨ ਦੇਵੇ ਵਡਿਆਈਆ । ਸੋਹਣਾ ਵੇਲਾ ਸੁਹੰਜਣਾ ਵਕਤ, ਦੋ ਜਹਾਨਾਂ ਵੱਜੇ ਵਧਾਈਆ । ਵੇਖਾਂ ਜੀਵ ਜਹਾਨ ਜਗਤ, ਲੱਖ ਚੁਰਾਸੀ ਫੋਲ ਫੁਲਾਈਆ । ਕੋਟਨ ਕੋਟਾਂ ਵਿਚੋਂ ਨਜ਼ਰੀ ਆਇਆ ਗੁਰਮੁਖ ਵਿਰਲਾ ਨਾਮ ਖ਼ੁਮਾਰੀ ਵਿਚ ਮਸਤ, ਮਸਤਕ ਨੂਰੀ ਜੋਤ ਕਰੇ ਰੁਸ਼ਨਾਈਆ । ਨਿਜ ਨੇਤਰ ਨਿਜ ਆਤਮ ਨਿਜ ਗ੍ਰਿਹਿ ਸਾਹਿਬ ਸਵਾਮੀ ਕਰੇ ਦਰਸ, ਹਰਸ ਹਵਸ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਚ ਨਿਸ਼ਾਨਾ ਕਹੇ ਮੈਂ ਪਕੜਾਂ ਪ੍ਰਭ ਦੀ ਓਟ, ਦੂਜੀ ਆਸ ਨਾ ਕੋਇ ਰਖਾਈਆ । ਜਿਸ ਦਾ ਨੂਰ ਜ਼ਹੂਰ ਅਗੰਮਾ ਨਿਰਮਲ ਜੋਤ, ਰੇਖ ਰੰਗ ਸਮਝ ਕੋਇ ਨਾ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸੋਚ ਨਾ ਸਕੇ ਸੋਚ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਬੈਠੇ ਸੀਸ ਨਿਵਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰ ਨਾ ਸਕੀ ਖੋਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਠਾਕਰ ਪੂਰਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਜਾਣੇ ਆਪਣੀ ਮੌਜ, ਮੁਕਾਮੇ ਹਕ ਲਾਸ਼ਰੀਕ ਨੂਰ ਨੁਰਾਨਾ ਬੈਠਾ ਆਪਣਾ ਡੇਰਾ ਲਾਈਆ । ਓਸ ਦੇ ਹੱਥ ਇਕ ਤੌਫ਼ੀਕ, ਭਗਤ ਸੁਹੇਲਾ ਬਣ ਰਫ਼ੀਕ, ਤਾਰੀਫ਼ ਕਰੇ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਲੋਕਮਾਤ, ਕਲਜੁਗ ਅੰਤਮ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਉੱਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਨੂਰ ਨਾ ਕੋਇ ਚਮਕਾਈਆ । ਆਤਮ ਪਰਮਾਤਮ ਸਾਚਾ ਕਰੇ ਨਾ ਕੋਇ ਪਾਠ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸ੍ਰਿਸ਼ਟ ਸਬਾਈ ਰਹੀ ਗਾਈਆ । ਸਚ ਪ੍ਰੀਤੀ ਸਾਚਾ ਜੁੜਿਆ ਕਿਸੇ ਨਾ ਨਾਤ, ਜਗਤ ਨਾਤਿਆਂ ਵਿਚ ਵੇਖੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧਰਮ ਨਿਸ਼ਾਨਾ ਕਹੇ ਮੈਂ ਵੇਖ ਕੇ ਸ੍ਰਿਸ਼ਟ ਸਬਾਈ ਕਰਮ, ਨਿਹਕਰਮੀ ਤੈਨੂੰ ਦਿਆਂ ਜਣਾਈਆ । ਤੇਰੀ ਕੋਈ ਨਾ ਮੰਗੇ ਸਾਚੀ ਸਰਨ, ਧੁਰ ਦੀ ਓਟ ਨਾ ਕੋਇ ਰਖਾਈਆ । ਝਗੜਾ ਵੇਖਿਆ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ, ਆਤਮ ਬ੍ਰਹਮ ਸਮਝ ਕੋਇ ਨਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਰਕੇ ਲੜਨ, ਝਗੜੇ ਵਿਚ ਦਿੱਸੀ ਲੋਕਾਈਆ । ਸਾਚਾ ਪੌੜਾ ਮੂਲ ਨਾ ਚੜ੍ਹਨ, ਸਾਚੇ ਮੰਦਰ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਮੈਂ ਇਕੋ ਅਰਜ਼ ਆਇਆ ਕਰਨ, ਆਰਜ਼ੂ ਖ਼ਾਹਿਸ਼ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ

੧੨੩੬
੧੭

ਮਾਣ ਵਡਿਆਈਆ । ਧਰਮ ਨਿਸ਼ਾਨਾ ਕਹੇ ਸੁਣ ਮੇਰੇ ਪ੍ਰਭ, ਪਰਮ ਪੁਰਖ ਦਿਆਂ ਜਣਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਆਪ ਲੱਭ, ਨਿਰਗੁਣ ਹੋ ਕੇ ਸਰਗੁਣ ਖੋਜ ਖੁਜਾਈਆ । ਕੂੜੀ ਕਿਰਿਆ ਮੇਟ ਦੇ ਹੱਦ, ਹਦੂਦ ਸਾਚੀ ਦੇ ਸਮਝਾਈਆ । ਅੰਮ੍ਰਿਤ ਜਾਮ ਪਿਆ ਦੇ ਮਦਿ, ਮਸਤ ਖ਼ੁਮਾਰੀ ਇਕ ਚੜ੍ਹਾਈਆ । ਮਾਇਆ ਮਮਤਾ ਵਿਚੋਂ ਕਰਦੇ ਅੱਡ, ਕੂੜਾ ਨਾਤਾ ਦੇ ਤੁੜਾਈਆ । ਇਕੋ ਢੋਲਾ ਸੁਣਾ ਦੇ ਛੰਦ, ਜਿਸ ਦੇ ਗਾਇਆਂ ਤੇਰਾ ਮੇਲਾ ਸਹਿਜ ਸੁਭਾਈਆ । ਅੰਤਰ ਆਤਮ ਦੇ ਅਨੰਦ, ਰਸ ਇਕੋ ਇਕ ਵਖਾਈਆ । ਜੋਤ ਨਿਰੰਜਣ ਚਾੜ੍ਹ ਚੰਦ, ਦੀਵਾ ਬਾਤੀ ਲੋੜ ਰਹੇ ਨਾ ਰਾਈਆ । ਸਚ ਸਵਾਮੀ ਵਸੀਏ ਸਦਾ ਤੇਰੇ ਸੰਗ, ਸੁਰਤੀ ਸ਼ਬਦ ਵਿਚ ਸਮਾਈਆ । ਧੁਨ ਅਨਾਦ ਸੁਣਾ ਮਰਦੰਗ, ਅਨਰਾਗੀ ਰਾਗ ਜਣਾਈਆ । ਆਤਮ ਸੇਜ ਸੁਹੰਜਣੀ ਵੇਖ ਪਲੰਘ, ਬਿਨ ਪਾਵਾ ਚੂਲ ਬਣਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਅੰਦਰ ਲੰਘ, ਕਿਉਂ ਬੈਠਾ ਮੁਖ ਛੁਪਾਈਆ । ਝਗੜਾ ਰਹੇ ਨਾ ਕੋਈ ਹੰ, ਬ੍ਰਹਮ ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਚੁਕਾਈਆ । ਸੱਤ ਰੰਗ ਨਿਸ਼ਾਨਾ ਕਹੇ ਪ੍ਰਭ ਕਿਰਪਾ ਕਰ, ਸਦੀ ਵੀਹਵੀਂ ਦਏ ਗਵਾਹੀਆ । ਨਵ ਨੌਂ ਚਾਰ ਅੰਧੇਰਾ ਆਵੇ ਡਰ, ਭੈ ਭਓ ਭਰਮ ਨਾ ਕੋਇ ਮਿਟਾਈਆ । ਸੰਤ ਸੁਹੇਲੇ ਸੱਜਣ ਆਪੇ ਫੜ, ਬਣ ਕੇ ਪਾਂਧੀ ਰਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਸਤਿਗੁਰ ਹੋ ਕੇ ਅੰਦਰ ਵੜ, ਸ਼ਬਦੀ ਗੁਰ ਤੇਰੀ ਸ਼ਰਨਾਈਆ । ਮੰਜ਼ਲ ਅਗੰਮੀ ਆਪਣੀ ਚੜ੍ਹ, ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਇਕੋ ਨੂਰ ਜ਼ਹੂਰ ਬਖ਼ਸ਼ ਨਰਾਇਣ ਨਰ, ਨਾਰੀ ਨਰ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਵਰ, ਸ੍ਰਿਸ਼ਟ ਸਬਾਈ ਮਾਤ ਸਮਝਾਈਆ । ਕਲਜੁਗ ਅੰਤਮ ਜੋਤੀ ਜਾਤਾ ਪੁਰਖ ਬਿਧਾਤਾ ਪਰਗਟ ਹੋਵੇ ਨਰਾਇਣ ਨਰ, ਨੂਰ ਨੁਰਾਨਾ ਵੱਡੀ ਵਡਿਆਈਆ । ਕੂੜੀ ਕਿਰਿਆ ਕਿਲਾ ਤੋੜੇ ਹੰਕਾਰੀ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇ ਵਡਿਆਈਆ । ਸਤਿ ਨਿਸ਼ਾਨਾ ਕਹੇ ਆ ਵੇਖ ਪ੍ਰਭ ਠਾਕਰ, ਸਵਾਮੀ ਤੇਰੀ ਸਭ ਨੇ ਆਸ ਰਖਾਈਆ । ਕਲਜੁਗ ਵੇਖ ਡੂੰਘਾ ਸਾਗਰ, ਭਵਰੀ ਵਿਚ ਸਰਬ ਲੋਕਾਈਆ । ਕਿਸੇ ਨਜ਼ਰ ਨਾ ਆਏ ਕਰੀਮ ਕਰਤਾ ਕਾਦਰ, ਨੇਤਰ ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਜੋਧਾ ਸੂਰਬੀਰ ਬਣੇ ਨਾ ਕੋਇ ਬਹਾਦਰ, ਜੋ ਆਪਣਾ ਭਾਰ ਲਏਂ ਉਠਾਈਆ । ਨਿਰਮਲ ਕਰਮ ਨਾ ਹੋਵੇ ਕਿਸੇ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਜਗਤ ਵਪਾਰੀ ਦਿਸਦੇ ਤਾਜਰ, ਤੇਰਾ ਨਾਮ ਹੱਟ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਸਾਰੇ ਹੋਏ ਪਾਗਲ, ਵੈਰਾਗੀ ਨਜ਼ਰ ਕੋਇ ਨਾ ਆਈਆ । ਭਾਗ ਲੱਗਾ ਨਾ ਕਿਸੇ ਸਾਢੇ ਤਿੰਨ ਹੱਥ ਕਾਇਆ ਗਾਗਰ, ਗਹਿਰ ਗੰਭੀਰ ਤੇਰਾ ਦਰਸ ਕੋਇ ਨਾ ਪਾਈਆ । ਸਦੀ ਚੌਧਵੀਂ ਕਰ ਦੇ ਸੱਚਾ ਅਦਲ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਨਿਸ਼ਾਨਾ ਕਹੇ ਪ੍ਰਭ ਖੋਲ੍ਹ ਆਪਣੀ ਅੱਖ, ਜਿਸ ਦਾ ਰੂਪ ਨਜ਼ਰ ਕਿਸੇ ਨਾ ਆਈਆ । ਸਰਬ ਸਵਾਮੀ ਹੋ ਪ੍ਰਤਖ, ਪਤਿਪਰਮੇਸ਼ਵਰ ਵੇਸ ਵਟਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਦੱਸ, ਭਵਿਖਤਾਂ ਵਿਚ ਜਣਾਈਆ । ਕਲ ਕਲਕੀ ਹੋਏ ਪਰਗਟ, ਨਿਹਕਲੰਕ ਵੱਜੇ ਵਧਾਈਆ । ਸਭ ਦਾ ਲੇਖਾ ਕਰੇ ਬਸ, ਬਸਤੇ ਪਿਛਲੇ ਗਏ ਬੰਧਾਈਆ । ਅਗਲਾ ਮਾਰਗ ਦੇਵੇ ਦੱਸ, ਦੋ ਜਹਾਨਾਂ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨੀ ਜਾਵਣ

ਢੱਠ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਰੋ ਵਾਰੀ ਪੰਧ ਮੁਕਾਵਣ ਨੱਠ ਨੱਠ, ਬਲ ਆਪਣਾ ਆਪ ਧਰਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਇਕ ਦ੍ਰਿੜ੍ਹਾਈਆ । ਜਿਸ ਨਿਰਗੁਣ ਸਰਗੁਣ ਚਲਾਇਆ ਰਥ, ਬਣ ਰਥਵਾਹੀ ਵੇਖ ਵਖਾਈਆ । ਉਹ ਵੇਖਣਹਾਰਾ ਹਕੀਕਤ ਹਕ, ਲੱਖ ਚੁਰਾਸੀ ਖੋਜ ਖੁਜਾਈਆ । ਲਹਿਣਾ ਦੇਣਾ ਸਭ ਦਾ ਦੇਵੇ ਮਸਤਕ ਮੱਥ, ਪੂਰਬ ਕਰਮਾਂ ਖੋਜ ਖੁਜਾਈਆ । ਜੋ ਸਭ ਤੋਂ ਵੱਖਰਾ ਸਚਖੰਡ ਦਵਾਰੇ ਰਿਹਾ ਵਸ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ । ਸਚ ਨਿਸ਼ਾਨ ਕਹੇ ਹੋ ਦਿਆਲ, ਵੇਲਾ ਵਕਤ ਦਏ ਗਵਾਹੀਆ । ਚਾਰੋਂ ਕੁੰਟ ਕੂਕੇ ਕਾਲ, ਮਹਾਂਕਾਲ ਦਏ ਦੁਹਾਈਆ । ਤ੍ਰੈਗੁਣ ਮਾਇਆ ਵਜਾਵੇ ਆਪਣਾ ਤਾਲ, ਦਹਿ ਦਿਸ਼ਾ ਵੇਖ ਵਖਾਈਆ । ਸਾਚੀ ਕਰੇ ਨਾ ਕੋਈ ਭਾਲ, ਕਲਜੁਗ ਸਾਧ ਸੰਤ ਬੈਠੇ ਮੁਖ ਭੁਆਈਆ । ਆ ਕੇ ਵੇਖ ਆਪਣੇ ਮੁਰੀਦਾਂ ਦਾ ਮੁਰਸ਼ਦ ਬਣ ਕੇ ਹਾਲ, ਬੇਹਾਲ ਰਹੇ ਬਿਲਲਾਈਆ । ਜਿਹੜਾ ਗੋਬਿੰਦ ਤੇਰੇ ਅੱਗੇ ਕਰਕੇ ਗਿਆ ਸਵਾਲ, ਉਸਦਾ ਮਸਲਾ ਹੱਲ ਕਰਾਈਆ । ਉਹ ਲਿਖਿਆ ਨਾ ਕਿਸੇ ਵਿਚ ਕਿਤਾਬ, ਹਰਫ ਸ਼ਾਹੀ ਕਲਮ ਵੰਡ ਨਾ ਕੋਇ ਵੰਡਾਈਆ । ਉਸ ਦਾ ਹਿੱਸਾ ਨਾ ਕੋਈ ਬਾਬ, ਵਜੂਦ ਵਿਚ ਨਾ ਕੋਇ ਜਣਾਈਆ । ਉਹ ਤੇਰੇ ਦਵਾਰੇ ਸਦਾ ਆਜ਼ਾਦ, ਫਾਂਦੀ ਫੰਦ ਵਿਚ ਨਾ ਕੋਇ ਫਸਾਈਆ । ਉਹ ਕਦੇ ਨਾ ਹੋਵੇ ਬਰਬਾਦ, ਜਗਤ ਨਿਸ਼ਾਨ ਨਾ ਕੋਇ ਗਵਾਈਆ । ਉਹਦੀ ਕਦੇ ਨਾ ਭੁੱਲੇ ਯਾਦ, ਯਾਦਦਾਸ਼ਤ ਸਭ ਦੀ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਆਪਣਾ ਖੇਲ ਵੇਖ ਬ੍ਰਹਮ ਬ੍ਰਹਿਮੰਡ, ਬ੍ਰਹਿਮਾਦ ਤੇਰਾ ਰਾਹ ਤਕਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਦੱਸਾਂ ਸਤਿ, ਪਰਮ ਪੁਰਖ ਜਣਾਈਆ । ਜਿਸ ਨੇ ਤੇਰੇ ਪਿਛੇ ਲੇਖੇ ਲਾਈ ਆਪਣੀ ਰੱਤ, ਰੱਤੀ ਰੱਤ ਤੇਰੀ ਝੋਲੀ ਪਾਈਆ । ਉਹਦੀ ਝੋਲੀ ਪਾ ਦੇ ਪਿਛਲਾ ਹਕ, ਹਾਕਮ ਹੋ ਕੇ ਬੇਪਰਵਾਹੀਆ । ਜਿਸ ਦੀ ਚਰਨ ਸਰਨ ਦੋ ਜਹਾਨ ਰਹੇ ਢੱਠ, ਪੁਰੀ ਲੋਅ ਬ੍ਰਹਿਮੰਡ ਖੰਡ ਗਗਨ ਪਾਤਾਲ ਜ਼ਿਮੀਂ ਆਸਮਾਨ ਸਿਰ ਨਾ ਕੋਈ ਉਠਾਈਆ । ਜਿਸ ਦਾ ਢੋਲਾ ਨਗ਼ਮਾ ਨਾਮ ਅਗੰਮਾ ਛੰਦ, ਸ੍ਰਿਸ਼ਟ ਸਬਾਈ ਕਾਇਨਾਤ ਦੀਨ ਦੁਨੀ ਆਪ ਜਣਾਈਆ । ਜਿਸਦਾ ਨੂਰ ਨੁਰਾਨਾ ਦੋ ਜਹਾਨਾਂ ਸੱਚਾ ਚੰਦ, ਸਤਿ ਸਚ ਕਰੇ ਰੁਸ਼ਨਾਈਆ । ਉਸ ਦਾ ਕਹਿਣਾ ਅੰਤਮ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਜਨ ਭਗਤਾਂ ਲੇਖੇ ਲਾ ਕਾਇਆ ਮਾਟੀ ਤਨ, ਤਤਵ ਤਤ ਆਪਣਾ ਦੇ ਜਣਾਈਆ । ਧੁਰ ਦਾ ਰਾਗ ਸੁਣਾ ਬਿਨ ਕੰਨ, ਆਤਮਕ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਵੇਖ ਵਖਾਈਆ । ਸੱਤ ਰੰਗ ਨਿਸ਼ਾਨਾ ਕਹੇ ਜਨ ਭਗਤ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਬਦ ਅਗੰਮੀ ਦੀ ਸੁਣ ਆਵਾਜ਼, ਜਗਤ ਰਾਗ ਪਰੇ ਹਟਾਈਆ । ਬਿਸਮਿਲ ਹੋ ਕੇ ਹੋ ਬਿਸਮਾਦ, ਵਿਸ਼ਵ ਆਪਣਾ ਰੂਪ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਵਟਾਵੇ ਆਪਣਾ ਸਵਾਂਗ, ਸਵਾਂਗੀ ਹੋ ਕੇ ਖੇਲ ਖਿਲਾਈਆ । ਜਿਸ ਦੀ ਸਾਰੇ ਕਰਦੇ ਤਾਂਘ, ਨੇਤਰ ਲੋਚਣ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਝੋਲੀ ਪਾਈਆ । ਸੱਤ ਰੰਗ ਨਿਸ਼ਾਨਾ ਕਹੇ ਵੀਹਵੀਂ ਸਦੀ ਦਾ ਅੰਤਮ ਲੇਖਾ, ਪੁਰਖ ਅਕਾਲ ਦੇ ਮਿਟਾਈਆ । ਜੋ ਅੰਤਰ ਆਤਮ ਸਭ ਨੂੰ ਪਿਆ ਭੁਲੇਖਾ, ਗੜ੍ਹ ਭਰਮ ਦੇ ਤੁੜਾਈਆ । ਚਾਰ ਜੁਗ ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਧਰਮ ਦਾ

੧੨੩੮
੧੭

ਲਿਆ ਠੇਕਾ, ਅੰਤਮ ਠੇਕੇਦਾਰੀ ਦੇ ਚੁਕਾਈਆ । ਲੱਖ ਚੁਰਾਸੀ ਦਾ ਨਜ਼ਰੀ ਆ ਇਕੋ ਨੇਤਾ, ਨਰ ਨਰਾਇਣ ਰੂਪ ਵਟਾਈਆ । ਪਿਛੇ ਵੇਖੀਆਂ ਤੇਰੀਆਂ ਨਿੱਕੀਆਂ ਨਿੱਕੀਆਂ ਖੇਡਾਂ, ਅਗਲਾ ਭੇਵ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਉਠ ਦੱਸ ਸੱਤ ਦੀਪ, ਧੁਰ ਦਾ ਹੁਕਮ ਇਕ ਜਣਾਈਆ । ਬਿਨਾ ਪੁਰਖ ਅਕਾਲ ਤੋੜ ਨਿਭੇ ਨਾ ਕੋਈ ਪ੍ਰੀਤ, ਜਗਤ ਨਾਤੇ ਜਗਤ ਵਿਚ ਤੁੜਾਈਆ । ਸਤਿਜੁਗ ਸਾਚੀ ਚਲਾਦੇ ਰੀਤ, ਸਤਿ ਧਰਮ ਇਕ ਸਮਝਾਈਆ । ਆਤਮ ਪਰਮਾਤਮ ਦੱਸ ਦੇ ਗੀਤ, ਸੋ ਪੁਰਖ ਨਿਰੰਜਣ ਹੰ ਬ੍ਰਹਮ ਕਰ ਪੜ੍ਹਾਈਆ । ਝਗੜਾ ਮੁਕਾ ਦੇ ਊਚ ਨੀਚ, ਇਕੋ ਰੂਪ ਦੇ ਸਮਝਾਈਆ । ਲੇਖਾ ਮੁੱਕ ਜਾਏ ਹਸਤ ਕੀਟ, ਰਾਓ ਰੰਕ ਨਾ ਕੋਇ ਅਖਵਾਈਆ । ਇਕੋ ਕਲਮਾ ਦੱਸ ਹਦੀਸ, ਹਜ਼ਰਤ ਈਸਾ ਮੂਸਾ ਮੁਹੰਮਦ ਨਿਉਂ ਨਿਉਂ ਸੀਸ ਝੁਕਾਈਆ । ਸਾਡਾ ਲਹਿਣਾ ਰਿਹਾ ਬੀਤ, ਵੇਲਾ ਵਕਤ ਦਏ ਗਵਾਹੀਆ । ਸਚ ਅਮਾਮ ਆਵੇ ਠੀਕ, ਮਹਿੰਦੀ ਆਪਣਾ ਰੰਗ ਰੰਗਾਈਆ । ਦੂਰ ਦੁਰਾਡਾ ਨਜ਼ਰੀ ਆਏ ਨਜ਼ਦੀਕ, ਨੇਰਨ ਨੇਰਾ ਪੰਧ ਮੁਕਾਈਆ । ਕੂੜੀ ਕਿਰਿਆ ਮਿਟੇ ਅੰਧੇਰਾ ਤਾਰੀਕ, ਸਾਚਾ ਨੂਰ ਚੰਦ ਚਮਕਾਈਆ । ਦੂਜਾ ਰਹਿਣ ਨਾ ਦੇਵੇ ਕੋਈ ਸ਼ਰੀਕ, ਇਸ਼ਟ ਦ੍ਰਿਸ਼ਟ ਇਕੋ ਇਕ ਸਮਝਾਈਆ । ਕਿਸੇ ਦਵਾਰਿਉਂ ਮੰਗਣ ਜਾਏ ਨਾ ਭੀਖ, ਦੇਵਣਹਾਰ ਆਪ ਹੋ ਜਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬੇ ਦੇ ਸਮਝਾਈਆ । ਜਿਸ ਵਿਚ ਬੈਠਾ ਰਹੇ ਸਦਾ ਅਤੀਤ, ਦਰ ਠਾਂਡੇ ਡੇਰਾ ਲਾਈਆ । ਰਹਿਮਤ ਮਿਹਰ ਕਰੇ ਬਖ਼ਸ਼ੀਸ਼,
੧੨੩੯ ਬਖ਼ਸ਼ਿਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸੱਤ ਰੰਗ ਨਿਸ਼ਾਨਾ ਕਹੇ ੧੨੩੯
੧੭ ਪ੍ਰਭ ਹੋਕਾ ਦੇਵਾਂ ਨੌ ਖੰਡ, ਪ੍ਰਿਥਮੀ ਦਿਆਂ ਜਣਾਈਆ । ਕਲਜੁਗ ਕੂੜ ਕੁੜਿਆਰਾ ਮਿਟਣਾ ਭੇਖ ਪਖੰਡ, ਧਰਨੀ ਧਰਤ ਧਵਲ ਰਹਿਣ ਕੋਇ ਨਾ ੧੭
ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਭ ਦੇ ਵਸਣਾ ਸੰਗ, ਸਦਾ ਸੁਹੇਲਾ ਇਕ ਅਕੇਲਾ ਏਕੰਕਾਰਾ ਇਕੋ ਨਜ਼ਰੀ ਆਈਆ । ਜਿਸ ਦਾ ਨਾਮ ਨਿਧਾਨ ਦੋ ਜਹਾਨ ਜ਼ਿਮੀਂ ਅਸਮਾਨ ਵੱਜਣਾ ਮਰਦੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਜਣਾਈਆ । ਜਿਸ ਦਾ ਮੇਲਾ ਗੁਰ ਚੇਲਾ ਬਣਕੇ ਖੇਲ ਕੀਤਾ ਪੁਰੀ ਅਨੰਦ, ਸੋ ਪੰਧ ਆਪਣਾ ਰਿਹਾ ਮੁਕਾਈਆ । ਨਾਲ ਲੈ ਕੇ ਸੂਰਾ ਸਰਬੰਗ, ਸਚ ਦਵਾਰਾ ਆਵੇ ਲੰਘ, ਸਿੰਘਾਸਣ ਪਲੰਘ ਇਕੋ ਸੋਭਾ ਪਾਈਆ । ਜਿਸਦੀ ਲੱਖ ਚੁਰਾਸੀ ਡੋਰੀ ਸ਼ਬਦ ਨਾਲ ਬੱਧੀ ਪਤੰਗ, ਗੁਡੀਆ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਮੀ ਅੰਤਰਜਾਮੀ ਅੰਤਰ ਸਭ ਦਾ ਵੇਖ ਵਖਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਸੁਣਾਵਾਂ ਦੁਨੀਆ, ਦੋਹਰਾ ਤਾਲ ਵਜਾਈਆ । ਅੱਗੇ ਲੇਖਾ ਮੁਕ ਜਾਣਾ ਰਿਖੀਆਂ ਮੁਨੀਆਂ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਮਾਣ ਟੁੱਟਣਾ ਵਡ ਵਡ ਗੁਣੀਆਂ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਸਭ ਦੀਆਂ ਚੋਟੀਆਂ ਜਾਣੀਆਂ ਮੁੰਨੀਆਂ, ਜੋ ਬੈਠੇ ਪ੍ਰਭੂ ਭੁਲਾਈਆ । ਲੇਖਾ ਰਹਿਣਾ ਨਾ ਸ਼ੀਆ ਸੁੰਨੀਆਂ, ਪਰਵਰਦਿਗਾਰ ਸਾਝਾਂ ਯਾਰ ਵੇਖਣਹਾਰਾ ਥਾਉਂ ਥਾਈਆ । ਵਸਦੇ ਰਹਿਣੇ ਨਾ ਮੰਦਰ ਮਹੱਲ ਅਟਲ ਜਗਤ ਜਹਾਨ ਕੁੱਲੀਆਂ, ਚਾਰ ਕੁੰਟ ਦਹਿ ਦਿਸ਼ਾਂ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਸਚ ਨਿਸ਼ਾਨਾ ਕਹੇ ਮੈਂ ਦੱਸਾਂ ਅਖ਼ੀਰ, ਆਖ਼ਰ ਇਕ ਜਣਾਈਆ । ਕਰੇ ਖੇਲ ਪ੍ਰਭ ਪੀਰਾਂ ਦਾ ਪੀਰ, ਪਾਰਬ੍ਰਹਮ ਬੇਪਰਵਾਹੀਆ । ਜਿਸ ਦੀ ਤਸੱਵਰ ਕਰ ਸਕੇ ਨਾ ਕੋਇ

ਤਸਵੀਰ, ਰੂਪ ਰੰਗ ਸਿਫ਼ਤ ਵਿਚ ਨਾ ਕੋਇ ਸਾਲਾਹੀਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰੀਆ ਆਪਣਾ ਰਿਹਾ ਬਦਲਾਈਆ । ਕਲਜੁਗ ਅੰਤਮ ਸ਼ਰਅ ਸ਼ਰਾਇਤੀ ਕੱਟ ਕੇ ਆਪ ਜ਼ੰਜੀਰ, ਧੁਰ ਦਾ ਹੁਕਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੱਤ ਰੰਗ ਨਿਸ਼ਾਨਾ ਕਹੇ ਜਿਸ ਵੇਲੇ ਮੈਂ ਲੋਕਮਾਤ ਚੜ੍ਹਦਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਪਣਾ ਪੰਧ ਮੁਕਾਈਆ । ਓਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਗੁਰਮੁਖ ਗੁਰਸਿਖ ਹਰਿ ਭਗਤ ਲੱਖ ਚੁਰਾਸੀ ਜੀਵ ਜੰਤ ਇਕੋ ਕਲਮਾ ਪੜ੍ਹਦਾ, ਦੂਜਾ ਨਾਮ ਨਾ ਕੋਇ ਧਿਆਈਆ । ਜੇ ਕੋਈ ਬਣੇ ਤੇ ਪਰਮ ਪੁਰਖ ਦਾ ਬਰਦਾ, ਦੂਜਾ ਰੂਪ ਨਾ ਕੋਇ ਵਟਾਈਆ । ਦੋ ਜਹਾਨ ਭੈ ਵਿਚ ਵੇਖਿਆ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਅਬਿਨਾਸ਼ੀ ਕਰਤਾ ਮਿਹਰਵਾਨ ਹੋ ਕੇ ਕਿਰਪਾ ਕਰਦਾ, ਕਿਰਪਨ ਨਿਰਧਨ ਆਪਣੇ ਨਾਲ ਮਿਲਾਈਆ । ਅੰਦਰ ਵੜਕੇ ਮੰਦਰ ਚੜ੍ਹ ਕੇ ਆਤਮ ਪਰਮਾਤਮ ਆਪੇ ਫਿਰਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਸੰਤ ਸੁਹੇਲੇ ਇਕ ਅਕੇਲੇ ਲੋਕਮਾਤ ਨਿਰਗੁਣ ਹੋ ਕੇ ਸਰਗੁਣ ਵਰਦਾ, ਨਾਰੀ ਕੰਤ ਰੂਪ ਜਣਾਈਆ । ਗੁਰਮੁਖਾਂ ਗੁਰਸਿਖਾਂ ਦਿਵਸ ਰੈਣ ਅੱਗੇ ਪਿਛੇ ਫਿਰਦਾ, ਭੱਜਾ ਫਿਰੇ ਵਾਹੋ ਦਾਹੀਆ । ਅੱਜ ਤੱਕ ਚੌਹ ਜੁਗਾਂ ਵਿਚ ਇੱਕੀਆਂ ਨੇ ਸਮਝਿਆ ਹਿਰਦਾ, ਬਾਕੀ ਸਮਝ ਕਿਸੇ ਨਾ ਆਈਆ । ਸ਼ਬਦ ਸੁਤ ਦੁਲਾਰਾ ਮਾਲਕ ਬਣਾ ਕੇ ਥਿਰ ਘਰ ਦਾ, ਸਚ ਦਵਾਰੇ ਦਿਤਾ ਟਿਕਾਈਆ । ਅੰਤਮ ਓਸੇ ਦੀ ਰੱਖੀ ਪੈਜ ਉਸੇ ਦਾ ਬਿਰਦਾ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਇਹ ਖੇਲ ਅਗੰਮਾ ਪੀਰ ਪੈਗ਼ੰਬਰਾਂ ਮੰਗਿਆ ਚਿਰ ਦਾ, ਵੇਦ ਵਿਆਸਾ ਗਿਆ ਲਿਖਾਈਆ । ਈਸਾ ਮੂਸਾ ਮੁਹੰਮਦ ਕਿਹਾ ਬਿਨ ਪਰਵਰਦਿਗਾਰ ਅੰਤਮ ਲੇਖ ਨਾ ਕੋਇ ਨਿਬੜਦਾ, ਲਹਿਣਾ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਦੇ ਬੰਧਾਈਆ । ਸੱਤ ਰੰਗ ਕਹੇ ਮੈਂ ਦੇਣਾ ਹੋਕਾ, ਧੁਰ ਦਾ ਹੁਕਮ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮਾਨਸ ਜਨਮ ਪ੍ਰਭ ਮਿਲਣ ਦਾ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਸ੍ਰੀ ਭਗਵਾਨ ਕਦੀ ਕਰੇ ਨਾ ਕਿਸੇ ਨਾਲ ਧੋਖਾ, ਸਚ ਸਚ ਸਿਖਿਆ ਦਏ ਦ੍ਰਿੜਾਈਆ । ਵੇਖੋ ਪਾਲ ਸਿੰਘ ਦੇ ਨਾਲ ਤੁਰਦਾ ਓਹਦਾ ਪੋਤਾ, ਸਿੰਘ ਜਗਦੀਸ਼ ਵੱਜੇ ਵਧਾਈਆ । ਜਿਸ ਦੇ ਲੇਖੇ ਲੱਗਾ ਸ਼ੰਕਰ ਵਾਲਾ ਕੋਠਾ, ਜਟਾ ਜੂਟਧਾਰੀ ਵੇਸ ਵਟਾਈਆ । ਗਲ ਨਾ ਅਲਫ਼ੀ ਤੇੜ ਇਕ ਲੰਗੋਟਾ, ਧੂੜੀ ਖ਼ਾਕ ਰਮਾਈਆ । ਸੋਚ ਵਿਚ ਆਵੇ ਨਾ ਕੋਈ ਸੋਚਾ, ਸਮਝ ਚਲੇ ਨਾ ਕੋਇ ਚਤੁਰਾਈਆ । ਸੱਤ ਰੰਗ ਨਿਸ਼ਾਨਾ ਕਹੇ ਮੇਰਾ ਹੁਕਮ ਮੰਨਣਾ ਸਭ ਨੂੰ ਔਖਾ, ਔਖਾ ਵੇਲਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਾਚੀ ਧਾਰ ਚਲਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਨੂੰ ਸਤਿਜੁਗ, ਸਤਿ ਧਰਮ ਇਕ ਪਰਗਟਾਈਆ । ਕੂੜੀ ਕਿਰਿਆ ਲੇਖਾ ਜਾਣਾ ਮੁਕ, ਕਲਜੁਗ ਬੈਠੇ ਮੁਖ ਭੁਆਈਆ । ਮੈਂ ਨਾਮ ਜਪੌਣਾ ਸੋਹੰ ਇਕੋ ਤੁਕ, ਤੁਰਤ ਆਤਮ ਪਰਮਾਤਮ ਨਾਲ ਮਿਲਾਈਆ । ਕਲਜੁਗ ਓਥੇ ਪਹੁੰਚ ਨਾ ਸਕੇ ਪੁਜ, ਅਧਵਾਟੇ ਬੈਠਾ ਰੋਵੇ ਮਾਰੇ ਧਾਈਆ । ਜਨ ਭਗਤਾਂ ਨਾਲ ਪ੍ਰਭ ਦਾ ਰਹੇ ਕੋਈ ਨਾ ਲੁਕ, ਸਨਮੁਖ ਹੋ ਕੇ ਦਰਸ ਦਿਖਾਈਆ । ਕਲਜੁਗ ਜੋ ਜੂਠਿਆਂ ਝੂਠਿਆਂ ਸਦੀ ਵੀਹਵੀਂ ਮੁਖ ਵਿਚ ਪੈਣਾ ਥੁੱਕ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਸਾਚੇ ਸੰਤਾਂ ਸ੍ਰੀ ਭਗਵਾਨ ਬਣਾਉਣਾ ਆਪਣੇ ਪੁੱਤ, ਸੁਤ ਦੁਲਾਰੇ ਗੋਦ ਉਠਾਈਆ । ਕਲਜੁਗ ਜੀਵਾਂ ਰੋਂਦਿਆਂ ਕੁਰਲਾਦਿਆਂ ਕਰਾਵੇ ਨਾ ਕੋਈ ਚੁਪ, ਗੁਰ ਅਵਤਾਰ ਪੈਗ਼ੰਬਰ ਦੇਵੇ

੧੨੪੦
੧੭

ਨਾ ਕੋਈ ਗਵਾਹੀਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਕੂੜ ਕੁੜਿਆਰਿਆਂ ਨਾਲੋਂ ਗਿਆ ਰੁਠ, ਰੁਠਿਆਂ ਫੇਰ ਨਾ ਕੋਇ ਮਨਾਈਆ । ਗੁਰਮੁਖਾਂ ਉਤੇ ਜਾਏ ਤੁਠ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪ ਉਠਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਦੇਵਾਂ ਸਚ ਇਸ਼ਾਰਾ, ਹਲਤ ਪਲਤ ਵੇਖ ਵਖਾਈਆ । ਮੇਰਾ ਮਾਲਕ ਇਕੋ ਏਕੰਕਾਰਾ, ਅਕਲ ਕਲਧਾਰੀ ਬੇਪਰਵਾਹੀਆ । ਦੂਜਾ ਨਿਸ਼ਾਨਾ ਰਹੇ ਨਾ ਕੋਈ ਵਿਚ ਸੰਸਾਰਾ, ਸ੍ਰਿਸ਼ਟ ਸਬਾਈ ਬੂਝ ਬੁਝਾਈਆ । ਹੁਕਮੇ ਅੰਦਰ ਹੋਵੇ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਅੱਗੇ ਅੜੇ ਨਾ ਕੋਈ ਸ਼ਾਹਦਾਰਾ, ਸਿਕਦਾਰਾ ਹਰਿ ਅਖਵਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹਿਆਂ ਗੁਰਮੁਖਾਂ ਵੇਖਣਾ ਇਹ ਨਜ਼ਾਰਾ, ਬਾਕੀ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦੇ ਅੰਤਰ ਆਤਮ ਦੇ ਇਸ਼ਾਰਾ, ਸ਼ਬਦੀ ਸੈਨਤ ਨਾਲ ਸਮਝਾਈਆ । ਉਹ ਬੋਲਕੇ ਇਕ ਜੈਕਾਰਾ, ਤੂੰਹੀ ਤੂੰਹੀ ਰਾਗ ਅਲਾਈਆ । ਦੂਜਾ ਕਰਨ ਨਾ ਕੋਇ ਮੁਜਾਹਰਾ, ਮੁਜ਼ਾਹਮਤ ਵਿਚ ਕਦੇ ਨਾ ਆਈਆ । ਇਕੋ ਮੰਗਣ ਦਰਸ ਘਰ ਠਾਂਡੇ ਦਰਬਾਰਾ, ਮੇਲ ਮਿਲਣਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਚ ਨਿਸ਼ਾਨਾ ਕਹੇ ਆਇਆ ਪੋਹ ਚੌਦਾਂ, ਬੀਸ ਇਕੀਸਾ ਹਰਿ ਜਗਦੀਸਾ ਵੇਖ ਵਖਾਈਆ । ਦੋ ਜਹਾਨਾਂ ਅੰਦਰ ਸਾਬਤ ਰਹੇ ਨਾ ਕਿਸੇ ਅਕੀਦਾ, ਮਾਲਕ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜੋ ਨਿੱਕਾ ਨਿੱਕਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਾਇਆ ਪੌਦਾ, ਸੋ ਵੇਖਣਹਾਰਾ ਥਾਉਂ ਥਾਈਂਆ । ਨੌ ਖੰਡ ਸੱਤ ਦੀਪ ਕਰਮ ਧਰਮ ਦਾ ਹੁੰਦਾ ਵੇਖੇ ਸੌਦਾ, ਸਿੱਟੇ ਬਾਜ਼ੀ ਜਗਤ ਲੋਕਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪ੍ਰਭ ਮੰਜਲ ਚੜ੍ਹਨ ਦਾ ਬਣੀ ਰਹੇ ਪੌੜਾ, ਮਾਰਗ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਛਲ ਅਛੇਦਾ ਭੇਵ ਅਭੇਦਾ ਆਪਣਾ ਇਕ ਦ੍ਰਿੜਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਮਾਰਾਂ ਅਗੰਮੀ ਮਾਰ, ਹੁਕਮ ਦੇਵੇ ਧੁਰ ਦਰਗਾਹੀਆ । ਈਸਾ ਮੂਸਾ ਮੁਹੰਮਦ ਕਰਕੇ ਖ਼ਬਰਦਾਰ, ਆਲਸ ਨਿੰਦਰਾ ਦਿਆਂ ਗਵਾਈਆ । ਭਗਤ ਅਠਾਰਾਂ ਕਰ ਬੇਦਾਰ, ਗ਼ਫ਼ਲਤ ਦਿਆਂ ਚੁਕਾਈਆ । ਨਾਨਕ ਗੋਬਿੰਦ ਕਰਕੇ ਚਰਨ ਪਿਆਰ, ਸਚ ਸੁਨੇਹੜਾ ਦਿਆਂ ਸੁਣਾਈਆ । ਉਠੋ ਵੇਖੋ ਹਰਿ ਕਰਤਾ ਕਲ ਕਲਕੀ ਅਵਤਾਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਖੇਲ ਖਿਲਾਈਆ । ਜਿਸ ਦਾ ਨਾਮ ਖੰਡਾ ਵੇਖੇ ਬ੍ਰਹਿਮੰਡਾਂ ਤਿਖੀ ਰੱਖੇ ਧਾਰ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਜਿਸਦੀ ਪੂਜਾ ਸਾਰੇ ਕਰਦੇ ਰਹੇ ਜੁਗ ਚਾਰ, ਦਰ ਦਰ ਸੇਵ ਕਮਾਈਆ । ਉਹ ਵੇਖਣ ਆਇਆ ਆਪਣਾ ਸੰਸਾਰ, ਸੰਸਾਰੀ ਭੰਡਾਰੀ ਆਪਣੇ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਨੋਖਾ ਬਿਨ ਅੱਖਰਾਂ ਸਾਰਿਆਂ ਰਿਹਾ ਸਮਝਾਈਆ । ਸਤਿ ਨਿਸ਼ਾਨਾ ਕਹੇ ਮੈਂ ਸਤਿ ਦਾ ਮਿਤਰ, ਮੀਤ ਪਿਆਰਾ ਗਿਆ ਸਮਝਾਈਆ । ਜਿਸ ਦੀ ਧਾਰੋਂ ਆਇਆ ਨਿਕਲ, ਸੋ ਨਿਕਿਆਂ ਵੱਡਿਆਂ ਲੇਖੇ ਲਾਈਆ । ਸਰਬ ਸਵਾਮੀ ਬਣ ਕੇ ਸਭ ਦਾ ਪਿਤਰ, ਪਿਤਾ ਪੂਤ ਗੋਦ ਉਠਾਈਆ । ਨਾਲ ਲਾਵੇਂ ਭਰੀਆਂ ਚਿੱਕੜ, ਜੋ ਮੰਨਣ ਹਕ ਰਜ਼ਾਈਆ । ਸਾਹਿਬ ਸੱਚੇ ਤੈਨੂੰ ਸੱਚਿਆਂ ਦਾ ਸਦਾ ਫ਼ਿਕਰ, ਫ਼ਿਕਰਿਆਂ ਚੋਂ ਫ਼ਿਕਰੇ ਉਹਨਾਂ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਜਿਸ ਵੇਲੇ ਝੁਲਦਾ, ਲੋਕਮਾਤ ਲਏ ਅੰਗੜਾਈਆ ।


੧੨੪੧
੧੭

ਰਾਖਾ ਬਣਾਂ ਭਗਤਾਂ ਕੁਲ ਦਾ, ਤੱਤੀ ਵਾ ਨਾ ਲਾਗੇ ਰਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਫਲ ਫੁੱਲ ਆਪ ਮਾਤ ਮਹਿਕਾਈਆ । ਸੰਤ ਸੁਹੇਲਾ ਸੱਚੇ ਤੋਲ ਤੁਲਦਾ, ਤਰਾਜ਼ੂ ਇਕੋ ਨਾਮ ਵਖਾਈਆ । ਮੈਂ ਲਹਿਣਾ ਦੇਣਾ ਲੇਖਾ ਦੇਵਾਂ ਪ੍ਰਭ ਦੀ ਭਗਤੀ ਮੁੱਲ ਦਾ, ਅਣਗਿਣਤ ਨਾਮ ਦਾਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਰਾ ਸੰਗ ਰਿਹਾ ਨਿਭਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਦਾ ਸੰਗੀ, ਪ੍ਰਭ ਮੇਰਾ ਸੰਗ ਨਿਭਾਈਆ । ਸ੍ਰਿਸ਼ਟ ਸਬਾਈ ਦੀ ਕੱਟਣ ਆਇਆ ਤੰਗੀ, ਤੰਗ ਦਸਤ ਨਾ ਕੋਇ ਰਖਾਈਆ । ਜਿਨ੍ਹਾਂ ਦੀ ਪਿਠ ਹੋਈ ਨੰਗੀ, ਤਿਨ੍ਹਾਂ ਓਢਣ ਦਿਆਂ ਟਿਕਾਈਆ । ਜੋ ਔਝੜ ਪੈ ਗਏ ਡੰਡੀ, ਤਿਨ੍ਹਾਂ ਮਾਰਗ ਦਿਆਂ ਸਮਝਾਈਆ । ਜਿਨ੍ਹਾਂ ਦੀ ਵਾਸਨਾ ਹੋ ਗਈ ਗੰਦੀ, ਤਿਨ੍ਹਾਂ ਸੁਗੰਧੀ ਦਿਆਂ ਭਰਾਈਆ । ਜੋ ਪੈ ਗਏ ਖਾਨੇਬੰਦੀ, ਤਿਨ੍ਹਾਂ ਦੇ ਬੰਧਨ ਦਿਆਂ ਕਟਾਈਆ । ਇਹ ਧਾਰ ਸਭ ਤੋਂ ਵੱਖਰੀ ਚੰਗੀ, ਮੰਦੇ ਚੰਗਿਆਂ ਨਾਲ ਰਲਾਈਆ । ਕੋਈ ਲੱਭਣਾ ਪਏ ਨਾ ਪਾਂਧਾ ਪੰਡੀ, ਪੰਡਤ ਵਿਦਿਆ ਨਾ ਕੋਇ ਪੜ੍ਹਾਈਆ । ਇਕੋ ਸਨਦ ਨਾਮ ਧੁਰ ਦੀ ਦੇ ਸੰਧੀ, ਸਾਚੇ ਮਾਲਕ ਦਏ ਜਣਾਈਆ । ਉਹਨਾਂ ਦੀ ਆਤਮਾ ਕਦੇ ਨਾ ਹੋਵੇ ਰੰਡੀ, ਜਗਤ ਦੋਹਾਗਣ ਰੂਪ ਵਟਾਈਆ । ਜਿਨ੍ਹਾਂ ਨੂੰ ਮਿਲਿਆ ਪੂਰਾ ਸਰਬੰਗੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਉਹ ਕਿਸੇ ਦੀ ਕਾਹਨੂੰ ਕਰਨ ਮਛੰਦਗੀ, ਮੁਛੰਦੀ ਵਿਚ ਕਦੇ ਨਾ ਆਈਆ । ਦੀਨ ਮਜ਼੍ਹਬ ਦੀ ਉਹਨਾਂ ਉਤੋਂ ਲੱਥ ਗਈ ਪਾਬੰਦੀ, ਪਾਬੰਦ ਇਕੋ ਚਰਨ ਕਵਲ ਹਰਿ ਹਰਿ ਸੱਚੀ ਸਰਨਾਈਆ । ਧਰਮ ਨਿਸ਼ਾਨਾ ਕਹੇ ਮੈਂ ਭਗਤਾਂ ਦਾ ਸੰਗੀ, ਜਿਨ੍ਹਾਂ ਨਾਲ ਮਿਲਕੇ ਆਪਣਾ ਵਕਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਤਾਰੇ ਭੁਯੰਗੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਨਿਸ਼ਾਨਾ ਕਹੇ ਸੁਣੋ ਜਗ ਸੱਜਣ, ਸਜਰਾ ਹਾਲ ਸੁਣਾਈਆ । ਸਤਿਗੁਰ ਪੂਰਾ ਹਰਿ ਸਵਾਮੀ ਇਕ ਕਰਾਏ ਮਜਨ, ਅਠਸਠ ਤੀਰਥ ਲੋੜ ਰਹੇ ਨਾ ਰਾਈਆ । ਸੰਤ ਸੁਹੇਲਾ ਕਰਕੇ ਮੇਲਾ ਗੁਰਮੁਖ ਗੁਰ ਗੁਰ ਘਰ ਘਰ ਆਵੇ ਸੱਦਣ, ਸੱਦਾ ਹੋਕਾ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਭਗਤ ਸੁਹੇਲਾ, ਭਗਵਨ ਦਇਆ ਕਮਾਇੰਦਾ । ਮੇਲ ਮਿਲਾਏ ਗੁਰੂ ਗੁਰ ਚੇਲਾ, ਚੇਲਾ ਗੁਰੂ ਆਪ ਅਖਵਾਇੰਦਾ । ਵਸਣਹਾਰਾ ਧਾਮ ਨਵੇਲਾ, ਸਚਖੰਡ ਨਿਵਾਸੀ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤਮ ਵੇਖ ਕੇ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਬੇਲਾ, ਬੇਲਿਆਂ ਵਿਚੋਂ ਬੇਲੀ ਬਣਕੇ ਨਜ਼ਰੀ ਆਇੰਦਾ । ਜਨ ਭਗਤਾਂ ਵਕਤ ਹੋਣ ਨਾ ਦੇਵੇ ਦੁਹੇਲਾ, ਰੁਹੇਲਾ ਰੂਹ ਬੁਤ ਦੋਵੇਂ ਪਾਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜੱਟ ਨਾਲ ਮਝੈਲਾ, ਮਜਲਸ ਆਪਣੇ ਨਾਲ ਲਗਾਈਆ ।

### ✪ ੧੫ ਪੋਹ ੨੦੨੧ ਬਿਕ੍ਰਮੀ ਰਾਵੀ ਕੰਢੇ ਨਜ਼ਦੀਕ ਓਗਰਾ ✪

ਅਰਜਨ ਕਹੇ ਮੇਰੀ ਮਨਜ਼ੂਰ ਹੋਈ ਅਰਜ਼, ਪੁਰਖ ਅਕਾਲ ਦਿਤੀ ਵਡਿਆਈਆ । ਜਿਸ ਨੇ ਅੰਦਰੋਂ ਵੰਡਾਈ ਮੇਰੀ ਦਰਦ, ਬਾਹਰੋਂ ਕੂੜਾ ਹੁਕਮ ਮੇਟਿਆ ਜਗਤ ਸ਼ਾਹੀਆ । ਓਸ ਵੇਲੇ ਮੈਂ ਆਪਣੇ ਪ੍ਰੇਮ ਦੀ ਲਿਖੀ ਇਕ ਫ਼ਰਦ, ਅਗੰਮਾ ਲੇਖ ਬਣਾਈਆ । ਕਿਰਪਾ ਕਰੇ ਹਰਿ ਮਰਦਾਨਾ

ਵੱਡਾ ਮਰਦ, ਮਿਹਰਵਾਨ ਬੇਪਰਵਾਹੀਆ । ਜਨਮ ਕਰਮ ਦਾ ਲਹਿਣਾ ਦੇਣਾ ਪਿਛਲਾ ਪੂਰਾ ਕਰੇ ਹਰਜ, ਹਾਜ਼ਰ ਹੋ ਕੇ ਝੋਲੀ ਪਾਈਆ । ਤ੍ਰੇਤੇ ਦੁਆਪਰ ਦੀ ਪੁੱਠੀ ਹੋਈ ਨਰਦ, ਕਲਜੁਗ ਅੰਤਮ ਸਿੱਧੀ ਦੇ ਕਰਾਈਆ । ਤਿੰਨ ਜੁਗ ਦਾ ਪਿਛਲਾ ਕਰਜ਼, ਤ੍ਰੈਗੁਣ ਅਤੀਤਾ ਹਿਸਾਬ ਬੇਬਾਕ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਅਰਜਨ ਕਿਹਾ ਸੁਣ ਭਠਿਆਲੇ, ਧੁਰ ਦੀ ਧਾਰ ਜਣਾਈਆ । ਜਿਹੜਾ ਬੱਧਕ ਕ੍ਰਿਸ਼ਨ ਬਾਣ ਮਾਰੇ, ਤਿਖੀ ਮੁਖੀ ਤੀਰ ਚਲਾਈਆ । ਓਸ ਦੇ ਪਿਛੇ ਤੈਨੂੰ ਮਿਲਿਆ ਮਾਣੇ, ਪੰਛੀ ਪੰਖੀ ਮਾਣਸ ਦੇਹ ਬਦਲਾਈਆ । ਕਿਰਪਾ ਕਰੇ ਆਪ ਭਗਵਾਨੇ, ਸਾਹਿਬ ਸਵਾਮੀ ਹੋਏ ਸਹਾਈਆ । ਨਾਲ ਲਿਆ ਕੇ ਬਾਲ ਅੰਞਾਣੇ, ਬੱਚੇ ਨੱਢੇ ਉਂਗਲਾ ਨਾਲ ਲਗਾਈਆ । ਜੋ ਅੱਗੇ ਸਦਾ ਸਦਾ ਸਦ ਜਨ ਭਗਤਾਂ ਖੜਾ ਰਹੇ ਸਿਰਹਾਣੇ, ਪੈਰ ਗੁਰਮੁਖਾਂ ਆਪਣਿਆਂ ਨੈਣਾਂ ਨਾਲ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਧੁਰ ਦਾ ਝੋਲੀ ਪਾਈਆ । ਭਠਿਆਲੇ ਤੇਰੀ ਵੇਖੀ ਸੋਹਣੀ ਤਪਦੀ ਭੱਠੀ, ਭੱਠੀਆਂ ਵਿਚੋਂ ਚੰਗੀ ਨਜ਼ਰੀ ਆਈਆ । ਜਿਸ ਦੀ ਅੱਗ ਦਿਸੇ ਮੱਠੀ, ਹੌਲੀ ਹੌਲੀ ਆਪਣੀ ਸੇਵ ਕਮਾਈਆ । ਓਧਰ ਖੇਲ ਪੁਰਖ ਸਮਰਥੀ, ਜੋ ਆਪਣੇ ਭਾਣੇ ਵਿਚ ਰਖਾਈਆ । ਤੂੰ ਮੇਰਾ ਦਰਸ਼ਨ ਕਰੀਂ ਅੱਖੀਂ, ਅੰਤਰ ਇਕ ਲਿਵ ਲਾਈਆ । ਮੈਂ ਕਥਾ ਕਹਾਣੀ ਸੱਚੀ ਦੱਸੀ, ਸਚ ਦਿਆਂ ਸਮਝਾਈਆ । ਜਿਸ ਵੇਲੇ ਆਉਣੀ ਵੀਹ ਸੌ ਇੱਕੀ, ਲੋਕਮਾਤ ਮਿਲੇ ਵਡਿਆਈਆ । ਅਬਿਨਾਸ਼ੀ ਕਰਤਾ ਲੈ ਕੇ ਆਪਣੀ ਸਿਖੀ, ਗੁਰਮੁਖ ਸਾਚੇ ਧੁਰ ਦਾ ਸੰਗ ਬਣਾਈਆ । ਪੰਦਰਾਂ ਪੋਹ ਦੀ ਪਿਛਲੀ ਮਿਤੀ, ਜਿਸ ਵੇਲੇ ਦਿਤੀ ਵਡਿਆਈਆ । ਰਾਵੀ ਕੰਢਾ ਸਭ ਦੀ ਸਿਕੀ, ਆਸਾ ਭਰੀ ਵੇਖੇ ਨੈਣ ਉਠਾਈਆ । ਗੁਰੂ ਅਰਜਨ ਦੇ ਚਰਨ ਨਾਲ ਇਕ ਨੌ ਦਿਨ ਦੀ ਛੋਹੀ ਸੀ ਮੱਛੀ, ਮਸਤਕ ਚਰਨਾਂ ਨਾਲ ਛੁਹਾਈਆ । ਸਾਹਿਬ ਸਤਿਗੁਰ ਕਿਹਾ ਸੁਣ ਮੇਰੀ ਬੱਚੀ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਓਧਰੋਂ ਇਕ ਆਵਾਜ਼ ਅਗੰਮੀ ਆਈ ਉਚੀ, ਪੁਰਖ ਅਕਾਲ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਚਰਨ ਲੱਗੀ ਮੱਛੀ ਆਇਆ ਸੁਖ, ਸੁਖ ਸਾਗਰ ਵਿਚ ਸਮਾਈਆ । ਸਤਿਗੁਰ ਤੇਰੇ ਮਿਲਣ ਦੀ ਭੁੱਖ, ਮੇਰੇ ਅੰਦਰ ਆਸ ਵਧਾਈਆ । ਮੈਂ ਸਦਾ ਤੇਰੇ ਚਰਨਾਂ ਜਾਵਾਂ ਝੁਕ, ਦੂਜਾ ਸੀਸ ਨਾ ਕਿਸੇ ਨਿਵਾਈਆ । ਸਾਹਿਬ ਸਤਿਗੁਰ ਹੌਲੀ ਜਿਹੀ ਕਿਹਾ ਅੰਦਰੋਂ ਮੁਖ, ਆਵਾਜ਼ ਦਿਤੀ ਸੁਣਾਈਆ । ਜਿਸ ਵੇਲੇ ਪੁਰਖ ਅਕਾਲ ਆਵੇ ਜਨ ਭਗਤ ਸੁਹੇਲੇ ਗੋਦੀ ਚੁੱਕੇ ਆਪਣੇ ਪੁੱਤ, ਪਤਿਪਰਮੇਸ਼ਵਰ ਵੇਸ ਵਟਾਈਆ । ਤੇਰਾ ਲਹਿਣਾ ਦੇਣਾ ਪਿਛਲਾ ਦੇਵੇ ਚੁਕ, ਮੱਛੀ ਤੋਂ ਮਾਣਸ ਰੂਪ ਦਏ ਬਦਲਾਈਆ । ਪੁਰਖ ਅਕਾਲਾ ਖੇਲ ਕਰੇ ਅਤੁਟ, ਅਤੁਟ ਦਇਆ ਕਮਾਈਆ । ਆਤਮਾ ਸਿੰਘ ਦਾ ਫੌਜਾ ਸਿੰਘ ਹੋਵੇ ਦੁਲਾਰਾ ਸੁਤ, ਪ੍ਰਭ ਸੁੱਤਿਆਂ ਲਏ ਉਠਾਈਆ । ਮੱਛੀ ਤੋਂ ਉਸ ਦੀ ਬੱਚੀ ਤੇਰਾ ਲਹਿਣਾ ਕੁਛ, ਪਤ ਪਰਮੇਸ਼ਵਰ ਝੋਲੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮੱਛੀ ਕਹੇ ਮੈਂ ਜਲਮੀਨਾ, ਜਲਧਾਰ ਵਿਚ ਸਮਾਈਆ । ਤੂੰ ਸਾਹਿਬ ਸਤਿਗੁਰ ਵਡ ਪਰਬੀਨਾ, ਬੇਅੰਤ ਤੇਰੀ ਵਡਿਆਈਆ । ਤੇਰਾ ਖੇਲ ਲੋਕ ਤੀਨਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਵਣ ਵਾਰ ਕਵਣ ਥਿਤ ਕਵਣ ਮਹੀਨਾ, ਲੋਕਮਾਤ ਦੇ ਸਮਝਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਠਾਡਾਂ ਕਰੇ ਸੀਨਾ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਰਜਨ ਕਿਹਾ ਇਹ ਕਹਾਣੀ ਵੱਖਰੀ, ਜੁਗ ਜੁਗ ਇਤਿਹਾਸ ਨਾ ਕੋਇ ਬਣਾਈਆ । ਕੋਈ ਸਮਝ ਨਾ ਸਕੇ ਬ੍ਰਹਿਮਣ ਪੱਤਰੀ, ਭਵਿਖ ਵਿਚ ਨਾ ਕੋਇ ਦ੍ਰਿੜਾਈਆ । ਇਹ ਲਿਖੀ ਨਾ ਜਾਏ ਲਾਈਨਾਂ ਵਿਚ ਸਤਰੀਂ, ਹਿੰਸਿਆਂ ਵਿਚ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੱਛੀ ਕਹੇ ਗੁਰ ਕਿਰਪਾ ਧਾਰ, ਆਪਣਾ ਭੇਵ ਦੇ ਜਣਾਈਆ । ਕੀ ਕੋਈ ਮੇਰਾ ਪਿਛਲਾ ਕਰਮ ਸਕਿਆ ਵਿਚਾਰ, ਨਿਹਕਰਮੀ ਅੱਖ ਖੁਲ੍ਹਾਈਆ । ਹੌਲੀ ਜਿਹੀ ਸ਼ਬਦੀ ਕਰ ਗੁਫ਼ਤਾਰ, ਸਤਿਗੁਰ ਪੂਰੇ ਦਿਤਾ ਜਣਾਈਆ । ਤੇਰਾ ਦੁਆਪਰ ਦਾ ਵਿਹਾਰ, ਪੜਦਾ ਦਿਆਂ ਉਠਾਈਆ । ਜਿਸ ਵੇਲੇ ਕ੍ਰਿਸ਼ਨ ਚੁੱਭੀ ਲਈ ਮਾਰ, ਜਮਨਾ ਵਿਚ ਆਪਣਾ ਆਪ ਛੁਪਾਈਆ । ਤੂੰ ਮੈਂਡਕ ਹੋ ਕੇ ਉਹਦੇ ਉਤੇ ਮਾਰੀ ਛਾਲ, ਆਪਣਾ ਬਲ ਧਰਾਈਆ । ਓਸਨੇ ਪੁਛਿਆ ਦੱਸ ਤੇਰਾ ਕੀ ਹਾਲ, ਉਹ ਆਪਣਾ ਦੁਖੜਾ ਰਿਹਾ ਜਣਾਈਆ । ਕਿਰਪਾ ਕਰ ਮੇਰੇ ਕਰਤਾਰ, ਕਿਰਪਾ ਨਿਧ ਤੇਰੀ ਸਰਨਾਈਆ । ਮੈਂ ਭੁੱਲ ਕੇ ਤੇਰੇ ਉਤੇ ਚੜ੍ਹਿਆ ਆਣ, ਮੇਰੀ ਮਤ ਮੈਨੂੰ ਨਾ ਕੋਇ ਸਮਝਾਈਆ । ਕਿਸ ਬਿਧ ਹੋਵੇ ਤੇਰਾ ਚਰਨ ਧਿਆਨ, ਵਿਚ ਜਲਧਾਰਾ ਜਲ ਜਲ ਤੇਰਾ ਮੇਲ ਮਿਲਾਈਆ । ਹੁਕਮ ਨਾਲ ਕਿਹਾ ਕ੍ਰਿਸ਼ਨ ਕਾਹਨ, ਆਪਣੀ ਆਵਾਜ਼ ਸੁਣਾਈਆ । ਕਲਜੁਗ ਤੇਰੀ ਆਸਾ ਹੋਏ ਪਰਧਾਨ, ਮਨਸਾ ਪੂਰ ਕਰਾਈਆ । ਜਿਸ ਵੇਲੇ ਗੁਰੂ ਅਰਜਨ ਦੇਵੇ ਬਲੀਦਾਨ, ਰਾਵੀ ਵਿਚ ਆਪਣਾ ਆਪ ਭੇਟ ਕਰਾਈਆ । ਓਸ ਵੇਲੇ ਤੂੰ ਚਰਨ ਲੱਗਣਾ ਆਣ, ਚਰਨ ਧੂੜੀ ਨਾਲ ਤੇਰਾ ਮਾਨਸ ਜਨਮ ਦਏ ਬਦਲਾਈਆ । ਫੇਰ ਮੇਲਾ ਅੰਤ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਜੋਧਾ ਸੁਤ ਸੂਰਬੀਰ ਇਕ ਨੌਜਵਾਨ, ਸ਼ਬਦੀ ਗੋਬਿੰਦ ਫੇਰਾ ਪਾਈਆ । ਉਸ ਕੁਲ ਵਿਚ ਤੇਰੀ ਹੋਵੇ ਕਲਿਆਣ, ਜਿਸਦਾ ਮੁੱਲ ਕੀਮਤ ਨਾ ਕੋਇ ਚੁਕਾਈਆ । ਤੂੰ ਬੱਚਿਆਂ ਵਰਗੀ ਬੱਚੀ ਬਣੇ ਨਾਦਾਨ, ਆਤਮ ਪਵਿਤ੍ਰ ਨਜ਼ਰੀ ਆਈਆ । ਪਿਓ ਦਾਦਾ ਤੇਰੇ ਹੋਵੇ ਨਾਲ, ਦਾਦੇ ਦਾ ਦਾਦਾ ਪਰਮ ਪੁਰਖ ਆਪਣੀ ਗੰਢ ਪੁਆਈਆ । ਹੌਲੀ ਜਿਹੀ ਕਰਕੇ ਨਿਮਸਕਾਰ, ਦਿਤਾ ਓਸ ਸੀਸ ਨਿਵਾਈਆ । ਹੇ ਪ੍ਰਭੂ ਮੈਂ ਕਿਸੇ ਦੇ ਵਿਚ ਨਾ ਆਵਾਂ ਜਾਲ, ਮਾਹੀਗੀਰ ਪਕੜ ਬਾਹਰ ਨਾ ਕੋਇ ਕਢਾਈਆ । ਦੱਸ ਹੋਰ ਕਿਹੜਾ ਸਾਥੀ ਹੋਵੇ ਮੇਰੇ ਨਾਲ, ਅਗਲਾ ਸੰਗ ਬਣਾਈਆ । ਓਸ ਨੇ ਦਿਤਾ ਇਕ ਫ਼ਰਮਾਨ, ਧੁਰ ਦੀ ਧਾਰ ਜਣਾਈਆ । ਇਕ ਬੱਧਕ ਤੇ ਦੋ ਓਸ ਦੇ ਬਾਲ ਅੰਞਾਣ, ਚੌਥਾ ਚੌਬਦਾਰ ਨਜ਼ਰੀ ਆਈਆ । ਪੰਜਵੇਂ ਦਰਸ਼ਨ ਕਰਨ ਵਾਲੀ ਜਿਹੜੀ ਚਰਨੀ ਡਿੱਗੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਬ ਜਨਮ ਦੀ ਵਿਛੜੀ ਸਾਰੀ ਸੰਗਤ ਤੇਰੇ ਨਾਲ ਮਿਲ ਕੇ ਗਾਵੇ ਗਾਣ, ਗਹਿਰ ਗੰਭੀਰ ਗੋਬਿੰਦ ਗੁਣ ਸੁਣਾਈਆ । ਓਸ ਕਿਹਾ ਪ੍ਰਭੂ ਮੇਰੀ ਕਿਵੇਂ ਕਰੇਂ ਪਹਿਚਾਣ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਕੀ ਮੇਰਾ ਹੋਵੇ ਨਾਮ ਨਿਸ਼ਾਨ, ਕਿਸ ਬਿਧ ਨਾਤਾ ਜਗਤ ਜੁੜਾਈਆ । ਭੇਵ ਅਭੇਦਾ ਖੋਲ੍ਹ ਕੇ ਦੱਸਿਆਂ ਕਾਹਨ, ਇਸ਼ਾਰੇ ਨਾਲ ਦ੍ਰਿੜਾਈਆ । ਵੇਖਣਹਾਰਾ ਸ੍ਰੀ ਭਗਵਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਬੇਸ਼ਕ ਲੱਖਾਂ ਕਰੋੜਾਂ ਕੋਟਨ ਕੋਟ ਜੁਗਿੰਦਰ ਕੌਰਾਂ ਹੋਵਣ ਵਿਚ ਜਹਾਨ, ਪਰ ਗੋਬਿੰਦ ਕੁਲ ਦੀ ਬੱਚੀ ਜੁਗਿੰਦਰ ਇਕੋ ਨਜ਼ਰੀ ਆਈਆ । ਇਹ ਸੁਣਕੇ ਬਚਨ ਮਹਾਨ, ਮੈਂਡਕ ਵੱਜੀ ਇਕ ਵਧਾਈਆ । ਰਾਵੀ ਵਿਚ ਗੁਰ ਅਰਜਨ ਮਿਲਣਾ ਆਣ, ਕਲਜੁਗ ਅੰਤਮ ਮੇਲ ਮਿਲੌਣਾ ਬੇਪਰਵਾਹੀਆ । ਦੁਆਪਰ ਕਲਜੁਗ ਜਲ ਵਿਚ ਕਰਨਾ ਇਸ਼ਨਾਨ, ਤਨ ਮਾਟੀ ਖ਼ਾਕ ਪਾਣੀ ਵਿਚ

ਰਖਾਈਆ । ਬਿਨਾਂ ਸਾਹਿਬ ਸਤਿਗੁਰ ਕਰਨੀ ਨਹੀਂ ਕਿਸੇ ਕਲਿਆਣ, ਕਰਮਾਂ ਦਾ ਲੇਖਾ ਨਾ ਕੋਇ ਚੁਕਾਈਆ । ਜਾਂ ਵੇਖਿਆਂ ਤੱਕਿਆ ਉਹ ਭਠਿਆਲਾ ਅਵਾਣ, ਜਿਸ ਦੀ ਬੁਧ ਨਾ ਕੋਇ ਚਤੁਰਾਈਆ । ਓਸ ਮੰਗਿਆ ਏਕਾ ਦਾਨ, ਝੋਲੀ ਆਪਣੀ ਅੱਗੇ ਰਖਾਈਆ । ਜੇ ਮੈਨੂੰ ਮਿਲਣ ਆਵੇ ਭਗਵਾਨ, ਇਕੱਲਾ ਮੇਰੇ ਦਰ ਨਾ ਫੇਰਾ ਪਾਈਆ । ਮੇਰਾ ਪਿਛਲਾ ਸਾਥ ਮਿਲਾਵੇ ਆਣ, ਵਿਛੜਿਆਂ ਜੋੜ ਜੁੜਾਈਆ । ਜੋੜ ਜੁੜਾਕੇ ਜਨਮ ਮਰਨ ਦਾ ਲੇਖਾ ਚੁਕਾਏ ਜਹਾਨ, ਦੂਜੀ ਵਾਰ ਮਾਤ ਗਰਭ ਨਾ ਫੇਰਾ ਪਾਈਆ । ਭਾਵੇਂ ਢਾਈ ਘੰਟੇ ਮੇਰੇ ਘਰ ਬਣਕੇ ਰਹੇ ਮਹਿਮਾਨ, ਇਸ ਤੋਂ ਬਹੁਤਾ ਹਿੱਸਾ ਮੰਗ ਨਾ ਕੋਇ ਮੰਗਾਈਆ । ਜੇ ਢਈਏ ਵਾਲਾ ਹੋਵੇ ਨਾਲ ਨੌਜਵਾਨ, ਗੋਬਿੰਦ ਧੁਰ ਦਾ ਸੱਚਾ ਮਾਹੀਆ । ਮੈਨੂੰ ਜੰਗਲ ਬੇਲੇ ਵਿਚੋਂ ਲਏ ਭਾਲ, ਬਣਕੇ ਧੁਰ ਦਾ ਰਾਹੀਆ । ਜਿਸ ਦਾ ਨਿਸ਼ਾਨਾ ਝੁੱਲੇ ਵਿਚ ਦੋ ਜਹਾਨ, ਦੀਵਾਨਾ ਮਸਤਾਨਾ ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਠਿਆਲੇ ਕਿਹਾ ਇਹ ਮੇਰਾ ਕਾਮ, ਸਤਿਗੁਰ ਹੱਥ ਵਡਿਆਈਆ । ਸੀਤਾ ਪਿਛੇ ਫਿਰਿਆ ਰਾਮ, ਦਸਰਥ ਬੇਟਾ ਬਨਖੰਡ ਖੋਜੇ ਥਾਉਂ ਥਾਈਂਆ । ਰੁਕਮਣੀ ਪਿਛੇ ਲੜਿਆ ਕ੍ਰਿਸ਼ਨ ਕਾਹਨ, ਵਲ ਛਲ ਆਪਣੀ ਖੇਲ ਖਿਲਾਈਆ । ਮੈਂ ਤਦ ਮੰਨਾਂ ਜੇ ਮੇਰੇ ਕੋਝੇ ਕਮਲੇ ਪਿਛੇ ਆਪ ਫਿਰੇ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਮੈਂ ਸੁੱਤਾ ਹੋਵਾਂ ਨਾਲ ਆਰਾਮ, ਉਹ ਸੁੱਤਿਆਂ ਲਏ ਉਠਾਈਆ । ਮੈਂ ਉਹਨੂੰ ਬਰਦਾ ਵੇਖਾਂ ਕਿ ਗ਼ੁਲਾਮ, ਜੋ ਭਗਤਾਂ ਸੇਵ ਕਮਾਈਆ । ਕਾਹੀ ਬੇਲੇ ਵਿਚੋਂ ਕਿਵੇਂ ਕਰੇ ਮੇਰੀ ਪਹਿਚਾਣ, ਫੜ ਬਾਹੋਂ ਬਾਹਰ ਕਢਾਈਆ । ਗੁਰ ਅਰਜਨ ਕਿਹਾ ਉਹ ਬੰਦਾ ਨਹੀਂ ਨਾ ਇਨਸਾਨ, ਹੁਲੀਆ ਇਕ ਨਾ ਕੋਇ ਜਣਾਈਆ । ਉਹ ਏਥੇ ਉਥੇ ਵੇਖਣਹਾਰਾ ਮਾਰ ਧਿਆਨ, ਲੱਖ ਚੁਰਾਸੀ ਜੀਵ ਜੰਤ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਰਿਹਾ ਮੁਕਾਈਆ । ਜਿਸ ਵੇਲੇ ਮੱਛੀ ਨੂੰ ਮਿਲੀ ਅਸੀਸ, ਖ਼ੁਸ਼ੀ ਖ਼ੁਸ਼ੀ ਢੋਲੇ ਰਹੀ ਗਾਈਆ । ਰਾਵੀ ਨੇ ਕਿਹਾ ਮੇਰੇ ਵਿਚ ਚਰਨ ਰੱਖਣ ਦੀ ਮੈਨੂੰ ਦੇ ਦੇ ਫ਼ੀਸ, ਮੈਂ ਤੇਰਾ ਤਨ ਤਪਦਾ ਠੰਡਾ ਦਿਤਾ ਕਰਾਈਆ । ਮੈਨੂੰ ਦੱਸ ਉਹ ਕਿਹੜਾ ਤੇਰਾ ਜਗਦੀਸ਼, ਜੋ ਜਗਦੀਸ਼ਰ ਹੋ ਕੇ ਭਗਤਾਂ ਸੇਵ ਕਮਾਈਆ । ਗੁਰੂ ਅਰਜਨ ਕਿਹਾ ਉਸ ਦੇ ਤਾਜ ਸੋਹੇ ਸੀਸ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਅਖਵਾਈਆ । ਉਹਦੀ ਭਗਤਾਂ ਨਾਲ ਪ੍ਰੀਤ, ਜੁਗ ਜੁਗ ਵੇਸ ਵਟਾਈਆ । ਉਹ ਤੇਰੇ ਕੰਢੇ ਆਵੇ ਠੀਕ, ਠਾਕਰ ਹੋ ਕੇ ਫੇਰਾ ਪਾਈਆ । ਉਹ ਖੇਲ ਕਰੇ ਨੀਕਣ ਨੀਕ, ਨੀਚੋਂ ਨੀਚ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਮੁਕਾਈਆ । ਰਾਵੀ ਕਹੇ ਮੈਂ ਓਸ ਨੂੰ ਰਾਵਾਂ, ਜੋ ਰਹਿਬਰ ਇਕ ਅਖਵਾਇੰਦਾ । ਓਸੇ ਦਾ ਗੁਣ ਗਾਵਾਂ, ਜੋ ਗਹਿਰ ਗੰਭੀਰ ਦਇਆ ਕਮਾਇੰਦਾ । ਓਸੇ ਦਾ ਦਰਸ਼ਨ ਪਾਵਾਂ, ਜੋ ਵਿਛੜੇ ਮੇਲ ਮਿਲਾਇੰਦਾ । ਓਸੇ ਦੇ ਚਰਨਾਂ ਹੇਠਾਂ ਆਪਣੀ ਛਾਤੀ ਡਾਹਵਾਂ, ਜਿਸ ਚਰਨ ਛੂਹ ਨਾਲ ਸੰਤ ਸੁਹੇਲੇ ਗੁਰਮੁਖ ਮੇਲੇ ਆਪਣੇ ਰੰਗ ਰੰਗਾਇੰਦਾ । ਉਹ ਆਪਣੀਆਂ ਭੁਜਾਂ ਵਖਾਵੇ ਬਾਹਵਾਂ, ਬਾਹਵਾਂ ਅੱਗੇ ਹੱਥ ਹੱਥਾਂ ਅੱਗੇ ਉਂਗਲਾਂ ਉਂਗਲਾਂ ਅੱਗੇ ਪੋਟੇ ਛੋਟੇ ਛੋਟੇ ਮੇਰੇ ਨਾਲ ਛੁਹਾਇੰਦਾ । ਮੇਰੇ ਕਰਮ ਬਦਲ ਜਾਣ ਖੋਟੇ, ਜੋ ਖੋਟੇ ਖਰੇ ਬਣਾਇੰਦਾ । ਜਿਸ ਨੇ ਵੀਹ ਸੌ ਵੀਹ ਬਿਕ੍ਰਮੀ ਰਵਦਾਸ ਚੁਮਾਰ ਦੇ ਬੰਨ੍ਹਾਏ ਹੋਏ ਹਿਕੇ ਝੋਟੇ, ਆਰ ਪਾਰ ਆਪ ਲੰਘਾਇੰਦਾ । ਮੈਂ ਉਹਨਾਂ ਦੇ ਤਾਰਨ ਆਇਆ ਪੋਤੇ, ਜਿਹਨਾਂ ਦਾ ਨਾਤਾ ਪਾਲ ਸਿੰਘ ਨਾਲ ਜੁੜਾਇੰਦਾ ।

ਏਸ ਪ੍ਰਭੂ ਦੀ ਸੋਚ ਕਿਆ ਕੋਈ ਸੋਚੇ, ਸੋਚ ਸਮਝ ਵਿਚ ਨਾ ਆਇੰਦਾ । ਰਾਵੀ ਕਿਹਾ ਮੇਰੇ ਭਾਗ ਉਠਣ ਸੋਤੇ, ਸੁੱਤੀ ਆਪ ਉਠਾਇੰਦਾ । ਇਹਨਾਂ ਭਗਤਾਂ ਅਧਵਿਚਕਾਰ ਜਾ ਕੇ ਇਕ ਵਾਰ ਚੁੱਕੇ ਆਪਣੇ ਮੋਢੇ, ਮੋਢਾ ਅਗਲੇ ਜਹਾਨ ਦਾ ਆਪ ਲਗਾਇੰਦਾ । ਇਸ ਤੋਂ ਅੱਗੇ ਗੁਰਸਿਖ ਸ਼ੌਹ ਦਰਿਆ ਨਾ ਕੋਈ ਖਾਵੇ ਗੋਤੇ, ਦੋ ਜਹਾਨਾਂ ਬੇੜਾ ਪਾਰ ਕਰਾਇੰਦਾ । ਤਾਰ ਕੇ ਜਾਏ ਵੱਡੇ ਛੋਟੇ, ਬਿਰਧ ਬਾਲ ਜਵਾਨ ਵੰਡ ਨਾ ਕੋਇ ਵਖਾਇੰਦਾ । ਜਨ ਭਗਤੋ ਤੁਹਾਡੇ ਦੁਰਮਤ ਮੈਲ ਕਲੇਵਰ ਪਾਪ ਸਾਰੇ ਗਏ ਧੋਤੇ, ਚਿੰਤਾ ਚਿਖਾ ਗ਼ਮ ਨਾ ਕੋਇ ਰਖਾਇੰਦਾ । ਰਾਵੀ ਕਹੇ ਪ੍ਰਭੂ ਆਪਣੇ ਚਰਨਾਂ ਤੋਂ ਲਾਹ ਕੇ ਮੋਜੇ, ਇਕ ਦੋ ਚਾਰ ਬ੍ਰਾਹਮਣ ਦੇ ਸਿਰ ਉਤੇ ਰਖਾਇੰਦਾ । ਜਿਹੜੇ ਘੁਮਿਆਰਾਂ ਕੋਲੋਂ ਮੰਗੇ ਸੀ ਨਾਲ ਧੋਖੇ, ਉਹ ਘੁਮਿਆਰਾਂ ਦਾ ਲਾਲ ਲਾਲੋ ਲਾਲ ਕਿਸ਼ਨ ਸਿੰਘ ਰੂਪ ਵਟਾਇੰਦਾ । ਦੂਜਾ ਕੂਜਾ ਕਿਸ਼ਨ ਸਿੰਘ ਹੱਥ ਫੜਾ ਕੇ ਅੰਤਰ ਆਤਮ ਇਹ ਸੋਚੇ, ਪ੍ਰਭ ਲਹਿਣਾ ਦੇਣਾ ਕਿਵੇਂ ਮੁਕਾਇੰਦਾ । ਜੋ ਪਹੁੰਚਣਹਾਰਾ ਸਦਾ ਆਪਣੇ ਮੌਕੇ, ਕੁਹਾਰ ਯਾਰ ਤੇਲੀ ਸਾਰੇ ਪਾਰ ਕਰਾਈਆ । ਤਾਰਾ ਸਿੰਘ ਇਕ ਵਾਰੀ ਵੜਨਾ ਪਾਣੀ ਵਿਚ ਛੋਟੇ, ਜੋ ਗੋਡਿਆਂ ਤਾਂਈ ਰਖਾਈਆ । ਝਨਾਂ ਵਿਚ ਨਹਾਣਾ ਪਿਆ ਕਰਕੇ ਲੰਗੋਟੇ, ਹੁਣ ਤਨ ਨਾ ਕੋਇ ਠਰਾਈਆ । ਜੋ ਪਿਛੇ ਬ੍ਰਹਿਮਣ ਹੋ ਕੇ ਜਜਮਾਨਾਂ ਕੋਲੋਂ ਖਾਂਦਾ ਰਿਹਾ ਪਰੌਂਠੇ, ਹੁਣ ਭਗਤਾਂ ਨਾਲ ਅੰਮ੍ਰਿਤ ਜਾਮ ਪਿਆਈਆ । ਰਲ ਮਿਲ ਸਾਰੇ ਕੰਢੇ ਓਸ ਪਹੁੰਚੇ, ਜਿਸ ਕੰਢੇ ਉਤੇ ਅਰਜਨ ਇਕ ਧਿਆਨ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਸੋਚੇ, ਦੂਜਾ ਸੰਗ ਨਾ ਕੋਇ ਰਖਾਈਆ ।



੧੨੪੬ ੧੭

ਡੱਲੇ ਵੇਖ ਗੁਰਮੁਖ ਤਰਦੇ, ਵੇਲਾ ਪਿਛਲਾ ਯਾਦ ਕਰਾਈਆ । ਜੋ ਸਤਿਗੁਰ ਬੇੜੇ ਚੜ੍ਹਦੇ, ਤਿਨ੍ਹਾਂ ਖੇਵਟ ਖੇਟਾ ਬੇਪਰਵਾਹੀਆ । ਜਨ ਭਗਤ ਸੁਹੇਲੇ ਮੇਲੇ ਵਿਛੜੇ ਚਿਰਦੇ, ਫੜ ਬਾਹੋਂ ਜੋੜ ਜੁੜਾਈਆ । ਸਭ ਦੇ ਠੰਡੇ ਕਰਕੇ ਜਾਏ ਹਿਰਦੇ, ਹਰਿ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਰ ਆਪਣੇ ਕੰਧ ਉਠਾਈਆ । ਡੱਲੇ ਵੇਖ ਵੰਞ ਮੁਹਾਣਾ, ਹਰਿ ਚੱਪੂ ਨਾਮ ਲਗਾਈਆ । ਜਿਸ ਬੇੜੇ ਤੇ ਚੜ੍ਹੇ ਕੋਈ ਨਾ ਰਾਜਾ ਰਾਣਾ, ਗੁਰਮੁਖਾਂ ਗੁਰਸਿਖਾਂ ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਜਿਸ ਦੇ ਪਿਛੇ ਅਰਜਨ ਮੰਨਿਆ ਭਾਣਾ, ਰਾਵੀ ਆਪਣਾ ਆਪ ਭੇਟ ਚੜ੍ਹਾਈਆ । ਸੋ ਜਨ ਭਗਤਾਂ ਦੇਵਣ ਆਇਆ ਦਾਨਾ, ਦਾਤਾ ਹੋ ਕੇ ਫੇਰਾ ਪਾਈਆ । ਸਾਰੇ ਗਾਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਜਨ ਭਗਤਾਂ ਭਾਗ ਭਰੇ ਭਾਗ ਵਿਚ ਝੋਲੀ ਪਾਈਆ ।

### ✪ ੧੫ ਪੋਹ ੨੦੨੧ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹ ਪਿੰਡ ਚੇਬੇ ਜ਼ਿਲਾ ਗੁਰਦਾਸਪੁਰ ✪

ਪੁਰਖ ਅਕਾਲਾ ਦੀਨ ਦਿਆਲਾ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਦੇਵੇ ਧੁਰ ਦੀ ਵਸਤ ਮੰਗੀ, ਨਿਤ ਨਵਿਤ ਝੋਲੀ ਆਪ ਭਰਾਇੰਦਾ । ਜਨ ਭਗਤ ਅਕੇਲਾ ਲੇਖਾ ਜਾਣੇ ਗੁਰੂ ਗੁਰ ਚੇਲਾ ਖੇਲੇ ਖੇਲ ਬਹੁ ਬਿਧ ਰੰਗੀ, ਵੇਸ ਅਨੇਕਾਂ ਰੂਪ ਵਟਾਇੰਦਾ । ਜਨਮ ਜਨਮ ਦਾ ਕੱਟਣਹਾਰਾ ਖ਼ਾਨਾਬੰਦੀ, ਕੱਢਣਹਾਰਾ ਵਾਸਨਾ ਗੰਦੀ, ਦੁਰਮਤ ਮੈਲ ਆਪ

ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਨਹਾਰ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਤ੍ਰੇਤਾ ਦੁਆਪਰ ਜਿਸ ਨੇ ਪਾਰ ਉਤਾਰਾ, ਕਲਜੁਗ ਅੰਤਮ ਵੇਖ ਵਖਾਈਆ । ਪੂਰਬ ਲੇਖਾ ਜਾਣੇ ਸਾਰਾ, ਸਾਹਿਬ ਅਭੁੱਲ ਭੁੱਲ ਕਦੇ ਨਾ ਜਾਈਆ । ਮਿਤਰਾਂ ਨਾਲ ਮਿਤਰ ਪਿਆਰਾ, ਪਿਤਾ ਨਾਲ ਪੂਤ ਦੁਲਾਰਾ, ਸ਼ੱਤਰੂਆਂ ਆਪਣਾ ਰੰਗ ਚੜ੍ਹਾਈਆ । ਵਣਜਾਂ ਵਿਚੋਂ ਵਣਜ ਵਪਾਰਾ, ਹੱਟਾਂ ਵਿਚੋਂ ਹੱਟ ਨਿਆਰਾ, ਸਮਰਥ ਪੁਰਖ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਪੂਰਬ ਲੇਖਾ ਲਹਿਣਾ ਦੇਵੇ, ਨਰ ਨਿਰੰਕਾਰ ਵਡੀ ਵਡਿਆਈਆ । ਅਬਿਨਾਸ਼ੀ ਕਰਤਾ ਅਲਖ ਅਭੇਵੇ, ਅਗੰਮ ਅਗੋਚਰ ਵੇਖ ਵਖਾਈਆ । ਰਸਨਾ ਜਿਹਵਾ ਜੋ ਨਰ ਹਰਿ ਨਰਾਇਣ ਸੇਵੇ, ਅੰਤਰ ਆਤਮ ਧਿਆਨ ਲਗਾਈਆ । ਤਿਸ ਨੂੰ ਜੁਗ ਜਨਮ ਦੇ ਮਿਲਦੇ ਮੇਵੇ, ਅੰਮ੍ਰਿਤ ਫਲ ਖੁਆਈਆ । ਉਸ ਦੇ ਚਰਨਾਂ ਝੁਕਦੇ ਦੇਵਤ ਸੁਰ ਦੇਵੀ ਦੇਵੇ, ਕਰੋੜ ਤੇਤੀਸਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤ੍ਰੇਤਾ ਕਹੇ ਮੈਂ ਵੇਖਿਆ ਤੇਰਾ ਰੂਪ, ਹਰ ਘਟ ਵਾਸੀ ਤੇਰੀ ਵਡਿਆਈਆ । ਦੁਆਪਰ ਕਹੇ ਮੈਂ ਵੇਖਿਆ ਤੇਰਾ ਕਲਬੂਤ, ਬਿਨ ਤੱਤਾਂ ਨਜ਼ਰੀ ਆਈਆ । ਕਲਜੁਗ ਕਹੇ ਮੈਂ ਤੇਰਾ ਦਿਆਂ ਸਬੂਤ, ਸਤਿ ਸਚ ਸਰਬ ਦ੍ਰਿੜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਮੌਜੂਦ, ਸਾਹਿਬ ਸਵਾਮੀ ਏਕਾ ਏਕੰਕਾਰਾ ਨਜ਼ਰੀ ਆਈਆ । ਜੋ ਭਗਤਾਂ ਅਸਲ ਨਾਲ ਮੁਕਾਵਣ ਆਇਆ ਸੂਦ, ਸ਼ਰ੍ਹਾ ਹਿਸਾਬ ਆਪਣੇ ਨਾਲ ਘੜਾਈਆ । ਅੱਗੇ ਕਰਨ ਆਇਆ ਮਹਿਫ਼ੂਜ਼, ਬੰਦੀਖ਼ਾਨਾ ਦਏ ਤੁੜਾਈਆ । ਸਾਚਾ ਬਖ਼ਸ਼ਣ ਆਇਆ ਅਰੂਜ, ਅਰਸ਼ਾਂ ਉਪਰ ਅਰਸ਼ ਏਕਾ ਧਾਮ ਸੁਹਾਈਆ । ਪੜ੍ਹਾਵਣਹਾਰਾ ਇਕ ਹਰੂਫ, ਸਾਚਾ ਮੰਤਰ ਰਿਹਾ ਦ੍ਰਿੜਾਈਆ । ਪੂਰਬ ਜਨਮ ਦਾ ਲੇਖਾ ਕਰਕੇ ਮਨਸੂਖ, ਅੱਗੇ ਲਹਿਣਾ ਦਏ ਮੁਕਾਈਆ । ਨਾਤਾ ਤੁੱਟ ਜਾਏ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲੋੜ ਰਹੇ ਨਾ ਰਾਈਆ । ਅਗੰਮ ਨਿਗਮ ਦੀ ਆਵੇ ਸੂਝ, ਪੜਦਾ ਓਹਲਾ ਦਏ ਚੁਕਾਈਆ । ਜਨਮ ਕਰਮ ਦੀ ਤ੍ਰਿਸਨਾ ਮੇਟੇ ਭੁਖ, ਨਿਜਰ ਅੰਮ੍ਰਿਤ ਧਾਰ ਵਹਾਈਆ । ਓਹਨਾ ਸੱਜਣਾਂ ਨਾਲ ਤੇਰਾ ਕਰੇ ਰਸੂਖ਼, ਜੋ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਦਏ ਖੁਲ੍ਹਾਈਆ । ਪੂਰਬ ਲਹਿਣਾ ਵੇਖ ਪੰਛੀ, ਪਸਚਾਤਾਪ ਦੇ ਗਵਾਈਆ । ਪਰਮ ਪੁਰਖ ਪਤਿਪਰਮੇਸ਼ਵਰ ਉਹ ਕਹਾਣੀ ਲੱਗੇ ਅੱਛੀ, ਜੋ ਮਿਲ ਕੇ ਭਗਤਾਂ ਨਾਲ ਬਣਾਈਆ । ਜਿਸ ਦੀ ਸਾਰ ਕਿਸੇ ਨਾ ਦੱਸੀ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਜਣਾਈਆ । ਸੁਣ ਹਾਲ ਅਹਿਵਾਲ ਜੋ ਵੇਖਿਆ ਅੱਖੀਂ, ਆਖ਼ਰ ਪੜਦਾ ਲਾਹੀਆ । ਜਿਸ ਵੇਲੇ ਤੇਰੀ ਧਾਰ ਕ੍ਰਿਸ਼ਨ ਚਰਨ ਢੱਠੀ, ਬੱਧਕ ਫੜ ਕੇ ਲਿਆ ਉਠਾਈਆ । ਓਸ ਵੇਲੇ ਤੇਰੀ ਅੱਖ ਵੇਖੀ ਇਕ ਸੋਹਣੀ ਸੱਜੀ, ਨੈਣਾਂ ਨੀਰ ਵਹਾਈਆ । ਭਗਵਨ ਜਿਨ੍ਹਾਂ ਦੀ ਪ੍ਰੀਤ ਤੇਰੇ ਨਾਲ ਲੱਗੀ, ਉਹਨਾਂ ਦੇ ਨਾਲ ਮੈਨੂੰ ਦੇਣਾ ਮਿਲਾਈਆ । ਤੂੰ ਆਦਿ ਜੁਗਾਦੀ ਭਗਤ ਸੁਹੇਲਾ ਯੱਦੀ, ਪੁਸ਼ਤ ਪਨਾਹ ਦੇਣੀ ਸਰਨਾਈਆ । ਕ੍ਰਿਸ਼ਨ ਓਸ ਵੇਲੇ ਮਾਰ ਚਪੇੜ ਕਿਹਾ ਗਲ੍ਹ ਖੱਬੀ, ਧੁਰ ਦੀ ਧਾਰ ਜਣਾਈਆ । ਜਿਸ ਵੇਲੇ ਪੰਚਮ ਨਾਨਕ ਜੋਤ ਜਗੀ, ਅਰਜਨ ਰੂਪ ਵਟਾਈਆ । ਤੈਨੂੰ ਤਪੌਣੀ ਪੈਣੀ ਭੱਠੀ, ਬਣ ਭਠਿਆਲਾ ਸੇਵ ਕਮਾਈਆ । ਉਸ ਵੇਲੇ ਅੰਦਰੋਂ ਆਪਣੀ ਆਵਾਜ਼ ਦੱਸੀਂ, ਹੌਕਿਆਂ ਨਾਲ ਸੁਣਾਈਆ । ਮੇਰੀ ਮਾਰੀ ਗਈ ਮੱਤੀ, ਤੇਰੀ ਸਾਰ ਕੋਇ ਨਾ

ਆਈਆ । ਚਰਨ ਧਿਆਨ ਕਰਕੇ ਹੱਥ ਲੋਹ ਉਤੇ ਰੱਖੀਂ, ਆਪਣਾ ਮਾਣ ਵਧਾਈਆ । ਜਦ ਵੇਖੇਂ ਤੇ ਦਿਸੇ ਠੰਡੀ, ਅਗਨੀ ਅੱਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਵੇਖ ਵਖਾਈਆ । ਪੰਛੀ ਕਹੇ ਮੈਨੂੰ ਰਹੇ ਨਾ ਪਸਚਾਤਾਪ, ਜਨਮ ਵਿਛੋੜਾ ਨਜ਼ਰ ਕੋਇ ਨਾ ਆਈਆ । ਮੇਰਾ ਅੰਦਰੋਂ ਬਾਹਰੋਂ ਖੋਲ੍ਹਣਾ ਤਾਕ, ਨਿਤ ਤੇਰਾ ਦਰਸ਼ਨ ਪਾਈਆ । ਕ੍ਰਿਸ਼ਨ ਕਿਹਾ ਉਹ ਮੇਰਾ ਸਭ ਤੋਂ ਵੱਡਾ ਬਾਪ, ਜਿਸ ਨੇ ਕੋਟਨ ਕ੍ਰਿਸ਼ਨ ਕਾਹਨ ਰਾਮ ਦਿਤੇ ਬਣਾਈਆ । ਜੋ ਨਿਰਗੁਣ ਸਰਗੁਣ ਹੋਵੇ ਸਾਖਿਆਤ, ਲੋਕਮਾਤ ਵੇਸ ਵਟਾਈਆ । ਕਲਜੁਗ ਅੰਤਮ ਤੇਰਾ ਵੱਡਾ ਬਣਨਾ ਸਾਥ, ਬੰਸ ਸਰਬੰਸ ਦਏ ਸੁਹਾਈਆ । ਭਠਿਆਲੇ ਤੇਰੀ ਝੋਲੀ ਪਾਏ ਦਾਤ, ਅਰਜਨ ਗੁਰੂ ਦਏ ਗਵਾਹੀਆ । ਜਿਨ੍ਹਾਂ ਦਾ ਬੱਧਕ ਨਾਲ ਸਾਥ, ਸੂਕਰ ਯਾਰ ਨਾਲ ਮਿਲਾਈਆ । ਜੇਹੜੀ ਮੀਨ ਚਰਨ ਕਵਲ ਛੋਹੀ ਮਾਰ ਝਾਤ, ਉਸ ਮਿਲੇ ਵਡਿਆਈਆ । ਜਿਸ ਨੇ ਧੁਰ ਦਾ ਮੰਗਿਆ ਸਾਥ, ਉਸਨੂੰ ਕੰਧਿਆਂ ਉਤੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਵੇਖੋ ਲੇਖਾ ਮੁਕਦਾ ਮਾਤ, ਸੋ ਸਤਿਗੁਰ ਆਪ ਮੁਕਾਈਆ । ਬਿਨਾ ਸੱਦਿਆਂ ਪੁਛਿਆਂ ਘਰ ਪੁੱਛਣ ਆਇਆ ਵਾਤ, ਵਾਰਤਾ ਪਿਛਲੀ ਯਾਦ ਕਰਾਈਆ । ਰਵਿਦਾਸ ਨੇ ਨਾਲ ਫੜੀ ਕਲਮ ਦਵਾਤ, ਲੇਖਾ ਲਿਖਤ ਵਿਚ ਗਵਾਹੀਆ । ਪਾਰ ਕੰਢੇ ਪ੍ਰਭ ਨੇ ਮਾਰੀ ਆਪ ਝਾਤ, ਸਾਰੇ ਸੰਗੀ ਸਾਥੀ ਲਏ ਬੁਲਾਈਆ । ਕੱਠੇ ਕਰਕੇ ਬਖ਼ਸ਼ ਦੇਵੇ ਨਜ਼ਾਤ, ਜਨਮ ਮਰਨ ਦਾ ਗੇੜ ਰਹੇ ਨਾ ਰਾਈਆ । ਰੂਹ ਬੁੱਤ ਦੋਵੇਂ ਕਰ ਕੇ ਪਾਕ, ਸਾਫ਼ ਸੁਥਰੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਰਜਨ ਕਿਹਾ ਭਠਿਆਲੇ ਰੱਖੀਂ ਚੇਤਾ, ਚੇਤਨ ਸੁਰਤੀ ਨਾਲ ਮਿਲਾਈਆ । ਜਿਹੜਾ ਸ਼ਾਹ ਸੁਲਤਾਨਾਂ ਨਾਲੋਂ ਗ਼ਰੀਬਾਂ ਨੂੰ ਪਾਰ ਉਤਾਰੇ ਅਗੇਤਾ, ਅਗਲਾ ਲੇਖਾ ਆਪ ਜਣਾਈਆ । ਭਗਤ ਉਧਾਰਨ ਉਸ ਆਪਣਾ ਲੈਣਾ ਠੇਕਾ, ਦੂਜੇ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਭਠਿਆਲੇ ਕਿਹਾ ਮੈਂ ਕੀਤਾ ਕੁਕਰਮ, ਨਿਹਕਰਮੀ ਤੇਰੀ ਸਾਰ ਨਾ ਆਈਆ । ਇਹ ਨਹੀਂ ਸੀ ਮੇਰਾ ਧਰਮ, ਅਧਰਮੀਆਂ ਦਾ ਹੁਕਮ ਮੰਨ ਕੇ ਬੈਠਾ ਸੀਸ ਝੁਕਾਈਆ । ਜੇ ਬਖ਼ਸ਼ੇਂ ਤੇ ਸਾਚੀ ਸਰਨ, ਸਰਨਗਤ ਇਕ ਦਰਸਾਈਆ । ਜਿਸ ਮੰਦਰ ਅੰਦਰ ਤੇਰੇ ਭਗਤ ਸੁਹੇਲੇ ਵੜਨ, ਉਸ ਦਾ ਦਰ ਦੇਣਾ ਖੁਲ੍ਹਾਈਆ । ਚੰਗਾ ਹੁੰਦਾ ਜਾਂ ਤੇਰੇ ਪਿਛੇ ਮੈਨੂੰ ਮਿਲਦਾ ਇਹ ਸੜਨ, ਤਨ ਮਾਟੀ ਖ਼ਾਕੀ ਤੇਰੀ ਭੇਟ ਚੜ੍ਹਾਈਆ । ਇਸ ਜੀਵਣ ਨਾਲੋਂ ਚੰਗਾ ਮਰਨ, ਜਿਸ ਦੇ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਏ ਲਗਾਈਆ । ਸਾਹਿਬ ਸਤਿਗੁਰ ਕਿਹਾ ਗੁਰ ਅਰਜਨ, ਸ਼ਬਦ ਸੰਦੇਸਾ ਇਕ ਸੁਣਾਈਆ । ਹਰਿ ਕਾ ਭਾਣਾ ਕੋਇ ਨਾ ਆਏ ਵਰਜਣ, ਨਾ ਕੋਇ ਮੇਟੇ ਮੇਟ ਮਿਟਾਈਆ । ਤੇਰਾ ਲੇਖਾ ਮੁਕਣਾ ਕੱਠਿਆਂ ਹੋ ਕੇ ਬਾਰਾਂ ਵਾਲੀ ਦਰਜਨ, ਦਰਜਾ ਬਦਰਜਾ ਸਾਰੇ ਜੋੜ ਜੁੜਾਈਆ । ਤੇਰਾ ਸਹਾਈ ਜੋਧਾ ਸੂਰਬੀਰ ਵਡ ਮਰਦਨ, ਮਰਦ ਮਰਦਾਨਾ ਇਕ ਅਖਵਾਈਆ । ਰਾਵੀ ਦਾ ਘਾਟ ਲੰਘ ਕੇ ਸਰਦਲ, ਦਰ ਦਵਾਰੇ ਤੇਰੇ ਫੇਰਾ ਪਾਈਆ । ਉਹ ਖੇਲ ਕਰੇ ਫਰਦਨ ਫਰਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਭਠਿਆਲਾ ਕਹੇ ਮੈਂ ਕੀ ਸਮਝਾਂ, ਬੁਧ ਮਤ ਰਹੀ ਨਾ ਰਾਈਆ । ਪਰਮ ਪੁਰਖ ਤੇਰੀਆਂ ਕਿਹੜੀਆਂ ਰਮਜ਼ਾਂ, ਜੋ ਇਸ਼ਾਰਿਆਂ ਨਾਲ ਜਣਾਈਆ । ਮੈਂ ਤੇਰੇ ਥੱਲੇ

ਡਾਹੁੰਦਾ ਰਿਹਾ ਨਿੱਕੀਆਂ ਨਿੱਕੀਆਂ ਛਮਕਾਂ, ਜੋ ਸਾਢੇ ਤਿੰਨ ਹੱਥ ਲੱਕੜੀ ਨਾਲ ਮਿਲਾਈਆ । ਤੂੰ ਲੌਂਦਾ ਰਿਹੋਂ ਹੌਲੀ ਹੌਲੀ ਆਪਣੀਆਂ ਤਨਕਾ, ਬਿਨ ਤੰਦੀ ਤੰਦ ਸਤਾਰ ਵਜਾਈਆ । ਤੂੰ ਭਵਾਉਂਦਾ ਰਿਹੋਂ ਮੇਰੇ ਮਨ ਕਾ ਮਣਕਾ, ਮਿਹਰਵਾਨ ਦਇਆ ਕਮਾਈਆ । ਮੈਂ ਮੰਗਦਾ ਰਿਹਾ ਹੋ ਕੇ ਮੰਗਤਾ, ਤੇਰੇ ਦਰ ਤੇ ਅਰਜ਼ ਸੁਣਾਈਆ । ਮੈਨੂੰ ਮੇਲਾ ਹੋ ਜਾਏ ਭਗਤਾਂ ਸੰਗ ਦਾ, ਗੁਰਮੁਖਾਂ ਨਾਲ ਵਡਿਆਈਆ । ਫੇਰ ਜਾਣਾਂ ਸਤਿਗੁਰ ਚੋਲਾ ਰੰਗਦਾ, ਦੁਰਮਤ ਮੈਲ ਧੁਆਈਆ । ਜੇ ਨਜ਼ਾਰਾ ਬਖ਼ਸ਼ੇ ਆਪਣੀ ਸੇਜ ਪਲੰਘ ਦਾ, ਸਾਚੇ ਤਖ਼ਤ ਬਹਾਈਆ । ਇਸ ਤੋਂ ਚੰਗਾ ਵੇਲਾ ਨਹੀਂ ਸੋਹਣੀ ਠੰਡ ਦਾ, ਜੋ ਅਗਨੀ ਤਤ ਬੁਝਾਈਆ । ਲੇਖਾ ਚੁਕ ਜਾਏ ਕੂੜੀ ਸ੍ਰਿਸ਼ਟੀ ਵਰਭੰਡ ਦਾ, ਬ੍ਰਹਿਮੰਡ ਚਰਨਾਂ ਹੇਠ ਦਬਾਈਆ । ਮੈਂ ਉਹ ਦਰ ਵੇਖਾਂ ਜਿਥੇ ਵਿਸ਼ਨ ਬ੍ਰਹਮਾ ਸ਼ਿਵ ਦਰ ਖਲੋਤਾ ਮੰਗਦਾ, ਨਿਉਂ ਨਿਉਂ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਵੇ ਤੇਰੇ ਛੰਦ ਦਾ, ਧੁਰ ਦਾ ਰਾਗ ਅਲਾਈਆ । ਮੈਂ ਓਸ ਦਵਾਰੇ ਓਸ ਮੰਜ਼ਲ ਓਸ ਮੁਕਾਮ ਜਾਵਾਂ ਲੰਘਦਾ, ਜਿਥੇ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਨਿਰਗੁਣ ਦਾਤਾ ਪੁਰਖ ਬਿਧਾਤਾ ਬੈਠਾ ਆਸਣ ਲਾਈਆ । ਲੇਖਾ ਰਹਿ ਨਾ ਜਾਏ ਕਿਸੇ ਮੁਹਾਣੇ ਵੰਝ ਦਾ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਸੁਖ ਮਾਣਾਂ ਓਸ ਅਨੰਦ ਦਾ, ਜੋ ਗੋਬਿੰਦ ਗਿਆ ਸਮਝਾਈਆ । ਪਹਿਲੋਂ ਦਰਸ਼ਨ ਕਰਕੇ ਗੁਜਰੀ ਚੰਦ ਦਾ, ਫਿਰ ਤੇਰੇ ਵਿਚ ਸਮਾਈਆ । ਝਗੜਾ ਚੁਕ ਜਾਏ ਜੀਓ ਪਿੰਡ ਇੰਡ ਬ੍ਰਹਿਮੰਡ ਖੰਡ ਦਾ, ਸਗਲੀ ਚਿੰਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਭਠਿਆਲੇ ਤੂੰ ਤਾਈ ਭੱਠੀ, ਅਗਨੀ ਭੇਟ ਚੜ੍ਹਾਈਆ । ਗਹਿਰ ਗੰਭੀਰ ਤੇਰੀ ਆਤਮ ਕਰੇ ਠੰਡੀ, ਉਪਰ ਫੂਲਾਂ ਹਾਰ ਵਿਛਾਈਆ । ਸਤਿਗੁਰ ਸੇਜ ਸੁਹਾਵਣੀ ਸਭ ਤੋਂ ਚੰਗੀ, ਜਿਸ ਨੂੰ ਪੀਰ ਪੈਗ਼ੰਬਰ ਖੋਜਣ ਥਾਉਂ ਥਾਈਂਆ । ਇਹ ਸ਼ਾਹਾਂ ਦਿਆਂ ਤਖ਼ਤਾਂ ਨਾਲੋਂ ਤੇਰੀ ਮੰਜੀ ਚੰਗੀ, ਜਿਥੇ ਮਜਲਸ ਲੱਗੀ ਬੇਪਰਵਾਹੀਆ । ਤੇਰੀ ਜਨਮ ਜਨਮ ਦੀ ਵਰਨ ਵਰਨ ਦੀ, ਬਰਨ ਬਰਨ ਦੀ ਕੱਟ ਕੇ ਤੰਗੀ, ਸਰਨ ਇਕੋ ਇਕ ਦਰਸਾਈਆ । ਔਹ ਤੱਕ ਲੈ ਆਪਣੇ ਪਿਛਲੇ ਸੰਗੀ, ਜੋ ਦੂਰ ਦੁਰਾਡੇ ਫੜ ਕੇ ਤੇਰੇ ਨਾਲ ਮਿਲਾਈਆ । ਸ਼ਬਦ ਭਾਜੀ ਦੇ ਕੇ ਗੰਢੀ, ਘਰੋਂ ਘਰੀ ਲਏ ਉਠਾਈਆ । ਰਾਵੀਉਂ ਪਾਰ ਤੇਰੀ ਵੇਖ ਕੇ ਸੋਹਣੀ ਡੰਡੀ, ਡੰਡੌਤ ਕਰਦਾ ਆਇਆ ਧੁਰ ਦਾ ਮਾਹੀਆ । ਬੇਸ਼ਕ ਤੇਰੇ ਵਾਲਾਂ ਵਿਚ ਕਿਸੇ ਨਹੀਂ ਵਾਹੀ ਕੰਘੀ, ਸਤਿਗੁਰ ਪੂਰਾ ਦੁਰਮਤ ਮੈਲ ਅੰਦਰੋਂ ਦਏ ਧੁਆਈਆ । ਝਗੜਾ ਕਰੇ ਨਾ ਤੇਰਾ ਮਨ ਫ਼ਰੰਗੀ, ਸਾਢੇ ਤਿੰਨ ਹੱਥ ਚਲੇ ਨਾ ਕੋਇ ਵਡਿਆਈਆ । ਕੂੜੀ ਕਿਰਿਆ ਕੱਢ ਕੇ ਵਾਸਨਾ ਗੰਦੀ, ਸਚ ਸਮਗਰੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਸਰਨਾਈਆ । ਭੱਠੀ ਤੋਂ ਮਿਲਿਆ ਸਿੰਘਾਸਣ, ਵੇਖੋ ਖੇਲ ਬੇਪਰਵਾਹੀਆ । ਭਗਤਾਂ ਨਾਲ ਬਣਿਆ ਸਾਥਨ, ਸੋਹਣਾ ਸੰਗ ਜੁੜਾਈਆ । ਜੈ ਜੈ ਜੈਕਾਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਆਖਣ, ਗਣ ਗੰਧਰਬ ਦੇਵਤ ਸੁਰ ਢੋਲੇ ਜਸ ਰਹੇ ਗਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਹਰਿ ਕਰਤਾ ਆਪ ਆਇਆ ਵਾਚਣ, ਪੂਰਬ ਪੜਦਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭੱਠੀ ਪਿਛੋਂ ਮਿਲਿਆ ਹਰਿ ਕਾ ਭੱਠ, ਜਿਸ ਕਰਮ ਰੋਗ ਦਿਤਾ ਮਿਟਾਈਆ । ਇਕੋ ਵਾਰ ਦੂਈ ਦਵੈਤੀ ਕਿਰਿਆ ਅੰਦਰ ਦਿਤੀ ਕੱਟ, ਜੋਤੀ ਲੰਬੂ ਅਗਨੀ ਲਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਸਾਚਾ ਪੜਦਾ ਦਏ ਉਠਾਈਆ । ਜੋਤੀ


੧੨੪੯
੧੭

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਡਾਹੀ ਅੱਗ ਦਾ ਮਿਲਿਆ ਬਦਲਾ, ਹਰਿ ਅੰਤਰ ਖੋਜ ਖੁਜਾਇੰਦਾ । ਇਹ ਤੇਰਾ ਪਿਛਲਾ ਸਾਥ ਸਗਲਾ, ਜੋ ਸਗਵਾਂ ਨਾਲ ਲਿਆਇੰਦਾ । ਅੱਗੇ ਲਹਿਣਾ ਦੱਸੇ ਅਗਲਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਜਨ ਭਗਤਾਂ ਲੇਖੇ ਲਾਇਆ ਸਚਖੰਡ ਦਵਾਰ ਬੰਗਲਾ, ਬਗ ਬਪੜਾ ਕੋਈ ਓਥੇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਇੰਦਾ । ਵੇਖ ਖੇਲ ਹਰਿ ਕਰਤਾ ਕਰੇ ਉਜਾਗਰ, ਸਿੰਘ ਉਜਾਗਰ ਦਏ ਵਡਿਆਈਆ । ਉਠ ਵੇਖ ਤੇਰੇ ਪਿਛਲੇ ਯਾਰ ਬਣ ਕੇ ਆਏ ਸੁਦਾਗਰ, ਰਾਮ ਸਿੰਘ ਫੇਰਾ ਪਾਈਆ । ਜਿਸ ਦੇ ਨਾਲ ਉਹਦੇ ਮਿਤਰ ਪੁੱਤਰ ਸ਼ੱਤਰੂ ਯਾਤਰ, ਸੋਹਣਾ ਸੰਗ ਬਣਾਈਆ । ਦਰਬਾਨ ਸਪੁੱਤਰੀ ਕਰਨ ਆਈ ਖ਼ਾਤਰ, ਨੂੰਹ ਚੰਦੂ ਮਿਲੀ ਵਡਿਆਈਆ । ਉਹ ਮੈਂਡਕ ਮੱਛੀ ਲੰਘ ਕੇ ਆਇਆ ਪਾਤਣ, ਜਿਸ ਦਾ ਲੇਖਾ ਅਰਜਨ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਦਏ ਜਣਾਈਆ । ਅੱਗ ਕਹੇ ਮੈਂ ਹੋ ਗਈ ਠੰਡੀ, ਕਾਸ਼ਟ ਵਿਚੋਂ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਜਨ ਭਗਤਾਂ ਦੀ ਮੈਨੂੰ ਆਈ ਸੁਗੰਧੀ, ਮੈਂ ਸੁੰਘ ਕੇ ਖ਼ੁਸ਼ੀ ਮਨਾਈਆ । ਜਾਂਦੇ ਮਾਹੀ ਕੋਲੋਂ ਇਕ ਵਸਤ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜਦੋਂ ਮੁੜ ਕੇ ਫੇਰ ਆਪਣੇ ਪਤਣ ਲੰਘੀਂ, ਪਿਛਲਾ ਪੰਧ ਚੁਕਾਈਆ । ਓਸ ਵੇਲੇ ਮੈਨੂੰ ਨਿਮਸਕਾਰ ਕਰਨ ਦੇਵੀਂ ਆਪਣੇ ਚਰਨ ਨੰਗੀਂ, ਜੋ ਜਲਧਾਰਾ ਵਿਚ ਰਖਾਈਆ । ਜਿਸ ਪਾਨਹੀ ਨੇ ਲੇਖ ਚੁਕਾਇਆ ਬ੍ਰਹਿਮਣ ਪਖੰਡੀ, ਨਾਤਾ ਲਾਲੋ ਨਾਲ ਜੁੜਾਈਆ । ਓਥੇ ਤੇਰੇ ਜਾਂਦਿਆਂ ਨੂੰ ਆਈ ਹੋਵੇ ਗੰਗੀ, ਗੋਦਾਵਰੀ ਜਮਨਾ ਸੁਰਸਤੀ ਬਣ ਕੇ ਪਾਂਧੀ ਆਪਣਾ ਪੰਧ ਮੁਕਾਈਆ । ਤੂੰ ਹੀ ਤੂੰ ਹੀ ਢੋਲਾ ਹੋਵੇ ਗਾਂਦੀ, ਗਾ ਗਾ ਸ਼ੁਕਰ ਮਨਾਈਆ । ਉਸ ਤੋਂ ਅੱਗੇ ਇਕ ਗਹਿਣ, ਜਿਸ ਦੇ ਅੰਦਰ ਮੈਂ ਵਸੇਰਾ ਰਖਾਂਦੀ, ਆਪਣਾ ਡੇਰਾ ਲਾਈਆ । ਮੈਨੂੰ ਵੇਲਾ ਵਕਤ ਯਾਦ ਉਹ ਜਿਸ ਵੇਲੇ ਤੇਰੇ ਪ੍ਰੇਮ ਪਿਆਰ ਅੰਦਰ ਮੇਰੀ ਖੁਲ੍ਹ ਗਈ ਪਰਾਂਦੀ, ਮੇਢੀ ਸੀਸ ਨਜ਼ਰ ਕੋਇ ਨਾ ਆਈਆ । ਮੈਂ ਦਸਰਥ ਦਵਾਰੇ ਦੀ ਬਾਂਦੀ, ਨਕਈਆ ਆਪਣਾ ਨਾਮ ਜਣਾਈਆ । ਜਿਸ ਵੇਲੇ ਮੈਂ ਸੰਗਤ ਵੇਖੀ ਜਾਂਦੀ ਜਾਂਦੀ, ਜਾਂਦੀ ਵੇਰਾਂ ਚਰਨ ਧੂੜ ਚੁਕ ਕੇ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਪੂਰ ਕਰਾਈਆ । ਲੇਖਾ ਪੂਰ ਹੋਇਆ ਮੁੱਕਿਆ ਝਗੜਾ, ਝੰਝਟ ਦਿਤਾ ਚੁਕਾਈਆ । ਅੱਗੇ ਹੁਕਮ ਵਰਤਾਏ ਕਰੜਾ, ਨਾ ਕੋਇ ਮੇਟੇ ਮੇਟ ਮਿਟਾਈਆ । ਨਾਤਾ ਜੋੜ ਕੇ ਹਰਿ ਸੰਗਤ ਘਰ ਦਾ, ਭਗਤ ਭਗਵਾਨ ਲਏ ਤਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਆ ਕੇ ਵਰਦਾ, ਵਾਅਦਿਆਂ ਨਾਲ ਵਾਅਦਾ ਕੀਤਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿੰਨ ਦਿਨ ਪਹਿਲੋਂ ਦਰਸ਼ਨ ਦੇ ਕੇ ਫੇਰ ਅੱਗੇ ਖੜਦਾ, ਖੜਨ ਤੋਂ ਪਹਿਲੋਂ ਅਗਲਾ ਘਰ ਸਾਖਿਆਤ ਦਏ ਵਖਾਈਆ । ਗ਼ਰੀਬਾਂ ਦਾ ਮੋਹਰੀ ਇਕ ਇਹ ਗ਼ਰੀਬ ਬਣਦਾ, ਜਿਸ ਦਾ ਨਸੀਬ ਆਪ ਦਿਤਾ ਬਦਲਾਈਆ । ਸ੍ਰੀ ਭਗਵਾਨ ਜਿਨ੍ਹਾਂ ਫੜਦਾ ਉਹਨਾਂ ਨਾ ਛੱਡਦਾ, ਜਿਨ੍ਹਾਂ ਦੇ ਅੰਦਰ ਵੜਦਾ ਉਹਨਾਂ ਦਾ ਲਾਹ ਕੇ ਪੜਦਾ ਆਪਣਾ ਰੰਗ ਵਖਾਈਆ । ਭਗਤਾਂ ਦਾ ਬਰਦਾ ਸੇਵਾ ਕਰਦਾ, ਦਰ ਦਰ ਘਰ ਘਰ ਆਪਣੀ ਅਲਖ ਜਗਾਈਆ । ਭੱਠੀਆਂ ਉਤੇ ਕਦੇ ਨਾ ਸੜਦਾ, ਤੱਤੀਆਂ ਤਵੀਆਂ ਉਤੇ ਚਰਨ ਨਾ ਧਰਦਾ, ਬਿਨ ਤੱਤਾਂ ਆਪਣਾ ਆਸਣ ਲਾਈਆ । ਜੇ ਏਹੋ ਜੇਹਾ ਖੇਲ ਅਰਜਨ ਨਾਲ ਨਾ ਕਰਦਾ, ਪ੍ਰਭ ਨਾਲ ਮੇਲ ਕੌਣ ਮਿਲਾਈਆ ।

ਨਾ ਪ੍ਰਭੂ ਨਾ ਭਗਤ ਕੋਈ ਏਥੇ ਆ ਕੇ ਵੜਦਾ, ਏਸ ਧਰਨੀ ਧਰਤ ਨਾ ਮਿਲੇ ਵਡਿਆਈਆ । ਜਿਥੇ ਗੁਰਮੁਖ ਗੁਰਸਿਖ ਸੰਤ ਸੁਹੇਲਾ ਚਰਨ ਧਰਦਾ, ਉਹੋ ਧਰਤੀ ਸੋਭਾ ਪਾਈਆ । ਅੱਜ ਤੋਂ ਮਾਲਕ ਤੁਹਾਨੂੰ ਸਭ ਨੂੰ ਬਣਾ ਓਸ ਘਰ ਦਾ, ਜਿਸ ਘਰ ਵਿਚ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਜਗਤ ਦਰਿਆ ਨਾ ਕੋਇ ਅਟਕਾਈਆ । ਜਿਸ ਮੰਜ਼ਲ ਪੌੜੇ ਕੋਈ ਨਹੀਂ ਚੜ੍ਹਦਾ, ਉਸੇ ਪੌੜੇ ਗੁਰਮੁਖ ਦਿਤੇ ਚੜ੍ਹਾਈਆ । ਗ਼ਰੀਬਾਂ ਵਿਚੋਂ ਗ਼ਰੀਬ ਨਿਮਾਣਿਆਂ ਵਿਚੋਂ ਨਿਮਾਣਾ ਪੁਰਖ ਅਕਾਲ ਦੀਨ ਦਿਆਲ ਸਦਾ ਜਨ ਭਗਤਾਂ ਆਪਣੇ ਸੀਸ ਉਤੇ ਧਰਦਾ, ਜਗਦੀਸ਼ ਆਪਣੀ ਸੇਵ ਕਮਾਈਆ । ਵੇਖੋ ਮੰਗੀ ਮੰਗਦਾ ਫਲ ਮਿਲਦਾ, ਦਿਲ ਦਾ ਦਿਲਦਾਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤੋ ਤੁਸੀਂ ਨਹੀਂ ਗ਼ਰੀਬ, ਜਗਤ ਮਾਇਆ ਕੰਮ ਕਿਸੇ ਨਾ ਆਈਆ । ਸਤਿਜੁਗ ਦੀ ਅਗਲੀ ਵੇਖੋ ਤਰਤੀਬ, ਤਰਾ ਤਰਾ ਰਿਹਾ ਜਣਾਈਆ । ਸਦੀ ਵੀਹਵੀਂ ਰਹੀ ਬੀਤ, ਚੌਦਾਂ ਲੋਕ ਦੇਣ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿ ਕੇ ਗਏ ਠੀਕ, ਭਵਿਖਤਾਂ ਵਿਚ ਜਣਾਈਆ । ਜਿਸ ਵੇਲੇ ਆਏ ਵਾਹਦ ਲਾਸ਼ਰੀਕ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਸੋ ਸ੍ਰਿਸ਼ਟ ਸਬਾਈ ਦਏ ਨਸੀਹਤ, ਹੁਕਮ ਨਾਲ ਜਣਾਈਆ । ਜਿਨ੍ਹਾਂ ਨੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਕੇ ਦਿਤੀ ਵਸੀਅਤ, ਉਹਨਾਂ ਦਾ ਲੇਖਾ ਦਏ ਮੁਕਾਈਆ । ਲਿਖਤਾਂ ਵਿਚੋਂ ਲੇਖ ਕੱਢਕੇ ਅਸਲੀਅਤ, ਅਸਲ ਆਪਣੀ ਧਾਰ ਸਮਝਾਈਆ । ਗੁਰਮੁਖਾਂ ਦੀ ਇਕੋ ਬਣਾ ਕੇ ਵਲਦੀਅਤ, ਜਗਤ ਨਾਤੇ ਦਏ ਤੁੜਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਦੇਵਣਹਾਰ ਵਡਿਆਈਆ । ਪਲੰਘ ਕਹੇ ਮੇਰੇ ਉਤੇ ਚੜ੍ਹਿਆ ਕੌਣ, ਬੈਠਾ ਆਸਣ ਲਾਈਆ । ਜਿਸ ਦੇ ਚਾਰ ਕੁੰਟ ਇਰਦ ਗਿਰਦ ਫਿਰਦੀ ਉਣੰਜਾ ਪੌਣ, ਆਪਣੀ ਸੇਵ ਕਮਾਈਆ । ਜਿਸ ਦਾ ਕਾਇਆ ਮੰਦਰ ਅੰਦਰ ਉਜੜਿਆ ਖੇੜਾ ਪ੍ਰਭੂ ਆਇਆ ਵਸੌਣ, ਸਾਢੇ ਤਿੰਨ ਹੱਥ ਮੰਦਰ ਦਏ ਵਸਾਈਆ । ਕੂੜੀ ਕਿਰਿਆ ਬੁਰਜ ਹੰਕਾਰੀ ਆਇਆ ਢੌਣ, ਮਾਇਆ ਮਮਤਾ ਮੋਹ ਦਏ ਗਵਾਈਆ । ਜੁਗ ਜਨਮ ਦੇ ਵਿਛੜੇ ਆਇਆ ਮਿਲੌਣ, ਕੱਠੇ ਕਰਕੇ ਜੋੜ ਜੁੜਾਈਆ । ਚਰਨ ਟਿੱਕਾ ਮਸਤਕ ਆਇਆ ਛੁਹੌਣ, ਲਹਿਣਾ ਦੇਣਾ ਰਾਵੀ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਮਿਲਿਆ ਤਿਨ੍ਹਾਂ ਮਿਲੀ ਵਡਿਆਈਆ ।

## ✪ ੧੫ ਪੋਹ ੨੦੨੧ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹ ਪਿੰਡ ਮਮੀਆਂ ✪

ਹਰਿ ਸਤਿਗੁਰ ਸ਼ਬਦ ਅਗੰਮਾ ਖੋਜੀ, ਦੋ ਜਹਾਨਾਂ ਵੇਖ ਵਖਾਇੰਦਾ । ਭਗਤ ਵਛਲ ਹਰਿ ਭਗਵਨ ਚੋਜੀ, ਲੱਖ ਚੁਰਾਸੀ ਭੇਵ ਚੁਕਾਇੰਦਾ । ਠਾਕਰਾਂ ਦਾ ਹਰਿ ਠਾਕਰ ਮੌਜੀ, ਮਜਲਸ ਇਕੋ ਨਾਮ ਰਖਾਇੰਦਾ । ਜਨਮ ਕਰਮ ਦੇ ਵਿਛੜੇ ਵੇਖੇ ਰੋਗੀ, ਬਿਛਰਤ ਆਪ ਮਿਲਾਇੰਦਾ । ਫੜਕੇ ਚੁੰਡੀ ਕਾਇਆ ਵਿਚੋਂ ਉਤਲੀ ਬੋਦੀ, ਸੋਈ ਸੁਰਤੀ ਆਪ ਉਠਾਇੰਦਾ । ਲੇਖੇ ਲਾ ਕੇ ਕਮਲੀ ਕੋਝੀ, ਦਰਗਾਹ ਸਾਚੀ ਆਪ ਵਡਿਆਇੰਦਾ । ਨਾਮ ਭੰਡਾਰਾ ਖੋਲ੍ਹ ਕੇ ਖਾਨਾ ਮੋਦੀ, ਮੁੱਦਤ ਪਿਛੋਂ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ

ਕਰਨੀ ਵੇਖ ਵਖਾਇੰਦਾ । ਧੁਰ ਦੀ ਕਰਨੀ ਵੇਖਣਹਾਰਾ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡ ਖੰਡ ਜਿਸ ਦਾ ਪਸਾਰਾ, ਖਾਣੀ ਬਾਣੀ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਾਵਣਹਾਰਾ ਸਾਰਾ, ਤੱਤਾਂ ਅੰਦਰ ਆਪਣਾ ਡੇਰਾ ਲਾਈਆ । ਸ਼ਬਦ ਅਗੰਮੀ ਬਣ ਵਣਜਾਰਾ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਜਿਸ ਦਾ ਲਹਿਣਾ ਉਸ ਦਾ ਦੇਣਾ ਪੂਰਬ ਕਰਮਾਂ ਲਾਹੇ ਉਧਾਰਾ, ਕਰਜ਼ਾ ਮਕਰੂਜ਼ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰ ਘਟ ਥਾਈਆ । ਸ਼ਬਦ ਖੋਜੀ ਗੁਰਮੁਖ ਚੁਣਦਾ, ਲੱਖ ਚੁਰਾਸੀ ਵੇਖ ਵਖਾਈਆ । ਲਹਿਣਾ ਦੇਣਾ ਮੁਕਾਵੇ ਗੁਣ ਅਵਗੁਣ ਦਾ, ਕਰਮ ਕਾਂਡ ਡੇਰਾ ਢਾਹੀਆ । ਭੇਵ ਖੁਲ੍ਹਾਵੇ ਆਤਮਕ ਧੁਨ ਦਾ, ਅਨਹਦ ਨਾਦੀ ਨਾਦ ਵਜਾਈਆ । ਪੰਧ ਮੁਕਾਵੇ ਅਗਲੀ ਸੁੰਨ ਦਾ, ਸੁੰਨ ਸਮਾਧ ਨਾ ਕੋਇ ਸਮਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਆਪੇ ਪੁਛਦਾ, ਨਿਰਵੈਰ ਹੋ ਕੇ ਫੇਰਾ ਪਾਈਆ । ਲੇਖਾ ਜਾਣੇ ਸਾਢੇ ਤਿੰਨ ਹੱਥ ਕਾਇਆ ਮਾਟੀ ਪੰਜ ਤਤ ਬੁਤ ਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਪੜਦਾ ਲਾਹਵੇ ਆਪਣਾ ਲੁਕ ਦਾ, ਸਾਖਿਆਤ ਸਤਿ ਸਰੂਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੇਵਣਹਾਰ ਵਡਿਆਈਆ । ਸ਼ਬਦ ਖੋਜੀ ਦੇਖੇ ਦੋ ਜਹਾਂ, ਬ੍ਰਹਿਮੰਡ ਖੰਡ ਪੁਰੀ ਲੋਅ ਧਰਤ ਧਵਲ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਲਏ ਉਠਾ, ਗੁਰ ਗੁਰ ਭੇਵ ਖੁਲ੍ਹਾਈਆ । ਗੁਰਮੁਖ ਸੱਚੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਸਿਖ ਗੂੜ੍ਹੇ ਰੰਗ ਲਏ ਰੰਗਾ, ਰੰਗ ਮਜੀਠੀ ਨਾਮ ਚੜ੍ਹਾਈਆ । ਸਚ ਸੰਦੇਸਾ ਧੁਰ ਦਾ ਦਏ ਸੁਣਾ, ਬਿਨ ਅੱਖਰਾਂ ਨਾਮ ਪੜ੍ਹਾਈਆ । ਬਿਨ ਦੀਨ ਦਿਆਲ ਸਾਹਿਬ ਕਿਰਪਾਲ ਅੰਤਮ ਪਕੜੇ ਕੋਈ ਨਾ ਬਾਂਹ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਕੂਕ ਰਹੀ ਵਾਂਗ ਕਾਂ, ਕਾਗ ਵਾਂਗ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਖੋਜੀ ਕਹੇ ਮੈਂ ਆਦਿ ਜੁਗਾਦਿ ਜੁਗ ਚੌਕੜੀ ਲੱਭਦਾ, ਮਾਣਸ ਮਾਨੁਖ ਮਾਨਸ ਘਰ ਘਰ ਵੇਖ ਵਖਾਈਆ । ਜਿਨ੍ਹਾਂ ਦਾ ਪਰਮ ਪੁਰਖ ਦਾ ਨਾਤਾ ਜੁੜਿਆ ਪਿਓ ਪੁਤ ਦਾ, ਸੋ ਪਤਵੰਤੇ ਦਿਆਂ ਮਿਲਾਈਆ । ਲੇਖਾ ਚੁਕਾਵਾਂ ਮਾਣਸ ਦੇਹੀ ਮਨੁੱਖ ਦਾ, ਲੱਖ ਚੁਰਾਸੀ ਫੰਦ ਕਟਾਈਆ । ਝਗੜਾ ਚੁਕਾਵਾਂ ਮਾਤ ਗਰਭ ਦੇ ਦੁੱਖ ਦਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਲੇਖਾ ਮੁਕਾਵਾਂ ਉਲਟੇ ਰੁੱਖ ਦਾ, ਸਨਮੁਖ ਹੋ ਕੇ ਦਰਸ ਦਿਖਾਈਆ । ਵਕਤ ਸੁਹਾਵਾਂ ਸੁਹੰਜਣੀ ਰੁੱਤ ਦਾ, ਛਹਿਬਰ ਹਰਿ ਹਰਿ ਨਾਮ ਲਗਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਮੇਰੇ ਕੋਲੋਂ ਪੁੱਛਦਾ, ਜਨ ਭਗਤ ਓਸ ਨੂੰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਵੇ ਥਾਉਂ ਥਾਈਆ । ਸ਼ਬਦ ਖੋਜੀ ਕਹੇ ਮੈਂ ਵੇਖਿਆ ਨਵ ਖੰਡ, ਨੌ ਦਰ ਸ੍ਰਿਸ਼ਟੀ ਫੋਲ ਫੁਲਾਈਆ । ਨਵ ਰਸ ਕੂੜ ਪਖੰਡ, ਭੇਖੀ ਆਪਣਾ ਭੇਖ ਰਹੇ ਜਣਾਈਆ । ਸੁਰਤ ਸਵਾਣੀ ਸਭ ਦੀ ਵੇਖੀ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਕੋਈ ਨਾ ਢਾਹਵੇ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਨੂਰ ਚੜ੍ਹਿਆ ਕੋਇ ਨਾ ਚੰਦ, ਘਰ ਵਿਚ ਘਰ ਨਾ ਕੋਇ ਰੁਸ਼ਨਾਈਆ । ਡੂੰਘੀ ਕੰਦਰ ਮੇਟੇ ਕੋਈ ਨਾ ਪੰਧ, ਸਫ਼ਰੀ ਹੋ ਕੇ ਸਫ਼ਰ ਨਾ ਕੋਇ ਚੁਕਾਈਆ । ਆਤਮ ਪਰਮਾਤਮ ਮਿਲਕੇ ਗਾਏ ਕੋਈ ਨਾ ਛੰਦ, ਰਸਨਾ ਜਿਹਵਾ ਬੱਤੀ ਦੰਦ ਜਗਤ

੧੨੫੨
੧੭

ਕਰੇ ਪੜ੍ਹਾਈਆ । ਤੇਰਾ ਨਾਉਂ ਨਿਰੰਕਾਰ ਦੀਨਾਂ ਮਜ਼੍ਹਬਾਂ ਵਿਚ ਦਿਤਾ ਵੰਡ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਅਨਰਾਗੀ ਰਾਗ ਨਾ ਕੋਇ ਸੁਣਾਈਆ । ਸੱਤ ਦੀਪ ਕੂੜ ਕੁੜਿਆਰ ਪੌਂਦਾ ਵੇਖਿਆ ਡੰਡ, ਜੂਠਾ ਝੂਠਾ ਡੰਕਾ ਰਿਹਾ ਵਜਾਈਆ । ਸਾਚੇ ਮੰਦਰ ਕੋਈ ਨਾ ਵੇਖੇ ਲੰਘ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਤੂੰ ਦਾਤਾ ਸਾਹਿਬ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜਿਨ੍ਹਾਂ ਗੁਰਮੁਖਾਂ ਲਾਵੇਂ ਆਪਣੇ ਅੰਗ, ਅੰਗੀਕਾਰ ਲਏਂ ਬਣਾਈਆ । ਉਹਨਾਂ ਏਥੇ ਓਥੇ ਦੋ ਜਹਾਨ ਹੋਵੇਂ ਸੰਗ, ਸਗਲਾ ਸੰਗ ਬਣਾਈਆ । ਲੱਖ ਚੁਰਾਸੀ ਤੋੜ ਕੇ ਫੰਦ, ਜਮ ਕੀ ਫਾਸੀ ਦਏ ਕਟਾਈਆ । ਨਿਜ ਆਤਮ ਨਿਜ ਘਰ ਨਿਜ ਗ੍ਰਿਹਿ ਦੇ ਕੇ ਪਰਮਾਨੰਦ, ਪਰਮਾਤਮ ਆਪਣੇ ਵਿਚ ਸਮਾਈਆ । ਜਿਨ੍ਹਾਂ ਤੇਰਾ ਢੋਲਾ ਗਾਇਆ ਸੋ ਪੁਰਖ ਨਿਰੰਜਣ ਅਗੰਮੀ ਛੰਦ, ਸੋ ਹੰ ਬ੍ਰਹਮ ਲੇਖਾ ਗਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਬਦ ਖੋਜੀ ਸੰਤ ਸੁਹੇਲੇ ਤੇਰੇ ਨਾਲ ਮਿਲਾਈਆ । ਸ਼ਬਦ ਖੋਜੀ ਕਹੇ ਮੈਂ ਵੇਖੇ ਚਾਰ ਜੁਗ, ਜੁਗ ਚੌਕੜੀ ਫੇਰਾ ਪਾਈਆ । ਅੰਤਮ ਸਭ ਦੀ ਔਧ ਗਈ ਮੁੱਕ, ਥਿਰ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਰ ਕਦਮਾਂ ਉਤੇ ਸਾਰੇ ਬੈਠੇ ਸੁੱਟ, ਮਾਣ ਅਭਿਮਾਣ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੋੜ ਗਏ ਮੁਖ, ਸਦੀ ਵੀਹਵੀਂ ਦਿਸੇ ਨਾ ਕੋਇ ਰੁਸ਼ਨਾਈਆ । ਨਵ ਨੌਂ ਚਾਰ ਘਰ ਘਰ ਲੱਗਾ ਦੁੱਖ, ਅਗਨੀ ਅੱਗ ਨਾ ਕੋਇ ਬੁਝਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਜਿਸ ਤੇਰੀ ਰੱਖੀ ਓਟ, ਓੜਕ ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਸਾਚੇ ਵੇਖ ਵਖਾਈਆ । ਸ਼ਬਦ ਖੋਜੀ ਕਹੇ ਮੈਂ ਵੇਖਾਂ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਖੋਜ ਖੁਜਾਈਆ । ਗੁਰਮੁਖ ਸੱਚੇ ਸਾਚੇ ਲਾੜ, ਹਰਿਜਨ ਹਰਿ ਹਰਿ ਦਿਆਂ ਮਿਲਾਈਆ । ਜਿਨ੍ਹਾਂ ਦਾ ਪਿਛਲਾ ਲੇਖਾ ਕੂੜ ਕੁੜਿਆਰਾ ਦੇਵਾਂ ਪਾੜ, ਅਗਲਾ ਹੁਕਮ ਇਕ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਖੋਜੀ ਕਹੇ ਮੈਂ ਜਗਤ ਜਹਾਨ ਲੱਭਦਾ, ਦਹਿ ਦਿਸ਼ਾ ਵੇਖ ਵਖਾਈਆ । ਜਿਹੜਾ ਗੁਰਸਿਖ ਹਰਿ ਜੂ ਤੇਰਾ ਨਾਮ ਜਪਦਾ, ਦਿਵਸ ਰੈਣ ਧਿਆਨ ਲਗਾਈਆ । ਮੈਂ ਉਸ ਦਾ ਪੜਦਾ ਲਾਹਵਾਂ ਅੰਦਰਲੀ ਅੱਖ ਦਾ, ਨਿਜ ਨੇਤਰ ਕਰਾਂ ਰੁਸ਼ਨਾਈਆ । ਉਹ ਰੂਪ ਬਣ ਜਾਏ ਸਚ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਤੇਰੇ ਚਰਨ ਕਵਲ ਸਚ ਸਰਨਾਈ ਢੱਠਦਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਨਾਤਾ ਛੱਡ ਕੇ ਤਤ ਅੱਠ ਦਾ, ਨੌਂ ਦਵਾਰੇ ਲੇਖਾ ਦਏ ਮੁਕਾਈਆ । ਤੇਰੇ ਪ੍ਰੇਮ ਅੰਦਰ ਹੱਸਦਾ, ਪ੍ਰੀਤੀ ਅੰਦਰ ਸੇਵ ਕਮਾਈਆ । ਸੋਹਣਾ ਸੁਹੰਜਣਾ ਵੇਲਾ ਵਕਤ ਭਗਤ ਭਗਵਾਨ ਦੋਹਾਂ ਦੇ ਸਾਂਝੇ ਜਸ ਦਾ, ਜਿਸ ਦਾ ਜਸ ਸ਼ਾਸਤਰ ਸਿਮਰਤ ਵੇਦ ਪੁਰਾਨ ਗਾ ਸਕੇ ਨਾ ਕੋਇ ਰਾਈਆ । ਸਾਚਾ ਭਗਤ ਹਰਿ ਭਗਵਨ ਤੇਰੇ ਦਵਾਰੇ ਵਸਦਾ, ਦੂਜੇ ਦਰ ਆਸਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਲਖਣਾ ਅਲਖ ਦਾ, ਅਲਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮਾਈਆ ।

# ✪ ਮਮੀਆਂ ਤੇ ਓਗਰੇ ਨੂੰ ਰਸਤੇ ਵਿਚ ✪



ਗੰਢੀ ਟੁੱਟੀ ਟੁੱਟੀ ਗੰਢੀ, ਗੰਢ ਆਪਣੀ ਆਪ ਫੇਰ ਪਾਈਆ । ਇਹ ਭਾਗਾਂ ਵਾਲੀ ਉਹ ਡੰਡੀ, ਜਿਥੇ ਬਾਲਮੀਕ ਬਹਿ ਕੇ ਨੌ ਦਿਨ ਡੰਡੌਤ ਕਰਾਈਆ । ਉਸ ਮੰਗ ਇਕ ਮੰਗੀ, ਮੂੰਹ ਦੇ ਭਾਰ ਹੋ ਕੇ ਅੱਖ ਜ਼ਿਮੀਂ ਉਤੇ ਟਿਕਾਈਆ । ਮੈਨੂੰ ਤੇਰੀ ਇਕ ਮੁਛੰਦਗੀ, ਮਨਸਾ ਆਪਣੀ ਦਿਆਂ ਜਣਾਈਆ । ਜਿਸ ਵੇਲੇ ਸ੍ਰਿਸ਼ਟੀ ਭਰੇ ਨਾਲ ਪਖੰਡੀ, ਤੇਰਾ ਨਾਉਂ ਜਾਣ ਭੁਲਾਈਆ । ਮੈਂ ਬਹੱਤਰ ਸਾਲ ਗੁਜਾਰੇ ਰਾਵੀ ਕੰਢੀ, ਜਿਸ ਦੀ ਇਤਿਹਾਸ ਦੇਵੇ ਨਾ ਕੋਇ ਗਵਾਹੀਆ । ਪੰਦਰਾਂ ਪੋਹ ਮੈਨੂੰ ਇਹ ਭੂਮਿਕਾ ਲੱਗੀ ਚੰਗੀ, ਮੈਂ ਬਿਨਾਂ ਆਸਣ ਆਸਣ ਲਿਆ ਵਿਛਾਈਆ । ਤੇਰੇ ਨਾਮ ਦੀ ਉਠੀ ਤਰੰਗੀ, ਤੁਰਤ ਤੇਰਾ ਹੁਕਮ ਸੁਣਾਈਆ । ਜਿਸ ਵੇਲੇ ਲੋਕਮਾਤ ਮੇਰੇ ਭਗਤਾਂ ਆਏ ਤੰਗੀ, ਮੈਂ ਵੇਖਾਂ ਚਾਈਂ ਚਾਈਆ । ਏਸ ਦਾ ਲੇਖ ਗੋਬਿੰਦ ਨੇ ਲਿਖਿਆ ਵਿਚ ਵਾਰ ਚੰਡੀ, ਚਲਿਤ੍ਰਾਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੇ ਲੇਖੇ ਰਿਹਾ ਮੁਕਾਈਆ । ਬਾਲਮੀਕ ਕਿਹਾ ਪ੍ਰਭ ਤੇਰੀ ਕਿਥੇ ਪੈਂਦੀ ਗੰਢ, ਬਿਨ ਡੋਰੀ ਤੰਦ ਬੰਧਾਈਆ । ਜਿਥੇ ਆਪਣਾ ਨਾਮ ਰਿਹਾ ਵੰਡ, ਉਹ ਮੰਦਰ ਦੇ ਸਮਝਾਈਆ । ਅਬਿਨਾਸ਼ੀ ਕਰਤੇ ਸ਼ਬਦੀ ਮਾਰ ਕੇ ਇਕ ਚੰਡ, ਡੰਡਾ ਮੁੰਡੀ ਵਿਚ ਲਗਾਈਆ । ਮੈਂ ਪਹਿਲੋਂ ਮਾਣ ਅਭਿਮਾਣ ਤੋੜ ਕੇ ਘਮੰਡ, ਵਿਕਾਰ ਖੰਡ ਖੰਡ ਕਰਾਈਆ । ਫੇਰ ਬਖ਼ਸ਼ਾਂ ਆਪਣਾ ਅਨੰਦ, ਚਰਨ ਕਵਲ ਸਰਨਾਈਆ । ਜਿਸ ਵੇਲੇ ਸਤਿਜੁਗ ਤ੍ਰੇਤਾ ਦੁਆਪਰ ਵੀ ਜਾਵੇ ਲੰਘ, ਵੇਲਾ ਵਕਤ ਸਚ ਸੁਹਾਈਆ । ਓਸ ਵੇਲੇ ਮੇਰੀ ਨਾ ਕੋਈ ਸੇਜ ਨਾ ਪਲੰਘ, ਦੁਸ਼ਾਲਾ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਤੇਰੇ ਆਸਣ ਦੇ ਉਤੋਂ ਦੀ ਜਾਵਾਂ ਲੰਘ, ਬਣ ਕੇ ਪਾਂਧੀ ਰਾਹੀਆ । ਓਥੇ ਤੇਰਿਆਂ ਪਿਛਲਿਆਂ ਸੰਗੀਆਂ ਸਾਥੀਆਂ ਮੰਗਣੀ ਇਕ ਮੰਗ, ਜੋ ਡਾਕੇ ਮਾਰਨ ਵਾਲੇ ਨਜ਼ਰੀ ਆਈਆ । ਉਹਨਾਂ ਨੂੰ ਦੱਸਣਾ ਇਕ ਛੰਦ, ਪਿਛਲਾ ਚੇਤਾ ਦਿਆਂ ਕਰਾਈਆ । ਉਹ ਨੇਤਰ ਰੋ ਕੇ ਕਹਿਣ ਕੀ ਸਾਡੀ ਝੋਲੀ ਪਾਈ ਵੰਡ, ਇਹ ਵੰਡ ਨਾ ਸਾਨੂੰ ਭਾਈਆ । ਜਿਵੇਂ ਆਪਣੇ ਭਗਤਾਂ ਦਾ ਆਦਿ ਜੁਗਾਦਿ ਜੁਗਾਦਿ ਆਦਿ ਰੱਖਿਆ ਅਨੰਦ, ਓਹੋ ਅਨੰਦ ਸਦਾ ਦੇ ਬਣਾਈਆ । ਕਿਰਪਾਲ ਹੋ ਕੇ ਆਵਾਂ ਬਖ਼ਸ਼ੰਦ, ਬਖ਼ਸ਼ਿਸ਼ ਮਿਹਰ ਨਜ਼ਰ ਨਾਲ ਤਰਾਈਆ । ਤੇਰੀ ਭੂਮਿਕਾ ਤੇ ਆ ਕੇ ਪਿਛਲਾ ਲੇਖ ਚੁਕਾ ਕੇ ਅੱਗੇ ਦਇਆ ਕਮਾ ਕੇ ਚਾੜ੍ਹ ਜਾਵਾਂ ਉਹ ਰੰਗ, ਜਿਸ ਰੰਗ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਆਪਣੇ ਸਿਰ ਤੇ ਕਰਮਾਂ ਜਨਮਾਂ ਵਾਲੀ ਚੁੱਕ ਕੇ ਪੰਡ, ਜੁਗ ਚੌਕੜੀ ਬੈਠਾ ਰਿਹਾ ਭਾਰ ਉਠਾਈਆ । ਅੱਜ ਓਸ ਦਾ ਆਪ ਕਰ ਸਨਬੰਧ, ਲੇਖਾ ਸਭ ਦਾ ਲੇਖੇ ਵਿਚ ਲਗਾਈਆ । ਉਠੋ ਚਲੋ ਹੁਣ ਅੱਗੇ ਜੇ ਗਾਉ ਛੰਦ, ਇਕ ਹੋਰ ਬੈਠਾ ਰਾਹ ਤਕਾਈਆ । ਜਿਸ ਨੇ ਪੂਜਾ ਕੀਤੀ ਸੂਰਜ ਚੰਦ, ਪ੍ਰੀਤ ਸ਼ਿਵਾਂ ਨਾਲ ਲਗਾਈਆ । ਉਹ ਕਹੇ ਮੈਨੂੰ ਵੀ ਪਾਉਣੀ ਠੰਡ, ਨੌ ਕਦਮ ਤੇ ਡੇਰਾ ਲਾਈਆ । ਮੇਰੇ ਉਤੋਂ ਦੀ ਬੇਖ਼ਬਰ ਹੋ ਕੇ ਨਾ ਜਾਈਂ ਲੰਘ, ਚਰਨ ਛਾਤੀ ਉਤੇ ਟਿਕਾਈਆ । ਮੈਨੂੰ ਰੋਗ ਇਕ ਬਲਗ਼ਮ ਵਾਲਾ ਖੰਘ, ਤੇਰਾ ਨਾਮ ਜਪਣ ਦੀ ਸਤਿਆ ਦਿਤੀ ਗਵਾਈਆ । ਸੁਖਾਲਾ ਜਿਹਾ ਦੱਸ ਕੋਈ ਢੰਗ, ਬਹੁਤੀ ਭਗਤੀ ਕੀਤਿਆਂ ਹੱਥ ਕਿਛ ਨਾ ਆਈਆ । ਓਸ ਵੇਲੇ ਕਿਹਾ ਸੂਰੇ ਸਰਬੰਗ, ਸਹਿਜ ਨਾਲ ਸੁਣਾਈਆ । ਕਲਜੁਗ ਅੰਤਮ ਜਿਸ ਵੇਲੇ ਮੇਰੇ ਭਗਤ



੧੨੫੪
੧੭

ਮੇਰੇ ਨਾਲ ਗੌਣਗੇ ਸੋਹੰ ਛੰਦ, ਤੂੰ ਵੀ ਮੇਰਾ ਢੋਲਾ ਲੈਣਾ ਗਾਈਆ । ਤੇਰਾ ਬੇੜਾ ਰਹੇ ਨਾ ਵਿਚ ਧਾਰ ਮੰਝ, ਉਰਾਰ ਤੋਂ ਪਾਰ ਪਾਰ ਤੋਂ ਉਰਾਰ ਫੜ ਕੇ ਪਾਰ ਲੰਘਾਈਆ । ਪੰਦਰਾਂ ਪੋਹ ਦੀ ਉਤੋਂ ਵੇਖ ਆਈ ਸੰਝ, ਆਪਣੀ ਰੁੱਤ ਰਹੀ ਬਦਲਾਈਆ । ਉਠ ਬਲਧਾਰ ਤੇਰਾ ਕੱਟਿਆ ਜਾਏ ਪੰਧ, ਪਾਂਧੀ ਗੁਰਮੁਖ ਤੈਨੂੰ ਆਪਣੇ ਨਾਲ ਲੈ ਕੇ ਜਾਣ ਚਾਈਂ ਚਾਈਂਆ । ਓਸ ਦੀ ਆਸਾ ਕਹੇ ਮੈਨੂੰ ਰਾਤ ਨੂੰ ਲੱਗਣ ਨਾ ਦਿਉ ਠੰਡ, ਪ੍ਰਭ ਚਰਨਾਂ ਕੋਲ ਦੇਣਾ ਟਿਕਾਈਆ । ਜਿਸ ਵੇਲੇ ਮੈਂ ਪੰਜ ਵਾਰ ਸੁਣ ਲਏ ਤੁਹਾਡੇ ਛੰਦ, ਸ਼ਹਿਨਸ਼ਾਹ ਦੇ ਚਰਨਾਂ ਵਿਚ ਆਪਣਾ ਆਪ ਮਿਟਾਈਆ । ਜਿਸ ਵੇਲੇ ਵੇਖਾਂ ਬੈਠਾ ਉਤੇ ਪਲੰਘ, ਸੱਤ ਰੰਗ ਨਿਸ਼ਾਨਾ ਰਿਹਾ ਝੁਲਾਈਆ । ਫੇਰ ਮੰਗਾਂ ਅਗਲੀ ਮੰਗ, ਜਿਸ ਦੇ ਨਾਲ ਨਾ ਹੋਏ ਜੁਦਾਈਆ । ਮੈਂ ਆਪਣੀ ਤਸਬੀ ਮਾਲਾ ਪਾਤਾਲਾਂ ਦੇ ਥੱਲੇ ਆਇਆ ਰੱਖ, ਆਕਾਸ਼ਾਂ ਵਿਚ ਧਿਆਨ ਨਾ ਕੋਇ ਲਗਾਈਆ । ਕਿਉਂ ਮੇਰਾ ਸਾਹਿਬ ਤ੍ਰੇਤੇ ਵਿਚ ਗਿਆ ਦੱਸ, ਕਲਜੁਗ ਅੰਤਮ ਲਵਾਂ ਮਿਲਾਈਆ । ਦੁਆਪਰ ਲੰਘ ਗਿਆ ਹੱਸ ਹੱਸ, ਮੇਰੀ ਆਸਾ ਅੱਗੇ ਨਾਲੋਂ ਦੂਣ ਸਵਾਈਆ । ਅਚਾਨਕ ਅਸੁਤੇ ਉਤੇ ਆਣ ਚੜ੍ਹਿਆ ਝਟ, ਚਰਨ ਨਾਲ ਦਿਤਾ ਹਿਲਾਈਆ । ਮੇਰੀ ਉਸੇ ਵੇਲੇ ਖੁਲ੍ਹ ਗਈ ਅੱਖ, ਵੇਖਿਆ ਬੇਪਰਵਾਹਾਂ ਦਾ ਬੇਪਰਵਾਹ, ਜੋਤੀ ਜਾਤਾ ਨਜ਼ਰੀਂ ਆਈਆ । ਮੈਨੂੰ ਵਲੇਟ ਲੈਣ ਦਿਉ ਆਪਣੀ ਸਫ, ਬਗ਼ਲੀ ਲਵਾਂ ਟਿਕਾਈਆ । ਜੇ ਗੁਰਮੁਖੋ ਤੁਸੀਂ ਗਏ ਥੱਕ, ਇਕ ਵੇਰਾਂ ਬਹਿ ਕੇ ਉਠੋ ਮੇਰੀ ਖ਼ੁਸ਼ੀ ਖ਼ੁਸ਼ੀ ਵਿਚ ਮਨਾਈਆ । ਮੈਂ ਤੁਹਾਡੇ ਨਾਲ ਪਵਾਂ ਨੱਠ, ਭੱਜਾਂ ਵਾਹੋ ਦਾਹੀਆ । ਅੱਗੇ ਮੇਰੇ ਮਾਂ ਪਿਉ ਭੈਣ ਭਰਾ ਦਾ ਇਕੱਠ, ਚਾਲੀਆਂ ਕਦਮਾਂ ਉਤੇ ਰਾਹ ਤਕਾਈਆ । ਆਹ ਥਾਂ ਸੀ ਜਿਥੇ ਰਹੇ ਵਸ, ਝੁੱਗੀ ਕੰਡਿਆਂ ਵਾਲੀ ਬਣਾਈਆ । ਉਹ ਵੀ ਝੱਖੜ ਵਿਚ ਗਈ ਸੀ ਢੱਠ, ਆਂਧੀ ਦਿਤੀ ਉਲਟਾਈਆ । ਮੇਰੀ ਮਾਤਾ ਰੋ ਪਈ ਝੱਟ, ਨੇਤਰ ਨੈਣਾਂ ਨੀਰ ਵਹਾਈਆ । ਹੇ ਪ੍ਰਭੂ ਜੇ ਸਾਡੇ ਹੋਵੇ ਵਸ, ਤੈਨੂੰ ਸਾਰੀ ਰਾਤ ਬੰਨ੍ਹ ਕੇ ਬਾਹਰ ਪਾਲੇ ਵਿਚ ਰਖਾਈਆ । ਸਾਡੇ ਖ਼ਾਲੀ ਵੇਖ ਹੱਥ, ਖਾਣ ਨੂੰ ਅੰਨ ਦਾਣਾ ਘਰ ਰਹਿਣ ਕੋਇ ਨਾ ਪਾਈਆ । ਜੇ ਸਾਨੂੰ ਪਤਾ ਜਾਵੇਂ ਦੱਸ, ਤੈਨੂੰ ਮਿਲ ਕੇ ਹਾਲ ਦਈਏ ਸੁਣਾਈਆ । ਓਸ ਵਕਤ ਇਕ ਆਵਾਜ਼ ਆਈ ਝੱਟ, ਧੁਰ ਦੀ ਧਾਰ ਕਰੇ ਜਣਾਈਆ । ਤੁਸੀਂ ਮਰਨ ਦੇ ਪਿਛੋਂ ਵੀ ਆਪਣਾ ਸੱਥਰ ਲੈਣਾ ਘੱਤ, ਆਪਣਾ ਡੇਰਾ ਜਮਾਈਆ । ਕਲਜੁਗ ਅੰਤਮ ਪਰਮ ਪੁਰਖ ਆਵੇ ਵਤ, ਬੇਵਤਨ ਹੋ ਕੇ ਆਪਣਾ ਫੇਰਾ ਪਾਈਆ । ਨਾਲ ਭਗਤਾਂ ਦਾ ਸੋਹਣਾ ਸਾਥ, ਸੰਗੀਆਂ ਨਾਲ ਖ਼ੁਸ਼ੀ ਮਨਾਈਆ । ਜਿਸ ਵੇਲੇ ਆਵੇ ਤੁਹਾਡੀ ਨੇੜੇ ਵਾਟ, ਯਾਦ ਪਿਛਲੀ ਦਏ ਸਤਾਈਆ । ਨਾਲ ਲੈ ਕੇ ਜਾਏ ਤੁਹਾਡੀ ਆਸ, ਚਰਨਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਮੁਕਾਈਆ । ਉਹ ਆਸ ਪਿਛਲੀ ਪੁਰਾਣੀ, ਤੈਨੂੰ ਦਿਆਂ ਜਣਾਈਆ । ਆਹ ਵੇਖ ਤੇਰੇ ਸੱਜਣ ਹਾਣੀ, ਆਂਢੀ ਗੁਆਂਢੀ ਲਏ ਬੁਲਾਈਆ । ਚਲ ਤੈਨੂੰ ਪਿਆਵਾਂ ਓਸੇ ਦਾ ਠੰਡਾ ਪਾਣੀ, ਜਿਸ ਕੰਢੇ ਡੇਰਾ ਲਾਈਆ । ਕੰਨੀਂ ਸੁਣ ਓਸੇ ਦੀ ਬਾਣੀ, ਜਿਹੜਾ ਬਾਣ ਨਿਰਾਲੇ ਤੀਰ ਚਲਾਈਆ । ਆਸਾ ਕਹੇ ਮੈਂ ਨਿਮਾਣੀ, ਨਿਉਂ ਨਿਉਂ ਲਾਗਾਂ ਪਾਈਆ । ਜਨ ਭਗਤੋ ਗੁਰਮੁਖੋ ਸਾਚੇ ਸਿੱਖੋ ਮੈਨੂੰ ਨਾਲ ਲੈ ਕੇ ਜਾਣਾ ਮੇਰੀ ਵਾਟ ਪੁਰਾਣੀ, ਬੇਪ੍ਰਾਣ ਹੋ ਕੇ ਪ੍ਰਾਣੀਆਂ ਵਾਂਗ ਵਾਸਤੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਹਾ ਉਠ ਸੁਘੜ ਸੁਚੱਜੀ ਸਵਾਣੀ, ਤੇਰਾ ਲੇਖਾ ਦਿਆਂ ਚੁਕਾਈਆ । ਅੱਗੇ ਦੇਵਾਂ ਪਦ ਨਿਰਬਾਣੀ, ਸਚ ਦਵਾਰੇ ਆਪ ਟਿਕਾਈਆ । ਅਜੇ ਭੁੱਲਿਆਂ ਨਹੀਂ ਕਹਾਣੀ, ਕਹਾਵਤ ਆਪਣੇ

ਹੱਥ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਉਂਦਾ ਜਾਂਦਾ ਲੇਖਿਆਂ ਵਿਚੋਂ ਲੇਖੇ ਰਿਹਾ ਕਢਾਈਆ ।

ਆਸਾ ਕਹੇ ਮੇਰੇ ਭਗਵਾਨਾ, ਤੈਨੂੰ ਦਿਆਂ ਜਣਾਈਆ । ਇਸ ਤੋਂ ਅੱਗੇ ਮੇਰਾ ਰਹਿੰਦਾ ਸੀ ਨਾਨਾ, ਜਿਸ ਨੇ ਤੇਰੀ ਯਾਦ ਕਰਾਈਆ । ਉਹਦੇ ਹੱਥ ਵਿਚ ਹੁੰਦਾ ਸੀ ਇਕ ਕਾਨਾ, ਜਿਸ ਦੀਆਂ ਕਲਮਾਂ ਰਿਹਾ ਘੜਾਈਆ । ਉਹ ਧਰਤੀ ਉਤੇ ਲੌਂਦਾ ਰਿਹਾ ਨਿਸ਼ਾਨਾ, ਗੋਡੇ ਆਪਣੇ ਉਤੇ ਟਿਕਾਈਆ । ਜਿਸ ਵੇਲੇ ਆਵੇ ਸ੍ਰੀ ਭਗਵਾਨਾ, ਮੇਰਾ ਪਿਛਲਾ ਲੇਖਾ ਲੇਖੇ ਵਿਚ ਰਖਾਈਆ । ਅੱਗੇ ਚੁੱਕਾ ਦੇ ਆਵਣ ਜਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

ਗੁਰਮੁਖ ਸਿੰਘ ਇਹ ਡੱਬਾਂ ਵਾਲਾ ਕੁੱਤਾ, ਪਿਛਲਾ ਲੇਖ ਦਿਆਂ ਜਣਾਈਆ । ਇਕ ਦਿਨ ਤੇਰੀ ਪਾਨਹੀ ਕੋਲ ਸੁੱਤਾ, ਟੁੱਟੀ ਜੁੱਤੀ ਆਪਣੇ ਮੁਖ ਲਗਾਈਆ । ਉਸ ਨੂੰ ਰਸ ਆਇਆ ਜਿਉਂ ਅੰਗੂਰ ਗੁੱਛਾ, ਮੁਖ ਸਵਾਦ ਬਣਾਈਆ । ਵਿਚਾਰ ਆਈ ਕਿਵੇਂ ਰਵਿਦਾਸ ਨੂੰ ਪੁੱਛਾਂ, ਕੀ ਰਸ ਇਹਦੇ ਵਿਚ ਟਿਕਾਈਆ । ਜ਼ਬਾਨ ਬੋਲ ਨਾ ਸਕੀ ਫਿਰ ਅੰਦਰੇ ਖਾਧਾ ਗ਼ੁੱਸਾ, ਗ਼ੁੱਸੇ ਵਿਚ ਪੁਰਖ ਅਬਿਨਾਸ਼ੀ ਲਿਆ ਮਨਾਈਆ । ਪ੍ਰਭੂ ਜੇ ਮੇਰਾ ਮਨੁੱਖਾਂ ਵਰਗਾ ਬਣੌਂਦਾ ਜੁੱਸਾ, ਮੈਂ ਚਮਿਆਰ ਕੋਲੋਂ ਪੁੱਛਾਂ, ਜੋ ਵਿਥਿਆ ਗਏ ਸੁਣਾਈਆ । ਜਿਸ ਦਾ ਚੰਮ ਮੁਖ ਨੂੰ ਲੱਗਾ ਸੁੱਕਾ, ਸੁੱਕਿਆਂ ਹਰੇ ਕਰਾਈਆ । ਓਧਰੋਂ ਇਕ ਸੁਣੀ ਅਗੰਮੀ ਤੁਕਾ, ਜੋ ਸੋਹੰ ਧਾਰਾ ਰਹੀ ਜਣਾਈਆ । ਓ ਸਵਾਣ ਜਿਸ ਵੇਲੇ ਆਵੇ ਅਬਿਨਾਸ਼ੀ ਅਚੁਤਾ, ਨਿਰਗੁਣ ਹੋ ਕੇ ਫੇਰਾ ਪਾਈਆ । ਤੂੰ ਜਨਮ ਵਿਚੋਂ ਬਦਲ ਕੇ ਹੋਵੇਂ ਫੇਰ ਕੁੱਤੇ ਦਾ ਕੁੱਤਾ, ਨੌਂ ਜਨਮ ਕੁਤਬਾਂ ਵਿਚ ਲੰਘਾਈਆ । ਉਸ ਵੇਲੇ ਮਿਹਰਵਾਨ ਮਿਹਰ ਕਰ ਕੇ ਤੇਰਾ ਉਜਲ ਕਰੇ ਮੁਖਾ, ਜਿਸ ਮੁਖ ਨਾਲ ਚੁਮਿਆਰ ਪਾਨਹੀ ਰਸਨ ਲਗਾਈਆ । ਨਾਲੇ ਦੇਵੇ ਜਨਮ ਮਨੁੱਖਾ, ਮਨੁੱਖਤਾ ਵਿਚ ਗਿਣਾਈਆ । ਸਤਾਰਾਂ ਸਾਲ ਦੀ ਉਮਰ ਵਿਚ ਤੂੰ ਭੁੰਨਣਾ ਇਕ ਭੁੱਟਾ, ਜਿਸ ਨੂੰ ਪੰਜਾਬੀ ਵਿਚ ਛੱਲੀ ਕਹਿਕੇ ਗਾਈਆ । ਤੂੰ ਉਸ ਦਾ ਦਾਣਾ ਉਤਾਰਨਾ ਨਾਲ ਅੰਗੂਠਾ, ਸੱਜੇ ਹੱਥ ਦਬਾਈਆ । ਇਕ ਆਉਂਣਾ ਫ਼ਕੀਰ ਜਿਸ ਦੇ ਹੱਥ ਵਿਚ ਹੋਣਾ ਠੂਠਾ, ਭੇਖਾਧਾਰੀ ਭੇਖ ਵਟਾਈਆ । ਉਹਨੇ ਮੰਗਣਾ ਖੈਰ ਕਰਕੇ ਮੂਧਾ, ਹੇਠਲਾ ਪਾਸਾ ਉਤੇ ਆਪ ਉਲਟਾਈਆ । ਤੂੰ ਨੌਂ ਦਾਣੇ ਦੇਣੇ ਉਹਦੇ ਵਿਚ ਕੇਰ, ਯਕੇ ਬਾਦ ਦੀਗਰੇ ਦੇਣੇ ਸੁਟਾਈਆ । ਉਸ ਵੇਲੇ ਫੇਰ ਹੋਵੇ ਇਕ ਮਿਹਰ, ਮੁਹੱਬਤ ਵਿਚ ਬਣਾਈਆ । ਚੜ੍ਹਦੀ ਦਿਸ਼ਾ ਤੈਨੂੰ ਨਜ਼ਰ ਆਵੇ ਇਕ ਸ਼ੇਰ, ਚਿੱਟੀਆਂ ਮੁੱਛਾਂ ਵਾਲਾ ਨੌਂ ਵਾਲ ਲੰਮੇ ਲੰਮੇ ਵਧਾਈਆ । ਜਿਸ ਦੇ ਅੱਗੇ ਹੋਵੇ ਹੱਡੀਆਂ ਦਾ ਢੇਰ, ਮੁਖ ਲਾਲ ਖ਼ੂਨ ਰੰਗ ਰੰਗਾਈਆ । ਤੂੰ ਓਸ ਨੂੰ ਦੇਣਾ ਛੇੜ, ਉਹ ਭਬਕ ਦੇ ਡਰਾਈਆ । ਤੂੰ ਬਣਨਾ ਫੇਰ ਦਲੇਰ, ਮੇਰਾ ਨਾਮ ਧਿਆਈਆ । ਓ ਸਵਾਨ ਤੈਨੂੰ ਕੋਈ ਨਾ ਸਕੇ ਘੇਰ, ਘੇਰੇ ਇਕੇ ਦੇ ਵਿਚ ਆਈਆ । ਬੇਸ਼ਕ ਜਨਮ ਜਨਮ ਰਹਿੰਦਾ ਫੇਰ, ਕਰਮ ਕਰਮ ਆਪਣੇ ਹੱਥ ਰਖਾਈਆ । ਅੰਤਮ ਲੇਖਾ ਦਏ ਨਬੇੜ, ਨਿਰਗੁਣ ਹੋ ਕੇ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਖੇਲ, ਖ਼ਲਕ ਦਾ ਖ਼ਾਲਕ ਹੋ ਕੇ ਹਰ ਘਟ ਵੇਖ ਵਖਾਈਆ ।



੧੨੫੬
੧੭

ਆਸਾਵੰਤੀ ਚਰਨ ਚੁੰਮ, ਮਨਸਾ ਪੂਰ ਕਰਾਈਆ । ਜਿਸ ਨੂੰ ਯਾਦ ਕੀਤਾ ਸੀ ਹੁਣ, ਓਸੇ ਵੇਲੇ ਗਿਆ ਆਈਆ । ਅੱਜੇ ਤੇਰੇ ਮੀਟੇ ਗਏ ਨਹੀਂ ਬੁੱਲ੍ਹ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਤੇਰਾ ਲੇਖਾ ਲੇਖੇ ਵਿਚ ਲਗਾਵੇ ਜੋ ਪਿਛੇ ਗਿਆ ਰੁਲ, ਰਹਿਮਤ ਨਾਲ ਤਰਾਈਆ । ਉਡੀਕ ਦੀ ਕੀਮਤ ਪਾਏ ਮੁੱਲ, ਕਰਤਾ ਆਪ ਚੁਕਾਈਆ । ਦਸਰਥ ਦਾ ਵੇਲਾ ਗਿਆ ਨਹੀਂ ਭੁੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘਰ ਦੀ ਗੋਲੀ ਬਾਲੂ ਰੇਤ, ਬਰਤਨ ਸਾਫ਼ ਕਰਾਈਆ । ਇਕ ਦਿਨ ਰਾਮ ਉਤੇ ਰਿਹਾ ਸੀ ਖੇਡ, ਤੀਲਿਆਂ ਨਾਲ ਰਿਹਾ ਉਡਾਈਆ । ਮੈਂ ਉਹਦੇ ਸਿਰ ਵਿਚ ਹੋ ਗਈ ਭੇਟ, ਸੀਸ ਚੜ੍ਹ ਕੇ ਬੜੀ ਸ਼ਰਮਾਈਆ । ਇਹ ਕੀ ਪ੍ਰਭ ਨੇ ਵਰਤੀ ਖੇਡ, ਚਰਨਾਂ ਦੀ ਦਾਸੀ ਤਾਜਾਂ ਵਾਲੇ ਦੇ ਉਪਰ ਡੇਰਾ ਲਾਈਆ । ਉਸ ਨੇ ਕਿਹਾ ਮੈਂ ਤੇਰੀ ਬਦਲਣੀ ਰੇਖ, ਅਗਲਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਨਰ ਨਿਰੰਕਾਰ ਕਲਜੁਗ ਅੰਤਮ ਧਰ ਕੇ ਆਵੇ ਭੇਖ, ਜੋਤੀ ਜਾਮਾ ਵੇਸ ਵਟਾਈਆ । ਪਹਿਲੋਂ ਬਾਲਮੀਕ ਦਾ ਲਹਿਣਾ ਆਏ ਨਬੇੜ, ਫੇਰ ਅਗਲਾ ਪੰਧ ਮੁਕਾਈਆ । ਹੁਣ ਤੇਰਾ ਲੱਗਾ ਢੇਰ, ਫੇਰ ਕਿਨਕਾ ਕਿਨਕਾ ਰੂਪ ਵਟਾਈਆ । ਸਿੰਘ ਰੂਪ ਹੋ ਕੇ ਆਪ ਆਵੇ ਫੇਰ ਸ਼ੇਰ, ਜੰਗਲ ਬੇਲੇ ਕਾਹੀ ਪਾਰ ਕਰਾਈਆ । ਰਹਿਮਤ ਵਿਚ ਆ ਕੇ ਕਰੇ ਮਿਹਰ, ਚਰਨ ਆਪਣਾ ਤੇਰੇ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਬਾਲੂ ਕਿਹਾ ਉਹ ਚਰਨ ਕਿਹੜਾ, ਜੋ ਮੇਰੇ ਉਪਰ ਟਿਕਾਈਆ । ਰਾਮ ਕਿਹਾ ਉਹ ਕਰਨਹਾਰਾ ਮਿਹਰਾ, ਮੇਰਾ ਰਾਮ ਇਕ ਗੁਸਾਈਆ । ਜਿਸ ਵੇਲੇ ਆਰ ਪਾਰ ਰਾਵੀ ਮਾਰੇ ਫੇਰਾ, ਜਾਂਦਿਆਂ ਭਗਤਾਂ ਪਾਰ ਲੰਘਾਈਆ । ਬ੍ਰਾਹਮਣ ਦਾ ਕਰਕੇ ਜਾਏ ਨਬੇੜਾ, ਲਾਲੋ ਦਾ ਲਹਿਣਾ ਲੇਖ ਮੁਕਾਈਆ । ਚਰਨ ਛੋਹ ਨਾਲ ਸਾਰਿਆਂ ਸ਼ਹੀਦਾਂ ਦਾ ਪਾਰ ਹੋ ਜਾਏ ਡੇਰਾ, ਜਿਹੜੇ ਰਾਵੀ ਕੰਡੇ ਆਪਣਾ ਡੇਰਾ ਬੈਠੇ ਜਮਾਈਆ । ਤੈਨੂੰ ਵਕਤ ਫੇਰ ਦੇਵੇ ਬਥੇਰਾ, ਸਾਰੀ ਰਾਤ ਤੇਰੀ ਕਹਾਣੀ ਆਪਣੇ ਨਾਲ ਜਣਾਈਆ । ਰਾਮ ਨੇ ਕਿਹਾ ਮੇਰਾ ਵੇਖ ਇਕ ਭਰਾ ਮਤਰੇਰਾ, ਜਿਸ ਦੀ ਮਾਂ ਜਣੇਦੀ ਕੇਕਈ ਨਜ਼ਰੀ ਆਈਆ । ਐਧਰ ਵੇਖ ਹੋਰ ਨਿੱਕਾ ਜਿਹਾ ਵਛੇਰਾ, ਢਾਈ ਸਾਲ ਦੀ ਉਮਰ ਜਣਾਈਆ । ਜਿਸ ਨੇ ਤੇਰੇ ਨਾਲ ਤੇਰਾ ਬੰਨ੍ਹੋਣਾ ਬੇੜਾ, ਅਬਿਨਾਸ਼ੀ ਕਰਤਾ ਆਪਣੀ ਪੀਠ ਉਠਾਈਆ । ਤੂੰ ਬੈਠੀ ਰਹੀਂ ਕਰਕੇ ਜੇਰਾ, ਤ੍ਰੇਤਾ ਦੁਆਪਰ ਕਲਜੁਗ ਅੱਖ ਨਾ ਆਪ ਖੁਲ੍ਹਾਈਆ । ਉਹ ਵੇਖਣਹਾਰਾ ਇਕੋ ਬਥੇਰਾ, ਲੱਖ ਚੁਰਾਸੀ ਭੁੱਲ ਕਦੇ ਨਾ ਜਾਈਆ । ਜਿਸ ਵੇਲੇ ਆਪਣੇ ਭਗਤਾਂ ਨਾਲ ਲੈ ਕੇ ਆਰ ਪਾਰ ਸ਼ਬਦ ਸਰੂਪੀ ਲਾਵੇ ਡੇਰਾ, ਝੇੜਾ ਪਿਛਲਾ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਨੇਰਨ ਨੇਰਾ, ਦੂਰ ਦੁਰਾਡਾ ਪਿਛਾ ਪਿਛੇ ਦਿਤਾ ਹਟਾਈਆ । ਰੇਤ ਕਹੇ ਮੇਰੀ ਸਦਾ ਰਤੀਲੀ, ਮੇਰਾ ਕਤਰਾ ਰਤੀਆਂ ਤੋਲਿਆਂ ਵਿਚ ਭਾਰ ਨਾ ਕੋਇ ਰਖਾਈਆ । ਮੈਂ ਵੇਂਹਦੀ ਘਰ ਵਿਚ ਮਾਂ ਸੌਤੀਲੀ, ਜੋ ਰਾਮ ਨਾਲ ਧਰੋ ਰਹੀ ਕਮਾਈਆ । ਮੈਂ ਜਨ ਭਗਤੋ ਤੁਹਾਡੀ ਭਗਵਾਨ ਅੱਗੇ ਕਰਨੀ ਵਕੀਲੀ, ਸਚ ਵਕਾਲਤ ਆਪਣਾ ਫੇਰਾ ਪਾਈਆ । ਪ੍ਰਭੂ ਲਾਰਾ ਦੇ ਕੇ ਰੱਖੀਂ ਨਾ ਨਾਲ ਦਲੀਲੀ, ਦਿਲਦਾਰ ਹੋ ਕੇ ਪਾਰ ਲੰਘਾਈਆ । ਤੇਰੇ ਭਗਤਾਂ ਅੰਦਰ ਵੇਖਾਂ ਇਕ ਅਸੂਲੀ, ਜੋ ਤੇਰਾ ਅਸਲ ਰਾਹ ਤਕਾਈਆ । ਇਕ ਦਿਨ ਕੇਕਈ ਨੇ ਮੇਰੇ ਨਾਲ ਮਾਂਜ ਦਿਤੀ ਪਤੀਲੀ, ਮੈਂ ਸੜ ਬਲ ਕੋਲਾ ਹੋ ਕੇ ਦਿਤੀ ਦੁਹਾਈਆ । ਜੇ ਤੂੰ ਮਾਲਕ ਮੇਰਾ ਵਸਦਾ ਅੰਬਰ ਉਪਰ ਨੀਲੀ, ਦਰਗਾਹ ਸਾਚੀ ਆਸਣ ਲਾਈਆ । ਕਿਉਂ ਮੇਰੇ

ਨਾਲ ਕਰਦਾ ਬਖੀਲੀ, ਕਿਥੇ ਰਾਮ ਪਿਆਰਾ ਕਿਥੇ ਕੇਕਈ ਦਾ ਹੁਨਾਰਾ, ਦੋਹਾਂ ਵਿਚੋਂ ਕਿਹੜਾ ਚੰਗਾ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਇਹ ਵੀ ਮੇਰਾ ਖੇਲ ਅਪਾਰਾ, ਜਿਉਂ ਭਾਵੇ ਤਿਉਂ ਰਹੇ ਕਰਾਈਆ । ਏਸੇ ਕਾਰਨ ਮੈਨੂੰ ਔਣਾ ਪਏ ਵਿਚ ਸੰਸਾਰਾ, ਜੁਗ ਜੁਗ ਲਹਿਣੇ ਮਾਤ ਚੁਕਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧ ਅੰਧਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਮਹਾਂਬਲੀ ਹੋ ਕੇ ਆਵਾਂ ਲੈ ਅਵਤਾਰਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਾਚੀ ਸਖ਼ੀਆਂ ਮਿਲਕੇ ਲਾਵਾਂ ਅਖਾੜਾ, ਧੁਰ ਦਾ ਰਾਗ ਅਲਾਈਆ । ਤੇਰਾ ਕਤਰਾ ਕਤਰਾ ਕਰਾਂ ਪਿਆਰਾ, ਗੁਰਮੁਖ ਆਪਣੇ ਨਾਲ ਖ਼ੁਸ਼ੀਆਂ ਨਾਲ ਚਲਾਈਆ । ਤੇਰੀ ਧੂੜ ਚਰਨਾਂ ਨਾਲ ਛੋਹੇ ਪਰਵਰਦਿਗਾਰਾ, ਪਤਿਪਰਮੇਸ਼ਵਰ ਦੇਵਣਹਾਰ ਵਡਿਆਈਆ । ਤੂੰ ਵੇਖੀਂ ਮੇਰਿਆਂ ਸੰਤਾਂ ਦੇ ਅੰਦਰ ਨਜ਼ਾਰਾ, ਜਿਨ੍ਹਾਂ ਦਾ ਅੰਦਰੋਂ ਨਿਜ਼ਾਮ ਦਿਆਂ ਬਦਲਾਈਆ । ਤੈਨੂੰ ਫੇਰ ਦੱਸਾਂ ਇਕ ਇਸ਼ਾਰਾ, ਸੈਨਤ ਨਾਲ ਸਮਝਾਈਆ । ਕਿਸੇ ਆਸ਼ਕ ਮਾਸ਼ੂਕ ਮਾਣਿਆ ਨਹੀਂ ਤੇਰਾ ਕਿਨਾਰਾ, ਝਨਾਂ ਵਾਲੇ ਤੇਰੇ ਦਰ ਤੇ ਫੇਰਾ ਪਾਈਆ । ਕਿਉਂ ਇਹ ਗੁਰ ਅਰਜਨ ਦਾ ਮੰਗਣ ਵਾਲਾ ਦਵਾਰਾ, ਜੋ ਜਲਧਾਰਾ ਵਿਚ ਝੋਲੀ ਡਾਹੀਆ । ਉਸ ਦੇ ਨਾਲੋਂ ਇਕ ਹੋਰ ਵਹਿਣ ਜਿਸ ਨੂੰ ਗਹਿਣ ਕਰਕੇ ਜਗਤ ਪੁਕਾਰਾ, ਆਪਣੀ ਅੱਖ ਰਿਹਾ ਉਠਾਈਆ । ਕੰਢੇ ਚੜ੍ਹਦਿਆਂ ਮੈਨੂੰ ਕਰ ਲੈਣ ਦਿਉ ਨਿਮਸਕਾਰਾ, ਦਸਰਥ ਦੀ ਗੋਲੀ ਦੋਏ ਜੋੜ ਵਾਸਤਾ ਪਾਈਆ । ਜਨ ਭਗਤੋ ਮੈਨੂੰ ਨਾਲ ਲੈ ਕੇ ਜਾਇਉ ਦੇਣਾ ਸਚ ਸਹਾਰਾ, ਸਾਥਣ ਹੋ ਕੇ ਤੁਹਾਡਾ ਸੰਗ ਬਣਾਈਆ । ਜੇ ਇੱਕੀ ਵਾਰ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਮੈਨੂੰ ਪਿਛਲਾ ਚੇਤਾ ਫੇਰ ਨਜ਼ਰੀ ਆਈਆ । ਰੇਤ ਕਹੇ ਭਗਤੋ ਮੈਂ ਤੁਹਾਡੇ ਅੱਗੇ ਰੋਵਾਂ ਮਾਰ ਭੁੱਬੀ, ਹੌਕੇ ਲੈ ਲੈ ਦਿਆਂ ਜਣਾਈਆ ।

੧੨੫੮
੧੭
ਜਿਸ ਵੇਲੇ ਬਾਲਮੀਕ ਦੀ ਅੱਡੀ ਸੀ ਏਥੇ ਖੁੱਭੀ, ਅੱਠ ਉਂਗਲਾਂ ਜ਼ਮੀਨ ਵਿਚ ਬਦਲਾਈਆ । ਥੱਲਿਉਂ ਉਸ ਨੂੰ ਇਕ ਤ੍ਰਿਸੂਲ ਚੁਭੀ, ਜਿਸ ਖ਼ੂਨ ਦਿਤਾ ਵਹਾਈਆ । ਉਹਦੀ ਸੋਚਣ ਲੱਗੀ ਬੁੱਧੀ, ਥੱਲਿਉ ਕਿਹੜਾ ਡੰਗ ਚਲਾਈਆ । ਸੂਲ ਨੇ ਕੂਕ ਪੁਕਾਰ ਕਿਹਾ ਉਚੀ, ਦੇਵਣ ਲੱਗੀ ਦੁਹਾਈਆ । ਵੇਖੀਂ ਆਪਣੇ ਹੱਥਾਂ ਨਾਲ ਨਾ ਕੁੱਟੀਂ, ਬਿਨ ਤੇਰੇ ਮੇਰਾ ਦਰਦੀ ਨਜ਼ਰ ਕੋਇ ਨਾ ਆਈਆ । ਮੈਨੂੰ ਵਹਿੰਦੇ ਵਹਿਣ ਵਿਚ ਨਾ ਸੁੱਟੀਂ, ਜੇ ਆਇਆ ਕੰਢੇ ਨਾਲ ਲੈ ਕੇ ਪਾਰ ਲੰਘਾਈਆ । ਉਸ ਵੇਲੇ ਬਾਲਮੀਕ ਨੇ ਆਪਣੇ ਪਿਛੋਂ ਖੋਲ੍ਹ ਕੇ ਵਾਲਾਂ ਦੀ ਗੁੱਟੀ, ਦੋਹਾਂ ਹੱਥਾਂ ਨਾਲ ਹਿਲਾਈਆ । ਉਥੋਂ ਇਕ ਆਵਾਜ਼ ਆਈ ਤੂੰ ਉਸ ਮਾਲਕ ਤੋਂ ਪੁੱਛੀਂ, ਜਿਸ ਨੇ ਦੋਹਾਂ ਬਣਤ ਬਣਾਈਆ । ਓਧਰੋਂ ਇਕ ਨਾਈ ਸੰਤਾਂ ਸਿੰਘ ਲਈ ਆਉਂਦਾ ਸੀ ਗਲ ਵਿਚ ਪਾ ਕੇ ਗੁਛੀ, ਮੋਚਨੇ ਨੇਰਨੇ ਆਪਣੇ ਨਾਲ ਰਖਾਈਆ । ਕਹਿੰਦਾ ਜਜਮਾਨ ਮੈਨੂੰ ਵੀ ਕੋਈ ਕਰ ਲੈਣ ਦਿਉ ਬੂੱਤੀ, ਤੁਹਾਡਾ ਕੰਡਾ ਬਾਹਰ ਰਖਾਈਆ । ਓਸ ਕਿਹਾ ਖ਼ਬਰਦਾਰ ਮੈਂ ਭਗਤ ਦੇ ਚਰਨ ਨਾਲ ਛੋਹ ਕੇ ਹੋ ਗਈ ਸੁੱਚੀ, ਦੂਜਾ ਹੱਥ ਨਾ ਕੋਇ ਲਾਈਆ । ਮੈਂ ਫਿਰਨਾ ਅੱਡੀ ਉਚੀ, ਜਿਸ ਦੀ ਅੱਡੀ ਚੱਪਾ ਲਾ ਕੇ ਦਿਤੀ ਖੁਭਾਈਆ । ਬਾਲਮੀਕ ਮਾਰਕੇ ਧਿਆਨ ਵੇਖਿਆ ਜਿਸ ਵੇਲੇ ਆਵੇ ਵੀਹਵੀਂ ਸਦੀ, ਲੋਕਮਾਤ ਵੱਜੇ ਵਧਾਈਆ । ਪੁਰਖ ਅਕਾਲ ਦੋ ਜਹਾਨਾਂ ਦੀ ਸਾਂਭ ਕੇ ਗੱਦੀ, ਨਿਰਗੁਣ ਹੋ ਕੇ ਫੇਰਾ ਪਾਈਆ । ਏਸ ਰਾਹ ਪੈ ਕੇ ਆਵੇ ਡੰਡੀ, ਡੰਡੇ ਵਾਲਾ ਬੁੱਢਾ ਆਤਮਾ ਸਿੰਘ ਨਾਲ ਮਿਲਾਈਆ । ਜਿਹੜੇ ਓਸ ਵੇਲੇ ਖੇਡ ਰਹੇ ਸੀ ਕਬੱਡੀ, ਇੱਕੀ ਕਦਮਾਂ ਉਤੇ ਭੱਜਣ ਵਾਹੋ ਦਾਹੀਆ । ਅੱਜੇ ਇੱਕੀ ਹੱਥ ਡੂੰਘੀ ਓਥੇ ਹੱਡੀ ਦੱਬੀ, ਜਿਹੜੀ ਨਿਸ਼ਾਨੀ ਗਿਆ ਟਿਕਾਈਆ । ਜਿਸ ਵੇਲੇ ਪਰਮ ਪੁਰਖ ਦੇ ਨਾਮ ਦੀ ਚੋਟ ਇਕੋ ਲੱਗੀ, ਦੋ ਜਹਾਨਾਂ ਹੋਵੇ

ਰੁਸ਼ਨਾਈਆ । ਗੁਰਮੁਖ ਸਵਾਣੀ ਬਣੇ ਸੁਚੱਜੀ, ਸੋਹਣਾ ਰੂਪ ਵਟਾਈਆ । ਹਰਿਜਨ ਦਵਾਰੇ ਆਵੇ ਭੱਜੀ, ਆਪਣਾ ਪੰਧ ਮੁਕਾਈਆ । ਦਰਸ਼ਨ ਕਰਕੇ ਅੱਖੀਂ, ਆਖਰ ਆਪਣਾ ਆਪ ਭੇਟ ਚੜ੍ਹਾਈਆ । ਓਨੇ ਚਿਰ ਨੂੰ ਬਾਲਮੀਕ ਦੇ ਦਰਦ ਪਈ ਵਿਚ ਵੱਖੀ, ਹੌਲੀ ਜਹੀ ਦੋਂਹਾਂ ਹੱਥਾਂ ਨਾਲ ਦਿਤਾ ਦਬਾਈਆ । ਓਧਰੋਂ ਇਕ ਚਲਦੀ ਚਲਦੀ ਜੋਬਨਵੰਤੀ ਆਈ ਜਿਸ ਦੇ ਹੱਥ ਵਿਚ ਪੱਖੀ, ਨੇੜੇ ਹੋ ਕੇ ਸੇਵ ਕਮਾਈਆ । ਬਾਲਮੀਕ ਕਿਹਾ ਦੱਸ ਸਖੀ, ਕੀ ਤੇਰੀ ਨਾਮ ਸਿਫ਼ਤ ਵਡਿਆਈਆ । ਉਸ ਨੇ ਕਿਹਾ ਤੇਰਾ ਮਾਲਕ ਮਿਲਿਆ ਨਾਲ ਪਤੀ, ਜੋ ਪਤੀ ਸਭ ਦਾ ਮਾਲਕ ਅਖਵਾਈਆ । ਮੈਂ ਆਪਣੇ ਜਨਮ ਕਰਮ ਵਿਚ ਕਿਸੇ ਨਾਲ ਅੰਗ ਨਹੀਂ ਲਾਇਆ ਰਤੀ, ਗ੍ਰਹਿਸਤੀਆਂ ਵਿਚ ਕਦਮ ਨਾ ਕੋਇ ਟਿਕਾਈਆ । ਮੇਰੇ ਅੰਦਰ ਅੱਜੇ ਥੋੜੀ ਜਿਹੀ ਜਗੀ ਮੋਮਬੱਤੀ, ਜਿਹਦੀ ਨਿਮ੍ਹੀ ਨਿਮ੍ਹੀ ਰੁਸ਼ਨਾਈਆ । ਮੈਂ ਓਸ ਵੇਲੇ ਖ਼ੁਸ਼ ਹੋਵਾਂ ਜਿਸ ਵੇਲੇ ਪਰਮਾਤਮਾ ਦਾ ਦਰਸ਼ਨ ਪਾਵਾਂ ਅੱਖੀਂ, ਚਰਨ ਕਵਲ ਬਹਿ ਬਹਿ ਸਾਚੀ ਸੇਵ ਕਮਾਈਆ । ਬਾਲਮੀਕ ਕਿਹਾ ਇਹ ਮੰਗ ਮੰਗੀ ਹਕੀ, ਹਕੀਕਤ ਵਿਚੋਂ ਦਿਆਂ ਵਡਿਆਈਆ । ਅਗਲੀ ਖੇਲ ਦੱਸਾਂ ਸੱਚੀ, ਸੁਨੇਹੜੇ ਨਾਲ ਸਮਝਾਈਆ । ਕਲਜੁਗ ਅੰਤਮ ਜਿਸ ਵੇਲੇ ਪਰਮ ਪੁਰਖ ਆਵੇ ਕਮਲਾਪਤੀ, ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਗੋਬਿੰਦ ਨਾਲ ਯਾਰੀ ਰੱਖੀ, ਯਰਾਨਾ ਆਪਣੇ ਘਰ ਜਣਾਈਆ । ਤੈਨੂੰ ਅਗਲਾ ਭੇਵ ਖੁਲਾਵਾਂ ਬੱਚੀ, ਕੰਨ ਵਿਚ ਦਿਤਾ ਸਮਝਾਈਆ । ਤੂੰ ਓਸੇ ਡੱਲੇ ਦੀ ਹੋਣਾ ਬੱਚੀ, ਜਿਸ ਦਾ ਪਿਤਾ ਗੋਬਿੰਦ ਸਹਿਜ ਸੁਭਾਈਆ । ਤੈਨੂੰ ਬੀਸ ਇਕੀਸੇ ਮਿਲਣੀ ਏਸ ਦੀ ਖੱਟੀ, ਓਨਾਂ ਚਿਰ ਸੌਂ ਜਾ ਦੇ ਬਾਂਹ ਸਰਾਹਣੇ ਅੱਖ ਨਾ ਕੋਇ ਖੁਲ੍ਹਾਈਆ । ਉਹਨੇ ਹੌਲੀ ਜਿਹੀ ਆਪਣੇ ਦੁਪੱਟੇ ਦੀ ਪਾੜ ਕੇ ਪੱਟੀ, ਮਾਰ ਕੇ ਫੂਕ ਉਤੇ ਦਿਤੀ ਟਿਕਾਈਆ । ਬਾਲਮੀਕ ਕਿਹਾ ਮੇਰੀ ਪੀੜ ਗਈ ਨੱਠੀ, ਫੜ ਕੇ ਗਲੇ ਲਗਾਈਆ । ਬੇਟੀ ਤੂੰ ਫੇਰ ਦਈਂ ਨਾ ਕਿਸੇ ਦੀ ਚੱਟੀ, ਤੇਰਾ ਮਾਲਕ ਇਕ ਅਖਵਾਈਆ । ਓਸੇ ਦੇ ਚਰਨਾਂ ਵਿਚ ਵਸੀਂ, ਜਿਹੜਾ ਗੋਬਿੰਦ ਡੱਲਾ ਆਪਣੇ ਵਿਚ ਸਮਾਈਆ । ਓਧਰੋਂ ਹਾਲ ਪੁਕਾਰ ਕਰਕੇ ਬੋਲ ਪਈ ਮੱਛੀ, ਆਪਣਾ ਦੁਖੜਾ ਰਹੀ ਜਣਾਈਆ । ਮੈਨੂੰ ਪ੍ਰਭੂ ਓਸੇ ਚਰਨਾਂ ਵਿਚ ਰੱਖੀਂ, ਜਿਸਦਾ ਵਿਛੋੜਾ ਰਹਿਣ ਕੋਇ ਨਾ ਪਾਈਆ । ਸ਼ਬਦ ਆਇਆ ਹੁਕਮ ਸੁਣਾਇਆ ਹਰਿ ਸੰਗਤ ਸਾਰੀ ਮੈਨੂੰ ਸਭ ਤੋਂ ਅੱਛੀ, ਨਿੱਕੇ ਵੱਡੇ ਛੋਟੇ ਸਾਰੇ ਇਕੋ ਰੰਗ ਰੰਗਾਈਆ । ਸੂਲ ਕਹੇ ਮੈਨੂੰ ਉਹ ਵੇਲਾ ਦੱਸੀਂ, ਮੈਂ ਤੇਰਾ ਰਾਹ ਤਕਾਈਆ । ਜਿਸ ਵੇਲੇ ਤੇਰਾ ਭਗਤ ਸੰਤ ਗੁਰਮੁਖ ਗੁਰਸਿਖ ਏਥੋਂ ਜਾਏ ਲੰਘੀ, ਆਪਣਾ ਪੰਧ ਮੁਕਾਈਆ । ਮੈਂ ਓਸ ਵੇਲੇ ਆਵਾਂ ਭੰਨੀ, ਭੱਜਾਂ ਵਾਹੋ ਦਾਹੀਆ । ਕਿਉਂ ਉਹਨਾਂ ਸੋਹੰ ਢੋਲਾ ਸੁਣਾਇਆ ਮੇਰੀ ਕੰਨੀਂ, ਕਲਮਾ ਇਕ ਖ਼ੁਦਾਈਆ । ਮੈਂ ਰਜ਼ਾ ਉਹਨਾਂ ਦੀ ਮੰਨੀ, ਜੋ ਪ੍ਰਭ ਦੇ ਭਾਣੇ ਵਿਚ ਸਮਾਈਆ । ਬੇਸ਼ਕ ਸ੍ਰਿਸ਼ਟੀ ਸਾਰੀ ਬੈਠੀ ਅੰਨ੍ਹੀ, ਗੁਰਮੁਖ ਬੈਠੇ ਅੱਖ ਖੁਲ੍ਹਾਈਆ । ਜੇ ਵੱਛੇ ਚਾਰ ਧੰਨੇ ਦੀ ਮੰਨੀ, ਉਹੋ ਧੰਨਾ ਤੁਹਾਡਾ ਵਾਗੀ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰੀ ਕਹਿਣੀ ਰਿਹਾ ਮੰਨੀ, ਨੈਣੀ ਸਭ ਕੁਛ ਰਿਹਾ ਵਖਾਈਆ ।

ਪ੍ਰੀਤਮ ਸਿੰਘ ਆ ਬੱਧਕ ਨੂੰ ਦਈਏ ਇਨਾਮ, ਗੁਰਮੁਖ ਸਿੰਘ ਲੇਖਾ ਦੇ ਲਿਖਾਈਆ । ਕਿਸ਼ਨ ਸਿੰਘ ਆ ਕਰਾਈਏ ਪਹਿਚਾਨ, ਨੌ ਜਨਮ ਦਾ ਪਿਛਲਾ ਬ੍ਰਾਹਮਣ ਨਾਲ ਰਲਾਈਆ । ਕਾਹਨ ਉਠ ਕ੍ਰਿਸ਼ਨ ਵੇਖ ਉਹ ਸੰਗਰਾਮ, ਇਹੋ ਜਿਹਾ ਬਨ ਬਾਨ ਜਿਥੇ ਤੇਰਾ ਚਰਨ ਤੀਰ ਨਾਲ

ਵਿਨ੍ਹਾਈਆ । ਤੱਕ ਉਸੇ ਦਾ ਛੋਟਾ ਜਿਹਾ ਸਵਾਨ, ਜੋ ਆਇਆ ਪੰਧ ਮੁਕਾਈਆ । ਉਨੀ ਸਾਲ ਦਾ ਨੌਜਵਾਨ, ਲਈ ਸਚ ਅੰਗੜਾਈਆ । ਜਿਸ ਗਰੜ ਦਾ ਲੇਖਾ ਲਿਖਿਆ ਮਹਾਨ, ਓਸ ਦਾ ਲੇਖਾ ਆਇਆ ਝੋਲੀ ਪਾਈਆ । ਜਿਹੜੇ ਨੈਣ ਵੇਂਹਦੇ ਸੀ ਮਾਰ ਧਿਆਨ, ਤ੍ਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਜੋ ਵਿਛੜੇ ਸੀ ਬਾਲ ਅੰਞਾਣ, ਅੰਞਾਣੇ ਗੋਦ ਉਠਾਈਆ । ਨਾਲੇ ਕਰੌਂਦਾ ਆਇਆ ਯਾਦ, ਨਾਲੇ ਸੁਣਦਾ ਆਇਆ ਫ਼ਰਿਆਦ, ਨਾਲੇ ਦੇਂਦਾ ਆਇਆ ਦਾਦ, ਦਾਤਾ ਹੋ ਕੇ ਦਇਆ ਕਮਾਈਆ । ਅੱਗੇ ਵਰ ਦੇਵੇ ਆਪ, ਬੱਧਕ ਤੇਰੇ ਪਿਛਲੇ ਕੱਟੇ ਗਏ ਪਾਪ, ਅੱਗੇ ਮਿਲਿਆ ਇਕੋ ਬਾਪ, ਜਿਸ ਦਾ ਪੁੱਤ ਗੁਰਮੁਖ ਨਜ਼ਰੀ ਆਈਆ । ਰਾਵੀ ਕੰਢੇ ਕਰਾਈ ਵਾਟ, ਤੇਰਾ ਖੋਲ੍ਹਾਂ ਬੰਦ ਤਾਕ, ਏਥੇ ਓਥੇ ਬਣਾ ਸਾਕ, ਸੱਜਣ ਹੋ ਕੇ ਸੰਗ ਨਿਭਾਈਆ । ਆਰ ਪਾਰ ਕਰਨਾ ਤੇਰਾ ਘਾਟ, ਅੱਗੇ ਰਹੇ ਕੋਈ ਨਾ ਵਾਟ, ਜਿਧਰ ਵੇਖੇ ਓਧਰੇ ਮੁਲਾਕਾਤ, ਸਾਹਮਣੇ ਬੈਠਾ ਨਜ਼ਰੀ ਆਈਆ । ਤੁਹਾਡੀ ਸਭ ਦੀ ਜਮਾਂ ਵਾਲੀ ਕੱਟ ਦਿਤੀ ਹਵਾਲਾਤ, ਹਵਾਲੇ ਆਪਣੇ ਲਿਆ ਕਰਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਪੁੱਤ ਪੋਤਰੇ ਪੜਪੋਤਰੇ ਨਾਤਿਆਂ ਵਾਲੇ ਦਿਤਾ ਬਣਾਈਆ । ਅੱਗੇ ਭਗਤਾਂ ਦੀ ਚਲਦੀ ਰਹੇ ਸ਼ਾਖ਼, ਪੈਂਡਾ ਮੁਕ ਕਦੇ ਨਾ ਜਾਈਆ । ਸਚ ਪੁੱਛੋ ਤੁਹਾਡੇ ਅੰਦਰ ਹੁਣ ਕਰ ਲੈਣਾ ਵਾਸ, ਨਿਵਾਸਾ ਤੁਹਾਡੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪ੍ਰੀਤਮ ਸਿੰਘ ਆ ਵੰਡੀਏ ਇਨਾਮ, ਅਨਾਮੀ ਦਇਆ ਕਮਾਇੰਦਾ । ਬੱਧਕ ਤੇਰੇ ਕੋਲ ਵਸੇ ਭਗਵਾਨ, ਭਾਗਾਂ ਭਰਿਆ ਵੇਖ ਵਖਾਇੰਦਾ । ਜੋ ਭਗਤਾਂ ਦਾ ਲੈ ਕੇ ਆਇਆ ਸਚ ਨਿਸ਼ਾਨ, ਨਿਸ਼ਾਨਾ ਦੋ ਜਹਾਨ ਝੁਲਾਇੰਦਾ । ਰਾਵੀ ਲੰਘਦਿਆਂ ਮਾਰੀ ਇਕ ਆਵਾਜ਼, ਮਨਜੀਤ ਬਾਲ ਨਿਧਾਨੇ ਦਿਤੀ ਜਣਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹਰਿ ਜੂ ਅਚਰਜ ਖੇਲ ਵਰਤਾਈਆ । ਕਰੋੜ ਤੇਤੀਸਾ ਦੇਵਤ ਸੁਰ ਇੰਦਰ ਫਨਿੰਦਰ ਸਰਬ ਕੁਰਲਾਣ, ਨੇਤਰ ਨੈਣਾਂ ਨੀਰ ਵਹਾਈਆ । ਔਹ ਵੇਖੋ ਕਿਸ ਬਿਧ ਬਾਲੂ ਰੇਤ ਕੰਢੇ ਮਿਲਿਆ ਆਣ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਆਪ ਸੁਣਾਈਆ । ਬੱਧਕ ਲੈ ਲਏ ਪਿਛਲਾ ਇਨਾਮ, ਵਸਤ ਅਮੋਲਕ ਝੋਲੀ ਪਾਇੰਦਾ । ਅੱਗੇ ਹੋਣਾ ਨਹੀਂ ਕਿਸੇ ਦਾ ਗ਼ੁਲਾਮ, ਸਲਾਮ ਇਕੋ ਸੀਸ ਝੁਕਾਇੰਦਾ । ਤੈਨੂੰ ਮਿਲ ਗਿਆ ਕਾਹਨਾਂ ਦਾ ਕਾਹਨ, ਰਾਮਾਂ ਦਾ ਰਾਮ, ਨਿਮਾਣਿਆਂ ਦਾ ਮਾਣ ਆਪ ਅਖਵਾਇੰਦਾ । ਜੋ ਤੈਨੂੰ ਨਹੀਂ ਸੀ ਪਤਾ ਆਪ ਕੀਤੀ ਪਹਿਚਾਨ, ਸੋਏ ਸੁੱਤੇ ਆਪ ਜਗਾਇੰਦਾ । ਤੁਹਾਡੇ ਲਹਿਣੇ ਪਿਛੇ ਲੰਘਾਇਆ ਇਹ ਗਾਹਣ, ਵਰਨਾ ਪੁਰਖ ਅਬਿਨਾਸ਼ੀ ਚਰਨ ਨਾ ਕਦੇ ਟਿਕਾਇੰਦਾ । ਤੇਰਾ ਕਿੱਡਾ ਸੋਹਣਾ ਚੰਗਾ ਉਹ ਬਾਣ, ਜਿਹੜਾ ਚਰਨ ਵਿਚ ਟਿਕਾਇੰਦਾ । ਮੈਂ ਉਹ ਲੇਖਾ ਆਇਆ ਸੁਨਾਣ, ਅਨਸੁਣੀ ਤੁਹਾਡੇ ਕੰਨਾਂ ਵਿਚ ਪਾਇੰਦਾ । ਇਹ ਭਗਤਾਂ ਦਾ ਭਗਵਾਨ, ਸੰਤਾਂ ਦਾ ਮਿਹਰਵਾਨ, ਗੁਰਮੁਖਾਂ ਦਾ ਨਿਸ਼ਾਨ, ਗੁਰਸਿਖਾਂ ਦਾ ਧਿਆਨ ਆਪਣੇ ਵਿਚ ਰਖਾਇੰਦਾ । ਜੇ ਚਲਦੇ ਫਿਰਦੇ ਔਂਦੇ ਜਾਂਦੇ ਗਏ ਥੱਕ, ਉਹ ਥਕਾਵਟ ਦਾ ਮੰਗੇ ਦਾਨ, ਆਪਣੀ ਝੋਲੀ ਆਪੇ ਪਾਈਆ । ਇਕ ਭਗਤ ਤੇ ਇਕ ਭਗਵਾਨ, ਥਰਡ ਪਰਸਨ ਵਿਚ ਰਲੇ ਕੋਇ ਨਾ ਆਣ, ਥਰਡ ਪਰਿੰਦਾ ਦਏ ਤਰਾਈਆ । ਇਹ ਇਨਾਮਾਂ ਦਾ ਇਨਾਮ, ਕਲਾਮਾਂ ਦਾ ਕਲਾਮ, ਨਿਸ਼ਾਨਾਂ ਦਾ ਨਿਸ਼ਾਨ, ਦਾਨਾਂ ਦਾ ਦਾਨ, ਆਪਣੇ ਚਰਨ ਦੀ ਧੂੜੀ ਤੁਹਾਡੇ ਟਿੱਕਾ ਮਸਤਕ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੱਜ ਭੱਜ ਤੁਹਾਡਾ ਪੰਧ ਮੁਕਾਈਆ । ਪ੍ਰੀਤਮ ਸਿੰਘਾ ਇਕ

ਵਾਰਾਂ ਮਸਤਕ ਲਾ ਦੇ ਉਂਗਲੀ, ਪੋਟਾ ਅਗਲਾ ਸਿੱਧਾ ਦੇ ਖੁਭਾਈਆ । ਇਹ ਰੀਤ ਪੁਰਾਣੀ ਮੁਢਲੀ, ਮੁੜਕੇ ਰਿਹਾ ਦੁਹਰਾਈਆ । ਜਨ ਭਗਤਾਂ ਨਾਲ ਭਗਵਾਨ ਪ੍ਰੇਮ ਪ੍ਰੀਤੀ ਗੁੰਨ੍ਹ ਲਈ, ਪਾਣੀ ਆਟੇ ਵਿਚ ਸਮਾਈਆ । ਭਗਤਾਂ ਦੀ ਜਮਾਤ ਲੱਖ ਚੁਰਾਸੀ ਵਿਚੋਂ ਚੁਣ ਲਈ, ਪੱਟੀ ਆਪਣਾ ਨਾਮ ਪੜ੍ਹਾਈਆ । ਇਹ ਨਹੀਂ ਲੇਖਾ ਅੱਜ ਹੁਣ ਲਈ, ਅੱਗੇ ਸਦਾ ਤੁਹਾਡੇ ਨਾਲ ਰਖਾਈਆ । ਇਹ ਵਡਿਆਈ ਭਗਤਾਂ ਦੀ ਕੁਲ ਲਈ, ਕੁੱਲੀਆਂ ਕੱਖਾਂ ਵਾਲੇ ਪਾਰ ਲੰਘਾਈਆ । ਜੋ ਸ੍ਰਿਸ਼ਟੀ ਪ੍ਰਭ ਨੂੰ ਭੁੱਲ ਗਈ, ਭੁੱਲਿਆਂ ਸ਼ੌਹ ਦਰਿਆ ਰੁੜ੍ਹਾਈਆ । ਜਨ ਭਗਤੋ ਤੁਹਾਡੀ ਅਨਮੁੱਲੜੀ ਵਸਤ ਦਾਤ ਖੁਲ੍ਹ ਗਈ, ਖ਼ਾਲਕ ਹੋ ਕੇ ਰਿਹਾ ਵਰਤਾਈਆ । ਜੋ ਗੁਰਸਿਖ ਸਹੇਲੀ ਪ੍ਰੇਮ ਪ੍ਰੀਤੀ ਅੰਦਰ ਤੁਲ ਗਈ, ਓਸਨੂੰ ਆਪਣਾ ਤੁਲ੍ਹਾ ਬਣਾ ਕੇ ਪਾਰ ਦੇਵੇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੁਲਵਾੜੀ ਵੇਖੇ ਆਪਣੀ ਫੁਲਦੀ, ਮਹਿਕ ਦੋ ਜਹਾਨ ਸੁਗੰਧੀ ਦਏ ਵਰਤਾਈਆ । ਭਗਤ ਇਹ ਇਨਾਮ ਉਹ ਤਗ਼ਮਾਂ, ਜਗਤ ਸ਼ਹਿਨਸ਼ਾਹ ਜਿਹੜਾ ਹੱਥ ਨਾ ਕੋਇ ਫੜਾਇੰਦਾ । ਇਹ ਨਾਮ ਨਿਧਾਨ ਉਹ ਨਗ਼ਮਾ, ਜਿਸ ਨੂੰ ਨਜ਼ਮ ਵਿਚ ਨਾ ਕੋਇ ਸੁਣਾਇੰਦਾ । ਇਹ ਦਰਸ ਦੀਦ ਚਸ਼ਮਾ, ਚਸ਼ਮ ਦੀਦ ਆਪਣਾ ਨੂਰ ਪਰਗਟਾਇੰਦਾ । ਲੇਖੇ ਲਾਏ ਸਿਰ ਝੁਕਿਆ ਵਿਚ ਕਦਮਾਂ, ਕਦਮ ਬੋਸੀ ਵਿਚ ਨਮੋਸ਼ੀ, ਲਬੇ ਰਾਜ ਰਸ ਆਪਣਾ ਇਕ ਚਖਾਇੰਦਾ । ਨਾ ਕੋਈ ਜਗਤ ਦਾ ਮੇਹਣਾ ਨਾ ਕੋਈ ਨਮੋਸ਼ੀ, ਦੋਸ਼ੀ ਨਿਰਦੋਸ਼ੀ ਇਕੋ ਰੰਗ ਰੰਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਕਰਾਕੇ ਘਾਟੀ ਔਖੀ, ਸੌਖੀ ਮੰਜ਼ਲ ਆਪ ਚੜ੍ਹਾਇੰਦਾ । ਜਨ ਭਗਤਾਂ ਘਰ ਕਿਸੇ ਕਾਰਨ ਖਾਣ ਆਵੇ ਰੁੱਖੀ ਸੁੱਖੀ ਰੋਟੀ, ਇਕ ਇਕ ਟੁਕੜਾ ਟੁਕ ਟੁਕ ਆਪਣੇ ਲੇਖੇ ਲਾਇੰਦਾ । ਭੁੱਖ ਤੇਹ ਦੀ ਪਿਆਸੀ ਨਹੀਂ ਜੋਤੀ, ਜੋਤਾਂ ਦਾ ਮਾਲਕ ਘਰ ਘਰ ਦਰ ਦਰ ਦੀਵੇ ਆਪ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿੱਕੀ ਜਿਹੀ ਇਹ ਮਿਸਾਲ ਦਿਤੀ ਮੋਟੀ, ਡੂੰਘਾ ਰਾਜ਼ ਆਪਣੇ ਵਿਚ ਛੁਪਾਇੰਦਾ । ਕਿਉਂ ਉਸ ਦਾ ਲੇਖਾ ਲਿਖਣ ਵਾਲਾ ਰਵਿਦਾਸ ਮੋਚੀ, ਜੋ ਦਿਵਸ ਰੈਣ ਸੇਵਾ ਵਿਚ ਸਮਾਇੰਦਾ ।

### ✪ ੧੫ ਪੋਹ ੨੦੨੧ ਬਿਕ੍ਰਮੀ ਗਿਆਨ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਗੁੜ ਕਹੇ ਮੈਂ ਸਿਫ਼ਤ ਕਰਾਂ ਪੂਰੇ ਸਤਿਗੁਰ ਦੀ, ਜੋ ਮਿਠਿਆਂ ਵਿਚੋਂ ਮਿੱਠਾ ਨਜ਼ਰੀਂ ਆਈਆ । ਜੋ ਰਾਵੀ ਪਾਰ ਕਰਕੇ ਆਇਆ ਪੈਰੀਂ ਮੁੜਦੀ, ਮੁੜ ਆਪਣੀ ਦਇਆ ਕਮਾਈਆ । ਖੇਲ ਦੱਸ ਕੇ ਸਾਚੀ ਧੁਰ ਦੀ, ਧੁਰ ਮਸਤਕ ਲੇਖ ਵੇਖ ਵਖਾਈਆ । ਹਰਿ ਸੰਗਤ ਪਾਰ ਉਤਾਰੇ ਸ੍ਰਿਸ਼ਟੀ ਵੇਖੇ ਰੁੜ੍ਹਦੀ, ਅੱਗੇ ਹੋ ਨਾ ਕੋਇ ਬਚਾਈਆ । ਜਿਹੜੀ ਸੰਗਤ ਕਦਮ ਕਦਮ ਇਹਦੇ ਨਾਲ ਤੁਰਦੀ, ਉਹ ਕਾਇਦੇ ਕਾਨੂੰਨ ਪਹਿਲੇ ਗਈ ਭੁਲਾਈਆ । ਉਹ ਲੋਕਮਾਤ ਪਰਗਟ ਹੋਈ ਮੁਰਦੀ, ਜ਼ਿੰਦਗੀ ਵਿਚੋਂ ਜ਼ਿੰਦਗਾਨੀ ਦਿਤੀ ਬਦਲਾਈਆ । ਉਹਨਾਂ ਦੀ ਕਲਾ ਵੇਖੀ ਚੜ੍ਹਦੀ, ਚੜ੍ਹਦਿਉਂ ਗਿਆ ਲਹਿੰਦੇ ਲਹਿੰਦਿਉਂ ਚੜ੍ਹਦੇ ਫੇਰ ਆਈਆ । ਕਿੱਡੀ ਸੋਹਣੀ ਪ੍ਰੀਤ ਸੱਚੇ ਹਰਿ ਦੀ, ਜੋ ਹਿਰਦੇ ਸਾਂਤ ਕਰਾਈਆ । ਧੰਨ ਆਤਮ ਜੋ ਪਰਮਾਤਮ ਵਰਦੀ, ਘਰ ਲੋੜੀਂਦਾ ਕੰਤ ਹੰਢਾਈਆ । ਆਪ ਦਾ ਜੀਵਣ ਓਸ ਦੇ ਅੱਗੇ ਧਰਦੀ, ਮਨ ਦੀ ਮਰਜ਼ੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁੜ ਕਹੇ ਮੈਂ ਸਤਿਗੁਰ ਦੀ ਵੇਖੀ ਮਿਠਾਸ, ਜੋ ਸ਼ਬਦੀ ਸ਼ਬਦ ਨਾਲ ਜਣਾਈਆ । ਰਾਹੀ ਪਾਂਧੀ ਬਣ ਕੇ ਸਭ ਦੀ ਪੂਰੀ ਕਰਦਾ ਆਇਆ ਆਸ, ਆਸਰਾ ਇਕ ਜਣਾਈਆ । ਧੀਰਜ ਧੀਰ ਧਰਾਉਂਦਾ ਆਇਆ ਧਰਵਾਸ, ਸਤਿ ਧਰਮ ਜੜ੍ਹ ਲਗਾਈਆ । ਵਿਛੜਿਆਂ ਮਿਲੌਂਦਾ ਆਇਆ ਮਿਲਾਪ, ਮੇਲੇ ਕਰ ਕਰ ਜੋੜ ਜੁੜਾਈਆ । ਸੋਹੰ ਢੋਲਾ ਜਪੌਂਦਾ ਆਇਆ ਜਾਪ, ਪਿਛਲੇ ਸੁੱਤਿਆਂ ਅੱਖ ਖੁਲ੍ਹਾਈਆ । ਪੂਰਾ ਕਰਦਾ ਆਇਆ ਭਵਿਖਤ ਵਾਕ, ਰਾਮਾ ਕ੍ਰਿਸ਼ਨਾ ਦਏ ਵਡਿਆਈਆ । ਅਰਸ਼ ਫ਼ਰਸ਼ ਵੇਖਣ ਤਾਰਿਆਂ ਭਰੀ ਰਾਤ, ਚਮਕ ਨੂਰ ਨਾਲ ਰੁਸ਼ਨਾਈਆ । ਖ਼ੁਸ਼ੀ ਮਨਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਸੰਗ ਰਖਾਈਆ । ਕਿਧਰੋਂ ਭਗਤਾਂ ਦੇ ਘਰ ਇਹ ਵੱਖਰੀ ਆ ਗਈ ਪਰਭਾਤ, ਆਪਣਾ ਰੂਪ ਬਦਲਾਈਆ । ਸ੍ਰੀ ਭਗਵਾਨ ਦੇਵਣ ਆ ਗਿਆ ਦਾਤ, ਦੌਲਤਮੰਦ ਫੇਰਾ ਪਾਈਆ । ਪਿਛੇ ਕਿਸੇ ਦੇ ਚੱਬੇ ਚਨੇ ਕਿਸੇ ਦੀ ਖਾਧੀ ਭਾਤ, ਕਿਸੇ ਦਿਆਂ ਗੰਨਿਆਂ ਕਿਸੇ ਦਿਆਂ ਛੰਨਿਆਂ ਭੋਗ ਲਗਾਈਆ । ਉਹ ਪਿਛਲੀ ਪਿਛੇ ਰਹਿ ਗਈ ਬਾਤ, ਅਗੇ ਖੇਲ ਇਕ ਵਖਾਈਆ । ਜਲਾਂ ਥਲਾਂ ਵਿਚ ਸਾਥ, ਜੂਹਾਂ ਜੰਗਲਾਂ ਵਿਚ ਆਪਣਾ ਸੰਗ ਨਿਭਾਈਆ । ਭਗਤਾਂ ਦੀ ਪੂਰੀ ਕਰਨ ਆਇਆ ਆਸ, ਅਸਲ ਆਪਣਾ ਹੁਕਮ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਘਰ ਔਦਿਆਂ ਨੂੰ ਦੇਵੇ ਸੱਚੀ ਸੁਗਾਤ, ਸੀਤ ਪਰਸਾਦਿ ਆਪਣਾ ਗੁਰਮੁਖਾਂ ਦੇ ਮੁਖ ਲਗਾਈਆ ।


੧੨੬੨
੧੭

ਥਕਾਵਟ ਵਾਲੀ ਕਰੇ ਨਾ ਕੋਈ ਬਾਤ, ਸਖ਼ਾਵਤ ਵਾਲੀ ਵਸਤ ਝੋਲੀ ਪਾਈਆ । ਨਾਲੇ ਤੁਹਾਡੇ ਕੋਲੋਂ ਪ੍ਰੇਮ ਕਰਨ ਦੀ ਸਿੱਖੀ ਜਾਚ, ਭਗਤਾਂ ਨਾਲ ਭਗਵਾਨ ਚਲਕੇ ਆਪਣੀ ਖ਼ੁਸ਼ੀ ਮਨਾਈਆ । ਤੁਹਾਡੇ ਕੋਲੋਂ ਸਿਖੀ ਪ੍ਰੇਮ ਦੀ ਵਜੌਣ ਵਾਲੀ ਰਬਾਬ, ਅਹਿਬਾਬ ਹੋ ਕੇ ਵੇਖੇ ਚਾਈਂ ਚਾਈਂਆ । ਤੁਹਾਥੋਂ ਪ੍ਰੇਮ ਵਾਲਾ ਸਿਖਿਆ ਆਦਾਬ, ਕਿਸ ਬਿਧ ਨਿਉਂ ਨਿਉਂ ਸੀਸ ਝੁਕਾਈਆ । ਤੁਹਾਡੇ ਕੋਲੋਂ ਸਿਖਿਆ ਸੱਚਾ ਕਰਨਾ ਵਿਸ਼ਵਾਸ, ਇਕੋ ਓਟ ਤਕਾਈਆ । ਏਸੇ ਕਾਰਨ ਤੁਹਾਡੇ ਆਇਆ ਪਾਸ, ਪਾਸਾ ਆਪਣਾ ਰਿਹਾ ਉਲਟਾਈਆ । ਗੁਰਮੁਖੋ ਤੁਸਾਂ ਖਾਣਾ ਨਾਲ ਇਹ ਸਵਾਦ, ਜਿਸ ਦਾ ਸਵਾਦ ਸਾਧ ਸਮਝ ਕੋਇ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਿਚ ਗੁਰਮੁਖ, ਗੁਰਸਿਖਾਂ ਵਿਚ ਗੁਰਸਿਖ, ਭਗਤਾਂ ਵਿਚ ਭਗਤ, ਸੰਤਾਂ ਵਿਚ ਸੰਤ ਆਪਸ ਵਿਚ ਰਹਿਣ ਨਾ ਦੇਵੇ ਕੋਈ ਨਾਰਾਜ਼, ਜਗਤ ਨਰਾਜ਼ਗੀ ਕੰਮ ਕਿਸੇ ਨਾ ਆਈਆ । ਨਾ ਕੋਈ ਤੁਹਾਥੋਂ ਕਲਮਾ ਪੜ੍ਹਾਏ ਨਾ ਨਿਮਾਜ਼, ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਤੀਰਥ ਨਹੌਣ ਜਾਏ ਘਾਟ, ਇਕੋ ਦੱਸੇ ਅਗੰਮੀ ਆਵਾਜ਼, ਸੋਹੰ ਢੋਲਾ ਦਿਤਾ ਸੁਣਾਈਆ । ਤੁਸੀਂ ਆਕੜ ਨਾਲ ਫਿਰੋ ਆਪਣੀ ਮਜਾਜ, ਤੁਹਾਥੋਂ ਕਿਸੇ ਨਹੀਂ ਲੈਣਾ ਖ਼ਰਾਜ, ਹਰਜਾਨਾ ਭਰਨ ਕੋਇ ਨਾ ਆਈਆ । ਜਿਧਰ ਵੇਖੋ ਉਧਰ ਸਾਥ, ਸੇਵਾ ਵੱਲੋਂ ਤੁਹਾਡਾ ਦਾਸ, ਮੇਵਾ ਦੇਣ ਵੱਲੋਂ ਪੁਰਖ ਅਬਿਨਾਸ਼, ਵਸਤ ਅਮੋਲਕ ਤੁਹਾਡੀ ਝੋਲੀ ਪਾਈਆ । ਜੇ ਤੁਸੀਂ ਪ੍ਰੇਮ ਦੀ ਇਕ ਸੁਣਾਓ ਬਾਤ, ਮੈਂ ਸੁਣਾਵਾਂ ਸਾਰੀ ਰਾਤ, ਖ਼ੁਸ਼ੀਆਂ ਵਿਚ ਗੁਰਮੁਖਾਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਦੇ ਦੇ ਖ਼ੁਸ਼ੀ ਮਨਾਈਆ । ਗੁੜ ਕਹੇ ਮੈਂ ਗੁਰ ਦਾ ਦੱਸਾਂ ਭੇਤ, ਜੋ ਗੁਰਮੁਖ ਰਿਹਾ ਬਣਾਈਆ । ਜਿਸ ਨੇ ਤ੍ਰੇਤੇ

ਜੁਗ ਦੀ ਲੇਖੇ ਲਾਈ ਰੇਤ, ਚਰਨ ਕਵਲਾਂ ਨਾਲ ਛੁਹਾਈਆ । ਬਾਲਮੀਕ ਦੀ ਅੱਡੀ ਦਾ ਵੇਖ ਕੇ ਛੇਕ, ਕੰਡਾ ਸੂਲ ਦਿਤੀ ਵਡਿਆਈਆ । ਜੋਗਣ ਦਾ ਜੋਗੀਆਂ ਵਾਲਾ ਵੇਖ ਕੇ ਭੇਸ, ਸਿਰ ਮਸਤਕ ਹੱਥ ਰਖਾਈਆ । ਜਿਸਨੇ ਪੱਟੀ ਇਕ ਦਿਤੀ ਲਪੇਟ, ਓਢਣ ਉਸ ਦੇ ਉਪਰ ਪਾਈਆ । ਜਨ ਭਗਤਾਂ ਇਨਾਮ ਵਿਚ ਆਪਣਾ ਆਪ ਦਿਤਾ ਵੇਚ, ਕੀਮਤ ਅੱਗੇ ਨਾ ਕੋਇ ਰਖਾਈਆ । ਇਹ ਸਭ ਕੁਛ ਵੇਖ ਭੱਜਾ ਆਇਆ ਸਹੰਸ ਫਨ ਸ਼ੇਸ਼, ਆਪਣਾ ਪੰਧ ਮੁਕਾਈਆ । ਮੈਂ ਦਿਵਸ ਰੈਣ ਦੋਏ ਸਹੰਸਰ ਜਪਾਂ ਨਾਮ ਤੇਰਾ ਵਿਸ਼ੇਸ਼, ਵਿਸ਼ਨੂੰ ਮੇਰੀ ਸਾਂਗੋ ਪਾਂਗ ਸੇਜ ਹੰਢਾਈਆ । ਮੈਂ ਹੋਇਆ ਹੈਰਾਨ ਪ੍ਰਭੂ ਇਹ ਕੀ ਤੇਰਾ ਭੇਤ, ਪੜਦਾ ਦੇ ਉਠਾਈਆ । ਜਿਹੜੇ ਬੁਕਲਾਂ ਮਾਰ ਕੇ ਬੈਠੇ ਸੂਤਰੀ ਖੇਸ, ਉਹਨਾਂ ਦੀ ਸੁੱਤੀ ਸੁਰਤੀ ਦਿਤੀ ਜਗਾਈਆ । ਨਾਲੇ ਪਤਤ ਪਾਪੀ ਕੀਤੇ ਨੇਕ, ਦੁਰਮਤ ਮੈਲ ਧੁਆਈਆ । ਇਸ਼ਟਾਂ ਦੇ ਵਿਚੋਂ ਇਸ਼ਟ ਆਪਣੀ ਦੱਸੀ ਚਰਨ ਟੇਕ, ਮਸਤਕ ਟਿੱਕਾ ਦਿਤਾ ਲਗਾਈਆ । ਜਿਹੜੀ ਰਾਮ ਦੇ ਸਿਰ ਵਿਚ ਪੈ ਗਈ ਸੀ ਰੇਤ, ਉਸ ਨੂੰ ਆਪਣਾ ਚਰਨ ਛੁਹਾਈਆ । ਉਹਦੇ ਪੰਜ ਕਤਰੇ ਅੰਗੂਠੇ ਥੱਲੇ ਲਿਆਂਦੇ ਲਪੇਟ, ਹੌਲੀ ਜਿਹੀ ਬਾਹਰ ਲਏ ਕਢਾਈਆ । ਇਸ ਦੀ ਕੀਮਤ ਨਾ ਕੋਈ ਰੇਟ, ਜਗਤ ਖ਼ਜ਼ਾਨਿਆਂ ਵਿਚੋਂ ਹੱਥ ਕਿਸੇ ਨਾ ਆਈਆ । ਗੁਰਮੁਖ ਜਿਸ ਵੇਲੇ ਰਾਤੀਂ ਸੌਣਗੇ ਆਪਣੀ ਸੇਜ, ਬਿਸਤਰੇ ਜ਼ਿਮੀਂ ਉਤੇ ਵਿਛਾਈਆ । ਤੁਹਾਡੇ ਚਰਨਾਂ ਕੋਲ ਇਹਨੂੰ ਦੇਵਾਂ ਭੇਜ, ਆਪਣੀ ਮੁੱਠੀ ਵਿਚੋਂ ਬਾਹਰ ਕਢਾਈਆ । ਤੁਸੀਂ ਭਾਵੇਂ ਕਿੰਨਾ ਘੁੱਟ ਕੇ ਰੱਖਿਉਂ ਲੇਫ, ਫਿਰ ਵੀ ਤੁਹਾਡੇ ਅੰਦਰ ਹੋ ਕੇ ਚਰਨ ਛੋਹ ਖ਼ੁਸ਼ੀ ਮਨਾਈਆ । ਹੱਥ ਜੋੜ ਕੇ ਕਹੇ ਗੁਰਮੁਖੋ ਮੈਨੂੰ ਦੱਸੋ ਇਸ ਦਾ ਭੇਤ, ਜੋ ਭੱਜਿਆ ਫਿਰੇ ਵਾਹੋ ਦਾਹੀਆ । ਪਤਾ ਨਹੀਂ ਕਿਧਰੋਂ ਆ ਗਿਆ ਅਚਨ ਚੇਤ, ਅਚਾਨਕ ਆਪਣਾ ਚਰਨ ਛੁਹਾਈਆ । ਪਹਿਲੋਂ ਮੈਂ ਜਾਣਿਆਂ ਕੋਈ ਜੱਟ ਹਲ ਵਾਹਣ ਵਾਲਾ ਖੇਤ, ਪਾਂਧੀ ਹੋ ਕੇ ਪੰਧ ਮੁਕਾਈਆ । ਜਿਸ ਵੇਲੇ ਓਸ ਨੇ ਮੈਨੂੰ ਚਰਨ ਨਾਲ ਦਿਤਾ ਛੇੜ, ਹੌਲੀ ਜਿਹੀ ਉਤੇ ਟਿਕਾਈਆ । ਮੇਰੇ ਜਨਮ ਜਨਮ ਦਾ ਮੁਕ ਗਿਆ ਗੇੜ, ਇਕੋ ਦਾਤਾ ਨਜ਼ਰੀ ਆਈਆ । ਜਿਸ ਨੂੰ ਤਾਰਦਿਆਂ ਕੋਈ ਨਾ ਲਗੇ ਦੇਰ, ਸ਼ਬਦ ਇਸ਼ਾਰੇ ਨਾਲ ਪਾਰ ਕਰਾਈਆ । ਬ੍ਰਹਿਮੰਡ ਖੰਡ ਕਹਿਣ ਵੇਖੋ ਕੀ ਪਿਆ ਹਨੇਰ, ਹਨੇਰੇ ਵਿਚੋਂ ਗੁਰਮੁਖ ਰਿਹਾ ਜਗਾਈਆ । ਨਾਲੇ ਸਿੰਘ ਤੇ ਨਾਲੇ ਸ਼ੇਰ, ਬੱਬਰਾਂ ਦਾ ਬੱਬਰ ਟੱਬਰਾਂ ਦੇ ਟੱਬਰ ਪਾਰ ਲੰਘਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਕਿਸ ਤਰ੍ਹਾਂ ਕਰੀਏ ਸਬਰ, ਬੇਸਬਰੀ ਵਿਚ ਸਰਬ ਲੋਕਾਈਆ । ਪੈਗ਼ੰਬਰ ਹੁੰਗਾਰੇ ਦੇਣ ਵਿਚੋਂ ਕਬਰ, ਕਾਅਬਿਆਂ ਕਰਨ ਜਣਾਈਆ । ਇਹ ਉਹਨਾਂ ਨੂੰ ਆਇਆ ਸੱਦਣ, ਜਿਨ੍ਹਾਂ ਨੂੰ ਸੱਦਾ ਪਿਆ ਧੁਰਦਰਗਾਹੀਆ । ਉਹ ਸਭ ਤੋਂ ਅੱਗੇ ਵਧਣ, ਆਪਣਾ ਬਲ ਵਧਾਈਆ । ਕਿਉਂ, ਉਹ ਓਸ ਦੀ ਚਰਨੀਂ ਲੱਗਣ, ਜਿਸ ਨਾਲੋਂ ਹੋਏ ਨਾ ਕਦੇ ਜੁਦਾਈਆ । ਸਦਾ ਪੰਜਾਬੀਆਂ ਦਾ ਵਿਹਾਰ ਤੇ ਗੁੜ ਦਾ ਸਗਨ, ਲਗਨ ਇਕੋ ਦਏ ਵਖਾਈਆ । ਗੁਰਮੁਖਾਂ ਨੂੰ ਆਪ ਆਇਆ ਮੰਗਣ, ਨਾਰੀ ਕੰਤ ਇਕੋ ਰੂਪ ਵਟਾਈਆ । ਅਗਲੀ ਪਿਛਲੀ ਕੱਟ ਕੇ ਮੰਜ਼ਲ, ਮੰਜ਼ਲ ਆਪਣੀ ਦਏ ਵਖਾਈਆ । ਪਹਿਲੋਂ ਦੋ ਜਹਾਨਾਂ ਕਰ ਕੇ ਵਜ਼ਨ, ਆਪਣੇ ਤਰਾਜ਼ੂ ਵਿਚ ਟਿਕਾਈਆ । ਲੱਖ ਚੁਰਾਸੀ ਜੀਵ ਜੰਤ ਥੋੜੇ ਜਿਹੇ ਲੱਗਣ, ਭਾਰ ਮਣਾਂ ਵਿਚ ਨਾ ਕੋਇ ਰਖਾਈਆ । ਗੁਰਮੁਖ ਗੁਰਸਿਖ ਆਪਣੇ ਪ੍ਰੇਮ ਦੇ ਭਾਰ ਨਾਲ ਪ੍ਰਭੂ ਨੂੰ ਦੱਬਣ, ਆਤਮਾ ਸਿੰਘ ਵਰਗੇ ਉਤੇ ਡੇਰਾ ਲਾਈਆ । ਵੇਖੋ ਕਿੱਡੇ ਸੋਹਣੇ ਫਬਣ, ਨਾਲੇ ਰਾਵੀ ਨਾਲੇ ਭਾਵੀ ਨਾਲੇ ਬੇੜੀ ਨਾਲੇ ਬੇੜਾ, ਕੱਟਣਹਾਰਾ ਅਗਲਾ ਪਿਛਲਾ ਗੇੜਾ, ਗੇੜੇ ਵਿਚੋਂ ਪਾਰ ਕਰਾਈਆ ।

ਜਿਹੜਾ ਦਸਰਥ ਦੇ ਘਰ ਦਾ ਵਛੇਰਾ, ਉਹ ਵੀ ਨਾਲ ਤਰਾਈਆ । ਜਿਸ ਮੈਂਡਕ ਨੇ ਮੱਛੀ ਰੂਪ ਬਣ ਕੇ ਪਾਇਆ ਫੇਰਾ, ਗੁਰ ਚਰਨ ਮਿਲੀ ਸਰਨਾਈਆ । ਓਸੇ ਦਾ ਨਾਲ ਭਗਤਾਂ ਡੇਰਾ, ਲੇਖਾ ਡਿਉਢਾ ਕਰ ਕੇ ਝੋਲੀ ਪਾਈਆ । ਜਿਹੜੇ ਕਰਦੇ ਆਏ ਮੇਰਾ ਮੇਰਾ, ਉਹਨਾ ਦਾ ਹੋ ਕੇ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਨਾਲ ਕਰੇ ਬਖੇੜਾ, ਗੁਰਮੁਖ ਅਨਗੁਝੇ ਭੇਵ ਖੁਲ੍ਹਾਈਆ । ਬਖੇੜੇ ਵਿਚ ਸ੍ਰਿਸ਼ਟੀ, ਬਿਖੜੇ ਰਾਹ ਲਗਾਈਆ । ਡੂੰਘੀ ਖੁੱਭਣ ਖੁਭ ਗਈ ਚਿਕੜੀ, ਚਿੱਕੜ ਗਾਰਾ ਨਾ ਕੋਇ ਟਪਾਈਆ । ਜਨ ਭਗਤਾਂ ਇਕੋ ਵਾਰ ਦੇ ਕੇ ਨਾ ਫ਼ਿਕਰੀ, ਫ਼ਿਕਰ ਸਾਰੇ ਦਿਤੇ ਹਟਾਈਆ । ਜਿਹੜਾ ਗੋਬਿੰਦ ਬਾਜ ਕੋਲੋਂ ਮਰਵਾਇਆ ਸੀ ਤਿੱਤਰ ਉਸਦੇ ਨਾਲ ਇਕ ਤਿੱਤਰੀ, ਤਿਰੀਆ ਹੋ ਕੇ ਪੀਆ ਦੇ ਵੈਰਾਗ ਵਿਚ ਕੁਰਲਾਈਆ । ਉਸਨੇ ਢੋਲਾ ਗਾਇਆ ਫ਼ਿਕਰੀ, ਸਾਹਿਬ ਤੇਰੀ ਵਡਿਆਈਆ । ਮੈਂ ਉਸ ਦੇ ਨਾਲੋਂ ਵਿਛੜੀ, ਜਿਸ ਦੇ ਨਾਲ ਮੇਰੀ ਜੋੜੀ ਦਿਤੀ ਬਣਾਈਆ । ਗੋਬਿੰਦ ਕਿਹਾ ਯਾਦ ਕਰ ਜਿਸ ਵੇਲੇ ਮੇਰੇ ਗੁਰਸਿਖ ਦੇ ਲੰਗਰ ਵਿਚੋਂ ਸੀ ਖਾਧੀ ਖਿਚੜੀ, ਜੋ ਨੌਂ ਮੀਲ ਅਨੰਦ ਪੁਰੀ ਤੋਂ ਬਾਹਰ ਬਣਾਈਆ । ਓਸ ਵੇਲੇ ਤੈਨੂੰ ਫੜ ਕੇ ਇਕ ਮਾਰੀ ਸੀ ਨਿੱਕੀ ਜਿਹੀ ਠੀਕਰੀ, ਜੋ ਘੜੇ ਨਾਲੋਂ ਭੰਨਾਈਆ । ਉਹ ਘੜਾ ਜਣਾਵੇ ਆਪਣੀ ਕਹਾਣੀ ਬੀਤੜੀ, ਪਿਛਲਾ ਹਾਲ ਜਣਾਈਆ । ਮੈਂ ਰਵਿਦਾਸ ਦੀ ਨਿਕੀ ਜਿਹੀ ਸੀਧੜੀ, ਜਿਸ ਦਾ ਸਿੱਧਾ ਮੂੰਹ ਸਵਾ ਗਿਠ ਨਜ਼ਰੀ ਆਈਆ । ਉਸਨੂੰ ਇਕ ਦਿਨ ਮੂੰਹ ਲਾ ਗਈ ਸੀ ਗਿਦੜੀ, ਹਲਕੀ ਹੋ ਕੇ ਦੰਦ ਛੁਹਾਈਆ । ਓਸ ਦੀ ਸਵਾਣੀ ਕਿਹਾ ਹੋਈ ਪਲੀਤੜੀ, ਪਰੇ ਭੰਨ ਵਖਾਈਆ । ਓਸ ਦੇ ਵਿਚੋਂ ਰਵਿਦਾਸ ਨੇ ਚੁੱਕ ਕੇ ਇਕ ਠੀਕਰੀ, ਆਪਣੀ ਸਿਲਾ ਉਤੇ ਘਸਾਈਆ । ਓਸ ਨੇ ਕਿਹਾ ਮੈਨੂੰ ਵਡਿਆਈ ਦੇ ਕੋਈ ਤਾਰੀਖਲੀ, ਤਾਰੀਖਾਂ ਨਾਲ ਰਖਾਈਆ । ਰਵਿਦਾਸ ਨੇ ਓਸੇ ਵੇਲੇ ਆਪਣੇ ਕੱਚੇ ਧਾਗੇ ਦੀ ਗੰਢ ਪੀਚਲੀ, ਘੁੱਟ ਕੇ ਲਈ ਬੰਧਾਈਆ । ਨਾਲ ਇਕ ਵਸੀਹਤ ਲਿਖ ਲਈ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਲਹਿਣਾ ਰਿਹਾ ਮੁਕਾਈਆ । ਗੁਰਮੁਖਾਂ ਲਹਿਣਾ ਵੇਖ ਬੇੜੀ ਰੋਈ ਲਕੜੀ ਕਾਠ, ਨੇਤਰ ਦਏ ਦੁਹਾਈਆ । ਜਿਸ ਵੇਲੇ ਗੋਬਿੰਦ ਸੂਰਾ ਚੜ੍ਹਿਆ ਸੀ ਮੇਰੇ ਉਤੇ ਰਾਠ, ਇੱਕੀਆਂ ਪਾਰ ਲੰਘਾਈਆ । ਮੈਂ ਓਸ ਵੇਲੇ ਕੀਤੀ ਸੀ ਇਕ ਬਾਤ, ਹੌਲੀ ਜਿਹੀ ਸੁਣਾਈਆ । ਮੈਨੂੰ ਦੱਸ ਓਸ ਦੀ ਜ਼ਾਤ, ਜਿਸ ਤੈਨੂੰ ਦਿਤੀ ਵਡਿਆਈਆ । ਗੋਬਿੰਦ ਕਿਹਾ ਸਾਫ਼, ਉਹ ਮੇਰਾ ਧੁਰ ਦਾ ਮਾਹੀਆ । ਜਿਸ ਵੇਲੇ ਆਵੇ ਆਪ, ਆਪਣਾ ਫੇਰਾ ਪਾਈਆ । ਉਹ ਵੇਖੇ ਜਗਤ ਕਿਨਾਰਾ ਘਾਟ, ਪੱਤਣ ਖੋਜੇ ਥਾਉਂ ਥਾਈਂਆ । ਤੇਰੀ ਉਸ ਵੇਲੇ ਪੁੱਛੇ ਵਾਤ, ਮਿਹਰ ਨਜ਼ਰ ਇਕ ਉਠਾਈਆ । ਉਸਦੇ ਨਾਲ ਧੁਰ ਦੇ ਭਗਤ ਦੇਵਣ ਸਾਥ, ਦੂਜਾ ਸੰਗੀ ਨਾ ਕੋਇ ਰਖਾਈਆ । ਜੇ ਇਕ ਦੂਜੇ ਨੂੰ ਤੱਕਣ ਨਾਤਾ ਦਿਸੇ ਓਹ ਪੁੱਤ ਤੇ ਉਹ ਬਾਪ, ਭਗਤ ਭਗਵਾਨ ਇਕੋ ਨਜ਼ਰੀ ਆਈਆ । ਜੇ ਬੋਲਣ ਤੇ ਓਸੇ ਦਾ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨਾਲ ਬਿੰਨੜੀ ਸੁਹੰਜਣੀ ਹੋਵੇ ਰਾਤ, ਆਪਣੇ ਨੇਤਰ ਨੈਣ ਲਏ ਖੁਲ੍ਹਾਈਆ । ਨਾਲੇ ਯਾਦ ਆ ਜਾਵੇ ਉਹ ਰਾਖ, ਜਿਹੜੀ ਲਾਲੋ ਘਰ ਦਿਤੀ ਵਖਾਈਆ । ਫੇਰ ਅੱਗੋਂ ਬੋਲ ਪਏ ਉਹ ਭਾਤ, ਜਿਹੜੀ ਆਪਣੀ ਹੱਥੀਂ ਦਿਤੀ ਵਰਤਾਈਆ । ਉਧਰੋਂ ਜਮਨਾ ਸੁਰਸਤੀ ਗੰਗਾ ਗੋਦਾਵਰੀ ਰਹੀ ਆਖ, ਉਚੀ ਕੂਕ ਕੂਕ ਜਣਾਈਆ । ਜਿਸ ਵੇਲੇ ਕਸੀਰਾ ਲਿਆ ਸੀ ਪੰਡਤ ਉਹ ਮਹੀਨਾ ਸੀ ਵਿਸਾਖ, ਵਿਸਾਖੀ ਉਤੋਂ ਪੰਜ ਦਿਨ ਬਾਹਰੋਂ ਦਿਤੇ ਗਿਣਾਈਆ । ਹੁਣ ਤੇਰਾ ਖੇਲ ਤਮਾਸ਼,

੧੨੬੪
੧੭

ਪ੍ਰਭ ਤੇਰੇ ਹੱਥ ਵਡਿਆਈਆ । ਧੰਨ ਵਡਿਆਈ ਜੇ ਸਭ ਦੀ ਪੂਰੀ ਕੀਤੀ ਆਸ, ਆਹਿਸਤਾ ਆਹਿਸਤਾ ਸਾਰੇ ਰਿਹਾ ਮਿਲਾਈਆ । ਅਗੋਂ ਹੱਸ ਕੇ ਕਹਿੰਦੀ ਰਵਿਦਾਸ ਦੀ ਕਲਮ ਦਵਾਤ, ਮੇਰੇ ਬਿਨਾ ਤੇਰੀ ਦੇਵੇ ਨਾ ਕੋਇ ਗਵਾਹੀਆ । ਮੈਨੂੰ ਸਦਾ ਰਖੀਂ ਭਗਤਾਂ ਸਾਥ, ਅਗਲਾ ਸੰਗ ਬਣਾਈਆ । ਇਹ ਚੰਗੀ ਲੱਗੇ ਜਮਾਤ, ਜਿਥੇ ਡਿਗਰੀ ਇਕੋ ਵਾਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੇਵ ਰਿਹਾ ਕਮਾਈਆ ।

ਜਨ ਭਗਤ ਓਹਲੇ ਓਹਲੇ ਕਰਨ ਸਲਾਹ, ਹੌਲੀ ਹੌਲੀ ਇਕ ਦੂਜੇ ਨੂੰ ਕੰਨਾਂ ਵਿਚ ਸੁਣਾਈਆ । ਇਹ ਚੰਗਾ ਮਿਲਿਆ ਮਲਾਹ, ਜਿਹੜਾ ਮੱਲੋ ਮੱਲੀ ਪਾਰ ਲੰਘਾਈਆ । ਅੱਗੇ ਵੇਖੇ ਪਿਛੇ ਵੇਖੇ ਸੱਜੇ ਖੱਬੇ ਨਾ ਕਰੇ ਵਸਾਹ, ਵਿਚਕਾਰ ਬੈਠਾ ਬੇਪਰਵਾਹੀਆ । ਜਿਥੇ ਧੰਨੇ ਵਰਗੇ ਜੱਟ ਦਾ ਲਗ ਗਿਆ ਦਾਅ, ਮੋਢਿਆਂ ਉਤੇ ਚੜ੍ਹਕੇ ਆਪਣੀ ਖ਼ੁਸ਼ੀ ਮਨਾਈਆ । ਨਾਲੇ ਪੰਡਤ ਲਿਆ ਨਹਾ, ਜੋੜਾ ਆਪਣੇ ਚਰਨ ਟਿਕਾਈਆ । ਲਾਲੋ ਬਣਾਇਆ ਗਵਾਹ, ਗੁੱਝੀ ਰਮਜ਼ ਰਹੀ ਨਾ ਰਾਈਆ । ਇਹ ਪ੍ਰਭ ਨੂੰ ਪਿਛਲੀ ਅਦਾ, ਅਦਲ ਬਦਲ ਸਦਾ ਰਿਹਾ ਕਰਾਈਆ । ਜਿਸ ਨੇ ਵਹਿਣ ਦਿਤੇ ਵਹਾ, ਉਹ ਪਾਰ ਦਏ ਲੰਘਾ, ਜਨ ਭਗਤਾਂ ਫੜ ਕੇ ਬਾਹਾਂ ਸਚ ਦਵਾਰੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਹਾਡਾ ਕੀ ਕਰਾਂ ਸਵਾਗਤ, ਸਵਾ ਸਵਾ ਪਹਿਰ ਤੁਹਾਡੀ ਸੇਵ ਕਮਾਈਆ । ਮੇਰੇ ਕੋਲ ਇਹੋ ਤੁਹਾਡੀ ਆਓ ਭਗਤ, ਤੁਹਾਡਾ ਦਰਸ਼ਨ ਕਰਕੇ ਖ਼ੁਸ਼ੀ ਮਨਾਈਆ । ਤੁਹਾਡੇ ਪ੍ਰੇਮ ਦੀ ਕਰਕੇ ਅਬਾਦਤ, ਅੱਵਲ ਇਕੋ ਰੰਗ ਰੰਗਾਈਆ । ਮਾਤਲੋਕ ਤੁਸੀਂ ਮੇਰੀ ਕਰੋ ਸਫ਼ਾਰਸ਼, ਸ੍ਰਿਸ਼ਟੀ ਦਿਓ ਜਣਾਈਆ । ਮੈਂ ਤੁਹਾਡਾ ਤੁਹਾਡੇ ਅੰਦਰ ਟਿਕੀ ਅਮਾਨਤ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਦ ਵੇਖੋ ਤੇ ਸਹੀ ਸਲਾਮਤ, ਸਾਹਿਬ ਸੁਲਤਾਨ ਹੋ ਕੇ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਚੁਕਾਈਆ । ਲੇਖਾ ਚੁੱਕਦਾ ਵੇਖ ਆਈ ਗੋਬਿੰਦ ਦੀ ਗਵਾਂਢਣ ਕੁਲਾਲਣ, ਜਿਹੜੀ ਪਟਨੇ ਘਰ ਤੋਂ ਪੰਜਵੇਂ ਘਰ ਡੇਰਾ ਲਾਈਆ । ਉਹ ਸ਼ਰਅ ਵਿਚ ਸ਼ੈਤਾਨਣ, ਮੁਸਲਿਮ ਸੁੰਨੀ ਜ਼ਾਤ ਅਖਵਾਈਆ । ਜਾਂ ਵੇਖਿਆ ਉਸਨੂੰ ਨਜ਼ਰੀ ਆਇਆ ਇਕ ਚਾਨਣ, ਚੰਦ ਗੁਜਰੀ ਨੂਰ ਚਮਕਾਈਆ । ਉਹ ਝੱਟ ਬਦਲ ਕੇ ਬਣ ਗਈ ਮਾਲਣ, ਪਿਛੇ ਭੱਜੀ ਵਾਹੋ ਦਾਹੀਆ । ਮੈਂ ਤੋੜਾਂ ਫੁੱਲ ਗੁਲਾਲਨ, ਸੋਹਣਾ ਹਾਰ ਗੁੰਦਾਈਆ । ਮੈਂ ਪਾਵਾਂ ਓਸ ਬਾਲਣ, ਜਿਸਨੂੰ ਬੱਲੇ ਬੱਲੇ ਕਹੇ ਲੋਕਾਈਆ । ਨਾਲੇ ਦਰ ਤੇ ਹੋਵਾਂ ਸਵਾਲਣ, ਅੱਗੇ ਆਪਣੀ ਝੋਲੀ ਡਾਹੀਆ । ਫਿਰ ਉਠ ਕੇ ਆਈ ਭਾਲਣ, ਆਪਣਾ ਪੰਧ ਮੁਕਾਈਆ । ਅੱਗੋਂ ਹੁਕਮ ਦਿਤਾ ਜੋਤ ਅਕਾਲਣ, ਸ਼ਬਦ ਨਾਲ ਸੁਣਾਈਆ । ਜਿਸ ਵੇਲੇ ਅਬਿਨਾਸ਼ੀ ਕਰਤਾ ਲੋਕਮਾਤ ਜਨ ਭਗਤਾਂ ਆਵੇ ਸੰਭਾਲਣ, ਤੇਰਾ ਲਹਿਣਾ ਲੇਖੇ ਦਏ ਚੁਕਾਈਆ । ਮੁਰਦੇ ਆਵੇ ਜਵਾਲਣ, ਜੀਂਵਦਿਆਂ ਗੋਦ ਉਠਾਈਆ । ਸਭ ਦਾ ਬਣੇ ਰਖਵਾਲਣ, ਰੱਖਿਆ ਕਰੇ ਥਾਉਂ ਥਾਈਂਆ । ਆਪਣੀ ਗੋਦ ਆਏ ਸਵਾਲਣ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਨਾਤਾ ਜੋੜੇ ਵਿਚ ਜਹਾਨਣ, ਬੱਧਕ ਨਾਲ ਵਡਿਆਈਆ । ਬੱਚੀ ਜਾਣ ਕੇ ਕਰੇ ਤੇਰੀ ਪ੍ਰਿਤਪਾਲਣ, ਪਿਤਾ ਹੋ ਕੇ ਤੇਰੀ ਸੇਵ ਕਮਾਈਆ । ਫੇਰ ਤੇਰੀ ਪ੍ਰਭੂ ਕਰੇ ਭਾਲਣ, ਖੋਜਣਹਾਰਾ

ਖੋਜ ਖੁਜਾਈਆ । ਤੂੰ ਬਣ ਕੇ ਫੇਰ ਆਵੀਂ ਮਾਲਣ, ਨਵਾਂ ਰੰਗਾਂ ਦਾ ਫੁੱਲਾਂ ਦਾ ਹਾਰ ਇਕ ਨਾਲ ਇਕ ਲੈਣਾ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਚੁਕਾਵੇ ਆਣ, ਵਾਲੀ ਦੋ ਜਹਾਨ, ਸਚ ਤਸਵੀਰ ਜਸਬੀਰ ਆਪਣੀ ਦਏ ਵਖਾਈਆ ।

ਪੰਦਰਾਂ ਪੋਹ ਖ਼ੁਸ਼ੀਆਂ ਨਾਲ ਆਖਦਾ, ਸਚ ਕਹਾਣੀ ਰਿਹਾ ਦ੍ਰਿੜਾਈਆ । ਮੈਂ ਖੇਲ ਵੇਖਿਆ ਭਗਤ ਭਗਵਾਨ ਵੈਰਾਗ ਦਾ, ਆਪਣਾ ਧਿਆਨ ਲਗਾਈਆ । ਸੰਤ ਸੁਹੇਲਾ ਵੇਖਿਆ ਜਾਗਦਾ, ਜੋ ਬੈਠਾ ਅੱਖ ਖੁਲ੍ਹਾਈਆ । ਪੜਦਾ ਵੇਖਿਆ ਅਗਲੇ ਰਿਵਾਜ ਦਾ, ਰਸਮ ਸਚ ਰਿਹਾ ਕਰਾਈਆ । ਹੁਕਮ ਵੇਖਿਆ ਸਤਿਗੁਰ ਮਹਾਰਾਜ ਦਾ, ਜੋ ਸ਼ਬਦ ਨਾਦ ਵਿਚ ਸੁਣਾਈਆ । ਪਿਆਰ ਵੇਖਿਆ ਗੁਰਮੁਖ ਵਿਸਮਾਦ ਦਾ, ਜੋ ਬਿਸਮਿਲ ਆਪਣਾ ਆਪ ਕਰਾਈਆ । ਸੁਣਿਆ ਸੰਦੇਸ਼ਾ ਧੁਰ ਆਵਾਜ਼ ਦਾ, ਸਚਖੰਡ ਸਾਚੇ ਵੱਜੇ ਵਧਾਈਆ । ਸਿੰਘ ਮਨਜੀਤ ਉਠ ਕੇ ਭਾਖਦਾ, ਆਪਣਾ ਧਿਆਨ ਲਗਾਈਆ । ਵਕਤ ਸੁਹੇਲਾ ਆਇਆ ਪ੍ਰਭ ਸਵਾਂਗੀ ਦੇ ਸਵਾਂਗ ਦਾ, ਅਵੱਲੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਪੰਦਰਾਂ ਪੋਹ ਕਹੇ ਮੈਂ ਦੇਵਾਂ ਸੰਦੇਸ਼ਾ, ਦੋ ਜਹਾਨ ਸੁਣਾਈਆ । ਕਰੇ ਖੇਲ ਨਰ ਨਰੇਸ਼ਾ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਭਗਤਾਂ ਨਾਲ ਲੇਖਾ, ਭਗਵਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਬੰਧਾਈਆ । ਪੰਦਰਾਂ ਪੋਹ ਕਹੇ ਸੁਣ ਮਨਜੀਤ, ਮਨਸਾ ਪ੍ਰਭ ਦੀ ਦਿਆਂ ਜਣਾਈਆ । ਜੋ ਸਤਿਜੁਗ ਚਲਾਏ ਰੀਤ, ਕਲਜੁਗ ਕੂੜ ਮਿਟਾਈਆ । ਉਹ ਖੇਲੇ ਖੇਲ ਆਪ ਅਨਡੀਠ, ਧੁਰ ਦਾ ਹੁਕਮ ਰਿਹਾ ਜਣਾਈਆ । ਗੁਰਮੁਖ ਸੱਜਣ ਬਣ ਕੇ ਮੀਤ, ਪੜਦਾ ਓਹਲਾ ਰਿਹਾ ਚੁਕਾਈਆ । ਮੈਂ ਇਕ ਅਗੰਮੀ ਸੁਣੀ ਚੀਕ, ਜੋ ਥਲਾਂ ਵਿਚੋਂ ਨਜ਼ਰੀਂ ਆਈਆ । ਓਥੇ ਇਕ ਇਕੱਲਾ ਰਿਹਾ ਉਡੀਕ, ਆਪਣੀ ਅੱਖ ਖੁਲ੍ਹਾਈਆ । ਜਿਸ ਨੇ ਅਰਜਨ ਵਾਲੀ ਲੱਕੜੀ ਲਿਆਂਦੀ ਘਸੀਟ, ਜਿਹੜੀ ਭੱਠੀ ਹੇਠ ਤਪਾਈਆ । ਉਹ ਦੁਹੱਥੜ ਮਾਰ ਕੇ ਰਿਹਾ ਪੀਟ, ਬੌਹੜੀ ਹਾਏ ਹਾਏ ਸੁਣਾਈਆ । ਮੈਂ ਨੀਚਾਂ ਦਾ ਨੀਚ, ਪਾਪੀਆਂ ਵਿਚੋਂ ਪਾਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਦਰਾਂ ਪੋਹ ਕਹੇ ਕਰ ਧਿਆਨ, ਮਨਜੀਤ ਧਿਆਨ ਜਣਾਈਆ । ਤੀਜੇ ਦਿਨ ਵਾਰੀ ਤੇਰੀ ਆਈ ਵਿਚ ਜਹਾਨ, ਤ੍ਰੈਲੋਕਾਂ ਆਪਣਾ ਪੰਧ ਮੁਕਾਈਆ । ਜਨ ਭਗਤ ਦਵਾਰੇ ਫੜਨਾ ਇਕ ਨਿਸ਼ਾਨ, ਸਤਿ ਸਤਿਵਾਦੀ ਦਏ ਵਖਾਈਆ । ਜਿਸ ਦੀ ਸਭ ਨੇ ਮੰਨਣੀ ਆਨ, ਚਲਣਾ ਹੁਕਮ ਰਜ਼ਾਈਆ । ਜਿਸ ਦਾ ਮਾਲਕ ਇਕ ਭਗਵਾਨ, ਸ਼ਹਿਨਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਨਜੀਤ ਕਹੇ ਮੈਨੂੰ ਹੋਈ ਖ਼ੁਸ਼ੀ, ਆਪਣੀ ਖ਼ੁਸ਼ੀ ਜਣਾਈਆ । ਮੈਂ ਹਰਿ ਸੰਗਤ ਵੇਖਾਂ ਸੁੱਚੀ, ਸੁਘੜ ਸੁਚੱਜੀ ਨਜ਼ਰੀ ਆਈਆ । ਜਿਨ੍ਹਾਂ ਦਾ ਮਾਣ ਤਾਣ ਉਹ ਫਿਰਦੇ ਅੱਡੀ ਉਚੀ, ਪੈਰ ਜ਼ਮੀਨ ਉਤੋਂ ਉਠਾਈਆ । ਉਹਨਾਂ ਦੀ ਓਸ ਨਾਲ ਰੁਚੀ, ਜੋ ਰਚਨਾ ਆਪਣੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਨਜੀਤ ਕਹੇ ਮੈਂ ਨਿਸ਼ਾਨ ਚੁੱਕਾਂ, ਮੋਢੇ ਕੰਧ ਉਠਾਈਆ । ਨੌ ਖੰਡ ਪ੍ਰਿਥਮੀ ਪੁੱਛਾਂ, ਦੀਪਾਂ ਸੱਤਾਂ ਲਵਾਂ ਉਠਾਈਆ । ਤੁਹਾਡਾ ਕਿਹੜੀ ਗੱਲੋਂ

੧੨੬੭
੧੭

ਪ੍ਰਭ ਨਾਲ ਗ਼ੁੱਸਾ, ਦੀਨ ਦਿਆਲ ਗਏ ਭੁਲਾਈਆ । ਵੇਖੋ ਕਲਜੁਗ ਪੈਂਡਾ ਮੁੱਕਾ, ਲੋਕਮਾਤ ਨਜ਼ਰ ਨਾ ਪਾਈਆ । ਓਸਦਾ ਸੜਨ ਵਾਲਾ ਵਿਚੋਂ ਜੁੱਸਾ, ਜਿਸਮ ਆਪਣਾ ਰਿਹਾ ਗਵਾਈਆ । ਪੀਰਾਂ ਕੋਲੋਂ ਛੁਟਣ ਵਾਲਾ ਮੋੜ੍ਹੇ ਵਰਗਾ ਹੁੱਕਾ, ਹਕੂਮਤ ਸਭ ਦੀ ਰਿਹਾ ਬਦਲਾਈਆ । ਆਪਣੀ ਧਾਰ ਵਿਚੋਂ ਲੰਘਾ ਕੇ ਜਿਉਂ ਮਿਸਲ ਮਸ਼ਹੂਰ ਸੂਈ ਨੱਕਾ, ਨਿਕਿਉਂ ਵੱਡੇ ਬਣਾਈਆ । ਸ਼ਬਦੀ ਖੰਡਾ ਨੇਜ਼ਾ ਫੜ ਕੇ ਤਿੱਖਾ, ਦੋ ਜਹਾਨਾਂ ਰਿਹਾ ਜਣਾਈਆ । ਮੈਂ ਵੇਖਾਂ ਜਿਸ ਵੇਲੇ ਗੋਬਿੰਦ ਚਾਲੀਆਂ ਵਿਚੋਂ ਮਹਾਂ ਸਿੰਘ ਨੂੰ ਕਿਹਾ ਉਠ ਸਿੱਖਾ, ਸਾਚੀ ਸਿਖਿਆ ਦਿਆਂ ਸਮਝਾਈਆ । ਓਸ ਕਿਹਾ ਵਾਹ ਮੇਰਿਆ ਪਿਤਾ, ਤੁਧ ਬਿਨ ਦੂਜੀ ਓਟ ਨਾ ਕੋਇ ਰਖਾਈਆ । ਗੋਬਿੰਦ ਫੜ ਕੇ ਕਿਹਾ ਕੋਲੋਂ ਗਿੱਟਾ, ਚਿੱਟਾ ਰੁਮਾਲ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਨਜੀਤ ਕਹੇ ਮੈਂ ਫੜ ਕੇ ਨਿਸ਼ਾਨਾ, ਨਿਸ਼ਾ ਸਭ ਦੀ ਦਿਆਂ ਕਰਾਈਆ । ਭੁੱਲਾ ਰਹੇ ਨਾ ਜੀਵ ਜਹਾਨਾ, ਭੁਲੇਖਾ ਭਰਮ ਦਿਆਂ ਕਢਾਈਆ । ਸਾਚਾ ਦੇਵਾਂ ਇਕ ਫ਼ਰਮਾਨਾ, ਧੁਰ ਸੰਦੇਸ ਸੁਣਾਈਆ । ਉਠੋ ਵੇਖੋ ਭੂਪਤ ਭੂਪ ਸੁਲਤਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਇਕ ਮਹਾਨਾ, ਧੁਰ ਸੰਦੇਸਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰਦਾ ਤੱਕਿਆ, ਤਕਦੀਰ ਤਦਬੀਰ ਨਾਲ ਬਦਲਾਈਆ । ਭਗਤਾਂ ਅੰਦਰ ਵੇਖਿਆ ਵਸਿਆ, ਨਿਰਗੁਣ ਹੋ ਕੇ ਡੇਰਾ ਲਾਈਆ । ਪਾਂਧੀ ਹੋ ਕੇ ਫਿਰੇ ਨੱਠਿਆ, ਭੱਜੇ ਵਾਹੋ ਦਾਹੀਆ । ਸੇਵਾ ਕਰਨ ਤੋਂ ਕਦੇ ਨਾ ਹਟਿਆ, ਨਾ ਕੋਈ ਰੋਕੇ ਰੋਕ ਰੁਕਾਈਆ । ਜਲ ਪਾਨਨ ਸਾਰੇ ਕਰਕੇ ਕੱਠਿਆ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਿਸ਼ਾਨਾ ਕਹੇ ਮੈਨੂੰ ਜਨ ਭਗਤ ਫੜਿਆ, ਵੇਲਾ ਵਕਤ ਸੁਹਾਈਆ । ਮੈਂ ਇਕੋ ਸੋਹੰ ਢੋਲਾ ਪੜ੍ਹਿਆ, ਪ੍ਰਭੂ ਤੇਰੇ ਨਾਲ ਵੱਜੇ ਵਧਾਈਆ । ਜਿਸ ਮੰਜ਼ਲ ਤੂੰ ਆਪ ਚੜ੍ਹਿਆ, ਉਸ ਦਵਾਰੇ ਗੁਰਮੁਖ ਦੇਣੇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਨਿਸ਼ਾਨਾ ਕਹੇ ਮੈਂ ਸਚ ਸੁਣਾਇਆ, ਜੋ ਹਰਿ ਹਰਿ ਦਿਤਾ ਸਮਝਾਈਆ । ਵੇਖੋ ਕਲਜੁਗ ਅੰਤਮ ਵੇਲਾ ਆਇਆ, ਚਾਰ ਕੁੰਟ ਅੰਧੇਰਾ ਛਾਈਆ । ਸਾਚਾ ਰੰਗ ਨਾ ਕੋਇ ਰੰਗਾਇਆ, ਕਸੁੰਭੇ ਰੰਗ ਰੰਗੀ ਲੋਕਾਈਆ । ਨਾਮ ਮਰਦੰਗ ਨਾ ਕੋਇ ਸੁਣਾਇਆ, ਧੁਰ ਦਾ ਨਾਦ ਨਾ ਕੋਇ ਜਣਾਈਆ । ਪਾਰ ਕਿਨਾਰਾ ਲੰਘ ਕਿਸੇ ਨਾ ਡੇਰਾ ਲਾਇਆ, ਪਤਣ ਮੇਲ ਨਾ ਸਾਚੇ ਮਾਹੀਆ । ਆਤਮ ਅਨੰਦ ਕਿਸੇ ਹੱਥ ਨਾ ਆਇਆ, ਪਾਂਧੀਆਂ ਪੰਧ ਨਾ ਕੋਇ ਮੁਕਾਈਆ । ਦੀਨਾਂ ਨਾਥ ਬਖ਼ਸ਼ੰਦ ਜਨ ਭਗਤਾਂ ਵੇਖਿਆ ਦਇਆ ਕਮਾਇਆ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਸੱਤ ਨਿਸ਼ਾਨਾ ਕਹੇ ਮੈਂ ਓਸ ਘਰ ਚੜ੍ਹਦਾ, ਜਿਸ ਘਰ ਇਕੋ ਠਾਕਰ ਨਜ਼ਰੀ ਆਈਆ । ਜਿਨ੍ਹਾਂ ਦੇ ਹਰਿ ਜੂ ਪੱਲੂ ਫੜਦਾ, ਉਹਨਾਂ ਨਾਲ ਮੇਰੀ ਵਡਿਆਈਆ । ਮੈਂ ਸੇਵਕ ਓਸ ਦਰ ਦਾ, ਜੋ ਮੇਰਾ ਪੁਰਖ ਅਕਾਲ ਮਨਾਈਆ । ਮੈਂ ਓਸ ਦੇ ਸਾਮ੍ਹਣੇ ਖੜਦਾ, ਜੋ ਕੰਢੀਆਂ ਵਾਲੇ ਰਿਹਾ ਪਰਗਟਾਈਆ । ਮੈਂ ਮੇਲਾ ਕਰਾਵਾਂ ਸਾਚੇ ਯਾਰ ਦਾ, ਜੋ ਸਭ ਦਾ ਮਾਲਕ ਬੇਪਰਵਾਹੀਆ । ਆਪਣਾ ਹੁਕਮ ਜਣਾਵਾਂ ਸੱਚਾ ਗੁਫ਼ਤਾਰ ਦਾ, ਜੋ ਗੁਫ਼ਤ ਸ਼ਨੀਦ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਰਿਹਾ ਮੁਕਾਈਆ । ਸਚ

ਨਿਸ਼ਾਨਾ ਕਹੇ ਮੇਰੀ ਆਈ ਵਾਰੀ, ਵਰਿਆਮ ਹੋ ਕੇ ਸੇਵ ਕਮਾਈਆ । ਸਚ ਦਵਾਰੇ ਬਣ ਕੇ ਸੱਚਾ ਦਰਬਾਰੀ, ਧੁਰ ਦਾ ਹੁਕਮ ਇਕ ਮਨਾਈਆ । ਨਾਲ ਮਿਲਾ ਕੇ ਏਕਾ ਏਕੰਕਾਰੀ, ਅਕਲ ਕਲ ਦਿਆਂ ਵਖਾਈਆ । ਜਿਹੜਾ ਖੇਲ ਵੇਖਿਆ ਸਰਬ ਦਿਹਾੜੀ, ਘੜੀ ਪਲ ਦਏ ਗਵਾਹੀਆ । ਭਗਤਾਂ ਨਾਲ ਸੁਹੰਦੀ ਵੇਖੀ ਯਾਰੀ, ਸਾਹਿਬ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨਾਈ ਕਹੇ ਮੈਂ ਦੇਵਾਂ ਉਹਨੂੰ ਸਰਨ, ਆਸਰਾ ਇਕ ਰਖਾਈਆ । ਜੋ ਪੁਰਖ ਅਕਾਲ ਨੂੰ ਯਾਦ ਕਰਨ, ਦਿਵਸ ਰੈਣ ਵਿਸਰ ਕਦੇ ਨਾ ਜਾਈਆ । ਓਸੇ ਦਾ ਜੀਵਨ ਓਸੇ ਦਾ ਮਰਨ, ਜੋ ਮਰਿਆਂ ਜੀਵਤ ਰੂਪ ਦਏ ਬਣਾਈਆ । ਓਸੇ ਦਾ ਢੋਲਾ ਓਸੇ ਦੇ ਪੜ੍ਹਨ, ਓਸੇ ਦਾ ਰਾਗ ਨਾਦ ਹੋ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਸੱਤ ਨਿਸ਼ਾਨਾ ਕਹੇ ਮੈਂ ਚੜ੍ਹਦਾ ਰਾਤੀਂ, ਦਿਨੇ ਆਪਣਾ ਆਪ ਛੁਪਾਈਆ । ਇਹ ਮੇਰੀ ਅਗਲੀ ਰਿਵਾਜੀ, ਜਿਸ ਦਾ ਰਵਾਦਾਰ ਨਾ ਕੋਇ ਅਖਵਾਈਆ । ਰਮਜ਼ ਸਮਝੇ ਨਾ ਕੋਇ ਸਮਾਜੀ, ਸਮਾਜਾਂ ਵਿਚ ਨਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਸੁਣਾਈਆ । ਸਚ ਨਿਸ਼ਾਨਾ ਕਹੇ ਮੈਂ ਸਦਾ ਝੁਲਦਾ, ਆਪਣਾ ਆਪ ਹਿਲਾਈਆ । ਮੈਂ ਲਹਿਣਾ ਦੇਣਾ ਚੁਕਾਵਾਂ ਭਗਤਾਂ ਦੀ ਕੁੱਲ ਦਾ, ਕੁੱਲ ਮਾਲਕ ਹੋ ਕੇ ਵਸਤ ਅਮੋਲਕ ਇਕ ਵਰਤਾਈਆ । ਉਹਨਾਂ ਦਾ ਅੰਮ੍ਰਿਤ ਕਦੇ ਨਾ ਡੁਲ੍ਹਦਾ, ਜਿਹੜੇ ਅੰਤਰ ਮੇਲਾ ਗਏ ਮਿਲਾਈਆ । ਉਹਨਾਂ ਰਸ ਭੁੱਲ ਗਿਆ ਹੋਂਠ ਬੁੱਲ ਦਾ, ਆਤਮ ਰਸ ਵਿਚ ਸਮਾਈਆ । ਉਹ ਸੰਤ ਸੁਹੇਲਾ ਫਲਦਾ ਫੁਲਦਾ, ਪੱਤ ਟਹਿਣੀ ਨਾਲ ਮਹਿਕਾਈਆ । ਕਲਜੁਗ ਕੂੜਾ ਅੰਧੇਰਾ ਮੇਟੇ ਝੁਲਦਾ, ਮਾਇਆ ਮਮਤਾ ਪਰੇ ਕਰਾਈਆ । ਹੁਣ ਜਨ ਭਗਤਾਂ ਵੇਲਾ ਲਹਿਣਾ ਵਸੂਲਣ ਦਾ, ਵਸੂਲੀ ਭਗਤਾਂ ਹੱਥ ਫੜਾਈਆ । ਪ੍ਰਭ ਦਾ ਵੇਲਾ ਗ਼ਰੀਬ ਨਿਮਾਣਿਆਂ ਕਬੂਲਣ ਦਾ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਜਨ ਭਗਤਾਂ ਵੇਲਾ ਨਹੀਂ ਭੁਲਣ ਦਾ, ਭੁੱਲਿਆਂ ਰਿਹਾ ਸਮਝਾਈਆ । ਪ੍ਰਭ ਦਾ ਵੇਲਾ ਜਨ ਭਗਤਾਂ ਪੰਘੂੜਾ ਝੂਲਣ ਦਾ, ਅੰਦਰ ਵੜ ਕੇ ਡੇਰਾ ਲਾਈਆ । ਗੁਰਮੁਖਾਂ ਵੇਲਾ ਨਹੀਂ ਕੁਛ ਸੋਚਣ ਦਾ, ਸੋਚ ਸਮਝ ਨਾ ਕੋਇ ਚਤੁਰਾਈਆ । ਪ੍ਰਭ ਦਾ ਵੇਲਾ ਮੇਲ ਕਰੌਣਾ ਆਪਣੇ ਲੋਚਣ ਦਾ, ਜੋ ਲੋਚਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਸੱਤ ਰੰਗ ਕਹੇ ਮੈਂ ਵੇਖਿਆ ਲੇਖਾ ਲਿਖਦਾ, ਲਿਖਾਰੀ ਆਪਣਾ ਨਾਲ ਮਿਲਾਈਆ । ਬਾਹਰੋਂ ਭੇਖ ਕਰੇ ਸਿਖ ਦਾ, ਇਨਸਾਨਾਂ ਵਰਗਾ ਇਨਸਾਨ ਬੰਦਿਆਂ ਵਰਗਾ ਬੰਦਾ ਨਜ਼ਰੀ ਆਈਆ । ਅੰਤਰ ਨੂਰ ਪਰਕਾਸ਼ ਸਾਚੀ ਜੋਤ ਦਾ, ਸਤਿ ਸਤਿ ਰੂਪ ਪਰਗਟਾਈਆ । ਹੁਣ ਵੇਲਾ ਭਗਤਾਂ ਦੀ ਮੌਜ ਦਾ, ਮੌਜੂਦਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ । ਸਤਿ ਨਿਸ਼ਾਨਾ ਕਹੇ ਪੰਦਰ੍ਹਵਾਂ ਦਿਨ ਰਿਹਾ ਬੀਤ, ਰੈਣ ਘੜੀਆਂ ਪਲਾਂ ਉਤੇ ਆਈਆ । ਸੋਲਾਂ ਪੋਹ ਰਿਹਾ ਉਡੀਕ, ਆਪਣੀ ਅੱਖ ਖੁਲ੍ਹਾਈਆ । ਜਿਸ ਵੇਲੇ ਗ੍ਰਿਹ ਔਣਾ ਸਿੰਘ ਦਲੀਪ, ਦੀਪਕ ਘਰ ਘਰ ਹੋਏ ਰੁਸ਼ਨਾਈਆ । ਹਰਿ ਸੰਗਤ ਸੋਹਣੀ ਦਿਸੇ ਪ੍ਰੀਤ, ਪ੍ਰੀਤਮ ਮੇਲ ਮਿਲਾਈਆ । ਏਕਾ ਵਸਤ ਨਾਲ ਲੈ ਕੇ ਜਾਏ ਅਗੰਮੀ ਚੀਜ਼, ਨੇਤਰ ਅੱਖ ਨਜ਼ਰ ਕਿਸੇ ਨਾ ਆਈਆ । ਛੁਪਾ ਕੇ ਰੱਖੇ ਵਿਚ ਕਮੀਜ਼, ਪੜਦਾ ਇਕ ਰਖਾਈਆ । ਜਿਸ ਵੇਲੇ ਚਰਨ ਦਵਾਰੇ ਧਰੇ ਆਪ ਦਹਿਲੀਜ਼, ਦਹਿ ਦਿਸ਼ਾ ਦੇਣ ਗਵਾਹੀਆ । ਓਸ ਵੇਲੇ ਕਰੇ

ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪੰਦਰਾਂ ਪੋਹ ਕਹੇ ਮੈਂ ਵੇਖਿਆ ਦਿਵਸ ਵਿਹਾਰਾ, ਵਿਵਹਾਰੀ ਆਪ ਕਰਾਈਆ । ਨਾਲੇ ਮਿਤਰ ਨਾਲੇ ਯਾਰਾ, ਦੋਸਤਾਂ ਵਰਗਾ ਦੋਸਤ ਸਤਿਗੁਰ ਵਰਗਾ ਸਤਿਗੁਰ ਨਜ਼ਰੀ ਆਈਆ । ਮੈਦਾਨਾਂ ਵਿਚ ਅਖਾੜਾ, ਰਸਤਿਆਂ ਵਿਚ ਸੁਣੇ ਰਾਹੀਆਂ ਹਾੜਾ, ਜੋ ਬੈਠੇ ਧਿਆਨ ਲਗਾਈਆ । ਨਾਲ ਸੁਆਨ ਦਾ ਲੱਭਾ ਉਧਾਰਾ, ਰਵਿਦਾਸ ਦੀ ਪਾਨਹੀ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਸਾਚੀ ਰਿਹਾ ਕਰਾਈਆ । ਪੰਦਰਾਂ ਪੋਹ ਕਹੇ ਔਂਦਾ ਜਾਂਦਾ ਸੋਲਾਂ ਦਿਨ, ਆਪਣਾ ਰੂਪ ਵਟਾਈਆ । ਸੋਹਣੇ ਲਗਦੇ ਉਹਦੇ ਚਿੰਨ੍ਹ, ਜੋ ਚਿੰਤਾ ਰਿਹਾ ਗਵਾਈਆ । ਕਰੇ ਖੇਲ ਭਿੰਨ ਭਿੰਨ, ਭਿੰਨੜੀ ਰੈਣ ਨਾਲ ਮਿਲਾਈਆ । ਜਿਸ ਦਾ ਲੇਖਾ ਲਿਖਿਆ ਗਿਣ ਗਿਣ, ਜੁਗ ਚੌਕੜੀ ਬੈਠੇ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਨਾਲ ਮਿਲਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਨੂੰ ਆਇਆ ਖ਼ਿਆਲ, ਪਿਛਲਾ ਹਿਸਾਬ ਜਣਾਈਆ । ਹਮੇਸ਼ਾ ਇਹ ਗੋਬਿੰਦ ਸੱਤਾਂ ਰੰਗਾਂ ਦੇ ਰੱਖਦਾ ਸੀ ਰੁਮਾਲ, ਅਪਣੀਆਂ ਜੇਬਾਂ ਵਿਚ ਟਿਕਾਈਆ । ਇਕ ਨਾਲੋਂ ਦੂਜੇ ਦੀ ਚੰਗੀ ਕਰਦਾ ਸੰਭਾਲ, ਦੂਜੇ ਨਾਲੋਂ ਤੀਜਾ ਤੀਜੇ ਨਾਲੋਂ ਚੌਥਾ ਚੰਗਾ ਬਣਾਈਆ । ਪੰਜਵੇਂ ਦਾ ਪੁਛ ਕੇ ਆਪੇ ਹਾਲ, ਛੇਵੇਂ ਦਾ ਲਹਿਣਾ ਮੂਲ ਚੁਕਾਈਆ । ਸੱਤਵੇਂ ਨੂੰ ਸਮਝਾ ਕੇ ਆਪਣਾ ਇਕ ਸਵਾਲ, ਧੁਰ ਦਾ ਹੁਕਮ ਸੁਣਾਈਆ । ਤੁਹਾਡੀ ਸੇਵਾ ਕਰਨ ਗੋਬਿੰਦ ਬਾਲ, ਪਹਿਲੋਂ ਆਪਣਾ ਆਪ ਭੇਟ ਚੜ੍ਹਾਈਆ । ਜਿਨ੍ਹਾਂ ਨੂੰ ਨੀਹਾਂ ਹੇਠਾਂ ਦੇਣਾ ਸਵਾਲ, ਫੇਰ ਮਾਣ ਤਾਣ ਵਡਿਆਈਆ । ਮੇਲ ਮਿਲਾ ਕੇ ਨਾਲ ਪੁਰਖ ਅਕਾਲ, ਸਚਖੰਡ ਦਵਾਰੇ ਦੇਵਾਂ ਵਡਿਆਈਆ । ਉਹ ਕਲਜੁਗ ਅੰਤਮ ਸੇਵਾ ਕਰਨ ਵਿਚ ਜਹਾਨ, ਲੋਕਮਾਤ ਫੇਰਾ ਪਾਈਆ । ਸਚ ਨਿਸ਼ਾਨ ਬਣਾ ਕੇ ਵਿਧਾਨ, ਧਰਮ ਧਾਰਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਸੱਤ ਰੰਗ ਨਿਸ਼ਾਨਾ ਕਹੇ ਭੀਲਣੀ ਦੇ ਏਨ੍ਹਾਂ ਵਿਚੋਂ ਪੰਜ ਰੰਗ, ਜਿਸ ਦੀ ਅੰਗੀ ਲਈ ਬਣਾਈਆ । ਓਨ੍ਹਾਂ ਵਿਚੋਂ ਦੋ ਰਾਮ ਦੀ ਆਏ ਵੰਡ, ਜੋ ਆਪਣੇ ਹੱਥ ਰਖਾਈਆ । ਲਾਲ ਧਨੁਸ਼ ਨਾਲ ਰੱਖਿਆ ਸੀ ਬੰਨ੍ਹ, ਚਿੱਟਾ ਆਪਣੇ ਸੱਜੇ ਗੁਟ ਨਾਲ ਰਖਾਈਆ । ਓਸ ਵੇਲੇ ਔਂਦਾ ਇਕ ਅਨੰਦ, ਜਿਸ ਵੇਲੇ ਭਗਤ ਭਗਵਾਨ ਦੋਵੇਂ ਮਿਲ ਕੇ ਆਪਣੇ ਨਾਲ ਛੁਹਾਈਆ । ਇਕ ਦਿਨ ਅਸਾਂ ਸੱਤਾਂ ਮੰਗ ਲਈ ਮੰਗ, ਝੋਲੀ ਅੱਗੇ ਢਾਹੀਆ । ਸਾਡੀ ਕੱਠੀ ਕਰ ਦਿਓ ਗੰਢ, ਕੁਤਰਾਂ ਦੀ ਰਹੇ ਨਾ ਕੋਇ ਜੁਦਾਈਆ । ਰਾਮ ਨੇ ਕਿਹਾ ਤੁਹਾਡੀ ਆਸਾ ਪੂਰੀ ਹੋਵੇ ਨਿਸ਼ੰਗ, ਨਿਸਚੇ ਨਾਲ ਲੈਣਾ ਧਿਆਨ ਲਗਾਈਆ । ਜਿਸ ਵੇਲੇ ਆਵੇ ਸੂਰਾ ਸਰਬੰਗ, ਲੋਕਮਾਤ ਵੇਸ ਵਟਾਈਆ । ਉਸ ਦੇ ਕੋਲ ਤੁਹਾਡੇ ਕੱਠਿਆਂ ਕਰਨ ਦਾ ਹੋਵੇ ਢੰਗ, ਸਾਢੇ ਤਿੰਨ ਹੱਥ ਤੁਹਾਡਾ ਰੂਪ ਲਏ ਬਣਾਈਆ । ਜਿਹੜਾ ਗਿਆ ਛੱਡ ਪੁਰੀ ਅਨੰਦ, ਓਸੇ ਚੰਦ ਲਏ ਚਮਕਾਈਆ । ਤੁਹਾਨੂੰ ਆਪਣੇ ਹੱਥਾਂ ਨਾਲ ਲਏ ਟੰਗ, ਚਵੀ ਹੱਥ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੱਤਾਂ ਵਿਚੋਂ ਇਕ ਰੁਮਾਲ, ਜੋ ਗੋਬਿੰਦ ਹੱਥ ਉਠਾਈਆ । ਜਿਸ ਨਾਲ ਮੁਖ ਪੂੰਝਿਆ ਸੀ ਮਹਾਂ ਸਿੰਘ ਲਾਲ, ਪ੍ਰੇਮ ਪ੍ਰੀਤ ਜਣਾਈਆ । ਓਸ ਕੀਤਾ ਅੱਗੋਂ ਇਕ ਸਵਾਲ, ਗੋਬਿੰਦ ਸੀਸ ਨਿਵਾਈਆ । ਅਸੀਂ ਤੇਰੇ ਤਨ ਨਾਲ ਛੋਹਣ ਵਾਲੇ ਵਿਚ ਜਹਾਨ, ਲੋਕਮਾਤ ਕੀ ਸਾਨੂੰ ਮਿਲੇ ਵਡਿਆਈਆ । ਸਾਡੀ ਫੇਰ ਕਿਸ ਤਰਾ ਹੋਵੇ

੧੨੭੦
੧੭

ਪਛਾਣ, ਜਿਨ੍ਹਾਂ ਨੂੰ ਗੋਬਿੰਦ ਆਪਣੇ ਕੋਲ ਰਖਾਈਆ । ਗੋਬਿੰਦ ਕਿਹਾ ਮੇਰਾ ਸ੍ਰੀ ਭਗਵਾਨ, ਤੁਹਾਡਾ ਲੇਖਾ ਲੇਖੇ ਲਏ ਲਗਾਈਆ । ਜਿਸ ਵੇਲੇ ਕਲ ਕਲਕੀ ਆਏ ਨੌਜਵਾਨ, ਨਿਰਗੁਣ ਆਪਣਾ ਵੇਸ ਵਟਾਈਆ । ਤੁਹਾਨੂੰ ਸਭ ਨੂੰ ਕੱਠਾ ਕਰੇ ਆਣ, ਧੁਰ ਦਾ ਜੋੜ ਜੁੜਾਈਆ । ਫਿਰ ਗੋਬਿੰਦ ਦੇ ਸਿਰ ਤੇ ਤਾਜ ਤੁਸਾਂ ਝੁਲਣਾ ਨਾਲ ਜਹਾਨ, ਦੋਹਾਂ ਦਾ ਨਿਸ਼ਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੱਤ ਰੰਗ ਕਹਿਣ ਜਿਸ ਵੇਲੇ ਬਲ ਕੀਤਾ ਸੀ ਜੱਗ, ਅਸਮੇਧ ਮਾਤ ਰਚਾਈਆ । ਓਸ ਵਿਚ ਸਾਡੇ ਸਮਗਰੀ ਬੱਧੀ ਸੀ ਅੱਡ ਅੱਡ, ਵੰਡਾਂ ਸੱਤ ਸੱਤ ਕਰਾਈਆ । ਜਿਸ ਵੇਲੇ ਬ੍ਰਹਿਮਣ ਬਾਵਨ ਹੋ ਕੇ ਬੈਠਾ ਆਪਣਾ ਨਿਸ਼ਾਨਾ ਗੱਡ, ਦਰ ਦਵਾਰਿਉਂ ਬਾਹਰ ਡੇਰਾ ਲਾਈਆ । ਓਸ ਨੇ ਮੰਗੀ ਇਕ ਮੰਗ, ਧਰਤ ਢਾਈ ਕਰਮ ਮਿਣਾਈਆ । ਬਲ ਨੇ ਉਸ ਵੇਲੇ ਸਭ ਕੁਛ ਦਿਤਾ ਛੱਡ, ਸਾਡੀ ਵਸਤ ਵਿਚੋਂ ਕਿਸੇ ਨਾ ਭੇਟ ਚੜ੍ਹਾਈਆ । ਅਸਾਂ ਸਭ ਨੂੰ ਮਿਲ ਕੇ ਦਿਤਾ ਆਖ, ਇਕ ਆਵਾਜ਼ ਲਗਾਈਆ । ਸਾਡਾ ਕੀਹਦੇ ਨਾਲ ਸਾਥ, ਸਚ ਦਿਓ ਸਮਝਾਈਆ । ਓਸ ਨੇ ਕਿਹਾ ਤੁਹਾਡਾ ਮਾਲਕ ਪੁਰਖ ਸਮਰਾਥ, ਜੋ ਕਲਜੁਗ ਅੰਤਮ ਫੇਰਾ ਪਾਈਆ । ਉਹ ਤੁਹਾਡਾ ਪੜਦਾ ਲਵੇ ਢਾਕ, ਸਿਰ ਆਪਣਾ ਹੱਥ ਰਖਾਈਆ । ਇਕ ਦੂਜੇ ਨਾਲ ਜੋੜ ਕੇ ਤੁਹਾਡਾ ਨਾਤ, ਕੱਠਿਆਂ ਦਏ ਕਰਾਈਆ । ਫੇਰ ਵਖਾਵੇ ਭਗਤਾਂ ਇਕ ਜਮਾਤ, ਜੋ ਇਕੋ ਨਾਮ ਧਿਆਈਆ । ਫਿਰ ਨਜ਼ਰੀ ਆਏ ਸਾਖਿਆਤ, ਜੋਤੀ ਜਾਤਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਲੇਖਾ ਦਏ ਚੁਕਾਈਆ । ਸੱਤ ਰੰਗ ਕਹਿਣ ਸਾਨੂੰ ਪਹਿਲੋਂ ਰੰਗਿਆ ਆਦਿ ਸ਼ਕਤ, ਆਪਣੀ ਸੇਵਾ ਲਾਈਆ । ਸਾਡੇ ਵਿਚ ਪਾ ਕੇ ਆਪਣੀ ਬਰਕਤ, ਦਿਤੀ ਮਾਣ ਵਡਿਆਈਆ । ਫੇਰ ਅਸੀਂ ਕਰ ਕੇ ਆਪਣੀ ਹਰਕਤ, ਹੌਲੀ ਹੌਲੀ ਭੱਜੇ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਕਸਰਤ, ਬਲਧਾਰੀ ਹੋ ਕੇ ਆਪਣਾ ਨਾਉਂ ਪਰਗਟਾਈਆ । ਲੋਕਮਾਤ ਕਰਦੇ ਰਹੇ ਐਸ਼ੋ ਇਸ਼ਰਤ, ਅਯਾਸ਼ਗਾਹ ਵਿਚ ਸਮਾਈਆ । ਜਿਸ ਦੀ ਕਰਨੀ ਓਸੇ ਤੋਂ ਗਏ ਬਿਛਰਤ, ਆਪਣਾ ਆਪ ਭੁਲਾਈਆ । ਜਿਸ ਵੇਲੇ ਰਾਮ ਬੇਟਾ ਦਸਰਥ, ਜਨਕ ਸਪੁੱਤਰੀ ਗਿਆ ਪਰਨਾਈਆ । ਓਸ ਵੇਲੇ ਸਾਨੂੰ ਆਈ ਇਕ ਹਸਰਤ, ਆਪਣਾ ਖ਼ਿਆਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੱਤ ਰੰਗ ਕਹਿਣ ਸਾਨੂੰ ਜਨਕ ਸਪੁੱਤਰੀ ਬੱਧਾ ਨਾਲ ਧਨੁਸ਼, ਅੱਡੋ ਅੱਡ ਦਿਤਾ ਰੰਗਾਈਆ । ਲਾਗੇ ਰੱਖ ਕੇ ਛੋਟਾ ਜਿਹਾ ਸੰਖ, ਆਪਣੀ ਖੇਲ ਵਖਾਈਆ । ਜਿਸ ਵੇਲੇ ਰਾਮ ਨੂੰ ਆਈ ਅਣਖ, ਉਠਿਆ ਬਲ ਪਰਗਟਾਈਆ । ਹੌਲੀ ਜਿਹੀ ਲਾਈ ਤਨਕ, ਅਸੀਂ ਸੁੱਤੇ ਹਿੱਲੇ ਵਾਹੋ ਦਾਹੀਆ । ਓਸ ਦੀ ਅੱਖ ਦਾ ਨਿਸ਼ਾਨਾ ਸਾਡੇ ਉਤੇ ਪਿਆ ਇਕ ਪਲਕ, ਜੋ ਮਿਹਰ ਨਜ਼ਰ ਤਕਾਈਆ । ਅਸਾਂ ਹੋ ਕੇ ਕਿਹਾ ਤਲਖ਼, ਕਿਉਂ ਸਾਨੂੰ ਦਿਤੀ ਜੁਦਾਈਆ । ਓਸ ਤੱਕ ਕੇ ਕਿਹਾ ਉਤੇ ਫ਼ਲਕ, ਇਸ਼ਾਰੇ ਨਾਲ ਸਮਝਾਈਆ । ਜਿਸ ਵੇਲੇ ਮੇਰਾ ਕੁਲ ਮਾਲਕ ਆਇਆ ਖ਼ਲਕ, ਹਰਿ ਖ਼ਾਲਕ ਵੇਸ ਵਟਾਈਆ । ਓਸ ਦੀ ਨੂਰੀ ਰੂਪ ਵਾਲੀ ਆ ਜਾਏ ਡਲਕ, ਜੋਤੀ ਜਾਤਾ ਇਕ ਅਖਵਾਈਆ । ਤੁਹਾਨੂੰ ਕੱਠਿਆਂ ਨੂੰ ਕੱਠਾ ਕਰ ਕੇ ਆਪ ਬਣੇ ਬੰਧਪ, ਸੱਜਣ ਇਕ ਅਖਵਾਈਆ । ਨਾਲ ਮਿਲਾ ਕੇ ਆਪਣੀ ਸੰਗਤ, ਹਰਿ ਸੰਗੀ ਦਏ ਜਣਾਈਆ । ਦੇ ਕੇ ਮਾਣ ਵਿਚ ਜੇਰਜ ਅੰਡਜ, ਉਤਭੁਜ ਸੇਤਜ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਰੰਗ ਦੇਵੇ

ਮਾਣ ਵਡਿਆਈਆ । ਸੱਤ ਰੰਗ ਕਹਿਣ ਜਿਸ ਵੇਲੇ ਨਾਨਕ ਗਿਆ ਬਗ਼ਦਾਦ, ਬਗ਼ਦਾਦੀ ਰੂਪ ਵਟਾਈਆ । ਓਥੇ ਪੀਰਾਂ ਨੇ ਸੱਤੇ ਰੰਗ ਏਨੂੰ ਦਿਤੀ ਦਾਤ, ਵਾਰੋ ਵਾਰੀ ਟੱਲੀਆਂ ਟਾਕੀਆਂ ਹੱਥ ਗਏ ਫੜਾਈਆ । ਓਸ ਨੇ ਕਿਹਾ ਇਨ੍ਹਾਂ ਦਾ ਮਾਲਕ ਰਸੂਲ ਪਾਕ, ਜੋ ਇਤਫਾਕ ਨਾਲ ਲਏ ਮਿਲਾਈਆ । ਆਪ ਬਣੇ ਸ਼ਾਹ ਨਵਾਬ, ਸ਼ਹਿਨਸ਼ਾਹ ਅਖਵਾਈਆ । ਸਿਰ ਰੱਖੇ ਅਗੰਮਾ ਤਾਜ, ਪੰਚਮ ਮੁਖ ਮਿਲੇ ਵਡਿਆਈਆ । ਸੱਤਾਂ ਦਾ ਮਾਲਕ ਬਣ ਕੇ ਆਪ, ਕੱਠਿਆਂ ਦਏ ਕਰਾਈਆ । ਜਿਸ ਦਾ ਹੁਕਮ ਓਸੇ ਦਾ ਰਾਜ, ਨਿਸ਼ਾਨਾ ਆਪਣਾ ਲਏ ਬਣਾਈਆ । ਨਾਨਕ ਕਿਹਾ ਜੋ ਮੇਰੇ ਅੰਗਨ ਗਏ ਲਾਗ, ਦੂਜੇ ਦਰ ਨਾ ਮੰਗਣ ਜਾਈਆ । ਏਹ ਸਤਿਜੁਗ ਦਾ ਸੱਚਾ ਰਿਵਾਜ, ਜੋ ਹਿੰਦੂ ਮੁਸਲਿਮ ਇਕੋ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੱਤ ਰੰਗ ਕਹਿਣ ਜਿਸ ਵੇਲੇ ਗੁਰੂ ਅਰਜਨ ਰੱਖੀ ਟੇਕ, ਗੁਰੂ ਗ੍ਰੰਥ ਰਿਹਾ ਲਿਖਾਈਆ । ਓਸ ਵੇਲੇ ਅਸੀਂ ਸੱਤੇ ਹੋਏ ਉਸ ਦੇ ਪੇਸ਼, ਦਰ ਆਪਣਾ ਆਪ ਭੇਟ ਚੜ੍ਹਾਈਆ । ਸਾਡੇ ਸੱਤਾਂ ਅੰਦਰ ਓਸ ਨੇ ਸਤਿਨਾਮ ਲਿਖ ਕੇ ਰੱਖਿਆ ਲਪੇਟ, ਸੱਤ ਦਿਨ ਬਾਹਰ ਨਾ ਫੇਰ ਕਢਾਈਆ । ਫੇਰ ਇਕ ਵਣਜਾਰੇ ਕੋਲ ਦਿਤਾ ਵੇਚ, ਸਾਢੇ ਤਿੰਨ ਤਿੰਨ ਟੱਕੇ ਕੀਮਤ ਸਾਡੀ ਪਾਈਆ । ਉਹ ਵਣਜਾਰਾ ਸੀ ਇਕ ਸ਼ੇਖ਼, ਜਿਸ ਦਾ ਜਨਮ ਜਾਗੀਰ ਸਿੰਘ ਰੂਪ ਵਟਾਈਆ । ਇਸ ਦੇ ਵਿਚ ਕੋਈ ਭੇਤ, ਜਿਸ ਨੇ ਤੱਤੀ ਰੇਤ ਸੀਸ ਟਿਕਾਈਆ । ਓਸੇ ਦੀ ਅੱਜ ਖੇਡ, ਖਿਲਾੜੀ ਹੋ ਕੇ ਵੇਖ ਵਖਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਦੇ ਕੋਲ ਹੁੰਦਾ ਰਿਹਾ ਪੇਸ਼, ਵੱਡਾ ਛੋਟਾ ਆਪਣਾ ਰੂਪ ਬਣਾਈਆ । ਬਿਨ ਪੁਰਖ ਅਕਾਲ ਮੇਰਾ ਕਿਸੇ ਨਾ ਲਿਖਿਆ ਲੇਖ, ਮੇਰਾ ਸੱਚਾ ਜੋੜ ਨਾ ਕੋਇ ਜੁੜਾਈਆ । ਮੈਂ ਓਸੇ ਕਰ ਕੇ ਉਹਦੇ ਭਗਤਾਂ ਨਾਲ ਕਰਾਂ ਹੇਤ, ਜਿਸ ਮੇਰੀ ਬਣਤ ਬਣਾਈਆ । ਚਾਰ ਜੁਗ ਮੇਰੀ ਗਈ ਨਾ ਕੋਈ ਪੇਸ਼, ਦੂਰ ਦੁਰਾਡਾ ਬਹਿ ਕੇ ਮੁਖ ਛੁਪਾਈਆ । ਕਿਸੇ ਨੇ ਮੰਨਿਆ ਸ਼ੰਕਰ ਕਿਸੇ ਨੇ ਗਣੇਸ਼, ਕਿਸੇ ਨੇ ਬ੍ਰਹਮਾ ਕਿਸੇ ਨੇ ਵਿਸ਼ਨੂੰ ਕਿਸੇ ਨੇ ਦੇਵਤਿਆਂ ਦਿਤਾ ਸੀਸ ਨਿਵਾਈਆ । ਮੈਂ ਸਭ ਨੂੰ ਜੁਗ ਜੁਗ ਰਿਹਾ ਵੇਖ, ਪ੍ਰਭ ਏਹ ਕੀ ਰਚਨ ਰਚਾਈਆ । ਜਿਨ੍ਹਾਂ ਨੂੰ ਤੂੰ ਆਪ ਦੇਵੇਂ ਭੇਜ, ਲੋਕਮਾਤ ਤੇਰੀ ਕਰਨ ਵਡਿਆਈਆ । ਜੇ ਤੂੰ ਮਾਲਕ ਕੁਲ ਦਾ ਭਗਤਾਂ ਦੀ ਮਾਣ ਸੇਜ, ਆਤਮ ਅੰਤਰ ਆਸਣ ਲਾਈਆ । ਪੜਦਾ ਲਾਹ ਕੇ ਆਪਣੇ ਦੇਸ, ਪਰਦੇਸੀਆਂ ਆਪਣੇ ਘਰ ਵਸਾਈਆ । ਮਾਲਕ ਹੋ ਕੇ ਧੁਰ ਦਾ ਨਰੇਸ਼, ਨਰ ਨਰਾਇਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਕਹਿਣ ਅਸੀਂ ਸਭ ਦੇ ਸਾਂਝੇ, ਕਹਾਣੀ ਸਚ ਦਈਏ ਸੁਣਾਈਆ । ਸਾਡੇ ਵਿਚੋਂ ਚਾਰ ਰੰਗ ਹੰਢਾਏ ਹੀਰ ਤੇ ਰਾਂਝੇ, ਆਸ਼ਕ ਮਾਸ਼ੂਕ ਖ਼ੁਸ਼ੀਆਂ ਵਿਚ ਸਮਾਈਆ । ਦੋਹਾਂ ਰੰਗਾਂ ਵਿਚ ਚੇਲੇ ਗੁਰ ਸਮਾਂਦੇ, ਚੈਲੰਜ ਕਰਨ ਲੋਕਾਈਆ । ਸੱਤਵੇਂ ਰੰਗ ਵਿਚ ਜੁਗ ਜਨਮ ਦੇ ਥੱਕੇ ਮਾਂਦੇ, ਬਹਿ ਬਹਿ ਡੇਰਾ ਲਾਈਆ । ਜਿਸ ਵੇਲੇ ਸੱਤ ਰੰਗ ਅੱਲਾ ਰਾਣੀ ਬੰਨ੍ਹੇ ਆਪਣੇ ਨਾਲ ਪਰਾਂਦੇ, ਮਹਿੰਦੀ ਹੱਥਾਂ ਨਾਲ ਰੰਗਾਈਆ । ਓਸ ਦੇ ਨੈਣ ਦੋਵੇਂ ਸ਼ਰਮਾਂਦੇ, ਅੱਖ ਪਲਕ ਨਾ ਕੋਇ ਉਠਾਈਆ । ਚੌਦਾਂ ਤਬਕ ਇਹ ਰਾਗ ਗਾਂਦੇ, ਵਾਹਵਾ ਪਰਵਰਦਿਗਾਰ ਤੇਰੀ ਵਡਿਆਈਆ । ਤਾਰੇ ਚੰਦ ਨੈਣ ਸ਼ਰਮਾਂਦੇ, ਸੂਰੀਆ ਬੈਠਾ ਮੁਖ ਭੁਆਈਆ । ਵੇਖੇ ਖੇਲ ਦੋ ਜਹਾਂ ਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਲਾਲ ਰੰਗ ਕਹੇ ਜਿਸ ਵੇਲੇ ਅੱਲਾ ਰਾਣੀ ਮੈਨੂੰ ਬੱਧਾ ਨਾਲ ਗੁੱਤ, ਵਾਲਾਂ ਵਿਚ ਦਿਤਾ

ਟਿਕਾਈਆ । ਮੈਂ ਉਸੇ ਵੇਲੇ ਲਿਆ ਪੁਛ, ਕੀ ਤੇਰੀ ਚਤੁਰਾਈਆ । ਓਸ ਨੇ ਕਿਹਾ ਏਹ ਖੇਲ ਅਬਿਨਾਸ਼ੀ ਅਚੁਤ, ਜੋ ਮੈਨੂੰ ਰਿਹਾ ਸਮਝਾਈਆ । ਸਦੀ ਚੌਧਵੀਂ ਤੈਨੂੰ ਆਪਣੇ ਨਾਲ ਲਏ ਚੁਕ, ਜ਼ਿਮੀਂ ਤੋਂ ਆਸਮਾਨਾਂ ਉਪਰ ਚੜ੍ਹਾਈਆ । ਜਗਤ ਜਹਾਨ ਦਾ ਬਦਲ ਦੇਵੇ ਰੁਖ਼, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੁਖ਼ਸਤ ਦੇ ਕੇ ਆਪਣੇ ਘਰ ਛੁੱਟੀ ਦੇਵੇ ਮਨਾਈਆ । ਭਗਤਾਂ ਨਾਮ ਭੰਡਾਰਾ ਦੇ ਕੇ ਮੁਫ਼ਤ, ਸੂਫ਼ੀਆਂ ਆਪਣਾ ਰੰਗ ਚੜ੍ਹਾਈਆ । ਵੇਖੀਂ ਓਸ ਵੇਲੇ ਨਾ ਹੋਵੀਂ ਸੁਸਤ, ਝੁੱਲੀਂ ਵਾਹੋ ਦਾਹੀਆ । ਤੈਨੂੰ ਫੜਨਾਂ ਛੋਟੇ ਬਾਲੇ ਚੁਸਤ, ਜੋ ਸੱਤ ਮਹੀਨੇ ਤਿੰਨ ਦਿਨ ਲੋਕਮਾਤ ਗਿਆ ਹੰਢਾਈਆ । ਇਹ ਪ੍ਰਭ ਦਾ ਹੁਕਮ ਦਰੁਸਤ, ਨਾ ਕੋਈ ਮੇਟੇ ਮੇਟ ਮਿਟਾਈਆ । ਸਭ ਨੇ ਆਪਣੀ ਕਰਨੀ ਲੈਣੀ ਭੁਗਤ, ਬਿਨ ਭਗਤਾਂ ਭਗਵਨ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ । ਸੱਤ ਰੰਗ ਕਹਿਣ ਜਿਸ ਵੇਲੇ ਤੇਗ਼ ਬਹਾਦਰ ਗਿਆ ਦਿੱਲੀ, ਦਲੀਲ ਆਪਣੀ ਇਕ ਬਣਾਈਆ । ਓਸ ਵੇਲੇ ਔਰੰਗੇ ਦਾ ਮਜੌਰ ਆਇਆ ਇਕ ਸ਼ੇਖ਼ ਚਿੱਲੀ, ਸੱਤਾਂ ਰੰਗਾਂ ਵਾਲੀ ਚੋਲੀ ਗਲ ਵਿਚ ਪਾਈਆ । ਥੱਲਿਉਂ ਤੰਬੀ ਰੱਖੀ ਢਿੱਲੀ, ਪੈਰਾਂ ਵਿਚ ਖਿਚਾਈਆ । ਹੱਥ ਵਿਚ ਫੜ ਕੇ ਚਿੱਟੇ ਰੰਗ ਦੀ ਬਿੱਲੀ, ਆਇਆ ਨਾਚ ਕਰਾਈਆ । ਨੱਚੇ ਟੱਪੇ ਕੁੱਦੇ ਪਾਵੇ ਜੱਲੀ, ਢਾਈ ਹੱਥ ਦੀ ਮਤੈਹਰ ਰਿਹਾ ਭੁਆਈਆ । ਨਾਲੇ ਬੋਲੇ ਅਲੀ ਅਲੀ, ਅੱਲਾ ਤੇਰੀ ਬੇਪਰਵਾਹੀਆ । ਤੇਗ਼ ਬਹਾਦਰ ਗੋਬਿੰਦ ਤੇਰੇ ਬਾਗ਼ ਦੀ ਨਿੱਕੀ ਜਿਹੀ ਕਲੀ, ਕਿਉਂ ਕਰਨ ਲਗਾ ਜੁਦਾਈਆ । ਪਰਵਰਦਿਗਾਰ ਤੇਰਾ ਵਲੀ ਛਲੀ, ਜੋ ਤੇਰੇ ਨਾਲ ਧੋਖਾ ਰਿਹਾ ਵਖਾਈਆ । ਤੂੰ ਸ਼ਹਿਨਸ਼ਾਹ ਦਵਾਰੇ ਮਾਣੀਂ ਆਪਣੀ ਰੰਗ ਰਲੀ, ਈਮਾਨ ਆਪਣਾ ਲੈਣਾ ਬਣਾਈਆ । ਫੇਰ ਤੈਨੂੰ ਸਾਰੇ ਕਹਿਣਗੇ ਬੜਾ ਵਲੀ, ਵਲੀ ਅਹਿਦ ਤੇਰੀ ਸੇਵ ਕਮਾਈਆ । ਓਧਰੋਂ ਬਿੱਲੀ ਹੋ ਕੇ ਝੱਲੀ, ਅਗਲੇ ਪੰਜੇ ਮੱਥੇ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਤੇਗ਼ ਬਹਾਦਰ ਕਿਹਾ ਓ ਮਲੰਗ ਸੱਤ ਰੰਗੇ, ਤੈਨੂੰ ਦਿਆਂ ਜਣਾਈਆ । ਔਹ ਵੇਖ ਭੱਜੇ ਔਂਦੇ ਫ਼ਰੰਗੇ, ਆਪਣਾ ਪੰਧ ਮੁਕਾਈਆ । ਤੁਹਾਡੇ ਮਤੈਹਰ ਰਹਿ ਜਾਣ ਟੰਗੇ, ਭੱਜੋ ਆਪਣੀ ਪਿਠ ਵਖਾਈਆ । ਤੇਰੇ ਫ਼ਰੇਬਾਂ ਵਾਲੇ ਰੰਗ ਜੋ ਕਮਰ ਉਤੇ ਬੰਨ੍ਹੇ, ਏਹ ਰੋ ਰੋ ਦੇਣ ਦੁਹਾਈਆ । ਏਹ ਰੋਂਦੇ ਮੈਨੂੰ ਲੱਗੇ ਚੰਗੇ, ਜੇਹੜੇ ਬਿਰਹੋਂ ਵਿਚ ਕੁਰਲਾਈਆ । ਮੈਨੂੰ ਐਂ ਦਿਸਦਾ ਜਿਸ ਤਰ੍ਹਾ ਸਤਿਜੁਗ ਵਿਚ ਸ੍ਰੀ ਭਗਵਾਨ ਨੇ ਏਹ ਬਣੌਣੇ ਸਤਿ ਧਰਮ ਦੇ ਝੰਡੇ, ਝੰਡਾ ਆਪਣੇ ਸੰਗ ਰਖਾਈਆ । ਤੁਸਾਂ ਰਹਿਣਾਂ ਰੰਡਿਆਂ ਦੇ ਰੰਡੇ, ਸੁੱਕੀ ਰੋਟੀ ਤੇ ਖਾਣ ਨੂੰ ਗੰਢੇ, ਏਹੋ ਵਸਤ ਤੁਹਾਡੇ ਹਿੱਸੇ ਆਈਆ । ਜਿਸ ਵੇਲੇ ਆਵੇ ਰਾਵੀ ਕੰਢੇ, ਰਾਵੀਉਂ ਪਰੇ ਤੁਹਾਡਾ ਮੁਖ ਭਗਤਾਂ ਦਾ ਦੁੱਖ ਆਪਣੀ ਝੋਲੀ ਪਾਈਆ । ਪ੍ਰੇਮ ਭਗਤਾਂ ਕੋਲੋਂ ਲਵੇ ਧੁਰ ਦੀ ਦਾਤ ਮੰਗੇ, ਭਗਤਾਂ ਦੇਵੇ ਆਪਣਾ ਖੇਲ ਵਖਾਈਆ । ਫੇਰ ਬਹਿ ਕੇ ਇਕ ਖਟੀਆ ਉਤੇ ਮੰਜੇ, ਮਜਲਸ ਆਪ ਲਏ ਲਗਾਈਆ । ਜੇਹੜੀ ਅੱਖ ਥੋੜੇ ਸਮੇਂ ਵਾਸਤੇ ਮਿਲੀ ਸੀ ਸੰਜੇ, ਮਹਾਂਭਾਰਤ ਵੇਖੇ ਆਪਣਾ ਨੈਣ ਉਠਾਈਆ । ਓਸ ਦੇ ਨਾਲੋਂ ਗੁਰਮੁਖ ਕਰ ਲਏ ਚੰਗੇ, ਨੇਤਰ ਦੋਹਾਂ ਦੇ ਵਿਚੋਂ ਨੈਣ ਨੈਣਾਂ ਨਾਲ ਮਿਲਾਈਆ । ਰਾਹ ਵਿਚ ਔਂਦਿਆਂ ਨਾਲੇ ਤੋੜੇ ਨਾਲੇ ਗੰਢੇ, ਪਾ ਕੇ ਗੰਢ ਠੰਡ ਫੇਰ ਵਰਤਾਈਆ । ਨਾਲ ਗੁਰਮੁਖ ਨੂੰ ਕਹੇ ਸਾਨੂੰ ਰਾਹ ਲਾ ਚੰਗੇ, ਰਸਤਾ ਇਕ ਜਣਾਈਆ । ਆ ਕੇ ਰਾਵੀ ਦੇ ਉਰਾਰ ਕੰਢੇ, ਕੰਢੀ ਵਾਲਾ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ ।

ਸੱਤ ਰੰਗ ਕਹਿਣ ਅਸੀਂ ਰਹੇ ਰੁੜ੍ਹਦੇ, ਫੜ ਕੇ ਕੱਠਾ ਨਾ ਕੋਇ ਕਰਾਈਆ । ਸਾਡੇ ਅੰਦਰ ਫੁਰਨੇ ਰਹੇ ਫੁਰਦੇ, ਜੁਗ ਚੌਕੜੀ ਧਿਆਨ ਲਗਾਈਆ । ਕਈਆਂ ਨੇ ਸਾਡੇ ਵਿਚ ਦੱਬੇ ਮੁਰਦੇ, ਕਫ਼ਨ ਬਣਾ ਕੇ ਉਤੇ ਦਿਤਾ ਟਿਕਾਈਆ । ਬਿਨ ਪ੍ਰਭ ਦੀ ਕਿਰਪਾ ਅਸੀਂ ਕੱਠੇ ਹੋ ਨਾ ਜੁੜਦੇ, ਇਕ ਗੰਢ ਨਾ ਕੋਇ ਪੁਆਈਆ । ਕਿਰਪਾ ਕਰੀ ਜਿਸ ਵੇਲੇ ਮਾਲਕ ਧੁਰ ਦੇ, ਸਾਡਾ ਮੇਲਾ ਲਿਆ ਮਿਲਾਈਆ । ਹੁਣ ਅਸੀਂ ਦੋ ਜਹਾਨਾਂ ਫਿਰੀਏ ਉਡਦੇ, ਸ਼ਾਹ ਸੁਲਤਾਨਾਂ ਦਈਏ ਜਗਾਈਆ । ਜਨ ਭਗਤੋ ਤੁਸੀਂ ਕਿਉਂ ਨਹੀਂ ਕੱਠੇ ਹੋ ਕੇ ਤੁਰਦੇ, ਵੇਖੋ ਤੁਹਾਡੇ ਸਾਮ੍ਹਣੇ ਅਸੀਂ ਖਲੋ ਕੇ ਦਈਏ ਗਵਾਹੀਆ । ਅਸੀਂ ਪੂਰਬ ਵਿਛੜੇ ਚਿਰ ਦੇ, ਪ੍ਰਭ ਮੇਲਾ ਲਿਆ ਮਿਲਾਈਆ । ਜਿਸ ਤਰ੍ਹਾਂ ਅਸੀਂ ਮਾਲਕ ਬਣ ਗਏ ਧੁਰ ਦੇ, ਜਗਤ ਚੀਥੜ ਮਿਲੀ ਮਾਣ ਵਡਿਆਈਆ । ਤੁਸੀਂ ਤੇ ਮਾਣਸ ਤੁਰਦੇ ਫਿਰਦੇ, ਕਿਉਂ ਨਾ ਚਲ ਕੇ ਦਰਸ਼ਨ ਪਾਈਆ । ਏਹੋ ਜਿਹੇ ਸਮੇਂ ਮੌਕੇ ਫੇਰ ਨਹੀਂ ਜੁੜਦੇ, ਨਾਲੇ ਗੋਬਿੰਦ ਨਾਲੇ ਹਰਿ ਜੂ ਘਰ ਹਰਿ ਮੰਦਰ ਦਏ ਬਣਾਈਆ । ਜਿਹੜੇ ਦਰ ਤੇ ਆਏ ਉਹ ਖ਼ਾਲੀ ਕਦੇ ਨਹੀਂ ਮੁੜਦੇ, ਖ਼ਾਲੀ ਭਾਂਡੇ ਦਏ ਭਰਾਈਆ । ਜਿਸ ਵੇਲੇ ਗੁਰਮੁਖ ਆਪਣੇ ਕਦਮਾਂ ਨਾਲ ਹੋਣ ਤੁਰਦੇ, ਓਸ ਵੇਲੇ ਸਤਿਗੁਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰੇ ਆਪਣੀ ਲੋੜ ਦੇ, ਆਪਣੀ ਗ਼ਰਜ਼ ਖ਼ਾਤਰ ਤੁਹਾਡੀ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਮੁਕਾਏ ਅੰਧਘੋਰ ਦੇ, ਇਕੋ ਨੂਰ ਕਰ ਰੁਸ਼ਨਾਈਆ । ।



੧੨੭੩
੧੭

✪ ✪ ✪ ✪ ✪

